ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ

## ਨੌਵਾਂ ਭਾਗ







http://nehklankharshabad.com/




# ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੪ ਮੱਘਰ ੨੦੧੬ ਬਿਕ੍ਰਮੀ | ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ ਇਕੀ ਇਕੀ ਸਿਖ ਪੰਗਤ ਦਾ ਵਿਹਾਰ | ਭਲਾਈਪੁਰ | ਅੰਮ੍ਰਿਤਸਰ | ੧ |
| ੨੫ ਮੱਘਰ ੨੦੧੬ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਭਲਾਈਪੁਰ | ਅੰਮ੍ਰਿਤਸਰ | ੨੩ |
| ੨੫ ਮੱਘਰ ੨੦੧੬ ਬਿਕ੍ਰਮੀ | ਬਲਵੰਤ ਸਿੰਘ ਦੇ ਗ੍ਰਿਹਿ | ਜਲਾਲਬਾਦ | ਅੰਮ੍ਰਿਤਸਰ | ੨੪ |
| ੨੬ ਮੱਘਰ ੨੦੧੬ ਬਿਕ੍ਰਮੀ | ਊਧਮ ਸਿੰਘ ਦੇ ਗ੍ਰਿਹਿ | ਜਲਾਲਬਾਦ | ਅੰਮ੍ਰਿਤਸਰ | ੩੦ |
| ੨੬ ਮੱਘਰ ੨੦੧੬ ਬਿਕ੍ਰਮੀ | ਮਾਸਟਰ ਸੋਹਣ ਸਿੰਘ ਦੇ ਗ੍ਰਿਹਿ | ਰਾਮਪੁਰਾ | ਅੰਮ੍ਰਿਤਸਰ | ੩੫ |
| ੨੬ ਮੱਘਰ ੨੦੧੬ ਬਿਕ੍ਰਮੀ | ਹਰੀ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੬ |
| ੨੭ ਮੱਘਰ ੨੦੧੬ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੪੫ |
| ੨੭ ਮੱਘਰ ੨੦੧੬ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੪੭ |
| ੨੭ ਮੱਘਰ ੨੦੧੬ ਬਿਕ੍ਰਮੀ | ਗੱਜਣ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੪੮ |
| ੨੭ ਮੱਘਰ ੨੦੧੬ ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੪੯ |
| ੨੭ ਮੱਘਰ ੨੦੧੬ ਬਿਕ੍ਰਮੀ | ਸਾਧੂ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੦ |
| ੨੭ ਮੱਘਰ ੨੦੧੬ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੧ |
| ੨੭ ਮੱਘਰ ੨੦੧੬ ਬਿਕ੍ਰਮੀ | ਦਰਸ਼ਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੧ |
| ੨੭ ਮੱਘਰ ੨੦੧੬ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੩ |
| ੨੭ ਮੱਘਰ ੨੦੧੬ ਬਿਕ੍ਰਮੀ | ਜਿੰਦਰ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੩ |
| ੨੭ ਮੱਘਰ ੨੦੧੬ ਬਿਕ੍ਰਮੀ | ਮੇਘ ਸਿੰਘ ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੪ |
| ੨੭ ਮੱਘਰ ੨੦੧੬ ਬਿਕ੍ਰਮੀ | ਜੁਗਿੰਦਰ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੪ |
| ੨੭ ਮੱਘਰ ੨੦੧੬ ਬਿਕ੍ਰਮੀ | ਕੁੰਦਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੫ |
| ੨੭ ਮੱਘਰ ੨੦੧੬ ਬਿਕ੍ਰਮੀ | ਰੂੜ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੫ |


1
੦੯

1
੦੯







| | | | |
|---|---|---|---|
| ੨੭ ਮੱਘਰ ੨੦੧੬ ਬਿਕ੍ਰਮੀ ਸੁਖਦੇਵ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੫੬ |
| ੨੭ ਮੱਘਰ ੨੦੧੬ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੦ |
| ੨੭ ਮੱਘਰ ੨੦੧੬ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੬੧ |
| ੨੭ ਮੱਘਰ ੨੦੧੬ ਬਿਕ੍ਰਮੀ ਭਾਈ ਨਰਾਇਣ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੬੨ |
| ੨੮ ਮੱਘਰ ੨੦੧੬ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੬੯ |
| ੨੮ ਮੱਘਰ ੨੦੧੬ ਬਿਕ੍ਰਮੀ ਮਾਸਟਰ ਕੁੰਦਨ ਸਿੰਘ ਦੇ ਗ੍ਰਿਹਿ | ਮਾਲ ਚੱਕ | ਅੰਮ੍ਰਿਤਸਰ | ੭੪ |
| ੨੯ ਮੱਘਰ ੨੦੧੬ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੮੨ |
| ੩੦ ਮੱਘਰ ੨੦੧੬ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੮੯ |
| ੦੧ ਪੋਹ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੪ |
| ੦੨ ਪੋਹ ੨੦੧੬ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਭੁੰਬਲੀ | ਗੁਰਦਾਸਪੁਰ | ੧੦੩ |
| ੦੩ ਪੋਹ ੨੦੧੬ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੧੧੧ |
| ੦੩ ਪੋਹ ੨੦੧੬ ਬਿਕ੍ਰਮੀ ਚਰਨ ਸਿੰਘ ਦੇ ਗ੍ਰਿਹਿ | ਹੇਮਰਾਜਪੁਰ | ਗੁਰਦਾਸਪੁਰ | ੧੧੫ |
| ੧੩ ਪੋਹ ੨੦੧੬ ਬਿਕ੍ਰਮੀ ਕਪਤਾਨ ਬੰਤਾ ਸਿੰਘ ਦੇ ਗ੍ਰਿਹਿ | ਪੰਜ ਗਰਾਈਆ | ਗੁਰਦਾਸਪੁਰ | ੧੨੩ |
| ੧੩ ਪੋਹ ੨੦੧੬ ਬਿਕ੍ਰਮੀ ਚਰਨ ਸਿੰਘ ਦੇ ਨਵਿਤ | ਪੰਜ ਗਰਾਈਆ | ਗੁਰਦਾਸਪੁਰ | ੧੩੪ |
| ੨੬ ਪੋਹ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੩੭ |
| ੦੧ ਫੱਗਣ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੮੧ |
| ੦੩ ਫੱਗਣ ੨੦੧੬ ਬਿਕ੍ਰਮੀ ਸਰੈਣ ਸਿੰਘ ਦੇ ਗ੍ਰਿਹਿ | ਨਿਧਾਂਵਾਲੀ | ਫਿਰੋਜ਼ਪੁਰ | ੧੯੭ |
| ੦੪ ਫੱਗਣ ੨੦੧੬ ਬਿਕ੍ਰਮੀ ਬੁੜ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੨੦੬ |
| ੦੫ ਫੱਗਣ ੨੦੧੬ ਬਿਕ੍ਰਮੀ ਸਦਾਗਰ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੨੧੦ |
| ੦੫ ਫੱਗਣ ੨੦੧੬ ਬਿਕ੍ਰਮੀ ਸਦਾਗਰ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੨੧੪ |
| ੦੫ ਫੱਗਣ ੨੦੧੬ ਬਿਕ੍ਰਮੀ ਹਾਕਮ ਸਿੰਘ ਦੇ ਗ੍ਰਿਹਿ | ਸਮਾਲਸਰ | ਫਿਰੋਜ਼ਪੁਰ | ੨੧੭ |
| ੦੫ ਫੱਗਣ ੨੦੧੬ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ | ਮਾੜੀ | ਫਿਰੋਜ਼ਪੁਰ | ੨੧੯ |

2
੦੯




2
੦੯





| | | | |
|---|---|---|---|
| ੦੬ ਫੱਗਣ ੨੦੧੬ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੨੪੧ |
| ੦੬ ਫੱਗਣ ੨੦੧੬ ਬਿਕ੍ਰਮੀ ਰਤਨ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੨੪੪ |
| ੦੭ ਫੱਗਣ ੨੦੧੬ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੨੫੦ |
| ੦੭ ਫੱਗਣ ੨੦੧੬ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ | ਤਰਨਤਾਰਨ | ਅੰਮ੍ਰਿਤਸਰ | ੨੫੩ |
| ੧੪ ਫੱਗਣ ੨੦੧੬ ਬਿਕ੍ਰਮੀ ਦਰਬਾਰ ਵਿਚ | ਪਹਾੜਗੰਜ | ਦਿੱਲੀ | ੨੫੪ |
| ੧੬ ਫੱਗਣ ੨੦੧੬ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹਿ | ਅਟਾਰਸੀ | ਅਟਾਰਸੀ | ੨੬੧ |
| ੧੭ ਫੱਗਣ ੨੦੧੬ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹਿ | ਅਟਾਰਸੀ | ਅਟਾਰਸੀ | ੨੬੪ |
| ੧੮ ਫੱਗਣ ੨੦੧੬ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ | ਅਟਾਰਸੀ | ਅਟਾਰਸੀ | ੨੭੭ |
| ੧੮ ਫੱਗਣ ੨੦੧੬ ਬਿਕ੍ਰਮੀ ਸਵਿੰਦਰ ਸਿੰਘ ਦੇ ਗ੍ਰਿਹਿ | ਅਟਾਰਸੀ | ਅਟਾਰਸੀ | ੨੮੨ |
| ੧੮ ਫੱਗਣ ੨੦੧੬ ਬਿਕ੍ਰਮੀ ਹਰਦਿਤ ਸਿੰਘ ਦੇ ਗ੍ਰਿਹਿ | ਅਟਾਰਸੀ | ਅਟਾਰਸੀ | ੨੮੬ |
| ੨੧ ਫੱਗਣ ੨੦੧੬ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਕਰੋਲਬਾਗ | ਦਿੱਲੀ | ੨੯੯ |
| ੨੨ ਫੱਗਣ ੨੦੧੬ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹਿ | ਨਾਨਕਪੁਰ | ਕਰਨਾਲ | ੩੦੩ |
| ੨੩ ਫੱਗਣ ੨੦੧੬ ਸਰਵਣ ਸਿੰਘ ਦੇ ਗ੍ਰਿਹਿ | ਜਗਾਤੀਆਂ | ਕਰਨਾਲ | ੩੧੩ |
| ੨੩ ਫੱਗਣ ੨੦੧੬ ਹਰਬੰਸ ਸਿੰਘ ਦੇ ਗ੍ਰਿਹਿ | ਠੀਕਰੀ ਛੰਨਾ | ਕਰਨਾਲ | ੩੨੦ |
| ੦੧ ਚੇਤ ੨੦੧੭ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੨੭ |
| ੦੮ ਚੇਤ ੨੦੧੭ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹਿ | ਕਾਣਾ ਕੌਟਾ | ਗੁਰਦਾਸਪੁਰ | ੩੬੮ |
| ੦੮ ਚੇਤ ੨੦੧੭ ਬਿਕ੍ਰਮੀ ਧਿਰਤਾ ਸਿੰਘ ਦੇ ਗ੍ਰਿਹਿ | ਕਾਣਾ ਕੌਟਾ | ਗੁਰਦਾਸਪੁਰ | ੩੭੨ |
| ੦੮ ਚੇਤ ੨੦੧੭ ਬਿਕ੍ਰਮੀ ਮੇਲਾ ਸਿੰਘ ਦੇ ਗ੍ਰਿਹਿ | ਕਾਣਾ ਕੌਟਾ | ਗੁਰਦਾਸਪੁਰ | ੩੭੩ |
| ੦੮ ਚੇਤ ੨੦੧੭ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸਪੁਰ | ੩੭੭ |
| ੦੮ ਚੇਤ ੨੦੧੭ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸਪੁਰ | ੩੭੯ |
| ੦੮ ਚੇਤ ੨੦੧੭ ਬਿਕ੍ਰਮੀ ਸੰਤਾ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸਪੁਰ | ੩੮੩ |
| ੦੯ ਚੇਤ ੨੦੧੭ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸਪੁਰ | ੩੮੭ |






3 ੦੯




| | | | | | | |
|---|---|---|---|---|---|---|
| ੦੯ | ਚੇਤ | ੨੦੧੭ ਬਿਕ੍ਰਮੀ | ਹਜ਼ਾਰਾ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੩੯੧ |
| ੦੯ | ਚੇਤ | ੨੦੧੭ ਬਿਕ੍ਰਮੀ | ਵਰਖਾ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੩੯੩ |
| ੦੯ | ਚੇਤ | ੨੦੧੭ ਬਿਕ੍ਰਮੀ | ਪਿਆਰਾ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੩੯੩ |
| ੧੦ | ਚੇਤ | ੨੦੧੭ ਬਿਕ੍ਰਮੀ | ਬਲਾਕਾ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੩੯੭ |
| ੧੦ | ਚੇਤ | ੨੦੧੭ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੪੦੦ |
| ੧੦ | ਚੇਤ | ੨੦੧੭ ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੪੦੩ |
| ੧੦ | ਚੇਤ | ੨੦੧੭ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੪੦੭ |
| ੧੦ | ਚੇਤ | ੨੦੧੭ ਬਿਕ੍ਰਮੀ | ਦਾਰਾ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੪੧੭ |
| ੧੧ | ਚੇਤ | ੨੦੧੭ ਬਿਕ੍ਰਮੀ | ਚੰਨਣ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੪੧੭ |
| ੧੧ | ਚੇਤ | ੨੦੧੭ ਬਿਕ੍ਰਮੀ | ਬਚਨ ਸਿੰਘ ਦੇ ਗ੍ਰਹਿ | ਬਾਬੂਪੁਰਾ | ਗੁਰਦਾਸਪੁਰ | ੪੧੮ |
| ੧੧ | ਚੇਤ | ੨੦੧੭ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਕਾਣਾ ਕੌਟਾ | ਗੁਰਦਾਸਪੁਰ | ੪੧੯ |
| ੧੧ | ਚੇਤ | ੨੦੧੭ ਬਿਕ੍ਰਮੀ | ਇੰਦਰ ਸਿੰਘ .... ਦੇ ਗ੍ਰਹਿ | ਆਦੀ | ਗੁਰਦਾਸਪੁਰ | ੪੧੯ |
| ੧੧ | ਚੇਤ | ੨੦੧੭ ਬਿਕ੍ਰਮੀ | ਬੂੜ ਸਿੰਘ ਦੇ ਗ੍ਰਹਿ | ਵਜ਼ੀਰਪੁਰ | ਗੁਰਦਾਸਪੁਰ | ੪੨੨ |
| ੧੧ | ਚੇਤ | ੨੦੧੭ ਬਿਕ੍ਰਮੀ | ਬੀਬੀ ਬੰਤੀ ਦੇ ਗ੍ਰਹਿ | ਨੌਸ਼ੈਹਿਰਾ | ਗੁਰਦਾਸਪੁਰ | ੪੨੮ |
| ੧੧ | ਚੇਤ | ੨੦੧੭ ਬਿਕ੍ਰਮੀ | ਚਰਨ ਸਿੰਘ ਦੇ ਗ੍ਰਹਿ | ਬਲ | ਗੁਰਦਾਸਪੁਰ | ੪੩੨ |
| ੧੨ | ਚੇਤ | ੨੦੧੭ ਬਿਕ੍ਰਮੀ | ਉਜਾਗਰ ਸਿੰਘ ਦੇ ਗ੍ਰਹਿ | | ਗੁਰਦਾਸਪੁਰ | ੪੩੬ |
| ੧੨ | ਚੇਤ | ੨੦੧੭ ਬਿਕ੍ਰਮੀ | ਅਤਰ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੪੩੮ |
| ੧੪ | ਚੇਤ | ੨੦੧੭ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਹਿ | ਧੀਰਾ | ਗੁਰਦਾਸਪੁਰ | ੪੪੫ |
| ੧੪ | ਚੇਤ | ੨੦੧੭ ਬਿਕ੍ਰਮੀ | | ਦੱਯਾ | ਗੁਰਦਾਸਪੁਰ | ੪੪੯ |
| ੧੪ | ਚੇਤ | ੨੦੧੭ ਬਿਕ੍ਰਮੀ | ਮੋਹਣ ਸਿੰਘ ਦੇ ਗ੍ਰਹਿ | ਤਾਰਾ ਚੱਕ | ਗੁਰਦਾਸਪੁਰ | ੪੫੧ |
| ੧੪ | ਚੇਤ | ੨੦੧੭ ਬਿਕ੍ਰਮੀ | ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਕਾਦਰ ਅਬਾਦ | ਅੰਮ੍ਰਿਤਸਰ | ੪੫੩ |
| ੧੫ | ਚੇਤ | ੨੦੧੭ ਬਿਕ੍ਰਮੀ | ਗਿਰਧਾਰਾ ਸਿੰਘ ਦੇ ਗ੍ਰਹਿ | ਬਲੋਬਾਲ | ਅੰਮ੍ਰਿਤਸਰ | ੪੬੦ |

4
੦੯

4
੦੯







| | | | | |
|---|---|---|---|---|
| ੨੭ ਚੇਤ ੨੦੧੭ ਬਿਕ੍ਰਮੀ | ਬਾਬਾ ਮੋਤਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੪੬੫ |
| ੨੮ ਚੇਤ ੨੦੧੭ ਬਿਕ੍ਰਮੀ | ਬਾਬਾ ਮੋਤਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੪੭੨ |
| ੨੮ ਚੇਤ ੨੦੧੭ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੭੫ |
| ੨੮ ਚੇਤ ੨੦੧੭ ਬਿਕ੍ਰਮੀ | ਗੁਰਬਖ਼ਸ਼ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੪੭੭ |
| ੦੧ ਵਿਸਾਖ ੨੦੧੭ ਬਿਕ੍ਰਮੀ | ਠਾਕਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੪੭੮ |
| ੦੨ ਵਿਸਾਖ ੨੦੧੭ ਬਿਕ੍ਰਮੀ | ਲਾਭ ਸਿੰਘ ਦੇ ਗ੍ਰਹਿ | ਸੈਦਪੁਰ | ਅੰਮ੍ਰਿਤਸਰ | ੪੯੬ |
| ੦੨ ਵਿਸਾਖ ੨੦੧੭ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਰਦਾਸ ਪੁਰ | ੫੦੨ |
| ੦੩ ਵਿਸਾਖ ੨੦੧੭ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੫੦੯ |
| ੨੦ ਵਿਸਾਖ ੨੦੧੭ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਹਿ | ਨਇਆ ਸਾਲਾ | ਅੰਮ੍ਰਿਤਸਰ | ੫੧੨ |
| ੨੧ ਵਿਸਾਖ ੨੦੧੭ ਬਿਕ੍ਰਮੀ | ਮਿਰਜਾ ਦੇ ਮਕਬਰੇ ਪਰ | ਕਾਦੀਆ | ਅੰਮ੍ਰਿਤਸਰ | ੫੨੨ |
| ੦੧ ਜੇਠ ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੫੨੫ |
| ੦੨ ਜੇਠ ੨੦੧੭ ਬਿਕ੍ਰਮੀ | ਜਾਗੀਰ ਸਿੰਘ ਦੇ ਗ੍ਰਹਿ | ਸੋਲ੍ਹ | ਗੁਰਦਾਸਪੁਰ | ੫੩੪ |
| ੦੩ ਜੇਠ ੨੦੧੭ ਬਿਕ੍ਰਮੀ | ਲੈਫਟੀਨੈਂਟ ਚੇਲਾ ਸਿੰਘ | ਵਜਾਰਤ ਰੋਡ | ਜੰਮੂ | ੫੪੪ |
| ੦੪ ਜੇਠ ੨੦੧੭ ਬਿਕ੍ਰਮੀ | ਅੰਗਰੇਜ਼ ਸਿੰਘ ਦੇ ਗ੍ਰਹਿ | ਨਈ ਬਸਤੀ | ਜੰਮੂ | ੫੫੭ |
| ੦੪ ਜੇਠ ੨੦੧੭ ਬਿਕ੍ਰਮੀ | ਗੂੜਾ ਰਾਮ ਦੇ ਗ੍ਰਹਿ | ਸੇਖ਼ਸ਼ਰ | ਜੰਮੂ | ੫੬੦ |
| ੦੫ ਜੇਠ ੨੦੧੭ ਬਿਕ੍ਰਮੀ | ਤੇਜ਼ ਭਾਨ ਦੇ ਗ੍ਰਹਿ | ਸੇਖ਼ਸ਼ਰ | ਜੰਮੂ | ੫੬੭ |
| ੦੫ ਜੇਠ ੨੦੧੭ ਬਿਕ੍ਰਮੀ | ਕਰਮ ਚੰਦ ਦੇ ਗ੍ਰਹਿ | ਸੇਖ਼ਸ਼ਰ | ਜੰਮੂ | ੫੭੩ |
| ੦੫ ਜੇਠ ੨੦੧੭ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਹਿ | ਸੇਖ਼ਸ਼ਰ | ਜੰਮੂ | ੫੭੫ |
| ੦੫ ਜੇਠ ੨੦੧੭ ਬਿਕ੍ਰਮੀ | ਮਿਹਰ ਸਿੰਘ ਦੇ ਗ੍ਰਹਿ | ਸ਼ੇਖਸਰ | ਜੰਮੂ | ੫੭੬ |
| ੦੫ ਜੇਠ ੨੦੧੭ ਬਿਕ੍ਰਮੀ | ਤੇਜ ਭਾਨ ਦੇ ਗ੍ਰਹਿ | ਸੇਖ਼ਸ਼ਰ | ਜੰਮੂ | ੫੭੮ |
| ੦੬ ਜੇਠ ੨੦੧੭ ਬਿਕ੍ਰਮੀ | ਰਾਮ ਚੰਦ ਦੇ ਗ੍ਰਹਿ | ਦੇਵਾ | ਜੰਮੂ | ੫੮੯ |
| ੦੬ ਜੇਠ ੨੦੧੭ ਬਿਕ੍ਰਮੀ | ਨਾਨਕ ਚੰਦ ਦੇ ਗ੍ਰਹਿ | ਸਰਦਾਰੀ | ਜੰਮੂ | ੫੯੪ |





5
੦੯




| | | | | | | | | | |
|---|---|---|---|---|---|---|---|---|---|
| ੦੬ | ਜੇਠ | ੨੦੧੭ | ਬਿਕ੍ਰਮੀ | ਪੂਰਨ ਚੰਦ | ਦੇ | ਗ੍ਰਿਹ | ਮਲਕ | ਜੰਮੂ | ੫੯੯ |
| ੦੭ | ਜੇਠ | ੨੦੧੭ | ਬਿਕ੍ਰਮੀ | ਭਾਗ ਸਿੰਘ | ਦੇ | ਗ੍ਰਿਹ | ਮਲਕ | ਜੰਮੂ | ੬੦੭ |
| ੦੭ | ਜੇਠ | ੨੦੧੭ | ਬਿਕ੍ਰਮੀ | ਰਸਾਲ ਸਿੰਘ | ਦੇ | ਗ੍ਰਿਹ | ਮਨਾਵਰ | ਜੰਮੂ | ੬੦੮ |
| ੦੭ | ਜੇਠ | ੨੦੧੭ | ਬਿਕ੍ਰਮੀ | ਦੌਲਤ ਸਿੰਘ | ਦੇ | ਗ੍ਰਿਹ | ਨਵਾਂ ਚੱਕ | ਜੰਮੂ | ੬੦੯ |
| ੦੭ | ਜੇਠ | ੨੦੧੭ | ਬਿਕ੍ਰਮੀ | ਸੰਤ ਰਾਮ | ਦੇ | ਗ੍ਰਿਹ | ਬਾਣੀਆ | ਜੰਮੂ | ੬੧੧ |
| ੦੭ | ਜੇਠ | ੨੦੧੭ | ਬਿਕ੍ਰਮੀ | ਬੇਲਾ ਸਿੰਘ | ਦੇ | ਗ੍ਰਿਹ | ਪਿੰਗਾਲੀ | ਜੰਮੂ | ੬੧੨ |
| ੦੭ | ਜੇਠ | ੨੦੧੭ | ਬਿਕ੍ਰਮੀ | ਦੇਵਾ ਸਿੰਘ | ਦੇ | ਗ੍ਰਿਹ | ਪਿੰਗਾਲੀ | ਜੰਮੂ | ੬੧੫ |
| ੦੮ | ਜੇਠ | ੨੦੧੭ | ਬਿਕ੍ਰਮੀ | ਇੰਦਰ ਸਿੰਘ | ਦੇ | ਗ੍ਰਿਹ | ਪਿੰਗਾਲੀ | ਜੰਮੂ | ੬੨੨ |
| ੦੮ | ਜੇਠ | ੨੦੧੭ | ਬਿਕ੍ਰਮੀ | ਵਕੀਲ ਚੰਦ | ਦੇ | ਗ੍ਰਿਹ | ਪਿੰਗਾਲੀ | ਜੰਮੂ | ੬੨੩ |
| ੦੮ | ਜੇਠ | ੨੦੧੭ | ਬਿਕ੍ਰਮੀ | ਰੋਲੂ | ਦੇ | ਗ੍ਰਿਹ | ਬਾਵੀਆ | ਜੰਮੂ | ੬੨੪ |
| ੦੮ | ਜੇਠ | ੨੦੧੭ | ਬਿਕ੍ਰਮੀ | ਕਥਾ ਸਿੰਘ | ਦੇ | ਗ੍ਰਿਹ | ਮੋਇਲਾ | ਜੰਮੂ | ੬੨੬ |
| ੦੮ | ਜੇਠ | ੨੦੧੭ | ਬਿਕ੍ਰਮੀ | ਲਛਮਣ ਸਿੰਘ | ਦੇ | ਗ੍ਰਿਹ | ਪਿੰਗਾਲੀ | ਜੰਮੂ | ੬੩੨ |
| ੦੯ | ਜੇਠ | ੨੦੧੭ | ਬਿਕ੍ਰਮੀ | ਫਰੰਗੀ ਰਾਮ | ਦੇ | ਗ੍ਰਿਹ | ਤੂਤਾਂ ਵਾਲਾ | ਜੰਮੂ | ੬੪੦ |
| ੦੯ | ਜੇਠ | ੨੦੧੭ | ਬਿਕ੍ਰਮੀ | ਗਿਆਨ ਚੰਦ | ਦੇ | ਗ੍ਰਿਹ | ਤੂਤਾਂ ਵਾਲਾ | ਜੰਮੂ | ੬੪੧ |
| ੦੯ | ਜੇਠ | ੨੦੧੭ | ਬਿਕ੍ਰਮੀ | ਗਿਆਨ ਚੰਦ | ਦੇ | ਗ੍ਰਿਹ | ਖੇਰ ਵਾਲਾ | ਜੰਮੂ | ੬੪੧ |
| ੦੯ | ਜੇਠ | ੨੦੧੭ | ਬਿਕ੍ਰਮੀ | ਧਰਮ ਚੰਦ | ਦੇ | ਗ੍ਰਿਹ | ਬਾਲੇ ਚੱਕ | ਜੰਮੂ | ੬੪੮ |
| ੧੦ | ਜੇਠ | ੨੦੧੭ | ਬਿਕ੍ਰਮੀ | ਗੁਰਦਿਤ ਸਿੰਘ | ਦੇ | ਗ੍ਰਿਹ | ਛੰਬ | ਜੰਮੂ | ੬੫੭ |
| ੦੯ | ਜੇਠ | ੨੦੧੭ | ਬਿਕ੍ਰਮੀ | ਧੁੰਦਾ ਰਾਮ | ਦੇ | ਗ੍ਰਿਹ | ਛੰਬ | ਜੰਮੂ | ੬੬੩ |
| ੦੯ | ਜੇਠ | ੨੦੧੭ | ਬਿਕ੍ਰਮੀ | ਬੀਬੀ ਰਾਮ ਕੌਰ | ਦੇ | ਗ੍ਰਿਹ | ਛੰਬ | ਜੰਮੂ | ੬੬੪ |
| ੦੯ | ਜੇਠ | ੨੦੧੭ | ਬਿਕ੍ਰਮੀ | ਈਸ਼ਰ ਸਿੰਘ | ਦੇ | ਗ੍ਰਿਹ | ਦੜ | ਜੰਮੂ | ੬੬੬ |
| ੧੧ | ਜੇਠ | ੨੦੧੭ | ਬਿਕ੍ਰਮੀ | ਬਾਜਾ ਸਿੰਘ | ਦੇ | ਗ੍ਰਿਹ | ਮੱਟੂ | ਜੰਮੂ | ੬੭੨ |
| ੧੧ | ਜੇਠ | ੨੦੧੭ | ਬਿਕ੍ਰਮੀ | ਭੋਲਾ ਰਾਮ | ਦੇ | ਗ੍ਰਿਹ | ਜੌੜੀਆਂ | ਜੰਮੂ | ੬੭੪ |

6
੦੯

6
੦੯








| | | | | | | |
|---|---|---|---|---|---|---|
| ੧੧ | ਜੇਠ | ੨੦੧੭ ਬਿਕ੍ਰਮੀ | ਪਰਕਾਸ਼ ਚੰਦ ਦੇ ਗ੍ਰਿਹਿ | ਜੌੜੀਆਂ | ਜੰਮੂ | ੬੭੭ |
| ੧੨ | ਜੇਠ | ੨੦੧੭ ਬਿਕ੍ਰਮੀ | ਸੇਵਾ ਰਾਮ ਦੇ ਗ੍ਰਿਹਿ | ਕਲੋਏ | ਜੰਮੂ | ੬੮੭ |
| ੧੨ | ਜੇਠ | ੨੦੧੭ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੬੯੨ |
| ੧੩ | ਜੇਠ | ੨੦੧੭ ਬਿਕ੍ਰਮੀ | ਦੌਲਤ ਰਾਮ ਦੇ ਗ੍ਰਿਹਿ | ਕੋਟਲੀ ਰਾਈਆ | ਜੰਮੂ | ੭੦੮ |
| ੧੩ | ਜੇਠ | ੨੦੧੭ ਬਿਕ੍ਰਮੀ | ਦੇਵੀ ਸਿੰਘ ਆਸਲਾ ਦੇ ਗ੍ਰਿਹਿ | ਮੱਘੋ ਵਾਲੀ | ਜੰਮੂ | ੭੧੧ |
| ੨੮ | ਜੇਠ | ੨੦੧੭ ਬਿਕ੍ਰਮੀ | ਸ਼ਬਦ ਸਿੰਘਾਸਣ | ਪਹਾੜਗੰਜ | ਦਿੱਲੀ | ੭੧੫ |
| ੦੧ | ਹਾੜ | ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੨੧ |
| ੦੨ | ਹਾੜ | ੨੦੧੭ ਬਿਕ੍ਰਮੀ | ਸਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ ਗਰੂ | ਅੰਮ੍ਰਿਤਸਰ | ੭੨੮ |
| ੦੩ | ਹਾੜ | ੨੦੧੭ ਬਿਕ੍ਰਮੀ | ਸਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ ਗਰੂ | ਅੰਮ੍ਰਿਤਸਰ | ੭੩੮ |
| ੦੭ | ਹਾੜ | ੨੦੧੭ ਬਿਕ੍ਰਮੀ | ਡਾਕਟਰ ਪਾਲ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੭੪੩ |
| ੧੭ | ਹਾੜ | ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੫੦ |
| ੧੮ | ਹਾੜ | ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੭੭ |
| ੨੩ | ਹਾੜ | ੨੦੧੭ ਬਿਕ੍ਰਮੀ | ਰੇਛਮ ਸਿੰਘ ਦੇ ਗ੍ਰਿਹਿ | ਖੈਹਰਾ | ਅੰਮ੍ਰਿਤਸਰ | ੭੯੩ |
| ੨੪ | ਹਾੜ | ੨੦੧੭ ਬਿਕ੍ਰਮੀ | ਗੁਰਬਚਨ ਸਿਘ ਦੇ ਗ੍ਰਿਹਿ | ਐਹਮਦਪੁਰਾ | ਕਪੂਰਥਲਾ | ੮੦੬ |
| ੨੪ | ਹਾੜ | ੨੦੧੭ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰਪੁਰ | ਜਲੰਧਰ | ੮੦੯ |
| ੨੭ | ਹਾੜ | ੨੦੧੭ ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਿਹਿ | ਮੈਹਣੀਆਂ | ਅੰਮ੍ਰਿਤਸਰ | ੮੧੪ |
| ੦੧ | ਸਾਵਣ | ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੨੬ |
| ੦੧ | ਭਾਦਰੋਂ | ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੪੨ |
| ੦੨ | ਭਾਦਰੋਂ | ੨੦੧੭ ਬਿਕ੍ਰਮੀ | ਨਰੈਣ ਸਿੰਘ ਦੇ ਗ੍ਰਿਹਿ | ਨਜ਼ਾਮਪੁਰ | ਅੰਮ੍ਰਿਤਸਰ | ੮੫੭ |
| ੦੩ | ਭਾਦਰੋਂ | ੨੦੧੭ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਿਹਿ | ਰਜੀਵਾਲ | ਫਿਰੋਜ਼ਪੁਰ | ੮੬੪ |
| ੦੪ | ਭਾਦਰੋਂ | ੨੦੧੭ ਬਿਕ੍ਰਮੀ | ਮਲ ਸਿੰਘ ਦੇ ਗ੍ਰਿਹਿ | ਰਜੀਵਾਲ | ਫਿਰੋਜ਼ਪੁਰ | ੮੭੨ |
| ੦੪ | ਭਾਦਰੋਂ | ੨੦੧੭ ਬਿਕ੍ਰਮੀ | ਮੁਖਤਿਅਰ ਸਿੰਘ ਦੇ ਗ੍ਰਿਹਿ | ਰਾਮੂਵਾਲਾ | ਫਿਰੋਜ਼ਪੁਰ | ੮੭੩ |





7
੦੯





| | | | | | | | |
|---|---|---|---|---|---|---|---|
| ੦੫ | ਭਾਦਰੋਂ | ੨੦੧੭ | ਬਿਕ੍ਰਮੀ | ਬਿਕਰ ਸਿੰਘ ਦੇ ਗ੍ਰਿਹਿ | ਰਾਮੂਵਾਲਾ | ਫਿਰੋਜ਼ਪੁਰ | ੮੮੦ |
| ੦੫ | ਭਾਦਰੋਂ | ੨੦੧੭ | ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਿਹਿ | ਰਾਮੂਵਾਲਾ | ਫਿਰੋਜ਼ਪੁਰ | ੮੮੭ |
| ੦੫ | ਭਾਦਰੋਂ | ੨੦੧੭ | ਬਿਕ੍ਰਮੀ | ਉਜਾਗਰ ਸਿੰਘ ਦੇ ਗ੍ਰਿਹਿ | ਰਾਮੂਵਾਲਾ | ਫਿਰੋਜ਼ਪੁਰ | ੮੯੪ |
| ੦੬ | ਭਾਦਰੋਂ | ੨੦੧੭ | ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਚੂਹੜ ਚੱਕ | ਫਿਰੋਜ਼ਪੁਰ | ੯੦੦ |
| ੦੭ | ਭਾਦਰੋਂ | ੨੦੧੭ | ਬਿਕ੍ਰਮੀ | ਬੂੜ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੯੧੮ |
| ੦੮ | ਭਾਦਰੋਂ | ੨੦੧੭ | ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੯੨੪ |
| ੦੮ | ਭਾਦਰੋਂ | ੨੦੧੭ | ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੯੨੮ |
| ੦੯ | ਭਾਦਰੋਂ | ੨੦੧੭ | ਬਿਕ੍ਰਮੀ | ਸੌਦਾਗਰ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੯੩੬ |
| ੦੯ | ਭਾਦਰੋਂ | ੨੦੧੭ | ਬਿਕ੍ਰਮੀ | ਮਾਹਲਾ ਸਿੰਘ ਦੇ ਗ੍ਰਿਹਿ | ਸਮਾਲਸਰ | ਫਿਰੋਜ਼ਪੁਰ | ੯੪੨ |
| ੧੦ | ਭਾਦਰੋਂ | ੨੦੧੭ | ਬਿਕ੍ਰਮੀ | ਜਗੀਰ ਦਾਸ ਦੇ ਗ੍ਰਿਹਿ | ਖਿਆੜੀ ਵਾਲਾ | ਬਠਿੰਡਾ | ੯੫੧ |
| ੧੧ | ਭਾਦਰੋਂ | ੨੦੧੭ | ਬਿਕ੍ਰਮੀ | ਮਕੰਦ ਸਿੰਘ ਦੇ ਗ੍ਰਿਹਿ | ਮਹਰਾਜ | ਬਠਿੰਡਾ | ੯੬੪ |
| ੧੨ | ਭਾਦਰੋਂ | ੨੦੧੭ | ਬਿਕ੍ਰਮੀ | ਵਧਾਵਾ ਸਿੰਘ ਦੇ ਗ੍ਰਿਹਿ | ਮਹਰਾਜ | ਬਠਿੰਡਾ | ੯੭੬ |
| ੧੩ | ਭਾਦਰੋਂ | ੨੦੧੭ | ਬਿਕ੍ਰਮੀ | ਭਾਗ ਸਿੰਘ ਦੇ ਗ੍ਰਿਹਿ | ਕਬੜੀ ਖਾਨਾ | ਮਹਰਾਜ | ੯੮੭ |
| ੧੩ | ਭਾਦਰੋਂ | ੨੦੧੭ | ਬਿਕ੍ਰਮੀ | ਗੁਲਜਾਰ ਸਿੰਘ ਦੇ ਗ੍ਰਿਹਿ | ਸ਼ਾਹੋ ਕੇ | ਫਿਰੋਜ਼ਪੁਰ | ੯੯੫ |
| ੧੪ | ਭਾਦਰੋਂ | ੨੦੧੭ | ਬਿਕ੍ਰਮੀ | ਰਾਜ ਸਿੰਘ ਦੇ ਗ੍ਰਿਹਿ | ਫਰੀਦ ਕੋਟ | ਫਿਰੋਜ਼ਪੁਰ | ੧੦੦੩ |
| ੧੪ | ਭਾਦਰੋਂ | ੨੦੧੭ | ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜ਼ਪੁਰ | ੧੦੦੫ |
| ੧੫ | ਭਾਦਰੋਂ | ੨੦੧੭ | ਬਿਕ੍ਰਮੀ | ਧਰਮ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜ਼ਪੁਰ | ੧੦੧੬ |
| ੧੬ | ਭਾਦਰੋਂ | ੨੦੧੭ | ਬਿਕ੍ਰਮੀ | ਕਿਰਪਾਲ ਸਿੰਘ ਦੇ ਗ੍ਰਿਹਿ | ਗੋਲੇ ਵਾਲਾ | ਫਿਰੋਜ਼ਪੁਰ | ੧੦੨੬ |
| ੧੭ | ਭਾਦਰੋਂ | ੨੦੧੭ | ਬਿਕ੍ਰਮੀ | ਹਜ਼ੂਰਾ ਸਿੰਘ ਦੇ ਗ੍ਰਿਹਿ | ਗੋਲੇ ਵਾਲਾ | ਫਿਰੋਜ਼ਪੁਰ | ੧੦੩੫ |
| ੧੭ | ਭਾਦਰੋਂ | ੨੦੧੭ | ਬਿਕ੍ਰਮੀ | ਸੂਬੇਦਾਰ ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ | ਫਿਰੋਜ਼ਪੁਰ | ੧੦੪੧ |
| ੧੮ | ਭਾਦਰੋਂ | ੨੦੧੭ | ਬਿਕ੍ਰਮੀ | ਸੁਲੱਖਣ ਸਿੰਘ ਦੇ ਗ੍ਰਿਹਿ | ਮੂੰਗਲੇ | ਫਿਰੋਜ਼ਪੁਰ | ੧੦੫੩ |
| ੧੯ | ਭਾਦਰੋਂ | ੨੦੧੭ | ਬਿਕ੍ਰਮੀ | ਕਰਨੈਲ ਸਿੰਘ ਦੇ ਗ੍ਰਿਹਿ | ਆਲੇ ਵਾਲਾ | ਫਿਰੋਜ਼ਪੁਰ | ੧੦੫੯ |






8
੦੯

 

| | | | | | | |
|---|---|---|---|---|---|---|
| ੧੯ | ਭਾਦਰੋਂ | ੨੦੧੭ ਬਿਕ੍ਰਮੀ | ਅਰਜਨ ਸਿੰਘ ਦੇ ਗ੍ਰਿਹਿ | ਖ਼ਲੀਲ ਬਸਤੀ | ਫਿਰੋਜਪੁਰ | ੧੦੬੪ |
| ੨੦ | ਭਾਦਰੋਂ | ੨੦੧੭ ਬਿਕ੍ਰਮੀ | — | ਖ਼ਲੀਲ ਬਸਤੀ | ਫਿਰੋਜਪੁਰ | ੧੦੬੭ |
| ੨੦ | ਭਾਦਰੋਂ | ੨੦੧੭ ਬਿਕ੍ਰਮੀ | ਸੁਰੈਣ ਸਿੰਘ ਦੇ ਗ੍ਰਿਹਿ | ਨਿਧਾਂ ਵਾਲੀ | ਫਿਰੋਜਪੁਰ | ੧੦੬੯ |
| ੨੧ | ਭਾਦਰੋਂ | ੨੦੧੭ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜਪੁਰ | ੧੦੮੦ |
| ੨੨ | ਭਾਦਰੋਂ | ੨੦੧੭ ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜਪੁਰ | ੧੦੮੬ |
| ੨੨ | ਭਾਦਰੋਂ | ੨੦੧੭ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾ | ਫਿਰੋਜਪੁਰ | ੧੦੮੭ |
| ੨੩ | ਭਾਦਰੋਂ | ੨੦੧੭ ਬਿਕ੍ਰਮੀ | ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੧੦੯੨ |
| ੨੩ | ਭਾਦਰੋਂ | ੨੦੧੭ ਬਿਕ੍ਰਮੀ | ਜਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੧੦੯੬ |
| ੨੪ | ਭਾਦਰੋਂ | ੨੦੧੭ ਬਿਕ੍ਰਮੀ | ਗੁਰਦਾਸ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੧੧੦੦ |
| ੨੪ | ਭਾਦਰੋਂ | ੨੦੧੭ ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਿਹਿ | ਮੁੰਡੀ ਜੁਮਾਲ | ਫਿਰੋਜ਼ਪੁਰ | ੧੧੦੪ |
| ੨੫ | ਭਾਦਰੋਂ | ੨੦੧੭ ਬਿਕ੍ਰਮੀ | ਬਗੀਚਾ ਸਿੰਘ ਦੇ ਗ੍ਰਿਹਿ | ਮੁੰਡੀ ਜੁਮਾਲ | ਫਿਰੋਜ਼ਪੁਰ | ੧੧੧੪ |
| ੨੫ | ਭਾਦਰੋਂ | ੨੦੧੭ ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਿਹਿ | ਕਾਦਰ ਵਾਲਾ | ਫਿਰੋਜ਼ਪੁਰ | ੧੧੧੮ |
| ੨੬ | ਭਾਦਰੋਂ | ੨੦੧੭ ਬਿਕ੍ਰਮੀ | ਬੀਬੀ ਹਰਨਾਮ ਕੌਰ ਦੇ ਗ੍ਰਿਹਿ | ਤਲਵੰਡੀ | ਫਿਰੋਜ਼ਪੁਰ | ੧੧੨੩ |
| ੨੬ | ਭਾਦਰੋਂ | ੨੦੧੭ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੧੧੨੬ |
| ੦੧ | ਅੱਸੂ | ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੧੩੨ |
| ੦੧ | ਅੱਸੂ | ੨੦੧੭ ਬਿਕ੍ਰਮੀ | ਰਾਸ਼ਟਰਪਤੀ ਡਾ੦ ਰਾਜਿੰਦਰ ਪ੍ਰਸਾਦ ਨੂੰ | ਜੇਠੂਵਾਲ | ਅੰਮ੍ਰਿਤਸਰ | ੧੧੩੫ |
| ੦੧ | ਅੱਸੂ | ੨੦੧੭ ਬਿਕ੍ਰਮੀ | ਸ੍ਰੀ ਹਰਿਮੰਦਰ ਸਾਹਿਬ ਪੰਥ ਖਾਲਸਾ ਨੂੰ | ਜੇਠੂਵਾਲ | ਅੰਮ੍ਰਿਤਸਰ | ੧੧੩੬ |
| ੦੫ | ਅੱਸੂ | ੨੦੧੭ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਮਾਂਗਾ ਸਰਾਏ | ਅੰਮ੍ਰਿਤਸਰ | ੧੧੪੧ |
| ੦੬ | ਅੱਸੂ | ੨੦੧੭ ਬਿਕ੍ਰਮੀ | — | ਮਾਂਗਾ ਸਰਾਏ | ਅੰਮ੍ਰਿਤਸਰ | ੧੧੪੭ |
| ੦੬ | ਅੱਸੂ | ੨੦੧੭ ਬਿਕ੍ਰਮੀ | ਬੇਲਾ ਸਿੰਘ ਦੇ ਗ੍ਰਿਹਿ ਮਾਹਲ | ਮਾਂਗਾ ਸਰਾਏ | ਅੰਮ੍ਰਿਤਸਰ | ੧੧੫੧ |
| ੦੭ | ਅੱਸੂ | ੨੦੧੭ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਮਾਂਗਾ ਸਰਾਏ | ਅੰਮ੍ਰਿਤਸਰ | ੧੧੫੯ |
| ੦੭ | ਅੱਸੂ | ੨੦੧੭ ਬਿਕ੍ਰਮੀ | ਸਵਿੰਦਰ ਸਿੰਘ ਦੇ ਗ੍ਰਿਹਿ | ਭੁਲਰ | ਅੰਮ੍ਰਿਤਸਰ | ੧੧੬੩ |

 

10 ੦੯




| | | | | | |
|---|---|---|---|---|---|
| ੦੮ ਅੱਸੂ ੨੦੧੭ ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਹਿ | ਸਾਰਿੰਗੜਾ | ਅੰਮ੍ਰਿਤਸਰ | ੧੧੭੧ |
| ੦੯ ਅੱਸੂ ੨੦੧੭ ਬਿਕ੍ਰਮੀ | ਬੂਟਾ ਸਿੰਘ ਦੇ ਗ੍ਰਹਿ | ਲੇਲੀਆ | ਅੰਮ੍ਰਿਤਸਰ | ੧੧੮੪ |
| ੦੯ ਅੱਸੂ ੨੦੧੭ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਲੋਪੋ ਕੇ | ਅੰਮ੍ਰਿਤਸਰ | ੧੧੮੮ |
| ੦੯ ਅੱਸੂ ੨੦੧੭ ਬਿਕ੍ਰਮੀ | ਅਵਤਾਰ ਸਿੰਘ ਦੇ ਗ੍ਰਹਿ | ਕਾਉਕੇ | ਅੰਮ੍ਰਿਤਸਰ | ੧੧੮੯ |
| ੧੦ ਅੱਸੂ ੨੦੧੭ ਬਿਕ੍ਰਮੀ | ਨਰਾਇਣ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੧੧੯੫ |
| ੧੧ ਅੱਸੂ ੨੦੧੭ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੧੨੦੫ |
| ੧੧ ਅੱਸੂ ੨੦੧੭ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੧੨੧੦ |
| ੧੨ ਅੱਸੂ ੨੦੧੭ ਬਿਕ੍ਰਮੀ | ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੧੨੧੬ |
| ੧੨ ਅੱਸੂ ੨੦੧੭ ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੧੨੧੮ |
| ੧੨ ਅੱਸੂ ੨੦੧੭ ਬਿਕ੍ਰਮੀ | ਸੁਰਜਨ ਸਿੰਘ ਦੇ ਗ੍ਰਹਿ | ਭੁਚਰ | ਅੰਮ੍ਰਿਤਸਰ | ੧੨੨੫ |
| ੧੩ ਅੱਸੂ ੨੦੧੭ ਬਿਕ੍ਰਮੀ | ਮੇਤਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੨੩੩ |
| ੧੩ ਅੱਸੂ ੨੦੧੭ ਬਿਕ੍ਰਮੀ | ਗੰਡਾ ਸਿੰਘ ਦੇ ਗ੍ਰਹਿ | ਦਰਾਜਕੇ | ਅੰਮ੍ਰਿਤਸਰ | ੧੨੩੫ |
| ੧੩ ਅੱਸੂ ੨੦੧੭ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਹਿ | ਭੂਰੇ | ਅੰਮ੍ਰਿਤਸਰ | ੧੨੪੦ |
| ੧੪ ਅੱਸੂ ੨੦੧੭ ਬਿਕ੍ਰਮੀ | ਬਲੀ ਸਿੰਘ ਦੇ ਗ੍ਰਹਿ | ਕੈਰੋਂ | ਅੰਮ੍ਰਿਤਸਰ | ੧੨੫੦ |
| ੧੪ ਅੱਸੂ ੨੦੧੭ ਬਿਕ੍ਰਮੀ | ਮੱਖਣ ਸਿੰਘ ਦੇ ਗ੍ਰਹਿ | ਜੌੜਾ | ਅੰਮ੍ਰਿਤਸਰ | ੧੨੫੬ |
| ੧੫ ਅੱਸੂ ੨੦੧੭ ਬਿਕ੍ਰਮੀ | ਕੇਸ਼ੋ ਦਾਸ ਦੇ ਗ੍ਰਹਿ | ਜੰਡੋ ਕੇ ਸਿਰਹਾਲੀ | ਅੰਮ੍ਰਿਤਸਰ | ੧੨੬੧ |
| ੧੫ ਅੱਸੂ ੨੦੧੭ ਬਿਕ੍ਰਮੀ | ਸੰਤਾ ਸਿੰਘ ਦੇ ਗ੍ਰਹਿ | ਤਰਨਤਾਰਨ | ਅੰਮ੍ਰਿਤਸਰ | ੧੨੭੧ |
| ੨੨ ਅੱਸੂ ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੮੦ |
| ੦੧ ਕੱਤਕ ੨੦੧੭ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੮੫ |
| ੧੯ ਕੱਤਕ ੨੦੧੭ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੧੩੧੪ |
| ੨੦ ਕੱਤਕ ੨੦੧੭ ਬਿਕ੍ਰਮੀ | ਭਗਵਾਨ ਸਿੰਘ ਦੇ ਗ੍ਰਹਿ | ਸੈਦਪੁਰ | ਅੰਮ੍ਰਿਤਸਰ | ੧੩੨੪ |
| ੨੦ ਕੱਤਕ ੨੦੧੭ ਬਿਕ੍ਰਮੀ | ਨਾਜ਼ਰ ਸਿੰਘ ਦੇ ਗ੍ਰਹਿ | ਮਲੀਆਂ | ਅੰਮ੍ਰਿਤਸਰ | ੧੩੨੭ |




10 ੦੯




| | | | | | | |
|---|---|---|---|---|---|---|
| ੨੧ | ਕੱਤਕ | ੨੦੧੭ | ਬਿਕ੍ਰਮੀ ਮੋਹਣ ਸਿੰਘ ਦੇ ਗ੍ਰਹਿ | ਸਕਿਆਂਵਾਲੀ | ਅੰਮ੍ਰਿਤਸਰ | ੧੩੩੪ |
| ੨੨ | ਕੱਤਕ | ੨੦੧੭ | ਬਿਕ੍ਰਮੀ ਗਿਆਨ ਸਿੰਘ ਦੇ ਗ੍ਰਹਿ | ਭੋਰਛੀ | ਅੰਮ੍ਰਿਤਸਰ | ੧੩੪੮ |
| ੨੨ | ਕੱਤਕ | ੨੦੧੭ | ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੧੩੫੪ |
| ੨੩ | ਕੱਤਕ | ੨੦੧੭ | ਬਿਕ੍ਰਮੀ ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੧੩੫੯ |
| ੨੩ | ਕੱਤਕ | ੨੦੧੭ | ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਰਾਮਪੁਰ | ਅੰਮ੍ਰਿਤਸਰ | ੧੩੬੩ |
| ੨੪ | ਕੱਤਕ | ੨੦੧੭ | ਬਿਕ੍ਰਮੀ ਸੁਖਦੇਵ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੩੭੧ |
| ੨੫ | ਕੱਤਕ | ੨੦੧੭ | ਬਿਕ੍ਰਮੀ ਹਰੀ ਸਿੰਘ ਦੇ ਗ੍ਰਹਿ ,, | ਕੱਲਾ | ਅੰਮ੍ਰਿਤਸਰ | ੧੩੭੮ |
| ੨੫ | ਕੱਤਕ | ੨੦੧੭ | ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੧੩੮੨ |
| ੨੬ | ਕੱਤਕ | ੨੦੧੭ | ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੧੩੮੮ |
| ੨੬ | ਕੱਤਕ | ੨੦੧੭ | ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੧੩੯੩ |
| ੨੬ | ਕੱਤਕ | ੨੦੧੭ | ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਹਿ | ਮਾਲ ਚੱਕ | ਅੰਮ੍ਰਿਤਸਰ | ੧੩੯੬ |
| ੨੬ | ਕੱਤਕ | ੨੦੧੭ | ਬਿਕ੍ਰਮੀ ਬੀਬੀ ਅਜੈਬ ਕੌਰ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੧੪੦੦ |
| ੨੬ | ਕੱਤਕ | ੨੦੧੭ | ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੧੪੦੨ |
| ੨੬ | ਕੱਤਕ | ੨੦੧੭ | ਬਿਕ੍ਰਮੀ ਦਾਰਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੧੪੦੪ |
| ੨੭ | ਕੱਤਕ | ੨੦੧੭ | ਬਿਕ੍ਰਮੀ ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੧੪੦੯ |
| ੨੮ | ਕੱਤਕ | ੨੦੧੭ | ਬਿਕ੍ਰਮੀ ਸਰੈਣ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੪੧੬ |
| ੨੮ | ਕੱਤਕ | ੨੦੧੭ | ਬਿਕ੍ਰਮੀ ਇੰਦਰ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੧੪੨੧ |
| ੨੮ | ਕੱਤਕ | ੨੦੧੭ | ਬਿਕ੍ਰਮੀ ਸਰੈਣ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੧੪੨੫ |
| ੨੯ | ਕੱਤਕ | ੨੦੧੭ | ਬਿਕ੍ਰਮੀ ਬੀਬੀ ਬਲਵੰਤ ਕੌਰ ਦੇ ਗ੍ਰਹਿ | ਧਾਰੜ | ਅੰਮ੍ਰਿਤਸਰ | ੧੪੨੮ |
| ੦੧ | ਮੱਘਰ | ੨੦੧੭ | ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੪੩੩ |
| ੦੨ | ਕੱਤਕ | ੨੦੧੭ | ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੧੪੪੧ |
| ੦੩ | ਕੱਤਕ | ੨੦੧੭ | ਬਿਕ੍ਰਮੀ ਪਸੌਰਾ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੧੪੫੨ |




11
੦੯

11
੦੯

| | | | | | | | |
|---|---|---|---|---|---|---|---|
| ੧੪ | ਕੱਤਕ | ੨੦੧੭ | ਬਿਕ੍ਰਮੀ | ਗੁਰਦੀਪ ਸਿੰਘ ਦੇ ਗ੍ਰਹਿ | ਹਰਦੋ ਫਰਾਲਾ | ਜਲੰਧਰ | ੧੪੬੫ |
| ੧੫ | ਕੱਤਕ | ੨੦੧੭ | ਬਿਕ੍ਰਮੀ | ਲਾਲ ਸਿੰਘ ਦੇ ਗ੍ਰਹਿ | ਡਲੇਵਾਲ | ਜਲੰਧਰ | ੧੪੭੩ |
| ੧੬ | ਕੱਤਕ | ੨੦੧੭ | ਬਿਕ੍ਰਮੀ | ਕੇਸਰ ਸਿੰਘ ਦੇ ਗ੍ਰਹਿ | ਡਲੇਵਾਲ | ਜਲੰਧਰ | ੧੪੭੯ |




12
੦੯

12
੦੯






ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ





✻ ੨੪ ਮੱਘਰ ੨੦੧੬ ਬਿਕ੍ਰਮੀ ਪਿੰਡ ਭਲਾਈ ਪੁਰ ਜਿਲਾ ਅੰਮ੍ਰਿਤਸਰ ਗਿਆਨੀ ਗੁਰਮੁਖ ਸਿੰਘ ਦੇ ਘਰ ✻

✻ ਇਕੀ ਇਕੀ ਸਿਖ ਪੰਗਤ ਸੰਗਤ ਦਾ ਵਿਹਾਰ ਸਤਿਜੁਗ ਦੀ ਧਾਰ ✻

ਨਿਰੰਕਾਰ ਨਿਰੰਕਾਰ ਨਿਰੰਕਾਰ, ਅਲੱਖ ਅਗੰਮ ਭੇਵ ਅਪਾਰਿਆ । ਸੋ ਪੁਰਖ ਨਿਰੰਜਨ ਖੇਲ ਅਪਾਰ, ਆਪ ਆਪਣਾ ਆਪ ਕਰਾ ਰਿਹਾ । ਹਰਿ ਪੁਰਖ ਨਿਰੰਜਨ ਨਿਰਗੁਣ ਧਾਰ, ਨਰ ਨਰਾਇਣ ਨਾਉਂ ਧਰਾ ਲਿਆ । ਆਦਿ ਨਿਰੰਜਨ ਜੋਤ ਉਜਿਆਰ, ਦੀਪਕ ਸਾਚਾ ਇਕ ਜਗਾ ਲਿਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਦਰ ਘਰ ਸਾਚੇ ਸੋਭਾ ਪਾ ਰਿਹਾ । ਸ੍ਰੀ ਭਗਵਾਨ ਸਾਂਝਾ ਯਾਰ, ਸਚਖੰਡ ਨਿਵਾਸ ਰਖਾ ਲਿਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਪੁਰਖ ਅਕਾਲ, ਦੀਨ ਦਿਆਲ ਆਪਣਾ ਵੇਸ ਵਟਾ ਲਿਆ । ਦੀਨ ਦਿਆਲਾ ਪੁਰਖ ਅਕਾਲਾ, ਹਰਿ ਹਰਿ ਵੱਡੀ ਵਡਿਆਇਆ । ਜੁਗਾ ਜੁਗੰਤਰ ਖੇਲ ਨਿਰਾਲਾ, ਆਪ ਆਪਣਾ ਲਏ ਕਰਾਈਆ । ਆਪੇ ਚਲੇ ਆਪਣੀ ਚਾਲਾ, ਚਾਲ ਨਿਰਾਲੀ ਇਕ ਰਖਾਈਆ । ਸੰਗ ਰਖਾਏ ਕਾਲ ਮਹਾਂਕਾਲਾ, ਪ੍ਰਿਤਪਾਲਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪ੍ਰਕਾਸ਼ ਕਰਾਈਆ । ਆਦਿ ਪੁਰਖ ਅਬਿਨਾਸ਼ੀ ਹਰਿ, ਹਰਿ ਏਕਾ ਰੰਗ ਸਮਾਇਆ । ਵਸਣਹਾਰਾ ਸਾਚੇ ਘਰ, ਘਰ ਘਰ ਮੰਦਰ ਇਕ ਉਪਾਇਆ । ਆਪਣਾ ਅੱਖਰ ਆਪੇ ਪੜ੍ਹ, ਆਪ ਆਪਣਾ ਨਾਅਰਾ ਆਪੇ ਲਾਇਆ । ਆਪਣਾ ਘਾੜਨ ਆਪੇ ਘੜ, ਰੂਪ ਅਨੂਪ ਆਪ ਵਟਾਇਆ । ਆਪਣੀ ਚੋਟੀ ਆਪੇ ਚੜ ਚੜ, ਆਪ ਆਪਣਾ ਵੇਖ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰ, ਵੇਸ ਅਵੱਲਾ ਇਕ ਅਕੱਲਾ ਏਕਾ ਖੇਲ ਖਿਲਾਇਆ । ਸੋ ਪੁਰਖ ਨਿਰੰਜਨ ਵਸੇ ਸਚ ਮਹੱਲਾ, ਹਰਿ ਪੁਰਖ ਨਿਰੰਜਣ ਏਕਾ ਘਰ ਸੁਹਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਾਰਬ੍ਰਹਮ ਅਬਿਨਾਸ਼ੀ ਕਰਤਾ ਜੋਤੀ ਜੋਤ ਆਪੇ ਰਲਾ, ਨੂਰੋ ਨੂਰ ਡਗਮਗਾਇੰਦਾ । ਅਗੰਮ ਅਗੰਮੜਾ ਸ਼ਬਦ ਅਨਾਦਿ ਹਰਿ ਬ੍ਰਹਿਮਾਦ ਏਕੰਕਾਰ ਆਪੇ ਘੱਲਾ, ਆਪੇ ਰਾਗ ਅਲਾਇੰਦਾ । ਆਪੇ ਭੇਵ ਖੁਲ੍ਹਾਏ ਆਪੇ ਮੁਖ ਛੁਪਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਨੌ ਚਾਰ ਲੇਖ ਲਿਖਾਇੰਦਾ । ਇਕ ਨੌ ਨੌ ਚਾਰ ਪਾਰ ਕਿਨਾਰਾ, ਹਰਿ ਪੁਰਖ ਨਿਰੰਜਨ ਆਪ ਕਰਾਈਆ ।

ਛੱਤੀ ਜੁਗ ਦਏ ਹੁਲਾਰਾ, ਦੇਵਣਹਾਰਾ ਬੇਪਰਵਾਹੀਆ । ਚੌਥੇ ਜੁਗ ਵੇਖ ਅਖਾੜਾ, ਲੋਕਮਾਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਪੰਚਮ ਧਾੜਾ, ਨੌ ਖੰਡ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਈਆ । ਆਦਿ ਜੁਗਾਦਿ ਹਰਿ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਜੁਗਾ ਜੁੰਗਤਰ ਲਏ ਅਵਤਾਰ, ਲੋਕਮਾਤ ਵੇਖ ਵਿਖਾਇਆ । ਸ਼ਬਦ ਜਣਾਏ ਸੱਚੀ ਧਾਰ, ਆਪ ਆਪਣਾ ਰਾਗ ਅਲਾਇਆ । ਸੰਤਾਂ ਭਗਤਾਂ ਖੋਲ੍ਹੇ ਬੰਦ ਕਿਵਾੜ, ਅੰਦਰ ਮੰਦਰ ਫੋਲ ਫੁਲਾਇਆ । ਸਚ ਵਿਖਾਏ ਇਕ ਦਵਾਰ, ਥਿਰ ਘਰ ਵਾਸੀ ਵੇਸ ਵਟਾਇਆ । ਮੇਲ ਮਿਲਾਏ ਕੰਤ ਭਤਾਰ, ਸਾਚੀ ਸੇਜਾ ਆਪ ਹੰਢਾਇਆ । ਕਲਜੁਗ ਤ੍ਰੇਤਾ ਦੁਆਪਰ ਖੇਲ ਨਿਆਰ, ਹਰਿ ਖਾਲਕ ਖਲਕ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਲਿਖਾਇਆ । ਆਪਣਾ ਲੇਖਾ ਲਿਖਣਹਾਰ, ਪਾਰਬ੍ਰਹਮ ਵੱਡੀ ਵਡਿਆਈਆ । ਲੱਖ ਚੁਰਾਸੀ ਕਰ ਪਸਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਵਰਤਾਈਆ । ਨੌਂ ਦਵਾਰੇ ਖੇਲ ਅਪਾਰ, ਆਪੇ ਖੇਲੇ ਖੇਲ ਖਿਲਾਈਆ । ਅੰਦਰ ਮੰਦਰ ਗੁਪਤ ਜਾਹਿਰ, ਘਰ ਘਰ ਵਿਚ ਆਪ ਟਿਕਾਈਆ । ਨਿਰਗੁਣ ਜੋਤੀ ਕਰ ਉਜਿਆਰ, ਜੋਤ ਨਿਰੰਜਨ ਡਗਮਗਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰ, ਅਨਹਦ ਸਾਚਾ ਤਾਲ ਵਜਾਈਆ । ਪੰਚਮ ਮੀਤਾ ਮੀਤ ਮੁਰਾਰ, ਸਾਚੀ ਸਖੀਆਂ ਮੰਗਲ ਗਾਈਆ । ਰੂਪ ਅਨੂਪ ਸ਼ਾਹੋ ਭੂਪ ਸੱਚੀ ਸਰਕਾਰ, ਸਚ ਸੁਲਤਾਨ ਆਪ ਅਖਵਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਆਪ ਆਪਣਾ ਨਾਉਂ ਧਰਾਈਆ । ਜਾਗਰਤ ਜੋਤ ਕਰੇ ਉਜਿਆਰ, ਨੂਰੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਬਦ ਬ੍ਰਹਿਮਾਦ ਨਾਮ ਸਚ ਸ਼ਬਦ ਕਰੇ ਕੁੜਮਾਈਆ । ਸਾਰ ਸ਼ਬਦ ਹਰਿ ਬਲਵਾਨ, ਏਕਾ ਏਕ ਉਪਾਇੰਦਾ । ਨਿਰਗੁਣ ਖੇਲੇ ਖੇਲ ਮਹਾਨ, ਖੇਲਣਹਾਰ ਦਿਸ ਨਾ ਆਇੰਦਾ । ਦਾਤਾ ਦਾਨੀ ਸਰਬ ਭਗਵਾਨ, ਭਗਤਨ ਮੀਤਾ ਵੇਸ ਵਟਾਇੰਦਾ । ਵੇਖਣਹਾਰ ਜਗਤ ਦੁਕਾਨ, ਚੌਦਾਂ ਲੋਕ ਫੋਲ ਫੁਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਬ੍ਰਹਮਾ ਵਿਸ਼ਨ ਸ਼ਿਵ ਕ੍ਰੋੜ ਤੇਤੀਸਾ ਸੁਰਪਤ ਇੰਦ ਆਪੇ ਪਾਏ ਆਪਣੀ ਆਣ, ਆਪ ਆਪਣਾ ਹੁਕਮ ਜਣਾਇੰਦਾ । ਹਰਿ ਦਾਤਾ ਦਾਨੀ ਦੇਵੇ ਜੀਆ ਦਾਨ, ਘਰ ਘਰ ਹਰਿ ਰਿਜਕ ਸਬਾਹਿੰਦਾ । ਲੱਖ ਚੁਰਾਸੀ ਪੀਣ ਖਾਣ, ਏਕਾ ਰਸਨਾ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਸਤਿਜੁਗ ਸਾਚਾ ਸਚ ਧਰ, ਹਰਿ ਸਾਚੇ ਵੇਸ ਕਰਾਇਆ । ਤ੍ਰੇਤਾ ਤੇਰਾ ਮੇਲ ਦਰ, ਦੁਆਰਾ ਆਪ ਸੁਹਾਇਆ । ਕਾਹਨਾ ਖੇਲ ਕਰ, ਸਖੀਆਂ ਮੰਗਲ ਏਕਾ ਗਾਇਆ । ਕਲਜੁਗ ਗੁਰੂ ਚੇਲੇ ਦੇਵੇ ਵਰ, ਗੁਰ ਚੇਲਾ ਨਾਉਂ ਧਰਾਇਆ । ਵੇਲੇ ਅੰਤਮ ਖੇਲ ਅਗੰਮ ਅਪਾਰ, ਬੋਧ ਅਗਾਧੀ ਭੇਵ ਅਭੇਦਾ ਦਏ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਧਾਰੀ ਹਰਿ ਨਿਰੰਕਾਰੀ, ਆਪ ਆਪਣੀ ਕਲ ਵਰਤਾਇਆ । ਅਕਲ ਕਲ ਧਾਰਾ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਇੰਦਾ । ਪੁਰਖ ਅਗੰਮੜਾ ਅਗੰਮੜੀ ਕਾਰਾ, ਅਲੱਖ ਨਿਰੰਜਨ ਆਪ ਕਰਾਇੰਦਾ । ਸਤਿ ਸਤਿਵਾਦੀ ਦੀਪ ਉਜਿਆਰਾ, ਬ੍ਰਹਮ ਬ੍ਰਹਿਮਾਦੀ ਆਪ ਜਗਾਇੰਦਾ । ਸਾਚਾ ਨਾਦੀ ਨਾਦ ਧੁਨਕਾਰਾ, ਨਾਦ ਅਨਾਦੀ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਹਰਿ ਸਾਚੇ ਵਡ ਵਡਿਆਈਆ ।

ਜੁਗ ਜੁਗ ਮਹਿਮਾ ਅਕਥਨੀ ਅਕਥ, ਵੇਦ ਕਤੇਬ ਭੇਵ ਨਾ ਰਾਈਆ । ਲੱਖ ਚੁਰਾਸੀ ਪਾਏ ਨੱਥ, ਚਾਰ ਕੁੰਟ ਦਹਿ ਦਿਸ਼ਾ ਰਿਹਾ ਭਵਾਈਆ । ਵੇਖਣਹਾਰਾ ਤੀਰਥ ਤਟ, ਅਠਸਠ ਫੋਲ ਫੁਲਾਈਆ । ਵਸਣਹਾਰਾ ਘਟ ਘਟ, ਹਰਿ ਜੂ ਹਰਿ ਮੰਦਰ ਰਿਹਾ ਸੁਹਾਈਆ । ਖੇਲੇ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਭਾਗ ਲਗਾਏ ਕਾਇਆ ਮਟ, ਪੰਜ ਤਤ ਕਰੇ ਵਡਿਆਈਆ । ਸ਼ਬਦ ਅਨਾਦੀ ਲਾਏ ਸੱਟ, ਅਨਹਦ ਤਾਲ ਵਜਾਈਆ । ਆਤਮ ਵੇਖੇ ਸਾਚੀ ਖਾਟ, ਪਲੰਘ ਰੰਗੀਲਾ ਸੇਜ ਵਿਛਾਈਆ । ਕਦੇ ਨਾ ਆਏ ਆਣ ਬਾਟ, ਮਾਤ ਗਰਭ ਨਾ ਫੇਰਾ ਪਾਈਆ । ਜਨ ਭਗਤਾਂ ਨੇੜੇ ਰੱਖੇ ਵਾਟ, ਹਰਿ ਸੰਤਨ ਲਏ ਤਰਾਈਆ । ਪਹਿਲੋਂ ਉਤਰੇ ਆਪਣੇ ਘਾਟ, ਗੁਰਮੁਖ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਸਤਿਜੁਗ ਤੇਰੀ ਧਾਰ ਨਿਰੰਕਾਰ, ਵਾਰ ਅਠਾਰਾਂ ਜੋਤ ਜਗਾਇੰਦਾ । ਹੰਸਾ ਬਾਵਨ ਕਰ ਪਿਆਰ, ਆਪ ਆਪਣਾ ਮੇਲ ਮਿਲਾਇੰਦਾ । ਧਰਨੀ ਧਰਤ ਧਵਲ ਕਰ ਉਜਿਆਰ, ਜਲ ਬਿੰਬ ਵੇਖ ਵਿਖਾਇੰਦਾ । ਰਵ ਸਸ ਪਾਏ ਸਾਰ, ਮੰਡਲ ਮੰਡਪ ਡਗਮਗਾਇੰਦਾ । ਬ੍ਰਹਿਮੰਡ ਖੰਡ ਹੋ ਉਜਿਆਰ, ਗਗਨ ਪਾਤਾਲਾਂ ਫੋਲ ਫੁਲਾਇੰਦਾ । ਲੋਆਂ ਪੁਰੀਆਂ ਏਕਾ ਧਾਰ, ਏਕਾ ਹੁਕਮ ਮੰਨਾਇੰਦਾ । ਸਚ ਤਖਤ ਬੈਠ ਸੱਚੀ ਸਰਕਾਰ, ਸਚਖੰਡ ਦਵਾਰਾ ਸੋਭਾ ਪਾਇੰਦਾ । ਨਿਰਗੁਣ ਦੀਵਾ ਬਾਤੀ ਇਕ ਉਜਿਆਰ, ਕਮਲਾਪਾਤੀ ਆਪ ਜਗਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤੀ, ਘੜੀ ਪਲ ਨਾ ਕੋਈ ਵਿਖਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ ਨਾ ਕੋਈ ਜਾਤੀ, ਨਾ ਕੋਈ ਵੰਡ ਵੰਡਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤੀ, ਪੂਤ ਸਪੂਤਾ ਨਾ ਕੋਈ ਗੋਦ ਉਠਾਇੰਦਾ । ਭੈਣ ਭਈਆ ਸਾਕ ਸੱਜਣ ਨਾ ਕੋਈ ਨਾਤੀ, ਦੂਸਰ ਕਟੁੰਬ ਨਾ ਕੋਈ ਬਣਾਇੰਦਾ । ਆਪੇ ਪੁਛੇ ਆਪਣੀ ਵਾਤੀ, ਦਰ ਆਪਣਾ ਭੇਵ ਆਪ ਖੁਲ੍ਹਾਇੰਦਾ । ਜੁਗ ਜੁਗ ਮਹਿਮਾ ਅਕਥਨੀ ਕਾਥੀ, ਕਥਨੀ ਕਥ ਨਾ ਕੋਏ ਕਥਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਹਰਿ ਸਾਚਾ ਭੇਦ ਖੁਲਾਵਣਾ, ਕਲਜੁਗ ਅੰਤਮ ਵੇਖ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਵਣਾ, ਛੱਤੀ ਛੱਤੀ ਵੇਸ ਵਟਾਈਆ । ਚਾਰ ਜੁਗ ਲੇਖੇ ਲਾਵਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਰਹੇ ਨਾ ਰਾਈਆ । ਵਿਸ਼ਨੂੰ ਵੰਸੀ ਆਪ ਉਠਾਵਣਾ, ਵੇਖਣਹਾਰਾ ਥਾਉਂ ਥਾਈਆ । ਬ੍ਰਹਮੇ ਦੇ ਮਤ ਆਪ ਸਮਝਾਵਣਾ, ਚਾਰੇ ਵੇਦਾਂ ਫੋਲ ਫੁਲਾਈਆ । ਸ਼ੰਕਰ ਏਕਾ ਰੰਗ ਰੰਗਾਵਣਾ, ਏਕਾ ਸਿਖਿਆ ਭਿਛਿਆ ਝੋਲੀ ਪਾਈਆ । ਸੁਰਪਤ ਰਾਜਾ ਇੰਦ ਆਪ ਬੁਲਾਵਣਾ, ਫੜ ਬਾਹੋਂ ਲਏ ਉਠਾਈਆ । ਕ੍ਰੋੜ ਤੇਤੀਸਾ ਵਕਤ ਚੁਕਾਵਣਾ, ਜਗਤ ਜਗਦੀਸ਼ਾ ਵਡ ਵਡਿਆਈਆ । ਗਣ ਗੰਧਰਬ ਆਪਣੀ ਸੇਵਾ ਲਾਵਣਾ, ਵੇਲੇ ਅੰਤ ਦਏ ਸਮਝਾਈਆ । ਲੋਕਮਾਤ ਫੇਰਾ ਪਾਵਣਾ, ਨਿਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ । ਰਵ ਸਸ ਮੁਖ ਸ਼ਰਮਾਵਣਾ, ਚਾਰੋਂ ਕੁੰਟ ਅੰਧੇਰਾ ਛਾਈਆ । ਮੰਡਲ ਮੰਡਪ ਨਾ ਕੋਈ ਸੁਹਾਵਣਾ, ਬੰਕ ਦਵਾਰ ਵੇਖ ਵਖਾਈਆ । ਕਲਜੁਗ ਤੇਰਾ ਰੰਗ ਰੰਗਾਵਣਾ, ਰੰਗਣਹਾਰਾ ਇਕ ਅਖਵਾਈਆ । ਈਸਾ ਮੂਸਾ ਆਪ ਉਠਾਵਣਾ, ਕਾਲਾ ਸੂਸਾ ਤਨ ਸੁਹਾਈਆ । ਚਾਰ ਯਾਰ ਸੰਗ ਮੁਹੰਮਦ ਨਾਲ ਰਲਾਵਣਾ, ਏਕਾ ਕਲਮਾ ਦਏ ਸਖਾਈਆ । ਨਬੀ ਰਸੂਲਾਂ ਪੀਰ ਦਸਤਗੀਰਾਂ ਸ਼ਾਹ ਹਕੀਰਾਂ ਫੜ ਫੜ ਆਪ ਬਹਾਵਣਾ, ਹੁਕਮੀ ਹੁਕਮ ਵਿਚ ਸਮਾਈਆ । ਹਕ ਹਕੀਕਤ ਵੇਖ ਵਖਾਵਣਾ, ਲਾਸ਼ਰੀਕ ਇਕ ਖੁਦਾਈਆ । ਇਕ ਸਦਾ ਏਕਾ ਨਾਅਰਾ ਬੇਐਬ ਪਰਵਰਦਿਗਾਰ ਆਪਣਾ ਆਪ ਸੁਣਾਵਣਾ, ਏਕਾ

ਅਲਫ ਕਰੇ ਪੜ੍ਹਾਈਆ । ਐਨਲਹਕ ਮੁਕਾਮੇ ਹੱਕ ਆਪ ਵਖਾਵਣਾ, ਜਲਵਾ ਨੂਰ ਬੇਪਰਵਾਹੀਆ । ਮੱਕਾ ਕਾਅਬਾ ਭੇਵ ਚੁਕਾਵਣਾ, ਦੋ ਦੋ ਆਬਾ ਵੇਸ ਧਰਾਈਆ । ਹੱਕ ਜਨਾਬਾ ਆਪਣਾ ਨਾਉਂ ਧਰਾਵਨਾ, ਮੁਖ ਨਕਾਬਾ ਆਪ ਉਠਾਈਆ । ਸਚ ਅਹਿਬਾਬਾ ਰਬਾਬ ਇਕ ਵਜਾਵਣਾ, ਏਕੰਕਾਰਾ ਹਰਿ ਨਿਰੰਕਾਰਾ ਇਕ ਸਤਾਰ ਹੱਥ ਉਠਾਈਆ । ਭੇਖ ਅਵੱਲਾ ਇਕ ਅਕੱਲਾ ਨਿਰਗੁਣ ਸਰਗੁਣ ਆਪਣਾ ਨਾਉਂ ਧਰਾਵਨਾ, ਧਰਨੀ ਧਰਤ ਦਏ ਵਡਿਆਈਆ । ਨਾਨਕ ਲੇਖਾ ਪੂਰ ਕਰਾਵਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸੰਤ ਕਬੀਰਾ ਨਾਲ ਰਲਾਵਣਾ, ਸਚਖੰਡ ਦਏ ਵਡਿਆਈਆ । ਹਰਿ ਹਰਿ ਸੰਤਾਂ ਭਗਤਾਂ ਸੰਗ ਨਿਭਾਵਣਾ, ਹਰਿ ਸੰਤਨ ਲਏ ਤਰਾਈਆ । ਗੀਤ ਸੁਹਾਗੀ ਏਕਾ ਗਾਵਨਾ, ਹਰਿ ਸ਼ਬਦ ਵੱਡੀ ਵਡਿਆਈਆ । ਗੀਤ ਸੁਹਾਗੀ ਸਚ ਜੈਕਾਰਾ ਇਕ ਬੁਲਾਵਣਾ, ਨਿਰਗੁਣ ਸਰਗੁਣ ਦਏ ਸਮਝਾਈਆ । ਸੋ ਪੁਰਖ ਨਿਰੰਜਨ ਇਕ ਮਨਾਵਣਾ, ਦੂਸਰ ਇਸ਼ਟ ਨਾ ਕੋਈ ਜਣਾਈਆ । ਅਕਾਲ ਪੁਰਖ ਹਰ ਘਟ ਨਜ਼ਰੀ ਆਵਣਾ, ਪਾਰਬ੍ਰਹਮ ਸੱਚੀ ਸਰਨਾਈਆ । ਸਤਿ ਪੁਰਖ ਨਿਰੰਜਨ ਪਕੜੇ ਦਾਮਨਾ, ਸ਼ਬਦੀ ਗੰਢ ਪੁਆਈਆ । ਦੋ ਜਹਾਨੀ ਬਣੇ ਜਾਮਨਾ, ਏਥੇ ਓਥੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਜਾਏ ਚੁਕਾਈਆ । ਲੇਖਾ ਹਰਿ ਹਰਿ ਆਪ ਚੁਕਾਵਣਾ, ਵਿਸਨੂੰ ਹਰਿ ਉਠਾਇੰਦਾ । ਸਚ ਭੰਡਾਰਾ ਸਚ ਵਸਤ ਘਰ ਸਾਚੇ ਵੇਖ ਵਖਾਵਣਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਦੇਵਣਹਾਰਾ ਕਿਸੇ ਦਿਸ ਨਾ ਆਵਣਾ, ਨੇਤਰ ਲੋਚਨ ਨੈਣ ਦਰਸ਼ਨ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਆਦਿ ਆਪਣਾ ਰੰਗ ਰੰਗਾਇੰਦਾ । ਆਦਿ ਉਪਾਇਆ ਵਿਸ਼ਨ ਧਾਰ, ਵਿਸ਼ਨੂੰ ਰੂਪ ਵਟਾਇੰਦਾ । ਚਤਰਭੁਜ ਖੇਲ ਅਪਾਰ, ਆਦਿ ਸ਼ਕਤ ਜੋਤ ਜਗਾਇੰਦਾ । ਬੂੰਦ ਰਕਤ ਨਾ ਕਰੀ ਕੋਈ ਤਿਆਰ, ਮਾਤ ਪਿਤ ਨਾ ਕੋਈ ਬਣਾਇੰਦਾ । ਏਕਾ ਏਕ ਇਕ ਅਕੱਲਾ ਖੇਲ ਅਪਾਰ, ਇਕ ਇਕੱਲਾ ਆਪ ਕਰਾਇੰਦਾ । ਸਾਚੀ ਸਿਖਿਆ ਸਿਖ ਬੇਐਬ ਪਰਵਰਦਿਗਾਰ ਆਪ ਆਪਣੀ ਰਚਨ ਰਚਾਇੰਦਾ । ਆਪੇ ਹੋਏ ਸਚ ਸਿਕਦਾਰ, ਅੰਮ੍ਰਿਤ ਤਾਲ ਆਪ ਸੁਹਾਇੰਦਾ । ਆਪੇ ਨਾਭ ਕਵਲ ਕਰ ਉਜਿਆਰ, ਸਰਗੁਣ ਨਿਰਗੁਣ ਵੇਖ ਵਿਖਾਇੰਦਾ । ਆਪੇ ਬ੍ਰਹਮਾ ਕਰ ਕਰ ਬਾਹਰ, ਪਾਰਬ੍ਰਹਮ ਆਪਣਾ ਅੰਗ ਕਟਾਇੰਦਾ । ਆਪੇ ਸ਼ੰਕਰ ਜਣਾਏ ਧੂਆਂਧਾਰ, ਰੂਪ ਅਨੂਪ ਆਪ ਦਰਸਾਇੰਦਾ । ਆਪੇ ਤਿੰਨਾਂ ਵਸਿਆ ਬਾਹਿਰ, ਆਪ ਆਪਣੇ ਅੰਗ ਲਗਾਇੰਦਾ । ਆਪੇ ਦੇਵੇ ਵਸਤ ਸਚਾ ਧਨ ਮਾਲ, ਸਚ ਖਜਾਨਾ ਆਪ ਭਰਾਇੰਦਾ । ਆਪੇ ਕਰੇ ਕਰਾਏ ਸਚ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਧਰਾਇੰਦਾ । ਆਪਣੀ ਘਾਲਨ ਆਪੇ ਘਾਲ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਤ੍ਰੈਗੁਣ ਮਾਇਆ ਰਚਿਆ ਜਾਲ, ਰਜੋ ਤਮੋ ਸਤੋ ਵੇਖ ਵਿਖਾਇੰਦਾ । ਆਪੇ ਕਾਲ ਆਪੇ ਮਹਾਂਕਾਲ, ਦੀਨ ਦਿਆਲ ਆਪ ਅਖਵਾਇੰਦਾ । ਆਪੇ ਕਾਇਆ ਮਾਟੀ ਵਸੇ ਖਾਲ, ਆਪੇ ਸਚਖੰਡ ਦੁਆਰੇ ਸੋਭਾ ਪਾਇੰਦਾ । ਆਪੇ ਲੱਖ ਚੁਰਾਸੀ ਵੇਖੇ ਖੇਤ ਡਾਲ੍ਹ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਘਟ ਘਟ ਅੰਦਰ ਦੀਪਕ ਬਾਲ, ਜੋਤ ਨਿਰੰਜਨ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਇਕ ਵਰਤਾਇੰਦਾ । ਵਿਸਨੂੰ ਵਸਤ ਸਚ ਵਰਤਾਈ, ਹਰਿ ਸਾਚੇ ਦਯਾ ਕਮਾਈਆ । ਦੇਵਣਹਾਰਾ ਰਿਜਕ ਸਬਾਈ, ਦਾਨਾ ਬੀਨਾ ਵਡ ਵਡਿਆਈਆ । ਬ੍ਰਹਮੇ ਬ੍ਰਹਮ ਮਤ ਇਕ ਸਮਝਾਈ, ਪਾਰਬ੍ਰਹਮ ਸੱਚੀ ਸਰਨਾਈਆ । ਲੱਖ ਚੁਰਾਸੀ ਤੇਰੀ ਰਚਨ ਰਚਾਈ, ਤੇਰਾ

ਰੂਪ ਸਰਬ ਲੋਕਾਈਆ । ਸ਼ੰਕਰ ਕਰੇ ਇਕ ਪੜ੍ਹਾਈ, ਜੋ ਘੜੇ ਸੋ ਭੰਨ ਵਖਾਈਆ । ਪੁਰਖ ਅਬਿਨਾਸੀ ਭੇਵ ਨਾ ਰਾਈ, ਤਿੰਨੇ ਬਹਿ ਬਹਿ ਕਰਨ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ ।

ਵਿਸ਼ਨੂੰ ਵਸਤ ਅਨਮੋਲ, ਸਤੋ ਗੁਣ ਝੋਲੀ ਪਾਇੰਦਾ । ਬ੍ਰਹਮਾ ਬ੍ਰਹਮ ਕੰਡੇ ਏਕਾ ਤੋਲ, ਰਾਜਸ ਰਾਜਸ ਸੰਗ ਨਿਭਾਇੰਦਾ । ਸ਼ੰਕਰ ਦਵਾਰਾ ਏਕਾ ਖੋਲ੍ਹ, ਤਮੋ ਤਤ ਇਕ ਸਮਝਾਇੰਦਾ । ਆਪੇ ਬੈਠਾ ਰਹੇ ਅਡੋਲ, ਭੇਵ ਅਭੇਦਾ ਭੇਵ ਛੁਪਾਇੰਦਾ । ਦਰ ਦਰਵਾਜਾ ਏਕਾ ਖੋਲ੍ਹ, ਸਚ ਦਵਾਰੇ ਸੋਭਾ ਪਾਇੰਦਾ । ਸਬਦ ਅਗੰਮੀ ਆਪੇ ਬੋਲ, ਧਰਤ ਮਾਤਾ ਆਪ ਸੁਣਾਇੰਦਾ । ਲੱਖ ਚੁਰਾਸੀ ਜਾਣਾ ਮੌਲ, ਆਪ ਆਪਣਾ ਰੂਪ ਵਟਾਇੰਦਾ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜਾਂ ਤੱਤਾਂ ਬਣਨਾ ਖੋਲ, ਆਪਣੀ ਰਚਨ ਰਚਾਇੰਦਾ । ਅੰਦਰ ਧਰਨਾ ਨਾਭ ਕੌਲ, ਉਲਟਾ ਮੂੰਧ ਰਖਾਇੰਦਾ । ਜੋਤੀ ਜੋਤ ਸਰੁਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਕਾਇਆ ਖੇਲ ਅਪਾਰ, ਬ੍ਰਹਮਾ ਵਿਸ਼ਨ ਸਿਵ ਸੇਵ ਕਮਾਈਆ । ਘਰ ਵਿਚ ਘਰ ਕਰ ਤਿਆਰ, ਘਰ ਬੈਠਾ ਬੇਪਰਵਾਹੀਆ । ਆਤਮ ਸੇਜਾ ਹੋ ਤਿਆਰ, ਸੋਇਆ ਬੇਪਰਵਾਹੀਆ । ਸ਼ਬਦ ਧੁਨ ਸੱਚੀ ਧੁਨਕਾਰ, ਆਪ ਆਪਣੀ ਆਪੇ ਗਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਸਚ ਸਰੋਵਰ ਤਾਲ ਭਰਾਈਆ । ਦੀਪਕ ਜੋਤ ਕਰ ਉਜਿਆਰ, ਬੈਠਾ ਮੁਖ ਛੁਪਾਈਆ । ਤ੍ਰੈਗੁਣ ਮਾਇਆ ਵਸਿਆ ਬਾਹਰ, ਤਤਵ ਤਤ ਨਾ ਕੋਈ ਰਖਾਈਆ । ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਆਪ ਕਮਾਈਆ । ਆਪੇ ਸੁੰਨ ਅਗੰਮੀ ਧੂਆਂਧਾਰ, ਅੰਧ ਅੰਧੇਰਾ ਡੇਰਾ ਲਾਈਆ । ਆਪੇ ਖੋਲ੍ਹੇ ਨੌਂ ਦਵਾਰ, ਜਗਤ ਵਾਸਨਾ ਵਿਚ ਭਰਾਈਆ । ਆਪੇ ਕਰੇ ਪੰਚ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਮੇਲ ਮਿਲਾਈਆ । ਆਪੇ ਆਸਾ ਤ੍ਰਿਸਨਾ ਦਏ ਸਹਾਰ, ਆਪੇ ਜੂਠ ਝੂਠ ਕਰੇ ਪੜ੍ਹਾਈਆ । ਆਪੇ ਪੰਚਮ ਸਖੀਆਂ ਮੰਗਲਾਚਾਰ, ਆਪੇ ਪੰਜ ਦਸ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਕਰ ਤਿਆਰ, ਅੰਦਰ ਵੜ ਹਰਿ ਨਿਰੰਕਾਰ, ਆਪ ਸੁਹਾਏ ਬੰਕ ਦਵਾਰ, ਘਰ ਸਾਚਾ ਇਕ ਉਪਾਈਆ । ਸਾਚਾ ਮੰਦਰ ਕਾਇਆ ਗੜ੍ਹ, ਹਰਿ ਸਾਚਾ ਆਪ ਉਪਾਇੰਦਾ । ਸੇਵਾ ਲਾਏ ਬ੍ਰਹਮਾ ਵਿਸ਼ਨ ਸ਼ਿਵ ਫੜ, ਸਾਚਾ ਹੁਕਮ ਸੁਣਾਇੰਦਾ । ਤ੍ਰੈਗੁਣ ਮਾਇਆ ਬੱਧੀ ਲੜ, ਸਾਚੀ ਵਸਤ ਝੋਲੀ ਪਾਇੰਦਾ । ਪੰਜ ਤਤ ਵਿਕਾਰਾ ਬਣਿਆ ਗੜ, ਹਉਮੇ ਹੰਗਤਾ ਵਿਚ ਟਿਕਾਇੰਦਾ । ਏਕਾ ਤਤ ਰਿਹਾ ਸੜ, ਹਵਨੀ ਹਵਨ ਵਖਾਇੰਦਾ । ਜੋਤੀ ਜੋਤ ਸਰੁਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲੇ ਆਪੇ ਚੜ, ਉਚ ਅਟੱਲੇ ਆਸਣ ਲਾਇੰਦਾ । ਮਹੱਲ ਅਟੱਲ ਉਚ ਮਨਾਰਾ, ਹਰਿ ਸਾਚਾ ਆਪ ਸੁਹਾਇੰਦਾ । ਲੱਖ ਚੁਰਾਸੀ ਕਰ ਤਿਆਰਾ, ਆਪਣੀ ਖਾਣੀ ਵੰਡ ਵੰਡਾਇੰਦਾ । ਉਤਭੁਜ ਸੇਹਤਜ ਬਣ ਵਰਤਾਰਾ, ਜੇਰਜ ਅੰਡ ਭੇਵ ਚੁਕਾਇੰਦਾ । ਬ੍ਰਹਿਮੰਡ ਦੇਵਣਹਾਰਾ ਸਹਾਰਾ, ਆਪ ਆਪਣੀ ਕਲ ਵਰਤਾਇੰਦਾ । ਪਰਮਾਨੰਦ ਇਕ ਦਵਾਰਾ, ਨਿਜਾਨੰਦ ਖੋਲ੍ਹ ਵਖਾਇੰਦਾ । ਭਰਮਾਂ ਕੰਧ ਅੱਧ ਵਿਚਕਾਰਾ, ਆਪਣਾ ਪੜਦਾ ਪਾਇੰਦਾ । ਖੇਲੇ ਖੇਲ ਪੁਰਖ ਅਪਾਰਾ, ਆਪਣੀ ਵਸਤ ਆਪ ਟਿਕਾਇੰਦਾ । ਮਨ ਮਤ ਬੁਧ ਕਰ ਤਿਆਰਾ, ਨਿਰਗੁਣ ਸਰਗੁਣ ਵਿਚ ਧਰਾਇੰਦਾ । ਮਨੂਆ ਮਨ ਬਣ ਸਿਕਦਾਰਾ, ਸਾਚਾ ਹੁਕਮ ਸੁਣਾਇੰਦਾ । ਜਗਤ ਤ੍ਰਿਸਨਾ ਭਰ ਭੰਡਾਰਾ, ਤਾਮਸ ਜੋਤ ਅੰਸ ਹਰਿ ਗਿਰਧਾਰਾ,

ਆਪੇ ਵੇਖ ਵਖਾਇੰਦਾ । ਮਤ ਮਤਵਾਲੀ ਢਹਿ ਢਹਿ ਪਏ ਚਰਨ ਦਵਾਰਾ, ਫੜ ਫੜ ਬਾਹੋਂ ਆਪ ਉਠਾਇੰਦਾ । ਤੇਰਾ ਰੂਪ ਦਿਸ ਨਾ ਆਏ ਵਿਚ ਸੰਸਾਰਾ, ਗੁਰਮੁਖ ਵਿਰਲੇ ਆਪ ਵਖਾਇੰਦਾ । ਚਾਰੋਂ ਕੁੰਟ ਦਰ ਦਰ ਘਰ ਘਰ ਲੱਖ ਚੁਰਾਸੀ ਲੱਭਦੇ ਫਿਰਦੇ ਜੀਵ ਗਵਾਰਾ, ਹੱਥ ਕਿਸੇ ਨਾ ਆਇੰਦਾ । ਬੁਧ ਮਤਵਾਲੀ ਚਲੀ ਚਾਲੀ, ਹਰਿ ਸਾਚਾ ਮਾਰਗ ਪਾਇੰਦਾ । ਤੇਰਾ ਦਵਾਰਾ ਨਾ ਹੋਏ ਖਾਲੀ, ਆਪਣੀ ਧੂੜ ਤੇਰੇ ਮਸਤਕ ਟਿੱਕਾ ਲਾਇੰਦਾ । ਜਨ ਭਗਤਾਂ ਕਰਨੀ ਸਚ ਦਲਾਲੀ, ਹਰਿ ਵਣਜਾਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦ ਸਰੂਪੀ ਸਚ ਮਲਾਹ, ਲੋਕਮਾਤ ਦਏ ਸੁਣਾ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾ, ਲਖ ਚੁਰਾਸੀ ਡੇਰਾ ਲਾ, ਘਟ ਘਟ ਅੰਦਰ ਜੋਤ ਜਗਾ, ਜਗ ਆਪਣੀ ਬੂਝ ਬੁਝਾਇੰਦਾ । ਬ੍ਰਹਮਾ ਤੇਰੀ ਸਦ ਵਡਿਆਈ, ਹਰਿ ਸਾਚਾ ਆਪ ਜਣਾਇੰਦਾ । ਵਿਸ਼ਨੂੰ ਤੇਰੀ ਸੇਵ ਕਮਾਈ, ਹਰਿ ਸਾਚਾ ਲੇਖੇ ਲਾਇੰਦਾ । ਸ਼ੰਕਰ ਤੇਰੀ ਅੰਤ ਦੁਹਾਈ, ਸਾਚਾ ਡੌਰੂ ਡੰਕ ਆਪ ਵਜਾਇੰਦਾ । ਲੱਖ ਚੁਰਾਸੀ ਵੇਖ ਵਖਾਈ, ਲੇਖਾ ਰਹਿਣ ਨਾ ਪਾਇੰਦਾ । ਕਲਜੁਗ ਕੂਕੇ ਦਏ ਦੁਹਾਈ, ਚਾਰੋਂ ਕੁੰਟ ਸਰਬ ਕੁਰਲਾਇੰਦਾ । ਵਰਨਾਂ ਬਰਨਾਂ ਪਈ ਲੜਾਈ, ਸਾਚੀ ਸਰਨ ਨਾ ਕੋਈ ਲਗਾਇੰਦਾ । ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਮਿਲੇ ਮੇਲ ਨਾ ਸਾਚੇ ਮਾਹੀ, ਹਰਿ ਸੰਗਤ ਨਾ ਕੋਈ ਮਿਲਾਇੰਦਾ । ਨਿਥਾਵਿਆਂ ਦੇਵੇ ਨਾ ਕੋਈ ਥਾਂਈ, ਫੜ ਬਾਹੋਂ ਨਾ ਗਲੇ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਸੱਦਿਆ ਆਪਣੇ ਘਰ, ਬ੍ਰਹਮਾ ਹੱਥੀਂ ਲਿਆ ਫੜ, ਸ਼ੰਕਰ ਆਇਆ ਦਵਾਰੇ ਚੱਲ, ਤਿੰਨਾਂ ਮਤ ਰਿਹਾ ਸਮਝਾਈਆ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚਾ ਆਪ ਸਮਝਾਇੰਦਾ । ਤੇਰਾ ਬਖਸ਼ੇ ਦਿਤਾ ਪੀਣ ਖਾਣ, ਚਾਰ ਜੁਗ ਜੋ ਵਰਤਾਇੰਦਾ । ਬ੍ਰਹਮਾ ਉਠ ਨੌਜਵਾਨ, ਪ੍ਰਭ ਸਾਚਾ ਭੇਵ ਖੁਲਾਇੰਦਾ । ਵੇਖਣ ਆਇਆ ਤੇਰੀ ਸੰਤਾਨ, ਲਖ ਚੁਰਾਸੀ ਡੇਰਾ ਲਾਇੰਦਾ । ਜੀਵ ਜੰਤ ਨਾਤਾ ਜੁੜਿਆ ਪੰਜ ਸ਼ੈਤਾਨ, ਸਾਚਾ ਸੰਗ ਨਾ ਕੋਈ ਰਖਾਇੰਦਾ । ਸ਼ੰਕਰ ਤੇਰੀ ਤ੍ਰਿਸ਼ੂਲ ਕਮਾਨ, ਪ੍ਰਭ ਸਾਚਾ ਹੱਥ ਉਠਾਇੰਦਾ । ਉਠ ਉਠ ਬਾਲ ਨਾਦਾਨ, ਵੇਲਾ ਅੰਤਮ ਆਇੰਦਾ । ਖੇਲੇ ਖੇਲੇ ਸ੍ਰੀ ਭਗਵਾਨ, ਚਾਰ ਜੁਗ ਭੇਵ ਕੋਈ ਨਾ ਪਾਇੰਦਾ । ਚੌਦਾਂ ਲੋਕਾਂ ਵੇਖ ਆਪ ਦੁਕਾਨ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਲ ਵਰਤੇ ਆਣ, ਕਲਜੁਗ ਵੇਲਾ ਅੰਤਮ ਆਇੰਦਾ । ਏਕਾ ਫੜਿਆ ਤੀਰ ਕਮਾਨ, ਸਾਚਾ ਖੰਡਾ ਆਪ ਚਮਕਾਇੰਦਾ । ਸੋ ਪੁਰਖ ਨਿਰੰਜਨ ਹਰਿ ਮਿਹਰਬਾਨ, ਹੰ ਬ੍ਰਹਮ ਫੋਲ ਫੁਲਾਇੰਦਾ । ਨਾਤਾ ਤੁੱਟੇ ਪੀਣ ਖਾਣ, ਖਾਣਾ ਪੀਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਵ ਖੁਲਾਇੰਦਾ । ਵਿਸ਼ਨੂੰ ਬ੍ਰਹਮਾ ਸ਼ਿਵ ਚਰਨ ਦਵਾਰ, ਦੋਏ ਜੋੜ ਪਏ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਰ, ਤੇਰੀ ਓਟ ਇਕ ਰਘੁਰਾਈਆ । ਤੇਰੀ ਇਛਿਆ ਭਿਛਿਆ ਸਰਬ ਸੰਸਾਰ, ਹਉਂ ਸੇਵਕ ਸੇਵਾ ਰਹੇ ਕਮਾਈਆ । ਤੇਰੀ ਭਿਛਿਆ ਵਰਤੇ ਹਰਿ ਨਿਰੰਕਾਰ, ਤੇਰੇ ਭਾਣੇ ਸਦ ਅਖਵਾਈਆ । ਤੂੰ ਪਤ ਪਤਵੰਤਾ ਹਉਂ ਤੇਰੀ ਨਾਰ, ਚਰਨ ਧੂੜ ਮਸਤਕ ਲਾਏ ਨਿਉਂ ਨਿਉਂ ਸੀਸ ਝੁਕਾਈਆ । ਬਿਨ ਹਰਿ ਤੇਰੇ ਨਾ ਦਿਸੇ ਕੋਈ ਸਹਾਰ, ਦੂਸਰ ਦਰ ਨਾ ਕੋਈ ਜਣਾਈਆ । ਤੂੰ ਦਾਤਾ ਘੜਨ ਭੰਨਣਹਾਰ, ਸਮਰਥ ਪੁਰਖ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਵਿਸ਼ਨੂੰ ਉਪਜਿਆ ਆਪਣੀ ਰਤ, ਬ੍ਰਹਮ ਕਵਲ ਫੁਲ ਮਹਾਨਾ । ਸ਼ੰਕਰ ਤੇਰੀ ਜਾਣੇ ਮਿਤ ਗਤ, ਗਤ

ਮਿਤ ਸ੍ਰੀ ਭਗਵਾਨਾ । ਤਿੰਨਾਂ ਕਰੇ ਏਕਾ ਮਤ, ਸ਼ਬਦ ਸਰੂਪੀ ਬੰਨੇ ਗਾਨਾ । ਆਦਿ ਜੁਗਾਦੀ ਪਰਗਟ ਹੋਏ ਨਿਹਕਲੰਕ, ਨਿਤ ਨਵਿਤ ਲੋਕਮਾਤ ਖੇਲ ਮਹਾਨਾ । ਲੱਖ ਚੁਰਾਸੀ ਵੇਖੇ ਖੇਤ, ਹਰਿ ਵਡ ਕਿਰਸਾਨਾ । ਵੱਢਣਹਾਰਾ ਅਗੇਤ ਪਛੇਤ, ਆਪ ਆਪਣਾ ਬਲ ਧਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਣਾ । ਧੁਰ ਫ਼ਰਮਾਣ ਹਰਿ ਸੁਣਾਇਆ, ਬ੍ਰਹਮੇ ਵਿਸ਼ਨੂੰ ਕਰੇ ਜਣਾਈਆ । ਕਲਜੁਗ ਵੇਲਾ ਅੰਤਮ ਆਇਆ, ਨਾ ਸਕੇ ਕੋਈ ਬਚਾਈਆ । ਜੂਠਾ ਝੂਠਾ ਬੁਰਜ ਦਏ ਢਾਇਆ, ਥਿਰ ਕੋਈ ਰਹਿਣ ਨਾ ਪਾਈਆ । ਨਿਰਗੁਣ ਆਪਣਾ ਵੇਸ ਧਰਾਇਆ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਚਾਰੋ ਕੁੰਟ ਫੇਰਾ ਪਾਇਆ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਇਆ, ਵੇਲੇ ਅੰਤਮ ਲਏ ਅੰਗੜਾਈਆ । ਰਵ ਸਸ ਨੱਸ ਨੱਸ ਪੰਧ ਮੁਕਾਇਆ, ਬਖਸ਼ੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਲੇਖਾ ਰਿਹਾ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਵੱਡਾ ਵਡ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੁਣ ਪੁਕਾਰ, ਦਰ ਤੇਰੇ ਮੰਗੀ ਮੰਗ ਏਕਾ ਭਿਛਿਆ ਮੰਗ ਮੰਗਾਈਆ । ਤੇਰੀ ਖਿੜੀ ਸੱਚੀ ਗੁਲਜ਼ਾਰ, ਲੋਕਮਾਤ ਬਸੰਤ ਬਹਾਰ, ਲੱਖ ਚੁਰਾਸੀ ਤ੍ਰੈਗੁਣ ਮਾਟੀ ਤਤ ਟਿਕਾਈਆ । ਤੂੰ ਸੱਚਾ ਘੁਮਿਆਰ, ਹਉਂ ਕੋਹਲੂ ਚੱਕ ਗੇੜਾ ਆਪੇ ਮਾਰ, ਤੂੰ ਪੱਥਣਹਾਰ ਵਾਰੋ ਵਾਰ, ਆਪੇ ਭਾਂਡੇ ਲਏ ਉਪਾਈਆ । ਤੇਰੀ ਵਸਤ ਸਮਰਥ ਪੁਰਖ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਉਠ ਉਠ ਨੇਤਰ ਆਪੇ ਖੋਲ੍ਹ, ਪ੍ਰਭੂ ਅੱਗੇ ਦੇਣ ਦੁਹਾਈਆ । ਏਕਾ ਵਸਤ ਸਾਡੇ ਕੋਲ, ਦੂਸਰ ਨਜ਼ਰ ਨਾ ਕੋਈ ਆਈਆ । ਘਟ ਘਟ ਅੰਦਰ ਰਿਹਾ ਮੌਲ, ਮੌਲਾ ਰੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਏ ਸਮਝਾਈਆ । ਬ੍ਰਹਮਾ ਲੇਖਾ ਹਰਿ ਸਮਝਾਏ, ਸ਼ਾਹੋ ਭੂਪ ਸਿਕਦਾਰਾ । ਤਿੰਨਾਂ ਫੜ ਫੜ ਅੱਗੇ ਲਾਏ, ਲੋਕਮਾਤ ਵਖਾਏ ਵਾਰੋ ਵਾਰਾ । ਸਚ ਸੁਚ ਕੋਈ ਨਜ਼ਰ ਨਾ ਆਏ, ਕਲਜੁਗ ਕੂੜਾ ਦਿਸੇ ਸਰਬ ਪਸਾਰਾ । ਗੁਰ ਪੀਰ ਨਾ ਕੋਈ ਮਨਾਏ, ਸਚ ਮੰਦਰ ਨਾ ਗੁਰੂਦਵਾਰਾ । ਸਾਚਾ ਰੰਗ ਨਾ ਕੋਈ ਚੜ੍ਹਾਏ, ਨਾ ਕੋਈ ਦਿਸੇ ਸਚ ਲਲਾਰਾ । ਭਗਤ ਭਗਵੰਤ ਨਾ ਮੇਲ ਮਿਲਾਏ, ਸਾਧ ਸੰਤ ਹੋਏ ਅਵਾਰਾ । ਨਾਰੀ ਕੰਤ ਨਾ ਕੋਈ ਹੰਢਾਏ, ਨਾਰ ਦੁਹਾਗਣ ਹੋਏ ਵਿਭਚਾਰਾ । ਚਾਰੋਂ ਕੁੰਟ ਅੰਧੇਰਾ ਛਾਏ, ਨਾ ਦਿਸੇ ਰਵ ਸਸ ਸਤਾਰਾ । ਰਾਮ ਕ੍ਰਿਸ਼ਨ ਨਾ ਕੋਈ ਧਿਆਏ, ਪਾਏ ਮੇਲ ਨਾ ਘਰ ਨਿਰੰਕਾਰਾ । ਸੰਗ ਮੁਹੰਮਦ ਨਾ ਕੋਈ ਮਿਲਾਏ, ਨਾਤਾ ਤੁਟਾ ਚਾਰ ਯਾਰਾ । ਅੱਲਾ ਰਾਣੀ ਦਏ ਦੁਹਾਏ, ਉਚੀ ਕੂਕੇ ਕਰੇ ਪੁਕਾਰਾ । ਸਤਿਨਾਮ ਨਾ ਕੋਈ ਅਲਾਏ, ਸਤਿ ਸਤਿ ਨਾ ਕੋਈ ਜੈਕਾਰਾ । ਗੁਰੂ ਕੀ ਫਤਿਹ ਨਾ ਕੋਈ ਵਖਾਏ, ਸ੍ਰਿਸ਼ਟ ਸਬਾਈ ਧੂਆਂਧਾਰਾ । ਸਾਚਾ ਚੰਦ ਨਾ ਕੋਈ ਚੜ੍ਹਾਏ, ਗੁਰ ਗੋਬਿੰਦ ਬਣਿਆ ਸਚ ਲਿਖਾਰਾ । ਸਾਚਾ ਲੇਖਾ ਦਏ ਜਣਾਏ, ਕਲਜੁਗ ਅੰਤਮ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਸੰਬਲ ਨਗਰ ਡੇਰਾ ਲਾਏ, ਉਚ ਮਹੱਲਾ ਇਕ ਇਕੱਲਾ ਸਚ ਤਖਤ ਬੈਠ ਸੱਚੀ ਸਰਕਾਰਾ । ਸਾਚਾ ਅਦਲ ਕਮਾਏ, ਬ੍ਰਹਮਾ ਵਿਸ਼ਨ ਸ਼ਿਵ ਫੜ ਖਿਚ ਬਹਾਏ ਚਰਨ ਦਵਾਰਾ । ਏਕਾ ਹੁਕਮ ਸੁਣਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲਹਿਣਾ ਦਏ ਮੁਕਾਏ ।

ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਪ੍ਰਭ ਆਪਣੇ ਸੰਗ ਰਖਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਨਰ ਨਿਰੰਕਾਰ ਆਪ ਕਰਾਈਆ । ਨਿਹਕਲੰਕ ਲਏ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਬੇੜਾ ਡੁੱਬੇ ਵਿਚ ਮੰਝਧਾਰ, ਏਕਾ ਧੱਕਾ ਦੇਵੇ ਲਾਈਆ । ਸਤਿਜੁਗ ਸਾਚਾ ਕਰੇ ਤਿਆਰ, ਘਰ ਸਾਚੇ ਵੇਖ ਵਖਾਈਆ । ਧਰਤ ਮਾਤ ਦੀ ਸੁਣੇ ਪੁਕਾਰ, ਨੇਤਰ ਰੋ ਰੋ ਰਹੀ ਕੁਰਲਾਈਆ । ਖੁਲੜੇ ਕੇਸ ਧਾਹਾਂ ਰਹੀ ਮਾਰ, ਚਾਰੋਂ ਕੁੰਟ ਨੈਣ ਉਠਾਈਆ । ਸੰਤ ਭਗਤ ਨਾ ਮੀਤ ਮੁਰਾਰ, ਗੁਰਮੁਖ ਨਜਰ ਕੋਇ ਨਾ ਆਈਆ । ਸੰਸਾਰ ਸੁਖ ਪਸਰਿਆ ਸਰਬ ਸੰਸਾਰ, ਰੰਗ ਰਲੀਆਂ ਰਿਹਾ ਮਨਾਈਆ । ਤੀਰਥ ਤਟ ਹੋਏ ਖਵਾਰ, ਧੀਆਂ ਭੈਣਾਂ ਰਹੇ ਤਕਾਈਆ । ਗੁਰ ਦਰ ਮੰਦਰ ਮਸਜਦ ਮਠ ਸ਼ਿਵਦਵਾਲਾ ਹਾਹਾਕਾਰ, ਸਚ ਧਰਮ ਨਾ ਕੋਈ ਕੁੜਮਾਈਆ । ਗੁਰ ਮੰਦਰ ਅੰਦਰ ਜੂਠ ਝੂਠ ਕਰਨ ਅਹਾਰ, ਸਾਚਾ ਰਸਨਾ ਨਾਮ ਨਾ ਲਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਹਰਿ ਕਾ ਭੇਵ ਕੋਈ ਨਾ ਪਾਈਆ । ਪੰਡਤ ਪਾਂਧੇ ਨਾ ਕਰਨ ਵਿਚਾਰ, ਜੋਤ ਲਿਲਾਟੀ ਨਾ ਤਿਲਕ ਲਗਾਈਆ । ਆਪੇ ਡਿਗੇ ਡੂੰਘੀ ਗਾਰ, ਸ਼ਾਸਤਰ ਸਿਮਰਤ ਦਏ ਗਵਾਹੀਆ । ਮੁਲਾ ਸ਼ੇਖ਼ ਮੁਸਾਇਕ ਪੀਰ ਰਹੇ ਝੱਖ ਮਾਰ, ਸਾਚਾ ਸਾਲਸ ਕੋਈ ਨਜ਼ਰ ਨਾ ਆਈਆ । ਉਮਤੀ ਉਮਤ ਰਹੀ ਲਲਕਾਰ, ਸੰਮਤ ਸੰਮਤੀ ਦਏ ਦੁਹਾਈਆ । ਖਾਲਸ ਖਾਲਸਾ ਦਿਸੇ ਨਾ ਵਿਚ ਸੰਸਾਰ, ਜਿਸ ਮਿਲਿਆ ਗੋਬਿੰਦ ਸਾਚਾ ਮਾਹੀਆ । ਅੱਠੇ ਪਹਿਰ ਨਾ ਦਰਸ ਨਿਰੰਕਾਰ, ਭੁੱਲੀ ਸਰਬ ਲੁਕਾਈਆ । ਰਾਮ ਨਾ ਮਿਲਿਆ ਮੀਤ ਮੁਰਾਰ, ਸੁਰਤ ਸਵਾਣੀ ਸੀਤਾ ਰਹੀ ਕੁਰਲਾਈਆ । ਰਾਧਾ ਕ੍ਰਿਸ਼ਨ ਨਾ ਕਰਿਆ ਸਚ ਪਿਆਰ, ਨਾਮ ਬੰਸਰੀ ਨਾ ਕੋਈ ਵਜਾਈਆ । ਉਚੀ ਕੂਕਨ ਕਰਨ ਗਿਆਨ, ਹਰਿ ਕਾ ਧਿਆਨ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਦੁਕਾਨ, ਪ੍ਰਗਟ ਹੋ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ, ਜਾਨਣਹਾਰ ਵਡ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਸਲਾਹ, ਤਿੰਨਾਂ ਮਤਾ ਪਕਾਇਆ । ਪੁਰਖ ਅਬਿਨਾਸ਼ੀ ਬੇਪ੍ਰਵਾਹ, ਤੇਰਾ ਭੇਦ ਕਿਸੇ ਨਾ ਪਾਇਆ । ਜੁਗ ਜੁਗ ਬਣੇ ਜਗਤ ਮਲਾਹ, ਜਾਗਰਤ ਜੋਤ ਕਰੇ ਰੁਸ਼ਨਾਇਆ । ਆਪਣਾ ਨਾਉਂ ਨਰਾਇਣ ਧਰਾ, ਨਰ ਨਿਰੰਕਾਰਾ ਆਪ ਅਖਵਾਇਆ । ਕਾਗੋਂ ਹੰਸ ਦਏ ਬਣਾ, ਜਿਸ ਜਨ ਅਪਣੀ ਦਯਾ ਕਮਾਇਆ । ਤੂੰ ਦਾਤਾ ਹਉਂ ਡਿਗੇ ਸਰਨਾ, ਬਖਸ਼ਣਹਾਰ ਬੇਪਰਵਾਹਿਆ । ਅਸੀ ਬਣਨ ਆਏ ਗਵਾਹ, ਕਲਜੁਗ ਵੇਲਾ ਵੇਖ ਵਖਾਇਆ । ਅਠਸਠ ਤੀਰਥ ਤੇਰੇ ਪਿਛੇ ਪਿਛੇ ਫੇਰਾ ਆਏ ਪਾ, ਤੇਰੀ ਧੂੜੀ ਮਸਤਕ ਟਿੱਕਾ ਲਾਈਆ । ਤ੍ਰਬੈਣੀ ਨੈਣੀ ਵੇਖਿਆ ਏਕਾ ਥਾਂ, ਜਮਨਾ ਸੁਰਸਤੀ ਗੰਗਾ ਰਹੀ ਰਾਹ ਤਕਾਇਆ । ਆਪ ਪਕੜੀ ਜਾ ਜਾ ਬਾਂਹ, ਆਪ ਅਪਣਾ ਖੇਲ ਖਿਲਾਇਆ । ਜਗਤ ਸਿਖਿਆ ਦਏ ਸੁਣਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਅੰਤਮ ਪੰਧ ਮੁਕਾਇਆ । ਇਕੀ ਸਿਖੀ ਨਾਲ ਲਏ ਰਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਮੇਲ ਮਿਲਾਇਆ । ਸਮਰਥ ਪੁਰਖ ਸਿਰ ਰੱਖੇ ਹੱਥ ਦੇ ਕਰ ਠੰਡੀ ਛਾਂ, ਆਪ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਸੂਰਬੀਰ ਬਲੀਵਾਨ, ਬ੍ਰਹਮਾ ਵਿਸ਼ਨ ਸ਼ਿਵ ਰਹੇ ਧਿਆਈਆ । ਆਪੇ ਰਾਮ ਕ੍ਰਿਸ਼ਨ ਬਣ ਬਣ ਆਏ ਕਾਹਨ, ਆਪੇ ਈਸਾ ਮੂਸਾ, ਸੇਵਾ ਲਾਈਆ । ਆਪੇ ਸੰਗ ਮੁਹੰਮਦ ਹੋ ਪ੍ਰਧਾਨ, ਅੱਲਾ ਰਾਣੀ ਲਏ ਪ੍ਰਨਾਈਆ । ਆਪੇ ਨਾਨਕ ਦੇਵੇ ਇਕ ਨਿਸ਼ਾਨ, ਦੋ ਜਹਾਨ ਦਏ ਝੁਲਾਈਆ । ਏਕਾ ਗੋਬਿੰਦ

ਬਖਸ਼ੇ ਤੀਰ ਕਮਾਨ, ਖੜਗ ਖੰਡਾ ਨਾਉਂ ਧਰਾਈਆ । ਆਪੇ ਦੇਵੇ ਸਾਚਾ ਦਾਨ, ਦਾਤਾ ਦਾਨੀ ਵਡ ਵਡਿਆਈਆ । ਆਪੇ ਪੂਤ ਸਪੂਤਾ ਕਰ ਕੁਰਬਾਨ, ਆਪਣੀ ਭੇਟਾ ਆਪ ਚੜ੍ਹਾਈਆ । ਆਪੇ ਦੇਵੇ ਦਰਗਾਹ ਮਾਣ, ਦਰ ਘਰ ਸਾਚੇ ਵੱਜੀ ਵਧਾਈਆ । ਆਪੇ ਲੱਖ ਚੁਰਾਸੀ ਚੁਕਾਏ ਕਾਨ, ਆਪੇ ਉਤਪਤ ਦਏ ਕਰਾਈਆ । ਆਪੇ ਜੁਗ ਜੁਗ ਵੇਖੇ ਮਾਰ ਧਿਆਨ, ਆਪ ਆਪਣੀ ਸੇਵ ਕਮਾਈਆ । ਕਲਜੁਗ ਵੇਲਾ ਅੰਤਮ ਆਇਆ, ਪੁਰਖ ਅਬਿਨਾਸ਼ੀ ਹੋਇਆ ਨਿਗਹਬਾਨ, ਨੇਤਰ ਨੈਣ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਸੱਦੇ ਦਰ ਦਵਾਰ, ਦਰ ਦਰਵਾਜ਼ਾ ਆਪ ਖੁਲਾਈਆ । ਦਰ ਦਰਵਾਜ਼ਾ ਗਰੀਬ ਨਿਵਾਜ਼ਾ ਹਰਿ ਸੱਜਣ ਆਪ ਖੁਲਾਇੰਦਾ । ਲੱਖ ਚੁਰਾਸੀ ਤੇਰਾ ਰਚਿਆ ਕਾਜਾ, ਆਪ ਅਪਣਾ ਮੰਗਲ ਗਾਇੰਦਾ । ਨਾਲ ਵਜਾਏ ਅਨਹਦ ਵਾਜਾ, ਧੁਨੀ ਨਾਦ ਆਪ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਭਾਜਾ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਉਠਾਏ ਮਾਰ ਵਾਜਾਂ, ਲੱਖ ਚੁਰਾਸੀ ਵਿਚੋਂ ਫੋਲ ਫੁਲਾਇੰਦਾ । ਪੰਜ ਤਤ ਰਖਾਈ ਨਕਾਬਾ, ਆਪਣਾ ਮੁਖ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਕੀਮਤ ਕਰਤਾ ਆਪੇ ਤੇਰੀ ਝੋਲੀ ਪਾਇੰਦਾ । ਵਿਸ਼ਨੂੰ ਤੇਰਾ ਮੂਲ ਚੁਕਾਵਣਾ, ਲੱਖ ਚੁਰਾਸੀ ਸੇਵ ਕਮਾਈਆ, ਬ੍ਰਹਮੇ ਲੇਖਾ ਆਪਣਾ ਪਾਵਣਾ, ਲਿਖ ਲਿਖ ਲੇਖਾ ਦਏ ਮੁਕਾਈਆ । ਸ਼ੰਕਰ ਤੇਰਾ ਪੰਧ ਮੁਕਾਵਣਾ, ਦੂਰ ਦੁਰਾਡੇ ਵਾਟ ਨੇੜੇ ਆਈਆ । ਸੁਰਪਤ ਰਾਜਾ ਇੰਦ ਤਖਤੋਂ ਲਾਹਵਣਾ, ਜਗਤ ਮਨਵੰਤਰ ਦਏ ਗਵਾਹੀਆ । ਕ੍ਰੋੜ ਤੇਤੀਸਾ ਜਨਮ ਦਵਾਵਣਾ, ਲੋਕਮਾਤ ਵੱਡੀ ਵਡਿਆਈਆ । ਨੌ ਖੰਡ ਪ੍ਰਿਥਮੀ ਵੇਸ ਵਟਾਵਣਾ, ਸੱਤਾਂ ਦੀਪਾਂ ਜੋਤ ਰੁਸ਼ਨਾਈਆ । ਲੱਖ ਚੁਰਾਸੀ ਤੇਲ ਚੜ੍ਹਾਵਣਾ, ਸਾਚੀ ਸਖੀਆਂ ਮੰਗਲ ਗਾਈਆ । ਜਗਤ ਵੇਲਾ ਅੰਤ ਵਖਾਵਣਾ, ਘੜਨ ਭੰਨਣਹਾਰ ਬੇਪਰਵਾਹੀਆ । ਸ਼ਾਹ ਸੁਲਤਾਨ ਕੋਈ ਨਜ਼ਰ ਨਾ ਆਵਣਾ, ਸੀਸ ਤਾਜ ਨਾ ਕੋਈ ਟਿਕਾਈਆ । ਹਿੰਦੂ ਮੁਸਲਮ ਸਿੱਖ ਈਸਾਈ ਨਾ ਕਿਸੇ ਅਖਵਾਵਣਾ, ਏਕਾ ਬ੍ਰਹਮ ਜਣਾਈਆ । ਏਕਾ ਅੱਖਰ ਸਰਬ ਪੜ੍ਹਾਵਣਾ, ਸੋ ਪੁਰਖ ਨਿਰੰਜਨ ਸਚ ਪੜ੍ਹਾਈਆ । ਸਚ ਦਵਾਰਾ ਇਕ ਖੁਲਾਵਣਾ, ਚਾਰ ਵਰਨਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਮੁਕਾਈਆ । ਤੇਰਾ ਲੇਖਾ ਕਲਜੁਗ ਜਾਣਾ ਮੁੱਕ, ਵੇਲਾ ਅੰਤਮ ਆਇੰਦਾ । ਲਖ ਚੁਰਾਸੀ ਬੂਟਾ ਜਾਣਾ ਸੁੱਕ, ਹਰਿਆ ਅੰਮ੍ਰਿਤ ਸਿੰਚ ਨਾ ਕੋਈ ਕਰਾਇੰਦਾ । ਚਾਰ ਕੁੰਟਾਂ ਮਨਮੁਖ ਮੁਖ ਪੈਣਾ ਥੁੱਕ, ਗੁਰ ਪੀਰ ਨਾ ਕੋਏ ਬਚਾਇੰਦਾ । ਠੱਗ ਚੋਰ ਯਾਰ ਸੋ ਬੈਠੇ ਲੁਕ ਲੁਕ, ਫੜ ਬਾਹੋਂ ਬਾਹਰ ਕਢਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਬੈਠੇ ਝੁਕ, ਚਰਨ ਧਿਆਨ ਰਖਾਇੰਦਾ । ਧਰਤ ਮਾਤ ਸੁੱਖਣਾ ਰਹੀ ਸੁੱਖ, ਸਾਚਾ ਸਗਨ ਇਕ ਮਨਾਇੰਦਾ । ਪੁਰਖ ਅਬਿਨਾਸ਼ੀ ਕਵਣ ਵੇਲੇ ਮੇਰੀ ਸੁਫਲੀ ਕਰੇ ਕੁੱਖ, ਹਰਿਜਨ ਸਾਚੇ ਮੇਰੀ ਗੋਦ ਬਹਾਇੰਦਾ । ਮੇਰੀ ਜੁਗਾਂ ਜੁਗਾਂ ਦੀ ਮੇਟੇ ਤ੍ਰਿਸ਼ਨਾ ਭੁਖ, ਸਾਚੇ ਨੇਤਰ ਦਰਸ ਵਖਾਇੰਦਾ । ਉਜਲ ਹੋਵੇ ਮੇਰਾ ਮੁਖ, ਕਲਜੁਗ ਛਾਹੀ ਆਪ ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਧਿਆਨ, ਚਾਰ ਕੁੰਟ ਵੇਖ ਵਖਾਇਆ । ਕਲਜੁਗ ਅੰਤਮ ਪ੍ਰਗਟ ਹੋਇਆ ਹਰਿ ਭਗਵਾਨ, ਨਿਹਕਲੰਕਾ ਨਾਉਂ ਧਰਾਇਆ । ਸੰਬਲ ਨਗਰੀ ਸਚ ਮਕਾਨ,

ਨਿਰਗੁਣ ਆਪਣਾ ਆਸਣ ਲਾਇਆ । ਸਰਗੁਣ ਸਾਢੇ ਤਿੰਨ ਹੱਥ ਮਕਾਨ, ਆਪ ਅਪਣੀ ਬਣਤ ਬਣਾਇਆ । ਨਾ ਕੋਈ ਬਾਢੀ ਘੜੇ ਤਰਖਾਣ, ਘੜਨਹਾਰਾ ਆਪ ਬਣ ਜਾਇਆ । ਰਕਤ ਬੂੰਦ ਨਾ ਕੋਈ ਪਵਣ ਮਸਾਣ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਦਰ ਸੁਹੰਜਣਾ ਹਰਿ ਭਗਵਾਨ, ਹਰਿ ਸਾਚਾ ਆਪ ਸੁਹਾਇੰਦਾ । ਆਦਿ ਨਿਰੰਜਨ ਖੇਲ ਮਹਾਨ, ਜੋਤ ਨਿਰੰਜਨ ਡਗਮਗਾਇੰਦਾ । ਸਚਖੰਡ ਦਵਾਰ ਇਕ ਮਕਾਨ, ਥਿਰ ਘਰ ਵਾਸੀ ਆਪ ਸੁਹਾਇੰਦਾ । ਦੇਵਣਹਾਰਾ ਸਾਚਾ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਸ਼ਬਦ ਅਗੰਮੀ ਸੁਣਾਏ ਕਾਨ, ਲਿਖਤ ਪੜ੍ਹਨ ਵਿਚ ਨਾ ਆਇੰਦਾ । ਲੇਖਾ ਜਾਣੇ ਦੋ ਜਹਾਨ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਬ੍ਰਹਮੇ ਫੁਲਵਾੜੀ ਵੇਖਣਹਾਰਾ ਸਤਾਰਾ ਹਾੜੀ, ਆਪ ਅਪਣੀ ਰਚਨ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਾ ਫੁਲਵਾੜੀ, ਸੇਵਾ ਰਹੇ ਕਮਾਈਆ । ਅੰਮ੍ਰਿਤ ਪਾਣੀ ਦੇਣ ਵਾਰੋ ਵਾਰੀ, ਪ੍ਰਭਾਤ ਸੰਧਿਆ ਨਾ ਕੋਈ ਜਣਾਈਆ । ਤ੍ਰੈਗੁਣ ਮਾਇਆ ਬਣੀ ਸਚ ਕਿਆਰੀ, ਪੰਜ ਤਤ ਬੂਟਾ ਦੇਵੇ ਲਾਈਆ । ਲੱਖ ਚੁਰਾਸੀ ਕਰ ਤਿਆਰੀ, ਸਾਚੀ ਪੰਖੜੀਆਂ ਮਹਿਕ ਮਹਿਕਾਈਆ । ਡੂੰਘੀ ਕੁੰਦਰ ਗੁਫਾ ਖੇਲ ਨਿਆਰੀ, ਭਵਰ ਭਵਰ ਗੁਫਾ ਬੈਠਾ ਆਸਣ ਲਾਈਆ । ਆਪੇ ਜਾਣੇ ਖੇਲ ਨਿਆਰੀ, ਖੇਲਣਹਾਰ ਦਿਸ ਨਾ ਆਈਆ । ਜੋਧਾ ਸੂਰਬੀਰ ਬਲੀ ਬਲਕਾਰੀ, ਸ਼ਸਤਰਧਾਰੀ ਇਕ ਅਖਵਾਈਆ । ਨਾਮ ਖੰਡਾ ਤੇਜ ਕਟਾਰੀ, ਬ੍ਰਹਿਮੰਡਾਂ ਆਪ ਚਮਕਾਈਆ । ਆਦਿ ਜੁਗਾਦਿ ਨਾ ਗਿਆ ਹਾਰੀ, ਪਾਸਾ ਹਾਰ ਨਾ ਕੋਈ ਰਖਾਈਆ । ਵੇਖਣਹਾਰ ਸਰਬ ਸੰਸਾਰੀ, ਸਤਿਗੁਰ ਪੂਰਾ ਨਾਉਂ ਧਰਾਈਆ । ਆਪੇ ਹੋਏ ਜਗਤ ਜੁਆਰੀ, ਠੱਗ ਚੋਰ ਯਾਰੀ ਆਪ ਕਰਾਈਆ । ਆਪੇ ਕਰਨਹਾਰ ਖ਼ਵਾਰੀ, ਆਪ ਅਪਣਾ ਮੇਲ ਮਿਲਾਈਆ । ਆਪੇ ਚੀਰੇ ਧਰ ਧਰ ਆਰੀ, ਦੋ ਜਹਾਨਾ ਵਖ ਵਖ ਕਰਾਈਆ । ਆਪੇ ਤਿੰਨਾਂ ਲੋਕਾਂ ਕਰੇ ਸਿਕਦਾਰੀ, ਤ੍ਰਲੋਕੀ ਨੰਦ ਦਏ ਵਡਿਆਈਆ । ਆਪੇ ਸਚ ਘਰ ਬੈਠਾ ਜੋਤ ਨਿਰੰਕਾਰੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਆਪੇ ਸਚ ਤਖਤ ਸੁਲਤਾਨ ਵਡ ਸਿਕਦਾਰੀ, ਸ਼ਾਹ ਭੂਪ ਆਪ ਅਖਵਾਈਆ । ਆਪੇ ਕਰੇ ਪਸਰ ਪਸਾਰੀ, ਮੇਟਣਹਾਰ ਆਪ ਹੋ ਜਾਈਆ । ਕਲਜੁਗ ਤੇਰੀ ਵੇਖਣ ਆਇਆ ਆਪ ਫੁਲਵਾੜੀ, ਬ੍ਰਹਮਾ ਵਿਸ਼ਨ ਸ਼ਿਵ ਜੋ ਮਾਤ ਲਗਾਈਆ । ਪਾਵੇ ਸਾਰ ਮੂੰਡ ਮੁੰਡਾਏ ਵੇਖਣਹਾਰ ਮੁੱਛ ਦਾੜ੍ਹੀ, ਸੀਸ ਜਗਦੀਸ਼ ਭੇਵ ਚੁਕਾਈਆ । ਜਾਣੇ ਸਾਰ ਬਹੱਤਰ ਨਾੜੀ, ਤਿੰਨ ਸੋ ਸੱਠ ਹਾਡੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅਚਰਜ ਵਰਤੇ ਖੇਲ ਆਪ ਰਘੁਰਾਈਆ । ਲੱਖ ਚੁਰਾਸੀ ਬੂਟਾ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਖੁਸ਼ੀ ਰਹੇ ਮਨਾਈਆ । ਤ੍ਰੈਗੁਣ ਮਾਇਆ ਬੰਨ ਦਸਤਾਰ, ਪੰਚਮ ਗਾਇਣ ਚਾਈਂ ਚਾਈਂਆ । ਕਲਜੁਗ ਮਿਲਿਆ ਨਾਮ ਸਿਕਦਾਰ, ਸਾਚਾ ਹੁਕਮ ਰਿਹਾ ਸੁਣਾਈਆ । ਜੂਠ ਝੂਠ ਕਰੀ ਖਬਰਦਾਰ, ਏਕਾ ਖੰਡਾ ਹੱਥ ਫੜਾਈਆ । ਮਾਇਆ ਮਮਤਾ ਨਾਰ ਮੁਟਿਆਰ, ਜੀਵ ਜੰਤ ਲਏ ਪ੍ਰਨਾਈਆ । ਕਾਮ ਕ੍ਰੋਧ ਲੋਭ ਮੋਹ ਹੰਕਾਰ, ਬਸਤਰ ਗਹਿਣੇ ਤਨ ਸਜਾਈਆ । ਆਸਾ ਤ੍ਰਿਸ਼ਨਾ ਕੱਜਲ ਧਾਰ, ਨੇਤਰ ਨੈਣ ਰਹੀ ਮਟਕਾਈਆ । ਘਰ ਘਰ ਫਿਰੇ ਵਾਰੋ ਵਾਰ, ਕਾਮਨੀ ਕਾਮ ਰੂਪ ਵਟਾਈਆ । ਸ਼ਾਹ ਸੁਲਤਾਨਾਂ ਕਰੇ ਖ਼ਵਾਰ, ਸਾਧਾਂ ਸੰਤਾਂ ਮਤ ਗਵਾਈਆ । ਧੀਰਜ ਜਤ ਸਤਿ ਖਿਚੇ ਸੰਸਾਰ, ਬ੍ਰਹਮ ਮਤ ਨਾ ਕੋਈ ਰਖਾਈਆ । ਰਤੀ ਰਤ ਨਾ ਰਹੇ ਨਾੜ ਨਾੜ, ਚਾਰੋਂ ਕੁੰਟ ਪਈ ਦੁਹਾਈਆ । ਕਲਜੁਗ ਅੰਤਮ ਕਰ

ਵਿਚਾਰ, ਪਾਰਬ੍ਰਹਮ ਦਯਾ ਕਮਾਈਆ । ਗੁਰ ਗੋਬਿੰਦ ਮੇਲਾ ਮੀਤ ਮੁਰਾਰ, ਪੁਰਖ ਅਕਾਲ ਵਡਿਆਈਆ । ਦੀਨ ਦਿਆਲ ਹੋ ਤਿਆਰ, ਸਾਚੀ ਧਰਮਸਾਲ ਦਏ ਸੁਹਾਈਆ । ਹਰਿ ਮੰਦਰ ਸਾਚਾ ਵੇਖ ਵਿਚਾਰ, ਬੈਠਾ ਆਸਣ ਲਾਈਆ । ਸ਼ਬਦ ਡੰਕਾ ਅਪਰ ਅਪਾਰ, ਆਪਣਾ ਰਿਹਾ ਵਜਾਈਆ । ਰਾਓ ਰੰਕਾਂ ਕਰੇ ਖਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਚਾਰੋਂ ਕੁੰਟ ਖਿਜਾ ਬਹਾਰ, ਰੁਤ ਬਸੰਤ ਨਾ ਕੋਈ ਵਖਾਈਆ । ਨਾਰੀ ਕੰਤ ਨਾ ਕੋਈ ਭਤਾਰ, ਸਾਚੀ ਸੇਜ ਨਾ ਕੋਈ ਹੰਢਾਈਆ । ਹਰਿ ਭਗਤ ਨਾ ਕਰੇ ਕੋਈ ਸ਼ੰਗਾਰ, ਨਾਮ ਦੋਸ਼ਾਲਾ ਉਪਰ ਪਾਈਆ । ਸੰਤ ਸਹੇਲੇ ਨਾ ਕੋਈ ਅਧਾਰ, ਗੁਰੂ ਚੇਲੇ ਨਾ ਵੇਖ ਵਖਾਈਆ । ਗੁਰਮੁਖ ਨਾ ਭਰੇ ਕੋਈ ਭੰਡਾਰ, ਨਾਮ ਭੰਡਾਰ ਨਾ ਕੋਈ ਵਰਤਾਈਆ । ਸਿਖੀ ਸਿਦਕ ਗਏ ਹਾਰ, ਸਿਖੀ ਸਿਖਿਆ ਹੱਥ ਨਾ ਆਈਆ । ਲੇਖਾ ਲਿਖ ਨਾ ਸਕੇ ਕੋਈ ਕਰਤਾਰ, ਖਾਣੀ ਬਾਣੀ ਦਏ ਦੁਹਾਈਆ । ਪਰਾ ਪਸੰਤੀ ਮਧਮ ਬੈਖਰੀ ਏਕਾ ਧਾਰ, ਚਾਰੇ ਖਾਣੀ ਵੇਖ ਵਖਾਈਆ । ਸਾਚਾ ਹਾਣੀ ਹਰਿ ਨਰ ਨਿਰੰਕਾਰ, ਨਾ ਦੇਵੇ ਕੋਈ ਸਲਾਹੀਆ । ਅੰਮ੍ਰਿਤ ਪਾਣੀ ਠੰਡਾ ਠਾਰ, ਭਰ ਪਿਆਲਾ ਨਾ ਕੋਈ ਪਿਆਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਸੁਣ ਪੁਕਾਰ, ਹਰਿ ਸਾਚਾ ਲਏ ਅੰਗੜਾਈਆ । ਨੌ ਖੰਡ ਪ੍ਰਿਥਮੀ ਵੇਖ ਗੁਲਜ਼ਾਰ, ਸਾਚੇ ਬੂਟੇ ਵੇਖਣ ਆਈਆ । ਮਾਲਣ ਬਣੀ ਜੋਤ ਨਿਰੰਕਾਰ, ਨਿਰਗੁਣ ਖਾਰੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਜੋਤ ਨੂਰ ਅਕਾਲਣ, ਏਕ ਏਕਾ ਰੰਗ ਸਮਾਈਆ । ਅਜੂਨੀ ਰਹਿਤ ਦੀਨ ਦਿਆਲਣ, ਦੀਨਾਂ ਬੰਧਪ ਵਡ ਵਡਿਆਈਆ । ਜੁਗ ਜੁਗ ਸੰਤ ਸੁਹੇਲੇ ਲੋਕਮਾਤ ਚਲੇ ਭਾਲਣ, ਆਪ ਅਪਣਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਲਣ, ਹਰਿਜਨ ਸਾਚੇ ਲਏ ਤਰਾਈਆ । ਕਲਜੁਗ ਖੇਲ ਅੰਤ ਮਹਾਨਣ, ਮਹਿਮਾ ਗਣਤ ਗਣੀ ਨਾ ਜਾਈਆ । ਧਾਰੇ ਭੇਖ ਬਲ ਬਲ ਬਾਵਨ, ਵਲ ਛਲ ਧਾਰੀ ਭੇਵ ਨਾ ਰਾਈਆ । ਚਾਰ ਵਰਨ ਨਾ ਕੋਈ ਪਛਾਨਣ, ਨੇਤਰ ਨੈਣ ਨਾ ਕੋਈ ਖੁਲਾਈਆ । ਆਤਮ ਅੰਤਰ ਨਾ ਦਿਸੇ ਬ੍ਰਹਮ ਗਿਆਨਣ, ਪਾਰਬ੍ਰਹਮ ਨਾ ਮੇਲ ਮਿਲਾਈਆ । ਨਜ਼ਰ ਨਾ ਆਏ ਹਰਿ ਹਰਿ ਕਾਨ੍ਹਣ, ਮਕੰਦ ਮਨੋਹਰ ਲਖ਼ਮੀ ਨਰਾਇਣ, ਏਕਾ ਨੈਣ ਨਾ ਕੋਈ ਦਸਾਈਆ । ਸੀਤਾ ਰਾਮ ਨਾ ਕੋਈ ਪਛਾਨਣ, ਮਨ ਰਾਵਣ ਦਏ ਦੁਹਾਈਆ । ਨਾਨਕ ਨਿਰਗੁਣ ਨਾ ਬਣਾਏ ਕੋਈ ਜ਼ਾਮਨ, ਵੇਲੇ ਅੰਤ ਦਏ ਛੁਡਾਈਆ । ਗੁਰ ਗੋਬਿੰਦ ਨਾ ਫੜਾਏ ਕੋਈ ਦਾਮਨ, ਆਪਣਾ ਪੱਲੂ ਬੈਠੇ ਛੁਡਾਈਆ । ਕਲਜੁਗ ਰੈਣ ਅੰਧੇਰੀ ਸ਼ਾਮਨ, ਚਾਰੋਂ ਕੁੰਟ ਅੰਧੇਰਾ ਛਾਈਆ । ਉਠੀ ਸਵਾਣੀ ਹਰਿ ਹਰਿ ਮਾਲਣ, ਆਪਣੀ ਅੰਗੀ ਤਨ ਛੁਹਾਈਆ । ਜੋਤ ਨਿਰੰਜਨ ਕਰ ਕਰ ਚਾਨਨ, ਲੋਕਮਾਤ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਧਰਾਈਆ । ਸਾਚੀ ਮਾਲਣ ਸਚ ਦਵਾਰ, ਸਚ ਸੇਵਾ ਰਹੀ ਕਮਾਈਆ । ਵਰਭੰਡੀ ਆਈ ਹੋ ਤਿਆਰ, ਜਗਤ ਡੰਡੀ ਵੇਖ ਵਿਖਾਈਆ । ਵਾਸਨਾ ਗੰਦੀ ਵੇਖੇ ਨਰ ਨਾਰ, ਘਰ ਘਰ ਆਪਣਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਨੇਤਰ ਅੰਨੀ ਹੋਈ ਵਿਭਚਾਰ, ਭਰਮਾਂ ਕੰਧੀ ਨਾ ਕੋਈ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਈਆ । ਹਰਿ ਮਾਲਣ ਕਰਤਾਰ, ਜਗ ਬੂਟਾ ਵੇਖ ਵਖੰਨਿਆ । ਫਲ ਲੱਗਾ ਵੇਖ ਸੰਸਾਰ, ਲੋਕਮਾਤ ਫਿਰੇ ਭੰਨਿਆ । ਬ੍ਰਹਮਾ ਵਿਸ਼ਨ ਸ਼ਿਵ ਖਿੜੀ ਗੁਲਜ਼ਾਰ, ਸਾਚਾ ਰੰਗ ਆਪ ਰਗੰਨਿਆ ।

ਸਾਚੇ ਫੁੱਲ ਤੋੜੇ ਤੋੜਨਹਾਰ, ਜਿਸ ਡਾਲ੍ਹੀ ਪਤ ਉਪਰ ਹਰਿ ਜੂ ਮੰਨਿਆ । ਆਪ ਅਪਨੀ ਕਿਰਪਾ ਧਾਰ, ਆਪ ਅਪਣਾ ਬੇੜਾ ਬੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਰੂਪ ਸਤਿ ਸਰੂਪ ਆਪ ਕਰਿਆ ਆਪਣਾ ਕੰਮਿਆ । ਸਾਚੀ ਖਾਰੀ ਜੋਤ ਕੁਆਰੀ, ਨਿਰਗੁਣ ਆਪਣੇ ਹੱਥ ਉਠਾਈਆ । ਚਾਰੇ ਕੂੰਟਾਂ ਫਿਰੇ ਵਾਰੋ ਵਾਰੀ, ਸਾਚਾ ਦਰ ਨਜ਼ਰ ਨਾ ਆਈਆ । ਆਪਣੇ ਮੰਦਰ ਬੈਠ ਦਵਾਰੀ, ਏਕਾ ਮਤਾ ਰਹੀ ਪਕਾਈਆ । ਗੋਬਿੰਦ ਸੱਦਿਆ ਘਰ ਦਰਬਾਰੀ, ਦਰ ਦਰਵਾਜਾ ਆਪ ਖੁਲ੍ਹਾਈਆ । ਲੋਕਮਾਤ ਤੇਰੀ ਯਾਰੀ, ਤੇਰਾ ਸੰਗ ਸਗਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸਗਨ ਮਨਾਈਆ । ਗੋਬਿੰਦ ਸੁਤ ਦੁਲਾਰਾ, ਹਰਿ ਸਾਚਾ ਸਚ ਸਮਝਾਇੰਦਾ । ਪੁਰਖ ਅਕਾਲ ਤੇਰਾ ਰੂਪ ਅਪਾਰਾ, ਤੇਰਾ ਤੇਰੇ ਵਿਚ ਸਮਾਇੰਦਾ । ਤੇਰੀ ਬਸੰਤ ਤੇਰੀ ਗੁਲਜ਼ਾਰਾ, ਤੇਰੀ ਬਹਾਰ ਵੇਖ ਵਿਖਾਇੰਦਾ । ਤੇਰਾ ਘਰ ਤੇਰਾ ਭੰਡਾਰਾ, ਤੇਰਾ ਆਪ ਵਰਤਾਇੰਦਾ । ਤੇਰਾ ਸ਼ਬਦ ਤੇਰਾ ਜੈਕਾਰਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਤੇਰਾ ਰੂਪ ਸਰਬ ਸੰਸਾਰਾ, ਦੂਸਰ ਰੰਗ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਸਮਝਾਇੰਦਾ । ਹਰਿ ਲੇਖਾ ਆਪ ਸਮਝਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਬਾਵਨ ਅੱਖਰੀ ਭੇਵ ਖੁਲ੍ਹਾਵਨਾ, ਪੈਂਤੀ ਅੱਖਰੀ ਜਗਤ ਲਿਖਾਈਆ । ਬਾਵਨ ਮੀਤਾ ਰੂਪ ਛੁਪਾਵਨਾ, ਬਾਵਨ ਨਾਲ ਵੱਜੀ ਵਧਾਈਆ । ਵੀਹ ਸੌ ਵੀਹ ਬਿਕ੍ਰਮੀ ਰੰਗ ਰੰਗਾਵਨਾ, ਮਹਿਬਾਨ ਬੀਦੋ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਈਆ । ਸੋਲਾਂ ਸਾਲ ਸਾਚਾ ਸੇਵਕ, ਨਿਰਗੁਣ ਸੱਚੀ ਸੇਵ ਕਮਾਇੰਦਾ । ਇਕ ਅਕਾਲ ਦੇਵੀ ਦੇਵਤ, ਦੂਜੀ ਕੁਦਰਤ ਵੇਖ ਵਿਖਾਇੰਦਾ । ਤੀਜੇ ਨੇਤਰ ਭੇਵ ਅਭੇਵਕ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਚੌਥੇ ਘਰ ਵਸਤ ਅਮੋਲਕ, ਏਕਾ ਨਾਮ ਵਖਾਇੰਦਾ । ਪੰਚਮ ਵੱਜੇ ਸਾਚੀ ਢੋਲਕ, ਸ਼ਬਦ ਅਗੰਮੀ ਤਾਲ ਵਜਾਇੰਦਾ । ਛੇਵੇ ਛੱਪਰ ਨਾ ਕੋਈ ਗੋਲਕ, ਜਿਸ ਘਰ ਆਪਣਾ ਆਪ ਟਿਕਾਇੰਦਾ । ਸਤਵੇਂ ਸਤਿ ਪੁਰਖ ਨਿਰੰਜਨ ਏਕਾ ਏਕ ਜਾਣੇ ਆਪਣੀ ਰੌਣਕ, ਆਪਣਾ ਦਰ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਅੱਠਵੇ ਅੱਠ ਤਤ ਕਰ ਪਸਾਰਾ, ਨੌਵੇਂ ਨੌ ਦਰ ਖੋਜ ਖੁਜਾਇੰਦਾ । ਦਸਵੇਂ ਦਸ ਘਰ ਮੇਲਾ ਕੰਤ ਭਤਾਰਾ, ਹਰਿਜਨ ਲਏ ਪ੍ਰਨਾਇਆ । ਛੋਟਾ ਬਾਲਾ ਕਰ ਤਿਆਰਾ, ਵੀਹ ਸੌ ਦਸ ਬਿਕ੍ਰਮੀ ਵੇਖ ਵਖਾਇਆ । ਇੰਦ ਇੰਦਰਾਸਨ ਖੇਲ ਨਿਆਰਾ, ਸ਼ਾਹ ਸ਼ਾਬਾਸ਼ਨ ਪਾਰ ਕਰਾਇਆ । ਸਿੰਘ ਮਨਜੀਤਾ ਤੇਜ ਕਟਾਰਾ, ਸ਼ਬਦ ਅਤੀਤਾ ਹੱਥ ਉਠਾਇਆ । ਦਸ ਇਕ ਗਿਆਰਾ ਸਾਚੀ ਰੀਤਾ, ਸਾਚਾ ਮੰਦਰ ਇਕ ਸੁਹਾਇਆ । ਖੇਲੇ ਖੇਲ ਜਗਤ ਜਗਦੀਸਾ, ਸ਼ੰਕਰ ਵੇਲਾ ਦਏ ਮੁਕਾਇਆ । ਦੂਆ ਦਸ ਬਾਰਾਂ ਚਲਾਈ ਆਪਣੀ ਰੀਤਾ, ਹਾੜ ਸਤਾਰਾਂ ਦਏ ਸੁਹਾਇਆ । ਤਿੰਨ ਦਸ ਤੇਰਾਂ ਸਾਧਾਂ ਸੰਤਾ ਵੇਖਿਆ ਤਪਿਆ ਇਕ ਅੰਗੀਠਾ, ਹਰਿ ਕਾ ਸ਼ਬਦ ਨਜ਼ਰ ਨਾ ਆਇਆ । ਦਸ ਚਾਰ ਚੌਦਾਂ ਚੌਦਾਂ ਲੋਕਾਂ ਪੀਸਣ ਪੀਠਾ, ਚੌਦਾਂ ਤਬਕਾਂ ਫੋਲ ਫੁਲਾਇਆ । ਦਸ ਪੰਜ ਪੰਦਰਾਂ ਵੇਖੇ ਤੀਰਥ ਤੱਟਾਂ, ਤੀਰਥ ਤੱਟ ਸਰ ਸਰੋਵਰ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਫੁਲਵਾੜੀ ਆਪ ਵਖਾਇਆ । ਸੰਮਤ ਸੋਲਾਂ ਪਹਿਲੀ ਚੇਤਰ, ਹਰਿ ਸਾਚੇ ਦਯਾ ਕਮਾਈਆ । ਬ੍ਰਹਮੇ ਵਿਸ਼ਨ ਸ਼ਿਵ ਵੇਖਿਆ ਤੇਰਾ ਖੇਤਰ, ਚਾਰੋਂ


੧੨

ਕੁੰਟ ਫੇਰਾ ਪਾਈਆ । ਹਰਿ ਜੂ ਖੋਲ੍ਹਿਆ ਆਪਣਾ ਨੇਤਰ, ਆਪਣਾ ਨੈਣ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਫੁਲਵਾੜੀ ਆਪ ਮਹਿਕਾਈਆ । ਸਚ ਫੁਲਵਾੜੀ ਵੇਖਣਹਾਰਾ, ਏਕਾ ਏਕ ਅਖਵਾਇਆ । ਲਖ ਚੁਰਾਸੀ ਵਿਚੋਂ ਬੀਜ ਨਿਆਰਾ, ਜਨ ਭਗਤਾਂ ਆਪ ਬਿਜਾਇਆ । ਨਾਦੀ ਸੁਤ ਕਰ ਤਿਆਰਾ, ਸ਼ਬਦੀ ਨਾਉਂ ਧਰਾਇਆ । ਭਗਤ ਅੰਦਰ ਭਰ ਭੰਡਾਰਾ, ਆਪਣਾ ਘਰ ਬਣਾਇਆ । ਪਾਰਬ੍ਰਹਮ ਪ੍ਰਭ ਵਣਜਾਰਾ, ਸਾਚਾ ਵਣਜ ਰਿਹਾ ਕਰਾਇਆ । ਦੇਵਣਹਾਰਾ ਸਚ ਭੰਡਾਰਾ, ਏਕਾ ਨਾਮ ਝੋਲੀ ਪਾਇਆ । ਲੇਖਾ ਜਾਣੇ ਆਰ ਪਾਰਾ, ਅਧ ਵਿਚਕਾਰ ਨਾ ਕੋਈ ਰੁੜਾਇਆ । ਨਿਹਕਲੰਕ ਲਏ ਅਵਤਾਰਾ, ਨਿਰਗੁਣ ਆਪਣਾ ਨਾਉਂ ਵਟਾਇਆ । ਸੰਬਲ ਨਗਰੀ ਧਾਮ ਨਿਆਰਾ, ਗੁਰ ਗੋਬਿੰਦ ਗੜ ਵਸਾਇਆ । ਸਾਚਾ ਖੰਡਾ ਤੇਜ ਕਟਾਰਾ, ਹਰਿ ਜੂ ਆਪ ਉਠਾਇਆ । ਜੂਠੇ ਝੂਠੇ ਬੂਟੇ ਵੱਢੀ ਜਾਏ ਵਾਰੋ ਵਾਰਾ, ਲੋਕਮਾਤ ਰਹਿਣ ਨਾ ਪਾਇਆ । ਗੁਰਮੁਖਾਂ ਕਰੇ ਸਦ ਪਿਆਰਾ, ਆਪਣੀ ਹੱਥੀ ਸੇਵ ਕਮਾਇਆ । ਸ਼ਬਦ ਸਰੂਪੀ ਏਕਾ ਵਾੜਾ, ਚਾਰੋਂ ਕੁੰਟ ਰਿਹਾ ਕਰਾਇਆ । ਪੁਰਖ ਅਬਿਨਾਸ਼ੀ ਸਾਚਾ ਲਾੜਾ, ਲੋਕਮਾਤ ਵੇਸ ਵਟਾਇਆ । ਵੀਹ ਸੌ ਸੋਲਾਂ ਬਿਕ੍ਰਮੀ ਸਤਾਰਾਂ ਹਾੜਾ, ਸਚ ਅਖਾੜਾ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਮਾਲਣ ਬਣ ਦਲਾਲਣ, ਆਪਣਾ ਖਾਰਾ ਸੀਸ ਉਠਾਇਆ । ਸਾਚੀ ਖਾਰੀ ਚੁਕਿਆ ਭਾਰ, ਹਰਿ ਪੁਰਖ ਵੱਡੀ ਵਡਿਆਈਆ । ਸਾਚੀ ਨਾਰੀ ਹੋ ਤਿਆਰ, ਲੋਕਮਾਤ ਵੇਖ ਵਖਾਇਆ । ਸਤਾਰਾਂ ਹਾੜੀ ਫੁਲ ਕਿਆਰ, ਸਚ ਬਗੀਚਾ ਫੋਲ ਫੁਲਾਈਆ । ਗੁਰਮੁਖ ਵਿਰਲੇ ਦਿਸੇ ਵਿਚ ਸੰਸਾਰ, ਜਿਸ ਮਿਲੀ ਹਰਿ ਸਰਨਾਈਆ । ਘਰ ਖੁਸ਼ੀਆਂ ਗਾਏ ਮੰਗਲਾਚਾਰ, ਨਾਰ ਮੁਟਿਆਰ ਵੱਜੀ ਵਧਾਈਆ । ਨਿਰਗੁਣ ਵੇਸ ਕਰੇ ਅਪਰ ਅਪਾਰ, ਸੋਲਾਂ ਸੰਗਾਰ ਆਪ ਕਰਾਈਆ । ਸੰਮਤ ਸੋਲਾਂ ਹੋ ਤਿਆਰ, ਨੌ ਦਵਾਰੇ ਕਰੇ ਖ਼ਵਾਰ, ਪੰਜ ਚੋਰ ਦੇਵੇ ਮਾਰ, ਆਸ਼ਾ ਤ੍ਰਿਸ਼ਨਾ ਰਹਿਣ ਨਾ ਪਾਈਆ । ਏਕਾ ਸ਼ਬਦ ਬੋਲ ਜੈਕਾਰ, ਏਕਾ ਅੱਖਰ ਦਏ ਸੁਣਾਈਆ । ਏਕਾ ਅਲਫ਼ ਮੀਤ ਮੁਰਾਰ, ਏਕਾ ਨੁਕਤਾ ਦਏ ਬੁਝਾਈਆ । ਏਕਾ ਅੱਖ ਦਏ ਉਘਾੜ, ਏਕਾ ਐਨ ਸਮਝਾਈਆ । ਏਕਾ ਇਸ਼ਟ ਆਪ ਕਰਤਾਰ, ਸ੍ਰਿਸ਼ਟ ਸਬਾਈ ਰਚਨ ਰਚਾਈਆ । ਏਕਾ ਦ੍ਰਿਸ਼ਟ ਖੋਲ੍ਹ ਕਿਵਾੜ, ਹਰਿ ਸੰਗਤ ਦਏ ਤਰਾਈਆ । ਏਕਾ ਵਾਰ ਦਰਸ ਦਏ ਆਪ ਨਿਰੰਕਾਰ, ਸਵਛ ਸਰੂਪੀ ਰੂਪ ਵਟਾਈਆ । ਸਾਚੀ ਸੇਵਾ ਕਰੇ ਵਿਚ ਸੰਸਾਰ, ਨਿਰਗੁਣ ਸਰਗੁਣ ਰਿਹਾ ਨਾਉਂ ਧਰਾਈਆ । ਘਨਕਪੁਰ ਵਾਸੀ ਹੋ ਤਿਆਰ, ਸ਼ਾਹੋ ਸ਼ਾਬਾਸੀ ਵਡ ਵਡਿਆਈਆ । ਮੰਡਲ ਰਾਸੀ ਪਾਵੇ ਸਾਰ, ਅਬਿਨਾਸ਼ੀ ਅਚੁਤ ਆਪ ਅਖਵਾਈਆ । ਗੁਰਮੁਖਾਂ ਦਵਾਰੇ ਬਣੀ ਦਾਸੀ, ਸਾਚੀ ਮਾਲਨ ਆਪ ਹੋ ਜਾਈਆ । ਮਨਮੁਖ ਜੀਵ ਕਰਨ ਹਾਸੀ, ਅੰਤਮ ਪੈਣੀ ਗਲ ਵਿਚ ਫਾਸੀ, ਗੁਰਮੁਖ ਉਧਾਰੇ ਰਸਨ ਸਵਾਸੀ, ਜੋ ਜਨ ਹਰਿ ਹਰਿ ਰਹੇ ਗਾਈਆ । ਹੱਥ ਨਾ ਆਏ ਪੰਡਤ ਕਾਂਸੀ, ਗ੍ਰੰਥੀ ਪੰਥੀ ਦੇਣ ਦੁਹਾਈਆ । ਮੁਲਾਂ ਸ਼ੇਖ ਨਾ ਮਿਲਿਆ ਵਾਸ ਨਿਵਾਸੀ, ਨਿਝ ਆਤਮ ਨਾ ਪੰਧ ਮੁਕਾਈਆ । ਨਾਨਕ ਗਾਇਆ ਅਲੱਖਨਾ ਲਾਖੀ, ਅਕਾਸ਼ ਅਕਾਸ਼ੀ ਵਡ ਦਾਤਾ ਬੇਪਰਵਾਹੀਆ । ਜਨ ਭਗਤਾਂ ਕਰੇ ਪੂਰੀ ਆਸੀ, ਕਲਜੁਗ ਅੰਤਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਆਪਣੀ ਧਾਰ ਦਏ ਚਲਾਈਆ । ਵੀਹ ਸੌ ਸੋਲਾਂ ਬਿਕ੍ਰਮੀ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਪੰਦਰਾ ਕੱਤਕ ਦਿਵਸ ਵਿਚਾਰ, ਸਾਚੀ ਸਿਖਿਆ ਸਿਖ

ਸਮਝਾਈਆ । ਇਕ ਗਿਆਰਾਂ ਕਰ ਪਿਆਰ, ਏਕਾ ਘਰ ਦਏ ਬਹਾਈਆ । ਚਾਰ ਦਰ ਖੋਲ੍ਹ ਕਿਵਾੜ, ਨੌ ਸਤ ਵੇਖ ਵਖਾਈਆ । ਇਕ ਇਕ ਕਰ ਪਿਆਰ, ਇਕ ਇਕ ਨਾਲ ਮਿਲਾਈਆ । ਛੱਤੀ ਜੁਗਾਂ ਪਾਵੇ ਸਾਰ, ਆਪ ਆਪਣਾ ਰੰਗ ਰੰਗਾਈਆ । ਇਕੀ ਹੋ ਤਿਆਰ, ਖੇਲੇ ਖੇਲ ਬੇਪਰਵਾਹੀਆ । ਡੁੱਬਦੇ ਪੱਥਰ ਆਪੇ ਤਾਰ, ਆਪੇ ਹੋਏ ਸਹਾਈਆ । ਗਰੀਬ ਨਿਮਾਣਿਆਂ ਲਏ ਅਧਾਰ, ਨਾਨਕ ਰੀਤੀ ਇਕ ਚਲਾਈਆ । ਗਰੀਬ ਨਿਮਾਣਾ ਪਾਵੇ ਸਾਰ, ਲਾਲੋ ਲਾਲਨ ਰੰਗ ਰੰਗਾਈਆ । ਸ਼ਾਹ ਸੁਲਤਾਨਾਂ ਦੇਵੇ ਦਰ ਦੁਰਕਾਰ, ਰਾਜ ਰਾਜਾਨ ਦਿਸ ਨਾ ਆਈਆ । ਵਰਤੇ ਵਰਤਾਵੇ ਇਕ ਭੰਡਾਰ, ਸਚ ਭੰਡਾਰੀ ਵਡ ਵਡਿਆਈਆ । ਨਿਖੁਟ ਨਾ ਜਾਏ ਵਿਚ ਸੰਸਾਰ, ਆਦਿ ਜੁਗਾਦਿ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਵਨ ਤੇਰੀ ਪੂਰੀ ਆਸ ਕਰਾਈਆ । ਬਲ ਬਾਵਨ ਕਰੇ ਪੂਰੀ ਆਸਾ, ਸਤਿਜੁਗ ਕਲਜੁਗ ਮੂਲ ਚੁਕਾਇਆ । ਚਾਰ ਜੁਗ ਏਕਾ ਇਕ ਭਰਵਾਸਾ, ਦੂਸਰ ਦਰ ਨਾ ਕੋਈ ਜਣਾਇਆ । ਹਰਿ ਭਗਤ ਨਾ ਹੋਏ ਨਿਰਾਸਾ, ਆਸ ਨਿਰਾਸ ਵਿਚ ਟਿਕਾਇਆ । ਪਾਵੇ ਸਾਰ ਪ੍ਰਿਥਮੀ ਆਕਾਸਾ, ਗਗਨ ਮੰਡਲ ਵੇਖ ਵਿਖਾਇਆ । ਆਪੇ ਜਾਣੇ ਆਪਣੀ ਰਾਸਾ, ਆਪ ਆਪਣੀ ਰਚਨ ਰਚਾਇਆ । ਕਲਜੁਗ ਅੰਤਮ ਖੇਲ ਤਮਾਸ਼ਾ, ਬਾਈ ਮੱਘਰ ਆਪ ਕਰਾਇਆ । ਤੇਈ ਮੱਘਰ ਦਾਸੀ ਦਾਸਾ, ਘਰ ਸਾਚਾ ਵੇਖ ਵਖਾਇਆ । ਗੁਰ ਗੁਰ ਮੇਲਾ ਸ਼ਾਹੋ ਸਬਾਸਾ, ਘਰ ਵਿਛੜੇ ਦਏ ਮਿਲਾਇਆ । ਅੰਮ੍ਰਿਤ ਪਾਏ ਕਾਇਆ ਕਾਸਾ, ਨਾਮ ਬਾਟਾ ਹੱਥ ਉਠਾਇਆ । ਦੇਵਣ ਆਇਆ ਸਚ ਦਲਾਸਾ, ਭੁੱਲ ਰਹੇ ਨਾ ਰਾਇਆ । ਸਾਚੇ ਕੰਡੇ ਹਰਿ ਜੀ ਤੋਲੇ ਵੱਟਾ ਪਾਇਆ ਨਾ ਤੋਲਾ ਮਾਸਾ, ਰਤੀ ਮੂਲ ਨਾ ਕੋਈ ਰਖਾਇਆ । ਗੁਰਮੁਖਾਂ ਅੰਦਰ ਕਰੇ ਵਾਸਾ, ਕਲਜੁਗ ਜੀਵਾਂ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਖੇਲ ਖਿਲਾਇਆ । ਨਿਹਕਲੰਕ ਪੁਰਖ ਸੁਲਤਾਨਾ, ਏਕਾ ਏਕੰਕਾਰਿਆ । ਜੋਧਾ ਸੂਰਬੀਰ ਬਲੀ ਬਲਵਾਨਾ, ਨਾਮ ਖੰਡਾ ਤੇਜ ਕਟਾਰਿਆ । ਸੋ ਪੁਰਖ ਨਿਰੰਜਨ ਹਰਿ ਮਿਹਰਵਾਨਾ, ਸੋ ਪੁਰਖ ਨਿਰੰਜਨ ਆਪ ਅਖਵਾ ਰਿਹਾ । ਜੋਤ ਨਿਰੰਜਨ ਦੀਪ ਮਹਾਨਾ, ਆਦਿ ਨਿਰੰਜਨ ਆਪ ਜਗਾ ਰਿਹਾ । ਸਚਖੰਡ ਨਿਵਾਸੀ ਸ੍ਰੀ ਭਗਵਾਨਾ, ਸਚ ਦਵਾਰੇ ਸੋਭਾ ਪਾ ਰਿਹਾ । ਥਿਰ ਘਰ ਵਾਸੀ ਗੁਣ ਨਿਧਾਨਾ, ਪਾਰਬ੍ਰਹਮ ਆਪਣਾ ਨਾਂਉਂ ਧਰਾ ਲਿਆ । ਬ੍ਰਹਮ ਬ੍ਰਹਮ ਬ੍ਰਹਮ ਕਰੇ ਪਛਾਨਾ, ਲੋਕਮਾਤ ਵੇਸ ਵਟਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਖਬਰਦਾਰ, ਕਲਜੁਗ ਵੇਲਾ ਅੰਤਮ ਆ ਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਰੀਤੀ ਪਤਿਤ ਪੁਨੀਤੀ ਠਾਂਡੀ ਸੀਤੀ ਆਪ ਚਲਾ ਗਿਆ । ਠਾਂਡੀ ਸੀਤੀ ਗਿਰਵਰ ਗਿਰਧਾਰ, ਹਰਿ ਕਰਤਾ ਆਪ ਚਲਾਈਆ । ਏਕਾ ਨਾਮ ਸ਼ਬਦ ਜੈਕਾਰ, ਏਕਾ ਨਾਅਰਾ ਦਏ ਸੁਣਾਈਆ । ਏਕਾ ਮੰਦਰ ਗੁਰੂਦੁਆਰ, ਮਸਜਦ ਮਠ ਇਕ ਵਿਖਾਈਆ । ਏਕਾ ਇਸ਼ਟ ਹਰਿ ਨਿਰੰਕਾਰ, ਨਮੋ ਦੇਵ ਇਕ ਸਰਨਾਈਆ । ਵਾਸਤਕ ਰੂਪ ਨਿਰਗੁਣ ਧਾਰ, ਆਸਤਕ ਲੇਖਾ ਦਏ ਚੁਕਾਈਆ । ਸਿਮਰਤ ਸ਼ਾਸਤਰ ਗਾਏ ਹਾਰ, ਵੇਦ ਪੁਰਾਨ ਰਹੇ ਕੁਰਲਾਈਆ । ਅੰਜੀਲ ਕੁਰਾਨ ਹਾਹਾਕਾਰ, ਤੀਸ ਬਤੀਸ ਦਏ ਦੁਹਾਈਆ । ਖਾਣੀ ਬਾਣੀ ਹਰਿ ਹਰਿ ਧਾਰ, ਹਰਿ ਸਾਚੇ ਆਪ ਚਲਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਕਰੇ ਪਾਰ ਕਿਨਾਰ, ਸਤਿਜੁਗ ਸਾਚਾ ਮਾਰਗ ਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਏਕੰਕਾਰਾ ਹਰਿ ਨਿਰੰਕਾਰਾ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਮਾਰਗ ਸਾਚੀ ਧਾਰ, ਹਰਿ ਸਾਚਾ ਆਪ ਚਲਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੋਬਿੰਦ ਸਿਖੀ ਏਕਾ ਧਾਰ, ਤਿਖੀ ਧਾਰ ਆਪ ਜਣਾਇੰਦਾ । ਵਾਲੋਂ ਨਿੱਕੀ ਅਪਰ ਅਪਾਰ, ਭੇਵ ਕੋਈ ਨਾ ਪਾਇੰਦਾ । ਮੁਨੀ ਰਿਖੀ ਗਏ ਹਾਰ, ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਦਰ ਆਪ ਸੁਹਾਇੰਦਾ । ਸਾਚਾ ਦਰ ਸਚ ਦਰਵਾਰਾ, ਹਰਿ ਸਾਚੇ ਆਪ ਸੁਹਾਇਆ । ਸਾਚਾ ਭਗਤ ਸਚ ਵਣਜਾਰਾ, ਹਰਿ ਸਾਚੇ ਨਾਮ ਕਰਾਇਆ । ਸਾਚੀ ਵਸਤ ਸਚ ਭੰਡਾਰਾ, ਹਰਿ ਸਾਚੇ ਆਪ ਭਰਾਇਆ । ਸਾਚਾ ਰੂਪ ਸਿਰਜਨਹਾਰਾ, ਸਚ ਸਚ ਰਿਹਾ ਵਰਤਾਇਆ । ਸਾਚਾ ਰੰਗ ਚੜੇ ਸੰਸਾਰਾ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਇਕੀ ਸਾਚੀ ਸਿਖੀ, ਖੰਡਿਉਂ ਤਿਖੀ ਤੇ ਵਾਲੋਂ ਨਿਕੀ, ਨੌ ਖੰਡ ਦਏ ਬਣਾਇਆ । ਨੌ ਖੰਡ ਪ੍ਰਿਥਮੀ ਸਾਚੀ ਸਿਖੀ ਏਕਾ ਸਿਖ, ਹਰਿ ਸਾਚਾ ਆਪ ਉਪਜਾਇੰਦਾ । ਸੰਮਤ ਵੀਹ ਸੌ ਸੋਲਾਂ ਬਿਕ੍ਰਮੀ ਚਵੀ ਮੱਘਰ ਲੇਖਾ ਦਏ ਲਿਖ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਿਰਗੁਣ ਜੋਤੀ ਜਾਮਾ ਧਾਰਿਆ ਭੇਖ, ਆਪ ਆਪਣਾ ਵੇਸ ਵਟਾਇੰਦਾ । ਨਾ ਕੋਈ ਮੁਛ ਦਾੜ੍ਹੀ ਨਾ ਦਿਸੇ ਕੇਸ, ਮੂੰਡ ਮੁੰਡਾਏ ਨਾ ਕੋਈ ਅਖਵਾਇੰਦਾ । ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਬੇਅੰਤ ਹਰਿ ਭਗਵੰਤ ਆਪ ਅਖਵਾਇੰਦਾ । ਕਲਜੁਗ ਅੰਤਮ ਹਰਿ ਸੰਗਤ ਕਰੇ ਇਕ ਆਦੇਸ, ਨਿਉਂ ਨਿਉਂ ਸੀਸ ਝੁਕਾਇੰਦਾ । ਪ੍ਰਗਟ ਹੋਇਆ ਮਾਝੇ ਦੇਸ, ਸ੍ਰਿਸ਼ਟ ਸਬਾਈ ਤੇਰਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਖ ਚੁਰਾਸੀ ਪਾਏ ਮੁੱਲ, ਗੁਰਮੁਖ ਉਪਜਾਏ ਸਾਚੀ ਕੁੱਲ, ਆਪ ਬਣਾਏ ਸਾਚੇ ਫੁੱਲ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਸਾਚਾ ਫੁੱਲ ਗਿਆ ਫੁੱਲ, ਲੋਕਮਾਤ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਪਾਵਨ ਆਇਆ ਮੁੱਲ, ਏਕਾ ਇਕੀ ਨਾਲ ਰਲਾਈਆ । ਸੋਹੰ ਕੰਡੇ ਤੋਲਿਆ ਤੋਲ, ਨਾਨਕ ਤੇਰਾਂ ਧਾਰ ਚਲਾਈਆ । ਗੋਬਿੰਦ ਕਰੇ ਪੂਰਾ ਕੌਲ, ਇਕੀ ਕੁਲਾਂ ਪਾਰ ਕਰਾਈਆ । ਆਦਿ ਜੁਗਾਦਿ ਰਹੇ ਅਡੋਲ, ਨਿਰਭੈ ਆਪਣਾ ਨਾਉਂ ਧਰਾਈਆ । ਲੱਖ ਚੁਰਾਸੀ ਰਹੀ ਅਨਭੋਲ, ਹਰਿਜਨ ਸਾਚੇ ਲਏ ਉਠਾਈਆ । ਨਿਰਗੁਣ ਸੇਵਾ ਕਰੀ ਸਾਲ ਸੋਲ, ਆਪ ਆਪਣਾ ਮੁਖ ਛੁਪਾਈਆ । ਕਲਜੁਗ ਅੰਤਮ ਆਪਣੇ ਅੰਦਰ ਆਪੇ ਰਿਹਾ ਬੋਲ, ਉਚੀ ਕੂਕੇ ਦਏ ਦੁਹਾਈਆ । ਚਾਰੋਂ ਕੁੰਟ ਵੱਜੇ ਢੋਲ, ਪ੍ਰਗਟ ਹੋਇਆ ਬੇਪ੍ਰਵਾਹੀਆ । ਨੌ ਖੰਡ ਪ੍ਰਿਥਮੀ ਕਰੇ ਖੋਲ, ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਨਿਹਕਲੰਕ ਨਾਉਂ ਰਖਾਈਆ । ਸਾਚਾ ਫਲ ਹਰਿ ਜੀ ਤੋੜ, ਆਪਣੇ ਹੱਥ ਰਖਾਇੰਦਾ । ਗੁਰਮੁਖਾਂ ਚਰਨ ਪ੍ਰੀਤੀ ਜੋੜ, ਸਾਚਾ ਮੇਲ ਮਿਲਾਇੰਦਾ । ਆਪ ਨਿਭਾਏ ਲੱਗੀ ਤੋੜ, ਅਧ ਵਿਚ ਨਾ ਕੋਈ ਤੁੜਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਕਲਜੁਗ ਅੰਤਮ ਗਿਆ ਬੌਹੜ, ਬ੍ਰਾਹਮਣ ਗੌੜ ਵੇਖ ਵਖਾਇੰਦਾ । ਦੋ ਜਹਾਨਾਂ ਪੰਧ ਮੁਕਾਏ ਲੰਮਾ ਚੌੜ, ਆਪਣੇ ਪਗ ਆਪ ਮਨਾਇੰਦਾ । ਸੱਸੇ ਉਪਰ ਲਾਇਆ ਹੋੜ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਹੰ ਬ੍ਰਹਮ ਵੇਖੇ ਮਿਠਾ ਕੌੜ, ਕੌੜਾ ਰੀਠਾ ਭੰਨ ਵਖਾਇੰਦਾ । ਗੁਰਸਿਖਾਂ ਬੁਝਾਵਨ ਆਇਆ ਲੱਗੀ ਔੜ, ਏਕਾ ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸੂਰਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਘਰ ਲਾਇਆ ਪੌੜ, ਏਕਾ ਡੰਡਾ ਹੱਥ ਉਠਾਇੰਦਾ ।

ਏਕਾ ਡੰਡਾ ਹਰਿ ਬ੍ਰਹਿਮੰਡਾ, ਆਪਣਾ ਆਪ ਲਗਾਇਆ । ਕਲਜੁਗ ਅੰਤਮ ਵੰਡਾਏ ਵੰਡਾਂ, ਸਤਿਜੁਗ ਸਾਚਾ ਰਾਹ ਚਲਾਇਆ । ਮੇਟ ਮਿਟਾਏ ਭੇਖ ਪਾਖੰਡਾ, ਦੂਈ ਦਵੈਤੀ ਰਹੇ ਨਾ ਰਾਇਆ । ਨਾਮ ਫੜਾਏ ਸਾਚਾ ਖੰਡਾ, ਲੋਹਾਰ ਤਰਖਾਨ ਨਾ ਦਿਸੇ ਘੜਾਇਆ । ਪੰਜ ਵਿਕਾਰ ਵੱਢੇ ਗੰਢਾਂ, ਅੰਦਰੇ ਅੰਦਰ ਆਪ ਚਲਾਇਆ । ਗੁਰਸਿਖ ਹੋਵੇ ਨਾ ਕਦੇ ਰੰਡਾ, ਹਰਿ ਹਰਿ ਜੂ ਕੰਤ ਹੰਢਾਇਆ । ਅੰਤਮ ਕਲਜੁਗ ਦਿਸੇ ਕੰਢਾ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਾਚਾ ਰਾਹ ਵਖਾਇਆ । ਸਤਿਜੁਗ ਚਾਲ ਅਵਲੜੀ ਚਲੇ, ਹਰਿ ਸਾਚਾ ਆਪ ਚਲਾਇੰਦਾ । ਪੰਚਮ ਗੰਢ ਆਪਣੇ ਪੱਲੇ ਬੰਨੇ, ਆਪ ਆਪਣੇ ਲੜ ਰਖਾਇੰਦਾ । ਗਰੀਬ ਨਿਮਾਣੇ ਪਾਰ ਕਰਾਏ ਜਿਉਂ ਦਯਾ ਕਮਾਏ ਜੱਟ ਧੰਨੇ, ਆਪ ਅਪਣਾ ਸੰਗ ਰਖਾਇੰਦਾ । ਨਿਰਗੁਣ ਰੂਪ ਜੁਗੋ ਜੁਗ ਜਨ ਭਗਤਾਂ ਅਗੇ ਮੰਨੇ, ਦੂਸਰ ਅੱਗੇ ਨਾ ਸੀਸ ਝੁਕਾਇੰਦਾ । ਕਿਸੇ ਨਾ ਵਸਦਾ ਮੰਦਰ ਮਹੱਲ ਅਟੱਲ ਛੱਪਰ ਛੰਨੇ, ਗੁਰਸਿਖਾਂ ਅੰਦਰ ਡੇਰਾ ਲਾਇੰਦਾ । ਆਦਿ ਜੁਗਾਦਿ ਜੁਗ ਜੁਗ ਬੇੜਾ ਆਪੇ ਬੰਨੇ, ਨਾਮ ਚੱਪੂ ਹੱਥ ਉਠਾਇੰਦਾ । ਆਪੇ ਘੜੇ ਆਪੇ ਭੰਨੇ, ਸਮਰਥ ਪੁਰਖ ਨਾਉਂ ਧਰਾਇੰਦਾ । ਆਪੇ ਦੇਵਣਹਾਰਾ ਡੰਨੇ, ਕਲਜੁਗ ਅੰਤਮ ਡੰਨ ਵਿਖਾਇੰਦਾ । ਆਪੇ ਸਤਿਜੁਗ ਸਾਚਾ ਚਾੜ੍ਹੇ ਚੰਨੇ, ਗੁਰਮੁਖ ਸਾਚੇ ਲਾਲ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਖ ਚੁਰਾਸੀ ਵੇਖ ਕਿਆਰੀ, ਫੁੱਲ ਤੋੜੇ ਜੋਤ ਨਿਰੰਕਾਰੀ, ਆਪਣੀ ਹੱਥੀ ਸੇਵ ਕਮਾਇੰਦਾ । ਸਾਚਾ ਫੁੱਲ ਹਰਿ ਨਿਰੰਕਾਰ, ਕਲਜੁਗ ਡੰਡੀ ਨਾਲੋਂ ਤੋੜ ਤੁੜਾਇੰਦਾ । ਸਾਚੀ ਸੋਟੀ ਕਰ ਤਿਆਰ, ਨਾਮ ਮੁਖੀ ਅੱਗੇ ਲਾਇੰਦਾ । ਪਿਛੇ ਕੰਡਾ ਹੰ ਟਿਪੀ ਸਾਰ, ਸਤ ਧਾਰਾ ਵਿਚ ਰਖਾਇੰਦਾ । ਫੁਲ ਗੁੰਦੇ ਵਾਰੋ ਵਾਰ, ਆਪ ਆਪਣੇ ਨਾਲ ਬੰਧਾਇੰਦਾ । ਏਕਾ ਇਕੀ ਕਰ ਤਿਆਰ, ਸਾਚੀ ਸਿਖੀ ਖੇਲ ਖਿਲਾਇੰਦਾ । ਸੋਲਾਂ ਇਛਿਆ ਭਰ ਭੰਡਾਰ, ਇਕੀ ਕੁਲਾਂ ਪਾਰ ਕਰਾਇੰਦਾ । ਮਨ ਮਤ ਬੁਧ ਦਏ ਅਧਾਰ, ਬ੍ਰਹਮ ਮਤ ਇਕ ਵਖਾਇੰਦਾ । ਬਸਤਰ ਭੂਸ਼ਨ ਤਨ ਸ਼ੰਗਾਰ, ਸਤਿਗੁਰ ਪੂਰਾ ਆਪ ਕਰਾਇੰਦਾ । ਅਠ ਸਠ ਤੀਰਥ ਫੇਰਾ ਮਾਰ, ਆਪਣੀ ਵਸਤ ਆਪ ਖਿਚਾਇੰਦਾ । ਕੋਈ ਨਾ ਕਿਸੇ ਬਣੇ ਸਹਾਰ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਇਕੀ ਸਿਖਾਂ ਕਰ ਤਿਆਰ, ਸਚ ਬਰਾਤ ਆਪ ਸੁਹਾਇੰਦਾ । ਲਾੜਾ ਸੋਹੇ ਨਰ ਨਿਰੰਕਾਰ, ਕਲਗੀ ਤੋੜਾ ਜੋਤੀ ਜੋੜਾ ਸ਼ਬਦੀ ਸੀਸ ਟਿਕਾਇੰਦਾ । ਇਕ ਅਗੰਮੀ ਫੜਿਆ ਘੋੜਾ, ਸੋਲਾਂ ਕਲਾਂ ਆਸਣ ਪਾਇੰਦਾ । ਨੌ ਖੰਡ ਪ੍ਰਿਥਮੀ ਆਪੇ ਦੌੜਾ, ਚੌਥਾ ਪੌੜਾ ਆਪ ਉਠਾਇੰਦਾ । ਕਲਜੁਗ ਜੀਵ ਵੇਖੇ ਮਿੱਠਾ ਕੌੜਾ, ਗੁਣ ਅਵਗੁਣ ਵੇਖ ਵਿਖਾਇੰਦਾ । ਅੰਤਮ ਸੰਬਲ ਨਗਰੀ ਆਇਆ ਦੌੜਾ, ਸਾਚਾ ਧਾਮ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਹਾਰ ਕਰ ਤਿਆਰ, ਸੇਹਰਾ ਗੁੰਦੇ ਆਪਣੀ ਵਾਰ, ਆਪ ਆਪਣੀ ਦਯਾ ਕਮਾਇੰਦਾ । ਸਾਚੇ ਹਾਰ ਕਰ ਤਿਆਰ, ਹਰਿ ਸਾਚਾ ਹੱਥ ਉਠਾਇੰਦਾ । ਪੰਚਮ ਮੀਤਾ ਮੀਤ ਮੁਰਾਰ, ਪੰਚਮ ਮੇਲ ਮਿਲਾਇੰਦਾ । ਠੰਡਾ ਸੀਤਾ ਏਕੰਕਾਰ, ਸਾਤਕ ਸਤਿ ਸਤਿ ਵਰਤਾਇੰਦਾ । ਪਤਿਤ ਪੁਨੀਤ ਪਤਿਤ ਪਾਪੀ ਜਾਏ ਤਾਰ, ਪਤਿਤ ਪਾਵਨ ਨਾਉਂ ਰਖਾਇੰਦਾ । ਰਾਵਣ ਗੜ ਤੋੜ ਹੰਕਾਰ, ਕਲਜੁਗ ਲੰਕਾ ਆਪ ਤੁੜਾਇੰਦਾ । ਗੁਰਮੁਖਾਂ ਸੀਤਾ ਸੁਰਤੀ ਕਰ ਪਿਆਰ, ਆਪ ਆਪਣੇ ਦਰ ਪ੍ਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦਾ ਚੁਕਿਆ ਭਾਰ, ਕਲਜੁਗ ਅੰਤਮ ਦਏ ਉਤਾਰ, ਵੇਲਾ

ਵਕਤ ਆਪ ਸੁਹਾਇੰਦਾ । ਵੇਲਾ ਵਕਤ ਸੁਹੰਜਣਾ, ਹਰਿ ਸਾਚੇ ਖੇਲ ਰਚਾਇਆ । ਜਗਾਈ ਜੋਤ ਆਦਿ ਨਿਰੰਜਣਾ, ਨਿਰਗੁਣ ਨੂਰ ਨੂਰ ਰੁਸ਼ਨਾਇਆ । ਜਨ ਭਗਤਾਂ ਮਿਲਿਆ ਸਾਚਾ ਸੱਜਣਾ, ਵਿਛੜ ਕਦੇ ਨਾ ਜਾਇਆ । ਚਰਨ ਧੂੜ ਕਰਾਏ ਮਜਨਾ, ਸਰ ਸਰੋਵਰ ਇਕ ਵਿਖਾਇਆ । ਵੇਲੇ ਅੰਤਮ ਪੜਦਾ ਕੱਜਣਾ, ਸਿਰ ਆਪਣਾ ਹੱਥ ਟਿਕਾਇਆ । ਜੋ ਘੜਿਆ ਸੋ ਭੱਜਣਾ, ਥਿਰ ਕੋਏ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਡੋਰ, ਪੰਜਾਂ ਹੱਥ ਫੜਾਇਆ । ਪੰਚਮ ਜੇਠ ਫੜੇ ਡੋਰ, ਸਤਿਜੁਗ ਤੇਰੀ ਬਣਤ ਬਣਾਇੰਦਾ । ਪਹਿਲੋਂ ਪੰਜੇ ਮਾਰੇ ਚੋਰ, ਪੰਚਮ ਸ਼ਬਦ ਫੇਰ ਅਲਾਇੰਦਾ । ਆਪਣੇ ਚਰਨੀ ਆਪੇ ਜੋੜ, ਆਪ ਆਪਣਾ ਮੇਲ ਮਿਲਾਇੰਦਾ । ਪੰਚ ਚੜ੍ਹਾਏ ਸਾਚੇ ਘੋੜ, ਨਾਮ ਘੋੜਾ ਇਕ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਚਾ ਸਚਾ ਰਾਹ, ਹਰਿ ਸਾਚਾ ਆਪ ਲਗਾਈਆ । ਪੰਜ ਪਿਆਰੇ ਸੇਵਾ ਲਾ, ਪੰਚ ਕਰੇ ਕੁੜਮਾਈਆ । ਪੁਰਖ ਅਬਨਾਸੀ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਫੜ ਫੜ ਬਾਂਹੋਂ ਲਏ ਚੜ੍ਹਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲੇ ਰਾਹੀਆ । ਆਪਣੇ ਕੰਠ ਲਏ ਲਗਾ, ਵਡ ਦਾਤਾ ਬੇਪਰਵਾਹੀਆ । ਗੁਰਮੁਖ ਸਾਜਨ ਆਪ ਜਗਾ, ਗਿਆਨ ਨੇਤਰ ਆਪ ਖੁਲ੍ਹਾਈਆ । ਅਨਹਦ ਅਵਾਜ ਆਪ ਲਗਾ, ਏਕਾ ਸ਼ਬਦ ਸੁਣਾਈਆ । ਨਿਹਕਲੰਕ ਜਾਮਾ ਪਾ, ਗੁਰ ਗੋਬਿੰਦ ਦਏ ਵਡਿਆਈਆ । ਕਲਜੁਗ ਕਾਲਖ ਟਿੱਕਾ ਦੇਵੇ ਲਾਹ, ਜੋ ਚਲ ਆਏ ਸ਼ਰਨਾਈਆ । ਸਾਚੀ ਰੰਗਨ ਦਏ ਚੜਾ, ਰੰਗ ਚਲੂਲ ਇਕ ਵਿਖਾਈਆ । ਨਿਰਗੁਣ ਦੀਪਕ ਜੋਤੀ ਆਪ ਜਗਾ, ਅੱਠੇ ਪਹਿਰ ਰਹੇ ਰੁਸ਼ਨਾਈਆ । ਸਾਚਾ ਅੰਮ੍ਰਿਤ ਜਾਮ ਦਏ ਪਿਆ, ਨਾਮ ਖੰਡਾ ਵਿਚ ਫਿਰਾਈਆ । ਸਾਚਾ ਮਿਠਾ ਦੇਵੇ ਪਾ, ਹਰਿ ਸੰਗਤ ਤੇਰੀ ਬ੍ਰਹਮ ਵੰਡ ਵੰਡਾਈਆ । ਸ਼ਬਦ ਅਗੰਮੀ ਵਿਚ ਸਮਾ, ਸਾਗਰ ਰੂਪ ਆਪ ਹੋ ਜਾਈਆ । ਕਾਂਇਆ ਗਾਗਰ ਦਏ ਟਿਕਾ, ਕਵਲ ਨਾਭ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਰਗ ਲਾਈਆ । ਸਤਿਜੁਗ ਸਾਚਾ ਮਾਰਗ ਲਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਪੰਚਮ ਪੰਚਮ ਰਾਜ ਪੰਚਮ ਸਾਜ ਪੰਚਮ ਕਾਜ ਆਪ ਰਚਾਵਣਾ, ਪੰਚਮ ਸੰਗ ਨਿਭਾਈਆ । ਪੰਚਮ ਸਾਜ ਗਰੀਬ ਨਿਵਾਜ ਬੰਕ ਦਵਾਰ ਸੁਹਾਵਣਾ, ਪੰਚਮ ਪੰਚਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੰਚ ਪਿਆਰੇ ਦੇਵੇ ਵਰ, ਨਿਰਗੁਣ ਸਰਗੁਣ ਜੋਤ ਧਰ, ਦਰਸ ਦਿਖਾਏ ਅਗੇ ਖੜ, ਆਪ ਆਪਣਾ ਰੂਪ ਵਟਾਈਆ । ਪੰਚਮ ਪਿਆਰੇ ਆਏ ਦਵਾਰ, ਹਰਿ ਸਾਚੇ ਸਚ ਮਿਲਾਇਆ । ਕਰ ਕਿਰਪਾ ਬਖ਼ਸ਼ੇ ਫੂਲਣਹਾਰ, ਇਕ ਇਕ ਗਲ ਵਿਚ ਦੇਵੇ ਪਾਇਆ । ਦੋ ਜਹਾਨਾਂ ਪੈਜ ਰਿਹਾ ਸਵਾਰ, ਭੁੱਲ ਰਹੇ ਨਾ ਰਾਇਆ । ਘਰ ਵਿਖਾਏ ਠਾਂਡਾ ਦਰਬਾਰ, ਸਚਖੰਡ ਦਰਬਾਰਾ ਇਕ ਉਪਾਇਆ । ਮੇਲ ਮਿਲਾਵਾ ਪੁਰਖ ਨਾਰ, ਸਾਚਾ ਕੰਤ ਆਪ ਹੋ ਜਾਇਆ । ਜੁਗ ਜੁਗ ਤਨ ਕਰਾਏ ਸੰਗਾਰ, ਇਛਿਆ ਭਿਛਿਆ ਝੋਲੀ ਪਾਇਆ । ਸਤਿ ਸੁਚ ਭਰੇ ਭੰਡਾਰ, ਅਤੋਟ ਅਤੁਟ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਮੀਤਾ ਇਕ ਅਤੀਤਾ ਆਪ ਅਖਵਾਇਆ । ਪੰਚਮ ਵੰਡ ਕਰ ਕਰਤਾਰ, ਲੋਕਮਾਤ ਵੰਡਾਈਆ । ਚਾਰ ਯਾਰ ਕਰ ਖਵਾਰ, ਚਾਰ ਦਏ ਵਡਿਆਈਆ । ਏਕਾ ਘਰ ਏਕਾ

ਘਰ ਬਾਰ, ਏਕਾ ਬੰਕ ਸੁਹਾਈਆ । ਏਕਾ ਦੇਵਣਹਾਰ ਸੱਚੀ ਸਰਕਾਰ, ਸਾਚੇ ਤਖਤ ਬੇਪਰਵਾਹੀਆ । ਇਕ ਇਕੱਲਾ ਹੋ ਉਜਿਆਰ, ਜੁਗ ਜੁਗ ਲੋਕਮਾਤ ਵੇਸ ਵਟਾਈਆ । ਸੰਤ ਸੁਹੇਲੇ ਫੜ ਫੜ ਬਾਂਹੋਂ ਜਾਏ ਤਾਰ, ਮੰਝਧਾਰ ਨਾ ਕੋਈ ਰੁੜਾਈਆ । ਅਠਸਠ ਤੀਰਥ ਕਰ ਖਵਾਰ, ਕਲਜੁਗ ਤੇਰਾ ਤੇਰੀ ਝੋਲੀ ਪਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਈ ਵਖਾਈਆ । ਦਿਵਸ ਰੈਣ ਰੋਵੇ ਨਾਰੀ ਨਾਰ, ਨਰ ਨਰਾਇਣ ਨਜ਼ਰ ਨਾ ਆਈਆ । ਸ੍ਰਿਸਟ ਸਬਾਈ ਧੂਆਂਧਾਰ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਦਿਵਸ ਬਵੰਜਾ ਤੀਰਥ ਤਟ, ਹਰਿ ਸਾਚੇ ਖੇਲ ਖਿਲਾਇਆ । ਗੁਰਸਿਖਾਂ ਦੁਰਮਤ ਮੈਲ ਕੱਟ, ਆਪ ਆਪਣੇ ਰੰਗ ਰੰਗਾਇਆ । ਸਾਚਾ ਅੰਮ੍ਰਿਤ ਏਕਾ ਝਟ, ਸਰ ਸਰੋਵਰ ਆਪ ਭਰਾਇਆ । ਖਾਲੀ ਕੀਤੇ ਤੀਰਥ ਤਟ, ਵੇਲਾ ਅੰਤ ਦਏ ਦੁਹਾਇਆ । ਖੇਲੇ ਖੇਲ ਬਾਜੀਗਰ ਨਟ, ਹਰਿ ਕਾ ਭੇਵ ਕਿਸੇ ਨਾ ਪਾਇਆ । ਉਚੇ ਮੰਦਰ ਜਾਣੇ ਢੱਠ, ਦਰ ਬੰਕ ਨਾ ਕੋਇ ਸੁਹਾਇਆ । ਪ੍ਰਭ ਗੇੜਨ ਆਇਆ ਉਲਟੀ ਲੱਠ, ਗੇੜਾ ਆਪਣੇ ਹੱਥ ਰਖਾਇਆ । ਵਸਣਹਾਰਾ ਘਟ ਘਟ, ਹਰਿਜਨ ਸਾਚੇ ਲਏ ਤਰਾਇਆ । ਵੀਹ ਸੌ ਸੋਲਾਂ ਬਿਕ੍ਰਮੀ ਹੋ ਪਰਗਟ, ਉਚੀ ਕੂਕੇ ਦਏ ਦੁਹਾਇਆ । ਹਰਿ ਸੰਗਤ ਸਾਚੀ ਕਰ ਅਕੱਠ, ਚਵੀ ਮੱਘਰ ਦਿਵਸ ਸੁਹਾਇਆ । ਕਲਜੁਗ ਖੇੜਾ ਹੋਇਆ ਭੱਠ, ਗੁਰ ਗੋਬਿੰਦ ਖੇੜਾ ਦਏ ਵਸਾਇਆ । ਅਬਿਨਾਸ਼ੀ ਕਰਤੇ ਕਰੀ ਚੱਠ, ਰਵਿਦਾਸ ਚੁਮਾਰੇ ਤੇਰਾ ਡੇਰਾ ਆਣ ਵਸਾਇਆ । ਗੰਗਾ ਗੋਦਾਵਰੀ ਸੁਰਸਤੀ ਤੇਰੇ ਚਰਨ ਦੁਆਰੇ ਆਈ ਨੱਠ, ਨਿਉਂ ਨਿਉਂ ਰਹੀ ਸੀਸ ਝੁਕਾਇਆ । ਤੇਰੀ ਧੂੜ ਰਸਨਾ ਨਾਲ ਲਈ ਚੱਟ, ਲਖ ਲਖ ਸ਼ੁਕਰ ਮਨਾਇਆ । ਪ੍ਰਭ ਪਕੜ ਬਹਾਇਆ ਨਾਲ ਠੱਗ, ਜੋ ਕੰਗਨ ਗਿਆ ਛੁਪਾਇਆ । ਨਾਲ ਰਲਾਇਆ ਸਿੰਘ ਜਰਨੈਲਾ ਜੱਟ, ਜੋ ਰਾਜਾ ਰੂਪ ਵਟਾਇਆ । ਫੜ ਫੜ ਖੇਲੇ ਖੇਲ ਪੁਰਖ ਸਮਰਥ, ਪੂਰਬ ਲਹਿਣਾ ਝੋਲੀ ਪਾਇਆ । ਆਪਣੀ ਵਾਗ ਫੜਾਈ ਸਿਖਾਂ ਹੱਥ, ਆਪਣੇ ਖਾਲੀ ਹੱਥ ਰਖਾਇਆ । ਸ੍ਰਿਸਟ ਸਬਾਈ ਮਿਥਿਆ ਮਥ, ਅੰਤ ਕੋਈ ਰਹਿਣ ਨਾ ਪਾਇਆ । ਹਰਿ ਕੀ ਮਹਿਮਾ ਅਕਥਨਾ ਅਕਥ, ਹਰਿ ਕਰਤਾ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕ੍ਰਿਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਸਾਚਾ ਮੇਲ ਮਿਲਾਇਆ । ਹਰਿ ਸੰਗਤ ਮੇਲਾ ਹਰਿ ਦਵਾਰ, ਹਰਿ ਕੀ ਪੌੜੀ ਆਪ ਚੜ੍ਹਾਈਆ । ਹਰਿ ਮੰਦਰ ਮੇਲਾ ਹਰਿ ਨਿਰੰਕਾਰ, ਅੰਦਰੇ ਅੰਦਰੇ ਦਏ ਕਰਾਈਆ । ਗੁਰ ਚੇਲਾ ਹੋਇਆ ਖਬਰਦਾਰ, ਸੱਜਣ ਸੁਹੇਲਾ ਵਡ ਵਡਿਆਈਆ । ਜੋਤ ਨਿਰੰਜਨ ਚਾੜ੍ਹੇ ਤੇਲਾ ਵਿਚ ਸੰਸਾਰ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੀ ਸਿਖ ਸੇਵਾ ਲਾਏ, ਹਰਿ ਸੰਗਤ ਲੰਗਰ ਵਰਤੇ ਭੰਡਾਰ, ਸਿੰਘ ਗੁਰਮੁਖ ਤੇਰਾ ਨਾਮ ਉਜਿਆਰ, ਚਾਰ ਜੁਗ ਦਏ ਕਰਾਈਆ । ਚਾਰ ਜੁਗ ਤੇਰੀ ਵਡਿਆਈ, ਗੁਰਮੁਖ ਹਰਿ ਵਡਿਆਇੰਦਾ । ਹਰਿ ਸੰਗਤ ਕਰਨ ਆਈ ਕੁੜਮਾਈ, ਏਕਾ ਸ਼ਬਦ ਵਿਚੋਲਾ ਵਿਚ ਬਣਾਇੰਦਾ । ਰਲ ਮਿਲ ਸਖੀਓ ਮੰਗਲ ਗਾਉਂਣਾ ਚਾਈਂ ਚਾਈਂ, ਪ੍ਰਭ ਵੇਲਾ ਵਕਤ ਸੁਹਾਇੰਦਾ । ਆਪੇ ਬਣ ਕੇ ਆਇਆ ਨੈਣ ਨਾਈ, ਆਪਣਾ ਵਾੜਾ ਆਪ ਮੰਗਾਇੰਦਾ । ਆਪੇ ਖਾਰੇ ਲਏ ਚੜ੍ਹਾਈ, ਆਪੇ ਵਟਨਾ ਤਨ ਮਲਾਇੰਦਾ । ਆਪੇ ਸੀਸ ਸੇਹਰਾ ਰਿਹਾ ਬੰਧਾਈ, ਜਗਦੀਸ ਆਪਣੇ ਹੱਥ ਉਠਾਇੰਦਾ । ਜੋਤ ਨਿਰੰਜਨ ਸਾਚਾ ਕਜਲ ਨੈਣਾਂ ਰਹੀ ਪਾਈ, ਏਕਾ ਹੱਥ ਤ੍ਰਸੂਲ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਰਚਿਆ

ਕਾਜ ਦੇਸ ਮਾਝ, ਚਾਰ ਵਰਨ ਤੇਰੀ ਬਣੇ ਸਾਂਝ, ਊਚ ਨੀਚ ਨਾ ਕੋਈ ਰਖਾਈਆ । ਚਾਰ ਵਰਨ ਤੇਰਾ ਸਚ ਭੰਡਾਰ, ਹਰਿ ਸਾਚੇ ਆਪ ਵਰਤਾਇਆ । ਪੰਜ ਪਿਆਰੇ ਰਹਿਣ ਤੇਰੇ ਪਹਿਰੇਦਾਰ, ਚਾਰੋਂ ਕੁੰਟ ਆਪ ਬਹਾਇਆ । ਚਾਰ ਸੇਵਕ ਬਣ ਵਰਤਾਰ, ਅੰਦਰ ਵੜ ਦੇਣ ਵਰਤਾਇਆ । ਤਿੰਨ ਸਿੱਖ ਦੇਣ ਚਲ ਵਾਰੋ ਵਾਰ, ਤਿੰਨ ਭੰਡਾਰਾ ਜਲ ਭਰਾਇਆ । ਤਿੰਨ ਦਾਲ ਉਠਾਇਣ ਨਾਲ ਨਾਲ, ਨਾਮ ਕੜਛਾ ਹੱਥ ਰਖਾਇਆ । ਤਿੰਨਾਂ ਫੜਾਏ ਹੱਥ ਰੋਟੀ ਭਾਜੀ, ਜੀਵ ਉਧਾਰੇ ਕੋਟਨ ਕੋਟੀ, ਜਿਸ ਜਨ ਆਏ ਮੁੱਖ ਪਾਇਆ । ਧਰਮ ਰਾਏ ਨਾ ਅੰਤਮ ਕੱਟੇ ਬੋਟੀ ਬੋਟੀ, ਚਿਤਰ ਗੁਪਤ ਨਾ ਲੇਖ ਵਖਾਇਆ । ਵਿਚੋਂ ਕੱਢੇ ਵਾਸਨਾ ਖੋਟੀ, ਧੁਰਮਤ ਮੈਲ ਦਏ ਧਵਾਇਆ । ਫੜ ਚੜਾਏ ਸਾਚੀ ਚੋਟੀ, ਸਾਚਾ ਭੋਜਨ ਆਪ ਖਵਾਇਆ । ਗੁਰਸਿਖ ਨਾ ਕੋਈ ਬੰਨੇ ਤਨ ਲੰਗੋਟੀ, ਜੰਗਲ ਜੂਹ ਨਾ ਕੋਈ ਉਠ ਧਾਇਆ । ਕੋਈ ਨਾ ਚੜ੍ਹੇ ਪਰਬਤ ਚੋਟੀ, ਜਲ ਧਾਰ ਨਾ ਕੋਈ ਵਹਾਇਆ । ਗੁਰਸਿਖ ਤੇਰੀ ਆਤਮ ਰਹੀ ਨਾ ਸੋਤੀ, ਸਤਿਗੁਰ ਪੂਰਾ ਆਪ ਉਠਾਇਆ । ਨਾ ਕੋਈ ਜੰਞੂ, ਨਾ ਕੋਈ ਧੋਤੀ, ਨਾ ਕੋਈ ਤਿਲਕ ਲਿਲਾਟ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਸਚ ਭੰਡਾਰ ਕਰ ਤਿਆਰ, ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰ ਆਪ ਹੋ ਆਈਆ । ਸਚ ਭੰਡਾਰਾ ਸਚ ਦਵਾਰ, ਹਰਿ ਸਾਚੇ ਆਪ ਭਰਾਇਆ । ਇਕੀ ਸਿੱਖ ਸੇਵਾਦਾਰ, ਸਾਚੀ ਸੰਗਤ ਨਾਂਉ ਧਰਾਇਆ । ਪੰਗਤ ਬਣੇ ਵਿਚ ਸੰਸਾਰ, ਇਕੀ ਇਕੀ ਜੋੜ ਜੁੜਾਇਆ । ਇਕੀ ਕੁਲਾਂ ਦਏ ਤਾਰ, ਤਾਰਨਹਾਰ ਬੇਪ੍ਰਵਾਹਿਆ । ਪਿਛਲੀ ਲਿਖੀ ਦਏ ਨਿਵਾਰ, ਅਗਲਾ ਲੇਖਾ ਆਪਣੇ ਹੱਥ ਰਖਾਇਆ । ਗੁਰ ਗੋਬਿੰਦ ਮੇਲਾ ਵਿਚ ਸੰਸਾਰ, ਸਿੰਘ ਰੂਪ ਆਪ ਹੋ ਆਇਆ । ਗੁਰ ਚੇਲਾ ਸੋਹੇ ਇਕ ਦਰਬਾਰ, ਦਰ ਦਰ ਮੰਦਰ ਆਪ ਖੁਲਾਇਆ । ਗੁਰ ਗੋਬਿੰਦ ਦੇਵੇ ਨਾਮ ਕਟਾਰ, ਸਾਚਾ ਖੰਡਾ ਹੱਥ ਫੜਾਇਆ । ਗੁਰ ਗੋਬਿੰਦ ਦੇਵੇ ਅੰਮ੍ਰਿਤ ਧਾਰ, ਅੰਮ੍ਰਿਤ ਆਤਮ ਜਲ ਪਿਆਇਆ । ਗੁਰ ਗੋਬਿੰਦ ਵੇਖੇ ਸੀਸ ਦਸਤਾਰ, ਕੇਸ ਸੀਸ ਚਵਰ ਝੁਲਾਇਆ । ਗੁਰ ਗੋਬਿੰਦ ਵੇਖੇ ਜਤ ਅਪਾਰ, ਸਤਿ ਕਛ ਇਕ ਗੁਰ ਗੋਬਿੰਦ ਹੱਥ ਕੰਗਨ ਨਾਮ ਸ਼ੰਗਾਰ, ਸਾਚੀ ਸਿਖਿਆ ਸਿਖ ਸਮਝਾਇਆ । ਗੁਰ ਕਾ ਸ਼ਬਦ ਇਕ ਜੈਕਾਰ, ਵਾਹਿ ਵਾਹਿਗੁਰੂ ਫਤਿਹ ਬੁਲਾਇਆ । ਫਤਿਹ ਡੰਕਾ ਸੁਣੇ ਸਰਬ ਸੰਸਾਰ, ਨਿਹਕਲੰਕਾ ਦਏ ਵਜਾਇਆ । ਰਾਓ ਰੰਕਾਂ ਲਾਏ ਪਾਰ, ਜੋ ਜਨ ਸਰਨਾਈ ਆਇਆ । ਹਰਿਜਨ ਜਨ ਕਾ ਲਏ ਅਧਾਰ, ਜਨ ਜਨਨੀ ਲੇਖੇ ਲਾਇਆ । ਖੇਲੇ ਖੇਲ ਬਾਰ ਅਨਕ ਨਿਰਾਕਾਰ, ਨਿਰਗੁਣ ਆਪਣਾ ਰੰਗ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਆਪਣਾ ਨਾਉਂ ਧਰਾਇਆ । ਦਰ ਹਰਿ ਹਰਿ ਦਰ ਭਗਵਾਨਾ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਬਦ ਅਗੰਮੀ ਇਕ ਬਿਬਾਨਾ, ਪੁਰਖ ਅਬਿਨਾਸ਼ੀ ਆਪ ਉਡਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਲੋਕਮਾਤ ਫੇਰਾ ਪਾਈਆ । ਗੁਰਮੁਖ ਸਾਚਾ ਚਤਰ ਸੁਜਾਨਾ, ਲਏ ਉਠਾਈਆ । ਆਤਮ ਅੰਤਰ ਬ੍ਰਹਮ ਗਿਆਨਾ, ਏਕਾ ਬੂਝ ਬੁਝਾਈਆ । ਸੋ ਪੁਰਖ ਨਿਰੰਜਨ ਹੋ ਪਰਧਾਨਾ, ਹੰ ਬ੍ਰਹਮ ਦਏ ਵਿਖਾਈਆ । ਸੋਹੰ ਸ਼ਬਦ ਸਚ ਨਿਸ਼ਾਨਾ, ਸਚਖੰਡ ਆਪ ਸੁਣਾਈਆ । ਨਾਨਕ ਗਾਇਆ ਪਦ ਨਿਰਬਾਣਾ, ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਨ ਸਾਚਾ ਹਰਿ, ਹੰ ਮੇਲਾ ਸ੍ਰਿਸ਼ਟ ਸਬਾਈਆ । ਹੰ ਰੂਪ ਚਾਰ ਖਾਣੀ, ਹਰਿ ਸਾਚਾ ਸਚ ਜਣਾਇੰਦਾ । ਅਬਨਾਸ਼ੀ ਕਰਤਾ ਸਾਚਾ ਹਾਣੀ, ਜੁਗ ਜੁਗ ਸੰਗ ਰਖਾਇੰਦਾ । ਨਿਰਗੁਣ ਦਾਤਾ ਦੇਵੇ ਪਾਣੀ,

ਅੰਮ੍ਰਿਤ ਜਲ ਭਰਾਇੰਦਾ । ਆਪਣੀ ਕਥਾ ਅਕਥ ਸੁਣਾਏ ਬਾਣੀ, ਆਪਣਾ ਰਾਗ ਅਲਾਇੰਦਾ । ਆਪੇ ਹੋਏ ਜਾਣ ਜਾਣੀ, ਜਾਨਣਹਾਰ ਆਪ ਅਖਵਾਇੰਦਾ । ਆਪੇ ਰਾਜਾ ਆਪੇ ਰਾਣੀ, ਸ਼ਾਹ ਸੁਲਤਾਨ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਆਦਿ ਜੁਗਾਦਿ ਕਰ ਪਸਾਰ, ਆਪੇ ਗੁਰ ਪੀਰ ਅਵਤਾਰ, ਆਪੇ ਸਾਧ ਸੰਤ ਅਧਾਰ, ਆਪੇ ਗੁਰਮੁਖ ਲਾਵੇ ਪਾਰ, ਆਪ ਮਨਮੁਖ ਦਏ ਸੰਘਾਰ, ਆਪਣਾ ਦਰ ਆਪ ਖੁਲਾਇੰਦਾ । ਖੇਲਣਹਾਰ ਪੁਰਖ ਅਕਾਲਾ, ਏਕਾ ਪੁਰਖ ਅਖਵਾਇਆ । ਕਲਜੁਗ ਅੰਤਮ ਖੇਲ ਨਿਰਾਲਾ, ਲੋਕਮਾਤ ਆਪ ਕਰਾਇਆ । ਆਪੇ ਕਾਲ ਆਪ ਮਹਾਂਕਾਲਾ, ਆਪ ਆਪਣਾ ਵੇਸ ਵਟਾਇਆ । ਆਪੇ ਬਣਿਆ ਭਗਤ ਦਲਾਲਾ, ਸ਼ਬਦ ਸ਼ਬਦੀ ਨਾਉਂ ਧਰਾਇਆ । ਆਪੇ ਗੁਰੂ ਗੁਰੂ ਗੁਰ ਗੁਰ ਬਾਲਾ, ਆਪੇ ਗੋਬਿੰਦ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਨੂਰ ਕਰੇ ਰੁਸ਼ਨਾਇਆ । ਨਿਹਕਲੰਕ ਨਿਰਗੁਣ ਧਾਰ, ਨਰ ਹਰਿ ਆਪ ਚਲਾਈਆ । ਕਲਜੁਗ ਅੰਤਮ ਲਏ ਅਵਤਾਰ, ਗੁਰਮੁਖ ਸਾਚੇ ਮੇਲ ਮਿਲਾਈਆ । ਸੋਹੰ ਸ਼ਬਦ ਬੋਲ ਜੈਕਾਰ, ਸੋ ਪੁਰਖ ਨਿਰੰਜਨ ਕਰੇ ਪੜ੍ਹਾਈਆ । ਦਾਈ ਦਾਇਆ ਬਣ ਸੰਸਾਰ, ਸਗਲੀ ਸ੍ਰਿਸ਼ਟ ਵੇਖ ਵਿਖਾਈਆ । ਅਲੱਖ ਅਗੰਮ ਭੇਵ ਨਿਆਰ, ਭੇਵ ਅਭੇਵ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਰਵਦਾਸ ਚਮਿਆਰੇ ਵਸਿਆ ਘਰ, ਗੁਰਮੁਖਾਂ ਬੱਧਾ ਏਕਾ ਲੜ, ਸਾਚਾ ਪੱਲੂ ਨਾਮ ਰਸਾਲੂ, ਹਰਿ ਸਾਚੇ ਹੱਥ ਉਠਾਇਆ । ਘਰ ਜੰਮਿਆ ਪੁਤ ਕਾਲੂ, ਨਿਰਗੁਣ ਨਿਰਗੁਣ ਬਾਲ ਸਮਝਾਇਆ । ਨਾਨਕ ਬਣਿਆ ਜਗਤ ਦਿਆਲੂ, ਦੇ ਮਤ ਗਿਆ ਸਮਝਾਇਆ । ਕਲਜੁਗ ਅੰਤਮ ਤਪਨੀ ਰੇਤ ਬਾਲੂ, ਸਾਂਤ ਸਾਂਤ ਸਤਿਨਾਮ ਨਾ ਕੋਈ ਕਰਾਇਆ । ਸੰਤ ਸੁਹੇਲੇ ਗੁਰਮੁਖ ਸੱਜਣ ਪਾਰਬ੍ਰਹਮ ਅਬਨਾਸ਼ੀ ਕਰਤਾ, ਏਕੰਕਾਰ ਆਪ ਆਪਣੇ ਆਪੇ ਭਾਲੂ, ਨਿਹਕਲੰਕ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪ ਅਖਵਾਇਆ । ਨਿਰਗੁਣ ਦਾਤਾ ਦੇਵੇ ਦਾਨ, ਜੀਵ ਜੰਤ ਅਧਾਰਿਆ । ਸਚ ਸਮਗਰੀ ਸਚ ਪਕਵਾਨ, ਸਚ ਭੰਡਾਰ ਆਪ ਵਿਖਾ ਲਿਆ । ਗੁਰਮੁਖ ਗੁਰਸਿਖ ਹਰਿ ਸੰਗਤ, ਮਿਲ ਮਿਲ ਬਹਿ ਬਹਿ ਖਾਣ, ਹਰਿ ਸੰਗਤ ਨਾਉਂ ਧਰਾ ਲਿਆ । ਰੰਗਤ ਚਾੜ੍ਹੇ ਇਕ ਮਹਾਨ, ਰੰਗ ਮਜੀਠੀ ਇਕ ਚੜ੍ਹਾ ਲਿਆ । ਤੀਰ ਨਿਰਾਲਾ ਮਾਰੇ ਬਾਣ, ਦੂਈ ਦਵੈਤੀ ਪਾਰ ਕਰਾ ਲਿਆ । ਸਾਚਾ ਬਖਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਸਤਿਜੁਗ ਸਾਚੇ ਹੋਏ ਪਰਧਾਨ, ਸਾਚਾ ਧਾਮ ਆਪ ਸੁਹਾ ਲਿਆ । ਚਵੀ ਹੱਥ ਚੜ੍ਹੇ ਨਿਸ਼ਾਨ, ਜਿਸ ਦਵਾਰੇ ਚਰਨ ਛੁਹਾ ਲਿਆ । ਚਾਰ ਵਰਣ ਮੰਨਣ ਆਣ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸੀਸ ਸਰਬ ਝੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਪਾਲ ਦੀਨ ਦਿਆਲ, ਆਪਣਾ ਲਾਲ ਆਪ ਉਠਾ ਲਿਆ । ਗੁਰਮੁਖ ਨਾਤਾ ਤੁਟਾ ਮਾਤ ਪਿਤ, ਜਗਤ ਕੁਟੰਬ ਆਪ ਛੁਡਾਈਆ । ਪੁਰਖ ਅਬਿਨਾਸ਼ੀ ਸਾਚਾ ਪਿਤ, ਸਤਿਗੁਰ ਪੂਰਾ ਆਪ ਅਖਵਾਈਆ । ਸੰਗ ਨਿਭਾਏ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਅੱਠੇ ਪਹਿਰ ਵਸੇ ਚਿਤ, ਚਿਤਵਤ ਠਗੋਰੀ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਰੂਪੀ ਸੁਤ ਦੁਲਾਰਾ, ਗੁਰਮੁਖ ਸਾਜਨ ਕਰ ਪਿਆਰਾ, ਸਤਿ ਸਰੂਪੀ ਦਏ ਹੁਲਾਰਾ, ਦੇਵੇ ਦਰਸ ਅੰਦਰ ਬਾਹਿਰਾ, ਗੁਪਤ ਜਾਹਿਰਾ

ਆਪ ਹੋ ਜਾਈਆ । ਗੁਪਤ ਜ਼ਾਹਿਰਾ ਬਣ ਕੇ ਆਇਆ, ਆਪਣਾ ਨਾਤਾ ਦਏ ਤੁੜਾਈਆ । ਤ੍ਰੈਗੁਣ ਮਾਇਆ ਸੜ ਕੇ ਆਇਆ, ਆਪਣਾ ਲੰਬੂ ਆਪਣੀ ਹੱਥੀਂ ਲਾਈਆ । ਸ਼ਬਦ ਅਗੰਮੀ ਘੋੜੇ ਚੜ੍ਹ ਕੇ ਆਇਆ, ਦਿਸ ਕਿਸੇ ਨਾ ਆਈਆ । ਸਚ ਵਸਤ ਨਾਮ ਹੱਥ ਫੜਕੇ ਆਇਆ, ਹਰਿ ਸੰਗਤ ਕਰੇ ਪੜ੍ਹਾਈਆ । ਆਦਿ ਜੁਗਾਦਿ ਨਾ ਕਿਸੇ ਕੋਲੋਂ ਡਰਕੇ ਆਇਆ, ਨਿਰਭੈ ਆਪਣਾ ਨਾਉਂ ਧਰਾਈਆ । ਨਿਹਕਲੰਕ ਨਾਉਂ ਹਰਿ ਰੱਖ, ਸ਼ਬਦੀ ਡੰਕ ਵਜਾਇਆ । ਪਾਰਬ੍ਰਹਮ ਪ੍ਰਭ ਹੋ ਪਰਤੱਖ, ਲੋਕਮਾਤ ਵੇਸ ਵਟਾਇਆ । ਸਾਧਾਂ ਸੰਤਾਂ ਭਾਂਡੇ ਕਰੇ ਸਖ, ਆਪਣੀ ਵਸਤ ਆਪਣੇ ਹੱਥ ਰਖਾਇਆ । ਗੁਰਸਿਖ ਗਰੀਬ ਨਿਮਾਣੇ ਕੱਖੋਂ ਕਰੇ ਲੱਖ, ਲੱਖ ਕਰੋੜੀ ਨਾ ਕੀਮਤ ਚੁਕਾਇਆ, ਲਖ ਚੁਰਾਸੀ ਵਿਚੋਂ ਕਰੇ ਵੱਖ, ਸੋਹੰ ਟਿੱਕਾ ਮਸਤਕ ਲਾਇਆ । ਹਰਿ ਸੰਗਤ ਤੇਰਾ ਨਿਰਗੁਣ ਨਾਨਕ ਕਰੇ ਪੱਖ, ਜਿਸ ਸੋਹੰ ਰਸਨਾ ਗਾਇਆ । ਗੁਰ ਗੋਬਿੰਦ ਸੋਹੰ ਤੀਰ ਕਮਾਨ ਅੰਤਮ ਵੇਲੇ ਵਸਤ ਲਈ ਰੱਖ, ਦੂਜਾ ਚਿਲਾ ਨਾ ਹੱਥ ਉਠਾਇਆ । ਸ੍ਰਿਸ਼ਟ ਸਬਾਈ ਕਰੇ ਭੱਠ, ਆਪ ਆਪਣਾ ਬਲ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਅਪਣਾ ਡੰਕ ਵਜਾਇਆ । ਵੱਜੇ ਡੰਕ ਵਿਚ ਬ੍ਰਹਿਮੰਡ, ਹਰਿ ਸਾਚਾ ਆਪ ਵਜਾਇੰਦਾ । ਕਲਜੁਗ ਜੀਵ ਭਾਗਾਂ ਮੰਦ, ਗੂੜ੍ਹੀ ਨੀਂਦ ਸਵਾਇੰਦਾ । ਮਦਿਰਾ ਮਾਸ ਰਸਨਾ ਬੱਤੀ ਦੰਦ, ਹਰਿ ਕਾ ਨਾਮ ਸਰਬ ਭੁਲਾਇੰਦਾ । ਘਰ ਘਰ ਵਿਚ ਦਿਸੇ ਨਾ ਪਰਮਾਨੰਦ, ਘਰ ਮੇਲ ਨਾ ਕੋਈ ਮਿਲਾਇੰਦਾ । ਘਰ ਘਰ ਨਾ ਚੜ੍ਹੇ ਨਿਰਗੁਣ ਚੰਦ, ਦੀਪਕ ਜੋਤ ਨਾ ਕੋਈ ਡਗਮਗਾਇੰਦਾ । ਘਰ ਘਰ ਨਾ ਗਾਏ ਕੋਈ ਸੁਹਾਗੀ ਛੰਦ, ਅਨਹਦ ਰਾਗ ਨਾ ਕੋਈ ਅਲਾਇੰਦਾ । ਘਰ ਘਰ ਨਾ ਮੁੱਕਿਆ ਕਿਸੇ ਪੰਧ, ਨੌਂ ਦਵਾਰੇ ਸਰਬ ਭਵਾਇੰਦਾ । ਜਨ ਭਗਤਾਂ ਖੁਸ਼ੀ ਕਰੇ ਬੰਦ ਬੰਦ, ਆਪ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਭੰਡਾਰਾ ਹਰਿ ਵਰਤਾਰਾ, ਹਰਿ ਸੰਗਤ ਆਪ ਵਰਤਾਇੰਦਾ । ਹਰਿ ਸੰਗਤ ਪੰਗਤ ਜਾਣਾ ਬਣ, ਏਕਾ ਇਕੀ ਮੁਖ ਰਖਾਈਆ । ਜਨਨੀ ਜਨਿਆ ਸਾਚਾ ਜਨ, ਪ੍ਰਭ ਲੇਖੇ ਲਏ ਲਗਾਈਆ । ਸੋਹੰ ਸੁਣਿਆ ਸਾਚੇ ਕੰਨ, ਦੋ ਜਹਾਨਾਂ ਵੱਜੇ ਵਧਾਈਆ । ਝੂਠਾ ਭਾਂਡਾ ਲੈਣਾ ਭੰਨ, ਗੜ ਹੰਕਾਰ ਰਹਿਣ ਨਾ ਪਾਈਆ । ਮਨੂਆ ਮਨ ਜਾਏ ਮੰਨ, ਸ਼ਬਦ ਡੋਰੀ ਤੰਦ ਬੰਧਾਈਆ । ਦੇਵਣਹਾਰਾ ਦਾਣਾ ਪਾਣੀ ਅੰਨ, ਸਚ ਭੰਡਾਰਾ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਈਆ । ਸਗਲਾ ਸੰਗ ਹਰਿ ਚਤਰ ਸੁਜਾਨਾ, ਭਗਤਨ ਮੇਲ ਮਿਲਾਇੰਦਾ । ਸਤਿਗੁਰ ਪੂਰਾ ਬਣਿਆ ਦਾਤਾ ਦਾਨਾ, ਬੀਨਾ ਆਪ ਅਖਵਾਇੰਦਾ । ਦੇਵੇ ਰਿਜਕ ਪੀਣਾ ਖਾਣਾ, ਵਿਸ਼ਨੂੰ ਵੰਸੀ ਨਾਉਂ ਉਪਾਇੰਦਾ । ਬ੍ਰਹਮ ਮਤ ਇਕ ਪਛਾਨਾ, ਗੁਰਮਤ ਨਾਉਂ ਉਪਜਾਇੰਦਾ । ਸ਼ੰਕਰ ਬੰਨੇ ਸਾਚਾ ਗਾਨਾਂ, ਜੋ ਜਨ ਹਰਿ ਹਰਿ ਦਰਸ਼ਨ ਪਾਇੰਦਾ । ਕਰੋੜ ਤੇਤੀਸ ਸੁਰਪਤ ਰਾਜਾ ਇੰਦ ਇਕ ਗੁਰਸਿੱਖ ਤੇਰੇ ਰੱਖ ਚਰਨ ਧਿਆਨਾ, ਤੇਰਾ ਰਾਹ ਤਕਾਇੰਦਾ । ਦੀਪਕ ਜੋਤ ਜਗੇ ਮਹਾਨਾ, ਆਦਿ ਜੁਗਾਦੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਰਵਦਾਸ ਚਮਿਆਰ ਕਿਰਪਾ ਦੇਣੀ ਕਰ, ਚੋਰ ਠੱਗ ਆਇਆ ਤੇਰੇ ਦਰ, ਪੁਰਖ ਅਬਿਨਾਸ਼ੀ ਲਿਆਇਆ ਫੜ, ਆਪ ਆਪਣੀ ਦਯਾ ਕਮਾਈਆ । ਸੰਤ ਠੱਗ ਕਰ ਇਕੱਠੇ, ਸਾਚਾ ਮੇਲ ਮਿਲਾਇੰਦਾ । ਏਕਾ ਬਹਾਏ ਸਾਚੇ ਹੱਟੇ, ਹਰਿ ਸੰਗਤ ਹੱਟ ਖੁਲਾਇੰਦਾ । ਚੋਰ ਹਰਿ ਜੀ ਚਰਨੀ ਢੱਠੇ, ਪਿਛਲੀ ਭੁੱਲ ਬਖਸ਼ਾਇੰਦਾ । ਰਵਦਾਸ ਗੰਗਾ ਤੇਰੇ ਚਰਨ


੨੧

ਚੱਟੇ, ਅੰਮ੍ਰਿਤ ਜਲ ਚੁਆਇੰਦਾ । ਕਬੁਧ ਡੂੰਮਣੀ ਮਿਟੇ ਫੱਟੇ, ਦੂਈ ਦਵੈਤੀ ਮੇਟ ਮਿਟਾਇੰਦਾ । ਹਰਿ ਕਾ ਮਾਲ ਕਦੀ ਨਾ ਕੋਈ ਲੁੱਟੇ, ਗੁਰਸਿਖ ਇਹ ਸਮਝਾਇੰਦਾ । ਦੋ ਜਹਾਨਾਂ ਫੜ ਫੜ ਜੜ੍ਹ ਪੁੱਟੇ, ਜੋ ਗੁਰ ਕਾ ਬਚਨ ਭੁਲਾਇੰਦਾ । ਗੁਰ ਗੋਬਿੰਦ ਤੇਰਾ ਤੀਰ ਨਿਰਾਲਾ ਛੁੱਟੇ, ਅਗੇ ਹੋ ਨਾ ਕੋਈ ਬਚਾਇੰਦਾ । ਹਰਿ ਸੰਗਤ ਤੇਰਾ ਭਾਗ ਨਾ ਕਦੇ ਨਿਖੁਟੇ, ਵਡ ਭਾਗੀ ਮੇਲ ਮਿਲਾਇੰਦਾ । ਲੇਖੇ ਲਾਏ ਕਾਇਆ ਬੁਤੇ, ਅਬਿਨਾਸ਼ੀ ਅਚੁਤੇ ਦਯਾ ਕਮਾਇੰਦਾ । ਕਲਜੁਗ ਗੂੜ੍ਹੀ ਨੀਂਦ ਨਾ ਸੁੱਤੇ, ਸਤਿਗੁਰ ਪੂਰਾ ਆਪ ਜਗਾਇੰਦਾ । ਸਤਿਜੁਗ ਫੁਲਵਾੜੀ ਲਾਏ ਬੂਟੇ, ਫੁੱਲਾਂ ਹਾਰ ਤਨ ਪਹਿਨਾਇੰਦਾ । ਇਕੀ ਏਕਾ ਦੇਵੇ ਝੂਟੇ, ਨਾਮ ਹੁਲਾਰਾ ਇਕ ਵਖਾਇੰਦਾ । ਠਗ ਚੋਰ ਯਾਰ ਸੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਬਣਾਏ ਏਕਾ ਮੁੱਠੇ, ਬੱਧੀ ਗੰਢ ਨਾ ਕੋਈ ਖੁਲਾਇੰਦਾ । ਫੜ ਕੇ ਅਠਾਈ ਨਰਕ ਕੋਈ ਨਾ ਸੁੱਟੇ, ਜੋ ਜਨ ਦਰਸ਼ਨ ਦਰ ਆਏ ਪਾਇੰਦਾ । ਸਚਖੰਡ ਬਹਿ ਬਹਿ ਮੌਜਾਂ ਲੁੱਟੇ, ਚਾਰ ਜੁਗ ਨਾ ਕੋਈ ਜਗਾਇੰਦਾ । ਆਵਣ ਜਾਵਣ ਲੱਖ ਚੁਰਾਸੀ ਛੁੱਟੇ, ਮਾਤ ਗਰਭ ਫੰਦ ਕਟਾਇੰਦਾ । ਚਵੀ ਮੱਘਰ ਸਾਚਾ ਜਲ ਠੰਡਾ ਸੀਰ ਪੀਣਾ ਏਕਾ ਘੁੱਟੇ, ਸਚ ਭੰਡਾਰਾ ਆਪ ਵਰਤਾਇੰਦਾ । ਕਲਜੁਗ ਜੀਵਾਂ ਨਾਤਾ ਛੁੱਟੇ, ਹਰਿ ਸੰਗਤ ਮੇਲ ਮਿਲਾਇੰਦਾ । ਗੁਰਮੁਖ ਤੇਰੀ ਬਸੰਤ ਰੁੱਤੇ, ਬਾਰਾਂ ਮਾਸ ਜਣਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਜਾਣਾ ਲੱਗ, ਹਰਿ ਸਾਚੇ ਆਪ ਲਗਾਵਣਾ । ਬੀਸ ਇਕੀਸ ਬਿਕ੍ਰਮੀ ਵਿਚ ਜੱਗ, ਜਾਗਰਤ ਜੋਤ ਇਕ ਵਖਾਵਣਾ । ਦਾਤਾ ਦਾਨੀ ਸੂਰਾ ਸਰਬਗ, ਸਤਿ ਪੁਰਖ ਆਪ ਅਖਵਾਵਣਾ । ਸੁਹਾਏ ਬੰਕ ਦਵਾਰ ਛੁਹਾਏ ਪਗ, ਪਤਿਪਰਮੇਸ਼ਵਰ ਰੂਪ ਵਟਾਵਣਾ । ਜੋ ਜਨ ਸਰਨਾਈ ਗਏ ਲਗ, ਭਵ ਸਾਗਰ ਪਾਰ ਕਰਾਵਣਾ । ਹੰਸ ਬਣਾਏ ਫੜ ਫੜ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਵਣਾ । ਪੂਰਬ ਜਨਮ ਦਾ ਲਾਹ ਦੇਵੇ ਦਾਗ, ਦੁਰਮਤ ਮੈਲ ਆਪ ਧੁਆਵਣਾ । ਅੰਧ ਅੰਧੇਰ ਜਲਾਏ ਚਰਾਗ, ਜੋਤੀ ਨੂਰ ਇਕ ਵਖਾਵਣਾ । ਗੁਰਸਿੱਖ ਬਣਾਏ ਪਾਕੀ ਪਾਕ, ਪਤਿਤ ਪੁਨਿਤ ਆਪ ਕਰਾਵਣਾ । ਵੇਲੇ ਅੰਤ ਪਤ ਲਏ ਰੱਖ, ਪਰਗਟ ਹੋ ਹੋ ਦਰਸ ਦਿਖਾਵਣਾ । ਗੁਰਸਿੱਖ ਤੇਰਾ ਦਵਾਰਾ ਧਰਮ ਰਾਏ ਦਾ ਜਮ ਨਾ ਸਕੇ ਝਾਕ, ਨੇਤਰ ਨੈਣ ਨਾ ਕਿਸੇ ਉਠਾਵਨਾ । ਪੁਰਖ ਅਬਿਨਾਸ਼ੀ ਤੇਰੀ ਆਪਣੀ ਹੱਥੀਂ ਪਕੜੀ ਵਾਗ, ਦੂਸਰੇ ਹੱਥ ਨਾ ਕਿਸੇ ਫੜਾਵਣਾ । ਪੂਰਾ ਕਰੇ ਭਵਿਖਤ ਵਾਕ, ਗੁਰ ਗੋਬਿੰਦ ਜੋ ਲਿਖਾਵਣਾ । ਮਨਮੁਖ ਨਕੇਲ ਪਾਏ ਨੱਕ, ਦਰ ਦਰ ਘਰ ਘਰ ਬੰਦਰ ਆਪ ਨਚਾਵਣਾ । ਜਨ ਭਗਤਾਂ ਆਪੇ ਬਣੇ ਚਾਕਰ ਚਾਕ, ਚਾਕਰ ਚਾਕਰੀ ਆਪ ਕਰਾਵਣਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੰਗਾ ਤੇਰਾ ਸਾਚਾ ਛੱਲਾ ਹਰਿ ਫੜਾਇਆ ਹੱਥ ਉਠਾਇਆ ਕਰ ਕਰ ਵਲ ਛਲਾ, ਰਵਦਾਸ ਚਮਿਆਰਾ ਗਵਾਹ ਇਕ ਰਖਾਵਣਾ । ਸਾਚਾ ਛੱਲਾ ਸਾਚਾ ਕੰਗਣ, ਹਰਿ ਸਾਚਾ ਆਪ ਰਖਾਇੰਦਾ । ਕਿਸੇ ਦਰ ਨਾ ਜਾਏ ਮੰਗਣ, ਝੋਲੀ ਅਗੇ ਨਾ ਕਿਸੇ ਡਾਹਿੰਦਾ । ਹਰਿ ਭਗਤ ਲਗਾਏ ਆਪਣੇ ਅੰਗਨ, ਆਪ ਆਪਣੀ ਗੋਦ ਸੁਹਾਇੰਦਾ । ਨਾਮ ਭਿਬੂਤੀ ਚਾੜ੍ਹੇ ਰੰਗਨ, ਰੰਗ ਰੰਗੀਲਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਭੰਡਾਰਾ ਸਚ ਵਰਤਾਰਾ ਸਾਚੀ ਸੰਗਤ ਆਪ ਵਰਤਾਇੰਦਾ । ਸਾਚੀ ਸੰਗਤ ਖਾਣਾ ਪੀਣਾ, ਹਰਿ ਸਾਚੇ ਥਾਲ ਪਰੋਸਿਆ । ਲੋਕਮਾਤ ਬਖਸ਼ੇ ਸਦਾ ਜੀਣਾ, ਪਿਛਲਾ ਬਖਸ਼ੇ ਕੀਤਾ ਰੋਸਿਆ । ਦੋ ਜਹਾਨਾ ਪਾਟਾ ਤਨ

ਸੀਣਾ, ਮਾਰ ਮਾਰੇ ਨਾ ਫੜ ਬਿਦੋਸਿਆ । ਬਿਨ ਪੁਰਖ ਅਕਾਲ ਦੂਸਰ ਅੱਗੇ ਨਾ ਨਿਉਂਣਾ, ਗੁਰ ਗੋਬਿੰਦ ਲੇਖ ਲਿਖਾਸਿਆ । ਸਤਿ ਪੁਰਖ ਨਿਰੰਜਨ ਠਾਂਡਾ ਕਰੇ ਸੀਨਾ, ਜਗ ਤ੍ਰਿਸ਼ਨਾ ਪਿਆਸ ਮਿਟਾਸਿਆ । ਅੰਮ੍ਰਿਤ ਰੰਗ ਚੜ੍ਹਾਏ ਭੀਨਾ, ਭਿੰਨੜੀ ਰੈਣ ਇਕ ਸੁਹਾਸਿਆ । ਪਾਰ ਕਰਾਏ ਤ੍ਰੈਗੁਣ ਤੀਨਾਂ, ਤਿੰਨ ਗੁਣ ਕਰੇ ਬੰਦ ਖੁਲਾਸਿਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸ਼ਾਹੋ ਸ਼ਾਬਾਸਿਆ । ਪੀਣਾ ਜਲ ਅੰਮ੍ਰਿਤ ਧਾਰ ਰੱਜ, ਹਰਿ ਸਾਚਾ ਆਪ ਪਿਆਇੰਦਾ । ਨਾਦ ਅਨਾਦੀ ਜਾਏ ਵੱਜ, ਨਿਰਗੁਣ ਤਾਰ ਹਿਲਾਇੰਦਾ । ਰੱਖੇ ਲਾਜ ਜਿਉਂ ਜਲ ਧਾਰ ਗਜ, ਕਲਜੁਗ ਤੰਦੂਆ ਤੰਦ ਕਟਾਇੰਦਾ । ਹਰਿ ਸੰਗਤ ਹਰਿ ਪੰਗਤ ਹਰਿ ਕਾ ਰੂਪ ਬਹਿਣਾ ਸਜ, ਹਰਿ ਸਾਚਾ ਆਪ ਸਜਾਇੰਦਾ । ਵੇਲੇ ਅੰਤ ਲੌਣ ਨਾ ਦੇਵੇ ਅੱਜ ਪੱਜ, ਲੇਖਾ ਆਪਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਇਕੀ ਸਿੱਖ ਕਰ ਵਰਤਾਰ, ਸੇਵਾ ਕਰੇ ਵਿਚ ਸੰਸਾਰ, ਹਰਿਜਨ ਸਾਚੇ ਜਾਏ ਤਾਰ, ਤਾਰਨਹਾਰਾ ਆਪ ਅਖਵਾਇੰਦਾ । ਤਾਰਨਹਾਰਾ ਆ ਗਿਆ, ਹਰਿ ਗੋਬਿੰਦ ਮੀਤ ਮੁਰਾਰ । ਨਿਰਗੁਣ ਦੀਵਾ ਇਕ ਜਗਾ ਲਿਆ, ਲੋਕਮਾਤ ਹੋਇਆ ਉਜਿਆਰ । ਸ਼ਬਦ ਸੁਹਾਗੀ ਇਕ ਸੁਣਾ ਲਿਆ, ਸਾਚਾ ਢੋਲਾ ਏਕੰਕਾਰ । ਆਦਿ ਜੁਗਾਦੀ ਵੇਸ ਵਟਾ ਲਿਆ, ਪਾਰਬ੍ਰਹਮ ਰੂਪ ਕਰਤਾਰ । ਹਰਿਜਨ ਸਾਚੇ ਮੇਲ ਮਿਲਾ ਲਿਆ, ਨਾਤਾ ਤੋੜ ਸਰਬ ਸੰਸਾਰ । ਆਪਣੇ ਪੌੜੇ ਆਪ ਚੜ੍ਹਾ ਲਿਆ, ਸੇਵਾ ਕਰੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣੀ ਕਿਰਪਾ ਧਾਰ । ਹਰਿ ਸੰਗਤ ਹਰਿ ਪੇਖਣਾ, ਪਾਰਬ੍ਰਹਮ ਕਰਤਾਰ । ਪ੍ਰਭ ਕੱਢੇ ਭਰਮ ਭੁਲੇਖਨਾ, ਦਰਸ ਵਖਾਏ ਦਰ ਦਵਾਰ । ਲੇਖ ਚੁਕਾਏ ਬ੍ਰਹਮਾ ਵਿਸ਼ਨ ਮਹੇਸ਼ਨਾ, ਆਪ ਆਪਣੀ ਵਾਰ । ਮੇਲ ਮਿਲਾਏ ਦਸ ਦਸਮੇਸ਼ਨਾ, ਘਰ ਸਾਚੇ ਕੰਤ ਭਤਾਰ । ਸ਼ਾਹੋ ਭੂਪ ਨਰ ਨਰੇਸ਼ਨਾ, ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਦੇਵੇ ਏਕਾ ਵਰ, ਏਕਾ ਵਸਤ ਝੋਲੀ ਪਾਈਆ ।



### ❊ ੨੫ ਮੱਘਰ ੨੦੧੯ ਬਿਕ੍ਰਮੀ ਭਲਾਈਪੁਰ ਡੋਗਰਾਂ ਮਹਿੰਦਰ ਸਿੰਘ ਦੇ ਘਰ ❊

ਸਤਿਗੁਰ ਮੀਤਾ ਗੁਰਸਿੱਖ, ਗੁਰ ਪੂਰਾ ਵਡ ਵਡਿਆਈਆ । ਜਨਮ ਜਨਮ ਲੇਖਾ ਰਿਹਾ ਲਿਖ, ਕਰਮ ਕਰਮ ਸੰਗ ਨਿਭਾਈਆ । ਆਪਣੇ ਨੇਤਰ ਰਿਹਾ ਪੇਖ, ਦੂਸਰ ਦਿਸ ਕਿਸੇ ਨਾ ਆਈਆ । ਆਦਿ ਜੁਗਾਦੀ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਤਰਾਈਆ । ਗੁਰਮੁਖ ਗੁਰ ਗੁਰ ਰਤੜਾ, ਹਰਿ ਹਰਿ ਨਾਮ ਅਨਮੋਲ । ਘਰ ਸਾਚਾ ਏਕਾ ਵੱਖਰਾ, ਗੁਰਦਰ ਮੰਦਰ ਜਗਤ ਵਰੋਲ । ਆਪੇ ਜਾਣੇ ਜਗਤ ਰੀਠੜਾ, ਅੰਦਰ ਮੰਦਰ ਵੜ ਵੜ ਬੋਲ । ਆਦਿ ਜੁਗਾਦੀ ਠੰਡਾ ਸੀਤੜਾ, ਹਰਿ ਵਸੇ ਸਦਾ ਕੋਲ । ਆਪੇ ਜਾਣੇ ਆਪਣੀ ਰੀਤੜਾ, ਜੀਵ ਜੰਤ ਰਹੇ ਅਨਭੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਦਰ, ਦਰ ਦਵਾਰਾ ਸਾਚਾ ਖੋਲ੍ਹ । ਦਰ ਦਰਵਾਜਾ ਸਚ ਦਵਾਰ, ਪੂਰਬ ਦਿਸ਼ਾ ਵਡ ਵਡਿਆਈਆ । ਤਿੰਨ ਸੌ ਸੱਠ ਮੇਲ ਕਰ ਪਿਆਰ, ਏਕਾ ਕਾਰ ਕਰਾਈਆ । ਪਾਰ ਕਿਨਾਰਾ ਬੈਠ ਤਟ, ਸਾਧਕ ਸਿਧ ਰਿਹਾ ਸਮਝਾਈਆ । ਏਕ ਸ਼ਬਦ ਰਿਹਾ ਰਟ, ਸੋਹੰ ਸੋ ਰਸਨ ਕੁੜਮਾਈਆ ।

ਕਲਜੁਗ ਵੇਖ ਝੂਠਾ ਘਾਟ, ਸਚ ਕਿਨਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਦਰਸ ਵਖਾਈਆ । ਆਤਮ ਅੰਤਰ ਇਕ ਪਿਆਰ, ਰਸਨਾ ਹਰਿ ਗੁਣ ਗਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਿਵਸ ਰੈਣ ਦਰਸ ਵਖਾਇੰਦਾ । ਝੂਠਾ ਵੇਖ ਲੋਕ ਪਸਾਰ, ਕਾਇਆ ਮੰਦਰ ਸਾਚੇ ਅੰਦਰ ਦਰ ਸਾਚੇ ਸੋਭਾ ਪਾਇੰਦਾ । ਨਿਰਗੁਣ ਮਿਲਿਆ ਨਿਰਗੁਣ ਧਾਰ, ਸਰਗੁਣ ਸੰਗ ਨਿਭਾਇੰਦਾ । ਕਮਲਾਪਾਤੀ ਮੀਤ ਮੁਰਾਰ, ਸਾਚੀ ਸਾਧਨਾ ਸਤਿ ਸਤਿ ਵਖਾਇੰਦਾ । ਮੇਲ ਮਿਲਾਵਾ ਮੋਹਨ ਮਾਧਵ ਮਾਧ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਇੰਦਾ । ਸਗਲਾ ਸੰਗ ਸਤਿਗੁਰ ਸੱਜਨ, ਹਰਿਜਨ ਆਪ ਨਿਭਾਈਆ । ਸਤਿ ਕਰਾਏ ਆਪਣਾ ਮਜਨ, ਦੁਰਮਤ ਮੈਲ ਧਵਾਈਆ । ਰੱਖਣਹਾਰਾ ਜਗਤ ਲੱਜਨ, ਲੋਕਲਾਜ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਆਤਮ ਸਾਧ ਸੰਤ ਸਾਧ ਸਾਚੇ ਸਾਚਾ ਸੰਗ ਨਿਭਾਈਆ ।

### ☀ ੨੫ ਮੱਘਰ ੨੦੧੬ ਬਿਕ੍ਰਮੀ ਜਲਾਲਾਬਾਦ ਬਲਵੰਤ ਸਿੰਘ ਦੇ ਘਰ ☀

ਸਤਿਗੁਰ ਸੱਚਾ ਪਾਤਸ਼ਾਹ, ਨਿਰਗੁਣ ਰੂਪ ਹਰਿ ਨਿਰੰਕਾਰ । ਜੁਗਾ ਜੁਗੰਤਰ ਬਣ ਮਲਾਹ, ਲੋਕਮਾਤ ਲਏ ਅਵਤਾਰ । ਏਕੰਕਾਰਾ ਆਪਣਾ ਨਾਉਂ ਧਰਾ, ਨਿਰਗੁਣ ਖੇਲ ਕਰੇ ਅਪਾਰ । ਸਰਗੁਣ ਸਾਚਾ ਮੇਲ ਮਿਲਾ, ਜੋਤੀ ਨੂਰ ਕਰੇ ਉਜਿਆਰ । ਸ਼ਬਦ ਅਨਾਦੀ ਧੁਨ ਉਪਜਾ, ਰਾਗ ਸੁਣਾਏ ਅਨਹਦ ਧਾਰ । ਘਰ ਵਿਚ ਘਰ ਦਏ ਸੁਹਾ, ਘਰ ਮੰਦਰ ਖੇਲ ਅਪਾਰ । ਕਮਲਾਪਾਤੀ ਵੇਸ ਵਟਾ, ਕਿਰਪਾ ਕਰ ਅਗੰਮ ਅਪਾਰ । ਖੇਲ ਨਿਰਾਲੀ ਆਪ ਕਰਾ, ਖੇਲੇ ਖੇਲ ਵਿਚ ਸੰਸਾਰ । ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾ, ਤ੍ਰੈਗੁਣ ਮਾਇਆ ਭਰ ਭੰਡਾਰ । ਪੰਜ ਤਤ ਜੋੜ ਜੁੜਾ, ਆਪ ਆਪਣੀ ਕਿਰਪਾ ਕਰ ਦਏ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵਸਣਹਾਰਾ, ਸਚ ਮਹੱਲਾ ਥਿਰ ਘਰ ਵਾਸੀ ਹਰਿ ਨਿਰੰਕਾਰ । ਸਤਿਗੁਰ ਸਚਾ ਪਾਤਸ਼ਾਹ, ਪਰਮ ਪੁਰਖ ਸੁਲਤਾਨ । ਇਕ ਜਪਾਏ ਸਾਚਾ ਨਾਂ, ਪ੍ਰਗਟ ਹੋ ਵਾਲੀ ਦੋ ਜਹਾਨ । ਜਨ ਭਗਤਾਂ ਦੇਵੇ ਸਾਚਾ ਥਾਂ, ਨਿਥਾਵਿਆਂ ਦੇਵੇ ਸਾਚਾ ਮਾਣ । ਸੰਤਨ ਪਕੜੇ ਹਰਿ ਹਰਿ ਬਾਂਹ, ਨਿਰਗੁਣ ਸਰਗੁਣ ਖੇਲ ਮਹਾਨ । ਆਤਮ ਅੰਤਰ ਏਕਾ ਬ੍ਰਹਮ ਦਏ ਜਣਾ, ਪਾਰਬ੍ਰਹਮ ਸ੍ਰੀ ਭਗਵਾਨ । ਏਕਾ ਮੰਤਰ ਦਏ ਦ੍ਰਿੜਾ, ਆਤਮਕ ਧੁਨ ਸ਼ਬਦ ਸਚੀ ਧੁਨਕਾਰ । ਬੋਧ ਅਗਾਧਾ ਭੇਵ ਖੁਲ੍ਹਾ, ਦੇਵੇ ਦਰਸ ਦਰ ਦਰਬਾਨ । ਨਾਮ ਅਕੱਲਾ ਦਮਾਂ ਇਕ ਵਖਾ, ਉਚ ਮਹੱਲ ਕਰੇ ਪਛਾਨ । ਥਿਰ ਘਰ ਵਾਸੀ ਵੇਸ ਵਟਾ, ਸਚਖੰਡ ਵੇਖੇ ਸਚ ਦੁਕਾਨ । ਸਚ ਸਿੰਘਾਸਨ ਆਸਨ ਲਾ, ਸ਼ਾਹੋ ਭੂਪ ਵਡ ਰਾਜ ਰਾਜਾਨ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਮਹਾਨ । ਸਤਿਗੁਰ ਸਚਾ ਪਾਤਸ਼ਾਹ, ਪਾਰਬ੍ਰਹਮ ਬੇਅੰਤ । ਵਸਣਹਾਰਾ ਸਚ ਗਰਾਂ, ਅਬਿਨਾਸ਼ੀ ਕਰਤਾ ਆਦਿ ਅੰਤ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਬਣਾਏ ਬਣਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵੰਤ । ਸ੍ਰੀ ਭਗਵੰਤ ਹਰਿ ਭਗਵਾਨ, ਪਰਮ ਪੁਰਖ ਅਖਵਾਇੰਦਾ । ਸੋ ਪੁਰਖ ਨਿਰੰਜਨ ਹਰਿ ਮਿਹਰਵਾਨ, ਹਰਿ ਪੁਰਖ ਨਿਰੰਜਨ ਦਯਾ ਕਮਾਇੰਦਾ । ਆਦਿ ਨਿਰੰਜਨ

ਜੋਤ ਮਹਾਨ, ਏਕੰਕਾਰਾ ਡਗਮਗਾਇੰਦਾ । ਸਚ ਤਖਤ ਨੌਜਵਾਨ, ਇਕ ਅਕੱਲਾ ਆਸਨ ਲਾਇੰਦਾ । ਸਚਖੰਡ ਨਿਵਾਸੀ ਹੋ ਪ੍ਰਧਾਨ, ਆਪ ਆਪਣਾ ਹੁਕਮ ਸੁਣਾਇੰਦਾ । ਧੁਰ ਫ਼ਰਮਾਨਾ ਇਕ ਗਿਆਨ, ਸ਼ਬਦ ਅਨਾਦੀ ਨਾਦ ਵਜਾਇੰਦਾ । ਪ੍ਰਗਟ ਹੋ ਸ੍ਰੀ ਭਗਵਾਨ, ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ ਇਕ ਅਕੱਲਾ, ਹਰਿ ਪੁਰਖ ਨਿਰੰਜਨ ਆਪ ਕਰਾਇੰਦਾ । ਵਸਣਹਾਰਾ ਉਚ ਮਹੱਲਾ, ਸਚ ਦਵਾਰਾ ਇਕ ਸੁਹਾਇੰਦਾ । ਆਪਣੀ ਸਕਤੀ ਆਪਣੀ ਜੋਤੀ ਆਪੇ ਰੱਲਾ, ਆਪ ਆਪਣਾ ਮੇਲ ਮਿਲਾਇੰਦਾ । ਆਪਣੇ ਦੀਪਕ ਆਪੇ ਬੱਲਾ, ਤੇਲ ਬਾਤੀ ਨਾ ਕੋਈ ਰਖਾਇੰਦਾ । ਆਪਣਾ ਆਸਨ ਆਪੇ ਮੱਲਾ, ਸਚ ਸਿੰਘਾਸਨ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਨਾਉਂ ਧਰਾਇੰਦਾ । ਜੂਨੀ ਰਹਿਤ ਏਕੰਕਾਰ, ਪੁਰਖ ਅਕਾਲ ਵੱਡੀ ਵਡਿਆਇਆ । ਨਿਰਭੈ ਰੂਪ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਨਾ ਮਰੇ ਨਾ ਪਏ ਜੰਮ ਵਿਚ ਸੰਸਾਰ, ਆਦਿ ਜੁਗਾਦੀ ਰਚਨ ਰਚਾਈਆ । ਤ੍ਰੈਗੁਣ ਮਾਇਆ ਵਸਿਆ ਬਾਹਿਰ, ਪੰਜ ਤਤ ਨਾ ਕੋਏ ਵਖਾਈਆ । ਮਾਤ ਪਿਤ ਨਾ ਸੁਤ ਦੁਲਾਰ, ਭਾਈ ਭੈਣ ਨਾ ਕੋਈ ਜਣਾਈਆ । ਘਰ ਮੰਦਰ ਨਾ ਕੋਏ ਦਵਾਰ, ਛੱਪਰ ਛੰਨ ਨਾ ਕੋਏ ਛੁਹਾਈਆ । ਨਾ ਕੋਈ ਦੂਸਰ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਵਖਾਈਆ । ਨਾ ਕੋਈ ਗੁਰ ਪੀਰ ਅਵਤਾਰ, ਸਾਧ ਸੰਤ ਨਜ਼ਰ ਨਾ ਆਈਆ । ਰਵ ਸਸ ਨਾ ਕੋਇ ਉਜਿਆਰ, ਤਾਰਾ ਮੰਡਲ ਨਾ ਕੋਏ ਉਪਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਆਕਾਰ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ । ਜਲ ਬਿੰਬ ਨਾ ਕੋਇ ਧਾਰ, ਧਰਤ ਧਵਲ ਨਾ ਕੋਇ ਰਖਾਈਆ । ਜੰਗਲ ਜੂਹ ਨਾ ਕੋਇ ਪਹਾੜ, ਡੂੰਘੀ ਕੰਦਰ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਨਾ ਕੋਇ ਅਧਾਰ, ਰਜੋ ਤਮੋ ਸਤੋ ਨਾ ਰੂਪ ਵਖਾਈਆ । ਪੰਜ ਤਤ ਨਾ ਕੋਇ ਪਿਆਰ, ਪੰਚਮ ਜੋੜ ਨਾ ਕੋਇ ਜੁੜਾਈਆ । ਨਾ ਕੋਈ ਦੀਸੇ ਨੌ ਦਵਾਰ, ਘਰ ਵਿਚ ਘਰ ਨਾ ਕੋਇ ਬਣਾਈਆ । ਜੋਤ ਨਿਰੰਜਨ ਨਾ ਕੋਇ ਉਜਿਆਰ, ਵੰਡਨ ਵੰਡ ਨਾ ਕੋਏ ਰਖਾਈਆ । ਨਾ ਕੋਈ ਦੀਸੇ ਬ੍ਰਹਮ ਗਿਆਨ, ਇਸ਼ਟ ਦੇਵ ਨਾ ਕੋਇ ਜਣਾਈਆ । ਨਾ ਕੋਈ ਦੀਸੇ ਹੋਰ ਨਿਸ਼ਾਨ, ਨਾ ਕੋਈ ਰਚਨ ਰਚਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਮੰਡਲ ਰਾਸ ਨਾ ਕੋਇ ਰਚਾਈਆ । ਨਾ ਕੋਈ ਸੀਤਾ ਨਾ ਕੋਈ ਰਾਮ, ਨਾ ਕੋਈ ਬਾਵਨ ਭੇਖ ਵਟਾਈਆ । ਨਾ ਕੋਈ ਈਸਾ ਮੂਸਾ ਕਰਨ ਸਲਾਮ, ਮੁਹੰਮਦ ਯਾਰ ਨਾ ਸੰਗ ਰਖਾਈਆ । ਨਾਨਕ ਗੋਬਿੰਦ ਨਾ ਕੋਈ ਵਖਾਣ, ਤਤਵ ਤਤ ਨਾ ਰੂਪ ਵਟਾਈਆ । ਲੱਖ ਚੁਰਾਸੀ ਨਾ ਕੋਏ ਨਿਸ਼ਾਨ, ਨਿਸ਼ਅੱਖਰ ਨਾ ਕੋਇ ਪੜ੍ਹਾਈਆ । ਚਾਰ ਵੇਦ ਨਾ ਕੋਇ ਗਿਆਨ, ਸ਼ਾਸਤਰ ਸਿਮਰਤ ਨਾ ਕੋਏ ਲਿਖਾਈਆ । ਵੇਦ ਵਿਆਸ ਨਾ ਲਿਖੇ ਪੁਰਾਨ, ਅਠਾਰਾਂ ਮੇਲ ਨਾ ਕੋਏ ਮਿਲਾਈਆ । ਗੀਤਾ ਕਰੇ ਨਾ ਕੋਏ ਪ੍ਰਧਾਨ, ਰਾਜਨ ਮੀਤ ਤੀਸ ਬਤੀਸ ਨਾ ਕੋਏ ਗਾਈਆ । ਚਾਰ ਖਾਣੀ ਨਾ ਮੰਗੇ ਨਾਮ ਨਿਧਾਨ, ਉਤਭੁਜ ਸੇਤਜ ਜੇਰਜ ਅੰਡ ਨਾ ਵੇਖ ਵਿਖਾਈਆ । ਚਾਰ ਬਾਣੀ ਨਾ ਕੋਏ ਮਾਣ, ਪਰਾ ਪਸੰਤੀ ਮਧਮ ਬੈਖਰੀ ਕੋਏ ਨਾ ਗਾਈਆ । ਸਰ ਸਰੋਵਰ ਨਾ ਕੋਏ ਅਸ਼ਨਾਨ, ਤੀਰਥ ਤਟ ਕਿਨਾਰਾ ਨਾ ਕੋਏ ਬਣਾਈਆ । ਗੁਰਦਰ ਮੰਦਰ ਮਸਜਦ ਮਠ ਸ਼ਿਵਦਵਾਲਾ ਨਾ ਕੋਏ ਮਕਾਨ, ਕੁਲਾ ਖੰਡ ਨਾ ਰਚਨ ਰਚਾਈਆ । ਮੁਲਾਂ ਸੇਖ ਮਸਾਇਕ ਪੀਰ ਦਸਤਗੀਰ ਸਾਹ ਹਕੀਰ ਬਹਿ ਬਹਿ ਦਰ ਦਰ ਕੋਏ ਨਾ ਗਾਣ, ਨਾ ਕੋਈ ਕਰੀ ਪੜ੍ਹਾਈਆ । ਇਕ ਇਕੱਲਾ ਏਕੰਕਾਰ, ਸਚ ਮਹੱਲੇ ਕਰ ਤਿਆਰ, ਨਿਰਗੁਣ ਦੀਪਕ ਕਰ ਉਜਿਆਰ । ਸ਼ਬਦ ਅਗੰਮੀ ਸਾਚੀ

੨੫

ਧਾਰ, ਘਰ ਸਾਚੇ ਆਪ ਚਲਾਈਆ । ਸਾਚਾ ਘਰ ਸਚਖੰਡ ਪੁਰਖ ਅਗੰਮ ਆਪ ਉਪਾਇਆ । ਆਪੇ ਵੰਡੇ ਆਪਣੀ ਵੰਡ, ਬ੍ਰਹਿਮੰਡ ਖੰਡ ਰਚਨ
ਰਚਾਇਆ । ਆਪੇ ਚਾੜ੍ਹੇ ਆਪਣਾ ਚੰਦ, ਰਵ ਸਸ ਸੇਵਾ ਸਾਚੀ ਲਾਇਆ । ਆਪੇ ਹੋਏ ਸਰਬ ਬਖ਼ਸ਼ੰਦ, ਦੀਨ ਦਇਆਲਾ ਨਾਉਂ ਧਰਾਇਆ ।
ਆਪ ਉਪਜਾਏ ਆਪਣਾ ਛੰਦ, ਆਪਣੀ ਧੁਨ ਆਪ ਅਲਾਇਆ । ਆਪੇ ਜਾਣੇ ਆਪਣਾ ਪਰਮਾਨੰਦ, ਨਿਜ਼ਾਨੰਦ ਆਪ ਵੇਖ ਵਿਖਾਇਆ । ਆਪੇ
ਢਾਏ ਭਰਮਾਂ ਕੰਧ, ਆਪੇ ਪੜਦਾ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਆਪਣਾ ਨਾਉਂ ਧਰਾਇਆ ।
ਏਕੰਕਾਰਾ ਸ਼ਹਿਨਸ਼ਾਹ, ਸ਼ਹਿਨਸ਼ਾਹ ਸੁਲਤਾਨਾ । ਵਸਣਹਾਰਾ ਸਾਚੇ ਥਾਂ, ਸਚਖੰਡ ਦਵਾਰਾ ਇਕ ਮਕਾਨਾ । ਥਿਰ ਘਰ ਬਹਿ ਬਹਿ ਪਕੜੇ ਬਾਂਹ,
ਮੰਦਰ ਅੰਦਰ ਸਚ ਟਿਕਾਨਾ । ਦੋ ਜਹਾਨਾਂ ਕਰੇ ਸਚ ਨਿਆਂ, ਏਕਾ ਏਕ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਆਪ ਆਪਣੀ ਰਚਨ ਰਚਾਇਆ । ਹਰਿ ਸਾਚਾ ਰਚਨ ਰਚੰਦੜਾ, ਇਕ ਅਕੱਲਾ ਏਕੰਕਾਰ । ਸਚਖੰਡ ਦਵਾਰਾ ਇਕ ਸੁਹੰਦੜਾ, ਨਿਰਗੁਣ ਨੂਰ
ਕਰ ਉਜਿਆਰ । ਸ਼ਬਦ ਅਨਾਦੀ ਧੁਨ ਉਪਜੰਦੜਾ, ਆਪ ਆਪਣੀ ਕਿਰਪਾ ਧਾਰ । ਸਾਚਾ ਸੁਤ ਆਪ ਉਠੰਦੜਾ, ਸਾਰ ਸ਼ਬਦ ਕਰ ਪਿਆਰ ।
ਧੁਰ ਫ਼ਰਮਾਨਾ ਆਪ ਸੁਨੰਦੜਾ, ਆਪ ਹੋਇਆ ਖ਼ਬਰਦਾਰ । ਲੋਆਂ ਪੁਰੀਆਂ ਰਚਨ ਰਚੰਦੜਾ, ਮੰਡਲ ਮੰਡਪ ਲਏ ਉਸਾਰ । ਰਵ ਸਸ ਆਪਣੀ
ਜੋਤ ਜਗੰਦੜਾ, ਨਿਰਗੁਣ ਮੀਤ ਮੀਤ ਮੁਰਾਰ । ਆਪਣਾ ਰੰਗ ਆਪ ਰਗੰਦੜਾ, ਵਿਸ਼ਨੂੰ ਰੂਪ ਕਰੇ ਕਰਤਾਰ । ਬ੍ਰਹਮਾ ਆਪਣੇ ਕੋਲ ਖਲੰਦੜਾ,
ਆਪੇ ਅੰਦਰ ਆਪੇ ਬਾਹਿਰ । ਸ਼ੰਕਰ ਧੂਆਂਧਾਰ ਰਖੰਦੜਾ, ਨਿਰਗੁਣ ਖੇਲ ਅਪਰ ਅਪਾਰ । ਤਿੰਨਾਂ ਏਕਾ ਰੂਪ ਵਸੰਦੜਾ, ਹਰਿ ਸਾਚਾ ਸਿਰਜਣਹਾਰ ।
ਸਾਚੀ ਵਸਤ ਇਕ ਵਖੰਦੜਾ, ਆਪ ਆਪਣਾ ਖੋਲ੍ਹ ਦਵਾਰ, ਬ੍ਰਹਮਾ ਵਿਸ਼ਨ ਸ਼ਿਵ ਨੇਤਰ ਵੇਖ ਸੀਸ ਨਵੰਦੜਾ, ਢਹਿ ਢਹਿ ਪੈਣ ਚਰਨ ਦਵਾਰ ।
ਪ੍ਰਭ ਅਬਿਨਾਸ਼ੀ ਆਪਣਾ ਭੇਵ ਖੁਲੰਦੜਾ, ਬਖ਼ਸ਼ੇ ਸ਼ਬਦ ਸਚੀ ਧੁਨਕਾਰ । ਵਿਸ਼ਨੂੰ ਅਗੇ ਝੋਲੀ ਡਹੰਦੜਾ, ਪ੍ਰਭ ਭਰੇ ਇਕ ਭੰਡਾਰ । ਬ੍ਰਹਮਾ ਆਪਣੀ
ਅੱਖ ਖੁਲੰਦੜਾ, ਨੇਤਰ ਗਿਆਨ ਦੇਵੇ ਪ੍ਰਭ ਕਿਰਪਾ ਧਾਰ । ਚਾਰੇ ਵੇਦਾਂ ਵੇਖ ਵੇਖ ਵਖੰਦੜਾ, ਉਤਪਤ ਕਰੇ ਸਰਬ ਸੰਸਾਰ । ਸ਼ਿਵ ਅੰਤਮ ਲੇਖ
ਚੁਕੰਦੜਾ, ਜੋ ਉਪਜੇ ਦਏ ਸੰਘਾਰ । ਤਿੰਨਾਂ ਵਿਚੋਲਾ ਹਰਿ ਅਖਵੰਦੜਾ, ਵਡ ਦਾਤਾ ਸਿਰਜਣਹਾਰ । ਲੱਖ ਚੁਰਾਸੀ ਵੇਸ ਵਟੰਦੜਾ, ਆਪ ਆਪਣੀ
ਕਿਰਪਾ ਧਾਰ । ਅੱਠਾਂ ਤੱਤਾਂ ਮੇਲ ਮਿਲੰਦੜਾ, ਮਨ ਮਤ ਬੁਧ ਕਰੇ ਪਿਆਰ । ਜੁਗ ਜੁਗ ਆਪਣਾ ਖੇਲ ਖਿਲੰਦੜਾ, ਨਿਰਗੁਣ ਸਰਗੁਣ ਲਏ
ਅਵਤਾਰ । ਗੁਰ ਸਤਿਗੁਰ ਨਾਉਂ ਧਿਰੰਦੜਾ, ਸਾਧਾਂ ਸੰਤਾਂ ਹਰਿ ਹਰਿ ਹਿਰਦੇ ਨਾਮ ਇਕ ਆਧਾਰ । ਏਕਾ ਅੰਮ੍ਰਿਤ ਜਾਮ ਪਿਲੰਦੜਾ, ਆਤਮ
ਅੰਤਰ ਠੰਡੀ ਠਾਰ । ਸਰ ਸਰੋਵਰ ਇਕ ਨੁਹੰਦੜਾ, ਡੂੰਘੀ ਭਵਰੀ ਕਰ ਵਿਚਾਰ । ਕਾਗੋਂ ਹੰਸ ਬਨੰਦੜਾ, ਸਿਰ ਰੱਖ ਹੱਥ ਕਰਤਾਰ । ਏਕਾ
ਅਨਹਦ ਤਾਲ ਵਜੰਦੜਾ, ਪੰਚਮ ਸਖੀਆਂ ਮੇਲਾ ਮੀਤ ਮੁਰਾਰ । ਬੰਦ ਕੁਆੜੀ ਆਪ ਖੁਲੰਦੜਾ, ਬਜਰ ਕਪਾਟੀ ਦੇਵੇ ਪਾੜ । ਆਤਮ ਸੇਜਾ ਹਰਿ
ਸੁਹੰਦੜਾ, ਆਪਣੇ ਰੰਗ ਰਵੇ ਨਿਰੰਕਾਰ । ਸੁਰਤ ਸਵਾਣੀ ਵੇਖ ਵਖੰਦੜਾ, ਗੁਰਮੁਖ ਸਾਜਨ ਕਰ ਪਿਆਰ । ਸਾਚੇ ਸ਼ਬਦ ਮੇਲ ਮਿਲੰਦੜਾ, ਨਾਤਾ
ਤੁਟੇ ਸਰਬ ਸੰਸਾਰ । ਮੰਗਲ ਗਾਏ ਘਰ ਸਾਚਾ ਇਕ ਸੁਹੰਦੜਾ, ਗੀਤ ਸੁਹਾਗੀ ਸਾਚੀ ਨਾਰ । ਪਿਰ ਪਾਇਆ ਜੋਬਨ ਸਚ ਹਢੰਦੜਾ, ਘਰ
ਮਿਲਿਆ ਕੰਤ ਭਤਾਰ । ਸਾਚੀ ਸੇਜਾ ਆਪ ਸੁਹੰਦੜਾ, ਨਿਰਗੁਣ ਨਿਰਗੁਣ ਕਰ ਪਿਆਰ । ਆਪਣੇ ਅੰਕ ਆਪ ਲਗੰਦੜਾ, ਅੰਗੀਕਾਰ ਆਪ

੨੯

ਅਖਵੰਦੜਾ, ਆਪਣੇ ਅੰਗ ਲਾਏ ਕਰਤਾਰ । ਦਸਮ ਦਵਾਰੀ ਮੇਲ ਮਿਲੰਦੜਾ, ਹਰਿ ਭਗਤਨ ਜਾਏ ਤਾਰ । ਸੱਚੇ ਪਾਤਸਾਹ ਆਪ ਅਖਵੰਦੜਾ, ਆਦਿ ਜੁਗਾਦੀ ਇਕ ਅਵਤਾਰ । ਨੌ ਸੌ ਚੁਰਾਨਵੇ ਚੌਕੜੀ ਜੁਗ ਜੁਗੰਦੜਾ, ਘਲਦਾ ਰਿਹਾ ਗੁਰ ਪੀਰ ਅਵਤਾਰ । ਆਪਣਾ ਭਾਣਾ ਆਪ ਰਖੰਦੜਾ, ਦਿਸ ਨਾ ਆਏ ਵਿਚ ਸੰਸਾਰ । ਛੱਤੀ ਜੁਗ ਨਾ ਵੇਸ ਵਟੰਦੜਾ, ਵੇਸ ਅਨੇਕਾ ਏਕੰਕਾਰ । ਸਤਿਜੁਗ ਤ੍ਰੇਤਾ ਦੁਆਪਰ ਰੇਖ ਮਿਟੰਦੜਾ, ਕਲਜੁਗ ਅੰਤਮ ਖੇਲੇ ਖੇਲ ਅਪਰ ਅਪਾਰ । ਰਾਮ ਕ੍ਰਿਸ਼ਨ ਲਹਿਣਾ ਦੇਣ ਚੁਕੰਦੜਾ, ਲੇਖਾ ਜਾਣੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ । ਨਾਨਕ ਨਿਰਗੁਣ ਖੇਲ ਖਿਲੰਦੜਾ, ਗੁਰ ਗੋਬਿੰਦ ਸਾਚੀ ਧਾਰ । ਹਰਿ ਗੋਬਿੰਦ ਮੇਲ ਮਿਲੰਦੜਾ, ਸੰਬਲ ਨਗਰੀ ਧਾਮ ਨਿਆਰ । ਸਚ ਸੰਘਾਸਨ ਇਕ ਵਖੰਦੜਾ, ਹਰਿ ਭਗਤਾਂ ਕਰ ਪਿਆਰ । ਨੇਤਰ ਆਪਣਾ ਆਪ ਖੁਲੰਦੜਾ, ਲੋਚਨ ਕਰੇ ਬੰਦ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਲਏ ਅਵਤਾਰ । ਲੋਕਮਾਤ ਹਰਿ ਅਵਤਾਰਾ, ਹਰੀ ਹਰਿ ਵੱਡੀ ਵਡਿਆਈਆ । ਜੁਗਾ ਜੁਗੰਤਰ ਖੇਲ ਨਿਆਰਾ, ਕਰਤਾ ਪੁਰਖ ਭੇਵ ਨਾ ਰਾਈਆ । ਆਪਣਾ ਨਾਮ ਸਤਿ ਭਰੇ ਭੰਡਾਰਾ, ਸਤਿ ਸਤਿ ਦਏ ਵਰਤਾਈਆ । ਨਿਰਭੈ ਰੂਪ ਹੋਏ ਵਿਚ ਸੰਸਾਰਾ, ਸ੍ਰਿਸ਼ਟ ਸਬਾਈ ਲਏ ਉਠਾਈਆ । ਮੂਰਤ ਅਕਾਲ ਖੇਲ ਨਿਆਰਾ, ਅਕਲ ਕਲ ਵੱਡੀ ਵਡਿਆਈਆ । ਜੂਨੀ ਰਹਿਤ ਵਰਤੇ ਵਰਤਾਵੇ ਨਿਰਗੁਣ ਧਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਸੋ ਪੁਰਖ ਨਿਰੰਜਨ ਸਿਰਜਨਹਾਰਾ, ਸਿਰ ਸਿਰ ਦੇਵੇ ਰਿਜ਼ਕ ਸਬਾਈਆ । ਹਰਿ ਪੁਰਖ ਨਿਰੰਜਨ ਕਰ ਪਸਾਰਾ, ਘਰ ਘਰ ਬੈਠਾ ਜੋਤ ਜਗਾਈਆ । ਆਦਿ ਨਿਰੰਜਨ ਹੋ ਉਜਿਆਰਾ, ਦਿਵਸ ਰੈਣ ਡਗਮਗਾਈਆ । ਸ੍ਰੀ ਭਗਵਾਨ ਪਾਵੇ ਸਾਰਾ, ਹਰਿ ਭਗਤਨ ਵੇਖ ਵਖਾਈਆ । ਪੁਰਖ ਅਬਨਾਸ਼ੀ ਮੀਤ ਮੁਰਾਰਾ, ਸੰਤ ਸੁਹੇਲੇ ਲਏ ਜਗਾਈਆ । ਪਾਰਬ੍ਰਹਮ ਪਰਗਟ ਹੋ ਵਿਚ ਸੰਸਾਰਾ, ਬ੍ਰਹਮ ਬ੍ਰਹਮ ਲਏ ਉਠਾਈਆ । ਏਕਾ ਨਾਦ ਸ਼ਬਦ ਧੁਨਕਾਰਾ, ਬ੍ਰਹਿਮ ਬ੍ਰਹਿਮਾਦ ਆਪ ਸੁਣਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਲੋਆਂ ਪੁਰੀਆਂ ਦਏ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਕ੍ਰੋੜ ਤੇਤੀਸਾ ਸੁਰਪਤ ਰਾਜਾ ਇੰਦ ਆਪ ਉਠਾਈਆ । ਗਣ ਗੰਧਰਬ ਕਿੰਨਰ ਜਛਪ ਦਏ ਦੁਹਾਈ ਲੱਖ ਚੁਰਾਸੀ ਪਾਵੇ ਸਾਰਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੇਰਾ ਪਾਈਆ । ਉਚੇ ਟਿਲੇ ਪਰਬਤ ਵੇਖੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਗਾਰਾ ਜਲ ਥਲ ਮਹੀਅਲ ਰਿਹਾ ਸਮਾਈਆ । ਨਾਥ ਅਨਾਥਾਂ ਪੂਜਾ ਪਾਠ ਅਪਰ ਅਪਾਰਾ, ਏਕਾ ਅੱਖਰ ਦਏ ਪੜ੍ਹਾਈਆ । ਨਿਸ਼ਅੱਖਰ ਦਿਸ ਨਾ ਆਏ ਵਿਚ ਸੰਸਾਰਾ, ਸੋ ਪੁਰਖ ਨਿਰੰਜਣ ਆਪੇ ਗਾਈਆ । ਹਰਿ ਪੁਰਖ ਨਿਰੰਜਨ ਬੋਲ ਜੈਕਾਰਾ, ਆਪਣੇ ਨਾਮ ਦਏ ਵਡਿਆਈਆ । ਜਨ ਭਗਤਾਂ ਭਰੇ ਸਚ ਭੰਡਾਰਾ, ਅਤੋਟ ਅਤੁਟ ਰਖਾਈਆ । ਹਰਿ ਸੰਤਨ ਮੇਲਾ ਇਕ ਦਵਾਰਾ, ਸਾਚੇ ਘਰ ਮੇਲ ਮਿਲਾਈਆ । ਗੁਰਮੁਖ ਦੇਵੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਈਆ । ਗੁਰਸਿਖਾਂ ਤਨ ਕਰੇ ਸ਼ੰਗਾਰਾ, ਤਨ ਬਸਤਰ ਭੂਸ਼ਨ ਏਕਾ ਨਾਮ ਵਖਾਈਆ । ਜਗਤ ਜਗਦੀਸ ਖੇਲ ਅਪਾਰਾ, ਸਚ ਹਦੀਸ ਕਰੇ ਪੜ੍ਹਾਈਆ । ਰਾਗ ਛਤੀਸ ਨਾ ਪਾਵੇ ਸਾਰਾ, ਨਾਰਦ ਮੁਨ ਸੁਰਸਤੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਖੇਲੇ ਖੇਲ ਜੁਗਾ ਜੁਗੰਤਾ, ਜੁਗ ਕਰਤਾ ਵਡ ਵਡਿਆਈਆ । ਜੁਗ ਕਰਤਾ ਹਰਿ ਕਰਨੇਹਾਰਾ, ਸਤਿ ਪੁਰਖ ਨਿਰੰਜਨ ਆਪ ਅਖਵਾਇੰਦਾ । ਕਲਜੁਗ ਵੇਖੇ ਕੂੜ ਪਸਾਰਾ,

ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰਾ, ਹਰਿ ਕੰਤ ਨਾ ਕੋਇ ਹੰਢਾਇੰਦਾ । ਨਾ ਕੋਈ ਮੰਦਰ ਨਾ ਦਵਾਰਾ, ਨਾ ਕੋਈ ਸਾਚੀ ਭਿਛਿਆ ਮੰਗ ਮੰਗਾਇੰਦਾ । ਨਾ ਕੋਈ ਸ਼ਾਹ ਨਾ ਸਿਕਦਾਰਾ, ਰਾਜ ਰਾਜਾਨ ਨਾ ਕੋਇ ਅਖਵਾਇੰਦਾ । ਨਾ ਕੋਈ ਦਰ ਨਾ ਦਰਬਾਨਾ, ਨਿਉਂ ਨਿਉਂ ਸੀਸ ਨਾ ਕੋਈ ਝੁਕਾਇੰਦਾ । ਨਾ ਕੋਈ ਗੋਪੀ ਨਾ ਕੋਈ ਕਾਹਨਾ, ਨਾ ਕੋਈ ਬੰਸਰੀ ਨਾਮ ਵਜਾਇੰਦਾ । ਨਾ ਕੋਈ ਸੀਤਾ ਰਾਮ ਬੰਨੇ ਗਾਨਾ, ਸੁਰਤੀ ਸੀਤਾ ਨਾ ਕੋਈ ਪ੍ਰਨਾਇੰਦਾ । ਨਾ ਕੋਈ ਸ਼ਬਦ ਨਾ ਤਰਾਨਾ, ਅਨਹਦ ਰਾਗ ਨਾ ਕੋਈ ਅਲਾਇੰਦਾ । ਨਾ ਕੋਈ ਪੀਣਾ ਨਾ ਕੋਈ ਖਾਣਾ, ਆਤਮ ਤ੍ਰਿਸ਼ਨਾ ਭੁੱਖ ਨਾ ਕੋਏ ਮਿਟਾਇੰਦਾ । ਨਾ ਕੋਈ ਵਿਖਾਏ ਪਦ ਨਿਰਬਾਣਾ, ਬ੍ਰਹਮ ਪਾਰਬ੍ਰਹਮ ਨਾ ਮੇਲ ਮਿਲਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਜਹਾਨਾ, ਈਸ਼ ਜੀਵ ਸਾਚਾ ਰੰਗ ਨਾ ਕੋਏ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਧਰਾਇੰਦਾ । ਵੇਸ ਵਟਾਇਆ ਹਰਿ ਅਵੱਲਾ, ਹਰਿ ਪੁਰਖ ਵਡ ਵਡਿਆਈਆ । ਸਚਖੰਡ ਨਿਵਾਸੀ ਇਕ ਅਕੱਲਾ, ਕਾਦਰ ਕਰਤਾ ਖੇਲ ਖਿਲਾਈਆ । ਪਾਵੇ ਸਾਰ ਰਾਣੀ ਅੱਲਾ, ਬੇਐਬ ਪਰਵਰਦਿਗਾਰ ਨੂਰ ਅਲਾਹੀਆ । ਚੌਦਾਂ ਲੋਕ ਪਏ ਤਰਥੱਲਾ, ਚੌਦਾਂ ਤਬਕਾਂ ਵੇਖ ਵਖਾਈਆ । ਸਚ ਸੁਨੇਹੜਾ ਏਕਾ ਘੱਲਾ, ਲਾਸ਼ਰੀਕ ਸਰਬ ਖ਼ੁਦਾਈਆ । ਮੁਕਾਮੇ ਹੱਕ ਦਰ ਘਰ ਸਾਚਾ ਏਕਾ ਮੱਲਾ, ਹਕ ਹਕੀਕਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਧਾਰਾ ਹਰਿ ਨਿਰੰਕਾਰਾ, ਨਿਰਵੈਰ ਵੱਡੀ ਵਡਿਆਈਆ । ਵਡ ਵਡਿਆਈ ਪੁਰਖ ਸੁਲਤਾਨ, ਹੰ ਬ੍ਰਹਮ ਭੇਵ ਖੁਲਾਇੰਦਾ । ਲੋਕਮਾਤ ਹੋ ਪ੍ਰਧਾਨ, ਏਕਾ ਡੰਕਾ ਨਾਮ ਵਜਾਇੰਦਾ । ਨਾਤਾ ਤੋੜੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਮੇਟ ਮਿਟਾਇੰਦਾ । ਤੀਰ ਅਨਿਆਲਾ ਮਾਰੇ ਬਾਣ, ਮੁਖੀ ਤਿੱਖੀ ਆਪ ਬਣਾਇੰਦਾ । ਧਰਮ ਵਿਖਾਏ ਇਕ ਨਿਸ਼ਾਨ, ਚਾਰ ਵਰਨਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਏਕਾ ਲਾਇੰਦਾ । ਕਲਜੁਗ ਤੇਰਾ ਅੰਤਮ ਪੰਧ, ਹਰਿ ਸਾਚਾ ਆਪ ਮੁਕਾਈਆ । ਜਨ ਭਗਤਾਂ ਤੋੜੇ ਚੁਰਾਸੀ ਫੰਦ, ਰਾਏ ਧਰਮ ਨਾ ਦਏ ਸਜਾਈਆ । ਜਿਸ ਜਨ ਗਾਇਆ ਬੱਤੀ ਦੰਦ, ਨਿਝ ਘਰ ਸਾਚੇ ਮੇਲ ਮਿਲਾਈਆ । ਦਿਵਸ ਰੈਣ ਪਰਮਾਨੰਦ, ਅੱਠੇ ਪਹਿਰ ਇਕ ਲਿਵ ਲਾਈਆ । ਜੋਤ ਨਿਰੰਜਨ ਚਾੜ੍ਹੇ ਚੰਦ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਸੁਣਾਏ ਰਾਗ ਅਨਹਦ, ਤਾਰ ਸਤਾਰ ਆਪ ਹਿਲਾਈਆ । ਜਾਮ ਪਿਆਏ ਸਾਚੀ ਮਦਿ, ਭਰ ਪਿਆਲਾ ਮੁਖ ਲਗਾਈਆ । ਪਾਰ ਕਰਾਏ ਨੌਂ ਦਵਾਰੇ ਹੱਦ, ਆਪਣਾ ਕਿਲਾ ਆਪ ਤੁੜਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਚਰਨ ਦਵਾਰੇ ਆਪਣੇ ਸੱਦ, ਸਤਿਗੁਰ ਪੂਰਾ ਆਪ ਅਖਵਾਈਆ । ਜਗਤ ਵਿਕਾਰਾ ਦੇਵੇ ਕੱਢ, ਹਉਮੇ ਹੰਗਤਾ ਦਏ ਮਿਟਾਈਆ । ਸਤਿ ਪੁਰਖ ਨਿਰੰਜਨ ਲੜਾਏ ਸਾਚਾ ਲੜ, ਗੁਰਸਿੱਖ ਬਾਲ ਅੰਞਾਣੇ ਗੋਦ ਉਠਾਈਆ । ਆਪ ਕਰਾਏ ਪਾਰ ਤ੍ਰਲੋਕੀ ਹੱਦ, ਦਰਗਹਿ ਸਾਚੀ ਮੇਲ ਮਿਲਾਈਆ । ਅੱਧ ਵਿਚਕਾਰ ਨਾ ਜਾਏ ਛੱਡ, ਗੁਰ ਪੂਰੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਆਪਣਾ ਨਾਉਂ ਪ੍ਰਗਟਾਈਆ । ਸਤਿਗੁਰ ਪੂਰਾ ਦੀਨ ਦਇਆਲ, ਦਯਾ ਨਿਧ ਅਖਵਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਆਪ ਆਪਣਾ ਮੇਲ ਮਿਲਾਇੰਦਾ । ਅੰਮ੍ਰਿਤ ਸੁਹਾਏ ਸਾਚਾ ਤਾਲ, ਆਤਮ ਅੰਤਰ ਆਪ ਵਖਾਇੰਦਾ । ਦੇਵੇ ਨਾਮ ਸਚਾ ਧਨ ਮਾਲ, ਚੋਰ ਯਾਰ ਠੱਗ ਲੁੱਟ ਕੋਏ


੨੮

ਨਾ ਜਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਸਚ ਦਲਾਲ ਆਪ ਹੋ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਕਲਜੁਗ ਅੰਤਮ ਲਏ ਭਾਲ, ਗੁਰ ਗੋਬਿੰਦ ਵੇਸ ਵਟਾਇੰਦਾ । ਚਰਨ ਦਵਾਰ ਰਖਾਏ ਕਾਲ ਮਹਾਂਕਾਲ, ਕਾਲ ਦਿਆਲ ਭੇਵ ਨਾ ਆਇੰਦਾ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਆਪ ਆਪਣੀ ਸੇਵ ਕਮਾਇੰਦਾ । ਲੱਖ ਚੁਰਾਸੀ ਵੇਖੇ ਪਤ ਡਾਹਲ, ਫੁੱਲ ਫੁਲਵਾੜੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਵਟਾਇੰਦਾ । ਨਾਉਂ ਵਟਿੰਦੜਾ ਗਹਿਰ ਗੰਭੀਰ, ਅਗੰਮ ਅਗੰਮੜੀ ਕਾਰ ਕਰਾਇੰਦਾ । ਪੰਜ ਤਤ ਨਾ ਕੋਇ ਸ਼ਰੀਰ, ਤ੍ਰੈਗੁਣ ਰਚਨ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਨਾ ਕੋਇ ਫੜ, ਮਾਤ ਗਰਭ ਨਾ ਕੋਇ ਟਿਕਾਇੰਦਾ । ਨੇਤਰ ਵਹਾਏ ਨਾ ਕੋਇ ਨੀਰ, ਹੰਸ ਮੁਖ ਨਾ ਕੋਇ ਖੁਲ੍ਹਾਇੰਦਾ । ਮਾਤ ਸਚ ਨਾ ਕੋਇ ਸੀਰ, ਬੱਤੀ ਧਾਰ ਨਾ ਕੋਇ ਚਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਗ ਸਮਾਇੰਦਾ । ਰੰਗ ਰਤੜਾ ਹਰਿ ਕਰਤਾਰ, ਏਕਾ ਰੰਗ ਰੰਗਾਈਆ । ਧਾਮ ਅਨਡਿਠੜਾ ਅਪਰ ਅਪਾਰ, ਬੈਠਾ ਆਸਣ ਲਾਈਆ । ਕੋਟਨ ਕੋਟੀ ਲੱਭਦੇ ਫਿਰਦੇ ਜੰਗਲ ਜੂਹ ਵਿਚ ਪਹਾੜ, ਉਚੇ ਟਿਲੇ ਪਰਬਤ ਫੇਰੀਆਂ ਪਾਈਆ । ਕੋਟਨ ਕੋਟੀ ਬੈਠੇ ਡੂੰਘੀ ਗਾਰ, ਸੁਨ ਸਮਾਧ ਲਗਾਈਆ । ਕੋਟਨ ਕੋਟੀ ਉਚੀ ਕੂਕ ਵਾਜਾਂ ਮਾਰ, ਹਰਿ ਸੁਤਾ ਬੇਪਰਵਾਹ ਨਾ ਲਏ ਅੰਗੜਾਈਆ । ਕੋਟਨ ਕੋਟੀ ਹਵਨ ਧੂਪ ਕਰਨ ਸੰਸਾਰ, ਜਗਤ ਸਮਗਰੀ ਰਹੇ ਪਾਈਆ । ਬਿਨ ਹਰਿ ਭਗਤ ਨਾ ਜਾਏ ਕੋਈ ਦਵਾਰ, ਭਗਤ ਕਬੀਰਾ ਦਏ ਗਵਾਹੀਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਜਗਤ ਕਰਤਾ ਵਡ ਵਡਿਆਈਆ । ਜਿਸ ਜਨ ਕਿਰਪਾ ਕਰੇ ਅਪਰ ਅਪਾਰ, ਭੋਲੇ ਭਾਓ ਮੇਲ ਮਿਲਾਈਆ । ਧੰਨਾ ਜੱਟ ਰਿਹਾ ਪੁਕਾਰ, ਮਿਲਿਆ ਮੇਲ ਹਰਿ ਗੋਸਾਈਆ । ਕਲਜੁਗ ਅੰਤਮ ਖੇਲ ਨਿਰੰਕਾਰ, ਨਿਰਗੁਣ ਆਪਣਾ ਰਿਹਾ ਖੁਲ੍ਹਾਈਆ । ਹਰਿ ਸੰਗਤ ਧੰਨੇ ਕਰ ਤਿਆਰ, ਮੂਰਖ ਮੂੜੇ ਚਤਰ ਸੁਘੜ ਬਣਾਈਆ । ਮੇਲ ਮਿਲਾਏ ਦਰ ਦਵਾਰ, ਅੰਦਰ ਮੰਦਰ ਡੂੰਘੀ ਕੁੰਦਰ ਖੋਜ ਖੁਜਾਈਆ । ਸ਼ਬਦ ਡੋਰੀ ਹੱਥ ਕਰਤਾਰ, ਏਕਾ ਏਕ ਆਪ ਰਖਾਈਆ । ਲਖ ਚਰਾਸੀ ਵਿਚੋਂ ਬੰਨ ਲਿਆਏ ਚਰਨ ਦਵਾਰ, ਆਉਂਦਾ ਜਾਂਦਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣੇ ਹੱਥ ਰੱਖੀ ਵਡਿਆਈਆ । ਹੱਥ ਵਡਿਆਈ ਨਿਹਕਲੰਕ, ਇਕ ਅਕੱਲਾ ਇਕ ਏਕੰਕਾਰਿਆ । ਲੇਖਾ ਜਾਣੇ ਰਾਓ ਰੰਕ, ਰਾਜ ਰਾਜਾਨ ਵਿਚ ਸੰਸਾਰਿਆ । ਇਕ ਸੁਹਾਏ ਸਚ ਬੰਕ, ਹਰਿ ਭਗਤਨ ਦਰ ਦਰਬਾਰਿਆ । ਗੁਰਮੁਖ ਉਪਜਾਏ ਜਿਉਂ ਜਨ ਜਨਕ, ਜਨ ਜਨਣੀ ਲੇਖੇ ਲਾ ਰਿਹਾ । ਪਰਗਟ ਹੋਇਆ ਵਾਸੀ ਪੁਰੀ ਘਨਕ, ਘਨਕਪੁਰ ਵਾਸੀ ਖੇਲ ਖਿਲਾ ਰਿਹਾ । ਖੇਲੇ ਖੇਲ ਬਾਰ ਅਨਕ, ਨਿਤ ਨਵਿਤ ਵੇਸ ਧਰਾ ਲਿਆ । ਗੁਰਮੁਖਾਂ ਮੇਟਣਹਾਰਾ ਸ਼ੰਕ, ਲੱਖ ਚੁਰਾਸੀ ਭਰਮ ਭੁਲੇਖਾ ਆਪੇ ਪਾ ਰਿਹਾ । ਲਹਿਣਾ ਦੇਣ ਚੁਕਾਏ ਬ੍ਰਹਮੇ ਸੁਤ ਸਨਕ, ਸਨਤ ਕੁਮਾਰ ਸਨਾਤਨ ਸਨੰਦਨ ਮੇਲ ਮਿਲਾ ਰਿਹਾ । ਚਾਰ ਕੁੰਟ ਨੌ ਖੰਡ ਪ੍ਰਿਥਮੀ ਦਹਿ ਦਿਸ਼ਾ ਵਜਾਏ ਆਪਣਾ ਡੰਕ, ਸਾਚਾ ਨਾਅਰਾ ਏਕਾ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਸਾਚਾ ਨਾਉਂ ਧਰਾ ਲਿਆ । ਸਤਿਗੁਰ ਸੱਜਨ ਮੀਤੜਾ, ਸਤਿ ਪੁਰਖ ਨਿਰੰਜਨ ਏਕ । ਜਨ ਭਗਤਾਂ ਰੰਗੇ ਕਾਇਆ ਚੋਲੀ ਚੀਥੜਾ, ਮਨ ਮਤ ਬੁਧ ਕਰੇ ਬਬੇਕ । ਮਿਠਾ ਕਰੇ ਕੌੜਾ ਰੀਠੜਾ, ਆਪੇ ਜਾਣੇ ਆਪਣੀ ਰੀਤ । ਆਦਿ ਜੁਗਾਦੀ ਪਤਿਤ ਪੁਨੀਤੜਾ,

ਸਦਾ ਸੁਹੇਲਾ ਠਾਂਡਾ ਸੀਤ । ਗੁਰਮੁਖਾਂ ਦੇਵੇ ਨਾਮ ਇਕ ਅਨਡੀਠੜਾ, ਦਿਵਸ ਰੈਣ ਵਸੇ ਚੀਤ । ਮਾਨਸ ਜਨਮ ਹਰਿਜਨ ਵਿਰਲੇ ਜੀਤੜਾ, ਮਿਲਿਆ ਹਰਿ ਏਕਾ ਰੰਗ ਰੰਗਾਏ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ ਗੁਰੂਦਵਾਰ ਮੰਦਰ ਮਸਜਦ ਵਿਚ ਮਸੀਤ । ਗੁਰਮੁਖ ਮੰਦਰ ਸਚ ਦਵਾਰ, ਕਾਇਆ ਕਾਅਬਾ ਆਪ ਵਖਾਈਆ । ਪੁਰਖ ਅਬਿਨਾਸ਼ੀ ਨਿਰਗੁਣ ਧਾਰ, ਬੈਠਾ ਆਸਨ ਲਾਈਆ । ਅੱਠੇ ਪਹਿਰ ਵਾਜਾਂ ਰਿਹਾ ਮਾਰ, ਸ਼ਬਦ ਅਨਾਦੀ ਧੁਨ ਸੁਣਾਈਆ । ਆਪਣਾ ਨੇਤਰ ਆਪ ਉਘਾੜ, ਹਰਿਜਨ ਤੇਰਾ ਰਾਹ ਤਕਾਈਆ । ਆਤਮ ਸੇਜਾ ਸੁਤਾ ਕਰ ਪਿਆਰ, ਆਪ ਆਪਣੀ ਸੇਜ ਸੁਹਾਈਆ । ਆਸਨ ਸੋਲਾਂ ਕਲੀਆਂ ਕਰ ਸ਼ੰਗਾਰ, ਸੋਲਾਂ ਇਛਿਆ ਪੂਰ ਕਰਾਈਆ । ਨੇਤਰ ਲੋਚਲ ਨੈਣ ਕਿਸੇ ਨਾ ਦੀਸਾ ਵਿਚ ਸੰਸਾਰ, ਗੁਰਮੁਖ ਸਾਚੇ ਮੇਲ ਮਿਲਾਈਆ । ਪਾਵੇ ਭਿਛਿਆ ਹਰਿ ਨਿਰੰਕਾਰ, ਨਾਮ ਵਸਤ ਇਕ ਰਖਾਈਆ । ਸਿਖਿਆ ਸਿਖ ਸਿਖ ਉਤਰੇ ਪਾਰ, ਹਰਿਜਨ ਹਰਿ ਹਰਿ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣਾ ਨਾਉਂ ਧਰਾਈਆ । ਸਰਗੁਣ ਨਿਰਗੁਣ ਹਰਿ ਨਿਰੰਕਾਰ, ਰੂਪ ਅਗੰਮ ਅਪਾਰਾ । ਸਰਗੁਣ ਨਿਰਗੁਣ ਖੇਲ ਅਪਾਰ, ਆਵਨ ਜਾਵਨ ਪਤਿਤ ਪਾਵਨ ਖੇਲੇ ਖੇਲ ਵਿਚ ਸੰਸਾਰਾ ।



## ❊ ੨੯ ਮਘਰ ੨੦੧੬ ਬਿਕ੍ਰਮੀ ਜਲਾਲਾਬਾਦ ਊਧਮ ਸਿੰਘ ਦੇ ਘਰ ❊

ਸਤਿਗੁਰ ਪੂਰਾ ਹਰਿ ਹਰਿ ਸੱਜਣ, ਪਾਰਬ੍ਰਹਮ ਗੁਰ ਅਵਤਾਰਿਆ । ਗੁਰਮੁਖਾਂ ਚਰਨ ਧੂੜ ਕਰਾਏ ਸਾਚਾ ਮਜਨ, ਸਰ ਸਰੋਵਰ ਇਕ ਨੁਹਾ ਰਿਹਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਾਂਡਾ ਭਰਮ ਭੌ ਆਪ ਭੰਨਾ ਰਿਹਾ । ਅਨਹਦ ਤਾਲ ਨਗਾਰੇ ਵੱਜਣ, ਕਾਇਆ ਜੰਦਰ ਅੰਦਰ ਬੰਕ ਸੁਹਾ ਲਿਆ । ਨੇਤਰ ਨੈਣ ਨਾਮ ਪਾਏ ਕੱਜਲ, ਸਾਚਾ ਨੈਣ ਆਪ ਮਟਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਨ ਵੇਖ ਵਖਾ ਲਿਆ । ਹਰਿ ਹਰਿ ਸੱਜਣ ਗੁਰ ਚਰਨ ਧੂੜ, ਦੁਰਮਤ ਮੈਲ ਗਵਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਸਤਿਗੁਰ ਪੂਰਾ ਵਡ ਵਡਿਆਈਆ । ਵਸਣਹਾਰਾ ਨੇੜੇ ਦੂਰ, ਸਾਖਿਆਤ ਸਚ ਸਰੂਪੀ ਦਰਸ ਵਿਖਾਈਆ । ਨਾਤਾ ਤੋੜੇ ਕੂੜੇ ਕੂੜ, ਸਚ ਸੁਚ ਕਰੇ ਕੁੜਮਾਈਆ । ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਰ ਘਟ ਥਾਂ ਹੋਏ ਸਹਾਈਆ । ਦਾਤਾ ਦਾਨੀ ਵਡ ਜੋਧਾ ਸੂਰ, ਸ਼ਾਹ ਸੁਲਤਾਨ ਬੇਪਰਵਾਹੀਆ । ਆਤਮ ਅੰਤਰ ਬਖਸ਼ੇ ਏਕਾ ਨੂਰ, ਜੋਤੀ ਜੋਤ ਡਗਮਗਾਈਆ । ਆਸਾ ਮਨਸਾ ਜਾਏ ਪੂਰ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਈਆ । ਸਾਚਾ ਮਜਨ ਹਰਿ ਦੁਆਰ, ਗੁਰ ਸਤਿਗੁਰ ਆਪ ਕਰਾਇੰਦਾ । ਗੁਰਮੁਖ ਸਾਜਨ ਲਾਏ ਪਾਰ, ਸਾਚੇ ਬੇੜੇ ਆਪ ਚੜ੍ਹਾਇੰਦਾ । ਨਾਮ ਚੱਪੂ ਅਪਰ ਅਪਾਰ, ਨਿਰਗੁਣ ਆਪਣੇ ਹੱਥ ਰਖਾਇੰਦਾ । ਸਰਗੁਣ ਦੇਵੇ ਸਚ ਸਹਾਰ, ਸਾਚਾ ਮਾਰਗ ਇਕ ਵਖਾਇੰਦਾ । ਦੋ ਜਹਾਨਾ ਮੀਤ ਮੁਰਾਰ, ਆਪ ਆਪਣੇ ਅੰਗ ਲਗਾਇੰਦਾ । ਅੰਗੀਕਾਰ ਕਰ ਕਰਤਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਾਚਾ ਸੰਗੀ ਵਿਚ ਸੰਸਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਅੰਮ੍ਰਿਤ ਆਤਮ ਬਖਸ਼ੇ ਠੰਡੀ ਠਾਰ, ਨਿਝਰ ਧਾਰਾ ਮੁਖ ਚਵਾਇੰਦਾ । ਜੋਤੀ

ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਹਰਿ ਨਿਰੰਕਾਰ, ਗੁਰ ਸਤਿਗੁਰ ਆਪ ਮਿਲਾਈਆ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਬੈਠਾ ਆਸਣ ਲਾਈਆ । ਜੁਗਾ ਜੁਗੰਤਰ ਸਾਚੀ ਕਾਰ, ਜੁਗ ਕਰਤਾ ਆਪ ਕਮਾਈਆ । ਲੇਖਾ ਜਾਣੇ ਸਰਬ ਸੰਸਾਰ, ਲਿਖਣਹਾਰ ਦਿਸ ਨਾ ਆਈਆ । ਸੰਤ ਸੁਹੇਲੇ ਲਏ ਉਭਾਰ, ਬ੍ਰਹਮ ਮਤ ਇਕ ਸਮਝਾਈਆ । ਸ਼ਬਦ ਸੁਣਾਏ ਸਚ ਧੁਨਕਾਰ, ਰਾਗ ਅਨਾਦੀ ਇਕ ਅਲਾਈਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਬੂੰਦ ਸਵਾਂਤੀ ਠੰਡੀ ਠਾਰ, ਕਵਲ ਨਾਭੀ ਮੁਖ ਚੁਆਈਆ । ਇਕ ਇਕਾਂਤੀ ਜੋਤ ਨਿਰੰਕਾਰ, ਨਿਜ ਘਰ ਬੈਠਾ ਤਾੜੀ ਲਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਹਰਿ ਹਰਿ ਪੇਖਿਆ, ਘਰ ਮੰਦਰ ਖੋਲ੍ਹ ਕਿਵਾੜ । ਆਪੇ ਜਾਣੇ ਪੂਰਬ ਲੇਖਿਆ, ਲੇਖਾ ਲਿਖਣਹਾਰ ਆਪ ਗਿਰਧਾਰ । ਆਦਿ ਜੁਗਾਦੀ ਕਰ ਕਰ ਵੇਸਿਆ, ਕਰੇ ਖੇਲ ਅਗੰਮ ਅਪਾਰ । ਆਪੇ ਨਿਰਗੁਣ ਜੋਤ ਸਰਗੁਣ ਜੋਤੀ ਕਰੇ ਪ੍ਰਵੇਸਿਆ, ਜੋਤ ਜੋਤੀ ਦਏ ਅਧਾਰ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਘਰ ਸਚ ਮਹੱਲ ਮਨਾਰ । ਘਰ ਮਹੱਲਾ ਸਚ ਮਨਾਰਾ, ਹਰਿ ਸਾਚਾ ਆਪ ਉਪਾਇੰਦਾ । ਕਾਇਆ ਗੜ ਕਰ ਤਿਆਰ, ਅੰਦਰ ਵੜ ਵੇਖ ਵਿਖਾਇੰਦਾ । ਆਪਣੇ ਪੌੜੇ ਜਾਏ ਚੜ, ਆਪਣਾ ਡੰਡਾ ਹੱਥ ਉਠਾਇੰਦਾ । ਆਪਣੇ ਦਵਾਰੇ ਆਪੇ ਖੜ, ਆਪ ਆਪਣਾ ਰੂਪ ਵਟਾਇੰਦਾ । ਆਪਣਾ ਅੱਖਰ ਆਪੇ ਪੜ੍ਹ, ਆਪਣਾ ਰਾਗ ਅਲਾਇੰਦਾ । ਆਪਣਾ ਘਾੜਨ ਆਪੇ ਘੜ, ਆਪੇ ਵੇਖ ਵਖਾਇੰਦਾ । ਆਪ ਬੰਨਾਏ ਆਪਣੇ ਲੜ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਅੰਦਰ ਸਾਚੇ ਮੰਦਰ ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਤੇਰਾ ਸਚ ਮਹੱਲਾ, ਹਰਿ ਸਾਚਾ ਵੇਖ ਵਖਾਇੰਦਾ । ਆਵੇ ਜਾਵੇ ਇਕ ਅਕੱਲਾ, ਦੂਸਰ ਸੰਗ ਨਾ ਕੋਈ ਜਣਾਈਆ । ਸ਼ਬਦ ਅਗੰਮੀ ਫੜ ਫੜ ਭੱਲਾ, ਪੰਜਾਂ ਚੋਰਾਂ ਦਏ ਡਰਾਈਆ । ਵਸਣਹਾਰਾ ਨੇਹਚਲ ਧਾਮ ਅਟੱਲਾ, ਆਪ ਆਪਣੀ ਦਯਾ ਕਮਾਈਆ । ਸੁਰਤੀ ਸ਼ਬਦੀ ਆਪੇ ਰੱਲਾ, ਸੁਰਤ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਦਰ ਬੈਠਾ ਵੜ, ਸਚ ਸਿੰਘਾਸਨ ਆਸਨ ਲਾਈਆ । ਸਚ ਸਿੰਘਸਾਨ ਕਾਇਆ ਘਰ, ਹਰਿਜਨ ਆਪ ਸੁਹਾਇੰਦਾ । ਗੁਰਮੁਖ ਵਿਰਲੇ ਖੋਲ੍ਹੇ ਦਰ, ਦਰ ਦਰਵਾਜਾ ਵੇਖ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਆਪਣੀ ਕਲ ਵਰਤਾਇੰਦਾ । ਆਪ ਚੁਕਾਏ ਆਪਣਾ ਡਰ, ਸਗਲਾ ਭੈ ਜਗਤ ਮੁਕਾਇੰਦਾ । ਆਪ ਨੁਹਾਏ ਸਾਚੇ ਸਰ, ਹਰਿਜਨ ਕਾਗੋਂ ਹੰਸ ਬਣਾਇੰਦਾ । ਆਪ ਆਪਣੇ ਲਏ ਵਰ, ਜੁਗ ਜੁਗ ਸਾਚਾ ਕੰਤ ਅਖਵਾਇੰਦਾ । ਨਰ ਨਰਾਇਣ ਕਿਰਪਾ ਕਰ, ਗੁਰਮੁਖ ਨਾਰੀ ਮੇਲ ਮਿਲਾਇੰਦਾ । ਵਰ ਘਰ ਪਾਇਆ ਏਕਾ ਹਰਿ, ਵਿਛੜ ਕਦੇ ਨਾ ਜਾਇੰਦਾ । ਨਾ ਜਨਮੇ ਨਾ ਜਾਏ ਮਰ, ਮਾਤ ਗਰਭ ਨਾ ਫੇਰਾ ਪਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਦੋ ਦੋ ਹੱਥੀਂ ਸਕੇ ਨਾ ਕੋਈ ਫੜ, ਅੰਦਰ ਬੰਦ ਨਾ ਕੋਏ ਕਰਾਇੰਦਾ । ਆਦਿ ਜੁਗਾਦੀ ਇਕਉਂਕਾਰਾ ਹਰਿ ਨਿਰੰਕਾਰਾ ਆਪਣਾ ਖੇਲ ਆਪੇ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਰੰਗ ਰੰਗਾਇੰਦਾ । ਕਾਇਆ ਅੰਦਰ ਸਾਚਾ ਰੰਗ, ਸਤਿ ਪੁਰਖ ਨਿਰੰਜਨ ਆਪ ਚੜ੍ਹਾਇੰਦਾ । ਸਤਿਗੁਰ ਪੂਰਾ ਗੁਰ ਸਰਬੰਗ, ਆਪ ਆਪਣੀ ਕਲ ਵਰਤਾਇੰਦਾ । ਆਪਣੀ

ਭਿਛਿਆ ਆਪਣੇ ਕੋਲੋਂ ਮੰਗ, ਆਪਣੀ ਝੋਲੀ ਆਪ ਭਰਾਇੰਦਾ । ਆਪਣਾ ਵਜਾ ਆਪ ਮਰਦੰਗ, ਗੁਰਮੁਖ ਸੋਏ ਮਾਤ ਉਠਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਉਤਭੁਜ ਸੇਤਜ ਜੇਰਜ ਅੰਡ ਵੇਖ ਵਖਾਇੰਦਾ । ਆਪੇ ਪਾਵੇ ਸਾਰ ਨੌ ਖੰਡ, ਨੌ ਸਤ ਆਪੇ ਵੇਖ ਵਖਾਇੰਦਾ । ਆਪੇ ਵਸਣਹਾਰ ਵਿਚ ਬ੍ਰਹਿਮੰਡ, ਆਪੇ ਘਟ ਘਟ ਡੇਰਾ ਲਾਇੰਦਾ । ਆਪੇ ਨਾਰ ਦੁਹਾਗਨ ਹੋਏ ਰੰਡ, ਆਪੇ ਸਾਚਾ ਕੰਤ ਹੰਢਾਇੰਦਾ । ਆਪੇ ਪੰਚ ਵਿਕਾਰਾ ਕਰੇ ਖੰਡ ਖੰਡ, ਆਪੇ ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮੇਲ ਮਿਲਾਇੰਦਾ । ਆਪੇ ਨਾਮ ਖੰਡਾ ਤੇਜ ਚੰਡ ਪਰਚੰਡ, ਸਚ ਕਟਾਰ ਆਪਣਾ ਨਾਉਂ ਧਰਾਇੰਦਾ । ਆਪ ਆਪਣੀ ਪਾਏ ਵੰਡ, ਨਿਰਗੁਣ ਸਰਗੁਣ ਆਪਣਾ ਰਾਹ ਚਲਾਇੰਦਾ । ਆਪੇ ਤੋੜਨਹਾਰਾ ਦੂਈ ਦਵੈਤੀ ਝੂਠੀ ਕੰਧ, ਹਉਮੇ ਹੰਗਤਾ ਗੜ ਆਪ ਤੁੜਾਇੰਦਾ । ਆਪੇ ਸੁਣਾਏ ਸੁਹਾਗੀ ਛੰਦ, ਗੁਰਮੁਖ ਸਾਚੇ ਵੇਖ ਵਖਾਇੰਦਾ । ਆਪ ਸਮਾਏ ਪਰਮਾਨੰਦ, ਨਿਝ ਆਤਮ ਡੇਰਾ ਲਾਇੰਦਾ । ਆਪੇ ਕਰੇ ਪਰਕਾਸ਼ ਕੋਟਨ ਕੋਟ ਰਵ ਸਸ ਸੂਰਜ ਚੰਦ, ਪਰਕਾਸ਼ ਪਰਕਾਸ਼ ਆਪ ਸਮਾਇੰਦਾ । ਆਪੇ ਗੁਰਸਿਖਾਂ ਕਰੇ ਖੁਸ਼ੀ ਬੰਦ ਬੰਦ, ਬੰਦੀ ਤੋੜ ਨਾਮ ਧਰਾਇੰਦਾ । ਆਪੇ ਰਸਨਾ ਜੇਹਵਾ ਗਾਏ ਬੱਤੀ ਦੰਦ, ਘੁੰਗਟ ਮੁਖ ਆਪ ਰਖਾਇੰਦਾ । ਆਪੇ ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਭੇਵ ਨਾ ਆਇੰਦਾ । ਆਪੇ ਹੋਏ ਸਦਾ ਬਖਸ਼ਿੰਦ, ਬਖਸ਼ਣਹਾਰ ਆਪਣੀ ਬਖਿਸ਼ਸ਼ ਆਪ ਕਰਾਇੰਦਾ । ਜੋਤੀ ਜੋਤ ਸੂਰਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਮੰਦਰ ਆਪ ਸੁਹਾਇੰਦਾ । ਗੁਰਮੁਖ ਘਰ ਸਚ ਟਿਕਾਨਾ, ਘਰ ਘਰ ਵਿਚ ਆਪ ਬਣਾਇਆ । ਅੰਦਰ ਬੈਠ ਸ੍ਰੀ ਭਗਵਾਨਾ, ਸਾਚਾ ਤਖਤ ਰਿਹਾ ਸੁਹਾਇਆ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਏਕੰਕਾਰਾ ਆਪ ਅਖਵਾਇਆ ।
੩੨ ਆਪੇ ਜਾਣੇ ਆਪਣਾ ਗਾਣਾ, ਦੂਸਰ ਹੱਥ ਕਿਸੇ ਨਾ ਆਇਆ । ਸਤਿ ਸਰੂਪੀ ਇਕ ਬਬਾਨਾ, ਗੁਰ ਸ਼ਬਦੀ ਨਾਉਂ ਧਰਾਇਆ । ਆਵੇ ਜਾਵੇ ਦੋ ਜਹਾਨਾ, ਨਿਰਗੁਣ ਆਪਣਾ ਪੰਧ ਮੁਕਾਇਆ । ਲੋਕਮਾਤ ਵੇਖੇ ਮਾਰ ਧਿਆਨਾ, ਹਰਿਜਨ ਸਾਚੇ ਵੇਖ ਵਖਾਇਆ । ਰਾਗੀ ਨਾਦੀ ਦੇਵੇ ਇਕ ਤਰਾਨਾ, ਆਤਮ ਅੰਤਰ ਆਪ ਸੁਣਾਇਆ । ਸਚ ਵਖਾਏ ਪਦ ਨਿਰਬਾਨਾ, ਪਰਮ ਪੁਰਖ ਵਡ ਵਡਿਆਇਆ । ਗੁਰਸਿਖਾਂ ਬੰਨੇ ਹੱਥੀਂ ਗਾਨਾ, ਏਕਾ ਤੰਦਨ ਡੋਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਕਾਇਆ ਮੰਦਰ ਸਚ ਦਰਵਾਜ਼ਾ, ਹਰਿ ਸਤਿਗੁਰ ਆਪ ਖੁਲਾਈਆ । ਦਰਸ ਵਖਾਏ ਗਰੀਬ ਨਿਵਾਜਾ, ਘਰ ਵਜਦੀ ਰਹੇ ਵਧਾਈਆ । ਨਾਲ ਰਲਾਏ ਅਨਹਦ ਵਾਜਾ, ਧੁਨੀ ਧੁਨ ਵਿਚ ਸਮਾਈਆ । ਜੁਗਾ ਜੁਗੰਤਰ ਫਿਰੇ ਭਾਜਾ, ਗੁਰਮੁਖ ਢੂੰਡੇ ਥਾਉਂ ਥਾਈਆ । ਸਚਖੰਡ ਨਿਵਾਸੀ ਦਾਸਨ ਦਾਸ ਆਪ ਆਪਣੀ ਮਾਰੇ ਵਾਜਾ, ਆਪ ਆਪਣੀ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਉਠਿਆ ਨੌਜਵਾਨ, ਗੁਰ ਸਤਿਗੁਰ ਆਪ ਉਠਾਇਆ । ਇਕ ਸੁਣਾਇਆ ਧੁਰ ਫੁਰਮਾਨ, ਸਾਚਾ ਸੋਹਲਾ ਮੰਗਲ ਗਾਇਆ । ਅੰਮ੍ਰਿਤ ਦਿਤਾ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਬੁਝਾਇਆ । ਨਾਮ ਸੁਣਾਇਆ ਸਾਚਾ ਕਾਨ, ਬਜਰ ਕਪਾਟੀ ਤੋੜ ਤੁੜਾਇਆ । ਮੰਦਰ ਵਖਾਇਆ ਸਚ ਮਕਾਨ, ਥਿਰ ਘਰ ਵਾਸੀ ਡੇਰਾ ਲਾਇਆ । ਧਰਮ ਵਖਾਇਆ ਸਚ ਨਿਸ਼ਾਨ, ਸਾਚੇ ਮੰਦਰ ਆਪ ਝੁਲਾਇਆ । ਤਖਤ ਵਖਾਇਆ ਸ੍ਰੀ ਭਗਵਾਨ, ਤਖਤ ਨਿਵਾਸੀ ਡੇਰਾ ਲਾਇਆ । ਦੇਵਣਹਾਰਾ ਧੁਰ ਫ਼ਰਮਾਨ, ਸਚਖੰਡ ਬੈਠਾ ਸੋਭਾ ਪਾਇਆ । ਜੁਗ ਜੁਗ ਖੇਲੇ ਖੇਲ ਮਹਾਨ, ਨਿਰਗੁਣ ਸਰਗੁਣ ਵੇਸ

ਵਟਾਇਆ । ਲੋਕਮਾਤ ਹੋਏ ਪਰਧਾਨ, ਆਪ ਆਪਣਾ ਨਾਉਂ ਧਰਾਇਆ । ਆਪੇ ਸੀਤਾ ਆਪੇ ਰਾਮ, ਆਪੇ ਕਾਹਨਾ ਵੇਸ ਵਟਾਇਆ । ਆਪੇ ਨਾਨਕ ਗੋਬਿੰਦ ਕਰ ਪਰਨਾਮ, ਆਪ ਆਪਣਾ ਸੀਸ ਝੁਕਾਇਆ । ਆਪੇ ਵਸਿਆ ਸਾਚੇ ਨਗਰ ਗਰਾਮ, ਸਾਚਾ ਮੰਦਰ ਆਪ ਸੁਹਾਇਆ । ਆਪੇ ਕਰੇ ਪ੍ਰਕਾਸ਼ ਕੋਟਨ ਭਾਨ, ਅੰਧ ਅੰਧੇਰ ਆਪੇ ਡੇਰਾ ਲਾਇਆ । ਆਪੇ ਜਨ ਭਗਤਾਂ ਦੇਵੇ ਸਾਚਾ ਦਾਨ, ਦਾਤਾ ਦਾਨੀ ਨਾਉਂ ਧਰਾਇਆ । ਆਪੇ ਚਰਨ ਧੂੜੀ ਬਖਸ਼ੇ ਸਚਾ ਅਸ਼ਨਾਨ, ਗੁਰਸਿਖ ਤੀਰਥ ਨਹਾਵਨ ਕੋਇ ਨਾ ਜਾਇਆ । ਦਰ ਘਰ ਸਾਚੇ ਦੇਵੇ ਮਾਣ, ਮਾਣ ਨਿਮਾਣਿਆਂ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕ੍ਰਿਪਾ ਕਰ, ਗੁਰਮੁਖ ਮੇਲਾ ਸਹਿਜ ਸਭਾਇਆ । ਸਹਿਜ ਸੁਭਾ ਹਰਿ ਹਰਿ ਪਾਇਆ, ਘਰ ਆਤਮ ਵੱਜੀ ਵਧਾਈਆ । ਘਰ ਸਖੀਆਂ ਮੰਗਲ ਏਕਾ ਗਾਇਆ, ਗੀਤ ਸੁਹਾਗੀ ਇਕ ਅਲਾਈਆ । ਸਾਚਾ ਸੱਜਣ ਵੇਖਣ ਆਇਆ, ਨਿਰਗੁਣ ਆਪਣਾ ਵੇਸ ਵਟਾਈਆ । ਦੋ ਜਹਾਨੀ ਲਾਜ ਰੱਖਣ ਆਇਆ, ਲਾਜਾਵੰਤ ਬੇਪਰਵਾਹੀਆ । ਗੁਰਸਿਖਾਂ ਪੜਦਾ ਕੱਜਣ ਆਇਆ, ਕਲਜੁਗ ਮੇਟੇ ਝੂਠੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਖੋਜ ਖੁਜਾਈਆ । ਗੁਰਮੁਖ ਸਾਜਨ ਹਰਿ ਹਰਿ ਪਾਇਆ, ਆਤਮ ਅੰਤਰ ਪੀਰ । ਘਰ ਮੰਦਰ ਸਾਚਾ ਬੰਕ ਸੁਹਾਇਆ, ਚੋਟੀ ਚੜ੍ਹ ਅਖੀਰ । ਸਾਚੀ ਰੰਗਨ ਨਾਮ ਰੰਗਾਇਆ, ਹਉਮੇ ਹੰਗਤਾ ਕੱਟੇ ਜ਼ੰਜ਼ੀਰ । ਦੂਜੇ ਦਰ ਨਾ ਮੰਗਨ ਜਾਇਆ, ਘਰ ਬਖਸ਼ੇ ਅੰਮ੍ਰਿਤ ਠਾਂਡਾ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਸਾਚੀ ਧੀਰ । ਗੁਰਮੁਖ ਧੀਰਜ ਸਾਚਾ ਜਤ, ਸਤਿ ਸੰਤੋਖ ਆਪ ਰਖਾਈਆ । ਆਤਮ ਅੰਤਰ ਏਕਾ ਮਤ, ਬ੍ਰਹਮ ਮਤ ਵੱਡੀ ਵਡਿਆਈਆ । ਹਰਿ ਸ਼ਬਦ ਪ੍ਰੀਤੀ ਸਾਚਾ ਤਤ, ਤਤਵ ਤਤ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਰਹਿਣ ਨਾ ਪਾਈਆ । ਚਰਨ ਕਵਲ ਬੰਧਾਏ ਨਤ, ਨਾ ਕੋਈ ਤੋੜੇ ਤੋੜ ਤੁੜਾਈਆ । ਵਸਣਹਾਰਾ ਘਟ ਘਟ, ਘਰ ਬੈਠਾ ਜੋਤ ਕਰ ਰੁਸ਼ਨਾਈਆ । ਲਹਿਣਾ ਦੇਣਾ ਚੁਕਾਏ ਤੀਰਥ ਤਟ, ਗੰਗਾ ਗੁਦਾਵਰੀ ਜਮਨਾ ਸੁਰਸਤੀ ਗੁਰਸਿਖ ਤੇਰੇ ਚਰਨਾਂ ਹੇਠ ਵਗਾਈਆ । ਇਕ ਜਣਾਏ ਪੂਜਾ ਪਾਠ, ਸੋਹੰ ਅੱਖਰ ਸਚ ਪੜ੍ਹਾਈਆ । ਕਲਜੁਗ ਤੇਰਾ ਝੂਠਾ ਘਾਟ, ਕਲਜੁਗ ਜੀਵਾਂ ਰਿਹਾ ਰੁੜ੍ਹਾਈਆ । ਸਤਿਜੁਗ ਨੇੜੇ ਆਈ ਵਾਟ, ਚੁਕਿਆ ਪੰਧ ਜਾਂਦੇ ਰਾਹੀਆ । ਗੁਰਸਿੱਖਾਂ ਪੂਰਾ ਕਰੇ ਘਾਟ, ਏਕਾ ਨੇਤਰ ਦਰਸ ਵਖਾਈਆ । ਮੇਲ ਮਿਲਾਵਾ ਆਤਮ ਖਾਟ, ਸਚ ਸੁਹੰਝਣੀ ਸੇਜ ਵਿਛਾਈਆ । ਨਿਰਗੁਣ ਜੋਤੀ ਲਾਟ ਲਾਟ, ਅੱਠੇ ਪਹਿਰ ਕਰੇ ਰੁਸ਼ਨਾਈਆ । ਆਪ ਖੁਲ੍ਹਾਏ ਸਾਚਾ ਹਾਟ, ਚੌਦਾਂ ਲੋਕ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਵੇਖ ਵਿਖਾਈਆ । ਗੁਰਮੁਖ ਸੱਜਣ ਟੋਲਿਆ, ਗੁਰ ਸਤਿਗੁਰ ਕਰ ਵਿਚਾਰ । ਘਰ ਅੰਦਰ ਬਹਿ ਬਹਿ ਬੋਲਿਆ, ਖੋਲ੍ਹਿਆ ਬੰਦ ਕਿਵਾੜ । ਨਾਮ ਕੰਡੇ ਸਾਚੇ ਤੋਲਿਆ, ਤੋਲਣਹਾਰਾ ਆਪ ਨਿਰੰਕਾਰ । ਸਚ ਦਵਾਰਾ ਏਕਾ ਖੋਲ੍ਹਿਆ, ਚਾਰ ਵਰਨ ਕਰੇ ਪਿਆਰ । ਗੁਰਸਿਖਾਂ ਉਤੋਂ ਆਪ ਆਪਣਾ ਆਪੇ ਘੋਲਿਆ, ਆਪ ਆਪਾ ਆਪੇ ਵਾਰ । ਆਪੇ ਬਦਲਿਆ ਆਪਣਾ ਚੋਲਿਆ, ਕਲਜੁਗ ਤੇਰੀ ਅੰਤਮ ਪਾਵੇ ਸਾਰ । ਆਦਿ ਜੁਗਾਦਿ ਕਦੇ ਨਾ ਡੋਲਿਆ, ਨਾਉਂ ਰਖਾਏ ਨਿਹਕਲੰਕ ਅਵਤਾਰ । ਗੁਰਸਿਖਾਂ ਦਵਾਰੇ ਹੋਏ ਆਪੇ ਗੋਲਿਆ, ਸੇਵਕ ਸੇਵਾ ਕਰੇ ਅਪਰ ਅਪਾਰ । ਮਨਮੁਖ ਨਾਲ ਕਦੇ ਨਾ ਬੋਲਿਆ, ਡੂੰਘੀ ਭਵਰੀ ਸੁੱਤਾ ਪੈਰ ਪਸਾਰ । ਗੁਰਸਿੱਖਾਂ ਸੰਗ ਖੇਲੇ ਸਾਚੀ ਹੋਲਿਆ, ਲਾਲ ਗੁਲਾਲਾ ਰੰਗ ਚਾੜ੍ਹੇ ਆਪ

੩੩

ਕਰਤਾਰ । ਸਚ ਮਜੀਠੀ ਰੰਗੇ ਚੋਲਿਆ, ਰੰਗ ਉਤਰੇ ਨਾ ਦੂਜੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਲਏ ਉਭਾਰ । ਗੁਰਮੁਖ ਸਾਜਨ ਜਨ ਬਲਵੰਤ, ਬਲ ਬਲ ਬਲਹਾਰਿਆ । ਹਰਿ ਪਾਇਆ ਏਕਾ ਸਾਚਾ ਕੰਤ, ਸੋਭਾਵੰਤ ਹੋਈ ਨਾਰੀਆ । ਨਾਤਾ ਤੁਟਾ ਜੀਵ ਜੰਤ, ਸਾਧ ਸੰਤ ਭਰੇ ਭੰਡਾਰਿਆ । ਗੁਰਮੁਖ ਤੇਰੀ ਮਹਿਮਾ ਅਗਣਤ, ਵੇਦ ਕਤੇਬ ਸਰਬ ਪੁਕਾਰਿਆ । ਤੇਰੀ ਆਤਮ ਅੰਤਰ ਏਕਾ ਮਣੀਆ ਮੰਤ, ਸ਼ਬਦ ਨਾਦ ਇਕ ਅਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਹਰਿਜਨ ਹਰਿ ਹਰਿ ਜਾਣਿਆਂ, ਪਰਮ ਪੁਰਖ ਕਰਤਾਰ । ਸਦ ਚਲੇ ਸਾਚੇ ਭਾਣਿਆਂ, ਨਿਉਂ ਨਿਉਂ ਜੋੜ ਕਰੇ ਨਿਮਸਕਾਰ । ਮਾਣ ਗਵਾਏ ਰਾਜੇ ਰਾਣਿਆਂ, ਗਰੀਬ ਨਿਮਾਣਿਆਂ ਲਾਏ ਪਾਰ । ਦਰਗਾਹ ਸਾਚੀ ਦੇਵੇ ਮਾਣਿਆਂ, ਫੜ ਫੜ ਬਾਹੋਂ ਜਾਏ ਤਾਰ । ਕਿਸੇ ਹੱਥ ਨਾ ਆਏ ਸੁਘੜ ਸਿਆਣਿਆਂ, ਵਡ ਵਿਦਵਾਨੀ ਰਹੇ ਵਿਚਾਰ । ਜਿਸ ਜਨ ਹੋਏ ਆਪ ਪ੍ਰਵਾਨਿਆਂ, ਦੇਵੇ ਦਰਸ ਅਗੰਮ ਅਪਾਰ । ਸ਼ਬਦ ਨਿਸ਼ਾਨਾ ਮਾਰੇ ਕਾਨੀਆ, ਮੁਖੀ ਤਿਖੀ ਅਪਰ ਅਪਾਰ । ਆਪੇ ਜਾਣੇ ਆਪਣੀ ਅਕਥ ਕਹਾਣੀਆਂ, ਕਥਨੀ ਕਥਾ ਨਾ ਪਾਵੇ ਸਾਰ । ਆਪੇ ਸ਼ਬਦ ਨਾਦ ਧੁਨ ਬਾਣੀਆਂ, ਆਪੇ ਗਾਵਣਹਾਰ । ਆਪੇ ਵਸੇ ਪਦ ਨਿਰਬਾਨੀਆਂ, ਆਪੇ ਘਟ ਘਟ ਜੋਤ ਪਸਾਰ । ਆਪੇ ਦਾਤਾ ਦਾਨੀਆਂ, ਆਪੇ ਦਰ ਦਰ ਬਣੇ ਭਿਖਾਰ । ਆਪੇ ਗੁਰਸਿੱਖ ਬਣਾਏ ਸਾਚੀ ਰਾਣੀਆਂ, ਹਰਿ ਜੂ ਆਪੇ ਹੋਏ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕ੍ਰਿਪਾ ਕਰ, ਗੁਰਮੁਖ ਮੇਲੇ ਵਿਚ ਸੰਸਾਰ । ਗੁਰਮੁਖ ਸੱਜਣ ਸੁਹੇਲਿਆ, ਹਰਿ ਸਤਿਗੁਰ ਸਾਚੇ ਮੀਤ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ, ਆਦਿ ਜੁਗਾਦੀ ਠੰਡਾ ਸੀਤ । ਆਪੇ ਵਸੇ ਰੰਗ ਨਵੇਲਿਆ, ਆਪੇ ਕਰੇ ਵਸੇਰਾ ਹਸਤ ਕੀਟ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਆਪ ਚਲਾਏ ਆਪਣੀ ਰੀਤ । ਗੁਰਮੁਖਾਂ ਧਰਮ ਰਾਏ ਦੀ ਕੱਟੇ ਜੇਲਿਆ, ਕਰੇ ਕਰਾਏ ਪਤਿਤ ਪੁਨੀਤ । ਦਰ ਘਰ ਸਾਚੇ ਚਾੜ੍ਹੇ ਤੇਲਿਆ, ਮਾਨਸ ਜਨਮ ਹਰਿਜਨ ਜਾਏ ਜੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦ ਬੈਠਾ ਰਹੇ ਅਤੀਤ । ਤ੍ਰੈਗੁਣ ਅਤੀਤਾ ਹਰਿ ਨਿਰੰਕਾਰ, ਸਾਰਿੰਗ ਧਰ ਆਪ ਅਖਵਾਇਆ । ਪਰਖੇ ਨੀਤਾ ਸਰਬ ਸੰਸਾਰ, ਸਾਲਸ ਸਾਲਸੀ ਸਚ ਕਮਾਇਆ । ਲਖ ਚੁਰਾਸੀ ਵੇਖ ਵਿਚਾਰ, ਗੁਰਮੁਖ ਸਾਚੇ ਲਏ ਜਗਾਇਆ । ਜਮ ਕੀ ਫਾਸੀ ਗਲੋਂ ਲਾਹੇ ਹਾਰ, ਤਨ ਬਸਤਰ ਨਾਮ ਪਹਿਨਾਇਆ । ਰਸਨ ਸਵਾਸ ਕਰ ਪਿਆਰ, ਆਤਮ ਰਾਸ ਦਏ ਵਖਾਇਆ । ਜੋਤ ਪ੍ਰਕਾਸ਼ ਹਰਿ ਨਿਰੰਕਾਰ, ਸਚਖੰਡ ਨਿਵਾਸੀ ਫੇਰਾ ਪਾਇਆ । ਪ੍ਰਿਥਮੀ ਆਕਾਸ਼ ਦਏ ਅਧਾਰ, ਮੰਡਲ ਮੰਡਪ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਊਰਧ ਕਵਲ ਆਪ ਬਿਗਸਾਇਆ । ਊਰਧ ਕਵਲ ਨੈਣ ਮੰਧਾਰੀ, ਆਪਣਾ ਮੂੰਧ ਮੁਧਾਇਆ । ਅੰਮ੍ਰਿਤ ਝਿਰਨਾ ਅਪਰ ਅਪਾਰੀ, ਨਿਝ ਆਤਮ ਆਪ ਝਿਰਾਇਆ । ਆਪੇ ਸੀਤਲ ਸਤਿ ਠੰਡੀ ਠਾਰੀ, ਅਗਨੀ ਤਤ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿ ਸਤਿਗੁਰ ਪੂਰਾ ਦੀਨ ਦਇਆਲ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਫੜ ਬਾਂਹੋ ਗਲੇ ਲਗਾਇੰਦਾ । ਲੱਖ ਚੁਰਾਸੀ ਤੋੜ ਜੰਜਾਲ, ਆਵਨ ਜਾਵਨ ਗੇੜ ਕਟਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਸਚ ਖਜੀਨਾ ਇਕ ਭਰਾਇੰਦਾ । ਆਪੇ ਸੁਣਾਏ ਸਾਚਾ ਤਾਲ, ਸਚ ਮਰਦੰਗਾ ਇਕ ਵਜਾਇੰਦਾ । ਸੰਤ ਸੁਹੇਲੇ ਜੁਗ ਜੁਗ ਭਾਲ, ਆਪ ਆਪਣਾ ਰੰਗ ਚੜ੍ਹਾਇੰਦਾ ।

ਵਸ ਰਖਾਏ ਕਾਲ ਮਹਾਂਕਾਲ, ਕਾਲ ਮਹਾਂਕਾਲ ਆਪ ਹੋ ਜਾਇੰਦਾ । ਜਨ ਭਗਤਾਂ ਬਣੇ ਲੋਕਮਾਤ ਦਲਾਲ, ਰੂਪ ਅਨੂਪਾ ਵੇਸ ਵਟਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਸੇਵਕ ਸਾਚੀ ਸੇਵ ਕਮਾਇੰਦਾ । ਊਧਮ ਸਿੰਘ ਸਿੰਘ ਸਤਿਗੁਰ ਲਏ ਭਾਲ, ਆਪ ਆਪਣੇ ਅੰਗ ਲਗਾਇੰਦਾ । ਫਲ ਲਗਾਏ ਪਤ ਪਤ ਡਾਲ੍ਹ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਕਾਇਆ ਮੰਦਰ ਬਣਾਏ ਸਚੀ ਧਰਮਸਾਲ, ਗੁਰਦਵਾਰਾ ਇਕ ਵਖਾਇੰਦਾ । ਅੰਦਰ ਬੈਠਾ ਦੀਨ ਦਇਆਲ, ਨਿਤ ਨਵਿਤ ਦਯਾ ਕਮਾਇੰਦਾ । ਨਾ ਸ਼ਾਹ ਨਾ ਕੰਗਾਲ, ਮਨ ਇਛਿਆ ਫਲ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਜੁਗ ਆਪ ਆਪਣਾ ਵੇਸ ਧਰਾਇੰਦਾ ।

### ❋ ੨੯ ਮੱਘਰ ੨੦੧੯ ਬਿਕ੍ਰਮੀ ਰਾਮਪੁਰ ਮਾਸਟਰ ਸੋਹਣ ਸਿੰਘ ਦੇ ਘਰ ❋

ਗੁਰਮੁਖ ਰਤਨ ਅਨਮੋਲ, ਹਰਿ ਗੋਬਿੰਦ ਆਪ ਉਪਾਇੰਦਾ । ਬੰਦ ਦਵਾਰਾ ਸਾਚਾ ਖੋਲ੍ਹ, ਘਰ ਸਾਚੇ ਆਪ ਟਿਕਾਇੰਦਾ । ਸ਼ਬਦ ਅਗੰਮੀ ਕੰਡੇ ਤੋਲ, ਕੀਮਤ ਕਰਤਾ ਆਪੇ ਪਾਇੰਦਾ । ਲੱਖ ਚੁਰਾਸੀ ਲਏ ਵਰੋਲ, ਹਰਿਜਨ ਸਾਚਾ ਵੇਖ ਵਖਾਇੰਦਾ । ਆਪਣੀ ਧਾਰਨ ਆਪੇ ਬੋਲ, ਆਪਣਾ ਵਾਕ ਸੁਣਾਇੰਦਾ । ਲੇਖਾ ਜਾਣੇ ਕਾਇਆ ਚੋਲ, ਆਪਣਾ ਚੋਲਾ ਆਪ ਬਦਲਾਇੰਦਾ । ਆਦਿ ਜੁਗਾਦਿ ਰਹੇ ਅਡੋਲ, ਗੁਰਮੁਖ ਸਦਾ ਅਡੋਲ ਰਖਾਇੰਦਾ । ਸਦਾ ਅਤੀਤਾ ਵਸੇ ਕੋਲ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਣਕ ਵੇਖ ਵਖਾਇੰਦਾ । ਗੁਰਮੁਖ ਹੀਰਾ ਸਾਚਾ ਲਾਲ, ਹਰਿ ਸਾਚੇ ਆਪ ਉਪੰਨਿਆ । ਦੋ ਜਹਾਨੀ ਬਣੇ ਦਲਾਲ, ਸਤਿਗੁਰ ਪੂਰਾ ਏਕਾ ਮੰਨਿਆ । ਦੇਵੇ ਨਾਮ ਸੱਚਾ ਧਨ ਮਾਲ, ਜਨ ਜਨਣੀ ਏਕਾ ਜਣਿਆ । ਆਪਣੀ ਘਾਲਣ ਆਪੇ ਘਾਲ, ਆਪਣਾ ਬੇੜਾ ਆਪੇ ਬੰਨਿਆ । ਬਿਰਹੋਂ ਤੀਰ ਨਿਰਾਲਾ ਮਾਰੇ ਬਾਣ, ਕਾਇਆ ਗੜ੍ਹ ਆਪੇ ਵਿੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਭਿੰਨਿਆਂ । ਭਿੰਨੜਾ ਰੰਗ ਮਿੱਠਾ ਰਸ, ਹਰਿਜਨ ਹਰਿ ਹਰਿ ਆਪ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਦੇਵਣਹਾਰਾ ਬਤੀਸ ਬਤੀਸ, ਦੇਂਦਿਆਂ ਦੇ ਤੋਟ ਨਾ ਆਇੰਦਾ । ਮੇਲ ਮਿਲਾਵਾ ਨੱਸ ਨੱਸ, ਦੋ ਜਹਾਨਾਂ ਪੰਧ ਮੁਕਾਇੰਦਾ । ਹਿਰਦੇ ਅੰਦਰ ਵਸ ਵਸ, ਆਪ ਆਪਣਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਿਖਾਇੰਦਾ । ਲਾਲ ਅਨਮੁਲੜਾ ਗੁਰਮੁਖ ਹੀਰਾ, ਗੁਰ ਸਤਿਗੁਰ ਹੱਟ ਵਕਾਇੰਦਾ । ਪੁਰਖ ਅਬਿਨਾਸ਼ੀ ਗਹਿਰ ਗੰਭੀਰਾ, ਆਪਣੇ ਤੱਕੜ ਆਪ ਤੁਲਾਇੰਦਾ । ਲੱਖ ਚੁਰਾਸੀ ਕੀਮਤ ਰੱਖੇ ਨਾ ਇਕ ਕਸੀਰਾ, ਗੁਰਸਿੱਖ ਮੁੱਲ ਨਾ ਕੋਈ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਵਿਖਾਇੰਦਾ । ਗੁਰਮੁਖ ਸੱਜਣ ਲਾਏ ਅੰਗ, ਅੰਗੀਕਾਰ ਆਪ ਅਖਵਾਈਆ । ਵਡ ਦਾਤਾ ਸੂਰਾ ਸਰਬੰਗ, ਸਰਬ ਕਲ ਵਡ ਵਡਿਆਈਆ । ਹਰਿਜਨ ਮੰਦਰ ਜਾਏ ਲੰਘ, ਨਿਝ ਆਤਮ ਖੋਲ੍ਹ ਖੁਲਾਈਆ । ਸਾਚੀ ਵਸਤ ਏਕਾ ਮੰਗ, ਆਪਣੀ ਭਿਛਿਆ ਵੇਖ ਵਖਾਈਆ । ਨਜ਼ਰ ਨਾ ਆਏ ਜਲ ਤਰੰਗ, ਭਵਰੀ ਭਵਰ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਸਾਚੇ ਘਰ ਸਮਾਈਆ । ਘਰ ਸਚਾ ਸਮਰਥ, ਹਰਿ ਹਰਿ ਆਪ ਉਪਾਇਆ । ਆਪਣੀ ਮਹਿਮਾ ਜਾਣੇ ਅਕਥ, ਲੇਖਾ ਆਪਣੇ

ਹੱਥ ਰਖਾਇਆ । ਗੁਰਮੁਖ ਮਾਰਗ ਸਾਚਾ ਦੱਸ, ਆਪ ਆਪਣਾ ਮੇਲ ਮਿਲਾਇਆ । ਤ੍ਰੈਗੁਣ ਮਾਇਆ ਨਾ ਸਕੇ ਡੱਸ, ਪੰਜ ਵਿਕਾਰ ਨਾ ਹੋਏ ਹਲਕਾਇਆ । ਨਿਝਰ ਦੇਵੇ ਸਾਚਾ ਰਸ, ਰਸਕ ਰਸਕ ਰਸਕ ਆਪ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਘਰ ਮੰਦਰ ਡੇਰਾ ਲਾਇਆ । ਮੰਦਰ ਅੰਦਰ ਹਰਿ ਨਿਰੰਕਾਰਾ, ਨਿਰਗੁਣ ਆਪਣਾ ਰੂਪ ਰਖਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਘਟ ਮੰਦਰ ਵੇਖ ਵਿਖਾਇੰਦਾ । ਸਾਚਾ ਨਾਦ ਸ਼ਬਦ ਧੁਨਕਾਰਾ, ਨਾਦ ਅਨਾਦੀ ਆਪ ਵਜਾਇੰਦਾ । ਸਰ ਸਰੋਵਰ ਠੰਡਾ ਠਾਰਾ, ਅੰਮ੍ਰਿਤ ਜਾਮ ਪਿਆਲਾ ਭਰ ਪਿਆਇੰਦਾ । ਆਪੇ ਵਸੇ ਸਭ ਤੋਂ ਬਾਹਿਰਾ, ਆਪ ਆਪਣਾ ਖੇਲ ਖਿਲਾਇੰਦਾ । ਮੰਦਰ ਅੰਦਰ ਰਾਜ ਦਵਾਰਾ, ਰਾਜ ਜੋਗੀਸ਼ਰ ਆਪਣਾ ਆਸਨ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜਨ ਜਨ ਹਰਿ ਜੁਗ ਜੁਗ ਜੁਗ ਜੁਗ ਜਨ ਆਪਣੇ ਲੇਖੇ ਲਾਇੰਦਾ ।

### ੨੬ ਮੱਘਰ ੨੦੧੬ ਬਿਕ੍ਰਮੀ ਪਿੰਡ ਕੱਲਾ ਹਰੀ ਸਿੰਘ ਦੇ ਘਰ

ਸੋ ਪੁਰਖ ਨਿਰੰਜਨ ਹਰਿ ਭਗਵੰਤ, ਆਦਿ ਜੁਗਾਦਿ ਸਮਾਈਆ । ਹਰਿ ਪੁਰਖ ਨਿਰੰਜਨ ਸਾਚਾ ਕੰਤ, ਨਿਰਗੁਣ ਦਾਤਾ ਬੇਪ੍ਰਵਾਹੀਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਜਣਾਈਆ । ਆਦਿ ਨਿਰੰਜਨ ਧਾਮ ਸੁਹੰਤ, ਨਿਰਗੁਣ ਦੀਪਕ ਬਾਤੀ ਜੋਤੀ ਡਗਮਗਾਈਆ । ਸ੍ਰੀ ਭਗਵਾਨ ਬਣਾਏ ਬਣਤ, ਬਸਨ ਬਨਵਾਰੀ ਆਪ ਅਖਵਾਈਆ । ਅਬਿਨਾਸ਼ੀ ਕਰਤਾ ਖੇਲ ਖਿਲੰਤ, ਖੇਲਣਹਾਰਾ ਦਿਸ ਨਾ ਆਈਆ । ਪਾਰਬ੍ਰਹਮ ਨਾ ਕੋਈ ਰੂਪ ਨਾ ਕੋਈ ਰੰਗ, ਰੇਖ ਭੇਖ ਨਾ ਕੋਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਹਰਿ ਨਿਰੰਕਾਰਾ, ਜੂਨੀ ਰਹਿਤ ਨਾਉਂ ਧਰਾਈਆ । ਜੂਨੀ ਰਹਿਤ ਪੁਰਖ ਅਕਾਲਾ, ਅਗੰਮ ਅਗੰਮੜਾ ਧਾਮ ਸੁਹਾਇੰਦਾ । ਆਦਿ ਜੁਗਾਦੀ ਦੀਨ ਦਿਆਲਾ, ਅਨੁਭਵ ਪਰਕਾਸ਼ ਸਮਾਇੰਦਾ । ਆਪੇ ਚਲੇ ਅਵਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇੰਦਾ । ਬ੍ਰਹਮ ਬ੍ਰਹਮਾਦੀ ਖੇਲ ਨਿਰਾਲਾ, ਪਾਰਬ੍ਰਹਮ ਭੇਵ ਨਾ ਆਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਨਿਰਗੁਣ ਦੀਪਕ ਸਾਚਾ ਬਾਲਾ, ਪ੍ਰਕਾਸ਼ ਪ੍ਰਕਾਸ਼ ਉਪਾਇੰਦਾ । ਨਿਰਗੁਣ ਅਤੀਤ ਸ਼ਾਹ ਕੰਗਾਲਾ, ਰਾਜ ਰਾਜਾਨਾ ਆਪ ਅਖਵਾਇੰਦਾ । ਵਸਣਹਾਰਾ ਧਾਮ ਨਿਰਾਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਅਗੰਮੀ ਇਕ ਇਕ ਤਰਾਨਾ, ਧੁਨ ਅਨਾਦੀ ਨਾਦ ਵਜਾਇੰਦਾ । ਆਪ ਆਪਣੀ ਕਰੇ ਪਛਾਨਾ, ਆਪ ਆਪਣਾ ਭੇਵ ਖੁਲਾਇੰਦਾ । ਆਪੇ ਦੇਵੇ ਆਪਣਾ ਦਾਨਾ, ਆਪਣੀ ਭਿਛਿਆ ਝੋਲੀ ਪਾਇੰਦਾ । ਆਪੇ ਵਸਤ ਰੱਖੇ ਮਹਾਨਾ, ਪਾਰਬ੍ਰਹਮ ਨਾਉਂ ਉਪਜਾਇੰਦਾ । ਆਪੇ ਵਸੇ ਸਚ ਮਕਾਨਾ, ਉਚ ਮਹੱਲ ਅਟੱਲ ਆਪ ਸੁਹਾਇੰਦਾ । ਆਪੇ ਨਾਰੀ ਪੁਰਖ ਚਤਰ ਸੁਜਾਨਾ, ਕੰਤ ਕੰਤੂਹਲ ਆਪ ਹੋ ਜਾਇੰਦਾ । ਆਪੇ ਸਤਿ ਸੰਤੋਖੀ ਬੰਨੇ ਗਾਨਾ, ਘਰ ਸਾਚੇ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਨ ਹਰਿ ਹਰਿ ਮੀਤ, ਆਦਿ ਨਿਰੰਜਨ ਵਡ ਵਡਿਆਈਆ । ਹਰਿ ਪੁਰਖ ਨਿਰੰਜਨ ਇਕ ਅਤੀਤਾ, ਨਿਰਭੈ ਆਪਣਾ ਨਾਉਂ ਧਰਾਈਆ । ਏਕੰਕਾਰਾ ਠੰਡਾ ਸੀਤਾ, ਅਗਨੀ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਈਆ । ਵੇਸ ਅਵੱਲਾ ਏਕੰਕਾਰਾ,

ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਸ੍ਰੀ ਭਗਵਾਨ ਖੇਲ ਨਿਆਰਾ, ਭੇਵ ਅਭੇਦ ਭੇਵ ਛੁਪਾਇੰਦਾ । ਪਾਰਬ੍ਰਹਮ ਪ੍ਰਭ ਹੋ ਉਜਿਆਰਾ, ਆਪ ਆਪਣਾ ਰੂਪ ਵਟਾਇੰਦਾ । ਆਪੇ ਪੁਰਖ ਆਪੇ ਨਾਰਾ, ਆਪੇ ਸੇਜ ਹੰਢਾਇੰਦਾ । ਆਪ ਉਪਜਾਏ ਸੁਤ ਦੁਲਾਰਾ, ਪੂਤ ਸਪੂਤਾ ਨਾਉਂ ਧਰਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਸ਼ਬਦ ਸਿੰਘਾਸਨ ਸਾਚੇ ਆਸਣ ਸਾਚਾ ਡੇਰਾ ਲਾਇੰਦਾ । ਲੋਆਂ ਪੁਰੀਆਂ ਮਹੱਲ ਉਸਾਰਾ, ਨਿਰਗੁਣ ਪਾਵੇ ਆਪੇ ਸਾਰਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਰਵ ਸਸ ਦਏ ਸਹਾਰਾ, ਮੰਡਲ ਮੰਡਪ ਆਪ ਸੁਹਾਇੰਦਾ । ਕਰਨੀ ਕਰਤਾ ਕਰੇ ਕਰਤਾਰਾ, ਕਰਨੇਹਾਰ ਖੇਲ ਖਿਲਾਇੰਦਾ । ਜਾਗਰਤ ਜੋਤ ਜੋਤ ਉਜਿਆਰਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਆਪਣੀ ਸਿਖਿਆ ਆਪ ਸਮਝਾਇੰਦਾ । ਆਪਣਾ ਵਰਤੇ ਆਪ ਵਰਤਾਰਾ, ਆਪਣੀ ਰਚਨ ਰਚਾਇੰਦਾ । ਆਪਣਾ ਫਲ ਲਗਾਏ ਆਪਣੇ ਡਾਹਲਾ, ਆਪੇ ਬੀਜ ਬੀਜਾਇੰਦਾ । ਆਪ ਉਪਜਾਏ ਸਾਚਾ ਲਾੜਾ, ਨਿਰਗੁਣ ਆਪਣਾ ਵੇਸ ਧਰਾਇੰਦਾ । ਵਿਸ਼ਨੂੰ ਖੇਲ ਖੇਲ ਨਿਰਾਲਾ, ਨਿਰਾਕਾਰ ਸਾਕਾਰ ਹੋ ਜਾਇੰਦਾ । ਅੰਦਰ ਮੰਦਰ ਭਰਿਆ ਤਾਲਾ, ਸਰ ਸਰੋਵਰ ਇਕ ਉਪਾਇੰਦਾ । ਅੰਮ੍ਰਿਤ ਸਾਚਾ ਭਰ ਪਿਆਲਾ, ਨਾਭੀ ਕਵਲੀ ਆਪ ਟਿਕਾਇੰਦਾ । ਪਾਰਬ੍ਰਹਮ ਪ੍ਰਭ ਦੀਨ ਦਇਆਲਾ, ਦਯਾਨਿਧ ਆਪਣੀ ਖੇਲ ਖਿਲਾਇੰਦਾ । ਆਪੇ ਚਲੇ ਆਪਣੀ ਚਾਲਾ, ਘਰ ਸਾਚੇ ਸੋਭਾ ਪਾਇੰਦਾ । ਫੁਲ ਫੁਲਵਾੜੀ ਵੇਖੇ ਲਾਲ ਗੁਲਾਲਾ, ਆਪ ਆਪਣਾ ਫਲ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤਾਏ, ਵਡ ਵੱਡਾ ਵਡ ਵਡਿਆਈਆ । ਨਾਭੀ ਕਵਲੀ ਫੁਲ ਖਿਲਾਏ, ਪਤ ਡਾਲੀ ਆਪ ਮਹਿਕਾਈਆ । ਅੰਮ੍ਰਿਤ ਸਿੰਚ ਹਰਾ ਕਰਾਏ, ਸੁੱਕ ਕਦੇ ਨਾ ਜਾਈਆ । ਆਪਣੀ ਰੁੱਤ ਆਪ ਸੁਹਾਏ, ਸਚ ਬਸੰਤੀ ਬੇਪ੍ਰਵਾਹੀਆ । ਅਬਿਨਾਸ਼ੀ ਅਚੁਤ ਨਾਉਂ ਧਰਾਏ, ਵਿਨਾਸ਼ੀ ਰੂਪ ਨਾ ਕੋਏ ਜਣਾਈਆ । ਸਾਚੇ ਮੰਡਲ ਰਾਸੀ ਪਾਏ, ਘਰ ਸਾਚੇ ਵੱਜੇ ਵਧਾਈਆ । ਆਪਣਾ ਅੰਗ ਆਪ ਕਟਾਏ, ਵਿਸ਼ਨੂੰ ਅੰਸ ਹੋਏ ਸਹਾਈਆ । ਬ੍ਰਹਮ ਬ੍ਰਹਮ ਬ੍ਰਹਮ ਸਰਬੰਸ ਬਣਾਏ, ਏਕੰਕਾਰਾ ਵੰਡ ਵੰਡਾਈਆ । ਧੂਆਂਧਾਰ ਰਚਨ ਰਚਾਏ, ਸ਼ੰਕਰ ਮੇਲਾ ਸਹਿਜ ਸੁਭਾਈਆ । ਭੋਲਾ ਨਾਥ ਆਪ ਉਠਾਏ, ਹੱਥ ਤ੍ਰਿਸੂਲ ਫੜਾਈਆ । ਏਕਾ ਸਿਖਿਆ ਸਚ ਸਮਝਾਏ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ ਵਡ ਵਡਿਆਈਆ । ਮੂਰਤ ਅਕਾਲ ਪਾਰਬ੍ਰਹਮ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਨਾ ਮਰੇ ਨਾ ਪਏ ਜੰਮ, ਜੂਨ ਅਜੂਨੀ ਨਾ ਕੋਏ ਵਖਾਇੰਦਾ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਕਰਨੀ ਕਰਤਾ ਨਾਉਂ ਉਪਾਇੰਦਾ । ਹਰਖ ਸੋਗ ਨਾ ਕੋਏ ਗਮ, ਆਲਿਸ ਨਿੰਦਰਾ ਵਿਚ ਨਾ ਆਇੰਦਾ । ਆਪਣੇ ਅੰਦਰ ਆਪੇ ਗਿਆ ਜੰਮ, ਮਾਤ ਪਿਤ ਨਾ ਕੋਏ ਵਿਖਾਇੰਦਾ । ਆਪਣਾ ਬੇੜਾ ਆਪੇ ਬੰਨ, ਆਪੇ ਭਾਰ ਉਠਾਇੰਦਾ । ਨਾ ਕੋਈ ਛੱਪਰੀ ਨਾ ਕੋਈ ਛੰਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਏਕਾ ਰੰਗ, ਰੰਗ ਰੰਗੀਲਾ ਆਪ ਹੋ ਆਇੰਦਾ । ਬ੍ਰਹਮਾ ਵਿਸ਼ਨ ਸ਼ਿਵ ਉਪਾ, ਹਰਿ ਸਾਚਾ ਹੁਕਮ ਜਣਾਈਆ । ਏਕਾ ਦੇਵੇ ਰਿਜ਼ਕ ਸਬਾ, ਏਕਾ ਉਤਪਤ ਵੇਸ ਵਟਾਈਆ । ਏਕਾ ਅੰਤਮ ਲੇਖਾ ਦਏ ਮੁਕਾ, ਥਿਰ ਕੋਇ ਰਹਿਣ ਨਾ ਪਾਈਆ । ਤਿੰਨਾਂ ਦੇਵੇ ਏਕਾ ਨਾਂ, ਸੋ ਪੁਰਖ ਨਿਰੰਜਨ ਵਡ ਵਡਿਆਈਆ । ਸਿਰ ਰੱਖੇ ਸਦਾ ਠੰਡੀ ਛਾਂ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ

ਆਪ ਅਖਵਾਈਆ । ਆਦਿ ਪੁਰਖ ਹਰਿ ਏਕੰਕਾਰਾ, ਅਕਲ ਕਲਾ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਤ੍ਰੈ ਤ੍ਰੈ ਵੇਸ ਵਟਾਈਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਸਾਤਕ ਰਾਜਸ ਤਾਮਸ ਝੋਲੀ ਪਾਈਆ । ਲਖ ਚੁਰਾਸੀ ਖੇਲ ਨਿਆਰਾ, ਏਕਾ ਬ੍ਰਹਮ ਸੁਣਾਈਆ । ਵੰਡੇ ਵੰਡ ਅਪਰ ਅਪਾਰਾ, ਉਤਭੁਜ ਸੇਤਜ ਜੇਰਜ ਅੰਡ ਏਕਾ ਵੰਡ ਵਖਾਈਆ । ਲੋਆਂ ਪੁਰੀਆਂ ਵੇਖ ਬ੍ਰਹਿਮੰਡ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਤਤ ਦੇਵੇ ਵਰ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਰਖਾਈਆ । ਸਗਲਾ ਸਾਥ ਹਰਿ ਰਘੁਨਾਥਾ, ਏਕਾ ਏਕ ਅਖਵਾਇੰਦਾ । ਲੱਖ ਚੁਰਾਸੀ ਸੁਣਾਏ ਗਾਥਾ, ਅੰਦਰ ਮੰਦਰ ਨਾਦ ਵਜਾਇੰਦਾ । ਸ਼ਬਦ ਅਗੰਮੀ ਪੂਜਾ ਪਾਠਾ, ਏਕਾ ਹੁਕਮ ਅਲਾਇੰਦਾ । ਆਤਮ ਅੰਦਰ ਸਰ ਸਰੋਵਰ ਮਾਰੇ ਠਾਠਾ, ਅੰਮ੍ਰਿਤ ਜਲ ਭਰਾਇੰਦਾ । ਜੋਤ ਨਿਰੰਜਨ ਜਗੇ ਲਲਾਟਾ, ਦੀਪਕ ਦੀਆ ਇਕ ਵਖਾਇੰਦਾ । ਭਾਗ ਲਗਾਏ ਕਾਇਆ ਮਾਟਾ, ਘਰ ਘਰ ਵਿਚ ਮੰਦਰ ਆਪ ਸੁਹਾਇੰਦਾ । ਆਤਮ ਸੋਏ ਸਾਚੀ ਖਾਟਾ, ਬ੍ਰਹਮ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਵੇਸ ਅਵੱਲਾ, ਹਰਿ ਸੱਚਾ ਆਪ ਕਰਾਈਆ । ਸਚਖੰਡ ਨਿਵਾਸੀ ਇਕ ਅਕੱਲਾ, ਘਟ ਘਟ ਅੰਦਰ ਡੇਰਾ ਲਾਈਆ । ਵਸਣਹਾਰਾ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਪਵਣ ਪਵਨੀ ਆਪੇ ਰਲਾ, ਸਵਾਸ ਸਵਾਸ ਆਪ ਚਲਾਈਆ । ਸਚ ਸੁਨੇਹੜਾ ਆਪੇ ਘੱਲਾ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਦਾਤਾ ਵਡ ਵਡਿਆਈਆ । ਪੰਚ ਵਿਕਾਰਾ ਮਾਰੇ ਹੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ, ਨਿਰਗੁਣ ਸਰਗੁਣ ਵੇਸ ਧਰਾਈਆ । ਨਿਰਗੁਣ ਮੀਤਾ ਇਕ ਅਤੀਤਾ, ਤ੍ਰੈਗੁਣ ਭੇਵ ਨਾ ਰਾਇਆ । ਖੇਲੇ ਖੇਲ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਇਆ । ਹਰਿ ਭਗਤਾਂ ਬਣੇ ਸਾਚਾ ਮੀਤਾ, ਜੁਗ ਜੁਗ ਆਪਣਾ ਵੇਸ ਵਟਾਇਆ । ਮਿੱਠਾ ਕਰੇ ਕੌੜਾ ਰੀਠਾ, ਏਕਾ ਮੰਤਰ ਨਾਮ ਦ੍ਰਿੜਾਇਆ । ਧਾਮ ਰਖਾਏ ਇਕ ਅਨਡੀਠਾ, ਨੇਤਰ ਨੈਣ ਇਕ ਖੁਲਾਇਆ । ਤ੍ਰੈਗੁਣ ਮਾਇਆ ਨਾ ਤਪੇ ਅੰਗੀਠਾ, ਜਿਸ ਜਨ ਹਰਿ ਹਰਿ ਦਰਸਨ ਪਾਇਆ । ਜੁਗਾ ਜੁਗੰਤ ਠਾਂਡਾ ਸੀਤਾ, ਸੰਤ ਸੁਹੇਲੇ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਰੰਗ ਰੰਗਾਏ ਹਰਿ ਭਗਵੰਤ, ਪਰਮ ਪੁਰਖ ਵੱਡੀ ਵਡਿਆਈਆ । ਗੁਰਮੁਖ ਉਠਾਏ ਸਾਚੇ ਸੰਤ, ਆਤਮ ਬ੍ਰਹਮ ਕਰੇ ਜਣਾਈਆ । ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਨਾਤਾ ਤੋੜੇ ਭੁੱਖ ਨੰਗਤ, ਸਿਰ ਸਿਰ ਦੇਵੇ ਰਿਜ਼ਕ ਸਬਾਈਆ । ਲੇਖਾ ਜਾਣੇ ਆਦਿ ਅੰਤ, ਅਭੁੱਲ ਆਪ ਅਖਵਾਈਆ । ਗੁਰਮੁਖ ਮੇਲਾ ਸਾਚੇ ਕੰਤ, ਹਰਿ ਕੰਤ ਇਕ ਰਘੁਰਾਈਆ । ਆਪ ਵਖਾਏ ਰੁੱਤ ਬਸੰਤ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰ ਕਲਜੁਗ ਵੇਖੇ ਸਰਬ ਲੋਕਾਈਆ । ਕਲਜੁਗ ਅੰਤਮ ਹਰਿ ਹਰਿ ਸੱਜਨ, ਏਕਾ ਰੰਗ ਸਮਾਏ । ਜਨ ਭਗਤਾਂ ਕਰਾਏ ਸਾਚਾ ਚਰਨ ਧੂੜ ਮਜਨ, ਦੁਰਮਤ ਮੈਲ ਗਵਾਏ । ਨਿਰਗੁਣ ਸਰਗੁਣ ਪੜਦੇ ਕੱਜਨ, ਬ੍ਰਹਮ ਪਾਰਬ੍ਰਹਮ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਏ । ਵੇਸਾਧਾਰੀ ਅਲੱਖ ਨਿਰੰਜਨ, ਅਗਮ ਅਗੋਚਰ ਭੇਵ ਨਾ ਰਾਇਆ ।

ਜਨ ਭਗਤਾਂ ਨੇਤਰ ਪਾਏ ਅੰਜਨ, ਏਕਾ ਨਾਮ ਹੱਥ ਉਠਾਇਆ । ਗੜ੍ਹ ਹੰਕਾਰੀ ਭਾਂਡੇ, ਭੱਜਣ, ਜਿਸ ਜਨ ਆਪਣੀ ਸਰਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਇਆ । ਜੁਗ ਕਰਤਾ ਹਰਿ ਪੁਰਖ ਸਮਰਥ, ਸਤਿਗੁਰ ਸਾਚਾ ਆਪ ਅਖਵਾਇੰਦਾ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਨੌ ਨੌ ਚਾਰ ਮਹਿਮਾ ਅਕਥ, ਸਤਿ ਸਤਿ ਭੇਵ ਨਾ ਆਇੰਦਾ । ਆਪੇ ਕਰੇ ਵੱਖ ਅੱਠ ਤਤ, ਨੌ ਦਰ ਲੇਖ ਨਾ ਕੋਏ ਜਣਾਇੰਦਾ । ਆਪੇ ਪੰਜ ਤਤ ਵਕਾਰਾ ਪਾਏ ਭੱਠ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਆਪੇ ਵਸੇ ਘਟ ਘਟ, ਘਟ ਮੰਦਰ ਆਪ ਸੁਹਾਇੰਦਾ । ਖੇਲੇ ਖੇਲ ਬਾਜੀਗਰ ਨਟ, ਸਾਂਗੀ ਸਾਂਗ ਵਰਤਾਇੰਦਾ । ਜਨ ਭਗਤਾਂ ਤਨ ਪਹਿਨਾਏ ਸਾਚਾ ਪਟ, ਨਿਰਗੁਣ ਨਾਮ ਦੋਸ਼ਾਲਾ ਹੱਥ ਉਠਾਇੰਦਾ । ਚੌਦਾਂ ਲੋਕ ਖੁਲਾਏ ਏਕਾ ਹੱਟ, ਵਣਜ ਵਣਜਾਰਾ ਇਕ ਕਰਾਇੰਦਾ । ਸੰਤਨ ਮੇਲਾ ਨੱਠ ਨੱਠ, ਜੁਗ ਜੁਗ ਸਾਚੇ ਵੇਖ ਵਖਾਇੰਦਾ । ਚਰਨ ਦਵਾਰੇ ਕਰ ਅਕੱਠ, ਹਰਿ ਹਰਿ ਮਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸੱਚਾ ਏਕ ਹੈ, ਮੇਲਾ ਹਰਿ ਨਿਰੰਕਾਰ । ਪ੍ਰਭ ਕਰੇ ਬੁਧ ਬਿਬੇਕ ਹੈ, ਨਿਰਗੁਣ ਬਾਤੀ ਕਰ ਉਜਿਆਰ । ਤ੍ਰੈਗੁਣ ਮਾਇਆ ਨਾ ਲਾਏ ਸੇਕ ਹੈ, ਪੰਜ ਤਤ ਨਾ ਕਰੇ ਖਵਾਰ । ਲਿਖਣਹਾਰਾ ਸਾਚੇ ਲੇਖ ਹੈ, ਏਕਾ ਦੂਜਾ ਭੌ ਨਿਵਾਰ । ਤੀਜੇ ਨੇਤਰ ਰਿਹਾ ਪੇਖ ਹੈ, ਆਪ ਆਪਣਾ ਨੈਣ ਉਘਾੜ । ਚੌਥੇ ਘਰ ਲਾਏ ਮੇਖ ਹੈ, ਚੌਥੇ ਪਦ ਸਚੀ ਸਰਕਾਰ । ਪੰਚਮ ਮੇਲਾ ਇਕ ਅਕੇਲਾ ਨਾ ਮੁੱਛ ਦਾੜ੍ਹੀ ਨਾ ਦਿਸੇ ਕੇਸ ਹੈ, ਮੂੰਡ ਮੁੰਡਾਏ ਨਾ ਹਰਿ ਨਿਰੰਕਾਰ । ਪ੍ਰਭ ਕਰੇ ਬੁਧ ਬਬੇਕ ਹੈ, ਛੇਵੇਂ ਛੱਪਰ ਛੰਨ ਨਾ ਕੋਈ ਲਏ ਵੇਖ ਹੈ, ਸਚਖੰਡ ਵਸੇ ਵਸਣਹਾਰ । ਸਤਿ ਪੁਰਖ ਨਿਰੰਜਨ ਸਚ ਆਦੇਸ ਹੈ, ਸਤਿ ਸਤਿਵਾਦੀ ਸਾਚੀ ਧਾਰ । ਬ੍ਰਹਮਾ ਵਿਸ਼ਨ ਮਹੇਸ਼ ਸ਼ਿਵ ਸ਼ੰਕਰ ਰਿਹਾ ਵੇਖ ਹੈ, ਨਿਉਂ ਨਿਉਂ ਕਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲੇ ਖੇਲ ਅਗੰਮ ਅਪਾਰ । ਅਗੰਮ ਅਗੰਮੜਾ ਖੇਲ ਨਿਰਾਲਾ, ਹਰਿ ਪੁਰਖ ਨਿਰੰਜਨ ਆਪ ਕਰਾਇੰਦਾ । ਹਰਿ ਭਗਤਨ ਦੇਵੇ ਸਾਚੀ ਮਾਲਾ, ਨਿਰਗੁਣ ਨਿਰਗੁਣ ਨਾਮ ਹੱਥ ਫੜਾਇੰਦਾ । ਚਰਨ ਭਿਖਾਰ ਕਰਾਏ ਕਾਲ ਮਹਾਂਕਾਲਾ, ਦੀਨ ਦਇਆਲਾ ਦਯਾ ਕਮਾਇੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਜਾਗਰਤ ਜੋਤ ਇਕ ਵਿਖਾਇੰਦਾ । ਕੋਟਨ ਕੋਟਾਂ ਵਿਚੋਂ ਏਕ ਏਕਾ ਭਾਲਾ, ਏਕ ਏਕਾ ਰੰਗ ਰੰਗਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਗੁਰ ਪੀਰ ਅਵਤਾਰ ਆਪ ਅਖਵਾਇੰਦਾ । ਆਪੇ ਸਭ ਤੋਂ ਵਸੇ ਨਿਰਾਲਾ, ਆਪਣੇ ਹੁਕਮ ਸਰਬ ਫਿਰਾਇੰਦਾ । ਕੋਟਨ ਕੋਟੀ ਜੁਗਾ ਜੁਗੰਤ ਲੋਕਮਾਤ ਘਾਲਨ ਰਹੇ ਘਾਲਾ, ਪ੍ਰਭ ਸਾਚੀ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੰਗ ਸੂਰਾ ਸਰਬੰਗ ਰੂਪ ਅਨੂਪ ਆਪ ਰਖਾਇੰਦਾ । ਰੂਪ ਅਨੂਪਾ ਸਤਿ ਸਰੂਪਾ, ਹਰਿ ਸੱਚਾ ਸ਼ਾਹ ਸੁਲਤਾਨਿਆਂ । ਵਸਣਹਾਰਾ ਚਾਰੇ ਕੂਟਾਂ, ਦਹਿ ਦਿਸ਼ਾ ਹੋਏ ਪਰਧਾਨਿਆਂ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਗਗਨ ਪਾਤਾਲਾਂ ਦੇਵੇ ਏਕਾ ਹੂਟਾ, ਨਾਮ ਹੁਲਾਰਾ ਇਕ ਵਿਖਾਨਿਆਂ । ਆਪੇ ਬ੍ਰਹਮੇ ਵਿਸ਼ਨ ਸ਼ਿਵ ਕਰੇ ਮੂਧਾ ਠੂਠਾ, ਆਪੇ ਸਾਚੀ ਵਸਤੂ ਵਿਚ ਟਿਕਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨਿਆਂ । ਸ੍ਰੀ ਭਗਵਾਨ ਸਾਖਿਆਤ, ਨਿਰਗੁਣ ਸਰਗੁਣ ਵੇਸ ਧਰਾਇੰਦਾ । ਜਨ ਭਗਤਾਂ ਰੱਖੇ ਉਤਮ ਜਾਤ, ਵਰਨ ਗੋਤ ਨਾ ਕੋਇ ਬਣਾਇੰਦਾ । ਸਚਖੰਡ ਦਵਾਰਾ ਵਖਾਏ ਸਾਚਾ ਹਾਟ,

ਦੂਸਰ ਦਰ ਹਰਿਜਨ ਮੰਗਣ ਕਦੇ ਨਾ ਜਾਇੰਦਾ । ਜੁਗਾ ਜੁਗੰਤਰ ਪੂਰਾ ਕਰੇ ਘਾਟ, ਘਾਟਾ ਆਪਣੇ ਹੱਥ ਵਖਾਇੰਦਾ । ਹਰਿ ਭਗਤ ਦਵਾਰੇ ਰਿਹਾ ਨਾਠ, ਨਿਤ ਨਵਿਤ ਖੇਲ ਖਿਲਾਇੰਦਾ । ਲਹਿਣਾ ਦੇਣਾ ਚੁਕਾਏ ਪੂਜਾ ਪਾਠ, ਜਿਸ ਜਨ ਆਪਣਾ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਗੁਰੂ ਸਰਗੁਣ ਚੇਲਾ, ਗੁਰ ਚੇਲਾ ਮੇਲ ਮਿਲਾਇਆ । ਨਿਰਗੁਣ ਦਾਤਾ ਸੱਜਣ ਸੁਹੇਲਾ, ਸਰਗੁਣ ਸਾਚਾ ਵੇਖ ਵਖਾਇਆ । ਨਿਰਗੁਣ ਵਸੇ ਇਕ ਅਕੇਲਾ, ਸਰਗੁਣ ਕੋਟੀ ਕੋਟ ਮੇਲ ਮਿਲਾਇਆ । ਨਿਰਗੁਣ ਚਾੜ੍ਹੇ ਸਾਚਾ ਤੇਲਾ, ਸਰਗੁਣ ਸਾਚਾ ਸਗਨ ਮਨਾਇਆ । ਨਿਰਗੁਣ ਪਾਏ ਸਾਚੀ ਵੇਲਾ, ਸਰਗੁਣ ਝੋਲੀ ਅਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਧਰਾਇਆ । ਨਿਰਗੁਣ ਹਰਿ ਗੋਬਿੰਦ, ਹਰਿ ਪੁਰਖ ਨਿਰੰਜਨ ਹਰਿ ਅਖਵਾਇੰਦਾ । ਸਰਗੁਣ ਮੇਟੇ ਸਗਲੀ ਚਿੰਦ, ਭਗਤਨ ਭਗਤੀ ਵੇਖ ਵਿਖਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਹੋ ਜਾਇੰਦਾ । ਹਰਿ ਭਗਤ ਬਣਾਏ ਸਾਗਰ ਸਿੰਧ, ਆਪਣਾ ਜਲ ਵਿਚ ਭਰਾਇੰਦਾ । ਆਪ ਬਣਾਏ ਆਪਣੀ ਬਿੰਦ, ਨਾਦੀ ਸੁਤ ਨਾਉਂ ਧਰਾਇੰਦਾ । ਧਰਮ ਰਾਏ ਨਾ ਕੱਢੇ ਜਿੰਦ, ਜਿਸ ਜਨ ਅਪਣਾ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਭਗਤ ਭਗਵੰਤ ਵੇਖ ਵਖਾਇੰਦਾ । ਭਗਤ ਭਗਵੰਤ ਆਦਿ ਅੰਤ, ਏਕਾ ਰੰਗ ਸਮਾਇਆ । ਆਪੇ ਨਾਰੀ ਬਣੇ ਕੰਤ, ਸੁਰਤੀ ਸ਼ਬਦੀ ਮੇਲ ਮਿਲਾਇਆ । ਵੱਖ ਕਰੇ ਵਿਚੋਂ ਲੱਖ ਚੁਰਾਸੀ ਜੀਵ ਜੰਤ, ਆਪ ਆਪਣਾ ਹਿਤ ਰਖਾਇਆ । ਦੀਨਾ ਨਾਥ ਬਣਾਏ ਸਾਚੀ ਬਣਤ, ਦੀਨ ਅਨਾਥਾਂ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਕਰ, ਖਾਲਕ ਖਲਕ ਵੇਖ ਵਖਾਇਆ । ਖਾਲਕ ਖਲਕ ਹਰਿ ਵੇਖਣਹਾਰਾ, ਬੇਐਬ ਪਰਵਰਦਿਗਾਰਾ । ਸਾਲਸ ਬਣ ਕਰੇ ਪਿਆਰਾ, ਐਨਲਹਕ ਲਾਏ ਨਾਅਰਾ । ਆਲਸ ਨਿੰਦਰਾ ਵਸਿਆ ਬਾਹਿਰਾ, ਆਪੇ ਗੁਪਤ ਆਪੇ ਜ਼ਾਹਿਰਾ । ਪੀਰ ਦਸਤਗੀਰ ਦਏ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰਾ । ਸਾਚੀ ਧਾਰ ਹਰਿ ਨਿਰੰਕਾਰ, ਆਪਣੀ ਆਪ ਉਪਾਈਆ । ਸਤਿਜੁਗ ਸਾਚਾ ਕਰ ਵਰਤਾਰ, ਤ੍ਰੇਤੇ ਰਾਮ ਰੂਪ ਵਟਾਈਆ । ਦੁਆਪਰ ਕ੍ਰਿਸ਼ਨਾ ਮੀਤ ਮੁਰਾਰ, ਨਾਮ ਬੰਸਰੀ ਇਕ ਵਜਾਈਆ । ਕਲਜੁਗ ਕੂੜਾ ਧੂਆਂਧਾਰ, ਈਸਾ ਮੂਸਾ ਕਾਲਾ ਸੂਸਾ ਤਨ ਛੁਹਾਈਆ । ਸੰਗ ਮਹੰਮਦ ਚਾਰ ਯਾਰ, ਅੱਲਾ ਰਾਣੀ ਵੱਜੀ ਵਧਾਈਆ । ਨਾਨਕ ਨਿਰਗੁਣ ਨਾਮ ਸਤਾਰ, ਸਤਿਨਾਮ ਹੱਥ ਉਠਾਈਆ । ਚਾਰ ਵਰਨਾਂ ਕਰ ਪਿਆਰ, ਏਕਾ ਮਤ ਗਿਆ ਸਮਝਾਈਆ । ਏਕਾ ਸ਼ਬਦ ਗੁਰ ਅਵਤਾਰ, ਪੰਜ ਤਤ ਨਾ ਕੋਏ ਮਨਾਈਆ । ਜਿਸ ਘਰ ਅੰਦਰ ਜਿਸ ਤਨ ਮੰਦਰ ਵਸੇ ਆਪ ਨਿਰੰਕਾਰ, ਸੋ ਮੰਦਰ ਸੋਭਾ ਪਾਈਆ । ਅੱਠੇ ਪਹਿਰ ਦੀਪ ਉਜਿਆਰ, ਤੇਲ ਬਾਤੀ ਨਾ ਕੋਇ ਰਖਾਈਆ । ਦਿਵਸ ਰੈਣ ਸੱਚੀ ਧੁਨਕਾਰ, ਅਨਹਦ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਕਟਾਰ ਇਕ ਉਪਾਈਆ । ਸ਼ਬਦ ਕਟਾਰ ਤਿਖੀ ਧਾਰ, ਹਰਿ ਸਾਚਾ ਸਚ ਉਪਜਾਇੰਦਾ । ਗੋਬਿੰਦ ਸੁਤ ਕਰ ਪਿਆਰ, ਸ਼ਾਹ ਅਸਵਾਰ ਹੱਥ ਫੜਾਇੰਦਾ । ਆਪੇ ਰੱਖੀ ਤਿਖੀ ਧਾਰ, ਦੋਵੇਂ ਮੁਖ ਰਖਾਇੰਦਾ । ਗੁਰਮੁਖਾਂ ਕਰੇ ਪਾਰ ਕਿਨਾਰ, ਮਨਮੁਖਾਂ ਸ਼ੌਹ ਦਰਯਾ ਰੁੜ੍ਹਾਇੰਦਾ । ਧਰਨੀ ਧਰਤ ਧਵਲ ਸੁਣ ਪੁਕਾਰ, ਆਪ ਆਪਣੀ ਕਲ ਵਰਤਾਇੰਦਾ । ਰਾਜ ਰਾਜਾਨਾਂ

ਕਰ ਖਵਾਰ, ਸ਼ਾਹ ਸੁਲਤਾਨਾਂ ਵੇਖ ਵਖਾਇੰਦਾ । ਨੌਜਵਾਨਾ ਹੋ ਤਿਆਰ, ਬਿਰਧ ਬਾਲਾ ਆਪ ਤਰਾਇੰਦਾ । ਤੀਰ ਨਿਰਾਲਾ ਮਾਰੇ ਬਾਣ, ਅਣੀਆਲਾ ਆਪ ਚਲਾਇੰਦਾ । ਸਤਿਜੁਗ ਤੇਰਾ ਸਚ ਨਿਸ਼ਾਨ, ਸਾਚੇ ਹੱਥ ਉਠਾਇੰਦਾ । ਲੋਆਂ ਪੁਰੀਆਂ ਪਾਏ ਆਣ, ਬ੍ਰਹਮਾ ਵਿਸ਼ਨ ਸ਼ਿਵ ਸਮਝਾਇੰਦਾ । ਸਾਚਾ ਬਾਡੀ ਪ੍ਰਗਟ ਹੋਏ ਘਰ ਤਰਖਾਣ, ਲਖ ਚੁਰਾਸੀ ਮੋਛੇ ਆਪੇ ਪਾਇੰਦਾ । ਕਲਜੁਗ ਉਪਾਏ ਸਚ ਮਕਾਨ, ਕਲਜੁਗ ਝੂਠਾ ਢੇਰ ਆਪੇ ਢਾਇੰਦਾ । ਨਾਮ ਉਡਾਏ ਇਕ ਬਿਬਾਨ, ਨਿਰਗੁਣ ਆਪਨਾ ਆਪ ਵਖਾਇੰਦਾ । ਸਾਚੀ ਸਖੀਆਂ ਮਿਲੇ ਸਾਚਾ ਕਾਹਨ, ਘਰ ਸਾਚੇ ਮੰਡਲ ਰਾਸ ਰਚਾਇੰਦਾ । ਸਾਚੀ ਸੀਤਾ ਮਿਲੇ ਏਕਾ ਰਾਮ, ਸੀਤਾ ਸੁਰਤੀ ਆਪ ਪਰਨਾਇੰਦਾ । ਨਾਨਕ ਗੋਬਿੰਦ ਕਰ ਪ੍ਰਨਾਮ, ਦਰ ਘਰ ਸਾਚਾ ਇਕ ਸੁਹਾਇੰਦਾ । ਪੁਰਖ ਅਬਿਨਾਸ਼ੀ ਜਾਣੀ ਜਾਣ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਨਿਮਾਣ ਨਿਮਾਣਿਆਂ ਦੇਵੇ ਮਾਣ, ਤਾਣ ਨਿਤਾਣਿਆਂ ਆਪ ਹੋ ਜਾਇੰਦਾ । ਗਊ ਗਰੀਬ ਕਰ ਪਛਾਣ, ਹੰਕਾਰੀਆਂ ਹੰਕਾਰੀ ਗੜ ਤੁੜਾਇੰਦਾ । ਲਖ ਚੁਰਾਸੀ ਪੁਣ ਛਾਣ, ਗੁਰਮੁਖ ਵਿਰਲੇ ਮਾਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲੱਖ ਨਿਰੰਜਣ ਇਕ ਅਲੱਖ, ਆਪਣੀ ਅਲਖ ਜਗਾਇੰਦਾ । ਸਚ ਅਲਖ ਬੋਲ ਜੈਕਾਰਾ, ਹਰਿ ਸ਼ਬਦੀ ਡੰਕ ਵਜਾਇਆ । ਨਿਰਗੁਣ ਸਰਗੁਣ ਦਏ ਹੁਲਾਰਾ, ਸੋਇਆ ਕੋਈ ਰਹਿਣ ਨਾ ਪਾਇਆ । ਲਖ ਚੁਰਾਸੀ ਤੇਰਾ ਵੇਖ ਮੁਨਾਰਾ, ਪ੍ਰਭ ਸਾਚੇ ਡੰਕ ਵਜਾਇਆ । ਕਰੇ ਖੇਲ ਘੜਨ ਭੰਨਣਹਾਰਾ, ਸਮਰਥ ਪੁਰਖ ਵਡ ਵਡਿਆਇਆ । ਆਪਣੇ ਹੱਥ ਉਠਾਇਆ ਸਾਚਾ ਆਰਾ, ਦੋ ਜਹਾਨਾ ਰਿਹਾ ਫਿਰਾਇਆ । ਕਲਜੁਗ ਕੂੜਾ ਪਾਰ ਕਿਨਾਰਾ, ਮੂਰਖ ਮੂੜਾ ਰਹਿਣ ਨਾ ਪਾਇਆ । ਜੂਠਾ ਝੂਠਾ ਨਾ ਕੋਈ ਸਹਾਰਾ, ਖਾਲੀ ਠੂਠਾ ਸਰਬ ਕਰਾਇਆ । ਵਿਭਚਾਰ ਨਾ ਕੋਈ ਨਾਰਾ, ਸਚ ਸ਼ੰਗਾਰਾ ਤਨ ਕਰਾਇਆ । ਸ੍ਰਿਸ਼ਟ ਸਬਾਈ ਬੋਲੇ ਇਕ ਜੈਕਾਰਾ, ਵਾਹ ਵਾਹ ਗੁਰੂ ਫਤਿਹ ਗਜਾਇਆ । ਸਤਿ ਨਾਮ ਬਣੇ ਵਣਜਾਰਾ, ਗੁਰ ਨਾਨਕ ਤੋਲਾ ਤੋਲਾ ਤੇਰਾ ਤੇਰਾਂ ਤੋਲ ਤੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪ੍ਰਵਾਹ, ਜਨ ਭਗਤਾਂ ਦੇਵੇ ਸਚ ਸਲਾਹ, ਸ਼ਬਦ ਸਰੂਪੀ ਬਣ ਮਲਾਹ, ਏਕਾ ਬੇੜੇ ਦਏ ਚੜ੍ਹਾਇਆ । ਸਾਚਾ ਬੇੜਾ ਹਰਿ ਨਿਰੰਕਾਰ, ਜੁਗ ਜੁਗ ਆਪ ਚਲਾਇੰਦਾ । ਲੋਕਮਾਤ ਕਰ ਤਿਆਰ, ਹਰਿਜਨ ਸਾਚੇ ਆਪ ਵਿਖਾਇੰਦਾ । ਜਿਸ ਜਨ ਦੇਵੇ ਨਾਮ ਭੰਡਾਰ, ਭਗਤਨ ਭਗਤੀ ਸਾਚੀ ਲਾਇੰਦਾ । ਲੇਖਾ ਮੰਗੇ ਅਪਰ ਅਪਾਰ, ਚਵੀ ਹਜ਼ਾਰ ਵੇਖ ਵਖਾਇੰਦਾ । ਸਾਡੇ ਤਿੰਨ ਕ੍ਰੋੜ ਦਏ ਅਧਾਰ, ਬਹੱਤਰ ਨਾੜੀ ਮੇਲ ਮਿਲਾਇੰਦਾ । ਤਿੰਨ ਸੌ ਸੱਠ ਹਾਡੀ ਇਕ ਸਤਾਰ, ਤਨ ਮੰਦਰ ਆਪ ਵਜਾਇੰਦਾ । ਖੇਲੇ ਖੇਲ ਗੁਪਤ ਜ਼ਾਹਿਰ, ਜ਼ਾਹਿਰਾ ਜ਼ਹੂਰ ਨਾਉਂ ਧਰਾਇੰਦਾ । ਹਰਿਜਨ ਸਾਚੇ ਕਰ ਪਿਆਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਨਾਤਾ ਤੋੜੇ ਪੰਚਮ ਧਾੜ, ਪੰਚਮ ਨਾਤਾ ਜੋੜ ਜੁੜਾਇੰਦਾ । ਖ਼ੜਗ ਖੰਡਾ ਤੇਜ ਕਟਾਰ, ਸਤਿਗੁਰ ਸਾਚਾ ਹੱਥ ਉਠਾਇੰਦਾ । ਜੇਰਜ ਅੰਡਾ ਪਾਰ ਕਿਨਾਰ, ਬ੍ਰਹਿਮੰਡਾਂ ਚਰਨਾਂ ਹੇਠ ਦਬਾਇੰਦਾ । ਪਾਵੇ ਵੰਡਾਂ ਹਰਿ ਗਿਰਧਾਰ, ਕਲਜੁਗ ਅੰਤਮ ਵੇਸ ਵਟਾਇੰਦਾ । ਭੇਖ ਪਖੰਡਾ ਕਰੇ ਖਵਾਰ, ਮਾਇਆ ਮਮਤਾ ਮੋਹ ਚੁਕਾਇੰਦਾ । ਨਿਰਗੁਣ ਸਰਗੁਣ ਭਰੇ ਭੰਡਾਰ, ਦਾਤਾ ਦਾਨੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਕਰ ਪਸਾਰਾ, ਨਿਰਗੁਣ ਸਰਗੁਣ ਮੇਲਾ ਵਿਚ ਸੰਸਾਰਾ, ਭਗਤ ਭਗਵੰਤ ਹਰਿ ਸੰਤ ਆਦਿ ਅੰਤ ਜੁਗਾ ਜੁਗੰਤ ਆਪਣਾ ਮੇਲ ਮਿਲਾਇੰਦਾ । ਮੇਲਣਹਾਰਾ ਹਰਿ ਗੋਪਾਲ, ਗੁਰਮੁਖ ਸੱਜਣ ਮੇਲ ਮਿਲਾਈਆ । ਆਪ

ਉਪਾਏ ਆਪਣੇ ਲਾਲ, ਮਾਨਕ ਮੋਤੀ ਹੀਰੇ ਰਤਨ ਜਹਾਵਰ ਨਾਉਂ ਧਰਾਈਆ । ਭਾਗ ਲਗਾਏ ਕਾਇਆ ਮਾਟੀ ਖਾਲ, ਬ੍ਰਹਮ ਗਿਆਨ ਇਕ ਦ੍ਰਿੜਾਈਆ । ਬਖਸ਼ੇ ਜੋਤੀ ਕੋਟਨ ਭਾਨ, ਰਵ ਸਸ ਮੁਖ ਸ਼ਰਮਾਈਆ । ਦਰ ਘਰ ਸਾਚੇ ਦੇਵੇ ਮਾਣ, ਅਨਕ ਸੁਨੈਹਰੀ ਗਲ ਲਗਾਈਆ । ਸਚਖੰਡ ਦਵਾਰਾ ਧੁਰ ਮਕਾਨ, ਥਿਰ ਘਰ ਵਾਸੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਇਕ ਘਰ, ਘਰ ਸਾਚਾ ਸੋਭਾ ਪਾਈਆ । ਘਰ ਸੁਹੰਜਣਾ ਸਚ ਦਵਾਰ, ਹਰਿ ਸਾਚੇ ਆਪ ਸੁਹਾਇਆ । ਨਿਰਗੁਣ ਬੈਠਾ ਨਿਰਾਕਾਰ, ਨਿਰਵੈਰ ਆਪਣਾ ਨਾਉਂ ਰਖਾਇਆ । ਜੂਨੀ ਰਹਿਤ ਖੇਲ ਅਪਰ ਅਪਾਰ, ਜਾਗਰਤ ਜੋਤ ਕਰੇ ਰੁਸ਼ਨਾਇਆ । ਭਗਤਨ ਮੇਲਾ ਵਿਚ ਸੰਸਾਰ, ਆਪ ਆਪਣਾ ਦਏ ਕਰਾਇਆ । ਕਲਜੁਗ ਤੇਰਾ ਵੇਖ ਕਿਨਾਰ, ਕਾਇਨਾਤ ਫੋਲ ਫੁਲਾਇਆ । ਆਲਮ ਇਲਮੀ ਗਏ ਹਾਰ, ਜਗਤ ਵਿਦਿਆ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਾਣੀ ਧੁਰ ਦੀ ਰਾਣੀ, ਹਰਿ ਸਾਚਾ ਸ਼ਬਦ ਚਲਾਇਆ । ਹਰਿ ਇਛਿਆ ਗੁਰ ਸ਼ਬਦ ਸਚ, ਗੁਰਮੁਖ ਸਦਾ ਸਲਾਹੀਆ । ਹਰਿ ਸ਼ਬਦ ਗੁਰ ਅੰਦਰ ਜਾਏ ਰਚ, ਗੁਰਮੁਖ ਰੰਗ ਰੰਗਾਈਆ । ਹਰਿ ਸ਼ਬਦ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਿਹਾ ਤਜ, ਗੁਰ ਗੁਰਮੁਖ ਰੰਗ ਚੜ੍ਹਾਈਆ । ਹਰਿ ਸ਼ਬਦ ਬਿਨ ਸਤਿਗੁਰ ਪੂਰੇ ਕਿਸੇ ਨਾ ਅੰਦਰ ਜਾਏ ਪਚ, ਜੀਵ ਜੰਤ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੈਠਾ ਬੇਪ੍ਰਵਾਹੀਆ । ਹਰਿ ਸ਼ਬਦ ਸਚ ਸੁਲਤਾਨ, ਗੁਰ ਗੁਰ ਨਾਉਂ ਧਰਾਇੰਦਾ । ਹਰਿ ਦੇਵਣਹਾਰਾ ਸਾਚਾ ਦਾਨ, ਗੁਰ ਗੁਰ ਝੋਲੀ ਪਾਇੰਦਾ । ਹਰਿ ਕਰਨੇਹਾਰਾ ਸਦ ਧਿਆਨ, ਗੁਰ ਗੁਰ ਵੇਖ ਵਖਾਇੰਦਾ । ਹਰਿ ਆਦਿ ਜੁਗਾਦੀ ਹੋਏ ਨਿਗਹਬਾਨ, ਗੁਰ ਗੁਰ ਸੰਗ ਨਿਭਾਇੰਦਾ । ਗੁਰ ਗੁਰ ਮੇਲਾ ਵਾਲੀ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸ਼ਬਦ ਧੁਰ ਫ਼ਰਮਾਨ, ਗੁਰ ਗੁਰ ਆਪ ਸੁਣਾਇੰਦਾ । ਹਰਿ ਸ਼ਬਦ ਧੁਰ ਫ਼ਰਮਾਣਾ, ਗੁਰ ਸਤਿਗੁਰ ਆਪ ਜਣਾਈਆ । ਜਨ ਭਗਤਾਂ ਦੇਵੇ ਬ੍ਰਹਮ ਗਿਆਨ, ਆਤਮ ਅੰਤਰ ਇਕ ਪੜ੍ਹਾਈਆ । ਸੰਤਨ ਬਖਸ਼ੇ ਰਾਗ ਤਰਾਨਾ, ਧੁਨੀ ਧੁਨ ਉਪਜਾਈਆ । ਗੁਰਮੁਖਾਂ ਦੇਵੇ ਸਚ ਨਿਸ਼ਾਨਾ, ਘਰ ਸਾਚੇ ਸੋਭਾ ਪਾਈਆ । ਗੁਰਮੁਖ ਮੇਲਾ ਵਿਚ ਜਹਾਨਾ, ਲੋਕਮਾਤ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਭੇਵ ਕੋਇ ਨਾ ਪਾਈਆ । ਕਲਜੁਗ ਅੰਤਮ ਹੋ ਪ੍ਰਧਾਨਾ, ਨਿਹਕਲੰਕਾ ਨਾਉਂ ਰਖਾਈਆ । ਪੰਜ ਤਤ ਨਾ ਕੋਏ ਵਖਾਨਾ, ਤ੍ਰੈਗੁਣ ਤਤ ਨਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸੱਜਣ ਸਾਚੇ ਮੀਤ, ਆਪ ਸੁਣਾਏ ਸੁਹਾਗੀ ਗੀਤ, ਗੀਤ ਗੋਬਿੰਦ ਇਕ ਅਲਾਈਆ । ਗੀਤ ਗੋਬਿੰਦ ਸਹਿਜ ਸੁਖ ਸਾਗਰ, ਹਰਿ ਸ਼ਬਦੀ ਨਾਉਂ ਧਰਾਇਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਆਪ ਆਪਣੇ ਰੰਗ ਰੰਗਾਇਆ । ਭਾਗ ਲਗਾਏ ਕਾਇਆ ਗਾਗਰ, ਕਾਚੀ ਮਾਟੀ ਫੋਲ ਫੁਲਾਇਆ । ਗੁਰਮੁਖ ਵਿਰਲਾ ਜਗਤ ਸੋਦਾਗਰ, ਸਾਚਾ ਲਾਲ ਵਿਹਾਜਨ ਆਇਆ । ਪ੍ਰਭ ਆਪੇ ਬਖ਼ਸ਼ੇ ਦੇ ਦੇ ਆਦਰ, ਜੋ ਜਨ ਅੱਗੇ ਝੋਲੀ ਡਾਹਿਆ । ਕਰੀਮ ਕਰਤਾ ਹਰਿ ਹਰਿ ਕਾਦਰ, ਰਾਮ ਰਹੀਮ ਨਾਉਂ ਧਰਾਇਆ । ਜਨ ਭਗਤਾਂ ਦੇਵੇ ਸਾਚੀ ਚਾਦਰ, ਗੁਰ ਤੇਗ ਬਹਾਦਰ ਪੜਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਏਕਾ ਸਰਨ, ਏਕਾ ਰਾਹ ਵਿਖਾਇਆ । ਚਾਰ ਵਰਨ ਏਕਾ ਰੰਗ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ

ਚੜ੍ਹਾਈਆ । ਚਾਰ ਵਰਨ ਏਕਾ ਮੰਗ, ਹਰਿ ਭਿਛਿਆ ਨਾਮ ਝੋਲੀ ਪਾਈਆ । ਚਾਰ ਵਰਨ ਇਕ ਮਰਦੰਗ, ਅਨਹਦ ਸ਼ਬਦ ਆਪ ਵਜਾਈਆ । ਚਾਰ ਵਰਨ ਏਕਾ ਗੰਗ, ਕਾਇਆ ਅੰਦਰ ਆਪ ਵਹਾਈਆ । ਚਾਰ ਵਰਨਾਂ ਇਕ ਪਲੰਘ, ਆਤਮ ਸੇਜ ਸੁਹਾਈਆ । ਚਾਰ ਵਰਨਾਂ ਅੰਦਰ ਲੰਘ, ਨਿਰਗੁਣ ਆਪਣਾ ਦਰਸ ਵਖਾਈਆ । ਚਾਰ ਵਰਨ ਨਿਭਾਏ ਸਾਚਾ ਸੰਗ, ਸਾਂਝਾ ਯਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਖੰਡ ਪ੍ਰਿਥਮੀ ਏਕਾ ਘਰ, ਚਾਰ ਵਰਨ ਦਏ ਵਖਾਈਆ । ਚਾਰ ਵਰਨ ਇਕ ਦਰਵਾਜਾ, ਮੰਦਰ ਇਕ ਵਖਾਇੰਦਾ । ਚਾਰ ਵਰਨ ਗਰੀਬ ਨਿਵਾਜ਼ਾ, ਏਕਾ ਘਰ ਪਿਆਰ । ਚਾਰ ਵਰਨ ਸਾਜਨ ਸਾਜਾ, ਘਰ ਸਾਚੇ ਸੋਭਾ ਪਾਇੰਦਾ । ਚਾਰ ਵਰਨ ਏਕਾ ਰਾਜਾ, ਸਾਚੀ ਰਈਅਤ ਆਪ ਬਣਾਇੰਦਾ । ਚਾਰ ਵਰਨ ਇਕ ਨਵਾਬਾ, ਸ਼ਾਹ ਸੁਲਤਾਨ ਇਕ ਵਖਾਇੰਦਾ । ਚਾਰ ਵਰਨ ਇਕ ਕਾਅਬਾ, ਚਾਰ ਵਰਨ ਸਜਦਾ ਇਕ ਕਰਾਇੰਦਾ । ਚਾਰ ਵਰਨ ਏਕਾ ਅੰਮ੍ਰਿਤ ਕਵਲ ਨਾਭਾ, ਆਪਣੀ ਹੱਥੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬਸਤਰ ਕਟਾਰ ਏਕੰਕਾਰ, ਆਪ ਆਪਣੀ ਕਿਰਪਾ ਧਾਰ, ਗੁਰਮੁਖ ਸਾਚੇ ਤਨ ਪਹਿਨਾਇੰਦਾ । ਤਨ ਕਟਾਰੀ ਜੋਤ ਨਿਰੰਕਾਰੀ, ਹਰਿਜਨ ਤਨ ਪਹਿਨਾਈਆ । ਤਿਖੀ ਧਾਰੀ ਹਰਿ ਸ਼ਿੰਗਾਰੀ, ਕੰਨਿਆ ਕਵਾਰੀ ਨਾਉਂ ਧਰਾਈਆ । ਲੱਖ ਚੁਰਾਸੀ ਵੇਖੇ ਵਾਰੋ ਵਾਰੀ, ਲੋਕਮਾਤ ਖੇਲ ਨਿਆਰੀ, ਆਪਣਾ ਵਰ ਆਪੇ ਢੂੰਡਨ ਆਈਆ । ਉਚੇ ਟਿਲੇ ਚੜ ਚੜ ਵੇਖੇ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਸਮੁੰਦ ਸਾਗਰ ਫੋਲ ਫੁਲਾਈਆ । ਆਪਣੀ ਰੁੱਤ ਸੁਹਾਏ ਆਪਣੀ ਵਾਰੀ, ਆਪ ਆਪਣਾ ਦਿਵਸ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰਾ ਖੇਲ ਅਪਾਰਾ ਵਿਚ ਸੰਸਾਰਾ, ਕਲਜੁਗ ਤੇਰੀ ਅੰਤਮ ਵਾਰਾ ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਹਰਿ ਰਾਮਾ, ਰਾਮ ਰੂਪ ਹੋ ਆਇੰਦਾ । ਕਾਹਨਾ ਘਨਈਆ ਖੇਲ ਖੇਲੇ ਸ਼ਾਮਾ, ਸਾਚੀ ਨਗਰੀ ਰਾਸ ਰਚਾਇੰਦਾ । ਈਸਾ ਮੂਸਾ ਵਜਾਏ ਦਮਾਮਾ, ਸਚ ਨਗਾਰਾ ਇਕ ਵਿਖਾਇੰਦਾ । ਨਾਨਕ ਨਿਰਗੁਣ ਪੂਰਾ ਕਰੇ ਆਪਣਾ ਕਾਮਾ, ਚਾਰ ਵਰਨਾਂ ਏਕਾ ਮੰਤਰ ਨਾਮ ਪੜ੍ਹਾਇੰਦਾ । ਗੁਰ ਗੋਬਿੰਦ ਹੋਇਆ ਅੰਤਰਜਾਮਾ, ਭੇਵ ਅਭੇਦਾ ਆਪ ਖੁਲਾਇੰਦਾ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਤੀਰ ਨਿਸ਼ਾਨਾ ਇਕ ਵਖਾਇੰਦਾ । ਸ਼ਬਦ ਅਗੰਮੀ ਬੋਲ ਤਰਾਨਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਸੰਬਲ ਨਗਰੀ ਸਚ ਟਿਕਾਨਾ, ਸਾਚਾ ਧਾਮ ਸੁਹਾਇੰਦਾ । ਧੁਰਦਰਗਾਹੀ ਸਾਚਾ ਰਾਣਾ, ਆਪ ਆਪਣਾ ਨਾਉਂ ਧਰਾਇੰਦਾ । ਤਖਤੋਂ ਲਾਹੇ ਸ਼ਾਹ ਸੁਲਤਾਨਾਂ ਸੀਸ ਤਾਜ ਨਾ ਕੋਏ ਟਿਕਾਇੰਦਾ । ਬੀਸ ਇਕੀਸਾ ਵਰਤੇ ਆਪਣਾ ਭਾਣਾ, ਜਗਤ ਜਗਦੀਸਾ ਵੇਖ ਵਖਾਇੰਦਾ । ਛਤਰ ਸੀਸ ਹਰਿ ਇਕ ਝੁਲਾਣਾ, ਨੌ ਖੰਡ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਭਗਤਨ ਸਾਚੇ ਲਏ ਵਰ, ਆਪ ਆਪਣਾ ਖੋਲ੍ਹ ਦਰ, ਦਰ ਦਰਵਾਜਾ ਗਰੀਬ ਨਿਵਾਜ਼ਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਏਕੰਕਾਰਾ ਖੇਲ ਅਪਾਰਾ, ਨਿਰਗੁਣ ਮੇਲਾ ਨਿਰਗਣ ਧਾਰਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮਿਲਿਆ ਪਾਰਬ੍ਰਹਮ, ਲੋਕਮਾਤ ਵੱਜੀ ਵਧਾਈਆ । ਨਾਤਾ ਤੁਟਾ ਪੰਜ ਤਤ ਤਨ, ਹਰਿ ਸ਼ਬਦ ਹੋਈ ਕੁੜਮਾਈਆ । ਆਪਣਾ ਬੇੜਾ ਗਿਆ ਬੰਨ, ਸਿਰ ਆਪਣਾ ਭਾਰ ਉਠਾਈਆ । ਰਾਹ ਤੱਕਣ ਸੂਰਜ ਚੰਨ,

ਜਿਸ ਮਾਰਗ ਹਰਿਜਨ ਜਾਈਆ । ਬ੍ਰਹਮਾ ਵਿਸ਼ਨ ਸ਼ਿਵ ਕਹਿਣ ਧੰਨ ਧੰਨ, ਸਚ ਕਬੀਰਾ ਗਿਆ ਸਮਝਾਈਆ । ਪੁਰਖ ਅਬਿਨਾਸ਼ੀ ਏਕਾ ਜਾਏ ਮੰਨ, ਹਰਿ ਭਗਤਾਂ ਆਪਣੇ ਵਿਚ ਟਿਕਾਈਆ । ਜਨਨੀ ਜਨਿਆ ਸਾਚਾ ਜਨ, ਜਨ ਜਨਣੀ ਲੇਖੇ ਲਾਈਆ । ਪੰਜ ਤਤ ਭਾਂਡਾ ਭੰਨ, ਨਿਰਗੁਣ ਜੋਤੀ ਜੋਤ ਮਿਲਾਈਆ । ਦਿਸ ਨਾ ਆਏ ਨੇਤਰ ਅੰਨ, ਗਿਆਨ ਨੇਤਰ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਆਪਣੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਨਾ, ਅਬਿਨਾਸ਼ੀ ਕਰਤਾ ਏਕੰਕਾਰਾ ਹਰਿ ਨਿਰੰਕਾਰਾ, ਬੈਠਾ ਆਪ ਜਗਾਈਆ । ਸਾਚਾ ਦੀਪਕ ਹਰਿ ਹਰਿ ਬਾਲ, ਸੁੰਨ ਅਗੰਮੀ ਰਾਹ ਤਕਾਇੰਦਾ । ਸਭ ਆਪਣੇ ਆਪ ਭਾਲ, ਆਪੇ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਜਗਤ ਜੰਜਾਲ, ਕਾਲ ਦਿਆਲ ਦਇਆ ਕਮਾਇੰਦਾ । ਇਕ ਵਖਾਏ ਬੇਹੰਗਮ ਚਾਲ, ਸਾਚੇ ਪੌੜੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬ੍ਰਾਹਮਣ ਗੌੜੇ ਆਪਣੇ ਪੌੜੇ ਵੇਖ ਵਖਾਇੰਦਾ । ਆਪਣਾ ਪੌੜਾ ਹਰਿ ਹਰਿ ਮੀਤ, ਆਪ ਆਪੇ ਵਖਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਜੋ ਜਨ ਰਸਨਾ ਹਰਿ ਹਰਿ ਹਰਿ ਗੁਣ ਗਾਈਆ । ਹਰੀ ਹਰਿ ਠੰਡਾ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਰਲ ਮਿਲ ਸਖਿਓ ਗਾਓ ਗੋਬਿੰਦ ਦੇ ਗੀਤ, ਗੁਰ ਗੋਬਿੰਦ ਮੁਖ ਸਲਾਹੀਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚਾ ਵੇਖਿਆ, ਗੁਰ ਸਤਿਗੁਰ ਦੀਨ ਦਇਆਲ । ਲੋਕਮਾਤ ਕੱਢੇ ਭਰਮ ਭੁਲੇਖਿਆ, ਆਤਮ ਦੀਪਕ ਜੋਤੀ ਏਕਾ ਬਾਲ । ਕਿਸੇ ਹੱਥ ਨਾ ਆਏ ਮੁਲਾ ਸ਼ੇਖਿਆ, ਪੰਡਤ ਪਾਂਧੇ ਰਹੇ ਭਾਲ । ਜਿਸ ਮਸਤਕ ਧੁਰ ਧੁਰ ਲੇਖਿਆ, ਤਿਸ ਮਿਲਿਆ ਲਾਲ ਗੋਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਬਣੇ ਦਲਾਲ । ਸਰਗੁਣ ਵਿਚੋਲਾ ਨਿਰਗੁਣ ਰੂਪ, ਨਰ ਨਰਾਇਣ ਅਖਵਾਇੰਦਾ । ਸਾਚਾ ਤੋਲਾ ਤੋਲਣਹਾਰਾ ਜੂਠ ਝੂਠ, ਨਾਮ ਵੱਟਾ ਏਕਾ ਪਾਇੰਦਾ । ਫਿਰੇ ਦਰੋਹੀ ਚਾਰੇ ਕੂਟ, ਮਹਿਬਾਨ ਬੀਦੋ ਭੇਵ ਨਾ ਆਇੰਦਾ । ਜਨ ਭਗਤਾਂ ਉਪਰ ਜਾਏ ਤੁਠ, ਅੰਮ੍ਰਿਤ ਘੁੱਟ ਜਾਮ ਪਿਆਇੰਦਾ । ਆਵਣ ਜਾਵਣ ਲਖ ਚੁਰਾਸੀ ਜਾਏ ਛੁੱਟ, ਰਾਏ ਧਰਮ ਫੰਦ ਕਟਾਇੰਦਾ । ਹਰਿ ਭਗਤ ਰੱਖਣ ਸਾਚੀ ਓਟ, ਬਿਨ ਹਰਿ ਹਰਿ ਨਾ ਕੋਈ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਦਾਤਾ ਨਿਰਗੁਣ ਜੋਤ, ਹਰਿਜਨ ਨਿਰਗੁਣ ਜੋਤ ਆਪ ਮਿਲਾਇੰਦਾ । ਨਿਰਗੁਣ ਜੋਤ ਜੋਤ ਅਕਾਲ, ਅਕਲ ਕਲਾ ਅਖਵਾਈਆ । ਵਸਣਹਾਰਾ ਸੱਚੀ ਧਰਮਸਾਲ, ਘਰ ਸਾਚੇ ਸਚ ਸੁਹਾਈਆ । ਜਨ ਭਗਤਾਂ ਚਲੇ ਨਾਲ ਨਾਲ, ਜੁਗਾ ਜੁਗੰਤਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਬਹਾਏ ਏਕਾ ਦਰ, ਊਚ ਨੀਚ ਰਾਓ ਰੰਕ, ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਇ ਅਖਵਾਈਆ । ਰਾਜ ਰਾਜਾਨਾ ਇਕ ਦਵਾਰਾ, ਊਚਾਂ ਨੀਚਾਂ ਮੇਲ ਮਿਲਾਇੰਦਾ । ਚਾਰ ਵਰਨ ਵਖਾਏ ਇਕ ਭੰਡਾਰਾ, ਅੰਮ੍ਰਿਤ ਜਾਮ ਇਕ ਪਿਆਇੰਦਾ । ਏਕਾ ਇਸ਼ਟ ਦੇਵ ਹਰਿ ਕਰਤਾਰਾ, ਸ਼ਬਦ ਗੁਰ ਇਕ ਸਮਝਾਇੰਦਾ । ਏਕਾ ਪੁਰਖ ਏਕਾ ਨਾਰਾ, ਨਰ ਨਰਾਇਣ ਨਾਉਂ ਧਰਾਇੰਦਾ । ਹਰਿਜਨ ਦੇਵੇ ਸਤਿ ਸਹਾਰਾ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਮਹਿਮਾ ਅਕਥ ਕਥੀ ਨਾ ਜਾਏ ਵਿਚ ਸੰਸਾਰਾ, ਚਾਰ ਵੇਦ ਚਾਰੇ ਮੁਖ ਬ੍ਰਹਮਾ ਕੁਰਲਾਇੰਦਾ । ਵੇਦ ਪੁਰਾਨਾਂ ਆਈ ਹਾਰਾ,

ਸ਼ਾਸਤਰ ਸਿਮਰਤ ਭੇਵ ਨਾ ਪਾਇੰਦਾ । ਗੀਤਾ ਗਿਆਨ ਦਏ ਹਲਾਰਾ, ਆਪ ਆਪਣਾ ਖੇਲ ਖਿਲਾਇੰਦਾ । ਅੰਜੀਲ ਕੁਰਾਨ ਮਾਰਨ ਨਾਅਰਾ, ਸਚ ਮਹਿਬੂਬ ਦਿਸ ਨਾ ਆਇੰਦਾ । ਨਾਨਕ ਨਿਰਗੁਣ ਬੋਲ ਜੈਕਾਰਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਨਾਮ ਸਤਿ ਬਣ ਵਰਤਾਰਾ, ਸ੍ਰਿਸ਼ਟ ਸਬਾਈ ਆਪ ਵਰਤਾਇੰਦਾ । ਗੁਰ ਗੋਬਿੰਦ ਸਿੰਘ ਸਚ ਸਚੀ ਸਰਕਾਰਾ, ਵਾਹਿਗੁਰੂ ਫਤਿਹ ਇਕ ਗਜਾਇੰਦਾ । ਲੱਖ ਚੁਰਾਸੀ ਲੇਖਾ ਲਿਖੇ ਅਪਰ ਅਪਾਰਾ, ਵਾਕ ਭਵਿਖਤ ਆਪ ਲਿਖਾਇੰਦਾ । ਕਲਜੁਗ ਅੰਤਮ ਪ੍ਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਸ਼ਬਦ ਖੰਡਾ ਹੱਥ ਤੇਜ ਕਟਾਰਾ, ਬਹੱਤਰ ਧਾਰ ਪਾਰ ਕਰਾਇੰਦਾ । ਸੰਬਲ ਨਗਰੀ ਸਚ ਮਨਾਰਾ, ਏਕਉਂਕਾਰਾ ਆਸਣ ਲਾਇੰਦਾ । ਪੂਤ ਸਪੂਤਾ ਬ੍ਰਾਹਮਣ ਗੌੜਾ, ਸੁਤ ਦੁਲਾਰਾ ਹਰਿ ਸ਼ਬਦੀ ਸ਼ਬਦ ਉਪਜਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖੇ ਇਕ ਅਖਾੜਾ, ਏਕਾ ਬੰਕ ਸੁਹਾਇੰਦਾ । ਭਾਗ ਲਗਾਏ ਸਤਾਰਾਂ ਹਾੜਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਮੰਗੇ ਆਪੇ ਦਰ, ਦਰ ਦਰਵੇਸ਼ ਨਰ ਨਰੇਸ਼ ਫੇਰੀ ਪਾਇੰਦਾ ।

### ❊ ੨੭ ਮੱਘਰ ੨੦੧੯ ਬਿਕ੍ਰਮੀ ਪਿੰਡ ਕੱਲਾ ਪ੍ਰੀਤਮ ਸਿੰਘ ਦੇ ਘਰ ❊



ਗੁਰ ਚਰਨ ਧੂੜ ਚਰਨਮਤ, ਚਾਤਰਕ ਤ੍ਰਿਖਾ ਬੁਝਾਈਆ । ਕੰਚਨ ਕਾਇਆ ਅੰਮ੍ਰਿਤ ਦੇਵੇ ਸਿੰਚ, ਰਸ ਭਿੰਨਾ ਇਕ ਵਖਾਈਆ । ਨਾ ਕੋਈ ਜਾਣੇ ਵਾਰ ਥਿਤ, ਪ੍ਰਭ ਆਪਣੇ ਹੱਥ ਰੱਖੀ ਵਡਿਆਈਆ । ਜੁਗ ਜੁਗ ਜਨ ਭਗਤਾਂ ਕਰੇ ਸਾਚਾ ਹਿਤ, ਸੰਤ ਸਾਜਨ ਲਏ ਤਰਾਈਆ । ਦਰਸ ਵਖਾਏ ਨਿਤ ਨਵਿਤ, ਨੇਤਰ ਨੈਣ ਆਪ ਖੁਲ੍ਹਾਈਆ । ਦਾਤਾ ਦਾਨੀ ਸਾਚਾ ਪਿਤ, ਪਾਰਬ੍ਰਹਮ ਹਰਿ ਅਖਵਾਈਆ । ਲੇਖੇ ਲਾਏ ਬੂੰਦ ਰਿਤ, ਰੱਤੀ ਰਤ ਵੇਖ ਵਖਾਈਆ । ਆਪੇ ਵਸਣਹਾਰਾ ਚਿਤ, ਘਰ ਮੰਦਰ ਸੋਭਾ ਪਾਈਆ । ਹਰਿਆ ਕਰੇ ਕਾਇਆ ਖੇਤ, ਸਚ ਫੁਲਵਾੜੀ ਆਪ ਮਹਿਕਾਈਆ । ਰੁੱਤ ਬਸੰਤੀ ਮਹੀਨਾ ਚੇਤ, ਹਰਿਜਨ ਸਾਚੇ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਏਕਾ ਬੂਝ ਬੁਝਾਈਆ । ਚਰਨ ਧੂੜ ਗੁਰ ਮਿੱਠਾ ਰਸ, ਗੁਰ ਗੁਰਮੁਖ ਝੋਲੀ ਪਾਇੰਦਾ । ਹਿਰਦੇ ਅੰਦਰ ਆਪੇ ਵਸ, ਆਪ ਆਪਣਾ ਰਸ ਚਖਾਇੰਦਾ । ਸਾਚਾ ਮਾਰਗ ਹਰਿਜਨ ਦੱਸ, ਸਾਚੇ ਪੌੜੇ ਆਪ ਚੜ੍ਹਾਇੰਦਾ । ਅਗੰਮੀ ਬੋਲੇ ਹੱਸ ਹੱਸ, ਨਿਰਗੁਣ ਤਾਰ ਸਤਾਰ ਆਪ ਵਜਾਇੰਦਾ । ਬਹੱਤਰ ਨਾੜੀ ਤਾਰਾਂ ਕਸ, ਨਾਮ ਗਜ਼ ਇਕ ਫਰਾਇੰਦਾ । ਤੂੰ ਹੀ ਤੂ ਰਹੀ ਦੱਸ, ਜਿਸ ਆਪਣੀ ਬੂਝ ਬੁਝਾਇੰਦਾ । ਮੇਲ ਮਿਲਾਵਾ ਨੱਸ ਨੱਸ, ਨਰ ਨਰਾਇਣ ਆਪ ਕਰਾਇੰਦਾ । ਆਪਣਾ ਤੀਰ ਮਾਰੇ ਕਸ, ਲੋਹਾਰ ਤਰਖ਼ਾਨ ਨਾ ਕੋਇ ਘੜਾਇੰਦਾ । ਤ੍ਰੈਗੁਣ ਮਾਇਆ ਨਾ ਡੱਸਣੀ ਸਕੇ ਡੱਸ, ਜਗਤ ਵਿਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਲਾ ਦੀਨ ਦਿਆਲਾ ਆਤਮ ਮਦਿ ਏਕਾ ਜਾਮ ਗੁਰ ਮੰਤਰ ਆਪ ਪਿਆਇੰਦਾ । ਚਰਨ ਧੂੜ ਸਾਚਾ ਰੰਗ, ਹਰਿਜਨ ਸਾਚੇ ਆਪ ਚੜ੍ਹਾਈਆ । ਪੁਰਖ ਅਗੰਮਾ ਨਿਰਗੁਣ ਘੋੜੇ ਕਸ ਤੰਗ, ਸਰਗੁਣ ਵੇਖੇ ਸਹਿਜ ਸੁਭਾਈਆ । ਸੋ ਪੁਰਖ ਨਿਰੰਜਨ ਫੜਿਆ ਹੱਥ ਮਰਦੰਗ, ਹੰ ਬ੍ਰਹਮ ਰਿਹਾ ਰੰਗਾਈਆ । ਹਰਿਜਨ ਅੰਗੀਕਾਰ ਕਰੇ ਲਾਏ ਅੰਗ, ਆਪਣਾ ਅੰਗਨ ਆਪ ਸੁਹਾਈਆ ।

ਦੂਸਰ ਦਰ ਨਾ ਕੋਈ ਮੰਗੇ ਮੰਗ, ਸਤਿ ਭੰਡਾਰਾ ਆਪ ਰਖਾਈਆ । ਚਰਨ ਦਰਸੀ ਕੋਟਨ ਗੰਗ, ਹਰਿਜਨ ਕਾਇਆ ਆਪ ਵਹਾਈਆ । ਆਪਣੇ ਮੰਦਰ ਆਪੇ ਲੰਘ, ਆਪਣੀ ਸੇਜਾ ਦਏ ਸੁਹਾਈਆ । ਹਰਿਜਨ ਸਾਜਨ ਤੇਰਾ ਰੂਪ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਉਪਰ ਬੈਠ ਸੂਰਾ ਸਰਬੰਗ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਜਾਮ ਇਕ ਵਖਾਈਆ । ਗੁਰ ਚਰਨ ਧੂੜ ਸਾਚੀ ਵੱਥ, ਭਗਤਨ ਝੋਲੀ ਪਾਇੰਦਾ । ਪਾਰਬ੍ਰਹਮ ਪੁਰਖ ਸਮਰਥ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਤ੍ਰੈਗੁਣ ਮਾਇਆ ਪਾਵੇ ਨੱਥ, ਸਤਿ ਸੰਤੋਖੀ ਡੋਰੀ ਹੱਥ ਉਠਾਇੰਦਾ । ਹਰਿਜਨ ਲਹਿਣਾ ਦੇਣ ਚੁਕਾਏ ਹੱਥੋ ਹੱਥ, ਪਿਛਲਾ ਮੂਲ ਨਾ ਕੋਇ ਰਖਾਇੰਦਾ । ਜਗਤ ਵਿਕਾਰਾ ਹਰਿ ਹਰਿ ਮਥ, ਸਾਚੇ ਮਾਰਗ ਆਪੇ ਲਾਇੰਦਾ । ਚਰਨ ਪ੍ਰੀਤੀ ਸਾਚਾ ਹਠ, ਦਿਵਸ ਰੈਣ ਰਖਾਇੰਦਾ । ਦੁਰਮਤ ਮੈਲ ਆਪੇ ਕੱਟ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਘਰ ਵਿਚ ਖੋਲ੍ਹ ਸਾਚਾ ਹੱਟ, ਆਪਣਾ ਨਾਮ ਵਕਾਇੰਦਾ । ਆਪੇ ਲਾਹਾ ਲਏ ਖੱਟ, ਆਪਣੀ ਕੀਮਤ ਆਪੇ ਪਾਇੰਦਾ । ਆਪੇ ਕਰੇ ਖੇੜਾ ਭੱਠ, ਭੱਠ ਭਠਿਆਲਾ ਆਪ ਤਪਾਇੰਦਾ । ਆਪੇ ਅੰਮ੍ਰਿਤ ਦੇਵੇ ਝਟ, ਅਗਨੀ ਤਤ ਬੁਝਾਇੰਦਾ । ਆਪੇ ਜੋਤੀ ਨੂਰ ਲਟ ਲਟ, ਲਾਲ ਗੁਲਾਲਾ ਡਗਮਗਾਇੰਦਾ । ਆਪੇ ਮਾਰੇ ਸਾਚੀ ਸੱਟ, ਅਨਹਦ ਏਕਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਹਰਿ ਸੱਜਣ ਆਪ ਰੰਗਾਇੰਦਾ । ਗੁਰ ਚਰਨ ਧੂੜ ਸਾਚੀ ਵਸਤ, ਅਨਮੋਲ ਅਨਮੁਲ ਰਖਾਈਆ । ਏਕਾ ਰੰਗ ਰੰਗਾਏ ਕੀਟ ਹਸਤ, ਊਚ ਨੀਚ ਭੇਵ ਚੁਕਾਈਆ । ਗੁਰਮੁਖਾਂ ਰੱਖੇ ਸਦਾ ਮਸਤ, ਅਲਮਸਤ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬੰਧਨ ਦਏ ਤੁੜਾਈਆ । ਗੁਰ ਚਰਨਾ ਧੂੜੀ ਤੋੜੇ ਬੰਧਨ, ਬੰਧੀ ਬੰਧ ਰਹਿਣ ਨਾ ਪਾਈਆ । ਗੁਰਮੁਖ ਬੂਟਾ ਸਾਚਾ ਚੰਦਨ, ਦਰ ਘਰ ਸਾਚੇ ਆਪ ਲਗਾਈਆ । ਵਾਸਨਾ ਭਰੇ ਪਰਮਾਨੰਦ, ਨਿਝ ਆਤਮ ਆਪ ਮਹਿਕਾਈਆ । ਸੋ ਪੁਰਖ ਸੁਣਾਏ ਸੁਹਾਗੀ ਛੰਦਨ, ਹੰ ਬ੍ਰਹਮ ਵੱਜੇ ਵਧਾਈਆ । ਤ੍ਰੈ ਤ੍ਰੈ ਤੋੜੇ ਆਪੇ ਤੰਦਨ, ਆਪੇ ਤੁਟੀ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਚਰਨ ਧੂੜ ਗੁਰ ਵਸਤ ਅਨਮੋਲ, ਚੌਦਾਂ ਹੱਟ ਨਾ ਕੋਇ ਵਕਾਇੰਦਾ । ਜੁਗਾ ਜੁਗੰਤਰ ਦਰ ਦਰਵਾਜ਼ਾ ਆਪਣਾ ਖੋਲ੍ਹ, ਵਣਜ ਵਣਜਾਰਾ ਆਪ ਕਰਾਇੰਦਾ । ਨਿਰਗੁਣ ਸਰਗੁਣ ਅੰਦਰ ਬਹਿ ਬਹਿ ਆਪਣਾ ਤੋਲੇ ਤੋਲ, ਤੋਲ ਤਰਾਜ਼ੂ ਨਾਮ ਕੰਡਾ ਇਕ ਰਖਾਇੰਦਾ । ਆਪਣੀ ਧਾਰਨ ਆਪੇ ਲਏ ਬੋਲ, ਬੋਲਣਹਾਰਾ ਦਿਸ ਨਾ ਆਇੰਦਾ । ਆਪਣੀ ਵਸਤ ਸਦਾ ਰੱਖੇ ਕੋਲ, ਜਿਉਂ ਭਾਵੇ ਤਿਉਂ ਵਰਤਾਇੰਦਾ । ਹਰਿਜਨ ਹਿਰਦੇ ਅੰਦਰ ਜਾਏ ਮੌਲ, ਆਪ ਆਪਣਾ ਰੂਪ ਧਰਾਇੰਦਾ । ਅੰਮ੍ਰਿਤ ਆਤਮ ਬਖਸ਼ੇ ਸਾਚੀ ਪੌਲ, ਨਾਮ ਖੰਡਾ ਵਿਚ ਫਰਾਇੰਦਾ । ਦੇਵੇ ਵਡਿਆਈ ਉਪਰ ਧੌਲ, ਜਿਸ ਜਨ ਆਪਣਾ ਰਸ ਚਖਾਇੰਦਾ । ਹਰਿਜਨ ਸਾਜਨ ਆਦਿ ਅੰਤ ਨਾ ਜਾਏ ਡੋਲ, ਧੀਰਜ ਧੀਰ ਇਕ ਵਖਾਇੰਦਾ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਕਰਨਹਾਰਾ ਪੂਰਾ ਕੌਲ, ਪਿਛਲੀ ਕੀਤੀ ਭੁੱਲ ਨਾ ਜਾਇੰਦਾ । ਆਪਣਾ ਬਦਲਿਆ ਕਾਇਆ ਚੋਲ, ਜੋਤੀ ਨੂਰ ਨਾ ਕੋਏ ਬਦਲਾਇੰਦਾ । ਪੁਰਖ ਅਕਾਲ ਵਜਾਏ ਸਚਾ ਢੋਲ, ਬਾਰਾਂ ਰਾਸੀ ਕਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਉਪਜਾਇੰਦਾ । ਗੁਰ ਚਰਨ ਧੂੜ ਮੇਲ ਨਿਰੰਕਾਰ, ਥਿਰ ਘਰ ਸਾਚੇ ਮੇਲ ਮਿਲਾਈਆ । ਫੜ ਫੜ ਬਾਂਹੋਂ ਜਾਏ ਤਾਰ,

ਸਤਿਗੁਰ ਪੂਰਾ ਵਡ ਵਡਿਆਈਆ । ਦੇਵੇ ਦਰਸ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਨਿਰਗੁਣ ਜੋਤੀ ਕਰ ਉਜਿਆਰ, ਨਰ ਨਰਾਇਣ ਰੂਪ ਵਟਾਈਆ । ਸਗਲਾ ਸਾਥੀ ਸਰਬ ਸੰਸਾਰ, ਸਗਲਾ ਸੰਗ ਨਿਭਾਈਆ । ਗੁਰਮੁਖਾਂ ਰਾਖੀ ਕਰੇ ਹੋਏ ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਅਲੱਖਣਾ ਲਾਖੀ ਸੱਚੀ ਸਰਕਾਰ, ਅਲੱਖ ਨਿਰੰਜਨ ਆਪਣੀ ਅਲੱਖ ਆਪ ਜਗਾਈਆ । ਮੰਗਣਹਾਰਾ ਭਗਤ ਦਵਾਰ, ਏਕਾ ਭਿਛਿਆ ਮੰਗ ਮੰਗਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਕਾਇਆ ਕਾਸਾ ਆਪ ਟਿਕਾਈਆ । ਚਰਨ ਧੂੜ ਬਖਸ਼ੇ ਜਿਸ ਜਨ ਕਰ ਪਿਆਰ, ਜਨਮ ਜਨਮ ਦਾ ਮਸਤਕ ਟਿੱਕਾ ਕਾਲੀ ਛਾਹੀ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾ ਕੋਈ ਪੁਰਖ ਨਾ ਕੋਈ ਨਾਰ, ਇਕ ਅਕੇਲਾ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਸਚ ਮਕਾਨ, ਰੱਖਣਹਾਰਾ ਸ਼ਬਦ ਬਬਾਨ, ਪਰਖਣਹਾਰਾ ਗੁਰਮੁਖ ਨਿਧਾਨ, ਆਪ ਆਪਣਾ ਰੂਪ ਵਟਾਈਆ ।

### ❊ ੨੭ ਮੱਘਰ ੨੦੧੯ ਬਿਕ੍ਰਮੀ ਪਿੰਡ ਕੱਲਾ ਹਰਬੰਸ ਸਿੰਘ ਦੇ ਘਰ ❊

ਗੁਰ ਚਰਨ ਦਵਾਰ ਠਾਂਡਾ ਘਰ, ਸਾਂਤਕ ਸਤਿ ਸਤਿ ਵਰਤਾਈਆ । ਗੁਰ ਚਰਨ ਦਵਾਰਾ ਮਿਲੇ ਸਾਚਾ ਵਰ, ਨਾਮ ਦਾਨ ਝੋਲੀ ਪਾਈਆ । ਗੁਰ ਚਰਨ ਦਵਾਰਾ ਚੁੱਕੇ ਡਰ, ਭੈ ਭਿਆਨਕ ਨਾ ਕੋਇ ਵਖਾਈਆ । ਗੁਰ ਚਰਨ ਦਵਾਰਾ ਹਰਿਜਨ ਜਾਏ ਤਰ, ਸਤਿਗੁਰ ਪੂਰਾ ਆਪ ਤਰਾਈਆ । ਗੁਰ ਚਰਨ ਦਵਾਰਾ ਸਾਚਾ ਸਰ, ਗੁਰਮੁਖ ਵਿਰਲਾ ਤਾਰੀਆ ਲਾਈਆ । ਗੁਰ ਚਰਨ ਦਵਾਰਾ ਸਾਚਾ ਗੜ, ਗੁਰਮੁਖ ਵਿਰਲੇ ਲਏ ਚੜ੍ਹਾਈਆ । ਗੁਰ ਚਰਨ ਦਵਾਰਾ ਏਕਾ ਅੱਖਰ ਲੈਣਾ ਪੜ੍ਹ, ਨਾਤਾ ਤੁੱਟੇ ਜਗਤ ਪੜ੍ਹਾਈਆ । ਗੁਰ ਚਰਨ ਦਵਾਰਾ ਗੁਰ ਦਰਸਨ ਕਰਨਾ ਅਗੇ ਖੜ, ਗੁਰ ਗੋਬਿੰਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖ ਸਿਖ ਮਤ ਸਮਝਾਈਆ । ਗੁਰ ਚਰਨ ਦਵਾਰਾ ਸਚਖੰਡ, ਘਰ ਸਾਚਾ ਆਪ ਸੁਹਾਇੰਦਾ । ਗੁਰ ਚਰਨ ਦਵਾਰਾ ਉਚ ਬ੍ਰਹਿਮੰਡ, ਪਾਰਬ੍ਰਹਮ ਪ੍ਰਭ ਆਪ ਉਪਾਇੰਦਾ । ਗੁਰ ਚਰਨ ਦਵਾਰਾ ਜਨ ਭਗਤਾਂ ਵੰਡੀ ਵੰਡ, ਮਨਮੁਖ ਹਿੱਸਾ ਨਾ ਕੋਏ ਰਖਾਇੰਦਾ । ਗੁਰ ਚਰਨ ਦਵਾਰ ਜਗਤ ਵਕਾਰਾ ਕਰੇ ਖੰਡ ਖੰਡ, ਨਾਮ ਖੰਡਾ ਹੱਥ ਉਠਾਇੰਦਾ । ਗੁਰ ਚਰਨ ਦਵਾਰਾ ਨਾਤਾ ਤੋੜੇ ਜੇਰਜ ਅੰਡ, ਚਾਰੇ ਖਾਣੀ ਪਾਰ ਕਰਾਇੰਦਾ । ਗੁਰ ਚਰਨ ਦਵਾਰਾ ਖੁਸ਼ੀ ਕਰੇ ਬੰਦ ਬੰਦ, ਜਗਤ ਰੋਗ ਸੋਗ ਚਿੰਤਾ ਦੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਲੇਖੇ ਲਾਇੰਦਾ । ਗੁਰ ਚਰਨ ਦਵਾਰਾ ਹਰਿ ਹਰਿ ਓਟ, ਗੁਰਮੁਖ ਵਿਰਲੇ ਮਾਤ ਤਕਾਈਆ । ਗੁਰ ਚਰਨ ਦਵਾਰਾ ਕੱਢੇ ਵਾਸਨਾ ਖੋਟ, ਮਾਇਆ ਮਮਤਾ ਮੋਹ ਮਿਟਾਈਆ । ਗੁਰ ਚਰਨ ਦਵਾਰਾ ਤਨ ਲਗਾਏ ਸਾਚੀ ਚੋਟ, ਨਾਮ ਨਗਾਰਾ ਇਕ ਵਜਾਈਆ । ਗੁਰ ਚਰਨ ਦਵਾਰਾ ਪਾਰ ਕਰਾਏ ਓਤ ਪੋਤ, ਜੋ ਜਨ ਰਹੇ ਸਰਨਾਈਆ । ਗੁਰ ਚਰਨ ਦਵਾਰਾ ਨਿਰਮਲ ਜਗਾਏ ਬਿਮਲ ਜੋਤ, ਦੀਵਾ ਬਾਤੀ ਆਪ ਟਿਕਾਈਆ । ਗੁਰ ਚਰਨ ਦਵਾਰਾ ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਰੰਗ ਸਮਾਈਆ । ਗੁਰ ਚਰਨ ਦਵਾਰਾ ਖੋਲੇ ਨੇਤਰ ਸੋਤ, ਸੁਰਤ ਸ਼ਬਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਹਰਿਜਨ ਵੇਖੇ ਚਾਈਂ ਚਾਈਆ । ਗੁਰ ਚਰਨ ਦਵਾਰਾ ਚਾਰ ਜੁਗ ਹਰਿਜਨ ਨਾਤਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਜੁਗਾ ਜੁਗੰਤਰ ਖੇਲੇ ਖੇਲ ਪੁਰਖ ਬਿਧਾਤਾ, ਵਡਿਆ ਰਿਖਵ ਨਾਮ ਧਰਾਇੰਦਾ । ਮੇਟਣਹਾਰ ਅੰਧੇਰੀ ਰਾਤਾ, ਸਾਚਾ ਹਰਿਜਨ ਚੰਦ ਚੜ੍ਹਾਇੰਦਾ । ਜਨ ਭਗਤਾਂ ਪੁੱਛੇ ਅੰਤਮ ਵਾਤਾ, ਆਪ ਆਪਣਾ ਰੂਪ ਵਟਾਇੰਦਾ । ਉਚੇ ਮੰਦਰ ਬਹਿ ਬਹਿ ਮਾਰੇ ਝਾਤਾ, ਆਪਣੀ ਤਾਕੀ ਆਪ ਖੁਲਾਇੰਦਾ । ਕਲਜੁਗ ਅੰਤਮ ਸਾਚਾ ਸਾਕੀ ਬਣਿਆ ਸਾਕਾ, ਨਾਮ ਪਿਆਲਾ ਇਕ ਪਿਆਇੰਦਾ । ਜਗਤ ਜਣਾਈ ਭਗਤ ਵਡਿਆਈ ਭਵਿਖਤ ਵਾਕਾ, ਅਗਲਾ ਪਿਛਲਾ ਲੇਖਾ ਲੇਖੇ ਲਾਇੰਦਾ । ਗੁਰ ਚਰਨ ਗੁਰਸਿਖ ਨਾ ਹੋਵੇ ਕਦੇ ਜੁਦਾਈ, ਜੁੜਿਆ ਜੋੜ ਨਾ ਕੋਇ ਤੁੜਾਇੰਦਾ । ਗੁਰਸਿਖ ਘਰ ਵਜਦੀ ਰਹੇ ਵਧਾਈ, ਸਤਿਗੁਰ ਪੂਰਾ ਸਗਨ ਮਨਾਇੰਦਾ । ਪਾਰਬ੍ਰਹਮ ਕਰੀ ਕੁੜਮਾਈ, ਜਗਤ ਜੁਦਾਈ ਆਪ ਚੁਕਾਇੰਦਾ । ਵੇਖਣਹਾਰਾ ਥਾਉਂ ਥਾਈਂ, ਦੀਪਾਂ ਲੋਆਂ ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਨੌ ਖੰਡ ਸੱਤ ਦੀਪ ਲੱਖ ਚੁਰਾਸੀ ਅੰਦਰ ਵੜ ਕੋਟਨ ਵਿਚੋਂ ਗੁਰਮੁਖ ਵਿਰਲਾ ਲਏ ਫੜ, ਆਪ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਗੁਰੂ ਗੁਰ ਚੇਲੇ, ਗੁਰਮੁਖ ਪੜਦਾ ਲਾਹਿੰਦਾ ।

### ❋ ੨੭ ਮੱਘਰ ੨੦੧੯ ਬਿਕ੍ਰਮੀ ਪਿੰਡ ਕੱਲਾ ਗੱਜਣ ਸਿੰਘ ਦੇ ਘਰ ❋



ਗੁਰ ਚਰਨ ਸਚ ਧਿਆਨ, ਆਤਮ ਅੰਤਰ ਇਕ ਬੁਝਾਈਆ । ਗੁਰ ਚਰਨ ਸਚ ਗਿਆਨ, ਹਰਿ ਮੰਤਰ ਨਾਮ ਪੜ੍ਹਾਈਆ । ਗੁਰ ਚਰਨ ਸਚ ਮਕਾਨ, ਘਰ ਸਾਚਾ ਇਕ ਸੁਹਾਈਆ । ਗੁਰ ਚਰਨ ਸਚ ਅਸ਼ਨਾਨ, ਸਰ ਸਰੋਵਰ ਇਕ ਨੁਹਾਈਆ । ਗੁਰ ਚਰਨ ਇਕ ਮਾਨ, ਨਿਮਾਣ ਨਿਮਾਣਿਆ ਗਲੇ ਲਗਾਈਆ । ਗੁਰ ਚਰਨ ਇਕ ਬਬਾਨ, ਗੁਰਮੁਖ ਸਾਚੇ ਲਏ ਚੜ੍ਹਾਈਆ । ਗੁਰ ਚਰਨ ਪੀਣ ਖਾਣ, ਅੰਤਰ ਆਤਮ ਤ੍ਰਿਸ਼ਨਾ ਭੁੱਖ ਗਵਾਈਆ । ਗੁਰ ਚਰਨ ਚੁਕਾਏ ਜਮ ਕੀ ਕਾਨ, ਲਖ ਚੁਰਾਸੀ ਫੰਦ ਕਟਾਈਆ । ਗੁਰ ਚਰਨ ਮੇਲ ਮਿਲਾਏ ਗੁਣ ਨਿਧਾਨ, ਗੁਣ ਅਵਗੁਣ ਨਾ ਵੇਖ ਵਿਖਾਈਆ । ਗੁਰ ਚਰਨ ਦੇਵੇ ਧੁਰ ਫਰਮਾਨ, ਆਪ ਆਪਣਾ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚਰਨ ਦਵਾਰਾ ਏਕੰਕਾਰਾ, ਘਰ ਮੰਦਰ ਇਕ ਵਡਿਆਈਆ । ਗੁਰ ਚਰਨ ਦਵਾਰਾ ਸੋਭਾਵੰਤ, ਹਰਿ ਪੁਰਖ ਨਿਰੰਜਨ ਆਪ ਸਲਾਹਿੰਦਾ । ਮੇਲ ਮਿਲਾਵਾ ਸਾਚੇ ਸੰਤ, ਗੁਰਮਤ ਗੁਰ ਮੇਲ ਮਿਲਾਇੰਦਾ । ਲੇਖਾ ਜਾਣੇ ਜੀਵ ਜੰਤ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਏਕੰਕਾਰਾ ਆਦਿ ਅੰਤ, ਆਪ ਆਪਣੀ ਕਲ ਵਰਤਾਇੰਦਾ । ਜਨ ਵਡਿਆਈ ਮਹਿਮਾ ਅਗਣਤ, ਹਰਿਜਨ ਭੇਵ ਕੋਏ ਨਾ ਪਾਇੰਦਾ । ਆਪ ਸੁਣਾਏ ਸਚ ਸੁਹਾਗੀ ਏਕਾ ਛੰਤ, ਆਪ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚਰਨ ਧਿਆਨ ਸਚ ਭੰਡਾਰ, ਸਚ ਸ਼ਾਹ ਆਪ ਵਰਤਾਇੰਦਾ । ਗੁਰ ਚਰਨ ਦਵਾਰਾ ਡੂੰਘਾ ਸਾਗਰ, ਭੇਵ ਕੋਇ ਨਾ ਪਾਇੰਦਾ । ਗੁਰ ਚਰਨ ਦਵਾਰਾ ਲੇਖਾ ਜਾਣੇ ਕਾਇਆ ਗਾਗਰ, ਪੰਜ ਤਤ ਵੇਖ ਵਿਖਾਇੰਦਾ । ਗੁਰ ਚਰਨ ਦਵਾਰਾ ਨਾਮ ਉਜਾਗਰ, ਰਾਮ ਨਾਮਾ ਇਕ ਵਖਾਇੰਦਾ । ਗੁਰ ਚਰਨ ਦਵਾਰਾ ਮਿਲੇ ਆਦਰ, ਹਰਿਜਨ ਆਪਣੇ ਗਲੇ ਲਗਾਇੰਦਾ । ਗੁਰ ਚਰਨ ਦਵਾਰਾ ਕਰੀਮ ਕਾਦਰ, ਕਰਨੀ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਗੁਰ ਚਰਨ ਦਵਾਰਾ ਸਚ ਮਹੱਲਾ, ਸਤਿ ਪੁਰਖ ਨਿਰੰਜਨ ਆਪ ਉਪਾਇਆ । ਭਗਤ ਵਛਲ ਬੈਠਾ ਇਕ ਅਕੱਲਾ, ਅਛਲ ਅਛਲਧਾਰੀ ਖੇਲ ਖਿਲਾਇਆ । ਨਿਰਗੁਣ ਸਰਗੁਣ ਅੰਦਰ ਮੰਦਰ ਆਪੇ ਰਲਾ, ਘਟ ਬੈਠਾ ਜੋਤ ਜਗਾਇਆ । ਵਸਿਆ ਨਿਹਚਲ ਧਾਮ ਅਟੱਲਾ, ਅਬਿਨਾਸ਼ੀ ਕਰਤਾ ਦਿਸ ਨਾ ਆਇਆ । ਸਚ ਸੁਨੇਹੜਾ ਏਕਾ ਘੱਲਾ, ਗੁਰਮੁਖ ਸਾਚੇ ਲਏ ਜਗਾਇਆ । ਸੋ ਪੁਰਖ ਨਿਰੰਜਨ ਬੋਲੇ ਹੱਲਾ, ਹੰ ਬ੍ਰਹਮ ਵੇਖ ਵਖਾਇਆ । ਗੁਰਸਿਖਾਂ ਫੜਾਏ ਆਪਣਾ ਪੱਲਾ, ਨਾਮ ਪੱਲੂ ਇਕ ਉਠਾਇਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਨੇਤਰ ਨੈਣਾਂ ਦਿਸ ਨਾ ਆਇਆ । ਗੁਰਮੁਖਾਂ ਅੰਮ੍ਰਿਤ ਦੇਵੇ ਠਾਂਡਾ ਜਲਾ, ਅੰਮ੍ਰਿਤਧਾਰੀ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਗੁਰ ਚਰਨ ਦਵਾਰਾ ਸਾਚੀ ਰਾਸ, ਗੁਰ ਪੂੰਜੀ ਇਕ ਵਖਾਈਆ । ਸਚ ਵਸਤ ਗੁਰ ਸਾਚੇ ਪਾਸ, ਸਚ ਖਜਾਨੇ ਆਪ ਟਿਕਾਈਆ । ਪਹਿਲੇ ਹੋਵੇ ਭਗਤਨ ਦਾਸ, ਦੂਜੇ ਫੇਰ ਦਏ ਵਰਤਾਈਆ । ਤੀਜੇ ਤ੍ਰੈਗੁਣ ਮਾਇਆ ਕਰੇ ਨਾਸ, ਚੌਥੇ ਚੌਥੇ ਪਦ ਮਿਲਾਈਆ । ਪੰਚਮ ਪੰਚਮ ਕਰ ਜੋਤ ਪਰਕਾਸ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਪਾਵੇ ਸਾਰ ਪ੍ਰਿਥਮੀ ਆਕਾਸ, ਜਲ ਧਰਤੀ ਫੋਲ ਫੁਲਾਈਆ । ਗੁਰਸਿਖਾਂ ਵਸੇ ਸਦਾ ਪਾਸ, ਨੇੜ ਦੂਰ ਨਾ ਕੋਇ ਵਖਾਈਆ । ਸ਼ਬਦ ਸਰੂਪੀ ਹਾਸ ਬਲਾਸ, ਸਤਿ ਸੰਤੋਖੀ ਭੋਗ ਭੋਗਾਈਆ । ਨਿਜ ਆਤਮ ਪਰਮਾਤਮ ਕਰ ਕਰ ਵਾਸ, ਸੁਖ ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਚਰਨ ਦਵਾਰਾ ਨਾਮ ਭੰਡਾਰਾ ਹਰਿ ਵਰਤਾਰਾ ਆਪ ਆਪੇ ਰਿਹਾ ਵਰਤਾਈਆ ।



੦੯

✻ ੨੭ ਮੱਘਰ ੨੦੧੬ ਬਿਕ੍ਰਮੀ ਪਿੰਡ ਕੱਲਾ ਤਾਰਾ ਸਿੰਘ ਦੇ ਘਰ ✻

ਗੁਰ ਚਰਨ ਦਵਾਰਾ ਸਾਚਾ ਮੰਦਰ, ਹਰਿ ਹਰਿ ਬੰਕ ਸੁਹਾਇਆ । ਹਰਿ ਜੂ ਬਹਿ ਬਹਿ ਆਪਣੇ ਅੰਦਰ, ਆਪਣਾ ਦੀਪਕ ਆਪ ਜਗਾਇਆ । ਹਰਿ ਹਰਿ ਫੜੇ ਮਨ ਮਨੂਆ ਬੰਦਰ, ਨਾਮ ਨਾਮਾ ਬੰਧਨ ਪਾਇਆ । ਹਰਿ ਜੂ ਹਰਿਜਨ ਵੇਖੇ ਡੂੰਘੀ ਕੰਦਰ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਗੁਰ ਚਰਨ ਦਵਾਰਾ ਸਚ ਮਲਾਹ, ਸਾਚੀ ਨਈਆ ਨਾਮ ਚਲਾਈਆ । ਗੁਰ ਚਰਨ ਦਵਾਰਾ ਗੁਰ ਦੇਵੇ ਸਚ ਸਲਾਹ, ਗੁਰ ਗੁਰਮੁਖ ਬੂਝ ਬੁਝਾਈਆ । ਗੁਰ ਚਰਨ ਦਵਾਰਾ ਗੁਰਸਿਖ ਫੜ ਫੜ ਪਾਏ ਰਾਹ, ਸਾਚਾ ਮਾਰਗ ਇਕ ਵਖਾਈਆ । ਗੁਰ ਚਰਨ ਦਵਾਰਾ ਗੁਰ ਫੜ ਫੜ ਹੰਸ ਬਣਾਏ ਕਾਂ, ਏਕਾ ਸਾਚੀ ਨਾਮ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੰਦਰ ਦਏ ਵਡਿਆਈਆ । ਹਰਿਜਨ ਹਰਿਮੰਦਰ ਸੋਹਿਆ ਬੰਕ, ਬੰਕ ਦਵਾਰੀ ਵੇਖ ਵਿਖਾਇੰਦਾ । ਜਨ ਲੇਖ ਚੁਕਾਏ ਜਿਉਂ ਜਨ ਜਨਕ, ਜਾਨਣਹਾਰ ਭੇਵ ਨਾ ਆਇੰਦਾ । ਲੇਖਾ ਜਾਣੇ ਬਾਰ ਅਨਕ, ਆਪ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਅਗਿਆਨ ਅੰਧੇਰ ਸਰਬ ਮਿਟਾਇੰਦਾ ।

### ❊ ੨੭ ਮੱਘਰ ੨੦੧੬ ਬਿਕ੍ਰਮੀ ਪਿੰਡ ਕੱਲਾ ਸਾਧੂ ਸਿੰਘ ਦੇ ਘਰ ❊

ਹਰਿ ਮੰਦਰ ਹਰਿ ਸੁਹਾਇਆ, ਹਰਿ ਵਸੇ ਗਹਿਰ ਗੰਭੀਰ । ਹਰਿ ਮੰਦਰ ਹਰਿ ਜੋਤ ਜਗਾਇਆ, ਹਰਿ ਵੇਖੇ ਚੋਟੀ ਚੜ੍ਹ ਅਖੀਰ । ਹਰਿ ਮੰਦਰ ਹਰਿ ਰਾਗ ਅਲਾਇਆ, ਹਰਿ ਅੰਮ੍ਰਿਤ ਬਖਸ਼ੇ ਠੰਡਾ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਲੀ ਚਿਟੀ ਇਕ ਲਕੀਰ । ਨਿਰਗੁਣ ਚਿਟੀ ਧਾਰ, ਸਰਗੁਣ ਕਾਲਾ ਰੰਗ ਰੰਗਾਈਆ । ਦੋਹਾਂ ਵਿਚੋਲਾ ਆਪ ਨਿਰੰਕਾਰ, ਤਖਤ ਨਵਾਸੀ ਬੇਪਰਵਾਹੀਆ । ਸਚਖੰਡ ਨਿਵਾਸੀ ਏਕੰਕਾਰ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਸਰਗੁਣ ਜੋਤੀ ਕਰ ਉਜਿਆਰ, ਆਪ ਆਪਣੀ ਕਰੇ ਰੁਸ਼ਨਾਈਆ । ਸਾਚਾ ਮੰਦਰ ਸੁਹਾਏ ਬੰਕ ਦਵਾਰ, ਜਿਸ ਘਰ ਬੈਠਾ ਬੇਪਰਵਾਹੀਆ । ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਗਿਆਨੀ ਧਿਆਨੀ ਨਾ ਪਾਵੇ ਕੋਈ ਸਾਰ, ਬੇਅੰਤ ਬੇਅੰਤ ਬੇਅੰਤ ਰਹੇ ਸਰਬ ਗਾਈਆ । ਸਾਧ ਸੰਤ ਰਹੇ ਪੁਕਾਰ, ਭਗਤ ਮੰਗਣ ਬਣ ਭਿਖਾਰ, ਗੁਰਮੁਖ ਢਹਿ ਢਹਿ ਕਰਨ ਨਿਮਸਕਾਰ, ਗੁਰਸਿਖ ਬਾਹਾਂ ਰਹੇ ਹੁਲਾਰ, ਮਨਮੁਖ ਰੋਵਨ ਜ਼ਾਰੋ ਜ਼ਾਰ, ਪਾਰਬ੍ਰਹਮ ਪ੍ਰਭ ਖੇਲ ਅਪਾਰ, ਹਰਿਮੰਦਰ ਸੋਹੇ ਇਕ ਦਵਾਰ, ਸਚ ਮਹੱਲਾ ਇਕ ਅਕੱਲਾ ਨਿਰਗੁਣ ਦਾਤਾ ਪੁਰਖ ਬਿਧਾਤਾ ਆਪ ਆਪਣਾ ਰਿਹਾ ਸੁਹਾਈਆ । ਹਰਿ ਮੰਦਰ ਸੁਹਾਏ ਸੋਭਾਵੰਤ, ਹਰਿ ਸੱਚਾ ਸੱਚੀ ਵਡ ਵਡਿਆਈਆ । ਸਰਬ ਜੀਆਂ ਦਾ ਏਕਾ ਕੰਤ, ਲੱਖ ਚੁਰਾਸੀ ਨਾਰੀ ਨਰ ਨਰਾਇਣ ਪਰਨਾਈਆ । ਲੇਖੇ ਲਾਏ ਸਾਚਾ ਸੰਤ, ਜਿਸ ਜਨ ਆਪਣੇ ਰੰਗ ਰੰਗਾਈਆ । ਰਸਨਾ ਜਿਹਵਾ ਮਨੀਆ ਮੰਤ, ਅਨਡਿਠੜਾ ਸ਼ਬਦ ਚਲਾਈਆ । ਦੋ ਜਹਾਨ ਬਣਾਏ ਬਣਤ, ਲੋਕਮਾਤ ਵੇਖ ਵਖਾਈਆ । ਪੁਰਖ ਅਕਾਲ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਖੋਲ੍ਹ ਸਚ ਦਰਵਾਜ਼ਾ, ਖੇਲੇ ਖੇਲ ਗਰੀਬ ਨਵਾਜਾ, ਜਨ ਭਗਤਾਂ ਮਾਰੇ ਸ਼ਬਦ ਅਗੰਮੀ ਵਾਜਾਂ, ਨਾਦ ਅਨਾਦੀ ਇਕ ਵਜਾਈਆ । ਨਾਦ ਅਨਾਦ ਸੱਚੀ ਧੁਨਕਾਰ, ਧੁਨ ਆਤਮਕ ਆਪ ਰਖਾਇੰਦਾ । ਸਗਲ ਸ੍ਰਿਸ਼ਟੀ ਸੁਣਨੇਹਾਰ, ਸੁੰਨ ਸਮਾਧ ਸਮਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਅੰਦਰ ਮੰਦਰ ਮੇਲ ਮਿਲਾਇੰਦਾ । ਘਰ ਮੇਲਾ ਕੰਤ ਭਤਾਰ, ਸਾਚੀ ਸਖੀਆਂ ਵੇਖ ਵਖਾਇੰਦਾ । ਦਿਵਸ ਰੈਣ ਮੰਗਲਾਚਾਰ, ਢੋਲਾ ਸੋਹਲਾ ਏਕਾ ਗਾਇੰਦਾ । ਗੁਰਮੁਖ ਨਾਰੀ ਕਰ ਸ਼ੰਗਾਰ, ਆਸਣ ਸੋਲਾਂ ਤਨ ਸ਼ੰਗਾਰ ਕਰਾਇੰਦਾ । ਨੇਤਰ ਨੈਣਾ ਨਾਮ ਕਜਲਾ ਤਿਖੀ ਧਾਰ, ਦੋ ਧਾਰਾ ਮੁਖ ਭਵਾਇੰਦਾ । ਰਾਹ ਤੱਕੇ ਹਰਿ ਸੱਜਣ ਮੀਤ ਮੁਰਾਰ, ਆਪ ਆਪਣੀ ਭੁਜਾ ਉਠਾਇੰਦਾ । ਪਾ ਗਲਵਕੜੀ ਮਿਲੇ ਨਿਰੰਕਾਰ, ਸੁਰਤ ਸਵਾਣੀ ਸ਼ਬਦ ਹਾਣੀ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਠੰਡਾ ਜਲ ਪਾਣੀ ਦੇਵੇ ਵਾਰ, ਜੋਤ ਨਿਰੰਜਨ ਸੇਵਾ ਲਾਇੰਦਾ । ਧੁਰ ਦੀ ਬਾਣੀ ਸਾਚੀ ਰਾਣੀ ਭਗਤ ਪਛਾਨੀ ਆਪੇ ਗਾਏ ਆਪਣੀ ਵਾਰ, ਆਪਣੀ ਧਾਰ ਆਪ ਚਲਾਇੰਦਾ । ਆਪੇ ਉਤਪਤ ਕਰੇ ਸਰਬ ਸੰਸਾਰ ਲਖ ਚੁਰਾਸੀ ਆਪੇ ਪਾਰ ਕਰਾਇੰਦਾ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਮਰੇ ਨਾ ਜੰਮੇ ਵਿਚ ਸੰਸਾਰ, ਮਰਨ ਜੀਵਤ ਜੀਵਤ ਮਰਨ ਏਕਾ ਰੰਗ ਵਖਾਇੰਦਾ । ਘਰ ਮੰਦਰ ਵੇਖੇ ਹਰੀ ਦਵਾਰ, ਹਰਿ ਸਾਚਾ ਆਸਣ ਲਾਇੰਦਾ । ਕਮਲਾਪਾਤੀ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਜਨ ਭਗਤਾਂ ਬੇੜਾ ਕਰ ਜਾਏ ਪਾਰ, ਸ਼ੌਹ ਦਰਯਾ ਨਾ ਕੋਏ ਰੁੜ੍ਹਾਇੰਦਾ । ਹਰਿ ਸੰਗਤ ਮੇਲਾ ਇਕ ਨਿਰੰਕਾਰ, ਨਾਮ ਭੋਜਨ ਇਕ ਖਵਾਇੰਦਾ । ਸਾਚੀ ਪੰਗਤ ਸੋਹੇ ਦਰਬਾਰ, ਕਾਇਆ ਰੰਗਤ

ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਚੁਕਾਏ ਜਗਤ ਡਰ, ਨਿਰਭੈ ਭੈ ਆਪਣਾ ਇਕ ਵਿਖਾਇੰਦਾ ।

### * ੨੭ ਮੱਘਰ ੨੦੧੬ ਬਿਕ੍ਰਮੀ ਕੱਲਾ ਪੂਰਨ ਸਿੰਘ ਦੇ ਘਰ *

ਆਤਮ ਸੇਜਾ ਹਰਿ ਸਿੰਘਾਸਣ, ਹਰਿ ਮੰਦਰ ਆਪ ਸੁਹਾਇਆ । ਉਪਰ ਬੈਠ ਪੁਰਖ ਅਬਿਨਾਸ਼ਨ, ਸਚਖੰਡ ਨਿਵਾਸੀ ਆਸਣ ਲਾਇਆ । ਸਤਿਗੁਰ ਪੂਰਾ ਸ਼ਾਹੋ ਸ਼ਬਾਸਨ, ਸ਼ਬਦ ਸੱਚਾ ਆਪਣਾ ਨਾਉਂ ਧਰਾਇਆ । ਗੁਰਮੁਖਾਂ ਬਣਾਏ ਸਾਚੀ ਰਾਸਨ, ਆਪ ਆਪਣੀ ਦਯਾ ਕਮਾਇਆ । ਘਰ ਘਰ ਕਰੇ ਪੂਰੀ ਆਸਨ, ਜੋ ਜਨ ਰਹੇ ਧਿਆਨ ਲਗਾਇਆ । ਨਿਰਗੁਣ ਬਣਿਆ ਸਰਗੁਣ ਦਾਸਨ, ਰੂਪ ਅਨੂਪ ਆਪ ਵਟਾਇਆ । ਲੇਖਾ ਜਾਣੇ ਪ੍ਰਿਥਮੀ ਅਕਾਸ਼ਨ, ਡੂੰਘੇ ਸਾਗਰ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਹਰਿ ਮੰਦਰ ਬੈਠਾ ਆਪੇ ਵੜ, ਛੱਪਰ ਛੰਨ ਆਪੇ ਡੇਰਾ ਲਾਇਆ । ਛੱਪਰ ਛੰਨ ਸੁਹੰਜਣਾ, ਮੰਦਰ ਸੋਭਾਵੰਤ ਸੁਹਾਇੰਦਾ । ਕਿਸੇ ਹੱਥ ਨਾ ਆਏ ਗੋਰਖ ਮਛੰਦਰਾ, ਉਚੇ ਟਿਲੇ ਸਰਬ ਕੁਰਲਾਇੰਦਾ । ਜਨ ਭਗਤਾਂ ਹੋਏ ਸਦਾ ਬਖਸ਼ੰਦੜਾ, ਬਖਸ਼ਸ਼ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਰੰਗ ਰਾਤਾ ਉਤਮ ਜਾਤਾ ਮੇਟ ਮਿਟਾਏ ਅੰਧੇਰੀ ਰਾਤਾ, ਨਾਮ ਸੁਣਾਏ ਸਾਚੀ ਗਾਥਾ, ਏਕਾ ਅੱਖਰ ਪੂਜਾ ਪਾਠਾ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਸੋਹੇ ਬੰਕ ਵੱਜੇ ਮਰਦੰਗ ਨਵ ਨਵ ਰੰਗ, ਨਰ ਨਰਾਇਣ ਆਪ ਚੜ੍ਹਾਈਆ । ਕੋਟਨ ਧਾਰਾ ਗੰਗ ਚਰਨ ਦਵਾਰ ਰਹੀਆਂ ਮੰਗ, ਖੇਲੇ ਖੇਲ ਸੂਰਾ ਸਰਬੰਗ, ਬ੍ਰਹਿਮੰਡ ਖੰਡ ਵੱਜੀ ਵਧਾਈਆ । ਪਾਵੇ ਰਾਸ ਗੋਕਲ ਨੰਦ, ਗੋਬਿੰਦ ਚੜ੍ਹਿਆ ਸਾਚਾ ਚੰਦ, ਸੋਹਿਲਾ ਗਾਇਆ ਸੁਹਾਗੀ ਛੰਦ, ਗੁਰ ਮੰਤਰ ਅੰਤਰ ਆਤਮ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ ਦਇਆ ਸਾਗਰ ਨਿਰਮਲ ਕਰਮ ਉਜਾਗਰ, ਗੁਰਮੁਖਾਂ ਆਪ ਬਣਾਈਆ । ਹਰਿ ਮੰਦਰ ਹਰਿ ਸੁਹੰਜਣਾ, ਚਾਰ ਦਿਵਾਰ ਨਾ ਕੋਇ ਰਖਾਇੰਦਾ । ਸਤਿਗੁਰ ਪੂਰਾ ਦਰਦ ਦੁਖ ਭੈ ਭੰਜਨਾ, ਦੀਨਾਂ ਅਨਾਥਾਂ ਦਰਦ ਵੰਡਾਇੰਦਾ । ਏਥੇ ਓਥੇ ਸਗਲਾ ਸਾਥੀ ਦੋ ਜਹਾਨਾ ਹੋਏ ਸਾਚਾ ਸੱਜਣਾ, ਸਗਲਾ ਸੰਗ ਨਿਭਾਇੰਦਾ । ਮਹੱਲ ਅਟੱਲ ਉਚ ਮਿਨਾਰ ਅੰਤਮ ਸਭ ਨੇ ਤਜਣਾ, ਬਿਨ ਗੁਰੂ ਚਰਨ ਦਵਾਰ ਘਰ ਸਾਚੇ ਸੋਭਾ ਕੋਈ ਨਾ ਪਾਇੰਦਾ । ਜਿਸ ਜਨ ਚਰਨ ਧੂੜ ਕਰਾਏ ਸਾਚਾ ਮਜਨਾ, ਸਤਿ ਸਰੋਵਰ ਆਪ ਨੁਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤੇ ਅੰਤਮ ਪੜਦਾ ਕੱਜਣਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਹਾਜ਼ਰ ਹਜੂਰ, ਜਨਮ ਜਨਮ ਦੇ ਬਖਸ਼ਣਹਾਰਾ ਕਸੂਰ, ਨਾਦ ਤੂਰ ਅਨਹਦ ਅਨਾਹਤ ਆਪ ਵਜਾਇੰਦਾ ।

### * ੨੭ ਮੱਘਰ ੨੦੧੬ ਬਿਕ੍ਰਮੀ ਦਰਸ਼ਨ ਸਿੰਘ ਦੇ ਘਰ ਪਿੰਡ ਕੱਲਾ *

ਗ੍ਰਿਹਿ ਮੰਦਰ ਹਰਿ ਮਾਣਕ ਮੋਤੀ, ਹੀਰੇ ਲਾਲ ਜਵਾਹਰ ਜੜਤ ਜੜਾਇੰਦਾ । ਗ੍ਰਿਹਿ ਮੰਦਰ ਹਰਿ ਨਿਰਗੁਣ ਜੋਤੀ, ਨੂਰ ਉਜਾਲਾ ਇਕ ਵਿਖਾਇੰਦਾ ।

ਗ੍ਰਹਿ ਮੰਦਰ ਘਰ ਏਕੋ ਜੋਤੀ, ਸਚਖੰਡ ਦਵਾਰਾ ਇਕ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੋਬਨ ਵੇਖ ਵਖਾਇੰਦਾ । ਗ੍ਰਹਿ ਮੰਦਰ ਘਰ ਵਸਿਆ, ਨਰ ਹਰਿ ਸਾਚਾ ਸੁਲਤਾਨ । ਗ੍ਰਹਿ ਮੰਦਰ ਫਿਰੇ ਨੱਸਿਆ, ਲੋਆਂ ਪੁਰੀਆਂ ਕਰ ਹੈਰਾਨ । ਗ੍ਰਹਿ ਮੰਦਰ ਮਾਰਗ ਦੱਸਿਆ, ਆਪ ਆਪਣੀ ਦਏ ਪਛਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਆਣ । ਗ੍ਰਹਿ ਮੰਦਰ ਹਰਿ ਸੁਹਾਇਆ, ਸਗਲ ਮਨੋਰਥ ਪੁਨ । ਹਰਿਜਨ ਨੇਤਰ ਦਰਸ਼ਨ ਪਾਇਆ, ਲੇਖਾ ਚੁਕਿਆ ਗੁਣ ਅਵਗੁਣ । ਪੁਰਖ ਅਬਿਨਾਸ਼ ਤਰਸ ਕਮਾਇਆ, ਜਨ ਸੱਜਣ ਲਏ ਚੁਣ । ਆਪਣਾ ਲੇਖਾ ਆਪ ਸਮਝਾਇਆ, ਸ਼ਬਦ ਜਣਾਈ ਸਾਚੀ ਧੁਨ । ਨਿਜ ਘਰ ਵਾਸੀ ਪਵਣ ਸਵਾਸੀ ਵੇਖ ਵਖਾਇਆ, ਸਰਬ ਪੁਕਾਰ ਰਿਹਾ ਸੁਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਲਖ ਚੁਰਾਸੀ ਛਾਨ ਪੁਣ । ਲਖ ਚੁਰਾਸੀ ਛਾਛ ਵਰੋਲ, ਹਰਿਜਨ ਮੱਖਣ ਲਏ ਕਢਾਈਆ । ਗੁਰਮੁਖ ਤੋਲੇ ਸਾਚੇ ਤੋਲ, ਏਕਾ ਕੰਡਾ ਹੱਥ ਉਠਾਈਆ । ਮਰਨ ਜੀਵਨ ਜੀਵਨ ਮਰਨ, ਏਕਾ ਰੰਗ ਵਿਖਾਇੰਦਾ । ਘਰ ਮੰਦਰ ਵੇਖੇ ਹਰੀ ਦਵਾਰ, ਹਰਿ ਸਾਚਾ ਆਸਣ ਲਾਇੰਦਾ । ਕਮਲਾਪਾਤੀ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਜਨ ਭਗਤਾਂ ਬੇੜਾ ਕਰ ਜਾਏ ਪਾਰ, ਸ਼ੌਹ ਦਰਿਆ ਨਾ ਕੋਈ ਰੁੜ੍ਹਾਇੰਦਾ । ਹਰਿ ਸੰਗਤ ਮੇਲਾ ਇਕ ਨਿਰੰਕਾਰ, ਨਾਮ ਭੋਜਨ ਇਕ ਖਵਾਇੰਦਾ । ਸਾਚੀ ਪੰਗਤ ਸੋਹੇ ਦਰ ਦਰਬਾਰ, ਕਾਇਆ ਰੰਗਤ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਚੁਕਾਏ ਜਗਤ ਡਰ, ਨਿਰਭੈ ਭੈ ਆਪਣਾ ਇਕ ਵਖਾਇੰਦਾ । ਘਰ ਮੰਦਰ ਹਰਿ ਗੋਪਾਲ, ਪਰਮ ਪੁਰਖ ਕਰਤਾਰਿਆ । ਹਰਿਜਨ ਵੇਖੇ ਸਾਚੇ ਲਾਲ, ਸੁਤ ਅਗੰਮੀ ਸ਼ਬਦ ਦੁਲਾਰਿਆ । ਦੋ ਜਹਾਨਾ ਕਰੇ ਪ੍ਰਿਤਪਾਲ, ਕਰਤਾ ਕਾਰਜ ਆਪ ਸਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਡਗਮਗਾ ਰਿਹਾ । ਹਰਿ ਮੰਦਰ ਹਰਿ ਸੋਹਿਆ, ਇਕ ਅਕੱਲਾ ਏਕੰਕਾਰ । ਆਦਿ ਜੁਗਾਦਿ ਕਦੇ ਨਾ ਸੋਇਆ, ਆਲਸ ਨਿੰਦਰਾ ਨਾ ਕੋਈ ਵਿਚਾਰ । ਜਨ ਭਗਤਾਂ ਅੰਦਰ ਭਗਤੀ ਬੀਜ ਆਪੇ ਬੋਇਆ, ਹਿਰਦੇ ਨਾਮ ਦਾਨ ਉਰਧਾਰ । ਹਰਿ ਬਿਨ ਅਵਰ ਨਾ ਜਾਣੇ ਕੋਇਆ, ਭੇਵ ਨਾ ਪਾਏ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਹਰਿ ਮੰਦਰ ਮਹੱਲ ਅਟਾਰੀਆ, ਹਰਿ ਬੈਠਾ ਬੇਪ੍ਰਵਾਹ । ਨਿਰਗੁਣ ਨੂਰ ਕਰੇ ਉਜਆਰੀਆ, ਜੋਤੀ ਜੋਤ ਕਰੇ ਰੁਸ਼ਨਾ । ਸ਼ਬਦ ਅਨਾਦਿ ਸੱਚੀ ਧੁਨਕਾਰੀਆ, ਸੁਣੇ ਸੁਣਾਏ ਬੇਪ੍ਰਵਾਹ । ਸ਼ਾਹੋ ਭੂਪ ਸਚੀ ਸਿਕਦਾਰੀਆ, ਨਿਰਗੁਣ ਸਰਗੁਣ ਬਣੇ ਮਲਾਹ । ਜਨ ਭਗਤਾਂ ਦੇਵੇ ਨਾਮ ਖੁਮਾਰੀਆ, ਜੁਗ ਜੁਗ ਭੇਸ ਵਟਾ । ਨੌਂ ਦਵਾਰੇ ਕਰੇ ਪਾਰ ਕਿਨਾਰਿਆ, ਘਰ ਦਸਵੇ ਮੇਲਾ ਸਹਿਜ ਸੁਭਾ । ਸੁਰਤੀ ਸ਼ਬਦੀ ਬੰਨੇ ਸਾਚੀ ਧਾਰੀਆ, ਨਾਮ ਡੋਰੀ ਗੰਢ ਪਵਾ । ਆਤਮ ਸੇਜਾ ਮੇਲ ਮਿਲਾਵਾ ਕੰਤ ਭਤਾਰੀਆ, ਨਾਰ ਸੁਹਾਗਣ ਖੁਸ਼ੀ ਰਹੀ ਮਨਾ । ਪਾਇਆ ਪੁਰਖ ਇਕ ਨਿਰੰਕਾਰੀਆ, ਨਿਰਗੁਣ ਵਿਛੜ ਕਦੇ ਨਾ ਜਾ । ਘਰ ਮੰਦਰ ਸੋਹੇ ਸਚ ਦਵਾਰੀਆ, ਹਰਿ ਮੰਦਰ ਵਸਿਆ ਏਕਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ ਕਰੇ ਕਰਾਏ ਸਚ ਨਿਆਂ । ਜੁਗਾਂ ਜੁਗੰਤਰ ਜੁਗ ਜੁਗ ਖੇਲ, ਜੁਗ ਕਰਤਾ ਆਪ ਕਰਾਈਆ । ਬੁਝਾਏ ਬਸੰਤਰ ਜਨ ਭਗਤਾਂ ਮੇਲ, ਘਰ ਮੰਦਰ ਆਪ ਕਰਾਈਆ । ਜਾਣੇ ਅੰਤਰ ਹਰਿ ਸੱਜਣ ਸਹੇਲ, ਸਤਿਗੁਰ ਪੂਰਾ ਨਾਉਂ ਧਰਾਈਆ । ਏਕਾ ਮੰਤਰ ਅਚਰਜ ਪਾਰਬ੍ਰਹਮ

੫੨

ਪ੍ਰਭ ਖੇਲ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਨ ਪੁਰਖ ਅਬਿਨਾਸ਼ੀ ਦਾਤਾ ਦਾਨੀ ਦਰਦ ਭੈ ਭੰਜਨ ਹਰਿ ਭਗਤਨ ਬੇੜਾ ਪਾਰ ਕਰਾਈਆ । ਭਗਤਨ ਮੇਲਾ ਹਰਿ ਭਗਵੰਤ, ਘਰ ਮੰਦਰ ਮੇਲ ਮਿਲਾਇੰਦਾ । ਸਚ ਦਵਾਰੇ ਸੋਹਨ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਇੰਦਾ । ਜਾਗਰਤ ਜੋਤ ਬਣਾਏ ਬਣਤ, ਜਗਤ ਜੁਗਤ ਆਪਣੇ ਹੱਥ ਰਖਾਇੰਦਾ । ਹਰਿਜਨ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਪਾਰਬ੍ਰਹਮ ਪ੍ਰਭ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮ ਅਗੰਮੜੀ ਕਾਰ ਕਰਾਇੰਦਾ । ਅਗੰਮ ਅਗੰਮੜਾ ਖੇਲ ਅਵੱਲਾ, ਅਲਖ ਅਲਖਣਾ ਆਪ ਕਰਾਈਆ । ਵਸਣਹਾਰਾ ਨੇਹਚਲ ਧਾਮ ਅਟੱਲਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਵੇਸ ਵਟਾਈਆ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪ੍ਰਭਾਸ ਉਚੇ ਟਿਲੇ ਪਰਬਤ ਫੋਲ ਫੁਲਾਈਆ । ਜਨ ਭਗਤਾਂ ਅੰਦਰ ਆਤਮ ਅੰਤਰ ਜੋਤੀ ਸ਼ਬਦੀ ਰਲਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਸਚ ਸਿੰਘਾਸਨ ਸ਼ਾਹੋ ਸ਼ਾਬਾਸਨ ਕਾਇਆ ਮੰਦਰ ਆਪੇ ਮੱਲਾ, ਆਤਮ ਸੇਜਾ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਪਾਰਬ੍ਰਹਮ, ਹਰਿ ਹਰਿ ਨਾਮ ਕਰੇ ਕੁੜਮਾਈਆ ।

### ✻ ੨੭ ਮੱਘਰ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਘਰ ਪਿੰਡ ਕੱਲਾ ✻

ਗੁਰ ਚਰਨ ਤੁੱਟੇ ਹੰਕਾਰ, ਮਾਣ ਅਭਿਮਾਣ ਰਹਿਣ ਨਾ ਪਾਈਆ । ਗੁਰ ਚਰਨ ਤਨ ਸ਼ੰਗਾਰ, ਸ਼ਬਦ ਸਾਰ ਆਪ ਕਰਾਈਆ । ਗੁਰ ਚਰਨ ਭਗਤ ਅਧਾਰ, ਮਾਨਸ ਜਨਮ ਲੇਖੇ ਲਾਈਆ । ਗੁਰ ਚਰਨ ਰੰਗ ਕਰਤਾਰ, ਰੰਗ ਰੰਗੀਲਾ ਮੋਹਣ ਮਾਧਵ ਆਪ ਚੜ੍ਹਾਈਆ । ਗੁਰ ਚਰਨ ਸਚੀ ਸਰਕਾਰ, ਸ਼ਾਹੋ ਭੂਪ ਏਕਾ ਏਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚਰਨ ਖੋਲ੍ਹੇ ਹਰਨ ਫਰਨ, ਨੇਤਰ ਲੋਚਣ ਨੈਣ ਆਪਣਾ ਦਰਸ ਦਿਖਾਈਆ । ਗੁਰਚਰਨ ਰਾਗ ਨਾਦ ਸੰਗੀਤ, ਨਾਦ ਅਨਾਦੀ ਆਪ ਸੁਣਾਇੰਦਾ । ਗੁਰ ਚਰਨ ਸਾਧ ਸੰਤ ਸਚ ਪ੍ਰੀਤ, ਸਾਚੀ ਨੀਤੀ ਵੇਖ ਵਖਾਇੰਦਾ । ਗੁਰ ਚਰਨ ਮਾਨਸ ਮਨੁਖ ਜਨਮ ਲਏ ਜਿਤ, ਜਗਤ ਜੁਗਤ ਫੰਦ ਕਟਾਇੰਦਾ । ਗੁਰ ਚਰਨ ਨਿਰਮਲ ਕਰੇ ਅਤੀਤ, ਨਿਰਧਨ ਸਰਧਨ ਏਕਾ ਰੰਗ ਰੰਗਾਇੰਦਾ । ਗੁਰ ਚਰਨ ਪਤਤ ਪਾਪੀ ਕਰੇ ਪੁਨੀਤ, ਪਵਿਤ ਪਵਿਤ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿੱਖ ਆਪਣੇ ਲੇਖੇ ਲਾਇੰਦਾ ।

### ✻ ੨੭ ਮੱਘਰ ੨੦੧੯ ਬਿਕ੍ਰਮੀ ਜਿੰਦਰ ਸਿੰਘ ਦੇ ਘਰ ਪਿੰਡ ਕੱਲਾ ✻

ਤਾਲ ਸੁਹਾਵਾ ਅੰਮ੍ਰਿਤ ਧਾਰ, ਅਮਰ ਅਮਰਾ ਪਦ ਵਖਾਈਆ । ਕੁਲਵੰਤਾ ਕੁੱਲ ਜਾਏ ਤਾਰ, ਕਲ ਕਲੇਸ਼ ਰਹੇ ਨਾ ਰਾਈਆ । ਮਹਿਮਾ ਅਗਣਤ ਭੇਵ ਨਿਆਰ, ਨਿਹਕਲੰਕਾ ਵਡ ਵਡਿਆਈਆ । ਦਵਾਰ ਬੰਕਾ ਵੇਖ ਕਿਵਾੜ, ਮਾਇਆ ਮਮਤਾ ਦਏ ਮਿਟਾਈਆ । ਹਉਮੇ ਹੰਗਤਾ

ਗੜ ਤੋੜ ਹੰਕਾਰ, ਸਾਚੀ ਸੰਗਤਾ ਲਏ ਮਿਲਾਈਆ । ਨਾਮ ਰੰਗਣ ਚਾੜ੍ਹੇ ਆਪ ਨਿਰੰਕਾਰ, ਕਲੀਆਂ ਚੋਲਾ ਦਏ ਬਦਲਾਈਆ । ਗਰੀਬ ਨਿਮਾਣਿਆਂ ਕਰ ਪਿਆਰ, ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਿਰਧ ਰਖਾਈਆ ।

### ੨੭ ਮੱਘਰ ੨੦੦੯ ਬਿਕ੍ਰਮੀ ਮੇਘ ਸਿੰਘ ਦੇ ਘਰ (ਪ੍ਰੀਤਮ ਸਿੰਘ ਦੇ ਘਰ) ਪਿੰਡ ਕੱਲਾ

ਰਾਜ ਜੋਗ ਸਚ ਧਾਰ, ਹਰਿ ਹਰਿ ਆਪ ਚਲਾਈਆ । ਲੋਕ ਪ੍ਰਲੋਕ ਖੇਲ ਅਪਾਰ, ਮਾਤਲੋਕ ਵੱਜੀ ਵਧਾਈਆ । ਸਚ ਸਲੋਕ ਸਹਿਜ ਧੁਨਕਾਰ, ਸ਼ਬਦ ਅਨਾਦ ਆਪ ਅਲਾਈਆ । ਅਗਾਧ ਬੋਧ ਭੇਵ ਨਿਆਰ, ਸੰਤ ਸਾਧ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗੀਸ਼ਰ ਆਪ ਅਖਵਾਈਆ । ਜੋਗ ਰਾਜ ਤਖਤ ਸੁਲਤਾਨ, ਹਰਿ ਸਾਚੇ ਤਖਤ ਬਰਾਜਿਆ । ਸਤਿ ਵਿਖਾਏ ਇਕ ਨਿਸ਼ਾਨ, ਲੋਆਂ ਪੁਰੀਆਂ ਫਿਰੇ ਭਾਜਿਆ । ਬ੍ਰਹਮਾ ਵਿਸ਼ਨ ਸ਼ਿਵ ਵੇਖੇ ਮਾਰ ਧਿਆਨ, ਪੁਰਖ ਅਬਿਨਾਸ਼ੀ ਲੋਕਮਾਤ ਰਚਿਆ ਕਾਜਿਆ । ਕਲਜੁਗ ਅੰਤਮ ਖੇਲ ਮਹਾਨ, ਮਾਝੇ ਦੇਸ ਸਾਜਨ ਸਾਜਿਆ । ਝੂਠੀ ਮੇਟੇ ਆਪ ਦੁਕਾਨ, ਪ੍ਰਗਟ ਹੋਏ ਗਰੀਬ ਨਿਵਾਜਿਆ । ਚਾਰ ਵਰਨਾਂ ਦੇਵੇ ਗਿਆਨ, ਊਚ ਨੀਚ ਰੱਖਣਹਾਰਾ ਲਾਜਿਆ । ਗੁਰਮੁਖ ਸਾਚੇ ਸਚ ਪਛਾਣ, ਸਾਚਾ ਸਾਚੀ ਲਾਏ ਅਵਾਜਿਆ । ਬਖਸ਼ਣਹਾਰਾ ਬਖਸ਼ੇ ਸਾਚਾ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਚੜ੍ਹਾਏ ਨਾਮ ਸੱਚੇ ਜਹਾਜਿਆ ।





### ੨੭ ਮੱਘਰ ੨੦੦੯ ਬਿਕ੍ਰਮੀ ਜਗਿੰਦਰ ਸਿੰਘ ਦੇ ਘਰ ਪਿੰਡ ਕੱਲਾ

ਘਰ ਸੱਜਣ ਸ਼ੌਹ ਪਾਇਆ, ਸ਼ਹਿਨਸ਼ਾਹ ਮਿਹਰਵਾਨ । ਆਪਣਾ ਸਾਲੂ ਆਪ ਰੰਗਾਇਆ, ਰੰਗਨ ਨਾਮ ਇਕ ਮਹਾਨ । ਦੀਨ ਦਿਆਲ ਦਇਆ ਕਮਾਇਆ, ਬਾਲ ਅਵਾਣੇ ਬਣਾਏ ਚਤਰ ਸੁਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਪੀਣ ਖਾਣ । ਦੇਵਣਹਾਰਾ ਹਰਿ ਦਾਤਾਰ, ਜੀਵ ਜੰਤ ਉਭਾਰੀਅਨ । ਘਰ ਘਰ ਮੰਦਰ ਖੇਲ ਨਿਰੰਕਾਰ, ਨਿਰਗੁਣ ਜੋਤ ਨੂਰ ਉਜਆਰੀਅਨ । ਹਰਿਜਨ ਸਾਚੇ ਲਾਏ ਪਾਰ, ਮੰਝਧਾਰ ਨਾ ਕੋਈ ਡੁਬਾਇਅਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਅਨ । ਦਰ ਸੁਹਾਵਾ ਸਗਲਾ ਸੰਗ, ਨਿਰਧਨ ਧਰਨ ਧਰਤ ਧਵਲ ਸੁਹਾਇੰਦਾ । ਹਰਿਜਨ ਮੇਲਾ ਆਪੇ ਕਰ, ਵਰਨੀ ਬਰਨੀ ਲੇਖ ਲਿਖਾਇੰਦਾ । ਸਤਿ ਸਤਿਵਾਦੀ ਦੇਵੇ ਵਰ, ਚਾਰ ਵਰਨਾਂ ਭੈ ਚੁਕਾਇੰਦਾ । ਤਨ ਮਾਲਾ ਪਾਏ ਨਾਮ ਹਰਿ, ਮਨ ਮਨਕਾ ਆਪ ਫਿਰਾਇੰਦਾ । ਜੋ ਜਨ ਚਰਨ ਸਰਨ ਸਰਨਾਈ ਗਿਆ ਪੜ, ਪੜ੍ਹ ਲੇਖਾ ਮਸਤਕ ਬੰਨੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਹਾਏ ਆਪਣਾ ਘਰ, ਆਪੇ ਬੰਕ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਨ ਭਾਗ ਆਪਣੀ ਵੰਡ ਵੰਡਾਇੰਦਾ ।

### ❊ ੨੭ ਮੱਘਰ ੨੦੧੬ ਬਿਕ੍ਰਮੀ ਕੁੰਦਨ ਸਿੰਘ ਦੇ ਘਰ ਪਿੰਡ ਕੱਲਾ ❊

ਹਰਿ ਸਤਿਗੁਰ ਸਤਿ ਸਤਿਵਾਦੀਆ, ਸਤਿ ਸਰੂਪ ਸਮਾਏ । ਖੇਲੇ ਖੇਲ ਆਦਿ ਜੁਗਾਦੀਆ, ਜੁਗਾ ਜੁਗੰਤਰ ਨਾਉਂ ਧਰਾਏ । ਪਾਏ ਸਾਰ ਬ੍ਰਹਮ ਬ੍ਰਹਮਾਦੀਆ, ਪਾਰਬ੍ਰਹਮ ਹਰਿ ਭੇਵ ਨਾ ਆਏ । ਗੁਰਮੁਖ ਸਾਜਨ ਆਪੇ ਲਾਧੀਆ, ਲੱਖ ਚੁਰਾਸੀ ਫੋਲ ਵਖਾਏ । ਧੁਰ ਦੀਬਾਣ ਏਕਾ ਵਾਦੀਆ, ਜਨ ਭਗਤ ਦਵਾਰੇ ਦਰ ਦਰ ਫੇਰਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਹਿਜ ਸੁਭਾਏ । ਹਰਿਜਨ ਮੇਲਣਹਾਰ ਹਰਿ, ਹਰੀ ਹਰਿ ਹਰਿ ਨਾਉਂ ਧਰਾਇੰਦਾ । ਆਪ ਵਿਖਾਏ ਆਪਣਾ ਦਰ, ਘਰ ਸਾਚਾ ਇਕ ਸੁਹਾਇੰਦਾ । ਭਿਛਿਆ ਪਾਏ ਨਾਮ ਵਰ, ਆਤਮ ਝੋਲੀ ਆਪ ਭਰਾਇੰਦਾ । ਦਰਸ ਦਿਖਾਏ ਅਗੇ ਖੜ, ਰੂਪ ਅਨੂਪ ਆਪ ਵਟਾਇੰਦਾ । ਆਪੇ ਲਾਏ ਆਪਣੇ ਲੜ, ਅੰਗੀਕਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਸੱਜਣ ਗੁਰਮੁਖ ਵੇਖ ਵਖਾਇੰਦਾ ।

### ❊ ੨੭ ਮੱਘਰ ੨੦੧੬ ਬਿਕ੍ਰਮੀ ਰੂੜ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❊

ਕਾਇਆ ਕਪੜ ਰੂਪ ਤਨ ਸ਼ੰਗਾਰ, ਥਿਰ ਕੋਈ ਰਹਿਣ ਨਾ ਪਾਈਆ । ਮਨ ਮਤ ਬੁਧ ਸੁਰਤ ਨਾ ਕੋਈ ਵਿਚਾਰ, ਸੁਰਤੀ ਸੁਰਤ ਭਵਾਈਆ । ਗਿਆਨ ਧਿਆਨ ਅਸ਼ਨਾਨ ਨਾ ਪਾਵੇ ਸਾਰ, ਭੇਵ ਅਭੇਦ ਭੇਵ ਛੁਪਾਈਆ । ਜੋਗ ਜਪ ਤਪ ਹਠ ਸਤਿ ਹੋਏ ਹੈਰਾਨ, ਤੀਰਥ ਤਟ ਰਹੇ ਕੁਰਲਾਈਆ । ਜੀਵ ਜੰਤ ਸਾਧ ਸੰਤ ਨੱਠ ਨੱਠ, ਆਪਣਾ ਪੈਂਡਾ ਰਹੇ ਮੁਕਾਈਆ । ਨੀਰ ਵਰੋਲੇ ਅਠਸਠ, ਨਾਮ ਮਧਾਣਾ ਏਕਾ ਪਾਈਆ । ਗੇੜਨਹਾਰਾ ਉਲਟੀ ਲੱਠ, ਚਾਰੋਂ ਕੁੰਟ ਰਿਹਾ ਫਿਰਾਈਆ । ਕਲਜੁਗ ਅੰਤਮ ਹੋ ਪ੍ਰਗਟ, ਨਿਹਕਲੰਕਾ ਨਾਉਂ ਧਰਾਈਆ । ਇਕ ਖੁਲਾਏ ਸਾਚਾ ਹੱਟ, ਚਾਰ ਵਰਨਾਂ ਵਣਜ ਕਰਾਈਆ । ਨਾਮ ਵਸਤ ਅੰਦਰ ਘਤ, ਸੋਹੰ ਸ਼ਬਦ ਭੰਡਾਰ ਵਰਤਾਈਆ । ਨਪੱਤਿਆਂ ਰੱਖਣਹਾਰਾ ਪਤ, ਪਤਵੰਤਾ ਸਾਚਾ ਮਾਹੀਆ । ਲੇਖਾ ਜਾਣੇ ਆਦਿ ਅੰਤ, ਆਦਿ ਅੰਤ ਇਕ ਰਘੁਰਾਈਆ । ਜਨ ਭਗਤਾਂ ਮੇਲਾ ਸਾਚੇ ਕੰਤ, ਨਾਤਾ ਤੁਟੇ ਜਗਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਉਠਾਈਆ । ਤ੍ਰੈਗੁਣ ਮਾਇਆ ਜਗਤ ਪਸਾਰਾ, ਪੰਚਮ ਬੰਧ ਬੰਧਾਨਿਆ । ਜੂਠ ਝੂਠ ਖੇਲ ਨਿਆਰਾ, ਕਾਮ ਕ੍ਰੋਧ ਲੋਭ ਮੋਹ ਪੰਜ ਸ਼ੈਤਾਨਿਆ । ਆਸਾ ਤ੍ਰਿਸ਼ਨਾ ਆਪ ਸ਼ੰਗਾਰਾ, ਹਉਮੇ ਹੰਗਤਾ ਕਰ ਪ੍ਰਧਾਨਿਆ । ਗਿਆਨ ਵੈਰਾਗ ਨਾ ਕਰੇ ਵਿਚਾਰਾ, ਧਿਆਨੀ ਧਿਆਨ ਨਾ ਕੋਈ ਲਗਾਨਿਆ । ਆਰ ਪਾਰ ਨਾ ਕੋਈ ਕਿਨਾਰਾ, ਲੇਖਾ ਲੇਖ ਨਾ ਕੋਈ ਚੁਕਾਨਿਆ । ਨਵ ਸਤ ਧੁਆਂਧਾਰਾ, ਬ੍ਰਹਿਮੰਡ ਖੰਡ ਖੋਜ ਖੁਜਾਨਿਆ । ਪਤਿਪਰਮੇਸ਼ਰ ਖੇਲ ਨਿਆਰਾ, ਈਸ਼ ਜੀਵ ਭੇਵ ਚੁਕਾਨਿਆ । ਜਗਤ ਜਗਦੀਸ਼ ਹੋ ਉਜਿਆਰਾ, ਲਾਸ਼ਰੀਕ ਨਾਉਂ ਧਰਾਨਿਆ । ਪੁੰਨ ਸਵਾਬ ਨਾ ਕੋਈ ਵਿਚਾਰਾ, ਜਗਤ ਅਜ਼ਾਬ ਇਕ ਨਿਸ਼ਾਨਿਆ । ਖੇਲੇ ਖੇਲ ਨਿਰਗੁਣ ਧਾਰਾ, ਸਰਗੁਣ ਸਾਚਾ ਮਾਣ ਵਖਾਨਿਆ । ਸ਼ਬਦ ਅਗੰਮੀ ਇਕ ਜੈਕਾਰਾ, ਸੋ ਪੁਰਖ ਨਿਰੰਜਨ ਹੰ ਬ੍ਰਹਮ ਕਰੇ ਪ੍ਰਵਾਨਿਆ । ਹੰਗਤਾ ਦੇਵੇ ਨਾਮ ਭੰਡਾਰਾ, ਘਰ ਸਾਚੇ ਆਪ ਵਰਤਾਨਿਆ । ਸਤਿਗੁਰ ਸਾਚਾ ਬੋਲ ਜੈਕਾਰਾ, ਕਰੇ ਖੇਲ ਸ੍ਰੀ ਭਗਵਾਨਿਆ । ਨਿਹਕਲੰਕ ਨਰ ਨਰਾਇਣ ਅਵਤਾਰਾ, ਗੁਰਮੁਖਾਂ ਬੇੜਾ ਪਾਰ ਕਰਾਏ ਵਾਲੀ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਾਹ ਸਾਚੀ ਸਚਖੰਡ ਦਵਾਰੇ ਦੇਵਣਹਾਰ ਸਾਚਾ ਮਾਨਿਆ ।

## ✻ ੨੭ ਮੱਘਰ ੨੦੧੬ ਬਿਕ੍ਰਮੀ ਸੁਖਦੇਵ ਸਿੰਘ ਦੇ ਘਰ ਪਿੰਡ ਕੱਲਾ ✻

ਅਲੱਖ ਅਗੰਮ ਏਕ ਏਕੰਕਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਸਤਿ ਪੁਰਖ ਨਿਰੰਜਨ ਖੇਲ ਅਪਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਵਸਣਹਾਰਾ ਸਚਖੰਡ ਨਿਵਾਸੀ ਉਚ ਅਟਲ ਮਹੱਲ ਮੁਨਾਰ, ਥਿਰ ਘਰ ਬੈਠਾ ਆਸਣ ਲਾਈਆ । ਇਕ ਅਕੱਲਾ ਖੇਲ ਅਪਾਰ, ਅਕਲ ਕਲ ਆਪ ਵਰਤਾਈਆ । ਸਚ ਤਖਤ ਬੈਠ ਸੱਚੀ ਸਰਕਾਰ, ਸਚ ਸੁਲਤਾਨ ਨਾਉਂ ਧਰਾਈਆ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਫ਼ੁਰਮਾਣਾ ਹੁਕਮ ਜਣਾਈਆ । ਆਪਣੇ ਮੰਦਰ ਹੋ ਤਿਆਰ, ਆਪਣੀ ਇਛਿਆ ਆਪ ਪਰਗਟਾਈਆ । ਸਾਚੀ ਭਿਖਿਆ ਪਾਵੇ ਪਾਵਣਹਾਰ, ਆਪਣੀ ਝੋਲੀ ਆਪ ਭਰਾਈਆ । ਸ੍ਰੀ ਭਗਵਾਨ ਹਰਿ ਦਾਤਾਰ, ਨਿਰਗੁਣ ਧਾਰ ਨਿਰਵੈਰ ਵੱਡੀ ਵਡਿਆਈਆ । ਮੂਰਤ ਅਕਾਲ ਸਾਚੀ ਕਾਰ, ਅਜੂਨੀ ਰਹਿਤ ਰਿਹਾ ਕਰਾਈਆ । ਸੋ ਪੁਰਖ ਨਿਰੰਜਨ ਕਰਨੇਹਾਰ, ਹਰਿ ਵਡ ਦਾਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਆਪਣੀ ਆਪ ਬੰਧਾਈਆ । ਨਿਰਗੁਣ ਦਾਤਾ ਹਰਿ ਨਿਰੰਕਾਰ, ਅਕਲ ਕਲਾ ਅਖਵਾਇੰਦਾ । ਸਾਚੇ ਮੰਦਰ ਬੈਠ ਦਵਾਰ, ਬੰਕ ਦਵਾਰ ਆਪ ਸੁਹਾਇੰਦਾ । ਆਦਿ ਨਿਰੰਜਨ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸਚਖੰਡ ਨਿਵਾਸੀ ਬੇਐਬ ਪਰਵਰਦਿਗਾਰ, ਪਾਰਬ੍ਰਹਮ ਨਾਉਂ ਧਰਾਇੰਦਾ । ਰਾਜ ਜੋਗ ਸੱਚੀ ਸਰਕਾਰ, ਘਰ ਸਾਚੇ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਸਚ ਮਹੱਲਾ, ਹਰਿ ਸਾਚਾ ਆਪ ਸੁਹਾਇੰਦਾ । ਸਚ ਮਹੱਲਾ ਨਿਰਗੁਣ ਧਾਰ, ਪ੍ਰਭ ਅਬਿਨਾਸ਼ੀ ਆਪ ਉਪਾਈਆ । ਸ੍ਰੀ ਭਗਵਾਨ ਮੀਤ ਮੁਰਾਰ, ਘਰ ਬੈਠਾ ਸੋਭਾ ਪਾਈਆ । ਕਰੇ ਖੇਲ ਅਪਰ ਅਪਾਰ, ਅਪਰ ਅਪਾਰ ਵੱਡੀ ਵਡਿਆਈਆ । ਆਪਣਾ ਕਰੇ ਆਪ ਵਿਹਾਰ, ਆਪੇ ਸਗਨ ਮਨਾਈਆ । ਆਪੇ ਨਾਰੀ ਕੰਤ ਭਤਾਰ, ਆਪੇ ਸੇਜ ਹੰਢਾਈਆ । ਸੁਤ ਦਲਾਰਾ ਕਰ ਤਿਆਰ, ਸ਼ਬਦੀ ਨਾਉਂ ਧਰਾਈਆ । ਸੇਵਕ ਲਾਏ ਸਾਚੀ ਕਾਰ, ਕਰਨੀ ਕਰਤਾ ਹੁਕਮ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਹੱਲ ਉਸਾਰ, ਗਗਨ ਪਤਾਲਾ ਵੇਖ ਵਿਖਾਈਆ । ਕਰ ਪ੍ਰਕਾਸ਼ ਰਵ ਸਸ ਸਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣਾ ਅੰਗ ਕਰਿਆ ਅੰਗੀਕਾਰ, ਵਿਸ਼ਨੂੰ ਆਪਣੀ ਵੰਡ ਵੰਡਾਈਆ । ਬ੍ਰਹਮਾ ਕਵਲਾ ਕਰਿਆ ਬਾਹਰ, ਰੂਪ ਅਨੂਪ ਆਪ ਦਰਸਾਈਆ । ਸੰਗਤ ਮੇਲਾ ਹਰਿ ਗਿਰਧਾਰ, ਭੋਲੇ ਨਾਥ ਆਪ ਉਠਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਏਕਾ ਤਤ ਸਮਾਈਆ । ਪੰਚਮ ਮੀਤਾ ਹੋ ਤਿਆਰ, ਕਰੇ ਸਚ ਕੁੜਮਾਈਆ । ਏਕਾ ਸ਼ਬਦ ਨਾਦ ਧੁਨਕਾਰ, ਧੁਨ ਅਨਾਦੀ ਆਪ ਸੁਣਾਈਆ । ਬ੍ਰਹਮ ਬ੍ਰਹਿਮਾਦੀ ਕਰ ਤਿਆਰ, ਸਾਚਾ ਘਾੜਨ ਆਪ ਘੜਾਈਆ । ਸਮਰਥ ਪੁਰਖ ਖੇਲ ਅਪਾਰ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਚਲਾਏ ਆਪਣਾ ਰਥ ਰਥਵਾਹੀ ਹੋ ਤਿਆਰ, ਲੋਕਮਾਤ ਧਰਾਈਆ । ਧਰਨੀ ਧਰਤ ਧਵਲ ਕਰ ਅਕਾਰ, ਜਲ ਬਿੰਬ ਆਪ ਟਿਕਾਈਆ । ਨੌ ਨੌ ਵੰਡ ਅਪਰ ਅਪਾਰ, ਸਤਿ ਸਤਿ ਖੋਜ ਖ਼ਜਾਈਆ । ਗਾਵਤ ਗਾਏ ਗੀਤ ਆਪ ਨਿਰੰਕਾਰ, ਨਿਰਗੁਣ ਢੋਲਾ ਆਪ ਸੁਣਾਈਆ । ਬ੍ਰਹਮਾ ਵੇਤਾ ਕਰ ਉਜਿਆਰ, ਚਾਰ ਵੇਦ ਕਰੇ ਪੜ੍ਹਾਈਆ । ਵੰਡੇ ਵੰਡ ਸਿਰਜਨਹਾਰ, ਵਰਭੰਡੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼, ਲੱਖ ਚੁਰਾਸੀ ਡੇਰਾ ਲਾਇੰਦਾ । ਮਨ ਮਤ ਬੁਧ ਕਰ ਪ੍ਰਕਾਸ਼,


੫੬

ਮੇਲ ਮਿਲਾਏ ਅਪ ਤੇਜ ਵਾਏ ਪ੍ਰਿਥਮੀ ਅਕਾਸ, ਤਤਵ ਤੱਤਾਂ ਜੋੜ ਜੁੜਾਇੰਦਾ । ਜੋਤ ਨਿਰੰਜਨ ਕਰ ਪ੍ਰਕਾਸ਼, ਅੰਧ ਅੰਧੇਰਾ ਰਿਹਾ ਵਿਨਾਸ, ਗਗਨ ਗਗਨੰਤਰ ਆਪ ਸੁਹਾਇੰਦਾ । ਪਵਣ ਚਲਾਏ ਇਕ ਸਵਾਸ, ਸਾਚੇ ਮੰਡਲ ਪਾਵੇ ਰਾਸ, ਧੁਨ ਅਨਹਦ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਇੰਦਾ । ਸਾਚਾ ਮੇਲਾ ਹਰਿ ਭਗਵਾਨ, ਨਿਰਗੁਣ ਸਰਗੁਣ ਆਪ ਮਿਲਾਈਆ । ਆਤਮ ਬ੍ਰਹਮ ਕਰ ਧਿਆਨ, ਆਪਣੀ ਰਚਨ ਵਖਾਈਆ । ਸੁਰਤੀ ਸੁਰਤ ਸੁਰਤ ਗਿਆਨ, ਸੂਰਬੀਰ ਜਣਾਈਆ । ਇਕ ਵਖਾਏ ਸਚ ਨਿਸ਼ਾਨ, ਘਰ ਘਰ ਵਿਚ ਆਪ ਝੁਲਾਈਆ । ਸਾਚੇ ਮੰਦਰ ਬੈਠ ਮਕਾਨ, ਦਸਮ ਦਵਾਰੀ ਖੋਜ ਖੁਜਾਈਆ । ਆਤਮ ਸੇਜਾ ਕਰ ਪ੍ਰਧਾਨ, ਬੈਠਾ ਨਾਉਂ ਧਰਾਈਆ । ਆਦਿ ਜੁਗਾਦੀ ਨਿਗਹਬਾਨ, ਨਾ ਮਰੇ ਨਾ ਜਾਈਆ । ਜਨ ਭਗਤਾਂ ਕਰੇ ਆਪ ਪਛਾਨ, ਆਪਣੀ ਬੂਝ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚੇ ਤਾਰਨਹਾਰਾ, ਏਕਾ ਏਕੰਕਾਰਾ ਆਪ ਅਖਵਾਇੰਦਾ । ਸੰਤਨ ਮੇਲਾ ਵਿਚ ਸੰਸਾਰਾ, ਘਰ ਸਾਚੇ ਮੇਲ ਮਿਲਾਇੰਦਾ । ਭਗਤਨ ਦੇਵੇ ਸਤਿ ਭੰਡਾਰਾ, ਇਕ ਵਰਤਾਰਾ ਆਪ ਅਖਵਾਇੰਦਾ । ਆਪਣਾ ਨਾਮ ਬੋਲ ਜੈਕਾਰਾ, ਲੋਕਮਾਤ ਆਪ ਸੁਣਾਇੰਦਾ । ਮੰਗਣ ਨਾ ਜਾਏ ਕਿਸੇ ਦਵਾਰਾ, ਦੂਸਰ ਸੰਗ ਨਾ ਕੋਇ ਵਖਾਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਸਤਿਗੁਰ ਪੂਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਸ ਧਰਾਇੰਦਾ । ਲੋਕਮਾਤ ਹਰਿ ਅਵਤਰਾ, ਗੁਰਮਤ ਗੁਰ ਨਾਉਂ ਧਰਾਈਆ । ਆਪਣਾ ਖੇਲ ਆਪੇ ਕਰਾ, ਕਰਨਹਾਰ ਬੇਪ੍ਰਵਾਹੀਆ । ਆਪੇ ਪੁਰਖ ਨਾਰੀ ਨਾਰਾ, ਨਰ ਨਰਾਇਣ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਲੇਖਾ ਆਪਣਾ ਗਿਆ ਸਮਝਾਈਆ । ਹਰਿ ਲੇਖਾ ਬਲਵਾਨ, ਹਰਿ ਹੰਗਤਾ ਆਪ ਦ੍ਰਿੜਾਇੰਦਾ । ਹਰਿ ਸੰਤਨ ਦੇਵੇ ਬ੍ਰਹਮ ਗਿਆਨ, ਆਤਮ ਅੰਤਰ ਮੇਲ ਮਿਲਾਇੰਦਾ । ਗੁਰਮੁਖ ਬਣਾਏ ਚਤਰ ਸੁਜਾਨ, ਦੂਈ ਦਵੈਤੀ ਮੇਟ ਮਿਟਾਇੰਦਾ । ਗੁਰਮੁਖਾਂ ਦੇਵੇ ਇਕ ਗਿਆਨ, ਏਕਾ ਨਾਮ ਜਪਾਇੰਦਾ । ਏਕਾ ਮੰਦਰ ਸਚ ਮਕਾਨ, ਏਕਾ ਇਸ਼ਟ ਵਖਾਇੰਦਾ । ਦਾਤਾ ਦਾਨੀ ਸ੍ਰੀ ਭਗਵਾਨ, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਖਿਲੰਦੜਾ, ਪਰਮ ਪੁਰਖ ਕਰਤਾਰ । ਗੁਰਸਿਖ ਸਾਚੇ ਮੇਲ ਮਿਲੰਦੜਾ, ਦੇਵੇ ਦਰਸ ਅਗੰਮ ਅਪਾਰ । ਨੇਤਰ ਨੈਣ ਇਕ ਖੁਲੰਦੜਾ, ਨਿਰਗੁਣ ਨੂਰ ਜੋਤ ਉਜਿਆਰ । ਘਰ ਚੌਥੇ ਮੇਲ ਮਿਲੰਦੜਾ, ਮੇਲਾ ਕੰਤ ਭਤਾਰ । ਪੰਚਮ ਰਾਗ ਇਕ ਸੁਨੰਦੜਾ, ਆਪੇ ਗਾਏ ਗਾਵਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰੇ ਕਰਾਏ ਆਪਣੀ ਕਾਰ । ਕਰਨ ਕਰਾਵਨਹਾਰ ਹਰਿ ਮਿਹਰਵਾਨ, ਪਰਮ ਪੁਰਖ ਅਖਵਾਇਆ । ਗੁਰ ਸਤਿਗੁਰ ਦੇਵੇ ਸਾਚਾ ਦਾਨ, ਸਚ ਭੰਡਾਰਾ ਆਪ ਵਰਤਾਇਆ । ਭਗਤਨ ਭਗਤੀ ਇਕ ਗਿਆਨ, ਏਕਾ ਰਾਹ ਵਖਾਇਆ । ਸੰਤਨ ਅੰਦਰ ਹੋ ਪ੍ਰਧਾਨ, ਆਪ ਆਪਣਾ ਪੜਦਾ ਲਾਹਿਆ । ਗੁਰਮੁਖ ਮੇਲਾ ਦੋ ਜਹਾਨ, ਘਰ ਘਰ ਵਿਚ ਲਏ ਮਿਲਾਇਆ । ਗੁਰਮੁਖ ਸਾਚਾ ਚਤਰ ਸੁਜਾਨ, ਗੁਰ ਸ਼ਬਦੀ ਜੋੜ ਜੁੜਾਇਆ । ਜੁਗਾ ਜੁਗੰਤਰ ਖੇਲ ਮਹਾਨ, ਪੁਰਖ ਅਬਿਨਾਸ਼ੀ ਖੇਲ ਖਿਲਾਇਆ । ਕਲਜੁਗ ਅੰਤਮ ਹੋ ਪ੍ਰਧਾਨ, ਨਿਹਕਲੰਕਾ ਨਾਉਂ ਰਖਾਇਆ । ਨੌ ਖੰਡ ਪ੍ਰਿਥਮੀ ਦੇਵੇ ਇਕ ਗਿਆਨ, ਚਾਰ ਵਰਨ ਏਕਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ


੫੭

ਆਪਣੀ ਜੋਤ ਧਰ, ਆਪ ਆਪਣਾ ਦਰ ਖੁਲਾਇਆ । ਪੁਰਖ ਅਬਿਨਾਸ਼ੀ ਠਾਂਡਾ ਸੀਤਾ, ਸਤਿ ਸਤਿ ਵੱਡੀ ਵਡਿਆਈਆ । ਗੁਰ ਸਤਿਗੁਰ ਆਪਣੇ ਜੇਹਾ ਕੀਤਾ, ਲੋਕਮਾਤ ਵੱਜੀ ਵਧਾਈਆ । ਭਗਤਨ ਮੇਲਾ ਪਤਿਤ ਪੁਨੀਤਾ, ਪਾਰਬ੍ਰਹਮ ਸੱਚੀ ਸਰਨਾਈਆ । ਸੰਤਨ ਵਿਖਾਏ ਸਾਚੀ ਰੀਤਾ, ਆਤਮ ਅੰਤਰ ਇਕ ਲਿਵ ਲਾਈਆ । ਗੁਰਮੁਖਾਂ ਰੰਗ ਲਾਏ ਹਸਤ ਕੀਟਾ, ਊਚ ਨੀਚ ਨਾ ਕੋਈ ਜਣਾਈਆ । ਗੁਰਮੁਖ ਵੇਖੇ ਧਾਮ ਅਨਡੀਠਾ, ਘਰ ਮੰਦਰ ਰਿਹਾ ਸੁਹਾਈਆ । ਹਰਿਜਨ ਨਾਮ ਨਿਧਾਨਾ ਏਕਾ ਪੀਤਾ, ਭਰ ਪਿਆਲਾ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਆਪਣਾ ਵੇਸ ਧਰਾਈਆ । ਸੋ ਪੁਰਖ ਨਿਰੰਜਨ ਸਿਰਜਨਹਾਰਾ, ਹਰਿ ਹਰਿ ਨਾਉਂ ਧਰਾਇੰਦਾ । ਗੁਰੂ ਗੁਰ ਗੁਰ ਲਏ ਅਵਤਾਰਾ, ਸਤਿਗੁਰ ਆਪਣਾ ਵੇਸ ਵਟਾਇੰਦਾ । ਭਗਤਾਂ ਦੇਵੇ ਨਾਮ ਅਧਾਰਾ, ਆਪ ਆਪਣਾ ਰੰਗ ਰੰਗਾਇੰਦਾ । ਸੰਤਨ ਮੇਲਾ ਸਚ ਦਰਬਾਰਾ, ਦਰ ਦਰਵਾਜਾ ਆਪ ਖੁਲਾਇੰਦਾ । ਗੁਰਮੁਖ ਸਾਜਨ ਉਤਰੇ ਪਾਰਾ, ਹਰਿ ਸਾਚਾ ਪਾਰ ਕਰਾਇੰਦਾ । ਗੁਰਮੁਖ ਨੇਤਰ ਲੋਚਨ ਦਰਸਨ ਪਾਇਣ ਘਰ ਸੋਹੇ ਬੰਕ ਦਵਾਰਾ, ਘਰ ਮੰਦਰ ਮੇਲ ਮਿਲਾਇੰਦਾ । ਹਰਿਜਨ ਵੇਖੇ ਸਿਰਜਨਹਾਰਾ, ਸਿਰ ਸਿਰ ਰਿਜ਼ਕ ਸਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਨਿਰਗੁਣ ਧਾਰ ਪੁਰਖ ਕਰਤਾਰ, ਸਰਗੁਣ ਵਿਚ ਟਿਕਾਈਆ । ਸਰਗੁਣ ਦੀਪਕ ਕਰ ਉਜਿਆਰ, ਨਿਰਗੁਣ ਕਰੇ ਰੁਸ਼ਨਾਈਆ । ਨਿਰਗੁਣ ਰੂਪ ਅਗੰਮ ਅਪਾਰ, ਨਾ ਮਰੇ ਨਾ ਜਾਈਆ । ਸਰਗੁਣ ਸਾਚਾ ਭਰ ਭੰਡਾਰ, ਸਾਚੀ ਵਸਤ ਇਕ ਉਪਜਾਈਆ । ਲੋਕਮਾਤ ਲਏ ਅਵਤਾਰ, ਆਪਣਾ ਨਾਉਂ ਵਡਿਆਈਆ । ਨਾਉਂ ਨਿਰੰਕਾਰ ਬੋਲ ਜੈਕਾਰ, ਸਾਚੇ ਸ਼ਬਦ ਕਰੇ ਪੜ੍ਹਾਈਆ । ਤੁਰੀਆ ਨਾਦ ਇਕ ਸਤਾਰ, ਹਰਿ ਆਪਣੀ ਆਪ ਵਜਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਿਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਈਆ । ਕਲਜੁਗ ਅੰਤਮ ਹਰਿ ਸੁਲਤਾਨਾ, ਸਤਿਗੁਰ ਨਾਉਂ ਧਰਾਇੰਦਾ । ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨਾ, ਲੋਕਮਾਤ ਫੇਰਾ ਪਾਇੰਦਾ । ਚਤਰਭੁਜ ਖੇਲ ਮਹਾਨਾ, ਆਦਿ ਸ਼ਕਤ ਰੰਗ ਰੰਗਾਇੰਦਾ । ਇਸ਼ਟ ਦੇਵ ਨਮੋ ਗੁਰ ਆਪ ਅਖਵਾਨਾ, ਵਾਸਤਕ ਆਪਣਾ ਨਾਉਂ ਧਰਾਇੰਦਾ । ਬੋਧ ਅਗਾਧ ਖੇਲ ਮਹਾਨਾ, ਸ਼ਬਦ ਅਨਾਦੀ ਨਾਦ ਸਤਾਰ ਵਜਾਇੰਦਾ । ਧੁਨ ਅਗੰਮੀ ਇਕ ਤਰਾਨਾ, ਆਪ ਆਪਣਾ ਆਪ ਧਰਾਇੰਦਾ । ਕਲਜੁਗ ਅੰਤਮ ਹੋ ਪ੍ਰਧਾਨਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜਨ ਭਗਤਾਂ ਬੰਨ੍ਹੇ ਸਾਚਾ ਗਾਨਾ, ਨਾਮ ਤੰਦਨ ਹੱਥ ਉਠਾਇੰਦਾ । ਇਕ ਵਿਖਾਏ ਸਚ ਮਕਾਨਾ, ਘਰ ਘਰ ਵਿਚ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਵਰ ਦਾਤਾ ਆਪ ਹੋ ਜਾਇੰਦਾ । ਗੁਰਮੁਖ ਸੱਜਣ ਹਰਿ ਹਰਿ ਵਰਿਆ, ਗੁਰ ਸਤਿਗੁਰ ਵਡ ਵਡਿਆਈਆ । ਹਰਿਜਨ ਸਾਚਾ ਘਾੜਨ ਘੜਿਆ, ਸਮਰਥ ਪੁਰਖ ਆਪ ਘੜਾਈਆ । ਅੰਦਰ ਮੰਦਰ ਆਪੇ ਵੜਿਆ, ਨਿਰਗੁਣ ਬੈਠਾ ਆਸਣ ਲਾਈਆ । ਆਪਣੇ ਪੌੜੇ ਆਪੇ ਚੜਿਆ, ਸੁਖਮਨ ਬੈਠੀ ਮੁਖ ਭਵਾਈਆ । ਤ੍ਰਿਕੁਟੀ ਛੁੱਟੀ ਟੁੱਟਾ ਗੜ੍ਹਿਆ, ਘਰ ਸਾਚੇ ਵੱਜੀ ਵਧਾਈਆ । ਮਾਨ ਸਰੋਵਰ ਅੰਮ੍ਰਿਤ ਭਰਿਆ, ਕਵਲਾ ਮੁਖ ਭਵਾਈਆ । ਅਨਹਦ ਸ਼ਬਦ ਅਨਾਦੀ ਧੁਨ ਆਪ ਸੁਣਾਏ ਆਪਣੇ ਘਰਿਆ, ਤਾਲ ਤਲਵਾੜਾ ਆਪ ਵਜਾਈਆ । ਨਿਰਭੈ ਰੂਪ ਕਦੇ ਨਾ ਡਰਿਆ, ਭੈ ਭਿਆਨਕ ਹੋਏ ਸਹਾਈਆ । ਗੁਰਮੁਖ

ਸਾਜਣ ਆਪੇ ਫੜਿਆ, ਸੁਰਤ ਸ਼ਬਦ ਮਿਲਾਈਆ । ਤ੍ਰੈਗੁਣ ਮਾਇਆ ਵਿਚ ਨਾ ਸੜਿਆ, ਕਾਮ ਕ੍ਰੋਧ ਲੋਭ ਮੋਹ ਹੰਕਾਰ ਹਲਕਾਈਆ । ਪੰਜ ਤਤ ਨਾ ਬਣਾਏ ਕੋਈ ਗੜਿਆ, ਚਾਰ ਦਿਵਾਰ ਨਾ ਕੋਈ ਰਖਾਈਆ । ਆਪਣਾ ਅੱਖਰ ਆਪੇ ਪੜ੍ਹਿਆ, ਨਿਸ਼ਅੱਖਰ ਨਾਉਂ ਧਰਾਈਆ । ਜਨ ਭਗਤਾਂ ਲਾਏ ਸਾਚੀ ਜੜਿਆ, ਨਾ ਸਕੇ ਕੋਈ ਉਖੜਾਈਆ । ਗੁਰਮੁਖ ਵਿਰਲੇ ਆਪੇ ਖੜਿਆ, ਜੁਗ ਜੁਗ ਆਪਣਾ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਕਾਇਆ ਚੋਲਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿ ਭਗਤ ਦਏ ਵਡਿਆਈਆ । ਭਗਤਨ ਮੀਤਾ ਹਰਿ ਗੋਬਿੰਦ, ਆਪ ਉਪਾਏ ਆਪਣੀ ਬਿੰਦ, ਇਕ ਵਖਾਏ ਸੇਜ ਮਹਾਨਾ । ਦਾਤਾ ਦਾਨੀ ਗੁਣੀ ਗਹਿੰਦ, ਗੁਰ ਸਤਿਗੁਰ ਨਾਉਂ ਧਰਾਨਾ । ਜੁਗਾ ਜੁਗੰਤ ਸਦਾ ਬਖਸ਼ਿੰਦ, ਸਤਿ ਪੁਰਖ ਨਿਰੰਜਨ ਵਡ ਮਿਹਰਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਘਰ ਸਾਚਾ ਇਕ ਵਿਖਾਨਾ । ਘਰ ਸਚਾ ਮਿਹਰਬਾਨ, ਹਰਿ ਸਾਚਾ ਆਪ ਸੁਹਾਇੰਦਾ । ਗੁਰਮੁਖ ਸਾਚੇ ਚਤਰ ਸੁਜਾਨ, ਫੜ ਬਾਹੋਂ ਆਪ ਬਹਾਇੰਦਾ । ਏਕਾ ਰੰਗ ਰੰਗਾਏ ਸ੍ਰੀ ਭਗਵਾਨ, ਸਾਰੰਗ ਧਰ ਭਗਵਾਨ ਬੀਠਲੋ ਦਿਸ ਕਿਸੇ ਨਾ ਆਇੰਦਾ । ਸਰਬ ਜੀਆਂ ਦਾ ਜਾਣੀ ਜਾਣ, ਜਾਗਰਤ ਜੋਤ ਇਕ ਜਗਾਇੰਦਾ । ਆਦਿ ਜੁਗਾਦੀ ਨੌਜਵਾਨ, ਬਾਲ ਬਿਰਧ ਨਾ ਰੂਪ ਵਟਾਇੰਦਾ । ਸਚਖੰਡ ਵਸੇ ਸ੍ਰੀ ਭਗਵਾਨ, ਬੈਕੁੰਠ ਨਿਵਾਸੀ ਆਪ ਅਖਵਾਇੰਦਾ । ਆਪੇ ਸੀਤਾ ਆਪੇ ਰਾਮ, ਆਪੇ ਰਾਵਣ ਲੰਕਾ ਗੜ ਤੁੜਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਹੋ ਪ੍ਰਧਾਨ, ਨਾਮ ਬੰਸਰੀ ਇਕ ਵਜਾਇੰਦਾ । ਆਪੇ ਨਾਨਕ ਗੋਬਿੰਦ ਖੇਲ ਜਹਾਨ, ਗਰੀਬ ਨਿਮਾਣੇ ਗਲੇ ਲਗਾਇੰਦਾ । ਆਪੇ ਚਿਲਾ ਤੀਰ ਕਮਾਨ, ਸ਼ਬਦ ਨਸ਼ਾਨਾ ਆਪ ਵਖਾਇੰਦਾ । ਆਪੇ ਜੋਧਾ ਸੂਰਬੀਰ ਬਲੀ ਬਲਵਾਨ, ਵਲ ਛਲ ਧਾਰੀ ਭੇਖ ਵਟਾਇੰਦਾ । ਆਪੇ ਬਾਵਨ ਹੋਏ ਨਿਗਹਬਾਨ, ਬਲ ਆਪਣੇ ਰੰਗ ਰੰਗਾਇੰਦਾ । ਆਪੇ ਭਗਤੀ ਦੇਵੇ ਭਗਤਨ ਦਾਨ, ਆਪਣੀ ਇਛਿਆ ਸਾਚੀ ਭਿਛਿਆ ਝੋਲੀ ਪਾਇੰਦਾ । ਆਪੇ ਸੰਤਨ ਕਰਾਏ ਸਚ ਅਸ਼ਨਾਨ, ਆਤਮ ਸਰ ਸਰੋਵਰ ਆਪ ਨੁਹਾਇੰਦਾ । ਆਪੇ ਗੁਰਮੁਖਾਂ ਦੇਵੇ ਆਪਣਾ ਮਾਣ, ਦਰਗਾਹ ਸਾਚੀ ਧਾਮ ਵਖਾਇੰਦਾ । ਆਪੇ ਗੁਰਮੁਖ ਸਾਚੇ ਸਾਚਾ ਬਖਸ਼ੇ ਚਰਨ ਧਿਆਨ, ਚਰਨ ਚਰਨੋਦਕ ਮੁਖ ਚੁਆਇੰਦਾ । ਏਕੰਕਾਰਾ ਖੇਲ ਮਹਾਨ, ਨਰ ਨਿਰੰਕਾਰਾ ਆਪ ਕਰਾਇੰਦਾ । ਨਾ ਕੋਈ ਰਸਨਾ ਜਿਹਵਾ ਦਿਸੇ ਜ਼ਬਾਨ, ਬੱਤੀ ਦੰਦ ਨਾ ਕੋਈ ਵਿਖਾਇੰਦਾ । ਪਵਣ ਸਵਾਸੀ ਨਾ ਕੋਈ ਮਸਾਣ, ਅਗਨੀ ਹਵਨ ਨਾ ਕੋਏ ਕਰਾਇੰਦਾ । ਨਾ ਕੋਈ ਪੀਣ ਨਾ ਕੋਈ ਖਾਣ, ਆਸਾ ਤ੍ਰਿਸ਼ਨਾ ਨਾ ਕੋਈ ਜਣਾਇੰਦਾ । ਨਾ ਕੋਈ ਮੰਦਰ ਮਸਜਦ ਗੁਰਦਵਾਰ ਦਿਸੇ ਮਕਾਨ, ਚਾਰ ਦੀਵਾਰ ਨਾ ਕੋਈ ਰਖਾਇੰਦਾ । ਛੱਪਰ ਛੰਨ ਨਾ ਖੇਲ ਮਹਾਨ, ਇਟਾਂ ਗਾਰਾਂ ਨਾ ਕੋਈ ਲਗਾਇੰਦਾ । ਥਿਰ ਘਰ ਬੈਠ ਸ੍ਰੀ ਭਗਵਾਨ, ਸਚ ਸਿੰਘਾਸਣ ਆਸਣ ਲਾਇੰਦਾ । ਘਰ ਵਿਚ ਘਰ ਕਰ ਪ੍ਰਧਾਨ, ਸਚਖੰਡ ਦਵਾਰਾ ਨਾਉਂ ਧਰਾਇੰਦਾ । ਨਿਰਮਲ ਦੀਪਕ ਇਕ ਮਹਾਨ, ਆਦਿ ਨਿਰੰਜਨ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ ਜਨ ਭਗਤਾਂ ਰੱਖੇ ਉਤਮ ਜ਼ਾਤਾ, ਵਰਨ ਗੋਤ ਨਾ ਕੋਈ ਰਖਾਇੰਦਾ । ਗੁਰਮੁਖ ਤੇਰਾ ਸਾਚਾ ਵਰਨ, ਪ੍ਰਭ ਸਾਚਾ ਦਏ ਵਖਾਈਆ । ਅਬਿਨਾਸ਼ੀ ਕਰਤਾ ਸਾਚੀ ਸਰਨ, ਤੇਰਾ ਇਸ਼ਟ ਇਕ ਵਖਾਈਆ । ਕ੍ਰੋੜ ਤੇਤੀਸਾ ਬ੍ਰਹਮਾ ਵਿਸ਼ਨ ਤੇਰਾ ਪਾਣੀ ਭਰਨ, ਪੀਸਣ ਪੀਸ ਸੇਵ ਕਮਾਈਆ । ਪ੍ਰਭ ਨੇਤਰ ਦੇਵੇ ਹਰਨ ਫਰਨ, ਦੋਏ ਲੋਚਣ ਬੰਦ ਕਰਾਈਆ । ਤਾਰਨਹਾਰਾ

ਤਰਨੀ ਤਰਨ, ਸਮਰਥ ਆਪ ਅਖਵਾਈਆ । ਰਵ ਸਸ ਦਿਵਸ ਰੈਣ ਡਰਨ ਭੈ ਭੈ ਵਿਚ ਰਿਹਾ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਇਕ ਏਕੰਕਾਰ, ਆਦਿ ਜੁਗਾਦੀ ਲੈ ਅਵਤਾਰ, ਹਰਿਜਨ ਸਾਚੇ ਲਏ ਉਭਾਰ, ਭਗਤ ਸੰਤ ਹਰਿ ਲਾਏ ਪਾਰ, ਗੁਰਮੁਖ ਗੁਰਸਿਖ ਆਪ ਲਿਆਏ ਚਰਨ ਦਵਾਰ, ਮਨਮੁਖਾਂ ਦਏ ਸਜਾਈਆ । ਮਨਮੁਖ ਨਿੰਦਕ ਦੁਸ਼ਟ ਦੁਰਾਚਾਰ, ਹਰਿਜਨ ਹਰਿ ਹਰਿ ਆਪ ਭੁਲਾਇਆ । ਏਕਾ ਵਿਸਰਿਆ ਨਾਮ ਕਰਤਾਰ, ਰਸਨਾ ਜੇਹਵਾ ਹੋਈ ਹਲਕਾਇਆ । ਮਨਮਤ ਨਾਲ ਰਲੀ ਕੁੜਿਆਰ, ਝੂਠੇ ਧੰਦੇ ਮਾਤ ਲਗਾਇਆ । ਪੰਜ ਤਤ ਵਿਕਾਰਾ ਕਰੇ ਪਿਆਰ, ਸਾਚਾ ਰੰਗ ਨਾ ਕੋਈ ਚੜ੍ਹਾਇਆ । ਨੌ ਦਰ ਹੋਏ ਸਦਾ ਖ਼ਵਾਰ, ਦਸਵਾਂ ਦਰ ਨਾ ਕੋਈ ਖੁਲਾਇਆ । ਆਸਾ ਤ੍ਰਿਸ਼ਨਾ ਰਹੀ ਵੰਗਾਰ, ਹਉਮੇ ਹੰਗਤਾ ਜੋਬਨ ਇਕ ਹੰਢਾਇਆ । ਮਿਲਿਆ ਮੇਲ ਨਾ ਮੀਤ ਮੁਰਾਰ, ਮਾਇਆ ਬੰਧਨ ਨਾ ਕੋਈ ਤੁੜਾਇਆ । ਕਾਇਆ ਬਣਿਆ ਗੜ ਹੰਕਾਰ, ਹਰਿ ਕਾ ਰੂਪ ਨਜ਼ਰ ਨਾ ਆਇਆ । ਤ੍ਰੈਗੁਣ ਮਾਇਆ ਸੜਿਆ ਹੋਇਆ ਖਵਾਰ, ਸਾਂਤਕ ਸਤਿ ਨਾ ਕੋਈ ਵਰਤਾਇਆ । ਮੂਰਖ ਮੂੜ ਨਾਰ ਵਿਭਚਾਰ, ਹਰਿ ਹਰਿ ਕੰਤ ਨਾ ਕੋਈ ਹੰਢਾਇਆ । ਲੱਖ ਚੁਰਾਸੀ ਮਾਰੇ ਮਾਰ, ਮਾਰਨਹਾਰਾ ਦਿਸ ਨਾ ਆਇਆ । ਭਗਤ ਵਛਲ ਆਪ ਗਿਰਧਾਰ, ਗੁਰਮੁਖ ਸਾਜਨ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਘਰ, ਘਰ ਸੁਹੰਜਣਾ ਇਕ ਵਖਾਇਆ । ਘਰ ਸੁਹੰਜਣਾ ਪੁਰਖ ਬਿਧਾਤ, ਏਕਾ ਰੰਗ ਰੰਗਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਆਦਿ ਜੁਗਾਦੀ ਇਕ ਪ੍ਰਭਾਤ, ਏਕਾ ਰੁੱਤ ਵਖਾਈਆ । ਬੈਠਾ ਰਹੇ ਇਕ ਇਕਾਂਤ, ਆਪ ਆਪਣਾ ਆਸਣ ਲਾਈਆ । ਖੇਲੇ ਖੇਲ ਬਹੁ ਬਿਧ ਭਾਂਤ, ਵਡ ਦਾਤਾ ਬੇਪ੍ਰਵਾਹੀਆ । ਨਾ ਕੋਈ ਪਿਤ ਨਾ ਕੋਈ ਮਾਤ, ਸਾਕ ਸੈਣ ਨਾ ਕੋਈ ਜਣਾਈਆ । ਆਪਣੀ ਰੱਖੇ ਉਤਮ ਜ਼ਾਤ, ਜ਼ਾਤ ਅਜ਼ਾਤੀ ਮੇਟ ਮਿਟਾਈਆ । ਸ਼ਬਦ ਅਗੰਮੀ ਸਾਚੀ ਗਾਥ, ਨਿਰਗੁਣ ਸਰਗੁਣ ਆਪ ਸੁਣਾਈਆ । ਆਪੇ ਜਾਣੇ ਪੂਜਾ ਪਾਠ, ਆਪਣੇ ਨਾਮ ਕਰੇ ਪੜ੍ਹਾਈਆ । ਜੁਗ ਜੁਗ ਪਾਰ ਕਿਨਾਰਾ ਵੇਖੇ ਘਾਟ, ਪੱਤਨ ਮੱਲੇ ਸਹਿਜ ਸੁਭਾਈਆ । ਕਲਜੁਗ ਅੰਤਮ ਕੂੜ ਕੁੜਿਆਰਾ ਮਾਰੇ ਠਾਠ, ਚਾਰ ਕੁੰਟ ਲਹਿਰ ਲਹਿਰਾਈਆ । ਖੇਲੇ ਖੇਲ ਤ੍ਰਲੋਕੀ ਨਾਥ, ਚੌਦਾਂ ਲੋਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਵੇਸ ਕਰ, ਹਰਿਜਨ ਜਨਹਰਿ ਹਰਿ ਹਰਿ ਰੰਗ ਰੰਗਾਈਆ ।

### ✻ ੨੭ ਮੱਘਰ ੨੦੧੬ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਕੱਲਾ ਅੰਮ੍ਰਿਤਸਰ ✻

ਗੁਰ ਗੁਰਮੁਖ ਬਖਸ਼ੇ ਚਰਨ ਪਿਆਰ, ਹਰਿ ਸਤਿਗੁਰ ਵਡ ਵਡਿਆਈਆ । ਸਾਚਾ ਨਾਦ ਨਾਦ ਧੁਨਕਾਰ, ਅਨਹਦ ਤਾਲ ਆਪ ਵਜਾਈਆ । ਜੋਤ ਨਿਰੰਜਨ ਦੀਪ ਉਜਿਆਰ, ਦੀਵਾ ਬਾਤੀ ਏਕਾ ਏਕ ਡਗਮਗਾਈਆ । ਬੂੰਦ ਸਵਾਤੀ ਠੰਡੀ ਠਾਰ, ਨਿਝਰ ਝਿਰਨਾ ਕਵਲ ਝਿਰਾਈਆ । ਸ਼ਬਦ ਅਗੰਮੀ ਸਾਚੀ ਧਾਰ, ਨਿਜ ਆਤਮ ਆਪ ਵਿਖਾਈਆ । ਸੁਰਤ ਸਵਾਣੀ ਲਏ ਉਭਾਰ, ਤ੍ਰੈਗੁਣ ਮਾਇਆ ਪੜਦਾ ਲਾਹੀਆ । ਗੁਰ ਗੁਰ ਮੀਤ ਕਰ ਪਿਆਰ, ਆਪਣੇ ਰੰਗ ਰੰਗਾਈਆ । ਬਜਰ ਕਪਾਟੀ ਤੋੜ ਕਿਵਾੜ, ਘਰ ਮੰਦਰ ਦਏ ਵਖਾਈਆ । ਮੰਦਰ ਸੋਹੇ ਬੰਕ ਦਵਾਰ, ਨਿਰਗੁਣ

੯੦

ਦਾਤਾ ਆਪ ਬਣਾਈਆ । ਸਾਚੀ ਸੇਜਾ ਖੇਲ ਅਪਾਰ, ਆਤਮ ਅੰਤਰ ਆਪ ਵਛਾਈਆ । ਉਪਰ ਬੈਠ ਮੀਤ ਮੁਰਾਰ, ਗੁਰਮੁਖ ਸਾਜਣ ਰਾਹ ਤਕਾਈਆ । ਗੁਰ ਸ਼ਬਦ ਵਡ ਬਲਕਾਰ, ਖਿਚੀ ਆਏ ਵਾਹੋ ਦਾਹੀਆ । ਦੋਹਾਂ ਵਿਚੋਲਾ ਨਰ ਨਿਰੰਕਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਵਟਾਈਆ । ਪਾਇਆ ਵਰ ਹਰਿ ਕੰਤ ਭਤਾਰ, ਗੁਰਮੁਖ ਘਰ ਘਰ ਵਿਚ ਖੁਸ਼ੀ ਮਨਾਈਆ । ਸੋਭਾਵੰਤੀ ਹੋਈ ਨਾਰ, ਕੰਤ ਸੁਹਾਗੀ ਇਕ ਹੰਢਾਈਆ । ਵਿਛੜ ਨਾ ਜਾਏ ਵਿਚ ਸੰਸਾਰ, ਦੋ ਜਹਾਨ ਸਗਲਾ ਸੰਗ ਰਖਾਈਆ । ਆਦਿ ਜੁਗਾਦੀ ਪੁਰਖ ਅਬਿਨਾਸ਼ੀ ਏਕਾ ਗੁਰ ਅਵਤਾਰ, ਜੁਗ ਜੁਗ ਹਰਿਭਗਤ ਹਰਿਸੰਤ ਹਰਿਜਨ ਗੁਰਸਿਖ ਗੁਰਮੁਖ ਸਾਜਨ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਕਲਜੁਗ ਅੰਤਮ ਖੇਲ ਕਰ, ਖੇਲੇ ਖੇਲ ਬੇਪ੍ਰਵਾਹੀਆ ।

## ❋ ੨੭ ਮੱਘਰ ੨੦੧੯ ਬਿਕ੍ਰਮੀ ਗੁਰਮੁਖ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❋

ਕਾਲ ਦਿਆਲ ਪੁਰਖ ਕਰਤਾਰ, ਮਹਾਂਕਾਲ ਰੂਪ ਵਟਾਈਆ । ਵਸਣਹਾਰਾ ਸਚ ਸੱਚੀ ਧਰਮਸਾਲ, ਘਰ ਸੁਹੰਜਣਾ ਇਕ ਉਪਾਈਆ । ਲੇਖਾ ਜਾਣੇ ਪੰਜ ਤਤ ਕਾਇਆ ਮਾਟੀ ਖਾਲ, ਜੀਆਂ ਜੰਤਾਂ ਵੇਖ ਵਖਾਈਆ । ਗੁਰਮੁਖਾਂ ਕਰੇ ਆਪ ਸੰਭਾਲ, ਮਨਮੁਖਾਂ ਦਏ ਸਜਾਈਆ । ਕਲਜੁਗ ਸਾਧ ਸੰਤ ਹੋਏ ਬੇਹਾਲ, ਪਿਤਾ ਪੂਤ ਨਾ ਕੋਈ ਵਡਿਆਈਆ । ਆਪਣੀ ਘਾਲ ਗਏ ਘਾਲ, ਥੱਕੇ ਮਾਂਦੇ ਰੋਵਣ ਮਾਰਨ ਧਾਈਆ । ਕੋਈ ਨਾ ਮਿਲੇ ਸਚ ਦਲਾਲ, ਬੇੜਾ ਬੰਨੇ ਦੇਵੇ ਲਾਈਆ । ਫਲ ਨਾ ਦਿਸੇ ਕਿਸੇ ਡਾਲ, ਫੁਲ ਫੁਲਵਾੜੀ ਨਾ ਕੋਈ ਮਹਿਕਾਈਆ । ਤ੍ਰੈਗੁਣ ਮਾਇਆ ਨਾ ਤੁੱਟਾ ਜੰਜਾਲ, ਤਨ ਪਿੰਜਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਨਾਮ ਵਣਜ ਝੂਠ ਵਣਜਾਰਾ, ਕਲਜੁਗ ਜੀਵ ਵਰਤਾਇੰਦਾ । ਹਰਿ ਬਿਨ ਕੋਈ ਨਾ ਦੇਵੇ ਸਚ ਭੰਡਾਰਾ, ਸਾਚਾ ਰੰਗ ਨਾ ਕੋਈ ਚੜ੍ਹਾਇੰਦਾ । ਜਗਤ ਤ੍ਰਿਸ਼ਨਾ ਗੜ੍ਹ ਹੰਕਾਰਾ, ਪੰਜ ਤਤ ਵਿਕਾਰਾ ਵਿਚ ਵਸਾਇੰਦਾ । ਨਾਮ ਰਤਨ ਅਮੋਲਕ ਹੀਰਾ ਇਕ ਪਿਆਰਾ, ਗੁਰ ਸਤਿਗੁਰ ਆਪਣੇ ਹੱਥ ਰਖਾਇੰਦਾ । ਗੁਰਮੁਖ ਵਿਰਲਾ ਬਣੇ ਮਾਤ ਵਣਜਾਰਾ, ਏਕਾ ਵਣਜ ਇਕ ਕਰਾਇੰਦਾ । ਖਾਏ ਖੱਟੇ ਵਿਚ ਸੰਸਾਰਾ, ਲਹਿਣਾ ਦੇਣਾ ਮੂਲ ਮੁਕਾਇੰਦਾ । ਮਨ ਮਤ ਮਾਇਆ ਮਮਤਾ ਰਹੀ ਝੱਖ ਮਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਆਪ ਆਪਣਾ ਭੇਵ ਖੁਲਾਇੰਦਾ । ਭੇਖ ਪਖੰਡੀ ਜਗਤ ਸਾਧ, ਸ਼ਬਦ ਡੋਰੀ ਤੰਦ ਬੰਧਾਈਆ । ਆਪੇ ਬਖਸ਼ੇ ਬਖਸ਼ਣਹਾਰਾ ਅਪਰਾਧ, ਪਾਪੀ ਪਤਤ ਲਏ ਤਰਾਈਆ । ਪਿਤਾ ਪੂਤ ਲੇਖਾ ਜਾਣੇ ਵਾਦ ਵਿਵਾਦ, ਪੂਰਬ ਲਹਿਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਅਜੂਨੀ ਜੂਨ ਦਏ ਕਟਾਈਆ । ਜੂਨੀ ਛੁਟੇ ਨਾਤਾ ਤੁੱਟੇ, ਪੰਜ ਤਤ ਹੋਏ ਬੰਦ ਖੁਲਾਸੀਆ । ਫੜ ਫੜ ਕੁੱਟੇ ਮਨਾਏ ਰੁੱਠੇ, ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠੇ, ਵਡ ਦਾਤਾ ਸ਼ਾਹੋ ਸ਼ਬਾਸ਼ੀਆ । ਬੰਨੇ ਏਕਾ ਮੁੱਠੇ ਪਾਰ ਕਿਨਾਰੇ ਸੁੱਟੇ, ਸੁਹਾਏ ਸਾਚੀ ਰੁੱਤੇ, ਰੰਗ ਰੰਗਾਏ ਪ੍ਰਿਥਮੀ ਅਕਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਘਨਕ ਪੁਰ ਵਾਸੀਆ ।

## ❊ ੨੭ ਮੱਘਰ ੨੦੧੯ ਬਿਕ੍ਰਮੀ ਭਾਈ ਨਰਾਇਣ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ❊

ਗੁਰਮੁਖ ਉਠੇ ਨੌਜਵਾਨ, ਸਤਿਗੁਰ ਪੂਰਾ ਆਪ ਉਠਾਇੰਦਾ । ਹੱਥ ਫੜਾਏ ਨਾਮ ਨਿਸ਼ਾਨ, ਦੋ ਜਹਾਨਾ ਆਪ ਝੁਲਾਇੰਦਾ । ਦਾਤਾ ਦਾਨੀ ਗੁਣੀ ਨਿਧਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਆਤਮ ਅੰਤਰ ਬ੍ਰਹਮ ਗਿਆਨ, ਪਾਰਬ੍ਰਹਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਜਗਾਇੰਦਾ । ਗੁਰਮੁਖ ਸੱਚਾ ਸੂਰਬੀਰ, ਹਰਿ ਸਾਚਾ ਆਪ ਉਪਾਇੰਦਾ । ਏਕਾ ਦੇਵੇ ਸਾਚਾ ਤੀਰ, ਰਸਨਾ ਚਿਲਾ ਆਪ ਚੜ੍ਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੈਂਡਾਂ ਜਾਏ ਚੀਰ, ਸਚਖੰਡ ਦਵਾਰਾ ਇਕ ਵਖਾਇੰਦਾ । ਆਪੇ ਚੋਟੀ ਚਾੜ੍ਹੇ ਫੜ ਅਖੀਰ, ਨਿਰਗੁਣ ਆਪਣੀ ਦਯਾ ਕਮਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਪੀਰਨ ਪੀਰ ਭੇਵ ਨਾ ਆਇੰਦਾ । ਤ੍ਰੈਗੁਣ ਮਾਇਆ ਕੱਟ ਜੰਜੀਰ, ਸ਼ਬਦ ਡੋਰੀ ਨਾਲ ਬੰਧਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਕੱਟ ਕੱਟ ਪੀੜ, ਅੰਮ੍ਰਿਤ ਆਤਮ ਸਾਚਾ ਜਾਮ ਪਿਆਇੰਦਾ । ਸੀਸ ਬੰਧਾਏ ਸਾਚਾ ਚੀਰ, ਗੁਰ ਗੋਬਿੰਦ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੋਇਆ ਇਕ ਉਠਾਇੰਦਾ । ਗੁਰਮੁਖ ਸਾਚਾ ਸਾਖਿਆਤ, ਹਰਿ ਪੁਰਖ ਨਿਰੰਜਨ ਆਪ ਬਣਾਇੰਦਾ । ਏਕਾ ਬਖ਼ਸ਼ੇ ਸਾਚੀ ਦਾਤ, ਚਰਨ ਪ੍ਰੀਤੀ ਸਚ ਵਖਾਇੰਦਾ । ਏਥੇ ਉਥੇ ਪੁੱਛੇ ਵਾਤ, ਲੋਕਮਾਤ ਆਪ ਵਡਿਆਇੰਦਾ । ਭੇਵ ਨਾ ਪਾਏ ਕਾਇਨਾਤ, ਲੱਖ ਚੁਰਾਸੀ ਮੁਖ ਭਵਾਇੰਦਾ । ਸੂਰਾ ਸਰਬੰਗ ਸਗਲਾ ਸਾਥ, ਆਪਣਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੇਲਾ ਆਪ ਮਿਲਾਇੰਦਾ । ਗੁਰਮੁਖ ਸਾਚਾ ਉਠਿਆ, ਹਰਿ ਸੱਜਣ ਆਪ ਉਠਾਏ । ਪੁਰਖ ਅਬਿਨਾਸ਼ੀ ਏਕਾ ਤੁਠਿਆ, ਫੜ ਬਾਹੋਂ ਗਲੇ ਲਗਾਏ । ਅੰਮ੍ਰਿਤ ਦੇਵੇ ਸਾਚਾ ਘੁੱਟਿਆ, ਸਰ ਸਰੋਵਰ ਇਕ ਵਿਖਾਏ । ਹਰਿ ਕਾ ਨਾਤਾ ਕਦੇ ਨਾ ਤੁਟਿਆ, ਨਾ ਕੋਈ ਤੋੜੇ ਤੋੜ ਤੁੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਤ ਸਪੂਤਾ ਦਏ ਸਮਝਾਏ । ਨਾਤਾ ਤੋੜੇ ਜਗਤ ਸੰਸਾਰ, ਸੋ ਪੁਰਖ ਨਿਰੰਜਨ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਨ ਸਾਚੀ ਕਾਰ, ਜੁਗ ਜੁਗ ਆਪ ਕਰਾਇੰਦਾ । ਏਕ ਏਕੰਕਾਰਾ ਖੇਲ ਅਪਾਰ, ਨਿਰਗੁਣ ਧਾਰਾ ਆਪ ਚਲਾਇੰਦਾ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਘਰ ਸਾਚਾ ਬੰਕ ਸੁਹਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਸਚਖੰਡ ਦਵਾਰ, ਦਰ ਘਰ ਸਾਚੇ ਸੋਭਾ ਪਾਇੰਦਾ । ਇਕ ਅਕੱਲਾ ਨਿਰਾਕਾਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਪਣੀ ਇਛਿਆ ਭਰ ਭੰਡਾਰ, ਥਿਰ ਘਰ ਵਾਸੀ ਵੇਸ ਵਟਾਇੰਦਾ । ਆਪੇ ਪੁਰਖ ਆਪੇ ਨਾਰ, ਨਾਰੀ ਕੰਤ ਰੂਪ ਵਟਾਇੰਦਾ । ਸੁਤ ਅਨਾਦੀ ਸ਼ਬਦ ਅਧਾਰ, ਸ਼ਬਦੀ ਸ਼ਬਦ ਉਪਜਾਇੰਦਾ । ਆਪੇ ਕਰੇ ਅਗੰਮੀ ਕਾਰ, ਆਪਣਾ ਅੰਗਨ ਆਪ ਸੁਹਾਇੰਦਾ । ਦੀਪਕ ਜੋਤੀ ਕਰ ਉਜਿਆਰ, ਕਮਲਾਪਾਤੀ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਹਰਿ ਸੁਹੰਜਣਾ, ਪਰਮ ਪੁਰਖ ਵਡਿਆਈਆ । ਜੋਤ ਜਗਾਏ ਆਦਿ ਨਿਰੰਜਣਾ, ਨਿਰਗੁਣ ਦਾਤਾ ਬੇਪਰਵਾਹੀਆ । ਸਚ ਸਿੰਘਾਸਨ ਬਹਿ ਬਹਿ ਸਜਣਾ, ਸ਼ਾਹੋ ਭੂਪ ਨਾਉਂ ਧਰਾਈਆ । ਨਾ ਘੜਿਆ ਨਾ ਭੱਜਣਾ, ਅਬਿਨਾਸ਼ੀ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਆਪਣੀ ਕਲ ਆਪੇ ਧਾਰ, ਆਪਣੀ


੬੨

੬੩

ਦਯਾ ਕਮਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਕੰਤ ਨਿਰਗੁਣ ਨਾਰ, ਨਿਰਗੁਣ ਸੰਗ ਨਿਭਾਇੰਦਾ । ਨਿਰਗੁਣ ਮਹੱਲ ਨਿਰਗੁਣ ਅਟਾਰ, ਨਿਰਗੁਣ ਦੀਵਾ ਬਾਤੀ ਆਪ ਜਗਾਇੰਦਾ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ, ਨਿਰਗੁਣ ਚੋਬਦਾਰ ਅਖਵਾਇੰਦਾ । ਨਿਰਗੁਣ ਸ਼ਬਦ ਅਗੰਮੀ ਧਾਰ, ਨਿਰਗੁਣ ਆਪਣਾ ਆਪ ਉਪਜਾਇੰਦਾ । ਨਿਰਗੁਣ ਕਰੇ ਸਾਚੀ ਕਾਰ, ਕਰਨੀ ਕਰਤਾ ਨਾਉਂ ਰਖਾਇੰਦਾ । ਆਪ ਆਪਣਾ ਕਰ ਪਿਆਰ, ਆਪ ਆਪਣੀ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈ ਤ੍ਰੈ ਖੇਲ ਖਿਲਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਮੇਲ ਮਿਲਾਇੰਦਾ । ਲੱਖ ਚੁਰਾਸੀ ਤਨ ਸ਼ੰਗਾਰ, ਸਾਚਾ ਗੜ੍ਹ ਸੁਹਾਇੰਦਾ । ਮਨ ਮਤ ਬੁਧ ਦਏ ਅਧਾਰ, ਅੰਤਰ ਆਤਮ ਬੂਝ ਬੁਝਾਇੰਦਾ । ਨੌ ਦਵਾਰੇ ਖੋਲ੍ਹ ਕਿਵਾੜ, ਆਪਣਾ ਰਸ ਵਿਖਾਇੰਦਾ । ਘਰ ਵਿਚ ਕਰ ਖੇਲ ਅਪਾਰ, ਸਾਚਾ ਮੰਦਰ ਆਪ ਉਪਜਾਇੰਦਾ । ਸ਼ਬਦ ਨਾਦ ਸੱਚੀ ਧੁਨਕਾਰ, ਅਨਹਦ ਸਾਚਾ ਤਾਲ ਵਜਾਇੰਦਾ । ਆਪਣਾ ਰੂਪ ਕਰ ਪਿਆਰ, ਬ੍ਰਹਮ ਬ੍ਰਹਮ ਨਾਉਂ ਧਰਾਇੰਦਾ । ਪਵਣ ਸਵਾਸੀ ਭਰ ਭੰਡਾਰ, ਦਿਵਸ ਰੈਣ ਚਲਾਇੰਦਾ । ਸ਼ਾਹੋ ਸ਼ਾਬਾਸ਼ ਖੇਲ ਨਿਆਰ, ਜੋਤ ਨਿਰੰਜਨ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਸਾਚੀ ਧਾਰ, ਲੋਕਮਾਤ ਉਪਜਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪ ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਕਰੀ ਕੁੜਮਾਈਆ । ਸਾਚਾ ਮੀਤ ਮੀਤ ਮੁਰਾਰ, ਆਪ ਆਪਣੀ ਖੇਲ ਖਿਲਾਈਆ । ਆਪੇ ਬਣੇ ਗੁਰ ਅਵਤਾਰ, ਹਰਿ ਸਤਿਗੁਰ ਨਾਉਂ ਧਰਾਈਆ । ਭਗਤ ਵਛਲ ਖੇਲ ਨਿਰੰਕਾਰ, ਹਰਿ ਸੰਤਨ ਮੇਲ ਮਿਲਾਈਆ । ਸਤਿਜੁਗ ਸਾਚੇ ਪਾਵੇ ਸਾਰ, ਬਲ ਬਾਵਨ ਭੇਖ ਵਟਾਈਆ । ਤ੍ਰੇਤਾ ਤੇਰਾ ਕਰੇ ਅਧਾਰ, ਰਾਮਾ ਰਾਵਣ ਦਹਿਸਰ ਘਾਈਆ । ਦੁਆਪਰ ਤੇਰਾ ਵੇਖ ਸ਼ੰਗਾਰ, ਕਾਹਨਾ ਬੰਸਰੀ ਇਕ ਵਜਾਈਆ । ਤੋੜਨਹਾਰਾ ਗੜ੍ਹ ਹੰਕਾਰ, ਗਰੀਬ ਨਿਮਾਣੇ ਗਲੇ ਲਗਾਈਆ । ਕਲਜੁਗ ਤੇਰਾ ਕੂੜ ਪਸਾਰ, ਚਾਰੋਂ ਕੁੰਟ ਏਕਾ ਡੰਕ ਰਿਹਾ ਵਜਾਈਆ । ਤੋੜਨਹਾਰਾ ਗੜ੍ਹ ਹੰਕਾਰ, ਗਰੀਬ ਨਿਮਾਣੇ ਗਲੇ ਲਗਾਈਆ । ਕਲਜੁਗ ਤੇਰਾ ਕੂੜ ਪਸਾਰ, ਚਾਰੋਂ ਕੁੰਟ ਏਕਾ ਡੰਕਾ ਰਿਹਾ ਵਜਾਈਆ । ਈਸਾ ਮੂਸਾ ਕਰ ਪਿਆਰ, ਕਾਲਾ ਸੂਸਾ ਇਕ ਵਖਾਈਆ । ਸੰਗ ਮੁਹੰਮਦ ਚਾਰ ਯਾਰ, ਚਾਰ ਯਾਰੀ ਮਤਾ ਪਕਾਈਆ । ਅੱਲਾ ਰਾਣੀ ਹੋ ਤਿਆਰ, ਨੇਤਰ ਨੈਣ ਰਹੀ ਮਟਕਾਈਆ । ਚਾਰੋਂ ਕੁੰਟ ਕਰੇ ਖ਼ਵਾਰ, ਧੀਰਜ ਧੀਰ ਨਾ ਕੋਈ ਧਰਾਈਆ । ਵਰਨਾਂ ਬਰਨਾਂ ਹਾਹਾਕਾਰ, ਸਾਚੀ ਸਰਨ ਨਾ ਕੋਈ ਸਰਨਾਈਆ । ਧਰਨੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸੰਤ ਸੱਜਣ ਹੋਏ ਖ਼ਵਾਰ, ਘਰ ਮਿਲੇ ਨਾ ਸਾਚਾ ਮਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਕਲ ਆਪ ਵਰਤਾਈਆ । ਪੰਜ ਤਤ ਕਰ ਪਿਆਰ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਨਾਨਕ ਮੇਲਾ ਵਿਚ ਸੰਸਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਸ਼ਬਦ ਅਗੰਮੀ ਏਕ ਏਕੰਕਾਰ, ਨਾਮ ਸਤਿ ਕਰੇ ਪੜ੍ਹਾਈਆ । ਚਾਰ ਵਰਨ ਸੋਹਿਣ ਇਕ ਦਵਾਰ, ਏਕਾ ਸਿਖਿਆ ਸਿੱਖ ਸਮਝਾਈਆ । ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਨਾ ਕੋਈ ਵਿਚਾਰ, ਏਕਾ ਰੰਗ ਰੰਗਾਈਆ । ਅੰਗਦ ਕਰਿਆ ਅੰਗੀਕਾਰ, ਆਪ ਆਪਣੇ ਅੰਗ ਸਮਾਈਆ । ਅਮਰਦਾਸ ਦਾਸ ਕਰਤਾਰ, ਸੇਵਕ ਸੇਵਾ ਸਚ ਕਰਾਈਆ । ਰਾਮ ਦਾਸ ਭਰ ਭੰਡਾਰ, ਸਰ ਸਰੋਵਰ ਇਕ ਨੁਹਾਈਆ । ਅਰਜਨ ਮੀਤਾ ਖੇਲ ਪਿਆਰ, ਬੋਧ ਅਗਾਧ ਸ਼ਬਦ

ਜਣਾਈਆ । ਸਾਚਾ ਗੁਰੂ ਗੁਰ ਕਰ ਤਿਆਰ, ਗੁਰੂ ਗ੍ਰੰਥ ਇਕ ਸਮਝਾਈਆ । ਜੋਤੀ ਨੂਰ ਹਰਿ ਕਰਤਾਰ, ਹਰਿਗੋਬਿੰਦ ਦਏ ਵਡਿਆਈਆ । ਹਰਿਰਾਏ ਮੇਲਾ ਵਿਚ ਸੰਸਾਰ, ਹਰਿਕ੍ਰਿਸ਼ਨਾ ਵੱਜੇ ਵਧਾਈਆ । ਤੇਗ ਬਹਾਦਰ ਵਡ ਬਲਕਾਰ, ਨਾਮ ਤੇਗ ਹੱਥ ਉਠਾਈਆ । ਗਰੀਬ ਨਿਮਾਣਿਆਂ ਦੇਵੇ ਆਦਰ ਆਪ ਆਪਨਾ ਆਪੇ ਵਾਰ, ਆਪ ਆਪਨਾ ਸੰਗ ਨਿਭਾਈਆ । ਸੁਤ ਦੁਲਾਰਾ ਪੁਰਖ ਅਕਾਲ, ਏਕਾ ਏਕ ਏਕ ਉਠਾਈਆ । ਗੋਬਿੰਦ ਸੂਰਾ ਸਾਚਾ ਲਾਲ, ਸਿੰਘ ਰੂਪ ਆਪ ਵਟਾਈਆ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਇਕ ਲਟਕਾਈਆ । ਬ੍ਰਹਿਮੰਡਾਂ ਮਾਰਨਹਾਰਾ ਮਾਰ, ਲੋਕਮਾਤ ਵੇਸ ਧਰਾਈਆ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਹਤਜ ਖੇਲ ਨਾ ਰਾਈਆ । ਰਾਜ ਰਾਜਾਨਾਂ ਕਰੇ ਖਵਾਰ, ਸ਼ਾਹ ਸੁਲਤਾਨਾ ਖ਼ਾਕ ਮਿਲਾਈਆ । ਗਰੀਬ ਨਿਮਾਣੇ ਲਾਏ ਪਾਰ, ਆਪ ਆਪਨੀ ਗੋਦ ਉਠਾਈਆ । ਅੰਮ੍ਰਿਤ ਬਖਸ਼ੇ ਠੰਡੀ ਠਾਰ, ਸਾਚਾ ਖੰਡਾ ਵਿਚ ਫਿਰਾਈਆ । ਪੰਚਮ ਮੀਤਾ ਪੰਚ ਪਿਆਰ, ਪੰਚਮ ਪੰਚ ਕਰੇ ਕੁੜਮਾਈਆ । ਦੇਵੇ ਵਰ ਸੱਚੀ ਸਰਕਾਰ, ਗੁਰਮੁਖ ਸਾਚੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਏਕਾ ਰੰਗਣ ਨਾਮ ਰੰਗਾਈਆ । ਅੰਮ੍ਰਿਤ ਨਾਮ ਸਤਿ ਭੰਡਾਰਾ, ਗੁਰਮਤ ਗੁਰ ਆਪ ਵਰਤਾਇਆ । ਚਾਰ ਵਰਨਾਂ ਵਖਾਏ ਇਕ ਦਵਾਰਾ, ਆਪੇ ਮੰਗਣ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਆਪਨਾ ਖੇਲ ਆਪ ਖਿਲਾਇਆ । ਗੁਰ ਗੋਬਿੰਦ ਸਿੰਘ ਸੂਰਬੀਰ, ਸ਼ਸਤਰਧਾਰੀ ਵਡ ਵਡਿਆਈਆ । ਚਾਰ ਵਰਨਾਂ ਪਾਈ ਇਕ ਜੰਜੀਰ, ਕੱਟੀ ਹਉਮੇ ਪੀੜ, ਦੂਈ ਦਵੈਤੀ ਰਹਿਣ
੬੪ ਨਾ ਪਾਈਆ । ਲੇਖਾ ਜਾਣੇ ਸ਼ਾਹ ਫਕੀਰ, ਸ਼ਬਦ ਨਿਰਾਲਾ ਫੜਿਆ ਤੀਰ, ਤਿਖੀ ਮੁਖੀ ਹੱਥ ਉਠਾਈਆ । ਆਪੇ ਕੱਟਣਹਾਰਾ ਭੀੜ, ਆਪੇ ੬੪
ਬੰਨੇ ਸਾਚੀ ਬੀੜ, ਆਪ ਆਪਨਾ ਵੇਸ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਆਪਨੇ ਭਾਣੇ ਆਪ ਰਖਾਈਆ । ਹਰਿ ਭਾਣਾ ਬਲਵਾਨ, ਗੁਰ ਸਤਿਗੁਰ ਆਪ ਸਮਝਾਇੰਦਾ । ਆਪੇ ਛੱਡੇ ਜਗਤ ਮਕਾਨ, ਪੁਰੀ ਅਨੰਦ ਤਜਾਇੰਦਾ । ਆਪੇ ਵੇਖੇ ਮਾਰ ਧਿਆਨ, ਗੜੀ ਚਮਕੌਰ ਆਪ ਸੁਹਾਇੰਦਾ । ਆਪੇ ਸੂਰਾ ਨੌਜਵਾਨ, ਆਪ ਆਪਨਾ ਖੇਲ ਖਿਲਾਇੰਦਾ । ਆਪੇ ਪੂਤ ਸਪੂਤਾ ਦੇਵੇ ਦਾਨ, ਸਾਚੀ ਭੇਟਾ ਆਪ ਵਖਾਇੰਦਾ । ਆਪੇ ਖੇਵਟ ਖੇਟਾ ਗੁਣ ਨਿਧਾਨ, ਗੁਣਵੰਤਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਸੀਸ ਜਗਦੀਸ ਆਪ ਵਟਾਇੰਦਾ । ਸੀਸ ਜਗਦੀਸ ਗੁਰ ਗੋਬਿੰਦ, ਏਕਾ ਰੰਗ ਰੰਗਾਇਆ । ਗੁਰਮੁਖਾਂ ਮੇਟੇ ਸਗਲੀ ਚਿੰਦ, ਆਪ ਆਪਨਾ ਦਰਸ ਦਿਖਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਭੇਵ ਨਾ ਰਾਇਆ । ਗੁਰਮੁਖ ਬਣਾਇਆ ਆਪਨੀ ਬਿੰਦ, ਆਪ ਆਪਨੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, । ਪੰਚਮ ਮੇਲਾ ਆਪ ਕਰਾਵਨਾ, ਪੰਚਮ ਵੇਖੇ ਥਾਉਂ ਥਾਈਆ । ਸਾਚਾ ਮਾਰਗ ਸਾਚੇ ਲਾਵਨਾ, ਲੋਕਮਾਤ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਏਕਾ ਡੰਕ ਵਜਾਵਨਾ, ਵਾਹ ਵਾਹ ਗੁਰ ਵੱਡੀ ਵਡਿਆਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਉਠਾਵਨਾ, ਸੋਇਆ ਕੋਈ ਰਹਿਣ ਨਾ ਪਾਈਆ । ਸੀਸ ਤਾਜ ਆਪਨਾ ਫੇਰ ਆਪ ਟਿਕਾਵਨਾ, ਜੋ ਗੁਰਮੁਖ ਤੇਰੇ ਸੀਸ ਗਿਆ ਟਿਕਾਈਆ । ਸਾਚੀ ਸਿਖੀ ਸੇਵਾ ਲਾਵਨਾ, ਲੋਕਮਾਤ ਰਿਹਾ ਸਮਝਾਈਆ । ਇਕੀ ਸਿਖਾਂ ਨਾਲ ਰਲਾਵਨਾ, ਚਵੀ ਮੱਘਰ ਵੱਜੀ ਵਧਾਈਆ । ਪਹਿਲੀ ਚੇਤਰ ਪ੍ਰਭ ਆਪਨੇ ਅੰਗ ਲਗਾਵਨਾ, ਵਾਲੀ ਹਿੰਦ ਦਏ ਉਠਾਈਆ । ਸਿੰਘ ਸੰਗਤ ਤੇਰਾ ਪਿਛਲਾ ਲੇਖਾ ਪ੍ਰਭ ਸਾਚੇ ਆਪ ਮੁਕਾਵਨਾ, ਆਪਨਾ ਮੁਕਟ

ਆਪੇ ਲਏ ਉਠਾਈਆ । ਅਗੇ ਮਾਰਗ ਸਾਚਾ ਇਕ ਵਿਖਾਵਨਾ, ਪਿਛਲੀ ਮੇਟੇ ਲੱਗੀ ਛਾਹੀਆ । ਸਾਚਾ ਦਾਮਨ ਇਕ ਫੜਾਵਨਾ, ਪੱਲੂ ਛੁੱਟ ਕਦੇ ਨਾ ਜਾਈਆ । ਕਲਜੁਗ ਮੇਟੇ ਪਾਪੀ ਰਾਵਨਾ, ਗੁਰਮੁਖ ਤੇਰੇ ਨਾਮ ਤਲਵਾਰ ਇਕ ਚਲਾਈਆ । ਆਪੇ ਬਣੇ ਧੁਰਦਰਗਾਹੀ ਸਾਚਾ ਜ਼ਾਮਨਾ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕੀਤੀ ਭੁੱਲ ਨਾ ਜਾਈਆ । ਗੜ੍ਹੀ ਚਮਕੌਰ ਦਿਤਾ ਤਾਜ, ਹਰਿ ਸਾਚੇ ਸੀਸ ਟਿਕਾਇਆ । ਕਲਜੁਗ ਅੰਤਮ ਖੇਲੇ ਖੇਲ ਦੇਸ ਮਾਝ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਨਿਰਗੁਣ ਸਰਗੁਣ ਸਾਜਨ ਸਾਜ, ਵੇਦ ਕਤੇਬ ਭੇਵ ਨਾ ਆਇਆ । ਏਕੰਕਾਰੇ ਰਚਿਆ ਆਪਣਾ ਕਾਜ, ਆਪਣਾ ਦਿਵਸ ਆਪ ਸੁਹਾਇਆ । ਗੁਰਮੁਖਾਂ ਘਰ ਘਰ ਦਰ ਦਰ ਸੁਤਿਆਂ ਮਾਰੇ ਇਕ ਅਵਾਜ, ਗੁਰਮੁਖ ਸੋਏ ਰਿਹਾ ਉਠਾਇਆ । ਪੰਚਮ ਮੁਖੀ ਬਣਿਆ ਤਾਜ, ਜਗਤ ਦੁਖੀ ਲਏ ਤਜਾਇਆ । ਉਤਮ ਕਰੇ ਕੁੱਖੀ ਵਿਚ ਸੰਸਾਰ, ਮਾਤਾ ਜਨਨੀ ਜਿਸ ਜਨ ਸਾਚਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿਛਲਾ ਦਿਤਾ ਅੱਗੇ ਲੇਵਣ ਆਇਆ । ਉਠ ਸਿਖ ਹਰਿ ਆਪ ਉਠਾਏ, ਦੂਸਰ ਸੰਗ ਨਾ ਕੋਈ ਰਖਾਈਆ । ਗੋਬਿੰਦ ਹਰਿ ਹਰਿ ਨਾਉਂ ਧਰਾਏ, ਹਰਿ ਗੋਬਿੰਦ ਰੂਪ ਸਮਾਈਆ । ਸਿੰਘ ਸਿੰਘ ਹਰਿ ਫੇਰਾ ਪਾਏ, ਸਿੰਘ ਸਿੰਘ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਈਆ । ਗੁਰਮੁਖ ਉਠਣਾ ਕਲਜੁਗ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਪੁਰਖ ਅਬਿਨਾਸ਼ੀ ਹੱਥ ਪਕੜੇ ਵਾਗ, ਚਾਰੋਂ ਕੁੰਟ ਆਪ ਫਿਰਾਇੰਦਾ । ਜਨਮ ਜਨਮ ਦੇ ਧੋਵੇ ਦਾਗ, ਪਿਛਲਾ ਕਰਮ ਚੁਕਾਇੰਦਾ । ਜਗਤ ਤ੍ਰਿਸ਼ਨਾ ਬੁਝੇ ਆਗ, ਦੂਈ ਦਵੈਤੀ ਫੰਦ ਕਟਾਇੰਦਾ । ਤ੍ਰੈਗੁਣ ਮਾਇਆ ਨਾ ਡੱਸੇ ਡੱਸਨੀ ਨਾਗ, ਆਸਾ ਤ੍ਰਿਸ਼ਨਾ ਵਿਚ ਸਮਾਇੰਦਾ । ਇਕ ਉਪਜਾਏ ਸਾਚਾ ਰਾਗ, ਅੰਦਰ ਮੰਦਰ ਖੋਜ ਖੁਜਾਇੰਦਾ । ਵੇਖਣਹਾਰਾ ਹਰਿ ਬ੍ਰਹਿਮਾਦ ਗੁਰਮੁਖ ਕਾਇਆ ਗੜ ਸੁਹਾਇੰਦਾ । ਖੇਲੇ ਖੇਲ ਜੁਗਾਦਿ ਆਦਿ, ਆਦਿ ਜੁਗਾਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸੰਗ ਆਪ ਰਖਾਇੰਦਾ । ਗੁਰਸਿਖ ਤੇਰਾ ਸਚ ਵਿਹਾਰਾ, ਹਰਿ ਪੁਰਖ ਨਿਰੰਜਨ ਦਏ ਕਰਾਈਆ । ਗੁਰ ਗੋਬਿੰਦ ਬਣਾਇਆ ਸਚ ਦੁਲਾਰਾ, ਅੰਤਮ ਲੇਖਾ ਲੇਖੇ ਲਾਈਆ । ਕਲਜੁਗ ਢਈਆ ਪਾਰ ਕਿਨਾਰਾ, ਸਾਚੀ ਨਈਆ ਹਰਿ ਚਲਾਈਆ । ਗੁਰਮੁਖਾਂ ਵਖਾਏ ਇਕ ਕਿਨਾਰਾ, ਮੰਝਧਾਰਾ ਨਾ ਕੋਈ ਰੁੜ੍ਹਾਈਆ । ਸਰਸੇ ਤੇਰਾ ਕਰ ਪਿਆਰਾ, ਤੇਰਾ ਤੇਰੇ ਲਏ ਉਠਾਈਆ । ਖਿਚ ਲਿਆਏ ਚਰਨ ਦਵਾਰਾ, ਜੋ ਜਨ ਬੈਠੇ ਰਾਹ ਤਕਾਈਆ । ਪ੍ਰਗਟ ਹੋਇਆ ਸ਼ਾਹ ਅਸਵਾਰਾ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਸੋਲਾਂ ਕਲੀਆਂ ਤਨ ਸ਼ੰਗਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਪਾਰਬ੍ਰਹਮ ਪ੍ਰਭ ਗੁਰ ਕਰਤਾਰਾ, ਕਰਨੇਹਾਰਾ ਆਪ ਅਖਵਾਈਆ । ਖੜਗ ਖੰਡਾ ਤੇਜ ਕਟਾਰਾ, ਤਿਖੀ ਦੇਵੇ ਧਾਰ ਰਖਾਈਆ । ਕਲਗੀ ਤੋੜਾ ਸੀਸ ਦਸਤਾਰਾ, ਜੋਤੀ ਜੋੜਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪ ਆਪਣੇ ਰੰਗ ਰੰਗਾਈਆ । ਗੁਰਮੁਖ ਉਠੇ ਹਰਿਜਨ ਮੀਤ, ਸਤਿ ਪੁਰਖ ਨਿਰੰਜਨ ਆਪ ਉਠਾਇੰਦਾ । ਪੁਰਖ ਅਕਾਲ ਦੀਨ ਦਿਆਲ ਇਕ ਸੁਣਾਏ ਸੁਹਾਗੀ ਗੀਤ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਜੁਗਾ ਜੁਗੰਤਰ ਸਾਚੀ ਰੀਤ, ਲੋਕਮਾਤ ਆਪ ਚਲਾਇੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਆਪ ਤਰਾਇੰਦਾ । ਗੁਰਮੁਖ ਮੇਲੇ ਨਾ ਦੇਹੁਰਾ ਨਾ ਮੰਦਰ ਮਸੀਤ, ਦਰ ਘਰ ਸਾਚੇ ਦਰਸ ਦਿਖਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਆਦਿ ਨਿਰੰਜਨ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਗੁਰਮੁਖਾਂ ਮਿਲੇ ਸਾਚਾ ਸੱਜਨ, ਗੁਰਮੁਖ ਸਾਚੇ ਲਏ ਜਗਾਈਆ । ਚਰਨ ਧੂੜ ਕਰਾਏ ਏਕਾ ਮਜਨ, ਬੰਕ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਿੰਘ ਸਿੰਘ ਹਰਿ ਸੰਗਤ ਸੰਗ ਰਖਾਈਆ । ਸਿੰਘ ਸੰਗਤ ਸਿੰਘ ਸਾਚਾ ਵਰਿਆ, ਸਗਲਾ ਸੰਗ ਰਖਾਇਆ । ਕਾਇਆ ਰੰਗਤ ਰੰਗ ਏਕਾ ਚੜ੍ਹਿਆ, ਉਤਰ ਕਦੇ ਨਾ ਜਾਇਆ । ਏਕਾ ਅੱਖਰ ਨਿਰਗੁਣ ਰੂਪ ਪੁਰਖ ਅਕਾਲ ਗੁਰ ਗੋਬਿੰਦ ਪੜ੍ਹਿਆ, ਗੁਰਮੁਖਾਂ ਰਿਹਾ ਪੜ੍ਹਾਇਆ । ਤੀਰ ਕਮਾਨ ਸਚ ਨਿਸ਼ਾਨ ਹੱਥ ਵਿਚ ਫੜਿਆ, ਨੇਤਰ ਨੈਣਾਂ ਦਿਸ ਨਾ ਆਇਆ । ਤੋੜਨਹਾਰਾ ਹੰਕਾਰੀ ਗੜ੍ਹਿਆ, ਅਗਨੀ ਹਵਨ ਕਦੇ ਨਾ ਸੜਿਆ, ਜੁਗ ਜੁਗ ਆਪਣਾ ਬਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਉਠਾਏ ਸਾਚੇ ਘਰ, ਦੇਵਣਹਾਰਾ ਸਾਚਾ ਵਰਿਆ । ਗੁਰਮੁਖ ਉਠ ਸਚ ਦਰਬਾਰ, ਹਰਿ ਸਾਚਾ ਤਖਤ ਸੁਹਾਇੰਦਾ । ਜਗੇ ਜੋਤ ਇਕ ਨਿਰੰਕਾਰ, ਦੂਸਰ ਰੂਪ ਨਾ ਕੋਈ ਵਖਾਇੰਦਾ । ਏਕਾ ਗੁਰ ਅਵਤਾਰ, ਏਕਾ ਪੂਜਸ ਪੂਜ ਪੁਜਾਇੰਦਾ । ਅਠਸਠ ਤੀਰਥ ਨਾ ਕੋਈ ਵਿਚਾਰ, ਜਲ ਧਾਰਾ ਨਾ ਕੋਈ ਨੁਹਾਇੰਦਾ । ਜੰਗਲ ਜੂਹ ਨਾ ਵਖਾਏ ਕੋਈ ਪਹਾੜ, ਡੂੰਘੀ ਕੰਦਰ ਨਾ ਆਸਣ ਲਾਇੰਦਾ । ਕਰ ਕਿਰਪਾ ਜਾਏ ਤਾਰ, ਸਤਿਗੁਰ ਪੂਰਾ ਸੋ ਅਖਵਾਇੰਦਾ । ਪਿਛਲਾ ਕਰਜਾ ਦਏ ਉਤਾਰ, ਅੱਗੇ ਸਾਚੇ ਰਾਹ ਚਲਾਇੰਦਾ । ਤੇਰੀ ਰੱਖ ਸੀਸ ਦਸਤਾਰ, ਆਪਣਾ ਵੇਸ ਵਟਾਇੰਦਾ । ਝੂਠੀ ਛਾਹੀ ਕਰਿਆ ਖਬਰਦਾਰ, ਔਂਦਾਂ ਜਾਂਦਾ ਦਿਸ ਨਾ ਆਇੰਦਾ । ਜਾਂਦੀ ਵਾਰੀ ਕਰ ਗਿਆ ਉਧਾਰ, ਆਪਣਾ ਲੇਖਾ ਨਾ ਕਿਸੇ ਸਮਝਾਇੰਦਾ । ਜੋ ਲਿਖਿਆ ਸੋ ਸਰਸੇ ਦਿਤਾ ਡਾਰ, ਹੱਥ ਕਿਸੇ ਨਾ ਆਇੰਦਾ । ਅੰਤਮ ਕਲ ਪ੍ਰਗਟ ਹੋਵੇ ਕਲ ਕਲਗੀ ਅਵਤਾਰ, ਆਪਣੀ ਕਲਾ ਆਪ ਵਰਤਾਇੰਦਾ । ਵਸੇ ਏਕਾ ਧਾਮ ਨਿਆਰ, ਸੰਬਲ ਨਗਰੀ ਨਾਉਂ ਧਰਾਇੰਦਾ । ਜਗਮਗ ਜੋਤ ਜਗੇ ਅਪਾਰ, ਹਰਿ ਮੰਦਰ ਡੇਰਾ ਲਾਇੰਦਾ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਿਰ, ਆਪ ਆਪਣਾ ਖੇਲ ਖਿਲਾਇੰਦਾ । ਸ੍ਰਿਸ਼ਟ ਸਬਾਈ ਸਾਚਾ ਧਰਮ ਜਾਏ ਹਾਰ, ਕੁਕਰਮੀ ਕੁਕਰਮ ਵਖਾਇੰਦਾ । ਗੁਰਦਰ ਮੰਦਰ ਮਸਜਦ ਮੱਠ ਧੀਆਂ ਭੈਣਾਂ ਕਰਨ ਵਾਪਾਰ, ਸਾਚਾ ਸਰ ਨਾ ਕੋਈ ਨੁਹਾਇੰਦਾ । ਰਾਮਦਾਸ ਗੁਰ ਮਾਰੇ ਮਾਰ, ਗੁਰ ਅਰਜਨ ਮੁਖ ਭਵਾਇੰਦਾ । ਨਾਨਕ ਨਿਰਗੁਣ ਧੱਕਾ ਦੇਵੇ ਮਾਰ, ਆਪਣੇ ਅੰਗ ਨਾ ਕੋਈ ਲਗਾਇੰਦਾ । ਗੋਬਿੰਦ ਸੂਰਾ ਖਿਚ ਕਟਾਰ, ਵੇਲੇ ਅੰਤਮ ਵੇਸ ਵਟਾਇੰਦਾ । ਸੋਹੰ ਭੱਥਾ ਅਪਰ ਅਪਾਰ, ਆਪਣਾ ਚਿਲਾ ਤੀਰ ਕਮਾਨ ਆਪ ਬਣਾਇੰਦਾ । ਸਰਬ ਕਲਾ ਸਮਰਥ ਪ੍ਰਗਟ ਹੋਏ ਵਾਲੀ ਦੋ ਜਹਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਖੇਲ ਖਿਲਾਇੰਦਾ । ਗੁਰਮੁਖ ਉਠ ਸਾਚੇ ਲਾਲ, ਗੁਰ ਸਤਿਗੁਰ ਆਪ ਉਠਾਈਆ । ਸਾਲ ਅਠਵੰਜਾ ਰਿਹਾ ਕੰਗਾਲ, ਪ੍ਰਭ ਬਖਸ਼ੇ ਸਾਚੀ ਸ਼ਾਹੀਆ । ਪਹਿਲੋਂ ਤੋੜ ਜਗਤ ਜੰਜਾਲ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਸਾਚਾ ਮਾਰਗ ਆਪ ਵਖਾਲ, ਆਪਣੀ ਉਂਗਲੀ ਲਏ ਲਗਾਈਆ । ਗੁਰ ਸ਼ਬਦ ਵਿਚੋਲਾ ਬਣ ਦਲਾਲ, ਗੁਰ ਗੋਬਿੰਦ ਨਾਉਂ ਧਰਾਈਆ । ਆਪ ਆਪਣੇ ਲਏ ਭਾਲ, ਲੱਖ ਚੁਰਾਸੀ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਡੰਕ ਰਿਹਾ ਵਜਾਈਆ । ਨਿਹਕਲੰਕ ਹਰਿ ਵੱਜਿਆ ਡੰਕ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਆਪ ਉਠਾਏ ਰਾਓ ਰੰਕ, ਸਚ ਨਗਾਰਾ ਇਕ

੬੬

ਵਜਾਇੰਦਾ । ਸਾਧਾਂ ਸੰਤਾਂ ਜੀਆਂ ਜੰਤਾਂ ਆਤਮ ਅੰਤਰ ਕੱਢੇ ਸ਼ੰਕ, ਭਰਮ ਭੁਲੇਖਾ ਸਰਬ ਗਵਾਇੰਦਾ । ਗੁਰਮੁਖ ਸੁਹਾਏ ਤੇਰਾ ਬੰਕ, ਦਰ ਦਰਵੇਸ਼ਾ ਫੇਰੀ ਪਾਇੰਦਾ । ਜੋਤੀ ਜਾਮਾ ਬਾਰ ਅਨਕ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਗੁਰਸਿਖ ਪਾਰ ਕਰਾਏ ਜਿਉਂ ਜਨਕ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਥ ਚਲਾਇੰਦਾ । ਪਹਿਲੀ ਚੇਤਰ ਸੰਮਤ ਸਤਾਰਾਂ, ਹਰਿ ਸਾਚਾ ਖੇਲ ਖਿਲਾਈਆ । ਰਾਜ ਜੋਗ ਬਣੇ ਸਿਕਦਾਰਾ, ਜੋਗ ਜੁਗੀਸ਼ਰ, ਭੇਵ ਨਾ ਪਾਈਆ । ਸੀਸ ਤਾਜ ਸੋਹੇ ਦਸਤਾਰਾ, ਪੰਚਮ ਮੁਖੀ ਮੁਖ ਸਲਾਹੀਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲ ਜੈਕਾਰਾ, ਹਿੰਦੂ ਮੁਸਲਮ ਸਿੱਖ ਇਸਾਈ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਏ ਜਗਾਈਆ । ਪਰਗਟ ਹੋਏ ਵਿਚ ਸੰਸਾਰਾ, ਆਪਣਾ ਪੜਦਾ ਦੂਰ ਕਰਾਈਆ । ਗੁਰਮੁਖ ਸਾਚੇ ਦਏ ਸਹਾਰਾ, ਆਪ ਆਪਣਾ ਬਲ ਵਖਾਈਆ । ਪਾਰ ਵਖਾਏ ਇਕ ਕਿਨਾਰਾ, ਅਧਵਿਚਕਾਰ ਨਾ ਕੋਈ ਡੁਬਾਈਆ । ਏਕਾ ਇੱਕੀ ਸਚੀ ਸਿੱਖੀ ਸਿਰਜਣਹਾਰਾ, ਵਾਲੋਂ ਨਿਕੀ ਧਾਰੋਂ ਤਿੱਖੀ ਆਪ ਬਣਾਈਆ । ਨੌਂ ਖੰਡ ਪ੍ਰਿਥਮੀ ਆਪੇ ਪੇਖੀ, ਮੇਟ ਮਿਟਾਏ ਮੁਲਾਂ ਸ਼ੇਖੀ, ਮੁਸਾਇਕ ਪੀਰ ਦਸਤਗੀਰ ਕੁਤਬ ਗੌਸ ਨਾ ਕੋਈ ਵਖਾਈਆ । ਆਪੇ ਜਾਣੇ ਲੇਖਾ ਧਾਰੀ ਕੇਸੀ, ਮੁੰਡ ਮੁੰਡਾਏ ਵੇਖ ਵਖਾਈਆ । ਪੁਰਖ ਅਕਾਲ ਦੀਨ ਦਿਆਲ ਸਾਚਾ ਮੇਲਾ ਦਸ ਦਸਮੇਸੀ, ਕਲਜੁਗ ਦਹਿਸਰ ਦੇਵੇ ਘਾਈਆ । ਲੇਖਾ ਚੁਕੇ ਗਣਪਤ ਗਣੇਸੀ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਆਪ ਉਠਾਈਆ । ਗੁਰਮੁਖ ਉਠ ਹਰਿ ਉਠੰਦੜਾ, ਜੋਧਾ ਸੂਰ ਹਰਿ ਬਲਵਾਨ । ਘਰ ਸਾਚਾ ਇਕ ਵਖੰਦੜਾ, ਦੀਪਕ ਜੋਤ ਜਗੇ ਮਹਾਨ । ਸ਼ਬਦ ਰਾਗ ਇਕ ਸੁਨੰਦੜਾ, ਵੇਦ ਕਤੇਬ ਭੇਵ ਨਾ ਪਾਣ । ਦਰਗਾਹ ਸਾਚੀ ਧਾਮ ਵਖੰਦੜਾ, ਧਰਮ ਝੁਲਾਏ ਸਚ ਨਿਸ਼ਾਨ । ਹਰਿ ਨਿਸ਼ਾਨਾ ਨਾ ਕੋਈ ਮੇਟ ਮਿਟੰਦੜਾ, ਲੇਖਾ ਜਾਣੇ ਜ਼ਿਮੀ ਅਸਮਾਨ । ਗਗਨ ਪਤਾਲਾ ਖੋਜ ਖੁਜੰਦੜਾ, ਆਪੇ ਹੋਏ ਨਿਗਹਬਾਨ । ਬ੍ਰਹਿਮੰਡਾ ਖੰਡਾਂ ਵੇਸ ਵਟੰਦੜਾ, ਨਿਰਗੁਣ ਰੂਪ ਸ੍ਰੀ ਭਗਵਾਨ । ਸਚਖੰਡ ਦਵਾਰਾ ਇਕ ਸੁਹੰਦੜਾ, ਸਚਖੰਡ ਵਾਸੀ ਰਾਜ ਰਾਜਾਨ । ਸਾਚਾ ਅਦਲ ਆਪ ਕਮੰਦੜਾ, ਦੇਵਣਹਾਰਾ ਧੁਰ ਫੁਰਮਾਣ । ਸ਼ਬਦ ਸੁਨੇਹੜਾ ਆਪ ਘਲੰਦੜਾ, ਸੋ ਪੁਰਖ ਨਿਰੰਜਨ ਹੋ ਮਿਹਰਵਾਨ । ਰਾਮ ਨਾਮ ਆਪ ਅਖਵੰਦੜਾ, ਆਪੇ ਬਣਿਆ ਕ੍ਰਿਸ਼ਨ ਕਾਹਨ । ਈਸਾ ਮੂਸਾ ਆਪੇ ਰੰਗ ਰੰਗਦੜਾ, ਆਪੇ ਸੰਗ ਮੁਹੰਮਦ ਚਾਰ ਯਾਰ ਕਰੇ ਪਛਾਣ । ਆਪੇ ਨਾਨਕ ਨਿਰਗੁਣ ਨਾਮ ਸਤਿ ਜਪੰਦੜਾ, ਲੋਕਮਾਤ ਹੋ ਪ੍ਰਧਾਨ । ਆਪੇ ਗੁਰੂ ਗ੍ਰੰਥ ਗੁਰ ਇਕ ਅਖਵੰਦੜਾ, ਧੁਰਦਰਗਾਹੀ ਸਚ ਨਿਸ਼ਾਨ । ਆਪੇ ਗੋਬਿੰਦ ਗੁਰ ਖੰਡਾ ਹੱਥ ਚਮਕੰਦੜਾ ਆਪੇ ਖਿਚੇ ਬਾਹਿਰ ਮਿਆਨ । ਸਿੰਘ ਰੂਪ ਆਪ ਵਟੰਦੜਾ, ਜੋਧਾ ਸੂਰ ਬਲੀ ਬਲਵਾਨਾ । ਸਾਚੇ ਲੇਖ ਆਪ ਲਿਖੰਦੜਾ, ਨਾ ਕੋਈ ਮੇਟੇ ਮੇਟ ਮਿਟਾਨ । ਕਲਜੁਗ ਤੇਰਾ ਅੰਤ ਭਗਵੰਤ ਵੇਖ ਵਖੰਦੜਾ, ਨਿਹਕਲੰਕ ਗੁਣ ਨਿਧਾਨ । ਮਾਤ ਪਿਤ ਨਾ ਕੋਈ ਅਖਵੰਦੜਾ, ਜੋਤੀ ਨੂਰ ਸ੍ਰੀ ਭਗਵਾਨ । ਸੰਬਲ ਨਗਰੀ ਧਾਮ ਸੁਹੰਦੜਾ, ਸਾਢੇ ਤਿੰਨ ਹੱਥ ਇਕ ਮਕਾਨ । ਪੂਤ ਸਪੂਤਾ ਬ੍ਰਹਮਣ ਗੌੜਾ ਆਪ ਅਖਵੰਦੜਾ, ਵੇਦ ਵਿਆਸਾ ਕਰੇ ਧਿਆਨ । ਚਾਰੇ ਵੇਦਾਂ ਪੰਧ ਮੁਕੰਦੜਾ, ਪੁਰਾਨ ਅਠਾਰਾਂ ਕਰੇ ਪਛਾਨ । ਸ਼ਾਸਤਰ ਸਿਮਰਤ ਭੇਵ ਚੁਕੰਦੜਾ, ਗੀਤਾ ਵੇਖੇ ਗੁਣ ਨਿਧਾਨ । ਅੰਜੀਲ ਕੁਰਾਨਾਂ ਪਾਰ ਕਰੰਦੜਾ, ਦਾਤਾ ਦਾਨੀ ਵੱਡ ਮਿਹਰਬਾਨ । ਖਾਣੀ ਬਾਣੀ ਮੇਲ ਮਿਲੰਦੜਾ, ਨਿਰਗੁਣ


੬੭

ਸਰਗੁਣ ਵਿਚ ਜਹਾਨ । ਗੁਰ ਗੋਬਿੰਦ ਸਾਚਾ ਘਰ ਇਕ ਸੁਹੰਦੜਾ, ਉਚ ਮਹੱਲਾ ਏਕਾ ਏਕ ਪਛਾਨ । ਪੁਰਖ ਅਕਾਲ ਗਲੇ ਲਗੰਦੜਾ, ਦਰ ਘਰ ਸਾਚੇ ਮੇਲ ਹਰਿ ਭਗਵਾਨ । ਕਲਜੁਗ ਅੰਤਮ ਆਪਣਾ ਨਾਉਂ ਧਰੰਦੜਾ, ਨਿਹਕਲੰਕ ਨਾ ਸਕੇ ਕੋਈ ਪਛਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਦੋ ਜਹਾਨ । ਗੁਰਸਿੱਖ ਸਾਚੇ ਸੱਜਣਾ, ਹਰਿ ਸਾਚਾ ਆਪ ਉਠਾਈਆ । ਹਰਿ ਪੜਦਾ ਤੇਰਾ ਕੱਜਣਾ, ਤੇਰੀ ਦੁਰਮਤ ਮੈਲ ਧੁਆਈਆ । ਜੋ ਘੜਿਆ ਸੋ ਭੱਜਨਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਲੀ ਮੇਟੇ ਜਗਤ ਲਕੀਰ, ਬਦਲਣਹਾਰਾ ਆਪ ਤਕਸੀਰ, ਤਕਦੀਰ ਆਪਣੇ ਹੱਥ ਰਖਾਈਆ । ਏਕਾ ਨੈਣ ਨਰ ਨਿਰੰਕਾਰ, ਆਪਣਾ ਆਪ ਉਪਾਇਆ । ਰਸਨਾ ਘਰ ਘਰ ਸਾਰੇ ਕਹਿਣ, ਹਰਿ ਕਾ ਦਰਸ ਕਿਸੇ ਨਾ ਪਾਇਆ । ਸੰਤ ਸਾਧ ਮਾਇਆ ਮਮਤਾ ਵਹਿੰਦੇ ਵਹਿਣ, ਚੱਪੂ ਚੱਪੂ ਨਾਮ ਨਾ ਕਿਸੇ ਲਗਾਇਆ । ਜੂਠਾ ਝੂਠਾ ਤਨ ਪਾਇਆ ਗਹਿਣ, ਸਚ ਸ਼ਿੰਗਾਰ ਨਾ ਕੋਈ ਕਰਾਇਆ । ਆਪ ਚੁਕਾਏ ਲਹਿਣ ਦੇਣ, ਲੈਹਿਣਾ ਦੇਣਾ ਆਪਣੇ ਹੱਥ ਰਖਾਇਆ । ਜਨ ਭਗਤਾਂ ਬਣੇ ਸਾਕ ਸੱਜਣ ਸੈਣ, ਆਪ ਆਪਣਾ ਸੰਗ ਨਿਭਾਇਆ । ਗੁਰਮੁਖ ਗੁਰ ਗੁਰ ਘਰ ਅਕੱਠੇ ਬਹਿਣ, ਗੁਰ ਗੋਬਿੰਦ ਇਹ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਇਆ । ਗੁਰਸਿੱਖ ਗੁਰ ਗੁਰ ਰੂਪ, ਗੁਰ ਗੋਬਿੰਦ ਦਏ ਗਵਾਹੀਆ । ਗੁਰਸਿੱਖ ਮੇਲਾ ਸਤਿ ਸਰੂਪ, ਸਤਿ ਸਤਿ ਕਰੇ ਕੁੜਮਾਈਆ । ਗੁਰਮੁਖ ਉਪਰ ਜਾਏ ਤੁੱਠ, ਗੁਰ ਦਾਤਾ ਬੇਪਰਵਾਹੀਆ । ਪੂਰਬ ਜਨਮ ਜੋ ਗਏ ਰੁੱਠ, ਕਲਜੁਗ ਅੰਤਮ ਲਏ ਮਿਲਾਈਆ । ਜਿਸ ਜਨ ਜਾਮ ਪਿਆਇਆ ਅੰਮ੍ਰਿਤ ਘੁਟ, ਰਸ ਆਪਣਾ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਜਗਾਈਆ । ਜਗਾਵਣਹਾਰਾ ਆ ਗਿਆ, ਨਿਹਕਲੰਕੀ ਜਾਮਾ ਧਾਰ । ਗੁਰਮੁਖ ਸਾਚੇ ਇਹ ਸਮਝਾ ਗਿਆ, ਉਠ ਹੋਣਾ ਖਬਰਦਾਰ । ਤੇਰਾ ਤੇਰਾ ਰਾਹ ਤਕਾ ਗਿਆ, ਆਪ ਆਪਣਾ ਪੰਧ ਨਿਵਾਰ । ਹਰਿ ਸੰਗਤ ਕੋਲੋਂ ਮੰਗਣ ਆਇਆ ਆਗਿਆ, ਸੰਮਤ ਸੋਲਾਂ ਹੁੰਦਾ ਜਾਏ ਪਾਰ । ਗੁਰਮੁਖ ਘਰ ਘਰ ਤੇਰਾ ਜਗੇ ਚਰਾਗਿਆ, ਸ੍ਰਿਸ਼ਟ ਸਬਾਈ ਅੰਧ ਅੰਧਿਆਰ । ਅੱਠੇ ਪਹਿਰ ਫਿਰੇ ਭਾਗਿਆ, ਗੁਰ ਗੋਬਿੰਦ ਸੇਵਾਦਾਰ । ਪੰਚਮ ਮੀਤਾ ਆਪ ਆਪੇ ਜਾਗਿਆ, ਫੇਰ ਸਿੱਖਾਂ ਦਏ ਹੁਲਾਰ । ਫੜ ਹੰਸ ਬਣਾਏ ਕਾਗਿਆ, ਮਾਣਕ ਮੋਤੀ ਚੋਗ ਡਾਰ । ਮਿਲਿਆ ਮੇਲ ਧੁਰ ਸੰਜੋਗਿਆ, ਕਲਜੁਗ ਤੇਰੀ ਅੰਤਮ ਵਾਰ । ਦੇਵੇ ਦਰਸ ਹਰਿ ਅਮੋਘਿਆ, ਨਿਰਗੁਣ ਰੂਪ ਸੱਚੀ ਸਰਕਾਰ । ਹੁਣ ਹੋਇਆ ਹਰਿ ਸੰਗਤ ਜੋਗਿਆ, ਦਿਵਸ ਰੈਣ ਕਰੇ ਪਿਆਰ । ਨੌ ਸੌ ਚੁਰਾਨਵੇ ਚੌਕੜੀ ਜੁਗ ਜੋ ਹਰਿ ਹਰਿ ਭੋਗ ਭੋਗਿਆ, ਭਸਮੜ ਹੋਏ ਨਾ ਉਤਰੇ ਪਾਰ । ਨਾ ਕੋਈ ਹਰਖ਼ ਨਾ ਕੋਈ ਸੋਗਿਆ, ਚਿੰਤਾ ਦੁੱਖ ਨਾ ਕੋਈ ਵਿਚਾਰ । ਹਰਿ ਕਾ ਭਾਣਾ ਚੌਦਾਂ ਲੋਕ ਨਾ ਕਿਸੇ ਰੋਕਿਆ, ਚੌਦਾਂ ਤਬਕਾਂ ਕਰੇ ਖਵਾਰ । ਹਰਿ ਸ਼ਬਦ ਸਚ ਸਲੋਕਿਆ, ਬ੍ਰਹਮਾ ਵਿਸ਼ਨ ਸ਼ਿਵ ਕ੍ਰੋੜ ਤੇਤੀਸ ਸੁਰਪਤ ਰਾਜਾ ਇੰਦ ਗਾਵਣ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਉਠਾਲ । ਗੁਰਮੁਖ ਉਠਿਆ ਵਡ ਬਲਵਾਨਾ, ਨਿਉਂ ਨਿਉਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤੇਰਾ ਖੇਲ ਮਹਾਨਾ, ਤੇਰਾ ਭੇਵ ਕਿਸੇ ਨਾ ਪਾਇਆ । ਤੇਰਾ ਮੰਦਰ ਸਚ ਮਕਾਨਾ ਹਰਿ ਭਗਵਾਨਾ, ਹਉਂ ਯਾਚਕ ਮੰਗਣ ਆਇਆ । ਕਿਰਪਾ ਕਰ ਗੁਣ ਨਿਧਾਨਾ ਦੇ ਦੇ ਦਾਨਾ, ਭਿਛਕ ਭਿਛਿਆ ਝੋਲੀ ਪਾਇਆ । ਏਥੇ

ਉਥੇ ਤੇਰਾ ਮਾਣਾ ਤੁਟਾ ਅਭਿਮਾਨਾ, ਸਰ ਅੰਮ੍ਰਿਤ ਦਏ ਗਵਾਹਿਆ । ਚਰਨ ਧੂੜ ਸਚਾ ਅਸ਼ਨਾਨਾ, ਜੋਤੀ ਚਮਕੇ ਕੋਟਨ ਭਾਨਾ, ਅੰਧ ਅੰਧੇਰ ਦਏ ਗਵਾਇਆ । ਸਾਚਾ ਮੇਲਾ ਸਾਚੇ ਕਾਹਨਾ, ਘਰ ਸਾਚੇ ਵੇਖ ਵਖਾਇਆ । ਤੇਰਾ ਮੰਦਰ ਪਦ ਨਿਰਬਾਨਾ, ਬਿਨ ਤੇਰੇ ਹੱਥ ਕਿਸੇ ਨਾ ਆਇਆ । ਨਿਰਗੁਣ ਮੇਲਾ ਸਚ ਮਕਾਨਾ, ਸਤਿਗੁਰ ਨਾਨਕ ਰਾਹ ਬਣਾਇਆ । ਕਬੀਰਾ ਕਰੇ ਆਪ ਪਛਾਨਾ, ਆਪ ਆਪਣੇ ਅੰਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਸਿੱਖਾਂ ਸੁਣ ਪੁਕਾਰ, ਹਰਿ ਨਿਰੰਕਾਰ ਜੋਤੀ ਜਾਮਾ ਭੇਖ ਭੇਖ ਵਟਾਇਆ । ਗੁਰਮੁਖ ਮੰਗੇ ਮੰਗ, ਪ੍ਰਭ ਅਗੇ ਝੋਲੀ ਡਾਹੀਆ । ਜਗ ਤ੍ਰਿਸ਼ਨਾ ਮੇਟ ਭੁੱਖ ਨੰਗ, ਆਤਮ ਤ੍ਰਿਪਤ ਇਕ ਕਰਾਈਆ । ਤੇਰਾ ਰਹੇ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਤੇਰਾ ਗੁਰਮੁਖ ਲੜ ਫੜੰਦੜਾ, ਕਦੇ ਨਾ ਕਰੇ ਜੰਗ, ਤੇਰੇ ਸ਼ਬਦ ਵੱਡੀ ਵਡਿਆਈਆ । ਤੇਰਾ ਨਾਮ ਵੱਜੇ ਮਰਦੰਗ, ਤ੍ਰੈਲੋਕ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਰਿਹਾ ਸਮਝਾਈਆ । ਗੁਰਮੁਖ ਸੁਣਨਾ ਆਪਣਾ ਕੰਨ ਲਾ, ਹਰਿ ਸਾਚਾ ਸਿੱਖ ਸਮਝਾਇੰਦਾ । ਹਰਿ ਪ੍ਰਗਟ ਹੋਵੇ ਬੇਪਰਵਾਹ, ਬੇਐਬ ਆਪਣਾ ਨਾਉਂ ਧਰਾਇੰਦਾ । ਸ੍ਰਿਸ਼ਟ ਸਬਾਈ ਆਪ ਬਣੇ ਮਲਾਹ, ਗੁਰਮੁਖਾਂ ਬੇੜਾ ਪਾਰ ਕਰਾ, ਮਨਮੁੱਖ ਅਧਵਿਚਕਾਰ ਡੁਬਾਇੰਦਾ । ਕਲਜੁਗ ਅੰਤਮ ਦੇਵਣ ਆਇਆ ਸਚ ਸਲਾਹ, ਸਾਚੇ ਮਾਰਗ ਆਪੇ ਪਾਇੰਦਾ । ਪਕੜ ਉਠਾਏ ਆਪਣੀ ਹੱਥੀਂ ਆਪੇ ਬਾਂਹ, ਕਲਜੁਗ ਦਿਸ ਕਿਸੇ ਨਾ ਆਇੰਦਾ । ਨਿਥਾਵਿਆਂ ਦੇਵਣ ਆਇਆ ਸੱਚਾ ਥਾਂ, ਚਰਨ ਦਵਾਰਾ ਇਕ ਵਖਾਇੰਦਾ । ਹਰਿ ਭਗਤਾਂ ਬਣੇ ਪਿਤਾ ਮਾਂ, ਗੁਰਮੁਖ ਬਾਲ ਅਵਾਣੇ ਗੋਦ ਉਠਾਇੰਦਾ । ਹਰਿਜਨ ਸੁੱਤਾ ਕੋਈ ਰਹੇ ਨਾ, ਸਤਿਗੁਰ ਪੂਰਾ ਆਪ ਜਗਾਇੰਦਾ । ਜੁਗ ਜੁਗ ਭੁੱਲੇ ਨਾ ਪਾਂਧੀ ਆਪਣਾ ਰਾਹ, ਆਪਣੇ ਮਾਰਗ ਆਪੇ ਆਇੰਦਾ । ਸ੍ਰਿਸ਼ਟ ਸਬਾਈ ਥੱਕੀ ਮਾਂਦੀ ਦਏ ਸਵਾ, ਮਾਇਆ ਪੜਦਾ ਉਪਰ ਪਾਇੰਦਾ । ਸੰਮਤ ਸਤਾਰਾਂ ਪੰਥ ਪੰਥੀ ਦਏ ਜਗਾ, ਗੋਬਿੰਦ ਕਵਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਏਕਾ ਰੰਗਤ ਰੰਗ ਚਲੂਲ, ਨਾਮ ਮਜੀਠੀ ਭਗਤ ਲਲਾਰੀ ਆਪ ਰੰਗਾਇੰਦਾ ।



### ❊ ੨੮ ਮੱਘਰ ੨੦੧੬ ਬਿਕ੍ਰਮੀ ਕਰਤਾਰ ਸਿੰਘ ਦੇ ਘਰ ਪਿੰਡ ਕੰਗ ❊

ਆਦਿ ਪੁਰਖ ਅਬਿਨਾਸ਼ ਹਰਿ ਭਗਵਾਨ, ਇਕ ਅਕਾਲ ਏਕੰਕਾਰਿਆ । ਸਚਖੰਡ ਨਿਵਾਸੀ ਖੇਲ ਮਹਾਨ, ਜੋਤੀ ਜੋਤ ਨੂਰ ਉਜਿਆਰਿਆ । ਸਤਿ ਸਰੂਪੀ ਸ਼ਬਦ ਨਿਸ਼ਾਨ, ਥਿਰ ਘਰ ਸਾਚੇ ਆਪ ਸੁਹਾ ਰਿਹਾ । ਖੇਲੇ ਖੇਲ ਵਾਲੀ ਦੋ ਜਹਾਨ, ਭੇਵ ਅਭੇਦ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪ੍ਰਕਾਸ਼ ਕਰਾ ਰਿਹਾ । ਅਨਭਵ ਪ੍ਰਕਾਸ਼ ਹਰਿ ਭਗਵੰਤਾ, ਏਕਾ ਦਰ ਕਰਾਇੰਦਾ । ਆਪੇ ਜਾਣੇ ਆਦਿਨ ਅੰਤਾ, ਦਿਸ ਕਿਸੇ ਨਾ ਆਇੰਦਾ । ਚਾਲ ਨਿਰਾਲੀ ਜੁਗਾ ਜੁਗੰਤਾ, ਜੁਗ ਕਰਤਾ ਆਪ ਕਰਾਇੰਦਾ । ਆਪ ਬਣਾਏ ਆਪਣੀ ਬਣਤਾ, ਆਪ ਆਪਣਾ ਰੰਗ ਰੰਗਾਇੰਦਾ । ਆਪਣੇ ਦਰ ਦਰਵੇਸ਼ ਬਣੇ ਮੰਗਤਾ, ਆਪਣੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਉਂ ਧਰਾਇੰਦਾ । ਅਜੂਨੀ ਰਹਿਤ ਅਕਾਲਾ, ਅਕਲ ਕਲਾ ਅਖਵਾਈਆ । ਪਾਰਬ੍ਰਹਮ ਪ੍ਰਭ ਦੀਨ ਦਿਆਲਾ, ਦਯਾਨਿਧ

ਨਾਉਂ ਧਰਾਈਆ । ਵਸਣਹਾਰਾ ਸਚ ਸਚੀ ਧਰਮਸਾਲਾ, ਸਚਖੰਡ ਬੈਠਾ ਆਸਣ ਲਾਈਆ । ਆਪੇ ਸ਼ਾਹ ਆਪੇ ਕੰਗਾਲਾ, ਰਾਜ ਰਾਜਾਨਾਂ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਗੁਣ ਦਾਤਾ ਆਦਿ ਨਿਰੰਜਨ, ਹਰਿ ਵੱਡਾ ਵਡ ਵਡਿਆਈਆ । ਆਪ ਆਪਣਾ ਬਣੇ ਸੱਜਣ, ਦੂਸਰ ਨਾ ਸੰਗ ਕੋਈ ਰਖਾਈਆ । ਆਪ ਆਪਣਾ ਕਰੇ ਮਜਨ, ਸਰ ਸਰੋਵਰ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਰੰਗਾਈਆ । ਏਕਾ ਰੰਗ ਹਰਿ ਕਰਤਾਰਾ, ਦਿਸ ਕਿਸੇ ਨਾ ਆਇੰਦਾ । ਵਸਣਹਾਰ ਨੇਹਚਲ ਧਾਮ ਉਚ ਮਹੱਲ ਮੁਨਾਰਾ, ਆਪ ਆਪਣਾ ਘਰ ਸੁਹਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਸਚ ਸਿੰਘਾਸਣ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਘਰ ਮੰਦਰ ਸੋਹੇ ਇਕ ਦਵਾਰਾ, ਦਰ ਦਰਵਾਜ਼ਾ ਆਪ ਸੁਹਾਇੰਦਾ । ਥਿਰ ਘਰ ਵਾਸੀ ਏਕੰਕਾਰਾ, ਆਪ ਆਪਣੀ ਕਲ ਵਰਤਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰਾ, ਸਗਲਾ ਸੰਗ ਆਪ ਰਖਾਇੰਦਾ । ਨਿਰਗੁਣ ਨੂਰ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਨਿਰਭੈ ਖੇਲ ਕਰੇ ਕਰਤਾਰਾ, ਭੌ ਸੀਸ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰਾ ਹਰਿ ਸਮਰਥ, ਪਾਰਬ੍ਰਹਮ ਏਕੰਕਾਰਿਆ । ਆਪ ਚਲਾਏ ਆਪਣਾ ਰਥ, ਵਡ ਵੱਡਾ ਵਡ ਸਿਕਦਾਰਿਆ । ਆਪਣੀ ਮਹਿਮਾ ਜਾਣੇ ਅਕਥ, ਲੇਖਾ ਲੇਖ ਨਾ ਕੋਈ ਜਣਾ ਰਿਹਾ । ਨਾ ਉਪਜੇ ਨਾ ਜਾਏ ਢੱਠ, ਜਨਮ ਮਰਨ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਚ ਮਹੱਲਾ, ਬੈਠਾ ਰਹੇ ਇਕ ਅਕੱਲਾ, ਆਪ ਆਪਣਾ ਘਰ ਸੁਹਾ ਲਿਆ । ਘਰ ਸੁਹੰਜਣਾ ਪੁਰਖ ਅਬਿਨਾਸ਼ੀ, ਥਿਰ ਘਰ ਆਪ ਸੁਹਾਇਆ । ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਦੀਵਾ ਬਾਤੀ ਨਾ ਕੋਈ ਰਖਾਇਆ । ਆਪਣੀ ਪੂਰੀ ਕਰੇ ਆਸੀ, ਆਪਣੀ ਇਛਿਆ ਭਿਛਿਆ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਨਾਉਂ ਧਰਾਇਆ । ਨਿਰਗੁਣ ਦਾਤਾ ਬੇਪ੍ਰਵਾਹ, ਏਕਾ ਰੰਗ ਸਮਾਇਆ । ਵਸਣਹਾਰਾ ਸਾਚੇ ਥਾਂ, ਸਚਖੰਡ ਬੈਠਾ ਆਸਣ ਲਾਇਆ । ਕਰੇ ਕਰਾਏ ਸਚ ਨਿਆਂ, ਦਰਗਾਹ ਸਾਚੀ ਧਾਮ ਸੁਹਾਇਆ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਾਈ ਨਾ ਕੋਈ ਰਖਾਇਆ । ਨਾ ਕੋਈ ਨਗਰ ਨਾ ਗਰਾਂ, ਜਗਤ ਖੇੜਾ ਨਾ ਕੋਈ ਵਸਾਇਆ । ਨਾ ਕੋਈ ਪਕੜਨਹਾਰਾ ਬਾਂਹ, ਨਾ ਮਾਰਗ ਦਏ ਵਖਾਇਆ । ਨਾ ਕੋਈ ਰੱਖੇ ਠੰਡੀ ਛਾਂ, ਸਿਰ ਹੱਥ ਨਾ ਕਿਸੇ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਰਖਾਇਆ । ਆਪਣਾ ਰੱਖ ਨਾਉਂ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਇਆ । ਆਪੇ ਪੁਰਖ ਆਪੇ ਨਾਰ, ਆਪ ਆਪਣੀ ਸੇਜ ਸੁਹਾਇਆ । ਆਪੇ ਨਾਰੀ ਕੰਤ ਭਤਾਰ, ਆਪੇ ਅੰਗੀਕਾਰ ਕਰਾਇਆ । ਆਪੇ ਮੰਗੇ ਮੰਗ ਦਵਾਰ, ਆਪੇ ਭਿਛਿਆ ਝੋਲੀ ਪਾਇਆ । ਆਪੇ ਕਰੇ ਸਚ ਪਿਆਰ, ਸਚ ਵਸਤੂ ਸਚ ਉਪਾਇਆ । ਸੁਤ ਦੁਲਾਰਾ ਕਰ ਉਜਿਆਰ, ਹਰਿ ਸ਼ਬਦੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਮੰਗਲ ਗਾਇਆ । ਦਰ ਘਰ ਸਾਚੇ ਸਾਚਾ ਗੀਤ, ਪੁਰਖ ਅਬਿਨਾਸ਼ੀ ਆਪੇ ਗਾਈਆ । ਪਾਰਬ੍ਰਹਮ ਚਲਾਈ ਆਪਣੀ ਰੀਤ, ਆਦਿ ਜੁਗਾਦਿ ਵੇਸ ਵਟਾਈਆ । ਵਸਣਹਾਰਾ ਧਾਮ ਅਨਡੀਠ, ਘਰ ਬੈਠਾ ਆਸਣ ਲਾਈਆ । ਜੁਗਾ ਜੁਗੰਤਰ


੭੦

ਪਤਿਤ ਪੁਨਿਤ, ਪਤਿਤ ਪਾਵਣ ਨਾਉਂ ਧਰਾਈਆ । ਸਖਾ ਸਹੇਲਾ ਠੰਡਾ ਸੀਤ, ਅਗਨੀ ਤਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਹਰਿ ਖੋਲ੍ਹ, ਸਚਖੰਡ ਦਵਾਰਾ ਆਪ ਸੁਹਾਇੰਦਾ । ਪੁਰਖ ਅਗੰਮੜਾ ਆਪ ਆਪਣਾ ਬੋਲੇ ਬੋਲ, ਸ਼ਬਦੀ ਨਾਉਂ ਧਰਾਇੰਦਾ । ਨਿਰਗੁਣ ਤੋਲੇ ਸਾਚਾ ਤੋਲ, ਅਲੱਖ ਨਿਰੰਜਨ ਖੇਲ ਖਿਲਾਇੰਦਾ । ਏਕਾ ਵਸਤ ਰੱਖੀ ਕੋਲ, ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਪ੍ਰਭ ਆਪਣਾ ਅੰਗ ਕਟਾਇੰਦਾ । ਆਪਣਾ ਅੰਗ ਆਪੇ ਕੱਟ, ਆਪਣਾ ਖੇਲ ਖਿਲਾਈਆ । ਆਪਣਾ ਨੂਰ ਕਰ ਪ੍ਰਗਟ, ਨਿਰਾਕਾਰ ਸਾਕਾਰ ਰੂਪ ਆਪ ਹੋ ਜਾਈਆ । ਵਿਸ਼ਨੂੰ ਲੇਖੇ ਲਿਖੇ ਝੱਟ, ਬ੍ਰਹਮ ਦਏ ਸਮਝਾਈਆ । ਬ੍ਰਹਮਾ ਉਪਜਾਏ ਆਪਣੀ ਰਤ, ਰਕਤ ਬੂੰਦ ਨਾ ਕੋਈ ਵਖਾਈਆ । ਸ਼ੰਕਰ ਦੇਵੇ ਸਾਚੀ ਵੱਥ, ਭੋਲਾ ਨਾਥ ਅੰਗ ਲਗਾਈਆ । ਤ੍ਰੈਗੁਣ ਮਾਇਆ ਦੇਵੇ ਵੱਥ, ਰਜੋ ਤਮੋ ਸਤੋ ਵੇਸ ਵਟਾਈਆ । ਪੰਚਮ ਜੋੜੇ ਸਾਚਾ ਤਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵੇਖ ਵਖਾਈਆ । ਨਾਲ ਰਲਾਏ ਬੁਧ ਮਨ ਮਤ, ਘਰ ਸਾਚਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਨਾਉਂ ਧਰਾਈਆ । ਨਿਰਗੁਣ ਸਰਗੁਣ ਨਾਉਂ ਰੱਖ, ਤ੍ਰੈਗੁਣ ਵੱਜੇ ਵਧਾਈਆ । ਪੰਜ ਤਤ ਪਿਆਰ ਕਰ ਪਰਤੱਖ, ਲੱਖ ਚੁਰਾਸੀ ਰਚਨ ਉਪਾਈਆ । ਆਪਣੀ ਧਾਰਾ ਅੰਦਰ ਰੱਖ, ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਆਪਣੀ ਕਲ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਆਪ ਆਪਣੀ ਬੂਝ ਬੁਝਾਇੰਦਾ । ਸ਼ਬਦ ਅਨਾਦ ਸਚੀ ਧੁਨਕਾਰ, ਧੁਨ ਆਤਮਕ ਆਪ ਉਪਜਾਇੰਦਾ । ਆਤਮ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਏਕੰਕਾਰਾ ਖੇਲ ਅਪਾਰਾ, ਓਅੰਕਾਰਾ ਕਰਮ ਕਮਾਇੰਦਾ । ਆਪੇ ਸਭ ਤੋਂ ਵਸਿਆ ਬਾਹਰਾ, ਘਟ ਘਟ ਆਪੇ ਆਸਣ ਲਾਇੰਦਾ । ਆਪੇ ਪਾਵੇ ਆਪਣੀ ਸਾਰਾ, ਆਪਣਾ ਭੇਵ ਆਪ ਖੁਲਾਇੰਦਾ । ਆਪੇ ਦੇਵੇ ਨਾਮ ਹੁਲਾਰਾ, ਘਰ ਸਾਚੇ ਆਪ ਝੁਲਾਇੰਦਾ । ਆਪੇ ਆਪਣਾ ਬਣ ਲਿਖਾਰਾ, ਚਾਰੇ ਮੁਖ ਸਲਾਹਿੰਦਾ । ਆਪੇ ਵੰਡਣ ਵੰਡ ਵੰਡੇ ਸੰਸਾਰਾ, ਨੌ ਸਤ ਆਪੇ ਫੇਰਾ ਪਾਇੰਦਾ । ਆਪੇ ਵੇਖੇ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਆਸਣ ਲਾਇੰਦਾ । ਆਪੇ ਜੁਗ ਜੁਗ ਵੇਖੇ ਪਾਰ ਕਿਨਾਰਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਨਿਰਭੈ ਬੋਲ ਇਕ ਜੈਕਾਰਾ, ਏਕਾ ਨਾਮ ਪ੍ਰਗਟਾਇੰਦਾ । ਦੁਆਪਰ ਕਰਿਆ ਖੇਲ ਅਪਾਰਾ, ਮੋਰ ਮੁਕਟ ਸੀਸ ਟਿਕਾਇੰਦਾ । ਕਲਜੁਗ ਰੂਪ ਅਪਰ ਅਪਾਰਾ, ਈਸਾ ਮੂਸਾ ਨਾਲ ਰਲਾਇੰਦਾ । ਵੇਖਣਹਾਰਾ ਸੰਗ ਮੁਹੰਮਦ ਚਾਰ ਯਾਰਾ, ਘਰ ਸਾਚਾ ਇਕ ਸੁਹਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਅਖਵਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਨਿਰੰਕਾਰਾ ਆਪ ਕਰਾਇੰਦਾ । ਪੰਜ ਤਤ ਮੇਲਾ ਕੰਤ ਭਤਾਰਾ, ਸਾਚੀ ਨਾਰੀ ਨਾਉਂ ਧਰਾਇੰਦਾ । ਨਾਨਕ ਨਰ ਹਰਿ ਹੋ ਉਜਿਆਰਾ, ਦੀਵਾ ਬਾਤੀ ਡਗਮਗਾਇੰਦਾ । ਸਚਖੰਡ ਲੋਕਮਾਤ ਇਕ ਦਵਾਰਾ, ਚਾਰ ਵਰਨਾਂ ਇਕ ਸਮਝਾਇੰਦਾ । ਨਾਮ ਸਤਿ ਭਰ ਭੰਡਾਰਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਵਰਨਾਂ ਬਰਨਾਂ ਵਸਿਆ ਬਾਹਰਾ, ਨੇਹਕਰਮੀ ਕਰਮ ਕਮਾਇੰਦਾ । ਪ੍ਰਗਟ ਹੋ ਵਿਚ ਸੰਸਾਰਾ, ਸਾਚਾ ਮਾਰਗ ਆਪੇ ਲਾਇੰਦਾ । ਇਕ ਸ਼ਬਦ ਬੋਲ ਜੈਕਾਰਾ, ਗੁਰੂ ਸ਼ਬਦ ਇਕ ਵਖਾਇੰਦਾ । ਏਕਾ ਦੂਜਾ ਪਾਰ ਕਿਨਾਰਾ, ਤੀਜਾ ਨੈਣ ਖੁਲਾਇੰਦਾ । ਚੌਥੇ

ਪਦ ਪਦ ਨਿਰਬਾਨਾ, ਸਾਚਾ ਰਾਣਾ ਵੇਖ ਵਖਾਇੰਦਾ । ਪੰਚਮ ਮੇਲਾ ਸ੍ਰੀ ਭਗਵਾਨਾ, ਗੁਰੂ ਇਸ਼ਟ ਇਕ ਜਣਾਇੰਦਾ । ਗੁਰ ਅਰਜਨ ਲੇਖਾ ਲੇਖ ਮਹਾਨਾ, ਨਾ ਕੋਇ ਮੇਟੇ ਮੇਟ ਮਿਟਾਇੰਦਾ । ਨੌ ਖੰਡ ਪ੍ਰਿਥਮੀ ਸਤਿਗੁਰ ਸੱਚਾ ਇਕ ਹੋਏ ਪ੍ਰਧਾਨਾ, ਪੰਜ ਤਤ ਨਾ ਕੋਈ ਉਠਾਇੰਦਾ । ਸ਼ਬਦ ਗੁਰੂ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਮਰੇ ਨਾ ਜੰਮੇ ਵਿਚ ਜਹਾਨਾ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਆਦਿ ਜੁਗਾਦਿ ਸੁਣਾਏ ਸਚ ਤਰਾਨਾ, ਹਰਿ ਕਾ ਨਾਮ ਅਲਾਇੰਦਾ । ਜਨ ਭਗਤਾਂ ਵਖਾਏ ਸਚ ਮਕਾਨਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਛੇ ਸੱਤ ਖੇਲ ਨਿਵਾਰਨਾ, ਨੂਰੋ ਨੂਰ ਡਗਮਗਾਇੰਦਾ । ਅੱਠ ਨੌ ਭੇਵ ਚੁਕਾਵਨਾ, ਦਰ ਦਸਵਾਂ ਇਕ ਸੁਹਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਗੁਰ ਸਤਿਗੁਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਕਲਜੁਗ ਤੇਰਾ ਵੇਸ ਅਵੱਲਾ, ਹਰਿ ਪੁਰਖ ਨਿਰੰਜਨ ਵੇਖ ਵਖਾਇੰਦਾ । ਸੋ ਪੁਰਖ ਨਿਰੰਜਨ ਇਕ ਅਕੱਲਾ, ਏਕ ਏਕੰਕਾਰਾ ਨਾਉਂ ਧਰਾਇੰਦਾ । ਸਚਖੰਡ ਨਿਵਾਸੀ ਵਸਿਆ ਸਚ ਮਹੱਲਾ, ਸ੍ਰੀ ਭਗਵਾਨ ਭੇਵ ਨਾ ਆਇੰਦਾ । ਪਾਰਬ੍ਰਹਮ ਪ੍ਰਭ ਵਸਣਹਾਰਾ ਜਲਾ ਥਲਾ, ਘਟ ਘਟ ਸਾਚੀ ਜੋਤ ਜਗਾਇੰਦਾ । ਸ਼ਬਦ ਸੁਨੇਹੜਾ ਜੁਗ ਜੁਗ ਘੱਲਾ, ਗੁਰ ਪੀਰ ਸਾਧ ਸੰਤ ਆਪ ਉਪਜਾਇੰਦਾ । ਜਨ ਭਗਤਾਂ ਅੰਦਰ ਆਸਣ ਮੱਲਾ, ਆਤਮ ਸੇਜ ਸੁਹਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਮਾਤ ਉਪਜਾਇੰਦਾ । ਸਤਿਗੁਰ ਪੂਰਾ ਆਪ ਨਿਰੰਕਾਰ, ਗੁਰ ਗੁਰ ਸ਼ਬਦ ਜਣਾਈਆ । ਗੁਰ ਗੁਰ ਨਾਮ ਸਚ ਭੰਡਾਰ, ਗੁਰਮੁਖਾਂ ਦਏ ਵਰਤਾਈਆ । ਗੁਰਮੁਖ ਸਾਜਨ ਮੀਤ ਮੁਰਾਰ, ਘਰ ਸਾਚੇ ਮੇਲ ਮਿਲਾਈਆ । ਗੁਰਸਿਖ ਸੁਹਾਏ ਬੰਕ ਦਵਾਰ, ਦਰ ਦਵਾਰਾ ਇਕ ਵਖਾਈਆ । ਨਾਤਾ ਤੋੜ ਸਰਬ ਸੰਸਾਰ, ਚਰਨ ਪ੍ਰੀਤੀ ਇਕ ਜਣਾਈਆ । ਦਰਸ ਦਿਖਾਏ ਅਗੰਮ ਅਪਾਰ, ਸਵੱਛ ਸਰੂਪੀ ਰੂਪ ਵਟਾਈਆ । ਸ਼ਬਦ ਨਾਦ ਸਚੀ ਧੁਨਕਾਰ, ਅਨਹਦ ਰਾਗ ਅਲਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਗੁਰਮੁਖ ਵਿਰਲਾ ਪੀਵੇ ਪੀਵਣਹਾਰ, ਲੱਖ ਚੁਰਾਸੀ ਮਰੇ ਤਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ੍ਰੀ ਭਗਵੰਤ ਗੁਰਮੁਖ ਵੇਖੇ ਸਾਚੇ ਸੰਤ, ਹਰਿਜਨ ਲੇਖਾ ਜਾਣੇ ਆਦਿ ਅੰਤ, ਭੁੱਲ ਰਹੇ ਨਾ ਰਾਈਆ । ਆਦਿਨ ਅੰਤਾ ਖੇਲ ਮਹਾਨਾ, ਗੁਰ ਸਤਿਗੁਰ ਵਡ ਵਡਿਆਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਨਿਰਗੁਣ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਸਚ ਨਿਸ਼ਾਨਾ, ਜੁਗ ਜੁਗ ਆਪਣਾ ਆਪ ਚੜ੍ਹਾਈਆ । ਲੋਆਂ ਪੁਰੀਆਂ ਇਕ ਤਰਾਨਾ, ਏਕਾ ਏਕ ਸੁਣਾਈਆ । ਅਨਹਦ ਨਾਦੀ ਏਕਾ ਗਾਣਾ, ਗੁਰਮੁਖ ਕਾਇਆ ਘਰ ਵਜਾਈਆ । ਮੰਦਰ ਅੰਦਰ ਖੇਲ ਮਹਾਨਾ, ਸਤਿਗੁਰ ਬੈਠਾ ਆਸਣ ਲਾਈਆ । ਆਪਣਾ ਆਪ ਜਿਨ ਪਛਾਨਾ, ਹਰਿ ਮਿਲਿਆ ਬੇਪ੍ਰਵਾਹੀਆ । ਕੋਟਨ ਕੋਟ ਪ੍ਰਕਾਸ਼ ਕਰੇ ਭਾਨਾ, ਅੰਧ ਅੰਧੇਰ ਮਿਟਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਵਿਦਵਾਨਾ, ਗਿਆਨ ਧਿਆਨ ਰਹੇ ਰਾਹ ਤਕਾਈਆ । ਬਿਨ ਹਰਿ ਸੰਤ ਨਾ ਮਿਲੇ ਕਿਸੇ ਨਿਸ਼ਾਨਾ, ਕੋਟਨ ਕੋਟੀ ਭੁੱਲੇ ਜੀਵ ਪਾਂਧੀ ਰਾਹੀਆ । ਜਿਸ ਜਨ ਆਪਣਾ ਆਪ ਦੇਵੇ ਧੁਰ ਫ਼ਰਮਾਣਾ, ਆਪਣੀ ਬੂਝ ਆਪ ਬੁਝਾਈਆ । ਆਪ ਵਖਾਏ ਪਦ ਨਿਰਬਾਨਾ, ਤ੍ਰੈਗੁਣ ਆਪ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ ਜਨ ਭਗਤਾਂ ਹੋਏ ਸਹਾਈਆ । ਭਗਤ ਸਹੇਲਾ ਹਰਿ ਨਿਰੰਕਾਰ,

ਨਿਰਭੈ ਰੂਪ ਸਮਾਇਆ । ਇਕ ਅਕੱਲਾ ਹੋ ਤਿਆਰ, ਲੋਕਮਾਤ ਵੇਸ ਵਟਾਇਆ । ਸੱਜਣ ਸਹੇਲਾ ਖਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਆਪੇ ਜਾਣੇ ਆਪਣਾ ਵਕਤ ਵੇਲਾ, ਥਿਤ ਵਾਰ ਨਾ ਕਿਸੇ ਲਿਖਾਇਆ । ਆਪੇ ਗੁਰੂ ਗੁਰ ਚੇਲਾ, ਆਪੇ ਨਿਉਂ ਨਿਉਂ ਸੀਸ ਝੁਕਾਇਆ । ਆਪਣਾ ਖੇਲ ਪਾਰਬ੍ਰਹਮ ਪ੍ਰਭ ਆਪੇ ਖੇਲਾ, ਵੇਦ ਕਤੇਬ ਭੇਵ ਨਾ ਰਾਇਆ । ਕਲਜੁਗ ਅੰਤਮ ਗੁਰਮੁਖਾਂ ਮੇਲ ਆਪੇ ਮੇਲਾ, ਮਿਲਿਆ ਮੇਲ ਵਿਛੜ ਨਾ ਜਾਇਆ । ਰਾਏ ਧਰਮ ਦੀ ਕੱਟੇ ਜੇਲਾ, ਲਖ ਚੁਰਾਸੀ ਫੰਦ ਕਟਾਇਆ । ਆਪੇ ਵਸੇ ਧਾਮ ਨਵੇਲਾ, ਗੁਰਸਿੱਖ ਅਵਲੜੇ ਧਾਮ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਨਾਦ, ਬ੍ਰਹਿਮੰਡਾਂ ਖੰਡਾਂ ਆਪਣਾ ਨਾਦ ਵਜਾਇਆ । ਵੱਜੇ ਨਾਦ ਹਰਿ ਸੁਲਤਾਨ, ਸਤਿਗੁਰ ਪੂਰਾ ਆਪ ਵਜਾਇੰਦਾ । ਸ਼ਬਦ ਅਗੰਮੀ ਇਕ ਧੁਨਕਾਨ, ਦਿਸ ਕਿਸੇ ਨਾ ਆਇੰਦਾ । ਕਿਸੇ ਨਾ ਦਿਸੇ ਵਿਚ ਮਕਾਨ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਜਨ ਭਗਤਾਂ ਕਰ ਕਿਰਪਾ ਦੇਵੇ ਆਪਣਾ ਦਾਨ, ਦਾਤਾ ਦਾਨੀ ਨਾਉਂ ਧਰਾਇੰਦਾ । ਆਤਮ ਉਪਜਾਏ ਬ੍ਰਹਮ ਗਿਆਨ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਏਕਾ ਰਾਗ ਸੁਣਾਏ ਕਾਨ, ਆਪ ਆਪਣਾ ਹੁਕਮ ਜਣਾਇੰਦਾ । ਚਰਨ ਧੂੜ ਸੱਚਾ ਅਸ਼ਨਾਨ, ਦੁਰਮਤ ਮੈਲ ਗਵਾਇੰਦਾ । ਅੱਠ ਸੱਠ ਤੀਰਥ ਮੁਖ ਸ਼ਰਮਾਨ, ਜਿਸ ਦਰ ਸਤਿਗੁਰ ਪੂਰਾ ਚਰਨ ਟਿਕਾਇੰਦਾ । ਏਥੇ ਉਥੇ ਦੋ ਜਹਾਨ ਰੱਖੇ ਮਾਣ, ਮਾਤ ਗਰਭ ਫੰਦ ਕਟਾਇੰਦਾ । ਅੰਮ੍ਰਿਤ ਆਤਮ ਬਖਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਇੰਦਾ । ਜਾਗਰਤ ਜੋਤ ਗੁਰਸਿੱਖ ਮੰਦਰ, ਕਾਇਆ ਗੜ੍ਹ ਸੁਹਾਇੰਦਾ । ਹਰਿਜਨ ਮੇਲਾ ਅੰਦਰੇ ਅੰਦਰ, ਜਗਤ ਨੇਤਰ ਬੰਦ ਵਖਾਇੰਦਾ । ਬਜਰ ਕਪਾਟੀ ਤੋੜੇ ਜੰਦਰ, ਨਾਮ ਖੰਡਾ ਇਕ ਚਲਾਇੰਦਾ । ਭਾਗ ਲਗਾਏ ਅੰਧੇਰੀ ਕੰਦਰ, ਜੋਤ ਨਿਰੰਜਨ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਖੋਜ ਖੁਜਾਇੰਦਾ । ਹਰਿਜਨ ਸਾਚੇ ਜਾਨਿਆ, ਹਰਿ ਸਤਿਗੁਰ ਜਾਨਣਹਾਰ । ਘਰ ਆਪਣਾ ਆਪ ਪਛਾਨਿਆ, ਆਪ ਆਪਣੀ ਕਿਰਪਾ ਧਾਰ । ਨਾਮ ਵਖਾਇਆ ਵੰਝ ਮੁਹਾਨਿਆ, ਡੂੰਘਾ ਸਾਗਰ ਕਰਿਆ ਪਾਰ । ਮਿਲੇ ਮੇਲ ਸ੍ਰੀ ਭਗਵਾਨਿਆ, ਨਿਰਮਲ ਜੋਤ ਅਗੰਮ ਅਪਾਰ । ਆਵਣ ਜਾਵਣ ਚੁੱਕੇ ਕਾਨਿਆ, ਨਾਤਾ ਤੁੱਟੇ ਜਗਤ ਸੰਸਾਰ । ਕਿਸੇ ਹੱਥ ਨਾ ਆਏ ਰਾਜੇ ਰਾਨਿਆ, ਗਰੀਬ ਨਿਮਾਣੇ ਜਾਏ ਤਾਰ । ਵੰਡੇ ਵੰਡ ਨਾ ਸੁਘੜ ਸਿਆਨਿਆ, ਭਿਖਕ ਭਿਛਿਆ ਪਾਏ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਖੇਲਣਹਾਰ । ਖੇਲਣਹਾਰਾ ਦੀਨ ਦਿਆਲਾ, ਦਯਾਨਿਧ ਅਖਵਾਇਆ । ਨਿਰਗੁਣ ਚਲੀ ਅਵਲੜੀ ਚਾਲਾ, ਦਿਸ ਕਿਸੇ ਨਾ ਆਇਆ । ਚਰਨ ਭਿਖਾਰੀ ਮਹਾਂਕਾਲਾ, ਆਪ ਆਪਣਾ ਰੰਗ ਰੰਗਾਇਆ । ਵੇਖਣਹਾਰਾ ਜੋਤ ਜਵਾਲਾ, ਆਦਿ ਸ਼ਕਤੀ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਪ੍ਰਗਟਾਇਆ । ਨਾਉਂ ਰੱਖ ਹਰਿ ਨਿਹਕਲੰਕ, ਸ਼ਬਦੀ ਡੰਕ ਵਜਾਇੰਦਾ । ਇਕ ਸੁਹਾਏ ਸਾਚਾ ਬੰਕ, ਸੰਬਲ ਨਗਰੀ ਨਾਉਂ ਉਪਜਾਇੰਦਾ । ਲੇਖਾ ਜਾਣੇ ਰਾਓ ਰੰਕ, ਊਚ ਨੀਚ ਭੇਵ ਮਿਟਾਇੰਦਾ । ਗੁਰਮੁਖ ਉਧਾਰੇ ਜਿਉਂ ਜਨਕ, ਘਰ ਸਾਚੇ ਮੇਲ ਮਿਲਾਇੰਦਾ । ਵਾਸ ਨਿਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਖੇਲ ਖਿਲਾਇੰਦਾ । ਆਵੇ ਜਾਵੇ ਵਾਰ ਅਨਕ, ਜਨ ਭਗਤਾਂ ਹਿਤ ਆਪ ਵਖਾਇੰਦਾ । ਫੇਰਨਹਾਰਾ ਮਨ ਕਾ ਮਨਕ, ਮਨ ਮਨੂਆ ਆਪ ਭਵਾਇੰਦਾ । ਸ਼ਬਦ ਲਗਾਏ ਸਾਚੀ ਤਨਕ,

ਨਾਮ ਡੋਰੀ ਹੱਥ ਉਠਾਇੰਦਾ । ਗੁਰਮੁਖਾਂ ਮੇਟੇ ਸਾਚੀ ਸ਼ੰਕ, ਮਨਮੁਖ ਮਾਇਆ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸੱਚਾ ਪਾਤਸ਼ਾਹ, ਬੇਪਰਵਾਹ ਆਪ ਅਖਵਾਇੰਦਾ । ਬੇਪਰਵਾਹ ਪਰਵਰਦਿਗਾਰਾ, ਨੂਰੋ ਨੂਰ ਅਲਾਹੀਆ । ਹੱਕ ਹਕੀਕਤ ਪਾਵੇ ਸਾਰਾ, ਲਾਸ਼ਰੀਕ ਇਕ ਖ਼ੁਦਾਈਆ । ਮੁਕਾਮੇ ਹੱਕ ਬੋਲ ਜੈਕਾਰਾ, ਏਕਾ ਨਾਅਰਾ ਦਏ ਲਗਾਈਆ । ਨੂਰ ਅਲਾਹੀ ਮੀਤ ਮੁਰਾਰਾ, ਸ਼ਾਹ ਸਵਾਰਾ ਲਏ ਮਿਲਾਈਆ । ਮੁਲਾਂ ਸ਼ੇਖ ਮੁਸਾਇਕ ਕੁਤਬ ਗੌਸ ਨਾ ਪਾਵੇ ਕੋਈ ਸਾਰਾ, ਪੀਰ ਦਸਤਗੀਰ ਰਹੇ ਰਾਹ ਤਕਾਈਆ । ਸੰਗ ਮੁਹੰਮਦ ਚਾਰ ਯਾਰ ਬੈਠੇ ਅਧਵਿਚਕਾਰਾ, ਚੌਦਾਂ ਤਬਕਾਂ ਕੁੰਡਾ ਲਾਹੀਆ । ਅੱਲਾ ਰਾਣੀ ਨਿਉਂ ਨਿਉਂ ਕਰੇ ਨਿਮਸਕਾਰਾ, ਨੇਤਰ ਨੀਰ ਰਹੀ ਵਹਾਈਆ । ਕਲਜੁਗ ਅੰਤਮ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਚਾਰ ਵਰਨ ਨਾ ਕੋਈ ਸਹਾਰਾ, ਅਠਾਰਾਂ ਬਰਨ ਰਹੇ ਕੁਰਲਾਈਆ । ਪ੍ਰਗਟ ਹੋਵੇ ਗੁਰ ਗੋਬਿੰਦ ਸਿੰਘ ਬੋਲ ਜੈਕਾਰਾ, ਸੰਮਤ ਸਤਾਰਾਂ ਰਾਹ ਤਕਾਈਆ । ਨੌ ਸਤ ਪਾਏ ਆਪੇ ਸਾਰਾ, ਨਾਮ ਖੰਡਾ ਹੱਥ ਚਮਕਾਈਆ । ਤੋੜਨਹਾਰਾ ਗੜ੍ਹ ਹੰਕਾਰਾ, ਕਿਲੇ ਕੋਟ ਰਿਹਾ ਢਾਈਆ । ਗੁਰਮੁਖਾਂ ਬਣੇ ਆਪ ਵਣਜਾਰਾ, ਘਰ ਘਰ ਸਾਚਾ ਵਣਜ ਕਰਾਈਆ । ਨਾਮ ਵਖਾਏ ਸਚ ਭੰਡਾਰਾ, ਅੰਮ੍ਰਿਤ ਆਤਮ ਜਾਮ ਪਿਆਈਆ । ਏਕਾ ਰੰਗੇ ਰੰਗ ਕਰਤਾਰਾ, ਰੰਗਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿ ਭਗਤ ਹਰਿਸੰਤ ਹਰਿਜਨ ਗੁਰਮੁਖ ਗੁਰਸਿੱਖ ਆਪਣੀ ਗੋਦ ਉਠਾਈਆ ।



### ✻ ੨੮ ਮੱਘਰ ੨੦੧੬ ਬਿਕ੍ਰਮੀ ਪਿੰਡ ਮਾਲਚੱਕ ਮਾਸਟਰ ਕੁੰਦਨ ਸਿੰਘ ਦੇ ਘਰ ਜ਼ਿਲਾ ਅੰਮ੍ਰਿਤਸਰ ✻

੦੯ ਨਿਰਗੁਣ ਜੋਤ ਹਰਿ ਨਿਰੰਕਾਰ, ਇਕ ਅਕੱਲਾ ਏਕੰਕਾਰਿਆ । ਸਤਿ ਸਰੂਪੀ ਖੇਲ ਅਪਾਰ, ਭੇਵ ਕੋਈ ਨਾ ਪਾ ਰਿਹਾ । ਸਚਖੰਡ ਵਸੇ ਸਚ ਦਵਾਰ, ਥਿਰ ਘਰ ਸਾਚਾ ਆਪ ਸੁਹਾ ਰਿਹਾ । ਸ਼ਾਹੋ ਭੂਪ ਸਚਾ ਸਿਕਦਾਰ, ਰਾਜਨ ਰਾਜ ਆਪ ਅਖਵਾ ਰਿਹਾ । ਪਾਰਬ੍ਰਹਮ ਪ੍ਰਭ ਰੂਪ ਅਪਾਰ, ਦਿਸ ਕਿਸੇ ਨਾ ਆ ਰਿਹਾ । ਕਰੇ ਕਰਾਵੇ ਆਪਣੀ ਕਾਰ, ਕਰਨੀ ਕਰਤਾ ਨਾਉਂ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਆਪ ਅਖਵਾ ਰਿਹਾ । ਅਜੂਨੀ ਰਹਿਤ ਪੁਰਖ ਅਕਾਲਾ, ਨਿਰਭੈ ਆਪਣਾ ਨਾਉਂ ਰਖਾਇੰਦਾ । ਜੁਗਾ ਜੁਗੰਤਰ ਦੀਨ ਦਿਆਲਾ, ਸਾਚੀ ਕਾਰ ਕਮਾਇੰਦਾ । ਵਸਣਹਾਰ ਸਚ ਸੱਚੀ ਧਰਮਸਾਲਾ, ਸਚ ਘਰ ਸਾਚੇ ਸੋਭਾ ਪਾਇੰਦਾ । ਦਾਸ ਰਖਾਏ ਕਾਲ ਮਹਾਂਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਹਰਿ ਨਾਉਂ ਪੁਰਖ ਅਬਿਨਾਸ਼, ਨਾ ਮਰੇ ਨਾ ਜਾਈਆ । ਖੇਲੇ ਖੇਲ ਸ਼ਾਹੋ ਸ਼ਾਬਾਸ, ਅਲੱਖ ਨਿਰੰਜਨ ਵਡ ਵਡਿਆਈਆ । ਪਾਵੇ ਸਾਰ ਪ੍ਰਿਥਮੀ ਆਕਾਸ਼, ਗਗਣ ਪਾਤਾਲਾਂ ਵੇਖ ਵਿਖਾਈਆ । ਰਵ ਸਸ ਕਰ ਪ੍ਰਕਾਸ਼, ਮੰਡਲ ਮੰਡਪ ਆਪ ਸੁਹਾਈਆ । ਬ੍ਰਹਮਾ ਸ਼ਿਵ ਕਰ ਦਾਸ, ਸੇਵਕ ਸਾਚੀ ਸੇਵ ਲਗਾਈਆ । ਪੰਜ ਤਤ ਤ੍ਰੈਗੁਣ ਮਾਇਆ ਰੱਖੇ ਪਾਸ, ਆਪ ਆਪਣੀ ਵੰਡ ਵੰਡਾਈਆ । ਨਿਰਗੁਣ ਸਰਗੁਣ ਖੇਲ ਤਮਾਸ਼, ਲੱਖ ਚੁਰਾਸੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਰਤਾ ਆਪ ਅਖਵਾਈਆ । ਹਰਿ ਪੁਰਖ ਸਮਰਥ, ਪਾਰਬ੍ਰਹਮ ਅਖਵਾਇਆ । ਨਿਰਗੁਣ ਸਰਗੁਣ ਚਲਾਏ ਰਥ, ਲਖ

ਚੁਰਾਸੀ ਵੇਖ ਵਖਾਇਆ । ਮਨ ਮਤ ਬੁਧ ਪਾਏ ਨੱਥ, ਆਤਮ ਬ੍ਰਹਮ ਰੰਗ ਰੰਗਾਇਆ । ਘਰ ਮੰਦਰ ਖੋਲ੍ਹ ਸਾਚਾ ਹੱਟ, ਸਾਚਾ ਬੰਕ ਸੁਹਾਇਆ । ਦੀਪਕ ਜੋਤੀ ਲਟ ਲਟ, ਅਗਿਆਨ ਅੰਧੇਰ ਗਵਾਇਆ । ਅਨਹੱਦ ਸ਼ਬਦ ਸਾਚੀ ਸੱਟ, ਤਨ ਨਗਾਰੇ ਆਪ ਲਗਾਇਆ । ਆਪ ਸੁਹਾਏ ਸਾਚੀ ਖਾਟ, ਆਤਮ ਸੇਜਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਅਕਲ ਕਲ ਧਾਰ ਆਪਣੀ ਰਚਨ ਰਚਾਇਆ । ਆਪਣੀ ਰਚਨਾ ਆਪੇ ਰਚ, ਆਪਣੀ ਦਯਾ ਕਮਾਇੰਦਾ । ਆਪੇ ਵਰਤੇ ਸਚੋ ਸੱਚ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਆਪੇ ਪੰਚ ਵਿਕਾਰਾ ਬਣ ਬਣ ਰਿਹਾ ਨੱਚ, ਆਪੇ ਹਰਿ ਸ਼ਬਦ ਧੁਨ ਉਪਜਾਇੰਦਾ । ਆਪ ਉਪਜਾਏ ਕਾਇਆ ਮਾਟੀ ਕੱਚ, ਪੰਜ ਤਤ ਭਾਂਡਾ ਆਪੇ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਸਰਗੁਣ ਨਾਉਂ ਰੱਖ, ਲੋਕਮਾਤ ਕਰੇ ਰੁਸ਼ਨਾਈਆ । ਪੰਜ ਤਤ ਹੋ ਪ੍ਰਤਖ, ਆਪ ਆਪਣਾ ਭੇਵ ਖੁਲ੍ਹਾਈਆ । ਸ਼ਬਦ ਅਗੰਮੀ ਅੰਦਰ ਆਪ ਉਪਾਏ ਆਪਣਾ ਪੱਖ, ਕਿਸ਼ਨਾ ਸੁਕਲਾ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਵੰਡ ਵੰਡਾਈਆ । ਸਤਿਜੁਗ ਵੰਡ ਹਰਿ ਕਰਤਾਰ, ਆਪਣੀ ਆਪ ਵੰਡਾਇੰਦਾ । ਬਾਵਨ ਖੇਲੇ ਖੇਲ ਅਪਾਰ, ਨਰ ਨਰਾਇਣ ਭੇਵ ਨਾ ਆਇੰਦਾ । ਤ੍ਰੇਤਾ ਤੇਰਾ ਨੂਰ ਉਜਿਆਰ, ਆਪਣਾ ਆਪ ਉਪਾਇੰਦਾ । ਲੰਕਾ ਤੋੜ ਗੜ ਹੰਕਾਰ, ਗਰੀਬ ਨਿਮਾਣੇ ਗਲੇ ਲਗਾਇੰਦਾ । ਦੁਆਪਰ ਤੇਰਾ ਖੋਲ੍ਹ ਕਿਵਾੜ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਭਗਤ ਭਗਤੀ ਕਰ ਵਿਚਾਰ, ਸਾਚਾ ਮਾਰਗ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਕਲਜੁਗ ਖੇਲ ਪਰਵਰਦਿਗਾਰ, ਆਪਣਾ ਆਪ ਖਿਲਾਈਆ । ਨੂਰ ਅਲਾਹੀ ਏਕ ਏਕੰਕਾਰ, ਜਲਵਾ ਨੂਰ ਡਗਮਗਾਈਆ । ਕਾਇਨਾਤ ਪਾਵੇ ਸਾਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਕਿਰਪਾ ਆਪੇ ਧਾਰ, ਸਾਚੀ ਵਸਤ ਵੰਡ ਵੰਡਾਈਆ । ਈਸਾ ਮੂਸਾ ਕਰ ਤਿਆਰ, ਤ੍ਰੈਗੁਣ ਹਦੀਸਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰ ਇਕ ਅਵਤਾਰ, ਖੇਲੇ ਖੇਲ ਮੁਹੰਮਦੀ ਯਾਰ, ਕਲਮਾ ਨਬੀ ਇਕ ਪੜ੍ਹਾਈਆ । ਕਲਮਾ ਨਬੀ ਹਰਿ ਅਮਾਮ, ਏਕਾ ਏਕ ਸੁਣਾਇੰਦਾ । ਆਪੇ ਜਾਣੇ ਆਪਣਾ ਕਾਮ, ਦੂਸਰ ਸੰਗ ਨਾ ਕੋਈ ਰਖਾਇੰਦਾ । ਵਸਣਹਾਰਾ ਕਾਇਆ ਖੇੜਾ ਨਗਰ ਗਰਾਮ, ਪੰਜ ਤਤ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਅਰਾ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਹੋ ਪ੍ਰਤਖ, ਏਕਾ ਏਕ ਸੁਣਾਇੰਦਾ । ਏਕਾ ਨਾਅਰਾ ਲਾਸ਼ਰੀਕ, ਆਪਣਾ ਆਪ ਸੁਣਾਈਆ । ਮਹਿਬਾਨ ਬੀਦੋ ਬੀਖੈਰ ਯਾ ਅੱਲਾ ਤੌਫੀਕ, ਅਜ਼ਮਤੋ ਕਸਮਤੋ ਅਜਿਬਵਾ ਅਤਿਲਹੇ ਆਪਣੇ ਲੜ ਬੰਧਾਈਆ । ਵਸਣਹਾਰਾ ਸਦ ਨਜਦੀਕ, ਦੂਰ ਨੇੜ ਪੰਧ ਮੁਕਾਈਆ । ਬਣਨਹਾਰਾ ਸਚ ਰਫੀਕ, ਅਹਿਬਾਬ ਰਬਾਬ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੀ ਅੱਲਾ ਨਾਉਂ ਧਰਾਈਆ । ਨੂਰੋ ਨੂਰ ਹਰਿ ਉਜਿਆਰ, ਭੇਵ ਕੋਇ ਨਾ ਪਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਹਰਿ ਪੁਰਖ ਨਿਰੰਜਨ ਆਪ ਕਰਾਇੰਦਾ । ਆਪੇ ਨਿਰਗੁਣ ਨੂਰ ਕਰ ਉਜਿਆਰ, ਆਪੇ ਸਰਗੁਣ ਸਗਨ ਮਨਾਇੰਦਾ । ਪੰਜ ਤਤ ਕਾਇਆ ਕਰ ਪਿਆਰ, ਨਾਨਕ ਗੜ੍ਹ ਸੁਹਾਇੰਦਾ । ਅੰਦਰ ਵੜ ਸੱਚੀ ਸਰਕਾਰ, ਸਾਚੇ ਤਖਤ ਆਸਣ ਲਾਇੰਦਾ ।

ਦੀਵਾ ਬਾਤੀ ਇਕ ਉਜਿਆਰ, ਅੱਠੇ ਪਹਿਰ ਡਗਮਗਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਨ ਅਨਾਦੀ ਆਪ ਵਜਾਇੰਦਾ । ਨਿਰਗੁਣ ਸਰਗੁਣ ਇਕ ਪਿਆਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਘਰ ਸਾਚੇ ਡੇਰਾ ਲਾਇੰਦਾ । ਨਾਨਕ ਪਾਇਆ ਹਰਿ ਪੁਰਖ ਭਤਾਰ, ਵਿਛੜ ਕਦੇ ਨਾ ਜਾਇੰਦਾ । ਏਕਾ ਸੋਹੇ ਬੰਕ ਦਵਾਰ, ਏਕਾ ਰੂਪ ਨਜ਼ਰੀ ਆਇੰਦਾ । ਦੋਹਾਂ ਵਿਚੋਲਾ ਆਪ ਸਿਰਜਣਹਾਰ, ਆਪਣਾ ਖੇਲ ਆਪ ਖਿਲਾਇੰਦਾ । ਆਪੇ ਬੋਲ ਨਾਮ ਜੈਕਾਰ, ਸਤਿ ਨਾਮ ਦ੍ਰਿੜਾਇੰਦਾ । ਨਾਨਕ ਨਿਰਗੁਣ ਸਰਗੁਣ ਨਾਨਕ ਭਰੇ ਭੰਡਾਰ, ਏਕਾ ਵਸਤ ਟਿਕਾਇੰਦਾ । ਲੋਕਮਾਤ ਦਰ ਵਿਚਾਰ, ਚਾਰ ਵਰਨਾਂ ਆਪ ਸਮਝਾਇੰਦਾ । ਊਚ ਨੀਚ ਪਾਰ ਕਿਨਾਰ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਜੋ ਜਨ ਰਸਨਾ ਲਏ ਉਚਾਰ, ਜਮ ਕਾ ਫੰਦ ਕਟਾਇੰਦਾ । ਲੱਖ ਚੁਰਾਸੀ ਉਤਰੇ ਪਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਮਾਰ ਉਡਾਰ, ਹਿੰਦੂ ਸਿੱਖ ਏਕਾ ਰੰਗ ਰੰਗਾਇੰਦਾ । ਮੁਸਲਮ ਇਸਾਈ ਹੋ ਉਜਿਆਰ, ਏਕਾ ਕਲਮਾ ਨਬੀ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਨਾਨਕ ਨਿਰਗੁਣ ਧਾਰ, ਲੋਕਮਾਤ ਚਲਾਈਆ । ਅੰਤਮ ਖੇਲ ਵਿਚ ਸੰਸਾਰ, ਅਚਰਜ ਰਿਹਾ ਵਖਾਈਆ । ਆਪਣਾ ਭਰ ਭਗਤ ਭੰਡਾਰ, ਅੰਗਦ ਅੰਗੀਕਾਰ ਕਰਾਈਆ । ਆਪੇ ਢਹਿ ਢਹਿ ਪਏ ਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਬਾਵਨ ਅੱਖਰ ਤਨ ਸ਼ੰਗਾਰ, ਪੈਂਤੀਸ ਅੱਖਰ ਕਰੇ ਪੜ੍ਹਾਈਆ । ਬੋਧ ਅਗਾਧੀ ਸ਼ਬਦ ਜੈਕਾਰ, ਨਿਰਗੁਣ ਆਪਣੀ ਬੂਝ ਬੁਝਾਈਆ । ਗਾਵਤ ਗਾਵਤ ਗਾਏ ਆਪਣੀ ਵਾਰ, ਸਾਚਾ ਢੋਲਾ ਆਪੇ ਗਾਈਆ । ਗਰੀਬ ਨਿਮਾਣਿਆਂ ਪਾਵੇ ਸਾਰ, ਬਿਰਧ ਅਵਸਥਾ ਲਏ ਤਰਾਈਆ । ਅਮਰਦਾਸ ਪ੍ਰਭ ਦੇਵੇ ਤਾਰ, ਗੁਰ ਅੰਗਦ ਅੰਗ ਲਗਾਈਆ । ਅੰਮ੍ਰਿਤ ਆਤਮ ਬਖਸ਼ੇ ਠੰਡੀ ਠਾਰ, ਸਾਚਾ ਜਲ ਵਖਾਈਆ । ਆਪਣੇ ਰੰਗ ਰੰਗੇ ਕਰਤਾਰ, ਰੰਗ ਮਜੀਠੀ ਇਕ ਚੜ੍ਹਾਈਆ । ਆਪਣੀ ਕਿਰਪਾ ਆਪੇ ਧਾਰ, ਰਾਮ ਦਾਸ ਦਏ ਵਡਿਆਈਆ । ਛੋਟੇ ਬਾਲੇ ਕਰ ਪਿਆਰ, ਪੂਰਬ ਲਹਿਣਾ ਝੋਲੀ ਪਾਈਆ । ਸਾਚਾ ਸਰ ਕਰ ਤਿਆਰ, ਅੰਮ੍ਰਿਤ ਤਾਲ ਸੁਹਾਈਆ । ਚਾਰੋਂ ਕੁੰਟ ਖੋਲ੍ਹ ਕਿਵਾੜ, ਚਾਰ ਵਰਨਾਂ ਰਾਹ ਤਕਾਈਆ । ਸ਼ਬਦ ਅਗੰਮੀ ਸਚ ਧੁਨਕਾਰ, ਅਰਜਨ ਵਿਚ ਟਿਕਾਈਆ । ਗੁਰ ਅਰਜਨ ਬਣਿਆ ਹਰਿ ਲਿਖਾਰ, ਗੁਰੂ ਗ੍ਰੰਥ ਇਕ ਵਡਿਆਈਆ । ਸੰਤ ਭਗਤ ਭਗਵੰਤ ਗੁਰ ਏਕਾ ਸੋਹਨ ਇਕ ਦਵਾਰ, ਘਰ ਸਾਚੇ ਮੇਲ ਮਿਲਾਈਆ । ਸ੍ਰਿਸ਼ਟ ਸਬਾਈ ਕਹੇ ਪੁਕਾਰ, ਏਕਾ ਗੁਰ ਸ਼ਬਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਰਿਹਾ ਸਮਝਾਈਆ । ਗੁਰੂ ਗ੍ਰੰਥ ਲੋਕਮਾਤ ਧਰ, ਚਾਰ ਵਰਨਾਂ ਇਹ ਸਮਝਾਇੰਦਾ । ਮੇਲ ਮਿਲਾਏ ਸਾਚੇ ਘਰ, ਜੋ ਜਨ ਧਿਆਨ ਲਗਾਇੰਦਾ । ਦੋ ਜਹਾਨਾਂ ਮਿਲੇ ਵਰ, ਪੁਰਖ ਅਕਾਲ ਮਨਾਇੰਦਾ । ਜੋ ਨਿਰਗੁਣ ਸਰਗੁਣ ਅੱਖਰ ਲਏ ਪੜ੍ਹ, ਜਗਤ ਵਿਦਿਆ ਮਾਣ ਚੁਕਾਇੰਦਾ । ਤ੍ਰੈਗੁਣ ਮਾਇਆ ਨਾ ਜਾਏ ਸੜ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਸਤਿਗੁਰ ਪੂਰੇ ਲੜ ਲਏ ਫੜ, ਜਗਤ ਵਿਛੋੜਾ ਪੰਧ ਕਟਾਇੰਦਾ । ਛੇਵਾਂ ਗੁਰ ਸਾਚੇ ਘੋੜੇ ਚੜ੍ਹ, ਮੀਰੀ ਪੀਰੀ ਰੂਪ ਵਟਾਇੰਦਾ । ਵੱਖ ਕਰੇ ਸੀਸ ਧੜ, ਨਾਮ ਖੰਡਾ ਇਕ ਚਮਕਾਇੰਦਾ । ਸਤਵੇਂ ਜੋਤ ਆਪੇ ਧਰ, ਹਰਿਰਾਏ ਹਰਿ ਰੂਪ ਵਟਾਇੰਦਾ । ਅੱਠਵੇ ਦਰ ਆਪੇ ਵੜ, ਬਾਲ ਅਵਸਥਾ ਲੇਖੇ ਲਾਇੰਦਾ । ਨੌਵੇਂ ਤੋੜ ਹੰਕਾਰੀ ਗੜ, ਗੁਰ ਤੇਗ ਬਹਾਦਰ ਬਣਿਆ ਸਚ ਸੁਦਾਗਰ, ਸਾਚਾ ਵਣਜ ਇਕ ਕਰਾਇੰਦਾ । ਨਾਤਾ ਤੁਟਾ ਪੰਜ ਤਤ


੮੯

ਕਾਇਆ ਗਾਗਰ, ਘਰ ਸਾਚਾ ਇਕ ਸੁਹਾਇੰਦਾ । ਗਰੀਬ ਨਿਮਾਣਿਆਂ ਨਿਰਮਲ ਕਰਮ ਕਰੇ ਉਜਾਗਰ, ਆਪਣੀ ਰਤੀ ਰਤ ਲੇਖੇ ਲਾਇੰਦਾ ।
ਦਰਗਾਹ ਸਾਚੀ ਦੇਵੇ ਆਦਰ, ਘਰ ਸਾਚਾ ਆਪ ਸੁਹਾਇੰਦਾ । ਕਰੇ ਖੇਲ ਪ੍ਰਭ ਕਰਤਾ ਕਾਦਰ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪ੍ਰਵਾਹ, ਪੁਰਖ ਅਬਨਾਸ਼ੀ ਜਗਤ ਮਲਾਹ, ਸਾਚਾ ਮਾਰਗ ਆਪ ਚਲਾਇੰਦਾ । ਪੁਰਖ
ਅਬਿਨਾਸ਼ੀ ਏਕੰਕਾਰਾ, ਅਕਲ ਕਲਾ ਅਖਵਾਈਆ । ਗੁਰ ਗੋਬਿੰਦ ਉਪਜਾਇਆ ਸੁਤ ਦੁਲਾਰਾ, ਘਰ ਸਾਚੇ ਜਨਮ ਦਵਾਈਆ । ਨਾਮ ਖੰਡਾ
ਤੇਜ ਕਟਾਰਾ, ਸਾਚੇ ਤਨ ਪਹਿਨਾਈਆ । ਕਲਗੀ ਤੋੜਾ ਸੀਸ ਦਸਤਾਰਾ, ਵੇਖੇ ਸ਼ਹਿਨਸ਼ਾਹੀਆ । ਨੀਲਾ ਘੋੜਾ ਕਰ ਅਸਵਾਰਾ, ਲੋਆਂ ਪੁਰੀਆਂ
ਰਿਹਾ ਫਿਰਾਈਆ । ਘਾੜਨ ਘੜੇ ਅਪਰ ਅਪਾਰਾ, ਭੇਵ ਕੋਇ ਨਾ ਪਾਈਆ । ਆਪਣੀ ਰੱਖੀ ਤਿਖੀ ਧਾਰਾ, ਤਿਖੀ ਧਾਰ ਆਪ ਚਲਾਈਆ ।
ਆਪੇ ਚੜ੍ਹੇ ਉਚ ਪਹਾੜਾ, ਹਵਨੀ ਹਵਨ ਸੁਹਾਈਆ । ਆਪੇ ਮਿਲੇ ਮੇਲ ਹਰਿ ਨਿਰੰਕਾਰਾ, ਵਿਛੜ ਕਦੇ ਨਾ ਜਾਈਆ । ਆਪੇ ਖੋਲ੍ਹੇ ਲੋਕਮਾਤ
ਦਵਾਰਾ, ਕੇਸ ਗੜ੍ਹ ਸੁਹਾਈਆ । ਆਪੇ ਬੋਲੇ ਨਾਮ ਜੈਕਾਰਾ, ਆਪਣਾ ਖੰਡਾ ਹੱਥ ਉਠਾਈਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਸੰਮਤ ਵਿਚਾਰਾ,
ਗੁਰ ਸਤਿਗੁਰ ਦਯਾ ਕਮਾਈਆ । ਗੁਰਸਿਖ ਆਏ ਕੋਈ ਦੁਲਾਰਾ, ਪ੍ਰਭ ਲੇਖਾ ਦਏ ਸਮਝਾਈਆ । ਦਯਾ ਸਿੰਘ ਉਠਿਆ ਬੋਲ ਜੈਕਾਰਾ, ਵਾਹ
ਵਾਹ ਗੁਰੂ ਵੱਡੀ ਵਡਿਆਈਆ । ਚਾਰੇ ਆਏ ਆਪਣੀ ਵਾਰਾ, ਪੰਚਮ ਮੇਲਾ ਸਹਿਜ ਸੁਭਾਈਆ । ਗੁਰ ਸਤਿਗੁਰ ਕਰਿਆ ਖੇਲ ਨਿਆਰਾ, ਦਿਸ
੭੭ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚੇ ਵੱਜੀ ਵਧਾਈਆ । ਪੰਚ ੭੭
ਪਿਆਰੇ ਸਾਚੀ ਰੁੱਤ, ਪ੍ਰੇਮ ਰੰਗਨ ਇਕ ਰੰਗਾਈਆ । ਆਤਮ ਅੰਤਰ ਹਰਿ ਹਰਿ ਮਤ, ਪਾਰਬ੍ਰਹਮ ਹਰਿ ਸਮਝਾਈਆ । ਬੀਜ ਬੀਜਿਆ ਸਾਚੇ
੦੯ ਵਤ, ਫੁਲ ਫੁਲਵਾੜੀ ਆਪ ਮਹਿਕਾਈਆ । ਚਰਨ ਕਵਲ ਬੰਧਾਇਆ ਆਪ ਆਪਣਾ ਨਤ, ਨਾ ਕੋਈ ਤੋੜੇ ਤੋੜ ਤੁੜਾਈਆ । ਲੋਕਮਾਤ ਰਖਾਇਆ ੦੯
ਧੀਰਜ ਜਤ, ਸਤਿ ਸੰਤੋਖ ਇਕ ਵਖਾਈਆ । ਅੰਮ੍ਰਿਤ ਸਾਚੇ ਬਾਟੇ ਘਤ, ਸਾਚਾ ਖੰਡਾ ਵਿਚ ਫਿਰਾਈਆ । ਪੰਜੇ ਬਾਣੀ ਕਰ ਕਰ ਪਾਠ, ਆਪਣੀ
ਦ੍ਰਿਸ਼ਟੀ ਵਿਚ ਸਮਾਈਆ । ਗੁਰਮੁਖ ਦੇਵੇ ਸਿਖਿਆ ਕਦੇ ਨਾ ਵਿਕਣਾ ਕਿਸੇ ਹਾਟ, ਤੇਰੀ ਕੀਮਤ ਕੋਇ ਨਾ ਪਾਈਆ । ਤੇਰਾ ਚਰਨ ਦਵਾਰਾ
ਤੀਰਥ ਅਠਸਠ, ਗੰਗਾ ਗੋਦਾਵਰੀ ਮੁਖ ਸ਼ਰਮਾਈਆ । ਅੰਮ੍ਰਿਤ ਆਤਮ ਦਏ ਝੱਟ, ਸਤਿਗੁਰ ਪੂਰਾ ਹਾਜਰ ਹਜ਼ੂਰਾ ਆਪ ਆਪਣਾ ਖੇਲ ਖਿਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਰਸ ਦੇਵੇ ਹੱਸ ਹੱਸ, ਘਰ ਸਾਚੇ ਸੋਭਾ ਪਾਈਆ । ਅੰਮ੍ਰਿਤ ਪਿਆਲਾ ਦੀਨ ਦਿਆਲਾ,
ਗੁਰਮੁਖਾਂ ਆਪ ਪਿਆਇੰਦਾ । ਆਪੇ ਤੋੜ ਜਗਤ ਜੰਜਾਲਾ, ਆਪਣੇ ਮਾਰਗ ਲਾਇੰਦਾ । ਸਾਚਾ ਦੱਸੇ ਰਾਹ ਸੁਖਾਲਾ, ਗੁਰਮਤ ਇਕ ਸਮਝਾਇੰਦਾ ।
ਅੰਤਮ ਫਲ ਲੱਗਣਾ ਡਾਲਾ, ਕਲਜੁਗ ਵੇਲਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ ।
ਅੰਮ੍ਰਿਤ ਜਾਮ ਪਿਆਲਾ ਪੀਆ, ਪੁਰਖ ਅਕਾਲ ਮਨਾਇਆ । ਆਪੇ ਢਹਿ ਪਿਆ ਸਰਨਾ, ਅਗੇ ਆਪਣੀ ਝੋਲੀ ਡਾਹਿਆ । ਗੁਰ ਚੇਲਾ ਰੂਪ
ਆਪ ਵਟਾ, ਚੇਲਾ ਗੁਰ ਆਪ ਅਖਵਾਇਆ । ਦੇਵਣਹਾਰਾ ਠੰਡੀ ਛਾਂ, ਘਰ ਵੇਖੇ ਸਹਿਜ ਸਭਾਇਆ । ਪੰਥ ਖਾਲਸਾ ਲਿਆ ਸਜਾ, ਚਾਰ
ਵਰਨਾਂ ਏਕਾ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਪੰਜ ਪਿਆਰੇ ਤਨ

ਸ਼ੰਗਾਰ, ਸ਼ਸਤਰ ਘੋੜਾ ਹੱਥ ਫੜਾਈਆ । ਗੁਜਰੀ ਚੰਦ ਕਰ ਪਿਆਰ, ਆਪਣੇ ਰੰਗ ਰੰਗਾਈਆ । ਗੁਰਮੁਖਾਂ ਖੁਸ਼ੀ ਕਰਾਏ ਬੰਦ ਬੰਦ, ਅੱਠੇ ਪਹਿਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਰਿਹਾ ਸਮਝਾਈਆ । ਹਰਿ ਭਾਣਾ ਬਲਵਾਨ, ਗੁਰ ਗੋਬਿੰਦ ਬੂਝ ਬੁਝਾਇੰਦਾ । ਪੁਰਖ ਅਕਾਲਾ ਧੁਰ ਫ਼ਰਮਾਣ, ਆਪਣਾ ਆਪ ਸੁਣਾਇੰਦਾ । ਅਨੰਦਪੁਰ ਛੱਡਣਾ ਪਏ ਮਕਾਨ, ਸਗਲਾ ਸੰਗ ਨਾ ਕੋਈ ਵਿਖਾਇੰਦਾ । ਕਲਜੁਗ ਮਾਇਆ ਝੂਠੀ ਦਿਸੇ ਰਕਾਨ, ਮਾਇਆ ਮਮਤਾ ਮੋਹ ਮਿਟਾਇੰਦਾ । ਰਾਜ ਰਾਜਾਨ ਕਰੇ ਬੇਈਮਾਨ, ਸ਼ਾਹ ਸੁਲਤਾਨ ਨਾ ਕੋਈ ਅਖਵਾਇੰਦਾ । ਗੁਰਮੁਖ ਸਾਚੇ ਚਤਰ ਸੁਜਾਨ, ਆਪਣਾ ਮੇਲ ਮਿਲਾਇੰਦਾ । ਮਾਝੇ ਨਿਵਾਸੀ ਨਾ ਸਕੇ ਪਛਾਣ, ਮੁਖ ਬੇਦਾਵਾ ਹੱਥ ਫੜਾਇੰਦਾ । ਸਤਿਗੁਰ ਪੂਰਾ ਵਡ ਮਿਹਰਬਾਨ, ਆਪਣੀ ਕੀਤੀ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇੰਦਾ । ਪੁਰੀ ਅਨੰਦ ਛੱਡ ਦਵਾਰਾ, ਰਣਜੀਤ ਨਗਾਰੇ ਚੋਟ ਲਗਾਈਆ । ਗੁਰ ਗੋਬਿੰਦ ਸੂਰਾ ਸ਼ਾਹ ਅਸਵਾਰਾ, ਮਾਤਾ ਗੁਜਰੀ ਰਿਹਾ ਸਮਝਾਈਆ । ਲਾਲ ਲਾਲਾਂ ਕਰ ਪਿਆਰਾ, ਏਕਾ ਮਾਰਗ ਰਿਹਾ ਵਖਾਈਆ । ਚਾਰੋਂ ਕੁੰਟ ਧੂਆਂਧਾਰਾ, ਖੜਗ ਖੰਡਾ ਰਿਹਾ ਚਮਕਾਈਆ । ਸਿੰਘ ਅਜੀਤ ਵੇਖੇ ਵਾਰੋ ਵਾਰਾ, ਅੱਗੇ ਪਿਛੇ ਫੇਰਾ ਪਾਈਆ । ਆਪੇ ਆਏ ਚਲ ਕਿਨਾਰਾ, ਡੂੰਘਾ ਸਾਗਰ ਤਾਰੀਆਂ ਲਾਈਆ । ਵਾਹਿਗੁਰੂ ਫਤਿਹ ਬੋਲ ਜੈਕਾਰਾ, ਗੁਰਮੁਖਾਂ ਰਿਹਾ ਸਮਝਾਈਆ । ਤਿੰਨ ਸੌ ਸੱਠ ਗ੍ਰੰਥ ਜੋ ਰੱਖਿਆ ਕਰ ਤਿਆਰਾ, ਸਰਸਾ ਭੇਟ ਚੜ੍ਹਾਈਆ । ਬਾਈ ਕ੍ਰੋੜ ਨਾ ਕੋਈ ਹੁਦਾਰਾ, ਲਹਿਣਾ ਲਹਿਣੇ ਗਿਆ ਚੁਕਾਈਆ । ਗੁਰਮੁਖਾਂ ਦੇਵੇ ਇਕ ਹੁਲਾਰਾ, ਆਪ ਆਪਣੀ ਦਯਾ ਕਮਾਈਆ । ਸਤ ਸੌ ਸਿੱਖ ਸਰਸੇ ਅੰਦਰ ਦੇਵੇ ਪਹਿਰਾ, ਸ਼ਬਦ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵੇਖੇ ਥਾਂਉਂ ਥਾਈਆ । ਗੁਰ ਗੋਬਿੰਦ ਸਤਿਗੁਰ ਗੁਣ ਨਿਧਾਨ, ਆਪਣਾ ਖੇਲ ਖਿਲਾਇੰਦਾ । ਚਾਲੀ ਸਿੰਘ ਨੌਜਵਾਨ, ਅਜੀਤ ਜੁਝਾਰ ਨਾਲ ਰਲਾਇੰਦਾ । ਫਤਹਿ ਜ਼ੋਰਾਵਰ ਵਿਛੜ ਜਾਣ, ਮਾਤਾ ਗੁਜਰੀ ਮੇਲ ਮਿਲਾਇੰਦਾ । ਰਾਤ ਅੰਧੇਰੀ ਪੰਧ ਮਕਾਨ, ਗੜ੍ਹੀ ਚਮਕੌਰ ਆਪ ਸੁਹਾਇੰਦਾ । ਆਪਣੀ ਖਿਚ ਆਪ ਕਮਾਨ, ਆਪਣਾ ਚਿਲਾ ਆਪ ਉਠਾਇੰਦਾ । ਮੇਟੀ ਜਾਏ ਬੇਈਮਾਨ, ਸ਼ਾਹ ਅਫਗਾਨਾ ਆਪ ਖਪਾਇੰਦਾ । ਤਿੰਨ ਪਹਿਰ ਕਰ ਜਗਤ ਘਮਸਾਨ, ਆਪਣਾ ਵੇਲਾ ਆਪ ਸੁਹਾਇੰਦਾ । ਉਠੋ ਸਿੰਘੋ ਦੇਵੇ ਧੁਰ ਫੁਰਮਾਣ, ਸਾਚਾ ਖੰਡਾ ਆਪ ਚਮਕਾਇੰਦਾ । ਆਪੇ ਜੂਝੇ ਵਿਚ ਮੈਦਾਨ, ਧਰਤ ਮਾਤ ਵੰਡ ਵੰਡਾਇੰਦਾ । ਅਜੀਤ ਸਿੰਘ ਨੌਜਵਾਨ, ਦੋਏ ਜੋੜ ਸੀਸ ਝੁਕਾਇੰਦਾ । ਤੇਰੀ ਸਿਖੀ ਉਤੋਂ ਆਪ ਆਪਣਾ ਕਰਾਂ ਕੁਰਬਾਨ, ਤੇਰਾ ਸੁਤ ਫੇਰ ਅਖਵਾਇੰਦਾ । ਛੋਟਾ ਬਾਲਾ ਮਾਰ ਧਿਆਨ, ਨਿਉਂ ਨਿਉਂ ਸੀਸ ਝੁਕਾਇੰਦਾ । ਵੱਡੇ ਵੀਰ ਮਿਲਣਾ ਅਗੋਂ ਆਣ, ਮੈਂ ਤੇਰਾ ਰਾਹ ਤਕਾਇੰਦਾ । ਗੁਰ ਗੋਬਿੰਦ ਖੁਸ਼ੀ ਹੋਇਆ ਸੱਚਾ ਸੁਲਤਾਨ, ਸਾਚਾ ਹੁਕਮ ਸੁਣਾਇੰਦਾ । ਫੜ ਫੜ ਮਾਰੇ ਬੇਈਮਾਨ, ਮੁਗਲਾਂ ਜੜ ਉਖੜਾਇੰਦਾ । ਅਧ ਵਿਚਕਾਰ ਗਿਆ ਹੋਏ ਹੈਰਾਨ, ਮੁਖ ਲਬਾਂ ਨਾਲ ਸੁਕਾਇੰਦਾ । ਮੰਗਿਆ ਪਾਣੀ ਮੁੜਕੇ ਆਣ, ਅਗੇ ਪਿਤਾ ਏਹ ਸਮਝਾਇੰਦਾ । ਸਿੰਘ ਜੁਝਾਰ ਤੇਰਾ ਝੁਲਣਾ ਮਾਤ ਨਿਸ਼ਾਨ, ਤੇਰਾ ਦਾਦਾ ਹੱਥ ਉਠਾਇੰਦਾ । ਸਿੰਘ ਅਜੀਤ ਆਏ ਪਾਣੀ ਪਿਆਣ, ਅੰਮ੍ਰਿਤ ਕਟੋਰਾ ਹੱਥ ਰਖਾਇੰਦਾ । ਖੇਲ ਕਰੀ ਵਾਲੀ ਦੋ ਜਹਾਨ, ਹਰਖ ਸੋਗ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਦਿਵਸ ਸਬਾਇਆ ਖੇਲ ਤਮਾਸ਼ਾ, ਗੜ੍ਹੀ ਚਮਕੌਰ ਆਪ ਸੁਹਾਇੰਦਾ ।

ਰੈਣ ਅੰਧੇਰੀ ਪਾਵੇ ਰਾਸਾ, ਰਵ ਸਸ ਸਤਾਰ ਆਪ ਨਚਾਇੰਦਾ । ਪੰਚਮ ਮੀਤਾ ਦਏ ਦਿਲਾਸਾ, ਗੁਰਮੁਖਾਂ ਏਹ ਸਮਝਾਇੰਦਾ । ਗੁਰ ਸਤਿਗੁਰ ਸਦਾ ਵਸੇ ਪਾਸਾ, ਵਿਛੜ ਕਦੇ ਨਾ ਜਾਇੰਦਾ । ਮੇਰਾ ਸਿੱਖ ਨਾ ਹੋਏ ਨਿਰਾਸਾ, ਆਸ ਨਿਰਾਸ ਵਿਚ ਮਿਲਾਇੰਦਾ । ਵੇਖਣ ਆਇਆ ਜਗਤ ਤਮਾਸ਼ਾ, ਪੁਰਖ ਅਕਾਲ ਆਪ ਵਖਾਇੰਦਾ । ਮੇਰਾ ਲੇਖ ਨਾ ਮਿਟੇ ਰਤੀ ਮਾਸਾ, ਆਪਣੀ ਰਤ ਸਾਚਾ ਤਤ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਗੜੀ ਚਮਕੌਰ ਆਪ ਸਮਝਾਇੰਦਾ । ਸਾਚੀ ਸਿਖਿਆ ਕਰ ਵਿਚਾਰ, ਗੁਰਮੁਖ ਮੁਖ ਸਲਾਹੀਆ । ਨਿਉਂ ਨਿਉਂ ਪਏ ਚਰਨ ਦਵਾਰ, ਦੋਏ ਜੋੜ ਸੀਸ ਝੁਕਾਈਆ । ਤੂੰ ਦਾਤਾ ਸੱਚੀ ਸਰਕਾਰ, ਸਭ ਤੇਰੀ ਵਡਿਆਈਆ । ਤੂੰ ਅੰਦਰ ਵਸੇ ਆਪੇ ਬਾਹਿਰ, ਗੁਪਤ ਜ਼ਾਹਿਰ ਖੇਲ ਖਿਲਾਈਆ । ਜਾ ਜਾ ਆਪਣੀ ਵੇਖ ਸੱਚੀ ਸਰਕਾਰ, ਜੋ ਬੂਟੇ ਲਏ ਲਗਾਈਆ । ਗੜ੍ਹੀ ਚਮਕੌਰ ਬਣੀ ਬਸੰਤ ਬਹਾਰ, ਫੁਲ ਡਾਲੀ ਰਹੀ ਮਹਿਕਾਈਆ । ਦਿਤਾ ਵਰ ਸਚੀ ਸਰਕਾਰ, ਸਿੰਘ ਮਨਜੀਤ ਆਪ ਸਮਝਾਈਆ । ਤੇਰਾ ਸੀਸ ਮੇਰੀ ਦਸਤਾਰ, ਸਾਚਾ ਤਾਜ ਵਖਾਈਆ । ਗੜ੍ਹੀ ਚਮਕੌਰ ਹੋਏ ਉਜਿਆਰ, ਰਾਜ ਜੁਗੀਸ਼ਰ ਵੇਖ ਵਖਾਈਆ । ਦੇਵੇ ਸਨੇਹੜਾ ਜਾਂਦੀ ਵਾਰ, ਤੇਰੀ ਕੀਤੀ ਭੁੱਲ ਨਾ ਜਾਈਆ । ਕਲਜੁਗ ਅੰਤਮ ਕਰਜ਼ਾ ਦਏ ਉਤਾਰ, ਲਹਿਣਾ ਦੇਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਛੋਟੇ ਬਾਲ ਸੁਤ ਦੁਲਾਰੇ, ਹਰਿ ਸਾਚੇ ਘਰ ਬਹਾਇੰਦਾ । ਸ਼ਾਹ ਸੁਲਤਾਨ ਕਰੇ ਵਿਚਾਰੇ, ਸਾਚੀ ਸਿਖਿਆ ਨਾ ਕੋਈ ਸਮਝਾਇੰਦਾ । ਸਰਹੰਦ ਗੜ੍ਹੀ ਰੱਖੇ ਵਿਚ ਮੁਨਾਰੇ, ਸਾਚੇ ਬੁਰਜ ਬੰਦ ਕਰਾਇੰਦਾ । ਨੀਆਂ ਵਿਚ ਆਪ ਉਸਾਰੇ, ਅੱਗੇ ਹੋ ਨਾ ਕੋਈ ਛੁਡਾਇੰਦਾ । ਉਚੀ ਕੂਕੇ ਧਾਹਾਂ ਮਾਰੇ, ਇਕ ਨਲੇਰ ਮਲੇਰ ਹੱਥ ਫੜਾਇੰਦਾ । ਇਕ ਦੂਜੇ ਨਾਲੋਂ ਲੱਗਣ ਪਿਆਰੇ, ਏਕਾ ਤੋਲ ਤੁਲਾਇੰਦਾ । ਛੋਟਾ ਵੱਡੇ ਰਿਹਾ ਲਲਕਾਰੇ, ਆਪ ਆਪਣਾ ਖੇਲ ਖਿਲਾਇੰਦਾ । ਮੈਂ ਜੰਮਿਆ ਪਿਛੋਂ ਪਹਿਲੇ ਆਈ ਵਾਰੇ, ਘਰ ਸਾਚਾ ਪਹਿਲੋਂ ਵੇਖ ਵਖਾਇੰਦਾ । ਦੂਜਾ ਬੋਲੇ ਬੋਲ ਫਤਿਹ ਜੈਕਾਰੇ, ਮੈਂ ਤੇਰੀ ਸੇਵਾ ਸੇਵ ਕਮਾਇੰਦਾ । ਤੂੰ ਛੋਟਾ ਬਾਲਾ ਭੁੱਲ ਨਾ ਜਾਏ ਅਵਾਣੇ, ਏਸੇ ਕਾਰਨ ਅੱਗੇ ਲਾਇੰਦਾ । ਪ੍ਰਭ ਅਬਿਨਾਸ਼ੀ ਵਰਤੇ ਆਪਣੇ ਭਾਣੇ, ਗੁਰ ਗੋਬਿੰਦ ਖੇਲ ਖਿਲਾਇੰਦਾ । ਮਾਤਾ ਗੁਜਰੀ ਸੁਣੇ ਆਪਣੇ ਕਾਨੇ, ਜਗਤ ਜਲਾਦ ਸਰਬ ਸਮਝਾਇੰਦਾ । ਆਪੇ ਛੁੱਟੀ ਦੇਹ ਪਰਾਨੇ, ਪਰਾਨ ਪਰਾਨੀ ਮੇਲ ਮਿਲਾਇੰਦਾ । ਗੁਰ ਗੋਬਿੰਦ ਵਰਤੇ ਆਪਣੇ ਭਾਣੇ, ਮਾਛੂਵਾੜੇ ਡੇਰਾ ਲਾਇੰਦਾ । ਆਪੇ ਸੁੱਤਾ ਦੇ ਬਾਂਹ ਸਰਾਣੇ, ਏਕਾ ਪੁਰਖ ਅਕਾਲ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਸਮਝਾਇੰਦਾ । ਆਪ ਆਪਾ ਉਤੋਂ ਵਾਰ, ਸਾਚਾ ਥਾਨ ਸੁਹਾਇੰਦਾ । ਗੁਰ ਗੋਬਿੰਦ ਸਿੰਘ ਬਲੀ ਬਲਕਾਰ, ਸਾਚੀ ਸੇਜਾ ਆਸਣ ਲਾਇੰਦਾ । ਸੂਲਾਂ ਸੱਥਰ ਕਰ ਪਿਆਰ, ਏਕਾ ਯਾਰ ਮਨਾਇੰਦਾ । ਨਾਤਾ ਤੁੱਟਾ ਸਰਬ ਸੰਸਾਰ, ਗੁਰਮੁਖ ਸਾਚਾ ਰਾਹ ਤਕਾਇੰਦਾ । ਅੰਮ੍ਰਿਤ ਘੁੱਟ ਪੀਤਾ ਠੰਡਾ ਠਾਰ, ਆਪਣੀ ਭਿਛਿਆ ਮੰਗ ਮੰਗਾਇੰਦਾ । ਦਏ ਸਨੇਹੜਾ ਆਪਣੀ ਵਾਰ, ਪਵਣੀ ਪਵਣ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਗੁਰ ਗੋਬਿੰਦ ਦੇਵੇ ਸਚ ਸੰਦੇਸ਼, ਪੁਰਖ ਅਕਾਲ ਸੁਣਾਈਆ । ਸੁਤ ਦੁਲਾਰਾ ਤੇਰਾ ਰਿਹਾ ਵੇਖ, ਆਪਣੀ ਸੇਜਾ ਆਸਣ ਲਾਈਆ । ਆਪਣੀ ਫੁਲਵਾੜੀ ਆਪੇ ਵੇਖ, ਤੂੰ ਮਾਲੀ ਹਉਂ ਸੇਵ ਕਮਾਈਆ । ਪਤ ਡਾਲੀ ਲਾਏ ਦਾਹੜੀ ਕੇਸ, ਸੀਸ ਜਗਦੀਸ


੭੯

ਆਪ ਸੁਹਾਈਆ । ਏਕਾ ਜੋਤੀ ਨਾਨਕ ਧਾਰ ਗੁਰ ਦਸ ਦਸਮੇਸ, ਦਰ ਬੈਠਾ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਛੂਵਾੜਾ ਧਾਮ ਨਿਆਰਾ ਵੇਖਣਹਾਰਾ ਹਰਿ ਕਰਤਾਰਾ, ਸਚਖੰਡ ਬੈਠਾ ਵੇਖ ਵਖਾਈਆ । ਪੁਰਖ ਅਕਾਲ ਖੋਲ੍ਹ ਦਰਵਾਜਾ, ਨਿਰਗੁਣ ਆਪਣਾ ਰਾਹ ਤਕਾਇੰਦਾ । ਸਚ ਸੁਲਤਾਨ ਗਰੀਬ ਨਿਵਾਜਾ, ਆਪਣਾ ਰੂਪ ਵਟਾਇੰਦਾ । ਮਾਛੂਵਾੜੇ ਆਇਆ ਭਾਜਾ, ਗੁਰ ਗੋਬਿੰਦ ਗਲੇ ਲਗਾਇੰਦਾ । ਤੇਰਾ ਮੇਰਾ ਏਕ ਸਾਜਾ, ਤੇਰਾ ਪਿਆਰ ਤੇਰੀ ਸਤਾਰ ਗੁਰਮੁਖ ਸਾਚਾ ਇਕ ਵਜਾਇੰਦਾ । ਤੇਰਾ ਸੋਹੇ ਬੰਕ ਦਵਾਰ, ਨੌ ਖੰਡ ਪ੍ਰਿਥਮੀ ਆਪ ਸੁਹਾਇੰਦਾ । ਸੱਤਾਂ ਦੀਪਾਂ ਤੇਰਾ ਜੈਕਾਰ, ਤੇਰਾ ਡੰਕਾ ਇਕ ਵਜਾਇੰਦਾ । ਚਾਰ ਸੁਤ ਜੋ ਦਿਤੇ ਵਾਰ, ਚੌਥੇ ਜੁਗ ਵੇਖ ਵਖਾਇੰਦਾ । ਚਾਰੇ ਕੁੰਟਾਂ ਦਏ ਹੁਲਾਰ, ਦਹਿ ਦਿਸ਼ਾ ਫੇਰੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤਖਤੋਂ ਦਏ ਉਤਾਰ, ਕਰੋੜ ਤੇਤੀਸਾ ਰਹਿਣ ਨਾ ਪਾਇੰਦਾ । ਕਰੇ ਖੇਲ ਆਪਣੀ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਨਿਰਗੁਣ ਰੂਪਾ ਸਤਿ ਸਰੂਪਾ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕੰਕਾਰਾ, ਖੇਲ ਅਪਾਰਾ, ਗੁਰ ਗੋਬਿੰਦ ਦਏ ਸਲਾਹੀਆ । ਗੋਬਿੰਦ ਸੂਰਾ ਸਤਿਗੁਰ ਮੀਤ, ਪੁਰਖ ਅਕਾਲ ਮਨਾਇੰਦਾ । ਤੇਰੀ ਚਲਾਈ ਸਾਚੀ ਰੀਤ, ਤੇਰਾ ਰੂਪ ਸਰਬ ਦਿਖਾਇੰਦਾ । ਸ੍ਰਿਸ਼ਟ ਸਬਾਈ ਗਾਏ ਤੇਰਾ ਗੀਤ, ਪੁਰਖ ਅਕਾਲ ਇਕ ਮਨਾਇੰਦਾ । ਏਕਾ ਹਸਤ ਏਕਾ ਕੀਟ, ਊਚ ਨੀਚ ਏਕਾ ਰੰਗ ਰੰਗਾਇੰਦਾ । ਨਾਮ ਪਿਆਲਾ ਦਏ ਅਨਡੀਠਾ, ਅੰਮ੍ਰਿਤ ਜਾਮ ਸਾਚਾ ਹੱਥ ਰਖਾਇੰਦਾ । ਪਤਤ ਪਾਪੀ ਕਰੇ ਪੁਨੀਤ, ਜੋ ਜਨ ਰਸਨਾ ਮੁਖ ਲਗਾਇੰਦਾ । ਕਾਇਆ ਹੋਵੇ ਠੰਡੀ ਸੀਤ, ਸਾਂਤਕ ਸਤਿ ਸਤਿ ਧਰਾਇੰਦਾ । ਸਾਚਾ ਦੇਹੁਰਾ ਮੰਦਰ ਮਸੀਤ, ਪੁਰਖ ਅਕਾਲ ਤੇਰੇ ਚਰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪ ਬੰਧਾਇੰਦਾ । ਪੁਰਖ ਅਕਾਲ ਦਏ ਸਲਾਹ, ਗੁਰ ਗੋਬਿੰਦ ਏ ਸਮਝਾਇਆ । ਗੋਬਿੰਦ ਬਣਿਆ ਸਚ ਮਲਾਹ, ਤੇਰਾ ਬੇੜਾ ਹਰਿ ਲਏ ਤਰਾਇਆ । ਹਰਿਜਨ ਸਾਚਾ ਪਾਰ ਦਏ ਕਰਾ, ਜੋ ਰਹੇ ਧਿਆਨ ਲਗਾਇਆ । ਆਪੇ ਪਕੜੇ ਆਪਣੀ ਬਾਂਹ, ਘਰ ਸਾਚੇ ਮੇਲ ਮਿਲਾਇਆ । ਕਲਜੁਗ ਅੰਤਮ ਕਰੇ ਸਚ ਨਿਆਂ, ਥਾਨ ਥਨੰਤਰ ਇਕ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲਾਇਆ । ਗੁਰ ਗੋਬਿੰਦ ਬੋਲੇ ਸਚ ਜੈਕਾਰ, ਪੁਰਖ ਅਬਿਨਾਸ਼ੀ ਰਿਹਾ ਸੁਣਾਈਆ । ਕਵਣ ਰੂਪ ਤੇਰਾ ਹੋਏ ਨਿਰੰਕਾਰ, ਕਲਜੁਗ ਅੰਤਮ ਵੇਖ ਵਖਾਈਆ । ਕਵਣ ਧਾਮ ਵਸੇ ਨਿਆਰ, ਕਵਣ ਬੰਕ ਸੁਹਾਈਆ । ਕਵਣ ਨਗਰ ਗਰਾਮ ਪਾਇਣ ਸਾਰ, ਕਵਣ ਖੇੜਾ ਦਏ ਵਡਿਆਈਆ । ਕਵਣ ਮਾਤ ਪਿਤ ਕਰੇ ਪਿਆਰ, ਕਵਣ ਕੁੱਖ ਲਏ ਲਟਕਾਈਆ । ਕਵਣ ਦਿਸ਼ਾ ਹੋ ਉਜਿਆਰ, ਆਪ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਈਆ । ਗੁਰ ਗੋਬਿੰਦ ਪੁਰਖ ਅਕਾਲ, ਆਪਣਾ ਭੇਵ ਖੁਲਾਇੰਦਾ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਨਿਤ ਨਵਿਤ ਵੇਸ ਵਟਾਇੰਦਾ । ਜੁਗਾਂ ਜੁਗੰਤਰ ਅਵਲੜੀ ਚਾਲ, ਵੇਦ ਕਤੇਬ ਨਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਨਈਆ ਸਾਚਾ ਢਈਆ ਅਧ ਵਿਚਕਾਰ ਰਖਾਇੰਦਾ । ਸਾਚੀ ਨਈਆ ਗੁਰ ਗੋਬਿੰਦ, ਏਕਾ ਢਈਆ ਬਣਤ ਬਣਾਈਆ । ਗੁਰਮੁਖਾਂ ਮੇਟੇ ਸਗਲੀ ਚਿੰਦ, ਜੋ ਸਰਸੇ ਗਿਆ ਰੁੜ੍ਹਾਈਆ । ਗੜ੍ਹੀ ਚਮਕੌਰ ਬਣਾਈ ਆਪਣੀ ਬਿੰਦ, ਆਪ ਆਪਣੀ ਗੋਦ ਉਠਾਈਆ । ਚਾਰੇ ਦੁਲਾਰੇ



੮੦

ਗੁਣੀ ਗਹਿੰਦ, ਚਾਰੇ ਕੁੰਟ ਕਰੇ ਰੁਸ਼ਨਾਈਆ । ਆਪੇ ਤਾਰੇ ਭਵ ਸਾਗਰ ਸਿੰਧ, ਏਕਾ ਚੱਪੂ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨਾ ਨਾਥ ਸਗਲਾ ਸਾਥ ਜੁਗ ਕਰਤਾ ਆਪ ਅਖਵਾਈਆ । ਪੁਰਖ ਅਕਾਲ ਸਚ ਸੁਣੌਣੀ, ਏਕਾ ਸ਼ਬਦ ਅਲਾਇੰਦਾ । ਆਪਣੀ ਖੇਲ ਆਪ ਕਰੌਣੀ, ਆਪਣਾ ਲੇਖਾ ਆਪ ਲਿਖਾਇੰਦਾ । ਨਿਰਗੁਣ ਜੋਤੀ ਜੋਤ ਜਗੌਣੀ, ਦੀਪਕ ਬਾਤੀ ਇਕ ਡਗਮਗਾਇੰਦਾ । ਸੰਬਲ ਨਗਰੀ ਇਕ ਦਸੌਣੀ, ਉਚ ਮਹੱਲੇ ਆਸਣ ਲਾਇੰਦਾ । ਗੁਰਮੁਖਾਂ ਪੂਰੀ ਕਰੇ ਭਾਵਨੀ, ਜੋ ਜਨ ਧਿਆਨ ਲਗਾਇੰਦਾ । ਮੇਟ ਮਿਟਾਏ ਕਾਮ ਕਾਮਨੀ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਰੈਣ ਨਾ ਦਿਸੇ ਅੰਧੇਰੀ ਸ਼ਾਮਨੀ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਪੰਚ ਪਿਆਰੇ ਪਕੜੇ ਦਾਮਨੀ, ਪੰਚਮ ਪੱਲਾ ਆਪ ਫੜਾਇੰਦਾ । ਦਰਗਾਹ ਸਾਚੀ ਮਿਲੀ ਸੱਚੀ ਜਾਮਨੀ, ਸ਼ਾਹ ਸ਼ਹੀਦਾ ਨਾਉਂ ਧਰਾਇੰਦਾ । ਪੰਥ ਖਾਲਸਾ ਤੇਰੀ ਪੱਕੀ ਰਹੇ ਹਾੜੀ ਸਾਵਨੀ, ਸਤਿਗੁਰ ਪੂਰਾ ਵੇਖ ਵਖਾਇੰਦਾ । ਜੋ ਸਤਿਗੁਰ ਭੁੱਲੇ ਮਾਇਆ ਰੁੱਲੇ ਵਸ ਹੋਏ ਜਗਤ ਤ੍ਰਿਸ਼ਨਾ ਤਾਮਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਗੜ੍ਹੀ ਚਮਕੌਰ ਨਾ ਜਾਏ ਭੁੱਲ, ਹਰਿ ਵੱਡਾ ਵੱਡ ਵਡਿਆਈਆ । ਗੁਰਸਿਖਾਂ ਪਾਏ ਸਾਚਾ ਮੁੱਲ, ਕਰਤਾ ਕੀਮਤ ਆਪ ਚੁਕਾਈਆ । ਸਚ ਪ੍ਰੀਤੀ ਜੋ ਜਨ ਗਏ ਘੁਲ, ਘੋਲੀ ਘੋਲ ਘੋਲ ਆਪ ਘੁਮਾਈਆ । ਆਪ ਉਠਾਏ ਲਾਲ ਅਨਮੁਲ, ਮਾਣਕ ਮੋਤੀ ਰਤਨ ਜਵਾਹਰ ਸਾਚੀ ਜੜਤ ਜੜਾਈਆ । ਭਾਗ ਲਗਾਏ ਸਾਚੀ ਕੁੱਲ, ਨਾਦੀ ਬਿੰਦ ਆਪ ਤਰਾਈਆ । ਸਚ ਦਵਾਰਾ ਜਾਏ ਖੁਲ੍ਹ, ਨਾਨਕ ਗੋਬਿੰਦ ਵੇਖ ਵਖਾਈਆ । ਗੁਰਮੁਖ ਸੱਜਣ ਨਾ ਜਾਏ ਰੁਲ, ਵੇਲਾ ਅੰਤ ਦਏ ਗਵਾਹੀਆ । ਗੁਰਮੁਖ ਸੱਜਣ ਸਾਚੇ ਫੁੱਲ, ਚਾਰ ਵਰਨਾਂ ਵੇਖ ਵਖਾਈਆ । ਨਾਮ ਤਰਾਜ਼ੂ ਤੋਲੇ ਤੋਲ, ਤੇਰਾਂ ਤੇਰਾਂ ਧਾਰ ਚਲਾਈਆ । ਨੌ ਖੰਡ ਪ੍ਰਿਥਮੀ ਸਿੰਘ ਸ਼ੇਰ ਆਪ ਕਰਾਏ ਘੋਲ, ਕਰਨ ਕਰਾਵਨਹਾਰਾ ਦਿਸ ਨਾ ਆਈਆ । ਸਚਖੰਡ ਨਿਵਾਸੀ ਬੈਠਾ ਰਹੇ ਅਡੋਲ, ਨਿਰਗੁਣ ਆਪਣਾ ਨਾਉਂ ਧਰਾਈਆਂ । ਸ਼ਬਦ ਜੈਕਾਰਾ ਆਪੇ ਬੋਲ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਦਸ ਅਵਤਾਰ, ਕਲਜੁਗ ਵੇਖੇ ਖੇਲ ਅਪਾਰ ਇਕ ਅਕੱਲਾ ਨਰ ਨਿਰੰਕਾਰ, ਏਕੰਕਾਰਾ ਆਪਣਾ ਵੇਸ ਵਟਾਈਆ । ਵੇਸ ਅਵੱਲਾ ਇਕ ਅਕੇਲਾ, ਆਦਿ ਪੁਰਖ ਕਰਾਇੰਦਾ । ਆਪੇ ਵਸਿਆ ਸਚ ਮਹੱਲਾ, ਘਰ ਸਾਚੇ ਸੋਭਾ ਪਾਇੰਦਾ । ਪਾਵੇ ਸਾਰ ਜਲਾ ਥਲਾ, ਗਗਨ ਪਾਤਾਲਾਂ ਵੇਖ ਵਿਖਾਇੰਦਾ । ਹਰਿਜਨ ਕਾਇਆ ਮੰਦਰ ਅੰਦਰ ਸਚ ਸਿੰਘਾਸਣ ਆਪੇ ਮੱਲਾ, ਆਪ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੀਵ ਜੰਤ ਆਪ ਭੁਲਾਇੰਦਾ ।

## ❊ ੨੯ ਮੱਘਰ ੨੦੧੬ ਬਿਕ੍ਰਮੀ ਮੱਸਾ ਸਿੰਘ ਦੇ ਘਰ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❊

ਸੋ ਪੁਰਖ ਨਿਰੰਜਨ ਅਗੰਮ ਅਥਾਹ, ਭੇਵ ਅਭੇਵ ਭੇਵ ਨਾ ਆਇੰਦਾ । ਹਰਿ ਹਰਿ ਬਣੇ ਸਚ ਮਲਾਹ, ਆਪ ਆਪਣਾ ਖੇਲ ਖਿਲਾਇੰਦਾ । ਏਕੰਕਾਰਾ ਏਕਾ ਨਾਂ, ਅਕਲ ਕਲਧਾਰੀ ਆਪ ਉਪਜਾਇੰਦਾ । ਆਦਿ ਨਿਰੰਜਨ ਜੋਤ ਜਗਾ, ਦੀਪਕ ਸਾਚਾ ਆਪ ਜਗਾਇੰਦਾ । ਸ੍ਰੀ ਭਗਵਾਨ

ਖੇਲ ਖਿਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਨਾਉਂ ਧਰਾ, ਨਿਰਗੁਣ ਏਕਾ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾ, ਆਪ ਆਪਣੀ ਕਲ ਵਰਤਾਇੰਦਾ । ਨਿਰਗੁਣ ਨਿਰਾਕਾਰ ਸਾਕਾਰ ਰੂਪ ਆਪ ਵਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਇੰਦਾ । ਰਚਨਹਾਰਾ ਪੁਰਖ ਸੁਲਤਾਨਾ, ਆਪਣੀ ਖੇਲ ਖਿਲਾਈਆ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨਾ, ਆਪਣੀ ਦਯਾ ਆਪ ਕਮਾਈਆ । ਘਰ ਮੰਦਰ ਸੋਹੇ ਇਕ ਮਕਾਨਾ, ਥਿਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਅਖਵਾਈਆ । ਨਿਰਗੁਣ ਦਾਤਾ ਬੇਐਬ ਪਰਵਰਦਿਗਾਰ, ਨੂਰੋ ਨੂਰ ਸਮਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਸਾਚੇ ਮੰਦਰ ਬੈਠ ਦਵਾਰ, ਬੰਕ ਦਵਾਰਾ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰ, ਸ਼ਾਹ ਸੁਲਤਾਨ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਇਕ ਮਹੱਲਾ, ਆਪ ਆਪਣਾ ਆਪੇ ਮੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਸਚ ਸਿੰਘਾਸਣ ਪੁਰਖ ਅਕਾਲ, ਏਕਾ ਏਕ ਉਪਜਾਈਆ । ਕਰੇ ਖੇਲ ਦੀਨ ਦਿਆਲ, ਸੋ ਪੁਰਖ ਵਡ ਵਡਿਆਈਆ । ਹਰਿ ਪੁਰਖ ਚਲੇ ਅਵਲੜੀ ਚਾਲ, ਏਕ ਏਕੰਕਾਰਾ ਦਿਸ ਨਾ ਆਈਆ । ਸ੍ਰੀ ਭਗਵਾਨ ਰੱਖਣਹਾਰਾ ਸਚ ਸੱਚਾ ਧਨ ਮਾਲ, ਸਚ ਖਜ਼ਾਨਾ ਆਪ ਭਰਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਆਦਿ ਨਿਰੰਜਨ ਵੇਖ ਵਖਾਈਆ । ਪਾਰਬ੍ਰਹਮ ਕਰ ਵੇਖੇ ਮਾਰ ਧਿਆਨ, ਹਰਿ ਹਰੀ ਰੂਪ ਵਟਾਈਆ । ਹਰੀ ਰੂਪ ਦੱਸ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਈਆ । ਸਾਚਾ ਘਰ ਸਚ ਹੁਲਾਰਾ, ਸਤਿ ਪੁਰਖ ਨਿਰੰਜਨ ਆਪ ਦਵਾਇੰਦਾ । ਕਰੇ ਖੇਲ ਅਗੰਮ ਅਪਾਰਾ, ਕਰਨੀ ਕਰਤਾ ਨਾਉਂ ਧਰਾਇੰਦਾ । ਲੇਖਾ ਜਾਣੇ ਨਾਰੀ ਨਾਰਾ, ਨਾਰੀ ਨਰ ਵੇਸ ਵਟਾਇੰਦਾ । ਆਪ ਉਪਜਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇੰਦਾ । ਵੇਸ ਅਵੱਲਾ ਪੁਰਖ ਅਬਿਨਾਸ਼ਾ, ਏਕਾ ਏਕ ਕਰਾਈਆ । ਆਪਣੀ ਜੋਤ ਕਰ ਪ੍ਰਕਾਸ਼ਾ, ਨਿਰਗੁਣ ਨਿਰਗੁਣ ਕਰੇ ਰੁਸ਼ਨਾਈਆ । ਆਪੇ ਖੇਲੇ ਖੇਲ ਤਮਾਸ਼ਾ, ਵਿਸ਼ਨ ਬ੍ਰਹਮਾ ਨਾਲ ਰਲਾਈਆ । ਬ੍ਰਹਮ ਪਾਰਬ੍ਰਹਮ ਹੋਇਆ ਦਾਸੀ ਦਾਸਾ, ਦਰ ਘਰ ਸਾਚੇ ਵੱਜੀ ਵਧਾਈਆ । ਸ਼ੰਕਰ ਮੇਲਾ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਆਪ ਸੁਹਾਈਆ । ਆਪੇ ਰਵ ਸਸ ਪਾਵੇ ਰਾਸਾ, ਆਪ ਆਪਣੀ ਰਚਨ ਰਚਾਈਆ । ਆਪੇ ਤ੍ਰੈਗੁਣ ਮਾਇਆ ਦਏ ਭਰਵਾਸਾ, ਸਿਰ ਆਪਣਾ ਹੱਥ ਟਿਕਾਈਆ । ਆਪੇ ਪੰਜ ਤਤ ਕਰੇ ਵਾਸਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਆਪੇ ਤ੍ਰਿਸਨਾ ਆਪੇ ਆਸਾ, ਆਪੇ ਬੁਧ ਮਤ ਮਨ ਵਿਚ ਸਮਾਈਆ । ਆਪੇ ਪਵਣ ਆਪ ਸਵਾਸਾ, ਆਪੇ ਰਸਨਾ ਜਿਹਵਾ ਹਿਲਾਈਆ । ਆਪੇ ਬਹੱਤਰ ਨਾੜੀ ਕਰ ਪ੍ਰਕਾਸ਼ਾ, ਅੰਧ ਅੰਧੇਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਸਰਗੁਣ ਹਰਿ ਹਰਿ ਧਾਰਾ, ਭੇਵ ਕੋਇ ਨਾ ਪਾਇੰਦਾ । ਇਕ ਅਕੱਲਾ ਕਰ ਪਸਾਰਾ, ਲੱਖ ਚੁਰਾਸੀ ਆਸਣ ਲਾਇੰਦਾ । ਸ਼ਬਦ ਅਨਾਦੀ ਧੁਨ ਜੈਕਾਰਾ, ਆਪ ਆਪਣਾ ਆਪ ਉਪਜਾਇੰਦਾ । ਕਾਇਆ ਮੰਦਰ ਵੇਖ ਮੁਨਾਰਾ, ਸਚ ਮਹੱਲਾ ਆਪ ਸੁਹਾਇੰਦਾ । ਡੂੰਘੀ ਕੰਦਰ ਵੇਖੇ ਗਾਰਾ, ਅਨਭਵ ਪ੍ਰਕਾਸ਼ ਕਰਾਇੰਦਾ । ਜੋਤ ਨਿਰੰਜਨ ਕਰ ਉਜਿਆਰਾ, ਦੀਪਕ ਸਾਚਾ ਇਕ ਟਿਕਾਇੰਦਾ । ਡੂੰਘੀ ਭਵਰੀ ਪਾਵੇ ਸਾਰਾ, ਸੁਖਮਨ ਵੇਖ ਵਖਾਇੰਦਾ । ਤ੍ਰਬੈਣੀ ਕਰੇ ਪਾਰ

ਕਿਨਾਰਾ, ਤ੍ਰੈਕੁਟਾਂ ਲੇਖ ਲਿਖਾਇੰਦਾ । ਸਰ ਸਰੋਵਰ ਠੰਡੀ ਠਾਰਾ, ਘਰ ਅੰਮ੍ਰਿਤ ਜਲ ਭਰਾਇੰਦਾ । ਅਨਹਦ ਨਾਦ ਸੱਚੀ ਧੁਨਕਾਰਾ, ਧੁਨ ਆਤਮਕ ਆਪ ਅਲਾਇੰਦਾ । ਆਪੇ ਤੋੜ ਗੜ੍ਹ ਹੰਕਾਰਾ, ਆਪਣਾ ਮੰਦਰ ਆਪ ਵਖਾਇੰਦਾ । ਬਜਰ ਕਪਾਟੀ ਆਰ ਪਾਰਾ, ਸਚ ਦਵਾਰਾ ਸੋਭਾ ਪਾਇੰਦਾ । ਆਤਮ ਸੇਜਾ ਮੀਤ ਮੁਰਾਰਾ, ਆਪਣਾ ਆਸਣ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਵਿਚ ਆਪ ਉਪਾਇੰਦਾ । ਘਰ ਘਰ ਵਿਚ ਆਪ ਸੁਹਾਨਾ, ਤਨ ਮੰਦਰ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਡੇਰਾ ਲਾਇਆ, ਦਿਸ ਕਿਸੇ ਨਾ ਆਈਆ । ਬ੍ਰਹਮ ਆਪਣੀ ਅੰਸ ਬਣਾਇਆ, ਪਾਰਬ੍ਰਹਮ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਏਕਾ ਏਕੰਕਾਰਾ, ਖੇਲੇ ਖੇਲ ਅਗੰਮ ਅਪਾਰਾ, ਘਰ ਵਿਚ ਘਰ ਕਰ ਉਜਿਆਰਾ, ਦੀਪਕ ਦੀਪ ਕਰੇ ਰੁਸ਼ਨਾਈਆ । ਹਰਿ ਦੀਪਕ ਕਰ ਉਜਿਆਰ, ਘਰ ਮੰਦਰ ਆਪ ਟਿਕਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਕਮਲਾਪਾਤੀ ਆਪ ਕਰਾਇੰਦਾ । ਬੂੰਦ ਸਵਾਤੀ ਠੰਡੀ ਠਾਰ, ਭਰ ਪਿਆਲਾ ਜਾਮ ਪਿਆਇੰਦਾ । ਉਤਮ ਜਾਤੀ ਕਰ ਵਿਚਾਰ, ਆਪ ਆਪਣੀ ਦਯਾ ਕਮਾਇੰਦਾ । ਸਾਚੀ ਗਾਥੀ ਸ਼ਬਦ ਧੁਨਕਾਰ, ਅਗਾਧ ਬੋਧ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਸਾਚਾ ਗੜ੍ਹ, ਨਿਰਗੁਣ ਅੰਦਰ ਬੈਠਾ ਵੜ, ਸਰਗੁਣ ਸਾਚਾ ਖੇਲ ਖਿਲਾਇੰਦਾ । ਨਿਰਗੁਣ ਅੰਦਰ ਹਰਿ ਸੁਲਤਾਨ, ਹਰਿ ਸਾਚਾ ਤਖਤ ਸੁਹਾਈਆ । ਆਦਿ ਜੁਗਾਦੀ ਨਿਗਹਬਾਨ, ਨਾ ਮਰੇ ਨਾ ਜਾਈਆ । ਹਰਿਜਨ ਮੇਲੇ ਕਰ ਧਿਆਨ, ਹਰਿ ਭਗਤ ਦਏ ਵਡਿਆਈਆ । ਦਾਤਾ ਦਾਨੀ ਗੁਣ ਨਿਧਾਨ, ਸਾਚੀ ਵਸਤ ਇਕ ਉਪਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਗੁਰਮੁਖ ਸਾਜਣ ਲਏ ਤਰਾਈਆ । ਗੁਰਮੁਖ ਸਾਜਣ ਹਰਿ ਹਰਿ ਪੌਣਾ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਏਕਾ ਰੰਗ ਰੰਗੌਣਾ, ਏਕਾ ਖੇਲ ਖਿਲਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਲੋਆਂ ਪੁਰੀਆਂ ਸਰਬ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਆਪ ਉਠੌਣਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਸੁਰਪਤ ਰਾਜਾ ਇੰਦ ਕ੍ਰੋੜ ਤੇਤੀਸਾ ਨਾਲ ਰਲੌਣਾ, ਨੇਤਰ ਨੈਣ ਖੁਲਾਇੰਦਾ । ਲਖ ਚੁਰਾਸੀ ਪੜਦਾ ਲਾਹੌਣਾ, ਤ੍ਰੈਗੁਣ ਮਾਇਆ ਵੇਖ ਵਖਾਇੰਦਾ । ਪੰਜ ਤਤ ਲੇਖਾ ਆਪ ਚੁਕੌਣਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਜਣਾਇੰਦਾ । ਭੇਵ ਅਭੇਦਾ ਹਰਿ ਨਿਰੰਕਾਰ, ਅਕਲ ਕਲਾ ਅਖਵਾਈਆ । ਭਗਤ ਵਛਲ ਮੀਤ ਮੁਰਾਰ, ਵਡ ਵੱਡੀ ਵਡਿਆਈਆ । ਸੰਤ ਸੁਹੇਲੇ ਜਾਵੇ ਤਾਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਗੁਰਮੁਖ ਸਾਜਣ ਲਾਏ ਪਾਰ, ਏਕਾ ਚੱਪੂ ਨਾਮ ਲਗਾਈਆ । ਗੁਰਮੁਖ ਬਖਸ਼ੇ ਚਰਨ ਪਿਆਰ, ਸਾਚੀ ਸਿਖਿਆ ਸਿੱਖ ਸਮਝਾਈਆ । ਦੂਈ ਦਵੈਤੀ ਕਰ ਖਵਾਰ, ਸ਼ਰਅ ਸ਼ਰੀਅਤ ਮੇਟ ਮਿਟਾਈਆ । ਏਕਾ ਰੰਗ ਰੰਗੇ ਕਰਤਾਰ, ਚਾਰ ਵਰਨ ਕਰੇ ਕੁੜਮਾਈਆ । ਕਲਜੁਗ ਅੰਤਮ ਵੇਖੇ ਸਰਬ ਸੰਸਾਰ, ਭਰਮੇ ਭੁੱਲੀ ਸਰਬ ਲੁਕਾਈਆ । ਹਉਮੇ ਹੰਗਤਾ ਗੜ੍ਹ ਹੰਕਾਰ, ਚਾਰੋਂ ਕੁੰਟ ਡੇਰਾ ਲਾਈਆ । ਨਾਤਾ ਤੁੱਟਾ ਮੀਤ ਮੁਰਾਰ, ਸਾਚਾ ਸੰਗ ਨਾ ਕੋਈ ਰਖਾਈਆ । ਦਰ ਦਰ ਘਰ ਘਰ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਹੰਸ ਰਲੇ ਕਾਗਾਂ ਡਾਰ, ਹਰ ਹਰਿ ਕਾ ਨਾਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ

ਆਪਣਾ ਖੇਲ ਖਿਲਾਈਆ । ਜੁਗ ਜੁਗ ਖੇਲ ਹਰਿ ਭਗਵੰਤ, ਪਾਰਬ੍ਰਹਮ ਕਰਾਇੰਦਾ । ਲੇਖਾ ਜਾਣੇ ਸਾਧ ਸੰਤ, ਗੁਰ ਪੀਰ ਅਵਤਾਰ ਵੇਖ ਵਖਾਇੰਦਾ । ਮਾਣ ਰਖਾਏ ਜੀਵ ਜੰਤ, ਜਿਸ ਜਨ ਆਪਣੀ ਦਯਾ ਕਮਾਇੰਦਾ । ਆਪ ਬਣਾਏ ਸਾਚੀ ਬਣਤ, ਬਨ ਬਨਵਾਰੀ ਨਾਉਂ ਧਰਾਇੰਦਾ । ਆਦਿ ਨਿਰੰਜਨ ਮਹਿਮਾ ਅਗਣਤ, ਵੇਦ ਕਤੇਬ ਨਾ ਕੋਈ ਜਣਾਇੰਦਾ । ਆਪਣਾ ਲੇਖਾ ਆਪੇ ਜਾਣੇ ਆਦਿ ਅੰਤ, ਅੰਤ ਆਦਿ ਆਪ ਹੋ ਆਇੰਦਾ । ਸ੍ਰਿਸ਼ਟ ਸਬਾਈ ਸਾਚਾ ਕੰਤ, ਏਕੰਕਾਰਾ ਨਾਉਂ ਧਰਾਇੰਦਾ । ਆਪੇ ਜਾਣੇ ਆਪਣੀ ਮਣਿਆ ਮੰਤ, ਸ਼ਬਦ ਅਗੰਮਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਖੇਲ ਖਿਲੰਦੜਾ ਹਰਿ ਨਿਰੰਕਾਰ, ਏਕਾ ਰੰਗ ਸਮਾਇਆ । ਚੌਥੇ ਜੁਗ ਪਾਵੇ ਸਾਰ, ਕਲਜੁਗ ਵੇਲਾ ਅੰਤਮ ਆਇਆ । ਨਿਹਕਲੰਕਾ ਲਏ ਅਵਤਾਰ, ਸਾਚਾ ਡੰਕਾ ਨਾਮ ਵਜਾਇਆ । ਸ਼ਾਹ ਸੁਲਤਾਨਾਂ ਕਰੇ ਖਬਰਦਾਰ, ਸੋਇਆ ਕੋਇ ਰਹਿਣ ਨਾ ਪਾਇਆ । ਨੌ ਖੰਡ ਪ੍ਰਿਥਮੀ ਦੇਵੇ ਇਕ ਹੁਲਾਰਾ, ਸੱਤਾਂ ਦੀਪਾਂ ਆਪ ਜਗਾਇਆ । ਜੋਧਾ ਸੂਰਬੀਰ ਬਲੀ ਬਲਕਾਰਾ, ਬਲ ਆਪਣਾ ਆਪ ਵਖਾਇਆ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਲਟਕਾਇਆ । ਲਖ ਚੁਰਾਸੀ ਮਾਰੀ ਜਾਏ ਵਾਰੋਂ ਵਾਰਾ, ਮਾਰਨਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰਾ ਪੁਰਖ ਸਮਰਥ, ਸ਼ਾਹ ਸੁਲਤਾਨ ਵੱਡੀ ਵਡਿਆਈਆ । ਜੁਗ ਜੁਗ ਮਹਿਮਾ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਆਪ ਉਪਾਏ ਆਪਣੀ ਸਾਚੀ ਵੱਥ, ਹਰਿ ਮੰਤਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਆਪਣਾ ਨਾਉਂ ਸ਼ਬਦ ਜੈਕਾਰਾ, ਹਰਿ ਪੁਰਖ ਨਿਰੰਜਨ ਆਪ ਲਗਾਇੰਦਾ । ਸੋ ਪੁਰਖ ਨਿਰੰਜਨ ਪਾਵੇ ਸਾਰਾ, ਏਕੰਕਾਰਾ ਮੇਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਸਾਂਝਾ ਯਾਰਾ, ਬ੍ਰਹਮ ਆਪਣਾ ਨਾਉਂ ਵਟਾਇੰਦਾ । ਲੋਕਮਾਤ ਹੋ ਉਜਿਆਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਆਪੇ ਜਾਣੇ ਆਪਣਾ ਆਰ ਪਾਰ ਕਿਨਾਰਾ, ਬ੍ਰਹਮਾ ਵਿਸ਼ਨ ਸ਼ਿਵ ਗੁਰ ਪੀਰ ਅਵਤਾਰ ਸਾਧ ਸੰਤ ਭੇਵ ਕੋਈ ਨਾ ਪਾਇੰਦਾ । ਨਾਮ ਖੰਡਾ ਖੜਗ ਤੇਜ ਕਟਾਰਾ, ਬ੍ਰਹਿਮੰਡਾਂ ਆਪ ਵਖਾਇੰਦਾ । ਤੇਜ਼ ਪ੍ਰਚੰਡ ਤਿਖੀ ਧਾਰਾ, ਦੋ ਜਹਾਨਾਂ ਆਪ ਚਮਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਅੰਤਮ ਜੁਗ ਘੱਲਦਾ ਰਿਹਾ ਅਵਤਾਰਾ, ਆਪ ਆਪਣਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣੀ ਕਲ ਵਰਤਾਇੰਦਾ । ਨਿਹਕਲੰਕ ਕਲ ਜਾਮਾ ਪਾ, ਸੋ ਪੁਰਖ ਨਿਰੰਜਨ ਖੇਲ ਖਿਲਾਇੰਦਾ । ਕਲਜੁਗ ਕੂੜਾ ਦਏ ਮਿਟਾ, ਹਰਿ ਪੁਰਖ ਨਿਰੰਜਨ ਡੰਕ ਵਜਾਇੰਦਾ । ਮਾਇਆ ਮਮਤਾ ਲੇਖਾ ਦਏ ਮੁਕਾ, ਏਕੰਕਾਰਾ ਕਲ ਵਰਤਾਇੰਦਾ । ਗੜ੍ਹ ਹੰਕਾਰੀ ਦਏ ਤੁੜਾ, ਨਾਮ ਖੰਡਾ ਹੱਥ ਚਮਕਾਇੰਦਾ । ਗੁਰਮੁਖ ਸਾਚੇ ਲਏ ਜਗਾ, ਆਪ ਆਪਣੀ ਬੂਝ ਬੁਝਾਇੰਦਾ । ਸਵੱਛ ਸਰੂਪੀ ਦਰਸ ਦਿਖਾ, ਨੇਤਰ ਗਿਆਨ ਇਕ ਖੁਲ੍ਹਾਇੰਦਾ । ਚੌਥੇ ਪਦ ਲਏ ਮਿਲਾ, ਬ੍ਰਹਮ ਮਤ ਇਕ ਵਖਾਇੰਦਾ । ਪੰਚਮ ਨਦ ਲਏ ਵਜਾ, ਸਾਚਾ ਰਾਗ ਸੁਣਾਇੰਦਾ । ਆਦਿ ਜੁਗਾਦੀ ਨਾਉਂ ਧਰਾ, ਧੁਰ ਧੁਰਦੀ ਡੇਰਾ ਲਾਇੰਦਾ । ਬ੍ਰਹਿਮੰਡ ਖੰਡ ਫੇਰਾ ਆਪੇ ਪਾ, ਗਗਨ ਪਾਤਾਲਾਂ ਆਪ ਸੁਹਾਇੰਦਾ । ਰਵ ਸਸ ਜੋਤ ਰਿਹਾ ਚਮਕਾ, ਤਾਰਾ ਮੰਡਲ ਲੇਖ ਲਿਖਾਇੰਦਾ । ਸਚਖੰਡ ਨਿਵਾਸੀ ਬੇਪਰਵਾਹ, ਘਰ ਸਾਚੇ ਸੋਭਾ ਪਾਇੰਦਾ । ਕਲਜੁਗ ਅੰਤਮ ਬਣੇ ਮਲਾਹ, ਆਪਣਾ

ਬੇੜਾ ਆਪ ਚਲਾਇੰਦਾ । ਹਰਿਜਨ ਵੇਖੇ ਥਾਉਂ ਥਾਂ, ਚਾਰ ਵਰਨ ਨੌ ਖੰਡ ਸਤ ਦੀਪ ਘਰ ਘਰ ਫੋਲ ਫੁਲਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰ ਘਰ ਸਾਚਾ ਇਕ ਵਿਖਾਇੰਦਾ । ਸਤਿਜੁਗ ਸਾਚਾ ਮਾਰਗ ਲਾ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਹਰਿ ਅਖਵਾਇੰਦਾ । ਸਤਿਗੁਰ ਸੱਚਾ ਪਾਤਸ਼ਾਹ, ਪਾਰਬ੍ਰਹਮ ਕਰਤਾਰ । ਜੁਗ ਜੁਗ ਲੋਕਮਾਤ ਚਲਾਏ ਆਪਣਾ ਰਾਹ, ਨਿਰਗੁਣ ਸਰਗੁਣ ਲਏ ਅਵਤਾਰ । ਭਗਤਾਂ ਫੜੇ ਹਰਿ ਹਰਿ ਬਾਂਹ, ਨਿਤ ਨਵਿਤ ਖੇਲ ਅਪਾਰ । ਹਰਿ ਸੰਤਾਂ ਰੱਖੇ ਠੰਡੀ ਛਾਂ, ਸਮਰਥ ਪੁਰਖ ਆਪ ਕਰਤਾਰ । ਮਨਮੁਖਾਂ ਨਾ ਦੇਵੇ ਕੋਈ ਥਾਂ, ਦੇਵੇ ਦਰ ਦੁਰਕਾਰ । ਰਾਏ ਧਰਮ ਕਰੇ ਨਿਆਂ, ਬੈਠਾ ਅਧਵਿਚਕਾਰ । ਚਿਤਰ ਗੁਪਤ ਪਕੜੇ ਬਾਂਹ, ਲੇਖਾ ਲੇਖ ਦਏ ਵਿਖਾਲ । ਲਾੜੀ ਮੌਤ ਕਰੇ ਨਿਆਂ, ਸੇਵਾ ਲਾਏ ਕਾਲ ਮਹਾਂਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲ ਕਲਕੀ ਅਵਤਾਰ । ਕਲ ਅਵਤਾਰਾ ਹਰਿ ਨਿਰੰਕਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਸਰਗੁਣ ਸਾਚਾ ਵੇਖ ਵਿਖਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਸਾਚਾ ਨਾਦ ਵਜਾਈਆ । ਲੱਖ ਚੁਰਾਸੀ ਵੇਖ ਗੁਲਜ਼ਾਰਾ, ਚਾਰੋਂ ਕੁੰਟ ਫੇਰਾ ਪਾਈਆ । ਵਿਸ਼ਨੂੰ ਕਰਿਆ ਖਬਰਦਾਰਾ, ਦੇਵਣਹਾਰਾ ਰਿਜਕ ਸਬਾਈਆ । ਬ੍ਰਹਮਾ ਤੇਰਾ ਜਗਤ ਅਖਾੜਾ, ਬ੍ਰਹਮ ਪੜਦਾ ਦੇਵੇ ਲਾਹੀਆ । ਵਿਸ਼ਨੂੰ ਤੇਰਾ ਧਾਮ ਨਿਆਰਾ, ਹਰਿ ਸਾਚਾ ਆਪ ਸੁਹਾਈਆ । ਸ਼ੰਕਰ ਮੇਲਾ ਅਪਰ ਅਪਾਰਾ, ਦੇ ਮਤ ਰਿਹਾ ਸਮਝਾਈਆ । ਕਲਜੁਗ ਆਈ ਅੰਤਮ ਵਾਰਾ, ਰੈਣ ਅੰਧੇਰੀ ਛਾਈਆ । ਸ੍ਰਿਸ਼ਟ ਸਬਾਈ ਧੂਆਂਧਾਰਾ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਸਤਿ ਧਰਮ ਨਾ ਕੋਈ ਪਿਆਰਾ, ਗੁਰਮਤ ਨਾ ਕੋਈ ਰਖਾਈਆ । ਘਰ ਘਰ ਨਾਰ ਦਿਸੇ ਵਿਭਚਾਰਾ, ਮਨਮਤ ਕਰੀ ਕੁੜਮਾਈਆ । ਕਾਇਆ ਬਣਿਆ ਗੜ੍ਹ ਹੰਕਾਰਾ, ਨਿਰਭੈ ਰੂਪ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸਿਖਿਆ ਰਿਹਾ ਸਮਝਾਈਆ । ਕਲਜੁਗ ਸਿਖਿਆ ਵਿਸ਼ਨੂੰ ਵੰਸਾ, ਆਪਣੀ ਆਪ ਜਣਾਇੰਦਾ । ਖੇਲੇ ਖੇਲ ਬਾਰ ਸਹੰਸਾ, ਸਹੰਸਰ ਧਾਰੀ ਵੇਸ ਵਟਾਇੰਦਾ । ਆਪ ਉਪਜਾਏ ਆਪਣਾ ਬੰਸਾ, ਆਪੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਸੁਨੇਹੜਾ ਆਪ ਸੁਣਾਇੰਦਾ । ਬ੍ਰਹਮੇ ਉਠ ਬਾਲ ਨਾਦਾਨ, ਹਰਿ ਸਾਚਾ ਆਪ ਉਠਾਈਆ । ਅੱਠੇ ਨੇਤਰ ਖੋਲ੍ਹ ਵੇਖ ਜਹਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਚਾਰੇ ਮੁਖ ਤੇਰੇ ਕੁਰਲਾਣ, ਚਾਰੇ ਵੇਦ ਦੇਣ ਦੁਹਾਈਆ । ਨੌ ਖੰਡ ਪ੍ਰਿਥਮੀ ਸੁੰਞ ਮਸਾਣ, ਧਰਮ ਜੈਕਾਰਾ ਨਾ ਕੋਈ ਲਾਈਆ । ਜੂਠਾ ਝੂਠਾ ਦਿਸੇ ਨਿਸ਼ਾਨ, ਸ਼ਾਹ ਸੁਲਤਾਨ ਰਹੇ ਝੁਲਾਈਆ । ਪੰਚ ਵਿਕਾਰਾ ਬੇਈਮਾਨ, ਨੌ ਦਰ ਫਿਰੇ ਹਲਕਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਸਚਖੰਡ ਬੈਠਾ ਆਸਣ ਲਾਈਆ । ਗੋਬਿੰਦ ਮੀਤਾ ਨੌਜਵਾਨ, ਨਾ ਮਰੇ ਨਾ ਜਾਈਆ । ਸਾਚਾ ਚਿਲਾ ਤੀਰ ਕਮਾਨ, ਨਿਰਗੁਣ ਆਪਣਾ ਆਪ ਉਠਾਈਆ । ਪਵਣ ਪਵਣੀ ਧੁਰ ਫ਼ਰਮਾਣ, ਸ਼ਬਦੀ ਸ਼ਬਦ ਸੁਣਾਈਆ । ਤੀਰ ਨਿਰਾਲਾ ਇਕੋ ਬਾਣ, ਏਕੰਕਾਰ ਆਪ ਚਲਾਈਆ । ਬਿਨ ਹਰਿ ਭਗਤ ਨਾ ਸਕੇ ਕੋਈ ਪਛਾਣ, ਮਾਇਆ ਭੁੱਲੀ ਸਰਬ ਲੁਕਾਈਆ । ਨਾਤਾ ਜੁੜਿਆ ਪੀਣ ਖਾਣ, ਮਾਇਆ ਮਮਤਾ ਰਹੀ ਤਰਸਾਈਆ । ਨਜ਼ਰ ਨਾ ਆਏ ਸ਼ਾਹ ਸੁਲਤਾਨ, ਹਰਿ ਹਰਿ ਦਰਸ ਕੋਈ ਨਾ ਪਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਅੰਜੀਲ ਕੁਰਾਨਾ

ਰਹੇ ਗਾਈਆ । ਸ਼ਾਸਤਰ ਸਿਮਰਤ ਕਰ ਕਰ ਧਿਆਨ, ਲੇਖਾ ਲੇਖ ਰਿਹਾ ਸਮਝਾਈਆ । ਖਾਣੀ ਬਾਣੀ ਕਰ ਕਰ ਗਿਆਨ, ਗਿਆਨ ਗੁਰੂ ਨਾ ਕੋਈ ਮਿਲਾਈਆ । ਮਿਲਿਆ ਮੇਲ ਨਾ ਹਰਿ ਭਗਵਾਨ, ਸਾਚੇ ਪੌੜ੍ਹੇ ਨਾ ਕੋਈ ਚੜ੍ਹਾਈਆ । ਅੰਤਮ ਮਿਟਨਾ ਜਗਤ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਆਪ ਰਿਹਾ ਸਮਝਾਈਆ । ਉਠ ਸ਼ੰਕਰ ਬਲ ਬਲ ਧਾਰ, ਹਰਿ ਸਾਚਾ ਮੁਖ ਸਲਾਹਿੰਦਾ । ਕਲਜੁਗ ਅੰਤਮ ਆਈ ਵਾਰ, ਤੇਰੀ ਸੇਵਾ ਸਾਚੀ ਲਾਇੰਦਾ । ਲਖ ਚੁਰਾਸੀ ਕਰ ਖ਼ਵਾਰ, ਜੋ ਘੜਿਆ ਸੋ ਭੰਨ ਵਿਖਾਇੰਦਾ । ਰਾਏ ਧਰਮ ਕੱਢੇ ਤੇਰੀ ਵਗਾਰ, ਤੇਰੇ ਹੁਕਮੇ ਸਰਬ ਫਿਰਾਇੰਦਾ । ਤੇਰੇ ਸਿਰ ਹੱਥ ਰੱਖੇ ਕਰਤਾਰ, ਸਮਰਥ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਹਰਿ ਜਗਾ, ਆਪਣੀ ਬੂਝ ਬੁਝਾਇੰਦਾ । ਤ੍ਰੈਗੁਣ ਮਾਇਆ ਵੰਡ ਵੰਡਾ, ਏਕਾ ਰੰਗ ਸਮਾਇੰਦਾ । ਪੰਜ ਤਤ ਨਿਸ਼ਾਨਾ ਦਏ ਜਣਾ, ਆਪ ਆਪਣਾ ਰਾਹ ਚਲਾਇੰਦਾ । ਜੋ ਉਪਜੇ ਸੋ ਦਿਸੇ ਨਾ, ਚਾਰੇ ਖਾਣੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਰਚਨ ਰਚਾਇੰਦਾ । ਵਿਸ਼ਨੂੰ ਦੋਏ ਜੋੜ ਨਿਮਸਕਾਰ, ਚਰਨ ਦਵਾਰ ਰਿਹਾ ਕਰਾਈਆ । ਤੂੰ ਕਰਤਾ ਕਾਦਰ ਕਰਨੇਹਾਰ, ਵਡ ਦਾਤਾ ਬੇਪ੍ਰਵਾਹੀਆ । ਤੂੰ ਬਖਸ਼ਣਹਾਰਾ ਵਡ ਭੰਡਾਰ, ਹਉਂ ਸੇਵਕ ਸੇਵ ਕਮਾਈਆ । ਤੂੰ ਕਰਤਾ ਪੁਰਖ ਹਉਂ ਤੇਰੀ ਨਾਰ, ਦਰ ਤੇਰੇ ਸੋਭਾ ਪਾਈਆ । ਨੌਂ ਨੌਂ ਚਾਰ ਕਰ ਵਿਚਾਰ, ਤੇਰੇ ਅੰਕ ਸਮਾਈਆ । ਛੱਤੀ ਜੁਗ ਕਰ ਅਕਾਰ, ਨਿਰਾਕਾਰ ਵੇਖ ਵਖਾਈਆ । ਕਲਜੁਗ ਅੰਤਮ ਢਹਿ ਪਿਆ ਤੇਰੇ ਦਵਾਰ, ਬਿਨ ਤੁਧ ਦੀਸੇ ਨਾ ਹੋਰ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੰਗੇ ਭਿਖ ਝੋਲੀ ਡਾਹੀਆ । ਵਿਸ਼ਨੂੰ ਰੋਵੇ ਨੈਣ ਉਘਾੜ, ਦਿਸ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਤੇਰਾ ਤੇਰੀ ਸੇਵ ਕਮਾਇੰਦਾ । ਤੇਰਾ ਰੰਗ ਸਰਬ ਸੰਸਾਰ, ਦੂਸਰ ਕੋਈ ਦਿਸ ਨਾ ਆਇੰਦਾ । ਹਸਤ ਕੀਟ ਤੇਰਾ ਅਧਾਰ, ਅਨਡੀਠ ਸ਼ਬਦ ਚਲਾਇੰਦਾ । ਤੇਰੀ ਜੋਤੀ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਤੇਰਾ ਨਾਮ ਸਚ ਭੰਡਾਰ, ਲੋਕਮਾਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰੇ ਭਾਣੇ ਸਦ ਰਹਾਇੰਦਾ । ਬ੍ਰਹਮਾ ਰੋਵੇ ਨੇਤਰ ਧੋਵੇ, ਪ੍ਰਭ ਤੇਰੀ ਵਡ ਵਡਿਆਈਆ । ਤੇਰਾ ਭੇਵ ਨਾ ਜਾਣੇ ਕੋਇ, ਲਿਖਿਆ ਲੇਖ ਨਾ ਕੋਈ ਰਖਾਈਆ । ਸੋ ਪੁਰਖ ਤੂੰ ਦਾਤਾ ਏਕਾ ਹੋਇ, ਏਕ ਏਕੰਕਾਰਾ ਨਾਉਂ ਧਰਾਈਆ । ਲਖ ਚੁਰਾਸੀ ਤੇਰਾ ਬੀਜ ਤੇਰਾ ਬੋਏ, ਫਲ ਫੁਲਵਾੜ ਤੇਰਾ ਮਹਿਕਾਈਆ । ਚਾਰ ਖਾਣੀ ਦਏ ਢੋਏ, ਉਤਭੁਜ ਸੇਹਤਜ ਜੇਰਜ ਅੰਡ ਵੇਖ ਵਖਾਈਆ । ਘਟ ਘਟ ਅੰਦਰ ਆਤਮ ਸੇਜਾ ਨਿਰਗੁਣ ਬਹਿ ਬਹਿ ਸੋਏ, ਆਪ ਆਪਣਾ ਮੁਖ ਛੁਪਾਈਆ । ਆਪਣਾ ਰਸ ਆਪਣੀ ਹੱਥੀ ਆਪੇ ਚੋਏ, ਸਵਾਸ ਸਵਾਸ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਖ ਚੁਰਾਸੀ ਤੇਰੀ ਫੁਲਵਾੜੀ, ਹਉਂ ਸੇਵਕ ਸੇਵ ਰਿਹਾ ਕਮਾਈਆ । ਬ੍ਰਹਮਾ ਮਨਵੰਤਰ ਵੇਖ ਵਿਚਾਰ, ਚਾਰੋਂ ਕੁੰਟ ਨੈਣ ਉਠਾਇੰਦਾ । ਕਲਜੁਗ ਅੰਤਮ ਆਈ ਵਾਰ, ਨੌਂ ਨੌਂ ਚਾਰ ਮੁਖ ਸਲਾਹਿੰਦਾ । ਚਾਰੇ ਵੇਦ ਗਏ ਹਾਰ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਕਲ ਰੋਵੇ ਵਿਚ ਸੰਸਾਰ, ਵੇਲਾ ਵਕਤ ਨਾ ਕੋਈ ਛੁਡਾਇੰਦਾ । ਜੋਤ ਜਗੀ ਇਕ ਨਿਰੰਕਾਰ, ਨਿਰਗੁਣ ਏਕਾ ਰੂਪ ਵਟਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲਾਇੰਦਾ । ਭੇਵ ਖੁਲਾਏ ਪੁਰਖ ਨਿਰੰਜਨ, ਆਦਿ ਜੁਗਾਦਿ ਵੱਡੀ ਵਡਿਆਈਆ । ਸ਼ੰਕਰ ਤੇਰਾ ਸਾਚਾ ਸੱਜਣ, ਭੋਲੇ ਨਾਥ ਦਏ ਸਲਾਹੀਆ । ਜੋ ਘੜੇ ਸੋ ਅੰਤਮ ਭੱਜਣ, ਤੇਰੀ ਸੇਵਾ ਸਚ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਇਕ ਸਮਝਾਈਆ । ਭੋਲੇ ਨਾਥ ਹੋ ਤਿਆਰ, ਚਰਨ ਕਵਲ ਮੰਗੇ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਤੇਰੀ ਗਤਮਿਤ ਕਹੀ ਨਾ ਜਾਈਆ । ਤੂੰ ਦਾਤਾ ਪਰਵਰਦਿਗਾਰ, ਨੂਰੋ ਨੂਰ ਸਮਾਈਆ । ਲੱਖ ਚੁਰਾਸੀ ਤੇਰੀ ਧਾਰ, ਤੇਰੀ ਰਚਨਾ ਵੇਖ ਵਖਾਈਆ । ਤੇਰਾ ਬੇੜਾ ਵਿਚ ਸੰਸਾਰ, ਲੋਕਮਾਤ ਰਿਹਾ ਚਲਾਈਆ । ਕਵਣ ਜਾਣੇ ਤੇਰਾ ਪਾਰ ਕਿਨਾਰ, ਆਰ ਪਾਰ ਨਾ ਕੋਈ ਵਿਖਾਈਆ । ਤੇਰਾ ਹੁਕਮ ਸੱਚੀ ਸਰਕਾਰ, ਧੁਰ ਫੁਰਮਾਣਾ ਦਏ ਗਵਾਹੀਆ । ਕਲਜੁਗ ਅੰਤਮ ਕਰਾਂ ਸੰਘਾਰ, ਜੋ ਦਿਸੇ ਸੋ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਅੱਗੇ ਸੀਸ ਨਿਵਾਈਆ । ਪੁਰਖ ਸੁਲਤਾਨ ਹੋ ਮਿਹਰਬਾਨ, ਆਪਣੀ ਦਯਾ ਕਮਾਇੰਦਾ । ਸ਼ੰਕਰ ਸੁਣ ਲੇ ਲਾ ਲਾ ਕਾਨ, ਤੇਰੀ ਸੇਵਾ ਸੇਵ ਕਮਾਇੰਦਾ । ਚੌਦਾਂ ਲੋਕ ਖਾਲੀ ਕਰ ਮਕਾਨ, ਚੌਦਾਂ ਤਬਕ ਨਾ ਕੋਈ ਰਹਾਇੰਦਾ । ਜੂਠ ਝੂਠ ਨਾ ਦਿਸੇ ਨਿਸ਼ਾਨ, ਸੀਸ ਤਾਜ ਰਾਜ ਰਾਜਾਨ ਨਾ ਕੋਈ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਸੁਣਾਇੰਦਾ । ਬ੍ਰਹਮੇ ਸੁਣ ਕਰ ਵਿਚਾਰ, ਕਲਜੁਗ ਵਾਰੀ ਅੰਤਮ ਆਈਆ । ਤੇਰਾ ਬ੍ਰਹਮ ਵੇਖ ਪਸਾਰ, ਪਾਰਬ੍ਰਹਮ ਵੇਸ ਕਰਾਈਆ । ਕਲਜੁਗ ਕੂੜਾ ਰਿਹਾ ਲਲਕਾਰ, ਚਾਰ ਕੁੰਟ ਦਹਿ ਦਿਸ਼ਾ ਫੇਰੀ ਪਾਈਆ । ਏਕਾ ਰੰਗ ਨਾ ਦਿਸੇ ਹਰਿ ਨਿਰੰਕਾਰ, ਏਕਾ ਰੂਪ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਰਹਾਈਆ । ਵਿਸ਼ਨੂੰ ਤੇਰਾ ਇਕ ਭੰਡਾਰਾ, ਲੋਕਮਾਤ ਨਜ਼ਰ ਨਾ ਆਇੰਦਾ । ਨਾ ਕੋਈ ਦਿਸੇ ਸਚ ਵਣਜਾਰਾ, ਸਾਚਾ ਹੱਟ ਨਾ ਕੋਈ ਖੁਲਾਇੰਦਾ । ਕਰਤਾ ਦਿਸੇ ਨਾ ਸ਼ਾਹ ਸਿਕਦਾਰਾ, ਸਾਚਾ ਅਦਲ ਨਾ ਕੋਈ ਕਮਾਇੰਦਾ । ਨਾ ਕੋਈ ਦਿਸੇ ਸਚ ਭਿਖਾਰਾ, ਏਕਾ ਭਿਛਿਆ ਨਾਮ ਮੰਗ ਮੰਗਾਇੰਦਾ । ਦਰ ਦਰ ਘਰ ਘਰ ਘਰ ਘਰ ਦਰ ਦਰ ਹੋਏ ਸਰਬ ਖਵਾਰ, ਧੀਰਜ ਧੀਰ ਨਾ ਕੋਈ ਵਿਖਾਇੰਦਾ । ਪ੍ਰਭ ਅਬਿਨਾਸ਼ੀ ਭੇਵ ਨਿਆਰਾ, ਆਪ ਆਪਣਾ ਵੇਸ ਵਟਾਇੰਦਾ । ਲੋਕਮਾਤ ਲੈ ਅਵਤਾਰਾ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਪੰਜ ਤਤ ਕਰੇ ਖ਼ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਡੰਕ ਵਜਾਇੰਦਾ । ਏਕਾ ਡੰਕ ਹਰਿ ਨਿਰੰਕਾਰ, ਆਦਿ ਜੁਗਾਦਿ ਵਜਾਇਆ । ਸਾਚਾ ਧਰਮ ਧਰ ਸੰਸਾਰ, ਆਪਣਾ ਮਾਰਗ ਆਪੇ ਲਾਇਆ । ਵਰਨਾਂ ਬਰਨਾਂ ਵਸਿਆ ਬਾਹਿਰ, ਚਾਰ ਦਿਵਾਰ ਬੰਦ ਨਾ ਕਿਸੇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਮੇਲ ਮਿਲਾਇਆ । ਗੁਰਮੁਖਾਂ ਦੱਸੇ ਸਚ ਪਿਆਰ, ਅੰਤਰ ਆਤਮ ਇਕ ਲਿਵ ਲਾਇਆ । ਨਾਮ ਅਗੰਮੀ ਭਰ ਭੰਡਾਰ, ਸਚ ਖਜ਼ੀਨਾ ਇਕ ਜਣਾਇਆ । ਦੇਵੇ ਦਰਸ ਅਗੰਮ ਅਪਾਰ, ਜਗਤ ਹਰਸ ਆਪ ਮਿਟਾਇਆ । ਅਰਸ਼ ਕੁਰਸ਼ ਏਕਾ ਕਾਰ, ਨਿਰਗੁਣ ਸਰਗੁਣ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਾਹ ਸੁਲਤਾਨ ਮੇਟ ਮਿਟਾਇਆ । ਕਲਜੁਗ ਜੋਧਾ ਹਰਿ ਬਲਵਾਨ, ਸੂਰਬੀਰ ਅਖਵਾਈਆ । ਦਾਤਾ ਦਾਨੀ ਦੋ ਜਹਾਨ, ਲੋਕਮਾਤ ਕਰੇ ਰੁਸ਼ਨਾਈਆ । ਜਨ ਭਗਤਾਂ ਹੋਵੇ ਨਿਗਹਬਾਨ, ਗੁਰਮੁਖ ਸਾਚੇ ਲਏ ਮਿਲਾਈਆ ।

੮੭

ਨਾਮ ਵਖਾਏ ਸਚ ਨਿਸ਼ਾਨ, ਏਕਾ ਹੱਥ ਉਠਾਈਆ । ਲੋਆਂ ਪੁਰੀਆਂ ਪਾਏ ਆਨ, ਆਪ ਆਪਣਾ ਹੁਕਮ ਚਲਾਈਆ । ਸੰਤਨ ਦੇਵੇ ਧੁਰ ਫ਼ੁਰਮਾਨ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਸਾਚਾ ਮੇਲਾ ਸਚ ਮਕਾਨ, ਸਾਡੇ ਤਿੰਨ ਹੱਥ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰਾ ਏਕੰਕਾਰਾ ਕਰੇ ਖੇਲ ਅਗੰਮ ਅਪਾਰਾ, ਆਦਿ ਜੁਗਾਦਿ ਵੱਡੀ ਵਡਿਆਈਆ । ਕਰਿਆ ਖੇਲ ਪੁਰਖ ਸੁਲਤਾਨ, ਵੀਹ ਸਦ ਸੋਲਾਂ ਸੰਮਤ ਵੇਖ ਵਖਾਇੰਦਾ । ਪੰਦਰਾਂ ਕੱਤਕ ਸਚ ਨਿਸ਼ਾਨ, ਨੌ ਖੰਡ ਪ੍ਰਿਥਮੀ ਆਪ ਉਠਾਇੰਦਾ । ਗਿਆਰਾ ਦਿਵਸ ਜੋਤ ਮਹਾਨ, ਗੁਰਮੁਖ ਸਾਚੇ ਆਪ ਜਗਾਇੰਦਾ । ਚਾਰ ਦਿਵਸ ਚਾਰ ਜੁਗ, ਸਚਖੰਡ ਸ਼ਿਵਲੋਕ ਬ੍ਰਹਮਲੋਕ ਦੇਵਲੋਕ ਫੇਰਾ ਪਾਇੰਦਾ । ਨੌ ਦਿਵਸ ਪਾਵੇ ਸਾਰ, ਜੇਰਜ ਅੰਡ ਆਪ ਆਪਣਾ ਮੁਖ ਛੁਪਾਇੰਦਾ । ਸੱਤਾਂ ਦੀਪਾਂ ਵਿਚ ਬ੍ਰਹਿਮੰਡ, ਸਤਿ ਸਤਿ ਆਪਣਾ ਰੰਗ ਰੰਗਾਇੰਦਾ । ਇਕ ਇਕ ਇਕ ਕਰੇ ਖੰਡ, ਬਾਰਾਂ ਇਕ ਨਾਲ ਰਲਾਇੰਦਾ । ਇਕੀ ਮੱਘਰ ਵਿਚ ਵਰਭੰਡ, ਆਪ ਆਪਣਾ ਲੇਖ ਲਿਖਾਇੰਦਾ । ਦੋਏ ਦਿਵਸ ਸੂਰਾ ਸਰਬੰਗ, ਗੁਰ ਗੋਬਿੰਦ ਲੇਖਾ ਆਪ ਚੁਕਾਇੰਦਾ । ਚੱਵੀ ਮੱਘਰ ਸੁਹਾਗੀ ਛੰਦ, ਸਤਿਜੁਗ ਸਾਚਾ ਰਾਹ ਵਖਾਇੰਦਾ । ਪੰਜ ਦਿਵਸ ਗੁਰਮੁਖਾਂ ਅੰਦਰ ਚੜ੍ਹਿਆ ਸਾਚਾ ਚੰਦ, ਸਾਚਾ ਦੀਪਕ ਆਪ ਟਿਕਾਇੰਦਾ । ਹਰਿ ਸੰਗਤ ਖ਼ੁਸ਼ੀ ਕਰਾਏ ਬੰਦ ਬੰਦ, ਹਰਿ ਕਾ ਪੌੜਾ ਇਕ ਵਖਾਇੰਦਾ । ਦਿਵਸ ਰੈਣ ਪਰਮਾਨੰਦ, ਨਿਜਾਨੰਦ ਆਪ ਰਹਾਇੰਦਾ । ਦੂਈ ਦਵੈਤੀ ਢਾਹੇ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਚਾਲੀ ਦਿਵਸ ਪਾਰ ਕਿਨਾਰਾ, ਚਾਲੀ ਮੁਕਤੇ ਲਏ ਤਰਾਈਆ । ਆਪਣਾ ਆਪ ਆਪੇ ਵਾਰਾ, ਆਪਣਾ ਲੇਖਾ ਦਏ ਮੁਕਾਈਆ । ਸਾਚਾ ਸਾਕਾ ਚਲੇ ਵਿਚ ਸੰਸਾਰਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮਹਾਂ ਸਿੰਘ ਨਜ਼ਰ ਨਾ ਆਇਆ ਜੀਵ ਗਵਾਰਾ, ਮਾਝੇ ਦੇਸ ਬੈਠਾ ਜੋਤ ਜਗਾਈਆ । ਖੜਗ ਖੰਡਾ ਤੇਜ ਕਟਾਰਾ, ਸਾਂਤਕ ਨਿੰਦਕ ਦੁਸ਼ਟ ਰਿਹਾ ਖਪਾਈਆ । ਪੰਜ ਦਿਵਸ ਕਰੇ ਮੇਲ ਪੰਚਮ ਪਿਆਰਾ, ਪੰਚਮ ਮੇਲਾ ਸਹਿਜ ਸੁਭਾਈਆ । ਸਾਚਾ ਨਾਦ ਸਾਚੀ ਧੁਨਕਾਰਾ, ਘਰ ਸ਼ਬਦੀ ਸ਼ਬਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਲੀ ਦਿਵਸ ਦਿਵਸ ਰਾਤ, ਇਕ ਬਣਾਈ ਹਰਿ ਪ੍ਰਭਾਤ, ਏਕਾ ਰੂਪ ਦਸਾਈਆ । ਚਾਲੀ ਦਿਵਸ ਚਾਲੀ ਯੁਗ, ਛੱਤੀ ਮੂਲ ਚਕਾਇੰਦਾ । ਕਲਜੁਗ ਔਧ ਗਈ ਪੁਗ, ਲੇਖਾ ਲੇਖ ਨਾ ਕੋਈ ਮਿਟਾਇੰਦਾ । ਪੁਰਖ ਅਬਿਨਾਸ਼ੀ ਬੈਠਾ ਲੁਕ, ਆਪ ਆਪਣਾ ਪੜਦਾ ਪਾਇੰਦਾ । ਹਰਿਜਨ ਸਾਚੇ ਆਪ ਆਪਣੀ ਗੋਦੀ ਲਏ ਚੁੱਕ, ਨਿਤ ਨਵਿਤ ਵੇਸ ਵਟਾਇੰਦਾ । ਮਨਮੁਖਾਂ ਮੁਖ ਪਾਏ ਥੁੱਕ, ਨਿੰਦਕ ਨਿੰਦਿਆ ਰਸ ਜਣਾਇੰਦਾ । ਚਾਲੀ ਦਿਨ ਆਪੇ ਲੇਖਾ ਜਾਣੇ ਗਿਣ ਗਿਣ, ਲੇਖਾ ਆਪਣੇ ਹੱਥ ਰਖਾਇੰਦਾ । ਚਾਲੀ ਦਿਵਸ ਪਾਰ ਕਿਨਾਰਾ, ਚਾਰ ਦਸ ਕਰੇ ਕੁੜਮਾਈਆ । ਚੌਥੇ ਪਦ ਮੇਲ ਨਿਰੰਕਾਰਾ, ਘਰ ਦਸਵੇਂ ਵੱਜੇ ਵਧਾਈਆ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਲੇਖਾ ਲੇਖ ਸਮਝਾਈਆ । ਪੰਜ ਦਿਵਸ ਪੰਚਮ ਰਾਤ, ਆਠ ਪਹਿਰ ਗੁਣ ਗਾਇਆ । ਹਰਿਜਨ ਤੇਰੀ ਉਤਮ ਜ਼ਾਤ, ਵਰਨਾਂ ਬਰਨਾਂ ਭੇਵ ਮਿਟਾਇਆ । ਏਕਾ ਮੇਲਾ ਹਰਿ ਸਚਾ ਪਿਤ ਮਾਤ, ਆਪ ਆਪਣੇ ਅੰਕ ਲਗਾਇਆ । ਦੇਵਣਹਾਰਾ ਸਾਚੀ ਦਾਤ, ਸਾਚੀ ਵਸਤ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਪੰਚਮ ਲੇਖਾ ਵੇਖ ਵਖਾਇਆ । ਸਚ ਵਸਤ ਅਨਮੋਲ, ਗੁਰ ਸਤਿਗੁਰ ਹੱਥ ਰਖਾਇੰਦਾ । ਆਪਣੇ ਕੰਡੇ ਆਪੇ ਤੋਲ, ਆਪਣੀ ਕੀਮਤ ਆਪੇ ਪਾਇੰਦਾ । ਲੱਖ ਚੁਰਾਸੀ ਰਹੇ ਅਨਭੋਲ, ਸਾਚੀ ਅੱਖ ਨਾ ਕੋਈ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਸ੍ਰਿਸ਼ਟ ਸਬਾਈ ਸਾਚੀ ਟੇਕ, ਦਾਤਾ ਦਾਨੀ ਹਰਿ ਅਖਵਾਇੰਦਾ । ਸਾਚੀ ਵਸਤ ਹਰਿ ਨਾਮ ਭੰਡਾਰਾ, ਲੋਕਮਾਤ ਵਰਤਾਇੰਦਾ । ਹਰਿਜਨ ਦੇਵੇ ਇਕ ਅਧਾਰਾ, ਏਕਾ ਮਾਰਗ ਲਾਇੰਦਾ । ਸਾਚਾ ਮੰਦਰ ਖੋਲ੍ਹ ਕਿਵਾੜਾ, ਸਾਚਾ ਰਾਹ ਵਖਾਇੰਦਾ । ਲੇਖਾ ਚੁੱਕੇ ਪੰਚਮ ਧਾੜਾ, ਪੰਚ ਵਿਕਾਰਾ ਨੇੜ ਨਾ ਆਇੰਦਾ । ਅੰਤਰ ਆਤਮ ਕਰੇ ਸਚ ਸ਼ੰਗਾਰਾ, ਬਸਤਰ ਭੂਸ਼ਨ ਏਕਾ ਨਾਮ ਵਿਖਾਇੰਦਾ । ਕਲਜੁਗ ਅੰਤਮ ਬੋਲ ਜੈਕਾਰਾ, ਸੋਹੰ ਸਾਚਾ ਨਾਮ ਦ੍ਰਿੜਾਇੰਦਾ । ਸਤਿਜੁਗ ਸਾਚੇ ਵਰਤੇ ਵਰਤਾਰਾ, ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਇੰਦਾ । ਏਕਾ ਇਸ਼ਟ ਦੇਵ ਗੁਰ ਹੋਏ ਨਿਰੰਕਾਰਾ, ਦੂਸਰ ਸੀਸ ਨਾ ਕੋਈ ਝੁਕਾਇੰਦਾ । ਏਕਾ ਮੰਦਰ ਏਕਾ ਗੁਰੂਦਵਾਰਾ, ਏਕਾ ਸ਼ਿਵਦਵਾਲਾ ਮੱਠ ਇਕ ਵਖਾਇੰਦਾ । ਏਕਾ ਭੂਪ ਇਕ ਸਿਕਦਾਰਾ, ਤਖਤ ਤਾਜ ਇਕ ਹੰਢਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਬਣੇ ਇਕ ਬਣਜਾਰਾ, ਏਕਾ ਹੱਟ ਰਖਾਇੰਦਾ । ਏਕਾ ਸ਼ਸਤਰ ਇਕ ਕਟਾਰਾ, ਏਕਾ ਖੰਡਾ ਹੱਥ ਉਠਾਇੰਦਾ । ਏਕਾ ਸ਼ਾਹ ਇਕ ਅਸਵਾਰਾ, ਏਕਾ ਆਸਣ ਸੋਭਾ ਪਾਇੰਦਾ । ਏਕਾ ਰੂਪ ਸਰਬ ਸੰਸਾਰਾ, ਨਿਰਗੁਣ ਸਰਗੁਣ ਆਪ ਵਖਾਇੰਦਾ । ਸਤਿਜੁਗ ਤੇਰਾ ਧਰਮ ਦਵਾਰਾ, ਹਰਿ ਕਰਤਾਰਾ ਆਪ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੇਹਕਰਮੀ ਆਪਣਾ ਨਾਉਂ ਰਖਾਇੰਦਾ । ਨੇਹਕਰਮੀ ਹਰਿ ਭਗਵੰਤ, ਪਾਰਬ੍ਰਹਮ ਅਖਵਾਇੰਦਾ । ਆਪ ਬਣਾਏ ਆਪਣੀ ਬਣਤ, ਦੂਜਾ ਦਰ ਨਾ ਮੰਗਣ ਜਾਇਆ । ਲੇਖਾ ਜਾਣੇ ਸਾਧ ਸੰਤ, ਜੀਵ ਜੰਤ ਵੇਖ ਵਖਾਇਆ । ਗੁਰਮੁਖਾਂ ਦੇਵੇ ਨਾਮ ਮੰਤ, ਆਪ ਆਪਣੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੰਚਮ ਪੰਚਮ ਪੰਚਮ ਵੇਖ ਵਖਾਇਆ ।



### ❊ ੩੦ ਮੱਘਰ ੨੦੧੬ ਬਿਕ੍ਰਮੀ ਮੱਖਣ ਸਿੰਘ ਦੇ ਘਰ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❊

ਏਕਾ ਘਰ ਏਕੰਕਾਰ, ਨਿਰਗੁਣ ਆਪਣਾ ਆਪ ਵਸਾਇਆ । ਦੂਜਾ ਮੰਦਰ ਖੋਲ੍ਹ ਕਿਵਾੜ, ਸਚਖੰਡ ਨਾਉਂ ਰਖਾਇਆ । ਤੀਜੇ ਜੋਤ ਕਰ ਉਜਿਆਰ, ਥਿਰ ਘਰ ਸਾਚੇ ਡਗਮਗਾਇਆ । ਚੌਥੇ ਸ਼ਾਹ ਭੂਪ ਸੁਲਤਾਨ, ਸਚ ਸਿੰਘਾਸਣ ਆਸਣ ਲਾਇਆ । ਪੰਚਮ ਖੇਲ ਸ੍ਰੀ ਭਗਵਾਨ, ਆਪ ਆਪਣੀ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਜਣਾਇਆ । ਇਕ ਅਕੱਲਾ ਏਕੰਕਾਰਾ, ਦੂਜਾ ਆਪਣਾ ਨਾਉਂ ਧਰਾਇੰਦਾ । ਤੀਜਾ ਨਾਦ ਸਚੀ ਧੁਨਕਾਰਾ, ਘਰ ਚੌਥੇ ਸ਼ਬਦ ਅਲਾਇੰਦਾ । ਪੰਚਮ ਰੂਪ ਅਗੰਮ ਅਪਾਰਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਜਣਾਇੰਦਾ । ਏਕਾ ਏਕ ਅਕਲ ਕਲ ਧਾਰਾ, ਦੂਜਾ ਮੰਗਲ ਆਪੇ ਗਾਇੰਦਾ । ਤੀਜੇ ਸਾਜਣ ਮੀਤ ਮੁਰਾਰਾ, ਘਰ ਚੌਥੇ ਸਗਨ ਮਨਾਇੰਦਾ । ਪੰਚਮ ਮੇਲਾ ਕੰਤ ਭਤਾਰਾ, ਨਾਰੀ ਨਰ ਨਰਾਇਣ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਜੋਤ ਵਖਾਇੰਦਾ । ਇਕ ਅਕੱਲਾ ਨਿਰਗੁਣ ਧਾਰ, ਆਪਣੀ ਆਪ ਉਪਾਇੰਦਾ ।

ਦੂਸਰ ਰੰਗ ਸੱਚੀ ਸਰਕਾਰ, ਰੂਪ ਰੇਖ ਨਾ ਕੋਈ ਜਣਾਇੰਦਾ । ਤੀਜਾ ਸੋਹੇ ਬੰਕ ਦਵਾਰ, ਘਰ ਸਾਚੇ ਆਸਣ ਲਾਇੰਦਾ । ਚੌਥਾ ਉਚੀ ਕੂਕੇ ਕਰੇ ਪੁਕਾਰ, ਆਪਣਾ ਰਾਗ ਆਪ ਅਲਾਇੰਦਾ । ਪੰਚਮ ਸਖੀਆਂ ਮੀਤ ਮੁਰਾਰ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਬੰਕ ਸੁਹਾਇੰਦਾ । ਇਕ ਅਕੱਲਾ ਪਾਰਬ੍ਰਹਮ, ਬ੍ਰਹਮ ਵੱਡੀ ਵਡਿਆਈਆ । ਦੂਜੇ ਦਰ ਨਾ ਮਰੇ ਨਾ ਪਏ ਜੰਮ, ਨਾ ਕੋਈ ਤਤ ਰਖਾਈਆ । ਤੀਜੇ ਘਰ ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਸਤਿ ਸੰਤੋਖੀ ਬੈਠਾ ਆਸਣ ਲਾਈਆ । ਚੌਥੇ ਹੱਡ ਮਾਸ ਨਾ ਨਾੜੀ ਚੰਮ, ਪਵਣੀ ਦਮ ਨਾ ਕੋਈ ਰਖਾਈਆ । ਪੰਚਮ ਆਪਣਾ ਜਾਣੇ ਕੰਮ, ਵਡ ਦਾਤਾ ਸ਼ਹਿਨਸ਼ਾਹੀਆ । ਇਕ ਅਕੱਲਾ ਸ਼ਹਿਨਸ਼ਾਹ, ਹਰਿ ਹਰਿ ਆਪਣਾ ਨਾਉਂ ਧਰਾਇੰਦਾ । ਦੂਜੇ ਆਪਣੇ ਬਣੇ ਆਪ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਤੀਜੇ ਘਰ ਸਿਫਤ ਸਲਾਹ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਚੌਥੇ ਘਰ ਨਾਉਂ ਨਿਰੰਕਾਰਾ ਆਪ ਧਰਾ, ਆਪਣਾ ਨਾਉਂ ਵਡਿਆਇੰਦਾ । ਪੰਚਮ ਜੈਕਾਰਾ ਦਏ ਲਗਾ, ਥਿਤ ਵਾਰ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰੰਗਾਇੰਦਾ । ਇਕ ਓਅੰਕਾਰ ਏਕਾ ਰੰਗ, ਆਦਿ ਜੁਗਾਦਿ ਸਮਾਇੰਦਾ । ਦੂਸਰ ਕੋਈ ਨਾ ਕਰੇ ਭੰਗ, ਨਾ ਕੋਈ ਮੇਟ ਮਿਟਾਇੰਦਾ । ਤੀਜੇ ਮੰਗੇ ਨਾ ਕਿਸੇ ਕੋਲੋਂ ਮੰਗ, ਆਪਣੀ ਭਿਛਿਆ ਆਪਣੇ ਹੱਥ ਰਖਾਇੰਦਾ । ਚੌਥੇ ਵਜਾਏ ਨਾਮ ਮਰਦੰਗ, ਆਪਣਾ ਢੋਲਾ ਆਪੇ ਗਾਇੰਦਾ । ਪੰਚਮ ਆਪੇ ਜਾਣੇ ਆਪਣਾ ਪੰਧ, ਆਪਣਾ ਮਾਰਗ ਆਪੇ ਲਾਇੰਦਾ ।
੯੦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਟਿਕਾਇੰਦਾ । ਇਕ ਅਕੱਲਾ ਪੁਰਖ ਅਬਿਨਾਸ਼, ਦੂਸਰ ਸੰਗ ਨਾ ਕੋਈ ਰਖਾਈਆ । ਦੂਜਾ ਖੇਲੇ ਖੇਲ ਸਚ ਤਮਾਸ਼, ਘਰ ਸਾਚੇ ਰਚਨ ਰਚਾਈਆ । ਤੀਜੇ ਦੇਵੇ ਆਪਣਾ ਆਪ ਧਰਵਾਸ, ਆਪ ਆਪਣਾ ਸੰਗ ਰਖਾਈਆ । ੯੦
ਚੌਥੇ ਘਰ ਕਰ ਪ੍ਰਕਾਸ਼, ਆਪਣਾ ਦੀਪ ਕਰੇ ਰੁਸ਼ਨਾਈਆ । ਪੰਚਮ ਵਸੇ ਆਸ ਪਾਸ, ਦਰ ਸੁਹੰਜਣਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਸੋਹੇ ਇਕ ਦਵਾਰ, ਦਰ ਦਵਾਰਾ ਇਕ ਵਡਿਆਈਆ । ਸੋ ਪੁਰਖ ਨਿਰੰਜਨ ਇਕ ਅਕੱਲਾ, ਏਕਾ ਘਰ ਵਸਾਇਆ । ਹਰਿ ਪੁਰਖ ਨਿਰੰਜਨ ਦੂਜਾ ਰਲਾ, ਆਪ ਆਪਣਾ ਖੇਲ ਖਿਲਾਇਆ । ਏਕੰਕਾਰਾ ਫੜਿਆ ਪੱਲਾ, ਦਰ ਤੀਜੇ ਸੋਭਾ ਪਾਇਆ । ਆਦਿ ਨਿਰੰਜਨ ਨਿਰਗੁਣ ਬਾਤੀ ਆਪੇ ਬਲਾ, ਘਰ ਚੌਥੇ ਕਰ ਰੁਸ਼ਨਾਇਆ । ਸ੍ਰੀ ਭਗਵਾਨ ਵਸਣਹਾਰਾ ਨੇਹਚਲ ਧਾਮ ਅਟੱਲਾ, ਸਚਖੰਡ ਦਵਾਰਾ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਏਕਾ ਘਰ ਆਪ ਆਪਣਾ ਨਾਉਂ ਧਰਾਇਆ । ਪੰਚਮ ਮੀਤਾ ਪੰਚਮ ਜੋਗ, ਪੰਚਮ ਰਾਜ ਕਮਾਈਆ । ਪੰਚਮ ਸੁਣਾਏ ਸਚ ਸਲੋਕ, ਧੁਰ ਫ਼ਰਮਾਣਾ ਇਕ ਰਖਾਈਆ । ਸਾਚਾ ਹੁਕਮ ਨਾ ਸਕੇ ਕੋਈ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਾਚੇ ਘਰ, ਅਬਿਨਾਸ਼ੀ ਕਰਤਾ ਰਚਨ ਰਚਾਈਆ । ਪੰਚਮ ਜੋੜ ਜੋੜ ਜੁੜਾਇਆ, ਆਪ ਆਪਣਾ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਵੇਸ ਵਟਾਇਆ, ਪੰਚਮ ਮੁਖ ਖੁਲ੍ਹਾਇੰਦਾ । ਪਾਰਬ੍ਰਹਮ ਹਰਿ ਰੂਪ ਧਰ ਆਇਆ, ਨਿਰਗੁਣ ਆਪਣੀ ਕਲ ਵਰਤਾਇੰਦਾ । ਆਪਣੇ ਦਰ ਮਤਾ ਪਕਾਇਆ, ਆਪ ਆਪਣਾ ਹੁਕਮ ਸੁਣਾਇੰਦਾ । ਆਪਣੀ ਇਛਿਆ ਪੂਰ ਕਰਾਇਆ, ਸਾਚੀ ਭਿਛਿਆ ਇਕ ਵਖਾਇੰਦਾ । ਕੁਦਰਤ ਦੂਜੀ ਵੇਖਣ ਆਇਆ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਬ੍ਰਹਮਾ ਵਿਸ਼ਨ

ਸ਼ਿਵ ਤੀਜੇ ਤਿੰਨਾਂ ਸੇਵਾ ਲਾਇਆ, ਆਪ ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਤ੍ਰੈਗੁਣ ਮਾਇਆ ਬਣਤ ਬਣਾਇਆ, ਚੌਥੇ ਮੰਦਰ ਆਪ ਸੁਹਾਇੰਦਾ । ਪੰਜ ਤਤ ਜੋੜ ਜੁੜਾਇਆ, ਕਾਇਆ ਮਾਟੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਨ ਪੁਰਖ ਅਬਿਨਾਸ਼ਨ, ਆਪ ਆਪਣਾ ਆਸਣ ਲਾਇੰਦਾ । ਸੋ ਪੁਰਖ ਨਿਰੰਜਨ ਸਚ ਸਿੰਘਾਸਣ, ਹਰਿ ਨਰ ਸਾਚਾ ਸੋਭਾ ਪਾਈਆ । ਹਰਿ ਪੁਰਖ ਨਿਰੰਜਨ ਦਾਸੀ ਦਾਸਨ, ਆਪਣਾ ਨਾਉਂ ਧਰਾਈਆ । ਏਕੰਕਾਰਾ ਕਰੇ ਖੇਲ ਆਸ ਪਾਸਨ, ਸਚ ਵਿਚੋਲਾ ਰੂਪ ਵਟਾਈਆ । ਆਦਿ ਨਿਰੰਜਨ ਹਰਿ ਹੋ ਪ੍ਰਕਾਸ਼ਨ, ਸਚ ਮਸਾਲਚੀ ਨਾਉਂ ਧਰਾਈਆ । ਸ੍ਰੀ ਭਗਵਾਨ ਪਾਵੇ ਰਾਸਨ, ਆਪਣੀ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਸਹਿਜ ਸੁਖਦਾਈਆ । ਪੰਚਮ ਮੇਲਾ ਪੰਚਮ ਲਾਇਆ, ਪੰਚਮ ਵੱਜੀ ਵਧਾਈਆ । ਪੰਚਮ ਦਰ ਘਰ ਇਕ ਸੁਹਾਇਆ, ਘਰ ਸਾਚਾ ਇਕ ਵੇਖ ਵਖਾਈਆ । ਪੰਚਮ ਏਕਾ ਜੋਗ ਜਣਾਇਆ, ਪੰਚਮ ਇਕ ਪੜ੍ਹਾਈਆ । ਪੰਚਮ ਇਕ ਸਲੋਕ ਸੁਣਾਇਆ, ਪੰਚਮ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਦਏ ਸਮਝਾਈਆ । ਪੰਚਮ ਲੇਖਾ ਏਕਾ ਧਾਰ, ਹਰਿ ਆਪਣੀ ਬਣਤ ਬਣਾਇੰਦਾ । ਸੋ ਪੁਰਖ ਨਿਰੰਜਣ ਕਹੇ ਪੁਕਾਰ, ਹਰਿ ਪੁਰਖ ਨਿਰੰਜਣ ਨਾਲ ਰਲਾਇੰਦਾ । ਏਕੰਕਾਰਾ ਕਰ ਵਿਚਾਰ, ਆਦਿ ਨਿਰੰਜਨ ਆਪ ਉਠਾਇੰਦਾ । ਸ੍ਰੀ ਭਗਵਾਨ ਹੋ ਤਿਆਰ, ਪੰਚਾਂ ਜੋੜ ਜੁੜਾਇੰਦਾ । ਏਕਾ ਵਸੇ ਸਚ ਦਵਾਰ, ਸਚ ਮਹੱਲਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਡੇਰਾ ਲਾਇੰਦਾ । ਸ੍ਰੀ ਭਗਵਾਨ ਸਚ ਸੁਲਤਾਨ, ਸਾਚੀ ਦਏ ਸਲਾਹੀਆ । ਆਦਿ ਨਿਰੰਜਣ ਵੱਡ ਮਿਹਰਵਾਨ, ਮਿਹਰ ਮਿਹਰ ਵਿਚ ਟਿਕਾਈਆ । ਏਕੰਕਾਰਾ ਸਚ ਨਿਸ਼ਾਨ, ਸਾਚਾ ਰਿਹਾ ਵਖਾਈਆ । ਹਰਿ ਪੁਰਖ ਵਡ ਬਲਵਾਨ, ਸੂਰਬੀਰ ਨਾਉਂ ਧਰਾਈਆ । ਸੋ ਪੁਰਖ ਨਿਰੰਜਣ ਏਕਾ ਆਣ, ਏਕਾ ਲੇਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਈਆ । ਸੋ ਪੁਰਖ ਨਿਰੰਜਣ ਸਾਚਾ ਮੀਤ, ਹਰਿ ਪੁਰਖ ਨਿਰੰਜਣ ਦਏ ਸਲਾਹੀਆ । ਘਰ ਸਾਚੇ ਦੀ ਸਾਚੀ ਰੀਤ, ਏਕੰਕਾਰਾ ਵੇਖ ਵਖਾਈਆ । ਆਦਿ ਨਿਰੰਜਣ ਧਾਮ ਅਨਡੀਠ, ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਪਤਿਤ ਪੁਨੀਤ, ਆਪ ਆਪਣਾ ਨਾਉਂ ਧਰਾਈਆ । ਪੰਜਾਂ ਗਾਇਆ ਏਕਾ ਗੀਤ, ਸੁਰ ਤਾਲ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪੰਚਮ ਰਾਗ ਤਾਰ ਸਤਾਰ, ਏਕਾ ਏਕ ਮੁਖ ਸਲਾਹਿਆ । ਪੰਚਮ ਲੇਖਾ ਆਪਣਾ ਆਪੇ ਲਿਖ, ਆਪਣਾ ਮਤਾ ਪਕਾਇਆ । ਪੰਚਮ ਬਹਿ ਬਹਿ ਪਾਏ ਭਿਖ, ਹਰਿ ਝੋਲੀ ਅੱਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਪੰਚਮ ਮੇਲਾ ਸਾਚੀ ਬਣਤ, ਸਾਚੇ ਘਰ ਬਣਾਈਆ । ਆਪਣੀ ਮਹਿਮਾ ਲੇਖਾ ਅਗਣਤ, ਆਪਣੇ ਵਿਚ ਟਿਕਾਈਆ । ਆਪੇ ਆਦਿ ਆਪੇ ਅੰਤ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪੰਚਮ ਖੇਲ ਪੁਰਖ ਕਰਤਾਰਾ, ਹਰਿ ਆਪਣਾ ਆਪ ਕਰਾਇੰਦਾ । ਪੰਚਮ ਦੇਵੇ ਸਚ ਸਿਕਦਾਰਾ, ਸਾਚਾ ਦਰ ਸੁਹਾਇੰਦਾ । ਪੰਚਮ ਬੋਲ ਇਕ ਜੈਕਾਰਾ, ਧੁਰ ਫ਼ਰਮਾਣਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਜ ਬਣਤ ਆਪ ਵਖਾਇੰਦਾ । ਦਰ ਘਰ ਸਾਚੇ ਸਾਚਾ ਰਾਜ, ਹਰਿ ਸਾਚਾ ਆਪ ਬਣਾਈਆ । ਪੰਚਮ ਆਪਣਾ ਸਾਜਨ

੯੨

ਸਾਜ, ਪੰਚਮ ਕਰੇ ਸਲਾਹੀਆ । ਪੰਚਮ ਉਠਾਏ ਏਕਾ ਵਾਜ, ਏਕਾ ਰੂਪ ਦਰਸਾਈਆ । ਕਵਣ ਬਣੇ ਗਰੀਬ ਨਿਵਾਜ, ਜੋ ਨਿਉਂ ਨਿਉਂ ਸੀਸ ਝੁਕਾਈਆ । ਸਿਰ ਆਪਣੇ ਉਪਰ ਰੱਖੇ ਤਾਜ, ਸੇਵਕ ਹੋ ਹੋ ਸੇਵ ਕਮਾਈਆ । ਆਪਣੀ ਰੱਖੇ ਆਪੇ ਲਾਜ, ਲਾਜਾਵੰਤ ਨਾਉਂ ਧਰਾਈਆ । ਆਪਣਾ ਰਚੇ ਅਗੰਮੀ ਕਾਜ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਦਿਸ ਨਾ ਆਈਆ । ਪੰਚਮ ਘਰ ਮਤਾ ਪਕਾਇਆ । ਸੋ ਪੁਰਖ ਨਿਰੰਜਨ ਹਰਿ ਪੁਰਖ ਨਿਰੰਜਨ ਏਕੰਕਾਰਾ, ਆਦਿ ਨਿਰੰਜਨ ਸ੍ਰੀ ਭਗਵਾਨ ਮੇਲ ਮਿਲਾਇਆ । ਅਬਿਨਾਸ਼ੀ ਕਰਤਾ ਬਣੇ ਸਾਚਾ ਸੱਜਣ, ਘਰ ਸਾਚੇ ਸੋਭਾ ਪਾਇਆ । ਪਾਰਬ੍ਰਹਮ ਪ੍ਰਭ ਰੱਖੇ ਲੱਜਣ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਵਖਾਇਆ । ਸਚ ਘਰ ਸਾਚਾ ਆਪ ਸੁਹਾਏ, ਹਰਿ ਸਾਚੇ ਵਡ ਵਡਿਆਈਆ । ਸਾਚਾ ਤਾਜ ਇਕ ਬਣਾਏ, ਆਪਣਾ ਲੇਖਾ ਆਪ ਸਮਝਾਈਆ । ਪੰਜ ਦਸ ਵੰਡ ਵੰਡਾਏ, ਨੌ ਚਾਰ ਵੱਜੇ ਵਧਾਈਆ । ਤ੍ਰੈ ਤ੍ਰੈ ਲੇਖਾ ਆਪ ਜਣਾਏ, ਰੂਪ ਰੰਗ ਨਾ ਕੋਇ ਵਖਾਈਆ । ਪੰਚਮ ਮੁਖ ਆਪ ਸਾਲਾਹੇ, ਬੱਤੀ ਦੰਦ ਨਾ ਕੋਇ ਖੁਲ੍ਹਾਈਆ । ਨੇਤਰ ਨੈਣ ਨਾ ਕੋਈ ਪਰਗਟਾਏ, ਹੱਥ ਫੜ ਨਾ ਕੋਏ ਉਠਾਈਆ । ਨਿਰਗੁਣ ਨਿਰਗੁਣ ਸੀਸ ਟਿਕਾਏ, ਨਿਰਗੁਣ ਆਪਣੀ ਗੰਢ ਪਵਾਈਆ । ਸਾਚਾ ਰਾਜ ਆਪ ਕਮਾਏ, ਹਰਿ ਦਾਤਾ ਬੇਪਰਵਾਹੀਆ । ਸਚ ਤਖਤ ਸੁਲਤਾਨ ਬਹਿ ਬਹਿ ਆਪਣਾ ਜੋਗ ਵਖਾਏ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਸਾਚਾ ਤਾਜ ਰੱਖ ਸੀਸ, ਸੋ ਪੁਰਖ ਨਿਰੰਜਨ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਬਣ ਜਗਦੀਸ, ਆਪ ਆਪਣਾ ਸੀਸ ਝੁਕਾਇੰਦਾ । ਏਕੰਕਾਰਾ ਛਤਰ ਝੁਲਾਏ ਸੀਸ, ਆਪ ਆਪਣੀ ਸੇਵ ਲਗਾਇੰਦਾ । ਆਦਿ ਨਿਰੰਜਨ ਆਪ ਆਪਣਾ ਪੀਸਨ ਪੀਸ, ਆਪ ਆਪਣਾ ਬਲ ਧਰਾਇੰਦਾ । ਸ੍ਰੀ ਭਗਵਾਨ ਇਕ ਹਦੀਸ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਜ ਇਕ ਵਖਾਇੰਦਾ । ਸਾਚਾ ਤਾਜ ਤਖ਼ਤ ਸੁਲਤਾਨ, ਹਰਿ ਸਾਚਾ ਆਪ ਸੁਹਾਈਆ । ਪਹਿਲੇ ਘਰ ਹੋਇਆ ਮਿਹਰਵਾਨ, ਦੂਜੇ ਦਰ ਦਏ ਵਡਿਆਈਆ । ਤੀਜੇ ਘਰ ਹੋ ਪਰਧਾਨ, ਚੌਥਾ ਮੇਲਾ ਸਹਿਜ ਸੁਭਾਈਆ । ਪੰਚਮ ਵੇਖੇ ਨਾਮ ਨਿਸ਼ਾਨ, ਆਪ ਆਪਣਾ ਹੱਥ ਉਠਾਈਆ । ਆਪਣੀ ਰੱਖੇ ਆਪੇ ਆਣ, ਆਪਣੇ ਹੁਕਮ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤਖ਼ਤ ਬੈਠ ਸਾਚਾ ਰਾਜ ਕਮਾਈਆ । ਸਚ ਤਖ਼ਤ ਬੈਠ ਸਿਕਦਾਰਾ, ਸਾਚਾ ਹੁਕਮ ਸੁਣਾਇੰਦਾ । ਅਬਿਨਾਸ਼ੀ ਕਰਤਾ ਦਰ ਦਰਬਾਨਾ, ਦਰ ਦਵਾਰੇ ਸੋਭਾ ਪਾਇੰਦਾ । ਆਪੇ ਬਣਿਆ ਸਾਚਾ ਰਾਣਾ, ਆਪਣੀ ਰਯੀਅਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਦਰਵਾਜ਼ਾ, ਆਪਣੀ ਸੇਵ ਕਮਾਇੰਦਾ । ਖੇਲੇ ਖੇਲ ਗਰੀਬ ਨਿਵਾਜ਼ਾ, ਆਪਣਾ ਹੁਕਮ ਜਣਾਇੰਦਾ । ਪਾਰਬ੍ਰਹਮ ਹਰਿ ਸਾਜਨ ਸਾਜਾ, ਸਾਚਾ ਰੂਪ ਵਟਾਇੰਦਾ । ਆਪੇ ਬਹਿ ਬਹਿ ਮਾਰੇ ਵਾਜਾ, ਆਪੇ ਮੇਲ ਮਿਲਾਇੰਦਾ । ਆਪੇ ਰਚਿਆ ਆਪਣਾ ਕਾਜਾ, ਆਪੇ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਪਾਰਬ੍ਰਹਮ ਰੂਪ ਕਰਤਾਰਾ, ਆਪਣਾ ਆਪ ਵਟਾਈਆ । ਆਪੇ ਮੇਲਾ ਕੰਤ ਭਤਾਰਾ, ਆਪੇ ਸੇਜ ਹੰਢਾਈਆ । ਆਪੇ ਕਰੇ ਸਚ ਪਿਆਰਾ, ਆਪੇ

ਗਲੇ ਲਗਾਈਆ । ਆਪੇ ਬਖ਼ਸ਼ੇ ਸੁਤ ਦੁਲਾਰਾ, ਏਕਾ ਵਸਤ ਝੋਲੀ ਪਾਈਆ । ਆਪ ਵਖਾਏ ਸਚ ਭੰਡਾਰਾ, ਆਪ ਦਏ ਵਰਤਾਈਆ । ਸੋ ਪੁਰਖ ਨਿਰੰਜਨ ਖੇਲ ਅਪਾਰਾ, ਆਪ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਇਹ ਸਮਝਾਈਆ । ਪਾਰਬ੍ਰਹਮ ਘਰ ਦਰਬਾਰ, ਆਏ ਸਚ ਦਵਾਰਿਆ । ਤਖਤ ਬੈਠ ਸੱਚੀ ਸਰਕਾਰ, ਦੇਵੇ ਹਰਿ ਧੁਰ ਫ਼ਰਮਾਨਿਆ । ਤੇਰਾ ਮੇਰਾ ਇਕ ਪਿਆਰ, ਤੇਰਾ ਰੂਪ ਬਾਲ ਅੰਜਾਣਿਆ । ਤੇਰੀ ਵੰਡ ਸਰਬ ਸੰਸਾਰ, ਤੇਰੀ ਰਚਨਾ ਜਗਤ ਮਹਾਨਿਆ । ਮੇਰਾ ਤਾਜ ਤੇਰੀ ਦਸਤਾਰ, ਸੀਸ ਤੇਰਾ ਇਕ ਸੋਭਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਨਿਆ । ਪਾਰਬ੍ਰਹਮ ਕਰ ਨਿਮਸਕਾਰ, ਆਪਣੇ ਅੱਗੇ ਆਪੇ ਸੀਸ ਝੁਕਾਈਆ । ਆਪੇ ਦਾਤਾ ਸ਼ਾਹ ਸਿਕਦਾਰ, ਆਪੇ ਹੁਕਮ ਸੁਣਾਈਆ । ਆਪੇ ਬਣਿਆ ਚੋਬਦਾਰ, ਆਪਣੀ ਸੇਵ ਕਮਾਈਆ । ਆਪੇ ਬੋਲ ਸਚ ਜੈਕਾਰ, ਆਪੇ ਲਏ ਬੁਲਾਈਆ । ਆਪੇ ਵੰਡੇ ਵੰਡ ਅਪਰ ਅਪਾਰ, ਵੰਡਣਹਾਰਾ ਆਪ ਹੋ ਜਾਈਆ । ਆਪੇ ਪਾਰਬ੍ਰਹਮ ਕਰੇ ਪਿਆਰ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਸੁਹਾਇਆ, ਪਾਰਬ੍ਰਹਮ ਦਰ ਆਇਆ । ਸੋ ਪੁਰਖ ਨਿਰੰਜਨ ਹੁਕਮ ਸੁਣਾਇਆ । ਤਖ਼ਤ ਤਾਜ ਇਕ ਵਖਾਇਆ । ਇਕ ਦਰਬਾਰਾ ਆਪ ਉਪਾਇਆ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਜਣਾਇਆ । ਪਾਰਬ੍ਰਹਮ ਮੰਗੇ ਮੰਗ, ਸਚ ਦਵਾਰੇ ਝੋਲੀ ਡਾਹੀਆ । ਆਪੇ ਦਾਤਾ ਬਣ ਸਰਬੰਗ, ਵਡ ਦਾਨੀ ਨਾਉਂ ਧਰਾਈਆ । ਆਪ ਲਗਾਏ ਆਪਣੇ ਅੰਗ, ਆਪ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਵੇਖ ਵਖਾਈਆ । ਪਾਰਬ੍ਰਹਮ ਮੰਗੇ ਮੰਗ, ਆਪਣੀ ਝੋਲੀ ਅੱਗੇ ਡਾਹੀਆ । ਆਪਣਾ ਘਰ ਆਪੇ ਕਾਰਜ ਅਨੰਦ, ਅਨੰਦ ਅਨੰਦ ਵੱਜੇ ਵਧਾਈਆ । ਤੇਰਾ ਰੂਪ ਮੇਰਾ ਬੰਦ, ਏਕਾ ਏਕ ਹੋਏ ਕੁੜਮਾਈਆ । ਤੇਰਾ ਨਾਮ ਮੇਰਾ ਛੰਦ, ਮੇਰਾ ਛੰਦ ਤੇਰਾ ਨਾਮ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਝੋਲੀ ਪਾਈਆ । ਸੋ ਪੁਰਖ ਨਿਰੰਜਨ ਵਡ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਤੇਰੀ ਵੰਡ ਦੋ ਜਹਾਨਾਂ, ਕਰਨੀ ਕਰਤਾ ਆਪ ਕਰਾਇੰਦਾ । ਬ੍ਰਹਮ ਰੂਪ ਕਰ ਪਰਧਾਨਾ, ਸਰਗੁਣ ਸੰਗ ਨਿਭਾਇੰਦਾ । ਤਿੰਨ ਪੰਜ ਖੇਲ ਆਪ ਕਰਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਸਮਝਾਇੰਦਾ । ਪਾਰਬ੍ਰਹਮ ਉਠ ਲੈ ਅੰਗੜਾਈ, ਆਪ ਆਪਣਾ ਖੇਲ ਖਿਲਾਇਆ । ਤੇਰਾ ਹੁਕਮ ਰਿਹਾ ਬੁਝਾਈ, ਤੇਰਾ ਭਾਣਾ ਸੀਸ ਉਠਾਇਆ । ਆਪਣੀ ਹੱਥੀਂ ਲਿਖਦੇ ਵੱਡੇ ਸ਼ਹਿਨਸ਼ਾਹੀ, ਨਾ ਕੋਈ ਮੇਟੇ ਮੇਟ ਮਿਟਾਇਆ । ਕੋਈ ਨਾ ਰੱਖਣੀ ਕਲਮ ਛਾਹੀ, ਕਾਗਜ ਕੋਇ ਦਿਸ ਨਾ ਆਇਆ । ਤੇਰੇ ਨਾਉਂ ਲੇਖਾ ਬੇਪਰਵਾਹੀ, ਨਾ ਕੋਈ ਮੇਟੇ ਮੇਟ ਮਿਟਾਇਆ । ਪਾਰਬ੍ਰਹਮ ਘਰ ਬ੍ਰਹਮ ਜੰਮੇ ਚਾਈਂ ਚਾਈਂ, ਦਾਈ ਦਾਇਆ ਨਾ ਕੋਇ ਲਗਾਇਆ । ਸਦਾ ਸਦ ਰੱਖੇ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੀਸ ਤਾਜ ਆਪਣੀ ਹੱਥੀਂ ਫੜ, ਸਿਰ ਆਪਣੇ ਉਤੋਂ ਲਾਹਿਆ । ਹੱਥ ਫੜ ਤਾਜ ਨਿਰੰਕਾਰ, ਪਾਰਬ੍ਰਹਮ ਸਮਝਾਇੰਦਾ । ਏਕਾ ਏਕ ਕਰ ਆਕਾਰ, ਏਕੰਕਾਰਾ ਨਾਉਂ ਉਪਾਇੰਦਾ । ਊੜਾ ਅੱਖਰ ਖੇਲ ਅਪਾਰ, ਭੇਵ ਕਿਸੇ ਨਾ ਆਇੰਦਾ । ਐੜਾ ਅੱਖ ਇਕ ਉਘਾੜ,

ਆਪਣਾ ਰੂਪ ਵਟਾਇੰਦਾ । ਏਕਾ ਇਸ਼ਟ ਹਰਿ ਕਰਤਾਰ, ਈੜੀ ਮੁਖ ਸਲਾਹਿੰਦਾ । ਸੱਸਾ ਕਿਲਾ ਕਰ ਤਿਆਰ, ਹਰਿ ਸਾਚਾ ਬਣਤ ਬਣਾਇੰਦਾ । ਚੌਥਾ ਅੱਖਰ ਚਾਰ ਦੀਵਾਰ, ਚਾਰੋਂ ਕੁੰਟ ਰਖਾਇੰਦਾ । ਆਪ ਰਖਾਇਆ ਅੱਧ ਵਿਚਕਾਰ, ਤਾਜ ਮੁਖੀ ਮੁਖ ਸਲਾਹਿੰਦਾ । ਹੰ ਬ੍ਰਹਮ ਅੰਦਰ ਵਾੜ, ਪਾਰਬ੍ਰਹਮ ਤੇਰੀ ਗੋਦ ਬਹਾਇੰਦਾ । ਸੋਹੰ ਰੂਪ ਕਰ ਕਰਤਾਰ, ਆਪਣਾ ਲੇਖਾ ਆਪ ਲਿਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤ੍ਰੈਗੁਣ ਮਾਇਆ ਕਰ ਤਿਆਰ, ਲੱਖ ਚੁਰਾਸੀ ਤੇਰੀ ਝੋਲੀ ਪਾਇੰਦਾ । ਵਿਸ਼ਨੂੰ ਖੇਲ ਕਰੇ ਅਪਾਰ, ਸਿਰ ਸਿਰ ਰਿਜਕ ਸਬਾਇੰਦਾ । ਭਗਵਨ ਜੋਤ ਦਏ ਆਧਾਰ, ਘਟ ਘਟ ਦੀਵਾ ਆਪ ਜਗਾਇੰਦਾ । ਸ਼ੇਰ ਰੂਪ ਮਹਾਂਬਲੀ ਵਰਤੇ ਵਰਤਾਰ, ਵਿਚ ਸੰਸਾਰਾ ਸਿੰਘ ਆਪਣਾ ਨਾਉਂ ਉਪਾਇੰਦਾ । ਮਾਰਨਹਾਰਾ ਸਾਚੀ ਮਾਰ, ਦਿਸ ਕਿਸੇ ਨਾ ਆਇੰਦਾ । ਤੇਰਾ ਤੇਰੇ ਜਨ ਲਏ ਤਾਰ, ਸਾਚਾ ਰਾਜ ਕਮਾਇੰਦਾ । ਮਹਾਂ ਰਾਜ ਕਰੇ ਵਿਚ ਸੰਸਾਰ, ਮਹਾਰਾਜ ਆਪਣਾ ਨਾਉਂ ਧਰਾਇੰਦਾ । ਆਪਣਾ ਮਹੱਲਾ ਆਪੇ ਲਏ ਉਸਾਰ, ਆਪੇ ਵੇਖ ਵਖਾਇੰਦਾ । ਪਾਰਬ੍ਰਹਮ ਨੌ ਸੌ ਚੁਰਾਨਵੇ ਚੌਕੜੀ ਜੁਗ ਰਹਿਣਾ ਸੇਵਾਦਾਰ, ਅਗਲਾ ਪੰਧ ਫੇਰ ਵਖਾਇੰਦਾ । ਪਰਗਟ ਹੋ ਆਪ ਨਿਰੰਕਾਰ, ਤੇਰਾ ਲਹਿਣਾ ਮੂਲ ਚੁਕਾਇੰਦਾ । ਨਾਉਂ ਰੱਖ ਕਲਕੀ ਅਵਤਾਰ, ਆਪਣੀ ਕਲ ਵਰਤਾਇੰਦਾ । ਸੋਹੰ ਸ਼ਬਦ ਕਰ ਪਿਆਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਅਖਵਾਇੰਦਾ । ਸੀਸ ਰੱਖ ਤਾਜ ਦਸਤਾਰ, ਸਚਖੰਡ ਦਵਾਰਾ ਲੋਕਮਾਤ ਜਣਾਇੰਦਾ । ਆਪੇ ਲੇਖ ਲਿਖਣਹਾਰ, ਲੇਖਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਵੇਸ ਹਰਿ, ਪ੍ਰਿਥਮੀ ਆਕਾਸੀ ਖੇਲ ਖਿਲਾਇੰਦਾ ।



੦੯

## ❋ ੧ ਪੋਹ ੨੦੧੯ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ❋

ਹਰਿ ਪੁਰਖ ਨਿਰੰਜਨ ਸਾਜਣ ਸਾਜ, ਆਪਣੀ ਖੇਲ ਰਿਹਾ ਖਲਾਈਆ । ਚਾਰੋਂ ਕੁੰਟ ਨਿਰਗੁਣ ਸਰਗੁਣ ਰਿਹਾ ਭਾਜ, ਦਿਸ ਕਿਸੇ ਨਾ ਆਈਆ । ਪੰਜ ਤਤ ਕਰਾਏ ਘਰ ਘਰ ਨਾਚ, ਨਟੂਆ ਨਟ ਸਰਬ ਵਖਾਈਆ । ਬਿਨ ਗੁਰਮੁਖ ਪੱਲੇ ਨਾ ਦਿਸੇ ਕਿਸੇ ਸਾਚ, ਸਾਚਾ ਕਰਮ ਨਾ ਕੋਇ ਕਮਾਈਆ । ਪ੍ਰਭ ਅੰਤਮ ਖੋਲ੍ਹਣ ਆਇਆ ਸਭ ਦੇ ਪਾਜ, ਕਲਜੁਗ ਮੁਲੰਮਾ ਦਏ ਵਖਾਈਆ । ਸਿਰ ਰਹਿਣ ਨਾ ਦੇਵੇ ਕਿਸੇ ਦੇ ਤਾਜ, ਮਾਨ ਅਭਿਮਾਨ ਦਏ ਗਵਾਈਆ । ਨਾ ਕੋਈ ਦੀਸੇ ਰਾਜਨ ਰਾਜ, ਸ਼ਾਹੋ ਭੂਪ ਨਾ ਵਡ ਵਡਿਆਈਆ । ਬਿਨ ਹਰਿ ਭਗਤ ਨਾ ਰੱਖੇ ਕਿਸੇ ਦੀ ਲਾਜ, ਜੋ ਆਵੇ ਦਰ ਦੇਵੇ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਬੈਠਾ ਵੇਖ ਵਖਾਈਆ । ਆਪਣੀ ਕਰਨੀ ਆਪੇ ਕਰ, ਆਪਣਾ ਖੇਲ ਖਿਲਾਇੰਦਾ । ਆਪਣੀ ਵਰਨੀ ਆਪੇ ਵਰ, ਆਪੇ ਵੇਖ ਵਖਾਇੰਦਾ । ਆਪਣੀ ਤਰਨੀ ਆਪੇ ਤਰ, ਤਾਰਨਹਾਰਾ ਨਾਉਂ ਰਖਾਇੰਦਾ । ਗੁਰਮੁਖ ਵਿਰਲਾ ਸਰਨੀ ਜਾਏ ਪੜ, ਫੜ ਬਾਂਹੋਂ ਪਾਰ ਕਰਾਇੰਦਾ । ਦੂਸਰ ਹੱਥ ਨਾ ਕੋਇ ਸੀਸ ਧੜ, ਨੇਤਰ ਨੈਣ ਨਾ ਕੋਇ ਵਖਾਇੰਦਾ । ਤੋੜਨਹਾਰਾ ਹੰਕਾਰੀ ਗੜ, ਆਪ ਆਪਣਾ ਵੇਸ ਵਟਾਇੰਦਾ । ਜਗਤ ਵਿਕਾਰੀ ਲਿਆਏ ਫੜ ਫੜ, ਫੜਨਹਾਰਾ ਦਿਸ ਨਾ ਆਇੰਦਾ । ਉਚ ਮਹੱਲੇ ਆਪੇ ਚੜ, ਚਾਰ ਕੁੰਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਹਰਿ ਪੁਰਖ ਨਿਰੰਜਨ

ਗਹਿਰ ਗੰਭੀਰ, ਭੇਵ ਕੋਇ ਨਾ ਆਇੰਦਾ । ਬਿਨ ਹਰਿ ਭਗਤ ਨਾ ਬਦਲੇ ਕਿਸੇ ਦੀ ਤਕਸੀਰ, ਤਕਦੀਰ ਆਪਣੀ ਤਦਬੀਰ ਨਾ ਕਿਸੇ ਜਣਾਇੰਦਾ । ਗੁਰਮੁਖਾਂ ਕੱਟੇ ਜਗਤ ਜੰਜੀਰ, ਸਾਚੀ ਸਿਖ ਮਤ ਇਕ ਸਮਝਾਇੰਦਾ । ਵਡ ਦਾਤਾ ਹਰਿ ਪੀਰਨ ਪੀਰ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਮਾਇਆ ਮਮਤਾ ਕੱਟ ਜੰਜੀਰ, ਏਕਾ ਪੱਲੂ ਨਾਮ ਫੜਾਇੰਦਾ । ਏਕਾ ਰੂਪ ਵਖਾਏ ਹਸਤ ਕੀਟ, ਊਚ ਨੀਚ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਇੰਦਾ । ਕਿਸੇ ਹੱਥ ਨਾ ਆਏ ਹਰਿ ਭਗਵਾਨ, ਲਖ ਚੁਰਾਸੀ ਰਹੀ ਕੁਰਲਾਈਆ । ਭਰਮੇ ਭੁਲੇ ਜੀਵ ਨਾਦਾਨ, ਹਰਿ ਮਾਇਆ ਭਰਮ ਭੁਲਾਈਆ । ਜੂਠਾ ਝੂਠਾ ਫੜ ਨਿਸ਼ਾਨ, ਚਾਰੋਂ ਕੁੰਟ ਰਹੇ ਵਖਾਈਆ । ਕਰੇ ਖੇਲ ਹਰਿ ਮਹਾਨ, ਆਪ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਆਪਣੀ ਵੰਡ ਵੰਡਾਈਆ । ਇਕ ਅਕੱਲਾ ਏਕਾ ਵੰਡ, ਏਕੰਕਾਰਾ ਆਪ ਵੰਡਾਇੰਦਾ । ਖੇਲੇ ਖੇਲ ਵਿਚ ਬ੍ਰਹਿਮੰਡ, ਪਾਰਬ੍ਰਹਮ ਨਾਉਂ ਧਰਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਹਤਜ ਵੇਖ ਵਖਾਇੰਦਾ । ਲੱਖ ਚੁਰਾਸੀ ਭੇਖ ਪਖੰਡ, ਚਾਰੇ ਕੁੰਟ ਡੌਰੂ ਵਾਹਿੰਦਾ । ਮਨਮਤ ਨਾਰ ਦੁਹਾਗਣ ਰੰਡ, ਜੀਵ ਜੰਤ ਸਰਬ ਹੰਢਾਇੰਦਾ । ਹਰਿ ਹਰਿ ਮੀਤਾ ਇਕ ਅਤੀਤਾ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਆਪ ਬਦਲਾਇੰਦਾ । ਹਰਿ ਭਗਤ ਵਖਾਏ ਏਕਾ ਆਪਣੀ ਵੰਡ, ਕਲਜੁਗ ਅੰਤਮ ਆਪ ਵੰਡਾਇੰਦਾ । ਦੂਜੇ ਤੀਜੇ ਦੇਵੇ ਦੰਡ, ਚੌਥੇ ਪੱਲਾ ਨਾ ਕੋਇ ਫੜਾਇੰਦਾ । ਜੋਤੀ ਜੋਤ

੯੫ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਹਰਿ ਦਵਾਰਾ ਏਕੰਕਾਰਾ, ਏਕਾ ਵਸਤ ਟਿਕਾਈਆ । ਗੁਰਮੁਖ ੯੫

ਮੰਗੇ ਬਣ ਭਿਖਾਰਾ, ਸਾਚਾ ਨਾਮ ਝੋਲੀ ਪਾਈਆ । ਜਗਤ ਵਿਕਾਰਾ ਨਾ ਕੋਇ ਪਿਆਰਾ, ਤ੍ਰੈਗੁਣ ਦੇਵੇ ਦਰ ਦੁਰਕਾਈਆ । ਪੰਚਮ ਕਰੇ ਪੰਚ ਖ਼ੁਆਰਾ, ਘਰ ਬੈਠਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਨਾ ਕੋਇ ਵੰਡਾਈਆ । ਬਿਨ ਹਰਿ ਭਗਤ ਨਾ ਕੋਈ ਮੰਗੇ, ਹਰਿ ਕਾ ਦਵਾਰ ਨਜ਼ਰ ਨਾ ਆਈਆ । ਗੁਰਮੁਖ ਵਿਰਲਾ ਕਾਇਆ ਚੋਲੀ ਰੰਗੇ, ਜੋ ਆਏ ਚਲ ਸਰਨਾਈਆ । ਮਾਇਆ ਮਮਤਾ ਨੇੜ ਨਾ ਲੰਘੇ, ਜਿਸ ਮਿਲਿਆ ਸਤਿਗੁਰ ਪੂਰਾ ਬੇਪਰਵਾਹੀਆ । ਆਪੇ ਪਰਖੇ ਮਾੜੇ ਚੰਗੇ, ਅਭੁਲ ਗੁਰੂ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਖੇਲਣਹਾਰਾ ਹਰਿ ਮਿਹਰਵਾਨਾ, ਆਪਣੀ ਕਲ ਵਰਤਾਇੰਦਾ । ਜਨ ਭਗਤਾਂ ਦੇਵੇ ਧੁਰ ਫ਼ਰਮਾਨਾ, ਏਕਾ ਬੂਝ ਬੁਝਾਇੰਦਾ । ਸ਼ਬਦ ਅਗੰਮੀ ਨਾਦ ਤਰਾਨਾ, ਧੁਨ ਆਤਮਕ ਆਪ ਸੁਣਾਇੰਦਾ । ਸ਼ਾਹੋ ਭੂਪ ਵਡ ਰਾਜਾ ਰਾਣਾ, ਏਕਾ ਹੁਕਮ ਚਲਾਇੰਦਾ । ਲਖ ਚੁਰਾਸੀ ਵੇਖੇ ਮਾਰ ਧਿਆਨਾ, ਨਿਰਗੁਣ ਆਪਣਾ ਵੇਸ ਧਰਾਇੰਦਾ । ਸਰਗੁਣ ਕਰੇ ਸਚ ਪਛਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਜੋਤ ਅਧਾਰਾ ਏਕੰਕਾਰਾ, ਅਕਲ ਕਲਾ ਅਖਵਾਇਆ । ਵੰਡੇ ਵੰਡ ਵਿਚ ਸੰਸਾਰਾ, ਏਕਾ ਦੂਜਾ ਭੌ ਚੁਕਾਇਆ । ਚਾਰ ਵਰਨਾਂ ਕਰੇ ਇਕ ਪਿਆਰਾ, ਦੂਸਰ ਧੜ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਆਪਣੀ ਭਿਛਿਆ ਝੋਲੀ ਪਾਇਆ । ਸਾਚੀ ਭਿਛਿਆ ਨਾਮ ਕਰਤਾਰ, ਹਰਿ ਪੁਰਖ ਨਿਰੰਜਨ ਆਪ ਵਰਤਾਇੰਦਾ । ਬਿਨ ਹਰਿ ਕੋਇ ਨਾ ਪਾਵੇ ਸਾਰ, ਗੁਰਮੁਖ ਸਾਚੇ ਆਪ ਜਗਾਇੰਦਾ । ਚਰਨ ਕਵਲ ਕਰਾਏ ਇਕ

ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਧਰਨੀ ਧਰਤ ਧਵਲ ਦਏ ਸਹਾਰ, ਆਕਾਸ਼ ਪ੍ਰਕਾਸ਼ ਦਇਆ ਕਮਾਇੰਦਾ । ਨਿਜ ਆਤਮ ਨਿਜ ਘਰ ਨਿਜ ਰੂਪ ਕਰ ਕਰ ਵਾਸ, ਨੇਤਰ ਨੈਣ ਇਕ ਖੁਲਾਇੰਦਾ । ਪ੍ਰਭ ਅਬਨਾਸ਼ੀ ਰਾਹ ਤੱਕਣ ਲੱਖ ਆਕਾਸਾ ਆਕਾਸ, ਕੋਟਨ ਕੋਟ ਚਰਨਾਂ ਹੇਠ ਦਬਾਇੰਦਾ । ਬਿਨ ਭਗਤ ਦੂਸਰ ਕਿਸੇ ਹੋਏ ਨਾ ਵਸ, ਹੱਥੋਂ ਹੱਥ ਨਾ ਕੋਏ ਫੜਾਇੰਦਾ । ਆਪਣੀ ਚਾਲ ਨਿਰਾਲੀ ਆਪੇ ਦੱਸ, ਆਪੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੂਸਰ ਵੰਡ ਨਾ ਕੋਏ ਰਖਾਇੰਦਾ । ਨਾ ਕੋਈ ਵੰਡ ਨਾ ਕੋਈ ਹਿੱਸਾ, ਆਦਿ ਜੁਗਾਦਿ ਨਾ ਹਰਿ ਵੰਡਾਇੰਦਾ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਨਵ ਖੰਡ ਜੋਤ ਸਰੂਪੀ ਏਕੋ ਦਿਸਾ, ਦੂਸਰ ਨੂਰ ਨਾ ਕੋਏ ਵਖਾਇੰਦਾ । ਏਕੰਕਾਰਾ ਨਿਰਾਕਾਰਾ ਕਰ ਪਸਾਰਾ ਏਕਾ ਤਾਜ ਰਖਾਏ ਸੀਸਾ, ਜਗਤ ਜਗਦੀਸਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਖੇਲ ਖਿਲਾਰੀ ਹਰਿ ਭਗਵੰਤ, ਆਦਿ ਅੰਤ ਭੇਵ ਨਾ ਰਾਇਆ । ਵੇਸ ਅਵੱਲਾ ਜੁਗਾ ਜੁਗੰਤ, ਜੁਗ ਕਰਤਾ ਆਪ ਕਰਾਇਆ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਆਪਣਾ ਭੇਵ ਮਿਟਾਇਆ । ਜੋ ਜਨ ਆਏ ਦਰ ਸਾਚਾ ਮੰਗਤ, ਏਕਾ ਭਿਛਿਆ ਦੇਵੇ ਝੋਲੀ ਪਾਇਆ । ਕਰ ਕਿਰਪਾ ਰਲਾਏ ਸਾਚੀ ਸੰਗਤ, ਕੋਟਨ ਕੋਟ ਜਨਮ ਰਾਜ ਭੋਗੀ ਭੋਗ ਲੇਖਾ ਲੇਖ ਨਾ ਕਿਸੇ ਮੁਕਾਇਆ । ਹਰਿਜਨ ਮੇਲੇ ਮੇਲ ਮਿਲਾਵਾ ਧੁਰ ਸੰਜੋਗ, ਘਰ ਸਾਚਾ ਇਕ ਸੁਹਾਇਆ । ਪਹਿਲਾਂ ਕੱਟੇ ਹਉਮੇ ਰੋਗ, ਦੂਜਾ ਮੰਤਰ ਨਾਮ ਦ੍ਰਿੜਾਇਆ । ਤੀਜਾ ਚੁੱਕੇ ਹਰਖ ਸੋਗ, ਚੌਥੇ ਘਰ ਵੱਜੇ ਵਧਾਇਆ । ਪੰਚਮ ਦੇਵੇ ਦਰਸ ਅਮੋਘ, ਸਵਛ ਸਰੂਪੀ ਰੂਪ ਵਟਾਇਆ । ਗੁਰਸਿਖ ਤੇਰਾ ਰਾਹ ਤੱਕਣ ਤਿੰਨੇ ਲੋਕ, ਚੌਦਾਂ ਹੱਟ ਰਹੇ ਮੂੰਹ ਉਠਾਇਆ । ਜਗਤ ਵਡਿਆਈ ਨਾ ਦੇਵੇ ਕਿਸੇ ਮੋਖ, ਨਾ ਕੋਈ ਬੇੜਾ ਬੰਨੇ ਲਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬਿਨ ਸਤਿਗੁਰ ਪੂਰੇ ਜੀਵਾਂ ਜੰਤਾਂ ਧਰਮ ਰਾਏ ਭਠਿਆਲੇ ਦੇਵੇ ਝੋਕ, ਨਾ ਸਕੇ ਕੋਈ ਬਚਾਇਆ । ਬਿਨ ਗੁਰਮੁਖ ਸਚ ਨਾ ਬੋਲੇ ਕੋਈ ਸਲੋਕ, ਸ਼ਾਹ ਸੁਲਤਾਨ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਜੋ ਜਨ ਆਏ ਚਲ ਦਵਾਰ, ਮੰਗੇ ਹਰਿ ਸਚੀ ਸਰਨਾਈਆ । ਦੁਰਮਤ ਮੈਲ ਦਏ ਉਤਾਰ, ਅੰਮ੍ਰਿਤ ਸਾਚਾ ਜਾਮ ਪਿਆਈਆ । ਕਾਗ ਰਲਾਏ ਹੰਸਾ ਡਾਰ, ਕਾਗੀ ਕਾਗ ਨਾ ਵਿਸ਼ਟਾ ਖਾਈਆ । ਮਾਨਸ ਜਨਮ ਦਏ ਸੁਧਾਰ, ਲਖ ਚੁਰਾਸੀ ਫੰਦ ਕਟਾਈਆ । ਝੂਠਾ ਤੋੜ ਗੜ ਹੰਕਾਰ, ਹਰਿ ਸੰਗਤ ਦਏ ਮਿਲਾਈਆ । ਜਗਤ ਨਾ ਦਿਸੇ ਕੋਈ ਉਚ ਦਰਬਾਰ, ਜੋ ਬੇੜਾ ਬੰਨੇ ਲਾਈਆ । ਸੇਵਕ ਸੇਵਾ ਕਰਨੀ ਚਾਹੇ ਵਿਚ ਸੰਸਾਰ, ਗੁਰ ਚਰਨ ਸੇਵ ਵੱਡੀ ਵਡਿਆਈਆ । ਅੰਤਮ ਦਰ ਦਰ ਮੰਗਦੇ ਫਿਰਨ ਭਿਖਾਰ, ਸ਼ਾਹ ਸੁਲਤਾਨ ਘਰ ਘਰ ਫੇਰਾ ਪਾਈਆ । ਗੁਰਮੁਖ ਸਾਚੇ ਚਤਰ ਸੁਜਾਨ, ਦਰ ਘਰ ਸਾਚੇ ਬੈਠੇ ਆਸਣ ਲਾਈਆ । ਜਿਸ ਜਨ ਮਿਲਿਆ ਹਰਿ ਭਗਵਾਨ, ਦੂਸਰ ਰਾਹ ਨਾ ਕੋਏ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਬਿਨ ਹਰਿ ਭਗਤ ਨਾ ਦੇਵੇ ਵਰ, ਕੋਟਨ ਕੋਟ ਰਹੇ ਬਿਲਲਾਈਆ । ਬਿਨ ਗੁਰਸਿਖ ਨਾ ਜਾਏ ਕਿਸੇ ਦੇ ਦਰ, ਦੂਜਾ ਦਰ ਨਾ ਮੰਗਣ ਜਾਈਆ । ਬਿਨ ਹਰਿ ਭਗਤ ਨਾ ਨਹਾਏ ਕਿਸੇ ਸਰ, ਸਰ ਸਰੋਵਰ ਨਾ ਕੋਇ ਜਣਾਈਆ । ਆਦਿ ਜੁਗਾਦੀ ਇਕ ਅਕੱਲਾ ਏਕੰਕਾਰਾ ਆਪ ਨਾ ਰੱਖੇ ਕਿਸੇ ਦਾ ਡਰ, ਸ੍ਰਿਸ਼ਟ ਸਬਾਈ ਭੈ ਵਖਾਈਆ । ਕਾਇਆ ਮਾਟੀ ਪੰਜ ਤਤ ਪਹਿਲੇ ਲਏ ਘੜ, ਜੀਵ ਜਹਾਨਾ ਨਾਮ

੯੬

ਧਰਾਈਆ । ਕਲਜੁਗ ਕਲੰਦਰ ਡੋਰੀ ਬੈਠਾ ਫੜ, ਦਿਵਸ ਰੈਣ ਰਿਹਾ ਖਿਚਾਈਆ । ਇਕ ਦੂਜੇ ਨਾਲ ਰਹੇ ਲੜ, ਗੁਰ ਗੋਬਿੰਦ ਮਿਲਿਆ ਕਿਸੇ ਨਾ ਸੱਚਾ ਮਾਹੀਆ । ਆਪਣੇ ਪੈਰਾਂ ਉਤੇ ਸਕੇ ਕੋਈ ਨਾ ਖੜ, ਧਰਮ ਧੀਰ ਨਾ ਕੋਈ ਵਖਾਈਆ । ਕਲਜੁਗ ਅੰਤਮ ਸਾਰੇ ਜਾਣੇ ਝੜ, ਪ੍ਰਭ ਆਪੇ ਝਾੜ ਵਖਾਈਆ । ਪੁਰਖ ਅਕਾਲ ਦੀਨ ਦਿਆਲ ਗੁਰਮੁਖ ਫੜਾਇਆ ਲੜ, ਨਾ ਸਕੇ ਕੋਈ ਛੁਡਾਈਆ । ਲੋਕਮਾਤ ਹਰਿ ਮਾਰਨ ਨਾ ਦੇਵੇ ਕਿਸੇ ਤੜ, ਆਪਣੀ ਖੇਲ ਆਪ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸਾਚੇ ਚਤਰ ਸੁਜਾਨ, ਹਰਿ ਸਾਚਾ ਸਹਿਜ ਸਭਾਈਆ । ਦੇਵਣਹਾਰਾ ਆਤਮ ਗਿਆਨ, ਆਤਮ ਅੰਤਰ ਇਕ ਬੁਝਾਈਆ । ਕਲਜੁਗ ਲੜਨ ਪੰਜ ਸ਼ੈਤਾਨ, ਦੂਰ ਦੁਰਾਡੇ ਬੈਠੇ ਵੇਖਣ ਲੜਾਈਆ । ਤੇਰੇ ਹੱਥ ਫੜਾਇਆ ਸਚ ਨਿਸ਼ਾਨ, ਪ੍ਰਭ ਸਾਚਾ ਸੰਗ ਨਿਭਾਈਆ । ਪ੍ਰਗਟ ਹੋਇਆ ਵਾਲੀ ਦੋ ਜਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸੇਵਾ ਇਕ ਸਮਝਾਈਆ । ਸਾਚੀ ਸੇਵਾ ਹਰਿ ਚਰਨ, ਗੁਰ ਸਤਿਗੁਰ ਮੇਲ ਮਿਲੰਨਿਆ । ਖੇਲ੍ਹਣਹਾਰਾ ਹਰਨ ਫਰਨ, ਦੇਵੇ ਪ੍ਰਕਾਸ਼ ਆਤਮ ਅੰਨ੍ਹਿਆ । ਕਲਜੁਗ ਜੀਵ ਮਰਨੀ ਮਰਨ, ਵੇਲੇ ਅੰਤ ਸਭ ਨੂੰ ਡੰਨਿਆ । ਗੁਰਮੁਖ ਸਾਚੇ ਸਾਚੀ ਤਰਨੀ ਤਰਨ, ਲੋਕਮਾਤ ਚੜ੍ਹੇ ਸਾਚਾ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੇੜਾ ਆਪ ਬੰਨਿਆ । ਬੇੜਾ ਬੰਨ ਹਰਿ ਕਰਤਾਰ, ਲੋਕਮਾਤ ਰਿਹਾ ਚਲਾਈਆ । ਜੋਤ ਸਰੂਪੀ ਜਾਮਾ ਧਾਰ, ਅਕਲ ਕਲ ਆਪ ਵਰਤਾਈਆ । ਕਾਲਖ ਟਿੱਕਾ ਮਸਤਕ ਧਾਰ, ਧੂੜੀ ਚਰਨ ਨਾ ਕਿਸੇ ਵਿਖਾਈਆ । ਮਾਨਸ ਮਨੁਖ ਗਏ ਹਾਰ, ਮਾਇਆ ਮਮਤਾ ਹੋਏ ਹਲਕਾਈਆ । ਸਚ ਨਾ ਦਿਸੇ ਕੋਈ ਦਰਬਾਰ, ਆਪਣੇ ਹਿਸੇ ਵੰਡ ਵੰਡਾਈਆ । ਜਿਸ ਮਿਲਿਆਂ ਹੋਏ ਨਾਨਕ ਗੁਰ ਗੁਰ ਅਵਤਾਰ, ਉਚੀ ਕੂਕ ਨਾ ਦਏ ਸੁਣਾਈਆ । ਪ੍ਰਭ ਫੜ ਫੜ ਮਾਰੇ ਸਭ ਨੂੰ ਮਾਰ, ਜੋ ਭੁੱਲੇ ਪਾਂਧੀ ਰਾਹੀਆ । ਸਿਰ ਬੰਨ ਜਗਤ ਦਸਤਾਰ, ਗੁਰ ਗੋਬਿੰਦ ਦਰਸ ਨਾ ਪਾਈਆ । ਨਾ ਓਹ ਸਿੱਖ ਨਾ ਮਨੁਖ ਨਾ ਓਹ ਨਾਰ, ਹੇਜੜਾ ਰੂਪ ਵਟਾਈਆ । ਕਲਜੁਗ ਅੰਤਮ ਬਾਂਝ ਦਿਸੇ ਪ੍ਰਵਾਰ, ਪੂਤ ਸਪੂਤ ਨਾ ਕੋਈ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣੀ ਖੇਲ ਖਿਲਾਈਆ । ਸੂਰਾ ਸਿੱਖ ਸੋ ਜਾਣੀਏ, ਜਿਸ ਮਿਲਿਆ ਗੋਬਿੰਦ ਸੂਰ । ਸੂਰਾ ਸਿੱਖ ਪਹਿਚਾਨੀਏ, ਜਿਸ ਆਤਮ ਅੰਦਰ ਹਰਿ ਕਾ ਨਾਮ ਭੰਡਾਰਾ ਭਰਪੂਰ । ਸੂਰਾ ਸਿੱਖ ਸੋ ਵਖਾਨੀਏ, ਜਿਸ ਅੱਗੇ ਸਤਿਗੁਰ ਪੂਰਾ ਹਾਜਰ ਹਜ਼ੂਰ । ਗੁਰਸਿਖ ਸੋ ਚਤਰ ਸੁਘੜ ਸਿਆਨੀਏ, ਜਿਸ ਜਨ ਪੈਂਡਾਂ ਮੁਕਿਆ ਨੇੜੇ ਦੂਰ । ਤਿਸ ਗੁਰ ਗੁਰਸਿਖ ਕਾ ਦਰਸ ਨਾ ਪਾਨੀਏ, ਜਿਸ ਮਿਲਿਆ ਨਾ ਹਰਿ ਗਫ਼ੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਬਿਨੰਤੀ ਕਰੇ ਮਨਜ਼ੂਰ । ਹਰਿ ਬਿਨੰਤੀ ਹਰਿਜਨ ਪਾਸ, ਹਰਿ ਹਰਿਜਨ ਆਪ ਸਮਝਾਈਆ । ਸਤਿਗੁਰ ਤੇਰਾ ਦਾਸੀ ਦਾਸ, ਪੁਰਖ ਅਕਾਲ ਤੇਰੀ ਸੇਵ ਕਮਾਈਆ । ਜਗਤ ਤ੍ਰਿਸ਼ਨਾ ਤੇਰੀ ਬੁਝੇ ਪਿਆਸ, ਗੁਰੂ ਦਵਾਰ ਗੁਰਚਰਨ ਸੀਸ ਸਰਨਾਈਆ । ਜੋ ਦੀਸੇ ਸੋ ਹੋਏ ਵਿਨਾਸ਼, ਥਿਰ ਕੋਇ ਰਹਿਣ ਨਾ ਪਾਈਆ । ਮਹੱਲ ਅਟੱਲ ਵਸੇ ਜੰਗਲ ਜੂਹ ਹਰਿ ਪ੍ਰਭਾਸ, ਜਲ ਥਲ ਵਿਚ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪ੍ਰਵਾਹੀਆ । ਗੁਰਸਿਖ ਸੰਗ ਗੁਰਸਿਖ ਉਧਰੇ, ਗੁਰਸਿਖ ਸਿੱਖ ਸਮਝਾਇੰਦਾ । ਗੁਰਸਿਖ ਸੰਗ ਮਾਨਸ ਜਨਮ ਸੁਧਰੇ, ਜਨਮ ਮਰਨ ਫੰਦ ਕਟਾਇੰਦਾ ।


੬੭

ਗੁਰਸਿਖ ਸੰਗ ਗੁਰਸਿਖ ਕਦੇ ਨਾ ਉਜੜੇ, ਕਾਇਆ ਖੇੜਾ ਆਪ ਵਸਾਇੰਦਾ । ਗੁਰਸਿਖ ਸੰਗ ਗੁਰਸਿਖ ਵਸਲ ਕਰੇ ਏਕਾ ਹੁਜਰੇ, ਸਚ ਮਹਿਰਾਬ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇੰਦਾ । ਸਗਲਾ ਸੰਗੀ ਹਰਿ ਹਰਿ ਮੀਤਾ, ਪਾਰਬ੍ਰਹਮ ਰੂਪ ਕਰਤਾਰਾ । ਆਦਿ ਜੁਗਾਦੀ ਇਕ ਅਤੀਤਾ, ਨਿਰਗੁਣ ਸਰਗੁਣ ਖੇਲ ਅਪਾਰਾ । ਜੁਗਾ ਜੁਗੰਤਰ ਆਪ ਚਲਾਏ ਆਪਣੀ ਰੀਤਾ, ਲੋਕਮਾਤ ਲੈ ਅਵਤਾਰਾ । ਆਪੇ ਠੰਡਾ ਆਪੇ ਸੀਤਾ, ਆਪੇ ਅਗਨੀ ਤਤ ਵਰਤਾਰਾ । ਆਪੇ ਹਸਤ ਆਪੇ ਕੀਟਾ, ਆਪੇ ਊਚ ਨੀਚ ਗਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਰਤੇ ਆਪ ਵਰਤਾਰਾ । ਹਰਿ ਵਰਤਾਰਾ ਹਰਿ ਹੀ ਜੇਹਾ, ਦੂਸਰ ਰੰਗ ਨਾ ਕੋਇ ਵਖਾਈਆ । ਗੁਰਮੁਖਾਂ ਲਾਏ ਸਾਚਾ ਨੇਂਹਾ, ਲੱਗਾ ਨੇਹੋਂ ਨਾ ਤੋੜ ਤੁੜਾਈਆ । ਅੰਮ੍ਰਿਤ ਬਰਸੇ ਸਾਚਾ ਮੇਂਹਾ, ਮੇਘਲਾ ਬੈਠਾ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ, ਚਾਲ ਨਿਰਾਲੀ ਇਕ ਰਖਾਈਆ । ਚਾਲ ਨਿਰਾਲੀ ਜੋਤ ਅਕਾਲੀ, ਹਰਿ ਆਪਣੀ ਖੇਲ ਖਿਲਾਇੰਦਾ । ਸ਼ਬਦ ਅਗੰਮੀ ਸਚ ਦਲਾਲੀ, ਜਨ ਭਗਤਾਂ ਸੇਵ ਕਮਾਇੰਦਾ । ਪੁਰਖ ਅਗੰਮਾ ਆਪੇ ਫਿਰੇ ਹੱਥਾਂ ਖਾਲੀ, ਦੋ ਜਹਾਨਾਂ ਫੇਰਾ ਪਾਇੰਦਾ । ਲੱਖ ਚੁਰਾਸੀ ਤੇਰਾ ਮਾਲੀ, ਬੂਟਾ ਬੂਟਾ ਵੇਖ ਵਖਾਇੰਦਾ । ਨਿਰਗੁਣ ਸਰਗੁਣ ਬਣਿਆ ਪਾਲੀ, ਪਾਲਣਹਾਰਾ ਨਾਉਂ ਧਰਾਇੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲੀ, ਜਾਗਰਤ ਜੋਤ ਇਕ ਵਖਾਇੰਦਾ । ਵੇਖਣਹਾਰਾ ਪੱਤ ਡਾਲੀ, ਫੁਲ ਫੁਲਵਾੜੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਰੰਗ ਰੰਗੀਲਾ ਹਰਿ ਭਗਵਾਨ, ਪਾਰਬ੍ਰਹਮ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਨ ਸਚ ਨਿਸ਼ਾਨ, ਘਰ ਸਾਚੇ ਆਪ ਉਠਾਇੰਦਾ । ਹਰਿ ਪੁਰਖ ਨਿਰੰਜਨ ਖੇਲ ਮਹਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਏਕੰਕਾਰਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਆਦਿ ਨਿਰੰਜਨ ਜੋਤ ਵਖਾਨ, ਨੂਰੋ ਨੂਰ ਉਪਾਇੰਦਾ । ਸ੍ਰੀ ਭਗਵਾਨ ਸਚ ਮਕਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਅਬਨਾਸ਼ੀ ਕਰਤਾ ਇਕ ਧਿਆਨ, ਦਰ ਏਕਾ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਬ੍ਰਹਮ ਆਪਣਾ ਰੂਪ ਵਟਾਇੰਦਾ । ਵਿਸ਼ਨ ਸ਼ਿਵ ਜਗਤ ਨਿਸ਼ਾਨ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਸਤਿ ਸਰੂਪੀ ਧੁਰ ਫ਼ਰਮਾਨ, ਏਕਾ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਉਪਾਇੰਦਾ । ਸੋ ਪੁਰਖ ਨਿਰੰਜਨ ਸਾਚਾ ਲੇਖਾ, ਆਪਣਾ ਆਪ ਕਰਾਈਆ । ਹਰਿ ਪੁਰਖ ਨਿਰੰਜਨ ਨਾ ਕੋਈ ਦਾੜ੍ਹੀ ਦਿਸੇ ਕੇਸਾ, ਮੂੰਡ ਮੁੰਡਾਏ ਨਾ ਕੋਇ ਵਖਾਈਆ । ਏਕੰਕਾਰਾ ਨਰ ਨਰੇਸ਼ਾ, ਨਿਰਗੁਣ ਆਪਣਾ ਨਾਉਂ ਉਪਾਈਆ । ਆਦਿ ਨਿਰੰਜਨ ਜੋਤ ਪਰਵੇਸਾ, ਜੋਤੀ ਜੋਤ ਵਿਚ ਟਿਕਾਈਆ । ਸ੍ਰੀ ਭਗਵਾਨ ਆਪਣਾ ਰੂਪ ਆਪੇ ਪੇਖਾ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਘਰ ਮੇਲ ਮਿਲਾਇਆ, ਘਰ ਸਾਚਾ ਇਕ ਸੁਹਾਇੰਦਾ । ਨਿਰਗੁਣ ਨਿਰਗੁਣ ਵਿਚ ਟਿਕਾਇਆ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਨਿਰਗੁਣ ਆਸਣ ਸੇਜਾ ਲਾਇਆ, ਨਿਰਗੁਣ ਨਿਰਗੁਣ ਤਖਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਦਰ ਸੁਹੰਜਣਾ ਨਿਰਗੁਣ ਧਾਰ, ਨਿਰਗੁਣ ਆਪਣੀ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਸੁਹਾਏ ਸਚ ਦਵਾਰ, ਆਦਿ

ਨਿਰੰਜਨ ਵਡ ਵਡਿਆਇੰਦਾ । ਸ੍ਰੀ ਭਗਵਾਨ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਸੀਸ ਤਾਜ ਇਕ ਦਸਤਾਰ, ਆਪ ਆਪਣੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁਖ ਆਪ ਉਪਾਇੰਦਾ । ਪੰਚਮ ਮੁਖ ਪੰਚਮ ਤਾਜਾ, ਹਰਿ ਰੂਪ ਰੇਖ ਨਾ ਕੋਇ ਜਣਾਈਆ । ਪੰਚਮ ਨਿਰਗੁਣ ਸਾਜਣ ਸਾਜਾ, ਆਪ ਆਪਣਾ ਵੇਖ ਵਖਾਈਆ । ਪੰਚਮ ਰੱਖੇ ਆਪਣੀ ਲਾਜਾ, ਘਰ ਸਾਚੇ ਵਡ ਵਡਿਆਈਆ । ਪੰਚਮ ਨਾਉਂ ਰੱਖ ਗਰੀਬ ਨਿਵਾਜਾ, ਆਪ ਆਪਣੀ ਦਯਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਰਗੁਣ ਸਰਗੁਣ ਸਾਚੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਘਟ ਮੰਦਰ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਸੰਤ ਸੁਹੇਲੇ ਕਰ ਪਿਆਰ, ਭਗਤ ਭਗਤੀ ਮੇਲ ਮਿਲਾਇੰਦਾ । ਗੁਰ ਚੇਲੇ ਵੇਖੇ ਇਕ ਦਵਾਰ, ਹਰਿ ਮੰਦਰ ਆਪ ਸੁਹਾਇੰਦਾ । ਅੰਦਰ ਮੰਦਰ ਡੂੰਘੀ ਗਾਰ, ਕਾਇਆ ਕੰਦਰ ਫੋਲ ਫੋਲਾਇੰਦਾ । ਤੋੜੇ ਜੰਦਰ ਗੜ੍ਹ ਹੰਕਾਰ, ਸਾਚਾ ਖੰਡਾ ਨਾਮ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਇਕੱਲਾ, ਏਕੰਕਾਰਾ ਆਪ ਕਰਾਈਆ । ਵਸਣਹਾਰਾ ਜਲਾਂ ਥਲਾਂ, ਜਲ ਥਲ ਮਹੀਅਲ ਡੇਰਾ ਲਾਈਆ । ਲਖ ਚੁਰਾਸੀ ਕਰ ਪਸਾਰਾ, ਘਟ ਘਟ ਅੰਦਰ ਵੇਖ ਵਖਾਈਆ । ਆਦਿ ਜੁਗਾਦੀ ਇਕ ਅਵਤਾਰਾ, ਗੁਰ ਸਤਿਗੁਰ ਨਾਉਂ ਧਰਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਹਕਲੰਕਾ ਨਾਉਂ ਰਖਾਈਆ । ਨਾਮ ਖੰਡਾ ਤੇਜ ਕਟਾਰਾ, ਸ਼ਬਦੀ ਸ਼ਬਦ ਚਮਕਾਈਆ । ਪਰਗਟ ਹੋ ਵਿਚ ਸੰਸਾਰਾ, ਵੀਹ ਸਦ ਸੋਲਾਂ ਬਿਕ੍ਰਮੀ ਦਏ ਵਡਿਆਈਆ । ਉਚੀ ਕੂਕ ਬੋਲ ਜੈਕਾਰਾ, ਏਕਾ ਅੱਖਰ ਦਏ ਪੜ੍ਹਾਈਆ । ਸੋ ਪੁਰਖ ਨਿਰੰਜਣ ਬਣ ਵਰਤਾਰਾ, ਆਪ ਆਪਣੀ ਸੇਵ ਕਮਾਈਆ । ਹੰ ਬ੍ਰਹਮ ਭਰ ਭੰਡਾਰਾ, ਅਤੋਟ ਅਤੁਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਜ ਜੋਗ ਆਪ ਵਖਾਈਆ । ਰਾਜ ਜੋਗ ਪੁਰਖ ਸਮਰਥ, ਵੇਦ ਕਤੇਬ ਭੇਵ ਨਾ ਆਇੰਦਾ । ਜੁਗਾਂ ਜੁਗੰਤਰ ਚਲਾਏ ਰਥ, ਰਥ ਰਥਵਾਹੀ ਦਿਸ ਨਾ ਆਇੰਦਾ । ਜਾਣੇ ਜਣਾਏ ਮਹਿਮਾ ਅਕਥ, ਕਥਨੀ ਕਥ ਨਾ ਕੋਇ ਸਲਾਹਿੰਦਾ । ਜਨ ਭਗਤਾਂ ਦੇਵੇ ਸਾਚੀ ਵੱਥ, ਵਸਤ ਅਮੋਲਕ ਕਾਇਆ ਗੋਲਕ ਏਕਾ ਨਾਮ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਭੇਵ ਖੁਲਾਇੰਦਾ । ਆਪਣਾ ਭੇਵ ਹਰਿ ਖੁਲੌਣਾ, ਸੰਮਤ ਸੰਮਤੀ ਰਾਹ ਤਕਾਈਆ । ਚਾਰ ਕੁੰਟ ਏਕਾ ਡੰਕ ਵਜੌਣਾ, ਸ੍ਰਿਸ਼ਟ ਸਬਾਈ ਆਪ ਸੁਣਾਈਆ । ਸਾਚਾ ਦਿਵਸ ਦਰ ਘਰ ਸੁਹੌਣਾ, ਹਰਿ ਸੰਗਤ ਵੇਖ ਵਖਾਈਆ । ਪੰਚਮ ਮੀਤਾ ਪੰਚਮ ਸਾਲ ਆਪਣਾ ਦੀਪਕ ਦੇਵੇ ਬਾਲ, ਘਰ ਘਰ ਕਰੇ ਰੁਸ਼ਨਾਈਆ । ਹਰਿ ਸੰਗਤ ਵਖਾਏ ਸੱਚੀ ਧਰਮਸਾਲ, ਧੁਰ ਦਰਵਾਜਾ ਆਪ ਖੁਲ੍ਹਾਈਆ । ਜੁਗ ਜੁਗ ਵਿਛੜੇ ਲਏ ਭਾਲ, ਆਪ ਆਪਣਾ ਮੇਲ ਮਿਲਾਈਆ । ਨਿਰਗੁਣ ਸਰਗੁਣ ਬਣ ਦਲਾਲ, ਸਾਚਾ ਸਾਲਸ ਸਾਲਸੀ ਰਿਹਾ ਕਮਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਸੋ ਖਾਲਸਾ ਖਾਲਸ ਨਾਉਂ ਵਖਾਈਆ । ਜਿਸ ਜਨ ਤੋੜਿਆ ਨਾ ਜਗਤ ਜੰਜਾਲ, ਗੁਰ ਗੋਬਿੰਦ ਨਾ ਦਏ ਗਵਾਹੀਆ । ਝੂਠੀ ਘਾਲਨਾ ਰਹੇ ਘਾਲ, ਸਾਚਾ ਰਾਜ ਜੋਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਸਚ ਖ਼ਾਲਸਾ ਹਰਿ ਕਰਤਾਰ, ਅੰਤਮ ਆਪਣਾ ਲਏ ਪ੍ਰਗਟਾਈਆ ।

ਚਾਰ ਵਰਨਾਂ ਵਿਚੋਂ ਨਿਤਾਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਸਤਿ ਸੰਤੋਖੀ ਸਤਿ ਦਸਤਾਰ, ਸ਼ਬਦ ਸਰੂਪੀ ਆਪ ਬੰਧਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਸਾਢੇ ਤਿੰਨ ਹੱਥ ਅੰਦਰ ਪਾਏ ਨਾਮ ਕਟਾਰ, ਲੋਹਾਰ ਤਰਖਾਨ ਨਾ ਕੋਏ ਘੜਾਈਆ । ਅੰਮ੍ਰਿਤ ਬਖਸ਼ ਠੰਡੀ ਠਾਰ, ਸਾਚਾ ਖੰਡਾ ਨਾਮ ਫਿਰਾਈਆ । ਮਿਠਾ ਰਸ ਦੇਵੇ ਡਾਰ, ਗੁਰਸਿਖ ਗੁਰਸਿਖ ਗੁਰਸਿਖ ਤੇਰਾ ਪਿਆਰ ਵਿਚ ਸਮਾਈਆ । ਗੁਰਸਿਖ ਗੁਰਸਿਖ ਗੁਰਸਿਖ ਇਕ ਦੂਜੇ ਨੂੰ ਮਿਲ ਮਿਲ ਗਲ ਵਿਚ ਪਾਇਣ ਹਾਰ, ਗੁਰਸਿਖ ਨਾ ਕਰੇ ਲੜਾਈਆ । ਗੁਰ ਗੋਬਿੰਦ ਸਿੰਘ ਕਰੇ ਪਿਆਰ, ਜਿਸ ਅੰਦਰ ਸਾਚੀ ਵਸਤ ਇਕ ਟਿਕਾਈਆ । ਕੋਟਨ ਕੋਟ ਰਾਜ ਰਾਜਾਨ ਹੋਏ ਖ਼ੁਆਰ, ਵੇਲੇ ਅੰਤ ਨਾ ਕੋਏ ਛਡਾਈਆ । ਨਾਤਾ ਛੱਡਣ ਝੂਠੇ ਯਾਰ, ਬੈਠਣ ਮੁਖ ਭਵਾਈਆ । ਇਕੋ ਮਿਲੇ ਹਰਿ ਨਿਰੰਕਾਰ, ਦੂਜੀ ਓਟ ਨਾ ਕੋਈ ਰਖਾਈਆ । ਗੁਰਸਿਖ ਤੇਰੀ ਵੋਟ ਗੁਰ ਚਰਨ ਪਿਆਰ, ਦੂਜਾ ਰਾਹ ਨਾ ਕੋਇ ਤਕਾਈਆ । ਲਖ ਚੁਰਾਸੀ ਆਹਲਨਿਓਂ ਡਿਗੇ ਬੋਟ, ਨਾ ਸਕੇ ਕੋਈ ਉਠਾਈਆ । ਨਾਨਕ ਸ਼ਬਦ ਨਾ ਲੱਗੀ ਤਨ ਚੋਟ, ਗੁਰ ਅਰਜਨ ਨਜ਼ਰ ਨਾ ਆਈਆ । ਰਾਮਦਾਸ ਤੇਰਾ ਸਰ ਸਰੋਵਰ ਨਿਰਗੁਣ ਜਗਦੀ ਰਹੇ ਜੋਤ, ਮਨਮੁਖ ਜੀਵਾਂ ਦਿਸ ਨਾ ਆਈਆ । ਵੰਡ ਵੰਡਾਈ ਵਰਨ ਗੋਤ, ਪੁਰਖ ਅਕਾਲ ਨਾ ਕੋਇ ਸਰਨਾਈਆ । ਬਾਹਰੋਂ ਦਿਸਦੇ ਹਿਲਦੇ ਹੋਟ, ਅੰਦਰ ਕੂੜੀ ਕਿਰਿਆ ਬੈਠੇ ਦਬਾਈਆ । ਅੰਤਮ ਵੇਖੋ ਮਰਦੇ ਕੇਹੜੀ ਮੌਤ, ਮਾਰਨਹਾਰਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਇਕ ਸਮਝਾਈਆ । ਗੁਰਸਿੱਖ ਲਗੇ ਨਾ ਅਗਨੀ ਅੱਗ, ਪੰਜ ਤਤ ਨਾ ਹੋਇ ਹਲਕਾਇਆ । ਜਿਸ ਮਿਲਿਆ ਸੂਰਾ ਸਰਬੱਗ, ਦੂਸਰ ਸਾਥੀ ਕੋਇ ਨਜ਼ਰ ਨਾ ਆਇਆ । ਨਾਤਾ ਤੁੱਟੇ ਝੂਠੇ ਜੱਗ, ਘਰ ਸਾਚਾ ਏਕਾ ਪਾਇਆ । ਚਰਨ ਪਰਸ ਸਾਚੇ ਪਗ, ਪਾਰਬ੍ਰਹਮ ਇਕ ਸਰਨਾਇਆ । ਸਤਿਗੁਰ ਪੂਰਾ ਕਦੇ ਨਾ ਰੱਖੇ ਵਿਚ ਅੱਧ, ਬੇੜਾ ਬੰਨੇ ਦਏ ਲਗਾਇਆ । ਸੰਤ ਸੁਹੇਲੇ ਆਪੇ ਸੱਦ, ਆਪਣੇ ਬੇੜੇ ਲਏ ਚੜ੍ਹਾਇਆ । ਨੌਂ ਖੰਡ ਪ੍ਰਿਥਮੀ ਵੱਜਣਾ ਨਦ, ਰਾਜ ਰਾਜਾਨ ਸ਼ਾਹ ਸੁਲਤਾਨ ਰਾਹ ਰਹੇ ਤਕਾਇਆ । ਪੁਰਖ ਅਬਿਨਾਸ਼ੀ ਬੰਦ ਨਾ ਹੋਇਆ ਕਿਸੇ ਦੀ ਹੱਦ, ਆਪਣਾ ਘੇਰਾ ਕਿਸੇ ਨਾ ਪਾਇਆ । ਕਲਜੁਗ ਅੰਤਮ ਜੂਠੇ ਝੂਠੇ ਮਾਇਆ ਲੂਠੇ ਹਰਿ ਮੰਦਰ ਵਿਚੋਂ ਦੇਵੇ ਕੱਢ, ਗੁਰਮੁਖ ਸਾਚੇ ਲਏ ਵਸਾਇਆ । ਪੁਰਖ ਅਕਾਲ ਨਾਨਕ ਗੋਬਿੰਦ ਨਾਲੋਂ ਹੋਇਆ ਨਾ ਅੱਡ, ਗੁਰ ਅਰਜਨ ਕੋਲੋਂ ਨਾ ਮੁਖ ਭਵਾਇਆ । ਸੰਮਤ ਸੋਲਾਂ ਆਪਣਾ ਮੁਖ ਵਿਚੋਂ ਬਾਹਰ ਕੱਢੇ ਕਲਜੁਗ ਖੱਡ, ਸੰਮਤ ਸਤਾਰਾਂ ਕਰੇ ਰੁਸ਼ਨਾਇਆ । ਸੀਸ ਧਰ ਸਾਚਾ ਤਾਜ, ਸ੍ਰਿਸ਼ਟ ਸਬਾਈ ਦਏ ਸੁਣਾਇਆ । ਲੋਕਮਾਤ ਆਇਆ ਵੱਡ ਰਾਜਨ ਰਾਜ, ਨਿਹਕਲੰਕੀ ਜਾਮਾ ਪਾਇਆ । ਕਿਸੇ ਦਾ ਪੂਰਾ ਹੋਣ ਨਾ ਦੇਵੇ ਕਾਜ, ਆਪ ਆਪਣਾ ਡੰਕ ਵਜਾਇਆ । ਹਰਿ ਸੰਗਤ ਤੇਰੀ ਰੱਖੇ ਲਾਜ, ਦਿਵਸ ਰੈਣ ਸੇਵ ਕਮਾਇਆ । ਸਾਚੀ ਸਾਜਣ ਆਪੇ ਸਾਜ, ਸਗਲਾ ਸੰਗ ਆਪ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਦਰ ਡੇਰਾ ਲਾਇਆ । ਆਪਣੇ ਮੰਦਰ ਆਪੇ ਵੜ, ਹਰਿ ਬੈਠਾ ਬੇਪਰਵਾਹੀਆ । ਨਿਰਗੁਣ ਰੂਪ ਕੋਈ ਨਾ ਸਕੇ ਫੜ, ਹੱਥ ਕਿਸੇ ਨਾ ਆਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਵਖਾਈਆ । ਸੰਬਲ ਨਗਰੀ ਉਪਰ ਚੜ੍ਹ, ਹਰਿ ਮੰਦਰ ਆਪ ਸੁਹਾਈਆ । ਗੁਰਸਿੱਖ ਤੇਰੇ ਹਿਜਰ ਫ਼ਰਾਕ ਵਿਛੋੜੇ ਅੰਦਰ ਗਿਆ ਸੜ, ਤੇਰਾ ਵਿਛੋੜਾ ਝੱਲ ਨਾ ਸਕੇ ਬੇਪਰਵਾਹੀਆ । ਕਲਗੀ ਤੋੜਾ ਸੀਸ ਧਰ, ਧਰਨੀ ਧਰਤ ਦਏ ਵਡਿਆਈਆ । ਸ਼ਬਦ ਅਗੰਮੀ

ਘੋੜੇ ਚੜ੍ਹ, ਨੀਲੀ ਧਾਰੋਂ ਪਾਰ ਵਖਾਈਆ । ਆਪੇ ਮਾਰੇ ਪਹਿਲਾ ਪੌੜ, ਚਾਰੋਂ ਕੁੰਟ ਦਏ ਹਲਾਈਆ । ਲਖ ਚੁਰਾਸੀ ਵੇਖੇ ਪਰਖੇ ਫਲ ਮਿੱਠਾ ਕੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਇਕ ਸੁਹਾਈਆ । ਘਰ ਸੱਚਾ ਸੁਲਤਾਨ, ਸਾਚੇ ਤਖ਼ਤ ਬਰਾਜਿਆ । ਘਰ ਦਾਤਾ ਹਰਿ ਭਗਵਾਨ, ਆਦਿ ਜੁਗਾਦਿ ਗਰੀਬ ਨਿਵਾਜ਼ਿਆ । ਘਰ ਸੱਚਾ ਹਰਿ ਮਿਹਰਵਾਨ, ਆਦਿਨ ਅੰਤਾ ਰੱਖੇ ਲਾਜਿਆ । ਗੁਰਮੁਖ ਸਾਚੇ ਕਰ ਪਹਿਚਾਨ, ਪੁਰਖ ਅਬਿਨਾਸ਼ੀ ਰਚਿਆ ਕਾਜਿਆ । ਆਪੇ ਜੋਧਾ ਸੂਰਬੀਰ ਪ੍ਰਗਟ ਹੋਵੇ ਨੌਜਵਾਨ, ਰੂਪ ਵਟਾਏ ਦੇਸ ਮਾਝਿਆ । ਆਪੇ ਖੰਡਾ ਖਿਚ ਤੀਰ ਕਮਾਨ, ਦਹਿ ਦਿਸ਼ਾ ਫਿਰੇ ਭਾਜਿਆ । ਆਪ ਉਠਾਏ ਧਰਮ ਨਿਸ਼ਾਨ, ਗੁਪਤ ਗਾਏ ਅਨਹਦ ਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਮਾਰੇ ਸਾਚੀ ਵਾਜਿਆ । ਸੱਚੀ ਆਵਾਜ਼ ਬੋਲ ਜੈਕਾਰਾ, ਆਪ ਆਪਣਾ ਸ਼ਬਦ ਅਲਾਇੰਦਾ । ਗੁਰਮੁਖ ਸਾਜਨ ਸਚ ਦਵਾਰਾ, ਹਰਿ ਨਿਰੰਕਾਰਾ ਆਪ ਵਖਾਇੰਦਾ । ਮਿਲਿਆ ਮੇਲ ਕੰਤ ਭਤਾਰਾ, ਨਰ ਨਰਾਇਣ ਦਰ ਸੁਹਾਇੰਦਾ । ਦੂਸਰ ਕੋਇ ਨਾ ਦਿਸੇ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇਵਣਹਾਰਾ ਜਗਤ ਵਰ, ਦਰ ਆਏ ਸਵਾਲੀ ਨਾ ਜਾਣ ਖ਼ਾਲੀ, ਖ਼ਾਲੀ ਹੱਥ ਨਾ ਕੋਇ ਵਖਾਇੰਦਾ । ਖ਼ਾਲੀ ਹੱਥ ਇਕ ਨਿਰੰਕਾਰ, ਸ੍ਰਿਸ਼ਟ ਸਬਾਈ ਭੰਡਾਰ ਭਰਾਇੰਦਾ । ਬਣਿਆ ਰਹੇ ਸਦਾ ਵਰਤਾਰ, ਜੁਗ ਜੁਗ ਸੇਵ ਕਮਾਇੰਦਾ । ਲੋਕਮਾਤ ਲਏ ਅਵਤਾਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੂਠਾ ਝੂਠਾ ਤੋੜ ਗੜ੍ਹ ਹੰਕਾਰ, ਹਉਮੇ ਹੰਗਤਾ ਬੁਰਜ ਢਾਇੰਦਾ । ਸਤਿ ਅਸਤਿ ਪਾਵੇ ਸਾਰ, ਸਤਿਗੁਰ ਆਪਣਾ ਨਾਉਂ ਰਖਾਇੰਦਾ । ਬ੍ਰਹਮ ਮੱਤ ਕਰ ਵਿਚਾਰ, ਗੁਰਮਤ ਇਕ ਸਮਝਾਇੰਦਾ । ਪੰਜ ਤਤ ਕਰ ਖਵਾਰ, ਸਾਚੇ ਵੱਤ ਬੀਜ ਬੀਜਾਇੰਦਾ । ਨਾਮ ਫੁਲਵਾੜੀ ਅਪਰ ਅਪਾਰ, ਘਰ ਘਰ ਆਪ ਸੁਹਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਜੋਤੀ ਜਾਮਾ ਭੇਖ ਵਟਾਇੰਦਾ । ਏਕਾ ਸ਼ਬਦ ਬੋਲ ਜੈਕਾਰ, ਗੀਤ ਸੁਹਾਗੀ ਸੋਹੰ ਗਾਇੰਦਾ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਜੁਗਾਂ ਜੁਗਾਂ ਦੀ ਹਰਿ ਜੀ ਕਾਰ, ਕਰਨੀ ਕਰਤਾ ਕਾਰ ਕਮਾਇੰਦਾ । ਸੰਤ ਸੁਹੇਲੇ ਜਾਏ ਤਾਰ, ਤ੍ਰੈਗੁਣ ਮਾਇਆ ਅਤੀਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਖੇਲ ਅਪਾਰਾ, ਨਿਰਗੁਣ ਧਾਰਾ ਵਿਚ ਸੰਸਾਰਾ, ਆਪਣੀ ਆਪ ਬੰਧਾਇੰਦਾ । ਸਾਚੀ ਧਾਰ ਪੁਰਖ ਅਕਾਲ, ਲੋਕਮਾਤ ਚਲਾਈਆ । ਏਕਾ ਸ਼ਬਦ ਇਕ ਪਿਆਰ, ਇਕ ਦਵਾਰ ਚਾਰ ਵਰਨ ਵਖਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਦੂਜੇ ਨੂੰ ਨਾ ਕਰਨ ਖ਼ੁਆਰ, ਜ਼ਾਤ ਅਜ਼ਾਤੀ ਮੇਟ ਮਿਟਾਈਆ । ਮੁਸਲਮ ਸਿੱਖ ਹਿੰਦੂ ਈਸਾਈ ਇਕ ਦੂਜੇ ਨੂੰ ਨਾ ਦੇਵਣ ਦੁਰਕਾਰ, ਦਰ ਦਰਵਾਜ਼ਾ ਇਕ ਵਖਾਈਆ । ਸਿੱਖ ਨਾਲ ਸਿੱਖ ਲੜੇ ਹੋਏ ਗਵਾਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜਗਤ ਦੁਹਾਗਣ ਨਾਰ ਵਿਭਚਾਰ, ਜੋ ਬੈਠੀ ਕੰਤ ਭੁਲਾਈਆ । ਆਤਮ ਸੇਜਾ ਨਾ ਸਕੀ ਸ਼ੰਗਾਰ, ਆਪਣਾ ਘਰ ਨਾ ਆਪ ਸੁਹਾਈਆ । ਆਪਣੀਆਂ ਭੁਜਾਂ ਨਾ ਸਕੀ ਉਭਾਰ, ਚਤਰਭੁਜ ਨਾ ਮੇਲ ਮਿਲਾਈਆ । ਦਰ ਦਰ ਕੂਕੇ ਕਰੇ ਪੁਕਾਰ, ਬਿਨ ਸਤਿਗੁਰ ਪੂਰੇ ਕੋਇ ਨਾ ਸੁਣਨੇ ਪਾਈਆ । ਏਕਾ ਓਟ ਰੱਖੋ ਨਿਰੰਕਾਰ, ਗੁਰ ਨਾਨਕ ਗਿਆ ਸਮਝਾਈਆ । ਕਿਸੇ ਦਰ ਨਾ ਮੰਗੋ ਬਣ ਭਿਖਾਰ, ਆਪਣੇ ਘਰ ਵਿਚ ਘਰ ਆਪਣਾ ਖੋਲ੍ਹ ਖੁਲਾਈਆ । ਜਿਸ ਜਨ ਮਿਲੇ ਆਪ ਨਿਰੰਕਾਰ, ਸ੍ਰਿਸ਼ਟ ਸਬਾਈ ਪਿਛੇ ਫਿਰੇ ਹਲਕਾਈਆ । ਗੁਰਸਿੱਖ ਆਪਣਾ ਸਿਰ

ਗੁਰ ਚਰਨਾਂ ਉਤੋਂ ਵਾਰ, ਗੁਰ ਤੇਰੀ ਲੋਕਮਾਤ ਕਰੇ ਰੁਸ਼ਨਾਈਆ । ਸਿੱਖੀ ਸਿਦਕ ਸਿੱਖ ਕਰ ਵਿਚਾਰ, ਸਾਖੀਆਂ ਪੜ੍ਹ ਪੜ੍ਹ ਨਾ ਵਕਤ ਗਵਾਈਆ । ਵਾਲੋਂ ਨਿਕੀ ਧਾਰੋਂ ਤਿਖੀ ਰੱਖੀ ਆਪ ਕਰਤਾਰ, ਗੁਰ ਗੋਬਿੰਦ ਇਹ ਸਮਝਾਈਆ । ਜੋ ਚੜ੍ਹੇ ਬੇੜੇ ਸੋ ਉਤਰੇ ਪਾਰ, ਸਤਿਗੁਰ ਪੂਰਾ ਪਾਰ ਕਰਾਈਆ । ਸੋਹੇ ਸੀਸ ਸੱਚੀ ਦਸਤਾਰ, ਸਮਰਥ ਹੱਥ ਆਪ ਟਿਕਾਈਆ । ਉਚੀ ਪਦਵੀ ਦੇਵੇ ਆਪ ਨਿਰੰਕਾਰ, ਮਾਨਸ ਜ਼ਾਤ ਕੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪ ਵਰਤਾਈਆ । ਹਰਿ ਭਾਣਾ ਬਲਵਾਨ, ਭੇਵ ਨਾ ਆਇੰਦਾ । ਭੁੱਲੇ ਜੀਵ ਨਾਦਾਨ, ਲੇਖਾ ਲੇਖ ਨਾ ਕੋਇ ਜਣਾਇੰਦਾ । ਹਰਿ ਸੱਚਾ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜੁਗ ਜੁਗ ਪ੍ਰਗਟ ਹੋਵੇ ਵਿਚ ਜਹਾਨ, ਆਪ ਆਪਣਾ ਨਾਉਂ ਰਖਾਇੰਦਾ । ਗੁਰਮੁਖ ਸਾਚੇ ਕਰ ਪ੍ਰਵਾਨ, ਸਿਰ ਆਪਣਾ ਹੱਥ ਟਿਕਾਇੰਦਾ । ਬਚਿਤਰ ਸਿੰਘ ਬਾਲ ਨਾਦਾਨ, ਗੁਰ ਗੋਬਿੰਦ ਦਇਆ ਕਮਾਇੰਦਾ । ਮਸਤ ਗਜ ਹੋਇਆ ਹੈਰਾਨ, ਭੱਜ ਭੱਜ ਜਾਨ ਬਚਾਇੰਦਾ । ਸਤਿਗੁਰ ਪੂਰਾ ਦੇਵਣਹਾਰਾ ਸਰਬ ਗਿਆਨ, ਕਿਸੇ ਦੀ ਸਿਖਿਆ ਵਿਚ ਨਾ ਆਇੰਦਾ । ਘਟ ਘਟ ਵੇਖੇ ਮਾਰ ਧਿਆਨ, ਕਵਣ ਸਚ ਕਵਣ ਝੂਠ ਕਵਣ ਜੂਠ ਵਣਜ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਦਇਆਵਾਨ ਹਰਿ ਭਗਵਾਨ, ਦੂਸਰ ਹੋਰ ਨਾ ਕੋਏ ਵਖਾਈਆ । ਭੀਖਮ ਵਖਾਏ ਦੋ ਨਿਸ਼ਾਨ, ਹਿੰਦੂ ਮੁਸਲਮ ਭਾਈ ਭਾਈਆ । ਅੰਤਮ ਕਲਜੁਗ ਖੇਲ ਮਹਾਨ, ਹਰਿ ਕਾ ਭੇਵ ਨਾ ਕੋਇ ਪਾਈਆ । ਸਭ ਦਾ
੧੦੨ ਮੇਟਨ ਆਇਆ ਨਿਸ਼ਾਨ, ਏਕਾ ਇਕ ਦਏ ਵਖਾਈਆ । ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ, ਸਿੱਖ ਈਸਾਈ ਨਾ ਕੋਈ ਜਣਾਈਆ । ਸਰਬ ੧੦੨
ਜੀਆਂ ਦਾ ਇਕ ਨਿਗਹਬਾਨ, ਆਦਿ ਅੰਤ ਅਖਵਾਈਆ । ਦੇਵਣਹਾਰਾ ਪੀਣ ਖਾਣ, ਵਿਸ਼ਨੂੰ ਵੰਸ ਤੇਰੀ ਵਡਿਆਈਆ । ਬ੍ਰਹਮਾ ਅੰਸ ਵੇਖ ਨਿਸ਼ਾਨ, ਬ੍ਰਹਮ ਬ੍ਰਹਮ ਕਰੇ ਕੁੜਮਾਈਆ । ਸ਼ੰਕਰ ਬਖਸ਼ੇ ਚਰਨ ਧਿਆਨ, ਅੰਤਮ ਲੇਖਾ ਲੇਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੂਪ ਦਰਸਾਈਆ । ਏਕਾ ਰੂਪ ਹਰਿ ਦਰਸਾਵਨਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਚਾਰ ਵਰਨਾਂ ਇਕ ਕਰਾਵਨਾ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਏਕਾ ਢੋਲਾ ਸਭ ਨੇ ਗਾਵਨਾ, ਨਾਮ ਜੈਕਾਰਾ ਏਕਾ ਲਾਇੰਦਾ । ਪੁਰਖ ਅਕਾਲ ਇਕ ਮੰਨਾਵਣਾ, ਦੂਸਰ ਇਸ਼ਟ ਨਾ ਕੋਏ ਵਖਾਇੰਦਾ । ਨਿਰਗੁਣ ਰੂਪ ਸਰਬ ਧਿਆਵਨਾ, ਸਰਗੁਣ ਪੂਜਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਮੇਟਣਹਾਰ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਸਤਿਜੁਗ ਸਾਚੀ ਹਰਿ ਹਰਿ ਧਾਰ, ਆਪਣੀ ਆਪ ਚਲਾਈਆ । ਕਲ ਕਲਕੀ ਕਲ ਲੈ ਅਵਤਾਰ, ਕਾਲਖ ਟਿੱਕਾ ਦਏ ਮਿਟਾਈਆ । ਜੂਠੀ ਝੂਠੀ ਮੇਟ ਸਰਕਾਰ, ਵੇਖਣਹਾਰਾ ਸਾਚੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਰਿਹਾ ਉਠਾਈਆ । ਹਰਿਜਨ ਉਠਾਇਆ ਦਇਆ ਕਮਾਇਆ, ਸਿਰ ਆਪਣਾ ਹੱਥ ਰਖਾਇੰਦਾ । ਫੜ ਫੜ ਬਾਹੋਂ ਰਾਹੇ ਪਾਇਆ ਮੋਹ ਚੁਕਾਇਆ, ਮਾਇਆ ਮਮਤਾ ਮੇਟ ਮਿਟਾਇੰਦਾ । ਸਾਚੀ ਸੰਗਤਾ ਮੇਲ ਮਿਲਾਇਆ, ਹਉਮੇ ਹੰਗਤਾ ਗੜ੍ਹ ਤੁੜਾਇਆ, ਏਕਾ ਦੂਜਾ ਭੌ ਗਵਾਇੰਦਾ । ਗਰੀਬ ਨਿਮਾਣਾ ਭੁੱਖਾ ਨੰਗਤਾ ਗਲੇ ਲਗਾਇਆ, ਆਪ ਆਪਣੀ ਗੋਦ ਉਠਾਇਆ, ਚਾਰ ਵਰਨਾਂ ਏਕਾ ਰੰਗ ਰੰਗਾਇੰਦਾ ।

ਸਗਲਾ ਸਾਥੀ ਬਣ ਕੇ ਆਇਆ, ਆਪਣਾ ਤਾਣਾ ਤਣ ਕੇ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਨਾਉਂ ਰਖਾਇੰਦਾ । ਸਗਲਾ ਸੰਗ ਸੂਰਾ ਸਰਬੰਗ, ਆਪਣਾ ਆਪ ਨਿਭਾਇੰਦਾ । ਨਾਮ ਮਰਦੰਗ ਵਿਚ ਬ੍ਰਹਿਮੰਡ, ਦੋ ਜਹਾਨਾ ਆਪ ਵਜਾਇੰਦਾ । ਮੇਟਣਹਾਰਾ ਭੇਖ ਪਖੰਡ, ਜੂਠ ਝੂਠ ਵੱਢੇ ਕੰਡ, ਏਕਾ ਖੰਡਾ ਹੱਥ ਉਠਾਇੰਦਾ । ਏਕਾ ਨਾਮ ਚੰਡ ਪਰਚੰਡ ਵੰਡੀ ਜਾਏ ਸਾਚੀ ਵੰਡ, ਗੁਰਮੁਖ ਮਨਮੁਖ ਆਪ ਆਪਣੇ ਮਾਰਗ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੰਚਮ ਸਾਲ ਸਾਲ ਬਸਾਲਾ, ਖੇਲੇ ਖੇਲ ਪੁਰਖ ਅਕਾਲਾ, ਛੱਬੀ ਪੋਹ ਹੋ ਦਿਆਲਾ, ਗੁਰਮੁਖ ਉਠਾਏ ਸਾਚੇ ਲਾਲਾ, ਰੰਗ ਚੜ੍ਹਾਏ ਇਕ ਗੁਲਾਲਾ, ਉਤਰ ਕਦੇ ਨਾ ਜਾਇੰਦਾ । ਛੱਬੀ ਪੋਹ ਵੀਹ ਸਦ ਸੋਲਾਂ, ਸਾਚਾ ਦਿਵਸ ਸੁਹਾਵਨਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਪਣਾ ਪੜਦਾ ਓਹਲਾ ਆਪੇ ਲਾਹਵਨਾ । ਆਪਣਾ ਬਦਲੇ ਆਪੇ ਚੋਲਾ, ਹਾੜ੍ਹ ਸਤਾਰਾਂ ਲਿਖਿਆ ਲੇਖ ਪੂਰ ਕਰਾਵਨਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲਖ ਚੁਰਾਸੀ ਬਣੇ ਤੋਲਾ, ਨਾਮ ਕੰਡਾ ਹੱਥ ਉਠਾਵਨਾ । ਆਪੇ ਬਣਿਆ ਰਿਹਾ ਭਾਲਾ ਭੋਲਾ, ਆਪੇ ਸ਼ੈਤਾਨ ਸ਼ੈਤਾਨਾ ਰੂਪ ਵਟਾਵਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਪਰੰਪਰ ਸਵਾਮੀ, ਕਰੇ ਖੇਲ ਹਰਿ ਨੇਹਕਾਮੀ, ਨੇਹਕਰਮੀ ਨਾਉਂ ਧਰਾਵਨਾ । ਨੇਹਕਰਮੀ ਹਰਿ ਭਗਵੰਤ, ਕਰਮ ਕਾਂਡ ਨਾ ਕੋਇ ਵਖਾਇੰਦਾ । ਗੁਰਮੁਖ ਉਧਾਰੇ ਸਾਚਾ ਸੰਤ, ਸਤਿਗੁਰ ਆਪਣਾ ਨਾਉਂ ਉਪਜਾਇੰਦਾ । ਦਰਗਾਹ ਸਾਚੀ ਮੇਲਾ ਹਰਿ ਸਾਚੇ ਕੰਤ, ਗੁਰਮੁਖ ਨਾਰੀ ਆਪ ਹੰਢਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣਾ ਖੇਲ ਖਿਲਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਕਲਜੁਗ ਅੰਤ ਆਪਣਾ ਭੇਵ ਖੁਲਾਇੰਦਾ । ਲੱਖ ਚੁਰਾਸੀ ਬਣਾਏ ਬਣਤ, ਆਪੇ ਅੰਤਮ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਾਰ ਆਪ ਸਮਝਾਇੰਦਾ ।

## ❊ ੨ ਪੋਹ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਘਰ ਪਿੰਡ ਭੂੰਬਲੀ ਗੁਰਦਾਸਪੁਰ ❊

ਸੋ ਪੁਰਖ ਨਿਰੰਜਨ ਸਰਬ ਗੁਣਵੰਤ, ਬੇਐਬ ਪਰਵਰਦਗਾਰਿਆ । ਹਰਿ ਪੁਰਖ ਨਿਰੰਜਨ ਆਦਿ ਅੰਤ, ਆਪ ਆਪਣੀ ਕਲ ਵਰਤਾ ਰਿਹਾ । ਏਕੰਕਾਰਾ ਖੇਲ ਭਗਵੰਤ, ਨਿਰਗੁਣ ਆਪਣਾ ਰੂਪ ਵਟਾ ਰਿਹਾ । ਆਦਿ ਨਿਰੰਜਨ ਦੀਪਕ ਜੋਤ ਇਕ ਜਗੰਤ, ਪ੍ਰਕਾਸ਼ ਪ੍ਰਕਾਸ਼ ਸਮਾ ਰਿਹਾ । ਸ੍ਰੀ ਭਗਵਾਨ ਬਣਾਏ ਬਣਤ, ਆਪ ਆਪਣੀ ਦਇਆ ਕਮਾ ਰਿਹਾ । ਅਬਿਨਾਸ਼ੀ ਕਰਤਾ ਆਪੇ ਕਰੇ ਆਪਣੀ ਮੰਨਤ, ਆਪਣਾ ਇਸ਼ਟ ਆਪੇ ਉਪਾ ਰਿਹਾ । ਪਾਰਬ੍ਰਹਮ ਜੁਗਾ ਜੁਗੰਤ, ਆਪਣੀ ਰੀਤੀ ਆਪ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ ਆਪ ਆਪਣਾ ਖੇਲ ਖਲਾ ਰਿਹਾ । ਖੇਲ ਖਲੰਦੜਾ ਹਰਿ ਭਗਵਾਨ, ਆਦਿ ਜੁਗਾਦਿ ਵੱਡੀ ਵਡਿਆਈਆ । ਨਿਰਗੁਣ ਰੂਪ ਖੇਲ ਮਹਾਨ, ਰੂਪ ਰੰਗ ਨਾ ਕੋਇ ਵਖਾਈਆ । ਕਮਲਾਪਾਤੀ ਨੌਜਵਾਨ, ਨਾ ਮਰੇ ਨਾ ਜਾਈਆ । ਵਸਣਹਾਰਾ ਸਚ ਮਕਾਨ, ਘਰ ਸੁਹੰਜਣਾ ਇਕ ਵਖਾਈਆ ।

ਨਾ ਕੋਈ ਬਣਾਏ ਲੋਹਾਰ ਤਰਖਾਨ, ਬਾਢੀ ਸੇਵ ਨਾ ਕੋਈ ਕਮਾਈਆ । ਕਰੇ ਖੇਲ ਹਰਿ ਗੁਣ ਨਿਧਾਨ, ਵਡ ਦਾਤਾ ਬੇਪ੍ਰਵਾਹੀਆ । ਆਪ ਆਪਣਾ ਕਰ ਪ੍ਰਧਾਨ, ਆਪੇ ਵੇਖ ਵਖਾਈਆ । ਆਪੇ ਜਾਣੇ ਆਪਣਾ ਸਚ ਨਿਸ਼ਾਨ, ਸਚਖੰਡ ਨਿਵਾਸੀ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਛੁਪਾਈਆ । ਭੇਵ ਅਭੇਦਾ ਹਰਿ ਨਿਰੰਕਾਰਾ, ਭੇਵ ਕੋਈ ਨਾ ਪਾਇੰਦਾ । ਸੁਤੇ ਪ੍ਰਕਾਸ਼ ਕਰ ਅਕਾਰਾ, ਨਿਰਗੁਣ ਧਾਰਾ ਨਿਰਗੁਣ ਵਿਚ ਸਮਾਇੰਦਾ । ਦੀਪਕ ਬਾਤੀ ਕਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਆਪ ਸੁਹਾਏ ਸਚ ਦਵਾਰਾ, ਸਚਖੰਡ ਸਾਚਾ ਧਾਮ ਵਖਾਇੰਦਾ । ਥਿਰ ਘਰ ਖੋਲ੍ਹ ਆਪ ਕਿਵਾੜਾ, ਘਰ ਘਰ ਵਿਚ ਡੇਰਾ ਲਾਇੰਦਾ । ਪੁਰਖ ਅਗੰਮੀ ਬੋਲ ਜੈਕਾਰਾ, ਆਪਣਾ ਨਾਅਰਾ ਆਪ ਸੁਣਾਇੰਦਾ । ਨਾ ਪੁਰਖ ਨਾ ਦਿਸੇ ਨਾਰਾ, ਸੋ ਪੁਰਖ ਨਿਰੰਜਨ ਹਰਿ ਪੁਰਖ ਨਿਰੰਜਨ ਮੇਲ ਮਿਲਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਨ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਸ੍ਰੀ ਭਗਵਾਨ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਇਕ ਅਕੱਲਾ ਵੇਖ ਵਖਾਇੰਦਾ । ਸਚਖੰਡ ਨਿਵਾਸੀ ਨਿਰਗੁਣ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਾਚਾ ਹਰਿ ਦਵਾਰ, ਪੁਰਖ ਅਬਿਨਾਸ਼ੀ ਆਪ ਉਪਜਾਇੰਦਾ । ਨਾ ਕੋਈ ਦਿਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਸ਼ਾਹੋ ਭੂਪ ਸੱਚਾ ਸਿਕਦਾਰ, ਨਿਰਾਕਾਰ ਆਪ ਅਖਵਾਇੰਦਾ । ਸਚ ਸੰਘਾਸਨ ਕਰ ਤਿਆਰ, ਪੁਰਖ ਅਬਿਨਾਸ਼ਨ ਆਸਨ ਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਹੁਕਮ ਚਲਾਇੰਦਾ । ਹੁਕਮੀ ਹੁਕਮ ਕਰੇ ਕਾਰ, ਕਰਨੀ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਆਪਣਾ ਨਾਉਂ ਉਪਜਾਇੰਦਾ । ਜੂਨੀ ਰਹਿਤ ਹਰਿ ਭਗਵਾਨਾ, ਭੇਵ ਕੋਇ ਨਾ ਪਾਇੰਦਾ । ਪੁਰਖ ਅਕਾਲ ਖੇਲ ਮਹਾਨਾ, ਦਿਸ ਕਿਸੇ ਨਾ ਆਇੰਦਾ । ਵਸਣਹਾਰਾ ਸਚ ਮਕਾਨਾ, ਸਚਖੰਡ ਨਿਵਾਸੀ ਨਾਉਂ ਧਰਾਇੰਦਾ । ਸ਼ਾਹੋ ਭੂਪ ਹਰਿ ਵਡ ਸੁਲਤਾਨਾ, ਸਚ ਸਿੰਘਾਸਨ ਸੋਭਾ ਪਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਬਲਧਾਰੀ ਬਲ ਰਖਾਇੰਦਾ । ਸਾਚਾ ਖੰਡਾ ਤੇਜ਼ ਕਿਰਪਾਨਾ, ਨਾਮ ਨਾਮਾ ਹੱਥ ਉਠਾਇੰਦਾ । ਸਾਚਾ ਬੰਕ ਇਕ ਵਖਾਨਾ, ਬੰਕ ਦਵਾਰੀ ਆਪ ਖੁਲਾਇੰਦਾ । ਰਾਗ ਅਨਾਦੀ ਇਕ ਤਰਾਨਾ, ਧੁਨ ਅਗੰਮੜੀ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਖੇਲ ਨਿਆਰਾ, ਪਾਰਬ੍ਰਹਮ ਨਾ ਮਰੇ ਨਾ ਪਏ ਜੰਮ, ਆਪਣੀ ਖੇਲ ਆਪ ਖਲਾਇੰਦਾ । ਸੋ ਪੁਰਖ ਨਿਰੰਜਨ ਅਗੰਮ ਅਥਾਹ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਨ ਬੇਪਰਵਾਹ, ਆਪਣੀ ਰਚਨ ਰਚਾਇੰਦਾ । ਏਕੰਕਾਰਾ ਵਸੇ ਏਕਾ ਥਾਂ, ਮਹੱਲ ਅਟੱਲ ਅਚੱਲ ਇਕ ਵਖਾਇੰਦਾ । ਆਦਿ ਨਿਰੰਜਨ ਏਕਾ ਦੀਪਕ ਦਏ ਜਗਾ, ਆਦਿ ਜੁਗਾਦਿ ਨਾ ਕੋਇ ਬੁਝਾਇੰਦਾ । ਸ੍ਰੀ ਭਗਵਾਨ ਪਿਤਾ ਮਾਂ, ਮਾਤ ਪਿਤ ਆਪ ਹੋ ਜਾਇੰਦਾ । ਅਬਿਨਾਸ਼ੀ ਕਰਤਾ ਕਰੇ ਸਚ ਨਿਆਂ, ਸਾਚਾ ਸਾਲਸ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਆਪਣਾ ਪਲੂ ਆਪ ਉਠਾਇੰਦਾ । ਏਕਾ ਸਿਖਿਆ ਦਏ ਸਮਝਾ, ਲੇਖਾ ਲਿਖਤ ਵਿਚ ਨਾ ਆਇੰਦਾ । ਆਪਣੀ ਵੰਡਨ ਆਪ ਵੰਡਾ, ਆਪਣਾ ਹਿੱਸਾ ਆਪੇ ਪਾਇੰਦਾ । ਏਕਾ ਸੁਤ ਸ਼ਬਦ ਜਣਾ, ਜਨ ਜਨਨੀ ਲੇਖੇ ਲਾਇੰਦਾ । ਦਾਈ ਦਾਇਆ ਨਾ ਲਿਆ ਬਣਾ, ਨਾ ਕੋਈ ਗੋਦ ਵਖਾਇੰਦਾ । ਆਪਣੀ ਕਰਨੀ ਆਪ ਕਰਾ, ਕਰਤਾ ਪੁਰਖ ਵੇਖ ਵਖਾਇੰਦਾ । ਸੁਤ ਦੁਲਾਰਾ ਲਏ ਪ੍ਰਗਟਾ, ਘਰ

ਸਾਚੇ ਸੋਭਾ ਪਾਇੰਦਾ । ਸਚ ਸੁਨੇਹੜਾ ਦਏ ਸੁਣਾ, ਏਕਾ ਰੰਗ ਰੰਗਾਇੰਦਾ । ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡਾਂ ਖੰਡਾਂ ਬੰਕ ਸੁਹਾਇੰਦਾ । ਗਗਨ ਪਾਤਾਲਾਂ ਜੋਤ ਜਗਾ, ਰਵ ਸਸ ਲੇਖ ਲਿਖਾਇੰਦਾ । ਆਪਣਾ ਅੰਗ ਆਪ ਕਟਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਵਿਸ਼ਨੂੰ ਵੰਸ ਦਏ ਚਲਾ, ਬ੍ਰਹਮਾ ਕਵਲ ਫੁਲ ਖਲਾਇੰਦਾ । ਨਾਭੀ ਰੂਪ ਆਪ ਧਰਾ, ਅੰਮ੍ਰਿਤ ਜਲ ਸਿੰਚ ਹਰਾ ਕਰਾਇੰਦਾ । ਸ਼ੰਕਰ ਮੇਲਾ ਬੇਪਰਵਾਹ, ਅੰਧ ਅੰਧੇਰ ਉਪਾਇੰਦਾ । ਤਿੰਨਾਂ ਵੇਖੇ ਏਕਾ ਥਾਂ, ਏਕਾ ਤਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਦਿਆਲਾ ਹਰਿ ਗੋਪਾਲਾ, ਆਪਣੀ ਕੁਲ ਆਪ ਉਪਜਾਇੰਦਾ । ਪਾਰਬ੍ਰਹਮ ਪ੍ਰਭ ਖੇਲ ਅਪਾਰਾ, ਬ੍ਰਹਮ ਆਪਣੀ ਕੁਲ ਉਪਜਾਇੰਦਾ । ਵਿਸ਼ਨ ਸ਼ਿਵ ਕਰ ਪਸਾਰਾ, ਤ੍ਰੈ ਤ੍ਰੈ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਖੇਲ ਸੰਸਾਰਾ, ਸਾਖਯਾਤ ਰੂਪ ਪ੍ਰਗਟਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਦਰ ਘਰ ਸਾਚੇ ਆਪ ਵਰਤਾਇੰਦਾ । ਰਜੋ ਤਮੋ ਸਤੋ ਦਏ ਹੁਲਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਜੋੜ ਜੁੜਾਇੰਦਾ । ਪੰਜ ਦਸ ਕਰ ਪ੍ਰਕਾਸ਼, ਦਸ ਪੰਜ ਲੇਖ ਲਿਖਾਇੰਦਾ । ਤ੍ਰੈ ਤ੍ਰੈ ਕਰ ਨਵਾਸ, ਤਤਵ ਤਤ ਇਕ ਜਣਾਇੰਦਾ । ਅੰਦਰ ਬਾਹਰ ਪਾਵੇ ਰਾਸ, ਗੁਪਤ ਜ਼ਾਹਰ ਦਿਸ ਨਾ ਆਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਜਲ ਬਿੰਬ ਰੂਪ ਵਟਾਇੰਦਾ । ਪਵਨ ਸਵਾਸੀ ਦਏ ਸਵਾਸ, ਸਾਸ ਗਰਾਸ ਲੇਖ ਲਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ ਹਰਿ ਬ੍ਰਹਿਮਾਦੀ ਪਾਰਬ੍ਰਹਮ ਆਪਣਾ ਨਾਉਂ ਰਖਾਇੰਦਾ । ਪਾਰਬ੍ਰਹਮ ਸੇਵਾਦਾਰ, ਸਾਚੀ ਸੇਵਾ ਆਪ ਕਰਾਈਆ । ਲੱਖ ਚੁਰਾਸੀ ਕਰ ਪਿਆਰ, ਘਰ ਘਰ ਵਿਚ ਖੋਜ ਖੋਜਾਈਆ । ਅੰਦਰ ਵੜੇ ਡੂੰਘੀ ਗਾਰ, ਆਪ ਆਪਣਾ ਰਾਹ ਤਕਾਈਆ । ਜੋਤ ਨਿਰੰਜਨ ਕਰ ਉਜਿਆਰ, ਸਤਿ ਸਰੂਪੀ ਡਗਮਗਾਈਆ । ਅੰਮ੍ਰਿਤ ਆਤਮ ਭਰ ਭੰਡਾਰ, ਠਾਂਡਾ ਸੀਰ ਇਕ ਰਖਾਈਆ । ਆਪ ਆਪਣਾ ਖੋਲ੍ਹ ਕਿਵਾੜ, ਆਤਮ ਸੇਜਾ ਰਿਹਾ ਸੁਹਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਵਡ ਦਾਤਾ ਬੇਪ੍ਰਵਾਹੀਆ । ਮਨ ਮਤ ਬੁਧ ਨਾ ਪਾਵੇ ਸਾਰ, ਅਨਭਵ ਦ੍ਰਿਸ਼ਟੀ ਆਪਣੇ ਹੱਥ ਰਖਾਈਆ । ਨਾਤਾ ਤੋੜ ਗੜ੍ਹ ਹੰਕਾਰ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਲੇਖਾ ਚੁਕਾਏ ਕਾਮ ਕ੍ਰੋਧ ਲੋਭ ਮੋਹ ਹੰਕਾਰ, ਪੰਚਮ ਸ਼ਬਦ ਕਰੇ ਕੁੜਮਾਈਆ । ਧੁਨ ਅਨਾਦਿ ਸੱਚੀ ਧੁਨਕਾਰ, ਅਨਹਦ ਸਾਚਾ ਰਾਗ ਸੁਣਾਈਆ । ਪੰਚਮ ਸਖੀਆਂ ਮੀਤ ਮੁਰਾਰ, ਸਾਚਾ ਸੋਹਲਾ ਏਕਾ ਢੋਲਾ ਗਾਈਆ । ਘਰ ਸੁਹੰਜਣਾ ਆਦਿ ਨਿਰੰਜਨਾ ਏਕਾ ਬੈਠਾ ਏਕੰਕਾਰ, ਦੂਜਾ ਸੰਗ ਨਾ ਕੋਇ ਵਖਾਈਆ । ਖ਼ਾਲਕ ਖ਼ਲਕ ਕਰ ਪਸਾਰ, ਖ਼ਲਕ ਖ਼ਾਲਕ ਦਏ ਵਡਿਆਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਇਕ ਅਕੱਲਾ ਆਪਣਾ ਆਪ ਵਸਾਈਆ । ਸਚ ਮਹੱਲਾ ਸਚਖੰਡ, ਹਰਿ ਸਾਚਾ ਆਪ ਉਪਜਾਇੰਦਾ । ਸਚ ਮਹੱਲਾ ਵਿਚ ਬ੍ਰਹਿਮੰਡ, ਹਰਿ ਆਪਣੀ ਰਚਨ ਰਚਾਇੰਦਾ । ਸਚ ਮਹੱਲਾ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਇੰਦਾ । ਸਚ ਮਹੱਲਾ ਇਕ ਅਕੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਆਪ ਉਪਾਇੰਦਾ । ਸਚ ਮਹੱਲਾ ਥਿਰ ਘਰ, ਦੂਸਰ ਦਰ ਨਾ ਕੋਈ ਵਖਾਈਆ । ਸਚ ਮਹੱਲਾ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚ ਮਹੱਲਾ ਅੰਦਰ ਵੜ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਸਚ ਮਹੱਲਾ ਆਪੇ ਚੜ੍ਹ, ਸਚ ਸਿੰਘਾਸਨ ਆਸਨ ਸੋਭਾ ਪਾਈਆ । ਸਚ ਮਹੱਲਾ ਵੇਖੇ ਖੜ, ਏਕੰਕਾਰਾ ਵਡ ਵਡਿਆਈਆ । ਸਚ ਮਹੱਲਾ ਇਕ

ਅਕੱਲਾ ਨਾ ਕੋਈ ਸਕੇ ਫੜ, ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਸਚ ਮਹੱਲਾ ਅਗੰਮ ਅਥਾਹ, ਸੋ ਪੁਰਖ ਨਿਰੰਜਨ ਆਪ ਉਪਜਾਇੰਦਾ । ਸਚ ਮਹੱਲਾ ਬੇਪਰਵਾਹ, ਹਰਿ ਪੁਰਖ ਨਿਰੰਜਨ ਵੇਖ ਵਖਾਇੰਦਾ । ਸਚ ਮਹੱਲਾ ਇਕ ਮਲਾਹ, ਏਕੰਕਾਰਾ ਆਪ ਅਖਵਾਇੰਦਾ । ਸਚ ਮਹੱਲਾ ਸਾਚਾ ਥਾਂ, ਸ੍ਰੀ ਭਗਵਾਨ ਆਪ ਸੁਹਾਇੰਦਾ । ਸਚ ਮਹੱਲਾ ਸਾਚਾ ਪਕੜੇ ਬਾਂਹ, ਅਬਿਨਾਸ਼ੀ ਕਰਤਾ ਸੇਵ ਕਮਾਇੰਦਾ । ਸਚ ਮਹੱਲਾ ਕਰੇ ਸਚ ਨਿਆਂ, ਪਾਰਬ੍ਰਹਮ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਖਾਇੰਦਾ । ਸਚ ਮਹੱਲਾ ਸਚ ਸਿੰਘਾਸਨ, ਹਰਿ ਸਾਚਾ ਆਪ ਸੁਹਾਇੰਦਾ । ਸਚ ਮਹੱਲਾ ਪੁਰਖ ਅਬਿਨਾਸ਼ਨ, ਪਾਰਬ੍ਰਹਮ ਵਡ ਵਡਿਆਇੰਦਾ । ਸਚ ਮਹੱਲਾ ਪ੍ਰਿਥਮੀ ਆਕਾਸ਼ਨ, ਗਗਨ ਪਾਤਾਲ ਨਾ ਕੋਇ ਬਣਾਇੰਦਾ । ਸਚ ਮਹੱਲਾ ਸਾਚੀ ਰਾਸਨ, ਨਿਰਗੁਣ ਦਾਤਾ ਆਪ ਰਚਾਇੰਦਾ । ਸਚ ਮਹੱਲਾ ਇਕ ਅਕੱਲਾ ਕਰੇ ਵਾਸਨ, ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੇਵੇ ਵਰ, ਥਿਰ ਥਿਰ ਅੰਦਰ ਵੜ, ਏਕਾ ਆਪਣੀ ਬੂਝ ਬੁਝਾਇੰਦਾ । ਸਚਖੰਡ ਦਵਾਰਾ ਪੁਰਖ ਅਕਾਲ, ਅਨਡਿਠ ਧਾਮ ਰਖਾਈਆ । ਥਿਰ ਘਰ ਖੇਲ ਸ੍ਰੀ ਭਗਵਾਨ, ਆਦਿ ਜੁਗਾਦੀ ਰਿਹਾ ਕਰਾਈਆ । ਲੋਕਮਾਤ ਖੇਲ ਮਹਾਨ, ਲੱਖ ਚੁਰਾਸੀ ਰਚਨ ਰਚਾਈਆ । ਘਰ ਵਿਚ ਘਰ ਸਚ ਮਕਾਨ, ਦਰ ਘਰ ਸਾਚਾ ਆਪ ਸੁਹਾਈਆ । ਦੇਵਣਹਾਰਾ ਧੁਰ ਫ਼ਰਮਾਣ, ਅੰਦਰ ਮੰਦਰ ਰਿਹਾ ਸੁਣਾਈਆ । ਸਾਚਾ ਮੰਦਰ ਕਰ ਪ੍ਰਵਾਨ, ਆਪ ਆਪਣਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੦੬
੧੦੬ ਕਾਇਆ ਅੰਦਰ ਆਪੇ ਵੜ, ਆਪ ਆਪਣੀ ਖੋਜ ਖੋਜਾਈਆ । ਕਾਇਆ ਅੰਦਰ ਹਰਿ ਹਰਿ ਮੰਦਰ, ਹਰਿ ਸਾਚਾ ਆਪ ਉਪਾਇੰਦਾ । ਤ੍ਰੈ ਤ੍ਰੈ ਲਾਇਆ ਆਪੇ ਜੰਦਰ, ਨਾ ਕੋਈ ਤੋੜ ਤੁੜਾਇੰਦਾ । ਵਸਣਹਾਰਾ ਡੂੰਘੀ ਕੰਦਰ, ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖ ਵਖਾਇੰਦਾ । ਹਰਿ ਮੰਦਰ ਹਰਿ ਸੋਭਾਵੰਤ, ਨਿਰਗੁਣ ਸਰਗੁਣ ਵਿਚ ਟਿਕਾਇਆ । ਹਰਿ ਮੰਦਰ ਮੇਲਾ ਸਾਚੇ ਕੰਤ, ਘਰ ਸਾਚੀ ਵੱਜੇ ਵਧਾਇਆ । ਹਰਿ ਮੰਦਰ ਫੁਲਵਾੜੀ ਫੁਲ ਖਿਲੇ ਬਸੰਤ, ਸਾਚੀ ਰੁਤੜੀ ਆਪ ਵਖਾਇਆ । ਹਰਿ ਮੰਦਰ ਮਿਲੇ ਏਕਾ ਨਾਮ ਮੰਤ, ਪੁਰਖ ਅਕਾਲ ਇਕ ਮਨਾਇਆ । ਹਰਿ ਮੰਦਰ ਬਣੇ ਸਾਚੀ ਬਣਤ, ਜਾਗਰਤ ਜੋਤ ਜੋਤ ਰੁਸ਼ਨਾਇਆ । ਹਰਿ ਮੰਦਰ ਮਹਿਮਾ ਗਣਤ ਅਗਣਤ, ਕੋਟਨ ਕੋਟ ਰਵ ਸਸ ਬੈਠੇ ਸੀਸ ਝੁਕਾਇਆ । ਹਰਿ ਮੰਦਰ ਮੇਲਾ ਸਾਚੇ ਸੰਤ, ਸਤਿਗੁਰ ਪੂਰਾ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਵਿਚ ਵੇਖ ਵਖਾਇਆ । ਹਰਿ ਮੰਦਰ ਕਾਇਆ ਗੜ੍ਹ, ਹਰਿ ਸਤਿਗੁਰ ਆਪ ਸੁਹਾਇੰਦਾ । ਹਰਿ ਮੰਦਰ ਹਰਿ ਜੀ ਵੇਖੇ ਵੜ, ਆਪਣਾ ਕੁੰਡਾ ਆਪੇ ਲਾਹਿੰਦਾ । ਹਰਿ ਮੰਦਰ ਏਕਾ ਅੱਖਰ ਜਾਏ ਪੜ੍ਹ, ਸੋ ਪੁਰਖ ਨਿਰੰਜਨ ਆਪ ਪੜ੍ਹਾਇੰਦਾ । ਹਰਿ ਮੰਦਰ ਅਗਨੀ ਹਵਨ ਨਾ ਜਾਏ ਸੜ, ਖ਼ਾਕੀ ਖ਼ਾਕ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਇਕ ਉਪਾਇੰਦਾ । ਹਰਿ ਮੰਦਰ ਸਚ ਟਿਕਾਣਾ, ਘਰ ਘਰ ਵਿਚ ਆਪ ਰਖਾਇਆ । ਹਰਿ ਮੰਦਰ ਸ਼ਬਦ ਬਬਾਣਾ, ਗੁਰ ਸਤਿਗੁਰ ਰਿਹਾ ਉਡਾਇਆ । ਹਰਿ ਮੰਦਰ ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਗਵਾਇਆ । ਹਰਿ ਮੰਦਰ ਮਿਲੇ ਸਾਚਾ ਮਾਣਾ, ਨਿਮਾਣ ਨਿਮਾਣਿਆਂ

ਗਲੇ ਲਗਾਇਆ । ਹਰਿ ਮੰਦਰ ਵੇਖੇ ਇਕ ਨਿਸ਼ਾਨਾ, ਧਰਮ ਨਿਸ਼ਾਨਾ ਇਕ ਝੁਲਾਇਆ । ਹਰਿ ਮੰਦਰ ਸੁਣੇ ਏਕਾ ਗਾਣਾ, ਛੱਤੀ ਰਾਗ ਨੈਣ ਸ਼ਰਮਾਇਆ । ਹਰਿ ਮੰਦਰ ਮਿਲੇ ਪਦ ਨਿਰਬਾਣਾ, ਅਮਰਾ ਪਦ ਇਕ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਕਾਇਆ ਮੰਦਰ ਹਰਿ ਮੰਦਰ ਨਾਉਂ ਉਪਜਾਇਆ । ਹਰਿ ਮੰਦਰ ਹਰਿ ਗੋਪਾਲ, ਹਰਿ ਗੋਬਿੰਦ ਵਡ ਵਡਿਆਈਆ । ਹਰਿ ਮੰਦਰ ਦੀਨ ਦਿਆਲ, ਦਇਆਨਿਧ ਆਸਣ ਲਾਈਆ । ਹਰਿ ਮੰਦਰ ਜਲਵਾ ਨੂਰ ਨੂਰ ਜਲਾਲ, ਨੂਰ ਨੂਰਾਨਾ ਡਗਮਗਾਈਆ । ਹਰਿ ਮੰਦਰ ਨਾ ਕੋਈ ਸ਼ਾਹ ਨਾ ਕੰਗਾਲ, ਏਕਾ ਰੰਗ ਸਰਬ ਰੰਗਾਈਆ । ਹਰਿ ਮੰਦਰ ਹਰਿ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਹਰਿ ਮੰਦਰ ਤੁੱਟੇ ਜਗਤ ਜੰਜਾਲ, ਲੱਖ ਚੁਰਾਸੀ ਰਹਿਣ ਨਾ ਪਾਈਆ । ਹਰਿ ਮੰਦਰ ਮਿਲੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ਾਨਾ ਇਕ ਵਖਾਈਆ । ਹਰਿ ਮੰਦਰ ਹਰਿਜਨ ਹਰਿ ਹਰਿ ਆਪੇ ਲਏ ਭਾਲ, ਆਪ ਆਪਣੀ ਬੂਝ ਬੁਝਾਈਆ । ਹਰਿ ਮੰਦਰ ਮਿਲੇ ਗੁਰ ਦਲਾਲ, ਸਾਚਾ ਵਣਜ ਇਕ ਵਖਾਈਆ । ਹਰਿ ਮੰਦਰ ਵੇਖੇ ਆਪ ਗੋਪਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰਾ, ਨਿਰਗੁਣ ਸਰਗੁਣ ਮੇਲਾ ਕੰਤ ਭਤਾਰਾ, ਆਤਮ ਸੇਜਾ ਇਕ ਸੁਹਾਈਆ । ਹਰਿ ਮੰਦਰ ਹਰਿ ਸੁਹਾਇਆ, ਬੈਠਾ ਤ੍ਰੈਗੁਣ ਅਤੀਤ । ਏਕਾ ਮੰਦਰ ਨਾਮ ਦ੍ਰਿੜਾਇਆ, ਕਿਸੇ ਹੱਥ ਨਾ ਆਏ ਗੁਰਦਵਾਰ ਮੰਦਰ ਮਸਜਦ ਮਸੀਤ । ਗੁਰਮੁਖ ਸਾਚੇ ਲਏ ਜਗਾਇਆ, ਵਖਾਏ ਧਾਮ ਇਕ ਅਨਡੀਠ । ਫੜ ਫੜ ਮਾਰਗ ਆਪੇ ਪਾਇਆ, ਆਪ ਜਣਾਏ ਆਪਣੀ ਰੀਤ । ਨੇਤਰ ਨੈਣ ਇਕ ਖੁਲ੍ਹਾਇਆ, ਅੱਠੇ ਪਹਿਰ ਵਸੇ ਚੀਤ । ਰਾਗ ਅਨਾਦੀ ਇਕ ਅਲਾਇਆ, ਧੁਨ ਅਗੰਮੀ ਸਚ ਸੰਗੀਤ । ਬਜਰ ਕਪਾਟੀ ਤੋੜ ਤੁੜਾਇਆ, ਗੜ੍ਹ ਹੰਕਾਰਾ ਭੈ ਭੀਤ । ਆਤਮ ਸੇਜਾ ਦਏ ਸੁਹਾਇਆ, ਹਰਿਜਨ ਕਰੇ ਪਤਿਤ ਪੁਨੀਤ । ਸਰ ਸਰੋਵਰ ਇਕ ਨੁਹਾਇਆ, ਏਕਾ ਰੰਗ ਰੰਗਾਏ ਹਸਤ ਕੀਟ । ਨਿਰਗੁਣ ਦੀਪਕ ਇਕ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਹਰਿ ਮੰਦਰ ਆਪੇ ਪੇਖੇ ਆਪੇ ਗਾਏ ਆਪਣਾ ਗੀਤ । ਹਰਿ ਮੰਦਰ ਹਰਿ ਸਾਖਯਾਤ, ਜਨ ਭਗਤਾਂ ਬੂਝ ਬੁਝਾਇੰਦਾ । ਆਪੇ ਬਹਿ ਬਹਿ ਮਾਰੇ ਝਾਤ, ਸਚ ਝਰੋਕਾ ਆਪ ਖੁਲਾਇੰਦਾ । ਆਪੇ ਬੰਦ ਕਿਵਾੜੀ ਵੇਖੇ ਤਾਕ, ਆਪਣਾ ਪੜ੍ਹਦਾ ਆਪ ਰਖਾਇੰਦਾ । ਆਪੇ ਅਸਵ ਘੋੜੇ ਚੜ੍ਹੇ ਰਾਕ, ਸ਼ਬਦ ਅਗੰਮੀ ਆਪ ਦੋੜਾਇੰਦਾ । ਆਪੇ ਮਾਤ ਪਿਤ ਭਾਈ ਭੈਣ ਸੱਜਣ ਸਾਕ, ਪਿਤਾ ਪੂਤ ਆਪ ਅਖਵਾਇੰਦਾ । ਆਪੇ ਚਰਨ ਧੂੜੀ ਹੋਏ ਖ਼ਾਕੀ ਖ਼ਾਕ, ਆਪੇ ਸੀਸ ਤਾਜ ਟਿਕਾਇੰਦਾ । ਆਪੇ ਜਾਣੇ ਆਪਣੇ ਭਵਿਖਤ ਵਾਕ, ਲੇਖਾ ਆਪਣੇ ਹੱਥ ਰਖਾਇੰਦਾ । ਹਰਿ ਮੰਦਰ ਤੇਰੀ ਸਾਚੀ ਗਾਥ, ਗਹਿਰ ਗੰਭੀਰ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਤੇਰਾ ਰਾਥ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਲੇਖ ਲਿਖਾਇੰਦਾ । ਹਰਿ ਮੰਦਰ ਲੇਖਾ ਹਰਿ ਨਿਰੰਕਾਰ, ਆਪ ਆਪਣਾ ਦਏ ਲਿਖਾਈਆ । ਆਪੇ ਗੁਰ ਆਪੇ ਅਵਤਾਰ, ਆਪੇ ਸਤਿਗੁਰ ਨਾਉਂ ਧਰਾਈਆ । ਆਪੇ ਰਾਜ ਜੋਗ ਸਿਕਦਾਰ, ਆਪੇ ਘਰ ਘਰ ਅਲੱਖ ਜਗਾਈਆ । ਆਪੇ ਨਾਮ ਭਗਤ ਭੰਡਾਰ, ਆਪਣੀ ਵਸਤ ਆਪ ਰਖਾਈਆ । ਆਪੇ ਬੋਲ ਸ਼ਬਦ ਜੈਕਾਰ, ਉਚੀ ਕੂਕ ਦਏ ਸੁਣਾਈਆ । ਆਪੇ ਸੰਤ ਸੁਹੇਲੇ ਲਏ ਤਾਰ, ਆਤਮ ਬ੍ਰਹਮ ਇਕ ਜਣਾਈਆ । ਆਪੇ ਗੁਰਮੁਖ ਕਰੇ ਸਚ ਪਿਆਰ, ਧਾਮ ਅਵਲੜਾ ਇਕ ਵਖਾਈਆ । ਆਪੇ ਗੁਰਸਿਖ ਲਏ

ਉਭਾਰ, ਗੁਰ ਦੀਆ ਜੋਤ ਜਗਾਈਆ । ਆਪੇ ਸਾਚੇ ਮੰਦਰ ਹੋ ਉਜਿਆਰ, ਗੁਰ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪ੍ਰਕਾਸ਼ ਆਪ ਰਖਾਈਆ । ਅਨਭਵ ਪ੍ਰਕਾਸ਼ ਹਰਿ ਭਗਵੰਤਾ, ਭੇਵ ਕੋਇ ਨਾ ਪਾਇੰਦਾ । ਖੇਲ ਖਿਲਾਏ ਆਦਿਨ ਅੰਤਾ, ਨਾਦ ਅਨਾਦੀ ਨਾਦ ਵਜਾਇੰਦਾ । ਜੋਤ ਜਗਾਏ ਜੁਗਾ ਜੁਗੰਤਾ, ਲੋਕਮਾਤ ਵੇਸ ਵਟਾਇੰਦਾ । ਲੇਖਾ ਜਾਣੇ ਸਾਧਨ ਸੰਤਾ, ਭਗਤ ਭਗਤਾਂ ਮੂਲ ਚੁਕਾਇੰਦਾ । ਗੁਰਮੁਖ ਮੇਲਾ ਨਾਰੀ ਕੰਤਾ, ਨਰ ਨਰਾਇਣ ਖੇਲ ਖਿਲਾਇੰਦਾ । ਮਨਮੁਖਾਂ ਤੋੜੇ ਗੜ੍ਹ ਹੰਕਾਰੀ ਹੰਗਤਾ, ਮਾਇਆ ਮਮਤਾ ਮੋਹ ਚੁਕਾਇੰਦਾ । ਹਰਿ ਮੰਦਰ ਬਹਿ ਬਹਿ ਆਪੇ ਹੋਏ ਮੰਗਤਾ, ਆਪਣੀ ਮੰਗ ਆਪ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਥਾਹ, ਹਰਿ ਡੂੰਘਾ ਸਾਗਰ ਗਹਿਰ ਗੰਭੀਰਿਆ । ਸੋ ਪੁਰਖ ਨਿਰੰਜਣ ਬੇਪ੍ਰਵਾਹ, ਲੇਖਾ ਜਾਣੇ ਨਾ ਕੋਏ ਪੀਰ ਫ਼ਕੀਰਿਆ । ਹਰਿ ਪੁਰਖ ਨਿਰੰਜਣ ਆਪ ਉਪਾਏ ਆਪਣਾ ਨਾਂ, ਵਰਨਾਂ ਬਰਨਾਂ ਤੋੜੇ ਜੰਜੀਰਿਆ । ਏਕੰਕਾਰਾ ਪਿਤਾ ਮਾਂ, ਲੱਖ ਚੁਰਾਸੀ ਦੇਵੇ ਠੰਡਾ ਸੀਰਿਆ । ਆਦਿ ਨਿਰੰਜਣ ਜੋਤ ਜਗਾ, ਜੋਤ ਨਿਰੰਜਣ ਬਖ਼ਸ਼ੇ ਸ਼ਾਹ ਹਕੀਰਿਆ । ਪੁਰਖ ਅਬਿਨਾਸ਼ੀ ਵੇਸ ਵਟਾ, ਨਿਰਗੁਣ ਚੜ੍ਹੇ ਚੋਟੀ ਇਕ ਅਖ਼ੀਰਿਆ । ਸ੍ਰੀ ਭਗਵਾਨ ਆਪਣਾ ਭਾਗ ਵੰਡਾ, ਕਰੇ ਖੇਲ ਗੁਣੀ ਗਹੀਰਿਆ । ਪਾਰਬ੍ਰਹਮ ਬ੍ਰਹਮ ਨਾਉਂ ਧਰਾ, ਆਪੇ ਕੱਟੇ ਆਪਣੀ ਭੀੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਬਸਤਰ ਚੀਰਿਆ । ਹਰਿ ਬਸਤਰ ਚੀਰ ਸਾਚਾ ਰੰਗ, ਲਾਲ ਗੁਲਾਲਨ ਆਪ ਰੰਗਾਈਆ । ਕੰਚਨ ਗੜ੍ਹ ਸੁਹਾਏ ਪਲੰਘ, ਸਾਚਾ ਬੰਕ ਵਖਾਈਆ । ਸੂਹਾ ਵੇਸ ਕਰੇ ਅੰਗ, ਗਹਿਰ ਗੰਭੀਰ ਭੇਵ ਨਾ ਰਾਈਆ । ਚਿੱਟਾ ਆਸਨ ਮੰਗੇ ਮੰਗ, ਆਪਣੀ ਸੇਜਾ ਆਪ ਸੁਹਾਈਆ । ਪੀਲੀ ਰੰਗਨ ਆਪੇ ਰੰਗ, ਪੀਆ ਪ੍ਰੀਤਮ ਵੇਖ ਵਖਾਈਆ । ਨੀਲੀ ਧਾਰੋਂ ਪਾਰ ਲੰਘ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਕਾਲੀ ਧਾਰ ਲੱਖ ਚੁਰਾਸੀ ਸੰਗ, ਕਾਲਾ ਭੂਸ਼ਨ ਇਕ ਹੰਢਾਈਆ । ਸਤਿਗੁਰ ਪੂਰਾ ਹਰਿ ਸਰਬੰਗ, ਜੁਗ ਜੁਗ ਮਾਤਲੋਕ ਕਰੇ ਰੁਸ਼ਨਾਈਆ । ਨਾਮ ਵਜਾਏ ਸਤਿ ਮਰਦੰਗ, ਸੰਤ ਸਾਜਨ ਲਏ ਉਠਾਈਆ । ਹਰਿ ਭਗਤ ਲਗਾਏ ਆਪਣੇ ਅੰਗ, ਅੰਗੀਕਾਰ ਨਾਉਂ ਰਖਾਈਆ । ਗੁਰਮੁਖਾਂ ਅੰਦਰ ਆਪੇ ਲੰਘ, ਹਰਿ ਮੰਦਰ ਡੇਰਾ ਲਾਈਆ । ਗੁਰਮੁਖ ਆਤਮ ਸੇਜਾ ਸਚ ਪਲੰਘ, ਸਤਿਗੁਰ ਪੂਰਾ ਰਿਹਾ ਸੁਹਾਈਆ । ਮਾਨਸ ਜਨਮ ਨਾ ਹੋਏ ਭੰਗ, ਜਿਸ ਘਰ ਵਰ ਹਰਿ ਪਾਇਆ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖੇ ਥਾਉਂ ਥਾਈਆ । ਹਰਿ ਮੰਦਰ ਗੁਰਮੁਖ ਤੇਰਾ ਦਰ, ਹਰਿ ਸਤਿਗੁਰ ਆਪ ਸੁਹਾਇੰਦਾ । ਚਰਨ ਕਵਲ ਕਵਲ ਚਰਨ ਦੇਵੇ ਧਰ, ਧਰਨੀ ਧਰਤ ਧਵਲ ਵਡਿਆਇੰਦਾ । ਸਰ ਸਰੋਵਰ ਏਕਾ ਭਰ, ਅੰਮ੍ਰਿਤ ਧਾਰ ਵਹਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਏਕਾ ਨਾਮ ਲੜ ਫੜਾਇੰਦਾ । ਪੰਚ ਵਿਕਾਰ ਨਾ ਜਾਏ ਅੜ, ਮਾਇਆ ਮਮਤਾ ਮੋਹ ਮਿਟਾਇੰਦਾ । ਸਤਿਗੁਰ ਦਵਾਰਾ ਉਚ ਮੁਨਾਰਾ ਏਕਾ ਹਰਿ ਮੰਦਰ ਬਹਿਣਾ ਵੜ, ਇਟਾਂ ਗਾਰਾ ਨਾ ਕੋਇ ਲਗਾਇੰਦਾ । ਨਿਰਗੁਣ ਦੀਵਾ ਬਾਤੀ ਆਪੇ ਧਰ, ਦਿਵਸ ਰੈਣ ਡਗਮਗਾਇੰਦਾ । ਕਮਲਾਪਾਤੀ ਅੱਗੇ ਖੜ੍ਹ, ਸਵਛ ਸਰੂਪੀ ਦਰਸ ਦਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਸਚ ਮਹੱਲਾ ਇਕ ਅਕੱਲਾ ਆਪ ਵਖਾਇੰਦਾ । ਇਕ ਅਕੱਲਾ ਹਰਿ ਬਨਵਾਰਾ,

ਪਾਰਬ੍ਰਹਮ ਬੇਅੰਤ । ਕਰੇ ਖੇਲ ਏਕੰਕਾਰਾ, ਵਲ ਛਲ ਧਾਰੀ ਜੁਗਾ ਜੁਗੰਤ । ਜਨ ਭਗਤਾਂ ਪਾਵੇ ਆਪੇ ਸਾਰਾ, ਮੇਲ ਮਿਲਾਵਾ ਸਾਚੀ ਸੰਗਤ । ਸ਼ਬਦ ਅਗੰਮੀ ਇਕ ਹੁਲਾਰਾ, ਦੇਵਣਹਾਰਾ ਆਦਿਨ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਕਾਇਆ ਚੋਲੀ ਰੰਗਤ । ਕਾਇਆ ਰੰਗ ਚਲੂਲ, ਗੁਰ ਸਤਿਗੁਰ ਆਪ ਰੰਗਾਈਆ । ਦਰ ਘਰ ਸਾਚੇ ਕੋਈ ਨਾ ਲਾਏ ਮੂਲ, ਕੀਮਤ ਕਰਤਾ ਕੋਇ ਨਾ ਪਾਈਆ । ਜੋ ਜਨ ਚਰਨ ਪ੍ਰੀਤੀ ਰਹੇ ਘੋਲ, ਘੋਲੀ ਘੋਲ ਵੇਖ ਵਖਾਈਆ । ਆਤਮ ਅੰਤਰ ਆਪੇ ਮੌਲ, ਆਪਣੀ ਵਸਤ ਆਪਣੇ ਹੱਥ ਰਖਾਈਆ । ਸਾਚੇ ਕੰਡੇ ਦੇਵੇ ਤੋਲ, ਨਾਮ ਕੰਡਾ ਹੱਥ ਉਠਾਈਆ । ਨਵ ਸਤ ਰਹੀ ਅਨਭੋਲ, ਬ੍ਰਹਮਾ ਬ੍ਰਹਮ ਮਤ ਨਾ ਕੋਇ ਜਣਾਈਆ । ਚੌਦਾਂ ਹੱਟ ਕਲਜੁਗ ਖੋਲ੍ਹ, ਆਪਣਾ ਵਣਜ ਰਿਹਾ ਕਰਾਈਆ । ਜੂਠ ਝੂਠ ਤੋਲੇ ਤੋਲ, ਸਾਚੀ ਧਾਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਫੜ, ਹਰਿ ਮੰਦਰ ਮੇਲ ਮਿਲਾਈਆ । ਹਰਿ ਅੰਦਰ ਮੰਦਰ ਹਰਿ ਹਰਿ ਮੇਲਾ, ਗੁਰ ਗੁਰਮੁਖ ਆਪ ਕਰਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਸਾਜਣ ਖੇਲ ਖਿਲਾਇੰਦਾ । ਸਤਿਗੁਰ ਗੁਰ ਗੁਰੂ ਗੁਰਸਿਖ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਗੁਰਸਿਖ ਵੇਖੇ ਗੁਰ ਗੁਰ ਵੇਲਾ, ਵੇਲਾ ਵਕਤ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਜਣ ਵੇਖ ਵਖਾਇੰਦਾ । ਹਰਿ ਸੱਜਣ ਹਰਿ ਪੇਖਿਆ, ਪਾਰਬ੍ਰਹਮ ਗੁਰ ਕਰਤਾਰ । ਜਨ ਭਗਤਾਂ ਲਿਖਣਹਾਰਾ ਸਾਚਾ ਲੇਖਿਆ, ਪੁਰਖ ਅਬਿਨਾਸ਼ੀ ਅਗੰਮ ਅਪਾਰ । ਚਾਰੇ ਵੇਦ ਰਹੇ ਭੁਲੇਖਿਆ, ਹਰਿ ਕਾ ਭੇਵ ਨਾ ਪਾਵਣ ਸਾਰ । ਬ੍ਰਹਮਾ ਵਿਸ਼ਨ ਸ਼ਿਵ ਕਰਨ ਆਦੇਸਿਆ, ਦੋਏ ਜੋੜ ਚਰਨ ਨਿਮਸਕਾਰ । ਨਿਰਗੁਣ ਸਰਗੁਣ ਲਖ ਚੁਰਾਸੀ ਆਪ ਪਰਵੇਸਿਆ, ਆਤਮ ਬ੍ਰਹਮ ਦਏ ਆਧਾਰ । ਜੀਵ ਈਸ਼ ਈਸ਼ ਜੀਵ ਲਿਖਣਹਾਰਾ ਲੇਖਿਆ, ਲੇਖਾ ਲਿਖੇ ਆਪ ਕਰਤਾਰ । ਸਚ ਸੁਲਤਾਨਾ ਹਰਿ ਮਿਹਰਵਾਨਾ ਨਰ ਨਰੇਸ਼ਿਆ, ਦੋ ਜਹਾਨੀ ਪਾਵੇ ਸਾਰ । ਲਹਿਣਾ ਦੇਣਾ ਜਾਣੇ ਗਣਪਤ ਗਣੇਸ਼ਿਆ, ਆਦਿ ਸ਼ਕਤ ਹੋਏ ਉਜਿਆਰ । ਆਪੇ ਸਤਿਜੁਗ ਤਰੇਤਾ ਦਵਾਪਰ ਕਲਜੁਗ ਧਾਰੇ ਭੇਸਿਆ, ਬਾਵਨ ਰਾਮਾ ਕ੍ਰਿਸ਼ਨ ਮੁਰਾਰ । ਆਪੇ ਦਾਤਾ ਜੋਧਾ ਸੂਰਬੀਰ ਵਡ ਮਰਗੇਸਿਆ, ਆਪ ਆਪਣਾ ਬਲ ਰਿਹਾ ਧਾਰ । ਆਪੇ ਮੁਲਾਂ ਸ਼ੇਖ ਮਸਾਇਕ ਪੀਰ ਦਸਤਗੀਰ ਲਿਖੇ ਲੇਖਿਆ, ਆਪੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ । ਆਪੇ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਕਰੇ ਖ਼ਾਲੀ ਖ਼ੀਸਿਆ, ਆਪੇ ਦਰ ਦਰ ਕਰੇ ਭਿਖਾਰ । ਆਪੇ ਗਰੀਬ ਨਿਮਾਣਿਆਂ ਤਾਜ ਧਰੇ ਸਾਚੇ ਸੀਸਿਆ, ਨਵ ਖੰਡ ਦਏ ਆਧਾਰ । ਪਾਰਬ੍ਰਹਮ ਅਬਿਨਾਸ਼ੀ ਕਰਤਾ ਤੇਰੀ ਕੋਈ ਨਾ ਕਰੇ ਰੀਸਿਆ, ਆਦਿ ਜੁਗਾਦੀ ਗੁਰ ਅਵਤਾਰ । ਕਲਜੁਗ ਲੇਖਾ ਜਾਣੇ ਬੀਸ ਇਕੀਸਿਆ ਨਾਨਕ ਨਿਰਗੁਣ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਮੰਦਰ ਸੁਹਾਏ ਬੰਕ ਦਵਾਰ । ਹਰਿ ਮੰਦਰ ਹਰਿ ਸੁਹੰਜਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਹਰਿਜਨ ਮੇਲਾ ਸਾਚੇ ਸੱਜਣਾ, ਘਰ ਬੈਠਾ ਬੇਪਰਵਾਹੀਆ । ਨੇਤਰ ਨੈਣਾਂ ਨਾਮ ਪਾਏ ਕਜਲਾ, ਅੰਧ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਸਾਚਾ ਮਜਨਾ, ਅਠਸਠ ਪੰਧ ਮੁਕਾਈਆ । ਅਨਹਦ ਤਾਲ ਤਲਵਾੜਾ ਕਾਇਆ ਅੰਦਰ ਵੱਜਣਾ, ਗੁਰ ਸ਼ਬਦੀ ਦਏ ਸੁਣਾਈਆ । ਸੁਰਤ ਸਵਾਣੀ ਕੋਲ ਬਹਿ ਬਹਿ ਸਜਣਾ, ਹਰਿ ਹਾਣੀਆ ਹਾਣੀ ਦਏ ਮਿਲਾਈਆ ।


੧੦੯

ਪੰਜ ਤਤ ਝੂਠਾ ਕਚ ਅੰਤਮ ਸਭ ਦਾ ਭੱਜਣਾ, ਥਿਰ ਕੋਇ ਰਹਿਣ ਨਾ ਪਾਈਆ । ਕਾਲ ਨਗਾਰਾ ਸਭ ਦੇ ਸਿਰ ਤੇ ਵੱਜਣਾ, ਕਾਲ ਦਿਆਲ ਆਪ ਰਘੁਰਾਈਆ । ਹਰਿਜਨ ਚਾੜ੍ਹੇ ਸਚ ਜਹਾਜ਼ਨਾ, ਆਪਣਾ ਬੇੜਾ ਆਪ ਚਲਾਈਆ । ਸੋ ਪੁਰਖ ਨਿਰੰਜਨ ਮਾਰੇ ਆਪਣੀ ਵਾਜਨਾ, ਹੰ ਬ੍ਰਹਮ ਲਏ ਉਠਾਈਆ । ਆਪੇ ਰਚਿਆ ਆਪਣਾ ਕਾਜਨਾ, ਆਪਣੀ ਕਰਨੀ ਕਿਰਤ ਕਮਾਈਆ । ਲੇਖਾ ਚੁੱਕੇ ਰਾਜਨ ਰਾਜਨਾ, ਸੀਸ ਤਾਜ ਨਾ ਕੋਇ ਟਿਕਾਈਆ । ਪ੍ਰਗਟ ਹੋਏ ਗਰੀਬ ਨਿਵਾਜ਼ਨਾ, ਗਊ ਗਰੀਬ ਹੋਏ ਸਹਾਈਆ । ਮਨਮੁਖਾਂ ਕੱਢੇ ਪਾਜਨਾ, ਜੋ ਜਨ ਬੈਠੇ ਹਰਿ ਭੁਲਾਈਆ । ਚਿੱਟੇ ਅਸਵ ਚੜ੍ਹੇ ਤਾਜਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਚਾਰ ਕੁੰਟ ਦਹਿ ਦਿਸ਼ਾ ਆਪੇ ਫੇਰਾ ਪਾਈਆ । ਗੁਰਸਿਖਾਂ ਰੱਖੇ ਲਾਜਨਾ, ਸਿਰ ਸਮਰਥ ਹੱਥ ਰਖਾਈਆ । ਪ੍ਰਗਟ ਹੋਏ ਦੇਸ ਮਾਝਨਾ, ਨਿਹਕਲੰਕਾ ਨਾਉਂ ਜਣਾਈਆ । ਸੰਬਲ ਨਗਰੀ ਸਾਜਣ ਸਾਜਣਾ, ਸਾਢੇ ਤਿੰਨ ਹੱਥ ਵੇਖ ਵਖਾਈਆ । ਹਰਿ ਮੰਦਰ ਸੋਹੇ ਸ਼ਾਹੋ ਸ਼ਾਬਾਸਨਾ, ਪੁਰਖ ਅਬਿਨਾਸ਼ਨ ਆਸਣ ਲਾਈਆ । ਸੀਸ ਜਗਦੀਸ਼ ਰੱਖੇ ਤਾਜਨਾ, ਲੋਕਮਾਤ ਤਖ਼ਤ ਤਾਜ ਦਏ ਉਲਟਾਈਆ । ਲੱਖ ਚੁਰਾਸੀ ਦਰ ਦਰ ਘਰ ਘਰ ਭਾਜਨਾ, ਬਿਨ ਹਰਿ ਦਿਸੇ ਨਾ ਕੋਈ ਸਹਾਈਆ । ਵਹਾਏ ਲਹਿਰ ਖ਼ਿਜ਼ਰ ਖ਼ਵਾਜਨਾ, ਇੰਦਰ ਮੇਘਲਾ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਫੜ, ਹਰਿ ਮੰਦਰ ਵੇਸ ਵਟਾਈਆ । ਹਰਿ ਮੰਦਰ ਸੋਹੇ ਸਾਚਾ ਬੰਕ, ਹਰਿ ਸਤਿਗੁਰ ਆਪ ਸੁਹਾਇੰਦਾ । ਏਕਾ ਰੰਗ ਵਖਾਏ ਰਾਓ ਰੰਕ, ਊਚ ਨੀਚ ਨਾ ਕੋਏ ਜਣਾਇੰਦਾ । ਗੁਰਸਿਖ ਤਰਾਏ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇੰਦਾ । ਸ਼ਬਦ ਅਨਾਦ ਵਜਾਏ ਡੰਕ ਚੋਟ ਨਗਾਰੇ ਇਕ ਲਗਾਇੰਦਾ । ਪਰਗਟ ਹੋਏ ਵਾਸੀ ਪੁਰੀ ਘਨਕ, ਅਕਲ ਕਲ ਧਾਰੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਆਪੇ ਸੋਭਾ ਪਾਇੰਦਾ । ਹਰਿ ਮੰਦਰ ਹਰਿ ਸੁਹਾਇਆ, ਘਰ ਸਾਚਾ ਇਕ ਵਖੰਨਿਆ । ਏਕਾ ਮੰਗਲ ਸਾਚਾ ਗਾਇਆ, ਰਾਗ ਤਰਾਨਾ ਇਕ ਉਪੰਨਿਆ । ਏਕਾ ਸੱਜਣ ਮੇਲ ਮਿਲਾਇਆ, ਘਰ ਚੜ੍ਹਿਆ ਸਾਚਾ ਚੰਨਿਆ । ਸਤਿਗੁਰ ਪੂਰਾ ਵੇਖਣ ਆਇਆ, ਪੁਰਖ ਅਬਿਨਾਸ਼ੀ ਆਪੇ ਮੰਨਿਆ । ਘਰ ਸਾਚੇ ਡੇਰਾ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਉਤਮ ਜਾਤਾ ਇਕ ਵਖੰਨਿਆ । ਹਰਿ ਮੰਦਰ ਉਤਮ ਜ਼ਾਤ, ਵਰਨ ਬਰਨ ਨਾ ਕੋਇ ਰਖਾਇੰਦਾ । ਹਰਿ ਮੰਦਰ ਏਕਾ ਅੰਮ੍ਰਿਤ ਬੂੰਦ ਸਵਾਂਤ, ਦੂਈ ਦਵੈਤ ਨਾ ਕੋਇ ਜਣਾਇੰਦਾ । ਹਰਿ ਮੰਦਰ ਏਕਾ ਦਾਤ, ਹਰਿ ਆਪਣਾ ਨਾਉਂ ਵੰਡ ਵੰਡਾਇੰਦਾ । ਹਰਿ ਮੰਦਰ ਏਕਾ ਗਾਥ, ਚੌਦਾਂ ਲੋਕ ਸਰਬ ਸੁਣਾਇੰਦਾ । ਹਰਿ ਮੰਦਰ ਏਕਾ ਪੂਜਾ ਪਾਠ, ਏਕਾ ਇਸ਼ਟ ਮਨਾਇੰਦਾ । ਹਰਿ ਮੰਦਰ ਏਕਾ ਤੀਰਥ ਏਕਾ ਤਾਟ, ਅਠਸਠ ਨਾ ਕੋਏ ਜਣਾਇੰਦਾ । ਹਰਿ ਮੰਦਰ ਏਕਾ ਘਾਟ, ਗੁਰਸਿਖ ਔਖੀ ਘਾਟੀ ਆਪ ਚੜ੍ਹਾਇੰਦਾ । ਹਰਿ ਮੰਦਰ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਹਰਿ ਮੰਦਰ ਲਹਿਣਾ ਦੇਣ ਚੁਕਾਏ ਆਨ ਬਾਟ, ਮਾਤ ਗਰਭ ਫੰਦ ਕਟਾਇੰਦਾ । ਹਰਿ ਮੰਦਰ ਹਰਿ ਨਾਮੇ ਕਰੇ ਦਾਤ, ਲਖ ਚੁਰਾਸੀ ਪੰਧ ਮੁਕਾਇੰਦਾ । ਹਰਿ ਮੰਦਰ ਪੂਰਾ ਕਰੇ ਘਾਟ, ਗੁਰਮੁਖਾਂ ਝੋਲੀ ਆਪ ਭਰਾਇੰਦਾ । ਹਰਿ ਮੰਦਰ ਵਖਾਏ ਸਾਚੀ ਖਾਟ, ਪਰੇਮ ਪਟੋਲਾ ਉਪਰ ਪਾਇੰਦਾ । ਹਰਿ ਮੰਦਰ ਅੰਮ੍ਰਿਤ ਰਸ ਲੈਣਾ ਚਾਟ, ਨਿਝਰ ਝਿਰਨਾ ਆਪ ਝਿਰਾਇੰਦਾ । ਹਰਿ ਮੰਦਰ ਜੋਤ ਜਗੇ ਲਲਾਟ, ਡੂੰਘੀ ਭਵਰੀ ਕਵਰੀ ਵੇਖ ਵਖਾਇੰਦਾ । ਹਰਿ ਮੰਦਰ ਰਾਹ ਤੱਕਣ


੧੧੦

ਚੌਦਾਂ ਹਾਟ, ਚੌਦਾਂ ਤਬਕਾਂ ਮੁਖ ਭਵਾਇੰਦਾ । ਹਰਿ ਮੰਦਰ ਆਪ ਸੁਹਾਏ ਪੁਰਖ ਸਮਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਰੱਖੇ ਦੇ ਕਰ ਹੱਥ, ਸਗਲਾ ਸੰਗ ਨਿਭਾਇੰਦਾ । ਹਰਿ ਮੰਦਰ ਸਾਚਾ ਸੰਗ, ਆਦਿ ਅੰਤ ਵਿਛੜ ਨਾ ਜਾਈਆ । ਹਰਿ ਮੰਦਰ ਵਜਾਏ ਨਾਮ ਮਰਦੰਗ, ਅਨਹਦ ਸਾਚੀ ਸੇਵ ਕਮਾਈਆ । ਹਰਿ ਮੰਦਰ ਕੋਟਨ ਕੋਟ ਵਹੇ ਧਾਰਾ ਗੰਗ, ਗੰਗ ਸੁਰਸਤੀ ਜਮਨਾ ਗੋਦਾਵਰੀ ਮੁਖ ਸ਼ਰਮਾਈਆ । ਹਰਿ ਮੰਦਰ ਗੁਰਮੁਖ ਵਿਰਲਾ ਮੰਗੇ ਮੰਗ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਹਰਿ ਮੰਦਰ ਹਰਿਜਨ ਵਿਰਲਾ ਜਾਏ ਲੰਘ, ਕੋਟਨ ਕੋਟ ਸਾਧ ਸੰਤ ਜੀਵ ਜੰਤ ਭੁੱਲੇ ਫਿਰਦੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੱਟੇ ਭੁੱਖ ਨੰਗ, ਆਪ ਲਗਾਏ ਆਪਣੇ ਅੰਗ, ਹਰਿ ਮੰਦਰ ਸਾਚੇ ਬੈਠ ਪਲੰਘ, ਨਾਰੀ ਰੂਪ ਚਾੜ੍ਹੇ ਰੰਗ, ਕੰਤ ਕੰਤੂਹਲਾ ਸੂਰਾ ਸਰਬੰਗ, ਗੁਰਮੁਖ ਦੂਜਾ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਜੁਗਾ ਜੁਗੰਤਾ ਸਾਧਨ ਸੰਤਾ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਲੋਕਮਾਤ ਉਤਰ ਕਦੇ ਨਾ ਜਾਈਆ ।

### ✻ ੩ ਪੋਹ ੨੦੧੯ ਬਿਕ੍ਰਮੀ ਅਜੀਤ ਸਿੰਘ ਦੇ ਘਰ ਬਟਾਲਾ ਜਿਲਾ ਗੁਰਦਾਸਪੁਰ ✻



ਸਮਰਥ ਹੱਥ ਵਡਿਆਈ, ਆਦਿ ਜੁਗਾਦਿ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਨ ਭੇਵ ਨਾ ਰਾਈ, ਹਰਿ ਪੁਰਖ ਨਿਰੰਜਨ ਵੇਖ ਵਖਾਇੰਦਾ । ਏਕੰਕਾਰਾ ਅਗੰਮ ਅਥਾਹੀ, ਬੇਅੰਤ ਬੇਪਰਵਾਹ ਆਪਣਾ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਪਕੜੇ ਬਾਂਹ, ਸ੍ਰੀ ਭਗਵਾਨ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਕਰੇ ਸਚ ਨਿਆਂ, ਦਰ ਘਰ ਸਾਚਾ ਆਪ ਸੁਹਾਇੰਦਾ । ਸਚਖੰਡ ਦਵਾਰਾ ਰਚਨ ਰਚਾ, ਸਚ ਨਵਾਸੀ ਆਸਣ ਲਾਇੰਦਾ । ਥਿਰ ਘਰ ਮਹੱਲਾ ਇਕ ਵਸਾ, ਆਦਿ ਨਿਰੰਜਨ ਡਗਮਗਾਇੰਦਾ । ਇਕ ਅਕੱਲਾ ਸੋਭਾ ਪਾ, ਘਰ ਸੁਹੰਜਣਾ ਆਪ ਵਖਾਇੰਦਾ । ਹਰਿ ਮੰਦਰ ਹਰਿ ਜੀਓ ਨਾਉਂ ਧਰਾ, ਨਿਰਗੁਣ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਪੁਰਖ ਸਮਰਥ ਆਪੇ ਜਾਣੇ ਮਹਿਮਾ ਅਕਥ, ਆਪਣੀ ਕਥਾ ਆਪ ਅਲਾਇੰਦਾ । ਹਰਿ ਮਹਿਮਾ ਅਕਥ, ਭੇਵ ਕੋਇ ਨਾ ਪਾਇੰਦਾ । ਸ਼ਬਦ ਅਗੰਮੀ ਚਲਾਏ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਆਪਣੇ ਮੰਦਰ ਹੋ ਪਰਗਟ, ਆਪ ਆਪਣੀ ਕਲ ਵਰਤਾਇੰਦਾ । ਆਪੇ ਧੁਨ ਅਨਾਦੀ ਮਾਰੇ ਸੱਟ, ਵੈਰਾਗ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਵਡਿਆਇੰਦਾ । ਨਾਉਂ ਵਡਿਆਈ ਹਰਿ ਨਿਰੰਕਾਰ, ਆਦਿ ਜੁਗਾਦਿ ਉਪਾਈਆ । ਕਰੇ ਖੇਲ ਅਪਰ ਅਪਾਰ, ਆਪ ਅਪਰੰਪਰ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਹੋ ਉਜਿਆਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਕਰ ਤਿਆਰ, ਲੋਕਮਾਤ ਵੇਖ ਵਖਾਈਆ । ਆਪੇ ਦੇਵੇ ਜੋਤ ਅਧਾਰ, ਨਿਰਗੁਣ ਸਰਗੁਣ ਦੀਆ ਆਪ ਟਿਕਾਈਆ । ਆਪੇ ਬਖਸ਼ੇ ਸਚ ਪਿਆਰ, ਸਚ ਦਵਾਰਾ ਇਕ ਵਖਾਈਆ । ਆਪੇ ਦੇਵੇ ਨਾਮ ਅਧਾਰ, ਸਾਚੀ ਵਸਤ ਝੋਲੀ ਪਾਈਆ । ਆਪੇ ਖੋਲ੍ਹ ਬੰਦ ਕਿਵਾੜ, ਆਪਣਾ ਮੰਦਰ ਦਏ ਵਖਾਈਆ । ਸਾਚੇ ਮੰਦਰ ਜੋਤ ਉਜਿਆਰ, ਦਿਵਸ ਰੈਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ

ਇਕ ਸੁਹਾਈਆ । ਹਰਿ ਮੰਦਰ ਘਰ ਸੁਹੰਜਣਾ, ਹਰਿ ਸਾਚਾ ਆਪ ਉਪਾਇੰਦਾ । ਸਤਿਗੁਰ ਪੂਰਾ ਆਦਿ ਨਿਰੰਜਣਾ, ਨਿਰਗੁਣ ਦਾਤਾ ਆਸਣ ਲਾਇੰਦਾ । ਲੱਖ ਚੁਰਾਸੀ ਸਾਚਾ ਸੱਜਣਾ, ਦਰ ਦਰ ਘਰ ਘਰ ਵੇਖ ਵਖਾਇੰਦਾ । ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ, ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਖਾਇੰਦਾ । ਦਰ ਘਰ ਸਾਚਾ ਉਚ ਮਨਾਰਾ, ਆਦਿ ਜੁਗਾਦੀ ਰਚਨ ਰਚਾਈਆ । ਸਰਗੁਣ ਮੇਲਾ ਵਿਚ ਸੰਸਾਰਾ, ਨਿਰਗੁਣ ਆਪਣਾ ਆਪ ਕਰਾਈਆ । ਆਪੇ ਦੇਵੇ ਨਾਦ ਧੁਨ ਸਚੀ ਧੁਨਕਾਰਾ, ਧੁਨ ਆਤਮਕ ਵਡ ਵਡਿਆਈਆ । ਘਰ ਮੰਦਰ ਵੇਖ ਸਚ ਚੁਬਾਰਾ, ਮੀਤ ਮੁਰਾਰਾ ਆਸਣ ਲਾਈਆ । ਡੂੰਘੀ ਕੰਦਰ ਪਾਰ ਕਿਨਾਰਾ, ਅੰਧ ਅੰਧੇਰ ਨਾ ਕੋਇ ਵਖਾਈਆ । ਕਮਲਾਪਾਤੀ ਹੋ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਰਵ ਸਸ ਨਾ ਕੋਇ ਸਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਬੈਠਾ ਵੜ, ਗੁਰਮੁਖ ਸਾਚਾ ਘਰ ਵਖਾਈਆ । ਸਾਚਾ ਮੰਦਰ ਗੁਰਸਿਖ ਗੜ੍ਹ, ਕਾਇਆ ਬੰਕ ਆਪ ਸੁਹਾਈਆ । ਸਤਿ ਸਤਿਵਾਦੀ ਅੰਦਰ ਵੜ, ਸਾਰ ਸ਼ਬਦ ਕਰੇ ਪੜ੍ਹਾਈਆ । ਸੁਰਤ ਸਵਾਣੀ ਲਏ ਫੜ, ਏਕਾ ਡੋਰੀ ਨਾਮ ਬੰਧਾਈਆ । ਪਾਰਬ੍ਰਹਮ ਬ੍ਰਹਮ ਘਾੜਨ ਘੜ, ਸੁਹੰਜਣੀ ਘੜੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਗੁਰਮੁਖ ਵਿਰਲੇ ਬੂਝ ਬੁਝਾਈਆ । ਗੁਰਮੁਖ ਬੂਝੇ ਹਰਿ ਦਰ ਸੂਝੇ, ਤ੍ਰੈਗੁਣ ਰੰਗ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪ ਖੁਲ੍ਹਾਏ ਭੇਵ ਗੁਝੇ, ਸਤਿਗੁਰ ਪੂਰਾ ਨਾਉਂ ਧਰਾਈਆ । ਆਪ ਚੁਕਾਏ ਲਹਿਣਾ ਦੇਣਾ, ਭੇਵ ਮਿਟਾਏ ਏਕਾ ਦੂਜੇ ਤੀਜੇ ਨੈਣ ਕਰੇ ਰੁਸ਼ਨਾਈਆ । ਚੌਥੇ ਘਰ ਚੌਥੇ ਪਦ ਪੰਜ ਤਤ ਆਪੇ ਝੂਝੇ, ਰਤੀ ਰਤ ਨਾ ਕੋਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਮਾਰਗ ਪਾਈਆ । ਸਾਚਾ ਮਾਰਗ ਬੇਪਰਵਾਹ, ਜੁਗ ਜੁਗ ਆਪ ਲਗਾਇੰਦਾ । ਆਪ ਉਪਾਏ ਆਪਣਾ ਨਾ, ਲੋਕਮਾਤ ਆਪ ਜਪਾਇੰਦਾ । ਸੰਤ ਸੁਹੇਲੇ ਪਕੜ ਬਾਂਹ, ਆਪ ਆਪਣੇ ਗਲੇ ਲਗਾਇੰਦਾ । ਮਨਮੁਖ ਜੀਵ ਉਡਦੇ ਕਾਂ, ਕਾਗੀ ਡਾਰ ਰਲਾਇੰਦਾ । ਸਾਚੇ ਹੰਸਾਂ ਸਰ ਸਰੋਵਰ ਦਏ ਵਖਾ, ਮਾਨ ਸਰੋਵਰ ਇਕ ਨੁਹਾਇੰਦਾ । ਮਾਣਕ ਮੋਤੀ ਚੋਗ ਚੁਗਾ, ਸੋਹੰ ਹੰਸਾ ਜਾਪ ਜਪਾਇੰਦਾ । ਦੂਈ ਦਵੈਤੀ ਰੋਗ ਕਟਾ, ਹਉਮੇ ਗੜ ਤੁੜਾਇੰਦਾ । ਸਾਚਾ ਹਰਿ ਮੰਦਰ ਇਕ ਵਖਾ, ਆਸਾ ਤ੍ਰਿਸ਼ਨਾ ਜਗਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਜਗਤ ਅਭਿਆਸ ਛੁੱਟਾ ਨਾਤਾ, ਹਰਿ ਪੁਰਖ ਨਿਰੰਜਨ ਪਾਇਆ । ਸੋ ਪੁਰਖ ਨਿਰੰਜਨ ਸੁਣਾਏ ਸਾਚੀ ਗਾਥਾ, ਨੇਤਰ ਨੈਣ ਨਾ ਬੰਦ ਕਰਾਇਆ । ਏਕੰਕਾਰਾ ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਸਿਰ ਆਪਣਾ ਹੱਥ ਰਖਾਇਆ । ਆਦਿ ਨਿਰੰਜਨ ਜੋਤੀ ਨੂਰ ਕਰ ਪ੍ਰਕਾਸਾ, ਘਰ ਘਰ ਵਿਚ ਦੀਪਕ ਦਏ ਜਗਾਇਆ । ਅਬਿਨਾਸ਼ੀ ਕਰਤਾ ਖੇਲ ਤਮਾਸ਼ਾ, ਆਪ ਆਪਣਾ ਵੇਖਣ ਆਇਆ । ਸ੍ਰੀ ਭਗਵਾਨ ਪਾਏ ਰਾਸਾ, ਮੰਡਲ ਮੰਡਪ ਆਪ ਸੁਹਾਇਆ । ਪਾਰਬ੍ਰਹਮ ਆਦਿ ਜੁਗਾਦਿ ਨਾ ਕਦੇ ਵਿਨਾਸਾ, ਨਾ ਮਰੇ ਨਾ ਜਾਇਆ । ਬ੍ਰਹਮ ਬ੍ਰਹਮ ਲੇਖਾ ਜਾਣੇ ਪਵਣ ਸਵਾਸਾ, ਲੇਖਾ ਲਿਖਣਹਾਰਾ ਆਪ ਹੋ ਆਇਆ । ਖੇਲੇ ਖੇਲ ਪ੍ਰਿਥਮੀ ਆਕਾਸਾ, ਕੋਟਨ ਕੋਟ ਬ੍ਰਹਿਮੰਡ ਖੰਡ ਗਗਨ ਮੰਡਲ ਚਰਨਾਂ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਕਰ, ਮੇਲ ਮਿਲਾਵਾ ਇਕ ਵਖਾਇਆ ।

ਨਾਤਾ ਤੋੜ ਹਠ ਤਪ, ਸਤਿ ਜੋਗ ਇਕ ਵਖਾਈਆ । ਕੋਟਨ ਕੋਟ ਜਨਮ ਉਤਾਰੇ ਪਾਪ, ਦੁਰਮਤ ਮੈਲ ਦਏ ਧਵਾਈਆ । ਆਪ ਪਛਾਣੇ ਆਪਣਾ ਆਪ, ਬ੍ਰਹਮ ਪਾਰਬ੍ਰਹਮ ਵਖਾਈਆ । ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਏਕਾ ਚੰਦ ਚੜ੍ਹਾਈਆ । ਸ਼ਬਦ ਅਗੰਮੀ ਆਪਣੀ ਗਾਥ, ਪੁਰਖ ਸਮਰਥ ਆਪ ਸੁਣਾਈਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਹਰਿਜਨ ਲੇਖਾ ਲੇਖੇ ਪਾਈਆ । ਇਕ ਜਣਾਏ ਪੂਜਾ ਪਾਠ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਭੱਠ ਕਰਾਏ ਤੀਰਥ ਅਠਸਠ, ਸਚ ਸਰੋਵਰ ਹਰਿ ਚਰਨ ਇਕ ਨੁਹਾਈਆ । ਲੱਖ ਚੁਰਾਸੀ ਔਖਾ ਘਾਟ, ਗੁਰਮੁਖ ਸਾਚੇ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵਖਾਏ ਸਾਚਾ ਘਰ, ਘਰ ਸ਼ਬਦੀ ਸ਼ਬਦ ਕੁੜਮਾਈਆ । ਨਾਤਾ ਤੋੜ ਜਗਤ ਅਸ਼ਨਾਨ, ਆਤਮ ਅੰਤਰ ਇਕ ਨੁਹਾਇੰਦਾ । ਨਾਤਾ ਤੋੜ ਜਗਤ ਵਖਿਆਨ, ਸਾਚਾ ਗਿਆਨ ਇਕ ਦ੍ਰਿੜਾਇੰਦਾ । ਨਾਤਾ ਤੋੜ ਜਗਤ ਗਿਆਨ, ਸਾਚੀ ਸਿਖਿਆ ਸਿੱਖ ਸਮਝਾਇੰਦਾ । ਨਾਤਾ ਤੋੜ ਝੂਠ ਦੁਕਾਨ, ਸਾਚੇ ਮਾਰਗ ਆਪੇ ਪਾਇੰਦਾ । ਨਾਤਾ ਤੋੜ ਪੰਜ ਸ਼ੈਤਾਨ, ਪੰਚਮ ਸ਼ਬਦ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਸਾਚੇ ਘਰ, ਘਰ ਮੰਦਰ ਆਪ ਵਖਾਇੰਦਾ । ਨਾਤਾ ਤੋੜ ਜਗਤ ਸਾਧ, ਹਰਿਜਨ ਹਰਿ ਹਰਿ ਰਿਹਾ ਮਿਲਾਈਆ । ਨਾਤਾ ਤੋੜ ਜਗਤ ਨਾਦ, ਕਾਇਆ ਨਾਦ ਇਕ ਸੁਣਾਈਆ । ਨਾਤਾ ਤੋੜ ਜਗਤ ਦਾਦ, ਨਾਮ ਦਾਦ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਮੇਲ ਹਰਿ, ਹਰਿ ਮੰਦਰ ਵੇਖ ਵਖਾਈਆ । ਨਾਤਾ ਤੋੜ ਜਗਤ ਪੜ੍ਹਾਈ, ਆਤਮ ਅੰਦਰ ਇਕ ਲਿਵ ਲਾਇੰਦਾ । ਨਾਤਾ ਤੋੜ ਜਗਤ ਜੁਦਾਈ, ਹਰਿ ਚਰਨ ਪ੍ਰੀਤੀ ਜੋੜ ਜੁੜਾਇੰਦਾ । ਨਾਤਾ ਤੋੜ ਜਗਤ ਕੁੜਮਾਈ, ਗੁਰ ਸਤਿਗੁਰ ਪੱਲਾ ਨਾਮ ਫੜਾਇੰਦਾ । ਨਾਤਾ ਤੋੜ ਧੀ ਜਵਾਈ, ਸੁਰਤ ਸਵਾਣੀ ਸ਼ਬਦ ਨੁਹਾਇੰਦਾ । ਨਾਤਾ ਤੋੜ ਅਠ ਸਠ ਪਾਣੀ, ਅੰਮ੍ਰਿਤ ਆਤਮ ਧਾਰ ਇਕ ਪਿਆਇੰਦਾ । ਨਾਤਾ ਤੋੜ ਚਾਰ ਖਾਣੀ, ਚੌਥਾ ਪਦ ਇਕ ਸੁਹਾਇੰਦਾ । ਨਾਤਾ ਤੋੜ ਰਸਨਾ ਬਾਣੀ, ਅਜਪਾ ਜਾਪ ਇਕ ਕਰਾਇੰਦਾ । ਨਾਤਾ ਤੋੜ ਜਗਤ ਕਹਾਣੀ, ਅਕਥ ਕਹਾਣੀ ਸ਼ਬਦ ਸੁਣਾਇੰਦਾ । ਨਾਤਾ ਤੋੜ ਮਾਇਆ ਰਾਣੀ, ਪਦ ਨਿਰਬਾਣੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਨਾਤਾ ਤੋੜ ਜਗਤ ਪਿਆਰ, ਹਰਿ ਚਰਨ ਕਵਲ ਸਮਝਾਈਆ । ਨਾਤਾ ਤੋੜ ਪੁਰਖ ਨਾਰ, ਹਰਿ ਕੰਤ ਦਏ ਮਿਲਾਈਆ । ਨਾਤਾ ਤੋੜ ਸਗਲਾ ਯਾਰ, ਸਾਚਾ ਸਾਥੀ ਇਕ ਵਖਾਈਆ । ਨਾਤਾ ਤੋੜ ਮਾਂ ਪੁਤ ਭੈਣ ਭਾਈ ਹਿਤ ਸੰਸਾਰ, ਨਿਤ ਨਵਿਤ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨਾਤਾ ਤੋੜ ਜਗਤ ਸਰੂਪ, ਨਿਜ ਆਤਮ ਸਰੂਪ ਆਪ ਦਰਸਾਈਆ । ਨਾਤਾ ਤੋੜ ਜਗਤ ਭੂਪ, ਹਰਿ ਪੁਰਖ ਮੇਲ ਮਿਲਾਈਆ । ਨਾਤਾ ਤੋੜ ਚਾਰੇ ਕੂਟ, ਉਤਰ ਪੂਰਬ ਪੱਛਮ ਦੱਖਣ ਏਕਾ ਰੰਗ ਰੰਗਾਈਆ । ਨਾਤਾ ਤੋੜ ਕਾਇਆ ਸੂਤ, ਏਕਾ ਤੰਦਨ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਆਪ ਸੁਹਾਈਆ । ਨਾਤਾ ਤੋੜ ਜਗਤ ਸੁਲਤਾਨ, ਹਰਿ ਸਾਚੇ ਮੇਲ ਮਿਲਾਇੰਦਾ । ਨਾਤਾ ਤੋੜ ਆਸਾ ਤ੍ਰਿਸਨਾ ਪੀਣ ਖਾਣ, ਧੀਰਜ ਧੀਰ ਸਤਿ ਸੰਤੋਖ ਇਕ ਗਿਆਨ ਸਮਝਾਇੰਦਾ । ਨਾਤਾ ਤੋੜ ਜੀਵ ਜਹਾਨ, ਦਰਗਾਹ ਸਾਚੀ ਮੇਲ ਮਿਲਾਇੰਦਾ । ਨਾਤਾ ਤੋੜ ਚਾਰ ਦੀਵਾਰੀ ਜਗਤ

ਮਕਾਨ, ਕਾਇਆ ਮੰਦਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖੇ ਆਪੇ ਖੜ, ਆਪ ਆਪਣਾ ਬੰਕ ਵਖਾਇੰਦਾ । ਹਰਿ ਮੰਦਰ ਸਚ ਦਵਾਰਾ, ਹਰਿ ਸਾਚੇ ਆਪ ਉਪਾਇਆ । ਇਕ ਅਕੱਲਾ ਬੈਠਾ ਏਕੰਕਾਰਾ, ਨਿਰਗੁਣ ਰੂਪ ਡੇਰਾ ਲਾਇਆ । ਬੋਧ ਅਗਾਧੀ ਸ਼ਬਦ ਜੈਕਾਰਾ, ਆਪ ਆਪਣਾ ਦਏ ਸੁਣਾਇਆ । ਸ੍ਰਿਸ਼ਟ ਸਬਾਈ ਖੇਲ ਨਿਆਰਾ, ਵੇਦ ਕੁਰਾਨ ਭੇਵ ਨਾ ਰਾਇਆ । ਸ਼ਾਸਤਰ ਸਿਮਰਤ ਰਹੇ ਪੁਕਾਰਾ, ਲੇਖਾ ਲੇਖ ਨਾ ਕਿਸੇ ਜਣਾਇਆ । ਆਦਿ ਜੁਗਾਦੀ ਇਕ ਅਵਤਾਰਾ, ਜੁਗ ਜੁਗ ਆਪਣਾ ਰੂਪ ਵਟਾਇਆ । ਚੌਥੇ ਜੁਗ ਖੇਲ ਨਿਆਰਾ, ਪੁਰਖ ਅਗੰਮੜਾ ਰਿਹਾ ਕਰਾਇਆ । ਨਿਹਕਲੰਕੀ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇਆ । ਗੁਰਮੁਖਾਂ ਦੇਵੇ ਚਰਨ ਸਹਾਰਾ, ਦੂਜਾ ਦਰ ਨਾ ਕੋਇ ਵਖਾਇਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਅੰਮ੍ਰਿਤ ਬਖਸ਼ੇ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਇਆ । ਗੁਰਮੁਖਾਂ ਖੋਲ੍ਹਿਆ ਬੰਦ ਕਿਵਾੜਾ, ਆਪਣਾ ਦਰਸ ਕਰ ਕਰ ਤਰਸ ਤਾਰਨਹਾਰ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮਾਰਗ ਲਾਇਆ । ਕੋਟਨ ਕੋਟ ਜਨਮ ਤਪ ਅਭਿਆਸ, ਲੇਖਾ ਲੇਖ ਨਾ ਕੋਇ ਲਗਾਈਆ । ਕੋਟਨ ਕੋਟ ਡੂੰਘੀ ਕੰਦਰ ਵੜ ਵੜ ਬੈਠੇ ਡੂੰਘੇ ਖਾਤ, ਨੈਣ ਮੂੰਦ ਆਸਨ ਲਾਈਆ । ਕੋਟਨ ਕੋਟ ਆਪ ਆਪਣਾ ਕਰ ਕਰ ਘਾਤ, ਬੈਠੇ ਰਾਹ ਤਕਾਈਆ । ਕੋਟਨ ਕੋਟ ਉਚੇ ਟਿੱਲੇ ਚੜ੍ਹ ਚੜ੍ਹ ਪਰਬਤ ਰਹੇ ਝਾਕ, ਆਉਂਦਾ ਜਾਂਦਾ ਦਿਸ ਨਾ ਆਈਆ । ਕੋਟਨ ਕੋਟ ਦਿਵਸ ਰੈਣ ਲੱਗੇ ਰਹੇ ਖੋਲ੍ਹਣ ਤਾਕ, ਬੰਦ ਕਿਵਾੜੀ ਨਾ ਕੋਈ ਖੁਲ੍ਹਾਈਆ । ਕੋਟਨ ਕੋਟ ਬਣ ਬਣ ਬੈਠੇ ਪਾਕੀ ਪਾਕ, ਮਨ ਦੀ ਮੈਲ ਨਾ ਕੋਇ ਧਵਾਈਆ । ਕੋਟਨ ਕੋਟ ਬੈਠੇ ਸਾਕੀ ਸਾਕ, ਨਾਮ ਪਿਆਲਾ ਜਾਮ ਨਾ ਕੋਇ ਪਿਆਈਆ । ਕੋਟਨ ਕੋਟ ਸ਼ਾਹ ਸਵਾਰ ਬੈਠੇ ਮਾਰ ਪਲਾਕ, ਆਪਣਾ ਅਸਵ ਰਹੇ ਦੌੜਾਈਆ । ਕੋਟਨ ਕੋਟ ਮਨਮੁਖ ਕਰਨ ਚਾਲਾਕੀ ਚਲਾਕ, ਸਚ ਚਾਲਾਕੀ ਨਾ ਕੋਈ ਕਮਾਈਆ । ਕੋਟਨ ਕੋਟ ਤਨ ਰਮਾਈ ਬੈਠੇ ਖ਼ਾਕੀ ਖ਼ਾਕ, ਧੂੜ ਮਸਤਕ ਮਿਲੀ ਨਾ ਸਾਚੀ ਸ਼ਾਹੀਆ । ਕੋਟੀ ਕੋਟ ਗੁਰਦਰ ਮੰਦਰ ਮਸਜਦ ਬਹਿ ਬਹਿ ਰਗੜਦੇ ਨਾਕ, ਬਿਨ ਸਤਿਗੁਰ ਪੂਰੇ ਨੱਕ ਨਕੇਲ ਕਿਸੇ ਨਾ ਪਾਈਆ । ਕੋਟਨ ਕੋਟ ਹਵਨ ਪੂਜਾ ਕਰਦੇ ਪਾਠ, ਜਗਤ ਸਮਗਰੀ ਵੰਡ ਵੰਡਾਈਆ । ਕੋਟਨ ਕੋਟ ਨਹੌਂਦੇ ਤੀਰਥ ਅਠਸਾਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਕੋਟਨ ਕੋਟ ਸਾਧਾਂ ਸੰਤਾਂ ਵਿਕੇ ਹਾਟ, ਸਾਚੀ ਵਸਤ ਕਿਸੇ ਹੱਥ ਨਾ ਆਈਆ । ਕੋਟਨ ਕੋਟ ਲਾ ਲਾ ਗੱਦੀਆਂ ਮਹੰਤ ਬੈਠੇ ਉਪਰ ਖਾਟ, ਆਤਮ ਖਾਟ ਨਾ ਕਿਸੇ ਸੁਹਾਈਆ । ਕੋਟਨ ਕੋਟ ਅਲੂਣੇ ਰਸ ਰਹੇ ਚਾਟ, ਚਾਤ੍ਰਿਕ ਤ੍ਰਿਖਾ ਨਾ ਕਿਸੇ ਬੁਝਾਈਆ । ਕੋਟਨ ਕੋਟ ਰਾਸ ਮੰਡਲ ਰਚੌਣ ਕਰ ਕਰ ਨਟੂਆ ਨਾਟ, ਹਰਿ ਕਾ ਨਾਟਕ ਦਿਸ ਨਾ ਆਈਆ । ਕੋਟਨ ਕੋਟ ਆਪਣੇ ਅੰਗ ਰਹੇ ਕਾਟ, ਅੰਗੀਕਾਰ ਨਾ ਹੋਇਆ ਸਾਚਾ ਮਾਹੀਆ । ਕੋਟਨ ਕੋਟ ਮੁਕਾਈ ਬੈਠੇ ਵਾਟ, ਜਗਤ ਗਿਆਨ ਰਹੇ ਦ੍ਰਿੜਾਈਆ । ਕੋਟਨ ਕੋਟ ਮਸਤਕ ਤਿਲਕ ਲਗਾਇਣ ਲਲਾਟ, ਤ੍ਰੈ ਤ੍ਰੈ ਰੂਪ ਵਟਾਈਆ । ਪੁਰਖ ਅਬਿਨਾਸ਼ ਕਲਜੁਗ ਅੰਤਮ ਕਿਸੇ ਨਾ ਦਿਸੇ ਸਾਥ, ਘਰ ਘਰ ਖ਼ਾਲੀ ਟੱਲ ਰਹੇ ਖੜਕਾਈਆ । ਕੋਟਨ ਕੋਟ ਲੱਭਦੇ ਫਿਰਨ ਤ੍ਰੈਲੋਕੀ ਨਾਥ, ਨਾਥ ਅਨਾਥਾਂ ਨਾ ਹੋਏ ਸਹਾਈਆ । ਕੋਟਨ ਕੋਟ ਸ਼ਰਅ ਸ਼ਰੀਅਤ ਬੱਧੇ ਹੱਕ ਜਨਾਬ, ਹਾਜ਼ਰ ਹਜ਼ੂਰ ਹਜ਼ਰਤ ਨੂਰ ਨਾ ਕੋਏ ਦਸਾਈਆ । ਕੋਟਨ ਕੋਟ ਮੁਖ ਰੱਖ ਨਕਾਬ, ਨਿਉਂ ਨਿਉਂ ਸਜਦੇ ਰਹੇ ਕਰਾਈਆ । ਕੋਟਨ ਕੋਟ ਛੱਡ ਛੱਡ ਭੱਜੇ ਆਪ, ਵਿਚ ਥਲਾਂ ਆਸਣ ਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਕਲਜੁਗ ਤੇਰੀ ਅੰਤਮ ਵਾਰ, ਬਿਨ ਆਪਣੀ ਕਿਰਪਾ ਮੇਲ ਨਾ ਕਿਸੇ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਿਤਾ ਸਾਚਾ ਦਾਨ, ਹਰਿ ਮੰਦਰ ਬੈਠ ਕਾਇਆ ਮਕਾਨ, ਰਾਤੀ ਸੁਤਿਆਂ ਦਰਸ ਦਿਖਾਈਆ ।

### ❊ ੩ ਪੋਹ ੨੦੧੬ ਬਿਕ੍ਰਮੀ ਚਰਨ ਸਿੰਘ ਦੇ ਘਰ ਹੇਮਰਾਜਪੁਰ ਜ਼ਿਲਾ ਗੁਰਦਾਸਪੁਰ ❊

ਸੋ ਪੁਰਖ ਨਿਰੰਜਨ ਹਰਿ ਸੁਲਤਾਨ, ਇਕ ਅਕੱਲਾ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਨ ਵਡ ਮਿਹਰਵਾਨ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਵਡ ਬਲਵਾਨ, ਬਲਧਾਰੀ ਭੇਵ ਛੁਪਾਇੰਦਾ । ਆਦਿ ਨਿਰੰਜਨ ਖੇਲ ਮਹਾਨ, ਜੋਤੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਮਕਾਨ, ਸੱਚਖੰਡ ਡੇਰਾ ਆਪੇ ਲਾਇੰਦਾ । ਪਾਰਬ੍ਰਹਮ ਮੰਗੇ ਦਾਨ, ਘਰ ਆਪਣੇ ਮੰਗ ਮੰਗਾਇੰਦਾ । ਆਪੇ ਹੋਏ ਨਿਗਹਬਾਨ, ਆਪ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਨ ਵਡ ਬਲਵਾਨਾ, ਏਕਾ ਏਕ ਅਖਵਾਇੰਦਾ । ਹਰਿ ਪੁਰਖ ਨਿਰੰਜਨ ਸਚ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਇੰਦਾ । ਏਕੰਕਾਰਾ ਪਾਵੇ ਸਾਰਾ ਦੋ ਜਹਾਨਾ, ਆਵਣ ਜਾਵਣ ਖੇਲ ਖਿਲਾਇੰਦਾ । ਆਦਿ ਨਿਰੰਜਣ ਹੋ ਪ੍ਰਧਾਨਾ, ਘਰ ਸਾਚੇ ਰੂਪ ਪ੍ਰਗਟਾਇੰਦਾ । ਸ੍ਰੀ ਭਗਵਾਨ ਸਚ ਤਰਾਨਾ, ਆਪਣਾ ਆਪੇ ਗਾਇੰਦਾ । ਅਬਿਨਾਸ਼ੀ ਕਰਤਾ ਆਪੇ ਵੇਖੇ ਮਾਰ ਧਿਆਨਾ, ਆਪਣਾ ਨੈਣ ਆਪ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨਾ, ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵਾਸਾ ਖੇਲ ਤਮਾਸ਼ਾ, ਹਰਿ ਹਰਿ ਸਾਚਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਸਚ ਮਹੱਲਾ, ਏਕਾ ਏਕ ਵਸਾਇੰਦਾ । ਹਰਿ ਪੁਰਖ ਨਿਰੰਜਣ ਊਚ ਅਟੱਲਾ, ਸਾਚੇ ਮੰਦਰ ਸੋਭਾ ਪਾਇੰਦਾ । ਏਕੰਕਾਰਾ ਆਪੇ ਫੜੇ ਆਪਣਾ ਪੱਲਾ, ਆਪ ਆਪਣਾ ਬੰਧ ਬੰਧਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਬਾਤੀ ਤੇਲ ਨਾ ਕੋਇ ਟਿਕਾਇੰਦਾ । ਸ੍ਰੀ ਭਗਵਾਨ ਵਸਣਹਾਰਾ ਜਲਾ ਥਲਾ, ਘਟ ਘਟ ਆਪਣਾ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਏਕਾ ਮੱਲਾ, ਸਚ ਦਵਾਰੇ ਆਸਣ ਲਾਇੰਦਾ । ਪਾਰਬ੍ਰਹਮ ਸਚ ਸੰਦੇਸ ਏਕਾ ਘੱਲਾ, ਸ਼ਬਦ ਅਨਾਦੀ ਅਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਬੇਪਰਵਾਹ, ਜੁਗਾ ਜੁਗੰਤਰ ਬਣ ਮਲਾਹ, ਆਪ ਆਪਣਾ ਰੂਪ ਧਰਾਇੰਦਾ । ਸੋ ਪੁਰਖ ਨਿਰੰਜਣ ਗਹਿਰ ਗੰਭੀਰ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਆਪੇ ਮਾਰੇ ਆਪਣਾ ਤੀਰ, ਸਚ ਨਿਸ਼ਾਨਾ ਆਪ ਰਖਾਇੰਦਾ । ਏਕੰਕਾਰਾ ਅੰਮ੍ਰਿਤ ਰੱਖੇ ਠਾਂਡਾ ਸੀਰ, ਸਰ ਸਰੋਵਰ ਇਕ ਵਖਾਇੰਦਾ । ਆਦਿ ਨਿਰੰਜਣ ਆਪਣਾ ਦੇਵੇ ਆਪੇ ਧੀਰ, ਧੀਰਜ ਧੀਰ ਆਪ ਧਰਾਇੰਦਾ । ਸ੍ਰੀ ਭਗਵਾਨ ਏਕਾ ਰੰਗ ਸਮਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਇੰਦਾ । ਅਬਿਨਾਸ਼ੀ ਕਰਤਾ ਵਸੇ ਧਾਮ ਅਨਡੀਠ, ਦਿਸ ਕਿਸੇ ਨਾ ਆਇੰਦਾ । ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣੀ ਰੀਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਸਚ ਸੁਲਤਾਨਾ, ਪਰਮ ਪੁਰਖ ਅਖਵਾਇੰਦਾ । ਹਰਿ ਪੁਰਖ ਦੇਵੇ ਦਾਨਾ, ਆਪਣੀ ਦਯਾ ਆਪ ਕਮਾਇੰਦਾ । ਏਕੰਕਾਰਾ ਬੰਨ੍ਹੇ ਗਾਨਾਂ, ਦਰ ਘਰ ਸਾਚੇ ਸਗਨ ਮਨਾਇੰਦਾ । ਆਦਿ ਨਿਰੰਜਣ

੧੧੬

ਪਾਏ ਆਨਾ, ਹੁਕਮੀ ਹੁਕਮ ਆਪ ਅਲਾਇੰਦਾ । ਸ੍ਰੀ ਭਗਵਾਨ ਵੇਸ ਵਟਾਏ ਗੋਪੀ ਕਾਹਨਾ, ਨਾਰੀ ਕੰਤ ਆਪ ਹੋ ਜਾਇੰਦਾ । ਅਬਿਨਾਸ਼ੀ ਕਰਤਾ
ਬਣੇ ਦਰ ਦਰਬਾਨਾ, ਦਰ ਦਰਵੇਸ਼ ਨਰ ਨਰੇਸ਼ ਆਪਣੀ ਅਲਫੀ ਆਪ ਹੰਢਾਇੰਦਾ । ਪਾਰਬ੍ਰਹਮ ਪ੍ਰਭ ਕਰੇ ਆਦੇਸ, ਨਿਉਂ ਨਿਉਂ ਆਪਣਾ ਸੀਸ
ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਖੇਲ ਅਪਾਰ, ਰੂਪ ਰੰਗ ਨਾ ਕੋਇ ਜਣਾਇੰਦਾ । ਸੋ ਪੁਰਖ
ਨਿਰੰਜਣ ਸ਼ਹਿਨਸ਼ਾਹ, ਏਕਾ ਹਰਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਸਿਫਤ ਸਲਾਹ, ਸਲਾਹੀ ਸਲਾਹ ਨਾ ਕੋਈ ਸਲਾਹਿੰਦਾ । ਏਕੰਕਾਰਾ
ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਆਦਿ ਨਿਰੰਜਣ ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਾਹ ਸਾਚੀ ਥਾਨ ਇਕ ਸੁਹਾਇੰਦਾ । ਸ੍ਰੀ
ਭਗਵਾਨ ਪਕੜੇ ਬਾਂਹ, ਆਪ ਆਪਣੇ ਗਲੇ ਲਗਾਇੰਦਾ । ਅਬਿਨਾਸ਼ੀ ਕਰਤਾ ਪਿਤਾ ਮਾਂ, ਆਪ ਆਪਣੀ ਗੋਦ ਸੁਹਾਇੰਦਾ । ਪਾਰਬ੍ਰਹਮ ਆਪ
ਜਪਾਏ ਆਪਣਾ ਨਾਂ, ਨਾਮ ਨਿਧਾਨਾ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ
ਅਗੋਚਰ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਸਾਚਾ ਸੱਜਣ, ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਇਕ ਵਿਖਾਏ ਸਾਚਾ ਮਜਨ,
ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਏਕੰਕਾਰਾ ਆਪੇ ਹੋਏ ਪੜਦੇ ਕੱਜਣ, ਸਾਚਾ ਪਰਦਾ ਏਕਾ ਪਾਇੰਦਾ । ਆਦਿ ਨਿਰੰਜਣ ਦਰ ਘਰ, ਸਾਚੇ
ਸਚ ਨਗਾਰੇ ਵੇਖੇ ਵੱਜਣ, ਤਾਲ ਤਲਵਾੜਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ
ਸਚ ਮਹੱਲਾ ਆਪ ਸੁਹਾਇੰਦਾ । ਸਚ ਮਹੱਲਾ ਸੋਭਾਵੰਤ, ਸਚਖੰਡ ਦਵਾਰਾ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਵੇਦ ਕਤੇਬ
ਭੇਵ ਨਾ ਆਇੰਦਾ । ਆਪੇ ਨਾਰ ਆਪੇ ਕੰਤ, ਆਪੇ ਆਪਣੀ ਸੇਜ ਹੰਢਾਇੰਦਾ । ਆਪੇ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਆਪੇ
ਆਦਿ ਆਪੇ ਅੰਤ, ਮਧ ਆਪਣਾ ਰੂਪ ਧਰਾਇੰਦਾ । ਆਪੇ ਸਾਧ ਆਪੇ ਸੰਤ, ਗੁਰ ਪੀਰ ਅਵਤਾਰ ਆਪ ਅਖਵਾਇੰਦਾ । ਆਪੇ ਜੀਵ ਆਪੇ
ਜੰਤ, ਆਪੇ ਜਾਗਰਤ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਖੇਲ ਤਮਾਸ਼ਾ, ਪੁਰਖ ਅਬਿਨਾਸ਼ੀ
ਆਪ ਕਰਾਇੰਦਾ । ਸਚਖੰਡ ਦਵਾਰ ਹਰਿ ਨਿਰੰਕਾਰ, ਏਕਾ ਆਪ ਉਪਾਇੰਦਾ । ਨਾ ਕੋਈ ਦਿਸੇ ਚਾਰ ਦਿਵਾਰ, ਨਾ ਕੋਈ ਬਣਤ ਬਣਾਇੰਦਾ ।
ਦੀਵਾ ਬਾਤੀ ਨਾ ਕੋਈ ਉਜਿਆਰ, ਨਾ ਕੋਈ ਸੇਵ ਕਮਾਇੰਦਾ । ਸ਼ਾਹ ਸੁਲਤਾਨ ਨਾ ਕੋਈ ਸਿਕਦਾਰ, ਜਗਤ ਭੂਪ ਨਾ ਰੂਪ ਵਟਾਇੰਦਾ । ਖੜਗ
ਖੰਡਾ ਨਾ ਤੇਜ ਕਟਾਰ, ਤੀਰ ਕਮਾਨ ਨਾ ਕੋਈ ਉਠਾਇੰਦਾ । ਨਾ ਕੋਈ ਮੰਗੇ ਭੁੱਖਾ ਨੰਗਾ ਭਿਖਾਰ, ਭਿਖਕ ਭਿਛਿਆ ਝੋਲੀ ਕੋਇ ਨਾ ਪਾਇੰਦਾ ।
ਰਵ ਸਸ ਨਾ ਕੋਈ ਸਤਾਰ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਉਜਿਆਰ, ਚਾਰੇ ਵੇਦ ਨਾ ਕੋਇ ਲਿਖਾਇੰਦਾ ।
ਖਾਣੀ ਬਾਣੀ ਨਾ ਬੰਨੇ ਧਾਰ, ਜੇਰਜ ਅੰਡਜ ਉਤਭੁਜ ਸੇਹਤਜ ਰਚਨ ਨਾ ਕੋਈ ਰਚਾਇੰਦਾ । ਮਹੱਲ ਅਟੱਲ ਨਾ ਕੋਇ ਮੁਨਾਰ, ਸਰਗੁਣ ਰੂਪ ਨਾ
ਕੋਇ ਪਰਗਟਾਇੰਦਾ । ਧਰਤ ਧਵਲ ਨਾ ਕਰੇ ਪਿਆਰ, ਜਲ ਬਿੰਬ ਨਾ ਕੋਇ ਧਰਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰ, ਪੁਰਖ ਅਗੰਮੜਾ
ਆਪ ਕਰਾਇੰਦਾ । ਅਲੱਖ ਅਗੋਚਰ ਵਸੇ ਨਿਆਰ, ਸਤਿ ਪੁਰਖ ਨਿਰੰਜਣ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ
ਹਰਿ ਆਪਣਾ ਮੇਲ ਮਿਲਾਇੰਦਾ । ਹਰਿ ਪੁਰਖ ਨਿਰੰਜਣ ਕਰ ਪਿਆਰ, ਆਪਣੇ ਅੰਗ ਲਗਾਇੰਦਾ । ਏਕੰਕਾਰਾ ਦਏ ਸਹਾਰਾ, ਸਗਲਾ ਸੰਗ

ਵਖਾਇੰਦਾ । ਆਦਿ ਨਿਰੰਜਣ ਜੋਤ ਉਜਿਆਰ, ਨੂਰ ਨੁਰਾਨਾ ਰੂਪ ਧਰਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰ, ਵਰਨ ਗੋਤ ਨਾ ਕੋਇ ਬਣਾਇੰਦਾ । ਅਬਿਨਾਸ਼ੀ ਕਰਤਾ ਵੇਖੇ ਇਕ ਅਖਾੜ, ਥਿਰ ਘਰ ਸਾਚੀ ਰਚਨ ਰਚਾਇੰਦਾ । ਪਾਰਬ੍ਰਹਮ ਧੁਰ ਦਰਗਾਹੀ ਸਾਚਾ ਲਾੜ, ਦਰ ਘਰ ਸਾਚਾ ਇਕ ਅਖਵਾਇੰਦਾ । ਸ਼ਬਦ ਸਿੰਘਾਸਣ ਕਰ ਤਿਆਰ, ਏਕਾ ਆਸਣ ਸੇਜ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਸਚਖੰਡ ਦੁਆਰੇ ਵਸਿਆ, ਹਰਿ ਸੱਜਣ ਸ਼ਹਿਨਸ਼ਾਹ । ਆਦਿ ਜੁਗਾਦਿ ਫਿਰੇ ਨੱਸਿਆ, ਜੁਗ ਜੁਗ ਬਣੇ ਮਾਤ ਮਲਾਹ । ਲੱਖ ਚੁਰਾਸੀ ਕਾਇਆ ਮੰਦਰ ਆਪੇ ਵਸਿਆ, ਆਪੇ ਬੈਠਾ ਜੋਤ ਜਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਨਾਂ । ਆਪਣਾ ਨਾਉਂ ਹਰਿ ਭਗਵਾਨ, ਦਰਗਾਹ ਸਾਚੀ ਆਪ ਉਪਜਾਈਆ । ਸਾਚਾ ਸੁਤ ਕਰ ਬਲਵਾਨ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਆਪੇ ਵੇਖੇ ਕੰਸਾ ਕਾਹਨ, ਸਾਚੀ ਸੋਭਾ ਆਪੇ ਪਾਈਆ । ਆਪੇ ਦੇਵੇ ਆਪਣਾ ਦਾਨ, ਸਾਚੀ ਝੋਲੀ ਨਾਮ ਭਰਾਈਆ । ਆਪੇ ਦਰਗਾਹ ਕਰ ਪ੍ਰਵਾਨ, ਲੋਆਂ ਪੁਰੀਆਂ ਰਿਹਾ ਸੁਣਾਈਆ । ਆਪੇ ਬਖ਼ਸ਼ੇ ਸਾਚਾ ਮਾਣ, ਲੋਕਮਾਤ ਵਡ ਵਡਿਆਈਆ । ਆਪੇ ਲੱਖ ਚੁਰਾਸੀ ਕਰ ਪ੍ਰਧਾਨ, ਘਰ ਘਰ ਵਿਚ ਆਪ ਸੁਹਾਈਆ । ਆਪੇ ਦੇਵੇ ਧੁਰ ਫ਼ਰਮਾਨ, ਸ਼ਬਦ ਅਗੰਮੀ ਤਾਰ ਹਿਲਾਈਆ । ਕਾਇਆ ਮੰਦਰ ਸਚ ਮਕਾਨ, ਤ੍ਰੈਗੁਣ ਨਾਤਾ ਜੋੜ ਜੁੜਾਈਆ । ਪੰਚਮ ਮੇਲਾ ਵਿਚ ਜਹਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਰੇ ਕੁੜਮਾਈਆ । ਮਨ ਮਤ ਬੁਧ ਕਰ ਪ੍ਰਧਾਨ, ਉਪਰ ਮਾਇਆ ਪਰਦਾ ਪਾਈਆ । ਆਸਾ ਤ੍ਰਿਸ਼ਨਾ ਨਾਰ ਰਕਾਨ, ਸਾਚਾ ਜੋਬਨ ਰਹੀ ਹੰਢਾਈਆ । ਪੰਚ ਵਸਾਏ ਵਿਚ ਸ਼ੈਤਾਨ, ਕਾਮ ਕ੍ਰੋਧ ਲੋਭ ਮੋਹ ਹੰਕਾਰ ਹਲਕਾਈਆ । ਆਪਣਾ ਕਰੇ ਬੰਦ ਮਕਾਨ, ਬਜਰ ਕਪਾਟੀ ਕੁੰਡਾ ਲਾਈਆ । ਕਿਸੇ ਹੱਥ ਨਾ ਆਏ ਜਗਤ ਜੀਵ ਨਾਦਾਨ, ਭਰਮੇ ਭੁਲੀ ਸਰਬ ਲੋਕਾਈਆ । ਗੁਰਮੁਖ ਵਿਰਲਾ ਹੋਏ ਚਤਰ ਸੁਜਾਨ, ਜਿਸ ਸਿਰ ਆਪਣਾ ਹੱਥ ਟਿਕਾਈਆ । ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਪਾਰਬ੍ਰਹਮ ਵੱਡੀ ਵਡਿਆਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਖੇਲ ਖਿਲਾਈਆ । ਸਚਖੰਡ ਖੇਲ ਖਿਲੰਦੜਾ, ਪਾਰਬ੍ਰਹਮ ਨਿਰੰਕਾਰ । ਜੁਗ ਜੁਗ ਆਪਣਾ ਵੇਸ ਵਟੰਦੜਾ, ਲੋਕਮਾਤ ਲਏ ਅਵਤਾਰ । ਲਖ ਚੁਰਾਸੀ ਵੇਖ ਵੇਖੰਦੜਾ, ਘਟ ਘਟ ਅੰਦਰ ਜੋਤ ਉਜਿਆਰ । ਸ਼ਬਦ ਅਨਾਦ ਧੁਨ ਵਜੰਦੜਾ, ਅਨਹਦ ਸੁਣਾਏ ਸਾਚੀ ਧੁਨਕਾਰ । ਸਰ ਸਰੋਵਰ ਇਕ ਸੁਹੰਦੜਾ, ਆਤਮ ਭਰਿਆ ਜਲ ਭੰਡਾਰ । ਦਰ ਦਰਵਾਜ਼ਾ ਆਪ ਖੁਲੰਦੜਾ, ਦੂਈ ਦਵੈਤੀ ਦੇਵੇ ਮਾਰ । ਆਤਮ ਸੇਜਾ ਸਚ ਸੁਹੰਦੜਾ, ਹਰਿਜਨ ਸਾਚੇ ਕਰ ਪਿਆਰ । ਸੋਈ ਸੁਰਤੀ ਆਪ ਉਠੰਦੜਾ, ਏਕਾ ਦੇਵੇ ਸ਼ਬਦ ਹੁਲਾਰ । ਘਰ ਸਾਚੇ ਮੇਲ ਮੇਲੰਦੜਾ, ਕਰੇ ਖੇਲ ਅਗੰਮ ਅਪਾਰ । ਬ੍ਰਹਮ ਪਾਰਬ੍ਰਹਮ ਏਕਾ ਰੰਗ ਰਗੰਦੜਾ, ਨਾਤਾ ਤੁਟੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ । ਵਡ ਸੰਸਾਰੀ ਹਰਿ ਭਗਵੰਤ, ਆਦਿ ਜੁਗਾਦਿ ਸਮਾਇਆ । ਲੇਖਾ ਜਾਣੇ ਸਾਚੇ ਸੰਤ, ਹਰਿ ਭਗਤਨ ਮੇਲ ਮਿਲਾਇਆ । ਗੁਰਮੁਖ ਮੇਲਾ ਨਾਰੀ ਕੰਤ, ਆਤਮ ਸੇਜਾ ਰੰਗ ਰੰਗਾਇਆ । ਗੁਰਸਿਖ ਮਹਿਮਾ ਗਣਤ ਅਗਣਤ, ਲੇਖਾ ਲਿਖ ਨਾ ਸਕੇ ਕੋਈ ਰਾਇਆ । ਕਰੇ ਵਖ ਲਖ ਚੁਰਾਸੀ ਵਿਚੋਂ ਜੀਵ ਜੰਤ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ

ਸ਼ਬਦ ਬ੍ਰਹਿਮਾਦਿ, ਸਤਿਗੁਰ ਏਕਾ ਰੂਪ ਜਣਾਇਆ । ਸਤਿਗੁਰ ਰੂਪ ਹਰਿ ਭਗਵਾਨ, ਸ਼ਬਦੀ ਬਣਤ ਬਣਾਇੰਦਾ । ਗੁਰ ਗੁਰ ਵੇਖੇ ਵਿਚ ਜਹਾਨ, ਪੰਜ ਤਤ ਡੇਰਾ ਲਾਇੰਦਾ । ਸਾਚਾ ਨਾਮ ਕਰ ਪ੍ਰਧਾਨ, ਬ੍ਰਹਿਮੰਡ ਖੰਡ ਆਪ ਸੁਣਾਇੰਦਾ । ਲੋਆਂ ਪੁਰੀਆਂ ਪਾਏ ਵੰਡ, ਆਪ ਆਪਣਾ ਮੁਖ ਛੁਪਾਇੰਦਾ । ਗੁਰਮੁਖਾਂ ਮਿਟਾਏ ਦੂਈ ਦਵੈਤੀ ਕੰਧ, ਭਾਂਡਾ ਭਰਮ ਭਓ ਭੰਨਾਇੰਦਾ । ਆਪ ਸੁਣਾਏ ਆਪਣਾ ਸੁਹਾਗੀ ਛੰਦ, ਆਪਣਾ ਭੇਵ ਆਪੇ ਆਪ ਖੁਲ੍ਹਾਇੰਦਾ । ਲੇਖਾ ਜਾਣੇ ਬੱਤੀ ਦੰਦ, ਰਸਨਾ ਜਿਹਵਾ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਬਿਧਾਤਾ, ਜੁਗ ਜੁਗ ਮੇਟੇ ਅੰਧੇਰੀ ਰਾਤਾ, ਜਨ ਭਗਤਾਂ ਦੇਵੇ ਸਾਚੀ ਦਾਤਾ, ਸ਼ਬਦ ਪੜ੍ਹਾਈ ਏਕਾ ਗਾਥਾ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਸਾਚਾ ਮੰਤਰ ਸਾਚਾ ਨਾਮ ਨਿਧਾਨ, ਪੁਰਖ ਅਬਿਨਾਸ਼ੀ ਆਪ ਜਣਾਈਆ । ਭਗਤਨ ਦੇਵੇ ਇਕ ਗਿਆਨ, ਏਕਾ ਬ੍ਰਹਮ ਵਿਖਾਈਆ । ਸੰਤਨ ਸੁਣਾਏ ਸਾਚੇ ਕਾਨ, ਆਪਣਾ ਨਾਦ ਆਪ ਵਜਾਈਆ । ਗੁਰਮੁਖਾਂ ਕਰੇ ਦਰ ਪ੍ਰਵਾਨ, ਆਪ ਆਪਣੀ ਅੰਕ ਲਗਾਈਆ । ਗੁਰਸਿਖਾਂ ਦੇਵੇ ਜੀਆ ਦਾਨ, ਲਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗ ਜੁਗ ਸ਼ਬਦ ਬਬਾਣ, ਹਰਿ ਸਾਚਾ ਸਚ ਚੜ੍ਹਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਮਾ ਵਿਸ਼ਨ ਸ਼ਿਵ ਆਪਣੇ ਭਾਣੇ ਆਪ ਰਹਾਇੰਦਾ । ਕਰੋੜ ਤੇਤੀਸ ਪਾਏ ਆਣ, ਸੁਰਪਤ ਰਾਜਾ ਇੰਦ ਨਿਉਂ ਨਿਉਂ ਸੀਸ ਝੁਕਾਇੰਦਾ । ਲੋਕਮਾਤ ਨਿਰਗੁਣ ਸਰਗੁਣ ਹੋ ਪ੍ਰਧਾਨ, ਗੁਰ ਸਤਿਗੁਰ ਨਾਉਂ ਧਰਾਇੰਦਾ । ਸ਼ਬਦ ਝੁਲਾਏ ਸਚ ਨਿਸ਼ਾਨ, ਨਾਮ ਸਾਚਾ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਖ ਚੁਰਾਸੀ ਖੇਲ ਖਿਲਾਇੰਦਾ । ਲੋਕਮਾਤ ਹਰਿ ਭਗਵੰਤ ਆਪਣੀ ਧਾਰ ਬੰਧਾਈਆ । ਜੋਤ ਜਗਾਏ ਜੁਗ ਜੁਗੰਤ, ਜੁਗ ਜੁਗ ਆਪਣੀ ਕਾਰ ਕਮਾਈਆ । ਆਪ ਉਠਾਏ ਸਾਚੇ ਸੰਤ, ਨਿਰਗੁਣ ਸਰਗੁਣ ਵੇਖ ਵਖਾਈਆ । ਮੇਲ ਮਿਲਾਵਾ ਹਰਿ ਹਰਿ ਕੰਤ, ਘਰ ਸਾਚੇ ਵੱਜੇ ਵਧਾਈਆ । ਭਰਮੇ ਭੁਲੇ ਜੀਵ ਜੰਤ, ਜਨ ਜਨਕਾ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਰੰਗ ਰਤੜਾ ਰੰਗ ਰੰਗੀਲਾ, ਏਕਾ ਪੁਰਖ ਅਖਵਾਇੰਦਾ । ਆਦਿ ਜੁਗਾਦਿ ਛੈਲ ਛਬੀਲਾ, ਸਤਿ ਪੁਰਖ ਨਿਰੰਜਨ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਆਪੇ ਵੇਖੇ ਆਪਣਾ ਸਚ ਕਬੀਲਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਹਰਿ ਪੁਰਖ ਨਿਰੰਜਣ ਦੋ ਜਹਾਨਾਂ ਕਰੇ ਆਪਣਾ ਹੀਲਾ, ਆਪ ਆਪਣਾ ਬਿਰਧ ਧਰਾਇੰਦਾ । ਏਕੰਕਾਰਾ ਜਗਤ ਵਕੀਲਾ, ਹਰਿਜਨ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਬਣ ਮਲਾਹ, ਹਰਿਜਨ ਸਾਚੇ ਲਏ ਜਗਾ, ਸਾਚੇ ਬੇੜੇ ਆਪ ਚੜ੍ਹਾ, ਦੋ ਜਹਾਨਾਂ ਪਾਰ ਕਰਾਇੰਦਾ । ਦੋ ਜਹਾਨਾਂ ਉਤਰੇ ਪਾਰ, ਗੁਰਸਿਖ ਵਡ ਵਡਿਆਈਆ । ਸਤਿਗੁਰ ਪੂਰਾ ਦੇਵੇ ਤਾਰ, ਆਦਿ ਜੁਗਾਦਿ ਵੇਸ ਵਟਾਈਆ । ਦੋ ਜਹਾਨਾ ਕਰੇ ਪਿਆਰ, ਨਿਰਗੁਣ ਸਰਗੁਣ ਮੇਲ ਮੇਲਾਈਆ । ਦਿਸ ਨਾ ਆਏ ਵਿਚ ਸੰਸਾਰ, ਦੋਏ ਦੋਏ ਲੋਚਣ ਵੇਖ ਥੱਕੀ ਸਰਬ ਲੁਕਾਈਆ । ਜਿਸ ਜਨ ਖੋਲ੍ਹੇ ਬੰਦ ਕਿਵਾੜ, ਤੀਜਾ ਨੈਣ ਆਪ ਖੁਲਾਈਆ । ਸਾਚੇ ਪੌੜੇ ਦੇਵੇ ਚਾੜ੍ਹ, ਸੁਖਮਨ ਟੇਡੀ ਬੰਕ ਪਾਰ ਕਰਾਈਆ । ਮੇਟ ਮਿਟਾਏ ਪੰਚਮ ਧਾੜ, ਮਾਇਆ ਮਮਤਾ ਮੋਹ ਚੁਕਾਈਆ । ਕਰੇ ਪ੍ਰਕਾਸ਼ ਬਹੱਤਰ ਨਾੜ, ਨਿਰਗੁਣ ਜੋਤ ਡਗਮਗਾਈਆ । ਅੰਮ੍ਰਿਤ ਦੇਵੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਕਾਗ ਉਡਾਏ ਹੰਸਾ ਡਾਰ, ਮਾਨਕ

ਮੋਤੀ ਚੋਗ ਚੁਗਾਈਆ । ਨਾਦਿ ਸੁਣਾਏ ਸੱਚੀ ਧੁਨਕਾਰ, ਘਰ ਮੰਦਰ ਸ਼ਬਦ ਅਲਾਹੀਆ । ਆਪ ਸੁਣਾਏ ਸੁਣਾਵਣਹਾਰ, ਦੂਸਰ ਸੰਗ ਨਾ ਕੋਈ ਰਖਾਈਆ । ਅਨਹਦ ਢੋਲਾ ਮਰਦੰਗ ਵੱਜੇ ਅਪਾਰ, ਸਤਿਗੁਰ ਪੂਰਾ ਆਪ ਵਜਾਈਆ । ਸੁਰਤ ਸਵਾਣੀ ਰਹੇ ਖਬਰਦਾਰ, ਆਲਸ ਨਿੰਦਰਾ ਦਏ ਮਿਟਾਈਆ । ਹਉਮੇ ਹੰਗਤਾ ਗੜ੍ਹ ਤੋੜੇ ਹੰਕਾਰ, ਸਾਚਾ ਮਾਰਗ ਇਕ ਵਿਖਾਈਆ । ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਿਰ ਭੇਵ ਨਾ ਰਾਈਆ । ਸਾਚੀ ਸੇਜਾ ਕਰ ਪਿਆਰ, ਆਪੇ ਬੈਠਾ ਆਸਣ ਲਾਈਆ । ਹਰਿਜਨ ਸਾਚੇ ਕਰ ਤਿਆਰ, ਆਪ ਆਪਣੀ ਭੁਜਾਂ ਉਠਾਈਆ । ਚਤਰਭੁਜ ਹਰਿ ਮੀਤ ਮੁਰਾਰ, ਆਦਿ ਸ਼ਕਤ ਰੂਪ ਵਿਸਮਾਦ, ਵਿਸਮਾਦ ਰਿਹਾ ਸਮਾਈਆ । ਕਰੇ ਖੇਲ ਅਗੰਮ ਅਪਾਰ, ਧਾਮ ਅਗੰਮ ਇਕ ਸੁਹਾਈਆ । ਹੱਡ ਮਾਸ ਨਾੜੀ ਚਮੜੇ ਵਸਿਆ ਬਾਹਰ, ਤਤਵ ਤਤ ਨਾ ਕੋਈ ਰਖਾਈਆ । ਖੁਸ਼ੀ ਗਮ ਨਾ ਕੋਈ ਪਿਆਰ, ਹਰਖ਼ ਸੋਗ ਨਾ ਕੋਈ ਜਣਾਈਆ । ਗੁਰਸਿਖਾਂ ਬਖਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਈਆ । ਵਰਨ ਗੋਤ ਕਰੇ ਖਵਾਰ, ਆਤਮ ਬ੍ਰਹਮ ਇਕ ਵਡਿਆਈਆ । ਹਰਨ ਫਰਨ ਨੇਤਰ ਖੋਲ੍ਹ ਗੁਰ ਅਵਤਾਰ, ਆਪਣਾ ਰੂਪ ਦਰਸਾਈਆ । ਦਰ ਘਰ ਸਾਚੇ ਦੇਵੇ ਵਾੜ, ਨਾ ਕੋਈ ਮੇਟੇ ਮੇਟ ਮਿਟਾਈਆ । ਵਾਅ ਨਾ ਲੱਗੇ ਤੱਤੀ ਹਾੜ, ਜਿਸ ਮਿਲਿਆ ਹਰਿ ਹਰਿ ਸੱਚਾ ਸ਼ਹਿਨਸ਼ਾਹੀਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਵੇਖ ਵਖਾਈਆ । ਸਤਿਗੁਰ ਪੂਰਾ ਫਿਰੇ ਪਿਛੇ ਅਗਾੜ, ਜਗ ਭਗਤਨ ਸੇਵ ਕਮਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਰੈਣ ਅੰਧੇਰੀ ਰਹਿਣ ਨਾ ਪਾਈਆ । ਕੂੜੀ ਕਿਰਿਆ ਕਰੇ ਛਾਰ, ਖਾਕੀ ਖਾਕ ਆਪ ਉਡਾਈਆ । ਮਨਮਤ ਨਾ ਕਰੇ ਸ਼ੰਗਾਰ, ਵੇਸਵਾ ਨਾਰ ਨਾ ਕੋਈ ਅਖਵਾਈਆ । ਘਰ ਘਰ ਅੰਦਰ ਕਰੇ ਪਿਆਰ, ਧਰਤ ਧਵਲ ਦਏ ਵਡਿਆਈਆ । ਕਰਨੀ ਕਰਤਾ ਕਰੇ ਆਪ ਨਿਰੰਕਾਰ, ਦੂਸਰ ਹੋਰ ਨਾ ਸੰਗ ਰਖਾਈਆ । ਖੇਲੇ ਖੇਲ ਪੁਰਖ ਕਰਤਾਰ, ਨਰ ਨਰਾਇਣ ਵੱਜੀ ਵਧਾਈਆ । ਦੋ ਜਹਾਨਾਂ ਬਣ ਸਿਕਦਾਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸਤਿ ਸਰੂਪੀ ਸਾਚਾ ਨਿਸ਼ਾਨਾ ਏਕਾ ਚਾੜ੍ਹ, ਸੱਤੇ ਦੀਪਾਂ ਨੌ ਖੰਡਾਂ ਬ੍ਰਹਿਮੰਡਾਂ ਆਪ ਵਿਖਾਈਆ । ਸੀਸ ਰੱਖ ਸਚ ਦਸਤਾਰ, ਤਖਤ ਤਾਜ ਇਕ ਸੁਹਾਈਆ । ਲੱਖ ਚੁਰਾਸੀ ਰਚ ਰਚ ਕਾਜ, ਲੇਖਾ ਜਾਣੇ ਬੇਪ੍ਰਵਾਹੀਆ । ਸਾਚੇ ਸੰਤਾਂ ਮਾਰੇ ਇਕ ਆਵਾਜ਼, ਲਿਖਣ ਪੜ੍ਹਨ ਵਿਚ ਨਾ ਆਈਆ । ਧੁਰਦਰਗਾਹੀ ਦੇਵੇ ਦਾਜ, ਨਾਮ ਵਸਤੂ ਝੋਲੀ ਪਾਈਆ । ਸ਼ਬਦ ਚੜ੍ਹਾਏ ਸਚ ਜਹਾਜ, ਏਕਾ ਚੱਪੂ ਹੱਥ ਉਠਾਈਆ । ਜਨ ਭਗਤਾਂ ਸਾਜਨ ਆਪੇ ਸਾਜ, ਆਪਣੇ ਭਾਂਡੇ ਆਪ ਘੜਾਈਆ । ਜੁਗਾ ਜੁਗੰਤਰ ਰੱਖੇ ਲਾਜ, ਭੁੱਲ ਰਹੇ ਨਾ ਰਾਈਆ । ਹਰਿ ਕਾ ਨੂਰ ਨਾ ਝੱਲੇ ਕੋਈ ਤਾਬ, ਗੁਰ ਪੀਰ ਅਵਤਾਰ ਰਹੇ ਗਾਈਆ । ਸ਼ਬਦ ਜਣਾਏ ਬੋਧ ਅਗਾਧ, ਬੋਧ ਅਗਾਧੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲਾ ਦੀਨ ਦਿਆਲਾ, ਸਚਖੰਡ ਦਵਾਰ ਵਸੇ ਸੱਚੀ ਧਰਮਸਾਲਾ, ਸਾਚੇ ਸਿੰਘਾਸਣ ਆਸਣ ਸੋਭਾ ਪਾਈਆ । ਸੋਭਾਵੰਤ ਸਚਖੰਡ ਦਵਾਰ, ਸਾਚਾ ਆਸਣ ਲਾਇੰਦਾ । ਨਿਰਗੁਣ ਰੂਪ ਆਪ ਨਿਰੰਕਾਰ, ਨਿਰਵੈਰ ਆਪਣਾ ਖੇਲ ਖਿਲਾਇੰਦਾ । ਅਜੂਨੀ ਰਹਿਤ ਅੰਤ ਨਾ ਪਾਰਾਵਾਰ, ਭੇਵ ਅਭੇਦ ਨਾ ਕੋਈ ਖੁਲਾਇੰਦਾ । ਜੁਗ ਜੁਗ ਆਵੇ ਜਾਵੇ ਆਪਣੀ ਵਾਰ, ਆਪ ਆਪਣੀ ਰਚਨ ਰਚਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਕੌੜੇ ਰੀਠੇ ਭੰਨ ਵਖਾਇੰਦਾ । ਹਰਿ ਕਾ ਭੇਵ ਅਗੰਮ ਅਪਾਰ, ਵੇਦ ਕਤੇਬ

ਭੇਵ ਨਾ ਪਾਇੰਦਾ । ਕਾਗਦ ਕਲਮ ਲਿਖ ਲਿਖ ਗਈ ਹਾਰ, ਹਰਿ ਕਾ ਹਿਸਾਬ ਨਾ ਕੋਈ ਆਇੰਦਾ । ਸਾਧ ਸੰਤ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਗੁਰ ਸਤਿਗੁਰ ਕਹੇ ਅੰਤ ਨਾ ਪਾਰਾਵਾਰ, ਬੇਅੰਤ ਨਾਉਂ ਧਰਾਇੰਦਾ । ਕਲਜੁਗ ਅੰਤਮ ਲਏ ਅਵਤਾਰ, ਨਿਰਗੁਣ ਆਪਣਾ ਰੂਪ ਧਰਾਇੰਦਾ । ਜੋਤੀ ਜਾਮਾ ਭੇਵ ਨਿਆਰ, ਲੋਆਂ ਪੁਰੀਆਂ ਖੇਲ ਖਿਲਾਇੰਦਾ । ਲੇਖਾ ਜਾਣੇ ਰਵ ਸਸ ਸਤਾਰ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ । ਕ੍ਰੋੜ ਤੇਤੀਸਾ ਦਏ ਅਧਾਰ, ਸੁਰਪਤ ਰਾਜਾ ਅੱਖ ਖੁਲ੍ਹਾਇੰਦਾ । ਗਣ ਗੰਧਰਬ ਲੇਖਾ ਜਾਣੇ ਆਰ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਪਾਲਾ ਦੀਨ ਦਿਆਲਾ, ਜੁਗ ਜੁਗ ਚਲੇ ਅਵਲੜੀ ਚਾਲਾ, ਆਪਣੀ ਚਾਲ ਆਪ ਰਖਾਇੰਦਾ । ਜੁਗਾ ਜੁਗੰਤਰ ਅਵਲੜੀ ਚਾਲ, ਨਰ ਨਰਾਇਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਨ ਖੇਲ ਨਿਰਾਲ, ਅਕਲ ਕਲ ਵਰਤਾਇੰਦਾ । ਏਕੰਕਾਰ ਬਣ ਦਲਾਲ, ਲੋਕਮਾਤ ਵੇਸ ਵਟਾਇੰਦਾ । ਆਦਿ ਨਿਰੰਜਨ ਜੋਤ ਜਲਾਲ, ਜਲਵਾ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਦ ਪ੍ਰਿਤਪਾਲ, ਸੂਰਾ ਸਰਬੰਗ ਨਾਉਂ ਧਰਾਇੰਦਾ । ਸ੍ਰੀ ਭਗਵਾਨ ਵੇਖਣਹਾਰਾ ਪਤ ਡਾਲ, ਆਪ ਆਪਣਾ ਬਲ ਧਰਾਇੰਦਾ । ਪਾਰਬ੍ਰਹਮ ਤ੍ਰੈਗੁਣ ਮਾਇਆ ਪਾ ਜੰਜਾਲ, ਲੱਖ ਚੁਰਾਸੀ ਬੰਧਨ ਪਾਇੰਦਾ । ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਤ੍ਰੈਗੁਣ ਬੱਧਾ ਨਾਤਾ, ਲੱਖ ਚੁਰਾਸੀ ਆਪ ਹੰਢਾਈਆ । ਖੇਲੇ ਖੇਲ ਪੁਰਖ ਸਮਰਾਥਾ, ਮਹਿਮਾ ਅਗਣਤ ਗਣੀ ਨਾ ਜਾਈਆ । ਜਗਤ ਅੰਧੇਰ ਅੰਧੇਰੀ ਰਾਤਾ, ਚਾਰ ਕੁੰਟ ਅੰਧੇਰਾ ਛਾਈਆ । ਚਾਰੇ ਵਰਨ ਗਾਇਨ ਗਾਥਾ, ਹਰਿ ਕਾ ਰੂਪ ਦਿਸ ਨਾ ਆਈਆ । ਲਹਿਣਾ ਚੁੱਕੇ ਨਾ ਮਸਤਕ ਮਾਥਾ, ਪੂਰਬ ਲੇਖਾ ਨਾ ਕੋਈ ਰਖਾਈਆ । ਅੰਦਰ ਮੰਦਰ ਨਾ ਸੁਣਾਏ ਕੋਈ ਪੂਜਾ ਪਾਠ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮਾਨਸ ਜਨਮ ਪੂਰਾ ਨਾ ਕਰੇ ਕੋਈ ਘਾਟਾ, ਅਠ ਸਠ ਤੀਰਥ ਰਹੇ ਨਹਾਈਆ । ਨਜ਼ਰ ਨਾ ਆਏ ਜੋਤ ਲਿਲਾਟਾ, ਲਾਟਾਂ ਵਾਲੀ ਰਹੇ ਧਿਆਈਆ । ਅੰਮ੍ਰਿਤ ਪਿਆਏ ਨਾ ਸਾਚੇ ਬਾਟਾ, ਭਰ ਪਿਆਲਾ ਜਾਮ ਨਾ ਕੋਈ ਪਿਆਈਆ । ਨੇੜ ਨਾ ਦਿਸੇ ਆਪਣੀ ਵਾਟਾ, ਆਤਮ ਬ੍ਰਹਮ ਨਾ ਕੋਈ ਰੁਸ਼ਨਾਈਆ । ਆਪਣਾ ਪਰਦਾ ਨਾ ਕਿਸੇ ਪਾਟਾ, ਘਰ ਮੰਦਰ ਨਾ ਵੇਖ ਵਖਾਈਆ । ਕਲਜੁਗ ਖੇਲੇ ਖੇਲ ਬਾਜ਼ੀਗਰ ਨਾਟਾ, ਆਪ ਆਪਣਾ ਸਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਹਰਿਜਨ ਸਾਚਾ ਪੇਖਿਆ, ਪੇਖਣਹਾਰ ਨਿਰੰਕਾਰ । ਧੁਰਦਰਗਾਹੀ ਲਿਖੇ ਲੇਖਿਆ, ਲਿਖਣਹਾਰ ਆਪ ਕਰਤਾਰ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖਿਆ, ਪੀਰ ਦਸਤਗੀਰ ਹੋਏ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਧਾਰੇ ਭੇਖਿਆ, ਨਿਰਗੁਣ ਮਾਤ ਲਏ ਅਵਤਾਰ । ਮੁਛ ਦਾਹੜੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਵਿਚ ਸੰਸਾਰ । ਆਪੇ ਹੋਏ ਨਰ ਨਰੇਸਿਆ, ਸਚਖੰਡ ਨਿਵਾਸੀ ਬੇਐਬ ਪਰਵਰਦਿਗਾਰ । ਹਰਿ ਹਰਿ ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਆਪ ਆਪਣੀ ਬੰਨੇ ਧਾਰ, ਆਪ ਫਿਰੇ ਦੇਸ ਪ੍ਰਦੇਸਿਆ, ਲੋਆਂ ਪੁਰੀਆਂ ਪਾਵੇ ਸਾਰ । ਬ੍ਰਹਿਮੰਡਾਂ ਖੰਡਾਂ ਆਪ ਪ੍ਰਕਾਸਿਆ, ਨਿਰਗੁਣ ਦਾਤਾ ਜੋਤ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਕਰੇ ਅਗੰਮ ਅਪਾਰ । ਅਲੱਖ ਅਗੰਮ ਅਗੰਮੜਾ, ਹਰਿ ਸਾਚੀ ਖੇਲ ਖਿਲਾਇੰਦਾ । ਮਾਤ ਪਿਤ ਨਾ ਅੰਮੀ ਅੰਮੜਾ, ਸੁਤ ਗੋਦ ਨਾ ਕੋਈ ਬਹਾਇੰਦਾ । ਪੈਸਾ ਪੱਲੇ ਨਾ ਦਮੜੀ

ਦਮੜਾ, ਸਾਚਾ ਹੱਟ ਇਕ ਖੁਲ੍ਹਾਇੰਦਾ । ਨਾ ਖੁਸ਼ੀ ਨਾ ਗਮੜਾ, ਨੇਤਰ ਨੀਰ ਨਾ ਕੋਈ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੇਲ ਨਰ ਹਰਿ ਨਰਾਇਣ ਆਪਣਾ ਨਾਉਂ ਧਰਾਇੰਦਾ । ਖੇਲੇ ਖੇਲ ਨਰ ਹਰਿ ਬਨਵਾਰੀ, ਅਕਲ ਕਲ ਧਰਾਈਆ । ਖੇਲੇ ਖੇਲ ਅਗੰਮ ਅਪਾਰੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਨਾਮ ਭੰਡਾਰੀ, ਏਕਾ ਵਸਤ ਹੱਥ ਫੜਾਈਆ । ਗੁਰਸਿਖ ਆਤਮ ਰਹੇ ਨਾ ਮਾਤ ਕਵਾਰੀ, ਹਰਿ ਹਰਿ ਸਾਚਾ ਕੰਤ ਪ੍ਰਨਾਈਆ । ਇਛਿਆ ਭਿਛਿਆ ਕਰੇ ਸਚ ਸ਼ੰਗਾਰੀ, ਏਕਾ ਗਹਿਣਾ ਸ਼ਬਦ ਤਨ ਪਹਿਨਾਈਆ । ਸਚਖੰਡ ਨਿਵਾਸੀ ਘਰ ਵਸਾਏ ਏਕਾ ਬਾਰੀ, ਸੱਥਰ ਯਾਰੜਾ ਹੇਠ ਵਛਾਈਆ । ਕਲਜੁਗ ਅੰਤਮ ਆਈ ਵਾਰੀ, ਲੱਖ ਚੁਰਾਸੀ ਦਏ ਦੁਹਾਈਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰੀ, ਨੇਤਰ ਨੈਣਾਂ ਨੀਰ ਵਹਾਈਆ । ਉਤਰ ਪੂਰਬ ਪਛਮ ਦੱਖਣ ਰਿਹਾ ਵਿਚਾਰੀ, ਸਚ ਸਿੰਘਾਸਣ ਬੈਠਾ ਬੇਪਰਵਾਹੀਆ । ਪੰਡਤ ਪਾਂਧੇ ਪੱਤਰੀ ਨਾ ਕਿਸੇ ਵਿਚਾਰੀ, ਮਨ ਕਾ ਪਤਰਾ ਨਾ ਕੋਈ ਉਲਟਾਈਆ । ਗ੍ਰੰਥੀ ਪੰਥੀ ਪੜ੍ਹ ਪੜ੍ਹ ਗਏ ਹਾਰੀ, ਹਰਿ ਕਾ ਰੂਪ ਨਜ਼ਰ ਨਾ ਆਈਆ । ਬਿਨ ਸਤਿਗੁਰ ਕੋਈ ਨਾ ਚੜ੍ਹੇ ਉਚ ਅਟਾਰੀ, ਚੜ੍ਹ ਚੜ੍ਹ ਥੱਕੀ ਸਰਬ ਲੋਕਾਈਆ । ਅਠਸਠ ਤੀਰਥ ਹੋਏ ਖਵਾਰੀ, ਧੀਆਂ ਭੈਣਾ ਰਹੇ ਤਕਾਈਆ । ਨਾ ਕੋਈ ਪੁਰਸ਼ ਨਾ ਕੋਈ ਨਾਰੀ, ਨਰ ਨਰਾਇਣ ਨਾ ਘਰ ਬਹਾਈਆ । ਜਗਤ ਜੀਵ ਹੋਏ ਹੰਕਾਰੀ, ਜਗਤ ਸੇਵਾ ਰਹੇ ਕਮਾਈਆ । ਆਪਣੀ ਕਰੇ ਨਾ ਕੋਈ ਕਾਰੀ, ਜਗਤ ਵੈਦ ਸਰਬ ਅਖਵਾਈਆ । ਬਿਨ ਗੁਰਮੁਖ ਲੇਖੇ ਲੱਗੇ ਨਾ ਕਿਸੇ ਦੀ ਦਾਹੜੀ, ਸਤਿਗੁਰ ਚਰਨ ਨਾ ਜੋ ਛੁਹਾਈਆ । ਕਾਇਆ ਫਸਲ ਨਾ ਪੱਕਣਾ ਅੰਤਮ ਹਾੜੀ, ਕੱਚੇ ਫਲ ਦਏ ਤੁੜਾਈਆ । ਬਿਨ ਸਤਿਗੁਰ ਪੂਰੇ ਫਿਰੇ ਜੰਗਲ ਜੂਹ ਉਜਾੜ ਪਹਾੜੀ, ਦਰਗਾਹ ਸਾਚੀ ਨਾ ਕੋਈ ਬਹਾਈਆ । ਲੱਖ ਚੁਰਾਸੀ ਲੁੱਟੇ ਮੌਤ ਲਾੜੀ, ਘਰ ਘਰ ਆਪਣਾ ਫੇਰਾ ਪਾਈਆ । ਗੁਰਮੁਖ ਮਿਲੇ ਪਾਇਆ ਪਾਰਬ੍ਰਹਮ ਪਰਖੋਤਮ ਬੇਐਬ ਪਰਵਰਦਿਗਾਰੀ, ਵੇਲੇ ਅੰਤ ਹੋਏ ਸਹਾਈਆ । ਸ਼ਾਹੋ ਭੂਪ ਹਰਿ ਸਚ ਸਿਕਦਾਰੀ, ਸਾਚੇ ਤਖਤ ਡੇਰਾ ਲਾਈਆ । ਹੁਕਮੀ ਹੁਕਮ ਵਰਤੇ ਵਰਤਾਰੀ, ਹੁਕਮੀ ਹੁਕਮ ਸਰਬ ਫਿਰਾਈਆ । ਕਲਜੁਗ ਅੰਤਮ ਖੇਲ ਨਿਰਾਲੀ, ਪ੍ਰਗਟ ਹੋਏ ਬੇਪ੍ਰਵਾਹੀਆ । ਤੇਜ ਕਟਾਰ ਨਾ ਕੋਈ ਉਠਾਲੀ, ਖੜਗ ਖੰਡਾ ਨਾ ਕੋਈ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਵਰ, ਜਿਸ ਜਨ ਬੂਝ ਬੁਝਾਈਆ । ਗੁਰਮੁਖ ਚਤਰ ਸੁਜਾਨ, ਗੁਰ ਸਤਿਗੁਰ ਦਯਾ ਕਮਾਇੰਦਾ । ਗੁਰਸਿਖ ਚਤਰ ਸੁਜਾਨ, ਸਤਿਗੁਰ ਮੇਲ ਮਿਲਾਇੰਦਾ । ਗੁਰਸਿਖ ਚਤਰ ਸੁਜਾਨ, ਘਰ ਮੰਦਰ ਬੰਕ ਸੁਹਾਇੰਦਾ । ਗੁਰਸਿਖ ਚਤਰ ਸੁਜਾਨ, ਅੰਦਰ ਮੰਦਰ ਜੋਤ ਜਗਾਇੰਦਾ । ਗੁਰਸਿਖ ਚਤਰ ਸੁਜਾਨ, ਸ਼ਬਦ ਧੁਨ ਰਾਗ ਅਲਾਇੰਦਾ । ਗੁਰਸਿਖ ਚਤਰ ਸੁਜਾਨ, ਸਾਚੀ ਸਖੀਆਂ ਮੇਲ ਮਿਲਾਇੰਦਾ । ਗੁਰਸਿਖ ਚਤਰ ਸੁਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚੋਲਾ ਆਪ ਬਣਾਇੰਦਾ । ਸ਼ਬਦ ਵਿਚੋਲਾ ਲੋਕਮਾਤ, ਜੁਗ ਜੁਗ ਹਰਿ ਹਰਿ ਆਪ ਪ੍ਰਗਟਾਇੰਦਾ । ਬੈਠਾ ਰਹੇ ਇਕ ਇਕਾਂਤ, ਦਰਗਾਹ ਸਾਚੀ ਸੋਭਾ ਪਾਇੰਦਾ । ਉਤਮ ਰੱਖੇ ਆਪਣੀ ਜ਼ਾਤ, ਵਰਨ ਗੋਤ ਨਾ ਵੰਡ ਵੰਡਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤ, ਸਾਚੀ ਵਸਤ ਸਾਚੇ ਹੱਟ ਵਿਕਾਇੰਦਾ । ਚੌਦਾਂ ਲੋਕ ਵਖਾਏ ਏਕਾ ਖਾਟ, ਆਪਣਾ ਆਸਣ ਆਪੇ ਲਾਇੰਦਾ । ਚੌਦਾਂ ਤਬਕਾਂ ਮੇਟੇ ਵਾਟ, ਦੂਰ ਦੁਰਾਡਾ ਪੰਧ ਮੁਕਾਇੰਦਾ । ਜਨ ਭਗਤਾਂ ਪੂਰਾ ਕਰੇ ਘਾਟ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸ਼ਬਦ ਦਾਤਾ ਇਸ਼ਟ ਗੁਰਦੇਵ ਸ੍ਰਿਸ਼ਟ ਸਬਾਈ ਆਪ ਬੁਝਾਇੰਦਾ । ਏਕਾ ਸ਼ਬਦ ਗੁਰ ਸੂਰ, ਦੂਸਰ ਰੂਪ ਨਾ ਕੋਈ ਜਣਾਈਆ । ਆਦਿ ਜੁਗਾਦੀ ਆਸਾ ਮਨਸਾ ਪੂਰ, ਨਾ ਮਰੇ ਨਾ ਜਾਈਆ । ਜੁਗਾ ਜੁਗੰਤਰ ਹਾਜ਼ਰ ਹਜ਼ੂਰ, ਹਰਿ ਸੱਚਾ ਬੇਪ੍ਰਵਾਹੀਆ । ਨਾ ਨੇੜੇ ਨਾ ਦਿਸੇ ਦੂਰ, ਨਿਝ ਆਤਮ ਡੇਰਾ ਲਾਈਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਆਦਿ ਜੁਗਾਦਿ ਸਦ ਭਰਪੂਰ, ਅਤੋਲ ਅਤੁਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕ ਵਖਾਈਆ । ਸ਼ਬਦ ਗੁਰ ਨੌਜਵਾਨ, ਏਕਾ ਰੰਗ ਸਮਾਇਆ । ਆਪ ਝੁਲਾਏ ਸਚ ਨਿਸ਼ਾਨ, ਦਰ ਘਰ ਸਾਚੇ ਆਪ ਉਠਾਇਆ । ਆਪੇ ਲੇਖਾ ਜਾਣੇ ਗੋਪੀ ਕਾਹਨ, ਮੰਡਲ ਰਾਸ ਆਪ ਰਚਾਇਆ । ਆਪੇ ਰਾਮ ਰੂਪ ਭਗਵਾਨ, ਗਰੀਬ ਨਿਮਾਣੇ ਗਲੇ ਲਗਾਇਆ । ਆਪੇ ਲੋਕਮਾਤ ਹੋ ਪ੍ਰਧਾਨ, ਨਿਰਗੁਣ ਨਾਮ ਸਤਿ ਆਪ ਦ੍ਰਿੜਾਇਆ । ਆਪੇ ਖੜ੍ਹਗ ਖੰਡਾ ਫੜ ਕ੍ਰਿਪਾਨ, ਬ੍ਰਹਿਮੰਡਾਂ ਵੇਖ ਵਖਾਇਆ । ਆਪੇ ਚਿਲਾ ਤੀਰ ਕਮਾਨ, ਤੀਰ ਤੁਫੰਗ ਆਪ ਵਖਾਇਆ । ਆਪੇ ਹੋਏ ਹਰਿ ਮਿਹਰਵਾਨ, ਹਰਿਜਨ ਸਾਚੇ ਲਏ ਮਿਲਾਇਆ । ਪਤਤ ਪਾਪੀ ਸਰਬ ਤਰ ਜਾਣ, ਜਿਸ ਜਨ ਆਪਣੀ ਦਯਾ ਕਮਾਇਆ । ਕਰੇ ਪ੍ਰਕਾਸ਼ ਕੋਟਨ ਭਾਨ, ਅੰਧ ਅੰਧੇਰ ਮਿਟਾਇਆ । ਚਰਨ ਧੂੜ ਕਰਾਏ ਅਸ਼ਨਾਨ, ਦੁਰਮਤ ਮੈਲ ਰਹੇ ਨਾ ਰਾਇਆ । ਦਰਗਾਹ ਸਾਚੀ ਦੇਵੇ ਮਾਣ, ਲਖ ਚੁਰਾਸੀ ਫੰਦ ਕਟਾਇਆ । ਰਾਏ ਧਰਮ ਮੁਖ ਸ਼ਰਮਾਣ, ਚਿਤਰ ਗੁਪਤ ਨਾ ਲੇਖ ਵਖਾਇਆ । ਜਿਸ ਜਨ ਸਤਿਗੁਰ ਪੂਰਾ ਮਿਲਿਆ ਆਣ, ਅੰਤਮ ਜੋਤੀ ਜੋਤ ਮੇਲ ਮਿਲਾਇਆ । ਸ਼ਬਦ ਵਖਾਏ ਸਚ ਬਿਬਾਨ, ਲੋਆਂ ਪੁਰੀਆਂ ਵੇਖ ਵਿਖਾਇਆ । ਸੱਚਖੰਡ ਵਿਖਾਏ ਇਕ ਮਕਾਨ, ਸਚਖੰਡ ਨਿਵਾਸੀ ਆਪ ਸੁਹਾਇਆ । ਵਿਰਲੇ ਸੰਤ ਕੰਤ ਭਗਵੰਤ ਰੰਗ ਰਲੀਆਂ ਮਨਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਜਗਤ ਸਾਗਰ ਵੇਖ ਵਖਾਇਆ । ਜਗਤ ਸਾਗਰ ਡੂੰਘੀ ਗਾਰ, ਹਰਿ ਸਤਿਗੁਰ ਵੇਖ ਵਖਾਇੰਦਾ । ਗੁਰਮੁਖ ਸਾਜਣ ਲਏ ਉਭਾਰ, ਆਪ ਆਪਣੀ ਬੂਝ ਬੁਝਾਇੰਦਾ । ਮਨਮੁਖਾਂ ਧੱਕਾ ਦੇਵੇ ਮਾਰ, ਧਰਨੀ ਹੌਲਾ ਭਾਰ ਕਰਾਇੰਦਾ । ਧਰਮ ਰਾਏ ਦਰ ਖੋਲ੍ਹ ਕਿਵਾੜ, ਸਾਚਾ ਲੇਖਾ ਲੇਖੇ ਹੱਥ ਰਖਾਇੰਦਾ । ਨਾ ਕੋਈ ਛੁਡਾਏ ਸੱਜਣ ਮੀਤ ਮੁਰਾਰ, ਮਾਤ ਪਿਤ ਭਾਈ ਭੈਣ ਨਾ ਸੰਗ ਰਖਾਇੰਦਾ । ਬਿਨ ਸਤਿਗੁਰ ਪੂਰੇ ਕੋਈ ਨਾ ਉਤਰੇ ਪਾਰ, ਵੇਲਾ ਅੰਤ ਨਾ ਕੋਈ ਵਿਖਾਇੰਦਾ । ਸ਼ਾਹ ਸੁਲਤਾਨ ਰੋਵਣ ਜ਼ਾਰੋ ਜ਼ਾਰ, ਤਖਤ ਤਾਜ ਸਰਬ ਤਜਾਇੰਦਾ । ਹਰਿ ਸੰਤ ਹਰਿ ਭਗਤ ਏਕਾ ਸ਼ਬਦ ਬੋਲ ਜੈਕਾਰ, ਵੇਲੇ ਅੰਤਮ ਖੁਸ਼ੀ ਮਨਾਇੰਦਾ । ਦਰ ਘਰ ਆਏ ਮੀਤ ਮੁਰਾਰ, ਫੜ ਬਾਹੋਂ ਗਲੇ ਲਗਾਇੰਦਾ । ਗੁਰਸਿਖਾਂ ਉਠਾਏ ਸਿਰ ਆਪਣੇ ਭਾਰ, ਸੀਸ ਜਗਦੀਸ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬੀਸ ਇਕੀਸ ਸ਼ਬਦ ਹਦੀਸ ਚਾਰ ਵਰਨ ਚਾਰ ਕੁੰਟ ਨੌ ਖੰਡ ਵਿਚ ਬ੍ਰਹਿਮੰਡ ਸੂਰਾ ਸਰਬੰਗ ਆਪਣਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਇਕ ਵਖਾਏ ਸਾਚਾ ਘਰ, ਕਾਇਆ ਮੰਦਰ ਆਪੇ ਵੜ, ਆਪ ਆਪਣਾ ਮੇਲ ਮਿਲਾਇੰਦਾ ।

## ✻ ੧੩ ਪੋਹ ੨੦੧੬ ਬਿਕ੍ਰਮੀ ਕਪਤਾਨ ਬੰਤਾ ਸਿੰਘ ਦੇ ਘਰ ਪਿੰਡ ਪੰਜ ਗਰਾਈਆ ਗੁਰਦਾਸ ਪੁਰ ✻

ਸੋ ਪੁਰਖ ਨਿਰੰਜਣ ਹਰਿ ਸੁਲਤਾਨ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਨ ਵਡ ਮਿਹਰਬਾਨ, ਰੂਪ ਅਨੂਪ ਆਪ ਧਰਾਇੰਦਾ । ਏਕੰਕਾਰਾ ਖੇਲ ਮਹਾਨ, ਅਲੱਖ ਅਗੋਚਰ ਖੇਲ ਖਿਲਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਏਕਾ ਰੰਗ ਸਮਾਇੰਦਾ । ਸ੍ਰੀ ਭਗਵਾਨ ਦਾਤਾ ਦੇਵਣਹਾਰਾ ਦਾਨ, ਸਾਚੀ ਵਸਤ ਰਖਾਇੰਦਾ । ਪਾਰਬ੍ਰਹਮ ਵੇਖੇ ਸਚ ਨਿਸ਼ਾਨ, ਦਰ ਘਰ ਸਾਚੇ ਆਪ ਹਿਲਾਇੰਦਾ । ਸਚਖੰਡ ਦਵਾਰਾ ਉਚ ਮਕਾਨ, ਨਿਰਗੁਣ ਆਪਣਾ ਆਸਣ ਲਾਇੰਦਾ । ਘਰ ਵਿਚ ਘਰ ਕਰ ਪ੍ਰਵਾਨ, ਥਿਰ ਘਰ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਅਪਾਰ, ਸਚਖੰਡ ਦਵਾਰ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਵਡ ਬਲਵਾਨਾ, ਏਕਾ ਏਕ ਅਖਵਾਇੰਦਾ । ਪੁਰਖ ਨਿਰੰਜਨ ਸਚ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਇੰਦਾ । ਏਕੰਕਾਰਾ ਹੋ ਪ੍ਰਧਾਨਾ, ਆਪ ਆਪਣਾ ਹੁਕਮ ਸੁਣਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਨਿਰਗੁਣ ਆਪਣਾ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਆਪੇ ਰੱਖੇ ਆਪਣਾ ਮਾਣਾ, ਆਪ ਆਪਣੀ ਦਯਾ ਕਮਾਇੰਦਾ । ਸ੍ਰੀ ਭਗਵਾਨ ਜਾਣੀ ਜਾਣਾ, ਭੇਦ ਅਭੇਦ ਆਪ ਅਖਵਾਇੰਦਾ । ਪਾਰਬ੍ਰਹਮ ਖੇਲੇ ਖੇਲ ਦੋ ਜਹਾਨਾ, ਵੇਸ ਅਨੇਕਾ ਆਪ ਵਟਾਇੰਦਾ । ਸਚਖੰਡ ਦਵਾਰਾ ਸਚ ਤਖਤ ਹਰਿ ਸੁਹਾਨਾ, ਸ਼ਾਹੋ ਭੂਪ ਆਸਣ ਲਾਇੰਦਾ । ਨਿਰਗੁਣ ਦਾਤਾ ਰਾਜ ਰਾਜਾਨਾ, ਆਪ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸਾ, ਪ੍ਰਿਥਮੀ ਆਕਾਸਾ ਪੁਰਖ ਅਬਿਨਾਸਾ ਆਪ ਕਰਾਇੰਦਾ । ਸੋ ਪੁਰਖ ਨਿਰੰਜਨ ਸਚ ਮਹੱਲਾ, ਏਕਾ ਏਕ ਵਸਾਇੰਦਾ । ਸੋ ਪੁਰਖ ਨਿਰੰਜਨ ਉਚ ਅਟੱਲਾ, ਸਚ ਸਿੰਘਾਸਣ ਆਪ ਸੁਹਾਇੰਦਾ । ਏਕੰਕਾਰਾ ਆਪਣੇ ਅੰਦਰ ਆਪੇ ਰੱਲਾ, ਦੂਜਾ ਤਤ ਨਾ ਕੋਇ ਬਣਾਇੰਦਾ । ਆਦਿ ਨਿਰੰਜਣ ਆਪਣਾ ਵੇਸ ਕਰੇ ਅਵੱਲਾ, ਰੂਪ ਰੰਗ ਨਾ ਕੋਈ ਵਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਜਲਾਂ ਥਲਾਂ, ਜਲ ਥਲ ਮਹੀਅਲ ਡੇਰਾ ਲਾਇੰਦਾ । ਸ੍ਰੀ ਭਗਵਾਨ ਸਚ ਸਨੇਹੜਾ ਏਕਾ ਘੱਲਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਪਾਰਬ੍ਰਹਮ ਫੜਾਏ ਪੱਲਾ, ਏਕਾ ਪੱਲੂ ਹੱਥ ਰਖਾਇੰਦਾ । ਸਚਖੰਡ ਦਵਾਰਾ ਖੇਲੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਹਰਿ ਪੁਰਖ ਨਿਰੰਜਣ ਆਪ ਉਪਜਾਈਆ । ਏਕੰਕਾਰਾ ਕਰ ਪਿਆਰ, ਆਦਿ ਨਿਰੰਜਣ ਲਏ ਮਿਲਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਸ੍ਰੀ ਭਗਵਾਨ ਵੇਖਣਹਾਰਾ ਥਾਉਂ ਥਾਈਆ । ਪਾਰਬ੍ਰਹਮ ਆਪਣੇ ਦਰ ਆਪੇ ਕਰੇ ਨਿਮਸਕਾਰ, ਆਪਣਾ ਸੀਸ ਆਪ ਝੁਕਾਈਆ । ਸਚਖੰਡ ਵਸੇ ਆਪ ਨਿਰੰਕਾਰ, ਦੂਸਰ ਹੋਰ ਨਾ ਕੋਈ ਰਖਾਈਆ । ਸਾਚੇ ਤਖਤ ਬੈਠ ਸੱਚੀ ਸਰਕਾਰ, ਸ਼ਾਹ ਸੁਲਤਾਨ ਨਾਉਂ ਧਰਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਹੁਕਮ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲਾ ਦੀਨ ਦਿਆਲਾ ਖੇਲ ਨਿਰਾਲਾ ਆਪ ਕਰਾਈਆ । ਸੋ ਪੁਰਖ ਨਿਰੰਜਣ ਹਰਿ ਅਕਾਲ, ਵੱਡਾ ਵਡ ਵਡਿਆਈਆ । ਹਰਿ ਪੁਰਖ ਨਿਰੰਜਨ ਦੀਨ ਦਿਆਲ, ਦਯਾਨਿਧ ਆਪ ਅਖਵਾਈਆ । ਏਕੰਕਾਰਾ ਆਪ ਉਪਾਏ ਕਾਲ ਮਹਾਂਕਾਲ, ਆਪ ਆਪਣੇ ਵਿਚ ਟਿਕਾਈਆ ।

ਆਦਿ ਨਿਰੰਜਨ ਕਰੇ ਸੰਭਾਲ, ਜੋਤ ਨਿਰੰਜਣ ਵੇਸ ਵਟਾਈਆ । ਅਬਿਨਾਸ਼ੀ ਕਰਤਾ ਏਕਾ ਰੱਖੇ ਸੱਚਾ ਧਨ ਮਾਲ, ਸਾਚਾ ਹੱਟ ਆਪ ਖੁਲ੍ਹਾਈਆ । ਪਾਰਬ੍ਰਹਮ ਕਰੇ ਕਰਾਏ ਸਦਾ ਪ੍ਰਿਤਪਾਲ, ਦੋ ਜਹਾਨਾਂ ਸੇਵ ਕਮਾਈਆ । ਪਾਰਬ੍ਰਹਮ ਆਪੇ ਚਲੇ ਅਵਲੜੀ ਚਾਲ, ਚਾਲ ਅਵਲੜੀ ਇਕ ਰਖਾਈਆ । ਸਚਖੰਡ ਦਵਾਰਾ ਸਚ ਸੱਚੀ ਧਰਮਸਾਲ, ਸਤਿਗੁਰ ਬੈਠਾ ਆਸਣ ਲਾਈਆ । ਥਿਰ ਘਰ ਵਾਸਾ ਹਰਿ ਭਗਵਾਨਾ, ਆਪ ਆਪਣਾ ਮੁਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਖਿਲਾਈਆ । ਨਿਰਗੁਣ ਖੇਲ ਅਗੰਮ ਅਪਾਰ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਆਪ ਆਪਣਾ ਬੰਕ ਸੁਹਾਇੰਦਾ । ਬੰਕ ਦਵਾਰਾ ਖੋਲ੍ਹ ਕਿਵਾੜ, ਆਪ ਆਪਣੀ ਰਚਨ ਰਚਾਇੰਦਾ । ਆਪੇ ਵੇਖੇ ਸਚ ਅਖਾੜ, ਦਰ ਘਰ ਸਾਚੇ ਸੋਭਾ ਪਾਇੰਦਾ । ਆਪੇ ਬਣੇ ਸਾਚਾ ਲਾੜ, ਕੰਤ ਕੰਤੂਹਲ ਆਪ ਹੋ ਜਾਇੰਦਾ । ਆਪੇ ਬਣੇ ਆਪਣੀ ਨਾਰ, ਨਰ ਨਰਾਇਣ ਰੂਪ ਵਟਾਇੰਦਾ । ਆਪੇ ਸੇਜਾ ਰਲੀਆਂ ਮਾਣੇ ਕੰਤ ਭਤਾਰ, ਨਿਰਗੁਣ ਨਿਰਗੁਣ ਅੰਗ ਲਗਾਇੰਦਾ । ਆਪੇ ਅੰਦਰ ਆਪੇ ਬਾਹਰ, ਆਪੇ ਆਪਣਾ ਮੇਲ ਮਿਲਾਇੰਦਾ । ਆਪੇ ਕਰਨੀ ਕਰਤਾ ਕਰੇ ਸਾਚੀ ਕਾਰ, ਕਰਤਾ ਪੁਰਖ ਨਾਉਂ ਧਰਾਇੰਦਾ । ਆਪੇ ਉਪਜਾਏ ਆਪਣਾ ਸੁਤ ਦੁਲਾਰ, ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਵੇਖ ਵਿਖਾਇੰਦਾ । ਦਰਗਾਹ ਸਾਚੀ ਸਾਚਾ ਸੰਗ, ਸੋ ਪੁਰਖ ਨਿਰੰਜਣ ਆਪ ਨਿਭਾਇੰਦਾ । ਹਰਿ ਪੁਰਖ ਨਿਰੰਜਣ ਸੂਰਾ ਸਰਬੰਗ, ਆਪ ਆਪਣਾ ਖੇਲ ਖਿਲਾਇੰਦਾ । ਏਕੰਕਾਰਾ ਵਜਾਏ ਮਰਦੰਗ, ਆਪ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਨ ਵਸੇ ਸੰਗ, ਸਗਲਾ ਸੰਗ ਰਖਾਇੰਦਾ । ਅਬਿਨਾਸ਼ੀ ਕਰਤਾ ਕਸੇ ਤੰਗ, ਸਾਚੇ ਅਸਵ ਆਸਣ ਲਾਇੰਦਾ । ਸ੍ਰੀ ਭਗਵਾਨ ਮੰਗੇ ਮੰਗ, ਇਛਿਆ ਭਿਛਿਆ ਵੇਖ ਵਖਾਇੰਦਾ । ਪਾਰਬ੍ਰਹਮ ਸਾਚੇ ਮੰਦਰ ਆਪੇ ਲੰਘ, ਦਰ ਦਰਵਾਜਾ ਆਪ ਖੁਲਾਇੰਦਾ । ਸਚਖੰਡ ਦਵਾਰਾ ਸਚ ਪਲੰਘ, ਨਿਰਗੁਣ ਆਪਣੀ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜੂਨੀ ਰਹਿਤ ਆਪ ਅਖਵਾਇੰਦਾ । ਅਜੂਨੀ ਰਹਿਤ ਹਰਿ ਕਰਤਾਰ, ਦੂਸਰ ਅਵਰ ਨਾ ਕੋਈ ਜਣਾਈਆ । ਨਿਰਭੈ ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਸਤਿ ਪੁਰਖ ਨਿਰੰਜਨ ਬੇਐਬ ਪਰਵਰਦਿਗਾਰ, ਨੂਰੀ ਜਲਵਾ ਨੂਰ ਇਲਾਹੀਆ । ਸਾਚੇ ਮੰਦਰ ਸੋਹੇ ਆਪ ਸਿਕਦਾਰ, ਤਖਤ ਤਾਜ ਇਕ ਹੰਢਾਈਆ । ਦੋ ਜਹਾਨਾਂ ਕਰੇ ਸੱਚਾ ਰਾਜ, ਦਰ ਦਰਬਾਨ ਨਾ ਕੋਈ ਰਖਾਈਆ । ਆਪੇ ਰਚਿਆ ਆਪਣਾ ਕਾਜ, ਦਰਗਾਹ ਸਾਚੀ ਵੱਜੇ ਵਧਾਈਆ । ਆਪੇ ਸ਼ਾਹ ਆਪੇ ਨਵਾਬ, ਆਪੇ ਵੇਖੇ ਆਪਣਾ ਆਪ ਬੇਪ੍ਰਵਾਹੀਆ । ਆਪੇ ਮਾਈ ਆਪੇ ਬਾਪ, ਪੂਤ ਸਪੂਤਾ ਆਪ ਅਖਵਾਈਆ । ਆਪੇ ਜਾਣੇ ਆਪਣਾ ਵਡ ਪ੍ਰਤਾਪ, ਲੇਖਾ ਲੇਖੇ ਵਿਚ ਨਾ ਆਈਆ । ਆਪੇ ਜਾਣੇ ਆਪਣਾ ਜਾਪ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਪੁਰਖ ਅਬਿਨਾਸਨ ਸਚਖੰਡ ਦਵਾਰੇ ਸੋਭਾ ਪਾਈਆ । ਸਚਖੰਡ ਦਵਾਰੇ ਹਰਿ ਹਰਿ ਵਸਿਆ, ਏਕਾ ਏਕੰਕਾਰ । ਭੇਵ ਆਪਣਾ ਕਿਸੇ ਨਾ ਦੱਸਿਆ, ਆਦਿ ਜੁਗਾਦੀ ਬੰਨੇ ਧਾਰ । ਦੋ ਜਹਾਨਾ ਫਿਰੇ ਨੱਸਿਆ, ਨਿਰਗੁਣ ਰੂਪ ਅਪਰ ਅਪਾਰ । ਆਪਣੇ ਮੰਦਰ ਬਹਿ ਬਹਿ ਹੱਸਿਆ, ਆਪਣਾ ਕਰੇ ਸਚ ਪਿਆਰ । ਆਪਣਾ ਦੀਵਾ ਬਾਤੀ ਆਪ ਕਰੇ ਪ੍ਰਕਾਸਿਆ, ਜੋਤੀ ਜੋਤ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਖੇਲ ਅਪਾਰ ਨਿਰਗੁਣ

ਧਾਰ । ਨਿਰਗੁਣ ਧਾਰ ਆਦਿ ਜੁਗਾਦਿ, ਹਰਿ ਸਾਚਾ ਸਚ ਚਲਾਇੰਦਾ । ਸ਼ਬਦ ਵਜਾਏ ਏਕਾ ਨਾਦ, ਤੁਰੀਆ ਰਾਗ ਆਪ ਅਲਾਇੰਦਾ । ਲੇਖਾ ਜਾਣੇ ਬੋਧ ਅਗਾਧ, ਭੇਵ ਅਭੇਦਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਸਾਇੰਦਾ । ਦਰ ਘਰ ਸਾਚਾ ਸੋਭਾਵੰਤ, ਹਰਿ ਸਾਚਾ ਸਚ ਸੁਹਾਇਆ । ਪੁਰਖ ਅਬਿਨਾਸ਼ੀ ਏਕਾ ਕੰਤ, ਨਿਰਗੁਣ ਬੈਠਾ ਆਸਣ ਲਾਇਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖ ਨਾ ਸਕੇ ਕੋਈ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਪ੍ਰਕਾਸ਼ ਆਪ ਕਰਾਇਆ । ਅਨਭਵ ਪ੍ਰਕਾਸ਼ ਹਰਿ ਸੂਰਬੀਰ, ਏਕਾ ਏਕ ਕਰਾਇੰਦਾ । ਦਾਤਾ ਦਾਨੀ ਗੁਣੀ ਗਹੀਰ, ਗਹਿਰ ਗੰਭੀਰ ਆਪ ਅਖਵਾਇੰਦਾ । ਪੰਜ ਤਤ ਨਾ ਦਿਸੇ ਸਰੀਰ, ਕਾਇਆ ਗੜ੍ਹ ਨਾ ਕੋਈ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਡੇਰਾ ਏਕਾ ਲਾਇੰਦਾ । ਥਿਰ ਘਰ ਅੰਦਰ ਹਰਿ ਹਰਿ ਵੜਿਆ, ਦਿਸ ਕਿਸੇ ਨਾ ਆਇਆ । ਆਪਣੇ ਪੌੜੇ ਆਪੇ ਚੜ੍ਹਿਆ, ਆਪੇ ਵੇਖ ਵਖਾਇਆ । ਆਦਿ ਜੁਗਾਦਿ ਕਿਸੇ ਨਾ ਫੜਿਆ, ਨਿਰਗੁਣ ਅਚਰਜ ਵੇਸ ਵਟਾਇਆ । ਆਪਣੀ ਵਿਦਿਆ ਆਪੇ ਪੜ੍ਹਿਆ, ਨਾ ਕੋਈ ਦੂਸਰ ਸਕੇ ਪੜ੍ਹਾਇਆ । ਅਗਨੀ ਹਵਨ ਕਦੇ ਨਾ ਸੜਿਆ, ਨਾ ਮਰੇ ਨਾ ਜਾਇਆ । ਆਪਣਾ ਘਾੜਨ ਆਪੇ ਘੜਿਆ, ਨਾ ਕੋਈ ਭੰਨ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੀ ਦਰਗਾਹ, ਖੇਲੇ ਖੇਲ ਪੁਰਖ ਬਿਧਾਤਾ, ਆਪੇ ਦੇਵੇ ਆਪਣੀ ਦਾਤਾ, ਦਾਤਾ ਦਾਨੀ ਨਾਉਂ ਧਰਾਇਆ । ਦਾਤਾ ਦਾਨੀ ਹਰਿ ਭਗਵਾਨ, ਸਚਖੰਡ ਦਵਾਰੇ ਸੋਭਾ ਪਾਈਆ । ਸਤਿ ਸਰੂਪੀ ਸਚ ਨਿਸ਼ਾਨਾ, ਸਤਿ ਪੁਰਖ ਨਿਰੰਜਨ ਆਪ ਝੁਲਾਈਆ । ਸ਼ਾਹੋ ਭੂਪ ਬਣੇ ਰਾਜ ਰਾਜਾਨਾ, ਸਾਚੇ ਤਖਤ ਆਪ ਸੁਹਾਈਆ । ਮਹਿਬਾਨ ਬੀਦੋ ਖੇਲ ਮਹਾਨਾ, ਮਹਿਮਾ ਅਗਣਤ ਗਣੀ ਨਾ ਜਾਈਆ । ਇਕ ਅਕੱਲਾ ਨੌਜਵਾਨਾ, ਸਾਚਾ ਤਖਤ ਆਪ ਸੁਹਾਈਆ । ਨਾ ਕੋਈ ਚਿਲਾ ਤੀਰ ਕਮਾਨਾ, ਸ਼ਸਤਰ ਬਸਤਰ ਨਾ ਕੋਈ ਵਖਾਈਆ । ਨਾ ਕੋਈ ਜੋਧਾ ਨਾਲ ਜਵਾਨਾ, ਨਾ ਕੋਈ ਦਿਸੇ ਲਸ਼ਕਰ ਸ਼ਾਹੀਆ । ਨਾ ਕੋਈ ਜ਼ਿਮੀ ਨਾ ਅਸਮਾਨਾ, ਗਗਨ ਮੰਡਲ ਨਾ ਵੇਖ ਵਖਾਈਆ । ਰਵ ਸਸ ਨਾ ਕੋਇ ਪ੍ਰਧਾਨਾ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਪਵਣ ਪਾਣੀ ਨਾ ਕੋਈ ਮਸਾਣਾ, ਜਲ ਧਾਰ ਨਾ ਕੋਈ ਵਹਾਈਆ । ਨੌ ਖੰਡ ਪ੍ਰਿਥਮੀ ਨਾ ਕੋਇ ਨਿਸ਼ਾਨਾ, ਸਤ ਦੀਪ ਨਾ ਵੇਸ ਵਟਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਗਿਆਨਾ, ਚਾਰੇ ਵੇਦ ਨਾ ਕੋਈ ਪੜ੍ਹਾਈਆ । ਜੰਗਲ ਜੂਹ ਉਜਾੜ ਪਹਾੜ ਨਾ ਕੋਈ ਬੀਆਬਾਨਾ, ਡੂੰਘੀ ਕੰਦਰ ਨਾ ਕੋਇ ਵਖਾਈਆ । ਰਸਨਾ ਜੇਹਵਾ ਨਾ ਕੋਈ ਗਾਣਾ, ਬੱਤੀ ਦੰਦ ਨਾ ਕੋਈ ਹਿਲਾਈਆ । ਨੇਤਰ ਨੈਣ ਨਾ ਕਰੇ ਕੋਈ ਧਿਆਨਾ, ਰਸਨ ਸਵਾਸ ਨਾ ਕੋਈ ਵਖਾਈਆ । ਇਕ ਅਕੱਲਾ ਸ੍ਰੀ ਭਗਵਾਨਾ, ਸਚਖੰਡ ਦਵਾਰੇ ਬੈਠਾ ਆਸਣ ਲਾਈਆ । ਆਪਣੀ ਕਰਨੀ ਕਰੇ ਮਹਾਨਾ, ਕਰਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਘਰ ਹਰਿ ਸਾਚਾ ਆਪ ਸੁਹਾਈਆ । ਸਚਖੰਡ ਨਿਵਾਸੀ ਆਦਿ ਨਿਰੰਜਨ, ਏਕਾ ਰੰਗ ਸਮਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਆਪਣਾ ਨਾਉਂ ਧਰਾਇੰਦਾ । ਆਪੇ ਜਾਣੇ ਆਪਣਾ ਮਜਨ, ਸਰ ਸਰੋਵਰ ਆਪ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਇਕ ਵਖਾਇੰਦਾ । ਸਾਚਾ ਬੰਕ ਹਰਿ ਦਵਾਰ, ਹਰਿ ਸਾਚਾ ਆਪ ਉਪਾਇੰਦਾ । ਕਮਲਾਪਾਤੀ ਮੀਤ ਮੁਰਾਰ, ਘਰ ਸਾਚੇ ਸੋਭਾ ਪਾਇੰਦਾ ।

ਦੀਵਾ ਬਾਤੀ ਨਾ ਕੋਈ ਉਜਿਆਰ, ਨਿਰਗੁਣ ਜੋਤੀ ਜੋਤ ਜਗਾਇੰਦਾ। ਬੂੰਦ ਸਵਾਂਤੀ ਠੰਡੀ ਠਾਰ, ਆਪਣਾ ਤਾਲ ਭਰਾਇੰਦਾ। ਦਿਵਸ ਰਾਤੀ ਨਾ ਕੋਈ ਵਿਚਾਰ, ਘੜੀ ਪਲ ਨਾ ਕੋਈ ਜਣਾਇੰਦਾ। ਇਕ ਅਕਾਂਤੀ ਖੇਲ ਨਿਆਰ, ਹਰਿ ਸਾਚਾ ਆਪ ਕਰਾਇੰਦਾ। ਆਪੇ ਖੋਲ੍ਹੇ ਬੰਦ ਕਿਵਾੜ, ਆਪਣਾ ਨੈਣ ਆਪ ਉਠਾਇੰਦਾ। ਅਗਨੀ ਲੱਗੇ ਨਾ ਵਾ ਤੱਤੀ ਹਾੜ, ਰਤੀ ਰੱਤ ਨਾ ਕੋਈ ਰਖਾਇੰਦਾ। ਨਾ ਕੋਈ ਨਾਤਾ ਜੋੜੇ ਬਹੱਤਰ ਨਾੜ, ਰਕਤ ਬੂੰਦ ਨਾ ਮੇਲ ਮਿਲਾਇੰਦਾ। ਨਿਰਗੁਣ ਉਪਜਾਏ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ। ਨਿਰਗੁਣ ਕੰਤ ਨਿਰਗੁਣ ਨਾਰ, ਨਿਰਗੁਣ ਸੇਜ ਹੰਢਾਇੰਦਾ। ਨਿਰਗੁਣ ਸ਼ਬਦ ਸੁਤ ਦੁਲਾਰ, ਆਪ ਆਪਣਾ ਰੂਪ ਵਟਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲਾ ਉਚ ਅਟੱਲਾ ਏਕਾ ਏਕ ਵਸਾਇੰਦਾ। ਸਚ ਮਹੱਲਾ ਸਚ ਦਰਗਾਹ, ਹਰਿ ਸਾਚਾ ਸਚ ਸੁਹਾਇੰਦਾ। ਨਿਰਗੁਣ ਦਾਤਾ ਬਣ ਮਲਾਹ, ਆਪ ਆਪਣਾ ਮੇਲ ਮਿਲਾਇੰਦਾ। ਜੁਗਾ ਜੁਗੰਤਰ ਖੇਲੇ ਖੇਲ ਬੇਪ੍ਰਵਾਹ, ਨਿਤ ਨਵਿਤ ਕਾਰ ਕਰਾਇੰਦਾ। ਆਪਣੀ ਰਚਨਾ ਆਪ ਰਚਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ। ਏਕਾ ਵਸਤ ਝੋਲੀ ਪਾ, ਤ੍ਰੈਗੁਣ ਮਾਇਆ ਜੋੜ ਜੁੜਾਇੰਦਾ। ਪੰਚਮ ਨਾਤਾ ਸਹਿਜ ਸੁਭਾ, ਕਾਇਆ ਗੜ੍ਹ ਸੁਹਾਇੰਦਾ। ਅੰਦਰ ਮੰਦਰ ਡੇਰਾ ਲਾ, ਆਪਣਾ ਮੁਖ ਛੁਪਾਇੰਦਾ। ਘਰ ਵਿਚ ਘਰ ਲਏ ਰਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪ ਉਪਾਇੰਦਾ। ਲੱਖ ਚੁਰਾਸੀ ਭਾਂਡਾ ਘੜ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ। ਨਿਰਗੁਣ ਅੰਦਰ ਆਪੇ ਵੜ, ਆਪ ਆਪਣਾ ਮੇਲ ਮਿਲਾਈਆ। ਆਪੇ ਪੂਜਾ ਆਤਮ ਬ੍ਰਹਮ, ਈਸ਼ ਜੀਵ ਆਪ ਅਖਵਾਈਆ। ਆਪੇ ਆਪਣੀ ਕੁੱਖੋਂ ਲਏ ਜੰਮ, ਸੁਫਲੀ ਕੁੱਖ ਆਪ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਏਕਾ ਵਰ, ਏਕਾ ਬੂਝ ਬੁਝਾਈਆ। ਲਖ ਚੁਰਾਸੀ ਹਰਿ ਹਰਿ ਘੜਿਆ, ਹਰਿ ਵੱਡਾ ਵਡ ਵਡਿਆਈਆ। ਨਿਰਗੁਣ ਅੰਦਰ ਨਿਰਗੁਣ ਵੜਿਆ, ਆਪ ਆਪਣੀ ਦਯਾ ਕਮਾਈਆ। ਆਪਣੇ ਅੰਦਰ ਆਪੇ ਚੜ੍ਹਿਆ, ਘਰ ਘਰ ਵਿਚ ਕਰ ਰੁਸ਼ਨਾਈਆ। ਆਪਣਾ ਤਾਲਾ ਆਪੇ ਜੜਿਆ, ਬਜਰ ਕਪਾਟੀ ਅੱਗੇ ਲਾਈਆ। ਨਿਰਭੈ ਹੋ ਕਦੇ ਨਾ ਡਰਿਆ, ਸ੍ਰਿਸ਼ਟ ਸਬਾਈ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਬੇਪਰਵਾਹੀਆ। ਬੇਪਰਵਾਹ ਨੂਰ ਅਲਾਹ, ਏਕਾ ਰੰਗ ਸਮਾਇੰਦਾ। ਖੇਲੇ ਖੇਲ ਸ਼ਹਿਨਸ਼ਾਹ, ਥਾਨ ਥੰਨਤਰ ਵੇਖ ਵਖਾਇੰਦਾ। ਆਦਿ ਜੁਗਾਦਿ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਰਖਾਇੰਦਾ। ਜਨ ਭਗਤਾਂ ਦੇਵੇ ਸਾਚਾ ਰਾਹ, ਸਾਚੀ ਸਿਖਿਆ ਸਿਖ ਸਮਝਾਇੰਦਾ। ਆਤਮ ਬ੍ਰਹਮ ਗਿਆਨ ਦ੍ਰਿੜ੍ਹਾ, ਏਕਾ ਦਰ ਵਖਾਇੰਦਾ। ਸਾਚੀ ਭਿਛਿਆ ਝੋਲੀ ਪਾ, ਨਾਮ ਭੰਡਾਰਾ ਆਪ ਵਰਤਾਇੰਦਾ। ਦਹਿ ਦਿਸ਼ਾ ਫੇਰੀ ਪਾ, ਗੁਰ ਸਤਿਗੁਰ ਰੂਪ ਪ੍ਰਗਟਾਇੰਦਾ। ਕਾਗੋਂ ਹੰਸ ਦਏ ਬਣਾ, ਸਾਚੀ ਚੋਗ ਇਕ ਚੁਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕੰਕਾਰ, ਖੇਲੇ ਖੇਲ ਅਗੰਮ ਅਪਾਰ, ਲੱਖ ਚੁਰਾਸੀ ਡੇਰਾ ਲਾਇੰਦਾ। ਲਖ ਚੁਰਾਸੀ ਡੇਰਾ ਲਾਇਆ, ਘਟ ਘਟ ਜੋਤ ਜਗਾਈਆ। ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਨਿਰਗੁਣ ਦਾਤਾ ਬੇਪਰਵਾਹੀਆ। ਸਰਗੁਣ ਸਾਚਾ ਮੇਲ ਮਿਲਾਇਆ, ਘਰ ਸਾਚੇ ਵੱਜੀ ਵਧਾਈਆ। ਗੁਰਮੁਖ ਸਾਚੇ ਲਏ ਉਠਾਇਆ, ਆਪ ਆਪਣੀ ਬੂਝ ਬੁਝਾਈਆ। ਨੌਂ ਦਵਾਰੇ ਖੋਜ ਖੁਜਾਇਆ, ਸੁਖਮਨ ਟੇਡੀ ਬੰਕ ਸੁਹਾਈਆ। ਤ੍ਰਿਬੈਣੀ ਨੈਣੀ ਪਾਰ ਕਰਾਇਆ, ਆਪ ਆਪਣਾ

ਰੂਪ ਦਰਸਾਈਆ । ਅੰਮ੍ਰਿਤ ਸਰੋਵਰ ਇਕ ਨੁਹਾਇਆ, ਸਾਚਾ ਤਾਲ ਆਪ ਸੁਹਾਈਆ । ਸ਼ਬਦ ਸਰੂਪੀ ਰਾਗ ਸੁਣਾਇਆ, ਅਨਹਦ ਢੋਲਾ ਸਾਚਾ ਗਾਈਆ । ਪੰਚਮ ਬਹਿ ਬਹਿ ਆਪੇ ਗਾਇਆ, ਆਪੇ ਆਪਣਾ ਨਾਦ ਵਜਾਈਆ । ਸਾਚੀ ਸਖੀਆਂ ਮੇਲ ਮਿਲਾਇਆ, ਘਰ ਸਾਚੇ ਸੋਭਾ ਪਾਈਆ । ਦੂਈ ਦਵੈਤੀ ਪਰਦਾ ਲਾਹਿਆ, ਏਕਾ ਰੰਗ ਸਮਾਈਆ । ਹਉਮੇ ਹੰਗਤਾ ਗੜ੍ਹ ਤੁੜਾਇਆ, ਸਤਿਗੁਰ ਪੂਰਾ ਵਡ ਵਡਿਆਈਆ । ਏਕਾ ਅੱਖਰ ਨਾਮ ਪੜ੍ਹਾਇਆ, ਜਗਤ ਵਿਦਿਆ ਭੇਵ ਖੁਲ੍ਹਾਈਆ । ਆਤਮ ਸੇਜਾ ਦਏ ਸੁਹਾਇਆ, ਸਵਛ ਸੁਹੰਜਣੀ ਸੇਜ ਸੁਹਾਈਆ । ਸੁਰਤ ਸਵਾਣੀ ਲਏ ਬਿਠਾਇਆ, ਸ਼ਬਦ ਹਾਣੀ ਮੇਲ ਮਿਲਾਈਆ । ਠੰਡਾ ਪਾਣੀ ਆਪ ਪਿਆਇਆ, ਤ੍ਰੈਗੁਣ ਮਾਇਆ ਸਾਚਾ ਸਾਕੀ ਅੰਮ੍ਰਿਤ ਜਾਮ ਪਿਆਈਆ । ਦੀਨ ਦਿਆਲਾ ਦਯਾ ਕਮਾਇਆ, ਨਿਜ਼ ਆਤਮ ਕਰ ਰੁਸ਼ਨਾਈਆ । ਜੋਤ ਨਿਰੰਜਨ ਡਗਮਗਾਇਆ, ਦਿਵਸ ਰੈਣ ਨਾ ਕੋਈ ਰਖਾਈਆ । ਰਵ ਸਸ ਰਿਹਾ ਸ਼ਰਮਾਇਆ, ਹਰਿਜਨ ਤੇਰਾ ਰੂਪ ਆਪ ਵਖਾਏ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦ ਸ਼ਬਦ ਇਸ਼ਟ ਗੁਰਦੇਵ ਆਪ ਲਗਾਏ, ਪਾਰਬ੍ਰਹਮ ਅਬਿਨਾਸ਼ੀ ਕਰਤਾ ਬ੍ਰਹਮ ਬ੍ਰਹਿਮਾਦੀ ਸਾਚੀ ਸੇਵ ਆਦਿ ਜੁਗਾਦੀ ਸੇਵ ਕਮਾਈਆ । ਪਾਰਬ੍ਰਹਮ ਬ੍ਰਹਮ ਆਪ ਉਪਾਇਆ, ਆਪਣੀ ਅੰਸ ਬਣਾਇੰਦਾ । ਆਦਿ ਜੁਗਾਦੀ ਖੇਲ ਖਿਲਾਇਆ, ਏਕਾ ਰੰਗ ਸਮਾਇੰਦਾ । ਈਸ਼ ਜੀਵ ਖੇਲ ਖਿਲਾਇਆ, ਜਗਦੀਸ਼ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਖੇਲ ਅਵੱਲਾ ਪੁਰਖ ਅਬਿਨਾਸ਼ਾ, ਆਦਿ ਜੁਗਾਦਿ ਕਰਾਇੰਦਾ । ਜੁਗਾ ਜੁਗੰਤਰ ਲਗਾ ਤਮਾਸ਼ਾ, ਆਦਿ ਜੁਗਾਦਿ ਵੇਖ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਵੇ ਰਾਸਾ, ਮੰਡਲ ਰਾਸ ਆਪ ਰਚਾਇੰਦਾ । ਜਨ ਭਗਤਾਂ ਕਰੇ ਪੂਰੀ ਆਸਾ, ਆਸ ਨਿਰਾਸ ਸਰਬ ਮਿਟਾਇੰਦਾ । ਨਿਜ਼ ਘਰ ਆਤਮ ਕਰ ਕਰ ਵਾਸਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਸਰਬ ਗੁਣਤਾਸਾ, ਗੁਣ ਦਾਤਾ ਆਪ ਅਖਵਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸਾ, ਗਗਨ ਗਗਨੰਤਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਆਪ ਉਠਾਇੰਦਾ । ਭਗਤ ਵਛਲ ਹਰਿ ਗਿਰਧਾਰਾ, ਦਰ ਦਵਾਰ ਇਕ ਸੁਹਾਇਆ । ਸੰਤਨ ਕਰੇ ਸਚ ਪਿਆਰਾ, ਘਰ ਸਾਚੇ ਮੇਲ ਮਿਲਾਇਆ । ਗੁਰਮੁਖ ਕਰਾਏ ਵਣਜ ਵਪਾਰਾ, ਏਕਾ ਨਾਮ ਹੱਟ ਵਿਕਾਇਆ । ਗੁਰਸਿਖਾਂ ਦੇਵੇ ਚਰਨ ਕਵਲ ਅਧਾਰਾ, ਧੀਰਜ ਧੀਰ ਇਕ ਧਰਾਇਆ । ਤ੍ਰੈਗੁਣ ਮਾਇਆ ਵਸਿਆ ਬਾਹਰਾ, ਪੰਜ ਤਤ ਨਾ ਕੋਇ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਲਏ ਤਰਾਇਆ । ਹਰਿ ਭਗਤਨ ਮੀਤਾ ਹਰਿ ਭਗਵੰਤ, ਹਰਿ ਸੱਜਣ ਲਏ ਉਠਾਈਆ । ਲੇਖਾ ਜਾਣੇ ਸਾਚੇ ਸੰਤ, ਆਤਮ ਅੰਤਰ ਬੂਝ ਬੁਝਾਈਆ । ਗੁਰਮੁਖ ਬਣਾਏ ਸਾਚੀ ਬਣਤ, ਜੁਗ ਜੁਗ ਬੇੜਾ ਬੰਨ ਵਖਾਈਆ । ਗੁਰਸਿਖ ਮੇਲਾ ਨਾਰੀ ਕੰਤ, ਘਰ ਸਾਚੀ ਸੇਜ ਸੁਹਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੋੜੇ ਗੜ੍ਹ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਸਮਝਾਈਆ । ਮੇਲ ਮਿਲਾਵਾ ਸਾਚੀ ਸੰਗਤ, ਗੁਰ ਸ਼ਬਦ ਕਰੇ ਕੁੜਮਾਈਆ । ਜਿਉਂ ਅੰਗ ਲਗਾਇਆ ਨਾਨਕ ਅੰਗਦ, ਆਪ ਆਪਣੇ ਅੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਲੇਖਾ ਆਪਣੇ ਹੱਥ ਰਖਾਈਆ । ਲੇਖਾ ਲੇਖ ਕਰਤਾਰ, ਚਾਰ ਵੇਦ ਭੇਦ ਨਾ ਆਇੰਦਾ । ਪੁਰਾਨ ਅਠਾਰਾਂ


੧੨੭

ਗਏ ਹਾਰ, ਵੇਦ ਵਿਆਸਾ ਰਸਨਾ ਜਿਹਵਾ ਆਪ ਸੁਣਾਇੰਦਾ । ਸ਼ਾਸਤਰ ਸਿਮਰਤ ਕਰੇ ਗਿਆਨ, ਗੀਤਾ ਗਿਆਨ ਅਠਾਰਾਂ ਧਿਆਏ ਇਕ ਜਣਾਇੰਦਾ । ਅੰਜੀਲਾਂ ਕੁਰਾਨਾਂ ਹਾਹਾਕਾਰ, ਕਲਮਾ ਅਮਾਮ ਆਪਣੇ ਹੱਥ ਰਖਾਇੰਦਾ । ਨੂਰ ਅਲਾਹੀ ਬੇਐਬ ਪਰਵਰਦਿਗਾਰ, ਮੁਕਾਮੇ ਹਕ ਹਕ ਵਿਖਾਇੰਦਾ । ਨਾਨਕ ਨਿਰਗੁਣ ਬੋਲ ਜੈਕਾਰ, ਨਾਮ ਸਤਿ ਇਕ ਦ੍ਰਿੜਾਇੰਦਾ । ਬ੍ਰਹਮ ਮਤ ਵਿਚ ਸੰਸਾਰ, ਚਾਰ ਵਰਨਾਂ ਕਰੇ ਪਿਆਰ, ਊਚ ਨੀਚਾਂ ਇਕ ਪਿਆਰ, ਸਾਚੀ ਰੰਗਣ ਇਕ ਰੰਗਾਇੰਦਾ । ਏਕਾ ਸ਼ਬਦ ਗੁਰ ਅਵਤਾਰ, ਜੀਵ ਜੰਤ ਸਰਬ ਸਮਝਾਇੰਦਾ । ਸਾਚੇ ਸੰਤਾਂ ਕਰੇ ਪਿਆਰ, ਆਪ ਆਪਣੀ ਗੋਦ ਬਹਾਇੰਦਾ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਨਾਮ ਖੰਡਾ ਹੱਥ ਉਠਾਇੰਦਾ । ਬ੍ਰਹਿਮੰਡਾਂ ਮਾਰੇ ਆਪੇ ਮਾਰ, ਸਾਚੀ ਵੰਡਾ ਵੰਡ ਵੰਡਾਇੰਦਾ । ਭੇਖ ਪਖੰਡਾ ਦਏ ਨਿਵਾਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਘਰ ਘਰ, ਜੁਗ ਜੁਗ ਵੇਸ ਵਟਾਇੰਦਾ । ਵੇਸ ਅਵਲੜਾ ਇਕ ਅਕੱਲਾ, ਨੂਰੋ ਨੂਰ ਸਮਾਇਆ । ਖੇਲੇ ਖੇਲ ਘੜੀ ਘੜੀ ਪਲ ਪਲਾ, ਆਦਿ ਜੁਗਾਦਿ ਨਾਉਂ ਧਰਾਇਆ । ਆਪ ਫੜਾਏ ਆਪਣਾ ਪੱਲਾ, ਪੰਜ ਤਤ ਚੋਲਾ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ । ਏਕਾ ਧਾਰ ਏਕਾ ਗੁਰ, ਏਕਾ ਪੂਜ ਪੁਜਾਈਆ । ਏਕਾ ਪੁਰਖ ਏਕਾ ਨਾਰ, ਕੰਤ ਕੰਤੂਹਲ ਇਕ ਅਖਵਾਈਆ । ਏਕਾ ਤਨ ਇਕ ਸ਼ੰਗਾਰ, ਬਸਤਰ ਭੂਸ਼ਨ ਇਕ ਸੁਹਾਈਆ । ਏਕਾ ਪਲੰਘ ਏਕਾ ਸੋਵਣਹਾਰ, ਏਕਾ ਆਲਸ ਨਿੰਦਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਆਪਣਾ ਰੂਪ ਆਪ ਪ੍ਰਗਟਾਈਆ । ਏਕਾ ਪੁਰਖ ਇਕ ਸੁਲਤਾਨ, ਏਕਾ ਬੰਕ ਸੁਹਾਇੰਦਾ । ਏਕਾ ਨੂਰ ਨੂਰ ਨੁਰਾਨ, ਆਦਿ ਸ਼ਕਤ ਰੂਪ ਵਟਾਇੰਦਾ । ਏਕਾ ਚਤਰਭੁਜ ਖੇਲੇ ਖੇਲ ਮਹਾਨ, ਖੇਲਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਬੰਕ ਦਵਾਰਾ ਇਕ ਵਡਿਆਇੰਦਾ । ਬੰਕ ਦੁਆਰਾ ਸੱਚਾ ਦਰ, ਸੋ ਪੁਰਖ ਨਿਰੰਜਨ ਆਪ ਸੁਹਾਇਆ । ਹਰਿ ਪੁਰਖ ਨਿਰੰਜਨ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਏਕੰਕਾਰਾ ਅਗੇ ਖੜ੍ਹ, ਆਦਿ ਨਿਰੰਜਨ ਲਏ ਜਗਾਇਆ । ਅਬਿਨਾਸ਼ੀ ਕਰਤਾ ਨਾ ਕੋਈ ਸੀਸ ਨਾ ਕੋਈ ਧੜ, ਸ੍ਰੀ ਭਗਵਾਨ ਮੁਛ ਦਾੜ੍ਹੀ ਕੇਸ ਨਾ ਕੋਈ ਰਖਾਇਆ । ਪਾਰਬ੍ਰਹਮ ਆਪਣਾ ਅੱਖਰ ਆਪੇ ਪੜ੍ਹ, ਨਿਸ਼ਅੱਖਰ ਆਪ ਸਮਾਇਆ । ਸਾਚੇ ਪੌੜੇ ਆਪੇ ਚੜ੍ਹ, ਆਪਣਾ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਬੰਧਾਇਆ । ਜੁਗ ਜੁਗ ਧਾਰ ਹਰਿ ਨਿਰੰਕਾਰ, ਲੋਕਮਾਤ ਆਪ ਬੰਧਾਈਆ । ਸਤਿਜੁਗ ਸਾਚੇ ਪਾਏ ਸਾਰ, ਸਾਰਿੰਗ ਧਰ ਭਗਵਾਨ ਬੀਠਲੋ ਆਪ ਅਖਵਾਈਆ । ਤ੍ਰੇਤਾ ਤ੍ਰੀਆ ਕਰ ਵਿਚਾਰ, ਗਰੀਬ ਨਿਮਾਣੇ ਗਲੇ ਲਗਾਈਆ । ਲੰਕਾ ਤੋੜ ਗੜ੍ਹ ਹੰਕਾਰ, ਦੂਤੀ ਦੁਸ਼ਟ ਆਪ ਖਪਾਈਆ । ਦੁਆਪਰ ਤੇਰਾ ਕਰਮ ਵਿਚਾਰ, ਆਪਣੇ ਹੱਥ ਰੱਖੇ ਵਡਿਆਈਆ । ਪ੍ਰਗਟ ਹੋ ਵਿਚ ਸੰਸਾਰ, ਏਕਾ ਬੰਸਰੀ ਨਾਮ ਵਜਾਈਆ । ਬਿਦਰ ਸੁਦਾਮਾ ਜਾਏ ਤਾਰ, ਲਜ ਪਤ ਆਪਣੇ ਹੱਥ ਰਖਾਈਆ । ਰਥ ਰਥਵਾਹੀ ਖੇਲ ਅਪਾਰ, ਆਪਣਾ ਰਥ ਰਿਹਾ ਚਲਾਈਆ । ਕਲਜੁਗ ਵੇਖੇ ਕਾਲੀ ਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਈਸਾ ਮੂਸਾ ਖਬਰਦਾਰ, ਕਾਲਾ ਸੂਸਾ ਤਨ ਛੁਹਾਈਆ । ਜਗਤ ਹਦੀਸਾ ਕਰ ਉਜਿਆਰ, ਏਕਾ ਕਲਮਾ ਆਪ ਪੜ੍ਹਾਈਆ । ਕਾਇਨਾਤ ਵੇਖ ਵਿਚਾਰ, ਚਾਰ ਕੁੰਟ ਫੇਲ ਫੁਲਾਈਆ । ਚੌਦਾਂ ਤਬਕਾਂ ਖੋਲ੍ਹ

ਕਿਵਾੜ, ਇਕ ਦਵਾਰਾ ਦਏ ਵਖਾਈਆ । ਵੇਖ ਵਿਖਾਏ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਕੂੜ ਪਸਾਰਾ, ਹਰਿ ਸਾਚਾ ਵੇਖ ਵਖਾਇੰਦਾ । ਧਰਤੀ ਧਵਲ ਕਰੇ ਪੁਕਾਰਾ, ਜੀਵ ਜੰਤ ਸਰਬ ਕੁਰਲਾਇੰਦਾ । ਸਾਧ ਸੰਤ ਨਾ ਪਾਵੇ ਕੋਈ ਸਾਰਾ, ਰਾਜ ਰਾਜਾਨ ਨਾ ਕੋਈ ਦਿਸਾਇੰਦਾ । ਚਾਰ ਵਰਨ ਹਾਹਾਕਾਰਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਆਪਣੀ ਰਚਨਾ ਆਪ ਰਚਾਇੰਦਾ । ਨਾਨਕ ਨਿਰਗੁਣ ਕਰ ਪਸਾਰਾ, ਸਰਗੁਣ ਸਾਚੀ ਜੋਤ ਜਗਾਇੰਦਾ । ਏਕਾ ਸ਼ਬਦ ਬੋਲ ਜੈਕਾਰਾ, ਮੰਤਰ ਨਾਮ ਇਕ ਦ੍ਰਿੜਾਇੰਦਾ । ਆਪੇ ਖੋਲ੍ਹ ਸਚ ਭੰਡਾਰਾ, ਊਚਾ ਨੀਚਾਂ ਆਪ ਵਰਤਾਇੰਦਾ । ਏਕਾ ਸ਼ਬਦ ਵਣਜ ਵਪਾਰਾ, ਚਾਰੋਂ ਕੁੰਟ ਵਣਜ ਵਖਾਇੰਦਾ । ਵਰਨਾਂ ਬਰਨਾਂ ਵਸੇ ਬਾਹਰਾ, ਸਾਚੀ ਸੁਰਤ ਇਕ ਟਿਕਾਇੰਦਾ । ਏਕਾ ਲੇਖਾ ਲਿਖਣਹਾਰਾ, ਜੀਵ ਜੰਤ ਸਰਬ ਸਮਝਾਇੰਦਾ । ਸ੍ਰਿਸ਼ਟ ਸਬਾਈ ਮੀਤ ਮੁਰਾਰਾ, ਏਕਾ ਗੀਤ ਸੁਹਾਗੀ ਗਾਇੰਦਾ । ਸੋਹੰ ਅੱਖਰ ਅਗੰਮ ਅਪਾਰਾ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਅੰਗਦ ਅੰਗੀਕਾਰ ਕਰ ਦੇਵੇ ਇਕ ਹੁਲਾਰਾ, ਅਮਰ ਅਮਰਾਪਦ ਬਹਾਇੰਦਾ । ਰਾਮਦਾਸ ਹੋ ਉਜਿਆਰਾ, ਗੁਰ ਅਰਜਨ ਆਪ ਜਗਾਇੰਦਾ । ਅਨਹਦ ਨਾਦ ਸੱਚੀ ਧੁਨਕਾਰਾ, ਬੋਧ ਅਗਾਧ ਭੇਵ ਖੁਲ੍ਹਾਇੰਦਾ । ਗੁਰੂ ਗ੍ਰੰਥ ਗੁਰ ਕਰ ਤਿਆਰਾ, ਲੱਖ ਚੁਰਾਸੀ ਆਪ ਸਮਝਾਇੰਦਾ । ਸੰਤ ਭਗਤ ਭਗਵੰਤ ਸੋਹਿਣ ਇਕ ਦਵਾਰਾ, ਦੂਜਾ ਦਰ ਨਾ ਕੋਈ ਵਖਾਇੰਦਾ । ਮਨਮੁਖਾਂ ਮਾਰੇ ਆਪਣੀ ਮਾਰਾ, ਨਾਮ ਖੰਡਾ ਹੱਥ ਚਮਕਾਇੰਦਾ । ਦੋ ਜਹਾਨ ਕਰੇ ਖ਼ਵਾਰਾ, ਰਾਏ ਧਰਮ ਹੱਥ ਫੜਾਇੰਦਾ । ਚਿਤਰ ਗੁਪਤ ਪਾਏ ਸਾਰਾ, ਲਾੜੀ ਮੌਤ ਨਾਲ ਪਰਨਾਇੰਦਾ । ਗੁਰਮੁਖਾਂ ਵਖਾਏ ਸਚ ਦਵਾਰਾ, ਦਰਗਾਹ ਸਾਚੀ ਸਾਚਾ ਧਾਮ ਸੁਹਾਇੰਦਾ । ਜਿਸ ਜਨ ਮਿਲਿਆ ਹਰਿ ਹਰਿ ਮੀਤ ਮੁਰਾਰਾ, ਲੱਖ ਚੁਰਾਸੀ ਫੰਦ ਕਟਾਇੰਦਾ । ਸੋ ਪੁਰਖ ਨਿਰੰਜਨ ਖੇਲੇ ਖੇਲ ਅੰਤਮ ਵਾਰਾ, ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਇੰਦਾ । ਏਕੰਕਾਰਾ ਕਰ ਪਸਾਰਾ, ਲਖ ਚੁਰਾਸੀ ਫੋਲ ਫੋਲਾਇੰਦਾ । ਆਦਿ ਨਿਰੰਜਨ ਦੀਪਕ ਕਰ ਉਜਿਆਰਾ, ਜੋਤ ਨਿਰੰਜਨ ਡਗਮਗਾਇੰਦਾ । ਸ੍ਰੀ ਭਗਵਾਨ ਆਪ ਵਜਾਏ ਆਪਣਾ ਤਾੜਾ, ਸ਼ਬਦ ਅਨਾਦੀ ਧੁਨ ਉਪਰ ਰਖਾਇੰਦਾ । ਅਬਿਨਾਸ਼ੀ ਕਰਤਾ ਵੇਖੇ ਸਚ ਅਖਾੜਾ, ਹਰਿਜਨ ਕਾਇਆ ਮੰਦਰ ਗੋਪੀ ਕਾਹਨ ਆਪ ਨਚਾਇੰਦਾ । ਪਾਰਬ੍ਰਹਮ ਗੁਰਸਿਖ ਬਣਾਏ ਸਾਚਾ ਲਾੜਾ, ਮਸਤਕ ਟਿੱਕਾ ਆਪ ਸੁਹਾਇੰਦਾ । ਆਵੇ ਜਾਵੇ ਵਾਰੋ ਵਾਰਾ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੁਰ ਗੋਬਿੰਦ ਖੇਲ ਖਿਲਾਇੰਦਾ । ਸਿੰਘ ਰੂਪ ਕਰ ਵਿਚ ਸੰਸਾਰਾ, ਸਾਚਾ ਖੰਡਾ ਹੱਥ ਚਮਕਾਇੰਦਾ । ਚੰਡ ਪ੍ਰਚੰਡ ਦਏ ਹੁਲਾਰਾ, ਏਕਾ ਚੰਡੀ ਹੱਥ ਵਖਾਇੰਦਾ । ਸ਼ਸਤਰ ਬਸਤਰ ਤਨ ਸ਼ੰਗਾਰਾ, ਕਲਗੀ ਤੋੜਾ ਸੀਸ ਟਿਕਾਇੰਦਾ । ਸਾਚਾ ਘੋੜਾ ਸ਼ਾਹ ਅਸਵਾਰਾ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਅੰਮ੍ਰਿਤ ਬਖਸ਼ੇ ਠੰਡੀ ਠਾਰਾ, ਸਾਚਾ ਖੰਡਾ ਨਾਮ ਵਿਚ ਫਿਰਾਇੰਦਾ । ਪੰਚਮ ਮੀਤਾ ਪੰਚਮ ਪਿਆਰਾ, ਪੰਚਮ ਨਾਤਾ ਜੋੜ ਜੁੜਾਇੰਦਾ । ਪੰਚਮ ਬੋਲ ਇਕ ਜੈਕਾਰਾ, ਵਾਹ ਵਾਹ ਗੁਰੂ ਫਤਿਹ ਆਪ ਸੁਣਾਇੰਦਾ । ਵੱਜਦਾ ਰਹੇ ਸਚ ਨਗਾਰਾ, ਪੁਰਖ ਅਕਾਲ ਆਪ ਵਜਾਇੰਦਾ । ਏਕਾ ਇਸ਼ਟ ਦੇਵ ਗੁਰੂ ਸ੍ਰਿਸ਼ਟ ਸਬਾਈ ਪਾਵੇ ਸਾਰਾ, ਏਕੰਕਾਰਾ ਦੂਜਾ ਇਸ਼ਟ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਕਰਨੇਹਾਰਾ ਆਪਣਾ ਕਰਮ ਕਮਾਇੰਦਾ । ਕਰਤਾ ਪੁਰਖ ਹਰਿ ਕਰਨੇ ਯੋਗ, ਜੁਗ ਜੁਗ ਖੇਲ ਖਿਲਾਇੰਦਾ । ਜੁਗਾਂ ਜੁਗੰਤਰ ਕਰੇ ਸੰਜੋਗ,

ਵਿਜੋਗ ਲਹਿਣਾ ਦੇਣ ਆਪ ਮੁਕਾਇੰਦਾ । ਆਪਣਾ ਭੋਗੀ ਭੋਗੇ ਭੋਗ, ਰਸ ਰਸੀਆ ਰਸ ਵਖਾਇੰਦਾ । ਲੇਖਾ ਜਾਣੇ ਤਿੰਨਾਂ ਲੋਕ, ਚੌਦਾਂ ਹੱਟ ਵੇਖ ਵਿਖਾਇੰਦਾ । ਸ਼ਬਦ ਅਗੰਮੀ ਇਕ ਸਲੋਕ, ਲੋਆਂ ਪੁਰੀਆਂ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਅੰਤਮ ਅੰਤ ਆਪੇ ਦੇਵੇ ਝੋਕ, ਥਿਰ ਕੋਈ ਰਹਿਣ ਨਾ ਪਾਇੰਦਾ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਸਾਧ ਸੰਤ ਸਰਬ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਇੰਦਾ । ਕਲਜੁਗ ਪੰਧ ਮੁੱਕਣਾ, ਹਰਿ ਸਾਚਾ ਆਪ ਮੁਕਾਈਆ । ਕੂੜ ਅੰਧੇਰਾ ਜਗਤ ਤੋਂ ਮੁੱਕਣਾ, ਅੰਧ ਅੰਧੇਰ ਰਹਿਣ ਨਾ ਪਾਈਆ । ਜੂਠਾ ਝੂਠਾ ਬੂਟਾ ਸੁੱਕਣਾ, ਪੱਤ ਡਾਲੀ ਨਾ ਕੋਈ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪ ਬੁਝਾਏ ਲੱਗੀ ਬਸੰਤਰ, ਏਕਾ ਅੰਮ੍ਰਿਤ ਮੇਘ ਬਰਸਾਈਆ । ਅੰਮ੍ਰਿਤ ਜਾਏ ਬਰਸ, ਹਰਿ ਸਤਿਗੁਰ ਆਪ ਬਰਸਾਇੰਦਾ । ਜਨ ਭਗਤਾਂ ਉਪਰ ਕਰੇ ਤਰਸ, ਕਾਇਆ ਸਿੰਚ ਹਰੀ ਕਰਾਇੰਦਾ । ਜਗਤ ਤ੍ਰਿਸ਼ਨਾ ਮੇਟੇ ਹਰਸ, ਸ਼ਬਦ ਸ਼ਬਦੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਕਲਜੁਗ ਧੋਵੇ ਕਾਲਾ ਦਾਗ, ਸਤਿਗੁਰ ਸਾਚੇ ਹੱਥ ਵਡਿਆਈਆ । ਗੁਰ ਅਰਜਨ ਜੋਤੀ ਜਗੇ ਚਰਾਗ, ਕਾਇਆ ਮੰਦਰ ਹੋਏ ਰੁਸ਼ਨਾਈਆ । ਤ੍ਰੈਗੁਣ ਮਾਇਆ ਲੱਗੀ ਬੁੱਝੇ ਆਗ, ਸਾਂਤਕ ਸਤਿ ਸਤਿ ਵਰਤਾਈਆ । ਫੜ ਫੜ ਹੰਸ ਬਣਾਏ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਆਤਮ ਉਪਜਾਏ ਇਕ ਵੈਰਾਗ, ਲਿਵ ਆਤਮ ਇਕ ਅਵਖਾਈਆ । ਅਨਹਦ ਸੁਣਾਏ ਸਾਚਾ ਰਾਗ, ਤਾਲ ਤਲਵਾੜਾ ਇਕ ਵਜਾਈਆ । ਸੁਰਤ ਸਵਾਣੀ ਜਾਏ ਜਾਗ, ਘਰ ਸਾਚੇ ਆਪ ਜਗਾਈਆ । ਬ੍ਰਹਮ ਬ੍ਰਹਮਾਦਿ ਵਜਾਏ ਨਾਦ, ਨਿਰਗੁਣ ਢੋਲਾ ਏਕਾ ਗਾਈਆ । ਲੇਖਾ ਜਾਣੇ ਜੁਗਾਦਿ ਆਦਿ, ਆਦਿ ਜੁਗਾਦਿ ਬੇਪਰਵਾਹੀਆ । ਮੇਲ ਮਿਲਾਏ ਸੰਤ ਸਾਧ, ਭਗਤ ਭਗਵੰਤ ਵੇਖ ਵਖਾਈਆ । ਜੋ ਜਨ ਰਸਨਾ ਰਹੇ ਅਰਾਧ, ਦੇਵੇ ਦਰਸ ਥਾਉਂ ਥਾਈਆ । ਮੇਲ ਮਿਲਾਵਾ ਮਾਧਵ ਮਾਧ, ਹਰਿਜਨ ਸਾਚੇ ਸੰਗ ਨਿਭਾਈਆ । ਕਲਜੁਗ ਕੂੜ ਕੁੜਿਆਰਾ ਜਾਏ ਭਾਗ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਹੱਥ ਆਪਣੇ ਪਕੜੇ ਵਾਗ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਹਰਿ ਸਰਨਾਈ ਜੋ ਜਨ ਗਿਆ ਲਾਗ, ਵੇਲੇ ਅੰਤ ਹੋਏ ਸਹਾਈਆ । ਦੁਰਮਤ ਮੈਲ ਧੋਵੇ ਦਾਗ, ਉਜਲ ਮੁਖ ਆਪ ਕਰਾਈਆ । ਚਰਨ ਧੂੜ ਕਰਾਏ ਮਜਨ ਮਾਘ, ਗੁਰਸਿਖ ਅਠਸਠ ਤੀਰਥ ਨਹਾਵਣ ਨਾ ਜਾਈਆ । ਸਤਿਗੁਰ ਸੱਚਾ ਸੱਜਣ ਸਾਕ, ਮਾਤ ਪਿਤ ਭੈਣ ਆਪ ਅਖਵਾਈਆ । ਆਪੇ ਜਾਣੇ ਆਪਣਾ ਭਵਿਖਤ ਵਾਕ, ਦੂਸਰ ਭੇਵ ਨਾ ਕੋਈ ਰਖਾਈਆ । ਸ਼ਬਦ ਅਗੰਮੀ ਚੜ੍ਹੇ ਰਾਕ, ਅਸਵ ਘੋੜਾ ਆਪ ਦੌੜਾਈਆ । ਸਚ ਸਿੰਘਾਸਣ ਮਾਰ ਪਲਾਕ, ਬੈਠੇ ਦਾਤਾ ਸ਼ਹਿਨਸ਼ਾਹੀਆ । ਦੋ ਜਹਾਨਾਂ ਦੇਵੇ ਆਪਣੀ ਡਾਕ, ਸੋਹੰ ਅੱਖਰ ਇਕ ਪੜ੍ਹਾਈਆ । ਖੇਲੇ ਖੇਲ ਅਲਖਨਾ ਅਲਾਖ, ਲੇਖਾ ਲਿਖਤ ਵਿਚ ਨਾ ਆਈਆ । ਅੰਤਮ ਬੌਹੜ ਦੇਵੇ ਭਾਖਿਆ ਆਪਣੀ ਭਾਖ, ਨੌ ਖੰਡ ਪ੍ਰਿਥਮੀ ਦਿਸ ਨਾ ਆਈਆ । ਸੰਤ ਸੁਹੇਲੇ ਗੁਰਮੁਖ ਚੇਲੇ ਸੱਜਣ ਲਏ ਰਾਖ, ਲੱਖ ਚੁਰਾਸੀ ਫੋਲ ਫੁਲਾਈਆ । ਆਪੇ ਕਰੇ ਕੱਖੋਂ ਲਾਖ, ਲੱਖੋ ਕੱਖ ਆਪ ਕਰਾਈਆ । ਆਪੇ ਦਰਸ ਵਿਖਾਏ ਹੋ ਪ੍ਰਤਖ, ਆਪੇ ਬੈਠਾ ਮੁਖ ਛੁਪਾਈਆ । ਆਪੇ ਗੁਰਮੁਖ ਲੱਖ ਚੁਰਾਸੀ ਵਿਚੋਂ ਕਰੇ ਵੱਖ, ਆਪ ਆਪਣੀ ਵੰਡ ਵੰਡਾਈਆ । ਆਪੇ ਜਾਣੇ ਆਪਣਾ ਪੱਖ, ਕਿਸ਼ਨਾ ਸੁਖਲਾ ਵੇਖ ਵਖਾਈਆ । ਕਲਜੁਗ ਅੰਤਮ ਮਾਰਗ ਏਕਾ ਦੱਸ, ਚਾਰ ਵਰਨ

ਕਰੇ ਪੜ੍ਹਾਈਆ । ਹਰਿਜਨ ਮਿਲਾਏ ਨੱਸ ਨੱਸ, ਗੂੜ੍ਹੀ ਨੀਂਦ ਨਾ ਕੋਈ ਸੁਆਈਆ । ਹਿਰਦੇ ਅੰਦਰ ਵਸ ਵਸ, ਆਪ ਆਪਣੀ ਬੂਝ ਬੁਝਾਈਆ । ਸੋਹੰ ਤੀਰ ਨਿਰਾਲਾ ਮਾਰੇ ਕਸ, ਤਿਖੀ ਮੁਖੀ ਮੁਖ ਰਖਾਈਆ । ਪੰਚਮ ਵਿਕਾਰਾ ਦੇਵੇ ਝੱਸ, ਤਤਵ ਤਤ ਰਹਿਣ ਨਾ ਪਾਈਆ । ਮਾਇਆ ਮਮਤਾ ਡਸਨੀ ਡੱਸ, ਨਾਗ ਨਾਗਨੀ ਰਹੇ ਕੁਰਲਾਈਆ । ਭਗਤਾਂ ਦਿਸੇ ਘਟ ਘਟ, ਊਚ ਨੀਚ ਨਾ ਕੋਈ ਉਪਜਾਈਆ । ਗੁਰਮੁਖਾਂ ਅੰਦਰ ਜੋਤ ਜਗਾਏ ਲਟ ਲਟ, ਗੁਰ ਗੋਬਿੰਦ ਅੰਕ ਗਿਆ ਲਿਖਾਈਆ । ਦੁਰਮਤ ਮੈਲ ਦੇਵੇ ਕੱਟ, ਅੰਮ੍ਰਿਤ ਸਾਚਾ ਜਾਮ ਪਿਆਈਆ । ਚੌਦਾਂ ਲੋਕ ਵਖਾਏ ਹਟ, ਆਪ ਆਪਣਾ ਵਣਜ ਕਰਾਈਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਭਰਮੇ ਭੁੱਲੀ ਸਰਬ ਲੁਕਾਈਆ । ਆਦਿ ਜੁਗਾਦਿ ਹਰਿ ਕਾ ਖੇਲ ਬਾਜ਼ੀਗਰ ਨਟ, ਹਰਿ ਸਵਾਂਗੀ ਸਾਂਗ ਰਚਾਈਆ । ਲੇਖਾ ਜਾਣੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੋਲ ਫੁਲਾਈਆ । ਵੇਖ ਵਖਾਏ ਗੁਰ ਦਰ ਮੰਦਰ ਮਸਜਦ ਸ਼ਿਵਦਵਾਲਾ ਮੱਠ, ਨਿਰਗੁਣ ਆਪਣਾ ਰੂਪ ਵਟਾਈਆ । ਜੋ ਉਪਜਾਇਆ ਸੋ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਉਲਟੀ ਗੇੜਨਹਾਰਾ ਲੱਠ, ਗੇੜਾ ਆਪਣੇ ਆਪ ਦਵਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਕੋਈ ਨਾ ਪਹੁੰਚੇ ਨੱਠ ਨੱਠ, ਦੋ ਜਹਾਨਾ ਪੰਧ ਨਾ ਕੋਈ ਮੁਕਾਈਆ । ਕਲਜੁਗ ਤੇਰੀ ਕੂੜੀ ਧਾਰ ਦੇਵੇ ਕੱਟ, ਸੀਸ ਧੜ ਰਹਿਣ ਨਾ ਪਾਈਆ । ਗੁਰਮੁਖਾਂ ਆਤਮ ਅੰਤਰ ਅੰਮ੍ਰਿਤ ਦੇਵੇ ਝੱਟ, ਨਿਝਰ ਰਸ ਇਕ ਪਿਆਈਆ । ਆਪ ਸੁਹਾਏ ਸਾਚੀ ਖਾਟ, ਸਚ ਸਿੰਘਾਸਣ ਆਸਣ ਲਾਈਆ । ਤਨ ਪਹਿਨਾਏ ਸ਼ਬਦ ਗਹਿਣਾ ਸਾਚਾ ਪਟ, ਕਫਨੀ ਕਫਨ ਨਾ ਕੋਈ ਵਖਾਈਆ । ਜੋ ਜਨ ਰਸਨਾ ਜੇਹਵਾ ਰਹੇ ਰਟ, ਰਤਨ ਅਮੋਲਕ ਨਾਮ ਆਪਣੀ ਜੜਤ ਜੜਾਈਆ । ਦੂਈ ਦਵੈਤੀ ਪੱਟੇ ਭੱਠ, ਤੀਜਾ ਨੇਤਰ ਇਕ ਖੁਲਾਈਆ । ਚੌਥੇ ਘਰ ਦੇਵੇ ਅਮਰਾਪਦ, ਆਪ ਆਪਣੇ ਰੰਗ ਰੰਗਾਈਆ । ਆਪੇ ਜਾਣੇ ਪਾਰ ਕਿਨਾਰਾ ਹੱਦ, ਮੰਝਧਾਰ ਨਾ ਕੋਈ ਰੁੜ੍ਹਾਈਆ । ਸੰਤ ਸਹੇਲੇ ਆਪ ਆਪਣੇ ਆਪੇ ਸੱਦ, ਆਪ ਆਪਣੀ ਕਰੇ ਪੜ੍ਹਾਈਆ । ਮਨਮੁਖਾਂ ਉਪਰ ਜੂਠਾ ਝੂਠਾ ਭਾਰ ਦੇਵੇ ਲੱਦ, ਨਾ ਸਕੇ ਕੋਈ ਪੈਰ ਉਠਾਈਆ । ਸਚਖੰਡ ਦਵਾਰਿਉਂ ਦੇਵੇ ਕੱਢ, ਰਾਏ ਧਰਮ ਦਏ ਸਜਾਈਆ । ਵੇਖਣਹਾਰਾ ਲੁਕਿਆ ਕੋਈ ਨਾ ਦੇਵੇ ਛੱਡ, ਬ੍ਰਹਿਮੰਡ ਜੰਗਲ ਜੂਹ ਪਹਾੜ ਫੋਲ ਫੁਲਾਈਆ । ਦੁਹਾਗਣ ਨਾਰ ਮਨਮੁਖ ਨੱਕ ਦੇਵੇ ਵੱਢ, ਸੀਸ ਚੋਟੀ ਨਾ ਕੋਈ ਗੁੰਦਾਈਆ । ਲੇਖੇ ਲੱਗੇ ਨਾ ਮਾਇਆ ਕਾਇਆ ਹੱਡ, ਜਿਸ ਭੁਲਿਆ ਬੇਪਰਵਾਹੀਆ । ਗੁਰਸਿਖਾਂ ਲਡਾਏ ਸਾਚਾ ਲੱਡ, ਆਪ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਕੂੜ ਪਸਾਰਾ, ਆਪੇ ਮੇਟੇ ਮੇਟਣਹਾਰਾ, ਜੀਵ ਜੰਤ ਭੇਵ ਨਾ ਰਾਈਆ । ਕਲਜੁਗ ਕੂੜ ਪਸਾਰ, ਹਰਿ ਸਾਚੇ ਮੇਟ ਮਿਟਾਵਣਾ । ਕਰੇ ਖੇਲ ਏਕੰਕਾਰ, ਇਕ ਅਕੱਲਾ ਡੰਕ ਵਜਾਵਣਾ । ਲੋਆਂ ਪੁਰੀਆਂ ਕਰੇ ਖਬਰਦਾਰ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਵਣਾ । ਨੌਂ ਖੰਡ ਪ੍ਰਿਥਮੀ ਹੋ ਤਿਆਰ, ਜੋਤੀ ਜਾਮਾ ਭੇਸ ਵਟਾਵਣਾ । ਪੰਜ ਤਤ ਨਾ ਕੋਈ ਅਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਵਣਾ । ਜੁਗ ਜੁਗ ਖੇਲ ਖਿਲੰਦੜਾ, ਪਾਰਬ੍ਰਹਮ ਬੇਅੰਤਿਆ । ਕਲਜੁਗ ਅੰਤਮ ਵੇਖ ਵਿਖੰਦੜਾ, ਚਾਰੋਂ ਕੁੰਟ ਖੋਜ ਖੁਜੰਤਿਆ । ਸਾਚਾ ਮੰਦਰ ਨਾ ਕੋਈ ਦਸੰਦੜਾ, ਪੁਰਖ ਅਬਿਨਾਸ਼ੀ ਮਾਇਆ ਪਾਈ ਬੇਅੰਤਿਆ । ਗੁਰਮੁਖ ਵਿਰਲਾ ਏਕਾ ਇਸ਼ਟ ਰਖੰਦੜਾ, ਭਰਮੇ ਭੁੱਲਾ ਜੀਵ ਜੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ

ਵਰ, ਲੇਖਾ ਜਾਣੇ ਸਾਧ ਸੰਤਿਆ । ਸਾਧ ਸੰਤ ਹਰਿ ਬੂਝਿਆ, ਆਪ ਆਪਣੀ ਕਿਰਪਾ ਧਾਰ । ਹਰਿਜਨ ਦਵਾਰੇ ਜੋ ਜਨ ਲੂਝਿਆ, ਰਸਨਾ ਜੇਹਵਾ ਨਾਮ ਅਧਾਰ । ਸਚ ਦਵਾਰਾ ਏਕਾ ਸੂਝਿਆ, ਨਾਤਾ ਤੋੜ ਸਰਬ ਸੰਸਾਰ । ਤ੍ਰੈਗੁਣ ਮਾਇਆ ਅਗਨੀ ਤਤ ਕਦੇ ਨਾ ਬੂਝਿਆ, ਸੀਤਲ ਸ਼ਬਦ ਕਰੇ ਹਰਿ ਕਰਤਾਰ । ਲੇਖਾ ਜਾਣੇ ਏਕਾ ਦੂਜਿਆ, ਆਪੇ ਖੋਲ੍ਹੇ ਬੰਦ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕੰਕਾਰ । ਇਕ ਇਕੱਲਾ ਹਰਿ ਅਖਵਾਇੰਦਾ, ਵਡ ਦਾਤਾ ਬੇਪਰਵਾਹੀਆ । ਦੂਜਾ ਮਹੱਲਾ ਸਚ ਵਸਾਇੰਦਾ, ਆਪਣੀ ਕੁਦਰਤ ਆਪ ਰਚਾਈਆ । ਤੀਜਾ ਨੈਣ ਇਕ ਖੁਲਾਇੰਦਾ, ਜਨ ਭਗਤਾਂ ਬੂਝ ਬੁਝਾਈਆ । ਚੌਥਾ ਪਦ ਆਪ ਸਮਾਇੰਦਾ, ਦਰ ਘਰ ਸਾਚਾ ਆਸਣ ਲਾਈਆ । ਪੰਚਮ ਮੇਲਾ ਮੇਲ ਮਿਲਾਇੰਦਾ, ਜਗਤ ਵਿਛੋੜਾ ਕਟਾਈਆ । ਛੇਵੇ ਛੱਪਰ ਛੰਨ ਨਾ ਕੋਈ ਸੁਹਾਇੰਦਾ, ਸਚਖੰਡ ਬੈਠਾ ਸੇਜ ਸੁਹਾਈਆ । ਸੱਤਵੇਂ ਸਤਿ ਪੁਰਖ ਨਿਰੰਜਣ, ਆਪਣਾ ਰੂਪ ਧਰਾਇੰਦਾ, ਮਾਤ ਪਿਤ ਨਾ ਕੋਈ ਬਣਾਈਆ । ਅੱਠ ਤੱਤਾਂ ਵੇਖ ਵਖਾਇੰਦਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾਲ ਰਲਾਈਆ । ਨੌ ਦਵਾਰੇ ਖੋਜ ਖੁਜਾਇੰਦਾ, ਜਗਤ ਵਾਸਨਾ ਫੋਲ ਫੁਲਾਈਆ । ਦਸਮ ਦਵਾਰੀ ਆਪਣਾ ਘਰ ਵਸਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਦਸਮ ਦਵਾਰਾ ਸਾਚਾ ਘਰ, ਹਰਿ ਸਾਚਾ ਸਚ ਵਸਾਈਆ । ਆਪੇ ਨਿਰਗੁਣ ਅੰਦਰ ਵੜ, ਆਪਣੀ ਕਰੇ ਆਪ ਰੁਸ਼ਨਾਈਆ । ਆਪੇ ਦਰਸ ਦਿਖਾਏ ਆਪਣਾ ਖੜ੍ਹ, ਰੂਪ ਅਨੂਪ ਆਪ ਦਰਸਾਈਆ । ਆਪ ਫੜਾਏ ਆਪਣਾ ਲੜ, ਆਪੇ ਪੱਲੇ ਗੰਢ ਦਵਾਈਆ । ਆਪੇ ਸ਼ਬਦ ਸੁਣਾਏ ਨਿਸ਼ਅੱਖਰ ਪੜ੍ਹ, ਲਿਖਣ ਪੜ੍ਹਨ ਵਿਚ ਨਾ ਆਈਆ । ਆਪੇ ਆਤਮ ਸੇਜਾ ਸੋਇਆ ਹਰਿ ਚੜ੍ਹ, ਆਪੇ ਆਪਣੀ ਕਰਵਟ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਰਗਾਹ ਖੇਲ ਅਪਾਰ, ਹਰਿ ਨਿਰੰਕਾਰ ਆਪੇ ਰਿਹਾ ਖਿਲਾਈਆ । ਖੇਲ ਅਪਾਰ ਹਰਿ ਨਿਰੰਕਾਰ, ਘਰ ਸਾਚੇ ਸਚ ਕਰਾਇੰਦਾ । ਸੰਤਨ ਕਰੇ ਸਚ ਪਿਆਰ, ਆਪ ਆਪਣਾ ਮੇਲ ਮਿਲਾਇੰਦਾ । ਧੁਨ ਆਤਮਕ ਸ਼ਬਦ ਜੈਕਾਰ, ਅਨਾਦੀ ਨਾਦ ਆਪ ਵਜਾਇੰਦਾ । ਘਰ ਮੰਦਰ ਦੀਪ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸਰ ਸਰੋਵਰ ਇਕ ਨਿਆਰ, ਅੰਮ੍ਰਿਤ ਜਲ ਭਰਾਇੰਦਾ । ਗੁਰਮੁਖ ਸਾਚੇ ਲਏ ਨੁਹਾਲ, ਕਾਗੋਂ ਹੰਸ ਬਣਾਇੰਦਾ । ਜੁਗਾ ਜੁਗੰਤਰ ਚਲੇ ਅਵਲੜੀ ਚਾਲ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਸ਼ਬਦ ਵਜਾਇੰਦਾ । ਡੰਕਾ ਸ਼ਬਦ ਅਨਹਦ ਤੂਰਾ, ਸਤਿ ਪੁਰਖ ਨਿਰੰਜਨ ਆਪ ਵਜਾਇੰਦਾ । ਨਾਤਾ ਤੋੜੇ ਕੂੜੋ ਕੂੜਾ, ਕੂੜ ਕੁੜਿਆਰ ਮੇਟ ਮਿਟਾਇੰਦਾ । ਜਨ ਭਗਤਾਂ ਆਸਾ ਤ੍ਰਿਸ਼ਨਾ ਕਰੇ ਪੂਰਾ, ਪੂਰੀ ਭਿਛਿਆ ਝੋਲੀ ਪਾਇੰਦਾ । ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਜ਼ਾਹਿਰ ਜ਼ਹੂਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲ ਅਪਾਰਾ, ਪਾਰਬ੍ਰਹਮ ਬ੍ਰਹਮ ਪਾਏ ਸਾਰਾ, ਚਾਰੋਂ ਕੁੰਟ ਕਰੇ ਖ਼ਵਾਰਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਚਾਰੋਂ ਕੁੰਟ ਕਰੇ ਖ਼ਵਾਰ, ਕਲਜੁਗ ਕੂਕੇ ਦਏ ਦੁਹਾਈਆ । ਧਰਤ ਧਵਲ ਕਰੇ ਪੁਕਾਰ, ਸੀਸ ਭਾਰ ਨਾ ਕੋਈ ਉਠਾਈਆ । ਸਾਧ ਸੰਤ ਨਾ ਬਣੇ ਧਾਰ, ਵਿਭਚਾਰ ਨਾ ਕੋਈ ਹਟਾਈਆ । ਨਾਰ ਕੰਤ ਨਾ ਕਰੇ ਪਿਆਰ, ਵੇਸਵਾ ਰੂਪ ਰਹੀ ਹੰਢਾਈਆ । ਮਾਤ ਪਿਤ ਨਾ ਕੋਈ ਅਧਾਰ, ਪੂਤ ਸਪੂਤ ਨਾ ਗਲੇ ਲਗਾਈਆ । ਮਾਇਆ ਮਮਤਾ ਮਾਰੇ ਮਾਰ, ਜੂਠਾ ਝੂਠਾ ਖੰਡਾ

ਹੱਥ ਚਮਕਾਈਆ । ਸਤਿਗੁਰ ਪੂਰਾ ਪਾਵੇ ਸਾਰ, ਨੇਤਰ ਨੈਣ ਆਪਣਾ ਆਪ ਖੁਲ੍ਹਾਈਆ । ਸ਼ਬਦ ਗੁਰ ਲਏ ਅਵਤਾਰ, ਏਕਾ ਖੇਲ ਰਿਹਾ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਥਾਉਂ ਥਾਈਆ । ਕਲਜੁਗ ਅੰਤਮ ਪੇਖਿਆ, ਪਾਰਬ੍ਰਹਮ ਹਰਿ ਕਰਤਾਰ । ਆਪੇ ਵੇਖੇ ਲਿਖਿਆ ਲੇਖਿਆ, ਲੇਖਾ ਲਿਖਣਹਾਰ ਆਪ ਨਿਰੰਕਾਰ । ਆਪੇ ਧਾਰੇ ਆਪਣਾ ਭੇਸਿਆ, ਭੇਵ ਅਭੇਦਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਕਾਰ ਕਰੰਦੜਾ ਹਰਿ ਮਿਹਰਬਾਨਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਦਰਗਾਹ ਸਾਚੀ ਸਚ ਨਿਸ਼ਾਨ, ਸੱਤ ਰੰਗਾ ਆਪ ਚੜ੍ਹਾਇੰਦਾ । ਲੋਕਮਾਤ ਹੋ ਪ੍ਰਧਾਨ, ਕਲਜੁਗ ਅੰਤਮ ਵੇਖ ਵਖਾਇੰਦਾ । ਪਾਵੇ ਸਾਰ ਦੋ ਜਹਾਨ, ਗਗਨ ਪਤਾਲਾਂ ਫੇਰਾ ਪਾਇੰਦਾ । ਸ਼ਬਦ ਅਨਾਦੀ ਸਚ ਤਰਾਨਾ, ਚਾਰ ਵਰਨਾਂ ਆਪ ਸੁਣਾਇੰਦਾ । ਜਨ ਭਗਤਾਂ ਬੰਨੇ ਸਗਨੀ ਗਾਨਾ, ਸਾਚਾ ਤੰਦ ਹੱਥ ਉਠਾਇੰਦਾ । ਦਰਗਾਹ ਸਾਚੀ ਦੇਵੇ ਮਾਣਾ, ਚਰਨ ਦਵਾਰ ਇਕ ਵਖਾਇੰਦਾ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣੇ ਸਦ ਸਮਾਇੰਦਾ । ਤਖਤੋਂ ਲਾਏ ਰਾਜਾ ਰਾਣਾ, ਸੀਸ ਤਾਜ ਨਾ ਕੋਈ ਟਿਕਾਇੰਦਾ । ਲੰਕਾ ਤੋੜੇ ਗੜ੍ਹ ਅਭਿਮਾਨਾ, ਮਾਇਆ ਮਮਤਾ ਮੋਹ ਚੁਕਾਇੰਦਾ । ਸ਼ਬਦ ਮਾਰੇ ਤੀਰ ਨਿਸ਼ਾਨਾ, ਲੱਖ ਚੁਰਾਸੀ ਡੇਰਾ ਢਾਇੰਦਾ । ਬ੍ਰਹਮਾ ਸ਼ਿਵ ਮੰਗੇ ਦਾਨਾ, ਨੇਤਰ ਰੋ ਰੋ ਨੀਰ ਵਹਾਇੰਦਾ । ਵਿਸ਼ਨੂੰ ਬੈਠਾ ਬਣ ਨਿਮਾਣਾ, ਦਰ ਸਾਚੇ ਸੀਸ ਝੁਕਾਇੰਦਾ । ਸ਼ੰਕਰ ਵਾਸ਼ਕ ਤਸ਼ਕਾ ਗਲੋਂ ਤਜਾਏ ਏਕਾ ਮੰਗੇ ਚਰਨ ਧਿਆਨਾ, ਹੱਥ ਤ੍ਰਿਸ਼ੂਲ ਨਾ ਕੋਇ ਵਖਾਇੰਦਾ । ਰਾਏ ਧਰਮ ਹੋ ਪ੍ਰਧਾਨਾ, ਅੱਗੇ ਆਪਣੀ ਝੋਲੀ ਡਾਹਿੰਦਾ । ਲਾੜੀ ਮੌਤ ਹੱਥ ਫੜੇ ਕਾਨਾ, ਸਾਚਾ ਰਾਹ ਇਕ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਸੂਰਾ ਸਰਬੰਗ, ਨਾਮ ਵਜਾਏ ਆਪ ਮਰਦੰਗ, ਮਰਦ ਮਰਦਾਨਾ ਆਪ ਅਖਵਾਇੰਦਾ । ਮਰਦ ਮਰਦਾਨਾ ਗੱਜਿਆ, ਜੋਧਾ ਸੂਰਬੀਰ ਸੁਲਤਾਨ । ਰਣ ਭੂਮੀ ਕਦੇ ਨਾ ਭੱਜਿਆ, ਸ਼ਬਦ ਉਠਾਏ ਤੀਰ ਕਮਾਨ । ਤਖ਼ਤੋਂ ਲਾਹੇ ਰਾਜਨ ਰਾਜਿਆ, ਕਰੇ ਖੇਲ ਸ੍ਰੀ ਭਗਵਾਨ । ਲੱਖ ਚੁਰਾਸੀ ਰਚਿਆ ਕਾਜਿਆ, ਲਹਿਣਾ ਦੇਣਾ ਚੁਕਾਏ ਜਿਮੀ ਅਸਮਾਨ । ਸ਼ਬਦ ਚੜ੍ਹਾਏ ਅਸਵ ਤਾਜਿਆ, ਪ੍ਰਕਾਸ਼ ਚੁਕਾਏ ਰਵ ਸਸ ਸੂਰਜ ਭਾਨ । ਆਪੇ ਹੋਏ ਗ਼ਰੀਬ ਨਿਵਾਜਿਆ, ਗੁਰਮੁਖ ਸਾਚੇ ਲਏ ਪਛਾਨ । ਲੇਖਾ ਚੁਕਾਏ ਮੱਕਾ ਕਾਅਬਾ ਹਾਜੀ ਹਾਜਿਆ, ਸਚ ਵਿਖਾਏ ਇਕ ਇਮਾਨ । ਮੇਟ ਮਿਟਾਏ ਦੋ ਦੋ ਆਬਿਆ, ਨਜ਼ਰ ਨਾ ਆਏ ਪੰਜ ਸ਼ੈਤਾਨ । ਏਕਾ ਰੰਗ ਰੰਗਾਏ ਸ਼ਾਹ ਨਵਾਬਿਆ, ਪੁਰਖ ਅਬਿਨਾਸ਼ੀ ਨੌਜਵਾਨ । ਕਲਜੁਗ ਅੰਤਮ ਫਿਰੇ ਭਾਜਿਆ, ਚੌਦਾਂ ਤਬਕਾਂ ਵੇਖੇ ਦੁਕਾਨ । ਲਹਿਣਾ ਦੇਣਾ ਚੁਕਾਏ ਕਲ ਕੇ ਆਜਿਆ, ਚਾਰ ਯਾਰ ਹੋਏ ਹੈਰਾਨ । ਦਸਤਗੀਰ ਨਾ ਮਿਟੇ ਤਾਜਿਆ, ਸ਼ਾਹ ਹਕੀਰ ਮਿਟੇ ਨਿਸ਼ਾਨ । ਸ਼ਬਦ ਅਗੰਮੀ ਮਾਰੇ ਵਾਜਿਆ, ਦੀਨ ਅਲਾਹੀ ਕਰ ਪ੍ਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਬਣੇ ਸਚ ਅਮਾਮ । ਸਚ ਅਮਾਮ ਕਲਮਾ ਕਾਇਨਾਤ, ਨੂਰ ਨੁਰਾਨਾ ਆਪ ਚਲਾਇੰਦਾ । ਹੱਕ ਹਕੀਕਤ ਵੇਖੇ ਮਾਰ ਝਾਤ, ਲਾਸ਼ਰੀਕ ਖੇਲ ਖਿਲਾਇੰਦਾ । ਆਪਣੇ ਰੱਖੇ ਹੱਥ ਗੁੰਜਾਤ, ਦੂਸਰ ਕੋਈ ਨਾ ਪਾਰ ਕਰਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਕਲਜੁਗ ਕੂੜਾ ਕੂੜ ਖਪਾਇੰਦਾ । ਚੌਦਾਂ ਤਬਕਾਂ ਵੇਖੇ ਇਕ ਲੁਗਾਤ, ਆਪਣਾ ਕਿਨਾਰਾ ਨਾ ਕਿਸੇ ਵਿਖਾਇੰਦਾ । ਗਗਨ ਗਗਨੰਤਰ ਪੜਦਾ ਜਾਏ ਪਾਟ, ਆਮਾਮ ਅਮਾਮਾ ਰੂਪ ਵਟਾਇੰਦਾ । ਮਹਿੰਦੀ ਰੰਗ ਨਾ ਰੰਗੇ ਖ਼ਾਕੀ ਖ਼ਾਕ, ਲਾਲ ਗੁਲਾਲ

ਰੰਗ ਚੜ੍ਹਾਇੰਦਾ । ਆਪੇ ਹੋਏ ਪਾਕੀ ਪਾਕ, ਆਪ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਖੇਲ ਖਿਲਾਇੰਦਾ ।

## ✻ ਚੰਨਣ ਸਿੰਘ ਦੇ ਨਵਿਤ ਪਿੰਡ ਪੰਜ ਗਰਾਈਆਂ ਜਿਲਾ ਗੁਰਦਾਸ ਪੁਰ ✻

ਹਰਿ ਸੂਰਾ ਸਰਬੰਗ, ਪਰਮ ਪੁਰਖ ਵਡ ਵਡਿਆਈਆ । ਠੱਗ ਠਗੋਰੀ ਰਿਹਾ ਠੱਗ, ਲਖ ਚੁਰਾਸੀ ਵੇਖ ਵਖਾਈਆ । ਲੇਖਾ ਜਾਣੇ ਹੰਸ ਕਗ, ਕਾਗ ਹੰਸ ਮੇਲ ਮਿਲਾਈਆ । ਤ੍ਰੈਗੁਣ ਮਾਇਆ ਰਿਹਾ ਡੰਨ, ਜੋਤੀ ਲੰਬੂ ਅਗਨੀ ਲਾਈਆ । ਰੈਣ ਅੰਧੇਰੀ ਰਹੀ ਵਗ, ਚਾਰੋਂ ਕੁੰਟ ਜੜ ਹਿਲਾਈਆ । ਦਰਸ ਦਿਖਾਏ ਆਪ ਉਪਰ ਸ਼ਾਹ ਰਗ, ਨਿਰਗੁਣ ਦਾਤਾ ਬੇਪ੍ਰਵਾਹੀਆ । ਜੁਗਾ ਜੁਗੰਤਰ ਜਾਣੇ ਆਪਣਾ ਮਗ, ਸਾਚਾ ਮਾਰਗ ਇਕ ਵਖਾਈਆ । ਵੇਖ ਵਖਾਏ ਆਪਣਾ ਪਦ, ਘਰ ਚੌਥਾ ਸਹਿਜ ਸੁਭਾਈਆ । ਨਾਮ ਵਜਾਏ ਸ਼ਬਦ ਨਦ, ਬ੍ਰਹਮ ਬ੍ਰਹਮਾਦਿ ਦਏ ਸੁਣਾਈਆ । ਪ੍ਰਗਟ ਹੋਏ ਆਦਿ ਜੁਗਾਦਿ, ਜੁਗ ਕਰਤਾ ਬੇਪ੍ਰਵਾਹੀਆ । ਲੇਖਾ ਜਾਣੇ ਸੰਤ ਸਾਧ, ਗੁਰ ਪੀਰ ਅਵਤਾਰ ਸੇਵਾ ਲਾਈਆ । ਸ਼ਬਦ ਜਣਾਏ ਬੋਧ ਅਗਾਧ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰ ਘਟ ਥਾਈਆ । ਸਤਿਗੁਰ ਚਤਰ ਸੁਜਾਨਾ, ਮਨਮਤ ਬੁਧ ਨਾ ਕੋਈ ਜਣਾਈਆ । ਸਤਿ ਸਰੂਪੀ ਸ਼ਬਦ ਗਿਆਨ, ਅਨਭਵ ਪ੍ਰਕਾਸ਼ ਵਖਾਈਆ । ਆਤਮ ਅੰਤਰ ਵੇਖੇ ਬਖਸ਼ੇ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਰਾਗ ਸੁਣਾਏ ਰਾਗੀ ਕਾਨ, ਸਚ ਸਿਤਾਰ ਆਪ ਹਿਲਾਈਆ । ਦੋ ਜਹਾਨਾ ਦੇਵਣਹਾਰਾ ਏਕਾ ਦਾਨ, ਇਕ ਅਕੱਲਾ ਆਪ ਅਖਵਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਹਰ ਘਟ ਬੈਠਾ ਆਸਣ ਲਾਈਆ । ਸਤਿ ਸੰਤੋਖੀ ਵਡ ਮਿਹਰਬਾਨ, ਹਰਖ ਸੋਗ ਨਾ ਕੋਈ ਜਣਾਈਆ । ਕੋਟਨ ਕੋਟੀ ਭੁੱਲੇ ਫਿਰਨ ਵਿਚ ਜਹਾਨ, ਸਤਿਗੁਰ ਪੂਰਾ ਦਿਸ ਨਾ ਆਈਆ । ਪਰਬਤ ਚੋਟੀ ਚੜ੍ਹ ਚੜ੍ਹ ਕਰਨ ਧਿਆਨ, ਨੇਤਰ ਨੈਣ ਨਾ ਕੋਈ ਦਰਸਾਈਆ । ਮੰਦਰ ਬਹਿ ਬਹਿ ਕਰਨ ਗਿਆਨ, ਰਸਨਾ ਜਿਹਵਾ ਰਹੇ ਹਿਲਾਈਆ । ਤੀਰਥ ਤੱਟਾਂ ਕਰ ਅਸ਼ਨਾਨ, ਜੀਵ ਜੰਤ ਰਹੇ ਕੁਰਲਾਈਆ । ਕੋਟਨ ਕੋਟੀ ਦੇਂਦੇ ਦਾਨ, ਧਨੀ ਦੇਵਤ ਰਹੇ ਮਨਾਈਆ । ਕੋਟਨ ਕੋਟੀ ਪੂਜਾ ਪਾਠ ਕਰਾਣ, ਰਵ ਸਸ ਪੂਜਸ ਸੀਸ ਝੁਕਾਈਆ । ਕੋਟਨ ਕੋਟੀ ਗਾਇਨ ਗਾਣ, ਰਸਨਾ ਜਿਹਵਾ ਮੁਖ ਸਲਾਹੀਆ । ਕੋਟਨ ਕੋਟੀ ਵੇਖਣ ਸਚ ਨਿਸ਼ਾਨ, ਦਿਸ ਨਾ ਆਏ ਸ਼ਹਿਨਸ਼ਾਹੀਆ । ਆਦਿ ਜੁਗਾਦੀ ਇਕ ਭਗਵਾਨ, ਭਗਤਨ ਮੇਲਾ ਸਹਿਜ ਸੁਭਾਈਆ । ਸਾਚੀ ਸਖੀਆਂ ਹਰਿ ਹਰਿ ਕਾਹਨ, ਸਾਚਾ ਮੰਗਲ ਆਪੇ ਗਾਈਆ । ਏਕਾ ਦਾਤਾ ਕਰ ਪ੍ਰਵਾਨ, ਆਪਣੀ ਇਛਿਆ ਆਪੇ ਵੇਖ ਵਖਾਈਆ । ਦੇਵਣਹਾਰਾ ਹਰਿ ਜੀ ਮਾਣ, ਅਭਿਮਾਨੀਆਂ ਗੜ੍ਹ ਤੁੜਾਈਆ । ਜਿਸ ਜਨ ਬਖਸ਼ੇ ਚਰਨ ਧਿਆਨ, ਚਾਰ ਵਰਨ ਸਰਨ ਸਮਝਾਈਆ । ਸਾਚੀ ਸਰਨ ਗੁਣ ਨਿਧਾਨ, ਜਨਮ ਮਰਨ ਫੰਦ ਕਟਾਈਆ । ਆਵਣ ਜਾਵਣ ਚੁੱਕੇ ਕਾਨ, ਰਾਏ ਧਰਮ ਨਾ ਦਏ ਸਜਾਈਆ । ਦਰਗਾਹ ਸਾਚੀ ਸਚ ਮਕਾਨ, ਤਖਤ ਨਿਵਾਸੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੰਗ ਰਤੜਾ ਸਾਚਾ ਮਾਹੀਆ । ਰੰਗ ਰਤੜਾ ਹਰਿ ਭਗਵਾਨ, ਰੰਗ ਰੰਗੀਲਾ ਇਕ ਅਖਵਾਇੰਦਾ ।

੧੩੪

ਸਾਚੀ ਸਿਖਿਆ ਦੋ ਜਹਾਨ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਧੁਰ ਦਾ ਲੇਖਾ ਹਰਿ ਫ਼ਰਮਾਣ, ਸ਼ਬਦ ਅਨਾਦੀ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਧਿਆਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਨਿਉਂ ਨਿਉਂ ਸੀਸ ਝੁਕਾਇੰਦਾ । ਗਣ ਗੰਧਰਬ ਸਾਰੇ ਗਾਣ, ਰਸਨਾ ਜੇਹਵਾ ਨਾ ਕੋਈ ਹਿਲਾਇੰਦਾ । ਨੌ ਨੌ ਸਤ ਸਤ ਵੇਖੇ ਮਾਰ ਧਿਆਨ, ਲੱਖ ਲੱਖ ਗੇੜਾ ਆਪ ਦਵਾਇੰਦਾ । ਲੱਖ ਲੱਖ ਕਰ ਪ੍ਰਵਾਨ, ਚਾਰ ਵਰਨਾਂ ਨਾਮ ਕਰਾਇੰਦਾ । ਨੇਤਰ ਖੋਲ੍ਹ ਜਗਤ ਮਹਾਨ, ਆਪਣੀ ਕੁਦਰਤ ਵੇਖ ਵਖਾਇੰਦਾ । ਸਾਚੇ ਤਖਤ ਬੈਠ ਭਗਵਾਨ, ਹਰਿ ਮੰਦਰ ਸੋਭਾ ਪਾਇੰਦਾ । ਹਰਿਜਨ ਸਾਚੇ ਕਰ ਪ੍ਰਵਾਨ, ਸ਼ਬਦੀ ਸ਼ਬਦ ਮੇਲ ਮਿਲਾਇੰਦਾ । ਆਪ ਕਰਾਏ ਆਪਣੀ ਸਚ ਪਛਾਣ, ਓਹਲਾ ਪੜਦਾ ਆਪ ਚੁਕਾਇੰਦਾ । ਕਰ ਪ੍ਰਕਾਸ਼ ਸਾਚੇ ਭਾਨ, ਬਿਮਲ ਰੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਜਗਤ ਠਗੋਰੀ ਠੱਗਿਆ, ਠੱਗਣਹਾਰ ਕਰਤਾਰ । ਲੱਖ ਚੁਰਾਸੀ ਵਿਚੋਂ ਕੋਏ ਨਾ ਛੱਡਿਆ, ਭੁੱਲ ਨਾ ਜਾਏ ਵਿਚ ਸੰਸਾਰ । ਹਰਿਜਨ ਭਗਤ ਆਪ ਆਪਣਾ ਆਪੇ ਕੱਢਿਆ, ਆਪ ਆਪਣੀ ਕਿਰਪਾ ਧਾਰ । ਜਗਤ ਵਿਕਾਰਾ ਵਿਚੋਂ ਵੱਢਿਆ, ਨਾਮ ਖੰਡਾ ਫੜ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮਾਂ ਲਏ ਵਿਚਾਰ । ਪੂਰਬ ਲੇਖਾ ਵੇਖਣਹਾਰ, ਏਕਾ ਏਕੰਕਾਰਿਆ । ਆਵੇ ਜਾਵੇ ਵਿਚ ਸੰਸਾਰ, ਜੁਗ ਜੁਗ ਖੇਲ ਅਗੰਮ ਅਪਾਰਿਆ । ਵਰਤੇ ਵਰਤਾਵੇ ਸਾਚੀ ਕਾਰ, ਕਰਨੀ ਕਰਤਾ ਨਾਉਂ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਜਨਮ ਵੇਖ ਵਖਾ ਰਿਹਾ । ਜਗਤ ਠੱਗ ਠੱਗੀ ਠੱਗਦਾ, ਸੱਜਣ ਵਡ ਦਿਆਲ । ਕਲਜੁਗ ਮਾਇਆ ਅਗਨੀ ਮਘਦਾ, ਤ੍ਰਿਸ਼ਨਾ ਭੁੱਖ ਨਾ ਕੋਇ ਸੁਕਾਲ । ਸਤਿਗੁਰ ਪੂਰਾ ਏਕਾ ਲੱਭਦਾ, ਆਪ ਆਪਣਾ ਭੇਵ ਖੁਲ੍ਹਾਈਆ । ਖੇਲੇ ਖੇਲ ਸੂਰਾ ਸਰਬੱਗ, ਨਾਨਕ ਨਿਰਗੁਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਈਆ । ਠੱਗੀ ਠੱਗ ਤਜਾਇੰਦਾ, ਵੇਖੇ ਨਾਮ ਆਧਾਰ । ਸਤਿਗੁਰ ਸਾਚਾ ਹੁਕਮ ਸੁਣਾਇੰਦਾ, ਤੇਰਾ ਲੇਖਾ ਵਿਚ ਸੰਸਾਰ । ਤੇਰਾ ਅੰਤਮ ਪੰਧ ਮੁਕਾਇੰਦਾ, ਪੁਰਖ ਅਬਿਨਾਸ਼ੀ ਪਾਵੇ ਸਾਰ । ਆਪਣੀ ਕਲ ਆਪ ਧਰਾਇੰਦਾ, ਰੂਪ ਅਨੂਪ ਸੱਚੀ ਸਰਕਾਰ । ਜਨਮ ਅਜੂਨ ਅਜੂਨੀ ਆਪ ਫਿਰਾਇੰਦਾ, ਅਜੂਨੀ ਰਹਿਤ ਖੇਲ ਅਪਾਰ । ਮਾਨਸ ਜਨਮ ਫੇਰ ਦੁਆਇੰਦਾ, ਭਵਜਲ ਸਾਗਰ ਕਰੇ ਪਾਰ । ਪਿਛਲਾ ਲੇਖਾ ਆਪ ਮਿਟਾਇੰਦਾ, ਅੱਗੇ ਬਖਸ਼ਣਹਾਰ ਨਿਰੰਕਾਰ । ਧਰਮ ਰਾਏ ਨਾ ਨੈਣ ਉਠਾਇੰਦਾ, ਚਿਤਰ ਗੁਪਤ ਨਾ ਬਣੇ ਲਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਵਣਹਾਰਾ ਸਾਰ । ਸਾਚੀ ਸਾਰ ਸੰਭਾਲਦਾ, ਪਰਮ ਪੁਰਖ ਕਰਤਾਰ । ਗੁਰਮੁਖ ਸਾਚੇ ਪਾਰ ਉਤਾਰਦਾ, ਆਪ ਆਪਣੀ ਕਿਰਪਾ ਧਾਰ । ਕੰਢਾ ਜਾਣੇ ਪਾਰ ਉਰਾਰਦਾ, ਵੇਖਣਹਾਰ ਮੰਝਧਾਰ । ਦਰ ਘਰ ਸਾਚਾ ਆਪ ਉਸਾਰਦਾ, ਸਚਖੰਡ ਮਹੱਲਾ ਉਚ ਮੁਨਾਰ । ਗੁਰਮੁਖ ਏਕਾ ਆਪਣੇ ਵਾੜਦਾ, ਲਖ ਚੁਰਾਸੀ ਕਰੇ ਖੁਆਰ । ਝੂਠੇ ਸੰਤਾਂ ਜੜ ਉਖਾੜਦਾ, ਸ਼ਬਦ ਡੰਡਾ ਤੇਜ ਕਟਾਰ । ਰਾਹ ਦਿਸੇ ਨਾ ਪਰਵਰਦਿਗਾਰ ਦਾ, ਰਸਨਾ ਕੂੜੀ ਗੜ੍ਹ ਹੰਕਾਰ । ਧਰਮ ਰਾਏ ਅਗੇ ਡਾਲਦਾ, ਕੁੰਭੀ ਨਰਕਾਂ ਦੇਵੇ ਵਾੜ । ਫੜ ਬਾਂਹੋਂ ਨਾ ਕੋਇ ਨਿਕਾਲਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਸੱਜਣ ਠੱਗ ਯਾਰ ਦਾ । ਸੱਜਣ ਸੱਜਣ ਮਨੰਦੜਾ, ਪਰਮ ਪੁਰਖ ਕਰਤਾਰ । ਜਗ ਠੱਗਿਆ ਮੁੱਕਿਆ ਪੰਧੜਾ, ਭਵਜਲ

ਉਤਰਿਆ ਪਾਰ । ਡੂੰਘਾ ਸਾਗਰ ਵਹਿਣ ਨੈਣ ਦਾ, ਨੈਣ ਨੈਣਾਂ ਦਏ ਵਖਾਲ । ਸਤਿਗੁਰ ਸੱਚਾ ਪਾਤਸ਼ਾਹ ਸ਼ਾਹਾਂ ਸਿਰ ਸ਼ਹਿਨਸ਼ਾਹ, ਲੇਖਾ ਜਾਣੇ ਸ਼ਾਹ ਕੰਗਾਲ । ਦੋ ਜਹਾਨਾਂ ਬਣੇ ਇਕ ਮਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਕਰੇ ਸੰਭਾਲ । ਸਾਚਾ ਸੁੱਤ ਉਭਾਰਦਾ, ਹਰਿ ਸੱਜਣ ਮੀਤ ਮੁਰਾਰ । ਜੂਠੇ ਝੂਠੇ ਫਲ ਉਜਾੜਦਾ, ਪਤ ਡਾਲੀ ਨਾ ਦਿਸੇ ਵਿਚ ਸੰਸਾਰ । ਨਾਮ ਖੰਡਾ ਹੱਥ ਉਠਾਲਦਾ, ਦੋ ਜਹਾਨਾਂ ਮਾਰੇ ਮਾਰ । ਤੋੜੇ ਲੰਕਾ ਗੜ੍ਹ ਹੰਕਾਰ ਦਾ, ਗਰੀਬ ਨਿਮਾਣੇ ਲਏ ਉਭਾਰ । ਤ੍ਰੈਗੁਣ ਮਾਇਆ ਅਗਨੀ ਸਾੜਦਾ, ਆਪਣੀ ਅਗਨੀ ਆਪੇ ਬਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਕਰਾਏ ਸਦਾ ਪ੍ਰਿਤਪਾਲ । ਪ੍ਰਿਤਪਾਲਕ ਪ੍ਰਿਤਪਾਲਿਆ, ਪਰਮ ਪੁਰਖ ਕਰਤਾਰ । ਜਨ ਭਗਤਾਂ ਹੋਏ ਆਪ ਦਿਆਲਿਆ, ਦੇਵੇ ਦਰਸ ਅਗੰਮ ਅਪਾਰ । ਚਰਨ ਭਿਖਾਰ ਬਣਾਏ ਕਾਲ ਮਹਾਂਕਾਲਿਆ, ਦੋ ਜਹਾਨਾਂ ਪੈਜ ਸਵਾਰ । ਸ਼ਬਦ ਵਜਾਏ ਸਾਚਾ ਤਾਲਿਆ, ਨਾ ਕੋਈ ਦਿਸੇ ਤਾਰ ਸਿਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਾਏ ਪਾਰ । ਹਰਿ ਸੱਜਣ ਬੇੜਾ ਬੰਨਿਆ, ਪਰਮ ਪੁਰਖ ਕਰਤਾਰ । ਲੋਕਮਾਤ ਚੜ੍ਹਿਆ ਚੰਨਿਆ, ਨਿਰਗੁਣ ਜੋਤ ਨੂਰ ਉਜਿਆਰ । ਝੂਠੇ ਸਾਧਾਂ ਦੇਵੇ ਡੰਨਿਆ, ਕਲਜੁਗ ਅੰਤਮ ਕਰੇ ਖੁਆਰ । ਕਲਜੁਗ ਕਾਇਆ ਮਾਟੀ ਭਾਂਡਾ ਘੜਿਆ ਸੋ ਭੰਨਿਆ, ਥਿਰ ਰਹੇ ਨਾ ਕੋਇ ਵਿਚ ਸੰਸਾਰ । ਬੈਠਾ ਵੇਖੇ ਛੱਪਰ ਛੰਨਿਆਂ, ਡੂੰਘੀ ਕਵਰੀ ਲਏ ਉਠਾਲ । ਗੁਰਮੁਖ ਵਿਰਲਾ ਜਨਨੀ ਜਨ ਜਣਿਆ, ਜਿਸ ਮਿਲਿਆ ਆਪ ਦੀਨ ਦਿਆਲ । ਹਰਿ ਦਰ ਹਰਿਜਨ ਮਨ ਮਨੂਆਂ ਏਕਾ ਮੰਨਿਆ, ਗੁਰ ਸ਼ਬਦ ਸੱਚਾ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਆਪਣੇ ਲਾਲ । ਗੁਰਸਿਖ ਲਾਲ ਅਨਮੁਲੜਾ, ਕੀਮਤ ਕੋਇ ਲੋਕ ਨਾ ਪਾਈਆ । ਮਾਤਲੋਕ ਨਾ ਰੁਲੜਾ, ਚੌਦਾਂ ਲੋਕ ਨਾ ਹੱਟ ਵਿਕਾਈਆ । ਆਪ ਉਪਜਿਆ ਆਪਣਾ ਸਾਚਾ ਫੁਲੜਾ, ਪਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਘਰ, ਘਰ ਇਕ ਸਮਝਾਈਆ । ਇਕ ਇਕ ਕਰਤਾਰ, ਇਕ ਇਕ ਆਪ ਭਵਾਈਆ । ਲੱਖ ਚੁਰਾਸੀ ਜੀਵ ਨਾ ਕਰੇ ਵਿਚਾਰ, ਬਸਤਰ ਗਹਿਣਾ ਨਾ ਕੋਈ ਵਖਾਈਆ । ਦੋਏ ਸਹੰਸਰ ਕਰ ਪੁਕਾਰ, ਬਾਸ਼ਕ ਤਸ਼ਕਾ ਰਿਹਾ ਕੁਰਲਾਈਆ । ਵਿਸ਼ਨੂੰ ਸੁਤਾ ਪੈਰ ਪਸਾਰ, ਸਾਂਗੋ ਪਾਂਗ ਸੇਜ ਬਣਾਈਆ । ਬ੍ਰਹਮਾ ਚਾਰੇ ਮੁਖ ਰਿਹਾ ਲਲਕਾਰ, ਉਚੀ ਕੂਕ ਦਏ ਦੁਹਾਈਆ । ਚਾਰੇ ਵੇਦ ਰਹੇ ਪੁਕਾਰ, ਹਰਿ ਕਾ ਭੇਵ ਕੋਈ ਨਾ ਪਾਈਆ । ਆਦਿ ਜੁਗਾਦਿ ਅਜੂਨੀ ਰਹਿਤ ਖੇਲੇ ਖੇਲ ਵਿਚ ਸੰਸਾਰ, ਨਿਰਗੁਣ ਨਿਰਗੁਣ ਰੂਪ ਵਟਾਈਆ । ਭਗਤ ਭਗਵੰਤ ਮੇਲਾ ਅਗੰਮ ਅਪਾਰ, ਅਗੰਮੜੀ ਸੇਜਾ ਆਪ ਸੁਹਾਈਆ । ਹੱਡ ਮਾਸ ਨਾੜੀ ਚਮੜੇ ਨਾ ਪਾਵੇ ਕੋਈ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਨਾਮ ਦਏ ਵਡਿਆਈਆ । ਝੂਠੀ ਠੱਗੀ ਜਗਤ ਠਗੌਰ, ਕਾਮ ਕਰੋਧ ਲੋਭ ਮੋਹ ਹਲਕਾਇਆ । ਝੂਠੀ ਬਸਤੀ ਹੋਇਆ ਬੌਰ, ਨਾਮ ਖੁਮਾਰੀ ਨਾ ਕੋਏ ਰਖਾਇਆ । ਆਤਮ ਅੰਧੇਰਾ ਹੋਇਆ ਘੋਰ, ਗਹਿਰ ਗੰਭੀਰ ਦਿਸ ਨਾ ਆਇਆ । ਮਾਨਸ ਜਨਮ ਨਾ ਗਿਆ ਸੌਰ, ਲਖ ਚੁਰਾਸੀ ਫੰਦ ਨਾ ਕੋਈ ਕਟਾਇਆ । ਸਾਚੇ ਨਾਮ ਨਾ ਰਗੜਾ ਲਾਇਆ ਪੀਤਾ ਦੌਰ, ਸਚ ਪਿਆਲਾ ਹੱਥ ਨਾ ਕਿਸੇ ਫੜਾਇਆ । ਮਨ ਮੂਰਖ ਚੜ੍ਹਿਆ ਝੂਠੇ ਘੋੜ, ਹਰਿ ਕਾ ਸ਼ਬਦ ਨਾ ਕੋਈ ਰਖਾਇਆ । ਘਰ ਸਾਚੇ ਮਿਲੇ ਨਾ ਏਕਾ ਹੋੜ, ਨਿਰਗੁਣ ਨਿਰਗੁਣ ਵੇਖ ਵਖਾਇਆ । ਹਰਿ

ਹਰਿ ਨਾ ਗਾਇਆ ਨਿਰੰਕਾਰੀ ਦੋਹਰ, ਰਸਨਾ ਜਗਤ ਵਿਵਾਦ ਵਧਾਇਆ । ਲੇਖਾ ਚੁਕੇ ਨਾ ਤੋਰ ਮੋਰ, ਤੋਰ ਮੋਰ ਏਕਾ ਰੰਗ ਰੂਪ ਰੰਗਾਇਆ । ਪੰਜ ਤਤ ਦਿਸੇ ਗਾਗਰ ਕੋਰ, ਸਾਚਾ ਅੱਖਰ ਨਾ ਕਿਸੇ ਲਿਖਾਇਆ । ਮਨ ਕਾ ਘੋੜਾ ਕਿਸੇ ਨਾ ਹੋੜਾ, ਦਹਿ ਦਿਸ਼ਾ ਦਏ ਦੁੜਾਇਆ । ਗੁਰਮੁਖ ਵਿਰਲਾ ਸਤਿਗੁਰ ਪੂਰੇ ਆਪਣੇ ਚਰਨ ਕਵਲ ਸੰਗ ਜੋੜਾ, ਚਰਨ ਚਰਨੋਦਕ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਹਰਿਜਨ ਸਾਚੇ ਮੇਲਦਾ, ਜੁਗਾ ਜੁਗੰਤਰ ਸਾਚੀ ਕਾਰ । ਆਪਣੀ ਖੇਲ ਆਪੇ ਖੇਲਦਾ, ਮਨਮੁਖਾਂ ਮਾਰੇ ਮਾਰ । ਲੇਖਾ ਜਾਣੇ ਧਰਮ ਰਾਏ ਦੀ ਜੇਲ੍ਹ ਦਾ, ਲਖ ਚੁਰਾਸੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚੇ ਆਪ ਉਠਾਇਆ, ਕਰ ਕਿਰਪਾ ਦੀਨ ਦਿਆਲ । ਦਰਦ ਦੁੱਖ ਭੈ ਭੰਜਨ ਨਾਮ ਰਖਾਇਆ, ਦੀਨਾ ਨਾਥ ਕਰੇ ਪ੍ਰਿਤਪਾਲ । ਸੱਜਣ ਠੱਗ , ਸ਼ਬਦ ਗੁਰ ਬਣ ਦਲਾਲ । ਝੂਠਾ ਕਾਗ ਕਗ ਉਡਾਇਆ, ਵੇਲੇ ਅੰਤ ਕਰੇ ਸੰਭਾਲ । ਕਲਜੁਗ ਅਗਨੀ ਆਪ ਬੁਝਾਇਆ, ਦਿਵਸ ਰੈਣ ਬਣ ਰਖਵਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਉਠਾਏ ਸਾਚੇ ਲਾਲ । ਲਾਲ ਉਠਾਇਆ ਹਰਿ ਹਰਿ ਮੀਤ, ਕਿਰਪਾਨਿਧ ਗੁਣ ਨਿਧਾਨ । ਕਾਇਆਂ ਕਰੇ ਠੰਡੀ ਸੀਤ, ਪੂਰਬ ਲਹਿਣਾ ਚੁੱਕੇ ਆਣ । ਮਾਨਸ ਜਨਮ ਜਾਏ ਜੀਤ, ਪੁਰਖ ਅਬਿਨਾਸ਼ੀ ਦੇਵੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਤਰ ਸੁਘੜ ਬਣਾਏ ਮੂਰਖ ਮੁਗਧ ਅੰਞਾਣ ।



## ❊ ੨੯ ਪੋਹ ੨੦੧੯ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ❊

ਹਰਿ ਪੁਰਖ ਸ਼ਾਹ ਸੁਲਤਾਨ, ਇਕ ਅਕੱਲਾ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਨ ਵਡ ਮਿਹਰਵਾਨ, ਆਪ ਆਪਣੀ ਖੇਲ ਖਿਲਾਇੰਦਾ । ਏਕੰਕਾਰਾ ਖੇਲ ਮਹਾਨ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਨ ਇਕ ਨਿਸ਼ਾਨ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਾਲ ਬਿਰਧ ਨਾ ਰੂਪ ਵਟਾਇੰਦਾ । ਸ੍ਰੀ ਭਗਵਾਨ ਇਕ ਗਿਆਨ, ਆਪਣਾ ਆਪ ਦ੍ਰਿੜਾਇੰਦਾ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਰੂਪ ਰੇਖ ਨਾ ਕੋਈ ਜਣਾਇੰਦਾ । ਰੂਪ ਰੇਖ ਨਾ ਹਰਿ ਹਰਿ ਰੰਗ, ਦਿਸ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਆਪ ਆਪਣੀ ਰਚਨ ਰਚਾਇੰਦਾ । ਆਪ ਵਜਾਏ ਆਪਣਾ ਮਰਦੰਗ, ਆਪਣਾ ਨਾਅਰਾ ਆਪ ਅਲਾਇੰਦਾ । ਆਪੇ ਰੱਖੇ ਆਪਣਾ ਸੰਗ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵਸਣਹਾਰਾ ਸਚ ਮਹੱਲਾ, ਘਰ ਸਾਚਾ ਆਪ ਸੁਹਾਇੰਦਾ । ਸਚ ਮਹੱਲਾ ਹਰਿ ਨਿਰੰਕਾਰ, ਆਪਣਾ ਆਪ ਉਪਾਈਆ । ਨਾ ਕੋਈ ਬਾਢੀ ਕਰੇ ਤਿਆਰ, ਨਾ ਕੋਈ ਵੇਖ ਵਖਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਸਤਿ ਪੁਰਖ ਨਿਰੰਜਨ ਸਾਚੀ ਧਾਰ, ਘਰ ਸਾਚੇ ਆਪ ਚਲਾਈਆ । ਨਾ ਕੋਈ ਦਿਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਸਚਖੰਡ ਨਿਵਾਸੀ ਖੇਲ ਕਰਤਾਰ, ਆਪਣੀ ਕਰਨੀ ਆਪ ਕਮਾਈਆ । ਆਪਣਾ ਮੰਦਰ ਕਰ ਕਰ ਤਿਆਰ, ਥਿਰ

ਘਰ ਬੈਠਾ ਆਸਣ ਲਾਈਆ । ਜੋਤ ਨੂਰ ਨੂਰ ਉਜਿਆਰ, ਨੂਰ ਨੁਰਾਨਾ ਆਪ ਅਖਵਾਈਆ । ਆਪਣਾ ਕਰ ਬੰਦ ਕਿਵਾੜ, ਆਪੇ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਖੇਲ ਨਿਰਾਲਾ, ਖੇਲੇ ਖੇਲ ਪੁਰਖ ਅਕਾਲਾ, ਦੀਨ ਦਿਆਲਾ ਵਡ ਵਡਿਆਈਆ । ਸਾਚਾ ਮੰਦਰ ਕਰ ਤਿਆਰ, ਹਰਿ ਸਾਚੀ ਰਚਨ ਰਚਾਇੰਦਾ । ਚਾਰੋਂ ਕੁੰਟ ਇਕ ਵਿਹਾਰ, ਏਕਾ ਰੂਪ ਚੜ੍ਹਾਇੰਦਾ । ਏਕਾ ਸ਼ਾਹੋ ਭੂਪ ਬਣ ਸਿਕਦਾਰ, ਸਾਚਾ ਤਖਤ ਹੰਢਾਇੰਦਾ । ਏਕਾ ਹੁਕਮ ਧੁਰ ਫ਼ੁਰਮਾਨ, ਏਕਾ ਅਦਲ ਕਮਾਇੰਦਾ । ਇਕ ਝੁਲਾਏ ਸਚ ਨਿਸ਼ਾਨ, ਏਕਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ਾ ਖੇਲ ਤਮਾਸ਼ਾ, ਸਾਚੇ ਘਰ ਏਕਾ ਆਪਣਾ ਆਪ ਆਪੇ ਵੇਖ ਵਖਾਇੰਦਾ । ਸਾਚਾ ਮੰਦਰ ਖੇਲ ਅਵੱਲਾ, ਹਰਿ ਸਾਚਾ ਆਪ ਕਰਾਇੰਦਾ । ਸੋ ਪੁਰਖ ਨਿਰੰਜਨ ਇਕ ਅਕੱਲਾ, ਨਿਰਗੁਣ ਆਪਣਾ ਡੇਰਾ ਲਾਇੰਦਾ । ਹਰਿ ਪੁਰਖ ਨਿਰੰਜਣ ਵਸਾਇਆ ਸਚ ਮਹੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਏਕੰਕਾਰ ਸਚ ਸਿੰਘਾਸਣ ਏਕਾ ਮੱਲਾ, ਦੂਸਰ ਕੋਇ ਨਾ ਸੰਗ ਵਖਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲਾ, ਆਪ ਆਪਣੀ ਜੋਤ ਜਗਾਇੰਦਾ । ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਵਖਾਇੰਦਾ । ਅਬਿਨਾਸ਼ੀ ਕਰਤਾ ਬਣੇ ਸੱਜਣ ਸੁਹੇਲਾ, ਸਾਚਾ ਸੰਗ ਨਿਭਾਇੰਦਾ । ਪਾਰਬ੍ਰਹਮ ਬਣੇ ਚੇਲਾ, ਹਰਿ ਗੁਰ ਗੁਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਦਰ ਸੁਹੰਜਣਾ ਪੁਰਖ ਅਗੰਮ, ਏਕਾ ਏਕ ਸੁਹਾਈਆ । ਨਿਰਗੁਣ ਨੂਰ ਆਦਿ ਜੁਗਾਦੀ ਆਪੇ ਜਾਣੇ ਆਪਣਾ ਕੰਮ, ਕਰਤਾ ਕਰਨੀ ਆਪ ਕਮਾਈਆ । ਸਤਿ ਸਤਿਵਾਦੀ ਬੇੜਾ ਬੰਨ੍ਹ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਆਪੇ ਘੜੇ ਆਪੇ ਲਏ ਭੰਨ, ਸਮਰਥ ਪੁਰਖ ਨਾਉਂ ਧਰਾਈਆ । ਆਪੇ ਜਨਨੀ ਜਨ ਸਾਚਾ ਜਨ, ਹਰਿ ਸ਼ਬਦ ਸ਼ਬਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣਾ ਲੇਖਾ ਆਪ ਲਿਖਾਈਆ । ਆਪੇ ਆਦਿ ਹਰਿ ਹਰਿ, ਆਪਣੀ ਕਰਨੀ ਆਪ ਕਰਾਇੰਦਾ । ਆਪੇ ਵਸਿਆ ਆਪਣੇ ਘਰ ਘਰ, ਦਰ ਘਰ ਸਾਚਾ ਇਕ ਸੁਹਾਇੰਦਾ । ਆਪੇ ਪੁਰਖ ਨਾਰੀ ਨਰ, ਨਰ ਨਰ ਨਰਾਇਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਚਾ ਸ਼ਾਹ ਸੁਲਤਾਨ, ਖੇਲੇ ਖੇਲ ਸ੍ਰੀ ਭਗਵਾਨ, ਰੂਪ ਰੰਗ ਨਾ ਕੋਈ ਨਿਸ਼ਾਨ, ਜੋਤੀ ਨੂਰ ਨੂਰ ਮਹਾਨ, ਰੂਪ ਅਨੂਪ ਆਪ ਦਰਸਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਅਗੰਮ ਅਗੰਮੜਾ ਕਰੇ ਕਾਰ, ਭੇਵ ਅਭੇਦ ਰਖਾਈਆ । ਅਲੱਖ ਅਲੱਖਣਾ ਇਕ ਜੈਕਾਰ, ਏਕਾ ਨਾਅਰਾ ਲਾਈਆ । ਸਚਖੰਡ ਸੁਹਾਏ ਬੰਕ ਦਵਾਰ, ਥਿਰ ਘਰ ਬੈਠਾ ਆਸਣ ਲਾਈਆ । ਪਾਰਬ੍ਰਹਮ ਰੂਪ ਅਪਾਰ, ਨਿਰਗੁਣ ਆਪਣਾ ਵੇਖ ਵਖਾਈਆ । ਨਾਰੀ ਕੰਤ ਸਚ ਪਿਆਰ, ਕੰਤ ਭਤਾਰ ਵੱਡੀ ਵਡਿਆਈਆ । ਮੇਲਾ ਮੇਲੇ ਧੁਰ ਦਰਬਾਰ, ਦਰਗਾਹ ਸਾਚੀ ਵੱਜੇ ਵਧਾਈਆ । ਸਤਿ ਸਿੰਘਾਸਣ ਕਰ ਤਿਆਰ, ਸੋਭਾਵੰਤੀ ਨਾਰ ਸੁਹਾਈਆ । ਕੰਤ ਕੰਤੂਹਲਾ ਕਰੇ ਪਿਆਰ, ਚਤਰਭੁਜ ਵਡ ਵਡਿਆਈਆ । ਆਦਿ ਨਿਰੰਜਣ ਜੋਤ ਉਜਿਆਰ, ਘਰ ਬੈਠਾ ਦੀਪ ਜਗਾਈਆ । ਪੁਰਖ ਅਬਿਨਾਸ਼ੀ ਕਰੇ ਵਿਚਾਰ, ਸਾਚਾ ਮੰਗਲ ਏਕਾ ਗਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਆਪਣੀ ਆਪ ਲਏ ਅੰਗੜਾਈਆ । ਹਰਿ ਪੁਰਖ ਨਿਰੰਜਣ ਠਾਂਡਾ ਠਾਰ, ਥਿਰ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ

੧੩੮

ਸੁਹਾਈਆ । ਸਤਿ ਪੁਰਖ ਨਿਰੰਜਣ ਸੋਭਾਵੰਤ, ਹਰਿ ਸਦਾ ਸਦਾ ਸਾਲਾਹਿਆ । ਅਲੱਖ ਅਗੋਚਰ ਏਕਾ ਕੰਤ, ਪਰਮ ਪੁਰਖ ਵਡਿਆਇਆ । ਸਚਖੰਡ ਬਣਾਈ ਸਾਚੀ ਬਣਤ, ਥਿਰ ਘਰ ਸਾਚਾ ਦਏ ਖੁਲ੍ਹਾਇਆ । ਆਪੇ ਨਾਰੀ ਆਪੇ ਕੰਤ, ਅੰਗੀਕਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਮੇਲ ਮਿਲਾਇਆ । ਨਿਰਗੁਣ ਨਾਰੀ ਨਿਰਗੁਣ ਕੰਤ, ਨਿਰਗੁਣ ਨਿਰਗੁਣ ਘਰ ਵਸਾਇੰਦਾ । ਨਿਰਗੁਣ ਰੂਪ ਪੂਰਨ ਭਗਵੰਤ, ਨਿਰਗੁਣ ਨਿਰਗੁਣ ਜੋਤ ਜਗਾਇੰਦਾ । ਨਿਰਗੁਣ ਦਾਤਾ ਆਦਿ ਅੰਤ, ਨਿਰਗੁਣ ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸ਼ਬਦ ਨਿਰਗੁਣ ਮੰਤ, ਨਿਰਗੁਣ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਨਾਰੀ ਕਰ ਸ਼ੰਗਾਰ, ਘਰ ਸਾਚੇ ਸੋਭਾ ਪਾਈਆ । ਏਕਾ ਨੈਣ ਕੱਜਲ ਧਾਰ, ਏਕਾ ਨੂਰ ਨੂਰ ਚਮਕਾਈਆ । ਏਕਾ ਕਰੇ ਸਚ ਪਿਆਰ, ਏਕਾ ਰਾਹ ਤਕਾਈਆ । ਏਕਾ ਰੂਪ ਪੁਰਖ ਕਰਤਾਰ, ਨਿਰਗੁਣ ਆਪਣਾ ਆਪ ਵਟਾਈਆ । ਛੈਲ ਛਬੀਲਾ ਨੌਜਵਾਨ ਹੋ ਤਿਆਰ, ਘਰ ਸਾਚੇ ਆਏ ਚਾਈਂ ਚਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਖੇਲੇ ਖੇਲ ਅਗੰਮ ਅਥਾਹੀਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਆਪਣਾ ਕੁੰਡਾ ਆਪੇ ਲਾਹੀਆ । ਥਿਰ ਘਰ ਸਾਚੇ ਪਾਵੇ ਸਾਰ, ਘਰ ਘਰ ਵਿਚ ਵੇਖ ਵਖਾਈਆ । ਆਦਿ ਨਿਰੰਜਨ ਨਿਰਗੁਣ ਜੋਤ ਸੁੱਤੀ ਨਾਰ ਮੁਟਿਆਰ, ਆਪਣਾ ਜੋਬਨ ਰਹੀ ਹੰਢਾਈਆ । ਕੰਤ ਕੰਤੂਹਲਾ ਏਕੰਕਾਰ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਆਪਣਾ ਮੇਲ ਮਿਲਾਈਆ । ਨਾਰੀ ਕੰਤ ਸਚ ਪਿਆਰਾ, ਸੋ ਪੁਰਖ ਨਿਰੰਜਣ ਮੇਲ ਮਿਲਾਇਆ । ਹਰਿ ਪੁਰਖ ਨਿਰੰਜਣ ਪਾ ਏਕਾ ਵਾਰਾ, ਵਿਛੜ ਕਦੇ ਨਾ ਜਾਇਆ ਏਕੰਕਾਰਾ ਸੁਹਾਏ ਬੰਕ ਦਵਾਰਾ, ਦੂਸਰ ਦਰ ਨਾ ਕੋਇ ਖੁਲਾਇਆ । ਜੋਤ ਨਿਰੰਜਣ ਕਰ ਉਜਿਆਰਾ, ਏਕਾ ਨੂਰ ਕਰੇ ਰੁਸ਼ਨਾਇਆ । ਸ੍ਰੀ ਭਗਵਾਨ ਕਰ ਪਿਆਰਾ, ਆਪ ਆਪਣੀ ਗੋਦ ਬਹਾਇਆ । ਪੁਰਖ ਅਬਿਨਾਸ਼ੀ ਮੀਤ ਮੁਰਾਰਾ, ਸਾਚੀ ਧਾਰਾ ਰਿਹਾ ਚਲਾਇਆ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਦਰ ਘਰ ਸਾਚੇ ਆਪ ਕਰਾਇਆ । ਸਤਿ ਪੁਰਖ ਨਿਰੰਜਣ ਏਕੰਕਾਰਾ, ਕਲ ਆਪਣੀ ਆਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਵੇਖੇ ਸਚ ਦਵਾਰ, ਦਰ ਘਰ ਸਾਚਾ ਇਕ ਸੁਹਾਇਆ । ਸਚਖੰਡ ਦਵਾਰਾ ਆਪੇ ਖੋਲ੍ਹ, ਸੋ ਪੁਰਖ ਨਿਰੰਜਨ ਬਣਤ ਬਣਾਈਆ । ਥਿਰ ਘਰ ਵਾਸੀ ਵਸਿਆ ਕੋਲ, ਆਪ ਆਪਣਾ ਮੇਲ ਮਿਲਾਈਆ । ਨਿਰਗੁਣ ਨਾਰੀ ਕਰੇ ਚੋਲ੍ਹ, ਨਿਰਗੁਣ ਕੰਤ ਹੰਢਾਈਆ । ਨਿਰਗੁਣ ਅੰਦਰ ਨਿਰਗੁਣ ਜਾਏ ਮੌਲ, ਰਕਤ ਬੂੰਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਨਾਰੀ ਕੰਤ ਹੋਇਆ ਮੇਲਾ, ਸਚਖੰਡ ਵੱਜੀ ਵਧਾਈਆ । ਸੋ ਪੁਰਖ ਨਿਰੰਜਨ ਜਾਣੇ ਵਕਤ ਵੇਲਾ, ਥਿਤ ਵਾਰ ਨਾ ਕੋਇ ਰਖਾਈਆ । ਹਰਿ ਪੁਰਖ ਨਿਰੰਜਣ ਸੱਜਣ ਸੁਹੇਲਾ, ਘਰ ਸਾਚੇ ਸੋਭਾ ਪਾਈਆ । ਏਕੰਕਾਰਾ ਚਾੜ੍ਹੇ ਤੇਲਾ, ਏਕਾ ਸਗਨ ਮਨਾਈਆ । ਅਚਰਜ ਖੇਲ ਪੁਰਖ ਅਬਿਨਾਸ਼ੀ ਆਪਣਾ ਖੇਲਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰਾ ਸਚ ਦਰਵਾਜ਼ਾ, ਹਰਿ ਸਾਚੇ ਸਚ ਉਪਾਇਆ । ਥਿਰ ਘਰ ਰਚਿਆ ਆਪਣਾ ਕਾਜਾ, ਆਪ ਆਪਣਾ ਮੇਲ ਮਿਲਾਇਆ । ਕਰੇ ਖੇਲ ਵਡ ਰਾਜਨ ਰਾਜਾ, ਸ਼ਾਹੋ

ਭੂਪ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲਾਇਆ । ਸਚਖੰਡ ਅੰਦਰ ਸਚ ਨਿਵਾਸ, ਹਰਿ ਸਾਚਾ ਸਚ ਰਖਾਇੰਦਾ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਰੰਗ ਰਲੀਆਂ ਆਪ ਮਨਾਇੰਦਾ । ਆਪੇ ਕਰੇ ਹਾਸ ਬਲਾਸ, ਆਪਣੀ ਤ੍ਰਿਸ਼ਨਾ ਪਿਆਸ ਆਪ ਬੁਝਾਇੰਦਾ । ਆਪਣੇ ਅੰਦਰ ਕਰ ਕਰ ਆਪਣਾ ਵਾਸ, ਆਪਣਾ ਬੀਜ ਆਪ ਬੀਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਥਿਰ ਘਰ ਮੰਦਰ ਕਰ ਤਿਆਰ, ਘਰ ਘਰ ਵਿਚ ਆਪ ਸੁਹਾਇੰਦਾ । ਸਚਖੰਡ ਅੰਦਰ ਥਿਰ ਘਰ ਵਾਸਾ, ਹਰਿ ਸਾਚਾ ਸਚ ਕਰਾਇੰਦਾ । ਅੰਦਰ ਵੜ ਪੁਰਖ ਅਬਿਨਾਸ਼ਾ, ਆਪ ਆਪਣਾ ਖੇਲ ਖਿਲਾਇੰਦਾ । ਨਾ ਕੋਈ ਮੰਡਲ ਨਾ ਕੋਈ ਰਾਸਾ, ਰਵ ਸਸ ਨਾ ਕੋਈ ਚਮਕਾਇੰਦਾ । ਨਾ ਕੋਈ ਪ੍ਰਿਥਮੀ ਨਾ ਆਕਾਸਾ, ਗਗਨ ਗਗਨੰਤਰ ਨਾ ਕੋਇ ਵਖਾਇੰਦਾ । ਪੰਜ ਤਤ ਤ੍ਰੈਗੁਣ ਨਾ ਕੋਇ ਵਾਸਾ, ਲੱਖ ਚੁਰਾਸੀ ਨਾ ਬਣਤ ਬਣਾਇੰਦਾ । ਸਾਧ ਸੰਤ ਗੁਰ ਪੀਰ ਅਵਤਾਰ ਨਾ ਕੋਇ ਭਰਵਾਸਾ, ਇਸ਼ਟ ਦੇਵ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਸੋਭਾਵੰਤ, ਖੇਲੇ ਖੇਲ ਨਾਰੀ ਕੰਤ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਰਗੁਣ ਨਾਰੀ ਨਰ ਹਰਿ ਘਰ ਪਾਇਆ, ਥਿਰ ਘਰ ਸਾਚੇ ਵੱਜੀ ਵਧਾਈਆ । ਸੋ ਪੁਰਖ ਨਿਰੰਜਣ ਉਠ ਉਠ ਵੇਖਣ ਆਇਆ, ਆਪ ਆਪਣਾ ਫੇਰਾ ਪਾਈਆ । ਹਰਿ ਪੁਰਖ ਨਿਰੰਜਣ ਰਾਹ ਤਕਾਇਆ, ਸਚ ਦਵਾਰਾ ਇਕ ਸੁਹਾਈਆ । ਏਕੰਕਾਰਾ ਫੁੱਲ ਫਲਵਾੜੀ ਰਿਹਾ ਬਰਸਾਇਆ, ਸੋਭਾਵੰਤ ਵੱਜੇ ਵਧਾਈਆ । ਆਦਿ ਨਿਰੰਜਣ ਕਰ ਰੁਸ਼ਨਾਇਆ, ਆਪਣੀ ਸੇਵ ਰਿਹਾ ਕਮਾਈਆ । ਪੁਰਖ ਅਬਿਨਾਸ਼ੀ ਮੰਗਲ ਗਾਇਆ, ਗੁਣ ਗਹਿਰ ਗੰਭੀਰ ਸੁਣਾਈਆ । ਸ੍ਰੀ ਭਗਵਾਨ ਮੁਖ ਤੋਂ ਪੱਲਾ ਲਾਹਿਆ, ਆਪਣੇ ਨੈਣ ਆਪ ਮਟਕਾਈਆ । ਪਾਰਬ੍ਰਹਮ ਘਰ ਇਕ ਸੁਹਾਇਆ, ਘਰ ਸਾਚੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਦਿ ਆਪ ਅਖਵਾਈਆ । ਆਦਿ ਆਦੀ ਇਕ ਅਕੱਲਾ, ਏਕਾ ਘਰ ਸੁਹਾਇੰਦਾ । ਸਚਖੰਡ ਨਿਵਾਸੀ ਸਚ ਘਰ ਏਕਾ ਮੱਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਨੇਹਚਲ ਧਾਮ ਉਚ ਅਟੱਲਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੀ ਸੇਜ ਹੰਢਾਇੰਦਾ । ਘਰ ਸੇਜਾ ਕੰਤ ਭਤਾਰ, ਸਚਖੰਡ ਹਰਿ ਸੁਹਾਇੰਦਾ । ਘਰ ਮੇਲਾ ਪਹਿਲੀ ਵਾਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਘਰ ਮੇਲਾ ਜਾਣੇ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਛੁਪਾਇੰਦਾ । ਸਤਿ ਪੁਰਖ ਨਿਰੰਜਣ ਥਿਰ ਘਰ ਅੰਦਰ ਵੜ, ਸਚ ਮਹੱਲ ਸੁਹਾਈਆ । ਨਿਰਗੁਣ ਨਿਰਗੁਣ ਅੰਦਰ ਖੜ, ਆਪ ਆਪਣਾ ਰੂਪ ਦਰਸਾਈਆ । ਸੋ ਪੁਰਖ ਨਿਰੰਜਣ ਸਾਚਾ ਘਾੜਨ ਘੜ, ਹਰਿ ਪੁਰਖ ਨਿਰੰਜਣ ਸੇਵਾ ਲਾਈਆ । ਏਕੰਕਾਰਾ ਲਾਏ ਜੜ, ਆਦਿ ਨਿਰੰਜਣ ਦਏ ਸਲਾਹੀਆ । ਸ੍ਰੀ ਭਗਵਾਨ ਆਪੇ ਫੜ, ਅਬਿਨਾਸ਼ੀ ਕਰਤਾ ਬੂਟਾ ਦਏ ਲਗਾਈਆ । ਪਾਰਬ੍ਰਹਮ ਪ੍ਰਭ ਬੰਨ੍ਹੇ ਲੜ, ਆਪਣਾ ਪੱਲੂ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਖੇਲ ਖਿਲਾਈਆ । ਥਿਰ ਕਰ ਖੇਲ ਹਰਿ ਕਰਤਾਰਾ, ਆਪਣਾ ਆਪ ਕਰਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰਾ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਨਿਰਗੁਣ ਜਨਨੀ ਜਣੇ ਸੁਤ ਦੁਲਾਰਾ, ਨਿਰਗੁਣ ਗੋਦ ਉਠਾਇੰਦਾ । ਨਿਰਗੁਣ ਬਖਸ਼ੇ ਸੀਰ ਠੰਡੀ ਠਾਰਾ, ਨਿਰਗੁਣ ਨਿਰਗੁਣ ਆਪ ਪਿਆਇੰਦਾ । ਨਿਰਗੁਣ

ਰੂਪ ਏਕੰਕਾਰਾ, ਓਅੰਕਾਰ ਆਪਣਾ ਆਪ ਉਪਜਾਇੰਦਾ । ਸਚਖੰਡ ਨਿਵਾਸੀ ਕਰ ਪਸਾਰਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਜੰਮਿਆ ਸੁੱਤ, ਹਰਿ ਸ਼ਬਦੀ ਨਾਉਂ ਉਪਜਾਇਆ । ਖੇਲੇ ਖੇਲ ਅਬਿਨਾਸ਼ੀ ਅਚੁਤ, ਆਪ ਆਪਣੀ ਕਲ ਵਰਤਾਇਆ । ਸਚਖੰਡ ਸੁਹਾਈ ਸੱਚੀ ਰੁੱਤ, ਥਿਰ ਘਰ ਸਾਚਾ ਮੰਗਲ ਗਾਇਆ । ਨਾ ਕੋਈ ਕਾਇਆ ਪੰਜ ਤਤ ਦਿਸੇ ਬੁੱਤ, ਮਾਤ ਪਿਤ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਉਪਜਿਆ ਸੁਤ ਹਰਿ ਭਗਵਾਨ, ਹਰਿ ਸਾਚਾ ਖੇਲ ਖਲੰਨਿਆ । ਸ਼ਬਦ ਸਰੂਪੀ ਨੌਜਵਾਨ, ਏਕਾ ਰੰਗ ਵਖੰਨਿਆ । ਏਕਾ ਵਸੇ ਸਚ ਮਕਾਨ, ਥਿਰ ਘਰ ਸਾਚੇ ਬਹਿ ਬਹਿ ਮੰਨਿਆ । ਇਕ ਉਠਾਏ ਸਚ ਨਿਸ਼ਾਨ, ਆਪਣਾ ਬੇੜਾ ਆਪ ਬੰਨ੍ਹਿਆ । ਏਕਾ ਬਖ਼ਸ਼ੇ ਆਪਣਾ ਮਾਣ, ਚਰਨ ਧਿਆਨ ਇਕ ਰਖੰਨਿਆ । ਏਕਾ ਮੰਦਰ ਇਕ ਮਕਾਨ, ਇਕ ਵਖਾਏ ਛੱਪਰ ਛੰਨਿਆ । ਏਕਾ ਪੁਰਖ ਏਕ ਸੁਲਤਾਨ, ਏਕਾ ਰੂਪ ਸ੍ਰੀ ਭਗਵੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਅਵਤਾਰਾ ਨਿਰਗੁਣ ਧਾਰਾ ਸੁਤ ਦੁਲਾਰਾ ਇਕ ਵਖੰਨਿਆ । ਸੁਤ ਦੁਲਾਰਾ ਉਠਿਆ ਨੌਜਵਾਨ, ਸਚਖੰਡ ਹੋਏ ਰੁਸ਼ਨਾਈਆ । ਸੋ ਪੁਰਖ ਨਿਰੰਜਣ ਦੇਵੇ ਇਕ ਗਿਆਨ, ਹਰਿ ਪੁਰਖ ਨਿਰੰਜਣ ਕਰੇ ਸਚ ਪੜ੍ਹਾਈਆ । ਏਕੰਕਾਰਾ ਬਖ਼ਸ਼ੇ ਮਾਣ, ਏਕਾ ਸਿਰ ਸਮਰਥ ਹੱਥ ਟਿਕਾਈਆ । ਆਦਿ ਨਿਰੰਜਣ ਬਖ਼ਸ਼ੇ ਜੋਤ ਮਹਾਨ, ਜੋਤੀ ਨੂਰ ਕਰ ਰੁਸ਼ਨਾਈਆ । ਸ੍ਰੀ ਭਗਵਾਨ ਦੇਵੇ ਦਾਨ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਅਬਿਨਾਸ਼ੀ ਕਰਤਾ ਏਕਾ ਰਾਗ ਸੁਣਾਏ ਕਾਨ, ਧੁਨੀ ਧੁਨ ਵਿਚ ਉਪਜਾਈਆ । ਪਾਰਬ੍ਰਹਮ ਕਰ ਪਛਾਨ, ਆਪ ਆਪਣਾ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ ਨਾ ਕੋਈ ਰਖਾਈਆ । ਸਚਖੰਡ ਖੇਲ ਅਗੰਮ, ਹਰਿ ਸਾਚੇ ਆਪ ਕਰਾਇਆ । ਸੁਤ ਅਗੰਮੀ ਪਿਆ ਜੰਮ, ਹਰਿ ਸ਼ਬਦੀ ਨਾਉਂ ਧਰਾਇਆ । ਸਤਿ ਪੁਰਖ ਨਿਰੰਜਣ ਆਪੇ ਮੰਨ, ਆਪਣੀ ਮਨਸਾ ਪੂਰ ਕਰਾਇਆ । ਆਪੇ ਦੇਵੇ ਸਾਚਾ ਮਾਲ ਧਨ, ਆਪਣਾ ਨਾਮ ਖ਼ਜ਼ਾਨਾ ਇਕ ਵਖਾਇਆ । ਆਪਣਾ ਰਾਗ ਸੁਣਾਏ ਕੰਨ, ਦਰ ਘਰ ਸਾਚੇ ਆਪੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣੀ ਮਹਿਮਾ ਆਪੇ ਦਏ ਲਿਖਾਇਆ । ਸਚਖੰਡ ਨਿਵਾਸੀ ਭੇਵ ਅਭੇਦਾ, ਹਰਿ ਪੁਰਖ ਨਿਰੰਜਣ ਭੇਵ ਖੁਲਾਈਆ । ਸੋ ਪੁਰਖ ਨਿਰੰਜਨ ਅਛੱਲ ਅਛੇਦਾ, ਅਛਲ ਅਛੱਲ ਆਪ ਕਰਾਈਆ । ਆਪੇ ਜਾਣੇ ਆਪਣਾ ਲੇਖਾ, ਅਲੱਖਣਾ ਅਲੱਖ ਨਾ ਲਖਿਆ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਡਿਆਈਆ । ਦਰ ਘਰ ਸਾਚਾ ਹਰਿ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਜੋਤ ਜਗਾਏ ਆਦਿ ਨਿਰੰਜਨਾ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਭੈ ਭੰਜਨ ਆਪਣਾ ਨਾਉਂ ਉਪਜਾਇੰਦਾ । ਆਪਣੇ ਨੇਤਰ ਆਪੇ ਪਾਏ ਅੰਜਨਾ, ਗਿਆਨ ਨੇਤਰ ਇਕ ਰਖਾਇੰਦਾ । ਆਪੇ ਦੋ ਜਹਾਨੀ ਸਾਕ ਸੈਣ ਸੱਜਣਾ, ਆਪ ਆਪਣਾ ਮੇਲ ਮਿਲਾਇੰਦਾ । ਆਪਣਾ ਮੰਦਰ ਆਪਣਾ ਅੰਦਰ ਹਰਿ ਪੁਰਖ ਨਿਰੰਜਣ ਆਪੇ ਤਜਣਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਨਾ ਘੜਿਆ ਨਾ ਭੱਜਣਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਆਪਣੇ ਨਗਾਰੇ ਆਪੇ ਵੱਜਣਾ, ਆਪ ਆਪਣਾ ਤਾਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੧੪੨


ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰੇ ਲਏ ਅੰਗੜਾਈ, ਹਰਿ ਸਾਚਾ ਤਖ਼ਤ ਸੁਹਾਇੰਦਾ । ਸ਼ਾਹ ਸੁਲਤਾਨ ਵੱਡੀ ਵਡਿਆਈ, ਰਾਜ ਰਾਜਾਨ ਵੇਖ ਵਖਾਇੰਦਾ । ਨੌਜਵਾਨ ਨਾ ਮਰੇ ਨਾ ਜਾਈ, ਏਕਾ ਰੰਗ ਸਮਾਇੰਦਾ । ਅਲੱਖ ਅਗੋਚਰ ਭੇਵ ਨਾ ਰਾਈ, ਭੇਵ ਆਪਣਾ ਆਪ ਖੁਲ੍ਹਾਇੰਦਾ । ਸਾਚਾ ਸੁਤ ਇਕ ਉਪਜਾਈ, ਹਰਿ ਸ਼ਬਦ ਵਡ ਵਡਿਆਇੰਦਾ । ਏਕਾ ਵਸਤ ਝੋਲੀ ਪਾਈ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਰਹਾਇੰਦਾ । ਸੁਤ ਦੁਲਾਰਾ ਦੋਏ ਜੋੜ, ਹਰਿ ਚਰਨੀ ਸੀਸ ਨਿਵਾਇੰਦਾ । ਤੇਰੀ ਪ੍ਰੀਤੀ ਨਿਭੇ ਤੋੜ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਆਦਿ ਜੁਗਾਦਿ ਤੇਰੀ ਲੋੜ, ਤੇਰਾ ਤੇਰੇ ਵਿਚ ਸਮਾਇੰਦਾ । ਤੇਰਾ ਮਿੱਠਾ ਫਲ ਨਾ ਹੋਏ ਕੌੜ, ਤੇਰਾ ਰਸ ਰਸ ਵਖਾਇੰਦਾ । ਤੇਰੇ ਦਰਸ ਰਹੇ ਔੜ, ਤੇਰਾ ਰਾਹ ਤਕਾਇੰਦਾ । ਅੰਤ ਆਦਿ ਜਾਣਾ ਬੌਹੜ, ਹਉਂ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਸ਼ਬਦ ਸੁਤ ਬਾਲ ਨਧਾਨ, ਹਰਿ ਪੁਰਖ ਨਿਰੰਜਣ ਦਏ ਸਲਾਹੀਆ । ਤੇਰਾ ਮਾਤ ਪਿਤ ਸ੍ਰੀ ਭਗਵਾਨ, ਨਾ ਮਰੇ ਨਾ ਜਾਈਆ । ਸਚਖੰਡ ਨਵਾਸੀ ਪੁਰਖ ਅਬਿਨਾਸ਼ੀ ਇਕ ਫੜਾਏ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਈਆ । ਤੇਰੀ ਮੇਰੀ ਇਕੋ ਆਣ, ਤੇਰਾ ਹੁਕਮ ਮੇਰੀ ਵਡਿਆਈਆ । ਮੇਰੋ ਨਾਮ ਤੇਰੋ ਦਾਨ, ਅਤੋਟ ਅਤੁਟ ਵਖਾਈਆ । ਮੇਰੀ ਦਰਗਾਹ ਤੇਰਾ ਮਾਣ, ਥਿਰ ਘਰ ਸਾਚੇ ਵੱਜੇ ਵਧਾਈਆ । ਸਚਖੰਡ ਨਿਵਾਸੀ ਕਰੇ ਪਰਵਾਨ, ਸੁਤ ਦੁਲਾਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਬਾਲ ਅਵਸਥਾ ਸ਼ਬਦ ਬਾਲ, ਦਰ ਘਰ ਸਾਚਾ ਵੇਖ ਵਖਾਇੰਦਾ । ਤੂੰ ਸਮਰਥ ਪੁਰਖ ਕਰੇਂ ਸਦਾ ਪ੍ਰਿਤਪਾਲ, ਤੇਰੀ ਓਟ ਇਕ ਤਕਾਇੰਦਾ । ਹਉਂ ਬਾਲਕ ਉਪਜਿਆ ਤੇਰੀ ਡਾਲ, ਫੁਲ ਫਲਵਾੜੀ ਤੂੰ ਮਹਿਕਾਇੰਦਾ । ਸਦਾ ਸੁਹੇਲਾ ਵਸੀਂ ਨਾਲ, ਤੇਰਾ ਸੰਗ ਮੋਹੇ ਭਾਇੰਦਾ । ਤੇਰਾ ਨਾਮ ਮੇਰਾ ਤਾਲ, ਤਾਲ ਤਲਵਾੜਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੇ ਸੁਤ ਉਠ ਬਲ ਧਾਰ, ਸੋ ਪੁਰਖ ਨਿਰੰਜਨ ਦਏ ਵਡਿਆਈਆ । ਤੇਰਾ ਭਰੇ ਸਚ ਭੰਡਾਰ, ਤੇਰਾ ਤੇਰੇ ਨਾਲ ਸਮਾਈਆ । ਤੇਰਾ ਰੰਗ ਰੰਗੇ ਕਰਤਾਰ, ਉਤਰ ਕਦੇ ਨਾ ਜਾਈਆ । ਤੇਰਾ ਮਰਦੰਗ ਵਜਾਏ ਵਜਾਵਣਹਾਰ, ਸਚ ਸਤਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦਏ ਜਣਾਈਆ । ਸ਼ਬਦ ਨਿਮਾਣਾ ਚਰਨ ਦਵਾਰਾ, ਰੋ ਰੋ ਨੇਤਰ ਨੀਰ ਵਹਾਇੰਦਾ । ਸਤਿ ਪੁਰਖ ਨਿਰੰਜਨ ਕਿਰਪਾ ਧਾਰ, ਤੇਰਾ ਤੇਰੇ ਅੱਗੇ ਆਪਣਾ ਆਪ ਭੇਟ ਚੜ੍ਹਾਇੰਦਾ । ਤੂੰ ਨਿਰਗੁਣ ਨਿਰਾਕਾਰ, ਸਚਖੰਡ ਸਾਚੇ ਸੋਭਾ ਪਾਇੰਦਾ । ਹਉਂ ਵਣਜ ਕਰਾਂ ਵਪਾਰ, ਦਰ ਤੇਰਾ ਮੰਗ ਮੰਗਾਇੰਦਾ । ਤੂੰ ਭਗਵੰਤ ਭਰ ਭੰਡਾਰ, ਭਿਖਕ ਅੱਗੇ ਝੋਲੀ ਡਾਹਿੰਦਾ । ਦੂਸਰ ਹੋਰ ਨਾ ਕੋਈ ਮੀਤ ਮੁਰਾਰ, ਨਾ ਕੋਈ ਪੱਲਾ ਗੰਢ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਝੋਲੀ ਪਾਇੰਦਾ । ਸਾਚੀ ਭਿਛਿਆ ਹਰਿ ਹਰਿ ਵੰਡ, ਸ਼ਬਦੀ ਸ਼ਬਦ ਸ਼ਬਦ ਭਰਾਇਆ । ਮੇਰਾ ਰੂਪ ਰਚਨ ਬ੍ਰਹਿਮੰਡ, ਤੇਰੀ ਸੇਵਾ ਸੇਵ ਲਗਾਇਆ । ਮੇਰੀ ਧਾਰ ਗਗਨ ਪਾਤਾਲ ਨਵ ਖੰਡ, ਤੇਰੇ ਡਾਲੀ ਪਤ ਲਗਾਇਆ । ਤੇਰੇ ਸੇਵਾਦਾਰ ਬਣੇ ਰਵ ਸਸ ਚੰਦ, ਸੂਰਯ ਸੂਰਯਾ ਮੁਖ ਸਲਾਹਿਆ । ਤੇਰਾ ਲੇਖਾ ਦੂਰ ਦੁਰਾਡਾ ਮੇਰਾ ਪੰਧ, ਕਿਸੇ ਦਿਸ ਨਾ ਆਇਆ । ਮੇਰਾ ਨਾਉਂ ਤੇਰਾ

ਛੰਦ, ਗੀਤ ਸੁਹਾਗੀ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਿੱਖ ਸਮਝਾਇਆ । ਸਾਚੀ ਸਿਖਿਆ ਸੁਣ ਸੁਤ ਦੁਲਾਰ, ਹਰਿ ਸਾਚਾ ਆਪ ਸਮਝਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਗਗਨ ਪਾਤਾਲ ਮਹੱਲ ਉਸਾਰ, ਤੇਰਾ ਤੇਰੀ ਸੇਵਾ ਲਾਇੰਦਾ । ਆਕਾਸ਼ ਪ੍ਰਕਾਸ਼ ਦਏ ਆਧਾਰ, ਰਵ ਸਸ ਮੇਲ ਮਿਲਾਇੰਦਾ । ਸੂਰਜ ਚੰਨ ਸੰਗ ਸਤਾਰ, ਆਪ ਆਪਣੀ ਸੋਭਾ ਪਾਇੰਦਾ । ਪਵਣ ਪਵਣੀ ਭਰ ਭੰਡਾਰ, ਸਚ ਹੁਲਾਰਾ ਇਕ ਲਗਾਇੰਦਾ । ਤੇਰਾ ਰੂਪ ਅਨੂਪ ਕਰਤਾਰ, ਆਪਣਾ ਆਪ ਆਪ ਪ੍ਰਗਟਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਾਕਾਰ ਸਾਕਾਰ ਹੋ ਜਾਇੰਦਾ । ਵਿਸ਼ਵ ਵਿਸ਼ਵ ਕਰ ਤਿਆਰ, ਨੈਣ ਨੈਨਣ ਨੈਣ ਮਟਕਾਇੰਦਾ । ਚਤਰਭੁਜ ਖੇਲ ਅਪਾਰ, ਸੁਤੇ ਪ੍ਰਕਾਸ਼ ਸੁਤ ਸੁਤ ਸੁਤ ਆਪ ਅਖਵਾਇੰਦਾ । ਕਰਨੀ ਕਰੇ ਕਰਨੇਹਾਰ, ਕਰਤਾ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਆਪੇ ਵਿਸ਼ਨ ਨਾਉਂ ਰੱਖ, ਹਰਿ ਆਪਣਾ ਨਾਉਂ ਵਡਿਆਈਆ । ਆਪੇ ਨਿਰਗੁਣ ਆਪੇ ਪਰਤਖ, ਆਪ ਆਪਣੀ ਕਲ ਵਰਤਾਈਆ । ਆਪੇ ਖੇਲੇ ਖੇਲ ਅਲਖਣਾ ਅਲੱਖ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਆਪੇ ਆਪਣਾ ਆਪ ਨਾਲੋਂ ਕੀਤਾ ਵੱਖ, ਆਪੇ ਆਪਣਾ ਮੇਲ ਮਿਲਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਰਿਹਾ ਚਲਾਈਆ । ਆਪੇ ਜਾਣੇ ਆਪਣਾ ਪੱਖ, ਕਿਸ਼ਨਾ ਸੁਕਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਵਡ ਵਡਿਆਈਆ । ਜੂਨੀ ਰਹਿਤ ਪੁਰਖ ਅਕਾਲ, ਏਕਾ ਰੰਗ ਸਮਾਇਆ । ਸਤਿ ਪੁਰਖ ਨਿਰੰਜਣ ਦੀਨ ਦਿਆਲ, ਹਰਿ ਪੁਰਖ ਨਿਰੰਜਣ ਆਪਣਾ ਨਾਉਂ ਰਖਾਇਆ । ਸੋ ਪੁਰਖ ਨਿਰੰਜਣ ਕਰ ਪ੍ਰਿਤਪਾਲ, ਏਕੰਕਾਰਾ ਵਡ ਵਡਿਆਇਆ । ਆਦਿ ਨਿਰੰਜਣ ਦੀਪਕ ਬਾਲ, ਸਚਖੰਡ ਸਾਚੇ ਸੋਭਾ ਪਾਇਆ । ਥਿਰ ਘਰ ਵਸੇ ਸੱਚੀ ਧਰਮਸਾਲ, ਦਰ ਦਰਵਾਜਾ ਆਪ ਖੁਲ੍ਹਾਇਆ । ਅਬਿਨਾਸ਼ੀ ਕਰਤਾ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਚਲਾਇਆ । ਸ੍ਰੀ ਭਗਵਾਨ ਬਣ ਦਲਾਲ, ਸ਼ਬਦ ਵਿਚੋਲਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਦੇਵਣਹਾਰ ਸੱਚਾ ਧਨ ਮਾਲ, ਨਾਮ ਖ਼ਜ਼ੀਨਾ ਇਕ ਲੁਟਾਇਆ । ਵਿਸ਼ਨੂੰ ਕਰੇ ਆਪ ਪ੍ਰਿਤਪਾਲ, ਪ੍ਰਿਤਪਾਲਕ ਹਰਿ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੜਦਾ ਆਪੇ ਲਾਹਿਆ । ਆਪਣਾ ਪੜਦਾ ਆਪੇ ਚੁੱਕ, ਹਰਿ ਸਾਚੇ ਰੂਪ ਦਰਸਾਇਆ । ਸਤਿ ਪੁਰਖ ਨਿਰੰਜਣ ਸਚਖੰਡ ਦਵਾਰੇ ਬੈਠਾ ਲੁਕ, ਆਪ ਆਪਣਾ ਮੁਖ ਛੁਪਾਇਆ । ਜਨਨੀ ਜਣੇ ਨਾ ਕੋਈ ਕੁੱਖ, ਪਿਤਾ ਗੋਦ ਨਾ ਕੋਈ ਬਹਾਇਆ । ਆਦਿ ਜੁਗਾਦਿ ਨਾ ਹੋਏ ਉਲਟਾ ਰੁਖ, ਪੁਰਖ ਅਬਿਨਾਸ਼ੀ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇਆ । ਆਪਣਾ ਨਾਉਂ ਵਿਸ਼ਵ ਧਰ, ਹਰਿ ਸਾਚਾ ਆਪ ਰਖਾਇੰਦਾ । ਆਪਣਾ ਕਰ ਆਪ ਆਕਾਰ, ਆਪੇ ਵੇਖ ਵਖਾਇੰਦਾ । ਆਪਣੇ ਅੰਦਰ ਕਰ ਪਿਆਰ, ਆਪ ਆਪਣਾ ਦਰ ਸੁਹਾਇੰਦਾ । ਆਪਣਾ ਅੰਮ੍ਰਿਤ ਕਰ ਤਿਆਰ, ਆਪੇ ਵੇਖ ਵਖਾਇੰਦਾ । ਆਪੇ ਵਿਸ਼ਵ ਦਏ ਆਧਾਰ, ਜਲ ਧਾਰਾ ਰੂਪ ਸੁਹਾਇੰਦਾ । ਆਪੇ ਕਵਲੀ ਕਵਲ ਉਜਿਆਰ, ਆਪੇ ਨਾਭੀ ਫੁਲ ਖਲਾਇੰਦਾ । ਆਪੇ ਬ੍ਰਹਮਾ ਬ੍ਰਹਮ ਪਸਾਰ, ਪਾਰਬ੍ਰਹਮ ਰੂਪ ਵਟਾਇੰਦਾ । ਆਪੇ ਚਾਰ ਮੁਖ ਕਰ ਉਜਿਆਰ, ਚਾਰੇ ਦਿਸ਼ਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦ ਸਰੂਪੀ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਆਪੇ ਬ੍ਰਹਮਾ

ਕਰ ਉਤਪਤ, ਆਪ ਆਪਣੀ ਰਚਨ ਰਚਾਈਆ । ਆਪੇ ਬਣਿਆ ਕਮਲਾਪਤ, ਆਪ ਆਪਣਾ ਮੇਲ ਮਿਲਾਈਆ । ਆਪ ਉਪਜਾਈ ਆਪਣੀ ਰੱਤ, ਰਤੀ ਰੱਤ ਰੱਤ ਵਖਾਈਆ । ਆਪਣਾ ਬੀਜ ਆਪੇ ਘਤ, ਕਵਲ ਫੁਲ ਆਪ ਮਹਿਕਾਈਆ । ਖੇਲੇ ਖੇਲ ਪੁਰਖ ਸਮਰਥ, ਸਾਰ ਸ਼ਬਦ ਸੰਗ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੀਜੇ ਆਪਣੇ ਵਤ, ਆਪੇ ਵੇਖ ਵਖਾਈਆ । ਬ੍ਰਹਮਾ ਉਪਜਿਆ ਬ੍ਰਹਮ ਧਾਰ, ਪਾਰਬ੍ਰਹਮ ਉਪਜਾਇਆ । ਸ਼ਬਦ ਸਰੂਪੀ ਸ਼ਬਦ ਜੈਕਾਰ, ਹਰਿ ਸਾਚਾ ਸਚ ਸੁਣਾਇਆ । ਦਰ ਘਰ ਸਾਚੇ ਦੇਵੇ ਇਕ ਦੀਦਾਰ, ਦਰਸ ਦਰਸੀ ਦਰਸ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਇਆ । ਬ੍ਰਹਮੇ ਹਰਿ ਹਰਿ ਲਾਇਆ ਅੰਗ, ਅੰਗੀਕਾਰ ਆਪ ਅਖਵਾਇੰਦਾ । ਦੇਵੇ ਮੱਤ ਸੂਰਾ ਸਰਬੰਗ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿ ਕਾ ਸ਼ਬਦ ਤੇਰਾ ਮਰਦੰਗ, ਚਾਰ ਕੁੰਟ ਸੁਣਾਇੰਦਾ । ਨਿਵ ਨਿਵ ਮੰਗੇ ਏਕਾ ਮੰਗ, ਸੀਸ ਜਗਦੀਸ ਭੇਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਬ੍ਰਹਮੇ ਉਪਜਿਆ ਸ਼ਬਦ ਗਿਆਨ, ਹਰਿ ਸਾਚੇ ਬੂਝ ਬੁਝਾਈਆ । ਏਕਾ ਰਾਗ ਏਕ ਧੁਨਕਾਨ, ਏਕਾ ਨਾਦ ਵਜਾਈਆ । ਸੁਨ ਅਗੰਮ ਨਾ ਕੋਇ ਪਹਿਚਾਨ, ਹਰਿ ਸਾਚਾ ਖੇਲ ਖਿਲਾਈਆ । ਦਾਤਾ ਦੇਵੇ ਏਕਾ ਦਾਨ, ਏਕਾ ਭਿਛਿਆ ਝੋਲੀ ਪਾਈਆ । ਏਕਾ ਅੰਦਰ ਵੇਖ ਮਕਾਨ, ਸਾਚੀ ਵਸਤ ਵਸਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਧਿਆਨ ਇਕ ਵਖਾਈਆ । ਬ੍ਰਹਮੇ ਮਿਲਿਆ ਹਰਿ ਭਗਵੰਤ, ਵਿਸ਼ਵ ਵੇਸ ਵਟਾਇੰਦਾ । ਆਪ ਬਣਾਏ ਆਪਣਾ ਬੰਸ, ਆਪ ਆਪਣੀ ਅੰਸ ਸੁਹਾਇੰਦਾ । ਆਪੇ ਰੂਪ ਕਰੇ ਸਹੰਸ, ਆਪ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸੁੰਨ ਅਗੰਮੀ ਧੁਆਂਧਾਰ, ਸਚਖੰਡ ਨਿਵਾਸੀ ਆਏ ਬਾਹਰ, ਆਪਣੀ ਕਰੇ ਆਪੇ ਕਾਰ, ਆਪ ਆਪਣਾ ਖੇਲ ਖਿਲਾਇੰਦਾ । ਆਪਣੀ ਕਾਰ ਆਪੇ ਕਰ, ਆਪਣਾ ਰੰਗ ਰੰਗਾਇਆ । ਭੋਲੇ ਨਾਥ ਦੇਵੇ ਵਰ, ਸ਼ੰਕਰ ਸ਼ੰਕਰ ਮੇਲ ਮਿਲਾਇਆ । ਬਾਸ਼ਕ ਤਸ਼ਕਾ ਸੋਹੇ ਗੱਲ, ਹੱਥ ਤ੍ਰਿਸ਼ੂਲ ਫੜਾਇਆ । ਆਪਣਾ ਘਾੜਨ ਆਪੇ ਘੜ, ਆਪਣੇ ਚੱਕ ਆਪ ਚੜ੍ਹਾਇਆ । ਆਪਣੀ ਕੀਮਤ ਕਰਤਾ ਪਾਏ ਆਪਣੇ ਘਰ, ਆਪ ਆਪਣਾ ਮੁਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਬੰਨ੍ਹਾਏ ਲੜ, ਸ਼ੰਕਰ ਮੇਲਾ ਸਹਿਜ ਸੁਭਾਇਆ । ਸ਼ੰਕਰ ਮੇਲਾ ਸ਼ਬਦ ਡੋਰ, ਬ੍ਰਹਮਾ ਵਿਸ਼ਨ ਸੰਗ ਰਲਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਦੂਸਰ ਅਵਰ ਨਾ ਕੋਈ ਹੋਰ, ਹਰਿ ਆਪਣੀ ਰਚਨ ਰਚਾਈਆ । ਤਿੰਨਾਂ ਚਲੇ ਨਾ ਕੋਈ ਜ਼ੋਰ, ਹਰਿ ਆਪਣਾ ਬਲ ਧਰਾਈਆ । ਤਿੰਨਾਂ ਚਲੇ ਨਾ ਕੋਈ ਜ਼ੋਰ, ਹਰਿ ਸ਼ਬਦੀ ਡੋਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪ੍ਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਬੰਨ, ਹਰਿ ਸਾਚਾ ਹੁਕਮ ਸੁਣਾਇੰਦਾ । ਰਵ ਸਸ ਉਪਜਾ ਸੂਰਜ ਚੰਨ, ਮੰਡਲ ਮੰਡਪ ਡਗਮਗਾਇੰਦਾ । ਏਕਾ ਸ਼ਬਦ ਸੁਣਾਏ ਕੰਨ, ਏਕਾ ਮਤ ਰਖਾਇੰਦਾ । ਏਕਾ ਦੇਵਣਹਾਰਾ ਦਾਨ, ਏਕਾ ਝੋਲੀ ਪਾਇੰਦਾ । ਏਕਾ ਸ਼ਬਦ ਇਕ ਨਿਸ਼ਾਨ, ਏਕਾ ਹੱਥ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿੰਨਾਂ ਏਕਾ ਰੰਗ ਰੰਗਾਇੰਦਾ । ਤਿੰਨਾਂ ਮੇਲਾ ਏਕਾ ਘਰ, ਹਰਿ ਸਾਚੇ ਆਪ ਮਿਲਾਇਆ । ਤਿੰਨੇ ਮੰਗਣ ਏਕਾ ਵਰ, ਆਪਣੀ ਝੋਲੀ ਅੱਗੇ ਡਾਹੀਆ । ਤਿੰਨਾਂ ਦਿਸੇ ਏਕਾ ਡਰ, ਨਿਰਭੈ ਰੂਪ ਨਜ਼ਰੀ ਆਇਆ । ਤਿੰਨਾਂ

ਨੁਹਾਏ ਏਕਾ ਸਰ, ਚਰਨ ਚਰਨੋਦਕ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ ਆਪਣਾ ਆਪ ਰਚਾਇਆ । ਤ੍ਰੈ ਤ੍ਰੈ ਮੇਲਾ ਹਰਿ ਨਿਰੰਕਾਰ, ਆਪਣਾ ਆਪ ਕਰਾਇੰਦਾ । ਪਾਰਬ੍ਰਹਮ ਕਰ ਪਿਆਰ, ਬ੍ਰਹਮ ਸਾਚਾ ਵੇਖ ਵਖਾਇੰਦਾ । ਸਾਚੀ ਵਸਤ ਏਕੰਕਾਰ, ਆਪਣੇ ਹੱਥ ਰਖਾਇੰਦਾ । ਵਿਸ਼ਨੂੰ ਨਿਉਂ ਨਿਉਂ ਕਰੇ ਨਿਮਸਕਾਰ, ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇੰਦਾ । ਸ਼ੰਕਰ ਕਰੇ ਦਰ ਪੁਕਾਰ, ਜਟਾ ਜੂਟ ਗਲ ਵਿਚ ਪੱਲਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਵਿਸ਼ਨੂੰ ਦੇਵੇ ਏਕਾ ਏਕਾ ਵਸਤ, ਹਰਿ ਸਾਚੇ ਵਡ ਵਡਿਆਈਆ । ਸਤੋ ਗੁਣ ਸਾਚਾ ਤਤ, ਸਾਚੀ ਝੋਲੀ ਪਾਈਆ । ਬ੍ਰਹਮਾ ਉਪਜਾਇਆ ਵਿਸ਼ਨੂੰ ਰਤ, ਰਜੋ ਗੁਣ ਦਏ ਸਲਾਹੀਆ । ਸ਼ੰਕਰ ਧੂੰਆਂਧਾਰ ਪ੍ਰਗਟ, ਤਮੋ ਰੂਪ ਰਖਾਈਆ । ਤ੍ਰੈਗੁਣ ਮੇਲਾ ਘਟ ਘਟ, ਘਰ ਘਰ ਵਿਚ ਦਏ ਵਸਾਈਆ । ਤਿੰਨਾਂ ਪਹਿਨਾਏ ਏਕਾ ਪਟ, ਸ਼ਬਦ ਦੋਸ਼ਾਲਾ ਇਕ ਵਖਾਈਆ । ਤਿੰਨਾਂ ਨਗਾਰੇ ਲਾਏ ਸੱਟ, ਆਪਣਾ ਸ਼ਬਦ ਨਾਦ ਵਜਾਈਆ । ਤਿੰਨਾਂ ਅੰਦਰ ਜੋਤ ਲਟ ਲਟ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤਿੰਨਾ ਅੰਦਰ ਅੰਮ੍ਰਿਤ ਝੱਟ, ਸਾਚੀ ਧਾਰ ਆਪ ਚੁਆਈਆ । ਤਿੰਨਾ ਅੰਦਰ ਵਿਛਾਈ ਖਾਟ, ਬੈਠਾ ਆਸਣ ਲਾਈਆ । ਤਿੰਨਾਂ ਬੁਝਾਈ ਆਪਣੀ ਵਾਤ, ਆਪਣਾ ਲੇਖਾ ਰਿਹਾ ਸਮਝਾਈਆ । ਤਿੰਨਾਂ ਜਣਾਏ ਖੇਲ ਬਾਜੀਗਰ ਨਾਟ, ਸਵਾਂਗੀ ਸਾਂਗ ਰਚਾਈਆ । ਤਿੰਨਾਂ ਆਪਣਾ ਅੰਗ ਆਪੇ ਕਾਟ, ਆਪਣੀ ਵੰਡ ਵੰਡਾਈਆ । ਤਿੰਨਾਂ ਵਖਾਏ ਏਕਾ ਹਾਟ, ਵਣਜ ਵਪਾਰ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਭੰਡਾਰਾ ਹਰਿ ਬ੍ਰਹਿਮੰਡ, ਆਪਣਾ ਆਪ ਵਰਤਾਈਆ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚੇ ਸਚ ਸਮਝਾਇੰਦਾ । ਮੇਰਾ ਨਾਉਂ ਤੇਰਾ ਨਿਸ਼ਾਨ, ਲੋਕ ਪਰਲੋਕ ਵਖਾਇੰਦਾ । ਬ੍ਰਹਮੇ ਬ੍ਰਹਮ ਤੇਰਾ ਗਿਆਨ, ਸਚ ਧਿਆਨ ਇਕ ਕਰਾਇੰਦਾ । ਸ਼ੰਕਰ ਰੱਖੇ ਏਕਾ ਆਣ, ਏਕਾ ਹੁਕਮ ਸੁਣਾਇੰਦਾ । ਤਿੰਨਾਂ ਦਰ ਸ਼ਬਦ ਪਰਵਾਨ, ਸ਼ਬਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪ ਚਲਾਇੰਦਾ । ਵਿਸ਼ਨੂੰ ਉਠ ਕਰ ਤਿਆਰੀ, ਹਰਿ ਸਾਚਾ ਆਪ ਜਗਾਇੰਦਾ । ਬ੍ਰਹਮੇ ਤੇਰੀ ਆਈ ਵਾਰੀ, ਪਾਰਬ੍ਰਹਮ ਆਪ ਪਰਗਟਾਇੰਦਾ । ਸ਼ੰਕਰ ਕਰ ਉਠ ਸਵਾਰੀ, ਹਰੀ ਹਰਿ ਆਪ ਚੜ੍ਹਾਇੰਦਾ । ਤਿੰਨਾਂ ਮੇਲਾ ਜੋਤ ਨਿਰੰਕਾਰੀ, ਨਿਰਗੁਣ ਆਪਣਾ ਵੇਸ ਵਟਾਇੰਦਾ । ਤਿੰਨਾਂ ਦੇਵੇ ਸਚ ਭੰਡਾਰੀ, ਸਤਿ ਭੰਡਾਰ ਇਕ ਵਰਤਾਇੰਦਾ । ਤ੍ਰੈਗੁਣ ਮਾਇਆ ਕਰ ਪਿਆਰੀ, ਏਕਾ ਝੋਲੀ ਪਾਇੰਦਾ । ਆਪਣੇ ਆਪ ਤੋਂ ਰੱਖੀ ਨਿਆਰੀ, ਨਿਰਗੁਣ ਆਪਣਾ ਅੰਗ ਨਾ ਅੰਗ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਤ੍ਰੈਗੁਣ ਮਾਇਆ ਹਰਿ ਭੰਡਾਰਾ, ਵਿਸ਼ਨ ਬ੍ਰਹਮੇ ਸ਼ਿਵ ਆਪ ਵਰਤਾਈਆ । ਲੱਖ ਚੁਰਾਸੀ ਕਰ ਪਸਾਰਾ, ਤ੍ਰੈਗੁਣ ਤੇਰੀ ਰਚਨ ਰਚਾਈਆ । ਵਿਸ਼ਨੂੰ ਦੇਵੇ ਸਚ ਭੰਡਾਰਾ, ਰਾਜ਼ਕ ਰਿਜ਼ਕ ਸਬਾਈਆ । ਬ੍ਰਹਮਾ ਮੰਨਿਆ ਇਕ ਆਧਾਰਾ, ਆਪਣਾ ਬੂਟਾ ਆਪੇ ਲਾਈਆ । ਸ਼ੰਕਰ ਲੇਖਾ ਜਾਣੇ ਅੰਤਮ ਵਾਰਾ, ਆਪਣਾ ਲੇਖਾ ਦਏ ਮੁਕਾਈਆ । ਸਤਿ ਪੁਰਖ ਨਿਰੰਜਣ ਖੇਲ ਨਿਆਰਾ, ਪੁਰਖ ਕਰਤਾਰਾ ਆਪ ਕਰਾਈਆ । ਦੇਵਣਹਾਰਾ ਸਚ ਹੁਲਾਰਾ, ਸਾਚਾ ਝੂਲਾ ਰਿਹਾ ਝੁਲਾਈਆ । ਏਕੰਕਾਰਾ ਨਿਰਾਕਾਰਾ, ਓਅੰਕਾਰ ਰੂਪ ਵਟਾਈਆ । ਆਪੇ ਬੰਨ੍ਹੇ ਆਪਣੀ ਧਾਰਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਹੰ ਹਰਿ ਕਰ


੧੪੫

ਪਸਾਰਾ, ਸੋਹੰ ਰੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਏਕਾ ਵਰ, ਬ੍ਰਹਮਾ ਵਿਸ਼ਨ ਸ਼ਿਵ ਅੱਗੇ ਧਰ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਤ੍ਰੈਗੁਣ ਮੇਲਾ ਏਕਾ ਘਰ, ਹਰਿ ਸਾਚਾ ਸਚ ਸਮਝਾਇੰਦਾ । ਏਕਾ ਰੂਪ ਏਕਾ ਰੁੱਤ, ਏਕਾ ਵਤ ਬੀਜ ਬਿਜਾਇੰਦਾ । ਏਕਾ ਖੇਲ ਪੁਰਖ ਸਮਰਥ, ਸਾਰ ਸ਼ਬਦ ਵੇਖ ਵਖਾਇੰਦਾ । ਆਪਣੀ ਮਹਿਮਾ ਜਾਣੇ ਅਕਥ, ਵਿਸ਼ਨ ਬ੍ਰਹਮੇ ਆਪ ਸਮਝਾਇੰਦਾ । ਆਪਣਾ ਸ਼ਬਦ ਆਪੇ ਦੱਸ, ਆਪਣਾ ਨਾਮ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਅੰਦਰ ਸ਼ਬਦ ਧਰ, ਸਚ ਗਿਆਨ ਹਰਿ ਭਗਵਾਨ ਆਪਣਾ ਆਪ ਦ੍ਰਿੜਾਇੰਦਾ । ਸਚ ਗਿਆਨਾ ਹਰਿ ਭਗਵਾਨਾ, ਹਰਿ ਬ੍ਰਹਮਾ ਬ੍ਰਹਮ ਸਮਝਾਈਆ । ਧੁਰ ਦਰਗਾਹੀ ਸਚ ਨਿਸ਼ਾਨਾ, ਏਕੰਕਾਰਾ ਦਏ ਵਖਾਈਆ । ਵਿਸ਼ਨੂੰ ਵਿਸ਼ਨ ਕਰ ਪਰਵਾਨਾ, ਵਿਸ਼ਵ ਆਪਣਾ ਰੂਪ ਦਰਸਾਈਆ । ਸ਼ੰਕਰ ਮੇਲਾ ਵਿਚ ਜਹਾਨਾ, ਹਰਿ ਸਾਚਾ ਆਪ ਕਰਾਈਆ । ਸਾਂਗੋ ਪਾਂਗ ਖੇਲ ਮਹਾਨਾ, ਬਾਸ਼ਕ ਤਸ਼ਕਾ ਆਪ ਹੰਢਾਈਆ । ਮੁਖ ਸਹੰਸਰ ਏਕਾ ਗਾਣਾ, ਦੋਏ ਸਹੰਸਰ ਜੇਹਵਾ ਰਿਹਾ ਹਲਾਈਆ । ਸਚ ਤਖਤ ਬੈਠ ਹਰਿ ਸੁਲਤਾਨਾ, ਸਾਚੀ ਸਿਖਿਆ ਰਿਹਾ ਸਮਝਾਈਆ । ਤਿੰਨਾਂ ਬੱਧਾ ਏਕਾ ਗਾਨਾਂ, ਏਕਾ ਸਗਨ ਮਨਾਈਆ । ਧੁਰਦਰਗਾਹੀ ਧੁਰ ਫ਼ਰਮਾਨਾ, ਸਤਿ ਪੁਰਖ ਨਿਰੰਜਣ ਆਪ ਸੁਣਾਈਆ । ਲੋਕਮਾਤ ਲੱਖ ਚੁਰਾਸੀ ਜੀਵ ਜੰਤ ਕਰ ਪਰਧਾਨਾ, ਘੜ ਭਾਂਡੇ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਤ ਆਪ ਸਮਝਾਈਆ । ਆਪਣਾ ਤਤ ਹਰਿ ਨਿਰੰਕਾਰ, ਆਪੇ ਆਪ ਬੁਝਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ ਕਰ ਤਿਆਰ, ਤ੍ਰੈਗੁਣ ਮੇਲ ਮਿਲਾਇੰਦਾ । ਭਾਂਡੇ ਘੜੇ ਘੜਨਹਾਰ ਘੁਮਿਆਰ, ਚੱਕੀ ਚੱਕ ਆਪ ਫਿਰਾਇੰਦਾ । ਆਪੇ ਗੇੜਾ ਦੇਵੇ ਅਗੰਮ ਅਪਾਰ, ਦਿਸ ਕਿਸੇ ਨਾ ਆਇੰਦਾ । ਆਪੇ ਅਗਨੀ ਦੇਵੇ ਡਾਰ, ਜੋਤੀ ਲੰਬੂ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਸੇਵ ਕਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਵਰ ਹਰਿ ਪਾ, ਢਹਿ ਢਹਿ ਪਏ ਸਰਨਾਈਆ । ਤੇਰੀ ਸੇਵਾ ਸੇਵਕ ਬਣ ਬਣ ਰਹੇ ਕਮਾ, ਬਖਸ਼ੀ ਸਚ ਸਰਨਾਈਆ । ਕਵਣ ਸੋ ਵੇਲਾ ਕਵਣ ਵਕਤ ਤਿੰਨਾਂ ਦਈਂ ਸਮਝਾ, ਅਸੀਂ ਭੁੱਲੇ ਪਾਂਧੀ ਰਾਹੀਆ । ਤੇਰਾ ਵਿਛੋੜਾ ਰਹੇ ਨਾ ਰਾ, ਤੇਰਾ ਦਰਸ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਈਆ । ਵਿਸ਼ਨ ਬ੍ਰਹਮੇ ਸ਼ਿਵ ਸੁਣ ਸੁਣ ਕਾਨ, ਹਰਿ ਸਾਚਾ ਸਚ ਸੁਣਾਇੰਦਾ । ਲੱਖ ਚੁਰਾਸੀ ਜਗਤ ਮਕਾਨ, ਪੰਜ ਤਤ ਆਪ ਬਣਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਸਾਚਾ ਖੇਲ ਖਿਲਾਇੰਦਾ । ਨੌ ਦਰ ਖੋਲ੍ਹ ਜਗਤ ਦੁਕਾਨ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਮਨ ਮਤ ਬੁਧ ਵਿਚ ਨਿਸ਼ਾਨ, ਪੰਜ ਅੱਠ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲਾਇੰਦਾ । ਪੰਜ ਤਤ ਕਾਇਆ ਘਰ ਸੁਹੌਣਾ, ਬੰਕੀ ਬੰਕ ਦਵਾਰਿਆ । ਘਰ ਵਿਚ ਘਰ ਆਪ ਬਣੌਣਾ, ਉਚ ਮਹੱਲ ਅਟਾਰਿਆ । ਟੇਢੀ ਬੰਕ ਰਾਹ ਰਖੌਣਾ, ਉਚਾ ਡੰਡਾ ਨੌ ਦਵਾਰਿਆ । ਤਿੰਨਾਂ ਮੇਲਾ ਏਕਾ ਘਰ ਬਣੌਣਾ, ਘਰ ਘਰ ਵਿਚ ਵੇਖ ਵਖਾ ਰਿਹਾ । ਡੂੰਘੀ ਕਵਰੀ ਫੇਰਾ ਪੌਣਾ, ਗਹਿਰ ਗਵਰੀ ਜੋਤ ਜਗਾ ਰਿਹਾ । ਜੋਤ ਨਿਰੰਜਣ ਡਗਮਗੌਣਾ, ਨੂਰੋ ਨੂਰ ਇਕ ਵਖਾ ਰਿਹਾ । ਸਚ ਵਸਤ ਹਰਿ ਝੋਲੀ ਪੌਣਾ, ਦੇ ਮਤ ਆਪ ਸਮਝਾ ਰਿਹਾ । ਅਨਹਦ ਸ਼ਬਦ ਆਪ ਵਜੌਣਾ, ਅਨਹਤ ਆਪਣਾ ਰੂਪ ਵਟਾ ਰਿਹਾ । ਅੰਮ੍ਰਿਤ ਸਰੋਵਰ ਸਚ ਭਰੌਣਾ, ਨਿਝਰ ਝਿਰਨਾ ਇਕ ਵਖਾ ਲਿਆ । ਬਜਰ

੧੪੬

ਕਪਾਟੀ ਪੜਦਾ ਪੌਣਾ, ਕੋਏ ਨਾ ਪਰੇ ਹਟਾ ਲਿਆ । ਅੰਦਰ ਵੜ ਆਸਣ ਲੌਣਾ, ਆਤਮ ਸੇਜਾ ਨਾਉਂ ਉਪਾ ਲਿਆ । ਘਰ ਵਿਚ ਸਾਚਾ ਘਰ ਸੁਹੌਣਾ, ਘਰ ਮੰਦਰ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਦਰ, ਤ੍ਰੈਗੁਣ ਮੇਲਾ ਪੰਜ ਤਤ ਏਕਾ ਕਰ, ਲੱਖ ਚੁਰਾਸੀ ਸੰਗ ਨਿਭਾ ਲਿਆ । ਬ੍ਰਹਮੇ ਵਿਸ਼ਨ ਸ਼ਿਵ ਹਰਿ ਸਮਝਾਏ, ਗੁਰ ਗੁਰ ਪੁਰਖ ਵੱਡੀ ਵਡਿਆਈਆ । ਨੌ ਸੌ ਚੁਰਾਨਵੇ ਜੁਗ ਚੌਕੜੀ ਸੇਵਾ ਲਾਏ, ਲੋਕਮਾਤ ਵੇਖ ਵਖਾਈਆ । ਲੱਖ ਚੁਰਾਸੀ ਰਚਨ ਰਚਾਏ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਵਿਚ ਟਿਕਾਏ, ਦਿਸ ਕਿਸੇ ਨਾ ਆਈਆ । ਸ਼ਬਦ ਹਾਣੀ ਮੇਲ ਮਿਲਾਏ, ਘਰ ਵਜਦੀ ਰਹੇ ਵਧਾਈਆ । ਬ੍ਰਹਮਾ ਵੇਤਾ ਇਕ ਸਮਝਾਏ, ਵੇਦ ਵਿਦਿਆ ਕਰੇ ਪੜ੍ਹਾਈਆ । ਚਾਰੇ ਜੁਗ ਲੇਖਾ ਦਏ ਲਿਖਾਏ, ਭੁੱਲ ਰਹੇ ਨਾ ਰਾਈਆ । ਸਤਿਜੁਗ ਸਾਚਾ ਸੰਗ ਨਿਭਾਏ, ਮਹਾਂਸਾਰਥੀ ਵਡ ਵਡਿਆਈਆ । ਵਲ ਛਲ ਧਾਰੀ ਖੇਲ ਖਲਾਏ, ਬਲ ਬਾਵਨ ਦਏ ਸਲਾਹੀਆ । ਤ੍ਰੇਤਾ ਤੇਰਾ ਤੀਰ ਚਲਾਏ, ਤਤਵ ਤਤ ਇਕ ਸਮਝਾਈਆ । ਗੜ੍ਹ ਹੰਕਾਰੀ ਮੇਟ ਮਿਟਾਏ, ਗਰੀਬ ਨਿਮਾਣੇ ਗਲੇ ਲਗਾਈਆ । ਦਵਾਪਰ ਤੇਰੀ ਧਾਰ ਬੰਧਾਏ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣਾ ਵੇਸ ਵਟਾਈਆ । ਨਾਮ ਬੰਸਰੀ ਇਕ ਵਜਾਏ, ਸਾਚੀ ਸਖੀਆਂ ਮੰਗਲ ਗਾਈਆ । ਪੰਚਮ ਲੇਖਾ ਦਏ ਚੁਕਾਏ, ਪੰਚਮ ਮਾਣ ਵਡਿਆਈਆ । ਏਕਾ ਦੂਜਾ ਰਹਿਣ ਨਾ ਪਾਏ, ਤੀਜੇ ਨੈਣ ਇਕ ਰਘੁਰਾਈਆ । ਚੌਥੇ ਘਰ ਡੇਰਾ ਲਾਏ, ਚੌਥੇਂ ਪਦ ਮੇਲ ਮਿਲਾਈਆ । ਬ੍ਰਹਮ ਨਦ ਇਕ ਵਜਾਏ, ਸੁਣਾਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਕਰਨੇ ਜੋਗ, ਬੇਅੰਤ ਬੇਐਬ ਪਰਵਰਦਿਗਾਰਿਆ । ਆਪ ਆਪਣਾ ਕਰਿਆ ਭੋਗ, ਸਤਿਜੁਗ ਤਰੇਤਾ ਦਵਾਪਰ ਪਾਰ ਉਤਾਰਿਆ । ਕਲਜੁਗ ਹੋਇਆ ਧੁਰ ਸੰਜੋਗ, ਲਿਖਿਆ ਲੇਖ ਆਪ ਨਿਰੰਕਾਰਿਆ । ਜੂਠ ਝੂਠ ਲੱਗਾ ਰੋਗ, ਮਾਇਆ ਮਮਤਾ ਮੋਹ ਬਣਿਆ ਗੜ੍ਹ ਹੰਕਾਰਿਆ । ਫਿਰੇ ਦਰੋਹੀ ਚੌਦਾਂ ਲੋਕ, ਚੌਦਾਂ ਤਬਕ ਹਾਹਾਕਾਰਿਆ । ਈਸਾ ਮੂਸਾ ਸੁਣਾਇਆ ਆਪਣਾ ਸਲੋਕ, ਗਾਏ ਤਰਾਨਾ ਸੰਗ ਮੁਹੰਮਦ ਚਾਰ ਯਾਰਿਆ । ਐਨਲਹਕ ਹਕ ਹਕੀਕਤ ਨਾ ਸਕੇ ਕੋਈ ਰੋਕ, ਲਾਸ਼ਰੀਕ ਖੇਲ ਅਗੰਮ ਅਪਾਰਿਆ । ਪੀਰ ਦਸਤਗੀਰ ਸ਼ਾਹ ਹਕੀਰ ਮੁਲਾਂ ਸ਼ੇਖ ਕੁਤਬ ਗੌਸ ਨਾ ਸਕੇ ਕੋਈ ਰੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਜੋਧਾ ਸੂਰ ਬਲੀ ਬਲਕਾਰਿਆ । ਜੋਧਾ ਸੂਰ ਬਲੀ ਬਲਵਾਨ, ਕਾਇਨਾਤ ਵੇਖ ਵਖਾਈਆ । ਮੁਕਾਮੇ ਹਕ ਸਚ ਮਕਾਨ, ਲਾਸ਼ਰੀਕ ਦਏ ਗਵਾਹੀਆ । ਮਹਿਬਾਨ ਬੀਦੋ ਨੌਜਵਾਨ, ਇਸਮ ਆਜ਼ਮ ਇਕ ਅਖਵਾਈਆ । ਆਪੇ ਗਾਏ ਅੰਜੀਲ ਕੁਰਾਨ, ਤੀਸ ਬਤੀਸ ਆਪ ਸਲਾਹੀਆ । ਆਪੇ ਕਲਮਾ ਨਬੀ ਬਣ ਈਮਾਨ, ਸ਼ਰਅ ਸ਼ਰੀਅਤ ਦਏ ਵਡਿਆਈਆ । ਆਪੇ ਸ਼ਾਹ ਬਣ ਅਫਗਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਆਪੇ ਰਾਮ ਰਹੀਮ ਹੋ ਰਹਿਮਾਨ, ਰਹਿਮਤ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ, ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਚਾਰੋਂ ਕੁੰਟ ਭਵਾਈਆ । ਚਾਰੋਂ ਕੁੰਟ ਚਾਰ ਯਾਰੀ, ਚਾਰੇ ਦਿਸ਼ਾ ਵੇਖ ਵਖਾਇੰਦਾ । ਸ਼ਾਹ ਸੁਲਤਾਨਾ ਸ਼ਾਹ ਅਸਵਾਰੀ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਐਲੀ ਅੱਲਾ ਨੂਰ ਇਲਾਹੀ ਹੋ ਉਜਿਆਰੀ, ਨੂਰ ਨੁਰਾਨੀ ਜੋਤ ਜਗਾਇੰਦਾ । ਅਹਿਬਾਬ ਰਬਾਬ ਵਜਾਏ ਸਤਾਰੀ, ਸਚ ਸਰੰਗਾ ਹੱਥ ਉਠਾਇੰਦਾ । ਅੱਲਾ ਰਾਣੀ

੧੪੭

ਰਹੀ ਕਵਾਰੀ, ਸਾਚਾ ਖੋਤ ਨਾ ਕੋਇ ਵਖਾਇੰਦਾ । ਲੋਕਮਾਤ ਆਬੇ ਹਯਾਤ ਭਰਨਹਾਰੀ, ਪਾਣੀ ਸਾਚੀ ਸੇਵਾ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਹਰਿ ਸਤਿਗੁਰ ਸਾਚੀ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਖ ਵਖਾਇੰਦਾ । ਭਗਤ ਭਗਵੰਤ ਮੀਤ ਮੁਰਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸੰਤ ਸੁਹੇਲਾ ਕਰ ਪਿਆਰ, ਦਰ ਘਰ ਸਾਚਾ ਇਕ ਸੁਹਾਇੰਦਾ । ਨਿਰਗੁਣ ਬਾਤੀ ਕਰ ਉਜਿਆਰ, ਘਰ ਦੀਪਕ ਇਕ ਜਗਾਇੰਦਾ । ਕਮਲਾਪਾਤੀ ਹੋ ਤਿਆਰ, ਕਵਲ ਨੈਣ ਨੈਣ ਮਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਹਰਿ ਸਚਾ ਵਡ ਵਡਿਆਈਆ । ਸਤਿਜੁਗ ਤਰੇਤਾ ਦੁਆਪਰ ਚਲਾਇਆ ਰਥ, ਕਲਜੁਗ ਵੇਖੇ ਬੇਪਰਵਾਹੀਆ । ਲਖ ਚੁਰਾਸੀ ਪਾਈ ਨੱਥ, ਡੋਰੀ ਆਪਣੇ ਹੱਥ ਰਖਾਈਆ । ਬ੍ਰਹਮਾ ਵਿਸ਼ਨ ਸ਼ਿਵ ਮਹਿਮਾ ਗਾਇਣ ਅਕਥ, ਚਾਰ ਵੇਦ ਦੇਣ ਦੁਹਾਈਆ । ਨਿਰਗੁਣ ਸਰਗੁਣ ਰਿਹਾ ਨੱਠ, ਦੋ ਜਹਾਨਾਂ ਫੇਰਾ ਪਾਈਆ । ਵਸਣਹਾਰਾ ਘਟ ਘਟ, ਹਰਿਜਨ ਸਾਚੇ ਲਏ ਜਗਾਈਆ । ਲੇਖਾ ਜਾਣੇ ਤੀਰਥ ਅਠਸਠ, ਤਟ ਕਿਨਾਰਾ ਫੋਲ ਫੁਲਾਈਆ । ਗੰਗਾ ਗੋਦਾਵਰੀ ਦੇਖੇ ਮੱਠ, ਜਮਨਾ ਸੁਰਸਤੀ ਚਰਨ ਟਿਕਾਈਆ । ਜੋਤ ਜਵਾਲਾ ਲਟ ਲਟ, ਅਨਭਵ ਪ੍ਰਕਾਸ਼ ਵਖਾਈਆ । ਉਚੇ ਟਿੱਲੇ ਪਰਬਤ ਚੋਟੀ ਚੜ੍ਹ ਆਪੇ ਭੰਨੇ ਦੂਈ ਦਵੈਤੀ ਵੱਟ, ਦਰ ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਏਕੰਕਾਰਾ ਓਅੰਕਾਰਾ ਨਿਰਾਕਾਰਾ ਸਾਕਾਰਾ ਨਿਰਗੁਣ ਸਰਗੁਣ ਆਪਣਾ ਰੂਪ ਵਟਾਈਆ । ਨਿਰਗੁਣ ਦਾਤਾ ਬੇਪਰਵਾਹ, ਭੇਵ ਕੋਏ ਨਾ ਪਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਲੋਕਮਾਤ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਸਲਾਹ, ਸਾਚਾ ਮਤਾ ਆਪ ਪਕਾਇੰਦਾ । ਕਰੋੜ ਤੇਤੀਸਾ ਨਾਲ ਰਲਾ, ਸੁਰਪਤ ਰਾਜਾ ਨਾਲ ਰਲਾਇੰਦਾ । ਗਣ ਗੰਧਰਬ ਲਏ ਉਠਾ, ਕਿਨਰ ਜਛਪ ਆਪ ਹਲਾਇੰਦਾ । ਲਖ ਚੁਰਾਸੀ ਡੇਰਾ ਲਾ, ਘਟ ਘਟ ਵੇਖ ਵਖਾਇੰਦਾ । ਗੁਰਮੁਖ ਸਾਚੇ ਮੇਲ ਮਿਲਾ, ਘਰ ਮੰਦਰ ਇਕ ਸੁਹਾਇੰਦਾ । ਪੁਰਖ ਅਬਿਨਾਸ਼ੀ ਜੋਤ ਜਗਾ, ਜਾਗਰਤ ਜੋਤ ਇਕ ਜਣਾਇੰਦਾ । ਸ਼ਾਹ ਰਗ ਉਪਰ ਡੇਰਾ ਲਾ, ਅਗਨੀ ਤਤ ਬੁਝਾਇੰਦਾ । ਕਾਗੋਂ ਹੰਸ ਲਏ ਬਣਾ, ਮਾਣਕ ਮੋਤੀ ਚੋਗ ਚੁਗਾਇੰਦਾ । ਜਨਨੀ ਜਨ ਲੇਖੇ ਲਾ, ਜਨਕ ਸਪੁਤਰੀ ਸੀਤਾ ਰਾਮ ਪਰਨਾਇੰਦਾ । ਸਾਚੀ ਸਖੀਆਂ ਮੰਗਲ ਗਾ, ਏਕਾ ਕਾਹਨ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਹਰਿ ਕਰਨੇਹਾਰਾ, ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਹਰਿ ਆਪਣੀ ਖੇਲ ਖਿਲਾਇੰਦਾ । ਆਪਣੇ ਘਰ ਆਪੇ ਬਣਿਆ ਸੱਜਣ ਸੁਹੇਲਾ, ਸਾਖਯਾਤ ਰੂਪ ਵਟਾਇੰਦਾ । ਆਪਣਾ ਖੇਲ ਆਪੇ ਖੇਲਾ, ਅਕਲ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹਰਿ ਨਿਰੰਕਾਰ, ਪੰਜ ਤਤ ਕਰ ਪਿਆਰ, ਸਰਗੁਣ ਮੇਲਾ ਵਿਚ ਸੰਸਾਰ, ਨਾਨਕ ਨਾਮ ਵਡਿਆਇੰਦਾ । ਨਾਨਕ ਮਿਲਿਆ ਹਰਿ ਗੋਬਿੰਦ, ਘਰ ਸਾਚੇ ਵੱਜੀ ਵਧਾਈਆ । ਤ੍ਰੈਗੁਣ ਮਾਇਆ ਮਿਟੀ ਚਿੰਦ, ਪੰਜ ਤਤ ਹੋਈ ਰੁਸ਼ਨਾਈਆ । ਅੰਮ੍ਰਿਤ ਧਾਰ ਸਾਗਰ ਸਿੰਧ, ਦਿਵਸ ਰੈਣ ਵਹਾਈਆ । ਪੁਰਖ ਅਬਿਨਾਸ਼ੀ ਸਦ ਬਖਸ਼ੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਆਪ ਉਪਜਾਏ ਆਪਣੀ ਬਿੰਦ, ਨਾਦੀ ਸੁਤ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਨਿਰਗੁਣ ਦਾਤਾ ਨਿਰਗੁਣ ਧਾਰ, ਖੇਲੇ ਖੇਲ ਵਿਚ ਸੰਸਾਰ, ਏਕਾ ਰੂਪ ਸਰਬ ਦਰਸਾਈਆ । ਏਕਾ ਰੂਪ ਸੂਰਾ ਸਰਬੰਗ, ਹਰਿ ਸੱਜਣ ਸ਼ਹਿਨਸ਼ਾਹ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ, ਵਡ ਦਾਤਾ ਬੇਪਰਵਾਹ । ਦੋ ਜਹਾਨਾਂ ਕੱਟੇ ਭੁੱਖ ਨੰਗ, ਸ਼ਬਦ ਸਰੂਪੀ ਬਣ ਮਲਾਹ । ਅਸਵ ਘੋੜੇ ਕਸੇ ਤੰਗ, ਸ਼ਾਹ ਅਸਵਾਰਾ ਨਾਉਂ ਧਰਾ । ਲੋਆਂ ਪੁਰੀਆਂ ਆਪੇ ਲੰਘ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਮੇਲਾ ਸਰਗੁਣ ਘਰ, ਨਾਨਕ ਮਿਲਿਆ ਸੱਚਾ ਪਾਤਸ਼ਾਹ । ਸਤਿਗੁਰ ਸੱਚਾ ਪਾਤਸ਼ਾਹ, ਹਰਿ ਸੱਜਣ ਹਰਿ ਹਰਿ ਪਾਇਆ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਰਾ ਨਾ ਕੋਇ ਜਣਾਇਆ । ਨਾ ਕੋਈ ਜਿਮੀਂ ਨਾ ਅਸਮਾਂ, ਸੂਰਜ ਚੰਨ ਨਾ ਕੋਇ ਚੜ੍ਹਾਇਆ । ਨਾ ਕੋਈ ਮੰਦਰ ਨਾ ਮਕਾਨ, ਧਰਨੀ ਧਰਤ ਨਾ ਕੋਇ ਵਖਾਇਆ । ਨਾ ਕੋਈ ਹੰਸ ਨਾ ਕੋਈ ਕਾਂ, ਕਾਗਾਂ ਡਾਰ ਨਾ ਕੋਇ ਉਡਾਇਆ । ਨਾ ਕੋਈ ਸ਼ਬਦ ਨਾ ਕੋਈ ਨਾਂ, ਗੁਰ ਪੀਰ ਅਵਤਾਰ ਕੋਈ ਦਿਸ ਨਾ ਆਇਆ । ਨਾ ਕੋਈ ਥਨੰਤਰ ਨਾ ਕੋਈ ਥਾਂ, ਨਾ ਕੋਈ ਡੇਰਾ ਲਾਇਆ । ਨਾ ਕੋਈ ਬਿਰਛ ਨਾ ਕੋਈ ਛਾਂ, ਛੱਪਰ ਛੰਨ ਨਾ ਕੋਇ ਛੁਹਾਇਆ । ਨਾ ਕੋਈ ਪਕੜਨਹਾਰਾ ਬਾਂਹ, ਨਾ ਕੋਈ ਗਲੇ ਲਗਾਇਆ । ਇਕ ਅਕੱਲਾ ਵੇਖਿਆ ਬੇਪਰਵਾਹ, ਨਾਨਕ ਮੇਲਾ ਸਹਿਜ ਸੁਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਸਰਗੁਣ ਵੜ, ਸਰਗੁਣ ਆਪਣਾ ਰੂਪ ਬਣਾਇਆ । ਸਰਗੁਣ ਬਣਿਆ ਹਰਿ ਹਰਿ ਰੂਪ, ਹਰਿ ਸਾਚੀ ਜੋਤ ਜਗਾਈਆ । ਸ਼ਬਦ ਨਗਾਰਾ ਚਾਰੇ ਕੂਟ, ਦਹਿ ਦਿਸ਼ਾ ਆਪ ਸੁਣਾਈਆ । ਅਬਿਨਾਸ਼ੀ ਕਰਤਾ ਗਿਆ ਤੁਠ, ਘਰ ਸਾਚੇ ਵੱਜੀ ਵਧਾਈਆ । ਆਪਣਾ ਲਾਹਾ ਆਪੇ ਰਿਹਾ ਲੁੱਟ, ਆਪਣੀ ਝੋਲੀ ਆਪ ਭਰਾਈਆ । ਆਪਣੇ ਅੰਦਰੋਂ ਆਪੇ ਫੁਟ, ਆਪਣਾ ਨੂਰ ਕਰੇ ਰੁਸ਼ਨਾਈਆ । ਆਪੇ ਢਾਏ ਆਪਣਾ ਕਿਲਾ ਕੋਟ ਗੜ੍ਹ, ਹੰਕਾਰੀ ਰਹਿਣ ਨਾ ਪਾਈਆ । ਆਪ ਲਗਾਏ ਆਪਣੀ ਚੋਟ, ਤਨ ਨਗਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲਾ ਏਕਾ ਘਰ, ਲੋਕਮਾਤ ਕਰੀ ਕੁੜਮਾਈਆ । ਪਾਰਬ੍ਰਹਮ ਬ੍ਰਹਮ ਕਰ ਕੁੜਮਾਈ, ਘਰ ਘਰ ਬੰਕ ਸੁਹਾਇਆ । ਸਚਖੰਡ ਦਵਾਰੇ ਵੱਜੀ ਵਧਾਈ, ਸਾਚਾ ਮੰਗਲ ਇਕ ਸੁਣਾਇਆ । ਆਦਿ ਨਿਰੰਜਣ ਵੇਖੇ ਚਾਈਂ ਚਾਈਂ, ਆਪਣਾ ਨੈਣ ਖੁਲ੍ਹਾਇਆ । ਸੋ ਪੁਰਖ ਨਿਰੰਜਣ ਪਕੜੇ ਬਾਂਹੀਂ, ਹਰਿ ਪੁਰਖ ਨਿਰੰਜਣ ਗਲੇ ਲਗਾਇਆ । ਸ੍ਰੀ ਭਗਵਾਨ ਨਿਥਾਵਿਆਂ ਦੇਵੇ ਥਾਈਂ, ਦਰਗਾਹ ਸਾਚੀ ਆਪ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਦਵਾਰੇ ਰਹੇ ਖੜ, ਦੋਏ ਜੋੜ ਪਏ ਸਰਨਾਇਆ । ਬ੍ਰਹਮਾ ਵਿਸ਼ਨ ਸ਼ਿਵ ਬਣ ਭਿਖਾਰ, ਦਰ ਘਰ ਸਾਚਾ ਏਕਾ ਮੰਗਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਰ ਦਵਾਰੇ ਤੇਰੇ ਆਏ ਦੂਜਾ ਦਰ ਨਾ ਕੋਈ ਲੰਘਿਆ । ਕਵਣ ਵੇਲਾ ਪਾਏਂ ਸਾਰ, ਜੁਗ ਜੁਗ ਹੋਇ ਭੁੱਖੇ ਨੰਗਿਆ । ਤੇਰਾ ਵੰਡਦੇ ਰਹੇ ਭੰਡਾਰ, ਵਡ ਦਾਤੇ ਸੂਰ ਸਰਬੰਗਿਆ । ਨਾਨਕ ਵਿਚੋਲਾ ਵਿਚ ਸੰਸਾਰ, ਤੇਰੀ ਸੇਜਾ ਸੁਤਾ ਸਚ ਪਲੰਗਿਆ । ਦੂਸਰ ਕੋਇ ਨਾ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਨਾਨਕ ਨਿਰਗੁਣ ਲਾਏ ਅੰਗਿਆ । ਬ੍ਰਹਮਾ ਵਿਸ਼ਨ ਸ਼ਿਵ ਸੁਣ ਪੁਕਾਰ, ਹਰਿ ਨਾਨਕ ਨਾਮ ਜਣਾਈਆ । ਤਿੰਨਾਂ ਲੇਖਾ ਲਿਖੇ ਅਪਾਰ, ਦੇ ਮਤ ਆਪ ਸਮਝਾਈਆ । ਤ੍ਰੈਗੁਣ ਮਾਇਆ ਕਰੇ ਖ਼ਵਾਰ, ਪਾਰਬ੍ਰਹਮ ਵੱਡੀ ਵਡਿਆਈਆ । ਪੰਜ ਤਤ ਮਾਰੇ ਮਾਰ, ਮਾਰਨਹਾਰਾ

੧੪੯

ਇਕ ਅਖਵਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਵਿਸ਼ਵ ਰੂਪ ਵਰਤੇ ਵਿਚ ਸੰਸਾਰ, ਬ੍ਰਹਮੇ ਲਹਿਣਾ ਦਏ ਮੁਕਾਈਆ । ਸ਼ੰਕਰ ਤੇਰਾ ਪਾਰ ਕਿਨਾਰ, ਤੇਰਾ ਬੇੜਾ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਆਪ ਬੁਝਾਈਆ । ਲੇਖਾ ਲਿਖਿਆ ਨਾਨਕ ਨਿਰਗੁਣ ਨਿਰਾਕਾਰ, ਚਾਰ ਵਰਨ ਸਮਝਾਇਆ । ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਨਾਉਂ ਵਟਾਇਆ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਸ਼ਬਦ ਮਿਲਾਇਆ । ਸਾਚਾ ਘੋੜਾ ਸ਼ਾਹ ਅਸਵਾਰ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਮਿਠਾ ਕੌੜਾ ਖੇਲ ਅਪਾਰ, ਲੋਕਮਾਤ ਵੇਖ ਵਖਾਇਆ । ਸੁਤ ਦੁਲਾਰਾ ਹੋ ਤਿਆਰ, ਸਾਚੀ ਸੇਵਾ ਆਪ ਕਮਾਇਆ । ਪੁਰਖ ਅਕਾਲ ਬੋਲ ਜੈਕਾਰ, ਪੰਚਮ ਮੇਲਾ ਮੇਲ ਮਿਲਾਇਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਭਰ ਪਿਆਲਾ ਨਾਮ ਪਿਆਇਆ । ਕੇਸ ਸੀਸ ਜਗਦੀਸ ਸੋਹੇ ਦਸਤਾਰ, ਹੱਥੀਂ ਕੰਗਨ ਇਕ ਪਹਿਨਾਇਆ । ਧੀਰਜ ਜਤ ਜਗਤ ਵਿਹਾਰ, ਸਤਿ ਸੰਤੋਖ ਗਿਆਨ ਦ੍ਰਿੜਾਇਆ । ਬ੍ਰਹਮ ਮਤ ਅਪਰ ਅਪਾਰ, ਗਤ ਮਿਤ ਆਪ ਵਖਾਇਆ । ਚਾਰ ਵਰਨਾਂ ਰੰਗ ਕਰਤਾਰ, ਰੰਗ ਮਜੀਠੀ ਆਪ ਚੜ੍ਹਾਇਆ । ਆਪ ਉਤਰਿਆ ਪਾਰ ਕਿਨਾਰ, ਗੁਰਮੁਖ ਸਾਚੇ ਪਾਰ ਕਰਾਇਆ । ਅੰਤਮ ਬੋਲੇ ਸ਼ਬਦ ਜੈਕਾਰ, ਵਾਹਿਗੁਰੂ ਫ਼ਤਿਹ ਇਕ ਗਜਾਇਆ । ਪੁਰਖ ਅਕਾਲ ਸਾਂਝਾ ਯਾਰ, ਸ੍ਰਿਸ਼ਟ ਸਬਾਈ ਰਿਹਾ ਸਮਝਾਇਆ । ਪਰਗਟ ਹੋਵੇ ਵਿਚ ਸੰਸਾਰ, ਸੰਤ ਸਹਾਈ ਆਪ ਹੋ ਜਾਇਆ । ਸੰਬਲ ਨਗਰੀ ਧਾਮ ਨਿਆਰ, ਆਪਣਾ ਡੇਰਾ ਲਏ ਲਗਾਇਆ । ਉਚਾ ਕੂਕੇ ਕਰੇ ਪੁਕਾਰ, ਹਰਿ ਮੰਦਰ ਵੇਖ ਵਖਾਇਆ । ਆਲਸ ਨਿੰਦਰਾ ਨਾ ਸੋਏ ਕਦੇ ਪੈਰ ਪਸਾਰ, ਤ੍ਰੈਗੁਣ ਵਿਚ ਕਦੇ ਨਾ ਆਇਆ । ਏਕਾ ਸ਼ਬਦ ਸ਼ਬਦ ਜੈਕਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਨਾਅਰਾ ਦਏ ਸੁਣਾਇਆ । ਨਿਹਕਲੰਕਾ ਲੈ ਅਵਤਾਰ, ਕਲਜੁਗ ਅੰਤਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੁਗ ਜੁਗ ਵੇਸ ਅਵਲੜਾ, ਹਰਿ ਸਤਿਗੁਰ ਪੁਰਖ ਸੁਲਤਾਨ । ਖੇਲੇ ਖੇਲ ਇਕ ਅਕੱਲੜਾ, ਆਦਿ ਜੁਗਾਦੀ ਨੌਜਵਾਨ । ਸਚ ਦਵਾਰਾ ਏਕਾ ਮਲੜਾ, ਸਚਖੰਡ ਨਿਵਾਸੀ ਹਰਿ ਮਿਹਰਵਾਨ । ਦੋ ਜਹਾਨਾਂ ਫੇਰੇ ਪਲੜਾ, ਜੋਧਾ ਸੂਰਬੀਰ ਬਲਵਾਨ । ਸ਼ਬਦ ਸਨੇਹੜਾ ਆਪਣਾ ਘਲੜਾ, ਆਪ ਆਪਣੀ ਕਰ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਵਿਚ ਜਹਾਨ । ਦੋ ਜਹਾਨਾਂ ਹਰਿ ਹਰਿ ਵਾਲੀ, ਵੱਡਾ ਵੱਡੀ ਵਡ ਵਡਿਆਈਆ । ਜੁਗ ਜੁਗ ਚਲੇ ਚਾਲ ਨਿਰਾਲੀ, ਵੇਦ ਕਤੇਬ ਭੇਵ ਨਾ ਪਾਈਆ । ਨਿਰਗੁਣ ਜੋਤ ਇਕ ਅਕਾਲੀ, ਅਕਲ ਕਲਾ ਆਪ ਅਖਵਾਈਆ । ਸ਼ਬਦ ਸਰੂਪੀ ਜਗਤ ਦਲਾਲੀ, ਜੁਗ ਜੁਗ ਆਪਣੀ ਆਪ ਕਰਾਈਆ । ਵੇਖੇ ਫਲ ਲੱਗਾ ਡਾਲੀ, ਬ੍ਰਹਮਾ ਵਿਸ਼ਨ ਸ਼ਿਵ ਜੋ ਬੂਟੇ ਰਹੇ ਲਗਾਈਆ । ਪੁਰਖ ਅਬਿਨਾਸ਼ੀ ਬਣ ਕੇ ਆਏ ਪਾਲੀ, ਗੁਰਮੁਖ ਗਊਆਂ ਆਪ ਚਰਾਈਆ । ਸਤਿਗੁਰ ਸਾਚਾ ਲੋਕਮਾਤ ਬਣੇ ਸਾਚਾ ਹਾਲੀ, ਕਲਜੁਗ ਕੂੜੇ ਬੈਲ ਅੱਗੇ ਰਖਾਈਆ । ਸੋਹੰ ਤਿਖੀ ਰੱਖੇ ਫਾਲੀ, ਮਨਮੁਖਾਂ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਲਏ ਪਰਗਟਾਈਆ । ਪਰਗਟ ਹੋਇਆ ਹਰਿ ਨਿਰੰਕਾਰ, ਲੋਕਮਾਤ ਵੇਸ ਵਟਾਇਆ । ਸਾਲ ਬਵੰਜਾ ਸੋਇਆ ਪੈਰ ਪਸਾਰ, ਗੂੜ੍ਹੀ ਨੀਂਦ ਨਾ ਕੋਇ ਉਠਾਇਆ । ਨਿਰਗੁਣ ਸਰਗੁਣ ਖੇਲ ਸੰਸਾਰ, ਪੁਰਖ ਅਬਿਨਾਸ਼ੀ ਆਪ ਕਰਾਇਆ ।

ਭੋਗਿਆ ਭੋਗ ਅਪਰ ਅਪਾਰ, ਜਗਤ ਜੁਗਤ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾਇਆ ਸ਼ਾਹ ਸੁਲਤਾਨ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਪਾਇੰਦਾ । ਚਾਰ ਵੇਦ ਸਰਬ ਕੁਰਲਾਨ, ਚਾਰੇ ਜੁਗ ਜੁਗ ਸਾਲਾਹਿੰਦਾ । ਪੁਰਾਨ ਅਠਾਰਾਂ ਬਹਿ ਬਹਿ ਗਾਨ, ਦਿਵਸ ਰੈਣ ਸਰਬ ਸਲਾਹਿੰਦਾ । ਸ਼ਾਸਤਰ ਸਿਮਰਤ ਕਰਨ ਗਿਆਨ, ਗੋਝ ਗਿਆਨ ਨਾ ਕੋਇ ਖੁਲ੍ਹਾਇੰਦਾ । ਅਠਾਰਾਂ ਧਿਆਏ ਗੀਤਾ ਹੋ ਪਰਧਾਨ, ਭਗਤਨ ਲੇਖਾ ਵੇਖ ਵਖਾਇੰਦਾ । ਰਾਹ ਤੱਕਣ ਅੰਜੀਲ ਕੁਰਾਨ, ਈਸਾ ਮੂਸਾ ਨੈਣ ਉਠਾਇੰਦਾ । ਚਾਰ ਯਾਰ ਸੰਗ ਮੁਹੰਮਦ ਸਰਬ ਪਛਤਾਨ, ਅੱਲਾ ਰਾਣੀ ਕਵਣ ਪਰਨਾਇੰਦਾ । ਨਾਨਕ ਲੇਖਾ ਧੁਰ ਫ਼ਰਮਾਨ, ਸ਼ਬਦ ਅਗੰਮੀ ਧਾਰਾ ਚਲਾਇੰਦਾ । ਗੋਬਿੰਦ ਚਿੱਲਾ ਤੀਰ ਕਮਾਨ, ਸੋਹੰ ਭੱਥਾ ਮੁਖੀ ਆਪ ਰਖਾਇੰਦਾ । ਕਲਜੁਗ ਪ੍ਰਗਟ ਹੋਵੇ ਵਾਲੀ ਦੋ ਜਹਾਨ, ਨਿਹਕਲੰਕਾ ਨਾਉਂ ਰਖਾਇੰਦਾ । ਸਾਲ ਬਵੰਜਾ ਜਗਤ ਨਿਸ਼ਾਨ, ਕਲਜੁਗ ਕਾਇਆ ਚੋਲਾ ਆਪ ਹੰਢਾਇੰਦਾ । ਅੰਤਮ ਛੱਡਿਆ ਫ਼ਨਾਹ ਮਕਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਪਣੀ ਕਰਨੀ ਕਰਤਾ ਕਰੇ ਭਗਵਾਨ, ਲੇਖਾ ਲੇਖ ਨਾ ਕੋਇ ਮਿਟਾਇੰਦਾ । ਗੋਬਿੰਦ ਮਿਲਿਆ ਹਰਿ ਹਰਿ ਆਣ, ਸੰਬਲ ਨਗਰੀ ਡੇਰਾ ਲਾਇੰਦਾ । ਸਾਢੇ ਤਿੰਨ ਹੱਥ ਸਚ ਨਿਸ਼ਾਨ, ਹਰਿ ਮੰਦਰ ਮੇਲ ਮਿਲਾਇੰਦਾ । ਛੱਬੀ ਪੋਹ ਦਿਵਸ ਮਹਾਨ, ਵੀਹ ਸੌ ਬਿਕ੍ਰਮੀ ਨਾਲ ਰਲਾਇੰਦਾ । ਕੋਟਨ ਕੋਟ ਰਾਹ ਤੱਕਣ ਕ੍ਰਿਸ਼ਨਾ ਕਾਹਨ, ਕੋਟਨ ਕੋਟ ਰਾਮ ਨੈਣ ਉਠਾਇੰਦਾ । ਕੋਟਨ ਕੋਟ ਵਿਸ਼ਨ ਲਾ ਲਾ ਬੈਠੇ ਧਿਆਨ, ਕੋਟਨ ਕੋਟ ਬ੍ਰਹਮਾ ਮੁਖ ਸਲਾਹਿੰਦਾ । ਕੋਟਨ ਕੋਟ ਸ਼ੰਕਰ ਸੁਣਨ ਲਾ ਲਾ ਕਾਨ, ਦਿਵਸ ਰੈਣ ਸਤਾਰ ਵਜਾਇੰਦਾ । ਕੋਟਨ ਕੋਟ ਜਗ ਮਾਤ ਕਰ ਪਰਧਾਨ, ਆਪਣੀ ਚਲਤ ਚਲਾਇੰਦਾ । ਕੋਟਨ ਕੋਟ ਸਾਧ ਸੰਤ ਦਏ ਗਿਆਨ, ਕੋਟਨ ਕੋਟ ਸੁਰਤੀ ਸ਼ਬਦ ਮਿਲਾਇੰਦਾ । ਕੋਟਨ ਕੋਟ ਪਵਣ ਪਾਣੀ ਮਸਾਨ, ਕੋਟਨ ਕੋਟ ਅਗਨੀ ਤਤ ਵਖਾਇੰਦਾ । ਕੋਟਨ ਕੋਟ ਰਾਗੀ ਨਾਦੀ ਬਹਿ ਬਹਿ ਗਾਣ, ਕੋਟਨ ਕੋਟ ਸੁੰਨ ਸਮਾਧੀ ਡੇਰਾ ਲਾਇੰਦਾ । ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਬੈਠੇ ਬੀਆਬਾਨ, ਕੋਟਨ ਕੋਟ ਜਲ ਜਲਧਾਰਾ ਸੀਸ ਰੜ੍ਹਾਇੰਦਾ । ਕੋਟਨ ਕੋਟ ਤਨ ਲਗੋਟੀ ਬੰਨ ਨਿਸ਼ਾਨ, ਬੋਟੀ ਬੋਟੀ ਕੋਟਨ ਮਾਸ ਤੁੜਾਇੰਦਾ । ਨਾਨਕ ਨਿਰਗੁਣ ਚੜ੍ਹਿਆ ਏਕਾ ਚੋਟੀ, ਦੂਜਾ ਸੰਗ ਕਬੀਰ ਨਿਭਾਇੰਦਾ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਕਰੇ ਖੇਲ ਜੋਤ ਇਕ ਇਕਲੋਤੀ, ਘਰ ਘਰ ਜੋਤੀ ਆਪ ਜਗਾਇੰਦਾ । ਵੀਹ ਸੌ ਬਿਕ੍ਰਮੀ ਆਦਿ ਸ਼ਕਤ ਨਾ ਰਹੀ ਸੋਤੀ, ਹਰਿ ਸਾਚਾ ਆਪ ਉਠਾਇੰਦਾ । ਸੋ ਪੁਰਖ ਨਿਰੰਜਣ ਹੱਥ ਵਿਚ ਫੜੀ ਏਕਾ ਸੋਟੀ, ਹੰ ਬ੍ਰਹਮ ਆਪ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਸਚ ਦਿਹਾੜਾ, ਆਪ ਮਨਾਏ ਧੁਰਦਰਗਾਹੀ ਸਾਚਾ ਲਾੜਾ, ਲੋਕਮਾਤ ਵੇਖਣ ਆਇਆ ਸਚ ਅਖਾੜਾ, ਮਾਤ ਆਕਾਸ਼ ਪਾਤਾਲ ਫੇਰਾ ਪਾਇੰਦਾ । ਵੀਹ ਸੌ ਬਿਕ੍ਰਮੀ ਹਰਿ ਨਿਰੰਕਾਰ, ਆਪਣੀ ਜੋਤ ਜਗਾਈਆ । ਸਤਿ ਪੁਰਖ ਨਿਰੰਜਨ ਹੋ ਤਿਆਰ, ਅਗੰਮੜੇ ਧਾਮ ਸੋਭਾ ਪਾਈਆ । ਅਲੱਖ ਅਲੱਖਣਾ ਕਰ ਵਿਚਾਰ, ਸਚਖੰਡ ਡੇਰਾ ਲਾਈਆ । ਸਚਖੰਡ ਅੰਦਰ ਖੇਲ ਅਪਾਰ, ਥਿਰ ਘਰ ਸੋਭਾ ਪਾਈਆ । ਥਿਰ ਘਰ ਖੋਲ੍ਹਣਹਾਰ ਕਿਵਾੜ, ਆਪਣੀ ਕਿਰਨ ਬਾਹਰ ਕਢਾਈਆ । ਏਕਾ ਕਿਰਨ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਏਕਾ ਹਿੱਸਾ ਝੋਲੀ ਪਾਈਆ । ਇਕ ਗਿਆਰਾਂ ਵੰਡ ਅਪਾਰ, ਇਕ ਇਕ ਏਕੇ ਨਾਲ ਮਿਲਾਈਆ । ਇਕ ਇਕ ਹਿੱਸਾ ਗੁਰ ਪੀਰ ਅਵਤਾਰ, ਸਾਧਾਂ ਸੰਤਾ ਝੋਲੀ ਪਾਈਆ । ਇਕ ਲੱਖ ਚੁਰਾਸੀ ਕਰ ਤਿਆਰ,

ਜੋਤ ਨਿਰੰਜਨ ਘਰ ਘਰ ਜੋਤ ਜਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਕਲਜੁਗ ਅੰਤਮ ਵੇਸ ਨਿਰੰਕਾਰ, ਅਕਲ ਕਲ ਧਾਰੀ ਆਪਣਾ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਛੱਬੀ ਦਏ ਸਮਝਾਈਆ । ਇਕ ਅਕੱਲਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਦੂਸਰ ਕੁਦਰਤ ਕਰ ਤਿਆਰ, ਤੀਜਾ ਨੈਣ ਇਕ ਦਰਸਾਇੰਦਾ । ਚੌਥੇ ਪਦ ਖੇਲ ਅਪਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਪੰਚਮ ਸ਼ਬਦ ਧੁਨ ਜੈਕਾਰ, ਅਨਹਦ ਨਾਦੀ ਨਾਦ ਵਜਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਵਿਚਾਰ, ਦਰ ਘਰ ਸਾਚੇ ਆਸਣ ਲਾਇੰਦਾ । ਸਤਿ ਪੁਰਖ ਨਿਰੰਜਨ ਨਿਰਾਕਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਅੱਠਾਂ ਤੱਤਾਂ ਖੇਲ ਅਪਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁੱਧ ਮੇਲ ਮਿਲਾਇੰਦਾ । ਨੌ ਦਵਾਰੇ ਖੇਲ ਸੰਸਾਰ, ਸ੍ਰਿਸ਼ਟ ਸਬਾਈ ਆਪ ਨਚਾਇੰਦਾ । ਦਸਮ ਦਵਾਰੀ ਬੈਠ ਨਿਰੰਕਾਰ, ਘਰ ਘਰ ਵਿਚ ਸੋਭਾ ਪਾਇੰਦਾ । ਇਕ ਦਸ ਹੋ ਤਿਆਰ, ਏਕਾ ਏਕ ਅਲਖ ਜਗਾਇੰਦਾ । ਦੋ ਦਸ ਹੋ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਤ੍ਰੈ ਦਸ ਪਾਰ ਕਿਨਾਰ, ਤੇਰਾਂ ਤੇਰਾਂ ਰੰਗ ਰੰਗਾਇੰਦਾ । ਚਾਰ ਦਸ ਸੱਚੀ ਸਰਕਾਰ, ਚੌਦਾਂ ਲੋਕਾਂ ਫੋਲ ਫੋਲਾਇੰਦਾ । ਪੰਜ ਦਸ ਅੰਦਰ ਬਾਹਰ, ਗੁਪਤ ਜ਼ਾਹਰ ਨਾਉਂ ਧਰਾਇੰਦਾ । ਛੇ ਦਸ ਕਰ ਸ਼ੰਗਾਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਸੱਤ ਦਸ ਸਚ ਸਤਾਰ, ਕਾਇਆ ਮੰਦਰ ਆਪ ਵਜਾਇੰਦਾ । ਅਠ ਦਸ ਅੰਮ੍ਰਿਤ ਧਾਰ, ਠੰਡੀ ਠਾਰ ਆਪ ਵਹਾਇੰਦਾ । ਨੌ ਦਸ ਪਾਰ ਕਿਨਾਰ, ਸੁੰਨ ਅਗੰਮ ਪਾਰ ਲੰਘਾਇੰਦਾ । ਦਸ ਦਸ ਖੋਲ੍ਹ ਕਿਵਾੜ, ਸਚਖੰਡ ਦਵਾਰੇ ਸੋਭਾ ਪਾਇੰਦਾ । ਬੀਸ ਬੀਸਾ ਹੋ ਤਿਆਰ, ਲੋਕਮਾਤ ਜੋਤ ਜਗਾਇੰਦਾ । ਇਕ ਇਕੀਸਾ ਸ਼ਾਹ ਸਿਕਦਾਰ, ਸਚ ਨਿਸ਼ਾਨਾ ਇਕ ਲਗਾਇੰਦਾ । ਏਕਾ ਇਕੀ ਭਰ ਭੰਡਾਰ, ਆਪਣੀ ਲਿਖੀ ਆਪ ਮਿਟਾਇੰਦਾ । ਇਕੀ ਪੰਜ ਪੰਜ ਵਰਤਾਰ, ਪੰਜ ਦਸ ਸੋਭਾ ਪਾਇੰਦਾ । ਕਿਸੇ ਹੱਥ ਨਾ ਆਏ ਵਿਚ ਸੰਸਾਰ, ਨਵਖੰਡ ਸਰਬ ਕੁਰਲਾਇੰਦਾ । ਸੱਤਾਂ ਦੀਪਾਂ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਮੁਸਲਮ ਲੱਭਣ ਮੁਹੰਮਦੀ ਯਾਰ, ਅਮਾਮ ਮਹਿੰਦੀ ਦਿਸ ਨਾ ਆਇੰਦਾ । ਹਿੰਦੂ ਗੌੜ ਬ੍ਰਹਿਮਣ ਰਹੇ ਪੁਕਾਰ, ਵੇਦ ਵਿਆਸਾ ਲੇਖ ਲਿਖਾਇੰਦਾ । ਸਿੱਖ ਉਚੀ ਕੂਕਨ ਕਰਨ ਹਾਹਾਕਾਰ, ਗੁਰ ਗੋਬਿੰਦ ਦਿਸ ਨਾ ਆਇੰਦਾ । ਏਕਾ ਯਸੂਹ ਰਹੇ ਲਿਵ ਤਾਰ, ਬੀਸ ਬੀਸਾ ਮੇਲ ਮਿਲਾਇੰਦਾ । ਪ੍ਰਗਟ ਹੋ ਹਰਿ ਨਿਰੰਕਾਰ, ਲੋਕਮਾਤ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਏਕਾ ਧਾਰ, ਏਕਾ ਰੂਪ ਚੜ੍ਹਾਇੰਦਾ । ਗੋਬਿੰਦ ਅੰਦਰ ਗੋਬਿੰਦ ਵਾੜ, ਗੋਬਿੰਦ ਵੇਖ ਵਖਾਇੰਦਾ । ਗੋਬਿੰਦ ਹੱਡ ਮਾਸ ਨਾੜੀ ਰਤ ਨਾੜ, ਗੋਬਿੰਦ ਰਕਤ ਬੂੰਦ ਮੇਲ ਮਿਲਾਇੰਦਾ । ਗੋਬਿੰਦ ਪੰਜ ਤਤ ਕਰ ਪਿਆਰ, ਗੋਬਿੰਦ ਪੰਜ ਕਕਾਰ ਵਖਾਇੰਦਾ । ਗੋਬਿੰਦ ਪੰਚ ਸ਼ਬਦ ਭਰ ਭੰਡਾਰ, ਗੋਬਿੰਦ ਪੰਚਮ ਮੁਖ ਸਲਾਹਿੰਦਾ । ਗੋਬਿੰਦ ਪੰਚਮ ਬਣਿਆ ਮੀਤ ਮੁਰਾਰ, ਪੰਚਮ ਮੇਲ ਮਿਲਾਇੰਦਾ । ਗੋਬਿੰਦ ਪੰਚਮ ਸਖੀਆਂ ਕੰਤ ਭਤਾਰ, ਆਪਣੇ ਅੰਗ ਲਗਾਇੰਦਾ । ਗੋਬਿੰਦ ਸਾਚਾ ਖੰਡਾ ਕਰ ਤਿਆਰ, ਸ਼ਬਦ ਡੰਡਾ ਮੁੱਠ ਲਗਾਇੰਦਾ । ਲੋਹਾਰ ਤਰਖ਼ਾਨ ਨਾ ਘੜੇ ਕੋਈ ਸੁਨਿਆਰ, ਲੋਹਾ ਪਾਰਸ ਕੰਚਨ ਨਾ ਕੋਇ ਰਖਾਇੰਦਾ । ਸਾਚੀ ਆਹਰਨ ਕਰ ਤਿਆਰ, ਗੁਰਮੁਖ ਤੇਰੀ ਕਾਇਆ ਅੰਦਰ ਟਿਕਾਇੰਦਾ । ਉਤੇ ਸ਼ਬਦ ਹਥੌੜਾ ਦੇਵੇ ਮਾਰ, ਅਨਹਦ ਆਪਣੇ ਭਾਰ ਦਬਾਇੰਦਾ । ਤਿਖੀ ਰੱਖੇ ਆਪੇ ਧਾਰ, ਨਾਮ ਪਾਣ ਇਕ ਚੜ੍ਹਾਇੰਦਾ । ਗੁਰਸਿਖ ਤੇਰੀ ਰਸਨਾ ਬਣੇ ਚਿੱਲਾ ਤੀਰ ਕਮਾਨ, ਗੁਰ ਗੋਬਿੰਦ ਜੋਧਾ ਆਪ ਖਿਚਾਇੰਦਾ । ਪ੍ਰਗਟ ਹੋਇਆ ਵਾਲੀ ਦੋ ਜਹਾਨ,


੧੫੨

ਨਿਹਕਲੰਕਾ ਨਾਉਂ ਰਖਾਇੰਦਾ । ਛੱਬੀ ਪੋਹ ਦਿਵਸ ਮਹਾਨ, ਹਰਿ ਗੋਬਿੰਦ ਮੇਲ ਮਿਲਾਇੰਦਾ । ਪੂਰਨ ਪਾਇਆ ਪੁਰਖ ਸੁਲਤਾਨ, ਪੂਰੀ ਵਿਦਿਆ ਆਪ ਪੜ੍ਹਾਇੰਦਾ । ਚੌਦਾਂ ਵਿਦਿਆ ਮੁਖ ਸ਼ਰਮਾਨ, ਜਗਤ ਗਿਆਨ ਨਾ ਕੋਇ ਦ੍ਰਿੜਾਇੰਦਾ । ਸਾਚਾ ਦੇਵੇ ਧੁਰ ਫ਼ਰਮਾਨ, ਹਰਿ ਸੰਗਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਵੇਸ ਵਟਾਇੰਦਾ । ਨਰ ਹਰਿ ਨਰਾਇਣ ਬਨ ਬਨਵਾਰੀ, ਪਾਰਬ੍ਰਹਮ ਪ੍ਰਭ ਵੇਸ ਵਟਾਇਆ । ਕਲਜੁਗ ਤੇਰੀ ਅੰਤਮ ਵਾਰੀ, ਨਿਹਕਲੰਕਾ ਨਾਉਂ ਰਖਾਇਆ । ਜੋਧਾ ਸੂਰ ਬਲੀ ਬਲਕਾਰੀ, ਸ਼ਾਹ ਸੁਲਤਾਨਾਂ ਰਿਹਾ ਜਣਾਇਆ । ਸਾਧਾਂ ਸੰਤਾ ਦਏ ਹੁਲਾਰੀ, ਸੋਇਆ ਕੋਇ ਰਹਿਣ ਨਾ ਪਾਇਆ । ਹੱਥ ਫੜਿਆ ਖੰਡਾ ਨਾਮ ਤੇਜ ਕਟਾਰੀ, ਚਾਰੋਂ ਕੁੰਟ ਰਿਹਾ ਚਮਕਾਇਆ । ਕਲਜੁਗ ਜੀਵ ਨਾ ਦਿਸੇ ਕੋਈ ਹੰਕਾਰੀ, ਮਨ ਰਾਵਣ ਦਏ ਖਪਾਇਆ । ਸੀਤਾ ਸੁਰਤੀ ਕਰੇ ਨਾਰ ਪਿਆਰੀ, ਹਰਿ ਹਰਿ ਰਾਮ ਲਏ ਪਰਨਾਇਆ । ਰਾਧਾ ਰਹੇ ਨਾ ਜਗਤ ਕਵਾਰੀ, ਕਾਹਨਾ ਕ੍ਰਿਸ਼ਨਾ ਅੰਗ ਲਗਾਇਆ । ਗੁਰਮੁਖ ਤੇਰੀ ਆਈ ਵਾਰੀ, ਕਲਜੁਗ ਅੰਤਮ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਸਮਝਾਇਆ । ਹਰਿ ਸੰਗਤ ਉਠਣਾ ਜਾਗ, ਸਤਿਗੁਰ ਪੂਰਾ ਆਪ ਜਗਾਈਆ । ਦੋ ਜਹਾਨਾਂ ਲੱਗਾ ਭਾਗ, ਲੋਕ ਪਰਲੋਕ ਵੇਖ ਵਖਾਈਆ । ਸ਼ਾਹ ਸੁਲਤਾਨ ਸੀਸ ਲੱਥਣ ਤਾਜ, ਸਚ ਸਿਕਦਾਰ ਨਾ ਕੋਇ ਵਡਿਆਈਆ । ਜਨ ਭਗਤਾਂ ਸਵਾਰਨ ਆਇਆ ਕਾਜ, ਨਿਰਗੁਣ ਜੋਤ ਕਰ ਰੁਸ਼ਨਾਈਆ । ਪ੍ਰਗਟ ਹੋਇਆ ਦੇਸ ਮਾਝ, ਨਿਹਕਲੰਕਾ ਨਾਉਂ ਰਖਾਈਆ । ਹਰਿ ਸੰਗਤ ਤੇਰੀ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਨੌ ਖੰਡ ਪ੍ਰਿਥਮੀ ਪੈਣੀ ਭਾਜ, ਨਾ ਧੀਰ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਸੁਭਾਗਾ ਦਿਵਸ, ਹਰਿ ਸੰਗਤ ਸੰਗ ਨਿਭਾਈਆ । ਸੰਮਤ ਸੋਲਾਂ ਸਾਚੀ ਧਾਰਾ, ਧਰਨੀ ਧਰਤ ਧਵਲ ਸੁਹਾਇੰਦਾ । ਮਾਤਲੋਕ ਜਗਤ ਦਵਾਰਾ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਭੇਵ ਆਪ ਖੁਲਾਇੰਦਾ । ਸੰਮਤ ਸੋਲਾਂ ਹਰਿ ਭੇਵ ਖੁਲਾਇਆ, ਉਚੀ ਕੂਕੇ ਦਏ ਸੁਣਾਈਆ । ਨਿਹਕਲੰਕ ਕਲ ਜਾਮਾ ਪਾਇਆ, ਲੋਕਮਾਤ ਹੋਏ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਦਏ ਹਲਾਇਆ, ਨਾ ਸਕੇ ਕੋਇ ਬਚਾਈਆ । ਬ੍ਰਹਮਾ ਵਿਸ਼ਨ ਸ਼ਿਵ ਰਿਹਾ ਕੁਰਲਾਇਆ, ਖੁਲੜੇ ਕੇਸ ਦੇਣ ਦੁਹਾਈਆ । ਅੱਲਾ ਰਾਣੀ ਗਲ ਵਿਚ ਪੱਲਾ ਪਾਇਆ, ਮਸਤਕ ਟਿੱਕਾ ਰਹੀ ਲਗਾਈਆ । ਧਰਤ ਮਾਤ ਝੋਲੀ ਰਹੀ ਵਛਾਇਆ, ਮੰਗੇ ਮੰਗ ਦਏ ਬੇਪਰਵਾਹੀਆ । ਰਾਏ ਧਰਮ ਉਠ ਉਠ ਧਾਇਆ, ਆਪ ਆਪਣਾ ਪੰਧ ਮੁਕਾਈਆ । ਚਿਤਰ ਗੁਪਤ ਲੇਖਾ ਰਿਹਾ ਵਖਾਇਆ, ਕਲਜੁਗ ਲੇਖਾ ਫੋਲ ਫੋਲਾਈਆ । ਲਾੜੀ ਮੌਤ ਆਪਣੇ ਅੰਗ ਵਟਨਾ ਲਾਇਆ, ਸਾਚੇ ਖਾਰੇ ਚੜ੍ਹੀ ਆਪ ਆਪਣੀ ਲਏ ਅੰਗੜਾਈਆ । ਨੇਤਰ ਕੱਜਲਾ ਏਕਾ ਪਾਇਆ, ਦੋ ਜਹਾਨ ਰਹੀ ਮਟਕਾਈਆ । ਕਲਜੁਗ ਕੂੜਾ ਗਹਿਣਾ ਤਨ ਛੁਹਾਇਆ, ਮਾਇਆ ਮਮਤਾ ਬਸਤਰ ਭੂਸ਼ਨ ਰਹੀ ਹੰਢਾਈਆ । ਸਾਚਾ ਚੂੜਾ ਹੱਥ ਵਖਾਇਆ, ਲਾਲ ਰੰਗਨ ਮਹਿੰਦੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੰਗਣ ਆਏ ਥਾਉਂ ਥਾਈਂਆ । ਛੱਬੀ ਪੋਹ ਖੋਲ੍ਹ ਦਰਵਾਜ਼ਾ, ਹਰਿ ਸਾਚਾ ਖੇਲ ਖਿਲਾਇੰਦਾ । ਵਿਸ਼ਨੂੰ ਚਰਨ ਦਵਾਰੇ ਆਇਆ ਭਾਜਾ, ਨਿਉਂ ਨਿਉਂ ਸੀਸ ਝੁਕਾਇੰਦਾ । ਬ੍ਰਹਮਾ ਰੋਵੇ ਰੱਖੋ ਲਾਜਾ, ਵੇਲੇ ਅੰਤ

ਨਾ ਕੋਇ ਛੁਡਾਇੰਦਾ । ਸ਼ੰਕਰ ਪੂਰਾ ਹੋਇਆ ਕਾਜਾ, ਕਲਜੁਗ ਲੇਖ ਮੁਕਾਇੰਦਾ । ਤਿੰਨਾਂ ਮੇਲਾ ਕਰਿਆ ਅੰਦਰ ਦਰਵਾਜ਼ਾ, ਆਪ ਆਪਣੇ ਕੰਠ ਬਹਾਇੰਦਾ । ਸਚਖੰਡ ਨਿਵਾਸੀ ਖੋਲ੍ਹ ਦਰਵਾਜ਼ਾ, ਲੋਕਮਾਤ ਰਾਹ ਤਕਾਇੰਦਾ । ਹਰਿ ਸੰਗਤ ਤੇਰਾ ਸਾਜਣ ਸਾਜਾ, ਹਰਿ ਸਾਚਾ ਮੇਲ ਮਿਲਾਇੰਦਾ । ਨਿਰਗੁਣ ਜੋਤ ਕਰਿਆ ਵੇਸ ਦੇਸ ਮਾਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਲੋਕਮਾਤ ਹਰਿ ਆਇਆ ਦੌੜ, ਨਿਰਗੁਣ ਨੂਰ ਨੂਰ ਨੁਰਾਨਾ । ਸਚਖੰਡ ਨਿਵਾਸੀ ਲਾਇਆ ਏਕਾ ਪੌੜ, ਪਾਵੇ ਸਾਰ ਦੋ ਜਹਾਨਾਂ । ਜਨ ਭਗਤਾਂ ਆਪੇ ਜਾਏ ਬੌਹੜ, ਨਾਮ ਸੁਣਾਏ ਸਚ ਤਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਗੁਰਮੁਖਾਂ ਬੱਧਾ ਹੱਥੀਂ ਗਾਨਾ । ਗੁਰਮੁਖਾਂ ਹੱਥੀ ਗਾਨਾਂ ਬੰਨ, ਅਠਸਠ ਮੂਲ ਚੁਕਾਇਆ । ਸੰਮਤ ਸੋਲਾਂ ਚੜ੍ਹਿਆ ਚੰਨ, ਸਤਿਗੁਰ ਪੂਰੇ ਆਪ ਚੜ੍ਹਾਇਆ । ਜਨਨੀ ਜਣਿਆ ਏਕਾ ਜਨ, ਜਨ ਜਨਨੀ ਲੇਖੇ ਲਾਇਆ । ਸੁਣਿਆ ਰਾਗ ਸਾਚਾ ਕੰਨ, ਹਰਿ ਸੋਹੰ ਢੋਲਾ ਗਾਇਆ । ਭਾਂਡਾ ਭਰਮ ਭੌ ਦਿਤਾ ਭੰਨ, ਭਿੰਨੜੀ ਰੈਣ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਵਿਚ ਸੰਸਾਰ, ਗੁਰਮੁਖਾਂ ਅੰਦਰ ਬੰਦ ਕਰਾਇਆ । ਸਾਚਾ ਖੰਡਾ ਜਗਤ ਕਟਾਰ, ਹਰਿ ਸਾਚਾ ਵੇਖ ਵਖਾਈਆ । ਹਰਿ ਸੰਗਤ ਕਰੇ ਖਬਰਦਾਰ, ਲੋਕਮਾਤ ਲਏ ਉਠਾਈਆ । ਸੇਵਕ ਬਣਿਆ ਸੇਵਾਦਾਰ, ਸਤਿਗੁਰ ਪੂਰਾ ਸੇਵ ਕਮਾਈਆ । ਨਾ ਪੁਰਖ ਨਾ ਦਿਸੇ ਨਾਰ, ਨਰ ਨਰਾਇਣ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਜਗਤ ਖੰਡਾ ਆਰ ਪਾਰ, ਹਰਿ ਸਾਚਾ ਸੀਸ ਟਿਕਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ੁਆਰ, ਗੁਰਮੁਖ ਸਾਚੇ ਆਪ ਤਰਾਇੰਦਾ । ਹਰਿ ਸੰਗਤ ਤੇਰਾ ਚੁੱਕਿਆ ਭਾਰ, ਸਿਰ ਆਪਣੇ ਆਪ ਉਠਾਇੰਦਾ । ਤੇਰੀ ਮਰਨੀ ਮਰੇ ਆਪ ਕਰਤਾਰ, ਗੁਰਮੁਖ ਸਾਚੇ ਪਾਰ ਕਰਾਇੰਦਾ । ਪਹਿਲੀ ਚੇਤਰ ਦਿਵਸ ਲਏ ਵਿਚਾਰ, ਸੀਸ ਤਾਜ ਆਪ ਟਿਕਾਇੰਦਾ । ਸ਼ਾਹ ਸੁਲਤਾਨ ਰਾਹ ਤੱਕਣ ਸਿਰਜਣਹਾਰ, ਗਰੀਬ ਨਿਮਾਣੇ ਵਿਚੋਲੇ ਵਿਚ ਰਖਾਇੰਦਾ । ਫੜ ਫੜ ਬਾਹੋਂ ਕਰੇ ਖ਼ਵਾਰ, ਲੱਗੀ ਜੜ ਸਰਬ ਉਖੜਾਇੰਦਾ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਉਂ ਧਰਾਇੰਦਾ । ਗੁਰਸਿਖਾਂ ਪਾਇਆ ਆਪਣਾ ਘੇਰਾ, ਖੰਡਾ ਹੱਥ ਚਮਕਾਇਆ । ਹਰਿ ਸੰਗਤ ਤੇਰਾ ਸਤਿਗੁਰ ਢਾਏ ਭਰਮਾਂ ਢੇਰਾ, ਅੰਦਰ ਨਿਰਮਲ ਜੋਤ ਕਰੇ ਰੁਸ਼ਨਾਇਆ । ਏਕਾ ਰੰਗ ਵਿਖਾਏ ਸੰਝ ਸਵੇਰਾ, ਦਿਵਸ ਰੈਣ ਨਾ ਕੋਏ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਮੁਕਾਇਆ । ਹਰਿ ਸੰਗਤ ਸੰਮਤ ਸੋਲਾਂ, ਹਰਿ ਸ਼ਬਦ ਕਰੇ ਕੁੜਮਾਈਆ । ਗੁਰਸਿਖਾਂ ਚੁੱਕੇ ਆਪਣੀ ਹੱਥੀਂ ਡੋਲਾ, ਸਚ ਕਹਾਰ ਆਪ ਬਣ ਜਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਬ੍ਰਹਮਾ ਵਿਸ਼ਨ ਸ਼ਿਵ ਰਾਹ ਵਿਚ ਪਾਵਣ ਰੌਲਾ, ਉਚੀ ਕੂਕਣ ਦੇਣ ਦੁਹਾਈਆ । ਗੁਰਸਿਖਾਂ ਦੇਵੇ ਵਡਿਆਈ ਉਪਰ ਧਵਲਾ, ਅੰਤਮ ਆਪਣੇ ਲੇਖੇ ਲਏ ਲਗਾਈਆ । ਛੱਬੀ ਪੋਹ ਕਰਨ ਆਇਆ ਉਲਟਾ ਕਵਲਾ, ਅੰਮ੍ਰਿਤ ਅੰਮ੍ਰਿਤ ਦਏ ਝਿਰਾਈਆ । ਹਿੰਦੂ ਦਰਸ ਦਿਖਾਏ ਕਾਹਨਾ ਕ੍ਰਿਸ਼ਨਾ ਸਾਵਲ ਸਵਲਾ, ਰਾਮ ਰਾਮਾ ਰੂਪ ਵਟਾਈਆ । ਮੁਸਲਮ ਏਕਾ ਨੂਰ ਹੋ ਹੋ ਮਵਲਾ, ਮੌਲਾ ਆਪ ਆਪਣਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਈਆ । ਹਰਿ ਸੰਗਤ

ਚੜ੍ਹਨ ਸਾਚੇ ਬੇੜੇ, ਸੋ ਪੁਰਖ ਨਿਰੰਜਣ ਆਪ ਚੜ੍ਹਾਇੰਦਾ । ਹਰਿ ਪੁਰਖ ਨਿਰੰਜਣ ਕਲਜੁਗ ਕੂੜੇ ਮੇਟੇ ਝੇੜੇ, ਕੂੜੀ ਕਿਰਿਆ ਨਾ ਕੋਇ ਵਖਾਇੰਦਾ । ਏਕੰਕਾਰਾ ਵਸਾਏ ਸਾਚੇ ਖੇੜੇ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਨਿਰੰਜਣ ਕਰੇ ਨਬੇੜੇ, ਪੂਰਬ ਲੇਖਾ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਦੇਵੇ ਗੇੜੇ, ਚੌਥਾ ਜੁਗ ਆਪ ਭਵਾਇੰਦਾ । ਸ੍ਰੀ ਭਗਵਾਨ ਵਸਿਆ ਨੇੜੇ, ਆਪਣਾ ਪੜਦਾ ਆਪ ਲਾਇੰਦਾ । ਪਾਰਬ੍ਰਹਮ ਹਰਿ ਸੰਗਤ ਤੇਰੇ ਆਇਆ ਵੇਹੜੇ, ਘਰ ਤੇਰੇ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਹਰਿਜਨ ਸਾਚੇ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰ, ਕਲਜੁਗ ਅੰਤਮ ਵੇਸ ਵਟਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਆਪ ਆਪਣਾ ਰਾਹ ਤਕਾਈਆ । ਏਕੰਕਾਰਾ ਕਰ ਆਕਾਰ, ਨਿਰਾਕਾਰ ਖੇਲ ਖਿਲਾਈਆ । ਜੋਤ ਨਿਰੰਜਣ ਹੋ ਉਜਿਆਰ, ਆਦਿ ਨਿਰੰਜਣ ਸਾਚੀ ਨਗਰੀ ਆਪ ਵਸਾਈਆ । ਪੁਰਖ ਅਬਿਨਾਸ਼ੀ ਸਾਂਝਾ ਯਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਕਰੇ ਕੁੜਮਾਈਆ । ਸ੍ਰੀ ਭਗਵਾਨ ਕਰੇ ਪਿਆਰ, ਘਰ ਮੇਲਾ ਸਹਿਜ ਸੁਭਾਈਆ । ਪਾਰਬ੍ਰਹਮ ਨਿਰਧਨ ਸਰਧਨ ਏਕਾ ਧਾਰ, ਆਪ ਆਪਣੇ ਲੜ ਰਖਾਈਆ । ਲੋਕਮਾਤ ਬਣਾਇਆ ਸਚਖੰਡ ਦਵਾਰ, ਘਰ ਸਾਚਾ ਇਕ ਸੁਹਾਈਆ । ਗੁਰਸਿਖਾਂ ਕਾਇਆਂ ਚੋਲੀ ਚਾੜੇ ਰੰਗ ਅਪਾਰ, ਰੰਗਨਹਾਰਾ ਏਕਾ ਆਈਆ । ਤਾਨੇ ਮਾਰੇ ਸਰਬ ਸੰਸਾਰ, ਤਾਅਨਾ ਤਨਕ ਨਾ ਕੋਇ ਲਗਾਈਆ । ਗਾਨੇ ਬੰਨ੍ਹ ਬੰਨ੍ਹ ਹੱਥੀਂ ਹਾਰ ਗਿਆ ਜਗਤ ਵਣਜਾਰ, ਜਗਤ ਨਾਰੀ ਸਰਬ ਪਰਨਾਈਆ । ਬਿਨ ਸਤਿਗੁਰ ਪੂਰੇ ਅੰਤ ਨਾ ਕਰੇ ਕੋਈ ਪਿਆਰ, ਨਾਤਾ ਤੁੱਟੇ ਮਾਤ ਪਿਤ ਭੈਣ ਭਾਈਆ । ਹਰਿ ਸੰਗਤ ਗਾਓ ਮੰਗਲਾਚਾਰ, ਘਰ ਪਾਇਆ ਸਹਿਜ ਸੁਭਾਈਆ । ਹੋਈ ਸੁਭਾਗੀ ਸੁਲਖਣੀ ਨਾਰ, ਨਰ ਹਰਿ ਸਾਚਾ ਕੰਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਕੂੜਾ ਦਏ ਮਿਟਾਈਆ । ਕਲਜੁਗ ਕੂੜਾ ਲੇਖ ਮਿਟੌਣਾ, ਹਰਿ ਸੰਗਤ ਸਹਿਜ ਸੁਭਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਤਿ ਸਤਿ ਸਤਿ ਵਰਤਾਈਆ । ਕਲਜੁਗ ਲੇਖਾ ਪੂਰ ਕਰੌਣਾ, ਵੇਲਾ ਅੰਤਮ ਦਏ ਦੁਹਾਈਆ । ਸਤਿਜੁਗ ਧਰਤ ਮਾਤ ਦੀ ਗੋਦ ਬਹੌਣਾ, ਪੂਤ ਸਪੂਤਾ ਏਕਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਧਾਰ, ਆਪ ਲਿਖਾਏ ਹਰਿ ਨਿਰੰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਜੁਗ ਸਾਚਾ ਭੇਵ ਖੁਲੌਣਾ, ਬੋਧ ਅਗਾਧ ਜਣਾਇਆ । ਸਤਾਈ ਪੋਹ ਲੇਖ ਲਿਖੌਣਾ, ਲੇਖਾ ਲਿਖਤ ਵਿਚ ਨਾ ਆਇਆ । ਰਾਸ਼ਟਰਪਤ ਆਪ ਉਠੌਣਾ, ਆਪ ਆਪਣਾ ਹੁਕਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਨੇਹੜਾ ਦਏ ਘਲਾਇਆ । ਸ਼ਬਦ ਸਨੇਹੜਾ ਦੇਵੇ ਹਰਿ, ਰਾਸ਼ਟਰਪਤ ਪਤ ਉਠਾਈਆ । ਪਾਰਬ੍ਰਹਮ ਪ੍ਰਭ ਤੋੜਨ ਆਇਆ ਕਲਜੁਗ ਗੜ੍ਹ, ਚਾਰੋਂ ਕੁੰਟ ਵੇਖ ਵਖਾਈਆ । ਏਕਾ ਅੱਖਰ ਲੈਣਾ ਪੜ੍ਹ, ਪੰਡਤ ਪਾਂਧੇ ਨਾਲ ਮਿਲਾਈਆ । ਪਹਿਲੀ ਚੇਤਰ ਵੇਖੇ ਖੜ, ਸਿਰ ਆਪਣੇ ਤਾਜ ਟਿਕਾਈਆ । ਕੋਈ ਨਾ ਸਕੇ ਅੰਦਰ ਵੜ, ਨਾ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਖਿਲਾਈਆ । ਆਦਿ ਪੁਰਖ ਖੇਲ ਅਪਾਰ, ਆਪਣਾ ਆਪ ਧਰਾਇੰਦਾ । ਸਾਚੇ ਮੰਦਰ ਅੰਦਰ ਹੋ ਤਿਆਰ, ਆਪਣਾ ਰੂਪ ਪ੍ਰਗਟਾਇੰਦਾ । ਆਪਣੀ ਜੋਤ ਕਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਨਿਰਾਕਾਰ ਨਿਰੰਕਾਰ, ਨਿਰਵੈਰ ਰੂਪ ਸਮਾਇੰਦਾ ।

ਨਿਰਗੁਣ ਰੂਪ ਅਗੰਮ ਅਪਾਰ, ਅਲੱਖ ਅਲੱਖਣਾ ਆਪ ਪਰਗਟਾਇੰਦਾ । ਜੂਨੀ ਰਹਿਤ ਖੇਲ ਕਰਤਾਰ, ਅਨਭਵ ਪ੍ਰਕਾਸ਼ ਕਰਾਇੰਦਾ । ਪੁਰਖ ਅਕਾਲ ਦੀਨ ਦਿਆਲ, ਆਪ ਸੁਹਾਏ ਸਚ ਦਵਾਰ, ਸਚਖੰਡ ਸਾਚੇ ਆਸਣ ਲਾਇੰਦਾ । ਜੂਨੀ ਰਹਿਤ ਅਕਲ ਕਲ ਧਾਰ, ਆਪ ਆਪਣੀ ਕਲ ਵਰਤਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਹਰਿ ਕਰਤਾ ਆਪ ਕਰਾਇੰਦਾ । ਬ੍ਰਹਮ ਬ੍ਰਹਿਮਾਦੀ ਖੇਲ ਅਪਾਰ, ਖੇਲਣਹਾਰਾ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਉਪਜਾਇੰਦਾ । ਨਿਰਗੁਣ ਨਾਉਂ ਨਾਉਂ ਨਿਰੰਕਾਰ, ਹਰਿ ਸਾਚਾ ਸਚ ਵਡਿਆਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪ ਆਪਣਾ ਵੇਸ ਧਰਾਈਆ । ਸਚਖੰਡ ਸੋਹੇ ਬੰਕ ਦਵਾਰ, ਦਰ ਦਰਵਾਜਾ ਵੇਖ ਵਖਾਈਆ । ਗ਼ਰੀਬ ਨਿਵਾਜ਼ਾ ਸ਼ਾਹ ਸਿਕਦਾਰ, ਸ਼ਾਹ ਸੁਲਤਾਨਾ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਵੇਸ ਅਵਲੜਾ ਪੁਰਖ ਕਰਤਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਜੁਗ ਜੁਗ ਲੋਕਮਾਤ ਲੈ ਅਵਤਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਸਾਚਾ ਨਾਅਰਾ ਆਪ ਲਗਾਇੰਦਾ । ਲੋਆਂ ਪੁਰੀਆਂ ਦਏ ਸਹਾਰਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਖੇਲ ਨਿਆਰਾ, ਰੂਪ ਅਨੂਪ ਆਪ ਧਰਾਇੰਦਾ । ਰਾਜ ਜੋਗ ਹਰਿ ਪਾਵੇ ਸਾਰਾ, ਜਗਤ ਜੁਗਤ ਹਰਿ ਆਪ ਬਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਹਰਿ ਕਰ ਭਿਖਾਰਾ, ਸਾਚੀ ਭਿਛਿਆ ਝੋਲੀ ਨਾਮ ਪਾਇੰਦਾ । ਕਰੋੜ ਤੇਤੀਸਾ ਦਏ ਹੁਲਾਰਾ, ਸੁਰਪਤ ਆਪ ਉਠਾਇੰਦਾ । ਨੌ ਖੰਡ ਪ੍ਰਿਥਮੀ ਦਏ ਹੁਲਾਰਾ, ਸੱਤਾਂ ਦੀਪਾਂ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਰਚਨ ਰਚਾਏ ਪੁਰਖ ਕਰਤਾਰਾ, ਕਰਨੀ ਕਰਤਾ ਆਪ ਕਮਾਈਆ । ਜੁਗਾ ਜੁਗੰਤਰ ਖੇਲ ਨਿਆਰਾ, ਖ਼ਾਲਕ ਖ਼ਲਕ ਵੇਖ ਵਖਾਈਆ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰਾ, ਲੱਖ ਚੁਰਾਸੀ ਡੇਰਾ ਲਾਈਆ । ਘਰ ਘਰ ਦੀਪਕ ਜੋਤ ਕਰ ਉਜਿਆਰਾ, ਹਰਿ ਮੰਦਰ ਸੋਭਾ ਪਾਈਆ । ਆਪੇ ਵਸੇ ਧਾਮ ਨਿਆਰਾ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਪੁਰਖ ਸਮਰਥ, ਪਾਰਬ੍ਰਹਮ ਅਖਵਾਇਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨਾਉਂ ਧਰਾਇਆ । ਸ੍ਰਿਸ਼ਟ ਸਬਾਈ ਪਾਏ ਨੱਥ, ਨਾਮ ਡੋਰੀ ਹੱਥ ਰਖਾਇਆ । ਆਪਣੀ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਦਏ ਚਲਾਇਆ । ਸਾਚੀ ਧਾਰ ਸ਼ਾਹ ਸੁਲਤਾਨ, ਲੋਕਮਾਤ ਆਪ ਚਲਾਈਆ । ਆਪੇ ਖੇਲੇ ਖੇਲ ਦੋ ਜਹਾਨ, ਆਪ ਆਪਣੀ ਕਲ ਵਰਤਾਈਆ । ਆਪੇ ਸ਼ਬਦੀ ਸ਼ਬਦ ਗਿਆਨ, ਆਪੇ ਕਰੇ ਬ੍ਰਹਮ ਪੜ੍ਹਾਈਆ । ਆਪੇ ਬਖਸ਼ੇ ਨਾਮ ਨਿਧਾਨ, ਨਿਰਗੁਣ ਸਰਗੁਣ ਝੋਲੀ ਪਾਈਆ । ਆਪੇ ਸਤਿ ਸਤਿਵਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਆਪੇ ਬਲ ਬਾਵਨ ਵੇਖੇ ਆਨ, ਆਪ ਆਪਣਾ ਰੂਪ ਵਟਾਈਆ । ਆਪੇ ਸੀਤਾ ਰਾਮ ਕਰੇ ਪਰਨਾਮ, ਆਪੇ ਤੀਰ ਕਮਾਨ ਉਠਾਈਆ । ਆਪੇ ਗੋਪੀ ਮੇਲਾ ਸਾਚੇ ਕਾਹਨ, ਸਾਚੀ ਬੰਸਰੀ ਆਪ ਵਜਾਈਆ । ਆਪੇ ਈਸਾ ਮੂਸਾ ਕਰ ਪਛਾਨ, ਕਾਲਾ ਸੂਸਾ ਤਨ ਛੁਹਾਈਆ । ਆਪੇ ਸੰਗ ਮੁਹੰਮਦ ਦੇਵੇ ਦਾਨ, ਚਾਰ ਯਾਰੀ ਵੇਖ ਵਖਾਈਆ । ਆਪੇ ਨਾਨਕ ਕਰ ਪਰਧਾਨ, ਨਾਮ ਸਤਿ ਵੰਡ ਵੰਡਾਈਆ । ਆਪੇ ਗੋਬਿੰਦ ਜੋਧਾ ਸੂਰਬੀਰ ਬਲਵਾਨ, ਸਾਚਾ ਖੰਡਾ ਆਪ ਚਮਕਾਈਆ । ਆਪੇ ਵੇਦ ਸ਼ਾਸਤਰ ਪੁਰਾਨ, ਆਪੇ

੧੫੬

ਸਿਮਰਤ ਕਰੇ ਪੜ੍ਹਾਈਆ । ਆਪੇ ਦੇਵੇ ਸਚ ਗਿਆਨ, ਗੀਤਾ ਗੋਬਿੰਦ ਆਪ ਜਣਾਈਆ । ਆਪੇ ਬਾਈਬਲ ਲੇਖਾ ਜਾਣੇ ਅੰਜੀਲ ਕੁਰਾਨ, ਤੀਸ ਬਤੀਸਾ ਆਪੇ ਗਾਈਆ । ਆਪੇ ਖਾਣੀ ਬਾਣੀ ਧਰ ਨਿਸ਼ਾਨ, ਸਾਚੀ ਬਾਣੀ ਵੇਖ ਵਖਾਈਆ । ਆਪੇ ਦਾਤਾ ਦਾਨੀ ਹਰਿ ਭਗਵਾਨ, ਦੇਵਣਹਾਰ ਭੇਵ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਆਪੇ ਹੋਏ ਅਠਸਠ ਨੀਰ, ਜਲਧਾਰਾ ਆਪ ਸਮਾਈਆ । ਆਪੇ ਗੰਗਾ ਗੋਦਾਵਰੀ ਦੇਵੇ ਚੀਰ, ਜਮਨਾ ਸੁਰਸਤੀ ਲਏ ਸੁਹਾਈਆ । ਆਪੇ ਸ਼ਬਦ ਨਿਰਾਲਾ ਮਾਰੇ ਤੀਰ, ਏਕਾ ਮੁਖੀ ਨਾਮ ਚੜ੍ਹਾਈਆ । ਆਪੇ ਸ਼ਾਹ ਆਪੇ ਹਕੀਰ, ਆਪੇ ਘਰ ਘਰ ਅਲੱਖ ਜਗਾਈਆ । ਆਪੇ ਪੀਰ ਦਸਤਗੀਰ, ਸ਼ਾਹ ਸ਼ਾਹਾਨਾ ਆਪ ਵਡਿਆਈਆ । ਆਪੇ ਤ੍ਰੈਗੁਣ ਮਾਇਆ ਆਪੇ ਜੰਜੀਰ, ਪਾਏ ਬੰਧਨ ਬੰਧ ਕਟਾਈਆ । ਆਪੇ ਹਉਮੇ ਮਾਇਆ ਰੱਖੇ ਭੀੜ, ਆਪੇ ਹੰਗਤਾ ਗੜ੍ਹ ਢਾਈਆ । ਆਪੇ ਚੋਟੀ ਚੜ੍ਹੇ ਅਖੀਰ, ਆਪੇ ਖਾਕੀ ਖਾਕ ਸਮਾਈਆ । ਆਪੇ ਗੁਰ ਪੀਰ ਸਾਧ ਸੰਤ ਦੇਵੇ ਧੀਰ, ਧੀਰਜ ਧੀਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਹਿਮਾ ਆਪੇ ਜਣਾਈਆ । ਆਪੇ ਰਾਜ ਭੂਪ ਸੁਲਤਾਨ, ਆਪੇ ਤਖਤ ਤਾਜ ਸੁਹਾਇੰਦਾ । ਆਪ ਬਣੇ ਬੰਕ ਦਰਬਾਨ, ਦਰ ਦਰਵੇਸ਼ ਨਾਉਂ ਵਟਾਇੰਦਾ । ਆਪੇ ਭਗਤਾਂ ਕਰੇ ਪਛਾਣ, ਹਰਿਜਨ ਆਪੇ ਮੇਲ ਮਿਲਾਇੰਦਾ । ਆਪੇ ਜੋਤੀ ਨੂਰ ਬਖਸ਼ੇ ਕੋਟਨ ਭਾਨ, ਰਵ ਸਸ ਮੁਖ ਸ਼ਰਮਾਇੰਦਾ । ਆਪੇ ਹੋਏ ਜਾਣੀ ਜਾਣ, ਹਰ ਘਟ ਆਪੇ ਡੇਰਾ ਲਾਇੰਦਾ । ਆਪੇ ਨਿਰਗੁਣ ਰੂਪ ਸ੍ਰੀ ਭਗਵਾਨ, ਸਰਗੁਣ ਆਪੇ ਵੇਖ ਵਖਾਇੰਦਾ । ਆਪੇ ਗਾਏ ਅਨਹਦ ਸਾਚਾ ਗਾਨ, ਤੁਰੀਆ ਰਾਗ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਆਪੇ ਸ਼ਹਿਨਸ਼ਾਹ ਪਾਤਸ਼ਾਹ, ਪਤ ਪਤਵੰਤਾ ਆਪ ਅਖਵਾਈਆ । ਆਪੇ ਸਤਿਗੁਰ ਦਾਤਾ ਬਣ ਮਲਾਹ, ਲੋਕਮਾਤ ਨਾਉਂ ਧਰਾਇਆ । ਆਪੇ ਜੁਗ ਜੁਗ ਚਲਾਏ ਆਪਣਾ ਰਾਹ, ਆਪਣਾ ਮਾਰਗ ਆਪੇ ਲਾਈਆ । ਆਪੇ ਦੇਵਣਹਾਰਾ ਸਚ ਸਲਾਹ, ਏਕਾ ਅੱਖਰ ਕਰੇ ਪੜ੍ਹਾਈਆ । ਆਪ ਉਪਜਾਏ ਆਪਣਾ ਨਾਂ, ਨਰ ਨਿਰੰਕਾਰਾ ਆਪ ਸਲਾਹੀਆ । ਆਪੇ ਦੇਵੇ ਨਿਥਾਵਿਆਂ ਥਾਂ, ਥਾਨ ਥਨੰਤਰ ਸੋਭਾ ਪਾਈਆ । ਆਪੇ ਪਿਤਾ ਆਪੇ ਮਾਂ, ਬਾਲ ਅੰਞਾਣੇ ਗੋਦ ਉਠਾਈਆ । ਆਪੇ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦਏ ਸਦਾ ਵਡਿਆਈਆ । ਆਪੇ ਰਾਜ ਜੋਗ ਸਿਕਦਾਰ ਸੱਚਾ ਭੂਪ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪੇ ਵਸੇ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਆਪੇ ਤਾਣਾ ਪੇਟਾ ਹੋਏ ਸੂਤ, ਆਪੇ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਸਾਚਾ ਲੇਖਾ ਹਰਿ ਨਿਰੰਕਾਰ, ਆਪਣੇ ਹੱਥ ਰਖਾਇਆ । ਲਖ ਚੁਰਾਸੀ ਕਰ ਤਿਆਰ, ਘਰ ਘਰ ਡੇਰਾ ਲਾਇਆ । ਸੰਤ ਸੁਹੇਲੇ ਕਰ ਪਿਆਰ, ਆਪ ਆਪਣੀ ਬੂਝ ਬੁਝਾਇਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਝਿਰਨਾ ਦਏ ਝਰਾਇਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਨ ਅਨਾਦੀ ਆਪ ਵਜਾਇਆ । ਆਪੇ ਖੋਲ੍ਹ ਬੰਦ ਕਿਵਾੜ, ਘਰ ਸਾਚੀ ਸੇਜ ਸੁਹਾਇਆ । ਆਤਮ ਸੇਜਾ ਕਰ ਪਿਆਰ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਵੇਖ ਵਖਾਇਆ । ਸੰਤਨ ਮੇਲਾ ਸਚ ਦਰ, ਹਰਿ ਸਾਚਾ ਆਪ ਕਰਾਇੰਦਾ । ਧੁਰ ਦਰਗਾਹੀ ਮਿਲਿਆ ਵਰ, ਵਰ ਘਰ ਏਕਾ ਏਕ

ਸਮਝਾਇੰਦਾ । ਨਾਰੀ ਮਿਲਿਆ ਸਾਚਾ ਨਰ, ਨਰ ਨਰਾਇਣ ਨਜ਼ਰੀ ਆਇੰਦਾ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਨਾਉਂ ਉਪਜਾਇੰਦਾ । ਨਿਰਭੈ ਰੂਪ ਨਾ ਜਾਏ ਡਰ, ਭੈ ਭਿਆਨਕ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੰਗੀਲਾ ਸ੍ਰੀ ਭਗਵਾਨ, ਹਰਿ ਬੀਠਲ ਵਡ ਵਡਿਆਈਆ । ਜੁਗ ਜੁਗ ਵੇਖੇ ਲੋਕਮਾਤ ਮਾਰ ਧਿਆਨ, ਸਚਖੰਡ ਨਿਵਾਸੀ ਬੇਪਰਵਾਹੀਆ । ਭਗਤਾਂ ਦੇਵੇ ਭਗਤੀ ਦਾਨ, ਭਾਵਨੀ ਭਗਤਨ ਪੂਰ ਕਰਾਈਆ । ਦੋ ਜਹਾਨਾਂ ਰੱਖੇ ਮਾਣ, ਅਭਿਮਾਨਾਂ ਦਏ ਖਪਾਈਆ । ਸਚ ਵਖਾਏ ਇਕ ਨਿਸ਼ਾਨ, ਦਰਗਾਹ ਸਾਚੀ ਆਪ ਝੁਲਾਈਆ । ਪਦ ਵਿਖਾਏ ਇਕ ਨਿਰਬਾਨ, ਪਰਮਾਨੰਦ ਨੰਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਜੁਗ ਜੁਗ ਖੇਲ ਕਰਨਹਾਰ, ਆਪਣੀ ਕਿਰਤ ਕਮਾਇੰਦਾ । ਸੰਤ ਭਗਤ ਭਗਵੰਤ ਲਾਏ ਪਾਰ, ਹਰਿਜਨ ਸਾਚੇ ਵੇਖ ਵਿਖਾਇੰਦਾ । ਆਦਿ ਅੰਤ ਆਪਣੀ ਧਾਰ, ਧਰਨੀ ਧਰਤ ਧਵਲ ਚਲਾਇੰਦਾ । ਜਲ ਬਿੰਬ ਹਰਿ ਪਾਏ ਸਾਰ, ਆਕਾਸ਼ ਪ੍ਰਕਾਸ਼ ਫੋਲ ਫੁਲਾਇੰਦਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਵਟਾਇੰਦਾ । ਜੁਗ ਜੁਗ ਨਾਉਂ ਹਰਿ ਹਰਿ ਰੱਖ, ਆਪਣੀ ਕਲ ਵਰਤਾਇੰਦਾ । ਨਿਰਗੁਣ ਸਰਗੁਣ ਹੋ ਪਰਤੱਖ, ਹਰਿਜਨ ਸਾਚੇ ਆਪ ਤਰਾਇੰਦਾ । ਲਖ ਚੁਰਾਸੀ ਵਿਚੋਂ ਕਰੇ ਵੱਖ, ਆਪਣੀ ਵੰਡਣ ਆਪ ਵੰਡਾਇੰਦਾ । ਆਪਣਾ ਮਾਰਗ ਆਪੇ ਦੱਸ, ਆਪਣਾ ਅੱਖਰ ਆਪ ਪੜ੍ਹਾਇੰਦਾ । ਹਿਰਦੇ ਅੰਦਰ ਹਰਿ ਹਰਿ ਵਸ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਦੋ ਜਹਾਨਾਂ ਨੱਸ ਨੱਸ ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਮੇਟੇ ਰੈਣ ਅੰਧੇਰੀ ਮਸ, ਅਗਿਆਨ ਅੰਧੇਰ ਨਾ ਕੋਏ ਵਖਾਇੰਦਾ । ਸ਼ਬਦ ਨਿਰਾਲਾ ਤੀਰ ਮਾਰੇ ਕਸ, ਏਕਾ ਮੁੱਖੀ ਮੁਖ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਉਪਜਾਇੰਦਾ । ਨਾਉਂ ਰੱਖ ਸਾਚੀ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਸਤਿਜੁਗ ਵੇਸ ਅਗੰਮ ਅਪਾਰ, ਅਗੰਮ ਅਗੰਮੜੀ ਖੇਲ ਖਿਲਾਈਆ । ਤਰੇਤਾ ਤੇਰਾ ਰੰਗ ਸਰਬ ਸੰਸਾਰ, ਦੋ ਦੋ ਮੇਲਾ ਸਹਿਜ ਸੁਭਾਈਆ । ਦਵਾਪਰ ਤੇਰਾ ਮੀਤ ਮੁਰਾਰ, ਇਕ ਅਕੱਲਾ ਇਕ ਅਖਵਾਈਆ । ਕਲਜੁਗ ਕੂੜਾ ਵੇਖ ਪਸਾਰ, ਆਪ ਆਪਣੀ ਕਲ ਵਰਤਾਈਆ । ਵੇਦ ਪੁਰਾਨ ਗਏ ਹਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸ਼ਾਸਤਰ ਸਿਮਰਤ ਢਹਿ ਢਹਿ ਪਏ ਦਵਾਰ, ਪ੍ਰਭ ਅੱਗੇ ਸੀਸ ਝੁਕਾਈਆ । ਅੰਜੀਲ ਕੁਰਾਨਾ ਹਾਹਾਕਾਰ, ਦਿਵਸ ਰੈਣ ਦੇਣ ਦੁਹਾਈਆ । ਖਾਣੀ ਬਾਣੀ ਨਾ ਕਰੇ ਕੋਇ ਵਿਚਾਰ, ਨਾਨਕ ਗੋਬਿੰਦ ਦਏ ਗਵਾਹੀਆ । ਭਰਮੇ ਭੁੱਲਾ ਸਰਬ ਸੰਸਾਰ, ਭਰਮ ਗੜ੍ਹ ਨਾ ਕੋਇ ਤੁੜਾਈਆ । ਤੀਰਥ ਤੱਟਾਂ ਆਈ ਹਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਗੁਰਦਰ ਮੰਦਰ ਮਸਜਦ ਧੂਆਂਧਾਰ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਪੰਡਤ ਪਾਧਾਂ ਨਾ ਕਰੇ ਵਿਚਾਰ, ਮਸਤਕ ਝੂਠਾ ਤਿਲਕ ਲਗਾਈਆ । ਮੁਲਾਂ ਸ਼ੇਖ ਮਸਾਇਕ ਰੋਵਨ ਜ਼ਾਰੋ ਜ਼ਾਰ, ਨੂਰ ਇਲਾਹੀ ਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਸਤਿਜੁਗ ਸਾਚਾ ਸਚ ਪੁਕਾਰ, ਹਰਿ ਸੰਤਨ ਆਪ ਸੁਣਾਇੰਦਾ । ਤਰੇਤਾ ਬਣੇ ਮੀਤ ਮੁਰਾਰ, ਤ੍ਰੈਗੁਣ ਬੰਧਨ ਪਾਇੰਦਾ । ਦਵਾਪਰ ਤੇਰਾ ਠਾਂਡਾ ਦਰਬਾਰ, ਏਕਾ ਘਰ ਜਣਾਇੰਦਾ । ਕਲਜੁਗ ਖੇਲ ਸਰਬ ਸੰਸਾਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਏਕਾ ਗੁਰ ਇਕ ਅਵਤਾਰ, ਏਕਾ ਇਸ਼ਟ ਮਨਾਇੰਦਾ । ਏਕਾ ਸ਼ਬਦ ਇਕ ਜੈਕਾਰ, ਏਕਾ ਰਾਗ ਸੁਣਾਇੰਦਾ ।

੧੫੮

ਛੱਤੀ ਰਾਗ ਕਰਨ ਪੁਕਾਰ, ਨਾਰਦ ਮੁਨ ਸੁਰਸਤੀ ਨਾਲ ਰਲਾਇੰਦਾ । ਸਤਿ ਨਾ ਵਜਾਏ ਕੋਈ ਸਤਾਰ, ਨਾਮ ਸਰੰਗੀ ਨਾ ਕੋਈ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਕੂੜ ਕੂੜ ਕੂੜਿਆਰਾ, ਚਾਰੋਂ ਕੁੰਟ ਲਏ ਅੰਗੜਾਈਆ । ਹਉਮੇ ਹੰਗਤਾ ਖੰਡਾ ਤਿਖੀ ਧਾਰਾ, ਆਪਣੇ ਹੱਥ ਉਠਾਈਆ । ਧੁਰ ਦੀ ਲਿਖੀ ਨਾ ਕੋਈ ਮੇਟੇ ਮੇਟਣਹਾਰਾ, ਨਾ ਕੋਈ ਦਿਸੇ ਹੋਰ ਸਹਾਈਆ । ਚਾਰੋਂ ਕੁੰਟ ਇਕ ਲਲਕਾਰਾ, ਏਕਾ ਏਕ ਦਏ ਸੁਣਾਈਆ । ਕਵਾਰ ਕੰਨਿਆ ਕਰੇ ਸ਼ੰਗਾਰਾ, ਘਰ ਘਰ ਕੰਤ ਮਨਾਈਆ । ਨਾਰੀ ਨਰ ਹੋਏ ਵਿਭਚਾਰਾ, ਨਰ ਨਰਾਇਣ ਦਿਸ ਨਾ ਆਈਆ । ਪੰਜ ਤਤ ਗੜ੍ਹ ਬਣਿਆ ਹੰਕਾਰਾ, ਸਤਿ ਸਤਿ ਨਾ ਕੋਇ ਵਡਿਆਈਆ । ਕਾਮ ਕਰੋਧ ਬੋਲ ਜੈਕਾਰਾ, ਅੰਦਰ ਬੈਠੇ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਕਲਜੁਗ ਜੂਠ ਝੂਠ ਪਰਧਾਨ, ਨਵ ਖੰਡ ਵੇਖ ਵਖਾਈਆ । ਕਲਜੁਗ ਪੰਜ ਤਤ ਸ਼ੈਤਾਨ, ਪੰਚਮ ਗਏ ਰਾਹ ਭੁਲਾਈਆ । ਕਲਜੁਗ ਮਦਿਰਾ ਮਾਸ ਪੀਣ ਖਾਣ, ਆਤਮ ਮਧ ਨਾ ਕੋਇ ਸੁਹਾਈਆ । ਕਲਜੁਗ ਅਠਸਠ ਤੀਰਥ ਨਹਾਵਣ ਨਹਾਣ, ਗੁਰ ਚਰਨ ਧੂੜੀ ਅਸ਼ਨਾਨ ਨਾ ਕੋਇ ਕਰਾਈਆ । ਕਲਜੁਗ ਮੰਦਰ ਮਸਜਦ ਗੁਰ ਦਰ ਬਹਿ ਬਹਿ ਗਾਣ, ਸਤਿਗੁਰ ਪੂਰਾ ਦਿਸ ਨਾ ਆਈਆ । ਕਲਜੁਗ ਘਰ ਘਰ ਬਣਨ ਗੋਪੀ ਕਾਹਨ, ਸਾਚੀ ਰਾਸ ਨਾ ਕੋਇ ਰਚਾਈਆ । ਘਰ ਘਰ ਪੂਜਾ ਪਾਠ ਕਰਨ ਰਾਮਾ ਰਾਮ, ਆਤਮ ਰਾਮ ਨਾ ਕੋਇ ਮਨਾਈਆ । ਘਰ ਘਰ ਰਸਨਾ ਗਾਵਨ ਸਤਿਨਾਮ, ਨਾਮ ਸਤਿ ਨਾ ਕੋਇ ਸਮਾਈਆ । ਘਰ ਘਰ ਤਨ ਪਹਿਨ ਜਗਤ ਕਿਰਪਾਨ, ਨਾਮ ਖੰਡਾ ਨਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਨਾ ਕੋਇ ਸ਼ਾਹ ਸੁਲਤਾਨ ਦਿਸੇ ਸਿਕਦਾਰਾ, ਸਾਚਾ ਅਦਲ ਨਾ ਕੋਇ ਕਮਾਇਆ । ਨਾ ਕੋਇ ਸੱਜਣ ਮੀਤ ਮੁਰਾਰਾ, ਸਾਕ ਸੈਣ ਨਾ ਕੋਇ ਬਣਾਇਆ । ਧੀਆਂ ਭੈਣਾਂ ਕਰਨ ਵਣਜ ਵਣਜਾਰਾ, ਗੁਰ ਦਰ ਮੰਦਰ ਵੇਸਵਾ ਘਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਰਨੀ ਕਿਰਤ ਕਮਾਇਆ । ਕਲਜੁਗ ਤੇਰਾ ਕੂੜਾ ਰੰਗ, ਹਰਿ ਪੁਰਖ ਨਿਰੰਜਨ ਵੇਖ ਵਖਾਈਆ । ਲਖ ਚੁਰਾਸੀ ਜੀਵ ਜੰਤ ਸਾਧ ਸੰਤ ਮਾਇਆ ਮਮਤਾ ਸੇਜ ਵਿਛਾਈ ਇਕ ਪਲੰਘ, ਜੂਠ ਝੂਠ ਲੇਖਾ ਰਹੇ ਗਣਾਈਆ । ਸਚ ਦਵਾਰਾ ਨਾ ਕੋਈ ਵੇਖੇ ਲੰਘ, ਭਰਮੇ ਭੁੱਲੀ ਸਰਬ ਲੋਕਾਈਆ । ਗੁਰਮੁਖ ਵਿਰਲਾ ਮੰਗੇ ਏਕਾ ਮੰਗ, ਕੋਟਨ ਕੋਟੀ ਜੀਵ ਰਹੇ ਬਿਲਲਾਈਆ । ਮਨ ਮਤ ਹੋਈ ਭਾਗਾਂਮੰਦ, ਗੁਰ ਮਤ ਨਾ ਕੋਈ ਦਿਸਾਈਆ । ਸਚ ਨਾ ਦਿਸੇ ਚੜ੍ਹਿਆ ਚੰਦ, ਕਲਜੁਗ ਰੈਣ ਅੰਧੇਰੀ ਛਾਈਆ । ਕਿਸੇ ਹੱਥ ਨਾ ਆਇਆ ਪਰਮਾਨੰਦ, ਨਿਜ ਆਤਮ ਨਾ ਵੇਖ ਵਖਾਈਆ । ਦੂਈ ਦਵੈਤੀ ਹਉਮੇ ਕੰਧ, ਕਾਇਆ ਗੜ੍ਹ ਟਿਕਾਈਆ । ਸਤਿਗੁਰ ਪੂਰਾ ਸੁਤਾ ਦੇ ਕਰ ਕੰਡ, ਨਾ ਸਕੇ ਕੋਏ ਜਗਾਈਆ । ਵਰਨ ਬਰਨ ਭੇਖ ਪਖੰਡ, ਕਲਜੁਗ ਆਪਣੀ ਵੰਡ ਵੰਡਾਈਆ । ਸ੍ਰਿਸ਼ਟ ਸਬਾਈ ਨਾਰ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਹਰਿ ਚੁਕੌਣਾ, ਹਰਿ ਪੁਰਖ ਪੁਰਖ ਅਵਤਾਰਿਆ । ਭਰਮ ਭੁਲੇਖਾ ਸਰਬ ਕਢੌਣਾ, ਲਖ ਚੁਰਾਸੀ ਪਾਵੇ ਸਾਰਿਆ । ਬ੍ਰਹਮਾ ਵਿਸ਼ਨ ਸਿਵ ਆਪ ਉਠੌਣਾ, ਕਰੋੜ ਤੇਤੀਸਾ ਦਏ


੧੫੯

ਹੁਲਾਰਿਆ । ਨੌ ਖੰਡ ਪ੍ਰਿਥਮੀ ਫੇਰਾ ਪੌਣਾ, ਸੱਤਾਂ ਦੀਪਾਂ ਜੋਤ ਜਗਾ ਰਿਹਾ । ਧਰਨੀ ਧਰਤ ਧਵਲ ਹਰਿ ਆਪ ਸੁਹੌਣਾ, ਧਰ ਧਰਨੀ ਲੇਖੇ ਲਾ ਰਿਹਾ । ਉਚੇ ਟਿੱਲੇ ਪਰਬਤ ਫੇਰਾ ਪੌਣਾ, ਜੰਗਲ ਜੂਹ ਉਜਾੜ ਪਹਾੜ ਫੋਲ ਫੋਲਾ ਰਿਹਾ । ਸਮੁੰਦ ਸਾਗਰ ਵੇਖ ਵਖੌਣਾ, ਜਲ ਜਲ ਜਲ ਰੂਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾ ਰਿਹਾ । ਸਤਿਜੁਗ ਸਾਚਾ ਮਾਰਗ ਹਰਿ ਹਰਿ, ਹਰਿ ਸਤਿਗੁਰ ਆਪ ਲਗਾਈਆ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਗੁਰਮੁਖਾਂ ਕਰੇ ਪੜ੍ਹਾਈਆ । ਆਪਣੀ ਅਗਨੀ ਆਪੇ ਸੜ ਸੜ, ਹਰਿਜਨ ਤਤ ਬੁਝਾਈਆ । ਆਪਣੀ ਕਰਨੀ ਆਪੇ ਕਰ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਸਿਖ ਅੰਦਰ ਆਪੇ ਵੜ ਵੜ, ਆਪਣੀ ਬੂਝ ਬੁਝਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫੜ ਫੜ, ਪੂਰਬ ਲਹਿਣਾ ਰਿਹਾ ਚੁਕਾਈਆ । ਦਰਸ ਦਿਖਾਏ ਅੱਗੇ ਖੜ੍ਹ ਖੜ੍ਹ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਸੋਭਾ ਪਾਈਆ । ਸੋਭਾਵੰਤ ਕੰਤ ਭਤਾਰ, ਘਰ ਸਾਚਾ ਆਪ ਸੁਹਾਇੰਦਾ । ਸਾਚੀ ਸਖੀਆਂ ਕਰੇ ਇਕ ਪਿਆਰ, ਦਰ ਸਾਚੇ ਮੇਲ ਮਿਲਾਇੰਦਾ । ਗੀਤ ਸੁਹਾਗੀ ਬੋਲ ਜੈਕਾਰ, ਆਪਣੀ ਬੂਝ ਬੁਝਾਇੰਦਾ । ਨਾਮ ਵਸਤ ਭਰ ਭੰਡਾਰ, ਸਾਚੀ ਝੋਲੀ ਆਪ ਭਰਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਘਰ ਘਰ ਵਿਚ ਦੀਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚਾ ਮੇਲਿਆ, ਕਰ ਕਿਰਪਾ ਕਰਤਾਰ । ਹਰਿ ਮਿਲਿਆ ਸੱਜਣ ਸੁਹੇਲਿਆ, ਵਿਛੜਿਆ ਸੰਸਾਰ । ਏਕਾ ਘਰ ਸੋਹੇ ਗੁਰੂ ਗੁਰ ਚੇਲਿਆ, ਗੁਰ ਦਰ ਮੰਦਰ ਖੇਲ ਅਪਾਰ । ਧਰਮ ਰਾਏ ਦੀ ਕੱਟੇ ਜੇਲਿਆ, ਲੱਖ ਚੁਰਾਸੀ ਕਰੇ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਲਏ ਅਵਤਾਰ । ਨਿਹਕਲੰਕ ਹਰਿ ਅਵਤਾਰਾ, ਹਰਿ ਪੁਰਖ ਨਿਰੰਜਨ ਵਡ ਵਡਿਆਈਆ । ਸੋ ਪੁਰਖ ਨਿਰੰਜਨ ਹੋ ਉਜਿਆਰਾ, ਲੋਕਮਾਤ ਕਰੇ ਰੁਸ਼ਨਾਈਆ । ਏਕੰਕਾਰਾ ਅਕਲ ਕਲ ਧਾਰਾ, ਆਪਣੀ ਕਲ ਵਰਤਾਈਆ । ਸੋਹੰ ਸ਼ਬਦ ਬੋਲ ਜੈਕਾਰਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਤੀਰਥ ਤੱਟ ਨਾ ਕੋਇ ਕਿਨਾਰਾ, ਅਠਸਠ ਨਾ ਕੋਇ ਵਖਾਈਆ । ਨਾ ਕੋਇ ਮੰਦਰ ਮਸਜਦ ਦਿਸੇ ਗੁਰਦਰ ਦਵਾਰਾ, ਗੁਰ ਚਰਨ ਇਕ ਵਡਿਆਈਆ । ਨਾ ਕੋਈ ਖੜਗ ਖੰਡਾ ਚੰਡ ਪਰਚੰਡਾ ਦਿਸੇ ਤੇਜ਼ ਕਟਾਰਾ, ਨਾਮ ਖੰਡਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਸਿਖ ਆਪ ਉਠਾਵਨ ਆਇਆ, ਪੋਹ ਛੱਬੀ ਰੁੱਤ ਸੁਹਾਇੰਦਾ । ਵੀਹ ਸੌ ਸੋਲਾਂ ਬਿਕ੍ਰਮੀ ਨਾਲ ਰਲਾਇਆ, ਗੁਰ ਗੋਬਿੰਦ ਮੇਲ ਮਿਲਾਇੰਦਾ । ਨਾਨਕ ਨਾਮ ਇਕ ਵਖਾਇਆ, ਏਕਾ ਸ਼ਬਦ ਬੰਧਾਇੰਦਾ । ਸੀਤਾ ਰਾਮ ਲਏ ਪਰਨਾਇਆ, ਆਪ ਆਪਣੇ ਲੜ ਲਗਾਇੰਦਾ । ਰਾਧਾ ਕ੍ਰਿਸ਼ਨਾ ਰੰਗ ਰੰਗਾਇਆ, ਰੰਗ ਚਲੂਲਾ ਇਕ ਚੜ੍ਹਾਇੰਦਾ । ਸਾਚੇ ਮੰਦਰ ਡੇਰਾ ਲਾਇਆ, ਵੇਦ ਵਿਆਸਾ ਵੇਖ ਵਖਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਹਰਿ ਜੂ ਹਰਿ ਹਰਿ ਬਣ ਕੇ ਆਇਆ, ਹਰਿ ਸਾਚਾ ਰੰਗ ਵਟਾਇੰਦਾ । ਤਖਤ ਨਿਵਾਸੀ ਸ਼ਾਹੋ ਸ਼ਾਬਾਸੀ ਪੁਰਖ ਅਬਿਨਾਸ਼ੀ ਆਪਣੇ ਅਸਵ ਚੜ੍ਹ ਕੇ ਆਇਆ, ਸੋਲਾਂ ਕਲੀਆਂ ਆਸਣ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰਾਹ ਵਿਚੋਂ ਫੜ ਕੇ ਆਇਆ, ਆਪ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ


੧੬੦

ਸਾਚੇ ਵੇਖਣਹਾਰਾ, ਆਦਿ ਜੁਗਾਦੀ ਇਕ ਅਵਤਾਰਿਆ । ਲੋਕਮਾਤ ਖੇਲ ਨਿਆਰਾ, ਕਰਤਾ ਪੁਰਖ ਆਪ ਕਰਾ ਰਿਹਾ । ਜੂਨੀ ਰਹਿਤ ਭੇਵ ਨਿਆਰਾ, ਨਿਰਗੁਣ ਸਾਚੀ ਧਾਰ ਬੰਧਾ ਰਿਹਾ । ਘਰ ਘਰ ਦੀਪਕ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾ ਰਿਹਾ । ਸਾਚਾ ਸਾਕੀ ਕਰ ਪਿਆਰਾ, ਭਰ ਪਿਆਲਾ ਜਾਮ ਪਿਆ ਰਿਹਾ । ਖੋਲ੍ਹੇ ਤਾਕੀ ਬੰਦ ਕਿਵਾੜਾ, ਪੰਚਮ ਧਾੜਾ ਪਰੇ ਹਟਾ ਰਿਹਾ । ਕੰਚਨ ਗੜ੍ਹ ਸੁਹਾਏ ਇਕ ਦਵਾਰਾ, ਕਿਲਾ ਕੋਟ ਇਕ ਵਖਾ ਰਿਹਾ । ਅੰਦਰ ਵੜ ਏਕੰਕਾਰਾ, ਆਪ ਆਪਣਾ ਮੇਲ ਮਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਿਵਸ ਆਪ ਸੁਹਾ ਲਿਆ । ਸਾਚਾ ਦਿਵਸ ਸੋਹੇ ਪਰਭਾਤ, ਹਰਿ ਰੁਤੜੀ ਰੁਤ ਸੁਹਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਗੁਰਸਿਖ ਆਪਣੇ ਰੰਗ ਰੰਗਾਈਆ । ਨਾ ਕੋਈ ਵਰਨ ਨਾ ਕੋਈ ਗੋਤ ਨਾ ਕੋਈ ਜ਼ਾਤ ਨਾ ਕੋਈ ਪਾਤ, ਕਮਲਾਪਾਤ ਇਕ ਅਖਵਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਤੀਰਥ ਨਾ ਕੋਈ ਸਰੋਵਰ ਮਾਰੇ ਠਾਠ, ਚਰਨ ਧੂੜ ਮਸਤਕ ਟਿੱਕਾ ਏਕਾ ਲਾਈਆ । ਨਾ ਕੋਈ ਅਗਨੀ ਜਲੇ ਕਾਠ, ਨਾ ਕੋਈ ਗੁਰਮੁਖ ਵਿਕੇ ਹਾਟੋ ਹਾਟ, ਖ਼ਾਕੀ ਖ਼ਾਕ ਨਾ ਕੋਈ ਦਬਾਈਆ । ਨਾ ਕੋਈ ਦੇਵੀ ਪੂਜਾ ਜੋਤ ਲਲਾਟ, ਅਸ਼ਟਭੁਜ ਨਾ ਰੱਖੇ ਸਾਥ । ਨਾ ਕੋਈ ਮੇਲਾ ਤਰਲੋਕੀ ਨਾਥ, ਇਕ ਅਕੱਲਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਉਠ ਜਾਗ ਗੁਰਮੁਖ ਸੁਤਿਆ, ਹਰਿ ਸਤਿਗੁਰ ਆਪ ਜਗਾਇੰਦਾ । ਪਰਗਟ ਹੋਇਆ ਪਾਰਬ੍ਰਹਮ ਅਬਿਨਾਸ਼ੀ ਅਚੁਤਿਆ, ਆਪ ਆਪਣਾ ਨਾਉਂ ਧਰਾਇੰਦਾ । ਕਲਜੁਗ ਅੰਤਮ ਆਈ ਰੁੱਤਿਆ, ਸਾਚਾ ਫੁਲ ਨਾ ਕੋਇ ਮਹਿਕਾਇੰਦਾ । ਪੰਜ ਤਤ ਖ਼ਾਲੀ ਦਿਸੇ ਬੁਤਿਆ, ਹਰਿ ਕਾ ਨਾਮ ਨਾ ਕੋਇ ਧਰਾਇੰਦਾ । ਪੰਜਾਂ ਚੋਰਾਂ ਧਨ ਮਾਲ ਤੇਰਾ ਲੁਟਿਆ, ਅੱਗੇ ਹੋ ਨਾ ਕੋਏ ਛੁਡਾਇੰਦਾ । ਲੱਖ ਚੁਰਾਸੀ ਬੂਟਾ ਜਾਣਾ ਪੁੱਟਿਆ, ਫਿਰ ਕੋਇ ਨਾ ਮਾਤ ਲਗਾਇੰਦਾ । ਸਤਿਜੁਗ ਸਾਚਾ ਚੰਦ ਏਕਾ ਫੁੱਟਿਆ, ਸਤਿਗੁਰ ਸਾਚੀ ਜੋਤ ਜਗਾਇੰਦਾ । ਗੁਰਮੁਖਾਂ ਦੇਵੇ ਏਕਾ ਅੰਮ੍ਰਿਤ ਆਤਮ ਨਾਮ ਸਾਚਾ ਘੁੱਟਿਆ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸਾਚੇ ਵੇਖ ਵਖਾਇੰਦਾ । ਸਤਿਜੁਗ ਵਿਛੋੜਾ ਦੇਵੇ ਕੱਟ, ਜੋ ਹਰਿ ਹਰਿ ਗਏ ਧਿਆਈਆ । ਤਰੇਤਾ ਪਹਿਨਾਏ ਏਕਾ ਪਟ, ਸਾਚਾ ਬਸਤਰ ਹੱਥ ਉਠਾਈਆ । ਦਵਾਪਰ ਵੇਖੇ ਨੇੜੇ ਵਾਟ, ਆਪ ਆਪਣਾ ਪੰਧ ਮੁਕਾਈਆ । ਕਲਜੁਗ ਪੂਰਾ ਕਰੇ ਘਾਟ, ਗੁਰਮੁਖ ਸਾਚੇ ਆਪ ਉਠਾਈਆ । ਨਿਰਗੁਣ ਜੋਤ ਜਗਾਏ ਲਲਾਟ, ਮਸਤਕ ਰੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਹਰਿ ਸੰਗਤ ਕਰੇ ਜਗਤ ਨਿਰਮੋਹ, ਨਿਰਗੁਣ ਆਪਣਾ ਮੇਲ ਮਿਲਾਈਆ । ਜਗਤ ਨਾਤਾ ਦੇਵੇ ਤੋੜ, ਹਰਿ ਸੰਗਤ ਹਰਿ ਸਮਝਾਇੰਦਾ । ਚਰਨ ਪ੍ਰੀਤੀ ਲਵੇ ਜੋੜ, ਆਪ ਆਪਣੇ ਚਰਨ ਲਗਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਚਾ ਘੋੜਾ ਇਕ ਵਖਾਇੰਦਾ । ਜੁਗਾਂ ਜੁਗਾਂ ਦੀ ਪਿਆਸ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਮਨਮੁਖ ਦਰ ਤੋਂ ਦੇਵੇ ਹੋੜ, ਸੱਸੇ ਉਪਰ ਹੋੜਾ ਇਕ ਵਖਾਇੰਦਾ । ਲੱਖ ਚੁਰਾਸੀ ਵੇਖੇ ਫਲ ਮਿੱਠਾ ਕੌੜ, ਕੌੜਾ ਰੀਠਾ ਆਪ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਦਾ ਸੁਹਾਇੰਦਾ । ਹਰਿ ਸੰਗਤ ਉਪਾਇਆ ਸਾਚਾ ਫੁੱਲ, ਫੁਲ ਫੁਲਵਾੜੀ ਮਾਤ ਲਗਾਈਆ । ਵਿਸ਼ਨ ਵੰਸੀ ਬਣਾਈ ਆਪਣੀ ਕੁਲ, ਆਪਣੇ ਬੰਸ ਦਏ ਵਡਿਆਈਆ । ਸ੍ਰੀ ਭਗਵਾਨ ਪਾਵੇ ਮੁੱਲ, ਕਲੀ ਕਲੀ ਵੇਖ ਵਖਾਈਆ ।

ਕਲਜੁਗ ਬੂਟਾ ਰਿਹਾ ਫੁਲ, ਆਪ ਆਪਣੀ ਸੇਵ ਕਮਾਈਆ । ਅੰਤਮ ਤੋਲੇ ਸਾਚੇ ਤੋਲ, ਨਾਮ ਤਰਾਜੂ ਹੱਥ ਉਠਾਈਆ । ਸਚਖੰਡ ਨਿਵਾਸੀ ਬੈਠ ਅਡੋਲ, ਗੁਰਮੁਖ ਅਤੁਲ ਰਖਾਈਆ । ਸਦਾ ਸੁਹੇਲਾ ਵਸੇ ਕੋਲ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਤਿ ਸਮਝਾਈਆ । ਹਰਿ ਸੰਗਤ ਦਿਵਸ ਸੁਹਾਵਣਾ, ਪਾਰਬ੍ਰਹਮ ਸਰਨਾਇਆ । ਸੋਹੰ ਸ਼ਬਦ ਏਕਾ ਗਾਵਣਾ, ਜਨਮ ਮਰਨ ਰਹੇ ਨਾ ਰਾਇਆ । ਪੁਰਖ ਅਬਿਨਾਸ਼ੀ ਪਕੜੇ ਦਾਮਨਾ, ਦੋ ਜਹਾਨ ਹੋਏ ਸਹਾਇਆ । ਜਗਤ ਅੰਧੇਰੀ ਮੇਟੇ ਸ਼ਾਮਨਾ, ਸਾਚਾ ਚੰਦ ਇਕ ਚੜ੍ਹਾਇਆ । ਨਗਰ ਖੇੜਾ ਵੇਖੇ ਗਰਾਮਨਾ, ਕਾਇਆਂ ਬੰਕ ਸੁਹਾਇਆ । ਬਲ ਧਾਰੇ ਜਿਉਂ ਬਲ ਬਾਵਨਾ, ਵਲ ਛਲ ਆਪਣਾ ਵੇਸ ਵਟਾਇਆ । ਗੜ੍ਹ ਲੰਕਾ ਤੋੜੇ ਜਿਉਂ ਰਾਮਾ ਰਾਵਣਾ, ਕਲਜੁਗ ਗੜ੍ਹ ਰਹਿਣ ਨਾ ਪਾਇਆ । ਕਾਹਨਾ ਕੰਸਾ ਆਪੇ ਘਾਵਣਾ, ਆਪ ਆਪਣਾ ਬਲ ਵਖਾਇਆ । ਨਾਨਕ ਗੋਬਿੰਦ ਮੇਲ ਮਿਲਾਵਣਾ, ਕਾਇਆ ਚੋਲੀ ਰੰਗ ਚੜ੍ਹਾਇਆ । ਧੁਰਦਰਗਾਹੀ ਸਾਚਾ ਜਾਮਨਾ, ਏਕੰਕਾਰਾ ਇਕ ਅਖਵਾਇਆ । ਆਪੇ ਹੋਏ ਪਤਤ ਪਾਵਣਾ, ਪਤਤ ਪਾਪੀ ਲਏ ਤਰਾਇਆ । ਸ਼ਬਦ ਨਿਰਾਲਾ ਮਾਰੇ ਬਾਨਨਾ, ਬਿਰਹੋ ਰੋਗ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕ ਜਾਮਾ ਪਾ, ਹਰਿ ਸਾਚੀ ਜੋਤ ਜਗਾਈਆ । ਸ੍ਰਿਸ਼ਟ ਸਬਾਈ ਰਿਹਾ ਸਮਝਾ, ਕਲਜੁਗ ਪੜਦਾ ਆਪੇ ਲਾਹੀਆ । ਸੰਮਤ ਸਤਾਰਾ ਵੇਖੇ ਰਾਹ, ਚਾਰੋਂ ਕੁੰਟ ਨੈਣ ਉਠਾਈਆ । ਸ਼ਾਹ ਸੁਲਤਾਨਾਂ ਮਿਲੇ ਨਾ ਕੋਈ ਥਾਂ, ਮਹੱਲ ਅਟੱਲ ਨਾ ਕੋਏ ਸੁਹਾਈਆ । ਕਰੇ ਪਿਆਰ ਨਾ ਪੁਤਰ ਮਾਂ, ਧੀਆਂ ਭੈਣਾਂ ਸਰਬ ਤਜਾਈਆ । ਦਹਿ ਦਿਸ਼ਾ ਉਡਣੇ ਝੂਠੇ ਕਾਂ, ਹੰਸ ਡਾਰ ਨਾ ਕੋਇ ਵਖਾਈਆ । ਹਿੰਦੂ ਮੁਸਲਮ ਸਿਖ ਈਸਾਈ ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਿਹਾ ਸਮਝਾ, ਨਿਹਕਲੰਕਾ ਇਕ ਅਖਵਾਈਆ । ਪੁਰਖ ਅਕਾਲ ਦਇਆ ਕਮਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬ੍ਰਹਮੇ ਲੇਖਾ ਦਏ ਮੁਕਾ, ਵੇਲਾ ਅੰਤਮ ਆਈਆ । ਸ਼ੰਕਰ ਤਖਤੋਂ ਦੇਵੇ ਲਾਹ, ਆਪ ਆਪਣੇ ਵਿਚ ਟਿਕਾਈਆ । ਸੁਰਪਤ ਰਾਜਾ ਇੰਦ ਦਏ ਉਠਾ, ਕਰੋੜ ਤੇਤੀਸ ਨਾ ਕੋਏ ਸਹਾਈਆ । ਲੋਕਮਾਤ ਫੇਰਾ ਪਾ, ਨੌ ਖੰਡ ਕਰੇ ਰੁਸ਼ਨਾਈਆ । ਰਾਜਾ ਰਾਣਾ ਦਏ ਹਿਲਾ, ਸੀਸ ਤਾਜ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਗਾਰਾ ਇਕ ਵਜਾ, ਆਪ ਆਪਣਾ ਹੁਕਮ ਸੁਣਾਈਆ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਰਾਣਾ ਆਪ ਸੁਣਾਇੰਦਾ । ਕਲਜੁਗ ਅੰਤਮ ਮੰਨਣਾ ਪਏ ਭਾਣਾ, ਗੁਰ ਗੋਬਿੰਦ ਲੇਖ ਲਿਖਾਇੰਦਾ । ਚਾਰ ਕੁੰਟ ਨਾ ਦਿਸਣਾ ਕੋਈ ਨਿਸ਼ਾਨਾ, ਸਚ ਨਿਸ਼ਾਨਾ ਨਾ ਕੋਇ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾਂ ਵਰਭੰਡਾ ਇਕ ਚਮਕਾਇੰਦਾ । ਸ਼ਬਦ ਖੰਡਾ ਤਿਖੀ ਧਾਰ, ਗੁਰਮੁਖਾਂ ਹੱਥ ਫੜਾਇਆ । ਪਾਏ ਵੰਡ ਸਰਬ ਸੰਸਾਰ, ਨਵ ਨਵ ਵੇਖ ਵਖਾਇਆ । ਆਪਣੇ ਰੰਗ ਰਵੇ ਕਰਤਾਰ, ਰੰਗ ਰੰਗੀਲਾ ਦਿਸ ਨਾ ਆਇਆ । ਛੈਲ ਛਬੀਲਾ ਬਣ ਸਿਕਦਾਰ, ਸਚ ਕਬੀਲਾ ਗੁਰਸਿਖ ਲਏ ਬਣਾਇਆ । ਰੰਗ ਚੜ੍ਹਾਏ ਆਪਣਾ ਪੀਲਾ, ਪਰਾ ਪਸੰਤੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦਇਆ ਕਮਾਇਆ । ਦਇਆ ਨਿਧ ਗਹਿਰ ਗੁਣ ਸਾਗਰ, ਹਰਿ ਸਤਿਗੁਰ ਹਰਿ ਅਖਵਾਇੰਦਾ । ਗੁਰਮੁਖਾਂ ਨਿਰਮਲ ਕਰਮ ਕਰੇ ਉਜਾਗਰ, ਕਲਜੁਗ ਅੰਤਮ ਵੇਖ ਵਖਾਇੰਦਾ । ਸਾਚੇ ਨਾਮ

ਕਰੇ ਸੌਦਾਗਰ, ਵਣਜ ਵਣਜਾਰਾ ਇਕ ਕਰਾਇੰਦਾ । ਭਾਗ ਲਗਾਏ ਕਾਇਆ ਗਾਗਰ, ਪੰਜ ਤਤ ਮਾਟੀ ਜੋਤ ਜਗਾਇੰਦਾ । ਏਕਾ ਨਾਮ ਰਤੀ ਰਤਨਾਗਰ, ਘਰ ਸਾਚੇ ਹੱਟ ਵਿਕਾਇੰਦਾ । ਏਥੇ ਓਥੇ ਦੇਵੇ ਆਦਰ, ਜਿਸ ਜਨ ਆਪਣੇ ਚਰਨ ਲਗਾਇੰਦਾ । ਆਪੇ ਹੋਏ ਕਰੀਮ ਕਾਦਰ, ਕਰਨੀ ਕਰਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਦਿਵਸ ਆਪ ਸੁਹਾਇੰਦਾ । ਸਾਚਾ ਦਿਵਸ ਹਰਿ ਸੁਹੰਜਣਾ, ਘਰ ਸਾਚੇ ਵੱਜੀ ਵਧਾਈਆ । ਪਾਇਆ ਪੁਰਖ ਇਕ ਨਿਰੰਜਣਾ, ਘਰ ਮਿਲਿਆ ਸਾਚਾ ਮਾਹੀਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਨੇਤਰ ਪਾਏ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਧੁਰਦਰਗਾਹੀ ਸਾਚਾ ਸੱਜਣਾ, ਏਕੰਕਾਰਾ ਇਕ ਅਖਵਾਈਆ । ਵੇਲੇ ਅੰਤਮ ਰੱਖੇ ਲੱਜਨਾ, ਕਲਜੁਗ ਕੂਕੇ ਦਏ ਦੁਹਾਈਆ । ਤਖਤ ਤਾਜ ਸ਼ਾਹ ਸੁਲਤਾਨ ਤਜਣਾ, ਥਿਰ ਕੋਇ ਰਹਿਣ ਨਾ ਪਾਈਆ । ਜੋ ਘੜਿਆ ਸੋ ਭੱਜਣਾ, ਭੰਨਣਹਾਰ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਆਪਣੇ ਲੜ ਬੰਧਾਈਆ । ਗੁਰਮੁਖ ਤੇਰਾ ਪੂਰਬ ਜਨਮ, ਹਰਿ ਸਤਿਗੁਰ ਵੇਖ ਵਖਾਇੰਦਾ । ਗੁਰਮੁਖ ਤੇਰਾ ਸਾਚਾ ਕਰਮ, ਨਿਹਕਰਮੀ ਕਰਮ ਜਣਾਇੰਦਾ । ਗੁਰਸਿਖ ਤੇਰਾ ਸਾਚਾ ਧਰਮ, ਵਰਨ ਗੋਤ ਨਾ ਕੋਇ ਉਪਜਾਇੰਦਾ । ਗੁਰਸਿਖ ਤੇਰਾ ਹਰਨ ਫਰਨ, ਨੇਤਰ ਨੈਣ ਆਪ ਖੁਲਾਇੰਦਾ । ਗੁਰਸਿਖ ਨਾਤਾ ਤੋੜੇ ਮਰਨ ਡਰਨ, ਨਿਰਭੈ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪਰਗਟ ਹੋ ਨਰ ਅਵਤਾਰ, ਨਿਹਕਲੰਕ ਆਪਣਾ ਡੰਕ ਵਜਾਇੰਦਾ । ਵੱਜਿਆ ਡੰਕ ਲੋਕਮਾਤ, ਸੰਮਤ ਸੋਲਾਂ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਝਾਕ, ਦਰ ਆਏ ਸੀਸ ਝੁਕਾਈਆ । ਧੰਨ ਵਡਿਆਈ ਹਰਿ ਹਰਿ ਸੰਗਤ ਜਿਸ ਜਨ ਜੁੜਿਆ ਚਰਨ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਪੁਰਖ ਅਗੰਮੜਾ ਮਿਲਿਆ ਇਕ ਬਿਧਾਤ, ਬਿਧਨਾ ਨੈਣ ਨਾ ਸਕੇ ਉਠਾਈਆ । ਲੱਖ ਚੁਰਾਸੀ ਚੁੱਕੀ ਵਾਟ, ਮਾਤ ਗਰਭ ਨਾ ਫੇਰਾ ਪਾਈਆ । ਗੁਰਸਿਖ ਨਾ ਵਿਕੇ ਕਿਸੇ ਹਾਟ, ਜੋ ਜਨ ਦਰ ਦਵਾਰੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਦਿਵਸ ਸੁਭਾਗਾ ਗੁਰਮੁਖਾਂ ਅੰਦਰ ਰਖਾਏ ਆਪਣਾ ਵਾਜਾ, ਅਨਹਦ ਆਪਣੀ ਸਤਾਰ ਹਲਾਈਆ । ਗੁਰਮੁਖ ਤੇਰੀ ਸਚ ਸਤਾਰ, ਹਰਿ ਕਾਇਆ ਘਰ ਟਿਕਾਇੰਦਾ । ਕਿੱਲੀ ਮਰੋੜੇ ਆਪ ਨਿਰੰਕਾਰ, ਦਿਸ ਕਿਸੇ ਨਾ ਆਇੰਦਾ । ਸਾਚੀ ਸੁਰ ਵਜਾਏ ਤਾਲ, ਤਾਲ ਤਲਵਾੜਾ ਆਪ ਰਖਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਆਪ ਆਪਣੀ ਸੇਵ ਕਮਾਇੰਦਾ । ਲੇਖਾ ਜਾਣੇ ਸਰਸੇ ਘਾਲੀ ਘਾਲ, ਗੜ੍ਹੀ ਚਮਕੌਰ ਆਪ ਸੁਹਾਇੰਦਾ । ਅੰਤਮ ਫਲ ਲੱਗਾ ਡਾਲ, ਪਤ ਡਾਲੀ ਆਪ ਮਹਿਕਾਇੰਦਾ । ਗੋਬਿੰਦ ਚਲੀ ਅਵਲੜੀ ਚਾਲ, ਸੰਬਲ ਨਗਰੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਤੇਰਾ ਸਾਚਾ ਮੀਤ, ਏਕਾ ਏਕ ਅਖਵਾਇਆ । ਸੋਹੰ ਗੌਣਾ ਸੁਹਾਗੀ ਗੀਤ, ਘਰ ਸਾਚੇ ਮੇਲ ਮਿਲਾਇਆ । ਆਦਿ ਜੁਗਾਦੀ ਵਸੇ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਇਆ । ਸਤਿਜੁਗ ਚਲਾਏ ਸਾਚੀ ਰੀਤ, ਸਾਚਾ ਮਾਰਗ ਏਕਾ ਲਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਕੀਟਾਂ ਕੀਟ

੧੬੪

ਆਪ ਅਖਵਾਇਆ । ਧਾਮ ਵਖਾਏ ਇਕ ਅਨਡੀਠ, ਵੇਦ ਪੁਰਾਨ ਰਹੇ ਜਸ ਗਾਇਆ । ਸਿਰ ਸੁਹਾਏ ਪੀਤੰਬਰ ਪੀਤ, ਨਾਮ ਮੁਕਟ ਇਕ ਬੰਨਾਇਆ । ਲਖ ਚੁਰਾਸੀ ਪਰਖੇ ਨੀਤ, ਨਿਤ ਨਵਿਤ ਵੇਸ ਵਟਾਇਆ । ਹਰਿ ਸੰਗਤ ਕਰੇ ਠੰਡੀ ਸੀਤ, ਆਪਣਾ ਅੰਮ੍ਰਿਤ ਮੇਘ ਬਰਸਾਇਆ । ਚਰਨ ਪ੍ਰੀਤੀ ਸਾਚੀ ਰੀਤ, ਸਤਿਗੁਰ ਪੂਰਾ ਸਚ ਸਮਝਾਇਆ । ਸਤਿਜੁਗ ਸਾਚੇ ਕੋਈ ਨਾ ਵਸਣਾ ਦੇਹੁਰਾ ਮਸੀਤ, ਸ਼ਿਵਦਵਾਲਾ ਮੱਠ ਨਾ ਕੋਇ ਬਣਾਇਆ । ਸਤਿਜੁਗ ਸੋਹਿਆ ਧੁਰ ਦਰਗਾਹ, ਹਰਿ ਸਾਚਾ ਚਰਨ ਬਹਾਈਆ । ਕਲਜੁਗ ਅੰਤਮ ਨਿਹਕਲੰਕਾ ਫੇਰਾ ਪਾ, ਕਲਜੁਗ ਕਿਰਿਆ ਵੇਖ ਵਖਾਈਆ । ਦੋ ਜਹਾਨਾਂ ਸਚ ਸਨੇਹੜਾ ਰਿਹਾ ਸੁਣਾ, ਸ਼ਬਦੀ ਸ਼ਬਦ ਸ਼ਬਦ ਚਲਾਈਆ । ਸਤਿਜੁਗ ਸਾਚੇ ਲਏ ਉਠਾ, ਆਪ ਆਪਣੀ ਦਇਆ ਕਮਾਈਆ । ਕਲਜੁਗ ਕੂੜੇ ਰਿਹਾ ਸਮਝਾ, ਤੇਰਾ ਅੰਤਮ ਵੇਲਾ ਆਈਆ । ਦੋਹਾਂ ਵਿਚੋਲਾ ਬੇਪਰਵਾਹ, ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਅਲੱਖ ਜਗਾਈਆ । ਸਤਿਜੁਗ ਉਠਾਏ ਨਿਕਾ ਬਾਲਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਕਲਜੁਗ ਅੰਤਮ ਵੇਖੇ ਮੁਖ ਕਾਲਾ, ਜੂਠਾ ਝੂਠਾ ਟਿੱਕਾ ਇਕ ਵਖਾਇੰਦਾ । ਸਤਿਜੁਗ ਵਸੇ ਸਚ ਧਰਮ ਸਾਲਾ, ਵਰ ਘਰ ਸਾਚਾ ਇਕ ਸੁਹਾਇੰਦਾ । ਕਲਜੁਗ ਕੂੜਾ ਹੋਇਆ ਬੇਹਾਲਾ, ਲੋਕਮਾਤ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਵਿਚੋਲਾ ਖੇਲ ਖਿਲਾਇੰਦਾ । ਸਤਿਜੁਗ ਸਾਚੇ ਲੈ ਅੰਗੜਾਈ, ਹਰਿ ਸਾਚਾ ਸਚ ਸਮਝਾਈਆ । ਕਲਜੁਗ ਉਠ ਹੋਏ ਜੁਦਾਈ, ਤੇਰਾ ਅੰਤਮ ਅੰਤ ਵਖਾਈਆ । ਸਗਲਾ ਸੰਗ ਨਾ ਕੋਏ ਨਿਭਾਈ, ਚਾਰ ਯਾਰੀ ਮੁਖ ਭਵਾਈਆ । ਸੰਮਤ ਸੋਲਾਂ ਰੁੱਤ ਸੁਹਾਈ, ਛੱਬੀ ਪੋਹ ਦਏ ਵਡਿਆਈਆ । ਸਤਿਜੁਗ ਤੇਰੀ ਕਰ ਕੁੜਮਾਈ, ਧਰਤ ਮਾਤ ਦੀ ਗੋਦ ਬਹਾਈਆ । ਆਪੇ ਧੀ ਆਪ ਜਵਾਈ, ਸੌਹਰੇ ਪੇਈਆ ਆਪ ਬਣ ਜਾਈਆ । ਆਪੇ ਨਾਰ ਭਤਾਰ ਰਿਹਾ ਹੰਢਾਈ, ਪੂਤ ਸਪੂਤਾ ਆਪੇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਸੰਮਤ ਸੋਲਾਂ ਏਕਾ ਏਕ ਰੁੱਤ ਸੁਹਾਈਆ । ਸਤਿਜੁਗ ਸਾਚਾ ਮਾਤ ਧਰ, ਗੁਰਮੁਖਾਂ ਜੋੜ ਜੁੜਾਇੰਦਾ । ਕਲਜੁਗ ਕੂੜੇ ਚੁੱਕੇ ਡਰ, ਭੈ ਭਿਆਨਕ ਨਾ ਕੋਏ ਜਣਾਇੰਦਾ । ਏਕਾ ਰੂਪ ਨਜ਼ਰੀ ਆਏ ਹਰੀ ਹਰਿ, ਹਰਿ ਹਰਿ ਆਪਣਾ ਮੇਲ ਮਿਲਾਇੰਦਾ । ਏਕਾ ਚਰਨ ਧੂੜ ਨਹਾਏ ਸਾਚੇ ਸਰ, ਦੁਰਮਤ ਮੈਲ ਧਵਾਇੰਦਾ । ਏਕਾ ਵਰਨੀ ਰਿਹਾ ਵਰ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖਣ ਆਇਆ, ਅਕਲ ਕਲ ਵਰਤਾਈਆ । ਨਿਰਗੁਣ ਸਰਗੁਣ ਬਣ ਕੇ ਆਇਆ, ਸਰਗੁਣ ਨਿਰਗੁਣ ਵਿਚ ਸਮਾਈਆ । ਆਪਣਾ ਤਾਣਾ ਤਣ ਕੇ ਆਇਆ, ਤ੍ਰੈਗੁਣ ਮਾਇਆ ਪਾਈ ਫਾਹੀਆ । ਸਾਚਾ ਰਾਣਾ ਬਣ ਕੇ ਆਇਆ, ਕਲਜੁਗ ਮੇਟੇ ਝੂਠੀ ਸ਼ਾਹੀਆ । ਸੁਤ ਦੁਲਾਰਾ ਜਣ ਕੇ ਆਇਆ, ਆਪੇ ਪਿਤਾ ਆਪੇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਦਏ ਵਡਿਆਈਆ । ਮਾਤ ਪਿਤ ਹਰਿ ਸੁਤ ਦੁਲਾਰਾ, ਸ਼ਬਦੀ ਸ਼ਬਦ ਉਪਜਾਇਆ । ਮਹੱਲ ਅਟੱਲ ਉਚ ਮੁਨਾਰਾ, ਥਿਰ ਘਰ ਸਾਚਾ ਇਕ ਵਸਾਇਆ । ਸਚਖੰਡ ਨਿਵਾਸੀ ਸਚ ਸਿਕਦਾਰਾ, ਘਰ ਸਾਚੇ ਸੋਭਾ ਪਾਇਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਆਪਣਾ ਵੇਸ ਵਟਾਇਆ । ਲੋਕਮਾਤ ਲੈ ਅਵਤਾਰਾ, ਨਿਹਕਲੰਕਾ ਨਾਉਂ ਧਰਾਇਆ । ਖੜਗ ਖੰਡਾ ਤੇਜ ਕਟਾਰਾ, ਦੋਵੇਂ ਆਪਣੇ ਹੱਥ ਉਠਾਇਆ । ਗੁਰਮੁਖਾਂ ਕਰੇ ਪਾਰ ਕਿਨਾਰਾ, ਅਧਵਿਚਕਾਰ

ਨਾ ਕੋਇ ਡੁਬਾਇਆ । ਮਨਮੁਖਾਂ ਮਾਰੇ ਆਪਣੀ ਹੱਥੀਂ ਮਾਰਾ, ਨਾ ਸਕੇ ਕੋਈ ਬਚਾਇਆ । ਦੋਵੇਂ ਰੱਖੀਆਂ ਤਿਖੀਆਂ ਧਾਰਾ, ਇਕ ਇਕ ਨਾਲ ਦਏ ਟਕਰਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਭੇਵ ਕਿਸੇ ਨਾ ਪਾਇਆ । ਗੁਰ ਗੋਬਿੰਦ ਬਣਿਆ ਮਾਤ ਲਿਖਾਰਾ, ਲਿਖਿਆ ਲੇਖ ਨਾ ਕੋਇ ਮਿਟਾਇਆ । ਮੀਰੀ ਪੀਰ ਸ਼ਾਹਸਵਾਰਾ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇਆ । ਨਿਹਕਲੰਕ ਲੈ ਅਵਤਾਰਾ, ਰਾਜ ਰਾਜਾਨਾਂ ਦਏ ਹਲਾਇਆ । ਆਪਣਾ ਖੇਲ ਕਰ ਨਿਆਰਾ, ਆਪਣੀ ਕਲ ਆਪ ਧਰਾਇਆ । ਆਪਣੀ ਬਣੇ ਆਪੇ ਧਾਰਾ, ਸਾਚੀ ਬਣਤ ਬਣਾਇਆ । ਹਰਿ ਸੰਗਤ ਵਿਚ ਸੋਹੇ ਸਾਚਾ ਲਾੜਾ, ਸਾਚੇ ਜਾਂਵੀ ਨਾਲ ਰਖਾਇਆ । ਅੱਲਾ ਰਾਣੀ ਲੁੱਟੇ ਦਿਨ ਦਿਹਾੜਾ, ਸੂਰਜ ਚੰਨ ਨਾ ਕੋਇ ਚੜ੍ਹਾਇਆ । ਗੁਰਸਿਖਾਂ ਚਾਰ ਚੁਫੇਰੇ ਕਰੇ ਆਪਣੀ ਵਾੜਾ, ਪਹਿਰੇਦਾਰ ਆਪ ਅਖਵਾਇਆ । ਕੋਈ ਨੇੜ ਨਾ ਆਵੇ ਠੱਗ ਚੋਰ ਯਾਰਾ, ਕਲਜੁਗ ਧਾੜਾ ਦਏ ਖਪਾਇਆ । ਹਰਿ ਸੰਗਤ ਬੋਲੇ ਏਕੋ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਪਰਗਟ ਹੋ ਹੋ ਆਇਆ । ਪਰਗਟ ਹੋਇਆ ਹਰਿ ਗੋਬਿੰਦ, ਲੋਕਮਾਤ ਵੱਜੀ ਵਧਾਈਆ । ਹਰਿ ਸੰਗਤ ਤੇਰੀ ਮੇਟੇ ਚਿੰਦ, ਘਰ ਘਰ ਦਰਸ ਦਿਖਾਈਆ । ਪੰਚ ਪਿਆਰੇ ਬਣਾਏ ਆਪਣੀ ਬਿੰਦ, ਆਪ ਆਪਣੀ ਰੁੱਤ ਸੁਹਾਈਆ । ਸਤਿਗੁਰ ਪੂਰਾ ਗੁਣੀ ਗਹਿੰਦ, ਗਹਿਰ ਗੰਭੀਰ ਵਡ ਵਡਿਆਈਆ । ਕਲਜੁਗ ਜੀਵ ਲਗਾਏ ਆਪਣੀ ਨਿੰਦ, ਗੁਰਮੁਖ ਆਪਣੇ ਗਲੇ ਲਗਾਈਆ । ਛੱਬੀ ਪੋਹ ਸੰਮਤ ਸੋਲਾਂ ਜਨਮ ਜਨਮ ਦੀ ਮੇਟਨ ਆਇਆ ਚਿੰਦ, ਸਤਿਜੁਗ ਤਰੇਤਾ ਦਵਾਪਰ ਕਲਜੁਗ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ
੧੬੫ ਆਪਣੀ ਕਿਰਪਾ ਕਰ, ਖੰਡੇ ਉਪਰ ਖੰਡਾ ਧਾਰ, ਨੌ ਖੰਡ ਪ੍ਰਿਥਮੀ ਮਾਰੇ ਮਾਰ, ਸ਼ਾਹ ਸੁਲਤਾਨ ਹੋਏ ਖ਼ਵਾਰ, ਬਚਿਆ ਕੋਈ ਰਹਿਣ ਨਾ ਪਾਈਆ । ੧੬੫
ਰਾਜ ਰਾਜਾਨਾ ਦਏ ਹੁਲਾਰਾ, ਦੋਵੇਂ ਧਾਰਾ ਮੁਖ ਫਰਾਈਆ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਦਿਸ ਨਾ ਆਈਆ । ਆਪੇ ਐਨਲਹਕ ਲਾਏ ਨਾਅਰਾ, ਹਕ ਹਕੀਕਤ ਵੇਖ ਵਖਾਈਆ । ਆਪੇ ਪਰਗਟ ਹੋਏ ਬੇਐਬ ਪਰਵਰਦਿਗਾਰਾ, ਨੂਰੋ ਨੂਰ ਜਲਵਾ ਨੂਰ ਇਲਾਹੀਆ । ਆਪੇ ਬੋਲੇ ਫ਼ਤਿਹ ਜੈਕਾਰਾ, ਏਕਾ ਡੰਕਾ ਨਾਮ ਵਜਾਈਆ । ਚਾਰ ਵਰਨ ਚਾਰ ਕੁੰਟ ਚਾਰ ਮੁਖ ਚਾਰ ਵੇਦ ਬ੍ਰਹਮਾ ਕਰੇ ਖ਼ਵਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਹਰਿ ਸੰਗਤ ਤੇਰਾ ਸਚ ਪਿਆਰਾ, ਲੋਕਮਾਤ ਦਏ ਵਖਾਈਆ । ਤੇਰਾ ਮੰਦਰ ਬਣਾਇਆ ਇਕ ਮੁਨਾਰਾ, ਨੌ ਦਰ ਖੋਲ੍ਹ ਖੁਲਾਈਆ । ਸਾਚੀ ਕੁੱਲੀ ਸਿਰਜਣਹਾਰਾ, ਸਾਚਾ ਰੰਗ ਚੜ੍ਹਾਈਆ । ਸਾਢੇ ਤਿੰਨ ਹੱਥ ਤੇਰਾ ਪਾਰ ਕਿਨਾਰਾ, ਸਿੰਘ ਮਨਜੀਤਾ ਦਏ ਕਰਾਈਆ । ਸਿੰਘ ਜਗਦੀਸਾ ਬੋਲ ਜੈਕਾਰਾ, ਹਰਿ ਸੰਗਤ ਰਿਹਾ ਸਮਝਾਈਆ । ਮਗਰੇ ਔਣਾ ਵਾਰੋ ਵਾਰਾ, ਰਾਹ ਵਿਚ ਨਾ ਕੋਇ ਅਟਕਾਈਆ । ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਕਰਨ ਨਿਮਸਕਾਰਾ, ਗੁਰਸਿਖ ਤੇਰਾ ਰਾਹ ਤਕਾਈਆ । ਸਚਖੰਡ ਨਵਾਸੀ ਅਗੇ ਖੜਾ ਜੋਧਾ ਸੂਰਬੀਰ ਬਲੀ ਬਲਕਾਰਾ, ਚਤਰਭੁਜ ਆਪਣੀਆਂ ਭੁਜਾਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਲਾਈ ਫੁਲ ਫਲਵਾੜੀ ਵੇਖੇ ਥਾਉਂ ਥਾਈਆ । ਕਰੇ ਖੇਲ ਹਰਿ ਸਮਰਥ, ਆਪਣੀ ਖੇਲ ਆਪ ਖਿਲਾਇੰਦਾ । ਖੰਡੇ ਉਪਰ ਖੰਡਾ ਰੱਖ, ਚੰਡ ਪਰਚੰਡ ਚਮਕਾਇੰਦਾ । ਗੁਰਮੁਖ ਗੁਰਸਿਖ ਲਖ ਚੁਰਾਸੀ ਵਿਚੋਂ ਕਰੇ ਵੱਖ, ਆਪਣੀ ਵੰਡ ਹਰਿ ਆਪ ਵੰਡਾਇੰਦਾ । ਸੋਹੰ ਸ਼ਬਦ ਏਕਾ ਦੱਸ, ਹੰ ਬ੍ਰਹਮ ਮੇਲ ਮਿਲਾਇੰਦਾ । ਸਾਧਾਂ ਸੰਤਾਂ ਭਾਂਡੇ ਕੀਤੇ ਸਖ, ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ । ਅੱਜ ਕੱਖੋਂ ਹੋਏ ਲੱਖ, ਸ਼ਾਹ ਕਰੋੜੀ ਖ਼ਾਕ

ਰਲਾਇੰਦਾ । ਗੁਰਸਿਖਾਂ ਦਰਸ ਦਿਖਾਏ ਹੋ ਪਰਤਖ, ਆਪ ਆਪਣਾ ਰੂਪ ਵਟਾਇੰਦਾ । ਚਾਰੋਂ ਕੁੰਟ ਕਲਜੁਗ ਤਪਿਆ ਮੱਠ, ਤ੍ਰੈਗੁਣ ਮਾਇਆ
ਲੰਬੂ ਲਾਇੰਦਾ । ਉਤਰ ਪੂਰਬ ਪੱਛਮ ਦੱਖਣ ਆਪੇ ਕਰੇ ਇਕੱਠ, ਆਪਣੀ ਵੰਡ ਵੰਡਾਇੰਦਾ । ਝੂਠਾ ਬੁਰਜ ਰਿਹਾ ਢੱਠ, ਸਾਚਾ ਭਾਰ ਨਾ ਕੋਇ
ਵੰਡਾਇੰਦਾ । ਪਹਿਲੀ ਚੇਤਰ ਸੀਸ ਉਪਰ ਤਾਜ ਰੱਖ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਹਰਿ ਸੰਗਤ ਤੇਰਾ ਕਰੇ ਪੱਖ, ਦੂਸਰ ਹੱਥ ਕਿਸੇ
ਨਾ ਆਇੰਦਾ । ਗੁਰਸਿਖ ਤੇਰਾ ਖੰਡਾ ਆਪਣੇ ਸੀਸ ਰੱਖ, ਜਗਦੀਸ ਆਪਣੀ ਭੇਟਾ ਤੇਰੇ ਅੱਗੇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਏਕਾ ਖੰਡਾ ਸਿਰ ਜਗਦੀਸ, ਹਰਿ ਆਪਣੇ ਆਪ ਟਿਕਾਈਆ । ਦੂਜੀ ਸ੍ਰਿਸ਼ਟੀ ਜਾਏ
ਪੀਸ, ਕਲਜੁਗ ਚੱਕੀ ਆਪ ਚਲਾਈਆ । ਕਿਸੇ ਦੇ ਛਤਰ ਝੁੱਲੇ ਨਾ ਸੀਸ, ਸੀਸ ਤਾਜ ਨਾ ਕੋਇ ਟਿਕਾਈਆ । ਨਾ ਕੋਈ ਪੜ੍ਹੇ ਜਗਤ ਹਦੀਸ,
ਨਾਅਰਾ ਨਾਮ ਨਾ ਕੋਇ ਲਗਾਈਆ । ਸ਼ਾਹ ਸੁਲਤਾਨਾਂ ਖ਼ਾਲੀ ਖੀਸ, ਘਰ ਘਰ ਮੰਗਣ ਭਿਛਿਆ ਕੋਇ ਨਾ ਪਾਈਆ । ਪਰਗਟ ਹੋਇਆ ਬੀਸ
ਇਕੀਸ, ਬੀਸ ਬੀਸਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ
ਦੇਵੇ ਆਪ ਸਜਾਈਆ । ਚੰਡ ਪਰਚੰਡ ਰੱਖ ਹੱਥ ਕਰਤਾਰ, ਕਰਨੀ ਕਰਤਾ ਕਿਰਤ ਕਮਾਇੰਦਾ । ਸ੍ਰਿਸ਼ਟ ਸਬਾਈ ਆਰ ਪਾਰ, ਸੀਸ ਧੜ ਆਪ
ਕਟਾਇੰਦਾ । ਨਾਰੀ ਨਰ ਹੋਏ ਖ਼ਵਾਰ, ਗੁਰ ਪੀਰ ਅਵਤਾਰ ਨਾ ਕੋਇ ਬਚਾਇੰਦਾ । ਚਾਰੋਂ ਕੁੰਟ ਧੁਆਂਧਾਰ, ਸੂਰਜ ਚੰਨ ਮੁਖ ਸ਼ਰਮਾਇੰਦਾ ।
ਅੱਲਾ ਰਾਣੀ ਕਰੇ ਪੁਕਾਰ, ਸਿਰ ਹੱਥ ਨਾ ਕੋਇ ਟਿਕਾਇੰਦਾ । ਨਾਤਾ ਤੁੱਟਾ ਇਕ ਪਰਵਰਦਿਗਾਰ, ਸਾਂਝਾ ਯਾਰ ਦਿਸ ਨਾ ਆਇੰਦਾ । ਹਰਿ
ਸੰਗਤ ਤੇਰਾ ਬਣ ਸੇਵਾਦਾਰ, ਸਾਚੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,
ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਲ ਵਰਤਾਇੰਦਾ । ਵਰਤੇ ਕਲਜੁਗ ਕਲ, ਹਰਿ ਸਾਚਾ ਆਪ ਵਰਤਾਈਆ । ਸ੍ਰਿਸ਼ਟ ਸਬਾਈ ਭੁਲਾਏ
ਕਰ ਕਰ ਵਲ ਛਲ, ਹਰਿਜਨ ਸਾਚੇ ਲਏ ਉਠਾਈਆ । ਵਸਣਹਾਰਾ ਨੇਹਚਲ ਧਾਮ ਅਟੱਲ, ਲੋਕਮਾਤ ਜੋਤ ਕਰੇ ਰੁਸ਼ਨਾਈਆ । ਸਾਚਾ ਦੀਪਕ
ਗਿਆ ਬਲ, ਸੰਬਲ ਨਗਰੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ
ਸਾਚਾ ਪੇਖਿਆ, ਪਰਮ ਪੁਰਖ ਕਰਤਾਰ । ਲੇਖਾ ਚੁਕਾਏ ਧਾਰੀ ਕੇਸਿਆ, ਮੂੰਡ ਮੁੰਡਾਏ ਲਏ ਉਭਾਰ । ਰੂਪ ਵਟਾਏ ਦਸ ਦਸਮੇਸਿਆ, ਨਿਰਗੁਣ
ਜੋਤ ਕਰ ਉਜਿਆਰ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ਿਆ, ਤ੍ਰੈਗੁਣ ਮਾਇਆ ਕਰ ਖ਼ਵਾਰ । ਆਪੇ ਕਰੇ ਅਵਲੜਾ ਵੇਸਿਆ, ਨਿਹਕਲੰਕਾ
ਲੈ ਅਵਤਾਰ । ਆਪੇ ਸੁਤਾ ਬਾਸ਼ਕ ਸ਼ੇਸ਼ਿਆ, ਆਪ ਆਪਣੀ ਸੇਜ ਸਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਸੌ
ਚੁਰਾਨਵੇ ਚੌਕੜੀ ਜੁਗ ਤੇਰਾ ਕਰਜਾ ਦਏ ਉਤਾਰ । ਨੌ ਸੌ ਚੁਰਾਨਵੇ ਚੌਕੜੀ ਵੇਲਾ ਅੰਤਮ ਆਇਆ, ਹਰਿ ਸਾਚਾ ਵੇਖ ਵਖਾਇੰਦਾ । ਸ੍ਰਿਸ਼ਟ
ਸਬਾਈ ਆਪ ਉਪਜਾਏ ਆਪੇ ਦਾਈ ਆਪੇ ਦਾਇਆ, ਆਪ ਆਪਣੀ ਬਣਤ ਬਣਾਇੰਦਾ । ਪੰਜ ਤਤ ਮੁਨਾਰਾ ਆਪ ਰਖਾਇਆ, ਆਪੇ ਸੇਵ ਕਮਾਇੰਦਾ ।
ਵਿਸ਼ਨੂੰ ਦੇਵੇ ਰਿਜਕ ਸਬਾਇਆ, ਸੁਰਪਤ ਸਾਚੀ ਸਾਰ ਦਰ ਘਰ ਸਾਚੇ ਆਪੇ ਪਾਇੰਦਾ । ਚੌਥੇ ਜੁਗ ਖੇਲ ਖਿਲਾ, ਚੌਥੀ ਕੂਟ ਵੇਖ ਵਖਾਇੰਦਾ ।
ਚੌਥਾ ਪੌੜਾ ਆਪ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚਾ ਇਕ ਸੁਹਾਇੰਦਾ ।

ਦਰ ਘਰ ਸਾਚਾ ਹਰਿ ਸੁਹਾਵਨਾ, ਹਰਿ ਸਾਚੇ ਵਡ ਵਡਿਆਈਆ । ਕਲਜੁਗ ਵੇਲਾ ਅੰਤ ਕਰਾਵਨਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਮਾਰਗ ਲਾਵਣਾ, ਸਾਚੀ ਸਿਖਿਆ ਇਕ ਸਮਝਾਈਆ । ਨੌ ਖੰਡ ਪ੍ਰਿਥਮੀ ਸ਼ਹਿਨਸ਼ਾਹ ਇਕ ਅਖਵਾਵਣਾ, ਦੂਸਰ ਹੋਰ ਨਾ ਬਣਤ ਬਣਾਈਆ । ਲੱਖ ਚੁਰਾਸੀ ਏਕਾ ਸ਼ਬਦ ਪੜ੍ਹਾਵਨਾ, ਸਤਿਜੁਗ ਸਾਚਾ ਸਚ ਸਮਝਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਈਸਾ ਮੂਸਾ ਸੰਗ ਮੁਹੰਮਦ ਏਕਾ ਰੰਗ ਰੰਗਾਵਨਾ, ਆਪ ਆਪਣੇ ਵਿਚ ਟਿਕਾਈਆ । ਦਹਿ ਦਿਸ਼ਾ ਏਕਾ ਰੂਪ ਨਜ਼ਰੀ ਆਵਣਾ, ਨੂਰੋ ਨੂਰ ਸਵਾਈਆ । ਸੋਹੰ ਗੀਤ ਸੁਹਾਗੀ ਸ੍ਰਿਸ਼ਟ ਸਬਾਈ ਗਾਵਣਾ, ਲੋਕਮਾਤ ਵੱਜੇ ਵਧਾਈਆ । ਪੁਰਖ ਅਕਾਲ ਇਕ ਮਨਾਵਣਾ, ਪੁਰੀਆਂ ਲੋਆਂ ਮਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰੀ ਖੇਲ ਅਪਾਰੀ, ਵਡ ਸੰਸਾਰੀ ਆਪ ਕਰਾਈਆ । ਵਡ ਸੰਸਾਰਾ ਹਰਿ ਸਿਕਦਾਰਾ, ਸਾਚਾ ਸ਼ਾਹ ਸੁਲਤਾਨਿਆ । ਖੇਲੇ ਖੇਲ ਅਗੰਮ ਅਪਾਰਾ, ਨਿਰਗੁਣ ਧਾਰਾ ਦੋ ਜਹਾਨਿਆ । ਗੁਰਮੁਖਾਂ ਦੇਵੇ ਇਕ ਅਧਾਰਾ, ਨਾਮ ਸਾਚਾ ਤਨ ਤਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੱਬੀ ਪੋਹ ਵਸੇ ਘਰ ਘਰ, ਮੰਦਰ ਕਰ ਪਰਵਾਨਿਆ । ਗੁਰਸਿਖ ਤੇਰਾ ਕਾਇਆ ਮੰਦਰ, ਹਰਿ ਸਤਿਗੁਰ ਦਏ ਸੁਹਾਈਆ । ਆਪੇ ਵੇਖੇ ਤੇਰਾ ਅੰਦਰ, ਤੇਰਾ ਤੇਰੇ ਵਿਚ ਸਮਾਈਆ । ਆਪੇ ਤੋੜੇ ਲੱਗਾ ਜੰਦਰ, ਬਜਰ ਕਪਾਟੀ ਰਹਿਣ ਨਾ ਪਾਈਆ । ਆਪੇ ਕਰੇ ਪ੍ਰਕਾਸ਼ ਡੂੰਘੀ ਕੰਦਰ, ਜੋਤੀ ਨੂਰ ਨੂਰ ਰੁਸ਼ਨਾਈਆ । ਕਿਸੇ ਹੱਥ ਨਾ ਆਇਆ ਗੋਰਖ ਮਛੰਦਰ, ਉਚੇ ਟਿਲੇ ਬੈਠੇ ਧੂਣੀਆਂ ਤਾਈਆ । ਚਾਰੋਂ ਕੁੰਟ ਭੌਂਦੇ ਬੰਦਰ, ਮਨ ਮਤ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲੇਖ ਲਿਖਾਈਆ । ਗੁਰਮੁਖ ਸਾਜਣ ਸਾਚਾ ਲੇਖਾ, ਹਰਿ ਸਾਚਾ ਆਪ ਲਖਾਇੰਦਾ । ਕਲਜੁਗ ਅੰਤਮ ਧਰਿਆ ਵੇਸਾ, ਵੇਸ ਅਵਲੜਾ ਆਪ ਕਰਾਇੰਦਾ । ਮੇਲ ਮਿਲਾਵਾ ਦਸ ਦਸਮੇਸਾ, ਦਰ ਘਰ ਸਾਚਾ ਇਕ ਸੁਹਾਇੰਦਾ । ਕਲਜੁਗ ਅੰਤਮ ਚਲੇ ਕਿਸੇ ਦੀ ਕੋਈ ਨਾ ਪੇਸ਼ਾ, ਹਰਿ ਭਾਣੇ ਆਪ ਸਮਾਇੰਦਾ । ਸ਼ਾਹੋ ਭੂਪ ਵਡ ਨਰ ਨਰੇਸ਼ਾ, ਨਰ ਨਰਾਇਣ ਆਪਣਾ ਨਾਉਂ ਉਪਜਾਇੰਦਾ । ਆਪੇ ਹੋਏ ਰਿਖੀ ਕੇਸਾ, ਗੋਵਰਧਨ ਆਪਣੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਨਿਰਗੁਣ ਭੇਵ ਜਾਣਾ ਖੁੱਲ੍ਹ, ਹਰਿ ਸਾਚਾ ਆਪ ਖੁਲ੍ਹਾਈਆ । ਹਰਿ ਸੰਗਤ ਉਪਜਾਈ ਸਾਚੀ ਕੁੱਲ, ਕਲਵੰਤਾ ਵਡ ਵਡਿਆਈਆ । ਕਰਤਾ ਕੀਮਤ ਪਾਏ ਮੁੱਲ, ਲੱਖ ਕਰੋੜੀ ਨਾ ਕੋਇ ਚੁਕਾਈਆ । ਦਰ ਘਰ ਸਾਚੇ ਉਪਜਿਆ ਸਾਚਾ ਫੁੱਲ, ਫੁੱਲ ਫੁਲਵਾੜੀ ਆਪ ਮਹਿਕਾਈਆ । ਆਦਿ ਜੁਗਾਦਿ ਸਦਾ ਅਭੁੱਲ, ਭਰਮ ਭੁਲੇਖੇ ਵਿਚ ਨਾ ਆਈਆ । ਹਰਿ ਸੰਗਤ ਸੋਹੰ ਸ਼ਬਦ ਰਸਨਾ ਗੌਂਦੇ ਸੋਹੰਦੇ ਬੁੱਲ, ਪਵਨ ਸਵਾਸ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੋਂ ਕੁੰਟ ਖਿਚ ਲਕਾਰ, ਗੁਰਮੁਖ ਆਪਣੇ ਅੰਦਰ ਲੇਵੇ ਵਾੜ, ਕਦਮ ਬਾਹਰ ਨਾ ਕੋਇ ਟਿਕਾਈਆ । ਸ਼ਬਦ ਸਰੂਪੀ ਖਿਚ ਲਕੀਰ, ਹਰਿ ਸਚ ਨਿਸ਼ਾਨ ਲਗਾਇੰਦਾ । ਕਿਸੇ ਹੱਥ ਨਾ ਆਏ ਪੀਰ ਫ਼ਕੀਰ, ਗਿਆਨੀ ਧਿਆਨੀ ਨਾ ਵੇਖ ਵਖਾਇੰਦਾ । ਪੰਡਤ ਪਾਂਧੇ ਜਗਤ ਰਹੇ ਘਤ ਵਹੀਰ, ਕਲਜੁਗ ਪੰਧ ਨਾ ਕੋਇ ਮੁਕਾਇੰਦਾ । ਪਰਗਟ ਹੋਇਆ ਗੁਣੀ ਗਹੀਰ, ਗਹਿਰ ਗੰਭੀਰ ਸਾਗਰ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸਰੂਪੀ ਸਚ ਬਬਾਣਾ ਗੁਰਮੁਖਾਂ ਵਿਖਾਏ

੧੬੭

ਇਕ ਟਿਕਾਣਾ, ਦਰਗਾਹ ਸਾਚੀ ਧਾਮ ਸੁਹਾਇੰਦਾ । ਦਰਗਾਹ ਸਾਚੀ ਧਾਮ ਅਵੱਲਾ, ਹਰਿ ਸਤਿਗੁਰ ਆਪ ਸੁਹਾਇਆ । ਪੁਰਖ ਅਬਿਨਾਸ਼ੀ ਇਕ ਅਕੱਲਾ, ਬੈਠਾ ਆਸਣ ਲਾਇਆ । ਵਸਣਹਾਰਾ ਜਲਾਂ ਥਲਾਂ, ਜਲ ਥਲ ਮਹੀਅਲ ਫੇਰਾ ਪਾਇਆ । ਸ਼ਬਦੀ ਜੋਤੀ ਆਪੇ ਰਲਾ, ਪਵਨ ਪਵਨੀ ਡੇਰਾ ਲਾਇਆ । ਸਚ ਸਨੇਹੜਾ ਏਕਾ ਘੱਲਾ, ਧੁਰ ਫ਼ਰਮਾਨ ਨਾ ਕਿਸੇ ਜਣਾਇਆ । ਜਨ ਭਗਤਾਂ ਫੜਾਏ ਜੁਗ ਜੁਗ ਆਪਣਾ ਪੱਲਾ, ਕਲਜੁਗ ਅੰਤਮ ਵੇਖ ਵਖਾਇਆ । ਚਾਰੋਂ ਕੁੰਟ ਬੋਲਣਹਾਰਾ ਹੱਲਾ, ਆਪਣੇ ਹੱਥ ਖੰਡਾ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੁਰਖ ਅਬਿਨਾਸ਼ੀ ਆਪ ਅਖਵਾਇਆ । ਪੁਰਖ ਅਬਿਨਾਸ਼ੀ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਗਾ ਗਾ ਥੱਕੇ ਸਾਧ ਸੰਤ, ਗੁਰ ਪੀਰ ਅਵਤਾਰ ਰਾਹ ਤਕਾਇੰਦਾ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਜੁਗ ਜੁਗ ਆਪਣਾ ਪਰਦਾ ਆਪ ਰਖਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਅਲਖ ਨਿਰੰਜਣ ਕੋਇ ਨਾ ਗਾਇੰਦਾ । ਆਪ ਬਣਾਈ ਆਪਣੀ ਬਣਤ, ਆਪੇ ਘੜੇ ਆਪੇ ਭੰਨ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ, ਨੌ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਗੁਰਮੁਖ ਨਾਰੀ ਮਿਲਿਆ ਹਰਿ ਹਰਿ ਸਾਚਾ ਕੰਤ, ਜਗਤ ਦੁਹਾਗਣ ਨਾਰ ਸਰਬ ਕੁਰਲਾਇੰਦਾ । ਰਸਨਾ ਜੇਹਵਾ ਮਣੀਆ ਮੰਤ, ਸੋਹੰ ਸ਼ਬਦ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ, ਮਾਤ ਗੋਦ ਨਾ ਕੋਏ ਸੁਹਾਇੰਦਾ । ਨਾ ਕੋਈ ਮਾਤ ਪਿਤ ਕਰੇ ਪਿਆਰ, ਭੈਣ ਭਾਈ ਨਾ ਕੋਏ ਅਖਵਾਈਆ । ਧੀਆਂ ਪੁੱਤਰ ਨਾ ਸੁਤ ਦੁਲਾਰ, ਜਗਤ ਕੰਤ ਨਾ ਕੋਇ ਵਖਾਈਆ । ਕਾਮ ਕਰੋਧ ਲੋਭ ਮੋਹ ਨਾ ਕੋਈ ਹੰਕਾਰ, ਮਾਇਆ ਮਮਤਾ ਨਾ ਅੰਗ ਲਗਾਈਆ । ਜੂਠ ਝੂਠ ਨਾ ਕੋਇ ਵਣਜਾਰ, ਆਸਾ ਤ੍ਰਿਸਨਾ ਨਾ ਸੰਗ ਰਖਾਈਆ । ਇਕ ਅਕੱਲਾ ਏਕੰਕਾਰ, ਜੁਗ ਜੁਗ ਆਪਣੀ ਕਰਨੀ ਆਪ ਕਰਾਈਆ । ਸਤਿਜੁਗ ਤਰੇਤਾ ਦਵਾਪਰ ਲੈ ਅਵਤਾਰ, ਆਪ ਆਪਣਾ ਵੇਸ ਵਟਾਈਆ । ਕਲਜੁਗ ਕੂੜੇ ਕਰੇ ਖ਼ਵਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਗੁਰਮੁਖ ਸਾਚੇ ਲਏ ਉਭਾਰ, ਅੰਦਰ ਵੜ ਵੜ ਦੇ ਮਤ ਆਪ ਸਮਝਾਈਆ । ਇਕ ਵਖਾਏ ਪਾਰ ਕਿਨਾਰ, ਸਾਚੇ ਬੇੜੇ ਆਪ ਚੜ੍ਹਾਈਆ । ਚੱਪੂ ਲਾਏ ਸੇਵਾਦਾਰ, ਆਪ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਜੋਤੀ ਜੋਤ ਉਜਾਲਾ, ਦੀਨਾ ਬੰਧਪ ਗੁਰ ਗੋਪਾਲਾ, ਗੁਰਮੁਖਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਵਡ ਵਡਿਆਈਆ । ਪ੍ਰਿਤਪਾਲੇ ਹਰਿ ਮਿਹਰਵਾਨ, ਜੁਗ ਜੁਗ ਦਇਆ ਕਮਾਇੰਦਾ । ਜਨ ਭਗਤਾਂ ਦੇਵੇ ਭਗਤੀ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਆਤਮ ਅੰਤਰ ਇਕ ਗਿਆਨ, ਬ੍ਰਹਮ ਗਿਆਨ ਆਪ ਸਮਝਾਇੰਦਾ । ਏਕਾ ਰਸਨਾ ਪੀਣ ਖਾਣ, ਏਕਾ ਤ੍ਰਿਪਤ ਵਖਾਇੰਦਾ । ਏਕਾ ਨਾਦ ਧੁਨ ਧੁਨਕਾਨ, ਏਕਾ ਮੰਗਲ ਆਪ ਸੁਣਾਇੰਦਾ । ਏਕਾ ਘਰ ਸਚਾ ਮਕਾਨ, ਸਚਖੰਡ ਦਵਾਰਾ ਆਪ ਉਪਾਇੰਦਾ । ਏਕਾ ਧਰਮ ਸੱਚਾ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇੰਦਾ । ਲਾਲ ਰੰਗ ਨਾ ਸਕੇ ਕੋਈ ਪਛਾਣ, ਲਾਲਨ ਆਪਣਾ ਰੰਗ ਰੰਗਾਇੰਦਾ । ਸੋ ਪੁਰਖ ਨਿਰੰਜਣ ਹੋ ਪਰਧਾਨ, ਕੰਚਨ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਆਪਣੀ ਆਣ, ਆਪਣੀ ਆਣ ਆਪ ਵਖਾਇੰਦਾ । ਸੂਹੀ ਧਾਰ ਏਕੰਕਾਰ, ਨਿਰਗੁਣ ਆਪਣੀ ਆਪ ਚਲਾਈਆ । ਚਿੱਟਾ ਰੰਗ ਸੂਰਾ ਸਰਬੰਗ, ਘਰ ਸਾਚੇ ਵੇਖ ਵਿਖਾਈਆ । ਪੀਲਾ ਵੇਸ ਦਰ ਦਰਵੇਸ, ਗੁਰ ਗੋਬਿੰਦ ਦਏ ਗਵਾਹੀਆ । ਨੀਲੀ ਧਾਰ ਕਰੇ ਆਦੇਸ, ਰਵ ਸਸ ਸੂਰਜ ਚੰਨ ਮੰਡਲ ਮੰਡਪ ਸਤਾਰ ਨਿਉਂ ਨਿਉਂ ਸੀਸ ਝੁਕਾਈਆ । ਕਾਲਾ ਸੂਸਾ

ਈਸਾ ਮੂਸਾ, ਹਰਿ ਸਾਚਾ ਤਨ ਪਹਿਨਾਈਆ । ਕਲਜੁਗ ਵੇਖੇ ਜਗਤ ਹਦੀਸਾ, ਕੂੜੀ ਕਿਰਿਆ ਕੂੜ ਪੜ੍ਹਾਈਆ । ਲੇਖਾ ਜਾਣੇ ਚੀਨਾ ਰੂਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਆਪਣੀ ਜਾਣੇ ਆਪੇ ਵੱਥ, ਨਾ ਹੱਥ ਕਿਸੇ ਫੜਾਇੰਦਾ । ਹਰਿ ਸੰਗਤ ਸਾਚਾ ਕਰ ਅਕੱਠ, ਗੁਰਮਤ ਇਕ ਰਖਾਇੰਦਾ । ਚਾਰ ਵਰਨ ਨਾ ਕੋਈ ਵੱਟ, ਦੂਈ ਦਵੈਤੀ ਪੜਦਾ ਲਾਇੰਦਾ । ਗੁਰਚਰਨ ਦਵਾਰਾ ਸਾਚਾ ਹੱਟ, ਹਿੰਦੂ ਮੁਸਲਮ ਸਿੱਖ ਈਸਾਈ ਏਕਾ ਧਾਮ ਬਹਾਇੰਦਾ । ਅੰਮ੍ਰਿਤ ਆਤਮ ਲੈਣਾ ਚੱਟ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤ ਜਗਾਏ ਲਟ ਲਟ, ਦੀਪਕ ਦੀਪਕ ਸੰਗ ਰਲਾਇੰਦਾ । ਭਾਗ ਲਗਾਏ ਕਾਇਆ ਮੱਟ, ਹਰਿ ਜੂ ਹਰਿ ਮੰਦਰ ਵੇਖ ਵਖਾਇੰਦਾ । ਸੇਵਾ ਕਰੇ ਨੱਠ ਨੱਠ, ਗੁਰਮੁਖ ਸੋਏ ਆਪ ਉਠਾਇੰਦਾ । ਵਸਣਹਾਰਾ ਘਟ ਘਟ, ਆਪ ਆਪਣਾ ਮੁਖ ਛੁਪਾਇੰਦਾ । ਇਕ ਜਣਾਏ ਪੂਜਾ ਪਾਠ, ਗੁਰ ਮੰਤਰ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰੀ ਸਾਚੀ ਧਾਰ, ਪ੍ਰਗਟ ਕਰੇ ਵਿਚ ਸੰਸਾਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਹਰਿ ਲੌਣਾ, ਕਲਜੁਗ ਕਿਰਿਆ ਦਏ ਮਿਟਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਰਾਓ ਰੰਕਾਂ ਏਕਾ ਧਾਮ ਬਹੌਣਾ, ਊਚ ਨੀਚ ਨਾ ਕੋਈ ਵਖਾਈਆ । ਸ੍ਰਿਸ਼ਟ ਸਬਾਈ ਸੋਹੰ ਅੱਖਰ ਜਾਪ ਜਪੌਣਾ, ਬੀਸ ਬੀਸਾ ਰਾਹ ਤਕਾਈਆ । ਸੀਸ ਤਾਜ ਜਗਦੀਸ ਟਿਕੌਣਾ, ਪੰਚਮ ਮੁਖ ਮੁਖ ਰਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਉਪਰ ਲੇਖ ਲਿਖੌਣਾ, ਆਪ ਆਪਣੀ ਦਯਾ ਕਮਾਈਆ । ਸੱਤ ਰੰਗ ਨਿਸ਼ਾਨਾ ਆਪ ਚੜ੍ਹੌਣਾ, ਦਿੱਲੀ ਦਵਾਰੇ ਫੇਰਾ ਪਾਈਆ । ਪੰਦਰਾਂ ੧੬੯
ਕੱਤਕ ਦਿਵਸ ਸੁਹੌਣਾ, ਬੀਸ ਇਕੀਸਾ ਖੇਲ ਖਿਲਾਈਆ । ਲਿਖਿਆ ਲੇਖ ਨਾ ਕਿਸੇ ਮਿਟੌਣਾ, ਮੇਟਣਹਾਰ ਨਾ ਕੋਇ ਅਖਵਾਈਆ । ਚਿਟੇ ਉਪਰ ਕਾਲੀ ਧਾਰ ਰਖੌਣਾ, ਨੁਕਤਾ ਐਨ ਨਾ ਕੋਈ ਜਣਾਈਆ । ਅਲਫ਼ ਅਲਫ਼ੀ ਏਕਾ ਪੌਣਾ, ਏਕਾ ਏਕ ਮੁਖ ਸਲਾਹੀਆ । ਊੜਾ ਓਅੰਕਾਰ ਨਾਉਂ ਧਰੌਣਾ, ਤ੍ਰੈ ਲੋਕ ਆਪਣੇ ਵਿਚ ਬੰਦ ਕਰਾਈਆ । ਐੜਾ ਅੱਖ ਇਕ ਖੁਲੌਣਾ, ਨਿਰਗੁਣ ਸਰਗੁਣ ਵੇਖ ਵਖਾਈਆ । ਈੜੀ ਇਸ਼ਟ ਸਰਬ ਬਣੌਣਾ, ਈਸ ਜੀਵ ਵਡ ਵਡਿਆਈਆ । ਸੱਸਾ ਕਿਲਾ ਆਪ ਸੁਹੌਣਾ, ਚਾਰੇ ਕੁੰਟ ਬੰਦ ਕਰਾਈਆ । ਉਪਰ ਹੋੜਾ ਇਕ ਟਿਕੌਣਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਹਾਹਾ ਹਰਿ ਕਾ ਰੂਪ ਵਟੌਣਾ, ਉਪਰ ਟਿਪੀ ਦਏ ਸੁਹਾਈਆ । ਬ੍ਰਹਮ ਬ੍ਰਹਮ ਪ੍ਰਭ ਵੇਖ ਵਖੌਣਾ, ਲੱਖ ਚੁਰਾਸੀ ਫੋਲ ਫੁਲਾਈਆ । ਕਰੇ ਕਰਾਏ ਜੋ ਹਰਿ ਭੌਣਾ, ਹਰਿ ਭਾਣਾ ਵਡ ਵਡਿਆਈਆ । ਹਰਿ ਸੰਗਤ ਦੇ ਬਾਂਹ ਸਰਹਾਣੇ ਸੌਣਾ, ਵੇਲੇ ਅੰਤ ਸਤਿਗੁਰ ਪੂਰਾ ਘਰ ਘਰ ਦਏ ਉਠਾਈਆ । ਉਠਦਿਆਂ ਜਾਗਦਿਆਂ ਚਰਨ ਧਿਆਨ ਰਖੌਣਾ, ਚਰਨ ਕਵਲ ਹਿਰਦੇ ਵਿਚ ਟਿਕਾਈਆ । ਸਤਿਗੁਰ ਪੂਰਾ ਨਜ਼ਰੀ ਔਣਾ, ਸਵਛ ਸਰੂਪ ਰੂਪ ਵਟਾਈਆ । ਬਾਲ ਅਵਾਣੇ ਫੜ ਫੜ ਗਲੇ ਲਗੌਣਾ, ਜਿਉਂ ਮਾਵਾਂ ਪੁੱਤਰਾਂ ਲਾਡ ਲਡਾਈਆ । ਕਾਗੋਂ ਹੰਸ ਬਣੌਣਾ, ਸੋਹੰ ਹੰਸਾ ਚੋਗ ਚੁਗਾਈਆ । ਜਨਮ ਜਨਮ ਦਾ ਰੋਗ ਮਿਟੌਣਾ, ਲੱਖ ਚੁਰਾਸੀ ਕੱਟੇ ਫਾਹੀਆ । ਗੁਰਸਿਖ ਹਰਖ ਸੋਗ ਵਿਚ ਕਦੇ ਨਾ ਔਣਾ, ਪ੍ਰਭ ਮਿਲਿਆ ਬੇਪਰਵਾਹੀਆ । ਦਰ ਘਰ ਸਾਚੇ ਹਰਿ ਸਾਚਾ ਏਕਾ ਪੌਣਾ, ਦੂਜਾ ਰਾਹ ਨਾ ਕੋਇ ਤਕਾਈਆ । ਕਲਜੁਗ ਅੰਤਮ ਦਿਸੇ ਡਰੌਣਾ, ਸ਼ਾਹ ਸੁਲਤਾਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ ।

ਜੋਤੀ ਜਾਮਾ ਹਰਿ ਹਰਿ ਧਰ, ਅਲਖ ਨਿਰੰਜਣ ਅਲੱਖ ਜਗਾਈਆ । ਗੋਬਿੰਦ ਕਾਇਆ ਅੰਦਰ ਵੜ, ਮਹੱਲ ਅਟੱਲ ਸੁਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਜ਼ਰ ਨਾ ਆਈਆ । ਕੋਈ ਨਾ ਸਕੇ ਹੱਥੀਂ ਫੜ, ਲੱਭ ਲੱਭ ਥੱਕੀ ਸਰਬ ਲੋਕਾਈਆ । ਹਰਿ ਸੰਗਤ ਉਪਰ ਕਿਰਪਾ ਕਰ, ਹਰਿ ਆਪਣਾ ਮੇਲ ਮਿਲਾਈਆ । ਸ਼ੇਰ ਸਿੰਘ ਕਲਜੁਗ ਅਗਨੀ ਗਿਆ ਸੜ, ਗੁਰਮੁਖਾਂ ਅਗਨੀ ਰਿਹਾ ਬੁਝਾਈਆ । ਜਗਤ ਵਿਦਿਆ ਨਾ ਗਿਆ ਪੜ੍ਹ, ਪੰਡਤ ਪਾਂਧੇ ਨਾ ਕਰੀ ਪੜ੍ਹਾਈਆ । ਆਪਣਾ ਨਿਸ਼ਅੱਖਰ ਵੱਖਰ ਆਪ ਬੰਧਾਇਆ ਆਪਣੇ ਲੜ, ਲੋਕਮਾਤ ਆਇਆ ਚਾਈਂ ਚਾਈਂਆ । ਗੁਰਸਿਖਾਂ ਲਗਾਈ ਡੂੰਘੀ ਜੜ, ਨਾ ਸਕੇ ਕੋਈ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਖੰਡਾ ਤੇਜ ਕਟਾਰ, ਗੁਰਸਿਖ ਤੇਰਾ ਸਚ ਪਿਆਰ, ਆਪਣੇ ਉਤੋਂ ਦੇਵੇ ਵਾਰ, ਸਾਚੀ ਸਿਖਿਆ ਸਿਖ ਸਮਝਾਈਆ । ਸਤਿਜੁਗ ਤੇਰੀ ਸਾਚੀ ਸਿਖੀ, ਚਾਰ ਵਰਨ ਸਮਝਾਇੰਦਾ । ਆਪੇ ਰੱਖੇ ਧਾਰੋਂ ਤਿਖੀ, ਵਰਨ ਗੋਤ ਮੇਟ ਮਿਟਾਇੰਦਾ । ਆਪੇ ਵੇਖੇ ਵਾਲੋਂ ਨਿੱਕੀ, ਦਿਸ ਕਿਸੇ ਨਾ ਆਇੰਦਾ । ਗੋਬਿੰਦ ਤੇਰੀ ਰੇਖ ਲਿਖੀ, ਨਾ ਕੋਈ ਮੇਟ ਮਿਟਾਇੰਦਾ । ਕਲਜੁਗ ਅੰਤਮ ਭੁਗਤੇ ਆਪਣੀ ਪੇਸ਼ੀ, ਦਰ ਦਵਾਰੇ ਹਰਿ ਬੁਲਾਇੰਦਾ । ਨਾਲ ਰਲਾਇਆ ਦਸ ਦਸਮੇਸੀ, ਦਰ ਦਰਵੇਸ਼ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ । ਕਲਜੁਗ ਆਇਆ ਚਲ ਦਵਾਰ, ਨੇਤਰ ਨੈਣ ਰਿਹਾ ਵਹਾਈਆ । ਛੱਬੀ ਪੋਹ ਧਾਹਾਂ ਰਿਹਾ ਮਾਰ, ਪ੍ਰਭ ਸਾਚਾ ਦਰ ਦੁਰਕਾਈਆ । ਨੌਂ ਦਵਾਰੇ ਕਰਨ ਨਾ ਦਏ ਪਾਰ, ਗੁਰਸਿਖਾਂ ਹੱਥ ਖੰਡਾ ਚਮਕਾਈਆ । ਆਪੇ ਉਠ ਕੇ ਗਿਆ ਬਾਹਰ, ਕਲਜੁਗ ਕੂੜਾ ਵੇਖ ਵਖਾਈਆ । ਹਰਿ ਸੰਗਤ ਤੇਰਾ ਕਰਨ ਨਾ ਦਿਤਾ ਦੀਦਾਰ, ਤੇਰੇ ਦਰਸ ਕੋਟਨ ਕੋਟ ਪਾਪੀ ਲਏ ਤਰਾਈਆ । ਆਪੇ ਹੋਇਆ ਖ਼ਬਰਦਾਰ, ਗੁਰਮੁਖ ਸਾਚੇ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੇ ਰਿਹਾ ਸਮਝਾਈਆ । ਕਲਜੁਗ ਸੁਣ ਕਰ ਧਿਆਨ, ਹਰਿ ਸਾਚਾ ਆਪ ਸਮਝਾਇੰਦਾ । ਗੁਰਮੁਖ ਸਾਚੇ ਵੇਖ ਪਛਾਣ, ਪ੍ਰਭ ਸਾਚਾ ਮਸਤਕ ਟਿੱਕਾ ਲਾਇੰਦਾ । ਏਕਾ ਬਖਸ਼ੇ ਚਰਨ ਧਿਆਨ, ਦੂਜਾ ਦਰ ਨਾ ਕੋਇ ਵਖਾਇੰਦਾ । ਤੇਰੀ ਮੰਨੇ ਨਾ ਕੋਈ ਆਣ, ਸਤਿਗੁਰ ਪੂਰਾ ਸਿਰ ਆਪਣਾ ਹੱਥ ਰਖਾਇੰਦਾ । ਨੌ ਖੰਡ ਪ੍ਰਿਥਮੀ ਤੇਰੀ ਦੁਕਾਨ, ਗੁਰਸਿਖ ਵਣਜ ਨਾ ਕੋਏ ਕਰਾਇੰਦਾ । ਛੱਬੀ ਪੋਹ ਹਰਿ ਸੰਗਤ ਚਰਨ ਧੂੜ ਕਰਾਇਆ ਅਸ਼ਨਾਨ, ਜਨਮ ਜਨਮ ਦੀ ਮੈਲ ਗਵਾਇੰਦਾ । ਗੁਰਸਿਖਾਂ ਹੱਥ ਫੜਾ ਤੇਜ ਕਿਰਪਾਨ, ਕਲਜੁਗ ਕੂੜਾ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਕਲਜੁਗ ਕੂੜਾ ਨੈਣ ਉਘਾੜ, ਆਪਣਾ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਦਰ ਨਾ ਕੋਏ ਦਸਾਇੰਦਾ । ਅੰਤਮ ਨਾਤਾ ਤੁੱਟਣਾ ਸਰਬ ਸੰਸਾਰ, ਸਗਲਾ ਸੰਗ ਨਾ ਕੋਇ ਵਖਾਇੰਦਾ । ਕਵਾਰੀ ਕੰਨਿਆ ਲਾੜੀ ਮੌਤ ਹੋਈ ਮੁਟਿਆਰ, ਘਰ ਘਰ ਆਪਣਾ ਆਪ ਵਖਾਇੰਦਾ । ਵਰ ਮੰਗੇ ਕੰਤ ਭਤਾਰ, ਸਾਚਾ ਹਾਣੀ ਨਾ ਕੋਇ ਦਸਾਇੰਦਾ । ਲੱਖ ਚੁਰਾਸੀ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਾਚੇ ਇਹ ਸਮਝਾਇੰਦਾ । ਕਲਜੁਗ ਉਠ ਉਠ ਘਰ ਜਾ, ਹਰਿ ਸਾਚਾ ਸਚ ਸਮਝਾਈਆ । ਤੇਰੀ ਪੁੱਤਰੀ ਦਏ ਵਿਆਹ, ਕਵਾਰੀ ਕੰਨਿਆ ਰਹਿਣ ਨਾ ਪਾਈਆ । ਪਹਿਲੀ ਚੇਤਰ ਦਿਵਸ ਸੁਹਾ, ਸਿਰ ਆਪਣੇ

ਮੁਕਟ ਰਖਾਈਆ । ਤੇਰੀ ਮਹਿੰਦੀ ਤੇਰੇ ਰੰਗਣ ਤੇਰੇ ਹੱਥੀਂ ਦਏ ਚੜ੍ਹਾ, ਤੇਰਾ ਸਗਨ ਮਨਾਈਆ । ਤੇਰੀ ਕੰਨਿਆ ਤੇਰੀ ਡੋਲੀ ਪਾ, ਤੇਰੇ ਕੰਧ ਚੁਕਾਈਆ । ਕਰੇ ਖੇਲ ਬੇਪਰਵਾਹ, ਭੇਵ ਅਭੇਦਾ ਭੇਵ ਛੁਪਾਈਆ । ਲੋਕਮਾਤ ਵਿਚ ਦਏ ਟਿਕਾ, ਮੁਖ ਘੁੰਗਟ ਦਏ ਉਠਾਈਆ । ਜੋਧੇ ਸੂਰਬੀਰ ਬਲਵਾਨ ਨਾਲ ਰਲਾ, ਨੌ ਖੰਡ ਪ੍ਰਿਥਮੀ ਇਕੱਠ ਕਰਾਈਆ । ਕਲਜੁਗ ਸਵੰਮਬਰ ਦਏ ਰਚਾ, ਸਾਚੇ ਲਾੜੇ ਆਪ ਬਹਾਈਆ । ਤੇਰੀ ਸਪੁਤਰੀ ਆਪਣੀ ਆਸਾ ਸਚ ਹਾਰ ਹੱਥ ਉਠਾ, ਲਖ ਚੁਰਾਸੀ ਦੇਵੇ ਗਲ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੱਬੀ ਪੋਹ ਦਿਤਾ ਵਰ, ਕਲਜੁਗ ਮੰਗਣ ਆਇਆ ਘਰ, ਸੰਗਤ ਅੰਦਰ ਨਾ ਸਕਿਆ ਵੜ, ਸਤਿਗੁਰ ਪੂਰਾ ਆਪ ਦੁਰਕਾਈਆ । ਸਤਿਗੁਰ ਪੂਰੇ ਤਿਖਾ ਖੰਡਾ, ਗੁਰਮੁਖਾਂ ਹੱਥ ਫੜਾਇਆ । ਕਲਜੁਗ ਤੇਰੀਆਂ ਵੱਢੇ ਗੰਢਾਂ, ਆਪਣੀ ਹੱਥੀਂ ਵੰਡ ਵੰਡਾਇਆ । ਮੇਟਨ ਆਇਆ ਭੇਖ ਪਖੰਡਾ, ਜੂਠ ਝੂਠ ਰਹੇ ਨਾ ਰਾਇਆ । ਗੁਰਮੁਖਾਂ ਤੋੜਨ ਆਇਆ ਵੱਜਾ ਜੰਦਰ, ਆਪਣੀ ਕੁੰਜੀ ਨਾਮ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਇਕ ਕਟਾਰ, ਏਕਾ ਰੂਪ ਆਪ ਨਿਰੰਕਾਰ, ਦੂਜੀ ਕੁਦਰਤ ਕਰੇ ਪਿਆਰ, ਗੁਰਮੁਖ ਸਾਚੇ ਲਏ ਉਭਾਰ, ਛੱਬੀ ਪੋਹ ਦਿਵਸ ਵਿਚਾਰ, ਪਾਰ ਕਰਾਏ ਨਰ ਨਾਰ, ਬਿਰਧ ਬਾਲ ਜੋ ਜਨ ਸਰਨਾਈ ਆਇਆ । ਹਰਿ ਚਰਨ ਸਚੀ ਸਰਨਾਈ, ਹਰਿ ਹਰਿਜਨ ਮੇਲ ਮਿਲਾਇੰਦਾ । ਹਰਿ ਚਰਨ ਮਿਲੇ ਵਡਿਆਈ, ਚਰਨ ਚਰਨੋਦਕ ਮੁਖ ਚੁਆਇੰਦਾ । ਹਰਿ ਚਰਨ ਸਚ ਕੁੜਮਾਈ, ਹਰਿ ਸਾਚਾ ਸਗਨ ਮਨਾਇੰਦਾ । ਹਰਿ ਚਰਨ ਮਿਟੇ ਪੀੜ ਪਰਾਈ, ਹਰਿ ਆਪਣੀ ਦਇਆ ਕਮਾਇੰਦਾ । ਹਰਿ ਚਰਨ ਮਿਟੇ ਝੂਠੀ ਛਾਹੀ, ਸਾਚਾ ਤਿਲਕ ਲਲਾਟ ਲਗਾਇੰਦਾ । ਹਰਿ ਚਰਨ ਮਿਲੇ ਠੰਡੀ ਛਾਈ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਲਾ ਵਕਤ ਸੁਹਾਇੰਦਾ । ਹਰਿ ਚਰਨ ਹਰਿ ਦਵਾਰਾ, ਹਰਿ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਚਰਨ ਬਖਸ਼ੇ ਸਚ ਪਿਆਰਾ, ਸਾਚੀ ਧਾਰਾ ਆਪ ਬੰਧਾਇੰਦਾ । ਹਰਿ ਚਰਨ ਮਿਲੇ ਮੀਤ ਮੁਰਾਰਾ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਹਰਿ ਚਰਨ ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜਾ ਵੇਸ ਵਟਾਇੰਦਾ । ਹਰਿ ਚਰਨ ਬੋਲ ਇਕ ਜੈਕਾਰਾ, ਏਕਾ ਅੱਖਰ ਨਾਮ ਸਲਾਇੰਦਾ । ਹਰਿ ਚਰਨ ਮਿਲੇ ਸਚ ਭੰਡਾਰਾ, ਹਰਿ ਸਾਚਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਖਾਇੰਦਾ । ਹਰਿ ਚਰਨ ਦਵਾਰਾ ਸਾਚਾ ਰਾਜ, ਧੁਰਦਰਗਾਹੀ ਆਪ ਵਖਾਈਆ । ਹਰਿ ਚਰਨ ਦਵਾਰਾ ਪੂਰਨ ਕਾਜ, ਗੁਰ ਸਤਿਗੁਰ ਪੂਰ ਕਰਾਈਆ । ਹਰਿ ਚਰਨ ਦਵਾਰਾ ਦੇਸ ਮਾਝ, ਗੁਰਸਿਖ ਸਾਚੇ ਲਏ ਮਿਲਾਈਆ । ਹਰਿ ਚਰਨ ਦਵਾਰਾ ਸਚ ਜਹਾਜ, ਹਰਿ ਸੰਗਤ ਬੇੜੇ ਆਪ ਚੜ੍ਹਾਈਆ । ਹਰਿ ਚਰਨ ਦਵਾਰਾ ਪੂਰਨ ਹੋਏ ਕਾਜ, ਹਰਿ ਕਰਤਾ ਆਪ ਕਰਾਈਆ । ਹਰਿ ਚਰਨ ਦਵਾਰਾ ਰੱਖੇ ਲਾਜ, ਵੇਲੇ ਅੰਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਹਰਿ ਚਰਨ ਦਵਾਰਾ ਸਚ ਮਹੱਲਾ, ਹਰਿ ਪੁਰਖ ਨਿਰੰਜਣ ਆਪ ਵਸਾਇੰਦਾ । ਹਰਿ ਚਰਨ ਦਵਾਰਾ ਪਾਰ ਵਖਾਏ ਜਲਾਂ ਥਲਾਂ, ਡੂੰਘੀ ਧਾਰ ਨਾ ਕੋਏ ਵਹਾਇੰਦਾ । ਹਰਿ ਚਰਨ ਦਵਾਰਾ ਸਚ ਸਨੇਹੜਾ ਏਕਾ ਘੱਲਾ, ਨਾਮ ਨਿਧਾਨਾ ਆਪ ਸੁਣਾਇੰਦਾ । ਹਰਿ ਚਰਨ ਦਵਾਰਾ ਜੋਤ ਜਗਾਏ ਘੜੀ ਘੜੀ ਪਲ ਪਲਾ, ਆਪਣੀ ਪਲਕ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਉਪਜਾਇੰਦਾ । ਹਰਿ ਚਰਨ ਦਵਾਰਾ ਸਚ ਦਰਵਾਜਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ ।
ਹਰਿ ਚਰਨ ਦਵਾਰਾ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਲਏ ਤਰਾਈਆ । ਹਰਿ ਚਰਨ ਦਵਾਰਾ ਇਕ ਵਜਾਏ ਅਨਹਦ ਵਾਜਾ, ਧੁਨ ਆਪਣੇ
ਹੱਥ ਰਖਾਈਆ । ਹਰਿ ਚਰਨ ਦਵਾਰਾ ਗੁਰਮੁਖਾਂ ਦੇਵੇ ਅਸਵ ਤਾਜਾ, ਨਿਰਗੁਣ ਸਰਗੁਣ ਸ਼ਬਦ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਬੁਝਾਈਆ । ਚਰਨ ਦਵਾਰਾ ਸਚਖੰਡ, ਹਰਿ ਸਾਚਾ ਸਚ ਸਮਝਾਇੰਦਾ । ਗੁਰਮੁਖ ਮੰਗੇ ਸਾਚੀ ਮੰਗ,
ਪ੍ਰਭ ਪੂਰੀ ਆਸ ਕਰਾਇੰਦਾ । ਲੋਆਂ ਪੁਰੀਆਂ ਆਇਆ ਲੰਘ, ਲੋਕਮਾਤ ਜੋਤ ਜਗਾਇੰਦਾ । ਸਦਾ ਸੁਹੇਲਾ ਵਸੇ ਸੰਗ, ਦਰ ਘਰ ਸਾਚਾ ਆਪ
ਸੁਹਾਇੰਦਾ । ਕਰੇ ਕਰਾਏ ਅਗੰਮੀ ਕਾਰ, ਆਪਣੇ ਲਾਏ ਅੰਗ, ਆਪਣਾ ਅੰਗਨ ਆਪ ਸੁਹਾਇੰਦਾ । ਮਾਣਸ ਜਨਮ ਨਾ ਹੋਏ ਭੰਗ, ਗੁਰਮੁਖ
ਸਾਚੇ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਏਕੰਕਾਰਾ ਏਕਾ ਘਰ ਵਖਾਇੰਦਾ । ਚਰਨ ਦਵਾਰ
ਸਾਚੀ ਰਾਸ, ਹਰਿ ਸਾਚਾ ਸਚ ਜਣਾਈਆ । ਸਚ ਵਸਤ ਹਰਿ ਸਾਚੇ ਪਾਸ, ਹਰਿ ਸੱਜਣ ਆਪ ਵਰਤਾਈਆ । ਚਰਨ ਦਵਾਰਾ ਰਾਹ ਤੱਕੇ ਪ੍ਰਿਥਮੀ
ਆਕਾਸ਼, ਨੇਤਰ ਨੈਣ ਨੈਣ ਉਠਾਈਆ । ਚਰਨ ਦਵਾਰਾ ਗੁਰਮੁਖ ਹਿਰਦੇ ਵਾਸ, ਘਰ ਵਿਚ ਘਰ ਵੱਜੇ ਵਧਾਈਆ । ਚਰਨ ਦਵਾਰਾ ਰਸਨ
ਸਵਾਸ, ਪਵਣੀ ਪਵਣ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਵਖਾਈਆ । ਚਰਨ ਦਵਾਰਾ
ਜਿਸ ਜਨ ਪੇਖਿਆ, ਮਿਟਿਆ ਜਗਤ ਸੰਤਾਪ । ਸਤਿਗੁਰ ਪੂਰਾ ਲਿਖੇ ਲੇਖਿਆ, ਆਪ ਬੁਝਾਏ ਆਪਣਾ ਆਪ । ਦਰਸ ਦਿਖਾਏ ਨਰ ਨਰੇਸਿਆ,
ਅੱਖਰ ਪੜ੍ਹਾਏ ਏਕਾ ਜਾਪ । ਜੋਤੀ ਜਾਮਾ ਧਰਿਆ ਭੇਖਿਆ, ਨਾ ਕੋਈ ਮਾਈ ਨਾ ਕੋਈ ਬਾਪ । ਮੁਛ ਦਾੜ੍ਹੀ ਨਾ ਦਿਸੇ ਕੇਸਿਆ, ਜੋਤੀ ਨੂਰ
ਵਡ ਪਰਤਾਪ । ਸ਼ਬਦ ਅਗੰਮੀ ਦਸ ਦਸਮੇਸਿਆ, ਆਪੇ ਉਤਰਿਆ ਆਪਣੇ ਘਾਟ । ਨਰ ਨਰਾਇਣ ਵਡ ਨਰੇਸਿਆ, ਆਪੇ ਸੋਇਆ ਸੰਬਲ
ਨਗਰੀ ਸਾਚੀ ਖਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਵਖਾਏ ਸਾਚਾ ਹਾਟ । ਚਰਨ ਦਵਾਰਾ ਸਾਚਾ ਹੱਟ,
ਚੌਦਾਂ ਲੋਕ ਮੁਖ ਸ਼ਰਮਾਈਆ । ਚਰਨ ਦਵਾਰਾ ਏਕਾ ਦਾਤ, ਨਿਰਗੁਣ ਸਰਗੁਣ ਝੋਲੀ ਪਾਈਆ । ਚਰਨ ਦਵਾਰਾ ਵਡ ਕਰਾਮਾਤ, ਨੇਹਕਰਮੀ
ਕਰਮ ਕਟਾਈਆ । ਚਰਨ ਦਵਾਰਾ ਲੇਖਾ ਚੁੱਕੇ ਆਨ ਬਾਟ, ਗਰਭ ਵਾਸ ਨਾ ਫੰਦ ਰਖਾਈਆ । ਚਰਨ ਦਵਾਰਾ ਬਸਤਰ ਤਨ ਪਹਿਨਾਏ ਪਾਟ,
ਕਾਇਆ ਚੋਲੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰ ਦਏ ਵਡਿਆਈਆ । ਚਰਨ ਦਵਾਰਾ
ਹਰਿ ਹਰਿ ਖੋਲ੍ਹ, ਲੋਕਮਾਤ ਵੇਸ ਵਟਾਇੰਦਾ । ਸਚ ਵਸਤ ਹਰਿ ਰੱਖੇ ਕੋਲ, ਜਨ ਭਗਤਾਂ ਆਪ ਵਰਤਾਇੰਦਾ । ਨਾਦ ਅਨਾਦੀ ਆਪੇ ਬੋਲ,
ਏਕੰਕਾਰਾ ਨਾਅਰਾ ਲਾਇੰਦਾ । ਸਾਚੇ ਕੰਡੇ ਸਾਚਾ ਤੋਲ, ਆਪਣੀ ਧਾਰਨ ਆਪ ਚਲਾਇੰਦਾ । ਗੁਰਮੁਖਾਂ ਅੰਦਰ ਆਪੇ ਮੌਲ, ਆਪਣਾ ਰੂਪ ਦਰਸਾਇੰਦਾ ।
ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਆਤਮ ਆਪ ਭਰਾਇੰਦਾ । ਦੇਵੇ ਵਡਿਆਈ ਉਪਰ ਧਵਲ, ਕਲਜੁਗ ਵੇਲਾ ਅੰਤਮ ਆਇੰਦਾ । ਰਿਖੀ ਕੇਸ
ਸਾਵਲ ਸਵਲ, ਮੁਕੰਦ ਮਨੋਹਰ ਲਖਮੀ ਨਰਾਇਣ ਆਪ ਆਪਣਾ ਨਾਉਂ ਵਟਾਇੰਦਾ । ਨਾ ਕੋਈ ਜਾਣੇ ਪੰਡਤ ਪਾਂਧਾ ਰੌਲ, ਹਿਸਾਬ ਕਿਤਾਬ ਨਾ
ਕੋਇ ਵਖਾਇੰਦਾ । ਨੂਰ ਇਲਾਹੀ ਏਕਾ ਅੱਲਾ ਅਵਲ, ਔਲੀਆ ਪੀਰ ਨਾ ਕੋਏ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਚਰਨ ਦਵਾਰਾ ਇਕ ਉਪਜਾਇੰਦਾ । ਚਰਨ ਦਵਾਰਾ ਸਾਚਾ ਸਰ, ਗੁਰਮੁਖਾਂ ਆਪ ਨੁਹਾਈਆ । ਨਿਰਭੈ ਚੁਕਾਏ ਝੂਠਾ ਡਰ, ਮੂਰਤ ਅਕਾਲ ਦਰਸ ਦਿਖਾਈਆ । ਜੂਨੀ ਰਹਿਤ ਲਏ ਵਰ, ਅਜੂਨ ਅਜੂਨੀ ਫੰਦ ਕਟਾਈਆ । ਨਾਮ ਸਤਿ ਭੰਡਾਰਾ ਭਰ, ਘਰ ਸਾਚਾ ਇਕ ਸੁਹਾਈਆ । ਕਰਤਾ ਪੁਰਖ ਕਰਨੀ ਕਰ, ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਚਰਨ ਦਵਾਰਾ ਸਾਚਾ ਖੋਲ੍ਹ, ਸ਼ਬਦ ਅਗੰਮ ਵਜਾਏ ਢੋਲ, ਦਿਸ ਕਿਸੇ ਨਾ ਆਈਆ । ਚਰਨ ਦਵਾਰਾ ਸਾਖਯਾਤ, ਲੋਕਮਾਤ ਦਸਾਇੰਦਾ । ਗੁਰਸਿਖ ਬਣਾਏ ਪਾਰਜਾਤ, ਜੋ ਜਨ ਸਰਨਾਈ ਆਇੰਦਾ । ਏਕਾ ਦੇਵੇ ਸਾਚੀ ਦਾਤ, ਸੋਹੰ ਸਾਚੀ ਝੋਲੀ ਪਾਇੰਦਾ । ਚਰਨ ਕਵਲ ਬੰਧਾਏ ਆਪਣਾ ਨਾਤ, ਆਪ ਆਪਣੇ ਅੰਗ ਲਗਾਇੰਦਾ । ਦੁਰਮਤ ਮੈਲ ਦੇਵੇ ਕਾਟ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਗੁਰਸਿਖਾਂ ਪੂਰਾ ਕਰਨ ਆਇਆ ਘਾਟ, ਸਾਚਾ ਤੋਲਾ ਵੇਸ ਵਟਾਇੰਦਾ । ਆਪ ਸੁੱਤਾ ਨਾ ਕਿਸੇ ਖਾਟ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਭਾਗ ਲਗਾਏ ਗੁਰਮੁਖ ਤੇਰੀ ਕਾਇਆ ਮਾਟ, ਆਤਮ ਸੇਜਾ ਸੋਭਾ ਪਾਇੰਦਾ । ਰਸਨਾ ਰਸ ਨਿਝਰ ਝਿਰਨਾ ਲੈਣਾ ਚਾਟ, ਰਿਸਕ ਰਿਸਕ ਆਪ ਵਹਾਇੰਦਾ । ਲੈਹਿਣਾ ਦੇਣਾ ਚੁੱਕੇ ਤਤ ਆਠ, ਨੌਂ ਦਰ ਸਾਚਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਵਡਿਆਇੰਦਾ । ਚਰਨ ਦਵਾਰਾ ਵਡ ਵਡਿਆਈ, ਹਰਿ ਵੱਡਾ ਸਿਫਤ ਸਲਾਹੀਆ । ਗੁਰਮੁਖ ਵੇਖੇ ਥਾਂਉਂ ਥਾਈਂ, ਥਾਨ ਥਨੰਤਰ ਗਗਨ ਗਗਨੰਤਰ ਫੇਲ ਫੁਲਾਈਆ । ਪਕੜਨਹਾਰਾ ਨਿਰਗੁਣ ਬਾਹੀਂ, ਸੋਹੰ ਮੰਤਰ ਇਕ ਪੜ੍ਹਾਈਆ । ਤ੍ਰੈਗੁਣ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਆਪੇ ਬਿਧ ਜਾਣੇ ਅੰਤਰ, ਗਤ ਮਿਤ ਆਪਣੀ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਸੁਹਾਈਆ । ਚਰਨ ਦਵਾਰਾ ਸਚ ਸੁਲਤਾਨ, ਸਾਚਾ ਤਖਤ ਸੁਹਾਇੰਦਾ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਲੋਕਮਾਤ ਵੇਸ ਵਟਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਇੰਦਾ । ਸਤਿ ਸਤਿਵਾਦੀ ਇਕ ਨਿਸ਼ਾਨ, ਬ੍ਰਹਮ ਬ੍ਰਹਿਮਾਦੀ ਆਪ ਝੁਲਾਇੰਦਾ । ਆਦਿ ਜੁਗਾਦੀ ਆਪਣੀ ਕਾਣ, ਦੋ ਜਹਾਨਾਂ ਆਪ ਰਖਾਇੰਦਾ । ਸੰਤ ਸੁਹੇਲੇ ਕਰ ਪਛਾਣ, ਗੁਰ ਚੇਲੇ ਮੇਲ ਮਿਲਾਇੰਦਾ । ਸ਼ਬਦ ਸਰੂਪੀ ਇਕ ਬਬਾਣ, ਸਤਿਗੁਰ ਪੂਰਾ ਆਪ ਰਖਾਇੰਦਾ । ਜਨ ਭਗਤਾਂ ਦੇਵੇ ਸਾਚਾ ਮਾਣ, ਆਪ ਆਪਣੇ ਗਲੇ ਲਗਾਇੰਦਾ । ਆਵਣ ਜਾਵਣ ਚੁੱਕੇ ਕਾਣ, ਲੱਖ ਚੁਰਾਸੀ ਵੇਖ ਵਖਾਇੰਦਾ । ਪਤਤ ਪਾਵਨ ਸ੍ਰੀ ਭਗਵਾਨ, ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਏਕਾ ਘਾਟ, ਲੇਖਾ ਚੁੱਕੇ ਤੀਰਥ ਤਾਟ, ਅਠਸਠ ਨਹਾਵਨ ਕੋਇ ਨਾ ਜਾਇੰਦਾ । ਚਰਨ ਦਵਾਰਾ ਸਚ ਸਰੋਵਰ, ਹਰਿ ਸਾਚਾ ਸੀਰ ਭਰਾਈਆ । ਲੇਖਾ ਜਾਣੇ ਗਿਰਧਰ ਗਿਰਵਰ, ਗਹਿਰ ਗੰਭੀਰ ਵੱਡੀ ਵਡਿਆਈਆ । ਆਪੇ ਹੋਏ ਵਡ ਵਡਾ ਜ਼ੋਰਾਵਰ, ਆਪ ਆਪਣਾ ਬਲ ਧਰਾਈਆ । ਆਪਣਾ ਘੋੜਾ ਪੁਰਖ ਅਬਿਨਾਸ਼ੀ ਆਪੇ ਲਏ ਫੜ, ਆਪ ਆਪਣੀ ਵਾਗ ਉਠਾਈਆ । ਅਗੰਮ ਅਗੰਮਾ ਉਪਰ ਚੜ, ਨਿਰਗੁਣ ਨਿਰਗੁਣ ਲਏ ਦੌੜਾਈਆ । ਰਾਹ ਵਿਚ ਨਾ ਜਾਏ ਅੜ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸਾਚੀ ਧਾਰ, ਆਪ ਚਲਾਏ ਏਕੰਕਾਰ ਇਕ ਅਕੱਲਾ ਖੇਲ ਖਿਲਾਈਆ । ਚਰਨ ਦਵਾਰਾ ਸਾਚਾ ਆਸਨ, ਹਰਿ ਸਤਿਗੁਰ ਪੁਰਖ ਲਗਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸਨ, ਮੰਡਲ ਮੰਡਪ


੧੭੩

ਵੇਖ ਵਖਾਇੰਦਾ । ਏਥੇ ਓਥੇ ਪਾਵੇ ਰਾਸਨ, ਗੋਪੀ ਕਾਹਨ ਆਪ ਨਚਾਇੰਦਾ । ਆਪੇ ਖੇਲੇ ਖੇਲ ਤਮਾਸਨ, ਨਟੂਆ ਨਟ ਆਪ ਅਖਵਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸਨ, ਜੁਗ ਜੁਗ ਸੇਵ ਕਮਾਇੰਦਾ । ਕਲਜੁਗ ਅੰਤਮ ਘਨਕ ਪੁਰ ਕਰਿਆ ਵਾਸਨ, ਪੁਰੀ ਘਨਕ ਆਪ ਸੁਹਾਇੰਦਾ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸਨ, ਸ਼ਾਹ ਸੁਲਤਾਨ ਵੇਸ ਵਟਾਇੰਦਾ । ਗੁਰਸਿਖਾਂ ਪੂਰੀ ਕਰਨ ਆਇਆ ਆਸਨ, ਜੋ ਸਰਸੇ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਡਿਆਇੰਦਾ । ਚਰਨ ਦਵਾਰਾ ਮਸਤਕ ਧੂੜ, ਜਿਸ ਜਨ ਆਪ ਲਗਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਮਾਇਆ ਮਮਤਾ ਮੋਹ ਚੁਕਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਚ ਸੁਚ ਮੇਲ ਮਿਲਾਇੰਦਾ । ਘਰ ਵਿਚ ਬਖਸ਼ੇ ਸਾਚਾ ਨੂਰ, ਜੋਤੀ ਨੂਰ ਡਗਮਗਾਇੰਦਾ । ਗੁਰਸਿਖਾਂ ਅੱਗੇ ਹਾਜ਼ਰ ਹਜ਼ੂਰ, ਜਾਹਰਾ ਜਹੂਰ ਜੋਤ ਜਗਾਇੰਦਾ । ਆਸਾ ਮਨਸਾ ਕਰੇ ਪੂਰ, ਗੁਰਸਿਖ ਨਿਰਾਸਾ ਨਾ ਕੋਇ ਵਖਾਇੰਦਾ । ਦੋ ਜਹਾਨਾਂ ਪੈਂਡਾ ਜਾਣੇ ਨੇੜਾ ਦੂਰ, ਹਰਿ ਆਪਣਾ ਪੰਧ ਮੁਕਾਇੰਦਾ । ਸਰਬ ਕਲ ਹਰਿ ਭਰਪੂਰ, ਗੁਰਮੁਖਾਂ ਭੰਡਾਰੇ ਆਪ ਭਰਾਇੰਦਾ । ਪੰਚ ਵਿਕਾਰਾ ਕਰੇ ਚੂਰ, ਨਾਮ ਖੰਡਾ ਹੱਥ ਉਠਾਇੰਦਾ । ਦਾਤਾ ਦਾਨੀ ਜੋਧਾ ਸੂਰ, ਸੂਰਬੀਰ ਵੇਸ ਵਟਾਇੰਦਾ । ਸ਼ਬਦ ਨਿਰਾਲਾ ਮਾਰੇ ਤੀਰ, ਸੋਹੰ ਮੁਖੀ ਅੱਗੇ ਲਾਇੰਦਾ । ਅਠਸਠ ਵਰੋਲੇ ਆਪੇ ਨੀਰ, ਨਾਮ ਮਧਾਣਾ ਏਕਾ ਪਾਇੰਦਾ । ਤਨ ਵਰੋਲੇ ਪੀਰ ਫਕੀਰ, ਦਸਤਗੀਰ ਖੋਜ ਖੋਜਾਇੰਦਾ । ਸ਼ਾਹ ਸੁਲਤਾਨਾਂ ਲਾਹੇ ਚੀਰ, ਖ਼ਾਕੀ ਖ਼ਾਕ ਰਲਾਇੰਦਾ । ਗੁਰਸਿਖ ਚੋਟੀ ਚਾੜ੍ਹੇ ਅਖ਼ੀਰ, ਉਚੀ ਕੂਕ ਕਬੀਰ ਸੁਣਾਇੰਦਾ । ਹਰਿ ਮਿਲਿਆ ਸ਼ਾਹ ਵਡ ਪੀਰਨ ਪੀਰ, ਗ਼ਰੀਬ ਨਿਮਾਣੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਗੀ ਪ੍ਰੀਤੀ ਤੋੜ ਨਿਭਾਇੰਦਾ । ਲੱਗੀ ਪ੍ਰੀਤੀ ਨਿਭੇ ਤੋੜ, ਗੁਰ ਚਰਨ ਆਪ ਲਗਾਈਆ । ਗੁਰਮੁਖਾਂ ਆਪੇ ਗਿਆ ਬੌਹੜ, ਕਲਜੁਗ ਸੋਏ ਲਏ ਜਗਾਈਆ । ਜੁਗਾਂ ਜੁਗਾਂ ਦੀ ਲੱਗੀ ਔੜ, ਦੇ ਦਰਸ ਆਪ ਬੁਝਾਈਆ । ਕਾਇਆਂ ਮੰਦਰ ਅੰਦਰ ਲਾਇਆ ਪੌੜ, ਸੋਹੰ ਡੰਡਾ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਸਮਝਾਈਆ । ਚਰਨ ਦਵਾਰਾ ਜਿਸ ਜਨ ਜਾਣਿਆ, ਹਰਿ ਮੇਲਾ ਸ਼ਾਹੋ ਸ਼ਾਬਾਸ । ਘਰ ਸਾਚੇ ਸਚ ਰੰਗ ਮਾਣਿਆ, ਪੂਰਨ ਹੋਈ ਆਸ । ਦਰ ਹੋਇਆ ਮਾਣ ਨਿਮਾਣਿਆ, ਲੇਖੇ ਲੱਗਾ ਸਵਾਸ ਸਵਾਸ । ਪ੍ਰਭ ਮਿਲਿਆ ਵਡ ਜਰਵਾਣਿਆ, ਜਰ ਜੋਬਨ ਹੋਏ ਨਾਸ । ਗੁਰ ਸਤਿਗੁਰ ਗੁਰਸਿਖ ਆਪ ਪਛਾਣਿਆ, ਆਪ ਆਪਣੀ ਵੇਖੀ ਰਾਸ । ਮਿਲਿਆ ਮੇਲ ਸਾਚੇ ਹਾਣੀਆ, ਵੱਜੀ ਵਧਾਈ ਪ੍ਰਿਥਮੀ ਅਕਾਸ । ਅੰਮ੍ਰਿਤ ਦੇਵੇ ਠੰਡਾ ਪਾਣੀਆ, ਗੁਰਸਿਖ ਬੂਟਾ ਨਾ ਜਾਏ ਵਿਨਾਸ । ਫੁਲ ਫੁਲਵਾੜੀ ਆਪ ਮਹਿਕਾਣੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸਰਬ ਗੁਣਤਾਸ । ਚਰਨ ਦਵਾਰਾ ਹਰਿ ਭਗਵੰਤ, ਏਕਾ ਏਕ ਰਖਾਇੰਦਾ । ਗੁਰਮੁਖ ਸਾਚੇ ਹੋਏ ਸੰਤ, ਜਿਸ ਜਨ ਮੇਲ ਮਿਲਾਇੰਦਾ । ਧੰਨ ਸੁਭਾਗਣ ਸੋਭਾਵੰਤ, ਜਿਸ ਮਿਲਿਆ ਹਰਿ ਹਰਿ ਕੰਤ, ਘਰ ਸਾਚੀ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਹਰਿ ਨਿਰੰਕਾਰ, ਆਪਣਾ ਘਰ ਵਖਾਇੰਦਾ । ਚਰਨ ਦਵਾਰਾ ਏਕੰਕਾਰ, ਏਕਾ ਰੰਗ ਸਮਾਇਆ । ਕਲਜੁਗ ਅੰਤਮ ਖੇਲ ਅਪਾਰ, ਲੋਕਮਾਤ ਵੇਸ ਵਟਾਇਆ । ਛੱਬੀ ਪੋਹ ਦਿਵਸ ਵਿਚਾਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਗੋਬਿੰਦ ਤੇਰਾ ਕਰਜ਼ਾ ਦਏ ਉਤਾਰ, ਤੇਰਾ ਲਹਿਣਾ ਰਹੇ ਨਾ ਰਾਇਆ । ਤੇਰੀ ਸਿਖੀ ਕਰ ਤਿਆਰ,

ਸਾਚੀ ਸਿਖਿਆ ਦਏ ਸਮਝਾਇਆ । ਏਕਾ ਇਕੀ ਮੇਲ ਸੰਸਾਰ, ਭਵ ਸਾਗਰ ਦਏ ਤਰਾਇਆ । ਆਪਣੇ ਨੇਤਰ ਪੇਖੀ ਆਪ ਕਰਤਾਰ, ਕਰਤਾ ਕੁਦਰਤ ਵੇਖ ਵਖਾਇਆ । ਆਪੇ ਘੜਨ ਭੰਨਣਹਾਰ, ਆਪੇ ਭਾਂਡੇ ਲਏ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਰਖਾਇਆ । ਚਰਨ ਦਵਾਰਾ ਏਕਾ ਰੱਖ, ਏਕਾ ਅੱਖ ਖੁਲਾਇੰਦਾ । ਸਤਿਗੁਰ ਪੂਰਾ ਹੋ ਪ੍ਰਤਖ, ਗੁਰਮੁਖ ਸਾਚੇ ਆਪ ਤਰਾਇੰਦਾ । ਆਪੇ ਕਰੇ ਕੱਖੋ ਲੱਖ, ਲੱਖੋ ਕੱਖ ਆਪ ਬਣਾਇੰਦਾ । ਸੰਤ ਸਹੇਲੇ ਗੁਰੂ ਗੁਰ ਚੇਲੇ ਆਪ ਆਪਣੇ ਲਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਹੋ ਪਰਗਟ, ਆਪ ਆਪਣਾ ਡੰਕ ਵਜਾਇੰਦਾ । ਹਰਿ ਸੰਗਤ ਵਿਖਾਏ ਸਾਚਾ ਤੀਰਥ ਤਟ, ਸਚਖੰਡ ਦਵਾਰਾ ਇਕ ਸੁਹਾਇੰਦਾ । ਤਨ ਪਹਿਨਾਏ ਸੋਹੰ ਪਟ, ਤਾਣਾ ਪੇਟਾ ਆਪ ਮਿਲਾਇੰਦਾ । ਥਿਰ ਘਰ ਵੇਚੇ ਸਾਚੇ ਹੱਟ, ਚਰਨ ਪ੍ਰੀਤੀ ਕੀਮਤ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸੰਗ ਸਮਾਇੰਦਾ । ਹਰਿ ਸੰਗਤ ਸਤਿਜੁਗ ਸਾਚੀ ਧਾਰ, ਸਤਿਗੁਰ ਆਪ ਸਮਝਾਈਆ । ਚਾਰ ਵਰਨ ਕਰਨਾ ਇਕ ਪਿਆਰ, ਦੂਈ ਦਵੈਤੀ ਨਾ ਕੋਈ ਰਖਾਈਆ । ਨਾਰੀ ਰਲੀਆਂ ਮਾਣੇ ਨਾਲ ਭਤਾਰ, ਦੂਸਰ ਸੇਜ ਨਾ ਕੋਈ ਹੰਢਾਈਆ । ਕਵਾਰੀ ਕੰਨਿਆ ਨਾ ਕਰੇ ਸ਼ੰਗਾਰ, ਨੇਤਰ ਨੈਣ ਨੈਣ ਸ਼ਰਮਾਈਆ । ਮਾਵਾਂ ਪੁਤਰਾਂ ਧਰਮ ਪਿਆਰ, ਧੀਰਜ ਜਤ ਇਕ ਵਖਾਈਆ । ਭੈਣ ਭਰਾਵਾਂ ਇਕ ਅਧਾਰ, ਏਕਾ ਰਤ ਉਪਜਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਰਾਗ ਸੁਣਾਈਆ । ਏਕਾ ਮੰਦਰ ਇਕ ਦਵਾਰ, ਏਕਾ ਇਸ਼ਟ ਦੇਵ ਹਰਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਮਾਰਗ ਲਾਈਆ । ਸਤਿਜੁਗ ਮਾਰਗ ਸਾਚਾ ਰਸ, ਹਰਿ ਸੰਗਤ ਵਿਚ ਭਰਾਇੰਦਾ । ਇਕ ਦੂਜੇ ਨੂੰ ਮਿਲਿਆ ਹੱਸ ਹੱਸ, ਪ੍ਰੇਮ ਗਲਵੱਕੜੀ ਇਕ ਪਵਾਇੰਦਾ । ਨਿਰਾਲਾ ਤੀਰ ਮਾਰੇ ਕਸ, ਨੈਣ ਨੈਣਾਂ ਵਿਚ ਟਿਕਾਇੰਦਾ । ਜਗਤ ਵਿਕਾਰਾ ਹਰਿ ਸੰਗਤ ਤੇਰੇ ਚਰਨਾ ਹੇਠ ਦੇਵੇ ਝੱਸ, ਬੇਮੁਖਾਂ ਸਿਰ ਖ਼ਾਕ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਰਾਹ ਇਕ ਵਖਾਇੰਦਾ । ਸਤਿਜੁਗ ਤੇਰਾ ਸਚ ਪਿਆਰ, ਹਰਿ ਸੰਗਤ ਵਿਚ ਰਖਾਇੰਦਾ । ਨਾ ਕੋਈ ਤੱਕੇ ਧੀ ਭੈਣ ਮੁਟਿਆਰ, ਭੈਣ ਭਾਈ ਸਰਬ ਬਣਾਇੰਦਾ । ਹਰਿ ਸੰਗਤ ਵਿਚ ਨਾ ਕਰੇ ਕੋਈ ਸ਼ੰਗਾਰ, ਨੇਤਰ ਨੈਣ ਸਰਬ ਸ਼ਰਮਾਇੰਦਾ । ਚਰਨ ਬਖਸ਼ੇ ਇਕ ਅਧਾਰ, ਦੂਸਰ ਪੱਲੂ ਨਾ ਕੋਈ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਸਿੱਖ ਵਖਾਇੰਦਾ । ਸਾਚੀ ਸਿਖਿਆ ਹਰਿ ਦਰਬਾਰ, ਹਰਿ ਸੰਗਤ ਸਹਿਜ ਸਭਾਈਆ । ਦੋਏ ਜੋੜ ਕਰ ਨਿਮਸਕਾਰ, ਗੁਰ ਸਤਿਗੁਰ ਸੀਸ ਝੁਕਾਈਆ । ਬਿਨ ਹਰਿ ਚਰਨ ਨਾ ਤੱਕੇ ਕੋਈ ਮੁਖ ਵਿਚ ਦਰਬਾਰ, ਇਸਤਰੀ ਪੁਰਸ਼ ਏਕਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰੀਤੀ ਆਪ ਬੰਧਾਈਆ । ਸਤਿਜੁਗ ਏਕਾ ਗਿਆ ਜਾਗ, ਹਰਿ ਸਾਚੇ ਆਪ ਜਗਾਇਆ । ਛੱਬੀ ਪੋਹ ਹਰਿ ਸੰਗਤ ਧੋਵੇ ਤੇਰਾ ਪਿਛਲਾ ਦਾਗ, ਅੱਗੇ ਮਾਰਗ ਇਕ ਵਖਾਇਆ । ਆਏ ਦਵਾਰ ਬਣਾਏ ਹੰਸ ਕਾਗ, ਮਾਨ ਸਰੋਵਰ ਇਕ ਨੁਹਾਇਆ । ਬੁਝਿਆ ਦੀਪ ਜਗਾਏ ਚਰਾਗ, ਤੇਲ ਬਾਤੀ ਨਾ ਕੋਇ ਪਾਇਆ । ਜਗਤ ਨਾਤਾ ਤੋੜੇ ਸਾਕ, ਕੂੜ ਕੁਟੰਬ ਵਖਾਇਆ । ਸਤਿਜੁਗ ਪੂਰਾ ਪਾਕੀ ਪਾਕ, ਹਰਿਜਨ ਸਾਚੇ ਲਏ ਬਣਾਇਆ । ਅੰਦਰ ਬੈਠਾ ਰਿਹਾ ਝਾਕ, ਦੋਏ ਲੋਚਨ ਨੈਣਾਂ ਦਿਸ ਨਾ ਆਇਆ । ਜਿਸ ਜਨ ਪੁਛੇ ਆਪੇ ਵਾਤ, ਆਪ ਆਪਣਾ ਪਰਦਾ ਲਾਹਿਆ । ਚਰਨ

੧੭੬

ਦਵਾਰ ਵਿਖਾਏ ਸਾਚਾ ਹਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਦਏ ਚੁਕਾਇਆ । ਕਲਜੁਗ ਲਹਿਣਾ ਜਾਣਾ ਮੁੱਕ, ਹਰਿ ਹਰਿ ਆਪ ਮੁਕਾਈਆ । ਜੂਠਾ ਝੂਠਾ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਈ ਕਰਾਈਆ । ਮਨਮੁਖਾਂ ਮੁਖ ਪੈਣਾ ਥੁੱਕ, ਸੰਮਤ ਸੰਮਤੀ ਵੇਖ ਵਖਾਈਆ । ਸੋਲਾਂ ਸਾਲ ਲੰਘਾਏ ਲੁਕ ਲੁਕ, ਅੰਤਮ ਪਰਦਾ ਦੇਵੇ ਲਾਹੀਆ । ਹਰਿ ਸੰਗਤ ਤੇਰਾ ਭਾਰ ਆਪਣੇ ਕੰਧੇ ਚੁੱਕ, ਦੋ ਜਹਾਨਾਂ ਆਵੇ ਜਾਵੇ ਵਾਹੋ ਦਾਹੀਆ । ਗੁਰਸਿਖਾਂ ਰੱਖਿਆ ਆਪਣੀ ਕੁੱਖ, ਹਰਿ ਸਚ ਜਣੇਂਦੀ ਮਾਈਆ । ਕਰਨ ਆਇਆ ਉਜਲ ਮੁਖ, ਆਪਣੀ ਹੱਥੀਂ ਸੇਵ ਕਮਾਈਆ । ਜਗਤ ਵਿਛੋੜਾ ਮਿਟੇ ਦੁੱਖ, ਦੁੱਖ ਸੁਖ ਵਿਚ ਸਮਾਈਆ । ਜਨਮ ਜਨਮ ਦੀ ਲੱਗੀ ਭੁੱਖ, ਕਲਜੁਗ ਅੰਤਮ ਤ੍ਰਿਪਤ ਕਰਾਈਆ । ਸਿੰਘ ਸ਼ੇਰ ਬਘੇਲਾ ਰਿਹਾ ਬੁੱਕ, ਕੋਈ ਅੱਗੇ ਠਹਿਰ ਨਾ ਪਾਈਆ । ਨੌ ਖੰਡ ਪ੍ਰਿਥਮੀ ਲਏ ਲੁੱਟ, ਠੱਗ ਚੋਰ ਯਾਰ ਰੂਪ ਵਟਾਈਆ । ਸ਼ਾਹ ਸੁਲਤਾਨਾਂ ਕੱਢੇ ਕੁੱਟ, ਨਾਮ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰਾ ਇਕ ਸੁਹਾਈਆ । ਚਰਨ ਦਵਾਰਾ ਸਾਚਾ ਗੜ੍ਹ, ਹਰਿ ਸੰਗਤ ਆਪ ਸਮਝਾਇੰਦਾ । ਗੁਰਮੁਖ ਅੰਦਰ ਗਿਆ ਵੜ, ਮਨਮੁਖ ਰਾਹ ਨਾ ਕੋਇ ਤਕਾਇੰਦਾ । ਹਰਿਜਨ ਪੌੜੇ ਗਿਆ ਚੜ੍ਹ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਭਗਤਨ ਫੜਿਆ ਸਾਚਾ ਲੜ, ਭਗਤ ਭਗਤੀ ਵੇਖ ਵਖਾਇੰਦਾ । ਸੰਤ ਸੁਹੇਲਾ ਏਕਾ ਅੱਖਰ ਪੜ੍ਹ, ਸੋਹੰ ਢੋਲਾ ਸਾਚਾ ਗਾਇੰਦਾ । ਸਤਿਜੁਗ ਸਾਚੀ ਲਾਈ ਜੜ੍ਹ, ਲੋਕਮਾਤ ਧਰਾਇੰਦਾ । ਖੇਲੇ ਖੇਲ ਨਾਰੀ ਨਰ, ਨਰ ਨਰਾਇਣ ਵੇਸ ਵਟਾਇੰਦਾ । ਵੱਜੇ ਵਧਾਈ ਘਰ ਘਰ, ਗੁਰਮੁਖ ਸਾਚੇ ਆਪ ਜਗਾਇੰਦਾ । ਸਾਚਾ ਅੰਮ੍ਰਿਤ ਪਿਆਲਾ ਆਪੇ ਭਰ, ਸਾਚਾ ਸਾਕੀ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਚ ਪਿਆਰਾ, ਵਰਤੇ ਵਰਤਾਵੇ ਵਿਚ ਸੰਸਾਰਾ, ਲੋਕਮਾਤ ਆਪ ਵਰਤਾਇੰਦਾ । ਸਤਿਜੁਗ ਵਰਤੇ ਸਾਚਾ ਸਤਿ, ਸਤਿ ਵੱਜੇ ਵਧਾਈਆ । ਚਾਰ ਵਰਨਾਂ ਹਰਿ ਹਰਿ ਮਤ, ਪਾਰਬ੍ਰਹਮ ਆਪ ਸਮਝਾਈਆ । ਹਰਿ ਸੰਗਤ ਸਾਚੀ ਕਰ ਉਤਪਤ, ਬ੍ਰਹਮੇ ਉਤਪਤ ਦਏ ਮਿਟਾਈਆ । ਪ੍ਰਭ ਕੋਇ ਨਾ ਜਾਣੇ ਤੇਰੀ ਗਤ, ਤੇਰੀ ਕੀਮਤ ਕੋਇ ਨਾ ਪਾਈਆ । ਨਾ ਕੋਈ ਜਾਣੇ ਵਾਰ ਥਿਤ, ਦਿਵਸ ਰੈਣ ਨਾ ਕੋਇ ਵਖਾਈਆ । ਧੰਨ ਸੋ ਵੇਲਾ ਜਨ ਭਗਤਾਂ ਕਰੇ ਸਾਚਾ ਹਿਤ, ਜੁਗ ਜੁਗ ਆਪਣਾ ਵੇਸ ਵਟਾਈਆ । ਖੇਲੇ ਖੇਲ ਨਿਤ ਨਵਿਤ, ਆਪ ਆਪਣੀ ਰੁੱਤ ਸੁਹਾਈਆ । ਰਾਹ ਤੱਕੇ ਮਹੀਨਾ ਚੇਤ, ਸੰਮਤ ਸਤਾਰਾਂ ਵੇਖ ਵਖਾਈਆ । ਆਪੇ ਉਠ ਉਠ ਆਏ ਆਪਣੇ ਖੇਤ, ਆਪੇ ਰਣ ਝੂਝੇ ਆਪੇ ਕਰੇ ਲੜਾਈਆ । ਆਪੇ ਹੋਏ ਨੇਤਨ ਨੇਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਪੇ ਲੇਖਾ ਜਾਣੇ ਪੰਚਮ ਜੇਠ, ਹਰਿਜਨ ਸਾਚੇ ਲਏ ਤਰਾਈਆ । ਪਕੜ ਪਛਾੜੇ ਵਡ ਵਡ ਸੇਠ, ਜਗਤ ਧਨਾਡ ਨਾ ਕੋਈ ਰਖਾਈਆ । ਹਰਿ ਸੰਗਤ ਰੱਖੇ ਸਾਯਾ ਹੇਠ, ਸਿਰ ਆਪਣਾ ਹੱਥ ਰਖਾਈਆ । ਕਲਜੁਗ ਹਾੜੀ ਵੱਢੇ ਅਗੇਤ ਪਛੇਤ, ਵਡ ਕਿਰਸਾਨਾ ਹਰਿ ਰਘੁਰਾਈਆ । ਚਾਰੋਂ ਕੁੰਟ ਬਾਲੂ ਰੇਤ, ਤ੍ਰੈਗੁਣ ਅਗਨੀ ਤਤ ਤਪਾਈਆ । ਦਹਿ ਦਿਸ਼ਾ ਫਿਰਨ ਜਿੰਨ ਪ੍ਰੇਤ, ਜਗਤ ਜੀਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਿੱਖ ਸਮਝਾਈਆ । ਹਰਿ ਸੰਗਤ ਸਿਖਿਆ ਲੈਣੀ ਸਿੱਖ, ਹਰਿ ਸਾਚਾ ਆਪ ਸਮਝਾਇੰਦਾ । ਅਗਲਾ ਲੇਖਾ ਆਪਣੀ ਹੱਥੀ ਲਿਖ, ਪਿਛਲਾ ਕੀਤਾ ਆਪ ਮੁਕਾਇੰਦਾ । ਛੱਬੀ ਪੋਹ ਜੋ ਜਨ ਮੰਗੇ ਨਾਮ ਭਿਖ, ਸਚ ਭੰਡਾਰਾ ਆਪ ਵਰਤਾਇੰਦਾ । ਰਾਤੀ ਸੁਤਿਆਂ ਜਾ ਜਾ ਕਰੇ ਹਿਤ,

ਫੜ ਬਾਹੋਂ ਗਲੇ ਲਗਾਇੰਦਾ । ਦਰਸ ਦਿਖਾਏ ਨਿਤ ਨਵਿਤ, ਆਲਸ ਨਿੰਦਰਾ ਵਿਚ ਨਾ ਆਇੰਦਾ । ਅਗਲਾ ਧਾਮ ਦੱਸੇ ਅਨਡਿਠ, ਸਾਚਾ ਨੈਣ ਇਕ ਖੁਲਾਇੰਦਾ । ਸੰਮਤ ਸੋਲਾਂ ਸੋਲਾਂ ਸਾਲ ਸੁਤਾ ਰਿਹਾ ਦੇ ਕਰ ਪੀਠ, ਆਪਣੀ ਕਰਵਟ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਾਚਾ ਚੜ੍ਹਿਆ ਚੰਦ, ਹਰਿ ਸਤਿਗੁਰ ਆਪ ਚੜ੍ਹਾਈਆ । ਹਰਿ ਸੰਗਤ ਤੇਰਾ ਖੁਸ਼ੀ ਕਰਾਏ ਬੰਦ ਬੰਦ, ਬੰਦੀ ਛੋੜ ਵੱਡੀ ਵਡਿਆਈਆ । ਅੱਠੇ ਪਹਿਰ ਪਰਮਾਨੰਦ, ਪਰਮ ਪੁਰਖ ਆਪ ਵਖਾਈਆ । ਜੋ ਜਨ ਤਜਾਏ ਮਦਿਰਾ ਮਾਸ ਗੰਦ, ਰਾਏ ਧਰਮ ਨਾ ਦਏ ਸਜਾਈਆ । ਸੋਹੰ ਸ਼ਬਦ ਸੁਣਾਏ ਸੁਹਾਗੀ ਛੰਦ, ਥਿਰ ਘਰ ਸਾਚੇ ਵੱਜੇ ਵਧਾਈਆ । ਦੂਈ ਦਵੈਤੀ ਢਾਏ ਕੰਧ, ਭਰਮ ਗੜ੍ਹ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਮਗਰੀ ਜੋਤ ਇਕਗਰੀ ਆਪਣੇ ਹੱਥ ਰਖਾਈਆ । ਸਾਚੀ ਵਸਤ ਹਰਿ ਅਨਮੋਲ, ਸਤਿਗੁਰ ਪੂਰਾ ਆਪਣੇ ਹੱਥ ਰਖਾਇੰਦਾ । ਹਰਿ ਸੰਗਤ ਸਾਚੀ ਆਪਣੇ ਕੰਡੇ ਲਵੇ ਤੋਲ, ਨਾਮ ਖੰਡਾ ਹੱਥ ਉਠਾਇੰਦਾ । ਛੱਬੀ ਪੋਹ ਊਚੀ ਕੂਕ ਆਪੇ ਬੋਲ, ਸੰਮਤ ਸੋਲਾਂ ਲੇਖ ਲਿਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੱਢਣ ਆਇਆ ਪੂਰਬ ਪੋਲ, ਸਾਧਾਂ ਸੰਤਾਂ ਆਪ ਹਲਾਇੰਦਾ । ਸ਼ਬਦ ਨਗਾਰਾ ਵੱਜੇ ਢੋਲ, ਹਰਿ ਨਿਰੰਕਾਰ ਆਪ ਵਜਾਇੰਦਾ । ਸਾਚੀ ਵਸਤ ਰਹਿਣ ਨਾ ਦੇਵੇ ਕਿਸੇ ਕੋਲ, ਆਪਣੀ ਵਸਤ ਆਪਣੇ ਵਿਚ ਟਿਕਾਇੰਦਾ । ਗੁਰਮੁਖਾਂ ਅੰਦਰ ਜਾਏ ਮੌਲ, ਨਿਰਗੁਣ ਆਪਣਾ ਰੂਪ ਵਟਾਇੰਦਾ । ਦਿਵਸ ਰੈਣ ਕੰਬੇ ਧਰਤ ਧਵਲ ਧੌਲ, ਜ਼ਿਮੀ ਅਸਮਾਨ ਆਪ ਹਲਾਇੰਦਾ । ਗੁਰ ਸੰਗਤ ਮੁਖ ਲਗਾਏ ਸਾਚੀ ਪੌਹਲ, ਰਸਨਾ ਸੋਹੰ ਰਸ ਚਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਸਚ ਭੰਡਾਰਾ, ਸਤਿਗੁਰ ਸਾਚਾ ਆਪ ਭਰਾਇੰਦਾ । ਭਰੇ ਭੰਡਾਰਾ ਨਾਮ ਰੰਗ, ਹਰਿ ਸੱਜਣ ਸ਼ਹਿਨਸ਼ਾਹੀਆ । ਹਰਿ ਸੰਗਤ ਚਾੜ੍ਹੇ ਉਚ ਅਟੱਲ ਮਹੱਲ ਪਲੰਘ, ਦਰ ਘਰ ਸਾਚੇ ਆਪ ਸੁਹਾਈਆ । ਦੂਸਰ ਦਰ ਨਾ ਲਏ ਮੰਗ, ਦੂਜੇ ਦਰ ਨਾ ਅਲੱਖ ਜਗਾਈਆ । ਜਨ ਭਗਤਾਂ ਰੱਖੇ ਸਦਾ ਸੰਗ, ਭਗਤ ਵਛਲ ਆਪ ਅਖਵਾਈਆ । ਕਲਜੁਗ ਜੀਵ ਭਾਗਾਂ ਮੰਦ, ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸੰਗ ਰਖਾਈਆ । ਹਰਿ ਸੰਗਤ ਸਗਲਾ ਸਾਥ, ਹਰਿ ਪੁਰਖ ਨਿਰੰਜਣ ਆਪ ਰਖਾਇੰਦਾ । ਲਹਿਣਾ ਦੇਣਾ ਚੁੱਕਿਆ ਪੂਜਾ ਪਾਠ, ਜੋਗ ਅਭਿਆਸ ਨਾ ਕੋਇ ਵਖਾਇੰਦਾ । ਸਾਚਾ ਤੀਰਥ ਏਕਾ ਤਾਟ, ਏਕਾ ਘਰ ਵਖਾਇੰਦਾ । ਇਕ ਪ੍ਰੀਤੀ ਏਕਾ ਨਾਤ, ਏਕਾ ਦਾਤਾ ਜੋੜ ਜੁੜਾਇੰਦਾ । ਛੱਬੀ ਪੋਹ ਲੇਖਾ ਜਾਣੇ ਦਿਵਸ ਰਾਤ, ਭਿੰਨੜੀ ਰੈਣ ਨਾਲ ਰਲਾਇੰਦਾ । ਹਰਿ ਸੰਗਤ ਤੇਰੀ ਪੁੱਛਣ ਆਇਆ ਵਾਤ, ਤੇਰੇ ਦੁਖੜੇ ਮੁਖ ਰਖਾਇੰਦਾ । ਉਤਮ ਕਰੀ ਤੇਰੀ ਜ਼ਾਤ, ਵਰਨ ਗੋਤ ਨਾ ਕੋਇ ਬਣਾਇੰਦਾ । ਸਾਚਾ ਮੇਲਾ ਕਮਲਾਪਾਤ, ਕਵਲ ਕਵਲਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮਾਣ ਦਵਾਇੰਦਾ । ਹਰਿ ਸੰਗਤ ਤੇਰੀ ਸਾਚੀ ਰੁੱਤ, ਹਰਿ ਸਤਿਗੁਰ ਆਪ ਸੁਹਾਈਆ । ਖੇਲੇ ਖੇਲ ਅਬਿਨਾਸ਼ੀ ਅਚੁਤ, ਆਪ ਆਪਣੀ ਦਇਆ ਕਮਾਈਆ । ਗੁਰਮੁਖ ਦੁਲਾਰੇ ਸਾਚੇ ਸੁਤ, ਸ਼ਬਦੀ ਜਨਮ ਦਵਾਈਆ । ਜਗਤ ਦਵਾਰਿਉਂ ਬੂਟੇ ਲਏ ਪੁੱਟ, ਘਰ ਆਪਣੇ ਆਪ ਲਗਾਈਆ । ਲੱਖ ਚੁਰਾਸੀ ਗਈ ਛੁੱਟ, ਜੋ ਆਏ ਚਲ ਸਰਨਾਈਆ । ਨਾਮ ਪਿਆਏ ਸਾਚਾ ਘੁੱਟ, ਅੱਠੇ ਪਹਿਰ ਖੁਮਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਸਾਚਾ ਹਰਿ, ਹਰਿ ਸੰਗਤ ਆਪ ਦਵਾਇੰਦਾ । ਲਾੜੀ ਮੌਤ ਚੁੱਕਿਆ ਡਰ, ਵੇਲੇ ਅੰਤ ਦਰਸ ਦਿਖਾਇੰਦਾ । ਆਪਣੀ ਕਿਰਪਾ ਆਪੇ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਫਲ ਕੁੱਖ ਦਏ ਕਰ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗੀਲਾ ਹਰਿ ਚਲੂਲ, ਹਰਿ ਸੰਗਤ ਆਪ ਚੜ੍ਹਾਈਆ । ਗੋਬਿੰਦ ਤੇਰਾ ਲੇਖਾ ਗਿਆ ਨਾ ਭੁੱਲ, ਅੰਤਮ ਲਹਿਣਾ ਰਿਹਾ ਮੁਕਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸੰਗਤ ਤੇਰੇ ਉਤੇ ਬਰਸਨ ਆਏ ਫੂਲ, ਪ੍ਰਭ ਸਾਚੇ ਸੇਵ ਲਗਾਈਆ । ਸਤਿ ਸਰੂਪੀ ਸ਼ਾਹੋ ਭੂਪੀ, ਸਾਚੇ ਤਖਤ ਬਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਢੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਥਲ ਅਸਗਾਹ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਿਰਗੁਣ ਜੋਤੀ ਨੂਰ ਉਜਾਲਾ, ਹਰਿ ਸਾਚਾ ਦੀਪ ਜਗਾਇੰਦਾ । ਖੇਲੇ ਖੇਲ ਗੁਰ ਗੋਪਾਲਾ, ਗੋਬਿੰਦ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਤੋੜਨ ਆਇਆ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾਇੰਦਾ । ਚਰਨ ਰਖਾਏ ਕਾਲ ਮਹਾਂਕਾਲਾ, ਕਾਲ ਦਿਆਲ ਰੂਪ ਵਟਾਇੰਦਾ । ਸੰਬਲ ਨਗਰੀ ਸਾਚੀ ਧਰਮ ਧਰਮ ਧਰਮਸਾਲਾ, ਹਰਿ ਸਾਚਾ ਆਸਣ ਲਾਇੰਦਾ । ਹਰਿ ਸੰਗਤ ਤੇਰਾ ਬਣ ਰਖਵਾਲਾ, ਸਾਚੀ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਛੱਬੀ ਪੋਹ ਦਿਵਸ ਸੁਹਾਇੰਦਾ । ਛੱਬੀ ਪੋਹ ਭਿੰਨੜੀ ਰੈਣ, ਗੁਰਮੁਖਾਂ ਰਾਹ ਤਕਾਈਆ । ਆਪੇ ਖੋਲ੍ਹੇ ਆਪਣਾ ਨੈਣ, ਆਪੇ ਵੇਖ ਵਖਾਈਆ । ਹਰਿ ਸੰਗਤ ਹਰਿ ਜੀ ਸਾਚਾ ਸਾਕ ਸੈਣ, ਸਾਚਾ ਨਾਤਾ ਇਕ ਬੰਧਾਈਆ । ਆਪੇ ਨੁਕਤਾ ਜਾਣੇ ਐਨ ਗ਼ੈਨ, ਆਪੇ ਅਲਫ਼ ਨਾਉਂ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਖੇਲਣਹਾਰਾ ਪੁਰਖ ਅਕਾਲਾ, ਕਲਜੁਗ ਕਾਲੀ ਧਾਰ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਮਾਰੇ ਇਕ ਉਛਾਲਾ, ਸੱਤ ਸਾਗਰ ਆਪੇ ਫੋਲ ਫੋਲਾਇੰਦਾ । ਗੁਰਮੁਖ ਸਾਚੇ ਲੱਭੇ ਲਾਲਾ, ਲਾਲ ਲਾਲਨ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲੇਖੇ ਲਾਇੰਦਾ । ਸਾਚਾ ਲੇਖਾ ਚਰਨ ਦਵਾਰੇ, ਹਰਿ ਸਤਿਗੁਰ ਆਪ ਚੁਕਾਈਆ । ਹਰਿ ਸੰਗਤ ਤੇਰੇ ਸੋਹਨ ਬੰਕ ਦਵਾਰੇ, ਕਾਇਆ ਮੰਦਰ ਹੋਏ ਰੁਸ਼ਨਾਈਆ । ਘਰ ਘਰ ਦੀਪਕ ਕਰ ਉਜਿਆਰੇ, ਜੋਤ ਨਿਰੰਜਣ ਵੇਖ ਵਖਾਈਆ । ਗੁਰਮੁਖ ਸਾਚੇ ਕਰ ਪਿਆਰੇ, ਮੁਖ ਆਪਣੇ ਆਪ ਸਲਾਹੀਆ । ਸਾਚਾ ਭਰੇ ਸਚ ਭੰਡਾਰੇ, ਅਤੋਟ ਅਤੁਟ ਨਾਮ ਵਰਤਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਾਏ ਪੰਚ ਜੈਕਾਰੇ, ਕੋਟਨ ਕੋਟ ਜਨਮ ਦੇ ਜੋਗ ਅਭਿਆਸ ਪਾਸਕੂ ਤੋਲ ਨਾ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੰਡਾ ਹੱਥ ਉਠਾਈਆ । ਸਾਚਾ ਖੰਡਾ ਹਰਿ ਜੀ ਫੜਿਆ, ਸੋਹੰ ਡੰਡਾ ਨਾਲ ਲਗਾਇੰਦਾ । ਤਿੰਨਾਂ ਲੋਕਾਂ ਏਕਾ ਪਾਸੇ ਧਰਿਆ, ਲੱਖ ਚੁਰਾਸੀ ਨਾਲ ਰਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਫੜ ਉਪਰ ਕਰਿਆ, ਸਾਚਾ ਮੇਲ ਮਿਲਾਇੰਦਾ । ਦੂਜੇ ਪਾਸੇ ਖੇਲ ਅਪਰਿਆ, ਹਰਿ ਸਾਚੀ ਖੇਲ ਖਿਲਾਇੰਦਾ । ਗੁਰਸਿਖ ਤੇਰੀ ਚਰਨ ਧੂੜੀ ਆਪਣੀ ਹੱਥੀਂ ਫੜ ਫੜ ਅੰਦਰ ਵੜਿਆ, ਸਾਚਾ ਛਾਬਾ ਆਪ ਭਰਾਇੰਦਾ । ਚਾਰ ਜੁਗ ਰਿਹਾ ਡਰਿਆ, ਸਾਚਾ ਤੋਲ ਨਾ ਕੋਇ ਤੁਲਾਇੰਦਾ । ਕਲਜੁਗ ਅੰਤਮ ਨਿਹਕਲੰਕ ਹਰਿ ਲਏ ਅਵਤਰਿਆ, ਆਪਣੀ

ਕਰਨੀ ਆਪ ਕਮਾਇੰਦਾ । ਲੱਖ ਚੁਰਾਸੀ ਭਾਂਡਾ ਆਪੇ ਘੜਿਆ, ਅੰਤਮ ਆਪੇ ਭੰਨ ਵਖਾਇੰਦਾ । ਗੁਰਸਿਖ ਮੌਤ ਕੋਲੋਂ ਕਦੇ ਨਾ ਡਰਿਆ, ਸਤਿਗੁਰ ਪੂਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਰਾਹ ਤਕਾਇੰਦਾ । ਹਰਖ ਸੋਗ ਨਾ ਕੋਈ ਦੁੱਖ, ਚਿੰਤਾ ਚਿਤ ਨਾ ਕੋਇ ਜਣਾਈਆ । ਸਤਿਜੁਗ ਖਾਲੀ ਰਹੇ ਨਾ ਕੋਈ ਕੁੱਖ, ਬਿਨ ਪੁੱਤਰ ਮਾਂ ਨਾ ਦੇਵੇ ਕੋਇ ਦੁਹਾਈਆ । ਛੋਟਾ ਬੂਟਾ ਜਾਏ ਨਾ ਸੁੱਕ, ਪਿਤਾ ਪੁਤ ਨਾ ਹੋਏ ਜੁਦਾਈਆ । ਪਹਿਲੋਂ ਵੱਡਿਆਂ ਲਏ ਚੁੱਕ, ਪਿਛੋ ਵਾਰੀ ਨਿਕਿਆਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਬੰਧਾਈਆ । ਸਤਿਜੁਗ ਸਾਚਾ ਕਰ ਉਜਿਆਰ, ਹਰਿ ਲੋਕਮਾਤ ਵਡਿਆਇੰਦਾ । ਨੇਤਰ ਕੋਈ ਨਾ ਰੋਵੇ ਜ਼ਾਰੋ ਜ਼ਾਰ, ਨੈਣ ਨੀਰ ਨਾ ਕੋਇ ਵਹਾਇੰਦਾ । ਬੱਤੀ ਦੰਦ ਨਾ ਹਾਹਾਕਾਰ, ਰਸਨਾ ਜੇਹਵਾ ਨਾ ਕੋਏ ਹਲਾਇੰਦਾ । ਏਕਾ ਰੂਪ ਨਜ਼ਰ ਆਏ ਕਰਤਾਰ, ਨਿਰਗੁਣ ਆਪਣੀ ਜੋਤ ਜਗਾਇੰਦਾ । ਸਤਿ ਸੰਤੋਖੀ ਲਾਏ ਸਚ ਦਰਬਾਰ, ਸਚ ਸਿੰਘਾਸਣ ਆਸਣ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਬਣ ਸਿਕਦਾਰ, ਆਪ ਆਪਣਾ ਰਾਜ ਕਮਾਇੰਦਾ । ਪ੍ਰਿਥਮੀ ਆਕਾਸਨ ਏਕਾ ਧਾਰ, ਬ੍ਰਹਮਾ ਵਿਸ਼ਨ ਸ਼ਿਵ ਸਮਝਾਇੰਦਾ । ਸੋਹੰ ਸ਼ਬਦ ਚੌਦਾਂ ਲੋਕ ਕਰਨ ਜੈ ਜੈਕਾਰ, ਬ੍ਰਹਮ ਪਾਰਬ੍ਰਹਮ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਆਪਣੀ ਕਲ ਵਰਤਾਇੰਦਾ । ਨਿਹਕਲੰਕ ਅਕਲ ਕਲ ਧਾਰ, ਸਤਿਜੁਗ ਰੂਪ ਵਟਾਇਆ । ਹਰਿ ਸੰਗਤ ਸੁਹਾਏ ਇਕ ਦਵਾਰ, ਦਰ ਦਰਵਾਜਾ ਇਕ ਖੁਲ੍ਹਾਇਆ । ਗ਼ਰੀਬ ਨਿਮਾਣਿਆਂ ਕਰੇ ਪਿਆਰ, ਆਪ ਆਪਣੀ ਗੋਦ ਬਹਾਇਆ । ਛੋਟੇ ਬਾਲੇ ਕਰ ਤਿਆਰ, ਹਰਿ ਸੰਗਤ ਏਹ ਸਮਝਾਇਆ । ਸਿੰਘ ਮਨਜੀਤ ਹੋ ਤਿਆਰ, ਸਤਿ ਰੰਗ ਰੰਗਨ ਰੰਗਾਇਆ । ਪੁਰੀ ਇੰਦਰ ਕਰੇ ਖ਼ਵਾਰ, ਸੁਰਪਤ ਰਾਜਾ ਇੰਦ ਰਹਿਣ ਨਾ ਪਾਇਆ । ਜਗਤ ਜਗਦੀਸ਼ਾ ਹੋ ਤਿਆਰ, ਰਾਹ ਸਾਚਾ ਵੇਖ ਵਖਾਇਆ । ਸ਼ੰਕਰ ਗਲ ਵਿਚੋਂ ਲਾਹੇ ਹਾਰ, ਹੱਥ ਤ੍ਰਸੂਲ ਸੁਟਾਇਆ । ਸਾਚੀ ਪੁਰੀ ਵਿਚੋਂ ਆਏ ਬਾਹਰ, ਪੂਰਬ ਲਹਿਣਾ ਝੋਲੀ ਪਾਇਆ । ਸਚ ਘਰ ਸਚ ਸਿਕਦਾਰ, ਹਰਿ ਸਾਚੇ ਆਪ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਇਆ । ਬ੍ਰਹਮੇ ਤੇਰੀ ਅੰਤਮ ਵਾਰ, ਬ੍ਰਹਮੇ ਦਏ ਸਮਝਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਹਰਿ ਸਾਚਾ ਆਪ ਕਰਾਈਆ । ਸਾਚਾ ਸਿੱਖ ਕਰ ਤਿਆਰ, ਸਾਚੇ ਪੌੜੇ ਆਪ ਚੜ੍ਹਾਈਆ । ਸਿੰਘ ਪਾਲ ਸੱਚੀ ਸਿਕਦਾਰ, ਏਕਾ ਹੱਥ ਫੜਾਈਆ । ਬ੍ਰਹਮੇ ਤੇਰੀ ਉਤਪਤ ਦਏ ਸੰਘਾਰ, ਸਤਿਜੁਗ ਆਪਣੇ ਬੂਟੇ ਦੇਵੇ ਲਾਈਆ । ਸਚਖੰਡ ਨਿਵਾਸੀ ਖੇਲ ਅਪਾਰ, ਵੇਦ ਪੁਰਾਨ ਸ਼ਾਸਤਰ ਸਿਮਰਤ ਖਾਣੀ ਬਾਣੀ ਭੇਵ ਨਾ ਰਾਈਆ । ਗਾ ਗਾ ਥੱਕੇ ਸਾਧ ਸੰਤ ਗੁਰ ਪੀਰ ਅਵਤਾਰ, ਬੇਅੰਤ ਬੇਅੰਤ ਕਹਿ ਕਹਿ ਗਏ ਵਿਚ ਲੋਕਾਈਆ । ਏਕੰਕਾਰ ਆਪੇ ਜਾਣੇ ਆਪਣਾ ਪਸਰ ਪਸਾਰ, ਆਦਿ ਅੰਤ ਮਧ ਆਪੇ ਡੇਰਾ ਲਾਈਆ । ਨਿਹਕਲੰਕਾ ਲਏ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਭਿੰਨੀ ਰੈਨੜੀਏ ਉਠ ਨੇਤਰ ਖੋਲ੍ਹ, ਹਰਿ ਸਤਿਗੁਰ ਆਪ ਖੁਲਾਇੰਦਾ । ਭਿੰਨੀ ਰੈਨੜੀਏ ਉਠ ਸ਼ਬਦੀ ਏਕਾ ਬੋਲ, ਹਰਿ ਸਤਿਗੁਰ ਆਪ ਸੁਣਾਇੰਦਾ । ਭਿੰਨੀ ਰੈਨੜੀਏ ਉਠ ਵਜਾ ਸੱਚਾ ਢੋਲ, ਹਰਿ ਮਰਦੰਗਾ ਹੱਥ ਫੜਾਇੰਦਾ । ਭਿੰਨੀ ਰੈਨੜੀਏ ਉਠ ਤੋਲ, ਸਾਚਾ ਤੋਲ ਹਰਿ ਸਾਚਾ ਖੰਡਾ ਹੱਥ ਵਖਾਇੰਦਾ । ਭਿੰਨੀ ਰੈਨੜੀਏ ਉਠ ਗੁਰਸਿਖ ਅੰਦਰ ਜਾਈਂ ਮੌਲ, ਤੇਰਾ ਤੇਰੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੈਣ ਭਿੰਨੜੀ ਵੇਖ ਵਖਾਇੰਦਾ । ਭਿੰਨੜੀ ਰੈਣ ਚੜ੍ਹਿਆ


੧੭੯

ਚਾ, ਹਰਿ ਸੰਗਤ ਦਰਸ਼ਨ ਪਾਈਆ । ਪੁਰਖ ਅਬਿਨਾਸ਼ੀ ਬਣਿਆ ਮਲਾਹ, ਖੇਵਟ ਖੇਟਾ ਬੇਪਰਵਾਹੀਆ । ਦੇਵਣਹਾਰਾ ਸਚ ਸਲਾਹ, ਸਿਫਤ ਸਲਾਹ ਨਾ ਕੋਈ ਸਲਾਹੀਆ । ਹਰਿ ਸੰਗਤ ਫੜਾਈ ਆਪੇ ਬਾਂਹ, ਸਚ ਨਿਆਂ ਆਪ ਕਰਾਈਆ । ਨਿਥਾਂਵਿਆਂ ਦੇਵਣ ਆਇਆ ਥਾਂ, ਨਿਮਾਣਿਆਂ ਮਾਣ ਧਰਾਈਆ । ਫੜ ਫੜ ਹੰਸ ਬਣਾਏ ਕਾਂ, ਲੇਖਾ ਲਿਖੇ ਕਾਗਦ ਕਲਮ ਨਾ ਕੋਈ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਠਾਰਾਂ ਭਾਰ ਬਨਾਸਤ ਗੁਰਸਿਖ ਤੇਰੇ ਚਰਨਾ ਹੇਠ ਦਬਾਈਆ । ਹਰਿ ਚਰਨ ਸੱਚੀ ਪ੍ਰਭਾਤ, ਅੰਮ੍ਰਿਤ ਵੇਲਾ ਆਪ ਵਖਾਇੰਦਾ । ਸਤਿਗੁਰ ਪੂਰਾ ਇਕ ਇਕਾਂਤ, ਆਦਿ ਜੁਗਾਦਿ ਸਮਾਇੰਦਾ । ਗੁਰਮੁਖਾਂ ਲੇਖਾ ਜਾਣੇ ਖਾਤ, ਵਹੀ ਖਾਤਾ ਨਾ ਕੋਈ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖ ਵਖਾਇੰਦਾ । ਚਾਰ ਕੁੰਟ ਸਤਿਗੁਰ ਸਾਚਾ ਉਠ ਉਠ ਵੇਖੇ, ਨਿਰਗੁਣ ਆਪਣਾ ਰੂਪ ਵਟਾਈਆ । ਨਾਲ ਰਲਾਇਆ ਦਸ ਦਸਮੇਸੇ, ਦਹਿ ਦਿਸ਼ਾ ਫੇਰੀ ਪਾਈਆ । ਆਪ ਆਪਣੇ ਆਪੇ ਪੇਖੇ, ਆਪ ਆਪਣੇ ਲਏ ਜਗਾਈਆ । ਛੱਬੀ ਪੋਹ ਹਰਿ ਸੰਗਤ ਬਹਿ ਬਹਿ ਲਿਖੇ ਲੇਖੇ, ਨਾ ਕੋਈ ਮੇਟੇ ਮੇਟ ਮਿਟਾਈਆ । ਪਾਰ ਉਤਾਰੇ ਧਾਰੀ ਕੇਸੇ, ਮੁੰਡ ਮੁੰਡਾਏ ਨਾਲ ਰਲਾਈਆ । ਬਿਨ ਸਤਿਗੁਰ ਪੂਰੇ ਲਖ ਚੁਰਾਸੀ ਜਨਮ ਕਿਸੇ ਨਾ ਲੇਖੇ, ਲੇਖਾ ਕੋਇ ਨਾ ਸਕੇ ਮੁਕਾਈਆ । ਰਾਹ ਤੱਕਣ ਅੱਧ ਵਿਚਕਾਰ ਬੈਠੇ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੇ ਨੇਤਰ ਨੈਣ ਰਹੇ ਉਠਾਈਆ । ਜੀਵ ਜੰਤ ਸਾਧ ਸੰਤ ਕਲਜੁਗ ਪਏ ਭਰਮ ਭੁਲੇਖੇ, ਮਾਇਆ ਪਰਦਾ ਏਕਾ ਪਾਈਆ । ਹਰਿ ਸੰਗਤ ਤੇਰਾ ਰੂਪ ਬਣ ਬਣ ਆਪੇ ਵੇਖੇ, ਆਪ ਆਪਣਾ ਨੈਣ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਿਤਾ ਸਾਚਾ ਵਰ, ਆਪ ਲਗਾਇਆ ਆਪਣੇ ਲੜ, ਵੇਲੇ ਅੰਤ ਹੋਏ ਸਹਾਈਆ । ਅੰਤ ਸਹਾਈ ਆਪ ਪ੍ਰਭ, ਹਰਿਜਨ ਸਾਚੇ ਸਚ ਤਰਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਆਪਣੇ ਲਾਲ ਆਪਣੇ ਗਲ ਲਟਕਾਇੰਦਾ । ਹਰਿਸੰਗਤ ਹਰਿ ਦਵਾਰੇ ਰਹੀ ਫਬ, ਸਾਚੀ ਅੰਮ੍ਰਿਤ ਛਹਿਬਰ ਲਾਇੰਦਾ । ਕਲਜੁਗ ਵਾ ਤੱਤੀ ਰਹੀ ਵਗ, ਚਾਰੋਂ ਕੁੰਟ ਅਗਨੀ ਤਤ ਜਲਾਇੰਦਾ । ਗੁਰਸਿਖ ਤੇਰਾ ਵਾਸ ਕਰਾਏ ਉਪਰ ਸ਼ਾਹ ਰਗ, ਸੁਰਤੀ ਸ਼ਬਦੀ ਡੋਰ ਬੰਧਾਇੰਦਾ । ਹਰਿ ਮੰਦਰ ਟਿਕਾਇਆ ਸੱਜਾ ਪਗ, ਕਲਜੁਗ ਜੀਵਾਂ ਦਿਸ ਨਾ ਆਇੰਦਾ । ਘਰ ਘਰ ਲੱਗੀ ਵੇਖੇ ਅੱਗ, ਤਤਵ ਤਤ ਨਾ ਕੋਇ ਬੁਝਾਇੰਦਾ । ਸਿੰਘ ਸੰਗਤ ਤੇਰੀ ਰੱਖੀ ਪਗ, ਆਪਣਾ ਤਾਜ ਤੇਰੇ ਸੀਸ ਟਿਕਾਇੰਦਾ । ਲੈਹਣਾ ਦੇਣ ਚੁਕਾਏ ਕਲ ਕਿ ਅੱਜ, ਸੰਮਤ ਸਤਾਰਾਂ ਰਾਹ ਤਕਾਇੰਦਾ । ਦਿਵਸ ਰੈਣ ਰਿਹਾ ਭੱਜ, ਵਾਹ ਵਾ ਗੁਰੂ ਆਪਣਾ ਖੇਲ ਖਿਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਇਆ ਤਜ, ਲੋਕਮਾਤ ਆਸਣ ਲਾਇੰਦਾ । ਹਰਿ ਸੰਗਤ ਤੇਰਾ ਪਰਦਾ ਲਏ ਕਜ, ਸਿਰ ਆਪਣਾ ਹੱਥ ਰਖਾਇੰਦਾ । ਕਲਜੁਗ ਕਾਲ ਨਗਾਰਾ ਜਾਣਾ ਵੱਜ, ਹਰਿ ਸਾਚਾ ਆਪ ਵਜਾਇੰਦਾ । ਜੋ ਘੜਿਆ ਸੋ ਜਾਏ ਭੱਜ, ਭੰਨਣਹਾਰ ਦਿਸ ਨਾ ਆਇੰਦਾ । ਪਹਿਲੀ ਚੇਤ ਆਪਣੇ ਸੀਸ ਰਖਾਏ ਤਾਜ, ਤਖਤ ਤਾਜ ਸਰਬ ਮਿਟਾਇੰਦਾ । ਗੁਰਸਿਖਾਂ ਮਾਰੇ ਸੁਤਿਆਂ ਵਾਜ, ਸੋਹੰ ਸ਼ਬਦ ਸਾਚੀ ਸੇਵਾ ਲਾਇੰਦਾ । ਛੱਬੀ ਪੋਹ ਰਚਿਆ ਕਾਜ, ਸਾਚੀ ਨਾਰੀ ਕੰਤ ਪਰਨਾਇੰਦਾ । ਆਪਣੀ ਹੱਥੀਂ ਦੇਵਣ ਆਇਆ ਦਾਜ, ਪੱਲੇ ਨਾਮ ਗੰਢ ਬੰਧਾਇੰਦਾ । ਸੌਹਰੇ ਪੇਈਏ ਰੱਖੇ ਲਾਜ, ਦਰਗਹਿ ਸਾਚੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਸੰਗਤ ਅੱਗੇ ਆਪਣਾ ਆਪ ਧਰ, ਧਰਨ ਧਰਨੀ ਵਿਚ ਟਿਕਾਇੰਦਾ । ਹਰਿਸੰਗਤ ਤੇਰਾ ਸਾਚਾ


੧੮੦

ਘਰ, ਸਤਿਗੁਰ ਸਾਚਾ ਆਪ ਸੁਹਾਈਆ । ਹਰਿ ਸੰਗਤ ਤੇਰੇ ਅੰਦਰ ਵੜ, ਤੇਰੇ ਬੰਕ ਦਏ ਵਡਿਆਈਆ । ਹਰਿ ਸੰਗਤ ਤੇਰੀ ਅਗਨੀ ਪਹਿਲੋਂ ਗਿਆ ਸੜ, ਸ਼ੇਰ ਸਿੰਘ ਸ਼ੇਰ ਨਜ਼ਰ ਨਾ ਆਈਆ । ਸਚਖੰਡ ਨਿਵਾਸੀ ਬੈਠਾ ਮਾਰ ਦੜ, ਸੋਲਾਂ ਸਾਲ ਆਪਣਾ ਮੁਖ ਬੈਠਾ ਛੁਪਾਈਆ । ਸਾਚੇ ਦਿਵਸ ਛੱਬੀ ਪੋਹ ਹਰਿ ਮੰਦਰ ਬੈਠਾ ਆਪੇ ਚੜ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਾਹ ਸੁਲਤਾਨਾ ਲਿਆਏ ਫੜ੍ਹ, ਚਰਨ ਦੁਆਰਾ ਇਕ ਵਖਾਈਆ । ਨੌ ਖੰਡ ਪ੍ਰਿਥਮੀ ਟੁਟੇ ਗੜ੍ਹ, ਹਰਿ ਸ਼ਬਦੀ ਧੱਕਾ ਏਕਾ ਲਾਈਆ । ਸੰਤ ਸਹੇਲੇ ਗੁਰੂ ਗੁਰ ਚੇਲੇ ਕਰ ਕਰ ਮੇਲੇ ਆਪ ਲਗਾਏ ਆਪਣੇ ਲੜ, ਆਪਣਾ ਪੱਲਾ ਆਪ ਫੜਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਇ ਦਬਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਸਾਚਾ ਦਾਨ, ਸਚ ਸੁਚ ਕਾਇਆ ਕਚ ਆਪ ਟਕਾਈਆ । ਕਾਇਆ ਕਚ ਮਾਟੀ ਗਗਰੀਆ, ਹਰਿ ਸਾਚਾ ਆਪ ਉਪਜਾਇੰਦਾ । ਤ੍ਰੈਗੁਣ ਰੂਪ ਸਾਚੀ ਨਗਰੀਆ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਾਮ ਵਸਤ ਸਚ ਸਮਗਰੀਆ, ਘਰ ਸਾਚੇ ਆਪ ਟਕਾਇੰਦਾ । ਜਗੇ ਜੋਤ ਇਕ ਆਕਗਰੀਆ, ਇਕ ਅਕੱਲਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਚਾੜ੍ਹੇ ਨਾਮ ਰੰਗਤ, ਜਿਉਂ ਨਾਨਕ ਅੰਗ ਲਗਾਇਆ ਅੰਗਦ, ਅੰਗੀਕਾਰ ਆਪ ਅਖਵਾਇੰਦਾ ।



### ❋ ੧ ਫੱਗਣ ੨੦੧੬ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ❋



ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਆਦਿ ਅੰਤ ਨਾ ਕੋਇ ਜਣਾਈਆ । ਹਰਿ ਪੁਰਖ ਨਿਰੰਜਣ ਅਗੰਮ ਅਪਾਰ, ਅਗੰਮ ਅਗਮੜਾ ਭੇਵ ਨਾ ਰਾਈਆ । ਏਕੰਕਾਰਾ ਨਿਰੰਕਾਰ, ਰੂਪ ਰੇਖ ਨਾ ਕੋਇ ਜਣਾਈਆ । ਆਦਿ ਨਿਰੰਜਣ ਜੋਤ ਉਜਿਆਰ, ਨੂਰੋ ਨੂਰ ਡਗਮਗਾਈਆ । ਸ੍ਰੀ ਭਗਵਾਨ ਖੇਲ ਅਪਾਰ, ਲੇਖਾ ਲੇਖ ਨਾ ਕੋਇ ਲਖਾਈਆ । ਅਬਿਨਾਸ਼ੀ ਕਰਤਾ ਸਤਿ ਕਰਤਾਰ, ਸਤਿ ਸਤਿਵਾਦੀ ਸਤਿ ਸਮਾਈਆ । ਪਾਰਬ੍ਰਹਮ ਏਕਾ ਧਾਰ, ਆਪਣੀ ਆਪ ਚਲਾਈਆ । ਵਸਣਹਾਰਾ ਸਚਖੰਡ ਦੁਆਰ, ਘਰ ਸਾਚੇ ਸੋਭਾ ਪਾਈਆ । ਮਹੱਲ ਅਟੱਲ ਉਚ ਮਨਾਰ, ਥਿਰ ਘਰ ਆਪਣਾ ਆਪ ਉਪਾਈਆ । ਦੀਪਕ ਬਾਤੀ ਕਰ ਉਜਿਆਰ, ਨੂਰੋ ਨੂਰ ਆਪ ਧਰਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਘਰ ਸਾਚੇ ਸੋਭਾ ਪਾਈਆ । ਤਖਤ ਤਾਜ ਇਕ ਸਿਕਦਾਰ, ਰਾਓ ਰੰਕ ਵਡ ਵਡਿਆਈਆ । ਹੁਕਮੀ ਹੁਕਮ ਕਰੇ ਅਪਾਰ, ਆਪ ਆਪਣਾ ਹੁਕਮ ਜਣਾਈਆ । ਸੁਣੇ ਸੁਣਾਵੇ ਸੁਣਨੇਹਾਰ, ਦੂਸਰ ਕੋਇ ਦਿਸ ਨਾ ਆਈਆ । ਆਪਣੇ ਰੰਗ ਰਵੇ ਕਰਤਾਰ, ਕਰਨੀ ਕਰਤਾ ਕਿਰਤ ਕਮਾਈਆ । ਆਪ ਸੁਹਾਏ ਬੰਕ ਦੁਆਰ, ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕ ਏਕੰਕਾਰ ਆਪਣਾ ਨਾਉਂ ਰਖਾਈਆ । ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਆਦਿ ਅੰਤ, ਆਪ ਆਪਣੀ ਖੇਲ ਖਿਲਾਇੰਦਾ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕਿਸੇ ਜਣਾਇੰਦਾ । ਆਦਿ ਨਿਰੰਜਣ ਬਣਾਏ ਬਣਤ, ਜੋਤੀ ਜੋਤ ਨੂਰ ਉਪਜਾਇੰਦਾ । ਸ੍ਰੀ ਭਗਵਾਨ ਸਾਚਾ ਕੰਤ, ਏਕਾ ਪੁਰਖ ਅਖਵਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਅੰਸ, ਆਪ ਆਪਣਾ ਦਰ ਸੁਹਾਇੰਦਾ । ਪਾਰਬ੍ਰਹਮ ਬਣੇ ਮੰਗਤ, ਦਰ ਆਪਣਾ ਵੇਖ

ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਸੋ ਪੁਰਖ ਨਿਰੰਜਣ ਹਰਿ ਰੰਗ ਰਾਤਾ, ਹਰਿ ਹਰਿ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣਾ ਨਾਤਾ, ਆਪ ਆਪਣਾ ਮੇਲ ਮਿਲਾਈਆ । ਏਕੰਕਾਰਾ ਆਪ ਨਿਭਾਏ ਆਪਣਾ ਸਾਥਾ, ਆਪ ਆਪਣਾ ਸੰਗ ਰਖਾਈਆ । ਆਦਿ ਨਿਰੰਜਣ ਦੀਪਕ ਜੋਤ ਪ੍ਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਆਪ ਟਿਕਾਈਆ । ਸ੍ਰੀ ਭਗਵਾਨ ਚਲਾਏ ਰਾਥਾ, ਰਥ ਰਥਵਾਹੀ ਦਿਸ ਨਾ ਆਈਆ । ਅਬਿਨਾਸ਼ੀ ਕਰਤਾ ਗਾਏ ਆਪਣੀ ਗਾਥਾ, ਗਾਵਣਹਾਰ ਗੀਤ ਅਲਾਈਆ । ਪਾਰਬ੍ਰਹਮ ਨਿਉਂ ਨਿਉਂ ਨਿਮਸਕਾਰ ਟੇਕੇ ਮਾਥਾ, ਆਪਣੀ ਪਏ ਢਹਿ ਸਰਨਾਈਆ । ਸਚਖੰਡ ਨਿਵਾਸੀ ਘਰ ਸਚ ਨਿਵਾਸਾ, ਥਿਰ ਘਰ ਸਾਚੇ ਸੋਭਾ ਪਾਈਆ । ਸਚ ਸੁਲਤਾਨ ਸ਼ਾਹੋ ਸ਼ਾਬਾਸ਼ਾ, ਨਾ ਮਰੇ ਨਾ ਜਾਈਆ । ਆਪੇ ਦਾਸ ਆਪੇ ਦਾਸਾ, ਦਾਸੀ ਦਾਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਹਰਿ ਮਿਹਰਵਾਨਾ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਸ੍ਰੀ ਭਗਵਾਨਾ, ਦਿਸ ਕਿਸੇ ਨਾ ਆਇੰਦਾ । ਆਦਿ ਨਿਰੰਜਣ ਜੋਤੀ ਨੂਰ ਨੁਰਾਨਾ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਚ ਤਰਾਨਾ, ਆਪਣਾ ਆਪੇ ਗਾਇੰਦਾ । ਸ੍ਰੀ ਭਗਵਾਨ ਮਰਦ ਮਰਦਾਨਾ, ਆਪਣਾ ਨਾਉਂ ਰਖਾਇੰਦਾ । ਪਾਰਬ੍ਰਹਮ ਕਰੇ ਧਿਆਨਾ, ਸਚ ਧਿਆਨ ਇਕ ਜਣਾਇੰਦਾ । ਸਚਖੰਡ ਨਿਵਾਸੀ ਨੌਜਵਾਨਾ, ਰੂਪ ਅਨੂਪ ਆਪ ਦਰਸਾਇੰਦਾ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਆਪ ਆਪਣਾ ਬਣੇ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਨਿਰਗੁਣ ਬੇੜਾ ਕਰ ਤਿਆਰ, ਸੋ ਪੁਰਖ ਨਿਰੰਜਣ ਸੇਵ ਲਗਾਈਆ । ਹਰਿ ਪੁਰਖ ਨਿਰੰਜਣ ਸੇਵਾਦਾਰ, ਆਦਿ ਨਿਰੰਜਣ ਨਾਲ ਰਲਾਈਆ । ਏਕੰਕਾਰਾ ਕਰ ਪਿਆਰ, ਸ੍ਰੀ ਭਗਵਾਨ ਵੇਖ ਵਖਾਈਆ । ਅਬਿਨਾਸ਼ੀ ਕਰਤਾ ਕਰੇ ਧਿਆਨ, ਪਾਰਬ੍ਰਹਮ ਸਚ ਸਲਾਹੀਆ । ਸਚਖੰਡ ਦੁਆਰੇ ਵਸੇ ਇਕ ਮਕਾਨ, ਦੂਸਰ ਦਰ ਨਾ ਕੋਇ ਖੁਲ੍ਹਾਈਆ । ਥਿਰ ਘਰ ਵੇਖੇ ਇਕ ਨਿਸ਼ਾਨ, ਸਚ ਦਵਾਰੇ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਵਡ ਵਡਿਆਈਆ । ਅਜੂਨੀ ਰਹਿਤ ਪੁਰਖ ਆਕਾਲਾ, ਏਕਾ ਰੰਗ ਸਮਾਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲਾ, ਸਚਖੰਡ ਦੁਆਰੇ ਸੋਭਾ ਪਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਘਰ ਆਪਣੇ ਦਇਆ ਕਮਾਇੰਦਾ । ਆਪੇ ਚਲੇ ਆਪਣੀ ਚਾਲਾ, ਥਿਰ ਘਰ ਬੈਠਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪ੍ਰਕਾਸ਼ ਆਪ ਕਰਾਇੰਦਾ । ਅਨਭਵ ਪ੍ਰਕਾਸ਼ ਹਰਿ ਨਿਰੰਕਾਰ, ਆਪਣਾ ਆਪ ਕਰਾਈਆ । ਸਚਖੰਡ ਸੁਹਾਏ ਬੰਕ ਦੁਆਰ, ਸੋਭਾਵੰਤ ਵੱਡੀ ਵਡਿਆਈਆ । ਨਿਰਗੁਣ ਬਾਤੀ ਕਰ ਤਿਆਰ, ਕਮਲਾਪਾਤੀ ਆਪ ਜਗਾਈਆ । ਆਦਿ ਜੁਗਾਦਿ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਸੋ ਪੁਰਖ ਨਿਰੰਜਣ ਸਾਚੀ ਧਾਰ, ਘਰ ਸਾਚੇ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਕਰ ਪਸਾਰ, ਆਪ ਆਪਣਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਬੈਠਾ ਬੇਪਰਵਾਹੀਆ । ਸਚਖੰਡ ਨਿਵਾਸਾ ਪੁਰਖ ਅਬਿਨਾਸਾ, ਏਕਾ ਰੰਗ ਸਮਾਇਆ । ਜੋਤੀ ਨੂਰ ਖੇਲ ਤਮਾਸਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਆਪੇ ਪਾਵੇ ਸਾਚੀ ਰਾਸਾ, ਆਪ ਆਪਣਾ ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ

੧੮੨

ਸਾਚਾ ਇਕ ਸੁਹਾਇਆ । ਦਰ ਘਰ ਸੁਹੰਜਣਾ ਹਰਿ ਸੁਹਾਏ, ਸੋਭਾਵੰਤ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਦਇਆ ਕਮਾਏ, ਘਰ ਸਾਚੇ ਵੱਜੀ ਵਧਾਈਆ । ਹਰਿ ਪੁਰਖ ਨਿਰੰਜਣ ਵੇਖਣ ਆਏ, ਆਪ ਆਪਣਾ ਵੇਸ ਧਰਾਈਆ । ਆਦਿ ਨਿਰੰਜਣ ਕਰ ਰੁਸ਼ਨਾਏ, ਆਪਣਾ ਨੂਰ ਰਿਹਾ ਵਖਾਈਆ । ਏਕੰਕਾਰਾ ਮੰਗਲ ਗਾਏ, ਆਪ ਆਪਣਾ ਰਾਗ ਅਲਾਈਆ । ਸ੍ਰੀ ਭਗਵਾਨ ਸਗਨ ਮਨਾਏ, ਘਰ ਸਾਚੇ ਸੋਭਾ ਪਾਈਆ । ਅਬਿਨਾਸ਼ੀ ਕਰਤਾ ਰਾਹ ਤਕਾਏ, ਆਪਣਾ ਮਾਰਗ ਵੇਖ ਵਖਾਈਆ । ਪਾਰਬ੍ਰਹਮ ਘਰ ਸਾਚੇ ਆਏ, ਘਰ ਸਾਚਾ ਇਕ ਵਖਾਈਆ । ਸਚਖੰਡ ਦੁਆਰਾ ਰੰਗ ਰੰਗਾਏ, ਰੰਗ ਰੱਤੜਾ ਹਰਿ ਹਰਿ ਮਾਹੀਆ । ਸਚ ਸਿੰਘਾਸਣ ਇਕ ਵਿਛਾਏ, ਪਾਵਾ ਚੂਲ ਨਾ ਕੋਇ ਬਣਾਈਆ । ਆਪਣੀ ਸੇਜਾ ਆਪ ਸੁਹਾਏ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਨਾਰੀ ਨਿਰਗੁਣ ਕੰਤ ਨਿਰਗੁਣ ਨਿਰਗੁਣ ਲਏ ਪ੍ਰਨਾਏ, ਘਰ ਸਾਚੇ ਮੇਲ ਮਿਲਾਈਆ । ਨਿਰਗੁਣ ਮੇਲਾ ਸਹਿਜ ਸੁਭਾਏ, ਨਿਰਗੁਣ ਸਾਚਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਿਖਾਈਆ । ਘਰ ਸਾਚਾ ਸਚਖੰਡ ਦੁਆਰਾ, ਹਰਿ ਸਾਚਾ ਆਪ ਸੁਹਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰਾ, ਨਿਰਗੁਣ ਧਾਰਾ ਵਿਚ ਰਖਾਇੰਦਾ । ਨਿਰਗੁਣ ਨਾਰੀ ਕੰਤ ਪਿਆਰਾ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰਾ, ਨਿਰਗੁਣ ਗੁਪਤ ਜਾਹਰਾ ਰੂਪ ਵਟਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਨਿਰਗੁਣ ਰਕਤ ਬੂੰਦ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਵਸਾਇੰਦਾ । ਸਚਖੰਡ ਦੁਆਰਾ ਹਰਿ ਵਸੰਦੜਾ, ਪਾਰਬ੍ਰਹਮ ਬੇਅੰਤ । ਆਦਿ ਜੁਗਾਦਿ ਭੇਵ ਨਾ ਕੋਇ ਖੁਲੰਦੜਾ, ਮਹਿਮਾ ਗਣਤ ਅਗਣਤ । ਘਰ ਸਾਚੇ ਆਪ ਸੁਹੰਦੜਾ, ਆਪੇ ਹੋਏ ਸੋਭਾਵੰਤ । ਆਪ ਆਪਣਾ ਮੇਲ ਮਲੰਦੜਾ, ਆਪੇ ਨਾਰੀ ਆਪੇ ਕੰਤ । ਆਪ ਆਪਣਾ ਸੁਤ ਉਪਜੰਦੜਾ, ਆਪੇ ਗਾਏ ਸੁਹਾਗੀ ਛੰਤ, ਆਪ ਆਪਣਾ ਨਾਉਂ ਰਖੰਦੜਾ, ਪਾਰਬ੍ਰਹਮ ਸ੍ਰੀ ਭਗਵੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਬਣਤ । ਨਿਰਗੁਣ ਨਾਰੀ ਕੰਤ ਪਿਆਰੀ, ਹਰਿ ਪੁਰਖ ਨਿਰੰਜਣ ਆਪ ਪਰਨਾਈਆ । ਨਿਰਗੁਣ ਸੇਜਾ ਰਿਹਾ ਵਿਚਾਰੀ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਅੰਗੀਕਾਰ ਕਰੇ ਆਪਣੇ ਅੰਗ ਲਗਾਏ ਸਚ ਸਿਕਦਾਰੀ, ਸਰਬ ਸੁਖ ਆਪ ਅਖਵਾਈਆ । ਨਿਰਗੁਣ ਦਾਤਾ ਬਣ ਭੰਡਾਰੀ, ਆਪਣਾ ਭੰਡਾਰਾ ਆਪ ਵਰਤਾਈਆ । ਨਿਰਗੁਣ ਕਰੇ ਨਿਰਗੁਣ ਸ਼ਿੰਗਾਰੀ, ਸਤਿ ਸ਼ਿੰਗਾਰ ਆਪ ਵਖਾਈਆ । ਸਾਚਾ ਰੰਗ ਅਪਰ ਅਪਾਰੀ, ਪੁਰਖ ਨਿਰੰਜਣ ਆਪ ਰੰਗਾਈਆ । ਆਪਣੀ ਜੋਤ ਕਰ ਕੁਆਰੀ, ਆਪੇ ਆਪਣੇ ਨਾਲ ਹੰਢਾਈਆ । ਰੰਗ ਰਲੀਆਂ ਮਾਣੇ ਬੇਐਬ ਪਰਵਰਦਿਗਾਰੀ, ਨੂਰੋ ਨੂਰ ਨੂਰ ਅਖਵਾਈਆ । ਮੁਕਾਮੇ ਹੱਕ ਸੱਚੀ ਯਾਰੀ, ਹੱਕ ਹਕੀਕਤ ਆਪਣੇ ਵਿਚ ਰਖਾਈਆ । ਸਚਖੰਡ ਦੁਆਰੇ ਪੈਜ ਸੁਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਈਆ । ਸਤਿ ਪੁਰਖ ਨਿਰੰਜਣ ਭੇਵ ਖੁਲ੍ਹਾਉਣਾ, ਆਪ ਆਪਣੀ ਕਲ ਵਰਤਾਇੰਦਾ । ਸੋ ਪੁਰਖ ਨਿਰੰਜਣ ਮੇਲ ਮਿਲੌਣਾ, ਹਰਿ ਪੁਰਖ ਨਿਰੰਜਣ ਅੰਗ ਲਗਾਇੰਦਾ । ਆਦਿ ਨਿਰੰਜਣ ਵੇਖ ਵਖਾਉਣਾ, ਏਕੰਕਾਰਾ ਦਰ ਸੁਹਾਇੰਦਾ । ਸ੍ਰੀ ਭਗਵਾਨ ਮੰਗਲ ਗਾਉਣਾ, ਅਬਿਨਾਸ਼ੀ ਕਰਤਾ ਰਾਗ ਅਲਾਇੰਦਾ । ਪਾਰਬ੍ਰਹਮ ਪ੍ਰਭ ਇਕ ਵਖਾਉਣਾ, ਸਚਖੰਡ ਦੁਆਰਾ ਇਕ ਸੁਹਾਇੰਦਾ । ਏਕਾ ਨਾਰੀ ਏਕਾ ਕੰਤ ਮਨਾਉਣਾ, ਦੂਜੀ ਸੇਜ ਨਾ ਕੋਈ ਹੰਢਾਇੰਦਾ । ਸੁਤ ਦੁਲਾਰਾ ਇਕ ਉਪਜਾਉਣਾ, ਹਰਿ ਸ਼ਬਦੀ ਨਾਉਂ ਧਰਾਇੰਦਾ । ਸਾਚਾ

ਬਸਤਰ ਇਕ ਰੰਗਾਉਣਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਵੰਡਣ ਆਪ ਵੰਡਾਇੰਦਾ । ਸੋ ਪੁਰਖ ਨਿਰੰਜਣ ਲਾਲ ਰੰਗ, ਸੁਤੇ ਪ੍ਰਕਾਸ਼ ਆਪ ਰੰਗਾਈਆ । ਹਰਿ ਪੁਰਖ ਨਿਰੰਜਣ ਸਚ ਪਲੰਘ, ਕੰਚਨ ਰੂਪ ਵਟਾਈਆ । ਆਦਿ ਨਿਰੰਜਣ ਮੰਗੇ ਮੰਗ, ਸੂਹਾ ਵੇਸ ਬੇਪਰਵਾਹੀਆ । ਏਕੰਕਾਰਾ ਸਚ ਦਵਾਰਾ ਲੰਘ, ਚਿੱਟਾ ਰੰਗ ਰੰਗ ਅਲਾਹੀਆ । ਸ੍ਰੀ ਭਗਵਾਨ ਸੂਰਾ ਸਰਬੰਗ, ਪੀਲੀ ਧਾਰ ਧਾਰ ਸਲਾਹੀਆ । ਅਬਿਨਾਸ਼ੀ ਕਰਤਾ ਫੜ ਮਰਦੰਗ, ਆਪ ਆਪਣਾ ਹੁਕਮ ਚਲਾਈਆ । ਨੀਲੀ ਧਾਰ ਏਕਾ ਰੰਗ, ਆਪਣੀ ਇਛਿਆ ਆਪ ਵਹਾਈਆ । ਪਾਰਬ੍ਰਹਮ ਆਪਣਾ ਢਕੇ ਆਪੇ ਨੰਗ, ਕਾਲਾ ਰੰਗਣ ਰੰਗ ਛੁਹਾਈਆ । ਸਚਖੰਡ ਦੁਆਰੇ ਬਣਿਆ ਸੰਗ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕ ਏਕਾ ਖੇਲ ਖਿਲਾਈਆ । ਸੱਤ ਰੰਗ ਨਿਸ਼ਾਨਾ ਸਚਖੰਡ, ਹਰਿ ਸਾਚੇ ਸਚ ਝੁਲਾਇਆ । ਸੋ ਪੁਰਖ ਨਿਰੰਜਣ ਵੰਡੀ ਵੰਡ, ਹਰਿ ਪੁਰਖ ਨਿਰੰਜਣ ਵੇਖ ਵਿਖਾਇਆ । ਆਦਿ ਨਿਰੰਜਣ ਨਿਭਾਏ ਸੰਗ, ਏਕੰਕਾਰਾ ਮੇਲ ਮਿਲਾਇਆ । ਸ੍ਰੀ ਭਗਵਾਨ ਵੇਖੇ ਲੰਘ, ਅਬਿਨਾਸ਼ੀ ਕਰਤਾ ਖੁਸ਼ੀ ਮਨਾਇਆ । ਪਾਰਬ੍ਰਹਮ ਪ੍ਰਭ ਲਾਇਆ ਅੰਗ, ਆਪ ਆਪਣੇ ਅੰਗ ਛੁਹਾਇਆ । ਸਚ ਵਛਾਈ ਸੇਜ ਪਲੰਘ, ਸਚ ਤਖਤ ਸੁਲਤਾਨ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮ ਅਗੰਮੜੀ ਧਾਰ ਰਖਾਇਆ । ਅਗੰਮੜੀ ਧਾਰ ਬੇਪਰਵਾਹ, ਸਚਖੰਡ ਦਵਾਰ ਚਲਾਈਆ । ਸੱਤ ਰੰਗਣ ਰੰਗ ਰੰਗਾ, ਨਿਰਗੁਣ ਜੋਤ ਨੂਰ ਇਲਾਹੀਆ । ਆਪਣਾ ਰੂਪ ਆਪ ਵਟਾ, ਆਪੇ ਵੇਖ ਵਖਾਈਆ । ਆਪਣੀ ਰਚਨਾ ਆਪ ਰਚਾ, ਆਪ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਸਾਚਾ ਭੂਸ਼ਨ ਆਪਣਾ ਆਪ ਬਣਾਈਆ । ਸਾਚਾ ਭੂਸ਼ਨ ਸੱਤ ਰੰਗ ਧਾਰ, ਹਰਿ ਸਾਚਾ ਸਚ ਸਮਾਇੰਦਾ । ਸਚ ਸਿੰਘਾਸਣ ਕਰ ਤਿਆਰ, ਉਪਰ ਆਸਣ ਲਾਇੰਦਾ । ਆਪੇ ਬਣੇ ਹਰਿ ਸਿਕਦਾਰ, ਆਪ ਆਪਣਾ ਹੁਕਮ ਚਲਾਇੰਦਾ । ਆਪੇ ਬਣੇ ਦਰ ਚੋਬਦਾਰ, ਆਪ ਆਪਣਾ ਸੀਸ ਝੁਕਾਇੰਦਾ । ਆਪੇ ਮੰਗੇ ਦਰ ਬਣ ਭਿਖਾਰ, ਆਪੇ ਆਪਣੀ ਝੋਲੀ ਡਾਹਿੰਦਾ । ਆਪੇ ਦੇਵੇ ਸਚ ਭੰਡਾਰ, ਸਾਚੀ ਵਸਤੂ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਪੁਰਖ ਨਿਰੰਜਣ ਆਪ ਸੁਣਾਇੰਦਾ । ਸੱਤ ਰੰਗ ਨਿਸ਼ਾਨਾ ਇਕ ਝੁਲਾਣਾ, ਏਕਾ ਮੇਲ ਮਿਲਾਇੰਦਾ । ਏਕਾ ਮੰਦਰ ਇਕ ਮਕਾਨਾ, ਘਰ ਏਕਾ ਸੋਭਾ ਪਾਇੰਦਾ । ਏਕਾ ਰਾਜ ਇਕ ਰਾਜਾਨਾ, ਸ਼ਾਹੋ ਭੂਪ ਇਕ ਅਖਵਾਇੰਦਾ । ਏਕਾ ਦਰ ਇਕ ਦਰਬਾਨਾ, ਏਕਾ ਤਖ਼ਤ ਤਾਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਜਣਾਇੰਦਾ । ਹੁਕਮੀ ਹੁਕਮ ਕਰ ਤਿਆਰ, ਨਿਰਗੁਣ ਨਿਰਗੁਣ ਦਏ ਜਣਾਈਆ । ਨਿਰਗੁਣ ਹੋਏ ਸੱਚਾ ਸਿਕਦਾਰ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਵਸ ਸਚ ਦਰਬਾਰ, ਦਰ ਦਰਬਾਰਾ ਆਪ ਸੁਹਾਈਆ । ਨਿਰਗੁਣ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭਿਛਿਆ ਆਪ ਵਰਤਾਈਆ । ਆਪਣੀ ਭਿਛਿਆ ਦੇਵੇ ਪਾ, ਨਿਰਗੁਣ ਨਿਰਗੁਣ ਸੇਵ ਕਮਾਇਆ । ਸਚ ਸਨੇਹੜਾ ਦਏ ਸੁਣਾ, ਧੁਰ ਫਰਮਾਨਾ ਆਪ ਜਣਾਇਆ । ਆਪਣੀ ਬਣਤ ਆਪ ਬਣਾ, ਆਪੇ ਰਿਹਾ ਸਮਝਾਇਆ । ਆਪਣੀ ਮਹਿਮਾ ਆਪ ਗਣਾ, ਆਪੇ ਵੇਖ ਵਖਾਇਆ । ਆਪਣੀ

ਜਨਨੀ ਆਪ ਜਣਾ, ਜਨ ਜਨਨੀ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਵਸਾਇਆ । ਥਿਰ ਘਰ ਵਸਿਆ ਹਰਿ ਨਿਰੰਕਾਰ, ਸਚਖੰਡ ਦਵਾਰ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਆਪ ਆਪਣਾ ਭੇਵ ਖੁਲਾਈਆ । ਆਪਣੀ ਸੇਵਾ ਕਰੇ ਬਣ ਸੇਵਾਦਾਰ, ਸੇਵਕ ਸਾਚੀ ਸੇਵਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਰੰਗਿਆ ਰੰਗ ਰੰਗ ਅਨਮੋਲ, ਰੂਪ ਰੰਗ ਨਾ ਕੋਇ ਵਖਾਇੰਦਾ । ਸਤਿ ਪੁਰਖ ਨਿਰੰਜਣ ਆਪਣੇ ਕੰਡੇ ਤੋਲਿਆ ਤੋਲ, ਦੂਸਰ ਤੋਲ ਨਾ ਕੋਇ ਤੁਲਾਇੰਦਾ । ਆਪਣਾ ਅੱਖਰ ਆਪੇ ਬੋਲ, ਆਪਣਾ ਆਪ ਸੁਣਾਇੰਦਾ । ਆਪਣੀ ਵਸਤ ਰੱਖੇ ਕੋਲ, ਆਪਣੇ ਹੱਟ ਵਕਾਇੰਦਾ । ਆਪਣਾ ਦੁਆਰਾ ਆਪੇ ਖੋਲ੍ਹ, ਆਪੇ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵੰਡਾਇੰਦਾ । ਸਾਚੀ ਵਸਤ ਹਰਿ ਕਰ ਤਿਆਰ, ਸੋ ਪੁਰਖ ਨਿਰੰਜਣ ਦਏ ਸਮਝਾਈਆ । ਹਰਿ ਪੁਰਖ ਨਿਰੰਜਣ ਇਕ ਪਿਆਰ, ਏਕਾ ਰੰਗ ਰੰਗਾਈਆ । ਆਦਿ ਨਿਰੰਜਣ ਦਰ ਦਰਬਾਰ, ਦਰ ਦਰ ਅਲੱਖ ਜਗਾਈਆ । ਏਕੰਕਾਰਾ ਏਕੰਕਾਰ, ਇਕ ਇਕੱਲਾ ਆਪ ਕਰਾਈਆ । ਸ੍ਰੀ ਭਗਵਾਨ ਕਰ ਪਿਆਰ, ਪੰਚਮ ਮੇਲ ਮਿਲਾਈਆ । ਅਬਿਨਾਸ਼ੀ ਕਰਤਾ ਬਣੇ ਸੱਚਾ ਸੁਨਿਆਰ, ਸਾਚੇ ਕੰਡੇ ਤੋਲ ਤੁਲਾਈਆ । ਪਾਰਬ੍ਰਹਮ ਕੁਠਾਲੀ ਦੇਵੇ ਡਾਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਪੰਚਮ ਵੇਖ ਵਖਾਈਆ । ਪੰਚਮ ਮੇਲਾ ਸਚ ਦੁਆਰੇ, ਹਰਿ ਸਾਚਾ ਆਪ ਕਰਾਇੰਦਾ । ਪੰਚਮ ਖੇਲ ਅਗੰਮ ਅਪਾਰੇ, ਪੰਚਮ ਵੇਖ ਵਿਖਾਇੰਦਾ । ਪੰਚਮ ਤਖਤ ਪੰਚਮ ਸਿਕਦਾਰੇ, ਪੰਚਮ ਸੰਗ ਰਲਾਇੰਦਾ । ਪੰਚਮ ਬਹਿ ਬਹਿ ਵਾਜਾਂ ਮਾਰੇ, ਆਪ ਆਪਣਾ ਹੁਕਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਏਕਾ ਘਰ, ਆਪੇ ਦੇਵੇ ਆਪਣਾ ਵਰ, ਆਪੇ ਘਾੜਨ ਲਏ ਘੜ, ਆਪੇ ਕੰਡੇ ਤੋਲ ਤੁਲਾਇੰਦਾ । ਆਪੇ ਤੋਲਾ ਤੋਲਣਹਾਰਾ, ਨਿਰਗੁਣ ਤੋਲਣਹਾਰ ਅਖਵਾਇਆ । ਆਪੇ ਬੋਲਾ ਬੋਲਣਹਾਰਾ, ਆਪਣਾ ਬੋਲ ਦਏ ਜਣਾਇਆ । ਆਪੇ ਪੜਦਾ ਖੋਲ੍ਹਣਹਾਰਾ, ਆਪਣਾ ਪਰਦਾ ਦਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਰ ਸਾਚਾ ਇਕ ਸੁਹਾਇਆ । ਸਚਖੰਡ ਪੰਚਮ ਮੁਖ, ਪੰਚਮ ਵੇਖ ਵਖੰਨਿਆ । ਪੰਚਮ ਰੱਖਿਆ ਕਿਸੇ ਨਾ ਕੁੱਖ, ਜਨਣੀ ਜਨ ਨਾ ਕਿਸੇ ਜਣਿਆ । ਪੰਚਮ ਸੋਗ ਨਾ ਪੰਚਮ ਦੁੱਖ, ਪੰਚਮ ਭੋਗ ਨਾ ਕੋਇ ਭੁਗੰਨਿਆ । ਪੰਚਮ ਹੋਏ ਨਾ ਉਲਟਾ ਰੁਖ, ਪੰਚਮ ਤਤ ਨਾ ਕੋਇ ਬਣੰਨਿਆ । ਪੰਚਮ ਬੈਠਾ ਅੰਦਰ ਲੁਕ, ਘਰ ਸਾਚਾ ਆਪ ਸੁਹੰਨਿਆ । ਪੰਚਮ ਗੋਦੀ ਆਪੇ ਚੁੱਕ, ਪੰਚਮ ਪਾਏ ਸਾਚੇ ਮੰਮਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਗੁਣ ਅਵਗੁਣਿਆਂ । ਪੰਚਮ ਮੇਲਾ ਪੰਚਮ ਦੁਆਰ, ਸਚਖੰਡ ਵੱਜੇ ਵਧਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਅਗੰਮ ਅਗਮੜਾ ਖੇਲ ਖਿਲਾਈਆ । ਅਲੱਖ ਨਿਰੰਜਣ ਬੋਲ ਜੈਕਾਰ, ਏਕਾ ਏਕ ਸੁਣਾਈਆ । ਸੱਤ ਰੰਗ ਨਿਸ਼ਾਨਾ, ਰੂਪ ਅਪਾਰ, ਘਰ ਸਾਚੇ ਰਿਹਾ ਸੁਹਾਈਆ । ਇਕ ਇਕੱਲਾ ਹਰਿ ਸਿਕਦਾਰ, ਦਰ ਘਰ ਸਾਚੇ ਸੋਭਾ ਪਾਈਆ । ਤਖਤ ਸ਼ਾਹ ਹੋਇਆ ਤਿਆਰ, ਭੂਪ ਆਸਣ ਇਕ ਵਿਛਾਈਆ । ਥਿਰ ਘਰ ਹੋਏ ਮੰਗਲਾਚਾਰ, ਥਿਰ ਘਰ ਵਾਸੀ ਆਪ ਕਰਾਈਆ । ਜੋਤ ਪ੍ਰਕਾਸ਼ ਹੋਈ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣ ਸੁਨਿਆਰ, ਪੰਚਮ ਮੁਖ ਰਿਹਾ ਸੁਹਾਈਆ । ਪਾਰਬ੍ਰਹਮ

ਬਣ ਸੇਵਾਦਾਰ, ਸਾਚਾ ਤਾਜ ਹੱਥ ਉਠਾਈਆ । ਆਪਣੀ ਰੁਤੜੀ ਆਪਣਾ ਦਰਸ ਨਿਰਗੁਣ ਨਿਰਗੁਣ ਲਏ ਵਿਚਾਰ, ਥਿਤ ਵਾਰ ਨਾ ਕੋਇ ਜਣਾਈਆ । ਆਪਣੇ ਸੀਸ ਰੱਖੇ ਸੱਚੀ ਸਰਕਾਰ, ਆਦਿ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਤਖਤ ਵਡਿਆਈਆ । ਪੰਚਮ ਮੁਖੀ ਸਾਚਾ ਤਾਜ, ਹਰਿ ਸਾਚਾ ਸੀਸ ਝੁਕਾਇੰਦਾ । ਧੁਰਦਰਗਾਹੀ ਸਾਚਾ ਰਾਜ, ਆਪਣੇ ਚਰਨਾ ਹੇਠ ਦਬਾਇੰਦਾ । ਸ਼ਬਦ ਅਗੰਮੀ ਇਕ ਆਵਾਜ਼, ਪੁਰਖ ਆਕਾਲ ਆਪ ਲਗਾਇੰਦਾ । ਆਪਣਾ ਰਚਿਆ ਆਪੇ ਕਾਜ, ਆਪੇ ਵੇਖ ਵਿਖਾਇੰਦਾ । ਸਤ ਰੰਗ ਨਿਸ਼ਾਨਾ ਦਿਤਾ ਦਾਜ, ਘਰ ਸਾਚੇ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਪੁਰਖ ਹਰਿ ਹਰਿ ਏਕ, ਦੂਸਰ ਅਵਰ ਨਾ ਕੋਇ । ਸੋ ਪੁਰਖ ਨਿਰੰਜਣ ਰੱਖੇ ਟੇਕ, ਹਰਿ ਪੁਰਖ ਨਿਰੰਜਣ ਦੇਵੇ ਢੋਏ । ਆਦਿ ਨਿਰੰਜਣ ਆਪੇ ਪੇਖ, ਏਕੰਕਾਰਾ ਕਦੇ ਨਾ ਸੋਏ । ਸ੍ਰੀ ਭਗਵਾਨ ਲਿਖੇ ਲੇਖ, ਅਬਿਨਾਸ਼ੀ ਕਰਤਾ ਕਰੇ ਸੋਈ ਹੋਏ । ਪਾਰਬ੍ਰਹਮ ਬਣਿਆ ਦਰ ਦਰਵੇਸ਼, ਆਪੇ ਸਿਕਦਾਰ ਦਰ ਦਰਬਾਨ ਆਪ ਖਲੋਏ । ਦਰ ਦਰਬਾਨ ਬਣਿਆ ਰਾਜਾ, ਤਖ਼ਤ ਤਾਜ ਸੁਹਾਈਆ । ਪੁਰਖ ਅਬਿਨਾਸ਼ੀ ਗਰੀਬ ਨਿਵਾਜਾ, ਸਚਖੰਡ ਦੁਆਰਾ ਇਕ ਸੁਹਾਈਆ । ਆਪੇ ਰੱਖੇ ਆਪਣੀ ਲਾਜਾ, ਆਪ ਆਪਣਾ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭਿਛਿਆ ਆਪਣੀ ਇਛਿਆ ਆਪੇ ਝੋਲੀ ਪਾਈਆ । ਆਪਣੀ ਭਿਛਿਆ ਭਰ ਭੰਡਾਰ, ਆਪੇ ਵੇਖ ਵਖਾਇੰਦਾ । ਆਪੇ ਤਾਜ ਰੱਖ ਸਿਕਦਾਰ, ਆਪੇ ਹੁਕਮ ਸੁਣਾਇੰਦਾ । ਆਪੇ ਨਿਰਗੁਣ ਰੂਪ ਨਿਰਾਕਾਰ, ਰੇਖ ਰੰਗ ਨਾ ਕੋਇ ਵਿਖਾਇੰਦਾ । ਆਪੇ ਅਬਿਨਾਸ਼ੀ ਕਰਤਾ ਹੋ ਤਿਆਰ, ਆਪ ਆਪਣੀ ਖੇਲ ਖਿਲਾਇੰਦਾ । ਆਪੇ ਪਾਰਬ੍ਰਹਮ ਮੀਤ ਮੁਰਾਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਸੱਤ ਰੰਗ ਨਿਸ਼ਾਨਾ ਪੰਚਮ ਤਾਜ, ਸਚਖੰਡ ਦੁਆਰੇ ਆਪ ਬਣਾਇਆ । ਪੁਰਖ ਅਬਿਨਾਸ਼ੀ ਆਪਣਾ ਸਾਜਨ ਸਾਜ, ਆਪਣੀ ਘਾੜਤ ਘੜਨ ਘੜਾਇਆ । ਆਪਣੀ ਅਹਿਰਨ ਕਰ ਤਿਆਰ, ਆਪਣਾ ਹਥੌੜਾ ਆਪ ਉਠਾਇਆ । ਆਪਣੀ ਕੁਠਾਲੀ ਆਪੇ ਗਾਲ, ਆਪਣੇ ਸਾਂਚੇ ਆਪੇ ਪਾਇਆ । ਆਪਣਾ ਰੰਗ ਚਾੜ੍ਹੇ ਅਪਾਰ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਆਪ ਟਿਕਾਇਆ । ਸਾਚੀ ਵਸਤ ਕਰ ਤਿਆਰ, ਘਰ ਸਾਚੇ ਆਪ ਟਿਕਾਈਆ । ਆਪਣੀ ਹੱਥੀਂ ਰੱਖ ਨਿਰੰਕਾਰ, ਆਪੇ ਬੰਦ ਕਰਾਈਆ । ਆਪੇ ਵੇਖੇ ਕਰੇ ਵਿਚਾਰ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਏ ਗਵਾਹੀਆ । ਸਾਚੀ ਵਸਤ ਸਚ ਦਰਗਾਹ, ਹਰਿ ਸਾਚਾ ਆਪ ਟਿਕਾਇੰਦਾ । ਨਿਰਗੁਣ ਨਿਰਗੁਣ ਕਰੇ ਸਲਾਹ, ਆਪਣਾ ਮਤਾ ਆਪ ਪਕਾਇੰਦਾ । ਨਿਰਗੁਣ ਨਿਰਗੁਣ ਬਣੇ ਮਲਾਹ, ਨਿਰਗੁਣ ਬੇੜਾ ਆਪ ਤਰਾਇੰਦਾ । ਆਪਣੀ ਰਚਨਾ ਆਪ ਰਚਾ, ਆਪੇ ਖੇਲ ਖਿਲਾਇੰਦਾ । ਆਪਣਾ ਰੂਪ ਆਪ ਵਟਾ, ਨਿਰਾਕਾਰ ਸਾਕਾਰ ਆਪ ਅਖਵਾਇੰਦਾ । ਆਪੇ ਵਿਸ਼ਨੂੰ ਨਾਮ ਧਰਾ, ਆਪੇ ਅੰਮ੍ਰਿਤ ਜਲ ਭਰਾਇੰਦਾ । ਆਪੇ ਨਾਭੀ ਫੁੱਲ ਲਏ ਖਿਲਾ, ਕਵਲ ਕਵਲਾ ਆਪ ਉਪਜਾਇੰਦਾ । ਆਪੇ ਬ੍ਰਹਮਾ ਵੇਤਾ ਨਾਉਂ ਧਰਾ, ਆਪ ਆਪਣਾ ਰੂਪ ਵਟਾਇੰਦਾ । ਆਪੇ ਸੁੰਨ ਅਗੰਮ ਡੇਰਾ ਲਾ, ਧੂੰਆਂਧਾਰ ਆਪ ਰਹਾਇੰਦਾ । ਆਪੇ ਸ਼ੰਕਰ ਲਏ ਬਣਾ, ਆਪ ਆਪਣਾ ਵੇਸ ਕਰਾਇੰਦਾ । ਆਪੇ ਮੇਲਾ ਦਏ ਮਿਲਾ, ਆਪ ਆਪਣੀ ਬੂਝ ਬੁਝਾਇੰਦਾ । ਆਪੇ

ਇਸ਼ਟ ਦਏ ਵਖਾ, ਗੁਰਦੇਵ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਹਰਿ ਸਾਚਾ ਖੇਲ ਖਿਲਾਇੰਦਾ । ਨਿਰਗੁਣ ਨਿਰਗੁਣ ਬਣ ਭਿਖਾਰ, ਨਿਰਗੁਣ ਨਿਰਗੁਣ ਮੰਗ ਮੰਗਾਇੰਦਾ । ਨਿਰਗੁਣ ਰਾਜ ਜੋਗ ਸਿਕਦਾਰ, ਨਿਰਗੁਣ ਸਾਚਾ ਤਖ਼ਤ ਸੁਹਾਇੰਦਾ । ਨਿਰਗੁਣ ਜਾਣੇ ਆਪਣੀ ਕਾਰ, ਕਰਤਾ ਪੁਰਖ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਹਿਮਾ ਆਪ ਸੁਣਾਇੰਦਾ । ਨਿਰਗੁਣ ਮਹਿਮਾ ਆਦਿ ਅੰਤ, ਲੇਖਾ ਲੇਖ ਨਾ ਕੋਇ ਜਣਾਈਆ । ਨਿਰਗੁਣ ਜਾਣੇ ਆਪਣਾ ਮੰਤ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਨਿਰਗੁਣ ਉਪਜਾਏ ਜੀਵ ਜੰਤ, ਲੱਖ ਚੁਰਾਸੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਆਪਣੇ ਰੰਗ ਰੰਗਾਈਆ । ਤ੍ਰੈਗੁਣ ਰੰਗ ਹਰਿ ਭਗਵਾਨ, ਆਪਣਾ ਆਪ ਸਮਝਾਈਆ । ਰਾਜਸ ਤਾਮਸ ਸਾਤਕ ਕਰ ਪ੍ਰਵਾਨ, ਆਪ ਆਪਣੀ ਦਏ ਸਲਾਹੀਆ । ਵਿਸ਼ਨੂੰ ਵਿਸ਼ਵ ਇਕ ਗਿਆਨ, ਏਕਾ ਇਕ ਸਮਝਾਈਆ । ਬ੍ਰਹਮਾ ਬ੍ਰਹਮ ਕਰ ਪ੍ਰਧਾਨ, ਪਾਰਬ੍ਰਹਮ ਰੂਪ ਦਰਸਾਈਆ । ਸ਼ੰਕਰ ਸ਼ੰਕਰ ਇਕ ਕਲਿਆਣ, ਹਰਿ ਸਾਚਾ ਵੇਖ ਵਿਖਾਈਆ । ਤਿੰਨਾਂ ਵਿਚੋਲਾ ਹਰਿ ਮਿਹਰਵਾਨ, ਤ੍ਰੈਗੁਣ ਸਾਚਾ ਸੰਗ ਰਲਾਈਆ । ਆਪੇ ਰੱਖੇ ਆਪਣੀ ਆਣ, ਆਪਣੇ ਭਾਣੇ ਸਦ ਰਹਾਈਆ । ਨਿਰਗੁਣ ਰੂਪ ਨਾ ਸਕੇ ਕੋਈ ਪਛਾਣ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭਿਛਿਆ ਆਪੇ ਰਿਹਾ ਪਾਈਆ । ਸਾਚੀ ਭਿਛਿਆ ਭਰ ਭੰਡਾਰਾ, ਹਰਿ ਕਰਤਾ ਖੇਲ ਖਿਲਾਇੰਦਾ । ਬ੍ਰਹਮਾ ਵੇਤਾ ਕਰ ਪਿਆਰਾ, ਲਖ ਚੁਰਾਸੀ ਮੇਲ ਮਿਲਾਇੰਦਾ । ਪੰਜ ਤਤ ਦਏ ਆਧਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਖ ਵਿਖਾਇੰਦਾ । ਵਿਸ਼ਨੂੰ ਬਣੇ ਸਚ ਵਰਤਾਰਾ, ਰਾਜਕ ਰਿਜਕ ਆਪ ਹੋ ਜਾਇੰਦਾ । ਸ਼ੰਕਰ ਕਰੇ ਸਚ ਸੰਘਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਆਪੇ ਜ਼ਿਮੀ ਅਸਮਾਨਾ ਬੰਨੇ ਧਾਰਾ, ਲੋਆਂ ਪੁਰੀਆਂ ਰਚਨ ਰਚਾਇੰਦਾ । ਆਪੇ ਬ੍ਰਹਿਮੰਡ ਖੰਡ ਦਏ ਸਹਾਰਾ, ਗਗਨ ਗਗਨੰਤਰ ਵੇਸ ਵਟਾਇੰਦਾ । ਆਪੇ ਰਵ ਸਸ ਬਣੇ ਸਤਾਰਾ, ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਲਖ ਚੁਰਾਸੀ ਘਟ ਘਟ ਅੰਦਰ ਕਰ ਪਸਾਰਾ, ਆਪ ਆਪਣਾ ਆਸਣ ਲਾਇੰਦਾ । ਆਪੇ ਜਗਤ ਪਿਤ ਬਣ ਵਣਜਾਰਾ, ਸਾਚਾ ਵਣਜ ਆਪ ਕਰਾਇੰਦਾ । ਆਪੇ ਚੌਦਾਂ ਲੋਕ ਖੋਲ੍ਹ ਦੁਆਰਾ, ਚੌਦਾਂ ਹੱਟ ਵੇਖ ਵਿਖਾਇੰਦਾ । ਆਪੇ ਤਿੰਨਾਂ ਲੋਕਾਂ ਰੱਖੇ ਪਾਰ ਕਿਨਾਰਾ, ਤ੍ਰਲੋਕੀ ਚਰਨਾਂ ਹੇਠ ਦਬਾਇੰਦਾ । ਆਪੇ ਬਾਸ਼ਕ ਸੇਜਾ ਕਰ ਸ਼ਿੰਗਾਰਾ, ਸਾਂਗੋ ਪਾਂਗ ਹੰਢਾਇੰਦਾ । ਆਪੇ ਜਲ ਬਿੰਬ ਦਏ ਸਹਾਰਾ, ਧਰਤ ਧਵਲ ਆਪ ਸੁਹਾਇੰਦਾ । ਆਪੇ ਪਵਨ ਸਵਾਸੀ ਦਏ ਹੁਲਾਰਾ, ਰਸਨਾ ਜਿਹਵਾ ਆਪ ਚਲਾਇੰਦਾ । ਆਪੇ ਸ਼ਬਦ ਅਗੰਮੀ ਬੋਲ ਜੈਕਾਰਾ, ਰਾਗ ਅਨਾਦੀ ਆਪ ਸੁਣਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਤਾਲ ਤਲਵਾੜਾ ਆਪ ਵਜਾਇੰਦਾ । ਆਪੇ ਲਾਏ ਸਾਚਾ ਖਾੜਾ, ਆਪੇ ਗੋਪੀ ਕਾਹਨ ਨਚਾਇੰਦਾ । ਆਪੇ ਬਣੇ ਧੁਰਦਰਗਾਹੀ ਸਾਚਾ ਲਾੜਾ, ਸਿਰ ਆਪਣੇ ਤਾਜ ਟਿਕਾਇੰਦਾ । ਆਪੇ ਲੱਖ ਚੁਰਾਸੀ ਮੰਗਣ ਆਏ ਦੌੜਾ, ਆਪੇ ਘਰ ਘਰ ਅਲਖ ਜਗਾਇੰਦਾ । ਆਪੇ ਕਰੇ ਪ੍ਰਕਾਸ਼ ਬਹੱਤਰ ਨਾੜਾ, ਆਪੇ ਅੰਧ ਅੰਧੇਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਆਪੇ ਰੂਪ ਅਗੰਮ ਪੁਰਖ ਕਰਤਾਰ, ਕਾਦਰ ਕਰਤਾ ਵਡ ਵਡਿਆਈਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਏ ਸੇਵਾਦਾਰ, ਸਾਚੀ ਸੇਵਕ ਸੇਵ ਕਮਾਈਆ । ਆਪੇ ਤ੍ਰੈਗੁਣ ਮਾਇਆ ਬਣ ਵਰਤਾਰ, ਆਪੇ ਪੰਚਮ ਮੇਲਾ


੧੮੭
੦੯

ਸਹਿਜ ਸਭਾਈਆ । ਆਪੇ ਮਨ ਮਤ ਬੁਧ ਕਰ ਤਿਆਰ, ਘਰ ਸਾਚੇ ਆਪ ਟਿਕਾਈਆ । ਆਪੇ ਨੌਂ ਦੁਆਰੇ ਖੋਲ੍ਹ ਕੁਆੜ, ਜਗਤ ਵਾਸਨਾ ਵਿਚ ਭਰਾਈਆ । ਆਪੇ ਪੰਚਮ ਰੱਖੇ ਧਾੜ, ਆਪੇ ਪੰਚਮ ਸਖੀਆਂ ਬਹਿ ਬਹਿ ਮੰਗਲ ਗਾਈਆ । ਆਪੇ ਦਰ ਘਰ ਸਾਚੇ ਦੇਵੇ ਵਾੜ, ਆਪੇ ਬੈਠਾ ਮੁਖ ਭੁਆਈਆ । ਆਪੇ ਰਾਏ ਧਰਮ ਕਰੇ ਪਿਆਰ, ਆਪੇ ਚਿਤਰ ਗੁਪਤ ਰਿਹਾ ਸਮਝਾਈਆ । ਆਪੇ ਲਾੜੀ ਮੌਤ ਕਰ ਸ਼ਿੰਗਾਰ, ਲੱਖ ਚੁਰਾਸੀ ਦਏ ਪਰਨਾਈਆ । ਆਪੇ ਵਸਿਆ ਸਭ ਤੋਂ ਬਾਹਰ, ਪਾਰਬ੍ਰਹਮ ਵੱਡੀ ਵਡਿਆਈਆ । ਏਕੰਕਾਰਾ ਖੇਲ ਅਪਾਰ, ਭੇਵ ਅਭੇਦਾ ਭੇਵ ਛੁਪਾਈਆ । ਆਪਣੀ ਕਿਰਪਾ ਆਪੇ ਧਾਰ, ਆਪਣੀ ਕਰਨੀ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਹੱਥ ਰਖਾਈਆ । ਆਪਣੀ ਵਸਤ ਸੱਚਾ ਸ਼ਾਹ, ਆਪਣੇ ਹੱਥ ਰਖਾਇੰਦਾ । ਦੂਸਰ ਹੱਥ ਨਾ ਦਏ ਫੜਾ, ਨੇੜ ਕੋਇ ਨਾ ਜਾਇੰਦਾ । ਨਾ ਕੋਈ ਮੰਗੇ ਕਿਸੇ ਕੋਲੋਂ ਸਲਾਹ, ਸਿਫਤ ਸਲਾਹ ਵਿਚ ਨਾ ਆਇੰਦਾ । ਨਾ ਫੜਾਏ ਕਿਸੇ ਨੂੰ ਆਪਣੀ ਬਾਂਹ, ਹੱਥੋ ਹੱਥ ਨਾ ਕੋਇ ਧਰਾਇੰਦਾ । ਦੋ ਜਹਾਨਾਂ ਕਰਨਹਾਰਾ ਸਚ ਨਿਆਂ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਨਾ ਕੋਈ ਪਿਤਾ ਤੇ ਨਾ ਕੋਈ ਮਾਂ, ਬਾਲਕ ਗੋਦ ਨਾ ਕੋਇ ਉਠਾਇੰਦਾ । ਆਪਣੇ ਸਿਰ ਰੱਖੇ ਆਪਣੀ ਛਾਂ, ਸਿਰ ਆਪਣਾ ਤਾਜ ਸੁਹਾਇੰਦਾ । ਸੀਸ ਜਗਦੀਸ ਇਕ ਬਣਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇੰਦਾ । ਵੇਸ ਅਵੱਲਾ ਇਕ ਅਕੱਲਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਵੇਖ ਵਖਾਇੰਦਾ । ਸ਼ਬਦੀ ਜੋਤੀ ਆਪੇ ਰੱਲਾ, ਰੂਪ ਰੰਗ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਆਸਣ ਮੱਲਾ, ਘਰ ਘਰ ਡੇਰਾ ਲਾਇੰਦਾ । ਸਚ ਸਨੇਹੜਾ ਏਕਾ ਘੱਲਾ, ਜੁਗ ਜੁਗ ਸ਼ਬਦ ਸੁਣਾਇੰਦਾ । ਦੀਪਕ ਜੋਤੀ ਏਕਾ ਬੱਲਾ, ਅਗਿਆਨ ਅੰਧੇਰ ਮਿਟਾਇੰਦਾ । ਆਪੇ ਫੁਲਿਆ ਆਪੇ ਫੱਲਾ, ਫੁਲ ਫਲਵਾੜੀ ਆਪ ਮਹਿਕਾਇੰਦਾ । ਆਦਿ ਜੁਗਾਦਿ ਕਦੇ ਨਾ ਹੁੱਲਾ, ਰੁਤ ਬਸੰਤ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਤ੍ਰੈ ਤ੍ਰੈ ਮੇਲਾ ਹਰਿ ਕਰਤਾਰ, ਹਰਿ ਸਾਚੇ ਆਪ ਕਰਾਇਆ । ਏਕਾ ਨਾਮ ਸਚ ਭੰਡਾਰ, ਪਾਰਬ੍ਰਹਮ ਬ੍ਰਹਮ ਮੇਲਾ ਮੇਲ ਮਿਲਾਇਆ । ਸ਼ਬਦੀ ਨਾਦ ਧੁਨ ਜੈਕਾਰ, ਚਾਰੇ ਵੇਦਾਂ ਲਏ ਸੁਣਾਇਆ । ਚਾਰੇ ਜੁਗ ਖੇਲ ਅਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇਆ । ਗੁਰ ਪੀਰ ਬਣ ਅਵਤਾਰ, ਸਾਧ ਸੰਤ ਰੂਪ ਵਟਾਇਆ । ਭਗਤ ਭਗਵੰਤ ਸਾਚਾ ਯਾਰ, ਯਾਰ ਯਾਰੀ ਰਿਹਾ ਨਿਭਾਇਆ । ਰਾਮ ਰਾਮ ਰੂਪ ਅਪਾਰ, ਰਾਮ ਰਾਮਾ ਵਿਚ ਸਮਾਇਆ । ਸੀਤਾ ਸੁਰਤੀ ਕਰ ਪਿਆਰ, ਸਚ ਸਵਾਣੀ ਲਏ ਪਰਨਾਇਆ । ਕਾਹਨਾ ਗੋਪੀ ਮੀਤ ਮੁਰਾਰ, ਨਾਮ ਬੰਸਰੀ ਇਕ ਵਜਾਇਆ । ਰਥ ਰਥਵਾਹੀ ਖੇਲ ਅਪਾਰ, ਲਖ ਚੁਰਾਸੀ ਰਥ ਚਲਾਇਆ । ਗੀਤਾ ਗਿਆਨ ਇਕ ਆਧਾਰ, ਦਸ ਅੱਠ ਮੇਲ ਮਿਲਾਇਆ । ਵੇਦ ਵਿਆਸਾ ਕਰਿਆ ਪਾਰ, ਪੁਰਾਨ ਅਠਾਰਾਂ ਲਏ ਪੜ੍ਹਾਇਆ । ਏਕਾ ਚੋਲਾ ਕਰ ਤਿਆਰ, ਸਾਚਾ ਰੰਗ ਆਪ ਰੰਗਾਇਆ । ਕਲਜੁਗ ਸੂਸਾ ਇਕ ਸ਼ੰਗਾਰ, ਤਨ ਬਸਤਰ ਆਪ ਪਹਿਨਾਇਆ । ਈਸਾ ਮੂਸਾ ਹੋ ਤਿਆਰ, ਸੰਗ ਮੁਹੰਮਦ ਚਾਰ ਯਾਰ ਡੌਰੂ ਵਾਇਆ । ਅੰਜੀਲ ਕੁਰਾਨਾਂ ਕਰ ਉਜਿਆਰ, ਤੀਸ ਬਤੀਸਾ ਸੋਹਲਾ ਗਾਇਆ । ਅੱਲਾ ਰਾਣੀ ਕੰਤ ਭਤਾਰ, ਸਚ ਮਹਿਬੂਬ ਇਕ ਪਰਨਾਇਆ । ਹੱਕ ਜਨਾਬ ਖ਼ਬਰਦਾਰ, ਸਚ ਰਬਾਬ ਇਕ ਹਲਾਇਆ । ਆਬ

੧੮੮
੦੯

ਹਯਾਤ ਕਰ ਤਿਆਰ, ਸਚ ਮਹਿਰਾਬੇ ਆਪ ਟਿਕਾਇਆ । ਦੋ ਦੋ ਆਬ ਬੰਨੇ ਧਾਰ, ਤ੍ਰੈ ਤ੍ਰੈ ਮੂਲ ਚੁਕਾਇਆ । ਚੌਥੇ ਜੁਗ ਖੇਲ ਅਪਾਰ, ਐਨਲਹਕ ਨਾਅਰਾ ਲਾਇਆ । ਲਾਸ਼ਰੀਕ ਸਾਂਝਾ ਯਾਰ, ਨੂਰੋ ਨੂਰ ਜਲਵਾ ਜਲਾਲ ਇਕ ਉਪਜਾਇਆ । ਸ਼ਰਅ ਸ਼ਰੀਅਤ ਕਰ ਤਿਆਰ, ਸਾਚਾ ਕਲਮਾ ਇਕ ਪੜ੍ਹਾਇਆ । ਸਾਚਾ ਸਜਦਾ ਵਿਚ ਸੰਸਾਰ, ਦਰ ਘਰ ਸਾਚੇ ਆਪ ਕਰਾਇਆ । ਪੰਜੇ ਮੁਖ ਵੇਖੇ ਵਾਰੋਂ ਵਾਰ, ਪੰਚਮ ਸੀਸ ਤਾਜ ਮੁਹੰਮਦ ਦਿਸ ਨਾ ਆਇਆ । ਉਮਤ ਉਮਤੀ ਕਹਿ ਗਿਆ ਲਲਕਾਰ, ਨਿਉਂ ਨਿਉਂ ਖ਼ਾਕੀ ਖ਼ਾਕ ਰਮਾਇਆ । ਸਦੀ ਚੌਧਵੀਂ ਪਾਵੇ ਸਾਰ, ਨੂਰ ਇਲਾਹੀ ਨੂਰ ਆਪ ਖ਼ੁਦਾਇਆ । ਚੌਦਾਂ ਤਬਕਾਂ ਖੋਲ੍ਹੇ ਬੰਦ ਕਿਵਾੜ, ਅਗਲਾ ਹੱਟ ਦਏ ਵਖਾਇਆ । ਪਰਗਟ ਹੋਏ ਵਿਚ ਸੰਸਾਰ, ਸਚ ਅਮਾਮ ਨਾਉਂ ਧਰਾਇਆ । ਮੁਖ ਨਕਾਬ ਦਏ ਉਤਾਰ, ਪਰਦਾ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਵੇਸ ਅਵੱਲਾ ਇਕ ਅਕੱਲਾ, ਆਦਿ ਜੁਗਾਦੀ ਰੂਪ ਵਟਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਦੁਆਰਾ ਇਕ ਸੁਹਾਇੰਦਾ । ਨਿਰਗੁਣ ਦੀਵਾ ਨਿਰਗੁਣ ਬਾਤੀ ਨਿਰਗੁਣ ਜੋਤ ਆਪੇ ਬਲਾ, ਨਿਰਗੁਣ ਪ੍ਰਕਾਸ਼ ਪ੍ਰਕਾਸ਼ ਵਖਾਇੰਦਾ । ਨਿਰਗੁਣ ਮੇਟਣਹਾਰਾ ਸੱਲਾ, ਦੂਈ ਦਵੈਤੀ ਮੇਟ ਮਿਟਾਇੰਦਾ । ਨਿਰਗੁਣ ਫੜਾਏ ਸਰਗੁਣ ਪੱਲਾ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਇਲਾਹੀ ਨੂਰ ਆਪ ਅਖਵਾਇੰਦਾ । ਆਪੇ ਕਰੇ ਵਲ ਛਲਾ, ਅਛਲ ਅਛੱਲ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਵੇਸ ਵਟਾਇਆ, ਰੱਖਿਆ ਨਾਉਂ ਵਿਚ ਸੰਸਾਰ । ਨਾਨਕ ਏਕਾ ਤਤ ਬੁਝਾਇਆ, ਏਕਾ ਰੂਪ ਅਨੂਪ ਸੱਚੀ ਸਰਕਾਰ । ਏਕਾ ਮੰਦਰ ਸੋਭਾ ਪਾਇਆ, ਏਕਾ ਘਰ ਹੋਇਆ ਜੈਕਾਰ । ਏਕਾ ਸਖੀਆਂ ਮੰਗਲ ਗਾਇਆ, ਏਕਾ ਫੂਲਨ ਬਰਖੇ ਅਪਰ ਅਪਾਰ । ਏਕਾ ਨੇਤਰ ਦਰਸਨ ਪਾਇਆ, ਸਤਿ ਪੁਰਖ ਨਿਰੰਜਣ ਸੱਚੀ ਸਰਕਾਰ । ਲੋਕਮਾਤ ਵੇਖਣ ਆਇਆ, ਮਾਤ ਪਿਤ ਕਰ ਪਿਆਰ । ਪੰਜ ਤਤ ਚੋਲਾ ਆਪ ਹੰਢਾਇਆ, ਅੰਦਰ ਵੜਿਆ ਸਿਰਜਣਹਾਰ । ਔਂਦਾ ਜਾਂਦਾ ਦਿਸ ਨਾ ਆਇਆ, ਪੰਡਤ ਪਾਂਧੇ ਥੱਕੇ ਹਾਰ । ਮੁਲਾਂ ਸ਼ੇਖ ਮਸਾਇਕ ਪੀਰ ਦਸਤਗੀਰ, ਭੇਵ ਕਿਸੇ ਨਾ ਰਾਇਆ । ਗਲ ਤਸਬੀ ਮਾਲਾ ਪਾਏ ਹਾਰ, ਬਿਨ ਸਤਿਗੁਰ ਨਾਨਕ ਏਕ ਏਕ ਨਜ਼ਰ ਕਿਸੇ ਨਾ ਆਇਆ । ਚਾਰੇ ਜੁਗ ਗਏ ਹਾਰ, ਸਤਿ ਪੁਰਖ ਨਿਰੰਜਣ ਘਰ ਸਾਚੇ ਮੇਲ ਮਿਲਾਇਆ । ਸਚਖੰਡ ਸੋਹੇ ਬੰਕ ਦਵਾਰ, ਸਰਗੁਣ ਨਿਰਗੁਣ ਘਰ ਸਦਾਇਆ । ਜੋਤੀ ਸ਼ਬਦੀ ਕਰ ਪਿਆਰ, ਸਰਗੁਣ ਨਿਰਗੁਣ ਸੀਸ ਝੁਕਾਇਆ । ਨਿਰਗੁਣ ਨਿਰਗੁਣ ਦਏ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਜੋਤ ਇਕ ਰੁਸ਼ਨਾਇਆ । ਨਾਨਕ ਨਿਰਗੁਣ ਜੋਤ, ਪੁਰਖ ਅਕਾਲ ਆਪ ਜਗਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਚਾਰ ਵਰਨਾਂ ਕਰੇ ਪੜ੍ਹਾਈਆ । ਮੂਰਖ ਮੁਗਧ ਪਤਤ ਪਾਪੀ ਉਧਾਰੇ ਕੋਟੀ ਕੋਟ, ਕੋਟੀ ਕੋਟ ਗਿਆ ਤਰਾਈਆ । ਤਨ ਨਗਾਰੇ ਲਾਈ ਚੋਟ, ਸਤਿਨਾਮ ਡੰਕਾ ਇਕ ਵਜਾਈਆ । ਹੰਕਾਰੀਆਂ ਕੱਢਿਆ ਕਾਇਆ ਖੋਟ, ਆਤਮ ਅੰਤਰ ਬ੍ਰਹਮ ਜਣਾਈਆ । ਚਾਰ ਵਰਨ ਵਖਾਈ ਏਕਾ ਓਟ, ਪੁਰਖ ਅਕਾਲ ਇਕ ਵਡਿਆਈਆ । ਦਰ ਮੰਗਦੇ ਬ੍ਰਹਮਾ ਵਿਸ਼ਨ ਸ਼ਿਵ ਓਤ ਪੋਤ, ਜੁਗਾ ਜੁਗੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਘਰ ਸੁਹਾਈਆ । ਨਾਨਕ ਨਿਰਗੁਣ ਹਰਿ ਹਰਿ ਪਾਇਆ, ਸਚਖੰਡ ਵੱਜੇ ਵਧਾਈਆ । ਪੁਰਖ ਅਬਿਨਾਸ਼ੀ

ਰੂਪ ਵਟਾਇਆ, ਆਪ ਆਪਣੀ ਦਇਆ ਕਮਾਈਆ । ਸੱਤ ਰੰਗ ਨਿਸ਼ਾਨ ਚੜ੍ਹਾਇਆ, ਸਚਖੰਡ ਰਿਹਾ ਸੁਹਾਈਆ । ਪੰਚਮ ਮੁਖ ਤਾਜ ਸੀਸ ਟਿਕਾਇਆ, ਨਾਨਕ ਨਿਰਗੁਣ ਪੇਖ ਰਿਹਾ ਬਿਗਸਾਈਆ । ਨਿਉਂ ਨਿਉਂ ਆਪਣਾ ਸੀਸ ਝੁਕਾਇਆ, ਪਾਰਬ੍ਰਹਮ ਤੇਰੀ ਵਡਿਆਈਆ । ਹਉਂ ਸੇਵਕ ਤੂੰ ਦਾਤਾ ਰਘੁਰਾਇਆ, ਸੋ ਪੁਰਖ ਨਿਰੰਜਣ ਤੇਰੀ ਮਹਿਮਾ ਕਹਿਣ ਨਾ ਜਾਇਆ । ਹੰ ਬ੍ਰਹਮ ਵੇਖ ਵਖਾਇਆ, ਸੋਇਮ ਰੂਪ ਸੋਹੰ ਤੇਰੀ ਸ਼ਰਨਾਇਆ । ਕਾਗਦ ਕਲਮ ਲਿਖੇ ਨਾ ਰਾਇਆ, ਚਾਰ ਵੇਦ ਰਹੇ ਕੁਰਲਾਈਆ । ਪੁਰਾਨ ਅਠਾਰਾਂ ਬਹਿ ਬਹਿ ਗਾਇਆ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਅੰਜੀਲ ਕੁਰਾਨਾਂ ਰਾਹ ਤਕਾਇਆ, ਸੰਗ ਮੁਹੰਮਦ ਚੜ੍ਹ ਚੜ੍ਹ ਥੱਕੇ ਰਾਹੀਆ । ਨਾਨਕ ਨਿਰਗੁਣ ਦਵਾਰੇ ਤੇਰੇ ਆਇਆ, ਮਿਲਿਆ ਮੇਲ ਚਾਈਂ ਚਾਈਆ । ਤੇਰਾ ਦਰਸਨ ਹਰਿ ਜੂ ਤੇਰੇ ਹਰਿ ਮੰਦਰ ਪਾਇਆ, ਦੂਸਰ ਦਰ ਦਿਸੇ ਨਾਹੀਆ । ਤੇਰਾ ਸੀਸ ਤਾਜ ਮੋਹੇ ਸਾਚੇ ਭਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਸਤਿ ਪੁਰਖ ਨਿਰੰਜਣ ਤੇਰਾ ਤਾਜ, ਘਰ ਸਾਚੇ ਸੋਭਾ ਪਾਇੰਦਾ । ਸਤਿ ਸਵਾਣੀ ਤੇਰਾ ਰਾਜ, ਤੇਰੇ ਘਰ ਸੁਹਾਇੰਦਾ । ਸਤਿ ਸਤਿਵਾਦੀ ਤੇਰੀ ਵਾਜ, ਤੇਰਾ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਵਾਰ ਹਰਿ ਨਿਰੰਕਾਰ, ਲੋਕਮਾਤ ਮੋਹੇ ਭਾਇੰਦਾ । ਸਚਖੰਡ ਦਵਾਰਾ ਲੋਕਮਾਤ, ਸਤਿਗੁਰ ਨਾਨਕ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਦੇਵੇ ਦਾਤ, ਦੇ ਮਤ ਇਕ ਸਮਝਾਈਆ । ਤੇਰਾ ਚਲੇ ਜਗਤ ਰਾਥ, ਚਾਰ ਵਰਨਾਂ ਲਏ ਚੜ੍ਹਾਈਆ । ਤੇਰੀ ਪੂਜਾ ਤੇਰਾ ਨਾਮ ਪਾਠ, ਤੇਰੀ ਇਛਿਆ ਜਗਤ ਪੜ੍ਹਾਈਆ । ਤੇਰਾ ਰੱਖੇ ਤੇਰਾ ਸਾਥ, ਤੇਰਾ ਤੇਰੇ ਵਿਚ ਸਮਾਈਆ । ਤੇਰਾ ਹੋਏ ਅਨਾਥਾਂ ਨਾਥ, ਨਾਥ ਅਨਾਥਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਏ ਆਪ ਗਵਾਹੀਆ । ਆਪੇ ਬਣਿਆ ਸਚ ਗਵਾਹ, ਆਪੇ ਹੁਕਮ ਸੁਣਾਇੰਦਾ । ਆਪੇ ਸਤਿਗੁਰ ਨਾਨਕ ਲਿਆ ਮਨਾ, ਆਪੇ ਰਾਗ ਅਲਾਇੰਦਾ । ਆਪੇ ਢੋਲਾ ਲਿਆ ਗਾ, ਲੋਕਮਾਤ ਆਪ ਸੁਣਾਇੰਦਾ । ਆਪੇ ਸਤਿਨਾਮ ਲਿਆ ਦ੍ਰਿੜਾ, ਘਰ ਸਾਚਾ ਵੇਖ ਵਖਾਇੰਦਾ । ਆਪੇ ਆਪਣਾ ਭੇਵ ਦਏ ਖੁਲਾ, ਭੇਵ ਅਭੇਦਾ ਆਪ ਹੋ ਜਾਇੰਦਾ । ਸੋਹੰ ਅੱਖਰ ਇਕ ਪੜ੍ਹਾ, ਰੂਪ ਅਨੂਪ ਆਪ ਮਿਲਾਇੰਦਾ । ਸਾਚਾ ਤਾਜ ਦਏ ਵਖਾ, ਲੋਕਮਾਤ ਵੇਸ ਵਟਾਇੰਦਾ । ਸੱਤ ਰੰਗ ਨਿਸ਼ਾਨਾ ਦਏ ਚੜ੍ਹਾ, ਸਤਿਨਾਮ ਆਪ ਵਡਿਆਇੰਦਾ । ਉਪਰ ਸਾਚਾ ਲੇਖ ਲਿਖਾ, ਆਦਿ ਅੰਤ ਮੇਲ ਮਿਲਾਇੰਦਾ । ਪੰਚਮ ਮੁਖ ਤਾਜ ਲਏ ਉਪਾ, ਨਿਰਗੁਣ ਸੇਵ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਇੰਦਾ । ਪੰਚਮ ਤਾਜ ਹਰਿ ਪਰਗਟੌਣਾ, ਨਾਨਕ ਸਤਿਗੁਰ ਹਰਿ ਸਲਾਹੀਆ । ਨਿਰਗੁਣ ਰੂਪ ਰੂਪ ਵਟੌਣਾ, ਰੂਪ ਰੰਗ ਨਾ ਕੋਇ ਵਖਾਈਆ । ਨਿਰਗੁਣ ਉਪਜਾਇਆ ਨਿਰਗੁਣ ਘੜਾਇਆ, ਨਿਰਗੁਣ ਲੋਕਮਾਤ ਉਠ ਲੈ ਧਾਈਆ । ਨਿਰਗੁਣ ਹੁਕਮ ਚਲਾਇਆ ਨਿਰਗੁਣ ਸ਼ਬਦ ਜਣਾਇਆ, ਨਿਰਗੁਣ ਸ਼ਬਦ ਦਏ ਵਡਿਆਈਆ । ਆਪਣਾ ਨਾਉਂ ਲਏ ਪਰਗਟਾਇਆ, ਨਿਹਕਲੰਕ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਆਪਣਾ ਛਤਰ ਝੁਲਾਈਆ । ਨਾਨਕ ਸੁਣਿਆ ਧੁਰ ਫ਼ਰਮਾਨਾ, ਰਸਨਾ ਹਰਿ ਗੁਣ ਗਾਇਆ । ਕਲਜੁਗ ਅੰਤਮ ਔਣਾ ਸਾਚਾ ਰਾਣਾ, ਨਿਹਕਲੰਕ ਨਾਉਂ ਧਰਾਇਆ । ਜੋਤ ਸਰੂਪੀ ਪਹਿਰੇ ਬਾਣਾ, ਚਾਰ ਵਰਨਾਂ ਦਿਸ ਨਾ ਆਇਆ । ਆਪੇ ਵਰਤੇ ਆਪਣਾ ਭਾਣਾ, ਭਾਣੇ ਵਿਚ ਨਾ ਕਿਸੇ ਰਖਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਇਹ ਸਮਝਾਇਆ । ਨਿਹਕਲੰਕ ਉਤਰੇ, ਆਵੇ ਵਿਚ ਸੰਸਾਰ । ਤਾਣਾ ਪੇਟਾ ਨਾ ਕੋਈ ਸੂਤਰੇ, ਨਾ ਕੋਈ ਬਣਤ ਬਣਾਏ ਜੀਵ ਗਵਾਰ । ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣ ਪੁਤ ਨਾ ਪੋਤਰੇ, ਨਾ ਕੋਈ ਨਾਰੀ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਪ ਨਿਰੰਕਾਰ । ਨਿਰਗੁਣ ਨਾਨਕ ਮੇਲ ਮਿਲੰਨਿਆ, ਪਾਇਆ ਪਰਮ ਪੁਰਖ ਕਰਤਾਰ । ਘਰ ਸਾਚਾ ਇਕ ਸੁਹੰਨਿਆ, ਵਿਛੜਿਆ ਸੰਸਾਰ । ਸਾਚਾ ਮੀਤ ਕਿਸੇ ਨਾ ਜੰਮਿਆ, ਆਵੇ ਜਾਵੇ ਵਾਰੋ ਵਾਰ । ਨਾ ਘੜਿਆ ਨਾ ਭੰਨਿਆ, ਸ੍ਰਿਸ਼ਟ ਸਬਾਈ ਘੜਨ ਭੰਨਣਹਾਰ । ਤੀਨ ਲੋਕ ਕਿਸੇ ਨਾ ਡੰਨਿਆ, ਚੌਦਾਂ ਹੱਟ ਨਾ ਪਾਇਣ ਸਾਰ । ਜੁਗ ਜੁਗ ਦਿਸੇ ਨਾ ਆਤਮ ਅੰਨ੍ਹਿਆ, ਹਰਿ ਸੰਤਨ ਕਰੇ ਪਿਆਰ । ਜਨ ਭਗਤਾਂ ਪਿਛੇ ਫਿਰੇ ਭੰਨਿਆ, ਲੋਕਮਾਤ ਲੈ ਅਵਤਾਰ । ਜਨਨੀ ਜਨ ਨਾ ਕਿਸੇ ਜਨਿਆ, ਜਟ ਧੰਨਾ ਲਾਏ ਪਾਰ । ਗੁਰਮੁਖ ਵਿਰਲੇ ਸਤਿਗੁਰ ਪੂਰਾ ਮੰਨਿਆ, ਨਾਨਕ ਰਸਨਾ ਕਹੇ ਪੁਕਾਰ । ਲੱਖ ਚੁਰਾਸੀ ਦੇਵਣਹਾਰਾ ਡੰਨਿਆ, ਅੰਤਮ ਕਲਜੁਗ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ । ਕਦੇ ਵਸੇ ਨਾ ਛੱਪਰ ਛੰਨਿਆ, ਮੰਦਰ ਮਾੜੀ ਨਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਪਾਰ । ਖੇਲ ਅਪਾਰਾ ਹਰਿ ਨਿਰੰਕਾਰਾ, ਵਿਚ ਸੰਸਾਰਾ ਆਪ ਕਰਾਈਆ । ਏਕੰਕਾਰਾ ਕਰ ਪਸਾਰਾ, ਲੱਖ ਚੁਰਾਸੀ ਵੇਖ ਵਖਾਈਆ । ਸ਼ਬਦ ਅਗੰਮੀ ਇਕ ਜੈਕਾਰਾ ਆਪੇ ਬੋਲੇ ਆਪਣੀ ਵਾਰਾ, ਜੁਗ ਜੁਗ ਦਾਤਾ ਬੇਪਰਵਾਹੀਆ । ਕਲਜੁਗ ਤੇਰਾ ਰੂਪ ਨਿਆਰਾ ਚਾਰੋਂ ਕੁੰਟ ਧੂਆਂ ਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨਾਨਕ ਬੋਲੇ ਸਤਿ ਜੈਕਾਰਾ, ਵਰਨਾਂ ਬਰਨਾਂ ਕਰੇ ਪਿਆਰਾ, ਸਾਚੀ ਸਰਨਾ ਇਕ ਰਖਾਈਆ । ਏਕਾ ਅੰਗਦ ਅੰਗੀਕਾਰਾ, ਅਮਰਦਾਸ ਅੰਮ੍ਰਿਤ ਧਾਰਾ, ਰਾਮ ਦਾਸ ਮਿਲਾਈਆ । ਅਰਜਨ ਬੋਲ ਸਚ ਜੈਕਾਰਾ, ਬੋਧ ਅਗਾਧ ਸ਼ਬਦ ਜਣਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਏਕ ਏਕ ਅਖਵਾਈਆ । ਗੁਰੂ ਗ੍ਰੰਥ ਖੇਲ ਅਪਾਰਾ, ਸਾਧ ਸੰਤ ਲਏ ਮਿਲਾਈਆ । ਭਗਤਨ ਦੇਵੇ ਸਚ ਆਧਾਰਾ, ਘਰ ਸਾਚੇ ਵੇਖ ਵਖਾਈਆ । ਹਰਿ ਗੋਬਿੰਦ ਪਾਵੇ ਸਾਰਾ, ਸਾਰੰਗ ਧਰ ਵਡ ਵਡਿਆਈਆ । ਹਰਿਰਾਏ ਹਰਿ ਕਾ ਦਵਾਰਾ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਕ੍ਰਿਸ਼ਨ ਉਤਾਰੇ ਪਾਰਾ, ਬਾਲ ਅਵਸਥਾ ਵਡ ਵਡਿਆਈਆ । ਤੇਗ ਬਹਾਦਰ ਤਿਖੀ ਧਾਰਾ, ਦੋ ਧਾਰਾ ਧਾਰ ਚਲਾਈਆ । ਗੋਬਿੰਦ ਸੂਰਾ ਸੁਤ ਦੁਲਾਰਾ, ਪੁਰਖ ਅਕਾਲ ਇਕ ਮਨਾਈਆ । ਸਾਚਾ ਸ਼ਬਦ ਬੋਲ ਜੈਕਾਰਾ, ਵਾਹਿਗੁਰੂ ਫ਼ਤਹਿ ਇਕ ਗਜਾਈਆ । ਏਕਾ ਇਸ਼ਟ ਦੇਵ ਏਕਾ ਮੀਤ ਮੁਰਾਰਾ, ਘਰ ਸਾਚੇ ਇਕ ਸੁਹਾਈਆ । ਏਕਾ ਖੜਗ ਖੰਡਾ ਕਟਾਰਾ, ਹੱਥ ਭਗੌਤੀ ਇਕ ਉਠਾਈਆ । ਏਕਾ ਅੰਮ੍ਰਿਤ ਸਚ ਭੰਡਾਰਾ, ਸਾਚਾ ਜਾਮ ਆਪ ਪਿਆਈਆ । ਸਾਚਾ ਸਾਕੀ ਬਣ ਵਰਤਾਰਾ, ਸਾਚੀ ਭਿਛਿਆ ਝੋਲੀ ਪਾਈਆ । ਸਾਚੇ ਮੰਦਰ ਖੋਲ੍ਹ ਕਿਵਾੜਾ, ਸਚਖੰਡ ਦਵਾਰਾ ਬੂਹਾ ਲਾਹੀਆ । ਸਚਖੰਡ ਦਵਾਰਾ ਬੈਠਾ ਹਰਿ ਨਿਰੰਕਾਰਾ, ਨਿਰਗੁਣ ਨੂਰ ਨੂਰ ਰਿਹਾ ਚਮਕਾਈਆ । ਪਾਇਆ ਦਰਸ ਅਗੰਮ ਅਪਾਰਾ, ਨੇਤਰ ਨੈਣ ਖੁਸ਼ੀ ਮਨਾਈਆ । ਲੋਚਨ ਖੋਲ੍ਹੇ ਇਕ ਦਵਾਰਾ, ਦੋ ਜਹਾਨਾਂ ਵੇਖ ਵਖਾਈਆ । ਪੰਚਮ ਤਾਜ ਸੀਸ ਦਸਤਾਰਾ, ਪੰਚਮ ਮੁਖ ਰਿਹਾ ਸਲਾਹੀਆ । ਏਕਾ ਬੋਲੇ ਸਚ ਜੈਕਾਰਾ, ਦੋਏ ਦੋਏ ਮੇਲ ਮਿਲਾਈਆ । ਵਾਹ ਵਾ ਗੁਰ ਗੁਰ ਕਹੇ ਪੁਕਾਰਾ, ਵਾਹਿਗੁਰੂ ਫ਼ਤਿਹ ਗਜਾਈਆ । ਸਚਖੰਡ ਚੋਂ ਆਇਆ ਬਾਹਰਾ, ਪੁਰਖ ਅਕਾਲ ਮਨਾਈਆ । ਕੇਸ ਗੜ੍ਹ ਸੋਹੇ ਦਰਬਾਰਾ, ਘਰ ਸਾਚੇ ਸੋਭਾ ਪਾਈਆ ।

ਪੰਚਮ ਕਰੇ ਪੰਚ ਪਿਆਰਾ, ਪੰਚਮ ਤਾਜ ਅੱਗੇ ਟਿਕਾਈਆ । ਪੰਚਮ ਰਾਜ ਜੋਗ ਸਿਕਦਾਰਾ, ਪੰਚਮ ਸਚੀ ਸ਼ਹਿਨਸ਼ਾਹੀਆ । ਪੰਚਮ ਮੀਤਾ ਪੰਚਮ ਅਤੀਤਾ ਪੰਚਮ ਠਾਂਡਾ ਪੰਚਮ ਸੀਤਾ, ਪੰਚਮ ਰੀਤਾ ਇਕ ਵਖਾਈਆ । ਪੰਚਮ ਮੰਦਰ ਪੰਚਮ ਮਸੀਤਾ, ਪੰਚਮ ਮਠ ਸ਼ਿਵਦਵਾਲਾ ਪੰਚਮ ਗੁਰੂਦਵਾਰਾ ਦਏ ਸਮਝਾਈਆ । ਪੰਚਮ ਤਪੇ ਨਾ ਤਤ ਅੰਗੀਠਾ, ਪੰਚਮ ਰਤੀ ਰਤ ਰਹੇ ਨਾ ਰਾਈਆ । ਪੰਚਮ ਨਾਮ ਨਿਧਾਨਾ ਪੀਤਾ, ਗੁਰ ਅਰਜਨ ਤੇਰੀ ਖੋਪਰੀ ਸਾਚਾ ਬਾਟਾ ਆਪ ਬਣਾਈਆ । ਪੰਚਮ ਬਾਣੀ ਪਾਠ ਬਹਿ ਬਹਿ ਆਪੇ ਕੀਤਾ, ਸ਼ਬਦ ਸ਼ਬਦੀ ਵਿਚ ਸਮਾਈਆ । ਪਤਤ ਪਾਪੀ ਕਰੇ ਪੁਨੀਤਾ, ਪਤਤ ਪਾਵਨ ਆਪ ਅਖਵਾਈਆ । ਪੰਚਮ ਮਾਰੇ ਪੰਚਮ ਜੀਤਾ, ਪੰਚਮ ਨਾਦ ਧੁਨ ਸੁਣਾਈਆ । ਪੰਚਮ ਹਸਤ ਪੰਚਮ ਕੀਟਾ, ਪੰਚਮ ਦੇਵੇ ਵਡ ਵਡਿਆਈਆ । ਪੰਚਮ ਵਖਾਏ ਧਾਮ ਅਨਡੀਠਾ, ਸੁਰਤੀ ਸ਼ਬਦ ਮੇਲ ਮਿਲਾਈਆ । ਨਾਨਕ ਗੋਬਿੰਦ ਏਕਾ ਕੀਤਾ, ਪੁਰਖ ਅਕਾਲ ਸੱਚੀ ਸਰਨਾਈਆ । ਏਕਾ ਸ਼ਬਦ ਇਕ ਹਦੀਸਾ, ਏਕਾ ਕਰੇ ਪੜ੍ਹਾਈਆ । ਏਕਾ ਜਗਤ ਇਕ ਜਗਦੀਸਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਹਿਜ ਸੁਭਾਈਆ । ਗੁਰ ਗੋਬਿੰਦ ਸਿੰਘ ਸਿੰਘ ਬਲਕਾਰਾ, ਹਰਿ ਹਰਿ ਪੁਰਖ ਮਨਾਇਆ । ਪੰਚ ਪਿਆਰੇ ਦਏ ਆਧਾਰਾ, ਏਕਾ ਮਤ ਸਮਝਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵਿਚਾਰਾ, ਆਪ ਆਪਣੇ ਰੰਗ ਰੰਗਾਇਆ । ਆਪੇ ਅੰਦਰ ਆਪੇ ਬਾਹਰਾ, ਆਪੇ ਗੁਪਤ ਆਪੇ ਜ਼ਾਹਰਾ, ਆਪ ਆਪਣਾ ਵੇਖ ਵਖਾਇਆ । ਆਪੇ ਖੜਗ ਖੰਡਾ ਤੇਜ ਕਟਾਰਾ, ਸੀਸ ਭੇਟ ਆਪ ਚੜ੍ਹਾਇਆ । ਆਪੇ ਕਰੇ ਤਨ ਸ਼ੰਗਾਰਾ, ਬਸਤਰ ਭੂਸ਼ਨ ਆਪ ਸਜਾਇਆ । ਆਪੇ ਤਿਲਕ ਲਲਾਟ ਲਗਾਏ ਲਗਾਵਣਹਾਰਾ, ਸਵਾ ਰਤੀ ਕੇਸਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਇਆ । ਪੰਚ ਪਿਆਰੇ ਕਰ ਪਰਵਾਨ ਪੰਚਮ ਦਏ ਵਡਿਆਈਆ । ਪੰਚਮ ਦੇਵੇ ਧੁਰ ਫ਼ਰਮਾਨ, ਸਾਚਾ ਹੁਕਮ ਸੁਣਾਈਆ । ਪੰਚਮ ਰਾਜ ਪੰਚਮ ਰਾਜਾਨ, ਸ਼ਾਹ ਸੁਲਤਾਨ ਪੰਚ ਬਣਾਈਆ । ਪੰਚਮ ਰੱਖੇ ਸਾਚੀ ਆਣ, ਸ੍ਰਿਸ਼ਟ ਸਬਾਈ ਇਕ ਵਖਾਈਆ । ਪੰਚਮ ਹਥ ਫੜਾਏ ਨਿਸ਼ਾਨ, ਲੋਕਮਾਤ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਪੰਚ ਪਿਆਰੇ ਹਰਿ ਹਰਿ ਸਾਜ, ਗੁਰ ਸੱਜਣ ਮੀਤ ਅਖਵਾਇਆ । ਆਪਣੇ ਸਿਰ ਤੋਂ ਲਾਹ ਕੇ ਤਾਜ, ਗੁਰਸਿਖਾਂ ਚਰਨਾਂ ਸੀਸ ਝੁਕਾਇਆ । ਤੁਹਾਡੀ ਸਿਖੀ ਮੇਰੀ ਲਾਜ, ਲਜ ਪਤ ਤੁਹਾਡੀ ਝੋਲੀ ਪਾਇਆ । ਮੇਰੀ ਸੇਵਾ ਤੁਹਾਡਾ ਕਾਜ, ਮੈਂ ਸੇਵਕ ਸੇਵਾ ਕਰਨੇ ਆਇਆ । ਤੁਹਾਡੀ ਵਸਤ ਸਾਚਾ ਰਾਜ, ਲੋਕਮਾਤ ਵਖਾਵਣ ਆਇਆ । ਚਾਰ ਵਰਨ ਚਲੌਣਾ ਇਕ ਜਹਾਜ, ਊਚ ਨੀਚ ਨਾ ਕੋਇ ਬਣਾਇਆ । ਕਰਤਾ ਰੱਖੇ ਸਿਰ ਤੇਰੇ ਤਾਜ, ਆਪ ਆਪਣੀ ਦਇਆ ਕਮਾਇਆ । ਗੁਰ ਗੋਬਿੰਦ ਸਿੰਘ ਉਠਾਈ ਇਕ ਆਵਾਜ਼, ਵਾਹ ਵਾ ਗੁਰ ਫਤਿਹ ਗਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇਆ । ਪੰਚਮ ਪਿਆਰੇ ਪੰਚਮ ਰੰਗ, ਪੰਚਮ ਵੇਖ ਵਖਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸੂਰਬੀਰ ਭੇਵ ਨਾ ਆਇੰਦਾ । ਆਪ ਹੋਏ ਸ਼ਾਹ ਮਲੰਗ, ਆਪੇ ਤਖ਼ਤ ਤਾਜ ਹੰਢਾਇੰਦਾ । ਆਪੇ ਅਸਵ ਘੋੜੇ ਕਸੇ ਤੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਦੌੜਾਇੰਦਾ । ਆਪੇ ਖੜਗ ਖੰਡਾ ਕਰੇ ਜੰਗ, ਚੰਡ ਪਰਚੰਡ ਆਪ ਚਮਕਾਇੰਦਾ । ਆਪੇ ਸਰਸਾ ਰਿਹਾ ਲੰਘ, ਗੜ੍ਹੀ ਚਮਕੌਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਰਖਾਇੰਦਾ ।


੧੯੨

ਗੜ੍ਹੀ ਚਮਕੌਰ ਹਰਿ ਕਾ ਧਾਮ, ਸਤਿਜੁਗ ਸਾਚੇ ਆਪ ਸੁਹਾਇਆ । ਤਰੇਤਾ ਆਇਆ ਚਲ ਕੇ ਰਾਮ, ਵਸ਼ਿਸ਼ਟ ਗੁਰ ਇਕ ਮਨਾਇਆ । ਦਵਾਪਰ ਬੰਸਰੀ ਵੱਜੀ ਕਾਹਨ, ਸੁਰਤੀ ਗੋਪੀ ਨਾਚ ਨਚਾਇਆ । ਨਾਨਕ ਵਸਾਇਆ ਨਗਰ ਗਰਾਮ, ਅੰਤ ਕੰਤ ਭਗਵੰਤ ਮਿਲਾਇਆ । ਹਰਿ ਗੋਬਿੰਦ ਪਿਆਇਆ ਸਾਚਾ ਜਾਮ, ਛੇਵਾਂ ਘਰ ਫੋਲ ਫੁਲਾਇਆ । ਗੁਰ ਗੋਬਿੰਦ ਕਰਿਆ ਪੂਰਾ ਕਾਮ, ਕਲਜੁਗ ਲਹਿਣਾ ਰਹੇ ਨਾ ਰਾਇਆ । ਨੀਲੇ ਘੋੜੇ ਦਿਤੀ ਲਗਾਮ, ਸੋਲਾਂ ਕਲੀਆਂ ਆਸਣ ਪਾਇਆ । ਚਾਰ ਜੁਗ ਦਾ ਸੁਹਾਇਆ ਧਾਮ, ਧਰਮੀ ਧਰਮੀ ਧਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੜ੍ਹੀ ਚਮਕੌਰ ਦਏ ਸਮਝਾਇਆ । ਸਤਿਜੁਗ ਬਾਵਨ ਬਲ ਬਲ ਧਾਰ, ਬਲ ਰਾਜਾ ਏਹ ਸਮਝਾਈਆ । ਬਲਖ ਬੁਖਾਰਿਉਂ ਆਇਆ ਕਰ ਵਿਚਾਰ, ਡੇਰਾ ਡੇਰੇ ਲਏ ਲਗਾਈਆ । ਪੂਜਾ ਪਾਠ ਕਰਿਆ ਸੰਧਿਆ ਵਿਚਾਰ, ਏਕਾ ਇਸ਼ਟ ਇਸ਼ਟ ਮਨਾਈਆ । ਦਰਸ ਦਿਖਾਇਆ ਹਰਿ ਕਰਤਾਰ, ਚਿਟੇ ਅਸਵ ਫੇਰਾ ਪਾਈਆ । ਰੂਪ ਅਗੰਮ ਵੇਖ ਨਿਰੰਕਾਰ, ਬਲ ਬਾਵਨ ਢਹਿ ਢਹਿ ਪਏ ਸਰਨਾਈਆ । ਮੰਗੇ ਮੰਗ ਬਣ ਭਿਖਾਰ, ਆਪਣੀ ਝੋਲੀ ਅਗੇ ਡਾਹੀਆ । ਤੂੰ ਦਾਤਾ ਦਾਤਾਰ ਸਦ ਸੁਣਨੇਹਾਰ, ਹਉਂ ਰਸਨਾ ਜੇਹਵਾ ਗਾਈਆ । ਧਰਨੀ ਧਰਤ ਧਵਲ ਰਹੀ ਪੁਕਾਰ, ਤੇਰਾ ਰਾਹ ਤਕਾਈਆ । ਤੇਰਾ ਚਰਨ ਛੋਹੇ ਵਿਚ ਸੰਸਾਰ, ਗ਼ਰੀਬ ਨਿਮਾਣੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਵੇਲਾ ਅੰਤਮ ਔਣਾ, ਕਲਜੁਗ ਕੂਕੇ ਦਏ ਦੁਹਾਈਆ । ਗੋਬਿੰਦ ਫੇਰਾ ਸਾਚਾ ਪੌਣਾ, ਘਰ ਸਾਚੇ ਵੱਜੇ ਵਧਾਈਆ । ਗ਼ਰੀਬ ਨਿਮਾਣਿਆਂ ਗਲੇ ਲਗੌਣਾ, ਚਾਰ ਵਰਨਾਂ ਲਏ ਉਠਾਈਆ । ਸਾਚੀ ਧਰਨੀ ਆਪ ਸੁਹੌਣਾ, ਚਲ ਕੇ ਆਏ ਸਾਚਾ ਮਾਹੀਆ । ਆਪ ਆਪਣਾ ਭੇਟ ਚੜ੍ਹੌਣਾ, ਬੰਸ ਸਰਬੰਸ ਲੇਖੇ ਲਾਈਆ । ਸਿਰ ਤਾਜ ਇਕ ਵਖੌਣਾ, ਗੁਰਮੁਖ ਆਪ ਉਪਜਾਈਆ । ਚਾਰ ਜੁਗ ਦਾ ਲੇਖਾ ਮੂਲ ਚੁਕੌਣਾ, ਪੂਰਬ ਲਹਿਣਾ ਰਹੇ ਨਾ ਰਾਈਆ । ਆਪਣੀ ਦਸਤਾਰ ਕਰ ਪਿਆਰ ਗੁਰਮੁਖ ਸਾਚੇ ਸੀਸ ਟਿਕੌਣਾ, ਸਿੰਘ ਸੰਗਤ ਹਰਿ ਸੰਗਤ ਰੂਪ ਸਮਾਈਆ । ਕਲਗੀ ਤੋੜਾ ਦੂਸਰ ਕਿਸੇ ਨਾ ਹੱਥ ਫੜੌਣਾ, ਬ੍ਰਹਮਾ ਵਿਸ਼ਨ ਸ਼ਿਵ ਕ੍ਰੋੜ ਤੇਤੀਸਾ ਬੈਠੇ ਰਾਹ ਤਕਾਈਆ । ਸੂਲਾਂ ਸੇਜ ਫੇਰ ਹੰਢੌਣਾ, ਸਾਚਾ ਸੱਥਰ ਆਪ ਵਛਾਈਆ । ਸਾਚਾ ਯਾਰ ਇਕ ਮਨੌਣਾ, ਏਕਾ ਵੱਜੇ ਵਧਾਈਆ । ਬਲ ਤੇਰਾ ਉਲ੍ਹਾਮਾ, ਲੋਕਮਾਤ ਚੌਥੇ ਜੁਗ ਲਾਹੁਣਾ, ਸਤਿਜੁਗ ਤ੍ਰੇਤਾ ਦੁਆਪਰ ਦੇਣ ਨਾਲ ਗਵਾਹੀਆ । ਸਾਚਾ ਸਾਲਸ ਬਣਕੇ ਔਣਾ, ਸਾਖਯਾਤ ਰੂਪ ਵਟਾਈਆ । ਫੜ ਫੜ ਕਾਗੋਂ ਹੰਸ ਬਣੌਣਾ, ਕਾਗ ਹੰਸਾ ਡਾਰ ਰਲਾਈਆ । ਤਖਤ ਤਾਜ ਆਪ ਤਜੌਣਾ, ਗੁਰਮੁਖਾਂ ਬਖਸ਼ੇ ਸਾਚੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਸੂਲਾਂ ਸੱਥਰ ਹੇਠ ਵਿਛਾਇਆ, ਏਕਾ ਯਾਰ ਧਿਆਇੰਦਾ । ਪਵਣ ਪਵਣੀ ਸੇਵਾ ਲਾਇਆ, ਪਵਣ ਪਵਣਾਂ ਵਿਚ ਟਿਕਾਇੰਦਾ । ਅਵਣ ਗਵਣ ਪਾਰ ਕਰਾਇਆ, ਤ੍ਰੈਭਵਨ ਪੰਧ ਮੁਕਾਇੰਦਾ । ਬਾਵਨ ਬਵਨ ਲੇਖ ਮੁਕਾਇਆ, ਬਲ ਬਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਸ਼ਬਦ ਸੁਨੇਹੜਾ ਸਾਚੇ ਯਾਰ, ਗੁਰ ਗੋਬਿੰਦ ਆਪ ਘਲਾਇਆ । ਪੁਰਖ ਅਬਿਨਾਸ਼ੀ ਕਰ ਪਿਆਰ, ਆਪ ਆਪਣੀ ਝੋਲੀ ਪਾਇਆ । ਆਪੇ ਪੜ੍ਹੇ ਆਪਣੀ ਵਾਰ, ਆਪਣਾ ਬੰਧ ਆਪ ਖੁਲ੍ਹਾਇਆ । ਏਕਾ ਊੜਾ

ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇਆ । ਤਿੰਨ ਲੋਕ ਤ੍ਰੈਗੁਣ ਬ੍ਰਹਮਾ ਵਿਸ਼ਨ ਸ਼ਿਵ ਬੰਦ ਕਰੇ ਅਧ ਵਿਚਕਾਰ, ਚੌਦਾਂ ਲੋਕ ਚਾਰ ਕੁੰਟ ਬਿਠਾਇਆ । ਨਿਰਗੁਣ ਰੂਪ ਨਿਰਾਕਾਰ ਗੁਰ ਗੋਬਿੰਦ ਮੇਲਾ ਵਿਚ ਸੰਸਾਰ, ਸ਼ਬਦ ਸ਼ਬਦੀ ਡੰਕ ਵਜਾਇਆ । ਤੇਰਾ ਸੋਹੇ ਬੰਕ ਦਵਾਰ, ਦਰ ਦਰਵਾਜਾ ਇਕ ਖੁਲ੍ਹਾਇਆ । ਜਨਕ ਉਲ੍ਹਾਮਾ ਦਏ ਉਤਾਰ, ਹਰਿਜਨ ਸਾਚੇ ਗਲੇ ਲਗਾਇਆ । ਬਿਦਰ ਸੁਦਾਮਾ ਕਰੇ ਪਿਆਰ, ਕਾਹਨਾ ਕ੍ਰਿਸ਼ਨਾ ਵੇਖ ਵਖਾਇਆ । ਭੀਲਨੀ ਬਣੇ ਦਰ ਭਿਖਾਰ, ਮੁਖ ਆਪਣੇ ਭੋਗ ਲਗਾਇਆ । ਸਾਚਾ ਵਰਤੇ ਅੰਮ੍ਰਿਤ ਵਿਚ ਸੰਸਾਰ, ਪੁਰਖ ਅਬਿਨਾਸ਼ੀ ਦਏ ਵਰਤਾਇਆ । ਚਾਰ ਵਰਨਾਂ ਦਏ ਅਧਾਰ, ਮਨ ਮਨੂਆ ਆਪ ਬੰਧਾਇਆ । ਮਤ ਮਤਵਾਲੀ ਨਾ ਹੋਏ ਖਵਾਰ, ਬੁਧ ਬਿਬੇਕ ਜਣਾਇਆ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਦਏ ਲਟਕਾਇਆ । ਪੰਜਾ ਦੁਸ਼ਟਾਂ ਕਰੇ ਸੰਘਾਰ, ਪੰਚਮ ਪੰਚਮ ਦਏ ਖਪਾਇਆ । ਅੰਤਮ ਕਲਜੁਗ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਆਪਣਾ ਨਾਉਂ ਧਰਾਇਆ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਬਣਤ ਆਪ ਬਣਾਇਆ । ਜੁਗ ਜੁਗ ਜੋਤ ਜਗੇ ਅਪਾਰ, ਤੇਲ ਬਾਤੀ ਨਾ ਕੋਈ ਰਖਾਇਆ । ਘਰ ਵਿਚ ਘਰ ਕਰ ਤਿਆਰ, ਘਰ ਘਰ ਵਿਚ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਦਏ ਵਜਾਇਆ । ਕਲਜੁਗ ਅੰਤਮ ਖੇਲ ਕਰਾਵਾਣਾ, ਹਰਿ ਹਰਿ ਆਪ ਜਣਾਈਆ । ਸੋ ਪੁਰਖ ਨਿਰੰਜਣ ਵੇਸ ਵਟਾਵਣਾ, ਏਕੰਕਾਰਾ ਨਾਉਂ ਧਰਾਈਆ । ਆਦਿ ਨਿਰੰਜਣ ਜੋਤ ਜਗਾਵਣਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਵੇਸ ਵਟਾਵਣਾ, ਦਿਸ ਕਿਸੇ ਨਾ ਆਈਆ । ਸ੍ਰੀ ਭਗਵਾਨ ਆਪਣਾ ਭੇਵ ਖੁਲ੍ਹਾਵਣਾ, ਆਪ ਆਪਣਾ ਢੋਲਾ ਗਾਈਆ । ਪਾਰਬ੍ਰਹਮ ਇਕ ਸਮਝਾਵਣਾ, ਏਕਾ ਇਸ਼ਟ ਦੇਵ ਵਖਾਈਆ । ਵਿਸ਼ਨੂੰ ਵਿਸ਼ਵ ਨਾਲ ਰਲਾਵਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਈਆ । ਬ੍ਰਹਮਾ ਵੇਦ ਚਾਰ ਪੜ੍ਹਾਵਣਾ, ਆਪਣੀ ਵਿਦਿਆ ਆਪ ਸਿਖਾਈਆ । ਸ਼ੰਕਰ ਬਾਸਕ ਤਸ਼ਕ ਗਲ ਸੁਹਾਵਣਾ, ਹੱਥ ਤ੍ਰਿਸ਼ੂਲ ਉਠਾਈਆ । ਕਰੋੜ ਤੇਤੀਸਾ ਦਰ ਬਹਾਵਣਾ, ਸੁਰਪਤ ਰਾਜਾ ਇੰਦ ਮੰਗੇ ਸਰਨਾਈਆ । ਗਣ ਗੰਧਰਬ ਗੀਤ ਏਕਾ ਗਾਵਣਾ, ਕਿੰਨਰ ਯਛਪ ਨਾਚ ਨਚਾਈਆ । ਧਰਮ ਰਾਏ ਸੀਸ ਝੁਕਾਵਣਾ, ਚਿਤਰ ਗੁਪਤ ਨੈਣ ਸ਼ਰਮਾਈਆ । ਲਾੜੀ ਮੌਤ ਸੀਸ ਗੁੰਦਾਵਣਾ, ਲਾਲ ਮਹਿੰਦੀ ਹੱਥ ਰੰਗਾਈਆ । ਕੂੜ ਕੁੜਿਆਰਾ ਕੱਜਲ ਪਾਵਣਾ, ਜੂਠ ਝੂਠ ਨੈਣ ਮਟਕਾਈਆ । ਆਸਾ ਤ੍ਰਿਸਨਾ ਪਿਆਰ ਵਧਾਵਾਣਾ, ਹਉਮੇ ਹੰਗਤਾ ਬਸਤਰ ਭੂਸ਼ਨ ਇਕ ਹੰਢਾਈਆ । ਪੰਚ ਵਿਕਾਰਾ ਬਹਿ ਬਹਿ ਗਾਵਣਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਚਾਰ ਕੁੰਟ ਜਗਤ ਨਗਾਰਾ ਇਕ ਵਜਾਵਣਾ, ਦਹਿ ਦਿਸ਼ਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਹੋਏ ਅੰਧੇਰਾ, ਸਾਚਾ ਚੰਦ ਨਾ ਕੋਈ ਵਖਾਈਆ । ਸਾਧਾਂ ਸੰਤਾਂ ਢਏ ਡੇਰਾ, ਘਰ ਵਿਚ ਘਰ ਨਾ ਕੋਈ ਵਿਖਾਈਆ । ਕਾਇਆ ਉਜੜ ਉਜੜ ਵਸੇ ਖੇੜਾ, ਰੁਤ ਬਸੰਤ ਨਾ ਕੋਈ ਮਹਿਕਾਈਆ । ਪੰਚਮ ਨਾ ਲਾਏ ਕੋਈ ਉਖੇੜਾ, ਪੰਚਮ ਸ਼ਬਦ ਨਾ ਕੋਈ ਸੁਣਾਈਆ । ਵੇਲੇ ਅੰਤ ਨਾ ਬੰਨੇ ਕੋਈ ਬੇੜਾ, ਘਰ ਘਰ ਬੈਠੇ ਬਹਿ ਬਹਿ ਰਾਮ ਅਖਵਾਈਆ । ਪੁਰਖ ਅਬਿਨਾਸ਼ੀ ਪਾਏ ਘੇਰਾ, ਨਿਰਗੁਣ ਲਏ ਮਾਤ ਅੰਗੜਾਈਆ । ਚੌਥੇ ਜੁਗ ਕਰੇ ਹੱਕ ਨਿਬੇੜਾ, ਗੁਰਮੁਖ ਮਨਮੁਖ ਵੇਖੇ ਥਾਉਂ ਥਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਆਪਣਾ ਨਾਉਂ ਰਖਾਈਆ । ਨਿਹਕਲੰਕ

ਹਰਿ ਭਗਵਾਨਾ, ਏਕਾ ਏਕ ਏਕੰਕਾਰਿਆ । ਜੋਤ ਸਰੂਪੀ ਨੂਰ ਮਹਾਨਾ, ਨੂਰੋ ਨੂਰ ਉਜਆਰਿਆ । ਸ਼ਬਦ ਸਰੂਪੀ ਸਤਿ ਤਰਾਨਾ, ਗੁਰ ਸ਼ਬਦੀ ਨਾਉਂ ਧਰਾ ਲਿਆ । ਕਲਜੁਗ ਅੰਤਮ ਪਹਿਰਿਆ ਬਾਨਾ, ਆਪ ਆਪਣਾ ਰੂਪ ਵਟਾ ਲਿਆ । ਸੋਹੰ ਸ਼ਬਦ ਤੀਰ ਕਮਾਨਾ, ਸਾਚਾ ਚਿਲਾ ਹੱਥ ਉਠਾ ਲਿਆ । ਨਿਰਗੁਣ ਸਰਗੁਣ ਵੇਖੇ ਦੋ ਜਹਾਨਾ, ਪ੍ਰਿਥਮੀ ਆਕਾਸ਼ ਫੇਰਾ ਪਾ ਲਿਆ । ਏਕਾ ਰਾਗ ਇਕ ਤਰਾਨਾ, ਏਕਾ ਸੋਹਲਾ ਗਾ ਲਿਆ । ਏਕਾ ਮਰਦ ਇਕ ਮਰਦਾਨਾ, ਗੁਰ ਚੇਲਾ ਇਕ ਬਣਾ ਲਿਆ । ਏਕਾ ਪੀਣਾ ਏਕਾ ਖਾਣਾ, ਏਕਾ ਰਸਨਾ ਰਸ ਵਖਾ ਲਿਆ । ਦੰਦ ਬਤੀਸਾ ਏਕਾ ਗਾਨਾ, ਏਕਾ ਗੋਬਿੰਦ ਸਗਨ ਮਨਾ ਲਿਆ । ਏਕਾ ਤੀਰ ਏਕਾ ਖੰਡਾ ਏਕਾ ਤੇਜ ਕ੍ਰਿਪਾਨਾ, ਆਪਣੀ ਕਿਰਪਾ ਧਾਰ ਵਖਾ ਲਿਆ । ਏਕਾ ਮੰਦਰ ਇਕ ਮਕਾਨਾ, ਸੰਬਲ ਨਗਰੀ ਡੇਰਾ ਲਾ ਲਿਆ । ਹਰਿ ਜੂ ਹਰਿ ਮੰਦਰ ਉਡਾਏ ਸਚ ਬਿਬਾਨਾ, ਸ਼ਬਦ ਸ਼ਬਦੀ ਸੇਵ ਕਮਾ ਲਿਆ । ਆਪੇ ਬਣੇ ਸਾਚਾ ਰਾਣਾ, ਸੀਸ ਆਪਣਾ ਤਾਜ ਸੁਹਾ ਲਿਆ । ਆਪ ਚੜ੍ਹਾਏ ਸਤਿ ਨਿਸ਼ਾਨਾ, ਸਤ ਰੰਗਾ ਆਪ ਰੰਗਾ ਲਿਆ । ਕਲਜੁਗ ਅੰਤਮ ਹੋ ਪ੍ਰਧਾਨਾ, ਆਪਣਾ ਡੰਕ ਵਜਾ ਲਿਆ । ਸੰਮਤ ਸੋਲਾਂ ਲੇਖ ਲਿਖਾਨਾ, ਸ਼ਾਹ ਸੁਲਤਾਨਾ ਮੇਟ ਮਿਟਾ ਲਿਆ । ਗੁਰਮੁਖ ਸਾਚੇ ਨੌਜਵਾਨਾ, ਗੁਰ ਗੋਬਿੰਦ ਗੋਦ ਸੁਹਾ ਲਿਆ । ਪਹਿਲੀ ਚੇਤਰ ਪਹਿਨਾਏ ਸਾਚਾ ਬਾਣਾ, ਕਾਇਆ ਚੋਲੀ ਰੰਗ ਰੰਗਾ ਲਿਆ । ਏਕਾ ਇਕੀ ਇਕ ਵਿਖਾਨਾ, ਸਾਚੀ ਸਿਖੀ ਸਿਖ ਸਮਝਾ ਲਿਆ । ਪੰਚਮ ਮੇਲਾ ਦੋ ਜਹਾਨਾ, ਜੋਤ ਲਿਲਾਟੀ ਤਿਲਕ ਵਖਾ ਲਿਆ । ਲੱਖ ਚੁਰਾਸੀ ਸਹਿਣਾ ਭਾਣਾ, ਹਰਿ ਹਰਿ ਹੁਕਮੀ ਹੁਕਮ ਫਿਰਾ ਲਿਆ । ਆਪ ਚੁਕਾਏ ਅੰਨ ਦਾਨਾ, ਪੀਣਾ ਖਾਣਾ ਆਪਣੇ ਹੱਥ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਤਾਜ ਧੁਰਦਰਗਾਹੀ, ਏਕਾ ਏਕ ਵਖਾ ਲਿਆ । ਪੰਚਮ ਮੁਖ ਸਾਚਾ ਤਾਜ, ਨੌ ਸੌ ਚੁਰਾਨਵੇ ਚੌਕੜੀ ਜੁਗ, ਦਿਸ ਕਿਸੇ ਨਾ ਆਇਆ । ਕਲਜੁਗ ਅੰਤਮ ਨਿਰਗੁਣ ਰਚਿਆ ਆਪਣਾ ਕਾਜ, ਨਿਰਗੁਣ ਵੇਖਣ ਆਇਆ । ਪਰਗਟ ਹੋਇਆ ਦੇਸ ਮਾਝ, ਭੁੱਲ ਰਹੇ ਨਾ ਰਾਇਆ । ਸ੍ਰਿਸ਼ਟ ਸਬਾਈ ਰਾਜਨ ਰਾਜ, ਸ਼ਾਹੋ ਭੂਪ ਆਪ ਅਖਵਾਇਆ । ਵੀਹ ਸੌ ਵੀਹ ਬਿਕ੍ਰਮੀ ਪੂਰਾ ਕਰਨਾ ਆਪਣਾ ਕਾਜ, ਸਾਚੇ ਤਖ਼ਤ ਆਪ ਸੁਹਾਇਆ । ਨੌ ਖੰਡ ਪ੍ਰਿਥਮੀ ਸੁਣਾਏ ਇਕ ਆਵਾਜ਼, ਸੱਤਾਂ ਦੀਪਾਂ ਆਪ ਹਲਾਇਆ । ਗੁਰ ਸੰਗਤ ਚੜ੍ਹੀ ਸਚ ਜਹਾਜ਼, ਸਤਿਗੁਰ ਪੂਰਾ ਆਪ ਚੜ੍ਹਾਇਆ । ਲਖ ਚੁਰਾਸੀ ਭਾਂਡਾ ਭੱਜਣਾ ਕਲ ਕਿ ਆਜ, ਕਲ ਕੂਕੇ ਦਏ ਦੁਹਾਇਆ । ਲਾੜੀ ਮੌਤ ਨਚਾਏ ਨਾਚ, ਮੁਖ ਘੁੰਗਟ ਰਹੀ ਉਠਾਇਆ । ਕਾਇਆ ਵੇਖੇ ਸੁਰਾਹੀ ਕਾਚ, ਜਗਤ ਪਿਆਲਾ ਮਧ ਦਏ ਪਿਆਇਆ । ਸਤਿਗੁਰ ਪੂਰਾ ਗੁਰਮੁਖਾਂ ਹਿਰਦੇ ਅੰਦਰ ਜਾਏ ਰਾਚ, ਸਾਢੇ ਤਿੰਨ ਕਰੋੜ ਆਪਣਾ ਅੰਗ ਬਣਾਇਆ । ਨੇੜ ਨਾ ਆਏ ਕਲਜੁਗ ਆਂਚ, ਤਤੀ ਵਾ ਨਾ ਲਗੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਦਿਵਸ ਦਏ ਸੁਹਾਇਆ । ਸਾਚਾ ਦਿਵਸ ਹਰਿ ਸੁਹਾਵਨਾ, ਪਹਿਲੀ ਚੇਤਰ ਵੇਖ ਵਿਖਾਇੰਦਾ । ਵੀਹ ਸੌ ਤੇਰਾਂ ਬਿਕ੍ਰਮੀ ਦਿਨ ਯਾਦ ਕਰਾਵਨਾ, ਰਾਜ ਰਾਜਾਨਾਂ ਲੇਖ ਲਿਖਾਇੰਦਾ । ਸਾਚੀ ਦਸਤਾਰ ਹੱਥ ਫੜਾਵਨਾ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਸਾਲ ਚੌਥੇ ਯੁਗ, ਚਾਰ ਕੁੰਟ ਵੇਖ ਵਖਾਇੰਦਾ । ਸੰਮਤ ਵੀਹ ਸਦ ਤੇਰਾਂ ਪਹਿਲੀ ਚੇਤ, ਰਾਜ ਰਾਜਾਨ ਸਾਧ ਸੰਤ ਆਪ ਉਠਾਈਆ । ਸੁੰਜਾਂ ਹੋਣਾ ਕਾਇਆ ਖੇਤ, ਸਾਚੀ ਰੁਤ ਨਾ ਕੋਇ ਵਖਾਈਆ । ਕਲਜੁਗ ਹਾੜੀ ਵੱਢੇ ਅਗੇਤ ਪਛੇਤ,

੧੯੬

ਤਿੰਨ ਦਿਨ ਆਪਣੇ ਲੇਖੇ ਲਾਈਆ । ਚੌਥੇ ਦਿਵਸ ਸਾਧ ਸੰਤ ਕੋਈ ਨਾ ਦਿਸੇ ਨੇਤਨ ਨੇਤ, ਚੌਥਾ ਚੇਤ ਦਏ ਗਵਾਹੀਆ । ਕਲਜੁਗ ਸੰਤ ਹੋਏ ਪਰੇਤ, ਚਾਰ ਕੁੰਟ ਵਿਸ਼ਟਾ ਮੁਖ ਮੁਖ ਪਾਈਆ । ਪੁਰਖ ਅਬਿਨਾਸ਼ੀ ਤੇਰਾ ਕਿਸੇ ਨਾ ਪਾਇਆ ਭੇਤ, ਬੈਠੇ ਆਪਣੇ ਆਸਣ ਲਾਈਆ । ਅੰਤਮ ਸਿਰ ਵਿਚ ਪੈਣੀ ਬਾਲੂ ਰੇਤ, ਕਲਜੁਗ ਕੜਛਾ ਹੱਥ ਉਠਾਈਆ । ਗੁਰ ਅਰਜਨ ਕਰਨ ਆਇਆ ਹੇਤ, ਸੜਦੇ ਹਿਰਦੇ ਸਾਂਤ ਸਤਿ ਕਰਾਈਆ । ਘਰ ਤਰਖਾਣਾਂ ਪਿਆ ਜੰਮ ਆਪੇ ਲਾਏ ਵੇਂਤ, ਸਿਧਾ ਚੀਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ, ਚਾਰ ਵਰਨਾਂ ਉਚੀ ਕੂਕ ਰਿਹਾ ਸੁਣਾਈਆ । ਚਾਰ ਵਰਨ ਜਾਣਾ ਜਾਗ, ਹਰਿ ਸਾਚਾ ਜੋਤ ਜਗਾਇੰਦਾ । ਮਾਝੇ ਦੇਸ ਲੱਗਾ ਭਾਗ, ਚਾਰੋਂ ਕੁੰਟ ਹਲਾਇੰਦਾ । ਮਨਮੁਖਾਂ ਸਿਰ ਪਾਏ ਖ਼ਾਕ, ਸੰਗ ਮੁਹੰਮਦ ਚਾਰ ਯਾਰ ਕਲਜੁਗ ਨਾਲ ਉਡਾਇੰਦਾ । ਆਪੇ ਚੜ੍ਹਿਆ ਏਕਾ ਰਾਕ, ਸ਼ਬਦ ਘੋੜਾ ਹਰਿ ਦੌੜਾਇੰਦਾ । ਸ਼ਾਹ ਸੁਲਤਾਨਾਂ ਨਕੇਲ ਪਾਏ ਨਾਕ, ਤਖ਼ਤ ਤਾਜ ਸਰਬ ਮਿਟਾਇੰਦਾ । ਗੁਰਮੁਖਾਂ ਬਣੇ ਸੱਜਣ ਸਾਕ, ਸਤਿਜੁਗ ਨਾਤਾ ਜੋੜ ਜੁੜਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟ, ਸਾਚਾ ਤੋਲਾ ਆਪਣਾ ਤੋਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਪਿਆਰੇ ਇਹ ਸਮਝਾਇੰਦਾ । ਪੰਚ ਪਿਆਰੇ ਨੇਤਰ ਖੋਲ੍ਹ, ਹਰਿ ਸਤਿਗੁਰ ਆਪ ਖੁਲ੍ਹਾਈਆ । ਪੰਜਾਂ ਅੰਦਰ ਜਾਏ ਬੋਲ, ਆਪਣਾ ਮੁਖ । ਪੰਜਾਂ ਅੰਦਰ ਤੋਲੇ ਤੋਲ, ਆਪਣਾ ਕੰਡਾ ਹੱਥ ਉਠਾਈਆ । ਪੰਜਾਂ ਕਰੇ ਸਦਾ ਅਡੋਲ, ਨਾ ਕੋਈ ਡੋਲੇ ਡੋਲ ਡੁਲਾਈਆ । ਪੰਜਾਂ ਉਤੋਂ ਆਪ ਆਪਣਾ ਘੋਲੀ ਘੋਲ, ਘੋਲੀ ਘੋਲ ਸੇਵ ਕਮਾਈਆ । ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਪੌਹਲ, ਮਿੱਠਾ ਰਸ ਵਿਚ ਭਰਾਈਆ । ਦੇਵੇ ਵਡਿਆਈ ਉਪਰ ਧਵਲ, ਧਰਨੀ ਨਿਉਂ ਨਿਉਂ ਸੀਸ ਝੁਕਾਈਆ । ਅੰਮ੍ਰਿਤਸਰ ਵਖਾਏ ਅੰਮ੍ਰਿਤ ਕਵਲ, ਮੁਖ ਨਾਭੀ ਨਾਭ ਭਵਾਈਆ । ਜੋਤੀ ਜੋਤ ਸਰਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਆਪ ਜਣਾਈਆ । ਪੰਚ ਪਿਆਰੇ ਇਕੀ ਸਿੱਖ, ਏਕਾ ਬੰਧਨ ਪਾਇੰਦਾ । ਹਰਿ ਸੰਗਤ ਤੇਰਾ ਲੇਖਾ ਲਿਖ, ਚਾਰ ਵਰਨ ਸਮਝਾਇੰਦਾ । ਦੀਨ ਮਜ਼੍ਹਬ ਦਰ ਮੇਟੇ ਭੇਖ, ਬੀਸ ਬੀਸਾ ਰਾਹ ਤਕਾਇੰਦਾ । ਸ੍ਰਿਸ਼ਟ ਸਬਾਈ ਆਪੇ ਵੇਖ, ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾ ਰਤੀ ਸਾਚਾ ਕੇਸਰ ਸਿੰਘ ਪਰਗਟ ਸੇਵਾ ਲਾਇੰਦਾ । ਪਰਗਟ ਸਿੰਘ ਕੇਸਰ ਸਵਾ ਰਤੀ, ਪਹਿਲੀ ਚੇਤਰ ਭੇਟ ਚੜ੍ਹਾਈਆ । ਹਰਿ ਸੰਗਤ ਵਾ ਨਾ ਲੱਗੇ ਤੱਤੀ, ਆਪਣੀ ਹੱਥੀਂ ਲੇਖਾ ਦਏ ਲਿਖਾਈਆ । ਹਰਿ ਕਾ ਭੇਵ ਨਾ ਪਾਇਣ ਜੁਗ ਛੱਤੀ, ਰਾਗ ਛੱਤੀ ਰਹੇ ਸਲਾਹੀਆ । ਸਾਧ ਸੰਤ ਜੀਵ ਜੰਤ ਗਾ ਗਾ ਥੱਕੇ ਦੰਦ ਬੱਤੀ, ਕਮਲਾਪਤੀ ਭੇਵ ਨਾ ਰਾਈਆ । ਕਲਜੁਗ ਅੰਤਮ ਮਿਲਿਆ ਸੱਚਾ ਸਾਥੀ, ਜਗਤ ਵਿਛੋੜਾ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੀ ਸਿੱਖਾਂ ਏਕਾ ਰੰਗ ਚੜ੍ਹਾਈਆ । ਢਾਈ ਗਜ਼ ਚਿੱਟਾ ਬਸਤਰ, ਕੇਸਰ ਰੰਗ ਰੰਗਾਵਣਾ । ਇਕੀ ਸਿੱਖਾਂ ਨਾਮ ਪਹਿਨਾਏ ਤਨ ਸਾਚਾ ਸ਼ਸਤਰ, ਲੋਕਮਾਤ ਕਿਸੇ ਗਲੋਂ ਨਾ ਲਾਹਵਣਾ । ਤਨ ਪਹਿਨਾਏ ਆਪਣਾ ਨਾਮ ਜ਼ਰ ਬਕਤਰ, ਤੀਰ ਤਲਵਾਰ ਨਾ ਖੰਡਾ ਕਿਸੇ ਘਾਵਣਾ । ਆਤਮ ਬੀਜ ਬੀਜੇ ਆਪਣੇ ਵੱਤਰ, ਫੁਲ ਫੁਲਵਾੜੀ ਆਪ ਮਹਿਕਾਵਣਾ । ਲੇਖਾ ਜਾਣੇ ਅਫ਼ਗ਼ਾਨ ਲੱਖ ਸੱਤਰ, ਭਗਤ ਬਹੱਤਰ ਮੇਲ ਮਿਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਖੇਲ ਖਿਲਾਵਣਾ ।

ਪਹਿਲੀ ਚੇਤਰ ਸਾਢੇ ਦਸ, ਥਿਤ ਵਾਰ ਹਰਿ ਸਮਝਾਈਆ । ਹਰਿ ਸੰਗਤ ਔਣਾ ਨੱਸ ਨੱਸ, ਸਤਿਗੁਰ ਮਿਲੇ ਬੇਪਰਵਾਹੀਆ । ਸਾਚਾ ਮਾਰਗ ਦੇਵੇ ਦੱਸ, ਕੂੜੀ ਕਿਰਿਆ ਦਏ ਮਿਟਾਈਆ । ਸ਼ਬਦ ਤੀਰ ਨਿਰਾਲਾ ਦੇਵੇ ਮਾਰ ਕਸ, ਬਿਰਹੋ ਰੋਗ ਮਿਟਾਈਆ । ਹਿਰਦੇ ਅੰਦਰ ਜਾਏ ਵਸ, ਹਰਿ ਹਰਿ ਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਜ਼ ਗ਼ਰੀਬ ਨਿਵਾਜ਼, ਗੁਰਮੁਖ ਸਾਚੇ ਹੱਥ ਫੜਾਈਆ । ਹੱਥ ਤਾਜ ਹਰਿ ਫੜੌਣਾ, ਸਤਿਗੁਰ ਪੂਰਾ ਆਪ ਸਮਝਾਇੰਦਾ । ਪੰਜਾਂ ਸਿੱਖਾਂ ਅੱਗੇ ਲੌਣਾ, ਨੰਗੀ ਦੋ ਕਟਾਰ ਚਮਕਾਇੰਦਾ । ਛੇਵੇਂ ਘਰ ਪੰਧ ਮੁਕੌਣਾ, ਛੇ ਦਰ ਫੋਲ ਫੋਲਾਇੰਦਾ । ਸਿੰਘ ਨਰਾਇਣ ਸੇਵ ਕਮੌਣਾ, ਸਾਚੀ ਸੇਵਾ ਆਪ ਕਰਾਇੰਦਾ । ਸੱਜਾ ਹੱਥ ਅੱਗੇ ਵਧੌਣਾ, ਖੱਬਾ ਹੇਠਾਂ ਮੂੰਹ ਧਰਾਇੰਦਾ । ਉਪਰ ਤਾਜ ਆਪ ਟਿਕੌਣਾ, ਆਪ ਆਪਣੇ ਰੰਗ ਰੰਗਾਇੰਦਾ । ਪਿਛਲਾ ਲਹਿਣਾ ਕਰਜ਼ ਮੁਕੌਣਾ, ਆਪਣੀ ਵਸਤ ਦਸਤ ਬਦਸਤ, ਸ਼ਾਹ ਹਸਤ ਕੀਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਵੇਖ ਵਖਾਇੰਦਾ । ਇਕੀ ਸਿੱਖ ਪਹਿਰੇਦਾਰ, ਕੇਸਰ ਰੰਗ ਰੰਗਾਈਆ । ਸੰਗਤ ਗਾਏ ਮੰਗਲਾ ਚਾਰ, ਧੁਨ ਵਜਦੀ ਰਹੇ ਵਧਾਈਆ । ਪੁਰਖ ਅਬਿਨਾਸ਼ੀ ਕਰੇ ਪਿਆਰ, ਨਿਉਂ ਨਿਉਂ ਆਪਣਾ ਸੀਸ ਜਗਦੀਸ ਝੁਕਾਈਆ । ਫੁਲ ਫੁਲਵਾੜੀ ਖਿੜੇ ਗੁਲਜ਼ਾਰ, ਲੋਕਮਾਤ ਆਪ ਮਹਿਕਾਈਆ । ਕਲਜੁਗ ਤੇਰੀ ਅੰਤ ਬਹਾਰ, ਸਤਿਜੁਗ ਬਸੰਤ ਆਪਣੇ ਹੱਥ ਰਖਾਈਆ । ਹੋਏ ਮਿਲਾਵਾ ਨਾਰੀ ਕੰਤ, ਆਤਮ ਸੇਜ ਸੁਹਾਵੀ ਸੁਰਤ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰੀ ਹਰਿ ਹਰਿ ਹਰਿ ਕਾ ਰੂਪ ਦਰਸਾਈਆ । ਹਰਿ ਕਾ ਰੂਪ ਅਗੰਮ ਅਥਾਹ, ਵੇਦ ਕਤੇਬ ਭੇਵ ਨਾ ਰਾਇਆ । ਚਾਰ ਜੁਗ ਚਾਰ ਵਰਨ ਅਠਾਰਾਂ ਬਰਨ ਸਾਧ ਸੰਤ ਜੀਵ ਜੰਤ ਰਹੇ ਗਾ, ਆਦਿ ਅੰਤ ਨਾ ਕਿਸੇ ਜਣਾਇਆ । ਜੁਗਾ ਜੁਗੰਤਰ ਜਨ ਭਗਤਾਂ ਪਕੜੇ ਆਪ ਬਾਂਹ, ਆਪ ਆਪਣਾ ਭੇਖ ਵਟਾਇਆ । ਗੁਰਸਿੱਖ ਉਠਾਏ ਜਿਉਂ ਬਾਲਕ ਮਾਂ, ਆਪ ਆਪਣੀ ਗੋਦ ਸੁਹਾਇਆ । ਕਾਗੋਂ ਹੰਸ ਦਏ ਬਣਾ, ਮਾਣਕ ਮੋਤੀ ਸੋਹੰ ਹੰਸਾ ਚੋਗ ਚੁਗਾਇਆ । ਨਿਰਗੁਣ ਜੋਤੀ ਦਏ ਜਗਾ, ਕਾਇਆ ਮੰਦਰ ਡਗਮਗਾਇਆ । ਅਨਹਦ ਤਾਲ ਨਗਾਰੇ ਚੋਟ ਦਏ ਲਗਾ, ਤਾਲ ਤਲਵਾੜਾ ਇਕ ਵਜਾਇਆ । ਆਤਮ ਸੇਜਾ ਦਏ ਸੁਹਾ, ਬੰਦ ਕਿਵਾੜੀ ਆਪ ਖੁਲ੍ਹਾਇਆ । ਆਲਸ ਨਿੰਦਰਾ ਦਏ ਮੁਕਾ, ਆਸ ਨਿਰਾਸਾ ਪੂਰ ਕਰਾਇਆ । ਚਰਨ ਭਰਵਾਸਾ ਇਕ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਸਾਚਾ ਦਾਨ, ਆਤਮ ਅੰਤਰ ਬ੍ਰਹਮ ਗਿਆਨ, ਨਾਮ ਸਤਿ ਹੋਏ ਪਰਧਾਨ, ਜਗਤ ਪਰਧਾਨਗੀ ਆਪ ਕਮਾਇਆ ।





✻ ੩ ਫਗਣ ੨੦੧੬ ਬਿਕ੍ਰਮੀ ਪਿੰਡ ਨਿਧਾਂਵਾਲੀ ਸਰੈਣ ਸਿੰਘ ਦੇ ਘਰ ਜ਼ਿਲਾ ਫੀਰੋਜ਼ ਪੁਰ ✻

ਸੋ ਪੁਰਖ ਨਿਰੰਜਣ ਅਗੰਮ ਅਥਾਹ, ਆਦਿ ਜੁਗਾਦੀ ਹਰਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਭੇਵ ਅਭੇਦਾ ਭੇਵ ਛੁਪਾਇੰਦਾ । ਏਕੰਕਾਰਾ ਸਿਫਤ ਸਾਲਾਹ, ਲੇਖਾ ਲੇਖ ਨਾ ਕੋਇ ਜਣਾਇੰਦਾ । ਆਦਿ ਨਿਰੰਜਣ ਜੋਤ ਜਗਾ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਏਕਾ

ਨਾਂ, ਆਪਣਾ ਆਪ ਉਪਜਾਇੰਦਾ । ਅਬਿਨਾਸ਼ੀ ਕਰਤਾ ਵਸੇ ਸਾਚੇ ਥਾਂ, ਸਚਖੰਡ ਦਵਾਰਾ ਸੋਭਾ ਪਾਇੰਦਾ । ਪਾਰਬ੍ਰਹਮ ਕਰੇ ਇਕ ਨਿਆਂ, ਇਕ ਅਕੱਲਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਦਰ ਸੁਹੰਜਣਾ ਹਰਿ ਨਿਰੰਕਾਰ, ਏਕਾ ਏਕ ਉਪਾਇੰਦਾ । ਸਚਖੰਡ ਮਹੱਲਾ ਨਿਰਗੁਣ ਧਾਰ, ਥਿਰ ਘਰ ਵਾਸੀ ਡਗਮਗਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਭੇਵ ਨਾ ਆਇੰਦਾ । ਨਾ ਪਿਤਾ ਨਾ ਕੋਇ ਮਾਂ, ਸਾਚੀ ਗੋਦ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਆਪ ਰਚਾਏ, ਪਾਰਬ੍ਰਹਮ ਵੱਡੀ ਵਡਿਆਈਆ । ਏਕੰਕਾਰਾ ਨਾਉਂ ਧਰਾਏ, ਨਾ ਮਰੇ ਨਾ ਜਾਈਆ । ਸਚਖੰਡ ਨਿਵਾਸੀ ਡੇਰਾ ਲਾਏ, ਮਹੱਲ ਅਟੱਲ ਇਕ ਉਪਾਈਆ । ਤਖ਼ਤ ਤਾਜ ਇਕ ਵਖਾਏ, ਸ਼ਾਹ ਸੁਲਤਾਨ ਵਡ ਭੂਪ ਏਕਾ ਰੂਪ ਉਪਜਾਈਆ । ਵਸਣਹਾਰਾ ਚਾਰੇ ਕੂੰਟ, ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਸਚ ਮਹੱਲਾ, ਨਿਰਗੁਣ ਧਾਰਾ ਏਕੰਕਾਰਾ, ਅਕਲ ਕਲ ਧਾਰੀ ਆਪ ਵਸਾਈਆ । ਅਕਲ ਕਲ ਧਾਰ ਹਰਿ ਭਗਵੰਤ, ਆਦਿ ਜੁਗਾਦਿ ਸਮਾਇੰਦਾ । ਆਪ ਬਣਾਏ ਆਪਣੀ ਬਣਤ, ਦੂਸਰ ਕੋਇ ਨਾ ਸੰਗ ਰਲਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਨਿਰਗੁਣ ਨਿਰਗੁਣ ਸੇਜ ਹੰਢਾਇੰਦਾ । ਆਪੇ ਵੇਖੇ ਰੁੱਤ ਬਸੰਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਮਣੀਆ ਆਪੇ ਮੰਤ, ਆਪ ਆਪਣਾ ਜਾਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਉਂ ਧਰਾਇੰਦਾ । ਅਜੂਨੀ ਰਹਿਤ ਪੁਰਖ ਅਕਾਲ, ਏਕਾ ਰੰਗ ਸਮਾਈਆ । ਆਦਿ ਜੁਗਾਦੀ ਦੀਨ ਦਿਆਲ, ਘਰ ਸਾਚੇ ਸੋਭਾ ਪਾਈਆ । ਆਪੇ ਚਲੇ ਅਵਲੜੀ ਚਾਲ, ਚਾਲ ਨਿਰਾਲੀ ਆਪ ਉਪਾਈਆ । ਵਸਣਹਾਰਾ ਸਚ ਸੱਚੀ ਧਰਮਸਾਲ, ਥਿਰ ਘਰ ਬੈਠਾ ਆਸਣ ਲਾਈਆ । ਸਤਿ ਸਰੂਪੀ ਸ਼ਾਹ ਕੰਗਾਲ, ਨਿਰਭੈ ਆਪਣਾ ਨਾਉਂ ਧਰਾਈਆ । ਆਪੇ ਧਨ ਆਪੇ ਮਾਲ, ਸਚ ਸਮਗਰੀ ਆਪਣੀ ਆਪ ਉਪਾਈਆ । ਆਪੇ ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਆਪਣਾ ਨਾਉਂ ਧਰਾਈਆ । ਸਤਿ ਪੁਰਖ ਨਿਰੰਜਣ ਨਾਉਂ ਰੱਖ, ਅਗੰਮ ਅਗੰਮੜੀ ਕਾਰ ਕਰਾਇੰਦਾ । ਸਚਖੰਡ ਦਵਾਰੇ ਹੋ ਪਰਤੱਖ, ਨਿਰਗੁਣ ਦੀਵਾ ਬਾਤੀ ਜੋਤ ਜਗਾਇੰਦਾ । ਆਪੇ ਬਣੇ ਕਮਲਾਪਤ, ਮੀਤ ਮੁਰਾਰਾ ਆਪ ਅਖਵਾਇੰਦਾ । ਆਪੇ ਜਾਣੇ ਮਿਤ ਗਤ, ਗਤ ਮਿਤ ਦਾਤਾ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ ਦੀਨ ਦਿਆਲਾ ਖੇਲ ਖਿਲਾਇੰਦਾ । ਖੇਲ ਖਲਾਏ ਪੁਰਖ ਅਗੰਮ, ਅਗੰਮੜੀ ਕਾਰ ਕਰਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਪੰਜ ਤਤ ਨਾ ਕੋਇ ਰਖਾਇੰਦਾ । ਨਾ ਕੋਈ ਪਵਣ ਸਵਾਸੀ ਦਮ, ਰਸਨਾ ਜੇਹਵਾ ਨਾ ਕੋਇ ਗਾਇੰਦਾ । ਆਪਣਾ ਬੇੜਾ ਆਪੇ ਬਨ੍ਹ, ਨਿਰਗੁਣ ਨਿਰਗੁਣ ਆਪ ਚਲਾਇੰਦਾ । ਆਪੇ ਜਨਨੀ ਆਪੇ ਜਨ, ਆਪ ਆਪਣੀ ਗੋਦ ਸੁਹਾਇੰਦਾ । ਆਪੇ ਵਸੇ ਸਾਚੀ ਛੱਪਰੀ ਛੰਨ, ਚਾਰ ਦੀਵਾਰ ਨਾ ਕੋਇ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕੰਕਾਰਾ, ਖੇਲੇ ਖੇਲ ਅਪਰ ਅਪਾਰਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਏਕੰਕਾਰਾ ਹਰਿ ਨਿਰੰਕਾਰਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਖੇਲ ਅਪਾਰਾ, ਜੁਗ ਜੁਗ ਵੇਸ ਵਟਾਇੰਦਾ । ਲੋਆਂ ਪੁਰੀਆਂ ਬੰਨ੍ਹੇ ਧਾਰਾ, ਬ੍ਰਹਿਮੰਡ

ਖੰਡ ਵੇਖ ਵਖਾਇੰਦਾ । ਆਪੇ ਰਵ ਸਸ ਬਣ ਸਤਾਰਾ, ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਜ਼ਿਮੀ ਅਸਮਾਨਾਂ ਦਏ ਹੁਲਾਰਾ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਪ੍ਰਿਥਮੀ ਆਕਾਸ਼ ਕਰੇ ਪਿਆਰਾ, ਗਗਨ ਗਗਨੰਤਰ ਸੋਭਾ ਪਾਇੰਦਾ । ਆਪੇ ਤ੍ਰੈਗੁਣ ਮਾਇਆ ਖੋਲ੍ਹ ਕਿਵਾੜਾ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਰੰਗ ਸਮਾਏ ਹਰਿ ਰੰਗ ਰਾਤਾ, ਲੇਖਾ ਲੇਖ ਨਾ ਕੋਇ ਜਣਾਈਆ । ਅਬਿਨਾਸ਼ੀ ਕਰਤਾ ਪੁਰਖ ਬਿਧਾਤਾ, ਪਾਰਬ੍ਰਹਮ ਪਰਮ ਪੁਰਖ ਅਖਵਾਈਆ । ਆਪਣੀ ਰੱਖੇ ਉਤਮ ਜ਼ਾਤਾ, ਵਰਨ ਗੋਤ ਨਾ ਕੋਇ ਬਣਾਈਆ । ਬੈਠਾ ਰਹੇ ਇਕ ਏਕਾਂਤਾ, ਦਰ ਘਰ ਸਾਚੇ ਸੋਭਾ ਪਾਈਆ । ਆਪੇ ਪੁੱਛੇ ਆਪਣੀ ਵਾਤਾ, ਆਪ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਈਆ । ਰੂਪ ਵਟੰਦੜਾ ਹਰਿ ਭਗਵਾਨ, ਭੇਵ ਕੋਇ ਨਾ ਪਾਇੰਦਾ । ਸਚਖੰਡ ਦਵਾਰੇ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਸਤਿ ਸਤਿਵਾਦੀ ਹੋ ਮਿਹਰਵਾਨ, ਆਪ ਆਪਣੀ ਦਇਆ ਕਮਾਇੰਦਾ । ਸਾਚਾ ਸੁਤ ਸੁਤ ਬਲਵਾਨ, ਸ਼ਬਦੀ ਸ਼ਬਦ ਉਪਜਾਇੰਦਾ । ਏਕਾ ਗੀਤ ਏਕਾ ਰਾਗ ਏਕਾ ਧੁਨਕਾਨ, ਰਾਗ ਅਨਾਦੀ ਆਪ ਸੁਣਾਇੰਦਾ । ਏਕਾ ਮੰਦਰ ਇਕ ਮਕਾਨ, ਥਿਰ ਘਰ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਏਕਾ ਵਸਤ ਹੱਥ ਫੜਾਇੰਦਾ । ਸਾਚੀ ਦਾਤ ਧੁਰ ਦਰਬਾਰ, ਹਰਿ ਸਾਚੇ ਹੱਥ ਰਖਾਈਆ । ਆਪਣੀ ਕਿਰਪਾ ਆਪੇ ਧਾਰ, ਆਪਣੀ ਝੋਲੀ ਆਪ ਭਰਾਈਆ । ਆਪੇ ਵਿਸ਼ਨੂੰ ਕਰ ਤਿਆਰ, ਦੇਵੇ ਰਿਜ਼ਕ ਸਬਾਈਆ । ਆਪੇ ਕਵਲਾ ਕਵਲੀ ਹੋ ਉਜਿਆਰ, ਨਾਭੀ ਨਾਭੀ ਅੰਮ੍ਰਿਤ ਮੁਖ ਚੁਆਈਆ । ਆਪੇ ਬ੍ਰਹਮ ਕਰ ਪਿਆਰ, ਪਾਰਬ੍ਰਹਮ ਦਏ ਵਡਿਆਈਆ । ਆਪੇ ਵਸੇ ਧੂੰਆਂਧਾਰ, ਸੁੰਨ ਅਗੰਮ ਆਪ ਸਮਾਈਆ । ਆਪੇ ਸ਼ੰਕਰ ਦਏ ਆਧਾਰ, ਸਾਂਗੋ ਪਾਂਗ ਸੇਜ ਸੁਹਾਈਆ । ਆਪੇ ਤ੍ਰੈਗੁਣ ਖੇਲ ਕਰੇ ਨਿਰੰਕਾਰ, ਆਪ ਆਪਣਾ ਬੰਧਨ ਪਾਈਆ । ਆਪੇ ਪੰਜ ਤਤ ਮੇਲਾ ਵਿਚ ਸੰਸਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਆਪਣਾ ਰੂਪ ਦਰਸਾਈਆ । ਆਪੇ ਵਸੇ ਜਲ ਬਿੰਬ ਜਲ ਜਲ ਧਾਰ, ਧਰਤ ਧਵਲ ਆਪ ਵਡਿਆਈਆ । ਆਪੇ ਮਨ ਮਤ ਬੁਧ ਕਰ ਜੋਤ ਉਜਿਆਰ, ਦੀਵਾ ਬਾਤੀ ਨਿਰਗੁਣ ਆਪਣਾ ਆਪ ਟਿਕਾਈਆ । ਆਪੇ ਚੌਦਾਂ ਲੋਕ ਖੋਲ੍ਹ ਤਾਕ, ਸਾਚੀ ਹਾਟੀ ਆਪ ਸੁਹਾਈਆ । ਆਪੇ ਸ਼ਬਦ ਅਗੰਮੀ ਬੋਲ ਵਾਕ, ਆਪਣਾ ਨਾਉਂ ਲਏ ਪਰਗਟਾਈਆ । ਆਪੇ ਸਤਿ ਸਰੂਪੀ ਚੜ੍ਹੇ ਰਾਕ, ਅਸਵ ਆਪਣਾ ਆਪ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਅਪਾਰਾ, ਵਸਣਹਾਰਾ ਸਚਖੰਡ ਦਵਾਰਾ, ਤ੍ਰੈਗੁਣ ਮੀਤਾ ਹਰਿ ਅਤੀਤਾ, ਤ੍ਰੈ ਤ੍ਰੈ ਵਸਤ ਆਪਣੀ ਵੰਡ ਵੰਡਾਈਆ । ਤ੍ਰੈਗੁਣ ਭੰਡਾਰਾ ਹਰਿ ਨਿਰੰਕਾਰਾ, ਬ੍ਰਹਮਾ ਵਿਸ਼ਨ ਸ਼ਿਵ ਆਪ ਵਰਤਾਈਆ । ਆਪਣਾ ਦੇਵੇ ਨਾਮ ਸਹਾਰਾ, ਨਿਰਗੁਣ ਨਿਰਗੁਣ ਰੂਪ ਦਰਸਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਅਗਾਧ ਬੋਧ ਸ਼ਬਦ ਕਰੇ ਕੁੜਮਾਈਆ । ਆਪੇ ਸ਼ਬਦੀ ਸ਼ਬਦ ਬਣ ਲਿਖਾਰਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਆਪੇ ਵਣਜ ਆਪ ਵਣਜਾਰਾ, ਆਪਣੀ ਵਸਤ ਆਪੇ ਵਿਚ ਟਿਕਾਈਆ । ਜੋਤੀ ਜੋਤ ਸਰਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਘਾੜਨ ਘੜ, ਆਤਮ ਬ੍ਰਹਮ ਕਰੇ ਕੁੜਮਾਈਆ । ਆਤਮ ਬ੍ਰਹਮ ਹਰਿ ਹਰਿ ਨਾਤਾ, ਹਰਿ ਸਤਿਗੁਰ ਆਪ ਬਣਾਇਆ । ਆਪੇ ਦਿਵਸ ਆਪੇ ਰਾਤਾ, ਆਪ ਆਪਣੀ

ਖੇਲ ਖਿਲਾਇਆ । ਆਪੇ ਖੇਲੇ ਖੇਲ ਬੌਹ ਬੌਹ ਭਾਂਤਾ, ਵੇਦ ਕਤੇਬ ਲੇਖਾ ਲਖ ਨਾ ਸਕੇ ਰਾਇਆ । ਆਪੇ ਦੇਵੇ ਆਪਣੀ ਦਾਤਾ, ਬ੍ਰਹਮਾ ਰੋ ਰੋ ਨੇਤਰ ਨੈਣ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਖੇਲ ਖਲੰਦੜਾ ਸਤਿ ਸਰੂਪ, ਮਹਿਮਾ ਕਥ ਕਥੀ ਨਾ ਜਾਈਆ । ਸ਼ਾਹ ਸੁਲਤਾਨਾ ਵੱਡਾ ਭੂਪ, ਸਚ ਸਿਕਦਾਰ ਇਕ ਅਖਵਾਈਆ । ਏਕਾ ਤਾਣਾ ਏਕਾ ਸੂਤ, ਏਕਾ ਪੇਟਾ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਖ ਚੁਰਾਸੀ ਅੰਦਰ ਵੜ, ਬੰਦ ਕਿਵਾੜਾ ਆਪ ਕਰਾਈਆ । ਲੱਖ ਚੁਰਾਸੀ ਘਾੜਨ ਘੜਿਆ, ਭੇਵ ਕੋਇ ਨਾ ਪਾਇੰਦਾ । ਸਰਗੁਣ ਅੰਦਰ ਨਿਰਗੁਣ ਵੜਿਆ, ਦਿਸ ਕਿਸੇ ਨਾ ਆਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਸ਼ਬਦ ਡੰਡਾ ਹੱਥ ਰਖਾਇੰਦਾ । ਨੌ ਦਵਾਰ ਕਿਤੇ ਨਾ ਅੜਿਆ, ਡੂੰਘੀ ਭਵਰ ਨਾ ਕੋਇ ਫਿਰਾਇੰਦਾ । ਸੁਖਮਨ ਨਾੜੀ ਪਾਰ ਕਰਿਆ, ਤ੍ਰਿਬੈਣੀ ਨੈਣ ਮਟਕਾਇੰਦਾ । ਸਰ ਸਰੋਵਰ ਆਤਮ ਭਰਿਆ, ਜਲ ਧਾਰਾ ਇਕ ਸੁਹਾਇੰਦਾ । ਅਨਹਦ ਤਾਲ ਅਨਾਦੀ ਏਕਾ ਜੜਿਆ, ਸਾਚਾ ਡੰਕਾ ਆਪ ਵਜਾਇੰਦਾ । ਦਸਮ ਦਵਾਰੀ ਆਪੇ ਖੜ੍ਹਿਆ, ਸਾਚੀ ਸੇਜਾ ਆਪ ਸੁਹਾਇੰਦਾ । ਪੰਚ ਵਿਕਾਰਾ ਆਪੇ ਲੜਿਆ, ਕਾਮ ਕਰੋਧ ਲੋਭ ਮੋਹ ਹੰਕਾਰ ਆਪੇ ਵੇਖ ਵਖਾਇੰਦਾ । ਹਉਮੇ ਹੰਗਤਾ ਆਪੇ ਗੜਿਆ, ਗੜ੍ਹ ਹੰਕਾਰੀ ਆਪ ਸੁਹਾਇੰਦਾ । ਆਸਾ ਤ੍ਰਿਸ਼ਨਾ ਕਦੇ ਨਾ ਸੜਿਆ, ਘਟ ਸਾਚੇ ਸੋਭਾ ਪਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਬ੍ਰਹਮਾ ਵੇਤਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਵਖਾਇੰਦਾ । ਜਾਗਰਤ ਜੋਤ ਪੁਰਖ ਅਬਿਨਾਸ਼ਾ, ਭੇਵ ਅਭੇਦਾ ਭੇਵ ਛੁਪਾਈਆ । ਲੱਖ ਚੁਰਾਸੀ ਖੇਲ ਤਮਾਸ਼ਾ, ਘਰ ਘਰ ਵਿਚ ਆਸਣ ਲਾਈਆ । ਜੋਤ ਨਿਰੰਜਣ ਕਰ ਪ੍ਰਕਾਸ਼ਾ, ਦਿਵਸ ਰੈਣ ਡਗਮਗਾਈਆ । ਅਨਹਦ ਸ਼ਬਦ ਸਰਬ ਗੁਣ ਤਾਸਾ, ਨਾਦ ਅਨਾਦੀ ਨਾਦ ਵਜਾਈਆ । ਸਤਿ ਸਤਿਵਾਦੀ ਸ਼ਾਹੋ ਸ਼ਾਬਾਸ਼ਾ, ਦਰ ਘਰ ਸਾਚੇ ਸੋਭਾ ਪਾਈਆ । ਜਨ ਭਗਤਾਂ ਦੇਵੇ ਨਾਮ ਦਿਲਾਸਾ, ਏਕਾ ਆਪਣਾ ਨਾਉਂ ਸੁਣਾਈਆ । ਭਾਗ ਲਗਾਏ ਕਾਇਆ ਕਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦਾਤਾ ਬੇਪਰਵਾਹੀਆ । ਜੁਗ ਜੁਗ ਦਾਤਾ ਹਰਿ ਨਿਰੰਕਾਰ, ਆਪਣਾ ਖੇਲ ਖਿਲਾਇੰਦਾ । ਸਤਿਜੁਗ ਵੇਸ ਅਪਰ ਅਪਾਰ, ਵੇਸ ਅਨੇਕਾ ਰੂਪ ਵਟਾਇੰਦਾ । ਸੰਤ ਭਗਤ ਲਏ ਉਧਾਰ, ਆਤਮ ਬ੍ਰਹਮ ਮੇਲ ਮਿਲਾਇੰਦਾ । ਜਗਤ ਜੁਗਤ ਅਪਰ ਅਪਾਰ, ਹਰਿਜਨ ਸਾਚੇ ਆਪ ਜਣਾਇੰਦਾ । ਸਾਚੀ ਸ਼ਕਤ ਦਏ ਆਧਾਰ, ਬੂੰਦ ਰਕਤ ਵੇਖ ਵਖਾਇੰਦਾ । ਕਾਗਦ ਕਲਮ ਲਿਖ ਲਿਖ ਗਏ ਹਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜਿਸ ਜਨ ਕਿਰਪਾ ਕਰੇ ਅਪਾਰ, ਕਰ ਕਿਰਪਾ ਮੇਲ ਮਿਲਾਇੰਦਾ । ਆਪੇ ਘੜੇ ਭੰਨੇ ਭੰਨਣਹਾਰ, ਸਮਰਥ ਪੁਰਖ ਆਪ ਅਖਵਾਇੰਦਾ । ਚਲਾਏ ਰਥ ਵਿਚ ਸੰਸਾਰ, ਰਥ ਰਥਵਾਹੀ ਦਿਸ ਨਾ ਆਇੰਦਾ । ਸਤਿਜੁਗ ਸਾਚੇ ਦਏ ਹੁਲਾਰ, ਨਾਮ ਹੁਲਾਰਾ ਇਕ ਵਖਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਦਏ ਆਧਾਰ, ਆਦਿ ਨਿਰੰਜਣ ਵੇਖ ਵਖਾਇੰਦਾ । ਸ੍ਰੀ ਭਗਵਾਨ ਸਚ ਦਵਾਰ, ਅਬਿਨਾਸ਼ੀ ਕਰਤਾ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪ ਆਪਣਾ ਰੂਪ ਵਟਾਇੰਦਾ । ਬ੍ਰਹਮ ਬ੍ਰਹਮ ਖੇਲ ਨਿਆਰ, ਹੰ ਹੰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਘਰ, ਹਰਿ ਸਾਚਾ ਆਪ ਸੁਹਾਇੰਦਾ । ਸਾਚਾ ਘਰ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ ।

ਜੋਤ ਜਗਾਏ ਆਦਿ ਨਿਰੰਜਣਾ, ਆਦਿ ਜੁਗਾਦੀ ਡਗਮਗਾਇੰਦਾ । ਜਨ ਭਗਤਾਂ ਚਰਨ ਧੂੜ ਕਰਾਏ ਸਾਚਾ ਮਜਨਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸਤਿਗੁਰ ਪੂਰਾ ਸਾਖ਼ਯਾਤ, ਮਿਲੇ ਸਾਚਾ ਸੱਜਣਾ, ਸਗਲਾ ਸੰਗ ਨਿਭਾਇੰਦਾ । ਨੇਤਰ ਨੈਣ ਪਾਏ ਨਾਮ ਕਜਲਾ, ਲੋਚਨ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਵੇਸ ਵਟਾਇੰਦਾ । ਤ੍ਰੇਤਾ ਖੇਲ ਅਪਾਰ, ਹਰਿ ਪੁਰਖ ਨਿਰੰਜਣ ਆਪ ਕਰਾਈਆ । ਦੁਆਪਰ ਜੋਤ ਅਗੰਮ ਅਪਾਰ, ਨਿਰਗੁਣ ਦੀਵਾ ਬਾਤੀ ਏਕਾ ਡਗਮਗਾਈਆ । ਕਲਜੁਗ ਖੇਲ ਵਿਚ ਸੰਸਾਰ, ਕਰਨੀ ਕਰਤਾ ਆਪ ਕਰਾਈਆ । ਈਸਾ ਮੂਸਾ ਮੀਤ ਮੁਰਾਰ, ਸੰਗ ਮੁਹੰਮਦ ਚਾਰ ਯਾਰ ਕਰੇ ਕੁੜਮਾਈਆ । ਅੰਜੀਲ ਕੁਰਾਨਾ ਬੋਲ ਜੈਕਾਰ, ਏਕਾ ਨਾਅਰਾ ਦਏ ਸੁਣਾਈਆ । ਹਕ ਹਕੀਕਤ ਵੇਖ ਵਿਚਾਰ, ਲਾਸ਼ਰੀਕ ਇਕ ਖ਼ੁਦਾਈਆ । ਮਹਿਬਾਨ ਬੀਦੋ ਹੋ ਤਿਆਰ, ਆਪਣੀ ਅਜ਼ਮਤ ਆਪ ਵਖਾਈਆ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਏਕਾ ਜਲਵਾ ਨੂਰ ਇਲਾਹੀਆ । ਏਕਾ ਨਬੀ ਦਏ ਵਿਚਾਰ, ਉਮਤ ਉਮਤੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਹਰਿ ਭਗਵਾਨਾ, ਆਪਣਾ ਆਪ ਵਟਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨਾ, ਨਾਨਕ ਨਾਉਂ ਧਰਾਇੰਦਾ । ਸਤਿ ਸਰੂਪੀ ਸਤਿ ਤਰਾਨਾ, ਸ਼ਬਦੀ ਸ਼ਬਦ ਉਪਜਾਇੰਦਾ । ਏਕਾ ਗੋਪੀ ਏਕਾ ਕਾਹਨਾ, ਏਕਾ ਘਰ ਸੁਹਾਇੰਦਾ । ਏਕਾ ਮੰਦਰ ਏਕ ਮਕਾਨਾ, ਸਚ ਸਿੰਘਾਸਣ ਇਕ ਵਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਇੰਦਾ । ਆਦਿ ਜੁਗਾਦੀ ਹਰਿ ਭਗਵੰਤ, ਪਰਮ ਪੁਰਖ ਅਖਵਾਇਆ । ਹਰਿਜਨ ਤਾਰੇ ਸਾਚੇ ਸੰਤ, ਸਤਿਗੁਰ ਸਾਚਾ ਨਾਉਂ ਧਰਾਇਆ । ਲੇਖਾ ਜਾਣੇ ਜੀਵ ਜੰਤ, ਹਸਤ ਕੀਟ ਵੇਖ ਵਖਾਇਆ । ਅਬਿਨਾਸ਼ੀ ਕਰਤਾ ਮਹਿਮਾ ਅਗਣਤ, ਸ਼ਾਸਤਰ ਸਿਮਰਤ ਕਥ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਨਾਨਕ ਬਣਿਆ ਸਤਿਗੁਰ ਮਲਾਹ, ਚਾਰ ਵਰਨਾਂ ਲਏ ਤਰਾਇਆ । ਚਾਰ ਵਰਨਾਂ ਸਚ ਦਰਬਾਰ, ਸਤਿਗੁਰ ਪੂਰਾ ਇਕ ਜਣਾਈਆ । ਊਚਾਂ ਨੀਚਾਂ ਕਰੇ ਪਿਆਰ, ਰਾਓ ਰੰਕ ਨਾ ਕੋਏ ਵਖਾਈਆ । ਸਾਚਾ ਡੰਕਾ ਵਿਚ ਸੰਸਾਰ, ਨਾਮ ਸਤਿ ਰਿਹਾ ਵਜਾਈਆ । ਗੁਰਮੁਖ ਜਨਕਾ ਲਏ ਉਭਾਰ, ਜਨ ਜਨਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਨਾਨਕ ਨਿਰਗੁਣ ਨਿਰਗੁਣ ਦਾਤਾ, ਨਿਰਵੈਰ ਰੂਪ ਸਮਾਇਆ । ਆਤਮ ਅੰਤਰ ਇਕ ਗਿਆਤਾ, ਏਕਾ ਬ੍ਰਹਮ ਵਖਾਇਆ । ਏਕਾ ਪਿਤਾ ਏਕਾ ਮਾਤਾ, ਪੁਰਖ ਅਕਾਲ ਇਕ ਜਣਾਇਆ । ਏਕਾ ਬੰਨ੍ਹੇ ਸਾਚਾ ਨਾਤਾ, ਨਾ ਮਰੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਬੋਲੇ ਸਚ ਜੈਕਾਰ, ਸਿੰਘ ਆਪਣਾ ਰੂਪ ਵਟਾਇਆ । ਸਾਚਾ ਨਾਮ ਬੋਲ ਜੈਕਾਰਾ, ਗੁਰ ਗੁਰ ਇਕ ਸਮਝਾਈਆ । ਏਕਾ ਗੁਰ ਇਕ ਅਵਤਾਰਾ, ਇਸ਼ਟ ਦੇਵ ਇਕ ਵਖਾਈਆ । ਏਕਾ ਭਗਤ ਭਗਵੰਤ ਕਰੇ ਪਿਆਰਾ, ਏਕਾ ਮੀਤ ਸਹਿਜ ਸੁਖਦਾਈਆ । ਏਕਾ ਲੱਖ ਚੁਰਾਸੀ ਦਏ ਹੁਲਾਰਾ, ਏਕਾ ਸਾਧ ਸੰਤ ਕਰੇ ਕੁੜਮਾਈਆ । ਏਕਾ ਨਾਮ ਬਣੇ ਸਚ ਵਰਤਾਰਾ, ਏਕਾ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਏ ਵਡਿਆਈਆ । ਗੁਰ ਸ਼ਬਦ ਸਾਚਾ ਸੱਜਣ, ਲੋਕਮਾਤ ਹਰਿ ਵਡਿਆਇੰਦਾ । ਗੁਰ ਸ਼ਬਦ ਸਾਚਾ ਮਜਨ, ਗੁਰਮੁਖਾਂ ਆਪ ਕਰਾਇੰਦਾ । ਗੁਰ

੨੦੧ ੦੯

ਸ਼ਬਦ ਸਾਚਾ ਕੱਜਲ, ਨਾਮ ਨੇਤਰ ਧਾਰ ਬੰਧਾਇੰਦਾ । ਗੁਰ ਸ਼ਬਦ ਸਚ ਜਹਾਜ਼ਨ, ਹਰਿਜਨ ਸਾਚੇ ਪਾਰ ਲੰਘਾਇੰਦਾ । ਗੁਰ ਸ਼ਬਦ ਸਾਚਾ ਤਾਜਨ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਗੁਰ ਸ਼ਬਦ ਅਗੰਮੀ ਮਾਰੇ ਵਾਜਣ, ਧੁਨ ਆਤਮਕ ਆਪ ਸੁਣਾਇੰਦਾ । ਗੁਰ ਸ਼ਬਦ ਸਾਚਾ ਰਾਜਨ, ਸ਼ਾਹੋ ਭੂਪ ਨਾਮ ਧਰਾਇੰਦਾ । ਗੁਰ ਸ਼ਬਦ ਗ਼ਰੀਬ ਨਿਵਾਜ਼ਨ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਗੁਰ ਗੁਰ ਨਾਮ ਦ੍ਰਿੜਾਇੰਦਾ । ਗੁਰ ਗੁਰ ਮੰਤਰ ਨਾਮ ਹਰਿ ਸੱਚ, ਸਤਿ ਪੁਰਖ ਨਿਰੰਜਣ ਆਪ ਦ੍ਰਿੜਾਇਆ । ਵੇਖਣਹਾਰਾ ਕਾਇਆ ਮਾਟੀ ਭਾਂਡਾ ਕੱਚ, ਪੰਜ ਤਤ ਫੋਲ ਫੋਲਾਇਆ । ਮਨ ਮਨੂਆ ਤਨ ਰਿਹਾ ਨੱਚ, ਬਿਨ ਸਤਿਗੁਰ ਬੰਧਨ ਕੋਇ ਨਾ ਪਾਇਆ । ਤ੍ਰੈਗੁਣ ਅਗਨੀ ਰਿਹਾ ਮੱਚ, ਅੰਮ੍ਰਿਤ ਜਲ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ, ਹਰਿ ਆਪਣਾ ਆਪ ਵਟਾਈਆ । ਭੇਵ ਨਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਰਿਹਾ ਕੁਰਲਾਈਆ । ਸਤਿ ਸਤਿਵਾਦੀ ਦਰ ਦਰਵੇਸ਼, ਨਿਰਗੁਣ ਸਰਗੁਣ ਖੇਲ ਖਿਲਾਈਆ । ਦਾਤਾ ਦਾਨੀ ਦਸ ਦਸਮੇਸ, ਕਲਜੁਗ ਦਹਿ ਸਿਰ ਦੇਵੇ ਘਾਈਆ । ਵੇਖਣਹਾਰਾ ਮੂੰਡ ਮੁੰਡਾਏ ਧਾਰੀ ਕੇਸ, ਦਰ ਦਰਵੇਸ਼ਾਂ ਫੇਰੀ ਪਾਈਆ । ਆਦਿ ਨਿਰੰਜਨ ਨਰ ਨਰੇਸ਼, ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਕੰਤ ਭਗਵੰਤ, ਏਕਾ ਸੇਜ ਸੁਹਾਈਆ । ਸਾਚੀ ਸੇਜ ਹਰਿ ਸੁਹਾਏ, ਹਰਿਜਨ ਸਾਚੇ ਮੇਲ ਮਿਲੰਨਿਆ । ਆਪਣੀ ਦ੍ਰਿਸ਼ਟੀ ਆਪ ਖੁਲ੍ਹਾਏ, ਜੋਤੀ ਨੂਰ ਸ੍ਰੀ ਭਗਵੰਨਿਆ । ਏਕਾ ਇਸ਼ਟ ਆਪ ਜਣਾਏ, ਪੁਰਖ ਅਕਾਲ ਵਡ ਗੁਣ ਗੁਣਿਆ । ਸ੍ਰਿਸ਼ਟ ਸਬਾਈ ਪਰਦਾ ਲਾਹੇ, ਹਰਿ ਵਾਲੀ ਦੋ ਜਹੰਨਿਆ । ਕਲਜੁਗ ਰੈਣ ਅੰਧੇਰੀ ਛਾਏ, ਸਾਚਾ ਦਿਸੇ ਨਾ ਕੋਈ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲੰਨਿਆ । ਕਲਜੁਗ ਖੇਲ ਖਲੰਦੜਾ, ਹਰਿ ਸਤਿਗੁਰ ਸ਼ਾਹ ਸੁਲਤਾਨ । ਜੋਤੀ ਜਾਮਾ ਭੇਖ ਵਟੰਦੜਾ, ਨਿਰਗੁਣ ਰੂਪ ਸ੍ਰੀ ਭਗਵਾਨ । ਬ੍ਰਹਮ ਪਾਰਬ੍ਰਹਮ ਮਿਲੰਦੜਾ, ਦੇਵਣਹਾਰਾ ਦਾਨੀ ਦਾਨ । ਸਾਢੇ ਤਿੰਨ ਹੱਥ ਬੰਕ ਸੁਹੰਦੜਾ, ਆਦਿ ਜੁਗਾਦੀ ਨੌਜਵਾਨ । ਸੰਬਲ ਨਗਰੀ ਵੇਖ ਵਖੰਦੜਾ, ਸਚਖੰਡ ਨਿਵਾਸੀ ਸਚ ਮਕਾਨ । ਸ਼ਬਦ ਅਨਾਦੀ ਤਾਲ ਵਜੰਦੜਾ, ਲੋਆਂ ਪੁਰੀਆਂ ਹੋਣ ਹੈਰਾਨ । ਕਰੋੜ ਤੇਤੀਸਾ ਸੀਸ ਝੁਕੰਦੜਾ, ਸ਼ਿਵ ਸ਼ੰਕਰ ਵੇਖੇ ਚਰਨ ਲਾ ਧਿਆਨ । ਬ੍ਰਹਮਾ ਨੇਤਰ ਨੀਰ ਵਹੰਦੜਾ, ਵਿਸ਼ਨੂੰ ਢਹਿ ਢਹਿ ਮੰਗੇ ਦਾਨ । ਪੁਰਖ ਅਬਿਨਾਸ਼ੀ ਖੇਲ ਖਲੰਦੜਾ, ਲੇਖਾ ਲਿਖੇ ਨਾ ਕੋਇ ਜਹਾਨ । ਗੋਬਿੰਦ ਸਾਚਾ ਤੀਰ ਉਠੰਦੜਾ, ਰਸਨਾ ਚਿੱਲਾ ਤੀਰ ਕਮਾਨ । ਨੌ ਖੰਡ ਵੇਖ ਵਖੰਦੜਾ, ਸੱਤਾਂ ਦੀਪਾਂ ਨਿਗਹਬਾਨ । ਰਵ ਸਸ ਮੁਖ ਲੁਕੰਦੜਾ, ਨੇਤਰ ਨੈਣ ਸਰਬ ਸ਼ਰਮਾਨ । ਰਾਏ ਧਰਮ ਸੀਸ ਝੁਕੰਦੜਾ, ਚਿਤਰ ਗੁਪਤ ਕਰੇ ਬਿਆਨ, ਹਰਿ ਕਾ ਭੇਵ ਕੋਇ ਨਾ ਪੰਦੜਾ, ਚਾਰੇ ਵੇਦ ਸਰਬ ਕੁਰਲਾਨ । ਸ਼ਾਸਤਰ ਸਿਮਰਤ ਗੀਤ ਸੁਨੰਦੜਾ, ਪੁਰਾਨ ਅਠਾਰਾਂ ਨਾਲ ਮਿਲ ਜਾਣ । ਗੀਤਾ ਗਿਆਨ ਇਕ ਵਖੰਦੜਾ, ਸੀਤਾ ਰਾਮ ਕਰੇ ਧਿਆਨ । ਕਾਹਨਾ ਕ੍ਰਿਸ਼ਨਾ ਓੱਟਿ ਰਖੰਦੜਾ, ਕਵਲ ਨੈਣ ਖੇਲ ਮਹਾਨ । ਈਸਾ ਮੂਸਾ ਰਾਹ ਤਕੰਦੜਾ, ਲੇਖਾ ਚੁੱਕੇ ਪੰਜ ਸ਼ੈਤਾਨ । ਸੰਗ ਮੁਹੰਮਦ ਸੇਵ ਕਮੰਦੜਾ, ਚਾਰ ਯਾਰੀ ਵਸੇ ਏਕਾ ਘਰ ਮਕਾਨ । ਮੱਕਾ ਕਾਅਬਾ ਆਪ ਖੁਲੰਦੜਾ, ਚੌਦਾਂ ਤਬਕਾਂ ਇਕ ਈਮਾਨ । ਨਾਨਕ ਨਿਰਗੁਣ ਸਰਗੁਣ ਆਪ ਅਖਵੰਦੜਾ, ਸਤਿਗੁਰ ਪੂਰਾ ਵਡ ਮਿਹਰਵਾਨ । ਗੋਬਿੰਦ ਖੰਡਾ

੨੦੨

ਇਕ ਚਮਕੰਦੜਾ, ਪੰਚਮ ਮੀਤਾ ਵਿਚ ਜਹਾਨ । ਅੰਤਮ ਲੇਖਾ ਸਚ ਲਖੰਦੜਾ, ਕਲਜੁਗ ਮੇਟੇ ਝੂਠੀ ਕਾਣ । ਨਿਹਕਲੰਕਾ ਭੇਵ ਖੁਲੰਦੜਾ, ਹਰਿ ਮੂਰਤ ਸ੍ਰੀ ਭਗਵਾਨ । ਸਚ ਧਾਮ ਆਪ ਸੁਹੰਦੜਾ, ਸਚਖੰਡ ਕਰੇ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਵਡ ਮਿਹਰਵਾਨ । ਮਿਹਰਵਾਨ ਹਰਿ ਗੋਬਿੰਦ, ਹਰਿ ਪੁਰਖ ਨਿਰੰਜਣ ਆਪ ਅਖਵਾਇੰਦਾ । ਜਨ ਭਗਤਾਂ ਮੇਟੇ ਸਗਲੀ ਚਿੰਦ, ਜੁਗ ਜੁਗ ਵੇਸ ਵਟਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇੰਦਾ । ਅੰਮ੍ਰਿਤ ਆਤਮ ਦੇਵੇ ਸਾਗਰ ਸਿੰਧ, ਭਰ ਪਿਆਲਾ ਜਾਮ ਪਿਆਇੰਦਾ । ਗੁਰਮੁਖ ਉਪਜਾਏ ਆਪਣੀ ਬਿੰਦ, ਨਾਦੀ ਸੁਤ ਨਾਉਂ ਧਰਾਇੰਦਾ । ਮਨਮੁਖ ਲਗਾਏ ਆਪਣੀ ਨਿੰਦ, ਜੂਠਾ ਝੂਠਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਗਹਿਰ ਗੰਭੀਰ, ਹਰਿਜਨ ਕਰੇ ਸਾਂਤ ਸਰੀਰ, ਦੁਖ ਦਰਦ ਸਰਬ ਮਿਟਾਇੰਦਾ । ਦੁਖ ਦਰਦ ਢਾਹੇ ਡੇਰਾ, ਗੁਰ ਸਤਿਗੁਰ ਹੱਥ ਵਡਿਆਈਆ । ਆਪੇ ਤਾਰੇ ਕਰ ਕਰ ਮਿਹਰਾ, ਮਿਹਰਵਾਨ ਭੇਵ ਨਾ ਆਈਆ । ਏਕਾ ਰੰਗ ਰੰਗਾਏ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਵਖਾਈਆ । ਚਾਰੋਂ ਕੁੰਟ ਚੁੱਕੇ ਘੇਰਾ, ਦੂਤੀ ਦੁਸ਼ਟ ਰਹਿਣ ਨਾ ਪਾਈਆ । ਵਸਦਾ ਰਹੇ ਕਾਇਆ ਖੇੜਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਡੁੱਬਦਾ ਤਾਰਨਹਾਰਾ ਬੇੜਾ, ਬਣ ਮਲਾਹ ਬੰਨੇ ਲਾਈਆ । ਦੇਵਣਹਾਰਾ ਉਲਟਾ ਗੇੜਾ, ਆਪਣੀ ਲੱਠ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਏ ਮਿਲਾਈਆ । ਗੁਰ ਸ਼ਬਦੀ ਹਰਿ ਹਰਿ ਸਾਚਾ ਮੇਲਾ, ਹਰਿਜਨ ਸਾਚੇ ਆਪ ਕਰਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਖ ਵਖਾਇੰਦਾ । ਦੋ ਜਹਾਨੀ ਸੱਜਣ ਸੁਹੇਲਾ, ਕਲਜੁਗ ਸਾਚਾ ਸੰਗ ਨਿਭਾਇੰਦਾ । ਦਰਗਾਹ ਸਾਚੀ ਚਾੜ੍ਹੇ ਸਾਚਾ ਤੇਲਾ, ਘਰ ਸਾਚੇ ਸਗਨ ਮਨਾਇੰਦਾ । ਪੰਚਮ ਸਖੀਆਂ ਬਹਿ ਬਹਿ ਪਾਇਣ ਵੇਲਾ, ਗੀਤ ਅਨਾਦੀ ਰਾਗ ਸੁਣਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਖੇਲ ਆਪੇ ਖੇਲਾ, ਖੇਲਣਹਾਰਾ ਦਿਸ ਨਾ ਆਇੰਦਾ । ਕੱਟਣਹਾਰਾ ਰਾਏ ਧਰਮ ਦੀ ਝੂਠੀ ਜੇਲ੍ਹਾ, ਲਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖ ਤੇਰਾ ਆਪੇ ਜਾਣੇ ਵਕਤ ਵੇਲਾ, ਥਿਤ ਵਾਰ ਨਾ ਕੋਇ ਲਿਖਾਇੰਦਾ । ਆਪੇ ਵਸੇ ਸਦ ਨਵੇਲਾ, ਨਿਜ ਘਰ ਆਪੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਰੂਪੀ ਏਕਾ ਧਾਰ, ਸ਼ਬਦ ਅਗੰਮੀ ਬੋਲ ਜੈਕਾਰ, ਕਾਇਆ ਮੰਦਰ ਖੋਲ੍ਹ ਕਿਵਾੜ, ਦਰਸ ਦਿਖਾਏ ਅਪਰ ਅਪਾਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਗੁਰਸਿਖ ਸੱਜਣ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਪਾਇਆ ਸੱਚਾ ਕੰਤ, ਸਚ ਸੁਹੰਜਣੀ ਸੇਜ ਸੁਹਾਈਆ । ਲੇਖਾ ਚੁੱਕੇ ਆਦਿ ਅੰਤ, ਮਧ ਭੇਵ ਰਹੇ ਨਾ ਰਾਈਆ । ਮਾਣਸ ਦੇਹੀ ਬਣੇ ਬਣਤ, ਮਾਨੁੱਖ ਲੇਖਾ ਦਏ ਚੁਕਾਈਆ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਹਰਿ ਸੰਤ ਲਏ ਉਠਾਈਆ । ਗੁਰਸਿਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੋੜੇ ਗੜ੍ਹ ਹਉਮੇ ਹੰਗਤ, ਚਰਨ ਪ੍ਰੀਤੀ ਇਕ ਵਖਾਈਆ । ਹਰਿਜਨ ਦੂਜੇ ਘਰ ਨਾ ਹੋਏ ਮੰਗਤ, ਜਿਸ ਮਿਲਿਆ ਸਤਿਗੁਰ ਪੂਰਾ ਬੇਪਰਵਾਹੀਆ । ਆਪ ਮਿਲਾਏ ਸਾਚੀ ਸੰਗਤ, ਪੂਰਬ ਲਹਿਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚਾ ਪੇਖਿਆ, ਕਰ ਕਿਰਪਾ ਕਰਤਾਰ । ਗੁਰ ਸਤਿਗੁਰ ਲਿਖੇ ਲੇਖਿਆ, ਘਰ ਮੰਦਰ ਬਹਿ ਘਰ ਬਾਰ । ਆਪ ਚੁਕਾਏ ਭਰਮ ਭੁਲੇਖਿਆ, ਦੂਈ ਦਵੈਤੀ ਪਰਦਾ

ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੈਣ ਏਕਾ ਸੈਣ, ਏਕਾ ਕਰੇ ਸਚ ਪਿਆਰ । ਸਚ ਪਿਆਰਾ ਹਰਿ ਨਿਰੰਕਾਰਾ, ਹਰਿ ਭਗਤਨ ਆਪ ਕਰਾਇੰਦਾ । ਗੁਰਮੁਖ ਸੋਹੇ ਸਚ ਦਵਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਹਰਿ ਭਗਤੀ ਭਰੇ ਭਗਤ ਭੰਡਾਰਾ, ਅਤੋਟ ਅਤੁਟ ਵਿਖਾਇੰਦਾ । ਆਪੇ ਵਣਜ ਆਪ ਵਣਜਾਰਾ, ਆਪ ਆਪਣੀ ਵਸਤ ਵਿਕਾਇੰਦਾ । ਆਪੇ ਖ਼ਾਲਕ ਖ਼ਲਕ ਦਏ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਮੇਲਾ ਗੁਰਸਿਖ ਰੰਗ, ਪਾਰਬ੍ਰਹਮ ਸਰਨਾਇਆ । ਸਰਗੁਣ ਚੇਲਾ ਸਚ ਪਲੰਘ, ਥਿਰ ਘਰ ਆਸਣ ਲਾਇਆ । ਸੂਰਾ ਸਰਬੰਗ ਲਾਏ ਅੰਗ, ਸਤਿਗੁਰ ਪੂਰਾ ਵਡ ਵਡਿਆਇਆ । ਕੱਟੇ ਭੁੱਖ ਨੰਗ, ਸਰ ਸਰੋਵਰ ਆਤਮ ਨੁਹਾਏ ਸਾਚੀ ਗੰਗ, ਦੁਰਮਤ ਮੈਲ ਧਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜਾ ਮੇਟੇ ਦੁੱਖ, ਆਤਮ ਅੰਤਰ ਏਕਾ ਸੁਖ, ਸਫਲ ਕਰਾਏ ਮਾਤ ਕੁੱਖ, ਜਨ ਜਨਨੀ ਹਰਿਜਨ ਸਾਚਾ ਜਾਇਆ । ਦੁੱਖ ਦਲਿਦਰ ਜਗਤ ਵਿਨਾਸ, ਤਤਵ ਤਤ ਰਹਿਣ ਨਾ ਪਾਈਆ । ਘਰ ਵਿਚ ਘਰ ਦੀਪ ਪ੍ਰਕਾਸ਼, ਘਰ ਨੂਰ ਕਰੇ ਰੁਸ਼ਨਾਈਆ । ਘਰ ਮੇਟੇ ਲੱਗੀ ਜਗਤ ਪਿਆਸ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਘਰ ਮੇਲ ਮਿਲਾਏ ਸ਼ਾਹੋ ਸ਼ਾਬਾਸ, ਮੇਲ ਮਿਲਾਵਾ ਸਾਚੇ ਮਾਹੀਆ । ਘਰ ਪੂਰ ਕਰਾਏ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਘਰ ਲੇਖਾ ਲਾਏ ਸਵਾਸ ਸਵਾਸ, ਜੋ ਜਨ ਹਰਿ ਹਰਿ ਰਸਨਾ ਗਾਈਆ । ਘਰ ਲਹਿਣਾ ਚੁਕਾਏ ਦਸ ਦਸ ਮਾਸ, ਮਾਤ ਗਰਭ ਫੰਦ ਕਟਾਈਆ । ਘਰ ਮੰਦਰ ਹਰਿ ਕਰ ਨਿਵਾਸ, ਨਿਜ ਘਰ ਬੈਠਾ ਤਾੜੀ ਲਾਈਆ । ਘਰ ਗੋਪੀ ਕਾਹਨ ਪਾਏ ਰਾਸ, ਸੁਰਤੀ ਸ਼ਬਦੀ ਮੇਲ ਮਿਲਾਈਆ । ਘਰ ਭੋਗ ਘਰ ਰਾਸ ਬਲਾਸ, ਘਰ ਹਸ ਮੁਖ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਲਏ ਤਰਾਈਆ । ਤਾਰਨਹਾਰਾ ਪੁਰਖ ਅਕਾਲ, ਅਵਰ ਨਾ ਦਿਸੇ ਕੋਏ । ਆਦਿ ਜੁਗਾਦਿ ਦੀਨ ਦਿਆਲ, ਜਨ ਭਗਤਾਂ ਦੇਵੇ ਨਾਮ ਸਾਚੇ ਢੋਏ । ਤੋੜਨਹਾਰਾ ਜਗਤ ਜੰਜਾਲ, ਆਲਸ ਨਿੰਦਰਾ ਵਿਚ ਕਦੇ ਨਾ ਸੋਏ । ਸ਼ਬਦ ਵਜਾਏ ਸਾਚਾ ਤਾਲ, ਸੋਇਮ ਰੂਪ ਆਪ ਹੋ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਆਪਣੇ ਘਰ, ਘਰ ਸਾਚਾ ਆਪੇ ਸੋਹੇ । ਸੋਹੇ ਘਰ ਦਰ ਦਰਵਾਜ਼ਾ, ਪੁਰਖ ਅਕਾਲ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਮਨਮੁਖਾਂ ਖੋਲ੍ਹਣਹਾਰਾ ਪਾਜਾ, ਕੂੜੀ ਕਿਰਿਆ ਵੇਖ ਵਖਾਇੰਦਾ । ਹਰਿ ਭਗਤ ਦਵਾਰੇ ਫਿਰੇ ਭਾਜਾ, ਜੁਗ ਜੁਗ ਵੇਸ ਵਟਾਇੰਦਾ । ਹਰਿ ਜੂ ਹਰਿਜਨ ਹਰਿ ਮੰਦਰ ਆਪੇ ਸਾਜਣ ਸਾਜਾ, ਕਾਇਆ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੱਖਣਹਾਰਾ ਲਾਜਾ, ਆਪ ਆਪਣਾ ਸੰਗ ਨਿਭਾਇੰਦਾ । ਸੰਗ ਨਿਭਾਏ ਪੁਰਖ ਸਮਰਥ, ਜਿਸ ਜਨ ਦਇਆ ਕਮਾਈਆ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਧਰਨੀ ਧਰਤ ਧਵਲ ਵੰਡ ਵੰਡਾਈਆ । ਨਾਮ ਚੜ੍ਹਾਏ ਸਾਚੇ ਰਥ, ਦੋ ਜਹਾਨਾਂ ਆਪ ਚਲਾਈਆ । ਪੁਰਖ ਨਿਰੰਜਨ ਮਹਿਮਾ ਅਕਥ, ਕਾਗਦ ਕਲਮ ਨਾ ਲਿਖੇ ਛਾਹੀਆ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਨੇਤਰ ਲੋਚਣ ਨੈਣ ਦਰਸਨ ਪਾਈਆ । ਜਗਤ ਵਿਕਾਰਾ ਦੇਵੇ ਮਥ, ਏਕਾ ਕਰੇ ਨਾਮ ਪੜ੍ਹਾਈਆ । ਜੂਠਾ ਝੂਠਾ ਬੁਰਜ ਜਾਏ ਢੱਠ, ਸਚ ਸੁਚ ਦਏ ਵਡਿਆਈਆ । ਪੰਚ ਵਿਕਾਰਾ ਜਾਏ ਨੱਠ, ਸਤਿਗੁਰ ਖੰਡਾ ਹੱਥ

ਚਮਕਾਈਆ । ਜਗਤ ਤ੍ਰਿਸ਼ਨਾ ਹੋਵੇ ਭੱਠ, ਸਾਂਤਕ ਸਤਿ ਸਤਿ ਵਰਤਾਈਆ । ਗੁਰ ਚਰਨ ਦਵਾਰ ਵਖਾਏ ਏਕਾ ਹੱਟ, ਚੌਦਾਂ ਲੋਕ ਰਹੇ ਸ਼ਰਮਾਈਆ । ਸਰ ਸਰੋਵਰ ਏਕਾ ਤਟ, ਅਠਸਠ ਲੇਖਾ ਰਿਹਾ ਮੁਕਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਹ ਤੱਕਣ ਨੱਠ ਨੱਠ, ਹਰਿ ਦਰਸ ਨੈਣ ਬਿਗਸਾਈਆ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਝੱਟ, ਆਪ ਆਪਣੀ ਸੇਵ ਕਮਾਈਆ । ਦੂਈ ਦਵੈਤੀ ਮੇਟੇ ਫਟ, ਏਕਾ ਰੰਗ ਰੰਗਾਈਆ । ਜੋਤ ਜਗਾਏ ਲਟ ਲਟ, ਨੂਰੋ ਨੂਰ ਨੂਰ ਰੁਸ਼ਨਾਈਆ । ਤਨ ਪਹਿਨਾਏ ਸਾਚਾ ਪਟ, ਸ਼ਬਦ ਦੋਸ਼ਾਲਾ ਹੱਥ ਉਠਾਈਆ । ਝੂਠੀ ਮੈਲ ਦੇਵੇ ਕੱਟ, ਤ੍ਰੈਗੁਣ ਮਾਇਆ ਅਗਨੀ ਲੰਬੂ ਲਾਈਆ । ਹਰਿ ਕਾ ਨਾਮ ਬੀਜੇ ਸਾਚੇ ਵਤ, ਗੁਰਸਿਖ ਫੁਲ ਫਲਵਾੜੀ ਆਪ ਮਹਿਕਾਈਆ । ਲੇਖਾ ਜਾਣੇ ਅੱਠ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨੌ ਦਰ ਖੋਜੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਦਰ ਦਰਬਾਰਾ ਇਕ ਸੁਹਾਈਆ । ਦਰ ਦਰਬਾਰ ਸੁਹੰਜਣਾ, ਸੋਭਾਵੰਤ ਸਹਿਜ ਗੁਣਮੀਤ । ਦਾਤਾ ਦਾਨੀ ਦਰਦ ਦੁਖ ਭੈ ਭੰਜਨਾ, ਸਤਿ ਸੁਣਾਏ ਸਾਚਾ ਗੀਤ । ਜੋ ਘੜਿਆ ਸੋ ਭੱਜਣਾ, ਆਦਿ ਜੁਗਾਦੀ ਸਾਚੀ ਰੀਤ । ਬਿਨ ਸਤਿਗੁਰ ਪੂਰੇ ਪਰਦਾ ਕਿਸੇ ਨਾ ਕੱਜਣਾ, ਕਿਸੇ ਹੱਥ ਨਾ ਆਏ ਮੰਦਰ ਮਸੀਤ । ਸ਼ਬਦ ਸਰੂਪੀ ਹਰਿ ਹਰਿ ਗੱਜਣਾ, ਲੱਖ ਚੁਰਾਸੀ ਪਰਖੇ ਨੀਤ । ਕਾਲ ਨਗਾਰਾ ਚਾਰੋਂ ਕੁੰਟ ਨੌ ਖੰਡ ਸੱਤ ਦੀਪ ਲੱਖ ਚੁਰਾਸੀ ਸਿਰ ਤੇ ਵੱਜਣਾ, ਲੇਖਾ ਚੁੱਕੇ ਹਸਤ ਕੀਟ । ਰਾਜ ਰਾਜਾਨ ਸ਼ਾਹ ਸੁਲਤਾਨ ਮਹੱਲ ਅਟੱਲ ਤਖ਼ਤ ਤਾਜ ਸਭ ਨੇ ਤਜਣਾ, ਝੂਠੀ ਰਹੇ ਨਾ ਜਗਤ ਪ੍ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਸੱਚਾ ਇਕ ਅਨਡੀਠ । ਅਨਡਿਠ ਧਾਮ ਹਰਿ ਸੁਹੰਦੜਾ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਦ ਨਾ ਕੋਇ ਚੜ੍ਹੰਦੜਾ, ਮੰਡਲ ਮੰਡਪ ਨਾ ਕੋਇ ਵਖਾਈਆ । ਜ਼ਿਮੀ ਅਸਮਾਨ ਨਾ ਕੋਇ ਸੁਹੰਦੜਾ, ਗਗਨ ਮੰਡਲ ਨਾ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਖੇਲ ਕਰੰਦੜਾ, ਤ੍ਰੈਗੁਣ ਨਾ ਕਰੇ ਕੁੜਮਾਈਆ । ਸਮੁੰਦ ਸਾਗਰ ਨਾ ਡੂੰਘੀ ਧਾਰ ਨਾ ਕੋਇ ਵਹੰਦੜਾ, ਜੰਗਲ ਜੂਹ ਉਜਾੜ ਪਹਾੜ ਨਾ ਡੇਰਾ ਕੋਇ ਵਖਾਈਆ । ਲੱਖ ਚੁਰਾਸੀ ਨਾ ਮੇਲ ਮਿਲੰਦੜਾ, ਉਤਭੁਜ ਸੇਤਜ ਜੇਰਜ ਅੰਡ ਨਾ ਵੰਡ ਵੰਡਾਈਆ । ਸਾਧ ਸੰਤ ਨਾ ਕੋਈ ਰਸਨਾ ਜੇਹਵਾ ਜਾਪ ਕਰੰਦੜਾ, ਭਗਤ ਭਗਵੰਤ ਬੱਤੀ ਦੰਦ ਨਾ ਕੋਇ ਗਾਈਆ । ਮੁਲਾਂ ਸ਼ੇਖ ਮਸਾਇਕ ਪੀਰ ਦਸਤਗੀਰ ਕੋਇ ਨਾ ਨਾਉਂ ਰਖੰਦੜਾ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਇਕ ਅਕੱਲਾ ਏਕੰਕਾਰ ਸਚਖੰਡ ਨਿਵਾਸੀ ਸਾਚਾ ਧਾਮ ਸੁਹੰਦੜਾ, ਜਗੇ ਜੋਤ ਅਗੰਮ ਅਪਾਰ । ਸਾਚਾ ਡੰਕ ਸ਼ਬਦ ਵਜੰਦੜਾ, ਆਪਣਾ ਖੇਲ ਕਰੇ ਕਰਤਾਰ । ਜੁਗ ਜੁਗ ਹਰਿ ਭਗਤਾਂ ਮੇਲ ਮਿਲੰਦੜਾ, ਨਿਰਗੁਣ ਸਰਗੁਣ ਲੈ ਅਵਤਾਰ । ਕਲਜੁਗ ਅੰਤਮ ਖੇਲ ਖਲੰਦੜਾ, ਬੇੜਾ ਡੋਬੇ ਵਿਚ ਮੰਜਧਾਰ । ਸਤਿਜੁਗ ਸਾਚਾ ਰਾਹ ਚਲੰਦੜਾ, ਚਾਰ ਵਰਨਾਂ ਇਕ ਪਿਆਰ । ਊਚ ਨੀਚ ਨਾ ਕੋਇ ਰਖੰਦੜਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੂਪ ਸੱਚੀ ਸਰਕਾਰ । ਗ਼ਰੀਬ ਨਿਮਾਣੇ ਆਪ ਉਠੰਦੜਾ, ਸ਼ਾਹ ਸੁਲਤਾਨਾਂ ਤੋੜ ਹੰਕਾਰ । ਸਚ ਨਿਸ਼ਾਨਾ ਆਪ ਝੁਲੰਦੜਾ, ਦੋ ਜਹਾਨਾਂ ਏਕਾ ਧਾਰ । ਨੌ ਖੰਡ ਪ੍ਰਿਥਮੀ ਵੇਖ ਵਖੰਦੜਾ, ਨੌ ਨੌ ਲੇਖਾ ਗਿਣੇ ਜੁਗ ਚਾਰ । ਨੌ ਸੌ ਚੁਰਾਨਵੇ ਚੌਕੜੀ ਜੁਗ ਮੁਖ ਛੁਪੰਦੜਾ, ਅੰਤ ਭਗਵੰਤ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਬਲੀ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਵਸੇ ਏਕਾ ਘਰ, ਦਰ ਘਰ ਹਰਿ ਨਰ, ਆਪਣਾ ਆਪ ਸੁਹਾਇੰਦਾ ।


੨੦੫

ਗੁਰਮੁਖਾਂ ਚੁੱਕੇ ਜਗਤ ਡਰ, ਭੈ ਭਿਆਨਕ ਨਾ ਕੋਇ ਵਖਾਇੰਦਾ । ਕਰਨੀ ਕਰਤਾ ਕਿਰਪਾ ਕਰ, ਕਿਰਿਆ ਕਰਮ ਮੇਟ ਮਿਟਾਇੰਦਾ । ਸਚ ਭੰਡਾਰਾ ਨਾਮ ਭਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੋਗ ਸੋਗ ਚਿੰਤਾ ਦੁੱਖ ਜਾਏ ਹਰ, ਹਰਿ ਕੀ ਪੌੜੀ ਆਪ ਚੜ੍ਹਾਇੰਦਾ ।

❊ ੪ ਫੱਗਣ ੨੦੧੬ ਬਿਕ੍ਰਮੀ ਨਾਥੇਵਾਲ ਬੂੜ ਸਿੰਘ ਦੇ ਘਰ ਜ਼ਿਲਾ ਫਿਰੋਜ਼ ਪੁਰ ❊

ਸਤਿਗੁਰ ਪੂਰਾ ਹਰਿ ਮਿਹਰਵਾਨ, ਪਰਮ ਪੁਰਖ ਵੱਡੀ ਵਡਿਆਈਆ । ਹਰਿਜਨ ਵੇਖੇ ਮਾਰ ਧਿਆਨ, ਜੁਗ ਕਰਤਾ ਵੇਸ ਵਟਾਈਆ । ਮੇਲ ਮਿਲਾਵਾ ਦੋ ਜਹਾਨ, ਲੋਕਮਾਤ ਕਰੇ ਕੁੜਮਾਈਆ । ਸ਼ਬਦ ਸਰੂਪੀ ਸਤਿ ਗਿਆਨ, ਆਤਮ ਅੰਤਰ ਬ੍ਰਹਮ ਜਣਾਈਆ । ਰਸਨਾ ਜੇਹਵਾ ਪੀਣ ਖਾਣ, ਹਰਿ ਸ਼ਬਦੀ ਤ੍ਰਿਪਤ ਕਰਾਈਆ । ਦਰ ਘਰ ਸਾਚਾ ਕਰ ਪਰਵਾਨ, ਘਰ ਮੰਦਰ ਸੋਭਾ ਪਾਈਆ । ਸਤਿ ਸਤਿਵਾਦੀ ਇਕ ਨਿਸ਼ਾਨ, ਨਿਰਗੁਣ ਸਰਗੁਣ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਈਆ । ਸਤਿਗੁਰ ਪੂਰਾ ਸਰਬ ਗੁਣਵੰਤ, ਹਰਿ ਪੁਰਖ ਨਿਰੰਜਣ ਭੇਵ ਨਾ ਰਾਈਆ । ਮਹਿਮਾ ਜਾਣੇ ਆਦਿ ਅੰਤ, ਜੁਗਾ ਜੁਗੰਤਰ ਖੇਲ ਖਿਲਾਈਆ । ਲੇਖਾ ਜਾਣੇ ਸਾਧ ਸੰਤ, ਲੱਖ ਚੁਰਾਸੀ ਰੂਪ ਸਮਾਈਆ । ਨਗਰ ਖੇੜਾ ਧਾਮ ਸੁਹਾਏ ਇਕ ਭਗਵੰਤ, ਮਹੱਲ ਅਟੱਲ ਮੁਨਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਸਤਿਗੁਰ ਪੂਰਾ ਹਰਿ ਨਿਰੰਕਾਰ, ਸਗਲਾ ਸੰਗ ਰਖਾਇੰਦਾ । ਭਗਤਨ ਮੀਤਾ ਹੋ ਉਜਿਆਰ, ਲੋਕਮਾਤ ਵੇਸ ਵਟਾਇੰਦਾ । ਘਟ ਘਟ ਅੰਦਰ ਪਾਵੇ ਸਾਰ, ਸਾਕਤ ਨਿੰਦਕ ਦੁਸ਼ਟ ਵੇਖ ਵਖਾਇੰਦਾ । ਭਗਤੀ ਦਾਤਾ ਨਾਮ ਭੰਡਾਰ, ਭਗਵਨ ਭਗਤਨ ਝੋਲੀ ਪਾਇੰਦਾ । ਚਰਨ ਚਰਨਾਮਤ ਠੰਡੀ ਠਾਰ, ਭਰ ਪਿਆਲਾ ਜਾਮ ਪਿਆਇੰਦਾ । ਆਤਮ ਤਾਕੀ ਖੋਲ੍ਹ ਕਿਵਾੜ, ਸਾਚੀ ਝਾਕੀ ਆਪ ਵਖਾਇੰਦਾ । ਸਾਚਾ ਸਾਕੀ ਪਰਵਰਦਿਗਾਰ, ਨਿਝਰ ਨਾਮਾ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਘਰ, ਹਰਿ ਸਾਚਾ ਆਪ ਸੁਹਾਇੰਦਾ । ਸਚਖੰਡ ਨਿਵਾਸੀ ਸਿਫਤ ਸਲਾਹ, ਸਤਿਗੁਰ ਸਾਚਾ ਖੇਲ ਖਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਬਣ ਮਲਾਹ, ਆਪਣੀ ਵਸਤ ਵੰਡ ਵੰਡਾਇੰਦਾ । ਆਤਮ ਬ੍ਰਹਮ ਰੂਪ ਵਟਾ, ਪਾਰਬ੍ਰਹਮ ਖੇਲ ਖਿਲਾਇੰਦਾ । ਪੰਜ ਤਤ ਕਾਇਆ ਦਏ ਟਿਕਾ, ਦੀਪਕ ਜੋਤੀ ਆਪ ਜਗਾਇੰਦਾ । ਆਪਣੀ ਧਾਰਾ ਆਪ ਸਮਾ, ਆਪੇ ਵੇਖ ਵਖਾਇੰਦਾ । ਰਾਗ ਅਨਾਦੀ ਆਪੇ ਗਾ, ਗੀਤ ਗੋਬਿੰਦ ਆਪ ਅਲਾਇੰਦਾ । ਪਵਣ ਸਵਾਸੀ ਆਪ ਚਲਾ, ਪਵਣ ਪਵਣੀ ਨਾਮ ਰਖਾਇੰਦਾ । ਤ੍ਰੈਗੁਣ ਮੇਲਾ ਸਹਿਜ ਸੁਭਾ, ਤ੍ਰੈ ਤ੍ਰੈ ਲੇਖ ਲਿਖਾਇੰਦਾ । ਵਿਸ਼ਨ ਸੇਵਾ ਰਿਹਾ ਕਮਾ, ਬ੍ਰਹਮਾ ਆਪਣਾ ਰੰਗ ਰੰਗਾਇੰਦਾ । ਸ਼ੰਕਰ ਅੰਤਮ ਲਾਵੇ ਢਾਹ, ਖੇੜਾ ਕੋਇ ਰਹਿਣ ਨਾ ਪਾਇੰਦਾ । ਜੋ ਉਪਜੇ ਸੋ ਲਏ ਸਮਾ, ਆਪ ਆਪਣੇ ਦਰ ਵਸਾਇੰਦਾ । ਆਪੇ ਬਾਹਰ ਲਏ ਕਢਾ, ਆਪ ਆਪਣਾ ਵੇਸ ਵਟਾਇੰਦਾ । ਰਕਤ ਬੂੰਦ ਵੇਖ ਵਖਾ, ਪੰਜ ਤਤ ਨਾਤਾ ਜੋੜ ਜੁੜਾਇੰਦਾ । ਹੱਡ ਮਾਸ ਨਾੜੀ ਰਤ ਮੇਲ ਮਿਲਾਵਾ ਸਹਿਜ ਸੁਭਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਵੇਖੇ ਸਾਚਾ ਘਰ, ਘਰ ਸਾਚਾ ਸਚ ਸਲਾਹਿੰਦਾ । ਘਰ ਸਾਚਾ ਹਰਿ ਉਪਜਾਇਆ, ਨਿਰਗੁਣ ਰੂਪ ਅਪਾਰ । ਨੇਹਕਰਮੀ ਕਰਮ ਕਮਾਇਆ, ਕਾਗਦ ਕਲਮ ਨਾ ਪਾਵੇ ਸਾਰ ।

ਬ੍ਰਹਮਾ ਵਿਸ਼ਨ ਸ਼ਿਵ ਰਹੇ ਕੁਰਲਾਇਆ, ਕਵਣ ਰੂਪ ਖੇਲ ਕਰੇ ਕਰਤਾਰ । ਲੱਖ ਚੁਰਾਸੀ ਅੰਗ ਸਮਾਇਆ, ਅੰਦਰ ਵੜਿਆ ਡੂੰਘੀ ਗਾਰ । ਰੂਪ ਰੇਖ ਨਾ ਕੋਇ ਵਖਾਇਆ, ਨਜ਼ਰ ਆਏ ਨਾ ਵਿਚ ਸੰਸਾਰ । ਆਪਣਾ ਭੇਵ ਆਪ ਖੁਲ੍ਹਾਇਆ, ਜਿਸ ਜਨ ਬਖ਼ਸ਼ੇ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਲਿਖਣਹਾਰ । ਲੇਖਾ ਲਿਖਣਹਾਰ ਗੋਪਾਲਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਭਗਤਨ ਦੱਸੇ ਰਾਹ ਸੁਖਾਲਾ, ਹਰਿ ਪੁਰਖ ਨਿਰੰਜਣ ਸਹਿਜ ਸੁਭਾਈਆ । ਆਪੇ ਚਲੇ ਅਵਲੜੀ ਚਾਲਾ, ਏਕੰਕਾਰਾ ਭੇਵ ਨਾ ਰਾਈਆ । ਮੇਲ ਮਿਲਾਵਾ ਪੰਜ ਤਤ ਮਾਟੀ ਕਾਇਆ ਖਾਲਾ, ਆਦਿ ਨਿਰੰਜਣ ਜੋਤ ਰੁਸ਼ਨਾਈਆ । ਦੀਪਕ ਜੋਤੀ ਆਪੇ ਬਾਲਾ, ਜੋਤ ਨਿਰੰਜਣ ਡਗਮਗਾਈਆ । ਸ੍ਰੀ ਭਗਵਾਨ ਵਸੇ ਧਰਮ ਸੱਚੀ ਧਰਮਸਾਲਾ, ਆਪ ਆਪਣਾ ਬੰਕ ਖੁਲਾਈਆ । ਅਬਿਨਾਸ਼ੀ ਕਰਤਾ ਗਲ ਪਾਏ ਮਾਲਾ, ਆਪ ਆਪਣਾ ਸ਼ਬਦ ਅਲਾਈਆ । ਪਾਰਬ੍ਰਹਮ ਪ੍ਰਭ ਖੇਲ ਨਿਰਾਲਾ, ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਵਖਾਈਆ । ਲੋਕਮਾਤ ਹਰਿ ਵਸੰਦੜਾ, ਪਰਮ ਪੁਰਖ ਕਰਤਾਰ । ਕਾਇਆ ਮਾਟੀ ਵੇਖ ਵਖੰਦੜਾ, ਪੰਜ ਤਤ ਰੂਪ ਆਕਾਰ । ਆਪਣਾ ਮੰਦਰ ਆਪ ਸੁਹੰਦੜਾ, ਆਪੇ ਹੋਏ ਘੜਨ ਭੰਨਣਹਾਰ । ਆਪ ਆਪਣੀ ਜੋਤ ਜਗੰਦੜਾ, ਮੇਟ ਮਿਟਾਏ ਅੰਧ ਅੰਧਿਆਰ । ਆਪ ਆਪਣਾ ਗੀਤ ਸੁਣੰਦੜਾ, ਗਾਵਣਹਾਰਾ ਗਾਏ ਆਪਣੀ ਵਾਰ । ਦਰ ਘਰ ਸਾਚਾ ਇਕ ਵਖੰਦੜਾ, ਮਹੱਲ ਅਟੱਲ ਉਚ ਮੁਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪਣੀ ਧਾਰ । ਸਾਚੀ ਧਾਰ ਹਰਿ ਭਗਵਾਨ, ਆਪਣੀ ਆਪ ਉਪਜਾਈਆ । ਹਰਿ ਭਗਤਨ ਵੇਖੇ ਮਾਰ ਧਿਆਨ, ਜੁਗ ਕਰਤਾ ਵਡ ਵਡਿਆਈਆ । ਸਤਿ ਸਤਿਵਾਦੀ ਨਿਗਹਬਾਨ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਗੁਰਮੁਖਾਂ ਦੇਵੇ ਸਾਚਾ ਦਾਨ, ਸਾਚੀ ਵਸਤ ਨਾਮ ਝੋਲੀ ਪਾਈਆ । ਪੂਰਨ ਕਰਨਹਾਰਾ ਕਾਮ, ਇਛਿਆ ਭਿਛਿਆ ਵਿਚ ਟਿਕਾਈਆ । ਏਥੇ ਓਥੇ ਰੱਖੇ ਮਾਣ, ਸ਼ਾਹ ਸੁਲਤਾਨਾ ਵਡ ਵਡਿਆਈਆ । ਏਕਾ ਬਖ਼ਸ਼ੇ ਚਰਨ ਧਿਆਨ, ਚਰਨ ਚਰਨੋਦਕ ਮੁਖ ਚੁਆਈਆ । ਜੂਠ ਝੂਠ ਮਿਟੇ ਨਿਸ਼ਾਨ, ਸਚ ਸੁਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਕਾਇਆ ਸਚ ਮਕਾਨ । ਕਾਇਆ ਮੰਦਰ ਸਚ ਮਕਾਨ, ਹਰਿ ਹਰਿ ਆਪਣਾ ਬੰਕ ਸੁਹਾਇੰਦਾ । ਆਦਿ ਜੁਗਾਦੀ ਧੁਰ ਫ਼ਰਮਾਨ, ਧੁਨ ਆਤਮਕ ਆਪ ਅਲਾਇੰਦਾ । ਸਚਖੰਡ ਨਿਵਾਸੀ ਸਚ ਗਿਆਨ, ਬੋਧ ਅਗਾਧ ਆਪ ਜਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸ਼ਨਾ ਭੁਖ ਮਿਟਾਇੰਦਾ । ਸ਼ਬਦ ਅਨਾਦੀ ਏਕਾ ਗਾਨ, ਰਾਗ ਰਾਗਾਂ ਆਪ ਅਲਾਇੰਦਾ । ਕੋਟਨ ਕੋਟ ਪ੍ਰਕਾਸ਼ ਕਰ ਕਰ ਭਾਨ, ਭਾਵੀ ਚਰਨਾਂ ਹੇਠ ਦਬਾਇੰਦਾ । ਭਗਵਨ ਰੂਪ ਦੋ ਜਹਾਨ, ਭਗਵਤ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲੇਖ ਲਿਖਾਇੰਦਾ । ਹਰਿਜਨ ਲੇਖਾ ਧੁਰ ਦਰਬਾਰ, ਘਰ ਮੰਦਰ ਬੈਠ ਲਿਖਾਈਆ । ਆਪੇ ਲੇਖਾ ਲਏ ਵਿਚਾਰ, ਆਪ ਆਪਣਾ ਭੇਵ ਖੁਲ੍ਹਾਈਆ । ਲੋਕਮਾਤੀ ਲੈ ਅਵਤਾਰ, ਸਾਚਾ ਸਾਕੀ ਵੇਖ ਵਿਖਾਈਆ । ਲਹਿਣਾ ਦੇਣ ਚੁਕਾਏ ਬਾਕੀ ਆਪ ਨਿਰੰਕਾਰ, ਆਪ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਫੇਰਾ ਪਾਈਆ । ਗ੍ਰਿਹ ਮੰਦਰ ਹਰਿ ਸੁਹਾਇਆ, ਪੰਜ ਤਤ ਕਾਇਆ ਮਹੱਲ ਮੁਨਾਰ । ਪੁਰਖ ਅਬਿਨਾਸ਼ੀ ਡੇਰਾ ਲਾਇਆ, ਦਿਸ ਨਾ ਆਏ ਵਿਚ ਸੰਸਾਰ । ਸਾਚੀ ਸੇਜਾ ਆਪ ਸੁਹਾਇਆ, ਆਪੇ

ਕਰਿਆ ਬੰਦ ਕਿਵਾੜ । ਆਪ ਆਪਣਾ ਮੇਲ ਮਿਲਾਇਆ, ਆਪੇ ਸੁੱਤਾ ਪੈਰ ਪਸਾਰ । ਆਪੇ ਆਲਸ ਨਿੰਦਰਾ ਦਏ ਗਵਾਇਆ, ਆਪੇ ਨੈਣ ਮੁੰਧਾਰੀ ਕਰੇ ਖੇਲ ਬੇਐਬ ਪਰਵਰਦਿਗਾਰ । ਆਪੇ ਹਰਿਜਨ ਲਏ ਉਠਾਇਆ, ਦੇਵੇ ਦਰਸ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਇਆ । ਗੁਰਮੁਖ ਸੱਜਣ ਤੇਰੀ ਵੰਡ, ਸੋ ਪੁਰਖ ਨਿਰੰਜਣ ਆਪ ਵੰਡਾਈਆ । ਹਰਿ ਪੁਰਖ ਨਿਰੰਜਣ ਪੱਲੇ ਬੰਨ੍ਹੇ ਏਕਾ ਗੰਢ, ਸਾਚੀ ਵਸਤ ਝੋਲੀ ਪਾਈਆ । ਏਕੰਕਾਰਾ ਵੇਖ ਬ੍ਰਹਿਮੰਡ, ਆਪ ਆਪਣਾ ਨੈਣ ਉਠਾਈਆ । ਆਦਿ ਨਿਰੰਜਣ ਵੇਖੇ ਚੰਦ, ਰਵ ਸਸ ਮੁਖ ਸ਼ਰਮਾਈਆ । ਸ੍ਰੀ ਭਗਵਾਨ ਸਾਚਾ ਛੰਦ, ਆਪਣਾ ਆਪ ਅਲਾਈਆ । ਅਬਿਨਾਸ਼ੀ ਕਰਤਾ ਪਰਮਾਨੰਦ, ਬੈਠਾ ਆਸਣ ਲਾਈਆ । ਪਾਰਬ੍ਰਹਮ ਹੋ ਬਖ਼ਸ਼ੰਦ, ਬ੍ਰਹਮ ਮੇਲੇ ਸਹਿਜ ਸੁਭਾਈਆ । ਗੁਰਮੁਖਾਂ ਮਿਟਾਏ ਦੂਈ ਦਵੈਤੀ ਕੰਧ, ਭਾਂਡਾ ਭਰਮ ਭੌ ਭਨਾਈਆ । ਮੇਟ ਮਿਟਾਏ ਅੰਧੇਰਾ ਅੰਧ, ਅਗਿਆਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਲੇਖਾ ਜਾਣੇ ਬੇਪਰਵਾਹ, ਨਿਰਗੁਣ ਰੂਪ ਅਖਵਾਇਆ । ਸਰਗੁਣ ਬਣ ਵਿਚ ਮਲਾਹ, ਸਤਿਗੁਰ ਆਪਣਾ ਨਾਉਂ ਧਰਾਇਆ । ਜਨ ਭਗਤਾਂ ਦੇਵੇ ਸਚ ਸਲਾਹ, ਸੰਤ ਸੁਹੇਲਾ ਭੇਵ ਨਾ ਰਾਇਆ । ਗੁਰਮੁਖ ਅੰਗ ਲਏ ਲਗਾ, ਗੁਰਸਿਖ ਆਪਣੀ ਗੋਦ ਬਿਠਾਇਆ । ਸਾਚੀ ਵਸਤ ਝੋਲੀ ਦੇਵੇ ਪਾ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਇਆ । ਕਰੋੜ ਤੇਤੀਸ ਫੂਲਨ ਬਰਖਾ ਰਹੇ ਲਾ, ਘਰ ਸਾਚਾ ਆਪ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਮੇਲ ਮਿਲਾਵਾ ਸਚ ਦਰ, ਹਰਿ ਸਤਿਗੁਰ ਆਪ ਕਰਾਇੰਦਾ । ਗੁਰਮੁਖਾਂ ਅੰਦਰ ਆਪ ਵੜ, ਆਪ ਆਪਣਾ ਪਰਦਾ ਲਾਹਿੰਦਾ । ਆਪਣੀ ਵਿਦਿਆ ਆਪੇ ਪੜ੍ਹ, ਹਰਿਜਨ ਸਾਚੇ ਮਾਤ ਪੜ੍ਹਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰੇ ਖੜ੍ਹ, ਲੋਕਮਾਤ ਗੁਰਮੁਖਾਂ ਰਾਹ ਤਕਾਇੰਦਾ । ਲੱਖ ਚੁਰਾਸੀ ਭਾਂਡਾ ਘੜ, ਘਟ ਆਪਣੀ ਵਸਤ ਟਿਕਾਇੰਦਾ । ਗੁਰਸਿਖ ਫੜਾਏ ਆਪਣਾ ਲੜ, ਦੂਸਰ ਹੱਥ ਕਿਸੇ ਨਾ ਆਇੰਦਾ । ਸਚ ਸਿੰਘਾਸਣ ਉਪਰ ਚੜ੍ਹ, ਸ਼ਾਹੋ ਭੂਪ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵਸਤ ਰਖਾਇੰਦਾ । ਵਸਤ ਅਮੋਲਕ ਕਾਇਆ ਗੋਲਕ, ਹਰਿ ਸਾਚੇ ਸਚ ਟਿਕਾਈਆ । ਗੀਤ ਗਾਏ ਸਹਿਜ ਧੁਨ ਰਾਏ ਸ਼ਬਦ ਵਜਾਏ ਸਾਚੀ ਢੋਲਕ, ਤਾਲ ਤਲਵਾੜਾ ਨਾਲ ਰਖਾਈਆ । ਆਪਣਾ ਰਾਗ ਆਪੇ ਬੋਲਤ, ਰਸਨਾ ਜੇਹਵਾ ਨਾ ਕੋਇ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਵਡ ਵਡਿਆਈਆ । ਵਡ ਵਡਿਆਈ ਵਡ ਦਾਤਾ ਮੀਤ, ਗੁਰਮੁਖਾਂ ਆਪ ਵਡਿਆਇੰਦਾ । ਸਤਿ ਪੁਰਖ ਨਿਰੰਜਣ ਸਦਾ ਅਤੀਤ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਆਪੇ ਵਸਣਹਾਰਾ ਚੀਤ, ਚਾਤ੍ਰਿਕ ਤ੍ਰਿਖਾ ਆਪ ਬੁਝਾਇੰਦਾ । ਆਪ ਚਲਾਏ ਆਪਣੀ ਰੀਤ, ਆਪਣਾ ਮਾਰਗ ਆਪ ਵਖਾਇੰਦਾ । ਆਪੇ ਕਰੇ ਪਤਿਤ ਪੁਨੀਤ, ਪਤਿਤ ਪਾਵਨ ਆਪਣਾ ਨਾਉਂ ਰਖਾਇੰਦਾ । ਹਰਿਜਨ ਕਾਇਆ ਕਰੇ ਠਾਂਡੀ ਸੀਤ, ਸਾਤਕ ਸਤਿ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਲੇਖ ਲਿਖਾਇੰਦਾ । ਗ੍ਰਿਹ ਮੰਦਰ ਲੇਖਾ ਸਾਚੇ ਘਰ, ਹਰਿ ਸਤਿਗੁਰ ਆਪ ਕਰਾਈਆ । ਆਪੇ ਦੇਵਣਹਾਰਾ ਵਰ, ਆਪੇ ਪੂਰ ਕਰਾਈਆ । ਆਪ ਚੁਕਾਏ ਆਪਣਾ ਡਰ, ਆਪੇ ਲੇਖਾ ਦਏ ਸਮਝਾਈਆ । ਆਪੇ ਕਿਰਪਾ ਦੇਵੇ ਕਰ, ਮਿਹਰਵਾਨ ਬੇਪਰਵਾਹੀਆ । ਆਪੇ ਖਾਲੀ ਭੰਡਾਰੇ ਦੇਵੇ ਭਰ,

ਦੇਂਦਿਆਂ ਤੋਟ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਆਪੇ ਵਾਲੀ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਦੋ ਜਹਾਨਾ ਆਪੇ ਪਾਲੀ, ਪ੍ਰਿਤਪਾਲਕ ਸੇਵ ਕਮਾਇੰਦਾ । ਆਪੇ ਕਰੇ ਸਚ ਦਲਾਲੀ, ਵਣਜ ਵਣਜਾਰਾ ਦਿਸ ਨਾ ਆਇੰਦਾ । ਆਪੇ ਲੱਖ ਚੁਰਾਸੀ ਵੇਖੇ ਪਤ ਡਾਲ੍ਹੀ, ਫਲ ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਬਾਲ ਬਿਰਧ ਆਪੇ ਨੌਜਵਾਨੀ, ਆਪੇ ਆਦਿ ਅੰਤ ਮੁਖ ਛੁਪਾਇੰਦਾ । ਆਪੇ ਬਖ਼ਸ਼ੇ ਪਦ ਨਿਰਬਾਣੀ, ਪਰਮ ਪੁਰਖ ਮੇਲ ਮਿਲਾਇੰਦਾ । ਆਪੇ ਹੋਏ ਜੀਵ ਨਾਦਾਨੀ, ਜੀਵਣ ਜੁਗਤ ਮੁਕਤ ਨਾ ਕੋਇ ਕਰਾਇੰਦਾ । ਆਪੇ ਵਸ ਆਲਮੇ ਜਾਵਦਾਨੀ, ਖ਼ਲਕ ਖ਼ਾਲਕ ਰੂਪ ਵਟਾਇੰਦਾ । ਆਪੇ ਹੋਏ ਲਾਸਾਨੀ, ਲਾਸ਼ਰੀਕ ਨਾਉਂ ਧਰਾਇੰਦਾ । ਆਪੇ ਦੇਵੇ ਜਨ ਭਗਤਾਂ ਨਾਮ ਨਿਸ਼ਾਨੀ, ਲੋਕਮਾਤ ਸੋਭਾ ਪਾਇੰਦਾ । ਆਪੇ ਬਖ਼ਸ਼ੇ ਅੰਮ੍ਰਿਤ ਆਤਮ, ਠੰਡਾ ਪਾਣੀ ਭਰ ਪਿਆਲਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਬੂਟਾ ਆਪ ਲਗਾਇੰਦਾ । ਸਾਚਾ ਬੂਟਾ ਆਤਮ ਜੜ, ਪਰਮ ਪੁਰਖ ਆਪ ਲਗਾਇੰਦਾ । ਸਤਿ ਪੁਰਖ ਨਿਰੰਜਣ ਆਪਣੀ ਹੱਥੀਂ ਫੜ, ਕਾਇਆ ਮੰਦਰ ਆਪ ਟਿਕਾਇੰਦਾ । ਪ੍ਰਿਤਪਾਲ ਕਰੇ ਸੀਸ ਧੜ, ਤਤਵ ਤਤ ਸੰਗ ਨਿਭਾਇੰਦਾ । ਜੋਤ ਸਰੂਪੀ ਅੰਦਰ ਵੜ, ਆਪ ਆਪਣਾ ਬਿਰਦ ਰਖਾਇੰਦਾ । ਪਵਣ ਸਵਾਸੀ ਅੰਦਰ ਕਰ, ਆਪੇ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਅੰਮ੍ਰਿਤ ਰਸ ਨਿਝਰ ਧਾਰ, ਨਿਜ ਘਰ ਸਾਚਾ ਆਪ ਵਹਾਈਆ । ਉਲਟਾ ਰੁਖ ਕਰ ਤਿਆਰ, ਆਪਣਾ ਬੂਟਾ ਆਪੇ ਲਾਈਆ । ਆਪੇ ਪਾਣੀ ਦੇਵੇ ਸਿੰਚ ਕਿਆਰ, ਆਪੇ ਸੇਵ ਕਮਾਈਆ । ਆਪੇ ਰਾਜਕ ਰਹੀਮ ਕਰੇ ਪਿਆਰ, ਆਪਣੀ ਰੋਜੀ ਦਏ ਪੁਚਾਈਆ । ਆਪੇ ਕਰੇ ਕਰਾਏ ਸਦਾ ਪ੍ਰਿਤਪਾਲ, ਮਾਤ ਪਿਤ ਭੇਵ ਨਾ ਰਾਈਆ । ਆਪੇ ਵੇਖੇ ਆਪਣਾ ਲਾਲ, ਲਾਲ ਗੁਲਾਲਾ ਗੋਦ ਸੁਹਾਈਆ । ਆਪੇ ਦੀਪਕ ਦੇਵੇ ਬਾਲ, ਜੋਤੀ ਨੂਰ ਕਰ ਰੁਸ਼ਨਾਈਆ । ਆਪੇ ਸਾਂਚੇ ਦੇਵੇ ਢਾਲ, ਆਪ ਆਪਣੀ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲੇਖਾ ਦਏ ਬੁਝਾਈਆ । ਆਪੇ ਲੇਖਾ ਲਿਖਣਹਾਰ, ਏਕਾ ਏਕੰਕਾਰ ਅਖਵਾਇਆ । ਆਪੇ ਕੁਦਰਤ ਕਰ ਪਿਆਰ, ਰਕਤ ਬੂੰਦ ਮੇਲ ਮਿਲਾਇਆ । ਆਪੇ ਤੀਜਾ ਖੋਲ੍ਹ ਕਿਵਾੜ, ਪੰਜ ਤਤ ਵੇਖੇ ਸਹਿਜ ਸੁਭਾਇਆ । ਆਪੇ ਚੌਥੇ ਅਗਨੀ ਦੇਵੇ ਡਾਰ, ਸਾਚੀ ਭੱਠੀ ਆਪ ਬਣਾਇਆ । ਆਪੇ ਪੰਚਮ ਸਹਿਜ ਸੁਖ ਧਾਰ, ਅੰਮ੍ਰਿਤ ਆਪਣਾ ਦਏ ਛਿੜਕਾਇਆ । ਆਪੇ ਛੇਵੇਂ ਖਬਰਦਾਰ, ਅੰਗੀ ਅੰਗ ਲਏ ਲਟਕਾਇਆ । ਆਪੇ ਸਤਵੇਂ ਸਤਿ ਪੁਰਖ ਨਿਰੰਜਣ ਕਰੇ ਪਿਆਰ, ਆਪਣੀ ਰਾਸ ਵਿਚ ਰਖਾਇਆ । ਆਪੇ ਅੱਠਾਂ ਤੱਤਾਂ ਬੰਨੇ ਧਾਰ, ਮਨ ਮਤ ਬੁੱਧ ਦਏ ਸਲਾਹਿਆ । ਆਪੇ ਨਾਵੇਂ ਹੋਏ ਖਬਰਦਾਰ, ਆਪਣੀ ਬੂਝ ਦਏ ਬੁਝਾਇਆ । ਆਪੇ ਦਸਵੇਂ ਫਲ ਲਾਏ ਕਰਤਾਰ, ਆਪਣਾ ਮੇਵਾ ਵੇਖ ਵਖਾਇਆ । ਆਪੇ ਦਿਵਸ ਰੈਣ ਕਰੇ ਗੁਫਤਾਰ, ਆਪ ਆਪਣੀ ਬੂਝ ਬੁਝਾਇਆ । ਆਪੇ ਬਣਿਆ ਰਹੇ ਸ਼ੀਰ ਖ਼ਾਰ, ਆਪ ਆਪਣਾ ਰਸ ਚਵਾਇਆ । ਆਪੇ ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇਆ । ਆਪੇ ਮੰਗੇ ਦਰ ਕਰ ਪਿਆਰ, ਨੇਤਰ ਲੋਚਨ ਦਰਸਨ ਇਕ ਰਘੁਰਾਇਆ । ਆਪੇ ਕਿਰਪਾ ਕਰੇ ਅਪਾਰ, ਹੁਕਮੀ ਹੁਕਮ ਆਪ ਸੁਣਾਇਆ । ਆਪੇ ਅੰਦਰ ਆਪੇ ਬਾਹਰ, ਆਪੇ ਦੇਵੇ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਰੰਗ ਰੱਤੜਾ ਹਰਿ ਭਗਵੰਤ, ਦਸ ਦਸ

ਵੱਜੇ ਵਧਾਈਆ । ਗ੍ਰਿਹ ਮੰਦਰ ਨਾਤਾ ਸਾਚੇ ਕੰਤ, ਬਾਹਿਰ ਵੇਖੇ ਜਗਤ ਲੁਕਾਈਆ । ਘਰ ਮੇਲਾ ਰਸਨਾ ਜੇਹਵਾ ਮਣੀਆ ਮੰਤ, ਦਰ ਵਾਸਨਾ ਵਾਸਨਾ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਉਪਜੇ ਸੁਤ ਸੁਤ ਦੁਲਾਰਾ, ਲੱਖ ਚੁਰਾਸੀ ਆਪ ਉਪਜਾਇੰਦਾ । ਭਗਤਨ ਖੇਲ ਕਰੇ ਕਰਤਾਰਾ, ਆਪ ਆਪਣਾ ਭੇਵ ਖੁਲਾਇੰਦਾ । ਪਾਰਬ੍ਰਹਮ ਬ੍ਰਹਮ ਦਏ ਸਹਾਰਾ, ਬ੍ਰਹਮ ਵਿਦਿਆ ਬ੍ਰਹਮ ਪੜ੍ਹਾਇੰਦਾ । ਆਸਾ ਤ੍ਰਿਸ਼ਨਾ ਜਗਤ ਦਵਾਰਾ, ਨਮਸਕਾਰਾ ਸੀਸ ਕਰਾਇੰਦਾ । ਕਾਮ ਕ੍ਰੋਧ ਲੋਭ ਮੋਹ ਹੰਕਾਰ ਕਰ ਖ਼ੁਆਰਾ, ਦਰ ਦਰ ਧੱਕਾ ਲਾਇੰਦਾ । ਆਤਮ ਦਰਸੀ ਦਰਸ ਅਪਾਰਾ, ਦਾਸਨ ਦਾਸੀ ਆਪ ਵਖਾਇੰਦਾ । ਨਿਝਰ ਮੇਘ ਅੰਮ੍ਰਿਤ ਧਾਰਾ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਸਾਚਾ ਸ਼ਬਦ ਸਚ ਜੈਕਾਰਾ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਹੰ ਬ੍ਰਹਮ ਦਏ ਆਧਾਰਾ, ਸੋਹੰ ਰੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਬਹਿ ਸਮਝਾਇੰਦਾ । ਬਹਿ ਲੇਖਾ ਹਰਿ ਸਮਝਾਵਨਾ, ਸਤਿਗੁਰ ਪੂਰਾ ਵਡ ਮਿਹਰਵਾਨ । ਲੋਕਮਾਤ ਨਿਸ਼ਾਨ ਝੁਲਾਵਨਾ, ਦਰ ਘਰ ਸਾਚੇ ਦੇਵੇ ਦਾਨ । ਪੂਰਬ ਲਹਿਣਾ ਝੋਲੀ ਪਾਵਣਾ, ਇਕੀ ਜਨਮ ਹੋਏ ਪਰਧਾਨ । ਮਾਤ ਗਰਭ ਫੇਰ ਲਾ ਆਵਨਾ, ਪਿਤਾ ਪੂਤ ਨਾ ਕੋਇ ਪਛਾਣ । ਕਾਇਆ ਬੰਕ ਨਾ ਵੇਖ ਵਖਾਵਨਾ, ਪੰਜ ਤਤ ਨਾ ਕੋਇ ਮਕਾਨ । ਏਕਾ ਗੋਬਿੰਦ ਗੀਤ ਗਾਵਨਾ, ਰਸਨਾ ਗਾਏ ਸ੍ਰੀ ਭਗਵਾਨ । ਲਿਖਿਆ ਲੇਖ ਨਾ ਕਿਸੇ ਮਿਟਾਵਨਾ, ਦੋ ਜਹਾਨ ਹੋਏ ਹੈਰਾਨ । ਨਿਹਕਲੰਕ ਨਰਾਇਣ ਨਰ ਹਰਿ ਇਕ ਅਖਵਾਵਨਾ, ਜੋਤ ਸਰੂਪੀ ਜੋਤ ਮਹਾਨ । ਗੁਰਸਿਖ ਆਪਣੇ ਘਰ ਬਹਾਵਨਾ, ਸਚਖੰਡ ਦਵਾਰ ਕਰ ਪਰਧਾਨ । ਲੋਕਮਾਤ ਆਪ ਵਡਿਆਵਨਾ, ਏਕਾ ਬਖ਼ਸ਼ੇ ਸਚ ਗਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬਣਾਏ ਚਤੁਰ ਸੁਜਾਨ । ਚਤੁਰ ਸੁਜਾਨ ਗੁਰਮੁਖ ਸੱਜਣ, ਬਿਰਧ ਬਾਲ ਨਾ ਕੋਇ ਜਣਾਈਆ । ਸਤਿਗੁਰ ਪੂਰਾ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਦਾਤਾ ਦਾਨੀ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਾਮ ਨਿਧਾਨਾ ਨੇਤਰ ਪਾਏ ਅੰਜਣ, ਅਗਿਆਨ ਅੰਧੇਰ ਮਿਟਾਈਆ । ਧੂੜੀ ਮਸਤਕ ਟਿੱਕਾ ਲਾਏ ਚੰਦਨ, ਚਰਨ ਸਰੋਵਰ ਆਪ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤਾ ਪਿਤ ਮਾਤ ਦੇਵਣਹਾਰ ਸਚ ਵਡਿਆਈਆ । ਦੇਵਣਹਾਰ ਗਹਿਰ ਗੁਣ ਸਾਗਰ, ਸਰਬ ਸੁਖਾਂ ਸੁਖ ਦਾਤਾ । ਨਿਰਮਲ ਕਰਮ ਕਰੇ ਉਜਾਗਰ, ਮੇਟੇ ਰੈਣ ਅੰਧੇਰੀ ਰਾਤਾ । ਸਾਚਾ ਵਣਜ ਕਰਾਏ ਸਚ ਸੌਦਾਗਰ, ਹਰਿਜਨ ਮੇਟੇ ਅੰਧੇਰੀ ਰਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਆਪੇ ਜੋਤ ਜੋਤ ਮੇਂ ਜਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਮਿਹਰਵਾਨ, ਚਰਨ ਕਵਲ ਕਵਲ ਚਰਨ ਬੰਧਾਏ ਸੱਚਾ ਨਾਤਾ ।



੨੧੦

### ✲ ੫ ਫੱਗਣ ੨੦੧੬ ਬਿਕ੍ਰਮੀ ਸਦਾਗਰ ਸਿੰਘ ਦੇ ਘਰ ਨਾਥੇਵਾਲ ਜ਼ਿਲਾ ਫੀਰੋਜ਼ਪੁਰ ✲

ਸਤਿਗੁਰ ਪੂਰਾ ਹਰਿ ਸੁਲਤਾਨ, ਨਰ ਹਰਿ ਨਰਾਇਣ ਆਪ ਅਖਵਾਇੰਦਾ । ਸਚਖੰਡ ਨਿਵਾਸੀ ਖੇਲ ਮਹਾਨ, ਸਤਿ ਪੁਰਖ ਨਿਰੰਜਣ ਆਪ ਖਿਲਾਇੰਦਾ । ਅਲੱਖ ਅਗੋਚਰ ਸ੍ਰੀ ਭਗਵਾਨ, ਅਗੰਮ ਅਥਾਹ ਬੇਪਰਵਾਹ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਇਕ ਅਕੱਲਾ ਏਕੰਕਾਰ, ਆਦਿ ਜੁਗਾਦੀ ਕਰ ਪਸਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸਤਿਗੁਰ ਪੂਰਾ ਹਰਿ ਭਗਵੰਤ, ਜੂਨੀ ਰਹਿਤ ਵੱਡੀ ਵਡਿਆਈਆ । ਹਰਿਜਨ ਤਾਰੇ ਸਾਚੇ ਸੰਤ, ਲੱਖ ਚੁਰਾਸੀ ਵੇਖ ਵਖਾਈਆ । ਵੇਖਣਹਾਰਾ ਜੀਵ ਜੰਤ, ਚਾਰੇ ਖਾਣੀ ਫੋਲ ਫੁਲਾਈਆ । ਪਾਰਬ੍ਰਹਮ ਪ੍ਰਭ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਖੇਲ ਖਿਲਾਈਆ । ਪੁਰਖ ਅਕਾਲ ਹਰਿ ਸਮਰਥ, ਏਕਾ ਏਕ ਏਕ ਅਖਵਾਇੰਦਾ । ਆਪ ਚਲਾਏ ਆਪਣਾ ਰਥ, ਜੁਗ ਜੁਗ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਮਹਿਮਾ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਜਨ ਭਗਤਾਂ ਦੇਵੇ ਸਾਚੀ ਵਥ, ਸਾਚੀ ਵਸਤ ਝੋਲੀ ਪਾਇੰਦਾ । ਜਗਤ ਵਿਕਾਰਾ ਦੇਵੇ ਮਥ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਘਰ ਸੁਹਾਇੰਦਾ । ਥਿਰ ਘਰ ਵਸੇ ਸਚ ਮਕਾਨ, ਮਹੱਲ ਅਟੱਲ ਆਪ ਉਪਾਇੰਦਾ । ਸਤਿ ਸਰੂਪੀ ਇਕ ਗਿਆਨ, ਆਪਣਾ ਨਾਮ ਜਣਾਇੰਦਾ । ਆਤਮ ਅੰਤਰ ਵੇਖੇ ਮਾਰ ਧਿਆਨ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਸਾਚਾ ਕਾਹਨ, ਘਰ ਮੰਡਲ ਰਾਸ ਰਚਾਇੰਦਾ । ਕਰੇ ਪ੍ਰਕਾਸ਼ ਕੋਟਨ ਭਾਨ, ਰਵ ਸਸ ਮੁਖ ਸ਼ਰਮਾਇੰਦਾ । ਧੁਨ ਅਨਾਦਿ ਸੱਚੀ ਧੁਨਕਾਨ, ਅਨਹਦ ਸੇਵਾ ਸੇਵ ਕਮਾਇੰਦਾ । ਗੁਰਮੁਖ ਵਿਰਲਾ ਚਤੁਰ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਏਕਾ ਬਖ਼ਸ਼ੇ ਚਰਨ ਧਿਆਨ, ਚਾਤਰਕ ਤ੍ਰਿਖਾ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਵੇਖ ਵਖਾਇੰਦਾ । ਸਤਿਗੁਰ ਸਾਚਾ ਨਰ ਹਰਿ ਨਰਾਇਣ, ਦੂਸਰ ਅਵਰ ਨਾ ਕੋਇ । ਗੁਰਮੁਖ ਵੇਖੇ ਆਪਣੇ ਨੈਣ, ਆਪ ਆਪਣੇ ਜੇਹਾ ਹੋਏ । ਲੱਖ ਚੁਰਾਸੀ ਜੀਵ ਜੰਤ ਰਸਨਾ ਸਾਰੇ ਕਹਿਣ, ਘਰ ਮਿਲੇ ਨਾ ਕਿਸੇ ਢੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਖੇਲੇ ਖੇਲ ਤ੍ਰੈ ਤ੍ਰੈ ਲੋਏ । ਤ੍ਰੈ ਤ੍ਰੈਲੋਕ ਪੁਰਖ ਅਕਾਲਾ, ਆਪਣੀ ਕਲ ਵਰਤਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਆਪ ਆਪਣਾ ਵੇਸ ਵਟਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਆਪਣਾ ਆਸਣ ਲਾਇੰਦਾ । ਆਪੇ ਸ਼ਾਹ ਆਪੇ ਕੰਗਾਲਾ, ਸਚ ਖ਼ਜ਼ਾਨਾ ਆਪ ਵਰਤਾਇੰਦਾ । ਆਪੇ ਤੋੜਨਹਾਰਾ ਜਗਤ ਜੰਜਾਲਾ, ਜਾਗਰਤ ਜੋਤ ਆਪ ਜਗਾਇੰਦਾ । ਆਪੇ ਕਰੇ ਕਰਾਏ ਸਦਾ ਪ੍ਰਿਤਪਾਲਾ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਆਪੇ ਫਲ ਲਗਾਏ ਡਾਲ੍ਹਾ, ਪਤ ਡਾਲੀ ਵੇਖ ਵਖਾਇੰਦਾ । ਆਪੇ ਸ਼ਬਦ ਸਰੂਪੀ ਬਣ ਦਲਾਲਾ, ਲੋਕਮਾਤ ਵੇਸ ਵਟਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਇਕ ਅਖਵਾਇੰਦਾ । ਸਤਿਗੁਰ ਪੂਰਾ ਹਰਿ ਗੋਬਿੰਦ, ਏਕਾ ਰੰਗ ਸਮਾਇਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਚਿੰਤਾ ਸੋਗ ਰਹੇ ਨਾ ਰਾਇਆ । ਸਤਿਗੁਰ ਪੂਰਾ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਇਆ । ਗੁਰਸਿਖ ਉਪਜਾਏ ਆਪਣੀ ਬਿੰਦ, ਆਪ ਆਪਣੀ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਏਕਾ ਵੇਸ, ਦਰ ਦਰਵੇਸ਼ ਅਲੱਖ ਨਿਰੰਜਣ ਆਪ ਕਰਾਇਆ । ਅਲੱਖ ਨਿਰੰਜਣ ਅਗੰਮ ਅਥਾਹ, ਬੇਅੰਤ ਭੇਵ ਨਾ ਆਇੰਦਾ । ਜੁਗ ਜੁਗ ਬਣੇ ਮਾਤ ਮਲਾਹ, ਹਰਿ ਸੰਤਨ ਰਾਹ ਵਖਾਇੰਦਾ । ਸਤਿ ਸਰੂਪੀ ਏਕਾ ਨਾਂ, ਗੁਰ ਸ਼ਬਦੀ ਨਾਉਂ ਦ੍ਰਿੜਾਇੰਦਾ । ਨਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣੀਆ ਗਲੇ ਲਗਾਇੰਦਾ ।

ਆਪੇ ਪਿਤਾ ਆਪੇ ਮਾਂ, ਸੁਤ ਦੁਲਾਰਾ ਵੇਖ ਵਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਮਾਣਕ ਮੋਤੀ ਏਕਾ ਨਾਮ ਚੋਗ ਚੁਗਾਇੰਦਾ । ਭਵ ਸਾਗਰ ਪਾਰ ਕਰਾਏ ਫੜ ਫੜ ਬਾਂਹ, ਸਤਿਗੁਰ ਪੂਰਾ ਸੇਵ ਕਮਾਇੰਦਾ । ਦੋ ਜਹਾਨੀ ਕਰੇ ਸਚ ਨਿਆਂ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਸਾਖ਼ਯਾਤ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤ, ਨਾਮ ਵਸਤ ਝੋਲੀ ਪਾਇੰਦਾ । ਨਿਜ ਨੇਤਰ ਦਰਸ ਵਡ ਕਰਾਮਾਤ, ਆਪ ਆਪਣਾ ਨੈਣ ਖੁਲਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਘਰ ਘਰ ਵਿਚ ਦੀਪਕ ਆਪ ਜਗਾਇੰਦਾ । ਬੰਦ ਕਿਵਾੜ ਖੋਲ੍ਹ ਤਾਕ, ਦੂਈ ਦਵੈਤੀ ਪਰਦਾ ਲਾਹਿੰਦਾ । ਪੰਚ ਵਿਕਾਰਾ ਕਰੇ ਖ਼ਾਕ, ਖ਼ਾਕੀ ਖ਼ਾਕ ਮਿਲਾਇੰਦਾ । ਸ਼ਬਦ ਘੋੜਾ ਸਾਚਾ ਰਾਕ, ਗੁਰਮੁਖ ਸਾਚੇ ਆਪ ਵਖਾਇੰਦਾ । ਹਰਿਜਨ ਚੜ੍ਹੇ ਮਾਰ ਪਲਾਕ, ਲੋਆਂ ਪੁਰੀਆਂ ਪਾਰ ਕਰਾਇੰਦਾ । ਸਚਖੰਡ ਦਵਾਰ ਵਖਾਏ ਖੋਲ੍ਹੇ ਤਾਕ, ਮਹੱਲ ਅਟੱਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਹਰਿ ਭਗਵੰਤ, ਹਰਿਜਨ ਮੇਲਾ ਨਾਰੀ ਕੰਤ, ਆਤਮ ਸਾਚੀ ਸੇਜ ਸੁਹਾਇੰਦਾ । ਆਤਮ ਸੇਜ ਸੁਹੰਜਣਾ, ਹਰਿ ਸਤਿਗੁਰ ਵਡ ਮਿਹਰਵਾਨ । ਜਨ ਭਗਤਾਂ ਚਰਨ ਧੂੜ ਕਰਾਏ ਸਾਚਾ ਮਜਨਾ, ਆਤਮ ਅੰਤਰ ਦੇਵੇ ਬ੍ਰਹਮ ਗਿਆਨ । ਨੇਤਰ ਨੈਣ ਪਾਏ ਏਕਾ ਕੱਜਲਾ, ਜਗਤ ਲੋਚਣ ਨੈਣ ਸ਼ਰਮਾਨ । ਮੇਲ ਮਿਲਾਏ ਸਾਚੇ ਸੱਜਣਾ, ਘਰ ਮੰਦਰ ਸ੍ਰੀ ਭਗਵਾਨ । ਜੋ ਘੜਿਆ ਸੋ ਭੱਜਣਾ, ਥਿਰ ਦਿਸੇ ਨਾ ਕੋਏ ਨਿਸ਼ਾਨ । ਕਾਲ ਨਗਾਰਾ ਸਿਰ ਤੇ ਵੱਜਣਾ, ਚਾਰੋਂ ਕੁੰਟ ਹੋਏ ਹੈਰਾਨ । ਪੰਜ ਤਤ ਮਕਾਨ ਸਭ ਨੇ ਤਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਲਏ ਪਛਾਣ । ਹਰਿਜਨ ਸੱਚਾ ਪੇਖਿਆ, ਪੇਖਣਹਾਰ ਕਰਤਾਰ । ਆਪੇ ਲਿਖਿਆ ਲੇਖਿਆ, ਲੇਖਾ ਜਾਣੇ ਨਾ ਵੇਦ ਚਾਰ । ਨਰ ਹਰਿ ਨਰਾਇਣ ਧਾਰੇ ਭੇਖਿਆ, ਲੋਕਮਾਤ ਲੈ ਅਵਤਾਰ । ਆਪੇ ਮੁਛ ਦਾੜ੍ਹੀ ਰਖਾਏ ਕੇਸਿਆ, ਮੂੰਡ ਮੂੰਡਾਏ ਸਿਰਜਣਹਾਰ । ਆਪੇ ਹੋਏ ਦਸ ਦਸਮੇਸਿਆ, ਆਪੇ ਨਾਨਕ ਨਿਰਗੁਣ ਧਾਰ । ਆਪੇ ਗੁਰੂ ਗ੍ਰੰਥ ਉਪਦੇਸਿਆ, ਗੁਰ ਮੰਤਰ ਸ਼ਬਦ ਜੈਕਾਰ । ਆਪੇ ਖੇਲੇ ਖੇਲ ਨਰ ਨਰੇਸਿਆ, ਆਪੇ ਰਾਮ ਕ੍ਰਿਸ਼ਨ ਅਵਤਾਰ । ਆਪੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਆਪੇ ਤ੍ਰੈਗੁਣ ਮਾਇਆ ਭਰੇ ਭੰਡਾਰ । ਆਪੇ ਸਚਖੰਡ ਦਵਾਰ ਕਰੇ ਪਰਵੇਸਿਆ, ਨਿਰਗੁਣ ਨੂਰ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਵਿਚ ਸੰਸਾਰ । ਵਡ ਸੰਸਾਰੀ ਹਰਿ ਨਿਰੰਕਾਰ, ਧਰਤ ਧਵਲ ਵੇਖ ਵਖਾਈਆ । ਚੌਦਾਂ ਲੋਕਾਂ ਖੋਲ੍ਹ ਕਿਵਾੜ, ਹਾਟੀ ਹਟ ਕਰੇ ਰੁਸ਼ਨਾਈਆ । ਪੁਰਖ ਅਗੰਮਾ ਭਰ ਭੰਡਾਰ, ਤ੍ਰੈ ਭਵਣ ਆਪ ਵਿਕਾਈਆ । ਬ੍ਰਹਿਮੰਡਾਂ ਖੰਡਾਂ ਦਏ ਆਧਾਰ, ਲੋਆਂ ਪੁਰੀਆਂ ਖੇਲ ਖਿਲਾਈਆ । ਜ਼ਿਮੀ ਅਸਮਾਨਾਂ ਏਕਾ ਧਾਰ, ਸ਼ਾਹ ਸੁਲਤਾਨਾਂ ਆਪ ਬੰਧਾਈਆ । ਰਵ ਸਸ ਮੇਲ ਸਤਾਰ, ਮੰਡਲ ਮੰਡਪ ਆਪ ਵਡਿਆਈਆ । ਪਵਣੀ ਪਵਣ ਦਏ ਹੁਲਾਰ, ਰੂਪ ਅਨੂਪ ਬੇਪਰਵਾਹੀਆ । ਆਪੇ ਵਸੇ ਧਾਮ ਨਿਆਰ, ਨੇਹਚਲ ਬੈਠਾ ਡੇਰਾ ਲਾਈਆ । ਘਰ ਵਿਚ ਘਰ ਕਰ ਤਿਆਰ, ਘਰ ਬੈਠਾ ਜੋਤ ਜਗਾਈਆ । ਘਰ ਮੰਦਰ ਸੋਹੇ ਬੰਕ ਦਵਾਰ, ਘਰ ਆਪਣਾ ਤਾਲ ਸੁਣਾਈਆ । ਘਰ ਅਨਹਦ ਧੁਨ ਸੱਚੀ ਧੁਨਕਾਰ, ਆਪ ਆਪਣਾ ਨਾਦ ਵਜਾਈਆ । ਘਰ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਸਾਲਾਹੀਆ । ਘਰ ਅੰਮ੍ਰਿਤ ਠੰਡੀ ਠਾਰ, ਹਰਿ ਮੰਦਰ ਆਪ ਭਰਾਈਆ । ਘਰ ਮੇਲਾ ਕੰਤ ਭਤਾਰ, ਘਰ


੨੧੨

ਬੈਠਾ ਸਹਿਜ ਸੁਖਦਾਈਆ । ਘਰ ਕਰੇ ਸਚ ਪਿਆਰ, ਹਰਿ ਸਤਿਗੁਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਥਾਉਂ ਥਾਈਆ । ਹਰਿਜਨ ਹਰਿ ਹਰਿ ਮੇਲਿਆ, ਕਰ ਕਿਰਪਾ ਕਰਤਾਰ । ਘਰ ਸਾਚੇ ਸੋਹੇ ਗੁਰੂ ਗੁਰ ਚੇਲਿਆ, ਗੁਰ ਗੋਬਿੰਦ ਮੀਤ ਮੁਰਾਰ । ਘਰ ਵਸੇ ਧਾਮ ਨਵੇਲਿਆ, ਛੱਪਰ ਛੰਨ ਨਾ ਕੋਇ ਪਸਾਰ । ਘਰ ਪਾਇਆ ਸੱਜਣ ਸੁਹੇਲਿਆ, ਵਿਛੜਿਆ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਹਰਿ ਹਰਿ ਜਾਣਿਆ, ਏਕਾ ਰੰਗ ਕਰਤਾਰਾ । ਦਰ ਘਰ ਸਾਚੇ ਏਕਾ ਮਾਣਿਆ, ਮਿਲਿਆ ਮੇਲ ਮੀਤ ਮੁਰਾਰਾ । ਚਲੇ ਚਲਾਏ ਸਾਚੇ ਭਾਣਿਆ, ਹਰਿ ਭਾਣਾ ਕਰ ਪਿਆਰਾ । ਰਸਨਾ ਗਾਵੇ ਸਾਚਾ ਗਾਣਿਆ, ਹਰਿ ਹਰਿ ਸਾਚਾ ਨਾਉਂ ਉਚਾਰਾ । ਆਤਮ ਦੇਵੇ ਬ੍ਰਹਮ ਗਿਆਨਿਆ, ਸਤਿਗੁਰ ਪੂਰਾ ਭਰੇ ਭੰਡਾਰਾ । ਦਰਗਹਿ ਸਾਚੀ ਦੇਵੇ ਮਾਣਿਆ, ਆਪ ਵਖਾਏ ਇਕ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਮਾਰ ਝਾਤ, ਹਰਿਜਨ ਮੇਲ ਮਿਲਾਏ ਕਮਲਾਪਾਤ, ਪਤ ਪਤਵੰਤਾ ਖੇਲ ਨਿਆਰਾ । ਪਤ ਪਤਵੰਤਾ ਹਰਿ ਮੀਤੜਾ, ਪਰਮ ਪੁਰਖ ਕਰਤਾਰ । ਗੁਰਸਿਖ ਕਾਇਆ ਚੋਲੀ ਰੰਗੇ ਚੀਥੜਾ, ਚਾੜ੍ਹੇ ਰੰਗ ਅਪਰ ਅਪਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਕਾਇਆ ਮੰਦਰ ਸਚ ਦਵਾਰ । ਮਿੱਠਾ ਕਰੇ ਕੌੜਾ ਰੀਠੜਾ, ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਤੜਾ, ਸਤਿ ਸਤਿ ਵਰਤੇ ਵਰਤਾਰ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਪੀ ਜਾਵੇ ਤਾਰ । ਜੁਗ ਜੁਗ ਚਲੇ ਚਲਾਏ ਆਪਣੀ ਰੀਤੜਾ, ਲੱਖ ਚੁਰਾਸੀ ਨਾ ਪਾਏ ਸਾਰ । ਸਾਚਾ ਮੰਦਰ ਦੇਹੁਰਾ ਗੁਰੂਦਵਾਰ ਮਸੀਤੜਾ, ਜਿਸ ਮਿਲਿਆ ਹਰਿ ਨਿਰੰਕਾਰ । ਗੁਰਸਿਖ ਗਾਏ ਸੁਹਾਗੀ ਗੀਤੜਾ, ਅਜਪਾ ਜਾਪ ਅਪਰ ਅਪਾਰ । ਹਰਿ ਭਾਣਾ ਲੱਗੇ ਮੀਠੜਾ, ਨਿਉਂ ਨਿਉਂ ਢਹਿ ਢਹਿ ਕਰੇ ਸਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਕਰੇ ਉਧਾਰ । ਭਗਤਨ ਹਰਿ ਰੰਗ ਰਤਿਆ, ਰਾਮ ਰੰਗ ਚਲੂਲ । ਆਪੇ ਦੇ ਸਮਝਾਵੇ ਮਤਿਆ, ਪੁਰਖ ਅਬਿਨਾਸ਼ੀ ਕੰਤ ਕੰਤੂਲ । ਬੀਜ ਬੀਜੇ ਸਾਚੇ ਵਤਿਆ, ਆਤਮ ਅੰਤਰ ਉਪਜਾਏ ਸਾਚਾ ਫੂਲ । ਆਪੇ ਬਖ਼ਸ਼ੇ ਸਾਚੀ ਸਤਿਆ, ਚਰਨ ਕਵਲਾ ਬਖ਼ਸ਼ੇ ਧੂਲ । ਹਰਿਜਨ ਜਾਣੇ ਮਿਤ ਗਤਿਆ, ਗਤ ਮਿਤ ਨਾ ਜਾਏ ਭੂਲ । ਗੁਰਮੁਖ ਵਿਰਲੇ ਲਾਹਾ ਖੱਟਿਆ, ਗੁਰ ਸ਼ਬਦ ਪੰਘੂੜਾ ਲਿਆ ਝੂਲ । ਕਲਜੁਗ ਖੇਲ ਬਾਜ਼ੀਗਰ ਨਟਿਆ, ਸ੍ਰਿਸ਼ਟ ਸਬਾਈ ਰਹੀ ਭੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਕਰਨਹਾਰਾ ਸੂਲੀਉਂ ਸੂਲ । ਗੁਰਸਿਖ ਤੇਰਾ ਬੰਧਨ ਕੱਟ, ਗੁਰ ਸਤਿਗੁਰ ਦਇਆ ਕਮਾਇੰਦਾ । ਦੂਈ ਦਵੈਤੀ ਮੇਟੇ ਫਟ, ਨਾਮ ਪਟੀ ਇਕ ਬੰਧਾਇੰਦਾ । ਅੰਮ੍ਰਿਤ ਆਤਮ ਸਾਚਾ ਝਟ, ਜਗਤ ਤ੍ਰਿਸ਼ਨਾ ਭੁੱਖ ਬੁਝਾਇੰਦਾ । ਦੁਰਮਤ ਮੈਲ ਦੇਵੇ ਕੱਟ, ਨਿਰਮਲ ਨਿਰਮਲ ਆਪ ਸਮਾਇੰਦਾ । ਵਸਣਹਾਰਾ ਘਟ ਘਟ, ਹਰ ਘਟ ਆਪੇ ਸੋਭਾ ਪਾਇੰਦਾ । ਨਿਰਗੁਣ ਸਰਗੁਣ ਹੋ ਪਰਗਟ, ਪਰਮ ਪੁਰਖ ਵੇਸ ਵਟਾਇੰਦਾ । ਜੋਤ ਉਜਾਲਾ ਲਟ ਲਟ, ਨੂਰ ਨੂਰਾਨਾ ਡਗਮਗਾਇੰਦਾ । ਸ਼ਬਦ ਅਗੰਮੀ ਮਾਰੇ ਸਟ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਘਰ ਸਾਚੇ ਮੇਲ ਮਿਲਾਇੰਦਾ । ਵਰ ਘਰ ਹਰਿ ਨਰ ਸਾਚਾ ਪੌਣਾ, ਗੁਰ ਸਤਿਗੁਰ ਮੇਲ ਮਿਲੰਨਿਆ । ਦੁਖ ਦਲਿਦਰ ਡੇਰਾ ਢੌਣਾ, ਪਵਣ ਪਵਣੀ ਦੇਵੇ ਡੰਨਿਆ । ਏਕਾ ਮਾਰਗ ਸਾਚੇ ਲੌਣਾ, ਪੁਰਖ ਅਕਾਲ ਸ੍ਰੀ ਭਗਵੰਨਿਆ । ਪਾਰਬ੍ਰਹਮ

ਪ੍ਰਭ ਮੇਲ ਮਿਲੌਣਾ, ਰੂਪ ਅਨੂਪ ਇਕ ਵਿਖੰਨਿਆ । ਨਿਰਗੁਣ ਸਾਚਾ ਚੰਨ ਚੜ੍ਹੌਣਾ, ਸਰਗੁਣ ਕਹੇ ਧੰਨ ਧੰਨ ਧੰਨ ਧੰਨਿਆ । ਚਾਤ੍ਰਿਕ ਤ੍ਰਿਖਾ ਆਪ ਬੁਝੌਣਾ, ਆਤਮ ਜਾਮ ਪਿਆਏ ਅੰਮ੍ਰਿਤ ਹਰਿ ਹਰਿ ਭਿਨਿਆ । ਕਾਗੋਂ ਹੰਸ ਆਪ ਬਣੌਣਾ, ਸਾਚੀ ਚੋਗ ਮੁਖ ਵਖੰਨਿਆ । ਜਮ ਕਾ ਜੇੜਾ ਆਪ ਕਟੌਣਾ, ਰਾਏ ਧਰਮ ਨਾ ਦੇਵੇ ਡੰਨਿਆ । ਚਿਤਰ ਗੁਪਤ ਦਾ ਲੇਖ ਚੁਕੌਣਾ, ਲਾੜੀ ਮੌਤ ਮੁਖ ਸ਼ਰਮਨਿਆ । ਗੁਰਮੁਖ ਆਪਣੀ ਗੋਦ ਬਹੌਣਾ, ਸਿਰ ਆਪਣਾ ਹੱਥ ਧਰੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਆਪੇ ਲਾਏ ਬੇੜਾ ਬੰਨਿਆ । ਬੇੜਾ ਬੰਨੇ ਦੇਵੇ ਲਾ, ਹਰਿ ਸ਼ਬਦ ਵੱਡੀ ਵਡਿਆਈਆ । ਸਤਿਗੁਰ ਸ਼ਬਦ ਜਗਤ ਮਲਾਹ, ਗੁਰਮੁਖ ਸੱਜਣ ਲਏ ਤਰਾਈਆ । ਨਿਰਗੁਣ ਜਪਾਏ ਆਪਣਾ ਨਾਂ, ਸਰਗੁਣ ਨਿਰਗੁਣ ਵਿਚ ਸਮਾਈਆ । ਹੋਏ ਸਹਾਈ ਸਭਨਾ ਥਾਂ, ਥਾਨ ਥਨੰਤਰ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਜੋ ਜਨ ਮੰਗੇ ਸਚ ਸਰਨਾਈਆ । ਨਾਨਕ ਗੋਬਿੰਦ ਮੇਲਾ ਏਕਾ ਥਾਂ, ਸਚਖੰਡ ਵੱਜੇ ਵਧਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ ਵੇਖ ਵਖਾ, ਸਤਿ ਨਾਮ ਨਾਮ ਨਿਰਬਾਣ ਏਕਾ ਬਾਣ ਲਗਾਈਆ । ਭੂਤ ਪਰੇਤ ਪਸੂ ਚਕਰ ਨਾ ਰਹੇ ਕਿਸੇ ਥਾਂ, ਨਾਮ ਖੰਡਾ ਇਕ ਚਮਕਾਈਆ । ਹਾਕਨੀ ਡਾਕਨੀ ਸੀਸ ਦਏ ਮੁੰਡਾ, ਬੀਰ ਅਠਾਰਾਂ ਰਹੇ ਕੁਰਲਾਈਆ । ਚੰਡ ਪਰਚੰਡਕਾ ਇਕ ਚਮਕਾ, ਆਪ ਆਪਣੀ ਵੰਡ ਵੰਡਾਈਆ । ਗੁਰਸਿਖ ਗੁਰਮੁਖ ਦਰ ਘਰ ਸਾਚੇ ਦਏ ਬਹਾ, ਘਰ ਮੰਦਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਚੁਕਾਏ ਝੂਠਾ ਡਰ, ਨਾਮ ਨਾਮਾ ਹੋਏ ਸਹਾਈਆ ।



੦੯ ੦੯

## ❋ ੫ ਫੱਗਣ ੨੦੧੯ ਬਿਕ੍ਰਮੀ ਨਾਥੇਵਾਲ ❋

ਘਰ ਠਾਕਰ ਅਬਿਨਾਸ਼ਿਆ, ਘਰ ਸਗਲ ਮਨੋਰਥ ਪੁੰਨ । ਘਰ ਮੰਡਲ ਪਾਵੇ ਰਾਸਿਆ, ਘਰ ਉਪਜੇ ਸ਼ਬਦੀ ਧੁਨ । ਘਰ ਖੇਲ ਪ੍ਰਿਥਮੀ ਆਕਾਸਿਆ, ਘਰ ਗਗਨ ਮੰਡਲ ਮੰਡਪ ਸੁੰਨ । ਘਰ ਮੇਲਾ ਪਵਣ ਸਵਾਸਿਆ, ਘਰ ਲੇਖਾ ਗੁਣ ਅਵਗੁਣ । ਘਰ ਭੋਗ ਰਸ ਬਲਾਸਿਆ, ਘਰ ਪੁਕਾਰ ਰਿਹਾ ਸੁਣ । ਘਰ ਰੱਖੇ ਹਰਿ ਜੂ ਵਾਸਿਆ, ਗੁਰਮੁਖ ਸੱਜਣ ਚੁਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਛਾਣ ਪੁਣ । ਘਰ ਸੁਲਤਾਨ ਸੁਹੰਜਣਾ, ਸ਼ਾਹੋ ਭੂਪ ਸਿਕਦਾਰ । ਘਰ ਮਿਹਰਵਾਨ ਨਿਰੰਜਣਾ, ਜੋਤ ਨੂਰ ਉਜਿਆਰ । ਘਰ ਸਤਿਗੁਰ ਸਾਚਾ ਸੱਜਣਾ, ਕਰੇ ਖੇਲ ਅਪਾਰ । ਘਰ ਤਾਲ ਤਲਵਾੜਾ ਵੱਜਣਾ, ਘਰ ਸ਼ਬਦ ਨਾਦ ਧੁਨਕਾਰ । ਘਰ ਸਤਿਗੁਰ ਚਰਨ ਦਵਾਰੇ ਬਹਿ ਬਹਿ ਸਜਣਾ, ਘਰ ਅੰਮ੍ਰਿਤ ਭਰੇ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਏਕਾ ਵਾਰ । ਘਰ ਧਰਨੀ ਧਰਤ ਦਵਾਰਕਾ, ਘਰ ਧੌਲ ਧਰਮ ਦਇਆ ਕਾ ਪੂਤ । ਘਰ ਕਰੇ ਕਰਾਏ ਆਰਤੀ ਆਰਤਾ, ਘਰ ਮੇਲਾ ਕੰਤ ਕੰਤੂਹਲ । ਘਰ ਵੇਸ ਪੁਰਖ ਨਾਰ ਦਾ, ਨਰ ਨਰਾਇਣ ਚੁਕਾਏ ਮੂਲ । ਘਰ ਖੇਲ ਬੇਐਬ ਪਰਵਰਦਿਗਾਰ ਦਾ, ਘਰ ਬਰਖਣਹਾਰਾ ਫੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਮੂਲ । ਘਰ ਮੇਲਾ ਕੰਤ ਸੁਹਾਗਿਆ, ਘਰ ਸੋਭਾਵੰਤੀ ਨਾਰ । ਘਰ ਕੰਤ ਭਤਾਰਾ ਜਾਗਿਆ, ਘਰ ਸੋਹੇ

ਬੰਕ ਦਵਾਰ । ਘਰ ਵੱਜੇ ਅਨਹਦ ਵਾਜਿਆ, ਘਰ ਸੁਣੇ ਸੁਣਾਏ ਸੁਨਣੇਹਾਰ । ਘਰ ਆਵੇ ਜਾਵੇ ਫਿਰੇ ਭਾਗਿਆ, ਅੰਦਰ ਬਾਹਰ ਗੁਪਤ ਜ਼ਾਹਰ । ਘਰ ਹੰਸ ਬਣਾਏ ਕਾਗਿਆ, ਆਪ ਉਡਾਏ ਆਪਣੀ ਡਾਰ । ਘਰ ਬਹਿ ਬਹਿ ਮਾਰੇ ਵਾਜਿਆ, ਆਲਸ ਨਿੰਦਰਾ ਪਾਰ ਕਿਨਾਰ । ਘਰ ਚੜ੍ਹੇ ਸਾਚੇ ਤਾਜਿਆ, ਅਸਵ ਘੋੜਾ ਸ਼ਬਦ ਸ਼ੰਗਾਰ । ਘਰ ਖੇਲ ਗ਼ਰੀਬ ਨਿਵਾਜਿਆ, ਗੁਰਮੁਖ ਸੱਜਣ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਵਣਹਾਰਾ ਸਾਚੀ ਸਾਰ । ਘਰ ਵਣਜ ਸਚ ਵਣਜਾਰੜਾ, ਘਰ ਪਰਖਣਹਾਰਾ ਲਾਲ । ਘਰ ਬੈਠ ਮੀਤ ਮੁਰਾਰੜਾ, ਆਪ ਆਪਣੇ ਰਿਹਾ ਭਾਲ । ਘਰ ਕਰੇ ਪਾਰ ਕਿਨਾਰੜਾ, ਘਰ ਮਾਣਕ ਮੋਤੀ ਦਏ ਉਛਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਜਾਏ ਆਪਣਾ ਤਾਲ । ਘਰ ਵਣਜਾਰਾ ਸਚ ਸੌਦਾਗਰ, ਘਰ ਸਾਚਾ ਦਰ ਖੁਲਾਇੰਦਾ । ਘਰ ਵੇਖਣਹਾਰਾ ਕਾਇਆ ਗਾਗਰ, ਮਹੱਲ ਮੁਨਾਰਾ ਆਪ ਉਪਾਇੰਦਾ । ਘਰ ਨੇਹਕਰਮੀ ਕਰੇ ਕਰਮ ਉਜਾਗਰ, ਆਪ ਆਪਣੀ ਦਇਆ ਕਮਾਇੰਦਾ । ਘਰ ਕਰੇ ਕਰਾਏ ਸਾਚਾ ਆਦਰ, ਆਦਿ ਜੁਗਾਦੀ ਵੇਸ ਵਟਾਇੰਦਾ । ਘਰ ਮੇਲਾ ਕਰਤਾ ਕਾਦਰ, ਰਹੀਮ ਰਹਿਮਾਨ ਰਹਿਮਤ ਆਪਣੇ ਹੱਥ ਵਖਾਇੰਦਾ । ਘਰ ਕਰੇ ਖੇਲ ਪਿੰਦਰ ਮਾਦਰ, ਮੋਹਨ ਮਾਧਵ ਰੂਪ ਵਟਾਇੰਦਾ । ਘਰ ਰਾਗ ਸੁਣਾਏ ਆਪਣਾ ਦਾਦਰ, ਦਰੋਹੀ ਖ਼ੁਦਾਏ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਤਾੜੀ ਲਾਇੰਦਾ । ਘਰ ਤਾੜੀ ਹਰਿ ਭਗਵੰਤ, ਘਰ ਨਦਰੀ ਨਦਰ ਨਿਹਾਲਿਆ । ਘਰ ਵਾੜੀ ਮੰਗੇ ਸੰਤ, ਦਰ ਆਏ ਬਣ ਸਵਾਲੀਆ । ਦਰ ਖ਼ਾਰੀ ਚੁੱਕੇ ਕੰਤ, ਫੁੱਲ ਫੁਲਣ ਆਪ ਉਠਾ ਲਿਆ । ਘਰ ਵੇਖੇ ਰੁਤ ਬਸੰਤ, ਪਤ ਡਾਲ਼ੀ ਆਪ ਮਹਿਕਾ ਲਿਆ । ਘਰ ਲੇਖਾ ਜੀਵ ਜੰਤ, ਸ੍ਰੀ ਭਗਵੰਤ ਆਪ ਬੁਝਾਲਿਆ । ਘਰ ਜਾਣੇ ਮਹਿਮਾ ਅਗਣਤ, ਆਪ ਆਪਣਾ ਮੁਖ ਛੁਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੀਵਾ ਬਾਤੀ ਇਕ ਜਗਾ ਲਿਆ । ਘਰ ਦੀਵਾ ਬਾਤੀ ਕਰ ਪ੍ਰਕਾਸ਼, ਘਰ ਅੰਧ ਅੰਧੇਰ ਵਖਾਇੰਦਾ । ਘਰ ਖੇਲ ਕਰੇ ਸਰਬ ਗੁਣਤਾਸ, ਘਰ ਮੁਖੜਾ ਮੁਖ ਛੁਪਾਇੰਦਾ । ਘਰ ਆਪਣਾ ਕਰ ਕਰ ਵਾਸ, ਘਰ ਨਜ਼ਰ ਕਿਸੇ ਨਾ ਆਇੰਦਾ । ਘਰ ਵਸੇ ਆਸ ਪਾਸ, ਘਰ ਦੂਰ ਦੁਰਾਡਾ ਪੰਧ ਜਣਾਇੰਦਾ । ਘਰ ਪੂਰੀ ਕਰੇ ਆਸ, ਨਿਰਾਸਾ ਨਿਰਾਸ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਏਕਾ ਰੰਗ ਰੰਗਾਇੰਦਾ । ਘਰ ਰੰਗੇ ਏਕਾ ਰੰਗ, ਰੰਗਣ ਰੰਗ ਨਾ ਕੋਏ ਜਣਾਈਆ । ਘਰ ਬੈਠ ਸੂਰਾ ਸਰਬੰਗ, ਸਾਰੰਗ ਧਰ ਆਪ ਅਖਵਾਈਆ । ਘਰ ਵੇਖ ਸਚ ਪਲੰਘ, ਸਚ ਸੁਹੰਜਣੀ ਸੇਜ ਸੁਹਾਈਆ । ਘਰ ਆਪ ਲਗਾਏ ਆਪਣੇ ਅੰਗ, ਅੰਗੀਕਾਰ ਬੇਪਰਵਾਹੀਆ । ਘਰ ਮੰਗੇ ਬਣ ਮਲੰਗ, ਰੂਪ ਅਨੂਪ ਆਪ ਵਟਾਈਆ । ਘਰ ਸਦਾ ਰੱਖੇ ਸੰਗ, ਸਗਲ ਮਨੋਰਥ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਸੁਹਾਈਆ । ਘਰ ਸਾਚਾ ਆਪ ਉਪਾਇਆ, ਨਿਰਗੁਣ ਸਰਗੁਣ ਸਾਚੀ ਧਾਰ । ਘਰ ਛੱਪਰ ਛੰਨ ਛੁਹਾਇਆ, ਘਰ ਬਾਡੀ ਬਣ ਕਰਤਾਰ । ਘਰ ਦੀਪਕ ਜੋਤ ਜਗਾਇਆ, ਦਿਵਸ ਰੈਣ ਰਹੇ ਉਜਿਆਰ । ਘਰ ਮਾਟੀ ਭਾਂਡਾ ਪੋਚ ਪੋਚਾਇਆ, ਘਰ ਬਣਿਆ ਹਰਿ ਘੁਮਿਆਰ । ਘਰ ਚੱਕੀ ਚੱਕ ਭਵਾਇਆ, ਆਪੇ ਵੇਖੇ ਆਪਣੀ ਵਾਰ । ਘਰ ਭਾਂਡੇ ਆਪ ਤਪਾਇਆ, ਤ੍ਰੈਗੁਣ ਅਗਨੀ ਦੇਵੇ ਡਾਰ । ਘਰ ਆਪਣਾ ਮੁਖ ਖੁਲ੍ਹਾਇਆ, ਆਪੇ ਵੇਖੇ ਚਾਰ ਦੀਵਾਰ । ਘਰ ਆਪਣੀ ਵਸਤ ਟਿਕਾਇਆ

, ਹਰਿ ਅੰਮ੍ਰਿਤ ਭਰ ਭੰਡਾਰ । ਹਰਿ ਹਰਿ ਹਰਿ ਵੇਖਣ ਆਇਆ, ਘਰ ਵੇਖੇ ਸਚ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅਗੰਮ ਅਪਾਰ । ਘਰ ਭਾਂਡਾ ਬਹਿ ਸਾਚਾ ਘੜ, ਕੰਚਨ ਗੜ੍ਹ ਸੁਹਾਈਆ । ਸਤਿ ਸਰੂਪੀ ਅੰਦਰ ਵੜ, ਆਪਣੀ ਵਸਤ ਵਿਚ ਟਿਕਾਈਆ । ਆਪੇ ਮੁਖ ਬੰਦ ਕਰ, ਆਪੇ ਦਏ ਖੁਲ੍ਹਾਈਆ । ਆਪੇ ਪਵਣ ਸਵਾਸ ਧਰ, ਆਪੇ ਸ਼ਬਦ ਜਣਾਈਆ । ਆਪੇ ਅੰਮ੍ਰਿਤ ਦੇਵੇ ਸਰ, ਆਪੇ ਮੁਖ ਰਸ ਰਸਾਈਆ । ਆਪੇ ਨਾਰੀ ਆਪੇ ਨਰ, ਆਪ ਆਪਣਾ ਰੂਪ ਵਟਾਈਆ । ਆਪੇ ਆਪਣੀ ਕਿਰਪਾ ਕਰ, ਗੁਰਮੁਖਾਂ ਏਹ ਬੁਝਾਈਆ । ਸੰਤ ਸਾਜਣ ਲਾਏ ਲੜ, ਘਰ ਸਾਚੇ ਵੱਜੇ ਵਧਾਈਆ । ਦੇਵੇ ਦਰਸ ਅੱਗੇ ਖੜ, ਜਗਤ ਹਰਸ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਭਾਂਡਾ ਵੇਖ ਵਖਾਈਆ । ਘਟ ਭਾਂਡਾ ਹਰਿ ਪੇਖਿਆ, ਨੇਤਰ ਨੈਣ ਉਘਾੜ । ਆਪਣੇ ਲੋਚਨ ਆਪੇ ਵੇਖਿਆ, ਆਪਣੇ ਹੱਥ ਲਾਏ ਟਨਕਾਰ । ਆਪੇ ਕੀਮਤ ਪਾਏ ਨਰ ਨਰੇਸ਼ਿਆ, ਆਪੇ ਵਣਜ ਕਰੇ ਵਪਾਰ । ਆਪੇ ਸਚ ਸੌਦਾਗਰ ਫਿਰੇ ਦੇਸ ਪਰਦੇਸਿਆ, ਗੁਰਮੁਖ ਸੱਜਣ ਲਏ ਭਾਲ । ਬਾਲ ਜਵਾਨੀ ਬਿਰਧ ਨਾ ਕੋਏ ਵਰੇਸਿਆ, ਏਕਾ ਰੰਗ ਰਵੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਹਰਿਜਨ ਭਾਂਡਾ ਨਾਮ ਅਨਮੁਲ, ਲੱਖ ਚੁਰਾਸੀ ਕੀਮਤ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਕੰਡੇ ਨਾ ਸਕੇ ਤੁਲ, ਚੌਦਾਂ ਲੋਕ ਨਾ ਕੋਇ ਤੁਲਾਈਆ । ਖ਼ਰੀਦ ਨਾ ਸਕੇ ਕੋਈ ਮੁੱਲ, ਬਿਨ ਸਤਿਗੁਰ ਪੂਰੇ ਹੱਥ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਮੁੱਲ, ਆਪੇ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਹੱਥ ਰਖਾਈਆ । ਗੁਰਸਿਖ ਕਾਇਆ ਕਾਇਆ ਮਟ, ਕਰਤਾ ਕੀਮਤ ਆਪੇ ਪਾਇੰਦਾ । ਚਰਨ ਦਵਾਰਾ ਸਾਚਾ ਹੱਟ, ਲੋਕਮਾਤ ਆਪ ਖੁਲਾਇੰਦਾ । ਆਪੇ ਵੇਖੇ ਨੱਠ ਨੱਠ, ਦਿਵਸ ਰੈਣ ਪੰਧ ਮੁਕਾਇੰਦਾ । ਆਪ ਤਪਾਇਆ ਆਪਣੇ ਭੱਠ, ਭੱਠ ਭਠਿਆਲਾ ਨਾ ਕੋਏ ਰਖਾਇੰਦਾ । ਆਪਣੀ ਖੋਲ੍ਹੇ ਬੱਧੀ ਗੱਠ, ਆਪਣਾ ਪਲੂ ਅੱਗੇ ਡਾਹਿੰਦਾ । ਵਸਣਹਾਰਾ ਘਟ ਘਟ, ਹਰਿਜਨ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪ ਚੁਕਾਇੰਦਾ । ਗੁਰਮੁਖ ਕਾਇਆ ਕੀਮਤ ਹਰਿ ਹਰਿ ਪਾ, ਆਪਣਾ ਲੇਖਾ ਦਏ ਚੁਕਾਈਆ । ਆਪ ਆਪਣਾ ਗੁਰਸਿਖਾਂ ਉਤੋਂ ਘੋਲ ਘੁਮਾ, ਘੋਲੀ ਘੋਲ ਸੇਵ ਕਮਾਈਆ । ਚਾਰ ਜੁਗ ਦੀ ਬੋਲੀ ਦਏ ਵਿਆਹ, ਪੂਰਬ ਲਹਿਣਾ ਦਏ ਮੁਕਾਈਆ । ਕਾਇਆ ਚੋਲੀ ਦਏ ਰੰਗਾ, ਸਚ ਚੋਲੜਾ ਵੇਖ ਵਖਾਈਆ । ਨਾਮ ਮੌਲੀ ਤੰਦ ਬੰਧਾ, ਸਾਚੀ ਮਹਿੰਦੀ ਰੰਗ ਰੰਗਾਈਆ । ਏਕਾ ਵਟਣਾ ਦਏ ਲਗਾ, ਆਪਣੀ ਹੱਥੀਂ ਤਨ ਛੁਹਾਈਆ । ਸਾਚੇ ਖਾਰੇ ਦਏ ਚੜ੍ਹਾ, ਆਪ ਆਪਣਾ ਮੰਗਲ ਗਾਈਆ । ਸੀਸ ਸੇਹਰਾ ਦਏ ਸਜਾ, ਸੋਲਾਂ ਕਲੀਆਂ ਆਪ ਲਟਕਾਈਆ । ਸ਼ਬਦ ਘੋੜੀ ਆਪ ਬਹਾ, ਜੋਤ ਨਿਰੰਜਣ ਵਾਗ ਰਹੇ ਗੁੰਦਾਈਆ । ਸਾਚਾ ਨੇਤਰ ਕਜਲਾ ਪਾ, ਸਾਚਾ ਸਗਨ ਵਖਾਈਆ । ਗੁਰਸਿਖ ਜਾਂਵੀ ਨਾਲ ਰਲਾ, ਆਪਣੇ ਹੱਥ ਰੱਖੇ ਵਡਿਆਈਆ । ਦਰਗਾਹ ਸਾਚੀ ਢੁਕੇ ਜਾ, ਨਾਮ ਮਰਦੰਗ ਸਚ ਸਾਰੰਗ ਏਕਾ ਰਾਗ ਅਲਾਈਆ । ਸਚਖੰਡ ਦਵਾਰੇ ਡੇਰਾ ਲਾ, ਆਪ ਆਪਣਾ ਥਾਨ ਸੁਹਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਅੱਗੋਂ ਆਵੇ ਚਾਈਂ ਚਾਈਂਆ । ਆਪਣਾ ਮੇਲਾ ਲਏ ਮਿਲਾ, ਘਰ ਸਾਚੇ ਵੱਜੇ ਵਧਾਈਆ । ਧੀ ਜਵਾਈ ਨਾਂ ਰਖਾ, ਏਕਾ ਸੇਜ ਸੁਹਾਈਆ । ਗੁਰਸਿਖ ਗੁਰਮੁਖ ਮੇਲ ਮਿਲਾਵਾ ਕਰੇ ਸਾਚੇ ਥਾਂ,

ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲਾ ਸੰਗ ਸਦਾ ਸਦ ਰਖਾਈਆ ।

### ❊ ੫ ਫੱਗਣ ਸੰਮਤ ੨੦੧੬ ਬਿਕ੍ਰਮੀ ਪਿੰਡ ਸਮਾਲਸਰ ਹਾਕਮ ਸਿੰਘ ਦੇ ਘਰ ਜਿਲਾ ਫੀਰੋਜਪੁਰ ❊

ਗੁਰਮੁਖ ਗੁਰ ਸੱਜਣ ਪਾਇਆ, ਹਰਿ ਮਿਲੀ ਸਚ ਸਰਨਾਈਆ । ਸਗਲ ਮਨੋਰਥ ਇਛ ਪੁਨ ਸਹਿਜ ਸੁਖਦਾਇਆ, ਦਰ ਘਰ ਸਾਚੇ ਮੇਲ ਮਿਲਾਈਆ । ਰਤਨ ਅਮੋਲਕ ਹੀਰਾ ਨਾਮ ਵਡਿਆਇਆ, ਲੋਕਮਾਤ ਵੱਜੇ ਵਧਾਈਆ । ਸਚ ਸਲੋਕ ਮੰਤਰ ਨਾਮ ਦ੍ਰਿੜਾਇਆ, ਦਿਬ ਦ੍ਰਿਸ਼ਟ ਆਪ ਖੁਲਾਈਆ । ਚਿੰਤਾ ਹਰਖ ਸੋਗ ਮਿਟਾਇਆ, ਸਾਂਤਕ ਸਤਿ ਸਤਿ ਵਖਾਈਆ । ਜਗਤ ਵਿਕਾਰਾ ਨੇੜ ਨਾ ਆਇਆ, ਨਿਰਗੁਣ ਸਰਗੁਣ ਬੂਝ ਬੁਝਾਈਆ । ਪੰਜ ਤਤ ਕਾਇਆ ਖੇਲ ਖਿਲਾਇਆ, ਤ੍ਰੈਗੁਣ ਮੇਲਾ ਬੰਧਨ ਪਾਈਆ । ਆਪਣਾ ਦੀਪਕ ਆਪ ਜਗਾਇਆ, ਘਰ ਸਾਚੇ ਆਪ ਟਿਕਾਈਆ । ਆਪੇ ਅੰਤਮ ਲਏ ਬੁਝਾਇਆ, ਆਪ ਆਪਣੇ ਵਿਚ ਸਮਾਈਆ । ਜਗਤ ਨੇਤਰ ਦਿਸ ਨਾ ਆਇਆ, ਭਰਮੇ ਭੁੱਲੀ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰਿਜਨ ਹਿੱਸਾ ਆਪ ਵੰਡਾਇਆ, ਹਰਿ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਸਰਨਾਈਆ । ਸਚ ਸਰਨਾਈ ਸਤਿਗੁਰ ਮੀਤ, ਸਗਲਾ ਰੋਗ ਵਿਨਾਸਿਆ । ਏਕੰਕਾਰਾ ਵਸਿਆ ਚੀਤ, ਘਰ ਮੇਲਾ ਸ਼ਾਹੋ ਸ਼ਾਬਾਸਿਆ । ਕਾਇਆ ਮੰਦਰ ਠੰਡਾ ਸੀਤ, ਨਿਰਗੁਣ ਨੂਰ ਦੀਪ ਪ੍ਰਕਾਸਿਆ । ਰਸਨਾ ਗਾਏ ਸੁਹਾਗੀ ਗੀਤ, ਗੋਪੀ ਕਾਹਨ ਪਾਵੇ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲੇ ਖੇਲ ਤਮਾਸ਼ਿਆ । ਸਚ ਸਰਨਾਈ ਹਰਿ ਨਿਰੰਕਾਰ, ਸਗਲਾ ਸੁਖ ਉਪਜਾਈਆ । ਨਾਤਾ ਤੋੜ ਜਗਤ ਸੰਸਾਰ, ਘਰ ਸਾਚੇ ਮੇਲ ਮਿਲਾਈਆ । ਮੇਲ ਮਿਲਾਵਾ ਮੀਤ ਮੁਰਾਰ, ਘਰ ਮਿਲਿਆ ਸੱਜਣ ਬੇਪਰਵਾਹੀਆ । ਆਤਮ ਅੰਤਰ ਇਕ ਦੀਦਾਰ, ਆਪ ਆਪਣੀ ਦੀਦ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਲੇਖ ਲਿਖਾਈਆ । ਹਰਿ ਸਰਨਾਈ ਸਰਨਗਤ, ਹਰਿ ਸਤਿਗੁਰ ਵੇਖ ਵਖਾਇੰਦਾ । ਨਾਮ ਬੀਜੇ ਸਾਚੇ ਵਤ, ਕਾਇਆ ਖੇਤ ਵੇਖ ਵਖਾਇੰਦਾ । ਆਪ ਲਗਾਏ ਡਾਲੀ ਪਤ, ਫੁਲ ਫਲਵਾੜੀ ਆਪ ਮਹਿਕਾਇੰਦਾ । ਆਪੇ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਸਰੂਪੀ ਸਾਚੀ ਵਥ, ਏਕਾ ਬ੍ਰਹਮ ਗਿਆਨ ਦ੍ਰਿੜਾਇੰਦਾ । ਗੁਰਮੁਖ ਸਗਲ ਵਿਸੂਰੇ ਗਏ ਲੱਥ, ਦਰ ਘਰ ਸਾਚੇ ਦਰਸਨ ਪਾਇੰਦਾ । ਝੂਠਾ ਬੁਰਜ ਗਿਆ ਢੱਠ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਬਿਨਾਸ਼ੀ ਮੇਲਾ ਨੱਠ ਨੱਠ, ਦਰਗਹ ਸਾਚੀ ਧਾਮ ਸੁਹਾਇੰਦਾ । ਲੇਖਾ ਜਾਣੇ ਜਿਉਂ ਭਗਤ ਘਰ ਦਸਰਥ, ਰਾਮ ਰਾਮਾ ਵੇਖ ਵਖਾਇੰਦਾ । ਹਰਿ ਹਰਿ ਮਹਿਮਾ ਅਕਥਨਾ ਅਕਥ, ਵੇਦ ਕਤੇਬ ਕੋਇ ਨਾ ਗਾਇੰਦਾ । ਜੁਗ ਜੁਗ ਗੇੜੇ ਆਪਣੀ ਲੱਠ, ਚਾਰੋਂ ਕੁੰਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਸਤਰ ਧਾਰੀ ਵੇਸ ਵਟਾਇੰਦਾ । ਜਿਉਂ ਰਾਮਾ ਮੀਤ ਭਰਤ ਭਰਾਤਾ, ਹਰਿ ਸਤਿਗੁਰ ਵੇਖ ਵਖਾਈਆ । ਤਿਉਂ ਸਿੰਘ ਰੂਪ ਹੋਏ ਇਕ ਇਕਾਂਤਾ, ਦੇਵੇ ਦਰਸ ਅਗੰਮ ਅਥਾਹੀਆ । ਜਨ ਉਤਮ ਰੱਖੀ ਹਰਿ ਹਰਿ ਜਾਤਾ,

ਜੋਤ ਜਾਤ ਜਗਤ ਆਪ ਜਗਾਈਆ । ਆਪ ਸੁਣਾਈ ਆਪਣੀ ਗਾਥਾ, ਹਰਿ ਮੰਦਰ ਅੰਦਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਏਕਾ ਮੀਤ ਸਾਚਾ ਸੱਜਾ, ਭੱਜਾ ਆਪਣਾ ਨਾਉਂ ਰਖਾਇੰਦਾ । ਇਕ ਨਰਾਇਣ ਏਕਾ ਨੱਜਾ, ਏਕਾ ਨਿਰਗੁਣ ਰੂਪ ਚੜ੍ਹਾਇੰਦਾ । ਏਕਾ ਗੇੜਨਹਾਰਾ ਪਹੀਆ, ਪੀਆ ਪ੍ਰੀਤਮ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਖੇਲੇ ਖੇਲ ਖਲਾਰੀ, ਖ਼ਾਲਕ ਖ਼ਲਕ ਵਿਚ ਸਮਾਈਆ । ਆਪੇ ਭਗਤਨ ਮੇਲਾ ਵਡ ਸੰਸਾਰੀ, ਲੋਕਮਾਤ ਮੇਲ ਮਿਲਾਈਆ । ਆਪੇ ਸ਼ਬਦ ਅਨਾਦ ਬੋਲ ਜੈਕਾਰੀ, ਸਾਚਾ ਰਾਗ ਨਾਦ ਸੁਣਾਈਆ । ਆਪੇ ਮਹੱਲ ਅਟੱਲ ਲਏ ਉਸਾਰੀ, ਘੜਨ ਭੰਨਣਹਾਰ ਆਪ ਅਖਵਾਈਆ । ਆਪੇ ਪੰਜ ਤਤ ਮੇਲਾ ਤ੍ਰੈਗੁਣ ਸਿਕਦਾਰੀ, ਆਤਮ ਬ੍ਰਹਮ ਕਰੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਸਾਚਾ ਇਕ ਵਖਾਈਆ । ਕਾਇਆ ਮੰਦਰ ਜਗਤ ਮੁਨਾਰਾ, ਤ੍ਰੈਗੁਣ ਮੇਲ ਮਿਲਾਇਆ । ਪੰਚਮ ਮੀਤਾ ਖੇਲ ਨਿਆਰਾ, ਇਕ ਅਤੀਤਾ ਰਿਹਾ ਕਰਾਇਆ । ਠਾਂਡਾ ਸੀਤਾ ਏਕੰਕਾਰਾ ਨਿਰਾਧਾਰਾ, ਨਿਰਗੁਣ ਆਪਣਾ ਨਾਉਂ ਧਰਾਇਆ । ਹਰਿਜਨ ਬਖਸ਼ੇ ਚਰਨ ਪਿਆਰਾ, ਚਾਤਰਕ ਤ੍ਰਿਖਾ ਦਏ ਬੁਝਾਇਆ । ਇਕ ਵਖਾਏ ਸਚ ਦਵਾਰਾ, ਸਚਖੰਡ ਸਾਚਾ ਆਪ ਸੁਹਾਇਆ । ਜੁਗ ਜੁਗ ਜਨ ਭਗਤਾਂ ਕਰੇ ਮਾਤ ਪਿਆਰਾ, ਆਪ ਆਪਣੀ ਗੋਦ ਉਠਾਇਆ । ਦੇਵੇ ਦਾਨ ਸ੍ਰੀ ਭਗਵਾਨ, ਏਕਾ ਰੰਗ ਰੰਗੇ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਹੋਏ ਉਜਿਆਰਾ । ਜੋਤ ਉਜਾਲਾ ਹਰਿ ਗੋਪਾਲਾ, ਗੋਬਿੰਦ ਗਹਿਰ ਗੰਭੀਰਾ । ਗੁਰਮੁਖ ਵੇਖੇ ਸਾਚਾ ਲਾਲਾ, ਆਪਣੀ ਚੋਟੀ ਚੜ੍ਹ ਅਖੀਰਾ । ਦਿਵਸ ਰੈਣ ਕਰੇ ਪ੍ਰਿਤਪਾਲਾ, ਅੰਮ੍ਰਿਤ ਬਖਸ਼ੇ ਠਾਂਡਾ ਸੀਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਂਤਕ ਸਾਚੀ ਧੀਰਾ । ਧੀਰਜ ਧੀਰ ਸਤਿ ਸੰਤੋਖ, ਗੁਰ ਸਤਿਗੁਰ ਹੱਥ ਵਡਿਆਈਆ । ਗੁਰਮੁਖ ਤੇਰੇ ਕਦਮ ਚੁੰਮੇਂ ਮੁਕਤੀ ਮੋਖ, ਨਿਉਂ ਨਿਉਂ ਸੀਸ ਝੁਕਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਏ ਵਖਾਈਆ । ਭਰਮੇ ਭੁੱਲੇ ਭਰਮੀ ਲੋਕ, ਲੋਕ ਅਗਨੀ ਅੱਗ ਲਗਾਈਆ । ਹਰਿਜਨ ਗਾਏ ਸੁਹਾਗੀ ਸਲੋਕ, ਦਰ ਘਰ ਸਾਚੇ ਮੇਲ ਮਿਲਾਈਆ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਸਾਧ ਸੰਤ ਗੁਰ ਪੀਰ ਅਵਤਾਰ ਬੈਠੇ ਸੀਸ ਝੁਕਾਈਆ । ਪ੍ਰਭ ਦਰਸਨ ਕੋ ਲੋਚਨ ਕੋਟਨ ਕੋਟ, ਕੋਟਨ ਕੋਟੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸਾਚੇ ਲਏ ਮਿਲਾਈਆ । ਗੁਰਮੁਖ ਸੱਜਣ ਮੇਲਿਆ, ਘਰ ਸਾਚੇ ਸਤਿਗੁਰ ਸੁਜਾਨ । ਆਪੇ ਹੋਏ ਗੁਰੂ ਗੁਰ ਚੇਲਿਆ, ਦੇਵਣਹਾਰਾ ਸਾਚਾ ਦਾਨ । ਦੋ ਜਹਾਨੀ ਸੱਜਣ ਸੁਹੇਲਿਆ, ਰਾਮ ਰੂਪ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਲਏ ਪਛਾਣ । ਆਪਣੇ ਆਪ ਪਛਾਨਣ ਆਇਆ, ਧੁਰ ਦਰਗਾਹੀ ਹਰਿ ਨਿਰੰਕਾਰਾ । ਜੁਗ ਜੁਗ ਵਿਛੜੇ ਮੇਲ ਮਿਲਾਵਨ ਆਇਆ, ਨਿਰਗੁਣ ਰੂਪ ਵਿਚ ਸੰਸਾਰਾ । ਸ਼ਬਦ ਡੋਰੀ ਬੰਧ ਬੰਧਾਵਨ ਆਇਆ, ਖੇਲੇ ਖੇਲ ਅਗੰਮ ਅਪਾਰਾ । ਜਗਤ ਨਾਤਾ ਤੋੜ ਤੁੜਾਵਨ ਆਇਆ, ਜੂਠਾ ਝੂਠਾ ਪਾਰ ਕਿਨਾਰਾ । ਸਾਚਾ ਮਾਰਗ ਇਕ ਸਿਖਾਵਨ ਆਇਆ, ਗੁਰਮੁਖਾਂ ਕਰੇ ਸਚ ਪਿਆਰਾ । ਦੇ ਮਤ ਆਪ ਸਮਝਾਵਨ ਆਇਆ, ਨੇਤਰ ਰੋਵੇ ਨਾ ਕੋਇ ਜ਼ਾਰੋ ਜ਼ਾਰਾ । ਘਰ ਸਾਚੇ ਸਗਨ ਮਨਾਵਨ ਆਇਆ, ਖਿਲੀ ਰਹੇ ਬਸੰਤ ਬਹਾਰਾ । ਗੁਰ


੨੧੮

ਸ਼ਬਦੀ ਲੜ ਫੜਾਵਨ ਆਇਆ, ਆਪ ਕਰਾਏ ਪਾਰ ਕਿਨਾਰਾ । ਚਿੰਤਾ ਸੋਗ ਸਰਬ ਮਿਟਾਵਨ ਆਇਆ, ਨਾਮ ਵਜਾਏ ਸਚ ਸਤਾਰਾ । ਕਾਗੋਂ ਹੰਸ ਉਡਾਵਨ ਆਇਆ, ਆਪ ਰਲਾਏ ਆਪਣੀ ਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕ ਸਹਾਰਾ । ਸਚ ਸਹਾਰਾ ਨਾਮ ਵਥ, ਗੁਰ ਸਤਿਗੁਰ ਹੱਥ ਵਡਿਆਈਆ । ਹਰਿ ਸੰਤ ਚੜ੍ਹਾਏ ਆਪਣੇ ਰਥ, ਬੇਪਰਵਾਹ ਆਪ ਚਲਾਈਆ । ਲੋਆਂ ਪੁਰੀਆਂ ਆਪੇ ਮਥ, ਬ੍ਰਹਿਮੰਡ ਖੰਡ ਵੇਖ ਵਖਾਈਆ । ਗੁਰਸਿਖ ਤੇਰਾ ਕਦੇ ਨਾ ਵਿਛਾਏ ਸੱਥਰ ਸੱਥ, ਸਗਲੇ ਸਾਥੀ ਸਤਿ ਸਮਝਾਈਆ । ਲਹਿਣਾ ਦੇਣਾ ਚੁਕਿਆ ਸੀਆਂ ਸਾਢੇ ਤਿੰਨ ਤਿੰਨ ਹੱਥ, ਮਾਤ ਗਰਭ ਫੇਰ ਨਾ ਆਈਆ । ਪਾਇਆ ਪੁਰਖ ਇਕ ਅਕਥ, ਕਥਨੀ ਕਥ ਨਾ ਸਕੇ ਰਾਈਆ । ਅੰਤਮ ਮੇਲਾ ਜਿਉਂ ਰਾਮਾ ਦਸਰਥ, ਭਰਤ ਭਾਵਨੀ ਵਿਚ ਟਿਕਾਈਆ । ਮਾਣਸ ਜਨਮ ਲਾਹਾ ਖੱਟ, ਆਤਮ ਸਾਚੀ ਖਾਟ ਹੰਢਾਈਆ । ਤਨ ਪਹਿਨਾਇਆ ਸ਼ਬਦ ਪਟ, ਨਾਮ ਰਸਾਲੂ ਇਕ ਰੰਗਾਈਆ । ਅੰਤਮ ਵਿਕਿਆ ਸਾਚੇ ਹੱਟ, ਕਰਤੇ ਕੀਮਤ ਸਾਚੀ ਪਾਈਆ । ਤਨ ਖ਼ਾਕ ਨਾ ਰੁਲਿਆ ਤੀਰਥ ਕਿਸੇ ਤਟ, ਗੰਗਾ ਗੋਦਾਵਰੀ ਬੈਠੀ ਮੂੰਹ ਛੁਪਾਈਆ । ਜੋਤ ਜਵਾਲਾ ਲਟ ਲਟ, ਤੇਰਾ ਰਾਹ ਤਕਾਈਆ । ਅੰਤਮ ਉਤਰਿਆ ਸਾਚੇ ਘਾਟ, ਖੇਵਟ ਖੇਟਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕੰਕਾਰਾ ਗੁਰਮੁਖ ਮੇਲਾ ਕੰਤ ਭਤਾਰਾ, ਸਿੰਘ ਹਾਕਮ ਆਤਮ ਪਰਮਾਤਮ ਵਿਚ ਸਮਾਈਆ ।



## ✻ ੫ ਫੱਗਣ ੨੦੧੯ ਬਿਕ੍ਰਮੀ ਪਿੰਡ ਮਾੜੀ ਨਾਜ਼ਰ ਸਿੰਘ ਦੇ ਘਰ ਦਇਆ ਹੋਈ ਜ਼ਿਲਾ ਫੀਰੋਜ਼ਪੁਰ ✻

ਸੋ ਪੁਰਖ ਨਿਰੰਜਣ ਅਗੰਮ ਅਥਾਹ, ਆਦਿ ਅੰਤ ਭੇਵ ਨਾ ਰਾਇਆ । ਹਰਿ ਪੁਰਖ ਨਿਰੰਜਣ ਬੇਪਰਵਾਹ, ਭੇਵ ਅਭੇਦਾ ਭੇਵ ਛੁਪਾਇਆ । ਏਕੰਕਾਰਾ ਇਕ ਅਕੱਲਾ ਆਪਣਾ ਨਾਉਂ ਉਪਾ, ਆਪ ਆਪਣੀ ਰਚਨ ਰਚਾਇਆ । ਆਦਿ ਨਿਰੰਜਨ ਜੋਤ ਜਗਾ, ਜੋਤੀ ਨੂਰ ਨੂਰ ਰੁਸ਼ਨਾਇਆ । ਅਬਿਨਾਸ਼ੀ ਕਰਤਾ ਵੇਸ ਵਟਾ, ਆਪ ਆਪਣਾ ਬੰਕ ਸੁਹਾਇਆ । ਸ੍ਰੀ ਭਗਵਾਨ ਖੇਲ ਖਿਲਾ, ਖੇਲਣਹਾਰਾ ਦਿਸ ਨਾ ਆਇਆ । ਪਾਰਬ੍ਰਹਮ ਪ੍ਰਭ ਧਾਮ ਸੁਹਾ, ਆਪ ਆਪਣੀ ਅਲੱਖ ਜਗਾਇਆ । ਸਚਖੰਡ ਦਵਾਰਾ ਰਚਨ ਰਚਾ, ਥਿਰ ਘਰ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦਿਸ ਨਾ ਆਇਆ । ਪੁਰਖ ਅਕਾਲਾ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਖੇਲੇ ਖੇਲ੍ਹ ਆਦਿ ਅੰਤ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਆਪ ਬਣਾਏ ਆਪਣੀ ਬਣਤ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਆਪੇ ਨਾਰੀ ਆਪੇ ਕੰਤ, ਹਰਿ ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਵੇਸ ਵਟਾਇੰਦਾ । ਜੂਨੀ ਰਹਿਤ ਪੁਰਖ ਅਗੰਮ, ਭੇਵ ਕੋਇ ਨਾ ਪਾਈਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਖਿਲਾਈਆ । ਪਵਣ ਸਵਾਸੀ ਨਾ ਕੋਈ ਦਮ, ਤਤਵ ਤਤ ਨਾ ਕੋਇ ਉਪਾਈਆ । ਹੱਡ ਮਾਸ ਨਾੜੀ ਨਾ ਦੀਸੇ ਚੰਮ, ਜਨਨੀ ਜਨ ਨਾ ਕੋਇ ਕਰਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਆਲਸ ਨਿੰਦਰਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਵਾਸਾ ਪੁਰਖ ਅਬਿਨਾਸ਼ਾ, ਆਪ ਆਪਣਾ ਧਾਮ

ਸੁਹਾਈਆ । ਧਾਮ ਅਵੱਲਾ ਏਕੰਕਾਰਾ, ਹਰਿ ਸਾਚਾ ਆਪ ਉਪਾਇੰਦਾ । ਥਿਰ ਘਰ ਵਸੇ ਇਕ ਦਵਾਰਾ, ਦਰ ਸਾਚੇ ਸੋਭਾ ਪਾਇੰਦਾ । ਨਿਰਮਲ ਦੀਪ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਸਚ ਸਿੰਘਾਸਣ ਖੇਲ ਨਿਆਰਾ, ਸ਼ਾਹੋ ਸ਼ਾਬਾਸਨ ਆਸਣ ਲਾਇੰਦਾ । ਸਚ ਸੁਲਤਾਨਾ ਹਰਿ ਵਡ ਸਿਕਦਾਰਾ, ਤਖਤ ਤਾਜ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਆਪ ਵਖਾਇੰਦਾ । ਦਰ ਘਰ ਸਾਚਾ ਹਰਿ ਸੁਹੰਜਣਾ, ਪ੍ਰਭ ਆਪਣਾ ਰੂਪ ਵਟਾਈਆ । ਪਾਰਬ੍ਰਹਮ ਦਰਦ ਦੁੱਖ ਭੈ ਭੰਜਣਾ, ਘਰ ਸਾਚੇ ਸੋਭਾ ਪਾਈਆ । ਆਪੇ ਬਣਿਆ ਆਪਣਾ ਸੱਜਣਾ, ਸਗਲਾ ਸੰਗ ਆਪ ਰਖਾਈਆ । ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਅਲੱਖ ਅਗੋਚਰ ਦੀਨ ਦਿਆਲਾ, ਦਇਆ ਨਿਧ ਨਾਉਂ ਧਰਾਇੰਦਾ । ਵਸਣਹਾਰਾ ਸਚ ਸਚੀ ਧਰਮਸਾਲਾ, ਸਚਖੰਡ ਸਾਚੇ ਡੇਰਾ ਲਾਇੰਦਾ । ਆਪੇ ਕਾਲ ਆਪੇ ਮਹਾਂਕਾਲਾ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਵਾਸਾ ਖੇਲ ਤਮਾਸ਼ਾ, ਆਪਣੀ ਰਚਨਾ ਆਪ ਰਚਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਘਰ ਸਾਚਾ ਵੇਖ ਵਖਾਈਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਰੁਸ਼ਨਾਈਆ । ਜਾਗਰਤ ਜੋਤ ਹਰਿ ਮਿਹਰਵਾਨ, ਆਪਣੀ ਆਪ ਜਗਾਈਆ । ਸਤਿ ਸਰੂਪੀ ਸਤਿ ਨਿਸ਼ਾਨ, ਘਰ ਸਾਚੇ ਆਪ ਵਖਾਈਆ । ਆਪੇ ਹੋਏ ਨਿਗਹਬਾਨ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਰਚਨ ਰਚਾਵਨਹਾਰ ਨਿਰੰਕਾਰਾ, ਆਦਿ ਜੁਗਾਦਿ ਸਮਾਇਆ । ਅਗੰਮ ਅਗੰਮੜਾ ਅਗੰਮੜੀ ਕਾਰਾ, ਪੁਰਖ ਨਿਰੰਜਣ ਆਪ ਕਰਾਇਆ । ਅਲੱਖ ਅਗੋਚਰ ਭੇਵ ਨਿਆਰਾ, ਨਿਰਗੁਣ ਆਪਣੇ ਹੱਥ ਰਖਾਇਆ । ਆਪ ਸੁਹਾਏ ਸਚਖੰਡ ਦਵਾਰਾ, ਥਿਰ ਘਰ ਬੈਠਾ ਸੇਜ ਹੰਢਾਇਆ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਨਾਉਂ ਉਪਜਾਇਆ । ਆਪੇ ਪਾਰਬ੍ਰਹਮ ਪ੍ਰਭ ਕਰ ਪਸਾਰਾ, ਆਪ ਆਪਣਾ ਰੂਪ ਵਟਾਇਆ । ਆਪੇ ਵਿਸ਼ਨ ਆਪੇ ਬ੍ਰਹਮ ਆਪੇ ਸ਼ਿਵ ਦਏ ਹੁਲਾਰਾ, ਆਪ ਆਪਣਾ ਰੰਗ ਰੰਗਾਇਆ । ਆਪੇ ਤ੍ਰੈਗੁਣ ਮਾਇਆ ਭਰ ਭੰਡਾਰਾ, ਆਪ ਆਪਣੀ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਕ ਸੁਹਾਇਆ । ਆਪੇ ਬੰਕ ਦਵਾਰਾ ਖੋਲ੍ਹ, ਸਚਖੰਡ ਸਾਚਾ ਸੋਭਾ ਪਾਈਆ । ਆਪੇ ਸ਼ਬਦ ਅਗੰਮੀ ਬੋਲ, ਨਾਦ ਅਨਾਦੀ ਨਾਦ ਵਜਾਈਆ । ਆਪੇ ਆਪਣੇ ਜਾਏ ਮੌਲ, ਆਪ ਆਪਣੇ ਵਿਚ ਸਮਾਈਆ । ਆਪੇ ਆਦਿ ਜੁਗਾਦੀ ਰਹੇ ਅਡੋਲ, ਜੁਗਾ ਜੁਗੰਤਰ ਖੇਲ ਖਿਲਾਈਆ । ਆਪੇ ਨਾਭੀ ਕਵਲੀ ਰਿਹਾ ਮਵਲ, ਆਪੇ ਅੰਮ੍ਰਿਤ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਕਲ ਵਰਤੰਤਾ ਹਰਿ ਭਗਵਾਨਾ, ਭੇਵ ਅਭੇਦ ਖੁਲਾਇੰਦਾ । ਜੁਗਾਂ ਜੁਗੰਤਰ ਖੇਲ ਮਹਾਨਾ, ਆਪਣਾ ਵੇਸ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਬਖਸ਼ੇ ਇਕ ਧਿਆਨਾ, ਏਕਾ ਰੂਪ ਦਰਸਾਇੰਦਾ । ਲੋਆਂ ਪੁਰੀਆਂ ਖੇਲ ਮਹਾਨਾ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਲੇਖਾ ਜਾਣੇ ਰਵ ਸਸ ਸੂਰਜ ਚੰਨ ਭਾਨਾ, ਮੰਡਲ ਮੰਡਪ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨਾ, ਆਪ ਆਪਣਾ

ਨਾਉਂ ਉਪਜਾਇੰਦਾ । ਪੰਜ ਤਤ ਮੇਲ ਵਿਚ ਜਹਾਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਮਨ ਮਤ ਬੁਧ ਬੰਨ੍ਹੇ ਗਾਨਾ, ਨਿਰਗੁਣ ਆਪਣਾ ਸਗਨ ਮਨਾਇੰਦਾ । ਆਤਮ ਬ੍ਰਹਮ ਕਰ ਪਰਧਾਨਾ, ਕਾਇਆ ਬੰਕ ਸੁਹਾਇੰਦਾ । ਖੇਲੇ ਖੇਲ ਮਰਦ ਮਰਦਾਨਾ, ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇੰਦਾ । ਲੇਖਾ ਲਿਖਣਹਾਰਾ ਹਰਿ ਹਰਿ, ਹਰਿ ਵੱਡਾ ਵਡ ਵਡਿਆਈਆ । ਲੱਖ ਚੁਰਾਸੀ ਜੋਤ ਧਰ ਧਰ, ਧਰ ਧਰਨੀ ਰਿਹਾ ਸੁਹਾਈਆ । ਆਪਣੀ ਕਰਨੀ ਆਪੇ ਕਰ ਕਰ, ਕਰਤਾ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤ ਨੂਰ ਰੁਸ਼ਨਾਈਆ । ਜੋਤੀ ਨੂਰ ਨੂਰ ਉਜਾਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਦੀਨ ਦਿਆਲਾ, ਆਪ ਆਪਣਾ ਅੰਗ ਕਟਾਇੰਦਾ , ਏਕੰਕਾਰਾ ਸਦ ਪ੍ਰਿਤਪਾਲਾ, ਲੱਖ ਚੁਰਾਸੀ ਸੇਵ ਕਮਾਇੰਦਾ । ਆਦਿ ਨਿਰੰਜਣ ਦੀਪਕ ਜੋਤੀ ਬਾਲਾ, ਜੋਤ ਨਿਰੰਜਣ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਵਸੇ ਸਚ ਸੱਚੀ ਧਰਮਸਾਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਏਕਾ ਪਾਏ ਸੱਚੀ ਗਲ ਮਾਲਾ, ਆਪ ਆਪਣਾ ਨਾਉਂ ਉਪਜਾਇੰਦਾ । ਪਾਰਬ੍ਰਹਮ ਖੇਲੇ ਖੇਲ ਨਿਰਾਲਾ, ਬ੍ਰਹਮ ਆਪਣਾ ਰੂਪ ਵਟਾਇੰਦਾ । ਨਿਰਗੁਣ ਸਰਗੁਣ ਵਜਾਏ ਤਾਲਾ, ਅਨਹਦ ਸਾਚੀ ਸੇਵ ਕਮਾਇੰਦਾ । ਤ੍ਰੈਗੁਣ ਮਾਇਆ ਪਾ ਜੰਜਾਲਾ, ਆਪਣਾ ਬੰਧਨ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰਾ, ਖੇਲੇ ਖੇਲ ਵਿਚ ਸੰਸਾਰਾ, ਧਰਤ ਧਵਲ ਹੋ ਉਜਿਆਰਾ, ਗਗਨ ਮੰਡਲ ਦਏ ਹੁਲਾਰਾ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇੰਦਾ । ਤ੍ਰੈਗੁਣ ਮੀਤਾ ਇਕ ਅਤੀਤਾ, ਆਦਿ ਜੁਗਾਦਿ ੨੨੧
੨੨੧ ਵੱਡੀ ਵਡਿਆਈਆ । ਆਦਿ ਜੁਗਾਦੀ ਠੰਡਾ ਸੀਤਾ, ਥਿਰ ਘਰ ਬੈਠਾ ਆਸਣ ਲਾਈਆ । ਪਾਰਬ੍ਰਹਮ ਬ੍ਰਹਮ ਸਾਚਾ ਮੀਤਾ, ਪਤਤ ਪੁਨੀਤਾ ਹਰਿ ਰਘੁਰਾਈਆ । ਲੇਖਾ ਜਾਣੇ ਹਸਤ ਕੀਟਾ, ਰਾਓ ਰੰਕਾਂ ਵੇਖ ਵਖਾਈਆ । ਨਾਮ ਜਣਾਏ ਇਕ ਅਨਡੀਠਾ, ਲਿਖਣ ਪੜ੍ਹਣ ਵਿਚ ਨਾ ਆਈਆ । ਤ੍ਰੈਗੁਣ ਮਾਇਆ ਵੇਖ ਅੰਗੀਠਾ, ਪੰਜ ਤਤ ਕਰੇ ਕੁੜਮਾਈਆ । ਨਾਮ ਨਿਧਾਨਾ ਏਕਾ ਪੀਤਾ, ਘਰ ਸਾਚੇ ਜਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਸ਼ਾਹ ਸੁਲਤਾਨਾ, ਏਕਾ ਰੰਗ ਸਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਪਰਧਾਨਾ, ਹੁਕਮੀ ਹੁਕਮ ਅਲਾਇੰਦਾ । ਤ੍ਰੈਗੁਣ ਮੇਲਾ ਵਿਚ ਜਹਾਨਾ, ਸਾਚਾ ਸੰਗ ਵਖਾਇੰਦਾ । ਏਕਾ ਸ਼ਬਦ ਇਕ ਤਰਾਨਾ, ਏਕਾ ਰਾਗ ਅਲਾਇੰਦਾ । ਏਕਾ ਅੰਮ੍ਰਿਤ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਗਵਾਇੰਦਾ । ਇਕ ਵਖਾਏ ਪਦ ਨਿਰਬਾਣਾ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਸਚ ਮਹੱਲਾ ਉਚ ਅਟੱਲਾ ਆਪ ਸੁਹਾਇੰਦਾ । ਸਚ ਮਹੱਲਾ ਸਚ ਦਵਾਰਾ, ਹਰਿ ਸਾਚਾ ਆਪ ਸੁਹਾਈਆ । ਸਾਚਾ ਭੂਪ ਸ਼ਾਹ ਸਿਕਦਾਰਾ, ਸਚ ਸੁਲਤਾਨ ਆਪ ਅਖਵਾਈਆ । ਸਾਚਾ ਨਾਮ ਸਚ ਜੈਕਾਰਾ, ਘਰ ਸਾਚੇ ਆਪ ਅਲਾਈਆ । ਸਾਚੀ ਵਸਤ ਸਚ ਭੰਡਾਰਾ, ਹਰਿ ਸਾਚਾ ਸਚ ਭਰਾਈਆ । ਸਾਚਾ ਸ਼ਬਦ ਸਚ ਵਰਤਾਰਾ, ਸਾਚੀ ਸੇਵ ਕਮਾਈਆ । ਸਾਚਾ ਵਣਜ ਸਚ ਵਣਜਾਰਾ, ਸਾਚੀ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਵੰਡ ਵੰਡਾਈਆ । ਨਿਰਗੁਣ ਵੰਡੇ ਆਪਣੀ ਵੰਡ, ਭੇਵ ਕੋਇ ਨਾ ਆਇੰਦਾ । ਆਪ ਉਪਜਾਏ ਖੰਡ ਬ੍ਰਹਿਮੰਡ, ਗਗਨ ਪਾਤਾਲਾਂ ਡੇਰਾ ਲਾਇੰਦਾ । ਆਪੇ ਲੇਖਾ ਜਾਣੇ

ਸੂਰਾ ਸਰਬੰਗ, ਦੂਸਰ ਭੇਵ ਕੋਇ ਨਾ ਪਾਇੰਦਾ । ਆਪੇ ਲੱਖ ਚੁਰਾਸੀ ਕਾਇਆ ਚੋਲੀ ਰੰਗ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਘਰ ਘਰ ਅੰਦਰ ਬੈਠਾ ਭਿਛਿਆ ਰਿਹਾ ਮੰਗ, ਆਪਣੀ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵਿਚ ਸਮਾਇੰਦਾ । ਲੱਖ ਚੁਰਾਸੀ ਹਰਿ ਸਮਾਇਆ, ਦਿਸ ਕਿਸੇ ਨਾ ਆਇੰਦਾ । ਘਰ ਵਿਚ ਘਰ ਇਕ ਉਪਾਇਆ, ਆਪ ਆਪਣਾ ਬੰਕ ਖੁਲਾਇੰਦਾ । ਸਚ ਸਿੰਘਾਸਣ ਇਕ ਵਿਛਾਇਆ, ਪੁਰਖ ਅਬਿਨਾਸ਼ਨ ਡੇਰਾ ਲਾਇੰਦਾ । ਦੀਪਕ ਜੋਤੀ ਡਗਮਗਾਇਆ, ਨੂਰੋ ਨੂਰ ਉਪਜਾਇੰਦਾ । ਅਨਹਦ ਸਾਚਾ ਰਾਗ ਸੁਣਾਇਆ, ਪੰਚਮ ਪੰਚ ਸਲਾਹਿੰਦਾ । ਅੰਮ੍ਰਿਤ ਠੰਡੀ ਧਾਰ ਵਹਾਇਆ, ਨਿਝਰ ਝਿਰਨਾ ਆਪ ਝਿਰਾਇੰਦਾ । ਕਵਲ ਕਵਲਾ ਆਪ ਖਿਲਾਇਆ, ਕਮਲਾਪਾਤੀ ਭੇਵ ਨਾ ਆਇੰਦਾ । ਡੂੰਘੀ ਭਵਰੀ ਪਾਰ ਕਰਾਇਆ, ਕਾਇਆ ਕਵਰੀ ਵੇਖ ਵਖਾਇੰਦਾ । ਤ੍ਰੈ ਤ੍ਰੈ ਮੇਲਾ ਸਹਿਜ ਸੁਭਾਇਆ, ਆਪਣਾ ਲੇਖਾ ਆਪ ਜਣਾਇੰਦਾ । ਨੌ ਦਰ ਖੋਜੇ ਖੋਜ ਖੋਜਾਇਆ, ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਨਾਮ ਅਨਮੋਲ, ਆਪ ਆਪਣੀ ਦਏ ਵਰਤਾਈਆ । ਨਾਮ ਵਸਤ ਇਕ ਅਨਮੋਲ, ਪ੍ਰਭ ਸਾਚੇ ਹੱਥ ਰਖਾਈਆ । ਧੁਰਦਰਗਾਹੀ ਏਕਾ ਕੰਡੇ ਦੇਵੇ ਤੋਲ, ਦੂਸਰ ਹੱਥ ਨਾ ਕਿਸੇ ਫੜਾਈਆ । ਆਪੇ ਜਾਣੇ ਆਪਣਾ ਬੋਲ, ਆਪਣੀ ਧਾਰਾ ਆਪ ਸੁਣਾਈਆ । ਜਨ ਭਗਤਾਂ ਪੜਦਾ ਆਪੇ ਖੋਲ੍ਹ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸਹਿਜ ਸੁਖਦਾਈਆ । ਭਗਤਾਂ ਦੇਵੇ ਨਾਮ ਅਪਾਰਾ, ਸੋ ਪੁਰਖ ਨਿਰੰਜਣ ਵਡ ਵਡਿਆਇਆ । ਕਾਇਆ ਮੰਦਰ ਭਰ ਭੰਡਾਰਾ, ਆਪੇ ਵੇਖੇ ਵੇਖਣਹਾਰਾ । ਏਕਾ ਨਾਦ ਸ਼ਬਦ ਧੁਨਕਾਰਾ, ਧੁਨ ਅਨਾਦੀ ਆਪ ਵਜਾਇਆ । ਆਪੇ ਸੁਣੇ ਸੁਣਾਏ ਸੁਣਨੇਹਾਰਾ, ਘਰ ਸਾਚੀ ਸੇਵ ਕਮਾਇਆ । ਦਰਸ ਦਿਖਾਏ ਅਗੰਮ ਅਪਾਰਾ, ਸਵਛ ਸਰੂਪੀ ਰੂਪ ਵਟਾਇਆ । ਨਿਰਗੁਣ ਸਰਗੁਣ ਮੇਲਾ ਕੰਤ ਭਤਾਰਾ, ਸੰਤ ਸੁਹੇਲੇ ਲਏ ਜਗਾਇਆ । ਜਾਗਰਤ ਜੋਤ ਦੀਪਕ ਕਰ ਉਜਿਆਰਾ, ਘਰ ਘਰ ਵਿਚ ਆਪ ਟਿਕਾਇਆ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਜੁਗ ਜੁਗ ਖੇਲ ਖਿਲੰਦੜਾ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਨਿਰਗੁਣ ਸਰਗੁਣ ਵੇਸ ਵਟੰਦੜਾ, ਲੇਖਾ ਜਾਣੇ ਪ੍ਰਿਥਮੀ ਆਕਾਸਿਆ । ਸੰਤ ਸਾਜਣ ਮੇਲ ਮਿਲੰਦੜਾ, ਕਾਇਆ ਮੰਡਲ ਪਾਏ ਰਾਸਿਆ । ਸ਼ਬਦ ਗਿਆਨ ਇਕ ਦ੍ਰਿੜੰਦੜਾ, ਨਿਜ ਆਤਮ ਕਰੇ ਵਾਸਿਆ । ਬੰਦ ਕਿਵਾੜਾ ਆਪ ਖੁਲੰਦੜਾ, ਹਰਿ ਸਤਿਗੁਰ ਸ਼ਾਹੋ ਸ਼ਾਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਪੂਰੀ ਆਸਿਆ । ਪੂਰੀ ਆਸਾ ਸਾਜਣ ਸੰਤ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਰਸਨਾ ਜੇਹਵਾ ਮਣੀਆ ਮੰਤ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਮੇਲ ਮਿਲਾਵਾ ਸਾਚੇ ਕੰਤ, ਘਰ ਸਾਚੀ ਸੇਜ ਸੁਹਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਸਾਚਾ ਲੇਖਾ ਧੁਰ ਕਰਤਾਰ, ਆਪਣੇ ਹੱਥ ਰਖਾਈਆ । ਵੰਡੇ ਵੰਡ ਵਿਚ ਸੰਸਾਰ, ਜੁਗ ਕਰਤਾ ਬੇਪਰਵਾਹੀਆ । ਚਾਰੇ ਜੁਗ ਕਰ ਤਿਆਰ, ਚਾਰੇ ਖਾਣੀ ਵਿਚ ਸਮਾਈਆ । ਏਕਾ ਅੱਖਰ ਦਏ ਅਧਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਕਰ ਤਿਆਰ, ਆਪ ਆਪਣੇ ਰੰਗ ਰੰਗਾਈਆ । ਤੀਜਾ ਨੇਤਰ ਖੋਲ੍ਹ ਕਿਵਾੜ, ਸਵਛ ਸਰੂਪੀ

੨੨੨

ਰੂਪ ਦਰਸਾਈਆ । ਚੌਥਾ ਪਦ ਇਕ ਦਵਾਰ, ਆਪ ਆਪਣਾ ਚਰਨ ਵਖਾਈਆ । ਪੰਚਮ ਮੇਲਾ ਪੁਰਖ ਭਤਾਰ, ਘਰ ਸਾਚੇ ਸੋਭਾ ਪਾਈਆ । ਛੇਵਾਂ ਛੱਪਰ ਛੰਨ ਨਾ ਕੋਇ ਮੁਨਾਰ, ਨਿਰਗੁਣ ਬੈਠਾ ਆਸਣ ਲਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ, ਅਗੰਮ ਅਗੰਮੜਾ ਰਿਹਾ ਕਰਾਈਆ । ਅੱਠਵੇਂ ਅੱਠਾਂ ਤੱਤਾਂ ਵਸਿਆ ਬਾਹਰ, ਅਪ ਤੇਜ ਵਾਏ ਪ੍ਰਿਥਮੀ ਅਕਾਸ ਮਨ ਮਤ ਬੁਧ ਨਾ ਸੰਗ ਰਲਾਈਆ । ਨੌਂ ਦਰ ਨਾ ਦਿਸੇ ਕਿਵਾੜ, ਪੰਜ ਤਤ ਨਾ ਕੋਏ ਹੰਢਾਈਆ । ਜਨ ਭਗਤਾਂ ਕਰੇ ਸਚ ਪਿਆਰ, ਲੱਖ ਚੁਰਾਸੀ ਫੋਲ ਫੁਲਾਈਆ । ਦਸਮ ਦਵਾਰਾ ਇਕ ਘਰ ਬਾਰ, ਘਰ ਮੇਲਾ ਸਹਿਜ ਸੁਖਦਾਈਆ । ਕਾਗਦ ਕਲਮ ਨਾ ਪਾਵੇ ਸਾਰ, ਲੇਖਾ ਲਿਖ ਲਿਖ ਥੱਕੇ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਧਰਾਈਆ । ਸਤਿਜੁਗ ਵੇਸ ਸਤਿ ਸਤਿਕਾਰ, ਸਤਿ ਸਤਿਵਾਦੀ ਆਪ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਵਾਰ ਅਠਾਰਾਂ ਧਾਰ ਬੰਧਾਈਆ । ਚਾਰੇ ਵੇਦਾਂ ਇਕ ਜੈਕਾਰ, ਆਪ ਆਪਣੀ ਗਣਤ ਗਣਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਘਟ ਘਟ ਆਪਣਾ ਆਸਣ ਲਾਇੰਦਾ । ਆਪੇ ਭਗਤੀ ਭਰੇ ਭੰਡਾਰਾ, ਭਗਤਨ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਗੁਰ ਸਾਚਾ ਪਾਰ ਉਤਾਰਾ, ਭੇਵ ਕੋਇ ਨਾ ਆਇੰਦਾ । ਤਰੇਤਾ ਵੇਖੇ ਵਿਚ ਸੰਸਾਰਾ, ਸਾਚੀ ਕਲ ਵਰਤਾਇੰਦਾ । ਪੁਰਖ ਅਗੰਮਾ ਖੇਲ ਨਿਆਰਾ, ਰੂਪ ਅਨੂਪ ਵਟਾਇੰਦਾ । ਆਪੇ ਜਾਣੇ ਆਪਣੀ ਕਾਰਾ, ਕਰਨੀ ਕਰਤਾ ਕਰਨੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਨਾਮ ਆਪ ਪਰਗਟਾਇੰਦਾ । ਆਪੇ ਰਾਮ ਰੂਪ ਅਵਤਾਰਾ, ਆਪੇ ਰਾਵਣ ਬੰਕ ਸੁਹਾਈਆ । ਆਪੇ ਦੇਵਣਹਾਰ ਸਚ ਭੰਡਾਰਾ, ਆਦਿ ਜੁਗਾਦੀ ਆਪ ਵਰਤਾਈਆ । ਆਪੇ ਮੰਗੇ ਬਣ ਭਿਖਾਰਾ, ਘਰ ਸਾਚੇ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਚਿਲਾ ਤੀਰ ਕਮਾਨਾ, ਆਪੇ ਹੱਥ ਉਠਾਇੰਦਾ । ਆਪੇ ਜੋਧਾ ਸੂਰਬੀਰ ਬਲਵਾਨਾ, ਆਪ ਆਪਣਾ ਬਲ ਧਰਾਇੰਦਾ । ਆਪੇ ਮਾਰੇ ਸਚ ਨਿਸ਼ਾਨਾ, ਪਾਰ ਕਿਨਾਰਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਤੋੜ ਹੰਕਾਰੀ ਗੜ੍ਹ ਕਿਲਾ ਕੋਟ ਆਪ ਮਿਟਾਇੰਦਾ । ਆਪੇ ਰਾਮ ਰਮ ਕਰ ਪਿਆਰ, ਆਪ ਆਪਣਾ ਰੂਪ ਵਟਾਈਆ । ਆਪੇ ਹੋਏ ਨੈਣ ਮੁੰਧਾਰ, ਕਵਲ ਨੈਣ ਭੇਵ ਨਾ ਰਾਈਆ । ਆਪੇ ਰਥ ਰਥਵਾਹੀ ਬਣ ਸੰਸਾਰ, ਆਪਣੀ ਸੇਵਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਅਨੇਕ ਵਟਾਈਆ । ਵੇਸ ਅਨੇਕਾ ਹਰਿ ਹਰਿ, ਆਪਣਾ ਆਪ ਵਟਾਇੰਦਾ । ਸੰਤ ਸੁਹੇਲੇ ਸਾਚੇ ਫੜ ਫੜ, ਆਪ ਆਪਣੇ ਸੰਗ ਮਿਲਾਇੰਦਾ । ਲੇਖਾ ਜਾਣੇ ਸੀਸ ਧੜ ਧੜ, ਘਰ ਘਰ ਫੋਲ ਫੁਲਾਇੰਦਾ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਸਾਚਾ ਮੰਤਰ ਨਾਮ ਦ੍ਰਿੜ੍ਹਾਇੰਦਾ । ਗੀਤਾ ਗਿਆਨ ਆਪੇ ਕਰ ਕਰ, ਆਪ ਆਪਣਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਦ ਵਿਆਸਾ ਆਪੇ ਵਰ, ਪੁਰਾਨ ਅਠਾਰਾਂ ਮੁਖ ਸਲਾਹਿੰਦਾ । ਪੁਰਾਨ ਅਠਾਰਾਂ ਆਪੇ ਗਾ, ਆਪੇ ਵੇਖ ਵਖਾਈਆ । ਸਤਿਜੁਗ ਤਰੇਤਾ ਦੁਆਪਰ ਫੇਰਾ ਪਾ, ਆਪ ਆਪਣਾ ਰੂਪ ਵਟਾਈਆ । ਕਲਜੁਗ ਖੇਲ ਬੇਪਰਵਾਹ, ਪੁਰਖ ਅਬਿਨਾਸ਼ੀ ਆਪ ਕਰਾਈਆ । ਚੌਥਾ ਜੁਗ ਲਏ ਉਠਾ, ਘਰ ਚੌਥੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਉਠਿਆ ਨੌਜਵਾਨ, ਹਰਿ ਸਤਿਗੁਰ ਆਪ ਉਠਾਇਆ । ਏਕਾ ਬਖਸ਼ੇ ਚਰਨ ਧਿਆਨ, ਦੇ ਮਤ ਰਿਹਾ ਸਮਝਾਇਆ । ਤੇਰਾ ਰਾਗ ਸ੍ਰਿਸ਼ਟ ਸਬਾਈ ਸੁਣੇ ਕਾਨ, ਜੂਠ ਝੂਠ ਤੇਰੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਧਰਾਇਆ । ਕਲਜੁਗ ਉਠਿਆ ਬਾਲ ਨਾਦਾਨਾ, ਨੇਤਰ ਰੋ ਰੋ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਤੇਰਾ ਚਰਨ ਧਿਆਨਾ, ਦੂਸਰ ਓਟ ਨਾ ਕੋਇ ਤਕਾਇੰਦਾ । ਤੇਰਾ ਰਾਗ ਮੇਰਾ ਗਾਨਾ, ਗੀਤ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰ ਸਾਚਾ ਝੋਲੀ ਪਾਇੰਦਾ । ਸਾਚਾ ਵਰ ਭਰ ਭੰਡਾਰਾ, ਹਰਿ ਸਾਚਾ ਹੁਕਮ ਸੁਣਾਇੰਦਾ । ਤੇਰੀ ਕਲ ਵਰਤੇ ਵਿਚ ਸੰਸਾਰਾ, ਕਲ ਕਲੰਦਰ ਆਪ ਨਚਾਇੰਦਾ । ਤੇਰਾ ਗੜ੍ਹ ਹੋਏ ਹੰਕਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਮੇਲ ਮਿਲਾਇੰਦਾ । ਆਸਾ ਤ੍ਰਿਸ਼ਨਾ ਕਰੇ ਪਿਆਰਾ, ਤੇਰਾ ਦਰ ਸੁਹਾਇੰਦਾ । ਜੂਠ ਝੂਠ ਬਣੇ ਵਣਜਾਰਾ, ਚਾਰੋਂ ਕੁੰਟ ਵਣਜ ਕਰਾਇੰਦਾ । ਉਚੀ ਕੂਕੇ ਲਾਏ ਨਾਅਰਾ, ਆਪਣਾ ਬੋਲ ਸੁਣਾਇੰਦਾ । ਨਾ ਕੋਈ ਦੀਸੇ ਸੱਜਣ ਯਾਰਾ, ਮੀਤ ਮੁਰਾਰਾ ਨਾ ਕੋਈ ਵਖਾਇੰਦਾ । ਚਾਰੋਂ ਕੁੰਟ ਧੂਆਂ ਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਕਰੇ ਖੇਲ ਅਗੰਮ ਅਪਾਰਾ, ਤੇਰਾ ਸਗਲਾ ਸੰਗ ਵਖਾਇੰਦਾ । ਈਸਾ ਮੂਸਾ ਕਰ ਤਿਆਰਾ, ਤੇਰੇ ਰੰਗ ਰੰਗਾਇੰਦਾ । ਏਕਾ ਕਲਮਾ ਬੋਲ ਨਾਅਰਾ, ਕਾਇਨਾਤ ਆਪ ਸੁਣਾਇੰਦਾ । ਸੰਗ ਮੁਹੰਮਦ ਚਾਰ ਯਾਰਾ, ਏਕਾ ਰੂਪ ਵਟਾਇੰਦਾ । ਹੱਕ ਹਕੀਕਤ ਖੋਲ੍ਹ ਕਿਵਾੜਾ, ਲਾਸ਼ਰੀਕ ਵੇਖ ਵਖਾਇੰਦਾ । ਲਾਸ਼ਰੀਕ ਬੇਐਬ ਪਰਵਰਦਿਗਾਰਾ, ਨੂਰੋ ਨੂਰ ਡਗਮਗਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਮੁਕਾਮੇ ਹੱਕ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਨੂਰ ਇਲਾਹੀ ਬੇਪਰਵਾਹ, ਨੂਰੋ ਨੂਰ ਨੂਰ ਨੂਰਾਨਾ ਡਗਮਗਾਇੰਦਾ । ਸਤਿ ਸਰੂਪੀ ਬਣੇ ਹਰਿ ਮਲਾਹ, ਤਾਮਸ ਤ੍ਰਿਸਨਾ ਵਿਚ ਸਮਾਇੰਦਾ । ਤ੍ਰਿਲੋਕੀ ਨੰਦਨ ਨਾਮ ਧਰਾ, ਤਿੰਨਾਂ ਲੋਕਾਂ ਖੋਜ ਖੁਜਾਇੰਦਾ । ਸ਼ਿਵ ਬ੍ਰਹਮਾ ਵਿਸ਼ਨ ਸੇਵਾ ਲਾ, ਆਦਿ ਜੁਗਾਦੀ ਸਗਲਾ ਸੰਗ ਨਿਭਾਇੰਦਾ । ਤੇਰਾ ਸੰਗ ਬਣੇ ਪ੍ਰਭ ਬੇਪਰਵਾਹ, ਤੇਰਾ ਮਾਰਗ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਖਿਲਾਇੰਦਾ । ਕਲਜੁਗ ਤੇਰਾ ਰੰਗ ਚਲੂਲ, ਹਰਿ ਸਾਚਾ ਆਪ ਚੜ੍ਹਾਈਆ । ਸਚ ਸਿੰਘਾਸਣ ਹਰਿ ਜੀ ਬੈਠਾ ਨਾ ਕੋਈ ਪਾਵਾ ਨਾ ਕੋਈ ਚੂਲ, ਦਿਸ ਕਿਸੇ ਨਾ ਆਈਆ । ਜੋਤੀ ਜਾਮਾ ਭੇਖ ਵਟਾ, ਲੋਕਮਾਤ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੇਵੇ ਸਾਚਾ ਵਰ, ਘਰ ਸਾਚੇ ਇਕ ਸਮਝਾਈਆ । ਚਾਰੋਂ ਕੁੰਟ ਆਪ ਉਠੌਣਾ, ਏਕਾ ਡੰਕਾ ਨਾਮ ਵਜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਜਗੌਣਾ, ਸੋਇਆ ਕੋਈ ਰਹਿਣ ਨਾ ਪਾਈਆ । ਦਰ ਮੰਗਣ ਭਿਖਿਆ ਕਿਸੇ ਨਾ ਪੌਣਾ, ਦਰ ਦਰ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਾਚਾ ਵੇਖ ਵਿਖਾਈਆ । ਕਲਜੁਗ ਵਰ ਘਰ ਸਾਚਾ ਪਾਇਆ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਇਆ, ਤੂੰ ਦਾਤਾ ਬੇਪਰਵਾਹੀਆ । ਤੇਰਾ ਲੇਖਾ ਲੇਖ ਨਾ ਕਿਸੇ ਮਿਟਾਇਆ, ਲੇਖਾ ਲੇਖੇ ਵਿਚ ਨਾ ਆਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਸੇਵ ਕਮਾਇਆ, ਕਰੋੜ ਤੇਤੀਸਾ ਰਹੇ ਧਿਆਈਆ । ਰਾਮ ਕ੍ਰਿਸ਼ਨ ਤੇਰਾ ਜਸ ਗਾਇਆ, ਏਕਾ ਨਾਮ ਵੱਡੀ ਵਡਿਆਈਆ । ਅੰਜੀਲ ਕੁਰਾਨਾਂ ਆਪੇ ਗਾਇਆ, ਤੀਸ ਬਤੀਸਾ ਦਏ ਵਡਿਆਈਆ ।

ਨੂਰ ਇਲਾਹੀ ਡਗਮਗਾਇਆ, ਜਲਵਾ ਨੂਰ ਬੇਪਰਵਾਹੀਆ । ਮਹਿਬਾਨ ਬੀਦੋ ਆਪ ਅਖਵਾਇਆ, ਬੀ ਖੈਰ ਯਾ ਅੱਲਾ ਦਿਸ ਨਾ ਆਈਆ । ਚੌਦਾਂ ਤਬਕਾਂ ਏਕਾ ਰੰਗ ਹਰਿ ਸਾਚਾ ਆਪ ਚੜ੍ਹਾਇੰਦਾ । ਜਨ ਭਗਤਾਂ ਦਰਸ ਦਿਖਾਏ ਕਾਇਆ ਮੰਦਰ ਅੰਦਰ ਲੰਘ, ਆਪਣੀ ਦਇਆ ਕਮਾਇੰਦਾ । ਖੇਵਟ ਖੇਟਾ ਬਣ ਵਣਜਾਰਾ, ਕਲਜੁਗ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਨੇਤਰ ਨੈਣਾ ਦਰਸ ਕੋਏ ਨਾ ਪਾਇੰਦਾ । ਆਪੇ ਜਾਣੇ ਆਪਣੀ ਧਾਰਾ, ਆਪਣਾ ਲੇਖਾ ਆਪ ਸੁਣਾਇੰਦਾ । ਆਵੇ ਜਾਵੇ ਵਾਰੋ ਵਾਰਾ, ਜੁਗ ਜੁਗ ਵੇਸ ਵਟਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਆਪਣਾ ਨਾਉਂ ਰਖਾਇੰਦਾ । ਲਾਸ਼ਰੀਕ ਬੋਲ ਏਕਾ ਨਾਅਰਾ, ਆਪਣਾ ਕਲਮਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਕਰਾਇੰਦਾ । ਚਾਰ ਕੁੰਟ ਕਰੇ ਪੁਕਾਰ, ਮੁਹੰਮਦ ਸਾਚੀ ਸੇਵ ਕਮਾਈਆ । ਚਾਰ ਯਾਰੀ ਕਰੇ ਖ਼ਵਾਰ, ਆਪਣਾ ਪੱਲੂ ਰਹੀ ਫਿਰਾਈਆ । ਚਾਰ ਵਰਨ ਰੋਵਨ ਜ਼ਾਰੋ ਜ਼ਾਰ, ਖੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਹੇ ਕੁਰਲਾਈਆ । ਚਾਰੇ ਵੇਦ ਹਾਹਾਕਾਰ, ਆਪ ਆਪਣੀ ਰਹੇ ਸੁਣਾਈਆ । ਗੀਤਾ ਗਿਆਨ ਗਿਆ ਹਾਰ, ਅਠਾਰਾਂ ਧਿਆਏ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵੇ ਸਾਚਾ ਵਰ, ਘਰ ਸੁਹੰਜਣਾ ਇਕ ਸੁਹਾਈਆ । ਪੁਰਖ ਅਬਿਨਾਸ਼ੀ ਖੇਲ ਕਰ, ਆਪ ਆਪਣੇ ਰੰਗ ਰੰਗਾਇੰਦਾ । ਦੋਹਾਂ ਦੇਵੇ ਏਕਾ ਵਰ, ਏਕਾ ਘਰ ਬਹਾਇੰਦਾ । ਨਾਤਾ ਜੁੜਿਆ ਇਕ ਘਰ, ਦੋਵੇਂ ਮੇਲ ਮਿਲਾਇੰਦਾ । ਇਕ ਦੂਜੇ ਨੂੰ ਵੇਖਣ ਖੜ, ਨੇਤਰ ਨੈਣਾਂ ਨਾਲ ਮਿਲਾਇੰਦਾ । ਆਪਣੀ ਚੋਟੀ ਆਪੇ ਚੜ੍ਹ, ਵਾਸਨਾ ਖੋਟੀ ਆਪ ਕਰਾਇੰਦਾ । ਆਪੇ ਕੋਟਨ ਕੋਟੀ ਲਏ ਫੜ, ਆਪ ਆਪਣੇ ਭਰਮ ਭੁਲਾਇੰਦਾ । ਆਪੇ ਬੋਟੀ ਬੋਟੀ ਦਏ ਕਰ, ਆਪੇ ਸਾਚਾ ਸੰਤ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਕਲਜੁਗ ਖੇਲ ਰਾਣੀ ਅੱਲਾ, ਇਲਾਹੀ ਨੂਰ ਸਮਾਇੰਦਾ । ਜਗਤ ਦਵਾਰਾ ਏਕਾ ਮੱਲਾ, ਘਰ ਸਾਚਾ ਇਕ ਵਖਾਇੰਦਾ । ਫਿਰੇ ਦਰੋਹੀ ਜਲਾਂ ਥਲਾਂ, ਪੀਰ ਦਸਤਗੀਰ ਸਰਬ ਕੁਰਲਾਇੰਦਾ । ਨਾ ਕੋਈ ਫੜਾਏ ਕਿਸੇ ਪੱਲਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਦੋ ਆਬ ਆਪਣੀ ਵੰਡ ਵੰਡਾਇੰਦਾ । ਵੰਡੇ ਵੰਡ ਦੇਵੇ ਦਾਤ, ਏਕਾ ਵੰਡ ਵੰਡਾਈਆ । ਨਿਰਗੁਣ ਆਪੇ ਹੋਏ ਸੰਝ ਸਵੇਰਾ ਸੰਝ ਪ੍ਰਭਾਤ, ਦਿਵਸ ਰੈਣ ਆਪ ਅਖਵਾਈਆ । ਆਪ ਬੈਠਾ ਰਹੇ ਇਕ ਇਕਾਂਤ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲ ਸਹਿਜ ਸੁਭਾਈਆ । ਕਲਜੁਗ ਕੂੜਾ ਹੋਇਆ ਢੋਰ, ਪੰਜ ਤਤ ਸ਼ੋਰ ਮਚਾਇਆ । ਚਾਰੋਂ ਕੁੰਟ ਠੱਗ ਚੋਰ, ਬੈਠੇ ਡੇਰਾ ਲਾਇਆ । ਘਰ ਘਰ ਦਿਸਣ ਹਰਾਮਖ਼ੋਰ, ਹਰਿ ਕਾ ਨਾਮ ਨਾ ਕੋਏ ਧਿਆਇਆ । ਕੂੜੀ ਕਿਰਿਆ ਬੰਧੀ ਡੋਰ, ਸਾਚਾ ਤੰਦ ਨਾ ਕੋਇ ਬੰਧਾਇਆ । ਮਾਇਆ ਮਮਤਾ ਨਾਤਾ ਜੋੜ, ਜੀਵਾਂ ਜੰਤਾਂ ਰਹੇ ਸਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਲਏ ਅੰਗੜਾਇਆ । ਲਏ ਅੰਗੜਾਈ ਹਰਿ ਭਗਵਾਨ, ਆਪਣੀ ਕਰਵਟ ਆਪ ਬਦਲਾਈਆ । ਲੋਕਮਾਤ ਵੇਖੇ ਮਾਰ ਧਿਆਨ, ਧਰਨੀ ਧਰਤ ਧਵਲ ਲੱਖ ਚੁਰਾਸੀ ਰਹੀ ਕੁਰਲਾਈਆ । ਸਚ ਨਾ ਦਿਸੇ ਕੋਇ ਗਿਆਨ, ਚਾਰ ਵਰਨ ਨਾ ਮੇਲ ਮਿਲਾਈਆ । ਚਾਰੋਂ ਕੁੰਟ ਹੋਇਆ ਹੈਰਾਨ, ਧੀਰਜ ਧੀਰ ਨਾ ਕੋਇ ਵਖਾਈਆ । ਨਾ ਕੋਈ ਮਜ੍ਹਬ ਨਾ ਈਮਾਨ, ਦੀਨ ਇਸਲਾਮ ਨਾ ਕੋਇ ਪੜ੍ਹਾਈਆ । ਨਾ ਕੋਇ ਕਲਮਾ ਨਾ

ਕੋਇ ਕਲਾਮ, ਨਾ ਕੋਈ ਸਾਚਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਨਿਰਗੁਣ ਹਰਿ ਹਰਿ ਕਿਰਪਾਨਿਧ, ਆਪਣੀ ਦਇਆ ਕਮਾਇੰਦਾ । ਆਪ ਬਣਾਏ ਆਪਣੀ ਬਿਧ, ਆਪਣਾ ਰੂਪ ਵਟਾਇੰਦਾ । ਕਰੇ ਕਰਾਏ ਕਾਰਜ ਸਿਧ, ਸਤਿਗੁਰ ਸਾਚਾ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਵੇਸ ਵਟਾਇਆ, ਗੁਰ ਨਾਨਕ ਨਾਉਂ ਧਰਾਈਆ । ਆਪ ਆਪਣਾ ਵਿਚ ਰਖਾਇਆ, ਘਰ ਸਾਚੇ ਹੋਈ ਰੁਸ਼ਨਾਈਆ । ਏਕਾ ਬੰਕ ਦਏ ਸੁਹਾਇਆ, ਘਰ ਸੁਹੰਜਣਾ ਸੋਭਾ ਪਾਈਆ । ਏਕਾ ਮੰਤਰ ਦਏ ਦ੍ਰਿੜਾਇਆ, ਨਾਮ ਸਤਿ ਵੱਜੀ ਵਧਾਈਆ । ਚਾਰ ਵਰਨਾਂ ਦਏ ਜਪਾਇਆ, ਊਚ ਨੀਚ ਨਾ ਵੇਖ ਵਖਾਈਆ । ਰਾਓ ਰੰਕਾਂ ਗਲੇ ਲਗਾਇਆ, ਹੰਕਾਰੀਆਂ ਗੜ੍ਹ ਤੁੜਾਈਆ । ਮਨ ਕਾ ਮਣਕਾ ਆਪ ਫਿਰਾਇਆ, ਮਤ ਮਤਵਾਲੀ ਦਏ ਸਲਾਹੀਆ । ਬੁਧ ਬਬੇਕੀ ਰੂਪ ਵਟਾਇਆ, ਅੰਮ੍ਰਿਤ ਜਾਮ ਇਕ ਪਿਆਈਆ । ਸਚ ਸੁਨੇਹੜਾ ਹਰਿ ਸੁਣਾਇਆ, ਹਰਿ ਸ਼ਬਦ ਵੱਜੀ ਵਧਾਈਆ । ਚਾਰੋਂ ਕੁੰਟ ਫੇਰਾ ਪਾਇਆ, ਜੀਵ ਜੰਤ ਸਰਬ ਉਠਾਈਆ । ਏਕਾ ਪੁਰਖ ਅਕਾਲ ਮਨਾਇਆ, ਦੂਜਾ ਇਸ਼ਟ ਨਾ ਕੋਇ ਵਖਾਈਆ । ਨਮੋ ਦੇਵ ਇਕ ਰਘੁਰਾਇਆ, ਵਾਸਤਕ ਰੂਪ ਆਪ ਸਮਾਈਆ । ਖ਼ਾਲਕ ਖ਼ਲਕ ਵਿਚ ਦਏ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਨਾਨਕ ਨਿਰਗੁਣ ਨਾਉਂ ਰੱਖ, ਲੋਕਮਾਤ ਵੇਖ ਵਖਾਇੰਦਾ । ਸਤਿਗੁਰ ਪੂਰਾ ਹੋ ਪਰਤੱਖ, ਹਰਿਜਨ ਸਾਚੇ ਮੇਲ ਮਿਲਾਇੰਦਾ । ਆਪੇ ਕਰੇ ਕੱਖੋਂ ਲੱਖ, ਲੱਖੋਂ ਕੱਖ ਬਣਾਇੰਦਾ । ਘਰ ਘਰ ਦੇਵੇ ਸਾਚੀ ਵੱਥ, ਸਾਚਾ ਨਾਮ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਇਕ ਸਮਰਥ, ਜੀਆਂ ਜੰਤਾਂ ਆਪ ਸਮਝਾਇੰਦਾ । ਜੁਗ ਜੁਗ ਚਲਾਏ ਮਾਤ ਰਥ, ਆਪ ਆਪਣਾ ਵੇਸ ਵਟਾਇੰਦਾ । ਸਚ ਦਵਾਰਾ ਖੋਲ੍ਹੇ ਹੱਟ, ਚਰਨ ਦਵਾਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਉਪਜੇ ਸੁਤ ਦੁਲਾਰ, ਸੂਰਬੀਰ ਆਪ ਉਪਜਾਇੰਦਾ । ਸੂਰਬੀਰ ਸੁਲਤਾਨ, ਗੁਰ ਸਤਿਗੁਰ ਵਡ ਵਡਿਆਈਆ । ਏਕਾ ਖੰਡਾ ਤੀਰ ਕਮਾਨ, ਆਪਣਾ ਆਪ ਚਮਕਾਈਆ । ਗੁਰਮੁਖ ਸਾਚੇ ਕਰ ਪਛਾਣ, ਅੰਮ੍ਰਿਤ ਜਾਮ ਪਿਆਈਆ । ਪੰਚਮ ਮੀਤਾ ਹੋ ਪਰਧਾਨ, ਪੰਚਮ ਮੇਲੇ ਸਹਿਜ ਸੁਖਦਾਈਆ । ਪੰਚਮ ਦੇਵੇ ਇਕ ਗਿਆਨ, ਏਕਾ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੋਬਿੰਦ ਏਕਾ ਘਰ ਸਾਚਾ ਦਏ ਵਸਾਈਆ । ਨਾਨਕ ਗੋਬਿੰਦ ਸਚਖੰਡ, ਘਰ ਸਾਚਾ ਆਪ ਸੁਹਾਇੰਦਾ । ਕਲਜੁਗ ਅੰਤਮ ਵੰਡੇ ਵੰਡ, ਆਪ ਆਪਣਾ ਭੇਵ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਹੋਈ ਰੰਡ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਚਾਰੋਂ ਕੁੰਟ ਭੇਖ ਪਖੰਡ, ਚਾਰ ਵਰਨ ਸਰਬ ਕੁਰਲਾਇੰਦਾ । ਪੰਡਤ ਪਾਂਧੇ ਹੋਵਣ ਆਤਮ ਅੰਧ, ਸਾਚਾ ਗਿਆਨ ਨਾ ਕੋਇ ਸਮਝਾਇੰਦਾ । ਮੁਲਾਂ ਸ਼ੇਖ਼ ਨਾ ਮੁਕਾਏ ਕੋਈ ਪੰਧ, ਸਾਚਾ ਸਜਦਾ ਨਾ ਕੋਇ ਕਰਾਇੰਦਾ । ਸਾਧ ਸੰਤ ਰਸਨਾ ਲਾਵਣ ਮਦਿਰਾ ਮਾਸ ਗੰਦ, ਆਤਮ ਜਾਮ ਨਾ ਕੋਇ ਵਖਾਇੰਦਾ । ਜੂਠ ਝੂਠ ਰੱਖਣ ਅਨੰਦ, ਪਰਮਾਨੰਦ ਨਾ ਕੋਇ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਨਾਨਕ ਨਿਰਗੁਣ ਦਏ ਸਮਝਾਈਆ । ਗੋਬਿੰਦ ਲੇਖਾ ਲੇਖ ਲਿਖੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਪੁਰਖ ਅਬਿਨਾਸ਼ੀ ਫੇਰਾ ਪੌਣਾ, ਜੂਨੀ ਰਹਿਤ ਵੇਸ ਵਟਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਸਮਝਾਈਆ । ਹਰਿ ਕਾ ਨਾਉਂ ਹਰਿ ਨਿਰੰਕਾਰ, ਹਰਿ ਸਾਚਾ ਸਚ ਉਪਜਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਕਰਤਾ ਆਪ ਕਰਾਇੰਦਾ । ਕਲਜੁਗ ਅੰਤਮ ਖੇਲ ਨਿਆਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਪਰਗਟ ਹੋਵੇ ਵਿਚ ਸੰਸਾਰ, ਨਿਹਕਲੰਕਾ ਨਾਉਂ ਉਪਜਾਇੰਦਾ । ਸ਼ਬਦ ਡੰਕਾ ਜਗਤ ਨਗਾਰ, ਆਪ ਆਪਣਾ ਤਾਲ ਸੁਣਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਇੰਦਾ । ਕਰੋੜ ਤੇਤੀਸਾ ਪਾਰ ਕਿਨਾਰ, ਸੁਰਪਤ ਰਾਜਾ ਇੰਦ ਨਾਲ ਰਲਾਇੰਦਾ । ਗਣ ਗੰਧਰਬ ਨਾ ਕਰੇ ਕੋਇ ਸ਼ੰਗਾਰ, ਬਸਤਰ ਭੂਸ਼ਨ ਨਾ ਕੋਏ ਹੰਢਾਇੰਦਾ । ਨੌ ਖੰਡ ਪ੍ਰਿਥਮੀ ਹੋ ਤਿਆਰ, ਆਪ ਆਪਣੀ ਜੋਤ ਜਗਾਇੰਦਾ । ਸੱਤਾਂ ਦੀਪਾਂ ਖੋਲ੍ਹ ਕਿਵਾੜ, ਆਪ ਆਪਣਾ ਭਰਮ ਮਿਟਾਇੰਦਾ । ਵੀਹ ਸੌ ਬਿਕ੍ਰਮੀ ਏਕਾ ਕਾਰ, ਆਪਣੀ ਕਲ ਵਰਤਾਇੰਦਾ । ਇਕ ਅਕੱਲਾ ਰੂਪ ਅਪਾਰ, ਜੋਤੀ ਨੂਰ ਡਗਮਗਾਇੰਦਾ । ਦੂਜੀ ਕੁਦਰਤ ਪਾਵੇ ਸਾਰ, ਤੀਜਾ ਲੇਖਾ ਲੇਖ ਮੁਕਾਇੰਦਾ । ਚੌਥੇ ਘਰ ਪ੍ਰਭ ਹੋ ਤਿਆਰ, ਪੰਚਮ ਅਤੀਤਾ ਰੂਪ ਧਰਾਇੰਦਾ । ਛੇਵੇਂ ਛੱਪਰ ਛੰਨ ਵਸਿਆ ਬਾਹਿਰ, ਘਰ ਸਾਚੇ ਜੋਤ ਜਗਾਇੰਦਾ । ਸਤਵੇਂ ਸਤਿਵਾਦ ਹਰਿ ਕਰਤਾਰ, ਸਤਿ ਪੁਰਖ ਨਿਰੰਜਣ ਨਾਉਂ ਧਰਾਇੰਦਾ । ਅੱਠਵੇਂ ਖੇਲ ਕਰੇ ਨਿਰੰਕਾਰ, ਆਪਣਾ ਲੇਖਾ ਆਪ ਜਣਾਇੰਦਾ । ਨੌਵੇਂ ਤੋੜੇ ਗੜ੍ਹ ਹੰਕਾਰ, ਨੌ ਦਰ ਭਾਂਡਾ ਭਰਮ ਭੰਨਾਇੰਦਾ । ਦਸਵੇਂ ਜੋਤੀ ਕਰ ਉਜਿਆਰ, ਦਸਮ ਦੁਆਰਾ ਪੰਧ ਮੁਕਾਇੰਦਾ । ਇਕ ਗਿਆਰਾਂ ਮੀਤ ਮੁਰਾਰ, ਸਾਢੇ ਤਿੰਨ ਹੱਥ ਰਚਨ ਰਚਾਇੰਦਾ । ਦਸ ਦੋ ਬਾਰਾਂ ਆਪਣੇ ਰੰਗ ਰਹਵੇ ਨਿਰੰਕਾਰ, ਨਿਰਗੁਣ ਸਰਗੁਣ ਵੇਖ ਵਿਖਾਇੰਦਾ । ਦਸ ਤਿੰਨ ਤੇਰਾਂ ਸਾਧਾਂ ਸੰਤਾਂ ਦਏ ਹੁਲਾਰ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਚੌਦਾਂ ਚੌਦਾਂ ਤਬਕਾਂ ਕਰੇ ਖੁਆਰ, ਚੌਦਾਂ ਵਿਦਿਆ ਨਾ ਕੋਇ ਪੜ੍ਹਾਇੰਦਾ । ਪੰਦਰਾਂ ਅਠਸਠ ਤੀਰਥ ਮਾਰੇ ਮਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੋਲ ਫੁਲਾਇੰਦਾ । ਸੋਲਾਂ ਖੇਲ ਅਪਰ ਅਪਾਰ, ਵੀਹ ਸਦ ਬਿਕ੍ਰਮੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨਾਉਂ ਹਰਿ ਭਗਵਾਨ, ਆਪਣਾ ਆਪ ਉਪਜਾਈਆ । ਨਿਹਕਲੰਕ ਬਲੀ ਬਲਵਾਨ, ਜੋਤੀ ਨੂਰ ਨੂਰ ਰੁਸ਼ਨਾਈਆ । ਸ਼ਬਦ ਸਰੂਪੀ ਸਚ ਨਿਸ਼ਾਨ, ਸੱਤਾਂ ਦੀਪਾਂ ਆਪ ਝੁਲਾਈਆ । ਮੇਟ ਮਿਟਾਏ ਰਾਜ ਰਾਜਾਨ, ਸ਼ਾਹ ਸੁਲਤਾਨ ਦਿਸ ਨਾ ਆਈਆ । ਚਾਰ ਵਰਨਾਂ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਚਾਰ ਵਰਨਾਂ ਇਕ ਮਕਾਨ, ਏਕਾ ਸ਼ਬਦ ਦਏ ਵਖਾਈਆ । ਚਾਰ ਵਰਨਾਂ ਇਕ ਬਬਾਣ, ਏਕਾ ਨਾਮ ਚੜ੍ਹਾਈਆ । ਚਾਰ ਵਰਨਾਂ ਏਕਾ ਪੀਣ ਖਾਣ, ਏਕਾ ਅੰਮ੍ਰਿਤ ਜਾਮ ਪਿਆਈਆ । ਚਾਰ ਵਰਨਾਂ ਏਕਾ ਦੇਵੇ ਦਾਨ, ਦਾਤਾ ਦਾਨੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਦਏ ਮੁਕਾਈਆ । ਕਲਜੁਗ ਲੇਖਾ ਜਾਣਾ ਮੁੱਕ, ਹਰਿ ਸਤਿਗੁਰ ਆਪ ਮੁਕਾਇੰਦਾ । ਹਰਿ ਕਾ ਭਾਣਾਂ ਨਾ ਜਾਏ ਰੁਕ, ਨਾ ਕੋਈ ਮੇਟ ਮਿਟਾਇੰਦਾ । ਲੱਖ ਚੁਰਾਸੀ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਇੰਦਾ । ਮਾਤ ਗਰਭ ਵੇਖੇ ਉਲਟਾ ਰੁਖ, ਘਰ ਘਰ ਵਿਚ ਫੋਲ ਫੁਲਾਇੰਦਾ । ਗੁਰਮੁਖ ਵਿਰਲੇ ਉਜਲ ਮੁਖ, ਜੋ ਰਸਨਾ ਹਰਿ ਹਰਿ ਗਾਇੰਦਾ । ਆਤਮ ਅੰਤਰ ਸਾਚਾ ਸੁਖ, ਆਤਮ ਬ੍ਰਹਮ ਵਖਾਇੰਦਾ । ਸਫਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਇੰਦਾ । ਦੋ ਜਹਾਨਾਂ ਵੇਖੇ ਝੁਕ, ਸਚ ਸੰਘਾਸਣ ਸੋਭਾ ਪਾਇੰਦਾ । ਜਨ ਭਗਤਾਂ ਮੇਟੇ ਚਿੰਤਾ ਦੁੱਖ, ਹਰਖ ਸੋਗ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਅੰਦਰ ਬੈਠਾ ਲੁਕ, ਗੁਰਮੁਖ ਵਿਰਲਾ ਦਰਸਨ

ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਉਪਜਾਇੰਦਾ । ਨਿਹਕਲੰਕ ਸਤਿਗੁਰ ਮੀਤ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਇਕ ਸੁਣਾਏ ਸੁਹਾਗੀ ਗੀਤ, ਆਪ ਆਪਣਾ ਨਾਮ ਦ੍ਰਿੜਾਇੰਦਾ । ਸਦਾ ਸੁਹੇਲਾ ਵਸੇ ਚੀਤ, ਆਤਮ ਸੇਜਾ ਆਪ ਸੁਹਾਇੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਪੀ ਮਾਤ ਤਰਾਇੰਦਾ । ਲੱਖ ਚੁਰਾਸੀ ਪਰਖੇ ਨੀਤ, ਲੇਖਾ ਆਪਣਾ ਆਪ ਕਰਾਇੰਦਾ । ਗੁਰਮੁਖਾਂ ਕਾਇਆ ਕਰੇ ਠੰਡੀ ਸੀਤ, ਸਚ ਪਿਆਲਾ ਨਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਗੁਰਮੁਖ ਰੰਗ ਅਪਾਰ, ਹਰਿ ਸਤਿਗੁਰ ਆਪ ਰੰਗਾਈਆ । ਮਾਣਸ ਜਨਮ ਦਏ ਸੁਆਰ, ਲਖ ਚੁਰਾਸੀ ਫੰਦ ਕਟਾਈਆ । ਦਰਗਾਹ ਸਾਚੀ ਧਾਮ ਨਿਆਰ, ਸਤਿ ਸੁਹੰਜਣਾ ਧਾਮ ਵਖਾਈਆ । ਏਥੇ ਓਥੇ ਦਏ ਸਹਾਰ, ਦੋ ਜਹਾਨਾਂ ਵੇਖ ਵਖਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਆਵੇ ਜਾਵੇ ਬੇਪਰਵਾਹੀਆ । ਸ਼ਬਦ ਗੁਰ ਬਣ ਵਣਜਾਰ, ਦਰ ਘਰ ਸਾਚੇ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਮੇਲ ਮਿਲਾਈਆ । ਜੁਗ ਵਿਛੜੇ ਹਰਿ ਮੇਲਿਆ, ਕਰ ਕਿਰਪਾ ਗੁਰ ਕਰਤਾਰ । ਆਪਣਾ ਖੇਲ ਆਪੇ ਹਰਿ ਖੇਲਿਆ, ਕਲਜੁਗ ਅੰਤਮ ਲੈ ਅਵਤਾਰ । ਆਪੇ ਗੁਰੂ ਗੁਰੂ ਗੁਰ ਚੇਲਿਆ, ਹਰਿ ਸਾਜਣ ਮੀਤ ਮੁਰਾਰ । ਆਪੇ ਵਸੇ ਧਾਮ ਨਵੇਲਿਆ, ਆਪ ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਲਾਏ ਪਾਰ । ਗੁਰਸਿਖ ਉਤਰੇ ਪਾਰ ਘਾਟ, ਪਾਰ ਕਿਨਾਰਾ ਇਕ ਵਖਾਈਆ । ਦੂਸਰ ਵਿਕੇ ਨਾ ਕਿਸੇ ਹਾਟ, ਕਰਤਾ ਕੀਮਤ ਆਪੇ ਪਾਈਆ । ਦੁਰਮਤ ਮੈਲ ਦੇਵੇ ਕਾਟ, ਸਰ ਸਰੋਵਰ ਇਕ ਨੁਹਾਈਆ । ਅੰਮ੍ਰਿਤ ਰਸ ਲੈਣਾ ਚਾਟ, ਨਿਝਰ ਝਿਰਨਾ ਰਿਹਾ ਝਿਰਾਈਆ । ਕਲਜੁਗ ਅੰਤਮ ਮੁੱਕੀ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਲੱਖ ਚੁਰਾਸੀ ਪੈਣਾ ਖਾਤ, ਧਰਮ ਰਾਏ ਖਾਤਾ ਰਿਹਾ ਖੁਲ੍ਹਾਈਆ । ਹਰਿਜਨ ਵਿਰਲੇ ਮੇਲਾ ਪੁਰਖ ਸਮਰਾਥ, ਜਿਸ ਹਰਿ ਹਰਿ ਓਟ ਰਖਾਈਆ । ਚਾਰੋਂ ਕੁੰਟ ਅਗਨੀ ਕਾਠ, ਤ੍ਰੈਗੁਣ ਤਤ ਵਖਾਈਆ । ਨਗਰ ਖੇੜਾ ਹੋਏ ਭੱਠ, ਜਗਤ ਭਠਿਆਲਾ ਇਕ ਤਪਾਈਆ । ਲਹਿਣਾ ਦੇਣੇ ਚੁਕਾਏ ਅਠਸਠ, ਤੀਰਥ ਤਟ ਨਾ ਕੋਇ ਵਖਾਈਆ । ਖੇਲੇ ਖੇਲ ਬਾਜੀਗਰ ਨਟ, ਹਰਿ ਨਟੂਆ ਸਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਜੋਤ ਕਰੇ ਰੁਸ਼ਨਾਈਆ । ਕਲਜੁਗ ਜੋਤ ਨੂਰ ਨੁਰਾਨੀ, ਨਿਰਗੁਣ ਆਪਣੀ ਆਪ ਜਗਾਇੰਦਾ । ਪਾਰਬ੍ਰਹਮ ਪ੍ਰਭ ਦੇਵੇ ਸਚ ਨਿਸ਼ਾਨੀ, ਜਨ ਭਗਤਾਂ ਬੂਝ ਬੁਝਾਇੰਦਾ । ਗੁਰਮੁਖਾਂ ਮਾਰੇ ਤੀਰ ਕਾਨੀ, ਅਣਯਾਲਾ ਤੀਰ ਆਪ ਚਲਾਇੰਦਾ । ਕਾਇਆ ਅੰਦਰ ਅਨਹਦ ਬਾਣੀ, ਆਪਣਾ ਰਾਗ ਸੁਣਾਇੰਦਾ । ਆਤਮ ਅੰਤਰ ਠੰਡਾ ਜਲ ਪਾਣੀ, ਅੰਮ੍ਰਿਤ ਪਿਆਲਾ ਮੁਖ ਪਿਆਇੰਦਾ । ਘਰ ਵਿਖਾਏ ਇਕ ਪਦ ਨਿਰਬਾਣੀ, ਦਰ ਘਰ ਸਾਚਾ ਆਪ ਸੁਹਾਇੰਦਾ । ਆਪੇ ਹੋਇਆ ਜਾਣ ਜਾਣੀ, ਜਾਣਨਹਾਰ ਰੂਪ ਵਟਾਇੰਦਾ । ਆਪੇ ਹੋਏ ਬ੍ਰਹਮ ਗਿਆਨੀ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਆਪ ਉਠਾਇੰਦਾ । ਗੁਰਮੁਖ ਸੋਇਆ ਉਠਿਆ ਜਾਗ, ਹਰਿ ਸਤਿਗੁਰ ਆਪ ਜਗਾਇਆ । ਕਲਜੁਗ ਕਾਇਆ ਲੱਗਾ ਭਾਗ, ਘਰ ਮੰਦਰ ਹੋਏ ਰੁਸ਼ਨਾਇਆ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇਆ । ਦੁਰਮਤ ਮੈਲ ਧੋਵੇ ਦਾਗ, ਜਨਮ ਜਨਮ ਦਾ ਲੇਖਾ ਦਏ ਚੁਕਾਇਆ । ਹੰਸ ਬਣਾਏ ਫੜ ਫੜ ਕਾਗ, ਸੋਹੰ ਹੰਸਾ

ਚੋਗ ਚੁਗਾਇਆ । ਜਗਤ ਤ੍ਰਿਸ਼ਨਾ ਬੁਝਾਏ ਲੱਗੀ ਆਗ, ਅੰਮ੍ਰਿਤ ਮੇਘ ਇਕ ਬਰਸਾਇਆ । ਮਾਇਆ ਡੱਸੇ ਨਾ ਡੱਸਣੀ ਨਾਗ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਲਏ ਤਰਾਇਆ । ਗੁਰਸਿਖ ਸੱਜਣ ਤਾਰਿਆ, ਕਰ ਕਿਰਪਾ ਹਰਿ ਗੋਬਿੰਦ । ਜਗ ਦੁਖੜਾ ਰੋਗ ਨਿਵਾਰਿਆ, ਅੰਮ੍ਰਿਤ ਪਿਆਇਆ ਸਾਗਰ ਸਿੰਧ । ਘਰ ਮੇਲਾ ਕੰਤ ਭਤਾਰਿਆ, ਆਪ ਉਪਜਾਈ ਆਪਣੀ ਬਿੰਦ । ਕਲਜੁਗ ਅੰਤਮ ਵੇਖ ਵਖਾ ਲਿਆ, ਹਰਿ ਸਤਿਗੁਰ ਹੋ ਬਖ਼ਸ਼ੰਦ । ਡੁੱਬਦਾ ਪੱਥਰ ਆਪ ਤਰਾ ਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਸਗਲੀ ਚਿੰਦ । ਗੁਰਸਿਖ ਸੱਜਣ ਜਾਗਿਆ, ਜਾਗਰਤ ਜੋਤ ਜਗਾਏ । ਘਰ ਸਾਚੇ ਲੱਗਾ ਭਾਗਿਆ, ਪ੍ਰਭ ਮਿਲਿਆ ਹਰਿ ਹਰਿ ਰਾਏ । ਸਰਨ ਸਰਨਾਈ ਸਾਚੀ ਲਾਗਿਆ, ਜਮ ਡੰਡ ਨੇੜ ਨਾ ਆਏ । ਲਖ ਚੁਰਾਸੀ ਕੱਟੀ ਫਾਸੀਆ, ਰਾਏ ਧਰਮ ਨਾ ਦਏ ਸਜਾਏ । ਕਰੇ ਕਰਾਏ ਬੰਦ ਖੁਲਾਸੀਆ, ਦਰਗਾਹ ਸਾਚੀ ਮੇਲ ਮਿਲਾਏ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸੀਆ, ਵਿਛੜ ਕਦੇ ਨਾ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਹਿਜ ਸੁਭਾਏ । ਗੁਰਮੁਖ ਸੱਜਣ ਰਤੜਾ, ਸਤਿਗੁਰ ਰੰਗ ਅਪਾਰ । ਨਾ ਠੰਡਾ ਨਾ ਤੱਤੜਾ, ਏਕਾ ਰੂਪ ਸੱਚੀ ਸਰਕਾਰ । ਸਗਲ ਵਿਸੂਰਾ ਜਗਤ ਜਹਾਨ ਲੱਥੜਾ, ਘਰ ਪਾਇਆ ਦਰਸ ਮੁਰਾਰ । ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹੱਥੜਾ, ਲੇਖਾ ਲਿਖਿਆ ਰਵਿਦਾਸ ਚੁਮਾਰ । ਕਬੀਰਾ ਨਿਉਂ ਨਿਉਂ ਚਰਨੀ ਢੱਠੜਾ, ਸਚਖੰਡ ਮੇਲਾ ਕੰਤ ਭਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਨਿਰਗੁਣ ਧਾਰ ਹਰਿ ਅਵੱਲੀ, ਆਪਣੀ ਆਪ ਉਪਾਈਆ । ਗੁਰਮੁਖ ਵੇਖੇ ਸਾਚੀ ਕਲੀ, ਲੋਕਮਾਤ ਆਪ ਮਹਿਕਾਈਆ । ਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਹੋਕਾ ਦੇਵੇ ਗਲੀਓ ਗਲੀ, ਗੁਰਸਿਖ ਸੱਜਣ ਲਏ ਉਠਾਈਆ । ਆਪਣਾ ਸੀਸ ਰੱਖਣਾ ਤਲੀ, ਲੋਕਲਾਜ ਜਗਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਸੱਜਣ ਸਚ ਦਰਵਾਜਾ, ਹਰਿ ਸਾਚਾ ਸਚ ਖੁਲ੍ਹਾਇੰਦਾ । ਅੰਦਰ ਵੜ ਗ਼ਰੀਬ ਨਿਵਾਜਾ, ਆਪ ਆਪਣੇ ਰੰਗ ਰੰਗਾਇੰਦਾ । ਸ਼ਬਦ ਵਜਾਏ ਅਨਹਦ ਵਾਜਾ, ਆਪ ਆਪਣਾ ਰਾਗ ਸੁਣਾਇੰਦਾ । ਸਚ ਸਿੰਘਾਸਣ ਸਾਚਾ ਰਾਜਾ, ਸ਼ਾਹ ਸੁਲਤਾਨ ਆਸਣ ਲਾਇੰਦਾ । ਜੁਗਾ ਜੁਗੰਤਰ ਰਚਿਆ ਕਾਜਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਰਲਾਇੰਦਾ । ਸਗਲਾ ਸਾਥੀ ਹਰਿ ਰਘਨਾਥ, ਅਵਰ ਨਾ ਕੋਇ ਜਣਾਈਆ । ਗੁਰਸਿਖਾਂ ਲਹਿਣ ਦੇਣ ਚੁਕਾਏ ਮਸਤਕ ਮਾਥ, ਪੂਰਬ ਲਹਿਣਾ ਝੋਲੀ ਪਾਈਆ । ਇਕ ਜਪਾਏ ਸਾਚਾ ਪਾਠ, ਬ੍ਰਹਮ ਪਾਰਬ੍ਰਹਮ ਮਿਲਾਈਆ । ਇਕ ਉਤਾਰੇ ਆਪਣੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਤਰਾਈਆ । ਤਾਰਨਹਾਰ ਹਰਿ ਗੁਰਦੇਵ, ਗੁਰਮੁਖ ਸਾਚੇ ਆਪ ਤਰਾਇੰਦਾ । ਆਪ ਲਗਾਏ ਸਾਚੀ ਸੇਵ, ਸਾਚੀ ਸਿਖਿਆ ਸਿਖ ਰਖਾਇੰਦਾ । ਫਲ ਖਵਾਏ ਆਤਮ ਮੇਵ, ਰੀਠਾ ਕੌੜਾ ਆਪ ਭਨਾਇੰਦਾ । ਰਸਨਾ ਗੁਣ ਹਰਿ ਹਰਿ ਜਿਹਵ, ਗੀਤ ਗੋਬਿੰਦ ਇਕ ਅਲਾਇੰਦਾ । ਅਲਖ ਨਿਰੰਜਣ ਅਲਖ ਅਭੇਵ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਰਾਹ, ਚਾਰ ਵਰਨ ਬਣਾਏ

੨੨੯

ਭੈਣ ਭਰਾ, ਊਚ ਨੀਚ ਨਾ ਕੋਇ ਜਣਾਇੰਦਾ । ਚਾਰ ਵਰਨ ਇਕ ਦਵਾਰ, ਸਤਿਗੁਰ ਨਾਨਕ ਨਾਮ ਬੁਝਾਈਆ । ਗੁਰ ਗੋਬਿੰਦ ਸਿੰਘ ਸਿੰਘ ਕਰੇ ਪਿਆਰ, ਚਾਰ ਵਰਨਾਂ ਏਕਾ ਅੰਮ੍ਰਿਤ ਜਾਮ ਪਿਆਈਆ । ਚਾਰ ਵਰਨਾਂ ਇਕ ਸਿਕਦਾਰ, ਸਾਹਿਬ ਸੁਲਤਾਨ ਇਕ ਅਖਵਾਈਆ । ਚਾਰ ਵਰਨਾਂ ਇਕ ਭੰਡਾਰ, ਇਕ ਦਾਤਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਕੂੜ ਪਸਾਰਾ, ਝੂਠਾ ਲੰਕਾ ਗੜ੍ਹ ਤੋੜੇ ਹੰਕਾਰਾ, ਸ਼ਾਹ ਸੁਲਤਾਨ ਰਹਿਣ ਨਾ ਪਾਈਆ । ਕਲਜੁਗ ਕੂੜਾ ਪਾਰ ਕਿਨਾਰ, ਪੁਰਖ ਅਕਾਲ ਆਪ ਕਰਾਈਆ । ਸਤਿਜੁਗ ਸਾਚਾ ਕਰ ਉਜਿਆਰ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਕਰੇ ਹਾਹਾਕਾਰ, ਵੇਲਾ ਅੰਤਮ ਆਈਆ । ਸਤਿਜੁਗ ਹੋਇਆ ਖ਼ਬਰਦਾਰ, ਵੀਹ ਸੌ ਸੋਲਾਂ ਬਿਕ੍ਰਮੀ ਦਏ ਸਲਾਹੀਆ । ਦੋਹਾਂ ਵਿਚੋਲਾ ਆਪ ਨਿਰੰਕਾਰ, ਲੋਕਮਾਤ ਖੇਲ ਖਿਲਾਈਆ । ਸੰਮਤ ਸਤਾਰਾਂ ਧੱਕਾ ਦੇਵੇ ਮਾਰ, ਆਪਣਾ ਬਲ ਆਪ ਵਖਾਈਆ । ਸਤਿਜੁਗ ਸਾਚੇ ਕਰ ਪਿਆਰ, ਆਪ ਆਪਣੀ ਗੋਦ ਸੁਹਾਈਆ । ਸੰਮਤ ਅਠਾਰਾਂ ਹਾਹਾਕਾਰ, ਚਾਰੋਂ ਕੁੰਟ ਸ੍ਰਿਸ਼ਟ ਕੁਰਲਾਈਆ । ਸਤਿਜੁਗ ਉਠੇ ਮੀਤ ਮੁਰਾਰ, ਹਰਿਜਨ ਵੇਖੇ ਵੇਖ ਵਖਾਈਆ । ਵੀਹ ਸਦ ਉਨੀ ਅੱਲਾ ਰਾਣੀ ਚੋਟੀ ਜਾਏ ਮੁੰਨੀ ਨਾ ਕੋਈ ਦੀਸੇ ਸੰਗ ਮੁਹੰਮਦ ਚਾਰ ਯਾਰ, ਐਨਲਹਕ ਨਾਅਰਾ ਕੋਇ ਨਾ ਲਾਈਆ । ਸਤਿਜੁਗ ਸਾਚਾ ਹੋਏ ਖ਼ਬਰਦਾਰ, ਆਪ ਆਪਣਾ ਰੂਪ ਵਟਾਈਆ । ਬੀਸ ਬੀਸਾ ਪੁਰਖ ਕਰਤਾਰ, ਖੜਗ ਖੰਡਾ ਇਕ ਚਮਕਾਈਆ । ਸ਼ਾਹ ਸੁਲਤਾਨ ਕਰ ਖਵਾਰ, ਤਖਤ ਤਾਜ ਦਏ ਮਿਟਾਈਆ । ਨੌ ਖੰਡ ਪ੍ਰਿਥਮੀ ਏਕਾ ਧਾਰ, ਸੱਤਾਂ ਦੀਪਾਂ ਆਪ ਬੰਧਾਈਆ । ਲੇਖਾ ਜਾਣੇ ਜਮਨ ਕਿਨਾਰ, ਗੁਰ ਤੇਗ ਬਹਾਦਰ ਤੇਰਾ ਸੀਸ ਜਗਦੀਸ ਵੇਖ ਵਖਾਈਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਸ਼ਬਦ ਕੁੜਮਾਈਆ । ਅਸਵ ਘੋੜਾ ਕਰ ਤਿਆਰ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਸੋਹੇ ਤਖਤ ਆਪ ਸੱਚੀ ਸਰਕਾਰ, ਦਿੱਲੀ ਦਵਾਰੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਸਾਚਾ ਮਾਰਗ ਲਾ, ਸਤਿ ਸਤਿ ਵਰਤਾਵਣਾ । ਚਾਰ ਵਰਨਾਂ ਏਕਾ ਬ੍ਰਹਮ ਜਣਾ, ਏਕਾ ਰੂਪ ਸਰਬ ਦਰਸਾਵਣਾ । ਹਿੰਦੂ ਮੁਸਲਮ ਸਿਖ ਈਸਾਈ ਏਕਾ ਰੰਗ ਰੰਗਾ, ਏਕਾ ਮੰਤਰ ਨਾਮ ਦ੍ਰਿੜਾਵਣਾ । ਪੁਰਖ ਅਕਾਲ ਇਕ ਮਨਾ, ਸੀਸ ਜਗਦੀਸ ਇਕ ਝੁਕਾਵਣਾ । ਏਕਾ ਬਰਨ ਦਏ ਵਖਾ, ਚਾਰ ਵਰਨ ਅਠਾਰਾਂ ਬਰਨ ਪੰਧ ਮੁਕਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਤ ਧਰਾਵਣਾ । ਸਤਿਜੁਗ ਸਾਚਾ ਸਤਿ ਸਤਿ ਦਵਾਰ, ਹਰਿ ਲੋਕਮਾਤ ਉਪਜਾਈਆ । ਸ਼ਬਦ ਜਣਾਈ ਬੋਧ ਅਗਾਧ, ਸਤਿ ਅੱਖਰ ਕਰੇ ਪੜ੍ਹਾਈਆ । ਲੇਖਾ ਜਾਣੇ ਸੰਤ ਸਾਧ, ਭਗਤ ਭਗਵੰਤ ਵੇਖ ਵਖਾਈਆ । ਗੁਰਸਿਖ ਸਾਚੇ ਸੱਜਣ ਲਾਧ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖੇ ਥਾਉਂ ਥਾਈਆ । ਲੇਖਾ ਲਿਖਿਆ ਸਿਖ ਦੁਲਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਆਪਣੇ ਸੁਤ ਕੀਆ ਪਿਆਰ, ਅਬਿਨਾਸ਼ੀ ਅਚੁਤ ਦਇਆ ਕਮਾਇੰਦਾ । ਕਾਇਆ ਬੁਤ ਦਏ ਆਧਾਰ, ਰੁੱਤ ਬਸੰਤ ਆਪ ਵਖਾਇੰਦਾ । ਲੋਕਮਾਤ ਖਿੜੀ ਗੁਲਜ਼ਾਰ, ਪਤ ਡਾਲੀ ਆਪ ਮਹਿਕਾਇੰਦਾ । ਲੇਖਾ ਜਾਣੇ ਸਰਬ ਪਰਵਾਰ, ਬਿਰਧ ਬਾਲ ਜਵਾਨ ਆਪ ਤਰਾਇੰਦਾ । ਘਰ ਵੇਖੇ ਸੁਭਾਗਣ ਨਾਰ, ਨਾਰੀ ਕੰਤ ਕੰਤ ਵਡਿਆਇੰਦਾ । ਘਰ ਭਰੇ ਸਚ ਭੰਡਾਰ, ਅਤੋਟ ਅਤੁਟ ਆਪ ਵਰਤਾਇੰਦਾ । ਚੋਗ ਨਿਖੁਟ ਨਾ ਜਾਏ ਵਿਚ ਸੰਸਾਰ,

ਸਾਚਾ ਸਾਕੀ ਜਾਮ ਪਿਆਇੰਦਾ । ਨਾ ਕੋਈ ਲੁੱਟੇ ਚੋਰ ਯਾਰ, ਠੱਗ ਠਗੋਰੀ ਕੋਇ ਨਾ ਪਾਇੰਦਾ । ਗੁਰਸਿਖਾਂ ਨਾਲ ਨਾ ਕਰੇ ਕੋਈ ਉਧਾਰ, ਆਪਣਾ ਪਿਛਲਾ ਕਰਜ਼ ਮੁਕਾਇੰਦਾ । ਆਪਣਾ ਆਪ ਉਤੋਂ ਵਾਰ, ਆਪ ਆਪਣੀ ਸੇਵ ਕਮਾਇੰਦਾ । ਆਪਣੀ ਰਤ ਉਤਮ ਧਾਰ, ਬ੍ਰਹਮ ਮਤ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਮੁਖ ਸਲਾਹਿੰਦਾ । ਗੁਰਸਿਖ ਸਾਲਾਹ ਸਲਾਹਵਣ ਜੋਗ, ਹਰਿ ਭਗਤ ਵੱਡੀ ਵਡਿਆਈਆ । ਗੁਰਮੁਖ ਦਰਸ਼ਨ ਪਾਏ ਇਕ ਅਮੋਘ, ਲੋਕਮਾਤ ਨਾ ਕੋਇ ਚਤੁਰਾਈਆ । ਘਰ ਮੰਦਰ ਸੁਣੇ ਸਚ ਸਲੋਕ, ਸੋਹੰ ਸ਼ਬਦ ਇਕ ਪੜ੍ਹਾਈਆ । ਚੌਦਾਂ ਲੋਕ ਨਾ ਸਕਣ ਰੋਕ, ਗੁਰਮੁਖ ਸੁਰਤੀ ਸ਼ਬਦ ਮਿਲਾਈਆ । ਚਰਨ ਕਵਲ ਰਖਾਏ ਸਾਚੀ ਓਟ, ਆਪ ਆਪਣੀ ਦਇਆ ਕਮਾਈਆ । ਜਗਤ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਦਏ ਖਪਾਈਆ । ਤਨ ਲਗਾਏ ਸਾਚੀ ਚੋਟ, ਸਚ ਨਗਾਰਾ ਨਾਮ ਵਜਾਈਆ । ਆਤਮ ਭਰੇ ਅੰਮ੍ਰਿਤ ਪੋਟ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੱਜੇ ਵਧਾਈਆ । ਗੁਰਮੁਖ ਸੱਜਣ ਘਰ ਵਧਾਈ, ਹਰਿ ਸਾਚੇ ਮੰਗਲ ਗਾਇਆ । ਸੁਰਤ ਸ਼ਬਦ ਹੋਈ ਕੁੜਮਾਈ, ਆਪ ਆਪਣਾ ਮੇਲ ਮਿਲਾਇਆ । ਪੀਆ ਪ੍ਰੀਤਮ ਮਿਲਿਆ ਚਾਂਈ ਚਾਂਈ, ਆਪ ਆਪਣਾ ਰੂਪ ਦਰਸਾਇਆ । ਪਕੜ ਉਠਾਏ ਫੜ ਫੜ ਬਾਂਹੀਂ, ਸੇਵਕ ਸਾਚੀ ਸੇਵ ਕਮਾਇਆ । ਸਦਾ ਸੁਹੇਲਾ ਇਕ ਅਕੇਲਾ ਜੁਗ ਜੁਗ ਰੱਖੇ ਸਿਰ ਠੰਡੀਆਂ ਛਾਈਂ, ਆਪ ਆਪਣਾ ਰੂਪ ਵਟਾਇਆ । ਆਪੇ ਪਿਤਾ ਆਪੇ ਮਾਈ, ਮਾਤ ਪਿਤ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੂਰਾ ਆਪ ਤਰਾਇਆ । ਗੁਰਸਿਖ ਸੂਰਾ ਤਾਰਿਆ, ਕਲਜੁਗ ਤੇਰੀ ਅੰਤਮ



ਵਾਰ । ਦੇਵੇ ਦਰਸ ਹਰਿ ਨਿਰੰਕਾਰਿਆ, ਨਿਰਗੁਣ ਸਰਗੁਣ ਰੂਪ ਕਰਤਾਰ । ਘਰ ਭਰੇ ਸਚ ਭੰਡਾਰਿਆ, ਏਕਾ ਵਣਜ ਕਰੇ ਵਪਾਰ । ਘਰ ਜੋਤ ਨੂਰ ਉਜਿਆਰਿਆ, ਨੂਰ ਨੂਰਾਨਾ ਕਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਖੋਲ੍ਹੇ ਬੰਦ ਕਿਵਾੜ । ਬੰਦ ਕਿਵਾੜਾ ਖੋਲ੍ਹਿਆ, ਪ੍ਰਭ ਆਪਣੀ ਕਿਰਪਾ ਧਾਰ । ਗੁਰ ਸ਼ਬਦੀ ਅੰਦਰ ਵੜ ਵੜ ਬੋਲਿਆ, ਦਿਸ ਨਾ ਆਏ ਵਿਚ ਸੰਸਾਰ । ਗੁਰਸਿਖ ਆਪਣੇ ਕੰਡੇ ਤੋਲਿਆ, ਤੋਲਣਹਾਰਾ ਇਕ ਨਿਰੰਕਾਰ । ਨਾਨਕ ਤੇਰਾਂ ਧਾਰ ਬੋਲਿਆ, ਤੇਰਾ ਅੰਤ ਨਾ ਪਾਰਾਵਾਰ । ਜਿਸ ਜਨ ਵਸੇ ਕਾਇਆ ਚੋਲਿਆ, ਚਾੜ੍ਹੇ ਰੰਗ ਅਪਰ ਅਪਾਰ । ਗੁਰਸਿਖ ਪਾਵੇ ਆਪਣੇ ਡੋਲਿਆ, ਸਤਿਗੁਰ ਪੂਰਾ ਬਣੇ ਕੁਹਾਰ । ਚੁੱਕੀ ਜਾਏ ਭਾਰ ਹੌਲਿਆ, ਆਪ ਆਪਣੇ ਸਿਰ ਨਿਰੰਕਾਰ । ਕਰੇ ਹੌਲਾ ਭਾਰ ਧੌਲਿਆ, ਧਰਨ ਧਰਤੀ ਪੈਜ ਸੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਉਪਜਿਆ ਫੁੱਲ ਕਵਲਿਆ, ਘਰ ਸਾਚੇ ਖਿੜੀ ਗੁਲਜਾਰ । ਕਵਲ ਨਾਭੀ ਸਾਚਾ ਫੁਲ, ਗੁਰ ਗੁਰਮੁਖ ਆਪ ਉਪਜਾਇੰਦਾ । ਭਾਗ ਲਗਾਏ ਸਾਚੀ ਕੁੱਲ, ਕੁਲ ਕੁਲਵੰਤਾ ਵੇਖ ਵਖਾਇੰਦਾ । ਨਾਮ ਅਮੋਲਕ ਵਸਤ ਅਨਮੁਲ, ਹਰਿ ਜੂ ਹਰਿ ਮੰਦਰ ਆਪ ਟਿਕਾਇੰਦਾ । ਆਦਿ ਜੁਗਾਦਿ ਸਦਾ ਅਭੁਲ, ਲੱਖ ਚੁਰਾਸੀ ਆਪ ਭੁਲਾਇੰਦਾ । ਤ੍ਰੈਗੁਣ ਮਾਇਆ ਨਾ ਜਾਏ ਰੁਲ, ਆਪਣੀ ਕੀਮਤ ਆਪੇ ਪਾਇੰਦਾ । ਜਨ ਭਗਤਾਂ ਕਰੇ ਸਦਾ ਚੋਲ੍ਹ, ਨਿਜ ਆਤਮ ਡੇਰਾ ਲਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਲੇਖਾ ਲੇਖ ਨਾ ਕੋਏ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਥਾਨ ਸੁਹਾਇੰਦਾ । ਗੁਰਸਿਖ ਥਾਨ ਸੁਹੰਦੜਾ, ਹਰਿ ਵੇਖੇ ਸਹਿਜ ਸੁਭਾਏ । ਸਚਖੰਡ ਨਵਾਸੀ ਵੇਖ ਵਖੰਦੜਾ, ਆਪ

ਆਪਣਾ ਰੂਪ ਵਟਾਏ । ਕਰ ਕਿਰਪਾ ਮੇਲ ਮਲੰਦੜਾ, ਆਤਮ ਅੰਤਰ ਇਕ ਲਿਵ ਲਾਏ । ਜਾਗਰਤ ਜੋਤ ਜਗਤ ਜਗੰਦੜਾ, ਜੋਤੀ ਨੂਰ ਨੂਰ ਰੁਸ਼ਨਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਏ । ਹਰਿਜਨ ਸੱਚਾ ਉਠਿਆ, ਲੋਕਮਾਤ ਹੋਇਆ ਪਰਧਾਨ । ਪੁਰਖ ਅਬਿਨਾਸ਼ੀ ਸਾਚਾ ਤੁਠਿਆ, ਦੇਵਣਹਾਰਾ ਜੀਆ ਦਾਨ । ਅੰਮ੍ਰਿਤ ਪਿਆਏ ਆਤਮ ਘੁਟਿਆ, ਸ਼ਬਦ ਜਣਾਈ ਧੁਰ ਫ਼ੁਰਮਾਨ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠਿਆ, ਚਾਰ ਕੁੰਟ ਕਰੇ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖਸ਼ੇ ਚਰਨ ਧਿਆਨ । ਚਰਨ ਕਵਲ ਜਨ ਸਾਚਾ ਨਾਤਾ, ਏਕਾ ਏਕ ਏਕ ਸਮਝਾਈਆ । ਗੁਰਸਿਖ ਤੇਰੀ ਉਤਮ ਜ਼ਾਤਾ, ਵਰਨ ਗੋਤ ਨਾ ਕੋਇ ਬਣਾਈਆ । ਹਰਿਜਨ ਤੇਰਾ ਪਿਤਾ ਮਾਤਾ, ਪੁਰਖ ਅਕਾਲ ਇਕ ਅਖਵਾਈਆ । ਹਰਿਜਨ ਤੇਰੀ ਸਾਚੀ ਗਾਥਾ, ਸੋਹੰ ਸ਼ਬਦ ਸਚ ਪੜ੍ਹਾਈਆ । ਹਰਿਜਨ ਤੇਰੀ ਮਸਤਕ ਮਾਥਾ, ਜੋਤ ਲਲਾਟੀ ਵੇਖ ਵਖਾਈਆ । ਹਰਿਜਨ ਤੇਰਾ ਪੂਜਾ ਪਾਠਾ, ਗੁਰ ਚਰਨ ਧਿਆਨ ਲਗਾਈਆ । ਹਰਿਜਨ ਤੇਰਾ ਤੀਰਥ ਤਾਟਾ, ਮਸਤਕ ਧੂੜੀ ਖ਼ਾਕ ਰਮਾਈਆ । ਲੇਖਾ ਚੁੱਕੇ ਆਨ ਬਾਟਾ, ਆਵਣ ਜਾਵਣ ਫੰਦ ਕਟਾਈਆ । ਗੁਰਸਿਖ ਤੇਰਾ ਕਰੇ ਪੂਰਾ ਘਾਟਾ, ਸਾਚਾ ਤੋਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਜਨ ਹਰਿ ਗੁਰਮੁਖ ਗੁਰਸਿਖ ਸੰਤ ਭਗਤ ਭਗਵੰਤ ਮੇਲ ਮਿਲਾਵਾ ਏਕਾ ਥਾਈਆ । ਕੋਟਨ ਕੋਟ ਪਾਪ ਉਤਾਰਿਆ, ਜੋ ਜਨ ਆਏ ਸਰਨਾਈਆ । ਏਕਾ ਬਖਸ਼ੇ ਨਾਮ ਆਧਾਰਿਆ, ਕਰ ਕਿਰਪਾ ਆਪ ਗੋਸਾਈਆ । ਗੁਰਮੁਖ ਸੱਜਣ ਦਏ ਸਹਾਰਿਆ, ਨਿਮਾਣਿਆਂ ਗਲੇ ਲਗਾਈਆ । ਇਕ ਵਖਾਏ ਸਚ ਦਵਾਰਿਆ, ਊਚ ਨੀਚ ਇਕ ਵਡਿਆਈਆ । ਏਕਾ ਅੰਮ੍ਰਿਤ ਜਾਮ ਪਿਆ ਰਿਹਾ, ਨਾਮ ਕਟੋਰਾ ਹੱਥ ਉਠਾਈਆ । ਆਪ ਸੁਹਾਏ ਬੰਕ ਦਵਾਰਿਆ, ਸਤਿਗੁਰ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਨਾਜ਼ਰ ਪਕੜੇ ਬਾਹੀਆ । ਨੰਨਾ ਨਿਰਗੁਣ ਧਾਰ, ਨਾਨਕ ਨਾਮ ਚਲਾਈਆ । ਜੱਜਾ ਜ਼ਾਹਰ ਹੋ ਵਿਚ ਸੰਸਾਰ, ਜ਼ਾਹਰ ਜ਼ਹੂਰ ਵੱਡੀ ਵਡਿਆਈਆ । ਰਾਰਾ ਰਾਮ ਕਰੇ ਪਿਆਰ, ਏਕਾ ਨਾਮ ਵੱਜੀ ਵਧਾਈਆ । ਸੱਸਾ ਕਿਲਾ ਕਰ ਤਿਆਰ, ਸਾਚਾ ਘਰ ਇਕ ਬਣਾਈਆ । ਊੜਾ ਅੱਖਰ ਏਕੰਕਾਰ, ਓਅੰਕਾਰਾ ਰੂਪ ਸਮਾਈਆ । ਐੜਾ ਅੱਖ ਦਏ ਉਘਾੜ, ਨਿਜ ਨੇਤਰ ਨੈਣ ਖੁਲਾਈਆ । ਈੜੀ ਇਸ਼ਟ ਸੱਚੀ ਸਰਕਾਰ, ਸਤਿਗੁਰ ਪੂਰਾ ਆਪ ਹੋ ਜਾਈਆ । ਸਾਚਾ ਮੰਦਰ ਇਕ ਨਿਆਰ, ਸੋ ਪੁਰਖ ਨਿਰੰਜਣ ਆਪ ਉਪਾਈਆ । ਹੰ ਰੂਪ ਸਰਬ ਸੰਸਾਰ, ਜੀਵ ਆਤਮ ਨਾਉਂ ਧਰਾਈਆ । ਪਰਮਆਤਮ ਕਰੇ ਸਚ ਪਿਆਰ, ਆਪ ਆਪਣਾ ਖੇਲ ਖਿਲਾਈਆ । ਦੀਨਾਂ ਨਾਥਾਂ ਦਏ ਸਹਾਰ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਤ ਪਾਪੀ ਲਏ ਤਰਾਈਆ । ਪਤਤ ਪਾਪੀ ਕਰੇ ਪੁਨੀਤ, ਜੋ ਜਨ ਆਏ ਚਲ ਦਵਾਰ । ਗੁਰਮੁਖ ਕਾਇਆ ਠੰਡੀ ਸੀਤ, ਅਗਨੀ ਤਪੇ ਨਾ ਤਤੀ ਹਾੜ । ਸਾਚਾ ਮੰਦਰ ਗੁਰੂਦਵਾਰ ਮੰਦਰ ਮਸੀਤ, ਕਰੇ ਪ੍ਰਕਾਸ਼ ਬਹੱਤਰ ਨਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਟੇ ਪੰਚਮ ਧਾੜ । ਪੰਚਮ ਨਾਤਾ ਦੇਵੇ ਤੋੜ, ਸਤਿਗੁਰ ਪੂਰਾ ਹਰਿ ਅਖਵਾਇੰਦਾ । ਚਰਨ ਪ੍ਰੀਤੀ ਚਰਨ ਕਵਲ ਜੋੜ, ਧਰਤ ਧਵਲ ਮਾਣ ਰਖਾਇੰਦਾ । ਆਤਮ ਅੰਤਰ ਆਪੇ ਬੌਹੜ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਅਗੰਮੀ ਚੜ੍ਹਿਆ ਘੋੜ, ਨਿਰਗੁਣ ਆਪਣਾ ਘੋੜਾ ਆਪ ਦੌੜਾਇੰਦਾ । ਦੋ ਜਹਾਨਾ ਲਾਇਆ ਏਕਾ ਪੌੜ, ਸਰਗੁਣ



੨੩੨

ਨਿਰਗੁਣ ਮੇਲ ਮਿਲਾਇੰਦਾ । ਲੱਖ ਚੁਰਾਸੀ ਵੇਖੇ ਫਲ ਮਿਠਾ ਕੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੁਖ ਉਪਜਾਇੰਦਾ । ਆਤਮ ਸੁਖ ਸਰਬ ਗੁਣਵੰਤ, ਪਰਮ ਪੁਰਖ ਅਬਿਨਾਸ਼ਿਆ । ਲੇਖਾ ਜਾਣੇ ਜੀਵ ਜੰਤ, ਖੇਲੇ ਖੇਲ ਪ੍ਰਿਥਮੀ ਆਕਾਸ਼ਿਆ । ਏਕੰਕਾਰ ਸਰਬ ਗੁਣਵੰਤ, ਸ੍ਰੀ ਭਗਵਾਨ ਦਾਸਨ ਦਾਸਿਆ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਕੰਚਨ ਪਾਸਿਆ । ਕਾਇਆ ਕੰਚਨ ਰੂਪ ਅਪਾਰਾ, ਗੁਰਮੁਖ ਆਪ ਉਪਾਈਆ । ਆਪੇ ਵੇਖੇ ਸਿਰਜਣਹਾਰਾ, ਆਪਣਾ ਨੈਣ ਖੁਲ੍ਹਾਈਆ । ਆਪੇ ਬਖਸ਼ੇ ਚਰਨ ਸਹਾਰਾ, ਚਰਨ ਚਰਨੋਦਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਤ ਪਾਵਨ ਆਪ ਅਖਵਾਈਆ । ਪਤਤ ਪਾਵਨ ਹਰਿ ਭਗਵਾਨਨ, ਭਗਤਨ ਲੇਖ ਜਣਾਇੰਦਾ । ਸ਼ਬਦ ਸਰੂਪੀ ਇਕ ਗਿਆਨਨ, ਅਗਿਆਨ ਅੰਧੇਰ ਮਿਟਾਇੰਦਾ । ਕਰੇ ਪ੍ਰਕਾਸ਼ ਕੋਟਨ ਭਾਨਨ, ਜਲਵਾ ਨੂਰ ਨੂਰ ਚਮਕਾਇੰਦਾ । ਮਾਰੇ ਸ਼ਬਦ ਤੀਰ ਨਿਸ਼ਾਨਨ, ਮਨ ਹੰਕਾਰੀ ਗੜ੍ਹ ਤੁੜਾਇੰਦਾ । ਸੁਰਤ ਸਵਾਣੀ ਕਰੇ ਪਛਾਨਨ, ਸਾਚੇ ਹਾਣੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਪਾਪ ਰੋਗ ਸੰਤਾਪ ਗੁਰਸਿਖ ਸੱਜਣ ਆਪ ਚੁਕਾਇੰਦਾ । ਜਗਤ ਸੰਤਾਪ ਚੁੱਕੇ ਰੋਗ, ਚਿੰਤਾ ਸੋਗ ਰਹਿਣ ਨਾ ਪਾਈਆ । ਸਤਿਗੁਰ ਪੂਰਾ ਦੇਵੇ ਏਕਾ ਜੋਗ, ਤਨ ਭਬੂਤੀ ਨਾਮ ਲਗਾਈਆ । ਸੋ ਪੁਰਖ ਨਿਰੰਜਣ ਗੌਣਾ ਸਚ ਸਲੋਕ, ਹੰ ਬ੍ਰਹਮ ਵੱਜੇ ਵਧਾਈਆ । ਲੱਭਦੇ ਫਿਰਦੇ ਕੋਟੀ ਕੋਟ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਉਚੇ ਪਰਬਤ ਸਮੁੰਦ ਸਾਗਰ ਫੇਰੀਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਡਿਗੇ ਆਲ੍ਹਣਿਉਂ ਬੋਟ, ਆਪਣੀ ਹੱਥੀਂ ਆਪ ਉਠਾਈਆ । ਗੁਰਸਿਖ ਸਾਚਾ ਆਪ ਉਠਾਇਆ, ਹਰਿ ਸੇਵਕ ਸੇਵ ਕਮਾਇੰਦਾ । ਸਚ ਸਿੰਘਾਸਣ ਆਪ ਸੁਹਾਇਆ ਆਪਣਾ ਮੰਦਰ ਆਪ ਵਖਾਇੰਦਾ । ਏਕਾ ਮਣਕਾ ਮਨ ਫਿਰਾਇਆ, ਜਨ ਜਨਕਾ ਲੇਖੇ ਲਾਇੰਦਾ । ਵਾਸੀ ਪੁਰੀ ਘਨਕਾ ਵੇਖਣ ਆਇਆ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਰੇ ਸਚ ਦਲਾਲੀ, ਸ਼ਬਦ ਸਰੂਪੀ ਬਣ ਸਵਾਲੀ, ਨਿਰਗੁਣ ਜੋਤ ਜਗੀ ਅਕਾਲੀ, ਮੂਰਤ ਅਕਾਲ ਨਾਉਂ ਧਰਾਇੰਦਾ । ਮੂਰਤ ਅਕਾਲ ਕਰਤਾ ਪੁਰਖ, ਅਨਭਵ ਪ੍ਰਕਾਸ਼ ਪ੍ਰਕਾਸ਼ਿਆ । ਨਾ ਕੋਈ ਸੋਗ ਨਾ ਕੋਈ ਹਰਖ, ਗੁਰਸਿਖਾਂ ਅੰਦਰ ਕਰੇ ਨਿਵਾਸਿਆ । ਨਾਮ ਕਸਵਟੀ ਲੱਖ ਚੁਰਾਸੀ ਲਏ ਪਰਖ, ਆਪੇ ਜਾਣੇ ਖੇਲ ਤਮਾਸ਼ਿਆ । ਗੁਰਮੁਖ ਵਿਰਲੇ ਦੇਵੇ ਆਪਣਾ ਦਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸ਼ਾਹੋ ਸ਼ਾਬਾਸ਼ਿਆ । ਪਤਤ ਪਾਪੀ ਉਤਰਨ ਪਾਰ, ਨੇਤਰ ਲੋਚਣ ਨੈਣ ਹਰਿ ਹਰਿ ਦਰਸਨ ਪਾਇਆ । ਹਉਮੇ ਹੰਗਤਾ ਤੁਟੇ ਗੜ੍ਹ ਹੰਕਾਰ, ਨਿਵਣ ਸੋ ਅੱਖਰ ਆਪ ਸਮਝਾਇਆ । ਜੂਠ ਝੂਠ ਕਰੇ ਖ਼ਵਾਰ, ਸਚ ਸੁਚ ਭੰਡਾਰ ਭਰਾਇਆ । ਨੇੜ ਨਾ ਆਏ ਪੰਚ ਵਿਕਾਰ, ਆਸਾ ਤ੍ਰਿਸਨਾ ਦਏ ਦੁਰਕਾਇਆ । ਏਕਾ ਅੱਖਰ ਬੋਲ ਜੈਕਾਰ, ਸੋ ਰੂਪ ਆਪ ਦਰਸਾਇਆ । ਹੰ ਬ੍ਰਹਮ ਮੇਲਾ ਕੰਤ ਭਤਾਰ, ਆਤਮ ਸੇਜ ਸੁਹੰਜਣੀ ਡੇਰਾ ਲਾਇਆ । ਰੰਗ ਰਲੀਆਂ ਮਾਣੇ ਅਪਰ ਅਪਾਰ, ਰੰਗ ਰੰਗੀਲਾ ਮੋਹਣ ਮਾਧਵ ਸਾਵਲ ਸੁੰਦਰ ਘਰ ਘਰ ਪਾਇਆ । ਛੈਲ ਛਬੀਲਾ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਵੇਖ ਵਖਾਇਆ । ਨਿਰਧਨ ਸਰਧਨ ਏਕਾ ਦਾਤਾ, ਆਦਿ ਜੁਗਾਦਿ ਅਖਵਾਇੰਦਾ । ਗੁਰਮੁਖਾਂ ਰੱਖੇ ਸਗਲਾ ਸਾਥਾ, ਸਾਚਾ ਸੰਗ ਨਾ ਕੋਇ ਤੁੜਾਇੰਦਾ । ਚੁੱਕੇ ਲਹਿਣਾ ਮਸਤਕ ਮਾਥਾ,

ਅੰਕ ਬੰਕ ਵੇਖ ਵਖਾਇੰਦਾ । ਸਰਬ ਕਲ ਪੁਰਖ ਸਮਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੁਗਤ ਜਗਤ ਆਪਣੀ ਆਪ ਸਮਝਾਇੰਦਾ । ਜੀਵਣ ਜੁਗਤ ਜਗਤ ਗੁਰ ਚਰਨ ਸਰਨ, ਜਨਮ ਮਰਨ ਦਏ ਚੁਕਾਈਆ । ਨੇਤਰ ਖੋਲ੍ਹੇ ਹਰਨ ਫਰਨ, ਦੂਈ ਦਵੈਤੀ ਪੜਦਾ ਲਾਹੀਆ । ਆਵਣ ਜਾਵਣ ਚੁੱਕੇ ਮਰਨ ਡਰਨ, ਦਰਗਾਹ ਸਾਚੀ ਧਾਮ ਸੁਹਾਈਆ । ਲੇਖਾ ਮੁੱਕੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਵਖਾਈਆ । ਏਕਾ ਰੂਪ ਸਤਿ ਸਰੂਪ ਪਾਰਬ੍ਰਹਮ ਉਪਾਏ ਆਪਣਾ ਬ੍ਰਹਮ, ਬ੍ਰਹਮ ਬ੍ਰਹਮ ਵੱਜੀ ਵਧਾਈਆ । ਨੇਹਕਰਮੀ ਕਰੇ ਆਪਣਾ ਕਰਮ, ਕਰਮ ਕਾਂਡ ਨਾ ਕੋਇ ਵਖਾਈਆ । ਜੋ ਜਨ ਹਰਿ ਲਾਗਾ ਸਾਚੀ ਸਰਨ, ਆਸਾ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਤਰਨੀ ਤਰਨ, ਤਾਰਨਹਾਰ ਵਡ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਦਰਸ ਬੇਪਰਵਾਹੀਆ ।

ਮਨਮਤ ਜੀਵ ਤਿਆਗ, ਗੁਰਮਤ ਇਕ ਪਰਨਾਈਆ । ਆਤਮ ਅੰਤਰ ਇਕ ਵੈਰਾਗ, ਹਰਿ ਚਰਨ ਕਵਲ ਲਿਵ ਲਾਈਆ । ਸੁਰਤੀ ਸੋਈ ਜਾਏ ਜਾਗ, ਆਲਸ ਨਿੰਦਰਾ ਪੜਦਾ ਲਾਹੀਆ । ਚਰਨ ਧੂੜੀ ਮਜਨ ਮਾਘ, ਗੁਰ ਚਰਨ ਦਵਾਰ ਨੁਹਾਈਆ । ਝੂਠਾ ਨਾਤਾ ਵੇਖ ਸੱਜਣ ਸਾਕ, ਬਿਨ ਹਰਿ ਅਵਰ ਨਾ ਸੰਗ ਨਿਭਾਈਆ । ਸ਼ਬਦ ਘੋੜ੍ਹੇ ਚੜ੍ਹਨਾ ਸਾਚੇ ਰਾਕ, ਨੌਂ ਦਵਾਰੇ ਪਾਰ ਕਰਾਈਆ । ਜਗਤ ਵਿਸੂਰੇ ਜਾਇਣ ਲਾਥ, ਗੁਰ ਪੂਰੇ ਦਰਸਨ ਪਾਈਆ । ਜੋਤ ਲਿਲਾਟੀ ਏਕਾ ਟਿੱਕਾ ਲਾਏ ਮਸਤਕ ਮਾਥ, ਨੂਰੋ ਨੂਰ ਨੂਰ ਰੁਸ਼ਨਾਈਆ । ਅਨਹਦ ਸ਼ਬਦ ਸੁਣਾਏ ਸਾਚੀ ਗਾਥ, ਘਰ ਮੰਦਰ ਤਾਲ ਵਜਾਈਆ । ਏਕਾ ਮੰਤਰ ਸਤਿਗੁਰ ਨਾਉਂ ਪੂਜਾ ਪਾਠ, ਰਸਨਾ ਜਿਹਵਾ ਹਰਿ ਗੁਣ ਗਾਈਆ । ਘਰ ਵਿਚ ਵਖਾਏ ਤੀਰਥ ਅਠ ਸਾਠ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਗੁਰਮੁਖਾਂ ਦੇਵੇ ਸਚ ਸਲਾਹੀਆ । ਏਕਾ ਜਪਣਾ ਹਰਿ ਹਰਿ ਨਾਉਂ, ਕਾਇਆ ਰੰਗਣ ਰੰਗ ਚੜ੍ਹਾਇੰਦਾ । ਮੇਲ ਮਿਲਾਵਾ ਅਗੰਮ ਅਥਾਹੋ, ਬੇਪਰਵਾਹੋ ਵੇਖ ਵਖਾਇੰਦਾ । ਵਸਣਹਾਰਾ ਕਾਇਆ ਨਗਰ ਗਰਾਉਂ, ਸਾਚਾ ਖੇੜਾ ਆਪ ਵਸਾਇੰਦਾ । ਗੁਰਸਿਖ ਉਠਾਏ ਫੜ ਫੜ ਬਾਂਹੋਂ, ਸੋਇਆ ਲੋਕਮਾਤ ਕੋਇ ਰਹਿਣ ਨਾ ਪਾਇੰਦਾ । ਕਰੇ ਕਰਾਏ ਸਚ ਨਿਆਉਂ, ਸਚਖੰਡ ਵਾਸੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪ ਸਮਝਾਇੰਦਾ । ਮਨਮਤ ਝੂਠਾ ਨਾਤਾ, ਕਲਜੁਗ ਕੂੜ ਰਿਹਾ ਕੁਰਲਾਈਆ । ਚਾਰੋਂ ਕੁੰਟ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਏਕਾ ਗੁਰ ਮੰਤਰ ਨਾਮ ਸੱਚੀ ਦਾਤਾ, ਸਤਿਗੁਰ ਨਾਨਕ ਗਿਆ ਸਮਝਾਈਆ । ਗੁਰ ਗੋਬਿੰਦ ਚੜ੍ਹਾਏ ਸਾਚੇ ਰਾਥਾ, ਵਾਹਿਗੁਰੂ ਅੱਖਰ ਇਕ ਪੜ੍ਹਾਈਆ । ਲਹਿਣਾ ਦੇਣਾ ਚੁੱਕੇ ਤਤ ਆਠਾ, ਤਤਵ ਤਤ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਮਾਰਗ ਆਪੇ ਲਾਈਆ । ਸਾਚੀ ਕਰਨੀ ਕਾਰ, ਸਾਚੀ ਕਿਰਤ ਜਣਾਇੰਦਾ । ਚਾਰ ਵਰਨਾਂ ਇਕ ਪਿਆਰ, ਦੂਈ ਦਵੈਤੀ ਮੇਟ ਮਿਟਾਇੰਦਾ । ਤੀਜੇ ਨੇਤਰ ਇਕ ਦੀਦਾਰ, ਆਤਮ ਦਰਸੀ ਦਰਸ ਦਿਖਾਇੰਦਾ । ਚੌਥੇ ਪਦ ਸੱਚੀ ਸਰਕਾਰ, ਘਰ ਸਾਚੇ ਮੇਲ ਮਿਲਾਇੰਦਾ । ਪੰਚਮ ਸੋਹੇ ਬੰਕ ਦਵਾਰ, ਪੰਚਮ ਆਪਣਾ ਖੇਲ ਖਿਲਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਏਕੰਕਾਰਾ ਆਪ ਅਖਵਾਇੰਦਾ । ਵਰਤੇ ਵਰਤਾਵੇ

ਵਿਚ ਸੰਸਾਰ, ਆਦਿ ਅਨਾਦੀ ਵੇਸ ਵਟਾਇੰਦਾ । ਸਤਿ ਸਤਿਵਾਦੀ ਆਪਣੀ ਧਾਰ, ਬ੍ਰਹਮ ਬ੍ਰਹਿਮਾਦੀ ਆਪ ਜਣਾਇੰਦਾ । ਧੁਨ ਅਨਾਦਿ ਸਚੀ ਧੁਨਕਾਰ, ਆਤਮ ਅੰਦਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮਤ ਇਕ ਰਖਾਇੰਦਾ । ਮਨਮਤ ਨਾਤਾ ਦੇਣਾ ਤੋੜ, ਗੁਰਮੁਖ ਸਿਖ ਸਮਝਾਈਆ । ਹਰਿ ਚਰਨ ਪ੍ਰੀਤੀ ਲੈਣੀ ਜੋੜ, ਪੁਰਖ ਅਕਾਲ ਇਕ ਮਨਾਈਆ । ਜਗਤ ਵਿਕਾਰਾ ਦੇਣਾ ਹੋੜ, ਦਰ ਬੰਕ ਰਹਿਣ ਨਾ ਪਾਈਆ । ਸਤਿਗੁਰ ਪੂਰਾ ਆਪੇ ਜਾਏ ਬੌਹੜ, ਜਿਸ ਜਨ ਤੇਰੀ ਬਣਤ ਬਣਾਈਆ । ਵੇਖੇ ਫਲ ਮਿਠਾ ਕੌੜ, ਲੱਖ ਚੁਰਾਸੀ ਫੋਲ ਫੁਲਾਈਆ । ਧੁਰਦਰਗਾਹੀ ਰਿਹਾ ਦੌੜ, ਸ਼ਬਦ ਸਰੂਪੀ ਵੇਸ ਵਟਾਈਆ । ਘਰ ਵਿਚ ਘਰ ਲਗਾਇਆ ਪੌੜ, ਮਹੱਲ ਅਟੱਲ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਵਿਚ ਸੰਸਾਰ, ਦੇਵਣਹਾਰ ਆਪ ਨਿਰੰਕਾਰ, ਨਿਰਗੁਣ ਸਰਗੁਣ ਦਏ ਸਮਝਾਈਆ । ਨਿਰਗੁਣ ਸਰਗੁਣ ਸਿਫ਼ਤ ਸਾਲਾਹ, ਆਪਣਾ ਸ਼ਬਦ ਜਣਾਇੰਦਾ । ਸਤਿਗੁਰ ਪੂਰਾ ਬਣ ਮਲਾਹ, ਜੁਗ ਜੁਗ ਵੇਸ ਧਰਾਇੰਦਾ । ਗੁਰਸਿਖ ਸੱਜਣ ਲਏ ਜਗਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤ ਨਿਰੰਜਣ ਦੀਪ ਜਗਾ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਆਤਮ ਜਾਮ ਪਿਆ, ਜਗਤ ਤ੍ਰਿਸ਼ਨਾ ਭੁੱਖ ਗਵਾਇੰਦਾ । ਸਾਚਾ ਮਾਰਗ ਇਕ ਵਖਾ, ਏਕਾ ਪੰਧ ਚਲਾਇੰਦਾ । ਰਾਗ ਅਨਾਦੀ ਇਕ ਸੁਣਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਬੋਧ ਅਗਾਧੀ ਭੇਵ ਖੁਲਾ, ਗੁਰ ਅਰਜਣ ਮੇਲ ਮਿਲਾਇੰਦਾ । ਜਗਤ ਪਾਂਧੀ ਦੇਵੇ ਪੰਧ ਮੁਕਾ, ਆਪ ਆਪਣੇ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਸਚ ਵਿਹਾਰਾ, ਆਪ ਕਰਾਏ ਵਿਚ ਸੰਸਾਰਾ, ਹਰਿਜਨ ਸਾਚੇ ਆਪ ਉਠਾਇੰਦਾ । ਸਾਚੀ ਕਿਰਤ ਕਮਾਈ, ਹਰਿਜਨ ਸਾਚੇ ਆਪ ਦ੍ਰਿੜਾਇੰਦਾ । ਸ੍ਰਿਸ਼ਟ ਸਬਾਈ ਨੈਣ ਵੇਖੇ ਭੈਣਾ ਭਾਈ, ਨੇਤਰ ਅੱਖ ਨਾ ਕੋਇ ਉਠਾਇੰਦਾ । ਬਿਨ ਹਰਿ ਅਵਰ ਨਾ ਦਿਸੇ ਕੋਇ ਸਾਈਂ, ਸਮਰਥ ਪੁਰਖ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੀ ਸਿਖਿਆ ਵਿਚ ਸੰਸਾਰ, ਹਰਿ ਸਤਿਗੁਰ ਆਪ ਚਲਾਈਆ । ਆਪੇ ਰਾਮ ਰੂਪ ਅਵਤਾਰ, ਰਾਮ ਰਾਮਾ ਵੱਜੀ ਵਧਾਈਆ । ਆਪੇ ਕਾਹਨਾ ਕ੍ਰਿਸ਼ਨਾ ਖੇਲ ਨਿਰੰਕਾਰ, ਜਗਤ ਬੰਸਰੀ ਨਾਮ ਵਜਾਈਆ । ਆਪੇ ਸਖੀਆਂ ਕਰੇ ਮੰਗਲਾਚਾਰ, ਮੰਡਲ ਰਾਸ ਆਪ ਰਚਾਈਆ । ਆਪੇ ਦੂਤੀ ਦੁਸ਼ਟ ਦਏ ਸੰਘਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਆਪੇ ਜਾਣੇ ਆਰ ਪਾਰ ਕਿਨਾਰ, ਮੰਝਧਾਰ ਆਪ ਸਮਾਈਆ । ਆਪੇ ਈਸਾ ਮੂਸਾ ਹੋ ਉਜਿਆਰ, ਜਲਵਾ ਨੂਰ ਕਰੇ ਰੁਸ਼ਨਾਈਆ । ਏਕਾ ਅਲਫ਼ੀ ਕਰ ਤਿਆਰ, ਤਨ ਸ਼ੰਗਾਰ ਇਕ ਵਖਾਈਆ । ਆਪੇ ਐਨਲਹਕ ਬੋਲ ਜੈਕਾਰ, ਕਲਮਾ ਨਬੀ ਆਪ ਪੜ੍ਹਾਈਆ । ਆਪੇ ਵੇਖ ਮੁਹੰਮਦ ਯਾਰ, ਚਾਰ ਯਾਰੀ ਦਏ ਸਲਾਹੀਆ । ਆਪੇ ਮੱਕਾ ਕਾਅਬਾ ਖੋਲ੍ਹ ਕਿਵਾੜ, ਦੋ ਦੋ ਆਬਾ ਦਏ ਮਿਲਾਈਆ । ਆਪੇ ਖੇਲੇ ਖੇਲ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਵੱਜੇ ਵਧਾਈਆ । ਆਪੇ ਅੱਲਾ ਹੂ ਹੂ ਲਾਏ ਨਾਅਰ, ਆਪੇ ਬਿਸਮਲ ਰੂਪ ਸਮਾਈਆ । ਆਪੇ ਨਿਰਗੁਣ ਸਰਗੁਣ ਭਰ ਭੰਡਾਰ, ਨਾਨਕ ਜੋਤ ਕਰੇ ਰੁਸ਼ਨਾਈਆ । ਆਪੇ ਸਤਿਨਾਮ ਬੋਲ ਜੈਕਾਰ, ਚਾਰ ਵਰਨ ਕਰੇ ਕੁੜਮਾਈਆ । ਆਪੇ ਦੇਵਣਹਾਰਾ ਜਗਤ ਆਧਾਰ, ਆਪ ਆਪਣੀ ਦਇਆ ਕਮਾਈਆ । ਆਪੇ ਏਕਾ ਜੋਤੀ ਦਸ ਅਵਤਾਰ, ਆਪੇ ਵਾਹਿਗੁਰੂ ਫਤਿਹ ਗਜਾਈਆ । ਆਪੇ ਅੰਮ੍ਰਿਤ ਭਰੇ ਸਚ ਭੰਡਾਰ, ਭਰ ਪਿਆਲਾ ਜਾਮ

ਪਿਆਈਆ । ਆਪੇ ਬੰਨੇ ਸੀਸ ਦਸਤਾਰ, ਆਪੇ ਬੈਠਾ ਮੂੰਡ ਮੁੰਡਾਈਆ । ਆਪੇ ਖੜਗ ਖੰਡਾ ਕਟਾਰ, ਚੰਡ ਪਰਚੰਡ ਆਪ ਚਮਕਾਈਆ । ਆਪੇ ਬ੍ਰਹਿਮੰਡ ਖੰਡ ਬੰਨੇ ਧਾਰ, ਲੋਆਂ ਪੁਰੀਆਂ ਫੇਰਾ ਪਾਈਆ । ਆਪੇ ਗਗਨ ਗਗਨੰਤਰ ਦਏ ਹੁਲਾਰ, ਆਪ ਆਪਣਾ ਖੇਲ ਰਚਾਈਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰੇ ਪਿਆਰ, ਆਪਣੀ ਸਿਖਿਆ ਆਪ ਸਮਝਾਈਆ । ਆਪੇ ਕਰੋੜ ਤੇਤੀਸਾ ਦਏ ਸੁਧਾਰ, ਸਾਚੀ ਸਿਖਿਆ ਇਕ ਸਮਝਾਈਆ । ਆਪੇ ਖਾਣੀ ਬਾਣੀ ਖੇਲ ਨਿਆਰ, ਪਰਾ ਪਸੰਤੀ ਮਧਮ ਬੈਖਰੀ ਆਪੇ ਰਿਹਾ ਗਾਈਆ । ਆਪੇ ਵੇਦਾਂ ਦਏ ਉਚਾਰ, ਪੁਰਾਨ ਅਠਾਰਾਂ ਕਰੇ ਪੜ੍ਹਾਈਆ । ਆਪੇ ਬਣਿਆ ਸਾਂਝਾ ਯਾਰ, ਸਿਦਕ ਸਬੂਰੀ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਜੀਵ ਜੰਤ ਆਪ ਸਮਝਾਈਆ । ਕਲਜੁਗ ਜੀਵ ਉਠਣਾ ਜਾਗ, ਹਰਿ ਸਾਚਾ ਆਪ ਜਗਾਇੰਦਾ । ਮਾਣਸ ਦੇਹੀ ਹੋਈ ਕਾਗ, ਹੰਸ ਰੂਪ ਨਾ ਕੋਇ ਵਟਾਇੰਦਾ । ਘਰ ਘਰ ਵਿਚ ਨਾ ਜਗੇ ਕੋਇ ਚਿਰਾਗ, ਦੀਪਕ ਜੋਤ ਨਾ ਕੋਇ ਜਗਾਇੰਦਾ । ਤ੍ਰੈਗੁਣ ਮਾਇਆ ਲੱਗੀ ਆਗ, ਪੰਜ ਤਤ ਨਾ ਕੋਇ ਬੁਝਾਇੰਦਾ । ਅੰਤਮ ਹੋਣਾ ਖਾਕੀ ਖ਼ਾਕ, ਖ਼ਾਕੀ ਖ਼ਾਕ ਸਰਬ ਸਮਾਇੰਦਾ । ਗੁਰ ਕਾ ਸ਼ਬਦ ਤਨ ਬੰਨਣਾ ਤਾਗ, ਸਤਿਗੁਰ ਪੂਰਾ ਸਗਨ ਮਨਾਇੰਦਾ । ਏਥੇ ਓਥੇ ਪਕੜੇ ਵਾਗ, ਦੋ ਜਹਾਨਾ ਸੰਗ ਰਖਾਇੰਦਾ । ਮਨਮਤ ਜਗ ਦੇਣੀ ਤਿਆਗ, ਗੁਰਮਤ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਮਨਮਤ ਨਾਤਾ ਜਾਏ ਛੁੱਟ, ਗੁਰਮੁਖ ਸਾਚੀ ਬੂਝ ਬੁਝਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਿਚੋਂ ਕੱਢੇ ਕੁਟ, ਨਾਮ ਖੰਡਾ ਹੱਥ ਉਠਾਈਆ । ਆਸਾ ਤ੍ਰਿਸਨਾ ਜੜ ਦੇਵੇ ਪੁੱਟ, ਮਾਇਆ ਮਮਤਾ ਦਏ ਤਜਾਈਆ । ਅੰਮ੍ਰਿਤ ਪੀਵੇ ਸਾਚਾ ਘੁੱਟ, ਗੁਰ ਗੋਬਿੰਦ ਦਏ ਪਿਲਾਈਆ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਫੰਦ ਕਟਾਈਆ । ਤਨ ਨਗਾਰੇ ਲੱਗੇ ਚੋਟ, ਅਨਹਦ ਤਾਲ ਤਲਵਾੜਾ ਆਪ ਵਜਾਈਆ । ਕਲਜੁਗ ਜੀਵ ਆਹਲਣਿਉਂ ਡਿਗੇ ਬੋਟ, ਸਚ ਮਹੱਲ ਨਾ ਕੋਇ ਟਿਕਾਈਆ । ਜਗਤ ਵਾਸਨਾ ਭਰੀ ਖੋਟ, ਦਿਵਸ ਰੈਣ ਹੋਈ ਹਲਕਾਈਆ । ਬਿਨ ਹਰਿ ਨਾਮ ਭਰੇ ਨਾ ਕਿਸੇ ਦੀ ਪੋਟ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਸਾਚੀ ਕਰਨੀ ਚਰਨ ਗੁਰ ਸੇਵ, ਗੁਰ ਗੁਰ ਗੁਰ ਵੇਖ ਵਖਾਇੰਦਾ । ਅੰਮ੍ਰਿਤ ਆਤਮ ਸਾਚਾ ਮੇਵ, ਫਲ ਸਾਚਾ ਆਪ ਲਗਾਇੰਦਾ । ਪੁਰਖ ਨਿਰੰਜਣ ਅਲੱਖ ਅਭੇਵ, ਆਦਿ ਜੁਗਾਦੀ ਖੇਲ ਖਿਲਾਇੰਦਾ । ਦਾਤਾ ਦਾਨੀ ਦੇਵੀ ਦੇਵ, ਸੂਰਬੀਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਮਤ ਦਰ ਦੁਰਕਾਇੰਦਾ । ਮਨਮਤ ਦੂਰ ਕਿਨਾਰਾ, ਗੁਰਸਿਖ ਤੇਰੀ ਵਡ ਵਡਿਆਈਆ । ਤੇਰੇ ਘਰ ਵਸੇ ਨਿਰੰਕਾਰਾ, ਬਿਨ ਗੁਰ ਵੇਖ ਕੋਇ ਨਾ ਪਾਈਆ । ਮਨ ਪੰਖੀ ਉਡੇ ਦਹਿ ਦਿਸ਼ ਧਾਰਾ, ਸ਼ਬਦ ਡੋਰ ਨਾ ਕੋਇ ਬੰਧਾਈਆ । ਸੁਰਤ ਸਵਾਣੀ ਨਾਰ ਕਵਾਰਾ, ਸਾਚਾ ਕੰਤ ਨਾ ਵੇਖ ਵਖਾਈਆ । ਹਰਿ ਜੂ ਮਿਲੇ ਨਾ ਹਰਿ ਮੀਤ ਮੁਰਾਰਾ, ਮਰ ਮਰ ਜੰਮੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਮਤ ਇਕ ਸਮਝਾਈਆ । ਗੁਰਮਤ ਬ੍ਰਹਮ ਤਤ, ਪਾਰਬ੍ਰਹਮ ਸਰਨਾਈਆ । ਬੱਹਤਰ ਨਾੜ ਨਾ ਉਬਲੇ ਰਤ, ਰਤੀ ਰਤ ਨਾ ਦਏ ਸੁਕਾਇਆ । ਸਤਿ ਸੰਤੋਖੀ ਧੀਰਜ ਜਤ, ਸ਼ਬਦ ਗਿਆਨ ਦ੍ਰਿੜਾਇਆ । ਦੂਈ ਦਵੈਤੀ ਮੇਟਣਾ ਫਟ, ਏਕਾ ਰੰਗਣ ਰੰਗ ਰੰਗਾਇਆ । ਹਰਿ ਵਸਣਹਾਰਾ ਘਟ ਘਟ, ਘਰ ਘਰ ਵਿਚ ਬੈਠਾ

ਆਸਣ ਲਾਇਆ । ਜਿਸ ਜਨ ਦੁਰਮਤ ਮੈਲ ਦੇਵੇ ਕੱਟ, ਆਪ ਆਪਣਾ ਰੂਪ ਵਖਾਇਆ । ਭਾਗ ਲਗਾਏ ਕਾਇਆ ਮਟ, ਜੋਤੀ ਨੂਰ ਡਗਮਗਾਇਆ । ਕਲਜੁਗ ਅੰਤਮ ਲਾਹਾ ਲੈਣਾ ਖੱਟ, ਗੁਰ ਚਰਨ ਦਵਾਰ ਧਿਆਨ ਧਰਾਇਆ । ਸਾਢੇ ਤਿੰਨ ਹੱਥ ਮੁਨਾਰਾ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਇਆ । ਮਾਣਸ ਜਨਮ ਨਾ ਹੋਏ ਭੱਠ, ਸਤਿਗੁਰ ਪੂਰਾ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਉਪਜਾਇਆ । ਸਾਚੀ ਕਰਨੀ ਕਾਰ ਮੇਲ ਹਰਿ ਸੰਗਤ, ਰਸਨਾ ਜਿਹਵਾ ਹਰਿ ਗੁਣ ਗਾਈਆ । ਕਾਇਆ ਚੋਲੀ ਚੜ੍ਹੇ ਰੰਗਤ, ਰੰਗ ਚਲੂਲਾ ਆਪ ਚੜ੍ਹਾਈਆ । ਗੁਰਸਿਖ ਦੂਜੇ ਦਰ ਨਾ ਜਾਣਾ ਮੰਗਤ, ਪੁਰਖ ਅਕਾਲ ਇਕ ਮਨਾਈਆ । ਪ੍ਰਭ ਕੱਟਣਹਾਰਾ ਭੁੱਖ ਨੰਗਤ, ਨਾਮ ਦੋਸ਼ਾਲਾ ਉਪਰ ਪਾਈਆ । ਹਰਿਜਨ ਅੰਗ ਲਗਾਏ ਜਿਉਂ ਨਾਨਕ ਅੰਗਦ, ਅੰਗੀਕਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਜਾਪ ਜਪਾਈਆ । ਏਕਾ ਜਾਪ ਮੰਤਰ ਸਤਿਨਾਮ, ਗੁਰ ਗੁਰ ਨਾਮ ਦ੍ਰਿੜਾਇਆ । ਆਪ ਪਿਆਏ ਅਮਿਉਂ ਰਸ ਜਾਮ, ਦਿਵਸ ਰੈਣ ਖ਼ੁਮਾਰ ਕਰਾਇਆ । ਨਾਤਾ ਤੁਟੇ ਮਾਟੀ ਚਾਮ, ਕੋਟਨ ਭਾਨ ਹੋਏ ਰੁਸ਼ਨਾਇਆ । ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਆਪ ਚਲਾਇਆ । ਨਾਮ ਫੜਾਏ ਤੇਜ ਕਿਰਪਾਣ, ਲੋਹਾਰ ਤਰਖਾਣ ਨਾ ਕੋਇ ਘੜਾਇਆ । ਪੰਜਾਂ ਲਾਹੇ ਆਪੇ ਘਾਣ, ਆਪ ਆਪਣਾ ਵਾਰ ਵਖਾਇਆ । ਕਾਇਆ ਖੇੜਾ ਸਚ ਮਕਾਨ, ਗੁਰੂਦਵਾਰ ਗੁਰ ਆਪ ਸੁਹਾਇਆ । ਟੇਢੀ ਬੰਕ ਪਾਰ ਨਿਸ਼ਾਨ, ਸੁਖਮਨ ਆਪੇ ਪੰਧ ਮੁਕਾਇਆ । ਤ੍ਰਬੈਣੀ ਨੈਣੀ ਇਕ ਗਿਆਨ, ਈੜਾ ਪਿੰਗਲ ਮੁਖ ਸਲਾਹਿਆ । ਸਰ ਸਰੋਵਰ ਵਿਚ ਮਹਾਨ, ਅੰਮ੍ਰਿਤ ਆਤਮ ਤਾਲ ਭਰਾਇਆ । ਬੰਦ ਕਿਵਾੜੀ ਖੋਲ੍ਹ ਦੁਕਾਨ, ਦਸਮ ਦਵਾਰੀ ਦਏ ਵਖਾਇਆ । ਅਨਹਦ ਨਾਦ ਸੱਚੀ ਧੁਨਕਾਨ, ਸ਼ਬਦ ਅਗੰਮੀ ਆਪ ਅਲਾਇਆ । ਪੰਚਮ ਬਹਿ ਬਹਿ ਆਪੇ ਗਾਣ, ਆਪ ਆਪਣਾ ਨਾਮ ਸਲਾਹਿਆ । ਆਤਮ ਸੇਜਾ ਹੋ ਪ੍ਰਧਾਨ, ਸਚ ਸਿੰਘਾਸਣ ਇਕ ਵਛਾਇਆ । ਜੋਤ ਜਗੇ ਸ੍ਰੀ ਭਗਵਾਨ, ਬ੍ਰਹਮ ਆਪਣਾ ਨਾਉਂ ਧਰਾਇਆ । ਆਪੇ ਪਾਏ ਆਪਣੀ ਆਣ, ਆਪਣਾ ਭਾਣਾ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਮੇਲ ਮਿਲਾਇਆ । ਗੁਰਸਿਖ ਗੌਣਾ ਹਰਿ ਗੋਬਿੰਦ, ਦਿਵਸ ਰੈਣ ਵਡਿਆਈਆ । ਕਲਜੁਗ ਮਿਟੇ ਸਗਲੀ ਚਿੰਦ, ਚਿੰਤਾ ਸੋਗ ਨਾ ਕੋਇ ਰਖਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਇਕ ਅਖਵਾਈਆ । ਗੁਰਮੁਖ ਉਪਜਾਏ ਆਪਣੀ ਬਿੰਦ, ਜੋ ਜਨ ਬੈਠੇ ਸੀਸ ਝੁਕਾਈਆ । ਮਨਮੁਖ ਲਗਾਏ ਜਗਤ ਨਿੰਦ, ਨਿੰਦਕ ਨਿੰਦਿਆ ਮੁਖ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮਤ ਇਕ ਵਖਾਈਆ । ਗੁਰਮਤ ਕੂਕੇ ਕੂਕ ਪੁਕਾਰੇ, ਚਾਰ ਵਰਨ ਜਣਾਈਆ । ਪੁਰਖ ਅਬਿਨਾਸ਼ੀ ਕੰਤ ਭਤਾਰੇ, ਸਚਖੰਡ ਬੈਠਾ ਸੋਭਾ ਪਾਈਆ । ਥਿਰ ਘਰ ਵਸੇ ਉਚ ਮਨਾਰੇ, ਅਸਥਲ ਆਪਣਾ ਧਾਮ ਬਣਾਈਆ । ਕਾਗਜ ਕਲਮ ਲਿਖ ਲਿਖ ਹਾਰੇ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਰਾਈਆ । ਨਾਨਕ ਸਤਿਗੁਰ ਚੜ੍ਹਿਆ ਇਕ ਚੁਬਾਰੇ, ਦੂਸਰ ਹੱਥ ਕਿਸੇ ਨਾ ਆਈਆ । ਕਬੀਰ ਜੋਲਾਹਾ ਰਿਹਾ ਪੁਕਾਰੇ, ਨਿਜ ਨੇਤਰ ਦਰਸ਼ਨ ਪਾਈਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰੇ, ਜੁਗ ਜੁਗ ਜਨ ਭਗਤਾਂ ਰਾਹ ਤਕਾਈਆ । ਜੋ ਜਨ ਗੁਰ ਕਾ ਨਾਮ ਸ਼ਬਦ ਉਚਾਰੇ, ਅੰਤਮ ਮੇਲਾ ਸਹਿਜ ਸੁਭਾਈਆ । ਧਰਮ ਰਾਏ ਨਾ ਆਏ ਦਵਾਰੇ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਕਰੇ ਸ਼ੰਗਾਰੇ, ਵੇਲੇ ਅੰਤ

ਨਾ ਕੋਇ ਪਰਨਾਈਆ । ਗੁਰ ਸ਼ਬਦ ਬਿਠਾਏ ਸਚ ਬਿਬਾਣੇ, ਧਰੂ ਪ੍ਰਹਿਲਾਦ ਜਿਉਂ ਮਾਤ ਤਰਾਈਆ । ਹਰਿਜਨ ਹੋਵਣ ਸੁਘੜ ਸਿਆਣੇ, ਮਨਮਤ ਨਾ ਸੰਗ ਰਖਾਈਆ । ਗੁਰਮਤ ਚਲਾਏ ਗੁਰ ਕੇ ਭਾਣੇ, ਹਰਿ ਭਾਣਾ ਵਡ ਵਡਿਆਈਆ । ਤਖਤੋਂ ਲਾਹੇ ਰਾਜੇ ਰਾਣੇ, ਸੀਸ ਤਾਜ ਨਾ ਕੋਇ ਟਿਕਾਈਆ । ਕਾਲ ਮਹਾਕਾਲ ਖੇਲ ਭਗਵਾਨੇ, ਦੀਨ ਦਿਆਲ ਭੇਵ ਨਾ ਰਾਈਆ । ਕਲਜੁਗ ਜੀਵ ਬਾਲ ਅੰਞਾਣੇ, ਏਕਾ ਭੁੱਲਿਆ ਸਾਚਾ ਮਾਹੀਆ । ਬਿਨ ਹਰਿ ਸਤਿਗੁਰ ਪੂਰੇ ਨਾ ਕੋਇ ਪਛਾਣੇ, ਸ਼ਾਸਤਰ ਸਿਮਰਤ ਵੇਦ ਪੁਰਾਨ, ਖਾਣੀ ਬਾਣੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਖਾਏ ਸਾਚਾ ਘਰ, ਕਰਨੀ ਕਿਰਤ ਲੈਣੀ ਕਰ, ਹਰਿ ਕਾ ਨਾਮ ਏਕਾ ਇਕ ਸਚੀ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈਆ ।

ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਪੰਜ ਤਤ ਹਰਿ ਹਰਿ ਬਣਤ ਬਣਾਇੰਦਾ । ਮਨਮਤ ਬੁਧ ਕਰ ਪ੍ਰਕਾਸ਼, ਨਿਰਗੁਣ ਆਪਣਾ ਅੰਗ ਕਟਾਇੰਦਾ । ਪਵਣ ਸਵਾਸ ਦਏ ਧਰਵਾਸ, ਰਸਨ ਸਵਾਸ ਚਲਾਇੰਦਾ । ਨਿਜ ਘਰ ਆਤਮ ਰੱਖੇ ਵਾਸ, ਬ੍ਰਹਮ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਬਣਤ ਬਣਾਇੰਦਾ । ਨੌਂ ਦਸ ਗਿਆਰਾਂ ਬੀਸ ਤੀਸ ਚਾਰ, ਲੱਖ ਚੁਰਾਸੀ ਜੂਨ ਉਪਾਈਆ । ਇਕ ਲੱਖ ਅੱਸੀ ਹਜਾਰ, ਭੂਤ ਪਰੇਤ ਵੰਡ ਵੰਡਾਈਆ । ਨਾਨਕ ਬਣਿਆ ਮਾਤ ਲਿਖਾਰ, ਆਪਣਾ ਲੇਖਾ ਗਿਆ ਸਮਝਾਈਆ । ਸੁਰਤੀ ਸੁਰਤ ਦਏ ਆਧਾਰ, ਸੁਰਤੀ ਸੁਰਤ ਸੰਗ ਸਮਾਈਆ । ਆਕਾਲ ਮੂਰਤ ਖੇਲ ਨਿਆਰ, ਜੂਨੀ ਰਹਿਤ ਭੇਵ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਈਆ । ਆਪਣਾ ਬਲ ਆਪੇ ਧਰ, ਆਪੇ ਖੇਲ ਖਿਲਾਇੰਦਾ । ਲੱਖ ਚੁਰਾਸੀ ਭਾਂਡੇ ਘੜ, ਆਪੇ ਵੇਖ ਵਖਾਇੰਦਾ । ਆਪੇ ਕਾਇਆ ਮੰਦਰ ਵੜ, ਆਪਣਾ ਆਸਣ ਲਾਇੰਦਾ । ਆਪੇ ਚੋਟੀ ਬੈਠਾ ਚੜ, ਦਿਸ ਕਿਸੇ ਨਾ ਆਇੰਦਾ । ਆਪੇ ਬੀਰ ਬੇਤਾਲੇ ਲਾਏ ਲੜ, ਆਪਣਾ ਹੁਕਮ ਸੁਣਾਇੰਦਾ । ਆਪੇ ਹਾਕਣ ਡਾਕਣ ਲਏ ਫੜ, ਆਪੇ ਸਿਰ ਮੁੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਆਪੇ ਬਣੇ ਮੂੰਗਲੀ ਸਾਰ, ਨਾਨਕ ਹੱਥ ਫੜਾਈਆ । ਆਪੇ ਮਾਰਨਹਾਰਾ ਮਾਰ, ਪਸੂ ਪਰੇਤ ਜਿਨ ਖ਼ਬੀਸ ਨੇੜ ਨਾ ਆਈਆ । ਆਪੇ ਕਰਨੇਹਾਰ ਖ਼ਵਾਰ, ਆਪੇ ਜੂਨੀ ਜੂਨ ਭਵਾਈਆ । ਆਪੇ ਕਰੇ ਭਗਤਾਂ ਹੇਤ, ਆਪ ਆਪਣਾ ਨਾਮ ਜਣਾਈਆ । ਆਪੇ ਵਸੇ ਕਾਇਆ ਖੇਤ, ਆਪ ਆਪਣੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਬਬਾਣ ਇਕ ਵਖਾਈਆ । ਸ਼ਬਦ ਬਬਾਣਾ ਹਰਿ ਨਿਰੰਕਾਰਾ, ਆਪਣਾ ਆਪ ਸੁਹਾਇੰਦਾ । ਆਪੇ ਜਾਣੇ ਆਪਣੀ ਕਾਰਾ, ਆਪੇ ਖੇਲ ਖਿਲਾਇੰਦਾ । ਆਪੇ ਪਵਣ ਹੋਏ ਅਸਵਾਰਾ, ਪਵਣ ਪਵਣੀ ਆਪ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਆਪਣੀ ਰਚਨ ਆਪ ਰਚਾ, ਆਪੇ ਖੇਲ ਖਿਲਾਈਆ । ਸਤਿਨਾਮ ਮੰਤਰ ਦ੍ਰਿੜਾ, ਜਗਤ ਪਰਧਾਨ ਆਪ ਬਣਾਈਆ । ਮਸਾਣ ਪਵਣ ਕਾ ਰੂਪ ਦਏ ਹਟਾ, ਪਵਣ ਪਵਣੀ ਡੇਰਾ ਢਾਹੀਆ । ਜਮ ਕਾ ਬੇਟਾ ਦਏ ਖਪਾ, ਕਾਲੀ ਕਾਲਕਾ ਸਿਰ ਲਗਾਈਆ । ਅਵਣੀ ਮਾਤਾ ਮੇਟ ਮਿਟਾ, ਗੌਰਜਾਂ ਡੰਕ ਨਾ ਕੋਇ ਵਜਾਈਆ । ਜਗਤ ਕਿੰਗਰਾ ਦੇਵੇ ਢਾ, ਆਪ ਆਪਣਾ ਮਰਦੰਗ ਵਖਾਈਆ । ਹੰਸਾ ਬਟਕਾ ਬਿਨੋਦੀਆ

ਬੀਰ ਦਏ ਸਵਾ, ਗੂੜ੍ਹੀ ਨੀਂਦ ਆਪ ਵਖਾਈਆ । ਕਾਲੀਆ ਦੁਨੀਆ ਨਾ ਫੇਰਾ ਸਕੇ ਪਾ, ਸ਼ਬਦ ਖੰਡਾ ਇਕ ਚਮਕਾਈਆ । ਅਹਿਮਦ ਮੁਹੰਮਦ ਦੇਵੇ ਦਰ ਦੁਰਕਾ, ਭੌਰ ਪਾਤਾਲ ਨਾ ਨੇੜੇ ਆਈਆ । ਭੈਰੋਂ ਮੁਖ ਜਾਏ ਭਵਾ, ਭਾਵਨੀ ਭਾਵ ਨਾ ਕੋਇ ਰਖਾਈਆ । ਹਨਵੰਤ ਨਿਉਂ ਨਿਉਂ ਬੈਠਾ ਰਿਹਾ ਸੀਸ ਝੁਕਾ, ਪ੍ਰਭ ਸਾਚਾ ਸ਼ਬਦ ਜਣਾਈਆ । ਖਲੰਤਾ ਸਲਸਲਾ ਰਹੇ ਰਾਹ ਤਕਾ, ਆਪ ਆਪਣਾ ਨੈਣ ਉਠਾਈਆ । ਅੰਚਨੀ ਕੰਚਨੀ ਨਿਰੰਚਨੀ ਕਲਾ ਸੋਦਰੀ ਸੰਗ ਰਲਾ, ਭੈਣ ਭਰਾ, ਸ਼ਕਤੀ ਭਗਤੀ ਨਾਲ ਰਲਾਈਆ । ਨਾਨਕ ਸਤਿਗੁਰ ਬਣੇ ਮਲਾਹ, ਡੁੱਬਦਾ ਬੇੜਾ ਦਏ ਤਰਾਈਆ । ਗਲ ਵਿਚ ਫਾਸੀ ਦਏ ਲਟਕਾ, ਭੂਤ ਪ੍ਰੇਤ ਵੇਖ ਵਖਾਈਆ । ਸੰਤ ਸਾਜਣ ਹੋ ਸਹਾ, ਸਿਰ ਆਪਣਾ ਹੱਥ ਰਖਾਈਆ । ਅੰਚਨੀ ਕੰਚਨੀ ਨਿਰੰਚਨੀ ਕਲਾ ਸੋਦਰੀ ਲੇਖਾ ਦਏ ਮੁਕਾ, ਲੇਖਾ ਲਿਖਿਆ ਰਹਿਣ ਨਾ ਪਾਈਆ । ਗੁਰ ਕਾ ਸ਼ਬਦ ਇਕ ਸੁਣਾ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸ਼ਬਦ ਸਾਚਾ ਅੱਖਰ ਬਜ਼ਰ ਕਪਾਟੀ ਤੋੜੇ ਪੱਥਰ, ਤੀਰ ਨਿਰਾਲਾ ਇਕ ਲਗਾਈਆ । ਸੋਹੰ ਅੱਖਰ ਹਰਿ ਹਰਿ ਗੌਣਾ, ਪੰਜ ਤਤ ਕਰੇ ਸ਼ੰਗਾਰਿਆ । ਦੇਵੀ ਦੇਵ ਨਾ ਕੋਇ ਮਨੌਣਾ, ਮਿਲੇ ਇਕ ਕੰਤ ਭਤਾਰਿਆ । ਸੁਤ ਦੁਲਾਰਾ ਸੁਤ ਬਣੌਣਾ, ਅਬਿਨਾਸ਼ੀ ਅਚੁਤ ਏਹ ਸਮਝਾ ਰਿਹਾ । ਕਾਇਆ ਬੁਤ ਸਫਲ ਕਰੌਣਾ, ਰਸਨਾ ਢੋਲਾ ਇਕ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਆਪ ਉਠਾ ਲਿਆ । ਗੁਰਮੁਖ ਮੇਲਾ ਨਾਰੀ ਕੰਤ, ਹਰਿਜਨ ਸਾਚੇ ਸਾਚਾ ਸੰਗ ਨਿਭਾਈਆ । ਗੁਰਸਿਖ ਰੁਤੜੀ ਬਸੰਤ, ਹਰਿ ਬਸੰਤ ਬਹਾਰ ਵਖਾਈਆ । ਗੁਰਸਿਖ ਮੇਲਾ ਸ੍ਰੀ ਭਗਵੰਤ, ਫੁਲ ਫੁਲਵਾੜੀ ਆਪ ਮਹਿਕਾਈਆ । ਗੁਰਮੁਖ ਮਿਲੇ ਨਾਮ ਸੁਗੰਤ, ਆਪ ਆਪਣਾ ਵਿਚ ਟਿਕਾਈਆ । ਗੁਰਮੁਖ ਵਡਿਆਈ ਵਿਚ ਜੀਵ ਜੰਤ, ਸਤਿਗੁਰ ਪੂਰਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤ ਡਾਹਲੀ ਵੇਖ ਵਖਾਈਆ । ਗੁਰਸਿਖ ਸੋਭਾਵੰਤ, ਘਰ ਸੱਜਣ ਸਤਿਗੁਰ ਪਾਇਆ । ਗੁਰਸਿਖ ਵਡ ਗੁਣਵੰਤ, ਗੁਰ ਗੋਬਿੰਦ ਮੇਲ ਮਿਲਾਇਆ । ਗੁਰਸਿਖ ਮਹਿਮਾ ਅਗਣਤ, ਗੁਰ ਮੰਤਰ ਇਕ ਦ੍ਰਿੜਾਇਆ । ਗੁਰਸਿਖ ਬਣਾਏ ਬਣਤ, ਗੁਰ ਸੱਜਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਬਹਾਇਆ । ਗੁਰਸਿਖ ਰਾਜਨ ਭੂਪ, ਘਰ ਮੇਲਾ ਸਹਿਜ ਸੁਭਾਈਆ । ਗੁਰਸਿਖ ਪਰਗਟੇ ਚਾਰੇ ਕੂਟ, ਚੌਥੇ ਜੁਗ ਵੱਜੇ ਵਧਾਈਆ । ਗੁਰਸਿਖ ਨਾਤਾ ਤੋੜੇ ਜੂਠ ਝੂਠ, ਕੂੜ ਕੁੜਿਆਰਾ ਰਹਿਣ ਨਾ ਪਾਈਆ । ਗੁਰਸਿਖਾਂ ਉਪਰ ਆਪੇ ਤੁਠ, ਸਿਰ ਆਪਣਾ ਹੱਥ ਰਖਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਘਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਗੁਰਸਿਖ ਸੱਚਾ ਸੰਗ, ਹਰਿ ਸਤਿਗੁਰ ਆਪ ਰਖਾਇੰਦਾ । ਗੁਰਸਿਖ ਮੰਗੇ ਮੰਗ, ਗੁਰ ਸ਼ਬਦੀ ਨਾਮ ਵੰਡਾਇੰਦਾ । ਗੁਰਸਿਖ ਲੱਗੇ ਅੰਗ, ਹਰਿ ਅੰਗੀ ਅੰਗ ਵਖਾਇੰਦਾ । ਗੁਰਸਿਖ ਡੋਰੀ ਨਾਮ ਪਤੰਗ, ਆਕਾਸ਼ ਪ੍ਰਕਾਸ਼ਾਂ ਆਪ ਫਿਰਾਇੰਦਾ । ਗੁਰਸਿਖ ਜਗਤ ਦਵਾਰਾ ਵੇਖੇ ਲੰਘ, ਘਰ ਸਾਚੇ ਮੇਲ ਮਿਲਾਇੰਦਾ । ਗੁਰਸਿਖ ਮੇਲਾ ਆਤਮ ਪਲੰਘ, ਸਚ ਸਿੰਘਾਸਣ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਰੂਪ ਵਟਾਇੰਦਾ । ਗੁਰ ਗੁਰ ਰੂਪ ਗੁਰਮੁਖ ਧਾਰ, ਗੁਰੂ ਗੁਰ ਗੁਰ ਦੇ ਬੁਝਾਈਆ । ਸਤਿਗੁਰ ਪੂਰਾ ਹਰਿ ਨਿਰੰਕਾਰ, ਸਾਰੰਗ ਧਰ ਭੇਵ ਨਾ ਰਾਈਆ । ਕਾਇਆ ਤਤ ਕਰੇ

ਪਿਆਰ, ਬ੍ਰਹਮ ਮਤ ਇਕ ਦਰਸਾਈਆ । ਬੀਜੇ ਬੀਜ ਸਚ ਕਿਆਰ, ਆਪ ਆਪਣੀ ਸੇਵ ਕਮਾਈਆ । ਬੂਟਾ ਲਾਏ ਵਿਚ ਸੰਸਾਰ, ਫਲ ਫੁਲ ਆਪ ਮਹਿਕਾਈਆ । ਆਪੇ ਪੰਖੜੀ ਖੋਲ ਹੋਏ ਗੁਲਜ਼ਾਰ, ਸਚ ਸੁਗੰਧੀ ਆਪ ਮਹਿਕਾਈਆ । ਆਪੇ ਮਾਲਣ ਬਣੇ ਜੋਤ ਅਕਾਲ, ਨਿਰਗੁਣ ਆਪਣਾ ਰੂਪ ਵਟਾਈਆ । ਆਪੇ ਲੱਖ ਚੁਰਾਸੀ ਵਿਚੋਂ ਲਏ ਭਾਲ, ਆਪ ਆਪਣੀ ਖੋਜ ਖੋਜਾਈਆ । ਆਪੇ ਸਤਿ ਸਰੂਪੀ ਬਣ ਦਲਾਲ, ਲੋਕਮਾਤ ਵੇਖ ਵਖਾਈਆ । ਆਪੇ ਨਾਲ ਰਲਾਏ ਕਾਲ ਮਹਾਕਾਲ, ਦੋ ਜਹਾਨਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਮਾਤ ਉਪਜਾਈਆ । ਗੁਰਸਿਖ ਸਾਜਣ ਸਾਚਾ ਬੂਟਾ, ਹਰਿ ਜੁਗ ਜੁਗ ਆਪ ਲਗਾਇੰਦਾ । ਆਪੇ ਦੇਵੇ ਪਵਣੀ ਹੂਟਾ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਆਪ ਦਰਸਾਏ ਆਪਣਾ ਰੂਪਾ, ਅਨਭਵ ਪ੍ਰਕਾਸ਼ ਆਪ ਜਣਾਇੰਦਾ । ਆਪੇ ਪਾਵੇ ਸਾਰ ਚਾਰੇ ਕੂੰਟਾਂ, ਦਹਿ ਦਿਸ਼ਾ ਵੇਖ ਵਖਾਇੰਦਾ । ਆਪੇ ਤਾਣਾ ਪੇਟਾ ਹੋਏ ਸੂਤਾ, ਜਗਤ ਸੂਤਕ ਨਾ ਕੋਇ ਲਗਾਇੰਦਾ । ਆਪੇ ਖੇਵਟ ਬਣ ਬਣ ਖੇਟਾ, ਸਾਚਾ ਬੇੜਾ ਆਪ ਚਲਾਇੰਦਾ । ਆਪੇ ਮਾਤ ਪਿਤ ਹੋਏ ਬੇਟੀ ਬੇਟਾ, ਰੂਪ ਅਨੂਪ ਆਪ ਵਟਾਇੰਦਾ । ਆਪੇ ਹੋਏ ਨੇਤਨ ਨੇਤਾ, ਨਿਜ ਘਰ ਆਪਣਾ ਵਾਸ ਧਰਾਇੰਦਾ । ਆਪੇ ਵੇਖਣਹਾਰਾ ਸਾਚਾ ਖੇਤਾ, ਸਚ ਕਿਰਸਾਣ ਭੇਵ ਨਾ ਆਇੰਦਾ । ਆਪੇ ਫਿਰੇ ਬਾਲੂ ਰੇਤਾ, ਆਪੇ ਜੰਗਲ ਜੂਹ ਉਜਾੜ ਡੇਰਾ ਲਾਇੰਦਾ । ਆਪੇ ਲੋਕਮਾਤ ਜੁਗ ਜੁਗ ਜਨ ਭਗਤਾਂ ਦੇਵੇ ਨੇਤਾ, ਸ਼ਬਦ ਸਰੂਪੀ ਹੁਕਮ ਸੁਣਾਇੰਦਾ । ਆਪੇ ਸੇਵਾ ਲਾਏ ਬ੍ਰਹਮਾ ਵੇਤਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਆਪੇ ਵਿਸ਼ਨੂੰ ਜਾਣੇ ਲੇਖਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਆਪੇ ਸ਼ੰਕਰ ਰੱਖੇ ਚਰਨਾਂ ਹੇਠਾ, ਕਾਲ ਮਹਾਂਕਾਲ ਨੇੜ ਨਾ ਆਇੰਦਾ । ਆਪੇ ਜਾਣੇ ਆਪਣਾ ਵੇਸਾ, ਦਰ ਦਰਵੇਸਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਸੱਜਣ ਸਚਾ ਮੀਤ ਏਕੰਕਾਰ, ਏਕਾ ਰੰਗ ਸਮਾਇੰਦਾ । ਸਤਿ ਸਵਰਨੀ ਸਾਚੀ ਧਾਰ, ਵਰਨੀ ਬਰਨੀ ਪਾਰ ਵਖਾਇੰਦਾ । ਤਾਰਨ ਤਰਨੀ ਆਪ ਕਰਤਾਰ, ਕਰਤਾ ਪੁਰਖ ਖੇਲ ਖਿਲਾਇੰਦਾ । ਹਰਨੀ ਫਰਨੀ ਖੋਲ੍ਹ ਕਿਵਾੜ, ਆਤਮ ਦਰਸੀ ਦਰਸ ਦਿਖਾਇੰਦਾ । ਮਰਨੀ ਮਰੇ ਨਾ ਵਿਚ ਸੰਸਾਰ, ਜੋ ਜਨ ਸਚ ਸਰਨਾਈ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਗੁਰਸਿਖ ਦੁਲਾਰਾ ਸਾਚਾ ਸੁੱਤ, ਸਤਿ ਪੁਰਖ ਨਿਰੰਜਣ ਆਪ ਉਪਜਾਇੰਦਾ । ਆਪ ਵਖਾਏ ਬਸੰਤੀ ਰੁੱਤ, ਰੁੱਤ ਰੁਤੜੀ ਆਪ ਸੁਹਾਇੰਦਾ । ਲੇਖਾ ਜਾਣੇ ਅਬਿਨਾਸ਼ੀ ਅਚੁੱਤ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੁਰਸਿਖ ਤੇਰਾ ਰੂਪ ਅਪਾਰ, ਹਰਿ ਸਾਚਾ ਸਚ ਸਮਝਾਇੰਦਾ । ਗੁਰਸਿਖ ਤੇਰਾ ਕਾਇਆ ਪੰਜ ਤਤ ਮੁਨਾਰ, ਲੋਕਮਾਤ ਆਪ ਸੁਹਾਇੰਦਾ । ਗੁਰਸਿਖ ਤੇਰਾ ਸ਼ਬਦ ਵਿਚਾਰ, ਗੁਰ ਮੰਤਰ ਆਪ ਜਣਾਇੰਦਾ । ਗੁਰਸਿਖ ਤੇਰਾ ਅੰਮ੍ਰਿਤ ਭੰਡਾਰ, ਸਚ ਪਿਆਲਾ ਜਾਮ ਪਿਆਇੰਦਾ । ਗੁਰਸਿਖ ਤੇਰਾ ਸਚ ਦਵਾਰ, ਸਚਖੰਡ ਸਾਚੀ ਵੰਡ ਵੰਡਾਇੰਦਾ । ਗੁਰਸਿਖ ਤੇਰਾ ਸਚ ਸਿਕਦਾਰ, ਹਰਿ ਹੁਕਮੀ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਗਾਏ ਆਪਣੇ ਲੜ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਹਰਿ ਹਰਿ ਪਾ, ਹਰਿ ਸੱਜਣ ਲਏ ਤਰਾਈਆ । ਲੱਖ ਚੁਰਾਸੀ ਕੱਟੇ ਫਾਹ, ਜਮ ਕਾ ਦੂਤ ਨੇੜ ਨਾ ਆਈਆ । ਦਰਗਾਹ ਸਾਚੀ ਦਏ ਸੁਹਾ, ਬੈਕੁੰਠ ਨਿਵਾਸੀ ਬੇਪਰਵਾਹੀਆ । ਕਾਲ ਫਾਸ

ਦਾ ਫੰਦ ਕਟਾ, ਵੇਲੇ ਅੰਤ ਨਾ ਪਾਏ ਫਾਹੀਆ । ਸਚ ਧਰਵਾਸਾ ਇਕ ਵਖਾ, ਚਰਨ ਕਵਲ ਸਚੀ ਸਰਨਾਈਆ । ਦਰ ਘਰ ਸਾਚੇ ਫੇਰੀ ਪਾ, ਦਰਦ ਦੁੱਖ ਦਏ ਮਿਟਾਈਆ । ਹਰਿ ਸੰਗਤ ਮੇਲਾ ਸਹਿਜ ਸੁਭਾ, ਗੁਰਮੁਖ ਸਾਚੇ ਆਪ ਕਰਾਈਆ । ਗੁਰ ਚੇਲਾ ਏਕਾ ਰੰਗ ਰੰਗਾ, ਨਵ ਜੋਬਨ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁਤੜੀ ਸੋਭਾ ਪਾਈਆ । ਸਾਚੀ ਰੁਤੜੀ ਜਗਤ ਗੁਲਜ਼ਾਰ, ਗੁਰਸਿਖ ਰੂਪ ਆਪ ਮਹਿਕਾਇਆ । ਸਚ ਵਾਸਨਾ ਭਰ ਭੰਡਾਰ, ਨਾਮ ਸੁਗੰਧੀ ਇਕ ਰਖਾਇਆ । ਅੰਮ੍ਰਿਤ ਝਿਰਨਾ ਝਿਰੇ ਅਪਾਰ, ਨਿਝਰ ਧਾਰਾ ਦਏ ਵਹਾਇਆ । ਸਾਚੇ ਮੰਦਰ ਕਰ ਉਜਿਆਰ, ਦੀਪਕ ਦੀਆ ਇਕ ਵਖਾਇਆ ਨਿਰਮਲ ਜੀਆ ਕਰ ਸੰਸਾਰ, ਹਰਿਜਨ ਸਾਚੇ ਵੇਖ ਵਖਾਇਆ । ਸਾਢੇ ਤਿੰਨ ਹੱਥ ਸੀਆਂ ਉਤਰੇ ਪਾਰ, ਆਪ ਆਪਣੀ ਵੰਡ ਵੰਡਾਇਆ । ਬੀਜਿਆ ਬੀਆ ਅਗੰਮ ਅਪਾਰ, ਆਪ ਆਪੇ ਵੇਖ ਵਖਾਇਆ । ਏਕਾ ਦੂਜਾ ਤੀਆ ਖੇਲ ਨਿਆਰ, ਘਰ ਚੌਥੇ ਆਪ ਸਮਾਇਆ । ਪੰਚਮ ਜਾਣੇ ਜਾਨਣਹਾਰ, ਪੰਚਮ ਸਖੀਆਂ ਬਹਿ ਬਹਿ ਮੰਗਲ ਗਾਇਆ । ਛੰਦ ਸੁਹਾਗੀ ਏਕੰਕਾਰ, ਸਾਚਾ ਸੋਹਲਾ ਆਪ ਉਪਜਾਇਆ । ਸੁਣੇ ਵੈਰਾਗੀ ਸੁਣਨੇਹਾਰ, ਜਗਤ ਗਿਆਨੀ ਭੇਵ ਨਾ ਰਾਇਆ । ਗੁਰਸਿਖ ਵਿਰਲੇ ਸੁਰਤੀ ਸੋਈ ਜਾਗੀ, ਜਿਸ ਜਨ ਹਰਿ ਹਰਿ ਆਪ ਜਗਾਇਆ । ਕਲਜੁਗ ਪਾਪਾਂ ਧੋਵੇ ਦਾਗੀ, ਦੁਰਮਤ ਮੈਲ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਵੇਖ ਵਖਾਇਆ । ਗੁਰਸਿਖ ਮਨੂਆ ਜਗਤ ਠਗੌਰ, ਚਾਰੋਂ ਕੁੰਟ ਠੱਗ ਵਖਾਈਆ । ਸ਼ਾਹ ਸੁਲਤਾਨਾ ਉਠਿਆ ਕੌਰ, ਕਵਰ ਆਪ ਆਪਣਾ ਹੁਕਮ ਸੁਣਾਈਆ । ਗੁਰਸਿਖ ਗੁਰਮੁਖ ਚੁਕਾਏ ਮੋਰ ਤੋਰ, ਤੋਰਾ ਮੋਰਾ ਰਹੇ ਨਾ ਰਾਈਆ । ਸੋ ਪੁਰਖ ਨਿਰੰਜਣ ਫੜੀ ਏਕਾ ਡੋਰ, ਹੰ ਬ੍ਰਹਮ ਲਏ ਬੰਧਾਈਆ । ਸੋਹੰ ਅੱਖਰ ਜੁੜਿਆ ਜੋੜ, ਆਦਿ ਜੁਗਾਦੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲਾ ਸਹਿਜ ਸੁਖਦਾਈਆ ।

## ੬ ਫੱਗਣ ੨੦੧੬ ਬਿਕ੍ਰਮੀ ਗੁਰਬਚਨ ਸਿੰਘ ਦੇ ਘਰ ਪਿੰਡ ਉਸਮਾ ਜਿਲਾ ਅੰਮ੍ਰਿਤਸਰ

ਸੋ ਪੁਰਖ ਨਿਰੰਜਣ ਗਹਿਰ ਗੰਭੀਰਾ, ਪਾਰਬ੍ਰਹਮ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਾਰੇ ਏਕਾ ਤੀਰਾ, ਪੁਰਖ ਅਬਿਨਾਸ਼ੀ ਰੂਪ ਵਟਾਈਆ । ਏਕੰਕਾਰਾ ਚੋਟੀ ਚੜ੍ਹੇ ਅਖੀਰਾ, ਸ੍ਰੀ ਭਗਵਾਨ ਵੇਖ ਵਖਾਈਆ । ਆਦਿ ਨਿਰੰਜਣ ਖੇਲੇ ਖੇਲ ਵਡ ਪੀਰਨ ਪੀਰਾ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਨਾਉਂ ਉਪਾਈਆ । ਪੁਰਖ ਅਕਾਲਾ ਦੀਨ ਦਿਆਲਾ, ਆਦਿ ਜੁਗਾਦਿ ਆਪ ਅਖਵਾਇੰਦਾ । ਵਸਣਹਾਰਾ ਸਚਖੰਡ ਸਾਚੀ ਧਰਮਸਾਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਥਿਰ ਘਰ ਸੋਹੇ ਸ਼ਾਹ ਕੰਗਾਲਾ, ਆਪ ਆਪਣਾ ਬੰਕ ਵਖਾਇੰਦਾ । ਦੀਪਕ ਜੋਤ ਏਕਾ ਬਾਲਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਅਨਾਦਿ ਸਚੀ ਧੁਨਕਾਨਾ, ਰਾਗ ਅਨਾਦੀ ਆਪ ਅਲਾਇੰਦਾ । ਜੂਨੀ ਰਹਿਤ ਖੇਲ ਮਹਾਨਾ, ਅਨੁਭਵ ਪ੍ਰਕਾਸ਼ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮੂਰਤ ਆਪੇ ਵੇਖ ਵਖਾਇੰਦਾ । ਆਪਣੀ ਮੂਰਤ ਹਰਿ ਹਰਿ ਰੰਗ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਵਸੇ ਸੰਗ, ਦੂਸਰ

ਰੂਪ ਨਾ ਕੋਇ ਜਣਾਈਆ । ਏਕੰਕਾਰਾ ਸਚ ਸਿੰਘਾਸਣ ਸੋਹੇ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਆਦਿ ਨਿਰੰਜਣ ਚਾੜ੍ਹੇ ਚੰਦ, ਜੋਤੀ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਵਜਾਏ ਮਰਦੰਗ, ਆਪ ਆਪਣਾ ਢੋਲਾ ਗਾਈਆ । ਅਬਿਨਾਸ਼ੀ ਕਰਤਾ ਸਚਖੰਡ ਦਵਾਰਾ ਆਪੇ ਲੰਘ, ਆਪ ਆਪਣਾ ਆਸਣ ਲਾਈਆ । ਪਾਰਬ੍ਰਹਮ ਨਿਉਂ ਨਿਉਂ ਮੰਗੇ ਮੰਗ, ਘਰ ਸਾਚੇ ਸੀਸ ਝੁਕਾਈਆ । ਪੁਰਖ ਅਕਾਲ ਸੂਰਾ ਸਰਬੰਗ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਸਚ ਮਹੱਲਾ ਉਚ ਅਟੱਲਾ ਏਕੰਕਾਰਾ ਆਪ ਸੁਹਾਈਆ । ਸਚ ਮਹੱਲਾ ਸਚ ਸਿੰਘਾਸਣ, ਹਰਿ ਸਾਚਾ ਆਪ ਲਗਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼ਨ, ਆਦਿ ਜੁਗਾਦੀ ਦਿਸ ਨਾ ਆਇੰਦਾ । ਸ਼ਾਹੋ ਭੂਪ ਹਰਿ ਸ਼ਾਹੋ ਸ਼ਾਬਾਸ਼ਨ, ਤਖਤ ਤਾਜ ਆਪ ਸੁਹਾਇੰਦਾ । ਆਪਣੇ ਮੰਡਲ ਪਾਵੇ ਰਾਸਨ, ਗੋਪੀ ਕਾਹਨਾ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਪੁਰਖ ਅਬਿਨਾਸ਼ੀ ਏਕਾ ਕੰਤ, ਨਰ ਨਰਾਇਣ ਨਾਉਂ ਧਰਾਇੰਦਾ । ਸਚਖੰਡ ਦਵਾਰ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ । ਜੋਤ ਜਗਾਏ ਆਦਿ ਨਿਰੰਜਣਾ, ਆਦਿ ਜੁਗਾਦੀ ਨਾਉਂ ਧਰਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭੈ ਹੋਰ ਨਾ ਕੋਇ ਜਣਾਇੰਦਾ । ਥਿਰ ਘਰ ਵਾਸੀ ਸਾਚਾ ਸੱਜਣਾ, ਸਗਲਾ ਸੰਗ ਨਿਭਾਇੰਦਾ । ਨਾ ਘੜਿਆ ਨਾ ਭੱਜਣਾ, ਰੂਪ ਅਨੂਪ ਨਾ ਕੋਇ ਜਣਾਇੰਦਾ । ਤਾਲ ਨਗਾਰੇ ਆਪੇ ਵੱਜਣਾ, ਆਪ ਆਪਣੀ ਚੋਟ ਵਖਾਇੰਦਾ । ਆਪੇ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬਹਿ ਬਹਿ ਸਜਣਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਆਪ ਅਖਵਾਇੰਦਾ । ਰੰਗ ਰੰਗੀਲਾ ਹਰਿ ਕਰਤਾਰਾ, ਦੂਸਰ ਹੋਰ ਨਾ ਕੋਇ ਜਣਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਕਰਨੀ ਕਰਤਾ ਆਪ ਕਮਾਇੰਦਾ । ਲੱਖ ਚੁਰਾਸੀ ਬੰਨੇ ਧਾਰਾ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰਾ, ਲੱਖ ਚੁਰਾਸੀ ਪਾਵੇ ਸਾਰਾ, ਨੌਂ ਦਰ ਖੋਜ ਖੁਜਾਇੰਦਾ । ਲੱਖ ਚੁਰਾਸੀ ਹੋ ਉਜਿਆਰਾ, ਘਰ ਘਰ ਵਿਚ ਦੀਪ ਟਿਕਾਇੰਦਾ । ਡੂੰਘੀ ਕੰਦਰ ਪਾਵੇ ਸਾਰਾ, ਅੰਧ ਅੰਧਿਆਰਾ, ਈੜਾ ਪਿੰਗਲ ਸੁਖਮਨ ਮਾਰਗ ਪਾਇੰਦਾ । ਤ੍ਰੈਲੋਕੀ ਖੇਲ ਖੇਲ ਨਿਆਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਤਮ ਅੰਤਰ ਸਚੀ ਧਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਕਵਲ ਕਵਲਾ ਕਰ ਤਿਆਰਾ, ਏਕਾ ਮੁਖ ਭਵਾਇੰਦਾ । ਆਪੇ ਕਰੇ ਬੰਦ ਕਿਵਾੜਾ, ਆਪੇ ਕੁੰਡਾ ਲਾਹਿੰਦਾ । ਆਤਮ ਸੇਜਾ ਖੇਲ ਨਿਆਰਾ, ਕਰਨੀ ਕਰਤਾ ਆਪ ਕਮਾਇੰਦਾ । ਅਨਹਦ ਰਾਗ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਸਾਚੀ ਸਖੀਆਂ ਮੰਗਲਚਾਰਾ, ਬਹਿ ਬਹਿ ਗੀਤ ਅਲਾਇੰਦਾ । ਕੰਤ ਕੰਤੂਲ ਮੀਤ ਮੁਰਾਰਾ, ਆਪ ਆਪਣਾ ਰੂਪ ਵਟਾਇੰਦਾ । ਬ੍ਰਹਮ ਬ੍ਰਹਮ ਪ੍ਰਭ ਖੇਲ ਨਿਆਰਾ, ਆਪ ਆਪਣਾ ਘਰ ਸੁਹਾਇੰਦਾ । ਦਸਮ ਦਵਾਰੀ ਜੋਤ ਉਜਿਆਰਾ, ਨਿਰਗੁਣ ਧਾਰਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਖ ਚੁਰਾਸੀ ਵੇਖੇ ਘਰ, ਘਟ ਘਟ ਆਪਣਾ ਆਸਣ ਲਾਇੰਦਾ । ਘਟ ਘਟ ਵਸਿਆ ਪੁਰਖ ਅਗੰਮ, ਦਿਸ ਕਿਸੇ ਨਾ ਆਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਈ ਰਖਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਰਕਤ ਬੂੰਦ ਨਾ ਮੇਲ ਮਿਲਾਇੰਦਾ । ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਗੁਰ ਪੀਰ ਅਵਤਾਰ ਸਾਧ ਸੰਤ ਆਪ ਹੋ ਜਾਇੰਦਾ । ਗਗਨ ਪਾਤਾਲਾਂ ਦੇਵੇ ਥੰਮ, ਬਿਨ ਥੰਮਾਂ ਆਪ ਰਹਾਇੰਦਾ ।

ਤ੍ਰੈਗੁਣ ਮਾਇਆ ਬੇੜਾ ਦੇਵੇ ਬੰਨ, ਲੋਕਮਾਤ ਆਪ ਚਲਾਇੰਦਾ । ਆਕਾਸ਼ ਪ੍ਰਕਾਸ਼ ਸੂਰਜ ਚੰਨ, ਮੰਡਲ ਮੰਡਪ ਆਪ ਸੁਹਾਇੰਦਾ । ਨਾ ਕੋਈ ਜਨਨੀ ਜਣੇ ਜਨ, ਪਿਤਾ ਪੂਤ ਨਾ ਕੋਇ ਅਖਵਾਇੰਦਾ । ਨਾ ਕੋਈ ਰਾਗ ਸੁਣਾਏ ਕੰਨ, ਨਾ ਕੋਈ ਵਿਦਿਆ ਹੋਰ ਪੜ੍ਹਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਸਚ ਸਿੰਘਾਸਣ ਆਸਣ ਲਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਬੇੜਾ ਆਪੇ ਬੰਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਇੰਦਾ । ਏਕਾ ਵਸਤ ਨਾਮ ਧਨ, ਸਚ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਜਗਾਇੰਦਾ । ਪੁਰਖ ਅਬਿਨਾਸ਼ੀ ਰੂਪ ਵਟਾਇਆ, ਆਪ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਵੇਖ ਵਖਾਇਆ, ਆਪ ਆਪਣਾ ਸੰਗ ਨਿਭਾਇੰਦਾ । ਹਰਿਜਨ ਸਾਚਾ ਆਪ ਉਠਾਇਆ, ਇਸ਼ਟ ਦ੍ਰਿਸ਼ਟ ਆਪ ਖੁਲਾਈਆ । ਰੂਪ ਅਨੂਪਾ ਦਰਸ ਦਿਖਾਇਆ, ਆਤਮ ਹਰਸ਼ ਸਰਬ ਮਿਟਾਈਆ । ਚਿੰਤਾ ਸੋਗ ਹਰਖ ਗਵਾਇਆ, ਆਪ ਆਪਣਾ ਰੰਗ ਰੰਗਾਈਆ । ਨਾਮ ਕਸਵੱਟੀ ਪਰਖ ਵਖਾਇਆ, ਕੰਚਨ ਸੋਨਾ ਰੂਪ ਵਟਾਈਆ । ਨਿਰਗੁਣ ਸਰਗੁਣ ਤਰਸ ਕਮਾਇਆ, ਤ੍ਰੈਗੁਣ ਮੇਟੇ ਲੱਗੀ ਸ਼ਾਹੀਆ । ਪੂਰਬ ਲਹਿਣਾ ਕਰਜ਼ਾ ਲਾਹਿਆ, ਜਨਮ ਜਨਮ ਦਾ ਲੇਖਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਲਾਈਆ । ਹਰਿਜਨ ਲੇਖਾ ਆਪ ਲਿਖ, ਜੁਗ ਜੁਗ ਵੇਸ ਵਟਾਇੰਦਾ । ਹੋਰ ਕਿਸੇ ਨਾ ਰਿਹਾ ਦਿਸ, ਕੋਟਨ ਕੋਟੀ ਰਾਹ ਤਕਾਇੰਦਾ । ਜਗਤ ਵਿਕਾਰਾ ਚੜੀ ਵਿਸ, ਬਿਨ ਹਰਿਨਾਮ ਨਾ ਕੋਇ ਲਾਹਿੰਦਾ । ਮਾਇਆ ਮਮਤਾ ਰਹੇ ਪਿਸ, ਕਲਜੁਗ ਚੱਕੀ ਆਪ ਚਲਾਇੰਦਾ । ਖਾਲੀ ਦਿਸਣ ਸਭ ਦੇ ਖਿਸ, ਨਾਮ ਧੰਨ ਨਾ ਕੋਇ ਵਖਾਇੰਦਾ । ੨੪੩
ਮਾਇਆ ਡਸਨੀ ਰਹੀ ਡਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਤਰਾਇੰਦਾ । ਗੁਰਸਿਖ ਸੱਜਣ ਤਾਰਨਹਾਰਾ, ਏਕੰਕਾਰਾ ਇਕ ਅਖਵਾਈਆ । ਸਤਿਗੁਰ ਰੂਪ ਵਿਚ ਸੰਸਾਰਾ, ਸ਼ਬਦ ਸ਼ਬਦੀ ਰੂਪ ਵਟਾਈਆ । ਆਦਿ ਜੁਗਾਦਿ ਕਰੇ ਪਿਆਰਾ, ਦਿਵਸ ਰੈਣ ਮੇਲ ਮਿਲਾਈਆ । ਸਾਰੰਗ ਧਰ ਖੇਲ ਨਿਆਰਾ, ਆਪ ਆਪਣੇ ਹੱਥ ਰੱਖੇ ਵਡਿਆਈਆ । ਕਾਗਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਥੱਕੀ ਸਤਿ ਸਰੋਵਰ ਛਾਹੀਆ । ਗੁਰਸਿਖ ਤੇਰਾ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਤੱਕਣ ਤੇਰਾ ਦਵਾਰਾ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਜਿਸ ਜਨ ਮਿਲਿਆ ਹਰਿ ਨਿਰੰਕਾਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਇਕ ਇਕ ਸਮਝਾਈਆ । ਗੁਰਮੁਖ ਆਤਮ ਨੇਤਰ ਖੋਲ੍ਹ, ਸਤਿਗੁਰ ਪੂਰਾ ਦਰਸ ਦਿਖਾਇੰਦਾ । ਨਾਦ ਅਨਾਦੀ ਵਜਾਏ ਢੋਲ, ਅਨਹਦ ਸਾਚੀ ਸੇਵ ਕਮਾਇੰਦਾ । ਸ਼ਬਦ ਅਗੰਮੀ ਆਪੇ ਬੋਲ, ਧੁਰ ਫ਼ਰਮਾਨਾ ਆਪ ਜਣਾਇੰਦਾ । ਨਿਤ ਨਵਿਤ ਵਸੇ ਕੋਲ, ਵਾਰ ਥਿਤ ਨਾ ਕੋਇ ਵਖਾਇੰਦਾ । ਕਾਇਆ ਪੰਜ ਤਤ ਕਰੇ ਚੋਲ੍ਹ, ਆਪਣਾ ਚੋਲਾ ਆਪ ਬਦਲਾਇੰਦਾ । ਸੁਰਤੀ ਸ਼ਬਦੀ ਰਿਹਾ ਮੌਲ, ਸਚ ਫ਼ਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਿਖਾਇੰਦਾ । ਗੁਰਸਿਖ ਹਰਿ ਹਰਿ ਵੇਖਿਆ, ਕਰ ਕਿਰਪਾ ਕਰਤਾਰ । ਆਪੇ ਕੱਢੇ ਭਰਮ ਭੁਲੇਖਿਆ, ਹਉਮੇ ਹੰਗਤਾ ਗੜ੍ਹ ਨਿਵਾਰ । ਆਪੇ ਦਰਸ ਦਿਖਾਏ ਗੁਰ ਗੁਰ ਦਸ ਦਸਮੇਸਿਆ, ਨਾਨਕ ਗੋਬਿੰਦ ਸਾਚੀ ਧਾਰ । ਆਪੇ ਲੇਖਾ ਜਾਣੇ ਧਾਰੀ ਕੇਸਿਆ, ਮੂੰਡ ਮੁਡਾਏ ਲਏ ਉਭਾਰ । ਆਪੇ ਫਿਰੇ ਦੇਸ ਪਰਦੇਸਿਆ, ਦੋ ਜਹਾਨਾ ਏਕਾ ਧਾਰ ।

ਆਪੇ ਸ਼ਾਹੋ ਭੂਪ ਨਰ ਨਰੇਸ਼ਿਆ, ਹਰਿ ਸਚਾ ਸੱਚੀ ਸਰਕਾਰ । ਜੁਗ ਜੁਗ ਧਾਰੇ ਆਪਣਾ ਵੇਸਿਆ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਪਾਇਣ ਸਾਰ । ਗੁਰਮੁਖ ਵਿਰਲੇ ਨੇਤਰ ਵੇਖਿਆ, ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ । ਸ੍ਰਿਸ਼ਟ ਸਬਾਈ ਭਰਮ ਭੁਲੇਖਿਆ, ਕਾਇਆ ਗੜ੍ਹ ਹੋਇਆ ਹੰਕਾਰ । ਜੋਤ ਅਵਲਾ ਧਾਰੇ ਭੇਖਿਆ, ਅਛਲ ਅਛਲ ਰੂਪ ਅਪਾਰ । ਬਲ ਬਾਵਨ ਦੇਵੇ ਸਿਖਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕੰਕਾਰ । ਏਕੰਕਾਰਾ ਪੁਰਖ ਅਬਿਨਾਸ਼ਾ, ਏਕਾ ਰੰਗ ਸਮਾਇਆ । ਜੁਗਾ ਜੁਗੰਤਰ ਖੇਲ ਤਮਾਸ਼ਾ, ਲੋਕਮਾਤ ਵੇਖਣ ਆਇਆ । ਜਨ ਭਗਤਾਂ ਦੇਵੇ ਨਾਮ ਦਿਲਾਸਾ, ਭਗਤ ਭਗਵੰਤ ਮੇਲ ਮਿਲਾਇਆ । ਲੇਖਾ ਜਾਣੇ ਰਸਨ ਸਵਾਸਾ, ਜੋ ਜਨ ਰਸਨਾ ਰਹੇ ਗਾਇਆ । ਹਰਿ ਭਗਤ ਹਰਿਜਨ ਗੁਰਮੁਖ ਗੁਰਸਿਖ ਕੋਇ ਨਾ ਰਹੇ ਨਿਰਾਸਾ, ਨੌ ਖੰਡ ਪ੍ਰਿਥਮੀ ਮੇਲ ਮਿਲਾਇਆ । ਹਰਿ ਭਗਤ ਕਦੇ ਨਾ ਆਵੇ ਹਾਰ ਪਾਸਾ, ਆਪਣੇ ਵੱਟੇ ਨਾਮ ਤੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ ਦੀਨ ਦਿਆਲ, ਜੂਨੀ ਰਹਿਤ ਸਰਬ ਪ੍ਰਿਤਪਾਲ, ਚਰਨ ਰਖਾਏ ਕਾਲ ਮਹਾਂਕਾਲ, ਗੁਰਮੁਖਾਂ ਵਖਾਏ ਸਚ ਸੱਚੀ ਧਰਮਸਾਲ, ਥਿਰ ਘਰ ਸਾਚਾ ਇਕ ਵਸਾਇਆ ।

### ❊ ੬ ਫੱਗਣ ੨੦੧੯ ਬਿਕ੍ਰਮੀ ਰਤਨ ਸਿੰਘ ਦੇ ਘਰ ਪਿੰਡ ਚੰਬਲ ਜਿਲਾ ਅੰਮ੍ਰਿਤਸਰ ❊



ਸੋ ਪੁਰਖ ਨਿਰੰਜਣ ਲਾਲ ਗੁਲਾਲਾ, ਸੁਤੇ ਪ੍ਰਕਾਸ਼ ਰੂਪ ਵਟਾਈਆ । ਹਰਿ ਪੁਰਖ ਨਿਰੰਜਣ ਕੰਚਨ ਢਾਲਾ, ਮਹਿਮਾ ਅਨੂਪ ਬੇਪਰਵਾਹੀਆ । ਏਕੰਕਾਰਾ ਸੂਹਾ ਵੇਸ ਦਰ ਦਰਵੇਸ਼ ਖੇਲ ਨਿਰਾਲਾ, ਆਪਣੀ ਧਾਰ ਬੰਧਾਈਆ । ਆਦਿ ਨਿਰੰਜਣ ਜੋਤ ਉਜਾਲਾ, ਸਤਿ ਸਫੈਦੀ ਰੂਪ ਸਮਾਈਆ । ਸ੍ਰੀ ਭਗਵਾਨ ਹੋ ਦਲਾਲਾ, ਪੀਲਾ ਰੰਗ ਆਪ ਉਪਜਾਈਆ । ਅਬਿਨਾਸ਼ੀ ਕਰਤਾ ਅਵਲੜੀ ਚਾਲਾ, ਨੀਲਾ ਤੰਦਨ ਪਾਈਆ । ਪਾਰਬ੍ਰਹਮ ਪ੍ਰਭ ਹਰਿ ਗੋਪਾਲਾ, ਕਾਲੀ ਕਫ਼ਨੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਈਆ । ਆਪਣਾ ਰੂਪ ਸਾਚੇ ਘਰ, ਏਕਾ ਏਕ ਵਟਾਇੰਦਾ । ਦੂਜੇ ਮੰਦਰ ਆਪੇ ਵੜ, ਤੀਜਾ ਬੰਕ ਸੁਹਾਇੰਦਾ । ਚੌਥਾ ਦੇਵੇ ਖੋਲ੍ਹ ਕਿਵਾੜ, ਪੰਚਮ ਸੋਭਾ ਪਾਇੰਦਾ । ਛੇਵੇਂ ਦਿਸੇ ਨਾ ਕੋਈ ਨਾਰੀ ਨਾ ਕੋਈ ਨਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਸੱਤਵੇਂ ਮੰਦਰ ਬੈਠਾ ਚੜ, ਸਚ ਸਿੰਘਾਸਣ ਆਸਣ ਲਾਇੰਦਾ । ਪਹਿਲਾ ਘਰ ਅਗੰਮ ਅਥਾਹ, ਹਰਿ ਸਾਚਾ ਆਪ ਸੁਹਾਇੰਦਾ । ਦੂਜੇ ਦਰ ਬਣ ਮਲਾਹ, ਆਪਣਾ ਰਾਹ ਚਲਾਇੰਦਾ । ਤੀਜਾ ਦੇਵੇ ਸਚ ਸਲਾਹ, ਸਿਫ਼ਤੀ ਸਿਫ਼ਤ ਆਪ ਵਡਿਆਇੰਦਾ । ਚੌਥੇ ਢੋਲਾ ਏਕਾ ਗਾ, ਆਪਣਾ ਨਾਉਂ ਧਰਾਇੰਦਾ । ਪੰਚਮ ਬੋਲਾ ਆਪ ਅਲ੍ਹਾ, ਆਪਣਾ ਰਾਗ ਸੁਣਾਇੰਦਾ । ਛੇਵੇਂ ਪੜਦਾ ਦਏ ਹਟਾ, ਆਪ ਆਪਣਾ ਵੇਖ ਵਖਾਇੰਦਾ । ਸਤਵੇਂ ਮੇਲਾ ਲਏ ਮਿਲਾ, ਘਰ ਸਾਚੇ ਸੋਭਾ ਪਾਇੰਦਾ । ਪਹਿਲੇ ਘਰ ਅਗੰਮ ਅਪਾਰ, ਆਪਣੀ ਅਲੱਖ ਜਗਾਈਆ । ਦੂਜੇ ਦਰ ਹੋ ਤਿਆਰ, ਆਪਣੀ ਕਰਵਟ ਲਏ ਬਦਲਾਈਆ । ਤੀਜੇ ਦਰ ਖੇਲ ਅਪਾਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਚੌਥੇ ਘਰ ਮੀਤ ਮੁਰਾਰ, ਆਪ ਆਪਣਾ ਸਗਨ ਮਨਾਈਆ । ਪੰਚਮ ਬਣੇ ਸਚ ਭਤਾਰ, ਆਪ ਆਪਣਾ ਰੂਪ ਸੁਹਾਈਆ । ਛੇਵੇਂ ਨਾਰੀ ਜੋਤ ਉਜਿਆਰ, ਨੂਰੋ ਨੂਰ ਡਗਮਗਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਕਰੇ ਪਿਆਰ, ਆਪ ਆਪਣਾ ਅੰਗ

੨੪੪

ਲਗਾਈਆ । ਸਤਵੇਂ ਘਰ ਅੰਗ ਲਗਾ, ਛੇਵੇਂ ਮੇਲ ਮਿਲਾਇੰਦਾ । ਪੰਚਮ ਬੀਜ ਦਏ ਬਿਜਾ, ਚੌਥੇ ਘਰ ਉਪਜਾਇੰਦਾ । ਤੀਜੇ ਦਰ ਫੁੱਲ ਫਲਵਾੜੀ ਦਏ ਲਗਾ, ਦੂਜੇ ਘਰ ਆਪ ਮਹਿਕਾਇੰਦਾ । ਪਹਿਲੇ ਘਰ ਵੇਖ ਵਖਾ, ਆਪ ਆਪਣੇ ਰੂਪ ਸਮਾਇੰਦਾ । ਪਹਿਲਾ ਘਰ ਹਰਿ ਨਿਰੰਕਾਰ, ਆਪਣਾ ਆਪ ਵਖਾਇੰਦਾ । ਦੂਜੇ ਬਨ੍ਹੇ ਆਪਣੀ ਧਾਰ, ਆਪਣਾ ਰੂਪ ਪਰਗਟਾਇੰਦਾ । ਤੀਜੇ ਪਾਵਣਹਾਰਾ ਸਾਰ, ਆਪਣੀ ਇਛਿਆ ਪੂਰ ਕਰਾਇੰਦਾ । ਚੌਥੇ ਘਰ ਹੋ ਉਜਿਆਰ, ਦੀਪਕ ਜੋਤ ਆਪ ਜਗਾਇੰਦਾ । ਪੰਚਮ ਬੈਠ ਸਚੀ ਸਰਕਾਰ, ਸਚ ਸਿੰਘਾਸਣ ਇਕ ਸੁਹਾਇੰਦਾ । ਛੇਵੇਂ ਘਰ ਖੇਲ ਅਪਾਰ, ਆਪ ਆਪਣਾ ਮਤਾ ਪਕਾਇੰਦਾ । ਸਤਵੇਂ ਦੇਵਣਹਾਰ ਅਧਾਰ, ਨਿਰਗੁਣ ਨਿਰਗੁਣ ਰੰਗ ਰੰਗਾਇੰਦਾ । ਨਿਰਗੁਣ ਰੰਗ ਅਪਰ ਅਪਾਰਾ, ਹਰਿ ਸਾਚਾ ਆਪ ਰੰਗਾਈਆ । ਆਪੇ ਖੋਲ੍ਹ ਸਚ ਦਵਾਰਾ, ਸਚਖੰਡ ਬੈਠਾ ਆਸਣ ਲਾਈਆ । ਆਪੇ ਥਿਰ ਘਰ ਪਾਵੇ ਸਾਰਾ, ਘਰ ਘਰ ਵਿਚ ਰਿਹਾ ਸੁਹਾਈਆ । ਆਪੇ ਬਣ ਚੋਬਦਾਰ ਦੇਵੇ ਪਹਿਰਾ, ਆਪ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਪਹਿਲੇ ਘਰ ਨਰ ਨਰੇਸ਼, ਆਪਣਾ ਤਖਤ ਸੁਹਾਇੰਦਾ । ਆਪਣੀ ਜੋਤ ਆਪ ਪਰਵੇਸ਼, ਆਪੇ ਵੇਸ ਵਟਾਇੰਦਾ । ਆਪਣਾ ਲਿਖੇ ਆਪੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਆਪਣਾ ਨੇਤਰ ਆਪੇ ਲਏ ਪੇਖ, ਆਪ ਆਪਣਾ ਰੂਪ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਪਹਿਲੇ ਘਰ ਰੂਪ ਵਟਾਇਆ, ਭੇਵ ਕੋਇ ਨਾ ਪਾਇੰਦਾ । ਦੂਜੀ ਧਾਰ ਦਏ ਚਲਾਇਆ, ਤੀਜੇ ਆਪਣਾ ਖੇਲ ਖਿਲਾਇੰਦਾ । ਚੌਥੇ ਮੁਖ ਆਪ ਖੁਲਾਇਆ, ਆਪ ਆਪਣਾ ਬੋਲ ਜਣਾਇੰਦਾ । ਪੰਚਮ ਨਾਅਰਾ ਏਕਾ ਲਾਇਆ, ਛੇਵੇਂ ਤਾਲ ਵਜਾਇੰਦਾ । ਸੱਤਵੇਂ ਸਤਿ ਸਤਿਵਾਦੀ ਸੁਣਨੇ ਆਇਆ, ਘਰ ਘਰ ਬਹਿ ਬਹਿ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਇਕ ਵਸਾਇੰਦਾ । ਸਚ ਮਹੱਲਾ ਏਕੰਕਾਰ, ਆਪਣਾ ਆਪ ਵਸਾਈਆ । ਦੂਜੀ ਬੰਨੇ ਸਾਚੀ ਧਾਰ, ਸਚ ਰੂਪ ਵਟਾਈਆ । ਤੀਜਾ ਸੁਹਾਏ ਤਖਤ ਤਾਜ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਚੌਥੇ ਬੈਠ ਪੁਰਖ ਕਰਤਾਰ, ਆਪ ਆਪਣਾ ਹੁਕਮ ਸੁਣਾਈਆ । ਪੰਚਮ ਹੋਵੇ ਫ਼ਰਮਾਬਰਦਾਰ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਛੇਵੇਂ ਦਰ ਅੰਦਰ ਬਾਹਰ, ਗੁਪਤ ਜਾਹਰ ਭੇਵ ਨਾ ਰਾਈਆ । ਸਤਵੇਂ ਸਤਿ ਪੁਰਖ ਨਿਰੰਜਣ ਆਪਣੀ ਕਾਰ, ਹਰਿ ਸਾਚਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤ ਰੰਗ ਸਾਚੀ ਧਾਰ, ਆਪ ਉਪਜਾਏ ਏਕੰਕਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਨਾ ਪਾਏ ਕੋਈ ਸਾਰ, ਲੇਖਾ ਲੇਖ ਨਾ ਕੋਇ ਜਣਾਈਆ । ਸੱਤ ਰੰਗ ਜੋਤ ਜਗਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਤ ਰੰਗ ਨਿਸ਼ਾਨਾ ਆਪ ਚੜ੍ਹਾ, ਆਪੇ ਵੇਖ ਵਖਾਇੰਦਾ । ਆਪਣਾ ਹੁਕਮ ਆਪ ਸੁਣਾ, ਆਪੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਦਰ ਸੁਹੰਜਣਾ ਪੁਰਖ ਅਕਾਲ, ਘਰ ਸਾਚੇ ਵੱਜੀ ਵਧਾਈਆ । ਸੱਤ ਰੰਗ ਨਿਸ਼ਾਨਾ ਦੀਨ ਦਿਆਲ, ਘਰ ਸਾਚੇ ਆਪ ਚੜ੍ਹਾਈਆ । ਆਪੇ ਜਲਵਾ ਨੂਰ ਨੁਰਾਨੀ ਜਲਾਲ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਸੱਤ ਰੰਗ ਨਿਸ਼ਾਨਾ ਹਰਿ ਭਗਵਾਨਾ, ਆਪਣੀ ਧਾਰ ਆਪ ਰੰਗਾਇੰਦਾ । ਸਤਿ ਪੁਰਖ ਨਿਰੰਜਣ ਨੌਜਵਾਨਾ, ਆਪ ਆਪਣਾ ਹੁਕਮ ਚਲਾਇੰਦਾ । ਆਪੇ ਦਰ ਦਰਵੇਸ਼ ਬਣੇ ਦਰਬਾਨਾ,

ਆਪ ਆਪਣੀ ਕਾਰ ਕਮਾਇੰਦਾ । ਆਪੇ ਦੇਵੇ ਧੁਰ ਫ਼ਰਮਾਨਾ, ਆਪੇ ਹੁਕਮ ਸੁਣਾਇੰਦਾ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਉਪਜਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਨਿਰਗੁਣ ਆਪਣਾ ਆਪ ਉਪਾਇਆ । ਆਪੇ ਬੈਠ ਸ੍ਰੀ ਭਗਵੰਤ, ਘਰ ਸਾਚਾ ਆਪ ਸੁਹਾਇਆ । ਆਪੇ ਮਹਿਮਾ ਜਾਣੇ ਅਗਣਤ, ਆਪ ਆਪਣਾ ਭੇਵ ਰਖਾਇਆ । ਆਪ ਬਣਾਏ ਆਪਣੀ ਬਣਤ, ਆਪ ਆਪਣਾ ਰੂਪ ਧਰਾਇਆ । ਆਪੇ ਆਦਿ ਆਪੇ ਅੰਤ, ਮਧ ਆਪਣਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਛਤਰ ਇਕ ਝੁਲਾਇਆ । ਸਾਚਾ ਛਤਰ ਹਰਿ ਭਗਵਾਨ, ਸਚਖੰਡ ਦਵਾਰੇ ਆਪ ਝੁਲਾਈਆ । ਨਾ ਕੋਈ ਜ਼ਿਮੀਂ ਨਾ ਕੋਈ ਅਸਮਾਨ, ਗਗਨ ਮੰਡਲ ਨਾ ਕੋਇ ਅਖਵਾਈਆ । ਨਾ ਕੋਈ ਪਵਣ ਪਾਣੀ ਦੇਵੇ ਦਾਨ, ਜਲ ਬਿੰਬ ਨਾ ਕੋਇ ਤਰਾਈਆ । ਤ੍ਰੈਗੁਣ ਮਾਇਆ ਨਾ ਕੋਇ ਪਰਧਾਨ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਵਡਿਆਈਆ । ਪੰਜ ਤਤ ਨਾ ਕੋਇ ਮਕਾਨ, ਬ੍ਰਹਮ ਰੂਪ ਨਾ ਕੋਇ ਵਟਾਈਆ । ਰਾਗ ਨਾਦ ਨਾ ਕੋਇ ਗਾਨ, ਸੁਰ ਤਾਲ ਨਾ ਕੋਇ ਵਖਾਈਆ । ਰਵ ਸਸ ਨਾ ਕੋਇ ਭਾਨ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਖੰਡਾ ਖੜਗ ਨਾ ਕੋਇ ਕਿਰਪਾਨ, ਤੀਰ ਕਮਾਨ ਨਾ ਕੋਇ ਉਠਾਈਆ । ਰਾਮ ਕ੍ਰਿਸ਼ਨ ਨਾ ਕੋਇ ਬਲਵਾਨ, ਰਥ ਰਥਵਾਹੀ ਨਾ ਕੋਇ ਚਲਾਈਆ । ਸਿਮਰਤ ਸ਼ਾਸਤਰ ਨਾ ਕੋਈ ਵੇਦ ਪੁਰਾਨ, ਚਾਰੇ ਮੁਖ ਨਾ ਕੋਇ ਗਾਈਆ । ਭਗਤ ਭਗਵੰਤ ਨਾ ਕੋਇ ਨਿਸ਼ਾਨ, ਆਤਮ ਬ੍ਰਹਮ ਨਾ ਕੋਇ ਵਖਾਈਆ । ਗੋਪੀ ਦਿਸੇ ਨਾ ਕੋਈ ਕਾਹਨ, ਮੰਡਲ ਰਾਸ ਨਾ ਕੋਇ ਰਚਾਈਆ । ਬਿਰਧ ਬਾਲ ਨਾ ਕੋਇ ਜਵਾਨ, ਜਗਤ ਵਰੇਸ ਨਾ ਕੋਇ ਵਡਿਆਈਆ । ਨਾ ਕੋਈ ਪੀਣ ਨਾ ਕੋਈ ਖਾਣ, ਆਲਸ ਨਿੰਦਰਾ ਨਾ ਕੋਇ ਉਪਜਾਈਆ । ਨਾਰ ਕੰਤ ਨਾ ਕਰੇ ਪਛਾਣ, ਸੁਹੰਜਣੀ ਸੇਜ ਨਾ ਕੋਇ ਹੰਢਾਈਆ । ਨਾ ਕੋਈ ਦਾਤਾ ਨਾ ਕੋਈ ਦੇਵੇ ਦਾਨ, ਅੱਗੇ ਝੋਲੀ ਕੋਈ ਨਾ ਡਾਹੀਆ । ਨਾ ਕੋਈ ਤੀਰਥ ਕਰੇ ਅਸ਼ਨਾਨ, ਸਰ ਸਰੋਵਰ ਨਾ ਕੋਇ ਵਖਾਈਆ । ਨਾ ਕੋਈ ਸ਼ਬਦ ਨਾ ਕੋਈ ਗਿਆਨ, ਨਾ ਕੋਈ ਕਰੇ ਪੜ੍ਹਾਈਆ । ਨਾ ਕੋਈ ਦੀਨ ਮਜ਼ਬ ਦਿਸੇ ਈਮਾਨ, ਵਰਨ ਬਰਨ ਨਾ ਕੋਇ ਬਣਾਈਆ । ਨਾ ਕੋਇ ਸ਼ਰੀਅਤ ਅੰਜੀਲ ਕੁਰਾਨ, ਤੀਸ ਬਤੀਸਾ ਨਾ ਕੋਇ ਗਾਈਆ । ਈਸਾ ਮੂਸਾ ਨਾ ਕੋਇ ਪਰਧਾਨ, ਜਗਤ ਹਦੀਸਾ ਨਾ ਕੋਇ ਵਖਾਈਆ । ਸੰਗ ਮੁਹੰਮਦ ਨਾ ਕਰੇ ਕੋਈ ਪਰਵਾਨ, ਚਾਰ ਯਾਰ ਨਾ ਕੋਇ ਮਨਾਈਆ । ਨਾਨਕ ਗੋਬਿੰਦ ਨਾ ਕਰੇ ਕੋਈ ਧਿਆਨ, ਖਾਣੀ ਬਾਣੀ ਨਾ ਕੋਇ ਸੁਣਾਈਆ । ਇਕ ਅਕੱਲਾ ਹਰਿ ਭਗਵਾਨ, ਸਚਖੰਡ ਬੈਠਾ ਆਸਣ ਲਾਈਆ । ਸੀਸ ਛੱਤਰ ਝੁਲਾਏ ਸੱਤ ਰੰਗ ਨਿਸ਼ਾਨ, ਦੂਸਰ ਹੱਥ ਨਾ ਕੋਇ ਵਡਿਆਈਆ । ਆਦਿ ਜੁਗਾਦੀ ਮਿਹਰਵਾਨ, ਨਾ ਮਰੇ ਨਾ ਜਾਈਆ । ਆਪੇ ਜਾਣੇ ਆਪਣੀ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਚੌਥਾ ਘਰ ਸਚ ਦਰਵਾਜਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਇੰਦਾ । ਆਪੇ ਬਹਿ ਬਹਿ ਮਾਰੇ ਵਾਜਾ, ਆਪਣਾ ਨਾਉਂ ਆਪ ਅਲਾਇੰਦਾ । ਆਪੇ ਰਚਿਆ ਆਪਣਾ ਕਾਜਾ, ਆਪ ਆਪਣਾ ਮੰਗਲ ਗਾਇੰਦਾ । ਆਪ ਆਪਣਾ ਸਾਜਣ ਸਾਜਾ, ਆਪ ਆਪਣੀ ਰਚਨ ਰਚਾਇੰਦਾ । ਆਪ ਚਲਾਏ ਆਪਣਾ ਜਹਾਜਾ, ਆਪਣਾ ਬੇੜਾ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਸੱਤ ਰੰਗ ਨਿਸ਼ਾਨਾ ਕਰ ਤਿਆਰ, ਪੁਰਖ ਅਬਿਨਾਸ਼ੀ ਇਛਿਆ ਧਾਰ, ਆਪਣੀ ਭਿਛਿਆ ਝੋਲੀ ਪਾਇੰਦਾ । ਆਪਣੀ ਇਛਿਆ ਪੁਰਖ ਅਕਾਲ, ਆਪੇ ਆਪ ਪਰਗਟਾਈਆ ।

ਆਪੇ ਹੋਇਆ ਦੀਨ ਦਿਆਲ, ਆਪਣੀ ਦਇਆ ਆਪ ਕਮਾਈਆ । ਆਪੇ ਵਸਿਆ ਆਪਣੀ ਸਚ ਸਚੀ ਧਰਮਸਾਲ, ਸਚਖੰਡ ਬੈਠਾ ਆਸਣ ਲਾਈਆ । ਆਪੇ ਕਰੇ ਆਪਣੀ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਆਪ ਆਪਣਾ ਬਣੇ ਦਲਾਲ, ਆਪ ਆਪਣੀ ਬੂਝ ਬੁਝਾਈਆ । ਸਿਰ ਛਤਰ ਸੋਹੇ ਸਤ ਰੰਗ ਨਿਸ਼ਾਨ, ਦੂਜੀ ਵਸਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਗਣਤ ਗਣਾਈਆ । ਸਚਖੰਡ ਦਵਾਰਾ ਏਕੰਕਾਰਾ, ਨਿਰਗੁਣ ਨਿਰਗੁਣ ਆਪ ਸਮਾਇੰਦਾ । ਇਕ ਅਕੱਲਾ ਖੇਲ ਨਿਆਰਾ, ਦੂਜਾ ਕੋਇ ਨਾ ਜਾਣੇ ਪਾਰਾਵਾਰਾ, ਤੀਜੇ ਭੇਵ ਨਾ ਕੋਇ ਖੁਲਾਇੰਦਾ । ਚੌਥੇ ਰੂਪ ਅਗੰਮ ਅਪਾਰਾ, ਪੰਚਮ ਲਾਏ ਸਚ ਅਖਾੜਾ, ਆਪਣੀ ਧਾਰਾ ਆਪ ਬੰਧਾਇੰਦਾ । ਪਹਿਲੀ ਧਾਰ ਸੋ ਪੁਰਖ ਨਿਰੰਜਣ, ਆਪਣੀ ਵੰਡ ਵੰਡਾਈਆ । ਦੂਜੀ ਖੇਲ ਕਰੇ ਕਰਤਾਰ, ਦੋ ਦੋ ਮੇਲਾ ਸਹਿਜ ਸੁਭਾਈਆ । ਏਕੰਕਾਰਾ ਹੋ ਤਿਆਰ, ਆਪਣਾ ਰੂਪ ਆਪ ਪਰਗਟਾਈਆ । ਆਦਿ ਨਿਰੰਜਣ ਜੋਤ ਉਜਿਆਰ, ਅੰਦਰ ਵੜ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਪਾਵੇ ਸਾਰ, ਕਮਲਾਪਾਤੀ ਖੇਲ ਖਿਲਾਈਆ । ਪੰਚਮ ਸੋਹਿਣ ਇਕ ਦਵਾਰ, ਪੰਚਮ ਰੂਪ ਵਟਾਈਆ । ਅਧਵਿਚਕਾਰੇ ਚੜ ਨਿਰੰਕਾਰ, ਆਪਣਾ ਆਸਣ ਲਾਈਆ । ਉਚੀ ਕੂਕ ਕਰੇ ਪੁਕਾਰ, ਸੋ ਆਪਣਾ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਵੇਖੇ ਏਕਾ ਥਾਈਆ । ਪੰਚਮ ਰੂਪ ਅਪਾਰ, ਸੋ ਪੁਰਖ ਨਿਰੰਜਣ ਆਪ ਵਟਾਇਆ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਆਪ ਆਪਣਾ ਖੇਲ ਖਿਲਾਇਆ । ਏਕੰਕਾਰਾ ਹੋ ਤਿਆਰ, ਆਪਣੀ ਘਾੜਨ ਰਿਹਾ ਘੜਾਈਆ । ਆਦਿ ਨਿਰੰਜਣ ਕਰੇ ਸਚ ਪਿਆਰ, ਆਪ ਆਪਣਾ ਸੰਗ ਨਿਭਾਈਆ । ਸ੍ਰੀ ਭਗਵਾਨ ਏਕਾ ਧਾਰ, ਏਕਾ ਪਾਂਜਾ ਮੇਲ ਮਿਲਾਇਆ । ਦੋਹਾਂ ਵਿਚੋਲਾ ਆਪ ਕਰਤਾਰ, ਆਪੇ ਆਵੇ ਜਾਵੇ ਫੇਰਾ ਪਾਇਆ । ਪੰਚਮ ਮੇਲਾ ਸਚਖੰਡ, ਹਰਿ ਸਾਚਾ ਆਪ ਕਰਾਇੰਦਾ । ਆਪੇ ਕਰੇ ਆਪਣੀ ਵੰਡ, ਆਪੇ ਹੁਕਮ ਸੁਣਾਇੰਦਾ । ਆਪੇ ਦੇਵਣਹਾਰਾ ਗੰਢ, ਆਪੇ ਆਪਣੀ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਪੰਚਮ ਘਰ ਪੰਚਮ ਮੇਲਾ ਪੰਚ ਪਰਧਾਨ, ਪੰਚਾਂ ਵੇਖ ਵਖਾਇੰਦਾ । ਪੰਚਮ ਦੇਵੇ ਆਪਣਾ ਦਾਨ, ਪੰਚਮ ਆਪੇ ਮੰਗ ਮੰਗਾਇੰਦਾ । ਪੰਚਮ ਬਣੇ ਆਪੇ ਕਾਹਨ, ਆਪ ਆਪਣੀ ਖੇਲ ਖਿਲਾਇੰਦਾ । ਪੰਚਮ ਬਖਸ਼ੇ ਇਕ ਧਿਆਨ, ਏਕਾ ਰੂਪ ਦਰਸਾਇੰਦਾ । ਪੰਚਮ ਕਰੇ ਇਕ ਪਹਿਚਾਨ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਜੋੜ ਜੁੜਾਇੰਦਾ । ਸੋ ਪੁਰਖ ਨਿਰੰਜਣ ਹਰਿ ਪੁਰਖ ਨਿਰੰਜਣ ਜੁੜਿਆ ਜੋੜ, ਕਰ ਕਿਰਪਾ ਆਪ ਜੁੜਾਇੰਦਾ । ਏਕੰਕਾਰਾ ਚੜ੍ਹਿਆ ਘੋੜ, ਆਪੇ ਵੇਖ ਵਖਾਇੰਦਾ । ਆਦਿ ਨਿਰੰਜਣ ਸ੍ਰੀ ਭਗਵਾਨ ਜਾਏ ਬੌਹੜ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਡੋਰ ਬੰਧਾਇੰਦਾ । ਪੰਚਮ ਰੰਗ ਅਪਾਰ, ਪੰਚਮ ਜੋੜ ਜੁੜਾਈਆ । ਪੰਚਮ ਰੂਪ ਆਪ ਨਿਰੰਕਾਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਪੰਚਮ ਸ਼ਾਹ ਭੂਪ ਸਿਕਦਾਰ, ਪੰਚਮ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਸਚ ਸਚੀ ਸ਼ਹਿਨਸ਼ਾਹੀਆ । ਪੰਚਮ ਸ਼ਾਹ ਸੁਲਤਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਪੰਚਮ ਹੋਇਆ ਆਪ ਮਿਹਰਵਾਨ, ਆਪ ਆਪਣੀ ਦਇਆ ਕਮਾਇੰਦਾ । ਪੰਚਮ ਵੇਖੇ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪੰਚਮ ਵੇਖੇ ਮਾਰ ਧਿਆਨ, ਸੀਸ ਜਗਦੀਸ

ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਇੰਦਾ । ਆਪਣੀ ਇਛਿਆ ਆਪੇ ਕਰ, ਆਪੇ ਖੇਲ ਖਿਲਾਈਆ । ਆਪਣੀ ਭਿਛਿਆ ਆਪੇ ਭਰ, ਆਪਣੀ ਵੰਡ ਵੰਡਾਈਆ । ਆਪਣਾ ਘਾੜਨ ਆਪੇ ਘੜ, ਆਪ ਆਪਣੀ ਰਚਨ ਰਚਾਈਆ । ਆਪਣਾ ਸੀਸ ਆਪਣੇ ਅੱਗੇ ਧਰ, ਆਪੇ ਵੇਖ ਵਖਾਈਆ । ਆਪੇ ਤਖਤ ਨਿਵਾਸੀ ਜਾਏ ਬਣ, ਸ਼ਾਹੋ ਸ਼ਾਬਾਸੀ ਬੇਪਰਵਾਹੀਆ । ਆਪੇ ਪੰਚਮ ਮੁਖ ਤਾਜ ਫੜ, ਨਿਰਗੁਣ ਆਪਣੇ ਸੀਸ ਟਿਕਾਈਆ । ਅਬਿਨਾਸ਼ੀ ਕਰਤਾ ਸਚਖੰਡ ਦਵਾਰੇ ਬੈਠਾ ਚੜ੍ਹ, ਆਪ ਆਪਣਾ ਹੁਕਮ ਚਲਾਈਆ । ਪਾਰਬ੍ਰਹਮ ਹਰਿ ਲਿਆ ਫੜ, ਦੇ ਮਤ ਰਿਹਾ ਸਮਝਾਈਆ । ਪੰਚਮ ਤਾਜ ਸੀਸ ਟਿਕਾਇਆ, ਹਰਿ ਜਗਦੀਸ ਵੱਡੀ ਵਡਿਆਈਆ । ਅਬਿਨਾਸ਼ੀ ਕਰਤਾ ਦਰ ਦਰਬਾਨ ਬਹਾਇਆ, ਦੇਵੇ ਹੁਕਮ ਸਿਫ਼ਤ ਸਲਾਹੀਆ । ਪਾਰਬ੍ਰਹਮ ਦਰ ਸਦ ਬਹਾਇਆ, ਧੁਰ ਫ਼ਰਮਾਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਚਮ ਮੁਖ ਭੇਵ ਖੁਲਾਈਆ । ਪੰਚਮ ਮੁਖ ਭੇਵ ਖੁਲੌਣਾ, ਹਰਿ ਤਾਜ ਵੱਡੀ ਵਡਿਆਈਆ । ਚਾਰ ਮੁਖ ਚਾਰ ਜੁਗ ਚਾਰ ਵੇਦ ਪਾਠ ਪੜ੍ਹੌਣਾ, ਚਾਰ ਵਰਨ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁਖ ਆਪ ਵਡਿਆਈਆ । ਪੰਚਮ ਮੁਖ ਏਕੰਕਾਰ, ਆਪਣਾ ਘਰ ਵਖਾਇੰਦਾ । ਸੋ ਪੁਰਖ ਨਿਰੰਜਣ ਭਰ ਭੰਡਾਰ, ਹੰ ਬ੍ਰਹਮ ਵਿਚ ਸਮਾਇੰਦਾ । ਹੰ ਰੂਪ ਕਰ ਸਾਕਾਰ, ਵਿਸ਼ਨੂੰ ਆਪਣਾ ਖੇਲ ਖਿਲਾਇੰਦਾ । ਆਪੇ ਭਰੇ ਸਤਿ ਭੰਡਾਰ, ਆਪਣਾ ਕਵਲ ਰੂਪ ਵਟਾਇੰਦਾ । ਆਪੇ ਪੰਖੜੀ ਬਣ ਖਿਲੇ ਗੁਲਜ਼ਾਰ, ਸਚ ਬਹਾਰ ਆਪ ਜਣਾਇੰਦਾ । ਆਪੇ ਬ੍ਰਹਮ ਹੋਏ ਬਾਹਰ, ਹੰ ਆਪਣਾ ਨਾਉਂ ਰਖਾਇੰਦਾ । ਆਪੇ ਵਸਿਆ ਧੂਆਂਧਾਰ, ਸੁੰਨ ਅਗੰਮੀ ਡੇਰਾ ਲਾਇੰਦਾ । ਆਪੇ ਸ਼ੰਕਰ ਕਰ ਤਿਆਰ, ਸਾਖਯਾਤ ਰੂਪ ਦਰਸਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਰੂਪ ਵਟਾਇੰਦਾ । ਸੋ ਪੁਰਖ ਅਕਾਲ, ਹਰਿ ਵੱਡਾ ਵਡ ਵਡਿਆਈਆ । ਹੰ ਉਪਾਏ ਆਪਣੇ ਲਾਲ, ਬ੍ਰਹਮਾ ਵਿਸ਼ਨ ਸ਼ਿਵ ਵੱਜੀ ਵਧਾਈਆ । ਆਪੇ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਤ੍ਰੈਗੁਣ ਮਾਇਆ ਆਪ ਦਲਾਲ, ਆਪਣਾ ਵਣਜ ਆਪ ਵਖਾਈਆ । ਸਾਂਤਕ ਵਿਸ਼ਨੂੰ ਕਰੇ ਪ੍ਰਿਤਪਾਲ, ਸਤਿ ਸਤਿ ਸਤਿ ਬੁਝਾਈਆ । ਰਾਜਸ ਬ੍ਰਹਮੇ ਝੋਲੀ ਦੇਵੇ ਡਾਲ, ਦੇ ਮਤ ਇਕ ਸਮਝਾਈਆ । ਤਾਮਸ ਸ਼ੰਕਰ ਬੱਧਾ ਕਾਲ, ਸਾਚਾ ਸਗਨ ਮਨਾਈਆ । ਤਿੰਨਾ ਵਿਚੋਲਾ ਖੇਲ ਕਿਰਪਾਲ, ਕਰਨੀ ਕਰਤਾ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਸਾਚਾ ਤਾਜ, ਧੁਰਦਰਗਾਹੀ ਏਕਾ ਰਾਜ, ਆਦਿ ਜੁਗਾਦੀ ਕਰੇ ਕਾਜ, ਭੇਵ ਕੋਇ ਨਾ ਪਾਈਆ । ਚਾਰੇ ਮੁਖ ਹਰਿ ਭਗਵਾਨ, ਆਪਣੀ ਖੇਲ ਖਿਲਾਈਆ । ਬ੍ਰਹਮੇ ਦੇਵੇ ਏਕਾ ਦਾਨ, ਏਕਾ ਬੂਝ ਬੁਝਾਈਆ । ਚਾਰੋਂ ਕੁੰਟ ਜਗਤ ਗਿਆਨ, ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਈਆ । ਚਾਰੇ ਯੁਗ ਵੰਡੀ ਵੰਡ, ਚਾਰੇ ਮੁਖ ਸਲਾਹਿੰਦਾ । ਲੇਖਾ ਜਾਣੇ ਉਤਭੁਜ ਸੇਤਜ ਜੇਰਜ ਅੰਡ, ਆਪ ਆਪਣਾ ਲੇਖ ਲਿਖਾਇੰਦਾ । ਆਪੇ ਸੁੱਤਾ ਰਹੇ ਦੇ ਕਰ ਕੰਡ, ਆਪ ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਹਰਿ ਹਰਿ ਖੇਲ ਖਿਲਾਇਆ, ਸਚਖੰਡ ਨਿਵਾਸੀ ਸਚਖੰਡ ਦਵਾਰਾ ਇਕ ਸੁਹਾਇੰਦਾ । ਪੰਚਮ

ਮੁਖ ਤਾਜ ਉਪਾਇਆ, ਪੁਰਖ ਅਬਿਨਾਸ਼ੀ ਭੇਵ ਨਾ ਆਇੰਦਾ । ਚਾਰ ਮੁਖ ਜਗਤ ਜਗਾਇਆ, ਚਾਰ ਖਾਣੀ ਲੇਖ ਲਿਖਾਇੰਦਾ । ਪੰਚਮ ਬਹਿ ਬਹਿ ਆਪਣਾ ਆਸਣ ਲਾਇਆ, ਆਪ ਆਪਣੀ ਕਲ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇਆ, ਧੁਰ ਫ਼ੁਰਮਾਨਾ ਆਪ ਜਣਾਇੰਦਾ । ਸਾਚਾ ਰਾਣਾ ਆਪ ਹੋ ਜਾਇਆ, ਲਖ ਚੁਰਾਸੀ ਰੱਯਤ ਇਕ ਵਖਾਇੰਦਾ । ਧੁਰ ਦਾ ਗਾਣਾ ਆਪ ਸੁਣਾਇਆ, ਆਪ ਆਪਣਾ ਨਾਉਂ ਉਪਜਾਇੰਦਾ । ਆਪਣਾ ਬਾਣਾ ਆਪ ਉਠਾਇਆ, ਦਿਸ ਕਿਸੇ ਨਾ ਆਇੰਦਾ । ਆਪਣੀ ਕੁੱਖੋਂ ਆਪਣਾ ਆਪ ਆਪੇ ਜਾਇਆ, ਮਾਤ ਪਿਤ ਨਾ ਕੋਇ ਬਣਾਇੰਦਾ । ਲੱਖ ਚੁਰਾਸੀ ਤੇਰਾ ਦਾਈ ਦਾਇਆ, ਪੁਰਖ ਅਕਾਲ ਇਕ ਅਖਵਾਇੰਦਾ । ਤ੍ਰੈਗੁਣ ਮਾਇਆ ਰੱਖੀ ਛਾਇਆ, ਲੱਖ ਚੁਰਾਸੀ ਪੜਦਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਆਪਣਾ ਭੇਵ ਖੁਲਾਇਆ, ਗੁਰ ਪੀਰ ਅਵਤਾਰ ਸਾਧ ਸੰਤ ਮਾਤ ਘਲਾਇੰਦਾ । ਆਪਣੇ ਭਾਣੇ ਸਰਬ ਰਖਾਇਆ, ਹੁਕਮੀ ਹੁਕਮ ਆਪ ਚਲਾਇੰਦਾ । ਨਿਉਂ ਨਿਉਂ ਸੀਸ ਰਹੇ ਝੁਕਾਇਆ, ਪੰਜ ਤਤ ਚੋਲਾ ਜੋ ਹੰਢਾਇੰਦਾ । ਸ਼ਬਦ ਅਨਾਦੀ ਵਿਚ ਟਿਕਾਇਆ, ਗੁਰ ਗੁਰ ਦੇ ਬੁਝਾਇੰਦਾ । ਆਪਣਾ ਆਪ ਹਰਿ ਆਪਣੇ ਧਾਮ ਵਸਾਇਆ, ਲੇਖਾ ਲੇਖ ਨਾ ਕੋਇ ਵਖਾਇੰਦਾ । ਨੌਂ ਸਤ ਨਾ ਕਲ ਕੋਇ ਵੰਡ ਵੰਡਾਇਆ, ਅਕਲ ਕਲ ਧਾਰੀ ਆਪ ਹੋ ਜਾਇੰਦਾ । ਸਤਿਜੁਗ ਤਰੇਤਾ ਦੁਆਪਰ ਵੇਖ ਵਖਾਇਆ, ਕਲਜੁਗ ਅੰਤਮ ਭੇਵ ਚੁਕਾਇੰਦਾ । ਨਿਰਗੁਣ ਰੂਪ ਨਿਹਕਲੰਕ ਜਾਮਾ ਪਾਇਆ, ਜਾਗਰਤ ਜੋਤ ਇਕ ਜਗਾਇੰਦਾ । ਤੁਰੀਆ ਰਾਗ ਇਕ ਸੁਣਾਇਆ, ਸੁਫਨ ਸਖੋਪਤ ਜਾਗਰਤ ਨਾ ਕੋਇ ਮਨਾਇੰਦਾ । ਆਪਣਾ ਭੇਵ ਆਪ ਖੁਲਾਇਆ, ਗੁਰ ਪੀਰ ਅਵਤਾਰ ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸੀਸ ਸਰਬ ਨਿਵਾਇੰਦਾ । ਸਚਖੰਡ ਦਵਾਰਾ ਲੋਕਮਾਤ ਵਖਾਇਆ, ਸੋਲਾਂ ਕਲਾ ਪੰਧ ਮੁਕਾਇੰਦਾ । ਸੰਮਤ ਸੋਲਾਂ ਚੜ੍ਹ ਕੇ ਆਇਆ, ਗੜ੍ਹ ਹੰਕਾਰੀ ਆਪ ਤੁੜਾਇੰਦਾ । ਧੁਰ ਦਰਬਾਨਾ ਸਤ ਰੰਗ ਨਿਸ਼ਾਨਾ ਫੜ ਕੇ ਆਇਆ, ਲੋਕਮਾਤ ਆਪ ਚੜ੍ਹਾਇੰਦਾ । ਸੋਹੰ ਅੱਖਰ ਏਕਾ ਪੜ੍ਹ ਕੇ ਆਇਆ, ਲੱਖ ਚੁਰਾਸੀ ਆਪ ਪੜ੍ਹਾਇੰਦਾ । ਆਪਣੀ ਜੋਤੀ ਆਪੇ ਸੜ ਕੇ ਆਇਆ, ਤ੍ਰੈਗੁਣ ਮਾਇਆ ਨਾ ਅਗਨ ਲਗਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰੇ ਵੜ ਕੇ ਆਇਆ, ਆਪ ਆਪਣਾ ਬੰਕ ਖੁਲਾਇੰਦਾ । ਆਪਣਾ ਭਾਣਾ ਆਪਣੇ ਹੱਥ ਤੇ ਧਰ ਕੇ ਆਇਆ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਆਪਣਾ ਖੰਡਾ ਆਪੇ ਫੜ ਕੇ ਆਇਆ, ਤਿਖੀ ਧਾਰ ਨਾ ਕੋਇ ਵਖਾਇੰਦਾ । ਪੰਚਮ ਮੁਖ ਤਾਜ ਸੀਸ ਆਪਣੇ ਧਰ ਕੇ ਆਇਆ, ਲੋਕਮਾਤ ਆਪ ਉਪਜਾਇੰਦਾ । ਸਾਢੇ ਤਿੰਨ ਹੱਥ ਸਿੰਘਾਸਣ ਉਪਰ ਚੜ੍ਹ ਕੇ ਆਇਆ, ਪੁਰਖ ਅਕਾਲ ਵੇਸ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰਾਹ ਵਿਚ ਆਪੇ ਫੜ ਕੇ ਆਇਆ, ਆਪ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਨਿਰਗੁਣ ਘੜਿਆ ਪੰਚਮ ਮੁਖ ਤਾਜ, ਆਦਿ ਆਦਿ ਹਰਿ ਵਡਿਆਈਆ । ਧੁਰ ਦਰਗਾਹੀ ਸੱਚਾ ਰਾਜ, ਹਰਿ ਕਰੇ ਸਚ ਸ਼ਹਿਨਸ਼ਾਹੀਆ । ਕਲਜੁਗ ਅੰਤਮ ਰਚਿਆ ਕਾਜ, ਨੌਂ ਨੌਂ ਚਾਰ ਦਏ ਗਵਾਹੀਆ । ਆਪਣੀ ਸ਼ਬਦ ਅਗੰਮੀ ਮਾਰ ਵਾਜ, ਆਪ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵਕਤ ਸੁਹਾਈਆ । ਵਕਤ ਸੁਹਾਵਣਾ ਪੁਰਖ ਅਕਾਲ, ਲੋਕਮਾਤ ਵੱਜੀ ਵਧਾਈਆ । ਹਰਿਜਨ ਸਾਚੇ ਵੇਖੇ ਲਾਲ, ਦੀਨ ਦਿਆਲ ਦਇਆ ਕਮਾਈਆ । ਚਰਨ ਚੁੰਮੇ ਕਾਲ ਮਹਾਂਕਾਲ, ਦਰ ਬੈਠਨ ਸੀਸ ਨਿਵਾਈਆ । ਬ੍ਰਹਮਾ ਵਿਸ਼ਨ

ਸ਼ਿਵ ਹੋਇਣ ਬੇਹਾਲ, ਨੇਤਰ ਰੋ ਰੋ ਨੀਰ ਵਹਾਈਆ । ਕਰੋੜ ਤੇਤੀਸ ਨਾ ਮਿਲੇ ਕੋਈ ਦਲਾਲ, ਬੇੜਾ ਪਾਰ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਚਲੀ ਅਵਲੜੀ ਚਾਲ, ਵੇਦ ਕਤੇਬ ਭੇਵ ਨਾ ਰਾਈਆ । ਕੋਟਨ ਕੋਟ ਸਾਧ ਸੰਤ ਘਾਲਣਾ ਗਏ ਘਾਲ, ਲੇਖਾ ਲਿਖ ਨਾ ਸਕੇ ਰਾਈਆ । ਨਾਨਕ ਕਬੀਰੇ ਲਿਆ ਭਾਲ, ਸਚਖੰਡ ਵੱਜੀ ਵਧਾਈਆ । ਕਲਜੁਗ ਅੰਤਮ ਖੇਲ ਨਿਰਾਲ, ਪੁਰਖ ਅਬਿਨਾਸ਼ੀ ਆਪ ਕਰਾਈਆ । ਪਹਿਲੋਂ ਫੜਿਆ ਸਿੰਘ ਪਾਲ, ਆਪ ਆਪਣੇ ਅੰਗ ਲਗਾਈਆ । ਦੂਜੇ ਵਜਾਇਆ ਸਾਚਾ ਤਾਲ, ਪੂਤ ਸਪੂਤਾ ਵੇਖ ਵਖਾਈਆ । ਪੁਤ ਪੋਤਰੇ ਦੇਵੇ ਸੱਚਾ ਧੰਨ ਮਾਲ, ਨਾਮ ਖਜਾਨਾ ਇਕ ਵਖਾਈਆ । ਲਗੇ ਫਲ ਸਚੇ ਡਾਲ, ਲੋਕਮਾਤ ਆਪ ਮਹਿਕਾਈਆ । ਗੋਬਿੰਦ ਤੇਰੀ ਕਾਇਆ ਮਾਟੀ ਖਾਲ, ਕਾਇਆ ਉਡਦੀ ਦਿਸੇ ਸ਼ਾਹੀਆ । ਤੇਰਾ ਹੋਇਆ ਨਾ ਵਿੰਗਾ ਵਾਲ, ਘੋੜੇ ਚੜ੍ਹਿਆ ਸਾਚਾ ਮਾਹੀਆ । ਪੁਰਖ ਅਬਿਨਾਸ਼ੀ ਲਏ ਭਾਲ, ਲੋਆਂ ਪੁਰੀਆਂ ਵੇਖ ਵਖਾਈਆ । ਦੁਸ਼ਟ ਦਮਨ ਘਾਲੀ ਘਾਲ, ਸਪਤ ਸਰਿੰਗ ਹੇਮ ਕੁੰਟ ਫੋਲ ਫੁਲਾਈਆ । ਸਤ ਰੰਗ ਨਿਸ਼ਾਨਾ ਤੇਰੇ ਹੱਥ ਫੜਾਏ ਦੀਨ ਦਿਆਲ, ਲੋਕਮਾਤ ਦਏ ਚੜ੍ਹਾਈਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਰਾਜ ਜੋਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅਗਲਾ ਲੇਖਾ ਆਪਣਾ ਬੰਦ ਰਖਾਈਆ ।



## ✱ ੭ ਫੱਗਣ ੨੦੧੬ ਬਿਕ੍ਰਮੀ ਤਾਰਾ ਸਿੰਘ ਦੇ ਘਰ ਪਿੰਡ ਚੰਬਲ ਜਿਲਾ ਅੰਮ੍ਰਿਤਸਰ ✱

੨੫੦

ਹਰਿ ਸਤਿਗੁਰ ਸਚਾ ਪਾਤਸ਼ਾਹ, ਰੂਪ ਰੰਗ ਨਾ ਕੋਇ ਜਣਾਈਆ । ਪੁਰਖ ਅਬਿਨਾਸ਼ੀ ਦਾਤਾ ਬੇਪਰਵਾਹ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਇਕ ਮਲਾਹ, ਆਪਣਾ ਵੇਸ ਵਟਾਈਆ । ਏਕੰਕਾਰਾ ਸਿਫਤ ਸਲਾਹ, ਮਹਿਮਾ ਗਣਤ ਗਣੀ ਨਾ ਜਾਈਆ । ਅਲੱਖ ਅਗੋਚਰ ਅਗੰਮ ਅਥਾਹ, ਹਰਿ ਪੁਰਖ ਨਿਰੰਜਣ ਸਹਿਜ ਸੁਖਦਾਈਆ । ਵਸਣਹਾਰਾ ਸਾਚੇ ਥਾਂ, ਸਚਖੰਡ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਚਾ ਇਕ ਅਖਵਾਈਆ । ਸਤਿਗੁਰ ਸਚਾ ਏਕੰਕਾਰ, ਇਕ ਅਕੱਲਾ ਹਰਿ ਅਖਵਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਸਾਚੀ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਦੋ ਜਹਾਨਾਂ ਇਕ ਆਧਾਰ, ਏਕਾ ਬੰਧਨ ਪਾਇੰਦਾ । ਲੋਕਮਾਤ ਲੈ ਅਵਤਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਭਗਤਨ ਕਰੇ ਇਕ ਪਿਆਰ, ਆਪ ਆਪਣੀ ਬੂਝ ਬੁਝਾਇੰਦਾ । ਸੰਤਨ ਮੇਲਾ ਧੁਰ ਦਰਬਾਰ, ਦਰ ਘਰ ਸਾਚਾ ਇਕ ਸੁਹਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ । ਗੁਰਸਿਖ ਨੱਯਾ ਜਾਏ ਤਾਰ, ਆਪਣਾ ਬੇੜਾ ਆਪ ਚਲਾਇੰਦਾ । ਖੇਲੇ ਖੇਲ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਭੇਵ ਨਾ ਆਇੰਦਾ । ਸਤਿਗੁਰ ਪੂਰਾ ਹਰਿ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਹਰਿਜਨ ਮੇਲੇ ਸਾਚੇ ਸੰਤ, ਆਪ ਆਪਣੇ ਰੰਗ ਰੰਗਾਈਆ । ਗੁਰਮੁਖ ਬਣਾਏ ਆਪਣੀ ਬਣਤ, ਆਪ ਆਪਣਾ ਭੇਵ ਖੁਲਾਈਆ । ਗੁਰਸਿਖ ਰਲਾਏ ਸਾਚੀ ਸੰਗਤ, ਸਗਲਾ ਸੰਗ ਆਪ ਨਿਭਾਈਆ । ਦੂਸਰ ਦਰ ਨਾ ਜਾਏ ਮੰਗਤ, ਗੁਰ ਪੂਰੇ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ

ਵਡਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਵਡ ਸੁਲਤਾਨ, ਮਹਿਮਾ ਅਪਰ ਅਪਾਰਿਆ । ਵਸਣਹਾਰਾ ਸਚ ਮਕਾਨ, ਥਿਰ ਘਰ ਵਾਸੀ ਕਰ ਪਸਾਰਿਆ । ਦੇਵਣਹਾਰਾ ਏਕਾ ਦਾਨ, ਏਕੰਕਾਰਾ ਆਪ ਅਖਵਾ ਰਿਹਾ । ਸਾਚਾ ਖੇਲ ਸ੍ਰੀ ਭਗਵਾਨ, ਭਗਤਨ ਆਪਣਾ ਵੇਸ ਵਟਾ ਲਿਆ । ਸ਼ਬਦ ਅਨਾਦੀ ਇਕ ਗਿਆਨ, ਵਡ ਧਨਾਡੀ ਆਪ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾ ਲਿਆ । ਸਤਿਗੁਰ ਪੂਰਾ ਹਰਿ ਭਗਵਾਨਾ, ਅਵਰ ਨਾ ਕੋਇ ਦਸਾਇੰਦਾ । ਗੁਰ ਗੁਰ ਰੂਪ ਵਿਚ ਜਹਾਨਾ, ਆਪਣਾ ਮੇਲ ਮਿਲਾਇੰਦਾ । ਗੁਰਮੁਖ ਕਰੇ ਜਗਤ ਪਰਧਾਨਾ, ਸ਼ਬਦ ਸ਼ਬਦੀ ਨਾਦ ਵਜਾਇੰਦਾ । ਗੁਰਸਿਖਾਂ ਬਖਸ਼ੇ ਚਰਨ ਧਿਆਨਾ, ਚਾਤ੍ਰਿਕ ਤ੍ਰਿਖਾ ਆਪ ਬੁਝਾਇੰਦਾ । ਜੁਗਾ ਜੁਗੰਤਰ ਦੇਵੇ ਧੁਰ ਫ਼ਰਮਾਨਾ, ਸ਼ਬਦ ਅਗੰਮੀ ਬੋਲ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪੂਰਾ ਸ਼ਬਦ ਭੰਡਾਰ, ਗੁਰ ਗੁਰ ਝੋਲੀ ਆਪ ਭਰਾਈਆ । ਗੁਰ ਗੁਰ ਪੂਰਾ ਬਣ ਵਰਤਾਰ, ਗੁਰਮੁਖਾਂ ਦੇਵੇ ਥਾਉਂ ਥਾਈਆ । ਗੁਰਮੁਖ ਸਾਚਾ ਬੋਲ ਜੈਕਾਰ, ਗੁਰਸਿਖ ਸੱਜਣ ਲਏ ਉਠਾਈਆ । ਗੁਰਸਿਖ ਨਿਉਂ ਨਿਉਂ ਕਰੇ ਸਦਾ ਨਿਮਸਕਾਰ, ਦਰ ਸਾਚੇ ਸੀਸ ਝੁਕਾਈਆ । ਲੋਕਮਾਤੀ ਖੇਲ ਨਿਆਰ, ਨਿਰਗੁਣ ਸਰਗੁਣ ਆਪ ਕਰਾਈਆ । ਕਮਲਾਪਾਤੀ ਮੀਤ ਮੁਰਾਰ, ਪੀਤ ਪੀਤੰਬਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖਤ ਤਾਜ ਇਕ ਸੁਹਾਈਆ । ਤਖ਼ਤ ਤਾਜ ਹਰਿ ਨਰਾਇਣ, ਨਿਰਗੁਣ ਆਪਣਾ ਆਪ ਸੁਹਾਇੰਦਾ । ਗੁਰ ਗੁਰ ਬਖ਼ਸ਼ੇ ਏਕਾ ਨੈਣ, ਆਪ ਆਪਣੀ ਅੱਖ ਵਖਾਇੰਦਾ । ਗੁਰਮੁਖਾਂ ਚੁਕਾਏ ਲਹਿਣਾ ਦੇਣ, ਜੁਗ ਜੁਗ ਮਾਰਗ ਆਪੇ ਲਾਇੰਦਾ । ਗੁਰਸਿਖ ਬਣਾਏ ਸਾਕ ਸੱਜਣ ਸੈਣ, ਬੰਸ ਸਰਬੰਸ ਵੇਖ ਵਖਾਇੰਦਾ । ਧਾਮ ਇਕੱਠੇ ਏਕਾ ਬਹਿਣ, ਦਰ ਘਰ ਸਾਚਾ ਇਕ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਸਤਿਗੁਰ ਸਚਾ ਹਰਿ ਨਿਰੰਕਾਰ, ਘਰ ਸਾਚੇ ਸੋਭਾ ਪਾਇੰਦਾ । ਸਤਿਗੁਰ ਪੂਰਾ ਬਣ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਗੁਰਮੁਖਾਂ ਦੇਵੇ ਸ਼ਬਦ ਆਧਾਰ, ਨਿਰਗੁਣ ਬਾਤੀ ਜੋਤ ਜਗਾਇੰਦਾ । ਗੁਰਸਿਖਾਂ ਦਰ ਬਣੇ ਭਿਖਾਰ, ਏਕਾ ਅਲਫ਼ੀ ਗਲ ਹੰਢਾਇੰਦਾ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹੋ ਭੂਪ ਆਪ ਅਖਵਾਇੰਦਾ । ਸ਼ਾਹੋ ਭੂਪ ਹਰਿ ਸਿਕਦਾਰ, ਦਰਗਾਹ ਸਾਚੀ ਆਪ ਸੁਹਾਈਆ । ਸਤਿਗੁਰ ਪੂਰਾ ਬਣ ਚੋਬਦਾਰ, ਲੋਕਮਾਤ ਸੇਵ ਕਮਾਈਆ । ਗੁਰਮੁਖਾਂ ਵਾਜਾਂ ਰਿਹਾ ਮਾਰ, ਸੋਏ ਲੋਕਮਾਤ ਉਠਾਈਆ । ਗੁਰਮੁਖਾਂ ਫੜ ਫੜ ਬਾਹੋਂ ਦਏ ਉਠਾਲ, ਆਲਸ ਨਿੰਦਰਾ ਦਏ ਮਿਟਾਈਆ । ਲੱਖ ਚੁਰਾਸੀ ਵਿਚੋਂ ਭਾਲ, ਜਮ ਕੀ ਫਾਸੀ ਫੰਦ ਕਟਾਈਆ । ਸ਼ਬਦ ਸਰੂਪੀ ਬਣ ਦਲਾਲ, ਜਗਤ ਵਿਚੋਲਾ ਬੇਪਰਵਾਹੀਆ । ਏਕਾ ਦੱਸੇ ਰਾਹ ਸੁਖਾਲ, ਮਾਰਗ ਪੰਥ ਆਪ ਵਖਾਈਆ । ਆਪਣੀ ਘਾਲਨ ਆਪੇ ਘਾਲ, ਗੁਰਸਿਖਾਂ ਪੂਰਨ ਘਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਤਿਗੁਰ ਪੂਰਾ ਹਰਿ ਬਲਵਾਨ, ਬਲਧਾਰੀ ਆਪ ਅਖਵਾਇੰਦਾ । ਸਚਖੰਡ ਵਸੇ ਸਚ ਮਕਾਨ, ਥਿਰ ਘਰ ਆਪਣਾ ਆਸਣ ਲਾਇੰਦਾ । ਸਤਿ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇੰਦਾ । ਤਖ਼ਤ ਤਾਜ ਸ੍ਰੀ ਭਗਵਾਨ, ਆਪ ਆਪਣਾ ਵੇਖ ਵਖਾਇੰਦਾ । ਆਪੇ ਬੈਠਾ ਸਾਚਾ ਕਾਹਨ, ਆਪ ਆਪਣਾ ਦਰ ਸੁਹਾਇੰਦਾ । ਆਪੇ ਦੇਵੇ ਧੁਰ

ਫ਼ਰਮਾਨ, ਆਪ ਆਪਣਾ ਹੁਕਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੂਸ਼ਨ ਆਪ ਸੁਹਾਇੰਦਾ । ਆਪਣਾ ਭੂਸ਼ਨ ਹਰਿ ਨਿਰੰਕਾਰ, ਆਪੇ ਆਪ ਬਣਾਈਆ । ਆਪਣੇ ਘਰ ਕਰ ਤਿਆਰ, ਆਪੇ ਵੇਖ ਵਖਾਈਆ । ਆਪੇ ਤਾਗਾ ਸੂਤਰ ਵਟ ਚਾੜ੍ਹੇ ਗਿਰਵਰ ਗਿਰਧਾਰ, ਗਹਿਰ ਗੰਭੀਰ ਵੱਡੀ ਵਡਿਆਈਆ । ਆਪੇ ਤਾਣਾ ਤਣੇ ਅਪਰ ਅਪਾਰ, ਆਪੇ ਪੇਟਾ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਸਤਰ ਆਪ ਉਪਾਈਆ । ਆਪਣਾ ਬਸਤਰ ਕਰ ਤਿਆਰ, ਹਰਿ ਹਰਿ ਵੇਖ ਵਖਾਇੰਦਾ । ਆਪੇ ਸੀਵੇ ਸੀਵਣਹਾਰ, ਸਾਚੀ ਸੂਈ ਆਪ ਚਲਾਇੰਦਾ । ਲੇਖਾ ਜਾਣੇ ਏਕੰਕਾਰ, ਦੂਸਰ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਚਲਾਇੰਦਾ । ਸਤ ਰੰਗ ਸਤਿ ਕਰਤਾਰ, ਸਤਿ ਸਤਿਵਾਦ ਬਣਾਈਆ । ਆਪਣੀ ਵੰਡ ਵੰਡੇ ਬੇਐਬ ਪਰਵਰਦਿਗਾਰ, ਬਾਰਾਂ ਬਾਰਾਂ ਮੂਲ ਚੁਕਾਈਆ । ਏਕਾ ਦੂਜਾ ਕਰ ਪਿਆਰ, ਅੱਠ ਚਾਰ ਵੇਖ ਵਖਾਈਆ । ਚਾਰ ਮੁਖ ਖੋਲ੍ਹ ਕਿਵਾੜ, ਅੱਠ ਤਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਅਲਫ਼ੀ ਆਪ ਬਣਾਈਆ । ਸਾਚੀ ਅਲਫ਼ੀ ਹਰਿ ਮਿਹਰਵਾਨ, ਆਪਣੀ ਆਪ ਬਣਾਇੰਦਾ । ਸੱਤ ਰੰਗ ਵਖਾਏ ਇਕ ਨਿਸ਼ਾਨ, ਬਾਰਾਂ ਬਾਰਾਂ ਜੋੜ ਜੁੜਾਇੰਦਾ । ਸਚਖੰਡ ਦਵਾਰ ਕਰ ਪਰਵਾਨ, ਆਪਣਾ ਹੁਕਮ ਆਪ ਜਣਾਇੰਦਾ । ਨੌ ਸੌ ਚੁਰਾਨਵੇ ਚੌਕੜੀ ਸੁੱਤਾ ਰਿਹਾ ਬਣ ਅੰਞਾਣ, ਲੋਕਮਾਤ ਨਾ ਫੇਰਾ ਪਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਰਗੁਣ ਆਪਣਾ ਰੂਪ ਵਟਾਇੰਦਾ । ਖੇਲੇ ਖੇਲ ਦੋ ਜਹਾਨ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਆਪਣੀ ਅਲਫ਼ੀ ਆਪ ਉਪਾਇੰਦਾ । ਏਕਾ ਅਲਫ਼ੀ ਹਰਿ ਹਰਿ ਉਲਫ਼ਤ, ਮਹਿਮਾ ਗਣਤ ਗਣੀ ਨਾ ਜਾਈਆ । ਲੇਖਾ ਜਾਣੇ ਨਾ ਕੋਈ ਨਬੀ ਰਸੂਲ ਉਮਤ, ਅਮਾਮ ਅਮਾਮਾ ਵਡ ਵਡਿਆਈਆ । ਆਪੇ ਵਦੀ ਸੁਦੀ ਜਾਣੇ ਆਪਣਾ ਸੰਮਤ, ਗਹਿਰ ਗੰਭੀਰ ਭੇਵ ਨਾ ਰਾਈਆ । ਆਪੇ ਆਦਿ ਆਪੇ ਅੰਤ, ਹਰਿ ਭਗਵੰਤ ਖੇਲ ਖਿਲਾਈਆ । ਆਪ ਉਠਾਏ ਸਾਚੇ ਸੰਤ, ਸਾਚੀ ਸਿਖਿਆ ਇਕ ਸਿਖਾਈਆ । ਆਪੇ ਗੁਰਮੁਖ ਮਣੀਆ ਬਣੇ ਮੰਤ, ਨਾਮ ਨਾਮਾ ਆਪ ਦ੍ਰਿੜਾਈਆ । ਆਪੇ ਗੁਰਸਿਖ ਉਪਜਾਏ ਵਿਚੋਂ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਸ਼ੰਗਾਰ ਇਕ ਵਖਾਈਆ । ਨਿਰਗੁਣ ਆਪਣਾ ਵੇਸ ਵਟੌਣਾ, ਕਲਜੁਗ ਅੰਤਮ ਵੇਖ ਵਖਾਇੰਦਾ । ਸੱਤ ਰੰਗ ਨਿਸ਼ਾਨਾ ਇਕ ਚੜ੍ਹੌਣਾ, ਲੋਕਮਾਤ ਫੇਰਾ ਪਾਇੰਦਾ । ਸੀਸ ਤਾਜ ਇਕ ਰਖੌਣਾ, ਦਰ ਘਰ ਸਾਚਾ ਇਕ ਵਡਿਆਇੰਦਾ । ਬਸਤਰ ਤਨ ਇਕ ਛੁਹੌਣਾ, ਚੁਰਾਸੀ ਕਲੀਆਂ ਵੇਖ ਵਖਾਇੰਦਾ । ਸਤ ਬਾਰਾਂ ਜੋੜ ਜੁੜੌਣਾ, ਰੰਗ ਰੰਗੀਲਾ ਰੰਗ ਰੰਗਾਇੰਦਾ । ਸਾਢੇ ਤਿੰਨ ਹੱਥ ਲੰਬਾ ਮਿਣ ਕਰੌਣਾ, ਵਧ ਘਟ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਸਾਢੇ ਤਿੰਨ ਹੱਥ ਅਲਫ਼ੀ ਗਲ ਹਰਿ ਪਾ, ਲੋਕਮਾਤ ਵੇਖ ਵਖਾਈਆ । ਏਕਾ ਅਲਫ਼ ਦਏ ਪੜ੍ਹਾ, ਨਿਰਗੁਣ ਸਰਗੁਣ ਬੇਪਰਵਾਹੀਆ । ਐਨ ਅੱਖ ਦਏ ਖੁਲਾ, ਗੈਨ ਗ਼ਫਲਤ ਨਾ ਕੋਇ ਰਖਾਈਆ । ਨੁਕਤਾ ਨੂਨ ਦਏ ਮਿਟਾ, ਸੀਸ ਮੁਖ ਆਪ ਉਠਾਈਆ । ਆਪਣੀ ਤਰਮੀਮ ਆਪੇ ਦਏ ਕਰਾ, ਆਪਣਾ ਲੇਖਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅਲਫ਼ੀ ਤਨ ਸ਼ੰਗਾਰ, ਖੇਲੇ ਖੇਲ ਪੁਰਖ ਕਰਤਾਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ

ਸਾਚੀ ਡੋਰ, ਹਰਿ ਸ਼ਬਦੀ ਸ਼ਬਦ ਬੰਧਾਇੰਦਾ । ਵਸਣਹਾਰਾ ਅੰਧ ਘੋਰ, ਜੋਤ ਉਜਾਲਾ ਰੂਪ ਵਟਾਇੰਦਾ । ਸਤਿ ਸਤਿਵਾਦੀ ਚੜ੍ਹਿਆ ਘੋੜ, ਸ਼ਾਹ ਸਵਾਰ ਨਾਉਂ ਧਰਾਇੰਦਾ । ਲੋਆਂ ਪੁਰੀਆਂ ਰਿਹਾ ਦੌੜ, ਬ੍ਰਹਿਮੰਡਾਂ ਖੰਡਾਂ ਫੇਰਾ ਪਾਇੰਦਾ । ਗੁਰਮੁਖਾਂ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਵੇਖਣਹਾਰਾ ਮਿਠਾ ਕੌੜ, ਕੌੜਾ ਰੀਠਾ ਆਪ ਭੰਨਾਇੰਦਾ । ਕਲਜੁਗ ਅੰਤਮ ਗਿਆ ਬੌਹੜ, ਗੁਰ ਗੋਬਿੰਦ ਮੇਲਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅਲਫ਼ੀ ਹਰਿ ਕਰਤਾਰ, ਆਪਣੀ ਆਪ ਬਣਾਇੰਦਾ । ਅਲਫ਼ੀ ਤਨ ਸ਼ੰਗਾਰ, ਤ੍ਰੈਗੁਣ ਤਤ ਮਿਟਾਈਆ । ਖੇਲੇ ਖੇਲ ਅਗੰਮ ਅਪਾਰ, ਬ੍ਰਹਮ ਮਤ ਕਰੇ ਕੁੜਮਾਈਆ । ਚਾਰ ਵਰਨਾਂ ਇਕ ਅਧਾਰ, ਪੁਰਖ ਅਕਾਲ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤਰ ਕਲਜੁਗ ਖੇਤਰ ਆਪਣੇ ਨੇਤਰ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਧਰਾਈਆ ।

### ❋ ੭ ਫੱਗਣ ੨੦੧੯ ਬਿਕ੍ਰਮੀ ਸੋਹਣ ਸਿੰਘ ਦੇ ਘਰ ਤਰਨ ਤਾਰਨ ❋

ਹਰਿ ਬਾਢੀ ਛੰਨ ਛੁਹੰਦੜਾ, ਚਾਰ ਦੀਵਾਰ ਨਾ ਕੋਇ ਰਖਾਈਆ । ਆਪਣੀ ਸੇਵਾ ਆਪ ਕਮੰਦੜਾ, ਆਦਿ ਜੁਗਾਦਿ ਵੱਡੀ ਵਡਿਆਈਆ । ਸਾਚਾ ਰੰਗ ਇਕ ਰਗੰਦੜਾ, ਰੰਗ ਰੰਗੀਲਾ ਮੋਹਣ ਮਾਧਵ ਸਾਚਾ ਮਾਹੀਆ । ਸਤਿ ਦਰਵਾਜਾ ਇਕ ਖੁਲੰਦੜਾ, ਆਪ ਆਪਣਾ ਦਰ ਸਮਝਾਈਆ । ਦੀਪਕ ਜੋਤ ਇਕ ਜਗੰਦੜਾ, ਜੋਤੀ ਨੂਰ ਨੂਰ ਰੁਸ਼ਨਾਈਆ । ਸਾਚਾ ਧਾਮ ਆਪ ਸੁਹੰਦੜਾ, ਸੋਭਾਵੰਤ ਬੇਪਰਵਾਹੀਆ । ਸਾਚਾ ਖੇਲ ਆਪ ਖਲੰਦੜਾ, ਏਕੰਕਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਏਕਾ ਏਕ ਬੁਝਾਈਆ । ਸਾਚਾ ਬਾਢੀ ਹਰਿ ਪੁਰਖ ਸੁਲਤਾਨ, ਆਪਣੀ ਬਣਤ ਬਣਾਇੰਦਾ । ਸਚਖੰਡ ਬਣਾਏ ਸਚ ਮਕਾਨ, ਸਚ ਸਿੰਘਾਸਣ ਆਪ ਵਛਾਇੰਦਾ । ਸਾਚੀ ਸੇਜਾ ਕਰ ਪਰਵਾਨ, ਦਰ ਘਰ ਸਾਚੇ ਆਪ ਸੁਹਾਇੰਦਾ । ਉਪਰ ਬੈਠ ਨੌਜਵਾਨ, ਨਿਰਗੁਣ ਆਪਣਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵਾਸ ਧਰਾਇੰਦਾ । ਸਾਚਾ ਬਾਢੀ ਸੱਚਾ ਸ਼ਾਹ, ਘਰ ਸਾਚੇ ਸਚ ਸੁਹਾਇੰਦਾ । ਤਖ਼ਤ ਤਾਜ ਇਕ ਬਣਾ, ਆਪ ਆਪਣੇ ਮੰਦਰ ਡਾਹਿੰਦਾ । ਚਾਰੇ ਕੂਟਾਂ ਵੇਖ ਵਖਾ, ਦਹਿ ਦਿਸ਼ਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੇਵ ਕਮਾਇੰਦਾ । ਸਾਚਾ ਬਾਢੀ ਸਚ ਸਿੰਘਾਸਣ, ਹਰਿ ਸਾਚਾ ਸਚ ਉਪਜਾਈਆ । ਆਪ ਬਣਾਏ ਪੁਰਖ ਅਬਿਨਾਸ਼ਨ, ਪਰਮ ਪੁਰਖ ਬੇਪਰਵਾਹੀਆ । ਸਚ ਦਵਾਰੇ ਆਪ ਟਿਕਾਏ ਨਾ ਕੋਈ ਪ੍ਰਿਥਮੀ ਨਾ ਆਕਾਸ਼ਣ, ਪਾਵਾ ਚੂਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੂਤਰ ਆਪੇ ਲਾਈਆ । ਆਪਣਾ ਸੂਤਰ ਆਪੇ ਲਾ, ਹਰਿ ਆਪੇ ਵੇਖ ਵਖਾਇੰਦਾ । ਆਪੇ ਬਣਿਆ ਬੇਪਰਵਾਹ, ਆਪੇ ਚੀਰ ਚਰਾਇੰਦਾ । ਆਪੇ ਵੰਡੀ ਦੇਵੇ ਪਾ, ਆਪਣਾ ਹਿਸਾ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਆਪ ਸੁਹਾਇੰਦਾ । ਆਪੇ ਰੱਖ ਤਿਖਾ ਆਰਾ, ਆਪਣੀ ਧਾਰ ਚਲਾਇੰਦਾ । ਆਪੇ ਚੀਰੇ ਚੀਰਨਹਾਰਾ, ਸਿਧਾ ਚੀਰ ਇਕ

ਵਖਾਇੰਦਾ । ਆਪੇ ਫੜ ਸਚ ਕੁਹਾੜਾ, ਆਪਣੀ ਹੱਥੀਂ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਾਢੀ ਦਿਸ ਨਾ ਆਇੰਦਾ । ਸਾਚਾ ਬਾਢੀ ਉਠ ਬਲਵਾਨ, ਆਪਣਾ ਭਾਰ ਉਠਾਇੰਦਾ । ਸਚ ਲਗਾਏ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਇੰਦਾ । ਆਰ ਪਾਰ ਕਰੇ ਧਿਆਨ, ਅਧਵਿਚਕਾਰ ਨਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਸਚ ਸਿੰਘਾਸਣ ਆਪੇ ਠੋਕ, ਹਰਿ ਸਾਚਾ ਸੋਭਾ ਪਾਇੰਦਾ । ਆਪ ਰਖਾਏ ਉਪਰ ਚੌਦਾਂ ਲੋਕ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਉਪਰ ਬੈਠ ਪੜ੍ਹੇ ਸਲੋਕ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਹੰ ਬ੍ਰਹਮ ਨਾ ਸਕੇ ਕੋਇ ਰੋਕ, ਰੋਕਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇੰਦਾ । ਸਚ ਸਿੰਘਾਸਣ ਸਾਚੇ ਮੰਦਰ, ਹਰਿ ਸਾਚਾ ਸਚ ਸੁਹਾਇੰਦਾ । ਸਾਢੇ ਤਿੰਨ ਤਿੰਨ ਰੱਖੇ ਅੰਦਰੇ ਅੰਦਰ, ਤ੍ਰੈਲੋਕ ਭੇਵ ਨਾ ਆਇੰਦਾ । ਤਾਣਾ ਪੇਟਾ ਡੂੰਘੀ ਕੰਦਰ, ਗਹਿਰ ਗੰਭੀਰ ਆਪ ਉਣਾਇੰਦਾ । ਬੰਦ ਕਿਵਾੜੇ ਮਾਰ ਜੰਦਰ, ਦਰ ਘਰ ਸਾਚੇ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਾਢੀ ਖੇਲ ਖਿਲਾਇੰਦਾ । ਸਾਚਾ ਬਾਢੀ ਪਰਵਰਦਿਗਾਰ, ਤਖ਼ਤ ਤਾਜ ਸੁਹਾਇੰਦਾ । ਨੂਰ ਨੁਰਾਨਾ ਹੋ ਉਜਿਆਰ, ਸ਼ਾਹ ਸੁਲਤਾਨਾ ਆਸਣ ਲਾਇੰਦਾ । ਆਪਣਾ ਲੇਖਾ ਆਪ ਵਿਚਾਰ, ਲੇਖਾ ਲੇਖੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਥਾਹ ਬੇਪਰਵਾਹ ਸਿਫ਼ਤ ਸਲਾਹ ਆਪ ਜਣਾਇੰਦਾ । ਸਚ ਸਿੰਘਾਸਣ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਏਕਾ ਕੰਤ, ਘਰ ਸਾਚੇ ਮੰਗਲ ਗਾਇੰਦਾ । ੨੫੪
ਏਕੰਕਾਰਾ ਹੋਏ ਮੰਗਤ, ਆਦਿ ਨਿਰੰਜਣ ਸੰਗ ਰਖਾਇੰਦਾ । ਸ੍ਰੀ ਭਗਵਾਨ ਚਾੜ੍ਹੇ ਰੰਗਤ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਪਾਰਬ੍ਰਹਮ ਆਦਿ ਜੁਗਾਦਿ ਨਾ ਹੋਏ ਭੰਗਤ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਾਢੀ ਪੁਰਖ ਕਰਤਾਰ, ਬ੍ਰਹਮਾ ਵਿਸ਼ਨ ਸ਼ਿਵ ਲੱਖ ਚੁਰਾਸੀ ਘੜਨੇਹਾਰ, ਘੜ ਭੰਨੇ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਖੇਲ ਨਿਆਰਾ, ਜੁਗਾ ਜੁਗੰਤਰ ਮਾਤ ਅਵਤਾਰਾ, ਭਗਤਨ ਕਰੇ ਸਚ ਪਿਆਰਾ, ਦੂਤ ਦੁਸ਼ਟ ਦਰ ਦੁਰਕਾਈਆ ।

### ❋ ੧੪ ਫੱਗਣ ੨੦੧੬ ਬਿਕ੍ਰਮੀ ਦਿਲੀ ਦਰਬਾਰ ਵਿਚ ਲਿਖਤ ਹੋਈ ਪਹਾੜ ਗੰਜ ਗਲੀ ਨੰ ੭ ਮੁਲਤਾਨੀ ਢਾਂਡਾ ਮਕਾਨ ਨੰ ੬੭੮੬ ❋

ਪੀਤ ਪੀਤੰਬਰ ਸੋਹੇ ਸੀਸ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਹਰਿ ਜਗਦੀਸ, ਏਕੰਕਾਰਾ ਭੇਵ ਨਾ ਰਾਈਆ । ਆਦਿ ਨਿਰੰਜਣ ਬੀਸ ਇਕੀਸਾ, ਰਾਗ ਛਤੀਸ ਭੇਵ ਨਾ ਰਾਈਆ । ਸ੍ਰੀ ਭਗਵਾਨ ਤੀਸ ਬਤੀਸ, ਰਸਨਾ ਜੇਹਵਾ ਨਾ ਸਕੇ ਗਾਈਆ । ਅਬਿਨਾਸ਼ੀ ਕਰਤਾ ਇਕ ਹਦੀਸ, ਆਦਿ ਜੁਗਾਦੀ ਆਪ ਚਲਾਈਆ । ਪਾਰਬ੍ਰਹਮ ਨਿਰਗੁਣ ਆਪਣਾ ਪੀਸਣ ਪੀਸ, ਸੇਵਕ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਖਿਲਾਈਆ । ਪੀਤ ਪਿਤੰਬਰ ਹਰਿ ਭਗਵਾਨ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ ।

ਸਚ ਸਵੰਬਰ ਦੋ ਜਹਾਨ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕੰਕਾਰਾ ਨੌਜਵਾਨ, ਆਪ ਆਪਣਾ ਸਗਨ ਮਨਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰ ਧਿਆਨ, ਆਪ ਆਪਣਾ ਬਲ ਧਰਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਖੇਲ ਆਪਣਾ ਆਪ ਖਿਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਸਤਿ ਸਤਿਵਾਦੀ ਸਤਿ ਵਿਧਾਨ, ਸਤਿ ਸਰੂਪੀ ਆਪ ਬਣਾਇੰਦਾ । ਆਪੇ ਸਖੀ ਆਪੇ ਕਾਹਨ, ਆਪ ਆਪਣਾ ਮੰਗਲ ਗਾਇੰਦਾ । ਆਪੇ ਸ਼ਾਹ ਭੂਪ ਰਾਜ ਰਾਜਾਨ, ਆਪ ਆਪਣਾ ਹੁਕਮ ਸੁਣਾਇੰਦਾ । ਆਪੇ ਤਖ਼ਤ ਤਾਜ ਵੇਖੇ ਮਾਰ ਧਿਆਨ, ਥਿਰ ਘਰ ਵਾਸੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਖਿਲਾਇੰਦਾ । ਪੀਤ ਪੀਤੰਬਰ ਹਰਿ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਸਾਚਾ ਕੰਤ, ਹਰਿ ਪੁਰਖ ਨਿਰੰਜਣ ਲਏ ਪ੍ਰਨਾਈਆ । ਏਕੰਕਾਰਾ ਏਕਾ ਚਾੜ੍ਹੇ ਰੰਗ ਬਸੰਤ, ਅਜੂਨੀ ਰਹਿਤ ਆਪ ਰੰਗਾਈਆ । ਆਦਿ ਨਿਰੰਜਣ ਆਦਿ ਅੰਤ, ਆਪ ਆਪਣਾ ਦੀਪ ਜਗਾਈਆ । ਅਬਿਨਾਸ਼ੀ ਕਰਤਾ ਖੇਲ ਬੇਅੰਤ, ਅਗੰਮ ਅਗੰਮੜਾ ਕਾਰ ਕਮਾਈਆ । ਸ੍ਰੀ ਭਗਵਾਨ ਸੋਭਾਵੰਤ, ਸਚਖੰਡ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਧਰਾਈਆ । ਪੀਤ ਪੀਤੰਬਰ ਨਿਰਗੁਣ ਧਾਰ, ਪੁਰਖ ਅਕਾਲ ਵੇਖ ਵਿਖਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਕਰ ਪਿਆਰ, ਆਪ ਆਪਣਾ ਸੰਗ ਰਖਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਸਤਿ ਸਰੂਪੀ ਡਗਮਗਾਇੰਦਾ । ਪੁਰਖ ਅਬਿਨਸ਼ੀ ਬਣ ਭਿਖਾਰ, ਦਰ ਆਪਣੇ ਮੰਗ ਮੰਗਾਇੰਦਾ । ਸ੍ਰੀ ਭਗਵਾਨ ਹੋ ਤਿਆਰ, ਸਾਚੀ ਭਿਛਿਆ ਝੋਲੀ ਪਾਇੰਦਾ । ਪਾਰਬ੍ਰਹਮ ਪ੍ਰਭ ਬਣ ਵਰਤਾਰ, ਆਪਣੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਵਖਾਇੰਦਾ । ਪੀਤ ਪੀਤੰਬਰ ਹਰਿ ਭਗਵਾਨ, ਹਰਿ ਜੂ ਹਰ ਘਟ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਬਾਨ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਖੇਲ ਮਹਾਨ, ਆਦਿ ਨਿਰੰਜਣ ਆਪ ਖਿਲਾਇੰਦਾ । ਸ੍ਰੀ ਭਗਵਾਨ ਬੰਨੇ ਗਾਨ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਪਾਹਬ੍ਰਹਮ ਪ੍ਰਭ ਚਤਰ ਸੁਘੜ ਸਿਆਨ, ਆਪਣਾ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸੁਹੰਜਣਾ ਇਕ ਸੁਹਾਇੰਦਾ । ਪੀਤ ਪੀਤੰਬਰ ਹਰਿ ਨਰਾਇਣ, ਨਿਰਗੁਣ ਆਪਣਾ ਆਪ ਉਪਜਾਈਆ । ਸੋ ਪੁਰਖ ਨਿਰੰਜਣ ਬਣੇ ਸਾਕ ਸੱਜਣ ਸੈਣ, ਹਰਿ ਪੁਰਖ ਨਿਰੰਜਣ ਸੱਜਣ ਮੇਲ ਮਿਲਾਈਆ । ਏਕੰਕਾਰਾ ਵੇਖੇ ਆਪਣਾ ਨੈਣ, ਆਦਿ ਨਿਰੰਜਣ ਸੰਗ ਰਖਾਈਆ । ਅਬਿਨਾਸ਼ੀ ਕਰਤਾ ਚੁਕਾਏ ਲਹਿਣ ਦੇਣ, ਸ੍ਰੀ ਭਗਵਾਨ ਆਪਣੀ ਵਸਤ ਆਪ ਉਠਾਈਆ । ਪਾਰਬ੍ਰਹਮ ਪ੍ਰਭ ਏਕਾ ਧਾਮ ਅਕੱਠੇ ਬਹਿਣ, ਨਿਰਗੁਣ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚੇ ਵਡ ਵਡਿਆਈਆ । ਥਿਰ ਘਰ ਸਾਚਾ ਹਰਿ ਸੁਹਾਵਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਖੇਲ ਖਿਲਾਵਣਾ, ਏਕੰਕਾਰਾ ਰੰਗ ਰੰਗਾਇੰਦਾ । ਆਦਿ ਨਿਰੰਜਣ ਡਗਮਗਾਵਣਾ, ਅਬਿਨਾਸ਼ੀ ਕਰਤਾ ਰੂਪ ਵਟਾਇੰਦਾ । ਸ੍ਰੀ ਭਗਵਾਨ ਸੰਗ ਰਖਾਵਣਾ, ਪਾਰਬ੍ਰਹਮ ਨਾਉਂ ਧਰਾਇੰਦਾ । ਸਚਖੰਡ ਦਵਾਰਾ ਇਕ ਸੁਹਾਵਣਾ, ਛੱਪਰ ਛੰਨ ਨਾ ਕੋਈ ਵਖਾਇੰਦਾ । ਸਾਚਾ ਤਖ਼ਤ ਇਕ ਵਿਛਾਵਣਾ, ਆਸਣ ਸੇਜ ਨਾ ਕੋਈ ਹੰਢਾਇੰਦਾ । ਸਾਚਾ ਕਾਹਨ

੨੫੫

੨੫੬

ਇਕ ਅਖਵਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਘਰ ਸਾਚਾ ਆਪ ਸੁਹਾਇੰਦਾ । ਥਿਰ ਘਰ ਸਾਚਾ ਉਚ ਮਹੱਲਾ, ਸੋ ਪੁਰਖ ਨਿਰੰਜਣਾ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਬੈਠ ਇਕ ਅਕੱਲਾ, ਏਕੰਕਾਰਾ ਸੋਭਾ ਪਾਈਆ । ਆਦਿ ਨਿਰੰਜਣ ਦੀਪਕ ਬਲਾ, ਅਬਿਨਾਸ਼ੀ ਕਰਤਾ ਕਰ ਰੁਸ਼ਨਾਈਆ । ਸ੍ਰੀ ਭਗਵਾਨ ਆਪਣਾ ਆਸਣ ਆਪੇ ਮੱਲਾ, ਪਾਰਬ੍ਰਹਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਗਰੀ ਸਾਚੀ ਰਾਸ, ਘਰ ਮੰਦਰ ਆਪ ਟਿਕਾਈਆ । ਸਾਚੀ ਰਾਸ ਪੁਰਖ ਕਰਤਾਰ, ਕਰਨੀ ਕਰਤਾ ਆਪ ਉਪਜਾਇੰਦਾ । ਸਾਚੇ ਮੰਦਰ ਬੈਠ ਨਿਰੰਕਾਰ, ਸਚਖੰਡ ਸਾਚਾ ਆਪ ਸੁਹਾਇੰਦਾ । ਥਿਰ ਘਰ ਦੀਪਕ ਕਰ ਉਜਿਆਰ, ਰੂਪ ਅਨੂਪ ਡਗਮਗਾਇੰਦਾ । ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਹੁਕਮੀ ਹੁਕਮ ਆਪ ਚਲਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਾਰੀ ਕੰਤ ਰੂਪ ਵਟਾਇੰਦਾ । ਬਣ ਵਿਚੋਲਾ ਸਿਰਜਣਹਾਰ, ਘਰ ਘਰ ਵਿਚ ਫੇਰੇ ਪਾਇੰਦਾ । ਮੇਲ ਮਿਲਾਵਾ ਕੰਤ ਭਤਾਰ, ਨਰ ਨਰਾਇਣ ਰੰਗ ਰੰਗਾਇੰਦਾ । ਸਾਚੀ ਸਖੀਆਂ ਮੰਗਲਚਾਰ, ਅਜੂਨੀ ਰਹਿਤ ਆਪ ਕਰਾਇੰਦਾ । ਆਪੇ ਗਾਏ ਗਾਵਣਹਾਰ, ਦੂਸਰ ਕੋਇ ਨਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਖੇਲ ਅਪਾਰਾ, ਨਿਰਗੁਣ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰ ਸਤਿ ਸਰੂਪ, ਸੋ ਪੁਰਖ ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਚਾਰੇ ਕੂਟ, ਏਕੰਕਾਰਾ ਦਹਿ ਦਿਸ਼ਾ ਵੇਖ ਵਖਾਈਆ । ਆਦਿ ਨਿਰੰਜਣ ਆਪਣੇ ਨੂਰ ਆਪੇ ਫੁਟ, ਨੂਰੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਉਚ ਮਹੱਲ ਅਟੱਲ ਮੁਨਾਰ ਚੜ੍ਹੇ ਚੋਟ, ਸਚ ਸਿੰਘਾਸਣ ਆਸਣ ਲਾਈਆ । ਸ੍ਰੀ ਭਗਵਾਨ ਵੇਸ ਵਟਾਏ ਕੋਟਨ ਕੋਟ, ਕੋਟਨ ਕੋਟੀ ਭੇਵ ਨਾ ਰਾਈਆ । ਪਾਰਬ੍ਰਹਮ ਸਚ ਲਗਾਏ ਆਪਣੀ ਚੋਟ, ਸਤਿ ਨਗਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਗੰਮਾ ਨਾ ਮਰਾ ਨਾ ਕਦੇ ਜੰਮਾ, ਆਵਣ ਜਾਵਣ ਖੇਲ ਖਿਲਾਈਆ । ਆਵਣ ਜਾਵਣ ਹਰਿ ਕਰਤਾਰ, ਆਪਣਾ ਖੇਲ ਖਿਲਾਇੰਦਾ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲ ਆਪ ਵਰਤਾਇੰਦਾ । ਥਿਰ ਘਰ ਬੈਠ ਸਚੇ ਦਰਬਾਰ, ਸਚ ਸੁਲਤਾਨਾ ਨਾਉਂ ਧਰਾਇੰਦਾ । ਸਚ ਤਰਾਨਾ ਗਾਏ ਆਪਣੀ ਵਾਰ, ਨਾਦ ਅਨਾਦੀ ਗੀਤ ਅਲਾਇੰਦਾ । ਸੁਤ ਦੁਲਾਰਾ ਕਰ ਤਿਆਰ, ਪੂਤ ਸਪੂਤਾ ਨਾਉਂ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗੀਲਾ ਹਰਿ ਹਰਿ ਮੀਤ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਸਤਿ ਅਤੀਤ, ਘਰ ਸਾਚੇ ਸੋਭਾ ਪਾਈਆ । ਏਕੰਕਾਰਾ ਵਸੇ ਧਾਮ ਅਨਡੀਠ, ਦਿਸ ਕਿਸੇ ਨਾ ਆਈਆ । ਆਦਿ ਨਿਰੰਜਣ ਆਪ ਆਪਣਾ ਆਪੇ ਜੀਤ, ਘਰ ਆਪਣੇ ਸੋਭਾ ਪਾਈਆ । ਪੁਰਖ ਅਬਿਨਾਸ਼ੀ ਹਸਤ ਕੀਟ, ਆਪ ਆਪਣਾ ਰੂਪ ਵਟਾਈਆ । ਸ੍ਰੀ ਭਗਵਾਨ ਸਾਚੀ ਰੀਤ, ਸਚਖੰਡ ਸਾਚੇ ਆਪ ਚਲਾਈਆ । ਪਾਰਬ੍ਰਹਮ ਵਸਣਹਾਰਾ ਸਚ ਮਸੀਤ, ਥਿਰ ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਪੀਤ ਪੀਤੰਬਰ ਨਿਰਗੁਣ ਤਾਜ, ਪੁਰਖ ਨਿਰੰਜਣ ਆਪ ਬਣਾਇੰਦਾ । ਆਦਿਨ ਆਦਿ ਰਚਿਆ ਕਾਜ, ਅੰਤ ਮਧ ਨਾ ਕੋਇ ਵਖਾਇੰਦਾ । ਆਪਣਾ ਸਾਜਣ ਆਪੇ ਸਾਜ, ਸਚ ਸਿੰਘਾਸਣ ਆਪ ਵਿਛਾਇੰਦਾ । ਆਪੇ ਬਣਿਆ ਰਾਜਨ ਰਾਜ, ਆਪ ਆਪਣਾ ਆਸਣ ਲਾਇੰਦਾ । ਆਪ ਆਪਣੀ ਮਾਰ

ਆਵਾਜ, ਦਰ ਦਰਬਾਨ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇੰਦਾ । ਵੇਖਣਹਾਰਾ ਪੁਰਖ ਸਮਰਥ, ਦੂਸਰ ਅਵਰ ਨਾ ਕੋਈ ਜਣਾਇੰਦਾ । ਆਪਣੀ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਖੇਲੇ ਖੇਲ ਆਪਣੇ ਘਾਟ, ਸਚ ਦਵਾਰਾ ਵੇਖ ਵਖਾਇੰਦਾ । ਆਪੇ ਅੰਦਰ ਵੜਿਆ ਆਨ ਬਾਟ, ਆਪ ਆਪਣਾ ਰੂਪ ਪਰਗਟਾਇੰਦਾ । ਆਪੇ ਸੋਇਆ ਆਪਣੀ ਖਾਟ, ਆਪ ਆਪਣਾ ਬਿਰਧ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲਾਇੰਦਾ । ਭੇਵ ਅਵੱਲਾ ਹਰਿ ਭਗਵਾਨ, ਆਪਣਾ ਆਪ ਖੁਲ੍ਹਾਈਆ । ਨਿਰਗੁਣ ਜੋਤ ਨੂਰ ਮਹਾਨ, ਆਦਿ ਜੁਗਾਦਿ ਡਗਮਗਾਈਆ । ਆਪੇ ਜਾਣੇ ਆਪਣਾ ਸਚ ਨਿਸ਼ਾਨ, ਆਪ ਆਪਣੇ ਰੰਗ ਰੰਗਾਈਆ । ਵਸਣਹਾਰਾ ਸਚਖੰਡ ਮਕਾਨ, ਚਾਰ ਦੀਵਾਰ ਨਾ ਕੋਇ ਬਣਾਈਆ । ਨਾ ਕੋਈ ਰਵ ਸਸ ਦਿਸੇ ਸੂਰਜ ਚੰਨ ਭਾਨ, ਮੰਡਲ ਮੰਡਪ ਨਾ ਕੋਇ ਵਖਾਈਆ । ਪ੍ਰਿਥਮੀ ਅਕਾਸ਼ ਗਗਨ ਮੰਡਲ ਬ੍ਰਹਿਮੰਡ ਖੰਡ ਨਾ ਕੋਇ ਨਿਸ਼ਾਨ, ਉਤਭੁਜ ਸੇਤਜ ਜੇਰਜ ਅੰਡ ਨਾ ਕੋਇ ਵਡਿਆਈਆ । ਸ਼ਬਦ ਧੁਨ ਨਾ ਕੋਇ ਗਿਆਨ, ਨਾਮ ਨਾਮਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਕ ਵਖਾਈਆ । ਬੰਕ ਦਵਾਰਾ ਹਰਿ ਸੁਹੰਜਣਾ, ਏਕਾ ਏਕ ਉਪਾਇਆ । ਸੋ ਪੁਰਖ ਨਿਰੰਜਣ ਆਦਿ ਨਿਰੰਜਣਾ, ਹਰਿ ਹਰਿ ਬੈਠਾ ਆਸਣ ਲਾਇਆ । ਏਕੰਕਾਰਾ ਘਰ ਸਾਚੇ ਬਹਿ ਬਹਿ ਸਜਣਾ, ਸਾਚਾ ਤਖ਼ਤ ਆਪ ਵਡਿਆਇਆ । ਆਪ ਕਰਾਏ ਆਪਣਾ ਮਜਣਾ, ਅਬਿਨਾਸ਼ੀ ਕਰਤਾ ਨਾਉਂ ਧਰਾਇਆ । ਸ੍ਰੀ ਭਗਵਾਨ ਨਾ ਘੜਿਆ ਨਾ ਭੱਜਣਾ, ਨਾ ਮਰੇ ਨਾ ਜਾਇਆ । ਪਾਰਬ੍ਰਹਮ ਆਪਣੇ ਮੰਦਰ ਆਪੇ ਬਹਿ ਬਹਿ ਸਜਣਾ, ਥਿਰ ਘਰ ਸਾਚਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪੀਤੰਬਰ ਆਪ ਉਪਾਇਆ । ਸਚ ਪੀਤੰਬਰ ਸਾਚੀ ਧਾਰ, ਪਰਮ ਪੁਰਖ ਆਪ ਉਪਜਾਈਆ । ਸਚ ਪਰੀਤਮ ਕਰ ਪਿਆਰ, ਪਰਮ ਪੁਰਖ ਵੇਖ ਵਖਾਈਆ । ਸਚ ਸਚ ਘਰ ਸਚ ਸ਼ੰਗਾਰ, ਸਚ ਸਾਚਾ ਆਪ ਕਰਾਈਆ । ਸਚ ਪੁਰਖ ਹਰਿ ਸਾਚੀ ਨਾਰ, ਸਚ ਸਚ ਕਰੇ ਕੁੜਮਾਈਆ । ਸਚ ਮੰਦਰ ਸਚ ਘਰ ਬਾਰ, ਸਚ ਅੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਸਾਈਆ । ਘਰ ਵਸਾਏ ਹਰਿ ਪੁਰਖ ਅਗੰਮੜਾ, ਏਕਾ ਵੇਸ ਵਟਾਇੰਦਾ । ਕੀਮਤ ਕੋਇ ਨਾ ਪਾਏ ਦਮੜੀ ਦਮੜਾ, ਹੱਟੋ ਹੱਟ ਨਾ ਕੋਇ ਵਿਕਾਇੰਦਾ । ਵਸਣਹਾਰਾ ਬਿਨ ਨਾੜੀ ਚਮੜਾ, ਤਤਵ ਤਤ ਨਾ ਕੋਇ ਜਣਾਇੰਦਾ । ਮਾਤ ਪਿਤ ਨਾ ਅੰਮੀ ਅੰਮੜਾ, ਬਾਲ ਗੋਦ ਨਾ ਕੋਇ ਉਠਾਇੰਦਾ । ਕਰੇ ਖੇਲ ਅਗੰਮ ਅਗੰਮੜਾ, ਆਪ ਆਪਣੀ ਖੇਲ ਖਿਲਾਇੰਦਾ । ਸਾਚਾ ਥਾਨ ਇਕ ਸੁਹੰਦੜਾ, ਸਚਖੰਡ ਸਾਚੇ ਆਸਣ ਲਾਇੰਦਾ । ਸਚ ਸਿੰਘਾਸਣ ਜੋਤ ਜਗੰਦੜਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਸ਼ਾਹੋ ਭੂਪ ਰੂਪ ਵਟੰਦੜਾ, ਮਹਿਮਾ ਰੂਪ ਨਾ ਕੋਇ ਗਣਾਇੰਦਾ । ਹੁਕਮੀ ਹੁਕਮ ਆਪ ਸੁਣੰਦੜਾ, ਧੁਰ ਫ਼ਰਮਾਨਾ ਆਪ ਅਲਾਇੰਦਾ । ਚਾਰੋਂ ਕੁੰਟ ਵੇਖ ਵਖੰਦੜਾ, ਦਹਿ ਦਿਸ਼ਾ ਫੇਰੀ ਪਾਇੰਦਾ । ਸ਼ਬਦ ਸੁਤ ਇਕ ਉਠੰਦੜਾ, ਆਪ ਆਪਣੇ ਮਾਰਗ ਲਾਇੰਦਾ । ਤਖ਼ਤ ਤਾਜ ਇਕ ਵਖੰਦੜਾ, ਦੋ ਜਹਾਨਾਂ ਖੇਲ ਖਿਲਾਇੰਦਾ । ਸੱਤ ਰੰਗ ਸਾਚੀ ਧਾਰ ਵਹੰਦੜਾ, ਸਤਿ ਸਤਿਵਾਦੀ ਆਪ ਰੰਗਾਇੰਦਾ । ਪੰਚਮ ਮੁਖ ਖੋਲ੍ਹ ਖੁਲੰਦੜਾ, ਆਪ ਆਪਣਾ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਮੇਲਾ

ਬੇਪਰਵਾਹ, ਹਰਿ ਸਾਚਾ ਆਪ ਕਰਾਈਆ । ਸੋ ਪੁਰਖ ਨਿਰੰਜਣ ਬਣ ਮਲਾਹ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਏਕੰਕਾਰਾ ਦਏ ਸਲਾਹ, ਆਦਿ ਨਿਰੰਜਣ ਭੈਣਾ ਭਾਈਆ । ਅਬਿਨਾਸ਼ੀ ਕਰਤਾ ਫੜਾਏ ਬਾਂਹ, ਸ੍ਰੀ ਭਗਵਾਨ ਆਪ ਉਠਾਈਆ । ਪਾਰਬ੍ਰਹਮ ਵੇਖੇ ਸਾਚਾ ਥਾਂ, ਥਿਰ ਘਰ ਸਾਚਾ ਇਕ ਵਖਾਈਆ । ਸਚਖੰਡ ਨਿਵਾਸੀ ਕਰੇ ਸਚ ਨਿਆ, ਨਿਰਗੁਣ ਮੀਤਾ ਹੁਕਮ ਸੁਣਾਈਆ । ਪੀਤ ਪੀਤੰਬਰ ਆਪ ਬਣਾ, ਆਪ ਆਪਣੇ ਹੱਥ ਉਠਾਈਆ । ਸਚ ਸਵੰਬਰ ਵੇਖ ਵਖਾ, ਆਪ ਆਪਣਾ ਨੈਣ ਲਗਾਈਆ । ਕਾਗਦ ਕਲਮ ਨਾ ਲਿਖੇ ਸ਼ਾਹ, ਲਿਖਣਹਾਰਾ ਕੋਇ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਉਪਾਈਆ । ਸਾਚੀ ਵਸਤ ਸਚ ਅਨਮੋਲ, ਹਰਿ ਸਾਚਾ ਆਪ ਉਪਾਇੰਦਾ । ਕੋਇ ਨਾ ਸਕੇ ਕੰਡੇ ਤੋਲ, ਕੀਮਤ ਕਰਤਾ ਨਾ ਕੋਇ ਵਖਾਇੰਦਾ । ਆਪਣਾ ਅੱਖਰ ਆਪੇ ਬੋਲ, ਸ਼ਬਦ ਸ਼ਬਦੀ ਆਪ ਉਪਾਇੰਦਾ । ਆਪਣੀ ਜੋਤੀ ਆਪੇ ਮੌਲ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਖੇਲ ਖਿਲੰਦੜਾ ਹਰਿ ਸੁਲਤਾਨ, ਤਖ਼ਤ ਤਾਜ ਵਡਿਆਈਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਦੋ ਜਹਾਨਾਂ ਨਿਗਹਬਾਨ, ਦੂਈ ਦਵੈਤੀ ਨਾ ਕੋਇ ਰਖਾਈਆ । ਆਪੇ ਜਾਣੇ ਆਪਣਾ ਧੁਰ ਫ਼ਰਮਾਨ, ਆਪਣੇ ਭਾਣੇ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪ ਉਠਾਈਆ । ਆਪਣੀ ਵਸਤ ਸਾਚੀ ਰਾਸ, ਸੋ ਪੁਰਖ ਨਿਰੰਜਣ ਆਪ ਉਠਾਇੰਦਾ । ਹਰਿ ਪੁਰਖ ਨਿਰੰਜਣ ਵਸੇ ਪਾਸ, ਏਕੰਕਾਰਾ ਸੰਗ ਨਿਭਾਇੰਦਾ । ਆਦਿ ਨਿਰੰਜਣ ਕਰ ਪ੍ਰਕਾਸ਼, ਅੰਧ ਅੰਧੇਰ ਗਵਾਇੰਦਾ । ਸ੍ਰੀ ਭਗਵਾਨ ਸਰਬ ਗੁਣਤਾਸ, ਅਬਿਨਾਸ਼ੀ ਕਰਤਾ ਆਸ ਪੁਜਾਇੰਦਾ । ਪਾਰਬ੍ਰਹਮ ਪਾਵੇ ਰਾਸ, ਆਪਣਾ ਮੰਡਲ ਆਪ ਸੁਹਾਇੰਦਾ । ਨਿਰਗੁਣ ਰੂਪ ਸ਼ਾਹੋ ਸ਼ਾਬਾਸ, ਸਾਚੀ ਰਚਨਾ ਵੇਖ ਵਖਾਇੰਦਾ । ਨਾ ਕੋਈ ਪ੍ਰਿਥਮੀ ਨਾ ਆਕਾਸ, ਮੰਡਲ ਮੰਡਪ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਨਾ ਕੋਇ ਵਿਨਾਸ, ਅਬਿਨਾਸ਼ੀ ਕਰਤਾ ਆਪ ਅਖਵਾਇੰਦਾ । ਆਪਣੇ ਮੰਦਰ ਕਰ ਕਰ ਵਾਸ, ਥਿਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ । ਹੁਕਮੀ ਹੁਕਮ ਸਚ ਦਰਬਾਰ, ਹਰਿ ਸਾਚਾ ਸਚ ਸੁਣਾਈਆ । ਆਪੇ ਬਣ ਬਣ ਚੋਬਦਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਆਪੇ ਹੋਏ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਆਪੇ ਅੰਦਰ ਫਿਰੇ ਬਾਹਰ, ਗੁਪਤ ਜ਼ਾਹਰ ਵਡ ਵਡਿਆਈਆ । ਆਪੇ ਪੁਰਖ ਆਪੇ ਨਾਰ, ਕੰਤ ਕੰਤੂਲ ਆਪ ਹੋ ਜਾਈਆ । ਆਪੇ ਪੂਤ ਸਪੂਤਾ ਬਣ ਸੁਤ ਦੁਲਾਰ, ਆਪ ਆਪਣੀ ਕੁੱਖ ਸੁਹਾਈਆ । ਆਪੇ ਬਹਿ ਬਹਿ ਕਰੇ ਪਿਆਰ, ਆਪ ਆਪਣਾ ਮੇਲ ਮਿਲਾਈਆ । ਆਪੇ ਵਣਜ ਵਣਜਾਰਾ ਕਰੇ ਵਪਾਰ, ਆਪ ਆਪਣਾ ਹੱਟ ਖੁਲਾਈਆ । ਆਪੇ ਵਸਤ ਰੱਖੇ ਹਰਿ ਅਪਰ ਅਪਾਰ, ਰੂਪ ਰੰਗ ਨਾ ਕੋਇ ਜਣਾਈਆ । ਆਪੇ ਘਾੜਨ ਘੜੇ ਸੱਚਾ ਸੁਨਿਆਰ, ਆਪਣੀ ਕੁਠਾਲੀ ਆਪੇ ਤਾਈਆ । ਆਪੇ ਸੁਹਾਗਾ ਦੇਵੇ ਡਾਰ, ਆਪੇ ਸੋਨਾ ਕੰਚਨ ਰੂਪ ਵਟਾਈਆ । ਆਪੇ ਜੜਤੀ ਜੜੇ ਕਰਤਾਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਆਪੇ ਬਣ ਸਚ ਸਿਕਦਾਰ, ਸ਼ਾਹ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲੱਖ ਅਲੱਖਣਾ ਅਲੱਖ ਜਗਾਈਆ । ਅਲੱਖ ਨਿਰੰਜਣ ਬੋਲ ਅਲੱਖ,

੨੫੮

ਦਰ ਘਰ ਸਾਚਾ ਮੰਗ ਮੰਗਾਇੰਦਾ । ਸਚਖੰਡ ਨਿਵਾਸੀ ਹੋ ਪ੍ਰਤਖ, ਆਪ ਆਪਣਾ ਰੂਪ ਵਟਾਇੰਦਾ । ਆਪਣੀ ਕੀਮਤ ਆਪੇ ਪਾਏ ਕਰੋੜ ਲੱਖ, ਲਿਖਿਆ ਲੇਖ ਨਾ ਕੋਈ ਜਣਾਇੰਦਾ । ਆਪ ਆਪਣੇ ਨਾਲੋਂ ਕਰ ਕਰ ਵੱਖ, ਆਪ ਆਪਣੀ ਸੇਵ ਕਮਾਇੰਦਾ । ਆਪਣੇ ਚਰਨਾ ਉਪਰ ਜਾਏ ਢੱਠ, ਆਪੇ ਫੜ ਫੜ ਗਲੇ ਲਗਾਇੰਦਾ । ਆਪੇ ਖੇਲ ਪੁਰਖ ਸਮਰਥ, ਆਪ ਆਪਣਾ ਹੱਥ ਰਖਾਇੰਦਾ । ਆਪੇ ਮਹਿਮਾ ਅਕਥਨਾ ਅਕਥ, ਅਕਥ ਕਹਾਣੀ ਆਪ ਜਣਾਇੰਦਾ । ਆਪੇ ਆਪਣਾ ਚਲਾਏ ਆਪ ਰਥ, ਰਥ ਰਥਵਾਹੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਰਈਯਤ ਆਪੇ ਰਾਜਾ, ਸ਼ਾਹੋ ਭੂਪ ਆਪ ਅਖਵਾਈਆ । ਆਪੇ ਸੀਸ ਪਹਿਨੇ ਤਾਜਾ, ਆਪੇ ਕਫਨੀ ਆਪਣੀ ਆਪ ਹੰਢਾਈਆ । ਆਪਣੇ ਗਲ ਪਾਏ ਅਲਫੀ ਮਾਰੇ ਵਾਜਾ, ਆਪੇ ਬਣਿਆ ਵੱਡਾ ਸ਼ਹਿਨਸ਼ਾਹੀਆ । ਆਪੇ ਚਾਰੋਂ ਕੁੰਟ ਫਿਰੇ ਭਾਜਾ, ਆਦਿ ਜੁਗਾਦਿ ਵੇਖ ਵਿਖਾਈਆ । ਆਪੇ ਅਸਵ ਚੜ੍ਹੇ ਸਾਚੇ ਤਾਜਾ, ਆਪ ਆਪਣਾ ਆਪ ਦ੍ਰਿੜਾਈਆ । ਆਪੇ ਹੋ ਗਰੀਬ ਨਿਵਾਜਾ, ਆਪਣੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਤ ਪੀਤੰਬਰ ਇਕ ਵਿਖਾਈਆ । ਪੀਤ ਪੀਤੰਬਰ ਸੀਸ ਰੱਖ, ਰੱਖਣਹਾਰਾ ਆਪ ਅਖਵਾਇੰਦਾ । ਆਪਣਾ ਲੇਖਾ ਆਪੇ ਲਿਖ, ਆਪਣੀ ਗਿਣਤੀ ਆਪ ਗਿਣਾਇੰਦਾ । ਆਪਣਾ ਮਾਰਗ ਆਪੇ ਦੱਸ, ਆਪ ਆਪਣਾ ਭੇਵ ਖੁਲਾਇੰਦਾ । ਆਪਣੇ ਅੰਦਰ ਆਪੇ ਵਸ, ਆਪ ਆਪਣੀ ਬੂਝ ਬੁਝਾਇੰਦਾ । ਆਪਣੇ ਹੁਕਮੇ ਆਪੇ ਨੱਸ, ਹੁਕਮੀ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਸ਼ਾਹ ਸੁਲਤਾਨ ਵਡ ਰਾਜਨ ਰਾਜਾ, ਤਖ਼ਤ ਤਾਜ ਬਰਾਜਿਆ । ਸੀਸ ਸੁਹਾਏ ਸਾਚਾ ਤਾਜਾ, ਲੇਖਾ ਜਾਣੇ ਵਡ ਵਡ ਮਹਾਰਾਜਿਆ । ਆਪਣੇ ਆਸਣ ਬਹਿ ਬਹਿ ਆਪਣਾ ਰਚਿਆ ਆਪੇ ਕਾਜਾ, ਆਪੇ ਰੱਖਣਹਾਰਾ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਦੇਵੇ ਏਕਾ ਦਾਜਿਆ । ਪਾਰਬ੍ਰਹਮ ਉਠ ਜਾਗ, ਸੋ ਪੁਰਖ ਨਿਰੰਜਣ ਆਪ ਜਗਾਈਆ । ਮੇਰਾ ਨਾਉਂ ਤੇਰਾ ਰਾਗ, ਤੇਰਾ ਰਾਗ ਮੇਰੀ ਸ਼ਨਵਾਈਆ । ਮੇਰੀ ਧੁਨ ਤੇਰਾ ਸਾਜ, ਮੇਰੀ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਤਾਰ ਹਿਲਾਈਆ । ਸੋ ਪੁਰਖ ਨਿਰੰਜਣ ਸਚ ਸਤਾਰ, ਆਪਣੀ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਆਪਣਾ ਪੜਦਾ ਆਪੇ ਲਾਹਿੰਦਾ । ਏਕੰਕਾਰਾ ਨੈਣ ਉਘਾੜ, ਪ੍ਰਤਖ ਰੂਪ ਵਟਾਇੰਦਾ । ਆਦਿ ਨਿਰੰਜਣ ਸਚ ਅਖਾੜ, ਘਰ ਸਾਚੇ ਆਪ ਵਖਾਇੰਦਾ । ਅਬਿਨਾਸ਼ੀ ਕਰਤਾ ਸਾਂਝਾ ਯਾਰ, ਮੀਤ ਮੁਰਾਰਾ ਮੇਲ ਮਿਲਾਇੰਦਾ । ਸ੍ਰੀ ਭਗਵਾਨ ਖੇਲ ਅਪਾਰ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਅਬਿਨਾਸ਼ੀ ਕਰਤਾ ਹੋ ਤਿਆਰ, ਸਚ ਮਰਦੰਗ ਹੱਥ ਉਠਾਇੰਦਾ । ਪਾਰਬ੍ਰਹਮ ਦਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਸਚ ਮਰਦੰਗ, ਆਪਣੇ ਹੱਥ ਉਠਾਈਆ । ਸ੍ਰੀ ਭਗਵਾਨ ਇਕ ਸਾਰਿੰਗ, ਸਾਰਿੰਗ ਸਾਰਿੰਗਾ ਇਕ ਵਜਾਈਆ । ਅਬਿਨਾਸ਼ੀ ਕਰਤਾ ਸਚ ਤਰੰਗ, ਤੁਰੀਆ ਧਾਰ ਉਡਾਈਆ । ਆਦਿ ਨਿਰੰਜਣ ਸੂਰਾ ਸਰਬੰਗ, ਸੂਰਬੀਰ ਵੇਖ ਵਖਾਈਆ । ਏਕੰਕਾਰ ਕਸ ਤੰਗ, ਆਸਣ ਸਿੰਘਾਸਣ ਇਕ ਵਿਛਾਈਆ । ਹਰਿ ਪੁਰਖ ਨਿਰੰਜਣ ਬੈਠ ਪਲੰਘ, ਆਪ ਆਪਣਾ ਨੈਣ ਉਠਾਈਆ । ਸੋ ਪੁਰਖ ਨਿਰੰਜਣ ਉਚ ਮਹੱਲੇ ਆਪੇ ਲੰਘ, ਆਪ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ,


੨੫੯

੨੯੦

ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਖੁਲ੍ਹਾਈਆ । ਸੋ ਪੁਰਖ ਨਿਰੰਜਣ ਧੁਰ ਫੁਰਮਾਣਾ, ਹਰਿ ਪੁਰਖ ਨਿਰੰਜਣ ਆਪ ਜਣਾਇੰਦਾ । ਏਕੰਕਾਰਾ ਕਰ ਧਿਆਨਾ, ਅੰਦਰ ਬਾਹਿਰ ਵੇਖ ਵਿਖਾਇੰਦਾ । ਆਦਿ ਨਿਰੰਜਣ ਸਤ ਸਹਾਣਾ, ਚਤਰ ਸੁਘੜ ਵਡ ਵਡਿਆਇੰਦਾ । ਸ੍ਰੀ ਭਗਵਾਨ ਇਕ ਨਿਸ਼ਾਨਾ, ਏਕਾ ਨਾਉਂ ਵਖਾਇੰਦਾ । ਅਬਿਨਾਸ਼ੀ ਕਰਤਾ ਗਾਏ ਗਾਣਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਪਾਰਬ੍ਰਹਮ ਸਚ ਮੰਨੇ ਭਾਣਾ, ਆਪਣੇ ਭਾਣੇ ਆਪ ਸਮਾਇੰਦਾ । ਪਾਰਬ੍ਰਹਮ ਮੰਨਿਆ ਸਾਚਾ ਭਾਣਾ, ਹਰਿ ਸਾਚਾ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਸਾਚਾ ਰਾਣਾ, ਘਰ ਸਾਚੇ ਅਦਲ ਕਮਾਇੰਦਾ । ਆਪਣਾ ਵੇਸ ਆਪ ਵਟਾਨਾ, ਵੇਸ ਅਨੇਕਾ ਆਪ ਕਰਾਇੰਦਾ । ਆਪਣੀ ਜੋਤ ਆਪੇ ਡਗਮਗਾਨਾ, ਜੋਤੀ ਨੂਰੋ ਨੂਰ ਆਪ ਅਖਵਾਇੰਦਾ । ਆਪੇ ਰਵ ਸਸ ਕਰ ਪ੍ਰਧਾਨਾ, ਆਪ ਆਪਣਾ ਚਰਨ ਛੁਹਾਇੰਦਾ । ਚਰਨ ਕਵਲ ਵਿਖਾਏ ਇਕ ਗਿਆਨਾ, ਸਾਚੇ ਨੇਤਰ ਮੇਲ ਮਿਲਾਇੰਦਾ । ਆਪ ਰਖਾਏ ਪੰਧ ਜਿਮੀ ਅਸਮਾਨਾ, ਆਪਣੀ ਇਛਿਆ ਆਪ ਟਿਕਾਇੰਦਾ । ਹਰਿ ਕਾ ਭੇਵ ਦਿਸੇ ਨਾ ਪਾਣਾ, ਭੇਵ ਅਭੇਦ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਰਵ ਸਸ ਕਰ ਤਿਆਰ, ਪਾਰਬ੍ਰਹਮ ਆਪ ਉਪਜਾਈਆ । ਆਦਿ ਨਿਰੰਜਣ ਜੋਤ ਕਰ ਉਜਿਆਰ, ਨੂਰ ਨੁਰਾਨਾ, ਵਿਚ ਟਿਕਾਈਆ । ਏਕੰਕਾਰਾ ਬਣ ਸਿਕਦਾਰ, ਸਾਚਾ ਹੁਕਮ ਸੁਣਾਈਆ । ਆਦਿ ਜੁਗਾਦੀ ਏਕਾ ਧਾਰ, ਆਪਣੇ ਹੱਥ ਰੱਖੀ ਵਡਿਆਈਆ । ਤੀਜਾ ਲੋਚਣ ਇਕ ਉਘਾੜ, ਚਰਨ ਕਵਲ ਦਰਸਾਈਆ । ਦੋਏ ਲੋਚਨ ਅਪਰ ਅਪਾਰ, ਨੈਣ ਮੂੰਦ ਆਪ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪ੍ਰਵਾਹੀਆ । ਰਵ ਸਸ ਕਰ ਪ੍ਰਕਾਸ਼, ਜੋਤੀ ਜੋਤ ਟਿਕਾਇਆ । ਦੋਹਾਂ ਵਿਚੋਲਾ ਪੁਰਖ ਅਬਿਨਾਸ਼, ਦੂਸਰ ਸੰਗ ਨਾ ਕੋਈ ਰਖਾਇਆ । ਸਾਚੇ ਮੰਡਲ ਸਾਚੀ ਰਾਸ, ਮੰਡਲ ਮੰਡਪ ਨਾਲ ਰਲਾਇਆ । ਕੋਟਨ ਕੋਟ ਕਰ ਕਰ ਵਾਸ, ਤਾਰ ਸਤਾਰ ਆਪ ਹਿਲਾਇਆ । ਗ੍ਰਿਹਿ ਗ੍ਰਿਹਿ ਮੇਲਾ ਵਿਚ ਅਕਾਸ਼, ਤ੍ਰੈ ਤ੍ਰੈ ਦਿਸ ਨਾ ਆਇਆ । ਆਪਣਾ ਕਰ ਕਰ ਆਪੇ ਵਾਸ, ਆਪਣੇ ਭਾਣੇ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਪ੍ਰਭ ਸਾਚੀ ਸੇਵ ਕਮਾਇਆ । ਪਾਰਬ੍ਰਹਮ ਪ੍ਰਭ ਅੰਦਰ ਵੜ, ਰਵ ਸਸ ਕਰੇ ਰੁਸ਼ਨਾਈਆ । ਆਪੇ ਅਗੇ ਰਿਹਾ ਖੜ, ਆਪੇ ਮੁਖ ਭਵਾਈਆ । ਆਪੇ ਉਪਰ ਬੈਠਾ ਚੜ, ਚਰਨਾ ਹੇਠ ਦਬਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਨਾ ਕੋਈ ਚੋਟੀ ਨਾ ਕੋਈ ਜੜ, ਸਾਚਾ ਬੀਜ ਨਾ ਕੋਈ ਵਖਾਈਆ । ਦੋ ਦੋ ਹੱਥੀਂ ਨਾ ਸਕੇ ਕੋਈ ਫੜ, ਨੇਤਰ ਨੈਣ ਨਾ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਵ ਸਸ ਬੂਝ ਬੁਝਾਈਆ । ਰਵ ਸਸ ਕਰ ਪੁਕਾਰ, ਨੇਤਰ ਰੋ ਰੋ ਨੀਰ ਵਹਾਇਆ । ਪਾਰਬ੍ਰਹਮ ਤੇਰੀ ਸਾਚੀ ਧਾਰ, ਜੋਤੀ ਨੂਰ ਨੂਰ ਰੁਸ਼ਨਾਇਆ । ਏਕਾ ਕਿਰਨ ਇਕ ਵਪਾਰ, ਇਕ ਇਕ ਇਕ ਨਾਲ ਦਏ ਮਿਲਾਇਆ । ਤੇਰਾ ਚਰਨ ਸਚ ਪਿਆਰ, ਸਚਖੰਡ ਸਾਚੇ ਵੇਖ ਵਖਾਇਆ । ਤੇਰਾ ਮੁਖ ਸਚੀ ਸਰਕਾਰ, ਪੰਚਮ ਬਹਿ ਬਹਿ ਨਾਲ ਸੁਹਾਇਆ । ਅਧਵਿਚਕਾਰੇ ਖੇਲ ਅਪਾਰ, ਨਿਰਗੁਣ ਆਪਣਾ ਨਾਉਂ ਉਪਜਾਇਆ । ਆਪਣਾ ਕਰ ਬੰਦ ਕਿਵਾੜ, ਆਪਣੀ ਵਸਤ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸੀ ਭੇਵ ਛੁਪਾਇਆ । ਸ਼ਾਹੋ ਸ਼ਾਬਾਸੀ ਭੇਵ ਨਿਰਾਲਾ, ਸੋ ਪੁਰਖ ਨਿਰੰਜਣ ਭੇਵ ਛੁਪਾਇੰਦਾ । ਹਰਿ ਪੁਰਖ ਨਿਰੰਜਣ ਜੋਤ ਅਕਾਲਾ, ਅਕਲ

ਕਲ ਧਾਰੀ ਦਿਸ ਨਾ ਆਇੰਦਾ । ਏਕੰਕਾਰਾ ਅਵਲੜੀ ਚਾਲਾ, ਆਦਿਨ ਅੰਤਾ ਆਪ ਚਲਾਇੰਦਾ । ਆਦਿ ਨਿਰੰਜਣ ਜੋਤ ਉਜਾਲਾ, ਹਰਿ ਗੋਪਾਲਾ ਦਿਸ ਨਾ ਆਇੰਦਾ । ਅਬਿਨਾਸ਼ੀ ਕਰਤਾ ਰਾਹ ਸੁਖਾਲਾ, ਨਿਰਗੁਣ ਆਪਣਾ ਰੂਪ ਵਖਾਇੰਦਾ । ਸ੍ਰੀ ਭਗਵਾਨ ਬਣ ਦਲਾਲਾ, ਥਿਰ ਘਰ ਸਾਚਾ ਵੇਖ ਵਖਾਇੰਦਾ । ਪਾਰਬ੍ਰਹਮ ਬਣ ਰਖਵਾਲਾ, ਸਾਚੀ ਸੇਵ ਕਮਾਇੰਦਾ । ਰਵ ਸਸ ਦੋਵੇਂ ਲਾਲਾ, ਲਾਲਨ ਲਾਲ ਆਪ ਉਪਜਾਇੰਦਾ । ਆਪ ਉਪਜਾਏ ਦਇਆ ਕਮਾਏ, ਨੂਰੀ ਕਿਰਨ ਕਿਰਨ ਸਮਾਈਆ । ਕਰਨੀ ਕਰਤਾ ਕਿਰਤ ਕਮਾਏ, ਕਰਨਹਾਰਾ ਦਿਸ ਨਾ ਆਈਆ । ਆਪਣਾ ਨੂਰ ਨੂਰ ਰੁਸ਼ਨਾਏ, ਨੂਰੋ ਨੂਰ ਡਗਮਗਾਈਆ । ਤਖ਼ਤ ਤਾਜ ਹਰਿ ਇਕ ਸੁਹਾਏ, ਸ਼ਾਹ ਸੁਲਤਾਨ ਦਏ ਵਡਿਆਈਆ । ਸਾਚਾ ਰਾਜ ਆਪ ਕਮਾਏ, ਧੁਰਦਰਗਾਹੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੀਤੰਬਰ ਦਏ ਵਡਿਆਈਆ । ਸਚ ਪੀਤੰਬਰ ਪੰਚਮ ਮੁਖ, ਹਰਿ ਮੁਖੜਾ ਮੁਖ ਸਲਾਹੀਆ । ਨਾ ਕੋਈ ਚਿੰਤਾ ਨਾ ਕੋਈ ਦੁੱਖ, ਹਰਖ ਸੋਗ ਨਾ ਕੋਇ ਜਣਾਈਆ । ਨਾ ਕੋਈ ਜਨਨੀ ਰੱਖੇ ਕੁੱਖ, ਪਿਤਾ ਮਾਤ ਨਾ ਕੋਇ ਵਡਿਆਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਭੁੱਖ, ਤ੍ਰੈਗੁਣ ਬੰਧ ਨਾ ਕੋਇ ਬੰਧਾਈਆ । ਨਾ ਕੋਈ ਕਾਇਆ ਨਾ ਕੋਈ ਮੁਖ, ਰਸਨਾ ਜੇਹਵਾ ਨਾ ਕੋਇ ਵਖਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰੇ ਬੈਠਾ ਲੁਕ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਲੇਖ ਵਖਾਈਆ । ਆਪਣਾ ਲੇਖਾ ਲਿਖਣਹਾਰਾ, ਭੇਵ ਅਭੇਦ ਰਖਾਇੰਦਾ । ਸਚਖੰਡ ਨਿਵਾਸੀ ਹਰਿ ਨਿਰੰਕਾਰ, ਥਿਰ ਘਰ ਸਾਚੇ ਸੋਭਾ ਪਾਇੰਦਾ । ਸਤਿ ਸਰੂਪੀ ਬਣ ਸਿਕਦਾਰ, ਅਦਲ ਅਦਾਲਤ ਇਕ ਵਖਾਇੰਦਾ । ਪੀਤ ਪੀਤੰਬਰ ਸੋਹੇ ਦਸਤਾਰ, ਦਸਤਗੀਰ ਰੂਪ ਵਟਾਇੰਦਾ । ਆਪਣੀ ਇਛਿਆ ਸਾਚਾ ਹਾਰ, ਤਨ ਸਾਚੇ ਆਪ ਲਟਕਾਇੰਦਾ । ਆਪਣੀ ਭਿਛਿਆ ਭਰ ਭੰਡਾਰ, ਘਰ ਆਪਣੇ ਆਪ ਵਰਤਾਇੰਦਾ । ਆਪਣੀ ਭਿਛਿਆ ਮੰਗੇ ਬਣ ਭਿਖਾਰ, ਆਪ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਦਰਵਾਜਾ, ਆਪੇ ਖੋਲ੍ਹੇ ਗਰੀਬ ਨਿਵਾਜਾ, ਬਹਿ ਬਹਿ ਆਪਣਾ ਕਾਜ ਰਚਾਇੰਦਾ । ਕਾਜ ਰਚਦੰੜਾ ਪੁਰਖ ਸੁਲਤਾਨ, ਨਿਰਗੁਣ ਦਾਤਾ ਬੇਪਰਵਾਹੀਆ । ਆਦਿ ਪੁਰਖ ਖੇਲ ਮਹਾਨ, ਅੰਤ ਆਪਣੇ ਹੱਥ ਰਖਾਈਆ । ਆਪਣੀ ਉਪਜ ਆਪ ਸੁਲਤਾਨ, ਆਪ ਆਪਣਾ ਨਾਉਂ ਧਰਾਈਆ । ਪੰਚਮ ਮੁਖ ਇਕ ਗਿਆਨ, ਏਕਾ ਪੜਦਾ ਲਾਹੀਆ । ਏਕਾ ਵੇਖ ਸਚ ਨਿਸ਼ਾਨ, ਏਕਾ ਲਏ ਉਠਾਈਆ । ਨਿਰਾਕਾਰ ਪਾਏ ਆਨ, ਸਾਕਾਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਸੀਸ ਰਖਾਈਆ ।

## ❊ ੧੯ ਫੱਗਣ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਘਰ ਅਟਾਰਸੀ ❊

ਅਜੂਨੀ ਰਹਿਤ ਨਿਰਗੁਣ ਧਾਰ, ਪੁਰਖ ਅਕਾਲ ਵਡ ਵਡਿਆਈਆ । ਆਦਿ ਜੁਗਾਦੀ ਏਕੰਕਾਰ, ਇਕ ਅਕੱਲਾ ਖੇਲ ਖਿਲਾਈਆ । ਨਿਰਗੁਣ ਸਰਗੁਣ ਰੂਪ ਕਰਤਾਰ, ਅਨਭਵ ਪ੍ਰਕਾਸ਼ ਭੇਵ ਨਾ ਰਾਈਆ । ਸ਼ਾਹੋ ਭੂਪ ਵਡ ਸਿਕਦਾਰ, ਤਖ਼ਤ ਤਾਜ ਆਪ ਸੁਹਾਈਆ । ਸੁਣੇ ਸੁਣਾਏ ਸੁਣਨੇਹਾਰ, ਹੁਕਮੀ ਹੁਕਮ ਆਪ ਚਲਾਈਆ । ਸਚਖੰਡ ਸੁਹਾਏ ਸਚ ਦਵਾਰ, ਥਿਰ ਘਰ ਆਪਣਾ ਆਸਣ ਲਾਈਆ । ਕਾਗਦ ਕਲਮ ਨਾ ਲਿਖਣਹਾਰ, ਗੁਰ

ਪੀਰ ਅਵਤਾਰ ਦੇਣ ਗਵਾਹੀਆ । ਜਾਗਰਤ ਜੋਤ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਨੂਰ ਨੁਰਾਨਾ ਬੇਐਬ ਪਰਵਰਦਿਗਾਰ, ਬੇਪਰਵਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਅਜੂਨੀ ਰਹਿਤ ਸਤਿ ਸਰੂਪ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਆਦਿ ਜੁਗਾਦੀ ਸ਼ਾਹੋ ਭੂਪ, ਜੁਗਾ ਜੁਗੰਤਰ ਵੇਸ ਵਟਾਈਆ । ਨਾ ਕੋਈ ਰੰਗ ਨਾ ਕੋਈ ਰੂਪ, ਘਟ ਘਟ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਅਜੂਨੀ ਰਹਿਤ ਪੁਰਖ ਅਕਾਲਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਦੀਨ ਦਿਆਲਾ, ਜੁਗ ਜੁਗ ਵੇਸ ਵਟਾਇਆ । ਜੁਗਾ ਜੁਗੰਤਰ ਖੇਲ ਨਿਰਾਲਾ, ਕਰਨੀ ਕਰਤਾ ਆਪ ਕਰਾਇਆ । ਸੇਵਾ ਲਾਏ ਕਾਲ ਮਹਾਂਕਾਲਾ, ਅਵਲੜੀ ਚਾਲਾ ਆਪ ਚਲਾਇਆ । ਲੇਖਾ ਜਾਣੇ ਆਦਿ ਸ਼ਕਤ ਜੋਤ ਜਵਾਲਾ, ਹਵਨ ਹਵਨੀ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਆਪ ਅਖਵਾਈਆ । ਆਦਨ ਅੰਤਾ ਹਰਿ ਭਗਵਾਨਾ, ਜੁਗ ਜੁਗ ਵੱਡੀ ਵਡਿਆਈਆ । ਖੇਲੇ ਖੇਲ ਦੋ ਜਹਾਨਾਂ, ਤ੍ਰੈ ਤ੍ਰੈ ਲੇਖਾ ਆਪ ਚੁਕਾਈਆ । ਚੌਦਾਂ ਚੌਦਾਂ ਹੋ ਪਰਧਾਨਾ, ਆਪ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਰੰਗ ਅਵੱਲਾ ਇਕ ਅਕੱਲਾ, ਏਕਾ ਇਕ ਅਖਵਾਇੰਦਾ । ਵਸਣਹਾਰਾ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਇੰਦਾ । ਆਦਿ ਨਿਰੰਜਣ ਆਪਣਾ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਆਪੇ ਵਸੇ ਨੇਹਚਲ ਧਾਮ ਅਟੱਲਾ, ਉਚ ਮਹੱਲ ਅਟੱਲ ਮੁਨਾਰ ਵਖਾਇੰਦਾ । ਕਰੇ ਖੇਲ ਵਲ ਛਲਾ, ਵਲ ਛਲਧਾਰੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਰਚਨ ਰਚਾਵਣਹਾਰ ਕਰਤਾਰ, ਏਕਾ ਖੇਲ ਖਿਲਾਇੰਦਾ । ਆਦਿ ਜੁਗਾਦੀ ਲੈ ਅਵਤਾਰ, ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਖੇਲਣਹਾਰ ਆਪ ਖਲਾਇੰਦਾ । ਬਰਨਾਂ ਵਰਨਾਂ ਵਸੇ ਬਾਹਰ, ਪੰਜ ਤਤ ਨਾ ਕੋਇ ਹੰਢਾਇੰਦਾ । ਘਟ ਘਟ ਅੰਦਰ ਖੇਲ ਅਪਾਰ, ਕਮਲਾਪਾਤੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਜਗਾਇੰਦਾ । ਜਾਗਰਤ ਜੋਤ ਹਰਿ ਜਗਾ, ਆਪਣਾ ਵੇਸ ਵਟਾਇੰਦਾ । ਨਿਰਗੁਣ ਸਰਗੁਣ ਨਾਉਂ ਰਖਾ, ਲੋਕਮਾਤ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾ, ਬ੍ਰਹਮ ਬ੍ਰਹਮ ਆਪ ਬੁਝਾਇੰਦਾ । ਵਿਸ਼ਨੂੰ ਮੇਲਾ ਸਹਿਜ ਸੁਭਾ, ਸ਼ੰਕਰ ਸੰਗ ਰਖਾਇੰਦਾ । ਆਪ ਆਪਣਾ ਮੁਖ ਛੁਪਾ, ਆਪਣੀ ਕਾਰ ਆਪ ਕਰਾਇੰਦਾ । ਪੜਦਾ ਓਹਲਾ ਜਗਤ ਵਖਾ, ਜਗਤ ਵਿਚੋਲਾ ਨਾਉਂ ਧਰਾਇੰਦਾ । ਆਪਣਾ ਢੋਲਾ ਆਪੇ ਗਾ, ਸਾਚਾ ਬੋਲਾ ਆਪ ਅਲਾਇੰਦਾ । ਲੱਖ ਚੁਰਾਸੀ ਤੋਲਾ ਏਕਾ ਤੋਲ ਲਏ ਤੁਲਾ, ਦੂਸਰ ਕੰਡਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਧਰਾਇੰਦਾ । ਆਪਣਾ ਰੂਪ ਆਪੇ ਰੱਖ, ਆਪ ਆਪਣੇ ਵਿਚ ਟਿਕਾਈਆ । ਆਪੇ ਭਾਂਡੇ ਕਰੇ ਸਖ, ਆਪੇ ਸਖਣੇ ਲਏ ਭਰਾਈਆ । ਆਪ ਆਪਣੇ ਆਪੇ ਪਰਖ, ਹਰਿਜਨ ਸਾਚੇ ਮਾਤ ਤਰਾਈਆ । ਸਤਿ ਸਰੂਪੀ ਮਾਰਗ ਦੱਸ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਕਰੇ ਕਰਾਏ ਕੱਖੋਂ ਲੱਖ, ਲੱਖੋਂ ਕੱਖ ਆਪ ਵਖਾਈਆ । ਸਰਬ ਕਲ ਆਪ ਸਮਰਥ, ਪੁਰਖ ਅਕਾਲ ਵਡ ਵਡਿਆਈਆ । ਸ੍ਰਿਸ਼ਟ ਸਬਾਈ ਪਾਏ

੨੬੩

ਨੱਥ, ਲੋਆਂ ਪੁਰੀਆਂ ਆਪ ਉਪਾਈਆ । ਜੁਗਾ ਜੁਗੰਤਰ ਰਿਹਾ ਨੱਠ, ਆਪ ਆਪਣਾ ਰਥ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਮ ਅਵੱਲਾ ਇਕ ਉਪਾਈਆ । ਧਾਮ ਅਵੱਲੜਾ ਹਰਿ ਨਿਰੰਕਾਰ, ਆਦਿ ਜੁਗਾਦਿ ਉਪਾਇੰਦਾ । ਖੇਲ ਕਰੰਦੜਾ ਸਿਰਜਣਹਾਰ, ਸਾਕਤ ਨਿੰਦਕ ਵੇਖ ਵਖਾਇੰਦਾ । ਭਗਤ ਵਛਲ ਹਰਿ ਮੀਤ ਮੁਰਾਰ, ਭਗਤ ਭਗਤੀ ਇਕ ਵਖਾਇੰਦਾ । ਆਪ ਆਪਣੀ ਪ੍ਰਭ ਕਿਰਪਾ ਧਾਰ, ਆਪ ਆਪਣਾ ਨਾਉਂ ਧਰਾਇੰਦਾ । ਆਪ ਆਪਣੇ ਰੰਗ ਰਵੇ ਕਰਤਾਰ, ਕਰਨੀ ਕਰਤਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਸੁਹਾਇਆ ਸਰਬ ਸੁਖ, ਹਰਿ ਸਤਿਗੁਰ ਆਪ ਕਰਾਇੰਦਾ । ਮੇਟਣਹਾਰਾ ਤ੍ਰਿਸ਼ਨਾ ਭੁੱਖ, ਹਰਿਜਨ ਸਾਚਾ ਆਪ ਜਗਾਇੰਦਾ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਧਵਾਇੰਦਾ । ਲੱਖ ਚੁਰਾਸੀ ਵਿਚੋਂ ਪੁੱਟ, ਆਪਣਾ ਬੂਟਾ ਸਾਚਾ ਮਾਲੀ ਆਪ ਲਗਾਇੰਦਾ । ਅੰਮ੍ਰਿਤ ਜਾਮ ਪਿਆਏ ਸਾਚਾ ਘੁੱਟ, ਦੋ ਜਹਾਨੀ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਇੰਦਾ । ਹਰਿਜਨ ਸਾਚਾ ਹਰਿ ਰੰਗ ਰਾਤਾ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਹਰਿ ਪੁਰਖ ਨਿਰੰਜਣ ਪਿਤਾ ਮਾਤਾ, ਏਕੰਕਾਰ ਗੁਰ ਸਹਾਈਆ । ਆਦਿ ਨਿਰੰਜਣ ਦੇਵੇ ਦਾਤਾ, ਸ੍ਰੀ ਭਗਵਾਨ ਸਹਿਜ ਸੁਖਦਾਈਆ । ਪੁਰਖ ਅਬਿਨਾਸ਼ੀ ਬੰਨ੍ਹੇ ਨਾਤਾ, ਚਰਨ ਪ੍ਰੀਤੀ ਇਕ ਸਿਖਾਈਆ । ਪਾਰਬ੍ਰਹਮ ਬ੍ਰਹਮ ਰਖਾਏ ਉਤਮ ਜ਼ਾਤਾ, ਨਾ ਮਰੇ ਨਾ ਜਾਈਆ । ਨਿਰਗੁਣ ਬੈਠਾ ਇਕ ਇਕਾਂਤਾ, ਸਚਖੰਡ ਦਵਾਰਾ ਇਕ ਸੁਹਾਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਸ਼ਬਦ ਅਗੰਮੀ ਏਕਾ ਗਾਥਾ, ਜੁਗਾ ਜੁਗੰਤਰ ਆਪ ਚਲਾਈਆ । ਆਪੇ ਹੋ ਤ੍ਰੈਲੋਕੀ ਨਾਥਾ, ਤ੍ਰੈ ਤ੍ਰੈ ਆਪਣਾ ਬੰਧਨ ਪਾਈਆ । ਆਪੇ ਪੂਜਾ ਆਪੇ ਪਾਠਾ, ਨਿਸ਼ਅੱਖਰ ਆਪੇ ਕਰੇ ਪੜ੍ਹਾਈਆ । ਆਪੇ ਤੀਰਥ ਆਪੇ ਤਾਟਾ, ਅਠਸਠ ਆਪਣਾ ਰੂਪ ਧਰਾਈਆ । ਆਪੇ ਵਸੇ ਆਨ ਬਾਟਾ, ਆਪ ਆਪਣਾ ਵੇਸ ਵਟਾਈਆ । ਆਪੇ ਕਰੇ ਪੂਰਾ ਘਾਟਾ, ਪੂਰਬ ਲਹਿਣਾ ਝੋਲੀ ਪਾਈਆ । ਆਪੇ ਰੱਖੇ ਨੇੜੇ ਵਾਟਾ, ਪਿਛਲਾ ਪੰਧ ਮੁਕਾਈਆ । ਆਪੇ ਅੰਗੀ ਅੰਗ ਮਿਲਾਤਾ, ਆਦਿ ਸ਼ਕਤ ਨਾਉਂ ਧਰਾਈਆ । ਆਪੇ ਬਾਸ਼ਕ ਸੇਜਾ ਸੁਤਾ ਖਾਟਾ, ਸਾਂਗੋ ਪਾਂਗ ਆਪ ਹੰਢਾਈਆ । ਆਪੇ ਵਸੇ ਕਾਇਆ ਮਾਟਾ, ਲੱਖ ਚੁਰਾਸੀ ਫੋਲ ਫੁਲਾਈਆ । ਆਪੇ ਭਰਿਆ ਅੰਮ੍ਰਿਤ ਬਾਟਾ, ਸਤਿ ਪਿਆਲਾ ਹੱਥ ਉਠਾਈਆ । ਆਪੇ ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਆਪੇ ਸੰਮਣ ਮੂਸਣ ਬਣ ਬਣ ਚੁੱਕ ਲਿਆਏ ਆਟਾ, ਆਪਣੀ ਕਲ ਆਪ ਚਲਾਈਆ । ਵਣਜ ਵਣਜਾਰਾ ਦਰ ਦਰਬਾਰਾ ਆਪੇ ਬੈਠਾ ਹਾਟਾ, ਆਪਣਾ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਈਆ । ਰੰਗ ਰਤੜਾ ਪੁਰਖ ਅਕਾਲ, ਸੋ ਪੁਰਖ ਨਿਰੰਜਣ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਬਣ ਦਲਾਲ, ਏਕੰਕਾਰਾ ਮੇਲ ਮਿਲਾਇੰਦਾ । ਆਦਿ ਨਿਰੰਜਣ ਸਚਖੰਡ ਬੈਠ ਸੱਚੀ ਧਰਮਸਾਲ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਸ੍ਰੀ ਭਗਵਾਨ ਵਜਾਏ ਤਾਲ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਪਾਰਬ੍ਰਹਮ ਪ੍ਰਭ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪ ਅਖਵਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤ ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਭਾਲ, ਆਪ ਆਪਣੇ ਮੇਲ ਮਿਲਾਇੰਦਾ । ਗੁਰਮੁਖ ਉਠਾਏ ਸਾਚੇ ਲਾਲ, ਪੂਤ ਸਪੂਤਾ ਰੰਗ ਰੰਗਾਇੰਦਾ । ਦਿਵਸ ਰੈਣ ਵਸੇ ਨਾਲ, ਵਿਛੜ ਕਦੇ ਨਾ ਜਾਇੰਦਾ ।

ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤਤ ਚੋਲਾ ਆਪ ਹੰਢਾਇੰਦਾ । ਫਲ ਲਗਾਏ ਸਾਚੇ ਡਾਲ, ਪਤ ਡਾਲੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਲਿਖਣਹਾਰ ਗੋਬਿੰਦ, ਦੂਸਰ ਅਵਰ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਗੁਣੀ ਗਹਿੰਦ, ਗਹਿਰ ਗੰਭੀਰ ਨਾਉਂ ਧਰਾਇੰਦਾ । ਅਬਿਨਾਸ਼ੀ ਕਰਤਾ ਸਾਗਰ ਸਿੰਧ, ਸਾਚਾ ਅੰਮ੍ਰਿਤ ਤਾਲ ਭਰਾਇੰਦਾ । ਹਰਿਜਨ ਉਪਜਾਏ ਆਪਣੀ ਬਿੰਦ, ਸੁਤ ਅਨਾਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਆਪੇ ਲਿਖ, ਦੂਸਰ ਹੱਟ ਨਾ ਕਿਸੇ ਵਿਕਾਇੰਦਾ । ਨਾ ਕੋਈ ਹੱਟ ਨਾ ਹਟਵਾਣਾ, ਸ਼ਿਵ ਗੱਦੀ ਨਾ ਕੋਇ ਹੰਢਾਈਆ । ਨਾ ਕੋਈ ਰਾਜਾਨ ਨਾ ਕੋਈ ਰਾਣਾ, ਹੁਕਮੀ ਹੁਕਮ ਨਾ ਕੋਇ ਸੁਣਾਈਆ । ਨਾ ਕੋਈ ਬਿਰਧ ਨਾ ਬਾਲ ਦਿਸੇ ਨੌਜਵਾਨਾ, ਬਲਧਾਰੀ ਨਾ ਕੋਇ ਵਡਿਆਈਆ । ਨਾ ਕੋਈ ਸ਼ਸਤਰ ਬਸਤਰ ਦਿਸੇ ਤੀਰ ਕਮਾਨਾ, ਖੜਗ ਖੰਡਾ ਨਾ ਹੱਥ ਉਠਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨਾ, ਮੰਡਲ ਰਾਸ ਨਾ ਕੋਇ ਵਖਾਈਆ । ਨਾ ਕੋਈ ਸੀਤਾ ਨਾ ਕੋਈ ਰਾਮਾ, ਜਨਕ ਸਪੁਤਰੀ ਨਾ ਕੋਇ ਪਰਨਾਈਆ । ਨਾ ਕੋਈ ਰਾਵਣ ਮਾਰੇ ਬਾਣਾ, ਤੀਰ ਕਮਾਨ ਨਾ ਹੱਥ ਉਠਾਈਆ । ਨਾ ਕੋਈ ਭੇਖ ਧਰੇ ਬਲ ਬਾਵਣ ਵਿਚ ਜਹਾਨਾ, ਚਾਰ ਵੇਦ ਨਾ ਕੋਇ ਪੜ੍ਹਾਈਆ । ਨਾ ਕੋਈ ਸ਼ਾਸਤਰ ਸਿਮਰਤ ਦਏ ਗਿਆਨਾ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਨਾ ਕੋਈ ਸਤਿ ਸੰਤੋਖੀ ਬੰਨ੍ਹੇ ਗਾਨਾ, ਧੀਰਜ ਜਤ ਨਾ ਕੋਇ ਜਣਾਈਆ । ਇਕ ਅਕੱਲਾ ਸ੍ਰੀ ਭਗਵਾਨਾ, ਨਿਰਗੁਣ ਆਪਣਾ ਖੇਲ ਖਿਲਾਈਆ । ਹਰਿਜਨ ਵੇਖੇ ਚਤਰ ਸੁਜਾਨਾ, ਲਖ ਚੁਰਾਸੀ ਫੋਲ ਫੁਲਾਈਆ । ਏਕਾ ਦੇਵੇ ਨਾਮ ਨਿਧਾਨਾ, ਧੁਰਦਰਗਾਹੀ ਸਚ ਪੜ੍ਹਾਈਆ । ਆਤਮ ਅੰਤਰ ਪਦ ਨਿਰਬਾਣਾ, ਨਿਰਭੈ ਆਪਣਾ ਰੂਪ ਵਖਾਈਆ । ਦੋ ਜਹਾਨੀ ਸਾਚਾ ਮਾਣਾ, ਮਾਣ ਅਭਿਮਾਨਾ ਦਏ ਗਵਾਈਆ । ਆਪ ਰਖਾਏ ਆਪਣੇ ਭਾਣਾ, ਹਰਿ ਭਾਣਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਹਰਿ ਚੁਕਾਵਣਾ, ਕਲਜੁਗ ਤੇਰੀ ਅੰਤਮ ਵਾਰ । ਚੌਥੇ ਜੁਗ ਭਾਰ ਲਾਹਵਣਾ, ਤ੍ਰੈਗੁਣ ਸੁੱਤਾ ਕਰ ਪਸਾਰ । ਤ੍ਰੈ ਤ੍ਰੈ ਲੇਖਾ ਮੂਲ ਮੁਕਾਵਣਾ, ਬ੍ਰਹਮਾ ਵਿਸ਼ਨ ਸ਼ਿਵ ਰਹੇ ਪੁਕਾਰ । ਹਰਿਜਨ ਤੇਰਾ ਸੰਗ ਨਿਭਾਵਣਾ, ਤੇਰੀ ਬੰਨ੍ਹ ਸੀਸ ਦਸਤਾਰ । ਦੋ ਜਹਾਨਾ ਏਕਾ ਰੰਗ ਰੰਗਾਵਣਾ, ਰੰਗ ਬਸੰਤੀ ਖਿੜੀ ਗੁਲਜ਼ਾਰ । ਤੇਰਾ ਪੀਸਣ ਪੀਸਾ ਲੇਖੇ ਲਾਵਣਾ, ਸੀਸ ਜਗਦੀਸ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਆਪਣਾ ਵਰ, ਵਰ ਦਾਤਾ ਆਪ ਨਿਰੰਕਾਰ ।

## ✻ ੧੭ ਫੱਗਣ ੨੦੧੬ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਅਟਾਰਸੀ ✻

ਸੋ ਪੁਰਖ ਨਿਰੰਜਣ ਨਿਰਾਕਾਰ, ਨਿਰਵੈਰ ਨਾਉਂ ਧਰਾਈਆ । ਹਰਿ ਪੁਰਖ ਨਿਰੰਜਣ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਏਕੰਕਾਰਾ ਖੇਲ ਨਿਆਰ, ਰੂਪ ਰੇਖ ਨਾ ਕੋਇ ਵਖਾਈਆ । ਆਦਿ ਨਿਰੰਜਣ ਜੋਤ ਉਜਿਆਰ, ਦੀਪਕ ਦੀਪਕ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਿਰਜਣਹਾਰ, ਆਪ ਆਪਣਾ ਮੇਲ ਮਿਲਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਸਗਲਾ ਸੰਗ ਆਪ ਰਖਾਈਆ । ਪਾਰਬ੍ਰਹਮ ਪ੍ਰਭ ਕਰ

ਪਸਾਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਸਚਖੰਡ ਦਵਾਰਾ ਸਚ ਉਸਾਰ, ਘਰ ਸਾਚੇ ਸੋਭਾ ਪਾਈਆ । ਘਰ ਵਿਚ ਘਰ ਕਰ ਤਿਆਰ, ਥਿਰ ਘਰ ਆਪਣਾ ਬੰਕ ਵਖਾਈਆ । ਸਚ ਸਿੰਘਾਸਣ ਸ਼ਾਹ ਸਿਕਦਾਰ, ਨਰ ਨਰਾਇਣ ਆਸਣ ਲਾਈਆ । ਨਿਰਮਲ ਜੂਨੀ ਰਹਿਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਪਰਮ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਰੁਸ਼ਨਾਈਆ । ਸੋ ਪੁਰਖ ਨਿਰੰਜਣ ਸਚ ਮਹੱਲਾ, ਹਰਿ ਸੱਚਾ ਆਪ ਵਸਾਇੰਦਾ । ਹਰਿ ਪੁਰਖ ਨਿਰੰਜਣ ਇਕ ਅਕੱਲਾ, ਏਕੰਕਾਰਾ ਡੇਰਾ ਲਾਇੰਦਾ । ਆਦਿ ਨਿਰੰਜਣ ਦੀਪਕ ਬਲਾ, ਅਗਿਆਨ ਅੰਧੇਰ ਨਾ ਕੋਇ ਵਖਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਵਲ ਛੱਲਾ, ਅਛਲ ਅਛੱਲ ਖੇਲ ਖਿਲਾਇੰਦਾ । ਸ੍ਰੀ ਭਗਵਾਨ ਸਚ ਸਿੰਘਾਸਣ ਆਸਣ ਮੱਲਾ, ਤਖ਼ਤ ਨਿਵਾਸੀ ਡੇਰਾ ਲਾਇੰਦਾ । ਪਾਰਬ੍ਰਹਮ ਆਪਣੀ ਸ਼ਕਤੀ ਆਪੇ ਰਲਾ, ਅਜੂਨੀ ਰਹਿਤ ਦਿਸ ਨਾ ਆਇੰਦਾ । ਸਚਖੰਡ ਦਵਾਰਾ ਨੇਹਚਲ ਧਾਮ ਅਟੱਲਾ, ਚਾਰ ਦੀਵਾਰ ਛੱਪਰ ਛੰਨ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਅਨੂਪ ਸਤਿ ਸਰੂਪ, ਸਤਿ ਸੁਲਤਾਨਾ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਦੂਸਰ ਸੰਗ ਨਾ ਕੋਇ ਰਖਾਈਆ । ਹਰਿ ਪੁਰਖ ਨਿਰੰਜਣਾ ਨੌਜਵਾਨਾ, ਨਾ ਮਰੇ ਨਾ ਜਾਈਆ । ਏਕੰਕਾਰਾ ਵਡ ਬਲਵਾਨਾ, ਬਲਧਾਰੀ ਭੇਵ ਨਾ ਰਾਈਆ । ਆਦਿ ਨਿਰੰਜਣ ਜੋਤ ਮਹਾਨਾ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨਿਗਾਹਬਾਨਾ, ਲੋਚਣ ਨੈਣ ਨਾ ਕੋਇ ਵਖਾਈਆ । ਸ੍ਰੀ ਭਗਵਾਨ ਸਚ ਤਰਾਨਾ, ਰਾਗ ਅਨਾਦੀ ਆਪੇ ਗਾਈਆ । ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨਾ, ਰੰਗ ਰੰਗੀਲਾ ਮੋਹਣ ਮਾਧਵ ਸਾਚਾ ਮਾਹੀਆ । ਪਾਰਬ੍ਰਹਮ ਧੁਰ ਫ਼ੁਰਮਾਨਾ, ਆਪ ਆਪਣਾ ਹੁਕਮ ਸੁਣਾਈਆ । ਸਚਖੰਡ ਦਵਾਰਾ ਵਸੇ ਸਚ ਮਕਾਨਾ, ਥਿਰ ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪ੍ਰਕਾਸ਼ ਆਪ ਕਰਾਈਆ । ਸੋ ਪੁਰਖ ਨਿਰੰਜਣ ਸੁਤੇ ਪ੍ਰਕਾਸ਼, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕੰਕਾਰਾ ਪਾਏ ਰਾਸ, ਆਦਿ ਨਿਰੰਜਣ ਵੇਖ ਵਖਾਇੰਦਾ । ਸ੍ਰੀ ਭਗਵਾਨ ਸਰਬ ਗੁਣਤਾਸ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਪਾਰਬ੍ਰਹਮ ਸਦ ਵਸੇ ਪਾਸ, ਵਾਸ ਨਿਵਾਸਾ ਆਪ ਹੋ ਜਾਇੰਦਾ । ਸਚਖੰਡ ਦਵਾਰ ਸਾਚੀ ਰਾਸ, ਮੰਡਲ ਮੰਡਪ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵੰਤ, ਆਦਿ ਜੁਗਾਦਿ ਭੇਵ ਨਾ ਆਇੰਦਾ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਏਕੰਕਾਰਾ ਵੇਸ ਵਟਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਜੁਗਾ ਜੁਗੰਤ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਰੂਪ ਵਟਾਇੰਦਾ । ਪਾਰਬ੍ਰਹਮ ਪ੍ਰਭ ਨਾਰੀ ਕੰਤ, ਦਰ ਘਰ ਸਾਚਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸਚ ਸੁਹੰਜਣੀ ਸੇਜ ਸੁਹਾਇੰਦਾ । ਥਿਰ ਘਰ ਵਾਸੀ ਨਾਰੀ ਕੰਤ, ਕੰਤ ਕੰਤੂਹਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਹਰਿ ਪੁਰਖ ਨਿਰੰਜਣ ਆਪ ਚਲਾਈਆ । ਏਕੰਕਾਰਾ ਖੇਲ ਅਪਾਰ, ਅਕਲ ਕਲ ਧਾਰੀ ਦਿਸ ਨਾ ਆਈਆ । ਆਦਿ ਨਿਰੰਜਣ ਸਚ ਸਿਕਦਾਰ, ਸ੍ਰੀ ਭਗਵਾਨ ਸੇਵ ਕਮਾਈਆ । ਅਬਿਨਾਸ਼ੀ ਕਰਤਾ ਚੋਬਦਾਰ, ਦਿਵਸ

ਰੈਣ ਸੇਵ ਕਮਾਈਆ । ਪਾਰਬ੍ਰਹਮ ਦਏ ਹੁਲਾਰ, ਆਪ ਆਪਣੀ ਲਏ ਅੰਗੜਾਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਥਿਰ ਘਰ ਸਾਚਾ ਵੇਖ ਵਖਾਈਆ । ਸਾਚੇ ਮੰਦਰ ਸਚ ਅਖਾੜ, ਅਬਿਨਾਸ਼ੀ ਕਰਤਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਦਏ ਵਡਿਆਈਆ । ਸੋ ਪੁਰਖ ਨਿਰੰਜਣ ਹਰਿ ਵਡਿਆਈ, ਹਰਿ ਸਾਚਾ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹੀ, ਬੇਪਰਵਾਹ ਨਾਉਂ ਰਖਾਇੰਦਾ । ਏਕੰਕਾਰਾ ਥਾਉਂ ਥਾਂਈ, ਥਾਨ ਥਨੰਤਰ ਆਪ ਸੁਹਾਇੰਦਾ । ਆਦਿ ਨਿਰੰਜਣ ਆਪ ਆਪਣੀ ਪਕੜੇ ਬਾਂਹੀਂ, ਆਪ ਆਪਣਾ ਬਲ ਵਖਾਇੰਦਾ । ਸ੍ਰੀ ਭਗਵਾਨ ਚਾਈਂ ਚਾਈਂ, ਅਬਿਨਾਸ਼ੀ ਕਰਤਾ ਅੰਗ ਲਗਾਇੰਦਾ । ਪਾਰਬ੍ਰਹਮ ਵਸੇ ਏਕਾ ਥਾਈਂ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੁਹੰਜਣਾ ਏਕੰਕਾਰ, ਆਦਿ ਨਿਰੰਜਣ ਖੇਲ ਨਿਆਰ, ਨਿਰਗੁਣ ਆਪਣਾ ਵੇਸ ਧਰਾਇੰਦਾ । ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜਾਣੇ ਨਿਰਗੁਣ ਰਾਸਾ, ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਪੂਰੀ ਕਰੇ ਆਸਾ, ਨਿਰਗੁਣ ਭਿਛਿਆ ਝੋਲੀ ਪਾਇੰਦਾ । ਨਿਰਗੁਣ ਅੰਦਰ ਨਿਰਗੁਣ ਵਾਸਾ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਭੇਵ ਨਾ ਆਇੰਦਾ । ਅਜੂਨੀ ਰਹਿਤ ਪੁਰਖ ਅਕਾਲਾ, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਦੀਨ ਦਿਆਲਾ, ਹਰਿ ਪੁਰਖ ਨਿਰੰਜਣ ਵਡ ਵਡਿਆਇਆ । ਏਕੰਕਾਰਾ ਬਣ ਦਲਾਲਾ, ਘਰ ਸਾਚੇ ਵੇਸ ਵਟਾਇਆ । ਆਦਿ ਨਿਰੰਜਣ ਜੋਤ ਜਲਾਲਾ, ਜਲਵਾ ਨੂਰ ਆਪ ਵਖਾਇਆ । ਸ੍ਰੀ ਭਗਵਾਨ ਵਸੇ ਸਚ ਸਚੀ ਧਰਮਸਾਲਾ, ਸਚ ਸਿੰਘਾਸਣ ਸੋਭਾ ਪਾਇਆ । ਅਬਿਨਾਸ਼ੀ ਕਰਤਾ ਆਪ ਬਣਾਏ ਕਾਲ ਮਹਾਂਕਾਲਾ, ਆਪ ਆਪਣਾ ਹੁਕਮ ਚਲਾਇਆ । ਪਾਰਬ੍ਰਹਮ ਪ੍ਰਭ ਬਣ ਰਖਵਾਲਾ, ਆਦਿ ਜੁਗਾਦੀ ਵੇਖ ਵਖਾਇਆ । ਆਪੇ ਚਲੇ ਅਵਲੜੀ ਚਾਲਾ, ਨਿਰਗੁਣ ਨਿਰਗੁਣ ਦਏ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਖਾਇਆ । ਘਰ ਸਾਚਾ ਸਚਖੰਡ ਦਵਾਰ, ਸੋ ਪੁਰਖ ਨਿਰੰਜਣ ਆਪ ਉਪਾਈਆ । ਹਰਿ ਪੁਰਖ ਨਿਰੰਜਣ ਕਰ ਤਿਆਰ, ਏਕੰਕਾਰਾ ਦਏ ਵਖਾਈਆ । ਆਦਿ ਨਿਰੰਜਣ ਦੀਪਕ ਦੀਆ ਕਰ ਉਜਿਆਰ, ਏਕਾ ਏਕ ਡਗਮਗਾਈਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਦਿਵਸ ਰੈਣ ਵੇਖ ਵਖਾਈਆ । ਸ੍ਰੀ ਭਗਵਾਨ ਸਾਂਝਾ ਯਾਰ, ਘਰ ਸਾਚੇ ਸੋਭਾ ਪਾਈਆ । ਪਾਰਬ੍ਰਹਮ ਕਰੇ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਤਖ਼ਤ ਸਚ ਸੁਲਤਾਨ, ਆਪੇ ਬੈਠ ਸ੍ਰੀ ਭਗਵਾਨ, ਆਪਣਾ ਹੁਕਮ ਆਪ ਸੁਣਾਈਆ । ਸਚ ਤਖ਼ਤ ਸਚਖੰਡ ਨਿਵਾਸਾ, ਹਰਿ ਸਾਚਾ ਆਪ ਕਰਾਇੰਦਾ । ਆਪਣੇ ਚਰਨ ਰੱਖ ਭਰਵਾਸਾ, ਆਪਣੀ ਓਟ ਆਪ ਤਕਾਇੰਦਾ । ਆਪਣੀ ਪੂਰੀ ਕਰੇ ਆਸਾ, ਆਪਣੀ ਭਿਛਿਆ ਆਪੇ ਪਾਇੰਦਾ । ਆਪਣਾ ਕਾਰਜ ਆਪੇ ਕਰੇ ਰਾਸਾ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਰਾਜ ਰਾਜਾਨ, ਆਪੇ ਬਣੇ ਦਰ ਦਰਬਾਨ, ਆਪਣਾ ਖੇਲ ਆਪ ਖਲਾਇੰਦਾ । ਸਚਖੰਡ ਦਵਾਰੇ ਸਾਚੇ ਤਖ਼ਤ ਹਰਿ ਸਾਚਾ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣਾ ਅੱਖਰ ਆਪੇ ਪੜ੍ਹ, ਆਪ ਆਪਣਾ ਹੁਕਮ ਸੁਣਾਇੰਦਾ । ਆਪਣੇ ਅੱਗੇ ਆਪੇ ਖੜ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪਣਾ ਘਾੜਨ ਆਪੇ ਘੜ, ਆਪੇ ਵੇਖ ਵਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤਤਵ ਤਤ ਨਾ ਕੋਇ

੨੯੬

ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਡਿਆਇੰਦਾ । ਸਚਖੰਡ ਦਵਾਰੇ ਸਾਚਾ ਭੂਪ, ਹਰਿ ਸਜੱਣ ਸ਼ਾਹ ਅਖਵਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਲੇਖਾ ਲੇਖ ਨਾ ਕੋਇ ਵਖਾਇੰਦਾ । ਨਾ ਕੋਈ ਤਾਣਾ ਪੇਟਾ ਦਿਸੇ ਸੂਤ, ਰੰਗਣ ਰੰਗ ਨਾ ਕੋਇ ਚੜ੍ਹਾਇੰਦਾ । ਨਾ ਕੋਈ ਮਾਤ ਪਿਤ ਦਿਸੇ ਪੂਤ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਨਾ ਕੋਈ ਸਾਲ ਬਰਖ ਮਹੀਨਾ ਦਿਸੇ ਰੁੱਤ, ਬਸੰਤ ਬਹਾਰ ਨਾ ਕੋਇ ਜਣਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਨਾ ਦਿਸੇ ਬੁੱਤ, ਪਵਣ ਸਵਾਸ ਨਾ ਕੋਇ ਚਲਾਇੰਦਾ । ਏਕੰਕਾਰਾ ਅਬਿਨਾਸ਼ੀ ਅਚੁੱਤ, ਸਚਖੰਡ ਦਵਾਰਾ ਆਪ ਸੁਹਾਇੰਦਾ । ਆਪ ਉਪਜਾਏ ਆਪਣਾ ਸੁਤ, ਹਰਿ ਸ਼ਬਦੀ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤ ਦੁਲਾਰਾ ਕਰ ਤਿਆਰ, ਹੁਕਮ ਸੁਣਾਏ ਹਰਿ ਨਿਰੰਕਾਰ, ਹੁਕਮੀ ਹੁਕਮ ਆਪ ਚਲਾਇੰਦਾ । ਸਾਚਾ ਹੁਕਮ ਧੁਰ ਫ਼ੁਰਮਾਨਾ, ਹਰਿ ਸੱਚਾ ਆਪ ਜਣਾਈਆ । ਤਖ਼ਤ ਨਿਵਾਸੀ ਏਕਾ ਰਾਣਾ, ਏਕੰਕਾਰਾ ਦਏ ਸਲਾਹੀਆ । ਆਦਿ ਜੁਗਾਦੀ ਏਕਾ ਭਾਣਾ, ਹਰਿ ਭਾਣਾ ਵਡ ਵਡਿਆਈਆ । ਏਕਾ ਪੇਟਾ ਏਕਾ ਤਾਣਾ, ਆਪ ਆਪਣਾ ਮੇਲ ਮਿਲਾਈਆ । ਏਕਾ ਰਾਗ ਏਕਾ ਗਾਨਾ, ਏਕਾ ਨਾਦ ਵਜਾਈਆ । ਏਕਾ ਪੀਣਾ ਏਕਾ ਖਾਣਾ, ਏਕਾ ਬੂਝ ਬੁਝਾਈਆ । ਏਕਾ ਘਰ ਇਕ ਮਕਾਨਾ, ਏਕਾ ਮੇਲਾ ਬੇਪਰਵਾਹੀਆ । ਏਕਾ ਮਾਣ ਇਕ ਅਭਿਮਾਨਾ, ਏਕਾ ਏਕ ਰੂਪ ਦਰਸਾਈਆ । ਏਕਾ ਪੁਰਖ ਇਕ ਸੁਲਤਾਨਾ, ਏਕਾ ਜੋਗ ਜੁਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਭੇਵ ਖੁਲਾਈਆ । ਸ਼ਬਦ ਸੁਤ ਉਠ ਬਲਧਾਰ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਹਰਿ ਪੁਰਖ ਨਿਰੰਜਣ ਕਰ ਪਿਆਰ, ਸਿਰ ਆਪਣਾ ਹੱਥ ਰਖਾਇੰਦਾ । ਏਕੰਕਾਰਾ ਦਏ ਆਧਾਰ, ਆਪ ਆਪਣਾ ਮੇਲ ਮਿਲਾਇੰਦਾ । ਆਦਿ ਨਿਰੰਜਣ ਖਬਰਦਾਰ, ਜੋਤ ਨਿਰੰਜਣ ਝੋਲੀ ਪਾਇੰਦਾ । ਸ੍ਰੀ ਭਗਵਾਨ ਏਕਾ ਧਾਰ, ਘਰ ਘਰ ਵਿਚ ਮੇਲ ਮਿਲਾਇੰਦਾ । ਅਬਿਨਾਸ਼ੀ ਕਰਤਾ ਅੰਮ੍ਰਿਤ ਠਾਰ, ਬੂੰਦ ਸਵਾਂਤੀ ਆਪ ਪਿਆਇੰਦਾ । ਪਾਰਬ੍ਰਹਮ ਬਣ ਸਿਕਦਾਰ, ਸਾਚਾ ਹੁਕਮ ਸੁਣਾਇੰਦਾ । ਤੇਰਾ ਰੂਪ ਅਗੰਮ ਅਪਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕ ਅਕੱਲਾ ਡੇਰਾ ਲਾਇੰਦਾ । ਇਕ ਅਕੱਲਾ ਬੇਪਰਵਾਹ, ਸਚਖੰਡ ਦਵਾਰੇ ਸੋਭਾ ਪਾਈਆ । ਸਿਫ਼ਤੀ ਸਿਫ਼ਤ ਸਿਫ਼ਤ ਸਲਾਹ, ਘਰ ਸਾਚੇ ਮਤਾ ਪਕਾਈਆ । ਨਿਰਗੁਣ ਨਿਰਗੁਣ ਦੱਸੇ ਰਾਹ, ਨਿਰਗੁਣ ਸਾਚਾ ਵੇਖ ਵਖਾਈਆ । ਸ਼ਬਦ ਦੁਲਾਰਾ ਲਏ ਉਠਾ, ਆਪ ਆਪਣੀ ਬੂਝ ਬੁਝਾਈਆ । ਆਪਣੀ ਵਸਤ ਝੋਲੀ ਪਾ, ਸਚ ਭੰਡਾਰ ਇਕ ਜਣਾਈਆ । ਤੇਰਾ ਹੁਕਮ ਵਰਤੇ ਸਭਨੀ ਥਾਂ, ਦੇਵਣਹਾਰ ਆਪ ਅਖਵਾਈਆ । ਨਿਰਗੁਣ ਪਿਤਾ ਨਿਰਗੁਣ ਮਾਂ, ਸੋ ਪੁਰਖ ਨਿਰੰਜਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਵਖਾਈਆ । ਥਿਰ ਘਰ ਸਾਚੇ ਹਰਿ ਮਿਹਰਬਾਨ, ਆਪਣਾ ਬੰਕ ਸੁਹਾਇਆ । ਉਪਰ ਬੈਠ ਸ੍ਰੀ ਭਗਵਾਨ, ਸਚ ਸਿੰਘਾਸਣ ਲਾਇਆ । ਸਤਿ ਸਤਿਵਾਦੀ ਇਕ ਨਿਸ਼ਾਨ, ਨਿਰਗੁਣ ਆਪਣਾ ਆਪ ਝੁਲਾਇਆ । ਸ਼ਾਹੋ ਭੂਪ ਬਣ ਵਡ ਰਾਜਾਨ, ਆਪ ਆਪਣਾ ਹੁਕਮ ਚਲਾਇਆ । ਆਪੇ ਦੇਵੇ ਧੁਰ ਫ਼ੁਰਮਾਣ, ਧੁਰਦਰਗਾਹੀ ਵੇਖ ਵਖਾਇਆ । ਆਪੇ ਵਸੇ ਸਚ ਮਕਾਨ, ਸਚ ਮਹੱਲਾ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਸਤ ਰੰਗ ਨਿਸ਼ਾਨਾ ਨਿਰਗੁਣ


੨੬੭

੨੬੮

ਜੋਤ, ਸਚਖੰਡ ਦਵਾਰੇ ਆਪ ਝੁਲਾਈਆ । ਲੇਖਾ ਜਾਣਿਆ ਜੁਗ ਜੁਗ ਕੋਟੀ ਕੋਟਨ ਕੋਟ, ਦੂਸਰ ਘਰ ਨਾ ਦਏ ਵਡਿਆਈਆ । ਸ਼ਬਦ ਨਗਾਰੇ ਲਾਏ ਚੋਟ, ਸਾਚਾ ਧੌਸਾਂ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਲਏ ਅੰਗੜਾਈਆ । ਪਾਰਬ੍ਰਹਮ ਪ੍ਰਭ ਲਏ ਅੰਗੜਾਈ, ਆਪਣੀ ਕਰਵਟ ਆਪ ਬਦਲਾਇੰਦਾ । ਅਬਿਨਾਸ਼ੀ ਕਰਤਾ ਦਏ ਸਲਾਹੀ, ਸਾਚੀ ਸੇਵਾ ਸੇਵ ਕਮਾਇੰਦਾ । ਆਪਣਾ ਘਾੜਨ ਘੜੇ ਬੇਪਰਵਾਹੀ, ਆਪਣਾ ਨੇਤਰ ਆਪ ਖੁਲ੍ਹਾਇੰਦਾ । ਆਪਣੀ ਵਸਤ ਆਪੇ ਪਕੜੇ ਚਾਈਂ ਚਾਈਂ, ਸਮਰਥ ਆਪਣੇ ਹੱਥ ਰਖਾਇੰਦਾ । ਆਪੇ ਭੁਜਾਂ ਰਿਹਾ ਉਠਾਈ, ਚਤਰਭੁਜ ਨਾਉਂ ਧਰਾਇੰਦਾ । ਆਪੇ ਸੀਸ ਛਤਰ ਰਿਹਾ ਝੁਲਾਈ, ਸਾਚਾ ਛਤਰ ਹੱਥ ਵਖਾਇੰਦਾ । ਆਪੇ ਪੰਚਮ ਦੇਵੇ ਪੰਚ ਵਡਿਆਈ, ਪੰਚਮ ਪੰਚਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਤਖ਼ਤ ਸੁਹਾਇੰਦਾ । ਤਖ਼ਤ ਨਿਵਾਸੀ ਗਰੀਬ ਨਿਵਾਜਾ, ਏਕਾ ਰੰਗ ਸਮਾਇਆ । ਸ਼ਬਦ ਅਗੰਮੀ ਵੱਜੇ ਵਾਜਾ, ਆਪ ਆਪਣੀ ਧੁਨ ਉਪਜਾਇਆ । ਸਤਿ ਸਰੂਪੀ ਸਾਚਾ ਤਾਜਾ, ਨਿਰਗੁਣ ਆਪਣਾ ਆਪ ਉਪਾਇਆ । ਪੰਚਮ ਮੁਖੀ ਏਕਾ ਤਾਜਾ, ਨਿਰਗੁਣ ਨਿਰਗੁਣ ਸੀਸ ਟਿਕਾਇਆ । ਘਰ ਘਰ ਵਿਚ ਬੈਠਾ ਸਾਚਾ ਰਾਜਾ, ਰਾਜਕ ਰਿਜਕ ਰਹੀਮ ਅਖਵਾਇਆ । ਨਿਰਗੁਣ ਨਿਰਗੁਣ ਰਚ ਰਚ ਕਾਜਾ, ਘਰ ਨਿਰਗੁਣ ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ ਏਕਾ ਮੁਕਟ ਸੁਹਾਇਆ । ਏਕਾ ਮੁਕਟ ਪੰਚ ਮੁਖ, ਨਿਰਗੁਣ ਨਿਰਗੁਣ ਸੀਸ ਟਿਕਾਇੰਦਾ । ਸੋ ਪੁਰਖ ਨਿਰੰਜਣ ਵੇਖੇ ਮੁਖ, ਹਰਿ ਪੁਰਖ ਨਿਰੰਜਣ ਪੜਦਾ ਲਾਹਿੰਦਾ । ਏਕੰਕਾਰਾ ਅਗੇ ਝੁਕ, ਆਦਿ ਨਿਰੰਜਣ ਆਪ ਉਠਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਲੁਕ ਲੁਕ, ਅਬਿਨਾਸ਼ੀ ਕਰਤਾ ਮੁਖ ਛੁਪਾਇੰਦਾ । ਪਾਰਬ੍ਰਹਮ ਵੇਖਣਹਾਰਾ ਤ੍ਰਿਸ਼ਨਾ ਭੁੱਖ, ਆਲਸ ਨਿੰਦਰਾ ਨਾ ਕੋਈ ਜਣਾਇੰਦਾ । ਸ਼ਬਦ ਅਨਾਦੀ ਗੋਦੀ ਚੁੱਕ, ਆਪ ਆਪਣੀ ਗੋਦ ਸੁਹਾਇੰਦਾ । ਨਾ ਮਾਨਸ ਨਾ ਕੋਈ ਮਨੁਖ, ਰੂਪ ਅਨੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰਸ ਦਿਖਾਇੰਦਾ । ਸ਼ਬਦ ਦੁਲਾਰਾ ਦਰਸ਼ਨ ਪਾ, ਏਕਾ ਏਕ ਵਖਾਈਆ । ਦੋਏ ਦੋਏ ਜੋੜ ਸੀਸ ਝੁਕਾ, ਚਰਨ ਕਵਲ ਧਿਆਨ ਟਿਕਾਈਆ । ਮੰਗੇ ਮੰਗ ਬੇਪਰਵਾਹ, ਤੂੰ ਦਾਤਾ ਬੇਪਰਵਾਹੀਆ । ਖਾਲੀ ਝੋਲੀ ਰਿਹਾ ਵਖਾ, ਚਾਰੇ ਕੰਨੀਆਂ ਆਪ ਉਠਾਈਆ । ਸਾਚੀ ਵਸਤ ਝੋਲੀ ਪਾ, ਅਤੁਟ ਭੰਡਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਡਿਆਈਆ । ਸਚ ਵਡਿਆਈ ਹਰਿ ਨਿਰੰਕਾਰ, ਆਪਣੇ ਹੱਥ ਰਖਾਇੰਦਾ । ਸ਼ਬਦ ਸ਼ਬਦੀ ਕਰ ਪਿਆਰ, ਸਾਚਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਤੇਰੀ ਸੇਵ ਕਮਾਇੰਦਾ । ਏਕਾ ਕਿਰਨ ਕਰ ਉਜਿਆਰ, ਤੇਰੇ ਰੰਗ ਰੰਗਾਇੰਦਾ । ਸੂਰਜ ਚੰਨ ਮੇਲ ਸਤਾਰ, ਸਾਚੇ ਮੰਡਲ ਆਪ ਲਟਕਾਇੰਦਾ । ਪ੍ਰਿਥਮੀ ਅਕਾਸ਼ ਦਏ ਉਸਾਰ, ਜਲ ਬਿੰਬ ਰੂਪ ਵਟਾਇੰਦਾ । ਤ੍ਰੈਗੁਣ ਮਾਇਆ ਅੰਗੀਕਾਰ, ਰਜੋ ਤਮੋ ਸਤੋ ਵੇਖ ਵਖਾਇੰਦਾ । ਆਪਣਾ ਰੂਪ ਕਰ ਅਕਾਰ, ਨਿਰਾਕਾਰ ਸਾਕਾਰ ਅਖਵਾਇੰਦਾ । ਵਿਸ਼ਨੂੰ ਵੰਸੀ ਖੇਲ ਅਪਾਰ, ਕਵਲ ਨੈਣ ਨੈਣ ਮਟਕਾਇੰਦਾ । ਸਾਂਗੋ ਪਾਂਗ ਕਰ ਤਿਆਰ, ਸਾਚੀ ਸੇਜ ਵਿਛਾਇੰਦਾ । ਅੰਮ੍ਰਿਤ ਆਤਮ ਭਰ ਭੰਡਾਰ, ਕਵਲ ਕਵਲਾ ਫੁੱਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਬ੍ਰਹਮ ਆਪਣਾ ਰੂਪ ਵਟਾਇੰਦਾ । ਸ਼ੰਕਰ ਮੇਲਾ ਧੂਆਂਧਾਰ, ਸਚ ਸਮਗਰੀ ਸੰਗ ਰਖਾਇੰਦਾ । ਏਕਾ ਜੋਤੀ ਏਕਾ ਧਾਰ, ਏਕਾ

ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਸਾਚਾ ਧਾਮ, ਖੇਲੇ ਖੇਲ ਹਰਿ ਹਰਿ ਰਾਮ, ਰਾਮ ਰਾਮ ਭੇਵ ਨਾ ਆਇੰਦਾ । ਸ਼ਬਦ ਦੁਲਾਰਾ ਸੇਵ ਕਮਾ, ਚੌਦਾਂ ਲੋਕ ਹੱਟ ਖੁਲ੍ਹਾਈਆ । ਜਿਮੀ ਅਸਮਾਨਾਂ ਬਣਤ ਬਣਾ, ਗਗਨ ਮੰਡਲ ਵੇਖ ਵਖਾਈਆ । ਬ੍ਰਹਿਮੰਡ ਖੰਡ ਰਚਨ ਰਚਾ, ਆਪਣਾ ਬੰਧਨ ਆਪੇ ਪਾਈਆ । ਰਵ ਸਸ ਲਏ ਲਟਕਾ, ਏਕਾ ਡੋਰੀ ਨਾਮ ਵਖਾਈਆ । ਆਕਾਸ਼ ਪ੍ਰਕਾਸ਼ ਰਿਹਾ ਜਗਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਹੁਕਮ ਸੁਣਾ, ਹੁਕਮੀ ਹੁਕਮ ਦਏ ਵਡਿਆਈਆ । ਏਕਾ ਵਸਤ ਝੋਲੀ ਪਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਆਪਣੇ ਦਵਾਰੇ ਆਪੇ ਆ, ਘਰ ਸਾਚਾ ਆਪ ਸੁਹਾਈਆ । ਆਪੇ ਬਣਿਆ ਸ਼ਹਿਨਸ਼ਾਹ, ਪਾਤਸ਼ਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸੁਤ ਦੁਲਾਰਾ ਦਰ ਘਰ ਆਇਆ, ਸਚਖੰਡ ਦਵਾਰੇ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ ਤੇਰਾ ਦਰਸ ਦਰਸ ਮੋਹੇ ਮੋਹ ਭਾਇਆ, ਦੂਸਰ ਕੋਇ ਦਿਸ ਨਾ ਆਇੰਦਾ । ਤੇਰਾ ਨੂਰ ਜਲਵਾ ਜਲਵਾ ਅਲਾਹੀ ਇਕ ਰਘੁਰਾਇਆ, ਆਦਿ ਜੁਗਾਦੀ ਡਗਮਗਾਇੰਦਾ । ਤੇਰਾ ਤਾਜ ਤੇਰਾ ਰਾਜ ਤੇਰਾ ਕਾਜ ਸਹਿਜ ਸੁਖਦਾਇਆ, ਸਗਲ ਸਮਗਰੀ ਵਸਤ ਵਖਾਇੰਦਾ । ਤੂੰ ਮਾਤ ਪਿਤ ਪਿਤਾ ਮਾਇਆ, ਦਾਈ ਦਾਇਆ ਤੂਹੀਂ ਗੋਦ ਉਠਾਇੰਦਾ । ਹਉਂ ਭਿਖਾਰੀ ਹਰਿ ਨਿਰੰਕਾਰੀ ਦਰ ਤੇਰੇ ਤੇ ਆਇਆ, ਤੁਧ ਬਿਨ ਦਰ ਨਾ ਅਵਰ ਸਿਖਾਇੰਦਾ । ਏਕਾ ਅੱਖਰ ਤੇਰਾ ਤੇਰੇ ਦਰ ਪੜ੍ਹਨ ਆਇਆ, ਸਾਚੀ ਵਿਦਿਆ ਨਾ ਕੋਈ ਜਣਾਇੰਦਾ । ਸੋ ਪੁਰਖ ਨਿਰੰਜਣ ਤੇਰਾ ਲੜ ਫੜ ਕੇ ਆਇਆ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖਸ਼ੇ ਸਾਚਾ ਵਰ, ਦੂਜਾ ਦਰ ਨਾ ਕੋਈ ਸਿਖਾਇੰਦਾ । ਸੁਤ ਦੁਲਾਰਾ ਮੰਗੇ ਵਰ, ਪ੍ਰਭ ਅਗੇ ਸੀਸ ਝੁਕਾਈਆ । ਆਦਿ ਜੁਗਾਦਿ ਚੁੱਕੇ ਡਰ, ਨਿਰਭੈ ਤੇਰਾ ਨਾਉਂ ਇਕ ਜਣਾਈਆ । ਨਾ ਜਨਮਾ ਨਾ ਜਾਏ ਮਰ, ਆਵਣ ਜਾਵਣ ਖੇਲ ਖਿਲਾਈਆ । ਇਕ ਨੁਹੌਣਾ ਸਾਚੇ ਸਰ, ਸਰ ਸਰੋਵਰ ਇਕ ਵਡਿਆਈਆ । ਏਕਾ ਤਰਨੀ ਜਾਣਾ ਤਰ, ਤਾਰਨਹਾਰ ਆਪ ਅਖਵਾਈਆ । ਆਪਣੀ ਕਰਨੀ ਕਰਤਾ ਪੁਰਖ ਦੇਣੀ ਕਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ ਇਕ ਵਖਾਈਆ । ਹਰਿ ਭਗਵਾਨ ਵਡ ਮਿਹਰਵਾਨ, ਸ਼ਬਦੀ ਸ਼ਬਦ ਕਰੇ ਜਣਾਈਆ । ਮੇਰਾ ਨਾਮ ਤੇਰਾ ਨਿਸ਼ਾਨ, ਆਦਿ ਜੁਗਾਦਿ ਵੱਜੇ ਵਧਾਈਆ । ਤੂੰ ਗੋਪੀ ਹਉਂ ਸਾਚਾ ਕਾਹਨ, ਬ੍ਰਹਿਮੰਡ ਖੰਡ ਰਾਸ ਰਚਾਈਆ । ਦੇਵਣਹਾਰਾ ਸਾਚਾ ਦਾਨ, ਸਚ ਭੰਡਾਰ ਇਕ ਵਰਤਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਸਾਚੀ ਭਿਛਿਆ ਝੋਲੀ ਪਾਈਆ । ਆਪਣਾ ਖੇਲ ਕਰੇ ਕਰਤਾਰ, ਕਰਨਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਭੇਵ ਖੁਲਾਈਆ । ਸੁਤ ਦੁਲਾਰਾ ਵਡ ਬਲਕਾਰਾ, ਏਕਾ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼ੀ ਨਿਰਗੁਣ ਧਾਰਾ, ਤੇਰਾ ਰੂਪ ਅਨੂਪ ਜਣਾਇੰਦਾ । ਤੇਰਾ ਤਖ਼ਤ ਤੇਰਾ ਤਾਜ ਤੂਹੀ ਸਿਕਦਾਰਾ, ਤੇਰਾ ਹੁਕਮੀ ਹੁਕਮ ਅਲਾਇੰਦਾ । ਕਵਣ ਰੂਪ ਵਰਤੇ ਵਿਚ ਸੰਸਾਰਾ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਦੱਸ, ਸ਼ਬਦ ਸਰੂਪੀ ਸ਼ਬਦ ਵਸ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਹਰੀ ਭਗਵੰਤ ਸਹਿਜ ਸਿਕਦਾਰ, ਸ਼ਬਦੀ ਸ਼ਬਦ ਕਰੇ ਜਣਾਈਆ । ਮੇਰਾ ਰੂਪ ਅਪਰ ਅਪਾਰ, ਮਹਿਮਾ ਅਗਣਤ ਗਣੀ ਨਾ ਜਾਈਆ । ਏਕਾ ਵਸਾਂ ਸਚਖੰਡ

ਦਵਾਰ, ਅਗੰਮ ਅਗੰਮੜਾ ਥਾਨ ਵਖਾਈਆ । ਨਿਰਗੁਣ ਜੋਤ ਕਰ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਨਾ ਕੋਈ ਚੰਨ ਸੂਰਜ ਨਾ ਮੰਡਲ ਸਤਾਰ, ਧਰਤ ਧਵਲ ਨਾ ਕੋਇ ਵਖਾਈਆ । ਨਾ ਕੋਈ ਪਸਰ ਨਾ ਕੋਈ ਪਸਾਰ, ਨਾ ਕੋਈ ਤ੍ਰੈਗੁਣ ਮੇਲ ਮਿਲਾਈਆ । ਪੰਜ ਤਤ ਨਾ ਕੋਇ ਆਕਾਰ, ਨਿਰਗੁਣ ਰੂਪ ਨਾ ਕੋਇ ਦਰਸਾਈਆ । ਏਕਾ ਨਾਮ ਸਚਾ ਜੈਕਾਰ, ਘਰ ਸਾਚੇ ਆਪ ਸੁਣਾਈਆ । ਸੋ ਪੁਰਖ ਨਿਰੰਜਣ ਬਣੇ ਭਤਾਰ, ਆਪਣੀ ਨਾਰ ਆਪ ਪਰਨਾਈਆ । ਆਪੇ ਸੇਜਾ ਸੋਏ ਪੈਰ ਪਸਾਰ, ਆਪੇ ਆਪਣਾ ਅੰਗ ਲਗਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਹੋ ਜਾਈਆ । ਆਪੇ ਸੱਜਣ ਮੀਤ ਮੁਰਾਰ, ਸਗਲਾ ਸੰਗ ਆਪ ਨਿਭਾਈਆ । ਆਪੇ ਸੁਤ ਦੁਲਾਰਾ ਕਰ ਤਿਆਰ, ਤੇਰਾ ਜਨਮ ਦਵਾਈਆ । ਲਖ ਚੁਰਾਸੀ ਕਰ ਤਿਆਰ, ਤ੍ਰੈਗੁਣ ਸਾਚੀ ਵੰਡ ਵੰਡਾਈਆ । ਬ੍ਰਹਮਾ ਵੇਤਾ ਇਕ ਭੰਡਾਰ, ਭੁੱਲ ਰਹੇ ਨਾ ਰਾਈਆ । ਮੇਰੀ ਇਛਿਆ ਤੇਰੀ ਧਾਰ, ਨਿਰਗੁਣ ਨਿਰਗੁਣ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਆਪ ਸਮਝਾਈਆ । ਸ਼ਬਦ ਸੁਤ ਨੈਣ ਉਠਾ, ਨੇਤਰ ਦਰਸਨ ਪਾਇੰਦਾ । ਪਾਰਬ੍ਰਹਮ ਤੇਰਾ ਸੱਚਾ ਥਾਂ, ਥਾਨ ਥਨੰਤਰ ਇਕ ਸੁਹਾਇੰਦਾ । ਸੋ ਪੁਰਖ ਨਿਰੰਜਣ ਤੇਰਾ ਨਾਂ, ਮੇਰਾ ਨਾਮ ਮਾਣ ਧਰਾਇੰਦਾ । ਕਵਣ ਵਸਤ ਬ੍ਰਹਮੇ ਝੋਲੀ ਦੇਵਾਂ ਪਾ, ਕਵਣ ਵੰਡ ਵੰਡਾਇੰਦਾ । ਸੋ ਪੁਰਖ ਨਿਰੰਜਣ ਦਏ ਸੁਣਾ, ਏਕਾ ਹੁਕਮ ਆਪ ਚਲਾਇੰਦਾ । ਮੇਰੀ ਇਛਿਆ ਬ੍ਰਹਮੇ ਝੋਲੀ ਦੇਣੀ ਪਾ, ਹੰ ਸਾਚਾ ਨਾਉਂ ਧਰਾਇੰਦਾ । ਸੋਹੰ ਰੂਪ ਆਪ ਬੇਪਰਵਾਹ, ਪੰਚਮ ਮੁਖ ਮੁਖ ਸਲਾਹਿੰਦਾ । ਚਾਰੇ ਮੁਖ ਦਏ ਲਗਾ, ਸਾਚਾ ਮੋਰ ਮੁਕਟ ਲੋਕਮਾਤ ਧਰਾਇੰਦਾ । ਆਪਣੀ ਵਿਦਿਆ ਵਿਚ ਟਿਕਾ, ਆਪਣਾ ਅੱਖਰ ਆਪ ਪੜ੍ਹਾਇੰਦਾ । ਚਾਰੇ ਵੇਦਾਂ ਲੇਖਾ ਦਏ ਲਿਖਾ, ਚਾਰੇ ਜੁਗ ਵੰਡ ਵੰਡਾਇੰਦਾ । ਸਤਿਜੁਗ ਤਰੇਤਾ ਦਵਾਪਰ ਰਚਨ ਰਚਾ, ਕਲਜੁਗ ਆਪਣਾ ਖੇਲ ਖਿਲਾਇੰਦਾ । ਨਵ ਨਵ ਚਾਰ ਲੇਖੇ ਲਾ, ਅਲੱਖ ਅਲੱਖ ਅਲੱਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ ਦੀਨ ਦਿਆਲਾ ਏਕੰਕਾਰਾ ਖੇਲ ਨਿਆਰਾ, ਅਬਿਨਾਸ਼ੀ ਕਰਤਾ ਭੇਵ ਕੋਇ ਨਾ ਪਾਇੰਦਾ । ਸ਼ਬਦ ਸੁਤ ਸਚ ਹੁਲਾਰਾ, ਬ੍ਰਹਮਾ ਵਿਸ਼ਨ ਸ਼ਿਵ ਆਪ ਲਗਾਈਆ । ਆਪੇ ਭਰ ਸਚ ਭੰਡਾਰਾ, ਆਪੇ ਦਏ ਵਰਤਾਈਆ । ਆਪੇ ਲੱਖ ਚੁਰਾਸੀ ਦੀਪਕ ਕਰ ਉਜਿਆਰਾ, ਨਵ ਦਸ ਗਿਆਰਾ ਬੀਸ ਤੀਸ ਚਾਰ ਕਰੇ ਕੁੜਮਾਈਆ । ਆਪੇ ਅੰਡਜ ਜੇਰਜ ਮਹੱਲ ਉਸਾਰ, ਉਤਭੁਜ ਸੇਤਜ ਆਪਣੀ ਵੰਡ ਵੰਡਾਈਆ । ਆਪੇ ਅਪ ਤੇਜ ਵਾਏ ਪ੍ਰਿਥਮੀ ਆਕਾਸ ਵੇਖ ਮੁਨਾਰ, ਆਪਣਾ ਘਾੜਨ ਆਪ ਘੜਾਈਆ । ਆਪੇ ਮਨ ਮਤ ਬੁਧ ਕਰ ਉਜਿਆਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਆਪੇ ਨੌਂ ਦਵਾਰੇ ਖੋਲ੍ਹ ਕਿਵਾੜ, ਜਗਤ ਵਾਸਨਾ ਵਿਚ ਰਖਾਈਆ । ਆਪੇ ਡੂੰਘੀ ਕੰਦਰ ਕਰੇ ਖੇਲ ਨਿਆਰ, ਟੇਢੀ ਬੰਕ ਫੇਰਾ ਪਾਈਆ । ਆਪੇ ਤ੍ਰੈਬੈਣੀ ਨੈਣੀ ਸਰੋਵਰ ਧਾਰਾ, ਆਤਮ ਅੰਮ੍ਰਿਤ ਜਲ ਵਖਾਈਆ । ਆਪੇ ਕਰੇ ਬੰਦ ਕਿਵਾੜਾ, ਬਜਰ ਕਪਾਟੀ ਕੁੰਡਾ ਲਾਈਆ । ਆਪੇ ਘਰ ਵਿਚ ਘਰ ਖੇਲ ਨਿਆਰਾ, ਆਤਮ ਸੇਜਾ ਆਪ ਸੁਹਾਈਆ । ਆਪੇ ਸ਼ਬਦ ਨਾਦ ਸਚੀ ਧੁਨਕਾਰਾ, ਨਾਦ ਅਨਾਦੀ ਰਾਗ ਅਲਾਈਆ । ਆਪੇ ਪੰਚਮ ਬਹਿ ਬਹਿ ਗਾਏ ਗਾਵਣਹਾਰਾ, ਆਪ ਆਪਣਾ ਰਾਗ ਸੁਣਾਈਆ । ਆਪੇ ਕੰਤ ਬਣੇ ਭਤਾਰਾ, ਆਪੇ ਨਾਰੀ ਨਰ ਨਰਾਇਣ ਪਰਨਾਈਆ । ਆਪੇ ਸੁਰਤੀ ਸੁਰਤ ਹੋਏ ਅਸਵਾਰ, ਸ਼ਬਦੀ ਸ਼ਬਦ ਘੋੜ ਚੜ੍ਹਾਈਆ । ਆਪੇ ਖੜਗ ਖੰਡਾ ਬਣ ਤੇਜ ਕਟਾਰਾ, ਸ਼ਸਤਰ ਬਸਤਰ ਤਨ ਸਜਾਈਆ ।


੨੭੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਮੇਲਾ ਸਾਚੇ ਘਰ, ਹਰਿ ਮੰਦਰ ਆਪੇ ਬੈਠਾ ਵੜ, ਦਸਮ ਦਵਾਰੀ ਚੋਟੀ ਚੜ੍ਹ, ਦਿਸ ਕਿਸੇ ਨਾ ਆਈਆ । ਸ਼ਬਦ ਸੁਤ ਸਾਚਾ ਮੀਤਾ, ਘਰ ਸੱਜਣ ਵੇਖ ਵਖਾਇੰਦਾ । ਪਾਰਬ੍ਰਹਮ ਤੇਰਾ ਧਾਮ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਅਵਲੜੀ ਰੀਤਾ, ਭੇਵ ਕੋਇ ਨਾ ਪਾਇੰਦਾ । ਏਕੰਕਾਰਾ ਠਾਂਡਾ ਸੀਤਾ, ਤਤਵ ਤਤ ਨਾ ਕੋਇ ਰਖਾਇੰਦਾ । ਸੋ ਪੁਰਖ ਨਿਰੰਜਣ ਪਤਤ ਪੁਨੀਤਾ, ਪਤਤ ਪਾਵਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਵਖਾਇੰਦਾ । ਜਾਗਰਤ ਜੋਤ ਜੋਤ ਉਜਿਆਰ, ਨਿਰਗੁਣ ਆਪਣੀ ਆਪ ਕਰਾਈਆ । ਸਚਖੰਡ ਨਿਵਾਸੀ ਖੇਲ ਅਪਾਰ, ਲੋਆਂ ਪੁਰੀਆਂ ਵੇਖ ਵਖਾਈਆ । ਬ੍ਰਹਿਮੰਡ ਖੰਡ ਦਏ ਆਧਾਰ, ਲੱਖ ਚੁਰਾਸੀ ਮੇਲ ਮਿਲਾਈਆ । ਘਰ ਵਿਚ ਘਰ ਕਰ ਤਿਆਰ, ਘਰ ਬੈਠਾ ਮੁਖ ਛੁਪਾਈਆ । ਅਲੱਖ ਅਗੋਚਰ ਅਗੰਮ ਅਪਾਰ, ਬੋਧ ਅਗਾਧ ਭੇਵ ਨਾ ਰਾਈਆ । ਚਲੇ ਚਲਾਏ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਨਿਰਗੁਣ ਸਰਗੁਣ ਵਜਾਏ ਤਾਲ, ਸ਼ਬਦ ਸ਼ਬਦੀ ਚੋਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਦਰ ਘਰ ਸਾਚਾ ਧੁਰਦਰਗਾਹੀਆ । ਧੁਰਦਰਗਾਹੀ ਸਚ ਮਹੱਲਾ, ਹਰਿ ਸਾਚਾ ਸਚ ਵਸਾਇੰਦਾ । ਪੁਰਖ ਅਬਿਨਾਸ਼ੀ ਇਕ ਅਕੱਲਾ, ਆਪ ਆਪਣਾ ਆਸਣ ਲਾਇੰਦਾ । ਲੇਖਾ ਜਾਣੇ ਜਲਾਂ ਥਲਾਂ, ਜਲ ਥਲ ਮਹੀਅਲ ਆਪ ਸਮਾਇੰਦਾ । ਆਪਣੀ ਜੋਤ ਆਪੇ ਬਲਾ, ਤੇਲ ਬਾਤੀ ਨਾ ਕੋਇ ਪਾਇੰਦਾ । ਸਚ ਸੁਨੇਹੜਾ ਆਪੇ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੁਗਾ ਜੁਗੰਤਰ ਆਪ ਫੜਾਏ ਆਪਣਾ ਪੱਲਾ, ਨਿਰਗੁਣ ਸਰਗੁਣ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਖੇਲ ਤਮਾਸ਼ਾ, ਕਰੇ ਕਰਾਏ ਪੁਰਖ ਅਬਿਨਾਸ਼ਾ, ਵੇਖ ਵਿਖਾਏ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਫੋਲ ਫੁਲਾਇੰਦਾ । ਗਗਨ ਮੰਡਲ ਸਾਚੀ ਰਾਸ, ਹਰਿ ਸਾਚਾ ਸਚ ਵਰਤਾਈਆ । ਆਪਣੇ ਮੰਦਰ ਕਰ ਕਰ ਵਾਸ, ਆਪੇ ਵੇਖ ਵਖਾਈਆ । ਲੋਕਮਾਤ ਜਨ ਭਗਤਾਂ ਪੂਰੀ ਕਰੇ ਆਸ, ਜਿਸ ਜਨ ਆਪਣੀ ਬੂਝ ਬੁਝਾਈਆ । ਸੰਤ ਸੁਹੇਲਾ ਦਾਸੀ ਦਾਸ, ਗੁਰਮੁਖ ਸੱਜਣ ਲਏ ਉਠਾਈਆ । ਗੁਰਸਿਖ ਮੇਲਾ ਸਰਬ ਗੁਣਤਾਸ, ਸਤਿਗੁਰ ਪੂਰਾ ਮੇਲ ਮਿਲਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਵਿਚ ਪਰਭਾਸ, ਸਮੁੰਦ ਸਾਗਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਹਰਿ ਹਰਿ ਸਾਚਾ ਭੇਵ ਖੁਲ੍ਹਾਇਆ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਸਾਚਾ ਮਾਰਗ ਲੋਕਮਾਤ ਚਲਾਇਆ, ਲੱਖ ਚੁਰਾਸੀ ਜੂਨ ਧਰਾਇੰਦਾ । ਆਤਮ ਬ੍ਰਹਮ ਇਕ ਵਖਾਇਆ, ਪਾਰਬ੍ਰਹਮ ਵੰਡ ਵੰਡਾਇੰਦਾ । ਵਿਸ਼ਨੂੰ ਰਿਜ਼ਕ ਦਏ ਸਬਾਇਆ, ਬ੍ਰਹਮਾ ਉਤਪਤ ਵੇਖ ਵਖਾਇੰਦਾ । ਸ਼ੰਕਰ ਲੇਖਾ ਦਏ ਮੁਕਾਇਆ, ਥਿਰ ਕੋਇ ਰਹਿਣ ਨਾ ਪਾਇੰਦਾ । ਸੰਤ ਭਗਤ ਭਗਵੰਤ ਹਰਿ ਸਾਚਾ ਮੇਲ ਮਿਲਾਇਆ, ਸ਼ਬਦ ਸੁਨੇਹੜਾ ਇਕ ਸੁਣਾਇੰਦਾ । ਆਪਣਾ ਢੋਲਾ ਆਪੇ ਗਾਇਆ, ਜੁਗ ਜੁਗ ਬੋਲਾ ਆਪ ਅਲਾਇੰਦਾ । ਸਾਚਾ ਤੋਲਾ ਆਪ ਅਖਵਾਇਆ, ਨਾਮ ਕੰਡਾ ਹੱਥ ਉਠਾਇੰਦਾ । ਗੁਰ ਪੀਰ ਅਵਤਾਰ ਲੋਕਮਾਤ ਸੇਵਾ ਆਪੇ ਲਾਇਆ, ਹੁਕਮੀ ਹੁਕਮ ਆਪ ਫਿਰਾਇੰਦਾ । ਪੰਜ ਤਤ ਚੋਲਾ ਆਪ ਹੰਡਾਇਆ, ਨਿਰਗੁਣ ਨਿਰਗੁਣ ਮੁਖ ਛੁਪਾਇੰਦਾ । ਆਪਣੀ ਕਲ ਆਪ ਵਰਤਾਇਆ, ਅਕਲ ਕਲ ਧਾਰੀ ਭੇਵ ਕੋਇ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੀਸ ਰਹੇ ਝੁਕਾਇਆ, ਕਰੋੜ ਤੇਤੀਸਾ ਏਕਾ ਰਾਹ ਰਹੇ ਤਕਾਇਆ,

ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ, ਦਿਵਸ ਰੈਣ ਨੇਤਰ ਨੈਣਾਂ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਆਪਣੀ ਵੰਡ ਹਰਿ ਕਰਤਾਰ, ਆਪੇ ਖੇਲ ਖਿਲਾਇੰਦਾ । ਸ਼ਬਦ ਸੁਤ ਦਏ ਸਹਾਰ, ਆਪ ਆਪਣੀ ਬੂਝ ਬੁਝਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹਿਣਾ ਖ਼ਬਰਦਾਰ, ਤੇਰੀ ਸਾਚੀ ਸੇਵ ਕਮਾਇੰਦਾ । ਬ੍ਰਹਮੇ ਮਨਵੰਤਰ ਜਾਏ ਹਾਰ, ਸਤਿ ਇਕ ਨਾ ਮੇਲ ਮਿਲਾਇੰਦਾ । ਸ਼ੰਕਰ ਲਾਹੇ ਬਾਸ਼ਕ ਤਸ਼ਕਾ ਹਾਰ, ਹੱਥ ਤ੍ਰਿਸ਼ੂਲ ਸੁਟਾਇੰਦਾ । ਜਟਾ ਜੂਟ ਨਾ ਕੋਇ ਪਿਆਰ, ਧੂਆਂਧਾਰ ਨਾ ਕੋਇ ਵਖਾਇੰਦਾ । ਬ੍ਰਹਮਾ ਵੇਤਾ ਰੋਵੇ ਜ਼ਾਰੋ ਜ਼ਾਰ, ਚਾਰੇ ਵੇਦ ਨਾ ਪਾਠ ਸੁਣਾਇੰਦਾ । ਚਾਰੇ ਖਾਣੀ ਹੋਏ ਖ਼ਵਾਰ, ਚਾਰੇ ਬਾਣੀ ਲੇਖ ਲਿਖਾਇੰਦਾ । ਪਰਾ ਪਸੰਤੀ ਏਕਾ ਧਾਰ, ਮਧਮ ਬੈਖਰੀ ਆਪ ਜਣਾਇੰਦਾ । ਸਾਰੰਗ ਸਰੰਗਾ ਨਾ ਕੋਇ ਸੰਸਾਰ, ਸਾਚਾ ਰਾਜ ਨਾ ਕੋਇ ਫਿਰਾਇੰਦਾ । ਮੀਨ ਤਰੰਗ ਦਏ ਮੇਲ ਕਰਾ, ਸੂਰਾ ਸਰਬੰਗ ਇਕ ਅਖਵਾਇੰਦਾ । ਮੰਗੇ ਮੰਗ ਨਾ ਬਣ ਭਿਖਾਰ, ਦਾਤਾ ਦਾਨੀ ਵੇਸ ਵਟਾਇੰਦਾ । ਕਰੇ ਜੰਗ ਨਾ ਫੜੇ ਕਟਾਰ, ਤੀਰ ਤੁਫੰਗ ਨਾ ਕੋਇ ਉਠਾਇੰਦਾ । ਖੜਗ ਖੰਡਾ ਨਾ ਦਿਸੇ ਧਾਰ, ਸ਼ਸਤਰ ਬਸਤਰ ਨਾ ਕੋਇ ਸਜਾਇੰਦਾ । ਆਪਣੇ ਰੰਗ ਰਵੇ ਕਰਤਾਰ, ਰੰਗ ਰੰਗੀਲਾ ਖੇਲ ਖਿਲਾਇੰਦਾ । ਲੱਖ ਚੁਰਾਸੀ ਭਾਂਡਾ ਕਰ ਤਿਆਰ, ਸਾਚਾ ਘਾੜਨ ਆਪ ਘੜਾਇੰਦਾ । ਆਪੇ ਭੰਨੇ ਆਪਣੀ ਵਾਰ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਚੌਕੜੀ ਵੇਖ ਵਖਾਇੰਦਾ । ਸਤਿਜੁਗ ਸਾਚਾ ਕਰ ਤਿਆਰ, ਵਾਰ ਅਠਾਰਾਂ ਵੇਸ ਵਟਾਇੰਦਾ । ਬਲ ਬਾਵਨ ਮੇਲਾ ਅਪਰ ਅਪਾਰ, ਦੁਸ਼ਟ ਹੰਕਾਰੀ ਰਾਵਣ ਮੇਟ ਮਿਟਾਇੰਦਾ । ਰਾਮਾ ਰੂਪ ਅਗੰਮ ਅਪਾਰ, ਕਾਹਨਾ ਬੰਸਰੀ ਨਾਮ ਵਜਾਇੰਦਾ । ਪੰਚਮ ਮੀਤਾ ਮੀਤ ਮੁਰਾਰ, ਸਾਚੀ ਗੀਤਾ ਨਾਮ ਦ੍ਰਿੜਾਇੰਦਾ । ਵੇਦ ਵਿਆਸਾ ਕਰ ਸ਼ੰਗਾਰ, ਕਾਇਆ ਚੋਲੀ ਰੰਗ ਰੰਗਾਇੰਦਾ । ਪੁਰਾਨ ਅਠਾਰਾਂ ਇਕ ਵਿਚਾਰ, ਬਾਰਾਂ ਅੱਖਰ ਆਪ ਪੜ੍ਹਾਇੰਦਾ । ਬ੍ਰਹਮਾ ਨਾਰਦ ਮੇਲ ਅਪਰ ਅਪਾਰ, ਮੇਲ ਮਿਲਾਵਾ ਆਪ ਵਖਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰ, ਆਪਣੀ ਕਲ ਆਪ ਧਰਾਇੰਦਾ । ਆਪੇ ਦੇਵੇ ਬੋਧ ਅਗਾਧ ਗਿਆਨ, ਸਚ ਧਿਆਨ ਆਪ ਜਣਾਇੰਦਾ । ਆਪੇ ਈਸਾ ਮੂਸਾ ਕਰ ਪਰਧਾਨ, ਆਪਣੀ ਵਿਦਿਆ ਆਪ ਸੁਣਾਇੰਦਾ । ਆਪੇ ਹੁਕਮੀ ਨਬੀ ਅਮਾਮ, ਰਹੀਮ ਰਹਿਮਾਨ ਰਾਜ਼ਕ ਰਿਜ਼ਕ ਰਹੀਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਇੰਦਾ । ਆਪੇ ਬੇਐਬ ਪਰਵਰਦਿਗਾਰਾ, ਨੂਰੋ ਨੂਰ ਅਲਾਹੀਆ । ਆਪੇ ਸੰਗ ਮੁਹੰਮਦ ਵਸੇ ਚਾਰ ਯਾਰਾ, ਨਬੀ ਰਸੂਲ ਆਪ ਅਖਵਾਈਆ । ਆਪੇ ਐਨਲਹਕ ਬੋਲ ਨਾਅਰਾ, ਹਕ ਹਕ ਹਕੀਕਤ ਦਏ ਵਡਿਆਈਆ । ਆਪੇ ਲਾਸ਼ਰੀਕ ਵਰਤੇ ਵਿਚ ਸੰਸਾਰ, ਖ਼ੁਦੀ ਖ਼ੁਦਾਈ ਮੂਲ ਨਾ ਭਾਈਆ । ਆਪੇ ਅਹਿਬਾਬ ਰਬਾਬ ਵਜਾਏ ਸਤਾਰਾ, ਸਚ ਸਤਾਰ ਆਪ ਹਿਲਾਈਆ । ਆਪੇ ਆਬੇ ਹਯਾਤ ਕਰ ਪਿਆਰਾ, ਏਕਾ ਸਾਕੀ ਜਾਮ ਪਿਆਈਆ । ਆਪੇ ਖ਼ਾਕੀ ਖ਼ਾਕ ਦਏ ਸਹਾਰਾ, ਆਪੇ ਕਫਨੀ ਗਲ ਹੰਢਾਈਆ । ਆਪੇ ਏਕਾ ਅਲਫ਼ੀ ਅਲਫ਼ ਸ਼ੰਗਾਰਾ, ਏਕਾ ਨੁਕਤਾ ਦਏ ਬੁਝਾਈਆ । ਆਪੇ ਏਕਾ ਅੱਖ ਨੈਣ ਉਘਾੜਾ, ਆਪ ਆਪਣਾ ਰੂਪ ਦਰਸਾਈਆ । ਆਪੇ ਮੁਲਾਂ ਸ਼ੇਖ ਮੁਸਾਇਕ ਪੀਰ ਦਸਤਗੀਰ ਗੁਪਤ ਜ਼ਾਹਿਰਾ, ਜਲਵਾ ਨੂਰੋ ਨੂਰ ਅਲਾਹੀਆ । ਆਪੇ ਅੰਜੀਲ ਕੁਰਾਨਾਂ ਦਏ ਸਹਾਰਾ, ਤੀਸ ਬਤੀਸ ਆਪ ਪੜ੍ਹਾਈਆ । ਆਪੇ ਨਿਰਗੁਣ ਨੂਰ ਕਰ ਉਜਿਆਰਾ, ਨਾਨਕ ਪੰਜ ਤਤ ਕਰੇ ਕੁੜਮਾਈਆ । ਆਪੇ ਬੋਲ ਸ਼ਬਦ ਜੈਕਾਰਾ, ਪੰਜ ਪੰਜ ਦਏ ਵਡਿਆਈਆ । ਆਪੇ

ਸਤਿ ਨਾਮ ਸਤਿ ਵਰਤਾਰਾ, ਚਾਰ ਵਰਨਾਂ ਭਿਛਿਆ ਝੋਲੀ ਪਾਈਆ । ਆਪੇ ਸੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਰੰਗੇ ਸੰਸਾਰਾ, ਆਪੇ ਆਪਣੀ ਵੰਡ ਵੰਡਾਈਆ । ਆਪੇ ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਆਪੇ ਅੰਮ੍ਰਿਤ ਠਾਂਡਾ ਠਾਰਾ, ਭਰ ਪਿਆਲਾ ਜਾਮ ਵਖਾਈਆ । ਆਪੇ ਲੇਖਾ ਲਿਖੇ ਬਣ ਲਿਖਾਰਾ, ਅਗਾਧ ਬੋਧ ਆਪ ਜਣਾਈਆ । ਆਪੇ ਗੁਰੂ ਗ੍ਰੰਥ ਗੁਰ ਅਵਤਾਰਾ, ਗੁਰ ਗੋਬਿੰਦ ਦਏ ਵਡਿਆਈਆ । ਆਪੇ ਭਗਤਾਂ ਬਣੇ ਸਹਾਰਾ, ਜੁਗ ਜੁਗ ਪੈਜ ਰਖਾਈਆ । ਆਪੇ ਸੰਤਾਂ ਕਰੇ ਪਾਰ ਕਿਨਾਰਾ, ਜਗਤ ਮਲਾਹ ਬੇਪਰਵਾਹੀਆ । ਆਪੇ ਗੁਰਮੁਖਾਂ ਦੇਵੇ ਨਾਮ ਖੁਮਾਰਾ, ਆਤਮ ਅੰਤਰ ਇਕ ਲਿਵ ਲਾਈਆ । ਆਪੇ ਗੁਰਮੁਖਾਂ ਬਖਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਈਆ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਊਚਾਂ ਨੀਚਾਂ ਕਰੇ ਪਾਰ ਕਿਨਾਰਾ, ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਈਆ । ਗੁਰਮੁਖਾਂ ਬਨ੍ਹੇ ਸਾਚਾ ਗਾਨਾ, ਨਿਰਗੁਣ ਸਾਚਾ ਸਗਨ ਮਨਾਈਆ । ਸੋ ਪੁਰਖ ਨਿਰੰਜਣ ਇਕ ਸੁਣਾਏ ਸਚ ਤਰਾਨਾ, ਹੰ ਬ੍ਰਹਮ ਕਰੇ ਕੁੜਮਾਈਆ । ਨਿਮਾਣਿਆਂ ਦੇਵੇ ਸਾਚਾ ਮਾਣਾ, ਆਪ ਆਪਣੀ ਗੋਦ ਉਠਾਈਆ । ਲੱਖ ਚੁਰਾਸੀ ਸਿਰ ਤੇ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਨਾ ਕੋਈ ਰਹਿਸੀ ਰਾਜਾ ਰਾਣਾ, ਤਖ਼ਤ ਤਾਜ ਨਾ ਕੋਈ ਹੰਢਾਈਆ । ਨਾ ਕੋਈ ਰਾਗ ਨਾ ਗਾਣਾ, ਸਚ ਸਤਾਰ ਨਾ ਕੋਈ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੁਤ ਸ਼ਬਦ ਕਰ ਪਿਆਰ, ਤੇਰਾ ਕਰੇ ਸਚ ਵਿਹਾਰ, ਲੋਕਮਾਤ ਲਏ ਅਵਤਾਰ, ਆਪ ਆਪਣਾ ਰੂਪ ਵਟਾਈਆ । ਹਰਿ ਹਰਿ ਆਪਣਾ ਰੂਪ ਵਟਾਵਣਾ, ਕਲਜੁਗ ਅੰਤਮ ਵੇਖ ਵਖਾਇੰਦਾ । ਨਿਹਕਲੰਕੀ ਜਾਮਾ ਪਾਵਨਾ, ਵੇਦ ਵਿਆਸ ਲਿਖਿਆ ਲੇਖ ਪੂਰ ਕਰਾਇੰਦਾ । ਸ਼ਬਦ ਡੰਕਾ ਇਕ ਵਜਾਵਣਾ, ਨਾਨਕ ਤੋਲਾ ਤੇਰਾਂ ਤੇਰਾਂ ਧਾਰ ਚਲਾਇੰਦਾ । ਰਾਓ ਰੰਕਾਂ ਏਕਾ ਰੰਗ ਰੰਗਾਵਨਾ, ਗੋਬਿੰਦ ਚੋਲਾ ਆਪ ਰੰਗਾਇੰਦਾ । ਰਾਮ ਰਾਜਾ ਆਪ ਅਖਵਾਵਨਾ, ਸੀਤਾ ਸੁਰਤੀ ਆਪ ਪ੍ਰਨਾਇੰਦਾ । ਸਾਚੀ ਬੰਸਰੀ ਨਾਮ ਵਜਾਵਣਾ, ਜਗਤ ਗਵਾਲਾ ਫੇਰਾ ਪਾਇੰਦਾ । ਕਲਮਾਂ ਅਮਾਮ ਇਕ ਪੜ੍ਹਾਵਨਾ, ਏਕਾ ਅੱਖਰ ਵੱਖਰ ਆਪ ਸੁਣਾਇੰਦਾ । ਸਚ ਈਮਾਨ ਇਕ ਧਰਾਵਨਾ, ਆਪਣੀ ਰਹਿਮਤ ਵਿਚ ਰਖਾਇੰਦਾ । ਧੁਰ ਫੁਰਮਾਣਾ ਇਕ ਜਣਾਵਨਾ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਨਾਨਕ ਗੋਬਿੰਦ ਮੇਲ ਮਿਲਾਵਨਾ, ਦੂਈ ਦਵੈਤੀ ਕੱਟ ਵਖਾਇੰਦਾ । ਨਿਹਕਲੰਕ ਕਲ ਖੇਲ ਖਿਲਾਵਨਾ, ਖਾਲਕ ਖਲਕ ਵੇਖ ਵਿਖਾਇੰਦਾ । ਗੁਰਸਿਖ ਲੱਖ ਚੁਰਾਸੀ ਵਿਚੋਂ ਪਕੜ ਉਠਾਵਨਾ, ਆਪ ਆਪਣੀ ਦਯਾ ਕਮਾਇੰਦਾ । ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਵਨਾ, ਸਚ ਧਿਆਨ ਇਕ ਜਣਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾਵਨਾ, ਕਾਇਆ ਗੜ੍ਹ ਹੰਕਾਰ ਮਿਟਾਇੰਦਾ । ਸਵੱਛ ਸਰੂਪੀ ਦਰਸ ਦਿਖਾਵਨਾ, ਲੋਚਣ ਨੈਣ ਇਕ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਵੇਖਣਹਾਰਾ, ਆਦਿ ਜੁਗਾਦਿ ਸਮਾਇੰਦਾ । ਜੁਗਾ ਜੁਗੰਤਰ ਲਏ ਅਵਤਾਰਾ, ਆਪ ਆਪਣਾ ਰੂਪ ਵਟਾਇੰਦਾ । ਸੰਤਨ ਪਾਵੇ ਸਤਿ ਸਤਿ ਸਾਰਾ, ਸਾਰੰਗ ਧਰ ਭਗਵਾਨ ਬੀਠਲੋ ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੂਰਬ ਲਹਿਣਾ ਲੇਖੇ ਲਾਇੰਦਾ । ਨਾਮੇ ਤੇਰੀ ਵਡ ਵਡਿਆਈ, ਹਰਿ ਛੱਪਰ ਛੰਨ ਛੁਹਾਈਆ । ਮੋਈ ਗਊ ਜਗਤ ਜਵਾਈ, ਜਾਗਰਤ ਜੋਤ ਜੋਤ ਰੁਸ਼ਨਾਈਆ । ਭਰ


੨੭੩

ਪਿਆਲਾ ਪੀਏ ਚਾਈਂ ਚਾਈਂ, ਕਪਲਾ ਗਊ ਦੋਹ ਆਪ ਲੈ ਆਈਆ । ਦੇਹੁਰਾ ਫੇਰ ਦਏ ਵਡਿਆਈ, ਪੰਡਤ ਪਾਂਧੇ ਮੁਖ ਸ਼ਰਮਾਈਆ । ਪਾਰਬ੍ਰਹਮ ਦਰਸ ਦਿਖਾਈ, ਬਹੱਤਰ ਨਾੜ ਕਰੇ ਰੁਸ਼ਨਾਈਆ । ਨਿਰਗੁਣ ਘਰ ਆਇਆ ਚਾਈਂ ਚਾਈਂ, ਦਿਵਸ ਰੈਣ ਸੇਵ ਕਮਾਈਆ । ਭਿਛਿਆ ਮੰਗੇ ਖਾਵੇ ਆਪੇ ਆਪੇ ਆਪਣੀ ਰਜ਼ਾਈ, ਦੂਸਰ ਭੇਵ ਕੋਈ ਨਾ ਪਾਈਆ । ਆਪਣੀ ਸਿਖਿਆ ਆਪ ਸਮਝਾਈ, ਦੇ ਮਤ ਕਰੇ ਪੜ੍ਹਾਈਆ । ਨਾਮੇ ਮੇਲਾ ਹਰਿ ਰਘੁਰਾਈ, ਰਘੁਪਤ ਮੇਲਾ ਸਹਿਜ ਸਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਨਾਮੇ ਮੇਲਾ ਹਰਿ ਭਗਵੰਤ, ਛੱਪਰ ਛੰਨ ਛੁਹਾਇੰਦਾ । ਬਾਢੀ ਬਣਿਆ ਹਰਿ ਸਾਚਾ ਕੰਤ, ਚਾਰ ਦਵਾਰੇ ਇਕ ਵਖਾਈਆ । ਆਪੇ ਰੰਗ ਵੇਖੇ ਬਸੰਤ, ਸਚ ਗੁਲਜ਼ਾਰ ਆਪ ਖਿਲਾਈਆ । ਆਪੇ ਬਣਿਆ ਰਸਨਾ ਜੇਹਵਾ ਮਣੀਆ ਮੰਤ, ਗੀਤ ਗੋਬਿੰਦ ਆਪੇ ਹਰਿ ਹਰਿ ਗਾਈਆ । ਲੇਖਾ ਕੋਇ ਨਾ ਜਾਣੇ ਆਦਿ ਅੰਤ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੇ ਹੱਥ ਰੱਖੇ ਵਡਿਆਈਆ । ਨਾਮੇ ਮੇਲਾ ਹਰਿ ਗੋਬਿੰਦ, ਚਿੰਤਾ ਚਿਖਾ ਰਹਿਣ ਨਾ ਪਾਈਆ । ਅੰਮ੍ਰਿਤ ਮਿਲਿਆ ਸਾਗਰ ਸਿੰਧ, ਗਹਿਰ ਗੰਭੀਰ ਮੇਲ ਮਿਲਾਈਆ । ਜੀਵ ਜੰਤ ਕਰਨ ਨਿੰਦ, ਨਿੰਦਕ ਨਿੰਦਿਆ ਮੁਖ ਭਰਾਈਆ । ਹਰਿਜਨ ਸਾਚਾ ਸਾਚੀ ਬਿੰਦ, ਪੁਰਖ ਅਬਿਨਾਸ਼ੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਨਾਮੇ ਮੇਲਾ ਹਰਿ ਗੋਪਾਲ, ਦਿਵਸ ਰੈਣ ਧਿਆਇੰਦਾ । ਤੇਰਾ ਰੂਪ ਜਲਵਾ ਜਲਾਲ, ਜਲ ਥਲ ਮਹੀਅਲ ਸ਼ਬਦ ਸਮਾਇੰਦਾ । ਮੇਰੀ ਕਾਇਆ ਮਾਟੀ ਦਿਸੇ ਖਾਲ, ਪੰਜ ਤਤ ਕਾਇਆ ਚੋਲਾ ਹੰਢਾਇੰਦਾ । ਤੇਰਾ ਨਾਮ ਅਨਮੁਲੜਾ ਲਾਲ, ਨਾਮਾ ਕਵਣ ਹੱਟ ਰਖਾਇੰਦਾ । ਸਚ ਕੁਠਾਲੀ ਦੇਣਾ ਗਾਲ, ਕੰਚਨ ਸੋਇਨਾ ਰੂਪ ਵਟਾਇੰਦਾ । ਤੇਰਾ ਗਗਨ ਤੇਰਾ ਦੀਪਕ ਤੇਰਾ ਥਾਲ, ਤੇਰਾ ਮਾਣਕ ਮੋਤੀ ਤੇਰਾ ਰਵ ਸਸ ਤੇਰਾ ਮੰਡਲ ਤੇਰਾ ਮੁਖ ਸੁਹਾਇੰਦਾ । ਕਵਣ ਨੂਰ ਹਰਿ ਤੇਰੀ ਜੋਤੀ, ਹਰਿ ਜ਼ਾਹਿਰ ਜ਼ਹੂਰ ਬਿਨ ਵਰਨ ਗੋਤੀ, ਲੱਭਦੇ ਫਿਰਦੇ ਕੋਟਨ ਕੋਟੀ, ਹੱਥ ਕਿਸੇ ਨਾ ਆਇੰਦਾ । ਨਾਮੇ ਤੇੜ ਇਕ ਲੰਗੋਟੀ, ਤੇਰਾ ਭੋਜਨ ਮੇਰੀ ਬੋਟੀ, ਤੇਰਾ ਸ਼ਬਦ ਮੇਰੀ ਵਾਸਨਾ ਖੋਟੀ, ਪਤਤ ਪੁਨੀਤ ਆਪ ਕਰਾਇੰਦਾ । ਤੂੰ ਠਾਕਰ ਚਾੜ੍ਹੇ ਚੋਟੀ, ਹਉਂ ਸੇਵਕ ਦਰ ਆਣ ਖਲੋਤੀ, ਦੋਏ ਨੈਣ ਨੇਤਰ ਰੋਤੀ, ਜੁਗ ਜੁਗ ਸਵਾਣੀ ਰਹੀ ਸੋਤੀ, ਬਿਨ ਹਰਿ ਕੰਤ ਨਾ ਕੋਈ ਉਠਾਇੰਦਾ । ਹਮਾਰੀ ਦਿਸੇ ਪਾਟੀ ਧੋਤੀ, ਸਿਰ ਦੇ ਉਤੇ ਰੱਖੀ ਚੋਟੀ, ਮਸਤਕ ਤਿਲਕ ਤੇਰੀ ਜੋਤੀ, ਤੇਰਾ ਰੂਪ ਮਹਿਮਾ ਅਨੂਪ ਸਤਿ ਸਰੂਪ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰਸ ਦਿਖਾਇੰਦਾ । ਦਰਸ ਦਿਖੰਦੜਾ ਹਰਿ ਭਗਵੰਤ, ਨਾਮੇ ਮਨ ਮਨ ਭਾਣਿਆ । ਚੋਲੀ ਰਗੰਦੜਾ ਸਾਚਾ ਕੰਤ, ਸਾਲੂ ਰੰਗਨ ਲਾਲ ਰੰਗਾਨਿਆ । ਨਾਰੀ ਨਰ ਨਰਾਇਣ ਵਿਖੰਦੜਾ, ਨੇਤਰ ਇਕ ਖੁਲੰਦੜਾ, ਪਾਇਆ ਦਰਸ ਸ੍ਰੀ ਭਗਵਾਨਿਆ । ਆਤਮ ਸੇਜ ਵਿਛੰਦੜਾ, ਫੂਲਨ ਬਰਖਾ ਲਗੰਦੜਾ, ਘਰ ਘਰ ਆਇਆ ਕੰਤ ਵੱਡ ਪ੍ਰਧਾਨਿਆ । ਗਲ ਗਲਵਕੜੀ ਪੌਦਾ ਰਸ ਭੋਗ ਬਿਲਾਸ ਵਖੰਦੜਾ, ਛੁੱਟਾ ਨਾਤਾ ਸਰਬ ਜਹਾਨਿਆ । ਪੀਆ ਪ੍ਰੀਤਮ ਇਕ ਮਲੰਦੜਾ, ਏਕਾ ਰੂਪ ਪ੍ਰਭ ਸਤਿ ਸਰੂਪ ਆਪ ਵਿਖੰਦੜਾ, ਲੇਖਾ ਜਾਣੇ ਦੋ ਜਹਾਨਿਆ । ਨਾਮਾ ਢਹਿ ਢਹਿ ਚਰਨ ਧੂੜ ਮਸਤਕ ਲਗੰਦੜਾ, ਦੁਰਮਤ ਮੈਲ ਗਵਾਨਿਆ । ਪਾਰਬ੍ਰਹਮ ਸਦ ਬਖਸ਼ੰਦੜਾ, ਜੋ ਜਨ

ਰੱਖੇ ਇਕ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਬੂਝ ਬੁਝਾਨਿਆ । ਬੂਝ ਬੁਝਾਏ ਹਰਿ ਬਨਵਾਰੀ, ਨਾਮੇ ਨਾਮ ਜਣਾਈਆ । ਪੁਰਖ ਅਬਿਨਾਸ਼ੀ ਕੰਤ ਭਤਾਰੀ, ਜੁਗ ਜੁਗ ਗੁਰਮੁਖ ਨਾਰੀ ਨਾਰ ਪ੍ਰਨਾਈਆ । ਸਾਚਾ ਸੀਸ ਤਾਜ ਸਚ ਸ਼ਿਕਦਾਰੀ, ਸ਼ਾਹ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮੇ ਵਖਾਏ ਏਕਾ ਘਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾਮੇ ਦਰ ਵੇਖਿਆ, ਅੰਤਰ ਇਕ ਧਿਆਨ । ਆਪੇ ਬਖਸ਼ੇ ਆਪਣਾ ਲੇਖਿਆ, ਦੱਸਣਹਾਰ ਸ੍ਰੀ ਭਗਵਾਨ । ਰੂਪ ਰੰਗ ਨਾ ਕੋਈ ਰੇਖਿਆ, ਬਿਰਧ ਬਾਲ ਨਾ ਕੋਈ ਜਵਾਨ । ਕਵਣ ਰੂਪ ਧਰੇ ਲੋਕਮਾਤ ਭੇਸਿਆ , ਨਿਰਗੁਣ ਸੂਰਬੀਰ ਬਲਵਾਨ । ਸਰਗੁਣ ਤੇਰੀ ਕਰੇ ਪ੍ਰੀਖਿਆ, ਨਾ ਦਿਸੇ ਤੇਰਾ ਨਿਸ਼ਾਨ । ਨਾਮਾ ਮੰਗੇ ਦਰ ਦਰ ਭੀਖਿਆ, ਪ੍ਰਗਟ ਵਾਲੀ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਦਾਨ । ਨਾਮੇ ਰੱਖਣਾ ਯਾਦ, ਹਰਿ ਭਗਵਾਨ ਭਗਤ ਜਣਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਨਿਰਗੁਣ ਭਗਤ ਦਏ ਜਣਾਈਆ । ਨਿਰਗੁਣ ਖੇਲ ਦੋ ਜਹਾਨ, ਜਿਮੀ ਅਸਮਾਨ ਵੇਖ ਵਿਖਾਈਆ । ਤ੍ਰੈਗੁਣ ਵੇਖੇ ਮਾਰ ਧਿਆਨ, ਲੱਖ ਚੁਰਾਸੀ ਡੇਰਾ ਲਾਈਆ । ਨਿਰਗੁਣ ਦੇਵੇ ਧੁਰ ਫੁਰਮਾਣ, ਗੁਰ ਪੀਰ ਅਵਤਾਰ ਸਾਧ ਸੰਤ ਹੁਕਮੀ ਹੁਕਮ ਜਣਾਈਆ । ਨਿਰਗੁਣ ਬਣੇ ਸਾਚਾ ਕਾਹਨ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਹੋਏ ਲੋਕਮਾਤ ਪ੍ਰਧਾਨ, ਕਲਜੁਗ ਅੰਤਮ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਂਆ । ਨਾਮੇ ਹਰਿ ਮੰਨਿਆ ਕਹਿਣਾ, ਦੋਏ ਜੋੜ ਸੀਸ ਝੁਕਾਇੰਦਾ । ਨਿਰਗੁਣ ਤੇਰਾ ਦਰਸਨ ਨੈਣਾ, ਕਵਣ ਦਵਾਰੇ ਨਾਮਾ ਪਾਇੰਦਾ । ਪੰਜ ਤਤ ਰੱਖਣਾ ਬਸਤਰ ਗਹਿਣਾ, ਕਾਇਆ ਗੜ੍ਹ ਸੁਹਾਇੰਦਾ । ਅੰਦਰ ਵੜਕੇ ਆਪੇ ਬਹਿਣਾ, ਤੇਰੀ ਸੇਜ ਇਕ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸਮਾਇੰਦਾ । ਨਾਮੇ ਅੰਤਮ ਹਰਿ ਹਰਿ ਆਵਣਾ, ਨਿਹਕਲੰਕ ਕਰੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਡੰਕ ਵਜਾਵਣਾ, ਪਾਰਬ੍ਰਹਮ ਮੇਲ ਮਿਲਾਈਆ । ਨਿਰਗੁਣ ਰੂਪ ਲੋਕਮਾਤ ਪ੍ਰਗਟਾਵਣਾ, ਦਿਸ ਕਿਸੇ ਨਾ ਆਈਆ । ਗੁਰਮੁਖ ਸਾਚੇ ਆਪ ਜਗਾਵਣਾ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਤੇਰਾ ਦਵਾਰਾ ਫੇਰ ਸੁਹਾਵਣਾ, ਤੇਰੀ ਛੱਪਰ ਦਏ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਈਆ । ਨਾਮੇ ਵਰ ਘਰ ਹਰਿ ਹਰਿ ਪਾਇਆ, ਘਰ ਸਾਚੇ ਵੱਜੇ ਵਧਾਇਆ । ਦੋਏ ਜੋੜ ਸੀਸ ਝੁਕਾਇਆ, ਨੇਤਰ ਨੈਣ ਦਿਸ ਨਾ ਪਾਇਆ । ਕਲਜੁਗ ਅੰਤਮ ਰਾਹ ਤਕਾਇਆ, ਨਿਰਗੁਣ ਨਿਰਗੁਣ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਾਮਾ ਝੋਲੀ ਪਾਇਆ । ਨਾਮ ਨਾਮਾ ਨਾਮ ਧਰਾ, ਪੰਜ ਤਤ ਚੋਲੀ ਤਨ ਰੰਗਾਈਆ । ਲੋਕਮਾਤੀ ਜਨਮ ਦਵਾ, ਮਾਤ ਗਰਭ ਬਾਹਰ ਮੇਲ ਮਿਲਾਈਆ । ਅੰਦਰ ਵੜ ਨਾ ਗਿਆ ਸਮਾ, ਦਸ ਮਾਸ ਨਾ ਅਗਨ ਤਪਾਈਆ । ਰਕਤ ਬੂੰਦ ਨਾ ਕੋਈ ਰਖਾ, ਮਾਤ ਪਿਤ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸੁਤ ਭਗਤ ਵਡਿਆਈਆ । ਸੁਤ ਦੁਲਾਰਾ ਸਚ ਸਪੂਤਾ, ਹਰਿ ਹਰਿ ਆਪ ਉਪਾਇੰਦਾ । ਲੇਖਾ ਜਾਣੇ ਚਾਰੇ ਕੂਟਾ, ਦਹਿ ਦਿਸ਼ਾ ਵੇਖ ਵਖਾਇੰਦਾ । ਪੰਜ ਤਤ ਕਾਇਆ ਚੋਲਾ ਦਿਸੇ ਝੂਠਾ, ਘਰ ਸਾਚੀ ਵਸਤ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੋਲ

ਆਪਣਾ ਤੋਲ, ਆਪਣੇ ਕੰਡੇ ਤੁਲਾਇੰਦਾ। ਤੋਲਣਹਾਰਾ ਹਰਿ ਭਗਵੰਤ, ਏਕਾ ਕੰਡਾ ਹੱਥ ਉਠਾਇੰਦਾ। ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਆਪਣਾ ਨਾਉਂ ਧਰਾਇੰਦਾ। ਭੇਵ ਖੁਲ੍ਹਾਏ ਜੀਵ ਜੰਤ, ਜਨ ਜਨਨੀ ਲੇਖੇ ਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਦਰਸਾਇੰਦਾ। ਛੇ ਘਰ ਛੇ ਉਪਦੇਸ, ਨਾਮੇ ਰਸਨਾ ਹਰਿ ਹਰਿ ਗਾਇਆ। ਏਕਾ ਰੂਪ ਹੋ ਪ੍ਰਵੇਸ਼, ਛੇ ਦਰ ਦਏ ਖੁਲਾਇਆ। ਛੇ ਸ਼ਾਸਤਰ ਸੀਸ ਝੁਕਾਇਨ, ਬਾਸ਼ਕ ਤਸ਼ਕਾ ਨਿਉਂ ਨਿਉਂ ਚਰਨ ਧਿਆਨ ਲਗਾਇਆ। ਆਪੇ ਵੇਖੇ ਰਿਖੀ ਕੇਸ, ਗਵਰਧਨ ਧਾਰੀ ਬੇਪ੍ਰਵਾਹਿਆ। ਲੇਖਾ ਜਾਣੇ ਦਸ ਦਸਮੇਸ, ਆਪ ਆਪਣਾ ਰੂਪ ਵਟਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮਾ ਠਾਕਰ ਰਹੇ ਹਮੇਸ਼, ਨਾ ਮਰੇ ਨਾ ਜਾਇਆ। ਨਾਮੇ ਤੇਰੀ ਰੋਟੀ ਦਾਲ, ਪ੍ਰਭ ਸਾਚੇ ਲੇਖੇ ਲਾਈਆ। ਘਰ ਆਏ ਚਾਰੇ ਤੇਰਾ ਮਾਲ, ਸਤਿ ਸਵਾਣੀ ਭੇਵ ਨਾ ਰਾਈਆ। ਆਦਿ ਜੁਗਾਦਿ ਕਰੇ ਪ੍ਰਿਤਪਾਲ, ਜੁਗ ਜੁਗ ਆਪਣਾ ਵੇਸ ਵਟਾਈਆ। ਨੇੜ ਨਾ ਆਏ ਕਾਲ ਮਹਾਂਕਾਲ, ਹਰਿਜਨ ਸਾਚੇ ਆਪਣੇ ਵਿਚ ਟਿਕਾਈਆ। ਸ਼ਬਦ ਸਰੂਪੀ ਬਣ ਦਲਾਲ, ਲੋਕਮਾਤ ਲਏ ਮਿਲਾਈਆ। ਤੇਰੀ ਘਾਲਨ ਆਪੇ ਘਾਲ, ਗੁਰਮੁਖਾਂ ਸੇਵ ਕਮਾਈਆ। ਸਿੰਘ ਭਗਤ ਭਗਵਨ ਆਪੇ ਭਾਲ, ਨਾਮ ਨਾਮਾ ਸਾਚੇ ਰੰਗ ਰੰਗਾਈਆ। ਆਪਣੇ ਸਰੋਵਰ ਮਾਰ ਉਛਾਲ, ਆਪਣਾ ਮੋਤੀ ਆਪੇ ਬਾਹਿਰ ਕਢਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਰਸ ਆਪਣਾ ਆਪ ਵਖਾਈਆ। ਨਿਰਗੁਣ ਦਰਸ ਅਗੰਮ ਅਪਾਰ, ਹਰਿ ਹਰਿ ਆਪ ਵਖਾਇੰਦਾ। ਕਾਗਦ ਕਲਮ ਨਾ ਲਿਖਣਹਾਰ, ਸਤਿ ਸਰੋਵਰ ਅਠਾਰਾਂ ਭਾਰ ਬਨਾਸਪਤ ਮੁਖ ਸ਼ਰਮਾਇੰਦਾ। ਗੁਰਸਿਖ ਤੇਰਾ ਪਾਰ ਕਿਨਾਰ, ਆਰ ਪਾਰ ਨਾ ਕੋਈ ਜਣਾਇੰਦਾ। ਲੇਖਾ ਜਾਣੇ ਹਰਿ ਨਿਰੰਕਾਰ, ਜੁਗ ਆਪਣਾ ਵੇਸ ਵਟਾਇੰਦਾ। ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕਾ ਨਾਉਂ ਧਰਾਇੰਦਾ। ਸਾਚੀ ਭੂਮਕਾ ਸੁਹਾਏ ਬੰਕ ਦਵਾਰ, ਜਿਸ ਦਰ ਸਾਚਾ ਚਰਨ ਟਿਕਾਇੰਦਾ। ਨਾਮਾ ਆਇਆ ਤ੍ਰੈ ਤ੍ਰੈ ਵਾਰਾ, ਤ੍ਰੈ ਤ੍ਰੈ ਦਿਨ ਆਪਣੀ ਅਲਫ਼ੀ ਹੇਠ ਵਿਛਾਇੰਦਾ। ਮੰਗੇ ਮੰਗ ਬਣ ਭਿਖਾਰਾ, ਕਵਣ ਰੂਪ ਨਿਰਗੁਣ ਲੋਕਮਾਤ ਵਟਾਇੰਦਾ। ਕਲਜੁਗ ਅੰਤਮ ਖੇਲ ਨਿਆਰਾ, ਸਾਚੀ ਭੂਮਕਾ ਦਏ ਸਹਾਰਾ, ਸਚ ਸਿੰਘਾਸਣ ਉਪਰ ਡਾਹਿੰਦਾ। ਪਿਛਲਾ ਲਹਿਣਾ ਕਰਜ ਉਤਾਰਾ, ਭਗਤਨ ਭਗਵਨ ਕਰੇ ਪਿਆਰਾ, ਸ਼ਬਦ ਵਿਚੋਲਾ ਅਗੰਮ ਅਪਾਰਾ, ਬ੍ਰਹਮਾ ਵੇਦ ਭੇਵ ਨਾ ਪਾਇੰਦਾ। ਪੁਰਾਨ ਅਠਾਂਰਾਂ ਰਹੇ ਪੁਕਾਰਾ, ਗੀਤਾ ਗਿਆਨ ਕਰੇ ਸਹਾਰਾ, ਅੰਜੀਲ ਕੁਰਾਨਾ ਏਕਾ ਨਾਅਰਾ, ਖਾਣੀ ਬਾਣੀ ਬੰਨੇ ਧਾਰਾ, ਬਿਨ ਹਰਿ ਸਾਚੇ ਘਰ ਨਾ ਕੋਈ ਪਾਇੰਦਾ। ਗੁਰਮੁਖ ਮੇਲਾ ਹਰਿ ਸੱਜਣ ਮੀਤ ਮੁਰਾਰਾ, ਮੀਤ ਮੁਰਾਰੀ ਫੇਰਾ ਪਾਇੰਦਾ। ਝੂਠਾ ਜੂਠਾ ਤਜ ਸਰਬ ਸੰਸਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਤ੍ਰੈ ਅਗਨੀ ਆਪੇ ਲਾਇੰਦਾ। ਵਿਭਚਾਰ ਕਰਾਏ ਨਾਰੀ ਨਾਰਾ, ਦੁਸ਼ਟ ਦੁਰਾਚਾਰਾ ਵੇਖ ਵਿਖਾਇੰਦਾ। ਬਿਨ ਗੁਰਸਿਖ ਆਤਮ ਹੋਏ ਨਾ ਠੰਡੀ ਠਾਰਾ, ਜੀਵ ਜੰਤ ਸਰਬ ਕੁਰਲਾਇੰਦਾ। ਪਾਰਬ੍ਰਹਮ ਅਬਿਨਾਸ਼ੀ ਕਰਤਾ, ਦਰ ਦਰਵੇਸ਼ ਨਰ ਨਰੇਸ਼ ਨਾਮੇ ਘਰ ਸਿੰਘ ਭਗਤ ਵਰ ਮੰਗਣ ਆਇਆ ਚਲਕੇ ਵਾੜਾ, ਨਿਰਗੁਣ ਆਪਣੀ ਝੋਲੀ ਅੱਗੇ ਡਾਹਿੰਦਾ। ਸਤਿਜੁਗ ਬਣੇ ਇਕ ਦਵਾਰਾ, ਸ਼ਾਹ ਪਾਤਸ਼ਾਹ ਨਿਉਂ ਨਿਉਂ ਸੀਸ ਝੁਕਾਇੰਦਾ। ਤਖ਼ਤ ਨਿਵਾਸਾ ਪੁਰਖ ਅਬਿਨਾਸ਼ਾ, ਬੇਪ੍ਰਵਾਹ ਬਣੇ ਮਲਾਹ, ਕਲਜੁਗ ਬੇੜਾ ਆਪ ਤਰਾਇੰਦਾ। ਮੂਰਖ ਮੁਗਧ ਅਵਾਣ ਕਰਨ ਹਾਸਾ, ਕਲਜੁਗ ਅੰਦਰ ਬਹਿ ਬਹਿ ਦਏ ਦਲਾਸਾ, ਰਾਏ ਧਰਮ ਵੇਖ ਵਖਾਇੰਦਾ। ਹਰਿ

ਭਗਤਾਂ ਬਖਸ਼ੇ ਚਰਨ ਭਰਵਾਸਾ, ਲੇਖਾ ਜਾਣੇ ਰਸਨ ਸਵਾਸਾ, ਪਵਣ ਸਵਾਸੀ ਆਪ ਸਮਾਇੰਦਾ । ਪਾਰ ਕਰਾਏ ਗਗਨ ਗਗਨੰਤਰ ਪ੍ਰਿਥਮੀ ਆਕਾਸਾ, ਸਚਖੰਡ ਦਵਾਰਾ ਏਕੰਕਾਰਾ, ਨਿਰਗੁਣ ਧਾਰ ਪੁਰਖ ਅਗੰਮੜਾ, ਹੱਡ ਮਾਸ ਨਾੜੀ ਨਾ ਚਮੜਾ, ਹਰਿਜਨ ਸਾਚੇ ਜੀਓ ਪਿੰਡ ਤਨ ਕਾਚੇ ਸਾਚੀ ਵਸਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫਲ ਫਲਵਾੜੀ ਆਪੇ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਜਨਮ ਧੁਰ ਦਾ ਕਰਮ, ਲੇਖਾ ਲਿਖਿਆ ਧੁਰ ਆਪ ਪ੍ਰਗਟਾਇੰਦਾ ।

✻ ੧੮ ਫਗਣ ੨੦੧੬ ਬਿਕ੍ਰਮੀ ਜਸਵੰਤ ਸਿੰਘ ਦੇ ਘਰ ਇਟਾਰਸੀ ਸ਼ਹਿਰ ਮਧਪ੍ਰਦੇਸ ✻

ਪੁਰਖ ਅਬਿਨਾਸ਼ੀ ਏਕਾ ਕੰਡਾ, ਨਿਰਗੁਣ ਆਪਣੇ ਹੱਥ ਰਖਾਇੰਦਾ । ਦੋ ਜਹਾਨਾਂ ਪਾਵੇ ਸਾਚੀ ਵੰਡਾ, ਆਪਣਾ ਹਿਸਾ ਆਪ ਕਰਾਇੰਦਾ । ਤੋਲ ਤੁਲਾਏ ਖੰਡ ਬ੍ਰਹਿਮੰਡਾ, ਵਰਭੰਡੀ ਵੇਖ ਵਖਾਇੰਦਾ । ਲੇਖਾ ਜਾਣੇ ਜੇਰਜ ਅੰਡਾ, ਉਤਭੁਜ ਸੇਹਤਜ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਸੇਵ ਕਮਾਇੰਦਾ । ਸਾਚਾ ਕੰਡਾ ਹਰਿ ਕਰਤਾਰ, ਸੋ ਪੁਰਖ ਨਿਰੰਜਣ ਹੱਥ ਉਠਾਈਆ । ਹਰਿ ਪੁਰਖ ਨਿਰੰਜਣ ਦਏ ਹੁਲਾਰ, ਦੋਵੇਂ ਪਾਸੇ ਵੇਖ ਵਖਾਈਆ । ਏਕੰਕਾਰਾ ਬਣ ਸੁਨਿਆਰ, ਸਾਚੇ ਵੱਟੇ ਹੱਥ ਉਠਾਈਆ । ਆਦਿ ਨਿਰੰਜਣ ਪਾਵੇ ਭਾਰ, ਨਾਮ ਨਾਮਾ ਵਿਚ ਟਿਕਾਈਆ । ਅਬਿਨਾਸ਼ੀ ਕਰਤਾ ਅਧਵਿਚਕਾਰ, ਆਪਣਾ ਹੱਥ ਵਖਾਈਆ । ਸ੍ਰੀ ਭਗਵਾਨ ਵਸਤ ਨਿਰਾਧਾਰ, ਅਮੋਲ ਅਮੋਲਕ ਵਿਚ ਟਿਕਾਈਆ । ਪਾਰਬ੍ਰਹਮ ਆਪਣੀ ਧਾਰਨ ਗਾਏ ਆਪਣੀ ਵਾਰ, ਆਪਣਾ ਵਾਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਕੰਡੇ ਤੋਲ ਤਰਾਜ਼ੂ, ਤੋਲਣਹਾਰਾ ਖੇਲ ਖਿਲਾਈਆ । ਸਾਚਾ ਕੰਡਾ ਪੁਰਖ ਅਥਾਹ, ਆਪਣੇ ਘਰ ਰਖਾਇੰਦਾ । ਸਚਖੰਡ ਨਿਵਾਸੀ ਕਰ ਸਲਾਹ, ਆਪਣਾ ਮਤਾ ਪਕਾਇੰਦਾ । ਲੋਆਂ ਪੁਰੀਆਂ ਰਚਨ ਰਚਾ, ਆਪਣਾ ਭਾਰ ਵੰਡਾਇੰਦਾ । ਲੱਖ ਚੁਰਾਸੀ ਖੇਲ ਖਿਲਾ, ਘਟ ਘਟ ਵੇਸ ਵਟਾਇੰਦਾ । ਆਤਮ ਬ੍ਰਹਮ ਸਰਬ ਜਣਾ, ਜਾਗਰਤ ਜੋਤ ਦੀਪ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਅਪਾਰ, ਇਕ ਨਾਲ ਇਕ ਕਰੇ ਪਿਆਰ, ਇਕ ਏਕਾ ਵੇਖ ਵਿਖਾਇੰਦਾ । ਏਕਾ ਇਕ ਅਕਲ ਕਲ ਧਾਰ, ਏਕਾ ਰੰਗ ਸਮਾਇੰਦਾ । ਏਕਾ ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਏਕਾ ਲੱਖ ਚੁਰਾਸੀ ਬੰਧਨ ਪਾਇੰਦਾ । ਏਕਾ ਵਸਤ ਰੱਖੇ ਅਪਰ ਅਪਾਰ, ਆਪ ਆਪਣੀ ਵੰਡ ਵੰਡਾਇੰਦਾ । ਲੋਕਮਾਤ ਖੇਲ ਨਿਆਰ, ਨਿਰਗੁਣ ਸਰਗੁਣ ਆਪ ਖਿਲਾਇੰਦਾ । ਸਾਚੇ ਕੰਡੇ ਵੇਖੇ ਭਾਰ, ਨੇਤਰ ਨੈਣ ਆਪ ਖੁਲਾਇੰਦਾ । ਤੋਲਾ ਮਾਸ਼ਾ ਰਤੀ ਕਰ ਕਰ ਬਾਹਰ, ਸਤਿ ਸਤਿਵਾਦੀ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਰਖਾਇੰਦਾ । ਇਕ ਇਕ ਖੇਲ ਅਪਾਰਾ, ਲੱਖ ਚੁਰਾਸੀ ਵੇਸ ਵਟਾਇੰਦਾ । ਏਕਾ ਏਕ ਕਰ ਨਿਆਰਾ, ਥਿਰ ਘਰ ਸਾਚੇ ਆਪ ਸੁਹਾਇੰਦਾ । ਜੁਗਾ ਜੁਗੰਤਰ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਪੰਜ ਤਤ ਵੇਖ ਮੁਨਾਰਾ, ਜੀਵ ਬ੍ਰਹਮ ਉਠਾਇੰਦਾ । ਏਕਾ ਦੇਵੇ ਸਤਿ ਭੰਡਾਰਾ, ਸਚ ਵਣਜਾਰਾ ਵਣਜ ਕਰਾਇੰਦਾ । ਘਾੜਨ ਘੜੇ ਬਣ ਬਣ ਠਠਿਆਰਾ, ਨਾਮ ਸੁਨਿਆਰਾ ਰੂਪ ਵਟਾਇੰਦਾ । ਕੰਡਾ ਰੱਖ ਨਿਰਗੁਣ ਧਾਰਾ, ਦੋ ਜਹਾਨਾਂ


੨੭੭ ੦੯

ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਵਸਤ ਅਨਮੋਲ ਆਪਣੇ ਹੱਥ ਰਖਾਇੰਦਾ । ਇਕ ਇਕ ਹਰਿ ਵਸੇ ਬਾਹਿਰ, ਗੁਪਤ ਜਾਹਿਰ ਭੇਵ ਨਾ ਰਾਈਆ । ਲਖ ਚੁਰਾਸੀ ਕਰ ਕਰ ਖਬਰਦਾਰ, ਚਾਰ ਖਾਣੀ ਦਏ ਵਡਿਆਈਆ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਲਏ ਪਰਗਟਾਈਆ । ਭਗਤ ਭਗਵਾਨ ਵੇਖ ਵਿਚਾਰ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣਾ ਹਿਸਾ ਆਪ ਰਖਾਈਆ । ਇਕ ਇਕ ਪਾਰ ਕਿਨਾਰਾ, ਇਕ ਏਕਾ ਵੇਖ ਵਖਾਇੰਦਾ । ਇਕ ਸੌ ਗਿਆਰਾ ਖੇਲ ਅਪਾਰਾ, ਬ੍ਰਹਿਮੰਡ ਖੰਡ ਆਪਣਾ ਹੁਕਮ ਚਲਾਇੰਦਾ । ਏਕਾ ਏਕ ਬ੍ਰਹਮ ਵਿਸ਼ਨ ਸ਼ਿਵ ਉਜਿਆਰਾ, ਇਕ ਏਕਾ ਲੱਖ ਚੁਰਾਸੀ ਰਚਨ ਰਚਾਇੰਦਾ । ਏਕਾ ਏਕ ਭਰੇ ਭਗਤ ਭੰਡਾਰਾ, ਲਖ ਚੁਰਾਸੀ ਪੂਰਾ ਤੋਲ ਨਾ ਕੋਈ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਭਗਵੰਤ ਆਪ ਪ੍ਰਗਟਾਇੰਦਾ । ਭਗਤ ਉਪਾਏ ਹਰੀ ਹਰਿ ਘਾਟ, ਹਰਿਜਨ ਵੇਖ ਵਿਖਾਨਿਆ । ਹਰਿਜਨ ਉਪਾਏ ਤੀਰਥ ਤਾਟ, ਹਰਿ ਹਰਿ ਚਰਨ ਛੁਹਾਨਿਆ । ਹਰਿਜਨ ਹਰਿ ਹਰਿ ਮੇਲ ਮਿਲਾਏ ਕਾਇਆ ਮਾਟ, ਦੀਪਕ ਜੋਤੀ ਜੋਤ ਜਗਾਨਿਆ । ਹਰਿਜਨ ਹਰਿ ਹਰਿ ਸੋਏ ਆਤਮ ਖਾਟ, ਸਾਚੀ ਸੇਜ ਆਪ ਸੁਹਾਨਿਆ । ਹਰਿਜਨ ਹਰਿ ਬਸਤਰ ਪਹਿਨਾਏ ਤਨ ਸਾਚਾ ਪਾਟ, ਸਾਚੀ ਅਲਫ਼ੀ ਗਲ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਏਕਾ ਰੰਗ ਰੰਗਾਨਿਆ । ਭਗਤਨ ਵੰਡ ਪੁਰਖ ਸੁਲਤਾਨ, ਏਕਾ ਇਕ ਇਕ

੨੭੮ ਕਰਾਈਆ । ਆਪ ਝੁਲਾਏ ਆਪਣਾ ਸਚ ਨਿਸ਼ਾਨ, ਜਨ ਭਗਤਾਂ ਹੱਥ ਫੜਾਈਆ । ਨਾਥ ਅਨਾਥਾਂ ਹੋਏ ਮਿਹਰਬਾਨ, ਦੀਨਨ ਦੀਨ ਦਏ ਵਡਿਆਈਆ । ੨੭੮

੦੯

ਨਾਦ ਅਨਾਦੀ ਵਜਾਏ ਨਾਦ, ਨਾਦ ਨਾਦਾਂ ਵਿਚ ਟਿਕਾਈਆ । ਸ਼ਬਦ ਜਣਾਈ ਬੋਧ ਅਗਾਧ, ਅਗਾਧ ਬੋਧ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਹੱਥ ਭਗਵਨ ਡੋਰ, ਤਾਰ ਸਤਾਰ ਆਪ ਹਿਲਾਈਆ । ਭਗਤਨ ਮੇਲਾ ਭਗਤੀ ਘਰ, ਭਗਵੰਤ ਖੇਲ ਖਿਲਾਇੰਦਾ । ਲੋਕਮਾਤ ਮਾਣਸ ਜਨਮ ਕਰ, ਜਨਮ ਜਨਮਾਂ ਵੇਖ ਵਖਾਇੰਦਾ । ਪੰਜ ਤਤ ਕਾਇਆ ਚੋਲਾ ਅੰਦਰ ਵੜ, ਕਾਇਆ ਗੜ੍ਹ ਫੋਲ ਫੁਲਾਇੰਦਾ । ਸਤਿ ਸਰੂਪੀ ਸ਼ਬਦ ਸ਼ਬਦੀ ਲਏ ਫੜ, ਨਾਮ ਨਾਮਾ ਬੰਧਨ ਪਾਇੰਦਾ । ਗ੍ਰਿਹ ਮੰਦਰ ਆਪਣਾ ਘਾੜਨ ਘੜ, ਘਰ ਘਰ ਵਿਚ ਆਸਣ ਲਾਇੰਦਾ । ਸਚ ਮਹੱਲ ਉਚ ਅਟਾਰ ਆਪੇ ਚੜ੍ਹ, ਆਪ ਆਪਣਾ ਮੁਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭਗਤ ਲੱਖ ਚੁਰਾਸੀ ਪਾਰ ਸ਼ਕਤ ਧਾਰਨ ਧਾਰ ਇਕ ਵਖਾਇੰਦਾ । ਲੱਖ ਚੁਰਾਸੀ ਏਕਾ ਤੋਲ, ਜੂਨੀ ਜੂਨ ਆਪ ਟਿਕਾਈਆ । ਪੁਰਖ ਅਬਿਨਾਸ਼ੀ ਆਪਣੀ ਰਸਨਾ ਆਪੇ ਬੋਲ, ਹਰਿ ਭਗਤਨ ਦੇਵੇ ਵਡ ਵਡਿਆਈਆ । ਸਚਖੰਡ ਨਿਵਾਸੀ ਸਚ ਦਵਾਰਾ ਖੋਲ੍ਹ, ਸਾਚੀ ਵਸਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਹਰਿ ਰੰਗ ਰਤੜਾ, ਰੰਗ ਰੰਗੀਲਾ ਇਕ ਅਖਵਾਈਆ । ਭਗਤਨ ਅੰਦਰ ਹਰਿ ਭੰਡਾਰਾ, ਹਰਿ ਸ਼ਬਦੀ ਸ਼ਬਦ ਭਰਾਇੰਦਾ । ਸਚ ਤਰਾਜ਼ੂ ਸਿਰਜਨਹਾਰਾ, ਖ਼ਾਲਸ ਆਪਣੇ ਹੱਥ ਉਠਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਏਕੇ ਦਰ, ਏਕਾ ਅੱਖਰ ਆਪ ਪੜ੍ਹਾਇੰਦਾ । ਏਕਾ ਅੱਖਰ ਹਰਿਜਨ ਪੜ੍ਹ, ਪੜ੍ਹ ਪੜ੍ਹ ਆਪਣਾ ਰੂਪ ਵਟਾਈਆ । ਏਕਾ ਪੌੜੇ ਹਰਿਜਨ ਚੜ੍ਹ, ਚੜ੍ਹ ਚੜ੍ਹ ਆਪਣਾ

ਘਰ ਸੁਹਾਈਆ । ਏਕਾ ਪਲੂ ਹਰਿਜਨ ਫੜ, ਫੜ ਫੜ ਮਿਲੇ ਬੇਪਰਵਾਹੀਆ । ਏਕਾ ਅਗਨੀ ਹਰਿਜਨ ਸੜ, ਸੜ ਸੜ ਆਪਣੀ ਜੋਤ ਕਰੇ ਰੁਸ਼ਨਾਈਆ । ਏਕਾ ਘਾੜਨ ਹਰਿਜਨ ਘੜ, ਘੜ ਘੜ ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਸ਼ਅੱਖਰ ਰੂਪ ਸਮਾਈਆ । ਏਕਾ ਰੰਗ ਹਰਿ ਹਰਿ ਕਰ, ਰੰਗ ਰਤੜਾ ਇਕ ਰੰਗਾਇੰਦਾ । ਏਕਾ ਮੇਲਾ ਹਰਿ ਹਰਿ ਦਰ, ਦਰ ਦਰਵਾਜਾ ਆਪ ਖੁਲਾਇੰਦਾ । ਏਕਾ ਨਹਾਵਣ ਹਰਿ ਹਰਿ ਸਰ, ਸਰ ਸਰੋਵਰ ਇਕ ਸੁਹਾਇੰਦਾ । ਏਕਾ ਘਰ ਹਰਿ ਹਰਿ ਵੜ, ਹਰਿਜਨ ਸਾਚੇ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਰੂਪ ਆਪ ਦਰਸਾਇੰਦਾ । ਭਗਤਨ ਰੂਪ ਅਗੰਮ ਅਪਾਰ, ਹਰਿ ਬਿਨ ਅਵਰ ਨਾ ਕੋਇ ਜਣਾਈਆ । ਭਗਤਨ ਰੂਪ ਅਪਰ ਪਾਰ, ਹਰਿ ਬਿਨ ਅਵਰ ਨਾ ਕੋਇ ਮਨਾਈਆ । ਵੇਦ ਕਤੇਬ ਨਾ ਪਾਵਣ ਸਾਰ, ਗਾ ਗਾ ਥੱਕੀ ਸਰਬ ਲੋਕਾਈਆ । ਸ਼ਾਸਤਰ ਸਿਮਰਤ ਨਾ ਕਰੇ ਵਿਚਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸੰਤ ਕੰਤ ਰਹੇ ਪੁਕਾਰ, ਅੰਤਰ ਆਤਮ ਇਕ ਲਿਵ ਲਾਈਆ । ਗੁਰ ਪੀਰ ਏਕਾ ਧਾਰ, ਹਰਿ ਹਰਿ ਸਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਵਡ ਵਡਿਆਈਆ । ਭਗਤ ਵਡਿਆਈ ਹੱਥ ਨਿਰੰਕਾਰ, ਆਪਣਾ ਭੇਵ ਖੁਲਾਇੰਦਾ । ਇਕੀ ਜਨਮ ਮਾਣਸ ਮਾਣਸ ਕਰ ਉਜਿਆਰ, ਮਾਨੁਖ ਮਾਨੁਖ ਆਪ ਸਮਝਾਇੰਦਾ । ਏਕਾ ਬਖ਼ਸ਼ ਚਰਨ ਪਿਆਰ, ਚਰਨ ਚਰਨੋਦਕ ਮੁਖ ਲਗਾਇੰਦਾ । ਅੱਠੇ ਪਹਿਰ ਸਚ ਗੁਫ਼ਤਾਰ, ਨਾਮ ਸਤਾਰ ਆਪ ਵਜਾਇੰਦਾ । ਸਤਿ ਸਰੂਪੀ ਸ਼ਬਦੀ ਹਾਰ, ਤਨ ਸ਼ੰਗਾਰ ਆਪਣਾ ਆਪ ਵਖਾਇੰਦਾ । ਪੰਜ ਤਤ ਕਰ ਖ਼ਵਾਰ, ਬ੍ਰਹਮ ਮਤ ਭਰ ਭੰਡਾਰ, ਧੀਰਜ ਜਤ ਇਕ ਧਰਾਇੰਦਾ । ਰੁੱਤੀ ਰੁੱਤ ਪੈਜ ਸੁਆਰ, ਨਿਰਗੁਣ ਜੋਤ ਨੂਰ ਉਜਿਆਰ, ਪੁਰਖ ਅਕਾਲ ਏਕਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਰੂਪ ਆਪ ਵਟਾਇੰਦਾ । ਇਕੀ ਜਾਮੇ ਮਾਣਸ ਰੱਖ, ਏਕਾ ਮੰਤਰ ਨਾਮ ਦ੍ਰਿੜਾਈਆ । ਪ੍ਰਹਿਲਾਦ ਪ੍ਰਭ ਕਰ ਪਰਤੱਖ, ਰੂਪ ਅਨੂਪ ਆਪ ਦਰਸਾਈਆ । ਲੱਖ ਚੁਰਾਸੀ ਵਿਚੋਂ ਕੀਤਾ ਵਖ, ਰਾਮ ਨਾਮ ਇਕ ਪੜ੍ਹਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਲਏ ਚਲਾਈਆ । ਗੜ੍ਹ ਹੰਕਾਰੀ ਜਾਏ ਢੱਠ, ਢਾਵਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਪੈਜ ਤਰਾਈਆ । ਇਕੀ ਜਨਮ ਸਚ ਸਿਕਦਾਰ, ਮਾਣਸ ਮਾਣਸ ਰੂਪ ਵਟਾਇੰਦਾ । ਇਕੀ ਬਰਸ ਏਕਾ ਧਾਰ, ਏਕਾ ਸ਼ਬਦ ਏਕਾ ਅੱਖਰ ਆਪ ਪੜ੍ਹਾਇੰਦਾ । ਇਕੀ ਬਰਸ ਜਤ ਸਤਿ ਧਾਰ, ਨੇਤਰ ਨੈਣ ਮੂੰਦ ਲਿਵ ਤਾਰ ਗੁਫ਼ਤਾਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਇਕੀ ਜਨਮ ਜਗਤ ਦਵਾ, ਸਾਚਾ ਸੰਗ ਨਿਭਾਈਆ । ਇਕ ਇਕ ਅੱਖਰ ਦਏ ਪੜ੍ਹਾ, ਏਕਾ ਏਕੇ ਨਾਲ ਮਿਲਾਈਆ । ਰਿਖੀ ਮੁਨੀ ਆਪ ਸਮਝਾ, ਸਚ ਮਤ ਇਕ ਦਰਸਾਈਆ । ਤਿਖੀ ਧਾਰ ਆਪ ਚਲਾ, ਏਕੰਕਾਰ ਆਪੇ ਵੇਖ ਵਖਾਈਆ । ਵੰਡੇ ਵੰਡ ਬੇਪਰਵਾਹ, ਬ੍ਰਹਿਮੰਡ ਖੰਡ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਥਾਂਉਂ ਥਾਈਆ । ਪ੍ਰਹਿਲਾਦ ਪੁਕਾਰਿਆ ਦਰ ਨਮਸਕਾਰਿਆ, ਹਰਿ ਵਿਚਾਰਿਆ ਨਰ ਨਰਾਇਣ ਵੇਖ ਵਖਾਇੰਦਾ । ਤੇਜ ਕਟਾਰਿਆ ਪਰਬਤ ਹਲਾਰਿਆ ਅਗਨੀ ਸਾੜਿਆ, ਤਤਵ ਤਤ ਨਾ ਕੋਇ ਜਲਾਇੰਦਾ । ਹਰਿ ਚਰਨ ਪਿਆਰਿਆ ਏਕਾ ਧਾਰਿਆ ਨਿਉਂ ਨਿਉਂ ਨਿਮਸਕਾਰਿਆ,

ਦੂਜਾ ਸੰਗ ਨਾ ਕੋਇ ਰਖਾਇੰਦਾ । ਸਿਰਜਣਹਾਰਿਆ ਪਾਵੇ ਸਾਰਿਆ, ਰੂਪ ਧਾਰਿਆ, ਕੀਟਾਂ ਵਿਚ ਕੀਟ ਆਪ ਅਖਵਾਇੰਦਾ । ਥੰਮ ਠਾਰਿਆ ਚੜ੍ਹ ਸਿਖਰ ਮਨਾਰਿਆ, ਭਗਤ ਵਣਜਾਰਿਆ ਸਾਚਾ ਵਣਜ ਇਕ ਕਰਾਇੰਦਾ । ਦੁਸ਼ਟ ਬਿਦਾਰਿਆ ਗੋਦ ਉਠਾਰਿਆ, ਪਾਰ ਕਰਾ ਲਿਆ, ਨਰ ਸਿੰਘ ਰੂਪ ਵਟਾਇੰਦਾ । ਪ੍ਰਹਿਲਾਦ ਕਰੇ ਗਿਰਿਆ ਜਾਰਿਆ, ਤੂੰ ਬੇਪਰਵਾਹ ਤੇਰਾ ਅੰਤ ਨਾ ਪਾਰਾਵਾਰਿਆ, ਕਵਣ ਰੂਪ ਵੇਸ ਕਰੇ ਵਿਚ ਸੰਸਾਰਿਆ, ਜਨ ਭਗਤਾਂ ਲਾਜ ਰਖਾਇੰਦਾ । ਪੁਰਖ ਅਬਿਨਾਸ਼ੀ ਬੋਲ ਜੈਕਾਰਿਆ, ਸ਼ਬਦ ਸੁਨੇਹੜਾ ਇਕ ਸੁਣਾ ਰਿਹਾ, ਕਲਜੁਗ ਅੰਤਮ ਆਵੇ ਵਾਰਿਆ, ਨਿਹਕਲੰਕ ਲਏ ਅਵਤਾਰਿਆ, ਹਰਿਜਨ ਭਗਤ ਪ੍ਰਹਿਲਾਦ ਆਪਣੇ ਆਪ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੇਲਾ ਮੇਲ ਮਿਲਾ ਲਿਆ । ਸਤਿਜੁਗ ਭਗਤ ਹਰਿ ਭਗਵਾਨ, ਇਕ ਪ੍ਰਹਿਲਾਦ ਤਰਾਈਆ । ਜੋਤੀ ਜਾਮਾ ਸ੍ਰੀ ਭਗਵਾਨ, ਮਾਣਸ ਮਨੁਖ ਨਾ ਕੋਇ ਦਰਸਾਈਆ । ਕਲਜੁਗ ਅੰਤਮ ਖੇਲ ਮਹਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰਮੁਖ ਵੇਖੇ ਬਾਲ ਅੰਞਾਣ, ਜਗਤ ਕਾਣ ਨਾ ਕੋਇ ਜਣਾਈਆ । ਏਕਾ ਦੇਵੇ ਧੁਰ ਫ਼ਰਮਾਨ, ਸੋ ਅੱਖਰ ਕਰੇ ਪੜ੍ਹਾਈਆ । ਹੰ ਬ੍ਰਹਮ ਪ੍ਰਭ ਆਪਣੀ ਅੰਸ ਪਛਾਣ, ਆਪ ਆਪਣੀ ਗੋਦ ਬਹਾਈਆ । ਲੱਖ ਚੁਰਾਸੀ ਵਿਚੋਂ ਆਪ ਪਛਾਣ, ਹਰਿਜਨ ਸਾਚੇ ਲਏ ਉਠਾਈਆ । ਨਿਮਾਣਿਆ ਦੇਵੇ ਸਾਚਾ ਮਾਣ, ਚਰਨ ਕਵਲ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਖੇਲ ਅਗੰਮ ਅਥਾਹੀਆ । ਪ੍ਰਹਿਲਾਦ ਰਸਨਾ ਗਾਇਆ ਰਾਮ, ਅੰਤਰ ਹਰਿ ਲਿਵ ਲਾਇੰਦਾ । ਕਲਜੁਗ ਅੰਤਮ ਗੁਰਸਿਖਾਂ ਸੋਹੰ ਪੀਤਾ ਸਾਚਾ ਜਾਮ, ਹਰਿ ਸਾਚਾ ਆਪ ਪਿਆਇੰਦਾ । ਅੰਤਮ ਪੂਰਾ ਕਰ ਕਾਮ, ਕਰਨੀ ਕਰਤਾ ਆਪ ਕਰਾਇੰਦਾ । ਹਰਿਜਨ ਤੇਰਾ ਖੇੜਾ ਨਗਰ ਗਰਾਮ, ਸਦਾ ਸੁਹੇਲਾ ਆਪ ਵਸਾਇੰਦਾ । ਤੇਰੀ ਮਾਟੀ ਕਾਇਆ ਚਾਮ, ਹਰਿ ਸਾਚਾ ਆਪ ਹੰਢਾਇੰਦਾ । ਤੇਰੀ ਜੋਤੀ ਕੋਟਨ ਭਾਨ, ਰਵ ਸਸ ਮੁਖ ਸ਼ਰਮਾਇੰਦਾ । ਤੇਰਾ ਨਾਉਂ ਕਰੋੜ ਤੇਤੀਸ ਬ੍ਰਹਮਾ ਵਿਸ਼ਨ ਸ਼ਿਵ ਆਦਿ ਜੁਗਾਦੀ ਗਾਣ, ਗਾਵਤ ਗਾਵਤ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਹੋ ਪਰਧਾਨ, ਲੋਕਮਾਤ ਵੇਸ ਵਟਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸਾ ਇਕ ਸੁਣਾਇੰਦਾ । ਕਲਜੁਗ ਅਗਨੀ ਤਪਤ ਮਹਾਨ, ਜਗਤ ਵਿਕਾਰਾ ਹਰਨਾਕਸ਼ ਅਗਨ ਲਗਾਇੰਦਾ । ਪੁਰਖ ਅਬਿਨਾਸ਼ੀ ਜਾਣੀ ਜਾਣ, ਹਰਿਜਨ ਸਾਚੇ ਆਪ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਗਹਿਰ ਗੰਭੀਰ ਡੂੰਘਾ ਸਾਗਰ, ਕਾਇਆ ਗਾਗਰ ਜਲ ਧਾਰਾ ਵੇਖ ਵਖਾਇੰਦਾ । ਜਲ ਧਾਰਾ ਅੰਮ੍ਰਿਤ ਰਸ, ਨਿਝਰ ਝਿਰਨਾ ਆਪ ਝਿਰਾਈਆ । ਪੁਰਖ ਅਬਿਨਾਸ਼ੀ ਨੱਸ ਨੱਸ, ਕਲਜੁਗ ਕਾਇਆ ਥੰਮ ਵੇਖ ਵਖਾਈਆ । ਹਰਿਜਨ ਚੜ੍ਹਾਏ ਹੱਸ ਹੱਸ, ਚਰਨਾਂ ਹੇਠ ਦਏ ਦਬਾਈਆ । ਦੂਸਰ ਕਿਸੇ ਨਾ ਹੋਵੇ ਵਸ, ਜੀਵ ਜੰਤ ਰਹੇ ਕੁਰਲਾਈਆ । ਹਰਿ ਭਗਤਨ ਸਾਚਾ ਮਾਰਗ ਦੱਸ, ਸਚ ਸਨੇਹੜਾ ਇਕ ਸੁਣਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲੀ ਮੁਖੀ ਆਪ ਵਖਾਈਆ । ਜੋਤ ਸਰੂਪੀ ਹੋ ਪਰਤੱਖ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਇਕੀ ਜਨਮ ਜੁਗ ਜੁਗ ਧਾਰ, ਮਾਣਸ ਮਾਣਸ ਆਪ ਉਪਜਾਇੰਦਾ । ਇਕੀ ਬਰਖ ਨਾ ਕੋਈ ਸੋਗ ਨਾ ਕੋਈ ਹਰਖ, ਏਕਾ ਏਕਾ ਰਾਹ ਵਖਾਇੰਦਾ । ਏਕਾ ਇਕੀ ਆਪੇ ਪਰਖ, ਆਪਣੀ ਸੋਟੀ ਹੱਥ ਉਠਾਇੰਦਾ । ਅੰਤਮ ਅੰਤ ਅੰਤ ਇਕੀ ਜਨਮ ਦੇ ਦੇ ਦਰਸ, ਕਾਇਆ

ਚੋਲਾ ਆਪ ਛੁਡਾਇੰਦਾ । ਬ੍ਰਹਮ ਬ੍ਰਹਮ ਪ੍ਰਭ ਕਰ ਕਰ ਤਰਸ, ਆਪ ਆਪਣਾ ਸੰਗ ਰਖਾਇੰਦਾ । ਵੇਖਣਹਾਰਾ ਜਗਤ ਹਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਹਰਿਜਨ ਆਤਮ ਆਪਣੇ ਅੰਦਰ ਰੱਖ, ਘਰ ਸਾਚੇ ਆਪ ਸੁਹਾਇੰਦਾ । ਪਹਿਲਾਂ ਪਰਗਟ ਹੋਏ ਆਪ ਪਰਤਖ, ਹਰਿਜਨ ਸਾਚੇ ਫੇਰ ਜਗਾਇੰਦਾ । ਹਿਰਦੇ ਅੰਦਰ ਆਪੇ ਵਸ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਏਕਾ ਰੰਗ ਰੰਗਾਇੰਦਾ । ਭਗਤਨ ਰੰਗ ਚਲੂਲ, ਸਚ ਮਜੀਠੀ ਆਪ ਰੰਗਾਇੰਦਾ । ਭਗਤਨ ਮੇਲਾ ਕੰਤ ਕਤੂੰਹਲ, ਘਰ ਮੰਦਰ ਆਪ ਸੁਹਾਇੰਦਾ । ਭਗਤ ਸਿੰਘਾਸਣ ਸਚ ਪਘੂੰੜਾ ਰਿਹਾ ਝੂਲ, ਸਚਖੰਡ ਨਿਵਾਸੀ ਆਪ ਝੁਲਾਇੰਦਾ । ਤ੍ਰੈਗੁਣ ਦਾਸੀ ਬਰਖੇ ਫੂਲ, ਫੂਲਨ ਬਰਖਾ ਆਪ ਲਗਾਇੰਦਾ । ਆਪੇ ਜਾਣੇ ਆਪਣਾ ਮੂਲ, ਲੇਖਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਲੇਖਾ ਵਿਚ ਸੰਸਾਰ, ਆਪੇ ਜਾਣੇ ਆਪ ਨਿਰੰਕਾਰ, ਜੁਗ ਜੁਗ ਕਰੇ ਖੇਲ ਅਪਾਰ, ਖੇਲਣਹਾਰਾ ਖੇਲ ਖਿਲਾਇੰਦਾ । ਖੇਲਣਹਾਰਾ ਪੁਰਖ ਸਮਰਥ, ਘਰ ਸਾਚੇ ਸੋਭਾ ਪਾਇੰਦਾ । ਆਪਣੀ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਕੋਈ ਸੁਣਾਇੰਦਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਜਨ ਭਗਤਾਂ ਦੇਵੇ ਸਾਚੀ ਵਥ, ਵਸਤ ਅਮੋਲਕ ਹਥ ਫੜਾਇੰਦਾ । ਕਾਇਆ ਮੰਦਰ ਖੋਲ੍ਹ ਹੱਟ, ਵਣਜ ਵਣਜਾਰਾ ਵੇਖ ਵਖਾਇੰਦਾ । ਆਪੇ ਖੇਲੇ ਖੇਲ ਬਾਜੀਗਰ ਨਟ, ਨਟੂਆ ਸਾਂਗ ਵਰਤਾਇੰਦਾ । ਆਪਣਾ ਦੀਪਕ ਆਪਣੇ ਘਰ ਆਪੇ ਰੱਖ, ਜੋਤੀ ਜੋਤ ਜੋਤ ਆਪ ਜਗਾਇੰਦਾ । ਆਪੇ ਅਨਹਦ ਮਾਰੇ ਸੱਟ, ਤਾਲ ਤਲਵਾੜਾ ਆਪ ਵਜਾਇੰਦਾ । ਆਪੇ ਰੂਪ ਅਨੂਪ ਕਰ ਪ੍ਰਗਟ, ਘਰ ਘਰ ਵਿਚ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਧੁਰਦਰਗਾਹ, ਲੋਕਮਾਤੀ ਦਏ ਸਲਾਹ, ਸਾਚਾ ਬੇੜਾ ਆਪ ਚਲਾਇੰਦਾ । ਸਾਚਾ ਬੇੜਾ ਬੰਨ੍ਹ ਕਰਤਾਰ, ਏਕਾ ਚੱਪੂ ਨਾਮ ਲਗਾਈਆ । ਸਾਚੀ ਨਈਆ ਆਰ ਪਾਰ, ਸਾਚਾ ਸਈਆ ਪਾਰ ਕਰਾਈਆ । ਭੈਣਾ ਭਈਆ ਦਏ ਅਧਾਰ, ਪਿਤਾ ਪੂਤ ਮਾਤ ਵਡਿਆਈਆ । ਜਿਸ ਜਨ ਮੇਲਾ ਹਰਿ ਨਿਰੰਕਾਰ, ਮੇਲ ਮਿਲਾਵਾ ਏਕਾ ਥਾਈਂਆ । ਅੰਤਮ ਅੰਤ ਉਤਰੇ ਪਾਰ, ਮੰਝਧਾਰ ਨਾ ਕੋਈ ਰੁੜ੍ਹਾਈਆ । ਭਗਤ ਭਗਵੰਤ ਇਕ ਪਿਆਰ, ਕਬੀਰ ਜੁਲਾਹਾ ਦਏ ਗਵਾਹੀਆ । ਕਲਜੁਗ ਅੰਤਮ ਖੇਲ ਨਿਆਰ, ਪੁਰਖ ਅਬਿਨਾਸ਼ੀ ਆਪ ਖਿਲਾਈਆ । ਨਿਰਗੁਣ ਰੂਪ ਵਿਚ ਸੰਸਾਰ, ਘਰ ਭਗਤਨ ਫੇਰਾ ਪਾਈਆ । ਜਿਉਂ ਸੁਤ ਕਮਾਲਾ ਦਏ ਅਧਾਰ, ਤਿਉਂ ਅੱਖਰ ਇਕ ਪੜ੍ਹਾਈਆ । ਪਤ ਡਾਲ ਵੇਖ ਗੁਲਜ਼ਾਰ, ਗੁੰਚਾ ਪੰਖੜੀਆ ਆਪ ਖਿਲਾਈਆ । ਹਰਿ ਭਗਤ ਤੇਰੀ ਬਸੰਤ ਬਹਾਰ, ਆਦਿ ਜੁਗਾਦਿ ਮਹਿਕ ਮਹਿਕਾਈਆ । ਪੁਰਖ ਅਬਿਨਾਸ਼ੀ ਸੇਵਾਦਾਰ, ਸਿੰਚ ਅੰਮ੍ਰਿਤ ਬੂਟੇ ਹਰੇ ਕਰਾਈਆ । ਆਪੇ ਬਣੇ ਮਾਲਨ ਗਿਰਵਰ ਗਿਰਧਾਰ, ਨਾਮ ਖਾਰੀ ਹੱਥ ਉਠਾਈਆ । ਫਲ ਤੋੜੇ ਆਪਣੀ ਵਾਰ, ਸਚ ਸੁਗੰਧੀ ਆਪਣੀ ਵਿਚ ਭਰਾਈਆ । ਭਵਰਾ ਗੂੰਜੇ ਸਚ ਗੂੰਜਾਰ, ਤੂਹੀ ਤੂਹੀ ਰਾਗ ਅਲਾਹੀਆ । ਜੋਤ ਅਕਾਲਣ ਨਾਰ ਮੁਟਿਆਰ, ਆਪਣੀ ਖਾਰੀ ਸੀਸ ਉਠਾਈਆ । ਆਪੇ ਆਏ ਚਲ ਸਚੇ ਦਰਬਾਰ, ਸਚਖੰਡ ਦਵਾਰਾ ਇਕ ਸੁਹਾਈਆ । ਹਾਰ ਗੁੰਦੇ ਆਪਣੀ ਵਾਰ, ਸਾਚੀ ਸੂਈ ਨਾਮ ਉਠਾਈਆ । ਪ੍ਰੇਮ ਧਾਗਾ ਅੰਦਰ ਡਾਰ, ਇਕ ਨਾਲ ਇਕ ਲਏ ਬੰਧਾਈਆ । ਇਕ ਇਕ ਇਕ ਨਾਲ ਕਰ ਤਿਆਰ, ਤ੍ਰੈਲੋਕ ਮੁਖ ਭਵਾਈਆ । ਸਗਨ ਮਨਾਏ ਆਪ ਨਿਰੰਕਾਰ, ਲਾਲ ਭੂਸ਼ਨ ਗਲ ਪਹਿਨਾਈਆ ।

ਸੀਸ ਗੁੰਦੇ ਸਿਰਜਣਹਾਰ, ਮੇਂਹਡੀ ਤਿੰਨ ਤਿੰਨ ਵਟ ਚੜ੍ਹਾਈਆ । ਆਪਣੇ ਅੰਦਰੋਂ ਆਏ ਬਾਹਿਰ, ਥਿਰ ਘਰ ਵਾਸੀ ਸਚ ਦਵਾਰਾ ਆਪ ਖੁਲ੍ਹਾਈਆ । ਰਵ ਸਸ ਕਰਨ ਨਿਮਸਕਾਰ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਚਰਨ ਭਿਖਿਆ ਮੰਗਣ ਵਾਰੋ ਵਾਰ, ਅੱਗੇ ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਬੇਪਰਵਾਹ ਆਪੇ ਜਾਣੇ ਆਪਣੀ ਧਾਰ, ਬੰਧਨ ਬੰਧ ਨਾ ਕੋਈ ਬੰਧਾਈਆ । ਚੌਦਾਂ ਲੋਕ ਚਰਨ ਹੇਠ ਲਤਾੜ, ਆਵੇ ਜਾਵੇ ਵਾਹੋ ਦਾਹੀਆ । ਲੋਕਮਾਤ ਲਏ ਅਵਤਾਰ, ਹਰਿਜਨ ਵੇਖੇ ਥਾਉਂ ਥਾਈਆ । ਜਿਉਂ ਪ੍ਰਹਿਲਾਦ ਗਲ ਲਗਾਇਆ ਆਪ ਕਰਤਾਰ, ਫੜ ਫੜ ਆਪ ਜਗਤ ਬਾਹੀਂਆ । ਕਲਜੁਗ ਅੰਤਮ ਖੇਲ ਅਪਾਰ, ਪੰਜ ਤਤ ਰੂਪ ਨਾ ਕੋਈ ਦਸਾਈਆ । ਘਰ ਘਰ ਦਰ ਦਰ ਫਿਰੇ ਵਾਰੋ ਵਾਰ, ਦਿਵਸ ਰੈਣ ਨਾ ਕੋਈ ਜਣਾਈਆ । ਇਕ ਸੌ ਗਿਆਰਵੇਂ ਸਿਖ ਤਾਰੇ ਏਕਾ ਵਾਰ, ਇਕ ਇਕ ਇਕ ਨਾਲ ਬੰਧਾਈਆ । ਰਾਤੀ ਸੁਤਿਆਂ ਦੇਵੇ ਪੈਜ ਸਵਾਰ, ਜੋਗ ਅਭਿਆਸ ਨਾ ਕੋਈ ਕਰਾਈਆ । ਏਕਾ ਨਾਮ ਸਚ ਸ਼ੰਗਾਰ, ਗੁਰਸਿਖਾਂ ਤਨ ਕਰਾਈਆ । ਮਾਲਣ ਆਈ ਧੁਰ ਦਰਬਾਰ, ਜੋਤ ਅਕਾਲ ਸੇਵ ਕਮਾਈਆ । ਸੋਹੰ ਹਾਰ ਕਰ ਤਿਆਰ, ਲੋਕਮਾਤ ਫਿਰੇ ਚਾਈਂ ਚਾਈਂਆ । ਬਿਰਧ ਬਾਲ ਨੌਜਵਾਨ, ਗੁਰਸਿਖ ਵੇਖੇ ਇਕ ਧਿਆਨ, ਦੂਜੀ ਅੱਖ ਨਾ ਕੋਈ ਵਖਾਈਆ । ਚਰਨ ਕਵਲ ਸਚ ਧਿਆਨ, ਏਕਾ ਮੰਤਰ ਬ੍ਰਹਮ ਗਿਆਨ, ਆਤਮ ਵਿਦਿਆ ਇਕ ਪੜ੍ਹਾਈਆ । ਚੌਦਾਂ ਵਿਦਿਆ ਹੋਣ ਹੈਰਾਨ, ਲੇਖਾ ਚੁੱਕੇ ਜਿਮੀ ਅਸਮਾਨ, ਪਵਣ ਪਾਣੀ ਹੋਏ ਅੰਜਾਣ, ਹਰਿ ਕਾ ਭੇਵ ਕੋਈ ਨਾ ਪਾਈਆ । ਗੁਰਮੁਖ ਸਾਚੇ ਚਤਰ ਸੁਘੜ ਸਿਆਨ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਕਲਜੁਗ ਅੰਤਮ ਮਿਲਿਆ ਆਣ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਸਮੁੰਦ ਸਾਗਰ ਫੋਲਣ ਕੋਈ ਨਾ ਜਾਈਆ । ਘਰ ਘਰ ਬੈਠਿਆਂ ਕਰੇ ਅੰਤ ਕਲਿਆਣ, ਇਕ ਵਖਾਏ ਸਚਖੰਡ ਨਿਵਾਸੀ ਸਚ ਨਿਸ਼ਾਨ, ਸ਼ਾਹ ਸੁਲਤਾਨਾ ਹੋ ਮਿਹਰਵਾਨ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾ ਬਣ ਬਣ ਮਾਲੀ, ਜਨ ਭਗਤਾਂ ਕਰੇ ਸਚ ਦਲਾਲੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ । ਸਤ ਰੰਗ ਨਿਸ਼ਾਨਾ ਸਤਿਗੁਰ ਚਾੜ੍ਹ, ਸਤਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਦਰਗਾਹ ਸਾਚੀ ਆਪ ਸੁਹਾਇੰਦਾ । ਲੋਕਮਾਤ ਜਗਤ ਅਖਾੜ, ਜੋਗੀ ਜਤੀ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਵਸੇ ਸਚ ਮਕਾਨ, ਹਰਿਜਨ ਸਾਚੇ ਵੇਖ ਵਖਾਇੰਦਾ ।

### ❊ ੧੯ ਫੱਗਣ ੨੦੧੯ ਬਿਕਰਮੀ ਭਗਤ ਸਿੰਘ ਦੇ ਸਪੂਤ ਸਵਿੰਦਰ ਸਿੰਘ ਦੇ ਘਰ ਲਿਖਤ ਹੋਈ ਅਟਾਰਸੀ ❊

ਭਗਤਨ ਹਰਿ ਭੰਡਾਰ, ਨਾਮ ਵਰਤਾਇਆ । ਸੰਤਨ ਸੰਗ ਅਪਾਰ, ਆਦਿ ਜੁਗਾਦਿ ਰਖਾਇਆ । ਗੁਰਮੁਖ ਮੀਤ ਮੁਰਾਰ, ਗੁਰ ਬੰਧਨ ਏਕਾ ਪਾਇਆ । ਗੁਰਸਿਖ ਸੱਜਣ ਲਏ ਉਭਾਰ, ਘਰ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੰਗ ਰੰਗੀਲਾ ਇਕ ਅਖਵਾਇਆ । ਭਗਤਨ ਨਾਮ ਅਨਮੋਲ, ਝੋਲੀ ਪਾਇੰਦਾ । ਸੰਤਨ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਗੁਰਮੁਖ ਸਦਾ ਅਡੋਲ, ਆਪ ਕਰਾਇੰਦਾ । ਗੁਰਸਿਖ ਪੜਦਾ ਖੋਲ੍ਹ, ਸ਼ਬਦ ਜਣਾਇੰਦਾ । ਤੋਲਣਹਾਰਾ ਸਾਚਾ ਤੋਲ, ਕੰਡਾ ਨਾਮ ਵਖਾਇੰਦਾ । ਲੱਖ ਚੁਰਾਸੀ

੨੮੨

ਲਏ ਵਰੋਲ, ਨਾਮ ਹੁਲਾਰਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਹਰਿ ਭਗਤਨ ਹਰਿ ਮਲਾਹ, ਆਪ ਅਖਵਾਇਆ । ਸੰਤਨ ਸਚ ਸਲਾਹ, ਨਾਮ ਜਪਾਇਆ । ਗੁਰਸਿਖ ਫੜ ਫੜ ਬਾਂਹ, ਪਾਰ ਕਰਾਇਆ । ਗੁਰਸਿਖ ਦੇਵੇ ਸਾਚਾ ਥਾਂ, ਚਰਨ ਛੁਹਾਇਆ । ਕਰੇ ਕਰਾਏ ਸਚ ਨਿਆਂ, ਜੁਗ ਜੁਗ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇਆ । ਭਗਤਨ ਹਰਿ ਦਵਾਰ, ਹਰਿ ਹਰਿ ਸਮਾਇੰਦਾ । ਸੰਤਨ ਖੋਲ੍ਹ ਕਿਵਾੜ, ਭੇਵ ਜਣਾਇੰਦਾ । ਗੁਰਮੁਖ ਅੰਦਰ ਵਾੜ, ਰੰਗ ਰੰਗਾਇੰਦਾ । ਗੁਰਸਿਖ ਜਾਏ ਤਾਰ, ਤਰਨੀ ਤਰਨ ਦਯਾ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਾਰ ਕਮਾਇੰਦਾ । ਭਗਤ ਵਡਿਆਈ ਆਪਣੇ ਹੱਥ, ਘਰ ਸਾਚੇ ਸੋਭਾ ਪਾਈਆ । ਸੰਤ ਚਲਾਏ ਏਕਾ ਰਥ, ਰਥ ਰਥਵਾਹੀ ਬੇਪਰਵਾਹੀਆ । ਗੁਰਮੁਖ ਮੇਲਾ ਹਰਿ ਸਮਰਥ, ਘਰ ਸਾਚੇ ਵੱਜੇ ਵਧਾਈਆ । ਗੁਰਸਿਖ ਸਗਲ ਵਿਸੂਰੇ ਜਾਇਣ ਲਥ, ਨੇਤਰ ਨੈਣਾ ਦਰਸਨ ਪਾਈਆ । ਹਰਿ ਹਰਿ ਮਹਿਮਾ ਅਕਥਨਾ ਅਕਥ, ਕੋਈ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਆਪਣੀ ਰੀਤ ਚਲਾਈਆ । ਭਗਤਨ ਅੰਦਰ ਵਸਿਆ, ਏਕਾ ਏਕੰਕਾਰ । ਸੰਤਨ ਮਾਰਗ ਦੱਸਿਆ, ਕਰ ਕਿਰਪਾ ਅਪਰ ਅਪਾਰ । ਗੁਰਮੁਖ ਦਵਾਰੇ ਫਿਰੇ ਨੱਸਿਆ, ਆਦਿ ਜੁਗਾਦੀ ਏਕਾ ਕਾਰ । ਗੁਰਸਿਖ ਘਰ ਘਰ ਬਹਿ ਬਹਿ ਵਸਿਆ, ਆਪ ਆਪਣਾ ਖੋਲ੍ਹ ਕਿਵਾੜ । ਲੇਖਾ ਚੁੱਕੇ ਰੈਣ ਅੰਧੇਰੀ ਮੱਸਿਆ, ਸੂਰਜ ਚੰਨ ਕਰਾਏ ਸੇਵਾਦਾਰ । ਤੀਰ ਨਿਰਾਲਾ ਏਕਾ ਕਸਿਆ, ਮਾਰਨਹਾਰਾ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਕਰੇ ਸਚ ਸ਼ੰਗਾਰ । ਭਗਤਨ ਤਨ ਸ਼ੰਗਾਰ, ਸਚ ਸਮਾਈਆ । ਸੰਤਨ ਅੰਮ੍ਰਿਤ ਧਾਰ, ਮੇਘ ਬਰਸਾਈਆ । ਗੁਰਮੁਖ ਮੇਲਾ ਅਗੰਮ ਅਪਾਰ, ਘਰ ਮੇਲੇ ਸਹਿਜ ਸੁਭਾਈਆ । ਗੁਰਸਿਖ ਮੰਗੇ ਇਕ ਦਵਾਰ, ਦੂਜਾ ਦਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖੇ ਲੇਖ ਆਪਣੇ ਹੱਥ ਰਖਾਈਆ । ਭਗਤਨ ਲੇਖ ਅਪਾਰ, ਹਰਿ ਜਣਾਇੰਦਾ । ਸੰਤਨ ਸਾਚੀ ਕਾਰ, ਸੇਵ ਕਮਾਇੰਦਾ । ਗੁਰਮੁਖ ਜੋਤ ਉਜਿਆਰ ਡਗਮਗਾਇੰਦਾ । ਗੁਰਸਿਖ ਉਧਰੇ ਪਾਰ, ਦਰਸ ਕਰਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਨਜ਼ਰ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਾਗਦ ਆਪੇ ਛਾਹੀ, ਆਪੇ ਕਲਮ ਚਲਾਇੰਦਾ । ਭਗਤ ਲੇਖਾ ਕਾਗਦ ਕਲਮ, ਲੇਖ ਲਿਖ ਨਾ ਕੋਈ ਜਣਾਈਆ । ਸੰਤਨ ਜਾਣੇ ਆਪੇ ਜਨਮ, ਆਪਣਾ ਰੂਪ ਦਰਸਾਈਆ । ਗੁਰਸਿਖਾਂ ਲੇਖੇ ਲਾਏ ਕਰਮ, ਨੇਹਕਰਮੀ ਵਡ ਵਡਿਆਈਆ । ਗੁਰਸਿਖ ਵਖਾਏ ਏਕਾ ਧਰਮ, ਵਰਨ ਜੋਤ ਇਕ ਜਣਾਈਆ । ਪੁਰਖ ਅਬਿਨਾਸ਼ੀ ਸਾਚੀ ਸਰਨ, ਸਰਨਗਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਵੇਖ ਵਿਖਾਈਆ । ਭਗਤਨ ਮੇਲਾ ਇਕ ਅਕੱਲਾ, ਹਰਿ ਸਾਚੇ ਘਰ ਕਰਾਇੰਦਾ । ਸੰਤਨ ਵਸਾਏ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਗੁਰਮੁਖ ਫੜਾਏ ਏਕਾ ਪੱਲਾ, ਆਪ ਆਪਣੇ ਰੰਗ ਰੰਗਾਇੰਦਾ । ਗੁਰਸਿਖ ਦੱਸੇ ਰਾਹ ਸੁਖਾਲਾ, ਔਝੜ ਮਾਰਗ ਨਾ ਕੋਈ ਜਣਾਇੰਦਾ । ਸਤਿ ਸੰਦੇਸ਼ ਆਪੇ ਘੱਲਾ, ਆਪ ਆਪਣਾ ਹੁਕਮ ਸੁਣਾਇੰਦਾ । ਆਪੇ ਕਰੇ ਵਲ ਛਲਾ, ਅਛੱਲ ਛਲਧਾਰੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਜੋਤ ਧਰ, ਆਪ ਆਪਣਾ ਬੀਜ ਬਿਜਾਇੰਦਾ ।

ਭਗਤਨ ਬੀਜ ਅਪਾਰ, ਹਰਿ ਉਪਾਇਆ । ਸੰਤਨ ਸਿੰਚ ਕਿਆਰ, ਹਰਾ ਕਰਾਇਆ । ਗੁਰਮੁਖ ਫੁਲ ਫੁਲਵਾੜ, ਮਾਤ ਲਗਾਇਆ । ਗੁਰਸਿਖ ਤੋੜ ਹਾਰ, ਗਲ ਪਹਿਨਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਨਿਰਗੁਣ ਸਰਗੁਣ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਾਗ ਸੁਣਾਇਆ । ਭਗਤਨ ਰਾਗ ਅਨਾਦਿ, ਨਾਦੀ ਨਾਦ ਸੁਣਾਇੰਦਾ । ਸੰਤਨ ਖੇਲ ਬ੍ਰਹਮਾਦਿ, ਬ੍ਰਹਮੰਡ ਖੰਡ ਵੇਖ ਵਿਖਾਇੰਦਾ । ਗੁਰਮੁਖ ਆਦਿ ਜੁਗਾਦਿ, ਜੁਗ ਜੁਗ ਮਾਤ ਪ੍ਰਗਟਾਇੰਦਾ । ਗੁਰਸਿਖਾਂ ਦੇਵੇ ਸਾਚੀ ਦਾਦ, ਏਕਾ ਵਸਤ ਝੋਲੀ ਪਾਇੰਦਾ । ਲਖ ਚੁਰਾਸੀ ਵਿਚੋਂ ਲਾਧ, ਲਾਲਨ ਲਾਲ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਚ ਵਡਿਆਇੰਦਾ । ਭਗਤ ਵਡਿਆਈ ਹਰਿ ਭਗਵੰਤ, ਜੁਗ ਜੁਗ ਆਪ ਕਰਾਈਆ । ਲੇਖਾ ਜਾਣੇ ਸਾਚੇ ਸੰਤ, ਦੂਸਰ ਹੱਥ ਨਾ ਕਿਸੇ ਫੜਾਈਆ । ਗੁਰਮੁਖ ਮਹਿਮਾ ਅਗਣਤ, ਵੇਦ ਕਤੇਬ ਰਹੇ ਜਸ ਗਾਈਆ । ਗੁਰਸਿਖ ਵਡਿਆਈ ਜੀਵ ਜੰਤ, ਲਾਲ ਅਨਮੁਲਾ ਇਕ ਵਖਾਈਆ । ਮੀਤ ਸਖਾਈ ਸਾਚਾ ਕੰਤ, ਪੀਤ ਪੀਤੰਬਰ ਸੀਸ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਟ ਆਪਣੀ ਸੇਜ ਸੁਹਾਈਆ । ਭਗਤਨ ਅੰਦਰ ਸੇਜ ਸੁਹੰਜਣੀ, ਹਰਿ ਸਾਚਾ ਆਪ ਵਛਾਇੰਦਾ । ਸੰਤਨ ਮੇਲਾ ਜੋਤ ਨਿਰੰਜਣੀ, ਨਿਰਗੁਣ ਨਿਰਗੁਣ ਵੇਖ ਵਿਖਾਇੰਦਾ । ਗੁਰਮੁਖ ਪਾਇਆ ਦਰਦ ਦੁਖ ਭੈ ਭੰਜਨੀ, ਭੈ ਭਿਆਨਕ ਦਏ ਮਿਟਾਇਆ । ਗੁਰਸਿਖ ਤੀਰ ਮਾਰੇ ਨਾਮ ਅੰਜਣੀ, ਅਗਿਆਨ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣਾ ਵੇਸ ਵਟਾਇਆ । ਭਗਤਨ ਵੇਸ ਵਟੰਦੜਾ, ਪਰਮ ਪੁਰਖ ਕਰਤਾਰ । ਸੰਤ ਸਾਜਨ ਵੇਖ ਵਿਖੰਦੜਾ, ਆਪ ਆਪਣੀ ਕਿਰਪਾ ਧਾਰ । ਗੁਰਮੁਖ ਸਾਚਾ ਥਾਨ ਸੁਹੰਦੜਾ, ਥਾਨ ਥਨੰਤਰ ਅਪਰ ਅਪਾਰ । ਗੁਰਸਿਖ ਏਕਾ ਰੰਗ ਰੰਗਦੜਾ, ਰੰਗ ਰੰਗੀਲਾ ਹਰਿ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਰਬ ਸੰਸਾਰਾ, ਲੇਖਾ ਲਿਖਣਹਾਰਾ ਗੋਪਾਲਾ, ਦੀਨ ਦਿਆਲਾ ਏਕਾ ਏਕ ਵਡਿਆਈਆ । ਜੁਗਾ ਜੁਗੰਤਰ ਅਵਲੜੀ ਚਾਲਾ, ਖੇਲ ਨਿਰਾਲਾ ਪੁਰਖ ਅਬਿਨਾਸ਼ੀ ਆਪ ਕਰਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਜੋਤ ਅਕਾਲਾ ਨੂਰੋ ਨੂਰ ਨੂਰ ਰੁਸ਼ਨਾਈਆ । ਭਗਤਨ ਪਾਏ ਫੂਲਨ ਮਾਲਾ, ਲੋਕਮਾਤ ਬਣ ਦਲਾਲਾ, ਸੇਵਕ ਸੇਵਾ ਸਚ ਕਮਾਈਆ । ਸ਼ਬਦ ਅਨਾਦਿ ਵਜਾਏ ਤਾਲਾ, ਫਲ ਲਗਾਏ ਸਾਚੇ ਡਾਲਾ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਲੇਖਾ ਸਹਿਜ ਸਭਾਈਆ । ਭਗਤਨ ਪਾਇਆ ਭੇਵ ਗੋਬਿੰਦ, ਭਾਵੀ ਭਗਤਨ ਵਿਚ ਸਮਾਈਆ । ਸੰਤਨ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਆਪ ਜਲਾਈਆ । ਗੁਰਮੁਖ ਵਿਰਲਾ ਗੁਣੀ ਗਹਿੰਦ, ਘਰ ਵੇਖੇ ਬੇਪਰਵਾਹੀਆ । ਗੁਰਸਿਖ ਧਾਰ ਸਾਗਰ ਸਿੰਧ, ਅੰਮ੍ਰਿਤ ਆਤਮ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਵਖਾਈਆ । ਭਗਤਨ ਖੇਲ ਅਪਾਰ, ਹਰਿ ਵਖਾਇੰਦਾ । ਸੰਤਨ ਦਰ ਭਿਖਾਰ, ਮੰਗਣ ਆਇੰਦਾ । ਗੁਰਮੁਖਾਂ ਬਣ ਵਣਜਾਰ, ਵਣਜ ਕਰਾਇੰਦਾ । ਗੁਰਮੁਖਾਂ ਵਸਤ ਅਪਾਰ, ਝੋਲੀ ਪਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਦਿਸ ਨਾ ਆਇੰਦਾ । ਜੁਗ ਜੁਗ ਖੇਲ ਅਪਾਰ, ਨਿਰਗੁਣ ਸਰਗੁਣ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲ ਅਪਾਰਾ ਹਰਿ ਨਿਰੰਕਾਰਾ, ਭੇਵ ਅਭੇਦਾ ਭੇਵ ਰਖਾਈਆ । ਆਦਿ ਜੁਗਾਦੀ ਲੈ

ਅਵਤਾਰਾ ਵਿਚ ਸੰਸਾਰਾ, ਲੱਖ ਚੁਰਾਸੀ ਵੇਖ ਵਿਖਾਈਆ । ਭਗਤਨ ਭਰ ਭੰਡਾਰਾ, ਨਾਮ ਅਧਾਰਾ, ਇਕ ਅਕੱਲਾ ਆਪ ਵਰਤਾਈਆ । ਸੰਤਨ ਮੀਤਾ ਸੁਤ ਦੁਲਾਰਾ ਸਚ ਸਹਾਰਾ, ਸ਼ਬਦੀ ਸ਼ਬਦ ਸ਼ਬਦ ਕੁੜਮਾਈਆ । ਗੁਰਮੁਖ ਬੋਲ ਇਕ ਜੈਕਾਰਾ ਲਾਏ ਨਾਅਰਾ, ਸੋ ਪੁਰਖ ਨਿਰੰਜਣ ਸਚ ਪੜ੍ਹਾਈਆ । ਗੁਰਸਿਖ ਢਹਿ ਢਹਿ ਪਏ ਦਵਾਰਾ ਕਰੇ ਨਮਸਕਾਰਾ, ਮਸਤਕ ਟਿੱਕਾ ਧੂੜੀ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਅਖਵਾਈਆ । ਦੇਵਣ ਕੋ ਗੁਰ ਏਕਾ ਦੀਨਾ, ਅਵਰ ਨਾ ਕੋਇ ਵਖਾਇੰਦਾ । ਜਨ ਭਗਤਾਂ ਕਰੇ ਠਾਂਡਾ ਸੀਨਾ, ਸਾਂਤਕ ਸਤਿ ਸਤਿ ਵਰਤਾਇੰਦਾ । ਸੰਤਨ ਮੇਲਾ ਜਿਉਂ ਜਲ ਮੀਨਾ, ਆਪ ਆਪਣਾ ਮੇਲ ਮਿਲਾਇੰਦਾ । ਗੁਰਮੁਖ ਪਾਰ ਕਿਨਾਰਾ ਲੋਕਾਂ ਤੀਨਾ, ਤ੍ਰੈਗੁਣ ਵਿਚ ਫੇਰ ਨਾ ਆਇੰਦਾ । ਗੁਰਸਿਖ ਰੰਗ ਚਾੜ੍ਹੇ ਭੀਨਾ, ਉਤਰ ਕਦੇ ਨਾ ਜਾਇੰਦਾ । ਅਬਿਨਾਸ਼ੀ ਕਰਤਾ ਦਾਨਾ ਬੀਨਾ, ਬੀਨਾ ਦਾਨਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਇੰਦਾ । ਜਾਗਰਤ ਜੋਤ ਪੁਰਖ ਕਰਤਾਰ, ਏਕੰਕਾਰਾ ਆਪਣੀ ਆਪ ਜਗਾਈਆ । ਦੀਪਕ ਬਾਤੀ ਕਰ ਉਜਿਆਰ ਖੇਲ ਅਪਾਰ ਬਾਤੀ ਤੇਲ ਨਾ ਕੋਇ ਰਖਾਈਆ । ਲੇਖਾ ਲਿਖੇ ਲਿਖਣਹਾਰ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਭਗਤਨ ਦੇਵੇ ਇਕ ਆਧਾਰ ਵਿਚ ਸੰਸਾਰ, ਪੁਰਖ ਅਕਾਲ ਓਟ ਤਕਾਈਆ । ਸੰਤਨ ਮੇਲਾ ਕੰਤ ਭਤਾਰ, ਨਰ ਨਰਾਇਣ ਕਰੇ ਪਿਆਰ, ਨਾਰੀ ਰੂਪ ਸਰਬ ਦਰਸਾਈਆ । ਗੁਰਮੁਖ ਜੀਤੇ ਆਪ ਆਪਣਾ ਆਪਣੀ ਵਾਰ, ਪੰਜ ਤਤ ਕਰੇ ਖ਼ਵਾਰ, ਏਕਾ ਮੰਤਰ ਨਾਮ ਦ੍ਰਿੜਾਈਆ । ਗੁਰਸਿਖ ਉਤਰੇ ਪਾਰ ਕਿਨਾਰ, ਮਿਲੇ ਮੇਲ ਧੁਰ ਦਰਬਾਰ, ਦਰ ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵਾਰ ਬਣ ਬਣ ਢਾਡੀ ਆਪੇ ਗਾਈਆ । ਗਾਵਣਹਾਰਾ ਗਾਵਿਓ, ਗਹਿਰ ਗੰਭੀਰ ਸੁੰਨ । ਭਗਤਨ ਮੇਲ ਅਗੰਮ ਅਪਾਰਿਓ, ਆਪੇ ਜਾਣੇ ਗੁਣ ਅਵਗੁਣ । ਸੰਤਨ ਉਪਜਿਓ ਸੁਤ ਦੁਲਾਰਿਓ, ਲਖ ਚੁਰਾਸੀ ਵਿਚੋਂ ਲਏ ਚੁਣ । ਗੁਰਮੁਖ ਭਰੇ ਇਕ ਭੰਡਾਰਿਓ, ਸ਼ਬਦ ਅਨਾਦਿ ਨਾਦੀ ਧੁਨ । ਗੁਰਸਿਖ ਏਕਾ ਰੂਪ ਦਿਖਾਰਿਓ, ਕਿਸੇ ਹੱਥ ਨਾ ਆਵੇ ਰਿਖ ਮੁਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਪੁਕਾਰ ਆਪੇ ਰਿਹਾ ਸੁਣ । ਸੁਣੇ ਪੁਕਾਰ ਹਰਿ ਨਿਰੰਕਾਰ, ਆਦਿ ਜੁਗਾਦੀ ਖੇਲ ਅਪਾਰਿਆ । ਭਗਤ ਭਗਤੀ ਕੂਕਾਂ ਰਹੇ ਮਾਰ, ਉਚ ਮਹੱਲ ਅਟਾਰ ਏਕਾ ਰਾਗ ਅਲਾ ਲਿਆ । ਸੰਤਨ ਦਿਸੇ ਠੰਡਾ ਦਰਬਾਰ, ਨੇਤਰ ਨਿਉਂ ਨਿਉਂ ਕਰਨ ਨਿਮਸਕਾਰ ਬੇਐਬ ਪਰਵਰਦਗਾਰਿਆ । ਗੁਰਮੁਖ ਪਾਇਣ ਵਰ ਏਕਾ ਵਾਰ, ਲੜ ਛੁਟੇ ਸਰਬ ਸੰਸਾਰਿਆ । ਗੁਰਸਿਖ ਤ੍ਰਿਖਾ ਦਏ ਨਵਾਰ, ਨੇਤਰ ਨੈਣ ਇਕ ਉਘਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਆਪੇ ਵਾੜਿਆ । ਮੰਦਰ ਉਚ ਮਹੱਲ, ਭਗਤ ਸੁਹਾਇੰਦਾ । ਸੰਤਨ ਨੇਹਚਲ ਧਾਮ ਅਟੱਲ, ਇਕ ਵਿਖਾਇੰਦਾ । ਗੁਰਮੁਖ ਰਵਿਆ ਜਲ ਥਲ, ਰੂਪ ਦਰਸਾਇੰਦਾ । ਗੁਰਸਿਖ ਦੂਈ ਦਵੈਤੀ ਮੇਟੇ ਸਲ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਬਹਿ ਸਮਝਾਇੰਦਾ । ਲੇਖਾ ਹਰਿ ਸੁਲਤਾਨ, ਏਕਾ ਏਕ ਏਕ ਰਖਾਇਆ । ਤ੍ਰੈ ਤ੍ਰੈ ਮੰਗਣ ਸਾਚਾ ਦਾਨ, ਹਰਿ ਹਰਿ ਝੋਲੀ ਆਪ ਭਰਾਇਆ । ਭਗਤਨ ਬਖ਼ਸ਼ੇ ਸਾਚਾ ਮਾਣ, ਜੁਗ ਜੁਗ ਸਿਰ ਆਪਣਾ ਹੱਥ ਰਖਾਇਆ । ਸੰਤਨ ਦੇਵੇ ਇਕ ਗਿਆਨ, ਦੂਈ ਦਵੈਤੀ ਪੜਦਾ ਲਾਹਿਆ । ਗੁਰਮੁਖ ਬਣਾਏ ਚਤਰ ਸੁਘੜ ਸਿਆਣ, ਬੁਧ ਬਬੇਕੀ ਆਪ

ਕਰਾਇਆ । ਗੁਰਸਿਖ ਸਾਜਣ ਕਰੇ ਪਛਾਣ, ਰੂਪ ਅਨੂਪ ਆਪ ਦਰਸਾਇਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇਆ । ਚਰਨ ਕਵਲ ਰਖਾਏ ਏਕਾ ਆਣ, ਹੁਕਮੀ ਹੁਕਮ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਏਕਾ ਘਰ, ਦਰ ਦਰਵਾਜਾ ਇਕ ਖੁਲ੍ਹਾਇਆ । ਦਰ ਦਰਵਾਜਾ ਸਚਖੰਡ, ਹਰਿ ਸਤਿਗੁਰ ਆਪ ਖੁਲਾਇੰਦਾ । ਗੁਰ ਗੁਰ ਮਾਤ ਵੰਡਾਏ ਵੰਡ, ਹਰਿ ਸੰਤਨ ਵੇਖ ਵਖਾਇੰਦਾ । ਸੰਤ ਸੁਹੇਲੇ ਮੰਗਾਂ ਰਹੇ ਮੰਗ, ਆਪਣੀ ਰੀਤੀ ਆਪ ਚਲਾਇੰਦਾ । ਗੁਰਮੁਖ ਸੇਜਾ ਸਚ ਪਲੰਘ, ਮੰਡਲ ਮੰਡਪ ਆਪ ਸੁਹਾਇੰਦਾ । ਗੁਰਸਿਖ ਕੱਟਣਹਾਰਾ ਭੁੱਖ ਨੰਗ, ਸਚ ਖ਼ਜ਼ੀਨਾ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਦ੍ਰਿਸ਼ਟੀ ਦੇਵੇ ਦਾਨ, ਇਸ਼ਟ ਸ੍ਰਿਸ਼ਟ ਇਕ ਜਣਾਇੰਦਾ ।



### ❋ ੧੮ ਫਗਣ ੨੦੧੬ ਬਿਕ੍ਰਮੀ ਹਰਦਿਤ ਸਿੰਘ ਦੇ ਘਰ ਅਟਾਰਸੀ ❋

ਹਰੀ ਹਰਿ ਰੂਪ ਨਿਰਾਕਾਰ, ਨਿਰਗੁਣ ਆਪਣਾ ਨਾਉਂ ਰਖਾਈਆ । ਸਤਿਗੁਰ ਖੇਲ ਪੁਰਖ ਕਰਤਾਰ, ਸਚਖੰਡ ਦਵਾਰੇ ਆਪ ਖਲਾਈਆ । ਲੋਕਮਾਤ ਲੈ ਅਵਤਾਰ, ਗੁਰ ਗੁਰ ਵੇਖ ਵਖਾਈਆ । ਜਨ ਭਗਤਾਂ ਦੇਵੇ ਇਕ ਆਧਾਰ, ਆਸਾ ਮਨਸਾ ਤ੍ਰਿਪਤ ਕਰਾਈਆ । ਸੰਤ ਸੁਹੇਲੇ ਖੋਲ੍ਹ ਕਿਵਾੜ, ਘਰ ਘਰ ਵਿਚ ਮੇਲ ਮਿਲਾਈਆ । ਗੁਰਮੁਖ ਸਾਚੇ ਪੌੜੇ ਚਾੜ੍ਹ, ਸ਼ਬਦ ਡੋਰੀ ਹੱਥ ਫੜਾਈਆ । ਗੁਰਸਿਖ ਉਜਾਲਾ ਨਾੜ ਨਾੜ, ਦੀਨ ਦਿਆਲਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਸਤਿਗੁਰ ਪੂਰਾ ਬਣ ਮਲਾਹ, ਲੋਕਮਾਤ ਵੇਸ ਵਟਾਇਆ । ਗੁਰ ਗੁਰ ਸ਼ਬਦ ਦਏ ਜਣਾ, ਇਸ਼ਟ ਦੇਵ ਇਕ ਅਖਵਾਇਆ । ਭਗਤ ਭਗਵੰਤ ਮੇਲ ਮਿਲਾ, ਆਪ ਆਪਣਾ ਰੰਗ ਰੰਗਾਇਆ । ਸੰਤ ਸੁਹੇਲੇ ਲਏ ਜਗਾ, ਆਲਸ ਨਿੰਦਰਾ ਦਏ ਮਿਟਾਇਆ । ਗੁਰਮੁਖ ਅੰਗੀ ਅੰਗ ਕਰਾ, ਆਪ ਆਪਣੀ ਗੋਦ ਸੁਹਾਇਆ । ਗੁਰਸਿਖ ਸਿਖਿਆ ਸਿਖ ਪੜ੍ਹਾ, ਸਿਖ ਮਤ ਇਕ ਦ੍ਰਿੜਾਇਆ । ਧੁਰ ਦਾ ਲਿਖਿਆ ਝੋਲੀ ਪਾ, ਜਗਤ ਮਿਥਿਆ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਬੇਪਰਵਾਹਿਆ । ਨਿਰਗੁਣ ਦਾਤਾ ਧੁਰ ਦਰਬਾਰ, ਘਰ ਸਾਚਾ ਇਕ ਸੁਹਾਈਆ । ਸਤਿਗੁਰ ਰੂਪ ਅਗੰਮ ਅਪਾਰ, ਆਪਣਾ ਆਪ ਆਪ ਪਰਗਟਾਈਆ । ਗੁਰ ਗੁਰ ਵੇਖੇ ਏਕਾ ਧਾਰ, ਏਕਾ ਏਕ ਸਚ ਜਣਾਈਆ । ਭਗਤ ਭਗਵੰਤ ਖੇਲ ਸੰਸਾਰ, ਆਦਿ ਜੁਗਾਦਿ ਵੇਖ ਵਖਾਈਆ । ਸੰਤ ਕੰਤ ਬਣ ਭਤਾਰ, ਨਾਰ ਪਿਆਰ ਸੇਜ ਹੰਢਾਈਆ । ਗੁਰਮੁਖ ਨਾਦ ਸ਼ਬਦ ਧੁਨਕਾਰ, ਧੁਨ ਆਤਮਕ ਅੰਤਰ ਆਪ ਵਜਾਈਆ । ਗੁਰਸਿਖ ਦਰਸ ਦਰਸ ਅਪਾਰ, ਘਰ ਘਰ ਵਿਚ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਵਾ ਬਾਤੀ ਇਕ ਟਿਕਾਈਆ । ਨਿਰਗੁਣ ਦੀਆ ਬਾਤੀ ਕਮਲਾਪਾਤੀ, ਹਰਿ ਮੰਦਰ ਆਪ ਸੁਹਾਇੰਦਾ । ਬੰਕ ਕਿਵਾੜਾ ਖੋਲ੍ਹੇ ਤਾਕੀ ਮਾਰੇ ਝਾਕੀ, ਆਪ ਆਪਣਾ ਪੜਦਾ ਲਾਹਿੰਦਾ । ਅੰਮ੍ਰਿਤ ਬਾਟੀ ਸਾਚਾ ਸਾਕੀ, ਭਰ ਪਿਆਲਾ ਜਾਮ ਪਿਆਇੰਦਾ । ਅਸਵ ਘੋੜਾ ਸਾਚਾ ਰਾਕੀ, ਮਾਰ ਪਲਾਕੀ ਸਚ ਸਿੰਘਾਸਣ ਆਸਣ ਲਾਇੰਦਾ । ਪੁਰਖ ਅਬਿਨਾਸ਼ੀ

ਪਾਕਨ ਪਾਕੀ, ਲੇਖਾ ਜਾਣੇ ਖ਼ਾਕਨ ਖ਼ਾਕੀ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਆਪ ਸੁਹਾਇੰਦਾ । ਨਿਰਗੁਣ ਨਿਰਗੁਣ ਨਿਰਗੁਣ ਰੰਗ, ਹਰਿ ਆਪ ਆਪਣਾ ਵੇਖ ਵਖਾਈਆ । ਸਤਿਗੁਰ ਪੂਰਾ ਇਕ ਸਰਬੰਗ, ਸੂਰਬੀਰ ਵੱਡੀ ਵਡਿਆਈਆ । ਗੁਰ ਗੁਰ ਵਜਾਏ ਸਚ ਮਰਦੰਗ, ਸਤਿ ਦਮਾਮਾ ਹੱਥ ਉਠਾਈਆ । ਭਗਤਾਂ ਅੰਦਰ ਆਪੇ ਲੰਘ, ਆਪ ਆਪਣਾ ਦਰ ਖੁਲ੍ਹਾਈਆ । ਸੰਤਨ ਮਾਣੇ ਸੇਜ ਪਲੰਘ, ਆਪੇ ਸੁੱਤਾ ਬੇਪਰਵਾਹੀਆ । ਗੁਰਮੁਖ ਲਗਾਏ ਆਪਣੇ ਅੰਗ, ਆਪਣਾ ਅੰਗਨ ਆਪ ਸੁਹਾਈਆ । ਗੁਰਸਿਖ ਸਚ ਦਵਾਰੇ ਜਾਏ ਲੰਘ, ਅਧਵਿਚਕਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਰੱਖ ਕਰਤਾਰ, ਸਿਰਜਣਹਾਰ ਸਗਲਾ ਖੇਲ ਖਿਲਾਇੰਦਾ । ਜੋਤ ਉਜਾਲਾ ਹੋ ਉਜਿਆਰ, ਵਿਚ ਸੰਸਾਰ ਨੂਰ ਨੁਰਾਨਾ ਡਗਮਗਾਇੰਦਾ । ਦੀਨ ਦਿਆਲਾ ਸਚਖੰਡ ਸੱਚੀ ਧਰਮਸਾਲ, ਵਸਣਹਾਰ ਲੋਕਮਾਤੀ ਵੇਸ ਵਟਾਇੰਦਾ । ਕਾਲ ਮਹਾਂਕਾਲਾ ਕਰ ਭਿਖਾਰ, ਸਾਚੇ ਤਖ਼ਤ ਸਚੀ ਸਰਕਾਰ, ਹੁਕਮੀ ਹੁਕਮ ਆਪ ਚਲਾਇੰਦਾ । ਸਤਿਗੁਰ ਰੂਪ ਏਕੰਕਾਰ, ਆਦਿ ਜੁਗਾਦੀ ਨਾਉਂ ਰਖਾਇੰਦਾ । ਗੁਰ ਗੁਰ ਜਾਣੇ ਸਾਚੀ ਕਾਰ, ਲੋਕਮਾਤ ਰਾਹ ਵਖਾਇੰਦਾ । ਭਗਤਨ ਭਗਤੀ ਭਰ ਭੰਡਾਰ, ਸਤਿ ਭੰਡਾਰਾ ਆਪ ਵਰਤਾਇੰਦਾ । ਸੰਤ ਸੁਹੇਲੇ ਵੇਖੇ ਡੂੰਘੀ ਗਾਰ, ਕਾਇਆ ਕਵਰੀ ਫੋਲ ਫੁਲਾਇੰਦਾ । ਗੁਰਮੁਖ ਸੱਜਣ ਸਾਚੇ ਤਾੜ, ਤ੍ਰੈ ਤ੍ਰੈ ਲੋਕਾਂ ਪਾਰ ਕਰਾਇੰਦਾ । ਗੁਰਸਿਖ ਮੇਲਾ ਮੀਤ ਮੁਰਾਰ, ਪ੍ਰੀਤਮ ਪਿਆਰਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਵਿਚ ਸਮਾਇੰਦਾ । ਜੋਤ ਸਮਾਏ ਹਰਿ ਰਘੁਰਾਏ, ਭੇਵ ਕੋਇ ਨਾ ਪਾਇੰਦਾ । ਖੇਲ ਖਿਲਾਏ ਬੇਪਰਵਾਹੇ, ਦਿਸ ਕਿਸੇ ਨਾ ਆਇੰਦਾ । ਬਣਤ ਬਣਾਏ ਰਚਨ ਰਚਾਏ, ਲੱਖ ਚੁਰਾਸੀ ਰੰਗ ਰੰਗਾਇੰਦਾ । ਘਟ ਘਟ ਅੰਦਰ ਜੋਤ ਜਗਾਏ ਡਗਮਗਾਏ, ਅੰਧ ਅੰਧੇਰ ਗਵਾਇੰਦਾ । ਅਨਹਦ ਨਾਦ ਵਜਾਏ ਧੁਨ ਸੁਣਾਏ, ਸਾਚਾ ਮੰਗਲ ਆਪੇ ਗਾਇੰਦਾ । ਅੰਮ੍ਰਿਤ ਜਾਮ ਪਿਆਏ, ਸਰ ਸਰੋਵਰ ਇਕ ਨੁਹਾਏ, ਦੁਰਮਤ ਮੈਲ ਧਵਾਇੰਦਾ । ਕਾਗੋਂ ਹੰਸ ਬਣਾਏ, ਸੋਹੰ ਹੰਸਾ ਚੋਗ ਚੁਗਾਏ, ਮਾਣਕ ਮੋਤੀ ਆਪ ਉਪਾਇੰਦਾ । ਜੂਠਾ ਝੂਠਾ ਦਾਗ ਮਿਟਾਏ, ਆਤਮ ਜੋਤੀ ਚਿਰਾਗ ਜਲਾਏ, ਘਰ ਮੰਦਰ ਇਕ ਸੁਹਾਇੰਦਾ । ਸਾਕੀ ਬਣ ਬਣ ਜਾਮ ਪਿਆਏ, ਤ੍ਰਿਸ਼ਨਾ ਭੁੱਖ ਆਪ ਮਿਟਾਏ, ਸਾਂਤਕ ਸਤਿ ਆਪ ਕਰਾਇੰਦਾ । ਪੂਰਬ ਲੇਖਾ ਵੇਖ ਵਖਾਏ, ਅੱਗੇ ਲਹਿਣਾ ਝੋਲੀ ਪਾਏ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਲੇਖਾ ਲਿਖਣਹਾਰਾ, ਆਪੇ ਕਰੇ ਵਣਜ ਵਣਜਾਰਾ, ਆਪੇ ਹੱਟੋ ਹੱਟ ਵਿਕਾਇੰਦਾ । ਸਾਚਾ ਹੱਟ ਨਿਰਗੁਣ ਨਰਾਇਣ, ਏਕਾ ਏਕ ਖੁਲਾਈਆ । ਔਖਾ ਘਾਟ ਕੋਈ ਨਾ ਵੇਖੇ ਨੈਣ, ਕੋਟਨ ਕੋਟ ਰਾਹ ਤਕਾਈਆ । ਸਤਿਗੁਰ ਪੂਰਾ ਸਾਕ ਸੈਣ, ਏਕਾ ਮਾਰਗ ਦਏ ਵਖਾਈਆ । ਗੁਰ ਗੁਰ ਮੂਰਤ ਏਕਾ ਧਾਮ ਇਕੱਠੇ ਬਹਿਣ, ਪੁਰਖ ਅਕਾਲ ਵੱਡੀ ਵਡਿਆਈਆ । ਭਗਤਨ ਚੁਕਾਏ ਲਹਿਣਾ ਦੇਣ, ਲੇਖਾ ਲੇਖੇ ਲਏ ਲਗਾਈਆ । ਸੰਤਨ ਬਣੇ ਸਾਕ ਸੈਣ, ਸੱਜਣ ਮੀਤ ਬੇਪਰਵਾਹੀਆ । ਗੁਰਮੁਖ ਧੰਨ ਧੰਨ ਸਦ ਰਸਨਾ ਕਹਿਣ, ਜਿਹਵਾ ਗੁਣ ਵਡ ਵਡਿਆਈਆ । ਗੁਰਸਿਖ ਪੇਖੇ ਦਰਸ ਨਿਜ ਨੇਤਰ ਨੈਣ, ਆਪ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਸਨ ਦਾਸਾ ਸ਼ਾਹੋ ਸ਼ਾਬਾਸਾ, ਪੁਰਖ ਅਬਿਨਾਸ਼ਾ ਖੇਲ ਤਮਾਸ਼ਾ, ਜੁਗ ਜੁਗ ਵੇਖ ਵਖਾਈਆ । ਖੇਲ ਅਪਾਰਾ ਹਰਿ ਨਿਰੰਕਾਰਾ, ਜੁਗ

੨੮੮


ਜੁਗ ਵੇਖ ਵਿਖਾਇੰਦਾ । ਲਏ ਅਵਤਾਰਾ ਵਿਚ ਸੰਸਾਰਾ, ਗੁਰ ਗੁਰ ਨਾਉਂ ਉਪਾਇੰਦਾ । ਭਗਤ ਭੰਡਾਰਾ ਬਣ ਵਰਤਾਰਾ, ਸਾਚੀ ਭਿਛਿਆ ਇਕ ਵਖਾਇੰਦਾ । ਸੰਤ ਹੁਲਾਰਾ ਸ਼ਬਦ ਜੈਕਾਰਾ, ਏਕਾ ਰਾਗ ਅਲਾਇੰਦਾ । ਗੁਰਸਿਖ ਉਜਿਆਰਾ ਪਾਇਆ ਪੁਰਖ ਅਪਾਰਾ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਗੁਰਸਿਖ ਉਤਾਰਾ ਪਾਰ ਕਿਨਾਰਾ, ਭਵ ਸਾਗਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਵੇਖ ਵਖਾਇੰਦਾ । ਲੇਖਾ ਲਿਖੇ ਨਿਰਗੁਣ ਦਾਤਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਸਤਿਗੁਰ ਪੂਰਾ ਪੁਰਖ ਬਿਧਾਤਾ, ਪੁਰਖ ਪੁਰਖੋਤਮ ਨਾਉਂ ਧਰਾਇੰਦਾ । ਗੁਰ ਗੁਰ ਵਿਚ ਸੰਸਾਰਾ ਵਰਨਾ ਵਰਨ ਗੋਤ ਨਾ ਕੋਇ ਜਣਾਇੰਦਾ । ਭਗਤਨ ਬਣੇ ਪਿਤਾ ਮਾਤਾ, ਬਾਲ ਬਾਲਾ ਗੋਦ ਉਠਾਇੰਦਾ । ਸੰਤਨ ਮੇਟ ਅੰਧੇਰੀ ਰਾਤਾ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਗੁਰਮੁਖ ਮੇਲ ਇਕ ਇਕਾਂਤਾ, ਇਕ ਇਕੱਲਾ ਫੇਰੀ ਪਾਇੰਦਾ । ਗੁਰਸਿਖ ਜਣਾਏ ਸਾਚੀ ਗਾਥਾ, ਗੀਤ ਗੋਬਿੰਦ ਆਪ ਅਲਾਇੰਦਾ । ਆਪ ਨਿਭਾਏ ਸਗਲਾ ਸਾਥਾ, ਦਰ ਘਰ ਸਾਚੇ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਏ ਸਾਚਾ ਮੀਤਾ, ਇਕ ਅਤੀਤਾ ਏਕਾ ਰੰਗ ਸਮਾਈਆ । ਜੁਗ ਜੁਗ ਜਾਣੇ ਆਪਣੀ ਰੀਤਾ, ਪਤਤ ਪੁਨੀਤਾ ਪਤਤ ਪਾਪੀ ਲਏ ਤਰਾਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਧਾਮ ਵਖਾਏ ਇਕ ਅਨਡੀਠਾ, ਸਚਖੰਡ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮੱਤ ਆਪਣੇ ਹੱਥ ਰਖਾਈਆ । ਸਾਚੀ ਮਤ ਸਤਿਗੁਰ ਹੱਥ, ਸਤਿ ਸਤਿ ਸਤਿ ਵਰਤਾਇੰਦਾ । ਗੁਰ ਗੁਰ ਚਲਾਏ ਜਗਤ ਰਥ, ਰਥ ਰਥਵਾਹੀ ਫੇਰਾ ਪਾਇੰਦਾ । ਭਗਤਨ ਦੇਵੇ ਏਕਾ ਵਥ, ਸਾਚੀ ਵਸਤੂ ਵੰਡ ਵੰਡਾਇੰਦਾ । ਸੰਤਨ ਕਰੇ ਇਕ ਅਕੱਠ, ਏਕਾ ਅੱਖਰ ਨਾਮ ਪੜ੍ਹਾਇੰਦਾ । ਗੁਰਮੁਖਾਂ ਗੇੜੇ ਉਲਟੀ ਲੱਠ, ਮਨ ਮਨੂਆ ਆਪ ਫਿਰਾਇੰਦਾ । ਗੁਰਸਿਖਾਂ ਅੰਮ੍ਰਿਤ ਦੇਵੇ ਝੱਟ, ਨਿਝਰ ਝਿਰਨਾ ਆਪ ਝਿਰਾਇੰਦਾ । ਆਪੇ ਸੋਏ ਸਾਚੀ ਖਾਟ, ਸਾਚੀ ਸੇਜਾ ਆਪ ਹੰਢਾਇੰਦਾ । ਆਪੇ ਜਾਣੇ ਨੇੜੇ ਵਾਟ, ਦੂਰ ਦੁਰਾਡਾ ਪੰਧ ਮੁਕਾਇੰਦਾ । ਆਪੇ ਚੜ੍ਹੇ ਔਖੇ ਘਾਟ, ਪਾਰ ਕਿਨਾਰੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਗਲ ਆਪੇ ਗਾਇੰਦਾ । ਮੰਗਲ ਗਾਏ ਗੀਤ ਸੁਹਾਗੀ ਹਰਿ ਹਰਿ ਰਾਗੀ, ਲੇਖਾ ਲੇਖ ਨਾ ਕੋਇ ਜਣਾਈਆ । ਆਦਿ ਜੁਗਾਦੀ ਬਣ ਬੈਰਾਗੀ ਹੋਏ ਤਿਆਗੀ, ਤ੍ਰੈਗੁਣ ਮੇਲ ਅਨੂਪ ਮਿਲਾਈਆ । ਆਪਣਾ ਵਰਤੇ ਸਵਾਂਗ ਸਵਾਂਗੀ, ਨਾ ਕੋਈ ਜਾਣੇ ਰਾਗੀ ਨਾਦੀ, ਰਾਗ ਰਾਗਾਂ ਭੇਵ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵੇਸ਼ਾ ਇਕ ਅਖਵਾਈਆ । ਦਰ ਦਰਵੇਸ਼ ਸ਼ਾਹ ਨਰੇਸ਼, ਏਕਾ ਏਕ ਅਖਵਾਇੰਦਾ । ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣਪਤ ਗਣੇਸ਼, ਗਿਣ ਗਿਣ ਲੇਖਾ ਆਪ ਚੁਕਾਇੰਦਾ । ਆਪੇ ਸੋਇਆ ਬਾਸ਼ਕ ਸ਼ੇਸ਼, ਆਦਿ ਜੁਗਾਦੀ ਰਹੇ ਹਮੇਸ਼, ਜੀਵਨ ਮਰਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਸ਼ਬਦ ਦਮਾਮਾ, ਨਿਰਗੁਣ ਆਪਣਾ ਆਪ ਵਜਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਦੋ ਜਹਾਨਾ ਲੋਕਮਾਤ ਵੇਖ ਵਖਾਇੰਦਾ । ਸਾਚੀ ਸਖੀਆਂ ਗੋਪੀ ਕਾਹਨਾ, ਗੁਣ ਨਿਧਾਨਾ ਏਕਾ ਬੰਸਰੀ ਨਾਮ ਸੁਣਾਇੰਦਾ । ਸਾਚੀ ਸੁਰਤੀ ਸੀਤਾ ਰਾਮਾ, ਬਖ਼ਸ਼ੇ ਚਰਨ ਧਿਆਨਾ, ਸਤਿ ਸੰਤੋਖ ਇਕ ਦ੍ਰਿੜ੍ਹਾਇੰਦਾ । ਸਾਚਾ ਮੰਤਰ ਸਚ ਗਿਆਨਾ, ਦੇਵਣਹਾਰ ਪੁਰਖ ਸੁਲਤਾਨਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ ।

ਭਗਤਨ ਬੰਨ੍ਹੇ ਸਾਚਾ ਗਾਨਾ, ਵਿਚ ਜਹਾਨਾ ਸਾਚਾ ਸਗਨ ਮਨਾਇੰਦਾ । ਸੰਤਨ ਆਤਮ ਦੇਵੇ ਪੀਣਾ ਖਾਣਾ, ਆਪੇ ਰੱਖੇ ਆਪਣੇ ਭਾਣਾ, ਹਰਿ ਭਾਣੇ ਆਪ ਸਮਾਇੰਦਾ । ਗੁਰਮੁਖ ਸੁਣਾਏ ਏਕਾ ਗਾਣਾ ਧੁਰ ਫ਼ਰਮਾਣਾ, ਅਨਾਦਿ ਅਨਾਦੀ ਰਾਗ ਅਲਾਇੰਦਾ । ਗੁਰਸਿਖ ਬਣਾਏ ਚਤਰ ਸੁਘੜ ਸਿਆਣਾ, ਬਾਲ ਅੰਜਾਣਾ ਬਾਲੀ ਬੁਧ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਸਰਧਨ ਨਿਰਧਨ ਏਕਾ ਘਰ ਬਹਾਇੰਦਾ । ਨਿਰਧਨ ਸਰਧਨ ਨਿਰਗੁਣ ਰੂਪ, ਹਰੀ ਹਰਿ ਹਰਿ ਆਪ ਬਣਾਈਆ । ਸਤਿਗੁਰ ਪੂਰਾ ਸਤਿ ਸਰੂਪ, ਚਾਰੋਂ ਕੁੰਟ ਵੇਖ ਵਖਾਈਆ । ਭਗਤਨ ਮੇਟੇ ਅੰਧ ਕੂਪ, ਅੰਧ ਅੰਧੇਰ ਰਹਿਣ ਨਾ ਪਾਈਆ । ਸੰਤ ਉਪਜਾਏ ਸਾਚੇ ਪੂਤ, ਦਰ ਘਰ ਸਾਚੇ ਵੱਜੇ ਵਧਾਈਆ । ਗੁਰਮੁਖ ਪੰਘੂੜਾ ਲੈਣਾ ਝੂਟ, ਦਰਗਹਿ ਸਾਚੀ ਆਪ ਝੁਲਾਈਆ । ਗੁਰਸਿਖ ਨਾਤਾ ਤੋੜੇ ਜੂਠ ਝੂਠ, ਸਚ ਸੁਚ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਆਪੇ ਤੁਠ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਜਾਮ ਪਿਲਾਏ ਅੰਮ੍ਰਿਤ ਘੁਟ, ਸਰ ਸਰੋਵਰ ਇਕ ਨੁਹਾਈਆ । ਆਵਣ ਜਾਵਣ ਲਖ ਚੁਰਾਸੀ ਜਮ ਕੀ ਫਾਸੀ ਜਾਏ ਛੁੱਟ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮਿਲਾਏ ਆਪਣੇ ਘਰ, ਸੋ ਜਨ ਵਿਛੜ ਕਦੇ ਨਾ ਜਾਈਆ । ਸੋ ਪੁਰਖ ਨਿਰੰਜਣ ਹਰਿ ਸਮਰਥ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਚਲਾਏ ਆਪਣਾ ਰਥ, ਆਦਿ ਜੁਗਾਦਿ ਵੱਡੀ ਵਡਿਆਈਆ । ਏਕ ਏਕੰਕਾਰਾ ਨਿਰਾਕਾਰਾ ਸਚਖੰਡ ਦਵਾਰੇ ਆਪੇ ਵਸ, ਥਿਰ ਘਰ ਆਪਣਾ ਆਪ ਸੁਹਾਈਆ । ਆਦਿ ਨਿਰੰਜਣ ਖੇਲ ਤਮਾਸ਼, ਪੁਰਖ ਅਬਿਨਾਸ਼ ਆਪਣਾ ਆਪ ਵਖਾਈਆ । ਸ੍ਰੀ ਭਗਵਾਨ ਸਰਬ ਗੁਣਤਾਸ, ਗੁਣਵੰਤਾ ਬੇਪਰਵਾਹੀਆ । ਅਬਿਨਾਸ਼ੀ ਕਰਤਾ ਪਾਵੇ ਰਾਸ, ਦਰ ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਏਕਾ ਮੰਦਰ ਹੋ ਪ੍ਰਕਾਸ਼, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲਾ ਦੀਨ ਦਿਆਲਾ, ਅਜੂਨੀ ਰਹਿਤ ਅਨੁਭਵ ਪ੍ਰਕਾਸ਼ ਵਖਾਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਖੇਲ ਖਿਲਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਏਕੰਕਾਰਾ ਰੰਗ ਰੰਗਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਆਦਿ ਨਿਰੰਜਣ ਜੋਤ ਜਗਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਵਸੇ ਏਕਾ ਥਾਂ, ਮਹੱਲ ਅਟੱਲ ਉਚ ਮੁਨਾਰ ਆਪ ਉਪਾਇੰਦਾ । ਸ੍ਰੀ ਭਗਵਾਨ ਕਰੇ ਕਰਾਏ ਸਚ ਨਿਆਂ, ਸਚ ਤਖ਼ਤ ਸੁਲਤਾਨ ਸੁਹਾਇੰਦਾ । ਪਾਰਬ੍ਰਹਮ ਵੇਖਣਹਾਰਾ ਥਾਉਂ ਥਾਂ, ਥਾਨ ਥਨੰਤਰ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਕੋਇ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਥਾਹ, ਏਕਾ ਏਕ ਏਕੰਕਾਰਿਆ । ਜੁਗ ਜੁਗ ਬਣੇ ਆਪ ਮਲਾਹ, ਆਪਣਾ ਬੇੜਾ ਆਪ ਚਲਾ ਰਿਹਾ । ਆਪਣੀ ਦੇਵੇ ਆਪ ਸਲਾਹ, ਆਪ ਆਪਣਾ ਸੰਗ ਨਿਭਾ ਰਿਹਾ । ਆਪੇ ਵਸੇ ਸਾਚੇ ਥਾਂ, ਸਚਖੰਡ ਨਿਵਾਸੀ ਡੇਰਾ ਆਪਣਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਰੂਪ ਵਟਾ ਲਿਆ । ਨਿਰਗੁਣ ਰੂਪ ਇਕ ਇਕੱਲਾ, ਹਰਿ ਸੱਚਾ ਸਚ ਵਡਿਆਈਆ । ਵਸੇ ਨੇਹਚਲ ਧਾਮ ਅਟੱਲਾ, ਦਿਸ ਕਿਸੇ ਨਾ ਆਈਆ । ਜਲ ਥਲ ਮਹੀਅਲ ਆਪੇ ਰਲਾ, ਆਪ ਆਪਣੇ ਵਿਚ ਸਮਾਈਆ । ਸਚ ਸਿੰਘਾਸਣ ਏਕਾ ਮੱਲਾ, ਸੋਭਾਵੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ

੨੮੯

ਕਰਤਾ ਇਕ ਅਖਵਾਈਆ । ਇਕ ਇਕੱਲਾ ਕਰ ਪਸਾਰਾ, ਏਕਾ ਏਕ ਵੇਖ ਵਖਾਇੰਦਾ । ਸਚਖੰਡ ਵਸਾਏ ਇਕ ਦਵਾਰਾ, ਦਰ ਸਾਚਾ ਆਪ ਉਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਨਾਉਂ ਧਰਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,ਆਪਣਾ ਖੇਲ ਆਪ ਖਿਲਾਇੰਦਾ । ਖੇਲਣਹਾਰ ਹਰਿ ਭਗਵੰਤ, ਭੇਵ ਕੋਇ ਨਾ ਪਾਇੰਦਾ । ਸਚਖੰਡ ਨਿਵਾਸੀ ਸੋਭਾਵੰਤ, ਰੂਪ ਰੇਖ ਨਾ ਕੋਈ ਜਣਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਾਉਂ ਪ੍ਰਗਟਾਇੰਦਾ । ਨਿਰਗੁਣ ਨਾਉਂ ਹਰਿ ਗੋਪਾਲ, ਪਰਮ ਪੁਰਖ ਆਪ ਧਰਾਈਆ । ਆਪੇ ਵਸੇ ਸਚ ਸੱਚੀ ਧਰਮਸ਼ਾਲ, ਘਰ ਸਾਚਾ ਇਕ ਉਪਜਾਈਆ । ਦੀਪਕ ਜੋਤੀ ਆਪੇ ਬਾਲ, ਨੂਰ ਨੁਰਾਨਾ ਡਗਮਗਾਈਆ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ, ਆਪ ਆਪਣਾ ਆਸਣ ਲਾਈਆ । ਸਾਚਾ ਆਸਣ ਹਰਿ ਹਰਿ ਲਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਾਚਾ ਤਾਜ ਸੀਸ ਟਿਕਾ, ਤਖ਼ਤ ਤਾਜ ਵੇਖ ਵਖਾਇੰਦਾ । ਦਰ ਦਰਬਾਨ ਬਣ ਬੇਪਰਵਾਹ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਸਾਚਾ ਰਾਣਾ, ਆਪਣੇ ਹੱਥ ਰਖਾਇੰਦਾ । ਹਰਿ ਭਾਣਾ ਬਲਵਾਨ, ਭੇਵ ਕੋਈ ਨਾ ਪਾਇੰਦਾ । ਹਰਿ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਰਖਾਇੰਦਾ । ਹਰਿ ਦਾਤਾ ਦਾਨੀ ਦੋ ਜਹਾਨ, ਆਪ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦੀ ਵਡ ਮਿਹਰਬਾਨ, ਭਗਵਾਨ ਆਪਣਾ ਰੂਪ ਵਟਾਇੰਦਾ । ਸਤਿ ਸਰੂਪੀ ਨੌਜਵਾਨ, ਬਿਰਧ ਬਾਲ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕੰਕਾਰਾ, ਨਿਰਗੁਣ ਧਾਰਾ ਖੇਲ ਅਪਾਰਾ, ਅਲੱਖ ਅਲੱਖਣਾ ਆਪ ਲਿਖਾਇੰਦਾ । ਨਿਰਗੁਣ ਰੂਪ ਪੁਰਖ ਅਗੰਮ, ਆਦਿ ਜੁਗਾਦਿ ਸਮਾਇੰਦਾ । ਨਾ ਮਰੇ ਨਾ ਪਏ ਜੰਮ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਕਰਨੀ ਕਰਤਾ ਕਰੇ ਕੰਮ, ਕਰਤਾ ਪੁਰਖ ਨਾਉਂ ਧਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪ ਆਪਣੇ ਲਏ ਜੰਮ, ਆਪਣੀ ਗੋਦੀ ਆਪ ਸੁਹਾਇੰਦਾ । ਆਪੇ ਪਵਣ ਸਵਾਸੀ ਦੇਵੇ ਦਮ, ਆਪ ਆਪਣੇ ਰੰਗ ਰੰਗਾਇੰਦਾ । ਆਪੇ ਤ੍ਰੈ ਤ੍ਰੈ ਬੇੜਾ ਬੰਨ੍ਹ, ਭਾਰ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਨਿਰਗੁਣ ਸਰਗੁਣ ਸਾਚੀ ਧਾਰ, ਹਰਿ ਸਾਚਾ ਸਚ ਵਰਤਾਈਆ । ਆਪਣਾ ਰੂਪ ਅਗੰਮ ਅਪਾਰ, ਹਰਿ ਆਪੇ ਵੇਖ ਵਖਾਈਆ । ਆਪੇ ਭਰੇ ਸਦ ਭੰਡਾਰ, ਵਡ ਭੰਡਾਰੀ ਬੇਪਰਵਾਹੀਆ । ਆਪੇ ਵਰਤੇ ਹਰਿ ਵਰਤਾਰ, ਹਰੀ ਹਰਿ ਆਪ ਅਖਵਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਤ੍ਰੈ ਤ੍ਰੈ ਮੇਲ ਮਿਲਾਈਆ । ਆਪੇ ਵੰਡ ਵੰਡੇ ਅਪਰ ਅਪਾਰ, ਸੋ ਪੁਰਖ ਨਿਰੰਜਣ ਖੇਲ ਖਿਲਾਈਆ । ਹੰ ਬ੍ਰਹਮ ਕਰ ਤਿਆਰ, ਸੋਇਮ ਰੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਘਾੜਨ ਘੜ, ਆਪਣੀ ਰਚਨ ਰਚਾਇੰਦਾ । ਤ੍ਰੈਗੁਣ ਮਾਇਆ ਬੰਨ੍ਹੇ ਲੜ, ਪੰਚਮ ਤਤ ਵੇਖ ਵਖਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲਾਏ ਜੜ, ਆਪੇ ਅੰਤ ਉਖੜਾਇੰਦਾ । ਨਿਰਗੁਣ ਰੂਪ ਅੰਦਰ ਵੜ, ਘਟ ਘਟ ਆਪਣਾ ਆਸਣ ਲਾਇੰਦਾ । ਅਗਨੀ ਹਵਨ

ਨਾ ਜਾਏ ਸੜ, ਮੜੀ ਗੋਰ ਨਾ ਕੋਇ ਦਬਾਇੰਦਾ । ਹੱਥੇ ਹੱਥ ਨਾ ਸਕੇ ਕੋਈ ਫੜ, ਦਿਸ ਕਿਸੇ ਨਾ ਆਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਲੋਕਮਾਤ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਸ਼ਿਵ ਸੇਵ ਲਗਾਈਆ । ਨੌ ਦਵਾਰੇ ਖੋਲ੍ਹ ਕਿਵਾੜ, ਪੰਜ ਤਤ ਮੇਲ ਮਿਲਾਈਆ । ਮਨਮਤ ਬੁਧ ਭਰ ਭੰਡਾਰ, ਨਿਰਗੁਣ ਆਪਣੀ ਵਸਤ ਟਿਕਾਈਆ । ਕਾਇਆ ਕਵਰੀ ਕਰ ਤਿਆਰ, ਸੁਖਮਨ ਬੈਠਾ ਮੁਖ ਛੁਪਾਈਆ । ਤ੍ਰੈ ਤ੍ਰੈ ਮੇਲਾ ਅਧਵਿਚਕਾਰ, ਬਜ਼ਰ ਕਪਾਟੀ ਕੁੰਡਾ ਲਾਹੀਆ । ਸ਼ਬਦ ਅਨਾਦਿ ਸਚੀ ਧੁਨਕਾਰ, ਘਰ ਮੰਦਰ ਬੰਦ ਵਖਾਈਆ । ਆਪੇ ਕਰੇ ਮੰਗਲਾਚਾਰ, ਪੰਚਮ ਬਹਿ ਬਹਿ ਰਾਗ ਅਲਾਈਆ । ਆਪੇ ਸੇਜਾ ਸੁਤਾ ਪੈਰ ਪਸਾਰ, ਆਤਮ ਬ੍ਰਹਮ ਵੇਖ ਵਖਾਈਆ । ਜੀਵ ਆਤਮ ਨਿਰਾਕਾਰ, ਪਰਮ ਆਤਮ ਵੇਖ ਵਖਾਈਆ । ਪੁਰਖ ਅਬਿਨਾਸ਼ੀ ਏਕੰਕਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹੰ ਬ੍ਰਹਮ ਕਰੇ ਕੁੜਮਾਈਆ । ਘਟ ਘਟ ਅੰਦਰ ਜੋਤ ਉਜਿਆਰ, ਆਦਿ ਨਿਰੰਜਣ ਡਗਮਗਾਈਆ । ਬਿਨ ਹਰਿ ਭਗਤ ਨਾ ਪਾਵੇ ਕੋਈ ਸਾਰ, ਦਿਸ ਕਿਸੇ ਨਾ ਆਈਆ । ਹਰਿ ਸੰਤਨ ਖੋਲ੍ਹੇ ਆਪ ਕਿਵਾੜ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਮੇਟੇ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਗੁਰਸਿਖ ਸਾਚੇ ਮੰਦਰ ਦੇਵੇ ਵਾੜ, ਦਰ ਦਰਵਾਜਾ ਇਕ ਖੁਲ੍ਹਾਈਆ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਰਹਿਣ ਨਾ ਪਾਈਆ । ਕਾਇਆ ਮੰਦਰ ਵਖਾਏ ਸਚ ਅਖਾੜ, ਗੋਪੀ ਕਾਹਨ ਆਪ ਨਚਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਫੋਲ ਫੁਲਾਈਆ । ਹਰਿਜਨ ਘੋੜੀ ਦੇਵੇ ਚਾੜ, ਸ਼ਬਦ ਡੋਰੀ ਹੱਥ ਫੜਾਈਆ । ਮਨਮੁਖ ਸੁਤੇ ਪੈਰ ਪਸਾਰ, ਲੋਕਮਾਤ ਨਾ ਕੋਇ ਉਠਾਈਆ । ਕਾਗ ਰਲੇ ਕਾਗੀ ਡਾਰ, ਹੰਸ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਜੂਨ ਅਜੂਨੀ ਹੋਇ ਖ਼ੁਆਰ, ਅਜੂਨੀ ਰਹਿਤ ਦਏ ਸਜ਼ਾਈਆ । ਧਰਮ ਰਾਏ ਦਰ ਮਾਰੇ ਮਾਰ, ਨਾ ਦਿਸੇ ਕੋਇ ਸਹਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਨਾ ਦੇਵੇ ਸਚ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅਨਾਦਾ ਸ਼ਬਦ ਬ੍ਰਿਮਾਦਾ, ਆਪਣਾ ਖੇਲ ਆਪ ਖਲਾਈਆ । ਆਪਣਾ ਖੇਲ ਖਲੰਦੜਾ ਹਰਿ ਭਗਵਾਨ, ਆਦਿ ਜੁਗਾਦੀ ਵੇਸ ਵਟਾਇੰਦਾ । ਲੋਕਮਾਤੀ ਧੁਰ ਫ਼ਰਮਾਨ, ਜੁਗ ਜੁਗ ਆਪਣਾ ਆਪ ਸੁਣਾਇੰਦਾ । ਆਪੇ ਪੰਜ ਤਤ ਕਾਇਆ ਚੋਲਾ ਹੋ ਪ੍ਰਧਾਨ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਆਪੇ ਦੇਵੇ ਆਪਣਾ ਦਾਨ, ਆਪਣੀ ਭਿਛਿਆ ਝੋਲੀ ਪਾਇੰਦਾ । ਆਪੇ ਆਤਮ ਅੰਤਰ ਹੋ ਹੋ ਬ੍ਰਹਮ ਗਿਆਨ, ਆਪਣਾ ਅੱਖਰ ਵੱਖਰ ਪੜ੍ਹਾਇੰਦਾ । ਆਪੇ ਰਾਗ ਰਾਗੀ ਗਾਏ ਗਾਣ, ਧੁਨ ਅਨਾਦੀ ਨਾਦ ਵਜਾਇੰਦਾ । ਆਪੇ ਲੇਖਾ ਜਾਣੇ ਵੇਦ ਪੁਰਾਨ, ਸ਼ਾਸਤਰ ਸਿਮਰਤ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਅਭੇਦਾ ਹਰਿ ਹਰਿ ਖੋਲ੍ਹ, ਹਰਿ ਭਗਤਨ ਸਚ ਦ੍ਰਿੜਾਈਆ । ਸ਼ਬਦ ਅਗੰਮੀ ਏਕਾ ਬੋਲ, ਦੂਈ ਦਵੈਤੀ ਪੜਦਾ ਲਾਹੀਆ । ਨਾਮ ਮਰਦੰਗਾ ਵੱਜੇ ਢੋਲ, ਸੰਤ ਸੁਹੇਲੇ ਲਏ ਜਗਾਈਆ । ਗੁਰਮੁਖਾਂ ਸਦ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਗੁਰਸਿਖ ਤੋਲੇ ਸਾਚੇ ਤੋਲ, ਨਾਮ ਕੰਡਾ ਹੱਥ ਉਠਾਈਆ । ਜਗਤ ਤ੍ਰਿਸ਼ਟ ਸਬਾਈ ਰਹੇ ਅਨਭੋਲ, ਸੋਏ ਮਾਤ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪ੍ਰਵਾਹੀਆ । ਸ਼ਬਦ ਸਰੂਪੀ ਬਣ ਮਲਾਹ,

੨੯੧

ਲੋਕਮਾਤ ਫੇਰਾ ਪਾਈਆ । ਸ਼ਬਦ ਗੁਰਦੇਵ ਸਾਖਯਾਤ, ਆਦਿ ਜੁਗਾਦਿ ਸਮਾਈਆ । ਹਰਿਜਨ ਬਣਾਏ ਪਾਰਜਾਤ, ਪਰਮ ਪੁਰਖ ਮੇਲ ਮਿਲਾਇਆ । ਵੇਖਣਹਾਰਾ ਕਾਇਨਾਤ, ਪਰਵਰਦਿਗਾਰ ਬੇਐਬ ਖ਼ੁਦਾਇਆ । ਘਟ ਘਟ ਅੰਦਰ ਮਾਰੇ ਝਾਤ, ਨਿਗਾਹਬਾਨ ਰੂਪ ਵਟਾਇਆ । ਹਰਿ ਸੰਤਨ ਖੇਲੇ ਆਪਣਾ ਤਾਕ, ਆਪਣੀ ਦ੍ਰਿਸ਼ਟੀ ਆਪੇ ਪਾਇਆ । ਆਪੇ ਹੋਏ ਪਾਕੀ ਪਾਕ, ਪਤਤ ਪਾਪੀ ਲਏ ਤਰਾਇਆ । ਸ਼ਬਦ ਘੋੜੇ ਚਾੜ੍ਹੇ ਰਾਕ, ਲੋਆਂ ਪੁਰੀਆਂ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਰੱਖੇ ਆਸ, ਨੇਤਰ ਨੈਣ ਰਹੇ ਉਠਾਇਆ । ਕਰੋੜ ਤੇਤੀਸਾ ਲੱਗੀ ਪਿਆਸ, ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ । ਜਨ ਭਗਤਾਂ ਪੂਰੀ ਕਰੇ ਆਸ, ਲੋਕਮਾਤ ਫੇਰਾ ਪਾਇਆ । ਹਰਿ ਸੰਤਨ ਹੋਏ ਦਾਸੀ ਦਾਸ, ਜੁਗਾ ਜੁਗੰਤਰ ਸੇਵ ਕਮਾਇਆ । ਗੁਰਮੁਖਾਂ ਵੇਖੇ ਪ੍ਰਿਥਮੀ ਆਕਾਸ, ਤ੍ਰੈਗੁਣ ਮਾਇਆ ਫੰਦ ਕਟਾਇਆ । ਗੁਰਸਿਖ ਅੰਦਰ ਕਰ ਕਰ ਵਾਸ, ਆਪਣਾ ਮੰਤਰ ਆਪ ਦ੍ਰਿੜਾਇਆ । ਲੇਖਾ ਜਾਣੇ ਸਵਾਸ ਸਵਾਸ, ਰਸਨਾ ਜੇਹਵਾ ਆਪ ਚਲਾਇਆ । ਆਦਿ ਜੁਗਾਦਿ ਨਾ ਹੋਇ ਵਿਨਾਸ, ਸਤਿਗੁਰ ਪੂਰਾ ਸੋ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇਆ । ਸਤਿਗੁਰ ਪੂਰਾ ਹਰਿ ਭਗਵਾਨ, ਦੂਸਰ ਅਵਰ ਨਾ ਕੋਇ ਵਖਾਈਆ । ਖੇਲੇ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਵੇਖ ਵਖਾਈਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਹੱਥ ਉਠਾਏ ਸਤਿ ਨਿਸ਼ਾਨ, ਸਚਖੰਡ ਦਵਾਰਾ ਆਪ ਖੁਲਾਈਆ । ਤਖ਼ਤ ਬੈਠ ਸਾਚਾ ਕਾਹਨ, ਆਪ ਆਪਣਾ ਵੇਖ ਵਖਾਈਆ । ਲੋਕਮਾਤ ਹੋ ਪਰਧਾਨ, ਸਤਿਜੁਗ ਤਰੇਤਾ ਦਵਾਪਰ ਵੇਖ ਵਖਾਈਆ । ਕਲਜੁਗ ਅੰਤਮ ਖੇਲ ਮਹਾਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਈਆ । ਵੇਸ ਅਵੱਲਾ ਇਕ ਅਕੱਲਾ, ਹਰਿ ਸਾਚਾ ਸਚ ਕਰਾਇੰਦਾ । ਸੰਬਲ ਨਗਰੀ ਸਚ ਮਹੱਲਾ, ਨਿਰਗੁਣ ਆਪਣਾ ਆਸਣ ਲਾਇੰਦਾ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਖੇਲ ਖਿਲਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਦਿਸ ਕਿਸੇ ਨਾ ਆਇੰਦਾ । ਏਕਾ ਫੜਿਆ ਤਿਖਾ ਭੱਲਾ, ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਜੇਰਜ ਅੰਡਾਂ ਪਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰ ਆਪ ਨਿਰੰਕਾਰ, ਪੰਜ ਤਤ ਨਾ ਕੋਇ ਰਖਾਇੰਦਾ । ਪੰਜ ਤਤ ਨਾ ਕੋਇ ਚੋਲਾ, ਗੁਰ ਪੀਰ ਨਾ ਕੋਇ ਅਖਵਾਈਆ । ਪੁਰਖ ਅਬਿਨਾਸ਼ੀ ਬਣਿਆ ਤੋਲਾ, ਨਿਰਗੁਣ ਆਪਣਾ ਵੇਸ ਵਟਾਈਆ । ਨਾ ਕੋਈ ਜਾਣੇ ਕਲਾਂ ਸੋਲਾਂ, ਅਕਲ ਕਲ ਆਪ ਅਖਵਾਈਆ । ਏਕਾ ਗਾਏ ਸਾਚਾ ਢੋਲਾ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ, ਲੱਖ ਚੁਰਾਸੀ ਆਪ ਸੁਣਾਈਆ । ਕਲਜੁਗ ਅੰਤਮ ਖੇਲੇ ਹੋਲਾ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪੇ ਵੇਖ ਵਖਾਈਆ । ਆਪੇ ਰੂਪ ਅਨੂਪ ਹੋਇ ਮੌਲਾ, ਨੂਰ ਨੁਰਾਨਾ ਡਗਮਗਾਈਆ । ਆਪੇ ਵਸੇ ਉਪਰ ਧਵਲਾ, ਆਪੇ ਸਾਂਗੋ ਪਾਂਗ ਸੇਜ ਹੰਢਾਈਆ । ਆਪੇ ਰੂਪ ਵਟਾਏ ਸਾਵਲ ਸਵਲਾ, ਮੁਕੰਦ ਮਨੋਹਰ ਲਖਮੀ ਨਰਾਇਣ ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਜਾਣੇ ਬੇਪਰਵਾਹੀਆ । ਕਲਜੁਗ ਅੰਤਮ ਆਇਆ, ਹਰਿ ਸਾਚਾ ਖੇਲ ਖਿਲਾਇੰਦਾ । ਵੇਦ ਵਿਆਸਾ ਗਿਆ ਲਿਖਾਇਆ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿਲੇ ਪਰਬਤ ਆਸਣ ਲਾਇੰਦਾ । ਨਾਨਕ ਨਿਰਗੁਣ ਏਕਾ ਗਾਇਆ, ਪੁਰਖ ਅਕਾਲ ਮਨਾਇੰਦਾ । ਗੋਬਿੰਦ ਸਾਚਾ ਰਾਹ ਚਲਾਇਆ, ਸਾਚਾ ਧਾਮ ਇਕ ਵਖਾਇੰਦਾ ।

੨੯੩

ਹਰਿ ਮੰਦਰ ਹਰਿ ਜੂ ਇਕ ਸੁਹਾਇਆ, ਦੂਜਾ ਦਰ ਨਾ ਕੋਇ ਖੁਲ੍ਹਾਇੰਦਾ । ਔਦਾ ਜਾਂਦਾ ਦਿਸ ਨਾ ਆਇਆ, ਤ੍ਰੈਗੁਣ ਕੋਇ ਨਾ ਮੇਲ ਮਿਲਾਇੰਦਾ । ਗੁਰਮੁਖ ਵਿਰਲੇ ਲਏ ਜਗਾਇਆ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਗੰਮੀ ਸਾਚੀ ਧਾਰ, ਪਰਗਟ ਕਰੇ ਆਪ ਨਿਰੰਕਾਰ, ਨਿਰਗੁਣ ਏਕਾ ਨਾਉਂ ਰਖਾਇੰਦਾ । ਨਿਰਗੁਣ ਨਾਉਂ ਹਰਿ ਕਰਤਾਰਾ, ਸਰਗੁਣ ਸਾਚਾ ਮੇਲ ਮਿਲਾਇੰਦਾ । ਸਤਿਜੁਗ ਤਰੇਤਾ ਦੁਆਪਰ ਲਏ ਅਵਤਾਰਾ, ਏਕਾ ਗੁਰ ਅਖਵਾਇੰਦਾ । ਪੀਰ ਦਸਤਗੀਰ ਸ਼ਾਹ ਹਕੀਰ ਪਾਵੇ ਸਾਰਾ, ਬੇਨਜ਼ੀਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਏਕਾ ਡੰਕ ਵਜਾਇੰਦਾ । ਨਿਹਕਲੰਕ ਪੁਰਖ ਸੁਲਤਾਨਾ, ਮਾਣਸ ਮਾਨੁਖ ਨਾ ਕੋਇ ਜਣਾਈਆ । ਸ਼ਬਦ ਸਰੂਪੀ ਸਚ ਤਰਾਨਾ, ਧੁਰ ਫ਼ਰਮਾਨਾ ਆਪ ਸੁਣਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਲੱਖ ਚੁਰਾਸੀ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਹੁਕਮ ਚਲਾਈਆ । ਕਲਜੁਗ ਅੰਤਮ ਸਾਚੀ ਧਾਰ, ਹਰਿ ਸਾਚੇ ਸਚ ਚਲਾਈਆ । ਚਾਰ ਵਰਨਾਂ ਇਕ ਪਿਆਰ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਊਚ ਨੀਚ ਪਾਰ ਕਿਨਾਰ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਇਕ ਵਡਿਆਈਆ । ਏਕਾ ਅੱਖਰ ਕਰ ਪਰਧਾਨ, ਸ੍ਰਿਸ਼ਟ ਸਬਾਈ ਦਏ ਜਣਾਈਆ । ਸਰਬ ਜੀਆਂ ਦਾ ਇਕ ਭਗਵਾਨ, ਦੂਈ ਦਵੈਤ ਨਾ ਕੋਇ ਵਖਾਈਆ । ਘਰ ਘਰ ਬੈਠਾ ਸਾਚਾ ਕਾਹਨ, ਘਰ ਘਰ ਵਿਚ ਰਾਸ ਰਚਾਈਆ । ਘਰ ਘਰ ਮੇਲਾ ਸੀਤਾ ਰਾਮ, ਸੁਰਤੀ ਸੀਤਾ ਰਾਮ ਪਰਨਾਈਆ । ਘਰ ਘਰ ਨਾਨਕ ਦੇਵੇ ਧੁਰ ਫ਼ਰਮਾਣ, ਜੋ ਜਨ ਰਸਨਾ ਜੇਹਵਾ ਗਾਈਆ । ਘਰ ਘਰ ਗੋਬਿੰਦ ਮਿਲੇ ਆਣ, ਜੋ ਜਨ ਚਰਨ ਧਿਆਨ ਰਖਾਈਆ । ਲੱਖ ਚੁਰਾਸੀ ਕਰੇ ਪਛਾਣ, ਘੜਨ ਭੰਨਣਹਾਰ ਇਕ ਅਖਵਾਈਆ । ਰਾਣਾ ਰਾਜਾ ਦੋ ਜਹਾਨ, ਹਰਿਜਨ ਸਾਚੇ ਲਏ ਜਗਾਈਆ । ਅੰਮ੍ਰਿਤ ਆਤਮ ਪੀਣਾ ਖਾਣਾ ਦੇਵੇ ਵਿਚ ਜਹਾਨ, ਅੱਗਨੀ ਤਤ ਬੁਝਾਈਆ । ਬਿਰਹੋਂ ਤੀਰ ਨਿਰਾਲਾ ਮਾਰੇ ਬਾਣ, ਆਰ ਪਾਰ ਆਪ ਕਰਾਈਆ । ਦਰਗਹ ਸਾਚੀ ਸਚਖੰਡ ਨਿਵਾਸੀ ਦੇਵੇ ਮਾਣ, ਅਭਿਮਾਨ ਰਹਿਣ ਨਾ ਪਾਈਆ । ਕਲਜੁਗ ਭੁੱਲੇ ਜੀਵ ਨਾਦਾਨ, ਹਰਿ ਕਾ ਰੂਪ ਦਿਸ ਨਾ ਆਈਆ । ਮਦਿਰਾ ਮਾਸ ਪੀਣ ਖਾਣ, ਮਾਇਆ ਮਮਤਾ ਮੋਹ ਹਲਕਾਈਆ । ਜਿਸ ਜਨ ਸਤਿਗੁਰ ਪੂਰਾ ਮਿਲਿਆ ਆਣ, ਸ਼ਬਦੀ ਸ਼ਬਦ ਲਏ ਮਿਲਾਈਆ । ਨਾਤਾ ਤੁਟੇ ਜਗਤ ਜਹਾਨ, ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਨਾ ਕੋਇ ਵਖਾਈਆ । ਏਕਾ ਮੰਤਰ ਹਰਿ ਹਰਿ ਨਾਮਾ ਗਾਣ, ਦੂਸਰ ਦਿਸੇ ਨਾ ਕੋਇ ਪੜ੍ਹਾਈਆ । ਚਰਨ ਧੂੜ ਸਚਾ ਅਸਨਾਨ, ਅਠਸਠ ਤੀਰਥ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਵਟਾਏ ਪੁਰਖ ਅਕਾਲਾ, ਗੁਰ ਗੁਰ ਨਾ ਕੋਇ ਅਖਵਾਇੰਦਾ । ਸਰਬ ਜੀਆਂ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਰਖਾਇੰਦਾ । ਚਰਨ ਰਖਾਏ ਕਾਲ ਮਹਾਂਕਾਲਾ, ਸੇਵਕ ਸਾਚੀ ਸੇਵ ਲਗਾਇੰਦਾ । ਸ਼ਬਦ ਅਨਾਦ ਵਜਾਏ ਤਾਲਾ, ਤਾਲ ਤਲਵਾੜਾ ਆਪ ਉਠਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਲੋਕਮਾਤ ਆਪ ਚਲਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਆਪਣਾ ਅੱਖਰ ਆਪ ਪੜ੍ਹਾਇੰਦਾ । ਹੰ ਬ੍ਰਹਮ ਗਲ ਪਾਏ ਮਾਲਾ, ਹੱਡ ਮਾਸ ਨਾੜੀ ਚੰਮ ਲੇਖੇ ਲਾਇੰਦਾ । ਅੰਤਮ ਤੋੜੇ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਾਚੀ ਧਾਰ ਪ੍ਰਗਟ ਕਰੇ ਆਪ ਨਿਰੰਕਾਰ, ਵਰਤੇ ਵਰਤਾਵੇ ਵਿਚ ਸੰਸਾਰ, ਵਰਨ ਬਰਨ ਨਾ ਕੋਈ ਰਖਾਇੰਦਾ । ਵਰਨ ਬਰਨ ਨਾ ਕੋਈ ਵੰਡ, ਘਟ ਘਟ ਅੰਦਰ ਹਰਿ ਪਸਾਰਿਆ । ਲੇਖਾ ਜਾਣੇ ਕੋਟ ਬ੍ਰਹਿਮੰਡ, ਹਰਿਜਨ ਸਾਚੇ ਲਏ ਉਭਾਰਿਆ । ਮੇਟ ਮਿਟਾਏ ਭੇਖ ਪਖੰਡ, ਜੁਗ ਜੁਗ ਲਏ ਮਾਤ ਅਵਤਾਰਿਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਦਿਸ ਨਾ ਆਏ ਵਿਚ ਸੰਸਾਰਿਆ । ਨਾਰ ਦੁਹਾਗਣ ਹੋਈ ਰੰਡ, ਹਰਿ ਕੰਤ ਨਾ ਕੋਈ ਹੰਢਾ ਰਿਹਾ । ਗੁਰਮੁਖਾਂ ਸਾਚੀ ਵਸਤ ਏਕਾ ਨਾਮ ਦੇਵੇ ਵੰਡ, ਨਾਮ ਸਤਿ ਝੋਲੀ ਆਪ ਭਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਨਾਉਂ ਧਰਾ ਲਿਆ । ਸਤਿਗੁਰ ਪੂਰਾ ਹਰਿ ਮਿਹਰਬਾਨ, ਘਰ ਸਾਚੇ ਆਪ ਸੁਹਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਧਰਾਇੰਦਾ । ਚਾਰ ਵਰਨਾਂ ਇਕ ਗਿਆਨ, ਏਕਾ ਸ਼ਬਦ ਜਣਾਇੰਦਾ । ਚਾਰ ਵਰਨਾਂ ਇਕ ਮਕਾਨ, ਸਚਖੰਡ ਦੁਆਰਾ ਇਕ ਵਖਾਇੰਦਾ । ਚਾਰ ਵਰਨਾਂ ਇਕ ਧਿਆਨ, ਪੁਰਖ ਅਕਾਲ ਇਕ ਜਣਾਇੰਦਾ । ਚਾਰ ਵਰਨਾਂ ਏਕਾ ਮਾਣ, ਊਚ ਨੀਚ ਨਾ ਕੋਈ ਵਡਿਆਇੰਦਾ । ਚਾਰ ਵਰਨਾਂ ਏਕਾ ਪੀਣ ਖਾਣ, ਦੂਈ ਦਵੈਤੀ ਨਾ ਕੋਈ ਰਖਾਇੰਦਾ । ਚਾਰ ਵਰਨਾਂ ਏਕਾ ਮੇਲਾ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪ ਹੋ ਜਾਇੰਦਾ । ਸਤਿਗੁਰ ਪੂਰਾ ਇਕ ਏਕੰਕਾਰਾ, ਅਕਲ ਕਲ ਅਖਵਾਈਆ । ਕਲ ਕਲਕੀ ਲਏ ਅਵਤਾਰਾ, ਡੰਕਾ ਸ਼ਬਦ ਵਜਾਈਆ । ਰਾਓ ਰੰਕਾਂ ਕਰੇ ਖੁਆਰਾ, ਬੰਕ ਦੁਆਰ ਨਾ ਕੋਈ ਸਹਾਈਆ । ਚਾਰੋਂ ਕੁੰਟਾਂ ਧੂਆਂਧਾਰਾ, ਅੰਧ ਅੰਧੇਰ ਵਖਾਈਆ । ਜੀਵ ਜੰਤ ਹਾਹਾਕਾਰਾ, ਮਨਮਤ ਕਰੇ ਲੜਾਈਆ । ਗੁਰਮਤ ਹੋਇਆ ਪਾਰ ਕਿਨਾਰਾ, ਸਾਚੀ ਸਿਖਿਆ ਸਿਖ ਭੁਲਾਈਆ । ਕਲਜੁਗ ਵਹਿਣ ਡੂੰਘੀ ਗਾਰਾ, ਭਰਮੇ ਭੁੱਲੇ ਜੀਵ ਭਰਮ ਗੜ੍ਹ ਨਾ ਕੋਈ ਤੁੜਾਈਆ । ਮਾਇਆ ਮਮਤਾ ਲੱਗਾ ਅਖਾੜਾ, ਆਸਾ ਤ੍ਰਿਸ਼ਨਾ ਵਿਚ ਨਚਾਈਆ । ਲੱਗੀ ਅੱਗ ਅਗਨੀ ਹਾੜਾ, ਅੰਮ੍ਰਿਤ ਸਿੰਚ ਹਰਾ ਨਾ ਕੋਈ ਕਰਾਈਆ । ਗੁਰ ਕਾ ਸ਼ਬਦ ਨਾ ਕਰੇ ਪਿਆਰਾ, ਹਰਿ ਕਾ ਰੂਪ ਨਾ ਰਿਦੇ ਵਸਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਰ ਨਰਾਇਣ ਨਾ ਵੇਖ ਵਖਾਈਆ । ਸਾਚਾ ਘਰ ਨਾ ਦਿਸੇ ਕੋਈ ਮੁਨਾਰਾ, ਘਰ ਘਰ ਵਿਚ ਨਾ ਕੋਈ ਰੁਸ਼ਨਾਈਆ । ਅਗੰਮੀ ਸ਼ਬਦ ਨਾ ਸੁਣੇ ਕੋਈ ਧੁਨਕਾਰਾ, ਅਨਹਦ ਤਾਲ ਨਾ ਕੋਈ ਵਜਾਈਆ । ਆਤਮ ਸੇਜ ਨਾ ਕਰੇ ਪਿਆਰਾ, ਕੰਤ ਕੰਤੂਹਲ ਨਾ ਵੇਖ ਵਖਾਈਆ । ਰਸਨਾ ਕਰੇ ਜਗਤ ਵਿਕਾਰਾ, ਵਾਹਿ ਵਾਹਿ ਗੁਰੂ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਧਾਰ, ਆਪ ਚਲਾਈ ਵਿਚ ਸੰਸਾਰ, ਆਪੇ ਅੰਤਮ ਕਰੇ ਪਾਰ, ਲੇਖਾ ਆਪਣੇ ਹੱਥ ਰਖਾਈਆ । ਮਨਮਤ ਜਗਤ ਕੁਰਲਾਏ, ਚਾਰੋਂ ਕੁੰਟ ਹਾਹਾਕਾਰਿਆ । ਸਤਿਗੁਰ ਪੂਰਾ ਨਜ਼ਰ ਨਾ ਆਏ, ਨਿਰਗੁਣ ਨੂਰ ਨੂਰ ਉਜਿਆਰਿਆ । ਗੁਰ ਕਾ ਸ਼ਬਦ ਆਪ ਭੁਲਾਏ, ਰਸਨਾ ਜਿਹਵਾ ਨਾ ਕਿਸੇ ਉਚਾਰਿਆ । ਮਨ ਕਾ ਮਣਕਾ ਨਾ ਕੋਈ ਭਵਾਏ, ਮਨ ਮਨੂਆ ਹੋਏ ਹਲਕਾਇਆ । ਮਤ ਮਤਵਾਲੀ ਨਾ ਬੰਧਨ ਪਾਏ, ਮਾਇਆ ਮਮਤਾ ਨਾ ਮੋਹ ਚੁਕਾ ਰਿਹਾ । ਬੁੱਧ ਬਬੇਕ ਨਾ ਕੋਈ ਰਖਾਏ, ਏਕਾ ਏਕ ਨਾ ਟੇਕ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੀਵ ਜੰਤ ਆਪ ਭੁਲਾ ਲਿਆ । ਕਲਜੁਗ ਜੀਵ ਗਿਆ ਭੁੱਲ, ਹਰਿ ਨਾਮ ਨਾ ਕੋਇ ਵਡਿਆਈਆ । ਝੂਠੇ ਕੰਡੇ ਗਿਆ ਤੁਲ, ਸਾਚੀ ਵਸਤ ਨਜ਼ਰ ਨਾ ਆਈਆ । ਆਪਣੀ ਕੀਮਤ ਨਾ ਜਾਣੇ ਮੁੱਲ, ਕੌਡੀ

ਕੌਡੀ ਹੱਟ ਵਿਕਾਈਆ । ਅਮੋਲਕ ਹੀਰਾ ਗਿਆ ਰੁਲ, ਖ਼ਾਕੀ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬੇਮੁਖਾਂ ਸਿਰ ਪਾਏ ਛਾਹੀਆ । ਬੇਮੁਖ ਤੇਰਾ ਕੂੜਾ ਨਾਤਾ, ਲੋਕਮਾਤ ਜੁੜਾਇਆ । ਦਿਵਸ ਰੈਣ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਈ ਚੜ੍ਹਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਗਾਇਤ੍ਰੀ ਮੰਤਰ ਨਾ ਕੋਈ ਪੜ੍ਹਾਇਆ । ਨਾ ਅੰਮ੍ਰਿਤ ਪੀਆ ਸਾਚੇ ਬਾਟਾ, ਗੁਰ ਗੋਬਿੰਦ ਦਿਸ ਨਾ ਆਇਆ । ਨਾਨਕ ਨਾ ਸੋਇਆ ਆਤਮ ਸੇਜਾ ਸਾਚੀ ਖਾਟਾ, ਅੰਗੀ ਅੰਗ ਨਾ ਕੋਈ ਕਰਾਇਆ । ਗੁਰੂ ਗ੍ਰੰਥ ਗੁਰ ਇਸ਼ਟ ਦੇਵ ਨਾ ਕਿਸੇ ਵਾਚਾ, ਜਗਤ ਵਾਸ਼ਨਾ ਵਿਚ ਰਖਾਇਆ । ਪੰਜ ਤਤ ਦਿਸੇ ਭਾਂਡਾ ਕਾਚਾ, ਥਿਰ ਕੋਇ ਰਹਿਣ ਨਾ ਪਾਇਆ । ਮਨੂਆ ਦਹਿ ਦਿਸ ਉਠ ਉਠ ਨਾਚਾ, ਨੌ ਦੁਆਰੇ ਖੋਜ ਖੁਜਾਇਆ । ਹਰਿ ਕਾ ਸ਼ਬਦ ਜਾਣੇ ਹਾਸਾ, ਹਰਿ ਕਾ ਭੇਵ ਕੋਈ ਨਾ ਪਾਇਆ । ਅਬਿਨਾਸ਼ੀ ਕਰਤਾ ਜੁਗ ਜੁਗ ਖੇਲੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਰੂਪ ਵਟਾਇਆ । ਜਨ ਭਗਤਾਂ ਕਰੇ ਪੂਰੀ ਆਸਾ, ਘਰ ਘਰ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਏਕਾ ਕਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਦੀਵਾ ਬਾਤੀ ਨਾ ਕੋਈ ਟਿਕਾਇਆ । ਆਦਿ ਨਿਰੰਜਣ ਸੁਤੇ ਪਰਕਾਸ਼, ਅਨਭਵ ਰੂਪ ਸਮਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਮੰਡਲ ਆਪਣੇ ਪਾਏ ਰਾਸ, ਰਵ ਸਸ ਸੂਰਜ ਚੰਨ ਆਪ ਨਚਾਇੰਦਾ । ਲੱਖ ਚੁਰਾਸੀ ਕਰ ਕਰ ਵਾਸ, ਪ੍ਰਿਥਮੀ ਆਕਾਸ਼ ਜਲ ਬਿੰਬ ਰੂਪ ਸਮਾਇੰਦਾ । ਦੀਨਾਂ ਬੰਧਪ ਦੀਨਾਂ ਨਾਥ ਸਰਬ ਗੁਣਤਾਸ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਪੂਰਨ ਜੋਤ ਸ੍ਰੀ ਭਗਵੰਤ ਏਕਾ ਜਾਣੇ ਸਾਚਾ ਸੰਤ, ਸੰਤ ਸੁਹੇਲਾ ਆਪ ਅਖਵਾਇੰਦਾ । ਗੁਰਮੁਖ ਉਧਾਰੇ ਲੱਖ ਚੁਰਾਸੀ ਵਿਚੋਂ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਗੁਰਸਿਖ ਬਣਾਏ ਤੇਰੀ ਬਣਤ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਨਾਰੀ ਆਪੇ ਕੰਤਾ, ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਤੋੜੇ ਗੜ੍ਹ ਹਉਮੇ ਹੰਗਤਾ, ਆਪ ਰਲਾਏ ਸਾਚੀ ਸੰਗਤਾ, ਬਣ ਬਣ ਮੰਗਤਾ ਏਕਾ ਅਲਖ ਜਗਾਇੰਦਾ । ਆਦਿ ਜੁਗਾਦੀ ਭੁੱਖਾ ਨੰਗਤਾ, ਹਰਿ ਭਗਤ ਭੰਡਾਰ ਆਪ ਭਰਾਇੰਦਾ । ਹਰਿਜਨ ਉਧਾਰੇ ਜਿਉਂ ਨਾਨਕ ਅੰਗਦਾ, ਅੰਗੀਕਾਰ ਅੰਗ ਸਮਾਇੰਦਾ । ਚਾਰ ਜੁਗ ਔਂਦਾ ਜਾਂਦਾ ਮੂਲ ਨਾ ਸੰਗਦਾ, ਭੇਵ ਅਭੇਦਾ ਭੇਵ ਛੁਪਾਇੰਦਾ । ਉਚ ਮਹੱਲ ਅਟੱਲ ਅਟੱਲੇ ਆਪੇ ਚੜ੍ਹਦਾ, ਸਚਖੰਡ ਦੁਆਰੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਕਾਲੀ ਧਾਰ ਆਪੇ ਵੇਖੇ ਵਿਚ ਸੰਸਾਰ, ਚਾਰੋਂ ਕੁੰਟ ਨਾਰ ਵਿਭਚਾਰ, ਜੀਵ ਜੰਤ ਹੋਏ ਖੁਆਰ, ਘਰ ਘਰ ਮੰਗਲ ਕੋਇ ਨਾ ਗਾਇੰਦਾ । ਘਰ ਮੰਗਲ ਨਾ ਕੋਈ ਧੁਨਕਾਰਾ, ਘਰ ਸ਼ਬਦ ਨਾ ਕੋਈ ਜਣਾਈਆ । ਘਰ ਸੱਜਣ ਨਾ ਮੀਤ ਮੁਰਾਰਾ, ਘਰ ਮਿਲੇ ਨਾ ਸਾਚਾ ਮਾਹੀਆ । ਘਰ ਦੀਪ ਨਾ ਕੋਈ ਉਜਿਆਰਾ, ਘਰ ਅੰਧੇਰ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਘਰ ਮੰਦਰ ਸਚ ਮਕਾਨਾ, ਸਚ ਵਸਤ ਨਾ ਕੋਈ ਵਖਾਇੰਦਾ । ਘਰ ਮੰਦਰ ਮਿਲੇ ਮੇਲ ਨਾ ਸ੍ਰੀ ਭਗਵਾਨਾ, ਘਰ ਇਸ਼ਟ ਨਾ ਕੋਇ ਜਣਾਇੰਦਾ । ਘਰ ਮੰਦਰ ਨਾ ਕੋਈ ਬਿਬਾਨਾ, ਸਾਚੇ ਸ਼ਬਦ ਨਾ ਕੋਈ ਚੜ੍ਹਾਇੰਦਾ । ਘਰ ਮਿਲੇ ਨਾ ਸਾਚਾ ਰਾਣਾ, ਤਖ਼ਤ ਤਾਜ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ

ਅਪਾਰਾ, ਵਰਤੇ ਵਰਤਾਵੇ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਮੇਲਾ ਵਿਚ ਸੰਸਾਰਾ, ਗੁਰ ਪੀਰ ਬਣ ਅਵਤਾਰਾ, ਆਪਣਾ ਹੁਕਮ ਚਲਾਇੰਦਾ । ਹੁਕਮ ਨਿਰਾਲਾ ਜੋਤ ਅਕਾਲਾ, ਜੁਗ ਜੁਗ ਆਪ ਸੁਣਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਆਪੇ ਅਗਨ ਸ਼ਕਤੀ ਜੋਤ ਜਵਾਲਾ, ਨੂਰੋ ਨੂਰ ਡਗਮਗਾਇੰਦਾ । ਆਪੇ ਸੇਵਾ ਲਾਏ ਕਾਲ ਮਹਾਂਕਾਲਾ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਸ਼ਬਦ ਸਰੂਪੀ ਬਣ ਦਲਾਲਾ, ਗੁਰ ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਕਾਇਆ ਚੋਲੀ ਰੰਗੇ ਸਾਚੇ ਸੰਤ, ਰੰਗ ਮਜੀਠੀ ਇਕ ਚੜ੍ਹਾਇੰਦਾ । ਆਪ ਬਣਾਏ ਸਾਚੀ ਬਣਤ, ਸੇਵਕ ਸਾਚੀ ਸੇਵ ਕਮਾਇੰਦਾ । ਸਰਬ ਜੀਆਂ ਦਾ ਸਾਚਾ ਕੰਤ, ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਅੰਤ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖ ਵਖਾਵਣਾ, ਭੁੱਲ ਰਹੇ ਨਾ ਰਾਈਆ । ਸੰਗ ਮੁਹੰਮਦ ਚਾਰ ਯਾਰ ਲੇਖਾ ਆਪ ਮੁਕਾਵਣਾ, ਅੰਜੀਲ ਕੁਰਾਨ ਫੋਲ ਫੁਲਾਈਆ । ਏਕਾ ਕਲਮਾ ਆਪ ਪੜ੍ਹਾਵਣਾ, ਨਬੀ ਰਸੂਲ ਆਪ ਪੜ੍ਹਾਈਆ । ਬਣ ਬਣ ਸਾਕੀ ਜਾਮ ਪਿਆਵਣਾ, ਆਬੇਹਯਾਤ ਹੱਥ ਉਠਾਈਆ । ਦੋ ਦੋ ਆਬਾ ਮੇਲ ਮਿਲਾਵਣਾ, ਸ਼ਾਹ ਨਵਾਬ ਬੇਪਰਵਾਹੀਆ । ਮੱਕਾ ਕਾਅਬਾ ਫੇਰਾ ਪਾਵਣਾ, ਆਪ ਆਪਣਾ ਚਰਨ ਛੁਹਾਈਆ । ਮੁਖ ਨਕਾਬ ਪਰਦਾ ਲਾਹਵਣਾ, ਨੂਰੀ ਜਲਵਾ ਨੂਰ ਇਲਾਹੀਆ । ਪੀਰ ਦਸਤਗੀਰ ਸ਼ਾਹ ਹਕੀਰ ਆਪ ਅਖਵਾਵਣਾ, ਲੇਖਾ ਲਿਖੇ ਨਾ ਕਾਗਜ ਕਲਮ ਛਾਹੀਆ । ਪੰਡਤ ਪਾਂਧਾ ਆਪ ਉਠਾਵਣਾ, ਮਸਤਕ ਟਿੱਕਾ ਜੋਤ ਲਲਾਟ ਵੇਖ ਵਿਖਾਈਆ । ਅਠਸਠ ਤੀਰਥ ਫੇਰਾ ਪਾਵਨਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਮੇਲ ਮਿਲਾਈਆ । ਗੁਰ ਦਰ ਮੰਦਰ ਮਸਜਿਦ ਮੱਠ ਹਰਿ ਸਾਚੇ ਵੇਖ ਵਖਾਵਣਾ, ਵੇਖਣਹਾਰਾ ਦਿਸ ਨਾ ਆਈਆ । ਨੌ ਖੰਡ ਪ੍ਰਿਥਮੀ ਸ਼ਬਦ ਹੁਲਾਰਾ ਇਕ ਲਗਾਵਣਾ, ਸੱਤਾਂ ਦੀਪਾਂ ਦਏ ਹਿਲਾਈਆ । ਲੱਖ ਚੁਰਾਸੀ ਤੇਰਾ ਪਰਦਾ ਲਾਹਵਣਾ, ਆਪਣੇ ਹੱਥ ਰੱਖੇ ਵਡਿਆਈਆ । ਗੁਰਸਿਖ ਸਾਚੇ ਆਪ ਉਠਾਵਣਾ, ਆਪ ਆਪਣੇ ਗਲ ਲਗਾਈਆ । ਸੋਹੰ ਅੱਖਰ ਇਕ ਪੜ੍ਹਾਵਣਾ, ਆਦਿ ਜੁਗਾਦੀ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸਤਿਜੁਗ ਬੰਨੇ ਸਾਚੀ ਧਾਰ, ਸਤਿ ਸਤਿਵਾਦੀ ਨਾਉਂ ਰਖਾਈਆ । ਕਲਜੁਗ ਅੰਤਮ ਪਾਰ ਕਿਨਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਤਿਜੁਗ ਸਾਚੇ ਦਏ ਸਹਾਰਾ, ਸੋਇਆ ਪੂਤ ਆਪ ਉਠਾਇੰਦਾ । ਦੋਹਾਂ ਵਿਚੋਲਾ ਸਿਰਜਣਹਾਰਾ, ਦਿਸ ਕਿਸੇ ਨਾ ਆਇੰਦਾ । ਵਣਜ ਕਰਾਏ ਹਰਿ ਵਣਜਾਰਾ, ਸਾਚਾ ਹੱਟ ਆਪ ਖੁਲ੍ਹਾਇੰਦਾ । ਕਲਜੁਗ ਰੋਵੇ ਜ਼ਾਰੋ ਜ਼ਾਰਾ, ਦਿਵਸ ਰੈਣ ਕੁਰਲਾਇੰਦਾ । ਸਤਿਜੁਗ ਸਾਚੇ ਨੈਣ ਉਘਾੜਾ, ਏਕਾ ਰਾਹ ਤਕਾਇੰਦਾ । ਧਰਤ ਮਾਤ ਕਰੇ ਹਾਹਾਕਾਰਾ, ਹੌਲਾ ਭਾਰ ਨਾ ਕੋਈ ਕਰਾਇੰਦਾ । ਮਨਮਤ ਲਗਾ ਜਗਤ ਅਖਾੜਾ, ਸਾਚਾ ਤਾਲ ਨਾ ਕੋਈ ਵਜਾਇੰਦਾ । ਚਾਰ ਵਰਨਾਂ ਝੂਠੀ ਧਾੜਾ, ਕਾਮ ਕਰੋਧ ਲੋਭ ਮੋਹ ਹਲਕਾਇੰਦਾ । ਲੱਗੀ ਅੱਗ ਬਹੱਤਰ ਨਾੜਾ, ਤ੍ਰੈਗੁਣ ਤਤ ਆਪ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਆਪ ਉਠਾਇੰਦਾ । ਸਤਿਜੁਗ ਸਾਚੇ ਜਾਣਾ ਉਠ, ਹਰਿ ਪੁਰਖ ਨਿਰੰਜਣ ਆਪ ਜਗਾਈਆ । ਏਕੰਕਾਰਾ ਗਿਆ ਤੁਠ, ਦੇ ਮਤ ਰਿਹਾ ਸਮਝਾਈਆ । ਗੁਰਮੁਖ ਕਰੇ ਏਕਾ ਮੁੱਠ, ਏਕਾ ਗੰਢ ਬੰਧਾਈਆ । ਮਨਮੁੱਖ ਕੱਢੇ ਵਿਚੋਂ ਕੁੱਟ, ਰਾਏ ਧਰਮ ਦਰ ਬਹਾਈਆ ।

ਤੀਰ ਨਿਰਾਲਾ ਜਾਏ ਛੁੱਟ, ਪੁਰਖ ਅਕਾਲਾ ਆਪ ਚਲਾਈਆ । ਕਲਜੁਗ ਜੜ੍ਹ ਦੇਵੇ ਪੁੱਟ, ਲੋਕਮਾਤ ਰਹਿਣ ਨਾ ਪਾਈਆ । ਮਨਮੁਖ ਜੀਵਾਂ ਭਾਗ ਗਏ ਨਿਖੁਟ, ਮਿਲਿਆ ਮੇਲ ਨਾ ਹਰਿ ਰਘੁਰਾਈਆ । ਨਾਤਾ ਜੁੜਿਆ ਓਤ ਪੋਤ, ਨਾਰ ਕੰਤ ਖ਼ੁਸ਼ੀ ਮਨਾਈਆ । ਦਸਮ ਦੁਆਰੀ ਨਾ ਖੁਲ੍ਹਿਆ ਸੁਰੋਤ, ਆਤਮ ਤਾਕੀ ਨਾ ਕਿਸੇ ਖੁਲ੍ਹਾਈਆ । ਭਰਮੀ ਭਰਮ ਭੁਲਾਇਆ ਵਰਨ ਗੋਤ, ਨਿਰਗੁਣ ਜਾਤਾ ਨਾ ਸਾਚਾ ਮਾਹੀਆ । ਲੱਭਦੇ ਫਿਰਦੇ ਕੋਟੀ ਕੋਟ, ਜੰਗਲ ਜੂਹ ਉਜਾੜ ਫੇਰੀਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਖਲਾਈਆ । ਖੋਲ੍ਹਣਹਾਰ ਦੀਨਾਂ ਬੰਧਨ, ਦੀਨਾਂ ਨਾਥਾ ਬੰਦ ਕਟਾਇੰਦਾ । ਗੁਰਮੁਖਾਂ ਵਖਾਏ ਪਰਮਾਨੰਦਨ, ਨਿਜਾ ਨੰਦ ਆਪ ਸਮਾਇੰਦਾ । ਤਿਲਕ ਲਿਲਾਟ ਲਗਾਏ ਸਾਚੇ ਚੰਦਨ, ਚੰਦਨ ਨਾਮ ਆਪ ਉਪਜਾਇੰਦਾ । ਆਪੇ ਦੇਵੇ ਸਚ ਸੁਗੰਧਨ, ਨਿਰਮਲ ਵਾਸ਼ਨਾ ਵਿਚ ਮਹਿਕਾਇੰਦਾ । ਦੂਈ ਦਵੈਤੀ ਢਾਹਵੇ ਕੰਧਨ, ਭਾਂਡਾ ਭਰਮ ਭੌ ਭੰਨਾਇੰਦਾ । ਸਰਬ ਜੀਆਂ ਆਪੇ ਬਖ਼ਸ਼ੰਦਨ, ਪਾਰਬ੍ਰਹਮ ਇਕ ਅਖਵਾਇੰਦਾ । ਕਲਜੁਗ ਜੀਵ ਭਾਗਾਂ ਮੰਦਨ, ਵਡਭਾਗੀ ਹਰਿ ਸਾਚਾ ਆਪਣੇ ਭਾਣੇ ਨਾ ਕੋਈ ਰਖਾਇੰਦਾ । ਰਸਨਾ ਗਾਇਆ ਨਾ ਬੱਤੀ ਦੰਦਨ, ਸਾਚਾ ਛੰਦ ਨਾ ਕੋਈ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਚ ਵਖਾਇੰਦਾ । ਸਤਿਜੁਗ ਉਠ ਉਠ ਬਲਧਾਰ, ਹਰਿ ਸਾਚੇ ਸਚ ਜਣਾਈਆ । ਧਰਤ ਮਾਤ ਦੀ ਪੈਜ ਸਵਾਰ, ਤੇਰੇ ਹੱਥ ਰੱਖੇ ਵਡਿਆਈਆ । ਲੋਕਮਾਤ ਵੇਖ ਵਿਚਾਰ, ਚਾਰੋਂ ਕੁੰਟ ਨੈਣ ਉਠਾਈਆ । ਜੀਵ ਜੰਤ ਹੋਏ ਖੁਆਰ, ਧੀਆਂ ਭੈਣਾਂ ਰਹੇ ਤਕਾਈਆ । ਮਾਤਾ ਪੁੱਤਰ ਨਾ ਕਰੇ ਸਚ ਪਿਆਰ, ਨਾਰੀ ਕੰਤ ਨਾ ਕੋਈ ਹੰਢਾਈਆ । ਘਰ ਘਰ ਦਿਸੇ ਭ੍ਰਿਸ਼ਟਾਚਾਰ, ਏਕਾ ਇਸ਼ਟ ਗਏ ਭੁਲਾਈਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਕਰਨ ਪੁਕਾਰ, ਏਕਾ ਜਲਵਾ ਨੂਰ ਇਲਾਹੀਆ । ਬੇਐਬ ਖ਼ੁਦਾ ਪਰਵਰਦਿਗਾਰ, ਹੱਕ ਹਕੀਕਤ ਵੇਖ ਵਖਾਈਆ । ਲਾਸ਼ਰੀਕ ਹੋ ਤਿਆਰ, ਚੌਦਾਂ ਤਬਕਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਆਪ ਜਗਾਈਆ । ਸਤਿਜੁਗ ਸਾਚੇ ਜਾਣਾ ਜਾਗ, ਹਰਿ ਸਾਚਾ ਆਪ ਜਗਾਇੰਦਾ । ਕਲਜੁਗ ਅੰਤਮ ਲੱਗੀ ਆਗ, ਲੋਕਮਾਤ ਨਾ ਕੋਇ ਬੁਝਾਇੰਦਾ । ਮਾਣਸ ਜੀਵ ਬੁੱਧੀ ਹੋਈ ਕਾਗ, ਦਿਵਸ ਰੈਣ ਰੈਣ ਕੁਰਲਾਇੰਦਾ । ਮਿਲੇ ਮਜਨ ਧੂੜੀ ਨਾ ਸਾਚਾ ਮਾਘ, ਗੁਰ ਚਰਨ ਇਸ਼ਨਾਨ ਨਾ ਕੋਇ ਕਰਾਇੰਦਾ । ਹਉਮੇ ਹੰਗਤਾ ਲੱਗਾ ਦਾਗ਼, ਦੁਰਮਤ ਮੈਲ ਨਾ ਕੋਇ ਧਵਾਇੰਦਾ । ਘਰ ਘਰ ਜੋਤੀ ਬੁੱਝੀ ਚਿਰਾਗ, ਦੀਪ ਪਰਕਾਸ਼ ਨਾ ਕੋਇ ਕਰਾਇੰਦਾ । ਮਾਇਆ ਡੱਸੇ ਡਸਣੀ ਨਾਗ, ਗੁਰ ਦਰ ਮੰਦਰ ਵੇਖ ਵਖਾਇੰਦਾ । ਗੁਰਮੁਖ ਵਿਰਲੇ ਵਡ ਵਡਭਾਗ, ਜੋ ਜਨ ਹਰਿ ਹਰਿ ਦਰਸ਼ਨ ਪਾਇੰਦਾ । ਨਾਤਾ ਤੁੱਟੇ ਕਲਜੁਗ ਸਾਕ, ਸੱਜਣ ਸੈਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਖੰਡਾ ਇਕ ਚਮਕਾਇੰਦਾ । ਸ਼ਬਦ ਖੰਡਾ ਸੂਰਾ ਬਲਵਾਨ, ਹਰਿ ਆਪਣੇ ਹੱਥ ਉਠਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ । ਕਰੋੜ ਤਤੀਸਾ ਏਕਾ ਆਣ, ਏਕਾ ਹੁਕਮ ਸੁਣਾਇੰਦਾ । ਲੱਖ ਚੁਰਾਸੀ ਕਰ ਧਿਆਨ, ਹਰਿਜਨ ਸਾਚੇ ਮੇਲ ਮਿਲਾਇੰਦਾ । ਏਕਾ ਰਾਗ ਸੁਣਾਏ ਕਾਨ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਆਪ ਵਖਾਏ ਪਦ ਨਿਰਬਾਣ, ਚੌਥਾ ਪਦ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ

ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਮਾਰਗ ਲਾਵਣਾ, ਹਰਿ ਸਾਚੇ ਹੱਥ ਵਡਿਆਈਆ । ਏਕਾ ਅੱਖਰ ਸ੍ਰਿਸ਼ਟ ਸਬਾਈ ਆਪ ਸੁਣਾਵਣਾ, ਹਿੰਦੂ ਮੁਸਲਿਮ ਸਿਖ ਈਸਾਈ ਕਰੇ ਪੜ੍ਹਾਈਆ । ਏਕਾ ਇਸ਼ਟ ਪੁਰਖ ਅਕਾਲ ਜਣਾਵਣਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਏਕਾ ਰਾਜ ਰਾਜਾਨ ਸ਼ਾਹ ਸੁਲਤਾਨ ਹਰਿ ਅਖਵਾਵਣਾ, ਸੀਸ ਤਾਜ ਨਾ ਕੋਈ ਟਿਕਾਈਆ । ਏਕਾ ਦਰ ਦਰਬਾਨ ਸਚ ਮਕਾਨ ਹਰਿ ਆਪ ਬਹਾਵਣਾ, ਹਰਿ ਭਗਤ ਦਏ ਵਡਿਆਈਆ । ਏਕਾ ਤੀਰ ਇਕ ਕਮਾਨ ਏਕਾ ਚਿੱਲਾ ਆਪ ਚੜ੍ਹਾਵਣਾ, ਇਕ ਨਿਸ਼ਾਨਾ ਆਪ ਲਗਾਈਆ । ਏਕਾ ਖੰਡਾ ਖੜਗ ਕਟਾਰ ਆਪ ਚਮਕਾਵਣਾ, ਚੰਡ ਪ੍ਰਚੰਡ ਆਪ ਵਖਾਈਆ । ਏਕਾ ਬ੍ਰਹਿਮੰਡ ਖੰਡ ਹਰਿ ਆਸਣ ਲਾਵਣਾ, ਸਚ ਸਿੰਘਾਸਣ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਮਾਰੇ ਮਾਰ, ਨਿਰਗੁਣ ਖੇਲ ਕਰੇ ਕਰਤਾਰ, ਸਰਗੁਣ ਰੂਪ ਨਾ ਕੋਇ ਵਟਾਈਆ । ਸਰਗੁਣ ਅੰਦਰ ਨਿਰਗੁਣ ਵੜਿਆ, ਦਿਸ ਕਿਸੇ ਨਾ ਆਇੰਦਾ । ਸੰਬਲ ਨਗਰੀ ਆਪੇ ਚੜ੍ਹਿਆ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਆਪਣਾ ਅੱਖਰ ਆਪੇ ਪੜ੍ਹਿਆ, ਨਿਸ਼ਅੱਖਰ ਨਾਉਂ ਧਰਾਇੰਦਾ । ਆਪਣਾ ਖੰਡਾ ਏਕਾ ਫੜਿਆ, ਤਿਖੀ ਦੋਵੇਂ ਧਾਰ ਬਣਾਇੰਦਾ । ਦੋ ਜਹਾਨਾਂ ਸ਼ਾਹ ਸੁਲਤਾਨਾਂ ਅੱਗੇ ਦਿਸੇ ਨਾ ਕੋਇ ਅੜਿਆ, ਤਖ਼ਤ ਤਾਜ ਸਰਬ ਉਲਟਾਇੰਦਾ । ਲੱਖ ਚੁਰਾਸੀ ਘਾੜਨ ਘੜਿਆ, ਵੇਲੇ ਅੰਤਮ ਆਪੇ ਭੰਨ ਵਖਾਇੰਦਾ । ਗੁਰਮੁਖ ਵਿਰਲਾ ਪਾਰਬ੍ਰਹਮ ਅਬਿਨਾਸ਼ੀ ਕਰਤੇ ਕਲਜੁਗ ਅੰਤਮ ਆਪੇ ਫੜਿਆ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਡੇਰਾ ਲਾਇੰਦਾ । ਸਾਚਾ ਮੰਦਰ ਕਰ ਤਿਆਰ, ਹਰਿ ਮੰਦਰ ਆਪ ਸੁਹਾਈਆ । ਨਾ ਕੋਈ ਦਿਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਰਵ ਸਸ ਨਾ ਕੋਇ ਉਜਿਆਰ, ਤਾਰਾ ਮੰਡਲ ਨਾ ਕੋਇ ਰੁਸ਼ਨਾਈਆ । ਗੁਰ ਪੀਰ ਨਾ ਕੋਇ ਅਵਤਾਰ, ਸਾਧ ਸੰਤ ਨਾ ਕੋਇ ਜਣਾਈਆ । ਇਕ ਇਕੱਲਾ ਏਕੰਕਾਰ, ਘਰ ਸਾਚੇ ਬੈਠਾ ਆਸਣ ਲਾਈਆ । ਹੁਕਮੇ ਵਰਤੇ ਸਰਬ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਆਪੇ ਕਲਜੁਗ ਲੋਕਮਾਤ ਦਏ ਸਹਾਰ, ਮਾਣ ਤਾਣ ਆਪ ਰਖਾਈਆ । ਆਪੇ ਮੇਲ ਮਿਲਾਵਾ ਈਸਾ ਮੂਸਾ ਸੰਗ ਮੁਹੰਮਦੀ ਯਾਰ, ਚਾਰ ਯਾਰੀ ਵੇਖ ਵਖਾਈਆ । ਆਪੇ ਅੰਤਮ ਬੇੜਾ ਕਰ ਦਏ ਪਾਰ, ਥਿਰ ਕੋਇ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਸਮਾਈਆ । ਹਰਿ ਭਾਣਾ ਬਲਵਾਨ, ਭੇਵ ਕੋਇ ਨਾ ਪਾਇੰਦਾ । ਆਪੇ ਖੇਲੇ ਵਿਚ ਜਹਾਨ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਤੇਰੀ ਝੂਠ ਦੁਕਾਨ, ਵੇਲੇ ਅੰਤ ਲੁਟਾਇੰਦਾ । ਆਪ ਸੁਣਾਏ ਤੇਰੇ ਕਾਨ, ਨੇਤਰ ਨੈਣ ਆਪ ਖੁਲ੍ਹਾਇੰਦਾ । ਲੱਖ ਚੁਰਾਸੀ ਪੁਣ ਛਾਣ, ਹਰਿਜਨ ਸਾਚੇ ਲਾਲ ਆਪਣੇ ਆਪ ਉਠਾਇੰਦਾ । ਸਰਬ ਜੀਆਂ ਪ੍ਰਭ ਜਾਣੀ ਜਾਣ, ਭਰਮ ਭੁਲੇਖਾ ਕੋਇ ਨਾ ਪਾਇੰਦਾ । ਅਬਿਨਾਸ਼ੀ ਕਰਤਾ ਜੀਵ ਨਾ ਸਕੇ ਕੋਈ ਪਛਾਣ, ਮਨ ਮਤ ਬੁੱਧ ਚਤੁਰਾਈ ਨਾ ਕੋਇ ਜਣਾਇੰਦਾ । ਜਿਸ ਜਨ ਕਿਰਪਾ ਕਰੇ ਆਪ ਮਿਹਰਬਾਨ, ਤਿਸ ਜਨ ਸਾਚੀ ਸੋਝੀ ਪਾਇੰਦਾ । ਪਹਿਲਾਂ ਬਖ਼ਸ਼ੇ ਚਰਨ ਧਿਆਨ, ਦੂਜਾ ਸ਼ਬਦੀ ਸ਼ਬਦ ਮਿਲਾਇੰਦਾ । ਤੀਜੇ ਨੇਤਰ ਇਕ ਗਿਆਨ, ਚੌਥੇ ਪਦ ਮਿਲਾਇੰਦਾ । ਪੰਚਮ ਰਾਖੇ ਇਕ ਧਿਆਨ, ਏਕਾ ਵੇਸ ਵਟਾਇੰਦਾ । ਛੇਵੇਂ ਛੱਪਰ ਛੰਨ ਮਕਾਨ, ਹਰਿ ਸਾਚਾ ਆਪ ਸੁਹਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਖੇਲ ਮਹਾਨ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਅਠਵੇਂ ਅੱਠਾਂ ਤੱਤਾਂ ਹੋ ਪਰਧਾਨ, ਨੌਂ ਦੁਆਰੇ ਖੋਜ ਖੁਜਾਇੰਦਾ । ਦਸਮ

ਦੁਆਰੀ ਹਰਿ ਭਗਵਾਨ, ਦੀਪਕ ਜੋਤੀ ਨੂਰ ਜਗਾਇੰਦਾ । ਰਾਗ ਸ਼ਬਦ ਸੱਚੀ ਧੁਨਕਾਨ, ਧੁਨੀ ਨਾਦ ਆਪ ਵਜਾਇੰਦਾ । ਸੁਰਤ ਸਵਾਣੀ ਕਰ ਪਰਵਾਨ, ਆਪ ਆਪਣੇ ਅੰਗ ਲਗਾਇੰਦਾ । ਘਰ ਵਿਚ ਘਰ ਸਚ ਮਕਾਨ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰਾ ਹਰਿ ਭਗਵੰਤਾ, ਹਰਿਜਨ ਸਾਚੇ ਮੇਲ ਮਿਲੰਨਿਆ । ਲੇਖਾ ਜਾਣੇ ਸਾਚੇ ਸੰਤਾਂ, ਭੇਵ ਚੁਕਾਏ ਆਤਮ ਅੰਨਿਆਂ । ਗੁਰਮੁਖ ਰੰਗ ਰੰਗਾਤਾ, ਰੰਗ ਰੰਗੀਲਾ ਮੋਹਣ ਮਾਧਵ ਸ੍ਰੀ ਭਗਵੰਨਿਆਂ । ਸ੍ਰਿਸ਼ਟ ਸਬਾਈ ਰੱਖੀ ਚਿੰਤਾ, ਧੀਰਜ ਧੀਰ ਨਾ ਕੋਇ ਧਰੰਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਆਤਮ ਬ੍ਰਹਮ ਪਾਰਬ੍ਰਹਮ, ਸਾਚੀ ਜਨਨੀ ਜਨ ਜਣਿਆਂ ।

❊ ੨੧ ਫੱਗਣ ੨੦੧੯ ਬਿਕ੍ਰਮੀ ਪਰੀਤਮ ਸਿੰਘ ਦੇ ਘਰ ਕਰੋਲਬਾਗ਼ ਦਿੱਲੀ ❊

ਸੋ ਪੁਰਖ ਨਿਰੰਜਣ ਸੁਤੇ ਪਰਕਾਸ਼ਾ, ਏਕਾ ਏਕ ਭੇਵ ਨਾ ਰਾਇਆ । ਹਰਿ ਪੁਰਖ ਨਿਰੰਜਣ ਪੁਰਖ ਅਬਿਨਾਸ਼ਾ, ਆਦਿ ਜੁਗਾਦੀ ਇਕ ਸਮਾਇਆ । ਏਕੰਕਾਰਾ ਖੇਲ ਤਮਾਸ਼ਾ, ਨਿਰਗੁਣ ਨੂਰ ਨੂਰ ਰੁਸ਼ਨਾਇਆ । ਆਦਿ ਨਿਰੰਜਣ ਪਾਵੇ ਰਾਸਾ, ਮੰਡਲ ਰਾਸ ਆਪ ਰਚਾਇਆ । ਅਬਿਨਾਸ਼ੀ ਕਰਤਾ ਸਚਖੰਡ ਨਿਵਾਸਾ, ਥਿਰ ਘਰ ਸਾਚੇ ਡੇਰਾ ਲਾਇਆ । ਸ੍ਰੀ ਭਗਵਾਨ ਆਪਣੇ ਮੰਦਰ ਕਰੇ ਵਾਸਾ, ਦੂਸਰ ਧਾਮ ਨਾ ਕੋਇ ਬਣਾਇਆ । ਪਾਰਬ੍ਰਹਮ ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਮੰਡਪ ਵੇਖ ਵਖਾਇਆ । ਰਵ ਸਸ ਦਏ ਭਰਵਾਸਾ, ਜੋਤੀ ਜੋਤ ਜੋਤ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਅਗੰਮ ਅਪਾਰ, ਅਗੰਮ ਅਥਾਹ ਭੇਵ ਨਾ ਰਾਇਆ । ਅਗੰਮ ਅਥਾਹ ਹਰਿ ਬੇਅੰਤ, ਪਾਰਬ੍ਰਹਮ ਵੱਡੀ ਵਡਿਆਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਕਰਤਾ ਨਾਉਂ ਧਰਾਈਆ । ਹਰਿ ਹਰਿ ਮਹਿਮਾ ਗਣਤ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਲੇਖਾ ਜਾਣੇ ਗੁਰਮੁਖ ਵਿਰਲਾ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਸ਼ਬਦ ਰਸਨਾ ਜਿਹਵਾ ਮਣੀਆ ਮੰਤ, ਰਾਮ ਨਾਮ ਨਾਮ ਵਡਿਆਈਆ । ਨਰ ਨਰਾਇਣ ਨਾਰੀ ਕੰਤ, ਸਤਿ ਪੁਰਖ ਨਿਰੰਜਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਸਾਚੀ ਧਾਰ ਬ੍ਰਹਿਮੰਡ ਖੰਡ ਪਾਏ ਸਾਰ, ਆਪਣੀ ਵੰਡ ਆਪ ਵੰਡਾਈਆ । ਬ੍ਰਹਿਮੰਡ ਖੰਡ ਸ਼ਬਦ ਹੁਲਾਰਾ, ਏਕੰਕਾਰਾ ਆਪ ਲਗਾਇੰਦਾ । ਆਦਿ ਜੁਗਾਦੀ ਏਕੰਕਾਰਾ, ਏਕਾ ਘਰ ਸੁਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਖੇਲ ਅਪਾਰਾ, ਕਲਜੁਗ ਆਪਣਾ ਵੇਸ ਵਟਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਘਰ ਸਾਚੇ ਆਪ ਸੁਹਾਇੰਦਾ । ਸਚਖੰਡ ਖੋਲ੍ਹ ਕਿਵਾੜਾ, ਲੋਕਮਾਤੀ ਰਾਹ ਤਕਾਇੰਦਾ । ਨੌ ਖੰਡ ਪ੍ਰਿਥਮੀ ਇਕ ਅਖਾੜਾ, ਸੱਤਾਂ ਦੀਪਾਂ ਵੇਖ ਵਖਾਇੰਦਾ । ਚੌਦਾਂ ਤਬਕਾਂ ਮਾਰੇ ਮਾਰਾ, ਮਾਰਨਹਾਰਾ ਦਿਸ ਨਾ ਆਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਵੇ ਸਾਰਾ, ਕਰੋੜ ਤੇਤੀਸਾ ਆਪ ਉਠਾਇੰਦਾ । ਲੱਖ ਚੁਰਾਸੀ ਜੀਵ ਗਵਾਰਾ, ਮਨਮਤ ਸਰਬ ਕੁਰਲਾਇੰਦਾ । ਗੁਰਮੁਖ ਵਿਰਲਾ ਚਤੁਰ ਸੁਘੜ ਸਿਆਣਾ, ਜਿਸ ਜਨ ਹਰਿ ਹਰਿ ਆਪਣੀ ਬੂਝ ਬੁਝਾਇੰਦਾ । ਨਾ ਕੋਈ ਦਿਸੇ ਰਾਜਾ ਰਾਣਾ, ਸ਼ਾਹ ਸੁਲਤਾਨ ਨਾ ਕੋਇ ਅਖਵਾਇੰਦਾ ।

ਚਾਰ ਵਰਨਾਂ ਮੰਨਣਾ ਭਾਣਾ, ਵਰਨ ਬਰਨ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਸ਼ਾਹੋ ਭੂਪ ਸੁਲਤਾਨ ਦੋ ਜਹਾਨ ਵੇਖ ਵਖਾਇੰਦਾ । ਦੋ ਜਹਾਨਾਂ ਹਰਿ ਹਰਿ ਵਾਲੀ, ਦੂਸਰ ਹੋਰ ਨਾ ਕੋਇ ਜਣਾਇੰਦਾ । ਨਿਰਗੁਣ ਜੋਤ ਜੋਤ ਅਕਾਲੀ, ਆਦਿ ਸ਼ਕਤ ਰੂਪ ਵਟਾਇੰਦਾ । ਸ਼ਬਦੀ ਸ਼ਬਦ ਕਰੇ ਦਲਾਲੀ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਬਣਿਆ ਪਾਲੀ, ਦਿਵਸ ਰੈਣ ਸੇਵ ਕਮਾਇੰਦਾ । ਫਲ ਲੱਗਾ ਵੇਖੇ ਡਾਲੀ, ਕਲਜੁਗ ਅੰਤਮ ਫੇਰਾ ਪਾਇੰਦਾ । ਚਲੇ ਚਲਾਏ ਅਵੱਲੜੀ ਚਾਲੀ, ਵੇਦ ਕਤੇਬ ਭੇਵ ਨਾ ਆਇੰਦਾ । ਆਪਣੇ ਹੱਥਾਂ ਰੱਖੇ ਖ਼ਾਲੀ, ਜਨ ਭਗਤ ਭਗਤੀ ਭੰਡਾਰ ਝੋਲੀ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਸੱਜਣ ਮੀਤ, ਹਰਿ ਸਤਿਗੁਰ ਪੁਰਖ ਆਪ ਬਣਾਇੰਦਾ । ਏਕਾ ਦੇਵੇ ਨਾਮ ਅਤੀਤ, ਤ੍ਰੈਗੁਣ ਮਾਇਆ ਨੇੜ ਨਾ ਆਇੰਦਾ । ਕਾਇਆ ਕਰੇ ਠੰਡੀ ਸੀਤ, ਪਤਤ ਪਾਵਣ ਆਪ ਕਰਾਇੰਦਾ । ਇਕ ਸੁਣਾਏ ਸੁਹਾਗੀ ਗੀਤ, ਸੋ ਪੁਰਖ ਨਿਰੰਜਣ ਢੋਲਾ ਆਪ ਅਲਾਇੰਦਾ । ਦਿਵਸ ਰੈਣ ਵਸੇ ਚੀਤ, ਘਰ ਸਾਚੇ ਸੋਭਾ ਪਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਵੇਖ ਵਖਾਇੰਦਾ । ਵਸਣਹਾਰਾ ਧਾਮ ਅਨਡੀਠ, ਨਿਜ ਘਰ ਆਤਮ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਘਰ ਸਾਚਾ ਆਪ ਵਡਿਆਇੰਦਾ । ਹਰਿਜਨ ਸਾਚਾ ਏਕਾ ਰੰਗ, ਹਰਿ ਸੰਤਨ ਆਪ ਤਰਾਈਆ । ਆਪੇ ਭਗਤ ਦਵਾਰਾ ਰਿਹਾ ਮੰਗ, ਨਿਰਗੁਣ ਸਰਗੁਣ ਰੂਪ ਵਟਾਈਆ । ਦਾਤਾ ਦਾਨੀ ਸੂਰਾ ਸਰਬੰਗ, ਸੋ ਪੁਰਖ ਇਕ ਅਖਵਾਈਆ । ਜਗਤ ਦੁਆਰੇ ਆਪੇ ਲੰਘ, ਹਰਿਜਨ ਮੇਲੇ ਸਹਿਜ ਸੁਭਾਈਆ । ਆਤਮ ਸੇਜਾ ਵੇਖ ਪਲੰਘ, ਸਚ ਸੁਹੰਜਣੀ ਸੇਜ ਹੰਢਾਈਆ । ਦੂਈ ਦਵੈਤੀ ਢਾਏ ਕੰਧ, ਹਉਮੇ ਹੰਗਤਾ ਮਾਇਆ ਮਮਤਾ ਗੜ੍ਹ ਰਹਿਣ ਨਾ ਪਾਈਆ । ਆਪ ਮੁਕਾਏ ਅਗਲਾ ਪਿਛਲਾ ਪੰਧ, ਸਾਚੇ ਮਾਰਗ ਆਪ ਚੜ੍ਹਾਈਆ । ਲੇਖਾ ਜਾਣੇ ਰਸਨਾ ਜਿਹਵਾ ਬੱਤੀ ਦੰਦ, ਪਵਣ ਸਵਾਸੀ ਵੇਖ ਵਖਾਈਆ । ਆਤਮ ਅੰਤਰ ਨਿਜਾਨੰਦ, ਨਿਜ ਆਤਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਕਾਇਆ ਘਰ, ਘਰ ਘਰ ਵਿਚ ਆਪ ਵਖਾਈਆ । ਕਾਇਆ ਮੰਦਰ ਸਾਚਾ ਘਰ, ਹਰਿ ਪੁਰਖ ਨਿਰੰਜਣ ਆਸਣ ਲਾਇੰਦਾ । ਨਿਰਗੁਣ ਅੰਦਰ ਬੈਠਾ ਵੜ, ਜੋਤ ਸਰੂਪੀ ਦਿਸ ਨਾ ਆਇੰਦਾ । ਗੁਰਮੁਖ ਵਿਰਲੇ ਲਏ ਫੜ, ਜਿਸ ਜਨ ਆਪਣੀ ਦਇਆ ਕਮਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਇ ਰਖਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਜਨ ਭਗਤਾਂ ਆਪ ਪੜ੍ਹਾਇੰਦਾ । ਆਪ ਫੜਾਏ ਆਪਣਾ ਲੜ, ਅੱਧ ਵਿਚਕਾਰ ਨਾ ਕੋਇ ਤੁੜਾਇੰਦਾ । ਸਾਚੇ ਪੌੜੇ ਜਾਏ ਚੜ੍ਹ, ਉਚ ਮਹੱਲ ਅਟਾਰੀ ਆਪ ਸੁਹਾਇੰਦਾ । ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਨਿਰਾਕਾਰ, ਸਤਿ ਸਰੂਪੀ ਖੇਲ ਅਪਾਰ, ਬੇਐਬ ਪਰਵਰਦਿਗਾਰ ਆਪ ਅਖਵਾਇੰਦਾ । ਬੇਐਬ ਪਰਵਰਦਿਗਾਰ ਹਰਿ ਹਰਿ ਰਾਮਾ, ਏਕਾ ਏਕੰਕਾਰਿਆ । ਸ਼ਬਦ ਨਾਦਿ ਅਨਾਦੀ ਵਜਾਏ ਦਮਾਮਾ, ਲੋਆਂ ਪੁਰੀਆਂ ਆਪ ਸੁਣਾ ਰਿਹਾ । ਜੁਗਾ ਜੁਗੰਤਰ ਕਰੇ ਕਰਾਏ ਆਪਣਾ ਕਾਮਾ, ਕਰਨੀ ਕਰਤਾ ਕਰਮ ਕਮਾ ਰਿਹਾ । ਨਿਰਗੁਣ ਸਰਗੁਣ ਪਹਿਰਿਆ ਜਾਮਾ, ਰੂਪ ਅਨੂਪ ਆਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਏਕਾ ਦਰ, ਦਰ ਦਰਵਾਜ਼ਾ

ਇਕ ਖੁਲ੍ਹਾ ਰਿਹਾ । ਦਰ ਦਰਵਾਜ਼ਾ ਸਾਚਾ ਬੰਕ, ਹਰਿ ਸਤਿਗੁਰ ਆਪ ਖੁਲ੍ਹਾਈਆ । ਲੇਖਾ ਜਾਣੇ ਰਾਓ ਰੰਕ, ਘਟ ਘਟ ਖੇਲ ਬੇਪਰਵਾਹੀਆ । ਹਰਿਜਨ ਲਾਏ ਏਕਾ ਤਨਕ, ਸ਼ਬਦ ਸ਼ਬਦੀ ਬੰਧਨ ਪਾਈਆ । ਲੇਖਾ ਜਾਣੇ ਜਿਉਂ ਜਨ ਜਨਕ, ਜਨ ਜਨਨੀ ਵੇਖ ਵਖਾਈਆ । ਸ਼ਾਹੋ ਸ਼ਾਬਾਸ਼ੀ ਵਾਸੀ ਪੁਰੀ ਘਨਕ, ਵਾਰ ਅਨਕ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਧਾਰ, ਵੇਖਣਹਾਰਾ ਆਪ ਨਿਰੰਕਾਰ, ਹਰਿ ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਧੁਰ ਦਰਗਹਿ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਤਿਗੁਰ ਪੂਰਾ ਬਣ ਮਲਾਹ, ਲੋਕਮਾਤ ਫੇਰਾ ਪਾਇੰਦਾ । ਆਪਣਾ ਲੇਖਾ ਆਪੇ ਦਏ ਜਣਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਬ੍ਰਹਮਾ ਚਾਰੇ ਵੇਦ ਰਿਹਾ ਸੁਣਾ, ਚਾਰੇ ਮੁਖ ਸਲਾਹਿੰਦਾ । ਵੇਦ ਵਿਆਸਾ ਪੁਰਾਨ ਅਠਾਰਾਂ ਗਿਆ ਗਾ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਆਪ ਗਣਾਇੰਦਾ । ਗੀਤਾ ਗਿਆਨ ਅਰਜਨ ਦ੍ਰਿੜਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਨਾਮ ਬੰਸਰੀ ਇਕ ਵਜਾਇੰਦਾ । ਈਸਾ ਮੂਸਾ ਸਿਫ਼ਤ ਸਾਲਾਹ, ਸੰਗ ਮੁਹੰਮਦ ਚਾਰ ਯਾਰ ਮੇਲ ਮਿਲਾਇੰਦਾ । ਅੰਜੀਲ ਕੁਰਾਨਾਂ ਪਕੜੇ ਬਾਂਹ, ਕਲਮਾ ਨਬੀ ਆਪ ਸੁਣਾਇੰਦਾ । ਕਾਇਨਾਤ ਫੇਰਾ ਪਾ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਨਿਰਗੁਣ ਜੋਤ ਜਗਾ, ਨਰ ਨਰਾਇਣ ਰੂਪ ਵਟਾਇੰਦਾ । ਨਾਮ ਸਤਿ ਮੰਤਰ ਦ੍ਰਿੜਾ, ਚਾਰ ਵਰਨ ਆਪ ਸਮਝਾਇੰਦਾ । ਦਹਿ ਦਿਸ਼ਾ ਫੇਰਾ ਪਾ, ਚਾਰ ਕੁੰਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰ ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਦਿਸ ਨਾ ਆਇੰਦਾ । ਅਲੱਖ ਅਗੋਚਰ ਪੁਰਖ ਅਗੰਮ, ਨੇਤਰ ਨੈਣ ਦਿਸ ਨਾ ਆਇੰਦਾ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਖਿਲਾਇੰਦਾ । ਜੁਗ ਜੁਗ ਲੱਖ ਚੁਰਾਸੀ ਦੇਵਣਹਾਰਾ ਡੰਨ, ਆਪੇ ਘੜੇ ਆਪੇ ਭੰਨ ਵਖਾਇੰਦਾ । ਗੁਰਮੁਖ ਵਿਰਲੇ ਸ਼ਬਦ ਡੋਰੀ ਲਏ ਬੰਨ੍ਹ, ਆਪ ਆਪਣੇ ਅੰਗ ਲਗਾਇੰਦਾ । ਏਕਾ ਰਾਗ ਸੁਣਾਏ ਕੰਨ, ਧੁਨ ਆਤਮਕ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਧਾਰ, ਵਰਤੇ ਵਰਤਾਵੇ ਵਿਚ ਸੰਸਾਰ, ਲੇਖਾ ਲੇਖ ਨਾ ਕੋਇ ਮਿਟਾਇੰਦਾ । ਲੇਖਾ ਲਿਖਣਹਾਰ ਗੋਪਾਲ, ਸ਼ਾਹ ਸੁਲਤਾਨ ਵਡ ਵਡਿਆਈਆ । ਖੇਲੇ ਖੇਲ ਦੀਨ ਦਿਆਲ, ਦੀਨਾਂ ਨਾਥ ਬੇਪਰਵਾਹੀਆ । ਵੇਖ ਵਖਾਏ ਕਾਲ ਮਹਾਂਕਾਲ, ਦੋ ਜਹਾਨ ਵੇਸ ਵਟਾਈਆ । ਬ੍ਰਹਿਮੰਡ ਖੰਡ ਅਵੱਲੜੀ ਚਾਲ, ਗਗਨ ਮੰਡਲ ਫੇਰਾ ਪਾਈਆ । ਰਵ ਸਸ ਵਜਾਏ ਤਾਲ, ਆਪ ਆਪਣਾ ਖੇਲ ਖਿਲਾਈਆ । ਲੱਖ ਚੁਰਾਸੀ ਵੇਖੇ ਸ਼ਾਹ ਕੰਗਾਲ, ਰਾਓ ਰੰਕ ਫੋਲ ਫੁਲਾਈਆ । ਹਰਿ ਸੰਤ ਹਰਿ ਭਗਤ ਹਰਿ ਹਰਿ ਆਪੇ ਲਏ ਭਾਲ, ਆਪ ਆਪਣੀ ਬੂਝ ਬੁਝਾਈਆ । ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ਾਨਾ ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਸ਼ਬਦ ਕੁਠਾਲੀ ਸਾਚੀ ਗਾਲ, ਸੋਇਨਾ ਕੰਚਨ ਰੂਪ ਵਟਾਈਆ । ਆਪ ਬਣਾਏ ਸਾਚੇ ਲਾਲ, ਲਾਲ ਅਨਮੁਲੜਾ ਕਰਤਾ ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਖੇਲੇ ਖੇਲ ਵਿਚ ਸੰਸਾਰ, ਖੇਲਣਹਾਰਾ ਦਿਸ ਨਾ ਆਈਆ । ਕਲਜੁਗ ਅੰਤਮ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਹਰਿ ਪੁਰਖ ਨਿਰੰਜਣ ਡਗਮਗਾਇੰਦਾ । ਏਕੰਕਾਰਾ ਬੋਲ ਜੈਕਾਰਾ, ਨਾਮ ਨਾਮਾ ਇਕ ਸੁਣਾਇੰਦਾ । ਆਦਿ ਨਿਰੰਜਣ ਪਾਵੇ ਸਾਰਾ, ਘਰ ਘਰ ਦੀਪਕ ਆਪ ਵਖਾਇੰਦਾ । ਸ੍ਰੀ ਭਗਵਾਨ ਬੋਲ ਜੈਕਾਰਾ, ਸਾਚਾ ਨਾਅਰਾ ਏਕਾ ਲਾਇੰਦਾ । ਅਬਿਨਾਸ਼ੀ ਕਰਤਾ ਵੇਖੇ

ਜਗਤ ਅਖਾੜਾ, ਨੌ ਖੰਡ ਪ੍ਰਿਥਮੀ ਆਪ ਲਗਾਇੰਦਾ । ਪਾਰਬ੍ਰਹਮ ਬਣੇ ਸਾਚਾ ਲਾੜਾ, ਬ੍ਰਹਮ ਸਾਚੀ ਸਵਾਣੀ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਰੂਪ, ਚਾਰੋਂ ਕੁੰਟ ਜੂਠ ਝੂਠ, ਸਚ ਸੁੱਚ ਨਾ ਕੋਇ ਵਖਾਇੰਦਾ । ਕਲਜੁਗ ਤੇਰਾ ਝੂਠਾ ਨਾਤਾ, ਜੀਵ ਜੰਤ ਬੰਧਨ ਪਾਇਆ । ਮਿਲੇ ਮੇਲ ਨਾ ਪੁਰਖ ਬਿਧਾਤਾ, ਹਰਿ ਹਰਿ ਰਸਨਾ ਨਾ ਕੋਇ ਗਾਇਆ । ਦਿਵਸ ਰੈਣ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਜੋਤ ਨਾ ਜਗੇ ਮਸਤਕ ਲਲਾਟਾ, ਜਗਤ ਘਾਟਾ ਨਾ ਕੋਇ ਪੂਰ ਕਰਾਇਆ । ਨਾਤਾ ਨਾ ਛੁੱਟੇ ਆਣ ਬਾਟਾ, ਆਵਣ ਜਾਵਣ ਨਾ ਪੰਧ ਮੁਕਾਇਆ । ਆਤਮ ਮਿਲੇ ਨਾ ਸਾਚੀ ਖਾਟਾ, ਘਰ ਸਾਚੇ ਨਾ ਕੋਇ ਵਡਿਆਇਆ । ਅੰਮ੍ਰਿਤ ਮਿਲੇ ਨਾ ਸਰ ਸਰੋਵਰ ਸਾਚੇ ਬਾਟਾ, ਭਰ ਪਿਆਲਾ ਸਾਚਾ ਸਾਕੀ ਜਾਮ ਨਾ ਕੋਇ ਪਿਆਇਆ । ਮਨਮੁਖ ਵਿਕਿਆ ਹਾਟੋ ਹਾਟਾ, ਅੰਤ ਕੌਡੀ ਕੌਡੀ ਆਪ ਵਿਕਾਇਆ । ਗੁਰਮੁਖ ਵਿਰਲੇ ਸਗਲ ਵਸੂਰਾ ਲਾਥਾ, ਜਿਸ ਸਤਿਗੁਰ ਪੂਰੇ ਦਰਸ਼ਨ ਪਾਇਆ । ਮੇਲ ਮਿਲਾਵਾ ਤਰਲੋਕੀ ਨਾਥਾ, ਤ੍ਰੈ ਤ੍ਰੈ ਲੇਖਾ ਆਪ ਚੁਕਾਇਆ । ਸਤਿਜੁਗ ਸੁਣਾਏ ਸਾਚੀ ਗਾਥਾ, ਕਲਜੁਗ ਅੰਤਮ ਫੇਰਾ ਪਾਇਆ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇਆ । ਏਕਾ ਸਰ ਸਰੋਵਰ ਤੀਰਥ ਅਠਸਠ ਮਾਰੇ ਠਾਠਾ, ਗੰਗਾ ਗੋਦਾਵਰੀ ਸੁਰਸਤੀ ਚਰਨਾ ਹੇਠ ਦਬਾਇਆ । ਏਕਾ ਆਦਿ ਸ਼ਕਤ ਜੋਤ ਲਲਾਟਾ, ਸਿੰਘ ਰੂਪ ਸ਼ੇਰ ਵਟਾਇਆ । ਏਕਾ ਖੇਲੇ ਖੇਲ ਬਾਜ਼ੀਗਰ ਨਾਟਾ, ਹਰਿ ਸਵਾਂਗੀ ਸਵਾਂਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਅੰਧ ਅੰਧਿਆਰਾ, ਸਾਚਾ ਰਾਹ ਨਾ ਕੋਇ ਚਲਾਇਆ । ਸਾਚਾ ਰਾਹ ਭੁਲਾ ਪੰਧ, ਜਗਤ ਪਾਂਧੀ ਰਹੇ ਕੁਰਲਾਈਆ । ਮਦਿਰਾ ਮਾਸ ਰਸਨਾ ਗੰਦ, ਬੱਤੀ ਦੰਦ ਦੇਣ ਦੁਹਾਈਆ । ਘਰ ਮੰਦਰ ਨਾ ਚੜ੍ਹਿਆ ਸਾਚਾ ਚੰਦ, ਕਾਇਆ ਗੜ੍ਹ ਨਾ ਕੋਇ ਸੁਹਾਈਆ । ਨਿਝ ਘਰ ਨਾ ਮਿਲਿਆ ਨਿਜ਼ਾ ਨੰਦ, ਪਰਮਾਨੰਦ ਨਾ ਕੋਈ ਵਖਾਈਆ । ਚੌਥੇ ਪਦ ਨਾ ਸੁਣਿਆ ਸੁਹਾਗੀ ਛੰਦ, ਤੀਜਾ ਨੈਣ ਨਾ ਕੋਈ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਕਲਜੁਗ ਤੇਰਾ ਲਹਿਣਾ ਆਪ ਚੁਕਾਵਣਾ, ਪੁਰਖ ਅਬਿਨਾਸ਼ੀ ਆਪ ਚੁਕਾਈਆ । ਜੂਠਾ ਝੂਠਾ ਬਸਤਰ ਗਹਿਣਾ ਤੇਰੇ ਤਨ ਪਹਿਨਾਵਣਾ, ਤੇਰਾ ਸ਼ਿੰਗਾਰ ਵੇਖ ਵਖਾਇੰਦਾ । ਮਾਇਆ ਮਮਤਾ ਲਾਏ ਅੰਗ ਨੇਤਰ ਨੈਣਾਂ ਕੱਜਲ ਪਾਵਣਾ, ਰੂਪ ਅਨੂਪ ਤੇਰਾ ਮਟਕਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਭੈਣਾ ਭਈਆ ਤੇਰਾ ਸਾਕ ਸੈਣ ਬਣਾਵਣਾ, ਤੇਰੇ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵੇਸ, ਵੇਖਣਹਾਰਾ ਵਾਰੋ ਵਾਰ ਦਰ ਦਰਵੇਸ਼ ਫੇਰਾ ਪਾਇੰਦਾ । ਕਲਜੁਗ ਕੂੜਾ ਕਰ ਸ਼ਿੰਗਾਰ, ਹਰਿ ਸਾਚੀ ਘੋੜੀ ਦਏ ਚੜ੍ਹਾਈਆ । ਕੂੜੀ ਕਿਰਿਆ ਨਾਲ ਪਿਆਰ, ਜੂਠ ਝੂਠ ਕਰੀ ਕੁੜਮਾਈਆ । ਚਾਰੇ ਕੁੰਟ ਕਰ ਖੁਆਰ, ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਨਾਲ ਪ੍ਰਨਾਈਆ । ਧੁਰਦਰਗਾਹੀ ਧੱਕਾ ਦੇਵੇ ਮਾਰ, ਆਪੇ ਸੁੱਟੇ ਮੂੰਹ ਦੇ ਭਾਰ, ਮੰਝਧਾਰ ਆਪ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਸ ਅਵੱਲਾ ਇਕ ਰਖਾਇਆ । ਪਾਰਬ੍ਰਹਮ ਖੇਲ ਨਿਆਰ, ਕਰਤਾ ਪੁਰਖ ਆਪ ਕਰਾਈਆ । ਸ੍ਰੀ ਭਗਵਾਨ ਭਗਤਨ ਸੰਗ, ਹਰਿ ਭਗਵਨ ਰੂਪ ਵਟਾਈਆ । ਭਗਤ ਭਗਤੀ ਚਾੜ੍ਹੇ ਰੰਗ, ਸਾਚੀ ਰੰਗਨ ਨਾਮ ਰੰਗਾਈਆ । ਏਕਾ ਨਾਮ ਵਜਾਏ ਮਰਦੰਗ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਸੋ ਪੁਰਖ


੩੦੨

ਨਿਰੰਜਣ ਸ਼ਾਹ ਸੁਲਤਾਨ ਕਸੇ ਤੰਗ, ਸੋਲਾਂ ਕਲੀਆਂ ਆਸਣ ਲਾਈਆ । ਪਾਵੇ ਸਾਰ ਕੋਟ ਬ੍ਰਹਿਮੰਡ, ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਈਆ । ਆਪੇ ਕਰੇ ਖੰਡ ਖੰਡ, ਸਾਚਾ ਖੰਡਾ ਹੱਥ ਚਮਕਾਈਆ । ਜੀਵ ਜੰਤ ਨਾਰ ਦੁਹਾਗਣ ਰੰਡ, ਕੂੜ ਕੁੜਿਆਰਾ ਵੇਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੰਦਰ ਦੇਵੇ ਢਾਹ, ਚਾਰ ਦਿਵਾਰ ਨਾ ਕੋਈ ਬਣਾਈਆ । ਕਲਜੁਗ ਮੰਦਰ ਜਾਵੇ ਢੱਠ, ਚਾਰ ਦੀਵਾਰ ਰਹਿਣ ਨਾ ਪਾਇੰਦਾ । ਨੌ ਖੰਡ ਪ੍ਰਿਥਮੀ ਗੇੜੇ ਉਲਟੀ ਲੱਠ, ਆਪਣਾ ਗੇੜਾ ਆਪ ਦਵਾਇੰਦਾ । ਮਾਇਆ ਮਮਤਾ ਹੋਈ ਭੱਠ, ਆਸਾ ਤ੍ਰਿਸ਼ਨਾ ਨਾਲ ਰਲਾਇੰਦਾ । ਲੇਖਾ ਚੁੱਕੇ ਅਠਸਠ, ਅੱਠ ਅਠੋਤਰੀ ਮਾਲਾ ਵੇਖ ਵਖਾਇੰਦਾ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖੇ ਨੱਠ ਨੱਠ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਹਰਿਜਨ ਕਰਾਏ ਏਕਾ ਧਾਮ ਇਕੱਠ, ਚਰਨ ਦੁਆਰਾ ਇਕ ਵਖਾਇੰਦਾ । ਏਕਾ ਦੇਵੇ ਬ੍ਰਹਮ ਮਤ, ਪਾਰਬ੍ਰਹਮ ਆਪ ਸਮਝਾਇੰਦਾ । ਸਤਿ ਸੰਤੋਖ ਧੀਰਜ ਜਤ, ਮਨਮਤ ਨਾ ਕੋਈ ਕੁਰਲਾਇੰਦਾ । ਆਪੇ ਜਾਣੇ ਮਿਤ ਗਤ, ਲੇਖਾ ਆਪਣੇ ਹੱਥ ਰਖਾਇੰਦਾ । ਪੁਰਖ ਅਬਿਨਾਸ਼ੀ ਕਮਲਾਪਤ, ਪੀਤ ਪਤੰਬਰ ਸੀਸ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਪੀਤ ਪਤੰਬਰ ਸੋਹੇ ਸੀਸ, ਸ੍ਰੀ ਭਗਵਾਨ ਵੱਡੀ ਵਡਿਆਈਆ । ਲੇਖਾ ਜਾਣੇ ਸ਼ਾਹ ਜਗਦੀਸ਼, ਸ਼ਾਹ ਸੁਲਤਾਨਾ ਬੇਪਰਵਾਹੀਆ । ਨੂਰੋ ਨੂਰ ਨੂਰ ਬੀਸ ਇਕੀਸ, ਇਕ ਇਕੱਲਾ ਖੇਲ ਖਿਲਾਈਆ । ਲੇਖਾ ਜਾਣੇ ਰਾਗ ਛਤੀਸ, ਤੀਸ ਬਤੀਸ ਭੇਵ ਖੁਲ੍ਹਾਈਆ । ਆਪ ਜਣਾਏ ਇਕ ਹਦੀਸ, ਚਾਰ ਵਰਨਾਂ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਖ਼ਾਕ ਤੇਰੇ ਸੀਸ ਪਾਇੰਦਾ ।



੦੯

✻ ੨੨ ਫੱਗਣ ੨੦੧੯ ਬਿਕ੍ਰਮੀ ਠਾਕਰ ਸਿੰਘ ਦੇ ਘਰ ਪਿੰਡ ਨਾਨਕਸਰ ਜ਼ਿਲਾ ਕਰਨਾਲ ✻

ਗ੍ਰਹਿ ਮੰਦਰ ਹਰਿ ਸੁਹਾਇਆ, ਪਾਰਬ੍ਰਹਮ ਪੁਰਖ ਕਰਤਾਰ । ਅਬਿਨਾਸ਼ੀ ਕਰਤੇ ਖੇਲ ਰਚਾਇਆ, ਆਦਿ ਜੁਗਾਦੀ ਏਕੰਕਾਰ । ਜੋਤ ਸਰੂਪੀ ਵੇਸ ਵਟਾਇਆ, ਨਿਰਗੁਣ ਜੋਤ ਨੂਰ ਉਜਿਆਰ । ਘਟ ਘਟ ਦੀਪਕ ਆਪ ਜਗਾਇਆ, ਪੁਰਖ ਅਗੰਮ ਅਗੰਮੜੀ ਕਾਰ । ਸੋ ਪੁਰਖ ਨਿਰੰਜਣ ਵੇਸ ਵਟਾਇਆ, ਹਰਿ ਪੁਰਖ ਨਿਰੰਜਣ ਮੀਤ ਮੁਰਾਰ । ਏਕੰਕਾਰਾ ਰੰਗ ਰੰਗਾਇਆ, ਆਦਿ ਨਿਰੰਜਣ ਦਏ ਸਹਾਰ । ਅਬਿਨਾਸ਼ੀ ਕਰਤਾ ਵੇਖ ਵਖਾਇਆ, ਸ੍ਰੀ ਭਗਵਾਨ ਰੂਪ ਅਪਾਰ । ਪਾਰਬ੍ਰਹਮ ਪ੍ਰਭ ਭੇਵ ਨਾ ਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਇਕ ਸੁਹਾਇਆ । ਗ੍ਰਹਿ ਮੰਦਰ ਹਰਿ ਸੱਜਣਾ, ਥਿਰ ਘਰ ਸਾਚੇ ਵਡ ਵਡਿਆਈਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣਾ, ਨਿਰਗੁਣ ਦਾਤਾ ਬੇਪਰਵਾਹੀਆ । ਇਕ ਇਕੇਲਾ ਦਰਦ ਦੁੱਖ ਭੈ ਭੰਜਣਾ, ਦੋ ਜਹਾਨਾਂ ਖੇਲ ਖਿਲਾਈਆ । ਭਗਤਨ ਬਣਿਆ ਸਾਚਾ ਸੱਜਣਾ, ਨਿਰਗੁਣ ਸਰਗੁਣ ਰੂਪ ਵਟਾਈਆ । ਨੇਤਰ ਨਾਮ ਪਾਏ ਏਕਾ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਰਹਿਣ ਨਾ ਪਾਈਆ । ਲੱਖ ਚੁਰਾਸੀ ਭਾਂਡਾ ਭੱਜਣਾ, ਜੋ ਘੜਿਆ ਸੋ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਵਡ ਵਡਿਆਈਆ । ਗ੍ਰਹਿ ਮੰਦਰ ਖੇਲ ਖਲੰਦੜਾ, ਏਕਾ ਏਕ ਏਕੰਕਾਰ । ਪੁਰਖ ਅਬਿਨਾਸ਼ੀ ਜੋਤ

ਜਗੰਦੜਾ, ਦੀਵਾ ਬਾਤੀ ਕਰ ਉਜਿਆਰ । ਸ਼ਬਦ ਅਨਾਦੀ ਤਾਲ ਵਜੰਦੜਾ, ਅਨਹਦ ਧੁਨ ਸੱਚੀ ਧੁਨਕਾਰ । ਸਚਖੰਡ ਦੁਆਰਾ ਵੇਖ ਵਖੰਦੜਾ, ਆਪ ਆਪਣੀ ਕਿਰਪਾ ਧਾਰ । ਸਚ ਸਿੰਘਾਸਣ ਸੇਜ ਵਛੰਦੜਾ, ਸ਼ਾਹੋ ਭੂਪ ਸੱਚੀ ਸਰਕਾਰ । ਤਖ਼ਤ ਤਾਜ ਇਕ ਰਚੰਦੜਾ, ਰੂਪ ਰੰਗ ਨਾ ਕੋਈ ਵਿਚਾਰ । ਆਸਣ ਸਿੰਘਾਸਣ ਆਪ ਰਖੰਦੜਾ, ਛੱਪਰ ਛੰਨ ਨਾ ਕੋਈ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵੇਖੇ ਸਿਰਜਣਹਾਰ । ਘਰ ਮੰਦਰ ਸਚ ਮਹੱਲਾ, ਹਰਿ ਸਤਿਗੁਰ ਆਪ ਸੁਹਾਇੰਦਾ । ਵਸਣਹਾਰਾ ਇਕ ਇਕੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਲੇਖਾ ਜਾਣੇ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਸ ਵਟਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਲੱਖ ਚੁਰਾਸੀ ਡੇਰਾ ਲਾਇੰਦਾ । ਸ਼ਬਦੀ ਸ਼ਬਦ ਸੁਨੇਹੜਾ ਘੱਲਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਕਰੇ ਪਵਿਤ, ਖੇਲੇ ਖੇਲ ਨਿਤ ਨਵਿਤ, ਆਪ ਆਪਣੀ ਖੇਲ ਖਿਲਾਇੰਦਾ । ਖੇਲ ਖਲੰਦੜਾ ਪੁਰਖ ਸੁਲਤਾਨ, ਘਰ ਮੰਦਰ ਵੱਜੇ ਵਧਾਈਆ । ਜਗੇ ਜੋਤ ਸ੍ਰੀ ਭਗਵਾਨ, ਬਿਸਮਿਲ ਰੂਪ ਆਪ ਵਟਾਈਆ । ਵੇਖ ਵਖਾਏ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਈਆ । ਸ਼ਬਦ ਸਰੂਪੀ ਸਤਿ ਗਿਆਨ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਏਕਾ ਰਾਗ ਇਕ ਧੁਨਕਾਨ, ਧੁਨ ਆਤਮਕ ਆਪ ਜਣਾਈਆ । ਬ੍ਰਹਮੇ ਦੇਵੇ ਧੁਰ ਫ਼ਰਮਾਣ, ਚਾਰੇ ਵੇਦਾਂ ਕਰੇ ਪੜ੍ਹਾਈਆ । ਵਿਸ਼ਨੂੰ ਬਖ਼ਸ਼ੇ ਚਰਨ ਧਿਆਨ, ਸਚ ਸੁਹੰਜਣੀ ਸੇਜ ਸੁਹਾਈਆ । ਸਤਿਗੁਰ ਪਾਏ ਆਪਣੀ ਆਣ, ਨਾਥ ਅਨਾਥਾਂ ਵਡ ਵਡਿਆਈਆ । ਲੇਖਾ ਜਾਣੇ ਜ਼ਿਮੀਂ ਅਸਮਾਨ, ਮੰਡਲ ਮੰਡਪ ਫੋਲ ਫੁਲਾਈਆ । ਰਵ ਸਸ ਦੇਵੇ ਦਾਨ, ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਆਪੇ ਹੋਏ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਵਸਣਹਾਰਾ ਸਚ ਮਕਾਨ, ਸਚਖੰਡ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਨਿਰਾਕਾਰ, ਅਲੱਖ ਅਗੋਚਰ ਅਗੰਮ ਅਪਾਰ, ਅਗਾਧ ਬੋਧ ਭੇਵ ਨਾ ਰਾਈਆ । ਸਚਖੰਡ ਵਸੇ ਸਚ ਮਕਾਨਾ, ਪਰਮ ਪੁਰਖ ਵੱਡੀ ਵਡਿਆਈਆ । ਖੇਲੇ ਖੇਲ ਦੋ ਜਹਾਨਾਂ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿ ਸਰੂਪੀ ਸ਼ਬਦ ਤਰਾਨਾ, ਆਪ ਆਪਣਾ ਹੁਕਮ ਸੁਣਾਈਆ । ਨਿਰਗੁਣ ਸਰਗੁਣ ਪਹਿਰੇ ਬਾਣਾ, ਬਾਵਣ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਵੇਖੇ ਏਕਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਚਖੰਡ ਦੁਆਰਾ ਆਪੇ ਖੋਲ੍ਹ, ਨਿਰਗੁਣ ਆਪਣਾ ਆਸਣ ਲਾਇੰਦਾ । ਸ਼ਬਦ ਅਗੰਮੀ ਵੱਜੇ ਢੋਲ, ਤਾਲ ਤਲਵਾੜਾ ਆਪ ਰਖਾਇੰਦਾ । ਆਪਣੀ ਵਸਤ ਆਪਣੇ ਰੱਖੇ ਕੋਲ, ਆਦਿ ਜੁਗਾਦਿ ਜੁਗ ਜੁਗ ਆਪ ਵਰਤਾਇੰਦਾ । ਸਾਚੇ ਕੰਡੇ ਤੋਲੇ ਤੋਲ, ਨਾਮ ਤਰਾਜੂ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਬੈਠਾ ਆਪੇ ਵੜ, ਆਪ ਆਪਣਾ ਦਰ ਸੁਹਾਇੰਦਾ । ਗ੍ਰਿਹ ਮੰਦਰ ਹਰਿ ਜੂ ਵੜਿਆ, ਦਿਸ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਘਾੜਨ ਘੜਿਆ, ਪੰਜ ਤਤ ਨਾ ਕੋਇ ਜਣਾਇੰਦਾ । ਤ੍ਰੈਗੁਣ ਮਾਇਆ ਨਾ ਬੰਨ੍ਹੇ ਲੜਿਆ, ਆਪ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦਿ ਕਦੇ ਨਾ ਮਰਿਆ, ਮਾਤ ਗਰਭ ਨਾ ਫੇਰਾ ਪਾਇੰਦਾ । ਪੁਰਖ ਅਬਿਨਾਸ਼ੀ ਖੇਲ ਕਰਿਆ, ਨਰ ਨਰਾਇਣ ਵੇਸ ਵਟਾਇੰਦਾ । ਆਪਣੀ ਚੋਟੀ ਆਪੇ ਚੜ੍ਹਿਆ, ਉਚ ਮਹੱਲ ਅਟੱਲ ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸਚ ਵਡਿਆਇੰਦਾ । ਘਰ ਸੱਚਾ ਹਰਿ ਮਿਹਰਵਾਨ,

ਏਕਾ ਏਕ ਉਪਾਈਆ । ਸਤਿ ਸਰੂਪੀ ਸਚ ਨਿਸ਼ਾਨ, ਸਚਖੰਡ ਦੁਆਰੇ ਆਪ ਝੁਲਾਈਆ । ਸਚ ਤਖ਼ਤ ਬੈਠ ਸ੍ਰੀ ਭਗਵਾਨ, ਹੁਕਮੀ ਹੁਕਮ ਆਪ ਫਿਰਾਈਆ । ਆਪੇ ਬਣੇ ਦਰ ਦਰਬਾਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਆਪੇ ਹੋਏ ਰਾਜ ਰਾਜਾਨ, ਸ਼ਾਹ ਸੁਲਤਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਖਾਈਆ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਏਕੰਕਾਰਾ ਸ੍ਰੀ ਭਗਵੰਤ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਲੇਖਾ ਜਾਣੇ ਆਦਿ ਅੰਤ, ਅਲੱਖ ਅਲੱਖਣਾ ਵੇਖ ਵਖਾਇੰਦਾ । ਆਪੇ ਨਾਰੀ ਆਪੇ ਕੰਤ, ਕੰਤ ਕੰਤੂਹਲ ਰੂਪ ਵਟਾਇੰਦਾ । ਆਪੇ ਰੁਤੜੀ ਸੁਹਾਏ ਬਸੰਤ, ਫਲ ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪ ਉਪਾਏ ਜੀਵ ਜੰਤ, ਲੱਖ ਚੁਰਾਸੀ ਬ੍ਰਹਮਾ ਵਿਸ਼ਨ ਸ਼ਿਵ ਸੇਵ ਕਰਾਇੰਦਾ । ਆਪੇ ਲੇਖਾ ਜਾਣੇ ਸਾਚੇ ਸੰਤ, ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਇੰਦਾ । ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਦਰ ਭਿਖਾਰੀ ਹੋਏ ਮੰਗਤ, ਦਰ ਦਰਵੇਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਰੰਗ ਰੰਗਾਇੰਦਾ । ਗ੍ਰਿਹਿ ਮੰਦਰ ਰੰਗ ਮਜੀਠ, ਸਤਿਗੁਰ ਪੂਰਾ ਆਪ ਰੰਗਾਈਆ । ਪੁਰਖ ਅਕਾਲ ਵਸੇ ਧਾਮ ਅਨਡੀਠ, ਦਿਸ ਕਿਸੇ ਨਾ ਆਈਆ । ਆਪੇ ਸੁੱਤਾ ਦੇ ਕਰ ਪੀਠ, ਆਪ ਆਪਣਾ ਮੁਖ ਛੁਪਾਈਆ । ਗੁਰਮੁਖ ਵਿਰਲੇ ਜਣਾਏ ਭਾਣਾ ਮੀਠ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਕਾਇਆ ਕਰੇ ਠੰਡੀ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਸੋ ਪੁਰਖ ਨਿਰੰਜਣ ਸੁਣਾਏ ਸੁਹਾਗੀ ਗੀਤ, ਹੰ ਬ੍ਰਹਮ ਕਰੇ ਕੁੜਮਾਈਆ । ਬੈਠਾ ਰਹੇ ਇਕ ਅਤੀਤ, ਨਾ ਮਰੇ ਨਾ ਜਾਈਆ । ਜੁਗ ਜੁਗ ਚਲਾਏ ਆਪਣੀ ਰੀਤ, ਸਤਿਜੁਗ ਤ੍ਰੇਤਾ ਦੁਆਪਰ ਵੇਸ ਵਟਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਈਆ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਵਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਹਰਿ ਸੁਹੰਜਣਾ, ਜਗੇ ਜੋਤ ਆਦਿ ਨਿਰੰਜਣਾ, ਤੇਲ ਬਾਤੀ ਨਾ ਕੋਇ ਰਖਾਈਆ । ਆਦਿ ਨਿਰੰਜਣ ਕਰ ਪਰਕਾਸ਼, ਕਲਜੁਗ ਦੁਆਰਾ ਆਪ ਸੁਹਾਇੰਦਾ । ਸਾਚੇ ਮੰਡਲ ਪਾਵੇ ਰਾਸ, ਨੂਰ ਨੁਰਾਨਾ ਡਗਮਗਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਧਰਤ ਧਵਲ ਵੇਖ ਵਖਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਆਪੇ ਹੋਏ ਦਾਸੀ ਦਾਸ, ਸੇਵਕ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਹਰਿ ਸੁਹਾਇਆ, ਏਕਾ ਰੰਗ ਰੰਗਾਈਆ । ਸਾਚੀ ਸਖੀਆਂ ਮੰਗਲ ਗਾਇਆ, ਸੁਣੇ ਸੁਣਾਏ ਬੇਪਰਵਾਹੀਆ । ਪੰਚਮ ਨਾਦ ਸ਼ਬਦ ਧੁਨ ਵਜਾਇਆ, ਅਨਹਦ ਆਪਣਾ ਤਾਲ ਅਲਾਈਆ । ਬੇਐਬ ਪਰਵਰਦਿਗਾਰ ਵੇਖ ਵਖਾਇਆ, ਰਾਮ ਰਹੀਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਲੋਕਮਾਤ ਵੇਖੇ ਜਗਤ ਤਮਾਸ਼ਾ, ਲੱਖ ਚੁਰਾਸੀ ਫੋਲ ਫੁਲਾਈਆ । ਜੁਗ ਜੁਗ ਖੇਲੇ ਖੇਲ ਖੇਲਣਹਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਲੋਕਮਾਤੀ ਲੈ ਅਵਤਾਰ, ਪੰਜ ਤਤ ਚੋਲਾ ਆਪ ਹੰਢਾਇੰਦਾ । ਸਰਗੁਣ ਸਾਚੇ ਕਰੇ ਪਿਆਰ, ਘਰ ਘਰ ਵਿਚ ਵੇਖ ਵਖਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਪੰਚਮ ਧਾੜ ਮੇਟ ਮਿਟਾਇੰਦਾ । ਨਿਜ ਆਤਮ ਵਖਾਏ ਸਚ ਅਖਾੜ, ਗੋਪੀ ਕਾਹਨ ਆਪ ਨਚਾਇੰਦਾ । ਧੁਰਦਰਗਾਹੀ ਸਾਚਾ ਲਾੜ, ਗੁਰ ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸ਼ਬਦ ਗੁਰਦੇਵ ਆਤਮ ਇਸ਼ਟ ਸ੍ਰਿਸ਼ਟ ਸਬਾਈ ਮੇਲ ਮਿਲਾਇੰਦਾ । ਸ੍ਰਿਸ਼ਟ ਸਬਾਈ ਸਾਚਾ ਨਾਤਾ, ਹਰਿ ਸ਼ਬਦੀ ਜੋੜ ਜੁੜਾਇੰਦਾ । ਕਰੇ ਖੇਲ ਪੁਰਖ ਬਿਧਾਤਾ, ਵੇਦ ਕਤੇਬ ਭੇਵ ਨਾ ਪਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤਾ, ਸਾਚੀ ਭਿਛਿਆ ਇਕ ਵਖਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਸ਼ਬਦੀ ਦੇਵੇ ਏਕਾ ਗਾਥਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਜੁਗ ਜੁਗ ਪੂਰਾ ਕਰੇ ਘਾਟਾ, ਪੂਰਬ ਲਹਿਣਾ ਵੇਖ ਵਖਾਇੰਦਾ । ਅੰਮ੍ਰਿਤ ਪਿਆਏ ਸਾਚੇ ਬਾਟਾ, ਨਾਮ ਪਿਆਲਾ ਹੱਥ ਉਠਾਇੰਦਾ । ਆਤਮ ਵੇਖੇ ਸਾਚੀ ਖਾਟਾ, ਨਾਮ ਰੰਗੀਲਾ ਏਕਾ ਪਲੰਘ ਵਿਛਾਇੰਦਾ । ਚੌਦਾਂ ਲੋਕ ਖੁਲ੍ਹਾਏ ਏਕਾ ਹਾਟਾ, ਚੌਦਾਂ ਤਬਕਾਂ ਮੂਲ ਚੁਕਾਇੰਦਾ । ਪੁਰਖ ਅਬਿਨਾਸ਼ੀ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਵੇਖ ਵਖਾਏ ਤੀਰਥ ਤਾਟਾ, ਅਠਸਠ ਫੇਰਾ ਆਪੇ ਪਾਇੰਦਾ । ਲੱਖ ਚੁਰਾਸੀ ਵੇਖੇ ਕਾਇਆ ਮਾਟਾ, ਜੋਤ ਨਿਰੰਜਣ ਡਗਮਗਾਇੰਦਾ । ਗੁਰਮੁਖ ਚਲਾਏ ਸਾਥ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਲੇਖਾ ਜਾਣੇ ਤ੍ਰੈਲੋਕੀ ਨਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਡੂੰਘੀ ਕੰਦਰ, ਹਰਿ ਹਰਿ ਵੇਖ ਵਖਾਇੰਦਾ । ਡੂੰਘੀ ਕੰਦਰ ਕਾਇਆ ਗਾਗਰ, ਭੇਵ ਕਿਸੇ ਨਾ ਪਾਇਆ । ਹਰਿਜਨ ਵਿਰਲੇ ਕਰਮ ਉਜਾਗਰ, ਜਿਸ ਜਨ ਸਤਿਗੁਰ ਪੂਰਾ ਦਇਆ ਕਮਾਇਆ । ਦੇਵੇ ਨਾਮ ਰਤੀ ਰਤਨਾਗਰ, ਰੱਤੀ ਰੱਤ ਰਹੇ ਨਾ ਰਾਇਆ । ਨਿਰਮਲ ਕਰਮ ਕਰੇ ਉਜਾਗਰ, ਸਿਰ ਸਮਰਥ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਪੁਰਖ ਕਰਤਾਰ, ਲੋਕਮਾਤੀ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਨਾਨਕ ਨਿਰਗੁਣ ਜੋਤ ਨੂਰ ਉਜਿਆਰ, ਗੁਰ ਗੋਬਿੰਦ ਮੇਲ ਮਿਲਾਇੰਦਾ । ਏਕਾ ਘਰ ਸੋਹੇ ਬੰਕ ਦੁਆਰ, ਚੇਲਾ ਗੁਰ ਏਕਾ ਰੰਗ ਰੰਗਾਇੰਦਾ । ਏਕਾ ਫ਼ਤਿਹ ਬੋਲ ਜੈਕਾਰ, ਵਾਹ ਵਾ ਗੁਰੂ ਇਕ ਵਖਾਇੰਦਾ । ਸ਼ਬਦ ਗੁਰ ਕਰ ਤਿਆਰ, ਸ੍ਰਿਸ਼ਟ ਸਬਾਈ ਮੂਲ ਵਖਾਇੰਦਾ । ਪੁਰਖ ਅਕਾਲ ਸਿਰਜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਏਕ ਵਡਿਆਇੰਦਾ । ਘਰ ਮੰਦਰ ਪੁਰਖ ਅਕਾਲ, ਥਿਰ ਘਰ ਸਾਚਾ ਆਪ ਵਸਾਇਆ । ਸੇਵਾ ਲਾਏ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਇਆ । ਆਪਣਾ ਦੀਪਕ ਆਪੇ ਬਾਲ, ਆਪੇ ਵੇਖ ਵਖਾਇਆ । ਆਪੇ ਬੈਠ ਤਖ਼ਤ ਸੁਲਤਾਨ, ਸੀਸ ਤਾਜ ਆਪ ਟਿਕਾਇਆ । ਆਪ ਝੁਲਾਏ ਸਚ ਨਿਸ਼ਾਨ, ਧੁਰ ਦਰਗਾਹ ਵੇਸ ਵਟਾਇਆ । ਆਪੇ ਹੋਏ ਵਡ ਬਲਵਾਨ, ਬਲਧਾਰੀ ਬਲ ਧਰਾਇਆ । ਆਪੇ ਵਸੇ ਸੁੰਞ ਮਸਾਣ, ਰੂਪ ਅਨੂਪ ਆਪ ਦਰਸਾਇਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਪਰਧਾਨ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇਆ । ਆਪੇ ਪੰਜ ਤਤ ਦੇਵੇ ਦਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇਆ । ਆਪੇ ਮਨ ਮਤ ਬੁੱਧ ਕਰੇ ਗਿਆਨ, ਅੰਤਰ ਮੰਤਰ ਆਪ ਸਮਝਾਇਆ । ਆਪੇ ਹੋਇਆ ਬੇਪਛਾਣ, ਦਿਸ ਕਿਸੇ ਨਾ ਆਈਆ । ਸਰਬ ਜੀਆਂ ਦਾ ਜਾਣੀ ਜਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਇਆ । ਕਲਜੁਗ ਅੰਤਮ ਖੇਲ ਗੋਬਿੰਦ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਭੇਵ ਨਾ ਆਇੰਦਾ । ਜਨ ਭਗਤਾਂ ਮੇਟੇ ਸਗਲੀ ਚਿੰਦ, ਜੋਤ ਸਰੂਪੀ ਦਰਸ ਵਖਾਇੰਦਾ । ਅੰਮ੍ਰਿਤ ਸਰ ਸਰੋਵਰ ਵਖਾਏ ਸਾਗਰ ਸਿੰਧ, ਨਿਝਰ ਝਿਰਨਾ ਆਪ ਝਿਰਾਇੰਦਾ । ਲੇਖਾ ਚੁਕਾਏ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ,

ਸ਼ਿਵ ਸ਼ੰਕਰ ਮੂਲ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਖੇਲ ਅਪਾਰਾ, ਵੇਖਣਹਾਰ ਹਰਿ ਨਿਰੰਕਾਰਾ, ਜੁਗ ਜੁਗ ਲੈ ਮਾਤ ਅਵਤਾਰਾ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ, ਪੁਰਖ ਅਕਾਲ ਆਪ ਵਟਾਈਆ । ਪਾਵੇ ਸਾਰ ਰਾਣੀ ਅੱਲਾ, ਸੰਗ ਮੁਹੰਮਦ ਚਾਰ ਯਾਰ ਵੇਖ ਵਖਾਈਆ । ਈਸਾ ਮੂਸਾ ਛੁੱਟੇ ਪੱਲਾ, ਸਗਲਾ ਸੰਗ ਨਾ ਕੋਇ ਨਿਭਾਈਆ । ਕਲਮਾ ਅਮਾਮ ਕਾਇਨਾਤ ਏਕਾ ਘੱਲਾ, ਅਜ਼ਮਤੋ ਕਸਮਤੋ ਦਏ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚ ਘਰ, ਗ੍ਰਹਿ ਮੰਦਰ ਇਕ ਰਖਾਈਆ । ਗ੍ਰਹਿ ਮੰਦਰ ਹਰਿ ਸੁਹਾਵਣਾ, ਨਿਰਗੁਣ ਸਰਗੁਣ ਸਾਚੀ ਧਾਰ । ਲੋਕਮਾਤ ਨਾਉਂ ਉਪਜਾਵਣਾ, ਸੰਬਲ ਨਗਰੀ ਕਰ ਤਿਆਰ, । ਗੋਬਿੰਦ ਸਾਚਾ ਆਸਣ ਲਾਵਣਾ, ਪੂਤ ਸਪੂਤਾ ਇਕ ਪਿਆਰ । ਪੁਰਖ ਅਕਾਲ ਇਕ ਮਨਾਵਣਾ, ਦੂਜਾ ਇਸ਼ਟ ਨਾ ਕੋਇ ਵਿਚਾਰ । ਤੀਜਾ ਨੈਣ ਇਕ ਖੁਲ੍ਹਾਵਣਾ, ਚੌਥੇ ਪਦ ਸੱਚੀ ਸਰਕਾਰ । ਪੰਚਮ ਬਹਿ ਬਹਿ ਰਾਗ ਗਾਵਣਾ, ਰਾਗ ਅਨਾਦੀ ਏਕਾ ਧਾਰ । ਛੇਵੇਂ ਛੱਪਰ ਛੰਨ ਨਾ ਕੋਇ ਵਖਾਵਣਾ, ਸਚਖੰਡ ਨਿਵਾਸੀ ਵਸੇ ਸਚਖੰਡ ਦੁਆਰ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਏਕਾ ਰੂਪ ਵਟਾਵਣਾ, ਅਛੱਲ ਛਲ ਕਰੇ ਕਰਤਾਰ । ਅੱਠਾਂ ਤੱਤਾਂ ਮੂਲ ਚੁਕਾਵਣਾ, ਤ੍ਰੈਗੁਣ ਮਾਇਆ ਦੇਵੇ ਸਾੜ । ਨੌ ਦਵਾਰ ਲੱਖ ਚੁਰਾਸੀ ਖੋਜ ਖੁਜਾਵਣਾ, ਜਗਤ ਵਾਸਨਾ ਵੇਖ ਵਿਕਾਰ । ਦਸਮ ਦੁਆਰੀ ਕੁੰਡਾ ਲਾਹਵਣਾ, ਗੁਰਮੁਖ ਸਾਜਣ ਲਏ ਉਭਾਰ । ਆਤਮ ਸੇਜਾ ਇਕ ਸੁਹਾਵਣਾ, ਘਰ ਮੇਲਾ ਕੰਤ ਭਤਾਰ । ਅੰਮ੍ਰਿਤ ਸਾਚਾ ਜਾਮ ਪਿਆਵਣਾ, ਰਸ ਰਸੀਆ ਠੰਡਾ ਠਾਰ । ਗੀਤ ਅਨਾਦੀ ਏਕਾ ਗਾਵਣਾ, ਅਨਹਦ ਸ਼ਬਦ ਸੱਚੀ ਧੁਨਕਾਰ । ਸਵਛ ਸਰੂਪੀ ਰੂਪ ਦਰਸਾਵਣਾ, ਬਜ਼ਰ ਕਪਾਟੀ ਪਰਦਾ ਪਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਪਾਵੇ ਸਾਰ । ਗ੍ਰਹਿ ਮੰਦਰ ਹਰਿ ਵਸਿਆ, ਸਤਿਗੁਰ ਦੀਨ ਦਿਆਲ । ਗੁਰਮੁਖ ਵਿਰਲੇ ਮਾਰਗ ਦੱਸਿਆ, ਹੋਏ ਆਪ ਹਰਿ ਕਿਰਪਾਲ । ਕਰੇ ਪਰਕਾਸ਼ ਕੋਟਨ ਰਵ ਸੱਸਿਆ, ਤੋੜਣਹਾਰਾ ਜਗਤ ਜੰਜਾਲ । ਜੁਗਾ ਜੁਗੰਤਰ ਫਿਰੇ ਨੱਸਿਆ, ਗੁਰਮੁਖ ਵੇਖੇ ਸਾਚੇ ਲਾਲ । ਘਰ ਮੰਦਰ ਬਹਿ ਬਹਿ ਹੱਸਿਆ, ਨੇੜ ਨਾ ਆਏ ਕਾਲ ਮਹਾਂਕਾਲ । ਸ਼ਬਦ ਨਿਰਾਲਾ ਤੀਰ ਕਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਮਾਰੇ ਇਕ ਉਛਾਲ । ਗ੍ਰਹਿ ਮੰਦਰ ਸਚ ਉਛਾਲ, ਸਤਿਗੁਰ ਪੂਰਾ ਆਪ ਲਗਾਇੰਦਾ । ਹਰਿਜਨ ਉਪਜਾਏ ਸਾਚਾ ਲਾਲ, ਲਾਲ ਅਨਮੁਲੜਾ ਵੇਖ ਵਖਾਇੰਦਾ । ਲੋਕਮਾਤ ਬਣੇ ਦਲਾਲ, ਆਪ ਆਪਣੀ ਸੇਵ ਕਮਾਇੰਦਾ । ਲੇਖਾ ਜਾਣੇ ਕਾਇਆ ਮਾਟੀ ਖਾਲ, ਮੰਦਰ ਅੰਦਰ ਸੋਭਾ ਪਾਇੰਦਾ । ਦੇਵਣਹਾਰਾ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਲੁਟਾਇੰਦਾ । ਦੋ ਜਹਾਨੀ ਸ਼ਾਹ ਕੰਗਾਲ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਘਰ, ਘਰ ਵਿਚ ਆਪ ਬਹਾਇੰਦਾ । ਘਰ ਵਿਚ ਘਰ ਕਰ ਤਿਆਰ, ਕਾਇਆ ਗੜ੍ਹ ਸੁਹਾਈਆ । ਅੰਦਰ ਵੜ ਪੁਰਖ ਕਰਤਾਰ, ਬੈਠਾ ਆਸਣ ਲਾਈਆ । ਜਗਮਗ ਜੋਤ ਜਗੇ ਅਪਾਰ, ਦਿਵਸ ਰੈਣ ਰੁਸ਼ਨਾਈਆ । ਰਵ ਸਸ ਹੋਏ ਸ਼ਰਮਸ਼ਾਰ, ਨੇਤਰ ਨੈਣ ਨਾ ਕੋਇ ਉਠਾਈਆ । ਏਕਾ ਨਾਦ ਸੱਚੀ ਧੁਨਕਾਰ, ਨਾਦ ਅਨਾਦੀ ਨਾਦ ਵਜਾਈਆ । ਅੰਮ੍ਰਿਤ ਦੇਵੇ ਠੰਡੀ ਠਾਰ, ਸਰ ਸਰੋਵਰ ਇਕ ਭਰਾਈਆ । ਤ੍ਰਬੈਣੀ ਨੈਣੀ ਇਕ ਪਿਆਰ, ਸੁਖਮਨ ਟੇਢੀ ਬੰਕ ਭੁਆਈਆ । ਕਾਗਦ ਕਲਮ ਨਾ ਲਿਖਣਹਾਰ, ਚਾਰੇ ਵੇਦ ਦੇਣ ਗਵਾਹੀਆ । ਪੁਰਾਨ ਅਠਾਰਾਂ


੩੦੭

ਕਰਨ ਪੁਕਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਹਰਿਜਨ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਕਲਜੁਗ ਤੇਰੀ ਅੰਤਮ ਵਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਘਰ ਮੰਦਰ ਖੋਲ੍ਹ ਦਰਵਾਜ਼ਾ, ਹਰਿ ਸਾਚਾ ਵੇਖ ਵਖਾਇੰਦਾ । ਵੇਖਣਹਾਰ ਗ਼ਰੀਬ ਨਿਵਾਜ਼ਾ, ਜੀਵਾਂ ਜੰਤਾਂ ਦਿਸ ਨਾ ਆਇੰਦਾ । ਸ਼ਬਦ ਵਜਾਏ ਅਨਹਦ ਵਾਜਾ, ਛੱਤੀ ਰਾਗ ਨਾ ਕੋਇ ਅਲਾਇੰਦਾ । ਆਪਣਾ ਮੰਦਰ ਆਪੇ ਸਾਜਾ, ਆਪੇ ਵੇਖ ਵਖਾਇੰਦਾ । ਅਸਵ ਘੋੜੇ ਚੜ੍ਹਿਆ ਤਾਜਾ, ਲੋਆਂ ਪੁਰੀਆਂ ਆਪ ਦੌੜਾਇੰਦਾ । ਸ਼ਾਹ ਸੁਲਤਾਨ ਰਾਜਨ ਰਾਜਾ, ਸੀਸ ਤਾਜ ਆਪ ਟਿਕਾਇੰਦਾ । ਕਲਜੁਗ ਤੇਰਾ ਅੰਤਮ ਕਾਜਾ, ਹਰਿ ਸਾਚਾ ਆਪ ਕਰਾਇੰਦਾ । ਕੋਇ ਨਾ ਰੱਖੇ ਤੇਰੀ ਲਾਜਾ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਲੇਖਾ ਚੁੱਕੇ ਕਲ ਕਿ ਆਜਾ, ਕਲ ਕਲਕੀ ਅਵਤਾਰ ਹਰਿ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਵੇਖੇ ਸਾਚਾ ਘਰ, ਨਵ ਖੰਡ ਫੇਰਾ ਆਪੇ ਪਾਇੰਦਾ । ਸੱਤ ਦੀਪ ਨਵ ਖੰਡ, ਲੱਖ ਚੁਰਾਸੀ ਵੇਖ ਵਖਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਇੰਦਾ । ਪਾਰਬ੍ਰਹਮ ਪ੍ਰਭ ਪਾਏ ਵੰਡ, ਵੰਡਣਹਾਰਾ ਦਿਸ ਨਾ ਆਇੰਦਾ । ਲੇਖਾ ਜਾਣੇ ਕੋਟ ਬ੍ਰਹਿਮੰਡ, ਆਪ ਆਪਣੀ ਅੱਖ ਖੁਲ੍ਹਾਇੰਦਾ । ਜੁਗਾ ਜੁਗੰਤਰ ਦੇਵੇ ਦੰਡ, ਏਕਾ ਖੰਡਾ ਹੱਥ ਉਠਾਇੰਦਾ । ਨਾਮ ਨਿਧਾਨਾ ਚੰਡ ਪਰਚੰਡ, ਦੋ ਜਹਾਨਾਂ ਆਪ ਚਮਕਾਇੰਦਾ । ਮੇਟਣਹਾਰਾ ਭੇਖ ਪਖੰਡ, ਜੂਠ ਝੂਠ ਆਪ ਮਿਟਾਇੰਦਾ । ਸਾਚਾ ਨਾਮ ਏਕਾ ਵੰਡ, ਚਾਰ ਵਰਨਾਂ ਮੇਲ ਮਿਲਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਪੱਲੇ ਬੰਨ੍ਹੇ ਗੰਢ, ਆਪ ਆਪਣੇ ਰੰਗ ਰੰਗਾਇੰਦਾ । ਦੂਈ ਦਵੈਤੀ ਢਾਵੇ ਕੰਧ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਇਕ ਸੁਣਾਏ ਸੁਹਾਗੀ ਛੰਦ, ਪੁਰਖ ਅਕਾਲ ਆਪ ਅਲਾਇੰਦਾ । ਆਪ ਜਣਾਏ ਆਪਣਾ ਪਰਮਾਨੰਦ, ਨਿਜ਼ਾਨੰਦ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰ ਪੁਰਖ ਸਮਰਥ, ਘਟ ਅੰਦਰ ਜੋਤ ਜਗਾਈਆ । ਜੁਗ ਜੁਗ ਚਲਾਏ ਆਪਣਾ ਰਥ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਦੇਵੇ ਸਾਚੀ ਵਥ, ਨਾਮ ਅਮੋਲਕ ਝੋਲੀ ਪਾਈਆ । ਸਗਲ ਵਸੂਰੇ ਜਾਇਣ ਲਥ, ਜਿਸ ਜਨ ਨੇਤਰ ਲੋਚਣ ਨੈਣ ਦਰਸ ਦਖਾਈਆ । ਪੰਚ ਵਿਕਾਰਾ ਹੋਏ ਸੱਥ, ਕਲਜੁਗ ਸੱਥਰ ਹੇਠ ਵਿਛਾਈਆ । ਤ੍ਰੈਗੁਣ ਮਾਇਆ ਕਰੇ ਭੱਠ, ਏਕਾ ਅਗਨੀ ਤਤ ਜਲਾਈਆ । ਸਾਚਾ ਮਾਰਗ ਸਤਿਗੁਰ ਦੱਸ, ਮਨਮਤ ਦਏ ਗਵਾਈਆ । ਗੁਰਮਤ ਸਾਚੀ ਹਿਰਦੇ ਰੱਖ, ਹਰਿ ਹਰਿ ਸਿਉਂ ਲਏ ਮਿਲਾਈਆ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਜਿਸ ਜਨ ਆਪਣਾ ਰੰਗ ਰੰਗਾਈਆ । ਕੱਖੋਂ ਕਰਨਹਾਰਾ ਲੱਖ, ਲੱਖੋਂ ਕੱਖ ਆਪ ਕਰਾਈਆ । ਹਰਿਜਨ ਮੇਲਾ ਨੱਠ ਨੱਠ, ਕਲਜੁਗ ਅੰਤਮ ਵੇਖ ਵਖਾਈਆ । ਮਨਮੁਖ ਖੇੜਾ ਦਿਸੇ ਭੱਠ, ਭੱਠ ਭਠਿਆਲਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਨਿਰਾਲਾ, ਚਲੇ ਚਲਾਏ ਅਵੱਲੜੀ ਚਾਲਾ, ਚਾਰ ਵਰਨਾਂ ਇਕ ਪੜ੍ਹਾਈਆ । ਚਾਰ ਵਰਨ ਇਕ ਗਿਆਨ, ਹਰਿ ਸਾਚਾ ਸਚ ਜਣਾਇੰਦਾ । ਚਾਰ ਵਰਨ ਇਕ ਧਿਆਨ, ਪੁਰਖ ਅਕਾਲ ਇਕ ਮਨਾਇੰਦਾ । ਚਾਰ ਵਰਨ ਇਕ ਦਾਨ, ਏਕਾ ਨਾਮ ਝੋਲੀ ਪਾਇੰਦਾ । ਚਾਰ ਵਰਨਾਂ ਏਕਾ ਮਾਣ, ਚਰਨ ਕਵਲ ਇਕ ਵਖਾਇੰਦਾ । ਚਾਰ ਵਰਨ ਏਕਾ ਪੀਣ ਖਾਣ, ਆਤਮ ਅੰਤਰ ਅੰਮ੍ਰਿਤ ਆਪ ਪਿਆਇੰਦਾ । ਚਾਰ ਵਰਨ ਇਕ ਪਛਾਣ, ਨੇਤਰ ਨੈਣ ਇਕ ਖੁਲ੍ਹਾਇੰਦਾ । ਚਾਰ

੩੦੮
੦੯

ਵਰਨ ਏਕਾ ਸ਼ਬਦ ਗਾਣ, ਸਾਚਾ ਢੋਲਾ ਇਕ ਸੁਣਾਇੰਦਾ । ਚਾਰ ਵਰਨ ਇਕ ਮਕਾਨ, ਸਚਖੰਡ ਦੁਆਰਾ ਇਕ ਵਖਾਇੰਦਾ । ਚਾਰ ਵਰਨ ਇਕ ਭਗਵਾਨ, ਭਗਤ ਭਗਤੀ ਰੰਗ ਰੰਗਾਇੰਦਾ । ਚਾਰ ਵਰਨ ਏਕਾ ਕਾਹਨ, ਏਕਾ ਮੰਡਲ ਰਾਸ ਰਚਾਇੰਦਾ । ਚਾਰ ਵਰਨ ਏਕਾ ਰਾਮ, ਰਾਮ ਰੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜਾਮਾ ਸ੍ਰੀ ਭਗਵਾਨਾ, ਦੋ ਜਹਾਨਾਂ ਖੇਲ ਖਿਲਾਇੰਦਾ । ਦੋ ਜਹਾਨਾਂ ਖੇਲੇ ਖੇਲ, ਨਿਰਗੁਣ ਨੂਰ ਰੂਪ ਬੇਪਰਵਾਹੀਆ । ਗੁਰਮੁਖਾਂ ਕਰੇ ਸਾਚਾ ਮੇਲ, ਜੁਗ ਜੁਗ ਵਿਛੜੇ ਲਏ ਮਿਲਾਈਆ । ਠਾਕਰ ਅਬਿਨਾਸ਼ੀ ਚਾੜ੍ਹੇ ਤੇਲ, ਘਰ ਸਾਚਾ ਸਗਨ ਮਨਾਈਆ । ਧਰਮ ਰਾਏ ਦੀ ਕੱਟੀ ਜੇਲ, ਵੇਲੇ ਅੰਤ ਨਾ ਦਏ ਸਜ਼ਾਈਆ । ਲੇਖਾ ਜਾਣੇ ਗੁਰੂ ਗੁਰ ਚੇਲ, ਗੁਰ ਗੋਬਿੰਦ ਸ਼ਬਦ ਮਿਲਾਈਆ । ਸਮਰਥ ਪੁਰਖ ਸੱਜਣ ਸੁਹੇਲ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਵਿਚ ਦਏ ਵਡਿਆਈਆ । ਘਰ ਘਰ ਵਿਚ ਹਰਿ ਉਪਾਇਆ, ਚਾਰ ਦੀਵਾਰ ਨਾ ਕੋਇ ਬਣਾਈਆ । ਇਟ ਗਾਰਾ ਨਾ ਕੋਇ ਲਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਜਗਤ ਨੇਤਰ ਦਿਸ ਨਾ ਆਇਆ, ਲੱਭ ਲੱਭ ਥੱਕੀ ਸਰਬ ਲੋਕਾਈਆ । ਜੀਵ ਜੰਤ ਹੋਏ ਹਲਕਾਇਆ, ਹਰਿ ਕਾ ਰੂਪ ਨਜ਼ਰ ਨਾ ਆਈਆ । ਸਾਧ ਸੰਤ ਦਏ ਦੁਹਾਇਆ, ਦੇਹੁਰਾ ਮੰਦਰ ਮਸੀਤ ਮਿਲੇ ਨਾ ਸੱਚਾ ਸਾਚਾ ਮਾਹੀਆ । ਜਿਸ ਜਨ ਆਪਣੀ ਦਇਆ ਕਮਾਇਆ, ਘਰ ਘਰ ਵਿਚ ਦਏ ਵਖਾਈਆ । ਸਤਿਗੁਰ ਪੂਰਾ ਸਚ ਸਿੰਘਾਸਣ ਬੈਠਾ ਆਸਣ ਲਾਇਆ, ਨਿਜ ਘਰ ਆਪਣੀ ਤਾੜੀ ਲਾਈਆ । ਗੁਰਸਿਖ ਮੇਲਾ ਗੁਰ ਗੋਬਿੰਦ ਸਹਿਜ ਸੁਭਾਇਆ, ਗੁਰ ਨਾਨਕ ਫੜ ਫੜ ਤਾਰੇ ਬਾਹੀਆ । ਜਿਸ ਜਨ ਪੁਰਖ ਅਕਾਲ ਇਕ ਮਨਾਇਆ, ਦੂਜੇ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲ ਕਲਵੰਤਾ ਆਪ ਵਰਤਾਈਆ । ਕਲ ਕਲਵੰਤਾ ਅਕਲ ਕਲ ਧਾਰ, ਕਲਜੁਗ ਅੰਤਮ ਵੇਸ ਵਟਾਇੰਦਾ । ਸ਼ਬਦ ਡੰਕਾ ਵਿਚ ਸੰਸਾਰ, ਰਾਓ ਰੰਕਾਂ ਆਪ ਸੁਣਾਇੰਦਾ । ਵਾਸੀ ਪੁਰੀ ਘਨਕਾ ਹੋ ਤਿਆਰ, ਸੰਬਲ ਨਗਰੀ ਆਪ ਸੁਹਾਇੰਦਾ । ਵੇਦ ਵਿਆਸਾ ਕਰੇ ਪੁਕਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਉਚੇ ਟਿੱਲੇ ਸਾਚੇ ਪਰਬਤ ਆਪਣਾ ਆਸਣ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਆਪ ਜਣਾਇੰਦਾ । ਉਚਾ ਟਿੱਲਾ ਪਰਬਤ ਚੋਟੀ, ਕਾਇਆ ਮੰਦਰ ਆਪ ਸੁਹਾਈਆ । ਆਪ ਜਗਾਏ ਨਿਰਮਲ ਜੋਤੀ, ਨਿਰਵੈਰ ਰੂਪ ਸਮਾਈਆ । ਗੁਰਮੁਖ ਉਧਾਰੇ ਵਿਚੋਂ ਕੋਟਨ ਕੋਟੀ, ਦੇ ਮਤ ਆਪ ਸਮਝਾਈਆ । ਆਪੇ ਕੱਢੇ ਵਾਸਨਾ ਖੋਟੀ, ਸਚ ਸੁਗੰਧੀ ਨਾਮ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਰੰਗ ਸਮਾਇਆ ਹਰਿ ਰਘੁਰਾਇਆ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਸ਼ਬਦ ਸ਼ਬਦੀ ਸ਼ਬਦ ਅਲਾਇਆ, ਸ਼ਬਦ ਸ਼ਬਦੀ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਲੇਖਾ ਦੇਵੇ ਕਰ, ਪੂਰਬ ਲਹਿਣਾ ਝੋਲੀ ਪਾਇਆ । ਗੁਰਮੁਖ ਲੇਖਾ ਆਦਿ ਜੁਗਾਦਿ, ਹਰਿ ਸਤਿਗੁਰ ਵੇਖ ਵਖਾਇੰਦਾ । ਪਾਵੇ ਸਾਰ ਬ੍ਰਹਮ ਬ੍ਰਹਿਮਾਦ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਦੇਵਣਹਾਰਾ ਬੋਧ ਅਗਾਧ, ਸ਼ਬਦ ਸ਼ਬਦੀ ਸ਼ਬਦ ਸੁਣਾਇੰਦਾ । ਸੰਤ

ਸੁਹੇਲੇ ਸਾਚੇ ਲਾਧ, ਦਰ ਘਰ ਸਾਚੇ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੇ ਘਰ ਬਹਾਇੰਦਾ । ਲੇਖਾ ਜਾਣੇ ਅੰਧੇਰੀ ਖਾਡ, ਡੂੰਘੀ ਕੰਦਰ ਫੋਲ ਫੁਲਾਇੰਦਾ । ਨਾਤਾ ਤੋੜੇ ਹੱਡ ਮਾਸ, ਆਤਮ ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸਤਿਗੁਰ ਪੂਰਾ ਨਾ ਹੋਏ ਵਿਨਾਸ, ਅਬਿਨਾਸ਼ੀ ਆਪਣਾ ਨਾਉਂ ਧਰਾਇੰਦਾ । ਲੇਖਾ ਜਾਣੇ ਸਵਾਸ ਸਵਾਸ, ਜੋ ਜਨ ਰਸਨਾ ਜਿਹਵਾ ਗਾਇੰਦਾ । ਜੁਗ ਜੁਗ ਪੂਰੀ ਕਰਨਹਾਰਾ ਆਸ, ਹਰਿਜਨ ਸਾਚੇ ਪਾਰ ਕਰਾਇੰਦਾ । ਬਣਿਆ ਰਹੇ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਲੇਖਾ ਲਿਖਾਏ ਦਸ ਦਸ ਮਾਸ, ਦਰਦ ਦੁੱਖ ਆਪ ਵੰਡਾਇੰਦਾ । ਪਾਰ ਕਰਾਏ ਪ੍ਰਿਥਮੀ ਆਕਾਸ਼, ਸਚਖੰਡ ਦੁਆਰੇ ਆਪ ਬਹਾਇੰਦਾ । ਜੋਤੀ ਜੋਤ ਕਰ ਪਰਕਾਸ਼, ਅਵਣ ਗਵਣ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਆਪ ਉਠਾਵਣ ਆਇਆ, ਨਿਰਗੁਣ ਰੂਪ ਅਗੰਮ ਅਪਾਰ । ਆਪ ਆਪਣਾ ਰੂਪ ਦਰਸਾਵਣ ਆਇਆ, ਪੁਰਖ ਅਬਿਨਾਸ਼ੀ ਖੇਲ ਨਿਆਰ । ਭਾਂਡਾ ਭਰਮ ਭੌ ਭੰਨਾਵਣ ਆਇਆ, ਗੁਰ ਮੰਤਰ ਕਰ ਉਜਿਆਰ । ਜੂਠਾ ਝੂਠਾ ਨਾਤਾ ਤੁੜਾਵਣ ਆਇਆ, ਬਖ਼ਸ਼ਣਹਾਰ ਚਰਨ ਪਿਆਰ । ਮਾਇਆ ਮਮਤਾ ਮੋਹ ਚੁਕਾਵਣ ਆਇਆ, ਦੇਵੇ ਨਾਮ ਸ਼ਬਦ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਇਕ ਇਕੱਲਾ, ਵਸਣਹਾਰਾ ਸਚ ਮਹੱਲਾ, ਘਰ ਸਾਚਾ ਬੰਕ ਦੁਆਰ । ਬੰਕ ਦੁਆਰੀ ਆਪ ਪ੍ਰਭ, ਘਟ ਘਟ ਬੈਠਾ ਆਸਣ ਲਾਈਆ । ਗੁਰਸਿਖ ਸਾਚੇ ਲਏ ਲੱਭ, ਜੁਗ ਜੁਗ ਆਪਣਾ ਖੇਲ ਖਿਲਾਈਆ । ਅੰਮ੍ਰਿਤ ਚੋਏ ਕਵਲ ਨਭ, ਕਵਲ ਕਵਲਾ ਆਪ ਖੁਲ੍ਹਾਈਆ । ਜਗਤ ਵਿਕਾਰਾ ਦੇਵੇ ਦੱਬ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਦਰ ਘਰ ਸਾਚਾ ਇਕ ਵਖਾਈਆ । ਦਰ ਘਰ ਸਾਚਾ ਹਰਿ ਭਗਵਾਨ, ਏਕਾ ਏਕ ਵਖਾਇੰਦਾ । ਲੋਕਮਾਤ ਨਾ ਕੋਈ ਨਿਸ਼ਾਨ, ਜੀਵ ਜੰਤ ਨਾ ਕੋਈ ਬਣਾਇੰਦਾ । ਨਜ਼ਰ ਨਾ ਆਏ ਸਾਚਾ ਕਾਹਨ, ਸਾਚਾ ਮੰਦਰ ਨਾ ਕੋਈ ਸੁਹਾਇੰਦਾ । ਜੂਠਾ ਝੂਠਾ ਪੀਣ ਖਾਣ, ਕਾਮ ਕਰੋਧ ਸਰਬ ਕੁਰਲਾਇੰਦਾ । ਹਰਿ ਕਾ ਰੂਪ ਨਾ ਸਕੇ ਕੋਈ ਪਛਾਣ, ਆਤਮ ਪਰਮਾਤਮ ਨਾ ਕੋਈ ਮਿਲਾਇੰਦਾ । ਈਸ਼ ਜੀਵ ਨਾ ਕੋਈ ਧਿਆਨ, ਜਗਤ ਜਗਦੀਸ਼ ਨਾ ਕੋਈ ਸਾਲਾਹਿੰਦਾ । ਸਾਚਾ ਛਤਰ ਨਾ ਸੀਸ ਕੋਈ ਝੁਲਾਣ, ਰਾਜ ਰਾਜਾਨ ਨਾ ਬੰਕ ਸੁਹਾਇੰਦਾ । ਨਾਮ ਨਾ ਦੇਵੇ ਕੋਈ ਦਾਨ, ਜੀਆਂ ਭਿਛਿਆ ਨਾ ਝੋਲੀ ਪਾਇੰਦਾ । ਚਰਨ ਧੂੜ ਨਾ ਕੋਇ ਅਸ਼ਨਾਨ, ਦੁਰਮਤ ਮੈਲ ਨਾ ਕੋਈ ਧਵਾਇੰਦਾ । ਹਰਿ ਮੰਦਰ ਨਾ ਦਿਸੇ ਕੋਈ ਮਕਾਨ, ਸਾਚਾ ਗੀਤ ਨਾ ਕੋਈ ਸੁਣਾਇੰਦਾ । ਕਲਜੁਗ ਝੂਠੀ ਖੋਲ੍ਹ ਦੁਕਾਨ, ਝੂਠਾ ਵਣਜ ਕਰਾਇੰਦਾ । ਅਠਸਠ ਤੀਰਥ ਸਰਬ ਕੁਰਲਾਣ, ਲਜਪਤ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਿਰਲੇ ਆਪ ਉਠਾਇੰਦਾ । ਹਰਿ ਭਗਤ ਉਠ ਜਾਗ, ਹਰਿ ਸਾਚਾ ਨੇਤਰ ਖੁਲ੍ਹਾਇੰਦਾ । ਹਰਿ ਸੰਤ ਪਿਆਰੇ ਸੁਣ ਸੁਣ ਰਾਗ, ਪੁਰਖ ਅਬਿਨਾਸ਼ੀ ਏਕਾ ਗਾਇੰਦਾ । ਗੁਰਮੁਖ ਸਾਚੇ ਸਚ ਵੈਰਾਗ, ਬਿਰਹੋਂ ਤੀਰ ਨਿਰਾਲਾ ਏਕਾ ਲਾਇੰਦਾ । ਗੁਰਸਿਖ ਬੁਝਾਏ ਲੱਗੀ ਆਗ, ਅੰਮ੍ਰਿਤ ਮੇਘ ਇਕ ਵਰਸਾਇੰਦਾ । ਆਪ ਬਣਾਏ ਹੰਸ ਕਾਗ, ਸੋਹੰ ਹੰਸਾ ਮੋਤੀ ਚੋਗ ਚੁਗਾਇੰਦਾ । ਦੀਪਕ ਜੋਤ ਜਗੇ ਚਿਰਾਗ, ਦਿਵਸ ਰੈਣ ਡਗਮਗਾਇੰਦਾ । ਜਨਮ ਜਨਮ ਦਰ ਧੋਵੇ ਦਾਗ਼, ਤਨ ਬਸਤਰ ਇਕ ਪਹਿਨਾਇੰਦਾ । ਜੋ ਜਨ ਸਰਨਾਈ ਗਿਆ ਲਾਗ, ਲੱਖ ਚੁਰਾਸੀ ਪਾਰ ਕਰਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਘਰ

ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਕੀਮਤ ਗੁਰ ਕਰਤਾ ਗੁਰ ਸਾਚੇ ਹੱਟ ਵਿਕਾਇੰਦਾ । ਗੁਰ ਹੱਟ ਵਣਜ ਵਣਜਾਰਾ, ਗੁਰਸਿਖ ਵੇਖਣ ਆਈਆ । ਹਰਿ ਭਗਤੀ ਭਗਤ ਭੰਡਾਰਾ, ਪ੍ਰਭ ਸਾਚਾ ਆਪ ਵਰਤਾਈਆ । ਗੁਰ ਗੁਰਮੁਖ ਕਰ ਉਜਿਆਰਾ, ਗੋਰ ਮੜੀ ਪੰਧ ਚੁਕਾਈਆ । ਗੁਰਸਿਖ ਦਏ ਸਚ ਆਧਾਰਾ, ਚਰਨ ਕਵਲ ਧਿਆਨ ਲਗਾਈਆ । ਲੇਖਾ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਨਾ ਕੋਈ ਰੁੜਾਈਆ । ਭਵ ਸਾਗਰ ਵੇਖੇ ਡੂੰਘੀ ਗਾਰਾ, ਜਲ ਥਲ ਮਹੀਅਲ ਫੇਰਾ ਪਾਈਆ । ਗੁਰਸਿਖ ਸੁਹਾਏ ਇਕ ਦੁਆਰਾ, ਮਹਿਬਾਨ ਬੀਦੋ ਵਡ ਵਡਿਆਈਆ । ਅਲੱਖ ਨਿਰੰਜਣ ਬੋਲ ਜੈਕਾਰਾ, ਅਲੱਖ ਅਲੱਖਣਾ ਅਲੱਖ ਸੁਣਾਈਆ । ਜੁਗ ਜੁਗ ਲਏ ਮਾਤ ਅਵਤਾਰਾ, ਹਰਿਜਨ ਸਾਚੇ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਵਨ ਬੀਠਲੋ ਭੇਵ ਨਾ ਰਾਈਆ । ਭਗਤਨ ਮੀਤਾ ਹਰਿ ਭਗਵੰਤ, ਪਰਮ ਪੁਰਖ ਆਪ ਅਖਵਾਇੰਦਾ । ਲੇਖਾ ਜਾਣੇ ਜੀਵ ਜੰਤ, ਜਨ ਜਨਨੀ ਵੇਖ ਵਖਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਰਸਨਾ ਜਿਹਵਾ ਨਾ ਕੋਈ ਗਣਾਇੰਦਾ । ਸਰਬ ਜੀਆਂ ਦਾ ਸਾਚਾ ਕੰਤ, ਪੁਰਖ ਅਕਾਲ ਇਕ ਅਖਵਾਇੰਦਾ । ਲੱਖ ਚੁਰਾਸੀ ਮਣੀਆ ਮੰਤ, ਧੁਰ ਫ਼ਰਮਾਣਾ ਆਪ ਜਣਾਇੰਦਾ । ਆਪ ਬਣਾਏ ਆਪਣੀ ਬਣਤ, ਆਪੇ ਅੰਤਮ ਢਾਹਿੰਦਾ । ਦੂਜੇ ਦਰ ਨਾ ਜਾਏ ਮੰਗਤ, ਆਪ ਆਪਣਾ ਘਰ ਸੁਹਾਇੰਦਾ । ਦੇਵੇ ਵਡਿਆਈ ਸਾਚੀ ਸੰਗਤ, ਜਿਉਂ ਨਾਨਕ ਅੰਗਦ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਕਾਲੀ ਧਾਰ, ਨੌ ਖੰਡ ਪ੍ਰਿਥਮੀ ਵਿਚ ਸੰਸਾਰ, ਸਤਿ ਸਤਿਵਾਦ ਨਾ ਕੋਈ ਵਖਾਇੰਦਾ । ਸਤਿ ਸਤਿਵਾਦ ਨਾ ਕੋਇ ਰੰਗ, ਲਾਲ ਗੁਲਾਲਾ ਰੰਗ ਚੜ੍ਹਾਈਆ । ਕੰਚਨ ਰੰਗ ਨਾ ਸੇਜ ਪਲੰਘ, ਸੂਹਾ ਵੇਸ ਨਾ ਕੋਈ ਵਟਾਈਆ । ਚਿਟੀ ਧਾਰ ਨਾ ਵੇਖੇ ਲੰਘ, ਪੀਲਾ ਬਸਤਰ ਤਨ ਛੁਹਾਈਆ । ਨੀਲੀ ਧਾਰੋਂ ਗਿਆ ਲੰਘ, ਸਗ਼ਲੀ ਚਿੰਤ ਨਾ ਕੋਈ ਮਿਟਾਈਆ । ਕਲਜੁਗ ਕਾਲਾ ਵਜਾਏ ਮਰਦੰਗ, ਕਾਲ ਕੂਕੇ ਦਏ ਦੁਹਾਈਆ । ਲਾੜੀ ਮੌਤ ਮੰਗੇ ਮੰਗ, ਰਾਏ ਧਰਮ ਨਾਲ ਰਲਾਈਆ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਸੂਰਬੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕੂਕੇ ਕੂਕ ਪੁਕਾਰੇ ਚਾਰੋਂ ਕੁੰਟ ਹਾਹਾ ਨਾਅਰੇ, ਹਰਿ ਕਾ ਨਾਮ ਨਾ ਕੋਈ ਧਿਆਈਆ । ਕਲਜੁਗ ਕੂਕੇ ਕੂੜ ਕੁੜਿਆਰਾ, ਚਾਰ ਕੁੰਟ ਲਏ ਅੰਗੜਾਈਆ । ਦਿਵਸ ਰੈਣ ਅੰਧ ਅੰਧਿਆਰਾ, ਸਾਚਾ ਚੰਨ ਨਾ ਕੋਈ ਚੜ੍ਹਾਈਆ । ਜੀਵਾਂ ਜੰਤਾਂ ਮਾਣ ਮੋਹ ਹੰਕਾਰਾ, ਏਕਾ ਸੰਗ ਨਿਭਾਈਆ । ਸਾਧ ਸੰਤ ਕਰਨ ਵਿਭਚਾਰਾ, ਨਾਰੀ ਕੰਤ ਭਤਾਰ ਨਾ ਕੋਈ ਹੰਢਾਈਆ । ਭੈਣਾਂ ਭਈਆ ਨਾ ਕੋਇ ਪਿਆਰਾ, ਪਿਤਾ ਪੂਤ ਨਾ ਕੋਇ ਵਡਿਆਈਆ । ਮਾਤ ਪਿਤ ਨਾ ਦਏ ਸਹਾਰਾ, ਨਾ ਕੋਈ ਦੀਸੇ ਧੀ ਜਵਾਈਆ । ਸਾਕ ਸੈਣ ਨਾ ਮੀਤ ਮਰਾਰਾ, ਕੂੜੀ ਕਿਰਿਆ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਧਰਤ ਧਵਲ ਰਹੀ ਕੁਰਲਾਈਆ । ਕਲਜੁਗ ਆਈ ਅੰਤਮ ਵਾਰਾ, ਨਾ ਦੀਸੇ ਕੋਇ ਸਹਾਈਆ । ਐਨਲਹੱਕ ਨਾ ਬੋਲੇ ਕੋਈ ਨਾਅਰਾ, ਹੱਕ ਹਕੀਕਤ ਮੁਖ ਸ਼ਰਮਾਈਆ । ਲਾਸ਼ਰੀਕ ਕਰੇ ਖੇਲ ਨਿਆਰਾ, ਬੇਐਬ ਪਰਵਰਦਿਗਾਰਾ ਆਪ ਖ਼ੁਦਾਈਆ । ਮੁਕਾਮੇ ਹੱਕ ਪਾਵੇ ਸਾਰਾ, ਸ਼ਰਅ ਸ਼ਰੀਅਤ ਵੇਖ ਵਖਾਈਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਰੋਵਨ ਜ਼ਾਰੋ ਜ਼ਾਰਾ, ਦਸਤਗੀਰ ਨਾ ਕੋਇ ਸਹਾਈਆ । ਚੌਦਾਂ ਤਬਕਾਂ ਇਕ ਹੁਲਾਰਾ, ਨਬੀ ਰਸੂਲਾਂ ਦਏ ਜਗਾਈਆ । ਪੰਡਤ ਪਾਂਧੇ ਮਾਰੇ ਮਾਰਾ, ਤਿਲਕ ਲਲਾਟੀ ਵੇਖ ਵਖਾਈਆ । ਸ਼ੱਤ੍ਰੀ ਬ੍ਰਹਿਮਣ ਕਰ ਖ਼ੁਆਰਾ, ਸ਼ੂਦਰ ਵੈਸ਼ ਫੋਲ ਫੁਲਾਈਆ ।

ਖੇਲੇ ਖੇਲ ਅਗੰਮ ਅਪਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਨਿਹਕਲੰਕ ਲਏ ਅਵਤਾਰਾ, ਨਿਰਗੁਣ ਆਪਣਾ ਨਾਉਂ ਰਖਾਈਆ । ਲੱਖ ਚੁਰਾਸੀ ਵਣਜ ਵਪਾਰਾ, ਏਕਾ ਹੱਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਸਾਚਾ ਮੇਲਾ, ਮੇਲ ਮਿਲਾਏ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਅਖਵਾਈਆ । ਚੇਲਾ ਗੁਰ ਦੀਨ ਕੇ ਨਾਥ, ਨਾਥ ਅਨਾਥਾਂ ਹੋਏ ਸਹਾਈਆ । ਸਤਿਗੁਰ ਪੂਰਾ ਸਗਲਾ ਸਾਥ, ਆਦਿ ਜੁਗਾਦਿ ਨਿਭਾਈਆ । ਆਪ ਚੁਕਾਏ ਪੂਜਾ ਪਾਠ, ਸਾਚਾ ਮੰਤਰ ਇਕ ਪੜ੍ਹਾਈਆ । ਆਪ ਉਤਾਰੇ ਆਪਣੇ ਘਾਟ, ਪਾਰ ਕਿਨਾਰਾ ਇਕ ਵਖਾਈਆ । ਆਪ ਸੁਆਏ ਆਪਣੀ ਖਾਟ, ਆਤਮ ਸੇਜਾ ਇਕ ਵਛਾਈਆ । ਆਪ ਵਿਕਾਏ ਆਪਣੇ ਹਾਟ, ਗੁਰਸਿਖ ਤੇਰੀ ਕੀਮਤ ਕਰਤਾ ਆਪੇ ਪਾਈਆ । ਕਿਸੇ ਹੱਥ ਨਾ ਆਇਆ ਨੌ ਨੌ ਨਾਥ, ਸਿਧ ਚੁਰਾਸੀ ਰਹੇ ਗਾਈਆ । ਗੁਰਸਿਖਾਂ ਨੇੜੇ ਰੱਖੇ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟ, ਜਿਸ ਜਨ ਆਪਣੀ ਗੋਦ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਫੋਲਿਆ, ਪਾਰਬ੍ਰਹਮ ਗੁਰ ਕਰਤਾਰ । ਗੁਰਸਿਖ ਸਾਚੇ ਕੰਡੇ ਤੋਲਿਆ, ਤੋਲਣਹਾਰ ਆਪ ਨਿਰੰਕਾਰ । ਸਚ ਦੁਆਰਾ ਏਕਾ ਖੋਲ੍ਹਿਆ, ਏਕਾ ਵਣਜ ਇਕ ਵਿਹਾਰ । ਲੱਖ ਚੁਰਾਸੀ ਪਾਵੇ ਰੌਲਿਆ, ਦਿਸ ਨਾ ਆਏ ਸਿਰਜਣਹਾਰ । ਵਸਣਹਾਰਾ ਕਾਇਆ ਮੰਦਰ ਆਪਣੇ ਪਰਦੇ ਓਹਲਿਆ, ਆਪ ਆਪਣਾ ਪਰਦਾ ਡਾਰ । ਗੁਰਮੁਖਾਂ ਵਸੇ ਸਦਾ ਕੋਲਿਆ, ਕਵਲ ਨੈਣ ਮੀਤ ਮੁਰਾਰ । ਹੌਲੀ ਹੌਲੀ ਆਪੇ ਬੋਲਿਆ, ਸ਼ਬਦ ਅਨਹਦ ਵਜਾਏ ਸੱਚੀ ਧੁਨਕਾਰ । ਸਤਿਗੁਰ ਪੂਰਾ ਕਦੇ ਨਾ ਡੋਲਿਆ, ਅਡੋਲ ਅਡੁਲ ਵਿਚ ਸੰਸਾਰ । ਹਰਿਜਨ ਕਾਇਆ ਅੰਦਰ ਮੌਲਿਆ, ਫੁੱਲ ਫਲਵਾੜੀ ਖਿੜੇ ਗੁਲਜ਼ਾਰ । ਦੋ ਜਹਾਨਾਂ ਕਰੇ ਭਾਰ ਹੌਲਿਆ, ਕੋਟਨ ਕੋਟ ਪਾਪ ਦਏ ਉਤਾਰ । ਜਿਸ ਜਨ ਏਕਾ ਅੱਖਰ ਹਰਿ ਹਰਿ ਬੋਲਿਆ, ਭਵ ਸਾਗਰ ਉਤਰੇ ਪਾਰ । ਦੇਵਣਹਾਰ ਸ਼ਬਦ ਝਕੋਲਿਆ, ਉਨੰਜਾ ਪਵਣ ਕਰੇ ਖ਼ੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਜਾਏ ਤਾਰ । ਤਾਰਨਹਾਰ ਦੀਨ ਦਿਆਲ, ਹਰਿਜਨ ਸਾਚੇ ਆਪ ਤਰਾਇੰਦਾ । ਗੁਰਸਿਖ ਵੇਖੇ ਸਾਚਾ ਲਾਲ, ਲਾਲ ਅਨਮੁਲੜਾ ਆਪ ਉਠਾਇੰਦਾ । ਆਪ ਆਪਣੇ ਆਪੇ ਭਾਲ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਘਰ ਘਰ ਵਿਚ ਫੋਲ ਫੁਲਾਇੰਦਾ । ਕਲਜੁਗ ਚਲੀ ਅਵੱਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਪੰਜ ਤਤ ਨਾ ਦੀਸੇ ਮਾਟੀ ਖਾਲ, ਤ੍ਰੈਗੁਣ ਨਾ ਜੋੜ ਜੁੜਾਇੰਦਾ । ਅਗੰਮ ਅਗੰਮੜਾ ਵਜੇ ਤਾਲ, ਅਗੰਮੀ ਸੁਰ ਆਪ ਰਖਾਇੰਦਾ । ਸਚਖੰਡ ਦੁਆਰ ਬੈਠ ਸੱਚੀ ਧਰਮਸਾਲ, ਧੁਰਦਰਗਾਹੀ ਵੇਖ ਵਖਾਇੰਦਾ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਮੇਲ ਮਿਲਾਵਾ ਸਾਚੇ ਘਰ, ਗ੍ਰਿਹ ਮੰਦਰ ਆਪ ਸੁਹਾਇੰਦਾ । ਗ੍ਰਿਹ ਮੰਦਰ ਵਸੇ ਹਰਿ ਹਰਿ ਰਾਜਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਗ਼ਰੀਬ ਨਿਵਾਜ਼ਾ, ਆਸਣ ਸਿੰਘਾਸਣ ਆਪ ਸੁਹਾਈਆ । ਗੁਰਸਿਖ ਉਠਾਏ ਦਇਆ ਕਮਾਏ ਆਪ ਜਗਾਏ ਮਾਰੇ ਵਾਜਾਂ, ਆਲਸ ਨਿੰਦਰਾ ਵਿਚ ਨਾ ਆਈਆ । ਸਤਿ ਪੁਰਖ ਨਿਰੰਜਣ ਚਲਾਏ ਸਚ ਜਹਾਜ਼ਾ, ਸਚ ਸਾਚੇ ਲਏ ਚੜ੍ਹਾਈਆ । ਵੇਲੇ ਅੰਤਮ ਰੱਖੇ ਲਾਜਾ, ਜਗਤ ਜਗਦੀਸ਼ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਲੇਖਾ ਲਿਖਣਹਾਰ ਵਰਤੇ ਵਰਤਾਵੇ ਵਿਚ ਸੰਸਾਰ, ਪੁਰਖ ਪੁਰਖੋਤਮ ਖੇਲ ਅਪਾਰ,

ਕਾਗਦ ਕਲਮ ਨਾ ਲਿਖਣਹਾਰ, ਕਰਮ ਧਰਮ ਜਰਮ ਵਰਨ ਬਰਨ ਸਾਚੀ ਸਰਨ ਇਕ ਰਖਾਈਆ । ਅਨ ਰੂਪ ਸਰੀਰ ਕੋ ਜਾਣ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਤਨ ਸਰੀਰ ਸ੍ਰੀ ਭਗਵਾਨ, ਨਿਜ ਬੈਠਾ ਆਸਣ ਲਾਈਆ । ਨਾ ਕੋਈ ਪੀਣ ਨਾ ਕੋਈ ਖਾਣ, ਰਸਨ ਗਿਆਨ ਨਾ ਕੋਇ ਅਲਾਈਆ । ਨਾ ਕੋਈ ਰੂਪ ਨਾ ਨਿਸ਼ਾਨ, ਨੇਤਰ ਨੈਣ ਨਾ ਕੋਇ ਦਸਾਈਆ । ਨਾ ਕੋਈ ਬਿਰਧ ਨਾ ਜਵਾਨ, ਬਾਲ ਅਵਸਥਾ ਨਾ ਕੋਇ ਦਸਾਈਆ । ਨਾ ਕੋਈ ਹੱਥ ਪੈਰ ਦਿਸੇ ਕਾਨ, ਮੁਖ ਨਾਕ ਨਾ ਕੋਇ ਲਗਾਈਆ । ਨੌਂ ਦਰ ਨਾ ਕੋਇ ਨਿਸ਼ਾਨ, ਪੰਜ ਤਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੂਪ ਅਨੂਪ ਦਰਸਾਈਆ । ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਉਪਾਈਆ । ਨਿਰਗੁਣ ਮੰਦਰ ਕਰ ਤਿਆਰ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਕੰਤ ਨਿਰਗੁਣ ਭਤਾਰ, . . . . . . . . . . . . .

### ❊ ੨੩ ਫੱਗਣ ੨੦੧੯ ਬਿਕ੍ਰਮੀ ਸਰਵਣ ਸਿੰਘ ਦੇ ਘਰ ਪਿੰਡ ਜਗਾਤੀਆਂ ਜ਼ਿਲਾ ਕਰਨਾਲ ❊

ਸੋ ਪੁਰਖ ਨਿਰੰਜਣ ਏਕਾ ਦਾਤਾ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਸੱਚਾ ਨਾਤਾ, ਜੁਗ ਜੁਗ ਆਪ ਬੰਧਾਇੰਦਾ । ਏਕੰਕਾਰਾ ਪੁਰਖ ਬਿਧਾਤਾ, ਏਕਾ ਰੰਗ ਰੰਗਾਇੰਦਾ । ਆਦਿ ਨਿਰੰਜਣ ਉਤਮ ਜ਼ਾਤਾ, ਵਰਨ ਗੋਤ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਮੇਟੇ ਅੰਧੇਰੀ ਰਾਤਾ, ਸਾਚਾ ਚੰਦ ਇਕ ਚੜ੍ਹਾਇੰਦਾ । ਅਬਿਨਾਸ਼ੀ ਕਰਤਾ ਇਕ ਇਕਾਂਤਾ, ਸਚ ਸਿੰਘਾਸਣ ਆਸਣ ਲਾਇੰਦਾ । ਪਾਰਬ੍ਰਹਮ ਪਿਤਾ ਮਾਤਾ, ਆਪ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਅਕਲ ਕਲ ਧਾਰ, ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਸੋਭਾਵੰਤ, ਏਕਾ ਰੰਗ ਸਮਾਇਆ । ਹਰਿ ਪੁਰਖ ਨਿਰੰਜਣ ਆਦਿ ਅੰਤ, ਰੂਪ ਅਨੂਪ ਆਪ ਦਰਸਾਇਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਜਣਾਇਆ । ਆਦਿ ਨਿਰੰਜਣ ਜੁਗਾ ਜੁਗੰਤ, ਜੋਤ ਨਿਰੰਜਣ ਦਏ ਰੁਸ਼ਨਾਇਆ । ਅਬਿਨਾਸ਼ੀ ਕਰਤਾ ਸਾਚਾ ਕੰਤ, ਕੰਤ ਕੰਤੂਹਲ ਵਡ ਵਡਿਆਇਆ । ਸ੍ਰੀ ਭਗਵਾਨ ਬਣਾਏ ਬਣਤ, ਨਾ ਕੋਈ ਦੂਸਰ ਸੰਗ ਰਖਾਇਆ । ਪਾਰਬ੍ਰਹਮ ਆਪੇ ਜਾਣੇ ਆਪਣਾ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਿਲਾਇਆ । ਨਿਰਗੁਣ ਦਾਤਾ ਬੇਪਰਵਾਹ, ਅਜੂਨੀ ਰਹਿਤ ਭੇਵ ਨਾ ਰਾਈਆ । ਕਰਤਾ ਪੁਰਖ ਇਕ ਮਲਾਹ, ਏਕਾ ਬੇੜਾ ਸਚ ਚਲਾਈਆ । ਧੁਰਦਰਗਾਹੀ ਵਸੇ ਸਾਚੇ ਥਾਂ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕਾ ਆਸਣ ਡੇਰਾ ਲਾਈਆ । ਦੋ ਜਹਾਨਾਂ ਕਰੇ ਸਚ ਨਿਆਂ, ਹੁਕਮੀ ਹੁਕਮ ਆਪ ਚਲਾਈਆ । ਖੇਲੇ ਖੇਲ ਅਗੰਮ ਅਥਾਹ, ਅਲੱਖ ਅਲੱਖਣਾ ਵਡ ਵਡਿਆਈਆ । ਥਿਰ ਘਰ ਬੰਕ ਰਿਹਾ ਸੁਹਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਆਪੇ ਹੋਏ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲ ਇਕ ਅਖਵਾਈਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਸਚ ਦੁਆਰ, ਸਚਖੰਡ ਸਾਚੇ ਸੋਭਾ ਪਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜ, ਠਾਂਡਾ ਦਰਬਾਰ ਆਪ ਉਪਜਾਇੰਦਾ । ਤਖ਼ਤ ਬੈਠ ਸੱਚੀ ਸਰਕਾਰ, ਆਪ ਆਪਣਾ ਆਸਣ ਲਾਇੰਦਾ । ਦਰ ਦਰਵੇਸ਼ ਹੋਏ ਚੋਬਦਾਰ, ਸੀਸ ਜਗਦੀਸ਼

ਆਪਣਾ ਆਪ ਝੁਕਾਇੰਦਾ । ਵਰਤੇ ਵਰਤਾਵੇ ਹਰਿ ਵਰਤਾਰ, ਆਪ ਆਪਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਪਾਵੇ ਰਾਸਾ, ਲੋਆਂ ਪੁਰੀਆਂ ਵੇਖ ਵਖਾਇੰਦਾ । ਲੋਆਂ ਪੁਰੀਆਂ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨੇਹਚਲ ਧਾਮ ਅਟੱਲਾ, ਸਚ ਮਹੱਲਾ ਆਪ ਸੁਹਾਇੰਦਾ । ਜਲਾਂ ਥਲਾਂ ਆਪੇ ਰਲਾ, ਜੰਗਲ ਜੂਹ ਉਜਾੜ ਪਹਾੜ ਆਪੇ ਡੇਰਾ ਲਾਇੰਦਾ । ਸ਼ਬਦ ਅਨਾਦੀ ਸਚ ਸੰਦੇਸ਼ ਨਿਰਗੁਣ ਧਾਰਾ ਏਕਾ ਘੱਲਾ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇੰਦਾ । ਜੋਤੀ ਜੋਤ ਆਪੇ ਰਲਾ, ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਆਤਮ ਪਰਮਾਤਮ ਰੰਗ ਰੰਗਾਇੰਦਾ । ਆਪੇ ਕਰੇ ਖੇਲ ਵਲ ਛਲਾ, ਅਛੱਲ ਛਲ ਧਾਰੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟੰਦੜਾ ਪੁਰਖ ਸੁਲਤਾਨ, ਆਦਿ ਜੁਗਾਦਿ ਵੱਡੀ ਵਡਿਆਈਆ । ਲੋਕਮਾਤ ਹੋਏ ਪਰਧਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਧੁਰਦਰਗਾਹੀ ਇਕ ਫ਼ਰਮਾਣ, ਸਚ ਸਾਚਾ ਸਚ ਜਣਾਈਆ । ਸ਼ਬਦ ਅਨਾਦੀ ਸਚ ਧੁੰਨਕਾਨ, ਧੁਨ ਅਨਾਦੀ ਆਪ ਅਲਾਈਆ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਈਆ । ਲੱਖ ਚੁਰਾਸੀ ਜਗਤ ਨਿਸ਼ਾਨ, ਚਾਰੋਂ ਕੁੰਟ ਆਪ ਝੁਲਾਈਆ । ਦਹਿ ਦਿਸ਼ਾ ਹੋ ਪਰਧਾਨ, ਖੇਲੇ ਖੇਲ ਬੇਪਰਵਾਹੀਆ । ਦਾਤਾ ਦਾਨੀ ਗੁਣ ਨਿਧਾਨ, ਏਕਾ ਮੰਤਰ ਨਾਮ ਦ੍ਰਿੜਾਈਆ । ਭਗਤਾਂ ਦੇਵੇ ਭਗਤੀ ਦਾਨ, ਭਗਵਨ ਆਪਣਾ ਮੇਲ ਮਿਲਾਈਆ । ਸਤਿ ਵਖਾਏ ਸਚ ਦੁਕਾਨ, ਚੌਦਾਂ ਲੋਕ ਮੁਖ ਭਵਾਈਆ । ਗੁਰਮੁਖ ਬਖ਼ਸ਼ੇ ਇਕ ਧਿਆਨ, ਆਤਮ ਅੰਤਰ ਬੂਝ ਬੁਝਾਈਆ । ਗੁਰਸਿਖਾਂ ਦੇਵੇ ਸਾਚਾ ਦਾਨ, ਸਾਚੀ ਭਿਛਿਆ ਝੋਲੀ ਪਾਈਆ । ਏਕਾ ਸ਼ਬਦ ਰਸਨਾ ਗਾਨ, ਅੱਖਰ ਵੱਖਰ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੇ ਨਾਮ ਰੱਖੇ ਵਡਿਆਈਆ । ਹਰਿ ਹਰਿ ਨਾਉਂ ਅਪਾਰ, ਵੇਦ ਕਤੇਬ ਭੇਵ ਨਾ ਪਾਇੰਦਾ । ਬ੍ਰਹਮਾ ਲਿਖ ਲਿਖ ਗਿਆ ਹਾਰ, ਚਾਰੇ ਵੇਦਾਂ ਮੁਖ ਸਾਲਾਹਿੰਦਾ । ਸਿਫ਼ਤੀ ਸਿਫ਼ਤ ਕਰੇ ਵਿਚਾਰ, ਨੇਤਰ ਨੈਣ ਨਾ ਕੋਇ ਦਰਸਾਇੰਦਾ । ਦੇਵਣਹਾਰ ਇਕ ਨਿਰਾਕਾਰ, ਸਰਗੁਣ ਸਾਚਾ ਮੇਲ ਮਿਲਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰ, ਸ਼ਾਹੋ ਸ਼ਾਬਾਸ਼ੀ ਆਪ ਖੁਲ੍ਹਾਇੰਦਾ । ਤ੍ਰੈਗੁਣ ਮਾਇਆ ਵਸੇ ਬਾਹਰ, ਪੰਚ ਤਤ ਨਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਜੁਗ ਜੁਗ ਖੇਲ ਪੁਰਖ ਅਕਾਲ, ਆਪਣਾ ਆਪ ਕਰਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਸਚ ਵਣਜਾਰਾ ਵਣਜ ਕਰਾਇੰਦਾ । ਏਕਾ ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ੀਨਾ ਹੱਥ ਫੜਾਇੰਦਾ । ਲੇਖਾ ਜਾਣੇ ਕਾਲ ਮਹਾਂਕਾਲ, ਜਗਤ ਜੰਜਾਲ ਤੋੜ ਤੁੜਾਇੰਦਾ । ਫਲ ਲਗਾਏ ਕਾਇਆ ਡਾਲ, ਫੁੱਲ ਫਲਵਾੜੀ ਆਪ ਮਹਿਕਾਇੰਦਾ । ਅੰਮ੍ਰਿਤ ਸਰੋਵਰ ਬਖ਼ਸ਼ੇ ਤਾਲ, ਕਾਇਆ ਮੰਦਰ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਾਥ, ਏਕਾ ਰੰਗ ਸਮਾਇੰਦਾ । ਜੁਗ ਜੁਗ ਮਹਿਮਾ ਕਥਨਾ ਅਕਾਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਲਾਏ ਰਾਥ, ਕਲਜੁਗ ਵੇਲਾ ਅੰਤਮ ਆਇੰਦਾ । ਲੱਖ ਚੁਰਾਸੀ ਬੈਠੀ ਘਾਟ, ਸਾਚਾ

ਬੇੜਾ ਨਾ ਕੋਇ ਰਖਾਇੰਦਾ । ਲਹਿਣਾ ਦੇਣਾ ਚੁਕਿਆ ਅਠਸਾਠ, ਤੀਰਥ ਤਾਟ ਨਾ ਕੋਇ ਨੁਹਾਇੰਦਾ । ਘਰ ਘਰ ਜੋਤ ਨਾ ਦਿਸੇ ਕੋਇ ਲਲਾਟ, ਅਗਿਆਨ ਅੰਧੇਰ ਨਾ ਕੋਇ ਗਵਾਇੰਦਾ । ਅਨਹਦ ਸ਼ਬਦ ਨਾ ਵੱਜੇ ਸੱਟ, ਤਨ ਨਗਾਰਾ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਜੁਗ ਜੁਗ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਭਗਤਨ ਮੀਤਾ ਏਕੰਕਾਰ, ਰੂਪ ਅਨੂਪ ਆਪ ਵਟਾਈਆ । ਭਗਤ ਵਛਲ ਵਿਚ ਸੰਸਾਰ, ਆਪ ਆਪਣਾ ਖੇਲ ਖਿਲਾਈਆ । ਡੁੱਬਦੇ ਪਾਥਰ ਦੇਵੇ ਤਾਰ, ਜਿਸ ਜਨ ਆਪਣੀ ਦਇਆ ਕਮਾਈਆ । ਹਰਿਜਨ ਬਖ਼ਸ਼ੇ ਸਚ ਪਿਆਰ, ਸਚ ਦੁਆਰਾ ਇਕ ਵਖਾਈਆ । ਮੇਟ ਮਿਟਾਏ ਅੰਧ ਅੰਧਿਆਰ, ਕੂੜ ਕੁੜਿਆਰ ਦਿਸ ਨਾ ਆਈਆ । ਜੋਤ ਨਿਰੰਜਣ ਕਰ ਉਜਿਆਰ, ਘਰ ਘਰ ਵਿਚ ਦਏ ਵਖਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰ, ਅਨਹਦ ਤਾਲ ਆਪ ਵਜਾਈਆ । ਅੰਮ੍ਰਿਤ ਦੇਵੇ ਠੰਡੀ ਠਾਰ, ਭਰ ਪਿਆਲਾ ਜਾਮ ਪਿਆਈਆ । ਖੋਲ੍ਹ ਵਖਾਏ ਬੰਦ ਕਿਵਾੜ, ਬਜ਼ਰ ਕਪਾਟੀ ਪਰਦਾ ਲਾਹੀਆ । ਘਰ ਸਾਚੇ ਸਚ ਦੇਵੇ ਵਾੜ, ਸੁਰਤੀ ਸ਼ਬਦੀ ਮੇਲ ਮਿਲਾਈਆ । ਨਾਰੀ ਕੰਤ ਸਚ ਪਿਆਰ, ਆਤਮ ਸੇਜਾ ਆਪ ਵਖਾਈਆ । ਮੇਲ ਮਿਲਾਵਾ ਜੋਤ ਨਿਰੰਕਾਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣੀ ਵੰਡ ਵੰਡਾਈਆ । ਸਾਚੀ ਵਸਤ ਹੱਥ ਕਰਤਾਰ, ਗੁਰ ਸਤਿਗੁਰ ਆਪ ਵਰਤਾਇੰਦਾ । ਗੁਰ ਗੁਰ ਪਾਵਣਹਾਰਾ ਸਾਰ, ਲੋਕਮਾਤ ਵੇਸ ਵਟਾਇੰਦਾ । ਗੁਰਮੁਖ ਸਾਜਣ ਜਾਏ ਤਾਰ, ਦੇ ਮਤ ਤਤ ਸਮਝਾਇੰਦਾ । ਗੁਰਸਿਖ ਲੇਖਾ ਆਰ ਪਾਰ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਰਖਾਇੰਦਾ । ਤਾਰਨਹਾਰ ਏਕੋ ਦੀਨਾ, ਦੀਨਾ ਨਾਥ ਹੋਏ ਸਹਾਈਆ । ਜਨ ਭਗਤਾਂ ਕਰੇ ਠਾਂਡਾ ਸੀਨਾ, ਆਪ ਆਪਣੀ ਬੂਝ ਬੁਝਾਈਆ । ਗੁਰਸਿਖ ਸਹਾਰਾ ਜਿਉਂ ਜਲ ਮੀਨਾ, ਚਾਤ੍ਰਕ ਤ੍ਰਿਖਾ ਆਪ ਬੁਝਾਈਆ । ਕਾਇਆ ਚੋਲੀ ਚਾੜ੍ਹੇ ਰੰਗ ਭੀਨਾ, ਉਤਰ ਕਦੇ ਨਾ ਜਾਈਆ । ਪਾਰ ਕਰਾਏ ਲੋਕਾਂ ਤੀਨਾਂ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਮੇਲ ਮਿਲਾਈਆ । ਮੇਲ ਮਿਲਾਵਾ ਹਰਿ ਭਗਵਾਨ, ਹਰਿ ਸਾਚਾ ਆਪ ਕਰਾਇੰਦਾ । ਆਤਮ ਅੰਤਰ ਇਕ ਗਿਆਨ, ਏਕਾ ਬ੍ਰਹਮ ਵਖਾਇੰਦਾ । ਘਰ ਵਿਚ ਘਰ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਦੀਵਾ ਬਾਤੀ ਜੋਤ ਮਹਾਨ, ਕਮਲਾਪਾਤੀ ਆਪ ਟਿਕਾਇੰਦਾ । ਸੁਣਾਵੇ ਗਾਥੀ ਧੁਰ ਫ਼ਰਮਾਣ, ਬੋਧ ਅਗਾਧੀ ਭੇਵ ਖੁਲ੍ਹਾਇੰਦਾ । ਏਕਾ ਨਾਦ ਵਜਾਏ ਸੱਚੀ ਧੁਨਕਾਨ, ਆਤਮ ਅੰਤਰ ਬੂਝ ਬੁਝਾਇੰਦਾ । ਕਰੇ ਪਰਕਾਸ਼ ਕੋਟਨ ਭਾਨ, ਰਵ ਸਸ ਮੁਖ ਸ਼ਰਮਾਇੰਦਾ । ਗੁਰਮੁਖ ਗੁਰਸਿਖ ਕਾਗ ਹੰਸ ਬਣ ਜਾਣ, ਮਾਣ ਸਰੋਵਰ ਜੋ ਜਨ ਨੁਹਾਇੰਦਾ । ਸਤਿਗੁਰ ਪੂਰਾ ਦੇਵੇ ਦਾਨ, ਦਇਆ ਦ੍ਰਿਸ਼ਟੀ ਆਪ ਕਮਾਇੰਦਾ । ਸਰਬ ਜੀਆਂ ਦਾ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਆਪ ਨਚਾਇੰਦਾ । ਏਥੇ ਓਥੇ ਏਕਾ ਰਾਮ, ਦੂਸਰ ਰੂਪ ਨਾ ਕੋਈ ਵਟਾਇੰਦਾ । ਗੁਰਮੁਖਾਂ ਦੇਵੇ ਸਾਚਾ ਮਾਣ, ਦਰਗਹਿ ਸਾਚੀ ਆਪ ਸੁਹਾਇੰਦਾ । ਇਕ ਵਖਾਏ ਪਦ ਨਿਰਬਾਣ, ਨਿਰਭੈ ਆਪਣਾ ਨਾਉਂ ਧਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਬਹਿ ਬਹਿ ਗਾਣ, ਕੋਟੀ ਕੋਟ ਧਿਆਨ ਲਗਾਇੰਦਾ । ਕਿਸੇ ਹੱਥ ਨਾ ਆਏ ਸ੍ਰੀ ਭਗਵਾਨ, ਭੇਵ ਅਭੇਦਾ ਭੇਵ ਛੁਪਾਇੰਦਾ । ਜੁਗ ਜੁਗ ਲੋਕਮਾਤ ਹੋ ਪਰਧਾਨ, ਆਪ

ਆਪਣਾ ਰੂਪ ਵਟਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਪਛਾਣ, ਪੂਰਬ ਲਹਿਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਇੰਦਾ । ਕਲਜੁਗ ਅੰਤਮ ਹਰਿ ਹਰਿ ਧਾਰ, ਨਿਰਗੁਣ ਨਿਰਾਕਾਰ ਚਲਾਈਆ । ਜੋਤੀ ਜਾਮਾ ਖੇਲ ਅਪਾਰ, ਜੋਤੀ ਜੋਤ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸਾਚਾ ਨਾਅਰਾ ਏਕਾ ਲਾਈਆ । ਵਸਣਹਾਰਾ ਧਾਮ ਨਿਆਰ, ਸੰਬਲ ਬੈਠਾ ਰੁੱਤ ਸੁਹਾਈਆ । ਉਚਾ ਟਿੱਲਾ ਪਰਬਤ ਆਪੇ ਪਾੜ, ਆਪ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵੇਸ, ਨਿਰਗੁਣ ਰੂਪ ਨਰ ਨਰੇਸ਼ ਖੇਲੇ ਖੇਲ ਦਰ ਦਰਵੇਸ਼, ਅਲੱਖ ਅਲੱਖਣਾ ਆਪਣੀ ਅਲੱਖ ਜਗਾਈਆ । ਅਲੱਖ ਅਲੱਖਣਾ ਹਰਿ ਭਗਵਾਨ, ਭੇਵ ਕੋਇ ਨਾ ਪਾਇੰਦਾ । ਦਿਸ ਨਾ ਆਏ ਜ਼ਿਮੀ ਅਸਮਾਨ, ਧਰਤ ਧਵਲ ਨਾ ਕੋਈ ਰਖਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਸਾਰੇ ਗਾਣ, ਹਰਿ ਹਰਿ ਆਪਣਾ ਖੇਲ ਖਿਲਾਇੰਦਾ । ਗੁਰ ਪੀਰ ਸਾਧ ਸੰਤ ਅਵਤਾਰ ਆਦਿ ਜੁਗਾਦੀ ਸਚ ਨਿਸ਼ਾਨ, ਲੋਕਮਾਤ ਆਪ ਉਪਜਾਇੰਦਾ । ਇਕ ਇਕੱਲਾ ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਰੰਗ ਰੰਗਾਇੰਦਾ । ਚਾਰ ਵਰਨ ਰੰਗ ਅਨਮੋਲ, ਹਰਿ ਸਾਚਾ ਆਪ ਚੜ੍ਹਾਈਆ । ਲੱਖ ਚੁਰਾਸੀ ਏਕਾ ਕੰਡੇ ਦੇਵੇ ਤੋਲ, ਨਾਮ ਕੰਡਾ ਹੱਥ ਉਠਾਈਆ । ਸ਼ਬਦ ਅਗੰਮੀ ਵੱਜੇ ਢੋਲ, ਬ੍ਰਹਿਮੰਡ ਖੰਡ ਆਪ ਸੁਣਾਈਆ । ਆਪਣੀ ਧਾਰਨ ਆਪੇ ਬੋਲ, ਤ੍ਰੈ ਤ੍ਰੈ ਲੇਖਾ ਦਏ ਮੁਕਾਈਆ । ਸਚਖੰਡ ਨਿਵਾਸੀ ਸਚ ਦੁਆਰਾ ਏਕਾ ਖੋਲ੍ਹ, ਏਕਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ ।
੩੧੬ ਕਲਜੁਗ ਅੰਤਮ ਵੇਖਣਹਾਰਾ, ਏਕਾ ਏਕ ਏਕੰਕਾਰਿਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆ ਰਿਹਾ । ਸਤਿ ਸਤਿਵਾਦੀ ਸਾਚੀ ਧਾਰਾ, ਸਤਿ ਸਤਿ ਆਪ ਚਲਾ ਰਿਹਾ । ਪਾਵੇ ਸਾਰਾ ਪੁਰਖ ਨਾਰਾ, ਨਾਉਂ ਨਰਾਇਣ ਆਪ ਧਰਾ ਲਿਆ । ਜਨ ਭਗਤਾਂ ਦੇਵੇ ਨਾਮ ਆਧਾਰਾ, ਆਪ ਆਪਣਾ ਭੇਵ ਖੁਲ੍ਹਾ ਲਿਆ । ਸੰਤਨ ਮੇਲਾ ਮੀਤ ਮੁਰਾਰਾ, ਘਰ ਸੱਜਣ ਵੇਖ ਵਖਾ ਲਿਆ । ਗੁਰਮੁਖਾਂ ਵਖਾਏ ਪਾਰ ਕਿਨਾਰਾ, ਸਾਚਾ ਬੇੜਾ ਆਪ ਚਲਾ ਰਿਹਾ । ਗੁਰਸਿਖ ਸੁਹਾਏ ਬੰਕ ਦੁਆਰਾ, ਬੰਕ ਦੁਆਰੀ ਵੇਸ ਵਟਾ ਲਿਆ । ਵੇਸ ਵਟੰਦੜਾ ਹਰਿ ਹਰਿ ਮੀਤ, ਲੋਕਮਾਤ ਵੇਖ ਵਖਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਨ ਬੇਪਰਵਾਹੀਆ । ਗੁਰਮੁਖ ਕਾਇਆ ਠੰਡੀ ਸੀਤ, ਅਗਨੀ ਤਤ ਨਾ ਕੋਈ ਜਲਾਈਆ । ਧਾਮ ਵਖਾਏ ਇਕ ਅਨਡੀਠ, ਲਿਖਣ ਪੜ੍ਹਨ ਵਿਚ ਨਾ ਆਈਆ । ਮਾਨਸ ਜਨਮ ਜਾਣਾ ਜੀਤ, ਜਗਤ ਠਗੌਰੀ ਕੋਇ ਨਾ ਪਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਰਾਓ ਰੰਕ ਨਾ ਕੋਈ ਵਖਾਈਆ । ਸਤਿਜੁਗ ਤੇਰੀ ਸਾਚੀ ਰੀਤ, ਹਰਿ ਸਾਚਾ ਸਚ ਚਲਾਈਆ । ਨਾ ਕੋਈ ਮੰਦਰ ਨਾਂ ਮਸੀਤ, ਸ਼ਿਵਦੁਆਲਾ ਮੱਠ ਨਾ ਕੋਈ ਵਖਾਈਆ । ਕਾਇਆ ਮੰਦਰ ਏਕਾ ਗੀਤ, ਹਰਿ ਮੰਦਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੁਗ ਜੁਗ ਖੇਲ ਪੁਰਖ ਸੁਲਤਾਨ, ਸਤਿ ਸਤਿਵਾਦੀ ਆਪ ਕਰਾਇੰਦਾ । ਕਲਜੁਗ ਮੇਟੇ ਕੂੜ ਨਿਸ਼ਾਨ, ਸਤਿਜੁਗ ਸਾਚਾ ਮਾਰਗ ਲਾਇੰਦਾ । ਚਾਰ ਵਰਨਾਂ ਇਕ ਗਿਆਨ, ਏਕਾ ਹਰਿ ਹਰਿ ਨਾਮ ਦ੍ਰਿੜ੍ਹਾਇੰਦਾ । ਨਾਤਾ ਤੋੜੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਸ਼ਾ ਤ੍ਰਿਸ਼ਨਾ ਸਰਬ ਮਿਟ ਜਾਣ, ਜੋ ਜਨ ਸਤਿਗੁਰ ਪੂਰੇ ਦਰਸ਼ਨ ਪਾਇੰਦਾ । ੩੧੬

ਤੋੜਣਹਾਰਾ ਮਾਣ ਅਭਿਮਾਣ, ਨਿਵਣ ਸੁ ਅੱਖਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲੇਖੇ ਲਾਇੰਦਾ । ਹਰਿਜਨ ਲੇਖਾ ਲਿਖਣਹਾਰ, ਏਕਾ ਏਕ ਏਕ ਅਖਵਾਇਆ । ਪੂਰਬ ਲਹਿਣਾ ਕਰਮ ਵਿਚਾਰ, ਨੇਤਰ ਨੈਣਾਂ ਦਰਸ ਦਖਾਇਆ । ਭਵ ਸਾਗਰ ਜਨ ਜਾਏ ਤਾਰ, ਜਨ ਜਨਨੀ ਵੇਖ ਵਖਾਇਆ । ਮੇਲ ਮਿਲਾਵਾ ਧੁਰ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਫੜ, ਸ਼ਬਦ ਡੋਰੀ ਹੱਥ ਉਠਾਇਆ । ਸ਼ਬਦ ਡੋਰ ਹੱਥ ਕਰਤਾਰ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਹਰਿਜਨ ਮੇਲੇ ਵਿਚ ਸੰਸਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਕਾਇਆ ਗੜ੍ਹ ਤੋੜ ਹੰਕਾਰ, ਮਾਇਆ ਮਮਤਾ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਰਾਸ, ਆਪੇ ਪਾਏ ਪ੍ਰਿਥਮੀ ਆਕਾਸ਼, ਨਵ ਸਤ ਖੇਲ ਖਿਲਾਇੰਦਾ । ਨਵ ਸਤ ਹਰਿ ਹਰਿ ਡੇਰਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਹੇਰਾ ਫੇਰਾ, ਕਰ ਕਰ ਮਾਤ ਭੁਲਾਇੰਦਾ । ਦੇਵਣਹਾਰਾ ਉਲਟਾ ਗੇੜਾ, ਆਪਣੀ ਲੱਠ ਆਪ ਗੜਾਇੰਦਾ । ਸ਼ਾਹ ਸੁਲਤਾਨਾਂ ਮੁੱਕੇ ਝੇੜਾ, ਸੀਸ ਤਾਜ ਨਾ ਕੋਇ ਵਖਾਇੰਦਾ । ਨਾ ਕੋਈ ਵਸੇ ਨਗਰ ਖੇੜਾ, ਸਚ ਗਰਾਂ ਨਾ ਕੋਇ ਸੁਹਾਇੰਦਾ । ਧਰਤ ਮਾਤ ਦਾ ਖੁਲ੍ਹਾ ਵੇਹੜਾ, ਜੁਗ ਜੁਗ ਆਪ ਕਰਾਇੰਦਾ । ਜਨ ਭਗਤਾਂ ਬੰਨ੍ਹਣਹਾਰਾ ਬੇੜਾ, ਖੇਵਟ ਖੇਟਾ ਰੂਪ ਵਟਾਇੰਦਾ । ਕਲਜੁਗ ਅੰਤਮ ਲਾਏ ਉਖੇੜਾ, ਚਾਰੋਂ ਕੁੰਟ ਹਲਾਇੰਦਾ । ਕਰੇ ਕਰਾਏ ਹੱਕ ਨਬੇੜਾ, ਗੁਰ ਸਤਿਗੁਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਜਾਗਣਹਾਰ ਏਕ ਗੁਰਦੇਵ, ਦੂਸਰ ਅੱਖ ਨਾ ਕੋਇ ਖੁਲ੍ਹਾਈਆ । ਪਾਰਬ੍ਰਹਮ ਅਲੱਖ ਅਭੇਵ, ਭੇਵ ਅਭੇਦਾ ਭੇਵ ਛੁਪਾਈਆ । ਹਰਿਜਨ ਲਗਾਏ ਸਾਚੀ ਸੇਵ, ਆਪ ਆਪਣਾ ਨਾਮ ਸਮਝਾਈਆ । ਜੋ ਜਨ ਗਾਏ ਰਸਨਾ ਜੇਹਵ, ਜਾਗਰਤ ਜੋਤ ਕਰੇ ਰੁਸ਼ਨਾਈਆ । ਕੌਸਤਕ ਮਣੀਆ ਲਾਏ ਥੇਵ, ਤਿਲਕ ਲਲਾਟੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਹਰਿ ਗੋਬਿੰਦ, ਸਚਖੰਡ ਵੱਜੇ ਵਧਾਈਆ । ਮੇਟਣਹਾਰਾ ਸਗਲੀ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਅਬਿਨਾਸ਼ੀ ਕਰਤਾ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਈਆ । ਅੰਮ੍ਰਿਤ ਭਰਿਆ ਸਾਗਰ ਸਿੰਧ, ਭਰ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲਾ ਵਡ ਵਡਿਆਈਆ । ਦੀਨ ਦਿਆਲ ਦਰਦ ਦੁੱਖ ਭੈ ਭੰਜਣਾ, ਏਕਾ ਰੰਗ ਸਮਾਇਆ । ਜਨ ਭਗਤਾਂ ਨੇਤਰ ਪਾਏ ਨਾਮ ਅੰਜਣਾ, ਅਗਿਆਨ ਅੰਧੇਰ ਮਿਟਾਇਆ । ਦੋ ਜਹਾਨੀ ਸਾਚਾ ਸੱਜਣਾ, ਲੋਕਮਾਤ ਵੇਖਣ ਆਇਆ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਗਵਾਇਆ । ਗੜ੍ਹ ਹੰਕਾਰੀ ਭਾਂਡਾ ਭੱਜਣਾ, ਭਾਂਡਾ ਭਰਮ ਭੌ ਆਪ ਭੰਨਾਇਆ । ਸ਼ਬਦ ਨਗਾਰੇ ਸਾਚੇ ਵੱਜਣਾ, ਤਨ ਮੰਦਰ ਖੇਲ ਕਰਾਇਆ । ਅੰਮ੍ਰਿਤ ਆਤਮ ਪੀ ਪੀ ਰੱਜਣਾ, ਹੰਸ ਕਾਗ ਆਪ ਬਣਾਇਆ । ਜਗਤ ਵਸੂਰੇ ਸਗਲੇ ਲੱਥਣਾ, ਰੋਗ ਸੋਗ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੀ ਸੇਵਾ ਲਾਇਆ । ਹਰਿਜਨ ਸਾਚੀ ਸੇਵਾ ਲੱਗ, ਹਰਿ ਹਰਿ ਰਸਨਾ ਨਾਉਂ ਧਿਆਇੰਦਾ । ਮੇਲ ਮਿਲਾਵਾ ਸੂਰੇ ਸਰਬਗ, ਘਰ ਸਾਚਾ ਵੇਖ ਵਖਾਇੰਦਾ । ਜਗਤ ਬੁਝਾਏ ਲੱਗੀ ਅੱਗ, ਅੰਮ੍ਰਿਤ ਆਤਮ ਮੇਘ ਬਰਸਾਇੰਦਾ ।

ਦਰਸ ਦਖਾਏ ਉਪਰ ਸ਼ਾਹ ਰਗ, ਨੌ ਦੁਆਰੇ ਪੰਧ ਚੁਕਾਇੰਦਾ । ਹੰਸ ਬਣਾਏ ਬਗਲਾ ਕਗ, ਸੋਹੰ ਹੰਸਾ ਮੋਤੀ ਚੋਗ ਚੁਗਾਇੰਦਾ । ਨਾਮ ਪਿਆਲਾ ਪਿਆਏ ਸਾਚੀ ਮਦਿ, ਦਿਵਸ ਰੈਣ ਖ਼ੁਮਾਰ ਜਣਾਇੰਦਾ । ਧੁਨ ਵਜਾਏ ਅਨਹਦ ਨਦ, ਰਾਗੀ ਰਾਗ ਆਪ ਅਲਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪ ਆਪਣਾ ਮੇਲ ਮਿਲਾਇੰਦਾ । ਪੰਜ ਵਿਕਾਰਾ ਦੇਵੇ ਵੱਢ, ਨਾਮ ਖੰਡਾ ਹੱਥ ਉਠਾਇੰਦਾ । ਕਰੇ ਪਰਕਾਸ਼ ਅੰਧੇਰੀ ਖੱਡ, ਨੂਰ ਨੁਰਾਨਾ ਦੀਪ ਜਗਾਇੰਦਾ । ਦਿਵਸ ਰੈਣ ਲਡਾਏ ਲੱਡ, ਦਸਮ ਦੁਆਰੀ ਵੇਖ ਵਖਾਇੰਦਾ । ਇਕ ਜਣਾਏ ਨਿਰਬਾਣ ਪਦ, ਪਰਮਾਨੰਦ ਆਪ ਜਣਾਇੰਦਾ । ਸਚ ਦੁਆਰੇ ਆਪ ਸੱਦ, ਹਰਿਜਨ ਸਾਚੇ ਵੇਖ ਵਖਾਇੰਦਾ । ਕਲਜੁਗ ਜੂਠਾ ਝੂਠਾ ਭਾਰ ਰਿਹਾ ਲਦ, ਵੇਲੇ ਅੰਤ ਨਾ ਕੋਇ ਉਠਾਇੰਦਾ । ਸੰਗੀ ਸਾਥੀ ਜਾਣ ਛੱਡ, ਸਾਚਾ ਪੱਲੂ ਨਾ ਕੋਇ ਫੜਾਇੰਦਾ । ਅੰਤਮ ਵੇਲਾ ਅੰਤਮ ਆਈ ਹੱਦ, ਬ੍ਰਹਮਾ ਵਿਸ਼ਨ ਸ਼ਿਵ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚਾ ਜਾਗਿਆ, ਜਗਾਵਣਹਾਰ ਆਪ ਕਰਤਾਰ । ਮਨ ਉਪਜੇ ਇਕ ਬੈਰਾਗਿਆ, ਏਕਾ ਸ਼ਬਦ ਸੱਚੀ ਲਿਵ ਤਾਰ । ਮੇਲ ਮਿਲਾਵਾ ਮੋਹਣ ਮਾਧਿਆ, ਘਰ ਮੇਲਾ ਮੀਤ ਮੁਰਾਰ । ਲੇਖਾ ਜਾਣੇ ਆਦਿ ਜੁਗਾਦਿਆ, ਜੁਗਾ ਜੁਗੰਤਰ ਪਾਵੇ ਸਾਰ । ਹਰਿਜਨ ਫੜ ਫੜ ਬਾਹੋਂ ਆਪੇ ਕਾਢਿਆ, ਅਗਨੀ ਅੱਗ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਆਪ ਨਿਰੰਕਾਰ । ਵੇਖਣਹਾਰ ਪੁਰਖ ਅਕਾਲਾ, ਦੂਸਰ ਸੰਗ ਨਾ ਕੋਇ ਜਣਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਲੋਕਮਾਤ ਵੇਸ ਵਟਾਇੰਦਾ । ਕਲਜੁਗ ਅੰਤਮ ਖੇਲ ਨਿਰਾਲਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਸ਼ਬਦ ਬਣਾਏ ਇਕ ਦਲਾਲਾ, ਪੰਜ ਤਤ ਨਾ ਗੁਰ ਵਖਾਇੰਦਾ । ਕਾਇਆ ਵਸੇ ਸਚ ਸੱਚੀ ਧਰਮਸਾਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਦੀਪਕ ਜੋਤੀ ਏਕਾ ਬਾਲਾ, ਪਰਕਾਸ਼ ਪਰਕਾਸ਼ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਨੇਤਰ ਪੇਖਿਆ, ਪਰਮ ਪੁਰਖ ਕਰਤਾਰ । ਪਿਛਲੀ ਮਿਟੇ ਲਿਖੀ ਰੇਖਿਆ, ਅੱਗੇ ਲਿਖਣਹਾਰ ਨਿਰੰਕਾਰ । ਲੇਖਾ ਜਾਣੇ ਦਰ ਦਰਵੇਸ਼ਿਆ, ਦਰ ਦਰ ਬਣੇ ਆਪ ਭਿਖਾਰ । ਆਪੇ ਸੁੱਤਾ ਬਾਸ਼ਕ ਸੇਜਿਆ, ਸਾਂਗੋ ਪਾਂਗ ਲਏ ਹੁਲਾਰ । ਆਪੇ ਬ੍ਰਹਮਾ ਲਿਖੇ ਵੇਦਿਆ, ਗੁਣ ਦਾਤਾ ਵਡ ਭੰਡਾਰ । ਆਪੇ ਸ਼ੰਕਰ ਵੇਖੇ ਖੁਲ੍ਹੇ ਕੇਸਿਆ, ਜਟਾ ਜੂਟ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਵਿਚ ਸੰਸਾਰ । ਹਰਿ ਸੰਗਤ ਵਡਿਆਈ ਧੰਨ, ਹਰਿ ਸਾਚੇ ਮਾਤ ਬਣਾਈਆ । ਹਰਿ ਸੰਗਤ ਵਡਿਆਈ ਧੰਨ, ਲੋਕਮਾਤ ਮਾਤ ਰੁਸ਼ਨਾਈਆ । ਹਰਿ ਸੰਗਤ ਵਡਿਆਈ ਧੰਨ, ਹਰਿ ਸਾਚੇ ਸਚ ਮਨ ਭਾਈਆ । ਹਰਿ ਸੰਗਤ ਵਡਿਆਈ ਧੰਨ, ਹਰਿ ਰਾਗੀ ਰਾਗ ਸੁਣਾਈਆ । ਹਰਿ ਸੰਗਤ ਵਡਿਆਈ ਧੰਨ, ਗੁਰਸਿਖ ਤੇਰੀ ਛੱਪਰੀ ਛੰਨ ਛੁਹਾਈਆ । ਹਰਿ ਸੰਗਤ ਵਡਿਆਈ ਧੰਨ, ਹਰਿ ਨਾਮ ਕਰੀ ਕੁੜਮਾਈਆ । ਹਰਿ ਸੰਗਤ ਵਡਿਆਈ ਧੰਨ, ਹਰਿ ਹਿਰਦੇ ਰਹੇ ਵਸਾਈਆ । ਹਰਿ ਸੰਗਤ ਵਡਿਆਈ ਧੰਨ, ਘਰ ਸਾਚੇ ਚੜ੍ਹੇ ਚੰਨ, ਸੁੱਕੇ ਰੁੱਖੜੇ ਹਰੇ ਕਰਾਈਆ । ਏਕਾ ਬੇੜਾ ਦੇਵੇ ਬੰਨ੍ਹ, ਨਾਮ ਚੱਪੂ ਇਕ ਲਗਾਈਆ । ਹਰਿ ਸੰਗਤ ਤੇਰਾ ਕਹਿਣਾ ਮੰਨ, ਅੱਗੇ ਅੱਗਾ ਦਏ ਵਧਾਈਆ । ਅੰਧੇਰ ਘੋਰ ਵਿਕਾਰੇ ਦੇਵੇ ਡੰਨ, ਕਿਸ਼ਨਾ ਸ਼ੁਕਲਾ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ,


੩੧੮

ਆਪ ਆਪਣੀ ਕਿਰਪਾ ਕਰ, ਸੰਗਤ ਕੋਲੋਂ ਮੰਗ ਵਰ, ਗੁਰਸਿਖ ਤੇਰੀ ਝੋਲੀ ਪਾਈਆ । ਹਰਿ ਸੰਗਤ ਤੇਰੀ ਉਤਮ ਜ਼ਾਤ, ਹਰਿ ਸਤਿਗੁਰ ਆਪ ਬਣਾਇੰਦਾ । ਹਰਿ ਸੰਗਤ ਤੇਰੇ ਹੱਥ ਸੱਚੀ ਦਾਤ, ਗੁਰ ਸਤਿਗੁਰ ਮੰਗ ਮੰਗਾਇੰਦਾ । ਹਰਿ ਸੰਗਤ ਤੇਰੀ ਇਕ ਪਰਭਾਤ, ਦਿਵਸ ਰੈਣ ਨਾ ਕੋਇ ਵਖਾਇੰਦਾ । ਹਰਿ ਸੰਗਤ ਤੇਰਾ ਸਾਚਾ ਨਾਤ, ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਹਰਿ ਸੰਗਤ ਤੇਰੀ ਆਤਮ ਖਾਟ, ਹਰਿ ਸਾਚਾ ਆਸਣ ਲਾਇੰਦਾ । ਹਰਿ ਸੰਗਤ ਚੜ੍ਹਾਏ ਔਖੇ ਘਾਟ, ਗੁਰਸਿਖ ਸਾਚੇ ਪਾਰ ਕਰਾਇੰਦਾ । ਅੱਗੇ ਰੱਖੇ ਨੇੜੇ ਵਾਟ, ਦੁੱਖ ਸੁੱਖ ਵਿਚ ਰੂਪ ਵਟਾਇੰਦਾ । ਪੂਰਾ ਕਰੇ ਪਿਛਲਾ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਇੰਦਾ । ਵੇਖਣਹਾਰ ਹਰਿ ਬ੍ਰਹਿਮੰਡ, ਘਟ ਘਟ ਅੰਦਰ ਫੋਲ ਫੁਲਾਇੰਦਾ । ਤ੍ਰੈਗੁਣ ਮਾਇਆ ਵੰਡੀ ਵੰਡ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਨਾਤਾ ਜੋੜ ਜੁੜਾਇੰਦਾ । ਲੇਖਾ ਜਾਣੇ ਜੇਰਜ ਅੰਡ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਕਰਮ ਆਪਣੇ ਹੱਥ ਰਖਾਇੰਦਾ । ਪੰਜ ਤਤ ਨਾਤਾ ਕਾਇਆ ਮੰਦਰ, ਮਨ ਮਤ ਬੁੱਧ ਵਿਚ ਟਿਕਾਈਆ । ਜੋਤ ਜਗਾਏ ਅੰਦਰੇ ਅੰਦਰ, ਦਿਸ ਕਿਸੇ ਨਾ ਆਈਆ । ਬੈਠਾ ਰਹੇ ਅੰਧੇਰੀ ਕੰਦਰ, ਆਪ ਆਪਣਾ ਮੁਖ ਛੁਪਾਈਆ । ਆਪੇ ਕੁੱਖੀ ਲਾਇਆ ਜੰਦਰ, ਆਪੇ ਦਏ ਖੁਲ੍ਹਾਈਆ । ਸਰਬ ਜੀਆਂ ਹਰਿ ਸਾਚਾ ਬਖ਼ਸ਼ੰਦੜ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜੀਵ ਜੰਤ ਜਗ ਭਾਗਾਂ ਮੰਦੜ, ਭਾਵੀ ਭਾਗ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਤ ਸਪੂਤਾ ਝੋਲੀ ਪਾਈਆ । ਪੂਤ ਸਪੂਤਾ ਸੁੱਤ ਦੁਲਾਰਾ, ਘਰ ਸਾਚੇ ਸਚ ਸੁਹਾਇਆ । ਦਸ ਦਸ ਮਾਸ ਦਏ ਆਧਾਰਾ, ਆਪ ਆਪਣੀ ਦਇਆ ਕਮਾਇਆ । ਪਵਣ ਸਵਾਸੀ ਇਕ ਸਹਾਰਾ, ਰਸਨਾ ਜਿਹਵਾ ਆਪ ਚਲਾਇਆ । ਸੋ ਪੁਰਖ ਨਿਰੰਜਣ ਖੇਲ ਨਿਆਰਾ, ਹੰ ਬ੍ਰਹਮ ਝੋਲੀ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਸੰਤਾਨ ਹਰਿ ਭਗਵਾਨ, ਆਪਣਾ ਲੇਖਾ ਦਏ ਲਿਖਾਇਆ । ਦੋਏ ਹੱਥ ਚਰਨ ਗੁਰ ਸੇਵ, ਦੁੱਖ ਰੋਗ ਰਹਿਣ ਨਾ ਪਾਈਆ । ਨੇਤਰ ਦਰਸ ਅਲੱਖ ਅਭੇਵ, ਚਿੰਤਾ ਸੋਗ ਮਿਟਾਈਆ । ਰਸਨਾ ਗੌਣਾ ਸਾਚੀ ਜਿਹਵ, ਸੋਹੰ ਸ਼ਬਦ ਸਹਿਜ ਸੁਖਦਾਈਆ । ਕਾਇਆ ਲੱਗੇ ਸਾਚਾ ਮੇਵ, ਪਤ ਡਾਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥੋ ਹੱਥ ਸਾਚੀ ਵਸਤ ਫੜਾਈਆ । ਏਕਾ ਹੱਥ ਹਰਿ ਸੰਗਤ ਰੰਗ, ਦੂਜੇ ਭਿਛਿਆ ਝੋਲੀ ਪਾਇੰਦਾ । ਦੋਏ ਜੋੜ ਮੰਗੇ ਮੰਗ, ਅੰਗ ਸੰਗ ਆਪ ਅਖਵਾਇੰਦਾ । ਲੇਖਾ ਜਾਣੇ ਕਾਚੀ ਵੰਗ, ਰਤਨ ਅਮੋਲਕ ਹੀਰਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸਾਚਾ ਵਰ, ਜਗਤ ਰੋਗ ਆਪ ਗਵਾਇੰਦਾ । ਹਰਿ ਸੰਗਤ ਸਚ ਦੁਆਰ, ਆਤਮ ਅੰਤਰ ਰਹੀ ਧਿਆਈਆ । ਰੋਗ ਸੋਗ ਚਿੰਤ ਨਿਵਾਰ ਦੁੱਖ ਦਲਿਦਰ ਦਏ ਗਵਾਈਆ । ਮਾਤ ਪੁੱਤ ਭਰੇ ਭੰਡਾਰ, ਕੁੱਖੀ ਕੁੱਖ ਸੁਹਾਈਆ । ਜੋ ਜਨ ਮੰਗੇ ਸ਼ਬਦ ਆਧਾਰ, ਸ਼ਬਦ ਅਨਾਦਿ ਧੁੰਨ ਸੁਣਾਈਆ । ਜੋ ਜਨ ਮੰਗੇ ਦਰਸ ਅਪਾਰ, ਰਾਤੀਂ ਸੁਤਿਆਂ ਦਰਸ ਦਿਖਾਈਆ । ਜੋ ਜਨ ਮਾਂਗੇ ਚਰਨ ਪਿਆਰ, ਚਰਨ ਧੂੜੀ ਮਸਤਕ ਟਿੱਕਾ ਲਾਈਆ । ਜੋ ਜਨ ਮਾਂਗੇ ਸਚਖੰਡ ਦੁਆਰ, ਸਚਖੰਡ ਨਿਵਾਸੀ ਦਏ ਵਖਾਈਆ । ਜੋ ਜਨ ਮਾਂਗੇ ਲੱਖ ਚੁਰਾਸੀ ਪਾਰ ਕਿਨਾਰ, ਆਵਣ ਜਾਵਣ ਫੰਦ ਕਟਾਈਆ । ਜੋ ਜਨ ਮਾਂਗੇ ਨਿਰਮਲ


੩੧੯

ਜੋਤ ਉਜਿਆਰ, ਘਰ ਘਰ ਵਿਚ ਦੀਪ ਜਗਾਈਆ । ਜੋ ਜਨ ਮਾਂਗੇ ਅੰਮ੍ਰਿਤ ਠਾਂਡੀ ਠਾਰ, ਭਰ ਪਿਆਲਾ ਜਾਮ ਪਿਆਈਆ । ਜੋ ਜਨ ਮਾਂਗੇ ਨਾਨਕ ਗੁਰ ਠਾਂਡਾ ਦਰਬਾਰ, ਨਾਨਕ ਦਰਸ਼ਨ ਦਏ ਕਰਾਈਆ । ਜੋ ਜਨ ਮਾਂਗੇ ਗੋਬਿੰਦ ਘੋੜ ਅਸਵਾਰ, ਨੀਲੇ ਵਾਲਾ ਨੀਲੀ ਧਾਰੋਂ ਪਾਰ ਵਖਾਈਆ । ਜੋ ਜਨ ਮਾਂਗੇ ਹਰਿ ਸੰਗਤ ਪਿਆਰ, ਗੁਰਸਿਖ ਨਾਤਾ ਜੋੜ ਜੁੜਾਈਆ । ਜੋ ਜਨ ਮਾਂਗੇ ਤਨ ਹੰਕਾਰ, ਮਨ ਕਾ ਮਣਕਾ ਦਏ ਭਵਾਈਆ । ਜੋ ਜਨ ਮਾਂਗੇ ਜੂਠ ਝੂਠ ਸ਼ਿੰਗਾਰ, ਕੂੜ ਕੁੜਿਆਰਾ ਵੇਸ ਵਖਾਈਆ । ਜੋ ਜਨ ਮੰਗੇ ਹਰਿ ਸਾਚਾ ਕੰਤ ਭਤਾਰ, ਆਤਮ ਸੇਜਾ ਦਏ ਮਿਲਾਈਆ । ਹਰਿ ਸੰਗਤ ਤੇਰਾ ਦੁੱਖ ਦਰਦ ਦਏ ਨਿਵਾਰ, ਜੋ ਜਨ ਆਏ ਚਲ ਸਰਨਾਈਆ । ਗੁਰਸਿਖ ਵਸਦਾ ਰਹੇ ਸਦਾ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਲੇਖੇ ਲੱਗਾ ਪੁਰਖ ਨਾਰ, ਬਿਰਧ ਬਾਲ ਜਵਾਨ ਮਾਤਾ ਕੁੱਖ ਏਕਾ ਰੰਗ ਰੰਗਾਈਆ । ਆਪੇ ਉਦਰ ਪਾਵੇ ਸਾਰ, ਅਗਨੀ ਤਤ ਨਾ ਕੋਇ ਜਲਾਈਆ । ਵਡਭਾਗੀ ਹਰਿ ਪਾਇਆ ਦੁਆਰ, ਸਤਿਗੁਰ ਪੂਰਾ ਵਿਛੜ ਕਦੇ ਨਾ ਜਾਈਆ । ਅੰਤਮ ਵੇਲੇ ਹੋਏ ਸਹਾਰ, ਆਪ ਆਪਣੀ ਗੋਦ ਉਠਾਈਆ । ਸਚਖੰਡ ਦੁਆਰੇ ਦੇਵੇ ਵਾੜ, ਜੋਤੀ ਜੋਤ ਆਪ ਮਿਲਾਈਆ । ਘੜੀ ਸੁਹੰਜਣੀ ਸਚ ਦਿਹਾੜ, ਘਰ ਪਾਇਆ ਬੇਪਰਵਾਹੀਆ । ਖ਼ੁਸ਼ੀ ਕਰਾਏ ਬਹੱਤਰ ਨਾੜ, ਬੰਦੀ ਬੰਦ ਆਪ ਕਟਾਈਆ । ਗ਼ਰੀਬ ਨਿਮਾਣੇ ਜਾਏ ਤਾਰ, ਆਪ ਆਪਣੇ ਗਲੇ ਲਗਾਈਆ । ਗੁਰਮੁਖ ਤੇਰਾ ਸਚ ਪਿਆਰ, ਲੱਖ ਕਰੋੜੀ ਕੀਮਤ ਕੋਇ ਨਾ ਪਾਈਆ । ਹਰਿ ਸੰਗਤ ਤੇਰਾ ਸਚ ਭੰਡਾਰ, ਲੋਕਮਾਤ ਵਰਤੇ ਵਰਤਾਵੇ ਪੁਰਖ ਅਬਿਨਾਸ਼ੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਆਂ ਜੰਤਾਂ ਦੁਖੜੇ ਹਰ, ਘਰ ਘਰ ਵਿਚ ਸੁਖ ਉਪਜਾਈਆ ।


੩੨੦

੦੯

## ੨੩ ਫੱਗਣ ੨੦੧੬ ਬਿਕ੍ਰਮੀ ਹਰਬੰਸ ਸਿੰਘ ਦੇ ਘਰ ਪਿੰਡ ਠੀਕਰੀ ਛੰਨਾ ਜ਼ਿਲਾ ਕਰਨਾਲ

ਨਿਰਗੁਣ ਰੂਪ ਏਕੰਕਾਰ, ਅਕਲ ਕਲਾ ਵਡ ਵਡਿਆਈਆ । ਨਿਰਗੁਣ ਜੋਤ ਨੂਰ ਉਜਿਆਰ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਪੁਰਖ ਅਕਾਲਾ ਖੇਲ ਅਪਾਰ, ਖੇਲਣਹਾਰਾ ਬੇਪਰਵਾਹੀਆ । ਵਸਣਹਾਰਾ ਸਚ ਦੁਆਰ, ਸਚਖੰਡ ਬੈਠਾ ਆਸਣ ਲਾਈਆ । ਏਕਾ ਰਾਗ ਸੱਚੀ ਧੁਨਕਾਰ, ਸ਼ਬਦ ਅਨਾਦੀ ਨਾਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਰਖਾਈਆ । ਨਿਰਗੁਣ ਦਾਤਾ ਹਰਿ ਮਿਹਰਵਾਨ, ਆਦਿ ਜੁਗਾਦਿ ਸਮਾਇੰਦਾ । ਇਕ ਇਕੱਲਾ ਖੇਲ ਮਹਾਨ, ਖੇਲਣਹਾਰਾ ਦਿਸ ਨਾ ਆਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨ, ਸਚ ਸਿੰਘਾਸਣ ਆਸਣ ਲਾਇੰਦਾ । ਸਚਖੰਡ ਦੁਆਰਾ ਇਕ ਮਕਾਨ, ਥਿਰ ਘਰ ਆਪੇ ਵੇਖ ਵਖਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਇੰਦਾ । ਏਕੰਕਾਰਾ ਖੇਲ ਅਪਾਰਾ, ਲੇਖਾ ਲੇਖ ਨਾ ਕੋਇ ਜਣਾਈਆ । ਸ਼ਾਹੋ ਭੂਪ ਵਡ ਸਿਕਦਾਰਾ, ਤਖ਼ਤ ਤਾਜ ਆਪ ਹੰਢਾਈਆ । ਹੁਕਮੀ ਹੁਕਮ ਕਰ ਪਸਾਰਾ, ਹੁਕਮ ਹੁਕਮੀ ਆਪ ਚਲਾਈਆ । ਅਲੱਖ ਅਗੋਚਰ ਖੇਲ ਨਿਆਰਾ, ਬੋਧ ਅਗਾਧ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਨਿਵਾਸਾ ਪੁਰਖ ਅਬਿਨਾਸ਼ਾ ਮੰਡਲ ਰਾਸ ਆਪ ਰਚਾਈਆ । ਮੰਡਲ ਰਾਸ ਪੁਰਖ ਸੁਲਤਾਨ, ਹਰਿ ਸਾਚਾ ਸਚ ਰਚਾਇੰਦਾ । ਆਪੇ

੩੨੧

ਦੇਵੇ ਧੁਰ ਫ਼ਰਮਾਣ, ਆਪ ਆਪਣਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ ਦੀਨ ਦਿਆਲਾ, ਆਪ ਆਪਣੇ ਰੰਗ ਸਮਾਇੰਦਾ । ਰੰਗ ਰੰਗੀਲਾ ਹਰਿ ਕਰਤਾਰ, ਘਰ ਸਾਚੇ ਸੋਭਾ ਪਾਈਆ । ਰੂਪ ਰੰਗ ਨਾ ਕੋਇ ਸਕੇ ਵਿਚਾਰ, ਦਿਸ ਕਿਸੇ ਨਾ ਆਈਆ । ਸਤਿ ਸਰੂਪੀ ਸਾਚੀ ਧਾਰ, ਸਤਿ ਸਤਿਵਾਦੀ ਆਪ ਚਲਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਰਾਈਆ । ਨਾਦ ਤੂਰਤ ਇਕ ਧੁਨਕਾਰ, ਹਰਿ ਸ਼ਬਦੀ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸਾਏ ਸਚ ਮਹੱਲਾ ਬੈਠਾ ਰਹੇ ਇਕ ਇਕੱਲਾ, ਦੂਸਰ ਕੋਇ ਨਾ ਸੰਗ ਰਖਾਈਆ । ਇਕ ਇਕੱਲਾ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਸਗਲਾ ਸੰਗ ਰਖਾਇੰਦਾ । ਏਕੰਕਾਰਾ ਕਰੇ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਬੰਨ੍ਹੇ ਧਾਰਾ, ਆਪ ਆਪਣੀ ਬਣਤ ਬਣਾਇੰਦਾ । ਅਬਿਨਾਸ਼ੀ ਕਰਤਾ ਅੰਦਰ ਬਾਹਰਾ, ਗੁਪਤ ਜ਼ਾਹਰਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਬਣ ਸਿਕਦਾਰਾ, ਸਾਚਾ ਦਰ ਆਪ ਸੁਹਾਇੰਦਾ । ਸਚਖੰਡ ਥਿਰ ਘਰ ਠਾਂਡਾ ਦਰਬਾਰਾ, ਆਪ ਆਪਣਾ ਆਸਣ ਲਾਇੰਦਾ । ਦਰ ਦਰਵੇਸ਼ ਬਣੇ ਚੋਬਦਾਰਾ, ਘਰ ਸਾਚੇ ਸਾਚੀ ਸੇਵ ਕਮਾਇੰਦਾ । ਖੜਗ ਖੰਡਾ ਨਾ ਕੋਈ ਕਟਾਰਾ, ਸ਼ਸਤਰ ਬਸਤਰ ਨਾ ਕੋਇ ਵਖਾਇੰਦਾ । ਪੰਜ ਤਤ ਨਾ ਕੋਇ ਆਕਾਰਾ, ਤ੍ਰੈਗੁਣ ਮੇਲ ਨਾ ਕੋਇ ਮਿਲਾਇੰਦਾ । ਰਵ ਸਸ ਨਾ ਕੋਇ ਸਤਾਰਾ, ਜ਼ਿਮੀਂ ਅਸਮਾਨ ਨਾ ਬਣਤ ਬਣਾਇੰਦਾ । ਮੰਡਲ ਮੰਡਪ ਨਾ ਕੋਇ ਅਖਾੜਾ, ਗੋਪੀ ਕਾਹਨ ਨਾ ਕੋਇ ਨਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਉਜਿਆਰਾ, ਚਾਰੇ ਮੁਖ ਨਾ ਕੋਇ ਸਾਲਾਇੰਦਾ । ਕਰੋੜ ਤੇਤੀਸ ਨਾ ਕੋਇ ਸਹਾਰਾ, ਸੁਰਪਤ ਰਾਜਾ ਇੰਦ ਨਾ ਰੂਪ ਵਟਾਇੰਦਾ । ਗੁਰ ਪੀਰ ਨਾ ਕੋਇ ਅਵਤਾਰਾ, ਸਾਧ ਸੰਤ ਨਾ ਕੋਇ ਵਖਾਇੰਦਾ । ਮਾਤ ਪਿਤ ਨਾ ਕੋਇ ਸੰਸਾਰਾ, ਭੈਣ ਭਈਆ ਨਾ ਵੇਖ ਵਖਾਇੰਦਾ । ਮਹੱਲ ਅਟੱਲ ਨਾ ਕੋਇ ਮੁਨਾਰਾ, ਮੰਦਰ ਗੁਰੂਦਵਾਰ ਨਾ ਕੋਇ ਉਪਾਇੰਦਾ । ਸਤ ਸਰੋਵਰ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਨਾ ਵੇਖ ਵਖਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਾਰੀ ਕੰਤ ਨਾ ਕੋਇ ਹੰਢਾਇੰਦਾ । ਸਚਖੰਡ ਨਿਵਾਸੀ ਏਕੰਕਾਰਾ, ਇਕ ਇਕੱਲਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਭੇਵ ਨਾ ਆਇੰਦਾ । ਅਜੂਨੀ ਰਹਿਤ ਪੁਰਖ ਅਕਾਲ, ਏਕਾ ਰੰਗ ਸਮਾਇਆ । ਆਪੇ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਰਾਇਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਚਰਨ ਭਿਖਾਰ ਬਣਾਏ ਕਾਲ ਮਹਾਂਕਾਲਾ, ਦੀਨ ਦਿਆਲ ਨਾਉਂ ਧਰਾਇਆ । ਆਪਣਾ ਦੀਪਕ ਆਪੇ ਬਾਲ, ਪਾਰਬ੍ਰਹਮ ਪ੍ਰਭ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਆਪ ਆਪਣਾ ਖੇਲ ਖਿਲਾਇਆ । ਸਚਖੰਡ ਦੁਆਰੇ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਆਪ ਆਪਣੀ ਗਣਤ ਗਣਾਇੰਦਾ । ਏਕੰਕਾਰਾ ਦਏ ਆਧਾਰ, ਇਛਿਆ ਭਿਛਿਆ ਆਪ ਵਖਾਇੰਦਾ । ਆਦਿ ਨਿਰੰਜਣ ਸਾਂਝਾ ਯਾਰ, ਦੀਪਕ ਦੀਪ ਆਪ ਜਗਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਆਪ ਆਪਣਾ ਵੇਸ ਵਟਾਇੰਦਾ । ਸ੍ਰੀ ਭਗਵਾਨ ਬੋਲ ਜੈਕਾਰ, ਆਪ ਆਪਣਾ ਨਾਅਰਾ

ਲਾਇੰਦਾ । ਪਾਰਬ੍ਰਹਮ ਖੋਲ੍ਹ ਕਿਵਾੜ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਹਰਿ ਸੁਹੰਜਣਾ, ਏਕਾ ਰੰਗ ਸਮਾਇਆ । ਪੁਰਖ ਅਕਾਲਾ ਆਪੇ ਬਣਿਆ ਆਪਣਾ ਸੱਜਣਾ, ਆਪ ਆਪਣਾ ਸੰਗ ਰਖਾਇਆ । ਨਾ ਘੜਿਆ ਨਾ ਭੱਜਣਾ, ਮੂਰਤ ਅਕਾਲ ਵੇਸ ਵਟਾਇਆ । ਆਦਿ ਜੁਗਾਦੀ ਆਪਣੀ ਆਪੇ ਰੱਖੇ ਲੱਜਣਾ, ਆਪ ਆਪਣਾ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਆਪਣੀ ਝੋਲੀ ਆਪ ਭਰਾਇਆ । ਆਪੇ ਬਣੇ ਦਰ ਭਿਖਾਰੀ, ਸ਼ਾਹ ਸੁਲਤਾਨ ਆਪ ਅਖਵਾਈਆ । ਆਪੇ ਕਰੇ ਸਚ ਸਿਕਦਾਰੀ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਨਿਰਗੁਣ ਜੋਤ ਕਰ ਉਜਿਆਰੀ, ਆਪੇ ਨੂਰ ਨੂਰ ਵਿਚ ਟਿਕਾਈਆ । ਆਪੇ ਬਣੇ ਵਡ ਭੰਡਾਰੀ, ਆਪਣੀ ਦਾਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਈਆ । ਆਪੇ ਮੇਲ ਮਿਲੰਦੜਾ, ਨਾਰੀ ਕੰਤ ਭਤਾਰ । ਆਪੇ ਹਰਿ ਹਰਿ ਸੇਜ ਸੁਹੰਦੜਾ, ਥਿਰ ਘਰ ਬੈਠ ਸੱਚੇ ਦਰਬਾਰ । ਆਪੇ ਆਪਣਾ ਰਸ ਭੋਗ ਬਲਾਸ ਕਰੰਦੜਾ, ਨਿਰਗੁਣ ਨਿਰਗੁਣ ਕਰ ਪਿਆਰ । ਆਪੇ ਸੁੱਤ ਦੁਲਾਰਾ ਉਪਜੰਦੜਾ, ਆਪ ਆਪਣੀ ਕਿਰਪਾ ਧਾਰ । ਆਪੇ ਧੁਰ ਫ਼ਰਮਾਣਾ ਹੁਕਮ ਸੁਣੰਦੜਾ, ਪੂਤ ਸਪੂਤਾ ਕਰ ਕਰ ਖ਼ਬਰਦਾਰ । ਲੋਆਂ ਪੁਰੀਆਂ ਰਚਨ ਰਚੰਦੜਾ, ਬ੍ਰਹਿਮੰਡ ਖੰਡ ਮਹੱਲ ਉਸਾਰ । ਤ੍ਰੈਗੁਣ ਮਾਇਆ ਹੱਥ ਵਖੰਦੜਾ, ਘਾੜਨ ਘੜੇ ਅਪਰ ਅਪਾਰ । ਨਿਰਾਕਾਰ ਸਾਕਾਰ ਰੂਪ ਆਪ ਵਟੰਦੜਾ, ਵਿਸ਼ਨ ਰੂਪ ਅਪਰ ਅਪਾਰ । ਅੰਮ੍ਰਿਤ ਨਾਭੀ ਆਪ ਸੁਹੰਦੜਾ, ਆਪੇ ਖਿੜੇ ਸੱਚੀ ਗੁਲਜ਼ਾਰ । ਆਪੇ ਪੰਖੜੀ ਮੁਖ ਵਖੰਦੜਾ, ਆਪੇ ਅੰਦਰੋਂ ਆਏ ਬਾਹਰ । ਆਪੇ ਬ੍ਰਹਮਾ ਨਾਉਂ ਰਖੰਦੜਾ, ਪਾਰਬ੍ਰਹਮ ਖੇਲ ਅਪਾਰ । ਆਪੇ ਸੁਨ ਅਗੰਮ ਰਹੰਦੜਾ, ਆਪੇ ਵਸੇ ਧੁਆਂਧਾਰ । ਆਪੇ ਸ਼ੰਕਰ ਜੋਤ ਜਗੰਦੜਾ, ਆਪਣੇ ਰੰਗ ਰਵੇ ਕਰਤਾਰ । ਸ਼ਬਦ ਦਾਤਾ ਇਕ ਵਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਸ਼ਬਦ ਦਾਤਾ ਬੇਪਰਵਾਹ, ਨਿਰਗੁਣ ਆਪਣਾ ਸੁੱਤ ਉਪਜਾਇੰਦਾ । ਸਚਖੰਡ ਦੁਆਰੇ ਦੇਵੇ ਸਚ ਸਲਾਹ, ਸਾਚਾ ਹੁਕਮੀ ਹੁਕਮ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਦਏ ਲਗਾ, ਸੇਵਕ ਸੇਵਾ ਸਚ ਕਰਾਇੰਦਾ । ਏਕਾ ਅੱਖਰ ਦਏ ਪੜ੍ਹਾ, ਸੋ ਪੁਰਖ ਨਿਰੰਜਣ ਨਜ਼ਰੀ ਆਇੰਦਾ । ਤਖ਼ਤ ਤਾਜ ਇਕ ਵਖਾ, ਧੁਰ ਦਰਬਾਰਾ ਆਪ ਸੁਹਾਇੰਦਾ । ਰਾਜਨ ਰਾਜ ਬੇਪਰਵਾਹ, ਪਾਰਬ੍ਰਹਮ ਆਪਣਾ ਰੂਪ ਵਟਾਇੰਦਾ । ਤਿਨ੍ਹਾਂ ਮੇਲਾ ਸਹਿਜ ਸੁਭਾ, ਤ੍ਰੈਗੁਣ ਸਾਚਾ ਰੰਗ ਰੰਗਾਇੰਦਾ । ਲੱਖ ਚੁਰਾਸੀ ਰਚਨ ਰਚਾ, ਏਕਾ ਮਤ ਤਤ ਵਖਾਇੰਦਾ । ਪੰਜ ਤਤ ਮੇਲ ਮਿਲਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਝੋਲੀ ਪਾਇੰਦਾ । ਮਨ ਮਤ ਬੁੱਧ ਵਿਚ ਟਿਕਾ, ਨਿਰਗੁਣ ਆਪਣਾ ਰੂਪ ਛੁਪਾਇੰਦਾ । ਘਰ ਵਿਚ ਘਰ ਦਏ ਸੁਹਾ, ਘਰ ਆਪਣਾ ਬੰਕ ਬਣਾਇੰਦਾ । ਨਿਰਗੁਣ ਦੀਪਕ ਇਕ ਟਿਕਾ, ਜੋਤ ਨਿਰੰਜਣ ਡਗਮਗਾਇੰਦਾ । ਸ਼ਬਦ ਅਨਾਦੀ ਧੁਨ ਉਪਜਾ, ਅਨਹਦ ਤਾਲ ਵਜਾਇੰਦਾ । ਸਰ ਸਰੋਵਰ ਇਕ ਵਖਾ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਆਤਮ ਸੇਜਾ ਡੇਰਾ ਲਾ, ਬ੍ਰਹਮ ਪਾਰਬ੍ਰਹਮ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਰਚਨਾ ਰਚ, ਆਪੇ ਅੰਦਰ ਵੜਿਆ ਸੱਚ, ਕਾਇਆ ਮਾਟੀ ਭਾਂਡਾ ਕੱਚ ਆਪ ਵਖਾਇੰਦਾ । ਕਾਇਆ ਮਾਟੀ ਕਰ ਤਿਆਰ, ਨੌਂ ਦਰ ਖੋਲ੍ਹ ਖੁਲ੍ਹਾਈਆ । ਪੰਚਮ ਪੰਚ ਕਰ ਪਿਆਰ, ਪੰਚਮ ਨਾਦ ਧੁਨ ਸੁਣਾਈਆ ।

ਪੰਚਮ ਮੇਲਾ ਵਿਚ ਸੰਸਾਰ, ਕਾਮ ਕਰੋਧ ਲੋਭ ਮੋਹ ਹੰਕਾਰ ਅੰਗ ਲਗਾਈਆ । ਪੰਚਮ ਰਾਜ ਜੋਗ ਸਿਕਦਾਰ, ਪੰਚਮ ਲੇਖਾ ਬੇਪਰਵਾਹੀਆ । ਪੰਚਮ ਵੇਖੇ ਬੰਕ ਦੁਆਰ, ਡੂੰਘੀ ਭਵਰੀ ਫੋਲ ਫੁਲਾਈਆ । ਪੰਚਮ ਤੋੜੇ ਗੜ੍ਹ ਹੰਕਾਰ, ਪੰਚਮ ਖੰਡਾ ਹੱਥ ਚਮਕਾਈਆ । ਬਣੇ ਵਿਚੋਲਾ ਆਪ ਨਿਰੰਕਾਰ, ਸ਼ਬਦ ਸ਼ਬਦੀ ਰੂਪ ਵਟਾਈਆ । ਆਸਾ ਤ੍ਰਿਸ਼ਨਾ ਕਰੇ ਪਿਆਰ, ਹਉਮੇ ਹੰਗਤਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਅੰਦਰ ਵੜ, ਨਿਰਗੁਣ ਬੈਠਾ ਮੁਖ ਛੁਪਾਈਆ । ਲੱਖ ਚੁਰਾਸੀ ਅੰਦਰ ਵੜਿਆ, ਹਰਿ ਸਾਚਾ ਦਿਸ ਨਾ ਆਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਮਹੱਲ ਅਟੱਲ ਆਪ ਸੁਹਾਇੰਦਾ । ਆਪਣਾ ਘਾੜਨ ਆਪੇ ਘੜਿਆ, ਆਪੇ ਭੰਨ ਵਖਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਅੱਖਰ ਵੱਖਰ ਆਪ ਜਣਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਤਤਵ ਤਤ ਨਾ ਕੋਇ ਰਖਾਇੰਦਾ । ਨਾ ਜਨਮੇ ਨਾ ਕਦੇ ਮਰਿਆ, ਆਵਣ ਜਾਵਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਆਪਣਾ ਰੂਪ ਦਰਸਾਇੰਦਾ । ਬ੍ਰਹਮ ਬ੍ਰਹਮ ਹਰਿ ਖੇਲ ਨਿਆਰਾ, ਦੀਪਕ ਦੀਆ ਆਪ ਜਗਾਈਆ । ਅੰਦਰ ਵੜ ਪੁਰਖ ਕਰਤਾਰਾ, ਘਟ ਬੈਠਾ ਆਸਣ ਲਾਈਆ । ਲੱਖ ਚੁਰਾਸੀ ਪਾਵੇ ਸਾਰਾ, ਭੁੱਲ ਰਹੇ ਨਾ ਰਾਈਆ । ਲੋਕਮਾਤ ਖੇਲ ਅਪਾਰਾ, ਸ਼ਬਦ ਅਨਾਦੀ ਨਾਦ ਵਜਾਈਆ । ਭਗਤਨ ਦੇਵੇ ਇਕ ਆਧਾਰਾ, ਆਤਮ ਅੰਤਰ ਬੂਝ ਬੁਝਾਈਆ । ਦਰਸ ਦਖਾਏ ਅਗੰਮ ਅਪਾਰਾ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਉਪਜਾਈਆ । ਜੁਗ ਜੁਗ ਨਾਉਂ ਹਰਿ ਨਿਰੰਕਾਰ, ਜਨ ਭਗਤਾਂ ਆਪ ਸੁਣਾਇੰਦਾ । ਸੰਤਨ ਮੀਤਾ ਵਿਚ ਸੰਸਾਰ, ਸਚ ਸਮਗਰੀ ਝੋਲੀ ਪਾਇੰਦਾ । ਗੁਰਮੁਖ ਅਤੀਤਾ ਠਾਂਡੇ ਦਰਬਾਰ, ਘਰ ਸਾਚੇ ਆਪ ਵਡਿਆਇੰਦਾ । ਗੁਰਸਿਖ ਪਤਤ ਪੁਨੀਤਾ ਕਰੇ ਕਰਨੇਹਾਰ, ਪਤਿਤ ਪਾਪੀ ਆਪ ਤਰਾਇੰਦਾ । ਦੇਵੇ ਨਾਮ ਅਨਡੀਠਾ ਅਗੰਮ ਅਪਾਰ, ਅੱਖਰ ਵੱਖਰ ਆਪ ਪੜ੍ਹਾਇੰਦਾ । ਮਿੱਠਾ ਕਰੇ ਕੌੜਾ ਰੀਠਾ ਆਪ ਨਿਰੰਕਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤਨ ਅੰਦਰ ਵਸਿਆ, ਪਰਮ ਪੁਰਖ ਕਰਤਾਰ । ਸੰਤਨ ਮੇਟੇ ਅੰਧੇਰੀ ਮੱਸਿਆ, ਨਿਰਗੁਣ ਜੋਤ ਕਰ ਉਜਿਆਰ । ਗੁਰਮੁਖਾਂ ਦੁਆਰੇ ਫਿਰੇ ਨੱਸਿਆ, ਜੁਗਾ ਜੁਗੰਤਰ ਸਾਚੀ ਕਾਰ । ਗੁਰਸਿਖ ਮਾਰਗ ਏਕਾ ਦੱਸਿਆ, ਮੇਲ ਮਿਲਾਏ ਕੰਤ ਭਤਾਰ । ਤੀਰ ਨਿਰਾਲਾ ਏਕਾ ਕਸਿਆ, ਬਜ਼ਰ ਕਪਾਟੀ ਦੇਵੇ ਪਾੜ । ਤ੍ਰੈਗੁਣ ਮਾਇਆ ਮੂਲ ਨਾ ਡੱਸਿਆ, ਜਿਸ ਜਨ ਮਿਲਿਆ ਮੀਤ ਮੁਰਾਰ । ਜਗਤ ਵਿਕਾਰਾ ਚਰਨਾਂ ਹੇਠਾਂ ਝੱਸਿਆ, ਨੇੜ ਨਾ ਆਏ ਲੋਭ ਮੋਹ ਹੰਕਾਰ । ਕਰੇ ਪਰਕਾਸ਼ ਕੋਟਨ ਰਵ ਸੱਸਿਆ, ਦੀਪਕ ਦੀਆ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਏ ਮਾਤ ਅਵਤਾਰ । ਹਰਿ ਅਵਤਾਰਾ ਖੇਲ ਅਪਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਨਿਤ ਨਵਿਤ ਖੇਲ ਨਿਆਰਾ ਵਿਚ ਸੰਸਾਰਾ, ਹਰਿ ਸਾਚਾ ਆਪ ਕਰਾਇੰਦਾ । ਭਗਤ ਉਧਾਰਾ ਦੁਸ਼ਟ ਸੰਘਾਰਾ, ਸਾਖਯਾਤ ਰੂਪ ਵਟਾਇੰਦਾ । ਨਾਮ ਆਧਾਰਾ ਬੋਲ ਜੈਕਾਰਾ, ਹਰਿਜਨ ਸਾਚੇ ਆਪ ਉਠਾਇੰਦਾ । ਤੇਜ਼ ਕਟਾਰਾ ਮਾਰੇ ਧਾਰਾ, ਅਗੰਮ ਅਪਾਰਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ ਇਕ ਇਕੱਲਾ, ਹਰਿ ਹਰਿ ਆਪ ਕਰਾਇੰਦਾ । ਆਦਿ ਜੁਗਾਦੀ ਅਛਲ ਅਛੱਲਾ, ਦਿਸ ਕਿਸੇ

੩੨੩

ਨਾ ਆਇੰਦਾ । ਹਰਿ ਭਗਤਨ ਜੋਤੀ ਸ਼ਬਦੀ ਰਲਾ, ਜੋਤੀ ਜੋਤ ਜੋਤ ਜਗਾਇੰਦਾ । ਸਚ ਸਿੰਘਾਸਣ ਆਤਮ ਮੱਲਾ, ਏਕਾ ਸੇਜਾ ਆਪ ਵਛਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਫੋਲ ਫੁਲਾਇੰਦਾ । ਗੁਰਮੁਖ ਫੜਾਏ ਆਪਣਾ ਪੱਲਾ, ਦੋ ਜਹਾਨ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਪਾਰਾ ਹਰਿ ਸੁਲਤਾਨ, ਜੁਗ ਜੁਗ ਆਪ ਕਰਾਇੰਦਾ । ਭਗਤਨ ਦੇਵੇ ਬ੍ਰਹਮ ਗਿਆਨ, ਆਤਮ ਅੰਤਰ ਬੂਝ ਬੁਝਾਇੰਦਾ । ਸੰਤਨ ਦੇਵੇ ਸਚ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਇੰਦਾ । ਗੁਰਮੁਖ ਬਣਾਏ ਚਤੁਰ ਸੁਘੜ ਸਿਆਣ, ਚਾਤਰਕ ਤ੍ਰਿਖਾ ਆਪ ਬੁਝਾਇੰਦਾ । ਗੁਰਸਿਖਾਂ ਦੇਵੇ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸਤਿਜੁਗ ਸਾਚੇ ਹੋ ਪਰਧਾਨ, ਰੂਪ ਅਨੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਏਕਾ ਗੁਰ ਏਕਾ ਵੇਸ, ਪੁਰਖ ਅਕਾਲ ਇਕ ਅਖਵਾਈਆ । ਏਕਾ ਦਰ ਇਕ ਦਰਵੇਸ਼, ਏਕਾ ਆਪਣੀ ਅਲੱਖ ਜਗਾਈਆ । ਏਕਾ ਨਰ ਇਕ ਨਰੇਸ਼, ਨਰ ਨਰਾਇਣ ਵਡ ਵਡਿਆਈਆ । ਏਕਾ ਆਦਿ ਜੁਗਾਦੀ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਏਕਾ ਲਿਖਣਹਾਰ ਲੇਖ, ਏਕਾ ਏਕਾ ਏਕ ਵਡਿਆਈਆ । ਏਕਾ ਹੁਕਮ ਜਣਾਈ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਹੁਕਮੀ ਹੁਕਮ ਸਰਬ ਫਿਰਾਈਆ । ਏਕਾ ਏਕ ਰਿਹਾ ਵੇਖ, ਲੱਖ ਚੁਰਾਸੀ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਸਤਿਜੁਗ ਰੰਗ ਸਤਿ ਸਤਿਵਾਦ, ਸੋ ਪੁਰਖ ਨਿਰੰਜਣ ਆਪ ਰੰਗਾਇਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਅੰਤ ਆਪੇ ਆਦਿ, ਮਧ ਆਪਣਾ ਖੇਲ ਖਿਲਾਇਆ । ਆਪੇ ਸ਼ਬਦ ਅਨਾਦੀ ਬੋਧ ਅਗਾਧ, ਬ੍ਰਹਮਾ ਵੇਦ ਨਾ ਕੋਇ ਅਲਾਇਆ । ਆਪੇ ਦੇਵਣਹਾਰਾ ਸਾਚੀ ਦਾਦ, ਗੁਰ ਅਵਤਾਰ ਰੂਪ ਵਟਾਇਆ । ਆਪੇ ਲੋਆਂ ਪੁਰੀਆਂ ਵਜਾਏ ਨਾਦ, ਸ਼ਬਦ ਜੈਕਾਰਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਇਆ । ਜੁਗ ਜੁਗ ਰੂਪ ਅਪਾਰ, ਨਿਰਗੁਣ ਸਰਗੁਣ ਆਪ ਵਖਾਇੰਦਾ । ਲੋਕਮਾਤ ਲੈ ਅਵਤਾਰ, ਆਪ ਆਪਣਾ ਨਾਉਂ ਧਰਾਇੰਦਾ । ਸਤਿਜੁਗ ਸਾਚੇ ਸਾਚੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਭਗਤਾਂ ਦੇਵੇ ਭਗਤੀ ਆਧਾਰ, ਭਗਤ ਭਗਵਨ ਮੇਲ ਮਿਲਾਇੰਦਾ । ਰੰਗ ਅਨਮੁੱਲਾ ਏਕਾ ਚਾੜ੍ਹ, ਕਾਇਆ ਚੋਲੀ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਰਚਨ ਰਚਾਵਣਹਾਰ ਗੋਪਾਲ, ਦੂਸਰ ਅਵਰ ਨਾ ਕੋਇ ਵਖਾਈਆ । ਆਪੇ ਜਾਣੇ ਆਪਣੀ ਚਾਲ, ਸਤਿਜੁਗ ਤ੍ਰੇਤਾ ਵੇਖ ਵਖਾਈਆ । ਨਿਰਗੁਣ ਸਰਗੁਣ ਬਣ ਦਲਾਲ, ਰਾਮ ਰੂਪ ਆਪ ਵਟਾਈਆ । ਆਪੇ ਰੂਪ ਹੋਏ ਕਾਲ, ਕਾਲ ਰੂਪ ਆਪ ਰਖਾਈਆ । ਆਪੇ ਰਾਵਣ ਦੇਵੇ ਘਾਲ, ਤੀਰ ਕਮਾਨ ਆਪ ਚਲਾਈਆ । ਹਰਿਜਨ ਸਾਚੇ ਲਏ ਪਛਾਣ, ਗ਼ਰੀਬ ਨਿਮਾਣੇ ਗਲੇ ਲਗਾਈਆ । ਸਰ ਸਰੋਵਰ ਤੋੜੇ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਸਤਿਜੁਗ ਤ੍ਰੇਤਾ ਪਾਰ ਕਿਨਾਰਾ, ਹਰਿ ਦੁਆਪਰ ਵੇਖ ਵਖਾਇੰਦਾ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਕਵਲ ਨੈਣ ਨੈਣ ਮਟਕਾਇੰਦਾ । ਪੰਚਮ ਮੀਤਾ ਸਚ ਆਧਾਰ, ਪੰਚਮ ਵੇਖ ਵਖਾਇੰਦਾ । ਦਰੋਪਦ ਸੁਤ ਪਾਏ ਸਾਰਾ, ਦਰਯੋਧਨ ਮੇਟ ਮਿਟਾਇੰਦਾ । ਰਥ ਰਥਵਾਹੀ ਸ਼ਾਹ ਸ਼ਵਾਰਾ, ਖ਼ਾਲੀ ਹੱਥ ਸ੍ਰਿਸ਼ਟ ਸਬਾਈ ਵਖਾਇੰਦਾ ।


੩੨੪

ਅਠਾਰਾਂ ਧਿਆਏ ਬੋਲ ਜੈਕਾਰਾ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰਾ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਦੁਆਪਰ ਉਤਰਿਆ ਆਪਣੇ ਘਾਟ, ਹਰਿ ਸਾਚੇ ਪਾਰ ਉਤਾਰਿਆ । ਕਲਜੁਗ ਵਿਛਾਈ ਆਪਣੀ ਖਾਟ, ਲੋਕਮਾਤ ਆਸਣ ਲਾ ਲਿਆ । ਕੂੜ ਕੁੜਿਆਰਾ ਖੋਲ੍ਹ ਹਾਟ, ਜੂਠੀ ਝੂਠੀ ਵਸਤ ਵਿਚ ਟਿਕਾ ਲਿਆ । ਖੇਲੇ ਖੇਲ ਬਾਜ਼ੀਗਰ ਨਾਟ, ਘਰ ਘਰ ਆਪਣਾ ਸਵਾਂਗ ਵਰਤਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਜਣਾ ਲਿਆ । ਧੁਰ ਫ਼ਰਮਾਣਾ ਹਰਿ ਭਗਵਾਨ, ਜੁਗ ਜੁਗ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਪਰਧਾਨ, ਅੰਤਮ ਮੇਲ ਮਿਲਾਇੰਦਾ । ਕਲਜੁਗ ਵੇਖੇ ਜਗਤ ਨਿਸ਼ਾਨ, ਨੌ ਖੰਡ ਪ੍ਰਿਥਮੀ ਫੇਰਾ ਪਾਇੰਦਾ । ਸੱਤਾਂ ਦੀਪਾਂ ਇਕ ਗਿਆਨ, ਏਕਾ ਹੁਕਮ ਸੁਣਾਇੰਦਾ । ਮਾਇਆ ਮਮਤਾ ਮਦਿ ਪੀਣ ਖਾਣ, ਕਾਇਆ ਚੋਲੀ ਰੰਗ ਰੰਗਾਇੰਦਾ । ਹਰਿ ਕਾ ਨਾਮ ਨਾ ਸਕੇ ਕੋਈ ਪਛਾਣ, ਅੰਧ ਅੰਧੇਰ ਏਕਾ ਛਾਇੰਦਾ । ਰਵ ਸਸ ਨਾ ਚੜ੍ਹੇ ਕੋਈ ਬਿਬਾਣ, ਜੋਤ ਨਿਰੰਜਣ ਨਾ ਕੋਈ ਜਗਾਇੰਦਾ । ਸਾਚੀ ਸਖੀ ਨਾ ਮੇਲਾ ਹੋਏ ਕਾਹਨ, ਨਾਮ ਬੰਸਰੀ ਨਾ ਕੋਈ ਵਜਾਇੰਦਾ । ਸੀਤਾ ਸੁਰਤੀ ਨਾ ਮਿਲੇ ਰਾਮ, ਸ਼ਬਦ ਹਾਣੀ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇੰਦਾ । ਵੇਸ ਅਵੱਲਾ ਰਾਣੀ ਅੱਲਾ, ਹਰਿ ਸਾਚੇ ਆਪ ਵਟਾਇਆ । ਬਿਸਮਿਲ ਰੂਪ ਇਕ ਇਕੱਲਾ, ਨਿਰਗੁਣ ਬੈਠਾ ਖੇਲ ਖਿਲਾਇਆ । ਕਲਮਾ ਅਮਾਮ ਏਕਾ ਘੱਲਾ, ਸਚ ਹਦੀਸ ਇਕ ਸੁਣਾਇਆ । ਮੂਸਾ ਈਸਾ ਫੜਾਇਆ ਪੱਲਾ, ਆਪ ਆਪਣੇ ਲੜ ਬੰਧਾਇਆ । ਫ਼ਰਸ਼ ਖ਼ਾਕੀ ਇਕ ਮਸਲਾ, ਲੋਕਮਾਤ ਹੇਠ ਵਿਛਾਇਆ । ਅਰਸ਼ ਕੁਰਸ਼ ਡੇਰਾ ਮਲਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਨਾਤ ਵੇਖ ਵਖਾਇਆ । ਕਾਇਨਾਤ ਮਾਰ ਝਾਕੀ, ਪਰਵਰਦਿਗਾਰ ਵੇਖ ਵਖਾਇੰਦਾ । ਬੇਐਬ ਬਣਿਆ ਆਪ ਸਾਕੀ, ਭਰ ਪਿਆਲਾ ਜਾਮ ਪਿਆਇੰਦਾ । ਆਪੇ ਚੜ੍ਹਿਆ ਆਪਣੇ ਰਾਕੀ, ਸਾਚਾ ਅਸਵ ਆਪ ਦੌੜਾਇੰਦਾ । ਲੇਖਾ ਕੋਈ ਨਾ ਜਾਣੇ ਬੰਦਾ ਖ਼ਾਕੀ, ਖ਼ਾਕੀ ਖ਼ਾਕ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਸੁਣਾਇੰਦਾ । ਹੁਕਮੇ ਅੰਦਰ ਹਰਿ ਵਰਤਾਰਾ, ਹਰਿ ਵੱਡਾ ਵਡਿਆਈਆ । ਸ਼ਬਦ ਸਰੂਪੀ ਖੇਲ ਅਪਾਰਾ, ਕਲਮਾ ਨਬੀ ਆਪ ਜਣਾਈਆ । ਲੇਖਾ ਜਾਣੇ ਮੁਹੰਮਦੀ ਯਾਰਾ, ਦਰ ਘਰ ਸਾਚਾ ਫੋਲ ਫੁਲਾਈਆ । ਹੱਕ ਹਕੀਕਤ ਖੇਲ ਅਪਾਰਾ, ਲਾਸ਼ਰੀਕ ਵੇਖ ਵਖਾਈਆ । ਮੁਕਾਮੇ ਹੱਕ ਏਕਾ ਨਾਅਰਾ, ਐਨਲਹੱਕ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਕਲਮਾ ਆਪ ਪੜ੍ਹਾਈਆ । ਆਪਣਾ ਕਲਮਾ ਜਗਤ ਹਦੀਸ਼, ਨੂਰ ਇਲਾਹੀ ਆਪ ਅਲਾਇੰਦਾ । ਆਪੇ ਗਾਏ ਬਤੀਸ ਤੀਸ, ਤੀਸ ਬਤੀਸ ਆਪ ਸੁਣਾਇੰਦਾ । ਆਪਣਾ ਪੀਸਣ ਆਪੇ ਪੀਸ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਅਪਣਾ ਭੇਵ ਖੁਲ੍ਹਾਇੰਦਾ । ਆਪਣਾ ਭੇਵ ਆਪੇ ਖੋਲ੍ਹ, ਹਰਿ ਸਾਚਾ ਸਚ ਜਣਾਇੰਦਾ । ਏਕਾ ਕਲਮਾ ਆਪਣਾ ਬੋਲ, ਚੌਦਾਂ ਲੋਕ ਆਪ ਜਣਾਇੰਦਾ । ਅਰਸ਼ ਫ਼ਰਸ਼ ਕੁਰਸ਼ ਵੱਜੇ ਢੋਲ, ਹਰਿ ਮਰਦੰਗਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਅੰਜੀਲ ਕੁਰਾਨਾ ਬੰਨ੍ਹੀ ਧਾਰ, ਲੋਕਮਾਤ ਕੁੜਮਾਈਆ । ਸ਼ਰਅ ਸ਼ਰੀਅਤ ਕਰ ਵਿਚਾਰ, ਖ਼ਾਲਕ

੩੨੫

੩੨੬

ਖ਼ਲਕ ਵੇਖ ਵਖਾਈਆ । ਰਾਜਾ ਰਈਅਤ ਕਰੇ ਖੁਆਰ, ਧੀਰਜ ਧੀਰ ਨਾ ਕੋਈ ਧਰਾਈਆ । ਜਗਤ ਹਕੀਕਤ ਜਾਏ ਹਾਰ, ਸ਼ਾਹ ਹਕੀਰ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਵਟਾਏ ਹਰਿ ਨਿਰੰਕਾਰਾ, ਨਿਰਗੁਣ ਨਿਰਗੁਣ ਨਾਉਂ ਉਪਜਾਇੰਦਾ । ਨਾਨਕ ਮੇਲਾ ਵਿਚ ਸੰਸਾਰਾ, ਪੰਜ ਤਤ ਚੋਲਾ ਆਪ ਹੰਢਾਇੰਦਾ । ਨਾਮ ਸਤ ਬੋਲ ਜੈਕਾਰਾ, ਚਾਰ ਵਰਨਾਂ ਆਪ ਸਮਝਾਇੰਦਾ । ਊਚਾਂ ਨੀਚਾਂ ਪਾਰ ਕਿਨਾਰਾ, ਰਾਓ ਰੰਕਾਂ ਏਕਾ ਰੰਗ ਰੰਗਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਆਪ ਆਪਣੇ ਗਲੇ ਲਗਾਇੰਦਾ । ਹੰਕਾਰੀਆਂ ਤੋੜੇ ਗੜ੍ਹ ਹੰਕਾਰਾ, ਉਚੇ ਟਿੱਲੇ ਫੋਲ ਫੁਲਾਇੰਦਾ । ਸਾਚਾ ਵਣਜ ਕਰਾਏ ਇਕ ਵਣਜਾਰਾ, ਚੌਦਾਂ ਹੱਟਾਂ ਮਾਣ ਗਵਾਇੰਦਾ । ਚੌਦਾਂ ਤਬਕਾਂ ਕਰੇ ਕਿਨਾਰਾ, ਕੋਟ ਕੋਟਨ ਵਿਚ ਸਮਾਇੰਦਾ । ਮੇਲ ਮਿਲਾਵਾ ਇਕ ਇਕੰਕਾਰਾ, ਪੁਰਖ ਅਕਾਲ ਇਕ ਵਖਾਇੰਦਾ । ਵਰਨਾਂ ਬਰਨਾਂ ਵਸੇ ਬਾਹਰਾ, ਜ਼ਾਤ ਪਾਤ ਨਾ ਕੋਈ ਜਣਾਇੰਦਾ । ਹਰਿ ਕਾ ਸ਼ਬਦ ਇਕ ਨਿਰਾਕਾਰਾ, ਸਾਚਾ ਗੁਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਸ਼ਬਦ ਗੁਰ ਸੱਚਾ ਸੂਰਬੀਰ, ਨਾਨਕ ਪੰਜ ਤਤ ਸਾਲਾਹੀਆ । ਜਨ ਭਗਤਾਂ ਕੱਢੇ ਹਉਮੇ ਪੀੜ, ਆਪ ਆਪਣੀ ਦਇਆ ਕਮਾਈਆ । ਸੰਤਨ ਮਾਰੇ ਸਾਚਾ ਤੀਰ, ਤੀਰ ਨਿਰਾਲਾ ਇਕ ਚਲਾਈਆ । ਗੁਰਮੁਖ ਚੋਟੀ ਚਾੜ੍ਹੇ ਅਖੀਰ, ਅੱਧਵਿਚਕਾਰ ਨਾ ਕੋਈ ਵਡਿਆਈਆ । ਗੁਰਸਿਖਾਂ ਕੱਟੇ ਜਗਤ ਜੰਜੀਰ, ਲੱਖ ਚੁਰਾਸੀ ਫੰਦ ਕਟਾਈਆ । ਵਡ ਦਾਤਾ ਹਰਿ ਪੀਰਨ ਪੀਰ, ਗੁਰ ਗੁਰ ਏਕਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਗੁਰ ਵਡ ਬਲਵਾਨਾ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਦੋ ਜਹਾਨਾ, ਲੋਕਮਾਤ ਵੇਸ ਵਟਾਇਆ । ਨਾਨਕ ਗਾਏ ਨਾਮ ਤਰਾਨਾ, ਤਾਰ ਸਤਾਰ ਨਿਰੰਕਾਰ ਵਜਾਇਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਘਰ ਘਰ ਸਗਨ ਮਨਾਇਆ । ਸਾਚੀ ਸਖੀ ਮਿਲੇ ਕਾਹਨਾ, ਮੰਡਲ ਰਾਸ ਆਪ ਰਖਾਇਆ । ਦਰਗਹਿ ਸਾਚੀ ਦੇਵੇ ਮਾਣਾ, ਜਿਸ ਜਨ ਨਿਉਂ ਨਿਉਂ ਸੀਸ ਝੁਕਾਇਆ । ਏਕਾ ਰਾਗ ਸੁਣਾਏ ਗਾਨਾ, ਅਨਹਦ ਸਾਚੀ ਸੇਵਾ ਲਾਇਆ । ਦੇਵਣਹਾਰਾ ਧੁਰ ਫ਼ਰਮਾਣਾ, ਸ਼ਬਦ ਸ਼ਬਦੀ ਦਏ ਜਣਾਇਆ । ਕਲਜੁਗ ਅੰਤਮ ਹੋਏ ਵੈਰਾਨਾ, ਥਿਰ ਕੋਇ ਰਹਿਣ ਨਾ ਪਾਇਆ । ਜੀਵ ਜੰਤ ਨਾਤਾ ਜੁੜੇ ਪੰਜ ਸ਼ੈਤਾਨਾ, ਕਾਮ ਕਰੋਧ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਨਿਰਗੁਣ ਨਾਨਕ ਬੋਲ ਜੈਕਾਰਾ, ਲੱਖ ਚੁਰਾਸੀ ਗਿਆ ਸੁਣਾਈਆ । ਕਲਜੁਗ ਅੰਤਮ ਹੋਏ ਧੂਆਂਧਾਰਾ, ਝੂਠੀ ਰੈਣ ਅੰਧੇਰੀ ਛਾਈਆ । ਮਾਤ ਪੁਤ ਕਰੇ ਪਿਆਰਾ, ਭੈਣ ਭਈਆ ਸੇਜ ਹੰਢਾਈਆ । ਨਾ ਕੋਈ ਦਿਸੇ ਮੀਤ ਮੁਰਾਰਾ, ਸਾਕ ਸੈਣ ਨਾ ਕੋਈ ਅਖਵਾਈਆ । ਸ੍ਰਿਸ਼ਟ ਸਬਾਈ ਹੋਏ ਵਿਭਚਾਰਾ, ਹਰਿ ਹਰਿ ਕੰਤ ਨਾ ਕੋਈ ਹੰਢਾਈਆ । ਸਾਧ ਸੰਤ ਹਰਿ ਭਗਵੰਤ ਨਾ ਕਰੇ ਕੋਈ ਪਿਆਰਾ, ਤਨ ਵੇਸਵਾ ਸ਼ਿੰਗਾਰ ਕਰਾਈਆ । ਗੁਰ ਦਰ ਮੰਦਰ ਹੋਏ ਖੁਆਰਾ, ਧੀਆਂ ਭੈਣਾਂ ਰਾਹ ਤਕਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਨਿਰਗੁਣ ਵੇਖੇ ਥਾਉਂ ਥਾਈਂਆ । ਬ੍ਰਹਿਮੰਡ ਖੰਡ ਦਏ ਹੁਲਾਰਾ, ਲੋਆਂ ਪੁਰੀਆਂ ਆਪ ਮਿਲਾਈਆ । ਲੋਕਮਾਤ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਹਰਿ ਅਪਾਰਾ, ਸ਼ਾਹ ਸੁਲਤਾਨਾਂ ਦਏ ਜਗਾਈਆ । ਜਨ ਭਗਤਾਂ ਕਰੇ ਇਕ ਪਿਆਰਾ, ਆਪ ਆਪਣਾ ਮੇਲ ਮਿਲਾਈਆ । ਕਾਗਦ ਕਲਮ ਨਾ ਲਿਖਣਹਾਰਾ,

ਲੇਖਾ ਚੁੱਕੇ ਸਮੁੰਦ ਸਾਗਰ ਜਗਤ ਛਾਹੀਆ । ਕਰੇ ਖੇਲ ਅਗੰਮ ਅਪਾਰਾ, ਏਕੰਕਾਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖਣਹਾਰਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਵਿਚ ਸੰਸਾਰਾ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੁਰ ਗੋਬਿੰਦ ਮੁਖ ਸਾਲਾਹਿੰਦਾ । ਪੂਤ ਸਪੂਤਾ ਬਣ ਦੁਲਾਰਾ, ਘਰ ਸਾਚੇ ਸੋਭਾ ਪਾਇੰਦਾ । ਪੁਰਖ ਅਕਾਲ ਇਕ ਜੈਕਾਰਾ, ਰਸਨਾ ਜਿਹਵਾ ਏਕਾ ਗਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਲੇਖਾ ਲਿਖ ਧੁਰ ਸੰਸਾਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਲਜੁਗ ਅੰਤਮ ਆਏ ਵਾਰਾ, ਧੂਆਂਧਾਰ ਸਰਬ ਵਖਾਇੰਦਾ । ਪ੍ਰਗਟ ਹੋਏ ਹਰਿ ਨਿਰੰਕਾਰਾ, ਨਿਹਕਲੰਕਾ ਨਾਉਂ ਧਰਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਏਕਾ ਸ਼ਬਦ ਬੋਲ ਜੈਕਾਰਾ, ਹੰ ਬ੍ਰਹਮ ਮੇਲ ਮਿਲਾਇੰਦਾ । ਨਾਮ ਖੰਡਾ ਤੇਜ ਕਟਾਰਾ, ਦੋ ਜਹਾਨਾਂ ਆਪ ਚਮਕਾਇੰਦਾ । ਰਾਜ ਰਾਜਾਨਾ ਕਰੇ ਖਵਾਰਾ, ਸੀਸ ਤਾਜ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰ ਸੂਰਾ ਸਰਬੰਗ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕੰਕਾਰਾ ਵਡ ਵਡਿਆਈਆ । ਪ੍ਰਗਟ ਹੋਏ ਵਿਚ ਜਹਾਨ, ਦੋ ਜਹਾਨਾ ਵੇਖ ਵਖਾਈਆ । ਦੇਵਣਹਾਰਾ ਧੁਰ ਫ਼ਰਮਾਣ, ਸ਼ਬਦੀ ਢੋਲਾ ਏਕਾ ਗਾਈਆ । ਲੱਖ ਚੁਰਾਸੀ ਤੋੜੇ ਮਾਣ, ਜਗਤ ਅਭਿਮਾਣ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਖ ਵਖਾਈਆ ।


੩੨੭

## ਪਹਿਲੀ ਚੇਤ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ

ਸੋ ਪੁਰਖ ਨਿਰੰਜਣ ਵਡ ਮਿਹਰਬਾਨ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਖੇਲ ਮਹਾਨ, ਨਿਰਗੁਣ ਆਪਣਾ ਆਪ ਕਰਾਇੰਦਾ । ਏਕੰਕਾਰਾ ਵਡ ਬਲਵਾਨ, ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਕੋਈ ਵਖਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪਾਰਬ੍ਰਹਮ ਵਸੇ ਸਚ ਮਕਾਨ, ਸਚ ਸਿੰਘਾਸਣ ਆਸਣ ਲਾਇੰਦਾ । ਸਚਖੰਡ ਦੁਆਰਾ ਇਕ ਮਕਾਨ, ਛੱਪਰ ਛੰਨ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਦਿਸ ਕਿਸੇ ਨਾ ਆਇੰਦਾ । ਸੋ ਪੁਰਖ ਨਿਰੰਜਣ ਖੇਲ ਮਹਾਨਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕੰਕਾਰਾ ਗੁਣ ਨਿਧਾਨਾ, ਜੋਤ ਨਿਰੰਜਣ ਡਗਮਗਾਇੰਦਾ । ਪੁਰਖ ਅਬਿਨਾਸ਼ੀ ਇਕ ਤਰਾਨਾ, ਸ੍ਰੀ ਭਗਵਾਨ ਆਪੇ ਗਾਇੰਦਾ । ਪਾਰਬ੍ਰਹਮ ਖੇਲੇ ਖੇਲ ਮਹਾਨਾ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰ, ਕਰੇ ਕਰਾਏ ਹਰਿ ਨਿਰੰਕਾਰ, ਦਿਸ ਕਿਸੇ ਨਾ ਆਇੰਦਾ । ਖੇਲ ਅਪਾਰਾ ਹਰਿ ਨਿਰੰਕਾਰਾ, ਆਪਣਾ ਆਪ ਕਰਾਇੰਦਾ । ਵਸਣਹਾਰਾ ਧਾਮ ਨਿਆਰਾ, ਨਿਰਗੁਣ ਆਪਣਾ ਘਰ ਵਖਾਇੰਦਾ । ਸਚਖੰਡ ਵਸਾਏ ਬੰਕ ਦੁਆਰਾ, ਬੰਕ ਦੁਆਰੀ ਨਾਉਂ ਧਰਾਇੰਦਾ ।

ਰਵ ਸਸ ਨਾ ਕੋਇ ਸਤਾਰਾ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਨਾ ਕੋਇ ਸਹਾਰਾ, ਜੇਰਜ ਅੰਡ ਉਤਭੁਜ ਸੇਤਜ ਨਾ ਰਚਨ ਰਚਾਇੰਦਾ । ਜੰਗਲ ਜੂਹ ਨਾ ਕੋਇ ਉਜਾੜ ਪਹਾੜਾ, ਡੂੰਘੀ ਕੰਦਰ ਨਾ ਫੇਰੀ ਪਾਇੰਦਾ । ਵਸਣਹਾਰਾ ਧਾਮ ਨਿਆਰਾ, ਨਿਰਗੁਣ ਦੀਵਾ ਬਾਤੀ ਕਮਲਾਪਾਤੀ ਆਪਣਾ ਆਪ ਜਗਾਇੰਦਾ । ਸਾਚੇ ਮੰਦਰ ਖੋਲ੍ਹ ਤਾਕੀ, ਆਪ ਆਪਣਾ ਮੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਖਿਲਾਇੰਦਾ । ਆਦਿ ਜੁਗਾਦੀ ਖੇਲ ਅਵੱਲਾ, ਹਰਿ ਸਾਚਾ ਆਪ ਕਰਾਇੰਦਾ । ਬੈਠਾ ਰਹੇ ਇਕ ਇਕੱਲਾ, ਅਕਲ ਕਲ ਨਾਉਂ ਧਰਾਇੰਦਾ । ਵਸਣਹਾਰਾ ਜਲ ਥਲਾ, ਘਟ ਘਟ ਆਪਣਾ ਰੂਪ ਵਟਾਇੰਦਾ । ਆਪਣੇ ਦੀਪਕ ਆਪੇ ਬਲਾ, ਅਗਿਆਨ ਅੰਧੇਰ ਨਾ ਕੋਇ ਵਖਾਇੰਦਾ । ਸ਼ਬਦ ਜੋਤੀ ਆਪੇ ਰਲਾ, ਸਚ ਸੰਦੇਸ਼ ਸਚ ਤਰਾਨਾ ਆਪਣਾ ਆਪ ਸੁਣਾਇੰਦਾ । ਆਦਿ ਜੁਗਾਦੀ ਰਹੇ ਹਮੇਸ਼, ਦੂਸਰ ਰੰਗ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਖੇਲ ਤਮਾਸ਼ਾ ਸ਼ਾਹੋ ਸ਼ਾਬਾਸ਼ਾ, ਆਪਣਾ ਆਪ ਕਰਾਇੰਦਾ । ਸਚਖੰਡ ਨਿਵਾਸੀ ਹਰਿ ਭਗਵਾਨ, ਆਪਣੀ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਮਾਰ ਧਿਆਨ, ਹਰਿ ਪੁਰਖ ਨਿਰੰਜਣ ਦਏ ਸਮਝਾਈਆ । ਏਕੰਕਾਰਾ ਕਰ ਪਛਾਣ, ਆਦਿ ਨਿਰੰਜਣ ਲਏ ਉਠਾਈਆ । ਸ੍ਰੀ ਭਗਵਾਨ ਦੇਵੇ ਦਾਨ, ਅਬਿਨਾਸ਼ੀ ਕਰਤਾ ਝੋਲੀ ਪਾਈਆ । ਪਾਰਬ੍ਰਹਮ ਮੰਗੇ ਏਕਾ ਦਾਨ, ਦਰ ਦਰਵੇਸ਼ ਆਪਣੀ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਰੰਗ ਰੰਗੀਲਾ ਹਰਿ ਕਰਤਾਰ, ਸਾਚਾ ਰੰਗ ਰੰਗਾਇੰਦਾ । ਲਾਲਣ ਲਾਲ ਅਗੰਮ ਅਪਾਰ, ਕੰਚਨ ਰੂਪ ਆਪ ਵਟਾਇੰਦਾ । ਸੂਹਾ ਵੇਸ ਦਰ ਦਰਵੇਸ਼ ਅਲੱਖ ਅਲੱਖਣਾ ਬੋਲ ਜੈਕਾਰ, ਆਪ ਆਪਣੀ ਅਲੱਖ ਜਗਾਇੰਦਾ । ਚਿੱਟੀ ਧਾਰ ਖੇਲ ਅਪਾਰ, ਰੂਪ ਅਨੂਪ ਆਪ ਦਰਸਾਇੰਦਾ । ਪੀਲਾ ਬਸਤਰ ਕਰ ਸ਼ਿੰਗਾਰ, ਸਚ ਸਿੰਘਾਸਣ ਆਸਣ ਸੋਭਾ ਪਾਇੰਦਾ । ਨੀਲੀ ਧਾਰ ਖੇਲ ਅਪਾਰ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਕਾਲਾ ਰੰਗ ਸੂਰਾ ਸਰਬੰਗ, ਆਦਿ ਜੁਗਾਦਿ ਜੁਗ ਜੁਗ ਆਪਣਾ ਵੇਸ ਵਟਾਇੰਦਾ । ਆਪਣੇ ਮੰਦਰ ਆਪੇ ਲੰਘ, ਆਪ ਆਪਣਾ ਵੇਖ ਵਖਾਇੰਦਾ । ਨਿਸ਼ਾਨ ਚਾੜ੍ਹੇ ਸੱਤ ਰੰਗ, ਸਤਿ ਸਤਿਵਾਦੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਰੰਗ ਨਿਸ਼ਾਨਾ ਕਰ ਤਿਆਰ, ਸਚਖੰਡ ਦੁਆਰੇ ਦੇਵੇ ਚਾੜ੍ਹ, ਦੂਸਰ ਦਰ ਨਾ ਕੋਇ ਵਖਾਇੰਦਾ । ਸੱਤ ਰੰਗ ਨਿਸ਼ਾਨਾ ਕਰ ਤਿਆਰ, ਸਚਖੰਡ ਨਿਵਾਸੀ ਖ਼ੁਸ਼ੀ ਮਨਾਈਆ । ਆਪੇ ਵੇਖੇ ਵੇਖਣਹਾਰ, ਦੂਸਰ ਦਿਸ ਕਿਸੇ ਨਾ ਆਈਆ । ਨਿਰਗੁਣ ਦਾਤਾ ਨਿਰਗੁਣ ਭਿਖਾਰੀ ਨਿਰਗੁਣ ਆਪਣੀ ਹੱਥੀਂ ਦੇਵੇ ਚਾੜ੍ਹ, ਨਿਰਗੁਣ ਆਪੇ ਵੇਖ ਵਖਾਈਆ । ਨਿਰਗੁਣ ਸ਼ਾਹ ਨਿਰਗੁਣ ਘੋੜ ਅਸਵਾਰ, ਨਿਰਗੁਣ ਆਪਣਾ ਆਪ ਦੁੜਾਈਆ । ਨਿਰਗੁਣ ਖੰਡਾ ਤੇਜ ਕਟਾਰ ਤੀਰ ਕਮਾਨ ਨਿਰਗੁਣ ਆਪਣਾ ਨਾਉਂ ਧਰਾਈਆ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ, ਨਿਰਗੁਣ ਰਾਜ ਨਿਰਗੁਣ ਰਾਜਾਨ, ਸ਼ਾਹੋ ਭੂਪ ਵਡ ਵਡਿਆਈਆ । ਦੇਵੇ ਹੁਕਮ ਧੁਰ ਫ਼ਰਮਾਣ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਵੇਖ ਵਖਾਈਆ । ਘਰ ਸਾਚਾ ਹਰਿ ਸੁਹੰਜਣਾ, ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਜਗੇ ਜੋਤ ਆਦਿ ਨਿਰੰਜਣਾ, ਦੀਵਾ ਬਾਤੀ ਨਾ ਕੋਈ ਟਿਕਾਇੰਦਾ । ਆਪਣਾ ਬਣਿਆ ਆਪੇ ਸੱਜਣਾ, ਸਾਕ ਸੈਣ ਨਾਉਂ ਧਰਾਇੰਦਾ । ਆਪਣਾ ਪਰਦਾ ਆਪੇ ਕੱਜਣਾ, ਆਪਣਾ ਪਰਦਾ

ਹੱਥ ਉਠਾਇੰਦਾ । ਨਾ ਘੜਿਆ ਨਾ ਭੱਜਣਾ, ਆਦਿ ਜੁਗਾਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਚ ਮਹੱਲਾ ਆਪ ਵਸਾਏ ਇਕ ਇਕੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਸਚ ਸਿੰਘਾਸਣ ਪੁਰਖ ਕਰਤਾਰਾ, ਆਪਣਾ ਆਸਣ ਲਾਈਆ । ਦੇਵੇ ਧੁਰ ਫ਼ਰਮਾਣਾ ਅਗੰਮ ਅਪਾਰਾ, ਆਪ ਆਪਣਾ ਹੁਕਮ ਜਣਾਈਆ । ਨਾ ਕੋਈ ਦਿਸੇ ਚੋਬਦਾਰਾ, ਦੁਆਰਪਾਲ ਨਾ ਕੋਈ ਟਿਕਾਈਆ । ਨਾ ਕੋਈ ਨਿਉਂ ਨਿਉਂ ਕਰੇ ਨਿਮਸਕਾਰਾ, ਚਰਨ ਸੀਸ ਨਾ ਕੋਇ ਰਖਾਈਆ । ਨਾ ਕੋਈ ਬੋਲੇ ਕੂਕੇ ਨਾਅਰਾ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਇਕ ਇਕੱਲਾ ਪਰਵਰਦਿਗਾਰਾ, ਬੇਐਬ ਖ਼ੁਦਾਈ ਬੈਠਾ ਜਲਵਾ ਨੂਰ ਇਲਾਹੀਆ । ਰਾਮ ਰੂਪ ਨਿਰਾਕਾਰਾ, ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਖ਼ਤ ਆਪੇ ਰਿਹਾ ਸੁਹਾਈਆ । ਤਖ਼ਤ ਸੁਹਾਵਾ ਹਰਿ ਸੁਲਤਾਨ, ਅਲੱਖ ਅਗੋਚਰ ਭੇਵ ਨਾ ਆਇੰਦਾ । ਸੱਤ ਰੰਗ ਝੁਲਾਏ ਇਕ ਨਿਸ਼ਾਨ, ਸਚਖੰਡ ਦੁਆਰੇ ਆਪ ਵਖਾਇੰਦਾ । ਦੂਜਾ ਦੇਵੇ ਧੁਰ ਫ਼ਰਮਾਣ, ਸੋ ਪੁਰਖ ਨਿਰੰਜਣ ਹੁਕਮ ਜਣਾਇੰਦਾ । ਹਰਿ ਪੁਰਖ ਨਿਰੰਜਣ ਕਰ ਧਿਆਨ, ਨਿਉਂ ਨਿਉਂ ਸੀਸ ਝੁਕਾਇੰਦਾ । ਏਕੰਕਾਰਾ ਸੁਣੇ ਲਾ ਲਾ ਕਾਨ, ਆਪ ਆਪਣਾ ਰਾਹ ਤਕਾਇੰਦਾ । ਆਦਿ ਨਿਰੰਜਣ ਵਡ ਬਲਵਾਨ, ਸੇਵਕ ਸੇਵਾ ਮੁਖ ਕਰਾਇੰਦਾ । ਅਬਿਨਾਸ਼ੀ ਕਰਤਾ ਬਣ ਰਾਜਾਨ, ਆਪ ਆਪਣੇ ਸੀਸ ਟਿਕਾਇੰਦਾ । ਸ੍ਰੀ ਭਗਵਾਨ ਖੇਲ ਦਰਬਾਨ, ਦਰ ਦਰਵੇਸ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਪੰਚਮ ਤਾਜ ਧੁਰਦਰਗਾਹੀ ਸਾਚਾ ਰਾਜ, ਸਚਖੰਡ ਦੁਆਰੇ ਆਪ ਬਣਾਇੰਦਾ । ਸਚਖੰਡ ਦੁਆਰਾ ਹਰਿ ਨਿਰੰਕਾਰਾ, ਤਖ਼ਤ ਤਾਜ ਇਕ ਸੁਹਾਈਆ । ਪੰਚਮ ਮੁਖ ਪੰਚ ਉਜਿਆਰਾ, ਪੰਚਮ ਵੇਖੇ ਬੇਪਰਵਾਹੀਆ । ਦਿਸ ਨਾ ਆਏ ਵਿਚ ਸੰਸਾਰਾ, ਨੇਤਰ ਨੈਣ ਦਰਸ ਕੋਇ ਨਾ ਪਾਈਆ । ਆਦਿ ਜੁਗਾਦੀ ਖੇਲ ਨਿਆਰਾ, ਆਪ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਤਖ਼ਤ ਸੋਭਾਵੰਤ ਖੇਲੇ ਖੇਲ ਸ੍ਰੀ ਭਗਵੰਤ, ਆਪ ਆਪਣਾ ਹੁਕਮ ਚਲਾਈਆ । ਆਪਣੀ ਇਛਿਆ ਧੁਰ ਫ਼ਰਮਾਣਾ, ਸਾਚਾ ਹੁਕਮ ਜਣਾਇੰਦਾ । ਸਚਖੰਡ ਨਿਵਾਸੀ ਹਰਿ ਹਰਿ ਰਾਣਾ, ਆਪ ਆਪਣਾ ਤਖ਼ਤ ਸੁਹਾਇੰਦਾ । ਆਪੇ ਜਾਣੇ ਆਪਣਾ ਭਾਣਾ, ਭੇਵ ਕੋਈ ਨਾ ਪਾਇੰਦਾ । ਆਪੇ ਪਹਿਰੇ ਆਪਣਾ ਬਾਣਾ, ਰੂਪ ਅਨੂਪ ਆਪ ਵਟਾਇੰਦਾ । ਆਪੇ ਸ਼ਾਹ ਆਪੇ ਸੁਲਤਾਨਾ, ਸ਼ਹਿਨਸ਼ਾਹ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਚਲਾਇੰਦਾ । ਆਪਣਾ ਹੁਕਮ ਸਚ ਦਰਬਾਰ, ਹਰਿ ਸਾਚਾ ਸਚ ਜਣਾਈਆ । ਸੋ ਪੁਰਖ ਨਿਰੰਜਣ ਕਰਿਆ ਖ਼ਬਰਦਾਰ, ਹਰਿ ਪੁਰਖ ਨਿਰੰਜਣ ਲਏ ਉਠਾਈਆ । ਏਕੰਕਾਰਾ ਕਰ ਧਿਆਨ, ਆਦਿ ਨਿਰੰਜਣ ਮੇਲ ਮਿਲਾਈਆ । ਸ੍ਰੀ ਭਗਵਾਨ ਵੇਖੇ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਪੁਰਖ ਅਬਿਨਾਸ਼ੀ ਪੰਚਮ ਮੁਖ ਤਾਜ ਸੁਹਾਨ, ਤਖ਼ਤ ਤਾਜ ਦਏ ਵਡਿਆਈਆ । ਨਾ ਕੋਈ ਦੀਸੇ ਦਰ ਦਰਬਾਨ, ਆਪਣੀ ਇਛਿਆ ਆਪੇ ਲਏ ਪ੍ਰਗਟਾਈਆ । ਸੁੱਤ ਦੁਲਾਰਾ ਨੌਜਵਾਨ, ਹਰਿ ਸ਼ਬਦੀ ਸ਼ਬਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸਮਝਾਈਆ । ਸੁੱਤ ਦੁਲਾਰ ਕਰ ਤਿਆਰ, ਸਚਖੰਡ ਦੁਆਰੇ ਆਪ ਬਹਾਇਆ । ਨਿਰਗੁਣ ਕਰੇ ਸਚ ਪਿਆਰ, ਸਚ ਸਾਚਾ ਮੇਲ ਮਿਲਾਇਆ । ਤੇਰਾ ਰੂਪ ਅਪਰ ਅਪਾਰ, ਮੇਰਾ ਬੰਸ ਨਾਉਂ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਤੇਰੀ ਧਾਰ ਤੇਰਾ ਤੇਰੇ ਵਿਚ ਰਖਾਇਆ । ਸ਼ਬਦ ਦੁਲਾਰੇ ਹੋ ਤਿਆਰ, ਹਰਿ ਸਾਚਾ ਸਚ ਜਣਾਇੰਦਾ । ਲੋਆਂ ਪੁਰੀਆਂ ਕਰ ਤਿਆਰ, ਬ੍ਰਹਿਮੰਡ ਖੰਡ ਰਚਨ ਰਚਾਇੰਦਾ । ਵਿਸ਼ਨ ਦੇਣਾ ਇਕ ਅਧਾਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਕਵਲੀ ਕਵਲਾ ਕਰ ਉਜਿਆਰ, ਬ੍ਰਹਮਾ ਸੁਤ ਸੁਤ ਅਖਵਾਇੰਦਾ । ਅਬਿਨਾਸ਼ੀ ਅਚੁੱਤ ਖੇਲ ਅਪਾਰ, ਆਪਣੀ ਰੁੱਤ ਆਪ ਸੁਹਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਅਖਵਾਇੰਦਾ । ਆਪੇ ਬ੍ਰਹਮਾ ਕਰ ਪਸਾਰ, ਚਾਰੇ ਮੁਖ ਮੁਖ ਸਾਲਾਹਿੰਦਾ । ਆਪੇ ਦੇਵੇ ਸ਼ੰਕਰ ਧਾਰ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਤਿੰਨਾਂ ਵਸਿਆ ਬਾਹਰ, ਭੇਵ ਕੋਇ ਨਾ ਪਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਸਾਚੀ ਵਸਤ ਨਾਲ ਰਲਾਇੰਦਾ । ਪੰਜ ਤਤ ਕਰੇ ਉਜਿਆਰ, ਪੰਜ ਪਚੀਸ ਵੇਖ ਵਖਾਇੰਦਾ । ਲੱਖ ਚੁਰਾਸੀ ਇਕ ਆਧਾਰ, ਘੜ ਭਾਂਡੇ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਘਾੜਣ ਘੜਿਆ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਪੁਰਖ ਅਬਿਨਾਸ਼ੀ ਅੰਦਰ ਵੜਿਆ, ਦਿਸ ਕਿਸੇ ਨਾ ਆਈਆ । ਮਨ ਮਤ ਦੁਆਰ ਕਿਸੇ ਨਾ ਫੜਿਆ, ਬੁੱਧ ਮਤਵਾਲੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨ ਰਹਿਤ ਪੁਰਖ ਅਕਾਲ, ਖੇਲੇ ਖੇਲ ਦੀਨ ਦਿਆਲ, ਆਪ ਆਪਣੀ ਦਇਆ ਕਮਾਈਆ । ਦੀਨ ਦਿਆਲਾ ਹਰਿ ਗੋਪਾਲਾ, ਅਕਲ ਕਲਾ ਵਰਤਾਇੰਦਾ । ਲੱਖ ਚੁਰਾਸੀ ਖੇਲ ਨਿਰਾਲਾ, ਆਪ ਆਪਣੀ ਰਚਨ ਰਚਾਇੰਦਾ । ਤ੍ਰੈਗੁਣ ਮਾਇਆ ਪਾ ਜੰਜਾਲਾ, ਸ਼ਬਦ ਡੋਰੀ ਨਾਲ ਬੰਧਾਇੰਦਾ । ਖੇਲੇ ਖੇਲ ਹਰਿ ਨਿਰਾਲਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਆਪਣੀ ਵੰਡ ਹਰਿ ਹਰਿ ਵੰਡੇ, ਭੇਵ ਕੋਈ ਨਾ ਪਾਇੰਦਾ । ਲੋਆਂ ਪੁਰੀਆਂ ਖੇਲੇ ਖੇਲ ਬ੍ਰਹਿਮੰਡ ਖੰਡ ਖੰਡੇ, ਖੰਡ ਖੰਡ ਆਪਣਾ ਆਪ ਕਰਾਇੰਦਾ । ਆਪੇ ਜਾਣੇ ਜੇਰਜ ਅੰਡੇ, ਉਤਭੁਜ ਸੇਤਜ ਮੇਲ ਮਿਲਾਇੰਦਾ । ਆਪੇ ਜਾਣੇ ਆਰ ਪਾਰ ਕੰਢੇ, ਅੱਧਵਿਚਕਾਰੇ ਡੇਰਾ ਲਾਇੰਦਾ । ਆਪੇ ਚੜ੍ਹੇ ਸਾਚੇ ਡੰਡੇ, ਆਪਣਾ ਡੰਡਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਕਰੇ ਕਰਤਾਰ, ਸਤਿਜੁਗ ਤ੍ਰੇਤਾ ਦੁਆਪਰ ਵਿਚ ਸੰਸਾਰ, ਆਪਣਾ ਮਾਰਗ ਆਪੇ ਲਾਇੰਦਾ । ਵੰਡੇ ਵੰਡ ਪੁਰਖ ਅਕਾਲਾ, ਭੇਵ ਕੋਈ ਨਾ ਪਾਇੰਦਾ । ਬ੍ਰਹਮੇ ਦੱਸੇ ਰਾਹ ਸੁਖਾਲਾ, ਚਾਰੇ ਵੇਦਾਂ ਮੁਖ ਸੁਣਾਇੰਦਾ । ਸੇਵਾ ਲਾਏ ਕਾਲ ਮਹਾਂਕਾਲਾ, ਧਰਮ ਰਾਏ ਰੰਗ ਰੰਗਾਇੰਦਾ । ਚਿਤਰ ਗੁਪਤ ਫਲ ਵੇਖੇ ਲੱਗਾ ਡਾਲ੍ਹਾ, ਲਾੜੀ ਮੌਤ ਤੋੜ ਤੁੜਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਨਾ ਭੇਵ ਕੋਈ ਛੁਪਾਇੰਦਾ । ਜਨ ਭਗਤਾਂ ਪਾਏ ਸ਼ਬਦ ਸਰੂਪੀ ਤਨ ਸਾਚੀ ਮਾਲਾ, ਅਜਪਾ ਜਾਪ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ ਪੁਰਖ ਅਕਾਲ, ਆਪਣਾ ਆਪ ਕਰਾਈਆ । ਜੁਗਾ ਜੁਗੰਤਰ ਅਵੱਲੜੀ ਚਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਵਜਾਏ ਤਾਲ, ਲੋਆਂ ਪੁਰੀਆਂ ਆਪ ਸੁਣਾਈਆ । ਭਗਤਨ ਦੇਵੇ ਸਾਚੀ ਘਾਲ, ਨਾਮ ਭਗਤੀ ਝੋਲੀ ਪਾਈਆ । ਲੋਕਮਾਤ ਆਏ ਬਣ ਬਣ ਦਲਾਲ, ਨਿਰਗੁਣ ਸਰਗੁਣ ਰੂਪ ਵਟਾਈਆ । ਪੰਜ ਤਤ ਮਾਟੀ ਭਾਗ ਲਗਾਏ ਕਾਇਆ ਖਾਲ, ਆਪ ਆਪਣਾ ਮੁਖ ਛੁਪਾਈਆ । ਵਸਣਹਾਰਾ ਸਚ ਸੱਚੀ ਧਰਮਸਾਲ, ਸਚਖੰਡ ਦੁਆਰਾ ਦਰ ਦਰਵਾਜ਼ਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ

ਆਪਣਾ ਨਾਉਂ ਧਰਾਈਆ । ਸਤਿਜੁਗ ਨਾਉਂ ਰੱਖ ਕਰਤਾਰ, ਲੋਕਮਾਤ ਵੇਸ ਵਟਾਇੰਦਾ । ਹਰਿਜਨ ਸਾਚੇ ਜਾਏ ਤਾਰ, ਆਪ ਆਪਣਾ ਮੇਲ ਮਿਲਾਇੰਦਾ । ਭਗਤਨ ਦੇਵੇ ਨਾਮ ਆਧਾਰ, ਏਕਾ ਵਸਤ ਝੋਲੀ ਪਾਇੰਦਾ । ਲੇਖਾ ਜਾਣੇ ਵਾਰ ਅਠਾਰ, ਅੱਠ ਦਸ ਫੋਲ ਫੁਲਾਇੰਦਾ । ਸਤਿਜੁਗ ਤੇਰਾ ਪਾਰ ਕਿਨਾਰ, ਤ੍ਰੇਤਾ ਆਪਣੇ ਰੰਗ ਰੰਗਾਇੰਦਾ । ਲੰਕਾ ਤੋੜ ਗੜ੍ਹ ਹੰਕਾਰ, ਰਾਮ ਰਾਮਾ ਵੇਖ ਵਖਾਇੰਦਾ । ਸਤਿ ਸਵਾਣੀ ਕਰ ਪਿਆਰ, ਸੀਤਾ ਸੁਰਤੀ ਇਕ ਪਰਨਾਇੰਦਾ । ਗ਼ਰੀਬ ਨਿਮਾਣੇ ਜਾਏ ਤਾਰ, ਆਪ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲ ਖਲੰਦੜਾ ਹਰਿ ਭਗਵੰਤ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਸਾਚੇ ਸੰਤ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੁਰਮੁਖ ਮਿਲਾਵਾ ਨਾਰੀ ਕੰਤ, ਆਪ ਆਪਣੇ ਅੰਗ ਲਗਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਜੁਗ ਜੁਗ ਮਹਿਮਾ ਗਣਤ ਅਗਣਤ, ਵੇਦ ਕਤੇਬ ਭੇਵ ਕੋਇ ਨਾ ਪਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ, ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਤ੍ਰੇਤਾ ਤਿਰੀਆ ਪਾਰ ਕਿਨਾਰਾ, ਤ੍ਰੈਗੁਣ ਭੇਵ ਭਿੰਨ ਨਾ ਰਾਈਆ । ਖੇਲੇ ਖੇਲ ਅਗੰਮ ਅਪਾਰਾ, ਆਪ ਆਪਣਾ ਰੂਪ ਵਟਾਈਆ । ਆਪੇ ਬਣੇ ਜਗਤ ਲਿਖਾਰਾ, ਪੁਰਾਨ ਅਠਾਰਾਂ ਆਪੇ ਗਾਈਆ । ਆਪੇ ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਰੂਪ ਅਨੂਪ ਆਪ ਵਟਾਈਆ । ਆਪੇ ਗੀਤਾ ਗਿਆਨ ਦਏ ਸਹਾਰਾ, ਅਠਾਰਾਂ ਧਿਆਏ ਰਸਨਾ ਗਾਈਆ । ਆਪੇ ਪੰਚਮ ਕਰੇ ਪਿਆਰਾ, ਭਗਤ ਭਗਵੰਤ ਵੇਖ ਵਖਾਈਆ । ਆਪੇ ਰਥ ਰਥਵਾਹੀ ਖੇਲੇ ਖੇਲ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਆਪਰ ਤੇਰਾ ਅੰਕ ਅੰਕ ਸਮਾਈਆ । ਦੁਆਪਰ ਅੰਕ ਅੰਕ ਹਰਿ ਲੇਖਾ, ਦਿਸ ਕਿਸੇ ਨਾ ਆਇੰਦਾ । ਵੇਦ ਵਿਆਸੇ ਨੇਤਰ ਪੇਖਾ, ਰਸਨਾ ਜਿਹਵਾ ਗਾਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸਾ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਜਨ ਭਗਤ ਦੁਆਰੇ ਬਣੇ ਦਰ ਦਰਵੇਸ਼ਾ, ਜੁਗ ਜੁਗ ਆਪਣੀ ਅਲਖ ਜਗਾਇੰਦਾ । ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਕਰੋੜ ਤੇਤੀਸਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਆਪਣਾ ਨਾਉਂ ਧਰਾਇੰਦਾ । ਦੀਨ ਦਿਆਲਾ ਖੇਲ ਅਪਾਰ, ਆਪਣਾ ਆਪ ਕਰਾਈਆ । ਕਲਜੁਗ ਰੂਪ ਅਪਰ ਅਪਾਰ, ਨੌ ਖੰਡ ਪ੍ਰਿਥਮੀ ਦਹਿ ਦਿਸ਼ਾ ਚਾਰੇ ਕੂਟ ਆਪ ਚੜ੍ਹਾਈਆ । ਪੰਚਮ ਪੰਚ ਪੰਚ ਪਿਆਰ, ਪੰਚਮ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਖੇਲ ਅਪਾਰ, ਹਰਿ ਸਾਚਾ ਆਪ ਖਿਲਾਈਆ । ਕਲਜੁਗ ਖੇਲ ਸਚ ਮਹੱਲਾ, ਹਰਿ ਸਾਚਾ ਸਚ ਕਰਾਇੰਦਾ । ਚੌਦਾਂ ਤਬਕਾਂ ਏਕਾ ਨਰ ਵਖਾਏ ਰਾਣੀ ਅੱਲਾ, ਆਪ ਆਪਣਾ ਨਾਉਂ ਜਣਾਇੰਦਾ । ਕਲਮਾ ਅਮਾਮ ਫੜਾਇਆ ਪੱਲਾ, ਨਬੀ ਰਸੂਲਾਂ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਇੰਦਾ । ਕਲਮਾ ਅਮਾਮ ਨੂਰ ਇਲਾਹੀ, ਜਲਵਾ ਜਲਵਾ ਹਰਿ ਭਗਵਾਨਿਆਂ । ਖੇਲੇ ਖੇਲ ਬੇਪਰਵਾਹੀ, ਦੋ ਜਹਾਨਾਂ ਇਕ ਨਿਸ਼ਾਨਿਆਂ । ਜੂਠੀ ਝੂਠੀ ਕਰੇ ਸ਼ਾਹੀ, ਸ਼ਾਹ ਸੁਲਤਾਨ ਵਡ ਬਲਵਾਨਿਆਂ । ਨਾਤਾ ਤੋੜੇ ਭੈਣਾਂ ਭਾਈ, ਸੱਜਣ ਮੀਤ ਨਾ ਕੋਇ ਅਖਵਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਨਿਆਂ ।

ਈਸਾ ਮੂਸਾ ਪਾਰ ਕਿਨਾਰ, ਸੰਗ ਮੁਹੰਮਦ ਕਰੇ ਕੁੜਮਾਈਆ । ਵੇਖਣਹਾਰਾ ਚਾਰ ਯਾਰਾ, ਚੌਦਾਂ ਤਬਕ ਦਏ ਹਲਾਈਆ । ਹੱਕ ਹਕੀਕਤ ਖੋਲ੍ਹ ਕਿਵਾੜਾ, ਬੰਕ ਦੁਆਰਾ ਇਕ ਜਣਾਈਆ । ਧੁਰ ਦਰਗਾਹੀ ਸਾਚਾ ਲਾੜਾ, ਨੂਰੋ ਨੂਰ ਨੂਰ ਰੁਸ਼ਨਾਈਆ । ਪਾਵੇ ਸਾਰ ਜ਼ਿਮੀਂ ਅਸਮਾਨ ਨੌ ਖੰਡ ਪ੍ਰਿਥਮੀ ਵੇਖੇ ਇਕ ਅਖਾੜਾ, ਲੋਆਂ ਪੁਰੀਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਈਆ । ਰੰਗ ਅਮੋਲਾ ਹਰਿ ਨਿਰੰਕਾਰ, ਆਪਣਾ ਆਪ ਰੰਗਾਇੰਦਾ । ਪੰਜ ਤਤ ਚੋਲਾ ਕਰ ਤਿਆਰ, ਨਿਰਗੁਣ ਨਿਰਗੁਣ ਵਿਚ ਮਿਲਾਇੰਦਾ । ਸਰਗੁਣ ਬੋਲਾ ਬੋਲ ਜੈਕਾਰ, ਨਾਨਕ ਨਾਮ ਧਰਾਇੰਦਾ । ਨਾਮ ਸਤਿ ਵਣਜ ਵਪਾਰ, ਚਾਰ ਵਰਨ ਆਪ ਕਰਾਇੰਦਾ । ਏਕਾ ਨਾਮ ਨਾਮ ਕਰਤਾਰ, ਕਰਨੀ ਕਰਤਾ ਆਪ ਦ੍ਰਿੜਾਇੰਦਾ । ਧਰਨੀ ਧਰਤ ਧਵਲ ਦਏ ਸਹਾਰ, ਸਾਚਾ ਬੇੜਾ ਆਪ ਚਲਾਇੰਦਾ । ਰਸਨਾ ਗਾਏ ਸੋਹੰ ਧਾਰ, ਸੋ ਪੁਰਖ ਨਿਰੰਜਣ ਇਕ ਮਨਾਇੰਦਾ । ਹੰ ਬ੍ਰਹਮ ਕਰੇ ਪਿਆਰ, ਦੂਈ ਦਵੈਤ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਨਾਨਕ ਮੇਲਾ ਪੁਰਖ ਅਕਾਲ, ਘਰ ਸਾਚੇ ਸਚ ਮਿਲਾਇੰਦਾ । ਵੇਖਣਹਾਰਾ ਦੀਪਕ ਮਸਤਕ ਸਾਚਾ ਬਾਲ, ਗਗਨ ਗਗਨੰਤਰ ਆਪ ਸੁਹਾਇੰਦਾ । ਸਰ ਸਰੋਵਰ ਆਤਮ ਅੰਤਰ ਭਰਿਆ ਤਾਲ, ਸਚ ਭੰਡਾਰਾ ਆਪ ਵਰਤਾਇੰਦਾ । ਏਕਾ ਵਸਤ ਨਾਮ ਧਨ ਸੱਚਾ ਧਨ ਮਾਲ, ਸਚ ਖ਼ਜ਼ੀਨਾ ਹੱਥ ਫੜਾਇੰਦਾ । ਚਰਨ ਭਿਖਾਰ ਕਰਾਏ ਕਾਲ ਮਹਾਂਕਾਲ, ਆਪ ਆਪਣਾ ਹੁਕਮ ਸੁਣਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਹਰਿ ਸਾਚਾ ਸਚ ਜਣਾਇੰਦਾ । ਨਾਨਕ ਸਤਿਗੁਰ ਸੁਣੇ ਸਚ ਧਿਆਨਾ, ਆਪ ਆਪਣਾ ਵੇਖ ਵਖਾਇੰਦਾ । ਮਾਤਲੋਕ ਕੂੜੋ ਕੂੜ ਹੋਏ ਪਰਧਾਨਾ, ਸਚ ਸੁਚ ਨਾ ਕੋਇ ਜਣਾਇੰਦਾ । ਨਾ ਕੋਈ ਦਿਸੇ ਸ਼ਾਹ ਸੁਲਤਾਨਾ, ਤਖ਼ਤ ਤਾਜ ਨਾ ਕੋਇ ਸੁਹਾਇੰਦਾ । ਮਿਲੇ ਨਾ ਮੇਲ ਸ੍ਰੀ ਭਗਵਾਨਾ, ਚਾਰ ਵਰਨ ਸਰਬ ਕੁਰਲਾਇੰਦਾ । ਨਾਮ ਨਾ ਦੇਵੇ ਕੋਈ ਦਾਨਾ, ਭਿਖਕ ਭਿਛਿਆ ਝੋਲੀ ਕੋਇ ਨਾ ਪਾਇੰਦਾ । ਕਵਣ ਰੂਪ ਖੇਲੇ ਖੇਲ ਗੁਣ ਨਿਧਾਨਾ, ਨਾਨਕ ਨਿਰਗੁਣ ਆਪ ਜਣਾਇੰਦਾ । ਨਿਹਕਲੰਕੀ ਪਹਿਰੇ ਬਾਣਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਸ਼ਬਦ ਸੰਦੇਸ਼, ਲੇਖਾ ਜਾਣੇ ਦਸ ਦਸਮੇਸ਼, ਦਰ ਦਰਵੇਸ਼ ਵੇਸ ਵਟਾਇੰਦਾ । ਦਸ ਦਸਮੇਸ਼ ਦਰ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੁਰਖ ਅਕਾਲ ਬਣਾਇਆ ਸੁੱਤ ਦੁਲਾਰਾ, ਆਪ ਆਪਣਾ ਨਾਉਂ ਵਟਾਈਆ । ਪੰਚਮ ਮੀਤਾ ਪੰਚ ਪਿਆਰਾ, ਪੰਚਮ ਪੰਚ ਕਰੇ ਜਣਾਈਆ । ਪੰਚਮ ਨਾਦ ਧੁਨ ਜੈਕਾਰਾ, ਪੰਚਮ ਸ਼ਬਦ ਸ਼ਬਦ ਸੁਣਾਈਆ । ਪੰਚਮ ਖੜਗ ਖੰਡਾ ਕਟਾਰਾ, ਪੰਚਮ ਚੰਡ ਪਰਚੰਡ ਚਮਕਾਈਆ । ਪੰਚਮ ਅੰਮ੍ਰਿਤ ਦੇਵੇ ਠੰਡੀ ਠਾਰਾ, ਸਾਂਤਕ ਸਤਿ ਸਤਿ ਵਰਤਾਈਆ । ਪੰਚਮ ਸੀਸ ਬੰਨ੍ਹੇ ਦਸਤਾਰਾ, ਮੁਖ ਆਪਣੇ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਹਰਿ ਭਗਵਾਨ, ਆਪਣਾ ਆਪ ਚਲਾਇੰਦਾ । ਗੁਰ ਗੋਬਿੰਦ ਸਿੰਘ ਨੌਜਵਾਨ, ਸੂਰਬੀਰ ਆਪ ਉਠਾਇੰਦਾ । ਸਾਚਾ ਖੰਡਾ ਸਚ ਕਿਰਪਾਨ, ਸਚ ਭਗੌਤੀ ਸ੍ਰੀ ਹੱਥ ਫੜਾਇੰਦਾ । ਸਚ ਵਖਾਏ ਇਕ ਨਿਸ਼ਾਨ, ਸਚਖੰਡ ਦੁਆਰਾ ਆਪ ਜਣਾਇੰਦਾ । ਸ਼ਾਹ ਸੁਲਤਾਨ ਰਾਜ ਰਾਜਾਨ, ਸਰਬ ਸੀਸ ਝੁਕਾਨ, ਸੀਸ

ਤਾਜ ਨਾ ਕੋਇ ਟਿਕਾਇੰਦਾ । ਪੁਰਖ ਅਕਾਲ ਏਕਾ ਗਾਨ, ਦੂਜਾ ਨਾਮ ਨਾ ਕੋਇ ਵਡਿਆਇੰਦਾ । ਏਕਾ ਚਮਕੇ ਸਾਚਾ ਭਾਨ, ਕੋਟਨ ਕੋਟ ਸ਼ਮਾਂ ਆਪ ਜਲਾਇੰਦਾ । ਏਕਾ ਰਾਗ ਵਜਾਏ ਤਾਨ, ਦੂਜਾ ਤਾਲ ਨਾ ਕੋਇ ਅਲਾਇੰਦਾ । ਏਕਾ ਦੇਵੇ ਧੁਰ ਫ਼ਰਮਾਣ, ਸਾਚਾ ਹੁਕਮੀ ਹੁਕਮ ਸੁਣਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਪੁਰਖ ਅਬਿਨਾਸ਼ੀ ਆਪਣਾ ਰੂਪ ਵਟਾਇੰਦਾ । ਲੇਖਾ ਜਾਣੇ ਸੀਤਾ ਰਾਮ, ਗਣਪਤ ਗਣੇਸ਼ ਬ੍ਰਹਮਾ ਵਿਸ਼ਨ ਮਹੇਸ਼, ਆਪਣੀ ਝੋਲੀ ਪਾਇੰਦਾ । ਰੂਪ ਵਟਾਏ ਕ੍ਰਿਸ਼ਨਾ ਕਾਹਨ, ਵੇਦ ਵਿਆਸਾ ਧਿਆਨ ਲਗਾਇੰਦਾ । ਈਸਾ ਮੂਸਾ ਕਰ ਪਰਵਾਨ, ਸੰਗ ਮੁਹੰਮਦ ਦੇਵੇ ਇਕ ਈਮਾਨ, ਸ਼ਰਅ ਸ਼ਰੀਅਤ ਇਕ ਜਣਾਇੰਦਾ । ਨਾਨਕ ਗੋਬਿੰਦ ਸਚ ਨਿਸ਼ਾਨ, ਆਪ ਝੁਲਾਏ ਦੋ ਜਹਾਨ, ਵਾਲੀ ਦੋ ਜਹਾਨਾਂ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਮਰਗੇਸ਼ ਆਪਣਾ ਵੇਸ ਵਟਾਇੰਦਾ । ਵਡ ਮਰਗੇਸ਼ ਨਰ ਨਰੇਸ਼, ਦਸ ਦਸਮੇਸ਼ ਆਪ ਉਠਾਈਆ । ਲੇਖਾ ਜਾਣੇ ਰਿਖੀ ਕੇਸ਼, ਕੇਸ਼ਵ ਆਪਣਾ ਰੂਪ ਵਟਾਈਆ । ਆਦਿ ਜੁਗਾਦੀ ਰਿਹਾ ਵੇਖ, ਮੁਖ ਮੁਖੜਾ ਆਪ ਛੁਪਾਈਆ । ਆਪੇ ਲਿਖਣਹਾਰਾ ਲੇਖ, ਲਿਖਿਆ ਲੇਖ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਗੁਰੂ ਗੋਬਿੰਦ ਸਿੰਘ ਗੋਬਿੰਦ ਸੂਰਾ, ਹਰਿ ਗੋਬਿੰਦ ਰੰਗ ਰੰਗਾਇਆ । ਸ਼ਬਦ ਨਾਦ ਅਨਾਦੀ ਤੂਰਾ, ਤੁਰੀਆ ਰਾਗ ਆਪ ਸੁਣਾਇਆ । ਆਸਾ ਮਨਸਾ ਕਰੇ ਪੂਰਾ, ਪਤਿਪਰਮੇਸ਼ਵਰ ਨਾਉਂ ਧਰਾਇਆ । ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਨਾ ਮਰੇ ਨਾ ਜਾਇਆ । ਨਾਤਾ ਤੋੜੇ ਕੂੜੋ ਕੂੜਾ, ਸਚ ਸੁੱਚ ਨਾਤਾ ਆਪ ਬੰਧਾਇਆ । ਬਖ਼ਸ਼ਣਹਾਰਾ ਸਾਚੀ ਧੂੜਾ, ਮਸਤਕ ਟਿੱਕਾ ਆਪ ਲਗਾਇਆ । ਕਾਇਆ ਚੋਲੀ ਰੰਗਣ ਰੰਗ ਚੜ੍ਹਾਏ ਗੂੜ੍ਹਾ, ਉਤਰ ਕਦੇ ਨਾ ਜਾਇਆ । ਮੂਰਖ ਮੂੜ੍ਹ ਬਣਾਏ ਚਤੁਰ ਸੁਘੜ , ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਇਆ । ਗੋਬਿੰਦ ਸੁਣ ਹਰਿ ਫ਼ਰਮਾਣਾ, ਹਰਿ ਹਰਿ ਵਿਚ ਆਪ ਮਿਲਾਇੰਦਾ । ਤੇਰਾ ਰੂਪ ਸ੍ਰੀ ਭਗਵਾਨਾ, ਮੈਂ ਮੇਰੀ ਮੇਟ ਮਿਟਾਇੰਦਾ । ਤੇਰਾ ਨਾਦ ਤੇਰਾ ਤਰਾਨਾ, ਸੁਰ ਤਾਲ ਇਕ ਵਜਾਇੰਦਾ । ਤੇਰਾ ਤੇਰੀ ਹੱਥੀਂ ਬੱਧਾ ਗਾਨਾਂ, ਨਾ ਕੋਈ ਤੋੜ ਤੁੜਾਇੰਦਾ । ਤੇਰਾ ਉਠਾਏ ਸਚ ਨਿਸ਼ਾਨਾਂ, ਦੋ ਜਹਾਨਾਂ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਆਪ ਮੁਕਾਇੰਦਾ । ਲੇਖਾ ਹਰਿ ਮੁਕਾਵਣਾ, ਭੇਵ ਕਿਸੇ ਨਾ ਰਾਇਆ । ਚਾਰੇ ਵੇਦਾਂ ਮੁਖ ਸ਼ਰਮਾਵਣਾ, ਬ੍ਰਹਮਾ ਗਾ ਗਾ ਥੱਕਾ ਰਸਨਾ ਜਿਹਵਾ ਹੋ ਹਲਕਾਇਆ । ਸ਼ਾਸਤਰ ਸਿਮਰਤ ਲੇਖਾ ਲੇਖ ਨਾ ਕਿਸੇ ਜਣਾਵਣਾ, ਲੇਖਾ ਲਿਖ ਨਾ ਸਕੇ ਕੋਈ ਰਾਇਆ । ਅਠਾਰਾਂ ਧਿਆਏ ਗੀਤਾ ਏਕਾ ਰੂਪ ਦਰਸਾਵਣਾ, ਪੁਰਖ ਅਕਾਲ ਵਡ ਵਡਿਆਇਆ । ਅੰਜੀਲ ਕੁਰਾਨਾਂ ਢੋਲਾ ਗਾਵਣਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿਆ । ਖਾਣੀ ਬਾਣੀ ਇਕ ਸਮਝਾਵਣਾ, ਪ੍ਰਭ ਸਾਚੇ ਪਦ ਤਰਾਇਆ । ਹਰਿ ਕਾ ਭੇਵ ਕਿਸੇ ਨਾ ਪਾਵਣਾ, ਗੁਰ ਗੋਬਿੰਦ ਆਪ ਸਮਝਾਇਆ । ਤੇਰਾ ਸਾਚਾ ਡੰਕ ਵਜਾਵਣਾ, ਸ਼ਬਦੀ ਤੇਰਾ ਨਾਉਂ ਰਖਾਇਆ । ਤੇਰਾ ਨਗਰ ਖੇੜਾ ਫੇਰ ਵਸਾਵਣਾ, ਸੰਬਲ ਨਾਉਂ ਰਖਾਇਆ । ਅੰਤ ਵਿਛੋੜਾ ਆਪ ਕਰਾਵਣਾ, ਪੰਜ ਤਤ ਨਾਤਾ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇਆ । ਭੇਵ ਖੁਲੰਦੜਾ ਹਰਿ ਭਗਵਾਨ, ਏਕਾ ਏਕੰਕਾਰਿਆ । ਖੇਲੇ ਖੇਲ ਦੋ ਜਹਾਨ, ਲੋਕਮਾਤ ਲਏ ਅਵਤਾਰਿਆ । ਦੇਵਣਹਾਰਾ ਸਾਚਾ ਦਾਨ, ਸਾਚੀ ਵਸਤ

੩੩੩

ਇਕ ਵਖਾ ਰਿਹਾ । ਹਰਿਜਨ ਮੇਲਾ ਗੋਪੀ ਕਾਹਨ, ਘਰ ਬੰਸਰੀ ਨਾਮ ਵਜਾ ਰਿਹਾ । ਸੀਤਾ ਸੁਰਤੀ ਮੇਲਾ ਰਾਮ, ਜਗਤ ਬਨਵਾਸ ਆਪ ਕਟਾ ਰਿਹਾ । ਨਾਨਕ ਨਾਮ ਦੇਵੇ ਸਤਿਨਾਮ, ਨਾਮ ਸਤਿ ਇਕ ਸਮਝਾ ਰਿਹਾ । ਗੁਰ ਗੋਬਿੰਦ ਤੇਰਾ ਨਗਰ ਗਰਾਮ, ਸਾਢੇ ਤਿੰਨ ਹੱਥ ਵੇਖ ਵਖਾ ਰਿਹਾ । ਤੇਰੀ ਮਾਟੀ ਕਾਇਆ ਚਾਮ, ਹੱਡ ਮਾਸ ਨਾੜੀ ਰੱਤ, ਗੁਰਮੁਖਾਂ ਰੰਗ ਰੰਗਾ ਰਿਹਾ । ਤੇਰਾ ਚਾਰ ਵਰਨ ਪਕੜੇ ਦਾਮ, ਦਾਮਨਗੀਰ ਆਪ ਬਣਾ ਰਿਹਾ । ਕਲਜੁਗ ਮਿਟੇ ਅੰਧੇਰੀ ਸ਼ਾਮ, ਤੇਰਾ ਨੂਰ ਚੰਦ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾ ਰਿਹਾ । ਗੁਰ ਗੋਬਿੰਦ ਸਿੰਘ ਸਿੰਘ ਕਰ ਪਰਵਾਨਾ, ਪਾਰਬ੍ਰਹਮ ਮੇਲ ਮਿਲਾਇਆ । ਤੂੰ ਦਾਤਾ ਹਉਂ ਬੀਨਾ ਦਾਨਾ, ਸੇਵਕ ਸੇਵਾ ਸਚ ਕਮਾਇਆ । ਆਦਿ ਜੁਗਾਦੀ ਤੇਰਾ ਨਿਸ਼ਾਨਾ, ਗੁਰ ਪੀਰ ਰਹੇ ਝੁਲਾਇਆ । ਬਿਨ ਤੇਰੇ ਦਿਸੇ ਨਾ ਕੋਇ ਟਿਕਾਣਾ, ਪੁਰਖ ਅਕਾਲ ਇਕ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਗਿਆ ਸਮਝਾਇਆ । ਸਾਚਾ ਲੇਖਾ ਗੜ੍ਹੀ ਚਮਕੌਰ, ਹਰਿ ਪੁਰਖ ਨਿਰੰਜਣ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਵੇਖੇ ਅੰਧ ਘੋਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਏਕੰਕਾਰਾ ਪਕੜਣਹਾਰਾ ਠੱਗ ਚੋਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਣ ਜੋਤੀ ਨੂਰ ਦੇਵੇ ਜੋੜ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਚੜ੍ਹੇ ਘੋੜ, ਨੀਲਾ ਨੀਲੀ ਧਾਰ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਆਪੇ ਦੌੜ, ਆਪ ਆਪਣਾ ਸੀਸ ਟਿਕਾਇੰਦਾ । ਪਾਰਬ੍ਰਹਮ ਪ੍ਰਭ ਲਾਇਆ ਪੌੜ, ਲੋਕਮਾਤ ਵੇਖ ਵਖਾਇੰਦਾ । ਗੁਰਮੁਖਾਂ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਲੱਖ ਚੁਰਾਸੀ ਰੀਠਾ ਵੇਖੇ ਮਿਠਾ ਕੌੜ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ, ਸੀਸ ਤਾਜ ਆਪਣੀ ਹੱਥੀਂ ਆਪ ਪਹਿਨਾਇੰਦਾ । ਚੇਲਾ ਗੁਰ ਏਕਾ ਧਾਰ, ਏਕਾ ਰੰਗ ਰੰਗਾਇਆ । ਆਪਣੇ ਸੀਸ ਰੱਖ ਦਸਤਾਰ, ਗੁਰਮੁਖ ਸਾਚੇ ਸਚ ਵਡਿਆਇਆ । ਅੰਤਮ ਕਲਜੁਗ ਪਾਵੇ ਸਾਰ, ਲਹਿਣਾ ਲਹਿਣਾ ਦਏ ਚੁਕਾਇਆ । ਲੇਖਾ ਕਰੇ ਸਚ ਦਰਬਾਰ, ਪੁਰਖ ਅਕਾਲ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਵਟਾਇਆ । ਰੂਪ ਵਟੰਦੜਾ ਹਰਿ ਭਗਵਾਨਾ, ਕਲਜੁਗ ਅੰਤਮ ਵੇਖ ਵਖਾਈਆ । ਖੇਲੇ ਖੇਲ ਨੌਜਵਾਨਾ, ਨਾ ਮਰੇ ਨਾ ਜਾਈਆ । ਸ਼ਬਦ ਅਨਾਦੀ ਧੁਰ ਫ਼ਰਮਾਣਾ, ਆਦਿ ਜੁਗਾਦਿ ਸੁਣਾਈਆ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਸ਼ਹਿਨਸ਼ਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਈਆ । ਨਿਹਕਲੰਕ ਨਾਉਂ ਰੱਖ, ਹਰਿ ਆਪਣਾ ਆਪ ਪ੍ਰਗਟਾਇਆ । ਵੀਹ ਸੌ ਬਿਕ੍ਰਮੀ ਹੋ ਪਰਤਖ, ਜੋਤੀ ਜਾਮਾ ਵੇਸ ਵਟਾਇਆ । ਵੀਹ ਸੌ ਇਕ ਲੇਖਾ ਲਿਖ, ਦੂਈ ਦਵੈਤੀ ਮੇਟ ਮਿਟਾਇਆ । ਤੀਜੇ ਨੇਤਰ ਆਪੇ ਪੇਖ, ਹਰਿਜਨ ਸਾਚੇ ਲਏ ਜਗਾਇਆ । ਚੌਥੇ ਪਦ ਲਾਏ ਮੇਖ, ਪੰਚਮ ਮੇਲਾ ਸਹਿਜ ਸੁਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਵੀਹ ਸੌ ਬਿਕ੍ਰਮੀ ਹੋ ਤਿਆਰ, ਲੋਕਮਾਤ ਕਰੀ ਰੁਸ਼ਨਾਈਆ । ਸੋਲਾਂ ਬਰਸ ਛੁਪਿਆ ਰਿਹਾ ਵਿਚ ਸੰਸਾਰ, ਆਪ ਆਪਣਾ ਪਰਦਾ ਆਪੇ ਪਾਈਆ । ਤੀਰਥ ਤੱਟਾਂ ਆਪ ਵਿਚਾਰ, ਗੁਰਦਰ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਵੇਖ ਵਖਾਈਆ ।

ਸਾਧਾਂ ਸੰਤਾਂ ਜਾਣੇ ਸਾਰ, ਅੰਦਰ ਮੰਦਰ ਖੋਜ ਖੁਜਾਈਆ । ਡੂੰਘੀ ਭਵਰੀ ਵੇਖੇ ਅੰਧ ਅੰਧਿਆਰ, ਸੁਖਮਨ ਨਾੜੀ ਆਪਣੇ ਹੱਥ ਰਖਾਈਆ । ਕੋਇ ਨਾ ਕਰੇ ਕਲਜੁਗ ਪਾਰ, ਸਰ ਸਰੋਵਰ ਕੋਇ ਨਾ ਨਹਾਵਣ ਜਾਈਆ । ਕਾਗ ਰਲੇ ਕਾਗਾਂ ਡਾਰ, ਹੰਸ ਹੰਸਮੁੱਖ ਚੋਗ ਨਾ ਕੋਇ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਪਰਦਾ ਦਏ ਉਠਾਈਆ । ਸੰਮਤ ਸਤਾਰਾਂ ਪਹਿਲੀ ਚੇਤਰ, ਹਰਿ ਸਾਚੇ ਸਚ ਜਣਾਈਆ । ਪੁਰਖ ਅਬਿਨਾਸ਼ੀ ਲੋਕਮਾਤ ਆਇਆ ਸਾਚੇ ਖੇਤਰ, ਨੌ ਖੰਡ ਪ੍ਰਿਥਮੀ ਵੇਖ ਵਖਾਈਆ । ਰਾਸ਼ਟਰਪਤੀ ਖੋਲ੍ਹਣਾ ਨੇਤਰ, ਹਰਿ ਸਾਚਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਤਾਜ ਇਕ ਟਿਕਾਈਆ । ਰਾਸ਼ਟਰਪਤੀ ਉਠ ਨਾਦਾਨ, ਰਾਜ ਇੰਦਰ ਪ੍ਰਸ਼ਾਦ ਹਰਿ ਸਾਚਾ ਆਪ ਸੁਣਾਇੰਦਾ । ਪਰਗਟ ਹੋਇਆ ਵਾਲੀ ਦੋ ਜਹਾਨ, ਭਰਮ ਭੁਲੇਖਾ ਸਰਬ ਮਿਟਾਇੰਦਾ । ਰਾਜ ਤਾਜ ਤਖ਼ਤ ਸਰਬ ਮਿਟ ਜਾਣ, ਸ਼ਾਹ ਸੁਲਤਾਨ ਨਾ ਕੋਇ ਅਖਵਾਇੰਦਾ । ਲੋਕਮਾਤ ਨਾ ਰਹਿਣਾ ਕਿਸੇ ਦਾ ਮਾਣ, ਮਾਣ ਅਭਿਮਾਨੀ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਸ਼ਬਦ ਸੰਦੇਸ਼ਾ ਆਪ ਸੁਣਾਇੰਦਾ । ਰਾਸ਼ਟਰਪਤੀ ਉਠ ਉਠ ਜਾਗ, ਪੰਡਤ ਨਹਿਰੂ ਨਾਲ ਰਲਾਵਣਾ । ਮਾਝੇ ਦੇਸ ਲੱਗਾ ਭਾਗ, ਪ੍ਰਭ ਸਾਚੇ ਸਚ ਲਿਖਾਵਣਾ । ਨੌ ਖੰਡ ਪ੍ਰਿਥਮੀ ਲੱਗਣੀ ਆਗ, ਅੱਗੇ ਹੋ ਨਾ ਕਿਸੇ ਬਚਾਵਣਾ । ਸ਼ਾਹ ਸੁਲਤਾਨਾ ਉਡਦੇ ਦਿਸਦੇ ਕਾਗ, ਸਾਚੀ ਚੋਗ ਨਾ ਕਿਸੇ ਚੁਗਾਵਣਾ । ਬਿਨ ਹਰਿ ਪਕੜੇ ਨਾ ਕੋਇ ਵਾਗ, ਦੇਸ ਪਰਦੇਸਾਂ ਆਪ ਸੁਣਾਵਣਾ । ਜੋ ਜਨ ਸਰਨਾਈ ਜਾਏ ਲਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਦੇਵੇ ਵਰ, ਸੋਇਆ ਲੋਕਮਾਤ ਉਠਾਵਣਾ । ਨੇਤਰ ਨੈਣ ਲੈਣਾ ਖੋਲ੍ਹ, ਕਲਜੁਗ ਕੂਕੇ ਦਏ ਦੁਹਾਈਆ । ਪੁਰਖ ਅਬਿਨਾਸ਼ੀ ਰਿਹਾ ਬੋਲ, ਸ਼ਬਦ ਅਗੰਮੀ ਆਪ ਸੁਣਾਈਆ । ਸੱਤਾਂ ਦੀਪਾਂ ਵੱਜੇ ਢੋਲ, ਸੱਤ ਰੰਗ ਨਿਸ਼ਾਨਾ ਦਏ ਗਵਾਹੀਆ । ਤੋਲਣ ਆਇਆ ਪੂਰੇ ਤੋਲ, ਨਾਮ ਕੰਡਾ ਹੱਥ ਉਠਾਈਆ । ਜੀਆਂ ਜੰਤਾਂ ਖੇਲੇ ਹੋਲੀ ਹੋਲ, ਧਰਨੀ ਹੌਲਾ ਪਾਰ ਕਰਾਈਆ । ਪੂਰਾ ਕਰਨ ਆਇਆ ਕੌਲ, ਗੋਬਿੰਦ ਕੀਤਾ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸੁਲਤਾਨਾਂ ਰਿਹਾ ਜਗਾਈਆ । ਰਾਸ਼ਟਰਪਤ ਮਾਰ ਧਿਆਨ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਸੱਤ ਰੰਗ ਚੜ੍ਹਾਇਆ ਇਕ ਨਿਸ਼ਾਨ, ਸ਼ਬਦ ਖੰਡਾ ਹੱਥ ਚਮਕਾਇੰਦਾ । ਆਪੇ ਬਣੇ ਸ਼ਾਹ ਸੁਲਤਾਨ, ਰਾਜ ਰਾਜਾਨ ਹਰਿ ਅਖਵਾਇੰਦਾ । ਸਚਖੰਡ ਦੁਆਰਾ ਇਕ ਮਕਾਨ, ਪਾਰਬ੍ਰਹਮ ਆਪ ਸੁਹਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਇੰਦਾ । ਕਲਜੁਗ ਅੰਤਮ ਚੁਕਣੀ ਕਾਣ, ਥਿਰ ਕੋਇ ਰਹਿਣ ਨਾ ਪਾਇੰਦਾ । ਸ਼ਾਹ ਸੁਲਤਾਨ ਹੋਣ ਹੈਰਾਨ, ਬੀਆਬਾਨ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨੌ ਖੰਡ ਪ੍ਰਿਥਮੀ ਆਪ ਉਠਾਇੰਦਾ । ਰਾਸ਼ਟਰਪਤ ਹਰਿ ਸਾਚਾ ਪਕੜ ਉਠਾਇੰਦਾ । ਕਲਜੁਗ ਵੇਲਾ ਅੰਤਮ ਆਇਆ, ਮਾਝੇ ਦੇਸ ਜੋਤ ਜਗਾਇੰਦਾ । ਸੰਬਲ ਨਗਰੀ ਧਾਮ ਸੁਹਾਇਆ, ਗੁਰ ਗੋਬਿੰਦ ਸ਼ਬਦ ਚਲਾਇੰਦਾ । ਏਕਾ ਡੰਕਾ ਨਾਮ ਵਜਾਇਆ, ਪੁਰਖ ਅਕਾਲ ਖੇਲ ਖਿਲਾਇੰਦਾ । ਦਿਸ ਕਿਸੇ ਨਾ ਆਇਆ, ਸਾਲਸ ਆਪਣਾ ਰੂਪ ਵਟਾਇੰਦਾ । ਨਿਰਗੁਣ ਸਰਗੁਣ ਬਣ ਕੇ ਧਾਇਆ, ਕਾਲ ਮਹਾਂਕਾਲ ਚਰਨਾਂ ਹੇਠ ਦਬਾਇੰਦਾ । ਆਪ ਆਪਣਾ ਭਾਰ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ

ਅਪਾਰ, ਸਾਚਾ ਲੇਖਾ ਲੇਖ ਲਖਾਇੰਦਾ । ਲੇਖਾ ਲਿਖਣਹਾਰ ਗੋਪਾਲ, ਭੁੱਲ ਰਹੇ ਨਾ ਰਾਈਆ । ਫਲ ਨਾ ਦਿਸੇ ਕਿਸੇ ਡਾਲ, ਪਤ ਝੜ ਕਲਜੁਗ ਆਪ ਕਰਾਈਆ । ਸਿਰ ਤੇ ਕੂਕੇ ਸਭ ਦੇ ਕਾਲ, ਨਾ ਸਕੇ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਸਾਚਾ ਲੇਖਾ ਧੁਰ ਫ਼ਰਮਾਣਾ, ਦਰ ਦੁਆਰੇ ਆਇੰਦਾ । ਸੰਮਤ ਸਤਾਰਾਂ ਅੱਸੂ ਤਿੰਨ ਦਿਵਸ ਹੋਏ ਸੁਹਾਣਾ, ਹਰਿ ਮੇਲਾ ਮੇਲ ਮਿਲਾਇੰਦਾ । ਕਲਜੁਗ ਹੱਥੀਂ ਬੰਨ੍ਹੇ ਗਾਨਾ, ਘਰ ਘਰ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦੱਸੇ ਹਰਿ, ਦਿਵਸ ਦਿਹਾੜਾ ਆਪ ਜਣਾਇੰਦਾ । ਅੱਸੂ ਤਿੰਨ ਮਿਲਣਾ ਮੇਲ, ਰਾਸ਼ਟਰਪਤ ਦਏ ਜਣਾਈਆ । ਖੇਲੇ ਖੇਲ ਗੁਰੂ ਗੁਰ ਚੇਲ, ਸਤਿਗੁਰ ਪੂਰਾ ਵਡ ਵਡਿਆਈਆ । ਕੱਟਣਹਾਰਾ ਧਰਮ ਰਾਏ ਦੀ ਜੇਲ, ਆਵਣ ਜਾਵਣ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੱਸੂ ਤਿੰਨ ਔਣਾ ਦੁਆਰ, ਹਰਿ ਮੇਲਾ ਮੇਲ ਮਿਲੰਨਿਆਂ । ਆਪਣੇ ਨੇਤਰ ਵੇਖ ਲੈਣਾ ਸੰਸਾਰ, ਕਵਣ ਦੁਆਰ ਚੜ੍ਹੇ ਸਚ ਚੰਨਿਆਂ । ਤੋੜਣਹਾਰਾ ਗੜ੍ਹ ਹੰਕਾਰ, ਆਦਿ ਜੁਗਾਦੀ ਫਿਰੇ ਭੰਨਿਆ । ਸ਼ਬਦ ਸਰੂਪੀ ਮਾਰੇ ਮਾਰ, ਜੋ ਅੜਿਆ ਸੋ ਅੱਗੇ ਡੰਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚੀ ਕੂਕੇ ਕਰੇ ਪੁਕਾਰ, ਜੋ ਘੜਿਆ ਸੋ ਭੰਨਿਆਂ । ਹਰਿਜਨ ਆਉਣਾ ਦਰ ਦਰਵਾਜ਼ਾ, ਹਰਿ ਸਾਚਾ ਸਚ ਸਮਝਾਇੰਦਾ । ਪੁਰਖ ਅਬਿਨਾਸ਼ੀ ਗ਼ਰੀਬ ਨਿਵਾਜ਼ਾ ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਸਾਚਾ ਖੰਡਾ ਇਕ ਚਮਕਾਇੰਦਾ । ਨਾ ਕੋਈ ਦਿਸੇ ਰਾਜਨ ਰਾਜਾ, ਤਖ਼ਤ ਤਾਜ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਭੇਜ, ਜੋਤੀ ਨੂਰ ਵਖਾਏ ਤੇਜ, ਲੇਖਾ ਜਾਣੇ ਜਿਉਂ ਸ਼ਮਸ ਤਬਰੇਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਧਾਰ, ਆਪਣੇ ਹੱਥ ਰੱਖੀ ਕਰਤਾਰ, ਦੂਸਰ ਹੱਥ ਨਾ ਕਿਸੇ ਰਖਾਇੰਦਾ । ਪੰਥ ਖ਼ਾਲਸਾ ਗੁਰ ਗੁਰ ਧਾਰ, ਹਰਿ ਸਤਿਗੁਰ ਸ਼ਬਦ ਜਣਾਈਆ । ਨਾਨਕ ਨਿਰਗੁਣ ਕਰ ਪਿਆਰ, ਚਾਰ ਵਰਨ ਕਰੇ ਕੁੜਮਾਈਆ । ਗੋਬਿੰਦ ਮੀਤਾ ਮੀਤ ਮੁਰਾਰ, ਸਿੰਘ ਸਿੰਘ ਰੂਪ ਵਟਾਈਆ । ਸਚ ਵਖਾਏ ਇਕ ਦੁਆਰ, ਊਚ ਨੀਚ ਭੇਵ ਨਾ ਰਾਈਆ । ਸਰ ਅੰਮ੍ਰਿਤ ਅੰਮ੍ਰਿਤ ਸਤਿ ਭੰਡਾਰ, ਸਰ ਸਰੋਵਰ ਇਕ ਵਖਾਈਆ । ਨਹਾ ਨਹਾ ਥੱਕੇ ਜੀਵ ਗਵਾਰ, ਕਾਗ ਹੰਸ ਨਾ ਰੂਪ ਵਟਾਈਆ । ਜੋ ਜਨ ਸਤਿਗੁਰ ਪੂਰੇ ਕਰੇ ਪਿਆਰ, ਦੂਈ ਦਵੈਤੀ ਰਹਿਣ ਨਾ ਪਾਈਆ । ਕਾਇਆ ਤੋੜੇ ਗੜ੍ਹ ਹੰਕਾਰ, ਗੁਰੂ ਗ੍ਰੰਥ ਦਏ ਗਵਾਹੀਆ । ਗੁਰ ਅਰਜਨ ਬਣਿਆ ਮੀਤ ਮੁਰਾਰ, ਘਰ ਸਾਚੇ ਵੇਖ ਵਖਾਈਆ । ਗੋਬਿੰਦ ਲੇਖਾ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤਮ ਆਈ ਵਾਰ, ਪ੍ਰਭ ਸਾਚਾ ਖੇਲ ਖਿਲਾਈਆ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਬਣਤ ਬਣਾਈਆ । ਅੰਦਰ ਵੜਿਆ ਗੁਰ ਕਰਤਾਰ, ਗੁਰ ਸ਼ਬਦੀ ਨਾਉਂ ਧਰਾਈਆ । ਪੁਰਖ ਅਕਾਲ ਮੀਤ ਮੁਰਾਰ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਆਪਣਾ ਰੂਪ ਦਰਸਾਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ, ਅਨਭਵ ਪਰਕਾਸ਼ ਸਮਾਇਆ । ਸ਼ਬਦੀ ਦੇਵੇ ਨਾਦੀ ਤੂਰਾ, ਨਾਦ ਅਨਾਦੀ ਰਾਗ ਸੁਣਾਇਆ । ਆਸਾ ਮਨਸਾ ਕਰਨਹਾਰਾ ਪੂਰਾ, ਪੂਰਬ ਲਹਿਣਾ ਵੇਖ ਵਖਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕ ਸਤਿਗੁਰ ਹਰਿ ਹਰਿ, ਦੂਸਰ ਅਵਰ ਨਾ ਕੋਇ ਜਣਾਈਆ । ਸਚ ਪਿਆਲਾ ਨਾਮ ਦੇਵੇ ਭਰ ਭਰ, ਆਪਣੀ ਹੱਥੀਂ ਜਾਮ ਉਠਾਈਆ । ਦਰਸ ਦਿਖਾਏ ਅੰਦਰ ਵੜ ਵੜ, ਕਲਗੀ ਤੋੜਾ ਸੀਸ ਟਿਕਾਈਆ । ਲੱਖ ਚੁਰਾਸੀ ਭਾਂਡੇ ਘੜ ਘੜ, ਘੜਨ ਭੰਨਣਹਾਰ ਆਪ ਹੋ ਜਾਈਆ । ਉਚੇ ਪੌੜੇ ਆਪੇ ਚੜ੍ਹ ਚੜ੍ਹ, ਆਪਣਾ ਮੰਦਰ ਆਪ ਸੁਹਾਈਆ । ਆਪਣਾ ਅੱਖਰ ਆਪੇ ਪੜ੍ਹ ਪੜ੍ਹ, ਵਾਹ ਵਾ ਗੁਰੂ ਫ਼ਤਿਹ ਗਜ਼ਾਈਆ । ਆਪਣੀ ਅਗਨੀ ਆਪੇ ਸੜ ਸੜ, ਆਪਣਾ ਹਵਨ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਰਮ ਭੁਲੇਖਾ ਦਏ ਕਢਾਈਆ । ਪਰਗਟ ਹੋਇਆ ਹਰਿ ਮਿਹਰਬਾਨਾ, ਗੁਰਮੁਖਾਂ ਆਪ ਜਣਾਇੰਦਾ । ਸ਼ਬਦ ਵਖਾਏ ਤੀਰ ਨਿਸ਼ਾਨਾ, ਤੀਰ ਤੀਰਾਂ ਆਪ ਚਲਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਪਾਰਬ੍ਰਹਮ ਨਾਉਂ ਧਰਾਇੰਦਾ । ਹਰਿਜਨ ਮੇਲਾ ਦੋ ਜਹਾਨਾਂ, ਗੁਰਸਿਖ ਸਿੰਘ ਆਪ ਸਮਾਇੰਦਾ । ਆਵਣ ਜਾਵਣ ਚੁੱਕੇ ਕਾਣਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਉਠਣਾ ਜਾਗ ਹਰਿ ਹਰਿ ਆਇਆ, ਹਰਿ ਸੱਚਾ ਸਚ ਵਡਿਆਈਆ । ਵਰਨ ਬਰਨ ਹਰਿ ਮੇਟ ਮਿਟਾਇਆ, ਚਾਰ ਵਰਨ ਇਕ ਸਰਨਾਈਆ । ਚੌਥਾ ਜੁਗ ਦਏ ਗਵਾਹਿਆ, ਕਲਜੁਗ ਅੰਤ ਰਹਿਣ ਨਾ ਪਾਈਆ । ਸਾਚੀ ਸਿਖਿਆ ਸਿਖ ਦਏ ਸਮਝਾਇਆ, ਬਿਨ ਹਰਿ ਨਾ ਅਵਰ ਸਰਨਾਈਆ । ਕਾਗਦ ਕਲਮ ਨਾ ਲਿਖੇ ਰਾਇਆ, ਲੇਖ ਅਲੇਖਾ ਬੇਪਰਵਾਹੀਆ । ਪੰਡਤ ਪਾਂਧੇ ਭੇਵ ਨਾ ਆਇਆ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮੁਕਟ ਸਾਚਾ ਤਾਜ, ਸਿਰ ਰੱਖੇ ਆਪ ਗ਼ਰੀਬ ਨਿਵਾਜ਼, ਦੂਸਰ ਸੀਸ ਨਾ ਕਿਸੇ ਟਿਕਾਈਆ । ਸੋਹੇ ਸੀਸ ਤਾਜ ਜਗਦੀਸ਼, ਜਾਗਰਤ ਜੋਤ ਜੋਤ ਰੁਸ਼ਨਾਈਆ । ਲੇਖਾ ਚੁੱਕਣਾ ਬੀਸ ਇਕੀਸ, ਹਰਿ ਸਾਚਾ ਆਪ ਚੁਕਾਈਆ । ਲਹਿਣਾ ਜਾਣੇ ਰਾਗ ਛਤੀਸ, ਰਸਨਾ ਜਿਹਵਾ ਰਹੀ ਗਾਈਆ । ਅੰਜੀਲ ਕੁਰਾਨਾ ਵੇਖੇ ਹਦੀਸ, ਕਲਮਾ ਨਬੀ ਕਵਣ ਪੜ੍ਹਾਈਆ । ਵੇਦ ਪੁਰਾਨ ਪੀਸਣ ਰਹੇ ਪੀਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸ, ਤ੍ਰੈਗੁਣ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਸਤਿਜੁਗ ਸਾਚੀ ਧਾਰ ਆਪ ਬੰਧਾਈਆ । ਸਤਿਜੁਗ ਸਾਚੀ ਧਾਰ ਚਲਾਵਣੀ, ਪਾਰਬ੍ਰਹਮ ਗੁਰ ਕਰਤਾਰ । ਕਲਜੁਗ ਤੇਰੀ ਰੀਤ ਮਿਟਾਵਣੀ, ਨਾਤਾ ਤੋੜ ਸਰਬ ਸੰਸਾਰ । ਜਨ ਭਗਤਾਂ ਪੂਰਨ ਕਰੇ ਭਾਵਣੀ, ਦੇਵੇ ਦਰਸ ਅਗੰਮ ਅਪਾਰ । ਨੇੜ ਨਾ ਆਏ ਕਾਮਨ ਕਾਮਨੀ, ਮਾਰੇ ਤਤ ਪੰਚ ਹੰਕਾਰ । ਦਰਗਹਿ ਸਾਚੀ ਦੇਵੇ ਜ਼ਾਮਨੀ, ਇਕ ਇਕੱਲਾ ਏਕੰਕਾਰ । ਮਿਟੇ ਰੈਣ ਅੰਧੇਰੀ ਸ਼ਾਮਨੀ, ਸਾਚਾ ਚੰਦ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਲਾਵੇ ਆਪ ਨਿਰੰਕਾਰ । ਸਤਿਜੁਗ ਸਾਚਾ ਹਰਿ ਲਗਾਵਣਾ, ਨਿਰਗੁਣ ਜੋਤੀ ਜਾਮਾ ਧਾਰ । ਕਲਜੁਗ ਕੂੜਾ ਪੰਧ ਮੁਕਾਵਣਾ, ਚੌਥੇ ਜੁਗ ਆਈ ਹਾਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਰਾਓ ਰੰਕਾਂ ਕਰ ਖੁਆਰ । ਗੁਰਮੁਖ ਸਾਚੇ ਆਪ ਜਗਾਵਣਾ, ਆਪ ਆਪਣੀ ਕਿਰਪਾ ਧਾਰ । ਏਕਾ ਸੋਹੰ ਅੱਖਰ ਪੜ੍ਹਾਵਣਾ, ਚਾਰ ਵਰਨਾਂ ਕਰ ਪਿਆਰ । ਦੂਈ ਦਵੈਤੀ ਪੰਧ ਮੁਕਾਵਣਾ, ਆਸਾ ਤ੍ਰਿਸ਼ਨਾ ਦੇਵੇ ਮਾਰ । ਕਾਇਆ ਚੋਲੀ ਰੰਗ ਰੰਗਾਵਣਾ, ਰੰਗਣਹਾਰ ਆਪ ਕਰਤਾਰ । ਭੈਣਾਂ

ਭਾਈ ਉਚ ਨੀਚ ਆਪ ਬਣਾਵਣਾ, ਨਾਤਾ ਜੋੜ ਵਿਚ ਸੰਸਾਰ । ਸ਼ਬਦ ਖੰਡਾ ਹੱਥ ਉਠਾਵਣਾ, ਤਿੱਖੀ ਰੱਖੇ ਦੋਵੇਂ ਧਾਰ । ਹਰਿ ਕਾ ਹੁਕਮ ਨਾ ਕਿਸੇ ਮਿਟਾਵਣਾ, ਨਾ ਕੋਈ ਮੇਟੇ ਮੇਟਣਹਾਰ । ਜੋ ਘੜਿਆ ਸੋ ਭੰਨ ਵਖਾਵਣਾ, ਕਲ ਕਲਕੀ ਲਏ ਅਵਤਾਰ । ਅਮਾਮ ਮਹਿੰਦੀ ਨਾਮ ਧਰਾਵਣਾ, ਮੁਸਲਮ ਨੂਰ ਇਲਾਹੀ ਲਏ ਉਭਾਰ । ਕਲਮਾ ਆਪਣਾ ਆਪ ਪੜ੍ਹਾਵਣਾ, ਹੱਕ ਹਕੀਕਤ ਵੇਖ ਵਚਾਰ । ਲਾਸ਼ਰੀਕ ਆਪ ਅਖਵਾਵਣਾ, ਖ਼ੁਦੀ ਖ਼ੁਦਾਈ ਦੇਵੇ ਮਾਰ । ਅਜ਼ਮਤ ਆਪਣੇ ਹੱਥ ਰਖਾਵਣਾ, ਗਫ਼ਲਤ ਕਰੇ ਨਾ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਕਰੇ ਤਿਆਰ । ਕਲਜੁਗ ਅੰਤਮ ਮੁੱਕਣਾ, ਹਰਿ ਸਾਚਾ ਆਪ ਮੁਕਾਈਆ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿਆ ਬੂਟਾ ਸਾਰਾ ਸੁੱਕਣਾ, ਬਿਨ ਸਤਿਗੁਰ ਪੂਰੇ ਅੰਮ੍ਰਿਤ ਜਾਮ ਨਾ ਕੋਈ ਪਿਆਈਆ । ਸਿੰਘ ਸ਼ੇਰ ਲੋਕਮਾਤ ਨਹੀਂ ਲੁਕਣਾ, ਪਰਗਟ ਹੋਇਆ ਬੇਪਰਵਾਹੀਆ । ਪਾਤਸ਼ਾਹਾਂ ਦੇ ਘਰ ਜਾ ਜਾ ਬੁੱਕਣਾ, ਸੰਮਤ ਸੱਤਰਾਂ ਦਏ ਗਵਾਹੀਆ । ਸਿਰ ਤਾਜ ਰੱਖ ਦੋ ਜਹਾਨਾਂ ਆਦਿ ਸ਼ਕਤ ਤੇਰੇ ਦੁਆਰੇ ਝੁਕਣਾ, ਜੋਤ ਨਿਰੰਜਣ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦਏ ਖਪਾਈਆ । ਕਲਜੁਗ ਅੰਤਮ ਆਪ ਖਪੌਣਾ, ਹਰਿ ਸਾਚਾ ਖੇਲ ਖਿਲਾਇੰਦਾ । ਲੱਖ ਚੁਰਾਸੀ ਮੇਟ ਮਿਟੌਣਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਜਲ ਥਲ ਮਹੀਅਲ ਫੇਰਾ ਪੌਣਾ, ਜੰਗਲ ਜੂਹ ਉਜਾੜ ਪਹਾੜ ਵੇਖ ਵਖਾਇੰਦਾ । ਸ਼ਾਹ ਸੁਲਤਾਨਾਂ ਸਾਚੀ ਸੇਜ ਕਿਸੇ ਨਾ ਮਿਲੇ ਸੌਣਾ, ਤਖ਼ਤ ਤਾਜ ਨਾ ਕੋਇ ਹੰਢਾਇੰਦਾ । ਘਰ ਘਰ ਗੁਰ ਦਰ ਮੰਦਰ ਮਸਜਿਦ ਕਿਸੇ ਨਾ ਮਿਲੇ ਗੌਣਾ, ਰਾਗ ਤਾਲ ਨਾ ਕੋਇ ਵਜਾਇੰਦਾ । ਛੱਤਰ ਝੁਲਾਏ ਨਾ ਕੋਇ ਪੌਣਾ, ਉਣੰਜਾ ਪਵਣ ਆਪਣੇ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਇੰਦਾ । ਕਲਜੁਗ ਤੇਰਾ ਪੰਧ ਮੁਕੌਣਾ, ਹਰਿ ਸਾਚੇ ਸਾਚੀ ਜੋਤ ਜਗਾਈਆ । ਲੋਆਂ ਪੁਰੀਆਂ ਆਪ ਉਠੌਣਾ, ਸੱਤਾਂ ਦੀਪਾਂ ਦਏ ਉਠਾਈਆ । ਲੋਆਂ ਪੁਰੀਆਂ ਫੇਰਾ ਪੌਣਾ, ਕਰੋੜ ਤੇਤੀਸਾ ਦਏ ਜਗਾਈਆ । ਬ੍ਰਹਮਾ ਵਿਸ਼ਨ ਸ਼ਿਵ ਫੜ ਹਲੌਣਾ, ਸ਼ਬਦ ਹੁਲਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਜੁਗ ਜੁਗ ਖੇਲੇ ਖੇਲ ਤਮਾਸ਼ਾ, ਪ੍ਰਿਥਮੀ ਆਕਾਸ਼ਾ ਰੂਪ ਵਟਾਈਆ । ਰੂਪ ਵਟਾਇਆ ਹਰਿ ਨਿਰੰਕਾਰ, ਦਿਸ ਕਿਸੇ ਨਾ ਆਇੰਦਾ । ਕਲਜੁਗ ਕੂੜਾ ਕਰੇ ਪਾਰ, ਝੂਠੀ ਧਾਰ ਆਪ ਵਹਾਇੰਦਾ । ਨਾਲ ਰਲਾਏ ਮੁਹੰਮਦੀ ਯਾਰ, ਚਾਰ ਯਾਰੀ ਵੇਖ ਵਖਾਇੰਦਾ । ਅੱਲਾ ਰਾਣੀ ਨੇਤਰ ਰੋ ਰੋ ਕਰੇ ਪੁਕਾਰ, ਪੀਰ ਦਸਤਗੀਰ ਧੀਰ ਨਾ ਕੋਇ ਧਰਾਇੰਦਾ । ਸ਼ਰਅ ਸ਼ਰੀਅਤ ਆਈ ਹਾਰ, ਚੌਦਾਂ ਤਬਕਾਂ ਹਰਿ ਸਾਚਾ ਵੇਖ ਵਖਾਇੰਦਾ । ਚੌਧਵੀਂ ਸਦੀ ਕਰੇ ਖਵਾਰ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਪੰਡਤ ਪਾਂਧੇ ਰੋਵਣ ਮਾਰ ਧਾ, ਅਠਸਠ ਤੀਰਥ ਰਹੇ ਕੁਰਲਾਈਆ । ਬਿਨ ਹਰਿ ਸਾਚੇ ਦਿਸੇ ਨਾ ਕੋਈ ਮਲਾਹ, ਸਾਧ ਸੰਤ ਜੂਠੇ ਝੂਠੇ ਬੈਠੇ ਧੂਣੀਆਂ ਤਾਈਆ । ਸਿਰ ਸਿਰ ਬੈਠੇ ਪਾ ਪਾ ਸੁਆਹ, ਤਨ ਸੁਆਹ ਨਾ ਕੋਈ ਕਰਾਈਆ । ਰਸਨਾ ਜਿਹਵਾ ਰਹੇ ਗਾ, ਗਾਵਣਹਾਰਾ ਦਿਸ ਨਾ ਆਈਆ । ਏਕਾ ਰਾਮ ਨਾ ਮਿਲਿਆ ਕਿਸੇ ਥਾਂ, ਰਾਮ ਬੈਠਾ ਮੁਖ ਛੁਪਾਈਆ । ਹੱਥੀਂ ਪੁੰਨ ਕਰੌਂਦੇ ਗਾਂ, ਜੀਵ ਆਤਮਾ ਪੁੰਨ ਨਾ ਕਿਸੇ ਕਰਾਈਆ । ਘਰ ਘਰ ਪੂਜਦੇ ਪਿਤਰ ਮਾਂ, ਆਪਣਾ ਪਿੱਤਰ ਨਾ ਕੋਈ ਮਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਪੰਡਤ ਪਾਂਧੇ ਫੋਲ ਫੁਲਾਈਆ । ਪੰਡਤ ਪਾਂਧੇ ਤਿਲਕ ਲਿਲਾਟ ਲਗਾਇਆ, ਔਖੀ ਘਾਟ ਆਪ ਚੜ੍ਹਾਈਆ । ਤੀਰਥ ਤਾਟ ਜਗਤ ਨੁਹਾਇਆ, ਆਪਣਾ ਨਾਵਣ ਨਾ ਕੋਈ ਵਖਾਈਆ । ਘਰ ਘਰ ਮੇਘ ਸਾਵਣ ਬਰਸਾਇਆ, ਅੰਮ੍ਰਿਤ ਝਿਰਨਾ ਨਾ ਕੋਈ ਝਿਰਾਈਆ । ਮਨ ਹੰਕਾਰੀ ਰਾਵਣ ਕਿਸੇ ਨਾ ਢਾਇਆ, ਚਾਰ ਕੁੰਟ ਪਈ ਲੜਾਈਆ । ਸੀਤਾ ਸੁਰਤੀ ਰਾਮ ਦਾਮਨ ਨਾ ਕਿਸੇ ਫੜਾਇਆ, ਬਨਬਾਸ ਰਹੀ ਕੁਰਲਾਈਆ । ਕਲਜੁਗ ਨਿਹਕਲੰਕ ਪ੍ਰਭ ਏਕੋ ਆਇਆ, ਦੂਸਰ ਕੋਇ ਰਹਿਣ ਨਾ ਪਾਈਆ । ਕਲਜੁਗ ਤੇਰਾ ਵੇਸ ਮੁਕਾਵਣਾ, ਨਾ ਦਿਸੇ ਅੰਧੇਰੀ ਰਾਤ । ਸਤਿਜੁਗ ਸਾਚਾ ਚੰਨ ਚੜ੍ਹਾਵਣਾ, ਪੁਰਖ ਅਬਿਨਾਸ਼ੀ ਵੇਖੇ ਮਾਰ ਝਾਤ । ਸਾਚਾ ਤਖ਼ਤ ਇਕ ਸੁਹਾਵਣਾ, ਬੈਠਾ ਇਕ ਇਕਾਂਤ । ਏਕਾ ਰਾਗ ਨੌ ਖੰਡ ਸੱਤਾਂ ਦੀਪਾਂ ਲੋਆਂ ਪੁਰੀਆਂ ਗਾਵਣਾ, ਸੋਹੰ ਸ਼ਬਦ ਆਏ ਆਵਾਜ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖਣ ਆਇਆ ਤੇਰਾ ਸਮਾਜ । ਕਲਜੁਗ ਤੇਰਾ ਸਮਾਜ ਵੇਖਣਾ, ਚਾਰ ਕੁੰਟ ਨੈਣ ਉਘਾੜ । ਪੁਰਖ ਅਬਿਨਾਸ਼ੀ ਲਿਖਣਾ ਲੇਖਣਾ, ਬ੍ਰਹਮਾ ਸ਼ਿਵ ਵਿਸ਼ਨ ਨਾਲ ਲਿਆਇਆ ਕਰ ਤਿਆਰ । ਅੰਤਮ ਕਿਸੇ ਨਾ ਨੇਤਰ ਪੇਖਣਾ, ਚਾਰੋਂ ਕੁੰਟ ਹੋਇਆ ਅੰਧਿਆਰ । ਮੁੱਛ ਦਾੜ੍ਹੀ ਨਾ ਦਿਸੇ ਕੇਸਨਾ, ਸਰਬ ਜੀਆਂ ਦਾ ਸਾਂਝਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਲ ਖੇਲ ਅਗੰਮ ਅਪਾਰ । ਕਲਜੁਗ ਨਾਤਾ ਤੁਟਣਾ, ਤੋੜੇ ਪੁਰਖ ਅਗੰਮ । ਤੀਰ ਨਿਰਾਲਾ ਸ਼ਬਦ ਛੁੱਟਣਾ, ਲੱਖ ਚੁਰਾਸੀ ਲਾਹੇ ਚੰਮ । ਸਿੰਘ ਸ਼ੇਰ ਕਲਜੁਗ ਝੱਲ ਵਿਚ ਬੁੱਕਣਾ, ਆਪੇ ਮਾਰੇ ਆਪਣੀ ਮਾਰ । ਨੌ ਖੰਡ ਪ੍ਰਿਥਮੀ ਅੰਦਰ ਵੜ ਕਿਸੇ ਨਾ ਲੁਕਣਾ, ਕਰੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੇ ਸੀਸ ਪਾਏ ਤੇਰੀ ਛਾਰ । ਕਲਜੁਗ ਛਾਰ ਮਨਮੁਖ ਛਾਹੀ, ਮਸਤਕ ਟਿੱਕਾ ਆਪ ਲਗਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗਵਾਹੀ, ਸਾਚਾ ਸੰਗ ਨਿਭਾਇੰਦਾ । ਆਸਾ ਤ੍ਰਿਸ਼ਨਾ ਫੜ ਫੜ ਬਾਹੀਂ, ਲੜ ਨਾਲ ਲੜ ਬੰਧਾਇੰਦਾ । ਗੋਬਿੰਦ ਬੂਟਾ ਏਕਾ ਪੁਟਿਆ ਕਾਹੀ, ਕਲਜੁਗ ਤੇਰੀ ਜੜ੍ਹ ਉਖੜਾਇੰਦਾ । ਮੇਲ ਮਿਲਾਇਆ ਛੀਂਬੇ ਨਾਈ, ਝੀਵਰ ਜੱਟ ਅੰਗ ਲਗਾਇੰਦਾ । ਕਲਜੁਗ ਅੰਤਮ ਫੜ ਫੜ ਤਾਰੇ ਬਾਹੀਂ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਬੂਟਾ ਦੇਵੇ ਪੁੱਟ, ਸ਼ੌਹ ਦਰਯਾਏ ਦੇਵੇ ਸੁੱਟ, ਆਰ ਪਾਰ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਉਤਰਨਾ ਪਾਰ, ਚੌਥਾ ਜੁਗ ਲਏ ਅੰਗੜਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਤਿਗੁਰ ਦਾਤਾ ਬੇਪਰਵਾਹੀਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਮੇਲ ਮਿਲਾਈਆ । ਏਕੰਕਾਰਾ ਕਰ ਪਿਆਰ, ਆਦਿ ਨਿਰੰਜਣ ਲਏ ਉਠਾਈਆ । ਅਬਿਨਾਸ਼ੀ ਕਰਤਾ ਸਾਚਾ ਯਾਰ, ਸ੍ਰੀ ਭਗਵਾਨ ਰੰਗ ਰੰਗਾਈਆ । ਪਾਰਬ੍ਰਹਮ ਰੂਪ ਅਪਾਰ, ਹੰ ਬ੍ਰਹਮ ਕਰੇ ਕੁੜਮਾਈਆ । ਜੋਤ ਸਰੂਪੀ ਜਾਮਾ ਧਾਰ, ਸ਼ਬਦ ਸ਼ਬਦੀ ਡੰਕ ਵਜਾਈਆ । ਲੁਕਿਆ ਰਿਹਾ ਵਿਚ ਸੰਸਾਰ, ਅਠਸਠ ਸਾਲ ਨਾ ਮੁਖ ਵਖਾਈਆ । ਬਾਵਨ ਅੱਖਰੀ ਕਰ ਤਿਆਰ, ਆਪ ਆਪਣੇ ਵਿਚ ਟਿਕਾਈਆ । ਪੈਂਤੀਸ ਅੱਖਰੀ ਜੀਵਾਂ ਜੰਤਾਂ ਦਏ ਅਧਾਰ, ਸਤਾਰਾਂ ਅੱਖਰ ਨਿਰਗੁਣ ਆਪਣੇ ਵਿਚ ਸਮਾਇਆ । ਸਤਾਰਵਾਂ ਅੱਖਰ ਉਘੜਿਆ ਅਪਰ ਅਪਾਰ, ਸੰਮਤ ਸਤਾਰਾਂ ਵੇਖ ਵਖਾਈਆ । ਪ੍ਰਗਟ ਹੋਇਆ ਹਰਿ ਨਿਰੰਕਾਰ, ਬਵੰਜਾ

੩੩੯

ਬਾਵਨ ਆਪਣਾ ਰੂਪ ਵਟਾਈਆ । ਬਾਵਨ ਬਾਵਨ ਦਏ ਆਧਾਰ, ਹਰਿ ਗੋਬਿੰਦ ਤੇਰੀ ਵਡਿਆਈਆ । ਮੰਗੀ ਮੰਗ ਢਹਿ ਢਹਿ ਦਵਾਰ, ਲੱਖ
ਚੁਰਾਸੀ ਕਵਣ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਰਾਂ ਸਾਲ ਖੇਲ ਤਮਾਸ਼, ਸਤਿ ਸਤਿਵਾਦੀ ਆਪਣੀ
ਵੰਡ ਵੰਡਾਈਆ । ਸਤਿਜੁਗ ਸਾਚਾ ਹਰਿ ਹਰਿ ਲੌਣਾ, ਆਪ ਆਪਣਾ ਖੇਲ ਖਿਲਾਇੰਦਾ । ਕਲਜੁਗ ਅੰਤਮ ਮੇਟ ਮਿਟੌਣਾ, ਚਾਰੋਂ ਕੁੰਟ ਆਪ
ਮਿਟਾਇੰਦਾ । ਗੁਰਮੁਖ ਸਾਚੇ ਆਪ ਉਠਾਉਣਾ, ਆਪ ਆਪਣਾ ਹੁਕਮ ਸੁਣਾਇੰਦਾ । ਲੱਖ ਚੁਰਾਸੀ ਫੰਦ ਕਟਾਉਣਾ, ਲੱਖ ਚੁਰਾਸੀ ਆਪਣੀ ਝੋਲੀ
ਪਾਇੰਦਾ । ਪਰਮਾਨੰਦ ਇਕ ਵਖੌਣਾ, ਨਿਜਾਨੰਦ ਆਪ ਦਿਸਾਇੰਦਾ । ਅੰਮ੍ਰਿਤ ਜਾਮ ਜਾਮ ਪਿਔਣਾ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਸ਼ਬਦ ਅਨਾਦ
ਨਾਦ ਵਜੌਣਾ, ਅਨਹਦ ਆਪਣਾ ਰਾਗ ਸੁਣਾਇੰਦਾ । ਆਤਮ ਸੇਜ ਸੇਜ ਸੁਹੌਣਾ, ਸਚ ਦੁਆਰ ਆਪ ਵਡਿਆਇੰਦਾ । ਸੁਰਤੀ ਸ਼ਬਦੀ ਮੇਲ ਮਿਲੌਣਾ,
ਮੇਲ ਮਿਲਾਵਾ ਆਪ ਕਰਾਇੰਦਾ । ਸਚਖੰਡ ਦੁਆਰੇ ਸਾਚਾ ਤਖ਼ਤ ਆਪ ਸੁਹੌਣਾ, ਸਚ ਸਿੰਘਾਸਣ ਆਸਣ ਲਾਇੰਦਾ । ਸੀਸ ਤਾਜ ਜਗਦੀਸ਼ ਟਿਕੌਣਾ,
ਪੰਚਮ ਪੰਚਮ ਰਾਜ ਕਮਾਇੰਦਾ । ਲੋਕਮਾਤ ਫੇਰਾ ਪੌਣਾ, ਨਿਹਕਲੰਕਾ ਨਾਉਂ ਉਪਾਇੰਦਾ । ਸ਼ਬਦ ਰਾਜਾ ਇਕ ਜਗਾਉਣਾ, ਦਿਵਸ ਰੈਣ ਹੁਕਮ
ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਚਮ ਪੰਚਮ ਮੇਲ ਮਿਲਾਇੰਦਾ । ਸਾਚੇ ਤਖ਼ਤ
ਸੱਚਾ ਪਾਤਸ਼ਾਹ, ਸੋਹੇ ਹਰਿ ਨਿਰੰਕਾਰ । ਜੁਗ ਜੁਗ ਬਣੇ ਜਗਤ ਮਲਾਹ, ਗੁਰ ਸਤਿਗੁਰ ਲਏ ਅਵਤਾਰ । ਲੱਖ ਚੁਰਾਸੀ ਦੱਸੇ ਰਾਹ, ਹਰਿ
ਮੰਤਰ ਨਾਮ ਪਿਆਰ । ਗੁਰਮੁਖ ਸਾਚੇ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ
ਬੰਨ੍ਹੇ ਧਾਰ । ਸਤਿਜੁਗ ਸਾਚਾ ਲਾਵਣਾ, ਪਰਮ ਪੁਰਖ ਆਪ ਕਰਤਾਰ । ਬੀਸ ਇਕੀਸਾ ਨਾਮ ਧਰਾਵਣਾ, ਨਿਰਗੁਣ ਨੂਰ ਜੋਤ ਉਜਿਆਰ । ਦਿੱਲੀ
ਦਵਾਰੇ ਫੇਰਾ ਪਾਵਣਾ, ਨਵ ਖੰਡ ਹੋ ਉਜਿਆਰ । ਸ੍ਰਿਸ਼ਟ ਸਬਾਈ ਸੀਸ ਝੁਕਾਵਣਾ, ਸ਼ਾਹ ਸੁਲਤਾਨ ਦਰ ਦਰਬਾਰ । ਧੁਰਦਰਗਾਹੀ ਹੁਕਮ ਚਲਾਵਣਾ,
ਲੇਖਾ ਜਾਣੇ ਨਾ ਕੋਈ ਸੰਸਾਰ । ਚਾਰ ਵਰਨਾਂ ਇਕ ਬਣਾਵਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਵਿਚਾਰ । ਰਾਓ ਰੰਕ ਇਕ ਕਰਾਵਣਾ,
ਏਕਾ ਰੰਗ ਰੰਗੇ ਕਰਤਾਰ । ਤਖ਼ਤ ਤਾਜ ਇਕ ਸੁਹਾਵਣਾ, ਏਕਾ ਦਰ ਸੱਚਾ ਦਰਬਾਰ । ਸਿਆਸਤ ਵਰਾਸਤ ਮੇਟ ਮਿਟਾਵਣਾ, ਕਲਜੁਗ ਅੰਤਮ
ਜਾਏ ਹਾਰ । ਸ਼ਾਸਤਰ ਸਿਮਰਤ ਪੰਧ ਮੁਕਾਵਣਾ, ਵੇਦ ਪੁਰਾਨ ਕਰਨ ਪੁਕਾਰ । ਗੀਤਾ ਗਿਆਨ ਵਿਚ ਸਮਾਵਣਾ, ਏਕਾ ਅੱਖਰ ਏਕੰਕਾਰ ।
ਅੰਜੀਲ ਕੁਰਾਨਾ ਗੋਦ ਬਹਾਵਣਾ, ਆਪ ਆਪਣੀ ਗੋਦ ਉਠਾਲ । ਖਾਣੀ ਬਾਣੀ ਰੰਗ ਰੰਗਾਵਣਾ, ਪੁਰਖ ਅਕਾਲ ਇਕ ਜੈਕਾਰ । ਸੋਹੰ ਸ਼ਬਦ
ਇਕ ਸੁਣਾਵਣਾ, ਸੋ ਪੁਰਖ ਨਿਰੰਜਣ ਮੀਤ ਮੁਰਾਰ । ਹੰ ਬ੍ਰਹਮ ਨਜ਼ਰੀ ਆਵਣਾ, ਬ੍ਰਹਮ ਰੂਪ ਸਰਬ ਸੰਸਾਰ । ਤ੍ਰਿਸ਼ਨਾ ਤਮਾ ਸਰਬ ਮਿਟਾਵਣਾ,
ਆਸਾ ਆਸਾ ਭਰੇ ਭੰਡਾਰ । ਖ਼ੁਸ਼ੀ ਗ਼ਮ ਨਾ ਕੋਈ ਜਣਾਵਣਾ, ਨੇਤਰ ਰੋਵੇ ਨਾ ਕੋਈ ਜ਼ਾਰੋ ਜ਼ਾਰ । ਏਕਾ ਬਸਤਰ ਤਨ ਪਹਿਨਾਵਣਾ, ਏਕਾ
ਕਰੇ ਸਚ ਸ਼ਿੰਗਾਰ । ਏਕਾ ਕੱਜਲ ਨੈਣ ਪਵਾਵਣਾ, ਹਰਿ ਹਰਿ ਨਾਮ ਅਪਰ ਅਪਾਰ । ਏਕਾ ਭੇਸ਼ਣ ਭੂਸ਼ਣ ਆਪ ਸੁਹਾਵਣਾ, ਰੰਗ ਮਜੀਠੀ
ਚਾੜ੍ਹੇ ਆਪ ਨਿਰੰਕਾਰ । ਪੀਆ ਪ੍ਰੀਤਮ ਇਕ ਪ੍ਰਨਾਵਣਾ, ਏਕਾ ਕੰਤ ਏਕਾ ਨਾਰ । ਨੇਤਰ ਨੈਣ ਨਾ ਕਿਸੇ ਉਠਾਵਣਾ, ਨਾ ਦਿਸੇ ਕੋਈ ਵਿਭਚਾਰ ।
ਘਰ ਘਰ ਮੰਦਰ ਕਾਇਆ ਗੜ੍ਹ ਸੁਹਾਵਣਾ, ਨਿਰਗੁਣ ਦੀਪਕ ਜੋਤ ਕਰ ਉਜਿਆਰ । ਅਨਹਦ ਤਾਲ ਇਕ ਵਜਾਵਣਾ, ਆਪੇ ਗੂੰਜੇ ਗੂੰਜਣਹਾਰ ।

੩੪੦

ਸਰ ਸਰੋਵਰ ਇਕ ਨੁਹਾਵਣਾ, ਅੰਮ੍ਰਿਤ ਆਤਮ ਠੰਡੀ ਠਾਰ । ਦੀਪਕ ਦੀਪ ਇਕ ਜਗਾਵਣਾ, ਨਿਰਗੁਣ ਬਾਤੀ ਕਮਲਾਪਾਤੀ ਕਰ ਉਜਿਆਰ । ਰਾਸ਼ਟਰਪਤੀ ਨਾ ਕਿਸੇ ਅਖਵਾਵਣਾ, ਨਾ ਕੋਈ ਦਿਸੇ ਚੋਬਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਤ ਰੰਗ ਨਿਸ਼ਾਨਾ ਦੇਵੇ ਚਾੜ੍ਹ । ਸਤਿਜੁਗ ਸਤਿ ਨਿਸ਼ਾਨਾ ਚਾੜ੍ਹਣਾ, ਹਰਿ ਸਚ ਸਚ ਸਮਝਾਈਆ । ਪੰਚਮ ਤਾਜ ਸੀਸ ਰਖਾਵਣਾ, ਪੰਚ ਪਿਆਰੇ ਦਏ ਵਡਿਆਈਆ । ਪੰਚਮ ਰਾਜ ਜੋਗ ਕਮਾਵਣਾ, ਜਗਤ ਜੁਗਤ ਇਕ ਵਖਾਈਆ । ਪੰਚਮ ਹਰਖ ਸੋਗ ਮਿਟਾਵਣਾ, ਮਾਇਆ ਮਮਤਾ ਮੋਹ ਮਿਟਾਈਆ । ਪੰਚਮ ਤਿੰਨਾਂ ਲੋਕਾਂ ਪਾਰ ਕਰਾਵਣਾ, ਚੌਥੇ ਪੌੜੇ ਆਪ ਚੜ੍ਹਾਈਆ । ਪੰਚਮ ਜਗਤ ਵਿਜੋਗ ਮਿਟਾਵਣਾ, ਸਚ ਸੰਜੋਗ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਦੇਵੇ ਸਾਚਾ ਰਾਜ, ਨੌ ਖੰਡ ਪ੍ਰਿਥਮੀ ਕਰੇ ਕਾਜ, ਆਪ ਆਪਣਾ ਹੁਕਮ ਸੁਣਾਈਆ । ਪੰਚਮ ਰਾਜ ਜੋਗ ਸੁਲਤਾਨਾ, ਪੰਚਮ ਸਚ ਸ਼ਹਿਨਸ਼ਾਹੀਆ । ਪੰਚਮ ਦੇਵੇ ਸ਼ਬਦ ਬਿਬਾਨਾ, ਪੰਚਮ ਚਾਰੋਂ ਕੁੰਟ ਭਵਾਈਆ । ਪੰਚਮ ਦੇਵੇ ਰਾਗ ਤਰਾਨਾ, ਪੰਚਮ ਅਨਹਦ ਸ਼ਬਦ ਸੁਣਾਈਆ । ਪੰਚਮ ਦੇਵੇ ਪਰਕਾਸ਼ ਕੋਟਨ ਭਾਨਾ, ਰਵ ਸਸ ਮੁਖ ਸ਼ਰਮਾਈਆ । ਪੰਚਮ ਮੇਲੇ ਸਾਚਾ ਕਾਹਨਾ, ਰੂਪ ਅਨੂਪ ਆਪ ਦਰਸਾਈਆ । ਪੰਚਮ ਦੇਵੇ ਇਕ ਨਿਸ਼ਾਨਾ, ਸ਼ਬਦ ਨਿਸ਼ਾਨਾ ਤੀਰ ਚਲਾਈਆ । ਪੰਚਮ ਬੰਨ੍ਹੇ ਏਕਾ ਗਾਨਾਂ, ਪੁਰਖ ਅਬਿਨਾਸ਼ੀ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸੱਚਾ ਸਾਚਾ ਸੰਗ ਵਖਾਈਆ । ਸਤਿਜੁਗ ਸਾਚਾ ਲਾਵਣਾ, ਲਾਵਣਹਾਰ ਬੇਪਰਵਾਹ । ਏਕਾ ਧਾਗਾ ਸੂਤ ਆਪ ਬਣਾਵਣਾ, ਏਕਾ ਉਨਣੇਹਾਰ ਜੁਲਾਹ । ਏਕਾ ਬਸਤਰ ਤਨ ਛੁਹਾਵਣਾ, ਏਕਾ ਓਢੇ ਥਾਉਂ ਥਾਂ । ਏਕਾ ਪਰਦਾ ਹਰਿ ਹਰਿ ਪਾਵਣਾ, ਏਕਾ ਪਕੜਣਹਾਰਾ ਬਾਂਹ । ਏਕਾ ਸਾਚਾ ਧਾਮ ਸੁਹਾਵਣਾ, ਏਕਾ ਕਰੇ ਸਚ ਨਿਆਂ । ਏਕਾ ਸ਼ਾਹ ਸੁਲਤਾਨ ਅਖਵਾਵਣਾ, ਏਕਾ ਨਿਥਾਵਿਆਂ ਦੇਵੇ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਠੰਡੀ ਛਾਂ । ਬਖ਼ਸ਼ਣਹਾਰਾ ਆਪ ਪ੍ਰਭ, ਜੁਗ ਜੁਗ ਦਇਆ ਕਮਾਇੰਦਾ । ਸਤਿਜੁਗ ਸਾਚੇ ਦੇਵੇ ਵਰ, ਪੰਚਮ ਮੁਖ ਸਾਲਾਹਿੰਦਾ । ਏਕਾ ਇਕੀ ਘਾੜਣ ਘੜ, ਸਤਿਜੁਗ ਸਾਚੀ ਸਿਖੀ ਨਾਉਂ ਧਰਾਇੰਦਾ । ਵਾਲੋਂ ਨਿੱਕੀ ਆਪੇ ਕਰ, ਧਾਰੋਂ ਤਿੱਖੀ ਆਪ ਬਣਾਇੰਦਾ । ਮੁਨੀ ਰਿਖੀ ਰਹੇ ਡਰ, ਸੰਤ ਸਾਧ ਸਰਬ ਕੁਰਲਾਇੰਦਾ । ਜੀਵ ਜੰਤ ਮਾਇਆ ਮਮਤਾ ਰਹੇ ਹਰ, ਹਰਿ ਕਾ ਨਾਮ ਨਾ ਕੋਈ ਧਿਆਇੰਦਾ । ਨਾ ਕੋਈ ਦਿਸੇ ਨਾਰੀ ਨਰ, ਨਾਰੀ ਨਰ ਨਾ ਅੰਗ ਲਗਾਇੰਦਾ । ਆਪਣੀ ਆਪਣੀ ਵਿਦਿਆ ਰਹੇ ਪੜ੍ਹ, ਹਰਿ ਕਾ ਸ਼ਬਦ ਨਾ ਕੋਈ ਸੁਣਾਇੰਦਾ । ਆਪਣੇ ਆਪਣੇ ਅੰਦਰ ਰਹੇ ਵੜ, ਹਰਿ ਮੰਦਰ ਕੋਇ ਨਾ ਡੇਰਾ ਲਾਇੰਦਾ । ਆਪਣੀ ਅਗਨੀ ਰਹੇ ਸੜ, ਕਲਜੁਗ ਅਗਨੀ ਨਾ ਕੋਇ ਬੁਝਾਇੰਦਾ । ਆਪਣੀ ਲੜਾਈ ਰਹੇ ਲੜ, ਪੰਜ ਚੋਰ ਨਾ ਕੋਇ ਮਾਰ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦੇਵੇ ਵਰ, ਸਾਚੀ ਰੀਤੀ ਇਕ ਚਲਾਇੰਦਾ । ਸਤਿਜੁਗ ਤੇਰਾ ਸਾਚਾ ਰੂਪ, ਹਰਿ ਸਾਚੇ ਮਾਤ ਲਗਾਵਣਾ । ਪ੍ਰਗਟ ਹੋਏ ਸ਼ਾਹੋ ਭੂਪ, ਸਚ ਸੁਲਤਾਨ ਨਾਮ ਧਰਾਵਣਾ । ਇਕ ਜੈਕਾਰਾ ਚਾਰੇ ਕੂਟ, ਸੋਹੰ ਅੱਖਰ ਇਕ ਪੜ੍ਹਾਵਣਾ । ਨਾਤਾ ਤੋੜੇ ਜੂਠ ਝੂਠ, ਕੰਚਨ ਕਾਇਆ ਗੜ੍ਹ ਸੁਹਾਵਣਾ । ਹਰਿ ਸੰਗਤ ਉਪਰ ਆਪੇ ਤੁਠ, ਆਪ ਆਪਣੇ ਮਾਰਗ ਲਾਵਣਾ । ਆਪ ਬੰਧਾਏ ਆਪਣੀ ਮੁੱਠ, ਏਕਾ ਤੰਦ ਨਾਮ ਰਖਾਵਣਾ, ਲੁਕਿਆ ਰਹਿਣ ਨਾ ਦੇਵੇ ਕਿਸੇ ਗੁਠ, ਜਿਸ ਹਰਿ ਹਰਿ ਨਾਮ ਧਿਆਵਣਾ । ਮਨਮੁਖਾਂ ਹੱਥ ਫੜੇ ਖ਼ਾਲੀ ਠੂਠ,

ਚਾਰ ਕੁੰਟ ਦਹਿ ਦਿਸ਼ਾ ਆਪ ਭਵਾਵਣਾ । ਦਰ ਦੁਆਰਿਉਂ ਕੱਢੇ ਕੁਟ, ਸ਼ਬਦ ਖੰਡਾ ਹੱਥ ਚਮਕਾਵਣਾ । ਸ੍ਰਿਸ਼ਟ ਸਬਾਈ ਪੈਣੀ ਲੁੱਟ, ਧੰਨ ਮਾਲ ਨਾ ਕਿਸੇ ਬਚਾਵਣਾ । ਕੋਈ ਨਾ ਚੜ੍ਹੇ ਪਹਾੜੀ ਚੋਟ, ਉਚੇ ਟਿੱਲੇ ਪਰਬਤ ਫੋਲ ਫੁਲਾਵਣਾ । ਸਮੇਰੂ ਨੇਤਰ ਰੋਵੇ ਹਾੜੇ ਕੱਢੇ ਕੋਟਨ ਕੋਟ, ਧੀਰਜ ਧੀਰ ਨਾ ਕੋਇ ਧਰਾਵਣਾ । ਆਦਿ ਜੁਗਾਦੀ ਪਾਰਬ੍ਰਹਮ ਕਰਤਾ ਏਕ ਨਿਰਮਲ ਜੋਤ, ਜੁਗ ਜੁਗ ਆਪਣਾ ਵੇਸ ਵਟਾਵਣਾ । ਆਪੇ ਜਾਣੇ ਆਪਣਾ ਓਤ ਪੋਤ, ਬੰਸ ਬੰਸਾ ਆਪ ਸੁਹਾਵਣਾ । ਜਨ ਭਗਤਾਂ ਖੋਲ੍ਹਣਹਾਰਾ ਸੋਤ, ਨਿਜ ਨੇਤਰ ਆਪ ਖੁਲ੍ਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਰੰਗ ਰੰਗਾਵਣਾ । ਸਤਿਜੁਗ ਸਾਚਾ ਰੰਗ, ਰੰਗ ਰੰਗ ਰੰਗ ਵਿਚ ਸਮਾਇੰਦਾ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਨਿਰਗੁਣ ਸਰਗੁਣ ਵਖਾਇੰਦਾ । ਗੁਰ ਗੋਬਿੰਦ ਸਿੰਘ ਸੂਰਬੀਰ ਨੀਲੇ ਘੋੜੇ ਕਸਿਆ ਤੰਗ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਕਲਜੁਗ ਤੇਰਾ ਵੇਖਣ ਆਵੇ ਜੰਗ, ਆਪਣੇ ਸ਼ਸਤਰ ਆਪਣੇ ਚਰਨਾਂ ਹੇਠ ਦਬਾਇੰਦਾ । ਨੌਂ ਖੰਡ ਪ੍ਰਿਥਮੀ ਧਰਮ ਰਾਏ ਦੇ ਦੁਆਰੇ ਦੇਵੇ ਟੰਗ, ਜੋ ਜਨ ਹਰਿ ਹਰਿ ਤੋਂ ਮੁਖ ਭਵਾਇੰਦਾ । ਸਿੰਘ ਸੰਗਤ ਉਪਜਾਇਆ ਵਿਚ ਕੰਗ, ਆਪਣਾ ਮੁਕਟ ਆਪਣੇ ਸਿਰ ਰਖਾਇੰਦਾ । ਕਿਸੇ ਕੋਲੋਂ ਕੁਛ ਨਾ ਰਿਹਾ ਮੰਗ, ਸਰਬ ਜੀਆਂ ਦਾ ਦਾਤਾ ਆਪ ਅਖਵਾਇੰਦਾ । ਆਪਣਾ ਮੰਦਰ ਸਚਖੰਡ ਦੁਆਰਾ ਆਪੇ ਆਇਆ ਲੰਘ, ਲੋਕਮਾਤ ਆਸਣ ਲਾਇੰਦਾ । ਕਲਜੁਗ ਜੀਵ ਵੇਖੇ ਕਾਚੀ ਵੰਗ, ਆਪਣੇ ਵੇਲੇ ਆਪੇ ਭੰਨ ਵਖਾਇੰਦਾ । ਗੁਰਸਿਖਾਂ ਕੱਟੇ ਭੁੱਖ ਨੰਗ, ਲੱਖ ਚੁਰਾਸੀ ਅਲਫ਼ੀ ਆਪਣੇ ਗਲ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕਾ ਜਾਮਾ ਪਾਇੰਦਾ ।



੦੯ ਸੱਤ ਰੰਗ ਚਾੜ੍ਹ ਨਿਸ਼ਾਨ, ਸ੍ਰਿਸ਼ਟ ਸਬਾਈ ਦਏ ਸੁਣਾਈਆ । ਸਿਰ ਰੱਖ ਤਾਜ ਮਹਾਨ, ਬ੍ਰਹਮੇ ਚਾਰੇ ਮੁਖ ਦਏ ਮਿਟਾਈਆ । ਸ਼ੰਕਰ ਹੋਇਆ ਅੰਤ ਹੈਰਾਨ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਵਿਸ਼ਨੂੰ ਅੱਗੇ ਆਇਆ ਕਰਨ ਬਿਆਨ, ਪ੍ਰਭ ਅੱਗੇ ਸੀਸ ਝੁਕਾਈਆ । ਕਰੋੜ ਤੇਤੀਸਾ ਸਰਬ ਕੁਰਲਾਣ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤ ਪਛਤਾਣ, ਵੇਲਾ ਗਿਆ ਹੱਥ ਨਾ ਆਈਆ । ਗੁਰਸਿਖ ਸਾਚੇ ਸੋਹੰ ਗਾਨ, ਸੋ ਮਿਲਿਆ ਬੇਪਰਵਾਹੀਆ । ਹੰ ਬ੍ਰਹਮ ਕਰੀ ਪਛਾਣ, ਆਪ ਆਪਣੇ ਲਏ ਮਿਲਾਈਆ । ਹਰਿ ਭੁੱਲ ਨਾ ਜਾਏ ਬਣ ਅੰਞਾਣ, ਜੁਗ ਜੁਗ ਆਵੇਂ ਵਾਹੋ ਦਾਹੀਆ । ਸੇਵਾ ਲਾਏ ਸੂਰਜ ਰਵ ਸਸ ਭਾਨ, ਹੁਕਮੀ ਹੁਕਮ ਰਿਹਾ ਫਿਰਾਈਆ । ਲੇਖਾ ਜਾਣੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਚਰਨਾ ਹੇਠ ਰਖਾਈਆ । ਜੇਰਜ ਅੰਡ ਨਾ ਕੋਈ ਨਿਸ਼ਾਨ, ਉਤਭੁਜ ਸੇਤਜ ਦਿਸ ਨਾ ਆਈਆ । ਆਪੇ ਦੇਵਣਹਾਰਾ ਬ੍ਰਹਮੇ ਵਿਸ਼ਨ ਸ਼ਿਵ ਤ੍ਰੈਗੁਣ ਮਾਇਆ ਦਾਨ, ਅੰਤ ਆਪਣੀ ਝੋਲੀ ਆਪੇ ਲਏ ਪਾਈਆ । ਨਾ ਕੋਈ ਮੰਦਰ ਨਾ ਮਕਾਨ, ਮਸਜਿਦ ਗੁਰੂਦੁਆਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਲੋਕਮਾਤ ਧਰ, ਆਪਣੀ ਰੀਤੀ ਆਪ ਵਖਾਈਆ । ਸਤਿਜੁਗ ਸਾਚਾ ਉਠਿਆ ਆਇਆ ਚਰਨ ਦੁਆਰ, ਅਬਿਨਾਸ਼ੀ ਕਰਤਾ ਪਾਰਬ੍ਰਹਮ ਨਿਰਗੁਣ ਰੂਪ ਏਕਾ ਤੁਠਿਆ, ਭਰੇ ਨਾਮ ਨਾਮ ਭੰਡਾਰ । ਲੋਕਮਾਤ ਨਾ ਜਾਏ ਲੁੱਟਿਆ, ਨੇੜ ਆਏ ਨਾ ਠੱਗ ਚੋਰ ਯਾਰ । ਬੂਟਾ ਲੱਗਾ ਨਾ ਜਾਵੇ ਪੁੱਟਿਆ, ਲਗਾਵਣਹਾਰ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ,

ਆਪੇ ਕਰੇ ਆਪਣੀ ਕਾਰ । ਕਾਰ ਕਰਾਵਣ ਆਇਆ ਹਰਿ ਕਰਤਾਰ, ਕਰਤਾ ਕੀਮਤ ਕੋਇ ਨਾ ਪਾਈਆ । ਆਪਣੀ ਪੈਜ ਆਪੇ ਰਿਹਾ ਸਵਾਰ, ਜੁਗ ਜੁਗ ਭਗਤਾਂ ਪੈਜ ਰਖਾਈਆ । ਚੰਡੀ ਹੋ ਕੇ ਚਮਕੇ ਵਿਚ ਸੰਸਾਰ, ਜੋਤੀ ਜੋਤ ਸੇਵ ਲਗਾਈਆ । ਦਾਮਨੀ ਦਮਕੇ ਆਪ ਨਿਰੰਕਾਰ, ਚਾਰੇ ਕੁੰਟ ਕਰੇ ਰੁਸ਼ਨਾਈਆ । ਖੜਗ ਖੰਡਾ ਬਣ ਕਟਾਰ, ਖੰਡ ਬ੍ਰਹਿਮੰਡ ਵੇਖ ਵਖਾਈਆ । ਜੇਰਜ ਅੰਡ ਦਏ ਹੁਲਾਰ, ਭੇਖ ਪਖੰਡ ਦਏ ਮਿਟਾਈਆ । ਗੁਰਸਿਖ ਕਰੇ ਠੰਡਾ ਠਾਰ, ਸੀਤਲ ਸੀਤਲ ਧਾਰ ਵਹਾਈਆ । ਏਕਾ ਇਕੀ ਸਿਖੀ ਕਰ ਤਿਆਰ, ਤੇਗ ਬਹਾਦਰ ਤੇਰੀ ਚਾਦਰ, ਸ੍ਰਿਸ਼ਟ ਸਬਾਈ ਉਪਰ ਆਪ ਟਿਕਾਈਆ । ਤੇਗ ਬਹਾਦਰ ਤੇਰੀ ਰੱਤ, ਰੱਤੀ ਰੱਤ ਰੰਗਾਇੰਦਾ । ਤੇਰਾ ਰੂਪ ਬ੍ਰਹਮ ਮਤ, ਗੁਰਸਿਖਾਂ ਵਿਚ ਟਿਕਾਇੰਦਾ । ਤੇਰਾ ਚਰਨ ਤੀਰਥ ਅਠਸਠ, ਸਰ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਲੋਕਮਾਤ ਧਰ, ਸਾਚਾ ਮਾਰਗ ਏਕਾ ਲਾਇੰਦਾ । ਚਾਰ ਵਰਨ ਤੁਟਣਾ ਨਾਤਾ, ਹਿੰਦੂ ਮੁਸਲਿਮ ਸਿਖ ਨਾ ਕੋਈ ਅਖਵਾਈਆ । ਪਾਰਬ੍ਰਹਮ ਕਰੇ ਪ੍ਰਭ ਉਤਮ ਜਾਤਾ, ਜ਼ਾਤ ਅਜ਼ਾਤੀ ਮੇਟ ਮਿਟਾਈਆ । ਮੇਟਣਹਾਰਾ ਅੰਧੇਰੀ ਰਾਤਾ, ਕਾਲੀ ਰੈਣ ਰਹਿਣ ਨਾ ਪਾਈਆ । ਏਕਾ ਗਾਏ ਸਾਚੀ ਗਾਥਾ, ਗਹਿਰ ਗੰਭੀਰ ਵਡ ਵਡਿਆਈਆ । ਖੇਲੇ ਖੇਲ ਤ੍ਰਲੋਕੀ ਨਾਥਾ, ਤ੍ਰੈ ਤ੍ਰੈ ਆਪਣੀ ਗੋਦ ਬਹਾਈਆ । ਸਰਬ ਜੀਆਂ ਦਾ ਸਗਲਾ ਸਾਥਾ, ਪੁਰਖ ਅਕਾਲ ਇਕ ਅਖਵਾਈਆ । ਸਗਲ ਵਿਸੂਰਾ ਹਰਿਜਨ ਲਾਥਾ, ਜੋ ਜਨ ਹਰਿ ਹਰਿ ਦਰਸ਼ਨ ਪਾਈਆ । ਕੋਟਨ ਕੋਟ ਮਸਤਕ ਤਿਲਕ ਲਗਾਇਣ ਲਿਲਾਟਾ, ਜੋਤ ਲਲਾਟ ਨਾ ਕੋਇ ਜਗਾਈਆ । ਕਲਜੁਗ ਅੰਤਮ ਪੂਰਾ ਕਰਨ ਆਇਆ ਘਾਟਾ, ਸਾਚੇ ਕੰਡੇ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਵਡ ਵਡਿਆਈ ਪੁਰਖ ਅਕਾਲ, ਦੂਸਰ ਓਟ ਨਾ ਕੋਈ ਜਣਾਇੰਦਾ । ਇਕੀ ਸਿਖ ਬਣਾਏ ਸਾਚੇ ਲਾਲ, ਲਾਲਣ ਲਾਲਣਾ ਰੰਗ ਚੜ੍ਹਾਇੰਦਾ । ਜੋਤ ਅਕਾਲਣ ਸੇਵਾਦਾਰ, ਸਾਚੀ ਸੇਵ ਕਮਾਇੰਦਾ । ਬਣੀ ਮਾਲਣ ਧੁਰ ਦਰਬਾਰ, ਫੂਲਣ ਹਾਰ ਇਕ ਗੁੰਦਾਇੰਦਾ । ਖ਼ਾਰੀ ਚੁੱਕ ਸੱਚੀ ਸਰਕਾਰ, ਲੋਕਮਾਤ ਵੇਸ ਵਟਾਇੰਦਾ । ਲੇਖਾ ਜਾਣੇ ਪੁਰਖ ਨਾਰ, ਨਾਰੀ ਪੁਰਖ ਵੇਖ ਵਖਾਇੰਦਾ । ਫੜ ਫੜ ਪਾਏ ਗਲ ਵਿਚ ਹਾਰ, ਕਲੀ ਕਲੀ ਨਾਲ ਗੁੰਦਾਇੰਦਾ । ਅੰਦਰ ਧਾਗਾ ਦੇਵੇ ਡਾਰ, ਆਪ ਆਪਣਾ ਨਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੀ ਸਿੱਖ ਬਣਣ ਦਰਬਾਰੀ, ਸਤਿਜੁਗ ਸਾਚੀ ਚਲੇ ਵਿਹਾਰੀ, ਕਰਤਾ ਕਰਨੀ ਕਾਰੀ ਆਪ ਕਰਾਇੰਦਾ । ਇਕੀ ਸਿਖ ਬਣਨ ਦਰਬਾਰੀ, ਹਰਿ ਸਾਚਾ ਵੰਡ ਵੰਡਾਇੰਦਾ । ਸਾਚੇ ਤਖ਼ਤ ਸੋਹੇ ਜੋਤ ਨਿਰੰਕਾਰੀ, ਨਿਰਗੁਣ ਆਪਣਾ ਰੂਪ ਡਗਮਗਾਇੰਦਾ । ਚਾਰ ਚਾਰੋਂ ਕੁੰਟ ਸੇਵਾਦਾਰੀ, ਪੰਜ ਪਿਆਰੇ ਪੰਚਮ ਚਰਨ ਧਿਆਨ ਵਖਾਇੰਦਾ । ਚਾਰ ਦੋਵੇਂ ਜੋੜ ਕਰਨ ਨਿਮਸਕਾਰੀ, ਅੰਤਰ ਮੰਤਰ ਬੂਝ ਬੁਝਾਇੰਦਾ । ਪੰਜ ਤ੍ਰੈ ਮੰਗਣ ਬਣ ਭਿਖਾਰੀ, ਅੱਠ ਤਤ ਮੇਟ ਮਿਟਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਖ਼ਵਾਰੀ, ਮਨ ਮਤ ਮੂਲ ਚੁਕਾਇੰਦਾ । ਲੇਖਾ ਜਾਣੇ ਭਗਤ ਲਿਖਾਰੀ, ਸ਼ਬਦੀ ਧਾਰ ਧਾਰ ਵਿਚ ਟਿਕਾਇੰਦਾ । ਹੁਕਮੀ ਹੁਕਮ ਹੁਕਮ ਸਰਕਾਰੀ, ਸ਼ਾਹ ਸੁਲਤਾਨਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਲਾਇੰਦਾ । ਸਾਚਾ ਮਾਰਗ ਵਿਚ ਸੰਸਾਰ, ਸਤਿ ਪੁਰਖ ਨਿਰੰਜਣ ਆਪ ਲਗਾਈਆ । ਨਾ ਕੋਈ ਦਿਸੇ ਜੀਵ ਗਵਾਰ, ਮੂਰਖ ਮੂੜ ਦਿਸ ਨਾ ਆਈਆ । ਨਾ

੩੪੩

ਕੋਈ ਕਰੇ ਹਾਹਾਕਾਰ, ਮਨ ਮਤ ਨਾ ਕੋਈ ਕੁਰਲਾਈਆ । ਨਾ ਕੋਈ ਰੋਵੇ ਜ਼ਾਰੋ ਜ਼ਾਰ, ਉਚੀ ਕੂਕੇ ਦਏ ਦੁਹਾਈਆ । ਘਰ ਘਰ ਹੋਵੇ ਜੈ ਜੈਕਾਰ, ਰਸਨਾ ਜਿਹਵਾ ਹਰਿ ਗੁਣ ਗਾਈਆ । ਬੱਤੀ ਦੰਦ ਕਰਨ ਪਿਆਰ, ਆਤਮ ਅੰਤਰ ਇਕ ਲਿਵ ਲਾਈਆ । ਛੱਤੀ ਰਾਗ ਕਰਨ ਨਿਮਸਕਾਰ, ਹਰਿਜਨ ਤੇਰੀ ਵਡ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਬਣਨ ਭਿਖਾਰ, ਗੁਰ ਸਿੱਖ ਸਾਚੇ ਤੇਰੀ ਸੇਵ ਰਹੇ ਕਮਾਈਆ । ਪੁਰਖ ਅਬਿਨਾਸ਼ੀ ਦੇਵਣਹਾਰ, ਦੂਜੇ ਦਰ ਨਾ ਮੰਗਣ ਜਾਈਆ । ਜੁਗਾ ਜੁਗੰਤਰ ਗੁਰ ਪੀਰ ਲਏ ਅਵਤਾਰ, ਆਪਣੀ ਸਿਖਿਆ ਦਏ ਸਮਝਾਈਆ । ਸੰਤਾਂ ਭਰੇ ਸਤਿ ਭੰਡਾਰ, ਸਾਚੀ ਵਸਤ ਏਕਾ ਹੱਟ ਵਿਕਾਈਆ । ਚੌਦਾਂ ਲੋਕਾਂ ਪਾਵਣਹਾਰਾ ਸਾਰ, ਚੌਦਾਂ ਤਬਕਾਂ ਫੋਲ ਫੁਲਾਈਆ । ਤਿੰਨਾਂ ਲੋਕਾਂ ਵਸਿਆ ਬਾਹਰ, ਸਚਖੰਡ ਨਿਵਾਸੀ ਆਪ ਅਖਵਾਈਆ । ਛੱਪਰ ਛੰਨ ਨਾ ਕੋਈ ਸਹਾਰ, ਮਹੱਲ ਅਟੱਲ ਆਪ ਬਣਾਈਆ । ਆਪੇ ਹੋਇਆ ਸੇਵਾਦਾਰ, ਜੁਗ ਜੁਗ ਸਾਚੀ ਸੇਵ ਕਮਾਈਆ । ਹਰਿ ਸੰਗਤ ਤੇਰਾ ਸਚ ਪਿਆਰ, ਸਤਿਗੁਰ ਸਾਚਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਯਾਰ, ਕਲਜੁਗ ਅੰਤਮ ਲਏ ਮਿਲਾਈਆ । ਸਾਚਾ ਬੇੜਾ ਕਰ ਤਿਆਰ, ਆਪਣੇ ਬੇੜੇ ਲਏ ਚੜ੍ਹਾਈਆ । ਆਪਣੇ ਸਿਰ ਤੇ ਚੁੱਕੇ ਭਾਰ, ਗੁਰਮੁਖ ਹੌਲੇ ਭਾਰ ਰਖਾਈਆ । ਸਿੰਘ ਮਨਜੀਤਾ ਆਪੇ ਆਪੇ ਵਾਰ, ਜਗਦੀਸ਼ਾ ਰਾਹ ਚਲਾਈਆ । ਬ੍ਰਹਮਾ ਵੇਖੇ ਨੈਣ ਉਘਾੜ, ਸਿੰਘ ਪਾਲਾ ਆਵੇ ਵਾਹੋ ਦਾਹੀਆ । ਸ਼ੰਕਰ ਢਹਿ ਢਹਿ ਕਰੇ ਨਿਮਸਕਾਰ, ਛੋਟੇ ਬਾਲੇ ਵਡ ਵਡਿਆਈਆ । ਕਰੋੜ ਤੇਤੀਸਾ ਕਰੇ ਪੁਕਾਰ, ਸੁਰਪਤ ਰਾਜਾ ਇੰਦ ਰਹਿਣ ਨਾ ਪਾਈਆ । ਮਨ ਮਨਜੀਤਾ ਹੋ ਉਜਿਆਰ, ਘਰ ਸਾਚੇ ਇਕ ਜੈਕਾਰ ਸੁਣਾਈਆ । ਪ੍ਰਗਟ ਹੋਇਆ ਕਰਤਾਰ, ਬ੍ਰਹਮੇ ਮਨਵੰਤਰ ਮੂਲ ਚੁਕਾਈਆ । ਸਾਚਾ ਮੰਤਰ ਕਰ ਉਜਿਆਰ, ਸੋਹੰ ਸ਼ਬਦ ਕਰੇ ਪੜ੍ਹਾਈਆ । ਨਿਹਕਲੰਕ ਉਤਰਿਆ ਨਿਰੰਕਾਰ, ਮਾਤ ਗਰਭ ਨਾ ਵਾਸ ਰਖਾਈਆ । ਦਸ ਮਾਸ ਨਾ ਕਰਿਆ ਕੋਈ ਪਿਆਰ, ਰਕਤ ਬੂੰਦ ਨਾ ਜੋੜ ਜੁੜਾਈਆ । ਗੋਦ ਚੁੱਕ ਨਾ ਦਏ ਕੋਈ ਹੁਲਾਰ, ਜਗਤ ਲੋਰੀ ਨਾ ਕੋਈ ਰਖਾਈਆ । ਹੱਡ ਮਾਸ ਨਾੜੀ ਨਾ ਕੋਈ ਉਧਾਰ, ਰੱਤੀ ਰੱਤ ਨਾ ਕੋਈ ਬਣਾਈਆ । ਨਿਰਗੁਣ ਜੋਤ ਕਰ ਉਜਿਆਰ, ਆਪ ਆਪਣਾ ਵੇਸ ਵਟਾਈਆ । ਸ਼ਬਦ ਗੁਰ ਲੈ ਅਵਤਾਰ, ਲੋਕਮਾਤ ਆਇਆ ਫੇਰਾ ਪਾਈਆ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਆਪ ਰਚਾਈਆ । ਗੋਬਿੰਦਾ ਸੂਰਾ ਵਡ ਬਲਕਾਰ, ਜੋਧਾ ਆਪਣਾ ਨਾਉਂ ਧਰਾਈਆ । ਚੁਰਾਸੀ ਕਲੀਆਂ ਤਨ ਸ਼ਿੰਗਾਰ, ਚੁਰਾਸੀ ਅਲਫ਼ੀ ਆਪ ਹੰਢਾਈਆ । ਆਪਣਾ ਹਲਫ਼ੀਆ ਦਏ ਬਿਆਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖਾਂ ਲੇਖਾ ਜਾਣੇ ਧੁਰ ਦਰਗਾਹ ਸ੍ਰੀ ਭਗਵਾਨ, ਆਪਣਾ ਲੇਖਾ ਆਪੇ ਦਏ ਲਿਖਾਈਆ । ਸਾਧ ਸੰਤ ਹੋਏ ਹੈਰਾਨ, ਹਰਿ ਕਾ ਭੇਵ ਕੋਈ ਨਾ ਪਾਈਆ । ਅੰਦਰ ਵੜ ਵੜ ਸਾਰੇ ਗਾਣ, ਦਿਸ ਕਿਸੇ ਨਾ ਆਈਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਚਰਨ ਦੁਆਰੇ ਖਿਚ ਲਿਆਈਆ । ਸਚਖੰਡ ਤੋਂ ਆਇਆ ਆਪ ਭਗਵਾਨ, ਗੁਣ ਨਿਧਾਨ ਲੋਕਮਾਤ ਵੇਖ ਵਖਾਈਆ । ਉਤਰ ਪੂਰਬ ਪੱਛਮ ਦੱਖਣ ਵੇਖੇ ਮਾਰ ਧਿਆਨ, ਭੁੱਲ ਰਹੇ ਨਾ ਰਾਈਆ । ਹਰਿਸਿੱਖ ਗੁਰਸਿਖ ਗੁਰਮੁਖ ਹਰਿਭਗਤ ਏਕਾ ਪਾਏ ਆਪਣੀ ਆਣ, ਆਪਣਾ ਦਰਸ ਕਰ ਕਰ ਤਰਸ, ਘਰ ਘਰ ਵਿਚ ਆਪ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਦਏ ਵਡਿਆਈਆ । ਪਹਿਲੀ ਚੇਤਰ ਲੋਕਮਾਤ ਚੜ੍ਹਿਆ, ਸੰਮਤ ਸਤਰਾਂ ਲੇਖ ਲਖਾਇੰਦਾ । ਪੁਰਖ ਅਬਿਨਾਸ਼ੀ ਆਪਣੇ ਘੋੜੇ ਆਪੇ ਚੜ੍ਹਿਆ, ਆਪਣਾ


੩੪੪

ਆਸਣ ਹੇਠ ਵਿਛਾਇੰਦਾ । ਨੌ ਖੰਡ ਪ੍ਰਿਥਮੀ ਏਕਾ ਖੰਡਾ ਹੱਥ ਵਿਚ ਫੜਿਆ, ਬ੍ਰਹਿਮੰਡਾਂ ਚਰਨਾ ਹੇਠ ਦਬਾਇੰਦਾ । ਗੁਰਸਿਖਾਂ ਲੜ ਆਪੇ ਫੜਿਆ, ਇਕ ਦੂਜੇ ਨਾਲ ਬਹਾਇੰਦਾ । ਜੀਵ ਜੰਤ ਸਾਧ ਸੰਤ ਤ੍ਰੈਲੋਕ ਪਾਰਬ੍ਰਹਮ ਆਪਣਾ ਘਾੜਣ ਘੜਿਆ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇੰਦਾ । ਚੌਥੇ ਘਰ ਆਪੇ ਵੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਸਤਿ ਪੁਰਖ ਨਿਰੰਜਣ ਆਇਆ, ਲੋਕਮਾਤ ਵੱਜੀ ਵਧਾਈਆ । ਅਲੱਖ ਅਲੱਖਣਾ ਅਲੱਖ ਅਖਵਾਇਆ, ਅਲੱਖ ਅਗੋਚਰ ਵਡ ਵਡਿਆਈਆ । ਸੁੰਨ ਅਗੰਮੀ ਪੈਰਾਂ ਹੇਠ ਛਡਕੇ ਆਇਆ, ਆਪ ਆਪਣਾ ਰੂਪ ਵਟਾਈਆ । ਦਸਮ ਦੁਆਰੀ ਗੁਰਮੁਖਾਂ ਅੰਦਰ ਵੜ ਕੇ ਆਇਆ, ਆਪ ਆਪਣਾ ਕੁੰਡਾ ਲਾਹੀਆ । ਸੁਖਮਨ ਨਾੜੀ ਟੇਢੀ ਬੰਕ ਆਪਣੀ ਹੱਥੀਂ ਸਿਧੀ ਕਰ ਕੇ ਆਇਆ, ਤ੍ਰਬੈਣੀ ਨੈਣੀ ਪੰਧ ਮੁਕਾਈਆ । ਨੌ ਦੁਆਰੇ ਤਜ ਕੇ ਆਇਆ, ਝੂਠਾ ਭਾਂਡਾ ਭੌ ਭੰਨਾਈਆ । ਗੁਰਮੁਖ ਸਾਚੇ ਕਾਇਆ ਪਿੰਡ ਆਪੇ ਵਾਚੇ ਭਾਂਡੇ ਕਾਚੇ ਆਪਣੇ ਦਰ ਫੜ ਕੇ ਆਇਆ, ਸ਼ਬਦ ਡੋਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਜੋਤ ਕਰੀ ਰੁਸ਼ਨਾਈਆ । ਜੋਤ ਉਜਾਲਾ ਹਰਿ ਗੋਬਿੰਦ, ਭੁੱਲ ਰਹੇ ਨਾ ਰਾਈਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਘਰ ਘਰ ਦਰਸ ਦਿਖਾਈਆ । ਹਰਿਜਨ ਬਣਾਏ ਆਪਣੀ ਬਿੰਦ, ਨਾਦੀ ਸੁੱਤ ਉਪਜਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਈਆ । ਅੰਮ੍ਰਿਤ ਬਖ਼ਸ਼ੇ ਸਾਗਰ ਸਿੰਧ, ਭਰ ਪਿਆਲੇ ਰਾਤੀਂ ਸੁਤਿਆਂ ਜਾਮ ਪਿਆਈਆ । ਧਰਮ ਰਾਏ ਨਾ ਕੱਢੇ ਜਿੰਦ, ਜੋ ਚਲ ਆਏ ਸ਼ਰਨਾਈਆ । ਲੱਖ ਚੁਰਾਸੀ ਕਰੇ ਨਿੰਦ, ਵੇਲੇ ਅੰਤ ਦਏ ਸਜ਼ਾਈਆ । ਹਰਿ ਸੰਗਤ ਤੇਰਾ ਹੋਏ ਬਖ਼ਸ਼ਿੰਦ, ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕੰਕਾਰਾ ਇਕ ਅਖਵਾਈਆ । ਏਕੰਕਾਰ ਹਰਿ ਨਿਰੰਕਾਰ, ਏਕਾ ਰੰਗ ਸਮਾਇਆ । ਪ੍ਰਗਟ ਹੋਇਆ ਵਿਚ ਸੰਸਾਰ, ਨਿਹਕਲੰਕੀ ਜਾਮਾ ਪਾਇਆ । ਸ਼ਬਦ ਗੁਰ ਕਰ ਤਿਆਰ, ਗੁਰ ਗੋਬਿੰਦ ਨਾਉਂ ਧਰਾਇਆ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਆਸਣ ਲਾਇਆ । ਏਕਾ ਖੰਡਾ ਹੱਥ ਫੜ ਸਿਰਜਣਹਾਰ, ਨੌ ਖੰਡ ਪ੍ਰਿਥਮੀ ਰਿਹਾ ਹਿਲਾਈਆ । ਰਵ ਸਸ ਕਰਨ ਨਿਮਸਕਾਰ, ਨਿਉਂ ਨਿਉਂ ਬੈਠੇ ਸੀਸ ਝੁਕਾਇਆ । ਬ੍ਰਹਮਾ ਮੰਗੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹਿਆ । ਵਿਸ਼ਨੂੰ ਰੋਵੇ ਜ਼ਾਰੋ ਜ਼ਾਰ, ਵੇਲਾ ਅੰਤਮ ਆਇਆ । ਰਿਜ਼ਕ ਨਾ ਦੇਵੇ ਕੋਈ ਸੰਸਾਰ, ਤੇਰਾ ਭੰਡਾਰਾ ਤੇਰੇ ਅੱਗੇ ਸੁਟਾਇਆ । ਬਾਸ਼ਕ ਤਸ਼ਕਾ ਗਲੋਂ ਲਾਹੇ ਸ਼ੰਕਰ ਹਾਰ, ਹੱਥ ਤ੍ਰਸੂਲ ਦਿਸ ਨਾ ਆਇਆ । ਕਰੋੜ ਤੇਤੀਸਾ ਤਨ ਨਾ ਕੋਈ ਸ਼ਿੰਗਾਰ, ਅਪੱਛਰਾਂ ਨਾਚ ਨਾ ਕੋਈ ਨਚਾਇਆ । ਗਣ ਗਧੰਰਬ ਕੋਈ ਨਾ ਊਚੀ ਕੂਕੇ ਕਰੇ ਪਿਆਰ, ਸਾਚਾ ਤਾਲ ਨਾ ਕੋਈ ਵਜਾਇਆ । ਸਾਧ ਸੰਤ ਕੋਈ ਨਾ ਚੜ੍ਹੇ ਉਚ ਮਿਨਾਰ, ਪ੍ਰਭ ਅਬਿਨਾਸ਼ੀ ਉਤੋਂ ਫੜ ਕੇ ਥੱਲੇ ਲਾਹਿਆ । ਬਿਨ ਗੁਰਸਿਖ ਕੋਇ ਨਾ ਉਤਰੇ ਪਾਰ, ਪਾਰਬ੍ਰਹਮ ਪਾਰ ਕਰਾਵਣ ਆਪ ਆਇਆ । ਹਰਿ ਸੰਗਤ ਤੇਰਾ ਪਿਆਰ, ਦੋ ਜਹਾਨਾਂ ਭੁੱਲ ਨਾ ਜਾਇਆ । ਕਲਜੁਗ ਅੰਤਮ ਵੇਖ ਆਪ ਨਿਰੰਕਾਰ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਆਪਣਾ ਘਾੜਣ ਆਪੇ ਘੜ, ਆਪੇ ਭੰਨ ਵਖਾਈਆ । ਭੰਨਣਹਾਰ ਪੁਰਖ ਸਮਰਥ, ਦੂਸਰ ਅਵਰ ਨਾ ਕੋਇ ਜਣਾਇੰਦਾ । ਜੁਗ ਜੁਗ ਚਲਾਏ ਆਪਣਾ ਰਥ, ਰਥ

ਰਖਵਾਹੀ ਨਾਉਂ ਧਰਾਇੰਦਾ । ਲੱਖ ਚੁਰਾਸੀ ਦੇਵੇ ਮਥ, ਆਪਣੇ ਭਾਂਡੇ ਭੰਨ ਵਖਾਇੰਦਾ । ਆਪੇ ਜਾਣੇ ਮਹਿਮਾ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਗੁਰਮੁਖਾਂ ਅੰਦਰੇ ਅੰਦਰ ਪਾਏ ਨੱਥ, ਮਨ ਪੰਛੀ ਬੰਨ ਵਖਾਇੰਦਾ । ਲੇਖਾ ਜਾਣੇ ਰਾਮਾ ਦਸਰਥ, ਰਾਮ ਰੂਪ ਆਪ ਹੋ ਆਇੰਦਾ । ਕਾਹਨਾ ਕ੍ਰਿਸ਼ਨਾ ਵੇਖੇ ਸਥ, ਸਖੀਆਂ ਮੰਗਲ ਨਾਚ ਨਚਾਇੰਦਾ । ਉਲਟੀ ਗੇੜਣਹਾਰਾ ਲੱਠ, ਕਲਜੁਗ ਗੇੜਾ ਆਪ ਚਲਾਇੰਦਾ । ਪਾਵੇ ਸਾਰ ਅਠਸਠ, ਗੰਗਾ ਗੁਦਾਵਰੀ ਜਮਨਾ ਸੁਰਸਤੀ ਫੋਲ ਫੁਲਾਇੰਦਾ । ਲੋਆਂ ਪੁਰੀਆਂ ਨੱਠ ਨੱਠ, ਆਪਣਾ ਪੰਧ ਮੁਕਾਇੰਦਾ । ਵਸਣਹਾਰਾ ਘਟ ਘਟ, ਘਟ ਘਟ ਅੰਦਰ ਆਪਣੀ ਜੋਤ ਜਗਾਇੰਦਾ । ਦੀਪ ਨਿਰਾਲਾ ਲਟ ਲਟ, ਨੂਰ ਨੁਰਾਨਾ ਡਗਮਗਾਇੰਦਾ । ਅਨਹਦ ਸ਼ਬਦ ਮਾਰੇ ਸੱਟ, ਤਾਲ ਤਲਵਾੜਾ ਆਪ ਵਜਾਇੰਦਾ । ਭਾਗ ਲਗਾਏ ਕਾਇਆ ਮਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਚੌਦਾਂ ਲੋਕ ਵਖਾਏ ਏਕਾ ਹੱਟ, ਆਪ ਆਪਣਾ ਦਰ ਖੁਲ੍ਹਾਇੰਦਾ । ਦੂਈ ਦਵੈਤੀ ਮੇਟੇ ਫਟ, ਏਕਾ ਰੰਗ ਰੰਗਾਇੰਦਾ । ਤਨ ਲਪੇਟੇ ਸਾਚਾ ਪੱਟ, ਸ਼ਬਦ ਪੱਲਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੁਰਖ ਅਕਾਲਾ ਦੀਨ ਦਿਆਲਾ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰਾ ਏਕੰਕਾਰ, ਆਦਿ ਜੁਗਾਦਿ ਸਮਾਇਆ । ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕੀ ਜਾਮਾ ਪਾਇਆ । ਲੱਖ ਚੁਰਾਸੀ ਪਾਵੇ ਸਾਰ, ਭੁੱਲ ਰਹੇ ਨਾ ਰਾਇਆ । ਨੌ ਦਸ ਗਿਆਰਾਂ ਬੀਸ ਤੀਸ ਖੇਲ ਅਪਾਰ, ਚਾਰ ਚਾਰ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲਣਹਾਰਾ ਖੇਲ ਅਪਾਰ, ਆਪ ਆਪਣਾ ਭੇਵ ਖੁਲ੍ਹਾਇਆ । ਭੇਵ ਖੁਲ੍ਹਾਏ ਹਰਿ ਭਗਵੰਤ, ਭੁੱਲ ਰਹੇ ਨਾ ਰਾਈਆ । ਗੁਰਮੁਖ ਉਠਾਏ ਸਾਚੇ ਸੰਤ, ਆਪ ਆਪਣੀ ਬੂਝ ਬੁਝਾਈਆ । ਏਕਾ ਮੇਲ ਮਿਲਾਏ ਨਾਰੀ ਕੰਤ, ਕੰਤ ਕੰਤੂਹਲ ਆਪ ਅਖਵਾਈਆ । ਸੇਜਾ ਸੁਹਾਏ ਫੂਲਣ ਰੁੱਤ ਵਖਾਏ ਇਕ ਬਸੰਤ, ਫੁੱਲ ਫੁਲਵਾੜੀ ਆਪ ਮਹਿਕਾਈਆ । ਭਰਮੇ ਭੁੱਲਾ ਜੀਵ ਜੰਤ, ਹਰਿ ਕਾ ਰੂਪ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਸ੍ਰਿਸ਼ਟ ਸਬਾਈ ਬਖ਼ਸ਼ੇ ਟੇਕ, ਜਨ ਭਗਤਾਂ ਕਰੇ ਬੁੱਧ ਬਿਬੇਕ, ਪਿਛਲੀ ਰੇਖਾ ਦਏ ਮਿਟਾਈਆ । ਪਿਛਲਾ ਲੇਖ ਮਿਟਾਵਣ ਆਇਆ, ਹਰਿ ਸੱਚਾ ਬੇਪਰਵਾਹ । ਸਚ ਮਾਰਗ ਏਕਾ ਲਾਵਣ ਆਇਆ ਸਤਿਜੁਗ ਦੇਵੇ ਸਚ ਸਲਾਹ । ਗੁਰਮੁਖ ਸਾਚੇ ਆਪ ਜਗਾਵਣ ਆਇਆ, ਦੀਵਾ ਘਰ ਘਰ ਦਏ ਟਿਕਾ । ਆਪਣਾ ਸ਼ਬਦ ਆਪ ਪੜ੍ਹਾਵਣ ਆਇਆ, ਅਨਹਦ ਰਾਗ ਦਏ ਸੁਣਾ । ਆਪਣਾ ਅੰਮ੍ਰਿਤ ਆਪ ਪਿਆਵਣ ਆਇਆ, ਗੁਰ ਗੋਬਿੰਦ ਬਣ ਮਲਾਹ । ਸਾਚੇ ਬੇੜੇ ਆਪ ਚੜ੍ਹਾਵਣ ਆਇਆ, ਸਖੀ ਸਰਵਰ ਬੇਪਰਵਾਹ । ਤਖ਼ਤੋਂ ਤਾਜੋਂ ਆਪ ਲਾਹਵਣ ਆਇਆ, ਖ਼ਾਕੀ ਖ਼ਾਕ ਦਏ ਮਿਲਾ, ਸ਼ਾਹ ਸੁਲਤਾਨਾ ਆਪ ਜਗਾਵਣ ਆਇਆ, ਏਕਾ ਢੋਲਾ ਰਿਹਾ ਗਾ । ਹਰਿ ਸੰਗਤ ਮੇਲ ਮਿਲਾਵਣ ਆਇਆ, ਮੇਲ ਮਿਲਾਏ ਭੈਣ ਭਰਾ । ਮਾਵਾਂ ਪੁੱਤਰਾਂ ਰੰਗ ਰੰਗਾਵਣ ਆਇਆ, ਆਪਣੀ ਗੋਦੀ ਲਏ ਉਠਾ । ਜੁਗ ਜੁਗ ਵਿਛੜੇ ਏਕਾ ਘਰ ਬਹਾਵਣ ਆਇਆ, ਸਚਖੰਡ ਦੁਆਰਾ ਏਕਾ ਦਏ ਵਖਾ । ਧੁਰਦਰਗਾਹੀ ਸਚ ਮਲਾਹੀ ਬਣ ਕੇ ਆਇਆ, ਖੇਵਟ ਖੇਟਾ ਆਪਣਾ ਬੇੜਾ ਰਿਹਾ ਚਲਾ । ਗੋਬਿੰਦ ਬੇਟਾ ਪੁਰਖ ਅਕਾਲ ਏਕਾ ਏਕ ਰਲ ਕੇ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪ ਅਖਵਾਇਆ । ਨਰ ਹਰਿ ਨਿਰਵੈਰ, ਏਕਾ ਏਕ ਅਖਵਾਇੰਦਾ । ਕਲਜੁਗ

੩੪੬

ਅੰਤਮ ਵਰਤੇ ਕਹਿਰ, ਨਾ ਕੋਈ ਮੇਟ ਮਿਟਾਇੰਦਾ। ਵੇਖਣਹਾਰਾ ਸਵਾ ਪਹਿਰ, ਸਵਾ ਸੇਰ ਅੰਨ ਆਪਣੇ ਸਿਰ ਉਠਾਇੰਦਾ। ਏਕਾ ਵਕਤ ਨਾ ਕੋਈ ਲਾਏ ਦੇਰ, ਦੂਰ ਦੁਰਾਡਾ ਪੰਧ ਮੁਕਾਇੰਦਾ। ਨੌ ਖੰਡ ਪ੍ਰਿਥਮੀ ਰਿਹਾ ਘੇਰ, ਬ੍ਰਹਮਾ ਵਿਸ਼ਨ ਸ਼ਿਵ ਸਰਬ ਕੁਰਲਾਇੰਦਾ। ਲੇਖਾ ਜਾਣੇ ਅੰਡਜ ਜ਼ੇਰ, ਉਤਭੁਜ ਸੇਤਜ ਫੋਲ ਫੁਲਾਇੰਦਾ। ਜਿਸ ਜਨ ਤਾਰੇ ਪ੍ਰਭ ਸਾਚਾ ਕਰ ਕਰ ਮਿਹਰ, ਅਗਨੀ ਤਤ ਆਪ ਬੁਝਾਇੰਦਾ। ਪ੍ਰਗਟ ਹੋਇਆ ਸਿੰਘ ਸ਼ੇਰ, ਸ਼ੇਰ ਦਲੇਰ ਕੋਇ ਨਾ ਰੋਕ ਰੁਕਾਇੰਦਾ। ਕਲਜੁਗ ਤੇਰਾ ਉਲਟਾ ਗੇੜ ਰਿਹਾ ਗੇੜ, ਲੱਠ ਆਪਣੇ ਹੱਥ ਰਖਾਇੰਦਾ। ਜੀਵ ਜੰਤ ਇਕ ਦੂਜੇ ਨਾਲ ਦੇਵੇ ਭੇੜ, ਪਿਛੇ ਮੁਖ ਨਾ ਕੋਈ ਭੁਆਇੰਦਾ। ਲੱਗੀ ਜੜ੍ਹ ਸਭ ਦੀ ਦਏ ਉਖੇੜ, ਲੋਕਮਾਤ ਨਾ ਕੋਈ ਲਗਾਇੰਦਾ। ਧਰਤ ਮਾਤ ਤੇਰਾ ਖੁਲ੍ਹਾ ਕਰੇ ਵੇਹੜ, ਹੌਲਾ ਭਾਰ ਆਪ ਵਖਾਇੰਦਾ। ਸੰਮਤ ਸਤਾਰਾਂ ਛੇੜਾਂ ਦੇਵੇ ਛੇੜ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ। ਵੀਹ ਸੌ ਬਿਕ੍ਰਮੀ ਦਏ ਨਿਬੇੜਾ ਨਿਬੇੜ, ਆਪ ਆਪਣਾ ਰੰਗ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਰੂਪ ਆਪ ਹੋ ਜਾਇੰਦਾ। ਆਪੇ ਕਾਲ ਆਪੇ ਦਿਆਲ, ਨਿਰਗੁਣ ਸਰਗੁਣ ਰੂਪ ਵਖਾਈਆ। ਚਲੇ ਚਲਾਵੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਵਖਾਈਆ। ਤ੍ਰੈਗੁਣ ਮਾਇਆ ਹੱਥ ਜੰਜਾਲ, ਲੱਖ ਚੁਰਾਸੀ ਲਏ ਫਸਾਈਆ। ਫਲ ਨਾ ਦਿਸੇ ਕਿਸੇ ਡਾਲ੍ਹ, ਚਾਰੋਂ ਕੁੰਟ ਵੇਖ ਵਖਾਈਆ। ਲੇਖਾ ਜਾਣੇ ਹੱਕ ਹਲਾਲ, ਹੱਕ ਹਕੀਕਤ ਬੇਪਰਵਾਹੀਆ। ਲਾਸ਼ਰੀਕ ਜਲਵਾ ਨੂਰੀ ਜਲਵਾ ਜਲਾਲ, ਬੇਐਬ ਨਾਉਂ ਖ਼ੁਦਾਈਆ। ਪ੍ਰਗਟ ਹੋਇਆ ਬਣ ਦਲਾਲ, ਦਿਸ ਕਿਸੇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ। ਬੇਪਰਵਾਹੀ ਅਲਾਹੀ ਨੂਰ, ਐਨਲਹੱਕ ਇਕ ਅਵਾਜ਼ ਲਗਾਇੰਦਾ। ਸਰਬ ਕਲਾ ਆਪੇ ਭਰਪੂਰ, ਸ੍ਰਿਸ਼ਟ ਸਬਾਈ ਰਿਹਾ ਤੱਕ ਦਿਸ ਕਿਸੇ ਨਾ ਆਇੰਦਾ। ਤੋੜਣਹਾਰਾ ਸ਼ਾਹ ਫ਼ਕੀਰਾਂ ਹਕੀਰਾਂ ਗਰੂਰ, ਬੇਨਜ਼ੀਰ ਨਾਉਂ ਧਰਾਇੰਦਾ। ਆਪੇ ਚੋਟੀ ਚੜ੍ਹੇ ਅਖੀਰ, ਆਪੇ ਖ਼ਾਕੀ ਖ਼ਾਕ ਰਮਾਇੰਦਾ। ਆਪੇ ਅੰਮ੍ਰਿਤ ਹੋਵੇ ਠਾਂਡਾ ਸੀਰ, ਆਪੇ ਆਬਹਯਾਤ ਪਿਆਇੰਦਾ। ਆਪੇ ਮੇਟਣਹਾਰਾ ਤਕਦੀਰ, ਤਕਸੀਰ ਤਦਬੀਰ ਆਪਣੇ ਹੱਥ ਰਖਾਇੰਦਾ। ਆਪੇ ਮਾਰਨਹਾਰਾ ਜੰਜੀਰ, ਨਾ ਕੋਈ ਮੇਟ ਮਿਟਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਖੇਲਣਹਾਰਾ ਆਪ ਹੋ ਆਇੰਦਾ। ਖੇਲਣਹਾਰਾ ਆਇਆ ਖੇਲ ਖਿਲਾਰੀ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭੇਵ ਨਾ ਰਾਈਆ। ਜਗੀ ਜੋਤ ਇਕ ਨਿਰੰਕਾਰੀ, ਦਰ ਦਰਵੇਸ਼ ਨਰ ਨਰੇਸ਼ ਬ੍ਰਹਮਾ ਵਿਸ਼ਨ ਸ਼ਿਵ ਭੇਵ ਖੁਲ੍ਹਾਈਆ। ਲੇਖਾ ਜਾਣੇ ਗਣਪਤ ਗਣੇਸ਼, ਭੁੱਲ ਰਹੇ ਨਾ ਰਾਈਆ। ਹਰਿ ਸੰਗਤ ਦੁਆਰੇ ਦਰ ਦਰਵੇਸ਼, ਗਲ ਕਫ਼ਨੀ ਏਕਾ ਪਾਈਆ। ਜਿਉਂ ਨਾਨਕ ਨਿਰਗੁਣ ਮੋਢੇ ਧਰਿਆ ਖੇਸ, ਹੱਥ ਖੂੰਡੀ ਸ੍ਰਿਸ਼ਟ ਸਬਾਈ ਰਿਹਾ ਭੁਲਾਈਆ। ਗੁਰ ਗੋਬਿੰਦ ਸੂਰਾ ਦਸ ਦਸਮੇਸ਼, ਚਾਰੇ ਚਾਰੇ ਗਿਆ ਘੁਮਾਈਆ। ਮਾਤ ਪਿਤਾ ਆਪਣੀ ਅੱਖੀਂ ਲਏ ਵੇਖ, ਹਰਿ ਸੰਗਤ ਤੇਰੀ ਸੇਵਾ ਲਾਈਆ। ਹਰਿ ਕਾ ਕੋਈ ਨਾ ਜਾਣੇ ਭੇਵ, ਭੇਖ ਕਵਣ ਰੂਪ ਵਰਤੇ ਵਿਚ ਸੰਸਾਰ ਬੇਪਰਵਾਹੀਆ। ਕਲਜੁਗ ਅੰਤਮ ਲਿਖਿਆ ਲੇਖ, ਆਪੇ ਦਏ ਮਿਟਾਈਆ। ਭਾਗ ਲਗਾਏ ਮਾਝੇ ਦੇਸ, ਹਰਿ ਮੰਦਰ ਤੇਰੀ ਵਡ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਏਕਾ ਰੰਗ ਰੰਗਾਈਆ। ਰੂਪ ਰੰਗ ਰੇਖ ਭੇਖ ਸਤਿਗੁਰ ਸਾਚਾ ਆਪੇ ਵੇਖ ਵਖਾਇੰਦਾ। ਆਪੇ ਨੌ ਨੌ ਦੁਆਰੇ

ਨਾਚਾ, ਨੌ ਨੌ ਆਪੇ ਮੁਖ ਛੁਪਾਇੰਦਾ । ਆਪੇ ਹਰਿ ਹਰਿ ਹਰ ਹਿਰਦੇ ਵਾਚਾ, ਹਰਿ ਹਰਿ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਅਗੰਮ ਅਪਾਰ, ਪ੍ਰਗਟ ਹੋ ਵਿਚ ਸੰਸਾਰ, ਸਾਗਰ ਸਿੰਧ ਫੋਲ ਫੁਲਾਇੰਦਾ । ਸਾਗਰ ਸਿੰਧ ਡੂੰਘੀ ਗਾਗਰ, ਕਾਇਆ ਮਟ ਆਪ ਵਖਾਈਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਆਪਣੀ ਬੂਝ ਬੁਝਾਈਆ । ਦੇਵੇ ਨਾਮ ਰਤੀ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਈਆ । ਕਲਜੁਗ ਅੰਤਮ ਬਣਿਆ ਹਰਿ ਸੌਦਾਗਰ, ਗੁਰ ਸ਼ਬਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਸੰਗ ਨਿਭਾਈਆ । ਹਰਿ ਸੰਗਤ ਤੇਰਾ ਸਾਚਾ ਸੰਗ, ਹਰਿ ਪੁਰਖ ਨਿਰੰਜਣ ਆਪ ਨਿਭਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ, ਰੰਗ ਮਜੀਠੀ ਇਕ ਵਖਾਇੰਦਾ । ਆਤਮ ਅੰਤਰ ਪਰਮਾਨੰਦ, ਪਰਮ ਪੁਰਖ ਆਪ ਕਰਾਇੰਦਾ । ਮਦਿਰਾ ਮਾਸ ਤਜੌਣਾ ਗੰਦ, ਰਸਨਾ ਜਿਹਵਾ ਨਾ ਕੋਈ ਲਗਾਇੰਦਾ । ਹਰਿ ਕਾ ਨਾਉਂ ਗੌਣਾ ਬੱਤੀ ਦੰਦ, ਅੱਖਰ ਵੱਖਰ ਇਕ ਪੜ੍ਹਾਇੰਦਾ । ਸੋ ਪੁਰਖ ਨਿਰੰਜਣ ਸੁਣਾਏ ਸੁਹਾਗੀ ਛੰਦ, ਹੰ ਬ੍ਰਹਮ ਆਪ ਅਲਾਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਸਤਿਜੁਗ ਸਾਚਾ ਚੜ੍ਹੇ ਚੰਦ, ਸਤਿਗੁਰ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਇਕੀਸਾ ਹਰਿ ਜਗਦੀਸ਼ਾ, ਆਪ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਏ ਹਰਿ ਬਨਵਾਰੀ, ਭੁੱਲ ਰਹੇ ਨਾ ਰਾਈਆ । ਗੁਰਸਿਖ ਸੁਰਤੀ ਰਹੇ ਨਾ ਕੁਆਰੀ, ਗੁਰ ਸ਼ਬਦੀ ਰੰਗ ਰੰਗਾਈਆ । ਦਿਵਸ ਰੈਣ ਕਰੇ ਸ਼ਿੰਗਾਰੀ, ਸੋਲਾਂ ਕਲੀਆਂ ਸਤਿ ਸ਼ਿੰਗਾਰ ਵਖਾਈਆ । ਦੇਵੇ ਨਾਮ ਸ਼ਬਦ ਭੰਡਾਰੀ, ਵਡ ਦਾਤਾ ਬੇਪਰਵਾਹੀਆ । ਹੋਏ ਸਹਾਈ. ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਵੇਖ ਵਖਾਈਆ । ਨੌ ਦੁਆਰ ਪਾਰ ਕਨਾਰੀ, ਜਗਤ ਤ੍ਰਿਸ਼ਨਾ ਮੇਟ ਮਿਟਾਈਆ । ਏਕਾ ਏਕ ਵਖਾਏ ਮਹੱਲ ਅਟਾਰੀ, ਊਚਾ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਦਰ ਘਰ ਸਾਚੇ ਮੇਲ ਮਿਲਾਈਆ । ਸਚਖੰਡ ਦੁਆਰ ਉਚ ਮਹੱਲਾ, ਹਰਿ ਸਾਚਾ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਬੈਠਾ ਇਕ ਇਕੱਲਾ, ਨਾਨਕ ਕਬੀਰਾ ਦਰਸ਼ਨ ਪਾਇੰਦਾ । ਆਪਣਾ ਫੜਾਇਆ ਆਪ ਪੱਲਾ, ਆਪ ਆਪਣਾ ਸੰਗ ਰਖਾਇੰਦਾ । ਸ਼ਬਦ ਸਨੇਹੁੜਾ ਏਕਾ ਘੱਲਾ, ਏਕਾ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣ ਆਇਆ, ਕੂੜੀ ਕਿਰਿਆ ਧਾਰ । ਭੇਖ ਪਖੰਡਾ ਮੇਟਣ ਆਇਆ, ਲੇਖਾ ਜਾਣੇ ਤਤ ਵਿਕਾਰ । ਹਉਮੇ ਹੰਗਤਾ ਗੜ੍ਹ ਤੁੜਾਵਣ ਆਇਆ, ਫੜ ਖੰਡਾ ਨਾਮ ਕਟਾਰ । ਏਕਾ ਦੂਜਾ ਪੰਧ ਮੁਕਾਵਣ ਆਇਆ, ਤੀਜਾ ਨੈਣ ਖੋਲ੍ਹ ਕਿਵਾੜ । ਚੌਥੇ ਪਦ ਆਪ ਬਹਾਵਣ ਆਇਆ, ਮਾਇਆ ਮਮਤਾ ਤੋੜ ਜੰਜਾਲ । ਪੰਚਮ ਸ਼ਬਦ ਆਪ ਸੁਣਾਵਣ ਆਇਆ, ਸਤਵੇਂ ਸਤਿ ਪੁਰਖ ਨਿਰੰਜਣ ਦੀਨ ਦਿਆਲ । ਅੱਠਾਂ ਤੱਤਾਂ ਰੰਗ ਰੰਗਾਵਣ ਆਇਆ, ਨੌ ਦੁਆਰੇ ਘਾਲੇ ਘਾਲ । ਦਸਵੇਂ ਦਸਮ ਦੁਆਰੀ ਜੋਤ ਜਗਾਵਣ ਆਇਆ, ਨਿਰਗੁਣ ਦੀਪਕ ਜੋਤ ਅਕਾਲ । ਗੁਰ ਸ਼ਬਦ ਇਕ ਬਣਾਇਆ, ਲੋਕਮਾਤ ਬਣ ਦਲਾਲ । ਪੰਜ ਤਤ ਨਾ ਗੁਰ ਕੋਇ ਬਣਾਇਆ, ਆਦਿ ਜੁਗਾਦੀ ਹਰਿ ਹਰਿ ਚਾਲ । ਜਿਸ ਜਨ ਅੰਦਰ ਆਪਣਾ ਆਪ ਦਏ ਟਿਕਾਇਆ, ਸਾਚਾ ਦੀਪਕ ਦੇਵੇ ਬਾਲ । ਸਾਧ ਸੰਤ ਗੁਰ ਪੀਰ ਅਵਤਾਰ ਸੋ ਅਖਵਾਇਆ, ਜਿਸ ਲੱਗੀ ਨਿਭੇ ਨਾਲ । ਜਿਸ ਆਪਣਾ ਭੇਵ ਹਰਿ ਆਪ ਖੁਲ੍ਹਾਇਆ,

੩੪੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਸਚ ਸੱਚਾ ਧਨ ਮਾਲ । ਧਨ ਮਾਲ ਖ਼ਜ਼ਾਨਾ ਹਰਿ ਨਿਰੰਕਾਰ, ਜੁਗ ਜੁਗ ਆਪ ਵਰਤਾਇੰਦਾ । ਕਲਜੁਗ ਅੰਤਮ ਬਣ ਦਲਾਲ, ਹਰਿ ਸ਼ਬਦੀ ਨਾਉਂ ਧਰਾਇੰਦਾ । ਗੁਰਮੁਖ ਸਾਚੇ ਰਿਹਾ ਭਾਲ, ਪ੍ਰਿਤਪਾਲਕ ਸੇਵ ਕਮਾਇੰਦਾ । ਜੋ ਜਨ ਘਾਲਣ ਰਹੇ ਘਾਲ, ਲੇਖਾ ਲੇਖੇ ਆਪੇ ਲਾਇੰਦਾ । ਵੇਲੇ ਅੰਤ ਨਾ ਖਾਏ ਕਾਲ, ਜਮ ਕਾ ਦੂਤ ਨਾ ਮੁਖ ਵਖਾਇੰਦਾ । ਸਚਖੰਡ ਬਣਾਏ ਸੱਚੀ ਧਰਮਸਾਲ, ਦਰਗਹਿ ਸਾਚੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਤੇਰੇ ਅੱਗੇ ਆਪ ਆਪਣਾ ਸੀਸ ਧਰ, ਆਪਣੀ ਭੇਟਾ ਆਪ ਚੜ੍ਹਾਇੰਦਾ । ਹਰਿ ਸੰਗਤ ਤੇਰਾ ਉਚ ਦੁਆਰਾ, ਸੋ ਪੁਰਖ ਨਿਰੰਜਣ ਆਪ ਬਣਾਇਆ । ਗੁਰ ਪੀਰ ਅਵਤਾਰ ਆਏ ਤੇਰੇ ਸੇਵਾਦਾਰਾ, ਤੇਰੀ ਸੇਵਾ ਸੇਵ ਕਮਾਇਆ । ਦਰਸ ਦਿਖਾਏ ਅੱਗੇ ਹੋ ਜ਼ਾਹਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਕਲਜੁਗ ਅੰਤਮ ਵਰਤੇ ਕਹਿਰਾ, ਅਗਨੀ ਅਗਨ ਜਲਾਇਆ । ਕਾਲ ਨਾ ਛੱਡੇ ਕਿਸੇ ਦਾ ਖਹਿੜਾ, ਸਿਰ ਸਿਰ ਆਪਣਾ ਡੰਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਪ ਦਏ ਸਮਝਾਇਆ । ਦਿਆਲ ਰੂਪ ਹਰਿ ਬਣ ਕੇ ਆਇਆ, ਗੁਰਸਿਖ ਲਏ ਤਰਾਈਆ । ਕਾਲ ਰੂਪ ਹਰਿ ਬਣ ਕੇ ਆਇਆ, ਮਨਮੁਖਾਂ ਦਏ ਖਪਾਈਆ । ਦਿਆਲ ਰੂਪ ਹਰਿ ਬਣ ਕੇ ਆਇਆ, ਭਗਤਨ ਦਏ ਵਡਿਆਈਆ । ਕਾਲ ਰੂਪ ਹਰਿ ਬਣ ਕੇ ਆਇਆ, ਮਾਇਆ ਮਮਤਾ ਦਏ ਜਲਾਈਆ । ਦਿਆਲ ਰੂਪ ਹਰਿ ਬਣ ਕੇ ਆਇਆ, ਹਰਿ ਸੰਤਾਂ ਲਏ ਉਠਾਈਆ । ਕਾਲ ਰੂਪ ਹਰਿ ਬਣ ਕੇ ਆਇਆ, ਗੁਰਮੁਖ ਆਪਣੇ ਅੰਗ ਲਗਾਈਆ । ਕਾਲ ਰੂਪ ਹਰਿ ਬਣ ਕੇ ਆਇਆ, ਮੂਰਖ ਮੂੜੇ ਮੇਟ ਮਿਟਾਈਆ । ਦਿਆਲ ਰੂਪ ਹਰਿ ਬਣ ਕੇ ਆਇਆ, ਕੂੜੀ ਕਿਰਿਆ ਦਏ ਮਿਟਾਈਆ । ਦੋਹਾਂ ਵਿਚੋਲਾ ਨਿਰਗੁਣ ਆਪਣਾ ਰੂਪ ਧਰ ਕੇ ਆਇਆ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣਿਆ ਬੇਪਰਵਾਹੀਆ । ਦਿਆਲ ਰੂਪ ਹਰਿ ਬਣ ਕੇ ਆਇਆ, ਹਰਿ ਭਗਤਾਂ ਮੇਲ ਮਿਲਾਇੰਦਾ । ਕਾਲ ਰੂਪ ਹਰਿ ਬਣ ਕੇ ਆਇਆ, ਕਾਲ ਨਗਾਰਾ ਇਕ ਵਜਾਇੰਦਾ । ਦਿਆਲ ਰੂਪ ਹਰਿ ਬਣ ਕੇ ਆਇਆ, ਹਰਿ ਸੰਤਾਂ ਨੈਣ ਖੁਲ੍ਹਾਇੰਦਾ । ਕਾਲ ਰੂਪ ਹਰਿ ਬਣ ਕੇ ਆਇਆ, ਧਰਮ ਰਾਏ ਆਪ ਜਗਾਇੰਦਾ । ਦਿਆਲ ਰੂਪ ਹਰਿ ਬਣ ਕੇ ਆਇਆ, ਗੁਰਮੁਖਾਂ ਸ਼ਬਦ ਧੁਨ ਉਪਜਾਇੰਦਾ । ਕਾਲ ਰੂਪ ਹਰਿ ਬਣ ਕੇ ਆਇਆ, ਚਿਤਰ ਗੁਪਤ ਹਿਸਾਬ ਲਿਖਾਇੰਦਾ । ਦਿਆਲ ਰੂਪ ਹਰਿ ਬਣ ਕੇ ਆਇਆ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਕਾਲ ਰੂਪ ਹਰਿ ਬਣ ਕੇ ਆਇਆ, ਲਾੜੀ ਮੌਤ ਸੀਸ ਗੁੰਦਾਇੰਦਾ । ਦੋਹਾਂ ਵਿਚੋਲਾ ਨਿਰਗੁਣ ਰੂਪ ਪੁਰਖ ਅਗੰਮੜਾ ਧਰ ਕੇ ਆਇਆ, ਧੁਰ ਧੁਰਦੀ ਜੋਤ ਜਗਾਇੰਦਾ । ਦਿਆਲ ਰੂਪ ਹਰਿ ਬਣ ਕੇ ਆਇਆ, ਹਰਿ ਸੰਗਤ ਦਏ ਵਡਿਆਈਆ । ਕਾਲ ਰੂਪ ਹਰਿ ਬਣ ਕੇ ਆਇਆ, ਕਾਲ ਕਲੰਦਰ ਰਿਹਾ ਨਚਾਈਆ । ਦਿਆਲ ਰੂਪ ਹਰਿ ਬਣ ਕੇ ਆਇਆ, ਹਰਿ ਸੰਤਨ ਅੰਮ੍ਰਿਤ ਆਤਮ ਜਾਮ ਪਿਆਈਆ । ਕਾਲ ਰੂਪ ਹਰਿ ਬਣ ਕੇ ਆਇਆ, ਕਾਗਦ ਕਲਮ ਨਾਲੇ ਲੇਖਾ ਜਾਣੇ ਛਾਹੀਆ । ਦਿਆਲ ਰੂਪ ਹਰਿ ਬਣ ਕੇ ਆਇਆ, ਗੁਰਸਿਖਾਂ ਆਪਣੀ ਗੋਦ ਬਹਾਈਆ । ਕਾਲ ਰੂਪ ਹਰਿ ਬਣ ਕੇ ਆਇਆ, ਤ੍ਰੈਭਵਨ ਅਵਨ ਗਵਨ ਫੇਰਾ ਪਾਈਆ । ਦਿਆਲ ਰੂਪ ਹਰਿ ਬਣ ਕੇ ਆਇਆ, ਗੁਰਸਿਖ ਗੁਰ ਕੀ ਬਾਣੀ ਆਪ ਸੁਣਾਈਆ । ਕਾਲ ਰੂਪ ਹਰਿ ਬਣ ਕੇ ਆਇਆ, ਕਲਜੁਗ ਜੀਵਾਂ

ਕਾਲ ਹਾਣੀ ਦਏ ਮਿਲਾਈਆ । ਕਾਲ ਦਿਆਲ ਆਪ ਪ੍ਰਭ ਬਣ ਕੇ ਆਇਆ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਖੇਲ ਕਰੇ ਅਗਾਧ ਬੋਧ, ਬੋਧ ਅਗਾਧ ਭੇਵ ਨਾ ਰਾਇਆ । ਹਰਿਜਨ ਹਿਰਦਾ ਆਪੇ ਸੋਧ, ਹਰਿ ਕਾ ਰੂਪ ਦਏ ਦਰਸਾਇਆ । ਮਨਮੁਖਾਂ ਕਰੇ ਮਮਤਾ ਜੋਧ, ਜੋਧਾ ਕਾਮ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸਤਾਰਾਂ ਰਿਹਾ ਵਰ, ਵਾਹਵਾ ਸਤਿਗੁਰ ਨਾਮ ਵਡਿਆਇਆ । ਵਾਹਵਾ ਗੁਰੂ ਸਤਿਗੁਰ, ਸਤਿ ਸਤਿ ਸਤਿ ਵੱਡੀ ਵਡਿਆਈਆ । ਵਾਹਵਾ ਗੁਰੂ ਗੁਰ ਮਤ, ਗੁਰ ਗੋਬਿੰਦ ਗਿਆ ਸਮਝਾਈਆ । ਵਾਹਵਾ ਗੁਰੂ ਗੁਰਮਤ, ਵਡ ਮੰਤਰ ਗਿਆਨ ਪੜ੍ਹਾਈਆ । ਵਾਹਵਾ ਗੁਰੂ ਗੁਰ ਮਤ, ਏਕਾ ਤਤ ਤਤ ਸਮਝਾਈਆ । ਵਾਹਵਾ ਗੁਰੂ ਗੁਰਮਤ, ਕਮਲਾਪਤ ਆਪਣਾ ਕੌਲ ਨਿਭਾਈਆ । ਵਾਹਵਾ ਗੁਰੂ ਗੁਰਮਤ ਸਮਰਥ, ਸਮਰਥ ਪੁਰਖ ਵੱਡੀ ਵਡਿਆਈਆ । ਵਾਹਵਾ ਗੁਰੂ ਗੁਰ ਚਲਾਏ ਰਥ, ਜਗਤ ਜਗਦੀਸ਼ਾ ਆਪਣਾ ਭੇਸ ਵਟਾਈਆ । ਵਾਹਵਾ ਗੁਰੂ ਗੁਰ ਖੇੜਾ ਕਰੇ ਭੱਠ, ਜੋ ਜਨ ਬੈਠੇ ਮੁਖ ਛੁਪਾਈਆ । ਵਾਹਵਾ ਗੁਰੂ ਗੁਰਮਤ, ਹਰਿ ਸੰਗਤ ਕਰੇ ਏਕਾ ਧਾਮ ਅਕੱਠ, ਚਾਰ ਵਰਨਾਂ ਨਾਤਾ ਜੋੜੇ ਭੈਣਾਂ ਭਾਈਆ । ਗੁਰਸਿਖ ਸਗਲ ਵਿਸੂਰੇ ਜਾਇਣ ਲੱਥ, ਸਤਿਗੁਰ ਪੂਰੇ ਦਰਸ਼ਨ ਪਾਈਆ । ਮਨਮੁੱਖ ਦਰ ਤੋਂ ਜਾਇਣ ਨੱਠ, ਜਨਮ ਕਰਮ ਟਿਕਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਮ ਕਰਮ ਲੇਖਾ ਦਏ ਜਣਾਈਆ । ਜਨਮ ਕਰਮ ਹੱਥ ਕਰਤਾਰ, ਲੇਖਾ ਲਿਖਣਹਾਰ ਦੀਨ ਦਿਆਲਿਆ । ਘਟ ਘਟ ਭਾਂਡੇ ਲਏ ਉਸਾਰ, ਜੋਤੀ ਦੇਵੇ ਨੂਰ ਉਜਾਲਿਆ । ਮਨ ਮਤ ਬੁੱਧ ਦੇਵੇ ਡਾਰ, ਅਗਨੀ ਤਤ ਤਤ ਵਖਾ ਲਿਆ । ਨਾਲ ਰਲਾਏ ਪੰਜ ਵਿਕਾਰ, ਕਾਮ ਕਰੋਧ ਲੋਭ ਮੋਹ ਹੰਕਾਰ ਵਜਾਏ ਤਾਲਿਆ । ਖੇਲੇ ਖੇਲ ਅਗੰਮ ਅਪਾਰ, ਘਰ ਘਰ ਵਿਚ ਆਪ ਸੁਹਾ ਲਿਆ । ਅੰਦਰ ਮੰਦਰ ਨਾਦ ਧੁਨਕਾਰ, ਸ਼ਬਦੀ ਡੰਕ ਆਪ ਵਜਾ ਲਿਆ । ਸੁਣੇ ਸੁਣਾਏ ਸੁਣਨੇਹਾਰ, ਦੂਸਰ ਹੱਥ ਕਿਸੇ ਨਾ ਆ ਲਿਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਭੇਵ ਖੁਲ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਕਰੇ ਪ੍ਰਿਤਪਾਲਿਆ । ਪ੍ਰਿਤਪਾਲਣਹਾਰਾ ਏਕ ਹੈ, ਇਕ ਇਕੱਲਾ ਏਕੰਕਾਰ । ਆਦਿ ਜੁਗਾਦੀ ਸਾਚੀ ਟੇਕ ਹੈ, ਪ੍ਰਭ ਸਾਚਾ ਸਿਰਜਣਹਾਰ । ਜੁਗਾ ਜੁਗੰਤਰ ਰਿਹਾ ਵੇਖ ਹੈ, ਜੰਮੇ ਮਰੇ ਨਾ ਵਿਚ ਸੰਸਾਰ । ਆਪੇ ਜਾਣੇ ਆਪਣਾ ਭੇਖ ਹੈ, ਦੂਜਾ ਲਿਖੇ ਨਾ ਕੋਈ ਲਿਖਾਰ । ਹਰਿ ਭਗਤਾਂ ਮੇਲਾ ਰਹੇ ਹਮੇਸ਼ ਹੈ, ਮੇਲ ਮਿਲਾਏ ਆਪ ਕਰਤਾਰ । ਆਤਮ ਜੋਤੀ ਕਰ ਪਰਵੇਸ਼ ਹੈ, ਪਰਮ ਪੁਰਖ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਲਏ ਅਵਤਾਰ । ਲੋਕਮਾਤ ਅਵਤਾਰਾ ਹਰਿ ਨਿਰੰਕਾਰਾ, ਆਪਣਾ ਭੇਖ ਵਟਾਇੰਦਾ । ਨਿਰਗੁਣ ਸਰਗਣ ਰੱਖੇ ਧਾਰਾ, ਦੋਵੇਂ ਰੂਪ ਜਣਾਇੰਦਾ । ਤੀਜਾ ਸ਼ਬਦ ਅਗੰਮ ਅਪਾਰਾ, ਆਪਣਾ ਨਾਦ ਵਜਾਇੰਦਾ । ਚੌਥਾ ਪਦ ਉਚ ਮੁਨਾਰਾ, ਜਗਤ ਨੇਤਰ ਦਿਸ ਨਾ ਆਇੰਦਾ । ਪੰਚਮ ਸ਼ਬਦ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਜਨ ਭਗਤਾਂ ਕੱਟੇ ਲੱਖ ਚੁਰਾਸੀ ਆਵਣ ਜਾਵਣ ਗੇੜਾ ਦੁੱਖ ਜਗਤ ਨਿਵਾਰਾ, ਹਰਿ ਹਰਿ ਸਾਚਾ ਦਇਆ ਕਮਾਇੰਦਾ । ਪਾਰਸ ਪਰਸ ਕੰਚਨ ਲੋਹਾ ਸੋਨਾ ਉਤਰਿਆ ਪਾਰਾ, ਸਚ ਘਸਵਟੀ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਇਕ ਵਖਾਏ ਪਦ ਨਿਰਬਾਣ, ਸ਼ਬਦ ਉਡਾਏ ਸਚ ਬਿਬਾਨ, ਲੇਖਾ

ਜਾਣੇ ਦੋ ਜਹਾਨ, ਆਪਣਾ ਪੰਧ ਆਪ ਮੁਕਾਇੰਦਾ । ਹਰਿ ਸਾਚੇ ਪੰਧ ਮੁਕਾਵਨਾ, ਜੋ ਜਨ ਆਏ ਸਰਨਾਈਆ । ਸਚਖੰਡ ਦੁਆਰਾ ਇਕ ਵਖਾਵਣਾ, ਘਰ ਸਾਚੇ ਵੱਜੇ ਵਧਾਈਆ । ਆਪ ਆਪਣਾ ਮੇਲ ਮਿਲਾਵਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਜੋਤੀ ਜੋਤ ਜੋਤ ਰਲਾਵਣਾ, ਜੋਤੀ ਜੋਤ ਜੋਤ ਸਮਾਈਆ । ਪੰਚ ਤਤ ਨਾ ਕੋਈ ਵਖਾਵਣਾ, ਰੂਪ ਰੰਗ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਰਬ ਜੀਆਂ ਦਾ ਏਕਾ ਦਾਤਾ, ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਦੂਸਰ ਦਰ ਨਾ ਕੋਈ ਜਣਾਈਆ । ਸਰਬ ਜੀਆਂ ਪ੍ਰਭ ਦੇਵੇ ਦਾਨ, ਸਾਚੀ ਵਸਤ ਇਕ ਵਰਤਾਇੰਦਾ । ਸਰਬ ਜੀਆਂ ਇਕ ਭਗਵਾਨ, ਏਕਾ ਰਾਮ ਵਖਾਇੰਦਾ । ਸਰਬ ਜੀਆਂ ਏਕਾ ਕਾਹਨ, ਏਕਾ ਬੰਸਰੀ ਨਾਮ ਵਜਾਇੰਦਾ । ਸਰਬ ਜੀਆਂ ਇਕ ਨਿਸ਼ਾਨ, ਏਕਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ । ਬ੍ਰਹਮ ਬ੍ਰਹਿਮਾਦਿ ਹਰਿ ਵੇਖ ਵਖਾਇਆ, ਭੇਵ ਅਭੇਦਾ ਭੇਵ ਅਪਾਰਿਆ । ਸ਼ਬਦ ਅਨਾਦੀ ਨਾਦ ਵਜਾਇਆ, ਨਾਮ ਤਰਾਨਾ ਇਕ ਅਪਾਰਿਆ । ਬੋਧ ਅਗਾਧੀ ਰਾਗ ਸੁਣਾਇਆ, ਸਾਚਾ ਸੋਹਲਾ ਆਪੇ ਗਾ ਲਿਆ । ਹੰਸ ਕਾਗੀ ਡਾਰ ਰਲਾਇਆ, ਕਾਗ ਹੰਸਾ ਰੂਪ ਵਟਾ ਲਿਆ । ਸਾਰਿੰਗ ਧਰ ਆਪ ਅਖਵਾਇਆ, ਸਹਿਜ ਧੁਨ ਧੁਨ ਸਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤਖ਼ਤ ਤਾਜ ਵੇਖ ਵਖਾ ਲਿਆ । ਲੇਖਾ ਲਿਖਣਹਾਰ ਇਕ, ਏਕਾ ਏਕ ਏਕੰਕਾਰਿਆ । ਤ੍ਰੈ ਤ੍ਰੈਗੁਣ ਮੰਗਣਹਾਰ ਭਿਖ, ਕੋਟਨ ਕੋਟ ਖੜੇ ਦਵਾਰਿਆ । ਸ਼ਬਦੀ ਸਿਖਿਆ ਲੈਣ ਸਿੱਖ, ਆਪ ਸੁਣਾਏ ਸੁਣਾਵਣ ਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਭੰਡਾਰਾ ਆਪ ਵਰਤਾ ਰਿਹਾ । ਲੇਖਾ ਲਿਖਣਹਾਰ ਲੇਖ, ਏਕਾ ਏਕ ਰੰਗ ਸਮਾਇਆ । ਆਦਿ ਜੁਗਾਦੀ ਸਾਚੀ ਰੀਤ ਏਕ, ਹਰਿ ਸਤਿਗੁਰ ਆਪ ਚਲਾਇਆ । ਆਪੇ ਸਭ ਨੂੰ ਰਿਹਾ ਵੇਖ, ਵੇਖਣਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕ ਇਕ ਵਡਿਆਇਆ । ਏਕਾ ਘਰ ਇਕ ਮਕਾਨਾ, ਏਕਾ ਸੋਭਾ ਪਾਇੰਦਾ । ਏਕਾ ਸ਼ਬਦ ਇਕ ਬਿਬਾਨਾ, ਏਕਾ ਸਤਿਗੁਰ ਆਪ ਉਡਾਇੰਦਾ । ਏਕਾ ਪੁਰਖ ਇਕ ਸੁਲਤਾਨਾ, ਏਕਾ ਰਾਜ ਕਮਾਇੰਦਾ । ਏਕਾ ਮਿਹਰਬਾਨ ਮਿਹਰਬਾਨਾ, ਮਿਹਰ ਮਿਹਰ ਵਿਚ ਰਖਾਇੰਦਾ । ਏਕਾ ਸ਼ਬਦ ਰਾਗ ਤਰਾਨਾ, ਗੀਤ ਅਨਾਦੀ ਏਕਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਵੰਡ ਵੰਡਾਇੰਦਾ । ਏਕਾ ਵੰਡ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਰੀ ਕੁੜਮਾਈਆ । ਏਕਾ ਵੰਡ ਬੂੰਦ ਰਕਤ, ਹੱਡ ਮਾਸ ਨਾੜੀ ਜੋੜ ਜੁੜਾਈਆ । ਏਕਾ ਵੰਡ ਮਨ ਮਤ ਬੁੱਧ, ਏਕਾ ਏਕ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਲੇਖੇ ਵਿਚ ਟਿਕਾਈਆ । ਏਕਾ ਵੰਡ ਸ਼ਬਦ ਧੁਨਕਾਰ, ਪੰਚਮ ਧਾਮ ਸੁਹਾਨਿਆ । ਏਕਾ ਰੂਪ ਹਰੀ ਹਰਿ ਹਰਿ ਰਾਮ, ਰਾਮ ਰੂਪ ਸ੍ਰੀ ਭਗਵਾਨਿਆਂ । ਏਕਾ ਅੰਮ੍ਰਿਤ ਜਾਮ, ਸਾਚਾ ਪਿਆਵਣਹਾਰ, ਇਕ ਅਖਵਾਨਿਆ । ਏਕਾ ਧਾਰੇ ਰੂਪ ਬਾਵਨਾ ਬਾਣ, ਬਲ ਬਲ ਆਪਣਾ ਬਲ ਜਣਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਾਹ ਵਖਾਨਿਆ । ਏਕਾ ਮਾਰਗ ਸਾਚਾ ਦੱਸ, ਪੰਚਮ ਮੇਲ ਮਿਲਾਇਆ । ਸਤਿਗੁਰ ਸਾਚਾ ਹਿਰਦੇ ਅੰਦਰ ਵਸ, ਆਪ ਆਪਣਾ ਲੇਖਾ ਦਏ ਜਣਾਈਆ । ਤੀਰ ਨਿਰਾਲਾ ਮਾਰੇ ਕਸ, ਬਜ਼ਰ ਕਪਾਟੀ

ਤੋੜ ਤੁੜਾਇਆ । ਤ੍ਰੈਗੁਣ ਮਾਇਆ ਨਾ ਸਕੇ ਡੱਸ, ਮੋਹ ਮਾਇਆ ਨੇੜ ਨਾ ਆਇਆ । ਆਤਮ ਦੇਵੇ ਸਾਚਾ ਰਸ, ਰਸ ਰਸੀਆ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਜੋਤ ਕਰੇ ਰੁਸ਼ਨਾਇਆ । ਪੰਚਮ ਜੋਤ ਜਾਏ ਜਗ, ਸਤਿਗੁਰ ਪੂਰਾ ਆਪ ਜਗਾਇੰਦਾ । ਹੰਸ ਬਣਾਏ ਫੜ ਫੜ ਕੱਗ, ਸੋਹੰ ਮੋਤੀ ਚੋਗ ਚੁਗਾਇੰਦਾ । ਦਰਸ ਦਖਾਏ ਉਪਰ ਸ਼ਾਹ ਰਗ, ਘਰ ਘਰ ਵਿਚ ਮੇਲ ਮਿਲਾਇੰਦਾ । ਕਲਜੁਗ ਬੁਝਾਏ ਲੱਗੀ ਅੱਗ, ਆਪ ਆਪਣੀ ਦਇਆ ਕਮਾਇੰਦਾ । ਪੰਚਮ ਮੁਖੀ ਤਾਜ ਗੁਰਸਿਖ ਹੀਰੇ ਜੜੇ ਵਿਚ ਨਗ, ਚਮਕ ਚਮਕ ਵਿਚ ਟਿਕਾਇੰਦਾ । ਲੋਕਮਾਤ ਦੀਪਕ ਜਾਏ ਜਗ, ਸਤਿਗੁਰ ਸਾਚਾ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਰਖਾਇੰਦਾ । ਹੀਰੇ ਮਾਣਕ ਮਾਣਕ ਮੋਤੀ, ਗੁਰਸਿਖ ਵਡ ਵਡਿਆਈਆ । ਲੋਕਮਾਤ ਜਗਦੀ ਰਹੇ ਜੋਤੀ, ਜਾਗਰਤ ਜੋਤ ਆਪ ਜਗਾਈਆ । ਪਹਿਲੀ ਚੇਤਰ ਨਾਤਾ ਤੁਟਿਆ ਵਰਨ ਗੋਤੀ, ਵਰਨ ਗੋਤ ਨਾ ਕੋਈ ਰਖਾਈਆ । ਹਰਿ ਸੰਗਤ ਆਤਮ ਉਠਾਈ ਸੋਤੀ, ਗੂੜ੍ਹੀ ਨੀਂਦ ਨਾ ਕੋਈ ਸੁਆਈਆ । ਵਿਚੋਂ ਵਾਸਨਾ ਕੱਢੇ ਖੋਟੀ, ਕੋਟਨ ਕੋਟ ਪਾਪ ਮੁਕਾਈਆ । ਆਪੇ ਅੰਦਰ ਵੜ ਕੇ ਵੇਖੇ ਚੋਟੀ, ਔਂਦਾ ਜਾਂਦਾ ਦਿਸ ਨਾ ਆਈਆ । ਰਸਨਾ ਖਾਏ ਨਾ ਕੋਈ ਮਾਸ ਬੋਟੀ, ਬੋਟੀ ਬੋਟੀ ਨਾ ਕੋਈ ਕਟਾਈਆ । ਸਿੰਘ ਕਰਮ ਦਰਸ ਦਰਸ ਮੰਗਦਾ ਗਿਆ ਮਰਦਾਨ ਹੋਤੀ, ਪ੍ਰਭ ਅੰਤਮ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਾਜ ਆਪਣਾ ਨਗ ਆਪ ਬਣਾਈਆ । ਸੰਤ ਪੁਕਾਰਨ ਆਦਿ ਜੁਗਾਦਿ, ਹਰਿ ਅੰਤਰ ਇਕ ਲਿਵ ਲਾਈਆ । ਪੁਰਖ ਅਬਿਨਾਸ਼ੀ ਦੇਵਣਹਾਰਾ ਵਰ, ਏਕਾ ਵਸਤ ਦਸਤ ਫੜਾਈਆ । ਜਗਤ ਵਜਾਏ ਆਪਣਾ ਨਾਦ, ਤ੍ਰੈਗੁਣ ਵਿਚ ਕਦੇ ਨਾ ਆਈਆ । ਹਰਿ ਭਗਤਾਂ ਸੁਣੇ ਸਦ ਫਰਿਯਾਦ, ਜੋ ਰਹੇ ਜਗਤ ਬਿਲਲਾਈਆ । ਪੁਰਖ ਅਬਿਨਾਸ਼ੀ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲਖ਼ਮੀ ਨਰਾਇਣ ਨੈਨਣ ਨੈਣ ਨੈਣ ਵਖਾਈਆ । ਏਕਾ ਜਾਣੇ ਬੋਧ ਅਗਾਧ, ਅਗੰਮ ਅਗੰਮੜੀ ਕਰੇ ਪੜ੍ਹਾਈਆ । ਹਰਿਜਨ ਸਾਚੇ ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੀ ਗੋਦ ਬਹਾਈਆ । ਸਚਖੰਡ ਕਰੇ ਲਾਡ, ਬ੍ਰਹਮ ਪਿਆਲਾ ਜਾਮ ਪਿਆਈਆ । ਤਿੰਨਾਂ ਲੋਕਾਂ ਪਾਰ ਕਰਾਏ ਪੰਧ ਮੁਕਾਏ ਪਿਛਲੀ ਹਾਦ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਣਕ ਮੋਤੀ ਆਪ ਚਮਕਾਈਆ । ਗੁਰਸਿਖ ਚਮਕਿਆ ਵਿਚ ਸੰਸਾਰਾ, ਹਰਿ ਸਤਿਗੁਰ ਆਪ ਚਮਕਾਇਆ । ਜਿਉਂ ਨਾਨਕ ਅੰਗਦ ਕਰਿਆ ਪਿਆਰਾ, ਆਪ ਆਪਣੇ ਅੰਗ ਲਗਾਇਆ । ਜਿਉਂ ਅੰਗਦ ਅਮਰਦਾਸ ਦਏ ਸਹਾਰਾ, ਦਰ ਆਪਣਾ ਇਕ ਬੁਝਾਇਆ । ਜਿਉਂ ਅਮਰਦਾਸ ਰਾਮਦਾਸ ਕਰੇ ਉਜਿਆਰਾ, ਘਰ ਮੰਦਰ ਜੋਤ ਜਗਾਇਆ । ਜਿਉਂ ਰਾਮਦਾਸ ਗੁਰ ਭਰੇ ਭੰਡਾਰਾ, ਗੁਰ ਅਰਜਨ ਸ਼ਬਦ ਸੁਣਾਇਆ । ਗੁਰ ਅਰਜਨ ਸਤਿਗੁਰ ਬਣ ਲਿਖਾਰਾ, ਗੁਰੂ ਗ੍ਰੰਥ ਗਿਆ ਲਿਖਾਇਆ । ਗੁਰੂ ਗ੍ਰੰਥ ਸੋਹੇ ਸਚ ਦਵਾਰਾ, ਹਰਿ ਮੰਦਰ ਹਰਿ ਜੂ ਹਰਿ ਹਰਿ ਡੇਰਾ ਲਾਇਆ । ਕੂੜ ਕੁੜਿਆਰਾ ਨਾ ਵੜੇ ਅੰਦਰ, ਜਿਸ ਜਨ ਸਤਿਗੁਰ ਦਰਸ਼ਨ ਪਾਇਆ । ਕਲਜੁਗ ਜੀਵ ਹੋਏ ਬੰਦਰ, ਗੁਰ ਕਾ ਸ਼ਬਦ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਇਕ ਵਡਿਆਈਆ । ਸਤਿਗੁਰ ਪੂਰਾ ਏਕ ਹੈ, ਗੁਰਮੁਖਾਂ ਆਪ ਲਏ ਮਿਲਾਏ । ਸਤਿਗੁਰ ਪੂਰਾ ਏਕ ਹੈ, ਗੁਰਸਿਖ ਲਏ ਮਿਲਾਏ । ਹਰਿ ਗੋਬਿੰਦ ਰੱਖੀ ਟੇਕ ਹੈ, ਹਰਿ ਰਾਏ ਲਏ ਤਰਾਏ । ਹਰਿ ਹਰਿ ਰਾਏ ਹਰਿ ਹਰਿ ਲਏ ਵੇਖ

੩੫੨

੩੫੩

ਹੈ, ਹਰਿ ਕ੍ਰਿਸ਼ਨਾ ਲਏ ਜਗਾਏ । ਹਰਿ ਕ੍ਰਿਸ਼ਨਾ ਕਰਿਆ ਭੇਖ ਹੈ, ਬਾਬਾ ਲੇਖਾ ਦਏ ਛੁਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਏ ਵਡਿਆਏ । ਸਤਿਗੁਰ ਪੂਰਾ ਇਕ ਰਘੁਨਾਥ, ਹਰਿ ਸਤਿਗੁਰ ਦਏ ਵਡਿਆਈਆ । ਅਬਿਨਾਸ਼ੀ ਕਰਤਾ ਰਹੇ ਸਾਥ, ਆਪ ਆਪਣਾ ਸਾਥ ਨਿਭਾਈਆ । ਖੇਲੇ ਖੇਲ ਪੁਰਖ ਪੁਰਖੋਤਮ ਪੁਰਖ ਸਮਰਥ, ਹੱਥ ਸਮਰਥ ਵਡਿਆਈਆ । ਏਕਾ ਜੋਤ ਗੋਬਿੰਦ ਅੰਦਰ ਰੱਖ, ਗੋਬਿੰਦ ਗੋਬਿੰਦ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਮੰਗ ਮੰਗਾਈਆ । ਏਕਾ ਇਕੀ ਸਾਚੀ ਸਿਖਿਆ ਸਤਿਗੁਰ ਭਾਈਆ । ਪੁਰਖ ਅਬਿਨਾਸ਼ੀ ਲੇਖਾ ਲਿਖਿਆ, ਕਲਜੁਗ ਅੰਤਮ ਦਏ ਵਡਿਆਈਆ । ਸ੍ਰਿਸ਼ਟ ਸਬਾਈ ਦਿਸੇ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਮਾਇਆ ਪੀਸਣ ਪੀਸਾ, ਤ੍ਰੈਗੁਣ ਮਾਇਆ ਚੱਕੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸਾਚੀ ਇਕੀ ਏਕੰਕਾਰ, ਇਕ ਇਕੱਲਾ ਆਪ ਉਪਾਇੰਦਾ । ਸੱਤ ਰੰਗ ਨਿਸ਼ਾਨਾ ਅਪਰ ਅਪਾਰ, ਤਿੰਨਾਂ ਲੋਕਾਂ ਆਪ ਵਖਾਇੰਦਾ । ਸਤਿ ਸਤਿਵਾਦੀ ਸਾਚੀ ਧਾਰ, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਸਤਿ ਸਤਿਵਾਦੀ ਬੋਲ ਜੈਕਾਰ, ਸਚ ਢੋਲੇ ਸ਼ਬਦ ਸੁਣਾਇੰਦਾ । ਚੌਦਾਂ ਲੋਕ ਇਕ ਅਖਾੜ, ਚੌਦਾਂ ਚੌਦਾਂ ਹੁਕਮ ਸੁਣਾਇੰਦਾ । ਚੌਦਾਂ ਸਿਖਾਂ ਚੌਦਾਂ ਲੋਕਾਂ ਚੌਦਾਂ ਤਬਕਾਂ ਅੰਦਰ ਦੇਵੇ ਵਾੜ, ਆਪ ਆਪਣਾ ਹੁਕਮ ਸੁਣਾਇੰਦਾ । ਪੰਚ ਪਿਆਰੇ ਕਰ ਪਿਆਰ, ਇਕ ਸੁਹਾਏ ਬੰਕ ਦਵਾਰ, ਸਾਚਾ ਧਾਮ ਆਪ ਸੁਹਾਇੰਦਾ । ਇਕੀ ਸਿਖ ਏਕਾ ਰੂਪ ਵਖਾਏ ਏਕਾ ਸੁੱਤ ਬਣਾਏ ਏਕਾ ਲਾਲ, ਆਪਣਾ ਨਾਮ ਜਪਾਇੰਦਾ । ਏਕਾ ਘਾਲਣ ਗਏ ਘਾਲ, ਘਾਲੀ ਘਾਲ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮਾਣਕ ਮਣੀਆਂ ਆਪ ਬਣਾਇੰਦਾ । ਮਾਣਕ ਮਣੀਆ ਪਾਏ ਮੁਲ, ਕਰਤਾ ਕੀਮਤ ਆਪ ਚੁਕਾਈਆ । ਵੀਹ ਸੌ ਸੋਲਾਂ ਬਿਕ੍ਰਮੀ ਸਾਚੇ ਕੰਡੇ ਗਏ ਤੁਲ, ਸਤਿਗੁਰ ਪੂਰਾ ਆਪ ਤੁਲਾਈਆ । ਭਾਗ ਲਗਾਏ ਆਪਣੀ ਕੁੱਲ, ਇਕੀ ਕੁਲਾਂ ਮਾਤ ਤਰਾਈਆ । ਜਿਸ ਜਨ ਰਸਨਾ ਗਾਇਆ ਸੋਹੰ ਭੁੱਲ, ਭੁੱਲਿਆਂ ਰੁਲਿਆਂ ਲੇਖੇ ਲਏ ਲਗਾਈਆ । ਕਰੋੜ ਤੇਤੀਸਾ ਬਰਖ਼ੇ ਫੁੱਲ, ਸੁਰਪਤ ਰਾਜਾ ਇੰਦ ਸੇਵ ਕਮਾਈਆ । ਜਿਸ ਜਨ ਏਕਾ ਅੱਖਰ ਏਕਾ ਵਾਰ ਗਾਇਆ ਬੁੱਲ੍ਹ, ਏਕਾ ਏਕ ਦਏ ਮਿਲਾਈਆ । ਅੰਮ੍ਰਿਤ ਆਤਮ ਨਾ ਗਿਆ ਡੁੱਲ, ਜੋ ਹਰਿ ਹਿਰਦੇ ਵਿਚ ਵਸਾਈਆ । ਮਾਨਸ ਜਨਮ ਨਾ ਗਿਆ ਰੁਲ, ਹੀਰਾ ਸਾਚੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਆਪਣਾ ਸੀਸ ਤਾਜ ਬਣਾਈਆ । ਗੁਰਸਿਖ ਬਣਿਆ ਸੀਸ ਤਾਜ, ਹਰਿ ਸੰਗਤ ਜੜਤ ਜੜਾਇਆ । ਪੁਰਖ ਅਬਿਨਾਸ਼ੀ ਸਾਜਣ ਸਾਜ, ਲੋਕਮਾਤ ਮੇਲ ਮਿਲਾਇਆ । ਬਣ ਕੇ ਆਇਆ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਲਏ ਉਠਾਇਆ । ਸਤਿ ਚਲਾਏ ਸਚ ਜਹਾਜ਼, ਸਤਿਜੁਗ ਸਾਚਾ ਰਾਹ ਵਖਾਇਆ । ਕਲਜੁਗ ਕੂੜ ਕੁੜਿਆਰਾ ਰਿਹਾ ਨਾਚ, ਨਟੂਆ ਨੱਟ ਸਵਾਂਗੀ ਸਵਾਂਗ ਵਖਾਇਆ । ਚਾਰੋਂ ਕੁੰਟ ਲੱਗੀ ਆਂਚ, ਅੱਗਨੀ ਅੱਗ ਰਹੀ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਦੇਵੇ ਸਾਚਾ ਵਰ, ਘਰ ਘਰ ਦੇਵੇ ਦਰਸ ਦਿਖਾਇਆ । ਘਰ ਘਰ ਦਰਸ਼ਨ ਦਿਖਾਵਣਾ, ਹਰਿ ਸੰਗਤ ਹਰਿ ਹਰਿ ਯਾਦ । ਰਾਤੀਂ ਸੁੱਤਿਆਂ ਆਪ ਉਠਾਵਣਾ, ਫੜ ਬਾਹੋਂ ਸੁਣੇ ਫਰਿਯਾਦ । ਰੋਗ ਸੋਗ ਸਰਬ ਮਿਟਾਵਣਾ, ਦੇਵੇ ਨਾਮ ਸਾਚੀ ਦਾਦ । ਏਕਾ ਮੰਦਰ ਆਪ ਸੁਹਾਵਣਾ, ਸ਼ਬਦ ਜਣਾਈ ਬੋਧ ਅਗਾਧ । ਸਾਚੀ

ਸਖੀਆਂ ਮੰਗਲ ਗਾਵਣਾ, ਮੇਲ ਮਿਲਾਵਾ ਮੋਹਣ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਲਾਧ । ਹਰਿਜਨ ਸਾਚਾ ਲਾਧਿਆ, ਕਰ ਕਿਰਪਾ ਆਪ ਕਰਤਾਰ । ਗੁਰਸਿਖ ਆਤਮ ਮਧ ਸਦਾ ਮਧਿਆ, ਦਿਵਸ ਰੈਣ ਰਹੇ ਖੁਮਾਰ । ਵੱਜੇ ਨਾਦੀ ਨਾਦ ਨਦਿਆ, ਦਿਵਸ ਰੈਣ ਧੁਨਕਾਰ । ਸਚ ਦੁਆਰੇ ਸਤਿਗੁਰ ਸੱਦਿਆ, ਆਪ ਆਪਣਾ ਕਰ ਪਿਆਰ । ਸ੍ਰਿਸ਼ਟ ਸਬਾਈ ਨਾਤਾ ਛੱਡਿਆ, ਜਿਸ ਮਿਲਿਆ ਗੁਰ ਕਰਤਾਰ । ਪੰਚ ਵਿਕਾਰਾ ਵਿਚੋਂ ਕੱਢਿਆ, ਦੂਈ ਦਵੈਤੀ ਦੇਵੇ ਮਾਰ । ਕਰੇ ਪਰਕਾਸ਼ ਅੰਧੇਰੀ ਖੱਡਿਆ, ਨਿਰਮਲ ਜੋਤ ਹੋਏ ਉਜਿਆਰ । ਘਰ ਸਾਚੇ ਲਡਾਏ ਲਡਿਆ, ਮਾਤ ਪਿਤ ਜਿਉਂ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਬਖ਼ਸ਼ੇ ਅੰਮ੍ਰਿਤ ਧਾਰ । ਅੰਮ੍ਰਿਤ ਧਾਰ ਅਨੂਠਾ ਰਸ, ਹਰਿ ਸੰਗਤ ਜਾਮ ਪਿਆਈਆ । ਸਤਿਗੁਰ ਪੂਰਾ ਦੇਵੇ ਹੱਸ ਹੱਸ, ਲੋਕਮਾਤ ਵੇਸ ਵਟਾਈਆ । ਹਿਰਦੇ ਅੰਦਰ ਵਸ ਵਸ, ਮਨਮਤ ਦਏ ਗਵਾਈਆ । ਸ਼ਬਦੀ ਮਾਰੇ ਤੀਰ ਕਸ, ਅਨਿਆਲਾ ਤੀਰ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਜਸ ਹਰਿ ਸੰਗਤ ਰਿਹਾ ਗਾਈਆ । ਹਰਿ ਸੰਗਤ ਤੇਰਾ ਜਸ ਹਰਿ ਹਰਿ ਗਾਵਣਾ, ਬ੍ਰਹਮ ਮਤ ਇਕ ਵਿਚਾਰ । ਗੁਰ ਕਾ ਸ਼ਬਦ ਨਾ ਕਿਸੇ ਭੁਲਾਵਣਾ, ਸਤਿਜੁਗ ਸੁਣ ਸ਼ਬਦ ਜੈਕਾਰ । ਘਰ ਮੰਦਰ ਬਹਿ ਬਹਿ ਗਾਵਣਾ, ਮਿਲੇ ਮੇਲ ਪੁਰਖ ਕਰਤਾਰ । ਮੰਦਰ ਮਸਜਿਦ ਮੱਠ ਸ਼ਿਵਦੁਆਲਾ ਏਕਾ ਰੰਗ ਰੰਗਾਵਣਾ, ਏਕਾ ਰੰਗ ਰੰਗੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਾਚੀ ਜਾਏ ਤਾਰ । ਤਾਰਨਹਾਰਾ ਦੀਨ ਕੇ ਨਾਥ, ਦੀਨਾਂ ਨਾਥ ਦਇਆ ਕਮਾਇੰਦਾ । ਲਹਿਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਨਾਤਾ ਤੁੱਟੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਿਦਾਸ ਚੁਮਾਰਾ ਲੇਖ ਲਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਭਗੌਤੀ ਇਕ ਚਮਕਾਇੰਦਾ । ਸ਼ਬਦ ਭਗੌਤੀ ਭਗਵਨ ਧਾਰ, ਆਦਿ ਸ਼ਕਤ ਰਹੀ ਸ਼ਰਮਾਈਆ । ਜੋਤ ਜਵਾਲਾ ਪਾਣੀ ਭਰਨਹਾਰ, ਪਵਣੀ ਸੇਵ ਕਮਾਈਆ । ਪੁਰਖ ਅਕਾਲਾ ਹੋਏ ਸਹਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਨਾਮ ਸੁਣਾਈਆ । ਨਰ ਹਰਿ ਨਰਾਇਣ ਹਰਿ ਬਨਵਾਰੀ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਨਿਰਗੁਣ ਜੋਤ ਕਰ ਉਜਿਆਰੀ, ਨੂਰੋ ਨੂਰ ਡਗਮਗਾਇੰਦਾ । ਸ਼ਬਦ ਨਾਦ ਬ੍ਰਹਿਮਾਦਿ ਸੁਣਾਏ ਵਡ ਸੰਸਾਰੀ, ਸਚ ਸਾਚਾ ਹੁਕਮ ਅਲਾਇੰਦਾ । ਹਰਿ ਸੰਗਤ ਹਰਿ ਹਰਿ ਕਰ ਪਿਆਰੀ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੀਸ ਰੱਖਿਆ ਹਰਿ ਸੰਗਤ ਤਾਜ, ਵੇਲੇ ਅੰਤਮ ਰੱਖੇ ਲਾਜ, ਲਾਜਾਵੰਤ ਆਪ ਹੋ ਜਾਇੰਦਾ ।

ਸੋ ਪੁਰਖ ਨਿਰੰਜਣ ਆਦਿ ਅੰਤ, ਆਪਣੀ ਰਚਨਾ ਆਪ ਰਚਾਇੰਦਾ । ਹਰਿ ਪੁਰਖ ਨਿਰੰਜਣ ਬਣਾਏ ਬਣਤ , ਦੂਸਰ ਸੰਗ ਨਾ ਕੋਈ ਰਖਾਇੰਦਾ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਵਖਾਇੰਦਾ । ਆਦਿ ਨਿਰੰਜਣ ਸੋਭਾਵੰਤ, ਜੋਤ ਉਜਾਲਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨਾਰੀ ਕੰਤ, ਸਾਚਾ ਮੇਲ ਆਪਣਾ ਆਪ ਮਿਲਾਇੰਦਾ । ਸ੍ਰੀ ਭਗਵਾਨ ਧਾਮ ਸੁਹੰਤ, ਸਚਖੰਡ ਦੁਆਰਾ ਆਪ ਵਡਿਆਇੰਦਾ । ਪਾਰਬ੍ਰਹਮ ਪ੍ਰਭ

੩੫੪

ਆਪੇ ਹੋਏ ਮੰਗਤ, ਆਪਣੀ ਭਿਛਿਆ ਆਪ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਸੁਹਾਇੰਦਾ । ਥਿਰ ਘਰ ਸਾਚਾ ਸਚ ਦਰਬਾਰਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸਿਕਦਾਰਾ, ਵਡ ਸੁਲਤਾਨ ਨਾਉਂ ਧਰਾਇੰਦਾ । ਏਕੰਕਾਰਾ ਖੇਲ ਅਪਾਰਾ, ਨਿਰਗੁਣ ਧਾਰਾ ਰੂਪ ਧਰਾਇੰਦਾ । ਆਦਿ ਨਿਰੰਜਣ ਜੋਤ ਉਜਿਆਰਾ, ਸਤਿ ਪਸਾਰਾ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਮੀਤ ਮੁਰਾਰਾ ਅਗੰਮ ਅਪਾਰਾ, ਅਲੱਖ ਅਗੋਚਰ ਖੇਲ ਖਿਲਾਇੰਦਾ । ਸ੍ਰੀ ਭਗਵਾਨ ਕੰਤ ਭਤਾਰਾ ਨਾਰੀ ਨਾਰਾ, ਨਰ ਨਰਾਇਣ ਵੇਖ ਵਖਾਇੰਦਾ । ਪਾਰਬ੍ਰਹਮ ਦਰ ਦਰਬਾਰਾ, ਆਪਣਾ ਆਪ ਸੁਹਾਇੰਦਾ । ਏਕਾ ਇਕ ਵਸਣਹਾਰਾ ਸਚ ਮਨਾਰਾ, ਮਹੱਲ ਅਟੱਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਮ ਧਰਾਇੰਦਾ । ਅਜੂਨੀ ਰਹਿਤ ਪੁਰਖ ਅਕਾਲ, ਅਕਲ ਕਲ ਵਡਿਆਈਆ । ਸਚਖੰਡ ਦੁਆਰਾ ਆਪ ਸੁਹਾਏ ਸਚ ਸੱਚੀ ਧਰਮਸਾਲ, ਹਰਿ ਹਰਿ ਬੈਠਾ ਆਸਣ ਲਾਈਆ । ਏਕਾ ਵਸਤ ਰੱਖੇ ਸਚ ਸੱਚਾ ਧਨ ਮਾਲ, ਨਿਤ ਨਵਿਤ ਆਪ ਵਰਤਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਬੇਪਰਵਾਹੀਆ । ਰੂਪ ਬਣਾਏ ਕਾਲ ਮਹਾਂਕਾਲ, ਪ੍ਰਿਤਪਾਲ ਆਪ ਕਰਾਈਆ । ਆਪਣਾ ਦੀਪਕ ਆਪੇ ਬਾਲ, ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਆਪਣਾ ਆਪ ਕਰਾਈਆ । ਸਚਖੰਡ ਸਚ ਮੁਨਾਰ, ਹਰਿ ਸਾਚਾ ਸੋਭਾ ਪਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਇਕ ਇਕੱਲਾ ਵੇਖ ਵਖਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਏਕਾ ਕਰੇ ਬੰਦ ਕਿਵਾੜ, ਚਾਰ ਦਿਵਾਰ ਨਾ ਕੋਇ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਆਸਣ ਲਾਇੰਦਾ । ਨਿਰਗੁਣ ਆਸਣ ਸ਼ਾਹੋ ਸ਼ਾਬਾਸ਼, ਹਰਿ ਹਰਿ ਸਾਚਾ ਆਪ ਲਗਾਈਆ । ਆਪਣੇ ਮੰਦਰ ਪਾਵੇ ਰਾਸ, ਨੂਰੋ ਨੂਰ ਡਗਮਗਾਈਆ । ਆਪੇ ਹੋਏ ਆਪਣਾ ਦਾਸੀ ਦਾਸ, ਸੇਵਕ ਸਾਚੀ ਸੇਵ ਕਮਾਈਆ । ਆਪੇ ਵਸੇ ਆਪਣੇ ਪਾਸ, ਆਪ ਆਪਣੇ ਅੰਗ ਲਗਾਈਆ । ਆਪਣੀ ਜੋਤ ਆਪੇ ਕਰ ਪਰਕਾਸ਼, ਸੋ ਪੁਰਖ ਨਿਰੰਜਣ ਵੇਖ ਵਖਾਈਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਮੁਨਾਰ ਵਸਣਹਾਰ ਏਕੰਕਾਰਾ, ਏਕਾ ਰੰਗ ਰੰਗਾਈਆ । ਰੰਗ ਅਵੱਲੜਾ ਇਕ ਇਕੱਲੜਾ, ਆਦਿ ਪੁਰਖ ਨਿਰੰਜਣ ਆਪ ਰੰਗਾਇੰਦਾ । ਸਾਚਾ ਧਾਮ ਇਕ ਸੁਹੰਦੜਾ, ਸੋਭਾਵੰਤ ਆਸਣ ਲਾਇੰਦਾ । ਆਪਣਾ ਮੇਲ ਆਪ ਮਿਲੰਦੜਾ, ਨਾਰੀ ਕੰਤ ਰੂਪ ਵਟਾਇੰਦਾ । ਸਤਿ ਦੁਆਰਾ ਇਕ ਵਖੰਦੜਾ, ਸ਼ਬਦੀ ਸ਼ਬਦ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲ ਖਿਲਾਵਣਹਾਰ ਸਮਰਥ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਆਦਿ ਨਿਰੰਜਣ ਦੇਵੇ ਸਾਚੀ ਵਥ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕਾ ਵਸਤ ਝੋਲੀ ਪਾਈਆ । ਸ੍ਰੀ ਭਗਵਾਨ ਸ਼ਾਹੋ ਸ਼ਾਬਾਸ਼, ਆਪਣੀ ਕਰੇ ਪੂਰ ਆਸ, ਪਾਰਬ੍ਰਹਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲ ਅਪਾਰ, ਥਿਰ ਘਰ ਵਾਸੀ ਥਿਰ ਦਰਬਾਰਾ ਇਕ ਸੁਹਾਈਆ । ਥਿਰ ਦਰਬਾਰਾ ਠਾਂਡਾ ਘਰ, ਹਰਿ ਸਾਚਾ ਆਪ ਸੁਹਾਇੰਦਾ । ਆਪੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਸੀਸ ਨਾ ਕੋਈ

ਧੜ, ਤਤਵ ਤਤ ਨਾ ਕੋਈ ਰਖਾਇੰਦਾ । ਨਾ ਕੋਈ ਵਿਦਿਆ ਗਿਆ ਪੜ੍ਹ, ਰਸਨਾ ਜਿਹਵਾ ਨਾ ਕੋਈ ਗਾਇੰਦਾ । ਕਿਲਾ ਕੋਟ ਨਾ ਘਾੜਣ ਘੜ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਨਿਰਭੈ ਰੱਖੇ ਨਾ ਕਿਸੇ ਕੋਈ ਡਰ, ਆਪ ਆਪਣਾ ਹੁਕਮ ਚਲਾਇੰਦਾ । ਨਾ ਜਨਮੇ ਨਾ ਜਾਏ ਮਰ, ਅਜੂਨੀ ਰਹਿਤ ਰੂਪ ਵਟਾਇੰਦਾ । ਧਰਤ ਆਕਾਸ਼ ਆਪ ਆਪਣਾ ਆਪੇ ਧਰ, ਆਪ ਆਪੇ ਵੇਖ ਵਖਾਇੰਦਾ । ਨਾਮ ਸਤਿ ਭੰਡਾਰਾ ਭਰ, ਸਚਖੰਡ ਦੁਆਰਾ ਆਪ ਵਰਤਾਇੰਦਾ । ਕਰਤਾ ਪੁਰਖ ਖੇਲ ਕਰ, ਕਰਨੀ ਕਰਤਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰਦਰਗਾਹੀ ਸਾਚਾ ਲਾੜ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਏਕੰਕਾਰ, ਅਕਲ ਕਲਾ ਅਖਵਾਈਆ । ਸਚਖੰਡ ਦੁਆਰੇ ਕਰ ਪਸਾਰ, ਨਿਰਗੁਣ ਨੂਰ ਡਗਮਗਾਈਆ । ਸ਼ਬਦ ਸਿੰਘਾਸਣ ਕਰ ਤਿਆਰ, ਪੁਰਖ ਅਬਿਨਾਸ਼ਣ ਆਸਣ ਲਾਈਆ । ਸ਼ਾਹੋ ਭੂਪ ਏਕਾ ਏਕ ਇਕ ਸਿਕਦਾਰ, ਹੁਕਮੀ ਹੁਕਮ ਹੁਕਮ ਭਵਾਈਆ । ਕਾਗਦ ਕਲਮ ਨਾ ਲਿਖਣਹਾਰ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸਚ ਜਣਾਈਆ । ਸਚਖੰਡ ਦੁਆਰਾ ਏਕਾ ਘੜ, ਘਾੜਣ ਘੜਿਆ ਨਾ ਕੋਈ ਭੰਨਾਇੰਦਾ । ਸਚਖੰਡ ਦਵਾਰਾ ਨਿਰਭੈ ਰੂਪ ਆਪਣਾ ਧਰ, ਭੈ ਭਿਆਨਕ ਸਰਬ ਜਣਾਇੰਦਾ । ਸਚਖੰਡ ਦੁਆਰਾ ਏਕੰਕਾਰਾ ਆਪੇ ਖੜ੍ਹ ਆਪ ਆਪਣਾ ਹੁਕਮ ਸੁਣਾਇੰਦਾ । ਸਚਖੰਡ ਦੁਆਰਾ ਹਰਿ ਸੱਜਣ ਮੀਤ ਮੁਰਾਰਾ ਆਪ ਫੜਾਏ ਆਪਣਾ ਲੜ, ਦੂਸਰ ਸੰਗ ਨਾ ਕੋਈ ਰਖਾਇੰਦਾ । ਸਚਖੰਡ ਦੁਆਰ ਉਚ ਮਿਨਾਰ, ਅਟੱਲ ਮਹੱਲ ਆਪ ਸੁਹਾਇੰਦਾ । ਸਚਖੰਡ ਦੁਆਰ ਸ਼ਬਦੀ ਧਾਰ, ਸੁੱਤ ਦੁਲਾਰਾ ਆਪ ਵਹਾਇੰਦਾ । ਸਚਖੰਡ ਦੁਆਰ ਅੰਮ੍ਰਿਤ ਠੰਡੀ ਠਾਰ, ਸਰ ਸਰੋਵਰ ਆਪ ਵਖਾਇੰਦਾ । ਸਚਖੰਡ ਦੁਆਰ ਨਿਰਮਲ ਦੀਆ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਸਚਖੰਡ ਦੁਆਰ ਨੂਰ ਖ਼ੁਦਾਈ ਬੇਐਬ ਪਰਵਰਦਿਗਾਰ, ਜਲਵਾ ਨੂਰ ਆਪ ਵਖਾਇੰਦਾ । ਸਚਖੰਡ ਦਵਾਰ ਰਾਮ ਰੂਪ ਸੱਚੀ ਸਰਕਾਰ, ਘਰ ਸਾਚਾ ਸੋਭਾ ਪਾਇੰਦਾ । ਸਚਖੰਡ ਦੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇੰਦਾ । ਸਚਖੰਡ ਨਿਵਾਸਾ, ਹਰਿ ਸਾਚੇ ਸਚ ਵਡਿਆਈਆ । ਸਚਖੰਡ ਪਰਕਾਸ਼ਾ ਹਰਿ ਸਾਚਾ ਆਪ ਕਰਾਈਆ । ਸਚਖੰਡ ਭਰਵਾਸਾ, ਹਰਿ ਆਪਣਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਾਚੀ ਬੂਝ ਬੁਝਾਈਆ । ਸਚਖੰਡ ਅੰਦਰ ਹਰਿ ਹਰਿ ਵੜਿਆ, ਦਿਸ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਆਪਣੇ ਪੌੜੇ ਆਪੇ ਚੜ੍ਹਿਆ, ਆਪਣੇ ਮਾਰਗ ਆਪੇ ਲਾਇੰਦਾ । ਨਾ ਕਿਸੇ ਬਾਢੀ ਘਾੜਤ ਘੜਿਆ, ਨਾ ਕੋਈ ਬਣਤ ਬਣਾਇੰਦਾ । ਆਪਣੀ ਜੜ੍ਹਤ ਆਪੇ ਜੜਿਆ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਸਚ ਮੁਨਾਰਾ, ਹਰਿ ਸਾਚੇ ਸਚ ਉਪਾਇਆ । ਅੰਦਰ ਵੜੇ ਏਕੰਕਾਰਾ, ਘਰ ਸਾਚਾ ਆਪ ਸੁਹਾਇਆ । ਨਿਰਮਲ ਨੂਰ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇਆ । ਸਤਿ ਸਰੂਪੀ ਸਤਿ ਹੁਲਾਰਾ, ਸਤਿ ਸਤਿਵਾਦੀ ਆਪ ਹਿਲਾਇਆ । ਸਤਿ ਪੁਰਖ ਨਿਰੰਜਣ ਖੇਲ ਅਪਾਰਾ, ਖੇਲਣਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਆਪਣਾ ਘਾੜਣ ਆਪ ਘੜਾਇਆ । ਸਚਖੰਡ ਦਵਾਰੇ ਘਾੜਣ ਘੜ, ਘਰ ਘਰ ਵਿਚ ਆਪ ਬਣਾਈਆ । ਥਿਰ ਘਰ ਅੰਦਰ ਦੇਵੇ ਧਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ


੩੫੬

ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਥਿਰ ਘਰ ਸਾਚਾ ਕਰ ਤਿਆਰ, ਨਿਰਵੈਰ ਨਾਉਂ ਧਰਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰ, ਮੰਝਧਾਰ ਭੇਵ ਕੋਇ ਨਾ ਪਾਇੰਦਾ । ਆਪੇ ਵੱਸੇ ਅੰਦਰ ਬਾਹਰ, ਗੁਪਤ ਜ਼ਾਹਰ ਖੇਲ ਖਿਲਾਇੰਦਾ । ਆਪੇ ਪੁਰਖ ਆਪੇ ਨਾਰ, ਆਪੇ ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਅੰਦਰ ਵੜੇ ਆਪ ਨਿਰੰਕਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਿੰਘਾਸਣ ਸੋਭਾਵੰਤ, ਥਿਰ ਘਰ ਸਾਚਾ ਆਪ ਸੁਹਾਈਆ । ਪੁਰਖ ਅਬਿਨਾਸ਼ੀ ਬੈਠ ਇਕੰਤ, ਕੰਤ ਕੰਤੂਹਲਾ ਸੇਜ ਹੰਢਾਈਆ । ਆਪੇ ਜਾਣੇ ਆਪਣਾ ਰੰਗ ਬਸੰਤ, ਸਚ ਸੁਹੰਜਣੀ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦਰਬਾਰਾ ਖੇਲ ਅਪਾਰਾ, ਘਰ ਘਰ ਵਿਚ ਆਪ ਕਰਾਈਆ । ਘਰ ਵਿਚ ਘਰ ਕਰ ਤਿਆਰ, ਹਰਿ ਸਾਚਾ ਤਖ਼ਤ ਸੁਹਾਇੰਦਾ । ਉਪਰ ਬੈਠ ਸੱਚੀ ਸਰਕਾਰ, ਸ਼ਾਹ ਸੁਲਤਾਨਾ ਸ਼ਾਹੋ ਭੂਪ ਰੂਪ ਵਟਾਇੰਦਾ । ਆਪਣੀ ਹੱਥੀਂ ਬੰਨ੍ਹੇ ਗਾਨਾਂ, ਆਪ ਆਪਣਾ ਗੁਣ ਜਣਾਇੰਦਾ । ਰਸਨਾ ਰਾਗ ਗਾਏ ਤਰਾਨਾ, ਸ਼ਬਦੀ ਸ਼ਬਦ ਅਲਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਸ੍ਰੀ ਭਗਵਾਨਾ, ਆਪ ਆਪਣੀ ਰਚਨ ਰਚਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਹੁਕਮੀ ਹੁਕਮ ਆਪ ਸੁਣਾਇੰਦਾ । ਆਪੇ ਜਾਣੇ ਆਪਣਾ ਪਦ ਨਿਰਬਾਣਾ, ਆਪ ਆਪਣਾ ਘਰ ਸੁਹਾਇੰਦਾ । ਆਪੇ ਪਹਿਰੇ ਆਪਣਾ ਬਾਣਾ, ਰੂਪ ਅਨੂਪ ਆਪ ਵਟਾਇੰਦਾ । ਆਪੇ ਰਾਜਾ ਆਪੇ ਰਾਣਾ, ਆਪੇ ਰਈਅਤ ਨਾਉਂ ਧਰਾਇੰਦਾ । ਆਪੇ ਬਣੇ ਦਰ ਦਰਬਾਨਾ, ਦਰ ਦਰਵੇਸ਼ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੰਦੇਸ਼ ਨਰ ਨਰੇਸ਼, ਨਿਰਗੁਣ ਆਪਣਾ ਆਪ ਸੁਣਾਇੰਦਾ । ਸ਼ਬਦ ਸੰਦੇਸ਼ਾ ਹਰਿ ਨਿਰੰਕਾਰ, ਥਿਰ ਘਰ ਸਾਚੇ ਆਪ ਉਪਾਈਆ । ਸਚਖੰਡ ਦੁਆਰੇ ਹੋ ਤਿਆਰ, ਆਪ ਆਪਣੀ ਲਏ ਅੰਗੜਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਆਪਣਾ ਕੁੰਡਾ ਆਪੇ ਲਾਹੀਆ । ਆਪੇ ਸੁੰਨ ਅਗੰਮੀ ਵੇਖੇ ਧਾੜ, ਰੂਪ ਅਨੂਪ ਆਪ ਵਟਾਈਆ । ਆਪਣਾ ਵੇਖੇ ਸਚ ਅਖਾੜ, ਮੰਡਲ ਰਾਸ ਰਚਾਈਆ । ਰਵ ਸਸ ਸੂਰਜ ਚੰਨ ਨਾ ਦਿਸੇ ਕੋਈ ਸਤਾਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਗਗਨ ਪਤਾਲ ਨਾ ਕੋਈ ਆਧਾਰ, ਧਰਤ ਧਵਲ ਨਾ ਕੋਈ ਵਡਿਆਈਆ । ਆਕਾਸ਼ ਪਰਕਾਸ਼ ਨਾ ਹੋਏ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪੇ ਖੋਲ੍ਹ, ਨਿਸ਼ਅੱਖਰ ਵੱਖਰ ਰਿਹਾ ਬੋਲ, ਵਜਾਏ ਨਾਮ ਮਰਦੰਗਾ ਸਾਚਾ ਢੋਲ, ਧੁਨ ਨਾਦ ਆਪ ਸੁਣਾਈਆ । ਤੁਰੀਆ ਨਾਦ ਸਚ ਤਰਾਨਾ, ਹਰਿ ਸਾਚਾ ਆਪੇ ਗਾਇੰਦਾ । ਸਚਖੰਡ ਨਿਵਾਸੀ ਹਰਿ ਭਗਵਾਨਾ, ਆਪ ਆਪਣਾ ਹੁਕਮ ਸੁਣਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਤੁਰੀਆ ਰਾਗ, ਹਰਿ ਹਰਿ ਨਾਦ ਹਰਿ ਸਾਚਾ ਆਪ ਸੁਣਾਈਆ । ਸਤਿ ਦਵਾਰੇ ਸੁਣੇ ਫਰਿਆਦ, ਪ੍ਰਭ ਸਾਚਾ ਸ਼ਬਦ ਜਣਾਈਆ । ਲੇਖਾ ਲਿਖ ਨਾ ਸਕੇ ਕੋਇ ਦਾਨੀ ਦੇਵਣਹਾਰਾ ਸਾਚੀ ਦਾਦ, ਸਾਚ ਵਸਤ ਇਕ ਰਖਾਈਆ । ਤੇਰਾ ਰੂਪ ਵੇਖੇ ਬ੍ਰਹਮ ਬ੍ਰਹਿਮਾਦ, ਲੋਆਂ ਪੁਰੀਆਂ ਤੇਰਾ ਰੰਗ ਰੰਗਾਈਆ । ਨਾ ਕੋਈ ਸੰਤ ਨਾ ਕੋਈ ਸਾਧ, ਗੁਰ ਪੀਰ ਅਵਤਾਰ ਨਾ ਕੋਈ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰ ਹੋ ਉਜਿਆਰ, ਖੇਲੇ ਖੇਲ ਅਗੰਮ ਅਪਾਰ, ਜੋਤੀ ਨੂਰ ਹੋ ਉਜਿਆਰ, ਥਿਰ ਘਰ ਸਾਚੇ ਸੋਭਾ ਪਾਈਆ । ਆਪੇ ਜਾਣੇ ਅਵੱਲੜੀ ਚਾਲ, ਚਾਲ

ਅਵੱਲੜੀ ਇਕ ਰਖਾਇੰਦਾ । ਸਚਖੰਡ ਦਵਾਰੇ ਘਾਲਣ ਘਾਲ, ਸਾਚੀ ਸੇਵਾ ਆਪ ਕਮਾਇੰਦਾ । ਸੁੱਤ ਦੁਲਾਰਾ ਬਨਿਆ ਲਾਲ, ਆਪਣੀ ਗੋਦੀ ਆਪ ਬਹਾਇੰਦਾ । ਪੁਰਖ ਅਬਿਨਾਸ਼ੀ ਦੀਨ ਦਿਆਲ, ਬਣ ਦਲਾਲ ਆਪ ਆਪਣਾ ਖੇਲ ਖਿਲਾਇੰਦਾ । ਚਰਨਾਂ ਹੇਠ ਰਖਾਏ ਕਾਲ ਮਹਾਂਕਾਲ, ਆਪਣਾ ਬਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰੇ ਆਪੇ ਵੜ, ਆਪਣਾ ਆਸਣ ਲਾਇੰਦਾ । ਥਿਰ ਘਰ ਸਾਚਾ ਸਚ ਮੁਨਾਰਾ, ਹਰਿ ਸਾਚਾ ਸਚ ਸੁਹਾਈਆ । ਖੇਲੇ ਖੇਲ ਪੁਰਖ ਕਰਤਾਰਾ, ਕਾਦਰ ਕਰਤਾ ਵਡ ਵਡਿਆਈਆ । ਆਸਣ ਸਿੰਘਾਸਣ ਅਪਰ ਅਪਾਰਾ, ਸ਼ਾਹੋ ਸ਼ਬਾਸ਼ਣ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਆਪ ਸੁਹਾਈਆ । ਸਚ ਮਹੱਲਾ ਵਸਿਆ, ਵਸਾਵਣਹਾਰ ਕਰਤਾਰ । ਆਪਣਾ ਭੇਵ ਕਿਸੇ ਨਾ ਦੱਸਿਆ, ਨਾ ਕੋਈ ਪਾਵੇ ਸਾਰ । ਬ੍ਰਹਮ ਬ੍ਰਹਿਮਾਦ ਫਿਰੇ ਨੱਸਿਆ, ਸ਼ਬਦ ਸੁਣਾਏ ਸਾਚੀ ਧਾਰ । ਘਟ ਘਟ ਅੰਦਰ ਆਪੇ ਵਸਿਆ, ਨਿਰਗੁਣ ਰੂਪ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣੇ ਸੱਚਾ ਸਿਕਦਾਰ । ਸਚ ਸਿਕਦਾਰ ਹਰਿ ਭਗਵਾਨਾ, ਘਰ ਸਾਚੇ ਆਪ ਅਖਵਾਇੰਦਾ । ਆਪੇ ਜਾਣੇ ਆਪਣਾ ਸਤ ਰੰਗ ਨਿਸ਼ਾਨਾ, ਸਚਖੰਡ ਦੁਆਰੇ ਆਪ ਚੜ੍ਹਾਇੰਦਾ । ਪੰਚਮ ਮੁਖ ਤਾਜ ਮਹਾਨਾ, ਏਕੰਕਾਰਾ ਆਪ ਉਪਾਇੰਦਾ । ਦੇਵਣਹਾਰਾ ਸਾਚਾ ਦਾਨਾ, ਦਰਗਹਿ ਸਾਚੀ ਆਪ ਵਰਤਾਇੰਦਾ । ਜੋਤ ਸਰੂਪੀ ਜੋਤੀ ਬਾਣਾ, ਆਪਣਾ ਆਪ ਹੰਢਾਇੰਦਾ । ਏਕਾ ਸ਼ਬਦ ਧੁਰ ਫ਼ਰਮਾਣਾ, ਸ੍ਰੀ ਭਗਵਾਨਾ ਆਪ ਸੁਣਾਇੰਦਾ । ਜੁਗਾ ਜੁਗੰਤਰ ਖੇਲ ਮਹਾਨਾ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਜਗਤ ਮਕਾਨਾ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤਤ ਕਾਇਆ ਖੇਲ ਮਹਾਨਾ, ਲੱਖ ਚੁਰਾਸੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਤ ਆਪ ਰਖਾਇੰਦਾ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਮਨ ਮਤ ਬੁੱਧ ਕਰ ਤਿਆਰ, ਨਿਰਗੁਣ ਆਪਣੀ ਵਸਤ ਟਿਕਾਈਆ । ਕਾਇਆ ਮੰਦਰ ਪਾਵੇ ਸਾਰ, ਡੂੰਘੀ ਕੰਦਰ ਫੋਲ ਫੁਲਾਈਆ । ਨੌਂ ਦੁਆਰੇ ਖੋਲ੍ਹ ਕਿਵਾੜ, ਜਗਤ ਵਾਸਨਾ ਵਿਚ ਭਰਾਈਆ । ਪੰਚਮ ਪੰਚ ਦਏ ਅਧਾਰ, ਪੰਚਮ ਪੰਚਮ ਵਿਚ ਟਿਕਾਈਆ । ਪੰਚਮ ਨਾਦ ਧੁਨ ਜੈਕਾਰ, ਪੰਚਮ ਮੰਗਲ ਇਕ ਸੁਣਾਈਆ । ਪੰਚਮ ਢਹਿ ਢਹਿ ਪਏ ਦੁਆਰ, ਪੰਚਮ ਪੰਚਮ ਨਿਉਂ ਸੀਸ ਝੁਕਾਈਆ । ਪੰਚਮ ਕਾਮ ਕਰੋਧ ਲੋਭ ਮੋਹ ਹੰਕਾਰ, ਆਪ ਆਪਣਾ ਬਲ ਧਰਾਈਆ । ਖੇਲੇ ਖੇਲ ਪੁਰਖ ਕਰਤਾਰ, ਘਰ ਘਰ ਵਿਚ ਆਪ ਸੁਹਾਈਆ । ਲੇਖਾ ਜਾਣੇ ਟੇਢੀ ਧਾਰ, ਡੂੰਘੀ ਕਵਰੀ ਭਵਰੀ ਆਪ ਸੁਹਾਈਆ । ਅੰਦਰ ਕਰਿਆ ਬੰਦ ਕਿਵਾੜ, ਬਜ਼ਰ ਕਪਾਟੀ ਸਿਲਾ ਲਗਾਈਆ । ਸਰ ਸਰੋਵਰ ਭਰ ਭੰਡਾਰ, ਬੈਠਾ ਮੁਖ ਛੁਪਾਈਆ । ਆਤਮ ਸੇਜਾ ਕਰ ਤਿਆਰ, ਸਚ ਸੁਹਾਵਣੀ ਸੇਜ ਵਛਾਈਆ । ਅੰਦਰ ਵੜ ਹਰਿ ਨਿਰੰਕਾਰ, ਨਿਰਗੁਣ ਆਪਣਾ ਰੂਪ ਵਟਾਈਆ । ਦਿਸ ਨਾ ਆਏ ਵਿਚ ਸੰਸਾਰ, ਦੋਏ ਦੋਏ ਲੋਚਣ ਰਿਹਾ ਚਮਕਾਈਆ । ਜਿਸ ਜਨ ਕਿਰਪਾ ਦੇਵੇ ਕਰ ਹਰਿ ਕਰਤਾਰ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਦੇਵੇ ਵਰ, ਗੁਰਮੁਖ ਸਾਚੇ ਲਏ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਹਰਿ ਹਰਿ ਭਗਤ, ਹਰਿ ਜੀ ਬੂਝ ਬੁਝਾਇੰਦਾ । ਲੇਖਾ ਜਾਣੇ ਆਦਿ ਸ਼ਕਤ, ਜੋਤੀ ਨੂਰ ਡਗਮਗਾਇੰਦਾ । ਆਪੇ ਜਾਣੇ ਬੂੰਦ ਰਕਤ, ਰੱਤੀ ਰੱਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿ ਸੰਤਨ ਵੇਸ ਵਟਾਇੰਦਾ । ਸੰਤਨ ਹਰਿ ਰੰਗ ਰਤੜਾ, ਪਾਰਬ੍ਰਹਮ ਗੁਰ ਕਰਤਾਰ । ਕਾਇਆ ਚੋਲੀ ਰੰਗੇ ਚੀਥੜਾ, ਚਾੜ੍ਹੇ ਰੰਗ ਅਪਰ ਅਪਾਰ । ਵਿਖਾਏ ਧਾਮ ਇਕ ਅਨਡੀਠੜਾ, ਸਚਖੰਡ ਨਿਵਾਸੀ ਸਚ ਦੁਆਰਾ ਨਾਮ ਨਿਧਾਨਾ ਜਿਸ ਜਨ ਪੀਤੜਾ, ਨਾਤਾ ਛੁੱਟੇ ਸਰਬ ਸੰਸਾਰ । ਇਕ ਸੁਣਾਏ ਸੁਹਾਗੀ ਗੀਤੜਾ, ਸੋ ਨਿਰੰਜਣ ਪੁਰਖ ਨਿਰੰਕਾਰ । ਹੰ ਬ੍ਰਹਮ ਪ੍ਰਭ ਸਾਚੇ ਜੀਤੜਾ, ਆਦਿ ਜੁਗਾਦੀ ਇਕ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ । ਵਡ ਸੰਸਾਰੀ ਹਰਿ ਕਰਤਾਰ, ਜੁਗ ਜੁਗ ਵੇਸ ਵਟਾਇੰਦਾ । ਲੋਕਮਾਤ ਲਏ ਅਵਤਾਰ, ਆਪ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੋਲ ਫੁਲਾਇੰਦਾ । ਏਕਾ ਬੋਲ ਸਚ ਜੈਕਾਰ, ਹਰਿ ਹਰਿ ਸਾਚਾ ਨਾਮ ਦ੍ਰਿੜਾਇੰਦਾ । ਜੀਵਾਂ ਜੰਤਾਂ ਦਏ ਆਧਾਰ, ਸਾਧਾਂ ਸੰਤਾਂ ਮੇਲ ਮਿਲਾਇੰਦਾ । ਭਗਤਾਂ ਦੇਵੇ ਭਗਵਨ ਭਗਤੀ ਭੰਡਾਰ, ਸਾਚੀ ਵਸਤ ਇਕ ਵਖਾਇੰਦਾ । ਕਾਇਆ ਕਰੇ ਠੰਡੀ ਠਾਰ, ਭਰ ਪਿਆਲਾ ਆਪ ਪਿਆਇੰਦਾ । ਸਾਚਾ ਸਾਕੀ ਬਣੇ ਬੇਐਬ ਪਰਵਰਦਿਗਾਰ, ਹਕੀਕੀ ਜਾਮ ਹੱਥ ਉਠਾਇੰਦਾ । ਸਚ ਸੁਰਾਹੀ ਸੁਖਮਨ ਨਾੜੀ ਦੇਵੇ ਏਕਾ ਧਾਰ, ਅੰਮ੍ਰਿਤ ਝਿਰਨਾ ਨਿਝਰ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭਰੇ ਸਚ ਪਿਆਲਾ, ਆਪੇ ਹੋਏ ਦੀਨ ਦਿਆਲਾ, ਗੁਰਮੁਖ ਵੇਖੇ ਸਾਚੇ ਲਾਲਾ, ਜਗਤ ਤ੍ਰਿਸ਼ਨਾ ਹਰਸ ਮਿਟਾਇੰਦਾ । ਜਗਤ ਤ੍ਰਿਸ਼ਨਾ ਬੁਝੇ ਪਿਆਸ, ਜਿਸ ਜਨ ਸਤਿਗੁਰ ਪੂਰਾ ਦਇਆ ਕਮਾਈਆ । ਲੋਕਮਾਤ ਮਾਰ ਝਾਤ ਪੂਰੀ ਕਰੇ ਆਸ, ਹਰਿਜਨ ਨਿਰਾਸ ਨਾ ਕੋਈ ਵਖਾਈਆ । ਆਦਿ ਜੁਗਾਦੀ ਏਕੰਕਾਰ ਬ੍ਰਹਿਮੰਡ ਹੋਏ ਦਾਸੀ ਦਾਸ, ਸੇਵਕ ਸੱਚੀ ਸੇਵ ਕਮਾਈਆ । ਘਰ ਵਿਚ ਘਰ ਕਰੇ ਪਰਕਾਸ਼, ਆਪ ਆਪਣੀ ਕਰ ਰੁਸ਼ਨਾਈਆ । ਮੇਲ ਮਿਲਾਏ ਸ਼ਾਹੋ ਸ਼ਾਬਾਸ਼, ਸਤਿ ਸਰੂਪੀ ਨਜ਼ਰੀ ਆਈਆ । ਗਗਨ ਮੰਡਲ ਵਖਾਏ ਪ੍ਰਿਥਮੀ ਅਕਾਸ਼, ਨਿਝ ਆਤਮ ਨਿਝ ਘਰ ਪਰਮ ਆਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਰਤਾ ਵਡ ਵਡਿਆਈਆ । ਜਗਤ ਕਰਤਾ ਜਾਣਿਆ, ਏਕਾ ਰੰਗ ਅਪਾਰ । ਦਰਗਹਿ ਸਾਚੀ ਆਪਣਾ ਰੰਗ ਆਪੇ ਮਾਣਿਆ, ਸਚਖੰਡ ਬੈਠ ਸੱਚੀ ਸਰਕਾਰ । ਆਪੇ ਵਰਤੇ ਆਪਣੇ ਭਾਣਿਆਂ, ਨਾ ਕੋਈ ਮੇਟੇ ਮੇਟਣਹਾਰ । ਆਪੇ ਗਾਏ ਆਪਣੇ ਗਾਣਿਆਂ, ਬੋਲੇ ਨਾਦ ਸ਼ਬਦ ਧੁਨਕਾਰ । ਤੁਰੀਆ ਰਾਗ ਇਕ ਵਖਾਣਿਆਂ, ਦਰ ਘਰ ਸਾਚੇ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਆਪ ਸੋਹਾਣਿਆਂ । ਆਪਣੀ ਇਛਿਆ ਹਰਿ ਨਿਰੰਕਾਰ, ਤੁਰੀਆ ਰਾਗ ਸਮਝਾਇੰਦਾ । ਪਾਏ ਭਿਛਿਆ ਸਰਬ ਸੰਸਾਰ, ਘਰ ਘਰ ਵੰਡ ਵੰਡਾਇੰਦਾ । ਬਿਨ ਸੰਤ ਸਤਿਗੁਰ ਕੋਇ ਨਾ ਪਾਏ ਸਾਰ, ਕੋਟਨ ਕੋਟੀ ਜੀਵ ਭਵਾਇੰਦਾ । ਬ੍ਰਹਮਾ ਚਾਰੇ ਮੁਖ ਚਾਰੇ ਵੇਦ ਗਾ ਗਾ ਗਿਆ ਹਾਰ, ਆਦਿ ਅੰਤ ਨਾ ਕੋਇ ਵਖਾਇੰਦਾ । ਬੇਅੰਤ ਬੇਅੰਤ ਬੇਐਬ ਪਰਵਰਦਿਗਾਰ, ਹਰਿ ਭਗਵੰਤ ਆਪਣਾ ਭੇਵ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਨਾ ਕੋਈ ਵਖਾਇੰਦਾ । ਤ੍ਰੈ ਜੁਗ ਪਾਰ ਕਿਨਾਰਾ, ਤ੍ਰੈਗੁਣ ਮਾਇਆ ਵੇਖ ਵਖਾਈਆ । ਚੌਥੇ ਜੁਗ ਹੋਏ ਉਜਿਆਰਾ, ਹਰਿ ਸਾਚੇ ਵਡ ਵਡਿਆਈਆ । ਏਕਾ ਕਲਮਾ ਕਰ ਤਿਆਰਾ, ਕਾਇਨਾਤ ਅਮਾਮ ਬਣਾਈਆ । ਏਕਾ ਸ਼ਬਦ ਸਚ ਭੰਡਾਰਾ, ਨਾਮ ਸਤਿ ਵਰਤਾਈਆ । ਏਕਾ ਗੁਰ ਸ਼ਬਦ ਅਵਤਾਰਾ, ਨਾਨਕ ਗੋਬਿੰਦ ਇਕ ਸਮਝਾਈਆ । ਏਕਾ ਮੰਗੇ ਸਚਖੰਡ ਦੁਆਰਾ,

ਦੂਜੇ ਦਰ ਨਾ ਮੰਗਣ ਜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਹਰਿ ਕਾ ਭੇਵ ਨਾ ਪਾਵੇ ਕੋਈ ਸੰਸਾਰਾ, ਵੇਦ ਕਤੇਬ ਨਾ ਕੋਈ ਵਖਾਈਆ । ਖਾਣੀ ਬਾਣੀ ਕਰੇ ਪੁਕਾਰਾ, ਰਸਨਾ ਜਿਹਵਾ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਖ ਆਪ ਕਰਾਈਆ । ਕਲਜੁਗ ਅੰਤਮ ਭੇਖ ਅਵੱਲਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਬਿਸਮਿਲ ਆਪਣਾ ਰੂਪ ਵਟਾਇੰਦਾ । ਸਚਖੰਡ ਨਿਵਾਸੀ ਇਕ ਇਕੱਲਾ, ਆਪ ਆਪਣੀ ਕਲ ਵਰਤਾਇੰਦਾ । ਪਾਵੇ ਸਾਰ ਜਲਾ ਥਲਾ, ਜਲ ਥਲ ਮਹੀਅਲ ਫੇਲ ਫੁਲਾਇੰਦਾ । ਸ਼ਬਦ ਸਰੂਪੀ ਫੜਿਆ ਪੱਲਾ, ਚਾਰੋਂ ਕੁੰਟ ਉਠਾਇੰਦਾ । ਸਚ ਸੁਨੇਹੁੜਾ ਹਰਿ ਸਾਚੇ ਘੱਲਾ, ਹਰਿਜਨ ਸਾਚੇ ਆਪ ਜਗਾਇੰਦਾ । ਸੋ ਪੁਰਖ ਨਿਰੰਜਣ ਫੜੇ ਪੱਲਾ, ਹੰ ਬ੍ਰਹਮ ਮੇਲ ਮਿਲਾਇੰਦਾ । ਜੀਵ ਜੰਤ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਹਰਿ ਸੂਰਬੀਰ, ਪੰਜ ਤਤ ਨਾ ਕੋਈ ਰਖਾਈਆ । ਨਾ ਕੋਈ ਸ਼ਸਤਰ ਨਾ ਕੋਈ ਤੀਰ, ਜਗਤ ਕਮਾਨ ਨਾ ਕੋਈ ਉਠਾਈਆ । ਨਾ ਕੋਈ ਤੌਕ ਨਾ ਜੰਜ਼ੀਰ, ਖੜਗ ਖੰਡਾ ਨਾ ਕੋਈ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਬਲ ਆਪ ਧਰਾਈਆ । ਨਿਰਗੁਣ ਸੂਰਬੀਰ ਸੁਲਤਾਨਾ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਨਿਰਗੁਣ ਸੂਰਬੀਰ ਨੌ ਜਵਾਨਾ, ਏਕਾ ਰੂਪ ਵਖਾਇੰਦਾ । ਨਿਰਗੁਣ ਖੰਡਾ ਤੀਰ ਕਮਾਨਾ, ਸਾਚਾ ਸ਼ਬਦ ਚਲਾਇੰਦਾ । ਨਿਰਗੁਣ ਵੇਖੇ ਜਗਤ ਮੈਦਾਨਾ, ਨੌ ਨੌ ਫੇਰਾ ਪਾਇੰਦਾ । ਨਿਰਗੁਣ ਲੱਖ ਚੁਰਾਸੀ ਬੰਨ੍ਹੇ ਗਾਨਾ, ਘਰ ਘਰ ਸਗਨ ਮਨਾਇੰਦਾ । ਨਿਰਗੁਣ ਰਾਗ ਸੁਣਾਏ ਗਾਨਾ, ਅਨਹਦ ਸਾਚਾ ਤਾਲ ਵਜਾਇੰਦਾ । ਨਿਰਗੁਣ ਜੋਤ ਜਗਾਏ ਮਹਾਨਾ, ਕਲਜੁਗ ਅੰਤਮ ਵੇਸ ਵਟਾਇੰਦਾ । ਨਿਰਗੁਣ ਮੇਟ ਮਿਟਾਏ ਰਾਜ ਰਾਜਾਨਾ, ਸ਼ਾਹ ਸੁਲਤਾਨਾ ਨਾ ਕੋਈ ਵਖਾਇੰਦਾ । ਨਿਰਗੁਣ ਵਰਤੇ ਆਪਣੇ ਭਾਣਾ, ਗੁਰ ਗੋਬਿੰਦ ਲੇਖ ਲਿਖਾਇੰਦਾ । ਨਿਰਗੁਣ ਆਪਣਾ ਜਾਣੇ ਸਚ ਟਿਕਾਣਾ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਚੜ੍ਹਿਆ ਸਚ ਬਿਬਾਨਾ, ਨਾਮ ਬਿਬਾਨਾ ਇਕ ਉਡਾਇੰਦਾ । ਨਿਰਗੁਣ ਰੂਪ ਪਵਣ ਮਸਾਣਾ, ਬਲ ਅਗਨੀ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਵਰਤਾਇੰਦਾ । ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਨਿਰਗੁਣ ਦਾਤਾ ਸਿਫ਼ਤ ਸਲਾਹ, ਸਿਫ਼ਤ ਸਲਾਹੀ ਕਿਸੇ ਨਾ ਗਾਇਆ । ਨਿਰਗੁਣ ਦਾਤਾ ਇਕ ਮਲਾਹ, ਚੌਦਾਂ ਤਬਕਾਂ ਬੇੜਾ ਰਿਹਾ ਚਲਾਇਆ । ਨਿਰਗੁਣ ਦਾਤਾ ਵਸੇ ਏਕਾ ਥਾਂ, ਮੁਕਾਮੇ ਹੱਕ ਡੇਰਾ ਲਾਇਆ । ਨਿਰਗੁਣ ਦਾਤਾ ਕਰੇ ਸਚ ਨਿਆਂ, ਜੁਗ ਜੁਗ ਆਪਣਾ ਅਦਲ ਕਮਾਇਆ । ਨਿਰਗੁਣ ਦਾਤਾ ਜਨ ਭਗਤਾਂ ਪਕੜੇ ਆਪੇ ਬਾਂਹ, ਆਪ ਆਪਣਾ ਮੇਲ ਮਿਲਾਇਆ । ਨਿਰਗੁਣ ਦਾਤਾ ਗ਼ਰੀਬ ਨਿਵਾਜਾ ਬਣੇ ਪਿਤਾ ਮਾਂ, ਆਪ ਆਪਣੀ ਗੋਦ ਉਠਾਇਆ । ਨਿਰਗੁਣ ਦਾਤਾ ਸੰਤਨ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਨਿਰਗੁਣ ਦਾਤਾ ਫੜ ਫੜ ਹੰਸ ਬਣਾਏ ਕਾਂ, ਸੋਹੰ ਸ਼ਬਦ ਸਾਚੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਵੇਸ ਵਟਾਇਆ । ਨਿਰਗੁਣ ਦਾਤਾ ਪੁਰਖ ਨਿਰੰਜਣ, ਹਰਿ ਸਾਚਾ ਵਡ ਵਡਿਆਈਆ । ਨਿਰਗੁਣ ਨੇਤਰ ਨਾਮ ਪਾਏ ਅੰਜਨ, ਅਗਿਆਨ ਅੰਧੇਰ

ਮਿਟਾਈਆ । ਨਿਰਗੁਣ ਸਖਾ ਸਖਾਈ ਦਰਦ ਦੁੱਖ ਭੈ ਭੰਜਨ, ਭਵ ਸਾਗਰ ਆਪ ਤਰਾਈਆ । ਨਿਰਗੁਣ ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਗਵਾਈਆ । ਨਿਰਗੁਣ ਆਦਿ ਜੁਗਾਦੀ ਸਾਚਾ ਸੱਜਣ, ਸਚਖੰਡ ਦੁਆਰੇ ਬੈਠਾ ਆਸਣ ਲਾਈਆ । ਨਿਰਗੁਣ ਕਲਜੁਗ ਅੰਤਮ ਗੁਰਸਿਖਾਂ ਆਇਆ ਪਰਦੇ ਕੱਜਣ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਅਪਰ ਅਪਾਰਾ, ਹਰਿ ਨਿਰੰਕਾਰ ਆਪ ਚਲਾਈਆ । ਨਿਰਗੁਣ ਦਾਤਾ ਹਰਿ ਸਮਰਥ, ਸਰਬ ਕਲ ਆਪ ਅਖਵਾਇੰਦਾ । ਨਿਰਗੁਣ ਚਲਾਏ ਆਪਣਾ ਰਥ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਨਿਰਗੁਣ ਮਹਿਮਾ ਅਕਥਨਾ ਅਕਥ, ਵੇਦ ਕਤੇਬ ਕੋਈ ਨਾ ਗਾਇੰਦਾ । ਨਿਰਗੁਣ ਸੁਣਾਏ ਆਪਣੀ ਗਾਥ, ਲੋਕਮਾਤ ਮਾਰਗ ਲਾਇੰਦਾ । ਨਿਰਗੁਣ ਪੂਜਾ ਨਿਰਗੁਣ ਪਾਠ, ਨਿਰਗੁਣ ਇਸ਼ਟ ਦੇਵ ਬਣ ਜਾਇੰਦਾ । ਨਿਰਗੁਣ ਤੀਰਥ ਨਿਰਗੁਣ ਤਾਟ, ਨਿਰਗੁਣ ਚੌਦਾਂ ਹੱਟ ਸਮਾਇੰਦਾ । ਨਿਰਗੁਣ ਕਿਨਾਰਾ ਨਿਰਗੁਣ ਘਾਟ, ਨਿਰਗੁਣ ਜਲ ਜਲ ਧਾਰ ਬੰਧਾਇੰਦਾ । ਨਿਰਗੁਣ ਬਸਤਰ ਨਿਰਗੁਣ ਪਾਟ, ਨਿਰਗੁਣ ਨਾਮ ਧਿਆਨ ਆਪੇ ਲਾਇੰਦਾ । ਨਿਰਗੁਣ ਸੇਜਾ ਨਿਰਗੁਣ ਖਾਟ, ਨਿਰਗੁਣ ਆਸਣ ਹਰਿ ਸਿੰਘਾਸਣ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਗੋਪੀ ਨਿਰਗੁਣ ਕਾਹਨ, ਨਿਰਗੁਣ ਬੰਸਰੀ ਨਾਮ ਵਜਾਈਆ । ਨਿਰਗੁਣ ਸੀਤਾ ਨਿਰਗੁਣ ਰਾਮ, ਨਿਰਗੁਣ ਬਣ ਬਣ ਖੋਜ ਖੁਜਾਈਆ । ਨਿਰਗੁਣ ਨਾਮ ਨਿਰਗੁਣ ਨਿਧਾਨ, ਨਿਰਗੁਣ ਨਿਰਗੁਣ ਝੋਲੀ ਪਾਈਆ । ਨਿਰਗੁਣ ਸਾਕੀ ਨਿਰਗੁਣ ਜਾਮ, ਨਿਰਗੁਣ ਭਰ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਏਕਾ ਏਕ ਇਕ ਅਖਵਾਈਆ । ਨਿਰਗੁਣ ਸ਼ਬਦ ਨਿਰਗੁਣ ਬਾਣੀ, ਨਿਰਗੁਣ ਹੁਕਮੀ ਹੁਕਮ ਸੁਣਾਇੰਦਾ । ਨਿਰਗੁਣ ਚਾਰੇ ਵਸੇ ਖਾਣੀ, ਚਾਰੇ ਜੁਗ ਵੇਖ ਵਖਾਇੰਦਾ । ਨਿਰਗੁਣ ਚਾਰੇ ਵੇਦ ਜਣਾਏ ਹਾਣੀ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਨਿਰਗੁਣ ਦਾਤਾ ਜੀਅ ਪਰਾਨੀ, ਕੁਰਾਨ ਕੁਰਾਨਾ ਵਿਚ ਸਮਾਇੰਦਾ । ਨਿਰਗੁਣ ਰਾਜਾ ਨਿਰਗੁਣ ਰਾਣੀ, ਨਿਰਗੁਣ ਅਕਥ ਕਹਾਣੀ ਆਪ ਅਲਾਇੰਦਾ । ਨਿਰਗੁਣ ਅੰਮ੍ਰਿਤ ਦੇਵੇ ਠੰਡਾ ਪਾਣੀ, ਨਿਰਗੁਣ ਅਗਨੀ ਤਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪਣਾ ਨਾਉਂ ਰਖਾਇੰਦਾ । ਨਿਹਕਲੰਕ ਹਰਿ ਭਗਵਾਨਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਕਲਜੁਗ ਅੰਤਮ ਹੋਏ ਪਰਧਾਨਾ, ਸ਼ਬਦ ਡੰਕਾ ਇਕ ਵਜਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਈਆ । ਜਨ ਭਗਤਾਂ ਹੱਥੀਂ ਬੰਨ੍ਹੇ ਗਾਨਾ, ਲੋਕਮਾਤ ਇਕ ਰੁਸ਼ਨਾਈਆ । ਸੋਹੰ ਸ਼ਬਦ ਸੁਣਾਏ ਸਚ ਤਰਾਨਾ, ਆਤਮ ਬ੍ਰਹਮ ਪਾਰਬ੍ਰਹਮ ਮਿਲਾਈਆ । ਦੋ ਅੱਖਰ ਗਾਏ ਏਕਾ ਗਾਣਾ, ਚੌਥਾ ਜੁਗ ਮੇਟ ਮਿਟਾਈਆ । ਮੁਖ ਸ਼ਰਮਾਏ ਰਵ ਸਸ ਭਾਨਾ, ਨੇਤਰ ਨੈਣ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੜਗ ਖੰਡਾ ਇਕ ਚਮਕਾਈਆ । ਖੜਗ ਖੰਡਾ ਹਰਿ ਜਗਦੀਸ਼, ਸ਼ਬਦੀ ਸ਼ਬਦ ਉਠਾਇੰਦਾ । ਲੱਖ ਚੁਰਾਸੀ ਪੀਸਣ ਜਾਏ ਪੀਸ, ਕਲਜੁਗ ਚੱਕੀ ਜੂਠੀ ਝੂਠੀ ਆਪ ਚਲਾਇੰਦਾ । ਲੇਖਾ ਜਾਣੇ ਜਗਤ ਹਦੀਸ, ਅੰਜੀਲ ਕੁਰਾਨਾ ਫੋਲ ਫੁਲਾਇੰਦਾ । ਰਾਜ ਰਾਜਾਨਾ ਵੇਖੇ ਸੀਸ, ਸੀਸ ਤਾਜ ਨਾ ਕੋਈ ਟਿਕਾਇੰਦਾ । ਲੇਖਾ ਜਾਣੇ ਬੀਸ ਇਕੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

ਤੇਰੀ ਅੰਤਮ ਵਰ, ਸਾਚੀ ਧਾਰਾ ਆਪ ਚਲਾਇੰਦਾ । ਬੀਸ ਇਕੀਸਾ ਹਰਿ ਜਗਦੀਸਾ, ਸ਼ਾਹੋ ਸ਼ਬੀਸਾ ਆਪ ਅਖਵਾਈਆ । ਸਾਚਾ ਤਾਜ ਰਖਾਏ ਸੀਸਾ, ਸਤਿਗੁਰ ਪੂਰਾ ਵਡ ਵਡਿਆਈਆ । ਨੌ ਖੰਡ ਪ੍ਰਿਥਮੀ ਇਕ ਹਦੀਸਾ, ਚਾਰ ਵਰਨਾਂ ਕਰੇ ਪੜ੍ਹਾਈਆ । ਲੇਖਾ ਜਾਣੇ ਮੂਸਾ ਈਸਾ, ਸੰਗ ਮੁਹੰਮਦ ਚਾਰ ਯਾਰ ਏਕਾ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਿਰੰਕਾਰਾ ਆਪਣਾ ਖੇਲ ਆਪ ਖਲਾਈਆ । ਨਰ ਨਰਾਇਣ ਹਰਿ ਨਿਰੰਕਾਰ, ਨਿਰਗੁਣ ਆਪਣਾ ਨਾਉਂ ਧਰਾਇਆ । ਪ੍ਰਗਟ ਹੋਇਆ ਵਿਚ ਸੰਸਾਰ, ਕਲਜੁਗ ਅੰਤਮ ਵੇਖ ਵਖਾਇਆ । ਲੋਆਂ ਪੁਰੀਆਂ ਖੇਲ ਅਪਾਰ, ਅੰਡਜ ਜੇਰਜ ਉਤਭੁਜ ਸੇਤਜ ਭੇਵ ਨਾ ਰਾਇਆ । ਵੰਡਣਹਾਰਾ ਆਪੇ ਵੰਡ, ਆਪਣਾ ਹਿੱਸਾ ਆਪ ਵੰਡਾਇਆ । ਕਲਜੁਗ ਜੀਵ ਸੁੱਤੇ ਦੇ ਕਰ ਕੰਡ, ਪੁਰਖ ਅਬਿਨਾਸ਼ੀ ਫੇਰਾ ਪਾਇਆ । ਸ੍ਰਿਸ਼ਟ ਹੋਈ ਰੰਡ, ਸਾਚਾ ਕੰਤ ਨਾ ਕੋਈ ਹੰਢਾਇਆ । ਤੀਰਥ ਤੱਟਾਂ ਭੇਖ ਪਖੰਡ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਚਾ ਕੰਤ ਨਾ ਕੋਈ ਮਿਲਾਇਆ । ਗੁਰ ਦਰ ਮੰਦਰ ਮਸਜਿਦ ਪਾਇਣ ਡੰਡ, ਹਰਿ ਕਾ ਰੂਪ ਦਿਸ ਨਾ ਆਇਆ । ਭਰਮਾਂ ਢਾਈ ਨਾ ਕਿਸੇ ਕੰਧ, ਹਉਮੇ ਕੰਧ ਨਾ ਕੋਈ ਤੁੜਾਇਆ । ਘਰ ਘਰ ਚੜ੍ਹਿਆ ਨਾ ਸਾਚਾ ਚੰਦ, ਗੁਰ ਕਾ ਸ਼ਬਦ ਨਾ ਕਿਸੇ ਅਲਾਇਆ । ਖ਼ੁਸ਼ੀ ਹੋਇਆ ਨਾ ਬੰਦ ਬੰਦ, ਨਿਰਗੁਣ ਰੂਪ ਨਜ਼ਰ ਨਾ ਆਇਆ । ਰਸਨਾ ਲਾਇਆ ਮਦਿਰਾ ਮਾਸ ਗੰਦ, ਪਰਮਾਨੰਦ ਸਰਬ ਤਜਾਇਆ । ਜੋ ਜਨ ਏਕਾ ਅੱਖਰ ਗਾਏ ਸੁਹਾਗੀ ਛੰਦ, ਲੱਖ ਚੁਰਾਸੀ ਦਏ ਕਟਾਇਆ । ਕਲਜੁਗ ਅੰਤਮ ਸੋਹੰ ਸ਼ਬਦ ਜੋ ਗਾਏ ਬੱਤੀ ਦੰਦ, ਬੀਸ ਬੀਸਾ ਏਕਾ ਧਾਰ ਬੰਧਾਇਆ । ਸਤਿਗੁਰ ਪੂਰਾ ਹਰਿ ਬਖ਼ਸ਼ਿੰਦ, ਕੋਟਨ ਕੋਟੀ ਪਾਪੀ ਲਏ ਤਰਾਇਆ । ਮਨਮੁਖ ਜੀਵ ਭਾਗਾਂ ਮੰਦ, ਅੰਤਮ ਬੈਠੇ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਲਏ ਜਗਾਇਆ । ਗੁਰਮੁਖ ਸਾਚੇ ਜਗਾਵਣ ਆਇਆ, ਨਿਰਗੁਣ ਜੋਤੀ ਜਾਮਾ ਧਾਰ । ਜਗ ਵਿਛੜੇ ਮੇਲ ਮਿਲਾਵਣ ਆਇਆ, ਨਿਹਕਲੰਕ ਨਰਾਇਣ ਨਰ ਅਵਤਾਰ । ਸ਼ਬਦ ਗੁਰ ਇਕ ਸਮਝਾਵਣ ਆਇਆ, ਆਦਿ ਜੁਗਾਦੀ ਮੀਤ ਮੁਰਾਰ । ਘਰ ਮੰਦਰ ਦੀਪ ਜਗਾਵਣ ਆਇਆ, ਘੋਰ ਅੰਧੇਰੇ ਹੋਏ ਉਜਿਆਰ । ਬੂੰਦ ਸਵਾਂਤੀ ਆਪ ਪਿਆਵਣ ਆਇਆ, ਭਰ ਪਿਆਲਾ ਠੰਡੀ ਠਾਰ । ਇਕ ਇਕਾਂਤੀ ਦਰਸ ਦਿਖਾਵਣ ਆਇਆ, ਸਵਛ ਸਰੂਪੀ ਹਰਿ ਨਿਰੰਕਾਰ । ਸਾਚੇ ਮਾਰਗ ਆਪੇ ਲਾਵਣ ਆਇਆ, ਹਰਿ ਬੂਟਾ ਜਗਤ ਅਪਾਰ । ਪੰਚ ਵਿਕਾਰਾ ਗੜ੍ਹ ਤੁੜਾਵਣ ਆਇਆ, ਨਾਮ ਖੰਡਾ ਮਾਰੇ ਮਾਰ । ਜੂਠਾ ਝੂਠਾ ਲੜ ਛੁੜਾਵਣ ਆਇਆ, ਸਚ ਸੁੱਚ ਕਰੇ ਪਿਆਰ । ਆਸਾ ਤ੍ਰਿਸ਼ਨਾ ਜਗਤ ਮਿਟਾਵਣ ਆਇਆ, ਗੁਰ ਚਰਨ ਕਰਾਏ ਇਕ ਪਿਆਰ । ਉਜੜਿਆ ਘਰ ਫੇਰ ਵਸਾਵਣ ਆਇਆ, ਕਾਇਆ ਮੰਦਰ ਖੋਲ੍ਹ ਕਿਵਾੜ । ਪੰਚ ਪਿਆਰੇ ਨਾਲ ਰਲਾਵਣ ਆਇਆ, ਸਿਰ ਬੰਨ੍ਹੀ ਸੱਚੀ ਦਸਤਾਰ । ਤਖ਼ਤ ਤਾਜ ਰਾਜ ਜੋਗ ਸਾਚੀ ਵਸਤ ਝੋਲੀ ਪਾਵਣ ਆਇਆ, ਲੋਕਮਾਤ ਬਣ ਸਿਕਦਾਰ । ਕਾਗੋਂ ਹੰਸ ਬਣਾਵਣ ਆਇਆ, ਗੁਰਸਿਖ ਰਲੇ ਨਾ ਕਾਗੀ ਡਾਰ । ਅੰਤਮ ਆਪਣੀ ਗੋਦ ਸੁਹਾਵਣ ਆਇਆ, ਗੁਰਮੁਖ ਸਾਚੇ ਲਾਲ ਲਏ ਉਭਾਰ । ਜੋਤੀ ਜੋਤ ਜਗਾਵਣ ਆਇਆ, ਘਰ ਘਰ ਦੀਪਕ ਹੋਏ ਉਜਿਆਰ । ਜਗਤ ਅਭਿਆਸ ਪੰਧ ਮੁਕਾਵਣ ਆਇਆ, ਸਿਰ ਹੱਥ ਰੱਖ ਕਰਤਾਰ । ਚਾਰ ਜੁਗ ਦੀ ਲੱਗੀ ਪਿਆਸ ਬੁਝਾਵਣ ਆਇਆ, ਹੱਥ ਫੜ ਸੁਰਾਹੀ ਮੀਤ ਮੁਰਾਰ । ਬ੍ਰਹਮਾ ਵਿਸ਼ਨ

ਸ਼ਿਵ ਗੁਰਸਿਖ ਤੇਰੀ ਸੇਵ ਲਗਾਵਣ ਆਇਆ, ਕਰੋੜ ਤੇਤੀਸਾ ਨਿਉਂ ਨਿਉਂ ਕਰੇ ਨਿਮਸਕਾਰ । ਬ੍ਰਹਿਮੰਡ ਖੰਡ ਤੇਰਾ ਦਾਸੀ ਦਾਸ ਬਨਾਵਣ ਆਇਆ, ਤੇਰਾ ਮੰਦਰ ਵਖਾਏ ਉਚ ਦਰਬਾਰ । ਸਚਖੰਡ ਦੁਆਰਾ ਆਪ ਸੁਹਾਵਣ ਆਇਆ, ਨਿਰਗੁਣ ਜੋਤੀ ਜਾਮਾ ਧਾਰ । ਗੁਰਮੁਖ ਏਕਾ ਰੰਗ ਰੰਗਾਵਣ ਆਇਆ, ਜੋਧਾ ਸੂਰਬੀਰ ਗੁਰ ਕਰਤਾਰ । ਨਾਮ ਖੰਡਾ ਇਕ ਚਮਕਾਵਣ ਆਇਆ, ਚੰਡੀ ਚਮਕੇ ਵਾਰੋ ਵਾਰ । ਵਰ ਭੰਡੀ ਮੇਟ ਮਿਟਾਵਣ ਅਇਆ, ਭੇਖ ਪਖੰਡੀ ਨਾ ਦਿਸੇ ਵਿਚ ਸੰਸਾਰ । ਸਾਚੀ ਡੰਡੀ ਰਾਹ ਚਲਾਵਣ ਆਇਆ, ਚਾਰ ਵਰਨਾਂ ਕਰੇ ਪਿਆਰ । ਵਾਸਨਾ ਗੰਦੀ ਸਰਬ ਕਢਾਵਣ ਆਇਆ, ਸ਼ਬਦ ਸੁਗੰਧੀ ਭਰੇ ਭੰਡਾਰ । ਚੰਦ ਨੌਚੰਦੀ ਆਪ ਚੜ੍ਹਾਵਣ ਆਇਆ, ਆਪੇ ਵੇਖੇ ਸੀਤਲਾ ਧਾਰ । ਭਾਗਾਂ ਮੰਦੀ ਧਰਤ ਮਾਤ ਫੇਰ ਉਠਾਵਣ ਆਇਆ, ਕਲਜੁਗ ਅੰਤਮ ਹੌਲਾ ਕਰੇ ਭਾਰ । ਹਰਿ ਸੰਗਤ ਤੇਰੇ ਉਤੋਂ ਫੁੱਲ ਬਰਸਾਵਣ ਆਇਆ, ਆਪਣੀ ਸੇਵਾ ਕਰੇ ਸੇਵਾਦਾਰ । ਰਾਏ ਧਰਮ ਤੇਰੇ ਦਰ ਤੋਂ ਆਪ ਦੁਰਕਾਵਣ ਆਇਆ, ਚਿਤਰ ਗੁਪਤ ਲੇਖਾ ਦਏ ਨਾ ਕੋਈ ਵਖਾਲ । ਲਾੜੀ ਮੌਤ ਮੁਖ ਸ਼ਰਮਾਵਣ ਆਇਆ, ਨੇਤਰ ਨੈਣਾਂ ਲਏ ਉਘਾੜ । ਗੁਰਸਿਖ ਤੇਰੀ ਸੇਜ ਸੁਹਾਵਣ ਆਇਆ, ਅੰਦਰ ਵੜ ਆਪ ਨਿਰੰਕਾਰ । ਬਜ਼ਰ ਕਪਾਟੀ ਤੋੜ ਤੁੜਾਵਣ ਆਇਆ, ਸ਼ਬਦ ਹਥੌੜਾ ਦੇਵੇ ਮਾਰ । ਸਰ ਸਰੋਵਰ ਆਪ ਨੁਹਾਵਣ ਆਇਆ, ਦੁਰਮਤ ਮੈਲ ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰਸ ਦਿਖਾਏ ਆਪ ਕਰਤਾਰ । ਹਰਿ ਦਰਸ਼ਨ ਚੁੱਕੇ ਜਗ ਲੇਖਾ, ਜੋਗ ਅਭਿਆਸ ਨਾ ਕੋਇ ਜਣਾਈਆ । ਜਿਸ ਜਨ ਆਏ ਨੇਤਰ ਪੇਖਾ, ਅਜੱਪਾ ਜਾਪ ਰੂਪ ਵਟਾਈਆ । ਸਤਿਗੁਰ ਪੂਰਾ ਦਸ ਦਸਮੇਸ਼ਾ, ਰਾਮਾ ਕ੍ਰਿਸ਼ਨਾ ਰੰਗ ਰੰਗਾਈਆ । ਈਸਾ ਮੂਸਾ ਜਾਣੇ ਲੇਖਾ, ਚਾਰ ਯਾਰ ਸੰਗ ਮੁਹੰਮਦ ਕਰੇ ਕੁੜਮਾਈਆ । ਕਲਜੁਗ ਅੰਤਮ ਕੱਢੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਈਆ । ਮੇਲ ਮਿਲੰਦੜਾ ਹਰਿ ਭਗਵਾਨਾ, ਸ਼ਾਹੋ ਭੂਪ ਅਖਵਾਇਆ । ਸ਼ਬਦ ਸੁਣੰਦੜਾ ਧੁਰ ਤਰਾਨਾ, ਰਾਗੀ ਰਾਗ ਅਲਾਇਆ । ਜੋਤ ਜਗੰਦੜਾ ਦੋ ਜਹਾਨਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਇਆ । ਫੇਰਾ ਪਾਏ ਹਰਿ ਰਘੁਰਾਏ, ਰਘਪਤ ਵੱਡੀ ਵਡਿਆਈਆ । ਡੁੱਬਦੇ ਪਾਥਰ ਲਏ ਤਰਾਏ, ਜੋ ਜਨ ਆਏ ਸਰਨਾਈਆ । ਤ੍ਰੈਗੁਣ ਮਾਇਆ ਨਾ ਸੱਥਰ ਕੋਈ ਵਿਛਾਏ, ਪੰਜ ਤਤ ਨਾ ਸੇਜ ਸੁਹਾਈਆ । ਨੇਤਰ ਨੈਣ ਅੱਥਰ ਨਾ ਕੋਈ ਵਹਾਏ, ਜਿਸ ਹਰਿ ਮਿਲਿਆ ਬੇਪਰਵਾਹੀਆ । ਕਲਜੁਗ ਝੱਖੜ ਰਿਹਾ ਝੁਲਾਏ, ਜੀਵ ਜੰਤ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਕਲਜੁਗ ਅੰਧੇਰ ਝੁੱਲਿਆ, ਚਾਰ ਕੁੰਟ ਨੌ ਖੰਡ । ਕਲਜੁਗ ਬੂਟਾ ਅੰਤਮ ਫੁਲਿਆ, ਪ੍ਰਭ ਵੇਖਣਹਾਰ ਬ੍ਰਹਿਮੰਡ । ਸੰਮਤ ਸਤਾਰਾਂ ਅਠਾਰਾਂ ਜਾਏ ਹੁਲਿਆ, ਦੀਸੇ ਦੁਹਾਗਣ ਰੰਡ । ਸਾਚੇ ਤੋਲ ਨਾ ਕਿਸੇ ਤੁਲਿਆ, ਪ੍ਰਭ ਪਾਈ ਨਾ ਕੋਈ ਵੰਡ । ਲੋਕਮਾਤ ਨਾ ਪਏ ਮੁਲਿਆ, ਨਾਤਾ ਜੁੜਿਆ ਭੇਖ ਪਖੰਡ । ਸਚ ਦੁਆਰਾ ਏਕਾ ਖੁਲ੍ਹਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਆਪਣੇ ਲਏ ਮੰਗ । ਹਰਿਜਨ ਸਾਚੇ ਮੰਗਣ ਆਇਆ, ਦੀਨਾ ਨਾਥ ਕੇ ਨਾਥ । ਆਪਣੇ ਅੰਗਣ ਆਪ ਉਠਾਵਣ ਆਇਆ, ਆਪ ਰਖਾਏ ਸਗਲਾ ਸਾਥ । ਆਪਣਾ ਕੰਗਣ ਨਾਮ ਪਹਿਨਾਵਣ ਆਇਆ, ਆਪ ਜਣਾਏ ਪੂਜਾ ਪਾਠ । ਆਪਣਾ ਮਰਦੰਗਨ

ਆਪ ਵਜਾਵਣ ਆਇਆ, ਸੋਹੰ ਸ਼ਬਦ ਉਤਾਰੇ ਏਕਾ ਘਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਵਿਕਾਏ ਨਾ ਕਿਸੇ ਹਾਟ । ਗੁਰਸਿਖ ਹੱਟ ਕਿਸੇ ਨਾ ਵਿਕਣਾ, ਕਰਤਾ ਕੀਮਤ ਆਪੇ ਪਾਈਆ । ਲੱਖ ਚੁਰਾਸੀ ਤੇਰਾ ਰਾਹ ਤੱਕਣਾ, ਸਾਚਾ ਮਾਰਗ ਪੰਥ ਇਕ ਵਖਾਈਆ । ਨਾਮ ਦੋ ਜਹਾਨੀ ਰੱਖਣਾ, ਜੀਵ ਜੰਤ ਰਸਨਾ ਗਾਈਆ । ਲੱਖ ਚੁਰਾਸੀ ਵਿਚੋਂ ਵਿਰੋਲੇ ਮੱਖਣਾ, ਸ੍ਰਿਸ਼ਟ ਸਬਾਈ ਛਾਛ ਬਣਾਈਆ । ਅੰਤਮ ਕਲਜੁਗ ਕਰੇ ਭੱਖਣਾ, ਤੇਰਾ ਤੇਰਾ ਹੋਏ ਸਹਾਈਆ । ਬਣ ਭਿਖਾਰੀ ਮੰਗੇ ਦੱਛਣਾ, ਅੱਗੇ ਆਪਣੀ ਝੋਲੀ ਡਾਹੀਆ । ਜੂਠ ਝੂਠ ਕਾਇਆ ਵਿਚ ਨਾ ਰੱਖਣਾ, ਕੂੜੀ ਕਿਰਿਆ ਬਾਹਰ ਕਢਾਈਆ । ਬਿਨ ਹਰਿ ਨਾਮੇ ਭਾਂਡਾ ਸਖਣਾ, ਵੇਲੇ ਅੰਤ ਕੰਮ ਨਾ ਆਈਆ । ਸਾਚਾ ਮਾਰਗ ਬਿਨ ਸਤਿਗੁਰ ਪੂਰੇ ਕਿਸੇ ਨਾ ਦੱਸਣਾ, ਭਰਮੇ ਭੁੱਲੀ ਸਰਬ ਲੋਕਾਈਆ । ਵੇਦ ਕਤੇਬ ਹਰਿ ਕਾ ਨਾਮ ਗਾਇਣ ਜਸਨਾ, ਹਰਿ ਕਾ ਨਾਮ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਮਿਲਾਈਆ । ਹਰਿਜਨ ਸਾਚਾ ਮੇਲਣਾ, ਕਰ ਕਿਰਪਾ ਆਪ ਨਿਰੰਕਾਰ । ਕਲਜੁਗ ਅੰਤਮ ਖੇਲ ਖੇਲਣਾ, ਪ੍ਰਗਟ ਹੋ ਵਿਚ ਸੰਸਾਰ । ਜੋਤ ਨਿਰੰਜਣ ਚਾੜ੍ਹੇ ਤੇਲਣਾ, ਆਦਿ ਨਿਰੰਜਣ ਕਰ ਪਿਆਰ । ਸਤਿਗੁਰ ਪੂਰਾ ਸੱਜਣ ਸੁਹੇਲਣਾ, ਲੋਕਮਾਤ ਕਰੇ ਵਿਚਾਰ । ਆਪੇ ਜਾਣੇ ਵਕਤ ਵੇਲਣਾ, ਵਾਰ ਥਿਤ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਰਖਾਏ ਸਾਚੇ ਲਾੜ । ਗੁਰਮੁਖ ਸਾਚਾ ਲਾੜਾ, ਹਰਿ ਸਾਚਾ ਆਪ ਉਠਾਇੰਦਾ । ਸ਼ਬਦ ਘੋੜੇ ਆਪੇ ਚਾੜ੍ਹਾ, ਵਾਗ ਆਪਣੇ ਹੱਥ ਰਖਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਮੋਹ ਵਿਕਾਰਾ ਮੇਟ ਮਿਟਾਇੰਦਾ । ਜੋਤ ਜਗਾਏ ਬਹੱਤਰ ਨਾੜਾ, ਘਰ ਘਰ ਵਿਚ ਵੇਖ ਵਖਾਇੰਦਾ । ਅੰਦਰ ਮੰਦਰ ਵਖਾਏ ਇਕ ਅਖਾੜਾ, ਗੋਪੀ ਕਾਹਨ ਆਪ ਨਚਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਵੇਖ ਵਖਾਇੰਦਾ । ਸ਼ਬਦ ਉਠਾਏ ਤੇਜ ਕਟਾਰਾ, ਚੰਡ ਪਰਚੰਡ ਆਪ ਚਮਕਾਇੰਦਾ । ਤਿਖੀਆਂ ਰੱਖੇ ਦੋਵੇਂ ਧਾਰਾ, ਗੁਰਮੁਖ ਮਨਮੁਖ ਵੇਖ ਵਖਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਮਨਮੁਖ ਦਰ ਦੁਆਰ ਆਪ ਫਿਰਾਇੰਦਾ । ਦੋਹਾਂ ਵਿਚੋਲਾ ਸਿਰਜਣਹਾਰਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਹਰਿ ਭਗਵਾਨਾ, ਭਗਵਨ ਰੂਪ ਵਟਾਇੰਦਾ । ਭਗਵਾਨ ਰੂਪ ਸ਼ਾਹੋ ਭੂਪ, ਨਿਰਗੁਣ ਨਰਾਇਣ ਵਟਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਜਗਤ ਨਾਤਾ ਤੋੜੇ ਜੂਠ ਝੂਠ, ਸਤਿਜੁਗ ਸਚ ਸੁੱਚ ਵਰਤਾਈਆ । ਜਨ ਭਗਤਾਂ ਉਪਰ ਜਾਏ ਤੁਠ, ਗੁਰਮਤ ਇਕ ਸਮਝਾਈਆ । ਮਨਮਤ ਸਤਿਗੁਰ ਦਵਾਰਿਉਂ ਜਾਏ ਰੁਠ, ਦਰ ਘਰ ਸਾਚੇ ਰਹਿਣ ਨਾ ਪਾਈਆ । ਹਰਿਜਨ ਹਰਿ ਜਗਤ ਵਿਕਾਰਾ ਕੱਢੇ ਕੁੱਟ, ਕਾਇਆ ਕੰਦਰ ਫੋਲ ਫੁਲਾਈਆ । ਦੂਈ ਦਵੈਤੀ ਵੇਖੇ ਫੁੱਟ, ਭਰਮੀ ਭਰਮ ਭੁਲਾਈਆ । ਹਰਿ ਸੰਗਤ ਬੰਨਾਏ ਏਕਾ ਮੁੱਠ, ਚਾਰ ਵਰਨ ਭੈਣਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਪਾਰਬ੍ਰਹਮ, ਜੁਗ ਜੁਗ ਖੇਲ ਖਿਲਾਇਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇਆ । ਪਵਣ ਸਵਾਸੀ ਨਾ ਲਏ ਦਮ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਨੇਤਰ ਨੈਣ ਨਾ ਰੋਵੇ ਛੰਮ ਛੰਮ, ਆਲਸ ਨਿੰਦਰਾ ਵਿਚ ਨਾ ਆਇਆ । ਹਰਖ਼ ਸੋਗ

ਨਾ ਖ਼ੁਸ਼ੀ ਗਮ, ਚਿੰਤਾ ਚਿਖਾ ਨਾ ਕੋਇ ਜਲਾਇਆ । ਨਾ ਘੜੇ ਨਾ ਕੋਈ ਜਾਏ ਭੰਨ, ਘੜਣ ਭੰਨਣਹਾਰ ਆਪ ਅਖਵਾਇਆ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਜੁਗ ਜੁਗ ਆਪਣਾ ਰੂਪ ਵਟਾਇਆ । ਧਰੂ ਪ੍ਰਹਿਲਾਦ ਚੜ੍ਹਾਇਆ ਚੰਨ, ਨਿਰਗੁਣ ਸਾਚਾ ਖੇਲ ਖਿਲਾਇਆ । ਹਰਿਜਨ ਆਤਮ ਜਾਏ ਮਨ, ਮਨ ਮਣਕਾ ਆਪ ਫਿਰਾਇਆ । ਜੋਤ ਜਗਾਏ ਕਾਇਆ ਤਨ, ਤੱਤੀ ਵਾ ਰਹੇ ਨਾ ਰਾਇਆ । ਗੁਰਸਿਖ ਮਤ ਕਹੇ ਧੰਨ ਧੰਨ, ਸਤਿਗੁਰ ਪੂਰਾ ਸਾਚਾ ਪਾਇਆ । ਸੁਣਿਆ ਰਾਗ ਏਕਾ ਕੰਨ, ਛੱਤੀ ਰਾਗ ਰਹੇ ਸ਼ਰਮਾਇਆ । ਧੰਨ ਜਣੇਂਦੀ ਮਾਈ ਜਿਸ ਜਣਿਆ ਜਨ, ਸਤਿਗੁਰ ਪੂਰੇ ਮੇਲ ਮਿਲਾਇਆ । ਭਾਂਡਾ ਭਰਮ ਦੇਵੇ ਭੰਨ, ਲੰਕਾ ਗੜ੍ਹ ਹੰਕਾਰ ਤੁੜਾਇਆ । ਲੇਖਾ ਲੱਗਾ ਖਾਦਾ ਪੀਤਾ ਪਾਣੀ ਅੰਨ, ਜਿਸ ਜਨ ਨੇਤਰ ਹਰਿ ਹਰਿ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਤਰਾਇਆ । ਕਲਜੁਗ ਤੱਤੀ ਅਗਨੀ ਅੱਗ, ਸ੍ਰਿਸ਼ਟ ਸਬਾਈ ਰਹੀ ਜਲਾਈਆ । ਸਤਿਗੁਰ ਪੂਰਾ ਇਕ ਸਰਬੱਗ, ਸੂਰਬੀਰ ਆਪ ਅਖਵਾਈਆ । ਗੁਰਮੁਖਾਂ ਬੰਨ੍ਹੇ ਸਾਚਾ ਤਗ, ਨਾਮ ਤੰਦਨ ਤੰਦ ਬੰਧਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਾਹ ਸੁਲਤਾਨਾ ਵੱਡੀ ਵਡਿਆਈਆ । ਦੀਪਕ ਜੋਤੀ ਗਿਆ ਜਗ, ਜੁਗ ਕਰਤਾ ਆਪ ਜਗਾਈਆ । ਸ਼ਬਦ ਨਗਾਰਾ ਰਿਹਾ ਵਜ, ਸਤਿਗੁਰ ਪੂਰਾ ਆਪ ਵਜਾਈਆ । ਹਰਿ ਸੰਗਤ ਤੇਰੀ ਰੱਖੇ ਲਜ, ਸ਼ਬਦ ਦੋਸ਼ਾਲਾ ਉਪਰ ਪਾਈਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਲੌਣ ਨਾ ਦੇਵੇ ਕਿਸੇ ਅਜ ਪਜ, ਕਾਇਆ ਕਫ਼ਨੀ ਫੋਲ ਫੁਲਾਈਆ । ਹਰਿਜਨ ਤੇਰਾ ਮੱਕਾ ਕਾਅਬਾ ਕਾਇਆ ਮੰਦਰ ਕਰਨਾ ਸਾਚੇ ਹਾਜੀ ਹੱਜ, ਉਚ ਮਹਿਰਾਬ ਹਰਿ ਨਵਾਬ ਸਾਚੇ ਹੁਜਰੇ ਬੈਠਾ ਆਸਣ ਲਾਈਆ । ਚਰਨ ਘੋੜੇ ਦਏ ਰਕਾਬ, ਦੂਈ ਦਵੈਤੀ ਮੁਖ ਪਰਦਾ ਲਾਹੇ ਨਕਾਬ, ਆਪਣੇ ਹੱਥ ਰੱਖੇ ਸੁਰਾਹੀ ਆਬ ਹਯਾਤ, ਭਰ ਪਿਆਲਾ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬੇੜੇ ਦੇਵੇ ਚਾੜ੍ਹ, ਸਾਚਾ ਬੇੜਾ ਇਕ ਵਖਾਈਆ । ਸਾਚਾ ਬੇੜਾ ਕਰ ਤਿਆਰ, ਹਰਿ ਸਤਿਗੁਰ ਸੇਵ ਕਮਾਇੰਦਾ । ਗੁਰਮੁਖਾਂ ਚੁੱਕੇ ਆਪੇ ਭਾਰ, ਆਪਣੇ ਕੰਧ ਉਠਾਇੰਦਾ । ਚੱਪੂ ਲਾਏ ਨਾਮ ਅਪਾਰ, ਮੰਝਧਾਰ ਆਪ ਤਰਾਇੰਦਾ । ਡੂੰਘਾ ਸਾਗਰ ਕਰੇ ਪਾਰ, ਕਲਜੁਗ ਵੇਖ ਵਖਾਇੰਦਾ । ਆਪੇ ਜਾਣੇ ਆਰ ਪਾਰ, ਸਚ ਕਿਨਾਰਾ ਆਪ ਸੁਹਾਇੰਦਾ । ਸਤਿ ਸਤਿਵਾਦੀ ਦਏ ਸਹਾਰ, ਸਤਿ ਸਾਗਰ ਫੋਲ ਫੁਲਾਇੰਦਾ । ਕਾਇਆ ਗਾਗਰ ਖੇਲ ਅਪਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਭਗਤ ਸੁਦਾਗਰ ਵਣਜ ਵਾਪਾਰ, ਨਾਮਾ ਹੱਟ ਖੁਲ੍ਹਾਇੰਦਾ । ਸ਼ਬਦ ਅਨਮੋਲਾ ਭਰ ਭੰਡਾਰ, ਕਾਇਆ ਚੋਲਾ ਰੰਗ ਰੰਗਾਇੰਦਾ । ਤੋਲਾ ਬਣਿਆ ਹਰਿ ਨਿਰੰਕਾਰ, ਸਾਚਾ ਕੰਡਾ ਹੱਥ ਉਠਾਇੰਦਾ । ਸੋਲਾਂ ਕਲਾਂ ਨਾ ਕੋਈ ਅਵਤਾਰ, ਅਕਲ ਕਲ ਧਾਰੀ ਰੂਪ ਵਟਾਇੰਦਾ । ਭੋਲਾ ਭਾਲਾ ਬਣ ਵਿਚ ਸੰਸਾਰ, ਸ੍ਰਿਸ਼ਟ ਸਬਾਈ ਆਪ ਭੁਲਾਇੰਦਾ । ਗੁਰਸਿਖ ਦੁਆਰੇ ਗੋਲਾ ਹੋਏ ਆਪ ਨਿਰੰਕਾਰ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਸਰਗੁਣ ਮੇਲਾ ਵਿਚ ਸੰਸਾਰ, ਨਿਰਗੁਣ ਭੁੱਲ ਕਦੇ ਨਾ ਜਾਇੰਦਾ । ਨਿਰਗੁਣ ਸਾਚਾ ਮੀਤ ਮੁਰਾਰ, ਸਰਗੁਣ ਵਿਛੜ ਕਦੇ ਨਾ ਜਾਇੰਦਾ । ਸਰਗੁਣ ਢਹਿ ਢਹਿ ਪਏ ਦੁਆਰ, ਨਿਰਗੁਣ ਫੜ ਫੜ ਗਲੇ ਲਗਾਇੰਦਾ । ਨਿਰਗੁਣ ਦੇਵੇ ਸਚ ਪਿਆਰ, ਸਰਗੁਣ ਲੱਖ ਲੱਖ ਸ਼ੁਕਰ ਮਨਾਇੰਦਾ । ਸਰਗੁਣ ਫੜ ਫੜ ਪੌੜੇ ਦੇਵੇ ਚਾੜ੍ਹ, ਨਿਰਗੁਣ ਆਪਣੇ ਆਪਣੇ ਘਰ ਬਹਾਇੰਦਾ । ਗੁਰਸਿਖ ਗੁਰ ਸਤਿਗੁਰ ਸੋਹੇ ਇਕ ਦੁਆਰ, ਗੁਰ ਚੇਲਾ ਨਾਉਂ ਵਟਾਇੰਦਾ ।

ਜਾਗਰਤ ਜੋਤ ਜਗਾਏ ਅਗੰਮ ਅਪਾਰ, ਦੀਵਾ ਬਾਤੀ ਇਕ ਵਖਾਇੰਦਾ । ਕਮਲਾਪਾਤੀ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਘਰ, ਘਰ ਘਰ ਵਿਚ ਮੇਲ ਮਿਲਾਇੰਦਾ । ਘਰ ਮੇਲਾ ਕਮਲਾਪਾਤਿਆ, ਘਰ ਨੈਨਣ ਨੈਣ ਧਾਰ । ਘਰ ਏਕਾ ਰੰਗ ਵੇਖੇ ਪ੍ਰਭਾਤਿਆ, ਦਿਵਸ ਰੈਣ ਨਾ ਕੋਈ ਵਿਚਾਰ । ਘਰ ਗਾਏ ਸਾਚੀ ਗਾਥਿਆ, ਅੱਖਰ ਵੱਖਰ ਅਪਰ ਅਪਾਰ । ਘਰ ਮੰਦਰ ਪੂਜਾ ਪਾਠਿਆ, ਘਰ ਪਵਣ ਦੀਪ ਹੁਲਾਰ । ਘਰ ਮੇਲਾ ਸਗਲਾ ਸਾਥਿਆ, ਮੇਲ ਮਿਲਾਵਾ ਸਾਚੇ ਯਾਰ । ਘਰ ਹੋਏ ਸਾਚੀ ਆਰਤੀਆ, ਧੂਪ ਦੀਪ ਖੇਲ ਅਪਾਰ । ਘਰ ਮੰਡਲ ਰਾਸ ਮੰਡਪ ਆਪ ਸੁਹਾਸਿਆ, ਘਰ ਚੰਦ ਸੂਰਜ ਅਵਤਾਰ । ਘਰ ਉਤਮ ਹੋਏ ਜ਼ਾਤਿਆ, ਘਰ ਬ੍ਰਹਮ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਘਰ ਮੰਦਰ ਹਰਿ ਸੁਹੰਜਣਾ, ਘਰ ਸੋਹੇ ਹਰਿ ਭਗਵਾਨ । ਘਰ ਦੀਪਕ ਜਗੇ ਨਿਰੰਜਣਾ, ਘਰ ਝੂਲੇ ਸਚ ਨਿਸ਼ਾਨ । ਘਰ ਮੇਲਾ ਸਾਚੇ ਸੱਜਣਾ, ਘਰ ਦਰਸ ਸ੍ਰੀ ਭਗਵਾਨ । ਘਰ ਕਰਨਾ ਸੱਚਾ ਮਜਨਾ, ਘਰ ਧੂੜ ਚਰਨ ਅਸ਼ਨਾਨ । ਘਰ ਕਰਨਾ ਸਾਚਾ ਹਜਨਾ, ਘਰ ਮਿਲੇ ਇਕ ਅਮਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਪਛਾਣ । ਹਰਿਜਨ ਸਾਚਾ ਆਪ ਪਛਾਨਿਆ, ਕਰ ਕਿਰਪਾ ਗੁਰ ਕਰਤਾਰ । ਦੇਵੇ ਨਾਮ ਗੁਣ ਨਿਧਾਨਿਆਂ, ਨਾਤਾ ਤੋੜ ਸਰਬ ਸੰਸਾਰ । ਲੱਖ ਚੁਰਾਸੀ ਪੁਣ ਪੁਣ ਛਾਣਿਆ, ਗੁਰਮੁਖ ਲਾਲ ਲਏ ਨਿਕਾਲ । ਕਿਸੇ ਹੱਥ ਨਾ ਆਏ ਰਾਜੇ ਰਾਣਿਆ, ਸ਼ਾਹ ਸੁਲਤਾਨ ਰਹੇ ਭਾਲ । ਕਿਸੇ ਦਿਸੇ ਨਾ ਮੰਦਰ ਗਾਣਿਆ, ਗੁਰ ਦਰ ਮੰਦਰ ਮਸਜਿਦ ਬੈਠੇ ਲਾ ਲਾ ਧਿਆਨ । ਗੁਰਸਿਖ ਤੇਰਾ ਹੱਟ ਮਕਾਨਿਆ, ਅੰਦਰ ਵੜਿਆ ਦੀਨ ਦਿਆਲ । ਦੇਵਣਹਾਰਾ ਧੁਰ ਫ਼ਰਮਾਣਿਆ, ਸ਼ਬਦ ਜਣਾਈ ਵਡ ਮਿਹਰਬਾਨ । ਜੋ ਜਨ ਚਲੇ ਸਤਿਗੁਰ ਭਾਣਿਆ, ਘਰ ਘਰ ਦਰਸ ਦਿਖਾਏ ਆਣ । ਲੱਭਣ ਜਾਏ ਨਾ ਕੋਈ ਵਿਚ ਬੀਆਬਾਨਿਆਂ, ਲੱਖ ਚੁਰਾਸੀ ਖ਼ਾਕ ਰਹੀ ਛਾਣ । ਗੁਰਸਿਖ ਗੁਰੂ ਗੁਰ ਸਤਿਗੁਰ ਆਪ ਪਛਾਨਿਆ, ਆਪਣੀ ਕਰੇ ਜਾਣ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਗੁਣ ਨਿਧਾਨਿਆ । ਗੁਣ ਨਿਧਾਨਾ ਹੱਥ ਨਾ ਆਂਵਦਾ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਕੋਟਨ ਕੋਟੀ ਜੀਵ ਕੁਰਲਾਂਵਦਾ, ਨੇਤਰ ਨੀਰ ਰਹੇ ਵਹਾਈਆ । ਅਠਸਠ ਤੀਰਥ ਮਨਮੁਖ ਖ਼ਾਕ ਛਾਣਦਾ, ਕਾਇਆ ਮੰਦਰ ਨਾ ਫੋਲ ਫੁਲਾਈਆ । ਗਿਆਨ ਧਿਆਨ ਜਗਤ ਵਾਸਨਾ ਫਿਰੇ ਵਾਚਦਾ, ਮਨ ਵਾਸਨਾ ਨਾ ਕੋਇ ਗਵਾਈਆ । ਚਾਰੋਂ ਕੁੰਟ ਫਿਰੇ ਨਾਚਦਾ, ਨਿਝ ਆਤਮ ਨਾ ਕੋਈ ਰਸਾਈਆ । ਭਾਂਡਾ ਵੇਖ ਮਾਟੀ ਕਾਚ ਦਾ, ਪੋਚੇ ਪੋਚ ਚਮਕਾਈਆ । ਆਪਣੀ ਵਸਤ ਨਾ ਆਪੇ ਜਾਚਦਾ, ਸਾਚਾ ਕੰਡਾ ਹੱਥ ਉਠਾਈਆ । ਆਪਣਾ ਘਰ ਨਾ ਕਿਸੇ ਭਾਸਦਾ, ਘਰ ਭੁੱਲੀ ਸਰਬ ਲੋਕਾਈਆ । ਕਲਜੁਗ ਵੇਲਾ ਜੰਗਲ ਜੂਹ ਉਜਾੜ ਪਰਭਾਸ ਦਾ, ਸੁੰਞੀ ਰੈਣ ਅੰਧੇਰੀ ਛਾਈਆ । ਗੁਰਮੁਖ ਵਿਰਲਾ ਦਰਸੀ ਦਰਸ ਪਿਆਸ ਦਾ, ਦਰ ਹਰਿ ਦਰਸ਼ਨ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭਗਤਨ ਹੋਏ ਸਹਾਈਆ । ਭਗਤਨ ਹੋਏ ਸਹਾਇਕ, ਹਰਿ ਸਾਚਾ ਸਚ ਭਗਵਾਨਿਆ । ਜਿਸ ਜਾਤਾ ਹਰਿ ਹਰਿ ਨਾਇਕ, ਹਰਿ ਦੇਵੇ ਧੁਰ ਮਾਣਿਆ । ਆਦਿ ਜੁਗਾਦੀ ਸਦਾ ਸਹਾਇਕ, ਸਮਰਥ ਪੁਰਖ ਇਕ ਅਖਵਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਕਿਸੇ ਹੱਥ ਨਾ ਆਏ ਵਡ ਵਡ ਦਾਨਿਆ । ਗਿਆਨੀ ਧਿਆਨੀ ਵਡ ਵਿਦਵਾਨੀ, ਚਾਰੋਂ ਕੁੰਟ

ਖੋਜ ਖੁਜਾਈਆ । ਕਿਸੇ ਹੱਥ ਨਾ ਆਏ ਸਚ ਨਿਸ਼ਾਨੀ, ਪੜ੍ਹ ਪੜ੍ਹ ਰਸਨਾ ਜਿਹਵਾ ਵਾਦ ਵਿਵਾਦ ਵਧਾਈਆ । ਅੰਤਰ ਮੰਤਰ ਪੜ੍ਹਿਆ ਅੱਖਰ ਨਾ ਏਕਾ ਬਾਣੀ, ਜੋ ਬਾਣ ਨਿਰਾਲਾ ਦਏ ਲਗਾਈਆ । ਰਸਨਾ ਜਿਹਵਾ ਰਿੜਕਿਆ ਪਾਣੀ, ਸਾਚਾ ਮੱਖਣ ਹੱਥ ਨਾ ਆਈਆ । ਬਿਨ ਸਤਿਗੁਰ ਪੂਰੇ ਕੋਇ ਨਾ ਮਾਰੇ ਤੀਰ ਨਿਸ਼ਾਨੀ, ਸਚ ਨਿਸ਼ਾਨਾ ਨਾ ਕੋਇ ਲਗਾਈਆ । ਬਿਨ ਹਰਿ ਸ਼ਬਦ ਲੇਖੇ ਲੱਗੇ ਨਾ ਕਿਸੇ ਬਿਰਧ ਬਾਲ ਜਵਾਨੀ, ਮਾਨਸ ਬੈਠੇ ਜਨਮ ਗਵਾਈਆ । ਕਿਸੇ ਹੱਥ ਨਾ ਆਏ ਠੰਡਾ ਪਾਣੀ, ਅਠਸਠ ਤੀਰਥ ਫੇਰੀਆਂ ਰਹੇ ਪਾਈਆ । ਨਜ਼ਰ ਨਾ ਆਏ ਪਦ ਨਿਰਬਾਣੀ, ਦੋਏ ਦੋਏ ਲੋਚਣ ਜਗਤ ਵੇਖ ਵਖਾਈਆ । ਰੰਗ ਮਾਣਿਆਂ ਚਾਰੇ ਖਾਣੀ, ਭੋਗ ਬਿਲਾਸ ਵਡ ਵਡਿਆਈਆ । ਹਰਿ ਕਾ ਸ਼ਬਦ ਨਾ ਮਿਲਿਆ ਸਾਚਾ ਹਾਣੀ, ਸਾਚੀ ਸੇਜ ਨਾ ਕਿਸੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖੇ ਥਾਉਂ ਥਾਈਆ । ਥਾਨ ਥਨੰਤਰ ਸੋਭਾਵੰਤ, ਹਰਿ ਸਤਿਗੁਰ ਆਪ ਸੁਹਾਇੰਦਾ । ਹਰਿ ਸੰਗਤ ਬੁਝਾਏ ਤੇਰੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਸੋਹੰ ਸ਼ਬਦ ਗੌਣਾ ਸਾਚਾ ਮੰਤਰ, ਜਮ ਕਾ ਦੂਤ ਨੇੜ ਨਾ ਆਇੰਦਾ । ਗੁਰ ਕਾ ਚਰਨ ਧਿਆਨ ਸਾਚਾ ਮੰਤਰ, ਲੱਖ ਚੁਰਾਸੀ ਫੰਦ ਕਟਾਇੰਦਾ । ਆਪੇ ਬਿਧ ਜਾਣੇ ਅੰਤਰ, ਜੋ ਜਨ ਨੇਤਰ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਮ ਆਪ ਰਖਾਇੰਦਾ । ਸੋਹੰ ਸ਼ਬਦ ਬ੍ਰਹਮ ਪਾਰਬ੍ਰਹਮ, ਹਰਿ ਹਰਿ ਨਾਉਂ ਧਰਾਇਆ । ਹਰਿ ਸੰਗਤ ਲੇਖਾ ਚੁਕਿਆ ਜਗਤ ਗ਼ਮ, ਚਿੰਤਾ ਚਿਖ਼ਾ ਦਏ ਮਿਟਾਈਆ । ਰਸਨਾ ਗੌਣਾ ਦਮਾ ਦਮ, ਜਿਹਵਾ ਸਾਚੀ ਸੇਵ ਕਮਾਇਆ । ਮਨ ਕੀ ਵਾਸਨਾ ਰੱਖੇ ਮਨ, ਮਨ ਪੰਖੀ ਬੰਧ ਬੰਧਾਇਆ । ਮਤ ਮਤਵਾਲੀ ਰੱਖੇ ਤਨ, ਤਤਵ ਤਤ ਨਾ ਕੋਇ ਜਲਾਇਆ । ਬੁੱਧ ਬਿਬੇਕੀ ਕਹੇ ਧੰਨ ਧੰਨ ਧੰਨ, ਸਤਿਗੁਰ ਸੱਚਾ ਪਾਇਆ । ਅੱਗੇ ਦੇਵੇ ਨਾ ਕੋਈ ਡੰਨ, ਰਾਏ ਧਰਮ ਨਾ ਸੀਸ ਉਠਾਇਆ । ਜਿਸ ਜਨ ਬੇੜਾ ਦੇਵੇ ਬੰਨ੍ਹ, ਮੰਝਧਾਰ ਨਾ ਕੋਈ ਡੁਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਬਣ ਮਲਾਹ, ਖੇਵਟ ਖੇਟਾ ਰੂਪ ਵਟਾਇਆ । ਖੇਵਟ ਖੇਟਾ ਸਤਿਗੁਰ ਪੂਰਾ, ਜਗਤ ਮਲਾਹ ਅਖਵਾਇਆ । ਗੁਰਮੁਖਾਂ ਅੱਗੇ ਹਾਜ਼ਰ ਹਜ਼ੂਰਾ, ਆਦਿ ਜੁਗਾਦੀ ਵੇਸ ਵਟਾਇਆ । ਕਲਜੁਗ ਜੂਠਾ ਝੂਠਾ ਹੁੰਝੇ ਕੂੜਾ, ਕੂੜੀ ਕਿਰਿਆ ਮੇਟ ਮਿਟਾਇਆ । ਹਰਿ ਸੰਗਤ ਤੇਰੇ ਮਸਤਕ ਲਾਏ ਚਰਨ ਧੂੜਾ, ਜੋਤ ਲਿਲਾਟੀ ਆਪ ਜਗਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜਾ, ਜੋ ਜਨ ਸਰਨਾਈ ਆਇਆ । ਸੋਹੰ ਰੰਗ ਰੰਗਾਏ ਗੂੜ੍ਹਾ, ਉਤਰ ਕਦੇ ਨਾ ਜਾਇਆ । ਨਾਮ ਕੰਗਨ ਪਹਿਨਾਏ ਚੂੜਾ, ਆਪ ਆਪਣਾ ਸਗਨ ਮਨਾਇਆ, ਕਲਜੁਗ ਅੰਤਮ ਆਪਣਾ ਕੌਲ ਕਰੇ ਪੂਰਾ, ਕੀਤਾ ਕੌਲ ਭੁੱਲ ਨਾ ਜਾਇਆ । ਸਤਿਗੁਰ ਪੂਰਾ ਦਾਤਾ ਸੂਰਾ, ਸਰਬੰਗ ਆਪ ਅਖਵਾਇਆ । ਵਸਣਹਾਰਾ ਨੇੜ ਦੂਰਾ, ਦੂਰ ਨੇੜੇ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲੇ ਆਪਣੇ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਆਪਣਾ ਆਪ ਖੁਲ੍ਹਾਇਆ । ਦਰ ਦਰਵਾਜ਼ਾ ਖੁਲ੍ਹਿਆ, ਖੋਲ੍ਹਣਹਾਰ ਕਰਤਾਰ । ਸਤਿਗੁਰ ਪੂਰਾ ਕਦੇ ਨਾ ਲਾਏ ਮੁੱਲਿਆ, ਦੇਵੇ ਦਰਸ ਅਗੰਮ ਅਪਾਰ । ਆਪੇ ਫਲਿਆ ਆਪੇ ਫੁਲਿਆ, ਹਰਿ ਸੰਗਤ ਵਖਾਏ ਸੱਚੀ ਗੁਲਜ਼ਾਰ । ਹਰਿਜਨ ਲੋਕਮਾਤ ਕਦੇ ਨਾ ਰੁਲਿਆ, ਕਰੇ ਕਰਾਏ ਸਚ ਵਣਜ ਵਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰੇ ਅੱਗੇ ਖੜ, ਲੇਖਾ ਜਾਣੇ ਲਿਖਣਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਾਂਝਾ ਯਾਰ ।

## ੯ ਚੇਤ ੨੦੧੭ ਬਿਕ੍ਰਮੀ ਬਚਨ ਸਿੰਘ ਦੇ ਘਰ ਪਿੰਡ ਕਾਨਾ ਕੌਂਟਾ ਜ਼ਿਲਾ ਗੁਰਦਾਸ ਪੁਰ

ਹਰਿ ਸਾਚੇ ਸਚ ਘਾੜਣ ਘੜਿਆ, ਹਰਿ ਵੱਡਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਅੰਦਰ ਵੜਿਆ, ਨਿਰਗੁਣ ਆਪਣਾ ਖੇਲ ਖਿਲਾਈਆ । ਹਰਿ ਪੁਰਖ ਨਿਰੰਜਣ ਫੜਿਆ ਲੜਿਆ, ਅੰਗੀਕਾਰ ਆਪ ਅਖਵਾਈਆ । ਏਕੰਕਾਰਾ ਅੱਖਰ ਪੜ੍ਹਿਆ, ਨਿਸ਼ਅੱਖਰ ਆਪ ਪੜ੍ਹਾਈਆ । ਆਦਿ ਨਿਰੰਜਣ ਕਦੇ ਨਾ ਸੜਿਆ, ਨਾ ਮਰੇ ਨਾ ਜਾਈਆ । ਸ੍ਰੀ ਭਗਵਾਨ ਆਪਣੇ ਅੱਗੇ ਆਪੇ ਅੜਿਆ, ਆਪ ਆਪਣਾ ਬਲ ਧਰਾਈਆ । ਅਬਿਨਾਸ਼ੀ ਕਰਤਾ ਨਿਰਭੈ ਭੈ ਆਪੇ ਕਰਿਆ, ਗਹਿਰ ਗੰਭੀਰ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਬੈਠਾ ਦੜ੍ਹਿਆ, ਦਰ ਦੁਆਰ ਸੁਹਾਈਆ । ਸਚਖੰਡ ਦੁਆਰਾ ਸਚਖੰਡ ਨਿਵਾਸੀ ਬਣਾਏ ਏਕਾ ਸਰਿਆ, ਸਰ ਸਰੋਵਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਇਆ । ਰੰਗ ਵਟਾਇਆ ਪੁਰਖ ਅਕਾਲ, ਸੁਤੇ ਪਰਕਾਸ਼ ਅਖਵਾਇੰਦਾ । ਲਾਲਣ ਲਾਲ ਜਲਵਾ ਨੂਰੀ ਜਲਾਲ, ਬੇਮਿਸਾਲ ਆਪ ਅਖਵਾਇੰਦਾ । ਵਸਣਹਾਰਾ ਸਚਖੰਡ ਸਚੀ ਧਰਮਸਾਲ, ਸਚ ਮੁਕਾਮ ਇਕ ਵਡਿਆਇੰਦਾ । ਸਤਿ ਸਰੂਪੀ ਬਣ ਦਲਾਲ, ਥਿਰ ਘਰ ਸਾਚੇ ਮੇਲ ਮਿਲਾਇੰਦਾ । ਖੇਲੇ ਖੇਲ ਦੀਨ ਦਿਆਲ, ਗੋਬਿੰਦ ਗੋਪਾਲ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਖੇਲ ਅਪਾਰਾ, ਨਿਰਗੁਣ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰ ਖੇਲ ਅਪਾਰ, ਹਰਿ ਸਾਚਾ ਸਚ ਵਰਤਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਆਪ ਆਪਣਾ ਬਲ ਧਰਾਈਆ । ਆਪਣੀ ਇਛਿਆ ਭਰ ਭੰਡਾਰ, ਆਪਣੇ ਹੱਥ ਰੱਖੇ ਵਡਿਆਈਆ । ਆਪਣਾ ਸੁਹਾਏ ਬੰਕ ਦੁਆਰ, ਏਕਾ ਬੰਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਲੇਖਾ ਸਹਿਜ ਸੁਭਾਈਆ । ਨਿਰਗੁਣ ਲੇਖਾ ਕੰਚਨ ਰੰਗ, ਹਰਿ ਸਾਚੇ ਮੰਦਰ ਸੋਭਾ ਪਾਇੰਦਾ । ਪਾਰਬ੍ਰਹਮ ਸੂਰਾ ਸਰਬੰਗ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਆਪ ਆਪਣੇ ਲਗਾਏ ਅੰਗ, ਆਪਣੀ ਸੇਜ ਆਪ ਹੰਢਾਇੰਦਾ । ਸਚਖੰਡ ਦੁਆਰ ਮੰਗੇ ਏਕਾ ਮੰਗ, ਭਿਛਿਆ ਇਛਿਆ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚੇ ਹਰਿ ਹਰਿ ਵੇਸ, ਸੂਹੀ ਧਾਰ ਚਲਾਈਆ । ਪਰਮ ਪੁਰਖ ਪ੍ਰਭ ਹੋ ਪਰਵੇਸ਼, ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਦਿ ਜੁਗਾਦੀ ਇਕ ਆਦੇਸ਼, ਏਕਾ ਏਕ ਸੀਸ ਝੁਕਾਈਆ । ਇਕ ਇਕੱਲਾ ਰਿਹਾ ਵੇਖ, ਘਰ ਸਾਚੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਸਾਚੀ ਧਾਰ, ਸਤਿ ਸਫੈਦੀ ਆਪ ਵਹਾਇੰਦਾ । ਦਰ ਘਰ ਸਾਚੇ ਕਰ ਪਿਆਰ, ਹਰਿ ਹਰਿ ਸਾਚਾ ਸਗਨ ਮਨਾਇੰਦਾ । ਆਪਣੇ ਰੰਗ ਰਵੇ ਕਰਤਾਰ, ਆਪਣੀ ਨਦਰੀ ਨਦਰ ਸੁਹਾਇੰਦਾ । ਜਾਣਨਹਾਰਾ ਖੇਲ ਅਪਾਰ, ਸਚਖੰਡ ਨਿਵਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਇੰਦਾ । ਬੰਧਨ ਪਾਏ ਹਰਿ ਹਰਿ ਰੂਪ, ਪੀਲਾ ਰੰਗ ਵਟਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਆਦਿ ਜੁਗਾਦੀ ਸਤਿ ਸਰੂਪ, ਦਰ ਘਰ ਸਾਚੇ ਰਿਹਾ ਸੁਹਾਈਆ । ਏਕਾ ਤਾਣਾ ਏਕਾ ਸੂਤ, ਤਾਣਾ ਪੇਟਾ ਇਕ ਵਖਾਈਆ । ਆਪੇ ਜਾਣੇ ਆਪਣੀ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਆਪੇ ਹੋਏ ਅਬਿਨਾਸ਼ੀ ਅਚੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਵੇਖਣਹਾਰਾ

ਬੇਪਰਵਾਹ, ਹਰਿ ਸੱਜਣ ਸ਼ਾਹ ਸੁਲਤਾਨਿਆ । ਨੀਲਾ ਰੰਗ ਲਏ ਰੰਗਾ, ਆਪਣੀ ਚੋਲੀ ਆਪ ਵਖਾਨਿਆ । ਆਪਣੇ ਅੰਗ ਲਏ ਲਗਾ, ਅੰਗੀਕਾਰ ਸ੍ਰੀ ਭਗਵਾਨਿਆ । ਸਾਚਾ ਸੰਗ ਲਏ ਨਿਭਾ, ਦਰਗਹਿ ਸਾਚੀ ਹੋ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਰਤੇ ਆਪਣੇ ਭਾਣਿਆ । ਆਪਣਾ ਭਾਣਾ ਜਾਣੇ ਸਾਹਿਬ ਸੁਲਤਾਨ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਆਪੇ ਜਾਣੇ ਆਪਣੀ ਆਣ, ਆਪੇ ਹੁਕਮੀ ਹੁਕਮ ਸੁਣਾਇੰਦਾ । ਆਪੇ ਪਾਏ ਪਦ ਨਿਰਬਾਣ, ਨਿਗਹਬਾਨ ਆਪ ਹੋ ਆਇੰਦਾ । ਆਪੇ ਕਰੇ ਸਚ ਪਛਾਣ, ਆਪਣੀ ਕੀਮਤ ਆਪੇ ਪਾਇੰਦਾ । ਆਪ ਸੁਹਾਏ ਸਚ ਅਸਥਾਨ, ਸਚ ਸਿੰਘਾਸਣ ਆਸਣ ਲਾਇੰਦਾ । ਆਪਣਾ ਰੰਗ ਇਕ ਪਛਾਣ, ਕਾਲਖ ਟਿੱਕਾ ਮਸਤਕ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਰੰਗ ਕਰ ਤਿਆਰ, ਸਚਖੰਡ ਜੋਤੀ ਧਾਰ, ਸਚ ਸਿੰਘਾਸਣ ਹਰਿ ਨਿਰੰਕਾਰ, ਆਪੇ ਬੈਠੇ ਸਿਰਜਣਹਾਰ, ਆਪ ਆਪਣੀ ਜੋਤ ਜਗਾਇੰਦਾ । ਸੱਤ ਰੰਗ ਹਰਿ ਹਰਿ ਧਾਰਾ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ, ਨੇਤਰ ਨੈਣ ਇਕ ਉਠਾਇੰਦਾ । ਏਕੰਕਾਰਾ ਕਰ ਪਸਾਰਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਆਦਿ ਨਿਰੰਜਣ ਪਾਵੇ ਸਾਰਾ, ਗੁਪਤ ਜ਼ਾਹਿਰ ਰੂਪ ਅਨੂਪ ਆਪ ਦਰਸਾਇੰਦਾ । ਅਬਿਨਾਸ਼ੀ ਕਰਤਾ ਕਰ ਪਿਆਰਾ, ਆਪ ਆਪਣਾ ਸੰਗ ਨਿਭਾਇੰਦਾ । ਸ੍ਰੀ ਭਗਵਾਨ ਸੱਚੀ ਸਰਕਾਰਾ, ਸਾਚਾ ਬਸਤਰ ਇਕ ਵਖਾਇੰਦਾ । ਪਾਰਬ੍ਰਹਮ ਕਰ ਸ਼ਿੰਗਾਰ ਖੋਲ੍ਹੇ ਬੰਦ ਥਿਰ ਘਰ ਕਿਵਾੜਾ, ਨਿਝ ਡੇਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਨਿਸ਼ਾਨਾ ਹਰਿ ਭਗਵਾਨਾ, ਘਰ ਸਾਚੇ ਆਪ ਝੁਲਾਇੰਦਾ । ਸੱਤ ਰੰਗ ਨਿਸ਼ਾਨਾ ਕਰ ਤਿਆਰ, ਸਚਖੰਡ ਆਪ ਝੁਲਾਈਆ । ਪੰਚਮ ਮੁਖ ਸੀਸ ਦਸਤਾਰ, ਹਰਿ ਸਾਚਾ ਆਪ ਰਖਾਈਆ । ਸਚ ਸਿੰਘਾਸਣ ਬੈਠ ਨਿਰੰਕਾਰ, ਹੁਕਮੀ ਹੁਕਮ ਸੁਣਾਈਆ । ਸ਼ਬਦ ਅਗੰਮੀ ਲਏ ਉਭਾਰ, ਸੁੱਤ ਦੁਲਾਰਾ ਆਪ ਉਠਾਈਆ । ਆਪਣੀ ਸ਼ਕਤੀ ਭਰ ਭੰਡਾਰ, ਸਚ ਵਿਅਕਤੀ ਇਕ ਬਣਾਈਆ । ਬੂੰਦ ਰਕਤੀ ਨਾ ਕੋਇ ਪਸਾਰ, ਮਾਤ ਗਰਭ ਨਾ ਕੋਈ ਰਖਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲਿਖੇ ਨਾ ਕੋਈ ਸ਼ਾਹੀਆ । ਸਚਖੰਡ ਵਸੇ ਆਪ ਨਿਰੰਕਾਰ, ਸਚ ਦੁਆਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਸਾਚਾ ਤਖ਼ਤ ਸਚ ਸੁਲਤਾਨਾ, ਹਰਿ ਸਾਚਾ ਕਰਮ ਕਮਾਇੰਦਾ । ਸ਼ਬਦ ਨਾਉਂ ਧਰ ਸ੍ਰੀ ਭਗਵਾਨਾ, ਨਰ ਹਰਿ ਨਰਾਇਣ ਆਪ ਅਖਵਾਇੰਦਾ । ਧਰਿਆ ਵੇਸ ਸਾਚੇ ਕਾਹਨਾ, ਸਾਚਾ ਮੁਕਟ ਸੀਸ ਟਿਕਾਇੰਦਾ । ਸ਼ਬਦ ਅਗੰਮੀ ਪਹਿਰੇ ਬਾਣਾ, ਦਿਸ ਕਿਸੇ ਨਾ ਆਇੰਦਾ । ਗਾਏ ਰਾਗ ਧੁਨ ਤਰਾਨਾ, ਤਾਲ ਤਲਵਾੜਾ ਨਾ ਕੋਇ ਵਜਾਇੰਦਾ । ਆਪੇ ਹੋਇਆ ਜਾਣੀ ਜਾਣਾ, ਆਪਣੀ ਬੂਝ ਆਪ ਬੁਝਾਇੰਦਾ । ਆਪੇ ਦੇਵਣਹਾਰਾ ਮਾਣਾ, ਆਪ ਆਪਣਾ ਮਾਣ ਰਖਾਇੰਦਾ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣਾ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਬੈਠਾ ਵੜ, ਸਚ ਸਿੰਘਾਸਣ ਆਸਣ ਲਾਇੰਦਾ । ਸਚਖੰਡ ਦੁਆਰੇ ਹਰਿ ਹਰਿ ਬਰਾਜੇ, ਸਾਚੇ ਤਖ਼ਤ ਸੁਹਾਇਆ । ਪੁਰਖ ਅਬਿਨਾਸ਼ੀ ਆਪਣਾ ਰਚਿਆ ਆਪੇ ਕਾਜੇ, ਆਪੇ ਵੇਖ ਵਖਾਇਆ । ਆਪ ਸੁਹਾਏ ਸੀਸ ਤਾਜੇ, ਆਪੇ ਰੰਗ ਰੰਗਾਇਆ । ਆਪੇ ਮਾਰਨਹਾਰਾ ਵਾਜੇ, ਆਪ ਆਪਣਾ ਹੁਕਮ ਸੁਣਾਇਆ । ਆਪੇ ਰੱਖਣਹਾਰਾ ਲਾਜੇ, ਆਪਣੀ ਲੱਜਿਆ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਸਚ ਤਖ਼ਤ ਬੈਠ ਸੁਲਤਾਨਾ, ਆਪਣਾ ਕਰੇ ਆਪ ਧਿਆਨਾ, ਆਪ ਆਪਣਾ ਭੇਵ ਖੁਲ੍ਹਾਇਆ । ਸਤ ਰੰਗ ਨਿਸ਼ਾਨਾ ਹਰਿ ਹਰਿ ਚਾੜ੍ਹ, ਸਚਖੰਡ ਦੁਆਰਾ ਆਪ ਸੁਹਾਈਆ । ਧੁਰਦਰਗਾਹੀ ਬਣ ਬਣ ਲਾੜ੍ਹ, ਤਖ਼ਤ ਤਾਜ ਦਏ ਵਡਿਆਈਆ । ਆਪਣੀ ਇਛਿਆ ਆਪਣੇ ਵਿਚੋਂ ਕਾਡ, ਆਪਣੀ ਝੋਲੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਪੰਚਮ ਤਾਜ ਰੱਖ ਸੀਸ ਹਰਿ, ਸਾਚਾ ਖੇਲ ਖਿਲਾਇੰਦਾ । ਸ਼ਬਦ ਅਨਾਦੀ ਸੁੱਤ ਅੱਗੇ ਧਰ, ਆਪ ਆਪਣਾ ਹੁਕਮ ਚਲਾਇੰਦਾ । ਸੁੱਤ ਦੁਲਾਰਾ ਚਰਨੀ ਗਿਆ ਪੜ, ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਅੱਖਰ ਜਾਵਾਂ ਪੜ੍ਹ, ਦੂਜਾ ਲੇਖ ਨਾ ਕੋਈ ਵਖਾਇੰਦਾ । ਆਦਿ ਜੁਗਾਦੀ ਤੇਰਾ ਦਰ, ਦਰ ਸਾਚਾ ਇਕ ਸੁਹਾਇੰਦਾ । ਸੋ ਪੁਰਖ ਨਿਰੰਜਣ ਦਿਤਾ ਵਰ, ਬਾਲਕ ਭਿਛਿਆ ਮੰਗ ਮੰਗਾਇੰਦਾ । ਹਰਿ ਪੁਰਖ ਨਿਰੰਜਣ ਕਿਰਪਾ ਦੇਵੇ ਕਰ, ਦੇ ਮਤ ਆਪ ਸਮਝਾਇੰਦਾ । ਦੋ ਜਹਾਨ ਚੁਕਾਏ ਤੇਰਾ ਡਰ, ਭੈ ਆਪਣਾ ਆਪ ਵਖਾਇੰਦਾ । ਤੇਰੀ ਧਾਰ ਤੇਰਾ ਪਿਆਰ ਤੇਰੇ ਨਾਲ ਜਾਏ ਰਲ, ਹਰਿ ਸਾਚਾ ਆਪ ਰਲਾਇੰਦਾ । ਕਰੇ ਤਿਆਰ ਮਹਾਂਕਾਲ, ਸ਼ਬਦ ਸ਼ਬਦੀ ਸੰਗ ਰਖਾਇੰਦਾ । ਪੰਚਮ ਮੁਖ ਸੁਹਾਏ ਏਕਾ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸ਼ਬਦ ਮੰਗੀ ਮੰਗ ਹਰਿ ਦੁਆਰ, ਹਰਿ ਸਾਚਾ ਝੋਲੀ ਪਾਇੰਦਾ । ਆਪਣੀ ਇਛਿਆ ਕਰ ਤਿਆਰ, ਮਹਾਂਕਾਲ ਨਾਲ ਰਲਾਇੰਦਾ । ਪੰਚਮ ਮੁਖ ਸੁਹਾਏ ਏਕਾ ਵਾਰ, ਛੇਵਾਂ ਦਰ ਖੁਲ੍ਹਾਇੰਦਾ । ਸਤਵੇਂ ਵੱਜੇ ਸਾਚਾ ਤਾਲ, ਸਤਿ ਸਤਿਵਾਦੀ ਆਪ ਵਜਾਇੰਦਾ । ਮਹਾਂਕਾਲ ਬਣ ਭਿਖਾਰ, ਪਾਰਬ੍ਰਹਮ ਅੱਗੇ ਝੋਲੀ ਡਾਹਿੰਦਾ । ਕਵਣ ਰੂਪ ਹੋਏ ਤੇਰਾ ਨਿਰੰਕਾਰ, ਵੇਸ ਅਨੇਕਾ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਮਹਾਂਕਾਲ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਖੇਲੇ ਖੇਲ ਸ੍ਰੀ ਭਗਵਾਨ, ਭੇਵ ਅਭੇਦ ਭੇਵ ਛੁਪਾਈਆ । ਸਚਖੰਡ ਦੁਆਰ ਸਚ ਮਕਾਨ, ਆਦਿ ਜੁਗਾਦੀ ਆਸਣ ਲਾਈਆ । ਝੁਲਦਾ ਰਹੇ ਸ਼ਬਦ ਨਿਸ਼ਾਨ, ਹਰਿ ਸਾਚਾ ਆਪ ਝੁਲਾਈਆ । ਬੈਠਾ ਰਹੇ ਰਾਜ ਰਾਜਾਨ, ਸੀਸ ਆਪਣਾ ਮੁਕਟ ਟਿਕਾਈਆ । ਦੇਂਦਾ ਰਹੇ ਦਾਨੀ ਦਾਨ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਮਹਾਂਕਾਲ ਸੁਣ ਹਰਿਜਨ ਮੀਤ, ਸਚਖੰਡ ਦੁਆਰੇ ਆਪ ਸੁਣਾਈਆ । ਪਾਰਬ੍ਰਹਮ ਚਲਾਏ ਆਪਣੀ ਰੀਤ, ਸੋ ਪੁਰਖ ਨਿਰੰਜਣ ਹੁਕਮ ਸੁਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਪਤਿਤ ਪੁਨੀਤ, ਪਤਿਤ ਪਾਵਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਖ ਵਖਾਈਆ । ਹਰਿ ਲੇਖਾ ਲੇਖ ਅਪਾਰ, ਭੇਵ ਕੋਇ ਨਾ ਪਾਇੰਦਾ । ਸੁੱਤ ਦੁਲਾਰਾ ਤੇਰਾ ਯਾਰ, ਤੇਰਾ ਸੰਗ ਰਖਾਇੰਦਾ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਮਹੱਲ ਲਏ ਉਸਾਰ, ਰਵ ਸਸ ਤੇਰੀ ਅੰਸ ਬਣਾਇੰਦਾ । ਮੰਡਲ ਮੰਡਪ ਕਰ ਪਸਾਰ, ਕੋਟਨ ਕੋਟ ਸਤਾਰ ਚਮਕਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਅਧਾਰ, ਆਪਣੀ ਭਿਛਿਆ ਇਕ ਵਖਾਇੰਦਾ । ਲੱਖ ਚੁਰਾਸੀ ਕਰ ਤਿਆਰ, ਸਾਚੇ ਭਾਂਡੇ ਆਪ ਘੜਾਇੰਦਾ । ਸਾਚਾ ਬਣੇ ਹਰਿ ਠਠਿਆਰ, ਰੂਪ ਅਨੂਪ ਆਪ ਵਟਾਇੰਦਾ । ਖੇਲੇ ਖੇਲ ਅਗੰਮ ਅਪਾਰ, ਵੇਦ ਕਤੇਬ ਨਾ ਕੋਈ ਜਣਾਇੰਦਾ । ਗੁਰ ਪੀਰ ਨਾ ਪਾਵੇ ਸਾਰ, ਸਾਧ ਸੰਤ ਨਾ ਕੋਇ ਲਿਖਾਇੰਦਾ । ਮੰਗਣ ਮੰਗ ਬਣ ਭਿਖਾਰ, ਸਾਚਾ ਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ

੩੭੦

ਆਪਣਾ ਵੇਸ ਵਟਾਇੰਦਾ । ਲੱਖ ਚੁਰਾਸੀ ਕਰ ਪਸਾਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਸੁੱਤ ਦੁਲਾਰੇ ਕਰੇ ਪਿਆਰ, ਸ਼ਬਦ ਸ਼ਬਦੀ ਵਿਚ ਸਮਾਈਆ । ਆਪੇ ਕਰੇ ਬੰਦ ਕਿਵਾੜ, ਅੰਦਰ ਬੈਠਾ ਮੁਖ ਛੁਪਾਈਆ । ਆਪੇ ਕਰੇ ਸਚ ਜੈਕਾਰ, ਆਪਣਾ ਨਾਅਰਾ ਆਪੇ ਲਾਈਆ । ਆਪੇ ਪਾਵਣਹਾਰਾ ਸਾਰ, ਹਰਿਜਨ ਸਾਚੇ ਲਏ ਉਠਾਈਆ । ਆਪੇ ਕਰਨਹਾਰ ਖ਼ਵਾਰ, ਘਟ ਘਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਂਕਾਲ ਇਕ ਸਮਝਾਈਆ । ਮਹਾਂਕਾਲ ਹਰਿ ਸਮਝਾਇਆ, ਭੁੱਲ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਆਪ ਉਪਜਾਇਆ, ਤੇਰੀ ਬਿੰਦ ਆਪ ਧਰਾਈਆ । ਮਾਤ ਪਿਤ ਨਾ ਕੋਈ ਬਣਾਇਆ, ਸ਼ਬਦ ਦੁਲਾਰਾ ਬਣਿਆ ਭਾਈਆ । ਤੇਰੀ ਸੇਵਾ ਸਚ ਵਖਾਇਆ, ਹਰਿ ਸਾਚਾ ਆਪ ਕਰਾਈਆ । ਦੂਸਰ ਕੋਈ ਵੇਖ ਨਾ ਪਾਇਆ, ਨੇਤਰ ਨੈਣ ਨਜ਼ਰ ਨਾ ਆਈਆ । ਚਰਨ ਦੁਆਰ ਇਕ ਸਮਝਾਇਆ, ਦਰ ਘਰ ਸਾਚਾ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਚਰਨ ਦੁਆਰ ਸਾਚਾ ਘਰ, ਮਹਾਂਕਾਲ ਸਮਝਾਇੰਦਾ । ਨਾ ਪੁਰਖ ਨਾ ਨਾਰੀ ਨਰ, ਨਰ ਨਰਾਇਣ ਰੂਪ ਵਟਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਕਰਨੀ ਖੇਲ ਖਿਲਾਇੰਦਾ । ਪਾਵੇ ਸਾਰ ਧਰਨੀ ਧਰ, ਧਰਤ ਧਵਲ ਆਪ ਵਡਿਆਇੰਦਾ । ਗਗਨ ਪਾਤਾਲਾਂ ਆਪੇ ਖੜ, ਆਪਣੇ ਨੇਤਰ ਵੇਖ ਵਖਾਇੰਦਾ । ਸਚਖੰਡ ਦੁਆਰ ਸੁਹਾਏ ਗੜ੍ਹ, ਥਿਰ ਘਰ ਸਾਚੇ ਆਸਣ ਲਾਇੰਦਾ । ਆਪ ਫੜੇ ਆਪਣਾ ਲੜ, ਆਪਣਾ ਪੱਲੂ ਸ਼ਬਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਸੇਵ ਸਮਝਾਇੰਦਾ । ਮਹਾਂਕਾਲ ਤੇਰੀ ਸਾਚੀ ਧਾਰ, ਹਰਿ ਸਾਚੇ ਸਚ ਚਲਾਈਆ । ਜੁਗ ਜੁਗ ਨਾ ਹੋਣਾ ਖ਼ਬਰਦਾਰ, ਲੋਕਮਾਤ ਨਾ ਲਏ ਅੰਗੜਾਈਆ । ਤੇਰਾ ਸ਼ਾਹੋ ਭੂਪ ਹਰਿ ਸਿਕਦਾਰ, ਦੂਸਰ ਹੁਕਮ ਨਾ ਕੋਇ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸੁੱਤਾ ਰਹਿਣਾ ਪੈਰ ਪਸਾਰ, ਨਾ ਸਕੇ ਕੋਈ ਉਠਾਈਆ । ਅੰਤਮ ਕਲਜੁਗ ਆਏ ਤੇਰੀ ਵਾਰ, ਪ੍ਰਭ ਸਾਚਾ ਲਏ ਜਗਾਈਆ । ਲੋਕਮਾਤ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤ ਰੰਗ ਨਿਸ਼ਾਨਾ ਕਰ ਤਿਆਰ, ਨੌ ਖੰਡ ਪ੍ਰਿਥਮੀ ਦਏ ਵਖਾਈਆ । ਪੰਚਮ ਮੁਖ ਸੀਸ ਦਸਤਾਰ, ਸ਼ਾਹ ਸੁਲਤਾਨਾ ਆਪ ਟਿਕਾਈਆ । ਰਾਜ ਰਾਜਾਨਾਂ ਕਰੇ ਖਵਾਰ, ਤਖ਼ਤ ਤਾਜ ਨਾ ਕੋਈ ਹੰਢਾਈਆ । ਅੰਤਮ ਆਏ ਤੇਰੀ ਵਾਰ, ਤੇਰਾ ਰੂਪ ਸਰਬ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਂਕਾਲ ਦਏ ਦੁਹਾਈਆ । ਮਹਾਂਕਾਲ ਦਰ ਦੁਆਰਾ, ਹਰਿ ਸਾਚਾ ਆਪ ਖੁਲ੍ਹਾਇੰਦਾ । ਇਕ ਵਖਾਏ ਪੰਚਮ ਤਾਜਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਤ ਰੰਗ ਨਿਸ਼ਾਨਾ ਮਾਰੇ ਵਾਜਾਂ, ਸੱਤਾਂ ਦੀਪਾਂ ਆਪ ਉਠਾਇੰਦਾ । ਨਿਰਗੁਣ ਸਰਗੁਣ ਰਚਿਆ ਕਾਜਾ, ਦਿਸ ਕਿਸੇ ਨਾ ਆਇੰਦਾ । ਦਿਵਸ ਰੈਣ ਵੱਜੇ ਅਨਹਦ ਵਾਜਾ, ਤੇਰਾ ਘਰ ਵਖਾਇੰਦਾ । ਦੋ ਜਹਾਨਾਂ ਫਿਰੇ ਭਾਜਾ, ਲੋਆਂ ਪੁਰੀਆਂ ਚਰਨਾਂ ਹੇਠ ਰਖਾਇੰਦਾ । ਸਚ ਚਲਾਏ ਨਾਮ ਜਹਾਜ਼ਾ, ਆਪਣਾ ਆਪ ਬਣਾਇੰਦਾ । ਜਨ ਭਗਤਾਂ ਰੱਖੇ ਅੰਤਮ ਲਾਜਾ, ਸਿਰ ਆਪਣਾ ਹੱਥ ਰਖਾਇੰਦਾ । ਭਾਗ ਲਗਾਏ ਦੇਸ ਮਾਝਾ, ਸੰਬਲ ਵਡ ਵਡਿਆਇੰਦਾ । ਨਾ ਕੋਈ ਸ਼ਾਹ ਨਾ ਨਵਾਬਾ, ਨੂਰੋ ਨੂਰ ਡਗਮਗਾਇੰਦਾ । ਨਾ ਕੋਈ ਪਾਪ ਪੁੰਨ ਸਵਾਬਾ, ਜਗਤ ਅਜ਼ਾਬਾ ਨਾ ਕੋਈ ਰਖਾਇੰਦਾ । ਨਾ ਕੋਈ ਮੱਕਾ ਨਾ ਕੋਈ ਕਾਅਬਾ, ਜਗਤ ਮਹਿਰਾਬ ਹੁਜਰੇ ਡੇਰਾ ਲਾਇੰਦਾ । ਨਾ ਕੋਈ ਤੀਰਥ ਅਠਸਠ ਦਿਸੇ ਆਬਾ, ਸਰ ਸਰੋਵਰ ਨਾ ਕੋਈ ਨੁਹਾਇੰਦਾ । ਨਾ ਕੋਈ

ਗੁਰ ਪੀਰ ਅਵਤਾਰ ਸੰਤ ਸਾਧ ਦਿਸੇ ਬਾਬਾ, ਬਿਰਧ ਬਾਲ ਨਾ ਕੋਈ ਜਣਾਇੰਦਾ । ਨਾ ਕੋਈ ਘੋੜਾ ਨਾ ਚਰਨ ਰਕਾਬਾ, ਆਸਣ ਸਿੰਘਾਸਣ ਨਾ ਕੋਈ ਵਖਾਇੰਦਾ । ਨਾ ਕੋਈ ਤੀਰ ਤਲਵਾਰ ਖੰਡਾ ਖੜਗ ਨਾ ਸਾਜਣ ਸਾਜਾ, ਸ਼ਸਤਰ ਬਸਤਰ ਨਾ ਕੋਈ ਚਮਕਾਇੰਦਾ । ਸ਼ਬਦ ਸਰੂਪੀ ਫਿਰੇ ਭਾਜਾ, ਮਹਾਂਕਾਲ ਨਾਮ ਧਰਾਇੰਦਾ । ਪਾਰਬ੍ਰਹਮ ਪ੍ਰਭ ਤੇਰੀ ਕੋਈ ਨਾ ਝੱਲੇ ਤਾਬਾ, ਨੇਤਰ ਨੈਣ ਨਾ ਕੋਈ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਆਪ ਸੁਹਾਇੰਦਾ । ਮਹਾਂਕਾਲ ਲਏ ਅੰਗੜਾਈ, ਚਰਨ ਕਵਲ ਕਰੇ ਨਿਮਸਕਾਰਿਆ, ਪਾਰਬ੍ਰਹਮ ਤੇਰੀ ਵਜਦੀ ਰਹੇ ਵਧਾਈ, ਤੇਰਾ ਖੇਲ ਅਪਰ ਅਪਾਰਿਆ । ਸਾਰ ਸ਼ਬਦ ਤੇਰੀ ਸਾਰ ਨਾ ਪਾਈ, ਸ੍ਰਿਸ਼ਟ ਸਬਾਈ ਵੇਖ ਵਿਚਾਰਿਆ । ਲੱਖ ਚੁਰਾਸੀ ਹੋਈ ਹਲਕਾਈ, ਲੱਖ ਲੱਖ ਗੇੜ ਨਾ ਕਿਸੇ ਨਿਵਾਰਿਆ । ਪੁਰਖ ਅਬਿਨਾਸ਼ੀ ਬੇਪਰਵਾਹੀ, ਕਲਜੁਗ ਕਰੇ ਖੇਲ ਆਪ ਨਿਰੰਕਾਰਿਆ । ਨਿਰਗੁਣ ਜੋਤ ਜੋਤ ਉਜਿਆਰ ਹੋਏ ਰੁਸ਼ਨਾਈ, ਸ਼ਬਦੀ ਜਾਮਾ ਗੁਰ ਗੁਰ ਧਾਰਿਆ । ਹਰਿਜਨ ਪਕੜੇ ਫੜ ਫੜ ਬਾਹੀਂ, ਮਨਮੁਖ ਜੀਵ ਆਪ ਸੰਘਾਰਿਆ । ਮਹਾਂਕਾਲ ਅੰਤਮ ਫਿਰੇ ਚਾਈਂ ਚਾਈਂ, ਚਾਰ ਕੁੰਟ ਵਿਚ ਸੰਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਕਰਤਾਰਿਆ । ਪੁਰਖ ਕਰਤਾਰ ਖੇਲ ਖਲਾਵਣਾ, ਸ਼ਬਦ ਦੁਲਾਰਾ ਆਪ ਉਠਾਇਆ । ਮਹਾਂਕਾਲ ਹਰਿ ਸੰਗ ਰਲਾਵਣਾ, ਹਰਿ ਘਰ ਸਾਚੇ ਮੇਲ ਮਿਲਾਇਆ । ਦੋਹਾਂ ਵਿਚੋਲਾ ਆਪ ਅਖਵਾਵਣਾ, ਦੋ ਦੋ ਧਾਰ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹੁਕਮੀ ਹੁਕਮ ਆਪ ਸੁਣਾਇਆ ।



੦੯

✻ ੮ ਚੇਤ ੨੦੧੭ ਬਿਕ੍ਰਮੀ ਧਿਰਤਾ ਸਿੰਘ ਦੇ ਘਰ ਪਿੰਡ ਕਾਣਾ ਕੌਂਟਾ ਜ਼ਿਲਾ ਗੁਰਦਾਸ ਪੁਰ ✻

ਹਰਿਜਨ ਹਰਿ ਹਰਿ ਮੇਲਿਆ, ਕਰ ਕਿਰਪਾ ਸਤਿਗੁਰ ਦੀਨ । ਮੇਲ ਮਿਲਾਵਾ ਗੁਰੂ ਗੁਰ ਚੇਲਿਆ, ਘਰ ਸਾਚੇ ਜਿਉਂ ਜਲ ਮੀਨ । ਹਰਿ ਮਿਲਿਆ ਸੱਜਣ ਸੁਹੇਲਿਆ, ਦਰ ਠਾਂਡਾ ਕਰੇ ਸੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰ ਕਰਾਏ ਲੋਕਾਂ ਤੀਨ । ਤਿੰਨਾਂ ਲੋਕਾਂ ਪਾਰ ਕਿਨਾਰਾ, ਤ੍ਰੈਗੁਣ ਵੇਖ ਵਖਾਈਆ । ਚੌਥੇ ਘਰ ਮੀਤ ਮੁਰਾਰਾ, ਹਰਿਜਨ ਵੇਖ ਵਖਾਈਆ । ਪੰਚਮ ਦੇਵੇ ਨਾਮ ਸਹਾਰਾ, ਪੰਚਮ ਮੋਹ ਤੁੜਾਈਆ । ਆਦਿ ਜੁਗਾਦੀ ਏਕੰਕਾਰਾ, ਗੁਰਮੁਖ ਲਏ ਉਠਾਈਆ । ਦੋ ਜਹਾਨਾ ਪਾਰ ਕਿਨਾਰਾ, ਜਗਤ ਸਾਗਰ ਵੇਖ ਵਖਾਈਆ । ਤੇਰੇ ਕੋਲ ਇਕ ਪਿਆਰਾ, ਦੇਵੇ ਦੇਵਣਹਾਰ ਸਹਿਜ ਸੁਖਦਾਈਆ । ਗੁਰਸਿਖ ਮੇਲਾ ਵਿਚ ਸੰਸਾਰਾ, ਗੁਰ ਸਤਿਗੁਰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਕੜ ਬਾਹੋਂ ਦਏ ਤਰਾਈਆ । ਤਾਰਨਹਾਰਾ ਸਤਿਗੁਰ ਪੂਰਾ, ਸਰਬ ਕਲਾ ਸਮਰਥ । ਦਰਸ ਦਿਖਾਏ ਹਾਜ਼ਰ ਹਜ਼ੂਰਾ, ਸਗਲ ਵਸੂਰੇ ਦੇਵੇ ਮੱਥ । ਆਸਾ ਮਨਸਾ ਕਰੇ ਪੂਰਾ, ਸਦ ਰੱਖੇ ਦੇ ਕਰ ਹੱਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਖ਼ਸ਼ੇ ਏਕਾ ਨਾਮ ਨਿਧਾਨ । ਸਾਚੀ ਵਸਤ ਨਾਮ ਨਿਧਾਨ, ਸੋਹੰ ਦਾਤ ਝੋਲੀ ਪਾਈਆ । ਹਰਿਜਨ ਬੁੱਝੇ ਆਪਣਾ ਆਪ, ਹਉਮੇ ਰੰਗ ਗਵਾਈਆ । ਮੇਟ ਮਿਟਾਏ ਤੀਨੋ ਤਾਪ, ਤ੍ਰਿਸ਼ਨਾ ਅਗਨ ਬੁਝਾਈਆ । ਜਗਤ ਵਿਕਾਰ ਮੇਟੇ ਸੰਤਾਪ,

ਸਤਿ ਸੰਤੋਖ ਵਰਤਾਈਆ । ਆਪੇ ਹੋਏ ਮਾਈ ਬਾਪ, ਗੁਰਸਿਖ ਬਾਲ ਅੰਞਾਣੇ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟ ਮਿਟਾਏ ਅੰਧੇਰੀ ਰਾਤ, ਘਰ ਸਾਚਾ ਚੰਦ ਵਖਾਈਆ । ਚੰਦ ਚੰਦ੍ਰਮਾ ਸੀਤਲ ਧਾਰ, ਸਤਿਗੁਰ ਚਰਨ ਦੁਆਰ । ਪੁਰਖ ਅਬਿਨਾਸ਼ੀ ਪਾਵੇ ਸਾਰ, ਗੁਰਮੁਖ ਸਾਚੇ ਲਏ ਉਭਾਰ । ਸਤਿਗੁਰ ਪੂਰਾ ਬਖ਼ਸ਼ੇ ਚਰਨ ਪਿਆਰ, ਜੋ ਜਨ ਮੰਗੇ ਮੰਗ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਉਤਾਰੇ ਪਾਰ ਕਿਨਾਰ ।

❊ ੮ ਚੇਤ ੨੦੧੭ ਬਿਕਰਮੀ ਮੇਲਾ ਸਿੰਘ ਦੇ ਘਰ ਪਿੰਡ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ❊

ਸਤਿਗੁਰ ਪੂਰਾ ਹਰਿ ਭਗਵੰਤ, ਹਰੀ ਹਰਿ ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣਾ ਵੇਸ ਵਟਾਇਆ । ਆਪ ਬਣਾਏ ਆਪਣੀ ਬਣਤ, ਨਿਰਗੁਣ ਸਰਗੁਣ ਜੋੜ ਜੁੜਾਇਆ । ਸ਼ਬਦ ਜਣਾਈ ਮਹਿਮਾ ਅਗਣਤ, ਨਾਦ ਅਨਾਦੀ ਨਾਦ ਵਜਾਇਆ । ਸਚਖੰਡ ਨਿਵਾਸੀ ਸਾਚਾ ਕੰਤ, ਹਰਿ ਸੱਜਣ ਨਾਉਂ ਧਰਾਇਆ । ਸਾਚਾ ਚਾੜ੍ਹੇ ਰੰਗ ਬਸੰਤ, ਨਾਮ ਨਿਧਾਨਾ ਉਤਰ ਨਾ ਜਾਇਆ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਲ ਕਲਧਾਰੀ ਖੇਲ ਖਿਲਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਰੰਗ ਸਮਾਇੰਦਾ । ਸਤਿਗੁਰ ਪੂਰਾ ਵਾਲੀ ਦੋ ਜਹਾਨ, ਇਕ ਇਕੱਲਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਗੁਣ ਨਿਧਾਨ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਸਤਿਗੁਰ ਪੂਰਾ ਸਾਚਾ ਕਾਹਨ, ਸਮਰਥ ਪੁਰਖ ਆਪ ਆਪਣਾ ਨਾਉਂ ਧਰਾਇੰਦਾ । ਸਤਿਗੁਰ ਪੂਰਾ ਵਡ ਮਿਹਰਵਾਨ, ਦੀਨ ਦਿਆਲ ਦਇਆ ਕਮਾਇੰਦਾ । ਸਤਿਗੁਰ ਪੂਰਾ ਸਚ ਨਿਸ਼ਾਨ, ਨਾਮ ਨਿਸ਼ਾਨਾ ਆਪ ਝੁਲਾਇੰਦਾ । ਸਤਿਗੁਰ ਪੂਰਾ ਧੁਰ ਫ਼ਰਮਾਣ, ਆਦਿ ਜੁਗਾਦੀ ਆਪ ਸੁਣਾਇੰਦਾ । ਸਤਿਗੁਰ ਪੂਰਾ ਦੇਵੇ ਮਾਣ, ਮਾਣ ਨਿਮਾਣਿਆਂ ਆਪ ਹੋ ਆਇੰਦਾ । ਸਤਿਗੁਰ ਪੂਰਾ ਪਾਏ ਆਣ, ਹੁਕਮ ਹੁਕਮ ਆਪ ਸੁਣਾਇੰਦਾ । ਸਤਿਗੁਰ ਪੂਰਾ ਜਾਣੀ ਜਾਣ, ਹਰ ਘਟ ਅੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਸ਼ਬਦ ਵਡਿਆਇੰਦਾ । ਸਤਿਗੁਰ ਸਾਚਾ ਸੂਰ, ਸੂਰਬੀਰ ਆਪ ਅਖਵਾਇੰਦਾ । ਸਤਿਗੁਰ ਪੂਰਾ ਏਕਾ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਸਤਿਗੁਰ ਪੂਰਾ ਏਕਾ ਤੂਰ, ਨਾਦ ਅਨਾਦੀ ਆਪ ਵਜਾਇੰਦਾ । ਸਤਿਗੁਰ ਪੂਰਾ ਹਾਜ਼ਰ ਹਜ਼ੂਰ, ਜੁਗ ਜੁਗ ਆਪਣੀ ਜੋਤ ਜਗਾਇੰਦਾ । ਸਤਿਗੁਰ ਪੂਰਾ ਸਰਬ ਕਲਾ ਭਰਪੂਰ, ਸਮਰਥ ਪੁਰਖ ਆਪ ਅਖਵਾਇੰਦਾ । ਸਤਿਗੁਰ ਪੂਰਾ ਆਪੇ ਨੇੜੇ ਆਪੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਸਤਿਗੁਰ ਪੂਰਾ ਨਾਤਾ ਤੋੜੇ ਕੂੜੋ ਕੂੜ, ਸਾਚਾ ਜੋੜਾ ਜੋੜ ਜੁੜਾਇੰਦਾ । ਸਤਿਗੁਰ ਪੂਰਾ ਮਸਤਕ ਲਾਏ ਸਾਚੀ ਧੂੜ, ਦੁਰਮਤ ਮੈਲ ਆਪ ਗਵਾਇੰਦਾ । ਸਤਿਗੁਰ ਪੂਰਾ ਚਤੁਰ ਸੁਘੜ ਬਣਾਏ ਮੂਰਖ ਮੂੜ, ਜਿਸ ਸਿਰ ਆਪਣਾ ਹੱਥ ਰਖਾਇੰਦਾ । ਸਤਿਗੁਰ ਪੂਰਾ ਏਕਾ ਬਖ਼ਸ਼ੇ ਜੋਤੀ ਨੂਰ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਏਕਾ ਏਕੰਕਾਰਿਆ । ਸਤਿਗੁਰ ਪੂਰਾ ਨੌਜਵਾਨ, ਬਾਲ ਬਿਰਧ ਨਾ ਰੂਪ ਵਟਾ ਰਿਹਾ । ਸਤਿਗੁਰ ਪੂਰਾ ਸ੍ਰੀ

ਭਗਵਾਨ, ਸ਼ਬਦ ਭਗੌਤੀ ਹੱਥ ਉਠਾ ਰਿਹਾ । ਸਤਿਗੁਰ ਪੂਰਾ ਸਤਿ ਨਾਮ, ਨਿਸ਼ਾਨਾ ਏਕਾ ਏਕ ਝੁਲਾ ਰਿਹਾ । ਸਤਿਗੁਰ ਪੂਰਾ ਸਚ ਗਿਆਨ, ਆਤਮ ਅੰਤਰ ਇਕ ਧਿਆ ਰਿਹਾ । ਸਤਿਗੁਰ ਪੂਰਾ ਸਤਿ ਬਿਬਾਨ, ਸਤਿ ਸਤਿਵਾਦੀ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦੀ ਬਣ ਮਲਾਹ, ਸਾਚਾ ਬੇੜਾ ਆਪ ਚਲਾ ਰਿਹਾ । ਸਤਿਗੁਰ ਪੂਰਾ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਸਤਿਗੁਰ ਪੂਰਾ ਆਦਿ ਜੁਗਾਦੀ ਕਹੇ ਧੰਨ ਧੰਨ ਧੰਨ, ਨਾਮਾ ਹੱਟ ਵਿਕਾਇੰਦਾ । ਸਤਿਗੁਰ ਪੂਰਾ ਏਕਾ ਰਾਗ ਸੁਣਾਏ ਕੰਨ, ਛੱਤੀ ਰਾਗ ਦਿਸ ਨਾ ਆਇੰਦਾ । ਸਤਿਗੁਰ ਪੂਰਾ ਭਾਗ ਲਗਾਏ ਕਾਇਆ ਤਨ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਕਰੇ ਕਰਾਏ ਸਦਾ ਪ੍ਰਿਤਪਾਲ, ਆਪ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪੂਰਾ ਦੇਵਣਹਾਰ ਸੱਚਾ ਧਨ ਮਾਲ, ਨਾਮ ਖ਼ਜ਼ਾਨਾ ਹੱਟ ਵਿਕਾਇੰਦਾ । ਸਤਿਗੁਰ ਪੂਰਾ ਤੋੜਣਹਾਰ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਸਤਿਗੁਰ ਪੂਰਾ ਸਤਿ ਸਰੂਪੀ ਬਣ ਦਲਾਲ, ਸਾਚਾ ਮੇਲਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਆਪ ਵਜਾਏ ਆਪਣਾ ਤਾਲ, ਤਾਰ ਸਤਾਰ ਆਪ ਹਿਲਾਇੰਦਾ । ਸਤਿਗੁਰ ਪੂਰਾ ਫਲ ਲਗਾਏ ਕਾਇਆ ਡਾਲ੍ਹ, ਫੁੱਲ ਫੁਲਵਾੜੀ ਵੇਖ ਵਖਾਇੰਦਾ । ਸਤਿਗੁਰ ਪੂਰਾ ਆਪੇ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਪਾਇੰਦਾ । ਆਪ ਆਪਣੀ ਘਾਲੇ ਘਾਲ, ਘੋਲੀ ਘੋਲ ਆਪ ਘੁਮਾਇੰਦਾ । ਸਤਿਗੁਰ ਪੂਰਾ ਚਲੇ ਨਾਲ ਨਾਲ, ਹਰਿਜਨ ਸਾਚੇ ਆਪ ਚਲਾਇੰਦਾ । ਸਤਿਗੁਰ ਪੂਰਾ ਦੀਪਕ ਜੋਤੀ ਦੇਵੇ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਸਤਿਗੁਰ ਪੂਰਾ ਅਨਹਦ ਵਜਾਏ ਸਾਚਾ ਤਾਲ, ਅਨਹਦ ਅਨਾਹਤ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਤਿਗੁਰ ਪੂਰਾ ਆਪ ਅਖਵਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰ, ਭੇਵ ਕਿਸੇ ਨਾ ਪਾਇਆ । ਸਤਿਗੁਰ ਪੂਰਾ ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਹਰਿਜਨ ਸਾਚੇ ਮੁਖ ਚੁਆਇਆ । ਸਤਿਗੁਰ ਪੂਰਾ ਸ਼ਬਦ ਨਿਰਾਲਾ ਮਾਰੇ ਤੀਰ, ਆਰ ਪਾਰ ਆਪ ਕਰਾਇਆ । ਸਤਿਗੁਰ ਪੂਰਾ ਹਉਮੇ ਹੰਗਤਾ ਦੂਈ ਦਵੈਤੀ ਕੱਢੇ ਪੀੜ, ਮਾਇਆ ਮਮਤਾ ਮੋਹ ਚੁਕਾਇਆ । ਸਤਿਗੁਰ ਪੂਰਾ ਚੋਟੀ ਚਾੜ੍ਹੇ ਇਕ ਅਖੀਰ, ਦਰ ਮੰਦਰ ਆਪ ਖੁਲ੍ਹਾਇਆ । ਸਤਿਗੁਰ ਪੂਰਾ ਵਡ ਪੀਰਨ ਪੀਰ, ਗੁਰ ਪੀਰ ਅਵਤਾਰ ਆਪਣੀ ਸੇਵਾ ਲਾਇਆ । ਸਤਿਗੁਰ ਪੂਰਾ ਆਦਿ ਜੁਗਾਦੀ ਲੱਖ ਚੁਰਾਸੀ ਕੱਟਣਹਾਰਾ ਪੀੜ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਬੰਕ ਸੁਹਾਇਆ । ਸਤਿਗੁਰ ਪੂਰਾ ਸਰਬ ਗੁਣ ਸਾਗਰ, ਹਰਿ ਸਤਿਗੁਰ ਨਾਉਂ ਧਰਾਇੰਦਾ । ਜੁਗ ਜੁਗ ਜਨ ਭਗਤਾਂ ਕਰੇ ਕਰਮ ਉਜਾਗਰ, ਦੁਰਮਤ ਮੈਲ ਧੁਆਇੰਦਾ । ਆਪੇ ਬਣੇ ਸਚ ਸੁਦਾਗਰ, ਹਰਿਜਨ ਸਾਚੇ ਆਪਣਾ ਵਣਜ ਵਖਾਇੰਦਾ । ਏਕਾ ਨਾਮ ਰੱਤੀ ਰਤਨਾਗਰ, ਚੌਦਾਂ ਲੋਕਾਂ ਏਕਾ ਹੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਏਕੰਕਾਰ, ਅਕਲ ਕਲ ਵਰਤਾਈਆ । ਸਤਿਗੁਰ ਪੂਰਾ ਕਰ ਪਸਾਰ, ਆਦਿ ਜੁਗਾਦਿ ਵੇਖ ਵਖਾਈਆ । ਦੇਵੇ ਜੋਤ ਰਵ ਸਸ ਸੂਰਜ ਚੰਨ ਸਤਾਰ, ਨੂਰ ਨੂਰ ਵਿਚ ਰਖਾਈਆ । ਸਤਿਗੁਰ ਪੂਰਾ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜ, ਡੂੰਘੇ ਸਾਗਰ ਹਉਂ ਤਰਾਈਆ । ਸਤਿਗੁਰ ਪੂਰਾ ਮੱਛ ਕੱਛ ਦੇਵੇ ਤਾਰ,

੩੭੪

੩੭੫

ਲੱਖ ਲੱਖ ਆਪਣਾ ਗੇੜ ਭਵਾਈਆ । ਸਤਿਗੁਰ ਪੂਰਾ ਸਾਚਾ ਮਾਰਗ ਦੇਵੇ ਦੱਸ, ਜੁਗ ਦਾਤਾ ਬੇਪਰਵਾਹੀਆ । ਸਤਿਗੁਰ ਪੂਰਾ ਦੋ ਜਹਾਨਾ ਪੰਧ ਮੁਕਾਏ ਨੱਸ, ਆਪਣਾ ਡੇਰਾ ਸੂਰਾ ਸਰਬੰਗ ਆਪ ਉਠਾਈਆ । ਸਤਿਗੁਰ ਪੂਰਾ ਹਿਰਦੇ ਅੰਦਰ ਜਾਏ ਵਸ, ਹਰਿਜਨ ਸਾਚੇ ਆਪ ਜਗਾਈਆ । ਸਤਿਗੁਰ ਪੂਰਾ ਰੈਣ ਅੰਧੇਰੀ ਮੇਟੇ ਮਸ, ਅੰਧ ਅੰਧੇਰ ਗਵਾਈਆ । ਸਤਿਗੁਰ ਪੂਰਾ ਜਗਤ ਵਿਕਾਰਾ ਦੇਵੇ ਝੱਸ, ਗੁਰਸਿਖ ਤੇਰੇ ਚਰਨ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਂਆ । ਸਤਿਗੁਰ ਸਾਜਣ ਮੀਤ, ਏਕਾ ਰੂਪ ਦਰਸਾਇਆ । ਇਕ ਸੁਣਾਏ ਸੁਹਾਗੀ ਗੀਤ, ਲਿਖਣ ਪੜ੍ਹਣ ਵਿਚ ਨਾ ਆਇਆ । ਬ੍ਰਹਮੇ ਚਾਰੇ ਵੇਦ ਏਕਾ ਅੱਖਰ ਲਿਆ ਜੀਤ, ਹਰਿ ਕਾ ਰੂਪ ਹਰਿ ਹਰਿ ਹੀ ਵਿਚ ਟਿਕਾਇਆ । ਬਿਨ ਹਰਿ ਭਗਤ ਕੋਇ ਨਾ ਕਰੇ ਕਾਇਆ ਠੰਡੀ ਸੀਤ, ਸਤਿਗੁਰ ਪੂਰਾ ਅੰਮ੍ਰਿਤ ਮੇਘ ਆਪਣਾ ਆਪ ਬਰਸਾਇਆ । ਆਦਿ ਜੁਗਾਦੀ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਇਆ । ਮੇਟ ਮਿਟਾਏ ਤੇਰੀ ਰੀਤ, ਸਤਿਜੁਗ ਸਾਚਾ ਮਾਰਗ ਲਾਇਆ । ਨਾ ਕੋਈ ਦੇਹੁਰਾ ਨਾ ਮੰਦਰ ਮਸੀਤ, ਸ਼ਿਵਦੁਆਲਾ ਮੱਠ ਨਾ ਕੋਈ ਸੁਹਾਇਆ । ਨਾ ਕੋਈ ਹਸਤ ਨਾ ਕੋਈ ਕੀਟ, ਨਾ ਕੋਈ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਅਖਵਾਇਆ । ਅਬਿਨਾਸ਼ੀ ਕਰਤਾ ਕਰੇ ਖੇਲ ਇਕ ਅਨਡੀਠ, ਖਾਣੀ ਬਾਣੀ ਰਹੀ ਕੁਰਲਾਇਆ । ਸਿਰ ਤੇ ਸੋਹੇ ਪੰਚਮ ਪੀਤ, ਸਤਿ ਪੁਰਖ ਨਿਰੰਜਣ ਆਪਣੀ ਛਹਿਬਰ ਆਪੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਰਬ ਸੁੱਖਦਾਇਆ । ਸਤਿਗੁਰ ਨਾਉਂ, ਗੁਰ ਗੁਰ ਪੂਰਾ ਵੱਡੀ ਵਡਿਆਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਸਾਚੀ ਸਰਨ ਸਰਨ ਇਕ ਸਰਨਾਈਆ । ਹਰਿਜਨ ਉਠਾਏ ਫੜ ਫੜ ਬਾਹੋਂ, ਆਪ ਆਪਣੀ ਸੇਵ ਕਮਾਈਆ । ਵਸਣਹਾਰਾ ਕਾਇਆ ਨਗਰ ਗਰਾਉਂ, ਸਾਚਾ ਖੇੜਾ ਆਪ ਵਸਾਈਆ । ਸਦਾ ਸੁਹੇਲਾ ਇਕ ਇਕੇਲਾ ਰੱਖੇ ਠੰਡੀ ਛਾਉਂ, ਸਮਰਥ ਆਪਣਾ ਹੱਥ ਟਿਕਾਈਆ । ਆਪੇ ਪਿਤਾ ਆਪੇ ਮਾਉਂ, ਬਾਲ ਅਵਾਣੇ ਸਾਚਾ ਸੀਰ ਬੱਤੀ ਧਾਰ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਵਡ ਬਲਵਾਨ, ਖੇਲੇ ਖੇਲ ਦੋ ਜਹਾਨ, ਲੇਖਾ ਜਾਣੇ ਜ਼ਿਮੀ ਅਸਮਾਨ, ਰਵ ਸਸ ਹੋਏ ਹੈਰਾਨ, ਭੇਵ ਕੋਇ ਨਾ ਪਾਈਆ । ਸਤਿਗੁਰ ਪੂਰਾ ਧੁਰ ਫ਼ਰਮਾਣਾ, ਬ੍ਰਹਮੇ ਵਿਸ਼ਨ ਆਪ ਜਣਾਇੰਦਾ । ਸਤਿਗੁਰ ਪੂਰਾ ਇਕ ਤਰਾਨਾ, ਕਰੋੜ ਤੇਤੀਸਾ ਝੋਲੀ ਪਾਇੰਦਾ । ਸਤਿਗੁਰ ਪੂਰਾ ਇਕ ਗਿਆਨਾ, ਸੁਰਪਤ ਰਾਜਾ ਇੰਦ ਆਪ ਸੁਣਾਇੰਦਾ । ਸਤਿਗੁਰ ਪੂਰਾ ਇਕ ਬਿਬਾਨਾ, ਗਣ ਗੰਧਰਬ ਆਪ ਉਡਾਇੰਦਾ । ਸਤਿਗੁਰ ਪੂਰਾ ਖੇਲ ਮਹਾਨਾ, ਕਾਗਦ ਕਲਮ ਨਾ ਕੋਈ ਲਿਖਾਇੰਦਾ । ਸਤਿਗੁਰ ਪੂਰਾ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟਾਇਆ ਹਰਿ ਨਿਰੰਕਾਰ, ਏਕਾ ਰੰਗ ਸਮਾਇਆ । ਮਰੇ ਨਾ ਜੰਮੇ ਵਿਚ ਸੰਸਾਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਆਪਣਾ ਖੇਲ ਖਿਲਾਇਆ । ਆਵੇ ਜਾਵੇ ਵਾਰੋ ਵਾਰ, ਲੋਕਮਾਤ ਲਏ ਅਵਤਾਰ, ਧਰ ਧਰਨੀ ਵੇਖ ਵਖਾਇਆ । ਰਵ ਸਸ ਕਰਨ ਪੁਕਾਰ, ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਈ ਧਰਾਇਆ । ਬ੍ਰਹਮਾ ਵੇਤਾ ਗਿਆ ਹਾਰ, ਲੇਖਾ ਲਿਖਿਆ ਜੁਗ ਚਾਰ, ਜੁਗ ਕਰਤਾ ਭੇਵ ਨਾ ਰਾਇਆ । ਸ਼ੰਕਰ ਕਰੇ ਗਿਰਆਜ਼ਾਰ, ਬਾਸ਼ਕ ਤਸ਼ਕਾ ਲਏ ਉਭਾਰ, ਸਹੰਸਰ ਮੁਖ ਸਾਚੀ ਸੇਜਾ ਵਿਸ਼ਨੂੰ ਆਸਣ ਲਾਇਆ । ਏਕੰਕਾਰਾ ਖੇਲ ਅਪਾਰਾ ਨਿਰਾਕਾਰ, ਬੰਨ੍ਹੇ ਧਾਰ ਵਿਚ ਸੰਸਾਰ, ਨਿਹਕਲੰਕਾ ਜਾਮਾ

ਪਾਇਆ । ਸ਼ਬਦ ਡੰਕਾ ਰਾਓ ਰੰਕਾ ਵਾਸੀ ਪੁਰੀ ਘਨਕਾ, ਆਪਣਾ ਆਪ ਸੁਣਾਇਆ । ਹਰਿਜਨ ਉਠਾਏ ਜਿਉਂ ਜਨ ਜਨਕਾ, ਆਪ ਫਰਾਏ ਮਨ ਕਾ ਮਣਕਾ, ਪੂਜਾ ਪਾਠ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵਸਿਆ ਸਾਚੇ ਘਰ, ਕਾਇਆ ਮੰਦਰ ਬੰਕ ਸੁਹਾਇਆ । ਕਾਇਆ ਮੰਦਰ ਗੁਰੂਦੁਆਰ, ਹਰਿ ਸਤਿਗੁਰ ਆਪ ਸੁਹਾਇੰਦਾ । ਜਨ ਭਗਤਾਂ ਕਰੇ ਸਚ ਪਿਆਰ, ਘਰ ਸਾਚੇ ਮੇਲ ਮਿਲਾਇੰਦਾ । ਸੰਤਨ ਦੇਵੇ ਅੰਮ੍ਰਿਤ ਧਾਰ, ਨਿਝ ਰਸ ਮੁਖ ਚੁਆਇੰਦਾ । ਗੁਰਮੁਖ ਸਾਚੇ ਲਏ ਉਭਾਰ, ਕਾਇਆ ਕਵਰੀ ਫੋਲ ਫੁਲਾਇੰਦਾ । ਗੁਰਸਿਖ ਸਾਜਣ ਜਾਏ ਤਾਰ, ਤ੍ਰੈਗੁਣ ਮਾਇਆ ਫੰਦ ਕਟਾਇੰਦਾ । ਦਰਸ ਦਖਾਏ ਅਗੰਮ ਅਪਾਰ, ਪੂਰਬ ਲਹਿਣਾ ਮੂਲ ਚੁਕਾਇੰਦਾ । ਲੱਖ ਚੁਰਾਸੀ ਕਰ ਖਵਾਰ, ਬੰਦ ਖ਼ਲਾਸੀ ਆਪ ਕਰਾਇੰਦਾ । ਰਸਨ ਸਵਾਸੀ ਪਾਵੇ ਸਾਰ, ਮਦਿਰਾ ਮਾਸੀ ਦਰ ਦੁਰਕਾਇੰਦਾ । ਪੰਡਤ ਕਾਂਸ਼ੀ ਗਏ ਹਾਰ, ਹਰਿ ਕਾ ਰੂਪ ਦਿਸ ਨਾ ਆਇੰਦਾ । ਜੋਤ ਪਰਕਾਸ਼ ਇਕ ਨਿਰੰਕਾਰ, ਗੁਰਮੁਖ ਸਾਚੇ ਜੋਤ ਜਗਾਇੰਦਾ । ਘਨਕਪੁਰ ਵਾਸੀ ਹੋ ਤਿਆਰ, ਘਰ ਚੌਥੇ ਦਰ ਖੁਲ੍ਹਾਇੰਦਾ । ਸ਼ਾਹੋ ਸ਼ਾਬਾਸ਼ੀ ਮੀਤ ਮੁਰਾਰ, ਪੰਚਮ ਮੇਲਾ ਜੋੜ ਜੁੜਾਇੰਦਾ । ਪੂਰੀ ਕਰੇ ਕਰਾਏ ਆਸ, ਜਗਤ ਨਿਰਾਸ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਵੜ, ਹਰਿਜਨ ਸਾਚੇ ਆਪ ਉਠਾਇੰਦਾ । ਕਾਇਆ ਮੰਦਰ ਸਤਿਗੁਰ ਵੜਿਆ, ਦਿਸ ਕਿਸੇ ਨਾ ਆਇਆ । ਆਪਣੇ ਪੌੜੇ ਆਪੇ ਚੜ੍ਹਿਆ, ਸਾਚਾ ਡੰਡਾ ਹੱਥ ਰਖਾਇਆ । ਪਹਿਲੋਂ ਤੋੜੇ ਹੰਕਾਰੀ ਗੜਿਆ, ਦੂਜਾ ਤੋੜ ਤੁੜਾਈਆ । ਸੁਖਮਨ ਨਾੜੀ ਆਪੇ ਖੜਿਆ, ਟੇਢੀ ਬੰਕ ਪਾਰ ਕਰਾਇਆ । ਸਮੁੰਦ ਸਾਗਰ ਆਪਣਾ ਤਾਲ ਆਪੇ ਵੜਿਆ, ਸ਼ਬਦ ਢੋਲਾ ਆਪੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਵਸੇ ਏਕਾ ਘਰ, ਘਰ ਮੰਦਰ ਆਪ ਵਡਿਆਇਆ । ਘਰ ਮੰਦਰ ਹਰਿ ਸੁਹਾਇਆ, ਪੰਜ ਤਤ ਆਕਾਰ । ਸਤਿਗੁਰ ਪੂਰੇ ਡੇਰਾ ਲਾਇਆ, ਨਿਰਗੁਣ ਜੋਤ ਕਰ ਉਜਿਆਰ । ਆਪਣਾ ਢੋਲਾ ਆਪੇ ਗਾਇਆ, ਅਨਹਦ ਵਜਾਏ ਤਾਰ ਸਤਾਰ । ਹੰ ਸੋਇਆ ਆਪ ਉਠਾਇਆ, ਬ੍ਰਹਮ ਕਰਿਆ ਘਰ ਉਜਿਆਰ । ਬਾਰਾਂ ਸਸ ਰਹੇ ਸ਼ਰਮਾਇਆ, ਅਭਿਆਸ ਗਏ ਹਾਰ । ਹਰਿ ਕੀ ਕਿਰਨ ਭੇਵ ਨਾ ਰਾਇਆ, ਗੁਰਮੁਖ ਅੰਦਰ ਕਰੇ ਉਜਿਆਰ । ਕੋਟਨ ਕੋਟ ਰਵ ਸਸ ਕਰਨ ਨਿਮਸਕਾਰ, ਜਿਸ ਘਰ ਅੰਦਰ ਸਤਿਗੁਰ ਪੂਰੇ ਚਰਨ ਟਿਕਾਇਆ । ਬਜ਼ਰ ਕਪਾਟੀ ਲਾਏ ਪਾੜ, ਬੰਦ ਕਿਵਾੜਾ ਆਪ ਖੁਲ੍ਹਾਇਆ । ਸਰ ਸਰੋਵਰ ਚਰਨ ਦੁਆਰੇ ਗੁਰਸਿਖ ਆਏ ਠੰਡਾ ਠਾਰ, ਚਰਨ ਚਰਨੋਦਕ ਮੁਖ ਲਗਾਇਆ । ਆਤਮ ਸੇਜਾ ਆਪ ਸੁਹਾਏ ਮੀਤ ਮੁਰਾਰ, ਸਤਿਗੁਰ ਪੂਰਾ ਸੇਵ ਕਮਾਇਆ । ਗੁਰਸਿਖ ਸਵਾਲੀ ਕਰ ਸ਼ਿੰਗਾਰ, ਸੋਲਾਂ ਇਛਿਆ ਭਿਛਿਆ ਝੋਲੀ ਪਾਇਆ । ਤਨ ਬਸਤਰ ਪਹਿਨਾਏ ਇਕ ਨਿਰੰਕਾਰ, ਨਾਮ ਗੀਤਾ ਇਕ ਵਖਾਇਆ । ਸਾਚਾ ਕੰਗਨ ਕਰ ਪਿਆਰ, ਕੰਤ ਕੰਤੂਹਲ ਹੱਥ ਉਠਾਇਆ । ਨਾਮ ਰੰਗਣ ਮਹਿੰਦੀ ਵਿਚ ਸੰਸਾਰ, ਹਰਿਜਨ ਸਾਚੇ ਹੱਥ ਰੰਗਾਇਆ । ਮੌਲੀ ਤੰਦਨ ਗਿਰਵਰ ਗਿਰਧਾਰ, ਦੋ ਜਹਾਨਾਂ ਬੰਧਨ ਪਾਇਆ । ਤ੍ਰੈਗੁਣ ਮਾਇਆ ਭਰਨ ਭੰਡਾਰ, ਗੁਰਮੁਖ ਸਾਚੀ ਘੋੜੀ ਆਪ ਚੜ੍ਹਾਇਆ । ਜੋਤ ਨਿਰੰਜਣ ਗੁੰਦੇ ਵਾਗ ਆਪਣੀ ਵਾਰ, ਆਪ ਆਪਣਾ ਵੱਟ ਚੜ੍ਹਾਇਆ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਇਕ ਅਲਾਇਆ । ਘਰ ਵਰ ਪਾਇਆ ਪੁਰਖ ਕਰਤਾਰ, ਨਾ ਮਰੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ,

੩੭੬

ਸਤਿਗੁਰ ਪੂਰਾ ਇਕ ਅਖਵਾਇਆ । ਸਤਿਗੁਰ ਪੂਰਾ ਹਰਿ ਹਰਿ ਆਇਆ, ਦੂਸਰ ਅਵਰ ਨਾ ਕੋਇ ਜਣਾਇੰਦਾ । ਸਭ ਦਾ ਪਰਦਾ ਦੇਵੇ ਲਾਹਿਆ, ਮਾਇਆ ਪਰਦਾ ਨਾ ਕੋਇ ਰਖਾਇੰਦਾ । ਚੌਥਾ ਬੁਰਜ ਦੇਵੇ ਢਾਇਆ, ਗੜ੍ਹ ਹੰਕਾਰ ਨਾ ਕੋਈ ਬਣਾਇੰਦਾ । ਮਾਇਆ ਮਮਤਾ ਕਰੀ ਸਫਾਇਆ, ਸਿਫ਼ਤ ਸਾਲਾਹੀ ਆਪ ਹੋ ਜਾਇੰਦਾ । ਸ੍ਰਿਸ਼ਟ ਸਬਾਈ ਦਾਈ ਦਾਇਆ, ਹਰਿ ਸਾਚਾ ਰੂਪ ਵਟਾਇੰਦਾ । ਸਾਧਾਂ ਸੰਤਾਂ ਵੇਖੇ ਪੰਜ ਤਤ ਕਾਇਆ, ਕਾਗੀ ਕਾਗ ਆਪ ਉਡਾਇੰਦਾ । ਗੁਰਮੁਖ ਵਿਰਲੇ ਹਰਿ ਹਰਿ ਪਾਇਆ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਘਰ ਘਰ ਮੰਦਰ ਜਗਤ ਬਣਾਇਆ, ਹਰਿ ਕਾ ਮੰਦਰ ਨਾ ਕੋਈ ਵਖਾਇੰਦਾ । ਵਿਦਿਆ ਪੜ੍ਹ ਪੜ੍ਹ ਜਗਤ ਸੁਣਾਇਆ । ਆਤਮ ਵਿਦਿਆ ਨਾ ਕੋਈ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਪਰਮ ਪੁਰਖ ਅਖਵਾਇਆ । ਹਰਿਜਨ ਤੇਰਾ ਜਾਣੇ ਆਪੇ ਕੰਮ, ਤੇਰੀ ਕਰਨੀ ਕਿਰਤ ਕਮਾਇਆ । ਜੁਗ ਜੁਗ ਬੇੜਾ ਰਿਹਾ ਬੰਨ੍ਹ, ਬੰਨ੍ਹਣਹਾਰ ਬੇਪਰਵਾਹਿਆ । ਕਿਸੇ ਨਾ ਵਸਿਆ ਛੱਪਰ ਛੰਨ, ਚਾਰ ਦਿਵਾਰ ਬੰਦ ਨਾ ਕਿਸੇ ਕਰਾਇਆ । ਜਗਤ ਰਾਗ ਨਾ ਸੁਣੇ ਆਪਣੇ ਕੰਨ, ਨਾਦ ਅਨਾਦੀ ਅਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੰਕਾਰਾ ਖੇਲ ਅਪਾਰਾ, ਨਿਰਗੁਣ ਧਾਰ ਆਪ ਚਲਾਇਆ । ਨਿਰਗੁਣ ਧਾਰ ਸੂਰਾ ਸਰਬੰਗ, ਪੁਰਖ ਨਿਰੰਜਣ ਆਪ ਚਲਾਈਆ । ਸਚਖੰਡ ਦੁਆਰ ਸਚ ਪਲੰਘ, ਦੂਸਰ ਗੁਰਮੁਖ ਸੇਜ ਸੁਹਾਈਆ । ਤ੍ਰੈ ਕਾਲ ਦਰਸੀ ਆਪੇ ਰੰਗ, ਤ੍ਰੈ ਤ੍ਰੈ ਨਾਤਾ ਤੋੜ ਤੁੜਾਈਆ । ਕਿਸੇ ਦਰੋਂ ਨਾ ਮੰਗੇ ਮੰਗ, ਦੇਵਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਸੂਰਾ ਸਰਬੰਗ, ਹਰਿਜਨ ਲਗਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ ।

੩੭੭

੦੯

✻ ੮ ਚੇਤ ੨੦੧੭ ਬਿਕਰਮੀ ਦਲੀਪ ਸਿੰਘ ਦੇ ਘਰ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ✻

ਮਨ ਮਤ ਜੀਵ ਤਿਆਗ, ਦਰ ਘਰ ਸਾਚਾ ਇਕ ਬੁਝਾਈਆ । ਗੁਰ ਸ਼ਬਦ ਨਾਮ ਵੈਰਾਗ, ਬਿਰਹੋਂ ਤੀਰ ਨਿਰਾਲਾ ਲਾਈਆ । ਹੰਸ ਬਣਿਆ ਕਲਜੁਗ ਕਾਗ, ਰਸਨਾ ਜਿਹਵਾ ਵਿਸ਼ਟਾ ਮੁਖ ਤਜਾਈਆ । ਤ੍ਰੈਗੁਣ ਮਾਇਆ ਬੁਝੇ ਆਗ, ਤਤਵ ਤਤ ਇਕ ਵਖਾਈਆ । ਮਾਇਆ ਡੱਸੇ ਨਾ ਡਸਨੀ ਨਾਗ, ਰੋਗ ਸੋਗ ਨਾ ਕੋਈ ਵਖਾਈਆ । ਸਚ ਸਰਨਾਈ ਏਕਾ ਲਾਗ, ਬਿਨ ਸਤਿਗੁਰ ਨਾ ਕੋਈ ਸਹਾਈਆ । ਹਰਿ ਹਰਿ ਮੇਲਾ ਕੰਤ ਸੁਹਾਗ, ਸੋਭਾਵੰਤ ਨਾਰ ਵਡਿਆਈਆ । ਸੁਰਤ ਸਵਾਣੀ ਜਾਏ ਜਾਗ, ਗੁਰ ਸ਼ਬਦੀ ਸ਼ਬਦ ਜਗਾਈਆ । ਘਰ ਮੰਦਰ ਲੱਗੇ ਸਾਚਾ ਭਾਗ, ਮੇਲ ਮਿਲਾਵਾ ਸਾਚੇ ਮਾਹੀਆ । ਜੋਤੀ ਜਗੇ ਇਕ ਚਿਰਾਗ, ਅੰਧ ਅੰਧੇਰ ਗਵਾਈਆ । ਅਨਹਦ ਸੁਣਾਏ ਆਪਣਾ ਰਾਗ, ਲਿਵ ਅੰਤਰ ਆਪ ਬੁਝਾਈਆ । ਚਰਨ ਧੂੜੀ ਮਜਨ ਮਾਘ, ਦੁਰਮਤ ਮੈਲ ਗਵਾਈਆ । ਸ਼ਬਦ ਸਰੂਪੀ ਬੰਨ੍ਹੇ ਤਾਗ, ਧੀਰਜ ਜਤ ਸੰਤੋਖ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਮਨ ਮਤ ਤੁਟੇ ਨਾਤ, ਗੁਰ ਸਤਿਗੁਰ ਆਪ ਸਮਝਾਈਆ । ਮਿਟੇ ਰੈਣ ਅੰਧੇਰੀ ਰਾਤ, ਅਗਿਆਨ ਅੰਧੇਰ ਗਵਾਈਆ । ਉਤਮ ਕਰੇ ਹਰਿਜਨ ਜ਼ਾਤ, ਦੀਨ ਮਜ਼੍ਹਬ ਨਾ ਕੋਈ ਵਖਾਈਆ । ਦਰਸ ਦਖਾਏ

ਇਕ ਇਕਾਂਤ, ਨੂਰੀ ਜਲਵਾ ਨੂਰ ਇਲਾਹੀਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਦਰਸ ਦਖਾਏ ਇਕ ਇਕਾਂਤ, ਇਕ ਇਕੱਲਾ ਰੂਪ ਵਟਾਈਆ । ਨਾਮ ਵਖਾਏ ਸਾਚੀ ਦਾਤਾ, ਸਚ ਵਸਤ ਆਪਣੀ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮੂਰਖ ਮੂੜ ਆਪ ਸਮਝਾਈਆ । ਮਨ ਮੂਰਖ ਮੁਗਧ ਅੰਞਾਣ, ਸਤਿਗੁਰ ਪੂਰਾ ਆਪ ਸਮਝਾਇੰਦਾ । ਏਕਾ ਦੇਵੇ ਨਾਮ ਨਿਧਾਨ, ਸਚ ਨਿਸ਼ਾਨਾ ਹੱਥ ਫੜਾਇੰਦਾ । ਸ਼ਬਦ ਜਣਾਏ ਧੁਰ ਫ਼ਰਮਾਣ, ਹੁਕਮੀ ਹੁਕਮ ਆਪ ਅਲਾਇੰਦਾ । ਏਕਾ ਰਾਗ ਸੁਣਾਏ ਕਾਨ, ਰਾਗੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨ ਮਮਤਾ ਮੋਹ ਚੁਕਾਇੰਦਾ । ਮਨ ਮਮਤਾ ਮੋਹ ਚੁਕਾਵਣਾ, ਹਰਿਜਨ ਸਾਚੇ ਕਰ ਪਿਆਰ । ਦਰ ਦੁਆਰੇ ਦਰਸ ਦਖਾਵਣਾ, ਦਰ ਦਰਵੇਸ਼ਾ ਬਣ ਭਿਖਾਰ । ਘਰ ਘਰ ਸਾਚਾ ਦੀਪ ਜਗਾਵਣਾ, ਜੋਤੀ ਨੂਰ ਕਰ ਉਜਿਆਰ । ਅੰਮ੍ਰਿਤ ਸਾਚਾ ਜਾਮ ਪਿਆਵਣਾ, ਭਰ ਪਿਆਲਾ ਠੰਡਾ ਠਾਰ । ਫੜ ਆਪਣੇ ਮਾਰਗ ਲਾਵਣਾ, ਔਜੜ ਮਾਰਗ ਵੇਖ ਸੰਸਾਰ । ਹਰਿ ਸੰਗਤ ਸਾਚਾ ਮੇਲ ਮਿਲਾਵਣਾ, ਹਰਿਜਨ ਸਾਚੇ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਤ ਕਰੇ ਖ਼ਵਾਰ । ਮਨ ਮਤ ਹੋਏ ਖ਼ਵਾਰ, ਹਰਿ ਕਰਾਇੰਦਾ । ਹਰਿਜਨ ਕਰੇ ਪਿਆਰ, ਦਇਆ ਕਮਾਇੰਦਾ । ਦੇਵੇ ਦਰਸ ਅਪਾਰ, ਰੂਪ ਵਟਾਇੰਦਾ । ਘਰ ਮੰਦਰ ਸੋਹੇ ਦੁਆਰ, ਚਰਨ ਛੁਹਾਇੰਦਾ । ਰੰਗ ਚਾੜ੍ਹੇ ਹਰਿ ਅਪਾਰ, ਉਤਰ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮਤ ਇਕ ਵਖਾਇੰਦਾ । ਗੁਰਮਤ ਗੁਰ ਕਾ ਰੂਪ, ਸਤਿਗੁਰ ਸ਼ਬਦ ਜਣਾਇਆ । ਲੇਖਾ ਜਾਣੇ ਜੂਠ ਝੂਠ, ਮਾਇਆ ਮਮਤਾ ਮੋਹ ਮਿਟਾਇਆ । ਜਿਤ ਦਵਾਰੇ ਜਾਏ ਤੁਠ, ਦਰ ਦਰਕਾ ਵੇਖ ਵਖਾਇਆ । ਪਿਆਏ ਪਿਆਲਾ ਜਾਮ ਘੁੱਟ, ਘਰ ਅੰਮ੍ਰਿਤ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਤ ਤਿਆਗੇ ਸ਼ਬਦ ਬੈਰਾਗੇ, ਸੰਤ ਸੁਹਾਗੇ ਮੇਲ ਮਿਲਾਇਆ । ਸੰਤ ਸੁਹਾਗਾ ਸੋਭਾਵੰਤ, ਹਰਿ ਸੱਜਣ ਮੀਤ ਮੁਰਾਰੜਾ । ਘਰ ਨਰਾਇਣ ਹਰਿ ਹਰਿ ਕੰਤ, ਦਿਵਸ ਰੈਣ ਕਰੇ ਪਿਆਰੜਾ । ਵਡ ਵਡਿਆਈ ਹਰਿ ਰਘੁਰਾਈ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਰੰਗੇ ਅਪਰ ਅਪਾਰੜਾ । ਆਦਿ ਜੁਗਾਦਿ ਲੇਖਾ ਜਾਣੇ ਜੀਵ ਜੰਤ, ਜਨ ਭਗਤਾਂ ਮੀਤ ਮੁਰਾਰੜਾ । ਜੁਗਾ ਜੁਗੰਤਰ ਮਹਿਮਾ ਅਗਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਰ ਪਾਰ ਕਿਨਾਰੜਾ । ਆਰ ਪਾਰ ਹਰਿ ਹਰਿ ਡੇਰਾ, ਦਿਸ ਕਿਸੇ ਨਾ ਆਇਆ । ਆਪੇ ਚਾਰ ਕੁੰਟ ਰੱਖਣਹਾਰਾ ਫੇਰਾ, ਦਹਿ ਦਿਸ਼ਾ ਵੇਖ ਵਖਾਇਆ । ਆਪੇ ਵਸੇ ਨੇਰਨ ਨੇਰਾ, ਦੂਰ ਦੁਰਾਡਾ ਆਪ ਹੋ ਜਾਇਆ । ਆਪੇ ਤਾਰੇ ਕਰ ਕਰ ਆਪਣੀ ਮਿਹਰਾ, ਮਿਹਰਬਾਨ ਨਾਉਂ ਧਰਾਇਆ । ਆਪੇ ਭਰਮ ਭੁਲਾਏ ਕਰ ਕਰ ਹੇਰਾ ਫੇਰਾ, ਵਲ ਛਲ ਧਾਰੀ ਖੇਲ ਖਿਲਾਇਆ । ਆਪੇ ਦੇਵੇ ਉਲਟਾ ਗੇੜਾ, ਮਨ ਮਨੂਆ ਆਪ ਗਿੜਾਇਆ । ਆਪ ਵਸਾਇਆ ਕਾਇਆ ਖੇੜਾ, ਹਰਿ ਮੰਦਰ ਹਰਿ ਜੂ ਡੇਰਾ ਲਾਇਆ । ਆਪੇ ਬੰਨ੍ਹਣਹਾਰਾ ਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਚੱਪੂ ਨਾਮ ਲਗਾਇਆ । ਹਰਿਜਨ ਬੇੜਾ ਦੇਵੇ ਤੋਰ, ਹਰਿ ਸਾਚਾ ਸੇਵ ਕਮਾਈਆ । ਹੋਏ ਸਹਾਈ ਅੰਧ ਘੋਰ, ਕਲਜੁਗ ਕੂਕੇ ਦਏ ਦੁਹਾਈਆ । ਆਪਣੇ ਹੱਥ ਰੱਖੇ ਡੋਰ, ਨਾ ਕੋਈ ਤੋੜੇ ਤੋੜ ਤੁੜਾਈਆ । ਗੁਰਮੁਖ ਗੁਰਸਿਖ ਪਾਇਆ ਵਰ ਜੇਹਾ ਲੋੜ, ਘਰ ਮਿਲਿਆ ਸਾਚਾ ਮਾਹੀਆ । ਜੁਗਾਂ ਜੁਗਾਂ ਦੀ ਲੱਗੀ ਔੜ, ਸਤਿਗੁਰ ਪੂਰਾ ਦਏ

ਬੁਝਾਈਆ । ਗ਼ਰੀਬ ਨਿਮਾਣਿਆਂ ਆਪੇ ਜਾਏ ਬੌਹੜ, ਆਪਣਾ ਲੇਖਾ ਆਪ ਵਖਾਈਆ । ਲੱਖ ਚੁਰਾਸੀ ਵੇਖੇ ਰਸ ਮਿੱਠਾ ਕੌੜ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਏਕਾ ਲਾਏ ਨਾਮ ਪੌੜ, ਉਚੇ ਡੰਡੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਘਰ ਮੇਲਾ ਮੇਲ ਮਿਲਾਈਆ । ਗੁਰਮਤ ਗੁਰ ਗੁਰ ਰੰਗ, ਸਤਿਗੁਰ ਸਾਚਾ ਆਪ ਚੜ੍ਹਾਈਆ । ਗੁਰ ਗੁਰ ਸੂਰਾ ਸਰਬੰਗ, ਹਰਿਜਨ ਸਾਚੇ ਵੇਖ ਵਖਾਈਆ । ਗੁਰ ਗੁਰ ਵਜਾਏ ਨਾਮ ਮਰਦੰਗ, ਤਾਰ ਸਤਾਰ ਨਾ ਕੋਈ ਹਲਾਈਆ । ਗੁਰ ਗੁਰ ਬੈਠ ਵੇਖੇ ਆਪ ਪਲੰਘ, ਆਤਮ ਸੇਜਾ ਇਕ ਸੁਹਾਈਆ । ਘਰ ਘਰ ਸਦਾ ਸੁਹੇਲਾ ਵਸੇ ਸੰਗ, ਵਿਛੜ ਕਦੇ ਨਾ ਜਾਈਆ । ਗੁਰ ਗੁਰ ਕੱਟਣਹਾਰ ਭੁੱਖ ਨੰਗ, ਸਤਿਗੁਰ ਪੂਰਾ ਆਪਣਾ ਨਾਉਂ ਧਰਾਈਆ । ਗੁਰ ਗੁਰ ਚੜ੍ਹਾਏ ਸਾਚਾ ਚੰਦ, ਚੰਦ ਚਕੋਰ ਇਕ ਲਿਵ ਲਾਈਆ । ਗੁਰ ਗੁਰ ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਤੋੜ ਵਡ ਵਡਿਆਈਆ । ਗੁਰ ਗੁਰ ਵਖਾਏ ਪਰਮਾਨੰਦ, ਨਿਜ ਆਤਮ ਕਰ ਰੁਸ਼ਨਾਈਆ । ਗੁਰ ਗੁਰ ਮਿਟਾਏ ਜਗਤ ਵਿਕਾਰਾ ਗੰਦ, ਬੱਤੀ ਦੰਦ ਨਾ ਮੁਖ ਛੁਪਾਈਆ । ਗੁਰ ਗੁਰ ਸੁਣਾਏ ਸੁਹਾਗੀ ਛੰਦ, ਵਾਹ ਵਾਹ ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਗੁਰਮੁਖ ਸੱਜਣ ਸਾਕ, ਹਰਿ ਨਾਤਾ ਜੋੜ ਜੋੜਾਇਆ । ਪੁਰਖ ਅਬਿਨਾਸ਼ੀ ਪਾਕੀ ਪਾਕ, ਪਤਿਤ ਪਾਪੀ ਲਏ ਤਰਾਇਆ । ਸਤਿਗੁਰ ਪੂਰਾ ਆਪੇ ਜਾਣੇ ਆਪਣਾ ਵਾਕ, ਭਵਿਖਤ ਭਵਿਖਤੀ ਲਏ ਸੁਣਾਇਆ । ਹਰਿ ਹਰਿ ਚੜ੍ਹੇ ਆਪੇ ਆਪਣੇ ਰਾਕ, ਸਾਚਾ ਘੋੜਾ ਨਾਮ ਦੌੜਾਇਆ । ਪਾਰਬ੍ਰਹਮ ਪ੍ਰਭ ਅਲੱਖਣਾ ਅਲਾਖ, ਲੇਖਾ ਲਿਖ ਨਾ ਸਕੇ ਰਾਇਆ । ਕਰਨਹਾਰਾ ਕੱਖੋਂ ਲਾਖ, ਲੱਖੋਂ ਕੱਖ ਆਪ ਬਣਾਇਆ । ਆਪੇ ਦਰਸ ਦਿਖਾਏ ਹੋ ਪ੍ਰਤੱਖ, ਕਲਜੁਗ ਅੰਤਮ ਵੇਸ ਵਟਾਇਆ । ਲੇਖਾ ਜਾਣੇ ਕਿਸ਼ਨਾ ਸੁਖਲਾ ਪੱਖ, ਵਦੀ ਸੁਦੀ ਮੁਖ ਭਵਾਇਆ । ਆਪ ਆਪਣੇ ਆਪੇ ਲਏ ਰੱਖ, ਜੁਗ ਜੁਗ ਸਿਰ ਆਪਣਾ ਹੱਥ ਰਖਾਇਆ । ਲੱਖ ਚੁਰਾਸੀ ਪਾਏ ਨੱਥ, ਲੋਆਂ ਪੁਰੀਆਂ ਆਪ ਫਿਰਾਇਆ । ਵਸਣਹਾਰਾ ਘਟ ਘਟ, ਹਰਿ ਜੂ ਹਰਿ ਮੰਦਰ ਹਰਿ ਹਰਿ ਡੇਰਾ ਲਾਇਆ । ਗੁਰਮੁਖ ਕਾਇਆ ਦੁਰਮਤ ਮੈਲ ਦੇਵੇ ਕੱਟ, ਭਰ ਪਿਆਲਾ ਅੰਮ੍ਰਿਤ ਜਾਮ ਪਿਆਇਆ । ਸ਼ਬਦ ਅਨਾਦੀ ਧੁਨ ਧੁਨ ਮਾਰੇ ਏਕਾ ਸੱਟ, ਰਾਗ ਰਾਗਨੀ ਆਪ ਹਿਲਾਇਆ । ਪ੍ਰਗਟ ਹੋਵੇ ਆਪੇ ਝਟ ਪਟ, ਨਿਰਗੁਣ ਸਰਗੁਣ ਰੂਪ ਵਟਾਇਆ । ਆਪ ਖੁਲ੍ਹਾਏ ਆਪਣਾ ਹੱਟ, ਏਕਾ ਵਸਤੂ ਨਾਮ ਵਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਮਤ ਨਾਤਾ ਦੇਵੇ ਤੋੜ, ਗੁਰਮਤ ਗੁਰ ਚਰਨ ਪ੍ਰੀਤੀ ਦੇਵੇ ਜੋੜ, ਜੋੜਨਹਾਰ ਦਿਸ ਨਾ ਆਇਆ ।



## ❋ ੮ ਚੇਤ ੨੦੧੭ ਬਿਕਰਮੀ ਦਿਦਾਰ ਸਿੰਘ ਦੇ ਘਰ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ❋

ਨੇਤਰ ਲੋਚਣ ਨੈਣ ਦਰਸ ਦਿਦਾਰ, ਹਰਿਜਨ ਰੋਗ ਸੋਗ ਮਿਟਾਇੰਦਾ । ਗੁਰ ਚਰਨ ਕਵਲ ਧਵਲ ਸਚ ਪਿਆਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਧਰਨੀ ਧਰਤ ਧਵਲ ਕਰ ਉਜਿਆਰ, ਦਰ ਘਰ ਸਾਚੇ ਖੇਲ ਖਿਲਾਇੰਦਾ । ਅਵਰਨੀ ਵਰਨ ਗਿਰਵਰ ਗਿਰਧਾਰ, ਪਰਮ ਪੁਰਖ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਧਰਾਇੰਦਾ । ਦਰਸ ਦੀਦਾਰ ਸਤਿਗੁਰ ਮੀਤ,

ਨੇਤਰ ਨੈਣ ਉਘਾੜਿਆ । ਸਤਿਗੁਰ ਪੂਰਾ ਹਰਿਜਨ ਵਸੇ ਚੀਤ, ਘਰ ਮੰਦਰ ਹਰਿ ਉਜਿਆਰਿਆ । ਮੇਲ ਮਿਲਾਏ ਨਾਮ ਅਨਡੀਠ, ਉਚ ਮਹੱਲ ਅਟੱਲ ਮੁਨਾਰਿਆ । ਕਾਇਆ ਕਰੇ ਠੰਡੀ ਸੀਤ, ਸੀਤਲ ਧਾਰ ਆਪ ਚਵਾ ਰਿਹਾ । ਏਕਾ ਰੰਗ ਰੰਗਾਏ ਹਸਤ ਕੀਟ, ਕੀਟ ਕੀਟਾ ਆਪ ਉਪਾ ਰਿਹਾ । ਅੰਮ੍ਰਿਤ ਜਾਮ ਪਿਆਏ ਏਕਾ ਮੀਠ, ਰਸ ਸਾਚਾ ਆਪ ਭਰਾ ਰਿਹਾ । ਹਰਿਜਨ ਮਾਣਸ ਦੇਹੀ ਜਾਏ ਜੀਤ, ਮਾਨਸ ਜਨਮ ਲੇਖੇ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਰਸ ਵਖਾ ਰਿਹਾ । ਦਰਸ ਨੇਤਰ ਹਰਿ ਗੁਰ ਸੱਜਣ, ਤ੍ਰਿਸ਼ਨਾ ਭੁੱਖ ਗਵਾਈਆ । ਮੇਲ ਮਿਲਾਵਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨਾ ਦੇਵੇ ਅੰਜਨ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਬਖ਼ਸ਼ੇ ਸੱਚਾ ਮਜਨ, ਸਰ ਸਰੋਵਰ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰਸ਼ ਦਰਸ ਆਪ ਕਰਾਈਆ । ਸਾਚਾ ਦਰਸ ਦਰ ਦਰਬਾਰ, ਹਰਿ ਸਾਚਾ ਸਚ ਕਰਾਇੰਦਾ । ਸਾਚਾ ਰੂਪ ਪੁਰਖ ਕਰਤਾਰ, ਨਿਰਗੁਣ ਸਰਗੁਣ ਆਪ ਵਟਾਇੰਦਾ । ਸਾਚਾ ਰੰਗ ਰੰਗੇ ਸੰਸਾਰ, ਰੰਗ ਰੰਗੀਲਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰਸ ਆਪਣਾ ਭੇਵ ਅਲਖ ਨਿਰੰਜਣ ਗੁਰੂ ਗੁਰਦੇਵ, ਆਪੇ ਆਪ ਖਿਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਹਰੀ ਹਰਿ ਖੇਲ ਖਿਲਾਈਆ । ਮਾਨਸ ਮਾਨੁਖ ਹੋ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਧੁਨਕਾਰ, ਘਰ ਮੰਦਰ ਆਪ ਸੁਣਾਈਆ । ਅੰਦਰ ਵੜ ਹਰਿ ਨਿਰੰਕਾਰ, ਆਪਣਾ ਬੈਠਾ ਮੁਖ ਛੁਪਾਈਆ । ਆਦਿ ਜੁਗਾਦੀ ਸਾਚੀ ਧਾਰ, ਸਚ ਸਾਚੇ ਆਪ ਉਪਾਈਆ । ਭਗਤਨ ਕਰੇ ਮਾਤ ਪਿਆਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਸਹੰਸਰ ਮੁਖ ਨਾ ਸਕੇ ਵਿਚਾਰ, ਰਸਨਾ ਜਿਹਵਾ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਲੱਖ ਚੁਰਾਸੀ ਕਰ ਤਿਆਰ, ਬ੍ਰਹਮ ਬ੍ਰਹਮ ਸਮਝਾਇੰਦਾ । ਬ੍ਰਹਮ ਬ੍ਰਹਮ ਬਣੇ ਭਿਖਾਰ, ਪਾਰਬ੍ਰਹਮ ਸਿੰਘਾਸਣ ਆਸਣ ਸੋਭਾ ਪਾਇੰਦਾ । ਦੋਏ ਜੋੜ ਕਰੇ ਨਿਮਸਕਾਰ, ਰੂਪ ਰੰਗ ਨਾ ਕੋਇ ਵਖਾਇੰਦਾ । ਢਹਿ ਢਹਿ ਮੰਗੇ ਮੰਗ ਦੁਆਰ, ਦਰ ਦਰਵਾਜਾ ਇਕ ਸੁਹਾਇੰਦਾ । ਨੇਤਰ ਰੋਵੇ ਜ਼ਾਰੋ ਜ਼ਾਰ, ਨੈਣੀ ਨੈਣ ਨਾ ਕੋਈ ਮਟਕਾਇੰਦਾ । ਸ਼ਬਦੀ ਸ਼ਬਦ ਕਰੇ ਪੁਕਾਰ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਪੁਰਖ ਅਬਨਾਸ਼ੀ ਕਿਰਪਾ ਧਾਰ, ਦੇ ਮਤ ਆਪ ਸਮਝਾਇੰਦਾ । ਤੇਰਾ ਰੂਪ ਆਪ ਨਿਰੰਕਾਰ, ਤੇਰਾ ਮੇਰਾ ਸੰਗ ਵਖਾਇੰਦਾ । ਮੇਰਾ ਸੰਗ ਸਰਬ ਸੰਸਾਰ, ਤੇਰਾ ਤੇਰੇ ਰੰਗ ਰੰਗਾਇੰਦਾ । ਤੇਰੀ ਮੰਗ ਭਰੇ ਭੰਡਾਰ, ਆਪ ਆਪਣੀ ਵੰਡ ਵੰਡਾਇੰਦਾ । ਬ੍ਰਹਮ ਵਸਤ ਪਾਵੇ ਪਾਵਣਹਾਰ, ਸਾਚੀ ਵਸਤ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਦੇਵੇ ਮਤ ਪਾਰਬ੍ਰਹਮ ਬ੍ਰਹਮ, ਹਰਿ ਸਾਚਾ ਸਚ ਸੁਣਾਇੰਦਾ । ਮੇਰਾ ਤੇਰਾ ਏਕਾ ਧਰਮ, ਦੂਸਰ ਬਰਨ ਨਾ ਕੋਇ ਵਖਾਇੰਦਾ । ਮੇਰਾ ਹੁਕਮ ਤੇਰਾ ਕਰਮ, ਕਰਨੀ ਕਿਰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੀ ਸਿਖਿਆ ਸੁਣ ਉਠ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਬ੍ਰਹਮ ਬ੍ਰਹਮ ਤੇਰਾ ਰੂਪ ਮਹਾਨ, ਪਾਰਬ੍ਰਹਮ ਰੂਪ ਜਣਾਈਆ । ਲੱਖ ਚੁਰਾਸੀ ਦੇਵੇ ਮਾਣ, ਆਪਣੀ ਅੰਸ ਆਪ

ਉਪਜਾਈਆ । ਆਪਣੇ ਹੱਥ ਰੱਖੇ ਨਿਸ਼ਾਨ, ਤੇਰਾ ਨਿਸ਼ਾਨਾ ਆਪ ਝੁਲਾਈਆ । ਆਪੇ ਦੇਵੇ ਜੀਆ ਦਾਨ, ਜੀ ਦਾਤਾ ਬੇਪਰਵਾਹੀਆ । ਤੇਰਾ ਬਣਾਏ ਇਕ ਮਕਾਨ, ਪੰਚਮ ਮੇਲਾ ਮੇਲ ਮਿਲਾਈਆ । ਸੁਣਾਉਂਦਾ ਰਹੇ ਧੁਰ ਫ਼ਰਮਾਣ, ਸਚ ਸਤਾਰ ਇਕ ਹਿਲਾਈਆ । ਭੁੱਲ ਨਾ ਜਾਏ ਬਣ ਅੰਞਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਬ੍ਰਹਮ ਵੇਖ ਨੇਤਰ ਖੋਲ੍ਹ, ਹਰਿ ਸਾਚਾ ਸਚ ਸੁਣਾਇੰਦਾ । ਮੇਰਾ ਰੂਪ ਤੂਹੀ ਤੂਹੀ ਰਿਹਾ ਬੋਲ, ਤੇਰਾ ਮੇਰਾ ਰੰਗ ਵਖਾਇੰਦਾ । ਹਉਂ ਵਸਣਹਾਰਾ ਸਦਾ ਕੋਲ, ਵਿਛੜ ਕਦੇ ਨਾ ਜਾਇੰਦਾ । ਆਦਿ ਜੁਗਾਦੀ ਵਜਾਵਣਹਾਰ ਢੋਲ, ਆਪਣਾ ਮਰਦੰਗ ਹੱਥ ਉਠਾਇੰਦਾ । ਤੇਰਾ ਮੰਦਰ ਆਪੇ ਫੋਲ, ਤੇਰੀ ਵਸਤ ਤੇਰੇ ਹੱਥ ਫੜਾਇੰਦਾ । ਤੇਰਾ ਭੰਡਾਰਾ ਭਰੇ ਅੰਮ੍ਰਿਤ ਕਵਲ, ਠਾਂਡਾ ਸੀਤਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਬ੍ਰਹਮ ਪਛਾਣ, ਪਾਰਬ੍ਰਹਮ ਜਣਾਇਆ । ਦੇਵਣਹਾਰਾ ਧੁਰ ਫ਼ਰਮਾਣ, ਸਾਚੇ ਤਖ਼ਤ ਰਿਹਾ ਸੁਹਾਇਆ । ਨਿਰਗੁਣ ਰੂਪ ਸ੍ਰੀ ਭਗਵਾਨ, ਗੋਪੀ ਕਾਹਨ ਨਾ ਕੋਇ ਨਚਾਇਆ । ਲੇਖਾ ਜਾਣੇ ਨਾ ਸੀਤਾ ਰਾਮ, ਰਾਮ ਸੀਤਾ ਆਪੇ ਗਾਇਆ । ਇਕ ਇਕੱਲਾ ਨੌਜਵਾਨ, ਨਾ ਮਰੇ ਨਾ ਜਾਇਆ । ਆਦਿ ਜੁਗਾਦੀ ਪਾਵੇ ਆਣ, ਆਪਣੇ ਭਾਣੇ ਸਦ ਰਹਾਇਆ । ਦੇਵਣਹਾਰਾ ਦੇਵੇ ਦਾਨ, ਦਾਤਾ ਦਾਨੀ ਇਕ ਅਖਵਾਇਆ । ਜੁਗ ਜੁਗ ਤੇਰੀ ਕਰੇ ਪਛਾਣ, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਤੇਰਾ ਲੇਖ ਲਿਖਾਇਆ । ਸੁਣ ਫ਼ਰਮਾਣਾ ਹਰਿ ਭਗਵਾਨ, ਬ੍ਰਹਮ ਨੇਤਰ ਨੈਣ ਉਘਾੜਿਆ । ਅਬਿਨਾਸ਼ੀ ਕਰਤਾ ਤੂਹੀ ਜਾਣ, ਹਉਂ ਸੇਵਕ ਚਰਨ ਬਲਿਹਾਰਿਆ । ਤੇਰਾ ਸ਼ਬਦ ਨਿਰਾਲਾ ਬਾਣ, ਆਦਿ ਜੁਗਾਦੀ ਏਕਾ ਮਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾ ਲਿਆ । ਸੁਣ ਬ੍ਰਹਮ ਉਠ ਉਠ ਜਾਗ, ਹਰਿ ਸਾਚੇ ਸਚ ਜਗਾਇੰਦਾ । ਪਾਰਬ੍ਰਹਮ ਪ੍ਰਭ ਲਾਏ ਭਾਗ, ਆਪਣੀ ਅੰਸ ਵੇਖ ਵਖਾਇੰਦਾ । ਆਪਣੇ ਹੱਥ ਰੱਖੇ ਤੇਰੀ ਵਾਗ, ਚਾਰ ਜੁਗ ਆਪ ਭਵਾਇੰਦਾ । ਚਾਰ ਕੁੰਟ ਮਾਇਆ ਮਮਤਾ ਲਾਇਆ ਦਾਗ, ਉਪਰ ਪਰਦਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਬ੍ਰਹਮ ਪੁਕਾਰੇ ਸੁਣ ਪੁਕਾਰ, ਹਰਿ ਸਾਚੇ ਸਚ ਰਘੁਰਾਇਆ । ਹਉਂ ਸੇਵਕ ਤੇਰਾ ਸੇਵਾਦਾਰ, ਲੋਕਮਾਤ ਸੇਵ ਕਮਾਇਆ । ਲੱਖ ਚੁਰਾਸੀ ਅੰਦਰ ਰਿਹਾ ਤੂੰ ਵਾੜ, ਆਪਣਾ ਮੁਖ ਬੰਦ ਕਰਾਇਆ । ਪਹਿਰੇਦਾਰ ਕਰਾਈ ਪੰਚਮ ਧਾੜ, ਦਿਵਸ ਰੈਣ ਰਹੀ ਕੁਰਲਾਇਆ । ਤ੍ਰੈਗੁਣ ਅਗਨੀ ਲਾਇਆ ਇਕ ਅਖਾੜ, ਨਟੂਆ ਨਟ ਸਵਾਂਗ ਵਰਤਾਇਆ । ਤੇਰਾ ਮੇਰਾ ਇਕ ਪਿਆਰ, ਭੁੱਲ ਕਦੇ ਨਾ ਜਾਇਆ । ਬ੍ਰਹਮ ਠਾਂਡਾ ਦਰਬਾਰ, ਥਿਰ ਘਰ ਤੇਰਾ ਇਕ ਸੁਹਾਇਆ । ਸਚਖੰਡ ਦੁਆਰੇ ਸੁਣ ਪੁਕਾਰ, ਮੰਗਣਹਾਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਇਆ । ਸੁਣੇ ਪੁਕਾਰ ਹਰਿ ਨਿਰੰਕਾਰ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਭਗਤਨ ਅੰਦਰ ਆਪਣੀ ਧਾਰ, ਸਾਚਾ ਸ਼ਬਦ ਟਿਕਾਇੰਦਾ । ਤੇਰਾ ਮੇਲ ਕਰੇ ਸੰਸਾਰ, ਦਰ ਘਰ ਸਾਚਾ ਵੇਖ ਵਖਾਇੰਦਾ । ਆਪਣੀ ਹੱਥੀਂ ਖੋਲ੍ਹ ਕਿਵਾੜ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਕਰੇ ਕਰਾਏ ਸਚ ਪਿਆਰ, ਸਾਚਾ ਮੇਲਾ ਮੇਲ ਮਿਲਾਇੰਦਾ । ਨਾਮ ਕਰਾਏ ਇਕ ਸ਼ਿੰਗਾਰ, ਸਾਚਾ ਬਸਤਰ ਤਨ ਸਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ ।

੩੮੧

੩੯੨

ਬ੍ਰਹਮ ਤੇਰੀ ਪਾਵੇ ਸਾਰ, ਨਿਰਗੁਣ ਆਪਣਾ ਵੇਸ ਵਟਾਇਆ । ਸਚ ਦੁਆਰੇ ਹੋ ਉਜਿਆਰ, ਘਰ ਦੀਪਕ ਜੋਤ ਜਗਾਇਆ । ਭਰ ਪਿਆਲਾ ਅੰਮ੍ਰਿਤ ਧਾਰ, ਠਾਂਡਾ ਜਲ ਵਖਾਇਆ । ਬੰਦ ਕਵਾੜੀ ਖੋਲ੍ਹ ਕਿਵਾੜ, ਆਪ ਆਪਣਾ ਚਰਨ ਟਿਕਾਇਆ । ਸਾਚੀ ਸੇਜਾ ਮੇਲ ਭਤਾਰ, ਹਰਿ ਕੰਤਨ ਕੰਤ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਬੰਧਨ ਪਾਇਆ । ਜੁਗ ਜੁਗ ਬੰਧਨ ਹਰਿ ਭਗਵੰਤ, ਬ੍ਰਹਮ ਬ੍ਰਹਮ ਬੰਧਾਇਆ । ਆਪ ਉਪਜਾਏ ਆਪਣੇ ਸੰਤ, ਆਪਣਾ ਲੇਖਾ ਆਪ ਗਣਾਇਆ । ਮਹਿਮਾ ਜਾਣੇ ਗਣਤ ਅਗਣਤ, ਲਿਖ ਸਕੇ ਨਾ ਕੋਈ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਆਪ ਚੁਕਾਇਆ । ਪਰਦਾ ਉਹਲਾ ਚੁੱਕਣਾ, ਹਰਿ ਸਾਚਾ ਆਪ ਚੁਕਾਇੰਦਾ । ਬ੍ਰਹਮ ਤੇਰਾ ਪੈਂਡਾ ਮੁੱਕਣਾ, ਪਾਰਬ੍ਰਹਮ ਦਰਸ ਦਖਾਇੰਦਾ । ਕਾਇਆ ਮੰਦਰ ਫੇਰ ਨਾ ਤੱਕਣਾ, ਆਪ ਆਪਣੇ ਵਿਚ ਨਾ ਟਿਕਾਇੰਦਾ । ਦੂਸਰ ਦੁਆਰ ਕਦੇ ਨਾ ਝੁਕਣਾ, ਹਰਿ ਸਾਚਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇੰਦਾ । ਬ੍ਰਹਮ ਤੇਰਾ ਖੇਲ ਅਪਾਰ, ਪ੍ਰਭ ਸਾਚਾ ਮਾਤ ਕਰਾਈਆ । ਪ੍ਰਗਟ ਹੋ ਵਿਚ ਸੰਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਬਣ ਗੁਰ ਦਾਤਾਰ, ਆਪ ਆਪਣਾ ਹੁਕਮ ਸੁਣਾਈਆ । ਆਪੇ ਭਗਤਾਂ ਲਏ ਉਭਾਰ, ਆਪ ਆਪਣਾ ਰੰਗ ਚੜ੍ਹਾਈਆ । ਆਪੇ ਸੰਤਨ ਭਰੇ ਭੰਡਾਰ, ਸਾਚੀ ਭਿਛਿਆ ਝੋਲੀ ਪਾਈਆ । ਆਪ ਗੁਰਸਿਖ ਬਣਾਏ ਯਾਰ, ਆਪ ਆਪਣੇ ਅੰਗ ਲਗਾਈਆ । ਆਪੇ ਗੁਰਸਿਖ ਜਾਏ ਤਾਰ, ਤਾਰਨਹਾਰਾ ਹਰਿ ਰਘੁਰਾਈਆ । ਆਪੇ ਅੰਦਰ ਵੜ ਮੇਟ ਮਿਟਾਏ ਪੰਚਮ ਧਾੜ, ਨੌ ਦੁਆਰੇ ਖੋਜ ਖੁਜਾਈਆ । ਆਪੇ ਕਵਰੀ ਭਵਰੀ ਕਰੇ ਉਜਿਆਰ, ਜੋਤ ਨਿਰੰਜਣ ਆਪ ਜਗਾਈਆ । ਆਪੇ ਅੰਮ੍ਰਿਤ ਬਖ਼ਸ਼ੇ ਠੰਡੀ ਧਾਰ, ਅੰਮਿਉਂ ਰਸ ਆਪ ਵਖਾਈਆ । ਆਪੇ ਮੰਦਰ ਹੋ ਉਜਿਆਰ, ਸਾਚਾ ਤਖ਼ਤ ਆਪ ਸੁਹਾਈਆ । ਆਪੇ ਸ਼ਬਦ ਸੁਣਾਏ ਧੁਨ ਸੱਚੀ ਧੁਨਕਾਰ, ਆਪਣਾ ਗੀਤ ਆਪੇ ਗਾਈਆ । ਆਪੇ ਮੁਖ ਘੁੰਘਟ ਦਏ ਉਤਾਰ, ਦੂਈ ਦਵੈਤੀ ਪਰਦਾ ਲਾਹੀਆ । ਆਪੇ ਸੰਪਟ ਦਏ ਨਿਰੰਕਾਰ, ਨਿਰਗੁਣ ਜੋਤ ਅਗਨੀ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਰਾ ਮੇਲਾ ਮੇਲ ਮਿਲਾਈਆ । ਮੇਲ ਮਿਲਾਵਾ ਹਰਿ ਕਰਤਾਰ, ਆਤਮ ਬ੍ਰਹਮ ਮਿਲਾਇੰਦਾ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਘਰ ਮੰਦਰ ਸਾਚੇ ਕਰ ਪਿਆਰ, ਆਪਣੀ ਗੋਦ ਬਹਾਇੰਦਾ । ਰੰਗ ਰਲੀਆਂ ਮਾਣੇ ਆਪ ਭਤਾਰ, ਸਾਚੀ ਸੇਜ ਸੁਹਾਇੰਦਾ । ਸੋਹੇ ਮੁਖੜਾ ਨਿਰਗੁਣ ਧਾਰ, ਨੇਤਰ ਨੈਣ ਨਾ ਕੋਈ ਮਟਕਾਇੰਦਾ । ਬੱਤੀ ਦੰਦ ਨਾ ਕੋਈ ਜੈਕਾਰ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਸੀਸ ਨਾ ਕਰੇ ਕੋਈ ਸ਼ਿੰਗਾਰ, ਸ਼ਬਦ ਗਹਿਣਾ ਨਾ ਕੋਇ ਹੰਢਾਇੰਦਾ । ਨਾ ਕੋਈ ਘੋੜਾ ਸ਼ਾਹ ਅਸਵਾਰ, ਆਸਣ ਸਿੰਘਾਸਣ ਨਾ ਕੋਈ ਵਿਛਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰ, ਦਰ ਦਰਬਾਨ ਨਾ ਕੋਈ ਵਖਾਇੰਦਾ । ਇਕ ਇਕੱਲਾ ਏਕੰਕਾਰ, ਏਕਾ ਆਪਣਾ ਰੂਪ ਵਟਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰ ਪਿਆਰ, ਘਰ ਸਾਚੇ ਦਰਸ ਦਿਖਾਇੰਦਾ । ਨੇਤਰ ਲੋਚਣ ਨੈਣ ਦਰਸ ਦਿਦਾਰ, ਨਿਰਗੁਣ ਨਿਰਗੁਣ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਬ੍ਰਹਮ ਪਾਰਬ੍ਰਹਮ ਮਿਲਾਇੰਦਾ ।

## ❊ ੮ ਚੇਤ ੨੦੧੭ ਬਿਕਰਮੀ ਸੰਤਾ ਸਿੰਘ ਦੇ ਘਰ ਪਿੰਡ ਬਾਬੂ ਪੁਰ ❊

ਹਰਿ ਸ਼ਬਦ ਸੰਤ ਹਰਿ ਸ਼ਬਦ ਗੁਰ, ਹਰਿ ਹਰਿ ਨਾਮਾ ਵਡ ਵਡਿਆਈਆ । ਹਰਿ ਸ਼ਬਦ ਕੰਤ ਹਰਿ ਸ਼ਬਦ ਮੇਲਾ ਧੁਰ, ਹਰਿ ਸਾਚਾ ਆਪ ਮਿਲਾਈਆ । ਹਰਿ ਸ਼ਬਦ ਆਦਿ, ਹਰਿ ਸ਼ਬਦ ਅੰਤ, ਹਰਿ ਸ਼ਬਦ ਚਾੜ੍ਹੇ ਰੰਗ ਬਸੰਤ, ਰੰਗ ਰੰਗੀਲਾ ਇਕ ਅਖਵਾਈਆ । ਹਰਿ ਸ਼ਬਦ ਜੀਵ ਹਰਿ ਸ਼ਬਦ ਜੰਤ, ਹਰਿ ਸ਼ਬਦੀ ਸ਼ਬਦ ਜਣਾਈਆ । ਹਰਿ ਸ਼ਬਦ ਮਣੀਆ ਹਰਿ ਸ਼ਬਦ ਮੰਤ, ਹਰਿ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਦਏ ਵਡਿਆਈਆ । ਹਰਿ ਸ਼ਬਦ ਬਿਬਾਣ ਹਰਿ ਸਾਚਾ ਰਾਣਾ, ਤਖ਼ਤ ਤਾਜ ਸੁਹਾਇੰਦਾ । ਹਰਿ ਸ਼ਬਦ ਰਾਗ ਧੁਨ ਤਰਾਨਾ, ਹਰਿ ਸ਼ਬਦ ਹੋਏ ਪਵਣ ਮਸਾਣਾ, ਦੋ ਜਹਾਨਾਂ ਫੇਰਾ ਪਾਇੰਦਾ । ਹਰਿ ਸ਼ਬਦ ਗੋਪੀ ਹਰਿ ਸ਼ਬਦ ਕਾਹਨਾ, ਹਰਿ ਸ਼ਬਦ ਸੀਤਾ ਹਰਿ ਸ਼ਬਦ ਰਾਮਾ, ਰੂਪ ਅਨੂਪ ਆਪ ਵਟਾਇੰਦਾ । ਹਰਿ ਸ਼ਬਦ ਭੂਮਕਾ ਹਰਿ ਸ਼ਬਦ ਅਸਥਾਨਾ, ਹਰਿ ਸ਼ਬਦ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇੰਦਾ । ਹਰਿ ਸ਼ਬਦ ਹਰਿ ਤਾਲ, ਹਰਿ ਸ਼ਬਦ ਮਰਦੰਗ ਹਰਿ ਸਾਚਾ ਸਚ ਵਜਾਇੰਦਾ । ਹਰਿ ਸ਼ਬਦ ਘਾਲਣ ਰਿਹਾ ਘਾਲ, ਆਪੇ ਮੰਦਰ ਆਪੇ ਲੰਘ, ਆਪੇ ਵੇਖ ਵਖਾਇੰਦਾ । ਹਰਿ ਸ਼ਬਦ ਸਰੋਵਰ ਇਕ ਉਛਾਲ, ਹਰਿ ਸ਼ਬਦ ਸਾਚਾ ਸਚ ਪਲੰਘ, ਹਰਿ ਸਾਚਾ ਆਸਣ ਲਾਇੰਦਾ । ਹਰਿ ਸ਼ਬਦ ਵਸੇ ਸਦਾ ਨਾਲ, ਹਰਿ ਸ਼ਬਦ ਧਾਰ ਗੰਗ, ਹਰਿ ਸਾਚਾ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅਨਾਦੀ ਆਪ ਅਖਵਾਇੰਦਾ । ਹਰਿ ਸ਼ਬਦ ਦੀਵਾਰ ਹਰਿ ਸ਼ਬਦ ਧਾਰ ਹਰਿ ਸਚ ਪਸਾਰ, ਹਰਿ ਸ਼ਬਦੀ ਦਏ ਭੇਵ ਖੁਲ੍ਹਾਈਆ । ਹਰਿ ਸ਼ਬਦ ਪੁਰਖ ਹਰਿ ਸ਼ਬਦ ਨਾਰ, ਹਰਿ ਸ਼ਬਦ ਪੈਜ ਰਿਹਾ ਸਵਾਰ, ਹਰਿ ਸ਼ਬਦ ਵਡ ਵਡਿਆਈਆ । ਹਰਿ ਸ਼ਬਦ ਰਾਜ ਜੋਗ ਸਿਕਦਾਰ, ਹਰਿ ਸ਼ਬਦ ਭੋਗੇ ਭੋਗ ਵਿਚ ਸੰਸਾਰ, ਭਸਮੜ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਰਤਾਈਆ । ਹਰਿ ਸ਼ਬਦ ਸੰਜੋਗ ਹਰਿ ਸ਼ਬਦ ਵਿਜੋਗ, ਹਰਿ ਸ਼ਬਦ ਮੇਲ ਮਿਲਾਈਆ । ਹਰਿ ਸ਼ਬਦ ਵਸੇ ਤਿੰਨਾਂ ਲੋਕ, ਹਰਿ ਸ਼ਬਦ ਸੁਣਾਏ ਇਕ ਸਲੋਕ, ਆਪਣਾ ਢੋਲਾ ਆਪੇ ਗਾਈਆ । ਹਰਿ ਸ਼ਬਦ ਮੁਕਤ ਹਰਿ ਸ਼ਬਦ ਮੋਖ, ਹਰਿ ਸ਼ਬਦੀ ਸ਼ਬਦ ਭਵਾਈਆ । ਹਰਿ ਸ਼ਬਦ ਹਰਖ਼ ਹਰਿ ਸ਼ਬਦ ਸੋਗ, ਹਰਿ ਸ਼ਬਦ ਹੰਗਤਾ ਦੁੱਖ ਗਵਾਈਆ । ਹਰਿ ਸ਼ਬਦ ਲੱਖ ਚੁਰਾਸੀ ਦੇਵੇ ਝੋਕ, ਆਦਿ ਜੁਗਾਦਿ ਨਾ ਸਕੇ ਕੋਈ ਰੋਕ, ਜੂਨੀ ਜੂਨ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਹਰਿ ਸ਼ਬਦ ਪੂਜਾ ਹਰਿ ਸ਼ਬਦ ਪਾਠ, ਹਰਿ ਸ਼ਬਦ ਸਰੋਵਰ ਹਰਿ ਸ਼ਬਦ ਠਾਠ, ਹਰਿ ਸ਼ਬਦ ਅਗਨੀ ਹਰਿ ਸ਼ਬਦ ਕਾਠ, ਹਰਿ ਸ਼ਬਦ ਜੋਤੀ ਲਾਟ ਲਿਲਾਟ ਹਰਿ ਸ਼ਬਦੀ ਡਗਮਗਾਈਆ । ਹਰਿ ਸ਼ਬਦ ਵਣਜਾਰਾ ਹਰਿ ਸ਼ਬਦ ਹਾਟ, ਹਰਿ ਸ਼ਬਦ ਚੌਦਾਂ ਲੋਕਾਂ ਏਕਾ ਰੰਗ ਵਖਾਈਆ । ਹਰਿ ਸ਼ਬਦ ਹੋਏ ਤ੍ਰੈਲੋਕੀ ਨਾਥ, ਹਰਿ ਸ਼ਬਦ ਨਿਭਾਏ ਸਗਲਾ ਸਾਥ, ਦੋ ਜਹਾਨਾਂ ਫੇਰਾ ਪਾਈਆ । ਹਰਿ ਸ਼ਬਦ ਚਲਾਏ ਜੁਗ ਜੁਗ ਰਾਥ, ਹਰਿ ਸ਼ਬਦ ਮਹਿਮਾ ਅਕਥਨਾ ਅਕਥ, ਚਾਰੇ ਵੇਦ ਨਾ ਸਕੇ ਗਾਈਆ । ਹਰਿ ਸ਼ਬਦ ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਹਰਿ ਸ਼ਬਦ ਵੇਖ ਵਖਾਏ ਮਸਤਕ ਮਾਥ, ਅੰਦਰ ਮੰਦਰ ਖੋਜ ਖੁਜਾਈਆ । ਹਰਿ ਸ਼ਬਦ ਮਿਲਾਵਾ ਕਮਲਾਪਾਤ,

ਮੇਟ ਮਿਟਾਏ ਅੰਧੇਰੀ ਰਾਤ, ਏਕਾ ਸਾਚਾ ਚੰਦ ਚੜ੍ਹਾਈਆ । ਹਰਿ ਸ਼ਬਦ ਨਾ ਰਖਾਏ ਕੋਈ ਜ਼ਾਤ ਪਾਤ, ਦੇਵਣਹਾਰਾ ਸਾਚੀ ਦਾਤ, ਏਕਾ ਵਸਤ ਹੱਥ ਰਖਾਈਆ । ਹਰਿ ਸ਼ਬਦ ਵਡ ਕਰਾਮਾਤ, ਲੇਖਾ ਜਾਣੇ ਦੋ ਜਹਾਨਾ ਖਾਤ, ਲਿਖਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਵਡ ਵਡਿਆਈਆ । ਸ਼ਬਦ ਗੁਰ ਸ਼ਬਦ ਗੁਰਦੇਵ, ਸ਼ਬਦ ਕਰਾਏ ਸਾਚੀ ਸੇਵ, ਸ਼ਬਦ ਮਹਿਮਾ ਆਪ ਜਣਾਇੰਦਾ । ਸ਼ਬਦ ਦਾਤਾ ਅਲਖ ਅਭੇਵ, ਸ਼ਬਦ ਨਿਰੰਜਣ ਸਦਾ ਅਭੇਵ, ਨਿਰਮਲ ਆਪਣਾ ਥਾਉਂ ਸੁਹਾਇੰਦਾ । ਸ਼ਬਦ ਮਾਤ ਸ਼ਬਦ ਪਿਤ, ਸ਼ਬਦ ਕਰੇ ਸਾਚਾ ਹਿੱਤ, ਆਦਿ ਜੁਗਾਦਿ ਜੁਗ ਜੁਗ ਆਪਣਾ ਵੇਸ ਵਟਾਇੰਦਾ । ਸ਼ਬਦ ਵਾਰ ਸ਼ਬਦ ਥਿਤ, ਸ਼ਬਦ ਪ੍ਰਗਟੇ ਨਿਤ ਨਵਿਤ, ਬਰਸ ਮਾਸ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਅਖਵਾਇੰਦਾ । ਸ਼ਬਦ ਤੀਰ ਸ਼ਬਦ ਤਰੰਗ, ਸ਼ਬਦ ਗੁਰ ਸੂਰਾ ਸਰਬੰਗ, ਸ਼ਬਦ ਲਾਏ ਆਪਣੇ ਅੰਗ, ਸ਼ਬਦ ਵਜਾਏ ਨਾਮ ਮਰਦੰਗ, ਲੋਆਂ ਪੁਰੀਆਂ ਆਪ ਸੁਣਾਇੰਦਾ । ਸ਼ਬਦ ਸੇਜਾ ਸ਼ਬਦ ਪਲੰਘ, ਸ਼ਬਦ ਰੂਪ ਦਿਸੇ ਅਨਰੰਗ, ਸ਼ਬਦ ਸ਼ਬਦੀ ਮੰਗੇ ਮੰਗ, ਹਰਿ ਸ਼ਬਦੀ ਵੰਡ ਵੰਡਾਇੰਦਾ । ਸ਼ਬਦ ਲੋਆਂ ਪੁਰੀਆਂ ਰਿਹਾ ਲੰਘ, ਸ਼ਬਦ ਸ਼ਬਦੀ ਕਸਿਆ ਤੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਸ਼ਬਦ ਚਲਾਇੰਦਾ । ਸ਼ਬਦ ਨਿਰਾਲੀ ਧਾਰ, ਹਰਿ ਚਲਾਈਆ । ਸਤਿਜੁਗ ਸਾਚੇ ਕਰ ਤਿਆਰ, ਸੋ ਪੁਰਖ ਸਿਫ਼ਤ ਸਾਲਾਹੀਆ । ਹਰਿ ਪੁਰਖ ਨਿਰੰਜਣ ਮੀਤ ਮੁਰਾਰ, ਆਪ ਆਪਣਾ ਗੀਤ ਸੁਣਾਈਆ । ਏਕੰਕਾਰਾ ਹੋਇਆ ਖ਼ਬਰਦਾਰ, ਮੁਖ ਨਕਾਬ ਪਰਦਾ ਲਾਹੀਆ । ਆਦਿ ਨਿਰੰਜਣ ਕਰ ਉਜਿਆਰ, ਦੀਪਕ ਜੋਤ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਾਂਝਾ ਯਾਰ, ਸਗਲਾ ਸੰਗ ਆਪ ਰਖਾਈਆ । ਅਬਿਨਾਸ਼ੀ ਕਰਤਾ ਬਣ ਸਿਕਦਾਰ, ਲੋਕਮਾਤ ਫੇਰਾ ਪਾਈਆ । ਪਾਰਬ੍ਰਹਮ ਪ੍ਰਭ ਦਰ ਦਰਬਾਨ, ਦਰ ਦਰਵੇਸ਼ ਅਲੱਖ ਜਗਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰੇ ਪਛਾਣ, ਹਰਿ ਸਾਚਾ ਵਡ ਵਡਿਆਈਆ । ਸਚ ਦਵਾਰੇ ਧਰਮ ਨਿਸ਼ਾਨ, ਸਚ ਦਵਾਰੇ ਆਪ ਝੁਲਾਈਆ । ਏਕਾ ਦੇਵੇ ਬ੍ਰਹਮ ਗਿਆਨ, ਹੰ ਬ੍ਰਹਮ ਮੇਟ ਮਿਟਾਈਆ । ਲੇਖਾ ਜਾਣੇ ਕੋਟਨ ਭਾਨ, ਰਵ ਸਸ ਰਿਹਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਕਰੇ ਪੜ੍ਹਾਈਆ । ਏਕਾ ਸ਼ਬਦ ਏਕਾ ਜਾਪ, ਏਕਾ ਅੱਖਰ ਪੜ੍ਹਾਇੰਦਾ । ਏਕਾ ਬੂਝੇ ਆਪਣਾ ਆਪ, ਆਪ ਆਪਾ ਵਿਚ ਪ੍ਰਗਟਾਇੰਦਾ । ਏਕਾ ਮਾਈ ਏਕਾ ਬਾਪ, ਏਕਾ ਪੁੱਤ ਹਿੱਤ ਕਰਾਇੰਦਾ । ਏਕਾ ਸਤਿ ਇਕ ਸੰਤਾਪ, ਏਕਾ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸ਼ਬਦ ਉਪਜਾਇੰਦਾ । ਆਪੇ ਸ਼ਬਦ ਰਾਗ ਤਰਾਨਾ, ਹਰਿ ਸਾਚਾ ਸਚ ਉਪਜਾਇੰਦਾ । ਆਪੇ ਦਾਤਾ ਗੁਣ ਨਿਧਾਨਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਪੇ ਵਿਸ਼ਵ ਰੂਪ ਹੋ ਪਰਧਾਨਾ, ਘਰ ਘਰ ਰਿਜ਼ਕ ਪੁਚਾਇੰਦਾ । ਆਪੇ ਬ੍ਰਹਮਾ ਬ੍ਰਹਮ ਪਛਾਣਾ, ਅੰਸ ਬੰਸ ਰੰਗ ਰੰਗਾਇੰਦਾ । ਆਪੇ ਸ਼ੰਕਰ ਹੋ ਨਿਮਾਣਾ, ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਤ੍ਰੈਗੁਣ ਮਾਇਆ ਬੱਧਾ ਗਾਨਾ, ਆਪਣਾ ਸਗਨ ਮਨਾਇੰਦਾ । ਆਪੇ ਪੰਜ ਤਤ ਕਰ ਨਿਸ਼ਾਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇੰਦਾ । ਆਪੇ ਮਨ ਮਤ ਬੁੱਧ ਦੇਵੇ ਦਾਨਾ, ਘਰ ਘਰ ਵਿਚ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਮੁਖ ਸਾਲਾਹਿੰਦਾ । ਹਰਿ ਸ਼ਬਦ ਅਪਾਰ ਏਕੰਕਾਰ, ਨਿਰਗੁਣ ਨਿਰਗੁਣ ਆਪ ਉਪਾਇਆ । ਸਚਖੰਡ ਵਜਾਏ

ਸਚ ਸਤਾਰ, ਸਚ ਸਾਰੰਗ ਨਾਉਂ ਧਰਾਇਆ । ਏਕਾ ਰੰਗ ਰਵੇ ਕਰਤਾਰ, ਰਾਗ ਰਾਗਨੀ ਨਾ ਕੋਇ ਵਿਖਾਇਆ । ਲੋਕਮਾਤ ਖੇਲ ਅਪਾਰ, ਜੋਤੀ ਨੂਰ ਡਗਮਗਾਇਆ । ਸਤਿਜੁਗ ਸਾਚੇ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਇਆ । ਹੰ ਬ੍ਰਹਮ ਪ੍ਰਭ ਕਰ ਪਿਆਰ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦੀ ਵੰਡ ਵੰਡਾਇਆ । ਸੋ ਪੁਰਖ ਨਿਰੰਜਣ ਵੰਡੇ ਵੰਡ, ਦਿਸ ਕਿਸੇ ਨਾ ਆਇੰਦਾ । ਚਾਰੋਂ ਕੁੰਟ ਸ਼ਬਦ ਸਰੂਪੀ ਚਾਰ ਦਵਾਰੀ ਰੱਖੇ ਕੰਧ, ਆਪ ਆਪਣਾ ਪਰਦਾ ਪਾਇੰਦਾ । ਨੌਂ ਦੁਆਰੇ ਕਰ ਕਰ ਬੰਦ, ਦਰ ਦਰਵਾਜ਼ਾ ਨਾ ਕੋਈ ਖੁਲ੍ਹਾਇੰਦਾ । ਆਪੇ ਜਾਣੇ ਆਪਣਾ ਦੂਰ ਦੁਰਾਡਾ ਪੰਧ, ਨੇੜ ਦੂਰ ਨਾ ਕੋਈ ਵਖਾਇੰਦਾ । ਆਪੇ ਗਾਏ ਸ਼ਬਦ ਸੁਹਾਗੀ ਹਰਿ ਛੰਦ, ਗੀਤ ਗੋਬਿੰਦ ਆਪ ਅਲਾਇੰਦਾ । ਆਪੇ ਜਾਣੇ ਪਰਮਾਨੰਦ, ਨਿਜ ਘਰ ਆਪਣਾ ਰਸ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਸਾਲਾਹਿੰਦਾ । ਸ਼ਬਦ ਸਲਾਹਿਆ ਹਰਿ ਭਗਵਾਨ, ਗੁਰ ਸਤਿਗੁਰ ਨਾਉਂ ਧਰਾਈਆ । ਲੋਕਮਾਤ ਕਰ ਪਰਧਾਨ, ਗੁਰ ਗੁਰ ਬੂਝ ਬੁਝਾਈਆ । ਗੁਰ ਗੁਰ ਦੇਵੇ ਏਕਾ ਦਾਨ, ਜੀਆਂ ਦਾਤਾ ਵਡ ਵਡਿਆਈਆ । ਆਪ ਆਪਣੀ ਕਰੇ ਪਛਾਣ, ਹਰਿ ਭਗਤਨ ਮੇਲ ਮਿਲਾਈਆ । ਭਗਤਨ ਪਾਏ ਸਾਚੀ ਆਨ, ਸਿਰ ਆਪਣਾ ਹੱਥ ਰਖਾਈਆ । ਸੰਤਾਂ ਦੇਵੇ ਸਤਿ ਸਤ ਦਾਨ, ਸਤਿ ਸਤਿਵਾਦੀ ਝੋਲੀ ਪਾਈਆ । ਤੀਰ ਨਿਰਾਲਾ ਮਾਰੇ ਬਾਣ, ਸ਼ਬਦੀ ਚਿੱਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਸ਼ਬਦ ਚਿਲਾ ਸ਼ਬਦ ਤੀਰ, ਸ਼ਬਦ ਨਿਸ਼ਾਨਾ ਹਰਿ ਲਗਾਇੰਦਾ । ਸ਼ਬਦ ਅੰਮ੍ਰਿਤ ਸ਼ਬਦ ਸੀਰ, ਭਰ ਪਿਆਲਾ ਜਾਮ ਪਿਆਇੰਦਾ । ਸ਼ਬਦ ਚੋਟੀ ਚਾੜ੍ਹੇ ਇਕ ਅਖੀਰ, ਸਚ ਮਹੱਲੇ ਆਪ ਬਹਾਇੰਦਾ । ਸ਼ਬਦ ਕੱਢੇ ਹਉਮੇ ਪੀੜ, ਰੋਗੀ ਰੋਗ ਮਿਟਾਇੰਦਾ । ਸ਼ਬਦ ਕੱਟੇ ਜਗਤ ਜੰਜ਼ੀਰ, ਲੱਖ ਚੁਰਾਸੀ ਫੰਦ ਮੁਕਾਇੰਦਾ । ਸ਼ਬਦ ਦੇਵਣਹਾਰਾ ਧੀਰ, ਧੀਰਜ ਧੀਰ ਇਕ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਨਾਮ ਵਡਿਆਇੰਦਾ । ਸ਼ਬਦ ਗੁਰ ਗਹਿਰ ਗੰਭੀਰ, ਹਰਿ ਸਾਚੇ ਸਚ ਉਪਜਾਇਆ । ਸ਼ਬਦ ਠਾਂਡਾ ਸਤਿਗੁਰ ਸੀਰ, ਭਰ ਪਿਆਲਾ ਜਾਮ ਪਿਆਈਆ । ਸ਼ਬਦ ਦਾਤਾ ਜੋਧਾ ਸੂਰਬੀਰ, ਵਡ ਬਲਵਾਨ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਹੁਕਮੀ ਹੁਕਮ ਆਪ ਚਲਾਇਆ । ਹੁਕਮੀ ਹੁਕਮ ਹਰਿ ਫ਼ਰਮਾਣ, ਸ਼ਬਦੀ ਸ਼ਬਦ ਸੁਣਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਲੋਕਮਾਤ ਵੇਸ ਵਟਾਇੰਦਾ । ਸੰਤ ਸਾਜਣ ਕਰ ਪਛਾਣ, ਆਪ ਆਪਣਾ ਮੇਲ ਮਿਲਾਇੰਦਾ । ਜੂਠ ਝੂਠ ਮੇਟ ਨਿਸ਼ਾਨ, ਸਚ ਸੁੱਚ ਮਾਰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸਤਿਜੁਗ ਖੇਲ ਖਿਲਾਵਣਹਾਰਾ, ਹਰੀ ਓਮ ਏਕੰਕਾਰ । ਏਕਾ ਸ਼ਬਦ ਨਾਮ ਚਲਾਵਣਹਾਰਾ, ਦੋ ਜਹਾਨ ਪਾਵੇ ਸਾਰ । ਏਕਾ ਭਗਤੀ ਭਗਤ ਵਡਿਆਵਣਹਾਰਾ, ਊਚੀ ਕੂਕੇ ਬੋਲੇ ਨਾਮ ਜੈਕਾਰ । ਏਕਾ ਮਾਰਗ ਹਰਿ ਹਰਿ ਲਾਵਣਹਾਰਾ, ਚਾਰੋਂ ਕੁੰਟ ਹੋਏ ਉਜਿਆਰ । ਏਕਾ ਸਿਖਿਆ ਸਚ ਸਮਝਾਵਣਹਾਰਾ, ਚਾਰ ਵਰਨਾ ਕਰੇ ਪਿਆਰ । ਜਗਤ ਮਿਥਿਆ ਆਪ ਵਖਾਵਣਹਾਰਾ, ਮੇਟ ਮਿਟਾਏ ਜੀਵ ਗਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਫੜ ਸ਼ਬਦ ਕਟਾਰ । ਸ਼ਬਦ ਕਟਾਰ ਦੋ ਧਾਰ ਖੰਡਾ, ਹਰਿ ਸਾਚਾ ਹੱਥ ਉਠਾਇੰਦਾ । ਪਾਵਣਹਾਰਾ ਜੁਗ ਜੁਗ ਵੰਡਾ, ਕਲਜੁਗ ਅੰਤਮ ਵੰਡ

ਵੰਡਾਇੰਦਾ । ਲੱਖ ਚੁਰਾਸੀ ਜੀਵ ਜੰਤ ਰੰਡਾ, ਸਾਧ ਸੰਤ ਕੰਤ ਨਾ ਕੋਈ ਹੰਢਾਇੰਦਾ । ਮਾਇਆ ਮਮਤਾ ਮੋਹ ਭਾਗਾਂ ਮੰਦਾ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਮਦਿਰਾ ਮਾਸ ਮੁਖ ਅਹਾਰ ਰਖਾਏ ਗੰਦਾ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਜੋਤ ਨਿਰੰਜਣ ਨੂਰ ਨੁਰਾਨਾ ਚੜ੍ਹਿਆ ਚੰਦਾ, ਚੰਦ ਚਕੋਰ ਨਾ ਮੇਲ ਮਿਲਾਇੰਦਾ । ਸੰਤ ਸਤਿਗੁਰ ਵੇਖਣਹਾਰਾ ਆਪ ਆਪਣਾ ਬੰਦਾ, ਬੰਦੀਖ਼ਾਨਾ ਫੋਲ ਫੁਲਾਇੰਦਾ । ਸੁਣਾਵਣਹਾਰਾ ਸਾਚਾ ਛੰਦਾ, ਸੋਹੰ ਏਕਾ ਗਾਇੰਦਾ । ਹਰਿਜਨ ਤੋੜਿਆ ਆਪੇ ਜੰਦਾ, ਨਾਮ ਹੁਲਾਰਾ ਇਕ ਵਖਾਇੰਦਾ । ਦੂਈ ਦਵੈਤੀ ਢਾਈ ਕੰਧਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਮੁਖ ਰਖਾਇੰਦਾ । ਸ਼ਬਦ ਗੁਰ ਸਰਬ ਗੁਣਵੰਤ, ਆਦਿ ਜੁਗਾਦਿ ਰਖਾਇਆ । ਹਰਿ ਸ਼ਬਦ ਲੇਖਾ ਜਾਣੇ ਜੀਵ ਜੰਤ, ਭੁੱਲ ਰਹੇ ਨਾ ਰਾਇਆ । ਭਗਤਨ ਮਹਿਮਾ ਗਾਏ ਅਗਣਤ, ਜਗਤ ਲੇਖਾ ਲੇਖ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਣੀ ਬਾਣੀ ਰਚਨ ਰਚਾਇਆ । ਹਰਿ ਮਹਿਮਾ ਜਗਤ ਬਾਣੀਆਂ, ਚਾਰ ਵੇਦ ਕਰਨ ਪੁਕਾਰ । ਪੁਰਾਨ ਅਠਾਰਾਂ ਅਕਥ ਕਹਾਣੀਆਂ, ਏਕਾ ਗਾਇਣ ਹਰਿ ਨਿਰੰਕਾਰ । ਸ਼ਾਸਤਰ ਸਿਮਰਤ ਬਣ ਬਣ ਰਾਣੀਆਂ, ਮੰਗਣ ਮੰਗ ਬਣ ਭਿਖਾਰ । ਗੀਤਾ ਗਿਆਨ ਇਕ ਵਖਾਣੀਆਂ, ਰਸਨਾ ਬੋਲ ਕ੍ਰਿਸ਼ਨ ਮੁਰਾਰ । ਅੰਜੀਲ ਕੁਰਾਨਾਂ ਮੇਲ ਮਿਲਾਵਾ ਸਾਚੇ ਹਾਣੀਆਂ, ਕਲਮਾ ਰਸੂਲ ਧੁਰ ਫ਼ਰਮਾਣ । ਨਾਨਕ ਗਾਇਆ ਪਦ ਨਿਰਬਾਣੀਆਂ, ਮੇਲ ਮਿਲਾਵਾ ਕੰਤ ਕੰਤੂਹਲ । ਅਰਜਨ ਅੱਖਰ ਇਕ ਪਛਾਨਿਆਂ, ਤ੍ਰੈ ਲੋਕ ਬਰਸਣਹਾਰਾ ਫੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਖਾਏ ਇਕ ਅਨਭੁੱਲ । ਹਰਿ ਸ਼ਬਦ ਕਦੇ ਨਾ ਭੁੱਲਿਆ, ਜੁਗ ਜੁਗ ਖੇਲ ਖੇਲ ਅਪਾਰ । ਹਰਿ ਸ਼ਬਦ ਕਦੇ ਨਾ ਰੁਲਿਆ, ਰੁਲਣਹਾਰ ਸਰਬ ਸੰਸਾਰ । ਹਰਿ ਸ਼ਬਦ ਕਦੇ ਨਾ ਤੁਲਿਆ, ਨਾ ਕੋਈ ਤੋਲੇ ਅਗੰਮ ਅਪਾਰ । ਹਰਿ ਸ਼ਬਦ ਭੰਡਾਰਾ ਜੁਗ ਜੁਗ ਏਕਾ ਖੁਲ੍ਹਿਆ, ਵਰਤਾਵਣਹਾਰ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ । ਸ਼ਬਦ ਭੰਡਾਰਾ ਖੋਲ੍ਹਿਆ, ਹਰਿ ਸਾਜਣ ਸਤਿਗੁਰ ਮੀਤ । ਸੋਹੰ ਅੱਖਰ ਏਕਾ ਬੋਲਿਆ, ਸਤਿਜੁਗ ਤੇਰੀ ਸਾਚੀ ਰੀਤ । ਜਿਸ ਜਨ ਗਾਇਆ ਸਾਚਾ ਢੋਲਿਆ, ਲੇਖਾ ਚੁੱਕਿਆ ਮੰਦਰ ਮਸੀਤ । ਸਤਿਗੁਰ ਵਸਿਆ ਸਦਾ ਕੋਲਿਆ, ਅੱਠੇ ਪਹਿਰ ਪਰਖੇ ਨੀਤ । ਹੌਲੀ ਹੌਲੀ ਅੰਦਰ ਮੰਦਰ ਬਹਿ ਬਹਿ ਬੋਲਿਆ, ਕਾਇਆ ਕਰੇ ਠੰਡੀ ਸੀਤ । ਭਾਗ ਲਗਾਏ ਸਾਚੇ ਚੋਲਿਆ, ਮਾਨਸ ਜਨਮ ਹਰਿਜਨ ਸਾਚਾ ਜਾਏ ਜੀਤ । ਹਰਿ ਹਿਰਦੇ ਅੰਦਰ ਮੌਲਿਆ, ਏਕਾ ਰੰਗ ਰੰਗਾਏ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮਨਮੁਖਾਂ ਸੁੱਤਾ ਦੇ ਕਰ ਪੀਠ । ਮਨਮੁਖ ਜੀਵ ਅਵਾਨਿਆਂ, ਨੇਤਰ ਨੈਣ ਉਘਾੜ । ਖੇਲੇ ਖੇਲ ਸ੍ਰੀ ਭਗਵਾਨਿਆਂ, ਸ਼ਬਦ ਸਰੂਪੀ ਸਾਚੀ ਧਾਰ । ਜਨ ਭਗਤਾਂ ਕਰੇ ਮਾਤ ਪਛਾਨਿਆਂ, ਇਕ ਆਪਣਾ ਦਰਸ ਵਿਖਾਲ । ਦੇਵਣਹਾਰਾ ਧੁਰ ਫ਼ਰਮਾਨਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਰਾਹ ਸੁਖਾਲ । ਸਾਚਾ ਮਾਰਗ ਹਰਿ ਹਰਿ ਦੱਸਣਾ, ਹਰਿ ਹਿਰਦੇ ਅੰਦਰ ਵਸ । ਹਰਿਜਨ ਮੇਟੇ ਰੈਣ ਅੰਧੇਰੀ ਮਸਨਾ, ਤੀਰ ਨਿਰਾਲਾ ਮਾਰੇ ਕਸ । ਮਨਮੁਖ ਦਰ ਤੋਂ ਉਠ ਉਠ ਨੱਸਨਾ, ਕਿਸੇ ਨਾ ਚਲੇ ਕੋਈ ਵਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਰਸ ।

## ✳ ੯ ਚੇਤ ੨੦੧੭ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਬਾਬੂ ਪੁਰਾ ✳

ਨਿਰਗੁਣ ਸ਼ਹਿਨਸ਼ਾਹ ਪਾਤਸ਼ਾਹਾਂ ਸ਼ਾਹ, ਹਰਿ ਸਤਿਗੁਰ ਪੁਰਖ ਅਖਵਾਇੰਦਾ । ਨਿਰਗੁਣ ਦਾਤਾ ਬੇਪਰਵਾਹ, ਬੇਅੰਤ ਨਾਮ ਧਰਾਇੰਦਾ । ਨਿਰਗੁਣ ਨੂਰ ਇਲਾਹੀ ਇਕ ਖ਼ੁਦਾ, ਜਲਵਾ ਨੂਰ ਡਗਮਗਾਇੰਦਾ । ਨਿਰਗੁਣ ਰਾਮ ਰਾਜਾ ਨਾਉਂ ਧਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਰਾਜ ਰਾਜਾਨਾ ਕਰੇ ਸਚ ਨਿਆਂ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਧੁਰ ਫ਼ਰਮਾਣਾ ਦਏ ਜਣਾ, ਆਪ ਆਪਣਾ ਹੁਕਮ ਸੁਣਾਇੰਦਾ । ਨਿਰਗੁਣ ਸਚਖੰਡ ਦੁਆਰ ਦਏ ਵਸਾ, ਸਚਖੰਡ ਵਾਸੀ ਖੇਲ ਖਿਲਾਇੰਦਾ । ਨਿਰਗੁਣ ਥਿਰ ਘਰ ਆਪਣੀ ਰਚਨ ਲਏ ਰਚਾ, ਚਾਰ ਦਿਵਾਰ ਨਾ ਕੋਈ ਵਖਾਇੰਦਾ । ਨਿਰਗੁਣ ਦੀਪਕ ਜੋਤ ਲਏ ਜਗਾ, ਆਦਿ ਨਿਰੰਜਣ ਸੇਵਾ ਲਾਇੰਦਾ । ਨਿਰਗੁਣ ਸਾਚਾ ਸਚ ਨਿਸ਼ਾਨਾ ਦਏ ਚੜ੍ਹਾ, ਆਪ ਆਪਣੇ ਰੰਗ ਰੰਗਾਇੰਦਾ । ਨਿਰਗੁਣ ਸੀਸ ਤਾਜ ਲਏ ਟਿਕਾ, ਰਾਜ ਜੋਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਡਿਆਇੰਦਾ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ, ਨਿਰਗੁਣ ਰਾਓ ਰੰਕ ਅਖਵਾਈਆ । ਨਿਰਗੁਣ ਭਗਤ ਨਿਰਗੁਣ ਭਗਵਾਨ, ਨਿਰਗੁਣ ਸਤਿਗੁਰ ਵੇਸ ਵਟਾਈਆ । ਨਿਰਗੁਣ ਜੀਵ ਜੰਤ ਜਹਾਨ, ਨਿਰਗੁਣ ਸ਼ਬਦ ਗੁਣ ਵਡਿਆਈਆ । ਨਿਰਗੁਣ ਦੇਵੇ ਧੁਰ ਫ਼ਰਮਾਣ, ਨਿਰਗੁਣ ਰਾਗ ਨਾਦ ਸੁਣਾਈਆ । ਨਿਰਗੁਣ ਪੰਜ ਤਤ ਕਰੇ ਧਿਆਨ, ਨਿਰਗੁਣ ਤ੍ਰੈ ਤ੍ਰੈ ਮੇਲ ਮਿਲਾਈਆ । ਨਿਰਗੁਣ ਵੇਖੇ ਮਾਤ ਦੁਕਾਨ, ਨਿਰਗੁਣ ਹੱਟੋ ਹੱਟ ਵਿਕਾਈਆ । ਨਿਰਗੁਣ ਜ਼ਿਮੀ ਨਿਰਗੁਣ ਅਸਮਾਨ, ਨਿਰਗੁਣ ਰਵ ਸਸ ਆਪ ਚਮਕਾਈਆ । ਨਿਰਗੁਣ ਗਣ ਗਧੰਰਬ ਕਰੇ ਆਪ ਪਛਾਣ, ਨਿਰਗੁਣ ਕਰੋੜ ਤੇਤੀਸਾ ਰੂਪ ਵਟਾਈਆ । ਨਿਰਗੁਣ ਬ੍ਰਹਮਾ ਵਿਸ਼ਨ ਕਰੇ ਪਰਧਾਨ, ਨਿਰਗੁਣ ਸ਼ਬਦ ਖੇਲ ਖਿਲਾਈਆ । ਨਿਰਗੁਣ ਮਨ ਮਤ ਬੁੱਧ ਕਰੇ ਸੰਤਾਨ, ਆਪ ਆਪਣੀ ਅੰਸ ਉਪਜਾਈਆ । ਨਿਰਗੁਣ ਕਾਮ ਕਰੋਧ ਲੋਭ ਮੋਹ ਅਭਿਮਾਨ, ਆਸਾ ਤ੍ਰਿਸ਼ਨਾ ਰੂਪ ਜਣਾਈਆ । ਨਿਰਗੁਣ ਜੂਠ ਝੂਠ ਦੇਵੇ ਦਾਨ, ਸਚ ਸਚ ਕਰੇ ਵਡਿਆਈਆ । ਨਿਰਗੁਣ ਮੰਦਰ ਮਸਜਿਦ ਖੇਲੇ ਖੇਲ ਜਗਤ ਮਕਾਨ, ਨਿਰਗੁਣ ਆਸਣ ਸਚ ਸਿੰਘਾਸਣ ਇਕ ਵਿਛਾਈਆ । ਨਿਰਗੁਣ ਰਾਏ ਧਰਮ ਫੜਾਏ ਬਾਨ, ਆਦਿ ਜੁਗਾਦਿ ਤੀਰ ਚਲਾਈਆ । ਨਿਰਗੁਣ ਚਿੱਤਰ ਗੁਪਤ ਬੈਠਾ ਲੇਖਾ ਲਿਖੇ ਜਹਾਨ, ਲੇਖਾ ਜਾਣੇ ਪੰਚਮ ਛਾਹੀਆ । ਨਿਰਗੁਣ ਵਸਣਹਾਰਾ ਉਚ ਅਟੱਲ ਮਕਾਨ, ਸਚਖੰਡ ਦਵਾਰੇ ਸੋਭਾ ਪਾਈਆ । ਨਿਰਗੁਣ ਸੋ ਪੁਰਖ ਨਿਰੰਜਣ ਦੇਵਣਹਾਰਾ ਜੀਅ ਦਾਨ, ਹਰਿ ਪੁਰਖ ਨਿਰੰਜਣ ਸੰਗ ਰਲਾਈਆ । ਨਿਰਗੁਣ ਏਕੰਕਾਰਾ ਕਰੇ ਕਲਿਆਣ, ਕਲਕਾਤੀ ਨੇੜ ਨਾ ਆਈਆ । ਨਿਰਗੁਣ ਆਦਿ ਨਿਰੰਜਣ ਮਹਿਮਾ ਮਹਾਨ, ਲੇਖਾ ਗਣਤ ਨਾ ਕੋਈ ਗਣਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਥਿਰ ਘਰ ਬੈਠਾ ਜੋਤ ਜਗਾਈਆ । ਸ੍ਰੀ ਭਗਵਾਨ ਬਣ ਬਣ ਕਾਹਨ, ਸਾਚੇ ਮੰਡਲ ਰਾਸ ਰਚਾਈਆ । ਪਾਰਬ੍ਰਹਮ ਕਰੇ ਇਕ ਧਿਆਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਚ ਤਖ਼ਤ ਸਚ ਸੁਲਤਾਨ, ਹਰਿ ਸਾਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਏਕਾ ਇਕ ਇਕ ਇਕ ਵਰਤਾਈਆ । ਏਕਾ ਏਕ ਹਰਿ ਨਿਰੰਕਾਰਾ, ਨਿਰਗੁਣ ਖੇਲ ਖਿਲਾਇੰਦਾ । ਆਦਿ ਜੁਗਾਦੀ ਕਰ ਪਸਾਰਾ, ਜੁਗ ਜੁਗ ਵੇਖ ਵਖਾਇੰਦਾ । ਸਚਖੰਡ ਨਿਵਾਸੀ ਖੋਲ੍ਹ ਦਵਾਰਾ, ਆਪ ਆਪਣਾ ਬੰਕ ਸੁਹਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪੇ ਰੂਪ

ਵਟਾਇੰਦਾ । ਸਚ ਤਖ਼ਤ ਸਚ ਸਿਕਦਾਰ, ਸਾਚਾ ਹੁਕਮ ਚਲਾਇੰਦਾ । ਰਾਗ ਨਾਦ ਧੁਨ ਸਤਾਰ, ਤਾਲ ਤਲਵਾੜਾ ਇਕ ਵਜਾਇੰਦਾ । ਬੋਧ ਅਗਾਧ ਸ਼ਬਦ ਜੈਕਾਰ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਸਚ ਦਵਾਰਿਉਂ ਆਏ ਬਾਹਰ, ਆਪ ਆਪਣਾ ਪਗ ਟਿਕਾਇੰਦਾ । ਸੁੰਨ ਅਗੰਮ ਧੁਆਂਧਾਰ, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਨਾ ਕੋਈ ਦਿਸੇ ਮੰਡਲ ਮੰਡਪ ਸਤਾਰ, ਗਗਨ ਗਗਨੰਤਰ ਨਾ ਕੋਈ ਵਖਾਇੰਦਾ । ਆਪਣੇ ਰੰਗ ਰਵੇ ਕਰਤਾਰ, ਨੂਰੋ ਨੂਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਹਰਿ ਨਿਰੰਕਾਰ, ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦੀ ਸਾਚੀ ਕਾਰ, ਸਚ ਸਾਚੀ ਖੇਲ ਖਿਲਾਇੰਦਾ । ਹਰਿ ਸਾਚਾ ਖੇਲ ਖਿਲੰਦੜਾ, ਨਿਰਗੁਣ ਰੂਪ ਅਨੂਪ । ਘਰ ਸਾਚੇ ਦੀਪ ਜਗੰਦੜਾ, ਕਰੇ ਪਰਕਾਸ਼ ਚਾਰੇ ਕੂਟ । ਸਾਚੇ ਤਖ਼ਤ ਆਪ ਸੁਹੰਦੜਾ, ਪੁਰਖ ਅਬਿਨਾਸ਼ੀ ਏਕਾ ਭੂਪ । ਧੁਰ ਫ਼ਰਮਾਣਾ ਇਕ ਸੁਨੰਦੜਾ, ਸ਼ਬਦ ਉਠਾਏ ਸਾਚਾ ਦੂਤ । ਸੁੰਨ ਅਗੰਮੀ ਵੇਖ ਵਿਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਪੂਤ । ਪੂਤ ਸਪੂਤਾ ਹਰਿ ਬਲਵਾਨ, ਸ਼ਬਦੀ ਸ਼ਬਦ ਵਡਿਆਇੰਦਾ । ਮਹਾਂਕਾਲ ਮੇਲ ਮਹਾਨ, ਘਰ ਸਾਚੇ ਮੇਲ ਮਿਲਾਇੰਦਾ । ਚਰਨ ਕਵਲ ਇਕ ਧਿਆਨ, ਏਕਾ ਅੱਖਰ ਵੱਖਰ ਆਪ ਪੜ੍ਹਾਇੰਦਾ । ਏਕਾ ਵਰਨ ਦੇਵੇ ਦਾਨ, ਦੂਸਰ ਹੋਰ ਨਾ ਕੋਈ ਦਿਸਾਇੰਦਾ । ਏਕਾ ਤਖ਼ਤ ਇਕ ਸੁਲਤਾਨ, ਏਕਾ ਹੁਕਮ ਚਲਾਇੰਦਾ । ਏਕਾ ਹੋਏ ਨਿਗਹਬਾਨ, ਆਦਿ ਜੁਗਾਦੀ ਵੇਖ ਵਖਾਇੰਦਾ । ਇਕ ਝੁਲਾਏ ਸਚ ਨਿਸ਼ਾਨ, ਰੰਗ ਰੰਗੀਲਾ ਆਪ ਰੰਗਾਇੰਦਾ । ਏਕਾ ਮੁਖ ਸਹਿਜ ਸੁੱਖ ਸੁਬਹਾਨ, ਨੂਰ ਇਲਾਹੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਸਰਬੰਗ, ਆਪ ਆਪਣਾ ਰੰਗ ਵਖਾਇੰਦਾ । ਅਨਰੰਗ ਦਾਤਾ ਪੁਰਖ ਬਿਧਾਤਾ, ਭੇਦ ਅਭੇਵ ਨਾ ਕੋਈ ਜਣਾਈਆ । ਬੈਠਾ ਰਹੇ ਇਕ ਇਕਾਂਤਾ, ਅਕਲ ਕਲ ਵਡ ਵਡਿਆਈਆ । ਸਚਖੰਡ ਨਿਵਾਸੀ ਮਾਰੇ ਝਾਤਾ, ਅੰਦਰ ਮੰਦਰ ਖੋਜ ਖੁਜਾਈਆ । ਸੁੰਨ ਅਗੰਮੀ ਅੰਧੇਰੀ ਰਾਤਾ, ਪਰਕਾਸ਼ ਨਾ ਕੋਈ ਵਖਾਈਆ । ਸ਼ਬਦ ਸ਼ਬਦੀ ਦੇਵੇ ਸਾਥਾ, ਸਾਚਾ ਸੰਗ ਰਖਾਈਆ । ਮਹਾਂਕਾਲ ਨਿਉਂ ਨਿਉਂ ਟੇਕੇ ਮਾਥਾ, ਪ੍ਰਭ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਈਆ । ਸੁੰਨ ਅਗੰਮੀ ਧੁਆਂਧਾਰਾ, ਧਰਤ ਧਵਲ ਨਾ ਕੋਈ ਵਡਿਆਇਆ । ਗਗਨ ਮੰਡਲ ਨਾ ਕੋਈ ਪਸਾਰਾ, ਸਾਕਾਰ ਰੂਪ ਨਾ ਕੋਇ ਵਟਾਇਆ । ਸ਼ਬਦੀ ਖੇਲ ਹਰਿ ਨਿਰੰਕਾਰਾ, ਆਪੇ ਵੇਖ ਵਖਾਇਆ । ਮਹਾਂਕਾਲ ਦਰ ਬਣੇ ਭਿਖਾਰਾ, ਨੇਤਰ ਰੋ ਰੋ ਨੀਰ ਵਹਾਇਆ । ਮੰਗੇ ਮੰਗ ਏਕਾ ਵਾਰਾ, ਆਪਣੀ ਝੋਲੀ ਅੱਗੇ ਡਾਹਿਆ । ਪੂਤ ਸਪੂਤ ਸੁੱਤ ਦੁਲਾਰਾ, ਹਰਿ ਸਾਚਾ ਦਏ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਮਹਾਂਕਾਲ ਸੀਸ ਝੁਕਾ, ਪ੍ਰਭ ਅੱਗੇ ਨੇਤਰ ਨੀਰ ਵਹਾਇੰਦਾ । ਏਕਾ ਵਸਤ ਝੋਲੀ ਪਾ, ਦੂਸਰ ਮੰਗ ਨਾ ਕੋਈ ਮੰਗਾਇੰਦਾ । ਸਗਲਾ ਸੰਗ ਦਏ ਵਖਾ, ਹੁਕਮੀ ਹੁਕਮ ਅਲਾਇੰਦਾ । ਮੇਰਾ ਅੰਗ ਦਏ ਕਟਾ, ਅੰਗੀਕਾਰ ਵਡ ਵਡਿਆਇੰਦਾ । ਇਕ ਮਰਦੰਗ ਦਏ ਵਜਾ, ਚਾਰੋਂ ਕੁੰਟ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਆਪ ਸੁਣਾਇੰਦਾ । ਮਹਾਂਕਾਲ ਸੁਣ ਕਰ ਧਿਆਨ, ਹਰਿ ਸਾਚਾ ਦੇਵੇ ਵਡ ਵਡਿਆਈਆ । ਪੂਤ ਸਪੂਤਾ ਦੇਵੇ ਦਾਨ, ਥਿਰ ਘਰ ਸਾਚੇ ਰਹਿਣ ਨਾ ਪਾਈਆ । ਸਚਖੰਡ ਦਵਾਰ ਨਾ ਸਕੇ ਆ, ਨੇਤਰ ਨੈਣ ਨਾ ਦਰਸ਼ਨ ਪਾਈਆ । ਤੇਰਾ

੩੮੮

ਬੂਟਾ ਦਏ ਲਗਾ, ਜੜ੍ਹ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਈਆ । ਮਹਾਂਕਾਲ ਤੇਰਾ ਸਾਚਾ ਪੂਤ, ਹਰਿ ਸਾਚਾ ਸਚ ਉਪਜਾਇੰਦਾ । ਤੇਰਾ ਪੇਟਾ ਤੇਰਾ ਸੂਤ, ਤੇਰਾ ਤਾਣਾ ਵਿਚ ਟਿਕਾਇੰਦਾ । ਤੇਰਾ ਲੇਖਾ ਤੇਰੀ ਕੂਟ, ਤੇਰੀ ਦਿਸ਼ਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਆਪਣਾ ਹੁਕਮ ਸੁਣਾਇੰਦਾ । ਮਹਾਂਕਾਲ ਉਪਜੇ ਪੂਤ ਸੁੱਤ ਦੁਲਾਰ, ਹਰਿ ਸਾਚੇ ਸ਼ਬਦ ਜਣਾਇਆ । ਧੂਆਂਧਾਰ ਕਰ ਪਸਾਰ, ਸੁੰਨ ਅਗੰਮ ਟਿਕਾਇਆ । ਸੁੰਨ ਅਗੰਮੋਂ ਕੱਢੇ ਬਾਹਰ, ਮਾਤ ਪਿਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਇਆ । ਇਛਿਆ ਭਿਛਿਆ ਉਪਜਿਆ ਬਾਲ, ਤਤਵ ਤਤ ਨਾ ਕੋਈ ਰਖਾਇਆ । ਮਹਾਂਕਾਲ ਕਰੇ ਪ੍ਰਿਤਪਾਲ, ਕਾਲ ਆਪਣੇ ਰੰਗ ਰੰਗਾਇਆ । ਸਤਿਗੁਰ ਦਾਤਾ ਦੀਨ ਦਿਆਲ, ਏਕੰਕਾਰਾ ਆਪ ਅਖਵਾਇਆ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਇਕ ਜਣਾਇਆ । ਕਿਸੇ ਨਾ ਵਸੇ ਵਿਚ ਮਕਾਨ, ਬੰਕ ਦਵਾਰ ਨਾ ਕੋਈ ਸੁਹਾਇਆ । ਨੇਤਰ ਦਿਸੇ ਨਾ ਕੋਈ ਨਿਸ਼ਾਨ, ਰੂਪ ਸਰੂਪ ਨਾ ਕੋਇ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੇਵਾ ਲਾਇਆ । ਕਾਲ ਉਪਜਿਆ ਕਾਲੀ ਧਾਰ, ਹਰਿ ਹਰਿ ਰੰਗ ਸਮਾਇਆ । ਮਹਾਂਕਾਲ ਦਰ ਬਣ ਭਿਖਾਰ, ਏਕਾ ਮੰਗ ਮੰਗਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਘਰ ਘਰ ਵਿਚ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਿਖਾਇਆ । ਸਾਚੀ ਸਿਖਿਆ ਹਰਿ ਸਮਝਾਏ, ਵੱਡਾ ਵਡ ਵਡਿਆਈਆ । ਤੇਰੀ ਸੇਵਾ ਆਪ ਲਗਾਏ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਮਾਤਲੋਕ ਹਰਿ ਰਚਨ ਰਚਾਏ, ਧਰਤ ਧਵਲ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਭਾਂਡੇ ਘੜ ਵਖਾਏ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਲੱਖ ਚੁਰਾਸੀ ਭਾਂਡਾ ਘੜਨਾ, ਪੰਜ ਤਤ ਬਣਤ ਬਣਾਈਆ । ਸਰਗੁਣ ਨਿਰਗੁਣ ਅੰਦਰ ਵੜਨਾ, ਨਿਰਗੁਣ ਸਰਗੁਣ ਰੂਪ ਵਟਾਈਆ । ਸ਼ਬਦ ਸਰੂਪੀ ਕਿਸੇ ਨਾ ਫੜਨਾ, ਹੱਥ ਕਿਸੇ ਨਾ ਆਈਆ । ਜੁਗਾ ਜੁਗੰਤਰ ਲੋਕਮਾਤ ਲੜਨਾ, ਪੰਚਮ ਕਰੇ ਲੜਾਈਆ । ਗੁਰਮੁਖ ਵਿਰਲੇ ਸਾਚੇ ਪੌੜੇ ਚੜ੍ਹਨਾ, ਜਿਸ ਸਤਿਗੁਰ ਆਪ ਚੜ੍ਹਾਈਆ । ਕਾਲ ਦੁਆਰੇ ਅੱਧ ਵਿਚ ਅੜਨਾ, ਨਾ ਕੋਈ ਸਕੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਉਪਜਿਆ ਕਾਲ ਹੋਏ ਬਲਵਾਨ, ਹਰਿ ਸਾਚੇ ਸਚ ਉਪਜਾਇਆ । ਲੱਖ ਚੁਰਾਸੀ ਮੇਟ ਨਿਸ਼ਾਨ, ਤੇਰਾ ਤੇਰੀ ਝੋਲੀ ਪਾਇਆ । ਹਰਿਜਨ ਸਾਚੇ ਕਰ ਪਛਾਣ, ਸਾਚੀ ਸਿਖਿਆ ਇਕ ਸਮਝਾਇਆ । ਹੰ ਬ੍ਰਹਮ ਪ੍ਰਭ ਦੇਵੇ ਦਾਨ, ਸੋ ਪੁਰਖ ਨਿਰੰਜਣ ਮੇਲ ਮਿਲਾਇਆ । ਹਰਿ ਸੰਤ ਬਣੇ ਸਾਚਾ ਕਾਹਨ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਵਖਾਇਆ । ਗੁਰਸਿਖ ਤੇਰਾ ਸਚ ਨਿਸ਼ਾਨੜਾ, ਹਰਿ ਸਤਿਗੁਰ ਸਚ ਸਮਝਾਏ । ਦਰਗਹਿ ਵੱਜੇ ਇਕ ਤਰਾਨੜਾ, ਨਾਦੀ ਧੁਨ ਉਪਜਾਏ । ਰਾਹ ਦੱਸੇ ਇਕ ਸੁਖਾਲੜਾ, ਘਰ ਘਰ ਵਿਚ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਿਦਿਆ ਆਪ ਜਣਾਏ । ਆਪਣੀ ਵਿਦਿਆ ਹਰਿ ਭਗਵਾਨ, ਏਕਾ ਏਕ ਜਣਾਈਆ । ਆਦਿ ਜੁਗਾਦਿ ਜੁਗ ਜੁਗ ਜੋ ਜਨ ਸੋਹੰ ਗਾਣ, ਕਾਲ ਮਹਾਕਾਲ ਨੇੜ ਨਾ ਆਈਆ । ਅੱਗੇ ਅੱਗੇ

ਚਲੇ ਭਗਵਾਨ, ਪਿਛੇ ਪਿਛੇ ਆਪ ਚਲਾਈਆ । ਦੋ ਜਹਾਨਾਂ ਦੇਵੇ ਮਾਣ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਮਹਾਂਕਾਲ ਕਰੇ ਚਰਨ ਧਿਆਨ, ਨਿਉਂ ਨਿਉਂ ਸੀਸ ਝੁਕਾਈਆ । ਤਾਜ ਤਖ਼ਤ ਸੋਹੇ ਇਕ ਨਿਗਹਬਾਨ, ਦਿਵਸ ਰੈਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਿਖਾਈਆ । ਕਾਲ ਢਹਿ ਪਿਆ ਦੁਆਰ, ਮਹਾਂਕਾਲ ਸੰਗ ਰਲਾਇਆ । ਕਵਣ ਰੂਪ ਹੋਏ ਵਿਚ ਸੰਸਾਰ, ਤੇਰਾ ਤੇਰਾ ਨਾਉਂ ਉਪਜਾਇਆ । ਕਵਣ ਸ਼ਬਦ ਲਾਏ ਜੈਕਾਰ, ਜੈ ਜੈ ਪੁਰੀਆਂ ਲੋਆਂ ਆਪ ਕਰਾਇਆ । ਕਵਣ ਸ਼ਸਤਰ ਹੋਏ ਢਾਲ, ਤੇਜ਼ ਕਟਾਰ ਨਾ ਕੋਈ ਘਾਇਆ । ਕਵਣ ਹਰਿਜਨ ਘਾਲਣ ਜਾਏ ਘਾਲ, ਭਗਤ ਭਗਤੀ ਵੇਖ ਵਖਾਇਆ । ਕਵਣ ਸ਼ਬਦ ਵੱਜੇ ਤਾਲ, ਨਾਦ ਅਨਾਦੀ ਨਾਦ ਸੁਣਾਇਆ । ਕਵਣ ਵਸਤ ਸੱਚਾ ਧਨ ਮਾਲ, ਝੋਲੀ ਕਵਣ ਭਰਾਇਆ । ਕਵਣ ਫਲ ਵੇਖੇ ਡਾਲ੍ਹ, ਫੁੱਲ ਫੁਲਵਾੜੀ ਆਪ ਮਹਿਕਾਇਆ । ਕਵਣ ਰੂਪ ਕਰੇ ਪ੍ਰਿਤਪਾਲ, ਤੇਰਾ ਭੇਵ ਕਿਸੇ ਨਾ ਆਇਆ । ਜੁਗਾ ਜੁਗੰਤਰ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇਆ । ਪੁਰਖ ਅਬਿਨਾਸ਼ੀ ਕਰੇ ਪ੍ਰਿਤਪਾਲ, ਹਰਿਜਨ ਸਾਚੇ ਆਪ ਉਠਾਇਆ । ਕਾਇਆ ਮੰਦਰ ਵੇਖ ਧਰਮਸਾਲ, ਘਰ ਸਾਚੇ ਡੇਰਾ ਲਾਇਆ । ਗੁਰਮੁਖ ਉਠਾਏ ਆਪਣੇ ਲਾਲ, ਅਨਮੁਲੜੇ ਕੀਮਤ ਕੋਇ ਨਾ ਮਾਤ ਚੁਕਾਇਆ । ਏਕਾ ਦੀਪਕ ਦੇਵੇ ਬਾਲ, ਅੰਧ ਅੰਧੇਰ ਰਹੇ ਨਾ ਰਾਇਆ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣੇ ਲਏ ਉਠਾਇਆ । ਨਾਮ ਪਾਏ ਸਾਚੀ ਗਲ ਮਾਲ, ਮਨ ਕਾ ਮਣਕਾ ਲਏ ਫਿਰਾਇਆ । ਨੇੜ ਨਾ ਆਏ ਕਾਲ ਮਹਾਂਕਾਲ, ਦੀਨ ਦਿਆਲ ਸਿਰ ਹੱਥ ਰਖਾਇਆ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪ ਵਖਾਇਆ । ਹਰਿ ਮਾਰਗ ਸਾਚਾ ਪੰਥ, ਭੇਵ ਕੋਇ ਨਾ ਪਾਇਆ । ਹਰਿ ਮਹਿਮਾ ਸ਼ਬਦ ਸ਼ਾਸਤਰ ਵੇਦ ਪੁਰਾਨ ਗ੍ਰੰਥ, ਅੰਜੀਲ ਕੁਰਾਨ ਸਰਬ ਗਾਇਆ । ਹਰਿ ਕਾ ਰੂਪ ਆਦਿ ਅੰਤ, ਨਾ ਕੋਈ ਮੇਟੇ ਮੇਟ ਮਿਟਾਇਆ । ਜੁਗ ਜੁਗ ਰਾਹ ਤੱਕਣ ਸਾਧ ਸੰਤ, ਗੁਰ ਪੀਰ ਅਵਤਾਰ ਰਹੇ ਸਾਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਬੈਠਾ ਆਸਣ ਲਾਇਆ । ਨਿਰਗੁਣ ਦਰ ਸੁਹੰਜਣਾ, ਉਚ ਅਗੰਮ ਅਥਾਹ । ਹਰਿ ਬੈਠਾ ਇਕ ਨਿਰੰਜਣਾ, ਸ਼ਹਿਨਸ਼ਾਹ ਸਿਰ ਸ਼ਹਿਨਸ਼ਾਹ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਦੋ ਜਹਾਨੀ ਬਣੇ ਮਲਾਹ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨਾ, ਅੰਧ ਅੰਧੇਰਾ ਦਏ ਗਵਾ । ਚਰਨ ਧੂੜ ਕਰਾਏ ਮਜਣਾ, ਅਠਸਠ ਦੇਵੇ ਨਾ ਕੋਈ ਥਾਂ, ਜੁਗ ਜੁਗ ਜਨ ਭਗਤਾਂ ਪਰਦਾ ਕੱਜਣਾ, ਸ਼ਬਦ ਸਰੂਪੀ ਦੋਸ਼ਾਲਾ ਹੱਥ ਉਠਾ । ਹਰਿ ਸ਼ਬਦ ਨਾ ਘੜਿਆ ਨਾ ਭੱਜਣਾ, ਪੰਜ ਤਤ ਚੋਲਾ ਰਿਹਾ ਹੰਢਾ । ਤਾਲ ਨਗਾਰਾ ਏਕਾ ਵੱਜਣਾ, ਗੁਰ ਪੂਰਾ ਦਏ ਵਜਾ । ਕਾਲ ਦਵਾਰਾ ਛੱਡ ਛੱਡ ਨੱਠਣਾ, ਮੁੜ ਤੱਕੇ ਨਾ ਗੁਰਸਿਖ ਤੇਰਾ ਰਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣੇ ਮਾਤ ਮਲਾਹ । ਮਾਤ ਮਲਾਹ ਖੇਵਟ ਖੇਟਾ, ਹਰਿ ਸਤਿਗੁਰ ਪੁਰਖ ਅਖਵਾਇੰਦਾ । ਗੁਰਮੁਖ ਉਪਜਾਏ ਆਪਣਾ ਬੇਟਾ, ਆਪ ਆਪਣੀ ਗੋਦ ਸੁਹਾਇੰਦਾ । ਸ਼ਬਦ ਸਰੂਪੀ ਸਾਚੇ ਸ਼ਬਦ ਆਪ ਲਪੇਟਾ, ਤੱਤੀ ਵਾ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਸਤਿ ਪੁਰਖ, ਦੂਸਰ ਅਵਰ ਨਾ ਕੋਈ ਜਣਾਇੰਦਾ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਪਰਖ, ਨਾਮ ਘਸਵੱਟੀ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਰਗੁਣ ਦਾਤਾ ਦਇਆਵਾਨ, ਆਦਿ ਜੁਗਾਦਿ ਸਮਾਇਆ । ਨਿਰਗੁਣ ਦਾਤਾ ਹਰਿ ਭਗਵਾਨ, ਹਰਿਜਨ ਸਾਚੇ ਲਏ ਜਗਾਇਆ । ਨਿਰਗੁਣ ਦਾਤਾ ਵਡ ਮਿਹਰਬਾਨ, ਗ਼ਰੀਬ ਨਿਮਾਣੇ ਗਲੇ ਲਗਾਇਆ । ਨਿਰਗੁਣ ਦਾਤਾ ਸਚ ਨਿਸ਼ਾਨ, ਲੋਕਮਾਤ ਆਪ ਝੁਲਾਇਆ । ਨਿਰਗੁਣ ਦਾਤਾ ਰਮਈਆ ਰਾਮ, ਰਾਵਣ ਗੜ ਹੰਕਾਰ ਤੁੜਾਇਆ । ਨਿਰਗੁਣ ਰੂਪ ਕ੍ਰਿਸ਼ਨਾ ਕਾਹਨ, ਨਾਮ ਬੰਸਰੀ ਇਕ ਵਜਾਇਆ । ਨਿਰਗੁਣ ਨਾਨਕ ਕਰ ਪਰਨਾਮ, ਨਾਮ ਸਤਿ ਮੰਤਰ ਦ੍ਰਿੜ੍ਹਾਇਆ । ਨਿਰਗੁਣ ਵਸੇ ਕਾਇਆ ਨਗਰ ਗਰਾਮ, ਫਤਿਹ ਡੰਕਾ ਇਕ ਵਜਾਈਆ । ਨਿਰਗੁਣ ਮੇਟੇ ਅੰਧੇਰੀ ਸ਼ਾਮ, ਜੁਗ ਜੁਗ ਸਾਚਾ ਚੰਦ ਚੜ੍ਹਾਇਆ । ਨਿਰਗੁਣ ਚਿਲਾ ਤੀਰ ਕਮਾਨ, ਨਿਰਗੁਣ ਸਾਚਾ ਬਾਣ ਵਖਾਇਆ । ਨਿਰਗੁਣ ਖੇਲੇ ਖੇਲ ਦੋ ਜਹਾਨ, ਲੋਆਂ ਪੁਰੀਆਂ ਫੇਰਾ ਪਾਇਆ । ਨਿਰਗੁਣ ਕਲਜੁਗ ਅੰਤਮ ਹੋ ਪਰਧਾਨ, ਆਪ ਆਪਣਾ ਰੂਪ ਵਟਾਇਆ । ਸ਼ਬਦ ਡੰਕਾ ਵੱਜੇ ਦੋ ਜਹਾਨ, ਬ੍ਰਹਿਮੰਡ ਖੰਡ ਆਪ ਸੁਣਾਇਆ । ਰਾਓ ਰੰਕ ਉਠਾਏ ਰਾਜ ਰਾਜਾਨ, ਸੋਇਆ ਕੋਈ ਰਹਿਣ ਨਾ ਪਾਇਆ । ਗੁਰਮੁਖਾਂ ਦੇਵੇ ਸਾਚਾ ਦਾਨ, ਦਾਤਾ ਦਾਨੀ ਬਣ ਕੇ ਆਇਆ । ਲੱਖ ਚੁਰਾਸੀ ਫੰਦ ਕਟਾਨ, ਰਾਏ ਧਰਮ ਨਾ ਦਏ ਸਜਾਇਆ । ਜੋ ਜਨ ਚਰਨੀ ਡਿੱਗੇ ਆਣ, ਵੇਲੇ ਅੰਤ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਇਆ । ਵੇਸ ਅਵੱਲੜਾ ਹਰਿ ਹਰਿ ਕਰਤਾਰ, ਆਪਣਾ ਆਪ ਕਰਾਇੰਦਾ । ਕਰੇ ਕਰਾਏ ਵਰਤੇ ਵਰਤਾਏ ਵਿਚ ਸੰਸਾਰ, ਸਾਰਿੰਗ ਧਰ ਭਗਵਾਨ ਆਪਣਾ ਖੇਲ ਖਿਲਾਇੰਦਾ । ਪਾਵੇ ਸਾਰ ਪੁਰਖ ਨਰ ਨਾਰ, ਨਰ ਹਰਿ ਹਰੀ ਹਰਿ ਨਰਾਇਣ ਆਪਣਾ ਰੂਪ ਵਟਾਇੰਦਾ । ਖੜਗ ਖੰਡਾ ਤੇਜ ਕਟਾਰ, ਬ੍ਰਹਿਮੰਡ ਨਾਮ ਚਮਕਾਇੰਦਾ । ਸੀਸ ਤਾਜ ਇਕ ਦਸਤਾਰ, ਤਖ਼ਤ ਤਾਜ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਏਕਾ ਖੇਲੇ ਖੇਲ ਸੂਰਾ ਸਰਬੰਗ, ਘਰ ਸਾਚੇ ਸੋਭਾ ਪਾਇੰਦਾ । ਘਰ ਸਾਚਾ ਹਰਿ ਭਾਇਆ, ਵਡ ਦਾਤਾ ਗਹਿਰ ਗੰਭੀਰ । ਜਗ ਤ੍ਰਿਸ਼ਨਾ ਰੰਗ ਮਿਟਾਇਆ, ਮਨ ਸਾਂਤਕ ਸਤਿ ਸਰੀਰ । ਕੂੜਾ ਨਾਤਾ ਤੋੜ ਤੁੜਾਇਆ, ਮਾਇਆ ਮਮਤਾ ਕੱਟ ਜ਼ੰਜੀਰ । ਹਰਿ ਦਰਸ਼ਨ ਨੇਤਰ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਪਿਆਏ ਅੰਮ੍ਰਿਤ ਸਾਚਾ ਸੀਰ ।

❋ ੯ ਚੇਤ ੨੦੧੭ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ ਬਾਬੂ ਪੁਰ ❋

ਹਸਤ ਕੀਟ ਵਸਿਆ, ਗੁਰ ਸਾਗਰ ਗਹਿਰ ਗੰਭੀਰ । ਹਰਿਜਨ ਵਿਰਲੇ ਮਾਰਗ ਦੱਸਿਆ, ਕਰ ਕਿਰਪਾ ਸ਼ਾਹ ਹਕੀਰ । ਹਰਿਜਨ ਹਿਰਦੇ ਅੰਦਰ ਵਸਿਆ, ਵਡ ਦਾਤਾ ਪੀਰਨ ਪੀਰ । ਬਾਣ ਨਿਰਾਲਾ ਏਕਾ ਕਸਿਆ, ਸ਼ਬਦੀ ਸ਼ਬਦ ਚਲਾਏ ਤੀਰ । ਘਰ ਮੰਦਰ ਫਿਰੇ ਨੱਸਿਆ, ਦੋ ਜਹਾਨਾਂ ਪੈਂਡਾ ਚੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੰਨ੍ਹਣਹਾਰਾ ਬੀੜ । ਬੰਨ੍ਹੇ ਬੀੜ ਗੁਰ ਕਰਤਾਰ, ਕਿਰਪਾਨਿਧ ਵਡ ਵਡਿਆਈਆ । ਭਵ ਜਲ ਸਾਗਰ ਕਰੇ ਪਾਰ, ਭੈ ਭਿਆਨਕ ਹੋਏ ਸਹਾਈਆ । ਜਲ ਥਲ ਮਹੀਅਲ ਪਾਏ ਸਾਰ, ਡੂੰਘਾ ਸਾਗਰ ਵੇਖ ਵਖਾਈਆ । ਏਕਾ ਨਈਆ ਕਰ ਤਿਆਰ, ਹਰਿਜਨ ਸਾਚੇ ਲਏ ਚੜ੍ਹਾਈਆ । ਪਾਰ ਕਰਾਏ ਪਾਰ ਕਿਨਾਰ, ਮੰਝਧਾਰ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਹਰਿ ਹਰਿ ਜਨ ਜਗ ਜੀਵਣ ਮੁਕਤ ਕਰਾਈਆ ।

ਕਾਲ ਫਾਂਸ ਕੱਟੇ ਜਮ ਕੰਕਰ, ਦੂਤੀ ਦੁਸ਼ਟ ਨੇੜ ਨਾ ਆਈਆ । ਹੋਏ ਸਹਾਈ ਵਿਚ ਭਿਅੰਕਰ, ਭੈ ਭਿਆਨਕ ਰੂਪ ਵਟਾਈਆ । ਲੇਖਾ ਜਾਣੇ ਏਕਾ ਅੰਕਰ, ਏਕਾ ਗੁਰ ਦਏ ਸਮਝਾਈਆ । ਪੂਜਾ ਚੁੱਕੀ ਗਨੇਸ਼ ਸ਼ੰਕਰ, ਸ਼ਿਵਦੁਆਲਾ ਮੱਠ ਇਕ ਵਖਾਈਆ । ਅਗਨ ਬੁਝਾਏ ਲੱਗੀ ਬਸੰਤਰ, ਸੀਤਲ ਧਾਰ ਵਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਭੁੱਲ ਰਹੇ ਨਾ ਰਾਈਆ । ਹਰਿਜਨ ਗਾਏ ਸੋਹੰ ਮੰਤਰ, ਮਨ ਮਤ ਬੁੱਧ ਲੇਖੇ ਲਾਈਆ । ਅੰਤ ਕਾਲ ਬਣਾਏ ਬਣਤਰ, ਜਮ ਤਰਾਸ ਨਾ ਕੋਈ ਵਖਾਈਆ । ਲੇਖਾ ਜਾਣੇ ਜੁਗਾ ਜੁਗੰਤਰ, ਜੁਗ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਕਰੇ ਸਵਤੰਤਰ, ਸੁਰਤ ਸ਼ਬਦ ਇਕ ਲਿਵ ਲਾਈਆ ।

ਅੰਧ ਅੰਧਿਆਰ ਹਰਿ ਕਾਢਿਆ, ਕਰ ਕਿਰਪਾ ਹਰਿ ਰਾਏ । ਦੁੱਖ ਦਲਿਦਰ ਵਾਢਿਆ, ਨਾਮ ਖੰਡਾ ਇਕ ਚਮਕਾਏ । ਚਰਨ ਦਵਾਰੇ ਲਡਾਏ ਲਾਡਿਆ, ਜਿਉਂ ਬਾਲਕ ਪਿਤਾ ਮਾਂਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਏ । ਹੱਥ ਰੱਖ ਸਮਰਥ ਕਰਤਾਰ, ਬਾਲ ਅਵਾਣੇ ਆਪ ਉਠਾਈਆ । ਦੇਵੇ ਵੱਥ ਅਪਰ ਅਪਾਰ, ਨਾਮ ਸ਼ਬਦ ਵਣਜ ਕਰਾਈਆ । ਮਿਲੇ ਵਡਿਆਈ ਵਿਚ ਸੰਸਾਰ, ਲਜਪਤ ਆਪਣੇ ਹੱਥ ਰਖਾਈਆ । ਘਰ ਮੰਦਰ ਹੋਏ ਉਜਿਆਰ, ਬੰਦ ਦਰਵਾਜਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਵਾਜ਼ਾ ਗ਼ਰੀਬ ਨਿਮਾਣੇ ਗਲੇ ਲਗਾਈਆ । ਨਿਮਾਣਿਆਂ ਮਾਣ ਹਰਿ ਨਿਰੰਕਾਰ, ਜੁਗ ਜੁਗ ਖੇਲ ਖਿਲਾਇੰਦਾ । ੩੯੨
ਫੜ ਫੜ ਬਾਹੋਂ ਜਾਏ ਤਾਰ, ਜਗਤ ਮਲਾਹ ਆਪ ਹੋ ਆਇੰਦਾ । ਏਥੇ ਓਥੇ ਕਰੇ ਪਿਆਰ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰ ਕੰਤ ਰੰਗ ਬਸੰਤ ਕਾਇਆ ਚੋਲੀ ਏਕਾ ਰੂਪ ਵਖਾਇੰਦਾ ।

ਦੀਨਾਂ ਨਾਥ ਦੀਨ ਹਰਿ ਠਾਕਰ, ਦੀਨ ਦਿਆਲ ਅਖਵਾਇਆ । ਨਿਰਮਲ ਕਰਮ ਕਰੇ ਉਜਾਗਰ, ਜੋ ਜਨ ਸਰਨਾਈ ਆਇਆ । ਸਾਚਾ ਨਾਮ ਰਤਨ ਰਤਨਾਗਰ, ਰੱਤੀ ਰੱਤ ਵਿਚ ਟਿਕਾਇਆ । ਵਣਜ ਕਰਾਏ ਇਕ ਸੁਦਾਗਰ, ਨਾਮ ਵਸਤ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਅਨਮੁਲੜਾ ਏਕਾ ਹੱਟ ਵਿਕਾਇਆ । ਲਾਲ ਅਨਮੁਲੜਾ ਗੁਰਮੁਖ ਸਿੱਖ, ਸਿੱਖੀ ਸਿਖਿਆ ਸਿੱਖ ਵੀਚਾਰਿਆ । ਸਾਚਾ ਲੇਖਾ ਆਪੇ ਦੇਵੇ ਲਿਖ, ਪਿਛਲਾ ਲੇਖਾ ਹੱਥੀਂ ਪਾੜਿਆ । ਨੇਤਰ ਨੈਣ ਆਏ ਦਿਸ, ਸਾਚਾ ਲੋਚਣ ਇਕ ਉਘਾੜਿਆ । ਜਗਤ ਮੇਟੇ ਲੱਗੀ ਤ੍ਰਿਖ, ਆਤਮ ਭਰੇ ਸਚ ਭੰਡਾਰਿਆ । ਜੋ ਜਨ ਮੰਗੇ ਏਕਾ ਭਿੱਖ, ਦੇਵਣਹਾਰ ਆਪ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾਂ ਨਾਥ ਦੀਨ ਹਰਿ, ਦਾਨਨ ਦਾਤਾ ਦਾਨੀ ਦਇਆ ਕਮਾ ਰਿਹਾ ।

### ✲ ੯ ਚੇਤ ੨੦੧੭ ਬਿਕ੍ਰਮੀ ਵਰਖਾ ਸਿੰਘ ਪਿੰਡ ਬਾਬੂ ਪੁਰ ✲

ਜੀਵ ਜੰਤ ਹਰਿ ਤਾਰਿਆ, ਜੁਗ ਜੁਗ ਖੇਲ ਅਪਾਰ । ਹਰਿ ਹਰਿਜਨ ਕਰੇ ਪਿਆਰਿਆ, ਆਪ ਆਪਣੀ ਕਿਰਪਾ ਧਾਰ । ਸਹਿੰਸਾ ਰੋਗ ਸਰਬ ਨਿਵਾਰਿਆ, ਰੋਗ ਸੰਤਾਪ ਉਤਰੇ ਪਾਰ । ਘਰ ਮੰਦਰ ਹੋਏ ਉਜਿਆਰਿਆ, ਜੋਤ ਜਗਾਏ ਅਗੰਮ ਅਪਾਰ । ਹਸਤ ਕੀਟ ਪੈਜ ਸਵਾਰਿਆ, ਊਚ ਨੀਚ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਏਕਾ ਧਾਰ । ਸ਼ਬਦ ਗੁਰਦੇਵ, ਸਹਿੰਸਾ ਰੋਗ ਜਲਾਈਆ । ਗੁਰਸਿਖ ਲਗਾਏ ਸਾਚੀ ਸੇਵ, ਸੇਵਕ ਸੇਵਾ ਆਪ ਕਰਾਈਆ । ਅਬਿਨਾਸ਼ੀ ਕਰਤਾ ਅਲੱਖ ਅਭੇਵ, ਅਲੱਖ ਅਗੋਚਰ ਬੇਪਰਵਾਹੀਆ । ਜੋ ਜਨ ਗਾਏ ਰਸਨਾ ਜੇਹਵ, ਜੀਵ ਜਗਤ ਜੁਗਤ ਇਕ ਸਮਝਾਈਆ । ਕਰੇ ਖੇਲ ਹਰਿ ਨੇਹਕੇਵ, ਨੇਹਚਲ ਧਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਰ ਬਹਾਈਆ । ਦਰ ਦਰਵਾਜ਼ਾ ਸਚ ਦਰਗਹਿ, ਦਰ ਦੁਆਰ ਵਖਾਇੰਦਾ । ਨਦਰੀ ਨਦਰ ਬਣ ਮਲਾਹ, ਕਰਮੀ ਕਰਮ ਬੰਦ ਕਟਾਇੰਦਾ । ਵਰਨੀ ਬਰਨੀ ਪਾਰ ਕਰਾ, ਸਾਚੀ ਸਰਨਾ ਇਕ ਵਖਾਇੰਦਾ । ਤਾਰਨ ਤਰਨੀ ਆਪ ਅਖਵਾ, ਹਰਿਜਨ ਸਾਚੇ ਆਪ ਤਰਾਇੰਦਾ । ਹਰਨੀ ਫਰਨੀ ਦਰਸ ਦਿਖਾ, ਨੇਤਰ ਨੈਣ ਆਪ ਤ੍ਰਿਪਤਾਇੰਦਾ । ਅੰਮ੍ਰਿਤ ਮੇਘ ਮੇਘ ਬਰਸਾ, ਕਰੋੜ ਛਿਆਨਵੇਂ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬੁਝਾਏ ਲੱਗੀ ਅੱਗ, ਦੇਵੇ ਦਰਸ ਸੂਰਾ ਸਰਬੱਗ, ਫੜ ਫੜ ਹੰਸ ਬਣਾਏ ਕੱਗ, ਸਾਚੀ ਚੋਗ ਏਕਾ ਨਾਮ ਚੁਗਾਇੰਦਾ ।



### ✲ ੯ ਚੇਤ ੨੦੧੭ ਬਿਕ੍ਰਮੀ ਪਿਆਰਾ ਸਿੰਘ ਦੇ ਘਰ ਪਿੰਡ ਬਾਬੂ ਪੁਰ ✲

ਸਤਵੇਂ ਘਰ ਸਤਿ ਸਤਿਵਾਦਿ, ਸਤਿ ਪੁਰਖ ਨਿਰੰਜਣ ਆਸਣ ਲਾਇਆ । ਸੋ ਪੁਰਖ ਨਿਰੰਜਣ ਆਦਿਨ ਆਦਿ, ਸਚ ਸਿੰਘਾਸਣ ਇਕ ਸੁਹਾਇਆ । ਹਰਿ ਪੁਰਖ ਨਿਰੰਜਣ ਸਗਲਾ ਸਾਥ, ਦਰ ਘਰ ਸਾਚੇ ਆਪ ਨਿਭਾਇਆ । ਏਕੰਕਾਰਾ ਚਲਾਏ ਆਪਣਾ ਰਾਥ, ਰਥ ਰਥਵਾਹੀ ਇਕ ਅਖਵਾਇਆ । ਆਦਿ ਨਿਰੰਜਣ ਜੋਤ ਪਰਕਾਸ਼, ਨਿਰਗੁਣ ਨੂਰ ਡਗਮਗਾਇਆ । ਸ੍ਰੀ ਭਗਵਾਨ ਮਹਿਮਾ ਅਕਥਨਾ ਅਕਥ, ਕਥ ਸਕੇ ਨਾ ਕੋਈ ਰਾਇਆ । ਅਬਿਨਾਸ਼ੀ ਕਰਤਾ ਦੇਵੇ ਦਾਤ, ਸਾਚੀ ਵਸਤ ਇਕ ਵਖਾਇਆ । ਪਾਰਬ੍ਰਹਮ ਲਹਿਣਾ ਚੁਕਾਏ ਆਪਣਾ ਆਪ, ਆਪ ਆਪਣਾ ਖੇਲ ਖਿਲਾਇਆ । ਸਚਖੰਡ ਦੁਆਰਾ ਸਾਚਾ ਖਾਤ, ਹਰਿ ਸਾਚੇ ਸਚ ਸੁਹਾਇਆ । ਉਪਰ ਬੈਠ ਪੁਰਖ ਅਬਿਨਾਸ਼, ਤਖ਼ਤ ਨਿਵਾਸੀ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਵਾਂ ਘਰ ਇਕ ਸਮਝਾਇਆ । ਸਤਵਾਂ ਘਰ ਹਰਿ ਸੁਲਤਾਨ, ਨਿਰਗੁਣ ਸਾਚਾ ਸਚ ਸੁਹਾਇੰਦਾ । ਉਪਰ ਬੈਠ ਸ੍ਰੀ ਭਗਵਾਨ, ਨਿਰਗੁਣ ਜੋਤੀ ਜੋਤ ਜਗਾਇੰਦਾ । ਨਾ ਕੋਈ ਦੂਸਰ ਹੋਰ ਨਿਸ਼ਾਨ, ਸਗਲਾ ਸੰਗ ਨਾ ਕੋਈ ਰਖਾਇੰਦਾ । ਨਾ ਕੋਈ ਗੋਪੀ ਨਾ ਕੋਈ ਕਾਹਨ, ਨਾ ਕੋਈ ਮੰਡਲ ਰਾਸ ਰਚਾਇੰਦਾ । ਨਾ ਕੋਈ ਸੀਤਾ ਨਾ ਕੋਈ ਰਾਮ, ਧਨੁਸ਼ ਬਾਣ ਨਾ ਕੋਈ ਉਠਾਇੰਦਾ । ਨਾ ਕੋਈ ਸੰਤ ਭਗਤ ਕਰੇ ਪ੍ਰਨਾਮ, ਨਿਉਂ ਨਿਉਂ ਨਾ ਕੋਇ ਸੀਸ ਝੁਕਾਇੰਦਾ । ਨਾ ਕੋਈ ਰਵ ਸਸ ਸੂਰਜ ਚੰਨ ਦਿਸੇ ਭਾਨ, ਮੰਡਲ ਮੰਡਪ ਨਾ ਕੋਇ ਰਖਾਇੰਦਾ ।

ਨਾ ਕੋਈ ਉਤਪਤ ਮਾਤ ਪਿਤ ਸੰਤਾਨ, ਪੂਤ ਸਪੂਤਾ ਨਾ ਗੋਦ ਸੁਹਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਈ ਵਡਿਆਇੰਦਾ । ਨਾ ਕੋਈ ਪਾਣੀ ਪਵਣ ਮਸਾਣ, ਗਣ ਗੰਧਰਬ ਨਾ ਕੋਈ ਨਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕਰੇ ਕੋਈ ਕਲਿਆਣ, ਚਾਰੇ ਵੇਦ ਨਾ ਕੋਈ ਲਿਖਾਇੰਦਾ । ਨਾ ਕੋਈ ਕਰੇ ਪੂਜਾ ਪਾਠ, ਵੇਦ ਵਿਆਸ ਨਾ ਰੂਪ ਵਟਾਇੰਦਾ । ਮੱਛ ਕੱਛ ਨਾ ਹੋਏ ਪਰਧਾਨ, ਤੀਸ ਬਤੀਸਾ ਨਾ ਕੋਈ ਸਾਲਾਹਿੰਦਾ । ਨਾ ਕੋਈ ਦਿਸੇ ਦਰ ਦਰਬਾਨ, ਦੁਆਰਪਾਲ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਏਕਾ ਘਰ ਵਖਾਇੰਦਾ । ਸਤਵਾਂ ਘਰ ਆਦਿ ਨਿਰੰਜਣ, ਨਿਰਗੁਣ ਖੇਲ ਖਿਲਾਇੰਦਾ । ਨਾ ਕੋਈ ਦਿਸੇ ਦੂਸਰ ਸੱਜਣ, ਨਾ ਕੋਈ ਸੰਗ ਰਲਾਇੰਦਾ । ਆਪੇ ਬੈਠਾ ਆਪਣਾ ਕਰੇ ਮਜਨ, ਆਪ ਆਪਣਾ ਮੇਲ ਮਿਲਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਦੁੱਖ ਰੋਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਘਰ ਵਸਿਆ ਆਪ, ਆਪ ਆਪਣਾ ਦਰ ਸੁਹਾਇੰਦਾ । ਸਤਵਾਂ ਘਰ ਸਾਚੀ ਧਾਰ, ਹਰਿ ਸਾਚੇ ਸਚ ਚਲਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਹਰਿ ਪੁਰਖ ਨਿਰੰਜਣ ਆਪ ਵਖਾਈਆ । ਏਕੰਕਾਰਾ ਕਰ ਪਿਆਰ, ਆਦਿ ਨਿਰੰਜਣ ਦਏ ਵਡਿਆਈਆ । ਅਬਿਨਾਸ਼ੀ ਕਰਤਾ ਦਏ ਹੁਲਾਰ, ਸ੍ਰੀ ਭਗਵਾਨ ਆਪ ਉਠਾਈਆ । ਪਾਰਬ੍ਰਹਮ ਏਕਾ ਏਕ ਕਰੇ ਧਿਆਨ, ਘਰ ਏਕਾ ਵੇਖ ਵਖਾਈਆ । ਸਚਖੰਡ ਨਿਵਾਸੀ ਵਸੇ ਸਚ ਮਕਾਨ, ਉਚ ਮਹੱਲ ਅਟੱਲ ਏਕਾ ਏਕ ਸੁਹਾਈਆ । ਸਾਚਾ ਧਾਮ ਹਰਿ ਹਰਿ ਜੂ ਮੱਲਾ, ਆਪੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਵਾਂ ਘਰ ਸਤਿ ਸੰਤੋਖ ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਰੋਗ ਨਾ ਕੋਈ ਵਖਾਈਆ । ਸਤਵੇਂ ਘਰ ਘਾੜਣ ਘੜਿਆ, ਆਪਣੀ ਬਣਤ ਬਣਾਈਆ । ਨਿਰਗੁਣ ਰੂਪ ਆਪਣੇ ਪੌੜੇ ਆਪੇ ਚੜ੍ਹਿਆ, ਉਚਾ ਡੰਡਾ ਨਾ ਕੋਈ ਰਖਾਈਆ । ਆਪੇ ਵੜਿਆ ਆਪਣੇ ਸਰਿਆ, ਸਰ ਸਰੋਵਰ ਇਕ ਵਡਿਆਈਆ । ਆਪ ਆਪਣੇ ਜੇਹਾ ਕਰਿਆ, ਆਪ ਆਪਣਾ ਮੁਖ ਵਖਾਈਆ । ਆਪੇ ਸੁੱਕਾ ਆਪੇ ਹਰਿਆ, ਫੁਲ ਫੁੱਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਰਵਾਜ਼ਾ ਆਪੇ ਖੋਲ੍ਹ, ਅਬਿਨਾਸ਼ੀ ਕਰਤਾ ਆਪੇ ਬੋਲ, ਆਪ ਆਪਣਾ ਹੁਕਮ ਸੁਣਾਈਆ । ਸਤਵਾਂ ਘਰ ਸਤਿ ਪੁਰਖ ਸਾਖਯਾਤ, ਨਰ ਨਰਾਇਣ ਆਪ ਸੁਹਾਇੰਦਾ । ਆਪੇ ਜਾਣੇ ਆਪਣੀ ਜ਼ਾਤ, ਵਰਨ ਬਰਨ ਨਾ ਕੋਇ ਬਣਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤ, ਘੜੀ ਪੱਲ ਨਾ ਕੋਇ ਵਖਾਇੰਦਾ । ਬੈਠਾ ਰਹੇ ਇਕ ਇਕਾਂਤ, ਇਕ ਇਕੱਲਾ ਸੋਭਾ ਪਾਇੰਦਾ । ਆਪੇ ਜਾਣੇ ਆਪਣੀ ਵਾਤ, ਆਪਣੀ ਸੇਵ ਕਮਾਇੰਦਾ । ਆਪੇ ਦੇਵੇ ਆਪਣੀ ਦਾਤ, ਆਪਣੀ ਭਿਛਿਆ ਆਪ ਭਰਾਇੰਦਾ । ਖੇਲੇ ਖੇਲ ਬਹੁ ਬਿਧ ਭਾਤ, ਰੂਪ ਅਨੂਪ ਰੰਗ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਸਤਵਾਂ ਘਰ ਏਕਾ ਬੈਠਾ ਅੰਦਰ ਵੜ, ਆਪ ਆਪਣਾ ਮੁਖ ਸਾਲਾਹਿੰਦਾ । ਮੁਖ ਸਲਾਹ ਹਰਿ ਬਲਵਾਨ, ਏਕਾ ਰੰਗ ਸਮਾਇਆ । ਸਤਵੇਂ ਘਰ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇਆ । ਆਪੇ ਵੇਖੇ ਮਾਰ ਧਿਆਨ, ਵੇਖਣਹਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ । ਰੰਗ ਰੰਗੀਲਾ ਹਰਿ ਭਗਵੰਤ, ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਵੇਦ ਕਤੇਬ ਨਾ ਕੋਈ ਲਿਖਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ ।

ਆਪੇ ਆਦਿ ਆਪੇ ਅੰਤ, ਆਪ ਆਪਣੀ ਕਲ ਵਰਤਾਇੰਦਾ । ਆਪੇ ਨਾਰ ਆਪੇ ਕੰਤ, ਆਪੇ ਸੇਜ ਹੰਢਾਇੰਦਾ । ਆਪੇ ਚਾੜ੍ਹੇ ਰੰਗ ਬਸੰਤ, ਰੰਗ ਮਜੀਠ ਇਕ ਚੜ੍ਹਾਇੰਦਾ । ਆਪ ਬਣਾਏ ਆਪਣੀ ਬਣਤ, ਸਾਚਾ ਘਾੜਨ ਆਪ ਘੜਾਇੰਦਾ । ਆਪੇ ਜੀਵ ਆਪੇ ਜੰਤ, ਆਪੇ ਜਾਗਰਤ ਜੋਤ ਜਗਾਇੰਦਾ । ਆਪੇ ਸਾਧ ਆਪੇ ਸੰਤ, ਆਪੇ ਸਤਿਗੁਰ ਨਾਉਂ ਧਰਾਇੰਦਾ । ਆਪੇ ਰਸਨਾ ਜਿਹਵਾ ਮਣੀਆ ਮੰਤ, ਆਪ ਆਪਣਾ ਮਾਤ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਹਰਿ ਬ੍ਰਹਿਮਾਦੀ ਬ੍ਰਹਮ ਆਪੇ ਫੋਲ ਫੁਲਾਇੰਦਾ । ਆਪੇ ਬ੍ਰਹਮਾ ਆਪੇ ਬ੍ਰਹਮ, ਹਰਿ ਸੱਚਾ ਵਡ ਵਡਿਆਈਆ । ਆਪੇ ਮਰੇ ਆਪੇ ਪਏ ਜੰਮ, ਉਤਪਤ ਆਪ ਅਖਵਾਈਆ । ਆਪੇ ਪਵਣ ਸਵਾਸੀ ਲਏ ਦਮ, ਆਪੇ ਸੁੱਤਾ ਸੇਜ ਵਿਛਾਈਆ । ਆਪੇ ਖ਼ੁਸ਼ੀ ਆਪੇ ਗ਼ਮ, ਆਪੇ ਸਤਿ ਸੰਤੋਖ ਦਏ ਵਡਿਆਈਆ । ਆਪੇ ਤ੍ਰਿਸ਼ਨਾ ਆਪੇ ਤਮ, ਆਪੇ ਸਾਂਤਕ ਸਤਿ ਕਰਾਈਆ । ਆਪੇ ਜਨਨੀ ਆਪੇ ਜਨ, ਆਪੇ ਗੋਦ ਸਹਾਈਆ । ਆਪੇ ਕਾਇਆ ਪੰਜ ਤਤ ਤਨ, ਆਪੇ ਬੈਠਾ ਅੰਦਰ ਆਸਣ ਲਾਈਆ । ਆਪੇ ਮਨ ਮਤ ਬੁੱਧ ਬੇੜਾ ਰਿਹਾ ਬੰਨ੍ਹ, ਆਪੇ ਚਾਰੇ ਕੁੰਟਾਂ ਰਿਹਾ ਭਵਾਈਆ । ਆਪੇ ਵਸੇ ਛੱਪਰ ਛੰਨ, ਹਰਿ ਮੰਦਰ ਆਪੇ ਸੋਭਾ ਪਾਈਆ । ਆਪੇ ਰਾਗ ਸੁਣਾਏ ਕੰਨ, ਸ਼ਬਦ ਡੰਕਾ ਇਕ ਵਜਾਈਆ । ਆਪੇ ਦੇਵਣਹਾਰਾ ਡੰਨ, ਜੁਗ ਜੁਗ ਆਪਣਾ ਵੇਸ ਵਟਾਈਆ । ਆਪੇ ਘੜੇ ਆਪੇ ਲਏ ਭੰਨ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਸੂਰਜ ਆਪੇ ਚੰਨ, ਆਪੇ ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਗਣ ਗੰਧਰਬ ਵੇਖੇ ਗਨ, ਕਿਨਰ ਯਛਪ ਆਪੇ ਨਾਚ ਕਰਾਈਆ । ਆਪੇ ਕਰੋੜ ਤੇਤੀਸਾ ਦੇਵੇ ਧਨ, ਸਾਚੀ ਵਸਤ ਝੋਲੀ ਪਾਈਆ । ਆਪੇ ਸ਼ੰਕਰ ਬੇੜਾ ਦੇਵੇ ਬੰਨ੍ਹ, ਬਾਸ਼ਕ ਤਸ਼ਕਾ ਗਲ ਲਗਾਈਆ । ਆਪੇ ਬ੍ਰਹਮਾ ਵੇਤਾ ਜਾਏ ਮੰਨ, ਲੱਖ ਚੁਰਾਸੀ ਆਪ ਉਪਾਈਆ । ਆਪੇ ਵਿਸ਼ਨੂੰ ਬਾਸ਼ਕ ਸੇਜ ਸਾਂਗੋ ਪਾਂਗ ਸੋਇਆ ਦੇ ਕਰ ਕੰਡ, ਆਪੇ ਦੇਵੇ ਰਿਜ਼ਕ ਸਬਾਈਆ । ਆਪੇ ਤ੍ਰੈਗੁਣ ਮਾਇਆ ਕਰੇ ਖੰਡ ਖੰਡ, ਆਪੇ ਪੰਜ ਤਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਵਡ ਮਿਹਰਬਾਨ, ਨਿਰਗੁਣ ਦਾਤਾ ਪੁਰਖ ਬਿਧਾਤਾ ਬੇਪਰਵਾਹ ਆਪ ਅਖਵਾਈਆ । ਸਤਿ ਪੁਰਖ ਨਿਰੰਜਣ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਸੋ ਪੁਰਖ ਨਿਰੰਜਣ ਬਣ ਮਲਾਹ, ਆਪ ਆਪਣਾ ਵੇਸ ਵਟਾਇਆ । ਹਰਿ ਪੁਰਖ ਨਿਰੰਜਣ ਬੇੜਾ ਰਿਹਾ ਚਲਾ, ਦੋ ਜਹਾਨੀ ਸੇਵ ਕਮਾਇਆ । ਏਕੰਕਾਰਾ ਏਕਾ ਗੀਤ ਰਿਹਾ ਗਾ, ਹਰਿ ਹਰਿ ਨਾਮ ਆਪ ਸਾਲਾਹਿਆ । ਆਦਿ ਨਿਰੰਜਣ ਜੋਤ ਜਗਾ, ਨੂਰ ਨੁਰਾਨਾ ਡਗਮਗਾਇਆ । ਸ੍ਰੀ ਭਗਵਾਨਾ ਪੈਜ ਰਿਹਾ ਰਖਾ, ਜੁਗ ਜੁਗ ਰੱਖਦਾ ਆਇਆ । ਅਬਿਨਾਸ਼ੀ ਕਰਤਾ ਦੇਵੇ ਸਚ ਸਲਾਹ, ਸਾਚੇ ਸੰਤਾਂ ਦਏ ਉਠਾਇਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਜੋ ਜਨ ਰਸਨਾ ਜਿਹਵਾ ਰਹੇ ਗਾਇਆ । ਵੇਸ ਅਵੇਸਾ ਆਪ ਵਟਾ, ਆਪ ਆਪਣਾ ਰੂਪ ਧਰਾਇਆ । ਗੁਰ ਪੀਰ ਅਵਤਾਰ ਆਪ ਅਖਵਾ, ਪੰਜ ਤਤ ਚੋਲਾ ਆਪ ਹੰਢਾਇਆ । ਸ਼ਬਦ ਅਨਾਦੀ ਢੋਲਾ ਆਪੇ ਗਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇਆ । ਹਰਿਜਨ ਸਾਚੇ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਇਆ । ਵਿਸਮਾਦੀ ਵਿਸਮਾਦ ਗਿਆ ਸਮਾ, ਵਿਸ਼ਵ ਰੂਪ ਆਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਆਪਣਾ ਖੇਲ ਖਿਲਾਇਆ । ਆਪੇ ਲਿਖਣਹਾਰਾ ਲੇਖ, ਏਕਾ ਏਕ ਏਕੰਕਾਰਿਆ । ਜੁਗਾ ਜੁਗੰਤਰ ਸਾਚੀ ਟੇਕ, ਲੋਕਮਾਤ ਲਏ ਅਵਤਾਰਿਆ । ਜਨ ਭਗਤਾਂ ਕਰੇ ਬੁੱਧ ਬਿਬੇਕ,

ਏਕਾ ਮੰਤਰ ਨਾਮ ਦ੍ਰਿੜਾ ਰਿਹਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅੰਮ੍ਰਿਤ ਜਾਮ ਇਕ ਪਿਆ ਰਿਹਾ । ਆਪੇ ਵੇਖ, ਲੋਚਣ ਤੀਜਾ ਆਪ ਖੁਲ੍ਹਾ ਰਿਹਾ । ਆਪੇ ਲਿਖਣਹਾਰਾ ਲੇਖ, ਪੂਰਬ ਲੇਖਾ ਲੇਖ ਮਿਟਾ ਰਿਹਾ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਿਰਗੁਣ ਆਪਣਾ ਵੇਸ ਧਰਾ ਲਿਆ । ਆਪੇ ਲੇਖੇ ਜਾਣੇ ਬ੍ਰਹਿਮਾਦਿ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਘਰ ਸਾਚੇ ਆਪ ਸਮਝਾ ਲਿਆ । ਆਪੇ ਹੋਏ ਰਿਖੀ ਕੇਸ, ਗਵਰਧਨ ਆਪਣੇ ਹੱਥ ਉਠਾ ਲਿਆ । ਆਪੇ ਦਾਤਾ ਨਰ ਨਰੇਸ਼, ਹੁਕਮੀ ਹੁਕਮ ਆਪ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਦਰ ਦਰਵੇਸ਼, ਏਕਾ ਅਲਫ਼ੀ ਗਲ ਹੰਢਾ ਰਿਹਾ । ਏਕਾ ਅਲਫ਼ੀ ਇਲਾਹੀ ਨੂਰ, ਆਪ ਆਪਣੇ ਤਨ ਰਖਾਇੰਦਾ । ਸਰਬ ਕਲਾ ਆਪੇ ਭਰਪੂਰ, ਹਾਜ਼ਰ ਹਜ਼ੂਰ ਵੇਸ ਵਟਾਇੰਦਾ । ਨਾਦ ਤਰਾਨਾ ਵਜਾਏ ਤੂਰ, ਹੱਕ ਬਹੱਕ ਨਾਅਰਾ ਏਕਾ ਲਾਇੰਦਾ । ਦਾਤਾ ਦਾਨੀ ਵਡ ਜੋਧਾ ਸੂਰ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਮੇਹਬਾਨ ਬੀਦੋ ਬਖ਼ਸ਼ਣਹਾਰਾ ਏਕਾ ਨੂਰ, ਨੂਰ ਇਲਾਹੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਸਚ ਸਾਲਾਹਿੰਦਾ । ਸਾਚਾ ਘਰ ਖ਼ੁਦਾਈ ਜ਼ਾਤ, ਜ਼ੇਰ ਜ਼ਬਰ ਨਾ ਕੋਈ ਵਖਾਈਆ । ਏਕਾ ਜਾਣੇ ਕਾਇਨਾਤ, ਚੌਦਾਂ ਤਬਕ ਫੋਲ ਫੁਲਾਈਆ । ਮੁਕਾਮੇ ਹੱਕ ਮਾਰੇ ਏਕਾ ਝਾਤ, ਆਪਣਾ ਪਰਦਾ ਆਪੇ ਲਾਹੀਆ । ਦੇਵਣਹਾਰਾ ਸਰਬ ਨਿਜ਼ਾਤ, ਘਰ ਬੈਠਾ ਮੁਖ ਛੁਪਾਈਆ । ਆਦਿ ਜੁਗਾਦੀ ਪੁਛੇ ਵਾਤ, ਆਪਣਾ ਕਲਮਾ ਆਪ ਪੜ੍ਹਾਈਆ । ਦੀਨ ਈਮਾਨ ਰੱਖੇ ਆਪਣੇ ਸਾਥ, ਰਮਜ਼ ਰਹਿਮਾਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਤਵਾਂ ਸਤਿ ਸਮਝਾਈਆ । ਸਤਵੇਂ ਘਰ ਜਲਵਾ ਨੂਰ, ਨੂਰ ਨੁਰਾਨਾ ਆਪ ਵਖਾਇਆ । ਚੌਦਾਂ ਤਬਕਾਂ ਸੁਣਾਏ ਏਕਾ ਤੂਰ, ਅੱਧਵਿਚਕਾਰੇ ਨਾਦ ਵਜਾਇਆ । ਮੁਹੰਮਦ ਰਾਹ ਤੱਕੇ ਦੂਰ, ਚਾਰ ਯਾਰੀ ਸੰਗ ਰਖਾਇਆ । ਮੰਗੇ ਮੰਗ ਆਸਾ ਹੂਰ, ਤ੍ਰਿਸ਼ਨਾ ਅੱਗੇ ਨਾਚ ਨਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਮੌਲਾ ਆਪ ਅਖਵਾਇਆ । ਬੇਪਰਵਾਹ ਮੌਲਾ ਅਲਾਹ, ਭੇਵ ਕੋਇ ਨਾ ਪਾਇੰਦਾ । ਸਚ ਹਦੀਸ ਕਲਮਾ ਅਮਾਮ ਪੜ੍ਹਾ, ਲੋਕਮਾਤ ਵੇਖ ਵਖਾਇੰਦਾ । ਹਕੀਕੀ ਜਾਮ ਦਏ ਪਿਆ, ਲਾਸ਼ਰੀਕੀ ਖੇਲ ਖਿਲਾਇੰਦਾ । ਜਗਤ ਤਰੀਕੀ ਦਏ ਮਿਟਾ, ਸਾਚਾ ਚੰਦ ਇਕ ਚੜ੍ਹਾਇੰਦਾ । ਇਸ਼ਕ ਹਕੀਕੀ ਦਏ ਕਰਾ, ਤਾਲਬ ਤਲਬ ਇਕ ਵਖਾਇੰਦਾ । ਅਹਿਬਾਬ ਰਬਾਬ ਦਏ ਵਜਾ, ਤਾਰ ਸਤਾਰ ਆਪ ਹਿਲਾਇੰਦਾ । ਮੱਕਾ ਕਾਅਬਾ ਫੇਰਾ ਪਾ, ਸ਼ਾਹ ਨਵਾਬਾ ਰੂਪ ਵਟਾਇੰਦਾ । ਪੁਨ ਸਵਾਬਾ ਲਹਿਣਾ ਦੇਣਾ ਦਏ ਚੁਕਾ, ਆਬੇਹਯਾਤਾ ਘੁੱਟ ਪਿਆਇੰਦਾ । ਮੁਖ ਨਕਾਬਾ ਦਏ ਉਠਾ, ਆਪ ਅਪਣਾ ਪਰਦਾ ਲਹਿੰਦਾ । ਸਾਚਾ ਚਰਨ ਰਕਾਬਾ ਦਏ ਟਿਕਾ, ਆਪਣਾ ਅਸਵ ਆਪ ਦ੍ਰਿੜਾਇੰਦਾ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਜੀਵ ਉਪਾ, ਸੱਤਾਂ ਦੀਪਾਂ ਆਪ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਮਿਲਾ, ਹੁਕਮੀ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਪਾਰਬ੍ਰਹਮ ਆਪ ਖਿਲਾਇੰਦਾ । ਖੇਲ ਖਲੰਦੜਾ ਹਰਿ ਭਗਵਾਨ, ਜੁਗ ਜੁਗ ਖੇਲ ਖਿਲਾਇਆ । ਸਤਿ ਪੁਰਖ ਨਿਰੰਜਣ ਨੌਜਵਾਨ, ਨਾ ਮਰੇ ਨਾ ਜਾਇਆ । ਸਚਖੰਡ ਦੁਆਰੇ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਵੇਖ ਵਖਾਇਆ । ਲੋਕਮਾਤ ਬਣ ਬਣ ਆਏ ਸਾਚਾ ਕਾਹਨ, ਜੁਗ ਜੁਗ ਆਪਣਾ ਵੇਸ ਵਟਾਇਆ । ਤ੍ਰਲੋਕੀ ਨੰਦਨ ਰਾਜ ਰਾਜਾਨ, ਸ਼ਾਹੋ ਭੂਪ ਬੇਪਰਵਾਹਿਆ । ਚੌਥਾ ਘਰ ਵਸਾਏ ਇਕ ਮਕਾਨ, ਚੌਥੇ ਦਰ ਲਏ ਉਪਜਾਇਆ ।

ਪੰਚਮ ਢੋਲਾ ਸਾਰੇ ਗਾਨ, ਵਾਹ ਵਾਹ ਸਤਿਗੁਰ ਸੱਚਾ ਪਾਇਆ । ਜਨ ਭਗਤਾਂ ਮੇਲਾ ਵਿਚ ਜਹਾਨ, ਸੰਤਨ ਲੇਖਾ ਆਪ ਮੁਕਾਇਆ । ਗੁਰਮੁਖ ਉਠਾਏ ਚਤੁਰ ਸੁਜਾਨ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਇਆ । ਗੁਰਸਿਖਾਂ ਦੇਵੇ ਜੀਆ ਦਾਨ, ਜੀਵਣ ਜੁਗਤ ਇਕ ਜਣਾਇਆ । ਲੱਖ ਚੁਰਾਸੀ ਫੰਦ ਕਟਾਣ, ਬੰਦੀ ਛੋੜ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਵੇਂ ਘਰ ਦੇਵੇ ਵਾਸਾ, ਜਿਸ ਜਨ ਰੱਖਿਆ ਚਰਨ ਭਰਵਾਸਾ, ਪੂਰੀ ਆਸਾ ਦਏ ਕਰਾਇਆ । ਗੁਰਸਿਖ ਪੂਰਨ ਆਸ ਕਰ, ਘਰ ਸਾਚੇ ਆਪ ਬਹਾਇੰਦਾ । ਹਰਿਜਨ ਸਚ ਧਰਵਾਸ ਧਰ, ਧੀਰਜ ਧੀਰ ਇਕ ਵਖਾਇੰਦਾ । ਸੰਤਨ ਜੋਤ ਪਰਕਾਸ਼ ਕਰ, ਆਪਣਾ ਮੇਲ ਮਿਲਾਇੰਦਾ । ਸਰਬ ਜੀਆਂ ਦਾ ਦਾਸ ਹਰਿ, ਜੁਗ ਜੁਗ ਸੇਵ ਕਮਾਇੰਦਾ । ਪ੍ਰਿਥਮੀ ਆਕਾਸ਼ ਚੁੱਕੇ ਡਰ, ਜੋ ਜਨ ਸਰਨਾਈ ਆਇੰਦਾ । ਕਲਜੁਗ ਅੰਤਮ ਸਾਚੀ ਤਰਨੀ ਜਾਏ ਤਰ, ਭਵ ਸਾਗਰ ਨਾ ਕੋਈ ਰੁੜ੍ਹਾਇੰਦਾ । ਸਤਿਗੁਰ ਪੂਰਾ ਗੁਰਮੁਖਾਂ ਅੱਗੇ ਆਏ ਖੜ, ਧਰਨੀ ਧਵਲ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਸਚ ਸਿੰਘਾਸਣ ਏਕਾ ਸੋਹੇ ਪੁਰਖ ਅਬਿਨਾਸ਼ਣ, ਜਨ ਭਗਤਾਂ ਪੂਰੀ ਕਰੇ ਆਸਨ, ਜਗਤ ਨਿਰਾਸ ਨਾ ਕੋਈ ਕਰਾਇੰਦਾ ।

### ❊ ੧੦ ਚੇਤ ੨੦੧੭ ਬਿਕ੍ਰਮੀ ਬਲਾਕਾ ਸਿੰਘ ਆਸਾ ਸਿੰਘ ਪਿਆਰਾ ਸਿੰਘ ਹਜ਼ਾਰਾ ਸਿੰਘ ਦੇ ਘਰ ਪਿੰਡ ਬਾਬੂ ਪੁਰ ❊



ਹਰਿ ਭਾਣਾ ਬਲਵਾਨ, ਹਰਿ ਆਪਣੇ ਹੱਥ ਰਖਾਇਆ । ਆਦਿ ਜੁਗਾਦੀ ਖੇਲ ਮਹਾਨ, ਪੁਰਖ ਅਬਿਨਾਸ਼ੀ ਆਪ ਕਰਾਇਆ । ਵੇਸ ਅਨੇਕਾ ਦੋ ਜਹਾਨ, ਨਿਤ ਨਵਿਤ ਆਪ ਵਟਾਇਆ । ਸਚ ਨਿਸ਼ਾਨਾ ਸ੍ਰੀ ਭਗਵਾਨ, ਸਚਖੰਡ ਦਵਾਰੇ ਆਪ ਝੁਲਾਇਆ । ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸ਼ਾ ਸ਼ਬਦ ਸੁਣਾਇਆ । ਪੁਰੀਆਂ ਲੋਆਂ ਪਾਏ ਆਣ, ਬ੍ਰਹਿਮੰਡ ਖੰਡ ਆਪਣਾ ਮੰਡਲ ਆਪ ਸੁਹਾਇਆ । ਰਵ ਸਸ ਕਰ ਪਰਧਾਨ, ਸੇਵਕ ਸੇਵਾ ਸਰਬ ਲਗਾਇਆ । ਬ੍ਰਹਮਾ ਵਿਸ਼ਨ ਸ਼ਿਵ ਇਕ ਨਿਸ਼ਾਨ, ਨਿਰਗੁਣ ਆਪਣਾ ਨਾਉਂ ਧਰਾਇਆ । ਤ੍ਰੈਗੁਣ ਮਾਇਆ ਕਰ ਪਰਧਾਨ, ਸਗਲਾ ਸੰਗ ਨਿਭਾਇਆ । ਤਤਵ ਤਤ ਤਤ ਮਿਹਰਵਾਨ, ਕਰਨੀ ਕਿਰਤ ਆਪ ਵਖਾਇਆ । ਆਤਮ ਬ੍ਰਹਮ ਏਕਾ ਦਾਨ, ਦਾਤਾ ਦਾਨੀ ਆਪ ਵਰਤਾਇਆ । ਘਰ ਮੰਦਰ ਵੇਖ ਸਚ ਮਕਾਨ, ਲੱਖ ਚੁਰਾਸੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਵਡ ਭਾਣਾ ਹਰਿ ਭਗਵੰਤ, ਆਪਣੇ ਹੱਥ ਰਖਾਇੰਦਾ । ਆਪੇ ਆਦਿ ਆਪੇ ਅੰਤ, ਆਪਣੀ ਖੇਲ ਖਿਲਾਇੰਦਾ । ਆਪੇ ਸਾਧ ਆਪੇ ਸੰਤ, ਗੁਰ ਪੀਰ ਆਪ ਅਖਵਾਇੰਦਾ । ਆਪੇ ਮਣੀਆ ਆਪੇ ਮੰਤ, ਆਪੇ ਮਨ ਮਤ ਬੁੱਧ ਧਰਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਚਾੜ੍ਹੇ ਰੰਗ ਬਸੰਤ, ਨਾਮ ਲਲਾਰੀ ਆਪ ਰੰਗਾਇੰਦਾ । ਆਪੇ ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਆਪੇ ਲੇਖਾ ਜਾਣੇ ਭੁੱਖਾ ਨੰਗਤ, ਸੀਸ ਤਾਜ ਆਪ ਟਿਕਾਇੰਦਾ । ਆਪੇ ਹਰਿ ਹਰਿ ਬਣਾਏ ਸਾਚੀ ਸੰਗਤ, ਸਗਲਾ ਸੰਗ ਆਪ ਵਖਾਇੰਦਾ । ਆਪੇ ਪਾਂਧਾ ਆਪੇ ਪੰਡਤ, ਗਿਆਨ ਗੋਸ਼ਟ ਆਪਣੇ ਹੱਥ ਰਖਾਇੰਦਾ । ਆਪੇ ਬ੍ਰਹਿਮੰਡ ਖੰਡ ਕਰੇ ਖੰਡਤ, ਆਪੇ ਰਚਨਾ ਸਚ ਰਚਾਇੰਦਾ । ਆਪੇ ਜੇਰਜ ਆਪੇ ਅੰਡਜ, ਉਤਭੁਜ ਸੇਤਜ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਾਣੇ ਸਦ ਰਹਾਇੰਦਾ । ਹਰਿ ਭਾਣਾ

ਅਥਾਹ, ਭੇਵ ਕੋਇ ਨਾ ਪਾਇੰਦਾ । ਹਰਿ ਸ਼ਬਦੀ ਸ਼ਬਦ ਸਲਾਹ, ਆਪਣਾ ਹੁਕਮ ਸੁਣਾਇੰਦਾ । ਹਰਿ ਸਤਿਗੁਰ ਬਣ ਮਲਾਹ, ਜੁਗ ਜੁਗ ਵੇਸ ਵਟਾਇੰਦਾ । ਹਰਿ ਵਸੇ ਸਾਚੇ ਥਾਂ, ਸਚਖੰਡ ਦੁਆਰਾ ਇਕ ਸੁਹਾਇੰਦਾ । ਹਰਿ ਪਕੜਨਹਾਰਾ ਬਾਂਹ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਹਰਿ ਹੰਸ ਬਣਾਏ ਕਾਂ, ਏਕਾ ਮਾਣਕ ਮੋਤੀ ਚੋਗ ਚੁਗਾਇੰਦਾ । ਹਰਿ ਨਿਥਾਵਿਆਂ ਦੇਵੇ ਥਾਂ, ਦਰਗਹਿ ਸਾਚੀ ਧਾਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਾਣੇ ਸਦ ਸਮਾਇੰਦਾ । ਹਰਿ ਭਾਣਾ ਧੁਰ ਦਰਗਹਿ, ਸਾਚਾ ਸਚ ਸਮਾਇੰਦਾ । ਹਰਿ ਭਾਣਾ ਗੁਰ ਪੀਰ ਅਵਤਾਰ ਰਹੇ ਮਨਾ, ਜੁਗ ਜੁਗ ਆਪਣਾ ਹੁਕਮ ਚਲਾਇੰਦਾ । ਹਰਿ ਭਾਣੇ ਕਿਸੇ ਹੱਥ ਨਾ ਸਕੇ ਆ, ਖੋਜਤ ਖੋਜ ਨਾ ਕੋਈ ਖੁਜਾਇੰਦਾ । ਹਰਿ ਭਾਣੇ ਕਰੇ ਸਚ ਨਿਆਂ, ਸਾਚੇ ਤਖ਼ਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਭਾਣਾ ਆਪ ਕਰਾਇੰਦਾ । ਵਡ ਭਾਣਾ ਹਰਿ ਬਲਵਾਨ, ਏਕਾ ਏਕ ਰਖਾਇਆ । ਆਦਿ ਜੁਗਾਦੀ ਸ੍ਰੀ ਭਗਵਾਨ, ਸਾਚਾ ਤਖ਼ਤ ਸੁਹਾਇਆ । ਗੁਰੂਆਂ ਪੀਰਾਂ ਦੇਵੇ ਦਾਨ, ਸਾਧਾਂ ਸੰਤਾਂ ਹੁਕਮ ਜਣਾਇਆ । ਆਪੇ ਬਖ਼ਸ਼ੇ ਚਰਨ ਧਿਆਨ, ਮਾਤਲੋਕ ਵਿਚ ਆਇਆ । ਪੰਜ ਤਤ ਜਗਤ ਨਿਸ਼ਾਨ, ਆਪਣਾ ਬੰਧਨ ਏਕਾ ਪਾਇਆ । ਅੰਦਰ ਮੰਦਰ ਸਚ ਫ਼ਰਮਾਣ, ਹਰਿ ਸਾਚੇ ਆਪ ਸੁਣਾਇਆ । ਏਕਾ ਰੱਖੇ ਸ਼ਬਦੀ ਆਣ, ਦੂਸਰ ਡੰਕ ਨਾ ਕੋਈ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਰਚਨ ਰਚਾਇਆ । ਆਪਣੇ ਭਾਣੇ ਰਚਨਾ ਰਚ, ਹਰਿ ਸਾਚੇ ਸਚ ਵਖਾਇਆ । ਆਪਣਾ ਹੁਕਮ ਕਰੇ ਸੱਚ, ਸੱਚੋ ਸਚ ਵਰਤਾਇਆ । ਲੱਖ ਚੁਰਸੀ ਭਾਂਡਾ ਕੱਚ, ਆਪੇ ਘੜੇ ਭੰਨ ਵਖਾਇਆ । ਆਪੇ ਘਟ ਘਟ ਅੰਦਰ ਰਿਹਾ ਨੱਚ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਆਪੇ ਤ੍ਰੈਗੁਣ ਅਗਨੀ ਰਿਹਾ ਮੱਚ, ਜੋਤੀ ਲੰਬੂ ਏਕਾ ਲਾਇਆ । ਆਪੇ ਮਾਰਗ ਸਾਚ ਦੱਸ, ਦਹਿ ਦਿਸ਼ਾ ਫੇਰੀ ਪਾਇਆ । ਆਪੇ ਲੇਖਾ ਜਣਾ ਹੱਸ ਹੱਸ, ਗੁਰ ਪੀਰ ਅਵਤਾਰ ਸਾਧ ਸੰਤ ਆਪਣਾ ਹੁਕਮ ਸੁਣਾਇਆ । ਆਪੇ ਮੇਲ ਮਿਲਾਏ ਨੱਸ ਨੱਸ, ਨਿਰਗੁਣ ਸਰਗੁਣ ਸੇਵ ਕਮਾਇਆ । ਆਪੇ ਸ਼ਬਦ ਨਿਰਾਲਾ ਮਾਰੇ ਤੀਰ ਕਸ, ਤਿਖੀ ਧਾਰ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਾਣਾ ਸਦ ਸਾਲਾਹਿਆ । ਭਾਣੇ ਅੰਦਰ ਰਵ ਸਸ, ਸੂਰਜ ਚੰਨ ਆਪ ਭੁਆਈਆ । ਭਾਣੇ ਅੰਦਰ ਅੰਧੇਰ ਮਸ, ਪਰਕਾਸ਼ ਪਰਕਾਸ਼ ਦਏ ਵਡਿਆਈਆ । ਭਾਣੇ ਅੰਦਰ ਉਪਜੇ ਜਾਏ ਢੱਠ, ਹਰਿ ਭਾਣੇ ਮਰੇ ਜੰਮੇ ਜਾਈਆ । ਹਰਿ ਭਾਣੇ ਗੇੜੇ ਆਪਣੀ ਲੱਠ, ਜੁਗ ਜੁਗ ਗੇੜਾ ਆਪ ਭੁਆਈਆ । ਹਰਿ ਭਾਣੇ ਕਰੇ ਗੁਰਮੁਖ ਇਕ ਇਕੱਠ, ਹਰਿ ਸੰਗਤ ਮੇਲ ਮਿਲਾਈਆ । ਹਰਿ ਭਾਣੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਏ ਨੱਥ, ਲੱਖ ਚੁਰਾਸੀ ਆਪ ਭਵਾਈਆ । ਹਰਿ ਭਾਣੇ ਜੀਵ ਜੰਤ ਸੱਥਰ ਦੇਵੇ ਘੱਤ, ਖ਼ਾਕੀ ਖ਼ਾਕ ਖ਼ਾਕ ਮਿਲਾਈਆ । ਹਰਿ ਭਾਣੇ ਕਰੇ ਖੇਲ ਪੁਰਖ ਸਮਰਥ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹਰਿ ਹਰਿ ਭਾਣਾ ਨੌਜਵਾਨਾ ਨਾ ਮਰੇ ਨਾ ਜਾਈਆ । ਹਰਿ ਭਾਣਾ ਨੌਜਵਾਨ, ਆਦਿ ਜੁਗਾਦਿ ਸਮਾਇਆ । ਸੂਰਬੀਰ ਫੜ ਨਿਸ਼ਾਨ, ਚਾਰ ਜੁਗ ਉਠ ਉਠ ਧਾਇਆ । ਦੇਵਣਹਾਰਾ ਧੁਰ ਫ਼ਰਮਾਣ, ਸਾਚੇ ਤਖ਼ਤ ਸੁਹਾਇਆ । ਤਖ਼ਤ ਤਾਜ ਇਕ ਭਗਵਾਨ, ਸ੍ਰੀ ਭਗਵਾਨ ਆਪ ਸੁਹਾਇਆ । ਸ੍ਰੀ ਅਸਕੇਤ ਗੁਣ ਨਿਧਾਨ, ਸ੍ਰਿਸ਼ਟ ਭਗਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ ।

ਵਡ ਭਾਣਾ ਸ੍ਰੀ ਅਸਕੇਤ ਜਗਤ ਕੇ ਈਸ, ਜਾਗਰਤ ਜੋਤ ਕਰੀ ਰੁਸ਼ਨਾਈਆ । ਨਾਨਕ ਗੋਬਿੰਦ ਇਕ ਹਦੀਸ, ਪੁਰਖ ਅਬਿਨਾਸ਼ੀ ਆਪ ਪੜ੍ਹਾਈਆ । ਅਬਿਨਾਸ਼ੀ ਕਰਤਾ ਏਕਾ ਛਤਰ ਝੁਲਾਏ ਸੀਸ, ਦੂਸਰ ਕੋਈ ਰਹਿਣ ਨਾ ਪਾਈਆ । ਜੁਗਾ ਜੁਗੰਤਰ ਹਰਿ ਹਰਿ ਆਪਣਾ ਪੀਸਨ ਪੀਸ, ਲੋਕਮਾਤ ਚੱਕੀ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਾਣਾ ਹੁਕਮ ਜਣਾਈਆ । ਹਰਿ ਭਾਣਾ ਹਰਿ ਹਰਿ ਮੰਨਿਆ, ਚਾਰ ਕੁੰਟ ਜੈਕਾਰ । ਜੋ ਆਇਆ ਸੋ ਡੰਨਿਆ, ਲੇਖਾ ਰਹੇ ਨਾ ਵਿਚ ਸੰਸਾਰ । ਜੋ ਘੜਿਆ ਸੋ ਭੰਨਿਆ, ਘੜਣ ਭੰਨਣਹਾਰ ਆਪ ਨਿਰੰਕਾਰ । ਹਰਿਜਨ ਬੇੜਾ ਵਿਰਲੇ ਬੰਨ੍ਹਿਆ, ਕਰ ਕਿਰਪਾ ਆਪ ਕਰਤਾਰ । ਜਿਸ ਭਾਣਾ ਸਤਿਗੁਰ ਮੰਨਿਆ, ਕਲਜੁਗ ਅੰਤਮ ਕਰੇ ਵਿਚਾਰ । ਦਰਗਹਿ ਸਾਚੀ ਚੜ੍ਹੇ ਚੰਨਿਆਂ, ਚੰਨ ਸੂਰਜ ਮੁਖ ਸ਼ਰਮਸਾਰ । ਸਤਿਗੁਰ ਪੂਰਾ ਬੰਨ੍ਹੇ ਤੰਦਿਆ, ਸਗਨ ਮਨਾਏ ਅਗੰਮ ਅਪਾਰ । ਇਕ ਉਪਜਾਏ ਪਰਮਾਨੰਦਿਆ, ਨਿਝ ਆਤਮ ਅੰਮ੍ਰਿਤ ਠੰਡੀ ਠਾਰ । ਸੋਹੰ ਗਾਏ ਸੁਹਾਗੀ ਛੰਦਿਆ, ਸਚਖੰਡ ਨਿਵਾਸੀ ਮਿਲੇ ਕੰਤ ਭਤਾਰ । ਲੱਖ ਚੁਰਾਸੀ ਤੁੱਟੇ ਫੰਦਿਆ, ਰਾਏ ਧਰਮ ਨਾ ਕਰੇ ਖਵਾਰ । ਗੁਰਸਿਖ ਦੂਸਰ ਦਰ ਨਾ ਕਰੇ ਬੰਦਨਾ, ਜਿਸ ਮਿਲਿਆ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਵਰਤੇ ਸਰਬ ਸੰਸਾਰ । ਹਰਿ ਭਾਣਾ ਵਰਤਾਵਣਾ, ਸਾਧ ਸੰਤ ਧਿਆਨ ਲਗਾਈਆ । ਹਰਿ ਭਾਣਾ ਵਰਤਾਵਣਾ, ਬ੍ਰਹਮਾ ਵਿਸ਼ਨ ਸ਼ਿਵ ਨੈਣ ਉਠਾਈਆ । ਹਰਿ ਭਾਣਾ ਵਰਤਾਵਣਾ, ਕਰੋੜ ਤੇਤੀਸਾ ਨਿਉਂ ਨਿਉਂ ਸੀਸ ਝੁਕਾਈਆ । ਹਰਿ ਭਾਣਾ ਵਰਤਾਵਣਾ, ਵੇਦ ਪੁਰਾਨ ਦੇਣ ਗਵਾਹੀਆ । ਹਰਿ ਭਾਣਾ ਵਰਤਾਵਣਾ, ਰਾਮ ਰਾਮਾ ਗਿਆ ਸਮਝਾਈਆ । ਹਰਿ ਭਾਣਾ ਬਲਵਾਨ, ਅਰਜਨ ਕ੍ਰਿਸ਼ਨਾ ਗੀਤਾ ਗਿਆਨ ਇਕ ਦ੍ਰਿੜਾਈਆ । ਹਰਿ ਭਾਣਾ ਵਰਤਾਵਣਾ, ਈਸਾ ਮੂਸਾ ਰਹੇ ਕੁਰਲਾਈਆ । ਹਰਿ ਭਾਣਾ ਬਲਵਾਨ, ਅੰਜੀਲ ਕੁਰਾਨਾ ਸੰਗ ਰਲਾਈ ਕਾਗਦ ਛਾਹੀਆ । ਹਰਿ ਭਾਣਾ ਬਲਵਾਨ, ਨਾਨਕ ਨਿਉਂ ਨਿਉਂ ਸੀਸ ਝੁਕਾਈਆ । ਹਰਿ ਭਾਣਾ ਬਲਵਾਨ, ਗੁਰ ਅਰਜਨ ਭੇਦ ਅਭੇਦ ਆਪ ਖੁਲ੍ਹਾਈਆ । ਹਰਿ ਭਾਣਾ ਬਲਵਾਨ, ਗੁਰ ਗੋਬਿੰਦ ਆਪਣੀ ਰੱਤ, ਪੁਰਖ ਅਕਾਲ ਤੇਰੇ ਲੇਖੇ ਲਾਈਆ । ਹਰਿ ਭਾਣਾ ਬਲਵਾਨ, ਸਤਿਗੁਰ ਪੂਰਾ ਇਕ ਸਹਾਈਆ । ਹਰਿ ਭਾਣਾ ਵਰਤਾਵਣਾ, ਕਲਜੁਗ ਅੰਤਮ ਕੂਕੇ ਦਏ ਦੁਹਾਈਆ । ਹਰਿ ਭਾਣਾ ਵਰਤਾਵਣਾ, ਹਰਿ ਆਪਣੀ ਇਛਿਆ ਆਪੇ ਪੂਰ ਕਰਾਈਆ । ਹਰਿ ਭਾਣਾ ਵਰਤਾਵਣਾ, ਗੁਰ ਗੁਰ ਭਿਛਿਆ ਝੋਲੀ ਪਾਈਆ । ਹਰਿ ਭਾਣਾ ਵਰਤਾਵਣਾ, ਪਿਛਲਾ ਲਿਖਿਆ ਲੇਖਾ ਦਏ ਮਿਟਾਈਆ । ਹਰਿ ਭਾਣਾ ਵਰਤਾਵਣਾ, ਅਗਲਾ ਮਾਰਗ ਆਪੇ ਲਾਈਆ । ਹਰਿ ਭਾਣਾ ਵਰਤਾਵਣਾ, ਊਚਾਂ ਨੀਚਾਂ ਮੇਟ ਮਿਟਾਈਆ । ਹਰਿ ਭਾਣਾ ਵਰਤਾਵਣਾ, ਰਾਓ ਰੰਕਾਂ ਏਕਾ ਰੰਗ ਰੰਗਾਈਆ । ਹਰਿ ਭਾਣਾ ਵਰਤਾਵਣਾ, ਚਾਰ ਵਰਨਾਂ ਏਕਾ ਧਾਮ ਬਹਾਈਆ । ਹਰਿ ਭਾਣਾ ਵਰਤਾਵਣਾ, ਲੱਖ ਚੁਰਾਸੀ ਜੀਵ ਜੰਤ ਸੋਹੰ ਢੋਲਾ ਏਕਾ ਗਾਈਆ । ਹਰਿ ਭਾਣਾ ਵਰਤਾਵਣਾ, ਗੁਰ ਦਰ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਸਤਿਗੁਰ ਪੂਰਾ ਏਕਾ ਨਜ਼ਰੀ ਆਈਆ । ਹਰਿ ਭਾਣਾ ਵਰਤਾਵਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿ ਭਾਣਾ ਵਰਤਾਵਣਾ, ਘਟ ਘਟ ਅੰਦਰ ਦੀਪਕ ਜੋਤ ਇਕ ਜਗਾਈਆ । ਹਰਿ ਭਾਣਾ ਸਮਝਾਵਣਾ, ਜਨ ਭਗਤਾਂ ਦਰ ਘਰ ਸਾਚੇ ਬਖ਼ਸ਼ੇ ਸੱਚੀ ਸ਼ਹਿਨਸ਼ਾਹੀਆ । ਹਰਿ ਭਾਣਾ ਵਰਤਾਵਣਾ, ਤਖ਼ਤ ਤਾਜ ਕੋਇ ਰਹਿਣ ਨਾ ਪਾਈਆ । ਹਰਿ ਭਾਣਾ ਵਰਤਾਵਣਾ, ਨਿਉਂ ਨਿਉਂ ਪੜ੍ਹੇ ਨਾ ਕੋਈ ਨਿਮਾਜ਼, ਪੰਚਮ ਵਕਤ ਸੀਸ ਨਾ ਕੋਇ ਝੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਸਚ ਸਮਾਜ ਇਕ ਰਖਾਈਆ । ਹਰਿ ਭਾਣਾ ਵਰਤੰਤ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਬਣਾਏ ਆਪਣੀ ਬਣਤ, ਦੂਸਰ ਸੰਗ ਨਾ ਕੋਇ ਰਖਾਇਆ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਲਿਖਿਆ ਲੇਖ ਨਾ ਕੋਇ ਜਣਾਇਆ । ਕਲਜੁਗ ਉਪਜਾਏ ਸਾਚੇ ਸੰਤ, ਜਿਸ ਜਨ ਆਪਣਾ ਦਰਸ ਦਿਖਾਇਆ । ਅਠਸਠ ਤੀਰਥ ਮਾਇਆ ਪਾਏ ਬੇਅੰਤ, ਹਰਿ ਕਾ ਭੇਵ ਕੋਈ ਨਾ ਪਾਇਆ । ਘਰ ਘਰ ਬੈਠੇ ਜਗਤ ਮਹੰਤ, ਵੇਲੇ ਅੰਤਮ ਦਏ ਸਜਾਇਆ । ਕਿਸੇ ਨਾ ਮਿਲਿਆ ਹਰਿ ਹਰਿ ਕੰਤ, ਊਚੀ ਕੂਕਣ ਰੋ ਰੋ ਰਹੇ ਸੁਣਾਇਆ । ਮਨ ਮਾਨਿਆ ਮਾਇਆ ਮਮਤ, ਤਨ ਭੇਖ ਪਖੰਡ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪਣੇ ਅੱਗੇ ਧਰ, ਪਿਛੇ ਆਪਣਾ ਹੁਕਮ ਸੁਣਾਇਆ । ਆਪਣਾ ਭਾਣਾ ਅੱਗੇ ਰੱਖ, ਹਰਿ ਹਰਿ ਵਡ ਵਡਿਆਈਆ । ਗੁਰਮੁਖ ਸਾਜਣ ਲਏ ਰੱਖ, ਕਲਜੁਗ ਤੱਤੀ ਵਾ ਨਾ ਲੱਗੇ ਰਾਇਆ । ਨੌ ਨੌ ਸਤ ਸਤ ਦੇਵੇ ਮਥ, ਨਾ ਸਕੇ ਕੋਈ ਬਚਾਇਆ । ਧਰਤ ਮਾਤ ਸੱਬਰ ਬੈਠੀ ਘੱਤ, ਗਲ ਪੱਲੂ ਏਕਾ ਪਾਈਆ । ਨੇਤਰ ਨੀਰ ਵਿਰੋਲੇ ਸੁਟੇ ਅੱਥ, ਖੁਲ੍ਹੜਾ ਕੇਸ ਰਹੀ ਵਖਾਇਆ । ਅੰਤਮ ਕੀਮਤ ਪਏ ਨਾ ਕਰੋੜੀ ਲੱਖ, ਕੱਖੋਂ ਲੱਖ ਆਪ ਵਿਕਾਇਆ । ਚਾਰੋਂ ਕੁੰਟ ਖੇਲ ਬਾਜ਼ੀਗਰ ਨਟ, ਕਲਜੁਗ ਆਪਣਾ ਵੇਸ ਵਟਾਇਆ । ਸਾਧਾਂ ਸੰਤਾਂ ਜੜਾਂ ਰਿਹਾ ਪੱਟ, ਆਪਣੀ ਹੱਥੀਂ ਰਿਹਾ ਉਖੜਾਇਆ । ਕਿਸੇ ਨਾ ਲੇਖੇ ਲੱਗਾ ਕਾਇਆ ਖਾਧਾ ਅੰਨ ਮੱਟ, ਸਾਚੀ ਕਿਰਤ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਾਣਾ ਹੁਕਮ ਸੁਣਾਇਆ । ਭਾਣਾ ਰੂਪ ਅਨਡਿਠ, ਦਿਸ ਕਿਸੇ ਨਾ ਆਇਆ । ਜਨ ਭਗਤਾਂ ਕਰੇ ਸਦਾ ਹਿੱਤ, ਜੁਗ ਜੁਗ ਆਪਣਾ ਮੇਲ ਮਿਲਾਇਆ । ਜੂਠਾ ਝੂਠਾ ਉਜਾੜੇ ਖੇਤ, ਕਲਜੁਗ ਅੰਤਮ ਬੀਜ ਬਿਜਾਇਆ । ਸਾਧ ਸੰਤ ਹੋਏ ਜਿੰਨ ਪ੍ਰੇਤ, ਜਿਨ੍ਹ ਹਰਿ ਹਰਿ ਦਰਸ ਨਾ ਨੇਤਰ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਦੇਵੇ ਏਕਾ ਵਰ, ਭਾਣਾ ਹਰਿ ਸੰਗਤ ਨੇੜ ਨਾ ਆਇਆ ।



੪੦੦

### ✱ ੧੦ ਚੇਤ ੨੦੧੭ ਬਿਕ੍ਰਮੀ ਕਿਸ਼ਨ ਸਿੰਘ ਦੇ ਘਰ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✱

ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਹਰਿ ਨਿਰੰਕਾਰ । ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਨਾਮ ਆਧਾਰ । ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਹਰਿ ਕੰਤ ਭਤਾਰ । ਗੁਰਸਿਖ ਸੱਚਾ ਆਖੀਏ, ਜਿਸ ਹਰਿ ਮੰਦਰ ਪਾਇਆ ਦਰਸ ਅਪਾਰ । ਗੁਰਸਿਖ ਸੱਚਾ ਆਖੀਏ, ਜਿਸ ਸਤਿਗੁਰ ਸੁਰਤੀ ਕਰੇ ਪਿਆਰ । ਗੁਰਸਿਖ ਸੱਚਾ ਆਖੀਏ, ਜਿਸ ਬਜ਼ਰ ਕਪਾਟੀ ਜਾਏ ਪਾੜ । ਗੁਰਸਿਖ ਸੱਚਾ ਆਖੀਏ, ਜਿਸ ਅੰਮ੍ਰਿਤ ਆਤਮ ਮਿਲੇ ਠੰਡੀ ਠਾਰ । ਗੁਰਸਿਖ ਸੱਚਾ ਆਖੀਏ, ਜੋ ਉਡੇ ਹੰਸਾਂ ਡਾਰ । ਗੁਰਸਿਖ ਸੱਚਾ ਆਖੀਏ, ਜਿਸ ਦੁਰਮਤ ਮੈਲ ਦਏ ਉਤਾਰ । ਗੁਰਸਿਖ ਸੱਚਾ ਆਖੀਏ, ਜਿਸ ਨਾਤਾ ਤੋੜੇ ਪੰਚ ਵਿਕਾਰ । ਗੁਰਸਿਖ ਸੱਚਾ ਆਖੀਏ, ਗੜ੍ਹ ਤੋੜੇ ਮਾਇਆ ਮਮਤਾ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ । ਗੁਰਸਿਖ ਸੱਚਾ ਆਖੀਏ, ਆਸਾ ਤ੍ਰਿਸ਼ਨਾ ਦੇਵੇ ਮਾਰ । ਗੁਰਸਿਖ ਸੱਚਾ ਆਖੀਏ, ਘਰ ਮੰਗੇ ਮੰਗ ਭਿਖਾਰ । ਗੁਰਸਿਖ

ਸੱਚਾ ਆਖੀਏ, ਨਾਤਾ ਤੋੜੇ ਨੌ ਦੁਆਰ । ਗੁਰਸਿਖ ਸੱਚਾ ਆਖੀਏ, ਨੇਤਰ ਲੋਚਣ ਰਾਹ ਤੱਕੇ ਮੀਤ ਮੁਰਾਰ । ਗੁਰਸਿਖ ਸੱਚਾ ਆਖੀਏ, ਚਰਨ ਕਵਲ ਮੰਗੇ ਏਕਾ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ । ਸਤਿਗੁਰ ਸੱਚਾ ਆਖੀਏ, ਏਕਾ ਏਕੰਕਾਰ । ਸਤਿਗੁਰ ਸੱਚਾ ਆਖੀਏ, ਅਲੱਖ ਅਗੋਚਰ ਅਗੰਮ ਅਪਾਰ । ਸਤਿਗੁਰ ਸੱਚਾ ਆਖੀਏ, ਵਸਣਹਾਰਾ ਸਚਖੰਡ ਸੱਚੇ ਦੁਆਰ । ਸਤਿਗੁਰ ਸੱਚਾ ਆਖੀਏ, ਅਲੱਖ ਨਿਰੰਜਣ ਜੋਤ ਉਜਿਆਰ । ਸਤਿਗੁਰ ਸੱਚਾ ਆਖੀਏ, ਸੁੰਨ ਅਗੰਮੀ ਪਾਵੇ ਸਾਰ । ਸਤਿਗੁਰ ਸੱਚਾ ਆਖੀਏ, ਨਿਰਮਲ ਦੀਆ ਬਾਤੀ ਕਮਲਾਪਾਤੀ ਘਰ ਮੰਦਰ ਕਰੇ ਪਸਾਰ । ਸਤਿਗੁਰ ਸੱਚਾ ਆਖੀਏ, ਆਪੇ ਵੇਖੇ ਮਾਰ ਝਾਕੀ, ਦਿਸ ਨਾ ਆਏ ਵਿਚ ਸੰਸਾਰ । ਸਤਿਗੁਰ ਸੱਚਾ ਆਖੀਏ, ਖੋਲ੍ਹੇ ਕਿਵਾੜ ਬੰਦ ਤਾਕੀ, ਆਪ ਆਪਣੀ ਕਿਰਪਾ ਧਾਰ । ਸਤਿਗੁਰ ਸੱਚਾ ਆਖੀਏ, ਸਾਚਾ ਜਾਮ ਪਿਆਏ ਬਣ ਬਣ ਸਾਕੀ, ਭਰ ਪਿਆਲਾ ਏਕਾ ਵਾਰ । ਸਤਿਗੁਰ ਸੱਚਾ ਆਖੀਏ, ਸ਼ਬਦ ਘੋੜ ਚੜ੍ਹਾਏ ਏਕਾ ਮਾਰ ਪਲਾਕੀ, ਦੋ ਜਹਾਨਾਂ ਕਰੇ ਪਾਰ । ਸਤਿਗੁਰ ਸੱਚਾ ਆਖੀਏ, ਲੇਖਾ ਜਾਣੇ ਨਾ ਜੀਵ ਖ਼ਾਕੀ, ਕੰਚਨ ਮਹੱਲ ਦਏ ਉਸਾਰ । ਸਤਿਗੁਰ ਸੱਚਾ ਆਖੀਏ, ਆਪਣਾ ਜਾਣੇ ਭਵਿਖਤ ਵਾਕੀ, ਏਕਾ ਸ਼ਬਦ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਵਣਜ ਵਾਪਾਰ । ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਬੇਪਰਵਾਹ । ਗੁਰਸਿਖ ਸੱਚਾ ਆਖੀਏ, ਜਿਸ ਪਾਇਆ ਪੁਰਖ ਅਥਾਹ । ਗੁਰਸਿਖ ਸੱਚਾ ਆਖੀਏ, ਜਿਸ ਮਿਲੇ ਸ਼ਬਦ ਸਲਾਹ । ਗੁਰਸਿਖ ਸੱਚਾ ਆਖੀਏ, ਜਿਸ ਸਤਿਗੁਰ ਪੂਰਾ ਪਕੜੇ ਬਾਂਹ । ਗੁਰਸਿਖ ਸੱਚਾ ਆਖੀਏ, ਜਿਸ ਦਰਗਹਿ ਮਿਲੇ ਥਾਂ । ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਏਕਾ ਪਿਤਾ ਮਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਨਿਆਂ । ਸਤਿਗੁਰ ਪੂਰਾ ਆਖੀਏ, ਗੁਣ ਦਾਤਾ ਗਹਿਰ ਗੰਭੀਰ । ਸਤਿਗੁਰ ਪੂਰਾ ਆਖੀਏ, ਵਡ ਦਾਤਾ ਪੀਰਨ ਪੀਰ । ਸਤਿਗੁਰ ਪੂਰਾ ਆਖੀਏ, ਜਨ ਭਗਤ ਅੰਮ੍ਰਿਤ ਆਤਮ ਦੇਵੇ ਠਾਂਡਾ ਸੀਰ । ਸਤਿਗੁਰ ਪੂਰਾ ਆਖੀਏ, ਦੂਈ ਦਵੈਤੀ ਕੱਢੇ ਪੀੜ । ਸਤਿਗੁਰ ਪੂਰਾ ਆਖੀਏ, ਏਕਾ ਰੰਗ ਰੰਗਾਏ ਹਸਤ ਕੀੜ । ਸਤਿਗੁਰ ਪੂਰਾ ਆਖੀਏ ਪਤਿਤ ਪਾਪੀਆਂ ਮੁਗਧ ਅਵਾਣਿਆਂ ਆਪੇ ਬੰਨੇ ਬੀੜ । ਸਤਿਗੁਰ ਪੂਰਾ ਆਖੀਏ, ਸ਼ਬਦ ਨਿਰਾਲਾ ਮਾਰੇ ਤੀਰ । ਸਤਿਗੁਰ ਪੂਰਾ ਆਖੀਏ, ਲੱਖ ਚੁਰਾਸੀ ਕੱਟੇ ਜ਼ੰਜੀਰ । ਸਤਿਗੁਰ ਪੂਰਾ ਆਖੀਏ, ਚੋਟੀ ਚੜ੍ਹਾਏ ਫੜ ਅਖ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜਾਣੇ ਹਰਿਜਨ ਸਾਚਾ, ਏਕਾ ਘਰ ਬਹਾਏ ਅੰਮ੍ਰਿਤ ਬਖ਼ਸ਼ੇ ਸਾਚਾ ਸੀਰ । ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਸੱਚਾ ਸ਼ਾਹ । ਗੁਰਸਿਖ ਸੱਚਾ ਆਖੀਏ, ਜਿਸ ਨਾਤਾ ਤੁਟਾ ਭੈਣ ਭਰਾ । ਗੁਰਸਿਖ ਸੱਚਾ ਆਖੀਏ, ਹਰਿ ਹਿਰਦੇ ਲਏ ਵਸਾ । ਗੁਰਸਿਖ ਸਾਚਾ ਆਖੀਏ, ਜੋ ਦਰਗਹਿ ਸਾਚੀ ਸਾਚੇ ਘਰ ਤਾਰੀਆਂ ਰਿਹਾ ਲਾ । ਗੁਰਸਿਖ ਸੱਚਾ ਆਖੀਏ, ਜੋ ਉਚੀ ਕੂਕ ਦਏ ਸੁਣਾ । ਗੁਰਸਿਖ ਸੱਚਾ ਆਖੀਏ, ਲੋਕ ਲੱਜਿਆ ਦਏ ਤਜਾ । ਗੁਰਸਿਖ ਸੱਚਾ ਆਖੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਫੜਾਏ ਆਪਣੀ ਬਾਂਹ । ਸਤਿਗੁਰ ਸੱਚਾ ਆਖੀਏ, ਜੋਤੀ ਜੋਤ ਸ੍ਰੀ ਭਗਵਾਨ । ਸਤਿਗੁਰ ਪੂਰਾ ਆਖੀਏ, ਦੇਵਣਹਾਰਾ ਜੀਅ ਦਾਨ । ਸਤਿਗੁਰ ਪੂਰਾ ਆਖੀਏ, ਸਰਬ ਜੀਆਂ ਦਾ ਸਾਚਾ ਕਾਹਨ । ਸਤਿਗੁਰ ਪੂਰਾ ਆਖੀਏ, ਦੇਵਣਹਾਰਾ ਮਾਣ ਸੀਤਾ ਰਾਮ । ਸਤਿਗੁਰ ਪੂਰਾ ਆਖੀਏ, ਵਸਣਹਾਰਾ ਸਚਖੰਡ ਸਾਚੇ ਗਰਾਮ । ਸਤਿਗੁਰ

ਪੂਰਾ ਆਖੀਏ, ਆਦਿ ਜੁਗਾਦਿ ਜੁਗ ਜੁਗ ਆਪਣੀ ਭਗਤੀ ਮੰਗੇ ਨਾ ਕੋਇ ਦਾਮ । ਸਤਿਗੁਰ ਪੂਰਾ ਆਖੀਏ, ਨੇਹਚਲ ਧਾਮ ਵਸੇ ਕਰੇ ਬਿਸਰਾਮ । ਸਤਿਗੁਰ ਪੂਰਾ ਆਖੀਏ, ਲੇਖਾ ਜਾਣੇ ਹੱਡ ਮਾਸ ਨਾੜੀ ਚਾਮ । ਸਤਿਗੁਰ ਪੂਰਾ ਆਖੀਏ, ਬਿਰਹੋਂ ਮਾਰੇ ਤੀਰ ਨਿਰਾਲਾ ਬਾਣ । ਸਤਿਗੁਰ ਪੂਰਾ ਆਖੀਏ, ਅੰਮ੍ਰਿਤ ਬਖ਼ਸ਼ੇ ਪੀਣ ਖਾਣ । ਸਤਿਗੁਰ ਪੂਰਾ ਆਖੀਏ, ਹੋਏ ਸਹਾਈ ਸੁੰਞ ਮਸਾਣ । ਸਤਿਗੁਰ ਪੂਰਾ ਆਖੀਏ, ਹਰਿਜਨ ਪਤ ਰੱਖੇ ਆਣ । ਸਤਿਗੁਰ ਪੂਰਾ ਆਖੀਏ, ਸ਼ਬਦ ਬੈਠਾਏ ਇਕ ਬਬਾਣ । ਸਤਿਗੁਰ ਪੂਰਾ ਆਖੀਏ, ਗੁਰ ਪੀਰ ਅਵਤਾਰ ਸਾਧ ਸੰਤ ਏਕਾ ਰੰਗ ਵਖਾਏ ਮਹਾਨ । ਸਤਿਗੁਰ ਪੂਰਾ ਆਖੀਏ, ਉਪਰ ਤਖ਼ਤ ਬੈਠੇ ਆਪ ਨਿਗਹਬਾਨ । ਸਤਿਗੁਰ ਪੂਰਾ ਆਖੀਏ, ਆਦਿ ਜੁਗਾਦਿ ਦੇਵਣਹਾਰਾ ਜੋ ਧੁਰ ਫ਼ਰਮਾਣ । ਸਤਿਗੁਰ ਪੂਰਾ ਆਖੀਏ, ਹਰਿ ਸੰਤਨ ਰੱਖੇ ਮਾਣ । ਸਤਿਗੁਰ ਪੂਰਾ ਆਖੀਏ, ਲੱਖ ਚੁਰਾਸੀ ਵਿਚੋਂ ਆਪ ਆਪਣੇ ਲਏ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਣ । ਗੁਰਸਿਖ ਸੱਚਾ ਆਖੀਏ, ਹਰਿ ਸਿਫ਼ਤੀ ਸਿਫ਼ਤ ਸਲਾਹਿਆ । ਗੁਰਸਿਖ ਸੱਚਾ ਆਖੀਏ, ਜਿਸ ਸਤਿਗੁਰ ਸੱਚਾ ਹੋਏ ਸਹਾਇਆ । ਗੁਰਸਿਖ ਸੱਚਾ ਆਖੀਏ, ਜਿਸ ਜਗਤ ਨਾਤਾ ਤੋੜ ਤੁੜਾਇਆ । ਗੁਰਸਿਖ ਸੱਚਾ ਆਖੀਏ, ਜਿਸ ਕਾਇਆ ਮੰਦਰ ਘਰ ਸੁਹਾਇਆ । ਗੁਰਸਿਖ ਸੱਚਾ ਆਖੀਏ, ਜਿਸ ਆਪਣਾ ਰਾਗ ਆਪ ਅਲਾਇਆ । ਗੁਰਸਿਖ ਸੱਚਾ ਆਖੀਏ, ਸਰ ਸਰੋਵਰ ਜਿਸ ਭਰਾਇਆ । ਗੁਰਸਿਖ ਸੱਚਾ ਆਖੀਏ, ਜਿਸ ਸਤਿਗੁਰ ਆਪਣੇ ਦਰ ਬਹਾਇਆ । ਗੁਰਸਿਖ ਸੱਚਾ ਆਖੀਏ, ਏਕਾ ਪੂਜਾ ਏਕਾ ਪਾਠ ਲਿਵ ਅੰਤਰ ਇਕ ਰਖਾਇਆ । ਸਤਿਗੁਰ ਪੂਰਾ ਆਖੀਏ, ਗੁਰਸਿਖ ਸੋਈ ਆਤਮ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਸਤਿਗੁਰ ਪੂਰਾ ਆਖੀਏ, ਹਰਿ ਸੱਚਾ ਭਗਵੰਤ । ਸਤਿਗੁਰ ਪੂਰਾ ਆਖੀਏ, ਸਰਬ ਜੀਆਂ ਦਾ ਏਕਾ ਕੰਤ । ਸਤਿਗੁਰ ਪੂਰਾ ਆਖੀਏ, ਜੋਤ ਜਗਾਏ ਜੁਗਾ ਜੁਗੰਤ । ਸਤਿਗੁਰ ਪੂਰਾ ਆਖੀਏ, ਆਦਿ ਜੁਗਾਦੀ ਮਹਿਮਾ ਅਗਣਤ । ਸਤਿਗੁਰ ਪੂਰਾ ਆਖੀਏ, ਸੇਵਾ ਲਾਏ ਸਾਧ ਸੰਤ । ਸਤਿਗੁਰ ਪੂਰਾ ਆਖੀਏ, ਆਪ ਬਣਾਏ ਸਾਚੀ ਬਣਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਜੀਵ ਜੰਤ । ਗੁਰਸਿਖ ਸੱਚਾ ਆਖੀਏ, ਗੁਰ ਚਰਨ ਕਵਲ ਧਿਆਨ । ਗੁਰਸਿਖ ਸੱਚਾ ਆਖੀਏ, ਜਿਸ ਮਿਲਿਆ ਹਰਿ ਮਿਹਰਬਾਨ । ਗੁਰਸਿਖ ਸੱਚਾ ਆਖੀਏ, ਜਿਸ ਪਾਇਆ ਪਦ ਨਿਰਬਾਣ । ਗੁਰਸਿਖ ਸੱਚਾ ਆਖੀਏ, ਘਰ ਸ਼ਬਦ ਧੁਨ ਹੋਏ ਨਿਸ਼ਾਨ । ਗੁਰਸਿਖ ਸੱਚਾ ਆਖੀਏ, ਜਿਸ ਕੋਟਨ ਕੋਟ ਦੇਵਤ ਸੁਰ ਨਿਉਂ ਨਿਉਂ ਸੀਸ ਝੁਕਾਣ । ਗੁਰਸਿਖ ਸੱਚਾ ਆਖੀਏ, ਜਿਸ ਬ੍ਰਹਮਾ ਵਿਸ਼ਨ ਸ਼ਿਵ ਰਾਹ ਤਕਾਣ । ਗੁਰਸਿਖ ਸੱਚਾ ਆਖੀਏ, ਸੁੰਨ ਅਗੰਮ ਕੋਟਨ ਕੋਟ ਰਵ ਸਸ ਪਰਕਾਸ਼ ਕਰੇ ਰਵ ਸਸ ਭਾਨ । ਗੁਰਸਿਖ ਸੱਚਾ ਆਖੀਏ ਸਚਖੰਡ ਦਵਾਰ ਹੋਏ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਧੁਰ ਫ਼ਰਮਾਣ । ਸਤਿਗੁਰ ਪੂਰਾ ਆਖੀਏ, ਆਦਿ ਜੁਗਾਦਿ ਸਮਾਏ । ਸਤਿਗੁਰ ਪੂਰਾ ਆਖੀਏ, ਬ੍ਰਹਮ ਬ੍ਰਹਿਮਾਦ ਆਪਣੀ ਖੇਲ ਖਿਲਾਏ । ਸਤਿਗੁਰ ਪੂਰਾ ਆਖੀਏ, ਸ਼ਬਦ ਅਨਾਦੀ ਨਾਦ ਵਜਾਏ । ਸਤਿਗੁਰ ਪੂਰਾ ਆਖੀਏ, ਗੁਰੂਆਂ ਪੀਰਾਂ ਸਾਧਾਂ ਸੰਤਾਂ ਆਪਣਾ ਬੋਧ ਅਗਾਧ ਸ਼ਬਦ ਸੁਣਾਏ । ਸਤਿਗੁਰ ਪੂਰਾ ਆਖੀਏ, ਜੁਗਾ ਜੁਗੰਤ ਗੁਰਮੁਖ ਗੁਰਸਿਖ ਆਪਣੇ ਲਾਧ ਆਪ ਆਪਣਾ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਏ । ਗੁਰਸਿਖ ਸੱਚਾ

ਆਖੀਏ, ਜਿਸ ਮਿਲਿਆ ਪਾਰਬ੍ਰਹਮ । ਗੁਰਸਿਖ ਸੱਚਾ ਆਖੀਏ, ਜਿਸ ਸਤਿਗੁਰ ਪੂਰਾ ਲਾਏ ਕੰਮ । ਗੁਰਸਿਖ ਸੱਚਾ ਆਖੀਏ, ਨਾ ਖ਼ੁਸ਼ੀ ਨਾ ਕੋਈ ਗ਼ਮ । ਗੁਰਸਿਖ ਸੱਚਾ ਆਖੀਏ, ਰਸਨਾ ਜਿਹਵਾ ਗਾਏ ਦਮਾ ਦਮ । ਗੁਰਸਿਖ ਸੱਚਾ ਆਖੀਏ, ਬਿਰਹੋਂ ਨੀਰ ਵਹਾਏ ਛਮਾਂ ਛੰਮ । ਗੁਰਸਿਖ ਸੱਚਾ ਆਖੀਏ, ਜਿਸ ਹਰਿ ਸ਼ਬਦ ਤ੍ਰਿਸ਼ਨਾ ਤਮ । ਗੁਰਸਿਖ ਸੱਚਾ ਆਖੀਏ, ਵਿਰਲਾ ਜਨਨੀ ਜਣਿਆ ਜਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੇੜਾ ਦੇਵੇ ਬੰਨ੍ਹ । ਗੁਰਸਿਖ ਸੱਚਾ ਆਖੀਏ, ਜਿਸ ਪਾਇਆ ਹਰਿ ਗੋਬਿੰਦ । ਸਤਿਗੁਰ ਪੂਰਾ ਆਖੀਏ, ਜੋ ਮੇਟੇ ਸਗਲੀ ਚਿੰਦ । ਗੁਰਸਿਖ ਸੱਚਾ ਆਖੀਏ, ਆਪ ਉਪਜਾਏ ਆਪਣੀ ਬਿੰਦ । ਸਤਿਗੁਰ ਪੂਰਾ ਆਖੀਏ, ਵਡ ਦਾਤਾ ਗੁਣੀ ਗਹਿੰਦ । ਗੁਰਸਿਖ ਸੱਚਾ ਆਖੀਏ, ਅੰਮ੍ਰਿਤ ਭਰਿਆ ਸਾਗਰ ਸਿੰਧ । ਸਤਿਗੁਰ ਪੂਰਾ ਸੱਚਾ ਆਖੀਏ, ਸਰਬ ਜੀਆਂ ਆਪ ਬਖ਼ਸ਼ਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਬਿੰਦ ।

### ❋ ੧੦ ਚੇਤ ੨੦੧੭ ਬਿਕ੍ਰਮੀ ਤੇਜਾ ਸਿੰਘ ਦੇ ਘਰ ਪਿੰਡ ਅਲੜ ਭਿੰਡੀ ਜ਼ਿਲਾ ਗੁਰਦਾਸ ਪੁਰ ❋

ਸਰਬ ਵਿਆਪੀ ਸਰਬ ਸੁੱਖ, ਦੇਵਣਹਾਰ ਦਾਤਾਰ । ਸਰਬ ਵਿਆਪੀ ਮੇਟੇ ਦੁੱਖ, ਕਰ ਕਿਰਪਾ ਅਪਰ ਅਪਾਰ । ਸਰਬ ਵਿਆਪੀ ਉਜਲ ਕਰੇ ਮੁਖ, ਏਕਾ ਬਖ਼ਸ਼ੇ ਨਾਮ ਆਧਾਰ । ਸਰਬ ਵਿਆਪੀ ਸੁਫਲ ਕਰੇ ਕੁੱਖ, ਮਾਨਸ ਜਨਮ ਪੈਜ ਸਵਾਰ । ਸਰਬ ਵਿਆਪੀ ਗੇੜਾ ਮਿਟਾਏ ਉਲਟਾ ਰੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗੇ ਕਰਤਾਰ । ਸਰਬ ਵਿਆਪੀ ਸਹਿਜ ਸੁੱਖ ਦਾਤਾ, ਸਤਿਗੁਰ ਪੁਰਖ ਅਖਵਾਇਆ । ਸਰਬ ਵਿਆਪੀ ਪਿਤਾ ਮਾਤਾ, ਆਦਿ ਜੁਗਾਦਿ ਸਮਾਇਆ । ਸਰਬ ਵਿਆਪੀ ਮੇਟੇ ਅੰਧੇਰੀ ਰਾਤਾ, ਗਿਆਨ ਭਾਨ ਪਰਕਾਸ਼ ਕਰਾਇਆ । ਸਰਬ ਵਿਆਪੀ ਰੱਖੇ ਉਤਮ ਜਾਤਾ, ਜੋਤ ਜਗਤ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਇਆ । ਸਰਬ ਵਿਆਪੀ ਹਰਿ ਹਰਿ ਮੀਤਾ, ਹਰਿ ਜੀ ਵੇਖ ਵਖਾਈਆ । ਸਰਬ ਵਿਆਪੀ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਈਆ । ਸਰਬ ਵਿਆਪੀ ਸ਼ਬਦ ਜਣਾਈ ਜਣਾਏ ਧਾਮ ਅਨਡੀਠਾ, ਰਸਨਾ ਜਿਹਵਾ ਹਰਿ ਗੁਣ ਗਾਈਆ । ਸਰਬ ਵਿਆਪੀ ਕਾਇਆ ਮੰਦਰ ਕਰੇ ਠੰਡਾ ਸੀਤਾ, ਅੰਮ੍ਰਿਤ ਬਰਖ਼ਾ ਇਕ ਬਰਖਾਈਆ । ਸਰਬ ਵਿਆਪੀ ਮੇਲ ਮਿਲਾਏ ਜਿਉਂ ਬਣ ਵਿਛੋੜਾ ਰਾਮ ਸੀਤਾ, ਅੰਤਮ ਪੰਧ ਮੁਕਾਈਆ । ਸਰਬ ਵਿਆਪੀ ਏਕਾ ਰਾਗ ਸੁਣਾਏ ਜਿਉਂ ਅਰਜਨ ਅਠਾਰਾਂ ਧਿਆਏ ਗੀਤਾ, ਕ੍ਰਿਸ਼ਨ ਘਨਈਆ ਦੂਜੀ ਵਿਦਿਆ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬੰਧਾਏ ਆਪਣੇ ਲੜ, ਭੋਲੇ ਭਾਓ ਸਹਿਜ ਸੁਭਾਈਆ । ਸਰਬ ਵਿਆਪੀ ਏਕਾ ਹਰਿ, ਹਰੀ ਹਰਿਜਨ ਆਪ ਤਰਾਈਆ । ਸਰਬ ਵਿਆਪੀ ਏਕਾ ਘਰ, ਘਰ ਸਾਚਾ ਸਚ ਬੁਝਾਈਆ । ਸਰਬ ਵਿਆਪੀ ਏਕਾ ਦਰ, ਗ਼ਰੀਬ ਨਿਵਾਜ਼ਾ ਆਪ ਖੁਲ੍ਹਾਈਆ । ਸਰਬ ਵਿਆਪੀ ਏਕਾ ਨਰ, ਨਰ ਨਰਾਇਣ ਨਾਉਂ ਧਰਾਈਆ । ਸਰਬ ਵਿਆਪੀ ਏਕਾ ਸਰ, ਸਰ ਸਰੋਵਰ ਸਹਿਜ ਸੁਬਾਈਆ । ਸਰਬ ਵਿਆਪੀ ਏਕਾ ਅੱਖਰ ਪੜ੍ਹ, ਸ੍ਰਿਸ਼ਟ ਸਬਾਈ ਰਿਹਾ ਪੜ੍ਹਾਈਆ । ਸਰਬ ਵਿਆਪੀ ਤੋੜ ਗੜ੍ਹ, ਹੰਕਾਰ ਵਿਕਾਰ ਦਏ ਮਿਟਾਈਆ । ਸਰਬ

ਵਿਆਪੀ ਲਾਏ ਜੜ੍ਹ, ਆਪਣੀ ਹੱਥੀਂ ਬੂਟਾ ਆਪੇ ਲਾਈਆ । ਸਰਬ ਵਿਆਪੀ ਦਰਸ ਦਿਖਾਏ ਅੱਗੇ ਖੜ, ਜਿਸ ਜਨ ਆਪਣੀ ਦਇਆ ਕਮਾਈਆ । ਸਰਬ ਵਿਆਪੀ ਹਰਿਜਨ ਬੰਧਾਏ ਆਪਣੇ ਲੜ, ਸ਼ਬਦ ਪੱਲੂ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚਾ ਰੰਗ ਚੜ੍ਹਾਈਆ । ਸਰਬ ਵਿਆਪੀ ਹਰਿ ਦਾਤਾਰ, ਆਦਿ ਜੁਗਾਦਿ ਸਮਾਇਆ । ਸਰਬ ਵਿਆਪੀ ਲੱਖ ਚੁਰਾਸੀ ਕਰੇ ਪਿਆਰ, ਆਪ ਆਪਣੀ ਦਇਆ ਕਮਾਇਆ । ਸਰਬ ਵਿਆਪੀ ਵਰਨ ਬਰਨ ਵਸੇ ਬਾਹਰ, ਜ਼ਾਤ ਪਾਤ ਨਾ ਕੋਈ ਜਣਾਇਆ । ਸਰਬ ਵਿਆਪੀ ਖੇਲੇ ਖੇਲ ਗੁਪਤ ਜ਼ਾਹਰ, ਅੰਦਰ ਬਾਹਰ ਵੇਸ ਵਟਾਇਆ । ਸਰਬ ਵਿਆਪੀ ਹਰਿਜਨ ਸਾਚੇ ਲਏ ਉਭਾਰ, ਜੁਗ ਜੁਗ ਆਪਣਾ ਰੂਪ ਵਟਾਇਆ । ਸਰਬ ਵਿਆਪੀ ਗੁਰਮੁਖ ਸੱਜਣ ਲਾਏ ਪਾਰ, ਸਾਚੇ ਬੇੜੇ ਨਾਮ ਚੜ੍ਹਾਇਆ । ਸਰਬ ਵਿਆਪੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇਆ । ਸਰਬ ਵਿਆਪੀ ਸਰਬ ਗੁਣਵੰਤ, ਹਰਿ ਸਤਿਗੁਰ ਪੁਰਖ ਅਖਵਾਇਆ । ਸਰਬ ਵਿਆਪੀ ਲੇਖਾ ਜਾਣੇ ਜੀਵ ਜੰਤ, ਘਟ ਘਟ ਆਪਣਾ ਆਸਣ ਲਾਇਆ । ਸਰਬ ਵਿਆਪੀ ਹਰਿਜਨ ਉਠਾਏ ਸਾਚੇ ਸੰਤ, ਆਪ ਆਪਣਾ ਮੇਲ ਮਿਲਾਇਆ । ਸਰਬ ਵਿਆਪੀ ਜਿਸ ਜਨ ਲੋਕਮਾਤ ਬਣਾਏ ਬਣਤ, ਲੱਖ ਚੁਰਾਸੀ ਵਿਚੋਂ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਮ ਕੀ ਫਾਸੀ ਫੰਦ ਕਟਾਇਆ । ਸਰਬ ਵਿਆਪੀ ਗੋਬਿੰਦ ਰੂਪ, ਸਤਿਗੁਰ ਪੁਰਖ ਅਖਵਾਇੰਦਾ । ਸਤਿਗੁਰ ਪੁਰਖ ਸ਼ਾਹੋ ਭੂਪ, ਸਾਚਾ ਹੁਕਮ ਜਣਾਇੰਦਾ । ਸਰਬ ਵਿਆਪੀ ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਲ ਫੁਲਾਇੰਦਾ । ਸਰਬ ਵਿਆਪੀ ਨਾਤਾ ਤੋੜੇ ਜੂਠ ਝੂਠ, ਸਾਚਾ ਮੰਤਰ ਨਾਮ ਆਪ ਦ੍ਰਿੜਾਇੰਦਾ ।



ਸਰਬ ਵਿਆਪੀ ਜਿਸ ਜਨ ਹਰਿ ਜਾਏ ਤੁੱਠ, ਆਪ ਆਪਣਾ ਮੇਲ ਮਿਲਾਇੰਦਾ । ਸਰਬ ਵਿਆਪੀ ਏਕਾ ਅੰਮ੍ਰਿਤ ਆਤਮ ਦੇਵੇ ਘੁੱਟ, ਅਗਨੀ ਤਤ ਬੁਝਾਇੰਦਾ । ਸਰਬ ਵਿਆਪੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸਰਬ ਵਿਆਪੀ ਸਤਿਗੁਰ ਦਾਤਾ, ਸਾਚੀ ਖੇਲ ਖਿਲਾਇਆ । ਸਰਬ ਵਿਆਪੀ ਪੁਰਖ ਬਿਧਾਤਾ, ਏਕਾ ਏਕ ਸੰਗ ਸਮਾਇਆ । ਸਰਬ ਵਿਆਪੀ ਆਪ ਰਖਾਏ ਸਗਲਾ ਸਾਥਾ, ਵਿਛੜ ਕਦੇ ਨਾ ਜਾਇਆ । ਸਰਬ ਵਿਆਪੀ ਏਕਾ ਸ਼ਬਦ ਜਣਾਏ ਪੂਜਾ ਪਾਠਾ, ਸੋਹੰ ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਬਿਧ ਜਾਣੇ ਅੰਤਰ, ਜਗਤ ਬਸੰਤਰ ਤਤ ਗਵਾਇਆ । ਸਰਬ ਵਿਆਪੀ ਗੁਣ ਨਿਧਾਨ, ਅਵਗੁਣ ਨਾ ਕੋਇ ਜਣਾਈਆ । ਸਰਬ ਵਿਆਪੀ ਹਰਿ ਭਗਵਾਨ, ਹਰਿ ਭਗਤਨ ਵੇਖ ਵਖਾਈਆ । ਸਰਬ ਵਿਆਪੀ ਸਚ ਨਿਸ਼ਾਨ, ਗੁਰਮੁਖ ਮਾਤ ਝੁਲਾਈਆ । ਸਰਬ ਵਿਆਪੀ ਜਾਣੀ ਜਾਣ, ਘਟ ਘਟ ਮੰਦਰ ਖੋਜ ਖੁਜਾਈਆ । ਸਰਬ ਵਿਆਪੀ ਸ਼ਬਦ ਫ਼ਰਮਾਣ, ਆਪਣਾ ਰਾਗ ਆਪ ਸੁਣਾਈਆ । ਸਰਬ ਵਿਆਪੀ ਚੁਕਾਏ ਆਵਣ ਜਾਣ, ਹਰਿਜਨ ਸਾਚੇ ਲਏ ਤਰਾਈਆ । ਸਰਬ ਵਿਆਪੀ ਦੋ ਜਹਾਨੀ ਬਖ਼ਸ਼ੇ ਮਾਣ, ਜੋ ਜਨ ਆਏ ਸਰਨਾਈਆ । ਸਰਬ ਵਿਆਪੀ ਏਕਾ ਅੱਖਰ ਦੇਵੇ ਦਾਨ, ਨਾਮ ਵੱਖਰ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਥ ਅਨਾਥਾਂ ਹੋਏ ਸਹਾਈਆ । ਸਰਬ ਵਿਆਪੀ ਅਲੱਖਣਾ ਅਲੱਖ, ਅਲੱਖ ਅਗੋਚਰ ਭੇਵ ਨਾ ਰਾਈਆ । ਸਰਬ ਵਿਆਪੀ ਹੋ ਪ੍ਰਤੱਖ, ਲੋਕਮਾਤ ਜੋਤ ਕਰੇ ਰੁਸ਼ਨਾਈਆ । ਸਰਬ ਵਿਆਪੀ ਹਰਿਜਨ ਸਾਚੇ ਲਏ ਰੱਖ, ਏਕਾ ਮੰਤਰ ਨਾਮ ਪੜ੍ਹਾਈਆ । ਸਰਬ ਵਿਆਪੀ ਕਰਣਹਾਰਾ ਲੱਖੋਂ ਕੱਖ, ਕਰਤਾ ਕੀਮਤ ਦਏ ਚੁਕਾਈਆ ।

ਸਰਬ ਵਿਆਪੀ ਮਾਰਗ ਏਕਾ ਦੱਸ, ਮਾਨਸ ਜਨਮ ਦਏ ਵਡਿਆਈਆ । ਸਰਬ ਵਿਆਪੀ ਹਿਰਦੇ ਅੰਦਰ ਵਸ, ਹਰਿ ਕੀ ਪੌੜੀ ਦਏ ਚੜ੍ਹਾਈਆ । ਸਰਬ ਵਿਆਪੀ ਏਕਾ ਦੇਵੇ ਆਤਮ ਰਸ, ਰਸਨਾ ਜਿਹਵਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸਰਬ ਵਿਆਪੀ ਏਕਾ ਰਾਮ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਸਰਬ ਵਿਆਪੀ ਦੇਵੇ ਨਾਮ, ਨਾਮ ਨਾਮਾ ਝੋਲੀ ਪਾਇੰਦਾ । ਸਰਬ ਵਿਆਪੀ ਪਿਆਏ ਜਾਮ, ਸਚ ਪਿਆਲਾ ਹੱਥ ਉਠਾਇੰਦਾ । ਸਰਬ ਵਿਆਪੀ ਪੂਰਨ ਕਰੇ ਕਾਮ, ਕਾਇਆ ਕਪਟ ਫੋਲ ਫੁਲਾਇੰਦਾ । ਸਰਬ ਵਿਆਪੀ ਲੇਖਾ ਜਾਣੇ ਮਾਟੀ ਚਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਦਰ ਘਰ ਸਾਚੇ ਆਪ ਬਹਾਇੰਦਾ । ਸਰਬ ਵਿਆਪੀ ਹਰਿ ਕਰਤਾਰ, ਕਰਨੀ ਕਰਤਾ ਆਪ ਅਖਵਾਇੰਦਾ । ਸਰਬ ਵਿਆਪੀ ਕਰੇ ਸਰਬ ਪਿਆਰ, ਕੀਟ ਕੀਟਾਂ ਰੂਪ ਸਮਾਇੰਦਾ । ਸਰਬ ਵਿਆਪੀ ਦੇਵੇ ਸਰਬ ਧਾਰ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਸਰਬ ਵਿਆਪੀ ਏਕਾ ਏਕ ਬਖ਼ਸ਼ੇ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਸਰਬ ਵਿਆਪੀ ਬੂਝਿਆ, ਹਰਿ ਸਤਿਗੁਰ ਦੀਨ ਦਿਆਲ । ਸਰਬ ਵਿਆਪੀ ਏਕਾ ਸੁਝਿਆ, ਗੁਰਮੁਖ ਵਿਰਲੇ ਸਾਚੇ ਲਾਲ । ਸਰਬ ਵਿਆਪੀ ਏਕਾ ਭੌ ਚੁਕਾਏ ਏਕਾ ਦੂਜਿਆ, ਸਾਚਾ ਦੱਸੇ ਰਾਹ ਸੁਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪਤ ਡਾਲ੍ਹ । ਸਰਬ ਵਿਆਪੀ ਸਚ ਫੁਲਵਾੜੀ, ਹਰਿਜਨ ਵੇਖ ਵਖਾਈਆ । ਸਰਬ ਵਿਆਪੀ ਆਪੇ ਖੇਤ ਆਪੇ ਵਾੜੀ, ਸਰਬ ਰਖਿਆ ਆਪ ਕਰਾਈਆ । ਸਰਬ ਵਿਆਪੀ ਆਪੇ ਵੇਖੇ ਆਪਣੀ ਫਸਲ ਹਾੜੀ, ਆਪਣੀ ਝੋਲੀ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਚੁਕਾਏ ਝੂਠਾ ਡਰ, ਹਰਿਜਨ ਸਾਚੇ ਆਪਣੇ ਭੈ ਰਖਾਈਆ । ਸਰਬ ਵਿਆਪੀ ਸਾਖਯਾਤ, ਆਪਣਾ ਦਰਸ ਦਖਾਈਆ । ਸਰਬ ਵਿਆਪੀ ਗ਼ਰੀਬ ਨਿਵਾਜ਼ ਪਾਰਜ਼ਾਤ, ਫੁੱਲ ਫਲ ਆਪ ਮਹਿਕਾਈਆ । ਸਰਬ ਵਿਆਪੀ ਧੁਰਦਰਗਾਹੀ ਦਾਤ, ਸਾਚੀ ਵਸਤ ਝੋਲੀ ਪਾਈਆ । ਸਰਬ ਵਿਆਪੀ ਉਤਮ ਕਰਾਏ ਜ਼ਾਤ, ਚਾਰ ਵਰਨਾਂ ਮੁਖ ਸ਼ਰਮਾਈਆ । ਸਰਬ ਵਿਆਪੀ ਪਿਛਲਾ ਪੂਰਾ ਕਰੇ ਘਾਟ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਸਰਬ ਵਿਆਪੀ ਇਕ ਵਖਾਏ ਤੀਰਥ ਤਾਟ, ਸਰ ਸਰੋਵਰ ਚਰਨ ਨੁਹਾਈਆ । ਸਰਬ ਵਿਆਪੀ ਅੱਗੇ ਰੱਖੇ ਨੇੜੇ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਸਰਬ ਵਿਆਪੀ ਰੋਗ ਸੋਗ ਚਿੰਤਾ ਦੁੱਖ ਦੇਵੇ ਕਾਟ, ਆਤਮ ਸੁੱਖ ਸਹਿਜ ਸੁਖਦਾਈਆ । ਸਰਬ ਵਿਆਪੀ ਇਕ ਵਖਾਏ ਸੱਚਾ ਹਾਟ, ਹਰਿਜਨ ਸਾਚੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣਿਆਂ ਅੰਦਰ ਵੜ, ਆਪਣੀ ਸੇਜਾ ਆਪੇ ਰਿਹਾ ਸੁਹਾਈਆ । ਸਰਬ ਵਿਆਪੀ ਨਿਰਗੁਣ ਜੋਤ, ਆਦਿ ਜੁਗਾਦਿ ਸਮਾਇਆ । ਸਰਬ ਵਿਆਪੀ ਤਾਰੇ ਕੋਟੀ ਕੋਟ, ਕੋਟਨ ਕੋਟੀ ਲੇਖੇ ਲਾਇਆ । ਸਰਬ ਵਿਆਪੀ ਕੱਢੇ ਵਾਸਨਾ ਖੋਟ, ਅੰਮ੍ਰਿਤ ਆਤਮ ਰਸ ਭਰਾਇਆ । ਸਰਬ ਵਿਆਪੀ ਦੇਵੇ ਇਕ ਭੰਡਾਰਾ ਅਤੋਟ, ਆਦਿ ਜੁਗਾਦਿ ਨਿਖੁਟ ਨਾ ਜਾਇਆ । ਸਰਬ ਵਿਆਪੀ ਤ੍ਰਿਸ਼ਨਾ ਤ੍ਰਿਖਾ ਭਰੇ ਪੋਟ, ਆਸਾ ਮਨਸਾ ਪੂਰ ਕਰਾਇਆ । ਸਰਬ ਵਿਆਪੀ ਆਪ ਉਠਾਏ ਆਲ੍ਹਣਿਉਂ ਡਿੱਗੇ ਬੋਟ, ਕਲਜੁਗ ਅੰਤਮ ਹੋਏ ਸਹਾਇਆ । ਸਰਬ ਵਿਆਪੀ ਸ਼ਬਦ ਨਗਾਰੇ ਲਾਏ ਚੋਟ, ਆਪ ਆਪਣਾ ਤਾਲ ਵਜਾਇਆ । ਸਰਬ ਵਿਆਪੀ ਏਕਾ ਇਕ ਵਖਾਏ ਚਰਨ ਓਟ, ਦੂਸਰ ਦਰ ਨਾ ਕੋਇ ਫਿਰਾਇਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਿਆ ਕਰਮ ਵੇਖ ਵਖਾਇਆ । ਸਰਬ ਵਿਆਪੀ ਖੇਲ ਬ੍ਰਹਿਮੰਡ, ਹਰਿ ਹਰਿ ਆਪ ਕਰਾਇੰਦਾ । ਸਰਬ ਵਿਆਪੀ ਜੇਰਜ ਅੰਡ, ਜੁਗ ਜੁਗ ਵੇਖ ਵਖਾਇੰਦਾ । ਸਰਬ ਵਿਆਪੀ ਆਪੇ ਜਾਣੇ ਆਪਣਾ ਪੰਧ, ਦੋ ਜਹਾਨਾਂ ਫੇਰੀ ਪਾਇੰਦਾ । ਸਰਬ ਵਿਆਪੀ ਵੇਖਣਹਾਰਾ ਨੌ ਖੰਡ, ਲੋਕਮਾਤ ਵੇਸ ਵਟਾਇੰਦਾ । ਸਰਬ ਵਿਆਪੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਧਰਾਇੰਦਾ । ਸਰਬ ਵਿਆਪੀ ਡੂੰਘਾ ਸਾਗਰ, ਹਰਿ ਹਰਿ ਰੂਪ ਸਮਾਇਆ । ਸਰਬ ਵਿਆਪੀ ਆਪੇ ਵਸੇ ਕਾਇਆ ਗਾਗਰ, ਗਹਿਰ ਗੰਭੀਰ ਦਿਸ ਨਾ ਆਇਆ । ਸਰਬ ਵਿਆਪੀ ਗ਼ਰੀਬ ਨਿਮਾਣਿਆਂ ਕਰੇ ਕਰਮ ਉਜਾਗਰ, ਆਪਣੀ ਹੱਥੀਂ ਲੇਖ ਲਿਖਾਇਆ । ਸਰਬ ਵਿਆਪੀ ਆਦਿ ਜੁਗਾਦੀ ਇਕ ਸੁਦਾਗਰ, ਸਾਚਾ ਵਣਜੀ ਵਣਜ ਕਰਾਇਆ । ਸਰਬ ਵਿਆਪੀ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਹਾਏ ਥਾਨ ਸਗਲਾ ਸਾਥ, ਏਕਾ ਟੇਕ ਬਖ਼ਸ਼ੇ ਰਘੁਨਾਥ, ਰਘਪਤ ਆਪਣਾ ਸੰਗ ਰਖਾਇਆ । ਚਾਰ ਵਰਨਾਂ ਸਚ ਪ੍ਰੀਤ, ਸਚ ਸੱਚਾ ਇਕ ਰਖਾਈਆ । ਚਾਰ ਵਰਨਾਂ ਇਕ ਰੀਤ, ਸਾਚੀ ਰੀਤ ਚਲਾਈਆ । ਚਾਰ ਵਰਨਾਂ ਏਕਾ ਮੰਦਰ ਮਸੀਤ, ਗੁਰੂਦੁਆਰ ਇਕ ਵਖਾਈਆ । ਚਾਰ ਵਰਨਾਂ ਪਰਖੇ ਨੀਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭੁੱਲ ਨਾ ਰਾਈਆ । ਚਾਰ ਵਰਨਾਂ ਕਾਇਆ ਕਰੇ ਠੰਡੀ ਸੀਤ, ਜੋ ਜਨ ਰਸਨਾ ਸੋਹੰ ਗਾਈਆ । ਚਾਰ ਵਰਨ ਕਰਾਏ ਪਤਿਤ ਪੁਨੀਤ, ਦੁਰਮਤ ਪਾਪਾਂ ਮੈਲ ਧੁਆਈਆ । ਚਾਰ ਵਰਨ ਮਾਨਸ ਜਨਮ ਜਾਇਣ ਜੀਤ, ਚਰਨ ਕਵਲ ਕਵਲ ਚਰਨ ਉਪਰ ਧਵਲ ਜੋ ਜਨ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਕੀਟ ਹਸਤ ਸਾਚਾ ਮੀਤ ਇਕ ਅਖਵਾਈਆ । ਜਗ ਜੀਵਣ ਦਾਤਾ ਭੇਟਿਆ, ਜਲ ਥਲ ਮਹੀਅਲ ਪੂਰ । ਸਤਿਗੁਰ ਪਾਇਆ ਖੇਵਟ ਖੇਟਿਆ, ਲੇਖਾ ਜਾਣੇ ਨੇੜੇ ਦੂਰ । ਨਾਤਾ ਬਿਧਾਤਾ ਪਿਤਾ ਪੂਤ ਬੇਟਿਆ, ਆਦਿ ਜੁਗਾਦੀ ਹਾਜ਼ਰ ਹਜ਼ੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਚਰਨ ਧੂੜ । ਸਤਿਗੁਰ ਪੂਰਾ ਪਾਇਆ, ਗੁਣਵੰਤਾ ਗੁਣ ਨਿਧਾਨ । ਮਨ ਸੰਸਾ ਰੋਗ ਚੁਕਾਇਆ, ਆਤਮ ਦੇਵੇ ਇਕ ਗਿਆਨ । ਦੂਈ ਦਵੈਤੀ ਪਰਦਾ ਲਾਹਿਆ, ਦਰਸ ਦਖਾਏ ਸਚ ਮਕਾਨ । ਹਉਮੇ ਹੰਗਤਾ ਗੜ੍ਹ ਤੁੜਾਇਆ, ਸ਼ਬਦ ਵਖਾਇਆ ਸਚ ਨਿਸ਼ਾਨ । ਤਨ ਸੜਦਾ ਆਪ ਬਚਾਇਆ, ਕਰ ਕਿਰਪਾ ਮਿਹਰਬਾਨ । ਉਪਰ ਪਰਦਾ ਏਕਾ ਪਾਇਆ, ਵੇਲੇ ਅੰਤ ਹੋਏ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਨਾਮ ਨਾਮਾ ਦੇਵੇ ਸਾਚਾ ਦਾਨ । ਨਿਰਧਨ ਸਰਧਨ ਏਕਾ ਰੰਗ, ਹਰਿ ਸਤਿਗੁਰ ਆਪ ਰਖਾਇਆ । ਨਿਰਧਨ ਸਰਧਨ ਵਸੇ ਸੰਗ, ਆਪਣੀ ਸੇਵ ਕਮਾਇਆ । ਨਿਰਧਨ ਸਰਧਨ ਏਕਾ ਧਾਰ ਵਹਾਏ ਗੰਗ, ਅੰਮ੍ਰਿਤ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਵਣ ਸੁ ਅੱਖਰ ਇਕ ਪੜ੍ਹਾਇਆ । ਏਕਾ ਅੱਖਰ ਏਕਾ ਅੱਖ ਏਕਾ ਨੈਣ, ਏਕਾ ਮੁਖ ਸਾਲਾਹੀਆ । ਏਕਾ ਪਤ ਲਏ ਰੱਖ ਏਕਾ ਨਰ ਨਰਾਇਣ, ਏਕਾ ਇਕ ਹੋਏ ਸਹਾਈਆ । ਏਕਾ ਭਰੇ ਏਕਾ ਭਾਂਡੇ ਕਰੇ ਸਖ ਏਕ ਚੁਕਾਏ ਲੈਣ ਦੇਣ, ਏਕਾ ਏਕ ਵਡ ਵਡਿਆਈਆ । ਏਕਾ ਮਹਿਮਾ ਅਕਥਨਾ ਅਕਥ ਏਕਾ ਨਾਤਾ ਜੋੜੇ ਭਾਈ ਭੈਣ, ਸਾਕ ਸੈਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚਲਾਏ ਕਾਇਆ ਰਥ, ਰਥ ਰਥਵਾਹੀ ਇਕ ਅਖਵਾਈਆ । ਏਕਾ ਗੁਰ ਏਕਾ ਧਾਰ, ਏਕਾ ਸ਼ਬਦ ਜਣਾਈਆ । ਏਕਾ ਸਿਖ ਇਕ ਪਿਆਰ, ਏਕਾ

ਲਿਖ ਲਿਖ ਝੋਲੀ ਪਾਈਆ । ਏਕਾ ਰੂਪ ਹਰਿ ਹਰਿ ਰਿਹਾ ਵਸ, ਘਟ ਘਟ ਅੰਦਰ ਜੋਤ ਜਗਾਈਆ । ਏਕਾ ਮਿਟਾਏ ਦੂਈ ਦਵੈਤੀ ਵਿਸ, ਮਿੱਠਾ ਰਸ ਇਕ ਖੁਆਈਆ । ਏਕਾ ਵੰਡੇ ਆਪਣਾ ਹਿੱਸ, ਸਾਚੀ ਵੰਡਣ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਮਾਣਿਆਂ ਦੇਵੇ ਆਪਣਾ ਮਾਣ, ਏਥੇ ਓਥੇ ਸਗਲ ਜਹਾਨ, ਆਤਮ ਦਰਸ ਦੇਵੇ ਘਰ ਆਣ, ਹਰਿ ਘਰ ਘਰ ਘਰ ਵਿਚ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਧਨ ਆਪਣੀ ਝੋਲੀ ਪਾਈਆ ।

### ❊ ੧੦ ਚੇਤ ੨੦੧੭ ਬਿਕ੍ਰਮੀ ਕਿਸ਼ਨ ਸਿੰਘ ਦੇ ਘਰ ਦਇਆ ਹੋਈ ਅੱਲੜ ਪਿੰਡੀ ਜ਼ਿਲਾ ਗੁਰਦਾਸਪੁਰ ❊

ਸੋ ਪੁਰਖ ਨਿਰੰਜਣ ਸਚ ਸਿਕਦਾਰ, ਹਰਿ ਸਾਚਾ ਹੁਕਮ ਸੁਣਾਇੰਦਾ । ਹਰਿ ਪੁਰਖ ਨਿਰੰਜਣ ਬਣ ਸੁਨਿਆਰ, ਨਿਉਂ ਨਿਉਂ ਸੀਸ ਝੁਕਾਇੰਦਾ । ਏਕੰਕਾਰਾ ਕੁਠਾਲੀ ਕਰ ਤਿਆਰ, ਆਪਣੀ ਵਸਤ ਆਪ ਵਖਾਇੰਦਾ । ਆਦਿ ਨਿਰੰਜਣ ਦੀਪਕ ਦੇਵੇ ਬਾਲ, ਲਾਲ ਲਿਲਾਟੀ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪ ਆਪਣਾ ਵਿਚ ਦੇਵੇ ਘਾਲ, ਕੰਚਨ ਰੂਪ ਵਟਾਇੰਦਾ । ਸ੍ਰੀ ਭਗਵਾਨ ਆਪਣੀ ਵਸਤ ਲਏ ਸੰਭਾਲ, ਆਪ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ ਬਣ ਦਲਾਲ, ਸਾਚਾ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ
੪੦੭ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਸਤਿ ਫ਼ਰਮਾਣ, ਆਪਣਾ ਆਪ ਜਣਾਈਆ । ਹਰਿ ਪੁਰਖ ਨਿਰੰਜਣ ਕਰ ਪਰਵਾਨ, ਸੇਵਾ ਸੇਵ ਕਮਾਈਆ । ੪੦੭
ਏਕੰਕਾਰਾ ਕਰ ਧਿਆਨ, ਆਪੇ ਨਿਉਂ ਨਿਉਂ ਵੇਖ ਵਖਾਈਆ । ਆਦਿ ਨਿਰੰਜਣ ਦੀਪ ਮਹਾਨ, ਘਰ ਸਾਚੇ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਆਪਣਾ ਲੇਖ ਲਿਖੇ ਮਹਾਨ, ਏਕਾ ਅੱਖਰ ਆਪੇ ਪਾਈਆ । ਸ੍ਰੀ ਭਗਵਾਨ ਬਣ ਦਰਬਾਨ, ਸਾਚੀ ਵਸਤ ਟਿਕਾਈਆ । ਪਾਰਬ੍ਰਹਮ ਵੇਖ ਨਿਸ਼ਾਨ, ਬੈਠਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਾੜਣ ਆਪ ਘੜਾਈਆ । ਸੋ ਪੁਰਖ ਨਿਰੰਜਣ ਖੇਲ ਕਰਿਆ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਘਾੜਣ ਘੜਿਆ, ਘੜਣਹਾਰਾ ਆਪ ਅਖਵਾਇੰਦਾ । ਏਕੰਕਾਰਾ ਅੰਦਰ ਵੜਿਆ, ਆਪ ਆਪਣਾ ਵਿਚ ਟਿਕਾਇੰਦਾ । ਆਦਿ ਨਿਰੰਜਣ ਜੋਤੀ ਨੂਰ ਜੜਿਆ, ਰੰਗ ਰੰਗੀਲਾ ਡਗਮਗਾਇੰਦਾ । ਸ੍ਰੀ ਭਗਵਾਨ ਹੱਥ ਵਿਚ ਫੜਿਆ, ਘਰ ਸਾਚੇ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਵੇਖੇ ਦਰਿਆ, ਦਰ ਦਰਵਾਜ਼ੇ ਸੋਭਾ ਪਾਇੰਦਾ । ਪਾਰਬ੍ਰਹਮ ਨਰਾਇਣ ਨਰ ਹਰਿਆ, ਬ੍ਰਹਮ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵਾਨ, ਆਪਣਾ ਆਪ ਜਣਾਈਆ । ਹਰਿ ਪੁਰਖ ਨਿਰੰਜਣ ਕਰ ਪਰਵਾਨ, ਸਗਲਾ ਸੰਗ ਵਖਾਈਆ । ਏਕੰਕਾਰਾ ਕਰ ਪਛਾਣ, ਆਪਣੇ ਹੱਥ ਉਠਾਈਆ । ਆਦਿ ਨਿਰੰਜਣ ਦੇਵੇ ਮਾਣ, ਆਪ ਆਪਣਾ ਮੇਲ ਮਿਲਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਆਪਣੀ ਲਏ ਆਪ ਅੰਗੜਾਈਆ । ਸ੍ਰੀ ਭਗਵਾਨ ਦੇਵੇ ਦਾਨ, ਏਕਾ ਵਸਤ ਹੱਥ ਉਠਾਈਆ । ਪਾਰਬ੍ਰਹਮ ਵੇਖਣਹਾਰਾ ਸਾਚਾ ਕਾਹਨ, ਨੇਤਰ ਨੈਣ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਸੋ ਪੁਰਖ ਨਿਰੰਜਣ ਸਾਚਾ ਕਾਹਨ, ਘਰ ਸਾਚੇ ਆਪ ਸੁਹਾਇੰਦਾ ।

ਹਰਿ ਪੁਰਖ ਨਿਰੰਜਣ ਸਚ ਨਿਸ਼ਾਨ, ਸਾਚੇ ਹੱਥ ਰਖਾਇੰਦਾ । ਏਕੰਕਾਰਾ ਹੋ ਪਰਧਾਨ, ਚਾਰੋਂ ਕੁੰਟ ਆਪ ਹਿਲਾਇੰਦਾ । ਆਦਿ ਨਿਰੰਜਣ ਹੋਇਆ ਜਾਣੀ ਜਾਣ, ਆਪਣਾ ਭੇਵ ਆਪ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਕਰੇ ਪਰਵਾਨ, ਪੰਚਮ ਸਾਚਾ ਸੰਗ ਰਖਾਇੰਦਾ । ਪੰਚਮ ਮੇਲਾ ਧੁਰ ਦੀ ਬਾਣ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਸਾਚੇ ਤਖ਼ਤ ਰਾਜ ਰਾਜਾਨ, ਸਚਖੰਡ ਨਿਵਾਸੀ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਸੁਲਤਾਨ, ਤਖ਼ਤ ਨਿਵਾਸੀ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਗਨ ਆਪ ਮਨਾਇੰਦਾ । ਸੋ ਪੁਰਖ ਨਿਰੰਜਣ ਹਰਿ ਬੇਅੰਤਾ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਬਣੇ ਮੰਗਤਾ, ਆਪਣੀ ਝੋਲੀ ਅੱਗੇ ਡਾਹਿੰਦਾ । ਏਕੰਕਾਰਾ ਆਪੇ ਹੋਏ ਭੁੱਖਾ ਨੰਗਤਾ, ਧਨ ਮਾਲ ਖ਼ਜ਼ੀਨਾ ਆਪ ਭਰਾਇੰਦਾ । ਆਦਿ ਨਿਰੰਜਣ ਸਚ ਦੁਆਰਾ ਆਪੇ ਲੰਘਦਾ, ਅੰਦਰ ਬਾਹਰ ਨਾ ਕੋਇ ਵਖਾਇੰਦਾ । ਅਬਿਨਾਸ਼ੀ ਕਰਤਾ ਦਰ ਦਰਵੇਸ਼ ਕਦੇ ਨਾ ਸੰਗਦਾ, ਅਲੱਖ ਅਲੱਖਣਾ ਆਪਣੀ ਅਲੱਖ ਜਗਾਇੰਦਾ । ਪੰਚਮ ਮੁਖ ਏਕਾ ਭਿਖ ਮੰਗਦਾ, ਏਕਾ ਵਸਤ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸੁਹਾਇੰਦਾ । ਸਚ ਸਿੰਘਾਸਣ ਹਰਿ ਭਗਵਾਨਾ, ਏਕਾ ਆਪ ਸੁਹਾਇਆ । ਸਤਿ ਸਰੂਪੀ ਸਤਿ ਨਿਸ਼ਾਨਾ, ਸਤਿ ਪੁਰਖ ਨਿਰੰਜਣ ਆਪ ਚੜ੍ਹਾਇਆ । ਆਦਿ ਨਿਰੰਜਣ ਵਡ ਮਿਹਰਵਾਨਾ, ਆਦਿਨ ਅੰਤਾ ਆਪ ਅਖਵਾਇਆ । ਆਪਣਾ ਬੰਨ੍ਹੇ ਆਪੇ ਗਾਨਾ, ਸਾਚਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਵੇਖ ਵਖਾਇਆ । ਸੋ ਪੁਰਖ ਨਿਰੰਜਣ ਵੇਖਣਹਾਰਾ, ਆਪਣੀ ਖੇਲ ਆਪ ਖਿਲਾਈਆ । ਸਾਚਾ ਤਖ਼ਤ ਕਰ ਤਿਆਰਾ, ਸਚ ਸਿੰਘਾਸਣ ਇਕ ਵਿਛਾਈਆ । ਸਾਚਾ ਦੀਪਕ ਕਰ ਉਜਿਆਰਾ, ਨੂਰ ਨੁਰਾਨਾ ਆਪ ਟਿਕਾਈਆ । ਸਾਚਾ ਚਵਰ ਦਏ ਹੁਲਾਰਾ, ਪੁਰਖ ਅਬਿਨਾਸ਼ੀ ਆਪ ਝੁਲਾਈਆ । ਸਾਚਾ ਭੂਪ ਬਣ ਸਿਕਦਾਰਾ, ਆਪ ਆਪਣਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਸਾਚਾ ਮਾਹੀਆ । ਸਚਖੰਡ ਸਚ ਸਿੰਘਾਸਣ ਹਰਿ ਨਿਰੰਕਾਰ, ਏਕਾ ਆਪ ਵਿਛਾਇਆ । ਜਗਮਗ ਜੋਤ ਜਗੇ ਅਪਾਰ, ਆਦਿ ਜੁਗਾਦੀ ਆਪ ਜਗਾਇਆ । ਕਮਲਾਪਾਤੀ ਹੋ ਤਿਆਰ, ਸਚ ਸੁਹੰਜਣੀ ਸੇਜ ਸੁਹਾਇਆ । ਇਕ ਇਕਾਂਤੀ ਬੈਠ ਕਰਤਾਰ, ਆਪਣੀ ਕਰਨੀ ਰਿਹਾ ਕਮਾਇਆ । ਆਪੇ ਬਣਿਆ ਚੋਬਦਾਰ, ਆਪ ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਤੁਰਭੁਜ ਆਪ ਅਖਵਾਇਆ । ਚਤੁਰਭੁਜ ਹਰਿ ਸੁਲਤਾਨਾ, ਦਿਸ ਕਿਸੇ ਨਾ ਆਇਆ । ਆਪੇ ਮਰਦ ਮਰਦ ਮਰਦਾਨਾ, ਆਪ ਆਪਣਾ ਨਾਉਂ ਉਪਾਇਆ । ਆਪੇ ਗੋਪੀ ਆਪੇ ਕਾਹਨਾ, ਆਪੇ ਆਪਣੇ ਘਰ ਘਰ ਰਾਸ ਰਚਾਇਆ । ਆਪੇ ਖੇਲੇ ਖੇਲ ਭਗਵਾਨ ਰੂਪ ਸ੍ਰੀ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੰਦਰ ਇਕ ਸੁਹਾਇਆ । ਸਾਚਾ ਮੰਦਰ ਹਰਿ ਸੁਹਾਵਣਾ, ਹਰਿ ਸਾਚੀ ਕਿਰਪਾ ਧਾਰ । ਸਾਚਾ ਭੂਪ ਇਕ ਬਣਾਵਣਾ, ਆਪ ਆਪਣਾ ਕਰ ਪਿਆਰ । ਸਾਚਾ ਰੂਪ ਇਕ ਵਟਾਵਣਾ, ਦਿਸ ਨਾ ਆਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਾਚਾ ਸਿਕਦਾਰ । ਸਚ ਸਿਕਦਾਰ ਇਕ ਅਖਵਾਵਣਾ, ਸ਼ਾਹੋ ਭੂਪ ਰਾਜ ਰਾਜਾਨ । ਸਾਚਾ ਹੁਕਮ ਇਕ ਚਲਾਵਣਾ, ਪੁਰਖ ਅਬਿਨਾਸ਼ੀ ਕਰ ਧਿਆਨ । ਸਚ ਨਿਸ਼ਾਨਾ ਇਕ ਚੜ੍ਹਾਵਣਾ, ਉਚ ਮਹੱਲੇ ਹਰਿ ਭਗਵਾਨ । ਏਕਾ ਤਾਜ ਸੀਸ ਟਿਕਾਵਣਾ, ਪੰਚਮ ਮੁਖ


੪੦੮

ਮੁਖ ਨਿਸ਼ਾਨ । ਸੋ ਪੁਰਖ ਨਿਰੰਜਣ ਆਪਣਾ ਖੇਲ ਆਪ ਖਿਲਾਵਣਾ, ਖੇਲਣਹਾਰ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਾਗ ਅਲਾਵਣਾ । ਪੰਚਮ ਮੁਖ ਪੰਚਮ ਤਾਜਾ, ਹਰਿ ਸਾਚੇ ਸਚ ਉਪਜਾਇਆ । ਉਪਰ ਲਾਇਆ ਨਾਮ ਸੁਹਾਗਾ, ਸਚ ਕੁਠਾਲੀ ਏਕਾ ਤਾਇਆ । ਆਪੇ ਸੋਇਆ ਆਪੇ ਜਾਗਾ, ਨਿਤ ਨਵਿਤ ਆਪੇ ਵੇਖ ਵਖਾਇਆ । ਆਪੇ ਪਾਇਆ ਪ੍ਰੇਮ ਪਿਆਰਾ ਧਾਗਾ, ਤ੍ਰੈਗੁਣ ਹੱਥ ਨਾ ਕਿਸੇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਇਆ । ਪੰਚਮ ਤਾਜ ਸੀਸ ਰੱਖ, ਸਚਖੰਡ ਦੁਆਰੇ ਸੋਭਾ ਪਾਈਆ । ਨਿਰਗੁਣ ਅੱਗੇ ਨਿਰਗੁਣ ਰੂਪ ਹੋ ਪਰਤੱਖ, ਨਿਰਗੁਣ ਨਿਰਗੁਣ ਵੇਖ ਵਖਾਈਆ । ਨਿਰਗੁਣ ਅੰਦਰ ਬਾਹਰ ਨਿਰਗੁਣ ਵੱਖ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਅਲੱਖਣਾ ਅਲੱਖ, ਅਗੰਮ ਅਗੋਚਰ ਨਿਰਗੁਣ ਆਪ ਅਖਵਾਈਆ । ਨਿਰਗੁਣ ਸੋ ਪੁਰਖ ਨਿਰੰਜਣ ਹੋਏ ਪਰਤੱਖ, ਰੂਪ ਅਨੂਪ ਆਪ ਦਰਸਾਈਆ । ਆਪਣਾ ਮਾਰਗ ਸਚਖੰਡ ਦੁਆਰੇ ਆਪੇ ਦੱਸ, ਆਪਣੀ ਬੂਝ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਈਆ । ਸੋ ਪੁਰਖ ਨਿਰੰਜਣ ਸਾਚੀ ਧਾਰ, ਘਰ ਸਾਚੇ ਆਪ ਚਲਾਇੰਦਾ । ਜੁਗਾ ਜੁਗੰਤਰ ਆਦਿ ਜੁਗਾਦੀ ਕੋਇ ਨਾ ਪਾਵੇ ਸਾਰ, ਲੇਖਾ ਲੇਖ ਨਾ ਕੋਇ ਲਖਾਇੰਦਾ । ਕੋਟਨ ਕੋਟ ਜੋ ਜਨ ਦਏ ਹੁਲਾਰ, ਏਕਾ ਹੁਲਾਰਾ ਆਪ ਹਿਲਾਇੰਦਾ । ਖ਼ਾਲਕ ਖ਼ਲਕ ਬੇਐਬ ਪਰਵਰਦਿਗਾਰ, ਸਾਲਸ ਕੋਇ ਨਾ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਇੰਦਾ । ਤਖ਼ਤ ਤਾਜ ਸੁਹਾਵਣਾ, ਸਚਖੰਡ ਵੱਜੇ ਵਧਾਈਆ । ਰਾਜ ਰਾਜਾਨ ਇਕ ਅਖਵਾਵਣਾ, ਪ੍ਰਭ ਸਾਚਾ ਸ਼ਹਿਨਸ਼ਾਹੀਆ । ਦੋ ਜਹਾਨ ਜੋਗ ਕਮਾਵਣਾ, ਹੁਕਮੀ ਹੁਕਮ ਆਪ ਚਲਾਈਆ । ਧੁਰ ਫ਼ਰਮਾਣਾ ਇਕ ਸੁਨਾਵਣਾ, ਨਾ ਕੋਈ ਲਿਖੇ ਕਲਮ ਸ਼ਾਹੀਆ । ਸਾਚਾ ਤਖ਼ਤ ਇਕ ਵਡਿਆਵਣਾ, ਪਾਵਾ ਚੂਲ ਨਾ ਕੋਇ ਬਣਾਈਆ । ਜ਼ਿਮੀ ਅਸਮਾਨ ਕਿਸੇ ਨਾ ਡਾਹਵਣਾ, ਧਰਤ ਧਵਲ ਨਾ ਕੋਈ ਭਾਰ ਉਠਾਈਆ । ਸਾਧ ਸੰਤ ਗੁਰ ਪੀਰ ਅਵਤਾਰ ਹਰਿ ਸਿੰਘਾਸਣ ਮਹਿਮਾ ਕਿਸੇ ਨਾ ਗਾਵਣਾ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਵਿਚ ਲੋਕਾਈਆ । ਆਪਣਾ ਭੇਵ ਹਰਿ ਆਪ ਖੁਲ੍ਹਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੁਰਖ ਅਕਾਲ ਦੀਨ ਦਿਆਲ ਆਪਣਾ ਰਾਗ ਆਪ ਅਲਾਵਣਾ, ਆਪੇ ਬੈਠਾ ਰਿਹਾ ਸੁਣਾਈਆ । ਸਚਖੰਡ ਨਿਵਾਸੀ ਤਾਲ ਇਕ ਵਜਾਵਣਾ, ਤਾਲ ਤਲਵਾੜਾ ਨਾ ਕੋਇ ਸੁਣਾਈਆ । ਦਰ ਦਰਵਾਜਾ ਇਕ ਖੁਲ੍ਹਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਗ਼ਰੀਬ ਨਿਵਾਜ਼ਾ ਨਾਮ ਧਰਾਵਣਾ, ਦੋ ਜਹਾਨਾਂ ਕਰੇ ਸੱਚੀ ਪਾਤਸ਼ਾਹੀਆ । ਜੁਗ ਜੁਗ ਆਪਣਾ ਕਾਜ ਰਚਾਵਣਾ, ਡੋਰ ਆਪਣੇ ਹੱਥ ਰਖਾਈਆ । ਸ਼ਾਹ ਸੁਲਤਾਨਾ ਮੇਟ ਮਿਟਾਵਣਾ, ਖ਼ਾਕੀ ਖ਼ਾਕ ਦਏ ਮਿਲਾਈਆ । ਸਾਚਾ ਖੰਡਾ ਇਕ ਚਮਕਾਵਣਾ, ਥਿਰ ਘਰ ਬੈਠਾ ਆਪ ਘੜਾਈਆ । ਜੋਧਾ ਸੂਰਬੀਰ ਆਪ ਅਖਵਾਵਣਾ, ਆਪ ਆਪਣਾ ਬਲ ਧਰਾਈਆ । ਰਵ ਸਸ ਬ੍ਰਹਿਮੰਡ ਖੰਡ ਚਰਨਾ ਹੇਠ ਦਬਾਵਣਾ, ਕੋਈ ਸਕੇ ਨਾ ਭਾਰ ਉਠਾਈਆ । ਜੋ ਘੜਿਆ ਸੋ ਭੰਨ ਵਖਾਵਣਾ, ਹੁਕਮੀ ਹੁਕਮ ਹੁਕਮ ਚਲਾਈਆ । ਧੁਰਦਰਗਾਹੀ ਏਕਾ ਨਾਦ ਵਜਾਵਣਾ, ਤੁਰੀਆ ਰਾਗ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਆਪਣਾ ਤਾਜ ਟਿਕਾਈਆ । ਸਾਚਾ ਤਾਜ ਸੀਸ ਸੁਲਤਾਨ, ਹਰਿ ਸਾਚੇ ਸਚ ਟਿਕਾਇਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਸਚਖੰਡ ਬੈਠਾ ਆਸਣ ਲਾਇਆ । ਦੋ ਜਹਾਨਾਂ ਵੇਖੇ

ਮਾਰ ਧਿਆਨ, ਆਪ ਆਪਣਾ ਨੈਣ ਖੁਲ੍ਹਾਇਆ । ਸ਼ਬਦ ਅਗੰਮੀ ਪਾਵੇ ਆਣ, ਸਚ ਫ਼ਰਮਾਣਾ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਸਚਖੰਡ ਵਾਸੀ ਰਚਨ ਰਚਾਏ, ਵਡ ਦਾਤਾ ਬੇਪਰਵਾਹੀਆ । ਲੋਆਂ ਪੁਰੀਆਂ ਬਣਤ ਬਣਾਏ, ਬ੍ਰਹਿਮੰਡ ਖੰਡ ਮੇਲ ਮਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਆਪਣੀ ਬਿੰਦ ਉਪਜਾਏ, ਆਪ ਆਪਣੀ ਦਇਆ ਕਮਾਈਆ । ਤ੍ਰੈਗੁਣ ਮਾਇਆ ਵਸਤ ਟਿਕਾਏ, ਘਟ ਘਟ ਝੋਲੀ ਆਪ ਭਰਾਈਆ । ਲੱਖ ਚੁਰਾਸੀ ਜੋੜ ਜੁੜਾਏ, ਪੰਜ ਤਤ ਘਾੜਣ ਆਪ ਘੜਾਈਆ । ਸ਼ਬਦ ਅਨਾਦੀ ਵਿਚ ਟਿਕਾਏ, ਦਿਸ ਕਿਸੇ ਨਾ ਆਈਆ । ਬ੍ਰਹਮ ਬ੍ਰਹਿਮਾਦੀ ਖੇਲ ਖਲਾਏ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਜੋਗ ਜਗਤ ਵਖਾਈਆ । ਰਾਜ ਜੋਗ ਜਗਤ ਜਗਦੀਸ਼ਰ, ਲੋਕਮਾਤ ਆਪ ਚਲਾਇੰਦਾ । ਸਰਬ ਜੀਆਂ ਦਾ ਏਕਾ ਈਸ਼ਰ, ਏਕਾ ਰੂਪ ਦਰਸਾਇੰਦਾ । ਆਪ ਉਪਜਾਏ ਤਪੀ ਤਪੀਸ਼ਰ, ਮੁਨੀ ਮੁਨੀਸ਼ਰ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਰਾਜ ਜੋਗ ਜਗਤ ਸੁਲਤਾਨਾ, ਲੋਕਮਾਤ ਖੇਲ ਖਿਲਾਇੰਦਾ । ਮਾਨਸ ਮਾਨੁਖ ਕਰ ਪਰਧਾਨਾ, ਲੱਖ ਚੁਰਾਸੀ ਵਡ ਸਿਕਦਾਰ ਆਪ ਬਣਾਇੰਦਾ । ਲੇਖਾ ਜਾਣੇ ਤਤ ਮਕਾਨਾ, ਹੱਟੋ ਹੱਟ ਫੋਲ ਫੁਲਾਇੰਦਾ । ਧੁਰਦਰਗਾਹੀ ਨਾਮ ਤਰਾਨਾ, ਸ਼ਾਦੀਆਨਾ ਸਚ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਅਲਾਇੰਦਾ । ਰਾਜ ਜੋਗ ਜੁਗ ਜੁਗ ਚਾਨਣ, ਹਰਿ ਸਾਚਾ ਆਪ ਕਰਾਇੰਦਾ । ਭਗਤਾਂ ਦੇਵੇ ਭਗਤੀ ਦਾਨਣ, ਆਤਮ ਬ੍ਰਹਮ ਗਿਆਨ ਧਰਾਇੰਦਾ । ਸੰਤਨ ਮੇਲਾ ਸਾਚੇ ਰਾਮ ਰਾਮਨ, ਰਾਮ ਰਾਮਾ ਆਪ ਅਖਵਾਇੰਦਾ । ਗੁਰਮੁਖਾਂ ਪਕੜੇ ਆਪੇ ਦਾਮਨ, ਦਾਮਨਗੀਰ ਆਪ ਅਖਵਾਇੰਦਾ । ਗੁਰਸਿਖਾਂ ਹੋਏ ਸੱਚਾ ਜ਼ਾਮਨ, ਆਦਿ ਅੰਤ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਪੁਰਖ ਕਰਤਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਕਰ ਪਸਾਰ, ਏਕੰਕਾਰਾ ਸੇਵਾ ਲਾਈਆ । ਆਦਿ ਨਿਰੰਜਣ ਬਣ ਪਨਿਹਾਰ, ਘਰ ਘਰ ਫੇਰਾ ਪਾਈਆ । ਅਬਿਨਾਸ਼ੀ ਕਰਤਾ ਦਏ ਆਧਾਰ, ਸ੍ਰੀ ਭਗਵਾਨ ਆਪਣਾ ਰੰਗ ਰੰਗਾਈਆ । ਪਾਰਬ੍ਰਹਮ ਹੋ ਤਿਆਰ, ਆਪਣੀ ਵੰਡਣ ਵੰਡ ਵੰਡਾਈਆ । ਬ੍ਰਹਮ ਰੂਪ ਸਰਬ ਸੰਸਾਰ, ਲੱਖ ਚੁਰਾਸੀ ਵਿਚ ਟਿਕਾਈਆ । ਜੀਵ ਆਤਮ ਕਰ ਤਿਆਰ, ਨਿਰਗੁਣ ਬੈਠਾ ਮੁਖ ਛੁਪਾਈਆ । ਵਸਣਹਾਰਾ ਧਰਤ ਮੁਨਾਰ, ਸਾਚਾ ਗੜ੍ਹ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸਮਝਾਈਆ । ਦਰ ਘਰ ਸਾਚਾ ਕਾਇਆ ਮੰਦਰ, ਹਰਿ ਸਾਚਾ ਸਚ ਸਮਝਾਇੰਦਾ । ਨਿਰਗੁਣ ਸਰਗੁਣ ਵੜਿਆ ਅੰਦਰ, ਆਪਣਾ ਮੁਖ ਛੁਪਾਇੰਦਾ । ਆਪੇ ਲਾਇਆ ਆਪਣਾ ਜੰਦਰ, ਨਾ ਕੋਈ ਤੋੜ ਤੁੜਾਇੰਦਾ । ਲੇਖਾ ਜਾਣੇ ਅੰਧੇਰੀ ਕੰਧਰ, ਡੂੰਘੀ ਭਵਰ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਰਾਸ ਰਚਾਇੰਦਾ । ਜਗਤ ਰਾਸ ਰਚਾਏ ਲੀਲਾ, ਲਾਲਣ ਲਾਲ ਰੰਗ ਹੋ ਉਜਿਆਰਿਆ । ਆਪੇ ਜਾਣੇ ਆਪਣਾ ਵੇਸ ਕੰਚਨ ਸੂਹਾ ਚਿੱਟਾ ਪੀਲਾ, ਨੀਲਾ ਕਾਲਾ ਵੇਖੇ ਧਾਰਿਆ । ਆਪੇ ਕਰੇ ਆਪਣਾ ਹੀਲਾ, ਦੋ ਜਹਾਨਾਂ ਪਾਵੇ ਸਾਰਿਆ । ਆਪੇ ਹੋਏ ਛੈਲ ਛਬੀਲਾ, ਨਿਰਗੁਣ ਦਾਤਾ ਬੇਐਬ ਪਰਵਰਦਿਗਾਰਿਆ । ਆਪੇ ਜਾਣੇ ਆਪਣਾ ਸਚ ਕਬੀਲਾ, ਹਰਿ ਸੰਤਨ ਕਰੇ ਪਿਆਰਿਆ । ਜੋਤੀ


੪੧੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਅਗੰਮ ਅਪਾਰਿਆ । ਅਗੰਮ ਅਪਾਰ ਹਰਿ ਨਿਰੰਕਾਰ, ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦੀ ਇਕ ਅਵਤਾਰ, ਗੁਰ ਗੁਰ ਨਾਉਂ ਧਰਾਇੰਦਾ । ਗੁਰ ਗੁਰ ਰੂਪ ਵਿਚ ਸੰਸਾਰ, ਸਤਿਗੁਰ ਹੁਕਮ ਸੁਣਾਇੰਦਾ । ਸੰਤਾਂ ਦੇਵੇ ਨਾਮ ਆਧਾਰ, ਏਕਾ ਵਸਤ ਹੱਥ ਫੜਾਇੰਦਾ । ਭਗਤਨ ਅੰਦਰ ਭਰ ਭੰਡਾਰ, ਸਾਚੀ ਦਾਤ ਆਪ ਵਰਤਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਗੁਰਸਿਖਾਂ ਕਰੇ ਪਾਰ ਕਿਨਾਰ, ਅੱਧ ਵਿਚਕਾਰ ਨਾ ਕੋਇ ਡੁਬਾਇੰਦਾ । ਸਚ ਤਖ਼ਤ ਸਚ ਸਿਕਦਾਰ, ਸਾਚਾ ਅਦਲ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਹਰਿ ਸਾਚਾ ਸਚ ਕਰਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਨੂਰ ਇਲਾਹੀ ਆਪ ਅਲਾਇੰਦਾ । ਆਪ ਫੜੇ ਚਾਰ ਯਾਰੀ ਸੰਗ ਮੁਹੰਮਦ ਪੱਲਾ, ਆਪਣਾ ਪੱਲੂ ਆਪ ਫੜਾਇੰਦਾ । ਆਪੇ ਵਸੇ ਨਿਹਚਲ ਧਾਮ ਅਟੱਲਾ, ਆਪੇ ਲੋਕਮਾਤ ਖੇਲ ਖਿਲਾਇੰਦਾ । ਆਪੇ ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛੱਲਾ, ਵਲ ਛਲ ਧਾਰੀ ਨਾਉਂ ਧਰਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਰੰਗ ਰੰਗਾਇੰਦਾ । ਰੰਗ ਰੰਗੀਲਾ ਹਰਿ ਕਰਤਾਰ, ਕਰਤਾ ਕੁਦਰਤ ਵਿਚ ਸਮਾਈਆ । ਰਾਮ ਰੂਪ ਪਸਰ ਪਸਾਰ, ਰਵ ਰਿਹਾ ਸਰਬ ਥਾਈਂਆ । ਕਰੇ ਖੇਲ ਅਗੰਮ ਅਪਾਰ, ਆਪ ਆਪਣੀ ਕਲ ਵਰਤਾਈਆ । ਅਕਲ ਕਲਾ ਕਲ ਆਪੇ ਧਾਰ, ਚਾਰੋਂ ਕੁੰਟ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਨਾਮ ਖੰਡਾ ਇਕ ਚਮਕਾਈਆ । ਬ੍ਰਹਿਮੰਡਾਂ ਵੇਖੇ ਹੋ ਤਿਆਰ, ਜੇਰਜ ਅੰਡਾਂ ਫੋਲ ਫੁਲਾਈਆ । ਭੇਖ ਪਖੰਡਾ ਕਰੇ ਖੁਆਰ, ਦੂਈ ਦਵੈਤੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਲੇਖਾ ਲਿਖਣਹਾਰ ਸ਼ਾਹ, ਵੱਡਾ ਦਾਤਾ ਆਪ ਅਖਵਾਇਆ । ਆਪੇ ਬਣੇ ਜਗਤ ਮਲਾਹ, ਜੁਗ ਜੁਗ ਬੇੜਾ ਆਪ ਚਲਾਇਆ । ਆਪੇ ਪਾਵੇ ਆਪਣੇ ਰਾਹ, ਮਾਰਗ ਪੰਥ ਆਪ ਦਸਾਇਆ । ਆਪੇ ਹੋਏ ਸਿਫ਼ਤ ਸਾਲਾਹ, ਰਸਨਾ ਸਕੇ ਨਾ ਕੋਇ ਸਾਲਾਹਿਆ । ਆਪੇ ਵਸੇ ਜਲ ਥਲ ਅਸਗਾਹ, ਮਹੀਅਲ ਆਪਣਾ ਰੂਪ ਵਟਾਇਆ । ਆਪੇ ਜਾਣੇ ਆਪਣਾ ਨਾਂ, ਕੋਟਨ ਕੋਟੀ ਨਾਮ ਉਪਾਇਆ । ਆਪੇ ਵਸੇ ਆਪਣੇ ਗਿਰਾਂ, ਸਚ ਮਹੱਲਾ ਆਪ ਵਸਾਇਆ । ਆਪੇ ਭਗਤਨ ਪਕੜੇ ਬਾਂਹ, ਲੋਕਮਾਤ ਫੇਰਾ ਪਾਇਆ । ਆਪ ਨਿਥਾਵਿਆਂ ਦੇਵੇ ਥਾਂ, ਥਾਨ ਥਨੰਤਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਖਲਾਈਆ । ਖੇਲਣਹਾਰ ਪੁਰਖ ਸਮਰਥ, ਏਕਾ ਏਕੰਕਾਰਿਆ । ਆਦਿ ਜੁਗਾਦਿ ਮਹਿਮਾ ਅਕਥ, ਵੇਦ ਕਤੇਬ ਭੇਦ ਨਾ ਪਾ ਰਿਹਾ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਦਿਸ ਨਾ ਆ ਰਿਹਾ, । ਜਨ ਭਗਤਾਂ ਦੇਵੇ ਸਾਚੀ ਵੱਥ, ਸਾਚੀ ਵਸਤ ਨਾਮ ਵਖਾ ਰਿਹਾ । ਨੌਂ ਖੰਡ ਪ੍ਰਿਥਮੀ ਪਾਏ ਨੱਥ, ਜੀਵ ਜੰਤ ਸਾਧ ਸੰਤ ਚਾਰੋਂ ਕੁੰਟ ਭੁਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾ ਰਿਹਾ । ਹਰਿਜਨ ਸਾਚੇ ਉਠਾਵਣਹਾਰ, ਏਕਾ ਆਪ ਅਖਵਾਇਆ । ਜੁਗ ਜੁਗ ਲਏ ਮਾਤ ਅਵਤਾਰ, ਗੁਰ ਪੀਰ ਨਾ ਦਏ ਕੋਈ ਸਲਾਹਿਆ । ਕਲਜੁਗ ਅੰਤਮ ਪਾਵੇ ਸਾਰ, ਨਿਰਗੁਣ ਨੂਰ ਕਰ ਰੁਸ਼ਨਾਇਆ । ਸ਼ਬਦ ਡੰਕ ਵਜਾਏ ਅਪਰ ਅਪਾਰ, ਲੋਆਂ ਪੁਰੀਆਂ ਦਏ

ਹਲਾਇਆ । ਏਕਾ ਬੋਲ ਸਚ ਜੈਕਾਰ, ਹੰ ਬ੍ਰਹਮ ਲਏ ਮਿਲਾਈਆ । ਹੰ ਬ੍ਰਹਮ ਹੋਏ ਉਜਿਆਰ, ਸੋ ਪੁਰਖ ਨਿਰੰਜਣ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲੇਖਾ ਵੇਖ ਵਖਾਇਆ । ਪੂਰਬ ਲੇਖਾ ਵੇਖਣਹਾਰ ਗੋਪਾਲਾ, ਆਪਣਾ ਭੇਵ ਆਪ ਰਖਾਇੰਦਾ । ਹਰਿਜਨ ਵੇਖੇ ਸਾਚੇ ਲਾਲਾ, ਜੁਗ ਵਿਛੜੇ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਬਣ ਦਲਾਲਾ, ਘਰ ਸਾਚੇ ਸੇਵ ਕਮਾਇੰਦਾ । ਆਪੇ ਚਲੀ ਅਵੱਲੜੀ ਚਾਲਾ, ਜੋਤੀ ਜਾਮਾ ਭੇਖ ਵਟਾਇੰਦਾ । ਆਪ ਉਠਾਏ ਨਿੱਕਾ ਬਾਲਾ, ਗੁਰਮੁਖ ਸੋਇਆ ਆਪ ਜਗਾਇੰਦਾ । ਆਪੇ ਕਰੇ ਕਰਾਏ ਸਰਬ ਪ੍ਰਿਤਪਾਲਾ, ਪ੍ਰਿਤਪਾਲਕ ਆਪਣਾ ਨਾਉਂ ਰਖਾਇੰਦਾ । ਆਪੇ ਘਾਲੇ ਆਪਣੀ ਘਾਲਾ, ਘੋਲੀ ਘੋਲ ਆਪ ਘੁਮਾਇੰਦਾ । ਆਪੇ ਸੰਗ ਰਖਾਏ ਕਾਲ ਮਹਾਂਕਾਲਾ, ਆਪ ਆਪਣਾ ਹੁਕਮ ਸੁਣਾਇੰਦਾ । ਆਪ ਫਲ ਲਗਾਏ ਡਾਲ੍ਹਾ, ਪਤ ਟਾਹਣੀ ਵੇਖ ਵਖਾਇੰਦਾ । ਆਪੇ ਤੋੜੇ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾਇੰਦਾ । ਆਪ ਸੁਹਾਏ ਸਚਖੰਡ ਸੱਚੀ ਧਰਮਸਾਲਾ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਇੰਦਾ । ਪੂਰਬ ਲਹਿਣਾ ਵੇਖਣ ਆਇਆ, ਆਪ ਆਪਣੀ ਕਿਰਪਾ ਧਾਰ । ਗੁਰਮੁਖ ਸਾਚੇ ਪਰਖਣ ਆਇਆ, ਨਾਮ ਘਸਵੱਟੀ ਰੱਖੀ ਨਾਲ । ਲੱਖ ਚੁਰਾਸੀ ਵਿਚੋਂ ਰੱਖਣ ਆਇਆ, ਗ਼ਰੀਬ ਨਿਮਾਣਾ ਲਾਲੋ ਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਬਣ ਦਲਾਲ । ਸ਼ਬਦ ਸਰੂਪੀ ਬਣ ਦਲਾਲ, ਹਰਿ ਸਾਚੀ ਸੇਵ ਕਮਾਇੰਦਾ । ਗੁਰਸਿਖ ਘਾਲੀ ਸਾਚੀ ਘਾਲ, ਸਤਿਗੁਰ ਸਾਚੇ ਲੇਖੇ ਲਾਇੰਦਾ । ਜਨਮ ਜਨਮ ਕਰੇ ਪ੍ਰਿਤਪਾਲ, ਮਰਨ ਮਰਨ ਦਾ ਪੱਲਾ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਵਾ ਹਰਿ ਨਿਰੰਕਾਰ, ਗੁਰਮੁਖ ਸੱਜਣ ਆਪ ਕਰਾਈਆ । ਸੇਵਕ ਸੇਵਾ ਕਰੀ ਕਰ ਪਿਆਰ, ਸਤਿਗੁਰ ਸਾਚੇ ਲੇਖੇ ਲਾਈਆ । ਮਿੱਠਾ ਰਸ ਨਾ ਦਿਸੇ ਕੋਈ ਵਿਚ ਸੰਸਾਰ, ਰਸ ਕੋਦਰਾ ਇਕ ਭਰਾਈਆ । ਨਾਨਕ ਕਰਿਆ ਇਕ ਪਿਆਰ, ਗ਼ਰੀਬ ਨਿਮਾਣਾ ਗਲੇ ਲਗਾਈਆ । ਸਿਰ ਤੇਰਾ ਚੁੱਕਿਆ ਆਪਣੇ ਭਾਰ, ਅੰਤਮ ਵੇਲੇ ਦਏ ਮੁਕਾਈਆ । ਲੈਣਾ ਜਨਮ ਵਿਚ ਸੰਸਾਰ, ਮਾਨਸ ਰੂਪ ਫੇਰ ਵਟਾਈਆ । ਨਿਹਕਲੰਕ ਆਏ ਫੇਰ ਆਪਣੀ ਵਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਿਰ ਰੱਖ ਸੀਸ ਤਾਜ ਦਸਤਾਰ, ਦੋ ਜਹਾਨਾਂ ਚਰਨਾਂ ਹੇਠ ਰੱਖੇ ਸ਼ਹਿਨਸ਼ਾਹੀਆ । ਤੇਰਾ ਕਰਜਾ ਦਏ ਉਤਾਰ, ਸਿਰ ਹੌਲਾ ਭਾਰ ਰਖਾਈਆ । ਸੂਰਬੀਰ ਬਲੀ ਹਰਿ ਨਿਰੰਕਾਰ, ਇੱਕੀ ਸਿੱਖਾਂ ਨਾਲ ਰਲਾਈਆ । ਆਪਣਾ ਕਰਜ਼ ਨਾ ਰੱਖਿਆ ਕੋਈ ਉਧਾਰ, ਹਰਿ ਸੰਗਤ ਦਏ ਵਖਾਈਆ । ਫਿਰ ਬੈਠਾ ਤਖਤ ਸੱਚੇ ਦਰਬਾਰ, ਆਪਣਾ ਮੁਖ ਸਿਖਾਂ ਵਖਾਈਆ । ਸਿਰ ਰੱਖ ਸੱਚਾ ਤਾਜ ਆਪ ਨਿਰੰਕਾਰ, ਗੁਰਸਿਖਾਂ ਦੇਵੇ ਦਰਸ ਬੇਪਰਵਾਹੀਆ । ਨੌ ਖੰਡ ਪ੍ਰਿਥਮੀ ਬ੍ਰਹਿਮੰਡ ਖੰਡ ਕਰੋੜ ਤੇਤੀਸ ਬ੍ਰਹਮਾ ਵਿਸ਼ਨ ਸ਼ਿਵ ਸਾਧ ਸੰਤ ਗੁਰ ਪੀਰ ਅਵਤਾਰ ਬਣਨ ਪਨਿਹਾਰ, ਪ੍ਰਭ ਸਾਚਾ ਹੁਕਮੀ ਰਿਹਾ ਫਿਰਾਈਆ । ਪ੍ਰਭ ਗੁਰਸਿਖਾਂ ਉਤੋਂ ਦੇਵੇ ਵਾਰ, ਸਾਚਾ ਤਾਜ ਤੇਰੇ ਚਰਨਾਂ ਹੇਠ ਟਿਕਾਈਆ । ਤੇਰਾ ਦੁਆਰਾ ਸਚਖੰਡ, ਅੱਧਵਿਚਕਾਰ ਨਾ ਕੋਇ ਅਟਕਾਈਆ । ਉਚੀ ਕੂਕੇ ਕਰੋ ਪੁਕਾਰ, ਪ੍ਰਭ ਪਾਇਆ ਸਚ ਸਾਚਾ ਮਾਹੀਆ । ਆਵਣ ਜਾਵਣ ਛੁੱਟਿਆ ਵਿਚ ਸੰਸਾਰ, ਲੱਖ ਚੁਰਾਸੀ ਰਹਿਣ ਨਾ ਪਾਈਆ । ਬ੍ਰਹਮਾ ਬਣੇ ਦਰ ਭਿਖਾਰ, ਲਾਲੋ ਤੇਰੀ ਵਡ ਵਡਿਆਈਆ । ਵਿਸ਼ਨੂੰ ਰੂਪ ਕਰਿਆ ਕਰਤਾਰ, ਤੇਰੇ ਦਰ ਭਿਛਿਆ ਮੰਗਣ ਆਈਆ । ਸ਼ੰਕਰ ਨੇਤਰ ਰੋਵੇ ਜ਼ਾਰੋ ਜ਼ਾਰ, ਹੱਥ

ਤਰਸੂਲ ਨਾ ਕੋਈ ਵਖਾਈਆ । ਛੋਟੇ ਬਾਲੇ ਧੱਕਾ ਦਿਤਾ ਮਾਰ, ਨਾ ਸਕੇ ਕੋਇ ਉਠਾਈਆ । ਸਿੰਘ ਪਾਲਾ ਬੈਠਾ ਕਰ ਸ਼ਿੰਗਾਰ, ਚਾਰੋਂ ਕੁੰਟ ਰਾਹ ਤਕਾਈਆ । ਕਰੋੜ ਤੇਤੀਸਾ ਗਿਆ ਹਾਰ, ਸੁਰਪਤ ਰਾਜਾ ਇੰਦ ਰਿਹਾ ਕੁਰਲਾਈਆ । ਸਿੰਘ ਮਨਜੀਤਾ ਅਤੀਤਾ ਬਹੇ ਚਰਨ ਦੁਆਰ, ਪ੍ਰਭ ਸਾਚੇ ਤਖ਼ਤ ਬਹਾਈਆ । ਤਪਿਆ ਅੰਗੀਠਾ ਸਰਬ ਸੰਸਾਰ, ਹਰਿ ਸਾਚਾ ਰਿਹਾ ਤਪਾਈਆ । ਨਾਮ ਨਿਧਾਨ ਗੁਰਮੁਖ ਪੀਤਾ ਚਰਨ ਦੁਆਰ, ਅੱਠੇ ਪਹਿਰ ਖ਼ੁਮਾਰ ਰਖਾਈਆ । ਹਸਤ ਕੀਟਾ ਰੰਗਿਆ ਰੰਗ ਕਰਤਾਰ, ਊਚ ਨੀਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਚਖੰਡ ਦੁਆਰ ਸੋਹੇ ਨਿਰੰਕਾਰ, ਹਰਿ ਸੰਗਤ ਬਣਾਏ ਆਪਣਾ ਪਰਿਵਾਰ, ਅੰਤਮ ਵਾਰ ਆਪਣੇ ਚਰਨ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਸਚ ਸੱਚਾ ਕਰੇ ਸ਼ਹਿਨਸ਼ਾਹੀਆ ।

ਹਰਿ ਸ਼ਬਦ ਵੱਡੀ ਵਡਿਆਈਆ, ਸਤਿਗੁਰ ਸਾਚਾ ਨਾਉਂ ਧਰਾਇੰਦਾ । ਸਤਿਗੁਰ ਸਾਚੇ ਵਡ ਵਡਿਆਈਆ, ਗੁਰ ਗੁਰ ਆਪਣਾ ਰੂਪ ਵਟਾਇੰਦਾ । ਗੁਰ ਸਾਚੇ ਵਡ ਵਡਿਆਈਆ, ਹਰਿ ਭਗਤਨ ਰੰਗ ਰੰਗਾਇੰਦਾ । ਹਰਿ ਭਗਤਨ ਵਡ ਵਡਿਆਈਆ, ਸੰਤਨ ਸੰਗ ਨਿਭਾਇੰਦਾ । ਹਰਿ ਸੰਤਨ ਵਡ ਵਡਿਆਈਆ, ਗੁਰਮੁਖਾਂ ਖੇਲ ਖਿਲਾਇੰਦਾ । ਹਰਿ ਗੁਰਮੁਖ ਵਡ ਵਡਿਆਈਆ, ਗੁਰਸਿਖ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਵੇਸ ਵਟਾਇੰਦਾ । ਹਰਿ ਸ਼ਬਦ ਮਿਹਰਵਾਨ, ਸਤਿਗੁਰ ਘਰ ਵਸਾਇਆ । ਸਤਿਗੁਰ ਦੇਵੇ ਸਾਚਾ ਦਾਨ, ਗੁਰ ਗੁਰ ਝੋਲੀ ਪਾਇਆ । ਗੁਰ ਗੁਰ ਬਖ਼ਸ਼ੇ ਇਕ ਗਿਆਨ, ਹਰਿ ਭਗਤਨ ਵੇਖ ਵਖਾਇਆ । ਹਰਿ ਸੰਤਨ ਮੇਲਾ ਸਾਚੇ ਕਾਹਨ, ਘਰ ਸਾਚੇ ਰਾਸ ਵਖਾਇਆ । ਹਰਿ ਸੰਤਨ ਦੇਵੇ ਏਕਾ ਮਾਣ, ਗੁਰਮੁਖ ਸਾਚੇ ਵੇਸ ਵਟਾਇਆ । ਗੁਰਮੁਖ ਬਖ਼ਸ਼ੇ ਇਕ ਧਿਆਨ, ਗੁਰਸਿਖ ਸਾਚੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਸਾਲਾਹਿਆ । ਹਰਿ ਸ਼ਬਦ ਸੂਰਬੀਰ, ਸਤਿਗੁਰ ਹੱਥ ਰਖਾਇਆ । ਸਤਿਗੁਰ ਮਾਰੇ ਸਾਚਾ ਤੀਰ, ਗੁਰ ਗੁਰ ਨਿਸ਼ਾਨਾ ਇਕ ਕਰਾਇਆ । ਗੁਰ ਗੁਰ ਕੱਢੇ ਹਉਮੇ ਪੀੜ, ਭਗਤਨ ਲੇਖਾ ਆਪ ਸਮਝਾਇਆ । ਭਗਤਨ ਬੰਨਣਾ ਹਰਿ ਹਰਿ ਬੀੜ, ਸੰਤਨ ਆਦਿ ਅੰਤ ਹੋਏ ਸਹਾਇਆ । ਚੋਟੀ ਚਾੜ੍ਹੇ ਇਕ ਅਖੀਰ, ਆਪਣੀ ਦਇਆ ਕਮਾਇਆ । ਗੁਰਮੁਖਾਂ ਆਤਮ ਦੇਵੇ ਠੰਡਾ ਸੀਰ, ਗੁਰਸਿਖ ਸਾਚੇ ਏਕਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸ਼ਬਦ ਵਡਿਆਇਆ । ਸ਼ਬਦ ਵਡਿਆਈ ਸਤਿਗੁਰ ਦੇਵ, ਹਰਿ ਸਾਚਾ ਸਚ ਰਖਾਇੰਦਾ । ਆਦਿ ਜੁਗਾਦੀ ਅਲੱਖ ਅਭੇਵ, ਗੁਰ ਗੁਰ ਨਾਉਂ ਧਰਾਇੰਦਾ । ਭਗਤਨ ਦੇਵੇ ਇਕ ਮੇਵ, ਅੰਮ੍ਰਿਤ ਫਲ ਇਕ ਖੁਆਇੰਦਾ । ਸੰਤਨ ਜਾਣੇ ਰਸਨਾ ਜਿਹਵ, ਗੁਣ ਅਵਗੁਣ ਨਾ ਕੋਇ ਵਖਾਇੰਦਾ । ਗੁਰਮੁਖ ਮਸਤਕ ਲਾਵੇ ਸਾਚਾ ਥੇਵ, ਕੌਸਤਕ ਮਣੀਆ ਆਪ ਚਮਕਾਇੰਦਾ । ਗੁਰਸਿਖ ਮੇਲ ਮਿਲਾਵਾ ਸਦਾ ਨਿਹਕੇਵ, ਨਿਹਚਲ ਏਕਾ ਧਾਮ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਬਬਾਣਾ ਸਾਚਾ ਰਾਣਾ, ਏਕਾ ਏਕ ਉਡਾਇੰਦਾ । ਸਤਿਗੁਰ ਸ਼ਬਦ ਬਬਾਣ, ਹਰਿ ਸਾਚਾ ਆਪ ਉਡਾਈਆ । ਗੁਰ ਗੁਰ ਮੇਲਾ ਵਿਚ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਭਗਤਨ ਭਗਤੀ

ਕਰ ਪਰਵਾਨ, ਭਗਵਾਨ ਆਪਣਾ ਰੂਪ ਦਰਸਾਈਆ । ਸਾਚੇ ਸੰਤਾਂ ਕਰ ਪਰਵਾਨ, ਘਰ ਸਾਚੇ ਮੇਲ ਮਿਲਾਈਆ । ਗੁਰਮੁਖ ਬਣਾਏ ਚਤੁਰ ਸੁਘੜ ਸੁਜਾਨ, ਬ੍ਰਹਮ ਮਤ ਇਕ ਸਮਝਾਈਆ । ਗੁਰਮੁਖ ਬਾਲ ਅਵਾਣ ਪਛਾਣ, ਆਪ ਆਪਣੇ ਅੰਗ ਲਗਾਈਆ । ਆਦਿ ਜੁਗਾਦੀ ਜਾਣੀ ਜਾਣ, ਭੁੱਲਣਹਾਰ ਅਭੁੱਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਬਣੇ ਰਥਵਾਹੀਆ । ਸ਼ਬਦ ਚਲਾਏ ਸਾਚਾ ਰਥ, ਸਤਿਗੁਰ ਸਾਚੀ ਸੇਵ ਕਮਾਇੰਦਾ । ਗੁਰ ਗੁਰ ਮਹਿਮਾ ਅਕਥਨਾ ਅਕਥ, ਆਪਣਾ ਲੇਖਾ ਆਪ ਜਣਾਇੰਦਾ । ਭਗਤਨ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਇੰਦਾ । ਸੰਤਨ ਦੇਵੇ ਸਾਚੀ ਵੱਥ, ਏਕਾ ਵਸਤ ਝੋਲੀ ਪਾਇੰਦਾ । ਗੁਰਮੁਖਾਂ ਸਗਲ ਵਿਸੂਰੇ ਜਾਇਣ ਲੱਥ, ਨੇਤਰ ਲੋਚਣ ਨੈਣ ਇਕ ਖੁਲ੍ਹਾਇੰਦਾ । ਗੁਰਸਿਖਾਂ ਮਾਰਗ ਏਕਾ ਦੱਸ, ਸਾਚੇ ਮਾਰਗ ਆਪੇ ਪਾਇੰਦਾ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਮੰਦਰ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸ਼ਬਦ ਗੁਰ ਸਚ ਮਲਾਹ, ਸਤਿਗੁਰ ਆਪ ਉਪਾਇਆ । ਗੁਰ ਗੁਰ ਦੇਵੇ ਇਕ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹਿਆ । ਭਗਤਨ ਜਪਾਏ ਏਕਾ ਨਾਂ, ਨਾਮ ਨਿਧਾਨ ਇਕ ਵਖਾਇਆ । ਸੰਤਨ ਪਕੜੇ ਆਪੇ ਬਾਂਹ, ਆਪ ਆਪਣੀ ਦਇਆ ਕਮਾਈਆ । ਗੁਰਮੁਖਾਂ ਦੇਵੇ ਸਾਚਾ ਥਾਂ, ਚਰਨ ਦੁਆਰ ਇਕ ਵਖਾਇਆ । ਗੁਰਸਿਖਾਂ ਬਣੇ ਪਿਤਾ ਮਾਂ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਰਾਣਾ ਸਾਚੇ ਤਖ਼ਤ ਆਪ ਬਹਾਇਆ । ਸ਼ਬਦ ਤਖ਼ਤ ਤਾਜ ਸੁਲਤਾਨ, ਹਰਿ ਸਤਿਗੁਰ ਆਪ ਸੁਹਾਇਆ । ਗੁਰ ਗੁਰ ਪੂਰਾ ਨੌਜਵਾਨ, ਆਦਿ ਜੁਗਾਦੀ ਖੇਲ ਖਿਲਾਇਆ । ਭਗਤਨ ਮੇਲਾ ਦੋ ਜਹਾਨ, ਏਕੰਕਾਰਾ ਆਪ ਕਰਾਇਆ । ਸੰਤਨ ਵੇਖੇ ਮਾਰ ਧਿਆਨ, ਨੌ ਖੰਡ ਪ੍ਰਿਥਮੀ ਫੋਲ ਫੁਲਾਇਆ । ਗੁਰਮੁਖਾਂ ਪਾਏ ਏਕਾ ਆਣ, ਏਕਾ ਹੁਕਮੀ ਹੁਕਮ ਸੁਣਾਇਆ । ਗੁਰਸਿਖਾਂ ਦੇਵੇ ਧੁਰ ਫ਼ਰਮਾਣ, ਸ਼ਬਦ ਅਨਾਦੀ ਧੁਨ ਜਣਾਇਆ । ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇਆ । ਏਕਾ ਰਾਗ ਸੁਣਾਏ ਕਾਨ, ਧੁਨ ਆਤਮਕ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਅਸਵਾਰ ਆਪ ਅਖਵਾਇਆ । ਸ਼ਾਹ ਅਸਵਾਰ ਹਰਿ ਨਿਰੰਕਾਰ, ਸ਼ਬਦ ਅਸਵ ਆਪ ਦੌੜਾਈਆ । ਸਤਿਗੁਰ ਪੂਰਾ ਹੋ ਤਿਆਰ, ਸਚਖੰਡ ਦੁਆਰਾ ਵੇਖ ਵਖਾਈਆ । ਆਪਣੇ ਅੰਦਰੋਂ ਆਪੇ ਆਏ ਬਾਹਰ, ਆਪ ਆਪਣਾ ਚਰਨ ਉਠਾਈਆ । ਚਾਰੋਂ ਕੁੰਟ ਪਾਵੇ ਸਾਰ, ਦਹਿ ਦਿਸ਼ਾ ਵੇਖ ਵਖਾਈਆ । ਮਹੱਲ ਅਟੱਲ ਉਚ ਮਿਨਾਰ, ਆਪ ਆਪਣਾ ਦਏ ਤਜਾਈਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਜਗਤ ਵੇਸ ਵਟਾਈਆ । ਲੋਕਮਾਤ ਲਏ ਅਵਤਾਰ, ਏਕਾ ਸ਼ਬਦ ਕਰੇ ਪੜ੍ਹਾਈਆ । ਜੋਤੀ ਜਲਵਾ ਅਗੰਮ ਅਪਾਰ, ਜੋਤੀ ਜੋਤ ਜੋਤ ਜਗਾਈਆ । ਵਰਨ ਗੋਤੀ ਵਸਿਆ ਬਾਹਰ, ਜ਼ਾਤ ਪਾਤ ਨਾ ਕੋਈ ਰਖਾਈਆ । ਆਪੇ ਗੁਪਤ ਆਪੇ ਜ਼ਾਹਿਰ, ਅੰਦਰ ਮੰਦਰ ਬੈਠਾ ਆਸਣ ਲਾਈਆ । ਆਪੇ ਪੁਰਖ ਆਪੇ ਨਾਰ, ਨਰ ਨਰੇਸ਼ਾ ਵਡ ਵਡਿਆਈਆ । ਆਪੇ ਕਰੇ ਆਪਣੀ ਕਾਰ, ਦਿਵਸ ਰੈਣ ਸੇਵ ਕਮਾਈਆ । ਆਪ ਉਠਾਏ ਆਪਣਾ ਭਾਰ, ਸੀਸ ਜਗਦੀਸ਼ ਆਪ ਉਠਾਈਆ । ਆਪੇ ਵੇਖੇ ਸਚ ਅਖਾੜ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਵੱਜੇ ਵਧਾਈਆ । ਸ਼ਬਦ ਤਰਾਨਾ ਹਰਿ ਭਗਵਾਨਾ, ਦੋ ਜਹਾਨਾਂ ਆਪ ਵਜਾਇੰਦਾ । ਗੁਰਮੁਖਾਂ ਦੇਵੇ

ਇਕ ਬਿਬਾਨਾ ਸਚ ਨਿਸ਼ਾਨਾ, ਬੀਨਾ ਦਾਨਾ ਦਇਆ ਕਮਾਇੰਦਾ। ਹੱਥੀਂ ਬੰਨ੍ਹੇ ਏਕਾ ਗਾਨਾ, ਅੰਮ੍ਰਿਤ ਬਖ਼ਸ਼ੇ ਪੀਣਾ ਖਾਣਾ, ਆਪ ਚਲਾਏ ਆਪਣਾ ਭਾਣਾ, ਸਦ ਭਾਣੇ ਆਪ ਸਮਾਇੰਦਾ। ਤੀਰ ਨਿਰਾਲਾ ਮਾਰੇ ਬਾਣਾ, ਤਖ਼ਤੋਂ ਲਾਹੇ ਰਾਜਾ ਰਾਣਾ, ਭੇਵ ਨਾ ਪਾਏ ਚਤੁਰ ਸੁਘੜ ਸਿਆਣਾ, ਮਾਇਆ ਭਰਮ ਸਰਬ ਭੁਲਾਇੰਦਾ। ਹਰਿਜਨ ਦੇਵੇ ਸਾਚਾ ਮਾਣਾ, ਆਤਮ ਤੋੜੇ ਜਗਤ ਅਭਿਮਾਨਾ, ਚਰਨ ਧੂੜ ਕਰਾਏ ਅਸ਼ਨਾਨਾ, ਦੁਰਮਤ ਮੈਲ ਆਪ ਧੁਆਇੰਦਾ। ਲੇਖਾ ਜਾਣੇ ਗੋਪੀ ਕਾਹਨਾ, ਆਪੇ ਹੋਏ ਨੈਣ ਮਧਾਨਾ, ਨਿਰਗੁਣ ਸਰਗੁਣ ਪਹਿਰੇ ਬਾਣਾ, ਰੂਪ ਅਨੂਪਾ ਆਪ ਵਟਾਇੰਦਾ। ਏਕਾ ਖੰਡਾ ਤੀਰ ਕਮਾਨਾ, ਆਪੇ ਜੋਧਾ ਸੂਰਬੀਰ ਬਲੀ ਬਲਵਾਨਾ, ਆਪੇ ਹੋਏ ਨੌਜਵਾਨਾ, ਜਗਤ ਵਾਸੀ ਨਾ ਕੋਈ ਬੰਧਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਨਾਉਂ ਧਰਾਇੰਦਾ। ਆਪੇ ਭੂਪ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ। ਆਪੇ ਨਿਰਗੁਣ ਸਤਿ ਸਰੂਪ, ਨਰ ਹਰਿ ਨਾਉਂ ਧਰਾਈਆ। ਆਪੇ ਤਾਗਾ ਆਪੇ ਸੂਤ, ਤਾਣਾ ਪੇਟਾ ਆਪੇ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੋਰੀ ਮਾਇਆ ਤੰਦ ਆਪੇ ਬੰਨ੍ਹੇ ਆਪਣੇ ਬੰਦ, ਬੰਦੀ ਛੋੜ ਆਪ ਅਖਵਾਈਆ। ਆਪੇ ਰਚਿਆ ਆਪਣਾ ਕਾਜਾ, ਆਪੇ ਰੱਖੇ ਆਪਣੀ ਲਾਜਾ, ਆਪ ਆਪਣਾ ਵੇਸ ਧਰਾਇੰਦਾ। ਆਪੇ ਅਸਵ ਆਪੇ ਤਾਜਾ, ਆਪੇ ਹੋਏ ਸ਼ਾਹ ਨਵਾਬਾ, ਆਪੇ ਆਪਣਾ ਆਸਣ ਲਾਇੰਦਾ। ਆਪੇ ਜਾਣੇ ਦੋ ਦੋ ਆਬਾ, ਆਪੇ ਤਨ ਵਜਾਏ ਇਕ ਰਬਾਬਾ, ਮੱਕਾ ਕਾਅਬਾ ਵੇਖ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਿਸ਼ਾਨਾ ਹਰਿ ਭਗਵਾਨਾ, ਏਕਾ ਏਕ ਰਖਾਇੰਦਾ। ਸ਼ਬਦ ਗੁਰ ਹਰਿ ਭਗਵਾਨ, ਏਕਾ ਏਕ ਉਪਾਇਆ। ਜੁਗ ਜੁਗ ਖੇਲੇ ਖੇਲ ਮਹਾਨ, ਲੋਕਮਾਤ ਵੇਸ ਵਟਾਇਆ। ਏਕਾ ਰਾਗ ਸੱਚੀ ਧੁਨਕਾਨ, ਨਾਦ ਬ੍ਰਹਿਮਾਦ ਦਏ ਸੁਣਾਇਆ। ਜੀਵ ਜੰਤ ਨਾ ਸਕੇ ਕੋਈ ਪਛਾਣ, ਨੇਤਰ ਨੈਣ ਦਿਸ ਨਾ ਆਇਆ। ਜਿਸ ਜਨ ਬਖ਼ਸ਼ੇ ਆਪਣਾ ਮਾਣ, ਸੋ ਜਨ ਸਾਚੀ ਬੂਝ ਬੁਝਾਇਆ। ਕਾਇਆ ਮੰਦਰ ਸੁਣਾਏ ਧੁਰ ਫ਼ਰਮਾਣ, ਲੇਖਾ ਲੇਖ ਨਾ ਕੋਈ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦੀ ਸ਼ਬਦ ਉਪਜਾਇਆ। ਸ਼ਬਦ ਉਪਜਾਏ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ। ਜੁਗਾ ਜੁਗੰਤਰ ਮਾਤ ਧਰ, ਲੱਖ ਚੁਰਾਸੀ ਦਏ ਸਮਝਾਈਆ। ਸਤਿਗੁਰ ਗੁਰ ਆਪੇ ਵਰ, ਪੰਜ ਤਤ ਕਰੇ ਕੁੜਮਾਈਆ। ਭਗਤਨ ਚੁਕਾਏ ਲੱਖ ਚੁਰਾਸੀ ਡਰ, ਦਰ ਏਕਾ ਏਕ ਵਖਾਈਆ। ਸੰਤਨ ਮੇਲਾ ਹਰੀ ਹਰਿ, ਹਰਿ ਮੰਦਰ ਦਏ ਕਰਾਈਆ। ਗੁਰਮੁਖਾਂ ਫੜਾਏ ਆਪਣਾ ਲੜ, ਏਕਾ ਪੱਲੂ ਹੱਥ ਉਠਾਈਆ। ਗੁਰਸਿਖ ਪੌੜੇ ਜਾਏ ਚੜ੍ਹ, ਜਿਸ ਜਨ ਆਪ ਚੜ੍ਹਾਈਆ। ਕਾਇਆ ਮੰਦਰ ਆਪੇ ਵੜ, ਸੁਰਤ ਸਵਾਣੀ ਲਏ ਜਗਾਈਆ। ਜਗਤ ਵਿਕਾਰਾ ਜਾਏ ਝੜ, ਪੰਜ ਤਤ ਰਹੇ ਸ਼ਰਮਾਈਆ। ਦਰਸ ਦਿਖਾਏ ਅੱਗੇ ਖੜ੍ਹ, ਨਿਜ ਘਰ ਬੈਠਾ ਬੇਪਰਵਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਆਪਣਾ ਨਾਉਂ ਉਪਜਾਈਆ। ਸ਼ਬਦ ਗੁਰੂ ਗੁਰ ਅੰਦਰ ਵੜਿਆ, ਕਾਇਆ ਮੰਦਰ ਆਪ ਸੁਹਾਇਆ। ਸਾਚੇ ਪੌੜੇ ਆਪੇ ਚੜ੍ਹਿਆ, ਆਪਣਾ ਡੰਡਾ ਆਪ ਲਗਾਇਆ। ਆਪਣੇ ਦਵਾਰੇ ਆਪੇ ਖੜਿਆ, ਆਪ ਆਪਣਾ ਮੁਖ ਵਿਖਾਇਆ। ਆਪਣਾ ਘਾੜਨ ਆਪੇ ਘੜਿਆ, ਭੰਨਣਹਾਰ ਨਾ ਕੋਈ ਭੰਨ ਵਖਾਇਆ। ਆਪਣੀ ਜੜਤੀ ਆਪੇ ਜੜਿਆ, ਰਕਤ ਬੂੰਦ ਨਾ ਕੋਇ ਵਖਾਇਆ। ਅਗਨੀ ਹਵਨ ਕਦੇ ਨਾ ਸੜਿਆ, ਨਾ ਮਰੇ ਨਾ ਜਾਇਆ। ਆਪਣੀ ਵਿਦਿਆ ਆਪੇ ਪੜ੍ਹਿਆ, ਬ੍ਰਹਮਾ ਵੇਤਾ ਆਪ ਪੜ੍ਹਾਇਆ। ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦੀ ਰੂਪ ਵਟਾਇਆ । ਸ਼ਬਦ ਰੂਪ ਹਰਿ ਅਨ ਰੰਗ, ਦਿਸ ਕਿਸੇ ਨਾ ਆਇੰਦਾ । ਨਾਮ ਵਜਾਏ ਇਕ ਮਰਦੰਗ, ਆਪਣੀ ਸੇਵਾ ਆਪ ਕਮਾਇੰਦਾ । ਸਚਖੰਡ ਦੁਆਰਾ ਆਪੇ ਲੰਘ, ਲੋਆਂ ਪੁਰੀਆਂ ਡੇਰਾ ਢਾਹਿੰਦਾ । ਨੌ ਖੰਡ ਪ੍ਰਿਥਮੀ ਕਰੇ ਨੰਗ, ਸੱਤਾਂ ਦੀਪਾਂ ਡੇਰਾ ਢਾਹਿੰਦਾ । ਲੇਖਾ ਜਾਣੇ ਸਰਬ ਵਰਭੰਡ, ਇਸ਼ਟ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਗਾਰਾ ਏਕੰਕਾਰਾ, ਧੂਆਂਧਾਰ ਆਪ ਵਜਾਇੰਦਾ । ਸ਼ਬਦ ਨਗਾਰਾ ਵੱਜਿਆ, ਵਜਾਵਣਹਾਰ ਨਿਰੰਕਾਰ । ਨੌ ਖੰਡ ਪ੍ਰਿਥਮੀ ਫਿਰੇ ਭੱਜਿਆ, ਏਥੇ ਓਥੇ ਪਾਵੇ ਸਾਰ । ਤ੍ਰੈਗੁਣ ਮਾਇਆ ਪਰਦਾ ਕਿਸੇ ਨਾ ਕੱਜਿਆ, ਪੰਜ ਤਤ ਨਾ ਕੋਈ ਅਕਾਰ । ਜਨ ਭਗਤਾਂ ਰੱਖੇ ਲੱਜਿਆ, ਗੁਰ ਪੀਰ ਬਣ ਅਵਤਾਰ । ਕਲਜੁਗ ਅੰਤਮ ਆਪਣੇ ਮੰਦਰ ਆਪਣੇ ਸਿੰਘਾਸਣ ਆਪੇ ਸਜਿਆ, ਨਿਰਗੁਣ ਰੂਪ ਜੋਤ ਨਿਰਾਕਾਰ । ਏਕਾ ਨਾਮ ਚਲਾਏ ਸਚ ਜਹਾਜਿਆ, ਕਲਜੁਗ ਬੇੜਾ ਦੇਵੇ ਤਾਰ । ਲੇਖਾ ਚੁੱਕੇ ਕਲ ਕੇ ਆਜਿਆ, ਲੱਖ ਚੁਰਾਸੀ ਨਾ ਹੋਏ ਖਵਾਰ । ਮੇਟ ਮਿਟਾਏ ਰਾਜਨ ਰਾਜਿਆ, ਸ਼ਾਹ ਸੁਲਤਾਨਾਂ ਮਾਰੇ ਮਾਰ । ਸੀਸ ਰੱਖੇ ਨਾ ਕੋਈ ਤਾਜਿਆ, ਕਰੇ ਨਾ ਕੋਈ ਸ਼ਿੰਗਾਰ । ਘਰ ਮੰਦਰ ਨਾ ਦਿਸੇ ਨਾਚਿਆ, ਵੇਸਵਾ ਰੂਪ ਕਰੇ ਨਾ ਕੋਈ ਵਿਚਾਰ । ਪ੍ਰਗਟ ਹੋਇਆ ਦੇਸ ਮਾਝਿਆ, ਕਲਗੀ ਤੋੜਾ ਸੀਸ ਦਸਤਾਰ । ਨਾ ਕੋਈ ਵੇਖੇ ਹਾਜੀ ਹਾਜਿਆ, ਉਚੀ ਕੂਕ ਨਾ ਕਰੇ ਪੁਕਾਰ । ਅਠਸਠ ਤੀਰਥ ਕੋਈ ਨਾ ਫਿਰੇ ਭਾਜਿਆ, ਗੰਗਾ ਗੋਦਾਵਰੀ ਜਮਨਾ ਸੁਰਸਤੀ ਗਈ ਹਾਰ । ਏਕਾ ਸ਼ਬਦ ਸੋ ਪੁਰਖ ਨਿਰੰਜਣ ਮਾਰੇ ਵਾਜਿਆ, ਜਗਤ ਬ੍ਰਹਮ ਕਰੇ ਖ਼ਬਰਦਾਰ । ਪ੍ਰਗਟ ਹੋਏ ਗ਼ਰੀਬ ਨਿਵਾਜਿਆ, ਗ਼ਰੀਬ ਨਿਮਾਣੇ ਜਾਏ ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੋਲੇ ਸ਼ਬਦ ਜੈਕਾਰ । ਸ਼ਬਦ ਜੈਕਾਰਾ ਸੋਹੰ ਸੋ, ਹਰਿ ਸਚ ਸਚ ਜਣਾਇਆ । ਗੁਰਮੁਖਾਂ ਦੁਰਮਤ ਮੈਲ ਧੋ, ਆਪ ਆਪਣਾ ਮੇਲ ਮਿਲਾਇਆ । ਨਿਝ ਆਤਮ ਰਸ ਏਕਾ ਚੋ, ਬਜ਼ਰ ਕਪਾਟੀ ਖੋਲ੍ਹ ਖੁਲ੍ਹਾਇਆ । ਸ਼ਬਦ ਅਨਾਦੀ ਦੇਵੇ ਢੋਆ ਢੋ, ਅਨਹਦ ਰਿਹਾ ਸੀਸ ਝੁਕਾਇਆ । ਆਪਣੀ ਹੱਥੀਂ ਬੀਜ ਦਿਤਾ ਬੋਅ, ਨਾ ਸਕੇ ਕੋਈ ਜੜ੍ਹ ਉਖੜਾਇਆ । ਪ੍ਰਭ ਪਾਰ ਕਰਾਏ ਤਿੰਨਾਂ ਲੋਅ, ਚੌਦਾਂ ਲੋਕਾਂ ਪੰਧ ਮੁਕਾਇਆ । ਗੁਰਮੁਖ ਸੱਜਣ ਧਰਮ ਰਾਏ ਕੋਲੋਂ ਆਪਣੀ ਹੱਥੀਂ ਲਏ ਖੋਹ, ਲੇਖਾ ਆਪਣੇ ਹੱਥ ਰਖਾਇਆ । ਵੇਲੇ ਅੰਤ ਦੂਸਰ ਨੇੜ ਨਾ ਆਵੇ ਕੋ, ਲਾੜੀ ਮੌਤ ਨਾ ਮੁਖ ਵਖਾਇਆ । ਚਾਰੋਂ ਕੁੰਟ ਸ਼ਬਦ ਸੁਹਾਗਾ ਰਿਹਾ ਜੋਅ, ਸਾਚਾ ਹਾਲੀ ਹਰਿ ਬਣ ਬਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੋਰੀ ਇਕ ਰਖਾਇਆ । ਸ਼ਬਦ ਡੋਰ ਹੱਥ ਕਰਤਾਰ, ਕਲਜੁਗ ਅੰਤਮ ਆਪ ਉਠਾਈਆ । ਲੱਖ ਚੁਰਾਸੀ ਕਰੇ ਖ਼ਵਾਰ, ਦਹਿ ਦਿਸ਼ਾ ਏਕਾ ਨਰਕ ਫਿਰਾਈਆ । ਗੁਰਮੁਖਾਂ ਕਰੇ ਸਚ ਪਿਆਰ, ਕੁੰਭੀ ਨਰਕ ਕੋਈ ਨਾ ਜਾਈਆ । ਨਿਧੜਕ ਹੋਏ ਕਰੇ ਪੁਕਾਰ, ਘਰ ਮਿਲਿਆ ਸ਼ਹਿਨਸ਼ਾਹੀਆ । ਹੱਥ ਖੜਗ ਫੜ ਆਇਆ ਤੇਜ ਕਟਾਰ, ਅੱਠੇ ਪਹਿਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਰੂਪ ਵਟਾਈਆ । ਸ਼ਬਦ ਕਟਾਰਾ ਹਰਿ ਜੂ ਫੜਿਆ, ਗੁਰਮੁਖਾਂ ਲਾਜ ਰਖਾਇੰਦਾ । ਨਿਰਗੁਣ ਰੂਪ ਹੋ ਲੋਕਮਾਤ ਚੜ੍ਹਿਆ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਆਪ ਆਪਣਾ ਆਪੇ ਫੜਿਆ, ਲੱਖ ਚੁਰਾਸੀ ਵਿਰੋਲ ਵਖਾਇੰਦਾ । ਏਕਾ ਅੱਖਰ ਗੁਰਮੁਖ ਵਿਰਲਾ ਪੜ੍ਹਿਆ, ਸੋਹੰ ਆਪਣਾ ਨਾਉਂ ਪੜ੍ਹਾਇੰਦਾ । ਹੀਰਾ ਮਾਣਕ ਮੋਤੀ ਆਪਣੇ ਸੀਸ ਤਾਜ ਗੁਰਮੁਖ ਜੜ੍ਹਿਆ, ਸਿਰ ਆਪਣੇ

ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੂਰਾ ਹਰਿ ਨਿਰੰਕਾਰਾ, ਕਲਜੁਗ ਤੇਰੀ ਅੰਤਮ ਵਾਰਾ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਇਆ ਪੁਰਖ ਸੁਲਤਾਨ, ਨਿਰਗੁਣ ਵੱਡਾ ਵਡ ਵਡਿਆਈਆ । ਗੁਰਮੁਖਾਂ ਦੇਵਣ ਆਇਆ ਦਾਨ, ਏਕਾ ਵਸਤ ਹੱਥ ਰਖਾਈਆ । ਸ਼ਬਦ ਵਖਾਏ ਸਚ ਨਿਸ਼ਾਨ, ਸਤਿਗੁਰ ਪੂਰਾ ਆਪ ਝੁਲਾਈਆ । ਜਗਤ ਚੁਕਾਏ ਝੂਠੀ ਕਾਣ, ਕਾਇਆ ਆਪਣੇ ਲੇਖੇ ਲਾਈਆ । ਜੋ ਜਨ ਹਰਿ ਹਰਿ ਰਸਨਾ ਗਾਣ, ਗਾਵਣਹਾਰਾ ਆਪ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੱਖਣਹਾਰਾ ਆਪਣੇ ਘਰ, ਘਰ ਮਹੱਲਾ ਉਚ ਅਟੱਲਾ ਨਿਹਚਲ ਅਸਥਿਲ ਥਿਰ ਠਾਂਡਾ ਆਪ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਪੁਰਖ ਨਾ ਦਿਸੇ ਨਾਰ, ਏਕਾ ਰੂਪ ਆਪ ਨਿਰੰਕਾਰ, ਗੁਰਮੁਖਾਂ ਕਰੇ ਸ਼ਬਦ ਪਿਆਰ, ਦੂਜਾ ਰੰਗ ਨਾ ਕੋਇ ਜਣਾਈਆ ।

✻ ੧੧ ਚੇਤ ੨੦੧੭ ਬਿਕ੍ਰਮੀ ਦਾਰਾ ਸਿੰਘ ਦੇ ਘਰ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✻

ਸਰਬ ਜੀਆਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹਰਿ ਰਘੁਰਾਇਆ । ਹਰਿਜਨ ਵਿੰਗਾ ਹੋਏ ਨਾ ਵਾਲ, ਜਿਸ ਆਪਣੀ ਬੂਝ ਬੁਝਾਇਆ । ਸਾਚੇ ਢਾਂਚੇ ਦੇਵੇ ਢਾਲ, ਨਾਮ ਕੁਠਾਲੀ ਏਕਾ ਪਾਇਆ । ਲੇਖਾ ਜਾਣੇ ਸ਼ਾਹ ਕੰਗਾਲ, ਮਾਇਆ ਮਮਤਾ ਵੇਖ ਵਖਾਇਆ । ਫਲ ਲਗਾਏ ਸਾਚੇ ਡਾਲ, ਅੰਮ੍ਰਿਤ ਮੇਵਾ ਫਲ ਖੁਆਇਆ । ਸਦਾ ਸੁਹੇਲਾ ਵਸੇ ਨਾਲ, ਦਿਵਸ ਰੈਣ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਏਕਾ ਥਾਨ ਵਡਿਆਇਆ । ਥਾਨ ਥਨੰਤਰ ਚਰਨ ਗੁਰਦੁਆਰ, ਗੁਰ ਗੁਰ ਮੰਦਰ ਇਕ ਸੁਹਾਇਆ । ਬੁਝੇ ਬਸੰਤਰ ਵਿਚ ਸੰਸਾਰ, ਗੁਰ ਗੁਰ ਅੰਮ੍ਰਿਤ ਮੇਘ ਬਰਸਾਇਆ । ਜਾਣੇ ਬਿਧ ਅੰਤਰ ਹਰਿ ਨਿਰੰਕਾਰ, ਜੀਵ ਆਤਮਾ ਵੇਖ ਵਖਾਇਆ । ਕਿਰਪਾ ਕਰੇ ਕਿਰਪਨ ਹਰਿ ਗਿਰਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਤਾਣ ਵਿਚ ਜਹਾਨ, ਜਨ ਜਨ ਕਾ ਆਪ ਰਖਾਇਆ ।

✻ ੧੧ ਚੇਤ ੨੦੧੭ ਬਿਕ੍ਰਮੀ ਚੰਨਣ ਸਿੰਘ ਦੇ ਘਰ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ ✻

ਕਾਲ ਫਾਸ ਜਮ ਕੱਟ, ਹਰਿ ਬਖ਼ਸ਼ੇ ਚਰਨ ਦਵਾਰਿਆ । ਘਰ ਮੰਦਰ ਵਖਾਏ ਸਾਚਾ ਹੱਟ, ਚੌਦਾਂ ਲੋਕ ਕਰ ਉਜਿਆਰਿਆ । ਅੰਮ੍ਰਿਤ ਨੁਹਾਏ ਤੀਰਥ ਤੱਟ, ਸਰ ਸਰੋਵਰ ਇਕ ਵਖਾ ਰਿਹਾ । ਦੁਰਮਤ ਮੈਲ ਦੇਵੇ ਕੱਟ, ਕਰ ਕਿਰਪਾ ਪਾਰ ਉਤਾਰਿਆ । ਗੁਰਮੁਖ ਵਿਰਲੇ ਲਾਹਾ ਰਹੇ ਖੱਟ, ਹਰਿ ਪੁਰਖ ਨਿਰੰਕਾਰਿਆ । ਰਸਨਾ ਰਸ ਰਿਹਾ ਚੱਟ, ਸੋਹੰ ਅੱਖਰ ਜਾਪ ਅਪਾਰਿਆ । ਦੂਈ ਦਵੈਤੀ ਮਿਟੇ ਫੱਟ, ਸਤਿਗੁਰ ਪੂਰਾ ਆਪ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾ ਰਿਹਾ । ਰੰਗ ਰੰਗੀਲਾ ਹਰਿ ਕਰਤਾਰ, ਰੰਗ ਮਜੀਠੀ ਇਕ ਚੜ੍ਹਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਰਾਇੰਦਾ । ਅਲੱਖ ਅਗੋਚਰ ਭੇਵ ਨਿਆਰ, ਜੁਗ ਜੁਗ ਆਪਣਾ ਭੇਵ ਛੁਪਾਇੰਦਾ । ਸੰਤ ਸੁਹੇਲੇ ਮੀਤ ਮੁਰਾਰ, ਗੁਰ ਗੁਰ ਚੇਲੇ ਵੇਖ ਵਖਾਇੰਦਾ । ਇਕ ਅਕੇਲੇ ਦਏ ਆਧਾਰ, ਬੰਸ ਸਰਬੰਸਾ ਨਾਲ

ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫਲ ਅੰਮ੍ਰਿਤ ਮੇਵਾ, ਹਰਿਜਨ ਸਾਚੇ ਆਪ ਖਵਾਇੰਦਾ । ਅੰਮ੍ਰਿਤ ਰਸ ਸਾਚਾ ਦੁੱਧ, ਰਸਨਾ ਜਿਹਵਾ ਆਪ ਖਵਾਈਆ । ਆਪੇ ਕਰੇ ਬਬੇਕ ਬੁੱਧ, ਮਨ ਮਤ ਦੂਰ ਕਰਾਈਆ । ਕਰਤਾ ਕਰੇ ਕਾਰਜ ਸਿਧ, ਸਗਲਾ ਭੇਵ ਚੁਕਾਈਆ । ਘਰ ਸੁਹਾਏ ਨੌਂ ਨਿਧ, ਅੱਠ ਅਠਾਰਾਂ ਇਕ ਸਰਨਾਈਆ । ਪ੍ਰਭ ਮਿਲਣ ਦੀ ਸਾਚੀ ਬਿਧ, ਸਤਿਗੁਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲਣ ਹਰਿ ਗੋਪਾਲਣ, ਲਾਲ ਲਾਲਣ ਵੇਖ ਵਖਾਈਆ । ਦੀਨ ਦਿਆਲ ਸਰਬ ਜਗ ਮੀਤਾ, ਪਰਮ ਪੁਰਖ ਅਖਵਾਇਆ । ਹਰਿਜਨ ਪਰਖਣਹਾਰਾ ਨੀਤਾ, ਮਨ ਮਨੂਆ ਦਏ ਭਵਾਇਆ । ਚਰਨ ਕਵਲ ਬੰਧਾਏ ਪ੍ਰੀਤਾ, ਜਗਤ ਪ੍ਰੀਤੀ ਮੋਹ ਚੁਕਾਇਆ । ਨਾਮ ਨਿਧਾਨ ਦੇਵੇ ਅਨਡੀਠਾ, ਭਰ ਪਿਆਲਾ ਜਾਮ ਪਿਆਇਆ । ਸਦਾ ਸੁਹੇਲਾ ਰੱਖੇ ਸਦਾ ਠੰਡਾ ਸੀਤਾ, ਅਗਨ ਤਤ ਨਾ ਕੋਇ ਰਖਾਇਆ । ਪਿਤਾ ਪੂਤ ਏਕਾ ਰੰਗ ਹਰਿ ਸਾਚੇ ਕੀਤਾ, ਦੂਜਾ ਰੰਗ ਨਾ ਕੋਇ ਚੜ੍ਹਾਇਆ । ਲੇਖਾ ਜਾਣੇ ਪਿਛਲਾ ਬੀਤਾ, ਅਗਲਾ ਲਹਿਣਾ ਲਹਿਣੇ ਝੋਲੀ ਪਾਇਆ । ਸਤਿਗੁਰ ਪੂਰਾ ਨਾ ਮਰਿਆ ਨਾ ਕਦੇ ਜੀਤਾ, ਜੰਮਣ ਮਰਨ ਵਿਚ ਨਾ ਆਇਆ । ਕੋਟਨ ਕੋਟ ਉਧਾਰੇ ਪਤਿਤ ਪਾਪੀ ਕਰ ਪੁਨੀਤਾ, ਜਨਮ ਜਨਮ ਵਿਛੜੇ ਮੇਲ ਮਿਲਾਇਆ । ਆਪ ਚਲਾਈ ਆਪਣੀ ਰੀਤਾ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਨਾ ਰਾਇਆ । ਨਾ ਕੋਈ ਮੰਦਰ ਨਾ ਮਸੀਤਾ, ਹਰਿਜਨ ਕਾਇਆ ਮੰਦਰ ਆਪਣਾ ਆਸਣ ਆਪ ਸੁਹਾਇਆ । ਕਾਇਆ ਆਸਣ ਸੋਭਾਵੰਤ, ਸਹਿਜ ਸਹਿਜ ਸਮਾਈਆ । ਘਰ ਮਿਲਾਵਾ ਹਰਿ ਹਰਿ ਕੰਤ, ਨਿਜ ਆਤਮ ਵੱਜੇ ਵਧਾਈਆ । ਪਾਇਆ ਪ੍ਰੀਤਮ ਇਕ ਭਗਵੰਤ, ਭਗਤਨ ਭਗਤੀ ਕਰ ਕੁੜਮਾਈਆ । ਸੋਹੰ ਗਾਇਆ ਸੁਹਾਗੀ ਛੰਤ, ਘਰ ਚੌਥਾ ਇਕ ਵਖਾਈਆ । ਆਦਿ ਜੁਗਾਦੀ ਮਹਿਮਾ ਅਨੰਤ, ਅਗਣਤ ਗਿਣੀ ਨਾ ਜਾਈਆ । ਤਨ ਕਾਇਆ ਚੋਲੀ ਰੰਗ ਬਸੰਤ, ਚੇਤਰ ਚੇਤਨ ਰੁਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਣਾਏ ਸਾਚੀ ਬਣਤ, ਕਰਮ ਜਰਮ ਧਰਮ ਆਪਣੇ ਹੱਥ ਰਖਾਈਆ ।

### ੧੧ ਚੇਤ ੨੦੧੭ ਬਿਕ੍ਰਮੀ ਬਚਨ ਸਿੰਘ ਦੇ ਘਰ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ

ਪੰਚਮ ਕੱਢੇ ਕਾਇਆ ਚੋਰ, ਹਰਾਮਖ਼ੋਰ ਰਹਿਣ ਨਾ ਪਾਈਆ । ਲੇਖਾ ਜਾਣੇ ਅੰਧ ਘੋਰ, ਘੋਰ ਅੰਧੇਰਾ ਵੇਖ ਵਖਾਈਆ । ਸ਼ਬਦ ਵਖਾਏ ਸਾਚਾ ਜੋਰ, ਜ਼ੋਰੂ ਜ਼ਰ ਨਾ ਕੋਇ ਵਡਿਆਈਆ । ਜਗਤ ਵਿਕਾਰਾ ਦੇਵੇ ਹੋੜ, ਨਾਮ ਖੰਡਾ ਇਕ ਚਮਕਾਈਆ । ਚਰਨ ਪ੍ਰੀਤੀ ਦੇਵੇ ਜੋੜ, ਕਰ ਕਿਰਪਾ ਬੇਪਰਵਾਹੀਆ । ਨਾਮ ਚੜ੍ਹਾਏ ਸਾਚੇ ਘੋੜ, ਕਾਇਆ ਮੰਦਰ ਅੰਦਰ ਆਪ ਦੌੜਾਈਆ । ਵਰ ਪਾਇਆ ਜਿਹਾ ਲੋੜ, ਕੰਤ ਸੁਹਾਗੀ ਇਕ ਹੰਢਾਈਆ । ਪੂਰੀ ਕਰ ਜਗਤ ਥੋੜ, ਅਤੋਟ ਅਤੁਟ ਵਖਾਈਆ । ਸਤਿਗੁਰ ਪੂਰਾ ਸਾਜਣ ਜਾਏ ਬੌਹੜ, ਜਮਦੂਤ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਕੂਟ ਹੋਏ ਸਹਾਈਆ ।

## ੧੧ ਚੇਤ ੨੦੧੭ ਬਿਕ੍ਰਮੀ ਅਜੀਤ ਸਿੰਘ ਦੇ ਘਰ ਕਾਣਾ ਕੌਂਟਾ ਜ਼ਿਲਾ ਗੁਰਦਾਸ ਪੁਰ

ਹਰਿ ਹਰਿ ਨਾਮ ਸਾਚਾ ਸੁੱਖ, ਜਗਤ ਤ੍ਰਿਸ਼ਨਾ ਰੋਗ ਮਿਟਾਈਆ । ਹਰਿ ਹਰਿ ਨਾਮ ਉਜਲ ਮੁਖ, ਲੋਕਮਾਤ ਦਏ ਵਡਿਆਈਆ । ਹਰਿ ਹਰਿ ਨਾਮ ਸਫਲ ਕਰਾਏ ਕੁੱਖ, ਜਨ ਜਨਨੀ ਲੇਖੇ ਲਾਈਆ । ਹਰਿ ਹਰਿ ਨਾਮ ਗਰਭ ਵਾਸ ਕੱਟੇ ਉਲਟਾ ਰੁਖ, ਲੱਖ ਚੁਰਾਸੀ ਫੰਦ ਕਟਾਈਆ । ਹਰਿ ਹਰਿ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵਿਰਲੇ ਝੋਲੀ ਪਾਈਆ । ਹਰਿ ਹਰਿ ਨਾਮ ਸਹਿਜ ਸੁੱਖ ਦਾਤਾ, ਗੁਰ ਸਤਿਗੁਰ ਹੱਟ ਵਿਕਾਇੰਦਾ । ਹਰਿ ਹਰਿ ਨਾਮ ਉਤਮ ਕਰਾਏ ਜ਼ਾਤਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਹਰਿ ਹਰਿ ਨਾਮ ਮੇਟੇ ਅੰਧੇਰੀ ਰਾਤਾ, ਘਰ ਘਰ ਸਾਚਾ ਚੰਦ ਚੜ੍ਹਾਇੰਦਾ । ਹਰਿ ਹਰਿ ਨਾਮ ਅੰਤਮ ਪੁੱਛੇ ਵਾਤਾ, ਭੱਯਾ ਬੇਬਾ ਸੰਗ ਨਾ ਕੋਇ ਰਖਾਇੰਦਾ । ਹਰਿ ਹਰਿ ਨਾਮ ਹਰਿ ਦਰਸ ਦਿਖਾਏ ਇਕ ਇਕਾਂਤਾ, ਜੋ ਜਨ ਰਸਨਾ ਜਿਹਵਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵਿਰਲੇ ਏਕਾ ਨਾਮ ਝੋਲੀ ਪਾਇੰਦਾ । ਨਾਮ ਪਦਾਰਥ ਸਾਚੀ ਵੱਥ, ਸਤਿਗੁਰ ਆਪਣੇ ਹੱਥ ਰਖਾਈਆ । ਗੁਰਮੁਖਾਂ ਦੇਵੇ ਪੁਰਖ ਸਮਰਥ, ਜੁਗ ਜੁਗ ਲੋਕਮਾਤ ਵਰਤਾਈਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਤੱਤੀ ਵਾ ਨਾ ਲੱਗੇ ਰਾਈਆ । ਲੇਖਾ ਜਾਣੇ ਸੀਆਂ ਸਾਢੇ ਤਿੰਨ ਹੱਥ, ਧਰਤ ਮਾਤ ਨਾ ਗੋਦ ਸੁਹਾਈਆ । ਏਕਾ ਮੰਤਰ ਜਪਾਏ ਪੂਜਾ ਪਾਠ, ਹੰ ਬ੍ਰਹਮ ਮੇਲ ਮਿਲਾਈਆ । ਪੂਰਬ ਪਿਛਲਾ ਪੂਰਾ ਕਰੇ ਘਾਟ, ਸਾਚੇ ਕੰਡੇ ਨਾਮ ਤੁਲਾਈਆ । ਗੁਰਸਿਖ ਵਿਕੇ ਨਾ ਕਿਸੇ ਹਾਟ, ਵੇਦ ਸ਼ਾਸਤਰ ਪੁਰਾਨ ਗ੍ਰੰਥ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਉਧਾਰੇ ਵਿਚੋਂ ਸੰਖ, ਅਸੰਖ ਸੰਖ ਅਸੰਖਾਂ ਫੋਲ ਫੁਲਾਈਆ ।



## ੧੧ ਚੇਤ ੨੦੧੭ ਬਿਕ੍ਰਮੀ ਇੰਦਰ ਸਿੰਘ ਦਰਸ਼ਨ ਸਿੰਘ ਕਰਮ ਸਿੰਘ ਦੇ ਘਰ ਪਿੰਡ ਆਦੀ ਜ਼ਿਲਾ ਗੁਰਦਾਸ ਪੁਰ

ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਆਦਿ ਜੁਗਾਦਿ ਸਮਾਇਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਭੇਵ ਕਿਸੇ ਨਾ ਪਾਇਆ । ਏਕੰਕਾਰਾ ਬਣਾਏ ਬਣਤ, ਆਪਣੀ ਰਚਨਾ ਆਪ ਰਚਾਇਆ । ਆਦਿ ਨਿਰੰਜਣ ਸਾਚਾ ਧਾਮ ਸੋਹੰਤ, ਸਚਖੰਡ ਦੁਆਰਾ ਆਸਣ ਲਾਇਆ । ਅਬਿਨਾਸ਼ੀ ਕਰਤਾ ਸਾਚਾ ਕੰਤ, ਨਿਰਗੁਣ ਨਿਰਗੁਣ ਲਏ ਪ੍ਰਨਾਇਆ । ਪਾਰਬ੍ਰਹਮ ਆਦਿ ਅੰਤ, ਆਪ ਆਪਣਾ ਖੇਲ ਖਿਲਾਇਆ । ਪਾਰਬ੍ਰਹਮ ਲੇਖਾ ਜਾਣੇ ਸਾਚੇ ਸੰਤ, ਸ਼ਬਦ ਅਨਾਦੀ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਆਪਣਾ ਆਪ ਕਰਾਇਆ । ਸਚਖੰਡ ਸਚ ਮਹੱਲਾ, ਹਰਿ ਸਾਚਾ ਸਚ ਵਸਾਇੰਦਾ । ਸੋ ਪੁਰਖ ਨਿਰੰਜਣ ਇਕ ਇਕੱਲਾ, ਹਰਿ ਪੁਰਖ ਨਿਰੰਜਣ ਆਸਣ ਲਾਇੰਦਾ । ਏਕੰਕਾਰਾ ਵਸਣਹਾਰਾ ਜਲਾ ਥਲਾ, ਆਦਿ ਨਿਰੰਜਣ ਜੋਤ ਨਿਰੰਜਣ ਜਗਾਇੰਦਾ । ਸ੍ਰੀ ਭਗਵਾਨ ਸ਼ਬਦ ਸੁਨੇਹੁੜਾ ਏਕਾ ਘੱਲਾ, ਅਬਿਨਾਸ਼ੀ ਕਰਤਾ ਲੱਖ ਚੁਰਾਸੀ ਆਪ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਪਾਏ ਹੱਲਾ, ਹੰ ਬ੍ਰਹਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਰ, ਅਲੱਖ ਅਲੱਖਣਾ ਭੇਵ ਨਾ ਕੋਈ ਜਣਾਇੰਦਾ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਆਦਿ ਜੁਗਾਦਿ ਸਮਾਇਆ ।

ਆਪ ਚਲਾਏ ਆਪਣੀ ਰੀਤਾ, ਆਪ ਆਪਣਾ ਵੇਸ ਵਟਾਇਆ । ਖੇਲੇ ਖੇਲ ਹਸਤ ਕੀਟਾ, ਜੂਨ ਅਜੂਨੀ ਆਪ ਫਿਰਾਇਆ । ਆਪਣਾ ਰਸ ਜਾਣੇ ਮੀਠਾ, ਅਨਰਸ ਆਪਣਾ ਆਪ ਵਖਾਇਆ । ਏਕਾ ਧਾਮ ਅਵੱਲੜੇ ਬੈਠਾ, ਸਚ ਸਿੰਘਾਸਣ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਪੁਰਖ ਬਿਧਾਤਾ, ਉਤਮ ਜ਼ਾਤਾ ਇਕ ਕਰਾਇਆ । ਨਿਰਗੁਣ ਦਾਤਾ ਬੇਪਰਵਾਹ, ਏਕਾ ਰੰਗ ਸਮਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਸਰੂਪੀ ਸ਼ਬਦ ਸਲਾਹ, ਆਪ ਆਪਣੀ ਬੂਝ ਬੁਝਾਇੰਦਾ । ਸਾਚੇ ਸੰਤਾਂ ਦਇਆ ਕਮਾ, ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਇੰਦਾ । ਗੁਰਮੁਖ ਸਾਚੇ ਮੇਲ ਮਿਲਾ, ਏਕਾ ਦੂਜਾ ਭੌ ਚੁਕਾਇੰਦਾ । ਗੁਰਮੁਖ ਸਾਚੇ ਸੰਗ ਰਲਾ, ਆਪ ਆਪਣਾ ਦਰਸ ਵਖਾਇੰਦਾ । ਸੂਰਾ ਸਰਬੰਗ ਆਪ ਅਖਵਾ, ਨਾਮ ਮਰਦੰਗ ਇਕ ਵਜਾਇੰਦਾ । ਕਾਇਆ ਮੰਦਰ ਡੇਰਾ ਲਾ, ਅਨਹਦ ਤਾਲ ਇਕ ਵਜਾਇੰਦਾ । ਸਰ ਸਰੋਵਰ ਇਕ ਵਖਾ, ਅੰਮ੍ਰਿਤ ਆਤਮ ਆਪ ਭਰਾਇੰਦਾ । ਬਜ਼ਰ ਕਪਾਟੀ ਤੋੜ ਤੁੜਾ, ਸਾਚੀ ਸੇਜਾ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਘਰ ਘਰ ਵਿਚ ਆਪ ਟਿਕਾਇੰਦਾ । ਦੀਵਾ ਬਾਤੀ ਇਕ ਜਗਾ, ਜੋਤ ਨਿਰੰਜਣ ਇਕ ਵਖਾਇੰਦਾ । ਬੂੰਦ ਸਵਾਂਤੀ ਦਏ ਪਿਆ, ਸੀਤਲ ਧਾਰ ਇਕ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਅਕਲ ਕਲਾ ਕਲ ਧਾਰ, ਖੇਲ ਖਿਲਾਇੰਦਾ । ਲੋਕਮਾਤੀ ਲਏ ਅਵਤਾਰ, ਜੁਗ ਜੁਗ ਵੇਸ ਵਟਾਇੰਦਾ । ਆਪ ਲਗਾਏ ਸਾਚੀ ਕਾਰ, ਹਰਿਜਨ ਸਾਚੀ ਕਾਰੇ ਲਾਇੰਦਾ । ਅੰਦਰ ਮੰਦਰ ਗੁਪਤ ਜ਼ਾਹਰ, ਆਪ ਆਪਣੇ ਰੰਗ ਰੰਗਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਆਪੇ ਅੰਤਰ ਸ਼ਬਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਨਾਉਂ ਧਰਾਈਆ । ਜੁਗ ਕਰਤਾ ਹਰਿ ਕਰਨੇਹਾਰ, ਪਾਰਬ੍ਰਹਮ ਵੱਡੀ ਵਡਿਆਈਆ । ਖੇਲੇ ਖੇਲ ਅਗੰਮ ਅਪਾਰ, ਲੋਕਮਾਤ ਵੇਸ ਵਟਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਨਿਰਗੁਣ ਢੋਲਾ ਏਕਾ ਗਾਈਆ । ਲੱਖ ਚੁਰਾਸੀ ਪਾਵੇ ਸਾਰ, ਬ੍ਰਹਮਾ ਵਿਸ਼ਨ ਸ਼ਿਵ ਲਏ ਉਠਾਈਆ । ਸੁਰਪਤ ਦਏ ਇਕ ਅਧਾਰ, ਭੁੱਲ ਰਹੇ ਨਾ ਰਾਈਆ । ਸਾਚੇ ਸੰਤਾਂ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਲੇਖਾ ਜਾਣੇ ਰਵ ਸਸ ਸੂਰਜ ਚੰਨ ਸਤਾਰ, ਮੰਡਲ ਮੰਡਪ ਖੋਜ ਖੁਜਾਈਆ । ਬ੍ਰਹਿਮੰਡ ਖੰਡ ਦਏ ਆਧਾਰ, ਨੌ ਖੰਡ ਸੱਤਾਂ ਦੀਪਾਂ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਜੁਗ ਜੁਗ ਧਾਰ ਹਰਿ ਕਰਤਾਰ, ਲੋਕਮਾਤ ਚਲਾਇੰਦਾ । ਹਰਿਜਨ ਸਾਚੇ ਲਾਏ ਪਾਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਸਾਚੀ ਵਸਤ ਰੱਖੇ ਘਰ ਬਾਰ, ਥਿਰ ਘਰ ਵਾਸੀ ਦਇਆ ਕਮਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਵੇਦ ਕਤੇਬ ਨਾ ਕੋਈ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚੇ ਵੇਖਣਹਾਰਾ, ਏਕਾ ਰੰਗ ਸਮਾਇਆ । ਏਕਾ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇਆ । ਆਪੇ ਖੋਲ੍ਹੇ ਬੰਦ ਕਿਵਾੜਾ, ਡੂੰਘੀ ਕੰਦਰ ਫੇਰਾ ਪਾਇਆ । ਇਕ ਕਰਾਏ ਸਚ ਜੈਕਾਰਾ, ਵਾਹ ਵਾਹ ਗੁਰੂ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕ ਜਣਾਇਆ । ਸ਼ਬਦ ਗੁਰ ਸਤਿਗੁਰ ਪੂਰਾ, ਦੂਸਰ ਅਵਰ ਨਾ ਕੋਈ ਜਣਾਇੰਦਾ । ਜੁਗਾ ਜੁਗੰਤਰ ਹਾਜ਼ਰ ਹਜ਼ੂਰਾ, ਰੂਪ ਰੰਗ

ਨਾ ਕੋਈ ਵਖਾਇੰਦਾ । ਅਜੂਨੀ ਰਹਿਤ ਨੂਰੋ ਨੂਰਾ, ਪੁਰਖ ਅਕਾਲ ਆਪ ਅਖਵਾਇੰਦਾ । ਆਪ ਵਜਾਏ ਅਨਾਦੀ ਤੂਰਾ, ਤਾਰ ਸਤਾਰ ਆਪ ਹਿਲਾਇੰਦਾ । ਸੰਤਾਂ ਭਗਤਾਂ ਆਸਾ ਮਨਸਾ ਕਰੇ ਪੂਰਾ, ਸਰਬ ਕਲ ਆਪ ਅਖਵਾਇੰਦਾ । ਨਾਤਾ ਤੋੜੇ ਕੂੜੋ ਕੂੜਾ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਗੁਰਮੁਖ ਵਿਰਲਾ ਬਖ਼ਸ਼ੇ ਚਰਨ ਧੂੜਾ, ਚਰਨ ਧੂੜਾ ਆਪ ਸੁਹਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਜਨ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸਚ ਨਿਸ਼ਾਨ ਵੇਖਣਹਾਰਾ ਦੋ ਜਹਾਨ, ਲੋਆਂ ਪੁਰੀਆਂ ਫੇਰਾ ਪਾਇੰਦਾ । ਸ਼ਬਦ ਗੁਰ ਵਡ ਬਲਵਾਨਾ, ਹਰਿ ਸਾਚਾ ਸਚ ਧਰਾਇੰਦਾ । ਸਚਖੰਡ ਨਿਵਾਸੀ ਝੁਲਾਏ ਸਚ ਨਿਸ਼ਾਨਾ, ਦਰਗਹਿ ਸਾਚੀ ਆਪ ਚੜ੍ਹਾਇੰਦਾ । ਲੋਆਂ ਪੁਰੀਆਂ ਪਾਏ ਆਣਾ, ਹੁਕਮੀ ਹੁਕਮ ਆਪ ਸੁਣਾਇੰਦਾ । ਲੱਖ ਚੁਰਾਸੀ ਕਰ ਪਰਧਾਨਾ, ਆਤਮ ਬ੍ਰਹਮ ਵਿਚ ਟਿਕਾਇੰਦਾ । ਸ਼ਬਦ ਸੁਣਾਏ ਇਕ ਤਰਾਨਾ, ਰਾਗ ਰਾਗਨੀ ਮੁਖ ਸ਼ਰਮਾਇੰਦਾ । ਗੁਰਮੁਖ ਵਿਰਲੇ ਬੰਨ੍ਹੇ ਗਾਨਾ, ਸਤਿਗੁਰ ਪੂਰਾ ਸਗਨ ਮਨਾਇੰਦਾ । ਆਪੇ ਹੋਏ ਬੀਨਾ ਦਾਨਾ, ਦਾਤਾ ਦਾਨੀ ਨਾਉਂ ਧਰਾਇੰਦਾ । ਸਰਬ ਜੀਆਂ ਹਰਿ ਜਾਣੀ ਜਾਣਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪ ਅਖਵਾਇੰਦਾ । ਸਤਿਗੁਰ ਪੂਰਾ ਹਰਿ ਕਰਤਾਰ, ਅਚਰਜ ਖੇਲ ਖਿਲਾਈਆ । ਵਰਤੇ ਵਰਤਾਵੇ ਵਿਚ ਸੰਸਾਰ, ਜੁਗ ਜੁਗ ਆਪਣਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਖੇਲੇ ਖੇਲ ਬੇਪਰਵਾਹੀਆ । ਸਚਖੰਡ ਨਿਵਾਸੀ ਹੋ ਤਿਆਰ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਬ੍ਰਹਮਾ ਵੇਦ ਨਾ ਪਾਏ ਸਾਰ, ਚਾਰੇ ਮੁਖ ਰਿਹਾ ਸਾਲਾਹੀਆ । ਪੁਰਾਨ ਅਠਾਰਾਂ ਗਏ ਹਾਰ, ਵੇਦ ਵਿਆਸਾ ਗਿਆ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਮਲਾਹ ਜੁਗ ਜੁਗ ਆਪਣਾ ਵੇਸ ਧਰਾਈਆ । ਸ਼ਬਦ ਗੁਰ ਸੂਰਾ ਸਰਬੰਗ, ਏਕਾ ਏਕ ਅਖਵਾਇਆ । ਜੁਗ ਜੁਗ ਵਜਾਏ ਆਪਣਾ ਮਰਦੰਗ, ਨਾਮ ਸਤਾਰ ਹੱਥ ਉਠਾਇਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਆਪੇ ਲੰਘ, ਗਗਨ ਪਤਾਲਾਂ ਫੇਰਾ ਪਾਇਆ । ਲੋਕਮਾਤ ਜਨ ਭਗਤਾਂ ਨਿਭਾਏ ਸਦਾ ਸੰਗ, ਵਿਛੜ ਕਦੇ ਨਾ ਜਾਇਆ । ਨਾਤਾ ਤੋੜੇ ਭੁੱਖ ਨੰਗ, ਸਾਚੀ ਵਸਤ ਏਕਾ ਝੋਲੀ ਪਾਇਆ । ਕਲਜੁਗ ਕੂੜੀ ਚੜ੍ਹੀ ਕੰਗ, ਚਾਰੋਂ ਕੁੰਟ ਲਹਿਰ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦੇਵੇ ਏਕਾ ਵਰ, ਲੱਖ ਚੁਰਾਸੀ ਝੋਲੀ ਪਾਇਆ । ਸਤਿਗੁਰ ਸੱਚੀ ਸਰਕਾਰ, ਹਰਿ ਸਾਚਾ ਸਚ ਉਪਜਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰ, ਬ੍ਰਹਿਮੰਡ ਵੇਖ ਵਖਾਇੰਦਾ । ਜੇਰਜ ਅੰਡ ਪਾਵੇ ਸਾਰ, ਉਤਭੁਜ ਸੇਤਜ ਫੋਲ ਫੁਲਾਇੰਦਾ । ਭੇਖ ਪਖੰਡਾ ਵਿਚ ਸੰਸਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਆਤਮ ਰੰਡਾ ਜੀਵ ਗਵਾਰ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਗੁਰ ਪੂਰਾ, ਏਕਾ ਆਪ ਅਖਵਾਇੰਦਾ । ਏਕਾ ਸ਼ਬਦ ਸਤਿਗੁਰ ਦੇਵ, ਹਰਿ ਸਾਚਾ ਸਚ ਉਪਜਾਇੰਦਾ । ਅਬਿਨਾਸ਼ੀ ਅਲੱਖ ਅਭੇਵ, ਭੇਵ ਅਭੇਦ ਖੁਲ੍ਹਾਇੰਦਾ । ਹਰਿਜਨ ਲਾਏ ਸਾਚੀ ਸੇਵ, ਸੇਵਕ ਸੇਵਾ ਸਚ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਵਡ ਬਲਵਾਨ, ਦੋ ਜਹਾਨਾਂ ਫੇਰਾ ਪਾਇੰਦਾ । ਹਰਿ ਸ਼ਬਦ ਗੁਰ ਨੌਜਵਾਨਾ, ਨਾ ਮਰੇ ਨਾ ਜਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਆਪਣੀ ਇਛਿਆ ਰੂਪ ਵਟਾਈਆ । ਲੱਖ ਚੁਰਾਸੀ ਹੋ ਪਰਧਾਨਾ, ਲੁਕ ਲੁਕ ਬੈਠਾ ਆਸਣ ਲਾਈਆ । ਆਪੇ ਚਿਲਾ ਤੀਰ

ਨਿਸ਼ਾਨਾ, ਸ਼ਸਤਰ ਬਸਤਰ ਆਪ ਸੁਹਾਈਆ । ਆਪੇ ਮਰਦ ਮਰਦ ਮਰਦਾਨਾ, ਪਾਰਬ੍ਰਹਮ ਇਕ ਅਖਵਾਈਆ । ਆਪੇ ਬੰਨਣਹਾਰਾ ਘਰ ਘਰ ਗਾਨਾਂ, ਆਪ ਆਪਣਾ ਸਗਨ ਮਨਾਈਆ । ਆਪੇ ਦੇਵੇ ਪ੍ਰਕਾਸ਼ ਰਵ ਸਸ ਸੂਰਜ ਭਾਨਾ, ਆਪਣਾ ਤੇਜ ਆਪ ਚਮਕਾਈਆ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣੇ ਸਦ ਸਮਾਈਆ । ਗੁਰਮੁਖ਼ ਵਿਰਲੇ ਹਰਿ ਕਾ ਸ਼ਬਦ ਮਾਤ ਪਛਾਣਾ, ਨੇਤਰ ਨੈਣ ਦਿਸ ਨਾ ਆਈਆ । ਹਰਿਜਨ ਹੋਇਆ ਚਤੁਰ ਸੁਘੜ ਸਿਆਣਾ, ਜਿਸ ਸਿਰ ਸਮਰਥ ਹੱਥ ਟਿਕਾਈਆ । ਆਵਣ ਜਾਵਣ ਚੁੱਕੇ ਕਾਨਾ, ਲੱਖ ਚੁਰਾਸੀ ਫੰਦ ਕਟਾਈਆ । ਸ਼ਬਦ ਸਰੂਪੀ ਮਿਲੇ ਇਕ ਬਿਬਾਨਾ, ਸਤਿਗੁਰ ਦਏ ਚੜ੍ਹਾਈਆ । ਸਚਖੰਡ ਸਾਚਾ ਧਾਮ ਸੁਹਾਨਾ, ਥਿਰ ਘਰ ਸਾਚੇ ਵੱਜੇ ਵਧਾਈਆ । ਨਾਤਾ ਤੁੱਟਾ ਆਵਣ ਜਾਣਾ, ਵਿਚ ਜੋਤੀ ਜੋਤ ਸਮਾਈਆ । ਗੁਰਮੁਖ ਵਿਰਲਾ ਪਾਏ ਪਦ ਨਿਰਬਾਣਾ, ਪਰਮ ਪੁਰਖ ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਜੰਤ ਸਾਧ ਸੰਤ ਆਦਿ ਅੰਤ ਹਰਿ ਭਗਵੰਤ ਸਾਚਾ ਕੰਤ ਸਾਚੀ ਆਤਮ ਸੇਜ ਸੋਭਾ ਪਾਈਆ ।

### ✻ ੧੧ ਚੇਤ ੨੦੧੭ ਬਿਕ੍ਰਮੀ ਬੂੜ ਸਿੰਘ ਦੇ ਘਰ ਪਿੰਡ ਵਜ਼ੀਰ ਪੁਰ ਜ਼ਿਲਾ ਗੁਰਦਾਸ ਪੁਰ ✻

ਸੋ ਪੁਰਖ ਨਿਰੰਜਣ ਪਾਤਸ਼ਾਹ, ਨਿਰਗੁਣ ਏਕਾ ਏਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਆਪ ਆਪਣੀ ਕਲ ਧਰਾਇੰਦਾ । ਏਕੰਕਾਰਾ ਸਚ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਆਦਿ ਨਿਰੰਜਣ ਨੂਰ ਨੁਰਾਨਾ ਡਗਮਗਾ, ਨੂਰ ਇਲਾਹੀ ਨਾਉਂ ਧਰਾਇੰਦਾ । ਅਬਿਨਾਸ਼ੀ ਕਰਤਾ ਵਸੇ ਆਪਣੇ ਥਾਂ, ਭੂਮਕਾ ਆਪ ਸੁਹਾਇੰਦਾ । ਸ੍ਰੀ ਭਗਵਾਨ ਕਰੇ ਸਚ ਨਿਆਂ, ਆਦਿ ਜੁਗਾਦੀ ਹੁਕਮ ਚਲਾਇੰਦਾ । ਪਾਰਬ੍ਰਹਮ ਆਪ ਆਪਣਾ ਰੂਪ ਲਏ ਵਟਾ, ਆਪ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਸਚ ਸੁਹਾਇੰਦਾ । ਘਰ ਸਾਚਾ ਹਰਿ ਸੁਹਾਵਣਾ, ਏਕੰਕਾਰਾ ਏਕਾ ਏਕ । ਪੁਰਖ ਅਬਿਨਾਸ਼ੀ ਡੇਰਾ ਲਾਵਣਾ, ਦੂਸਰ ਰੱਖੇ ਨਾ ਕੋਈ ਟੇਕ । ਸਚ ਸਿੰਘਾਸਣ ਇਕ ਵਿਛਾਵਣਾ, ਹਰਿ ਬਹਿ ਬਹਿ ਲਿਖੇ ਲੇਖ । ਤਖ਼ਤ ਤਾਜ ਇਕ ਸੁਹਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਭੇਖ । ਸਾਚਾ ਭੇਖ ਹਰਿ ਨਿਰੰਕਾਰ, ਸਚਖੰਡ ਦਵਾਰੇ ਆਪ ਵਟਾਈਆ । ਨਿਰਗੁਣ ਰੂਪ ਅਗੰਮ ਅਪਾਰ, ਸਤਿ ਪੁਰਖ ਨਿਰੰਜਣ ਆਪ ਦਸਾਈਆ । ਅਲੱਖ ਅਲੱਖਣਾ ਖੇਲ ਅਪਾਰ, ਅਗੰਮ ਅਗੋਚਰ ਭੇਵ ਨਾ ਰਾਈਆ । ਨਿਰਗੁਣ ਬਾਤੀ ਕਰ ਤਿਆਰ, ਕਮਲਾਪਾਤੀ ਜੋਤ ਜਗਾਈਆ । ਸਾਚੀ ਖਾਟੀ ਖੇਲ ਅਪਾਰ, ਹਰਿ ਕਰਤਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸ਼ਾਹਾਂ ਇਕ ਅਖਵਾਈਆ । ਸਤਿਗੁਰ ਸੱਚਾ ਸ਼ਹਿਨਸ਼ਾਹ, ਏਕਾ ਰੰਗ ਸਮਾਇਆ । ਸਚਖੰਡ ਬੈਠਾ ਆਸਣ ਲਾ, ਰੂਪ ਰੰਗ ਨਾ ਕੋਈ ਵਖਾਇਆ । ਆਪਣਾ ਤਖ਼ਤ ਰਿਹਾ ਸੁਹਾ, ਤਖ਼ਤ ਨਿਵਾਸੀ ਦਿਸ ਨਾ ਆਇਆ । ਆਪਣਾ ਹੁਕਮ ਰਿਹਾ ਚਲਾ, ਆਪਣੇ ਭਾਣੇ ਸਦ ਸਮਾਇਆ । ਦਰ ਦਰਬਾਨਾ ਅਲੱਖ ਜਗਾ, ਦਰਗਹਿ ਸਾਚੀ ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪੇ ਖੋਲ੍ਹ, ਆਪ ਆਪਣਾ ਆਸਣ ਲਾਇਆ । ਸਚਖੰਡ ਦੁਆਰਾ ਸਚ ਦਰਵਾਜ਼ਾ, ਪੁਰਖ ਅਬਿਨਾਸ਼ਾ ਆਪ ਖੁਲ੍ਹਾਇੰਦਾ । ਖੇਲੇ ਖੇਲ ਗ਼ਰੀਬ ਨਿਵਾਜ਼ਾ, ਨਿਰਗੁਣ

ਆਪਣੀ ਧਾਰ ਚਾਲ ਚਲਾਇੰਦਾ । ਆਪੇ ਰੰਕ ਆਪੇ ਰਾਜਾ, ਆਪ ਆਪਣਾ ਹੁਕਮ ਸੁਣਾਇੰਦਾ । ਆਪੇ ਮਾਰੇ ਆਪਣੀ ਵਾਜਾ, ਸ਼ਬਦ ਅਗੰਮੀ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਸ਼ਬਦ ਰੰਗਣਹਾਰ, ਹਰਿ ਸਾਚਾ ਆਪ ਉਪਜਾਈਆ । ਵੇਖ ਵਖਾਏ ਹਰਿ ਬ੍ਰਹਿਮਾਦ, ਆਦਿ ਜੁਗਾਦਿ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਹਰਿ ਸ਼ਬਦ ਵਡ ਬਲਵਾਨ, ਹਰਿ ਸਾਚੇ ਘਰ ਉਪਜਾਇਆ । ਹੱਥ ਰੱਖ ਸ੍ਰੀ ਭਗਵਾਨ, ਪ੍ਰਤੱਖ ਰੂਪ ਵਟਾਇਆ । ਪਾਵੇ ਸਾਰ ਦੋ ਜਹਾਨ, ਨਿਰਗੁਣ ਨੂਰੋ ਨੂਰ ਡਗਮਗਾਇਆ । ਆਦਿ ਜੁਗਾਦੀ ਏਕਾ ਆਣ, ਹੁਕਮੀ ਹੁਕਮ ਆਪ ਸੁਣਾਇਆ । ਲੇਖਾ ਜਾਣੇ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੇਲ ਅਪਾਰਾ, ਏਕੰਕਾਰਾ ਆਪ ਕਰਾਇਆ । ਏਕੰਕਾਰ ਪੁਰਖ ਅਗੰਮ, ਭੇਵ ਕੋਇ ਨਾ ਪਾਇੰਦਾ । ਨਾ ਮਰੇ ਨਾ ਪਏ ਜੰਮ, ਪੰਜ ਤਤ ਨਾ ਕੋਈ ਰਖਾਇੰਦਾ । ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਕਰਨੀ ਕਰਤਾ ਕਿਰਤ ਕਮਾਇੰਦਾ । ਨਾ ਕੋਈ ਘੜੇ ਨਾ ਸਕੇ ਭੰਨ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਪਾਰਬ੍ਰਹਮ ਆਪ ਚਲਾਇੰਦਾ । ਰਸਨਾ ਜਿਹਵਾ ਨਾ ਕਹੇ ਕੋਈ ਧੰਨ ਧੰਨ, ਬੱਤੀ ਦੰਦ ਨਾ ਕੋਈ ਹਿਲਾਇੰਦਾ । ਨਾ ਕੋਈ ਸੁਣੇ ਸੁਣਾਏ ਨਾਦ ਕੰਨ, ਰਾਗੀ ਰਾਗ ਨਾ ਕੋਈ ਅਲਾਇੰਦਾ । ਨਾ ਕੋਈ ਜਨਨੀ ਜਣੇ ਜਨ, ਪੂਤ ਸਪੂਤਾ ਨਾ ਕੋਈ ਰਖਾਇੰਦਾ । ਸੱਚਖੰਡ ਦੁਆਰਾ ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਉਜਾਲਾ ਦੀਨ ਦਿਆਲਾ ਆਪਣਾ ਆਪ ਪ੍ਰਗਟਾਇੰਦਾ । ਸ਼ਬਦ ਉਪਜਾਇਆ ਹਰਿ ਭਗਵਾਨ, ਥਿਰ ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਜੁਗ ਜੁਗ ਆਪਣੀ ਪੈਜ ਧਰਾਈਆ । ਦੇਵਣਹਾਰਾ ਸਾਚਾ ਮਾਣ, ਦਰਗਹਿ ਸਾਚੀ ਸਾਚਾ ਥਾਨ ਸੁਹਾਈਆ । ਏਕਾ ਰਾਗ ਸੁਣਾਏ ਕਾਨ, ਧੁਨ ਆਪਣੀ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਸ਼ਬਦ ਸੁੱਤ ਸੂਰਾ ਬਲਵਾਨ, ਹਰਿ ਪੁਰਖ ਨਿਰੰਜਣ ਆਪ ਉਪਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਉਠਾਏ ਸਚ ਨਿਸ਼ਾਨ, ਸਾਚਾ ਬੇੜਾ ਆਪ ਬੰਧਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਰਧਾਨ, ਆਪ ਆਪਣੇ ਅੰਗ ਲਗਾਇਆ । ਆਪੇ ਤ੍ਰੈਗੁਣ ਮਾਇਆ ਦੇਵੇ ਦਾਨ, ਦਾਤਾ ਦਾਨੀ ਦਿਸ ਨਾ ਆਇਆ । ਆਪੇ ਪੰਜ ਤਤ ਨਾਤਾ ਜੋੜੇ ਦੋ ਜਹਾਨ, ਲੱਖ ਚੁਰਾਸੀ ਮੇਲ ਮਿਲਾਇਆ । ਆਪੇ ਨਿਰਗੁਣ ਸਰਗੁਣ ਹੋ ਪਰਧਾਨ, ਦੀਵਾ ਬਾਤੀ ਇਕ ਜਗਾਇਆ । ਆਪੇ ਸ਼ਬਦ ਸੁਣਾਏ ਸੱਚੀ ਧੁਨ ਕਾਨ, ਅਨਹਦ ਰਾਗ ਇਕ ਅਲਾਇਆ । ਆਪੇ ਵਸੇ ਕਾਇਆ ਮੰਦਰ ਸਚ ਮਕਾਨ, ਆਪ ਆਪਣਾ ਰੂਪ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸੇਵ ਕਮਾਇਆ । ਹਰਿ ਸ਼ਬਦ ਪੈਜ ਸਵਾਰਿਆ, ਸਤਿਗੁਰ ਸਾਜਣ ਮੀਤ ਮੁਰਾਰ । ਗੁਰ ਕਿਰਪਾ ਵਿਚ ਸੰਸਾਰਿਆ, ਲੋਕਮਾਤ ਲਏ ਅਵਤਾਰ । ਸੰਤ ਕੰਤ ਕਰੇ ਪਿਆਰਿਆ, ਅੰਤਰ ਆਤਮ ਦਏ ਆਧਾਰ । ਪੰਜ ਤਤ ਕਰੇ ਖਵਾਰਿਆ, ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰਿਆ, ਆਸਾ ਤ੍ਰਿਸ਼ਨਾ ਦੇਵੇ ਮਾਰ । ਏਕਾ ਬੋਲ ਸਚ ਜੈਕਾਰਿਆ, ਕਾਇਆ ਮੰਦਰ ਹਰਿ ਮੰਦਰ ਗੁਰਦਵਾਰ । ਆਤਮ ਸੇਜਾ ਧਾਮ ਸੁਹਾ ਰਿਹਾ, ਆਪ ਆਪਣੀ

ਕਿਰਪਾ ਧਾਰ । ਨਿਰਗੁਣ ਸਰਗੁਣ ਮੇਲ ਮਿਲਾ ਰਿਹਾ, ਸ਼ਬਦ ਵਿਚੋਲਾ ਬਣ ਕਰਤਾਰ । ਸਾਚਾ ਚੋਲਾ ਆਪ ਬਦਲਾ ਲਿਆ, ਜੁਗਾ ਜੁਗੰਤਰ ਸਾਚੀ ਕਾਰ । ਏਕਾ ਢੋਲਾ ਆਪਣਾ ਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਭਰੇ ਭੰਡਾਰ । ਹਰਿ ਸ਼ਬਦ ਭੰਡਾਰਾ ਸ਼ਬਦ ਭਰਪੂਰ, ਸੋ ਪੁਰਖ ਨਿਰੰਜਣ ਆਪ ਭਰਾਇੰਦਾ । ਹਰਿ ਪੁਰਖ ਨਿਰੰਜਣ ਆਸਾ ਮਨਸਾ ਪੂਰ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਏਕੰਕਾਰਾ ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਆਦਿ ਨਿਰੰਜਣ ਜ਼ਾਹਿਰਾ ਜ਼ਹੂਰ, ਜੋਤ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਏਕਾ ਤੂਰ, ਨਾਦ ਅਨਾਦ ਵਜਾਇੰਦਾ । ਸ੍ਰੀ ਭਗਵਾਨ ਨਾਤਾ ਤੋੜੇ ਕੂੜੋ ਕੂੜ, ਦਰ ਘਰ ਸਾਚੇ ਮੇਲ ਮਲਾਇੰਦਾ । ਪਾਰਬ੍ਰਹਮ ਲੇਖਾ ਜਾਣੇ ਮੂਰਖ ਮੁਗਧ ਮੂੜ, ਜਿਸ ਜਨ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਰੂਪ ਵਟਾਇੰਦਾ । ਸ਼ਬਦ ਸਰੂਪੀ ਰੂਪ ਅਨੂਠਾ, ਦਿਸ ਕਿਸੇ ਨਾ ਆਇਆ । ਵਸਣਹਾਰਾ ਚਾਰੇ ਕੂਟਾਂ, ਦਹਿ ਦਿਸ਼ਾ ਫੇਰੀ ਪਾਇਆ । ਜੁਗ ਜੁਗ ਲੱਖ ਚੁਰਾਸੀ ਕਰੇ ਖਾਲੀ ਠੂਠਾ, ਜੋ ਘੜਿਆ ਭੰਨ ਵਖਾਇਆ । ਗੁਰਮੁਖ ਵਿਰਲੇ ਉਪਰ ਤੁਠਾ, ਏਕਾ ਅੰਮ੍ਰਿਤ ਜਾਮ ਨਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦੇਵ ਸ਼ਬਦ ਅਖਵਾਇਆ । ਗੁਰਦੇਵ ਸ਼ਬਦ ਇਸ਼ਟ ਕਰਤਾਰ, ਏਕਾ ਜਗਤ ਕਰਾਈਆ । ਵਾਸਤਕ ਰੂਪ ਸਰਬ ਸ੍ਰਿਸ਼ਟ, ਵਿਸ਼ਵ ਆਪਣਾ ਨਾਉਂ ਧਰਾਈਆ । ਆਸਤਕ ਜੀਵ ਹੋਏ ਹੰਕਾਰ, ਨਾਸਤਕ ਰੂਪ ਆਪ ਸਮਾਈਆ । ਪ੍ਰਕਾਸ਼ ਜੋਤ ਸਰਬ ਨਿਰਾਕਾਰ, ਨਿਰਗੁਣ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੁਗ ਜੁਗ ਖੇਲ ਖਲੰਦੜਾ, ਪਾਰਬ੍ਰਹਮ ਗੁਰ ਕਰਤਾਰ । ਸਤਿਜੁਗ ਸਾਚਾ ਲੇਖ ਲਖੰਦੜਾ, ਆਪ ਆਪਣੀ ਕਰ ਵਿਚਾਰ । ਤ੍ਰੇਤਾ ਤੇਰਾ ਪੰਧ ਮੁਕੰਦੜਾ, ਰੂਪ ਦਿਸੇ ਨਾ ਵਿਚ ਸੰਸਾਰ । ਦੁਆਪਰ ਅੰਤਮ ਲੇਖ ਲਖੰਦੜਾ, ਚਾਰੋਂ ਕੁੰਟ ਪਾਵੇ ਸਾਰ । ਕਲਜੁਗ ਅੰਤਮ ਜੋਤ ਜਗੰਦੜਾ, ਰੈਣ ਅੰਧੇਰੀ ਵੇਖੇ ਧੂਆਂਧਾਰ । ਚਾਰ ਵਰਨ ਸਰਬ ਕਰੰਦੜਾ, ਧੀਰਜ ਧਰੇ ਨਾ ਕੋਇ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ । ਕਲਜੁਗ ਅੰਧੇਰੀ ਰੈਣ, ਚਾਰੋਂ ਕੁੰਟ ਅੰਧੇਰਾ ਛਾਇਆ । ਨਾ ਕੋਈ ਸਾਕ ਸੱਜਣ ਦਿਸੇ ਸੈਣ, ਸਗਲਾ ਸੰਗ ਨਾ ਕੋਇ ਨਿਭਾਇਆ । ਮਾਇਆ ਰਾਣੀ ਖਾਏ ਡੈਣ, ਜਤ ਸਤਿ ਧੀਰਜ ਦਏ ਗੁਆਇਆ । ਹਰਿ ਕਾ ਦਰਸ ਨਾ ਵੇਖੇ ਕੋਈ ਨੈਣ, ਸੰਤ ਸਾਧ ਰਹੇ ਕੁਰਲਾਇਆ । ਜੂਠਾ ਝੂਠਾ ਬਸਤਰ ਪਾਇਆ ਗਹਿਣ, ਹਰਿ ਕਾ ਸ਼ਬਦ ਨਾ ਕੋਇ ਬੰਧਾਇਆ । ਦੂਈ ਦਵੈਤੀ ਡੁੱਬੇ ਵਹਿਣ, ਸੱਚੇ ਬੇੜੇ ਨਾ ਕੋਇ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪੇ ਲਏ ਜਗਾਇਆ । ਗੁਰਮੁਖ ਵਿਰਲਾ ਜਾਗਿਆ, ਜਿਸ ਕਿਰਪਾ ਕਰੇ ਆਪ ਨਿਰੰਕਾਰ । ਸਚ ਸਰਨਾਈ ਸਤਿਗੁਰ ਲਾਗਿਆ, ਹਰਿ ਸ਼ਬਦ ਕਰੇ ਪਿਆਰ । ਤ੍ਰੈਗੁਣ ਲੱਗੀ ਬੁੱਝੀ ਆਗਿਆ, ਪੰਜ ਤਤ ਹੋਏ ਖੁਆਰ । ਮਾਇਆ ਡੱਸੇ ਨਾ ਡੱਸਣੀ ਨਾਗਿਆ, ਨੇੜ ਨਾ ਆਏ ਕਾਮ ਕਰੋਧ ਲੋਭ ਮੋਹ ਹੰਕਾਰ । ਸਤਿਗੁਰ ਪੂਰਾ ਆਪਣੀ ਹੱਥੀਂ ਪਕੜੇ ਵਾਗਿਆ, ਦੋ ਜਹਾਨਾ ਪਾਏ ਸਾਰ । ਨਿਰਗੁਣ ਸਰਗੁਣ ਅੰਦਰ ਫਿਰੇ ਭਾਗਿਆ, ਰੂਪ ਅਨੂਪ ਸੱਚੀ ਸਰਕਾਰ । ਫੜ ਹੰਸ ਬਣਾਏ ਕਾਗਿਆ, ਅੰਮ੍ਰਿਤ ਆਤਮ ਏਕਾ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚਾ ਉਠਿਆ, ਪਾਇਆ ਪੁਰਖ ਅਪਾਰ । ਹਰਿ

੪੨੪

ਸ਼ਬਦੀ ਗੁਰ ਗੁਰ ਤੁੱਠਿਆ, ਦੇਵੇ ਦਰਸ ਆਪ ਨਿਰਾਕਾਰ । ਲੋਕਮਾਤ ਨਾ ਜਾਏ ਲੁੱਟਿਆ, ਲੁੱਟ ਨਾ ਸਕੇ ਠੱਗ ਚੋਰ ਯਾਰ । ਮਾਨਸ ਜਨਮ ਭਾਗ ਨਾ ਨਿਖੁਟਿਆ, ਮਿਲਿਆ ਮੇਲ ਮੀਤ ਮੁਰਾਰ । ਅੰਤਮ ਚੜ੍ਹੇ ਸਾਚੀ ਚੋਟੀਆਂ, ਰਾਏ ਧਰਮ ਨਾ ਕਰੇ ਖੁਆਰ । ਕੱਢਣਹਾਰਾ ਵਾਸ਼ਨਾ ਖੋਟੀਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਬੰਕ ਦੁਆਰ । ਬੰਕ ਦੁਆਰ ਸੁਹੰਜਣਾ, ਹਰਿ ਸਾਚਾ ਵੇਖ ਵਖਾਇੰਦਾ । ਜੋਤ ਜਗਾਏ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਇੰਦਾ । ਜਨ ਭਗਤਾਂ ਨੇਤਰ ਪਾਏ ਨਾਮ ਅੰਜਣਾ, ਅਗਿਆਨ ਅੰਧੇਰ ਮਿਟਾਇੰਦਾ । ਚਰਨ ਧੂੜ ਕਰਾਏ ਸਾਚਾ ਮਜਣਾ, ਅਠਸਠ ਪੰਧ ਮੁਕਾਇੰਦਾ । ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਇੰਦਾ । ਜਨ ਭਗਤਾਂ ਪਰਦਾ ਆਪੇ ਕੱਜਣਾ, ਸ਼ਬਦ ਦੁਸ਼ਾਲਾ ਹੱਥ ਉਠਾਇੰਦਾ । ਕਾਲ ਨਗਾਰਾ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਸੀਸ ਵੱਜਣਾ, ਸ਼ਾਹ ਸੁਲਤਾਨ ਨਾ ਕੋਇ ਬਚਾਇੰਦਾ । ਰਾਜ ਰਾਜਾਨਾਂ ਤਖ਼ਤ ਤਾਜ ਜਗ ਤਜਣਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਪੀ ਪੀ ਰੱਜਣਾ, ਜਿਸ ਹਰਿ ਹਰਿ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਮੇਲ ਮਿਲਾਇੰਦਾ । ਗੁਰਸਿਖ ਸਾਚਾ ਮੇਲਿਆ, ਕਰ ਕਿਰਪਾ ਆਪ ਕਰਤਾਰ । ਏਕਾ ਰੰਗ ਰੰਗੇ ਗੁਰ ਚੇਲਿਆ, ਰੰਗ ਰੰਗੀਲਾ ਅਪਰ ਅਪਾਰ । ਘਰ ਪਾਇਆ ਸੱਜਣ ਸੁਹੇਲਿਆ, ਵਿਛੜਿਆ ਸੰਸਾਰ । ਕੱਟੇ ਧਰਮ ਰਾਏ ਦੀ ਜੇਲਿਆ, ਲੱਖ ਚੁਰਾਸੀ ਕਰੇ ਪਾਰ । ਹਰਿ ਜੂ ਖੇਲ ਆਪਣਾ ਆਪੇ ਖੇਲਿਆ, ਨਿਰਗੁਣ ਰੂਪ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਸਾਚਾ ਬੇੜਾ ਬੰਨ੍ਹ, ਗੁਰ ਸਤਿਗੁਰ ਆਪ ਚਲਾਇੰਦਾ । ਗੁਰਮੁਖ ਚੜ੍ਹਿਆ ਸਾਚਾ ਚੰਨ, ਲੋਕਮਾਤ ਵੇਖ ਵਖਾਇੰਦਾ । ਸਤਿਗੁਰ ਕਹੇ ਧੰਨ ਧੰਨ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਏਕੰਕਾਰ ਲੋਕਮਾਤ ਖੇਲ ਅਪਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਿਰਗੁਣ ਸਰਗੁਣ ਪੇਖਿਆ, ਜੋਤੀ ਜੋਤ ਨੂਰ ਉਜਿਆਰ । ਨਿਰਗੁਣ ਸਰਗੁਣ ਲਿਖੇ ਲੇਖਿਆ, ਲੇਖਾ ਜਾਣੇ ਧਰਮ ਦੁਆਰ । ਨਿਰਗੁਣ ਸਰਗੁਣ ਵੇਖੇ ਰੇਖਿਆ, ਕਰਮ ਧਰਮ ਕਰੇ ਵਿਚਾਰ । ਨਿਰਗੁਣ ਸਰਗੁਣ ਧਾਰੇ ਭੇਖਿਆ, ਨਿਹਕਲੰਕਾ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਕਰੇ ਵਪਾਰ । ਹਰਿ ਸ਼ਬਦ ਵਣਜਾਰ ਸਤਿ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਸ਼ਬਦ ਵਣਜਾਰ ਸਤਿ, ਸਤਿਗੁਰ ਪੂਰਾ ਸਾਚੇ ਹੱਟ ਵਿਕਾਇੰਦਾ । ਹਰਿ ਸ਼ਬਦ ਵਣਜਾਰ ਸਤਿ, ਗੁਰ ਗੁਰ ਏਕਾ ਰੰਗ ਵਖਾਇੰਦਾ । ਹਰਿ ਸ਼ਬਦ ਵਣਜਾਰ ਸਤਿ, ਭਗਤਨ ਝੋਲੀ ਆਪ ਭਰਾਇੰਦਾ । ਹਰਿ ਸ਼ਬਦ ਵਣਜਾਰ ਸਤਿ, ਸੰਤ ਸਾਜਣ ਵੇਖ ਵਖਾਇੰਦਾ । ਹਰਿ ਸ਼ਬਦ ਵਣਜਾਰ ਸਤਿ, ਗੁਰਮੁਖ ਏਕਾ ਬੂਝ ਬੁਝਾਇੰਦਾ । ਹਰਿ ਸ਼ਬਦ ਵਣਜਾਰ ਸਤਿ, ਗੁਰਸਿਖ ਸੱਜਣ ਸੰਗ ਨਿਭਾਇੰਦਾ । ਪੁਰਖ ਅਬਿਨਾਸ਼ੀ ਦੇਵਣਹਾਰਾ ਬ੍ਰਹਮ ਮਤ, ਮਨ ਮਤ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਜਾਣੇ ਮਿਤ ਗਤ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਆਵੇ ਜਾਵੇ ਨਿਤ ਨਵਿਤ, ਭਗਤਨ ਮੀਤ ਖੇਲ ਖਿਲਾਇੰਦਾ । ਨਾ ਕੋਈ ਵਾਰ ਨਾ ਕੋਈ ਥਿਤ, ਮਾਸ ਬਰਖ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਧਰਾਇੰਦਾ । ਸ਼ਬਦ ਜਣਾਈ ਧੁਰ ਫ਼ਰਮਾਣ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ ।

ਸਤਿਗੁਰ ਦੇਵੇ ਧੁਰ ਫ਼ਰਮਾਣ, ਗੁਰ ਗੁਰ ਬੂਝ ਬੁਝਾਇੰਦਾ । ਗੁਰ ਗੁਰ ਦੇਵੇ ਏਕਾ ਮਾਣ, ਭਗਤਨ ਸੰਗ ਤਰਾਇੰਦਾ । ਭਗਤਨ ਦੇਵੇ ਇਕ ਧਿਆਨ, ਏਕਾ ਇਸ਼ਟ ਵਖਾਇੰਦਾ । ਏਕਾ ਇਸ਼ਟ ਸ੍ਰੀ ਭਗਵਾਨ, ਸੰਤਨ ਮੇਲ ਮਿਲਾਇੰਦਾ । ਸੰਤਨ ਖੋਲ੍ਹੇ ਇਕ ਦੁਕਾਨ, ਚੌਦਾਂ ਲੋਕ ਮੁਖ ਸ਼ਰਮਾਇੰਦਾ । ਏਕਾ ਦੇਵੇ ਸਾਚਾ ਦਾਨ, ਦਾਤਾ ਦਾਨੀ ਸਾਚੀ ਭਿਛਿਆ ਝੋਲੀ ਪਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣਾ ਭੇਵ ਖੁਲ੍ਹਾਇੰਦਾ । ਅੰਦਰ ਮੰਦਰ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਗੁਰਸਿਖ ਉਠਾਏ ਬਾਲ ਅੰਞਾਣ, ਆਪ ਆਪਣੀ ਗੋਦ ਬਹਾਇੰਦਾ । ਜਗਤ ਚੁਕਾਏ ਝੂਠੀ ਕਾਣ, ਦੇ ਮਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿ ਸ਼ਬਦ ਸਾਜਣ ਮੀਤ, ਸਤਿਗੁਰ ਹੱਥ ਵਡਿਆਈਆ । ਗੁਰ ਗੁਰ ਬੈਠਾ ਇਕ ਅਤੀਤ, ਨਿਰਗੁਣ ਸਰਗੁਣ ਬੇਪਰਵਾਹੀਆ । ਭਗਤਨ ਕਾਇਆ ਕਰੇ ਠੰਡੀ ਸੀਤ, ਸੰਤਨ ਸਤਿ ਸਤਿ ਵਰਤਾਈਆ । ਗੁਰਮੁਖ ਚਲਾਏ ਆਪਣੀ ਰੀਤ, ਵੇਦ ਕਤੇਬ ਭੇਵ ਨਾ ਰਾਈਆ । ਗੁਰਸਿਖ ਮਿਲੇ ਹਰਿ ਸਾਚਾ ਮੀਤ, ਵਿਛੜ ਕਦੇ ਨਾ ਜਾਈਆ । ਮਾਨਸ ਜਨਮ ਜਾਏ ਜੀਤ, ਲੱਖ ਚੁਰਾਸੀ ਫੰਦ ਕਟਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਸਤਿਗੁਰ ਪੂਰੇ ਹੱਥ ਵਡਿਆਈਆ । ਅੰਮ੍ਰਿਤ ਰਸ ਦੇਵੇ ਸਾਚਾ ਮੀਠ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਕਾਇਆ ਮੰਦਰ ਵੇਖ ਵਖਾਈਆ । ਕਾਇਆ ਮੰਦਰ ਸਚ ਮਹੱਲਾ, ਹਰਿ ਸਾਚੇ ਸਚ ਵਸਾਇਆ । ਨਿਰਗੁਣ ਬੈਠਾ ਇਕ ਇਕੱਲਾ, ਨਿਜ ਆਤਮ ਡੇਰਾ ਲਾਇਆ । ਆਤਮ ਸੇਜਾ ਸਚ ਸਿੰਘਾਸਣ ਮੱਲਾ, ਆਪ ਆਪਣੀ ਸੋਭਾ ਪਾਇਆ । ਸ਼ਬਦ ਸੁਨੇਹੜਾ ਏਕਾ ਘੱਲਾ, ਨਾਦ ਅਨਾਦੀ ਧੁਨ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਕਾਇਆ ਮੰਦਰ ਡੂੰਘਾ ਸਾਗਰ, ਸਰ ਸਰੋਵਰ ਆਪ ਸੁਹਾਈਆ । ਭਾਗ ਲੱਗਾ ਪੰਜ ਤਤ ਗਾਗਰ, ਸਤਿਗੁਰ ਪੂਰਾ ਆਪ ਲਗਾਈਆ । ਨਿਰਮਲ ਜੋਤ ਕਰੇ ਉਜਾਗਰ, ਦਿਵਸ ਰੈਣ ਡਗਮਗਾਈਆ । ਏਕਾ ਨਾਮ ਕਰਾਏ ਵਣਜ ਸੌਦਾਗਰ, ਸਾਚੀ ਵਸਤ ਸਾਚੇ ਹੱਟ ਵਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਕਾਇਆ ਮੰਦਰ ਫੋਲ ਫੁਲਾਈਆ । ਕਾਇਆ ਮੰਦਰ ਡੂੰਘੀ ਭਵਰੀ, ਸੁਖਮਨ ਨਾੜੀ ਫੋਲ ਫੁਲਾਇੰਦਾ । ਅੰਧ ਅੰਧੇਰੀ ਵੇਖੇ ਕਵਰੀ, ਦੀਪਕ ਆਪਣਾ ਆਪ ਲਟਕਾਇੰਦਾ । ਸੁਰਤ ਸੁਆਣੀ ਅਵਰੀ ਗਵਰੀ, ਸ਼ਬਦ ਹਾਣੀ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਕਾਇਆ ਮੰਦਰ ਆਪ ਸੁਹਾਇੰਦਾ । ਕਾਇਆ ਮੰਦਰ ਸਚ ਦੁਆਰਾ, ਗੁਰਮੁਖ ਆਪ ਜਣਾਇੰਦਾ । ਸੁਰਤੀ ਸ਼ਬਦੀ ਕਰੇ ਪਿਆਰਾ, ਘਰ ਸਾਚੇ ਮੇਲ ਮਿਲਾਇੰਦਾ । ਅਗੰਮ ਅਗੰਮੜਾ ਦਏ ਹੁਲਾਰਾ, ਅਗੰਮੀ ਧਾਰ ਆਪ ਵਹਾਇੰਦਾ । ਅਨਹਦ ਧੁਨ ਸੁਣਾਏ ਆਪ ਧੁਨਕਾਰਾ, ਪੰਚਮ ਸਖੀਆਂ ਮੰਗਲ ਗਾਇੰਦਾ । ਆਪੇ ਵੇਖੇ ਵੇਖਣਹਾਰਾ, ਰੂਪ ਅਨੂਪ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਕਾਇਆ ਅੰਦਰ ਵੜ, ਆਪ ਆਪਣਾ ਤਖ਼ਤ ਸੁਹਾਇੰਦਾ । ਗੁਰਸਿਖ ਕਾਇਆ ਅੰਦਰ ਵੜਿਆ, ਗੁਰ ਸਤਿਗੁਰ ਆਪ ਕਰਤਾਰ । ਸਾਚੇ ਪੌੜੇ ਆਪੇ ਚੜ੍ਹਿਆ, ਨਾਤਾ ਤੋੜ ਨੌਂ ਦੁਆਰ । ਟੇਢੀ ਬੰਕ ਘਾੜਣ ਘੜਿਆ, ਆਪੇ ਹੋਏ ਆਰ ਪਾਰ । ਆਪਣਾ ਅੱਖਰ ਆਪੇ ਪੜ੍ਹਿਆ, ਆਪੇ ਬੋਲੇ ਸਚ ਜੈਕਾਰ । ਆਪਣਾ ਪੱਲਾ ਆਪੇ ਫੜਿਆ, ਆਪੇ ਬਣਿਆ ਮੀਤ ਮੁਰਾਰ । ਆਪਣਾ


੪੨੯

ਗੜ੍ਹ ਆਪੇ ਤੋੜੇ, ਅੱਗੇ ਕੋਇ ਨਾ ਅੜਿਆ, ਬਜ਼ਰ ਕਪਾਟੀ ਦੇਵੇ ਪਾੜ । ਸਰ ਸਰੋਵਰ ਸਾਚਾ ਅੰਮ੍ਰਿਤ ਆਪੇ ਭਰਿਆ, ਪੁਰਖ ਅਬਿਨਾਸ਼ੀ ਠੰਡਾ ਠਾਰ । ਸੁੱਕਾ ਬੂਟਾ ਹਰਿਆ ਕਰਿਆ, ਹੰਸ ਉਡਾਏ ਕਾਗੋਂ ਡਾਰ । ਸਾਚੀ ਸੇਜਾ ਚਰਨ ਧਰਿਆ, ਆਤਮ ਸੇਜਾ ਕਰ ਪਿਆਰ । ਗੁਰਮੁਖ ਸਾਚਾ ਆਪੇ ਵਰਿਆ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਏਕਾ ਸੇਜਾ ਪੈਰ ਪਸਰਿਆ, ਨਾਰੀ ਮੇਲਾ ਕੰਤ ਭਤਾਰ । ਘਰ ਵਿਚ ਘਰ ਘਰ ਉਜਰਿਆ, ਅੰਧ ਅੰਧੇਰਾ ਦਏ ਨਿਵਾਰ । ਆਦਿ ਜੁਗਾਦਿ ਕਦੇ ਨਾ ਮਰਿਆ, ਸਤਿਗੁਰ ਪੂਰਾ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਆਤਮ ਸੇਜਾ ਸਚ ਪਲੰਘ, ਸਤਿਗੁਰ ਪੂਰਾ ਆਪ ਸੁਹਾਇੰਦਾ । ਸੁਰਤ ਸੁਆਣੀ ਮੰਗੇ ਮੰਗ, ਸ਼ਬਦ ਹਾਣੀ ਮੇਲ ਮਿਲਾਇੰਦਾ । ਅੰਮ੍ਰਿਤ ਧਾਰ ਵਹਾਏ ਗੰਗ, ਸਾਚੀ ਧਾਰ ਆਪ ਚਲਾਇੰਦਾ । ਸ਼ਬਦੀ ਸ਼ਬਦ ਸੂਰਾ ਸਰਬੰਗ, ਗੁਰ ਗੁਰ ਏਕਾ ਰੂਪ ਵਟਾਇੰਦਾ । ਕੱਟਣਹਾਰਾ ਭੁੱਖ ਨੰਗ, ਤ੍ਰਿਸ਼ਨਾ ਰੋਗ ਮੇਟ ਮਿਟਾਇੰਦਾ । ਪੰਚ ਵਿਕਾਰ ਨਾ ਕਰੇ ਜੰਗ, ਸਾਚਾ ਖੰਡਾ ਇਕ ਚਮਕਾਇੰਦਾ । ਸਚ ਦੁਆਰੇ ਆਪੇ ਲੰਘ, ਆਪ ਆਪਣਾ ਰਾਹ ਚਲਾਇੰਦਾ । ਸਾਚੇ ਅਸਵ ਕਸ ਤੰਗ, ਸਾਚੀ ਘੋੜੀ ਗੁਰਮੁਖ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਸੇ ਸਾਚੇ ਘਰ, ਘਰ ਮੰਦਰ ਆਪ ਸਾਲਾਹਿੰਦਾ । ਘਰ ਮੰਦਰ ਸੋਭਾਵੰਤ, ਗੁਰ ਸਤਿਗੁਰ ਆਪ ਸੁਹਾਈਆ । ਗੁਰਮੁਖ ਮੇਲਾ ਨਾਰੀ ਕੰਤ, ਹਰਿ ਕੰਤ ਕੰਤੂਹਲ ਇਕ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੋੜੇ ਗੜ੍ਹ ਹਉਮੇ ਹੰਗਤ, ਹੰਕਾਰ ਵਿਕਾਰ ਦਏ ਮਿਟਾਈਆ । ਨਾਤਾ ਜੋੜੇ ਸਾਚੀ ਸੰਗਤ, ਸਗਲਾ ਸੰਗ ਵਖਾਈਆ । ਹਰਿਜਨ ਮੇਲਾ ਜਿਉਂ ਨਾਨਕ ਅੰਗਦ, ਨਿਰਗੁਣ ਸਰਗੁਣ ਹੋਏ ਸਹਾਈਆ । ਸਤਿਗੁਰ ਪੂਰਾ ਕਿਸੇ ਦਰ ਨਾ ਜਾਏ ਮੰਗਤ, ਦੇਵਣਹਾਰ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਸੇ ਸਾਚੇ ਘਰ, ਕਾਇਆ ਖੇੜਾ ਆਪ ਵਸਾਈਆ । ਕਾਇਆ ਖੇੜਾ ਸਚ ਗਿਰਾਂ, ਹਰਿ ਸਾਚਾ ਸਚ ਸੁਹਾਇੰਦਾ । ਆਪੇ ਵੇਖੇ ਆਪਣਾ ਥਾਂ, ਆਪਣੀ ਵੰਡ ਆਪ ਵੰਡਾਇੰਦਾ । ਆਪੇ ਪਕੜਣਹਾਰਾ ਬਾਂਹ, ਆਪ ਆਪਣੀ ਗੋਦ ਸੁਹਾਇੰਦਾ । ਆਪੇ ਹੰਸ ਬਣਾਏ ਫੜ ਫੜ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਆਪ ਅਖਵਾਇੰਦਾ । ਆਪੇ ਕਰੇ ਸਚ ਨਿਆਂ, ਘਰ ਘਰ ਵਿਚ ਆਸਣ ਲਾਇੰਦਾ । ਆਪ ਜਣਾਏ ਆਪਣਾ ਨਾਂ, ਹੰ ਬ੍ਰਹਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਖੇੜਾ ਆਪ ਵਸਾਇੰਦਾ । ਆਪ ਵਸਾਏ ਕਾਇਆ ਖੇੜਾ, ਹਰਿ ਹਰਿ ਜੋਤ ਜਗਾਈਆ । ਆਪੇ ਦੇਵੇ ਏਕਾ ਗੇੜਾ, ਮਨ ਹੰਕਾਰ ਦਏ ਭਵਾਈਆ । ਆਪੇ ਕਰੇ ਹੱਕ ਨਿਬੇੜਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਆਪੇ ਕਰੇ ਖੁਲ੍ਹਾ ਵਿਹੜਾ, ਪੰਜ ਦੂਤ ਦਏ ਮਿਟਾਈਆ । ਆਪੇ ਬੰਨ੍ਹੇ ਸਾਚਾ ਬੇੜਾ, ਏਕਾ ਚੱਪੂ ਨਾਮ ਲਗਾਈਆ । ਆਪੇ ਢਾਏ ਭਰਮਾਂ ਡੇਰਾ, ਨਾਮ ਗਿਆਨ ਇਕ ਦ੍ਰਿੜਾਈਆ । ਆਪੇ ਜਾਣੇ ਸੰਝ ਸਵੇਰਾ, ਅੰਧੇਰੀ ਰੈਣ ਰਹਿਣ ਨਾ ਪਾਈਆ । ਆਪ ਮਿਟਾਏ ਹੇਰਾ ਫੇਰਾ, ਏਕਾ ਫੇਰਾ ਹਰਿ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਕਾਇਆ ਮੰਦਰ ਆਤਮ ਸੇਜਾ ਆਪ ਸਹਾਈਆ । ਗੁਰਸਿਖ ਕਾਇਆ ਸਚ ਸਿੰਘਾਸਣ, ਹਰਿ ਸਾਚਾ ਸੇਜ ਸੁਹਾਇੰਦਾ । ਆਦਿ ਜੁਗਾਦੀ ਦਾਸੀ ਦਾਸਣ, ਜੁਗ ਜੁਗ ਸੇਵ ਕਮਾਇੰਦਾ । ਨਿਝ ਘਰ ਆਤਮ ਕਰੇ ਨਿਵਾਸਣ, ਨਿਉਂ ਨਿਉਂ ਸੀਸ

ਝੁਕਾਇੰਦਾ । ਪੂਰੀ ਕਰੇ ਸਾਚੀ ਆਸਣ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਘਰ ਮੰਦਰ ਬਹਿ ਬਹਿ ਪਾਏ ਰਾਸਨ, ਗੋਪੀ ਕਾਹਨ ਆਪ ਨਚਾਇੰਦਾ । ਲਹਿਣ ਦੇਣ ਚੁਕਾਏ ਦਸ ਦਸ ਮਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ ।

### ✻ ੧੨ ਚੇਤ ੨੦੧੭ ਬਿਕ੍ਰਮੀ ਬੀਬੀ ਬੰਤੀ ਪਿੰਡ ਨੌਸ਼ੈਹਿਰਾ ਜ਼ਿਲਾ ਗੁਰਦਾਸ ਪੁਰ ✻

ਈਸ਼ ਜੀਵ ਉਪਾਇਆ, ਖੇਲ ਅਗੰਮ ਅਪਾਰ । ਜਗਦੀਸ਼ ਖੇਲ ਰਚਾਇਆ, ਜੁਗ ਜੁਗ ਵੇਖਣਹਾਰ । ਬ੍ਰਹਮ ਆਪਣਾ ਰੰਗ ਰੰਗਾਇਆ, ਪਾਰਬ੍ਰਹਮ ਗੁਰ ਕਰਤਾਰ । ਜਨਮ ਮਰਨ ਖੇਲ ਖਿਲਾਇਆ, ਲੱਖ ਚੁਰਾਸੀ ਕਰ ਪਸਾਰ । ਆਪ ਆਪਣਾ ਬਿਰਧ ਧਰਾਇਆ, ਜੀਵ ਪਾਵੇ ਨਾ ਕੋਈ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਆਤਮ ਬ੍ਰਹਮ ਉਪਾਇੰਦਾ, ਪਾਰਬ੍ਰਹਮ ਵੱਡੀ ਵਡਿਆਈਆ । ਲੱਖ ਚੁਰਾਸੀ ਵਿਚ ਟਿਕਾਇੰਦਾ, ਪੰਜ ਤਤ ਕਰ ਕੁੜਮਾਈਆ । ਹੁਕਮੀ ਹੁਕਮ ਆਪ ਫਿਰਾਇੰਦਾ, ਅਜੂਨੀ ਜੂਨ ਆਪ ਫਿਰਾਈਆ । ਕਰਮ ਧਰਮ ਆਪ ਜਣਾਇੰਦਾ, ਵਰਨ ਬਰਨ ਵੇਖ ਵਖਾਈਆ । ਸਾਚੇ ਮਾਰਗ ਆਪੇ ਜਾਣਦਾ, ਦੇ ਮਤ ਰਿਹਾ ਸਮਝਾਈਆ । ਕੂੜੀ ਕਿਰਿਆ ਜਗਤ ਪਛਾੜਦਾ, ਕੂੜਾ ਧੰਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲੇਖ ਲਿਖਾਈਆ । ਆਤਮ ਬ੍ਰਹਮ ਹਰਿ ਕਰਤਾਰ, ਈਸ਼ ਜੀਵ ਉਪਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਜੀਵ ਜੰਤ ਵੇਖ ਵਖਾਇਆ । ਘਟ ਘਟ ਅੰਦਰ ਹੋ ਉਜਿਆਰ, ਦੀਵਾ ਬਾਤੀ ਆਪ ਜਗਾਇਆ । ਸਾਚਾ ਸਾਕੀ ਹਰਿ ਨਿਰੰਕਾਰ, ਅੰਮ੍ਰਿਤ ਜਾਮ ਆਪ ਪਿਆਇਆ । ਆਪੇ ਸੁੱਤਾ ਪੈਰ ਪਸਾਰ, ਖ਼ਾਕੀ ਖ਼ਾਕ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਅਪਣਾ ਰੰਗ ਰੰਗਾਇਆ । ਜੀਵ ਈਸ਼ ਆਤਮ ਧਾਰ, ਹਰਿ ਹਰਿ ਆਪ ਉਪਜਾਈਆ । ਸਤਿ ਸਤਿਵਾਦੀ ਸਾਚੀ ਕਾਰ, ਜੁਗ ਜੁਗ ਆਪ ਕਰਾਈਆ । ਲੱਖ ਚੁਰਾਸੀ ਵਸਣਹਾਰ, ਸੇਵਕ ਸੇਵਾ ਸਚ ਕਮਾਈਆ । ਬ੍ਰਹਮ ਆਤਮ ਏਕਾ ਧਾਰ, ਅਸਥਾਨ ਭੂਮਕਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਥਾਉਂ ਥਾਈਆ । ਪਾਰਬ੍ਰਹਮ ਬ੍ਰਹਮ ਪਾਇਆ, ਘਰ ਮੰਦਰ ਬੰਕ ਦੁਆਰ । ਪਾਰਬ੍ਰਹਮ ਪ੍ਰਭ ਮੁਖ ਭਵਾਇਆ, ਦਿਸ ਨਾ ਆਏ ਅੰਧ ਅੰਧਿਆਰ । ਪਾਰਬ੍ਰਹਮ ਬ੍ਰਹਮ ਸਮਝਾਇਆ, ਏਕਾ ਸ਼ਬਦੀ ਸ਼ਬਦ ਧੁਨਕਾਰ । ਪਾਰਬ੍ਰਹਮ ਬ੍ਰਹਮ ਸੁਹਾਇਆ, ਆਪ ਆਪਣਾ ਪਰਦਾ ਡਾਰ । ਪੁਰਖ ਅਬਿਨਾਸ਼ੀ ਭੇਵ ਨਾ ਆਇਆ, ਖੇਲੇ ਖੇਲ ਅਗੰਮ ਅਪਾਰ । ਲੱਖ ਚੁਰਾਸੀ ਵੇਖ ਵਖਾਇਆ, ਕੀਟ ਕੀਟਾਂ ਕਰ ਪਸਾਰ । ਸ਼ਾਹ ਸੁਲਤਾਨਾ ਰੂਪ ਵਟਾਇਆ, ਸਤਿਗੁਰ ਨਾਮ ਬਣ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਪ ਕਰਤਾਰ । ਲੇਖਾ ਹਰਿ ਕਰਤਾਰ, ਬ੍ਰਹਮ ਪਾਰਬ੍ਰਹਮ ਅਖਵਾਇੰਦਾ । ਲੱਖ ਚੁਰਾਸੀ ਕਰ ਉਜਿਆਰ, ਘਰ ਘਰ ਦੀਪ ਆਪ ਟਿਕਾਇੰਦਾ । ਕਮਲਾਪਾਤੀ ਖੇਲ ਅਪਾਰ, ਧੁਰ ਦੀ ਰਾਣੀ ਆਪ ਕਰਾਇੰਦਾ । ਡੂੰਘੀ ਕੰਦਰ ਬਹਿ ਬਹਿ ਮਾਰੇ ਝਾਕੀ, ਨਿਰੰਕਾਰਾ ਆਪਣੀ ਤਾਕੀ ਆਪ ਖੁਲ੍ਹਾਇੰਦਾ । ਲਹਿਣਾ ਦੇਣਾ ਜਾਣੇ ਬਾਕੀ, ਵਾਹ ਵਾਹ ਜੁਗਾ ਜੁਗੰਤਰ ਵੇਸ ਵਟਾਇੰਦਾ । ਸਾਚਾ ਸਾਕੀ ਮੀਤ ਮੁਰਾਰ, ਅੰਮ੍ਰਿਤ ਪਿਆਲਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਪਣਾ ਦਰ ਆਪ ਸੁਹਾਇੰਦਾ । ਆਤਮ ਬ੍ਰਹਮ ਬ੍ਰਹਮ ਵਿਛੋੜਿਆ, ਪਾਰਬ੍ਰਹਮ ਬੇਅੰਤ । ਆਪਣਾ ਜੋੜਾ ਆਪੇ ਜੋੜਿਆ, ਗੁਰਮੁਖ ਵਿਰਲੇ ਸਾਜਣ ਸੰਤ । ਆਪੇ ਬਖ਼ਸ਼ੇ ਸਾਚਾ ਘੋੜਿਆ, ਨਾਮ ਸੁਣਾਏ ਸੁਹਾਗੀ ਛੰਤ । ਆਪੇ ਦਰ ਦੁਆਰੇ ਦੇਵੇ ਹੋੜਿਆ, ਮਾਇਆ ਪਾਏ ਬੇਅੰਤ । ਆਪੇ ਚੜ੍ਹਾਏ ਸਾਚੇ ਪੌੜਿਆ, ਲੇਖਾ ਜਾਣੇ ਆਦਿ ਅੰਤ । ਆਪੇ ਵੇਖੇ ਰਸ ਮਿੱਠਾ ਕੌੜਿਆ, ਹਰਿ ਹਰਿ ਮਹਿਮਾ ਗਣਤ ਅਗਣਤ । ਆਪੇ ਫਿਰੇ ਦੋ ਜਹਾਨਾਂ ਦੌੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਭਗਵੰਤ । ਭਗਵਨ ਹਰਿ ਭਗਵਾਨ, ਪਾਰਬ੍ਰਹਮ ਵੱਡੀ ਵਡਿਆਈਆ । ਬ੍ਰਹਮ ਵੇਖ ਮਾਤ ਨਿਸ਼ਾਨ, ਜੀਵ ਈਸ਼ ਰੂਪ ਵਟਾਈਆ । ਅੰਤਰ ਆਤਮ ਇਕ ਗਿਆਨ, ਆਤਮ ਬ੍ਰਹਮ ਇਕ ਸਮਝਾਈਆ । ਆਪੇ ਦੇਵਣਹਾਰ ਦਾਨ, ਘਰ ਸਾਚੀ ਵਸਤ ਰਖਾਈਆ । ਆਪੇ ਸਖੀਆਂ ਮਿਲ ਮਿਲ ਮੰਗਲ ਗਾਏ ਕਾਹਨ, ਆਪੇ ਬੈਠਾ ਮੁਖ ਛੁਪਾਈਆ । ਆਪੇ ਬਿਰਧ ਬਾਲ ਨੌਜਵਾਨ, ਆਪੇ ਰੂਪ ਰੰਗ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪਣੀ ਵੰਡ ਵੰਡਾਈਆ । ਲੱਖ ਚੁਰਾਸੀ ਵੰਡੀ ਵੰਡ, ਹਰਿ ਸਾਚੇ ਕਰਮ ਕਮਾਇਆ । ਖੇਲੇ ਖੇਲ ਵਿਚ ਵਰਭੰਡ, ਨੌ ਦਸ ਗਿਆਰਾਂ ਬੀਸ ਤੀਸ ਚਾਰ ਸਗਲਾ ਸੰਗ ਰਖਾਇਆ । ਆਪੇ ਜੇਰਜ ਆਪੇ ਅੰਡ, ਉਤਭੁਜ ਸੇਤਜ ਰੂਪ ਵਟਾਇਆ । ਆਪੇ ਸੁੱਤਾ ਦੇ ਕਰ ਕੰਡ, ਆਪੇ ਸਾਚੀ ਸੇਜ ਹੰਢਾਇਆ । ਆਪੇ ਨਾਰ ਦੁਹਾਗਣ ਹੋਏ ਰੰਡ, ਕੰਤ ਕੰਤੂਹਲ ਆਪ ਸੁਹਾਇਆ । ਆਪੇ ਪੱਲੇ ਬੰਨ੍ਹੇ ਆਪਣੀ ਗੰਢ, ਆਪੇ ਖ਼ਾਲੀ ਹੱਥ ਫਿਰਾਇਆ । ਆਪੇ ਕਰੇ ਖੰਡ ਖੰਡ, ਆਪੇ ਏਕਾ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇਆ । ਲੱਖ ਚੁਰਾਸੀ ਖੇਲ ਨਿਆਰ, ਬ੍ਰਹਮ ਪਾਰਬ੍ਰਹਮ ਕਰਾਈਆ । ਜੀਵ ਈਸ਼ ਕਰ ਤਿਆਰ, ਸਚ ਹਦੀਸ ਇਕ ਪੜ੍ਹਾਈਆ । ਕਰਮ ਨੇਹਕਰਮੀ ਕਰੇ ਵਿਚਾਰ, ਜਨਮ ਜਨਮ ਵੇਖ ਵਖਾਈਆ । ਧਰਮੀ ਧਰਮ ਕਰੇ ਪੁਕਾਰ, ਸਾਚਾ ਧਾਮ ਇਕ ਵਖਾਈਆ । ਏਕਾ ਮੀਤ ਹਰਿ ਕਰਤਾਰ, ਕਾਦਰ ਕਰਤਾ ਕੁਦਰਤ ਵਿਚ ਸਮਾਈਆ । ਏਕਾ ਨਾਮ ਏਕਾ ਨਾਅਰ, ਏਕਾ ਨੂਰ ਡਗਮਗਾਈਆ । ਏਕਾ ਗੁਪਤ ਏਕਾ ਜ਼ਾਹਰ, ਜ਼ਾਹਰ ਜ਼ਹੂਰ ਇਕ ਵਖਾਈਆ । ਪਾਰਬ੍ਰਹਮ ਪ੍ਰਭ ਕਰੇ ਪਿਆਰ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਨਾਮ ਦਏ ਆਧਾਰ, ਦੂਸਰ ਓਟ ਨਾ ਕੋਈ ਤਕਾਈਆ । ਏਕਾ ਕੰਡਾ ਤੋਲਣਹਾਰ, ਸਚ ਤਰਾਜ਼ੂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਤ ਆਪ ਸਮਝਾਇਆ । ਲੇਖਾ ਜਾਣੇ ਪਾਰਬ੍ਰਹਮ, ਪਾਰਬ੍ਰਹਮ ਆਪ ਸਮਝਾਇੰਦਾ । ਪੰਜ ਤਤ ਕਾਇਆ ਤਨ, ਘਰ ਸਾਚਾ ਆਪ ਵਸਾਇੰਦਾ । ਅੰਦਰੇ ਅੰਦਰ ਬੇੜਾ ਬੰਨ, ਸਾਚੇ ਮੰਦਰ ਆਪ ਟਿਕਾਇੰਦਾ । ਦਿਵਸ ਰੈਣ ਰਾਗ ਸੁਣਾਏ ਕੰਨ, ਸਾਚਾ ਹੁਕਮ ਅਲਾਇੰਦਾ । ਕਰੇ ਪਰਕਾਸ਼ ਸਾਚੇ ਚੰਨ, ਜੋਤ ਨਿਰੰਜਣ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਆਤਮ ਘਰ ਸੁਹਾਇੰਦਾ । ਬ੍ਰਹਮ ਦਵਾਰਾ ਸਚ ਘਰ, ਸਚ ਸਚ ਟਿਕਾਈਆ । ਬ੍ਰਹਮ ਵੇਖੇ ਚਾਰ ਦਵਾਰ, ਆਤਮ ਬੰਕ ਸੁਹਾਈਆ । ਆਤਮ ਲੋਅ ਕਰ ਉਜਿਆਰ, ਬ੍ਰਹਮ ਅੰਦਰ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਆਪੇ ਵੜ, ਆਪੇ ਵੇਖੇ ਬੇਪਰਵਾਹੀਆ । ਬ੍ਰਹਮ ਅਸਥਾਨ ਆਤਮ ਪਰਕਾਸ਼, ਈਸ਼ ਜੀਵ ਕਰਾਇੰਦਾ । ਆਦਿ ਜੁਗਾਦਿ ਨਾ ਹੋਏ ਵਿਨਾਸ਼, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਆਪਣੀ ਇਛਿਆ

ਬਖ਼ਸ਼ੇ ਸਵਾਸ, ਸਾਚੀ ਧਾਰ ਇਕ ਵਿਹਾਇੰਦਾ । ਕਾਇਆ ਗੜ੍ਹ ਪ੍ਰਿਥਮੀ ਆਕਾਸ਼, ਗਗਨ ਮੰਡਲ ਰੂਪ ਵਟਾਇੰਦਾ । ਆਪੇ ਵਸੇ ਆਸ ਪਾਸ, ਸਗਲਾ ਸੰਗ ਆਪ ਨਿਭਾਇੰਦਾ । ਦਾਤਾ ਦਾਨੀ ਸਰਬ ਗੁਣਤਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਸਾਚਾ ਗੜ੍ਹ, ਏਕਾ ਬੰਕ ਸੁਹਾਇੰਦਾ । ਬ੍ਰਹਮ ਨਿਵਾਸਾ ਆਤਮ ਪਰਕਾਸ਼ਾ, ਬ੍ਰਹਮ ਆਤਮ ਵਡ ਵਡਿਆਈਆ । ਪੁਰਖ ਅਬਿਨਾਸ਼ੀ ਵੇਖੇ ਖੇਲ ਤਮਾਸ਼ਾ, ਘਰ ਘਰ ਵਿਚ ਜੋਤ ਜਗਾਈਆ । ਏਕਾ ਦੇਵੇ ਨਾਮ ਭਰਵਾਸਾ, ਨਿਝ ਮੰਦਰ ਆਪ ਉਪਜਾਈਆ । ਏਕਾ ਗੁਣ ਚਲਾਏ ਸਵਾਸ ਸਵਾਸਾ, ਏਕਾ ਰਾਗ ਸੁਣਾਈਆ । ਏਕਾ ਪੂਰੀ ਕਰੇ ਆਸਾ, ਆਸਾ ਆਸਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਲੇਖਾ ਲੇਖੇ ਪਾਈਆ । ਬ੍ਰਹਮ ਲੇਖਾ ਹਰਿ ਭਗਵਾਨ, ਆਦਿ ਜੁਗਾਦਿ ਜਣਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਜੂਨ ਅਜੂਨੀ ਆਪ ਫਿਰਾਇੰਦਾ । ਮਾਨਸ ਮਾਨੁਖ ਦੇਵੇ ਇਕ ਗਿਆਨ, ਆਪ ਆਪਣੀ ਬੂਝ ਬੁਝਾਇੰਦਾ । ਸ਼ਬਦ ਸਰੂਪੀ ਸਾਚਾ ਦਾਨ, ਨਰ ਹਰਿ ਸਾਚੀ ਝੋਲੀ ਪਾਇੰਦਾ । ਅੰਮ੍ਰਿਤ ਬਖ਼ਸ਼ੇ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਇ ਵਖਾਇੰਦਾ । ਘਰ ਵਿਚ ਘਰ ਪਰਕਾਸ਼ ਕਰੇ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਿਛੋੜਾ ਆਪ ਕਟਾਇੰਦਾ । ਬ੍ਰਹਮ ਵਿਛੋੜਾ ਹਰਿ ਹਰਿ ਪਾ, ਲੱਖ ਚੁਰਾਸੀ ਰਿਹਾ ਭਵਾਈਆ । ਆਦਿ ਜੁਗਾਦਿ ਨਾ ਸਕੇ ਕੋਈ ਛੁਡਾ, ਫੰਦਨ ਫੰਦ ਨਾ ਕੋਈ ਕਟਾਈਆ । ਪੰਜ ਤਤ ਚੋਲੀ ਤਨ ਦਏ ਪਹਿਨਾ, ਪਸ਼ੂ ਪੰਖੀ ਏਕਾ ਰੰਗ ਰੰਗਾਈਆ । ਕੂਕਰ ਸ਼ੂਕਰ ਜੋੜ ਜੁੜਾ, ਤਰਵਰ ਸਰਵਰ ਆਪ ਭਵਾਈਆ । ਮੱਛ ਕੱਛ ਡੇਰਾ ਲਾ, ਗਜ਼ ਆਪਣਾ ਰੂਪ ਵਟਾਈਆ । ਹੰਸਾ ਬੰਸਾ ਚੋਗ ਚੁਗਾ, ਸਹਿੰਸਾ ਆਪਣਾ ਰੂਪ ਵਖਾਈਆ । ਆਪਣੀ ਅੰਸਾ ਵੇਖੇ ਥਾਉਂ ਥਾਂ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਿਛੋੜਾ ਆਪ ਕਟਾਈਆ । ਆਤਮ ਵਿਛੋੜਾ ਦੇਵੇ ਕੱਟ, ਪਰਮ ਆਤਮ ਵੱਡੀ ਵਡਿਆਈਆ । ਆਪ ਵਖਾਏ ਆਪਣਾ ਹੱਟ, ਕਾਇਆ ਮੰਦਰ ਖੋਲ੍ਹ ਖੁਲ੍ਹਾਈਆ । ਦਰਸ ਦਖਾਏ ਹੋ ਪਰਗਟ, ਨੂਰ ਨੁਰਾਨਾ ਬੇਪਰਵਾਹੀਆ । ਸਾਚਾ ਅੰਮ੍ਰਿਤ ਨਿਝਰ ਦੇਵੇ ਝੱਟ, ਆਪ ਆਪਣੀ ਸੇਵ ਕਮਾਈਆ । ਆਤਮ ਸੁਹਾਏ ਸਾਚੀ ਖਾਟ, ਬ੍ਰਹਮ ਥਾਨ ਇਕ ਵਡਿਆਈਆ । ਪੂਰ ਕਰਾਏ ਆਪੇ ਘਾਟ, ਈਸ਼ ਜੀਵ ਝੋਲੀ ਪਾਈਆ । ਆਤਮ ਰਸ ਲਏ ਚਾਟ, ਪੁਰਖ ਅਬਿਨਾਸ਼ੀ ਆਪ ਚਟਾਈਆ । ਆਪੇ ਵੇਖੇ ਨੇੜੇ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੰਦ ਆਪ ਕਟਾਈਆ । ਪਾਰਬ੍ਰਹਮ ਫੰਦ ਕੱਟਣਹਾਰਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਜੁਗਾ ਜੁਗੰਤਰ ਖੇਲ ਅਪਾਰਾ, ਜੁਗ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਲਏ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਧੁਰਦਰਗਾਹੀ ਸੱਚੀ ਧੁਨਕਾਰਾ, ਸ਼ਬਦ ਅਨਾਦੀ ਨਾਦ ਵਜਾਈਆ । ਆਪੇ ਗਾਏ ਸੁਣਾਏ ਸੁਣਨੇਹਾਰਾ, ਅੱਖਰ ਵੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਮੇਲਾ ਮੇਲ ਮਿਲਾਈਆ । ਮੇਲ ਮਿਲਾਵਾ ਹਰਿ ਗੋਬਿੰਦ, ਬ੍ਰਹਮ ਪਾਰਬ੍ਰਹਮ ਕਰਾਇੰਦਾ । ਆਪੇ ਮੇਟੇ ਆਪਣੀ ਚਿੰਦ, ਆਪਣਾ ਲੇਖਾ ਆਪ ਚਲਾਇੰਦਾ । ਆਪੇ ਸਾਗਰ ਆਪ ਸਿੰਧ, ਆਪ ਨੀਰ ਵਰੋਲੇ ਅੰਮ੍ਰਿਤ ਮੇਘ ਆਪ ਬਰਸਾਇੰਦਾ । ਆਪੇ ਸਾਹਿਬ ਗਹਿਰ ਗੰਭੀਰ ਗੁਣੀ ਗਹਿੰਦ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਫੋਲ ਫੁਲਾਇੰਦਾ ।

ਲੱਖ ਚੁਰਾਸੀ ਲੱਖ ਲੱਖ ਵਾਰ, ਲੱਖ ਲੱਖ ਗੇੜਾ ਆਪ ਦਵਾਇੰਦਾ । ਸਦ ਬੀਸ ਨਾ ਕਰੇ ਕੋਈ ਵਿਚਾਰ, ਬੀਸ ਬੀਸਾ ਆਪ ਫਿਰਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਭੇਦ ਅਭੇਦਾ ਨਾ ਕੋਈ ਖੁਲ੍ਹਾਇੰਦਾ । ਏਕਾ ਨਾਮ ਜਗਦੀਸ਼ ਨਿਰੰਕਾਰ, ਰਸਨਾ ਕਦੇ ਨਾ ਕੋਈ ਸੁਣਾਇੰਦਾ । ਰਾਗ ਛਤੀਸ ਗਏ ਹਾਰ, ਹਰਿ ਕਾ ਰੂਪ ਨਾ ਕੋਈ ਸਲਾਹਿੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਸਿਆ ਬਾਹਰ, ਗੀਤਾ ਗਿਆਨ ਸਰਬ ਕੁਰਲਾਇੰਦਾ । ਖੇਲੇ ਖੇਲ ਆਪ ਆਪਣੀ ਵਾਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਸ਼ਬਦ ਬ੍ਰਹਿਮਾਦ ਬ੍ਰਹਮ ਪਾਵੇ ਸਾਰ, ਲੱਖ ਚੁਰਾਸੀ ਕਾਇਆ ਚੋਲਾ ਫੋਲ ਫੁਲਾਇੰਦਾ । ਈਸ਼ ਜੀਵ ਦਏ ਆਧਾਰ, ਸਾਚਾ ਛਤਰ ਸੀਸ ਝੁਲਾਇੰਦਾ । ਹੰਸ ਬੰਸ ਦਏ ਵਿਚਾਰ, ਰਸਨਾ ਜਿਹਵਾ ਸਰਬ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਆਪ ਕਟਾਇੰਦਾ । ਜਗਤ ਵਿਛੋੜਾ ਕੱਟਣਹਾਰਾ, ਸੋ ਪੁਰਖ ਨਿਰੰਜਣ ਆਪ ਅਖਵਾਇਆ । ਹਰਿ ਪੁਰਖ ਨਿਰੰਜਣ ਖੇਲ ਅਪਾਰਾ, ਏਕੰਕਾਰਾ ਸੇਵਾ ਰਿਹਾ ਕਮਾਇਆ । ਆਦਿ ਨਿਰੰਜਣ ਕਰ ਉਜਿਆਰਾ, ਘਰ ਘਰ ਅੰਧੇਰਾ ਦਏ ਮਿਟਾਇਆ । ਅਬਿਨਾਸ਼ੀ ਕਰਤਾ ਹੋਏ ਖ਼ਬਰਦਾਰਾ, ਆਲਸ ਨਿੰਦਰਾ ਦਏ ਗਵਾਇਆ । ਸ੍ਰੀ ਭਗਵਾਨ ਕਰੇ ਸਚ ਪਿਆਰਾ, ਆਪ ਆਪਣਾ ਸ਼ਬਦ ਸੁਣਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਬ੍ਰਹਮ ਆਪਣੀ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਇਆ । ਲੱਖ ਚੁਰਾਸੀ ਘਰ ਘਰ , ਬ੍ਰਹਮ ਪਾਰਬ੍ਰਹਮ ਦਿਸ ਨਾ ਆਈਆ । ਤੀਰਥ ਤੱਟਾਂ ਫਿਰ ਫਿਰ ਅੱਕਾ, ਫੜ ਪਾਰ ਨਾ ਕੋਇ ਕਰਾਈਆ । ਸਜਦਾ ਕਰਿਆ ਮਦੀਨਾ ਮੱਕਾ, ਸਾਚਾ ਸੀਸ ਲੇਖੇ ਕੋਇ ਨਾ ਲਾਈਆ । ਸਾਧ ਸੰਤ ਨਾ ਦਿਸੇ ਸਾਕ ਸੱਜਣ ਸੈਣ ਸਕਾ, ਜੋ ਸਾਚੇ ਬੇੜੇ ਦਏ ਚੜ੍ਹਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਦੇਵਣ ਧੱਕਾ, ਸਾਚੀ ਨਈਆ ਨਾ ਕੋਈ ਵਖਾਈਆ । ਜਗਤ ਨੇਤਰ ਨਾ ਦਿਸੇ ਹਰਿ ਅਲੱਖਣਾ ਅਲੱਖਾ, ਲਿਖ ਲਿਖ ਜਿਹਵਾ ਰਹੀ ਗਾਈਆ । ਚਾਰੋਂ ਕੁੰਟ ਨੌਂ ਖੰਡ ਪ੍ਰਿਥਮੀ ਜਗਤ ਮੰਦਰ ਦਿਸੇ ਢੱਠਾ, ਸਾਚੀ ਜੋਤ ਨਾ ਕੋਈ ਟਿਕਾਈਆ । ਸ਼ਾਹ ਸੁਲਤਾਨਾਂ ਵਿਛਾਇਆ ਸੱਥਰ ਸੱਥਾ, ਸਾਚੀ ਸੇਜ ਨਾ ਕੋਈ ਹੰਢਾਈਆ । ਗੁਰ ਦਰ ਮੰਦਰ ਮਸਜਿਦ ਜੀਵ ਜੰਤ ਹਾਰੇ ਟੇਕ ਟੇਕ ਮੱਥਾ, ਮਸਤਕ ਰੇਖ ਨਾ ਕੋਈ ਮਿਟਾਈਆ । ਲੱਖ ਚੁਰਾਸੀ ਫਿਰ ਫਿਰ ਬ੍ਰਹਮ ਆਤਮ ਜੀਵ ਥੱਕਾ, ਸਚ ਸਿੰਘਾਸਣ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਖੁਲ੍ਹਾਈਆ । ਜੀਵ ਉਪਾਇਆ ਛੋਟਾ ਬਾਲਾ, ਬ੍ਰਹਮ ਚਾਰ ਜੁਗ ਭਵਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਰਾਲਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਅਵੱਲੜੀ ਚਾਲਾ, ਜੁਗ ਜੁਗ ਆਪ ਚਲਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਸਾਚੀ ਸੇਵ ਆਪ ਕਮਾਇੰਦਾ । ਆਪੇ ਹੋਏ ਦੀਨ ਦਿਆਲਾ, ਦੀਨਾ ਬੰਧਪ ਆਪਣਾ ਨਾਉਂ ਧਰਾਇੰਦਾ । ਫਲ ਲਗਾਏ ਸਾਚੇ ਡਾਲਾ, ਪਤਝੜ ਆਪ ਕਰਾਇੰਦਾ । ਆਪੇ ਤੋੜੇ ਜਗਤ ਜੰਜਾਲਾ, ਜਗਤ ਜੰਜਾਲਾ ਆਪੇ ਪਾਇੰਦਾ । ਆਪੇ ਸ਼ਾਹ ਆਪੇ ਕੰਗਾਲਾ, ਆਪੇ ਘਰ ਘਰ ਅਲੱਖ ਜਗਾਇੰਦਾ । ਆਪੇ ਬਣੇ ਸਚ ਦਲਾਲਾ, ਏਕਾ ਵਣਜ ਨਾਮ ਕਰਾਇੰਦਾ । ਆਪੇ ਕਰੇ ਕਰਾਏ ਸਦਾ ਪ੍ਰਿਤਪਾਲਾ, ਨਿਤ ਨਵਿਤ ਵੇਸ ਵਟਾਇੰਦਾ । ਆਪੇ ਵਸੇ ਸਚਖੰਡ ਸੱਚੀ ਧਰਮਸਾਲਾ, ਆਪੇ ਲੁਕ ਲੁਕ ਮੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਆਪ ਦਰਸਾਇੰਦਾ । ਬ੍ਰਹਮ ਮੇਲਾ ਗੁਰ ਚੇਲਾ, ਹਰਿ ਘਰ ਸਾਚੇ ਵੱਜੇ

ਵਧਾਈਆ । ਸਤਿਗੁਰ ਮੇਲਾ ਸੱਜਣ ਸੁਹੇਲਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਆਵਣ ਜਾਵਣ ਧਰਮ ਰਾਏ ਦੀ ਕੱਟੇ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਆਪਣੀ ਹੱਥੀਂ ਸਗਨ ਮਨਾਇਆ ਗੁਰਮੁਖ ਸੱਜਣ ਚਾੜ੍ਹੇ ਤੇਲਾ, ਸਾਚਾ ਵਟਨਾ ਤਨ ਵਖਾਈਆ । ਧਾਮ ਅਵੱਲੜੇ ਆਪ ਬਹਾਇਆ ਆਪਣੇ ਰੰਗ ਰੰਗਾਏ ਨਵੇਲਾ, ਇਕ ਅਕੱਲਾ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇਆ । ਬਿਨ ਹਰਿ ਸ਼ਬਦ ਨਾ ਜਾਣਿਆ, ਪਾਰਬ੍ਰਹਮ ਗੁਰ ਕਰਤਾਰ । ਬਿਨ ਹਰਿ ਸ਼ਬਦ ਨਾ ਮਾਨਿਆ, ਘਰ ਸਾਚਾ ਕੰਤ ਭਤਾਰ । ਬਿਨ ਹਰਿ ਸ਼ਬਦ ਨਾ ਜਾਣਿਆ, ਹਰਿ ਸੰਤਨ ਮੀਤ ਮੁਰਾਰ । ਬਿਨ ਹਰਿ ਸ਼ਬਦ ਨਾ ਜਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਬਿਨ ਹਰਿ ਸ਼ਬਦ ਨਾ ਬੁੱਝਿਆ, ਬ੍ਰਹਮ ਪਾਰਬ੍ਰਹਮ ਅਭੇਦ । ਬਿਨ ਹਰਿ ਸ਼ਬਦ ਨਾ ਸੁੱਝਿਆ, ਪੜ੍ਹ ਪੜ੍ਹ ਥੱਕੇ ਚਾਰੇ ਵੇਦ । ਬਿਨ ਹਰਿ ਸ਼ਬਦ ਭੇਵ ਨਾ ਖੁਲ੍ਹੇ ਗੁੱਝਿਆ, ਕਰੇ ਖੇਲ ਅਛਲ ਅਛੇਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲੇ ਆਪਣੀ ਖੇਲ । ਆਤਮ ਮਿਲਾਇਆ ਜਨਮ ਮਿਟਾਇਆ, ਲੱਖ ਲੱਖ ਗੇੜਾ ਕੱਟ ਵਖਾਇੰਦਾ । ਕਰਮ ਕਮਾਇਆ ਧਰਮ ਧਰਾਇਆ, ਵਰਨ ਗੋਤ ਨਾ ਕੋਈ ਬਣਾਇੰਦਾ । ਚਰਨ ਟਿਕਾਇਆ ਡੁੱਬਦੇ ਲਏ ਤਰਾਇਆ, ਪਾਥਰ ਪਾਹਿਨ ਆਪਣੇ ਗਲ ਲਟਕਾਇੰਦਾ । ਮਰਨ ਕਟਾਇਆ ਸੀਸ ਹੱਥ ਧਰਾਇਆ, ਦੋ ਜਹਾਨਾਂ ਮੇਲ ਮਿਲਾਇੰਦਾ । ਜੁਗ ਜੁਗ ਵਿਛੜੀ ਆਤਮਾ ਪਰਮਾਤਮਾ ਵਿਚ ਟਿਕਾਇਆ, ਸਗਲਾ ਸੰਗ ਨਿਭਾਇੰਦਾ । ਮਾਨਸ ਜਨਮ ਲੇਖੇ ਲਾਇਆ, ਲਿਖਿਆ ਲੇਖ ਨਾ ਕਿਸੇ ਮਿਟਾਇਆ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਰਸਨਾ ਜਿਹਵਾ ਏਕਾ ਅੱਖਰ ਗੁਰਸਿਖ ਗੁਰਮੁਖ ਸੋਹੰ ਗਾਇਆ, ਹੰ ਬ੍ਰਹਮ ਪਾਰਬ੍ਰਹਮ ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਈਸ਼ ਜੀਵ ਜਗਦੀਸ਼ ਸੀਸ ਤਾਜ ਇਕ ਸੁਹਾਇੰਦਾ ।



੪੩੨

## ✻ ੧੨ ਚੇਤ ੨੦੧੭ ਬਿਕ੍ਰਮੀ ਚਰਨ ਸਿੰਘ ਦੇ ਘਰ ਪਿੰਡ ਧੂਲ ਜ਼ਿਲਾ ਗੁਰਦਾਸ ਪੁਰ ✻

ਗੁਰਮੁਖ ਉਜਲ ਮੁਖੜਾ, ਹਰਿ ਸਤਿਗੁਰ ਆਪ ਕਰਾਏ । ਹਉਮੇ ਮੇਟੇ ਦੂਈ ਦਵੈਤੀ ਦੁਖੜਾ, ਕਾਇਆ ਰੰਗਣ ਨਾਮ ਚੜ੍ਹਾਏ । ਸੁਫਲ ਕਰਾਏ ਮਾਤ ਕੁਖੜਾ, ਲੱਖ ਚੁਰਾਸੀ ਫੰਦ ਕਟਾਏ । ਮਾਤ ਗਰਭ ਨਾ ਹੋਏ ਉਲਟਾ ਰੁਖੜਾ, ਦਸ ਦਸ ਮਾਸ ਨਾ ਅਗਨ ਜਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਏ । ਗੁਰਸਿਖ ਸਾਚਾ ਬੇੜਾ, ਗੁਰ ਸਤਿਗੁਰ ਆਪ ਚਲਾਇੰਦਾ । ਕਾਇਆ ਚੋਲੀ ਰੰਗੇ ਚੀਥੜਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਦੇਵੇ ਨਾਮ ਸ਼ਬਦ ਅਨਡੀਠੜਾ, ਵੇਦ ਕਤੇਬ ਭੇਵ ਨਾ ਪਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡਾ ਸੀਤੜਾ, ਨਿਝਰ ਝਿਰਨਾ ਆਪ ਝਿਰਾਇੰਦਾ । ਕਰੇ ਕਰਾਏ ਪਤਿਤ ਪੁਨੀਤੜਾ, ਦੁਰਮਤ ਪਾਪਾਂ ਮੈਲ ਧਵਾਇੰਦਾ । ਇਕ ਸੁਣਾਏ ਸੁਹਾਗੀ ਗੀਤੜਾ, ਸ਼ਬਦ ਅਨਾਦੀ ਧੁਨ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਭਾਲਿਆ, ਹਰਿ ਸਤਿਗੁਰ ਦੀਨ ਦਿਆਲ । ਜੁਗ ਜੁਗ ਕਰੇ ਸਦਾ ਪ੍ਰਿਤਪਾਲਿਆ, ਦਿਵਸ ਰੈਣ ਰਹੇ ਰਖਵਾਲ । ਦੇਵੇ ਨਾਮ ਸੱਚਾ ਧਨ ਮਾਲਿਆ,

ਫਲ ਲਗਾਏ ਕਾਇਆ ਡਾਲ੍ਹ । ਆਤਮ ਅੰਤਰ ਕਾਇਆ ਮੰਦਰ ਦੀਪਕ ਜੋਤੀ ਏਕਾ ਬਾਲਿਆ, ਅੰਧ ਅੰਧੇਰਾ ਦਏ ਨਿਵਾਰ । ਅਨਹਦ ਰਾਗ ਘਟ ਘਟ ਆਪ ਸੁਣਾ ਲਿਆ, ਸ਼ਬਦ ਵਜਾਏ ਸਾਚਾ ਤਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਹਰਿਜਨ ਸਾਚਾ ਸੋਭਾਵੰਤ, ਹਰਿ ਭਗਤਨ ਵਡ ਵਡਿਆਈਆ । ਪੁਰਖ ਅਬਿਨਾਸ਼ੀ ਮੇਲਾ ਏਕਾ ਕੰਤ, ਦਰਗਹਿ ਸਾਚੀ ਦਏ ਮਿਲਾਈਆ । ਏਕਾ ਸ਼ਬਦ ਏਕਾ ਨਾਮ ਏਕਾ ਰਸਨਾ ਜਿਹਵਾ ਮਣੀਆ ਮੰਤ, ਮਾਇਆ ਮਮਤਾ ਹਉਮੇ ਹੰਗਤਾ ਰੋਗ ਗਵਾਈਆ । ਰੋਗ ਸੋਗ ਮਿਟਾਏ ਭੁੱਖ ਨੰਗਤ, ਚਿੰਤਾ ਦੁੱਖ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਾਚੇ ਥਾਈਆ । ਸਾਚਾ ਥਾਨ ਆਪ ਸੁਹਾਵਣਾ, ਏਕਾ ਏਕੰਕਾਰ । ਹਰਿਜਨ ਸੋਇਆ ਮਾਤ ਜਗਾਵਣਾ, ਜਗਤ ਖੇਲ ਅਗੰਮ ਅਪਾਰ । ਨੇਤਰ ਲੋਚਣ ਨੈਣਾਂ ਦਰਸ ਇਕ ਦਿਖਾਵਣਾ, ਆਤਮ ਤਾਕੀ ਖੋਲ੍ਹ ਕਿਵਾੜ । ਭਰ ਪਿਆਲਾ ਅੰਮ੍ਰਿਤ ਜਾਮ ਇਕ ਪਿਆਵਣਾ, ਪੰਚ ਵਿਕਾਰਾ ਮੇਟੇ ਧਾੜ । ਸਚ ਦੁਆਰ ਇਕ ਵਖਾਵਣਾ, ਸਚਖੰਡ ਨਿਵਾਸੀ ਖੇਲ ਅਪਾਰ । ਬ੍ਰਹਮ ਪਾਰਬ੍ਰਹਮ ਸਮਾਵਣਾ, ਨਿਰਗੁਣ ਸਰਗੁਣ ਦਏ ਆਧਾਰ । ਏਕਾ ਜੋਗ ਸਚ ਵਖਾਵਣਾ, ਸਾਚੇ ਤਖ਼ਤ ਆਪ ਨਿਰੰਕਾਰ । ਸ਼ਬਦ ਸ਼ਬਦੀ ਹੁਕਮ ਜਣਾਵਣਾ, ਆਪ ਸੁਣਾਏ ਗੁਪਤ ਜ਼ਾਹਰ । ਭੇਵ ਅਭੇਦ ਭੇਵ ਖੁਲ੍ਹਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਸਾਚੇ ਪਾਰ ਕਿਨਾਰ, ਸਤਿਗੁਰ ਪੂਰਾ ਆਪ ਕਰਾਇੰਦਾ । ਕੋਇ ਨਾ ਆਏ ਵਿਚ ਮੰਝਧਾਰ, ਸੰਸਾਰ ਸਾਗਰ ਨਾ ਕੋਈ ਰੁੜ੍ਹਾਇੰਦਾ । ਨਾਮ ਦੇਵੇ ਬੇੜੇ ਚਾੜ੍ਹ, ਏਕਾ ਚੱਪੂ ਆਪ ਲਗਾਇੰਦਾ । ਆਪੇ ਵਸੇ ਅੱਧਵਿਚਕਾਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਆਦਿ ਜੁਗਾਦੀ ਖੇਲ ਅਪਰ ਅਪਾਰ, ਬੋਧ ਅਗਾਧ ਖੇਲ ਖਿਲਾਇੰਦਾ । ਸਾਧਾਂ ਸੰਤਾਂ ਪਾਏ ਸਾਰ, ਹਰਿ ਸ਼ਬਦ ਬ੍ਰਹਿਮਾਦਿ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਹਰਿਜਨ ਲੇਖਾ ਹਰਿ ਕਰਤਾਰ, ਆਪਣੇ ਹੱਥ ਰਖਾਈਆ । ਰਾਏ ਧਰਮ ਨਾ ਕਰੇ ਖੁਆਰ, ਵੇਲੇ ਅੰਤ ਨਾ ਦਏ ਸਜਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਹਰਿਜਨ ਸਾਚੇ ਲਏ ਮਿਲਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਈਆ । ਕਾਗ ਰਲਾਏ ਹੰਸਾਂ ਡਾਰ, ਸੋਹੰ ਹੰਸਾ ਚੋਗ ਚੁਗਾਈਆ । ਬੰਸ ਸਰਬੰਸਾ ਜਾਏ ਤਾਰ, ਜਿਸ ਦਰ ਆਪਣਾ ਚਰਨ ਛੁਹਾਈਆ । ਸਤਿਗੁਰ ਪੂਰਾ ਮੀਤ ਮੁਰਾਰ, ਨਿਰਗੁਣ ਦਾਤਾ ਇਕ ਅਖਵਾਈਆ । ਵਰਨਾਂ ਬਰਨਾਂ ਵਸੇ ਬਾਹਰ, ਜ਼ਾਤ ਪਾਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾ ਗੁਰ ਸੱਜਣ ਪਾਇਆ, ਗੁਰ ਸਤਿਗੁਰ ਗਹਿਰ ਗੰਭੀਰ । ਆਵਣ ਜਾਵਣ ਪੰਧ ਮੁਕਾਇਆ, ਚੋਟੀ ਚੜ੍ਹੇ ਇਕ ਅਖੀਰ । ਨੌਂ ਦਰਵਾਜ਼ੇ ਜਗਤ ਤਜਾਇਆ, ਜਗਤ ਤ੍ਰਿਸ਼ਨਾ ਕੱਟੀ ਪੀੜ । ਸਾਚਾ ਮੰਦਰ ਇਕ ਸੁਹਾਇਆ, ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਗੁਣੀ ਗਹੀਰ । ਬੇਪਰਵਾਹ ਹਰਿ ਪੁਰਖ ਨਿਰੰਜਣ, ਆਦਿ ਜੁਗਾਦਿ ਭੇਵ ਨਾ ਆਇੰਦਾ । ਸਿਫ਼ਤ ਸਲਾਹ ਸਾਚਾ ਸੱਜਣ, ਰੂਪ ਅਨੂਪ ਰੂਪ ਵਟਾਇੰਦਾ । ਜਗਤ ਮਲਾਹ ਕਰਾਏ ਮਜਨ, ਸਾਚਾ ਬੇੜਾ ਆਪ ਚਲਾਇੰਦਾ । ਦੋ ਜਹਾਨੀ ਪਰਦੇ ਕੱਜਣ, ਨਾਮ ਦੋਸ਼ਾਲਾ ਦੀਨ ਦਿਆਲਾ ਗੁਰ ਗੋਪਾਲਾ, ਸਾਚਾ ਹੱਥ ਉਠਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਹਰਿ ਕਾ ਭੇਵ ਨਾ ਕੋਈ

ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਬਣ ਦਲਾਲ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਹਰਿ ਹਰਿ ਮੇਲਿਆ, ਬ੍ਰਹਮ ਪਾਰਬ੍ਰਹਮ ਸਮਾਏ । ਏਕਾ ਘਰ ਵਸਾਏ ਗੁਰੂ ਗੁਰ ਚੇਲਿਆ, ਗੋਬਿੰਦ ਲੇਖਾ ਲੇਖ ਚੁਕਾਏ । ਆਪੇ ਵਸੇ ਧਾਮ ਨਵੇਲਿਆ, ਸਚ ਮਹੱਲਾ ਆਪ ਉਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਏ । ਹਰਿਜਨ ਸਾਚੇ ਉਠ ਉਠ ਜਾਗ, ਸਤਿਗੁਰ ਪੁਰਖ ਆਪ ਜਗਾਇੰਦਾ । ਆਤਮ ਜੋਤੀ ਜਗੇ ਚਿਰਾਗ, ਅਗਿਆਨ ਅੰਧੇਰ ਗਵਾਇੰਦਾ । ਦੁਰਮਤ ਮੈਲ ਧੋਵੇ ਦਾਗ, ਪੂਰਬ ਕਰਮਾਂ ਵੇਖ ਵਖਾਇੰਦਾ । ਹਰਿਜਨ ਉਪਜਾਏ ਇਕ ਵੈਰਾਗ, ਜਨ ਵੈਰਾਗੀ ਇਕ ਕਰਾਇੰਦਾ । ਜਗਤ ਵਖਾਏ ਝੂਠਾ ਤਿਆਗ, ਸਗਲਾ ਸੰਗ ਆਪ ਨਿਭਾਇੰਦਾ । ਫੜ ਫੜ ਹੰਸ ਬਣਾਏ ਕਾਗ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਸਰਨ ਸਰਨਾਈ ਜੋ ਜਨ ਗਿਆ ਲਾਗ, ਬ੍ਰਹਮ ਬ੍ਰਹਮ ਆਪ ਵਡਿਆਇੰਦਾ । ਚਰਨ ਧੂੜ ਕਰਾਏ ਮਜਨ ਮਾਘ, ਸਰ ਸਰੋਵਰ ਇਕ ਸੁਹਾਇੰਦਾ । ਦੋ ਜਹਾਨਾਂ ਸੱਜਣ ਸਾਕ, ਸਗਲਾ ਸੰਗ ਰਖਾਇੰਦਾ । ਪੁਰਖ ਅਬਿਨਾਸ਼ੀ ਪਾਕੀ ਪਾਕ, ਘਟ ਘਟ ਵਾਸੀ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਚੜ੍ਹਿਆ ਰਾਕ, ਆਪਣਾ ਅਸਵ ਆਪ ਦੁੜਾਇੰਦਾ । ਬਜ਼ਰ ਕਪਾਟੀ ਤੋੜੇ ਤਾਕ, ਅਨਹਦ ਤਾਲ ਤਲਵਾੜਾ ਆਪ ਵਜਾਇੰਦਾ । ਡੂੰਘੀ ਕੰਦਰ ਬੈਠਾ ਰਿਹਾ ਝਾਕ, ਸਾਚੀ ਸੋਭਾ ਪਾਇੰਦਾ । ਆਪੇ ਜਾਣੇ ਆਪਣਾ ਭਵਿਖਤ ਵਾਕ, ਜੁਗ ਜੁਗ ਆਪੇ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਮੇਲ ਮਿਲਾਇੰਦਾ । ਹਰਿ ਸੱਜਣ ਹਰਿ ਰੰਗ ਮਾਣਿਆਂ, ਹਰਿ ਪਾਇਆ ਬੇਅੰਤ । ਘਰ ਮੰਦਰ ਇਕ ਪਛਾਣਿਆਂ, ਪੁਰਖ ਅਬਿਨਾਸ਼ੀ ਸਾਚਾ ਕੰਤ । ਨਿਰਗੁਣ ਰੂਪ ਸ੍ਰੀ ਭਗਵਾਨਿਆਂ, ਦਿਸ ਨਾ ਆਏ ਜੀਵ ਜੰਤ । ਭਰਮੇ ਭੁੱਲੇ ਸੁਘੜ ਸਿਆਣਿਆਂ, ਕਲਜੁਗ ਮਾਇਆ ਪਾਈ ਬੇਅੰਤ । ਤ੍ਰੈਗੁਣ ਵੱਜਾ ਇਕ ਨਿਸ਼ਾਨਿਆਂ, ਪੰਜ ਤਤ ਗੜ੍ਹ ਬਣਿਆ ਹਉਮੇ ਹੰਗਤ । ਘਰ ਮਿਲਿਆ ਨਾ ਹਰਿ ਭਗਵਾਨਿਆਂ, ਮਿਲਿਆ ਮੇਲ ਨਾ ਸਾਚੇ ਸੰਤ । ਚੌਥਾ ਪਦ ਨਾ ਕਿਸੇ ਪਛਾਣਿਆ, ਨਾਰ ਸੁਹਾਗਣ ਹੰਢਾਏ ਨਾ ਕੰਤ । ਰਸਨਾ ਗਾ ਗਾ ਥੱਕੀ ਗਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਜੁਗਾ ਜੁਗੰਤ । ਜਗਤ ਖੇਲ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਇਕ ਅਵੱਲੜਾ, ਜੋਤੀ ਜਾਮਾ ਵੇਸ ਵਟਾਇੰਦਾ । ਏਕੰਕਾਰਾ ਏਕਾ ਮਾਰਗ ਦੱਸੇ ਸੁਖਲੜਾ, ਸਾਚਾ ਮੰਦਰ ਇਕ ਜਣਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲੜਾ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਫੜਾਏ ਪਲੜਾ, ਸ਼ਬਦ ਪੱਲੂ ਇਕ ਵਖਾਇੰਦਾ । ਅਬਿਨਾਸ਼ੀ ਕਰਤਾ ਆਪਣੀ ਜੋਤੀ ਆਪੇ ਰਲੜਾ, ਦੂਸਰ ਸੰਗ ਨਾ ਕੋਈ ਰਖਾਇੰਦਾ । ਪਾਰਬ੍ਰਹਮ ਸਚ ਸੰਦੇਸ਼ ਏਕਾ ਘਲੜਾ, ਜੀਵ ਆਤਮ ਬ੍ਰਹਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ਾ ਨਰ ਨਰੇਸ਼ਾ ਹਰਿਜਨ ਸਾਚੇ ਆਪ ਸੁਣਾਇੰਦਾ । ਸ਼ਬਦ ਸੰਦੇਸ਼ਾ ਹਰਿ ਭਗਵੰਤ, ਜੁਗ ਜੁਗ ਆਪ ਸੁਣਾਇੰਦਾ । ਲੇਖਾ ਜਾਣੇ ਸਾਚੇ ਸੰਤ, ਸੰਤ ਸਤਿਗੁਰ ਮੇਲ ਮਿਲਾਇੰਦਾ । ਗੁਰਮੁਖ ਮਿਲਾਏ ਆਪੇ ਕੰਤ, ਹਰਿ ਸਾਚਾ ਵਿਛੜ ਨਾ ਜਾਇੰਦਾ । ਗੁਰਸਿਖ ਬਣਾਏ ਸਾਚੀ ਬਣਤ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੀਵਾ ਬਾਤੀ ਕਰ ਪਰਕਾਸ਼, ਅਗਿਆਨ ਅੰਧੇਰ ਦਏ ਵਿਨਾਸ, ਮੇਲ ਮਿਲਾਏ ਸ਼ਾਹੋ ਸ਼ਾਬਾਸ਼, ਘਰ ਸਾਚਾ ਆਪ ਸੁਹਾਇੰਦਾ । ਘਰ ਸਾਚਾ ਠਾਂਡਾ ਦਰਬਾਰ, ਹਰਿ ਸਾਚਾ ਆਪ ਉਪਾਇੰਦਾ । ਜਿਸ

ਜਨ ਮਿਲਿਆ ਗੁਰ ਕਰਤਾਰ, ਮਾਨਸ ਮਾਨੁੱਖ ਲੇਖੇ ਲਾਇੰਦਾ । ਧਰਤ ਧਵਲ ਪੈਜ ਦਏ ਸਵਾਰ, ਅਕਾਸ਼ ਪਰਕਾਸ਼ ਆਪ ਸੁਹਾਇੰਦਾ । ਅਕਾਲ ਮੂਰਤ ਨਿਰਾਕਾਰ, ਅਜੂਨੀ ਰਹਿਤ ਏਕਾ ਵੇਸ ਵਟਾਇੰਦਾ । ਸੰਤਨ ਕਰੇ ਸਚ ਪਿਆਰ, ਸਾਂਤਕ ਸਤਿ ਸਤਿ ਆਪ ਵਰਤਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਗਿਆਨ ਗੁਰ ਇਕ ਵਖਾਇੰਦਾ । ਗੁਰਸਿਖ ਸਾਚੇ ਬਖ਼ਸ਼ੇ ਚਰਨ ਪਿਆਰ, ਜਗਤ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਚ ਸਮਝਾਇੰਦਾ । ਹਰਿਜਨ ਸਾਚੇ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਕਰ ਪਿਆਰ, ਕਰਨੀ ਕਿਰਤ ਆਪਣੀ ਰਿਹਾ ਕਮਾਈਆ । ਨਿਰਗੁਣ ਏਕੰਕਾਰਾ ਹੋ ਤਿਆਰ, ਨਿਰਗੁਣ ਸਰਗੁਣ ਵੇਖ ਵਖਾਈਆ । ਆਦਿ ਨਿਰੰਜਣ ਧੁਰ ਦਰਬਾਰ, ਆਪਣਾ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਂਝਾ ਯਾਰ, ਵਰਨ ਗੋਤ ਨਾ ਕੋਈ ਬਣਾਈਆ । ਸ੍ਰੀ ਭਗਵਾਨ ਬਣ ਸਿਕਦਾਰ, ਦੋ ਜਹਾਨਾਂ ਰਾਜ ਕਮਾਈਆ । ਪਾਰਬ੍ਰਹਮ ਪ੍ਰਭ ਸੇਵਾਦਾਰ, ਲੋਕਮਾਤ ਵੇਸ ਵਟਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਤ੍ਰੈਗੁਣ ਮਾਇਆ ਸਾਚਾ ਰੰਗ ਰੰਗਾਈਆ । ਪੰਚਮ ਕਾਇਆ ਚੋਲਾ ਕਰ ਤਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਸੰਗ ਵਖਾਈਆ । ਅੰਦਰ ਵੜ ਨਿਰਾਕਾਰ, ਨਿਝ ਆਤਮ ਸੇਜ ਸੁਹਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਦਿਵਸ ਰੈਣ ਆਪ ਸੁਣਾਈਆ । ਗੁਰਮੁਖ ਵਿਰਲਾ ਸੁਣੇ ਸੁਣਨੇਹਾਰ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਜੁਗਾ ਜੁਗੰਤਰ ਲਏ ਅਵਤਾਰ, ਜੋਗ ਜੁਗਤ ਆਪਣੇ ਹੱਥ ਰਖਾਈਆ । ਸੰਤਨ ਭਰੇ ਸਚ ਭੰਡਾਰ, ਸਾਚੀ ਵਸਤ ਇਕ ਵਰਤਾਈਆ । ਭਗਤਨ ਮੇਲਾ ਧੁਰ ਦਰਬਾਰ, ਸਚਖੰਡ ਦੁਆਰੇ ਆਪ ਕਰਾਈਆ । ਨਿਰਗੁਣ ਰੂਪ ਨਿਰਾਕਾਰ, ਨਿਰਵੈਰ ਆਪਣਾ ਨਾਉਂ ਉਪਜਾਈਆ । ਸਾਚਾ ਨਾਮ ਬੋਲ ਜੈਕਾਰ, ਏਕਾ ਢੋਲਾ ਰਿਹਾ ਸੁਣਾਈਆ । ਊਚਾਂ ਨੀਚਾਂ ਕਰੇ ਪਿਆਰ, ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਮੁਖ ਵਿਰਲਾ ਉਠਿਆ, ਜਿਸ ਸਤਿਗੁਰ ਆਪ ਉਠਾਏ । ਸਤਿਗੁਰ ਪੂਰਾ ਏਕਾ ਤੁਠਿਆ, ਪਾਰਬ੍ਰਹਮ ਵਡ ਵਡਿਆਏ । ਅੰਮ੍ਰਿਤ ਦੇਵੇ ਸਾਚਾ ਘੁੱਟਿਆ, ਨੇਤਰ ਲੋਚਣ ਆਪ ਖੁਲ੍ਹਾਏ । ਨਾਤਾ ਤੋੜੇ ਜੂਠਿਆ ਝੂਠਿਆ, ਸਚ ਸੁੱਚ ਗਿਆਨ ਇਕ ਦ੍ਰਿੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਏ । ਹਰਿਜਨ ਸਾਚਾ ਜਾਗਿਆ, ਜਗਾਵਣਹਾਰ ਕਰਤਾਰ । ਗੁਰ ਸਤਿਗੁਰ ਸਰਨਾਈ ਲਾਗਿਆ, ਨਾਤਾ ਤੋੜ ਸਰਬ ਸੰਸਾਰ । ਸਤਿਗੁਰ ਪੂਰਾ ਪਕੜੇ ਆਪਣੀ ਹੱਥੀਂ ਵਾਗਿਆ, ਲੋਆਂ ਪੁਰੀਆਂ ਕਰੇ ਪਾਰ । ਦੋ ਜਹਾਨਾਂ ਫਿਰੇ ਭਾਗਿਆ, ਇਕ ਇਕੱਲਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਿਮਾਣੇ ਬਾਲ ਅਵਾਣੇ ਆਦਿ ਜੁਗਾਦੀ ਜਾਏ ਤਾਰ । ਗੁਰਸਿਖ ਬਾਲ ਬਾਲੀ ਬੁੱਧ, ਗੁਰ ਸਤਿਗੁਰ ਵੇਖ ਵਖਾਇੰਦਾ । ਬਿਰਧ ਬਾਲ ਜਵਾਨਾ ਪਾਏ ਸੁੱਧ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਖੁਲ੍ਹਾਏ ਆਪਣਾ ਗੁਝ, ਸ਼ਬਦ ਸ਼ਬਦੀ ਨਾਦ ਵਜਾਇੰਦਾ । ਗੁਰਸਿਖ ਗੁਰਮੁਖ ਆਪਣਾ ਘਰ ਜਾਏ ਸੁਝ, ਘਰ ਘਰ ਵਿਚ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਏਕਾ ਗੁਰ, ਦੂਸਰ ਦਰ ਨਾ ਕੋਈ ਜਣਾਇੰਦਾ । ਮੇਲਾ ਮਿਲਾਏ ਲੇਖਾ ਧੁਰ, ਧੁਰ ਸੰਜੋਗੀ ਵੇਖ ਵਖਾਇੰਦਾ । ਲਹਿਣ ਦੇਣ ਚੁਕਾਏ ਤੋਰ ਮੋਰ, ਅੰਧ ਘੋਰ ਫੋਲ ਫੁਲਾਇੰਦਾ । ਸ਼ਬਦੀ ਸੁਰਤੀ ਬੰਨ੍ਹੇ ਡੋਰ,

ਮਨ ਮਨੂਆ ਦਹਿ ਦਿਸ਼ਾ ਪੰਛੀ ਉਡ ਉਡ ਨਾ ਫੇਰੀ ਪਾਇੰਦਾ । ਮਾਰਨਹਾਰਾ ਪੰਜੇ ਚੋਰ, ਨਾਮ ਖੰਡਾ ਹੱਥ ਚਮਕਾਇੰਦਾ । ਆਪੇ ਚਾੜ੍ਹੇ ਸਾਚੇ ਘੋੜ, ਸ਼ਬਦ ਘੋੜਾ ਇਕ ਵਖਾਇੰਦਾ । ਧੁਰਦਰਗਾਹੀ ਆਏ ਦੌੜ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰੇ ਲਾਏ ਪੌੜ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣੇ ਚਰਨਾ ਹੇਠ ਦਬਾਇੰਦਾ । ਲੱਖ ਚੁਰਾਸੀ ਵੇਖੇ ਫਲ ਮਿਠਾ ਕੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਗੁਰਮੁਖ ਸਾਜਣ ਆਪ ਤਰਾਇੰਦਾ ।

## ✻ ੧੨ ਚੇਤ ੨੦੧੭ ਬਿਕ੍ਰਮੀ ਉਜਾਗਰ ਸਿੰਘ ਦੇ ਘਰ ✻

ਜੁਗ ਜੁਗ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਲਏ ਅਵਤਾਰ, ਰੂਪ ਅਨੂਪਾ ਆਪ ਵਟਾਇੰਦਾ । ਏਕੰਕਾਰਾ ਕਰੇ ਕਾਰ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨ ਰਚਾਇੰਦਾ । ਜੁਗ ਜੁਗ ਖੇਲ ਪੁਰਖ ਸੁਲਤਾਨਾ, ਪਾਰਬ੍ਰਹਮ ਆਪ ਕਰਾਈਆ । ਲੋਕਮਾਤ ਹੋ ਪਰਧਾਨਾ, ਗੁਰ ਸਤਿਗੁਰ ਨਾਉਂ ਧਰਾਈਆ । ਹਰਿ ਜੀ ਵੇਖੇ ਜਗਤ ਤਮਾਸ਼ਾ, ਨਿਮਾਣ ਨਿਮਾਣਿਆਂ ਹੋਏ ਸਹਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਵਡ ਵਡਿਆਈਆ । ਸਤਿ ਸਤਿਵਾਦੀ ਬੰਨ੍ਹੇ ਗਾਨਾ, ਸਾਚੀ ਡੋਰੀ ਬੰਧਨ ਪਾਈਆ । ਲੇਖਾ ਜਾਣੇ ਸੀਤਾ ਰਾਮਾ, ਰਾਮ ਰਾਮਾ ਰੂਪ ਵਟਾਈਆ । ਸਰ ਸਰੋਵਰ ਮਾਣ ਗਵਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭਗਤਨ ਗਲੇ ਲਗਾਈਆ । ਏਕਾ ਏਕ ਸਰਬ ਗੁਣ ਦਾਤਾ, ਆਦਿ ਜੁਗਾਦਿ ਸਮਾਇਆ । ਮੇਟੇ ਰੈਣ ਅੰਧੇਰੀ ਰਾਤਾ, ਜੁਗ ਜੁਗ ਆਪਣਾ ਚੰਦ ਚੜ੍ਹਾਇਆ । ਸ਼ਬਦ ਚਲਾਏ ਸਾਚੀ ਗਾਥਾ, ਮੰਤਰ ਨਾਮ ਇਕ ਦ੍ਰਿੜਾਇਆ । ਏਕਾ ਜਾਣੇ ਪੂਜਾ ਪਾਠਾ, ਆਪਣੀ ਵਿਦਿਆ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣਾ ਰੂਪ ਵਟਾਇਆ । ਨਿਰਧਨ ਹਰਿ ਭਗਵਾਨ, ਆਦਿ ਜੁਗਾਦਿ ਸਮਾਇੰਦਾ । ਸਤਿਗੁਰ ਪੂਰਾ ਬਣ ਮਿਹਰਬਾਨ, ਲੋਕਮਾਤ ਵੇਸ ਵਟਾਇੰਦਾ । ਹਰਿਜਨ ਵੇਖੇ ਮਾਰ ਧਿਆਨ, ਚਾਰੇ ਕੰਨੀਆਂ ਦਹਿ ਦਿਸ਼ਾ ਫੋਲ ਫੁਲਾਇੰਦਾ । ਲੇਖਾ ਜਾਣੇ ਕ੍ਰਿਸ਼ਨਾ ਕਾਹਨ, ਨਾਮ ਮੰਤਰ ਇਕ ਜਣਾਇੰਦਾ । ਬਿਪਰ ਸੁਦਾਮਾ ਦੇਵੇ ਮਾਣ, ਜਗਤ ਦਲਿਦਰੀ ਗਲੇ ਲਗਾਇੰਦਾ । ਸਾਚਾ ਬਖ਼ਸ਼ੇ ਪੀਣ ਖਾਣ, ਨਾਮ ਖੰਡਾ ਇਕ ਫੜਾਇੰਦਾ । ਆਪ ਵਖਾਏ ਉਚ ਅਟੱਲ ਮਕਾਨ, ਅਸਥਿਲ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖ ਲਿਖਾਇੰਦਾ । ਲੇਖਾ ਲਿਖਣਹਾਰ ਦਾਤਾਰ, ਹਰਿ ਵੱਡਾ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਸਿਰ ਆਪਣਾ ਹੱਥ ਰਖਾਈਆ । ਏਕਾ ਭਗਤ ਕਰ ਪਿਆਰ, ਘਰ ਬਿਦਰ ਚਰਨ ਟਿਕਾਈਆ । ਰਸਨਾ ਰਸ ਲਏ ਅਪਾਰ, ਛੱਤੀ ਭੋਜਨ ਮੁਖ ਸ਼ਰਮਾਈਆ । ਅਠਾਰਾਂ ਧਿਆਏ ਗੀਤਾ ਨਾ ਕਰੇ ਪੁਕਾਰ, ਹਰਿ ਭਗਤ ਭੇਵ ਕੋਈ ਨਾ ਪਾਈਆ । ਜਿਸ ਜਨ ਮਿਲਿਆ ਹਰਿ ਨਿਰੰਕਾਰ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਘਰ ਮੰਦਰ ਸੋਹੇ ਇਕ ਦੁਆਰ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਈਆ । ਦਰਗਹਿ

ਸਾਚੀ ਧਾਮ ਸੁਹੰਜਣਾ, ਹਰਿਜਨ ਸਾਚੇ ਆਪ ਵਖਾਇੰਦਾ । ਨੇਤਰ ਪਾਏ ਨਾਮ ਅੰਜਣਾ, ਅਗਿਆਨ ਅੰਧੇਰ ਮਿਟਾਇੰਦਾ । ਧੁਰਦਰਗਾਹੀ ਸੱਚਾ ਸੱਜਣਾ, ਸਗਲਾ ਸੰਗ ਨਿਭਾਇੰਦਾ । ਜੋ ਘੜਿਆ ਸੋ ਭੱਜਣਾ, ਘੜਣ ਭੰਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਰੂਪ ਅਵੱਲਾ ਇਕ ਇਕੱਲਾ, ਹਰਿ ਹਰਿ ਨਾਮ ਵਟਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕਾ ਮੱਲਾ, ਸਚਖੰਡ ਦੁਆਰਾ ਇਕ ਸੁਹਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਪਵਣੀ ਪਵਣ ਸਮਾਇੰਦਾ । ਦੀਪਕ ਪਰਕਾਸ਼ ਆਪਣੇ ਆਪ ਬਲਾ, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਸਚ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਆਪੇ ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਹਰਿ ਭਗਤ ਨਾ ਫੜਾਏ ਆਪਣਾ ਪੱਲਾ, ਜੀਵ ਜੰਤ ਸਰਬ ਕੁਰਲਾਇੰਦਾ । ਜੀਵ ਜੰਤ ਰਿਹਾ ਕੁਰਲਾਏ, ਚਾਰੋਂ ਕੁੰਟ ਅੰਧੇਰਾ ਛਾਇਆ । ਕਲਜੁਗ ਕੂਕੇ ਦਏ ਦੁਹਾਏ, ਹਰਿ ਕਾ ਰੂਪ ਦਿਸ ਨਾ ਆਇਆ । ਪੁਰਖ ਅਬਿਨਾਸ਼ੀ ਨਜ਼ਰ ਨਾ ਆਏ, ਨਿਰਗੁਣ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰਾ ਦੀਨ ਦਿਆਲਾ, ਆਦਿ ਨਿਰੰਜਣ ਵਡ ਵਡਿਆਈਆ । ਅਲੱਖ ਅਗੋਚਰ ਪੁਰਖ ਅਕਾਲਾ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਈਆ । ਗੁਰਮੁਖ ਵੇਖੇ ਸਾਚੇ ਲਾਲਾ, ਲਾਲ ਅਨਮੁਲੜੇ ਆਪਣੇ ਹੱਥ ਰਖਾਈਆ । ਸ਼ਬਦ ਸਰੂਪੀ ਬਣ ਦਲਾਲਾ, ਲੋਕਮਾਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਏਕਾ ਜੋਤ ਕਰੇ ਰੁਸ਼ਨਾਈਆ । ਨਿਰਧਨ ਅੰਦਰ ਵਸਿਆ, ਪਾਰਬ੍ਰਹਮ ਗੁਰ ਕਰਤਾਰ । ਏਕਾ ਮਾਰਗ ਆਪਣਾ ਦੱਸਿਆ, ਨਿਰਗੁਣ ਰੂਪ ਵਿਚ ਸੰਸਾਰ । ਸਾਚੇ ਮੰਦਰ ਬਹਿ ਬਹਿ ਹੱਸਿਆ, ਸ਼ਬਦ ਦਾਤਾ ਬੇਐਬ ਪਰਵਰਦਿਗਾਰ । ਹਰਿ ਜੀ ਤੀਰ ਨਿਰਾਲਾ ਏਕਾ ਕਸਿਆ, ਹਰਿ ਹਰੀ ਮਾਰੇ ਆਪਣੀ ਮਾਰ । ਦੋ ਜਹਾਨਾਂ ਫਿਰੇ ਨੱਸਿਆ, ਕਲਜੁਗ ਅੰਤਮ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਸਾਚੇ ਲਏ ਉਭਾਰ । ਗੁਰਮੁਖ ਸੱਜਣ ਮਿਲਾਇਆ, ਕਰ ਕਿਰਪਾ ਹਰਿ ਭਗਵੰਤ । ਸਿਰ ਆਪਣਾ ਹੱਥ ਰਖਾਇਆ, ਆਪ ਬਣਾਇਆ ਸਾਚਾ ਸੰਤ । ਭੋਲਾ ਭਾਓ ਇਕ ਰਖਾਇਆ, ਲੇਖਾ ਜਾਣੇ ਜੁਗਾ ਜੁਗੰਤ । ਕਰਮ ਕਾਂਡ ਨਾ ਕੋਇ ਦਸਾਇਆ, ਮਾਇਆ ਮਮਤਾ ਕਰ ਭਸਮੰਤ । ਨੂਰ ਨੁਰਾਨੀ ਦਰਸ ਦਿਖਾਇਆ, ਭੇਵ ਚੁਕਾਇਆ ਆਦਿ ਅੰਤ । ਮਾਨਸ ਜਨਮ ਲੇਖੇ ਲਾਇਆ, ਆਪ ਬਣਾਈ ਸਾਚੀ ਬਣਤ । ਕਾਗ ਹੰਸਾਂ ਡਾਰ ਮਿਲਾਇਆ, ਮਿਲਿਆ ਮੇਲ ਸਾਚੀ ਸੰਗਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਲਾਏ ਆਪਣੇ ਅੰਗਤ । ਅੰਗੀਕਾਰ ਕਰ ਕਰਤਾਰ, ਆਪਣੀ ਗੋਦ ਬਹਾਇੰਦਾ । ਰੋਗ ਸੋਗ ਚਿੰਤਾ ਦਏ ਨਿਵਾਰ, ਸਗਲਾ ਸੁੱਖ ਜਣਾਇੰਦਾ । ਉਜਲ ਮੁਖ ਕਰ ਪਿਆਰ, ਸ਼ਬਦ ਧਾਰਾ ਇਕ ਜਣਾਇੰਦਾ । ਸ਼ਬਦ ਵਿਕਾਰਾ ਕੱਢੇ ਕੁੱਟ, ਸਾਚਾ ਸ਼ਬਦ ਸਿਫ਼ਤ ਸਾਲਾਹਿੰਦਾ । ਸਤਿਗੁਰ ਪੂਰਾ ਆਪੇ ਜਾਏ ਤੁਠ, ਆਪਣੀ ਦਾਤ ਸਾਚੀ ਵਸਤ ਝੋਲੀ ਪਾਇੰਦਾ । ਕਲਜੁਗ ਸਕੇ ਨਾ ਕੋਈ ਲੁੱਟ, ਚੋਰ ਯਾਰ ਨੇੜ ਨਾ ਆਇੰਦਾ । ਮਾਨਸ ਜਨਮ ਭਾਗ ਨਾ ਜਾਏ ਨਿਖੁਟ, ਰਾਏ ਧਰਮ ਨਾ ਡੰਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

ਫੁਲਵਾੜੀ ਦੇਵੇ ਪੁੱਟ, ਬੂਟਾ ਆਪਣੇ ਘਰ ਲਗਾਇੰਦਾ । ਸਾਚਾ ਫਲ ਸਚ ਫੁੱਲਵਾੜੀ, ਹਰਿ ਸਾਚਾ ਸਚ ਲਗਾਈਆ । ਆਪੇ ਕਰੇ ਸਾਚੀ ਦਾਰੀ, ਸੇਵਕ ਸੇਵਾ ਆਪ ਕਮਾਈਆ । ਆਪੇ ਪੈਜ ਰਿਹਾ ਸਵਾਰੀ, ਮੂਰਖ ਮੂੜ੍ਹ ਗਲੇ ਲਗਾਈਆ । ਆਪੇ ਦੇਵੇ ਸ਼ਬਦ ਅਧਾਰੀ, ਨਿਝ ਆਤਮ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੁੱਬਦੇ ਪੱਥਰ ਆਪ ਤਰਾਈਆ । ਕਲਜੁਗ ਪੱਥਰ ਮੁਗਧ ਮਨ ਪਾਹਿਨ, ਮਾਇਆ ਭਰਮ ਭੁਲਾਇਆ । ਸਾਚਾ ਵਖਾਏ ਏਕਾ ਦੀਨ, ਇਸ਼ਟ ਦੇਵ ਗੁਰ ਨਜ਼ਰੀ ਆਇਆ । ਰਸਨਾ ਜਿਹਵਾ ਗੁਰਸਿਖ ਰਿਹਾ ਚੀਨ, ਚਿਤਵਤ ਠਗੋਰੀ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣੇ ਰੰਗ ਰੰਗਾਇਆ । ਨਿਰਧਨ ਰੰਗ ਅਪਾਰ, ਗੁਰ ਸਤਿਗੁਰ ਆਪ ਚੜ੍ਹਾਇੰਦਾ । ਫੜ ਫੜ ਬਾਹੋਂ ਜਾਏ ਤਾਰ, ਤਾਰਨਹਾਰਾ ਦਿਸ ਨਾ ਆਇੰਦਾ । ਦਿਵਸ ਰੈਣ ਕਰੇ ਪਿਆਰ, ਅੰਧ ਅੰਧੇਰ ਵੇਖ ਵਖਾਇੰਦਾ । ਕੂੜੀ ਕਿਰਿਆ ਦਏ ਨਿਵਾਰ, ਸਾਚੇ ਮਾਰਗ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦੇਵੇ ਧਰ, ਦਰ ਘਰ ਏਕਾ ਏਕ ਸਾਲਾਹਿੰਦਾ । ਸਚ ਦੁਆਰਾ ਧੁਰ ਧਾਮ, ਸਚਖੰਡ ਨਿਵਾਸੀ ਆਪ ਮਿਲਾਈਆ । ਲੇਖਾ ਜਾਣੇ ਨਗਰ ਗਰਾਮ, ਗੁਰਸਿਖ ਕਾਇਆ ਕੱਪੜ ਆਪ ਵਸਾਈਆ । ਲੇਖਾ ਜਾਣੇ ਹੱਡ ਮਾਸ ਨਾੜੀ ਚਾਮ, ਅਗਨੀ ਤਤ ਆਪ ਬੁਝਾਈਆ । ਮੇਲ ਮਿਲਾਵਾ ਏਕਾ ਰਾਮ, ਰਾਮ ਰਾਮਾ ਮੇਲ ਮਿਲਾਈਆ । ਪੂਰਨ ਕਰੇ ਸਤਿਗੁਰ ਕਾਮ, ਕਾਮ ਕਾਮਨੀ ਨੇੜ ਨਾ ਆਈਆ । ਪੱਲੇ ਬੰਨ੍ਹੇ ਸਾਚਾ ਦਾਮ, ਏਕਾ ਸ਼ਬਦੀ ਗੰਢ ਪਵਾਈਆ । ਅੰਮ੍ਰਿਤ ਪਿਆਏ ਏਕਾ ਜਾਮ, ਤ੍ਰਿਸ਼ਨਾ ਭੁੱਖ ਮਿਟਾਈਆ । ਕਰੇ ਪਰਕਾਸ਼ ਕੋਟਨ ਭਾਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਪੇ ਦੇਵੇ ਜੀਆ ਦਾਨ, ਜੀਆਂ ਦਾਤਾ ਬੇਪਰਵਾਹੀਆ । ਏਥੇ ਓਥੇ ਬਖ਼ਸ਼ੇ ਮਾਣ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਆਪ ਆਪਣੇ ਲੜ ਬੰਧਾਈਆ । ਆਪ ਫੜਾਇਆ ਆਪਣਾ ਲੜ, ਗੁਰਸਿਖ ਬਾਲ ਅਵਾਣਿਆਂ । ਆਪੇ ਘਾੜਣ ਲਿਆ ਘੜ, ਦਿਸ ਨਾ ਆਏ ਸੁਘੜ ਸਿਆਣਿਆ । ਆਪੇ ਲਾਏ ਚੋਟੀ ਜੜ੍ਹ, ਖੇਲੇ ਖੇਲ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਨਿਮਾਣਿਆ । ਮਾਣ ਨਿਮਾਣਿਆ ਦੇਵੇ ਮਾਣ, ਦਰਗਹਿ ਸਾਚੀ ਸਚ ਵਡਿਆਈਆ । ਏਕਾ ਅੱਖਰ ਹਰਿ ਹਰਿ ਗਾਣ, ਸੋ ਪੁਰਖ ਨਿਰੰਜਣ ਮੇਲ ਮਿਲਾਈਆ । ਹੰ ਬ੍ਰਹਮ ਚੁੱਕੇ ਕਾਣ, ਚਾਕਰ ਚਾਕਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਵਸਾਏ ਏਕਾ ਘਰ, ਘਰ ਸੱਚਾ ਸਹਿਜ ਸੁਖਦਾਈਆ ।

## ੧੨ ਚੇਤ ੨੦੧੭ ਬਿਕ੍ਰਮੀ ਅਤਰ ਸਿੰਘ ਦੇ ਘਰ ਪਿੰਡ ਓਗਰਾ

ਸਤਿ ਪੁਰਖ ਨਿਰੰਜਣ ਹਰਿ ਮਿਹਰਬਾਨ, ਨਿਰਗੁਣ ਰੂਪ ਵੱਡੀ ਵਡਿਆਈਆ । ਸਚਖੰਡ ਦੁਆਰੇ ਵਸੇ ਸਚ ਮਕਾਨ, ਜੋਤੀ ਨੂਰ ਨੂਰ ਰੁਸ਼ਨਾਈਆ । ਥਿਰ ਘਰ ਸਾਚਾ ਕਰ ਪਰਵਾਨ, ਸਚ ਸਿੰਘਾਸਣ ਆਪ ਸੁਹਾਈਆ । ਤਖ਼ਤ ਬੈਠ ਸ੍ਰੀ ਭਗਵਾਨ, ਸ਼ਾਹ ਭੂਪ ਇਕ ਅਖਵਾਈਆ । ਸਤਿ ਸਤਿਵਾਦੀ ਧੁਰ ਫ਼ਰਮਾਨ, ਸ਼ਬਦ ਅਨਾਦੀ ਆਪ ਅਲਾਈਆ । ਖੇਲੇ ਖੇਲ ਦੋ ਜਹਾਨ, ਆਪ ਆਪਣਾ ਰੂਪ ਵਟਾਈਆ । ਚਤੁਰਭੁਜ ਆਪੇ ਹੋਏ ਜਾਣੀ ਜਾਣ,


੪੩੮

ਆਪ ਆਪਣਾ ਭੇਵ ਖੁਲ੍ਹਾਈਆ । ਆਦਿ ਸ਼ਕਤ ਜੋਤ ਮਹਾਨ, ਆਪ ਆਪਣਾ ਰੂਪ ਵਖਾਈਆ । ਚਤੁਰਭੁਜ ਆਪੇ ਹੋਏ ਜਾਣੀ ਜਾਣ, ਆਪ ਆਪਣਾ ਭੇਵ ਖੁਲ੍ਹਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਆਪਣੀ ਰਚਨ ਰਚਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਦਾਨ, ਏਕਾ ਵਸਤ ਹੱਥ ਫੜਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਤ੍ਰੈ ਤ੍ਰੈ ਵੇਸ ਵਟਾਈਆ । ਅੰਤਮ ਮੇਲਾ ਵਿਚ ਜਹਾਨ, ਲੋਕਮਾਤ ਕਰੇ ਕੁੜਮਾਈਆ । ਮਨ ਮਤ ਬੁੱਧ ਕਰ ਨਿਸ਼ਾਨ, ਨਿਰਗੁਣ ਆਪਣਾ ਅੰਗ ਕਟਾਈਆ । ਲੱਖ ਚੁਰਾਸੀ ਖੇਲ ਮਹਾਨ, ਘਟ ਘਟ ਆਪਣੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਇਕ ਅਖਵਾਈਆ । ਸਤਿ ਪੁਰਖ ਨਿਰੰਜਣ ਵਡ ਮਿਹਰਬਾਨਾ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਗੁਣ ਨਿਧਾਨਾ, ਗੁਣਵੰਤਾ ਭੇਵ ਨਾ ਰਾਇਆ । ਸ਼ਬਦ ਅਨਾਦੀ ਧੁਨ ਤਰਾਨਾ, ਅਗੰਮ ਅਗੰਮੜਾ ਆਪ ਸੁਣਾਇਆ । ਲੱਖ ਚੁਰਾਸੀ ਵੇਖੇ ਮਾਰ ਧਿਆਨਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਭਗਤਨ ਦੇਵੇ ਧੁਰ ਫ਼ਰਮਾਣਾ, ਸ਼ਬਦ ਅਨਹਦ ਰਾਗ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਖੇਲ ਖਿਲਾਇਆ । ਸਤਿ ਪੁਰਖ ਨਿਰੰਜਣ ਸੂਰਬੀਰ, ਵਡ ਦਾਤਾ ਹਰਿ ਭਗਵਾਨਿਆ । ਆਦਿ ਜੁਗਾਦਿ ਚਲਾਏ ਏਕਾ ਤੀਰ, ਸਾਚਾ ਸ਼ਬਦ ਮਾਰੇ ਬਾਣਿਆ । ਲੋਆਂ ਪੁਰੀਆਂ ਪੈਂਡਾ ਆਪੇ ਚੀਰ, ਆਪੇ ਜਾਣੇ ਆਪਣੀ ਆਨਿਆ । ਭਗਤਨ ਬਖ਼ਸ਼ੇ ਅੰਮ੍ਰਿਤ ਆਤਮ ਠਾਂਡਾ ਸੀਰ, ਸ਼ਬਦ ਚੜ੍ਹਾਏ ਸਚ ਬਿਬਾਣਿਆ । ਦੋ ਜਹਾਨਾ ਬੰਨ੍ਹੇ ਧੀਰ, ਰਬ ਰਬਵਾਹੀ ਖੇਲ ਮਹਾਨਿਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਈ ਜਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਣਿਆ । ਸਤਿ ਪੁਰਖ ਨਿਰੰਜਣ ਸਚ ਮਹੱਲਾ, ਏਕਾ ਏਕ ਵਸਾਇੰਦਾ । ਸੋ ਪੁਰਖ ਨਿਰੰਜਣ ਬੈਠਾ ਇਕ ਇਕੱਲਾ, ਸਚ ਦਵਾਰ ਸੁਹਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਜਲਾਂ ਥਲਾਂ, ਨਿਹਚਲ ਧਾਮ ਆਪ ਸੁਹਾਇੰਦਾ । ਏਕੰਕਾਰਾ ਸਤਿ ਸਰੂਪੀ ਅਨ ਰੰਗ ਅੱਲਾ, ਆਪੇ ਫੜੇ ਆਪਣਾ ਭੱਲਾ, ਆਪ ਆਪਣਾ ਸੰਗ ਨਿਭਾਇੰਦਾ । ਆਦਿ ਨਿਰੰਜਣ ਦਰਦ ਦੁੱਖ ਭੈ ਭੰਜਣ ਆਪਣੇ ਦੀਪਕ ਆਪੇ ਬਲਾ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਵਲ ਛਲਾ, ਅਛਲ ਛਲ ਧਾਰੀ ਦਿਸ ਨਾ ਆਇੰਦਾ । ਸ੍ਰੀ ਭਗਵਾਨ ਸਚ ਸੁਨੇਹੜਾ ਸ਼ਬਦੀ ਸ਼ਬਦ ਆਪੇ ਘੱਲਾ, ਨਾਦ ਤਰਾਨਾ ਧੁਨ ਉਪਜਾਇੰਦਾ । ਪਾਰਬ੍ਰਹਮ ਪ੍ਰਭ ਆਪੇ ਰਲਾ, ਆਪਣੀ ਅੰਸ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਾਚਾ ਧਾਮ ਆਪ ਵਡਿਆਇੰਦਾ । ਸਤਿ ਪੁਰਖ ਨਿਰੰਜਣ ਸੋਭਾਵੰਤ, ਹਰਿ ਮਹਿਮਾ ਕਹਿਣ ਨਾ ਜਾਈਆ । ਆਦਿ ਜੁਗਾਦੀ ਏਕਾ ਕੰਤ, ਲੱਖ ਚੁਰਾਸੀ ਲਏ ਪਰਨਾਈਆ । ਲੇਖਾ ਜਾਣੇ ਸਾਚੇ ਸੰਤ, ਹਰਿ ਭਗਤਨ ਮਾਣ ਰਖਾਈਆ । ਗੁਰਮੁਖ ਬਣਾਏ ਆਪਣੇ ਸੁੱਤ, ਘਰ ਮੇਲਾ ਬੇਪਰਵਾਹੀਆ । ਗੁਰਸਿਖ ਉਪਜਾਏ ਵਿਚੋਂ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਜੁਗਾ ਜੁਗੰਤਰ ਸਾਚਾ ਕੰਤ, ਵੇਦ ਕਤੇਬ ਰਹੇ ਜਸ ਗਾਈਆ । ਮਨਮੁੱਖਾਂ ਮਾਇਆ ਪਾਏ ਬੇਅੰਤ, ਆਪਣਾ ਪੜਦਾ ਆਪ ਰਖਾਈਆ । ਕਾਇਆ ਗੜ੍ਹ ਬਣਾਏ ਹਉਮੇ ਹੰਗਤ, ਜੂਠ ਝੂਠ ਕਰੇ ਕੁੜਮਾਈਆ । ਆਸਾ ਤ੍ਰਿਸ਼ਨਾ ਹੋਈ ਨੰਗਤ, ਹਉਮੇ ਰੋਗ ਵਿਚ ਟਿਕਾਈਆ । ਜਿਸ ਜਨ ਮੇਲੇ ਸਾਚੀ ਸੰਗਤ, ਕਾਇਆ ਚੋਲੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਸਤਿ ਪੁਰਖ ਨਿਰੰਜਣ ਪੁਰਖ ਅਕਾਲਾ, ਏਕਾ

ਰੰਗ ਸਮਾਇਆ । ਦੀਨਾਂ ਬੰਧਪ ਦੀਨ ਦਿਆਲਾ, ਜੁਗ ਜੁਗ ਆਪਣਾ ਵੇਸ ਵਟਾਇਆ । ਚਲੇ ਚਲਾਏ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇਆ । ਚਰਨ ਦਵਾਰ ਰਖਾਏ ਕਾਲ ਮਹਾਂਕਾਲਾ, ਹੁਕਮੀ ਹੁਕਮ ਆਪ ਸੁਣਾਇਆ । ਸ਼ਬਦ ਵਜਾਏ ਸਾਚਾ ਤਾਲਾ, ਲੋਆਂ ਪੁਰੀਆਂ ਆਪ ਅਲਾਇਆ । ਲੱਖ ਚੁਰਾਸੀ ਫਲ ਲਗਾਏ ਡਾਲਾ, ਆਪਣਾ ਮੇਵਾ ਵੇਖ ਵਖਾਇਆ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਆਤਮ ਅੰਤਰ ਏਕਾ ਬ੍ਰਹਮ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਆਦਿ ਜੁਗਾਦਿ ਆਪਣਾ ਲੇਖ ਆਪ ਮੁਕਾਇਆ । ਸਤਿ ਪੁਰਖ ਨਿਰੰਜਣ ਹਰਿ ਸਮਰਥ, ਦੂਸਰ ਅਵਰ ਨਾ ਕੋਈ ਜਣਾਈਆ । ਆਪ ਚਲਾਏ ਆਪਣਾ ਰਥ, ਵਡ ਰਥਵਾਹੀ ਬੇਪਰਵਾਹੀਆ । ਸ਼ਬਦ ਜਣਾਏ ਮਹਿਮਾ ਅਕਥ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਲੱਖ ਚੁਰਾਸੀ ਪਾਏ ਨੱਥ, ਸ਼ਬਦੀ ਡੋਰੀ ਹੱਥ ਰਖਾਈਆ । ਜਨ ਭਗਤਾਂ ਦੇਵੇ ਏਕਾ ਵੱਥ, ਨਾਮ ਸਤਿ ਝੋਲੀ ਪਾਈਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਹਰਿ ਹਰਿ ਦਰਸ਼ਨ ਪਾਈਆ । ਵਸਣਹਾਰਾ ਸਦਾ ਜਗਤ, ਨਿਰਗੁਣ ਸਰਗੁਣ ਰੂਪ ਵਟਾਈਆ । ਲੇਖਾ ਜਾਣੇ ਤੀਰਥ ਅਠਸਠ, ਸਰ ਸਰੋਵਰ ਫੋਲ ਵਖਾਈਆ । ਚੌਦਾਂ ਲੋਕ ਵਖਾਏ ਏਕਾ ਹੱਟ, ਵਡ ਦਾਤਾ ਬੇਪਰਵਾਹੀਆ । ਹਰਿਜਨ ਭਾਗ ਲਗਾਏ ਕਾਇਆ ਮੱਟ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਦੁਰਮਤ ਮੈਲ ਦੇਵੇ ਕੱਟ, ਸਤਿਗੁਰ ਪੂਰਾ ਵਡ ਵਡਿਆਈਆ । ਮਨ ਮਨੂਆ ਖੇਲੇ ਖੇਲ ਬਾਜੀਗਰ ਨਟ, ਮਤ ਮਤਵਾਲੀ ਰਹੀ ਕੁਰਲਾਈਆ । ਬੁੱਧ ਬਿਬੇਕ ਕਰੇ ਝੱਟ, ਜਿਸ ਸਿਰ ਆਪਣਾ ਹੱਥ ਟਿਕਾਈਆ । ਦੂਈ ਦਵੈਤੀ ਮੇਟੇ ਫਟ, ਤੀਰ ਨਿਰਾਲਾ ਏਕਾ ਲਾਈਆ ।
੪੪੦ ਹੰਕਾਰੀ ਬੁਰਜ ਜਾਏ ਢੱਠ, ਪੁਰਖ ਅਬਿਨਾਸ਼ੀ ਆਪੇ ਢਾਈਆ । ਕਾਇਆ ਗੇੜੇ ਉਲਟੀ ਲੱਠ, ਆਪਣਾ ਗੇੜਾ ਆਪ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਦਰ ਆਪੇ ਵੜ, ਘਰ ਘਰ ਵਿਚ ਆਸਣ ਲਾਈਆ । ਘਰ ਵਿਚ ਘਰ ਹਰਿ ਜੀ ਵੜਿਆ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਦਵਾਰੇ ਆਪੇ ਚੜ੍ਹਿਆ, ਆਪਣੀ ਬੂਝ ਆਪ ਬੁਝਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਹਰਿਜਨ ਸਾਚੇ ਆਪ ਪੜ੍ਹਾਇੰਦਾ । ਆਪੇ ਤੋੜੇ ਹੰਕਾਰੀ ਗੜਿਆ, ਪੰਚ ਵਿਕਾਰਾ ਮੇਟ ਮਿਟਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਮੜੀ ਗੋਰ ਨਾ ਕੋਇ ਦਬਾਇੰਦਾ । ਅੱਧਵਿਚਕਾਰ ਕਦੇ ਨਾ ਅੜਿਆ, ਪਾਰ ਕਿਨਾਰਾ ਇਕ ਵਖਾਇੰਦਾ । ਗੁਰਮੁਖ ਬੰਧਾਏ ਆਪਣੇ ਲੜਿਆ, ਏਕਾ ਪੱਲੂ ਹੱਥ ਉਠਾਇੰਦਾ । ਮਾਣਕ ਮੋਤੀ ਗੁਰਮੁਖ ਦਰ ਘਰ ਸਾਚੇ ਆਪੇ ਜੜਿਆ, ਆਪ ਆਪਣੀ ਸੇਵ ਕਮਾਇੰਦਾ । ਨਾ ਕੋਈ ਸੀਸ ਨਾ ਕੋਈ ਧੜਿਆ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਦਰ ਦਵਾਰੇ ਅੱਗੇ ਖੜਿਆ, ਹਰਿਜਨ ਆਤਮ ਬ੍ਰਹਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਇਕ ਅਤੀਤਾ, ਆਪੇ ਜਾਣੇ ਆਪਣੀ ਰੀਤਾ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਸਤਿ ਪੁਰਖ ਨਿਰੰਜਣ ਬੇਪਰਵਾਹ, ਏਕਾ ਰੰਗ ਸਮਾਇਆ । ਜੁਗ ਜੁਗ ਬਣੇ ਮਾਤ ਮਲਾਹ, ਲੋਕਮਾਤੀ ਵੇਸ ਵਟਾਇਆ । ਜਨ ਭਗਤਾਂ ਦੇਵੇ ਨਾਮ ਸਲਾਹ, ਏਕਾ ਮਾਰਗ ਦਏ ਵਖਾਇਆ । ਪਾਰ ਉਤਾਰੇ ਫੜ ਫੜ ਬਾਂਹ, ਸੇਵਕ ਸਾਚੀ ਸੇਵ ਕਮਾਇਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਇਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਇਆ । ਆਦਿ ਜੁਗਾਦਿ ਜੁਗਾ ਜੁਗੰਤ ਕਰੇ ਸਚ ਨਿਆਂ, ਲੇਖਾ ੪੪੦

ਆਪਣੇ ਹੱਥ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਏਕੋ ਦਾਤਾ, ਆਪੇ ਹੋਏ ਬ੍ਰਹਮ ਗਿਆਤਾ, ਪਾਰਬ੍ਰਹਮ ਵੇਸ ਧਰਾਇਆ । ਬ੍ਰਹਮ ਗਿਆਨਾ ਬ੍ਰਹਮ ਗਿਆਨ, ਆਪ ਆਪਣਾ ਸ਼ਬਦ ਜਣਾਈਆ । ਆਤਮ ਅੰਤਰ ਇਕ ਧਿਆਨ, ਲਿਵ ਆਤਮ ਇਕ ਵਖਾਈਆ । ਸਰ ਸਰੋਵਰ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਦਾਤਾ ਦਾਨੀ ਗੁਣ ਨਿਧਾਨ, ਇਛਿਆ ਭਿਛਿਆ ਝੋਲੀ ਪਾਈਆ । ਹੱਥ ਫੜਾਏ ਸ਼ਬਦ ਕਮਾਨ, ਰਸਨਾ ਜਿਹਵਾ ਤੀਰ ਚਲਾਈਆ । ਖਾਣੀ ਬਾਣੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਮੁਖ ਵਿਰਲਾ ਚਤੁਰ ਸੁਜਾਣ, ਜਿਸ ਜਨ ਆਪਣੀ ਬੂਝ ਬੁਝਾਈਆ । ਕਾਇਆ ਮੰਦਰ ਸਚ ਮਕਾਨ, ਹਰਿ ਮੰਦਰ ਆਪ ਸੁਹਾਈਆ । ਆਤਮ ਸੇਜਾ ਕਰ ਪਰਵਾਨ, ਸਤਿਗੁਰ ਪੂਰਾ ਵੇਖ ਵਖਾਈਆ । ਉਪਰ ਬੈਠ ਸ੍ਰੀ ਭਗਵਾਨ, ਤਖ਼ਤ ਤਾਜ ਇਕ ਸੁਹਾਈਆ । ਏਕਾ ਰਾਗ ਸੁਣਾਏ ਕਾਨ, ਅਨਹਦ ਸਾਚੀ ਸੇਵਾ ਲਾਈਆ । ਕਰੇ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਰਹਿਣ ਨਾ ਪਾਈਆ । ਸ਼ਬਦੀ ਦੇਵੇ ਸੁਰਤੀ ਦਾਨ, ਸੁਰਤ ਸਵਾਣੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਏਕੰਕਾਰ, ਆਦਿ ਜੁਗਾਦੀ ਸਾਚੀ ਕਰ, ਜੁਗ ਕਰਤਾ ਆਪ ਕਰਾਈਆ । ਸਤਿ ਪੁਰਖ ਨਿਰੰਜਣ ਗੁਣ ਨਿਧਾਨਾ, ਗੁਣ ਅਵਗੁਣ ਨਾ ਕੋਈ ਜਣਾਇੰਦਾ । ਪਰਮ ਪੁਰਖ ਸ੍ਰੀ ਭਗਵਾਨਾ, ਪਾਰਬ੍ਰਹਮ ਵੇਸ ਵਟਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਵੇਦ ਪੁਰਾਨ ਨਾ ਕੋਈ ਲਿਖਾਇੰਦਾ । ਬ੍ਰਹਮਾ ਵੇਖੇ ਨੇਤਰ ਕਰੇ ਧਿਆਨਾ, ਨਿਉਂ ਨਿਉਂ ਚਰਨ ਸੀਸ ਝੁਕਾਇੰਦਾ । ਵਿਸ਼ਨੂੰ ਮੰਗੇ ਏਕਾ ਦਾਨਾ, ਸਾਚੀ ਵਸਤ ਝੋਲੀ ਪਾਇੰਦਾ । ਸ਼ੰਕਰ ਮੰਨੇ ਸਤਿ ਸਤਿ ਭਾਣਾ, ਬਾਸ਼ਕ ਤਸ਼ਕ ਗਲੋਂ ਸੁਟਾਇੰਦਾ । ੪੪੧ ਸੁਰਪਤ ਰਾਜਾ ਇੰਦ ਹੋਏ ਹੈਰਾਨਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਕਰੋੜ ਤੇਤੀਸਾ ਮੰਗੇ ਇਕ ਨਿਸ਼ਾਨਾ, ਇਸ਼ਟ ਦੇਵ ਹਰਿ ਮਨਾਇੰਦਾ । ਲੱਖ ਚੁਰਾਸੀ ਜੀਵ ਨਾਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਤਿ ਪੁਰਖ ਆਪ ਕਰਾਇੰਦਾ । ਸਤਿ ਪੁਰਖ ਨਿਰੰਜਣ ਯੋਗ, ਏਕਾ ਏਕ ਅਖਵਾਇਆ । ਜਨ ਭਗਤਾਂ ਮੇਲਾ ਧੁਰ ਸੰਜੋਗ, ਜੁਗ ਜੁਗ ਮੇਲ ਮਿਲਾਇਆ । ਆਪੇ ਕੱਟੇ ਹਉਮੇ ਰੋਗ, ਮਾਇਆ ਮਮਤਾ ਮੋਹ ਚੁਕਾਇਆ । ਏਕਾ ਸ਼ਬਦ ਵਖਾਏ ਸਾਚਾ ਜੋਗ, ਬਨ ਖੰਡ ਨਾ ਫੇਰਾ ਪਾਇਆ । ਰਸਨਾ ਚੁਗੇ ਸਾਚੀ ਚੋਗ, ਅੰਮ੍ਰਿਤ ਮੇਵਾ ਫਲ ਖਵਾਇਆ । ਜਗਤ ਨਾਤਾ ਤੁਟੇ ਵਿਜੋਗ, ਗੁਰ ਸ਼ਬਦੀ ਮੇਲ ਮਿਲਾਇਆ । ਆਤਮ ਸੇਜਾ ਭੋਗੇ ਭੋਗ, ਦੂਜੀ ਸੇਜ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਸਾਚਾ ਮੀਤਾ, ਇਕ ਅਤੀਤਾ ਨਾਉਂ ਧਰਾਇੰਦਾ । ਸਤਿ ਪੁਰਖ ਨਿਰੰਜਣ ਮੀਤ ਮੁਰਾਰ, ਏਕਾ ਧਾਮ ਸੁਹਾਇੰਦਾ । ਆਪੇ ਵਸੇ ਸਚਖੰਡ ਦਵਾਰ, ਚਾਰ ਦਵਾਰ ਨਾ ਕੋਈ ਬਣਾਇੰਦਾ । ਛੱਪਰ ਛੰਨ ਨਾ ਕੋਈ ਸਹਾਰ, ਆਪ ਆਪਣੀ ਰਚਨ ਰਚਾਇੰਦਾ । ਰਵ ਸਸ ਨਾ ਕੋਈ ਸਤਾਰ, ਮੰਡਲ ਮੰਡਪ ਨਾ ਕੋਈ ਵਖਾਇੰਦਾ । ਜ਼ਿਮੀਂ ਅਸਮਾਨ ਨਾ ਕੋਈ ਧਾਰ, ਰਚਨ ਰਚਾਇੰਦਾ । ਤ੍ਰੈਗੁਣ ਮਾਇਆ ਨਾ ਕੋਈ ਪਸਾਰ, ਪੰਜ ਤਤ ਨਾ ਕੋਈ ਬੰਧਾਇੰਦਾ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਅਖਵਾਇੰਦਾ । ਜਲ ਬਿੰਬ ਨਾ ਕੋਈ ਧਾਰ, ਛਹਿਬਰ ਧਾਰ ਨਾ ਕੋਈ ਵਹਾਇੰਦਾ । ਤੀਰਥ ਤੱਟ ਨਾ ਕੋਈ ਕਿਨਾਰ, ਅਠਸਠ ਨਾ ਭੇਖ ਵਟਾਇੰਦਾ । ਸ਼ਬਦ ਧੁਨ ਨਾ ਕੋਈ ਜੈਕਾਰ, ਰਾਗ ਨਾਦ ਨਾ ਕੋਇ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਉਜਿਆਰ, ਨਿਰਗੁਣ ਸਰਗੁਣ ਭੇਖ ਨਾ ਕੋਇ ਵਟਾਇੰਦਾ ।

ਕਾਗਦ ਕਲਮ ਨਾ ਲਿਖਣਹਾਰ, ਮਸ ਸਿਆਹੀ ਸੱਤ ਸਮੁੰਦਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਏਕਾ ਦਾਤਾ, ਆਪਣੀ ਵਸਤ ਆਪ ਉਪਾਇੰਦਾ । ਆਪੇ ਨਿਰਗੁਣ ਹਰਿ ਗੋਬਿੰਦ, ਦਰ ਘਰ ਸਾਚੇ ਸੋਭਾ ਪਾਇੰਦਾ । ਆਪੇ ਮੇਟੇ ਸਗਲੀ ਚਿੰਦ, ਸਾਂਤਕ ਸਤਿ ਸਤਿ ਵਰਤਾਇੰਦਾ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਸਤਿਗੁਰ ਆਪਣਾ ਨਾਉਂ ਰਖਾਇੰਦਾ । ਪਾਰਬ੍ਰਹਮ ਪ੍ਰਭ ਉਪਜਾਏ ਆਪਣੀ ਬਿੰਦ, ਆਪ ਆਪਣਾ ਅੰਗ ਕਟਾਇੰਦਾ । ਆਪੇ ਧਾਰ ਵਹਾਏ ਅੰਮ੍ਰਿਤ ਸਾਗਰ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸਤਿ ਪੁਰਖ ਨਿਰੰਜਣ ਸਚ ਦੁਆਰਾ, ਥਿਰ ਘਰ ਸਾਚਾ ਆਪ ਸੁਹਾਈਆ । ਅਲੱਖ ਨਿਰੰਜਣ ਬੋਲ ਜੈਕਾਰਾ, ਆਪਣੀ ਅਲੱਖ ਆਪ ਜਗਾਈਆ । ਆਪੇ ਮੰਗੇ ਬਣ ਭਿਖਾਰਾ, ਆਪਣੀ ਅਲਫ਼ੀ ਗਲ ਹੰਢਾਈਆ । ਆਪੇ ਬਣੇ ਸਚ ਸਿਕਦਾਰਾ, ਸਾਚਾ ਤਖ਼ਤ ਸੁਹਾਈਆ । ਆਪੇ ਹੋਏ ਚੋਬਦਾਰਾ, ਨਿਉਂ ਨਿਉਂ ਆਪਣਾ ਸੀਸ ਆਪ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਆਪਣੀ ਖੇਲ ਆਪ ਖਿਲਾਈਆ । ਸਤਿ ਪੁਰਖ ਨਿਰੰਜਣ ਸਚ ਦਰਵਾਜਾ, ਸਚਖੰਡ ਦੁਆਰੇ ਆਪ ਖੁਲ੍ਹਾਇੰਦਾ । ਅਲੱਖ ਅਗੋਚਰ ਗ਼ਰੀਬ ਨਿਵਾਜ਼ਾ, ਆਪ ਆਪਣੀ ਕਲ ਵਰਤਾਇੰਦਾ । ਹਰਿ ਮੰਦਰ ਬਹਿ ਬਹਿ ਮਾਰੇ ਵਾਜਾ, ਆਪਣਾ ਮੰਦਰ ਆਪ ਸੁਹਾਇੰਦਾ । ਆਪੇ ਰਚੇ ਆਪਣਾ ਕਾਜਾ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਸ਼ਬਦ ਸੁਣਾਏ ਅਨਹਦ ਵਾਜਾ, ਆਪ ਆਪਣਾ ਰਾਗ ਸੁਣਾਇੰਦਾ । ਆਪ ਚਲਾਏ ਸਚ ਜਹਾਜਾ, ਆਪਣੀ ਸੇਵਾ ਆਪ ਕਮਾਇੰਦਾ । ਆਪੇ ਅਸਵ ਰੱਖੇ ਤਾਜਾ, ਆਸਣ ਸਿੰਘਾਸਣ ਆਪ ਸੁਹਾਇੰਦਾ । ਆਪੇ ਲੋਆਂ ਪੁਰੀਆਂ ਫਿਰੇ ਭਾਜਾ, ਮੰਡਲ ਮੰਡਪ ਆਪੇ ਰਾਸ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰ ਹਰਿ ਨਿਰੰਕਾਰ, ਆਪਣਾ ਆਪ ਸੁਹਾਈਆ । ਸ਼ਾਹੋ ਭੂਪ ਵਡ ਸਿਕਦਾਰ, ਸ਼ਾਹ ਸੁਲਤਾਨਾ ਨਾਉਂ ਧਰਾਈਆ । ਕਲਗੀ ਤੋੜਾ ਸੀਸ ਦਸਤਾਰ, ਹਰਿ ਜਗਦੀਸ਼ ਆਪ ਟਿਕਾਈਆ । ਜੋਤੀ ਸ਼ਬਦੀ ਜੋਤ ਕਰ ਤਿਆਰ, ਲੋਕਮਾਤ ਵੇਖ ਵਖਾਈਆ । ਸੱਸੇ ਉਪਰ ਹੋੜਾ ਨਿਰਗੁਣ ਸਰਗੁਣ ਬਣੇ ਧਾਰ, ਹੰ ਬ੍ਰਹਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂ, ਏਕਾ ਤੱਤਵ ਰੰਗ ਰੰਗਾਈਆ । ਤਤਵ ਤਤ ਰੰਗ ਰੰਗਾਇਆ, ਕੰਚਨ ਗੜ੍ਹ ਸੁਹਾਇੰਦਾ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਹਰਿਜਨ ਸਾਚੇ ਆਪ ਉਪਜਾਇੰਦਾ । ਤ੍ਰੈਗੁਣ ਬੰਧਨ ਫੰਦ ਕਟਾਇਆ, ਸਾਚੀ ਸਿਖਿਆ ਸਿਖ ਸਮਝਾਇੰਦਾ । ਸਤਿ ਸਰੂਪੀ ਚੰਦ ਚੜ੍ਹਾਇਆ, ਦੀਪਕ ਭਾਨ ਇਕ ਪਰਕਾਸ਼ ਕਰਾਇੰਦਾ । ਪਰਮਾਨੰਦ ਆਪ ਰਖਾਇਆ, ਨਿਝ ਆਤਮ ਰਸ ਚੁਆਇੰਦਾ । ਦੂਈ ਦਵੈਤੀ ਪਰਦਾ ਲਾਹਿਆ, ਮਨ ਬੰਦਰ ਬੰਨ ਵਖਾਇੰਦਾ । ਸ਼ਬਦ ਕਲੰਦਰ ਡੋਰੀ ਹੱਥ ਰਖਾਇਆ, ਘਰ ਆਪਣੇ ਨਾਚ ਕਰਾਇੰਦਾ । ਸੁਹਾਗੀ ਛੰਦਨ ਏਕਾ ਗਾਇਆ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਵਡਿਆਇੰਦਾ । ਘਰ ਸੱਚਾ ਹਰਿ ਵਡਿਆਈ, ਪਾਰਬ੍ਰਹਮ ਬ੍ਰਹਮ ਬੇਅੰਤਿਆ । ਘਰ ਵੱਡਾ ਕਰੇ ਸਤਿ ਕੁੜਮਾਈ, ਲੇਖਾ ਜਾਣੇ ਸਾਚੇ ਸੰਤਿਆ । ਹਰਿਜਨ ਵੱਜੇ ਸਚ ਵਧਾਈ, ਪਾਇਆ ਪੁਰਖ ਇਕ ਭਗਵੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਦਿ ਅੰਤਿਆ । ਆਦਿਨ ਅੰਤਾ ਹਰਿ ਭਗਵੰਤਾ, ਏਕਾ ਰੰਗ ਸਮਾਇਆ । ਖੇਲੇ ਖੇਲ

ਜੁਗਾ ਜੁਗੰਤਾ, ਜੁਗ ਜੁਗ ਆਪਣਾ ਵੇਸ ਵਟਾਇਆ । ਆਪੇ ਭੁੱਖਾ ਆਪੇ ਨੰਗਤਾ, ਸ਼ਾਹੋ ਭੂਪ ਆਪਣਾ ਨਾਉਂ ਧਰਾਇਆ । ਆਪੇ ਦਰ ਦਰ ਫਿਰੇ ਮੰਗਤਾ, ਘਰ ਘਰ ਆਪਣਾ ਨਾਮ ਆਪਣੇ ਹੱਟ ਵਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਚਾਲ ਚਲਾਇਆ । ਚਾਲ ਅਵੱਲੀ ਜੋਤ ਅਕਾਲੀ, ਆਪਣੀ ਆਪ ਚਲਾਇੰਦਾ । ਦੋ ਜਹਾਨਾਂ ਸਾਚਾ ਵਾਲੀ, ਲੱਖ ਚੁਰਾਸੀ ਬੂਟਾ ਵੇਖ ਵਖਾਇੰਦਾ । ਦਿਵਸ ਰੈਣ ਬਣਿਆ ਰਹੇ ਪਾਲੀ, ਹਰਿਜਨ ਸਾਚੀ ਸੇਵ ਕਮਾਇੰਦਾ । ਮੇਟੇ ਰੈਣ ਅੰਧੇਰੀ ਕਾਲੀ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਤੋੜਣਹਾਰਾ ਮਾਇਆ ਮਮਤਾ ਜਗਤ ਜੰਜਾਲੀ, ਜਾਗਰਤ ਜੋਤ ਇਕ ਜਗਾਇੰਦਾ । ਆਪਣੇ ਹੱਥ ਰੱਖੇ ਖਾਲੀ, ਗੁਰਮੁਖ ਸਚ ਭੰਡਾਰਾ ਨਾਮ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਵੇਸ ਵਟਾਇੰਦਾ । ਜੁਗ ਜੁਗ ਖੇਲ ਅਵੱਲੜਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਦੋ ਜਹਾਨਾਂ ਇਕ ਇਕੱਲੜਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜਨ ਭਗਤਾਂ ਦਰ ਦਵਾਰੇ ਅੱਗੇ ਖਲੜਾ, ਸਵਛ ਸਰੂਪੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਬੰਨ੍ਹੇ ਧਾਰ, ਇਕ ਇਕੱਲਾ ਏਕੰਕਾਰ, ਲੱਖ ਚੁਰਾਸੀ ਦਏ ਆਧਾਰ, ਏਕਾ ਅੱਖਰ ਸ਼ਬਦ ਪੜ੍ਹਾਇੰਦਾ । ਏਕਾ ਅੱਖਰ ਜਗਤ ਵੱਖਰ, ਹਰਿ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਜਨ ਭਗਤਾਂ ਬਜ਼ਰ ਕਪਾਟੀ ਤੋੜੇ ਜੰਦਰ, ਦੂਜੀ ਸਿਲਾ ਆਪ ਉਠਾਇੰਦਾ । ਪੰਜ ਵਿਕਾਰਾ ਕਰੇ ਸੱਥਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਹੱਥ ਰਖਾਇੰਦਾ । ਸਾਚੀ ਵਸਤ ਹੱਥ ਕਰਤਾਰ, ਆਦਿ ਜੁਗਾਦਿ ਰਖਾਇਆ । ਜਨ ਭਗਤਾਂ ਦੇਵੇ ਕਰ ਪਿਆਰ, ਦੂਸਰ ਹੱਟ ਨਾ ਕਿਸੇ ਵਿਕਾਇਆ । ਸੰਤਨ ਭਰੇ ਨਾਮ ਭੰਡਾਰ, ਅਤੋਟ ਅਤੁਟ ਰਖਾਈਆ । ਗੁਰਸਿਖ ਸੱਜਣ ਜਾਏ ਤਾਰ, ਕਰ ਕਿਰਪਾ ਬੇਪਰਵਾਹੀਆ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰ, ਸਾਚਾ ਨਾਤਾ ਜੋੜ ਜੁੜਾਈਆ । ਦਰਗਹਿ ਸਾਚੀ ਪਾਵੇ ਸਾਰ, ਆਪ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਲੇਖ ਜਣਾਈਆ । ਸਤਿਜੁਗ ਲੇਖਾ ਲਿਖਿਆ, ਤ੍ਰੇਤਾ ਬਣੇ ਧਾਰ । ਦੁਆਪਰ ਪੈਂਡਾ ਮੁੱਕਿਆ, ਕਲਜੁਗ ਆਈ ਹਾਰ । ਅਠਸਠ ਤੀਰਥ ਸੁੱਕਿਆ, ਅੰਮ੍ਰਿਤ ਮਿਲੇ ਨਾ ਜਲ, ਸਾਚੇ ਘਰ ਨਾ ਕੋਈ ਵਿਚਾਰ । ਸਾਧ ਸੰਤ ਦਰ ਦਰ ਫਿਰੇ ਲੁਕਿਆ, ਊਚੀ ਕੂਕ ਨਾ ਕਰੇ ਪੁਕਾਰ । ਅੰਮ੍ਰਿਤ ਸੋਮਾ ਕਦੇ ਨਾ ਫੁੱਟਿਆ, ਨਾਮ ਪਏ ਨਾ ਸਚ ਫੁਹਾਰ । ਤੀਰ ਨਿਰਾਲਾ ਕਦੇ ਨਾ ਛੁੱਟਿਆ, ਮਿਲੇ ਮੇਲ ਨਾ ਗੋਬਿੰਦ ਯਾਰ । ਅੰਮ੍ਰਿਤ ਪੀਤਾ ਕਿਸੇ ਨਾ ਘੁੱਟਿਆ, ਖੁਲ੍ਹੇ ਬੰਦ ਨਾ ਕੋਈ ਕਿਵਾੜ । ਹਰਿ ਕਾ ਨਾਮ ਕਿਸੇ ਨਾ ਲਾਹਾ ਲੁੱਟਿਆ, ਲੱਖ ਚੁਰਾਸੀ ਝੱਖ ਰਹੀ ਮਾਰ । ਗੁਰਮੁਖ ਵਿਰਲੇ ਉਪਰ ਪਾਰਬ੍ਰਹਮ ਅਬਿਨਾਸ਼ੀ ਆਪੇ ਤੁੱਠਿਆ, ਆਪੇ ਦੇਵੇ ਨਾਮ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰਾ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਇਆ । ਆਦਿ ਜੁਗਾਦੀ ਇਕ ਅਵਤਾਰਾ, ਇਕ ਗੁਰ ਅਖਵਾਇਆ । ਸ਼ਬਦ ਸਰੂਪੀ ਸਚ ਭੰਡਾਰਾ, ਹਰਿ ਸਾਚਾ ਸਚ ਵਰਤਾਇਆ । ਸੋ ਪੁਰਖ ਨਿਰੰਜਣ ਬੋਲ ਜੈਕਾਰਾ, ਹੰ ਬ੍ਰਹਮ ਲਏ ਜਗਾਇਆ । ਦੋਹਾਂ ਵਿਚੋਲਾ ਬਣ ਸੰਸਾਰਾ, ਏਕਾ ਰੰਗ ਰੰਗਾਇਆ । ਏਕਾ ਢੋਲਾ ਗਾਏ ਆਪਣੀ ਵਾਰਾ, ਆਪ ਆਪਣਾ ਰਾਗ ਜਣਾਇਆ । ਸਾਚਾ ਤੋਲਾ ਬੇਐਬ ਪਰਵਰਦਿਗਾਰਾ, ਚੌਦਾਂ ਲੋਕਾਂ ਲਏ ਤੁਲਾਇਆ ।

ਚੌਦਾਂ ਤਬਕਾਂ ਦਏ ਹੁਲਾਰਾ, ਸੰਗ ਮੁਹੰਮਦ ਵੇਖ ਵਖਾਇਆ । ਚਾਰ ਯਾਰੀ ਕਰੇ ਪੁਕਾਰਾ, ਅੱਲਾ ਹੂ ਹੂ ਨਾਅਰਾ ਲਾਇਆ । ਐਨਲਹੱਕ ਕੱਢੇ ਹਾੜਾ, ਮੁਕਾਮੇ ਹੱਕ ਰਾਹ ਤਕਾਇਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਨੂਰ ਇਲਾਹੀ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਲੇਖਾ ਆਪ ਸਮਝਾਇਆ । ਸਾਚਾ ਲੇਖਾ ਨੂਰ ਨੁਰਾਨਾ, ਹਰਿ ਸਾਚਾ ਸਚ ਸਮਝਾਇੰਦਾ । ਬੇਐਬ ਨੁਰਾਨੀ ਖੇਲ ਮਹਾਨਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਉਮਤ ਉਮਤੀ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਕਲਮਾ ਅਮਾਮ ਇਕ ਵਖਾਨਾ, ਕਾਇਨਾਤ ਆਪ ਜਣਾਇੰਦਾ । ਪੀਰ ਦਸਤਗੀਰ ਪੀਰ ਕਰੇ ਪਰਵਾਨਾ, ਮੁਲਾਂ ਸ਼ੇਖ਼ ਮੁਸਾਇਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਆਪਣੀ ਧਾਰ ਚਲਾਇੰਦਾ । ਮੁਲਾ ਸ਼ੇਖ਼ ਮੁਸਾਇਕ ਪੀਰ, ਉਚੀ ਕੂਕਣ ਦੇਣ ਦੁਹਾਈਆ । ਹੱਥ ਨਾ ਆਏ ਦਸਤਗੀਰ, ਬੇਨਜ਼ੀਰ ਰੂਪ ਵਟਾਈਆ । ਨਾ ਕੋਈ ਮੇਟੇ ਤਕਦੀਰ, ਤਕਸੀਰ ਤਦਬੀਰ ਨਾ ਕੋਈ ਵਖਾਈਆ । ਚਾਰੋਂ ਕੁੰਟ ਵੱਜਾ ਜ਼ੰਜੀਰ, ਅਲਾ ਰਾਣੀ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਵਡ ਪੀਰਨ ਪੀਰ, ਆਪਣੀ ਖੇਲ ਰਿਹਾ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਅੱਲਾ ਅਲਾਹ, ਏਕਾ ਹੁਕਮ ਸੁਣਾਇੰਦਾ । ਨੂਰੋ ਨੂਰ ਬਣ ਮਲਾਹ, ਨੂਰ ਨੁਰਾਨਾ ਡਗਮਗਾਇੰਦਾ । ਏਕਾ ਕਲਮਾ ਸਿਫ਼ਤ ਸਲਾਹ, ਸਚ ਸਲਾਹੀ ਆਪ ਸਲਾਹਿੰਦਾ । ਆਪੇ ਵੇਖੇ ਆਪਣਾ ਥਾਂ, ਜ਼ਿਮੀ ਅਸਮਾਨਾਂ ਫੋਲ ਫੁਲਾਇੰਦਾ । ਮੱਕਾ ਕਾਅਬਾ ਫੇਰਾ ਪਾ, ਦੋ ਦੋ ਆਬਾ ਹੱਜ ਵਖਾਇੰਦਾ । ਹੱਕ ਜਨਾਬਾ ਆਪ ਅਖਵਾ, ਸਚ ਨਵਾਬਾ ਰੂਪ ਵਟਾਇੰਦਾ । ਬੇਆਬਾ ਵੇਖੇ ਥਾਉਂ ਥਾਂ, ਨੂਰੀ ਤਾਬ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਜਾਏ ਸਚ ਰਬਾਬਾ, ਅਹਿਬਾਬ ਸਤਾਰ ਆਪ ਵਖਾਇੰਦਾ । ਸਚ ਸਤਾਰ ਸ਼ਬਦ ਧੁਨਕਾਰ, ਹਰਿ ਸਾਚਾ ਆਪ ਸੁਣਾਈਆ । ਦੋ ਜਹਾਨਾ ਨੌਜਵਾਨਾ ਸ੍ਰੀ ਭਗਵਾਨ ਪਾਏ ਸਾਰ, ਸਚ ਨਿਸ਼ਾਨਾ ਇਕ ਵਖਾਈਆ । ਗੋਪੀ ਕਾਹਨਾ ਮੀਤ ਮੁਰਾਰ, ਮੰਡਲ ਰਾਸ ਇਕ ਵਖਾਈਆ । ਸੀਤਾ ਰਾਮ ਕਰ ਪਰਨਾਮ, ਆਪਣਾ ਕਾਮ ਆਪ ਕਰਾਈਆ । ਜਨ ਭਗਤਨ ਦੇਵੇ ਅੰਮ੍ਰਿਤ ਜਾਮ, ਆਬੇਹਯਾਤ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਮੇਟੇ ਕੂੜ ਪਸਾਰ, ਤੋੜਣਹਾਰਾ ਗੜ੍ਹ ਹੰਕਾਰ, ਝੂਠਾ ਗੜ੍ਹ ਰਹਿਣ ਨਾ ਪਾਈਆ । ਝੂਠਾ ਗੜ੍ਹ ਜਾਣਾ ਤੁੱਟ, ਹਰਿ ਸਾਚਾ ਆਪ ਤੁੜਾਇੰਦਾ । ਲੱਖ ਚੁਰਾਸੀ ਨਾਤਾ ਜਾਏ ਛੁੱਟ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਕਲਜੁਗ ਲੋਕਮਾਤ ਵਿਚੋਂ ਕੱਢੇ ਕੁੱਟ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਤੀਰ ਨਿਰਾਲਾ ਰਿਹਾ ਛੁੱਟ, ਸਾਚਾ ਚਿੱਲਾ ਹੱਥ ਉਠਾਇੰਦਾ । ਝੂਠੀ ਸ਼ਾਹੀ ਜੜ੍ਹ ਦੇਵੇ ਪੁੱਟ, ਆਪਣੀ ਸੇਵਾ ਆਪ ਕਮਾਇੰਦਾ । ਘਰ ਘਰ ਅੰਦਰ ਦਿਸੇ ਫੁੱਟ, ਭੈਣ ਭਾਈ ਨਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਕਾਲੀ ਧਾਰ, ਚਾਰੋਂ ਕੁੰਟ ਕਰੇ ਖਵਾਰ, ਸਾਚਾ ਪਿਆਰ ਨਾ ਕੋਈ ਕਰਾਇੰਦਾ । ਸਾਚਾ ਪਿਆਰ ਨਾ ਸੱਜਣ ਮੀਤ, ਮਾਤ ਪਿਤ ਭੈਣ ਭਾਈ ਨਾ ਕੋਈ ਸਖਾਈਆ । ਕਲਜੁਗ ਚਲਾਈ ਆਪਣੀ ਰੀਤ, ਮੰਦਰ ਮਸੀਤ ਦੇਣ ਗਵਾਹੀਆ । ਸਾਧਾਂ ਸੰਤਾਂ ਕਾਇਆ ਹੋਏ ਨਾ ਠਾਂਡੀ ਸੀਤ, ਅਗਨੀ ਅੱਗ ਨਾ ਕੋਈ ਬੁਝਾਈਆ । ਤੀਰਥ ਤੱਟਾਂ ਪਰਖੇ ਨੀਤ, ਗੰਗਾ ਗੋਦਾਵਰੀ ਸੁਰਸਤੀ ਜਮਨਾ ਨੈਣ ਸ਼ਰਮਾਈਆ । ਹਰਿ ਜੂ ਹਰਿ ਘਟ ਹਰਿ ਮੰਦਰ ਵਸਿਆ ਦਿਸੇ ਨਾ ਵਿਚ ਕਲਬੂਤ,

ਠਗੌਰੀ ਰਿਹਾ ਪਾਈਆ । ਨਾ ਗਾਏ ਗੋਬਿੰਦ ਗੀਤ, ਰਸਨਾ ਜਿਹਵਾ ਹੋਈ ਹਲਕਾਈਆ । ਸਤਿਗੁਰ ਪੂਰਾ ਕਾਇਆ ਅੰਦਰ ਸੁੱਤਾ ਦੇ ਕਰ ਪੀਠ, ਆਪਣੀ ਕਰਵਟ ਲਏ ਬਦਲਾਈਆ । ਹਰਿਜਨ ਵਿਰਲਾ ਮਾਨਸ ਜਨਮ ਰਿਹਾ ਜੀਤ, ਜਿਸ ਆਪਣੀ ਬੂਝ ਬੁਝਾਈਆ । ਮਿਲਿਆ ਨਾਮ ਧਾਮ ਅਨਡੀਠ, ਦਿਸ ਕਿਸੇ ਨਾ ਆਈਆ । ਏਕਾ ਰੰਗ ਵਖਾਏ ਹਸਤ ਕੀਟ, ਊਚ ਨੀਚ ਭੇਵ ਚੁਕਾਈਆ । ਸਦੀ ਚੌਧਵੀਂ ਰਹੀ ਬੀਤ, ਸੰਗ ਮੁਹੰਮਦ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਮੁਖ ਆਪ ਉਠਾਵਣਾ, ਕਰ ਕਿਰਪਾ ਅਪਰ ਅਪਾਰ । ਘਰ ਦੀਪਕ ਇਕ ਜਗਾਵਣਾ, ਨਿਰਗੁਣ ਜੋਤ ਕਰ ਉਜਿਆਰ । ਅੰਮ੍ਰਿਤ ਸਾਚਾ ਜਾਮ ਪਿਆਵਣਾ, ਦਿਵਸ ਰੈਣ ਰੱਖੇ ਠੰਡਾ ਠਾਰ । ਗੀਤ ਸੁਹਾਗੀ ਇਕ ਸੁਣਾਵਣਾ, ਅਨਹਦ ਸ਼ਬਦ ਬੋਲ ਜੈਕਾਰ । ਆਤਮ ਸੇਜਾ ਸਚ ਸੁਹਾਵਣਾ, ਆਪ ਆਪਣਾ ਕਰ ਪਿਆਰ । ਸੁਰਤ ਸਵਾਣੀ ਮੇਲ ਮਿਲਾਵਣਾ, ਸ਼ਬਦ ਹਾਣੀ ਖ਼ਬਰਦਾਰ । ਸਚ ਸਵਾਣੀ ਸੰਗ ਨਿਭਾਵਣਾ, ਕੰਤ ਕੰਤੂਹਲ ਕਰੇ ਪਿਆਰ । ਅੰਮ੍ਰਿਤ ਸੀਰ ਮਿੱਠਾ ਇਕ ਬਰਸਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਨਿਝਰ ਧਾਰ । ਨਿਝਰ ਧਾਰ ਅੰਮ੍ਰਿਤ ਰਸ, ਗੁਰਮੁਖਾਂ ਆਪ ਪਿਆਈਆ । ਹਿਰਦੇ ਅੰਦਰ ਵਸ ਵਸ, ਹਰਿ ਆਪਣਾ ਰੂਪ ਦਰਸਾਈਆ । ਏਕਾ ਮਾਰਗ ਦੱਸ ਦੱਸ, ਝੂਠਾ ਨਾਤਾ ਤੋੜ ਤੁੜਾਈਆ । ਤੀਰ ਨਿਰਾਲਾ ਮਾਰੇ ਕਸ, ਤਿੱਖੀ ਮੁਖੀ ਆਪ ਭਵਾਈਆ । ਜਗਤ ਵਿਕਾਰਾ ਦੇਵੇ ਝੱਸ, ਸ਼ਬਦੀ ਸ਼ਬਦ ਦਬਾਈਆ । ਤ੍ਰੈਗੁਣ ਮਾਇਆ ਨਾ ਡੱਸੇ ਡਸ, ਨਾਗ ਨਾਗਨੀ ਮੁਖ ਭਵਾਈਆ । ਹਰਿਜਨ ਮੇਲੇ ਹੱਸ ਹੱਸ, ਘਰ ਸਾਚੇ ਕਰ ਕੁੜਮਾਈਆ । ਮਨਮੁਖ ਦਰ ਤੋਂ ਜਾਇਣ ਨੱਸ, ਹਰਿ ਕਾ ਸ਼ਬਦ ਨਾ ਰਸਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸਾਜਣ ਵੇਖ ਵਖਾਈਆ । ਸੰਤ ਸਾਜਣ ਮੀਤੜਾ, ਗੁਰ ਸਤਿਗੁਰ ਵੇਖ ਵਖਾਇੰਦਾ । ਕਾਇਆ ਚੋਲੀ ਰੰਗੇ ਚੀਥੜਾ, ਲਾਲ ਗੁਲਾਲਾ ਰੰਗ ਵਖਾਇੰਦਾ । ਗੁਰਮੁਖ ਮਨਮੁਖ ਵੇਖੇ ਕੌੜਾ ਰੀਠੜਾ, ਘਟ ਘਟ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖ ਵਖਾਇੰਦਾ । ਹਰਿਜਨ ਲੇਖਾ ਚੁਕਿਆ, ਸਤਿਗੁਰ ਪੂਰਾ ਆਪ ਚੁਕਾਇੰਦਾ । ਚਾਰੋਂ ਕੁੰਟ ਰਹਿਣ ਨਾ ਦੇਵੇ ਕਿਤੇ ਲੁਕਿਆ, ਪੂਰਬ ਲਹਿਣਾ ਵੇਖ ਵਖਾਇੰਦਾ । ਸੰਤ ਸਤਿਗੁਰ ਬੂਟਾ ਕਦੇ ਨਾ ਸੁੱਕਿਆ, ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਕਲਜੁਗ ਵੇਲਾ ਅੰਤਮ ਢੁਕਿਆ, ਲੱਖ ਚੁਰਾਸੀ ਰੋ ਰੋ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੀ ਗੋਦੀ ਚੁੱਕਿਆ, ਦਰਗਹਿ ਸਾਚੀ ਧਾਮ ਬਹਾਇੰਦਾ ।



੪੪੫

## ✻ ੧੪ ਚੇਤ ੨੦੧੭ ਬਿਕ੍ਰਮੀ ਮਹਿੰਦਰ ਸਿੰਘ ਦੇ ਘਰ ਪਿੰਡ ਧੀਰਾ ਜ਼ਿਲਾ ਗੁਰਦਾਸ ਪੁਰ ✻

ਸੋ ਪੁਰਖ ਨਿਰੰਜਣ ਏਕਾ ਗਾਵਣਾ, ਸਤਿਗੁਰ ਪੂਰਾ ਵਡ ਵਡਿਆਈਆ । ਹਰਿ ਪੁਰਖ ਇਕ ਧਿਆਵਣਾ, ਨਿਰਗੁਣ ਦਾਤਾ ਬੇਪਰਵਾਹੀਆ । ਏਕੰਕਾਰਾ ਵੇਖ ਵਖਾਵਣਾ, ਨਿਜ ਨੇਤਰ ਨੈਣ ਖੁਲ੍ਹਾਈਆ । ਆਦਿ ਨਿਰੰਜਣ ਇਕ ਜਗਾਵਣਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਸ੍ਰੀ ਭਗਵਾਨ ਦਰਸ਼ਨ ਏਕਾ ਪਾਵਣਾ, ਦੂਸਰ ਰਾਹ ਨਾ ਕੋਇ ਤਕਾਈਆ । ਅਬਿਨਾਸ਼ੀ ਕਰਤਾ ਘਰ ਬਹਾਵਣਾ, ਘਰ ਮੰਦਰ ਵੱਜੇ ਵਧਾਈਆ । ਪਾਰਬ੍ਰਹਮ

ਪ੍ਰਭ ਮੇਲ ਮਿਲਾਵਣਾ, ਵਿਛੜ ਕਦੇ ਨਾ ਜਾਈਆ । ਸਚਖੰਡ ਦੁਆਰਾ ਇਕ ਸੁਹਾਵਣਾ, ਉਚ ਮਹੱਲ ਅਟੱਲ ਮੁਨਾਰ ਸੋਭਾ ਪਾਈਆ । ਥਿਰ ਘਰ ਵਾਸੀ ਰੰਗ ਰੰਗਾਵਣਾ, ਰੰਗ ਰੰਗੀਲਾ ਬੇਪਰਵਾਹੀਆ । ਸ਼ਬਦ ਅਨਾਦੀ ਢੋਲਾ ਏਕਾ ਗਾਵਣਾ, ਨਾਦ ਧੁਨ ਆਪ ਸੁਣਾਈਆ । ਬ੍ਰਹਮਾ ਵੇਦ ਹਰਿ ਖੋਜ ਖੁਜਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਇਕ ਅਖਵਾਈਆ । ਪੁਰਖ ਅਕਾਲ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਵਸਣਹਾਰਾ ਨਿਹਚਲ ਧਾਮ ਅਥਾਹ, ਆਪ ਆਪਣਾ ਰੂਪ ਉਪਾਇਆ । ਸ਼ਾਹੋ ਭੂਪ ਆਪ ਅਖਵਾ, ਤਖ਼ਤ ਨਿਵਾਸੀ ਖੇਲ ਖਿਲਾਇਆ । ਸ਼ਬਦੀ ਸ਼ਬਦ ਹੁਕਮ ਦਏ ਜਣਾ, ਧੁਰ ਫ਼ਰਮਾਣਾ ਆਪ ਸੁਣਾਇਆ । ਸਾਚਾ ਰਾਣਾ ਡੇਰਾ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਡਿਆਇਆ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਦੁਆਰ ਵੱਡੀ ਵਡਿਆਈਆ । ਹਰਿ ਹਰਿ ਬੈਠਾ ਏਕਾ ਕੰਤ, ਨਰ ਨਰਾਇਣ ਆਪ ਅਖਵਾਈਆ । ਹਰਿ ਪੁਰਖ ਨਿਰੰਜਣ ਮੇਲ ਮਿਲਾਵਾ ਸਾਚੇ ਕੰਤ, ਦਰਗਹਿ ਸਾਚੀ ਸੋਭਾ ਪਾਈਆ । ਏਕੰਕਾਰਾ ਮਹਿਮਾ ਅਗਣਤ, ਭੇਵ ਅਭੇਦ ਛੁਪਾਈਆ । ਅਬਿਨਾਸ਼ੀ ਕਰਤਾ ਜੁਗਾ ਜੁਗੰਤ, ਜੁਗ ਜੁਗ ਆਪਣੀ ਕਾਰ ਕਰਾਈਆ । ਸ੍ਰੀ ਭਗਵਾਨ ਮੇਲ ਮਿਲਾਏ ਸਾਚੇ ਸੰਤ, ਨਿਰਗੁਣ ਸਰਗੁਣ ਵੇਖ ਵਖਾਈਆ । ਪਾਰਬ੍ਰਹਮ ਆਪ ਜਣਾਏ ਆਪਣੀ ਬਣਤ, ਅੱਖਰ ਵੱਖਰ ਨਾਮ ਪੜ੍ਹਾਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਆਪ ਸੁਹਾਈਆ । ਤ੍ਰੈਗੁਣ ਮਾਇਆ ਪਾਏ ਬੇਅੰਤ, ਨੇਤਰ ਨੈਣ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਏਕੰਕਾਰਾ ਉਚ ਮਹੱਲ ਅਟੱਲ ਮੁਨਾਰਾ ਆਪ ਸੁਹਾਈਆ । ਸਚ ਮੁਨਾਰਾ ਵਸਿਆ, ਬੈਠਾ ਹਰਿ ਹਰਿ ਏਕੰਕਾਰ । ਏਕੰਕਾਰਾ ਬਿਨ ਹਰਿ ਭਗਤਾਂ ਕਿਸੇ ਨਾ ਦਿਸਿਆ, ਲੱਖ ਚੁਰਾਸੀ ਕਰੇ ਵੀਚਾਰ । ਜੁਗਾ ਜੁਗੰਤਰ ਫਿਰੇ ਨੱਸਿਆ, ਨਿਰਗੁਣ ਸਰਗੁਣ ਲਏ ਅਵਤਾਰ । ਜਨ ਹਰਿ ਹਰਿਜਨ ਹਰ ਹਿਰਦੇ ਅੰਦਰ ਆਪੇ ਵਸਿਆ, ਅੰਮ੍ਰਿਤ ਆਤਮ ਬਖ਼ਸ਼ੇ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸਚ ਦਰਬਾਰ । ਸਚ ਦਰਬਾਰ ਸੁਹੰਜਣਾ, ਸਤਿਗੁਰ ਸਾਚਾ ਆਪ ਸੁਹਾਏ । ਦੀਪਕ ਦੀਪ ਜਗਾਏ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਏ । ਘਰ ਮੇਲਾ ਸਾਚੇ ਸੱਜਣਾ, ਪੁਰਖ ਅਬਿਨਾਸ਼ੀ ਸੰਗ ਨਿਭਾਏ । ਨਾਦ ਅਨਾਦੀ ਏਕਾ ਵੱਜਣਾ, ਅਨਹਦ ਸਾਚੀ ਸੇਵ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੰਕ ਵੇਖ ਵਖਾਏ । ਬੰਕ ਦੁਆਰਾ ਹਰਿ ਸੁਹਾਇੰਦਾ, ਰੂਪ ਅਨੂਪ ਆਪ ਕਰਤਾਰ । ਸਾਚੇ ਮੰਦਰ ਸੋਭਾ ਪਾਇੰਦਾ, ਸਚ ਤਖ਼ਤ ਬੈਠੇ ਸੱਚੀ ਸਰਕਾਰ । ਪੁਰਖ ਅਕਾਲ ਨਾਉਂ ਧਰਾਇੰਦਾ, ਜੋਤੀ ਜੋਤ ਬੇਐਬ ਪਰਵਰਦਿਗਾਰ । ਗਗਨ ਮੰਡਲ ਰਚਨ ਰਚਾਇੰਦਾ, ਪੁਰੀਆਂ ਲੋਆਂ ਬੰਨ੍ਹੇ ਧਾਰ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਰਾਇੰਦਾ, ਤ੍ਰੈਗੁਣ ਮਾਇਆ ਦਏ ਭੰਡਾਰ । ਅੰਦਰ ਬਾਹਰ ਆਪ ਅਖਵਾਇੰਦਾ, ਸਰਗੁਣ ਨਿਰਗੁਣ ਬੰਨ੍ਹੇ ਧਾਰ । ਪੰਜ ਤਤ ਕਾਇਆ ਗੜ੍ਹ ਬਣਾਇੰਦਾ, ਘਾੜਣ ਘੜੇ ਅਪਰ ਅਪਾਰ । ਅੰਦਰ ਵੜ ਵੜ ਆਸਣ ਲਾਇੰਦਾ, ਘਰ ਵਿਚ ਘਰ ਕਰ ਤਿਆਰ । ਆਪਣੀ ਹੱਥੀਂ ਜਿੰਦਾ ਲਾਇੰਦਾ, ਨਾ ਕੋਈ ਤੋੜੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਉਪਜਾਇੰਦਾ । ਘਰ ਉਪਜਾਇਆ ਪਾਰਬ੍ਰਹਮ, ਥਿਰ ਘਰ ਵਾਸੀ ਦਇਆ ਕਮਾਈਆ । ਆਪੇ ਅੰਦਰ ਰਖਿਆ ਬ੍ਰਹਮ, ਨਿਰਗੁਣ ਰੂਪ ਨਾ ਕੋਇ ਵਖਾਈਆ । ਆਪਣੇ ਅੰਤਰ ਆਪੇ ਪਏ ਜੰਮ, ਮਾਤ ਪਿਤ ਨਾ ਕੋਇ ਬਣਾਈਆ । ਆਪ

ਉਪਜਾਏ ਆਪਣਾ ਨਾਮ, ਨਾ ਕੋਈ ਦੂਸਰ ਕਰੇ ਪੜ੍ਹਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਾਮ, ਖ਼ੁਸ਼ੀ ਗ਼ਮ ਨਾ ਕੋਈ ਰਖਾਈਆ । ਨਾ ਕੋਈ ਨਗਰ ਨਾ ਗਰਾਮ, ਜਗਤ ਖੇੜਾ ਨਾ ਵੇਖ ਵਖਾਈਆ । ਨਾ ਕੋਈ ਰਵ ਸਸ ਤੇਜ ਦੇਵੇ ਭਾਨ, ਮੰਡਲ ਮੰਡਪ ਨਾ ਕੋਈ ਵਖਾਈਆ । ਨਾ ਕੋਈ ਚਿਲਾ ਤੀਰ ਕਮਾਨ, ਖੜਗ ਖੰਡਾ ਕਟਾਰ ਨਾ ਹੱਥ ਉਠਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਏਕੰਕਾਰਾ ਆਪ ਅਖਵਾਈਆ । ਸਚਖੰਡ ਸਚ ਤਖ਼ਤ ਬੈਠ ਸੁਲਤਾਨ, ਦੋ ਜਹਾਨਾ ਹੁਕਮ ਚਲਾਈਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਲੋਕਮਾਤ ਆਪ ਜਣਾਈਆ । ਜਨ ਭਗਤਾਂ ਦੇਵੇ ਸਾਚਾ ਦਾਨ, ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਈਆ । ਆਪ ਆਪਣੀ ਕਰੇ ਕਰਾਏ ਸਚ ਪਛਾਣ, ਦੂਈ ਦਵੈਤੀ ਪਰਦਾ ਲਾਹੀਆ । ਦਰ ਦੁਆਰੇ ਦੇਵੇ ਮਾਣ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਤੂਰ ਸੁਣਾਏ ਸਾਚੇ ਕਾਨ, ਰਾਗ ਰਾਗਣੀ ਭੇਵ ਨਾ ਪਾਈਆ । ਜੁਗਾ ਜੁਗੰਤਰ ਤੋੜੇ ਮਾਣ ਅਭਿਮਾਣ, ਕੂੜੀ ਕਿਰਿਆ ਮੇਟ ਮਿਟਾਈਆ । ਸਚ ਧਰਮ ਝੁਲਾਏ ਇਕ ਨਿਸ਼ਾਨ, ਚਾਰੋਂ ਕੁੰਟ ਵਖਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਪਾਏ ਏਕਾ ਆਣ, ਆਪਣੇ ਹੱਥ ਰੱਖੇ ਵਡਿਆਈਆ । ਦੋ ਜਹਾਨਾਂ ਹੋ ਪਰਧਾਨ, ਹਰਿ ਭਗਵਾਨ ਆਪਣਾ ਆਸਣ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਏਕੰਕਾਰ, ਨਿਰਗੁਣ ਦੀਪਕ ਕਰ ਉਜਿਆਰ, ਕਮਲਾਪਾਤੀ ਬੈਠਾ ਮੀਤ ਮੁਰਾਰ, ਸਚ ਸਿੰਘਾਸਣ ਆਪ ਸੁਹਾਈਆ । ਸਚ ਸਿੰਘਾਸਣ ਹਰਿ ਭਗਵਾਨ, ਆਪਣਾ ਆਪ ਸੁਹਾਇੰਦਾ । ਨਾ ਕੋਈ ਦੂਸਰ ਹੋਰ ਨਿਸ਼ਾਨ, ਸਗਲਾ ਸੰਗ ਨਾ ਕੋਇ ਰਖਾਇੰਦਾ । ਨਾ ਕੋਈ ਗੋਪੀ ਨਾ ਕੋਈ ਕਾਹਨ, ਮੰਡਲ ਰਾਸ ਨਾ ਕੋਇ ਰਚਾਇੰਦਾ । ਨਾ ਕੋਈ ਸੀਤਾ ਨਾ ਕੋਈ ਰਾਮ, ਬਨਵਾਸ ਫੇਰਾ ਨਾ ਕੋਈ ਪਾਇੰਦਾ । ਨਾ ਕੋਈ ਸ਼ਬਦ ਧੁਨ ਨਾ ਕੋਈ ਕਰੇ ਪਰਨਾਮ, ਨਿਉਂ ਨਿਉਂ ਸੀਸ ਨਾ ਕੋਈ ਝੁਕਾਇੰਦਾ । ਨਾ ਕੋਈ ਪੀਣ ਨਾ ਕੋਈ ਖਾਣ, ਤਨ ਬਸਤਰ ਨਾ ਕੋਈ ਹੰਢਾਇੰਦਾ । ਨਾ ਕੋਈ ਜਗਤ ਅੱਖਰ ਸੁਣਾਏ ਕਾਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਈ ਹਿਲਾਇੰਦਾ । ਨਾ ਕੋਈ ਦਾਤਾ ਦਾਨੀ ਦੇਵੇ ਦਾਨ, ਅੱਗੇ ਝੋਲੀ ਨਾ ਕੋਇ ਰਖਾਇੰਦਾ । ਸਚਖੰਡ ਦੁਆਰੇ ਇਕ ਮਿਹਰਵਾਨ, ਆਪਣੀ ਭਿਛਿਆ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਇਕ ਇਕੱਲਾ, ਆਪੇ ਵਸੇ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਥਿਰ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗਰੀਬ ਨਿਵਾਜ਼ਾ ਵੇਖਣਹਾਰ, ਆਪਣੀ ਦਿਸ਼ਾ ਆਪੇ ਵੇਖ ਵਖਾਈਆ । ਉਤਰ ਪੂਰਬ ਪੱਛਮ ਦੱਖਣ ਨਾ ਸਕੇ ਵਿਚਾਰ, ਦਹਿ ਦਿਸ਼ਾ ਨਾ ਰੂਪ ਵਟਾਈਆ । ਜੇਰਜ ਅੰਡਜ ਉਤਭੁਜ ਸੇਤਜ ਨਾ ਕੋਇ ਪਸਾਰ, ਖਾਣੀ ਬਾਣੀ ਨਾ ਕੋਇ ਵਖਾਈਆ । ਅਕਥ ਕਥਣੀ ਗਾਏ ਆਪ ਨਿਰੰਕਾਰ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਸੋਭਾਵੰਤ, ਏਕਾ ਬੈਠਾ ਹਰਿ ਨਰ ਸ੍ਰੀ ਭਗਵੰਤ, ਨਰ ਹਰਿ ਨਰਾਇਣ ਆਪ ਅਖਵਾਈਆ । ਘਰ ਸੁਹਾਇਆ ਪੁਰਖ ਅਗੰਮ, ਘਰ ਸਾਚੇ ਵੱਜੀ ਵਧਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਆਦਿ ਜੁਗਾਦਿ ਪਵਣ ਸਵਾਸ ਨਾ ਲਏ ਦਮ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਵਡ ਵਡਿਆਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਬਾਲਕ ਗੋਦ ਨਾ ਕੋਇ ਉਠਾਈਆ । ਰਸਨਾ ਜਿਹਵਾ ਨਾ ਜਪੇ ਕੋਈ ਨਾਂ, ਆਪ ਆਪਣੇ ਵਿਚ ਰਿਹਾ ਸਮਾਈਆ । ਆਪੇ ਵਸੇ ਸਾਚੇ ਥਾਂ, ਥਾਨ ਥਨੰਤਰ ਆਪ ਉਪਾਈਆ । ਜੁਗਾ ਜੁਗੰਤਰ ਕਰੇ


੪੪੭

ਸਚ ਨਿਆਂ, ਕਾਗਦ ਕਲਮ ਨਾ ਲਿਖੇ ਕਿਸੇ ਸ਼ਾਹੀਆ । ਜਨ ਭਗਤਾਂ ਜਪਾਏ ਏਕਾ ਨਾਂ, ਘਰ ਮੰਦਰ ਅੰਦਰ ਆਪਣਾ ਰਾਗ ਆਪ ਸੁਣਾਈਆ । ਆਪ ਉਠਾਏ ਫੜ ਫੜ ਬਾਂਹ, ਆਲਸ ਨਿੰਦਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਈਆ । ਦਰ ਘਰ ਸਾਚਾ ਪਾਇਆ, ਕਰ ਕਿਰਪਾ ਆਪ ਨਿਰੰਕਾਰ । ਸੋ ਪੁਰਖ ਨਿਰੰਜਣ ਆਸਣ ਲਾਇਆ, ਹਰਿ ਪੁਰਖ ਨਿਰੰਜਣ ਸੇਵਾਦਾਰ । ਇਕ ਓਅੰਕਾਰਾ ਹੁਕਮ ਚਲਾਇਆ, ਆਦਿ ਨਿਰੰਜਣ ਨਿਰਗੁਣ ਜੋਤ ਕਰੇ ਉਜਿਆਰ । ਸ੍ਰੀ ਭਗਵਾਨ ਰਿਹਾ ਸੁਣਾਇਆ, ਅਬਿਨਾਸ਼ੀ ਕਰਤਾ ਪਾਵੇ ਸਾਰ । ਪਾਰਬ੍ਰਹਮ ਆਪਣਾ ਨਿਉਂ ਨਿਉਂ ਸੀਸ ਝੁਕਾਇਆ, ਹਰਿ ਹਰਿ ਕਰੇ ਖ਼ਬਰਦਾਰ । ਸੰਤ ਸਾਜਣ ਵੇਖ ਵਖਾਇਆ, ਜੁਗਾ ਜੁਗੰਤਰ ਲਏ ਅਵਤਾਰ । ਜਗਤ ਸਾਗਰ ਫੋਲ ਫੁਲਾਇਆ, ਕਾਇਆ ਗਾਗਰ ਹੋ ਉਜਿਆਰ । ਸਾਚਾ ਵਣਜ ਸੁਦਾਗਰ ਇਕ ਕਰਾਇਆ, ਨਾਮ ਵਿਕਾਏ ਏਕਾ ਹੱਟ ਬਾਜ਼ਾਰ । ਚੌਦਾਂ ਲੋਕਾਂ ਮੁਖ ਭੁਆਇਆ, ਚੌਦਾਂ ਤਬਕਾਂ ਕਰੇ ਖੁਆਰ । ਲੋਆਂ ਪੁਰੀਆਂ ਬੇੜਾ ਆਪ ਚਲਾਇਆ, ਬ੍ਰਹਿਮੰਡ ਖੰਡ ਉਠਾਏ ਭਾਰ । ਤ੍ਰਿਲੋਕੀ ਨੰਦਨ ਤ੍ਰੈ ਤ੍ਰੈ ਵੇਖ ਵਖਾਇਆ, ਆਪੇ ਜਾਣੇ ਆਪਣੀ ਸਾਰ । ਜੁਗ ਜੁਗ ਲਹਿਣਾ ਆਪ ਚੁਕਾਇਆ, ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ । ਕਲਜੁਗ ਅੰਤਮ ਵੇਖ ਵਖਾਇਆ, ਨਿਰਗੁਣ ਜੋਤ ਕਰੇ ਉਜਿਆਰ । ਲੱਖ ਚੁਰਾਸੀ ਘਟ ਘਟ ਮੰਦਰ ਖੋਜ ਖੁਜਾਇਆ, ਤਖ਼ਤ ਨਿਵਾਸੀ ਸੱਚੀ ਸਰਕਾਰ । ਕਰਮ ਕੁਕਰਮਾਂ ਵੇਖ ਵਖਾਇਆ, ਮਨਮਤ ਬੁੱਧ ਨਾ ਪਾਵੇ ਸਾਰ । ਗੁਰਮੁਖ ਸਾਚੇ ਧੰਦੇ ਲਾਇਆ, ਏਕਾ ਬਖ਼ਸ਼ੇ ਨਾਮ ਪਿਆਰ । ਮਨਮੁਖ ਅੰਧੇ ਗੂੜ੍ਹੀ ਨੀਂਦ ਸੁਆਇਆ, ਨਾਲ ਰਲਾਇਆ ਕਾਮ ਕਰੋਧ ਲੋਭ ਮੋਹ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਸਚ ਦੁਆਰ । ਸਚ ਦੁਆਰਾ ਹਰਿ ਪੁਰਖ ਰਿਹਾ ਖੋਲ੍ਹਿਆ, ਆਦਿ ਅੰਤ ਸਮਾਏ । ਸੋ ਪੁਰਖ ਆਪੇ ਬੋਲਿਆ, ਸ਼ਬਦ ਅਨਾਦੀ ਡੰਕ ਵਜਾਏ । ਹਰਿ ਪੁਰਖ ਵਸੇ ਕੋਲਿਆ, ਏਕਾ ਦੂਜਾ ਭੇਵ ਚੁਕਾਏ । ਏਕੰਕਾਰਾ ਆਪੇ ਮੌਲਿਆ, ਫੁੱਲ ਫੁਲਵਾੜੀ ਆਪ ਮਹਿਕਾਏ । ਆਦਿ ਨਿਰੰਜਣ ਕਦੇ ਨਾ ਡੋਲਿਆ, ਅਡੁਲ ਅਡੋਲ ਆਪ ਹੋ ਜਾਏ । ਸ੍ਰੀ ਭਗਵਾਨ ਤੋਲੇ ਸਾਚਾ ਤੋਲਿਆ, ਨਾਮ ਕੰਡਾ ਹੱਥ ਉਠਾਏ । ਪੁਰਖ ਅਬਿਨਾਸ਼ੀ ਬਣਿਆ ਗੋਲਿਆ, ਸਾਚੀ ਸਾਚਾ ਸੇਵ ਕਮਾਏ । ਪਾਰਬ੍ਰਹਮ ਵਿਚ ਵਿਚੋਲਿਆ, ਸ਼ਬਦੀ ਵਿਚੋਲਾ ਨਾਉਂ ਉਪਜਾਏ । ਬ੍ਰਹਮ ਪਰਦਾ ਆਪੇ ਫੋਲਿਆ, ਕਾਇਆ ਮੰਦਰ ਵੇਖ ਵਖਾਏ । ਲੇਖਾ ਜਾਣੇ ਕਲਾ ਸੋਲਿਆ, ਅਕਲ ਕਲ ਆਪ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਅੰਮ੍ਰਿਤ ਨਾਭੀ ਕਵਲਿਆ, ਨਿਝਰ ਝਿਰਨਾ ਆਪ ਝਰਾਏ । ਨਿਝਰ ਝਿਰਨਾ ਆਪ ਝਿਰਾਇੰਦਾ, ਹਰਿ ਸਤਿਗੁਰ ਸੱਜਣ ਮੀਤ । ਅੰਮ੍ਰਿਤ ਮੇਘ ਆਪ ਵਰਸਾਇੰਦਾ, ਕਾਇਆ ਕਰੇ ਠੰਡੀ ਸੀਤ । ਸਚ ਪਿਆਲਾ ਜਾਮ ਪਿਆਇੰਦਾ, ਕਰੇ ਕਰਾਏ ਪਤਿਤ ਪੁਨੀਤ । ਦੀਨ ਦਿਆਲਾ ਦਇਆ ਕਮਾਇੰਦਾ, ਆਪ ਸੁਣਾਏ ਆਪਣਾ ਗੀਤ । ਪੁਰਖ ਅਕਾਲਾ ਮੇਲ ਮਿਲਾਇੰਦਾ, ਮਾਨਸ ਜਨਮ ਹਰਿਜਨ ਜਾਏ ਜੀਤ । ਸਾਚੀ ਚਾਲਾ ਆਪ ਚਲਾਇੰਦਾ, ਬੈਠਾ ਰਹੇ ਇਕ ਅਤੀਤ । ਕਾਲ ਮਹਾਂਕਾਲ ਚਰਨਾਂ ਹੇਠ ਦਬਾਇੰਦਾ, ਏਕਾ ਰੰਗ ਰੰਗਾਏ ਹਸਤ ਕੀਟ । ਸਚ ਮਹੱਲਾ ਆਪ ਵਸਾਇੰਦਾ, ਸਚਖੰਡ ਦੁਆਰਾ ਇਕ ਅਨਡੀਠ । ਗੁਰਮੁਖ ਸਾਚੇ ਆਪ ਜਗਾਇੰਦਾ, ਆਦਿ ਜੁਗਾਦੀ ਜੁਗ ਜੁਗ ਰੀਤ । ਕਾਇਆ ਮੰਦਰ ਮਸਜਿਦ ਕਾਅਬਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਪਰਖੇ ਨੀਤ । ਲੱਖ ਚੁਰਾਸੀ

ਪਰਖਣਹਾਰਾ, ਏਕਾ ਏਕ ਓਅੰਕਾਰਿਆ । ਜੁਗਾ ਜੁਗੰਤਰ ਲਏ ਅਵਤਾਰਾ, ਗੁਰ ਸ਼ਬਦੀ ਨਾਉਂ ਧਰਾ ਰਿਹਾ । ਏਕਾ ਘਰ ਵਸੇ ਦੋਏ ਦੋਏ ਧਾਰਾ, ਧਰ ਧਰਨੀ ਸੋਭਾ ਪਾ ਰਿਹਾ । ਰਵ ਸਸ ਸੂਰਜ ਚੰਨ ਸਿਤਾਰਾ, ਮੰਡਲ ਮੰਡਪ ਸਰਬ ਕੁਰਲਾ ਰਿਹਾ । ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਬਾਸ਼ਕ ਤਸ਼ਕਾ ਗਲੋਂ ਸੁਟਾ ਰਿਹਾ । ਬ੍ਰਹਮਾ ਮੰਗੇ ਵਾਰੋ ਵਾਰਾ, ਚਾਰੇ ਮੁਖ ਇਕ ਸਾਲਾਹ ਰਿਹਾ । ਵਿਸ਼ਨੂੰ ਸਾਂਗੋ ਪਾਂਗ ਤਜੇ ਸੇਜ ਦੋਏ ਜੋੜ ਕਰੇ ਨਿਮਸਕਾਰਾ, ਚਰਨ ਕਵਲ ਧਿਆਨ ਲਗਾ ਰਿਹਾ । ਬਾਸ਼ਕ ਸਹੰਸਰ ਮੁਖ ਗਾਏ ਆਪਣੀ ਵਾਰਾ, ਦੋਏ ਸਹੰਸਰ ਜਿਹਵਾ ਆਪ ਹਿਲਾ ਲਿਆ । ਹਰਿ ਕਾ ਭੇਵ ਅਗੰਮ ਅਪਾਰਾ, ਅਲੱਖ ਨਿਰੰਜਣ ਲੇਖ ਨਾ ਕਿਸੇ ਲਿਖਾ ਲਿਆ । ਸਤਿ ਪੁਰਖ ਨਿਰੰਜਣ ਹੋ ਉਜਿਆਰਾ, ਘਰ ਸਾਚੇ ਆਪ ਸੁਹਾ ਰਿਹਾ । ਕਲਜੁਗ ਅੰਤਮ ਖੇਲ ਅਪਾਰਾ, ਜੋਤੀ ਜਾਮਾ ਭੇਖ ਵਟਾ ਰਿਹਾ । ਵਰਨ ਗੋਤੀ ਵਸੇ ਬਾਹਰਾ, ਜ਼ਾਤ ਪਾਤ ਨਾ ਕੋਇ ਰਖਾ ਲਿਆ । ਪੰਜ ਤਤ ਨਾ ਕਰੇ ਪਿਆਰਾ, ਮਨ ਮਤ ਬੁੱਧ ਨਾ ਮੇਲ ਮਿਲਾ ਲਿਆ । ਸ਼ਬਦ ਅਗੰਮੀ ਇਕ ਜੈਕਾਰਾ, ਪੁਰਖ ਅਗੰਮੜਾ ਆਪ ਸੁਣਾ ਰਿਹਾ । ਨੌ ਖੰਡ ਪ੍ਰਿਥਮੀ ਪਾਵਣਹਾਰਾ ਸਾਰਾ, ਸਾਰੰਗ ਧਰ ਨਾਉਂ ਧਰਾ ਰਿਹਾ । ਗੁਰਮੁਖ ਸੱਜਣ ਲਾਏ ਪਾਰਾ, ਸ਼ਬਦ ਧਾਰ ਨਾ ਕੋਈ ਰੁੜ੍ਹਾ ਲਿਆ । ਜੋਤੀ ਜੋਤ ਨੂਰ ਉਜਿਆਰਾ, ਨਿਹਕਲੰਕਾ ਨਾਉਂ ਰਖਾ ਲਿਆ । ਸੰਬਲ ਨਗਰੀ ਧਾਮ ਨਿਆਰਾ, ਏਕੰਕਾਰਾ ਆਸਣ ਲਾ ਰਿਹਾ । ਵੇਦ ਵਿਆਸਾ ਬਣ ਲਿਖਾਰਾ, ਉਚਾ ਟਿੱਲਾ ਪਰਬਤ ਇਕ ਸੁਹਾ ਰਿਹਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਆਪੇ ਵਸੇ ਧਾਮ ਨਿਆਰਾ, ਉਚਾ ਪੌੜਾ ਆਪ ਲਗਾ ਰਿਹਾ । ਅੰਤਮ ਵੇਖੇ ਜਗਤ ਅਖਾੜਾ, ਲੱਖ ਚੁਰਾਸੀ ਭੇੜ ਭਿੜਾ ਰਿਹਾ । ਸ਼ਬਦ ਅਗੰਮੀ ਰੱਖੇ ਧਾੜਾ, ਸ਼ਾਹ ਸੁਲਤਾਨਾਂ ਮੇਟ ਮਿਟਾ ਰਿਹਾ । ਗੁਰਸਿਖ ਬਣਾਏ ਸਾਚਾ ਲਾੜਾ, ਸਿਰ ਆਪਣਾ ਹੱਥ ਟਿਕਾ ਰਿਹਾ । ਮੇਟ ਮਿਟਾਏ ਪੰਚਮ ਧਾੜਾ, ਪੰਚਮ ਪੰਚਮ ਦੇਵੇ ਸ਼ਬਦ ਧੁਨਕਾਰਾ, ਧੁਨ ਆਤਮਕ ਆਪ ਸੁਣਾ ਰਿਹਾ । ਅੰਦਰੇ ਅੰਦਰ ਦਰਸ ਗੁਰ ਮੀਤ ਮੁਰਾਰਾ, ਜਗਤ ਨੇਤਰ ਬੰਦ ਕਰਾ ਰਿਹਾ । ਤੀਜਾ ਨੈਣ ਖੋਲ੍ਹ ਕਿਵਾੜਾ, ਹਰਿਜਨ ਸਾਚੇ ਸਚ ਸਮਝਾ ਲਿਆ । ਚੌਥੇ ਪਦ ਮੀਤ ਮੁਰਾਰਾ, ਆਪ ਆਪਣਾ ਸੰਗ ਵਖਾ ਰਿਹਾ । ਪੰਚਮ ਬੋਲ ਇਕ ਜੈਕਾਰਾ, ਬ੍ਰਹਮ ਪਾਰਬ੍ਰਹਮ ਸਮਾ ਰਿਹਾ । ਆਤਮ ਸੇਜਾ ਕਰ ਪਿਆਰਾ, ਸ਼ਬਦੀ ਸੁਰਤੀ ਰੰਗ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਦੇਵੇ ਸਾਚਾ ਵਰ, ਨਾਮ ਨਿਧਾਨਾ ਹਰਿ ਭਗਵਾਨਾ ਏਕਾ ਵਸਤ ਕਾਇਆ ਮੰਦਰ ਅੰਦਰ ਡੂੰਘੀ ਕੰਦਰ ਸਚ ਸਾਚੀ ਝੋਲੀ ਆਪ ਭਰਾ ਰਿਹਾ ।



### ❊ ੧੪ ਚੇਤ ੨੦੧੭ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਦਈਆ ਜ਼ਿਲਾ ਗੁਰਦਾਸ ਪੁਰ ❊

ਦੀਨਾਂ ਨਾਥ ਦਰਦ ਦੁੱਖ ਭੰਜਣ, ਦੀਨ ਦਿਆਲ ਆਪ ਅਖਵਾਇੰਦਾ । ਗ਼ਰੀਬ ਨਿਮਾਣਿਆਂ ਸਾਚਾ ਸੱਜਣ, ਸਤਿਗੁਰ ਸਾਚਾ ਸੇਵ ਕਮਾਇੰਦਾ । ਕਲਜੁਗ ਅੰਤ ਕਰਾਏ ਏਕਾ ਮਜਨ, ਦੂਜਾ ਤਾਲ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਦੀਨਾ ਨਾਥ ਅਨਾਥਾਂ ਨਾਥ, ਸਗਲਾ ਸੰਗ ਰਖਾਈਆ । ਸਰਬ ਵਸਤ ਪ੍ਰਭ ਰੱਖੇ ਸਾਥ, ਜੁਗ ਜੁਗ ਆਪ ਵਰਤਾਈਆ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਬ ਜਨਮਾਂ ਵੇਖ ਵਖਾਈਆ । ਧਰਮ ਰਾਏ ਨਾ ਫੋਲੇ ਖਾਤ, ਖਾਤਾ ਵਹੀ ਨਾ ਕੋਇ ਵਖਾਈਆ । ਜਿਸ

ਜਨ ਸੁਣਾਏ ਆਪਣੀ ਗਾਥ, ਸੋਹੰ ਢੋਲਾ ਏਕਾ ਗਾਈਆ । ਲੇਖ ਚੁਕਾਏ ਮਸਤਕ ਮਾਥ, ਬਿਧਨਾ ਲੇਖਾ ਦਏ ਮਿਟਾਈਆ । ਕਰੇ ਕਰਾਏ ਪੂਰਾ ਘਾਟ, ਨਾਮ ਭੰਡਾਰਾ ਇਕ ਵਰਤਾਈਆ । ਹਰਿ ਮੰਦਰ ਵਖਾਏ ਸਾਚ ਹਾਟ, ਚਰਨ ਦੁਆਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਦੀਨ ਦਿਆਲ ਦਇਆ ਕਮਾਈਆ । ਦੀਨਾ ਨਾਥ ਦਿਆਲ ਗੁਰ ਸਤਿਗੁਰ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਮੇਲ ਮਿਲਾਏ ਲਿਖਿਆ ਧੁਰ, ਧੁਰ ਮਸਤਕ ਵੇਖ ਵਖਾਇੰਦਾ । ਜਗਤ ਜੁਗਤ ਘਰ ਜਾਏ ਬੌਹੜ, ਆਪ ਆਪਣਾ ਭੇਵ ਖੁਲ੍ਹਾਇੰਦਾ । ਦਰਦੀਆਂ ਦਰਦ ਵੰਡਾਏ ਦੌੜ, ਦੁੱਖ ਦਲਿਦਰ ਮੇਟ ਮਿਟਾਇੰਦਾ । ਮਿੱਠਾ ਰਸ ਕਰੇ ਰੀਠਾ ਕੌੜ, ਅੰਮ੍ਰਿਤ ਫਲ ਆਪ ਪਕਾਇੰਦਾ । ਚਰਨ ਪ੍ਰੀਤੀ ਸਾਚੀ ਜੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾ ਬੰਧਪ ਨਾਮ ਧਰਾਇੰਦਾ । ਦੀਨਾ ਬੰਧਪ ਦਇਆਨਿਧ ਸਾਗਰ, ਗਹਿਰ ਗੰਭੀਰ ਸਮਾਇਆ । ਆਦਿ ਜੁਗਾਦੀ ਆਪੇ ਜਾਣੇ ਆਪਣੀ ਬਿਧ, ਪੁਰਖ ਬਿਧਾਤਾ ਭੇਵ ਨਾ ਰਾਇਆ । ਨਾਥ ਅਨਾਥਾਂ ਕਰੇ ਕਾਰਜ ਸਿਧ, ਸਾਚੀ ਆਸ ਝੋਲੀ ਪਾਇਆ । ਆਤਮ ਅੰਤਰ ਦੇਵੇ ਵਿਧ, ਤੀਰ ਨਿਰਾਲਾ ਬਾਣ ਚਲਾਇਆ । ਦਰ ਭਿਖਾਰ ਕਰਾਏ ਨਵ ਨਿਧ, ਨਿਉਂ ਨਿਉਂ ਬੈਠੀ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਨਿਭਾਇਆ । ਸਗਲਾ ਸੰਗ ਸਰਬ ਗੁਰ ਦੀਨਾ, ਗੁਰਮੁਖ ਆਪ ਰਖਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਭੀਨਾ, ਤਨ ਮਨ ਹਰਿਆ ਆਪ ਕਰਾਇੰਦਾ । ਲੇਖਾ ਚੁਕਾਏ ਤ੍ਰੈਗੁਣ ਤੀਨਾਂ, ਲੋਕ ਪਰਲੋਕ ਆਪ ਸੁਹਾਇੰਦਾ । ਤ੍ਰਿਖਾ ਮਿਟਾਏ ਜਿਉਂ ਜਲ ਮੀਨਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਦਿਵਸ ਰੈਣ ਠਾਂਡਾ ਸੀਨਾ, ਹਰਿ ਸ਼ਬਦੀ ਸ਼ਬਦ ਵਖਾਇੰਦਾ । ਧੁਨੀ ਵੱਜੇ ਅਗੰਮੀ ਬੀਨਾ, ਬਿਨੈ ਬੇਨੰਤੀ ਲੇਖੇ ਲਾਇੰਦਾ । ਆਪਣੇ ਹੱਥ ਰਖਾਏ ਮਰਨਾ ਜੀਣਾ, ਜੀਵਣ ਮੁਕਤ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਆਪ ਅਖਵਾਇੰਦਾ । ਦੀਨ ਦਿਆਲ ਸਰਬ ਸੁੱਖ ਦਾਤਾ, ਹਰਿਜਨ ਸਾਚੇ ਲਏ ਤਰਾਈਆ । ਨਾਮ ਚੜ੍ਹਾਏ ਸਾਚੇ ਰਾਥਾ, ਰੱਥ ਰਥਵਾਹੀ ਸੇਵ ਕਮਾਈਆ । ਏਕਾ ਅੱਖਰ ਕਰਾਏ ਪੂਜਾ ਪਾਠਾ, ਸੋਹੰ ਸ਼ਬਦ ਵਡ ਵਡਿਆਈਆ । ਕਰੇ ਕਰਾਏ ਪੂਰਾ ਘਾਟਾ, ਪਿਛਲਾ ਲੇਖਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਧਰਾਈਆ । ਸਿਰ ਰੱਖੇ ਹੱਥ ਕਰਤਾਰ, ਦੀਨ ਦੁਨੀ ਵੇਖ ਵਖਾਇੰਦਾ । ਸਮਰਥ ਪੁਰਖ ਖੇਲ ਅਪਾਰ, ਗੁਣ ਅਵਗੁਣੀ ਭੇਵ ਨਾ ਆਇੰਦਾ । ਵਰਤੇ ਵਰਤਾਵੇ ਵਿਚ ਸੰਸਾਰ, ਲੱਖ ਚੁਰਾਸੀ ਛਾਣੀ ਪੁਣੀ, ਗੁਰਮੁਖ ਸਾਚੇ ਬਾਹਰ ਕਢਾਇੰਦਾ । ਇਕ ਪੁਕਾਰ ਹਰਿ ਨਿਰੰਕਾਰ ਸੁਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਰੰਗ ਰੰਗਾਏ ਹਰਿ ਮਜੀਠ, ਕਾਇਆ ਚੋਲੀ ਅਪਰ ਅਪਾਰਿਆ । ਰਸਨਾ ਜਿਹਵਾ ਨਾਮ ਜਪਾਏ ਏਕਾ ਮੀਠ, ਗੁਣਵੰਤਾ ਵਡ ਭੰਡਾਰਿਆ । ਕਾਇਆ ਕਰੇ ਠੰਡੀ ਸੀਤ, ਸੀਤਲ ਧਾਰਾ ਮੁਖ ਚੁਆ ਰਿਹਾ । ਮਾਣਸ ਜਨਮ ਜਨ ਜਾਏ ਜੀਤ, ਜੋ ਜਨ ਸਤਿਗੁਰ ਪੂਰੇ ਨੇਤਰ ਦਰਸ਼ਨ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਪਤਿਤ ਪੁਨੀਤ, ਪਤਿਤ ਪੁਨੀਤ ਪਤਿਤ ਪਾਵਣ ਆਪਣਾ ਬਿਰਦ ਆਪ ਰਖਾ ਰਿਹਾ ।

## ੧੪ ਚੇਤਰ ੨੦੧੭ ਬਿਕ੍ਰਮੀ ਮੋਹਣ ਸਿੰਘ ਦੇ ਘਰ ਪਿੰਡ ਤਾਰਾ ਚੱਕ ਜ਼ਿਲਾ ਗੁਰਦਾਸ ਪੁਰ

ਹਰਿ ਸ਼ਬਦ ਵਿਚੋਲਾ ਲੋਕਮਾਤ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਮੇਟੇ ਰੈਣ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਈਆ । ਚਰਨ ਪ੍ਰੀਤੀ ਬਖ਼ਸ਼ੇ ਏਕਾ ਦਾਤ, ਸਿਰ ਆਪਣਾ ਹੱਥ ਰਖਾਈਆ । ਦਰਸ ਦਿਖਾਏ ਇਕ ਇਕਾਂਤ, ਨੂਰ ਨੁਰਾਨਾ ਬੇਪਰਵਾਹੀਆ । ਉਤਮ ਰੱਖੇ ਗੁਰਸਿਖ ਜ਼ਾਤ, ਬ੍ਰਹਮ ਪਾਰਬ੍ਰਹਮ ਵਖਾਈਆ । ਨਾਮ ਜਣਾਏ ਆਪਣੀ ਗਾਥ, ਸਾਚੀ ਸਿਖਿਆ ਸਿਖ ਸਮਝਾਈਆ । ਆਦਿ ਜੁਗਾਦਿ ਰੱਖੇ ਸਾਥ, ਵਿਛੜ ਕਦੇ ਨਾ ਜਾਈਆ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਕਲਜੁਗ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪ ਗਣਾਈਆ । ਲੇਖਾ ਲਿਖਣਹਾਰ ਗੋਪਾਲਾ, ਪੁਰਖ ਅਬਿਨਾਸ਼ੀ ਆਪ ਰਖਾਇੰਦਾ । ਕਾਇਆ ਮੰਦਰ ਵੇਖੇ ਸਚ ਸੱਚੀ ਧਰਮਸਾਲਾ, ਘਰ ਮੰਦਰ ਸੋਭਾ ਪਾਇੰਦਾ । ਸ਼ਬਦ ਵਜਾਏ ਸਾਚਾ ਤਾਲਾ, ਤਾਲ ਤਲਵਾੜਾ ਨਾ ਕੋਇ ਵਖਾਇੰਦਾ । ਤੋੜਣਹਾਰਾ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਫਲ ਲਗਾਏ ਸਾਚੇ ਡਾਲਾ, ਅੰਮ੍ਰਿਤ ਮੇਵਾ ਆਪ ਖੁਆਇੰਦਾ । ਲੱਖ ਚੁਰਾਸੀ ਤੋੜ ਜੰਜਾਲਾ, ਜਨਮ ਮਰਨ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਸਮਾਇੰਦਾ । ਸਾਚਾ ਰੰਗ ਸਮਾਇਆ ਹਰਿਜਨ ਪੂਤ, ਸਤਿਗੁਰ ਸਾਚਾ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਇੰਦਾ । ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਇਕ ਵਖਾਇੰਦਾ । ਆਪ ਸੁਹਾਏ ਆਪਣੀ ਰੁੱਤ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਪੇਖਿਆ, ਪੇਖਣਹਾਰ ਕਰਤਾਰ । ਤ੍ਰੈਗੁਣ ਮਾਇਆ ਵੇਖੇ ਭੇਖਿਆ, ਪੰਜ ਤਤ ਪਾਵੇ ਸਾਰ । ਲੱਖ ਚੁਰਾਸੀ ਲਿਖੇ ਲੇਖਿਆ, ਲੇਖ ਲਿਖਾਵਣਹਾਰ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚਾ ਸਚ ਘਰ, ਹਰਿ ਸਾਚਾ ਸਚ ਬਹਾਇੰਦਾ । ਸਤਿਗੁਰ ਪੂਰਾ ਏਕਾ ਵਰ, ਗੁਰ ਝੋਲੀ ਨਾਮ ਭਰਾਇੰਦਾ । ਆਵਣ ਜਾਵਣ ਚੁੱਕੇ ਡਰ, ਜਮ ਕਾ ਦੰਡ ਨਾ ਕੋਇ ਵਖਾਇੰਦਾ । ਆਪਣੇ ਮੰਦਰ ਆਪੇ ਚੜ੍ਹ, ਗੁਰਸਿਖ ਸਾਚੇ ਆਪ ਜਗਾਇੰਦਾ । ਸ਼ਬਦ ਫੜਾਏ ਸਾਚਾ ਲੜ, ਏਕਾ ਪੱਲੂ ਗੰਢ ਦੁਆਇੰਦਾ । ਕਾਇਆ ਮੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਲਏ ਫੜ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਿਲਾ ਕੋਟ ਹੰਕਾਰੀ ਗੜ੍ਹ, ਹਉਮੇ ਬੁਰਜ ਆਪੇ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚ ਸਾਲਾਹਿੰਦਾ । ਹਰਿਜਨ ਸਚ ਸਾਲਾਹਿਆ, ਹਰਿ ਸਤਿਗੁਰ ਪੁਰਖ ਸੁਜਾਣ । ਕਰ ਕਿਰਪਾ ਦਰਸ ਦਿਖਾਇਆ, ਵਡ ਦਾਤਾ ਵਡ ਮਿਹਰਵਾਨ । ਘਰ ਮੰਦਰ ਵੇਖ ਵਖਾਇਆ, ਲੇਖਾ ਚੁੱਕੇ ਸੁੰਞ ਮਸਾਣ । ਹਰਿ ਮੰਦਰ ਜੋਤ ਜਗਾਇਆ, ਜੋਤੀ ਨੂਰੋ ਨੂਰ ਨੁਰਾਨ । ਅੰਮ੍ਰਿਤ ਧਾਰਾ ਇਕ ਵਹਾਇਆ, ਜਲ ਭਰ ਸ੍ਰੀ ਭਗਵਾਨ । ਸਾਚਾ ਸ਼ਬਦੀ ਨਾਦ ਵਜਾਇਆ, ਅਨਹਦ ਵਜਾਏ ਸੱਚੀ ਧੁਨਕਾਨ । ਦਰ ਘਰ ਸਾਚੇ ਬਹਿ ਬਹਿ ਮੰਗਲ ਗਾਇਆ, ਰਾਗ ਨਾਦ ਹੋਏ ਹੈਰਾਨ । ਆਤਮ ਸੇਜਾ ਤਖ਼ਤ ਸੁਹਾਇਆ, ਤਖਤ ਨਿਵਾਸੀ ਸਾਚਾ ਕਾਹਨ । ਸੁਰਤ ਸੁਆਣੀ ਮੇਲ ਮਿਲਾਇਆ, ਸ਼ਬਦ ਮਿਲਾਵਾ ਹਾਣੀ ਹਾਣ । ਏਕਾ ਧਾਮ ਦਏ ਵਸਾਇਆ, ਘਰ ਮੰਦਰ

ਸਚ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੀ ਨਾਰੀ ਕਰ ਪਰਵਾਨ । ਗੁਰਮੁਖ ਨਾਰੀ ਨਰ ਨਰਾਇਣ ਹਰਿ ਪਾਇਆ, ਘਰ ਸਾਚੇ ਵੱਜੀ ਵਧਾਈਆ । ਕੰਤ ਕੰਤੂਹਲਾ ਵੇਖਣ ਆਇਆ, ਨਿਰਗੁਣ ਰੂਪ ਬੇਪਰਵਾਹੀਆ । ਨਾਮ ਰਸਾਲੂ ਰੰਗ ਰੰਗਾਇਆ, ਵੇਸ ਅਵੱਲੜਾ ਆਪ ਕਰਾਈਆ । ਦੀਨ ਦਿਆਲੂ ਭੇਵ ਖੁਲ੍ਹਾਇਆ । ਆਪਣਾ ਪਰਦਾ ਦਏ ਚੁਕਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਪਰਨਾਈਆ । ਹਰਿਜਨ ਸਾਚਾ ਨਾਰ ਸੁਹਾਗਣ, ਘਰ ਕੰਤ ਸੁਹਾਗੀ ਪਾਇਆ । ਜਨਮ ਜਨਮ ਦਾ ਧੋਇਆ ਦਾਗਣ, ਦੁਰਮਤ ਮੈਲ ਗੁਆਇਆ । ਹੰਸ ਬਣਿਆ ਘਰ ਸਾਚੇ ਕਾਗਣ, ਸਰ ਸਰੋਵਰ ਏਕਾ ਨੁਹਾਇਆ । ਦੀਪਕ ਜੋਤ ਜਗੇ ਚਰਾਗਣ, ਅੰਧ ਅੰਧੇਰ ਮਿਟਾਇਆ । ਉਪਜੇ ਸ਼ਬਦ ਮਨ ਬੈਰਾਗਣ, ਮਨ ਮਨਸਾ ਦਏ ਮਿਟਾਇਆ । ਸਤਿਗੁਰ ਪੂਰੇ ਜੋ ਜਨ ਸਰਨਾਈ ਲਾਗਣ, ਸੰਸਾ ਰੋਗ ਦਏ ਮਿਟਾਇਆ । ਜਗਤ ਤ੍ਰਿਸ਼ਨਾ ਬੁਝਾਏ ਆਗਣ, ਤਤਵ ਤਤ ਨਾ ਕੋਇ ਸਤਾਇਆ । ਮਾਇਆ ਡੱਸੇ ਨਾ ਡੱਸਣੀ ਨਾਗਣ, ਵਿਕਾਰ ਹੰਕਾਰਾ ਨੇੜ ਨਾ ਆਇਆ । ਗੁਰਮੁਖ ਵਿਰਲੇ ਸੋਏ ਜਾਗਣ, ਜਿਸ ਜਨ ਹਰਿ ਹਰਿ ਆਪ ਜਗਾਇਆ । ਚਰਨ ਧੂੜ ਕਰਾਏ ਸੱਚਾ ਮਾਘਣ, ਅੰਮ੍ਰਿਤ ਜਲ ਆਪ ਭਰਾਇਆ । ਗੁਰ ਕੀ ਮਹਿਮਾ ਗਾਏ ਰਾਗਣੀ ਰਾਗਣ, ਵੇਦ ਪੁਰਾਨ ਰਹੇ ਜਸ ਗਾਇਆ । ਜਿਸ ਜਨ ਹਰਿ ਹਰਿ ਕੰਤ ਪਾਇਆ ਸੋ ਸੁਭਾਗਣ, ਘਰ ਮੰਦਰ ਦਏ ਸੁਹਾਇਆ । ਸਚ ਸੁਆਮੀ ਸ਼ਬਦ ਅਗੰਮੀ ਮਾਰੇ ਵਾਜਣ, ਆਪ ਆਪਣਾ ਹੁਕਮ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਇਆ । ਸਹਿਜ ਸੁਭਾਉ ਮੇਲ ਹਰਿ, ਗ਼ਰੀਬ ਨਿਮਾਣੇ ਲਏ ਤਰਾਈਆ । ਇਕ ਵਖਾਏ ਸਾਚਾ ਦਰ, ਦਰਬਾਰ ਸਾਚੇ ਸੋਭਾ ਪਾਈਆ । ਨਾ ਪੁਰਖ ਨਾ ਦਿਸੇ ਨਾਰ, ਨਿਰਗੁਣ ਦਾਤਾ ਬੇਪਰਵਾਹੀਆ । ਆਪਣੀ ਕਰਨੀ ਰਿਹਾ ਕਰ, ਆਦਿ ਜੁਗਾਦਿ ਵੇਸ ਵਟਾਈਆ । ਨਾ ਜਨਮੇ ਨਾ ਜਾਏ ਮਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਨਿਰਭੈ ਰੂਪ ਨਾ ਜਾਏ ਡਰ, ਭੈ ਭਿਆਨਕ ਨਾ ਕੋਇ ਵਖਾਈਆ । ਪੁਰਖ ਅਕਾਲ ਆਪਣੀ ਕਰਨੀ ਕਰਤਾ ਕਰ, ਦੂਸਰ ਲਏ ਨਾ ਕੋਇ ਸਲਾਹੀਆ । ਜੋ ਜਨ ਸਰਨਾਈ ਜਾਏ ਪੜ, ਸਰਨਗਤ ਇਕ ਵਖਾਈਆ । ਆਪਣੀ ਕਿਰਪਾ ਆਪੇ ਕਰ, ਕਰਮ ਕੁਕਰਮਾਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਇਆ ਬੰਧਨ ਦੇਵੇ ਤੋੜ, ਸੁਰਤੀ ਸ਼ਬਦੀ ਦੇਵੇ ਜੋੜ, ਨਾਮ ਚੜ੍ਹਾਏ ਸਾਚੇ ਘੋੜ, ਬਾਂਕੀ ਚਾਲ ਇਕ ਰਖਾਈਆ । ਸ਼ਬਦ ਘੋੜ ਸ਼ਾਹ ਸਵਾਰਾ, ਹਰਿ ਸਤਿ ਪੁਰਖ ਨਿਰੰਜਣ ਆਸਣ ਲਾਇੰਦਾ । ਗੁਰਮੁਖ ਮਿਲਾਏ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਖਿਚੀ ਆਏ ਵਾਰੋ ਵਾਰਾ, ਦਿਵਸ ਰੈਣ ਸੇਵ ਕਮਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਰ ਘਰ ਮੰਦਰ ਖੋਜ ਖੁਜਾਇੰਦਾ । ਹਰਿਜਨ ਆਪਣੀ ਹੱਥੀਂ ਕੱਢੇ ਆਪੇ ਬਾਹਿਰਾ, ਸਾਚਾ ਨਾਅਰਾ ਇਕ ਸੁਣਾਇੰਦਾ । ਸਾਚਾ ਵਣਜ ਕਰਾਏ ਨਾਮ ਵਣਜਾਰਾ, ਕਲਜੁਗ ਏਕਾ ਹੱਟ ਖੁਲ੍ਹਾਇੰਦਾ । ਚਾਰ ਵਰਨਾਂ ਸਚ ਪਿਆਰਾ, ਊਚਾਂ ਨੀਚਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਇਕ ਦੁਆਰਾ, ਚਰਨ ਸਰਨ ਸਰਨ ਚਰਨ ਸਾਚਾ ਧਾਮ ਵਖਾਇੰਦਾ ।

੪੫੨

## ✻ ੧੪ ਚੇਤ ੨੦੧੭ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਘਰ ਦਇਆ ਹੋਈ ਕਾਦਰ ਅਬਾਦ ਜ਼ਿਲਾ ਅੰਮ੍ਰਿਤਸਰ ✻

ਸਾਹਿਬ ਸੱਚਾ ਸੋ ਆਖੀਏ, ਆਦਿ ਜੁਗਾਦਿ ਸਮਾਏ । ਸਾਹਿਬ ਸੱਚਾ ਸੋ ਭਾਖੀਏ, ਨਿਰਗੁਣ ਸਰਗੁਣ ਰੂਪ ਵਟਾਏ । ਸਾਹਿਬ ਸੱਚਾ ਅਲੱਖਣਾ ਅਲਾਖੀਏ, ਲੇਖਾ ਲਿਖ ਨਾ ਸਕੇ ਕੋਈ ਰਾਏ । ਸਾਹਿਬ ਸੱਚਾ ਸਗਲਾ ਸਾਥੀਏ, ਜੁਗਾ ਜੁਗੰਤਰ ਵੇਖ ਵਖਾਏ । ਸਾਹਿਬ ਸੱਚਾ ਪੁਰਖ ਸਮਰਾਥੀਏ, ਏਕੰਕਾਰ ਨਾਉਂ ਧਰਾਏ । ਸਾਹਿਬ ਸੱਚਾ ਸੁਣਾਏ ਸੱਚੀ ਗਾਥੀਏ, ਸੋ ਪੁਰਖ ਨਿਰੰਜਨ ਨਾਉਂ ਉਪਜਾਏ । ਸਾਹਿਬ ਸੱਚਾ ਇਕ ਜਣਾਏ ਪੂਜਾ ਪਾਠੀਏ, ਹੰ ਬ੍ਰਹਮ ਮੇਲ ਮਿਲਾਏ । ਸਾਹਿਬ ਸੱਚਾ ਚਲਾਏ ਸੱਚਾ ਰਾਥੀਏ, ਹਰਿਜਨ ਸਾਚੇ ਲਏ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਇਕ ਅਖਵਾਏ । ਸਾਹਿਬ ਸਚਾ ਪਾਈਏ, ਹਰਿ ਸਤਿਗੁਰ ਗਹਿਰ ਗੰਭੀਰ । ਸਾਹਿਬ ਸੱਚਾ ਵੇਖ ਵਖਾਈਏ, ਸਾਂਤਕ ਕਰੇ ਸਤਿ ਸਰੀਰ । ਸਾਹਿਬ ਸੱਚਾ ਘਰ ਸਾਚੇ ਆਪ ਬਹਾਈਏ, ਬਿਰਹੋਂ ਵਿਛੋੜਾ ਕੱਟੇ ਪੀੜ । ਸਾਹਿਬ ਸੱਚਾ ਦਰਗਹਿ ਸੱਚੀ ਦਰਸ਼ਨ ਪਾਈਏ, ਲੱਖ ਚੁਰਾਸੀ ਕੱਟੇ ਜ਼ੰਜੀਰ । ਸਾਹਿਬ ਸੱਚਾ ਸਚਖੰਡ ਨਿਵਾਸੀ ਇਕ ਧਿਆਈਏ, ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਦਾਨੀ ਗੁਣੀ ਗਹੀਰ । ਸਾਹਿਬ ਸੱਚਾ ਸੁਲਤਾਨ, ਪਾਰਬ੍ਰਹਮ ਅਖਵਾਇੰਦਾ । ਸਾਹਿਬ ਸੱਚਾ ਮਿਹਰਵਾਨ, ਸਤਿਗੁਰ ਨਾਉਂ ਧਰਾਇੰਦਾ । ਸਾਹਿਬ ਸੱਚਾ ਮਿਹਰਵਾਨ, ਸਾਚੇ ਤਖ਼ਤ ਆਸਣ ਲਾਇੰਦਾ । ਸਾਹਿਬ ਸੱਚਾ ਮਿਹਰਵਾਨ, ਰਾਜ ਜੋਗ ਆਪ ਕਮਾਇੰਦਾ । ਸਾਹਿਬ ਸੱਚਾ ਮਿਹਰਵਾਨ, ਸਾਚਾ ਹੁਕਮ ਆਪ ਸੁਣਾਇੰਦਾ । ਸਾਹਿਬ ਸੱਚਾ ਮਿਹਰਵਾਨ, ਤਖ਼ਤ ਨਿਵਾਸੀ ਵੇਸ ਵਟਾਇੰਦਾ । ਸਾਹਿਬ ਸੱਚਾ ਮਿਹਰਵਾਨ, ਸਚਖੰਡ ਦੁਆਰੇ ਸੋਭਾ ਪਾਇੰਦਾ । ਸਾਹਿਬ ਸੱਚਾ ਹਰਿ ਏਕਾ ਕਾਹਨ, ਨਾਮ ਬੰਸਰੀ ਇਕ ਵਜਾਇੰਦਾ । ਸਾਹਿਬ ਸੱਚਾ ਹਰਿ ਏਕਾ ਰਾਮ, ਸੀਤਾ ਸੁਰਤੀ ਸਰਬ ਪਰਣਾਇੰਦਾ । ਸਾਹਿਬ ਸੱਚਾ ਹਰਿ ਏਕਾ ਜਾਣ, ਹਰਿਜਨ ਸਾਚੇ ਮਾਤ ਤਰਾਇੰਦਾ । ਸਾਹਿਬ ਸੱਚਾ ਇਕ ਪਛਾਣ, ਮਾਣ ਨਿਮਾਣਿਆਂ ਆਪ ਅਖਵਾਇੰਦਾ । ਸਾਹਿਬ ਸੱਚਾ ਏਕਾ ਦੇਵੇ ਦਾਨੀ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਆਪ ਅਖਵਾਇੰਦਾ । ਸਾਹਿਬ ਸੱਚਾ ਸੂਰਬੀਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸਾਹਿਬ ਸੱਚਾ ਵਡ ਪੀਰਨ ਪੀਰ, ਸ਼ਹਿਨਸ਼ਾਹ ਆਪ ਅਖਵਾਈਆ । ਸਾਹਿਬ ਸੱਚਾ ਦੋ ਜਹਾਨਾ ਘੱਤੇ ਵਹੀਰ, ਲੋਆਂ ਪੁਰੀਆਂ ਦਏ ਹਿਲਾਈਆ । ਸਾਹਿਬ ਸੱਚਾ ਲੇਖਾ ਜਾਣੇ ਪੀਰ ਫਕੀਰ, ਦਸਤਗੀਰ ਵੇਖ ਵਖਾਈਆ । ਸਾਹਿਬ ਸੱਚਾ ਆਪਣੇ ਰੰਗ ਰੰਗਾਏ ਸ਼ਾਹ ਹਕੀਰ, ਹੱਕ ਹਕੀਕਤ ਦਏ ਸਾਲਾਹੀਆ । ਸਾਹਿਬ ਸੱਚਾ ਬੇਨਜ਼ੀਰ, ਲਿਖ ਸਕੇ ਨਾ ਕੋਈ ਛਾਈਆ । ਸਾਹਿਬ ਸੱਚਾ ਮੇਟੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਸਾਹਿਬ ਸੱਚਾ ਆਪੇ ਜਾਣੇ ਆਪਣੀ ਤਕਸੀਰ, ਤਸਵੀਰ ਕਿਸੇ ਨਾ ਹੱਥ ਫੜਾਈਆ । ਸਾਹਿਬ ਸੱਚਾ ਕੱਟਣਹਾਰ ਜ਼ੰਜੀਰ, ਜ਼ੋਰੂ ਜ਼ਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸੁਲਤਾਨ ਆਪ ਅਖਵਾਈਆ । ਸਾਹਿਬ ਸੱਚਾ ਮਿਹਰਵਾਨ, ਹਰਿ ਪੁਰਖ ਨਿਰੰਜਣ ਆਪ ਅਖਵਾਇੰਦਾ । ਸਾਹਿਬ ਸੱਚਾ ਝੁਲਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਚੜ੍ਹਾਇੰਦਾ । ਸਾਹਿਬ ਸੱਚਾ ਏਕਾ ਦੇਵੇ ਧੁਰ ਫ਼ਰਮਾਣ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇੰਦਾ । ਸਾਹਿਬ ਸੱਚਾ ਜਨ ਭਗਤਾਂ ਰੱਖੇ ਸਾਚਾ ਮਾਣ, ਲੋਕਮਾਤ ਵੇਖ ਵਖਾਇੰਦਾ । ਸਾਹਿਬ ਸੱਚਾ ਜਾਣੀ ਜਾਣ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ


੪੫੩ ੦੯

ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੀ ਸੋਭਾ ਪਾਇੰਦਾ । ਸਾਹਿਬ ਸੱਚਾ ਗੁਣੀ ਗਹੀਰ, ਪਾਤਸ਼ਾਹ ਸਿਰ ਸ਼ਾਹ ਅਖਵਾਈਆ । ਸਤਿਗੁਰ ਸੱਚਾ ਹਰਿਜਨ ਸਾਚੇ ਕਰੇ ਸਾਂਤ ਸਰੀਰ, ਅਗਨੀ ਤਤ ਨਾ ਕੋਇ ਜਲਾਈਆ । ਸਾਹਿਬ ਸੱਚਾ ਅੰਮ੍ਰਿਤ ਜਾਮ ਪਿਆਏ ਸਾਚਾ ਨੀਰ, ਨਿਰਮਲ ਆਪਣਾ ਰੂਪ ਦਰਸਾਈਆ । ਸਾਹਿਬ ਸੱਚਾ ਸਾਚਾ ਸ਼ਬਦ ਤਨ ਪਹਿਨਾਏ ਬਸਤਰ ਚੀਰ, ਸਚ ਕਟਾਰ ਹੱਥ ਫੜਾਈਆ । ਸਾਹਿਬ ਸੱਚਾ ਕੱਟਣਹਾਰਾ ਭੀੜ, ਆਦਿ ਅੰਤ ਹੋਏ ਸਹਾਈਆ । ਸਾਹਿਬ ਸੱਚਾ ਬੰਨ੍ਹਣਹਾਰਾ ਬੀੜ, ਗੁਣ ਅਵਗੁਣ ਨਾ ਕੋਇ ਜਣਾਈਆ । ਸਾਹਿਬ ਸੱਚਾ ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਵੇਖ ਵਖਾਈਆ । ਸਾਹਿਬ ਸੱਚਾ ਵਸੇ ਧਾਮ ਅਨਡੀਠ, ਥਿਰ ਘਰ ਵਾਸੀ ਬੈਠਾ ਆਸਣ ਲਾਈਆ । ਸਾਹਿਬ ਸੱਚਾ ਗੁਰਮੁਖ ਮਿਲਾਏ ਸਾਚਾ ਮੀਤ, ਘਰ ਸਾਚੇ ਵੱਜੇ ਵਧਾਈਆ । ਸਾਹਿਬ ਸੱਚਾ ਇਕ ਸੁਣਾਏ ਸੁਹਾਗੀ ਗੀਤ, ਸੋਹੰ ਅੱਖਰ ਵੱਖਰ ਜਗਤ ਪੜ੍ਹਾਈਆ । ਸਾਹਿਬ ਸੱਚਾ ਕਰੇ ਕਰਾਏ ਪਤਿਤ ਪੁਨੀਤ, ਕੋਟਨ ਕੋਟੀ ਲਏ ਤਰਾਈਆ । ਸਾਹਿਬ ਸੱਚਾ ਹਰਿ ਸੰਤਨ ਵਸੇ ਆਪੇ ਚੀਤ, ਚੇਤਨ ਰੂਪ ਆਪ ਕਰਾਈਆ । ਸਾਹਿਬ ਸੱਚਾ ਆਦਿ ਜੁਗਾਦਿ ਠੰਡਾ ਸੀਤ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਸਾਹਿਬ ਸੱਚਾ ਹਰਿ ਭਗਵੰਤ, ਭਗਵਨ ਖੇਲ ਖਿਲਾਇੰਦਾ । ਸਾਹਿਬ ਸੱਚਾ ਹਰਿ ਸਾਚਾ ਕੰਤ, ਗੁਰਮੁਖ ਨਾਰੀ ਆਪ ਪਰਨਾਇੰਦਾ । ਸਾਹਿਬ ਸੱਚਾ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਨਾਮ ਮਜੀਠੀ ਰੰਗ ਰੰਗਾਇੰਦਾ । ਸਾਹਿਬ ਸੱਚਾ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਸਾਹਿਬ ਸੱਚਾ ਮਹਿਮਾ ਅਗਣਤ, ਅਲੱਖ ਨਿਰੰਜਣ ਅਲੱਖ ਅਲੱਖਣਾ ਆਪ ਅਖਵਾਇੰਦਾ । ਸੱਚਾ ਸਾਹਿਬ ਆਦਿ ਅੰਤ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਰਚਨ ਰਚਾਇੰਦਾ । ਆਦਿ ਜੁਗਾਦੀ ਵਸਿਆ, ਹਰਿ ਸਾਚਾ ਸਚ ਸਮਾਏ । ਜੁਗਾ ਜੁਗੰਤਰ ਵੇਖੇ ਖੇਲ ਤਮਾਸਿਆ, ਦੋ ਜਹਾਨਾਂ ਫੇਰੀ ਪਾਏ । ਨਿਰਗੁਣ ਜੋਤ ਕਰ ਪ੍ਰਕਾਸ਼ਿਆ, ਅਗਿਆਨ ਅੰਧੇਰਾ ਆਪ ਮਿਟਾਏ । ਹਰਿਜਨ ਭਗਤਾਂ ਹੋਏ ਦਾਸੀ ਦਾਸਿਆ, ਸੰਤ ਸਾਜਣ ਮੇਲ ਮਿਲਾਏ । ਲੇਖਾ ਜਾਣੇ ਪ੍ਰਿਥਮੀ ਅਕਾਸ਼ਿਆ, ਗਗਨ ਗਗਨੰਤਰ ਫੋਲ ਫੁਲਾਏ । ਗੁਰਮੁਖ ਹਿਰਦੇ ਅੰਦਰ ਰੱਖੇ ਵਾਸਿਆ, ਘਰ ਮੰਦਰ ਡੇਰਾ ਲਾਏ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪ ਅਖਵਾਏ । ਜੁਗ ਕਰਤਾ ਖੇਲ ਖਿਲਾਇੰਦਾ, ਜੁਗਾ ਜੁਗੰਤਰ ਬੰਨ੍ਹੇ ਧਾਰ । ਰੂਪ ਅਨੂਪਾ ਆਪ ਵਟਾਇੰਦਾ, ਪੁਰਖ ਅਬਿਨਾਸ਼ੀ ਅਗੰਮ ਅਪਾਰ । ਨਿਰਗੁਣ ਸਰਗੁਣ ਖੇਲ ਖਿਲਾਇੰਦਾ, ਏਕਾ ਰੂਪ ਗੁਰ ਅਵਤਾਰ । ਸਾਚਾ ਡੰਕਾ ਸ਼ਬਦ ਵਜਾਇੰਦਾ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਅੰਤਮ ਆਈ ਹਾਰ । ਚਾਰੋਂ ਕੁੰਟ ਅੰਧੇਰਾ ਛਾਇੰਦਾ, ਰਵ ਸਸ ਹੋਏ ਸ਼ਰਮਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਰਤੇ ਆਪਣਾ ਵਰਤਾਰ । ਸਚ ਵਰਤਾਰ ਵਰਤਾਵਣ ਆਇਆ, ਨਿਹਕਲੰਕ ਬਲੀ ਬਲਵਾਨਾ । ਕਲਜੁਗ ਅੰਤਮ ਪੰਧ ਮੁਕਾਵਣ ਆਇਆ, ਮਾਰੇ ਸ਼ਬਦੀ ਤੀਰ ਨਿਸ਼ਾਨਾ । ਸਤਿਜੁਗ ਸਾਚਾ ਚੰਦ ਚੜ੍ਹਾਵਣ ਆਇਆ, ਸਤਿ ਸਰੂਪੀ ਬੰਨ੍ਹੇ ਗਾਨਾਂ । ਚਾਰ ਵਰਨਾਂ ਏਕਾ ਘਰ ਬਹਾਵਣ ਆਇਆ, ਦੇਵੇ ਨਾਮ ਗੁਣ ਨਿਧਾਨਾ । ਊਚਾਂ ਨੀਚਾਂ ਮੇਲ ਮਿਲਾਵਣ ਆਇਆ, ਇਕ ਵਖਾਏ ਪਦ ਨਿਰਬਾਨਾ । ਸੋਹੰ ਅੱਖਰ ਆਪ ਪੜ੍ਹਾਵਣ ਆਇਆ, ਸਰਬ ਜੀਆਂ ਪ੍ਰਭ ਜਾਣੀ ਜਾਣਾ । ਰੋੜੀ ਸੱਖਰ ਵੇਖ ਵਖਾਵਣ ਆਇਆ,

ਕਿਰਪਾਨਿਧ ਸ੍ਰੀ ਭਗਵਾਨਾ । ਕਲਜੁਗ ਪੱਥਰ ਭੰਨ ਵਖਾਵਣ ਆਇਆ, ਜੂਠਾ ਝੂਠਾ ਮਿਟੇ ਨਿਸ਼ਾਨਾ । ਲੱਖ ਚੁਰਾਸੀ ਸੱਥਰ ਆਪ ਵਿਛਾਵਣ ਆਇਆ, ਚਾਰੋਂ ਕੁੰਟ ਸੁੰਞ ਮਸਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਦੋ ਜਹਾਨਾ । ਦੋ ਜਹਾਨਾ ਖੇਲ ਅਗੰਮੜਾ, ਹਰਿ ਸਾਚਾ ਸਚ ਕਰਾਇੰਦਾ । ਹਰਿਜਨ ਫੜਾਏ ਆਪਣਾ ਪੱਲੜਾ, ਲੋਕਮਾਤ ਵੇਖ ਵਖਾਇੰਦਾ । ਸ਼ਬਦ ਸੁਨੇਹੁੜਾ ਏਕਾ ਘੱਲੜਾ, ਆਪ ਆਪਣਾ ਹੁਕਮ ਅਲਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਤਮ ਸੇਜਾ ਏਕਾ ਮਲੜਾ, ਜਗਤ ਨੇਤਰ ਦਿਸ ਨਾ ਆਇੰਦਾ । ਬੈਠਾ ਰਹੇ ਇਕ ਇਕੱਲੜਾ, ਇਕ ਓਅੰਕਾਰਾ ਨਾਉਂ ਧਰਾਇੰਦਾ । ਸਤਿਜੁਗ ਮਾਰਗ ਦੱਸੇ ਇਕ ਸੁਖਲੜਾ, ਏਕਾ ਵਸਤ ਨਾਮ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਸਤਿਜੁਗ ਨਾਮ ਸਾਚਾ ਹਰਿ, ਹਰਿ ਏਕਾ ਅੱਖਰ ਆਪ ਪੜ੍ਹਾਈਆ । ਲੋਕਮਾਤ ਆਪੇ ਧਰ, ਧਰ ਧਰਤੀ ਧਵਲ ਦਏ ਸੁਹਾਈਆ । ਆਪਣੀ ਕਰਨੀ ਕਰਤਾ ਆਪੇ ਕਰ ਕਰ, ਆਪਣੀ ਕੀਮਤ ਆਪੇ ਪਾਈਆ । ਨੌ ਖੰਡ ਪ੍ਰਿਥਮੀ ਇਕ ਵਖਾਏ ਸਾਚਾ ਸਰ, ਸਰ ਚਰਨ ਦੁਆਰਾ ਵਡ ਵਡਿਆਈਆ । ਗੁਰਮੁਖ ਸੁਹੇਲੇ ਆਪਣੀ ਹੱਥੀਂ ਫੜ ਫੜ, ਦਰ ਘਰ ਸਾਚੇ ਮੇਲ ਮਿਲਾਈਆ । ਨਿਜ ਆਤਮ ਪੌੜੇ ਆਪੇ ਚੜ੍ਹ ਚੜ੍ਹ, ਸੋਏ ਸੰਤ ਲਏ ਉਠਾਈਆ । ਆਪੇ ਤੋੜ ਹੰਕਾਰੀ ਗੜ੍ਹ ਗੜ੍ਹ, ਕਿਲਾ ਕੋਟ ਨਾ ਕੋਇ ਵਖਾਈਆ । ਆਪਣੀ ਅਗਨ ਆਪੇ ਸੜ ਸੜ, ਗੁਰਮੁਖਾਂ ਅੱਗ ਰਿਹਾ ਬੁਝਾਈਆ । ਆਪਣਾ ਨਾਤਾ ਤੋੜ ਸੀਸ ਧੜ ਧੜ, ਗੁਰਮੁਖ ਸੀਸ ਧੜ ਹੋਏ ਸਹਾਈਆ । ਦਰਸ ਦਿਖਾਏ ਅੱਗੇ ਖੜ ਖੜ, ਸਵਛ ਸਰੂਪੀ ਰੂਪ ਵਟਾਈਆ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਹਰਿ ਸੰਗਤ ਸਾਚੀ ਕਰੇ ਇਕ ਪੜ੍ਹਾਈਆ । ੪੫੫
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮਾਤ ਲਏ ਤਰਾਈਆ । ਹਰਿ ਪੜ੍ਹਾਏ ਸਚ ਸਲੋਕ, ਮਹਿਮਾ ਅਗਣਤ ਗਿਣੀ ਨਾ ਜਾਈਆ । ਗੁਰਸਿਖ ਤੇਰੇ ਚਰਨ ਚੁੰਮੇ ਮੁਕਤ ਮੋਖ, ਪ੍ਰਭ ਸਾਚਾ ਦੇਵੇ ਦਰ ਦੁਰਕਾਈਆ । ਤੇਰਾ ਰਾਹ ਤੱਕਣ ਤਿੰਨੇ ਲੋਕ, ਚੌਦਾਂ ਹੱਟ ਨੈਣ ਉਠਾਈਆ । ਬ੍ਰਹਮਾ ਵਿਸ਼ਨ ਸ਼ਿਵ ਗਾਇਣ ਇਕ ਸਲੋਕ, ਕਰੋੜ ਤੇਤੀਸਾ ਕਰੇ ਪੜ੍ਹਾਈਆ । ਰਾਏ ਧਰਮ ਨਾ ਸਕੇ ਕਦੇ ਰੋਕ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਇਕ ਵਖਾਈਆ । ਸਤਿਜੁਗ ਮਾਰਗ ਲਾਵਣਾ, ਹਰਿ ਸਾਚਾ ਬੇਪਰਵਾਹ । ਏਕਾ ਸ਼ਬਦ ਜਹਾਜ਼ ਚਲਾਵਣਾ, ਪੁਰਖ ਅਬਿਨਾਸ਼ੀ ਬਣ ਮਲਾਹ, ਏਕਾ ਚੱਪੂ ਹੱਥ ਉਠਾਵਣਾ, ਨਾਮ ਨਾਮਾ ਲਏ ਵਖਾ । ਚਾਰੇ ਕੁੰਟ ਆਪ ਫਿਰਾਵਣਾ, ਦਹਿ ਦਿਸ਼ਾ ਫੇਰੀ ਪਾ । ਗੁਰਮੁਖ ਸਾਚਾ ਆਪ ਜਗਾਵਣਾ, ਸ਼ਬਦ ਹਲੂਣਾ ਦੇਵੇ ਲਾ । ਅੰਮ੍ਰਿਤ ਜਾਮ ਇਕ ਪਿਆਵਣਾ, ਭਰ ਪਿਆਲਾ ਮੁਖ ਦਏ ਛਕਾ, ਗੀਤ ਸੁਹਾਗੀ ਇਕ ਸੁਣਾਵਣਾ, ਸੋਹੰ ਢੋਲਾ ਆਪੇ ਗਾ । ਕਾਗੋਂ ਹੰਸ ਆਪ ਬਣਾਵਣਾ, ਸਰ ਸਰੋਵਰ ਸਚ ਨੁਹਾ । ਜਨਮ ਜਨਮ ਦਾ ਦਾਗ਼ ਮਿਟਾਵਣਾ, ਦੁਰਮਤ ਮੈਲ ਦਏ ਗੁਆ । ਨਾਮ ਵੈਰਾਗ ਇਕ ਲਗਾਵਣਾ, ਬਿਰਹੋਂ ਤੀਰ ਨਿਰਾਲਾ ਦਏ ਚਲਾ । ਸਾਕ ਸੈਣ ਆਪ ਅਖਵਾਵਣਾ, ਆਪੇ ਬਣੇ ਪਿਤਾ ਮਾਂ । ਬਾਲ ਅੰਞਾਣੇ ਗੋਦ ਉਠਾਵਣਾ, ਸਿਰ ਰੱਖੇ ਠੰਡੀ ਛਾਂ । ਸਾਚੇ ਤਖ਼ਤ ਆਪ ਬਹਾਵਣਾ, ਕਰੇ ਕਰਾਏ ਸਚ ਨਿਆਂ । ਦਰਗਹਿ ਸਾਚੀ ਮਾਣ ਦਵਾਵਣਾ, ਨਿਥਾਵਿਆਂ ਦੇਵੇ ਆਪਣਾ ਥਾਂ । ਸਤਿਜੁਗ ਸਾਚਾ ਸੰਗ ਨਿਭਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹ । ਸਤਿਜੁਗ ਸਾਚਾ ਚੰਦ ਚੜ੍ਹਾਉਣਾ, ਸੀਤਲ ਸਤਿ

ਕਰੇ ਰੁਸ਼ਨਾਈਆ । ਗੁਰਮੁਖ ਨੂਰ ਨੁਰਾਨਾ ਆਪ ਚਮਕਾਉਣਾ, ਜੋਤੀ ਨੂਰ ਨੂਰ ਸਵਾਈਆ । ਨੇਤਰ ਨੈਣ ਆਪ ਮਟਕਾਉਣਾ, ਨੈਣ ਮੁੰਧਾਰ ਵੇਖ ਵਖਾਈਆ । ਛੈਲ ਛਬੀਲਾ ਆਪ ਉਪਜਾਵਣਾ, ਸਾਚਾ ਜੋਬਨ ਇਕ ਵਖਾਈਆ । ਚਾਰ ਵਰਨ ਕਬੀਲਾ ਇਕ ਬਨਾਉਣਾ, ਜ਼ਾਤ ਪਾਤ ਨਾ ਕੋਇ ਰਖਾਈਆ । ਪੀਲਾ ਦਸਤਾਰ ਸੀਸ ਆਪ ਬੰਧਾਉਣਾ, ਲੱਖ ਚੁਰਾਸੀ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਕਰੇ ਕੁੜਮਾਈਆ । ਸਤਿਜੁਗ ਸਾਚਾ ਸੋਹਣਾ, ਸੁਹਾਏ ਬੰਕ ਦੁਆਰ । ਪੁਰਖ ਅਬਿਨਾਸ਼ੀ ਹਰ ਘਟ ਮਨ ਮਨੂਆ ਆਪੇ ਮੋਹਣਾ, ਆਪ ਆਪਣੀ ਕਿਰਪਾ ਧਾਰ । ਸਾਚਾ ਢੋਲਾ ਏਕਾ ਗਾਉਣਾ, ਨਿਰਗੁਣ ਬੋਲ ਸ਼ਬਦ ਜੈਕਾਰ । ਮਨਮੁਖ ਕਿਸੇ ਨਾ ਮਿਲੇ ਸੇਜੇ ਸੌਣਾ, ਸ਼ਬਦ ਅਗੰਮੀ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਖੋਲ੍ਹੇ ਸਚ ਕਿਵਾੜ । ਸਚ ਕਿਵਾੜਾ ਖੋਲ੍ਹਣਾ, ਪ੍ਰਭ ਆਪਣੀ ਕਿਰਪਾ ਧਾਰ । ਲੱਖ ਚੁਰਾਸੀ ਜਗ ਵਿਰੋਲਣਾ, ਗੁਰਮੁਖ ਸਾਚੇ ਲਏ ਉਭਾਰ । ਏਕਾ ਕੰਡੇ ਨਾਮ ਤੋਲਣਾ, ਦੂਸਰ ਵੱਟਾ ਨਾ ਰੱਖੇ ਵਿਚ ਸੰਸਾਰ । ਲੱਖ ਚੁਰਾਸੀ ਪਰਦਾ ਫੋਲਣਾ, ਸਾਧਾਂ ਸੰਤਾਂ ਪਾਵੇ ਸਾਰ । ਗੁਰਮੁਖ ਵਿਰਲਾ ਲਾਲ ਅਮੋਲਣਾ, ਕੀਮਤ ਕਰਤਾ ਪਾਏ ਆਪਣੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਏਕਾ ਬੋਲਣਾ, ਸੋ ਪੁਰਖ ਨਿਰੰਜਣ ਹਰਿ ਨਿਰੰਕਾਰ । ਹਰਿ ਨਿਰੰਕਾਰਾ ਸਤਿਜੁਗ ਧਾਰਾ, ਆਪਣੀ ਆਪ ਚਲਾਈਆ । ਆਪੇ ਵਰਤੇ ਆਪਣੀ ਕਾਰਾ, ਵਡ ਦਾਤਾ ਬੇਪਰਵਾਹੀਆ । ਜੀਵਾਂ ਜੰਤਾਂ ਕਰੇ ਸਚ ਪਿਆਰਾ, ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਮਾਰਗ ਸਾਚਾ ਪੰਥ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਆਪੇ ਪੂਜਾ ਪਾਠ ਹੋਏ ਵੇਦ ਸ਼ਾਸਤਰ ਸਿਮਰਤ ਗ੍ਰੰਥ, ਆਪਣੇ ਨਾਮ ਕਰੇ ਪੜ੍ਹਾਈਆ । ਆਪੇ ਆਪਣਾ ਨਾਦ ਵਜਾਏ ਸਾਚਾ ਸੰਖ, ਆਪਣੀ ਬਾਂਗ ਅਜ਼ਾਨ ਆਪ ਅਲਾਈਆ । ਆਪੇ ਹੰਸ ਹੋਏ ਉਡੇ ਪੰਖ, ਮੱਛ ਕੱਛ ਜਲ ਧਾਰਾ ਆਪ ਸੁਹਾਈਆ । ਆਪੇ ਗਾਏ ਮੁਖ ਸਹੰਸ, ਆਪਣੀ ਜਿਹਵਾ ਆਪ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਸੋਭਾ ਪਾਈਆ । ਸਤਿਜੁਗ ਸਾਚੇ ਸਾਚਾ ਗੁਣ, ਹਰਿ ਸਾਚਾ ਵਿਚ ਟਿਕਾਇੰਦਾ । ਸਰਬ ਵਿਆਪੀ ਸਰਬ ਪੁਕਾਰ ਲਏ ਸੁਣ, ਦਿਵਸ ਰੈਣ ਰਾਹ ਤਕਾਇੰਦਾ । ਸੰਤ ਸਾਜਣ ਆਪੇ ਚੁਣ, ਆਪ ਆਪਣੇ ਰੰਗ ਰੰਗਾਇੰਦਾ । ਕਰੇ ਕਰਾਏ ਛਾਣ ਪੁਣ, ਜਗਤ ਛਾਛ ਵਰੋਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਾਚਾ ਰਾਹ, ਪੁਰਖ ਅਬਿਨਾਸ਼ੀ ਬਣ ਮਲਾਹ, ਲੋਕਮਾਤ ਆਪ ਚਲਾਇੰਦਾ । ਲੋਕਮਾਤ ਸਾਚੀ ਧਾਰ, ਹਰਿ ਸਾਚਾ ਆਪ ਚਲਾਈਆ । ਏਕਾ ਡੰਕਾ ਵੱਜੇ ਵਿਚ ਸੰਸਾਰ, ਏਕਾ ਛਤਰ ਸੀਸ ਝੁਲਾਈਆ । ਏਕਾ ਰਾਜ ਰਾਜਾਨ ਹੋਏ ਸਿਕਦਾਰ, ਸ਼ਾਹ ਸੁਲਤਾਨ ਇਕ ਅਖਵਾਈਆ । ਏਕਾ ਦੇਵੇ ਧੁਰ ਫ਼ਰਮਾਣ, ਏਕਾ ਸ਼ਬਦ ਨਾਮ ਪੜ੍ਹਾਈਆ । ਏਕਾ ਹੁਕਮੀ ਹੁਕਮ ਵਰਤੇ ਵਰਤਾਰ, ਦੂਸਰ ਹੋਰ ਨਾ ਕੋਇ ਸਾਲਾਹੀਆ । ਏਕਾ ਮੰਦਰ ਮਸਜਿਦ ਗੁਰੂਦੁਆਰ, ਸ਼ਿਵਦੁਆਲਾ ਮੱਠ ਮਸੀਤ ਇਕ ਵਖਾਈਆ । ਏਕਾ ਰਾਗ ਨਾਦ ਵਜਾਏ ਸਿਤਾਰ, ਸਾਰੰਗ ਸਾਰੰਗਾ ਆਪ ਹਿਲਾਈਆ । ਏਕਾ ਗਾਵਤ ਗਾਏ ਆਪਣੀ ਵਾਰ, ਪਉੜੀ ਗਉੜੀ ਆਪ ਅਲਾਈਆ । ਏਕਾ ਵਸੇ ਸਚ ਮੁਨਾਰ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਵੇਖ ਵਖਾਈਆ ।


੪੫੬

ਸਤਿਜੁਗ ਸਾਚਾ ਜਾਏ ਲੱਗ, ਹਰਿ ਸਾਚੇ ਸਾਚ ਲਗਾਵਣਾ । ਜਨ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਦਿਵਸ ਰੈਣ ਏਕਾ ਰੰਗ ਰੰਗਾਵਣਾ । ਇਕ ਵਖਾਏ ਚੌਥਾ ਪਦ, ਪਰਮ ਪੁਰਖ ਮੇਲ ਮਿਲਾਵਣਾ । ਪੰਚਮ ਸ਼ਬਦ ਵਜਾਏ ਨਦ, ਨਾਨਾ ਰੂਪ ਆਪ ਵਟਾਵਣਾ । ਆਪੇ ਜਾਣੇ ਪਾਰ ਕਿਨਾਰਾ ਆਪਣੀ ਹੱਦ, ਬ੍ਰਹਿਮਾਦ ਖੋਜ ਖੁਜਾਵਣਾ । ਆਪੇ ਗਾਏ ਸ਼ਬਦ ਬੋਧ ਅਗਾਧ, ਖਾਣੀ ਬਾਣੀ ਭੇਵ ਨਾ ਪਾਵਣਾ । ਆਪੇ ਰੰਗ ਰੰਗਾਏ ਸੰਤ ਸਾਧ, ਭਗਤ ਭਗਵੰਤ ਆਪ ਅਖਵਾਵਣਾ । ਆਪੇ ਰੂਪ ਵਟਾਏ ਮੋਹਨ ਮਾਧਵ ਮਾਧ, ਮੁਕੰਦ ਮਨੋਹਰ ਲੱਖ਼ਮੀ ਨਰਾਇਣ ਖੇਲ ਖਿਲਾਵਣਾ । ਆਪ ਸੁਣੇ ਸਰਬ ਫਰਿਆਦਿ, ਸਾਚੇ ਤਖ਼ਤ ਆਪ ਸੋਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਰੰਗ ਰੰਗਾਵਣਾ । ਸਤਿਜੁਗ ਸਾਚਾ ਰੰਗ ਅਪਾਰ, ਚਾਰ ਵਰਨਾਂ ਆਪ ਚੜ੍ਹਾਈਆ । ਨਾਤਾ ਤੁਟੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਮੇਟ ਮਿਟਾਈਆ । ਹਉਮੇ ਹੰਗਤਾ ਦੇਵੇ ਮਾਰ, ਜਗਤ ਤ੍ਰਿਸ਼ਨਾ ਭੁੱਖ ਗੁਆਈਆ । ਸਾਚੇ ਸ਼ਬਦ ਕਰੇ ਪਿਆਰ, ਹੰ ਬ੍ਰਹਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਰਾਓ ਰੰਕ ਨਾ ਕੋਇ ਵਖਾਈਆ । ਰਾਓ ਰੰਕ ਏਕਾ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਸਗਲਾ ਸੰਗ ਨਿਭਾਇੰਦਾ । ਨਾਮ ਵਜਾਏ ਇਕ ਮਰਦੰਗ, ਬ੍ਰਹਿਮੰਡ ਖੰਡ ਆਪ ਸੁਹਾਇੰਦਾ । ਸਚਖੰਡ ਦੁਆਰਾ ਆਪੇ ਲੰਘ, ਸਾਚੇ ਤਖ਼ਤ ਚਰਨ ਟਿਕਾਇੰਦਾ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭਓ ਭੰਨਾਇੰਦਾ । ਇਕ ਉਪਜਾਏ ਪਰਮਾਨੰਦ, ਨਿਜ ਆਤਮ ਰਸ ਚੁਆਇੰਦਾ । ਜੀਵ ਜੰਤ ਰਸਨਾ ਕੋਇ ਨਾ ਲਾਏ ਮਦਿਰਾ ਮਾਸ ਗੰਦ, ਸੋਹੰ ਸੋ ਸਾਚਾ ਜਾਪ ਜਪਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਤੋੜ ਦਇਆ ਕਮਾਇੰਦਾ । ਹਰਿਜਨ ਚੜ੍ਹਾਏ ਸਾਚੇ ਚੰਦ, ਲੋਕਮਾਤ ਆਪ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਸਚ ਸਮਾਇੰਦਾ । ਸਤਿਜੁਗ ਅੰਦਰ ਸਚ ਧਰ, ਸਚ ਸਾਚਾ ਵੇਖ ਵਖਾਈਆ । ਪੁਰਖ ਅਬਿਨਾਸ਼ੀ ਦੇਵੇ ਵਰ, ਘਰ ਸਾਚੇ ਵਸਤ ਟਿਕਾਈਆ । ਜਗਤ ਜਹਾਨ ਚੁੱਕੇ ਡਰ, ਜੀਵ ਜੀਵ ਨਾ ਕੋਇ ਤਰਸਾਈਆ । ਸੋ ਪੁਰਖ ਨਿਰੰਜਣ ਕਿਰਪਾ ਕਰ, ਮਨਮਤ ਦਏ ਗੁਆਈਆ । ਗੁਰਮਤ ਸਾਚੀ ਅੱਗੇ ਧਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਦਏ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਆਪ ਸਮਝਾਉਣਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਨਾ ਕਿਸੇ ਅਖਵਾਉਣਾ, ਆਤਮ ਬ੍ਰਹਮ ਸਰਬ ਵਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪੰਧ ਮੁਕਾਉਣਾ, ਜ਼ਾਤ ਪਾਤ ਮੇਟ ਮਿਟਾਇੰਦਾ । ਅੱਖਰ ਵੱਖਰ ਏਕਾ ਜਾਪ ਜਪਾਉਣਾ, ਦੋਏ ਦੋਏ ਰੂਪ ਵਟਾਇੰਦਾ । ਨਿਰਗੁਣ ਸਰਗੁਣ ਮੇਲ ਮਿਲੌਣਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਖੇਲ ਖਿਲਾਇੰਦਾ । ਸਤਿਜੁਗ ਸਾਚਾ ਵਰਤੇ ਵਰਤੰਤ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਏਕਾ ਨਾਤਾ ਜੀਵ ਜੰਤ, ਸਗਲ ਸ੍ਰਿਸ਼ਟੀ ਭੈਣ ਭਾਈਆ । ਨਾਰੀ ਮੇਲਾ ਸਾਚੇ ਕੰਤ, ਦੂਸਰ ਨੈਣ ਨਾ ਕੋਇ ਉਠਾਈਆ । ਹਰਿ ਕਾ ਨਾਮ ਨਾ ਮੰਗਣ ਜਾਏ ਕੋਈ ਬਣ ਬਣ ਮੰਗਤ, ਹੱਟੋ ਹੱਟ ਨਾ ਕੋਇ ਵਖਾਈਆ । ਸਾਚੀ ਬਣਾਏ ਹਰਿ ਹਰਿ ਸੰਗਤ, ਹਰਿ ਕੀ ਪੌੜੀ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਵੇਖ ਵਖਾਈਆ । ਸਤਿਜੁਗ ਸਾਚੀ ਏਕਾ ਗੋਤ, ਪੁਰਖ ਅਬਿਨਾਸ਼ੀ ਆਪ ਉਪਾਇੰਦਾ ।

੪੫੮

ਨਿਰਗੁਣ ਮੇਲਾ ਸਾਚੀ ਜੋਤ, ਜੋਤੀ ਜੋਤ ਖੇਲ ਖਿਲਾਇੰਦਾ । ਤਨ ਨਗਾਰੇ ਸ਼ਬਦੀ ਚੋਟ, ਅਗੰਮ ਅਗੰਮੜਾ ਆਪ ਲਗਾਇੰਦਾ । ਕੋਇ ਨਾ ਰੱਖੇ ਵਾਸਨਾ ਖੋਟ, ਮਾਇਆ ਮਮਤਾ ਨਾ ਕੋਇ ਪਰਨਾਇੰਦਾ । ਕੋਇ ਨਾ ਪੀਵੇ ਪੋਸਤ ਘੋਟ, ਮਦਿ ਪਿਆਲਾ ਨਾ ਹੱਥ ਉਠਾਇੰਦਾ । ਕੋਇ ਨਾ ਦਰ ਦਰ ਮੰਗੇ ਰੋਟ, ਦਰ ਦਰਵੇਸ਼ ਨਾ ਕੋਇ ਅਖਵਾਇੰਦਾ । ਨਾ ਕੋਈ ਭੁੰਨੇ ਕਬਾਬ ਬੋਟੀ ਬੋਟ, ਰਸਨਾ ਜਿਹਵਾ ਨਾ ਕੋਇ ਹਲਕਾਇੰਦਾ । ਕੋਈ ਨਾ ਸੋਏ ਕਰ ਕਰ ਬੰਦ ਸੋਤ, ਪੁਰਖ ਅਬਿਨਾਸ਼ੀ ਘਰ ਘਰ ਦਰਸ ਦਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਲਾਇੰਦਾ । ਨਾ ਕੋਈ ਹਵਨ ਨਾ ਕੋਈ ਧੂਪ, ਦੀਵਾ ਬੱਤੀ ਨਾ ਕੋਇ ਜਲਾਈਆ । ਨਾ ਕੋਈ ਸਿਲ ਪਾਥਰ ਪਾਹਨ ਲਏ ਪੂਜ, ਬ੍ਰਹਮਾ ਵਿਸ਼ਨ ਸ਼ਿਵ ਗਣੇਸ਼ ਨਾ ਕੋਇ ਮਨਾਈਆ । ਨਾ ਕੋਈ ਸ਼ਸਤਰ ਖੰਡੇ ਜਾਏ ਜੂਝ, ਤੀਰ ਕਮਾਨ ਨਾ ਕੋਇ ਚਲਾਈਆ । ਪੁਰਖ ਨਿਰੰਜਣ ਏਕੰਕਾਰਾ ਲੱਖ ਚੁਰਾਸੀ ਆਪੇ ਲਏ ਬੂਝ, ਸਾਚੀ ਸੂਝ ਆਪਣੇ ਹੱਥ ਰਖਾਈਆ । ਨੇਤਰ ਨੈਣ ਉਠਾ ਨਾ ਕੋਈ ਵੇਖੇ ਚੰਦ ਦੂਜ ਤੀਜ, ਘਰ ਘਰ ਚੰਦਰਮਾ ਪਰਕਾਸ਼ ਕਰਾਈਆ । ਗੁਰਮੁਖ ਸੱਜਣ ਜਾਏ ਪਤੀਜ, ਪੀਆ ਪ੍ਰੀਤਮ ਘਰ ਵਿਚ ਪਾਈਆ । ਆਪੇ ਕਰੇ ਸਾਚੀ ਰੀਝ, ਗੁਰਮੁਖ ਸਚ ਸ਼ਿੰਗਾਰ ਇਕ ਵਖਾਈਆ । ਦਿਵਸ ਰੈਣ ਬੈਠਾ ਰਹੇ ਅੱਗੇ ਦਰ ਦਹਿਲੀਜ, ਆਪ ਆਪਣੀ ਸੇਵ ਕਮਾਈਆ । ਹਰਿਜਨ ਚਰਨ ਕਵਲ ਜਨ ਜਾਏ ਭੀਜ, ਅੰਮ੍ਰਿਤ ਮੇਘ ਆਪ ਬਰਸਾਈਆ । ਸਾਚੀ ਰੁੱਤੜੀ ਏਕਾ ਬੀਜ ਦੇਵੇ ਬੀਜ, ਕਾਇਆ ਧਰਤੀ ਹੱਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਚ ਫੁਲਵਾੜੀ ਆਪ ਮਹਿਕਾਈਆ । ਸਤਿਜੁਗ ਬੂਟਾ ਲਾਏ ਫੁੱਲ, ਗੁਰਮੁਖ ਸਾਚਾ ਬੀਜ ਬਜਾਇੰਦਾ । ਪੁਰਖ ਅਬਿਨਸ਼ੀ ਕਦੇ ਨਾ ਜਾਏ ਭੁੱਲ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਕਰੇ ਖੇਲ ਅਮੋਲ ਅਮੁਲ, ਅਮੋਲਕ ਆਪਣੀ ਵਸਤ ਟਿਕਾਇੰਦਾ । ਆਦਿ ਅੰਤ ਪਾਵਣਹਾਰਾ ਸਾਚਾ ਮੁੱਲ, ਲੱਖ ਕਰੋੜੀ ਨਾ ਕੋਇ ਚੁਕਾਇੰਦਾ । ਨਿਰਗੁਣ ਕੰਡੇ ਤੋਲੇ ਤੋਲ, ਸਰਗੁਣ ਹੱਥ ਨਾ ਕੋਇ ਵਖਾਇੰਦਾ । ਸਤਿਜੁਗ ਉਪਜਾਏ ਆਪਣੀ ਕੁਲ, ਵਿਸ਼ਵ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਗਲਾ ਸੰਗ ਆਪ ਰਖਾਇੰਦਾ । ਸਗਲਾ ਸੰਗ ਪੁਰਖ ਬਿਧਾਤਾ, ਸਤਿਜੁਗ ਸਾਚੇ ਆਪ ਨਿਭਾਈਆ । ਆਪੇ ਦੇਵੇ ਆਪਣੀ ਦਾਤਾ, ਦਾਤਾ ਦਾਨੀ ਸੇਵ ਕਮਾਈਆ । ਆਪ ਸੁਣਾਏ ਆਪਣੀ ਗਾਥਾ, ਵਾਹ ਵਾ ਗੁਰੂ ਵਡ ਵਡਿਆਈਆ । ਆਪੇ ਜਾਣੇ ਪੂਜਾ ਪਾਠਾ, ਨਾਮ ਸਤਿ ਸਤਿ ਪੜ੍ਹਾਈਆ । ਆਪੇ ਪੂਰਾ ਕਰੇ ਘਾਟਾ, ਸਾਚਾ ਤੋਲਾ ਬੇਪਰਵਾਹੀਆ । ਨਾ ਕੋਈ ਦਿਸੇ ਤੀਰਥ ਤਾਟਾ, ਅਠਸਠ ਰਹਿਣ ਨਾ ਪਾਈਆ । ਭਾਗ ਲਗਾਏ ਕਾਇਆ ਮਾਟਾ, ਸਰ ਸਰੋਵਰ ਇਕ ਵਖਾਈਆ । ਦਰਸ ਦਿਖਾਏ ਸਾਚੀ ਖਾਟਾ, ਮੰਦਰ ਗੁਰਦਵਾਰਾ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਾਚੀ ਬਣਤ ਬਣਾਈਆ । ਸਤਿਜੁਗ ਸਾਚੇ ਸਾਚਾ ਗੁਰੂਦਵਾਰ, ਹਰਿਜਨ ਕਾਇਆ ਬੰਕ ਸੁਹਾਇੰਦਾ । ਅੰਦਰ ਵੜ ਗੁਰ ਕਰਤਾਰ, ਆਪਣਾ ਆਸਣ ਆਪ ਵਛਾਇੰਦਾ । ਆਪੇ ਬੋਲੇ ਆਪਣੀ ਧਾਰ, ਆਪਣਾ ਵਾਕ ਆਪ ਅਲਾਇੰਦਾ । ਆਪੇ ਪਰਦਾ ਦੇਵੇ ਡਾਰ, ਆਪੇ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਹਰਿ ਸੁਹਾਵਣਾ, ਪੰਜ ਤਤ ਕਾਇਆ ਕਰ ਪਿਆਰ । ਹਰਿ ਮੰਦਰ ਆਪ ਬਣਾਵਣਾ, ਇੱਟਾਂ ਗਾਰਾ ਨਾ ਲਾਏ ਨਿਰੰਕਾਰ । ਛੱਪਰ ਛੰਨ ਨਾ ਕੋਇ ਰਖਾਵਣਾ, ਨਾ ਕੋਈ ਘਾੜਣ ਘੜੇ ਜਗਤ

ਸੁਨਿਆਰ । ਸਾਚਾ ਸਵਰਨ ਇਕ ਚਮਕਾਵਣਾ, ਕੰਚਨ ਨਿਉਂ ਨਿਉਂ ਕਰੇ ਨਿਮਸਕਾਰ । ਸ਼ਬਦ ਗੁਰ ਵਿਚ ਵਸਾਵਣਾ, ਜਨਮੇ ਮਰੇ ਨਾ ਵਿਚ ਸੰਸਾਰ । ਗ੍ਰੰਥੀ ਕੋਈ ਪੜ੍ਹਣ ਨਾ ਲਾਵਣਾ, ਆਪੇ ਸੁਣਾਏ ਹਰਿ ਨਿਰੰਕਾਰ । ਸਾਰੰਗ ਢੱਡ ਨਾ ਕੋਇ ਵਜਾਵਣਾ, ਅਨਹਦ ਰੱਖੇ ਸੱਚੀ ਧੁਨਕਾਰ । ਜਗਤ ਸਟੇਜ ਨਾ ਕੋਇ ਰਖਾਵਣਾ, ਉਤੇ ਚੜ੍ਹੇ ਨਾ ਕੋਈ ਗਵਾਰ । ਪੁਰਖ ਅਬਿਨਾਸ਼ੀ ਆਪਣਾ ਵਾਕ ਅਲ੍ਹਾਵਣਾ, ਆਪ ਆਪਣੀ ਕਿਰਪਾ ਧਾਰ । ਗੁਰੂ ਗ੍ਰੰਥ ਇਕ ਵਖਾਵਣਾ, ਜਲ ਡੋਬੇ ਨਾ ਅਗਨੀ ਦੇਵੇ ਸਾੜ । ਕਿਸੇ ਕਾਗਦ ਕਲਮ ਛਾਹੀ ਨਾ ਮਾਣ ਦਵਾਵਣਾ, ਨਿਸ਼ਅੱਖਰ ਰੂਪ ਆਪ ਨਿਰੰਕਾਰ । ਸਤਿਜੁਗ ਸਾਚੇ ਸਾਚਾ ਅੱਖਰ ਇਕ ਪੜ੍ਹਾਵਣਾ, ਅੱਠੇ ਪਹਿਰ ਰੱਖੇ ਧੁਨਕਾਰ । ਮਨ ਪੰਖੀ ਆਪਣੀ ਡੋਰ ਆਪ ਬੰਧਾਵਣਾ, ਦਹਿ ਦਿਸ਼ਾ ਨਾ ਕਰੇ ਵਿਚਾਰ । ਮਤ ਮਤਵਾਲੀ ਦੂਜਾ ਰਾਹ ਨਾ ਕੋਇ ਤਕਾਵਣਾ, ਚਾਰ ਕੁੰਟ ਨਾ ਹੋਏ ਖਵਾਰ । ਬੁੱਧ ਬਬੇਕੀ ਆਪ ਕਰਾਵਣਾ, ਤ੍ਰੈਗੁਣ ਮਾਇਆ ਨਾ ਦੇਵੇ ਸਾੜ । ਮੁਲਾਂ ਸ਼ੇਖ਼ ਮੁਸਾਇਕ ਨਾ ਕੋਇ ਅਖਵਾਵਣਾ, ਪੀਰ ਦਸਤਗੀਰ ਨਾ ਦਏ ਆਧਾਰ । ਪੰਡਤ ਪਾਂਧੇ ਤਿਲਕ ਨਾ ਕਿਸੇ ਲਗਾਵਣਾ, ਗਲ ਜੰਜੂ ਨਾ ਕਰੇ ਸ਼ਿੰਗਾਰ । ਜਗਤ ਸੁੰਨਤ ਨਾ ਕਿਸੇ ਕਰਾਵਣਾ, ਕੱਟੇ ਅੰਗ ਨਾ ਹੋਏ ਖੁਆਰ । ਸੂਰਾ ਸਰਬੰਗ ਸਤਿਗੁਰ ਪੂਰਾ ਇਕ ਅਖਵਾਵਣਾ, ਕਰੇ ਖੇਲ ਵਿਚ ਸੰਸਾਰ । ਰਾਜਾ ਰਾਣਾ ਮੇਟ ਮਿਟਾਵਣਾ, ਨਾ ਕੋਈ ਹੋਵੇ ਛਤਰ ਧਾਰ । ਦਰ ਦਰਬਾਨ ਨਾ ਕਿਸੇ ਬਹਾਵਣਾ, ਨਾ ਕੋਈ ਵੰਡੇ ਵੰਡ ਵਿਚ ਸੰਸਾਰ । ਧੁਰਦਰਗਾਹੀ ਏਕਾ ਹੁਕਮ ਚਲਾਵਣਾ, ਨਾ ਕੋਈ ਰੱਖੇ ਡਾਕ ਤਾਰ । ਚਿੱਠੀ ਰਸਾਇਣ ਕਾਗਦ ਕਿਸੇ ਨਾ ਹੱਥ ਫੜਾਵਣਾ, ਨਾ ਕੋਈ ਘਰ ਘਰ ਫੇਰੇ ਦੇਵੇ ਮਾਰ । ਰਾਤੀਂ ਸੁਤਿਆਂ ਆਪਣਾ ਹੁਕਮ ਸੁਨਾਵਣਾ, ਸ਼ਬਦ ਅਗੰਮੀ ਹਿਲਾ ਸਿਤਾਰ । ਸਚਖੰਡ ਬੈਠੇ ਲੋਆਂ ਪੁਰੀਆਂ ਬੰਧਨ ਪਾਵਣਾ, ਏਕਾ ਡੋਰ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਾਚਾ ਕਰੇ ਵਿਹਾਰ ।

੦੯

ਸਤਿਜੁਗ ਚੁੱਕੇ ਪੂਜਾ ਪਾਠ, ਪੁਰਖ ਅਬਿਨਾਸ਼ੀ ਆਪ ਚੁਕਾਈਆ । ਸਤਿਜੁਗ ਕੋਇ ਸਰੋਵਰ ਨਾ ਮਾਰੇ ਠਾਠ, ਜਲਧਾਰ ਨਾ ਕੋਇ ਵਡਿਆਈਆ । ਸਤਿਜੁਗ ਸਾਧ ਸੰਤ ਨਾ ਖੋਲ੍ਹੇ ਕੋਈ ਹਾਟ, ਹਰਿ ਕਾ ਨਾਮ ਨਾ ਕੋਈ ਵਕਾਈਆ । ਸਤਿਜੁਗ ਸਤਿਗੁਰ ਪੂਰਾ ਦੀਪਕ ਜੋਤ ਜਗਾਏ ਲਲਾਟ, ਦੂਸਰ ਦਰ ਮੰਗਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਕਰੇ ਪੜ੍ਹਾਈਆ । ਦਿਵਸ ਰੈਣ ਸ਼ਬਦ ਚਲਾਵਣਾ, ਆਲਸ ਨਿੰਦਰਾ ਨਾ ਕੋਈ ਰਖਾਏ । ਗੁਰਮੁਖ ਸਾਚੇ ਮੇਲ ਮਿਲਾਵਣਾ, ਕਾਇਆ ਜਿੰਦਰਾ ਤੋੜ ਤੁੜਾਏ । ਮਦਿ ਪਿਆਲਾ ਨਾਮ ਪਿਆਵਣਾ, ਸਚ ਖ਼ੁਮਾਰ ਇਕ ਵਖਾਏ । ਨੇਤਰ ਨੈਣ ਇਕ ਖੁਲ੍ਹਾਵਣਾ, ਅੱਠ ਪਹਿਰ ਰੁਸ਼ਨਾਏ । ਸੋਹੰ ਸਾਚਾ ਜਾਪ ਜਪਾਵਣਾ, ਸੋ ਪੁਰਖ ਨਿਰੰਜਣ ਘਰ ਘਰ ਫੇਰਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਤਖ਼ਤ ਸੁਹਾਏ । ਸਤਿਜੁਗ ਸਾਚਾ ਤਖ਼ਤ ਸੁਲਤਾਨ, ਦੋ ਜਹਾਨਾਂ ਆਪ ਸਾਲਾਹੀਆ । ਪੁਰਖ ਅਬਿਨਾਸ਼ੀ ਵਡ ਮਿਹਰਬਾਨ, ਜੀਵਾਂ ਜੰਤਾਂ ਦਏ ਵਡਿਆਈਆ । ਏਕਾ ਅੱਖਰ ਕਰ ਪਰਧਾਨ, ਪਾਰਬ੍ਰਹਮ ਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪਣਾ ਇਸ਼ਟ ਵੇਖ ਵਖਾਈਆ ।

## ✻ ੧੫ ਚੇਤ ੨੦੧੭ ਬਿਕ੍ਰਮੀ ਗਿਰਧਾਰਾ ਸਿੰਘ ਦੇ ਘਰ ਬੱਲੋਵਾਲ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਏਕਾ ਪਾਵਣਾ, ਆਦਿ ਜੁਗਾਦਿ ਸਮਾਏ । ਹਰਿ ਪੁਰਖ ਨਿਰੰਜਣ ਏਕਾ ਗਾਵਣਾ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਏ । ਏਕਓਕੰਕਾਰਾ ਏਕ ਧਿਆਵਣਾ, ਨਾ ਮਰੇ ਨਾ ਜਾਏ । ਆਦਿ ਨਿਰੰਜਣ ਵੇਖ ਵਖਾਵਣਾ, ਜੋਤ ਸਰੂਪੀ ਡਗਮਗਾਏ । ਸ੍ਰੀ ਭਗਵਾਨ ਤਖ਼ਤ ਬਹਾਵਣਾ, ਸਚਖੰਡ ਵਾਸੀ ਬੇਪਰਵਾਹੇ । ਅਬਿਨਾਸ਼ੀ ਕਰਤਾ ਸੀਸ ਝੁਕਾਵਣਾ, ਦੂਸਰ ਇਸ਼ਟ ਨਾ ਕੋਈ ਮਨਾਏ । ਪਾਰਬ੍ਰਹਮ ਬ੍ਰਹਮ ਸਮਾਵਣਾ, ਏਕਾ ਦੂਜਾ ਭੌ ਚੁਕਾਏ । ਥਿਰ ਘਰ ਸਾਚੇ ਫੇਰਾ ਲਾਵਣਾ, ਮਹੱਲ ਅਟੱਲ ਇਕ ਵਖਾਏ । ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਵਣਾ, ਹੁਕਮੀ ਹੁਕਮ ਆਪ ਸੁਣਾਏ । ਲੱਖ ਚੁਰਾਸੀ ਰੰਗ ਰੰਗਾਵਣਾ, ਆਪਣੇ ਭਾਂਡੇ ਆਪ ਘੜਾਏ । ਪੰਜ ਤਤ ਸਾਚਾ ਮੇਲ ਮਿਲਾਵਣਾ, ਤ੍ਰੈਗੁਣ ਏਕਾ ਬੰਧਨ ਪਾਏ । ਨੌ ਦੁਆਰੇ ਖੋਜ ਖੁਜਾਵਣਾ, ਬੰਕ ਦੁਆਰੀ ਵੇਖ ਵਖਾਏ । ਘਰ ਘਰ ਵਿਚ ਆਪ ਸੁਹਾਵਣਾ, ਹਰਿ ਸਾਚੀ ਰਚਨ ਰਚਾਏ । ਧੁਨ ਨਾਦੀ ਨਾਦ ਵਜਾਵਣਾ, ਬ੍ਰਹਮ ਬ੍ਰਹਿਮਾਦੀ ਆਪ ਅਲਾਏ । ਸਰ ਸਰੋਵਰ ਇਕ ਸੁਹਾਵਣਾ, ਅੰਮ੍ਰਿਤ ਆਤਮ ਜਲ ਭਰਾਏ । ਆਤਮ ਸੇਜਾ ਰੰਗ ਰੰਗਾਵਣਾ, ਆਪ ਆਪਣਾ ਵੇਸ ਧਰਾਏ । ਸਾਚਾ ਮਹੱਲ ਅਟੱਲ ਇਕ ਉਪਾਵਣਾ, ਦਸਮ ਦੁਆਰੀ ਸੋਭਾ ਪਾਏ । ਬਜ਼ਰ ਕਪਾਟੀ ਕੁੰਡਾ ਲਾਹਵਣਾ, ਦੂਈ ਦਵੈਤੀ ਮੇਟ ਮਿਟਾਏ । ਨਾਰੀ ਕੰਤ ਮੇਲ ਮਿਲਾਵਣਾ, ਸਾਚੀ ਸੇਜਾ ਸੋਭਾ ਪਾਏ । ਰਸ ਰਸਨਾ ਇਕ ਖਵਾਵਣਾ, ਰਸ ਰਸੀਆ ਆਪ ਚਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਏ । ਸੋ ਪੁਰਖ ਨਿਰੰਜਣ ਪੇਖਣਾ, ਏਕ ਨੈਣ ਖੁਲ੍ਹਾਏ । ਹਰਿ ਪੁਰਖ ਨਿਰੰਜਣ ਧਾਰੇ ਭੇਖਣਾ, ਰੂਪ ਅਨੂਪ ਆਪ ਵਟਾਏ । ਏਕੰਕਾਰਾ ਲਿਖੇ ਲੇਖਣਾ, ਜੁਗਾ ਜੁਗੰਤਰ ਖੇਲ ਖਲਾਏ । ਆਦਿ ਨਿਰੰਜਣ ਆਪੇ ਜਾਣੇ ਆਪਣੀ ਰੇਖਣਾ, ਰੂਪ ਰੰਗ ਨਾ ਕੋਈ ਵਖਾਏ । ਅਬਿਨਾਸ਼ੀ ਕਰਤਾ ਮੁੱਛ ਦਾੜ੍ਹੀ ਨਾ ਦਿਸੇ ਕੇਸਨਾ, ਸੀਸ ਜਗਦੀਸ਼ ਨਾ ਮੂੰਡ ਮੁੰਡਾਏ । ਸ੍ਰੀ ਭਗਵਾਨ ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਨੇਸ਼ਣਾ, ਹੁਕਮੀ ਹੁਕਮ ਆਪ ਫਰਾਏ । ਪਾਰਬ੍ਰਹਮ ਧਾਰੇ ਆਪਣਾ ਭੇਖਣਾ, ਬ੍ਰਹਮ ਲੇਖਾ ਬਹਿ ਸਮਝਾਏ । ਆਪੇ ਨਰ ਨਰਾਇਣ ਸਾਚ ਨਰੇਸ਼ਣਾ, ਸਾਚੇ ਆਸਣ ਸੋਭਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਮ ਧਰਾਏ । ਸੋ ਪੁਰਖ ਨਿਰੰਜਣ ਧਿਆਵਣਾ, ਦੋ ਜਹਾਨਾਂ ਵਾਲੀ । ਹਰਿ ਪੁਰਖ ਨਿਰੰਜਣ ਸਾਚੇ ਮੰਦਰ ਆਪ ਬਹਾਵਣਾ, ਆਦਿ ਜੁਗਾਦਿ ਕਰੇ ਪ੍ਰਿਤਪਾਲੀ । ਏਕੰਕਾਰਾ ਸਤਿਗੁਰ ਪੂਰਾ ਇਕ ਵਖਾਵਣਾ, ਦੂਸਰ ਕਰੇ ਨਾ ਕੋਇ ਦਲਾਲੀ । ਆਦਿ ਨਿਰੰਜਣ ਡਗਮਗਾਵਣਾ, ਮੇਟੇ ਰੈਣ ਅੰਧੇਰੀ ਕਾਲੀ । ਸ੍ਰੀ ਭਗਵਾਨ ਸੰਗ ਰਖਾਵਣਾ, ਧੁਰ ਦਰਗਾਹੀ ਬਣੇ ਸਾਚਾ ਮਾਲੀ । ਅਬਿਨਾਸ਼ੀ ਕਰਤਾ ਕੰਤ ਹੰਢਾਵਣਾ, ਲੇਖਾ ਜਾਣੇ ਸ਼ਾਹ ਕੰਗਾਲੀ । ਪਾਰਬ੍ਰਹਮ ਆਪਣਾ ਰੰਗ ਰੰਗਾਵਣਾ, ਸ਼ਬਦ ਵਜਾਏ ਸਾਚੀ ਤਾਲੀ । ਸਚਖੰਡ ਦਵਾਰੇ ਸੋਭਾ ਪਾਵਣਾ, ਵੇਖੇ ਮਹੱਲ ਅਟੱਲ ਉਚ ਮੁਨਾਰੀ । ਤ੍ਰੈਗੁਣ ਮਾਇਆ ਫੰਦ ਕਟਾਵਣਾ, ਪੰਚਮ ਪੰਚ ਨਾ ਕਰੇ ਖ਼ਵਾਰੀ । ਘਰ ਸਤਿਗੁਰ ਏਕਾ ਪਾਵਣਾ, ਹਰਿ ਸ਼ਬਦ ਸੱਚਾ ਸਿਕਦਾਰੀ । ਅਨਹਦ ਆਪਣਾ ਰਾਗ ਅਲਾਵਣਾ, ਧੁਨੀ ਆਤਮਕ ਵੱਜੇ ਸੱਚੀ ਧੁਨਕਾਰੀ । ਨਿਝਰ ਝਿਰਨਾ ਆਪ ਝਿਰਾਵਣਾ, ਅੰਮ੍ਰਿਤ ਸੋਹੇ ਬੰਕ ਦੁਆਰੀ । ਪੀਆ ਪ੍ਰੀਤਮ ਘਰ ਘਰ ਪਾਵਣਾ, ਲੇਖਾ ਚੁੱਕੇ ਦਸਮ ਦੁਆਰੀ । ਸਤਿ ਸਤਿਵਾਦੀ ਏਕਾ ਨਜ਼ਰੀ ਆਵਣਾ ਆਦਿ ਜੁਗਾਦੀ ਏਕੰਕਾਰੀ । ਸੁਰਤੀ ਸ਼ਬਦੀ ਏਕਾ ਰੰਗ ਰੰਗਾਵਣਾ, ਰੰਗਣਹਾਰਾ

ਹਰਿ ਲਲਾਰੀ । ਧਾਮ ਅਵੱਲੜੇ ਆਪ ਬਹਾਵਣਾ, ਨਾ ਕੋਈ ਦੀਸੇ ਚਾਰ ਦੀਵਾਰੀ । ਸਾਚਾ ਦੀਪਕ ਇਕ ਜਗਾਵਣਾ, ਦਿਵਸ ਰੈਣ ਕਰੇ ਉਜਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰੀ । ਸੋ ਪੁਰਖ ਨਿਰੰਜਣ ਸਾਚਾ ਗਾਈਏ, ਹਰਿ ਦਾਤਾ ਗਹਿਰ ਗੰਭੀਰ । ਹਰਿ ਪੁਰਖ ਨਿਰੰਜਣ ਸੰਗ ਸਮਾਈਏ, ਅੰਮ੍ਰਿਤ ਬਖ਼ਸ਼ੇ ਸਾਚਾ ਸੀਰ । ਏਕੰਕਾਰਾ ਅੰਗ ਲਗਾਈਏ, ਦੂਈ ਦਵੈਤੀ ਕੱਟੇ ਪੀੜ । ਆਦਿ ਨਿਰੰਜਣ ਜੋਤ ਜਗਾਈਏ, ਚੋਟੀ ਚਾੜ੍ਹੇ ਇਕ ਅਖੀਰ । ਅਬਿਨਾਸ਼ੀ ਕਰਤਾ ਵੇਖ ਵਖਾਈਏ, ਦਰਸ ਦਿਖਾਏ ਬੇਨਜ਼ੀਰ । ਸ੍ਰੀ ਭਗਵਾਨ ਦਰਸ਼ਨ ਪਾਈਏ, ਵਡ ਦਾਤਾ ਪੀਰਨ ਪੀਰ । ਪਾਰਬ੍ਰਹਮ ਗਲੇ ਲਗਾਈਏ, ਲੱਖ ਚੁਰਾਸੀ ਕੱਟੇ ਜ਼ੰਜੀਰ । ਆਵਣ ਜਾਵਣ ਸੁਫਲ ਕਰਾਈਏ, ਲੇਖਾ ਚੁੱਕੇ ਹਸਤ ਕੀਟ । ਏਕਾ ਮੰਦਰ ਸੋਭਾ ਪਾਈਏ, ਸਚਖੰਡ ਦਵਾਰਾ ਧਾਮ ਅਨਡੀਠ । ਰਸ ਰਸਨਾ ਹਰਿ ਸ਼ਬਦ ਏਕਾ ਲਾਈਏ, ਆਪ ਖਵਾਏ ਸਤਿਗੁਰ ਮੀਠ । ਭਰਮਾ ਕੰਧ ਏਕਾ ਢਾਈਏ, ਗਾਈਏ ਸ਼ਬਦ ਸੁਹਾਗੀ ਗੀਤ । ਘਰ ਪੰਚਮ ਨਾਦ ਵਜਾਈਏ, ਕਾਇਆ ਹੋਏ ਪਤਿਤ ਪੁਨੀਤ । ਅੰਮ੍ਰਿਤ ਮੇਘ ਇਕ ਬਰਸਾਈਏ, ਕਰੇ ਕਰਾਏ ਸਾਂਤਕ ਸੀਤ । ਦਰਦ ਦੁੱਖ ਭੈ ਭੰਜਣ ਨਰ ਨਰਾਇਣ ਏਕਾ ਇਸ਼ਟ ਮਨਾਈਏ, ਆਦਿ ਜੁਗਾਦਿ ਚਲਾਏ ਆਪਣੀ ਰੀਤ । ਕੂੜਾ ਨਾਤਾ ਤੋੜ ਤੁੜਾਈਏ, ਗੋਬਿੰਦ ਗਾਈਏ ਸਾਚੇ ਗੀਤ । ਕਲਜੁਗ ਸੂਸਾ ਤਨ ਤਜਾਈਏ, ਅੰਤਮ ਸਦੀ ਰਹੀ ਬੀਤ । ਏਕਾ ਢੋਲਾ ਆਖ ਸੁਣਾਈਏ, ਸੋਹੰ ਵਸੇ ਸਾਚੇ ਚੀਤ । ਪਰਦਾ ਉਹਲਾ ਮਾਤ ਉਠਾਈਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਹਾਰ ਜੀਤ । ਸੋ ਪੁਰਖ ਨਿਰੰਜਣ ਧਿਆਵਣਾ, ਥਿਰ ਦਰਬਾਰੇ ਬੈਠਾ ਹਰਿ ਰਾਏ । ਸਤਿਗੁਰ ਸੱਚਾ ਏਕਾ ਪਾਵਣਾ, ਗੁਰ ਸ਼ਬਦੀ ਮੇਲ ਮਿਲਾਏ । ਭਗਤਨ ਰੂਪ ਮਾਤ ਵਟਾਵਣਾ, ਏਕਾ ਭਗਤੀ ਨਾਮ ਦ੍ਰਿੜਾਏ । ਸੰਤ ਸਾਚਾ ਆਪ ਅਖਵਾਵਣਾ, ਹਰਿ ਚਰਨ ਕਵਲ ਚਿਤ ਲਾਏ । ਗੁਰਮੁਖ ਆਪਣਾ ਨਾਉਂ ਧਰਾਵਣਾ, ਮਾਇਆ ਮਮਤਾ ਮੋਹ ਤਜਾਏ । ਗੁਰਸਿਖ ਆਪਣਾ ਲੇਖ ਲਖਾਵਣਾ, ਲਿਖਣਹਾਰਾ ਬੇਪਰਵਾਹੇ । ਪਿਛਲਾ ਕੀਤਾ ਪੰਧ ਮੁਕਾਵਣਾ, ਪੂਰਬ ਜਨਮਾਂ ਵੇਖ ਵਖਾਏ । ਏਕਾ ਛੰਦ ਸੁਹਾਗੀ ਗਾਵਣਾ, ਸਤਿ ਪੁਰਖ ਨਿਰੰਜਣ ਆਪ ਪੜ੍ਹਾਏ । ਨਿਜ ਆਤਮ ਰਸ ਏਕਾ ਪਾਵਣਾ, ਅੰਮ੍ਰਿਤ ਆਤਮ ਦਏ ਪਿਆਏ । ਕੋਟ ਜਨਮ ਦਾ ਪਾਪ ਗਵਾਵਣਾ, ਸਤਿਗੁਰ ਸਾਚੇ ਦਰਸ਼ਨ ਪਾਏ । ਆਪਣੀ ਕੀਤੀ ਭੁੱਲ ਬਖ਼ਸ਼ਾਵਣਾ, ਅੱਗੇ ਮਾਰਗ ਦਏ ਵਖਾਏ । ਕਾਗ ਆਪਣਾ ਹੰਸ ਰੂਪ ਵਟਾਵਣਾ, ਸੋਹੰ ਸਾਚੀ ਚੋਗ ਰਸਨਾ ਲਾਏ । ਕਾਲਾ ਦਾਗ਼ ਜਗਤ ਧੁਆਵਣਾ, ਆਇਆ ਚਲ ਸੱਚੀ ਸਰਨਾਏ । ਮਨ ਵੈਰਾਗ ਇਕ ਉਪਜਾਵਣਾ, ਬਿਨ ਹਰਿ ਨਜ਼ਰ ਕੋਇ ਨਾ ਆਏ । ਕਲਜੁਗ ਕੂੜਾ ਪੰਧ ਮੁਕਾਵਣਾ, ਝੂਠਾ ਨਾਤਾ ਤੋੜ ਤੁੜਾਏ । ਸਤਿਜੁਗ ਸਾਚਾ ਸੰਗ ਨਿਭਾਵਣਾ, ਵਰ ਘਰ ਪਾਇਆ ਹਰਿ ਹਰਿ ਰਾਏ । ਮਿਲ ਸਖੀਆਂ ਬਹਿ ਬਹਿ ਮੰਗਲ ਗਾਵਣਾ, ਗੀਤ ਗੋਬਿੰਦ ਇਕ ਅਲਾਏ । ਸੋ ਪੁਰਖ ਨਿਰੰਜਣ ਕਾਜ ਰਚਾਵਣਾ, ਕਰਨੀ ਕਰਤਾ ਖੇਲ ਖਲਾਏ । ਹਰਿ ਪੁਰਖ ਨਿਰੰਜਣ ਸਚ ਸੁਹਾਗ ਗਾਵਣਾ, ਸ਼ਬਦ ਸ਼ਬਦੀ ਨਾਦ ਸੁਣਾਏ । ਏਕੰਕਾਰਾ ਆਪਣਾ ਸਗਨ ਮਨਾਵਣਾ, ਮਸਤਕ ਤਿਲਕ ਲਲਾਟ ਵਖਾਏ । ਅਬਿਨਾਸ਼ੀ ਕਰਤੇ ਘਰ ਵਸਾਵਣਾ, ਆਦਿ ਨਿਰੰਜਣ ਲਏ ਉਠਾਏ । ਸ੍ਰੀ ਭਗਵਾਨ ਸਾਚੇ ਘੋੜੇ ਆਪ ਚੜ੍ਹਾਵਣਾ, ਪਾਰਬ੍ਰਹਮ ਪ੍ਰਭ ਆਪਣੀ ਹੱਥੀਂ ਵਾਗ ਗੁੰਦਾਏ । ਜੋਤ ਨਿਰੰਜਣ ਕਜਲਾ ਪਾਵਣਾ, ਨਾਮ ਸਲਾਈ ਹੱਥ ਉਠਾਏ । ਸੌਹਰਾ ਪੇਈਆ ਏਕਾ ਘਰ ਵਖਾਵਣਾ, ਹਰਿ ਹਰਿ ਨਾਰ ਕੰਤ ਮਿਲਾਏ । ਸਾਚੀ ਡੋਲੀ ਆਪ ਬਹਾਵਣਾ, ਜਗਤ ਕਹਾਰ ਨਾ ਕੋਇ ਰਖਾਏ । ਸਾਚੇ ਕੰਧੇ

ਆਪ ਉਠਾਵਣਾ, ਖ਼ਾਕੀ ਬੰਦੇ ਨਾ ਕੋਈ ਲਗਾਏ । ਮਾਇਆ ਅੰਧੇ ਭਰਮ ਭੁਲਾਵਣਾ, ਗੁਰਮੁਖ ਸਾਚੇ ਲਏ ਜਗਾਏ । ਝੂਠੇ ਧੰਦੇ ਪੰਧ ਮੁਕਾਵਣਾ, ਸਚ ਸਚ ਮਾਰਗ ਏਕਾ ਲਾਏ । ਨਾਰ ਦੁਹਾਗਣ ਨਾ ਕੋਇ ਪਰਨਾਵਣਾ, ਵਿਭਚਾਰ ਨੇੜ ਰਹਿਣ ਨਾ ਪਾਏ । ਲੋਕ ਲਾਜ ਸਰਬ ਤਜਾਵਣਾ, ਗੁਰਸਿਖ ਸਿਖ ਮਤ ਇਕ ਸਮਝਾਏ । ਸਤਿਗੁਰ ਪੂਰੇ ਸਾਚੇ ਨਾਮ ਜਹਾਜ਼ ਚੜ੍ਹਾਵਣਾ, ਸਾਚਾ ਬੇੜਾ ਲਏ ਤਰਾਏ । ਸਾਚਾ ਦਾਜ ਹਰਿ ਕਾ ਨਾਉਂ ਗੰਢ ਬੰਧਾਵਣਾ, ਦਰਗਹਿ ਸਾਚੀ ਲੈ ਕੇ ਜਾਏ । ਸਚਖੰਡ ਉਚ ਮਹੱਲੇ ਆਪ ਬਹਾਵਣਾ, ਸ਼ਬਦ ਰੰਗੀਲਾ ਪੀੜਾ ਹੇਠ ਰਖਾਏ । ਸਚ ਸਾਲੂ ਆਪ ਰੰਗਾਵਣਾ, ਸੀਸ ਜਗਦੀਸ਼ ਆ ਟਿਕਾਏ । ਮੁਖ ਘੁੰਘਟ ਆਪ ਉਠਾਵਣਾ, ਦੋ ਜਹਾਨਾ ਪਰਦਾ ਦਏ ਚੁਕਾਏ । ਪੀਆ ਪ੍ਰੀਤਮ ਨਜ਼ਰੀ ਆਵਣਾ, ਨਿਰਗੁਣ ਦਾਤਾ ਬੇਪਰਵਾਹੇ । ਗੁਰਸਿਖ ਸਖੀ ਅੰਕ ਸਮਾਵਣਾ, ਅੰਗੀਕਾਰ ਆਪ ਕਰਾਏ । ਦੂਸਰ ਦਿਸ ਕਿਸੇ ਨਾ ਆਵਣਾ, ਲੱਖ ਚੁਰਾਸੀ ਵੇਖੇ ਨੈਣ ਉਠਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਸਾਚੀ ਧਾਰ ਬੰਧਾਏ । ਸੋ ਪੁਰਖ ਨਿਰੰਜਣ ਸਦਾ ਸੇਵੀਏ, ਇਕ ਇਕੱਲਾ ਖੇਲ ਅਪਾਰ । ਹਰਿ ਪੁਰਖ ਨਿਰੰਜਣ ਵਡਾ ਵਡ ਵਡ ਦੇਵੀਏ, ਦੇਵਤ ਸੁਰ ਕਰਨ ਨਿਮਸਕਾਰ । ਏਕੰਕਾਰਾ ਅਲੱਖ ਅਭੇਵੀਏ, ਬ੍ਰਹਮਾ ਵਿਸ਼ਨ ਸ਼ਿਵ ਹੋਏ ਪਨਿਹਾਰ । ਆਦਿ ਨਿਰੰਜਣ ਕਥਨੀ ਕਥ ਨਾ ਸਕੇ ਰਸਨਾ ਜੇਹਵੀਏ, ਲੇਖਾ ਲਿਖੇ ਨਾ ਕੋਈ ਲਿਖਾਰ । ਅਬਿਨਾਸ਼ੀ ਕਰਤਾ ਦੇਵੇ ਸਾਚਾ ਮੇਵੀਏ, ਅੰਮ੍ਰਿਤ ਫਲ ਕਰ ਤਿਆਰ । ਸ੍ਰੀ ਭਗਵਾਨ ਸਾਚਾ ਮੀਤ ਘਰ ਘਰ ਸੇਵੀਏ, ਘਰ ਮੰਦਰ ਖੇਲ ਅਪਾਰ । ਪਾਰਬ੍ਰਹਮ ਨਾ ਮਰੇ ਨਾ ਪਏ ਜੰਮ ਜੁਗਾ ਜੁਗੰਤਰ ਏਕਾ ਸੇਵੀਏ, ਨਿਰਗੁਣ ਸਰਗੁਣ ਬੰਨ੍ਹੇ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਗੋਚਰ ਬੁੱਝਿਆ, ਜਿਸ ਆਪਣੀ ਦਇਆ ਕਮਾਏ । ਸਤਿਗੁਰ ਪੂਰਾ ਭੇਵ ਖੁਲ੍ਹਾਏ ਗੁਝਿਆ, ਅੰਤਰ ਆਤਮ ਆਪ ਸੁਣਾਏ । ਲੇਖਾ ਚੁੱਕੇ ਏਕਾ ਦੂਜਿਆ, ਨੈਣੀ ਨੈਣ ਹੋਏ ਰੁਸ਼ਨਾਏ । ਚੌਥੇ ਪਦ ਪੈਂਡਾ ਮੁੱਕਿਆ, ਅਮਰਾਪਦ ਆਪ ਵਖਾਏ । ਪੰਚਮ ਬਹਿ ਬਹਿ ਨੇੜੇ ਢੁਕਿਆ, ਨਿਰਗੁਣ ਮੇਲਾ ਸਹਿਜ ਸੁਭਾਏ । ਛੇਵੇਂ ਉਜਲ ਕਰੇ ਮੁਖਿਆ, ਸਿਰ ਆਪਣਾ ਹੱਥ ਧਰਾਏ । ਸਤਵੇਂ ਸਤਿ ਪੁਰਖ ਨਿਰੰਜਣ ਲੱਖ ਚੁਰਾਸੀ ਕੋਲੋਂ ਲੁਕਿਆ, ਗੁਰਮੁਖ ਵਿਰਲੇ ਦਰਸ ਦਖਾਏ । ਹਰਿਜਨ ਬੂਟਾ ਕਦੇ ਨਾ ਸੁੱਕਿਆ, ਪਤ ਡਾਲ੍ਹੀ ਆਪ ਮਹਿਕਾਏ । ਜੋ ਜਨ ਸਰਨਾਈ ਝੁਕਿਆ, ਫੜ ਫਰਸ਼ੋ ਅਰਸ਼ ਬਹਾਏ । ਕਲਜੁਗ ਵੇਲਾ ਅੰਤਮ ਢੁਕਿਆ, ਅਰਸ਼ ਫ਼ਰਸ਼ ਰਿਹਾ ਕੁਰਲਾਏ । ਲੇਖਾ ਜਾਣੇ ਮਾਨਸ਼ ਮਨੁੱਖਿਆ, ਦੇਵਤ ਸੁਰ ਭੇਵ ਨਾ ਰਾਏ । ਹਰਿਜਨ ਉਜਲ ਕਰੇ ਮੁਖਿਆ, ਸਵਛ ਸਰੂਪੀ ਦਰਸ ਦਿਖਾਏ । ਗੁਰਮੁਖ ਵਿਰਲਾ ਆਪਣੀ ਗੋਦੀ ਹਰਿ ਹਰਿ ਚੁੱਕਿਆ, ਗੁਰ ਗੁਰ ਸਾਚੀ ਸੇਵ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣਾ ਖੇਲ ਖਲਾਏ । ਸੋ ਪੁਰਖ ਨਿਰੰਜਣ ਜਾਏ ਬਹੁੜ, ਹਰਿ ਪੁਰਖ ਨਿਰੰਜਣ ਵਡ ਵਡਿਆਈਆ । ਏਕੰਕਾਰਾ ਚੜ੍ਹੇ ਸਾਚੇ ਘੋੜ, ਆਦਿ ਨਿਰੰਜਣ ਵਾਗ ਉਠਾਈਆ । ਅਬਿਨਾਸ਼ੀ ਕਰਤਾ ਦੋ ਜਹਾਨਾਂ ਲਾਏ ਏਕਾ ਪੌੜ, ਸ੍ਰੀ ਭਗਵਾਨਾ ਸੇਵ ਕਮਾਈਆ । ਪਾਰਬ੍ਰਹਮ ਆਦਿ ਜੁਗਾਦੀ ਰਿਹਾ ਦੌੜ, ਨਿਰਗੁਣ ਆਪਣਾ ਖੇਲ ਖਿਲਾਈਆ । ਹਰਿ ਹਰਿ ਬੁਝਾਏ ਲੱਗੀ ਔੜ, ਸਾਚਾ ਮੇਘ ਇਕ ਬਰਸਾਈਆ । ਲੱਖ ਚੁਰਾਸੀ ਵੇਖੇ ਫਲ ਮਿੱਠਾ ਕੌੜ, ਕੌੜਾ ਰੀਠਾ ਭੰਨ ਵਖਾਈਆ । ਹਰਿ ਸੰਤ ਭਗਤ ਚਰਨ ਪ੍ਰੀਤੀ ਦੇਵੇ ਜੋੜ, ਜਾਗਰਤ ਜੋਤ ਕਰ ਰੁਸ਼ਨਾਈਆ । ਮਨ ਮਤਵਾਲਾ ਦੇਵੇ ਹੋੜ, ਏਕਾ ਖੰਡਾ ਸ਼ਬਦ ਉਠਾਈਆ । ਸੁਰਤੀ

ਬੰਨ੍ਹੇ ਆਪਣੀ ਡੋਰ, ਨਾਮ ਨਾਮਾ ਬੰਧਨ ਪਾਈਆ । ਲੇਖਾ ਜਾਣੇ ਅੰਧ ਘੋਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਪਕੜ ਬਿਦਾਰੇ ਪੰਚਮ ਚੋਰ, ਚੋਰ ਯਾਰ ਠੱਗ ਆਪ ਮਿਟਾਈਆ । ਪੰਚਮ ਮਿਟਾਏ ਮੋਰ ਤੋਰ, ਹਉਮੇ ਹੰਗਤਾ ਰਹਿਣ ਨਾ ਪਾਈਆ । ਪੰਚਮ ਵਖਾਏ ਆਪਣਾ ਜ਼ੋਰ, ਵਡ ਜ਼ਾਬਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਤੁਠਿਆ, ਹਰਿ ਸੱਚਾ ਬੇਪਰਵਾਹ । ਏਕੰਕਾਰਾ ਆਪਣੇ ਬਲ ਆਪੇ ਉਠਿਆ, ਹਰਿ ਪੁਰਖ ਨਿਰੰਜਣ ਦਏ ਸਲਾਹ । ਅਬਿਨਾਸ਼ੀ ਕਰਤਾ ਆਪ ਵੇਖੇ ਆਪਣੀ ਗੁਠਿਆ, ਆਦਿ ਨਿਰੰਜਣ ਕਰ ਰੁਸ਼ਨਾ । ਪਾਰਬ੍ਰਹਮ ਕਦੇ ਨਾ ਲੁੱਟਿਆ, ਸ੍ਰੀ ਭਗਵਾਨ ਬਣੇ ਗੁਆਹ । ਹਰਿ ਸ਼ਬਦ ਚੜ੍ਹੇ ਆਪੇ ਸਾਚੀ ਚੋਟੀਆ, ਸਚ ਮਹੱਲੇ ਡੇਰਾ ਲਾ । ਲੱਖ ਚੁਰਾਸੀ ਵੇਖੇ ਵਾਸਨਾ ਖੋਟੀਆ, ਘਟ ਘਟ ਅੰਦਰ ਫੇਰਾ ਪਾ । ਗੁਰਸਿਖ ਲੱਭੇ ਵਿਚੋਂ ਕੋਟਨ ਕੋਟੀਆ, ਆਪ ਆਪਣੇ ਲਏ ਜਗਾ । ਦੇਵੇ ਨਾਮ ਇਕ ਅਤੋਟੀਆ, ਸਚ ਭੰਡਾਰਾ ਹਰਿ ਵਰਤਾ । ਅੰਤਮ ਧਰਮ ਰਾਏ ਨਾ ਤੋੜੇ ਬੋਟੀਆ, ਚਿਤਰ ਗੁਪਤ ਨਾ ਦਏ ਸਜ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹ । ਸੋ ਪੁਰਖ ਨਿਰੰਜਣ ਦਾਤਾ ਸੂਰਬੀਰ, ਬਲਵਾਨ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਆਸਾ ਪੂਰ, ਸਾਚਾ ਅੰਮ੍ਰਿਤ ਸੀਰ ਜਾਮ ਪਿਆਇੰਦਾ । ਏਕੰਕਾਰਾ ਮਾਰੇ ਤੀਰ, ਤੀਰ ਨਿਰਾਲਾ ਇਕ ਚਲਾਇੰਦਾ । ਆਦਿ ਨਿਰੰਜਣ ਗਹਿਰ ਗੰਭੀਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਵਡ ਪੀਰਨ ਪੀਰ, ਦਸਤਗੀਰ ਨਾਉਂ ਧਰਾਇੰਦਾ । ਸ੍ਰੀ ਭਗਵਾਨ ਸ਼ਾਹ ਹਕੀਰ, ਹੱਕ ਹਕੀਕਤ ਫੋਲ ਫੁਲਾਇੰਦਾ, ਪਾਰਬ੍ਰਹਮ ਪ੍ਰਭ ਬੰਨ੍ਹੇ ਬੀੜ, ਜੁਗ ਜੁਗ ਬੇੜਾ ਆਪ ਚਲਾਇੰਦਾ । ਜਨ ਭਗਤਾਂ ਕੱਟੇ ਸਾਚੀ ਭੀੜ, ਲੋਕਮਾਤ ਰੂਪ ਵਟਾਇੰਦਾ । ਏਕਾ ਬਖ਼ਸ਼ੇ ਸਾਚਾ ਸੀਰ, ਨੀਰ ਪਿਆਲਾ ਜਾਮ ਪਿਆਇੰਦਾ । ਚਿੱਟੇ ਉਪਰ ਖਿਚ ਲਕੀਰ, ਕਾਗਦ ਸ਼ਾਹੀ ਮੇਲ ਮਿਲਾਇੰਦਾ । ਚਾਰ ਜੁਗ ਚਾਰ ਵਰਨ ਚਾਰ ਖਾਣੀ ਚਾਰ ਬਾਣੀ ਲਿਖਿਆ ਲਿਖਤ ਕਰੇ ਤਕਦੀਰ, ਤਕਬੀਰ ਤਦਬੀਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਬੰਧਨ ਪਾਇੰਦਾ । ਸੋ ਪੁਰਖ ਨਿਰੰਜਣ ਬੰਧਨ ਪਾ, ਲੱਖ ਚੁਰਾਸੀ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਰਵ ਸਸ ਸੂਰਜ ਚੰਦਨ ਦਏ ਚੜ੍ਹਾ, ਏਕੰਕਾਰ ਹੁਕਮ ਸੁਣਾਇੰਦਾ । ਆਦਿ ਨਿਰੰਜਣ ਜੋਤੀ ਵਿਚ ਦਏ ਟਿਕਾ, ਜੁਗਾ ਜੁਗੰਤਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਰਿਹਾ ਭੁਆ, ਦਿਵਸ ਰੈਣ ਬਣਾਇੰਦਾ । ਸ੍ਰੀ ਭਗਵਾਨ ਵੇਖੇ ਜ਼ਿਮੀ ਅਸਮਾ, ਗਗਨ ਗਗਨੰਤਰ ਫੋਲ ਫੁਲਾਇੰਦਾ । ਪਾਰਬ੍ਰਹਮ ਆਪੇ ਖੜਾ ਆਪਣੇ ਥਾਂ, ਸੱਚਖੰਡ ਦੁਆਰਾ ਇਕ ਸੁਹਾਇੰਦਾ । ਜੁਗ ਜੁਗ ਕਰੇ ਸਚ ਨਿਆਂ, ਆਪਣਾ ਗੇੜਾ ਆਪ ਚਲਾਇੰਦਾ । ਜਨ ਭਗਤਾਂ ਫੜੇ ਲੋਕਮਾਤ ਬਾਂਹ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਏਕਾ ਅੱਖਰ ਨਾਮ ਦਏ ਜਪਾ, ਸਾਚਾ ਢੋਲਾ ਆਪੇ ਗਾਇੰਦਾ । ਸਾਚਾ ਮਾਰਗ ਦਏ ਵਖਾ, ਆਪਣਾ ਪੰਥ ਚਲਾਇੰਦਾ । ਰਾਗ ਅਨਾਦੀ ਦਏ ਸੁਣਾ, ਏਕਾ ਰਾਗ ਅਲਾਇੰਦਾ । ਵਾਦ ਵਿਵਾਦ ਦਏ ਮਿਟਾ, ਆਦਿ ਜੁਗਾਦਿ ਖੇਲ ਖਿਲਾਇੰਦਾ । ਸਾਧ ਸੰਤ ਲਏ ਮਿਲਾ, ਆਪ ਆਪਣਾ ਦਰਸ ਦਿਖਾਇੰਦਾ । ਬੋਧ ਅਗਾਧ ਸ਼ਬਦ ਜਣਾ, ਆਪ ਆਪਣੇ ਰੰਗ ਰੰਗਾਇੰਦਾ । ਧੁਰ ਦੀ ਦਾਦ ਝੋਲੀ ਪਾ, ਸਾਚਾ ਹੱਟ ਇਕ ਖੁਲ੍ਹਾਇੰਦਾ । ਚਾਰੇ ਵੇਦਾਂ ਦਏ ਲਿਖਾ, ਆਪਣੀ ਵੰਡਣ ਆਪ ਵੰਡਾਇੰਦਾ । ਬ੍ਰਹਮਾ ਵੇਤਾ ਮੰਗੇ ਢਹਿ ਢਹਿ ਸਰਨਾ, ਚਰਨ ਧੂੜੀ ਮਸਤਕ ਇਕ ਛੁਹਾਇੰਦਾ । ਵਿਸ਼ਨੂੰ ਕੂਕੇ ਉਚੀ ਕਰ ਕਰ ਬਾਂਹ, ਭਗਵਨ


੪੬੩

ਸਾਚਾ ਰਾਹ ਤਕਾਇੰਦਾ । ਸ਼ੰਕਰ ਮੰਗੇ ਚਰਨ ਦੁਆਰੇ ਥਾਂ, ਤਨ ਭਬੂਤੀ ਇਕ ਰਮਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਪ ਆਪਣਾ ਖੇਲ ਖਿਲਾਇੰਦਾ । ਸਾਚੇ ਸੰਤਾ ਦਰਸ਼ਨ ਦੇਵੇ ਆ, ਨਿਤ ਨਵਿਤ ਜੋਤ ਜਗਾਇੰਦਾ । ਲੱਖ ਚੁਰਾਸੀ ਵਿਚੋਂ ਲਏ ਉਠਾ, ਨੌ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਵਰਨ ਗੋਤ ਨਾ ਦਏ ਕੋਈ ਬਣਾ, ਜ਼ਾਤ ਪਾਤ ਨਾ ਕੋਈ ਮਨਾਇੰਦਾ । ਏਕਾ ਬ੍ਰਹਮ ਦਏ ਵਖਾ, ਸੁਰਤ ਸ਼ਬਦੀ ਮੇਲ ਮਿਲਾਇੰਦਾ । ਨਿਹਕਰਮੀ ਆਪਣਾ ਕਰਮ ਲਏ ਕਮਾ, ਹਰਿਜਨ ਸਾਚੇ ਮਾਣ ਦਵਾਇੰਦਾ । ਫੜ ਫੜ ਹੰਸ ਬਣਾਏ ਕਾਂ, ਜਗਤ ਵਿਸ਼ਟਾ ਨਾ ਕੋਇ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਸੋ ਪੁਰਖ ਨਿਰੰਜਣ ਜਪਣਾ ਜਾਪ, ਦੂਜੇ ਅੱਖਰ ਨਾ ਕੋਇ ਪੜ੍ਹਾਈਆ । ਹਰਿ ਪੁਰਖ ਨਿਰੰਜਣ ਵਡ ਪਰਤਾਪ, ਪਰਮ ਪੁਰਖ ਵਡ ਵਡਿਆਈਆ । ਏਕੰਕਾਰਾ ਮਾਰੇ ਤੀਨੋਂ ਤਾਪ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਆਦਿ ਨਿਰੰਜਣ ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਨੈਣ ਦਰਸਾਈਆ । ਅਬਿਨਾਸ਼ੀ ਕਰਤਾ ਖੋਲ੍ਹੇ ਤਾਕ, ਬੰਦ ਕਿਵਾੜੀ ਆਪ ਖੁਲ੍ਹਾਈਆ । ਸ੍ਰੀ ਭਗਵਾਨ ਵੇਖੇ ਮਾਰ ਝਾਕ, ਆਤਮ ਸੇਜਾ ਸੇਜ ਸੁਹਾਈਆ । ਪਾਰਬ੍ਰਹਮ ਪ੍ਰਭ ਬਣੇ ਸਾਚਾ ਸੱਜਣ ਸੈਣ ਸਾਕ, ਸਗਲਾ ਸੰਗ ਨਿਭਾਈਆ । ਬ੍ਰਹਮ ਬ੍ਰਹਮ ਬ੍ਰਹਮ ਵਖਾਏ ਪਾਕੀ ਪਾਕ, ਪਤਿਤ ਪੁਨੀਤ ਵਡ ਵਡਿਆਈਆ । ਜਨ ਭਗਤਾਂ ਪਰਦਾ ਲਏ ਢਾਕ, ਢਾਕਣ ਕੋ ਪਤ ਆਪ ਅਖਵਾਈਆ । ਲੇਖਾ ਜਾਣੇ ਖ਼ਾਕੀ ਖ਼ਾਕ, ਖ਼ਾਲਕ ਖ਼ਲਕ ਵੇਖ ਵਖਾਈਆ । ਜੀਵ ਜੰਤ ਏਕਾ ਪਾਏ ਨਕੇਲ ਨਾਕ, ਮਾਇਆ ਮਮਤਾ ਡੋਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਾਸ ਰਚਾਈਆ । ਸੋ ਪੁਰਖ ਨਿਰੰਜਣ ਸਾਚਾ ਸੱਜਣਾ, ਸਚਖੰਡ ਦੁਆਰੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਨਾ ਘੜਿਆ ਨਾ ਭੱਜਣਾ, ਤਤਵ ਤਤ ਨਾ ਕੋਇ ਰਖਾਇੰਦਾ । ਏਕੰਕਾਰਾ ਨਿਰਗੁਣ ਰੂਪ ਕਿਸੇ ਨਾ ਲੱਭਣਾ, ਜਗਤ ਨੇਤਰ ਦਰਸ਼ਨ ਕੋਇ ਨਾ ਪਾਇੰਦਾ । ਆਦਿ ਨਿਰੰਜਣ ਕਿਸੇ ਫੰਦੀ ਵਿਚ ਨਾ ਬੱਝਣਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਆਪਣੇ ਮੰਦਰ ਬਹਿ ਬਹਿ ਆਪੇ ਸਜਣਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਸ੍ਰੀ ਭਗਵਾਨ ਸ਼ਬਦ ਨਗਾਰਾ, ਬਣ ਬਣ ਆਪੇ ਵੱਜਣਾ, ਆਪਣਾ ਤਾਲ ਆਪ ਸੁਣਾਇੰਦਾ । ਪਾਰਬ੍ਰਹਮ ਪ੍ਰਭ ਪਰਦਾ ਆਪੇ ਕੱਜਣਾ, ਆਪਣਾ ਮੁਖ ਆਪ ਛੁਪਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰਾਏ ਸਾਚਾ ਮਜਨਾ, ਸਰ ਸਰੋਵਰ ਇਕ ਨੁਹਾਇੰਦਾ । ਗੁਰਮੁਖ ਵਿਰਲੇ ਅੰਮ੍ਰਿਤ ਦਰ ਘਰ ਸਾਚੇ ਪੀ ਪੀ ਰੱਜਣਾ, ਕਵਲ ਨਾਭ ਆਪ ਖੁਲ੍ਹਾਇੰਦਾ । ਹਰਿ ਸ਼ਬਦ ਚੜ੍ਹਨਾ ਸਾਚੇ ਜ਼ਹਾਜਨਾ, ਪਾਰ ਕਿਨਾਰਾ ਆਪ ਵਖਾਇੰਦਾ । ਸਤਿ ਸਰੂਪੀ ਮਾਰੇ ਇਕ ਆਵਾਜ਼ਨਾ, ਸ਼ਬਦੀ ਸ਼ਬਦ ਜੈਕਾਰਾ ਲਾਇੰਦਾ । ਖੇਲੇ ਖੇਲ ਗ਼ਰੀਬ ਨਿਵਾਜ਼ਣਾ, ਗ਼ਰੀਬ ਨਿਮਾਣੇ ਮੇਲ ਮਿਲਾਇੰਦਾ । ਹੰਕਾਰੀਆਂ ਤੋੜੇ ਗੜ੍ਹ ਖੋਲ੍ਹੇ ਪਾਜਨਾ, ਨਾਮ ਖੰਡਾ ਇਕ ਚਮਕਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਨਾ, ਸਚ ਸੁਲਤਾਨਾ ਵੇਖ ਵਖਾਇੰਦਾ । ਕਲਜੁਗ ਅੰਤਮ ਵੇਸ ਅਵੱਲਾ ਦੇਸ ਮਾਝਨਾ, ਸਾਚੀ ਨਗਰੀ ਫੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦ ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਰਾਹ ਚਲੰਦੜਾ ਪੁਰਖ ਅਕਾਲ, ਦੀਨਾ ਬੰਧਪ ਵਡ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਮੰਡਪ ਮਾੜੀ ਨਾ ਕੋਇ ਸਮਾਈਆ । ਸਾਚਾ ਦੀਪਕ ਬੈਠਾ ਬਾਲ, ਦੀਵਾ ਬੱਤੀ ਨਾ ਕੋਇ ਰਖਾਈਆ । ਸਾਚੇ ਤਖ਼ਤ ਬੈਠਾ ਨੂਰੀ ਜਲਵਾ ਜਲਾਲ, ਸ਼ਾਹ ਕੰਗਾਲ ਨਾ ਵਡ ਵਡਿਆਈਆ ।

ਆਪੇ ਬਣੇ ਸਚ ਦਲਾਲ, ਸਾਚਾ ਵਣਜ ਆਪ ਕਰਾਈਆ । ਆਪੇ ਸੇਵਾਦਾਰ ਉਠਾਏ ਕਾਲ ਮਹਾਂਕਾਲ, ਦੀਨ ਦਿਆਲ ਬੇਪਰਵਾਹੀਆ । ਆਪੇ ਸਚ ਦੁਆਰਿਉਂ ਮਾਰੇ ਆਪਣੀ ਛਾਲ, ਕਿਲਾ ਕੋਟ ਪਾਰ ਕਰਾਈਆ । ਆਪੇ ਆਪਣੀ ਘਾਲ ਜੁਗ ਜੁਗ ਲਏ ਘਾਲ, ਹਰਿ ਦਾਤਾ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲੀ ਜਗਤ ਚਾਲ, ਕਲਜੁਗ ਅਵੱਲੜੀ ਚਾਲ ਆਪਣੇ ਹੱਥ ਰਖਾਈਆ । ਕਰਿਆ ਖੇਲ ਬੇਮਿਸਾਲ, ਵੇਦ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਪੀਰ ਅਵਤਾਰ ਸਾਧ ਸੰਤ ਭੇਵ ਕੋਇ ਨਾ ਪਾਈਆ । ਦੋ ਜਹਾਨਾ ਏਕਾ ਚਾਲ, ਚੌਦਾਂ ਤਬਕਾਂ ਏਕਾ ਰਾਹ ਵਖਾਈਆ । ਗੁਰਮੁਖਾਂ ਚਲੇ ਨਾਲ ਨਾਲ, ਬੇਐਬ ਪਰਵਰਦਿਗਾਰ ਨਾਉਂ ਅੱਖਰ ਇਕ ਖ਼ੁਦਾਈਆ । ਕਲਜੁਗ ਅੰਤਮ ਕਰੇ ਕਾਲ, ਕਾਲ ਨਗਾਰਾ ਇਕ ਵਜਾਈਆ । ਗੁਰਮੁਖ ਸੱਜਣ ਲਏ ਭਾਲ, ਭਗਵਨ ਆਪਣੀ ਭਗਤੀ ਆਪ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਬੰਧਨ ਬੰਦ ਦਏ ਕਟਾਈਆ । ਆਪੇ ਵੇਖੇ ਆਪਣੇ ਲਾਲ, ਲਾਲ ਅਮੋਲਕ ਮੋਤੀ ਹੀਰੇ ਮਾਣਕ ਜਵਾਹਰ ਆਪ ਉਠਾਈਆ । ਅੰਤ ਕੰਤ ਭਗਵੰਤ ਕਰੇ ਸੰਤ ਪ੍ਰਿਤਪਾਲ, ਜੁਗਾ ਜੁਗੰਤਰ ਸੇਵ ਕਮਾਈਆ । ਬਣਾਏ ਬਣਤ ਹਰਿ ਦੀਨ ਦਿਆਲ, ਦਰਦ ਦੁੱਖ ਭੈ ਭੰਜਣ ਦੀਨਾਂ ਅਨਾਥਾਂ ਦਰਦ ਵੰਡਾਈਆ । ਲੱਖ ਚੁਰਾਸੀ ਹਾਲ ਬੇਹਾਲ ਸੁਰਤ ਸੰਭਾਲ, ਕੋਈ ਪਾਂਧੀ ਰਾਹ ਨਾ ਚਲੇ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਫੜ, ਆਪਣਾ ਬੰਧਨ ਆਪੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖਣਹਾਰ ਬਖ਼ਸ਼ੇ ਸਚ ਸੱਚੀ ਸਰਨਾਈਆ ।



੪੬੫

## ❋ ੨੭ ਚੇਤ ੨੦੧੭ ਬਿਕ੍ਰਮੀ ਬਾਬੇ ਮੋਤਾ ਸਿੰਘ ਦੇ ਘਰ ਦਇਆ ਹੋਈ ਕਲਸੀਆਂ ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਗੁਣ ਨਿਧਾਨ, ਹਰਿ ਵੱਡਾ ਵਡਿਆਈਆ । ਹਰਿ ਪੁਰਖ ਨਿਰੰਜਣ ਮਿਹਰਵਾਨ, ਨਿਰਗੁਣ ਦਾਤਾ ਬੇਪਰਵਾਹੀਆ । ਏਕੰਕਾਰਾ ਨੌਜਵਾਨ, ਨਾ ਮਰੇ ਨਾ ਜਾਈਆ । ਆਦਿ ਨਿਰੰਜਣ ਖੇਲ ਮਹਾਨ, ਇਕ ਇਕੱਲਾ ਖੇਲ ਖਿਲਾਈਆ । ਸ੍ਰੀ ਭਗਵਾਨ ਦਾਤਾ ਦਾਨੀ ਦੇਵੇ ਦਾਨ, ਆਦਿ ਜੁਗਾਦੀ ਵਡ ਵਡਿਆਈਆ । ਅਬਿਨਾਸ਼ੀ ਕਰਤਾ ਪਾਏ ਏਕਾ ਆਣ, ਆਪ ਆਪਣਾ ਹੁਕਮ ਚਲਾਈਆ । ਪਾਰਬ੍ਰਹਮ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਨੈਣ ਉਠਾਈਆ । ਏਕਾ ਮੰਤਰ ਇਕ ਗਿਆਨ, ਸਚਖੰਡ ਦੁਆਰੇ ਆਪ ਜਣਾਈਆ । ਸਤਿ ਪੁਰਖ ਨਿਰੰਜਣ ਧੁਰ ਦੀਬਾਣ, ਬੇਅੰਤ ਬੇਪਰਵਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਈਆ । ਅਗੰਮ ਅਗੰਮੜਾ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਏਕੰਕਾਰਾ ਸੰਗ ਰਲਾਇੰਦਾ । ਆਦਿ ਨਿਰੰਜਣ ਵਸਣਹਾਰਾ ਜਲਾਂ ਥਲਾਂ, ਅਬਿਨਾਸ਼ੀ ਕਰਤਾ ਘਟ ਘਟ ਡੇਰਾ ਲਾਇੰਦਾ । ਸ੍ਰੀ ਭਗਵਾਨ ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਨਿਰਗੁਣ ਰੰਗ ਰੰਗਾਇੰਦਾ । ਪਾਰਬ੍ਰਹਮ ਸਚ ਸਿੰਘਾਸਣ ਏਕਾ ਮੱਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸਚਖੰਡ ਨਿਵਾਸਾ ਖੇਲ ਤਮਾਸ਼ਾ, ਸੋ ਪੁਰਖ ਨਿਰੰਜਣ ਆਪ ਖਲਾਈਆ । ਹਰਿ ਪੁਰਖ ਨਿਰੰਜਣ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਮੰਡਪ ਵੇਖ ਵਖਾਈਆ । ਇਕ ਇਕੱਲਾ ਪਾਵੇ ਰਾਸਾ, ਰਵ ਸਸ ਸੂਰਜ

ਚੰਨ ਹੁਕਮੀ ਹੁਕਮ ਫਿਰਾਈਆ । ਆਦਿ ਨਿਰੰਜਣ ਹੋ ਪ੍ਰਕਾਸ਼ਾ, ਜੋਤੀ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦਾਸੀ ਦਾਸਾ, ਸੇਵਕ ਸਾਚੀ ਸੇਵ ਕਮਾਈਆ । ਪੁਰਖ ਅਬਿਨਾਸ਼ੀ ਪੂਰੀ ਕਰਨਹਾਰਾ ਆਸਾ, ਇਛਿਆ ਭਿਛਿਆ ਝੋਲੀ ਪਾਈਆ । ਪਾਰਬ੍ਰਹਮ ਘਟ ਘਟ ਅੰਦਰ ਕਰੇ ਵਾਸਾ, ਨਿਜ ਆਪਣੀ ਜੋਤ ਜਗਾਈਆ । ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ਼ਾ, ਸਾਚੇ ਤਖ਼ਤ ਆਪ ਸੁਹਾਈਆ । ਬ੍ਰਹਮਾ ਵਿਸ਼ਨ ਸ਼ਿਵ ਬਖ਼ਸ਼ੇ ਚਰਨ ਭਰਵਾਸਾ, ਕਵਲ ਕਵਲਾ ਨੈਣ ਖੁਲ੍ਹਾਈਆ । ਅੰਮ੍ਰਿਤ ਆਤਮ ਦੇ ਬੁਝਾਏ ਪਿਆਸਾ, ਸਾਂਤਕ ਸਤਿ ਸਤਿ ਵਰਤਾਈਆ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਜੁਗਾ ਜੁਗੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਬੇਪਰਵਾਹੀਆ । ਬੇਪਰਵਾਹ ਇਕ ਇਕੱਲਾ ਸਚਖੰਡ ਦੁਆਰੇ ਸੋਭਾ ਪਾਇੰਦਾ । ਵਸਣਹਾਰਾ ਸਚ ਮਹੱਲਾ, ਬੰਕ ਦੁਆਰਾ ਆਪ ਸੁਹਾਇੰਦਾ । ਬੈਠਾ ਰਹੇ ਨਿਹਚਲ ਧਾਮ ਅਟੱਲਾ, ਉਚ ਮਹੱਲ ਅਟੱਲ ਆਪ ਉਪਾਇੰਦਾ । ਆਪਣੇ ਦੀਪਕ ਆਪੇ ਬਲਾ, ਸਤਿ ਪਰਕਾਸ਼ ਆਪ ਕਰਾਇੰਦਾ । ਸਚ ਸੁਨੇਹੜਾ ਸ਼ਬਦ ਅਗੰਮੀ ਆਪੇ ਘੱਲਾ, ਜੁਗ ਜੁਗ ਆਪਣਾ ਹੁਕਮ ਚਲਾਇੰਦਾ । ਤ੍ਰੈ ਤ੍ਰੈ ਫੜਾਏ ਆਪੇ ਪੱਲਾ, ਆਪ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਆਪੇ ਪਾਇੰਦਾ । ਜੁਗ ਜੁਗ ਬੰਧਨ ਹਰਿ ਕਰਤਾਰ, ਲੋਆਂ ਪੁਰੀਆਂ ਆਪੇ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਖ਼ਬਰਦਾਰ, ਧੁਰ ਫ਼ਰਮਾਣਾ ਦਏ ਜਣਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਏਕਾ ਬੰਕ ਸੁਹਾਈਆ । ਪੰਜ ਤਤ ਕਰ ਅਕਾਰ, ਨਿਰਾਕਾਰ ਵਿਚ ਸਮਾਈਆ । ਹੱਡ ਮਾਸ ਨਾੜੀ ਕਰ ਸ਼ਿੰਗਾਰ, ਤਨ ਬਸਤਰ ਇਕ ਸੁਹਾਈਆ । ਅੰਦਰ ਮੰਦਰ ਖੋਲ੍ਹ ਕਿਵਾੜ, ਸਾਚੀ ਹਾਟੀ ਵੇਖ ਵਖਾਈਆ । ੪੬੬
ਚੌਦਾਂ ਲੋਕਾਂ ਬੰਨ੍ਹੇ ਧਾਰ, ਚੌਦਾਂ ਤਬਕਾਂ ਵੇਖ ਵਖਾਈਆ । ਬ੍ਰਹਿਮੰਡ ਖੰਡ ਅੰਦਰ ਦੇਵੇ ਵਾੜ, ਸਤਿ ਸਰੂਪੀ ਦਇਆ ਕਮਾਈਆ । ਆਪੇ ਹੋਏ ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਇਕ ਅਖਵਾਈਆ । ਜੁਗ ਕਰਤਾ ਪੁਰਖ ਸਮਰਥ, ਹਰਿ ਸਾਚਾ ਹਰਿ ਅਖਵਾਇੰਦਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰ ਕੁੰਟ ਦਹਿ ਦਿਸ਼ਾ ਜੂਨ ਅਜੂਨ ਆਪ ਫਿਰਾਇੰਦਾ । ਆਪ ਜਣਾਏ ਪੂਜਾ ਪਾਠ, ਅਬਿਨਾਸ਼ੀ ਕਰਤਾ ਨਾਮ ਦ੍ਰਿੜਾਇੰਦਾ । ਚਾਰੇ ਵੇਦਾਂ ਖੋਲ੍ਹ ਹਾਟ, ਸ਼ਬਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਨੀ ਕਰਤਾ ਕਿਰਤ ਕਮਾਇੰਦਾ । ਜੁਗ ਕਰਤਾ ਹਰਿ ਭਗਵਾਨ, ਵਡ ਦਾਤਾ ਬੇਪਰਵਾਹੀਆ । ਸਤਿ ਸਰੂਪ ਸਤਿ ਨਿਸ਼ਾਨ, ਸਚ ਦੁਆਰੇ ਆਪ ਝੁਲਾਈਆ । ਨੌ ਖੰਡ ਵੇਖੇ ਮਾਰ ਧਿਆਨ, ਸੱਤਾਂ ਦੀਪਾਂ ਫੋਲ ਫੁਲਾਈਆ । ਲੱਖ ਚੁਰਾਸੀ ਹੋ ਪਰਧਾਨ, ਘਰ ਘਰ ਬੈਠਾ ਅਲੱਖ ਜਗਾਈਆ । ਆਪੇ ਗਾਏ ਨਾਦ ਧੁਨਕਾਨ, ਧੁਨ ਆਤਮਕ ਸ਼ਬਦ ਸੁਣਾਈਆ । ਆਪੇ ਲੇਖਾ ਜਾਣੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਆਸਾ ਤ੍ਰਿਸ਼ਨਾ ਪੀਣ ਖਾਣ, ਮਾਇਆ ਮਮਤਾ ਆਪਣੇ ਰੰਗ ਰੰਗਾਈਆ । ਆਪੇ ਬਿਰਹੋਂ ਤੀਰ ਨਿਰਾਲਾ ਮਾਰੇ ਬਾਣ, ਨਿਮਖ ਨਿਮਖ ਆਪ ਕਟਾਈਆ । ਆਪ ਜੋਤ ਸਤਿ ਜਗਾਏ ਮਹਾਨ, ਅੰਧ ਅੰਧੇਰ ਦਏ ਗੁਆਈਆ । ਆਪ ਸੁਣਾਏ ਧੁਰ ਫ਼ਰਮਾਣ, ਘਰ ਸਾਚੇ ਵੱਜੇ ਵਧਾਈਆ । ਆਪੇ ਸੰਤ ਉਠਾਏ ਦੇਵੇ ਮਾਣ, ਭਗਤ ਭਗਵੰਤ ਇਕ ਵਡਿਆਈਆ । ਆਪੇ ਜੋਧਾ ਸੂਰਬੀਰ ਬਲਵਾਨ, ਤੀਰ ਕਮਾਨ ਆਪ ਉਠਾਈਆ । ਆਪ ਖੜਗ ਖੰਡਾ ਤੇਜ਼ ਕਿਰਪਾਨ,

ਸੰਖ ਚੱਕਰ ਗਦਾ ਆਪ ਭੁਆਈਆ । ਆਪੇ ਬ੍ਰਹਿਮੰਡ ਖੰਡ ਹੋ ਪਰਧਾਨ, ਆਪ ਆਪਣਾ ਵੇਸ ਧਰਾਈਆ । ਆਪੇ ਲੇਖਾ ਜਾਣੇ ਗੋਪੀ ਕਾਹਨ, ਆਪੇ ਸਈਆਂ ਮੰਡਲ ਰਾਸ ਰਚਾਈਆ । ਆਪੇ ਮੇਲ ਮਿਲਾਏ ਸੀਤਾ ਰਾਮ, ਸੀਤਾ ਸੁਰਤੀ ਰਾਮ ਸ਼ਬਦ ਪ੍ਰਨਾਈਆ । ਆਪੇ ਅੰਮ੍ਰਿਤ ਪਿਆਏ ਸਾਚਾ ਜਾਮ, ਨਾਮ ਪਿਆਲਾ ਹੱਥ ਉਠਾਈਆ । ਆਪੇ ਸਾਚਾ ਸਯਦਾ ਕਰ ਪ੍ਰਨਾਮ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਕਲਮੀ ਕਲਮਾ ਪੜ੍ਹੇ ਅਮਾਮ, ਕਾਇਨਾਤ ਆਪ ਪੜ੍ਹਾਈਆ । ਆਪੇ ਇਸਮ ਆਜ਼ਮ ਹੋਏ ਇਸਲਾਮ, ਨਬੀ ਰਸੂਲ ਆਪ ਅਖਵਾਈਆ । ਆਪੇ ਆਪ ਹਯਾਤ ਪਿਆਏ ਜਾਮ, ਮਲਕੁਲਮੌਤ ਆਪਣਾ ਰੂਪ ਵਟਾਈਆ । ਆਪੇ ਪ੍ਰਗਟ ਕਰਾਏ ਸਤਿਨਾਮ, ਨਾਮ ਨਾਮੇ ਵਡ ਵਡਿਆਈਆ । ਆਪੇ ਵਸੇ ਕਾਇਆ ਖੇੜਾ ਸਾਚੇ ਨਗਰ ਗ੍ਰਾਮ, ਘਰ ਮੰਦਰ ਸੋਭਾ ਪਾਈਆ । ਆਪੇ ਭਾਗ ਲਗਾਏ ਮਾਟੀ ਚਾਮ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁੱਧ ਆਪਣੇ ਵਿਚ ਟਿਕਾਈਆ । ਆਪੇ ਮੇਟੇ ਰੈਣ ਅੰਧੇਰੀ ਸ਼ਾਮ, ਸਾਚੀ ਸਚ ਕਰੇ ਰੁਸ਼ਨਾਈਆ । ਆਪੇ ਲੇਖਾ ਜਾਣੇ ਕੋਟਨ ਕੋਟੀ ਭਾਨ, ਕੋਟ ਕੋਟੀ ਇਕਾ ਕਿਰਨ ਦਏ ਵਡਿਆਈਆ । ਆਪੇ ਆਦਿ ਜੁਗਾਦੀ ਜਾਣੀ ਜਾਣ, ਜੁਗ ਜੁਗ ਆਪਣਾ ਵੇਸ ਵਟਾਈਆ । ਆਪੇ ਸਤਿਜੁਗ ਸਾਚੇ ਕਰੇ ਪਰਧਾਨ, ਆਪੇ ਤ੍ਰੇਤਾ ਤੀਰ ਚਲਾਈਆ । ਆਪੇ ਦੁਆਪਰ ਹੋਇਆ ਨੌਜਵਾਨ, ਮੁਕੰਦ ਮਨੋਹਰ ਲਖ਼ਮੀ ਨਰਾਇਣ ਵਡ ਵਡਿਆਈਆ । ਆਪੇ ਕਲਜੁਗ ਖੇਲੇ ਖੇਲ ਦੋ ਜਹਾਨ, ਲੋਕਮਾਤ ਫੇਰਾ ਪਾਈਆ । ਆਪੇ ਈਸਾ ਮੂਸਾ ਜਗਤ ਨਿਸ਼ਾਨ, ਕਾਲਾ ਸੂਸਾ ਤਨ ਪਹਿਨਾਈਆ । ਆਪੇ ਮਜ਼੍ਹਬ ਦੀਨ ਇਸਲਾਮ, ਅੰਜੀਲ ਕੁਰਾਨਾ ਆਪੇ ਗਾਈਆ । ਆਪੇ ਵੇਦ ਸ਼ਾਸਤਰ ਸਿਮਰਤ ਹੋਏ ਪੁਰਾਨ, ਗਾਇਤਰੀ ਮੰਤਰ ਆਪ ਪੜ੍ਹਾਈਆ । ਆਪੇ ਓਅੰ ਰੂਪ ਆਪ ਭਗਵਾਨ, ਸੋਇਮ ਰੂਪ ਸਰਬ ਦਰਸਾਈਆ । ਆਪੇ ਭਗਵਤ ਭਗੌਤੀ ਖਿਚੇ ਮਿਆਨ, ਸਿੰਘ ਅਸਵਾਰ ਆਪ ਹੋ ਜਾਈਆ । ਆਪੇ ਹੋਏ ਬਾਲ ਨਾਦਾਨ, ਰੂਪ ਅਨੂਪ ਆਪ ਵਟਾਈਆ । ਆਪੇ ਨਾਨਕ ਨਿਰਗੁਣ ਦੇਵੇ ਦਾਨ, ਸਾਚੀ ਵਸਤ ਝੋਲੀ ਪਾਈਆ । ਆਪੇ ਗੋਬਿੰਦ ਜੋਧਾ ਬਣੇ ਬਲਵਾਨ, ਏਕਾ ਖੰਡਾ ਹੱਥ ਚਮਕਾਈਆ । ਆਪੇ ਅੰਮ੍ਰਿਤ ਆਤਮ ਕਰੇ ਪਾਨ, ਪਤਿਤ ਪੁਨੀਤ ਆਪ ਕਰਾਈਆ । ਆਪੇ ਬਖ਼ਸ਼ੇ ਸੱਚਾ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਗੁਆਈਆ । ਆਪੇ ਜੁਗਾ ਜੁਗੰਤਰ ਹੋ ਪਰਧਾਨ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਸਰਗੁਣ ਸ਼ਬਦ ਸੁਣਾਏ ਕਾਨ, ਨਿਰਗੁਣ ਆਪਣਾ ਨਿਸ਼ਅੱਖਰ ਕਰੇ ਪੜ੍ਹਾਈਆ । ਕਲਜੁਗ ਅੰਤਮ ਲਏ ਪਛਾਣ, ਚਾਰੋਂ ਕੁੰਟ ਅੰਧੇਰਾ ਛਾਈਆ । ਰਵ ਸਸ ਮੁਖ ਸ਼ਰਮਾਣ, ਸੀਤਲ ਧਾਰ ਨਾ ਕੋਇ ਵਹਾਈਆ । ਕਾਗਦ ਕਲਮ ਹੋਏ ਹੈਰਾਨ, ਲਿਖ ਲਿਖ ਥੱਕੀ ਸੱਤ ਸਰੋਵਰ ਤੇਰੀ ਸਿਆਹੀਆ । ਬਸੁੱਧਾ ਗੁਣ ਨਾ ਜਾਣੇ ਗੁਣ ਨਿਧਾਨ, ਉਚੀ ਕੂਕੇ ਦਏ ਦੁਹਾਈਆ । ਕਰੋੜ ਤੇਤੀਸਾ ਚਰਨ ਦੁਆਰੇ ਮੰਗਣ ਆਣ, ਖ਼ਾਲੀ ਝੋਲੀ ਰਹੇ ਵਖਾਈਆ । ਬ੍ਰਹਮਾ ਨੇਤਰ ਅੱਠੇ ਰੋਵੇ ਨੀਰ ਵਿਰੋਲੇ ਆਪਣਾ ਆਪ ਨਾ ਰਿਹਾ ਪਛਾਣ, ਧੀਰਜ ਧੀਰ ਨਾ ਕੋਇ ਧਰਾਈਆ । ਸ਼ੰਕਰ ਬੈਠਾ ਸੁੰਞ ਮਸਾਣ, ਸ੍ਰਿਸ਼ਟ ਸਬਾਈ ਰਿਹਾ ਜਣਾਈਆ । ਵਿਸ਼ਨੂੰ ਸੁਣੇ ਹਰਿ ਕਾ ਸ਼ਬਦ ਲਾ ਲਾ ਕਾਨ, ਬਾਸ਼ਕ ਸਾਂਗੋ ਪਾਂਗ, ਸੇਜ ਬੈਠਾ ਆਸਣ ਲਾਈਆ । ਏਕੰਕਾਰਾ ਸ੍ਰੀ ਭਗਵਾਨ, ਨਿਰਗੁਣ ਦਾਤਾ ਆਪਣੀ ਖੇਲ ਰਿਹਾ ਖਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਰਗਟ ਹੋਏ ਵਾਲੀ ਦੋ ਜਹਾਨ । ਘਨਕ ਪੁਰ ਵਾਸੀ ਆਪਣਾ ਨਾਉਂ ਧਰਾਈਆ । ਸ਼ਬਦ ਉਠਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਲੋਕਮਾਤ ਵੇਖੇ ਮਾਰ ਧਿਆਨ, ਹਰਿਜਨ ਸਾਚੇ

ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਖੇਲ ਅਪਾਰਾ ਜੁਗ ਜੁਗ ਪਸਾਰਾ, ਆਪ ਆਪਣਾ ਵੇਖ ਵਖਾਈਆ । ਹਰਿ ਪਸਾਰਾ ਪੇਖਿਆ, ਨਿਰਗੁਣ ਰੂਪ ਅਪਾਰ । ਬ੍ਰਹਮਾ ਵਿਸ਼ਨ ਸ਼ਿਵ ਨਾ ਜਾਣੇ ਲੇਖਿਆ, ਚਾਰੇ ਵੇਦ ਰਹੇ ਪੁਕਾਰ । ਹਰਿ ਕਾ ਰੂਪ ਮੁਛ ਦਾੜ੍ਹੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਵਿਚ ਸੰਸਾਰ । ਭਾਣਾ ਜਾਣੇ ਗੁਰੂ ਦਸ ਦਸਮੇਸ਼ਿਆ, ਕਲਜੁਗ ਅੰਤਮ ਵਰਤੇ ਵਰਤਾਵੇ ਜੋ ਕਰਤਾਰ । ਤਖ਼ਤ ਤਾਜ ਨਾ ਦਿਸੇ ਨਰ ਨਰੇਸਿਆ, ਨਰ ਨਰਾਇਣ ਕਰੇ ਖੁਆਰ । ਜੋਤੀ ਜਾਮਾ ਧਾਰੇ ਭੇਖਿਆ, ਨਿਹਕਲੰਕ ਲਏ ਅਵਤਾਰ । ਸ਼ਬਦੀ ਵਿਚੋਲਾ ਦੇਸ ਪਰਦੇਸਿਆ, ਢੋਲਾ ਗਾਏ ਆਪ ਆਪਣੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰ ਹਰਿ ਹਰਿ ਖੇਲ, ਭੇਵ ਕੋਇ ਨਾ ਪਾਇੰਦਾ । ਜੁਗ ਜੁਗ ਹਰਿਜਨ ਹਰਿ ਭਗਤ ਸਾਚੇ ਸੰਤ ਲਏ ਮੇਲ, ਆਪ ਆਪਣਾ ਮੇਲ ਮਿਲਾਇੰਦਾ । ਆਦਿ ਨਿਰੰਜਣ ਚਾੜ੍ਹੇ ਤੇਲ, ਜੋਤ ਨਿਰੰਜਣ ਸਗਨ ਮਨਾਇੰਦਾ । ਅਚਰਜ ਪਾਰਬ੍ਰਹਮ ਪ੍ਰਭ ਖੇਲੇ ਖੇਲ, ਗੁਰਮੁਖ ਵਿਰਲੇ ਬੂਝ ਬੁਝਾਇੰਦਾ । ਸਖਾ ਸਖਾਈ ਸੱਜਣ ਸੁਹੇਲ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਵਸਣਹਾਰਾ ਧਾਮ ਨਵੇਲ, ਧਰਤੀ ਧਵਲ ਆਪ ਸੁਹਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲ, ਗੁਰ ਸਤਿਗੁਰ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਗੋਪਾਲ, ਨਿਹਕਲੰਕ ਨਾਉਂ ਰਖਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਦਰ ਘਰ ਸਾਚੇ ਬੈਠਾ ਸੋਭਾ ਪਾਈਆ । ਗੁਰਮੁਖ ਵੇਖੇ ਸਾਚੇ ਲਾਲ, ਜੁਗ ਵਿਛੜੇ ਮੇਲ ਮਿਲਾਈਆ । ਨਾਤਾ ਤੋੜੇ ਕਾਲ ਮਹਾਂਕਾਲ, ਆਪ ਅਪਣੀ ਗੋਦ ਬਹਾਈਆ । ਕਲਜੁਗ ਅੰਤਮ ਚਲੀ ਅਵੱਲੜੀ ਚਾਲ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਸ਼ਬਦ ਸਰੂਪੀ ਬਣ ਦਲਾਲ, ਗੁਰ ਗੋਬਿੰਦ ਦਏ ਗਵਾਹੀਆ । ਨੌ ਖੰਡ ਪ੍ਰਿਥਮੀ ਤੇਰਾ ਸੁਹਾਏ ਸਾਚਾ ਤਾਲ, ਅਠਸਠ ਲੇਖਾ ਦਏ ਮੁਕਾਈਆ । ਸਤਿਜੁਗ ਸਾਚੀ ਵਸਤ ਦੇਵੇ ਸੱਚਾ ਧਨ ਮਾਲ, ਨਾਮ ਖਜ਼ਾਨਾ ਇਕ ਵਖਾਈਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਊਚ ਨੀਚ ਰਹਿਣ ਨਾ ਪਾਈਆ । ਲੱਖ ਚੁਰਾਸੀ ਫਲ ਲਗਾਏ ਏਕਾ ਡਾਲ੍ਹ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਗੁਰਸਿਖ ਸੱਜਣ ਸਾਚੇ ਭਾਲ, ਭਵਜਲ ਅੰਤਮ ਪਾਰ ਕਰਾਈਆ । ਦਿਵਸ ਰੈਣ ਵਸੇ ਨਾਲ, ਰਵ ਸਸ ਰਹੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਭੇਖ ਵਟਾਇਆ, ਹਰਿ ਵੱਡਾ ਵਡ ਵਡਿਆਈਆ । ਘਨਕ ਪੁਰ ਵਾਸੀ ਫੇਰਾ ਪਾਇਆ, ਸੰਬਲ ਬੈਠਾ ਜੋਤ ਜਗਾਈਆ । ਨਿਰਗੁਣ ਸਰਗੁਣ ਬਣ ਕੇ ਆਇਆ, ਸਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਨਿਰਗੁਣ ਘੋੜੇ ਚੜ੍ਹ ਕੇ ਆਇਆ, ਲੋਆਂ ਪੁਰੀਆਂ ਚਰਨਾਂ ਹੇਠ ਦਬਾਈਆ । ਸ਼ਬਦ ਅਗੰਮੀ ਖੰਡਾ ਫੜ ਕੇ ਆਇਆ, ਬਹੱਤਰ ਨਾੜ ਰਹੀ ਕੁਰਲਾਈਆ । ਕਲਜੁਗ ਅਗਨੀ ਆਪੇ ਸੜ ਕੇ ਆਇਆ, ਗੁਰਸਿਖਾਂ ਅਗਨੀ ਦਏ ਬੁਝਾਈਆ । ਧੁਰਦਰਗਾਹੀ ਧੁਰ ਦਾ ਸ਼ਬਦ ਏਕਾ ਪੜ੍ਹ ਕੇ ਆਇਆ, ਸੋ ਪੁਰਖ ਨਿਰੰਜਣ ਕਰੇ ਸਚ ਪੜ੍ਹਾਈਆ । ਚਾਰ ਵਰਨਾਂ ਲੜ ਫੜ ਕੇ ਆਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਪੁਰਖ ਅਕਾਲਾ, ਆਪੇ ਚਲੇ ਅਵੱਲੜੀ ਚਾਲਾ, ਜਗਤ ਅਵੱਲੜੀ ਚਾਲ ਚਲਾਈਆ । ਚਾਲ ਅਵੱਲੜੀ ਹਰਿ ਨਰਾਇਣ, ਨਿਰਗੁਣ ਆਪਣੀ ਆਪ ਚਲਾਇੰਦਾ । ਸਰਗੁਣ ਕੋਇ ਨਾ ਸਕੇ ਕਹਿਣ, ਲੇਖਾ

ਦੂਸਰ ਹੱਥ ਨਾ ਕਿਸੇ ਫੜਾਇੰਦਾ । ਦਿਸ ਨਾ ਆਏ ਦੋਏ ਨੈਣ, ਜਗਤ ਨੇਤਰ ਸਰਬ ਤਰਸਾਇੰਦਾ । ਜਿਸ ਜਨ ਸਤਿਗੁਰ ਪੂਰਾ ਮਿਲਿਆ ਸਾਕ ਸੱਜਣ ਸੈਣ, ਨਿਜ ਨੇਤਰ ਇਕ ਖੁਲ੍ਹਾਇੰਦਾ । ਨਾਤਾ ਤੁਟੇ ਮਾਤ ਪਿਤ ਭਾਈ ਭੈਣ, ਗੁਰ ਸ਼ਬਦੀ ਜੋੜ ਜੁੜਾਇੰਦਾ । ਨੇੜ ਨਾ ਆਏ ਲਾੜੀ ਮੌਤ ਡਾਇਣ, ਧਰਮ ਰਾਏ ਨਾ ਬੰਧਨ ਪਾਇੰਦਾ । ਜੋ ਜਨ ਸੋਹੰ ਸ਼ਬਦ ਰਸਨਾ ਕਹਿਣ, ਲੱਖ ਚੁਰਾਸੀ ਫੰਦ ਕਟਾਇੰਦਾ । ਕਲਜੁਗ ਅੰਤ ਚੁਕਾਏ ਲਹਿਣ ਦੇਣ, ਦੇਵਣਹਾਰ ਆਪ ਅਖਵਾਇੰਦਾ । ਗੁਰੂ ਗੁਰ ਗੁਰਸਿਖ ਧਾਮ ਇਕੱਠੇ ਸਾਚੇ ਬਹਿਣ, ਸਚਖੰਡ ਦੁਆਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਭੇਵ ਖੁਲ੍ਹਾਇੰਦਾ । ਨਿਰਗੁਣ ਭੇਵ ਅਵੱਲੜਾ, ਵੇਦ ਕਤੇਬ ਕਹਿਣ ਨਾ ਜਾਈਆ । ਪੁਰਖ ਅਬਿਨਾਸ਼ੀ ਇਕ ਇਕੱਲੜਾ, ਜੁਗ ਜੁਗ ਆਪਣੀ ਰਚਨ ਰਚਾਈਆ । ਸਚਖੰਡ ਦੁਆਰਾ ਏਕੰਕਾਰਾ ਥਿਰ ਦਰਬਾਰਾ ਆਪੇ ਖੁਲ੍ਹੜਾ, ਸਿੰਘਾਸਣ ਆਸਣ ਕਰ ਰੁਸ਼ਨਾਈਆ । ਗੁਰ ਪੀਰ ਅਵਤਾਰ ਫੜਾਏ ਪੱਲੜਾ, ਲੋਕਮਾਤ ਸ਼ਬਦ ਕੁੜਮਾਈਆ । ਸਚ ਸੰਦੇਸ਼ ਹਰਿ ਨਰੇਸ਼ ਜੁਗਾ ਜੁਗੰਤਰ ਆਪ ਆਪਣਾ ਘਲੜਾ, ਹੁਕਮੀ ਹੁਕਮ ਸਰਬ ਚਲਾਈਆ । ਕਲਜੁਗ ਅੰਤਮ ਵੇਸ ਅਵੱਲੜਾ, ਨਿਰਗੁਣ ਆਪਣਾ ਰੰਗ ਵਟਾਈਆ । ਹੱਡ ਮਾਸ ਨਾੜੀ ਨਾ ਦੀਸੇ ਚਮੜਾ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੇਲ ਕਰੇ ਹਰਿ, ਹਰੀ ਹਰਿ ਆਪ ਅਖਵਾਈਆ । ਹਰੀ ਹਰਿ ਖੇਲ ਅਪਾਰਾ, ਹਰਿ ਸਾਚਾ ਵੇਸ ਵਟਾਇੰਦਾ । ਨਿਰਗੁਣ ਸਰਗੁਣ ਦੋਵੇਂ ਧਾਰਾ, ਲੋਕਮਾਤ ਚਲਾਇੰਦਾ । ਗੁਰ ਸਤਿਗੁਰ ਸਾਚਾ ਲਏ ਅਵਤਾਰਾ, ਆਪਣਾ ਖੇਲ ਖਿਲਾਇੰਦਾ । ਸ਼ਬਦ ਅਨਾਦੀ ਇਕ ਜੈਕਾਰਾ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਵਰਨਾਂ ਬਰਨਾਂ ਵਸੇ ਬਾਹਰਾ, ਜ਼ਾਤ ਪਾਤ ਨਾ ਕੋਇ ਬਣਾਇੰਦਾ । ਪੈਂਤੀਸ ਅੱਖਰ ਨਾ ਪਾਵੇ ਸਾਰਾ, ਬਾਵਨ ਅੱਖਰ ਨਾ ਕੋਇ ਪੜ੍ਹਾਇੰਦਾ । ਚਾਰ ਵੇਦ ਨਾ ਬਣੇ ਲਿਖਾਰਾ, ਬ੍ਰਹਮਾ ਮੁਖ ਨਾ ਚਾਰ ਸਾਲਾਹਿੰਦਾ । ਵਿਸ਼ਨੂੰ ਨਿਉਂ ਨਿਉਂ ਨਾ ਕਰੇ ਨਿਮਸਕਾਰਾ, ਨੇਤਰ ਧਿਆਨ ਨਾ ਕੋਇ ਲਗਾਇੰਦਾ । ਸਚਖੰਡ ਵਸੇ ਆਪ ਨਿਰੰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਨੂਰੋ ਨੂਰ ਡਗਮਗਾਇੰਦਾ । ਮਨ ਮਤ ਪਾਵੇ ਸਾਰਾ, ਲਾਸ਼ਰੀਕ ਵੇਖ ਵਖਾਇੰਦਾ । ਅਜ਼ਮਤੋ ਕਸਮਤੋ ਰੰਗ ਰੰਗੇ ਰੰਗਣਹਾਰਾ, ਰੰਗ ਰੰਗੀਲਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚੌਦਾਂ ਤਬਕਾਂ ਇਕ ਹੁਲਾਰਾ, ਪੀਰ ਦਸਤਗੀਰ ਲੇਖਾ ਜਾਣੇ ਗੁਪਤ ਜ਼ਾਹਰਾ, ਜਗਤ ਨੇਤਰ ਵੇਖ ਵਖਾਇੰਦਾ । ਪੀਰ ਦਸਤਗੀਰ ਸ਼ਾਹ ਹਕੀਰ, ਹਰਿ ਸਾਚਾ ਸਚ ਉਪਜਾਈਆ । ਖ਼ੁਦੀ ਖ਼ੁਦਾਈ ਮਾਰੇ ਤੀਰ, ਬੇਨਜ਼ੀਰ ਬੇਪਰਵਾਹੀਆ । ਲੇਖਾ ਚੁੱਕੇ ਬਵਿੰਜਾ ਬੀਰ, ਬੇਤਾਲ ਦਏ ਦੁਹਾਈਆ । ਸ਼ਰਅ ਸ਼ਰੀਅਤ ਤੋੜ ਜ਼ੰਜੀਰ, ਇਕਾ ਕਲਮਾ ਦਏ ਪੜ੍ਹਾਈਆ । ਮੁਕਾਮੇ ਹੱਕ ਚੋਟੀ ਚਾੜ੍ਹੇ ਇਕ ਅਖੀਰ, ਐਨਲਹੱਕ ਬਹੱਕ ਦਏ ਵਖਾਈਆ । ਕਲਜੁਗ ਤੇਰੀ ਮੇਟ ਤਕਦੀਰ ਵੇਖੇ ਤਕਸੀਰ, ਆਪਣੀ ਤਦਬੀਰ ਆਪ ਬਣਾਈਆ । ਰਾਹ ਤੱਕਦੇ ਨੇਤਰ ਪੀਰ ਫ਼ਕੀਰ, ਅਮਾਮ ਅਮਾਮਾ ਨੂਰ ਇਲਾਹੀਆ । ਪੁਰਖ ਅਬਿਨਾਸ਼ੀ ਸ਼ਬਦ ਅਗੰਮੀ ਘਤ ਵਹੀਰ, ਚਾਰੇ ਕੂਟਾਂ ਪੰਧ ਮੁਕਾਈਆ । ਚਾਰ ਯਾਰੀ ਮੰਗੇ ਸੀਰ, ਆਬ ਬੇਆਬ ਵੇਖ ਵਖਾਈਆ । ਸ਼ਾਹ ਨਵਾਬ ਨਾ ਕੱਟੇ ਕੋਈ ਭੀੜ, ਦੇਵਣਹਾਰ ਅਜ਼ਾਬ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਲਜੁਗ ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਮੌਲਾ ਅਲਾ, ਨੂਰੋ ਨੂਰ ਸਮਾਇਆ । ਚੌਦਾਂ ਤਬਕਾਂ ਬਣ ਮਲਾਹ, ਸਦੀ ਚੌਧਵੀਂ ਚੱਪੂ ਦਏ ਲਗਾਇਆ । ਅੰਤਮ ਭੁੱਲੇ ਏਕਾ ਰਾਹ, ਨੂਹ ਹੱਥ ਕਿਸੇ ਨਾ ਆਇਆ । ਸਖੀ ਸਰਵਰ ਨਾ ਪਕੜੇ ਕੋਈ ਬਾਂਹ, ਸਖਾਵਤ ਸਕੇ ਨਾ ਕੋਈ ਤਰਾਇਆ । ਪੰਖੀ ਪੰਛੀ ਤਰਵਰ ਸਰਵਰ ਕੂਕਣ ਕੁਰਲਾਣ ਕਾਂ, ਕਾਗ ਹੰਸ ਨਾ ਰੂਪ ਵਟਾਇਆ । ਸੀਸ ਨਾ ਰੱਖੇ ਕੋਈ ਠੰਡੀ ਛਾਂ, ਕਲਜੁਗ ਅਗਨੀ ਤਤ ਤਪਾਇਆ । ਨਾ ਕੋਈ ਸਹਾਰਾ ਪਿਤਾ ਮਾਂ, ਪਿਤਾ ਪੂਤ ਨਾ ਮੇਲ ਮਿਲਾਇਆ । ਲੇਖਾ ਚੁਕਾਏ ਸੂਰ ਗਾਂ, ਜਗਤ ਕਸਾਈ ਛੁਰੀ ਹੱਥ ਨਾ ਕੋਇ ਰਖਾਇਆ । ਸ੍ਰਿਸ਼ਟ ਸਬਾਈ ਲੇਖਾ ਦਏ ਚੁਕਾ, ਕਲਜੁਗ ਵੇਲਾ ਅੰਤਮ ਆਇਆ । ਏਕਾ ਨਾਮ ਡੰਕਾ ਦਏ ਵਜਾ, ਸੋਹੰ ਅੱਖਰ ਇਕ ਪੜ੍ਹਾਇਆ । ਸਿੰਘ ਸ਼ੇਰ ਹਰਿ ਨਾਉਂ ਧਰਾ, ਸਿੰਘ ਰੂਪ ਲਏ ਵਟਾਇਆ । ਆਦਿ ਸ਼ਕਤ ਜਗਤ ਭੁਆਨੀ ਸੇਵਾ ਲਾ, ਭਗਤ ਭਗਤੀ ਲਏ ਤਰਾਇਆ । ਜੁਗ ਜੁਗ ਦਾ ਬਾਨੀ ਆਪ ਅਖਵਾ, ਸਤਿਜੁਗ ਮਾਰਗ ਦਏ ਵਖਾਇਆ । ਕਲਜੁਗ ਝੂਠਾ ਮੰਦਰ ਦੇਵੇ ਢਾਹ, ਕਾਮ ਕਰੋਧ ਲੋਭ ਮੋਹ ਹੰਕਾਰ ਗੜ੍ਹ ਕੋਇ ਦਿਸ ਨਾ ਆਇਆ । ਪੁਰਖ ਅਕਾਲ ਏਕਾ ਨਾਮ ਦਏ ਜਪਾ, ਲੱਖ ਚੁਰਾਸੀ ਜਿਹਵਾ ਹਰਿ ਗੁਣ ਗਾਇਆ । ਭਰ ਪਿਆਲਾ ਅੰਮ੍ਰਿਤ ਜਾਮ ਦਏ ਪਿਆ, ਜਾਗਰਤ ਜੋਤ ਕਰੇ ਰੁਸ਼ਨਾਇਆ । ਕਾਗੋਂ ਹੰਸ ਦਏ ਬਣਾ, ਮਾਣਕ ਮੋਤੀ ਚੋਗ ਚੁਗਾਇਆ । ਸ਼ਾਹ ਰਗ ਉਪਰ ਦਰਸ ਦਿਖਾ, ਜਗਤ ਤ੍ਰਿਸ਼ਨਾ ਅੱਗ ਦਏ ਬੁਝਾਇਆ । ਅੰਮ੍ਰਿਤ ਮੇਘ ਇਕ ਬਰਸਾ, ਨਿਝਰ ਝਿਰਨਾ ਦਏ ਝਿਰਾਇਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾ, ਗ਼ਰੀਬ ਨਿਮਾਣੇ ਗਲੇ ਲਗਾਇਆ । ਸੱਤ ਰੰਗ ਨਿਸ਼ਾਨਾ ਦਏ ਝੁਲਾ, ਸੱਤਾਂ ਦੀਪਾਂ ਹੁਕਮ ਸੁਣਾਇਆ । ਪੁਰਖ ਅਬਿਨਾਸ਼ੀ ਖੇਲੇ ਖੇਲ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਇਆ । ਕਿਸੇ ਨਾ ਵਸੇ ਨਗਰ ਗਰਾਂ, ਗੁਰਸਿਖ ਤੇਰੀ ਕਾਇਆ ਮੰਦਰ ਅੰਦਰ ਡੇਰਾ ਲਾਇਆ । ਆਦਿ ਅੰਤ ਪਕੜੇ ਬਾਂਹ, ਜਿਉਂ ਮਾਤਾ ਪੂਤ ਗੋਦ ਉਠਾਇਆ । ਇਕ ਜਪਾਏ ਆਪਣਾ ਨਾਂ, ਦੂਜਾ ਇਸ਼ਟ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਆਪ ਵਜਾਇਆ । ਏਕਾ ਡੰਕਾ ਸ਼ਬਦ ਨਿਰੰਕਾਰ, ਹਰਿ ਆਪਣਾ ਆਪ ਵਜਾਈਆ । ਕਲਜੁਗ ਕੂੜਾ ਮੇਟ ਪਸਾਰ, ਸਤਿਜੁਗ ਸਾਚਾ ਮਾਰਗ ਲਾਈਆ । ਚਾਰ ਵਰਨ ਸੋਹਣ ਇਕ ਦੁਆਰ, ਹਿੰਦੂ ਮੁਸਲਿਮ ਸਿਖ ਈਸਾਈ, ਨਾਤਾ ਬਣਾਏ ਭੈਣਾਂ ਭਾਈਆ । ਮੰਦਰ ਮਸਜਿਦ ਸ਼ਿਵਦੁਆਲਾ ਮੱਠ ਏਕਾ ਬੋਲੇ ਨਾਮ ਜੈਕਾਰ, ਗੁਰ ਦਰ ਮੰਦਰ ਏਕਾ ਕੂਕ ਸੁਣਾਈਆ । ਏਕਾ ਡੰਕਾ ਵੱਜੇ ਵਿਚ ਸੰਸਾਰ, ਫਤਿਹ ਵਾਹਿਗੁਰੂ ਆਪ ਆਪਣੀ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਹੋ ਤਿਆਰ, ਵਿਸ਼ਨੂੰ ਖੇਲ ਕਰੇ ਬੇਪਰਵਾਹੀਆ । ਭਗਵਨ ਜੋਤੀ ਜੋਤ ਕਰ ਉਜਿਆਰ, ਹੰ ਬ੍ਰਹਮ ਕਰੇ ਕੁੜਮਾਈਆ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਸਗਲਾ ਸੰਗ ਨਿਭਾਈਆ । ਰਾਜ ਜੋਗ ਸੱਚਾ ਸਿਕਦਾਰ, ਸਾਚੀ ਰਈਅਤ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਅਲੱਖ ਅਗੋਚਰ ਘਨਕ ਪੁਰ ਵਾਸ, ਪੁਰੀ ਘਨਕ ਆਪ ਤਜਾਈਆ । ਸਚਖੰਡ ਦੁਆਰੇ ਕਰ ਪਰਕਾਸ਼, ਲੋਕਮਾਤ ਵੇਖ ਵਖਾਈਆ । ਗੋਬਿੰਦ ਰੱਖੀ ਏਕਾ ਆਸ, ਪੁਰਖ ਅਕਾਲ ਰਾਹ ਤਕਾਈਆ । ਸਾਹਿਬ ਸਤਿਗੁਰ ਦਾਸੀ ਦਾਸ, ਸੇਵਕ ਯਾਚਕ ਚਾਕਰ ਸੇਵ ਕਮਾਈਆ । ਜਨ ਭਗਤਾਂ ਪੂਰੀ ਕਰੇ ਆਸ, ਜੁਗਾ ਜੁਗੰਤਰ ਹਰਿ ਸੰਤ ਲਏ ਤਰਾਈਆ । ਪਾਰ ਕਿਨਾਰਾ


੪੭੦

ਜਾਏ ਪ੍ਰਿਥਮੀ ਆਕਾਸ਼, ਪਰਮ ਪੁਰਖ ਵੱਡੀ ਵਡਿਆਈਆ । ਧਰਤੀ ਤੇਰਾ ਵੇਖੇ ਖੇਲ ਤਮਾਸ਼, ਜਲ ਧਾਰਾ ਆਪ ਸਮਾਈਆ । ਸਮੁੰਦ ਸਾਗਰ ਨਾ ਹੋਏ ਨਿਰਾਸ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਵੇਖ ਵਖਾਈਆ । ਮਾਨ ਸਰੋਵਰ ਰੱਖੇ ਆਸ, ਕਵਣ ਪਿਆਸ ਦਏ ਬੁਝਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਰੂਪ ਸਤਿ ਸਰੂਪ ਪੂਰੀ ਕਰਨਹਾਰਾ ਆਸ, ਪੂਰਬ ਪੂਰਬ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਇਕ ਅਖਵਾਈਆ । ਨਿਰਗੁਣ ਦਾਤਾ ਹਰਿ ਬੇਅੰਤ, ਪਰਮ ਪੁਰਖ ਅਖਵਾਇੰਦਾ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਹਰਿਜਨ ਮੇਲਾ ਨਾਰੀ ਕੰਤ, ਨਰ ਨਰਾਇਣ ਆਪ ਪਰਨਾਇੰਦਾ । ਭਗਤਨ ਮਹਿਮਾ ਗਣਤ ਅਗਣਤ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਭਰਮੇ ਭੁੱਲਾ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਨਾਮ ਮਜੀਠੀ ਰੰਗ ਰੰਗਾਇੰਦਾ । ਧੰਨ ਸੁਹਾਗ ਹੋਏ ਧੰਨ ਧੰਨਵੰਤ, ਪ੍ਰਿਯਾ ਪ੍ਰੀਤਮ ਮੇਲ ਮਿਲਾਇੰਦਾ । ਮਨਮੁੱਖ ਮਾਇਆ ਪਾਏ ਬੇਅੰਤ, ਕਾਇਆ ਕੱਪੜ ਗੂੜ੍ਹੀ ਨੀਂਦ ਸੁਆਇੰਦਾ । ਆਪੇ ਜਾਣੇ ਜਣਾਏ ਆਪਣਾ ਮੰਤ, ਅੱਖਰ ਵੱਖਰ ਸ਼ਬਦ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋੜਾ ਸ਼ਬਦੀ ਘੋੜਾ ਚਾਰੋਂ ਕੁੰਟ ਦੌੜਾਇੰਦਾ । ਚਾਰੋਂ ਕੁੰਟ ਰਿਹਾ ਦੌੜ, ਸਤਿਗੁਰ ਪੂਰਾ ਵਡ ਵਡਿਆਈਆ । ਨਿਰਗੁਣ ਲਾਇਆ ਏਕਾ ਪੌੜ, ਦੋ ਜਹਾਨਾਂ ਵੇਖ ਵਖਾਈਆ । ਲੱਖ ਚੁਰਾਸੀ ਵੇਖੇ ਫਲ ਮਿੱਠਾ ਕੌੜ, ਘਟ ਘਟ ਬੈਠਾ ਡੇਰਾ ਲਾਈਆ । ਗੁਰਸਿਖ ਵਿਰਲੇ ਜਾਏ ਬੌਹੜ, ਬਾਹੋਂ ਪਕੜ ਗਲੇ ਲਗਾਈਆ । ਜੁਗ ਜੁਗ ਦੀ ਲੱਗੀ ਬੁਝਾਏ ਔੜ, ਦੇ ਦਰਸ ਤ੍ਰਿਪਤ ਕਰਾਈਆ । ਕਿਸੇ ਹੱਥ ਨਾ ਆਏ ਪੂਤ ਸਪੂਤਾ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ ਬੈਠੇ ਰਾਹ ਤਕਾਈਆ । ਸੰਬਲ ਨਗਰ ਕੋਇ ਨਾ ਜਾਣੇ ਲੰਮਾਂ ਚੌੜ, ਗੁਰ ਗੋਬਿੰਦ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਤਰਾਨਾ ਹਰਿ ਭਗਵਾਨਾ ਦੋ ਜਹਾਨਾਂ ਆਪ ਸੁਣਾਈਆ । ਸ਼ਬਦ ਤਰਾਨਾ ਸਾਚਾ ਰਾਗ, ਹਰਿ ਸਾਚਾ ਸਚ ਅਲਾਇੰਦਾ । ਗੁਰਮੁਖ ਵਿਰਲੇ ਵਡ ਵਡ ਭਾਗ, ਜਿਸ ਜਨ ਆਤਮ ਅੰਤਰ ਖੋਜ ਖੁਜਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਸਾਚੀ ਰੰਗਣ ਨਾਮ ਰੰਗਾਇੰਦਾ । ਫੜ ਫੜ ਹੰਸ ਬਣਾਏ ਕਾਗ, ਜਿਸ ਜਨ ਆਪਣੇ ਚਰਨ ਲਗਾਇੰਦਾ । ਦੀਪਕ ਜੋਤ ਜਗੇ ਚਿਰਾਗ, ਗਿਆਨ ਭਾਨ ਪਰਕਾਸ਼ ਆਪ ਵਖਾਇੰਦਾ । ਘਰ ਮੇਲਾ ਨਾਰੀ ਕੰਤ ਸੁਹਾਗ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਚਰਨ ਧੂੜ ਕਰਾਏ ਮਜਨ ਮਾਘ, ਅਠਸਠ ਪੈਂਡਾ ਆਪ ਮੁਕਾਇੰਦਾ । ਏਥੇ ਓਥੇ ਦੋ ਜਹਾਨੀ ਪਕੜੇ ਵਾਗ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਜਿਸ ਜਗਾਏ ਸੋ ਜਨ ਜਾਏ ਜਾਗ, ਦੂਸਰ ਅੱਖ ਨਾ ਕੋਇ ਖੁਲ੍ਹਾਇੰਦਾ । ਤ੍ਰੈਗੁਣ ਮਾਇਆ ਲੱਗੀ ਆਗ, ਪੰਜ ਤਤ ਬਸੰਤਰ ਨਾ ਕੋਇ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਾਮ ਅੱਖਰ ਇਕ ਵਡਿਆਇੰਦਾ । ਏਕਾ ਅੱਖਰ ਹਰਿ ਕਾ ਨਾਉਂ, ਲਿਖਣ ਪੜ੍ਹਣ ਵਿਚ ਨਾ ਆਈਆ । ਏਕਾ ਅੱਖਰ ਵਸੇ ਹਰ ਘਟ ਥਾਉਂ, ਦਿਸ ਕਿਸੇ ਨਾ ਪਾਈਆ । ਏਕਾ ਅੱਖਰ ਕਰੇ ਸਚ ਨਿਆਉਂ, ਆਦਿ ਜੁਗਾਦਿ ਵੱਡੀ ਵਡਿਆਈਆ । ਏਕਾ ਅੱਖਰ ਪਿਤਾ ਮਾਉਂ, ਏਕਾ ਅੱਖਰ ਬਾਲ ਸਖਾਈਆ । ਏਕਾ ਅੱਖਰ ਦੇਵੇ ਸਦਾ ਠੰਡੀ ਛਾਉਂ, ਚਾਰੇ ਵੇਦ ਦੇਣ ਗਵਾਹੀਆ । ਏਕਾ ਅੱਖਰ ਸਤਿਗੁਰ ਪੂਰਾ ਆਪੇ ਜਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ

ਤੇਰੀ ਅੰਤਮ ਵਰ, ਏਕਾ ਨਾਮ ਕਰੇ ਪੜ੍ਹਾਈਆ । ਏਕਾ ਅੱਖਰ ਸ਼ਬਦ ਬਬਾਣਾ, ਗੁਰ ਸਤਿਗੁਰ ਹੱਥ ਰਖਾਇਆ । ਏਕਾ ਅੱਖਰ ਪੰਧ ਮੁਕਾਏ ਆਵਣ ਜਾਣਾ, ਲੱਖ ਚੁਰਾਸੀ ਗੇੜ ਚੁਕਾਇਆ । ਏਕਾ ਅੱਖਰ ਗੁਰੂਆਂ ਪੀਰਾਂ ਰੱਖੇ ਆਪਣੇ ਭਾਣਾ, ਹਰਿ ਭਾਣਾ ਵਡ ਵਡਿਆਇਆ । ਏਕਾ ਅੱਖਰ ਲਹਿਣਾ ਦੇਣਾ ਚੁਕਾਏ ਰਾਜਾ ਰਾਣਾ, ਰਾਜ ਰਾਜਾਨਾਂ ਦਏ ਸਜ਼ਾਈਆ । ਏਕਾ ਅੱਖਰ ਭਿਛਿਆ ਮੰਗੇ ਦਰ ਦਰਬਾਨਾ, ਦਰ ਦਰ ਫੇਰੀ ਅਲੱਖ ਜਗਾਇਆ । ਏਕਾ ਅੱਖਰ ਹੋਏ ਪਰਵਾਨਾ, ਪਰਮ ਪੁਰਖ ਮੇਲ ਮਿਲਾਇਆ । ਏਕਾ ਅੱਖਰ ਰੂਪ ਸ੍ਰੀ ਭਗਵਾਨਾ, ਨਾ ਮਰੇ ਨਾ ਜਾਇਆ । ਸੋ ਅੱਖਰ ਸਤਿਜੁਗ ਸਾਚੇ ਚੜ੍ਹੇ ਨਿਸ਼ਾਨਾ, ਪੁਰਖ ਅਬਿਨਾਸ਼ੀ ਆਪ ਚੜ੍ਹਾਇਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਹਰਿ ਹਰਿ ਹਰਿ ਗਾਏ ਗਾਣਾ, ਪਾਰਬ੍ਰਹਮ ਦਏ ਸਾਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਨਿਰਗੁਣ ਨਿਰਗੁਣ ਨਿਰਗੁਣ ਨਿਰਗੁਣ ਖੇਲ ਖਿਲਾਇਆ ।

## ❊ ੨੮ ਚੇਤ ੨੦੧੭ ਬਿਕ੍ਰਮੀ ਮੋਤਾ ਸਿੰਘ ਦੇ ਘਰ ਪਿੰਡ ਕਲਸੀਆਂ ❊

ਸਚਖੰਡ ਦੁਆਰ ਸੁਹੰਦੜਾ, ਪੁਰਖ ਅਬਿਨਾਸ਼ੀ ਵਡ ਮਿਹਰਬਾਨ । ਥਿਰ ਘਰ ਵਾਸੀ ਜੋਤ ਜੁਗੰਦੜਾ, ਆਦਿ ਜੁਗਾਦੀ ਨੌਜਵਾਨ । ਸ਼ਬਦ ਅਨਾਦੀ ਰਾਗ ਅਲੰਦੜਾ, ਗਾਵਣਹਾਰਾ ਗਾਏ ਗਾਨ । ਸੁਨ ਅਗੰਮੀ ਵੇਖ ਵਖੰਦੜਾ, ਵਡ ਦਾਤਾ ਦਾਨੀ ਦਾਨ । ਲੋਆਂ ਪੁਰੀਆਂ ਲੇਖ ਲਖੰਦੜਾ, ਲੇਖਾ ਜਾਣੇ ਜ਼ਿਮੀ ਅਸਮਾਨ । ਰਵ ਸਸ ਨੂਰ ਚਮਕੰਦੜਾ, ਮੰਡਲ ਮੰਡਪ ਹੋ ਪਰਧਾਨ । ਆਪ ਆਪਣੀ ਰਾਸ ਰਚੰਦੜਾ, ਜੁਗਾ ਜੁਗੰਤਰ ਖੇਲ ਮਹਾਨ । ਧਰਤ ਧਵਲ ਵੇਖ ਵਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਆਣ । ਧਰਤ ਧਵਲ ਧਵਲ ਵਡਿਆਈ, ਹਰਿ ਪੁਰਖ ਨਿਰੰਜਣ ਆਪ ਵਡਿਆਇੰਦਾ । ਨਿਰਗੁਣ ਸਰਗੁਣ ਕਰ ਕੁੜਮਾਈ, ਜਗਤ ਵਿਚੋਲਾ ਖੇਲ ਖਿਲਾਇੰਦਾ । ਭਗਤਨ ਭਗਤੀ ਭਿਛਿਆ ਝੋਲੀ ਪਾਈ, ਨਾਮ ਭੰਡਾਰੀ ਆਪ ਅਖਵਾਇੰਦਾ । ਸਾਚੇ ਸੰਤਾਂ ਲਏ ਜਗਾਈ, ਜਾਗਰਤ ਜੋਤ ਇਕ ਵਖਾਇੰਦਾ । ਜੁਗ ਜੁਗ ਆਪਣਾ ਮੇਲ ਮਿਲਾਈ, ਲੋਕਮਾਤ ਦਇਆ ਕਮਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸਚ ਨਿਆਉਂ ਹੱਥ ਕਰਤਾਰ, ਆਦਿ ਜੁਗਾਦਿ ਰਖਾਇਆ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਕਰੇ ਰੁਸ਼ਨਾਇਆ । ਕਲਜੁਗ ਖੇਲ ਅਗੰਮ ਅਪਾਰ, ਵੇਦ ਅਥਰਬਣ ਦਏ ਦੁਹਾਇਆ । ਵੇਦ ਵਿਆਸਾ ਕਰ ਪੁਕਾਰ, ਰਸਨਾ ਜਿਹਵਾ ਗਿਆ ਗਾਇਆ । ਨਾਨਕ ਗੋਬਿੰਦ ਬੋਲ ਜੈਕਾਰ, ਏਕਾ ਅੱਖਰ ਗਿਆ ਪੜ੍ਹਾਇਆ । ਪੁਰਖ ਅਕਾਲ ਮੀਤ ਮੁਰਾਰ, ਜੂਨੀ ਰਹਿਤ ਇਕ ਅਖਵਾਇਆ । ਦੁੱਖ ਦਰਦ ਭੈ ਭੰਜਣ ਹਰਿ ਸਰਬ ਸੰਸਾਰ, ਸਗਲਾ ਸੰਗ ਆਪ ਤਰਾਇਆ । ਸ਼ਾਹ ਸੁਲਤਾਨ ਭੂਪ ਇਕ ਸਿਕਦਾਰ, ਦੋ ਜਹਾਨਾਂ ਰਾਜ ਜੋਗ ਇਕ ਵਖਾਇਆ । ਹੁਕਮੀ ਹੁਕਮ ਕਰੇ ਵਰਤਾਰ, ਵਡ ਭਾਣੇ ਭਾਣਾਂ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਇਆ । ਜੁਗ ਜੁਗ ਖੇਲ ਖਲੰਦੜਾ, ਪਾਰਬ੍ਰਹਮ ਪ੍ਰਭ ਬੇਅੰਤ । ਨਿਰਗੁਣ ਆਪਣਾ ਵੇਸ ਵਟੰਦੜਾ, ਲੇਖਾ ਜਾਣੇ ਜੀਵ ਜੰਤ । ਪੰਜ ਤਤ ਕਾਇਆ ਚੋਲਾ ਆਪ ਹਢੰਦੜਾ, ਲੇਖਾ ਜਾਣੇ ਆਦਿ ਅੰਤ । ਗੁਰਮੁਖ ਵਿਰਲੇ ਆਪ ਜਗੰਦੜਾ, ਸ਼ਬਦ ਜਣਾਈ ਮਣੀਆ ਮੰਤ । ਸਾਚਾ

ਕੰਤ ਸੁਹਾਗ ਹਢੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਸਾਚਾ ਕੰਤ । ਕੰਤ ਕੰਤੂਹਲਾ ਹਰਿ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਜੁਗਾ ਜੁਗੰਤਰ ਖੇਲ ਮਹਾਨ, ਪੁਰਖ ਸਮਰਥ ਆਪ ਕਰਾਈਆ । ਕਲਜੁਗ ਅੰਤਮ ਹੋ ਪਰਧਾਨ, ਪੁਰੀ ਘਨਕ ਕਰੇ ਰੁਸ਼ਨਾਈਆ । ਸਾਚੇ ਸੰਤਨ ਆਤਮ ਗਿਆਨ, ਬ੍ਰਹਮ ਗਿਆਨ ਇਕ ਦ੍ਰਿੜਾਈਆ । ਬਖ਼ਸ਼ਿਸ਼ ਬਖ਼ਸ਼ੇ ਚਰਨ ਧਿਆਨ, ਲਿਵ ਅੰਤਰ ਆਪ ਲਗਾਈਆ । ਮਨ ਮਾਨਿਆ ਮਿਲਿਆ ਜੀਆ ਦਾਨ, ਜੀਵਣ ਜੁਗਤ ਇਕ ਸਿਖਾਈਆ । ਘਰ ਸਖੀ ਮਿਲਿਆ ਸਾਚਾ ਕਾਹਨ, ਸਾਚੇ ਮੰਦਰ ਬੰਸਰੀ ਨਾਮ ਵਜਾਈਆ । ਲੇਖਾ ਚੁੱਕਾ ਸੀਆ ਰਾਮ, ਸੀਤਲ ਧਾਰ ਸਹਿਜ ਸੁਖਦਾਈਆ । ਏਕਾ ਨਿਰਗੁਣ ਕਰ ਪਰਨਾਮ, ਜਗਤ ਜਗਦੀਸ਼ ਸੀਸ ਝੁਕਾਈਆ । ਖੇੜਾ ਵੇਖਿਆ ਸਚ ਗ੍ਰਾਮ, ਜਗਤ ਝੇੜਾ ਦਏ ਕਟਾਈਆ । ਕੋਟਨ ਕੋਟ ਸ਼ਰਮਾਇਣ ਰਵ ਸਸ ਸੂਰਜ ਭਾਨ, ਏਕਾ ਕਿਰਨ ਹਰਿ ਰੁਸ਼ਨਾਈਆ । ਸੰਤ ਮਨੀ ਸਿੰਘ ਚਰਨ ਦੁਆਰੇ ਡਿੱਗਾ ਆਣ, ਹਰਿ ਮਿਲਿਆ ਫੜ ਫੜ ਬਾਹੀਂਆ । ਅਰਜਨ ਗੀਤਾ ਦਿਤਾ ਇਕ ਗਿਆਨ, ਦੂਸਰ ਪੁਸਤਕ ਨਾ ਹੱਥ ਫੜਾਈਆ । ਕਲਜੁਗ ਅੰਤਮ ਸਚ ਨਿਸ਼ਾਨ, ਆਪਣਾ ਅੱਖਰ ਦੇਵੇ ਵਿਚ ਟਿਕਾਈਆ । ਬਜ਼ਰ ਕਪਾਟੀ ਪੱਥਰ ਤੋੜ ਸਚ ਮਕਾਨ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਭੁੱਲਾ ਜੀਵ ਨਾਦਾਨ, ਮਾਇਆ ਪਰਦਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲ ਪਸਾਰਾ ਹਰਿ ਨਿਰੰਕਾਰਾ ਨਿਰਾਕਾਰਾ ਨਿਰਗੁਣ ਧਾਰਾ ਆਪ ਚਲਾਈਆ । ਸੰਤ ਮਨੀ ਸਿੰਘ ਜੈ ਜੈ ਵੰਤ, ਜੈਤਸਰੀ ਏਕਾ ਰਾਗ ਸਮਾਇਆ । ਪਾਰਬ੍ਰਹਮ ਪ੍ਰਭ ਪਾਇਆ ਸਾਚਾ ਕੰਤ, ਸ੍ਰੀ ਰਾਗ ਘਰ ਮੰਦਰ ਆਪ ਅਲਾਇਆ । ਕਾਇਆ ਚੋਲੀ ਚੜ੍ਹਿਆ ਰੰਗ ਬਸੰਤ, ਬਸੰਤ ਮੰਗਲਾਚਾਰ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਰ ਘਰ ਸਾਚਾ ਇਕ ਦਰਸਾਇਆ । ਦਰ ਘਰ ਸਾਚਾ ਹਰਿ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਲੇਖਾ ਜਾਣੇ ਸਾਜਣ ਸੰਤ, ਸਤਿਗੁਰ ਦਾਤਾ ਬੇਪਰਵਾਹੀਆ । ਸਖੀ ਮੇਲਾ ਸਾਚੇ ਕੰਤ, ਗਿਰਵਰ ਗਿਰਧਰ ਗ੍ਰਿਹ ਮੰਦਰ ਫੇਰਾ ਪਾਈਆ । ਸਖਾ ਸੁਹੇਲਾ ਆਦਿ ਅੰਤ, ਜੁਗਾ ਜੁਗੰਤ ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਰਚਨ ਰਚਾਈਆ । ਅਚਰਜ ਰਚਨਾ ਹਰਿ ਹਰਿ ਰਚ, ਆਦਿ ਜੁਗਾਦਿ ਸਮਾਇਆ । ਘਟ ਘਟ ਅੰਦਰ ਰਵਿਆ ਸੱਚ, ਸਚ ਮੰਦਰ ਆਪ ਉਪਾਇਆ । ਪੰਜ ਤਤ ਕਾਇਆ ਦੀਸੇ ਕੱਚ, ਥਿਰ ਕੋਇ ਰਹਿਣ ਨਾ ਪਾਇਆ । ਜੁਗਾ ਜੁਗੰਤਰ ਰਿਹਾ ਨੱਚ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਨੌਂ ਚਾਰ ਆਪਣਾ ਬੰਧਨ ਆਪ ਰਖਾਇਆ । ਨੌਂ ਨੌਂ ਚਾਰ ਬੰਧਨ ਪਾ, ਜੁਗ ਚੌਕੜੀ ਆਪ ਚਲਾਈਆ । ਬ੍ਰਹਮਾ ਮਨਵੰਤਰ ਲੇਖਾ ਦਏ ਲਿਖਾ, ਸੱਤ ਇਕ ਕਰੇ ਕੁੜਮਾਈਆ । ਅੱਠ ਤਤ ਰੰਗ ਰੰਗਾ, ਨੌਂ ਨੌਂ ਖੋਜ ਖੁਜਾਈਆ । ਪੰਜ ਪੰਜ ਲੇਖਾ ਦਏ ਮੁਕਾ, ਦਸ ਦਸ ਵੇਖ ਵਖਾਈਆ । ਲੱਖ ਲੱਖ ਗੇੜਾ ਦਏ ਦੁਆ, ਲੱਖ ਬੀਸ ਜਗਦੀਸ਼ ਬੇਪਰਵਾਹੀਆ । ਕਲਜੁਗ ਝੇੜਾ ਦਏ ਮੁਕਾ, ਪੁਰਖ ਅਗੰਮੜਾ ਅਗੰਮੜੀ ਕਾਰ ਕਮਾਈਆ । ਸਤਿ ਸਰੂਪੀ ਜਾਮਾ ਪਾ, ਤਤਵ ਤਤ ਇਕ ਰਖਾਈਆ । ਨੇਹਕਰਮੀ ਨੇਹਕਰਮੀ ਹਰਿ ਆਪ ਅਖਵਾ, ਕਰਮ ਕੁਕਰਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਰਨੀ ਆਪ ਸੁਹਾਈਆ । ਨੌਂ

੪੭੩

ਨੌ ਚਾਰ ਕਰੇ ਪੁਕਾਰ, ਬ੍ਰਹਮਾ ਵੇਤਾ ਸੰਗ ਰਲਾਈਆ । ਵਿਸ਼ਨੂੰ ਨੇਤਰ ਰੋਵੇ ਜ਼ਾਰੋ ਜ਼ਾਰ, ਕਵਲ ਨੈਣ ਨਾ ਕੋਇ ਮਟਕਾਈਆ । ਸ਼ੰਕਰ ਢਹਿ ਢਹਿ ਕਰੇ ਨਿਮਸਕਾਰ, ਧੂੜੀ ਮਸਤਕ ਟਿੱਕਾ ਲਾਈਆ । ਧਰਤੀ ਮੰਗੇ ਸਾਚੀ ਛਾਰ, ਅੱਗੇ ਆਪਣੀ ਝੋਲੀ ਡਾਹੀਆ । ਕਰੋੜ ਤੇਤੀਸਾ ਬਣ ਭਿਖਾਰ, ਏਕਾ ਅਲਖ ਰਹੇ ਜਗਾਈਆ । ਲੱਖ ਚੁਰਾਸੀ ਕਰੇ ਵਿਚਾਰ, ਕਵਣ ਲੇਖਾ ਦਏ ਮੁਕਾਈਆ । ਧਰਮ ਰਾਏ ਤੱਕੇ ਦਵਾਰ, ਅੱਧਵਿਚਕਾਰ ਤਾੜੀ ਲਾਈਆ । ਜੁਗ ਚੌਕੜੀ ਦਰਸ ਮੰਗੇ ਕਰਤਾਰ, ਹੌਲਾ ਭਾਰ ਨਾ ਕੋਇ ਕਰਾਈਆ । ਗੁਰ ਪੀਰ ਅਵਤਾਰ ਉਚੀ ਕੂਕ ਕਰਨ ਪੁਕਾਰ, ਬਿਨ ਹਰਿ ਨਾ ਕੋਇ ਸਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਪਾਇਣ ਸਾਰ, ਅੰਜੀਲ ਕੁਰਾਨ ਖਾਣੀ ਬਾਣੀ ਰਹੀ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਧਾਮ ਅਵੱਲੜਾ ਇਕ ਸੁਹਾਈਆ । ਧਾਮ ਅਵੱਲੜਾ ਸਚਖੰਡ ਨਿਵਾਸ, ਥਿਰ ਘਰ ਆਪ ਵਡਿਆਇਆ । ਪੁਰਖ ਅਬਿਨਾਸ਼ ਸ਼ਾਹੋ ਸ਼ਾਬਾਸ਼, ਸਾਚੇ ਤਖ਼ਤ ਡੇਰਾ ਲਾਇਆ । ਨਿਰਗੁਣ ਜੋਤ ਜੋਤ ਪਰਕਾਸ਼, ਦੀਵਾ ਬਾਤੀ ਨਾ ਕੋਇ ਜਗਾਇਆ । ਨਾ ਕੋਈ ਪਵਣ ਨਾ ਸਵਾਸ, ਰਸਨਾ ਜਿਹਵਾ ਨਾ ਕੋਇ ਹਲਾਈਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਕੋਇ ਵਖਾਇਆ । ਆਪੇ ਰਚੇ ਆਪਣੀ ਰਾਸ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਗੇੜਾ ਦਏ ਚੁਕਾਇਆ । ਕਲਜੁਗ ਗੇੜਾ ਚੁੱਕਣਾ, ਧਰਤ ਧਵਲ ਕਰੇ ਪੁਕਾਰ । ਸਿੰਘ ਸ਼ੇਰ ਦਲੇਰ ਏਕਾ ਬੁੱਕਣਾ, ਸ਼ਾਹ ਸੁਲਤਾਨਾਂ ਕਰੇ ਖੁਆਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਵਰਤੇ ਵਰਤਾਵੇ ਵਿਚ ਸੰਸਾਰ । ਅੰਦਰ ਵੜ ਕਿਸੇ ਨਾ ਲੁਕਣਾ, ਸ਼ਬਦ ਅਗੰਮੀ ਮਾਰੇ ਮਾਰ । ਕਲਜੁਗ ਬੂਟਾ ਝੂਠਾ ਸੁੱਕਣਾ, ਫਲ ਦਿਸੇ ਨਾ ਕਿਸੇ ਡਾਰ । ਗੁਰਮੁਖ ਵਿਰਲਾ ਗੋਦੀ ਚੁੱਕਣਾ, ਦਰਗਹਿ ਸਾਚੀ ਕਰੇ ਪਿਆਰ । ਹਰਿ ਕਾ ਰੂਪ ਨਾ ਮਾਨਸ ਨਾ ਦਿਸੇ ਮਨੁਖਨਾ, ਨਿਰਗੁਣ ਜੋਤ ਨੂਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਰਨੀ ਸੁਣੇ ਪੁਕਾਰ । ਧਰਨੀ ਸੁਣ ਪੁਕਾਰ, ਜਗਦੀਸ਼ ਜਗਤ ਵਡਿਆਈਆ । ਪੁਰੀ ਘਨਕ ਘਨਕ ਵਿਚਾਰ, ਭਵ ਸਾਗਰ ਵੇਖ ਵਖਾਈਆ । ਜਿਉਂ ਜਨਕ ਸਪੁੱਤਰੀ ਜਾਏ ਤਾਰ, ਧਨਕ ਧਨੁਸ਼ ਆਪਣੇ ਹੱਥ ਉਠਾਈਆ । ਜਿਉਂ ਤੋੜਣਹਾਰਾ ਗੜ੍ਹ ਹੰਕਾਰ, ਲੰਕਾ ਰਾਵਣ ਰਹਿਣ ਨਾ ਪਾਈਆ । ਜਿਉਂ ਕੰਸ ਦੁਹਸਾਸਣ ਮਾਰੇ ਮਾਰ, ਦਰਯੋਧਨ ਮੇਟ ਮਿਟਾਈਆ । ਜਿਉਂ ਖੰਡਾ ਖੜਗ ਖਿਚ ਕਟਾਰ, ਚਿਲੇ ਤੀਰ ਕਮਾਨ ਚੜ੍ਹਾਈਆ । ਕਲਜੁਗ ਅੰਤਮ ਖੇਲ ਬੇਐਬ ਪਰਵਰਦਿਗਾਰ, ਨੂਰੀ ਇਸਮ ਜਿਸਮ ਆਪ ਅਖਵਾਈਆ । ਬਿਸਮਿਲ ਕਰੇ ਸਰਬ ਸੰਸਾਰ, ਏਕਾ ਧਾਰ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਆਪ ਖ਼ੁਦਾਈਆ । ਖ਼ਾਲਕ ਖ਼ਲਕ ਬੇਨਜ਼ੀਰ, ਨੂਰ ਨੁਰਾਨਾ ਆਫਤਾਬ ਮਹਿਤਾਬਿਆ । ਚੌਦਾਂ ਚੌਦਾਂ ਪਾਏ ਜੰਜ਼ੀਰ, ਲੇਖਾ ਚੁੱਕੇ ਸ਼ਾਹ ਨਵਾਬਿਆ । ਸੱਚੇ ਸੂਫੀ ਚੁਕਾਏ ਅੰਤਮ ਭੀੜ, ਜਿਸ ਪਾਇਆ ਮੱਕਾ ਕਾਇਆ ਕਾਬਿਆ । ਦਰਸ ਦਖਾਏ ਪੀਰਨ ਪੀਰ, ਅਸਵ ਘੋੜੇ ਸਾਚੇ ਚਰਨ ਦੇ ਰਕਾਬਿਆ । ਚੋਟੀ ਚੜ੍ਹਿਆ ਇਕ ਅਖੀਰ, ਲੇਖਾ ਜਾਣੇ ਗੈਬ ਅਗੈਬਿਆ । ਮੁਖ ਨਕਾਬ ਬਸਤਰ ਚੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮੇਲ ਮਿਲਾਏ ਦੋ ਦੋ ਆਬਿਆ । ਦੋ ਦੋ ਆਬ ਹਰਿ ਹਰਿ ਮੇਲਾ, ਦੋ ਜਹਾਨਾਂ ਵੇਖ ਵਖਾਈਆ । ਲੇਖਾ ਜਾਣੇ ਗੁਰ ਗੁਰ ਚੇਲਾ, ਗੁਰ ਗੁਰ ਏਕਾ ਰੂਪ ਸਮਾਈਆ । ਸੰਤ ਮਿਲਾਏ ਸੱਜਣ

੪੭੪
੦੯

ਸੁਹੇਲਾ, ਘਰ ਸਾਚੇ ਵੱਜੇ ਵਧਾਈਆ । ਆਪੇ ਜਾਣੇ ਆਪਣਾ ਵਕਤ ਵੇਲਾ, ਪੰਡਤ ਪਾਂਧਾ ਥੱਕਾ ਮਾਂਦਾ ਨਾ ਸਕੇ ਕੋਇ ਬਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਏਕਾ ਏਕ ਅਖਵਾਈਆ । ਨਿਹਕਲੰਕ ਹਰਿ ਭਗਵਾਨ, ਦੂਸਰ ਅਵਰ ਨਾ ਕੋਇ ਜਣਾਇੰਦਾ । ਸਤਿ ਸਰੂਪੀ ਸਚ ਨਿਸ਼ਾਨ, ਸਚਖੰਡ ਦੁਆਰੇ ਆਪ ਝੁਲਾਇੰਦਾ । ਚੌਦਾਂ ਲੋਕਾਂ ਪਾਏ ਆਣ, ਲੱਖ ਚੁਰਾਸੀ ਹੁਕਮ ਸੁਣਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਰੂਪ ਰੇਖ ਆਪ ਵਖਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਜਿਸ ਜਨ ਸਾਚੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਸੂਸਾ ਵੇਖ ਵਖਾਇੰਦਾ । ਕਾਲਾ ਸੂਸਾ ਕਾਲੀ ਧਾਰ, ਕੁਲ ਕੁਲਵੰਤਾ ਵੇਖ ਵਖਾਈਆ । ਸਤਿ ਸਫ਼ੈਦੀ ਕਰ ਪਿਆਰ, ਸਤਿ ਸਤਿਵਾਦੀ ਲਏ ਮਿਲਾਈਆ । ਬੋਧ ਅਗਾਧੀ ਸ਼ਬਦ ਜੈਕਾਰ, ਏਕਾ ਢੋਲਾ ਸਾਚਾ ਗਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਏ ਵਿਚ ਸੰਸਾਰ, ਪਰਦਾ ਉਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਅੰਦਰ ਨਿਰਗੁਣ ਵੜ, ਸਰਗੁਣ ਡੰਕਾ ਰਿਹਾ ਸੁਣਾਈਆ ।

## ❋ ੨੮ ਚੇਤ ੨੦੧੭ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ❋



ਨਿਰਗੁਣ ਹਰਿ ਹਰਿ ਰਾਮ, ਹਰੀ ਹਰਿ ਹਰਿ ਖੇਲ ਖਿਲਾਇੰਦਾ । ਨਿਰਗੁਣ ਹਰਿ ਹਰਿ ਸ਼ਾਮ, ਘਨਈਆ ਨਈਆ ਮਾਤ ਚਲਾਇੰਦਾ । ਨਿਰਗੁਣ ਹਰਿ ਹਰਿ ਵਡ ਅਮਾਮ, ਕਾਇਨਾਤ ਕਲਾਮ ਆਪ ਪੜ੍ਹਾਇੰਦਾ । ਨਿਰਗੁਣ ਹਰਿ ਹਰਿ ਸਤਿਨਾਮ, ਸਤਿ ਮੰਤਰ ਇਕ ਦ੍ਰਿੜ੍ਹਾਇੰਦਾ । ਨਿਰਗੁਣ ਹਰਿ ਹਰਿ ਗੋਬਿੰਦ ਜਾਮ, ਭਰ ਪਿਆਲਾ ਆਪ ਪਿਆਇੰਦਾ । ਨਿਰਗੁਣ ਹਰਿ ਹਰਿ ਵਸਣਹਾਰ ਸਚ ਗ੍ਰਾਮ, ਨਗਰ ਖੇੜਾ ਆਪ ਸੁਹਾਇੰਦਾ । ਨਿਰਗੁਣ ਹਰਿ ਹਰਿ ਪੂਰਨ ਕਰੇ ਕਾਮ, ਕਾਦਰ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਿਸ਼ਾਨ ਇਕ ਝੁਲਾਇੰਦਾ । ਨਿਰਗੁਣ ਹਰਿ ਹਰਿ ਬੇਪਰਵਾਹ, ਸਚਖੰਡ ਦੁਆਰੇ ਸੋਭਾ ਪਾਈਆ । ਨਿਰਗੁਣ ਹਰਿ ਹਰਿ ਭਗਤ ਮਲਾਹ, ਜੁਗ ਜੁਗ ਬੇੜਾ ਰਿਹਾ ਚਲਾਈਆ । ਨਿਰਗੁਣ ਹਰਿ ਹਰਿ ਪਾਵੇ ਸਾਚੇ ਰਾਹ, ਮਾਰਗ ਪੰਥ ਇਕ ਦਸਾਈਆ । ਨਿਰਗੁਣ ਦਿਖਾਵੇ ਨਿਥਾਵਿਆਂ ਸਾਚਾ ਥਾਂ, ਥਾਨ ਥਨੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਨਿਰਗੁਣ ਹਰਿ ਹਰਿ ਸਾਚਾ ਮੀਤ, ਸਚਖੰਡ ਦੁਆਰੇ ਸੋਭਾ ਪਾਇੰਦਾ । ਨਿਰਗੁਣ ਹਰਿ ਹਰਿ ਇਕ ਅਤੀਤ, ਘਰ ਮੰਦਰ ਜੋਤ ਜਗਾਇੰਦਾ । ਨਿਰਗੁਣ ਹਰਿ ਹਰਿ ਆਪੇ ਜਾਣੇ ਆਪਣੀ ਰੀਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਨਿਰਗੁਣ ਹਰਿ ਹਰਿ ਪਤਿਤ ਪਾਪੀ ਕਰੇ ਪੁਨੀਤ, ਪਤਿਤ ਪਾਵਣ ਨਾਉਂ ਧਰਾਇੰਦਾ । ਨਿਰਗੁਣ ਹਰਿ ਹਰਿ ਵਸੇ ਚੀਤ, ਹਰਿਜਨ ਸਾਚੇ ਮੇਲ ਮਿਲਾਇੰਦਾ । ਨਿਰਗੁਣ ਹਰਿ ਹਰਿ ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਵਰਨ ਬਰਨ ਨਾ ਕੋਇ ਧਰਾਇੰਦਾ । ਨਿਰਗੁਣ ਹਰਿ ਹਰਿ ਸ਼ਬਦ ਜਣਾਏ ਇਕ ਅਣਡੀਠ, ਆਪਣੀ ਮਹਿਮਾ ਆਪ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਨਿਰਗੁਣ ਰੰਗ ਹਰਿ ਹਰਿ ਚਲੂਲ, ਮਹਿਮਾ ਅਗਣਤ ਗਣੀ

ਨਾ ਜਾਈਆ । ਨਿਰਗੁਣ ਹਰਿ ਹਰਿ ਨਾ ਜਾਏ ਭੁੱਲ, ਗੁਰਮੁਖ ਸਾਚੇ ਮੇਲ ਮਿਲਾਈਆ । ਨਿਰਗੁਣ ਹਰਿ ਹਰਿ ਕੰਤ ਕੰਤੂਹਲ, ਹਰਿਜਨ ਸਖੀ ਵੇਖ ਵਖਾਈਆ । ਨਿਰਗੁਣ ਹਰਿ ਹਰਿ ਸਚ ਪੰਘੂੜਾ ਰਿਹਾ ਝੂਲ, ਹਰਿਜਨ ਸਾਚੇ ਆਪ ਝੁਲਾਈਆ । ਨਿਰਗੁਣ ਹਰਿ ਹਰਿ ਆਪ ਚੁਕਾਏ ਪਿਛਲਾ ਮੂਲ, ਅੱਗੇ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹੀਆ । ਨਿਰਗੁਣ ਹਰਿ ਹਰਿ ਸਗਲਾ ਸੰਗ, ਪਰਮ ਪੁਰਖ ਪਤਿਪਰਮੇਸ਼ਵਰ ਆਪ ਨਿਭਾਇੰਦਾ । ਨਿਰਗੁਣ ਹਰਿ ਹਰਿ ਸੂਰਾ ਸਰਬੰਗ, ਚਾਰ ਕੁੰਟ ਨਾਮ ਮਰਦੰਗ ਆਪ ਵਜਾਇੰਦਾ । ਨਿਰਗੁਣ ਹਰਿ ਹਰਿ ਲੋਆਂ ਪੁਰੀਆਂ ਆਪੇ ਲੰਘ, ਲੋਕਮਾਤ ਗੁਰਮੁਖ ਸਾਚੇ ਆਪ ਜਗਾਇੰਦਾ । ਨਿਰਗੁਣ ਹਰਿ ਹਰਿ ਸਾਚੀ ਸੇਜਾ ਸੁੱਤਾ ਇਕ ਪਲੰਘ, ਆਤਮ ਅੰਤਰ ਆਸਣ ਲਾਇੰਦਾ । ਨਿਰਗੁਣ ਹਰਿ ਹਰਿ ਵਹਾਏ ਸਰ ਸਰੋਵਰ ਸਾਚੀ ਗੰਗ, ਅੰਮ੍ਰਿਤ ਤਾਲਾਬ ਆਪ ਭਰਾਇੰਦਾ । ਨਿਰਗੁਣ ਹਰਿ ਹਰਿ ਆਪੇ ਲਾਏ ਆਪਣੇ ਅੰਗ, ਅੰਗੀਕਾਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਵੇਖ ਵਖਾਇੰਦਾ । ਨਿਰਗੁਣ ਹਰਿ ਹਰਿ ਸਾਚਾ ਸਤਿਗੁਰ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਹਰਿ ਹਰਿ ਲੇਖਾ ਜਾਣੇ ਦਰਗਹਿ ਧੁਰ, ਧੁਰਦਰਗਾਹ ਵੇਖ ਵਖਾਈਆ । ਨਿਰਗੁਣ ਹਰਿ ਹਰਿ ਸ਼ਬਦ ਜਣਾਏ ਏਕਾ ਸੁਰ, ਸੁਰ ਤਾਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਨਿਰਗੁਣ ਹਰਿ ਹਰਿ ਵਡ ਬਲਵਾਨਾ, ਗਹਿਰ ਗੰਭੀਰ ਆਪ ਅਖਵਾਇੰਦਾ । ਨਿਰਗੁਣ ਹਰਿ ਹਰਿ ਸ਼ਾਹ ਸੁਲਤਾਨਾ, ਰੂਪ ਅਨੂਪ ਆਪ ਧਰਾਇੰਦਾ । ਨਿਰਗੁਣ ਹਰਿ ਹਰਿ ਏਕਾ ਦੇਵੇ ਪਦ ਨਿਰਬਾਣਾ, ਨਿਰਵੈਰ ਆਪਣਾ ਖੇਲ ਖਿਲਾਇੰਦਾ । ਨਿਰਗੁਣ ਹਰਿ ਹਰਿ ਏਕਾ ਦੇਵੇ ਬ੍ਰਹਮ ਗਿਆਨਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਨਿਰਗੁਣ ਹਰਿ ਹਰਿ ਏਕਾ ਦੇਵੇ ਦਾਨਾ, ਸਾਚੀ ਵਸਤ ਝੋਲੀ ਪਾਇੰਦਾ । ਨਿਰਗੁਣ ਹਰਿ ਹਰਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਨਿਰਗੁਣ ਹਰਿ ਹਰਿ ਵਡ ਮਿਹਰਵਾਨ, ਮਹਿਮਾ ਕਥਨ ਕਥੀ ਨਾ ਜਾਈਆ । ਨਿਰਗੁਣ ਹਰਿ ਹਰਿ ਬੇਪਹਿਚਾਣ, ਰੂਪ ਰੰਗ ਨਾ ਕੋਇ ਵਖਾਈਆ । ਨਿਰਗੁਣ ਹਰਿ ਹਰਿ ਏਕਾ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਨਿਰਗੁਣ ਹਰਿ ਹਰਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੁਰਾਨਾ ਡਗਮਗਾਈਆ । ਨਿਰਗੁਣ ਹਰਿ ਹਰਿ ਨੂਰ ਨੁਰਾਨਾ, ਜਲਵਾ ਜਲਾਲ ਆਪ ਦਰਸਾਇੰਦਾ । ਨਿਰਗੁਣ ਹਰਿ ਹਰਿ ਖੇਲ ਮਹਾਨਾ, ਲੱਖ ਚੁਰਾਸੀ ਖੇਲ ਖਿਲਾਇੰਦਾ । ਨਿਰਗੁਣ ਹਰਿ ਹਰਿ ਰਾਗ ਤਰਾਨਾ, ਨਾਦੀ ਸ਼ਬਦ ਵਜਾਇੰਦਾ । ਨਿਰਗੁਣ ਹਰਿ ਹਰਿ ਆਪੇ ਪਾਏ ਆਪਣੀ ਆਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਚਲਾਇੰਦਾ । ਨਿਰਗੁਣ ਹਰਿ ਹਰਿ ਸਚ ਫ਼ਰਮਾਣ, ਦੋ ਜਹਾਨਾਂ ਆਪ ਸੁਣਾਈਆ । ਨਿਰਗੁਣ ਹਰਿ ਹਰਿ ਧੁਰ ਦੀਬਾਣ, ਧੁਰ ਲੇਖਾ ਦਏ ਮੁਕਾਈਆ । ਨਿਰਗੁਣ ਹਰਿ ਹਰਿ ਸ਼ਬਦ ਨਿਰਾਲਾ ਮਾਰੇ ਬਾਣ, ਤੀਰ ਅਣਿਆਲਾ ਆਪ ਚਲਾਈਆ । ਨਿਰਗੁਣ ਹਰਿ ਹਰਿ ਆਪੇ ਹੋਏ ਜਾਣੀ ਜਾਣ, ਘਰ ਘਰ ਵਿਚ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਹਰਿ ਬੇਅੰਤ, ਹਰਿ ਹਰਿ ਮੇਲਾ ਸਾਚੇ ਸੰਤ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਹਰਿ ਹਰਿ ਸੰਤ ਪਿਆਰੜਾ, ਸਰਗੁਣ ਮੇਲਾ ਸਹਿਜ ਸੁਭਾਏ । ਪੰਚਮ ਮਿਲਾਵਾ ਮੀਤ ਮੁਰਾਰੜਾ, ਤ੍ਰੈਗੁਣ ਵੰਡਣ ਵੰਡ ਵੰਡਾਏ । ਲੇਖਾ

ਜਾਣ ਆਰ ਪਾਰ ਕਿਨਾਰੜਾ, ਮੰਝਧਾਰ ਆਪਣਾ ਚੱਪੂ ਰਿਹਾ ਲਗਾਏ । ਆਪੇ ਸੁੱਤਾ ਸੱਥਰ ਯਾਰੜਾ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਾਚੀ ਸੇਜ ਆਪ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਹਰਿ ਹਰਿ ਅਚਰਜ ਖੇਲ ਆਪ ਖਿਲਾਏ । ਨਿਰਗੁਣ ਹਰਿ ਸਰਬ ਗੁਣਵੰਤਾ, ਪਰਮ ਪੁਰਖ ਅਖਵਾਇੰਦਾ । ਪਾਰਬ੍ਰਹਮ ਬੇਅੰਤ ਬੇਅੰਤਾ, ਜੀਵ ਜੰਤ ਸਾਧ ਸੰਤ ਰਸਨਾ ਸਰਬ ਗਾਇੰਦਾ । ਆਪੇ ਜਾਣੇ ਆਪਣਾ ਲੇਖਾ ਆਦਿ ਅੰਤਾ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਆਪੇ ਸ਼ਬਦ ਰਾਗ ਨਾਦ ਗਾਏ ਆਪੇ ਪੋਥੀ ਦੇਵੇ ਸੰਥਾ, ਮੰਤਰ ਨਾਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਨਿਰਗੁਣ ਰੰਗ ਅਗੰਮ ਅਪਾਰਾ, ਵੇਦ ਕਤੇਬ ਕਹਿਣ ਨਾ ਪਾਈਆ । ਹਰਿ ਹਰਿ ਵਸੇ ਧਾਮ ਨਿਆਰਾ, ਥਿਰ ਘਰ ਆਪਣੀ ਸੇਜ ਹੰਢਾਈਆ । ਥਿਰ ਘਰ ਸੋਹੇ ਬੰਕ ਦੁਆਰਾ, ਦਰ ਦਰਵਾਜ਼ਾ ਨਾ ਕੋਇ ਲਗਾਈਆ । ਮਹੱਲ ਅਟੱਲ ਉਚ ਮੁਨਾਰਾ, ਲੇਖਾ ਲਿਖੇ ਨਾ ਕਾਗਦ ਕਲਮ ਸ਼ਾਹੀਆ । ਸੰਤ ਸਤਿਗੁਰ ਪਾਵੇ ਸਾਰਾ, ਜਿਸ ਆਪਣਾ ਮੇਲ ਮਿਲਾਈਆ । ਸਾਚਾ ਸ਼ਬਦ ਸਚ ਧੁਨਕਾਰਾ, ਧੁਨ ਧੁਨ ਵਿਚ ਉਪਜਾਈਆ । ਸੁਣੇ ਸੁਣਾਵੇ ਸੁਨਣੇਹਾਰਾ, ਸੁੰਨ ਸਮਾਧ ਬੋਧ ਅਗਾਧ ਲਿਵ ਲਿਵ ਵਿਚ ਟਿਕਾਈਆ । ਖੇਲੇ ਖੇਲ ਅਗੰਮ ਅਪਾਰਾ, ਆਦਿ ਜੁਗਾਦੀ ਸਚ ਜੈਕਾਰਾ, ਸੋ ਪੁਰਖ ਨਿਰੰਜਣ ਆਪ ਲਗਾਈਆ । ਕਲਜੁਗ ਅੰਤਮ ਗੁਪਤ ਜ਼ਾਹਰਾ, ਖੇਲੇ ਖੇਲ ਹਰਿ ਕਰਤਾਰਾ, ਏਕਾ ਅੱਖਰ ਕਰ ਤਿਆਰਾ, ਹੰ ਬ੍ਰਹਮ ਕਰੇ ਨਿਆਰਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਨੂਰ ਨੂਰ ਡਗਮਗਾਈਆ । ਨੂਰ ਉਜਾਲਾ ਹਰਿ ਗੋਪਾਲਾ, ਦੀਨਾ ਨਾਥਾਂ ਦਇਆ ਕਮਾਇੰਦਾ । ਸਤਿ ਪੁਰਖ ਨਿਰੰਜਣ ਖੇਲ ਨਿਰਾਲਾ ਜੋਤ ਅਕਾਲਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਭੇਵ ਚੁਕਾਏ ਕਾਲ ਮਹਾਂਕਾਲਾ ਅਵੱਲੜੀ ਚਾਲਾ, ਜਗਤ ਜੰਜਾਲ ਤੋੜ ਤੁੜਾਇੰਦਾ । ਏਕਾ ਮੰਦਰ ਸੁਹਾਏ ਸੱਚੀ ਧਰਮਸਾਲਾ, ਲੇਖਾ ਜਾਣੇ ਜੋਤ ਜੁਆਲਾ, ਦੀਪਕ ਦੀਆ ਇਕ ਟਿਕਾਇੰਦਾ । ਜਨ ਭਗਤਾਂ ਆਤਮ ਪਾਏ ਸਾਚੀ ਮਾਲਾ, ਸ਼ਬਦ ਸਰੂਪੀ ਬਣ ਦਲਾਲਾ, ਮਨ ਕਾ ਮਣਕਾ ਆਪ ਫਿਰਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਫਲ ਵੇਖੇ ਲੱਖ ਚੁਰਾਸੀ ਡਾਲਾ, ਪਾਤੀ ਪਾਤੀ ਕਮਲਾਪਾਤੀ ਦਿਵਸ ਰਾਤੀ ਵੇਖ ਵਖਾਇੰਦਾ । ਗੁਰਸਿਖਾਂ ਦੱਸੇ ਰਾਹ ਸੁਖਾਲਾ, ਚਰਨ ਪ੍ਰੀਤੀ ਘਾਲਣ ਘਾਲਾ, ਰਾਏ ਧਰਮ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਸਾਚਾ ਹਰਿ, ਹਰੀ ਹਰਿ ਹਰਿਜਨ ਸਾਚੇ ਲਏ ਵਰ, ਦਰ ਆਪਣਾ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਗਦ ਕਲਮ ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ, ਗੁਰ ਪੀਰ ਅਵਤਾਰ ਸਾਧ ਸੰਤ ਬ੍ਰਹਮਾ ਵਿਸ਼ਨ ਮਹੇਸ਼ ਗਣਪਤ ਦਰ ਦਰਵੇਸ਼ ਆਪਣੀ ਲਾਏ ਆਪੇ ਸੇਵ, ਆਪਣਾ ਲੇਖਾ ਨਾ ਕਿਸੇ ਜਣਾਇੰਦਾ ।

### ❊ ੨੮ ਚੇਤ ੨੦੧੭ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਘਰ ਗਗੋਬੂਆ ਜ਼ਿਲਾ ਅੰਮ੍ਰਿਤਸਰ ❊

ਸੁੱਖ ਦੁੱਖ ਏਕਾ ਧਾਰ, ਚਿੰਤਾ ਸੋਗ ਨਾ ਕੋਇ ਜਣਾਈਆ । ਮਾਨਸ ਮਾਨੁਖ ਕਰੇ ਪਿਆਰ, ਮਨ ਮਮਤਾ ਦਏ ਤਜਾਈਆ । ਸਾਚਾ ਸ਼ਬਦ ਜਗਤ ਅਧਾਰ, ਗੁਰਸਿਖ ਰਸਨਾ ਜਿਹਵਾ ਗਾਈਆ । ਸਗਲਾ ਭਉ ਦਏ ਨਿਵਾਰ, ਸਤਿਗੁਰ ਪੂਰੇ ਹੱਥ ਵਡਿਆਈਆ । ਅੰਤਮ ਬਖ਼ਸ਼ੇ ਬਖ਼ਸ਼ਣਹਾਰ,

ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਗੁਰਮਤ ਇਕ ਪੜ੍ਹਾਈਆ । ਦੁੱਖ ਸੁੱਖ ਹਰਿ ਕਾ ਰੂਪ, ਹਰੀ ਹਰਿ ਹਰਿ ਖੇਲ ਖਿਲਾਇੰਦਾ । ਕਰ ਪਸਾਰ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇੰਦਾ । ਪੰਜ ਤਤ ਅਕਾਰ ਨਾਤਾ ਝੂਠ, ਸਗਲਾ ਸੰਗ ਨਾ ਕੋਇ ਰਖਾਇੰਦਾ । ਗੁਰਮੁਖ ਵਿਰਲਾ ਉਪਜੇ ਸਾਚਾ ਪੂਤ, ਜਿਸ ਜਨ ਸਾਚੇ ਸੂਤ ਨਾਮ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਸੁੱਖ ਵਿਚ ਵਖਾਇੰਦਾ । ਦੁੱਖ ਦਿਆਲ ਸਹਿਜ ਸੁਖ ਸਾਗਰ, ਗੁਰਮੁਖ ਵਿਰਲੇ ਵੰਡ ਵੰਡਾਈਆ । ਕਾਇਆ ਚੋਲੀ ਚੜ੍ਹੇ ਰੰਗ ਗੁਲਾਲ, ਜੋ ਜਨ ਦੁੱਖ ਵਿਚ ਹਰਿ ਹਰਿ ਰਿਹਾ ਧਿਆਈਆ । ਹਰਿਜਨ ਬਣੇ ਸਾਚੇ ਲਾਲ, ਤ੍ਰੈਗੁਣ ਮਾਇਆ ਗੋਦੜੀ ਨਾ ਕੋਇ ਹੰਢਾਈਆ । ਪੁਰਖ ਪੁਰਖੋਤਮ ਕਰੇ ਪ੍ਰਿਤਪਾਲ, ਰੈਣ ਨੈਣ ਦਿਵਸ ਸੇਵ ਕਮਾਈਆ । ਅੰਤਮ ਪੋਹ ਨਾ ਸਕੇ ਕਾਲ, ਜਗਤ ਜੰਜਾਲ ਨਾ ਦਿਸੇ ਫਾਹੀਆ । ਜਿਸ ਜਨ ਦੇਵੇ ਨਾਮ ਸੱਚਾ ਧਨ ਮਾਲ, ਦੋ ਜਹਾਨਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾਏ ਸ਼ਾਹ ਕੰਗਾਲ, ਗੁਰਸਿਖ ਭਾਣੇ ਵਿਚ ਸਮਾਈਆ । ਸੁੱਖ ਦੁੱਖ ਜਗਤ ਜਗ ਪ੍ਰਤਾਪ, ਪੂਰਨ ਪਰਮੇਸ਼ਵਰ ਆਪ ਰਖਾਇੰਦਾ । ਦੁੱਖ ਵਿਚ ਬੁੱਝੇ ਆਪਣਾ ਆਪ, ਸੁੱਖ ਸਾਚਾ ਨਜ਼ਰੀ ਆਇੰਦਾ । ਜਿਸ ਜਨ ਸਤਿਗੁਰ ਪੂਰਾ ਮਿਲਿਆ ਮਾਈ ਬਾਪ, ਚਿੰਤਾ ਸੋਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਏਕਾ ਵਰ, ਚਿੱਖਾ ਚਿੰਤਾ ਹੱਡੀਆਂ ਬਾਲਣ ਨਾ ਕੋਇ ਤਪਾਇੰਦਾ ।



## ੧ ਵਿਸਾਖ ੨੦੧੭ ਬਿਕ੍ਰਮੀ ਠਾਕਰ ਸਿੰਘ ਦੇ ਘਰ ਜੇਠੂਵਾਲ ਦਇਆ ਹੋਈ ਜ਼ਿਲਾ ਅੰਮ੍ਰਿਤਸਰ

੪੭੮

੦੯ ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਵਡ ਬਲਵਾਨ, ਅਗੰਮ ਅਗੰਮੜਾ ਖੇਲ ਖਿਲਾਇੰਦਾ । ਏਕੰਕਾਰਾ ਵਡ ਮਿਹਰਵਾਨ, ਅਲੱਖ ਅਲੱਖਣਾ ਨਾਉਂ ਧਰਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ, ਇਕ ਇਕੱਲਾ ਸੋਭਾ ਪਾਇੰਦਾ । ਸ੍ਰੀ ਭਗਵਾਨ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਪਾਰਬ੍ਰਹਮ ਸਤਿ ਫ਼ਰਮਾਣ, ਸਤਿ ਪੁਰਖ ਨਿਰੰਜਣ ਆਪ ਅਲਾਇੰਦਾ । ਸਾਚੇ ਤਖ਼ਤ ਹੋ ਪ੍ਰਧਾਨ, ਸਚਖੰਡ ਸਾਚੇ ਡੇਰਾ ਲਾਇੰਦਾ । ਨਾ ਕੋਈ ਮੰਦਰ ਨਾ ਮਕਾਨ, ਛੱਪਰ ਛੰਨ ਨਾ ਕੋਇ ਵਖਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਗਗਨ ਮੰਡਲ ਨਾ ਕੋਇ ਉਪਾਇੰਦਾ । ਰਵ ਸਸ ਨਾ ਕੋਇ ਨਿਸ਼ਾਨ, ਲੋਆਂ ਪੁਰੀਆਂ ਨਾ ਰਚਨ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਗਿਆਨ, ਚਰਨ ਧਿਆਨ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਆਪਣੀ ਖੇਲ ਆਪ ਖਲਾਇੰਦਾ । ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਹਰਿ ਪੁਰਖ ਨਿਰੰਜਣ ਵਡ ਵਡਿਆਈਆ । ਏਕੰਕਾਰਾ ਮਹਿਮਾ ਅਗਣਤ, ਆਦਿ ਨਿਰੰਜਣ ਲਖਾ ਨਾ ਜਾਈਆ । ਸ੍ਰੀ ਭਗਵਾਨ ਸਾਚਾ ਕੰਤ, ਅਬਿਨਾਸ਼ੀ ਕਰਤਾ ਆਪ ਹੰਢਾਈਆ । ਪਾਰਬ੍ਰਹਮ ਆਦਿ ਅੰਤ, ਮਧ ਆਪਣੀ ਖੇਲ ਰਚਾਈਆ । ਸਚਖੰਡ ਨਿਵਾਸੀ ਲੇਖਾ ਜਾਣੇ ਜੀਵ ਜੰਤ, ਜੁਗਾ ਜੁਗੰਤਰ ਵੇਸ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਆਪ ਅਖਵਾਈਆ । ਸੋ ਪੁਰਖ ਨਿਰੰਜਣ ਸਾਚੀ ਧਾਰ, ਦਰ ਘਰ ਸਾਚੇ ਆਪ ਵਹਾਇੰਦਾ ।

ਹਰਿ ਪੁਰਖ ਨਿਰੰਜਣ ਕਰ ਪਿਆਰ, ਏਕਾ ਅੰਕ ਲਗਾਇੰਦਾ । ਏਕੰਕਾਰਾ ਖੇਲ ਅਪਾਰ, ਨਰ ਹਰਿ ਆਪਣੀ ਆਪ ਕਰਾਇੰਦਾ । ਆਦਿ ਨਿਰੰਜਣ ਠਾਂਡਾ ਠਾਰ, ਸਾਂਤਕ ਸਤਿ ਸਤਿ ਵਰਤਾਇੰਦਾ । ਸ੍ਰੀ ਭਗਵਾਨ ਹੋ ਤਿਆਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਅਬਿਨਾਸ਼ੀ ਕਰਤਾ ਸਾਚਾ ਭਰ ਭੰਡਾਰ, ਸਾਚੀ ਵਸਤ ਆਪ ਉਪਾਇੰਦਾ । ਪਾਰਬ੍ਰਹਮ ਪ੍ਰਭ ਬਣ ਭਿਖਾਰ, ਆਪਣੀ ਝੋਲੀ ਅੱਗੇ ਡਾਹਿੰਦਾ । ਸਚਖੰਡ ਨਿਵਾਸਾ ਖੇਲ ਕਰੇ ਕਰਤਾਰ, ਕਰਨੀ ਕਰਤਾ ਆਪ ਕਰਾਇੰਦਾ । ਰਾਜ ਜੋਗ ਕਰੇ ਸਿਕਦਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਕਰੇ ਵਿਚਾਰ, ਧੁਰ ਫ਼ਰਮਾਣਾ ਆਪ ਅਲਾਇੰਦਾ । ਨਾ ਕੋਈ ਦੀਸੇ ਚੋਬਦਾਰ, ਦੁਆਰਪਾਲ ਨਾ ਕੋਇ ਰਖਾਇੰਦਾ । ਇਕ ਇਕੱਲਾ ਨਿਰਾਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਸਾਚਾ ਘਰ, ਹਰਿ ਸਚਾ ਸਚ ਸੁਹਾਈਆ । ਹਰਿ ਪੁਰਖ ਨਿਰੰਜਣ ਅੰਦਰ ਵੜ, ਬੈਠਾ ਆਸਣ ਲਾਈਆ । ਏਕੰਕਾਰਾ ਫੜ ਲੜ, ਆਪਣਾ ਪੱਲੂ ਨਾਲ ਬੰਧਾਈਆ । ਆਦਿ ਨਿਰੰਜਣ ਸਾਚੇ ਪੌੜੇ ਆਪੇ ਚੜ੍ਹ, ਉਚ ਮਹੱਲੇ ਡਗਮਗਾਈਆ । ਸ੍ਰੀ ਭਗਵਾਨ ਅੱਗੇ ਖੜ੍ਹ, ਰੂਪ ਅਨੂਪ ਆਪ ਦਰਸਾਈਆ । ਅਬਿਨਾਸ਼ੀ ਕਰਤਾ ਆਪਣਾ ਅੱਖਰ ਆਪੇ ਪੜ੍ਹ, ਨਿਸ਼ਅੱਖਰ ਆਪੇ ਕਰੇ ਪੜ੍ਹਾਈਆ । ਪਾਰਬ੍ਰਹਮ ਪ੍ਰਭ ਘਾੜਣ ਘੜ, ਆਪਣੀ ਰਚਨਾ ਆਪ ਰਚਾਈਆ । ਸਚਖੰਡ ਦੁਆਰ ਨਾ ਕੋਈ ਚੋਟੀ ਨਾ ਕੋਈ ਜੜ੍ਹ, ਆਦਿ ਅੰਤ ਨਾ ਕੋਇ ਵਖਾਈਆ । ਨਾ ਕੋਈ ਕਿਲਾ ਕੋਟ ਦਿਸੇ ਗੜ੍ਹ, ਚਾਰ ਦੀਵਾਰ ਨਾ ਕੋਇ ਵਖਾਈਆ । ਸ਼ਾਹ ਸੁਲਤਾਨ ਨਾ ਸਕੇ ਕੋਇ ਫੜ, ਰਾਜ ਰਾਜਾਨ ਨਜ਼ਰ ਨਾ ਆਈਆ । ਜਲ ਧਾਰ ਨਾ ਦਿਸੇ ਹੜ੍ਹ, ਧਰਤ ਧਵਲ ਨਾ ਕੋਇ ਵਡਿਆਈਆ । ਪੰਜ ਤਤ ਨਾ ਦਿਸੇ ਨਾੜੀ ਨੜ, ਤ੍ਰੈਗੁਣ ਨਾ ਬੰਧਨ ਪਾਈਆ । ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਨਾ ਕੋਇ ਭੁਆਈਆ । ਨਾ ਕੋਈ ਤੀਰਥ ਤੱਟ ਦਿਸੇ ਸਰ, ਸਰ ਸਰੋਵਰ ਨਾ ਕੋਇ ਵਖਾਈਆ । ਆਪਣੀ ਕਰਨੀ ਰਿਹਾ ਕਰ, ਆਦਿ ਜੁਗਾਦੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜੀ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਹਰਿ ਸੁਲਤਾਨਾ, ਦਰਗਹਿ ਸਾਚੀ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਏਕੰਕਾਰਾ ਪਦ ਨਿਰਬਾਨਾ, ਆਪਣਾ ਆਪ ਜਣਾਇੰਦਾ । ਆਦਿ ਨਿਰੰਜਣ ਵਿਚ ਸਮਾਣਾ, ਨੂਰੋ ਨੂਰ ਧਰਾਇੰਦਾ । ਸ੍ਰੀ ਭਗਵਾਨ ਨਾ ਕਿਸੇ ਪਛਾਣਾ, ਰੂਪ ਰੇਖ ਨਾ ਕੋਇ ਵਖਾਇੰਦਾ । ਪਾਰਬ੍ਰਹਮ ਵੇਸ ਮਹਾਨਾ, ਇਕ ਇਕੱਲਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਵੜ, ਘਰ ਘਰ ਵਿਚ ਆਪ ਬਣਾਇੰਦਾ । ਸਚਖੰਡ ਦੁਆਰਾ ਹਰਿ ਉਪਾ, ਆਪਣੀ ਦਇਆ ਕਮਾਇੰਦਾ । ਸਚ ਸਿੰਘਾਸਣ ਆਸਣ ਲਾ, ਤਖ਼ਤ ਤਾਜ ਸੁਹਾਇੰਦਾ । ਧੁਰ ਫ਼ਰਮਾਣਾ ਆਪ ਜਣਾ, ਹੁਕਮੀ ਹੁਕਮ ਫ਼ਰਾਇੰਦਾ । ਰਾਜਾ ਰਾਣਾ ਆਪ ਅਖਵਾ, ਆਪਣਾ ਸੀਸ ਝੁਕਾਇੰਦਾ । ਨਾਦ ਤਰਾਨਾ ਆਪ ਵਜਾ, ਤਾਰ ਸਿਤਾਰ ਹਿਲਾਇੰਦਾ । ਪਾਰਬ੍ਰਹਮ ਪ੍ਰਭ ਨਾਉਂ ਧਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਅੰਦਰ ਵੜ, ਆਪ ਆਪਣਾ ਭੇਵ ਖੁਲ੍ਹਾਇੰਦਾ । ਸਚਖੰਡ ਦੁਆਰਾ ਹਰਿ ਸੁਹੰਜਣਾ, ਮਹਿਮਾ ਅਕਥਨ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਦਰਦ ਦੁੱਖ ਭੈ ਭੰਜਣਾ, ਹਰਿ ਦਾਤਾ ਬੇਪਰਵਾਹੀਆ । ਏਕੰਕਾਰਾ ਸਚ ਦੁਆਰ ਕਰਾਏ ਮਜਨਾ, ਸਰ ਸਰੋਵਰ ਇਕ ਵਖਾਈਆ । ਆਦਿ ਨਿਰੰਜਣ ਰੱਖੇ ਲਜਣਾ, ਅੰਧ ਅੰਧੇਰ ਨਾ ਕੋਇ ਵਖਾਈਆ ।

੪੭੯

ਸ੍ਰੀ ਭਗਵਾਨਾ ਨਾ ਘੜਿਆ ਨਾ ਭੱਜਣਾ, ਭੰਨਣਹਾਰ ਹੱਥ ਵਡਿਆਈਆ । ਅਬਿਨਾਸ਼ੀ ਕਰਤਾ ਆਦਿ ਜੁਗਾਦੀ ਏਕਾ ਗੱਜਣਾ, ਸ਼ਬਦ ਅਨਾਦੀ ਨਾਦ ਵਜਾਈਆ । ਪਾਰਬ੍ਰਹਮ ਸਚਖੰਡ ਅੰਦਰ ਥਿਰ ਘਰ ਬਹਿ ਬਹਿ ਸਜਣਾ, ਘਰ ਘਰ ਵਿਚ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਈਆ । ਇਕ ਇਕੱਲਾ ਏਕੰਕਾਰਾ, ਭੇਵ ਕੋਇ ਨਾ ਪਾਇੰਦਾ । ਆਦਿ ਅੰਤ ਇਕ ਅਵਤਾਰਾ, ਏਕਾ ਵੇਸ ਵਟਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸਚਖੰਡ ਦੁਆਰਾ ਆਪ ਸੁਹਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਰ ਨਰਾਇਣ ਨਾਉਂ ਧਰਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਪੁੱਤਰ ਧੀਆਂ ਨਾ ਬਣਤ ਬਣਾਇੰਦਾ । ਨਾ ਕੋਈ ਨਾਰੀ ਕੰਤ ਭਤਾਰਾ, ਸੇਜ ਸੁਹੰਜਣੀ ਨਾ ਕੋਇ ਹੰਢਾਇੰਦਾ । ਨਾ ਕੋਈ ਸਖੀਆਂ ਮੰਗਲ ਗਾਏ ਆਪਣੀ ਵਾਰਾ, ਰਚਨਾ ਰਾਸ ਨਾ ਕੋਇ ਰਚਾਇੰਦਾ । ਨਾ ਕੋਈ ਤਾਲ ਨਾ ਤਲਵਾੜਾ, ਰਾਗਨੀ ਰਾਗ ਨਾ ਕੋਇ ਸੁਣਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਦਰ ਘਰ ਸਾਚੇ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਜੋਤ ਉਜਾਲਾ ਹਰਿ ਗੋਪਾਲਾ, ਥਿਰ ਘਰ ਸਾਚੇ ਸੋਭਾ ਪਾਈਆ । ਆਪਣੀ ਕਰੇ ਆਪ ਪ੍ਰਿਤਪਾਲਾ, ਆਦਿ ਜੁਗਾਦਿ ਸੇਵ ਕਮਾਈਆ । ਆਪੇ ਖੇਲੇ ਖੇਲ ਨਿਰਾਲਾ, ਵੇਦ ਕਤੇਬ ਨਾ ਕੋਇ ਪੜ੍ਹਾਈਆ । ਨਾ ਕੋਈ ਗੱਲ ਵਿਚ ਪਾਏ ਮਾਲਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰੇ ਆਪ ਬਿਰਾਜੇ, ਸਾਚੇ ਸੀਸ ਸੋਹੇ ਤਾਜੇ, ਪੰਚਮ ਮੁਖ ਆਪ ਸੁਹਾਈਆ । ਪੰਚਮ ਮੁਖ ਤਾਜ ਸੁਹਾਵਣਾ, ਸਚਖੰਡ ਦੁਆਰੇ ਸੋਭਾ ਪਾਈਆ । ਸੋ ਪੁਰਖ ਨਿਰੰਜਣ ਏਕਾ ਨਜ਼ਰੀ ਆਵਣਾ, ਦੂਸਰ ਹੋਰ ਨਾ ਕੋਇ ਵਖਾਈਆ । ਹਰਿ ਪੁਰਖ ਨਿਰੰਜਣ ਏਕਾ ਗਾਵਣਾ, ਵਾਹਵਾ ਵਜਦੀ ਰਹੇ ਵਧਾਈਆ । ਏਕੰਕਾਰਾ ਰੰਗ ਰੰਗਾਵਣਾ, ਰੰਗ ਚਲੂਲ ਇਕ ਚੜ੍ਹਾਈਆ । ਆਦਿ ਨਿਰੰਜਣ ਜੋਤ ਜਗਾਵਣਾ, ਜੋਤ ਨਿਰੰਜਣ ਡਗਮਗਾਈਆ । ਸ੍ਰੀ ਭਗਵਾਨ ਖੇਲ ਖਲਾਵਣਾ, ਆਪਣੀ ਮਹਿਮਾ ਆਪ ਵਖਾਈਆ । ਅਬਿਨਾਸ਼ੀ ਕਰਤਾ ਨਾਉਂ ਧਰਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਪਾਰਬ੍ਰਹਮ ਥਿਰ ਘਰ ਸਾਚੇ ਡੇਰਾ ਲਾਵਣਾ, ਆਪਣਾ ਤਖ਼ਤ ਤਾਜ ਸੁਹਾਈਆ । ਸਾਚੀ ਵੰਡ ਆਪ ਵੰਡਾਵਣਾ, ਆਪਣੀ ਭਿਛਿਆ ਇਛਿਆ ਮੰਗ ਮੰਗਾਈਆ । ਆਪੇ ਝੋਲੀ ਅੱਗੇ ਡਾਹਵਣਾ, ਸ਼ਾਹ ਹਕੀਰ ਆਪ ਅਖਵਾਈਆ । ਬੇਨਜ਼ੀਰ ਆਪ ਅਖਵਾਵਣਾ, ਤਬਦੀਰ ਤਕਸੀਰ ਆਪ ਬਣਾਈਆ । ਲਾਸ਼ਰੀਕ ਨਾਮ ਧਰਾਵਣਾ, ਨੂਰੋ ਨੂਰ ਜਲਵਾ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਸੋ ਪੁਰਖ ਨਿਰੰਜਣ ਹਰਿ ਰੰਗ ਰਾਤਾ, ਰੰਗ ਰਤੜਾ ਸਾਚਾ ਮਾਹੀਆ । ਹਰਿ ਪੁਰਖ ਨਿਰੰਜਣ ਉਤਮ ਜ਼ਾਤਾ, ਵਰਨ ਗੋਤ ਨਾ ਕੋਇ ਬਣਾਈਆ । ਏਕੰਕਾਰਾ ਸੋਹੇ ਆਪਣੀ ਖਾਟਾ, ਪਾਵਾ ਚੂਲ ਨਾ ਕੋਇ ਬਣਾਈਆ । ਆਦਿ ਨਿਰੰਜਣ ਕਰੇ ਪਰਕਾਸ਼ ਚੌਦਾਂ ਹਾਟਾ, ਚੌਦਾਂ ਲੋਕ ਇਕ ਰੁਸ਼ਨਾਈਆ । ਸ੍ਰੀ ਭਗਵਾਨ ਦੇਵੇ ਦਾਤਾ, ਵਡ ਦਾਤਾ ਇਕ ਅਖਵਾਈਆ । ਅਬਿਨਾਸ਼ੀ ਕਰਤਾ ਆਪੇ ਗਾਏ ਆਪਣੀ ਗਾਥਾ, ਨਿਰਗੁਣ ਨਿਰਗੁਣ ਕਰੇ ਪੜ੍ਹਾਈਆ । ਪਾਰਬ੍ਰਹਮ ਸਰਬ ਕਲਾ ਸਮਰਾਥਾ, ਸਮਰਥ ਪੁਰਖ ਆਪ ਅਖਵਾਈਆ । ਆਪੇ ਚਲਾਏ ਆਪਣਾ ਰਾਥਾ, ਰਥ ਰਥਵਾਹੀ ਇਕ ਅਖਵਾਈਆ । ਆਪ ਨਿਭਾਏ ਸਗਲਾ ਸਾਥਾ, ਸਗਲਾ ਸੰਗ ਆਪ ਹੋ ਜਾਈਆ । ਆਪੇ ਪਿਤਾ ਆਪੇ ਮਾਤਾ, ਆਪੇ ਜਨ

ਜਨਨੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਈਆ । ਸੋ ਪੁਰਖ ਨਿਰੰਜਣ ਨਿਰਾਕਾਰ, ਏਕਾ ਰੰਗ ਸਮਾਇਆ । ਹਰਿ ਪੁਰਖ ਨਿਰੰਜਣ ਮੀਤ ਮੁਰਾਰ, ਘਰ ਸੱਜਣ ਸੱਚਾ ਪਾਇਆ । ਏਕੰਕਾਰਾ ਕਰ ਪਿਆਰ, ਸੇਜ ਸੁਹਾਵੀ ਦਏ ਸੁਹਾਇਆ । ਆਦਿ ਨਿਰੰਜਣ ਦੀਪਕ ਬਾਤੀ ਬਾਲ, ਪਰਕਾਸ਼ ਪਰਕਾਸ਼ ਦਏ ਕਰਾਇਆ । ਸ੍ਰੀ ਭਗਵਾਨ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇਆ । ਅਬਿਨਾਸ਼ੀ ਕਰਤਾ ਆਪਣਾ ਰੂਪ ਵਟਾਏ ਕਾਲ ਮਹਾਂਕਾਲ, ਦੀਨ ਦਿਆਲ ਆਪਣਾ ਨਾਉਂ ਧਰਾਇਆ । ਪਾਰਬ੍ਰਹਮ ਆਪਣਾ ਆਪੇ ਪਾਏ ਜੰਜਾਲ, ਆਪ ਆਪਣਾ ਖੇਲ ਖਿਲਾਇਆ । ਆਪੇ ਸ਼ਬਦ ਅਗੰਮੀ ਬਣ ਦਲਾਲ, ਪੂਤ ਸਪੂਤਾ ਆਪੇ ਜਾਇਆ । ਆਪੇ ਵੇਖੇ ਸਾਚਾ ਲਾਲ, ਸਾਚੀ ਗੋਦੀ ਆਪ ਬਹਾਇਆ । ਆਪੇ ਆਪਣਾ ਫਲ ਲਗਾਏ ਆਪਣੀ ਡਾਲ੍ਹ, ਪਤ ਡਾਲ੍ਹੀ ਆਪ ਮਹਿਕਾਇਆ । ਆਪੇ ਆਪਣੀ ਘਾਲਣ ਰਿਹਾ ਘਾਲ, ਸੇਵਕ ਸਾਚੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਨਿਰਗੁਣ ਵੜ, ਨਾ ਕੋਈ ਸੀਸ ਨਾ ਕੋਈ ਧੜ, ਨਾਰੀ ਕੰਤ ਸੇਜੇ ਚੜ੍ਹ, ਸ਼ਬਦ ਦੁਲਾਰਾ ਸੁੱਤ ਉਪਜਾਇਆ । ਸ਼ਬਦ ਸੁੱਤ ਸਚ ਬਲਵਾਨਾ, ਸਚਖੰਡ ਦੁਆਰੇ ਆਪ ਉਪਾਇੰਦਾ । ਥਿਰ ਘਰ ਵਾਸੀ ਦੇਵੇ ਧੁਰ ਫ਼ਰਮਾਣਾ, ਦਰਗਹਿ ਸਾਚੀ ਆਪ ਸੁਣਾਇੰਦਾ । ਲੋਆਂ ਪੁਰੀਆਂ ਪਾਵੇ ਤੇਰੀ ਆਣਾ, ਤੇਰਾ ਬੰਕ ਵਸਾਇੰਦਾ । ਮੇਰਾ ਰਾਗ ਤੇਰਾ ਗਾਣਾ, ਤੇਰੀ ਧਾਰ ਚਲਾਇੰਦਾ । ਤੇਰਾ ਰੂਪ ਸ੍ਰੀ ਭਗਵਾਨਾ, ਵਿਛੜ ਕਦੇ ਨਾ ਜਾਇੰਦਾ । ਸਤਿ ਸਰੂਪ ਬੱਧਾ ਗਾਨਾ, ਸਤਿ ਪੁਰਖ ਨਿਰੰਜਣ ਸਦਾ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਤਿ ਸਤਿਵਾਦ ਲੇਖਾ ਜਾਣੇ ਆਦਿ ਜੁਗਾਦਿ, ਬ੍ਰਹਮ ਬ੍ਰਹਿਮਾਦ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਹਰਿ ਰਚਾਏ, ਵਡ ਦਾਤਾ ਬੇਪਰਵਾਹੀਆ । ਸ਼ਬਦ ਦੁਲਾਰਾ ਸੇਵ ਕਮਾਏ, ਅਗੰਮ ਅਗੰਮੜੀ ਖੇਲ ਖਿਲਾਈਆ । ਸਚਖੰਡ ਦੁਆਰਾ ਤਜ ਥਿਰ ਘਰ ਵਾਸੀ ਬਾਹਰ ਆਏ ਭੱਜ, ਆਪੇ ਰੱਖੇ ਆਪਣੀ ਲੱਜ, ਲਾਜਾਵੰਤ ਆਪ ਅਖਵਾਈਆ । ਸ਼ਬਦ ਸ਼ਬਦੀ ਪਰਦਾ ਰਿਹਾ ਕੱਜ, ਆਪ ਆਪਣਾ ਪਰਦਾ ਪਾਈਆ । ਆਪਣੇ ਨਗਾਰੇ ਆਪੇ ਰਿਹਾ ਵੱਜ, ਤਾਰ ਸਿਤਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰ ਕਰੇ ਖੇਲ ਅਪਰ ਅਪਾਰ, ਸੁੱਤ ਦੁਲਾਰਾ ਕਰ ਤਿਆਰ, ਆਪਣੇ ਅੰਦਰ ਲੇਵੇ ਵਾੜ, ਆਪੇ ਬਾਹਰ ਕਢਾਈਆ । ਆਪੇ ਪੂਤ ਸਪੂਤਾ ਮਾਤ ਪਿਤ, ਜਨ ਜਨਨੀ ਆਪ ਅਖਵਾਇੰਦਾ । ਆਪੇ ਆਦਿ ਜੁਗਾਦਿ ਜੁਗਾ ਜੁਗੰਤ ਖੇਲੇ ਖੇਲ ਨਿਤ ਨਵਿਤ, ਵੇਸ ਅਵੇਸਾ ਵੇਸ ਵਟਾਇੰਦਾ । ਆਪੇ ਜੋਤੀ ਨਾਰੀ ਕਰੇ ਹਿੱਤ, ਆਪੇ ਕੰਤ ਰੂਪ ਸਮਾਇੰਦਾ । ਆਪੇ ਵਸੇ ਸਾਚੇ ਖੇਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਰਖਾਇੰਦਾ । ਆਪੇ ਹੋਏ ਨੇਤਨ ਨੇਤ, ਨਿਤ ਨਿਤ ਆਪਣੀ ਰਚਨ ਰਚਾਇੰਦਾ । ਆਪੇ ਹਾਰੇ ਆਪੇ ਲਏ ਜਿੱਤ, ਆਪੇ ਆਪਣੀ ਚਾਲ ਚਲਾਇੰਦਾ । ਆਪੇ ਵਸੇ ਧਾਮ ਅਣਡਿਠ, ਨੇਤਰ ਨੈਣ ਨਾ ਕਿਸੇ ਵਖਾਇੰਦਾ । ਆਪੇ ਸਾਚੀ ਸੇਜਾ ਰਿਹਾ ਲੇਟ, ਸਾਚੀ ਖਾਟ ਹੇਠ ਵਿਛਾਇੰਦਾ । ਆਪੇ ਸੂਤ ਤਾਣਾ ਪੇਟ, ਆਪੇ ਸਾਚੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਨਿਰਗੁਣ ਧਾਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਸੱਜਣ ਨਿਰਗੁਣ ਮੀਤ ਮੁਰਾਰ, ਨਿਰਗੁਣ ਮੇਲਾ ਸਹਿਜ ਸੁਭਾਈਆ ।

ਨਿਰਗੁਣ ਠਾਂਡਾ ਦਰ ਦਰਬਾਰ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਵਰਤੇ ਸਚ ਵਰਤਾਰ, ਨਿਰਗੁਣ ਸਤਿਵਾਦ ਅਖਵਾਈਆ । ਨਿਰਗੁਣ ਸ਼ਬਦ ਬੋਲ ਜੈਕਾਰ, ਆਪ ਅਪਣਾ ਨਾਉਂ ਉਪਜਾਈਆ । ਨਿਰਗੁਣ ਨਾਉਂ ਰੱਖ ਨਿਰੰਕਾਰ, ਨਿਰਾਕਾਰ ਖੇਲ ਖਿਲਾਈਆ । ਨਿਰਗੁਣ ਆਪਣਾ ਆਪ ਲਏ ਪਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਬੈਠਾ ਅਲੱਖ ਜਗਾਈਆ । ਨਿਰਗੁਣ ਆਇਆ ਨਿਰਗੁਣ ਦੁਆਰ, ਨਿਰਗੁਣ ਵੇਖ ਵਖਾਈਆ । ਨਿਰਗੁਣ ਪੁਰਖ ਅਗੰਮੜਾ ਏਕੰਕਾਰ, ਨਾ ਮਰੇ ਨਾ ਜਾਈਆ । ਨਿਰਗੁਣ ਪੁਰਖ ਅਕਾਲ ਬੋਲ ਜੈਕਾਰ, ਆਪਣਾ ਨਾਉਂ ਆਪੇ ਉਪਜਾਈਆ । ਨਿਰਗੁਣ ਵਿਸ਼ਵ ਕਰ ਪਸਾਰ, ਵਿਸ਼ਨੂੰ ਆਪਣੀ ਕਲ ਵਰਤਾਈਆ । ਨਿਰਮਲ ਅੰਮ੍ਰਿਤ ਭਰਿਆ ਠੰਡੀ ਠਾਰ, ਸਤਿ ਸਰੋਵਰ ਆਪ ਟਿਕਾਈਆ । ਨਿਰਗੁਣ ਕਵਲ ਹੋਇਆ ਉਜਿਆਰ, ਨਾਭੀ ਕਵਲ ਆਪ ਭੁਆਈਆ । ਨਿਰਗੁਣ ਖਿੜੀ ਸੱਚੀ ਗੁਲਜ਼ਾਰ, ਪਤ ਪਤ ਆਪ ਮਹਿਕਾਈਆ । ਨਿਰਗੁਣ ਸਾਚੀ ਸਚ ਬਹਾਰ, ਪਾਰਬ੍ਰਹਮ ਵੇਖੇ ਚਾਈਂ ਚਾਈਆ । ਬ੍ਰਹਮ ਅੰਦਰੋਂ ਆਇਆ ਬਾਹਰ, ਪ੍ਰਭ ਸਾਚੇ ਹੱਥ ਵਡਿਆਈਆ । ਦੇਵੇ ਦਰਸ ਅਗੰਮ ਅਪਾਰ, ਬੋਧ ਅਗਾਧ ਕਰੇ ਪੜ੍ਹਾਈਆ । ਏਕਾ ਅੱਖਰ ਨਿਸ਼ਅੱਖਰ ਆਪ ਵਿਚਾਰ, ਕੋਈ ਦੂਸਰ ਦਿਸ ਨਾ ਪਾਈਆ । ਬ੍ਰਹਮੇ ਅੰਦਰ ਕਰ ਪਸਾਰ, ਬ੍ਰਹਮ ਵਿਦਿਆ ਇਕ ਸਮਝਾਈਆ । ਬ੍ਰਹਮਾ ਨਿਉਂ ਨਿਉਂ ਕਰੇ ਚਰਨ ਨਿਮਸਕਾਰ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਤੂੰ ਠਾਕਰ ਹਉਂ ਸੇਵਕ ਤੁਹਾਰ, ਆਦਿ ਜੁਗਾਦਿ ਸੇਵ ਕਮਾਈਆ । ਤੂੰ ਦਾਤਾ ਵਡ ਸਿਰਜਣਹਾਰ, ਸਿਰ ਸਿਰ ਦੇਣਾ ਰਿਜ਼ਕ ਸਬਾਈਆ । ਤੇਰੇ ਦਰ ਬਣੇ ਭਿਖਾਰ, ਏਕਾ ਭਿਛਿਆ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵਣਹਾਰ ਬੇਪਰਵਾਹੀਆ । ਏਕਾ ਵਸਤ ਭਰੇ ਭੰਡਾਰ, ਨਾਮ ਵਸਤ ਅਮੋਲਕ ਝੋਲੀ ਪਾਈਆ । ਨਿਖੁਟ ਨਾ ਜਾਏ ਵਿਚ ਸੰਸਾਰ, ਏਕਾ ਏਕ ਦਏ ਸਮਝਾਈਆ । ਤੇਰੀ ਕਰਾਏ ਧੁੰਦੂਕਾਰ, ਸੁਨ ਅਗੰਮ ਵੱਡੀ ਵਡਿਆਈਆ । ਆਪੇ ਸ਼ੰਕਰ ਕਰੇ ਪਿਆਰ, ਏਕਾ ਤਖ਼ਤ ਵਖਾਈਆ । ਏਕਾ ਤਨ ਪਹਿਨਾਏ ਹਾਰ, ਬਾਸ਼ਕ ਤਸ਼ਕਾ ਗਲ ਲਟਕਾਈਆ । ਏਕਾ ਤ੍ਰਸੂਲ ਕਰ ਤਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਵਿਸ਼ਨੂੰ ਸੁੱਤਾ ਪੈਰ ਪਸਾਰ, ਸਾਗੋਂ ਪਾਂਗ ਇਕ ਹੰਢਾਈਆ । ਸਚਖੰਡ ਨਿਵਾਸੀ ਖੇਲ ਕਰੇ ਅਪਾਰ, ਆਪ ਆਪਣਾ ਨੈਣ ਖੁਲ੍ਹਾਈਆ । ਦੇਵੇ ਹੁਕਮ ਸੱਚੀ ਸਰਕਾਰ, ਸੇਵਕ ਸੇਵਾ ਸਚ ਲਗਾਈਆ । ਲੱਖ ਚੁਰਾਸੀ ਕਰ ਪਿਆਰ, ਬ੍ਰਹਮੇ ਬ੍ਰਹਮ ਮਤ ਸਮਝਾਈਆ । ਵਿਸ਼ਨੂੰ ਘਰ ਘਰ ਭਰ ਭੰਡਾਰ, ਤੇਰੇ ਹੱਥ ਹੱਥ ਵਡਿਆਈਆ । ਸ਼ੰਕਰ ਅੰਤਮ ਦਏ ਸੰਘਾਰ, ਥਿਰ ਕੋਇ ਰਹਿਣ ਨਾ ਪਾਈਆ । ਤਿੰਨਾਂ ਵਿਚੋਲਾ ਆਪ ਨਿਰੰਕਾਰ, ਦਿਸ ਕਿਸੇ ਨਾ ਆਈਆ । ਸ਼ਬਦ ਅਗੰਮੀ ਵਾਜਾਂ ਮਾਰ, ਥਿਰ ਘਰ ਬੈਠਾ ਸੇਜ ਸੁਹਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲਿਖੇ ਨਾ ਕੋਇ ਸ਼ਾਹੀਆ । ਬ੍ਰਹਮਾ ਨਿਉਂ ਨਿਉਂ ਕਰੇ ਨਿਮਸਕਾਰ, ਅੱਠੇ ਨੇਤਰ ਰਹੇ ਸ਼ਰਮਾਈਆ । ਵਿਸ਼ਨੂੰ ਗਲ ਪੱਲਾ ਪਾ ਪਾ ਰਿਹਾ ਪੁਕਾਰ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਸ਼ੰਕਰ ਗਲੋਂ ਲਾਹੇ ਆਪਣੇ ਹਾਰ, ਬਿਨ ਤੇਰੇ ਕੁਝ ਨਾ ਭਾਈਆ । ਤੇਰਾ ਹੁਕਮ ਸੱਚੀ ਸਰਕਾਰ, ਸ਼ਹਿਨਸ਼ਾਹ ਮੇਟਿਆ ਨਾ ਜਾਈਆ । ਤੂੰ ਦਿਸੇਂ ਵਡ ਠਠਿਆਰ, ਹਉਂ ਘੁਮਿਆਰ ਘੁਮਿਆਰ ਅਖਵਾਈਆ । ਲੱਖ ਚੁਰਾਸੀ ਕਰਨੀ ਕਾਰ, ਕਾਦਰ ਤੇਰੀ ਕੁਦਰਤ ਇਕ ਜਣਾਈਆ । ਬ੍ਰਹਮਾ ਵਿਸ਼ਨ ਸ਼ਿਵ ਕੀ ਕਰਨ ਵਿਚਾਰ, ਤੇਰੀ ਚਰਨ ਓਟ ਤਕਾਈਆ । ਇਕ ਵਸਤ ਦੇਵੀਂ ਥਾਰ, ਥਿਰ ਘਰ ਵਸਿਆ ਇਕ ਮਲਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ

ਦ੍ਰਿਸ਼ਟੀ ਆਪੇ ਪਾਈਆ । ਤ੍ਰੈਗੁਣ ਮਾਇਆ ਕੁਆੜ, ਰਜੋ ਤਮੋ ਸਤੋ ਆਪਣੇ ਰੰਗ ਰੰਗਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਕਰ ਪਿਆਰ, ਇਕ ਇਕ ਝੋਲੀ ਪਾਈਆ । ਵਿਸ਼ਨੂੰ ਸਤੋ ਕਰਿਆ ਗਲ ਦਾ ਹਾਰ, ਰਜੋ ਬ੍ਰਹਮਾ ਰੰਗ ਰੰਗਾਈਆ । ਤਮੋ ਸ਼ੰਕਰ ਵੇਖੇ ਆਪਣੇ ਅਖਾੜ, ਘਰ ਸਾਚੇ ਨਾਚ ਨਚਾਈਆ । ਪੁਰਖ ਅਬਿਨਾਸ਼ੀ ਸਚ ਦੁਲਾਰ, ਤਿੰਨੇ ਲਏ ਉਪਜਾਈਆ । ਤ੍ਰੈਗੁਣ ਮਾਇਆ ਬਣਾਈ ਜਗਤ ਨਾਰ, ਘਰ ਸਾਚੇ ਕਰੇ ਕੁੜਮਾਈਆ । ਸਾਚਾ ਮੰਗਲ ਆਪ ਉਚਾਰ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਹੰ ਬ੍ਰਹਮ ਕਰੇ ਪਸਾਰ, ਆਪਣੀ ਵੰਡ ਆਪ ਵੰਡਾਈਆ । ਹਰਿ ਕਾ ਭੇਵ ਨਾ ਕੋਇ ਵਿਚਾਰ, ਲੇਖਾ ਲੇਖ ਨਾ ਲਿਖਿਆ ਜਾਈਆ । ਅਲੱਖ ਨਿਰੰਜਣ ਬੇਐਬ ਪਰਵਰਦਿਗਾਰ, ਨੂਰੋ ਨੂਰ ਜਲਵਾ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਪਾਈ ਵੰਡ, ਖੇਲੇ ਖੇਲ ਵਿਚ ਬ੍ਰਹਿਮੰਡ, ਰਚਨਾ ਰਚੀ ਵਿਚ ਵਰਭੰਡ, ਲੱਖ ਚੁਰਾਸੀ ਦਿਤੀ ਗੰਢ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਵਸਤ ਅਣਮੋਲ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ । ਪਾਰਬ੍ਰਹਮ ਆਪਣੇ ਕੰਡੇ ਆਪੇ ਤੋਲ, ਨਾਮ ਤਰਾਜੂ ਹੱਥ ਉਠਾਇੰਦਾ । ਲੋਆਂ ਪੁਰੀਆਂ ਕੁੰਡਾ ਖੋਲ੍ਹ, ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਗਗਨ ਮੰਡਲ ਵਜਾਏ ਢੋਲ, ਰਵ ਸਸ ਅਪਣੀ ਜੋਤ ਚਮਕਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਆਪੇ ਕਰੇ ਚੋਲ੍ਹ, ਤ੍ਰੈਗਣ ਮਾਇਆ ਜਗਤ ਜੁੜਾਇੰਦਾ । ਆਪੇ ਅੰਦਰ ਰੱਖਿਆ ਖੋਲ੍ਹ, ਆਕਾਸ਼ ਪਰਕਾਸ਼ ਆਪ ਕਰਾਇੰਦਾ । ਆਪੇ ਰੱਖਿਆ ਪਰਦਾ ਉਹਲ, ਆਪਣਾ ਮੁਖ ਆਪ ਛੁਪਾਇੰਦਾ । ਆਪੇ ਹੌਲੀ ਹੌਲੀ ਰਿਹਾ ਬੋਲ, ਆਪਣਾ ਰਾਗ ਆਪ ਅਲਾਇੰਦਾ । ਆਪਣੇ ਅੰਦਰ ਗਿਆ ਮੌਲ, ਮੌਲਾ ਰੂਪ ਆਪ ਅਖਵਾਇੰਦਾ । ਆਪੇ ਬਣਿਆ ਆਪਣਾ ਕੌਲ, ਕਵਲ ਕਵਲਾ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਭਰ ਭੰਡਾਰਾ, ਬ੍ਰਹਮਾ ਵਿਸ਼ਨ ਸ਼ਿਵ ਲਾਏ ਸੇਵਾਦਾਰਾ, ਲੱਖ ਚੁਰਾਸੀ ਆਪ ਉਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤ੍ਰੈਗੁਣ ਵਸਤ ਝੋਲੀ ਪਾ, ਦੋਏ ਜੋੜ ਕਰਨ ਨਿਮਸਕਾਰਿਆ । ਤੂੰ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਤੇਰਾ ਰੂਪ ਨਾ ਕਿਸੇ ਵਿਚਾਰਿਆ । ਤੂੰ ਮਾਰਗ ਸੱਚਾ ਦੇਣਾ ਲਾ ਦੇਵੇਂ ਸਚ ਸਲਾਹ, ਤੇਰਾ ਅੰਤ ਨਾ ਪਾਰਾਵਾਰਿਆ । ਤੂੰ ਆਪਣਾ ਨਾਮ ਆਪੇ ਦਏ ਸੁਣਾ, ਹਉਂ ਮੂਰਖ ਮੁਗਧ ਗਵਾਰਿਆ । ਤੂੰ ਆਪਣਾ ਇਸ਼ਟ ਆਪੇ ਦਏ ਤਰਾ, ਸਾਰੀ ਸ੍ਰਿਸ਼ਟ ਤੇਰਾ ਰੰਗ ਰੰਗਾਰਿਆ । ਤੂੰ ਸਾਡੀ ਦ੍ਰਿਸ਼ਟ ਦਏ ਖੁਲ੍ਹਾ, ਦੇਵ ਦੇਵਾ ਨਮੋ ਦੇਵ ਇਸ਼ਟ ਗੁਰ ਵਾਸਤਕ ਰੂਪ ਤੇਰਾ ਨਜ਼ਰੀ ਆ ਰਿਹਾ । ਤੂੰ ਦਾਤਾ ਅਲੱਖ ਅਭੇਵ ਤੇਰੀ ਬਿਰਥਾ ਨਾ ਜਾਏ ਸੇਵ, ਤੂੰ ਸਮਰਥ ਪੁਰਖ ਨਾਉਂ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਜਣਾ ਲਿਆ । ਭੇਵ ਜਣਾਏ ਹਰਿ ਭਗਵਾਨ, ਬ੍ਰਹਮੇ ਵਿਸ਼ਨ ਸ਼ਿਵ ਕਰੇ ਜਣਾਈਆ । ਲੱਖ ਚੁਰਾਸੀ ਮਾਤ ਨਿਸ਼ਾਨ, ਲੋਕਮਾਤ ਵਡ ਵਡਿਆਈਆ । ਪੰਜ ਤਤ ਤਤ ਪਰਧਾਨ, ਤ੍ਰੈ ਤ੍ਰੈ ਤਤ ਆਪ ਰਖਾਈਆ । ਪੰਚਮ ਸ਼ਬਦ ਪੰਚ ਗਿਆਨ, ਪੰਜ ਦੱਸ ਵੱਜੇ ਵਧਾਈਆ । ਪੰਜ ਨਾਲ ਰਲਾਏ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਪੰਚਮ ਦੇਵੇ ਲੋਕਮਾਤ ਦਾਨ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਮੇਲ ਮਿਲਾਈਆ । ਪੰਚਮ ਬਣਾਏ ਸੱਚਾ ਕਾਹਨ, ਮਨ ਮਨੂਆ ਵਡ ਵਡਿਆਈਆ । ਪੰਚਮ ਮਤ ਕਰੇ ਪਰਧਾਨ, ਏਕਾ ਹੁਕਮ ਸੁਣਾਈਆ । ਪੰਚਮ ਬੁੱਧ ਬਬੇਕੀ ਲਏ ਪਛਾਣ, ਘਰ ਸਾਚੇ ਵੇਖ ਵਖਾਈਆ । ਨੌ ਦਰ ਖੋਲ੍ਹੇ ਜਗਤ ਦੁਕਾਨ, ਜਗਤ ਵਾਸ਼ਨਾ ਵਿਚ ਰਖਾਈਆ । ਘਰ ਵਿਚ ਘਰ ਧਰੇ ਮਹਾਨ, ਨਿਰਗੁਣ ਆਪਣੀ

੪੮੩

ਵੰਡ ਵੰਡਾਈਆ । ਸੁਖਮਨ ਨਾੜੀ ਟੇਡ ਨਿਧਾਨ, ਅੰਧ ਘੋਰ ਘੋਰ ਸਮਾਈਆ । ਈੜਾ ਪਿੰਗਲ ਨਾ ਸਕੇ ਕੋਇ ਵਖਾਣ, ਮਾਰੂ ਦੰਡ ਕਰੇ ਜੁਦਾਈਆ । ਪੰਚ ਵਿਕਾਰਾ ਮਾਰੇ ਬਾਣ, ਮਨ ਮਨੂਆ ਕਰੇ ਸ਼ਹਿਨਸ਼ਾਹੀਆ । ਮਨ ਮਤ ਬੁੱਧ ਹੋਏ ਨਿਧਾਨ, ਸਾਚਾ ਬਲ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਆਪਣੀ ਦਇਆ ਆਪ ਕਮਾਈਆ । ਅੰਦਰ ਰੱਖੇ ਸਚ ਨਿਸ਼ਾਨ, ਜੋਤ ਨਿਰੰਜਣ ਕਰ ਰੁਸ਼ਨਾਈਆ । ਸਾਚੀ ਧੁਨ ਸੁਣਾਏ ਸਾਚੇ ਕਾਨ, ਧੁਨ ਆਤਮਕ ਆਪ ਅਲਾਈਆ । ਅਨਹਦ ਗਾਏ ਆਪਣਾ ਗਾਣ, ਪੰਚਮ ਮੇਲਾ ਸਹਿਜ ਸੁਭਾਈਆ । ਅੰਮ੍ਰਿਤ ਆਤਮ ਰੱਖੇ ਪੀਣ ਖਾਣ, ਕਵਲ ਕਵਲਾ ਆਪ ਭਰਾਈਆ । ਸ਼ਬਦ ਨਿਰਾਲਾ ਮਾਰੇ ਬਾਣ, ਤਿੱਖੀ ਮੁਖੀ ਤੀਰ ਚਲਾਈਆ । ਬਜ਼ਰ ਕਪਾਟੀ ਵੇਖ ਚਟਾਨ, ਨਾ ਕੋਈ ਭੰਨੇ ਭੰਨ ਹਟਾਈਆ । ਹਰਿ ਕਾ ਸ਼ਬਦ ਸਤਿਗੁਰ ਪੂਰਾ ਹੋਏ ਆਪ ਮਿਹਰਵਾਨ, ਆਪਣਾ ਪਰਦਾ ਦੇਵੇ ਲਾਹੀਆ । ਘਰ ਵਿਚ ਘਰ ਜੋਤ ਜਗਾਏ ਮਹਾਨ, ਦਸਮ ਦੁਆਰੀ ਖੇਲ ਖਿਲਾਈਆ । ਸਾਚੀ ਸੇਜਾ ਸੁੱਤਾ ਨੌਜਵਾਨ, ਕੰਤ ਕੰਤੂਹਲਾ ਇਕ ਅਖਵਾਈਆ । ਸੁਰਤ ਸੁਆਣੀ ਸਾਚੀ ਸਖੀ ਮਿਲੇ ਸੱਚਾ ਕਾਹਨ, ਘਰ ਸਾਚੇ ਰਾਸ ਰਚਾਈਆ । ਸਾਚੀ ਸੇਜਾ ਹੋ ਪਰਵਾਨ, ਪਾਰਬ੍ਰਹਮ ਮੇਲ ਮਿਲਾਈਆ । ਘਰ ਵਿਚ ਘਰ ਖੇਲ ਮਹਾਨ, ਘਰ ਘਰ ਵਿਚ ਰਿਹਾ ਕਰਾਈਆ । ਲੱਖ ਚੁਰਾਸੀ ਦੇਵੇ ਦਾਨ, ਜੀਆਂ ਦਾਤਾ ਜੀਅ ਦਾਨ ਝੋਲੀ ਪਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਹੋਏ ਹੈਰਾਨ, ਬ੍ਰਹਮ ਕਵਣ ਰੂਪ ਅਖਵਾਈਆ । ਪਾਰਬ੍ਰਹਮ ਕਵਣ ਦੁਆਰੇ ਦੇਵੇ ਮਾਣ, ਕਵਣ ਘਰ ਵੱਜੇ ਵਧਾਈਆ । ਕਵਣ ਪੁਰਖ ਹੋਏ ਸੁਜਾਨ, ਜਿਸ ਮਿਲੇ ਸੱਚਾ ਮਾਹੀਆ । ਕਰਮ ਧਰਮ ਜਰਮ ਵਿਚ ਜਹਾਨ, ਤਿੰਨਾਂ ਲੇਖਾ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਵਿਸ਼ਨੂੰ ਭੰਡਾਰਾ ਸਾਚਾ ਭਰ, ਸ਼ੰਕਰ ਅੰਤਮ ਦੇਣਾ ਹਰ, ਥਿਰ ਕੋਇ ਰਹਿਣ ਨਾ ਪਾਈਆ । ਤ੍ਰੈ ਭਿਖਾਰੀ ਦਰ ਦਰਵਾਜ਼ੇ, ਨਿਉਂ ਨਿਉਂ ਸੀਸ ਝੁਕਾਇਆ । ਸ਼ਬਦ ਅਗੰਮੀ ਵੱਜਣ ਵਾਜੇ, ਪੁਰਖ ਅਕਾਲ ਰਿਹਾ ਸੁਣਾਇਆ । ਸਾਚੇ ਤਖ਼ਤ ਬੈਠਾ ਵਡ ਰਾਜਨ ਰਾਜੇ, ਥਿਰ ਘਰ ਮਹੱਲਾ ਉਚ ਅਟੱਲਾ ਸਾਚੇ ਸਚ ਸੁਹਾਇਆ । ਕਰੇ ਖੇਲ ਗਰੀਬ ਨਿਵਾਜ਼ੇ ਅਸਵ ਘੋੜੇ ਚੜ੍ਹੇ ਤਾਜੇ, ਲੋਆਂ ਪੁਰੀਆਂ ਆਪ ਦੌੜਾਇਆ । ਬ੍ਰਹਮੇ ਵਿਸ਼ਨ ਸ਼ਿਵ ਤੇਰੀ ਰੱਖੇ ਲਾਜੇ, ਜਿਸ ਤੇਰੀ ਬਣਤ ਬਣਾਇਆ । ਆਪੇ ਰਚਿਆ ਆਪਣਾ ਕਾਜੇ, ਪ੍ਰਭ ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਬੁਝਾਇਆ । ਏਕਾ ਅੱਖਰ ਪੁਰਖ ਅਕਾਲ, ਸੋ ਆਪਣਾ ਨਾਮ ਦ੍ਰਿੜਾਈਆ । ਬ੍ਰਹਮੇ ਉਪਰ ਹੋ ਦਿਆਲ, ਦੀਨ ਦਿਆਲ ਦਇਆ ਕਮਾਈਆ । ਤਨ ਪਹਿਨਾਇਆ ਸਾਚਾ ਲਾਲ, ਲਾਲ ਗੁਲਾਲਾ ਆਪ ਅਖਵਾਈਆ । ਫਲ ਲਗਾਏ ਆਪਣੇ ਡਾਲ੍ਹ, ਆਪ ਆਪਣੀ ਰੁੱਤ ਸੁਹਾਈਆ । ਆਪ ਬਣਾਈ ਧਰਮ ਸੱਚੀ ਧਰਮਸਾਲ, ਬ੍ਰਹਮੇ ਅੰਦਰ ਡੇਰਾ ਲਾਈਆ । ਸ਼ਬਦ ਵਜਾਇਆ ਸਾਚਾ ਤਾਲ, ਨਿਰਗੁਣ ਕਰੇ ਸਚ ਪੜ੍ਹਾਈਆ । ਆਪਣਾ ਮਾਰਗ ਦੱਸ ਸੁਖਾਲ, ਚਾਰੇ ਵੇਦ ਕਰੇ ਜਣਾਈਆ । ਚਾਰੇ ਜੁਗ ਕਰੇ ਬਹਾਲ, ਆਪਣਾ ਬੰਧਨ ਤੋੜ ਤੁੜਾਈਆ । ਆਪਣੀ ਚੌਕੜੀ ਘਾਲਣ ਘਾਲ, ਆਪ ਆਪਣੀ ਸੇਵ ਕਮਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਸਮਝਾਏ, ਬ੍ਰਹਮੇ ਭੁੱਲ ਰਹੇ ਨਾ ਰਾਈਆ । ਤੇਰਾ ਵੇਲਾ ਅੰਤਮ ਆਏ, ਥਿਰ ਕੋਇ ਰਹਿਣ ਨਾ ਪਾਈਆ । ਤੇਰਾ ਕਾਲ ਦਏ ਬਤਾਏ, ਮਹਾਂਕਾਲ ਵਡ ਵਡਿਆਈਆ । ਤੇਰਾ ਜੰਜਾਲ ਦਏ ਤੁੜਾਏ, ਤ੍ਰੈਗੁਣ ਮੇਟੇ ਤੇਰੀ ਸ਼ਾਹੀਆ ।

ਤੇਰੀ ਘਾਲ ਲੇਖੇ ਲਾਏ, ਨੌ ਸੌ ਚੁਰਾਨਵੇਂ ਚੌਕੜੀ ਜੁਗ ਅੰਤਮ ਪੰਧ ਮੁਕਾਈਆ । ਤੇਰਾ ਥਾਲ ਮਸਤਕ ਵੇਖ ਵਖਾਏ, ਗਗਨ ਗਗਨੰਤਰ ਫੋਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲਹਿਣਾ ਦਏ ਚੁਕਾਈਆ । ਬ੍ਰਹਮੇ ਨੇਤਰ ਨੀਰ ਵਹਾਇਆ, ਪ੍ਰਭ ਤੇਰਾ ਭਾਣਾ ਸਿਰ ਸਿਰ ਮੰਨਿਆ । ਹਉਂ ਚਾਕਰ ਤੇਰੀ ਸੇਵ ਕਮਾਇਆ, ਵੇਲੇ ਅੰਤ ਨਾ ਜਾਵਾਂ ਡੰਨਿਆ । ਘੜ ਘੜ ਭਾਂਡੇ ਇੱਟਾਂ ਲਾਵਾਂ, ਮੈਂ ਜੋ ਘੜਿਆ ਸੋ ਤੂੰ ਹੀ ਭੰਨਿਆ । ਤ੍ਰੈਗੁਣ ਮਾਇਆ ਤੇਰਾ ਤਪਦਾ ਰਹੇ ਆਵਾ, ਤੇਰਾ ਹੁਕਮ ਸੂਰਜ ਚੰਨ ਮੰਨਿਆ । ਕਵਣ ਵੇਲਾ ਮੈਂ ਤੇਰਾ ਦਰਸ਼ਨ ਪਾਵਾਂ, ਤੂੰ ਮੇਰੇ ਦੁਆਰੇ ਆਵੇਂ ਭੰਨਿਆ । ਪ੍ਰਭ ਤੇਰੀ ਸਰਨਗਤ ਤੇਰੀ ਸਰਨਾਈ ਬਲ ਬਲ ਜਾਵਾਂ, ਮੈਨੂੰ ਤੇਰੀ ਛਾਇਆ ਮੈਂ ਵਸਾਂ ਤੇਰੀ ਛੱਪਰ ਛੰਨਿਆਂ । ਤੂੰ ਮੇਰਾ ਪਿਤਾ ਤੂੰ ਮੇਰਾ ਮਾਇਆ, ਤੂੰ ਮੇਰਾ ਦਾਈ ਦਾਇਆ, ਤੇਰੀ ਸਰਨ ਤੇਰੀ ਸਰਨਾਈ ਘੋਲੀ ਘੋਲ ਘੁਮਾਵਾਂ, ਤੇਰੇ ਹੁਕਮੇ ਅੰਦਰ ਆਇਆ, ਲੱਖ ਚੁਰਾਸੀ ਸੇਵ ਕਮਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਤੇਰਾ ਭਾਣਾ ਸਿਰ ਸਿਰ ਮੰਨਿਆ । ਪੁਰਖ ਅਬਿਨਾਸ਼ੀ ਸ਼ਬਦ ਜਣਾਇਆ, ਬ੍ਰਹਮੇ ਬੂਝ ਬੁਝਾਈਆ । ਲੱਖ ਚੁਰਾਸੀ ਤੇਰਾ ਖੇਲ ਰਚਾਇਆ, ਵੇਖਣਹਾਰਾ ਬੇਪਰਵਾਹੀਆ । ਤ੍ਰੈਗੁਣ ਮਾਇਆ ਰੰਗ ਰੰਗਾਇਆ, ਪੰਚਮ ਮੁਕਟ ਮੁਕਟ ਜੁੜਾਈਆ । ਬ੍ਰਹਮ ਬ੍ਰਹਮ ਵਿਚ ਬ੍ਰਹਮ ਟਿਕਾਇਆ, ਪਾਰਬ੍ਰਹਮ ਭੇਵ ਨਾ ਰਾਈਆ । ਧਰਤ ਧਵਲ ਦਏ ਸੁਹਾਇਆ, ਧਰਨੀ ਧਰਨ ਵੇਖ ਵਖਾਈਆ । ਸਾਧ ਸੰਗਤ ਤੇਰਾ ਸੰਗ ਨਿਭਾਇਆ, ਭਗਤ ਭਗਵੰਤ ਦਏ ਵਡਿਆਈਆ । ਆਪਣਾ ਨਾਉਂ ਲਏ ਉਪਜਾਇਆ, ਆਪਣੇ ਸੇਵਕ ਆਪ ਸੁਣਾਈਆ । ਗੁਰ ਪੀਰ ਰੂਪ ਲਏ ਵਟਾਇਆ, ਅਵਤਾਰ ਆਪਣਾ ਖੇਲ ਖਿਲਾਈਆ । ੪੮੫
ਸਹੰਸਰ ਮੁਖ ਬਾਸ਼ਕ ਸੇਵਾ ਲਾਇਆ, ਦੋ ਸਹੰਸਰ ਜਿਹਵਾ ਰਿਹਾ ਹਿਲਾਈਆ । ਵਿਸ਼ਨੂੰ ਸਾਂਗੋ ਪਾਂਗ ਡੇਰਾ ਲਾਇਆ, ਸਾਗੋਂ ਪਾਂਗ ਰਿਹਾ ਖਿਲਾਈਆ । ਅੰਤਮ ਵੇਲਾ ਕੋਈ ਭੇਵ ਨਾ ਪਾਇਆ, ਤੇਰੇ ਵੇਦ ਦੇਣ ਗੁਆਹੀਆ । ਪੁਰਖ ਅਬਿਨਾਸ਼ੀ ਨਿਰਗੁਣ ਰੂਪ ਸਤਿ ਸਰੂਪ ਲਏ ਵਟਾਇਆ, ਲੋਕਮਾਤ ਕਰੇ ਰੁਸ਼ਨਾਈਆ । ਕੋਟਨ ਕੋਟ ਜੀਵ ਜੰਤ ਭਰਮ ਭਰਮ ਕਿਸੇ ਹੱਥ ਨਾ ਆਇਆ, ਜੁਗ ਚੌਕੜੀਆਂ ਜਾਣ ਬਿਤਾਈਆ । ਅਠਾਸੀ ਅਠਾਸੀ ਹਜ਼ਾਰ ਬਰਸ ਜਿਸ ਤਪ ਕਮਾਇਆ, ਨਿਰਗੁਣ ਘਰ ਮਿਲੇ ਨਾ ਸੱਚਾ ਮਾਹੀਆ । ਖੰਡ ਖੰਡ ਜਿਸ ਤਨ ਕਰਾਇਆ, ਅਗਨੀ ਅਗਨੀ ਭੇਟ ਚੜ੍ਹਾਈਆ । ਰੱਤੀ ਰੱਤ ਜੋ ਰਹੇ ਸੁਕਾਇਆ, ਰੱਤੀ ਨਾਮ ਨਾ ਹੱਟ ਵਿਕਾਇਆ । ਤੀਰਥ ਤੱਟ ਜੋ ਰਹੇ ਨੁਹਾਇਆ, ਜਟਾ ਜੂਟ ਧਾਰ ਗੰਗਾ ਆਪਣੀ ਧਾਰ ਵਹਾਈਆ । ਸੁਰਸਤੀ ਜਮਨਾ ਨਾ ਪਾਰ ਕਰਾਇਆ, ਗੋਦਾਵਰੀ ਦਏ ਦੁਹਾਈਆ । ਅਠਸਠ ਨੀਰ ਰਹੇ ਕੁਰਲਾਇਆ, ਕਾਇਆ ਕੁਰਾ ਸਾਫ ਨਾ ਕੋਇ ਕਰਾਈਆ । ਰਵ ਸਸ ਰਹੇ ਸ਼ਰਮਾਇਆ, ਜੋਤ ਪਰਕਾਸ਼ ਨਾ ਕੋਇ ਕਰਾਇਆ । ਗਣ ਗੰਧਰਬ ਦੇਣ ਦੁਹਾਇਆ, ਘਰ ਮੰਦਰ ਰਾਗ ਨਾ ਕੋਇ ਸੁਣਾਈਆ । ਚਾਰੇ ਵੇਦ ਹੋਏ ਹਲਕਾਇਆ, ਹਰਿ ਕਾ ਰੂਪ ਨਾ ਕੋਇ ਵਖਾਈਆ । ਬ੍ਰਹਮਾ ਆਪਣਾ ਵੇਲਾ ਵਕਤ ਨਾ ਕਿਸੇ ਜਣਾਇਆ, ਆਪਣੇ ਭਾਣੇ ਆਪ ਸਮਾਈਆ । ਤੇਰੀ ਅੰਤਮ ਆਪਣੇ ਲੇਖੇ ਲਏ ਲਗਾਇਆ, ਤੇਰੀ ਬਦਲੀ ਕਰੇ ਸ਼ਾਹੀਆ । ਸਾਚੇ ਸਿਖਾਂ ਮਾਣ ਦਏ ਦੁਆਇਆ, ਬ੍ਰਹਮ ਪੁਰੀ ਆਪ ਬਹਾਈਆ । ਮਸਤਕ ਚਰਨ ਆਪ ਛੁਹਾਇਆ । ਅਗੰਮ ਅਗੰਮ ਬੂਝ ਆਪ ਬੁਝਾਈਆ । ਸਾਚੀ ਸਰਨ ਇਕ ਤਕਾਇਆ, ਸੰਸਾ ਰੋਗ ਰਹੇ ਨਾ ਰਾਈਆ । ਸਾਚਾ ਛੱਤਰ ਸੀਸ ਝੁਲਾਇਆ, ਜਗਦੀਸ਼ ਹੱਥ ਵਡਿਆਈਆ । ਅੰਮ੍ਰਿਤ ਝਿਰਨਾ ਦਏ ਝਿਰਾਇਆ, ਅੰਮਿਉਂ

੪੮੬

ਰਸ ਆਪ ਭਰਾਈਆ । ਅੱਠੇ ਪਹਿਰ ਦਰਸ ਦਖਾਇਆ, ਸਿੰਘ ਪਾਲ ਰੂਪ ਵਟਾਈਆ । ਆਪੇ ਪਿਤਾ ਆਪੇ ਮਾਇਆ, ਆਪ ਆਪਣੀ ਗੋਦ ਸੁਹਾਈਆ । ਤੇਰਾ ਲੇਖਾ ਦਏ ਚੁਕਾਇਆ, ਪੂਰਬ ਲਹਿਣਾ ਵੇਖ ਵਖਾਈਆ । ਆਪਣਾ ਰੂਪ ਲਏ ਵਟਾਇਆ, ਨਿਹਕਲੰਕਾ ਨਾਉਂ ਧਰਾਈਆ । ਪੰਜ ਤਤ ਨਾ ਕੋਇ ਵਖਾਇਆ, ਮਨ ਮਤ ਬੁੱਧ ਨਾ ਕੋਇ ਚਤੁਰਾਈਆ । ਸ਼ਬਦ ਅਗੰਮੀ ਏਕਾ ਗਾਇਆ, ਚਾਰੇ ਵੇਦ ਲਿਖਣ ਨਾ ਪਾਈਆ । ਬ੍ਰਹਮੇ ਲੱਖ ਲੱਖ ਸ਼ੁਕਰ ਮਨਾਇਆ, ਸਜਦਾ ਕਰੇ ਬੇਪਰਵਾਹੀਆ । ਤੇਰਾ ਤੇਰੀ ਗੋਦ ਸੁਹਾਇਆ, ਤੇਰਾ ਸੋਹੰ ਮੰਮਾ ਰਸਨਾ ਸੀਰ ਏਕਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਵਿਸ਼ਨੂੰ ਬਖ਼ਸ਼ੇ ਵਿਸ਼ਵ ਧਾਰ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਲੱਖ ਚੁਰਾਸੀ ਤੇਰਾ ਅਹਾਰ, ਲੇਹਜ ਫੇਹਜ ਆਪ ਬਣਾਇੰਦਾ । ਭੱਖ ਭੋਜ ਕਰ ਤਿਆਰ, ਰੋਜ਼ੀ ਰਿਜ਼ਕ ਰਾਜ਼ਕ ਨਾਮ ਧਰਾਇੰਦਾ । ਚੋਜੀ ਚੋਜ ਕਰੇ ਨਿਰੰਕਾਰ, ਚਾਲ ਅਵੱਲੜੀ ਇਕ ਵਖਾਇੰਦਾ । ਬੋਧ ਅਗਾਧੀ ਖੇਲ ਨਿਆਰ, ਸ਼ਬਦ ਅਨਾਦੀ ਨਾਦ ਵਜਾਇੰਦਾ । ਅਤੋਟ ਅਤੁਟ ਭਰ ਭੰਡਾਰ, ਆਦਿ ਜੁਗਾਦਿ ਵਰਤਾਇੰਦਾ । ਆਪੇ ਅੰਤਮ ਪਾਵੇ ਸਾਰ, ਆਪ ਆਪਣੀ ਕਲ ਵਰਤਾਇੰਦਾ । ਭਗਤ ਭਗਵੰਤ ਕਰੇ ਪਿਆਰ, ਜਾਗਰਤ ਜੋਤ ਇਕ ਜਗਾਇੰਦਾ । ਅੰਦਰ ਮੰਦਰ ਖੋਲ੍ਹ ਕਿਵਾੜ, ਕੰਚਨ ਗੜ੍ਹ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਆਪਣੀ ਅੰਸ ਉਪਜਾਇੰਦਾ । ਅੰਸਾ ਬੰਸਾ ਹਰਿ ਕਰਤਾਰ, ਸਹੰਸਰ ਸਹੰਸਾ ਨਾਉਂ ਰਖਾਈਆ । ਆਪਣਾ ਬੇੜਾ ਵਿਚ ਸੰਸਾਰ, ਸਾਚੇ ਸਾਗਰ ਆਪ ਤਰਾਇਆ । ਆਪੇ ਜਾਣੇ ਆਰ ਪਾਰ, ਮੰਝਧਾਰ ਆਪ ਡੁਬਾਈਆ । ਆਪੇ ਵਣਜ ਕਰੇ ਵਾਪਾਰ, ਆਪੇ ਹੱਟੋ ਹੱਟ ਵਿਕਾਈਆ । ਆਪੇ ਖੇਵਟ ਖੇਟਾ ਸਾਂਝਾ ਯਾਰ, ਪੁਰਖ ਅਕਾਲ ਆਪ ਅਖਵਾਈਆ । ਆਪੇ ਬੇਟੀ ਬੇਟਾ ਲਏ ਉਭਾਰ, ਆਪ ਆਪਣੀ ਗੋਦ ਸੁਹਾਈਆ । ਆਪੇ ਨੇਤਨ ਨੇਤਾ ਮੀਤ ਮੁਰਾਰ, ਨਿਤ ਨਵਿਤ ਵੇਖ ਵਖਾਈਆ । ਆਪੇ ਠਾਂਡਾ ਸੀਤਾ ਸਚ ਦਰਬਾਰ, ਸਚਖੰਡ ਬੈਠਾ ਆਸਣ ਲਾਈਆ । ਆਪੇ ਪਤਿਤ ਪੁਨੀਤ ਨਿਰਗੁਣ ਨਿਰਾਕਾਰ, ਪਤਿਤ ਪਾਪੀ ਲਏ ਤਰਾਈਆ । ਆਪੇ ਹਸਤ ਕੀਟਾ ਪਸਰ ਪਸਾਰ, ਊਚ ਨੀਚ ਆਪਣੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਸੇਵਾ ਇਕ ਸਮਝਾਈਆ । ਵਿਸ਼ਨੂੰ ਸੇਵਾ ਸਾਚੀ ਕਰ, ਹਰਿ ਸਾਚਾ ਸਚ ਸਮਝਾਇੰਦਾ । ਘਟ ਘਟ ਅੰਦਰ ਵਸਿਆ ਹਰਿ, ਬਿਨ ਹਰਿ ਨਜ਼ਰ ਕੋਇ ਨਾ ਆਇੰਦਾ । ਖੁਲ੍ਹਾ ਰੱਖੇ ਸਦਾ ਦਰ, ਨਾ ਬੰਦ ਕੋਇ ਕਰਾਇੰਦਾ । ਆਪਣੀ ਕਰਨੀ ਆਪੇ ਕਰ, ਕਾਦਰ ਕੁਦਰਤ ਵੇਖ ਵਖਾਇੰਦਾ । ਆਪਣਾ ਭਾਣਾ ਆਪੇ ਜਰ, ਆਪ ਆਪਣੇ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਚਾੜ੍ਹੇ ਏਕਾ ਰੰਗ, ਪਾਰਬ੍ਰਹਮ ਸੂਰਾ ਸਰਬੰਗ ਨਾਮ ਵਜਾਏ ਸਚ ਮਰਦੰਗ, ਸਾਚਾ ਧੌਂਸਾ ਆਪ ਵਜਾਇੰਦਾ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚੇ ਸਚ ਜਣਾਈਆ । ਤੇਰਾ ਮਿਟੇ ਅੰਤ ਨਿਸ਼ਾਨ, ਮੇਟਣਹਾਰ ਆਪ ਅਖਵਾਈਆ । ਕੋਟਨ ਕੋਟ ਬੈਠੇ ਦਰ ਦਰਬਾਨ, ਵਿਸ਼ਨ ਬ੍ਰਹਮੇ ਅਲੱਖ ਜਗਾਈਆ । ਰਸਨਾ ਜਿਹਵਾ ਬਹਿ ਬਹਿ ਗਾਣ, ਬੱਤੀ ਦੰਦ ਰਹੇ ਹਿਲਾਈਆ । ਜਿਸ ਜਨ ਕਿਰਪਾ ਕਰੇ ਆਪ ਭਗਵਾਨ, ਸਾਚੀ ਸੇਵਾ ਦਏ ਲਗਾਈਆ । ਲੋਕਮਾਤ ਕਰਨੀ ਸਚ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਹੁਕਮ ਧੁਰ ਫ਼ਰਮਾਣਾ, ਦੇਵਣਹਾਰਾ ਸਾਚਾ ਰਾਣਾ, ਵਡ ਸੱਚਾ ਸ਼ਹਿਨਸ਼ਾਹੀਆ । ਸ਼ਾਹ ਸੁਲਤਾਨਾ, ਹਰਿ ਮਿਹਰਵਾਨਾ ਏਕਾ ਏਕੰਕਾਰਿਆ । ਵਿਸ਼ਨੂੰ ਰਾਗ ਸੁਣਾਏ ਤਰਾਨਾ,

ਨਾਦੀ ਨਾਦ ਵਜਾ ਰਿਹਾ । ਸਤਿ ਸਰੂਪੀ ਬੰਨ੍ਹੇ ਗਾਨਾ, ਸਾਚਾ ਸਗਣ ਮਨਾ ਰਿਹਾ । ਅੰਤਮ ਵੇਖੇ ਮਾਰ ਧਿਆਨਾ, ਆਪ ਆਪਣੀ ਦਇਆ ਕਮਾ ਰਿਹਾ । ਮੇਲੇ ਮੇਲ ਦੋ ਜਹਾਨਾਂ, ਤ੍ਰੈਭਵਣ ਮੇਟ ਮਿਟਾ ਰਿਹਾ । ਅਵਣ ਗਵਣ ਇਕ ਤਰਾਨਾ, ਏਕਾ ਰਾਗ ਸੁਣਾ ਰਿਹਾ । ਲੱਖ ਚੁਰਾਸੀ ਜਾਣੀ ਜਾਣਾ, ਘਟ ਘਟ ਅੰਦਰ ਵੇਖ ਵਖਾ ਰਿਹਾ । ਆਪੇ ਹੋਏ ਮਾਤ ਪਰਧਾਨਾ, ਨਿਰਗੁਣ ਆਪਣਾ ਨਾਉਂ ਧਰਾ ਰਿਹਾ । ਸਚ ਝੁਲਾਏ ਇਕ ਨਿਸ਼ਾਨਾ, ਸਾਚਾ ਮਾਰਗ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾ ਰਿਹਾ । ਵਿਸ਼ਨ ਬ੍ਰਹਮਾ ਸ਼ਿਵ ਜਣਾਇਆ, ਹਰਿ ਆਪਣਾ ਭੇਵ ਖੁਲ੍ਹਾਇੰਦਾ । ਨਿਰਗੁਣ ਸਰਗੁਣ ਖੇਲ ਖਿਲਾਇਆ, ਸਰਗੁਣ ਨਿਰਗੁਣ ਰੂਪ ਵਟਾਇੰਦਾ । ਨਿਰਗੁਣ ਅੰਦਰ ਜੋਤ ਜਗਾਇਆ, ਸਰਗੁਣ ਡਗਮਗਾਇੰਦਾ । ਸਰਗੁਣ ਤਾਕ ਆਪ ਖੁਲ੍ਹਾਇਆ, ਬੰਦ ਕਿਵਾੜੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਭਗਵਾਨਾ, ਆਦਿ ਜੁਗਾਦਿ ਵੱਡੀ ਵਡਿਆਈਆ । ਸਤਿਜੁਗ ਸਾਚੇ ਹੋ ਪਰਧਾਨਾ, ਸਾਚਾ ਤਖ਼ਤ ਇਕ ਸੁਹਾਈਆ । ਸ੍ਰਿਸ਼ਟ ਸਬਾਈ ਸਾਚਾ ਰਾਣਾ, ਰਾਓ ਰੰਕ ਵੇਖ ਵਖਾਈਆ । ਬ੍ਰਹਿਮੰਡ ਖੰਡ ਸੁਣਾਏ ਸੱਚਾ ਗਾਣਾ, ਲੋਆਂ ਪੁਰੀਆਂ ਆਪੇ ਗਾਈਆ । ਲੋਕਮਾਤ ਇਕ ਤਰਾਨਾ, ਤੁਰੀਆ ਨਾਦ ਇਕ ਵਜਾਈਆ । ਸੁਫਨ ਸਖੋਪਤ ਜਾਗਰਤ ਹੋਏ ਹੈਰਾਨਾ, ਜਗ ਜੀਵਣ ਦਾਤਾ ਭੇਵ ਨਾ ਰਾਈਆ । ਆਪੇ ਗਾਏ ਖਾਣੀ ਬਾਣੀ ਇਕ ਤਰਾਨਾ, ਸ਼ਾਸਤਰ ਸਿਮਰਤ ਆਪ ਅਲਾਈਆ । ਆਪੇ ਰਾਮ ਰੂਪ ਹੋ ਪਰਧਾਨਾ, ਸੀਤਾ ਸੁਰਤੀ ਲਏ ਪਰਨਾਈਆ । ਆਪੇ ਤ੍ਰੇਤਾ ਤ੍ਰੀਆ ਵੇਸ ਕਰੇ ਬਹਾਨਾ, ਤੀਰ ਕਮਾਨ ਆਪ ਉਠਾਈਆ । ਆਪੇ ਫਿਰੇ ਜੰਗਲ ੪੮੭
੪੮੭ ਜੂਹ ਉਜਾੜ ਪਹਾੜ ਬੀਆਬਾਨਾ, ਆਪੇ ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਆਪੇ ਭੀਲਣੀ ਦੇਵੇ ਦਾਨਾ, ਚਰਨ ਸਰਨ ਸੱਚੀ ਸਰਨਾਈਆ । ਆਪੇ ਲੰਕਾ ਗੜ੍ਹ ਤੋੜੇ ਮਾਰੇ ਰਾਵਣ ਵਡ ਬਲਵਾਨਾ, ਆਪੇ ਮੇਟੇ ਝੂਠੀ ਸ਼ਾਹੀਆ । ਆਪੇ ਏਕਾ ਨਾਮ ਹੋਏ ਪਰਧਾਨਾ, ਦੋਏ ਦੋਏ ਅੱਖਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਖੇਲ ਖਿਲਾਈਆ । ਕਰਨੀ ਕਰਤਾ ਸਾਚਾ ਕਾਹਨ, ਭੇਵ ਕੋਇ ਨਾ ਪਾਇੰਦਾ । ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪੇ ਦੇਵੇ ਸੱਚਾ ਦਾਨ, ਮੋਰ ਮੁਕਟ ਸੀਸ ਤਾਜ ਆਪ ਟਿਕਾਇੰਦਾ । ਆਪੇ ਸਖੀਆਂ ਮੰਗਲ ਗਾਏ ਗਾਣ, ਸਾਚੀ ਰਾਸ ਆਪ ਰਚਾਇੰਦਾ । ਆਪੇ ਬਣ ਗਵਾਲਾ ਦੇਵੇ ਦਾਨ, ਆਪੇ ਬੰਸਰੀ ਨਾਮ ਵਜਾਇੰਦਾ । ਆਪੇ ਅਰਜਨ ਬਖ਼ਸ਼ੇ ਗੀਤਾ ਗਿਆਨ, ਅਠਾਰਾਂ ਧਿਆਏ ਆਪ ਦ੍ਰਿੜਾਇੰਦਾ । ਆਪੇ ਪੰਚਮ ਕਰੇ ਦਰ ਪਰਵਾਨ, ਦਰੋਪਤ ਲੱਜਿਆ ਆਪ ਰਖਾਇੰਦਾ । ਆਪੇ ਬਿਦਰ ਸੁਦਾਮਾ ਦੇਵੇ ਮਾਣ, ਹੰਕਾਰੀਆਂ ਹੰਕਾਰ ਮੇਟ ਮਿਟਾਇੰਦਾ । ਆਪੇ ਮੇਟੇ ਝੂਠ ਨਿਸ਼ਾਨ, ਸਾਚਾ ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਸਤਰ ਸਿਮਰਤ ਵੇਦ ਕਤੇਬ ਆਪੇ ਗਾਏ ਆਪਣੀ ਜਿਹਵ, ਵੇਦ ਕਤੇਬ ਹਰਿ ਕਾ ਰੂਪ ਨਾ ਕੋਇ ਬਣਾਇੰਦਾ । ਆਪੇ ਖੇਲ ਖੇਲੇ ਭਗਵਾਨਾ, ਭੇਵ ਕੋਇ ਨਾ ਪਾਇੰਦਾ । ਆਪੇ ਕਲਜੁਗ ਹੋ ਪਰਧਾਨਾ, ਪ੍ਰਿਆ ਪ੍ਰੀਤਮ ਵੇਖ ਵਖਾਇੰਦਾ । ਆਪੇ ਜਾਣੇ ਆਵਣ ਜਾਣਾ, ਲੱਖ ਚੁਰਾਸੀ ਆਪ ਭੁਆਇੰਦਾ । ਆਪੇ ਪਹਿਰੇ ਆਪਣਾ ਬਾਣਾ, ਵੇਸ ਅਨੇਕਾ ਰੂਪ ਧਰਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਬੁੱਧ ਬਬੇਕੀ ਆਪ ਕਰਾਇੰਦਾ । ਆਪੇ ਈਸਾ ਮੂਸਾ ਬੱਧਾ ਗਾਨਾਂ, ਕਾਲਾ ਸੂਸਾ ਤਨ ਵਖਾਇੰਦਾ । ਆਪੇ ਸੁਣਾਏ ਇਕ ਤਰਾਨਾ, ਸਚ ਹਦੀਸਾ ਆਪ

ਪੜ੍ਹਾਇੰਦਾ । ਆਪੇ ਦਰਗਹਿ ਕਰੇ ਪਰਵਾਨਾ, ਨੂਰ ਨੂਰ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਪੇ ਨੂਰ ਇਲਾਹੀ ਜਲਵਾ ਨੂਰ, ਨੂਰ ਨੂਰ ਨੂਰ ਸਚ ਜ਼ਹੂਰ ਹੋਏ ਮਹਾਨਿਆ । ਆਪੇ ਰਾਹ ਤੱਕੇ ਉਪਰ ਕੋਹਤੂਰ, ਆਪੇ ਮੂਸਾ ਭੇਖ ਵਟਾਨਿਆ । ਆਪੇ ਮੰਗ ਮੰਗੇ ਬਹਿਸ਼ਤੀ ਹੂਰ, ਆਪੇ ਖੇਲੇ ਖੇਲ ਸ੍ਰੀ ਭਗਵਾਨਿਆ । ਆਪੇ ਬਣੇ ਸ਼ਾਹ ਗ਼ਫ਼ੂਰ, ਆਪੇ ਪਾਏ ਫ਼ਤੂਰ ਪੰਜ ਸ਼ੈਤਾਨਿਆ । ਆਪੇ ਤੋੜਣਹਾਰ ਗ਼ਰੂਰ, ਆਪੇ ਹਜ਼ੂਰ ਹੋਏ ਪਰਧਾਨਿਆ । ਆਪੇ ਦੇਵੇ ਆਬ ਹਯਾਤ ਸਰੂਰ, ਆਪੇ ਭਰ ਪਿਆਏ ਇਕ ਪੈਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਦੋ ਜਹਾਨਿਆ । ਦੋ ਜਹਾਨਾ ਖ਼ਾਲਕ ਖ਼ਲਕ, ਬੇਐਬ ਨਾਉਂ ਧਰਾਇੰਦਾ । ਆਪੇ ਵਸੇ ਆਪਣੇ ਫ਼ਲਕ, ਆਪਣਾ ਪਰਦਾ ਆਪੇ ਲਾਹਿੰਦਾ । ਆਪੇ ਨੂਰੀ ਇਸਮ ਰੱਖੇ ਆਪਣਾ ਤੁਅੱਲਕ, ਤਾਲਬ ਤਲਬ ਆਪਣੀ ਪੂਰੀ ਆਪ ਕਰਾਇੰਦਾ । ਆਪੇ ਮਹਿਬੂਬ ਆਸ਼ਕ ਇਸ਼ਕ, ਅਹਿਬਾਬ ਰਬਾਬ ਆਪ ਵਜਾਇੰਦਾ । ਆਪੇ ਸਾਦਕ ਆਪੇ ਭਿੱਖਕ, ਸਬਰ ਸਬੂਰੀ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਲਵਾ ਨੂਰ ਅਲਾਹ, ਆਪੇ ਬਣੇ ਸਚ ਮਲਾਹ, ਚੌਦਾਂ ਤਬਕਾਂ ਵੇਖ ਵਖਾਇੰਦਾ । ਚੌਦਾਂ ਤਬਕਾਂ ਆਪੇ ਅਮਾਮ, ਕਾਇਨਾਤ ਵੇਖ ਵਖਾਈਆ । ਆਪੇ ਚਾਰ ਯਾਰੀ ਬਣੇ ਗੁਲਾਮ, ਜ਼ਬਰਾਈਲ ਮੇਕਾਈਲ ਅਸਰਾਫੀਲ ਅਜਰਾਈਲ ਆਪ ਅਖਵਾਈਆ । ਆਪੇ ਦੇਵਣਹਾਰਾ ਸਚ ਪੈਗ਼ਾਮ, ਆਪੇ ਕਾਸਦ ਰਿਹਾ ਉਡਾਈਆ । ਆਪੇ ਘੋੜੇ ਦੇਵੇ ਇਕ ਲਗਾਮ, ਚਰਨ ਰਕਾਬ ਇਕ ਰਖਾਈਆ । ਆਪੇ ਜਾਣੇ ਹਕੀਕੀ ਕਲਾਮ, ਲਾਸ਼ਰੀਕੀ ਹੱਥ ਵਡਿਆਈਆ । ਤਹਿਕੀਕੀ ਤਹਿਰੀਕੀ ਮੇਟੇ ਦੋ ਜਹਾਨ, ਨੂਰੀ ਨੂਰ ਕਰੇ ਰੁਸ਼ਨਾਈਆ । ਸਚ ਤੌਫ਼ੀਕੀ ਕਰੇ ਕਾਮ, ਤੌਫ਼ੀਕ ਇਕ ਖ਼ੁਦਾਈਆ । ਨਾਮ ਹਕੀਕੀ ਦੇਵੇ ਜਾਮ, ਅੰਧੇਰੀ ਸ਼ਾਮ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਦਏ ਪੜ੍ਹਾਈਆ । ਏਕਾ ਕਲਮਾ ਹਰਿ ਹਦੀਸ, ਉਮਤੀ ਉਮਤ ਆਪ ਸਿਖਾਇੰਦਾ । ਏਕਾ ਪੀਸਣ ਰਿਹਾ ਪੀਸ, ਚਾਰੋਂ ਕੁੰਟ ਗੇੜਾ ਆਪ ਲਗਾਇੰਦਾ । ਏਕਾ ਛੱਤਰ ਏਕਾ ਸੀਸ, ਏਕਾ ਅਮਾਮ ਨਾਉਂ ਧਰਾਇੰਦਾ । ਚੌਦਾਂ ਚੌਦਾਂ ਵੇਖੇ ਤੀਸ ਬਤੀਸ, ਆਪ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਸੰਗ ਮੁਹੰਮਦੀ ਚਾਰ ਯਾਰ, ਰਾਣੀ ਅੱਲਾ ਨਾਲ ਰਲਾਈਆ । ਮਹਿਬਾਨ ਬੀਦੋ ਖੇਲ ਅਪਾਰ, ਐਨਲਹੱਕ ਕਰੇ ਕੁੜਮਾਈਆ । ਸਚ ਮਹਿਰਾਬੇ ਕਰੇ ਪੁਕਾਰ, ਮੱਕਾ ਕਾਅਬਾ ਦਏ ਦੁਹਾਈਆ । ਸ਼ਾਹ ਨਵਾਬਾ ਪਰਵਰਦਿਗਾਰ, ਖ਼ਾਕੀ ਤਨ ਨਾ ਕੋਇ ਰਖਾਈਆ । ਅਮਾਮ ਅਮਾਮਾ ਸਿਰ ਹੋਏ ਸਿਕਦਾਰ, ਰਈਅਤ ਵੇਖੇ ਖ਼ਲਕ ਖ਼ੁਦਾਈਆ । ਧੁਰ ਫ਼ਰਮਾਣਾ ਮਾਰੇ ਮਾਰ, ਤੀਰ ਕਮਾਨ ਨਾ ਹੱਥ ਉਠਾਈਆ । ਏਕਾ ਕਲਮਾ ਕਰੇ ਪਿਆਰ, ਕੁਰਾਨ ਕੁਰਾਨ ਅੰਜੀਲ ਅੰਜੀਲ ਭੇਵ ਨਾ ਰਾਈਆ । ਸਾਚਾ ਬਾਲਮ ਹੋਏ ਆਪ ਤਿਆਰ, ਸਨਮ ਆਪਣਾ ਨਾਮ ਰਖਾਈਆ । ਸਿਲਾ ਪੱਥਰ ਦੇਵੇ ਤਾਰ, ਉਚੇ ਪਰਬਤ ਚਰਨ ਛੁਹਾਈਆ । ਮੁਹੰਮਦ ਚਰਨ ਦੁਆਰੇ ਮੰਗੇ ਮੰਗ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਸਦੀ ਚੌਧਵੀਂ ਜਾਏ ਹਾਰ, ਚੌਦਾਂ ਲੋਕ ਨਾ ਕੋਇ ਸਹਾਈਆ । ਚੌਦਾਂ ਤਬਕਾਂ ਮਾਰੇ ਮਾਰ, ਮਾਰਣਹਾਰਾ ਦਿਸ ਨਾ ਆਈਆ । ਦੁਲਦੁਲ ਐਲੀ ਸ਼ਾਹ ਸਵਾਰ, ਨੀਲੇ ਬਸਤਰ ਤਨ ਰਖਾਈਆ । ਕਾਲੀ ਕਫਨੀ ਦੇਵੇ ਪਾੜ, ਏਕਾ ਅਲਫ਼ੀ ਆਪ ਹੰਡਾਈਆ । ਏਕਾ ਅਲਫ਼ ਕਰੇ ਦਰਕਾਰ, ਨਿਝਰ ਧਾਰਾ ਆਪ ਚੁਆਈਆ । ਅਲਫ਼ ਰੂਪ

ਆਪ ਕਰਤਾਰ, ਨਿਰਗੁਣ ਆਪਣੀ ਵੰਡ ਵੰਡਾਈਆ । ਭੇਵ ਨਾ ਪਾਏ ਕੋਈ ਜੀਵ ਗੁਆਰ, ਜਗਤ ਵਿਦਿਆ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਓਅੰਕਾਰਾ ਵਸੇ ਆਪਣੇ ਘਰ, ਸਚਖੰਡ ਬੈਠਾ ਆਸਣ ਲਾਈਆ । ਸਚਖੰਡ ਦੁਆਰੇ ਵਸਿਆ, ਪਾਰਬ੍ਰਹਮ ਪ੍ਰਭ ਬੇਅੰਤ । ਗੁਰਮੁਖ ਵਿਰਲੇ ਮਾਰਗ ਦੱਸਿਆ, ਮੇਲ ਮਿਲਾਏ ਸਾਚੇ ਸੰਤ । ਜੁਗ ਜੁਗ ਜਨ ਭਗਤਾਂ ਫਿਰੇ ਪਿਛੇ ਨੱਸਿਆ, ਧੁਰਦਰਗਾਹੀ ਸਾਚਾ ਕੰਤ । ਤੀਰ ਨਿਰਾਲਾ ਏਕਾ ਕਸਿਆ, ਆਪ ਮਾਰੇ ਮਹਿਮਾ ਗਣਤ ਅਗਣਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ । ਆਦਿ ਅੰਤ ਹਰਿ ਹਰਿ ਖੇਲ, ਭੇਵ ਕੋਇ ਨਾ ਪਾਇੰਦਾ । ਗੁਰਮੁਖ ਸੱਜਣ ਲਏ ਮੇਲ, ਆਪ ਆਪਣੀ ਬੂਝ ਬੁਝਾਇੰਦਾ । ਕਾਇਆ ਚੋਲੀ ਚਾੜ੍ਹੇ ਤੇਲ, ਘਰ ਸਾਚੇ ਸਗਨ ਮਨਾਇੰਦਾ । ਮੇਲ ਮਿਲਾਏ ਸੱਜਣ ਸੁਹੇਲ, ਸਤਿਗੁਰ ਪੂਰਾ ਸੰਗ ਨਿਭਾਇੰਦਾ । ਧਾਮ ਬਹਾਏ ਇਕ ਨਵੇਲ, ਸਚਖੰਡ ਦੁਆਰਾ ਆਪ ਬਣਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲ, ਗੁਰ ਚੇਲਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਅਵੱਲੜਾ ਪੁਰਖ ਅਗੰਮ, ਨਿਰਗੁਣ ਆਪ ਧਰਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸ ਨਾ ਲਏ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਪੰਜ ਤਤ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣਾ ਕੰਮ, ਜੁਗ ਜੁਗ ਆਪ ਤਰਾਇੰਦਾ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਆਲਸ ਨਿੰਦਰਾ ਵਿਚ ਨਾ ਆਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਮਮਤਾ ਮੋਹ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਛੁਪਾਇੰਦਾ । ਆਪਣਾ ਭੇਵ ਆਪੇ ਰੱਖ, ਜੁਗ ਜੁਗ ਕਰੇ ਵਡਿਆਈਆ । ਆਪੇ ਨਿਰਗੁਣ ਸਰਗੁਣ ਕਰ ਪਰਤੱਖ, ਭਗਤ ਭਗਤੀ ਵੇਖ ਵਖਾਈਆ । ਆਪੇ ਲੇਖਾ ਜਾਣੇ ਮਸਤਕ ਮਥ, ਗਗਨ ਮੰਡਲ ਕਰ ਰੁਸ਼ਨਾਈਆ । ਆਪੇ ਪਾਏ ਨਾਮ ਸਰੂਪੀ ਸਾਚੀ ਨੱਥ, ਹਰਿਜਨ ਸਾਚੇ ਆਪ ਉਠਾਈਆ । ਆਪੇ ਦੇਵੇ ਸਾਚੀ ਵੱਥ, ਸ਼ਬਦ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਆਪੇ ਦਰਸ ਦਿਖਾਏ ਹੋ ਪ੍ਰਗਟ, ਸਵੱਛ ਸਰੂਪੀ ਰੂਪ ਵਟਾਈਆ । ਆਪੇ ਅੰਮ੍ਰਿਤ ਆਤਮ ਦੇਵੇ ਝੱਟ, ਨਿਝਰ ਝਿਰਨਾ ਆਪ ਝਿਰਾਈਆ । ਆਪੇ ਜੋਤ ਜਗਾਏ ਲਟ ਲਟ, ਅਗਿਆਨ ਅੰਧੇਰਾ ਦਏ ਮਿਟਾਈਆ । ਆਪੇ ਵਸੇ ਘਟ ਘਟ, ਹਸਤ ਕੀਟ ਏਕਾ ਰੰਗ ਸਮਾਈਆ । ਆਪੇ ਦੂਈ ਦਵੈਤੀ ਮੇਟੇ ਫੱਟ, ਬਿਰਹੋਂ ਰੋਗ ਰਹਿਣ ਨਾ ਪਾਈਆ । ਆਪੇ ਨਾਤਾ ਤੋੜੇ ਆਣ ਬਾਟ, ਮਾਤ ਗਰਭ ਦਸ ਦਸ ਮਾਸ ਨਾ ਕੋਇ ਤਪਾਈਆ । ਆਪੇ ਦੁਰਮਤ ਮੈਲ ਦੇਵੇ ਕੱਟ, ਜਿਸ ਜਨ ਆਪਣੀ ਬੂਝ ਬੁਝਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸਰਬ ਕਲਾ ਸਮਰਥ, ਸਮਰਥ ਪੁਰਖ ਆਪ ਅਖਵਾਈਆ । ਸਮਰਥ ਪੁਰਖ ਇਕ ਇਕੱਲਾ, ਘਰ ਸਾਚੇ ਸੋਭਾ ਪਾਇੰਦਾ । ਲੋਕਮਾਤ ਵਸਾਏ ਸਚ ਮਹੱਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਵਸਣਹਾਰਾ ਜਲਾਂ ਥਲਾਂ, ਸਮੁੰਦ ਸਾਗਰ ਡੇਰਾ ਲਾਇੰਦਾ । ਕਰੇ ਖੇਲ ਵਲ ਛਲਾ, ਅਛੱਲ ਅਛੱਲਾ ਨਾਉਂ ਉਪਜਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਆਪ ਆਪਣਾ ਪੰਧ ਮੁਕਾਇੰਦਾ । ਆਪਣਾ ਨੂਰ ਆਪੇ ਘੱਲਾ, ਸਤਿ ਸਰੂਪ ਆਪ ਵਟਾਇੰਦਾ । ਪੰਜ ਤਤ ਕਾਇਆ ਜੋਤੀ ਰਲਾ, ਸ਼ਬਦੀ ਡੰਕ ਵਜਾਇੰਦਾ । ਨਾਨਕ ਫੜਾਇਆ ਸਾਚਾ ਭੱਲਾ, ਨਾਮ ਸਤਿ ਮੰਤਰ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ

ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪਣਾ ਆਪ ਕਰਾਇੰਦਾ । ਨਾਨਕ ਨਿਰਗੁਣ ਸਰਗੁਣ ਧਾਰ, ਲੋਕਮਾਤ ਚਲਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਦੋਹਾਂ ਵਿਚੋਲਾ ਸਿਰਜਣਹਾਰ, ਸਤਿ ਪੁਰਖ ਨਿਰੰਜਣ ਨਾਉਂ ਧਰਾਈਆ । ਸਚਖੰਡ ਦੁਆਰਾ ਸੁਹਾਏ ਬੰਕ ਦੁਆਰ, ਅਲੱਖ ਅਲੱਖਣਾ ਬੇਪਰਵਾਹੀਆ । ਤਖ਼ਤ ਬੈਠ ਸੱਚੀ ਸਰਕਾਰ, ਸੀਸ ਜਗਦੀਸ਼ ਸੋਭਾ ਪਾਈਆ । ਪੰਚਮ ਮੁਖ ਤਾਜ ਹਰਿ ਨਿਰੰਕਾਰ, ਆਪ ਆਪਣਾ ਦਏ ਪ੍ਰਗਟਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਹੰ ਬ੍ਰਹਮ ਗਿਆ ਕਰਾਈਆ । ਸ਼ਹਿਨਸ਼ਾਹ ਸੱਚਾ ਸਿਕਦਾਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਨਾਨਕ ਦਰਸ਼ਨ ਪਾਇਆ ਹਰਿ ਕਰਤਾਰ, ਦਰਗਹ ਵੱਜੀ ਸਚ ਵਧਾਈਆ । ਸੋ ਪੁਰਖ ਨਿਰੰਜਣ ਕਰ ਪਿਆਰ, ਆਪ ਆਪਣੇ ਅੰਗ ਲਗਾਈਆ । ਹਰਿ ਪੁਰਖ ਨਿਰੰਜਣ ਬੋਲ ਜੈਕਾਰ, ਨਾਮ ਸਤਿ ਕਰੇ ਪੜ੍ਹਾਈਆ । ਏਕੰਕਾਰਾ ਬੰਨ੍ਹੇ ਧਾਰ, ਧਾਰ ਧਾਰ ਵਿਚ ਟਿਕਾਈਆ । ਆਦਿ ਨਿਰੰਜਣ ਹੋ ਤਿਆਰ, ਜੋਤੀ ਜੋਤ ਜੋਤ ਮਿਲਾਈਆ । ਸ੍ਰੀ ਭਗਵਾਨ ਖ਼ਬਰਦਾਰ, ਲੋਕਮਾਤ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਇਕ ਜੈਕਾਰ, ਚਾਰੇ ਵਰਨਾਂ ਦਏ ਸੁਣਾਈਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਅਠਾਰਾਂ ਬਰਨਾਂ ਕਰ ਖੁਆਰ, ਪੁਰਖ ਅਕਾਲ ਇਕ ਜਣਾਈਆ । ਚਾਰੋਂ ਕੁੰਟ ਦਏ ਹੁਲਾਰ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਨਾਮ ਖੰਡਾ ਇਕ ਚਮਕਾਈਆ । ਗਰੀਬ ਨਿਮਾਣਿਆਂ ਪਾਵੇ ਸਾਰ, ਸਤਿਨਾਮ ਕਰੇ ਪੜ੍ਹਾਈਆ । ਜਗਤ ਵਿਕਾਰਾਂ ਕਰ ਖੁਆਰ, ਮਨ ਮਤ ਦਏ ਤਜਾਈਆ । ਗੁਰਮਤ ਸਾਚੀ ਕਰ ਅਕਾਰ, ਸਾਕਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰ ਅਖਵਾਈਆ । ਸ਼ਬਦ ਗੁਰ ਦਾਤਾ ਸੂਰਾ, ਨਾਨਕ ਗੁਰ ਦਏ ਗਵਾਹੀਆ । ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਨਾ ਮਰੇ ਨਾ ਜਾਈਆ । ਨੂਰ ਇਲਾਹੀ ਜਲਵਾ ਨੂਰ, ਨੂਰੋ ਨੂਰ ਡਗਮਗਾਈਆ । ਸ਼ਬਦ ਵਜਾਏ ਨਾਦੀ ਤੂਰ, ਤਾਰ ਸਿਤਾਰ ਨਾ ਕੋਇ ਹਿਲਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਕਰੇ ਕੁੜਮਾਈਆ । ਜਿਸ ਜਨ ਮਸਤਕ ਲਾਏ ਧੂੜ, ਮੂਰਖ ਮੁਗਧ ਚਤੁਰ ਸੁਘੜ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਨਾਨਕ ਖੋਲ੍ਹਿਆ ਭੇਵ ਹਰਿ ਨਿਰੰਕਾਰ, ਏਕਾ ਅੱਖਰ ਨਾਮ ਜਣਾਇੰਦਾ । ਬਹੱਤਰ ਨਾੜ ਵੱਜੇ ਸਿਤਾਰ, ਸਾਰੰਗ ਸਾਚੀ ਸੇਵ ਕਮਾਇੰਦਾ । ਛੱਤੀ ਰਾਗ ਰਹੇ ਪੁਕਾਰ, ਰਾਗ ਰਾਗਨੀ ਹੁਕਮ ਸੁਣਾਇੰਦਾ । ਅਨਹਦ ਦੇਵੇ ਸਾਚੀ ਧੁਨਕਾਰ, ਤਾਲ ਤਲਵਾੜਾ ਆਪ ਸੁਣਾਇੰਦਾ । ਪੁਰਖ ਅਗੰਮ ਅਗੰਮੜੀ ਗੁਫ਼ਤਾਰ, ਗੁਫ਼ਤਮ ਆਪਣੀ ਆਪ ਜਣਾਇੰਦਾ । ਪੇਸ਼ਤੋ ਪੇਸ਼ ਸੁਣੇ ਸੁਣਨੇਹਾਰ, ਪੇਸ਼ਾਨੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੋਧ ਅਗਾਧ ਆਪ ਅਲਾਇੰਦਾ । ਬੋਧ ਅਗਾਧ ਭੇਵ ਅਭੇਦਾ, ਨਾਨਕ ਹਰਿ ਜਣਾਇਆ । ਲੇਖਾ ਜਾਣੇ ਨਾ ਚਾਰੇ ਵੇਦਾ, ਸਾਧ ਸੰਤ ਰਹੇ ਧਿਆਇਆ । ਲੇਖਾ ਲਿਖੇ ਨਾ ਕੋਇ ਕਤੇਬਾ, ਗੁਰ ਪੀਰ ਰਹੇ ਸਾਲਾਹਿਆ । ਰਸਨਾ ਗਾਏ ਨਾ ਕੋਈ ਜਿਹਵਾ, ਜੀਵ ਜੰਤ ਰਹੇ ਕੁਰਲਾਇਆ । ਪੁਰਖ ਅਬਿਨਾਸ਼ੀ ਅਲੱਖ ਅਭੇਵਾ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਗੰਮਾ ਸਚ ਜੈਕਾਰ, ਆਪ ਸੁਣਾਏ ਸੁਣਾਵਣਹਾਰ, ਏਕਾ ਨਾਨਕ ਝੋਲੀ ਪਾਇਆ । ਨਾਨਕ ਸੁਣ ਸ਼ਬਦ ਜੈਕਾਰ, ਉਚੀ ਕੂਕੇ ਦਏ ਦੁਹਾਈਆ । ਪੁਰਖ ਅਬਿਨਾਸ਼ੀ ਇਕ ਨਿਰੰਕਾਰ, ਦੂਸਰ ਇਸ਼ਟ ਨਾ

ਕੋਇ ਜਣਾਈਆ । ਜੁਗਾ ਜੁਗੰਤਰ ਗੁਰ ਪੀਰ ਅਵਤਾਰ ਸਾਧ ਸੰਤ ਪਨਹਾਰ, ਮੁੱਲਾ ਸ਼ੇਖ਼ ਮੁਸਾ ਇਕ ਪੀਰ ਦਸਤਗੀਰ ਸੇਵ ਕਮਾਈਆ । ਆਪੇ ਕਰਤਾ ਜਾਣੇ ਆਪਣੀ ਕਾਰ, ਕੁਦਰਤ ਕਾਦਰ ਵੇਖ ਵਖਾਈਆ । ਸ੍ਰਿਸ਼ਟ ਸਬਾਈ ਅੰਧ ਅੰਧਿਆਰ, ਸਚ ਚੰਦਰਮਾ ਨਾ ਕੋਇ ਚੜ੍ਹਾਈਆ । ਵਰਨ ਬਰਨ ਹਾਹਾਕਾਰ, ਸਾਚੀ ਸਰਨ ਨਾ ਕੋਇ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਹੋਇਆ ਪਾਰ, ਕਲਜੁਗ ਅੰਤਮ ਰਹਿਣ ਨਾ ਪਾਈਆ । ਐੜਾ ਅਥਰਬਣ ਕਰੇ ਵਿਚਾਰ, ਅੱਲਾ ਰਾਣੀ ਨਾਲ ਸਲਾਹੀਆ । ਸਦੀ ਚੌਧਵੀਂ ਆਏ ਹਾਰ, ਚੌਦਾਂ ਤਬਕਾਂ ਵੇਖ ਵਖਾਈਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਗਿਆ ਜਣਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਪਣਾ ਡੇਰਾ ਲਾਈਆ । ਨਾਨਕ ਗਾਇਆ ਏਕਾ ਵਾਰ, ਏਕਾ ਮਤ ਰਿਹਾ ਸਮਝਾਈਆ । ਕਿਸੇ ਕੁਖੋਂ ਨਾ ਜੰਮੇ ਲਏ ਅਵਤਾਰ, ਮਾਤ ਪਿਤ ਨਾ ਕੋਇ ਬਣਾਈਆ । ਮਹਾਂਬਲੀ ਉਤਰੇ ਵਿਚ ਸੰਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਸਰੂਪੀ ਤੇਜ ਕਟਾਰ, ਖੜਗ ਖੰਡਾ ਆਪਣਾ ਲਏ ਚਮਕਾਈਆ । ਬ੍ਰਹਿਮੰਡਾਂ ਖੰਡਾਂ ਪਾਵਣਹਾਰਾ ਸਾਰ, ਬ੍ਰਹਮੇ ਵੇਲਾ ਦਏ ਮੁਕਾਈਆ । ਸ਼ੰਕਰ ਕਰੇ ਪਾਰ ਕਿਨਾਰ, ਸ਼ਿਵ ਪੁਰੀ ਵੇਖ ਵਖਾਈਆ । ਇੰਦ ਇੰਦ੍ਰਾਸਣ ਤਜ ਬਣੇ ਭਿਖਾਰ, ਭੋਗੀ ਭੋਗ ਨਾ ਕੋਇ ਕਰਾਈਆ । ਕਰੋੜ ਤੇਤੀਸਾ ਰੋਵੇ ਜ਼ਾਰੋ ਜ਼ਾਰ, ਉਚੀ ਕੂਕੇ ਦਏ ਦੁਹਾਈਆ । ਗਣ ਗੰਧਰਬ ਨਾ ਗਾਏ ਕੋਈ ਆਪਣੀ ਵਾਰ, ਕਿੰਨਰ ਜਛਪ ਨਾ ਨਾਚ ਨਚਾਈਆ । ਪਰਗਟ ਹੋਵੇ ਹਰਿ ਕਲਕੀ ਅਵਤਾਰ, ਨਿਰਗੁਣ ਆਪਣਾ ਨਾਉਂ ਧਰਾਈਆ । ਲੱਖ ਚੁਰਾਸੀ ਜਾਏ ਹਾਰ, ਬੇੜਾ ਪਾਰ ਨਾ ਕੋਇ ਕਰਾਈਆ । ਕਲਜੁਗ ਡੁੱਬੇ ਵਿਚ ਮੰਝਧਾਰ, ਸੀਸ ਭਾਰ ਨਾ ਸਕੇ ਉਠਾਈਆ । ਲੇਖਾ ਲਿਖੇ ਆਪ ਨਿਰੰਕਾਰ, ਹੁਕਮੀ ਹੁਕਮ ਕਰੇ ਜਣਾਈਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਸਿੰਘ ਸਿੰਘ ਅਖਵਾਈਆ । ਸਿੰਘ ਸਿੰਘ ਬੋਲ ਜੈਕਾਰ, ਏਕਾ ਫ਼ਤਿਹ ਡੰਕ ਵਜਾਈਆ । ਪੰਚਮ ਪੰਚਮ ਦਏ ਆਧਾਰ, ਪੰਚਮ ਕਰੇ ਸਚ ਕੁੜਮਾਈਆ । ਪੰਚਮ ਬਣਾਇਆ ਸੱਚਾ ਸਿਕਦਾਰ, ਪੰਚਮ ਬਖ਼ਸ਼ੇ ਸ਼ਹਿਨਸ਼ਾਹੀਆ । ਪੰਚਮ ਮਾਰ ਤੇਜ਼ ਕਟਾਰ, ਨਾਮ ਧਾਰ ਆਪ ਚਲਾਈਆ । ਪੰਚਮ ਕਰ ਨਿਮਸਕਾਰ, ਅੱਗੇ ਆਪਣੀ ਝੋਲੀ ਡਾਹੀਆ । ਪੰਚਮ ਅੰਮ੍ਰਿਤ ਭਰ ਭੰਡਾਰ, ਕਾਇਆ ਬਾਟੇ ਆਪ ਪਿਆਈਆ । ਮਿੱਠਾ ਰਸ ਹਰਿ ਨਿਰੰਕਾਰ, ਗੁਰਬਾਣੀ ਵਿਚ ਟਿਕਾਈਆ । ਗੁਰੂ ਅਰਜਨ ਬਣਿਆ ਮੀਤ ਮੁਰਾਰ, ਗੁਰ ਸ਼ਬਦ ਦਏ ਗਵਾਹੀਆ । ਗੁਰੂ ਗ੍ਰੰਥ ਗੁਰ ਮੀਤ ਮੁਰਾਰ, ਚਾਰ ਵਰਨਾਂ ਇਕ ਸਮਝਾਈਆ । ਜਗਤ ਸੁੱਤ ਨਾ ਕਰੇ ਪਿਆਰ, ਅਬਿਨਾਸ਼ੀ ਅਚੁੱਤ ਇਕ ਮਨਾਈਆ । ਸੁਹਾਈ ਰੁੱਤ ਸਾਂਝੇ ਯਾਰ, ਬਸੰਤ ਰੁੱਤੜੀ ਵੇਖ ਵਖਾਈਆ । ਆਪੇ ਸੱਥਰ ਸੁੱਤਾ ਪੈਰ ਪਸਾਰ, ਮੰਗੇ ਦਰਸ ਸਾਚੇ ਮਾਹੀਆ । ਪੁਰਖ ਅਬਿਨਾਸ਼ੀ ਮਿਲਿਆ ਏਕੰਕਾਰ, ਜੰਗਲ ਜੂਹ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖ ਨਾ ਕੋਇ ਜਣਾਈਆ । ਨਾਨਕ ਗੋਬਿੰਦ ਹਰਿ ਹਰਿ ਮੇਲਾ, ਏਕਾ ਜੋਤੀ ਜੋਤ ਰੁਸ਼ਨਾਈਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਚੇਲਾ ਆਪ ਅਖਵਾਈਆ । ਆਪੇ ਬਣਿਆ ਸੱਜਣ ਸੁਹੇਲਾ, ਪੁਰਖ ਅਕਾਲ ਆਪ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਈਆ । ਗੁਰ ਗੋਬਿੰਦ ਸਿੰਘ ਬਲਕਾਰ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਤੀਰ ਤਰਕਸ਼ ਆਪ ਉਠਾਇੰਦਾ । ਕਲਗੀ ਤੋੜਾ ਸੀਸ ਦਸਤਾਰ, ਪੰਚਮ ਪਿਆਰਾ ਆਪ ਅਖਵਾਇੰਦਾ । ਵਾਹਿਗੁਰੂ ਫ਼ਤਿਹ ਬੋਲ

ਜੈਕਾਰ, ਚਾਰ ਵਰਨਾਂ ਡੰਕਾ ਇਕ ਸੁਣਾਇੰਦਾ । ਊਚਾਂ ਨੀਚਾਂ ਏਕਾ ਧਾਰ, ਅੰਮ੍ਰਿਤ ਸਾਚਾ ਜਾਮ ਪਿਆਇੰਦਾ । ਨੀਲੇ ਘੋੜੇ ਹੋ ਅਸਵਾਰ, ਸ਼ਾਹ ਅਸਵਾਰ ਖੇਲ ਖਿਲਾਇੰਦਾ । ਅੰਤਮ ਵਾਰ ਗਿਆ ਪੁਕਾਰ, ਸ੍ਰਿਸ਼ਟ ਸਬਾਈ ਇਹ ਸਮਝਾਇੰਦਾ । ਨਿਹਕਲੰਕ ਲਏ ਅਵਤਾਰ, ਪੁਰਖ ਅਕਾਲ ਇਸ਼ਟ ਵਖਾਇੰਦਾ । ਦੂਜੇ ਦਰ ਨਾ ਬਣੇ ਕੋਈ ਭਿਖਾਰ, ਪੰਜ ਤਤ ਗੁਰੂ ਨਾ ਕੋਇ ਅਖਵਾਇੰਦਾ । ਸ਼ਬਦ ਗੁਰੂ ਸਰਬ ਸੰਸਾਰ, ਜੁਗ ਜੁਗ ਸਗਲਾ ਸੰਗ ਨਿਭਾਇੰਦਾ । ਕਾਇਆ ਦੇਸ ਲਏ ਅਵਤਾਰ, ਦਰ ਦਰਵੇਸ਼ ਖੇਲ ਖਿਲਾਇੰਦਾ । ਪੁਰਖ ਅਗੰਮ ਅਗੰਮੜੀ ਧਾਰ, ਲੋਕਮਾਤ ਆਪ ਚਲਾਇੰਦਾ । ਸੰਬਲ ਨਗਰੀ ਧਾਮ ਨਿਆਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਇਕ ਇਕੱਲਾ ਵਸੇ ਏਕੰਕਾਰ, ਦੂਜਾ ਕੋਇ ਰਹਿਣ ਨਾ ਪਾਇੰਦਾ । ਹਰਿ ਮੰਦਰ ਵੇਖੇ ਸਚ ਦੁਆਰ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਵੇਲਾ ਅੰਤਮ ਆਇਆ, ਏਕਾ ਢਈਆ ਦਏ ਗਵਾਹੀਆ । ਪੁਰਖ ਅਬਿਨਾਸ਼ੀ ਜਾਮਾ ਪਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚਾ ਡੰਕਾ ਸ਼ਬਦ ਵਜਾਇਆ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਲਏ ਉਠਾਈਆ । ਲੋਕਮਾਤ ਨਾਉਂ ਧਰਾਇਆ, ਆਪ ਆਪਣੀ ਕਰ ਪੜ੍ਹਾਈਆ । ਸੰਬਲ ਨਗਰੀ ਡੇਰਾ ਲਾਇਆ, ਸਾਢੇ ਤਿੰਨ ਹੱਥ ਵੇਖ ਵਖਾਈਆ । ਗੋਬਿੰਦ ਮੇਲਾ ਸਚ ਮਿਲਾਇਆ, ਪ੍ਰਭ ਮਿਲਿਆ ਵਿਛੜ ਨਾ ਜਾਈਆ । ਗੁਰ ਚੇਲਾ ਏਕਾ ਰੰਗ ਰੰਗਾਇਆ, ਸੀਸ ਆਪਣਾ ਤਾਜ ਟਿਕਾਈਆ । ਸੋਹੰ ਅੱਖਰ ਆਪ ਲਿਖਾਇਆ, ਨਾਨਕ ਰਸਨਾ ਗਿਆ ਗਾਈਆ । ਕਬੀਰ ਜੁਲਾਹਿਆ ਦਏ ਦੁਹਾਇਆ, ਦਰਸ਼ਨ ਪਾਇਆ ਸਾਚੇ ਮਾਹੀਆ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਕਲਜੁਗ ਖੇਲ ਕਰੇ ਬੇਪਰਵਾਹੀਆ । ਨਿਰਗੁਣ ਸਰਗੁਣ ਆਪੇ ਬਣ ਬਣ ਆਇਆ, ਸਰਗੁਣ ਨਿਰਗੁਣ ਮੇਲ ਮਿਲਾਈਆ । ਸਤਿਗੁਰ ਸਾਚਾ ਘਾੜਣ ਘੜ ਕੇ ਆਇਆ, ਆਪਣੇ ਹੱਥ ਰੱਖੇ ਵਡਿਆਈਆ । ਸ਼ਾਹ ਸਵਾਰ ਹਰਿ ਨਿਰੰਕਾਰ ਸ਼ਬਦ ਅਗੰਮੀ ਘੋੜੇ ਚੜ੍ਹ ਕੇ ਆਇਆ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਰਿਹਾ ਦੌੜਾਈਆ । ਏਕਾ ਨਾਮ ਖੰਡਾ ਹੱਥ ਫੜ ਕੇ ਆਇਆ, ਲੰਮਾ ਚੌੜਾ ਨਾ ਕੋਇ ਜਣਾਈਆ । ਸੀਸ ਧੜ ਅੱਡ ਆਪਣਾ ਕਰ ਕੇ ਆਇਆ, ਲੱਖ ਚੁਰਾਸੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕੰਕਾਰ ਆਪ ਅਖਵਾਈਆ । ਨਿਹਕਲੰਕ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਅਖਵਾਇਆ । ਪਰਗਟ ਕਲ ਕਲਕੀ ਅਵਤਾਰ, ਕਲ ਕਲੇਸ਼ ਦਏ ਮਿਟਾਇਆ । ਦਸ ਦਸਮੇਸ਼ ਕਰੇ ਪਿਆਰ, ਦਹਿ ਦਿਸ਼ਾ ਵੇਖ ਵਖਾਇਆ । ਨਰ ਨਰੇਸ਼ ਹੋ ਤਿਆਰ, ਸਚ ਸਿੰਘਾਸਣ ਸੋਭਾ ਪਾਇਆ । ਦਰ ਦਰਵੇਸ਼ ਬਣੇ ਭਿਖਾਰ, ਗੁਰਸਿਖ ਦੁਆਰਾ ਮੰਗਣ ਆਇਆ । ਮੁੱਛ ਦਾੜ੍ਹੀ ਕੇਸ ਨਾ ਦਿਸੇ ਵਿਚ ਸੰਸਾਰ, ਨਾ ਕੋਈ ਮੂੰਡ ਮੁੰਡਾਇਆ । ਗਣਪਤ ਗਣੇਸ਼ ਨਾ ਕਰੇ ਪਿਆਰ, ਇਸ਼ਟ ਦੇਵ ਨਾ ਕੋਇ ਰਖਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਹਰਿ ਆਪਣਾ ਨਾਉਂ ਧਰਾਇਆ । ਗੁਰਮੁਖ ਸਾਚੇ ਲਏ ਉਭਾਰ, ਹਰਿਜਨ ਸਾਚੇ ਵੇਖ ਵਖਾਇਆ । ਹਰਿ ਸੰਤਨ ਕਰੇ ਪਿਆਰ, ਪਾਰਬ੍ਰਹਮ ਵੱਡੀ ਵਡਿਆਇਆ । ਭਗਤ ਭਗਵੰਤ ਮੀਤ ਮੁਰਾਰ, ਪੀਤ ਪੀਤੰਬਰ ਰਿਹਾ ਸੁਹਾਇਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਆਪਣੀ ਛਹਿਬਰ ਆਪੇ ਲਾਇਆ । ਕਰੋੜ ਛਿਆਨਵੇਂ ਗਿਆ ਹਾਰ, ਸੀਤਲ ਧਾਰ ਨਾ ਕੋਇ ਵਹਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਕਰੇ ਪਾਰ,

ਸਤਿਗੁਰ ਪੂਰਾ ਪੁਰਖ ਅਕਾਲ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਤਖ਼ਤ ਤਾਜ ਸੁਹਾਇਆ । ਤਖ਼ਤ ਤਾਜ ਹਰਿ ਗੋਬਿੰਦ, ਏਕਾ ਏਕ ਸੁਹਾਇੰਦਾ । ਜਨ ਭਗਤਾਂ ਮੇਟੇ ਸਗਲੀ ਚਿੰਦ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਹਰਿ ਸੰਤ ਬਣਾਏ ਆਪਣੀ ਬਿੰਦ, ਸੁੱਤ ਅਨਾਦੀ ਨਾਉਂ ਧਰਾਇੰਦਾ । ਗੁਰਮੁਖ ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਕਵਲ ਕਵਲਾ ਆਪ ਭਰਾਇੰਦਾ । ਗੁਰਸਿਖਾਂ ਹੋਏ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਮਨਮੁਖ ਲਗਾਏ ਆਪਣੀ ਨਿੰਦ, ਮੁਖ ਥੁੱਕਾਂ ਆਪ ਭਰਾਇੰਦਾ । ਵਡ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਭੇਵ ਨਾ ਆਇੰਦਾ । ਲੇਖਾ ਜਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲੇ ਖੇਲ ਪੁਰਖ ਕਰਤਾਰ, ਹਰਿ ਭਗਤਾਂ ਦਏ ਵਡਿਆਈਆ । ਜਿਸ ਜਨ ਖੋਲ੍ਹੇ ਬੰਦ ਕਿਵਾੜ, ਬਜ਼ਰ ਕਪਾਟੀ ਤੋੜ ਤੁੜਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਬੂੰਦ ਸੁਆਂਤੀ ਆਪ ਪਿਲਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚਾ ਗੁਰੂਦੁਆਰ, ਸਤਿਗੁਰ ਬੈਠਾ ਰਾਹ ਤਕਾਈਆ । ਨੇਤਰ ਨੈਣ ਕਰੇ ਉਜਿਆਰ, ਤੀਜਾ ਲੋਚਣ ਆਪ ਖੁਲ੍ਹਾਈਆ । ਅਨਹਦ ਸ਼ਬਦ ਸੁਣੇ ਧੁਨਕਾਰ, ਸਾਚਾ ਰਾਗ ਆਪੇ ਗਾਈਆ । ਜੋ ਜਨ ਆਏ ਚਲ ਦੁਆਰਾ, ਪ੍ਰਭ ਲੇਖਾ ਦਏ ਮੁਕਾਈਆ । ਲੱਖ ਚੁਰਾਸੀ ਪਾਰ ਕਿਨਾਰਾ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰਾ, ਵੇਲੇ ਅੰਤ ਨਾ ਲਏ ਪਰਨਾਈਆ । ਸਤਿਗੁਰ ਪੂਰਾ ਕਰੇ ਪਿਆਰਾ, ਗੁਰਮੁਖ ਆਪਣੀ ਗੋਦ ਬਹਾਈਆ । ਕਲਜੁਗ ਅੰਤਮ ਲਏ ਅਵਤਾਰਾ, ਚਾਰ ਜੁਗ ਵਿਛੜੇ ਮੇਲ ਮਿਲਾਈਆ । ਜੋ ਸਰਸੇ ਡੁੱਬੇ ਡੂੰਘੀ ਧਾਰਾ, ਆਪ ਆਪਣੇ ਗਲੇ ਲਗਾਈਆ । ਸੀਸ ਜਗਦੀਸ਼ ਉਤੋਂ ਜਿਸ ਵਾਰਾ, ਗੜ੍ਹੀ ਚਮਕੌਰ ਹੋਏ ਸਹਾਈਆ । ਚਾਲੀ ਚਾਲੀ ਪਾਰ ਕਿਨਾਰਾ, ਛੱਤੀ ਜੁਗ ਸੇਵ ਕਮਾਈਆ । ਗੁਰ ਗੋਬਿੰਦ ਮੀਤ ਮੁਰਾਰਾ, ਘਰ ਮੇਲਾ ਸਹਿਜ ਸੁਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾ ਅੰਜੀਲ ਕੁਰਾਨਾ ਵਸੇ ਬਾਹਰਾ, ਖਾਣੀ ਬਾਣੀ ਰਹੀ ਗੁਣ ਗਾਈਆ । ਕਰੇ ਖੇਲ ਗੁਪਤ ਜ਼ਾਹਰਾ, ਅੰਦਰ ਬਾਹਰਾ ਆਪ ਅਖਵਾਈਆ । ਚਾਰ ਵਰਨ ਸੁਣਾਏ ਏਕਾ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਪੜ੍ਹਾਈਆ । ਸ਼ਾਹ ਸੁਲਤਾਨਾ ਰਾਜ ਰਾਜਾਨਾ ਆਉਣਾ ਚਲ ਦੁਆਰਾ, ਵੀਹ ਸੌ ਬੀਸ ਬਿਕ੍ਰਮੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਮਾਇਆ ਆਪੇ ਛਾਈਆ । ਆਪੇ ਮਾਇਆ ਆਪੇ ਛਾਇਆ, ਆਪੇ ਪਰਦਾ ਪਾਇੰਦਾ । ਆਪੇ ਗੁਰ ਆਪ ਅਵਤਾਰ ਪੀਰਨ ਪੀਰਾ ਆਪ ਅਖਵਾਇਆ, ਆਪੇ ਭੇਵ ਰਖਾਇੰਦਾ । ਆਪੇ ਮੰਤਰ ਆਪੇ ਨਾਮ ਆਪੇ ਸ਼ਬਦੀ ਸ਼ਬਦ ਦ੍ਰਿੜਾਇਆ, ਆਪੇ ਗਿਆਨ ਗੋਝ ਵਖਾਇੰਦਾ । ਆਪੇ ਰਸਨਾ ਆਪੇ ਜਿਹਵਾ ਆਪੇ ਬੱਤੀ ਦੰਦ ਹਿਲਾਇਆ, ਸੁੰਨ ਸਮਾਧ ਆਪ ਕਰਾਇੰਦਾ । ਆਪੇ ਨੇਤਰ ਲੋਚਣ ਨੈਣ ਬੰਦ ਵਖਾਇਆ, ਆਪੇ ਨੈਣ ਨੈਣ ਦਰਸਾਇੰਦਾ । ਆਪੇ ਦੀਪਕ ਜੋਤ ਦੀਆ ਆਪ ਜਗਾਇਆ, ਅਗਿਆਨ ਅੰਧੇਰ ਆਪ ਮਿਟਾਇੰਦਾ । ਆਪੇ ਕਲਜੁਗ ਅੰਤਮ ਨਿਹਕਲੰਕਾ ਬਣ ਕੇ ਆਇਆ, ਹਰਿਜਨ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖੀ ਸਿਖ ਸਮਝਾਇੰਦਾ । ਸਾਚੀ ਸਿਖੀ ਸਿਖ ਵਿਚਾਰ, ਸਿਖਿਆ ਸਿਖ ਵਿਚ ਨਾ ਆਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦ੍ਰਿਸ਼ਟੀ ਦਏ ਟਿਕਾਈਆ । ਚਰਨ ਦੁਆਰ ਸਾਚੀ ਭਗਤੀ ਵਿਚ ਸੰਸਾਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਜੋਗ ਅਭਿਆਸ ਨਾ ਕੋਇ ਕਰਾਈਆ । ਜੋਗ ਅਭਿਆਸ ਤੁੱਟਾ ਨਾਤਾ, ਸਤਿਗੁਰ ਪੂਰੇ ਦਰਸ਼ਨ ਪਾਇਆ । ਰਸਨਾ ਜਿਹਵਾ ਛੁੱਟੀ ਗਾਥਾ, ਹਰਿ ਹਰਿ ਏਕਾ ਰਸਨਾ ਗਾਇਆ । ਲਹਿਣਾ ਦੇਣਾ ਚੁਕਿਆ ਪੂਜਾ ਪਾਠਾ, ਪਤਿਪਰਮੇਸ਼ਵਰ ਨਜ਼ਰੀ ਆਇਆ । ਸਰ ਸਰੋਵਰ ਮੁੱਕਿਆ ਘਾਟਾ, ਚਰਨ ਧੂੜ ਏਕਾ ਨੁਹਾਇਆ । ਅੰਮ੍ਰਿਤ ਪੀਤਾ ਕਾਇਆ ਬਾਟਾ, ਪੁਰਖ ਅਬਿਨਾਸ਼ੀ ਆਪ ਪਿਆਇਆ । ਅੱਗੇ ਆਈ ਨੇੜੇ ਵਾਟਾ, ਪਿਛਲਾ ਚੁਰਾਸੀ ਪੰਧ ਮੁਕਾਇਆ । ਗੁਰਸਿਖ ਕਦੇ ਨਾ ਖਾਏ ਘਾਟਾ, ਸਤਿਗੁਰ ਸਾਚੇ ਕੰਡੇ ਤੋਲ ਤੁਲਾਇਆ । ਸੇਵਾ ਕਰੇ ਆਦਿ ਸ਼ਕਤ ਜੋਤ ਲਿਲਾਟਾ, ਹਵਨੀ ਹਵਨ ਗੁਰਸਿਖ ਤੇਰਾ ਪ੍ਰੇਮ ਅਹੂਤੀ ਵਿਚ ਪੁਆਇਆ । ਉਤਮ ਹੋਈ ਜਗਤ ਜ਼ਾਤਾ, ਜੋਤੀ ਜਾਤਾ ਏਕਾ ਪਾਇਆ । ਲੇਖਾ ਚੁਕਿਆ ਮਸਤਕ ਮਾਥਾ, ਜਿਸ ਜਨ ਚਰਨੀ ਮਸਤਕ ਲਾਇਆ । ਪਾਰਬ੍ਰਹਮ ਪ੍ਰਭ ਸਗਲਾ ਸਾਥਾ, ਪੁਰਖ ਅਕਾਲ ਸੰਗ ਨਿਭਾਇਆ । ਗੁਰਸਿਖ ਵਿਕੇ ਨਾ ਕਿਸੇ ਹਾਟਾ, ਬਿਨ ਸਤਿਗੁਰ ਪੂਰੇ ਕੀਮਤ ਨਾ ਸਕੇ ਕੋਈ ਚੁਕਾਇਆ । ਕਲਜੁਗ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖੀ ਸਿਖ ਅਖਵਾਇਆ । ਸਾਚੀ ਸਿਖੀ ਗੋਬਿੰਦ ਗੋਪਾਲ, ਹਰਿ ਸਾਚਾ ਮੇਲ ਮਿਲਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣੇ ਅੰਗ ਲਗਾਇੰਦਾ । ਆਪ ਵਜਾਏ ਸਾਚਾ ਤਾਲ, ਤਨ ਨਗਾਰੇ ਚੋਟ ਲਗਾਇੰਦਾ । ਲੱਖ ਚੁਰਾਸੀ ਤੋੜ ਜ਼ੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਸੰਮਤ ਸੱਤਰਾਂ ਬਣ ਦਲਾਲ, ਕਲਜੁਗ ਬੇੜਾ ਪਾਰ ਕਰਾਇੰਦਾ । ਪਹਿਲੀ ਵਿਸਾਖ ਹੋਏ ਖੁਸ਼ਹਾਲ, ਜੋ ਜਨ ਨੇਤਰ ਦਰਸ਼ਨ ਪਾਇੰਦਾ । ਵੇਲੇ ਅੰਤ ਨਾ ਖਾਏ ਕਾਲ, ਜਮ ਕਾ ਦੂਤ ਨੇੜ ਨਾ ਆਇੰਦਾ । ਸਚਖੰਡ ਬਹਾਏ ਸੱਚੀ ਧਰਮਸਾਲ, ਸਤਿਗੁਰ ਪੂਰਾ ਆਪਣੀ ਹੱਥੀਂ ਆਪ ਉਠਾਇੰਦਾ । ਏਥੇ ਓਥੇ ਦੋ ਜਹਾਨੀ ਚਲੇ ਨਾਲ ਨਾਲ, ਆਲਸ ਨਿੰਦਰਾ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਸਿਖ ਮਨ ਤਨ ਰਤੜਾ, ਹਰਿ ਨਾਮਾ ਰੰਗ ਅਮੋਲ । ਹਰਿਜਨ ਨਾ ਠਾਂਡਾ ਨਾ ਤੱਤੜਾ, ਏਕਾ ਤੱਕੜ ਤੁਲੇ ਤੋਲ । ਗੁਰਮਤ ਵੇਖੇ ਸਾਚੀ ਮਤੜਾ, ਮਨ ਮਤ ਨਾ ਬੋਲੇ ਬੋਲ । ਲੇਖਾ ਮਿਲੇ ਹੱਥੋ ਹੱਥੜਾ, ਸ਼ਬਦ ਨਗਾਰਾ ਵੱਜੇ ਢੋਲ । ਕਲਜੁਗ ਅੰਤਮ ਰਾਹੋਂ ਘੁਥੜਾ, ਸਚ ਵਸਤ ਨਾ ਕਿਸੇ ਕੋਲ । ਬਸੰਤ ਸੋਹੇ ਨਾ ਕੋਇ ਰੁੱਤੜਾ, ਪਤ ਡਾਲ੍ਹੀ ਨਾ ਰਹੀ ਮੌਲ । ਲੱਖ ਚੁਰਾਸੀ ਜੀਵ ਸਿੰਬਲ ਰੁੱਖ ਨਾ ਫਲ ਨਾ ਫੁਲੜਾ, ਅੰਮ੍ਰਿਤ ਆਤਮ ਛਕੀ ਨਾ ਸਾਚੀ ਪਹੁਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਪਰਦੇ ਦੇਵੇ ਖੋਲ੍ਹ । ਗੁਰਸਿਖ ਤੇਰਾ ਪਰਦਾ ਖੋਲ੍ਹਣਾ, ਕਰ ਕਿਰਪਾ ਸਿਰਜਣਹਾਰ । ਤੇਰੀ ਕਾਇਆ ਮੰਦਰ ਬੋਲਣਾ, ਹੌਲੀ ਹੌਲੀ ਕਰੇ ਗੁਫ਼ਤਾਰ । ਤੇਰੀ ਸੁਰਤੀ ਸੁਰਤੀ ਮੌਲਣਾ, ਸ਼ਬਦ ਸ਼ਬਦੀ ਖੇਲ ਨਿਆਰ । ਤੇਰਾ ਕਰੇ ਭਾਰ ਹੌਲਣਾ, ਸਿਰ ਆਪਣੇ ਚੁੱਕੇ ਭਾਰ । ਕਲਜੁਗ ਅੰਤ ਕਦੇ ਨਾ ਡੋਲਣਾ, ਚਾਰੋਂ ਕੁੰਟ ਹੋਏ ਹਾਹਾਕਾਰ । ਪੁਰਖ ਅਬਿਨਾਸ਼ੀ ਸਚ ਦੁਆਰਾ ਏਕਾ ਖੋਲ੍ਹਣਾ, ਚਾਰ ਵਰਨ ਬਣੇ ਭਿਖਾਰ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਏਕਾ ਕੰਡੇ ਤੋਲਣਾ, ਤੋਲਣਹਾਰਾ ਆਪ ਨਿਰੰਕਾਰ । ਜੋ ਜਨ ਚਰਨ ਪ੍ਰੀਤੀ ਘੋਲੀ ਘੋਲ ਘੋਲਣਾ, ਭਵ ਸਾਗਰ ਉਤਰੇ ਪਾਰ । ਸੋਹੰ ਸ਼ਬਦ ਏਕਾ ਬੋਲਣਾ, ਸਤਿਜੁਗ ਸਾਚੀ ਸਚ ਜੈਕਾਰ । ਨੌ ਖੰਡ ਵੱਜੇ ਢੋਲਣਾ, ਮਰਦੰਗਾ ਗੂੰਜੇ ਨਾਮ ਗੁੰਜਾਰ । ਹਰਿਜਨ ਤੇਰਾ ਡੂੰਘੀ ਭਵਰੀ ਕਾਇਆ ਕਵਰੀ ਪਰਦਾ ਆਪੇ ਖੋਲ੍ਹਣਾ, ਲੇਖਾ

ਜਾਣੇ ਅੰਧ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਿਰ ਰੱਖ ਤਾਜ ਦਸਤਾਰ । ਗੁਰਸਿਖ ਸੋਇਆ ਜਾਗਿਆ, ਕਲਜੁਗ ਅੰਤਮ ਚੁੱਕਿਆ ਮੂਲ । ਪੁਰਖ ਅਬਿਨਾਸ਼ੀ ਲੋਕਮਾਤ ਆਇਆ ਭਾਗਿਆ, ਜਿਉਂ ਧਰੂ ਪ੍ਰਹਿਲਾਦ ਮਿਲਿਆ ਕੰਤ ਕੰਤੂਹਲ । ਜੋ ਜਨ ਰਹੇ ਵਿਚ ਆਗਿਆ, ਸ਼ਬਦ ਪੰਘੂੜਾ ਲਏ ਝੂਲ । ਹਰਿ ਮਿਲਿਆ ਕੰਤ ਸੁਹਾਗਿਆ, ਦੋ ਜਹਾਨੀ ਬਰਖੇ ਫੂਲ । ਸਤਿਗੁਰ ਪੂਰਾ ਪਾਇਆ ਵਡ ਵਡ ਭਾਗਿਆ, ਸਾਚਾ ਦਾਤਾ ਦੂਹਲੋ ਦੂਹਲ । ਮਨ ਉਪਜਾਏ ਇਕ ਵੈਰਾਗਿਆ, ਗੁਰਸਿਖ ਨਾ ਜਾਏ ਭੂਲ । ਜੋ ਜਨ ਸਰਨਾਈ ਲਾਗਿਆ, ਸਰਨਗਤ ਕਮਲਾਪਤ ਏਕਾ ਕੰਤ ਹਰਿ ਭਗਵੰਤ ਕੰਤ ਕੰਤੂਹਲ । ਗੁਰਸਿਖ ਸੋਇਆ ਉਠਿਆ, ਕਲਜੁਗ ਅੰਤਮ ਲਏ ਅੰਗੜਾਈ । ਸਤਿਗੁਰ ਪੂਰਾ ਆਪੇ ਤੁਠਿਆ, ਲੋਕਮਾਤ ਦੇਵਣ ਆਇਆ ਨਾਮ ਵਧਾਈ । ਚਾਰ ਕੁੰਟ ਰਹਿਣ ਨਾ ਦੇਵੇ ਲੁਕਿਆ ਕਿਸੇ ਗੁੱਠਿਆ, ਹਰਿ ਸ਼ਬਦ ਕਰੇ ਕੁੜਮਾਈ । ਮਨਮੁਖ ਜੀਵ ਨਾ ਦਿਸੇ ਜੂਠਾ ਝੂਠਿਆ, ਵੇਲੇ ਅੰਤ ਰਾਏ ਧਰਮ ਦਏ ਸਜ਼ਾਈ । ਕੁੰਭੀ ਨਰਕ ਟੰਗੇ ਪੁਠਿਆ, ਅਗਨੀ ਤਤ ਬਾਲੂ ਪਾਏ ਸਿਰ ਸ਼ਾਹੀ । ਗੁਰਸਿਖ ਪੂਰਬ ਜਨਮ ਜੋ ਰੁਸਿਆ, ਕਲਜੁਗ ਅੰਤਮ ਲਏ ਮਿਲਾਈ । ਆਪ ਅੰਦਰ ਵੜ ਬੁਝਾਏ ਗੁਰਸਿਖ ਤੇਰਾ ਗੁੱਸਿਆ, ਤੇਰਾ ਪੀਸਣ ਪੀਸ ਸੇਵ ਕਮਾਈ । ਤੇਰਾ ਤਨ ਬਣਾਏ ਆਪਣਾ ਸੂਸਿਆ, ਆਪਣੀ ਚੋਲੀ ਦਏ ਤਜਾਈ । ਲੇਖਾ ਚੁਕਾਏ ਈਸਾ ਮੂਸਿਆ, ਗੁਰਮੁਖਾਂ ਬਖ਼ਸ਼ੇ ਸਾਚੀ ਸ਼ਾਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜੂਨੀ ਰਹਿਤ ਪੁਰਖ ਅਕਾਲਾ ਪ੍ਰਗਟ ਹੋਏ ਦੀਨ ਦਿਆਲਾ, ਚਰਨ ਦੁਆਰ ਰਖਾਏ ਕਾਲ ਮਹਾਂਕਾਲਾ, ਦਰ ਆਏ ਤਰਾਏ ਕੋਟਨ ਕੋਟ ਜਨਮ ਦੇ ਵਡ ਗੁਨਾਹੀ । ਗੁਰਸਿਖ ਸੋਇਆ ਸਾਚੀ ਨੀਦ, ਸਤਿਗੁਰ ਪੂਰਾ ਆਪ ਸੁਆਇੰਦਾ । ਸਗਲੀ ਮੇਟੇ ਦੋ ਜਹਾਨਾਂ ਚਿੰਦ, ਚਿੰਤਾ ਚਿਖਾ ਨਾ ਕੋਇ ਵਖਾਇੰਦਾ । ਦਾਤਾ ਦਾਨੀ ਵਡ ਮਿਹਰਵਾਨੀ ਗੁਣੀ ਗਹਿੰਦ, ਵਡ ਮਿਹਰਵਾਨ ਸਾਗਰ ਸਿੰਧ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਵਰ ਘਰ ਸਾਚਾ ਏਕਾ ਏਕ ਸਮਝਾਇੰਦਾ । ਵਰ ਘਰ ਏਕਾ ਪਾਵਣਾ, ਹਰਿ ਸੱਚਾ ਏਕੰਕਾਰ । ਏਕਾ ਕੰਤ ਹੰਢਾਵਣਾ, ਪੁਰਖ ਅਬਿਨਾਸ਼ੀ ਕਰ ਪਿਆਰ । ਏਕਾ ਸੇਜ ਸੁਹਾਵਣਾ, ਹਰਿ ਸੱਜਣ ਮੀਤ ਮੁਰਾਰ । ਏਕਾ ਅੰਗ ਲਗਾਵਣਾ, ਵਿਛੜ ਨਾ ਜਾਏ ਵਿਚ ਸੰਸਾਰ । ਏਕਾ ਬੰਕ ਸੁਹਾਵਣਾ, ਆਤਮ ਸੇਜਾ ਕਰ ਤਿਆਰ । ਏਕਾ ਰੰਗ ਚੜ੍ਹਾਵਣਾ, ਰੱਤੀ ਰੱਤ ਬ੍ਰਹਮ ਮਤ ਆਤਮ ਤਤ ਉਤੋਂ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਜਾਏ ਤਾਰ । ਗੁਰਮੁਖ ਸਾਚਾ ਤਾਰਿਆ, ਆਦਿ ਜੁਗਾਦਿ ਵੱਡੀ ਵਡਿਆਈਆ । ਸਤਿਜੁਗ ਸਾਚੇ ਖੇਲ ਅਪਾਰਿਆ, ਦਸ ਅੱਠ ਕਰੇ ਰੁਸ਼ਨਾਈਆ । ਦੋਏ ਦੋਏ ਰੂਪ ਆਪ ਨਿਰੰਕਾਰਿਆ, ਨਿਰਗੁਣ ਸਰਗੁਣ ਖੇਲ ਖਿਲਾਈਆ । ਪੰਜ ਤਤ ਜੋਤ ਉਜਿਆਰਿਆ, ਸ਼ਬਦ ਸ਼ਬਦੀ ਡੰਕ ਵਜਾਈਆ । ਹਰਿ ਭਗਤ ਕਰਾਏ ਵਣਜ ਸਚ ਵਣਜਾਰਿਆ, ਏਕਾ ਭਿਛਿਆ ਝੋਲੀ ਪਾਈਆ । ਕਲਜੁਗ ਆਈ ਅੰਤਮ ਵਾਰਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਵਰਨਾਂ ਬਰਨਾਂ ਫੜ ਫੜਾਰਿਹਾ, ਸ਼ਾਹ ਸੁਲਤਾਨ ਕਰਨ ਲੜਾਈਆ । ਨਾਰੀ ਕੰਤ ਨਾ ਕੋਇ ਪਿਆਰਿਆ, ਵਿਭਚਾਰ ਰਹੀ ਕਮਾਈਆ । ਪਿਤਾ ਪੂਤ ਨਾ ਸੁੱਤ ਦੁਲਾਰਿਆ, ਭਾਈ ਭੈਣ ਨਾ ਪਤ ਰਖਾਈਆ । ਨਾ ਕੋਈ ਸੱਜਣ ਮੀਤ ਮੁਰਾਰਿਆ, ਸ੍ਰਿਸ਼ਟ ਸਬਾਈ ਹੋਈ ਗੁਨਾਹੀਆ । ਸਾਧ ਸੰਤ ਮਨ ਹੰਕਾਰਿਆ, ਜਗਤ ਵਿਦਿਆ ਵਾਦ ਵਧਾਈਆ । ਪੁਰਖ ਅਬਿਨਾਸ਼ੀ ਨਾ ਕੋਇ ਮਨਾ ਰਿਹਾ, ਆਪਣੇ ਗੀਤ ਰਹੇ

ਗਾਈਆ । ਘਰ ਮੰਦਰ ਨਾ ਜੋਤ ਕੋਈ ਜਗਾ ਰਿਹਾ, ਗੁਰਦਰ ਮੰਦਰ ਮਸਜਿਦ ਸ਼ਿਵਦੁਆਲੇ ਮੱਠ ਕਰਨ ਰੁਸ਼ਨਾਈਆ । ਆਪਣਾ ਸ਼ਬਦ ਨਾ ਕਿਸੇ ਅਲ੍ਹਾ ਲਿਆ, ਰਸਨਾ ਪੜ੍ਹ ਪੜ੍ਹ ਜਗਤ ਸੁਣਾਈਆ । ਆਪਣਾ ਲੇਖਾ ਨਾ ਕਿਸੇ ਪੜ੍ਹਾ ਲਿਆ, ਜੀਵਾਂ ਜੰਤਾਂ ਲੇਖਾ ਰਹੇ ਜਣਾਈਆ । ਆਪਣਾ ਕੰਤ ਨਾ ਕਿਸੇ ਮਨਾ ਲਿਆ, ਘਰ ਘਰ ਸ਼ਾਦੀਆਂ ਰਹੇ ਰਚਾਈਆ । ਚੌਥੇ ਪਦ ਪ੍ਰਭ ਅਬਿਨਾਸ਼ੀ ਕਿਸੇ ਨਾ ਪਾ ਲਿਆ, ਚੌਥੀ ਲਾਂਵ ਪੂਰੀ ਹੋਈ ਨਾ ਵਿਚ ਸੰਸਾਰ, ਦੁਹਾਗਣ ਨਾਰ ਸਰਬ ਅਖਵਾ ਰਿਹਾ । ਜਿਸ ਜਨ ਸਤਿਗੁਰ ਪੂਰੇ ਚਰਨ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਆਪ ਆਪਣੇ ਘਰ ਬਹਾ ਲਿਆ । ਘਰ ਸੁਹਾਵਾ ਥਿਰ ਦਰਬਾਰਾ, ਮਹਿਮਾ ਗਣਤ ਗਣੀ ਨਾ ਜਾਈਆ । ਏਕਾ ਵਸੇ ਏਕੰਕਾਰਾ, ਅਕਲ ਕਲਾ ਅਖਵਾਈਆ । ਸਚਖੰਡ ਨਿਵਾਸੀ ਸਾਚੀ ਧਾਰਾ, ਦਰਗਹਿ ਸਾਚੀ ਆਪ ਚਲਾਈਆ । ਸਾਚਾ ਤਖ਼ਤ ਸੱਚੀ ਸਰਕਾਰਾ, ਸਚ ਸਿੰਘਾਸਣ ਆਸਣ ਲਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਸੀਸ ਤਾਜ ਆਪ ਟਿਕਾਈਆ । ਪੰਚਮ ਮੁਖ ਮੁਖ ਉਜਿਆਰਾ, ਸਪਤਮ ਆਪਣਾ ਰੰਗ ਰੰਗਾਈਆ । ਸਤਿ ਪੁਰਖ ਨਿਰੰਜਣ ਖੇਲ ਨਿਆਰਾ, ਸਤਿ ਸਤਿਵਾਦੀ ਆਪ ਕਰਾਈਆ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕ ਨਾਉਂ ਧਰਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਹਰਿ ਸੰਤ ਵਸਣ ਇਕ ਦੁਆਰਾ, ਏਕਾ ਮੰਗਲ ਗਾਈਆ । ਗੁਰਸਿਖਾਂ ਛੁੱਟਾ ਜਗਤ ਸੰਸਾਰਾ, ਨਾਤਾ ਜੁੜਿਆ ਬੇਪਰਵਾਹੀਆ । ਕਲਜੁਗ ਮਾਇਆ ਕੁੱਠਾ ਖਾਏ ਸਰਬ ਸੰਸਾਰਾ, ਬਚਿਆ ਕੋਇ ਰਹਿਣ ਨਾ ਪਾਈਆ । ਜਿਸ ਜਨ ਮਿਲਿਆ ਸੱਚਾ ਹਰਿ ਦੁਆਰਾ, ਹਰਿਜਨ ਹਰਿ ਕਾ ਰੂਪ ਸਮਾਈਆ । ਗੁਰਮੁਖ ਉਤਰੇ ਪਾਰ ਕਿਨਾਰਾ, ਮਨਮੁਖ ਵਹਿੰਦੀ ਧਾਰ ਵਹਾਈਆ । ਜੁਗਾ ਜੁਗੰਤਰ ਸਾਚੀ ਕਾਰਾ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਫੜਾਏ ਆਪਣਾ ਲੜ, ਠਾਕਰ ਅਬਿਨਾਸ਼ੀ ਕਿਰਪਾ ਕਰ, ਠਾਕੁਰ ਠਾਕਰ ਲਏ ਤਰਾਈਆ । ਠਾਕੁਰ ਤਰਾਇਆ ਧੰਨਾ ਜੱਟ, ਠਾਕੁਰ ਠਾਕਰ ਰੂਪ ਵਟਾਇੰਦਾ । ਠਾਕੁਰ ਲਾਹਾ ਲਏ ਖੱਟ, ਠਾਕੁਰ ਠਾਕਰ ਮੁਖ ਵਖਾਇੰਦਾ । ਠਾਕੁਰ ਵਸੇ ਘਟ ਘਟ, ਘਟ ਠਾਕੁਰ ਆਸਣ ਲਾਇੰਦਾ । ਠਾਕੁਰ ਖੋਲ੍ਹੇ ਸਾਚਾ ਹੱਟ, ਠਾਕੁਰ ਵਣਜ ਵਪਾਰ ਇਕ ਕਰਾਇੰਦਾ । ਠਾਕੁਰ ਪਹਿਨਾਏ ਤਨ ਪੱਟ, ਠਾਕੁਰ ਛੱਪਰ ਛੰਨ ਛੁਹਾਇੰਦਾ । ਠਾਕੁਰ ਗਾਏ ਮੋਈ ਜਿਵਾਲੇ ਝਟ, ਠਾਕੁਰ ਕਪਲਾ ਦੋਹ ਲੈ ਆਇੰਦਾ । ਠਾਕੁਰ ਖੇਲੇ ਖੇਲ ਬਾਜ਼ੀਗਰ ਨਟ, ਪੰਡਤ ਪਾਂਧਾ ਭੇਵ ਨਾ ਪਾਇੰਦਾ । ਠਾਕੁਰ ਗੁਰਸਿਖਾਂ ਪਹਿਲੋਂ ਭਰੇ ਕਾਇਆ ਮੱਟ, ਆਪਣੀ ਤ੍ਰਿਸ਼ਨਾ ਫੇਰ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਠਾਕਰ ਆਪੇ ਠਾਕੁਰ, ਆਪਣੀ ਠੋਕਰ ਆਪੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਆਪਣੀ ਖੇਲ ਖਿਲਾਇੰਦਾ ।

❊ ੨ ਵਿਸਾਖ ੨੦੧੭ ਬਿਕ੍ਰਮੀ ਲਾਭ ਸਿੰਘ ਦੇ ਦਰਵਾਜ਼ੇ ਅੱਗੇ ਪਿੰਡ ਸੈਦ ਪੁਰ ਜ਼ਿਲਾ ਅੰਮ੍ਰਿਤਸਰ ❊

ਸੋ ਪੁਰਖ ਨਿਰੰਜਣ ਅਗੰਮ ਅਪਾਰ, ਆਦਿ ਜੁਗਾਦੀ ਖੇਲ ਅਪਾਰਿਆ । ਹਰਿ ਪੁਰਖ ਨਿਰੰਜਣ ਭੇਵ ਨਿਆਰ, ਰੂਪ ਰੇਖ ਨਾ ਕੋਇ ਜਣਾ ਰਿਹਾ । ਏਕੰਕਾਰਾ ਸਾਚੀ ਧਾਰ, ਸਤਿ ਸਤਿਵਾਦੀ ਆਪ ਵਹਾ ਰਿਹਾ । ਆਦਿ ਨਿਰੰਜਣ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾ ਰਿਹਾ ।


੪੯੬

ਸ੍ਰੀ ਭਗਵਾਨ ਮੀਤ ਮੁਰਾਰ, ਸਾਚਾ ਸੰਗ ਰਖਾ ਰਿਹਾ । ਅਬਿਨਾਸ਼ੀ ਕਰਤਾ ਦੋ ਜਹਾਨਾ ਪਾਵੇ ਸਾਰ, ਨਿਰਗੁਣ ਆਪਣਾ ਖੇਲ ਖਲਾ ਰਿਹਾ । ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਨਾਉਂ ਧਰਾ ਰਿਹਾ । ਵਸਣਹਾਰਾ ਸਚਖੰਡ ਦੁਆਰ, ਸਚ ਸਿੰਘਾਸਣ ਆਸਣ ਲਾ ਰਿਹਾ । ਸ਼ਾਹੋ ਭੂਪ ਸੱਚੀ ਸਰਕਾਰ, ਵਡ ਸੁਲਤਾਨ ਭੇਵ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ ਨਿਰਾਕਾਰ ਦਿਸ ਨਾ ਆ ਰਿਹਾ । ਸੋ ਪੁਰਖ ਨਿਰੰਜਣ ਗਹਿਰ ਗੰਭੀਰ, ਵਡ ਦਾਤਾ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਚੋਟੀ ਚੜ੍ਹੇ ਇਕ ਅਖੀਰ, ਮਹੱਲ ਅਟੱਲ ਆਪ ਸੁਹਾਈਆ । ਏਕੰਕਾਰਾ ਸ਼ਾਹ ਹਕੀਰ, ਏਕਾ ਰੰਗ ਸਮਾਈਆ । ਆਦਿ ਨਿਰੰਜਣ ਆਪ ਆਪਣੀ ਬੰਨ੍ਹੇ ਬੀੜ, ਜੋਤੀ ਜਾਤਾ ਆਪ ਅਖਵਾਈਆ । ਸ੍ਰੀ ਭਗਵਾਨ ਵਡ ਪੀਰਨ ਪੀਰ, ਪੀਤ ਪੀਤੰਬਰ ਸੀਸ ਛੁਹਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਅੰਮ੍ਰਿਤ ਸੀਰ, ਆਪਣੇ ਹੱਥ ਰੱਖੇ ਵਡਿਆਈਆ । ਪਾਰਬ੍ਰਹਮ ਜੋਧਾ ਸੂਰ ਵਡ ਦਾਤਾ ਬੀਰਨ ਬੀਰ, ਬਲੀ ਬਲਵਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਸੋਭਾ ਪਾਈਆ । ਸਚਖੰਡ ਦੁਆਰਾ ਸਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਥਿਰ ਘਰ ਵਾਸੀ ਆਸਣ ਲਾਇੰਦਾ । ਆਪਣੀ ਜੋਤੀ ਦੀਪਕ ਆਪੇ ਬਲਾ, ਦੀਵਾ ਬਾਤੀ ਨਾ ਕੋਇ ਟਿਕਾਇੰਦਾ । ਕਮਲਾਪਾਤੀ ਵਸੇ ਨੇਹਚਲ ਧਾਮ ਅਟੱਲਾ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਨਾਉਂ ਧਰਾਇੰਦਾ । ਸਚ ਸੰਦੇਸ਼ ਹਰਿ ਨਰੇਸ਼ ਸ਼ਬਦ ਅਗੰਮੀ ਏਕਾ ਘੱਲਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦਿ ਆਪ ਫੜਾਏ ਆਪਣਾ ਪੱਲਾ, ਆਪਣੀ ਰਚਨਾ ਆਪ ਰਚਾਇੰਦਾ । ਆਪੇ ਹੋਏ ਅਛਲ ਅਛੱਲਾ, ਵਲ ਛਲ ਧਾਰੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿਨ ਅੰਤਾ ਹਰਿ ਭਗਵੰਤਾ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਨੌਜਵਾਨ, ਆਦਿ ਨਿਰੰਜਣ ਨਾ ਮਰੇ ਨਾ ਜਾਈਆ । ਸ੍ਰੀ ਭਗਵਾਨ ਦੇਵੇ ਦਾਨ, ਅਬਿਨਾਸ਼ੀ ਕਰਤਾ ਅਤੋਟ, ਅਤੁੱਟ ਆਪ ਵਰਤਾਈਆ । ਪਾਰਬ੍ਰਹਮ ਖੇਲੇ ਖੇਲ ਮਹਾਨ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਸਚਖੰਡ ਦੁਆਰ ਹਰਿ ਨਿਰੰਕਾਰ ਖੇਲ ਅਪਾਰ, ਨਿਰਗੁਣ ਨਿਰਗੁਣ ਦੇਵੇ ਮਾਣ, ਨਿਰਗੁਣ ਆਪਣੀ ਵੰਡ ਵੰਡਾਈਆ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ, ਰਾਜ ਰਾਜਾਨ ਆਪ ਅਖਵਾਈਆ । ਨਿਰਗੁਣ ਗੋਪੀ ਨਿਰਗੁਣ ਕਾਹਨ, ਨਿਰਗੁਣ ਸਾਚਾ ਸੰਗ ਨਿਭਾਈਆ । ਨਿਰਗੁਣ ਮੇਲਾ ਦੋ ਜਹਾਨ, ਨਿਰਗੁਣ ਵੇਖੇ ਤਾੜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਆਦਿਨ ਅੰਤਾ ਇਕ ਅਖਵਾਈਆ । ਆਦਿਨ ਅੰਤ ਸ੍ਰੀ ਭਗਵੰਤ, ਦੂਸਰ ਅਵਰ ਨਾ ਕੋਇ ਜਣਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਵਖਾਇੰਦਾ । ਆਪੇ ਆਪਣਾ ਰੰਗ ਰੰਗੇ ਇਕ ਬਸੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ ਪੁਰਖ ਅਬਿਨਾਸ਼ਾ ਆਪਣਾ ਆਪ ਕਰਾਇੰਦਾ । ਸਚਖੰਡ ਅਟਾਰੀ ਜੋਤ ਨਿਰੰਕਾਰੀ, ਨਿਰਗੁਣ ਆਪਣੀ ਆਪ ਜਗਾਈਆ । ਜੁਗਾ ਜੁਗੰਤਰ ਹੋ ਉਜਿਆਰੀ, ਥਿਰ ਘਰ ਸਾਚੇ ਸੋਭਾ ਪਾਈਆ । ਵੱਜੇ ਸ਼ਬਦ ਨਾਦ ਧੁਨ ਸੱਚੀ ਧੁਨਕਾਰੀ, ਧੁਨੀ ਧੁਨ ਨਾਦ ਉਪਜਾਈਆ । ਆਪੇ ਸੁਣੇ ਸੁਣਾਏ ਸੁਣਨੇਹਾਰੀ, ਆਪਣਾ ਢੋਲਾ ਆਪੇ ਗਾਈਆ । ਆਪੇ


੪੯੭

ਵਣਜ ਆਪ ਵਪਾਰੀ, ਆਪੇ ਸਾਚਾ ਹੱਟ ਖੁਲ੍ਹਾਈਆ । ਆਪੇ ਭਿੱਖਕ ਮੰਗੇ ਬਣ ਭਿਖਾਰੀ, ਆਪੇ ਦਾਤਾ ਦਾਨੀ ਨਾਉਂ ਧਰਾਈਆ । ਆਪੇ ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਖੇਲੇ ਖੇਲ ਅਗੰਮ ਅਪਾਰੀ, ਅਲੱਖ ਅਗੋਚਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਸੋਹੇ ਸੋਭਾਵੰਤ, ਖੇਲੇ ਖੇਲ ਸ੍ਰੀ ਭਗਵੰਤ, ਹਰਿ ਹਰਿ ਆਪਣਾ ਖੇਲ ਖਿਲਾਈਆ । ਹਰਿ ਖੇਲ ਅਵੱਲੜਾ, ਇਕ ਇਕੱਲੜਾ, ਸਾਚੇ ਧਾਮ ਖਲਾਇੰਦਾ । ਸਚਖੰਡ ਨਿਵਾਸੀ ਸਚ ਤਖ਼ਤ ਸੁਲਤਾਨ ਆਪੇ ਮਲੜਾ, ਮਿਹਰਵਾਨ ਆਪ ਆਸਣ ਲਾਇੰਦਾ । ਸਚ ਸੰਦੇਸ਼ ਨਰ ਨਰੇਸ਼ ਏਕੰਕਾਰਾ ਓਅੰਕਾਰਾ ਆਪੇ ਘਲੜਾ, ਨਿਰਾਕਾਰ ਹੁਕਮ ਸੁਣਾਇੰਦਾ । ਆਪਣੇ ਦਰ ਦੁਆਰ ਆਪੇ ਖਲੜਾ, ਦਰ ਦਰਵੇਸ਼ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਏਕੰਕਾਰਾ ਆਪਣਾ ਆਪ ਸੁਹਾਇੰਦਾ । ਸਚਖੰਡ ਦੁਆਰਾ ਥਿਰ ਘਰ ਵਾਸ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਨਰ ਨਰਾਇਣ ਖੇਲ ਤਮਾਸ਼, ਆਪ ਆਪਣਾ ਵੇਖ ਵਖਾਈਆ । ਆਪਣੇ ਮੰਦਰ ਪਾਵੇ ਰਾਸ, ਆਪਣਾ ਮੰਡਲ ਆਪ ਸੁਹਾਈਆ । ਆਪਣੇ ਅੱਗੇ ਆਪੇ ਹੋਏ ਦਾਸ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਦਿ ਅੰਤ ਨਾ ਜਾਏ ਵਿਨਾਸ, ਥਿਰ ਘਰ ਵਾਸੀ ਬੇਪਰਵਾਹੀਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਧਰਤ ਧਵਲ ਨਾ ਕੋਇ ਵਡਿਆਈਆ । ਰਵ ਸਸ ਨਾ ਕੋਇ ਪਰਕਾਸ਼, ਤ੍ਰੈਗੁਣ ਮਾਇਆ ਨਾ ਤਤ ਵਖਾਈਆ । ਪੰਚਮ ਪੰਚ ਨਾ ਕੋਇ ਧਰਵਾਸ, ਰਕਤ ਬੂੰਦ ਨਾ ਕੋਈ ਵਖਾਈਆ । ਨਾ ਕੋਈ ਪਵਣ ਨਾ ਕੋਈ ਸਵਾਸ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਿਰਗੁਣ ਨੂਰ ਨੂਰ ਪਰਕਾਸ਼, ਸਚਖੰਡ ਦੁਆਰੇ ਸੋਭਾ ਪਾਈਆ । ਮਾਤ ਗਰਭ ਨਾ ਵਸੇ ਦਸ ਦਸ ਮਾਸ, ਪਿਤਾ ਪੂਤ ਨਾ ਨਾਉਂ ਧਰਾਈਆ । ਜੰਗਲ ਜੂਹ ਉਜਾੜ ਪਹਾੜ ਨਾ ਦਿਸੇ ਕੋਈ ਪ੍ਰਭਾਸ, ਸਮੁੰਦ ਸਾਗਰ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਹਰਿ ਸੁਹੰਜਣਾ, ਨਿਰਗੁਣ ਜੋਤ ਦੀਪ ਪਰਕਾਸ਼ਿਆ । ਪੁਰਖ ਅਬਿਨਾਸ਼ੀ ਦਰਦ ਦੁੱਖ ਭੈ ਭੰਜਨਾ, ਆਦਿ ਜੁਗਾਦਿ ਨਾ ਕਦੇ ਵਿਨਾਸਿਆ । ਸਖਾ ਸੁਹੇਲਾ ਸਾਚਾ ਸੱਜਣਾ, ਆਪ ਆਪਣੀ ਪੂਰੀ ਕਰੇ ਆਸਿਆ । ਆਪੇ ਜਾਣੇ ਆਪਣਾ ਮਜਣਾ, ਅੰਮ੍ਰਿਤ ਧਾਰਾ ਆਪ ਚਲਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਹਰਿ ਜੀ ਵਸੇ ਏਕੰਕਾਰਾ ਏਕਾ ਰੰਗ ਸਮਾਇੰਦਾ । ਏਕਾ ਰੰਗ ਰੰਗ ਅਪਾਰ, ਰੰਗ ਰੱਤੜਾ ਆਪ ਅਖਵਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਏਕੰਕਾਰਾ ਦਏ ਹੁਲਾਰ, ਆਦਿ ਨਿਰੰਜਣ ਆਪ ਜਗਾਈਆ । ਸ੍ਰੀ ਭਗਵਾਨ ਸਾਚੀ ਕਾਰ, ਅਬਿਨਾਸ਼ੀ ਕਰਤਾ ਕਰੇ ਕਿਰਤ ਕਮਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਜਨ ਜਨਣੀ ਆਪ ਅਖਵਾਈਆ । ਸੁੱਤ ਦੁਲਾਰਾ ਕਰ ਤਿਆਰ, ਹਰਿ ਸ਼ਬਦੀ ਨਾਉਂ ਧਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਹੱਲ ਉਸਾਰ, ਚੌਦਾਂ ਲੋਕਾਂ ਵੰਡ ਵੰਡਾਈਆ । ਆਪਣੀ ਇਛਿਆ ਆਪੇ ਧਾਰ, ਵਿਸ਼ਵ ਆਪਣਾ ਰੂਪ ਵਟਾਈਆ । ਆਪੇ ਕਵਲ ਕਵਲਾ ਖਿੜੇ ਗੁਲਜ਼ਾਰ, ਆਪੇ ਨਾਭੀ ਅੰਮ੍ਰਿਤ ਸਚ ਭਰਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਅਖਵਾਈਆ । ਆਪੇ ਬ੍ਰਹਮ ਕਰ ਪਸਾਰ, ਪਾਰਬ੍ਰਹਮ ਆਪਣੀ ਵੰਡ ਵੰਡਾਈਆ । ਆਪੇ ਸ਼ੰਕਰ ਬਣਿਆ ਮੀਤ ਮੁਰਾਰ, ਹੱਥ ਤ੍ਰਿਸੂਲ ਉਠਾਈਆ । ਆਪੇ ਤ੍ਰੈਗੁਣ ਮਾਇਆ ਭਰ ਭੰਡਾਰ, ਸਤੋ ਰਜੋ ਤਮੋ ਆਪਣੇ ਰੰਗ ਰੰਗਾਈਆ । ਆਪੇ ਪੰਜ ਤਤ ਖੇਲੇ ਖੇਲ ਸੰਸਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਤ



੪੯੮

ਬਣਾਈਆ । ਲੱਖ ਚੁਰਾਸੀ ਕਰ ਤਿਆਰ, ਮਾਨਸ ਮਾਨੁਖ ਦਏ ਵਡਿਆਈਆ । ਨੌ ਦੁਆਰੇ ਖੋਲ੍ਹ ਕਿਵਾੜ, ਜਗਤ ਵਾਸਨਾ ਵਿਚ ਟਿਕਾਈਆ । ਘਰ ਵਿਚ ਘਰ ਕਰ ਤਿਆਰ, ਘਰ ਬੈਠਾ ਆਸਣ ਲਾਈਆ । ਘਰ ਮੰਦਰ ਦਿਸੇ ਧੁਆਂਧਾਰ, ਘਰ ਸਾਚਾ ਚੰਦ ਚੜ੍ਹਾਈਆ । ਘਰ ਪੰਜ ਸ਼ਬਦ ਸੱਚੀ ਧੁਨਕਾਰ, ਘਰ ਸੁੰਨ ਸਮਾਧ ਵਖਾਈਆ । ਘਰ ਬਹਿ ਬਹਿ ਮਾਰੇ ਮਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਘਰ ਨਾਮ ਵਜਾਏ ਸਚ ਸਿਤਾਰ, ਤਾਰ ਸਿਤਾਰ ਨਾ ਕੋਇ ਹਿਲਾਈਆ । ਘਰ ਅੰਮ੍ਰਿਤ ਭਰਿਆ ਠੰਡਾ ਠਾਰ, ਨਾਭੀ ਕਵਲੀ ਮੁਖ ਭੁਆਈਆ । ਘਰ ਅਨਹਦ ਸ਼ਬਦ ਵਜਾਏ ਸੱਚੀ ਸਰਕਾਰ, ਤਾਲ ਤਲਵਾੜਾ ਨਾ ਕੋਇ ਵਖਾਈਆ । ਘਰ ਮਾਨ ਸਰੋਵਰ ਲਏ ਉਛਾਲ, ਸਾਚੀ ਵਸਤੂ ਆਪ ਰਖਾਈਆ । ਘਰ ਬਜ਼ਰ ਕਪਾਟੀ ਲਾਏ ਪਾੜ, ਦੂਈ ਦਵੈਤੀ ਪਰਦਾ ਦਏ ਮਿਟਾਈਆ । ਘਰ ਆਤਮ ਸੇਜਾ ਕਰ ਤਿਆਰ, ਨਿਜ ਬੈਠਾ ਡੇਰਾ ਲਾਈਆ । ਘਰ ਸਖੀਆਂ ਮੰਗਲਚਾਰ, ਘਰ ਗੀਤ ਗੋਬਿੰਦ ਅਲਾਈਆ । ਘਰ ਵੇਸ ਕਰੇ ਕੁੜਿਆਰ, ਮਨ ਮਤ ਖੇਲ ਖਿਲਾਈਆ । ਘਰ ਬੁੱਧ ਬਬੇਕੀ ਕਰੇ ਪਿਆਰ, ਘਰ ਸਗਲਾ ਸੰਗ ਰਖਾਈਆ । ਘਰ ਸਤਿਗੁਰ ਬੈਠਾ ਮੀਤ ਮੁਰਾਰ, ਡੂੰਘੀ ਕੰਦਰ ਮੁਖ ਛੁਪਾਈਆ । ਘਰ ਸੋਹੇ ਬੰਕ ਦੁਆਰ, ਘਰ ਵਜਦੀ ਰਹੇ ਵਧਾਈਆ । ਘਰ ਮੇਲਾ ਕੰਤ ਭਤਾਰ, ਨਾਰੀ ਸੁਰਤੀ ਲਏ ਪਰਨਾਈਆ । ਘਰ ਏਕਾ ਸੇਜਾ ਸੁੱਤੇ ਪੈਰ ਪਸਾਰ, ਨਾ ਕਰਵਟ ਲਏ ਬਦਲਾਈਆ । ਘਰ ਪਾਇਆ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਆਤਮ ਜ਼ਾਤ, ਹਰਿ ਸਾਚੇ ਸਚ ਉਪਾਈਆ । ਨਿਰਗੁਣ ਬਖ਼ਸ਼ੇ ਆਪਣੀ ਦਾਤ, ਜੀਵ ਆਤਮ ਪਰਮ ਆਤਮ ਮੇਲ ਮਿਲਾਈਆ । ਈਸ਼ ਜੀਵ ਵੇਖੇ ਮਾਰ ਝਾਤ, ਬੰਦ ਤਾਕ ਆਪ ਖੁਲ੍ਹਾਈਆ । ਆਪੇ ਹੋਏ ਪਤਿਤ ਪਾਕ, ਪਵਿਤ ਆਪਣਾ ਨਾਉਂ ਧਰਾਈਆ । ਆਪੇ ਸਾਕ ਸੈਣ ਸੱਜਣ ਸਾਕ, ਮਾਤ ਪਿਤ ਭਾਈ ਭੈਣ ਆਪ ਹੋ ਜਾਈਆ । ਆਪੇ ਅੰਤਮ ਪਤ ਲਏ ਰਾਖ, ਵੇਲੇ ਅੰਤ ਹੋਏ ਸਹਾਈਆ । ਆਪੇ ਪੁਛਣਹਾਰਾ ਵਾਤ, ਕਮਲਾਪਤ ਆਪ ਅਖਵਾਈਆ । ਆਪੇ ਲਹਿਣਾ ਦੇਣ ਚੁਕਾਏ ਬਾਕ, ਰਾਏ ਧਰਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਭਾਂਡਾ ਘੜਿਆ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਨਿਰਗੁਣ ਸਰਗੁਣ ਅੰਦਰ ਵੜਿਆ, ਦਿਸ ਕਿਸੇ ਨਾ ਆਈਆ । ਆਪਣੇ ਮੰਦਰ ਆਪੇ ਚੜ੍ਹਿਆ, ਹਰਿ ਬੈਠਾ ਡੇਰਾ ਲਾਈਆ । ਆਉਂਦਾ ਜਾਂਦਾ ਕਿਸੇ ਨਾ ਫੜਿਆ, ਨੇਤਰ ਲੋਚਣ ਨੈਣ ਨਾ ਕੋਇ ਵਖਾਈਆ । ਆਪਣੀ ਵਿਦਿਆ ਆਪੇ ਪੜ੍ਹਿਆ, ਨਿਸ਼ਅੱਖਰ ਕਰੇ ਪੜ੍ਹਾਈਆ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੌਰ ਨਾ ਕੋਇ ਦਬਾਈਆ । ਫੜ ਕਟਾਰ ਕਦੇ ਨਾ ਲੜਿਆ, ਹੁਕਮੀ ਹੁਕਮ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰ ਖੇਲ ਅਪਾਰ, ਹਰਿ ਗਿਰਧਾਰ ਆਪ ਕਰਾਈਆ । ਹਰਿ ਗਿਰਧਾਰ ਸਚ ਨਿਸ਼ਾਨੀ, ਥਿਰ ਘਰ ਸਾਚੇ ਆਪ ਵਖਾਇੰਦਾ । ਆਦਿ ਸ਼ਕਤ ਜੋਤ ਭਵਾਨੀ, ਜਾਗਰਤ ਜੋਤ ਇਕ ਜਗਾਇੰਦਾ । ਚਤੁਰਭੁਜ ਖੇਲ ਮਹਾਨੀ, ਮੂਰਤ ਅਕਾਲ ਰੂਪ ਵਟਾਇੰਦਾ । ਜੂਨੀ ਰਹਿਤ ਵੱਡਾ ਦਾਨੀ, ਨਿਰਭੈ ਆਪਣਾ ਭੌ ਜਣਾਇੰਦਾ । ਸ਼ਬਦ ਅਗੰਮੀ ਗਾਏ ਤਰਾਨੀ, ਆਪਣਾ ਸੋਹਲਾ ਆਪ ਅਲਾਇੰਦਾ । ਆਪੇ ਜਾਣੇ ਆਪਣੀ ਬਾਣੀ, ਬ੍ਰਹਮੇ ਭਿਛਿਆ ਏਕਾ ਝੋਲੀ ਪਾਇੰਦਾ । ਚਾਰ ਵੇਦ ਲੋਕਮਾਤ ਨਿਸ਼ਾਨੀ, ਲੱਖ ਚੁਰਾਸੀ ਜੀਵ ਜੰਤ ਆਪ ਸਮਝਾਇੰਦਾ । ਆਪੇ ਵੇਖੇ ਚਾਰੇ ਖਾਣੀ,

ਅੰਡਜ ਜੇਰਜ ਸੇਤਜ ਉਤਭੁਜ ਘਟ ਘਟ ਫੋਲ ਫੁਲਾਇੰਦਾ । ਆਪੇ ਰਾਜਾ ਆਪੇ ਰਾਣੀ, ਤਖ਼ਤ ਤਾਜ ਆਪ ਸੁਹਾਇੰਦਾ । ਆਪੇ ਹੋਇਆ ਜਾਣ ਜਾਣੀ, ਆਪ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਪਰਕਾਸ਼ ਪੁਰਖ ਅਬਿਨਾਸ਼, ਇਕ ਇਕੱਲਾ ਆਪ ਕਰਾਇੰਦਾ । ਇਕ ਇਕੱਲਾ ਅਗੰਮ ਅਥਾਹ, ਅਕਲ ਕਲਾ ਅਖਵਾਈਆ । ਲੱਖ ਚੁਰਾਸੀ ਬਣ ਮਲਾਹ, ਲੋਕਮਾਤ ਵੇਸ ਵਟਾਈਆ । ਨਿਰਗੁਣ ਸਰਗੁਣ ਨਾਉਂ ਧਰਾ, ਪੰਜ ਤਤ ਕਰੇ ਕੁੜਮਾਈਆ । ਸ਼ਬਦ ਅਗੰਮੀ ਵਿਚ ਟਿਕਾ, ਰਾਗ ਨਾਦ ਆਪ ਅਲਾਈਆ । ਦੀਪਕ ਜੋਤੀ ਇਕ ਜਗਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਆਪਣਾ ਆਪ ਦਏ ਜਣਾ, ਬ੍ਰਹਮ ਬ੍ਰਹਮ ਬ੍ਰਹਮ ਦਏ ਵਖਾਈਆ । ਰਵ ਸਸ ਰਹੇ ਸ਼ਰਮਾ, ਜਿਸ ਜਨ ਮਿਲਿਆ ਸੱਚਾ ਮਾਹੀਆ । ਲੋਕਮਾਤ ਫੇਰੀ ਪਾ, ਹਰਿ ਭਗਤ ਲਏ ਉਠਾਈਆ । ਹਰਿ ਸੰਤਾਂ ਦੇਵੇ ਸਿਫ਼ਤ ਸਾਲਾਹ, ਨਾਮ ਨਿਧਾਨਾ ਝੋਲੀ ਪਾਈਆ । ਦੋ ਜਹਾਨਾਂ ਬਣ ਮਲਾਹ, ਸਾਚਾ ਬੇੜਾ ਆਪ ਚਲਾਈਆ । ਖੇਵਟ ਖੇਟਾ ਨਾਮ ਧਰਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਫੇਰਾ ਪਾ, ਸੱਤਾਂ ਦੀਪਾਂ ਲਏ ਅੰਗੜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾ, ਬ੍ਰਹਮਾ ਵਿਸ਼ਨ ਸ਼ਿਵ ਲਏ ਸਮਝਾਈਆ । ਜੁਗ ਜੁਗ ਲੇਖਾ ਦਏ ਮੁਕਾ, ਥਿਰ ਕੋਇ ਰਹਿਣ ਨਾ ਪਾਈਆ । ਸੋ ਪੁਰਖ ਨਿਰੰਜਣ ਖੇਲ ਖਲਾ, ਹੰ ਬ੍ਰਹਮ ਵਿਚ ਸਮਾਈਆ । ਸੋਇਮ ਰੂਪ ਆਪਣਾ ਆਪ ਕਰਾ, ਓਅੰਗ ਆਪਣਾ ਨਾਉਂ ਉਪਜਾਈਆ । ਦੇਵੀ ਦੇਵਾ ਭੇਵ ਨਾ ਪਾਏ ਕੋਈ ਰਾ, ਅਲੱਖ ਅਭੇਵ ਵੱਡੀ ਵਡਿਆਈਆ । ਵਾਸਤਕ ਰੂਪ ਵਿਸ਼ਵ ਆਪਣਾ ਨਾਮ ਧਰਾ, ਨਮੋ ਦੇਵ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਨਿਰਾਕਾਰ ਤਖ਼ਤ ਨਿਵਾਸੀ ਬੇਐਬ ਪਰਵਰਦਿਗਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਬੇਐਬ ਪਰਵਰਦਿਗਾਰ ਹਰਿ ਨਿਰੰਕਾਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਭਗਤਾਂ ਦੇਵੇ ਭਗਤੀ ਧਾਰ, ਆਤਮ ਸ਼ਕਤੀ ਇਕ ਧਰਾਇੰਦਾ । ਬੂੰਦ ਰਕਤੀ ਕਰ ਪਿਆਰ, ਜਗਤ ਵਿਅਕਤੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਸਾਲਸ ਆਪਣਾ ਨਾਉਂ ਧਰਾਇੰਦਾ । ਸੱਚਾ ਸਾਲਸ ਹਰਿ ਭਗਵੰਤ, ਲੋਕਮਾਤ ਵੇਸ ਵਟਾਇੰਦਾ । ਆਪ ਉਠਾਏ ਸਾਚੇ ਸੰਤ, ਸਤਿ ਧਰਮ ਇਕ ਦ੍ਰਿੜਾਇੰਦਾ । ਆਪ ਜਣਾਏ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਆਪ ਰਖਾਏ ਨਿਰਗੁਣ ਤਤ, ਤਤਵ ਤਤ ਨਾ ਕੋਇ ਜਣਾਇੰਦਾ । ਆਪੇ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਆਪੇ ਬੀਜ ਬੀਜੇ ਸਾਚੇ ਵਤ, ਫਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਸੰਤਨ ਜੋੜੇ ਚਰਨ ਕਵਲ ਨੱਤ, ਜਗਤ ਨਾਤਾ ਤੋੜ ਤੁੜਾਇੰਦਾ । ਚਾਰ ਵਰਨ ਵਖਾਏ ਏਕਾ ਜ਼ਾਤ ਪਾਤ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਲੋਕਮਾਤ ਬੁਝਾਏ ਲੱਗੀ ਬਸੰਤਰ, ਸਰਬ ਜੀਆਂ ਬਿਧ ਜਾਣੇ ਅੰਤਰ, ਸਾਚੇ ਸੰਤਨ ਮੇਲ ਮਿਲਾਇੰਦਾ । ਸੰਤਨ ਮੇਲਾ ਹਰਿ ਭਗਵਾਨ, ਗੁਰਮੁਖ ਵੱਡਾ ਵਡ ਵਡਿਆਈਆ । ਸ਼ਬਦ ਜਣਾਈ ਧੁਰ ਫ਼ਰਮਾਣ, ਕਾਗਦ ਕਲਮ ਨਾ ਲਿਖੇ ਛਾਹੀਆ । ਹਰਿਜਨ ਪਾਏ ਪਦ ਨਿਰਬਾਨ, ਪਰਮ ਪੁਰਖ ਮੇਲ ਮਿਲਾਈਆ । ਜੋ ਜਨ ਰਸਨਾ ਜਿਹਵਾ ਹਰਿ ਹਰਿ ਗਾਣ, ਘਰ ਸਾਚੇ ਵੱਜੇ ਵਧਾਈਆ । ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਤ੍ਰਿਸ਼ਨਾ ਭੁੱਖ ਦਏ ਮਿਟਾਈਆ । ਏਕਾ ਰਾਗ ਸੁਣਾਏ ਕਾਨ, ਅਨੁਭਵ ਪ੍ਰਕਾਸ਼ ਕਰਾਈਆ । ਏਕਾ ਦੇਵੇ ਬ੍ਰਹਮ ਗਿਆਨ, ਜਗਤ ਗਿਆਨ ਨਾ ਕੋਇ

ਵਖਾਈਆ । ਸਚ ਵਖਾਏ ਸੱਤ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਜਨ ਭਗਤਾਂ ਉਪਰ ਹੋਏ ਆਪ ਮਿਹਰਵਾਨ, ਸਿਰ ਆਪਣਾ ਹੱਥ ਟਿਕਾਈਆ । ਆਪ ਕਰਾਏ ਆਪਣੀ ਪਛਾਣ, ਸਵਛ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਵੇਖ ਵਖਾਈਆ । ਜੁਗ ਜੁਗ ਲੇਖਾ ਹੱਥ ਕਰਤਾਰ, ਚਾਰ ਜੁਗ ਚੌਕੜੀ ਆਪ ਭੁਆਇੰਦਾ । ਆਪੇ ਬ੍ਰਹਮਾ ਮਨਵੰਤਰ ਪਾਏ ਸਾਰ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਆਪੇ ਸ਼ਾਸਤਰ ਸਿਮਰਤ ਵੇਦ ਰਿਹਾ ਵਿਚਾਰ, ਖਾਣੀ ਬਾਣੀ ਫੋਲ ਫੁਲਾਇੰਦਾ । ਆਪੇ ਅੰਜੀਲ ਕੁਰਾਨਾ ਪਾਵੇ ਸਾਰ, ਸ਼ਾਹ ਸੁਲਤਾਨਾ ਨਾਉਂ ਧਰਾਇੰਦਾ । ਸ਼ਬਦ ਤਰਾਨਾ ਅਪਰ ਅਪਾਰ, ਗੁਰਮੁਖ ਵਿਰਲੇ ਆਪ ਸੁਣਾਇੰਦਾ । ਕਾਇਆ ਮੰਦਰ ਅੰਦਰ ਖੇਲ ਅਪਾਰ, ਡੂੰਘੀ ਕੰਦਰ ਆਪੇ ਗਾਇੰਦਾ । ਬਜ਼ਰ ਕਪਾਟੀ ਤੋੜੇ ਜੰਦਰ, ਆਪਣਾ ਮੁਖ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭਗੌਤੀ ਭਗਵਤ ਧਾਰ, ਆਪਣੀ ਆਪ ਵਖਾਇੰਦਾ । ਸਾਚੀ ਧਾਰ ਧੁਰਦਰਗਾਹ, ਹਰਿ ਸਾਚਾ ਸਚ ਜਣਾਇੰਦਾ । ਰਥ ਰਥਵਾਹੀ ਇਕ ਮਲਾਹ, ਲੱਖ ਚੁਰਾਸੀ ਬੇੜਾ ਆਪ ਚਲਾਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਨਾਮ ਜਪਾਇੰਦਾ । ਰਾਮ ਰਾਮਾ ਦਏ ਮਿਲਾ, ਰਾਮ ਰੂਪ ਆਪ ਅਖਵਾਇੰਦਾ । ਪੂਰਨ ਕਾਮ ਦਏ ਕਰਾ, ਨਿਹਕਰਮੀ ਕਰਮ ਕਮਾਇੰਦਾ । ਕਾਇਆ ਨਗਰ ਖੇੜਾ ਦਏ ਵਸਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਝੂਠਾ ਝੇੜਾ ਦਏ ਮੁਕਾ, ਭਾਂਡਾ ਭਰਮ ਭਓ ਭੰਨਾਇੰਦਾ । ਪੰਜ ਤਤ ਸੱਥਰ ਦਏ ਵਿਛਾ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਏਕਾ ਅੱਖਰ ਦਏ ਪੜ੍ਹਾ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਗੁਰ ਪੀਰ ਅਵਤਾਰ ਸਾਧ ਸੰਤ ਰਹੇ ਗਾ, ਤੁਰੀਆ ਨਾਦ ਇਕ ਵਜਾਇੰਦਾ । ਗੁਰਮੁਖਾਂ ਜਾਗ ਦਏ ਖੁਲ੍ਹਾ, ਤੀਜਾ ਨੇਤਰ ਆਪ ਖੁਲ੍ਹਾਇੰਦਾ । ਚੌਥੇ ਪਦ ਦਏ ਮਿਲਾ, ਘਰ ਸਾਚੇ ਸੋਭਾ ਪਾਇੰਦਾ । ਪੰਚਮ ਮੇਲਾ ਸਹਿਜ ਸੁਭਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਛੇਵੇਂ ਛੱਪਰ ਛੰਨ ਨਾ ਰੱਖੇ ਕੋਈ ਛਾਂ, ਸਿਰ ਆਪਣਾ ਹੱਥ ਧਰਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਜੋਤੀ ਜੋਤ ਲਏ ਮਿਲਾ, ਜੋਤੀ ਜੋਤ ਵਿਚ ਟਿਕਾਇੰਦਾ । ਅੱਠਵੇਂ ਅੱਠਾਂ ਤੱਤਾਂ ਦਏ ਖਪਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਨਜ਼ਰ ਨਾ ਆਇੰਦਾ । ਨਾਵੇਂ ਨੌ ਦੁਆਰੇ ਖੋਜ ਖੁਜਾ, ਕਾਇਆ ਗੜ੍ਹ ਫੋਲ ਫੁਲਾਇੰਦਾ । ਦਸਮ ਦੁਆਰੀ ਜੋਤ ਜਗਾ, ਗੁਰਮੁਖ ਸਾਚੇ ਰਾਹ ਵਖਾਇੰਦਾ । ਸੁਖਮਨ ਨਾੜੀ ਪਾਰ ਕਰਾ, ਟੇਢੀ ਬੰਕ ਪੰਧ ਮੁਕਾਇੰਦਾ । ਈੜਾ ਪਿੰਗਲ ਲੇਖਾ ਦਏ ਜਣਾ, ਲੇਖਾ ਲੇਖ ਨਾ ਕੋਇ ਵਿਖਾਇੰਦਾ । ਸਤਿਗੁਰ ਪੂਰਾ ਨਾਉਂ ਧਰਾ, ਆਪ ਆਪਣਾ ਰੂਪ ਵਟਾਇੰਦਾ । ਕਾਗੋਂ ਹੰਸ ਦਏ ਬਣਾ, ਸੋਹੰ ਮਾਣਕ ਮੋਤੀ ਚੋਗ ਚੁਗਾਇੰਦਾ । ਘਰ ਘਰ ਜੋਤੀ ਦਏ ਜਗਾ, ਨਾਮ ਬੱਤੀ ਏਕਾ ਲਾਇੰਦਾ । ਕੋਟਨ ਕੋਟ ਰਹੇ ਧਿਆ, ਦਿਸ ਕਿਸੇ ਨਾ ਆਇੰਦਾ । ਰਾਮ ਨਾਮ ਘਰ ਘਰ ਬੈਠੇ ਰਹੇ ਗਾ, ਰਾਮ ਰੰਗ ਨਾ ਕੋਇ ਰੰਗਾਇੰਦਾ । ਕਾਹਨਾ ਕ੍ਰਿਸ਼ਨਾ ਨੇਤਰ ਨੈਣ ਰਹੇ ਤਕਾ, ਮੁਕੰਦ ਮਨੋਹਰ ਲੱਖ਼ਮੀ ਨਰਾਇਣ ਨੈਣ ਦਰਸ ਕੋਇ ਨਾ ਪਾਇੰਦਾ । ਜਿਸ ਜਨ ਬਣੇ ਸੱਜਣ ਸੈਣ, ਘਰ ਸਾਚੇ ਮੇਲ ਮਿਲਾਇੰਦਾ । ਨਾਤਾ ਤੋੜੇ ਭਾਈ ਭੈਣ, ਭਈਆ ਬੇਬਾ ਆਪ ਅਖਵਾਇੰਦਾ । ਆਪ ਚੁਕਾਏ ਲਹਿਣ ਦੇਣ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਹਰਿ ਭਗਤ ਲਾੜੀ ਮੌਤ ਨਾ ਖਾਏ ਡੈਣ, ਚਿਤਰ ਗੁਪਤ ਨਾ ਹਿਸਾਬ ਖੁਲ੍ਹਾਇੰਦਾ । ਰਾਏ ਧਰਮ ਨਿਉਂ ਨਿਉਂ ਚਰਨੀ ਪੈਣ, ਜਿਸ ਦੁਆਰੇ ਗੁਰਮੁਖ ਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਅੱਗੇ ਹੋ ਹੋ ਬਹਿਣ, ਦਰ ਦਰ ਸਾਚਾ ਦਰਸ ਕਰਾਇੰਦਾ । ਹਰਿ


੫੦੧

ਸੰਤਨ ਮਹਿਮਾ ਕੋਇ ਨਾ ਸਕੇ ਕਹਿਣ, ਸੰਤ ਸੁਹੇਲਾ ਇਕ ਇਕੱਲਾ ਏਕਾ ਰੰਗ ਰੰਗਾਇੰਦਾ । ਬ੍ਰਹਮ ਪਾਰਬ੍ਰਹਮ ਏਕਾ ਧਾਮ ਇਕੱਠੇ ਬਹਿਣ, ਸੋਹੰ ਰੂਪ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਦਰਸ ਦਿਖਾਏ ਆਤਮ ਘਰ, ਨਿਜ ਆਤਮ ਮੇਲ ਮਿਲਾਇੰਦਾ । ਨਿਜ ਆਤਮ ਨਿਝਰ ਰਸ, ਨਿਜਧਾਰਾ ਆਪ ਚਲਾਈਆ । ਨਿਜ ਮੰਦਰ ਮੇਲਾ ਹੱਸ ਹੱਸ, ਨਿਜ ਘਰ ਵਜੇ ਸਚ ਵਧਾਈਆ । ਨਿਜ ਦਰ ਮਾਰਗ ਦੇਵੇ ਦੱਸ, ਸਾਚਾ ਪੰਥ ਇਕ ਵਖਾਈਆ । ਨਿਜ ਤੀਰ ਨਿਰਾਲਾ ਮਾਰੇ ਕਸ, ਤਿਖੀ ਮੁਖੀ ਨਾਮ ਚੜ੍ਹਾਈਆ । ਨਿਜ ਹਿਰਦੇ ਅੰਦਰ ਜਾਏ ਵਸ, ਨਿਰਗੁਣ ਆਪਣੀ ਦਇਆ ਕਮਾਈਆ । ਜੁਗਾ ਜੁਗੰਤਰ ਜਨ ਭਗਤਾਂ ਹੋਇਆ ਰਿਹਾ ਵਸ, ਨਿਤ ਨਵਿਤ ਆਪਣਾ ਵੇਸ ਵਟਾਈਆ । ਜਗਤ ਵਿਕਾਰ ਹੰਕਾਰ ਚਰਨਾ ਹੇਠ ਦੇਵੇ ਝੱਸ, ਤ੍ਰਿਲੋਕੀ ਨਾਥ ਆਪਣਾ ਭਾਰ ਉਪਰ ਪਾਈਆ । ਲੇਖਾ ਜਾਣੇ ਸਰ ਸਰੋਵਰ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਈਆ । ਆਪੇ ਜਾਣੇ ਕਿਨਾਰ ਤੱਟ, ਆਪ ਆਪਣਾ ਫੇਰਾ ਪਾਈਆ । ਜਨ ਭਗਤਾਂ ਦੂਈ ਦਵੈਤੀ ਮੇਟੇ ਫਟ, ਏਕਾ ਪੱਟੀ ਨਾਮ ਬੰਧਾਈਆ । ਆਤਮ ਅੰਮ੍ਰਿਤ ਸਰ ਸਰੋਵਰ ਦੇਵੇ ਝੱਟ, ਭਰ ਪਿਆਲਾ ਜਾਮ ਪਿਆਈਆ । ਆਤਮ ਸੇਜ ਸੁਆਏ ਖਾਟ, ਪਲੰਘ ਰੰਗੀਲਾ ਆਪ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਘਰ ਸਾਚਾ ਹਰਿ ਸਾਚਾ ਦਰ ਸਾਚਾ ਵਰ ਸਾਚਾ ਮਿਲੇ ਮੇਲ ਸਹਿਜ ਸੁਖਦਾਈਆ ।



੫੦੨

੦੯

### ✻ ੨ ਵਿਸਾਖ ੨੦੧੭ ਬਿਕ੍ਰਮੀ ਅਜੀਤ ਸਿੰਘ ਦੇ ਘਰ ਬਟਾਲਾ ਜ਼ਿਲਾ ਗੁਰਦਾਸ ਪੁਰ ✻

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਹਰਿ ਪੁਰਖ ਨਿਰੰਜਣ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਏਕੰਕਾਰਾ ਵਡ ਮਿਹਰਵਾਨ, ਆਪਣੀ ਰਚਨਾ ਆਪ ਰਚਾਈਆ । ਆਦਿ ਨਿਰੰਜਣ ਖੇਲ ਮਹਾਨ, ਘਰ ਸਾਚੇ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਨਰ ਨਰਾਇਣ ਨਾਉਂ ਧਰਾਈਆ । ਸ੍ਰੀ ਭਗਵਾਨ ਆਪੇ ਹੋਇਆ ਜਾਣੀ ਜਾਣ, ਆਪਣਾ ਲੇਖਾ ਆਪ ਗਣਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਭੇਵ ਅਭੇਦਾ ਭੇਵ ਖੁਲ੍ਹਾਈਆ । ਸਚਖੰਡ ਦੁਆਰੇ ਨਿਗਹਬਾਨ, ਨਰ ਹਰਿ ਆਪਣਾ ਨੈਣ ਖੁਲ੍ਹਾਈਆ । ਦਹਿ ਦਿਸ਼ਾ ਵੇਖੇ ਮਾਰ ਧਿਆਨ, ਚਾਰੇ ਕੂਟਾਂ ਫੋਲ ਫੁਲਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹੋ ਭੂਪ ਬੇਪਰਵਾਹੀਆ । ਅਗੰਮ ਅਗੰਮੜਾ ਧੁਰ ਫ਼ਰਮਾਣ, ਅਲੱਖ ਅਲੱਖਣਾ ਆਪ ਸੁਣਾਈਆ । ਦੋ ਜਹਾਨਾਂ ਏਕਾ ਆਣ, ਹੁਕਮੀ ਹੁਕਮ ਫਿਰਾਈਆ । ਏਕਾ ਸ਼ਬਦ ਏਕਾ ਗਾਣ, ਨਾਮ ਤਰਾਨਾ ਏਕਾ ਲਾਈਆ । ਏਕਾ ਜੋਤੀ ਹਰਿ ਭਗਵਾਨ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਥਿਰ ਘਰ ਵਾਸੀ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲ ਵਰਤਾਇੰਦਾ । ਵਸਣਹਾਰਾ ਜਲਾਂ ਥਲਾਂ, ਜਲ ਥਲ ਮਹੀਅਲ ਡੇਰਾ ਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸਚਖੰਡ ਦੁਆਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ ਜੂਨੀ ਰਹਿਤ ਦਿਸ ਨਾ ਆਇੰਦਾ । ਜੂਨੀ ਰਹਿਤ ਪੁਰਖ ਅਕਾਲ, ਰੂਪ ਰੰਗ ਨਾ ਕੋਇ ਜਣਾਈਆ ।

ਜੁਗਾ ਜੁਗੰਤਰ ਅਵੱਲੜੀ ਚਾਲ, ਚਾਲ ਨਿਰਾਲੀ ਆਪ ਰਖਾਈਆ । ਆਪਣੀ ਵਸਤ ਆਪਣੇ ਹੱਥ ਰੱਖੇ ਭਗਵਾਨ, ਅਛਲ ਅਛੱਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਪੁਰਖ ਸੁਲਤਾਨ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਆਪਣਾ ਖੇਲ ਖਿਲਾਇੰਦਾ । ਲੋਕਮਾਤ ਹੋ ਪਰਧਾਨ, ਧਰਤ ਧਵਲ ਆਪ ਸੁਹਾਇੰਦਾ । ਲੇਖਾ ਜਾਣੇ ਜ਼ਿਮੀ ਅਸਮਾਨ, ਚੌਦਾਂ ਲੋਕਾਂ ਫੋਲ ਫੁਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਚਰਨ ਦੁਆਰਾ ਬਖ਼ਸ਼ੇ ਮਾਣ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਸਤਿ ਸਰੂਪੀ ਪਾਏ ਆਣ, ਆਪਣਾ ਭਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਅਵੱਲਾ ਹਰਿ ਭਗਵੰਤ, ਆਪਣਾ ਆਪ ਖੁਲ੍ਹਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਬੇਪਰਵਾਹੀਆ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਵੱਡੀ ਵਡਿਆਈਆ । ਆਪ ਉਠਾਏ ਸਾਚੇ ਸੰਤ, ਏਕਾ ਮੰਤਰ ਨਾਮ ਦ੍ਰਿੜਾਈਆ । ਮੇਲ ਮਿਲਾਏ ਸਾਚੇ ਕੰਤ, ਹਰਿ ਦੂਲ੍ਹਾ ਆਪ ਅਖਵਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਮਹਿਮਾ ਜਾਣੇ ਗਣਤ, ਅਗਣਤ ਲੇਖਾ ਲੇਖ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਖੇਲ ਹਰਿ ਨਿਰੰਕਾਰਾ, ਲੋਕਮਾਤ ਆਪ ਵਰਤਾਇੰਦਾ । ਆਪੇ ਵਸੇ ਸਚਖੰਡ ਦੁਆਰਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਆਪੇ ਗਗਨ ਮੰਡਲ ਹੋ ਉਜਿਆਰਾ, ਰਵ ਸਸ ਆਪ ਚਮਕਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਦਏ ਆਧਾਰਾ, ਆਪ ਆਪਣੀ ਜੋਤ ਟਿਕਾਇੰਦਾ । ਆਪੇ ਸ਼ਬਦ ਅਗੰਮੀ ਬੋਲ ਜੈਕਾਰਾ, ਅਲੱਖ ਨਿਰੰਜਣ ਆਪਣੀ ਅਲਖ ਜਗਾਇੰਦਾ । ਆਪੇ ਵਰਤੇ ਵਰਤਾਵੇ ਹਰਿ ਵਰਤਾਰਾ, ਆਪ ਆਪਣੀ ਧਾਰ ਬੰਧਾਇੰਦਾ । ਆਪੇ ਪੰਜ ਤਤ ਕਰੇ ਪਿਆਰਾ, ਤ੍ਰੈਗੁਣ ਆਪੇ ਮੇਲ ਮਿਲਾਇੰਦਾ । ਆਪੇ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਖੇਲ ਖਿਲਾਇੰਦਾ । ਆਪੇ ਗੁਰ ਪੀਰ ਅਵਤਾਰਾ, ਭਗਤ ਭਗਵੰਤ ਆਪਣਾ ਨਾਉਂ ਧਰਾਇੰਦਾ । ਆਪੇ ਅਨਹਦ ਸ਼ਬਦ ਸੱਚੀ ਧੁਨਕਾਰਾ, ਧੁਨ ਅਨਾਦੀ ਨਾਦ ਵਜਾਇੰਦਾ । ਆਪੇ ਅੰਮ੍ਰਿਤ ਸਰੋਵਰ ਠੰਡੀ ਠਾਰਾ, ਕਵਲ ਕਵਲਾ ਆਪ ਧਰਾਇੰਦਾ । ਆਪੇ ਜੋਤ ਨਿਰੰਜਣ ਹੋ ਉਜਿਆਰਾ, ਘਰ ਘਰ ਦੀਆ ਆਪ ਟਿਕਾਇੰਦਾ । ਆਪੇ ਆਤਮ ਸੇਜਾ ਕਰ ਪਿਆਰਾ, ਸਾਚੀ ਸਖੀਆਂ ਮੇਲ ਮਿਲਾਇੰਦਾ । ਆਪੇ ਗਾਏ ਗਾਵਣਹਾਰਾ, ਗਾਵਤ ਗਾਵਤ ਆਪਣਾ ਰਾਗ ਅਲਾਇੰਦਾ । ਆਪੇ ਭਰੇ ਸਚ ਭੰਡਾਰਾ, ਨਾਮ ਵਣਜਾਰਾ ਆਪ ਅਖਵਾਇੰਦਾ । ਆਪੇ ਸੰਤਨ ਖੋਲ੍ਹੇ ਬੰਦ ਕਿਵਾੜਾ, ਬਜ਼ਰ ਕਪਾਟੀ ਪਰਦਾ ਲਾਹਿੰਦਾ । ਆਪ ਵਖਾਏ ਸਚ ਅਖਾੜਾ, ਗੋਪੀ ਕਾਹਨ ਆਪ ਨਚਾਇੰਦਾ । ਆਪੇ ਮੇਟੇ ਪੰਚਮ ਧਾੜਾ, ਮਾਇਆ ਮਮਤਾ ਮੋਹ ਚੁਕਾਇੰਦਾ । ਆਪੇ ਜੋਤ ਜਗਾਏ ਬਹੱਤਰ ਨਾੜਾ, ਅਗਿਆਨ ਅੰਧੇਰ ਗਵਾਇੰਦਾ । ਆਪੇ ਵੇਖ ਵਖਾਏ ਧੁਰਦਰਗਾਹੀ ਸਾਚਾ ਲਾੜਾ, ਸਾਚੇ ਘੋੜੇ ਆਪ ਚੜ੍ਹਾਇੰਦਾ । ਆਪੇ ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਫੋਲ ਫੁਲਾਇੰਦਾ । ਆਪੇ ਅਗਨੀ ਤਤ ਬੁਝਾਏ ਤੱਤੀ ਹਾੜਾ, ਸਾਂਤਕ ਸਤਿ ਸਤਿ ਆਪ ਵਰਤਾਇੰਦਾ । ਆਪੇ ਲੇਖਾ ਲਿਖਣਹਾਰਾ, ਚਾਰੇ ਵੇਦਾਂ ਭੇਵ ਖੁਲ੍ਹਾਇੰਦਾ । ਆਪੇ ਬ੍ਰਹਮਾ ਕਰੇ ਪਿਆਰਾ, ਚਾਰੇ ਮੁਖ ਮੁਖ ਸਾਲਾਹਿੰਦਾ । ਆਪੇ ਵਿਸ਼ਨੂੰ ਬਖ਼ਸ਼ੇ ਚਰਨ ਸਹਾਰਾ, ਵਿਸ਼ਵ ਆਪਣਾ ਰੂਪ ਸੁਹਾਇੰਦਾ । ਆਪੇ ਬਾਸ਼ਕ ਸੇਜਾ ਸੁੱਤਾ ਪੈਰ ਪਸਾਰਾ, ਸਾਂਗੋ ਪਾਂਗ

ਆਪ ਹੰਢਾਇੰਦਾ । ਆਪੇ ਸ਼ੰਕਰ ਹੋ ਉਜਿਆਰਾ, ਹੱਥ ਤ੍ਰਿਸੂਲ ਉਠਾਇੰਦਾ । ਆਪੇ ਕਰੋੜ ਤੇਤੀਸਾ ਬੰਨ੍ਹੇ ਧਾਰਾ, ਅੰਮ੍ਰਿਤ ਸਾਚਾ ਜਾਮ ਪਿਆਇੰਦਾ । ਆਪੇ ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣਾ ਆਸਣ ਲਾਇੰਦਾ । ਆਪੇ ਨਿਰਗੁਣ ਸਰਗੁਣ ਖੇਲ ਕਰੇ ਸੰਸਾਰਾ, ਸਾਰੰਗ ਧਰ ਭਗਵਾਨ ਬੀਠਲੋ, ਦਿਸ ਕਿਸੇ ਨਾ ਆਇੰਦਾ । ਆਪੇ ਜਾਗਰਤ ਜੋਤ ਕਰੇ ਉਜਿਆਰਾ, ਆਪ ਆਪਣਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਾ ਹਰਿ ਬ੍ਰਿਹਿਮਾਦਾ, ਸ਼ਬਦ ਚਲਾਏ ਨਾਦ ਅਨਾਦਾ, ਰਾਗ ਰਾਗਨੀ ਆਪ ਅਲਾਇੰਦਾ । ਸ਼ਬਦ ਅਨਾਦਾ ਹਰਿ ਭਗਵੰਤ, ਪਾਰਬ੍ਰਹਮ ਆਪ ਉਪਜਾਈਆ । ਆਪ ਸੁਣਾਏ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਆਪੇ ਤੋੜੇ ਗੜ੍ਹ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਆਪੇ ਲੇਖਾ ਜਾਣੇ ਜੀਵ ਜੰਤ, ਈਸ਼ ਜੀਵ ਵੱਡੀ ਵਡਿਆਈਆ । ਆਪੇ ਸ਼ਬਦ ਗਾਏ ਮਣੀਆ ਮੰਤ, ਮਨ ਮਨੂਆ ਆਪ ਬੰਧਾਈਆ । ਆਪੇ ਮੇਟ ਮਿਟਾਏ ਸਗਲੀ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣਾ ਖੇਲ ਖਿਲਾਈਆ । ਜੁਗਾ ਜੁਗੰਤਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਲੈ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਏਕੰਕਾਰਾ ਕਰ ਪਸਾਰਾ, ਆਪ ਆਪਣਾ ਰੰਗ ਰੰਗਾਇੰਦਾ । ਆਦਿ ਨਿਰੰਜਣ ਮੀਤ ਮੁਰਾਰਾ, ਜੋਤ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਬੋਲ ਜੈਕਾਰਾ, ਸ਼ਬਦ ਅਗੰਮੀ ਆਪ ਸੁਣਾਇੰਦਾ । ਅਬਿਨਾਸ਼ੀ ਕਰਤਾ ਕਰ ਪਿਆਰਾ, ਹਰਿਜਨ ਸਾਚੇ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਭਰ ਭੰਡਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਨਾਮ ਵਣਜ ਕਰਾਏ ਸੱਚਾ ਸਿਕਦਾਰਾ, ਰਾਓ ਰੰਕ ਰਾਜ ਰਾਜਾਨ ਏਕਾ ਰੰਗ ਰੰਗਾਇੰਦਾ । ਏਕਾ ਵਸਤ ਰੱਖੇ ਹਰਿ ਥਾਰਾ, ਥਿਰ ਘਰ ਸਾਚੇ ਆਪ ਟਿਕਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਸਚਖੰਡ ਦੁਆਰਾ ਸੋਭਾ ਪਾਇੰਦਾ । ਅੱਠੇ ਪਹਿਰ ਰਹੇ ਉਜਿਆਰਾ, ਸੰਞ ਸਵੇਰ ਨਾ ਕੋਇ ਰਖਾਇੰਦਾ । ਨਾ ਕੋਈ ਸੂਰਜ ਚੰਦ ਦਿਸੇ ਸਿਤਾਰਾ, ਮੰਡਲ ਮੰਡਪ ਨਾ ਕੋਇ ਰੁਸ਼ਨਾਇੰਦਾ । ਤਖ਼ਤ ਬੈਠ ਸੱਚੀ ਸਰਕਾਰਾ, ਸੀਸ ਸਾਚਾ ਤਾਜ ਟਿਕਾਇੰਦਾ । ਪੰਚਮ ਮੁਖ ਹੋ ਉਜਿਆਰਾ, ਦਰਗਹ ਸਾਚੀ ਖੇਲ ਖਿਲਾਇੰਦਾ । ਚਾਰ ਜੁਗ ਕਰ ਪਸਾਰਾ, ਏਕਾ ਚੌਕੜੀ ਬੰਧਨ ਪਾਇੰਦਾ । ਬ੍ਰਹਮਾ ਵੇਤਾ ਮੰਗੇ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹਿੰਦਾ । ਪਾਰਬ੍ਰਹਮ ਪ੍ਰਭ ਦੇਵਣਹਾਰਾ, ਸਾਚੀ ਭਿਛਿਆ ਇਕ ਵਖਾਇੰਦਾ । ਵਿਸ਼ਨੂੰ ਦੋਏ ਜੋੜ ਕਰ ਨਿਮਸਕਾਰਾ, ਮਸਤਕ ਟਿੱਕਾ ਚਰਨ ਧੂੜੀ ਆਪ ਲਗਾਇੰਦਾ । ਪਾਰਬ੍ਰਹਮ ਤੇਰਾ ਸਚ ਪਿਆਰਾ, ਲੋਕਮਾਤ ਭੁੱਲ ਨਾ ਜਾਇੰਦਾ । ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਭੋਲਾ ਨਾਥ ਮੰਗੇ ਇਕ ਸਹਾਰਾ, ਏਕਾ ਨਾਤਾ ਜੋੜ ਜੁੜਾਇੰਦਾ । ਪੁਰਖ ਨਿਰੰਜਣ ਏਕੰਕਾਰਾ, ਆਪੇ ਜਾਣੇ ਆਪਣੀ ਕਾਰਾ, ਸਾਚਾ ਰਾਣਾ ਧੁਰ ਫ਼ਰਮਾਣਾ ਆਪ ਸੁਣਾਇੰਦਾ । ਲੋਕਮਾਤ ਲਏ ਅਵਤਾਰਾ, ਤ੍ਰੈਗੁਣ ਵੇਖੇ ਜਗਤ ਪਸਾਰਾ, ਪੰਜ ਤਤ ਕਰੇ ਪਿਆਰਾ, ਆਪ ਆਪਣੀ ਜੋਤ ਜਗਾਇੰਦਾ । ਭਗਤਨ ਦੇਵੇ ਨਾਮ ਅਧਾਰਾ, ਸੰਤਨ ਬਖ਼ਸ਼ੇ ਚਰਨ ਦੁਆਰਾ, ਗੁਰਮੁਖਾਂ ਕਰੇ ਦੀਪ ਉਜਿਆਰਾ, ਗੁਰਸਿਖਾਂ ਬਖ਼ਸ਼ੇ ਅੰਮ੍ਰਿਤ ਠੰਡੀ ਠਾਰਾ, ਹਰਿਜਨ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲ ਆਪੇ ਸਮਰਥ, ਜੁਗਾ ਜੁਗੰਤਰ ਚਲਾਏ ਰਥ, ਰਥ ਰਥਵਾਹੀ ਆਪਣਾ ਨਾਉਂ ਧਰਾਇੰਦਾ । ਰਥ ਰਥਵਾਹੀ ਹਰਿ ਨਿਰੰਕਾਰ, ਜੁਗ ਜੁਗ ਗੇੜਾ ਆਪ ਦੁਆਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ

੫੦੫

ਪਾਰ, ਕਲਜੁਗ ਵੇਲਾ ਅੰਤਮ ਆਈਆ । ਚਾਰੇ ਕੁੰਟਾਂ ਦਏ ਹੁਲਾਰ, ਆਪ ਆਪਣਾ ਧੱਕਾ ਲਾਈਆ । ਲੱਖ ਚੁਰਾਸੀ ਹੋਏ ਖੁਆਰ, ਜੋ ਘੜਿਆ ਸੋ ਭੰਨ ਵਖਾਈਆ । ਰਵ ਸਸ ਨਾ ਰਹੇ ਉਜਿਆਰ, ਪ੍ਰਕਾਸ਼ ਪ੍ਰਕਾਸ਼ ਨਾ ਕੋਇ ਜਣਾਈਆ । ਧਰਨੀ ਰੋਵੇ ਧਾਹਾਂ ਮਾਰ, ਧਵਲਾ ਭਾਰ ਨਾ ਕੋਇ ਉਠਾਈਆ । ਸਾਂਵਲ ਸਵਲਾ ਮੀਤ ਮੁਰਾਰ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਰਾਮ ਰਾਮਾ ਹੋ ਉਜਿਆਰ, ਕਲਜੁਗ ਲੰਕਾ ਰਾਵਣ ਗੜ੍ਹ ਦਏ ਤੁੜਾਈਆ । ਸਸ਼ਤਰ ਬਸਤਰ ਤੇਜ ਕਟਾਰ, ਗੋਬਿੰਦ ਚੀਰਾ ਸੀਸ ਗੁੰਦਾਈਆ । ਨਿਰਗੁਣ ਨਿਰਵੈਰ ਕਰੇ ਖੇਲ ਨਿਆਰ, ਨਾਨਕ ਚਾਰ ਵਰਨਾ ਕਰੇ ਪੜ੍ਹਾਈਆ । ਨਾਮ ਸਤਿ ਬੋਲ ਜੈਕਾਰ, ਕਲਜੁਗ ਰੈਣ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਤੀਰਥ ਤੱਟ ਚੌਦਾਂ ਹੱਟ ਅਠਸਠ ਰੋਵਣ ਜ਼ਾਰੋ ਜ਼ਾਰ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਸਾਧਾਂ ਸੰਤਾਂ ਖਾਲੀ ਮਟ, ਕਾਇਆ ਗੜ੍ਹ ਨਾ ਕੋਇ ਵਡਿਆਈਆ । ਜੋਤ ਨਾ ਜਗੇ ਲਟ ਲਟ, ਜੋਤ ਜੁਆਲਾ ਰਹੇ ਜਗਾਈਆ । ਦੁਰਮਤ ਮੈਲ ਨਾ ਦੇਵੇ ਕੱਟ, ਸਰ ਸਰੋਵਰ ਤਾਲ ਤਾਰੀਆਂ ਰਹੇ ਲਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦੁਆਲੇ ਬੈਠੇ ਮੱਠ, ਮਾਇਆ ਮਮਤਾ ਮੋਹ ਨਾ ਕੋਇ ਚੁਕਾਈਆ । ਖੇਲੇ ਖੇਲ ਬਾਜ਼ੀਗਰ ਨਟ, ਕਲਜੁਗ ਸੁਆਂਗੀ ਆਪਣਾ ਸੁਆਂਗ ਰਚਾਈਆ । ਦਿਵਸ ਰੈਣ ਮਾਰੇ ਸੱਟ, ਜੂਠ ਝੂਠ ਟਕਸਾਲ ਹੱਥ ਉਠਾਈਆ । ਘਰ ਘਰ ਉਲਟੀ ਗੇੜੀ ਜਾਏ ਲੱਠ, ਮਨ ਮਨੂਆ ਨਾਲ ਰਲਾਈਆ । ਨੌ ਖੰਡ ਪ੍ਰਿਥਮੀ ਰਾਜ ਰਾਜਾਨ ਕੋਈ ਨਾ ਰੱਖੇ ਕਿਸੇ ਦੀ ਪਤ, ਪਤਿਪਰਮੇਸ਼ਵਰ ਗਏ ਭੁਲਾਈਆ । ਘਟ ਘਟ ਅੰਦਰ ਉਬਲੇ ਰੱਤ, ਰੱਤੀ ਰੱਤ ਨਾਮ ਦਿਸ ਨਾ ਆਈਆ । ਨਾ ਕੋਈ ਧੀਰਜ ਸੰਤੋਖ ਦਿਸੇ ਜਤ, ਕਾਮ ਕਾਮਨੀ ਹੋਈ ਹਲਕਾਈਆ । ਕਿਸੇ ਦਰ ਨਾ ਉਪਜੇ ਬ੍ਰਹਮ ਮਤ, ਮਨ ਮਤ ਜਗਤ ਪ੍ਰਨਾਈਆ । ਸਾਚਾ ਬੀਜ ਨਾ ਬੀਜਿਆ ਆਤਮ ਵੱਤ, ਸਚ ਕਿਆਰੀ ਨਾ ਕੋਇ ਮਹਿਕਾਈਆ । ਆਸਾ ਤ੍ਰਿਸ਼ਨਾ ਅੰਦਰ ਲਈ ਘੱਤ, ਦਿਵਸ ਰੈਣ ਰਹੀ ਸਤਾਈਆ । ਕੂੜ ਕੁਟੰਬ ਬੱਧਾ ਨਾਤ, ਪੁਰਖ ਬਿਧਾਤਾ ਦਿਸ ਨਾ ਆਈਆ । ਝਗੜਾ ਪਾਇਆ ਜ਼ਾਤ ਪਾਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਡੂੰਘੀ ਕੰਦਰ ਅੰਧੇਰੀ ਰਾਤ, ਜੋਤ ਨਿਰੰਜਣ ਨਾ ਕਰੇ ਰੁਸ਼ਨਾਈਆ । ਅੰਤਮ ਪੂਰਾ ਕਰੇ ਨਾ ਕੋਇ ਘਾਟ, ਸਾਚੇ ਕੰਡੇ ਨਾ ਕੋਇ ਤੁਲਾਈਆ । ਕਲਜੁਗ ਨੇੜੇ ਆਈ ਵਾਟ, ਊਚੀ ਕੂਕੇ ਦਏ ਦੁਹਾਈਆ । ਕਾਇਆ ਬਸਤਰ ਸਭ ਦਾ ਜਾਣਾ ਪਾਟ, ਥਿਰ ਕੋਇ ਰਹਿਣ ਨਾ ਪਾਈਆ । ਧਰਮ ਰਾਏ ਦੇ ਵਿਕਣਾ ਹਾਟ, ਗੁਰ ਪੀਰ ਨਾ ਦੇਵੇ ਕੋਈ ਗਵਾਹੀਆ । ਰੰਗ ਕਸੁੰਬੜਾ ਜਾਏ ਪਾਟ, ਲਾਲ ਗੁਲਾਲਾ ਨਾ ਕੋਇ ਰੰਗਾਈਆ । ਆਤਮ ਸੇਜਾ ਸੁੱਤਾ ਨਾ ਸਾਚੀ ਖਾਟ, ਘਰ ਮਿਲਿਆ ਨਾ ਸਾਚਾ ਮਾਹੀਆ । ਲੇਖਾ ਚੁੱਕੇ ਨਾ ਆਣ ਬਾਟ, ਮਾਤ ਗਰਭ ਨਾ ਫੰਦ ਕਟਾਈਆ । ਜਿਸ ਜਨ ਸਤਿਗੁਰ ਪੂਰਾ ਦੇਵੇ ਆਪਣਾ ਸਾਥ, ਦੋ ਜਹਾਨਾਂ ਹੋਏ ਸਹਾਈਆ । ਲਹਿਣਾ ਦੇਣਾ ਚੁਕਾਏ ਹੱਥੋਂ ਹਾਥ, ਪਾਰਬ੍ਰਹਮ ਵੱਡੀ ਵਡਿਆਈਆ । ਖੇਲੇ ਖੇਲ ਤ੍ਰਿਲੋਕੀ ਨਾਥ, ਤਿੰਨਾਂ ਲੋਕਾਂ ਵੇਖ ਵਖਾਈਆ । ਕਲਜੁਗ ਅੰਤਮ ਆਪ ਜਣਾਏ ਸਾਚੀ ਗਾਥ, ਸਤਿਜੁਗ ਸਾਚਾ ਰਾਹ ਵਖਾਈਆ । ਗੁਰਸਿਖਾਂ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਿਦਾਸ ਚੁਮਾਰਾ ਨਾਲ ਰਲਾਈਆ । ਲੇਖਾ ਚੁੱਕੇ ਪੂਜਾ ਪਾਠ, ਜੋ ਜਨ ਸਤਿਗੁਰ ਪੂਰੇ ਦਰਸ਼ਨ ਪਾਈਆ । ਆਪੇ ਪਿਤਾ ਆਪੇ ਮਾਤ, ਹਰਿਜਨ ਬਾਲ ਅੰਞਾਣੇ ਗੋਦ ਉਠਾਈਆ । ਚਾਰ ਵਰਨ ਬਣਾਏ ਭੈਣ ਭਰਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਰਨ ਅਠਾਰਾਂ ਏਕਾ ਰੰਗ ਰੰਗਾਈਆ । ਆਦਿ ਜੁਗਾਦੀ ਬੈਠਾ ਰਹੇ ਇਕ ਇਕਾਂਤ, ਇਕ

ਇਕੱਲਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਈਆ । ਜੁਗਾ ਜੁਗੰਤਰ ਭੇਖ ਭਗਵੰਤ, ਭਗਵਨ ਆਪਣੀ ਖੇਲ ਖਿਲਾਇੰਦਾ । ਲੇਖਾ ਜਾਣੇ ਨਾਰੀ ਕੰਤ, ਨਰ ਨਰਾਇਣ ਵੇਖ ਵਖਾਇੰਦਾ । ਆਪੇ ਮਾਇਆ ਪਾਏ ਬੇਅੰਤ, ਦੂਈ ਦਵੈਤੀ ਪਰਦਾ ਆਪੇ ਲਾਹਿੰਦਾ । ਆਪੇ ਸਾਰ ਸਮਾਲੇ ਜੀਵ ਜੰਤ, ਜਮ ਕੀ ਫਾਸੀ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਰੰਗ ਰਤੜਾ ਹਰਿ ਕਰਤਾਰ, ਮਹਿਮਾ ਅਕਥ ਕਥਨ ਨਾ ਜਾਈਆ । ਬ੍ਰਹਮਾ ਚਾਰੇ ਵੇਦ ਲਿਖ ਲਿਖ ਗਿਆ ਹਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਕਰ ਵਿਚਾਰ, ਛੇ ਛੇ ਦੇਵਣ ਨਾਲ ਗਵਾਹੀਆ । ਗੀਤਾ ਗਿਆਨ ਕਰ ਉਜਿਆਰ, ਦਸ ਅੱਠ ਮੇਲ ਮਿਲਾਈਆ । ਅੰਜੀਲ ਕੁਰਾਨ ਖੋਲ੍ਹ ਕਿਵਾੜ, ਜਗਤ ਹਦੀਸ ਕਰੇ ਪੜ੍ਹਾਈਆ । ਖਾਣੀ ਬਾਣੀ ਸਾਚੀ ਧਾਰ, ਧੁਰਦਰਗਾਹੀ ਆਪ ਅਲਾਈਆ । ਸਾਧ ਸੰਤ ਕਰਨ ਪੁਕਾਰ, ਪ੍ਰਭ ਦਾਤਾ ਬੇਪਰਵਾਹੀਆ । ਭਗਤ ਭਗਵੰਤ ਸਾਂਝਾ ਯਾਰ, ਮੀਤ ਮੁਰਾਰਾ ਇਕ ਅਖਵਾਈਆ । ਗੁਰਮੁਖ ਲੇਖਾ ਜਾਣੇ ਧੁਰ ਦਰਬਾਰ, ਧੁਰ ਮਸਤਕ ਲੇਖ ਚੁਕਾਈਆ । ਗੁਰਸਿਖ ਸੱਜਣ ਲਏ ਉਭਾਰ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਡੁੱਬਦੇ ਪਾਹਨ ਪਾਥਰ ਲਏ ਤਾਰ, ਸਾਚੀ ਸਿਲਾ ਸਤੋ ਚਰਨ ਛੁਹਾਈਆ । ਗ਼ਰੀਬ ਨਿਮਾਣੇ ਲਾਏ ਪਾਰ, ਜੋ ਅੰਤਰ ਆਤਮ ਰਹੇ ਧਿਆਈਆ । ਜੁਗਾ ਜੁਗੰਤਰ ਖੇਲ ਅਪਾਰ, ਕਲਜੁਗ ਅੰਤਮ ਵੇਖ ਵਖਾਈਆ । ਸ਼ਬਦ ਡੰਕਾ ਅਪਰ ਅਪਾਰ, ਵਾਸੀ ਪੁਰੀ ਘਨਕਾ ਆਪ ਵਜਾਈਆ । ਮੇਟੇ ਸ਼ੰਕਾ ਸਰਬ ਸੰਸਾਰ, ਸੰਸਾ ਰੋਗ ਦਏ ਗੁਆਈਆ । ਜਿਉਂ ਕਾਹਨਾ ਕੰਸਾ ਕਰੇ ਖੁਆਰ, ਰਾਵਣ ਰਾਮਾ ਦਏ ਮਿਟਾਈਆ । ਕਲਜੁਗ ਅੰਤਮ ਮਾਰੇ ਮਾਰ, ਨਿਰਗੁਣ ਦਾਤਾ ਬੇਪਰਵਾਹੀਆ । ਸਾਚਾ ਖੰਡਾ ਤੇਜ ਕਟਾਰ, ਨਾਮ ਨਿਧਾਨਾ ਹੱਥ ਉਠਾਈਆ । ਲੋਆਂ ਪੁਰੀਆਂ ਪਾਵੇ ਸਾਰ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਬ੍ਰਹਮਾ ਵਿਸ਼ਨ ਸ਼ਿਵ ਲਏ ਜਗਾਈਆ । ਗਣ ਗੰਧਰਬ ਦਏ ਹੁਲਾਰ, ਸੋਇਆ ਕੋਇ ਰਹਿਣ ਨਾ ਪਾਈਆ । ਪਸ਼ੂ ਪ੍ਰੇਤਾਂ ਕਰੇ ਖ਼ਵਾਰ, ਮਾਣਸ ਮਾਨੁਖ ਆਪ ਉਠਾਈਆ । ਗੁਰਸਿਖ ਸਾਚੇ ਲਾਏ ਪਾਰ, ਸਾਚੇ ਬੇੜੇ ਨਾਮ ਚੜ੍ਹਾਈਆ । ਕਲਜੁਗ ਡੁੱਬੇ ਵਿਚ ਮੰਜਧਾਰ, ਵਹਿੰਦੀ ਧਾਰ ਆਪ ਵਹਾਈਆ । ਨਾਲ ਰਲਾਏ ਮੁਹੰਮਦੀ ਯਾਰ, ਸਦੀ ਚੌਧਵੀਂ ਦਏ ਦੁਹਾਈਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਰਹੀ ਵਹਾਈਆ । ਆਬੇਹਯਾਤ ਠੰਡਾ ਪਾਣੀ ਨਾ ਮਿਲੇ ਵਿਚ ਸੰਸਾਰ, ਨਾਤਾ ਤੁਟਾ ਸਚ ਖ਼ੁਦਾਈਆ । ਖ਼ਾਲਕ ਖ਼ਲਕ ਪਾਵੇ ਸਾਰ, ਮਖ਼ਲੂਕ ਵੇਖੇ ਸਰਬ ਲੋਕਾਈਆ । ਕਾਇਨਾਤ ਆਰ ਪਾਰ, ਚੌਦਾਂ ਤਬਕ ਰਹੇ ਸ਼ਰਮਾਈਆ । ਸਾਚਾ ਸਾਥ ਨਾ ਕੋਇ ਕਰੇ ਅੰਤ ਪਿਆਰ, ਸਾਚਾ ਰਾਹ ਨਾ ਕੋਇ ਵਖਾਈਆ । ਕਲਮੀ ਕਲਮਾ ਰਹੇ ਵਿਚਾਰ, ਅਮਾਮ ਅਮਾਮਾ ਆਪ ਅਖਵਾਈਆ । ਜਗਤ ਦਮਾਮਾ ਵੱਜੇ ਇਕ ਨਿਰੰਕਾਰ, ਹਰਿ ਹਰਿ ਸਾਚਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਲੇਖੇ ਲਏ ਲਗਾਈਆ । ਲੇਖਾ ਲੇਖੇ ਲਾਵਣਾ, ਕਲਜੁਗ ਤੇਰਾ ਅੰਤਮ ਵਾਰ । ਜੋ ਘੜਿਆ ਸੋ ਭੰਨ ਵਖਾਵਣਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਸ਼ੰਕਰ ਸਾਚੀ ਸੇਵਾ ਲਾਵਣਾ, ਲੱਖ ਚੁਰਾਸੀ ਦਏ ਸੰਘਾਰ । ਬ੍ਰਹਮੇ ਭਾਂਡਾ ਆਪ ਘੜਾਵਣਾ, ਵਿਚ ਵਸਤ ਰੱਖੇ ਹਰਿ ਥਾਰ । ਵਿਸ਼ਨੂੰ ਰੋਜ਼ੀ ਰਾਜ਼ਕ ਆਪ ਪੁਚਾਵਣਾ, ਦੇਵੇ ਰਿਜ਼ਕ ਸਰਬ ਸੰਸਾਰ । ਪ੍ਰਭ ਸਭ ਦਾ ਮੂਲ ਚੁਕਾਵਣਾ, ਆਪਣਾ ਵਰਤੇ ਸਚ ਵਰਤਾਰ ।

ਖਾਣਾ ਪੀਣਾ ਪਹਿਨਣਾ ਬੰਦ ਕਰਾਵਣਾ, ਤਨ ਕਰੇ ਨਾ ਕੋਇ ਸ਼ਿੰਗਾਰ । ਸੋਲਾਂ ਇਛਿਆ ਵੇਖ ਵਖਾਵਣਾ, ਸੋਲਾਂ ਕਲੀਆਂ ਨਾ ਪਾਵੇ ਕੋਈ ਹਾਰ । ਸਾਚਾ ਸੀਸ ਨਾ ਕਿਸੇ ਗੁੰਦਾਵਣਾ, ਨੇਤਰ ਨੈਣ ਨਾ ਕਜਲ ਧਾਰ । ਬੱਤੀ ਦੰਦ ਨਾ ਮੁਖ ਹਸਾਵਣਾ, ਨੇਤਰ ਰੋਵਣ ਜ਼ਾਰੋ ਜ਼ਾਰ । ਗੀਤ ਸੁਹਾਗ ਕਿਸੇ ਨਾ ਗਾਵਣਾ, ਘਰ ਘਰ ਹੋਏ ਖੁਆਰ । ਸਾਚਾ ਕੰਤ ਨਾ ਕਿਸੇ ਹੰਢਾਵਣਾ, ਨਾਰੀ ਨਰ ਨਾ ਕੋਇ ਪਿਆਰ । ਜਗਤ ਵਿਭਚਾਰ ਇਕ ਵਖਾਵਣਾ, ਸ੍ਰਿਸ਼ਟ ਸਬਾਈ ਧੂੰਆਂਧਾਰ । ਜੋਤੀ ਲੰਬੂ ਏਕਾ ਲਾਵਣਾ, ਅਗਨੀ ਤਤ ਦੇਵੇ ਸਾੜ । ਗੁਰਮੁਖ ਵਿਰਲਾ ਆਪ ਬਚਾਵਣਾ, ਕਰ ਕਿਰਪਾ ਹਰਿ ਨਿਰੰਕਾਰ । ਸਿਰ ਆਪਣਾ ਹੱਥ ਟਿਕਾਵਣਾ, ਨਿਰਗੁਣ ਸਰਗੁਣ ਕਰ ਪਿਆਰ । ਸੋਹੰ ਸਾਚਾ ਜਾਪ ਜਪਾਵਣਾ, ਸਤਿਜੁਗ ਸਾਚੀ ਬੰਨ੍ਹੇ ਧਾਰ । ਤ੍ਰੈਗੁਣ ਮਾਇਆ ਤੇਰਾ ਤਾਪ ਮਿਟਾਵਣਾ, ਤੀਨੋ ਤਾਪ ਦੇਵੇ ਮਾਰ । ਅੰਮ੍ਰਿਤ ਮੇਘ ਇਕ ਬਰਸਾਵਣਾ, ਕਾਇਆ ਕਰੇ ਠੰਡੀ ਠਾਰ । ਕਵਲ ਕਵਲਾ ਝਿਰਨਾ ਆਪ ਝਿਰਾਵਣਾ, ਨਿਝਰ ਰਸ ਅਪਰ ਅਪਾਰ । ਗੁਰਸਿਖ ਕਾਗੋਂ ਹੰਸ ਬਣਾਵਣਾ, ਮਾਨਸ ਜਨਮ ਪੈਜ ਸਵਾਰ । ਜਨਮ ਜਨਮ ਦਾ ਪਿਛਲਾ ਦਾਗ ਧੁਆਵਣਾ, ਕਰ ਕਿਰਪਾ ਆਪ ਕਰਤਾਰ । ਅਗਲਾ ਲੇਖਾ ਆਪ ਲਿਖਾਵਣਾ, ਬ੍ਰਹਮੇ ਵੇਦ ਨਾ ਪਾਇਣ ਸਾਰ । ਗੁਰਸਿਖ ਸਾਚੇ ਤਖ਼ਤ ਬਹਾਵਣਾ, ਦਰਗਹਿ ਸਾਚੀ ਸਚ ਸੱਚੀ ਧਰਮਸਾਲ । ਅੰਤਮ ਜੋਤੀ ਜੋਤ ਮੇਲ ਮਿਲਾਵਣਾ, ਫਲ ਲਾਏ ਸਾਚੇ ਡਾਲ । ਆਵਣ ਜਾਵਣ ਪੰਧ ਮੁਕਾਵਣਾ, ਜੋ ਜਨ ਘਾਲਣ ਰਹੇ ਘਾਲ । ਸਾਚੇ ਮੰਦਰ ਆਪ ਸੁਹਾਵਣਾ, ਕਰੇ ਕਰਾਏ ਸਦਾ ਪ੍ਰਿਤਪਾਲ । ਗੁਰਮੁਖ ਦੂਸਰ ਹੱਥ ਨਾ ਕਿਸੇ ਫੜਾਵਣਾ, ਵੇਲੇ ਅੰਤ ਨਾ ਖਾਏ ਜਮ ਕਾਲ । ਕਾਲ ਮਹਾਂਕਾਲ ਆਪਣੇ ਚਰਨਾਂ ਹੇਠ ਦਬਾਵਣਾ, ਲੱਖ ਚੁਰਾਸੀ ਤੋੜ ਜੰਜਾਲ । ਕਰੇ ਕਰਾਏ ਜੋ ਹਰਿ ਭਾਵਣਾ, ਜੁਗਾ ਜੁਗੰਤਰ ਅਵੱਲੜੀ ਚਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮਾ ਅਗੰਮੜੀ ਕਾਰ, ਕਰੇ ਕਰਾਏ ਵਿਚ ਸੰਸਾਰ, ਨਿਰਗੁਣ ਜੋਤੀ ਜਾਮਾ ਲੈ ਅਵਤਾਰ, ਸ਼ਬਦ ਡੰਕਾ ਇਕ ਵਜਾਵਣਾ । ਸ਼ਬਦ ਡੰਕਾ ਵੱਜਿਆ, ਚਾਰ ਕੁੰਟ ਜੈਕਾਰ । ਬ੍ਰਹਮਾ ਵਿਸ਼ਨ ਸ਼ਿਵ ਫਿਰੇ ਭੱਜਿਆ, ਕਰੋੜ ਤੇਤੀਸਾ ਕਰੇ ਪੁਕਾਰ । ਲੱਖ ਚੁਰਾਸੀ ਕੋਇ ਨਾ ਰੱਖੇ ਲੱਜਿਆ, ਮਾਨਸ ਜਨਮ ਗਏ ਹਾਰ । ਕਾਲ ਨਗਾਰਾ ਸਿਰ ਤੇ ਵੱਜਿਆ, ਊਚੀ ਕੂਕੇ ਕਰੇ ਪੁਕਾਰ । ਗੁਰਸਿਖ ਵਿਰਲਾ ਸਤਿਗੁਰ ਦੁਆਰੇ ਬਹਿ ਬਹਿ ਸਜਿਆ, ਹਰਿ ਸੰਗਤ ਕਰੇ ਪਿਆਰ । ਚਰਨ ਧੂੜ ਕਰੇ ਸਾਚਾ ਮਜਨ ਮਜਿਆ, ਦੁਰਮਤ ਮੈਲ ਲਏ ਉਤਾਰ । ਵੇਲੇ ਅੰਤਮ ਪਰਦਾ ਕੱਜਿਆ, ਕਰ ਕਿਰਪਾ ਆਪ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਰੰਗ, ਆਪੇ ਵੇਖੇ ਸੂਰਾ ਸਰਬੰਗ, ਸਚ ਮਰਦੰਗ ਏਕਾ ਵੱਜਿਆ । ਨਾਮ ਮਰਦੰਗਾ ਢੋਲ ਨਗਾਰਾ, ਤ੍ਰੈਗੁਣ ਮਾਇਆ ਰਿਹਾ ਜਗਾਈਆ । ਆਪ ਵਜਾਏ ਹਰਿ ਨਿਰੰਕਾਰਾ, ਪੰਜ ਤਤ ਦਏ ਉਠਾਈਆ । ਮਤ ਬੁੱਧ ਦਏ ਹੁਲਾਰਾ, ਮਨੂਆ ਸੋਇਆ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਆਤਮ ਬੂਝ ਬੁਝਾਈਆ । ਮਨਮੁਖ ਜੀਵ ਹੋਏ ਗਵਾਰਾ, ਗੁਰ ਕਾ ਸ਼ਬਦ ਨਾ ਕੋਇ ਗਾਈਆ । ਅੰਦਰ ਮੰਦਰ ਵਸੇ ਨਾ ਹਰਿ ਨਿਰੰਕਾਰਾ, ਘਰ ਬੰਕ ਨਾ ਕੋਇ ਸੁਹਾਈਆ । ਜਨਕ ਸਪੁਤਰੀ ਨਾ ਕਰੇ ਕੋਇ ਪਿਆਰਾ, ਸੀਤਾ ਸੁਰਤੀ ਨਾ ਕੋਇ ਪਰਨਾਈਆ । ਬਿਨ ਹਰਿ ਨਾਮੇ ਉਤਰੇ ਨਾ ਕੋਇ ਪਾਰਾ, ਕਬੀਰ ਜੁਲਾਹਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਚਵੀਆਂ ਅਵਤਾਰਾ, ਚੌਥਾ ਜੁਗ ਵੇਖ ਵਖਾਈਆ । ਚੌਥੇ

ਜੁਗ ਸਾਚੀ ਧਾਰ, ਚਾਰ ਵੇਦਾਂ ਫੋਲ ਫੁਲਾਇੰਦਾ । ਚਾਰੇ ਖਾਣੀ ਪਾਵੇ ਸਾਰ, ਚਾਰੇ ਬਾਣੀ ਭੇਵ ਜਣਾਇੰਦਾ । ਚਾਰ ਵਰਨ ਰਹੇ ਪੁਕਾਰ, ਚਾਰੇ ਦਿਸ਼ਾ ਨੈਣ ਉਠਾਇੰਦਾ । ਚਾਰੇ ਘਰ ਰਾਹ ਤੱਕਣ ਮੀਤ ਮੁਰਾਰ, ਕਵਣ ਦੁਆਰੇ ਹਰਿ ਹਰਿ ਫੇਰਾ ਪਾਇੰਦਾ । ਉਤਰ ਪੂਰਬ ਪੱਛਮ ਦੱਖਣ ਦਿਸ ਨਾ ਆਏ ਵਿਚ ਸੰਸਾਰ, ਜੀਵ ਜੰਤ ਰਾਹ ਤਕਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਘਰ ਮੰਦਰ ਵੇਖ ਵਖਾਇੰਦਾ । ਤਨ ਮਾਟੀ ਹਾਟੀ ਖੋਲ੍ਹ ਕਿਵਾੜ, ਔਖੀ ਘਾਟੀ ਆਪ ਚੜ੍ਹਾਇੰਦਾ । ਤੀਰਥ ਤਾਟੀ ਸਰ ਸਰੋਵਰ ਆਰ ਪਾਰ, ਜੋਤ ਲਲਾਟੀ ਡਗਮਗਾਇੰਦਾ । ਇਕ ਇਕਾਂਤੀ ਖੇਲ ਅਪਾਰ, ਬੂੰਦ ਸਵਾਂਤੀ ਦੇਵੇ ਠੰਡੀ ਠਾਰ, ਗੁਰਸਿਖ ਚਾਤ੍ਰਕ ਤ੍ਰਿਖਾ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠੇ ਪਹਿਰ ਰੱਖੇ ਪ੍ਰਭਾਤੀ, ਸਵੇਰ ਸੰਞ ਨਾ ਕੋਇ ਬਣਾਇੰਦਾ । ਗੁਰਮੁਖ ਤੇਰੀ ਸਚ ਪਰਭਾਤੀ, ਅੱਠੇ ਪਹਿਰ ਰੰਗ ਰੰਗਾਇਆ । ਰਾਤੀਂ ਸੁਤਿਆਂ ਪੁੱਛੇ ਵਾਤੀ, ਸੁਫਨ ਸਖੋਪਤ ਜਾਗਰਤ ਤੁਰੀਆ ਆਪਣਾ ਖੇਲ ਖਿਲਾਇਆ । ਉਤਮ ਰੱਖੀ ਤੇਰੀ ਜ਼ਾਤੀ, ਜ਼ਾਤ ਪਾਤ ਨਾ ਵੰਡ ਵੰਡਾਇਆ । ਕਲਜੁਗ ਮਿਟੀ ਅੰਧੇਰੀ ਰਾਤੀ, ਸਤਿਗੁਰ ਸਾਚਾ ਚੰਦ ਚੜ੍ਹਾਇਆ । ਕਲਜੁਗ ਮਾਰੇ ਨਾ ਆਪਣੀ ਕਾਤੀ, ਤਿੱਖਾ ਤੀਰ ਨਾ ਕੋਇ ਵਖਾਇਆ । ਗੁਰਸਿਖ ਹੋਵੇ ਨਾ ਕੋਇ ਘਾਤੀ, ਗੁਰ ਚਰਨ ਧਿਆਨ ਇਕ ਧਰਾਇਆ । ਪ੍ਰਭ ਦੇਵਣਹਾਰਾ ਸਾਚੀ ਦਾਤੀ, ਵਸਤ ਅਮੋਲਕ ਝੋਲੀ ਪਾਇਆ । ਸਤਿਜੁਗ ਤੇਰੀ ਬੂੰਦ ਸਵਾਂਤੀ, ਅੰਮ੍ਰਿਤ ਮੇਘ ਇਕ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਆਪਣਾ ਨਾਉਂ ਧਰਾਇਆ । ਦੀਨ ਦਿਆਲਾ ਗਹਿਰ ਗੁਣ ਸਾਗਰ, ਸਤਿਗੁਰ ਪੂਰਾ ਵਡ ਵਡਿਆਈਆ । ਗੁਰਮੁਖਾਂ ਨਿਰਮਲ ਕਰਮ ਕਰੇ ਉਜਾਗਰ, ਮਾਇਆ ਮਮਤਾ ਮੋਹ ਚੁਕਾਈਆ । ਏਕਾ ਵਣਜ ਕਰਾਏ ਸਚ ਸੁਦਾਗਰ, ਸਾਚੀ ਵਸਤ ਏਕਾ ਹੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਬੇਪਰਵਾਹੀਆ । ਜੁਗ ਕਰਤਾ ਬੇਪਰਵਾਹ, ਭੇਵ ਅਭੇਦਾ ਭੇਵ ਛੁਪਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਗੁਰ ਸਤਿਗੁਰ ਨਾਉਂ ਧਰਾਇੰਦਾ । ਨਾਮ ਸਤਿ ਦੇਵੇ ਸਚ ਸਲਾਹ, ਸਾਚਾ ਮਾਰਗ ਇਕ ਵਖਾਇੰਦਾ । ਕਲਜੁਗ ਕੂੜਾ ਪੰਧ ਦਏ ਮੁਕਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ ਸਾਚਾ ਦੇਵੇ ਲਾ, ਧਰਤ ਮਾਤ ਦੀ ਗੋਦ ਬਹਾਇੰਦਾ । ਵਰਨ ਬਰਨ ਨਾ ਕੋਇ ਵੰਡ ਵੰਡਾ, ਇਸ਼ਟ ਦੇਵ ਇਕ ਰਖਾਇੰਦਾ । ਨਾ ਕੋਈ ਖਾਏ ਸੂਰ ਗਾਂ, ਇਕ ਹਦੀਸ ਸਰਬ ਪੜ੍ਹਾਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਏਕਾ ਰੰਗ ਦਏ ਰੰਗਾ, ਆਪ ਆਪਣੀ ਖੇਲ ਖਿਲਾਇੰਦਾ । ਰਾਜ ਜੋਗ ਸਾਚਾ ਦਏ ਸਿਖਾ, ਸਾਚੀ ਰੱਯਤ ਮੇਲ ਮਿਲਾਇੰਦਾ । ਨੌ ਖੰਡ ਪ੍ਰਿਥਮੀ ਏਕਾ ਹੁਕਮ ਸੁਣਾ, ਸੱਤਾਂ ਦੀਪਾਂ ਸਚ ਨਿਸ਼ਾਨ ਝੁਲਾਇੰਦਾ । ਜਗਤ ਜਗਦੀਸ਼ ਪ੍ਰਭ ਖੇਲ ਖਲਾ, ਆਪ ਆਪਣਾ ਕਰਮ ਕਮਾਇੰਦਾ । ਸੀਸ ਤਾਜ ਇਕ ਟਿਕਾ, ਰਾਜ ਰਾਜਾਨਾਂ ਆਪ ਸਮਝਾਇੰਦਾ । ਸ਼ਬਦ ਅਸਵ ਰਿਹਾ ਦੌੜਾ, ਚਾਰੇ ਵਾਗਾਂ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਪਾਰ ਕਿਨਾਰਾ, ਸਤਿਜੁਗ ਸਾਚੀ ਬੰਨ੍ਹੇ ਧਾਰਾ, ਦੋਹਾਂ ਵਿਚੋਲਾ ਹਰਿ ਨਿਰੰਕਾਰਾ, ਗੁਰਸਿਖਾਂ ਕਰੇ ਸਚ ਪਿਆਰਾ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਬੇੜਾ ਬੰਨਣਾ, ਆਪਣੀ ਗੰਢ ਸੰਭਾਲ । ਹਰਿ ਹਰਿ ਭਾਣਾ ਸਿਰ ਤੇ ਮੰਨਣਾ, ਪੁਰਖ ਅਬਿਨਾਸ਼ੀ ਅਵੱਲੜੀ ਚਾਲ । ਜੋ ਘੜਿਆ ਸੋ ਭੰਨਣਾ, ਵੇਖਣਹਾਰਾ ਗਗਨ ਮੰਡਲ ਸਾਚਾ ਥਾਲ । ਜੀਵ ਹੰਕਾਰੀ ਸਰਬ ਡੰਨਣਾ, ਜਗਤ ਵਜਾਏ ਝੂਠਾ ਤਾਲ । ਗੁਰਮੁਖ ਵਿਰਲਾ

ਜਨਨੀ ਜਨਣਾ, ਜਿਸ ਹੋਏ ਆਪ ਕਿਰਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖਾਂ ਕਰੇ ਆਪ ਸੰਭਾਲ । ਗੁਰਸਿਖਾਂ ਸਦਾ ਸੰਭਾਲਦਾ, ਸਤਿਗੁਰ ਸੂਰਾ ਵਡ ਮਿਹਰਵਾਨ । ਲੇਖਾ ਜਾਣੇ ਦੋ ਜਹਾਨ ਦਾ, ਆਪ ਝੁਲਾਏ ਸਚ ਨਿਸ਼ਾਨ । ਲੇਖਾ ਚੁਕਾਏ ਧਰਮ ਰਾਏ ਦੀ ਕਾਣ ਦਾ, ਲਾੜ੍ਹੀ ਮੌਤ ਨਾ ਕਰੇ ਪਰਵਾਨ । ਦਰਗਹਿ ਸਾਚੀ ਇਕ ਵਖਾਣ ਦਾ, ਮੇਲ ਮਿਲਾਏ ਸ੍ਰੀ ਭਗਵਾਨ । ਨਾਤਾ ਤੁਟੇ ਆਵਣ ਜਾਣ ਦਾ, ਲੱਖ ਚੁਰਾਸੀ ਪੰਧ ਮੁਕਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਬਲ ਨਗਰੀ ਬੈਠਾ ਵੜ, ਸਾਢੇ ਤਿੰਨ ਹੱਥ ਵੇਖ ਮਕਾਨ, ਖੇਲੇ ਖੇਲ ਖੇਲ ਮਹਾਨ ।

### ✻ ੩ ਵਿਸਾਖ ੨੦੧੭ ਬਿਕ੍ਰਮੀ ਗੁਰਮੁਖ ਸਿੰਘ ਦੇ ਘਰ ਭਲਾਈ ਪੁਰ ਡੋਗਰਾਂ ✻

ਹਰਿ ਮੂਰਤ ਅਕਾਲ, ਕਾਲ ਰਹਿਤ ਅਖਵਾਈਆ । ਹਰਿ ਮੂਰਤ ਦਿਆਲ, ਦੀਨ ਦਿਆਲ ਵੱਡੀ ਵਡਿਆਈਆ । ਹਰਿ ਮੂਰਤ ਅਕਾਲ, ਅਕਲ ਕਲ ਬੇਪਰਵਾਹੀਆ । ਹਰਿ ਮੂਰਤ ਦਿਆਲ, ਅਗੰਮ ਅਥਾਹ ਬੇਪਰਵਾਹੀਆ । ਹਰਿ ਮੂਰਤ ਅਕਾਲ, ਏਕਾ ਆਪਣਾ ਨਾਉਂ ਉਪਜਾਈਆ । ਹਰਿ ਮੂਰਤ ਦਿਆਲ, ਸਾਚਾ ਡੰਕਾ ਸ਼ਬਦ ਵਜਾਈਆ । ਹਰਿ ਮੂਰਤ ਅਕਾਲ, ਸਚਖੰਡ ਸਾਚੇ ਸੋਭਾ ਪਾਈਆ । ਹਰਿ ਮੂਰਤ ਦਿਆਲ, ਥਿਰ ਘਰ ਸਾਚੇ ਆਸਣ ਲਾਈਆ । ਹਰਿ ਮੂਰਤ ਅਕਾਲ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਹਰਿ ਮੂਰਤ ਦਿਆਲ, ਲੋਆਂ ਪੁਰੀਆਂ ਵੰਡ ਵੰਡਾਈਆ । ਹਰਿ ਮੂਰਤ ਅਕਾਲ, ਲੋਕਮਾਤ ਵੇਸ ਵਟਾਈਆ । ਹਰਿ ਮੂਰਤ ਅਕਾਲ, ਬ੍ਰਹਮਾ ਵਿਸ਼ਨ ਮਹੇਸ਼ ਸੇਵਾ ਲਾਈਆ । ਹਰਿ ਮੂਰਤ ਅਕਾਲ, ਨਰ ਨਰੇਸ਼ ਨਰ ਨਰਾਇਣ ਅਖਵਾਈਆ । ਹਰਿ ਮੂਰਤ ਦਿਆਲ, ਮੁੱਛ ਦਾੜ੍ਹੀ ਨਾ ਦਿਸੇ ਕੇਸ, ਸੀਸ ਜਗਦੀਸ਼ ਨਾ ਮੂੰਡ ਮੁੰਡਾਈਆ । ਹਰਿ ਮੂਰਤ ਅਕਾਲ ਦੋ ਜਹਾਨਾਂ ਦਰ ਦਰਵੇਸ਼, ਘਰ ਘਰ ਆਪਣੀ ਅਲੱਖ ਜਗਾਈਆ । ਹਰਿ ਮੂਰਤ ਦਿਆਲ ਨਿਰਗੁਣ ਸਰਗੁਣ ਅਵੱਲੜਾ ਵੇਸ, ਪਾਰਬ੍ਰਹਮ ਪ੍ਰਭ ਰੂਪ ਵਟਾਈਆ । ਹਰਿ ਮੂਰਤ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਾਤਾ ਆਪ ਅਖਵਾਈਆ । ਹਰਿ ਮੂਰਤ ਅਕਾਲ, ਲੋਕਮਾਤ ਪਸਾਰਿਆ । ਹਰਿ ਮੂਰਤ ਦਿਆਲ, ਤ੍ਰੈਗੁਣ ਮਾਇਆ ਤਤ ਪਿਆਰਿਆ । ਹਰਿ ਮੂਰਤ ਅਕਾਲ, ਪੰਚਮ ਨਾਤਾ ਜੋੜ ਜੁੜਾ ਰਿਹਾ । ਹਰਿ ਮੂਰਤ ਦਿਆਲ, ਮਨ ਮਤ ਬੁੱਧ ਨਾਤਾ ਚਰਨ ਬੰਧਾ ਰਿਹਾ । ਹਰਿ ਮੂਰਤ ਅਕਾਲ, ਘਰ ਵਿਚ ਘਰ ਬੰਕ ਸੁਹਾ ਲਿਆ । ਹਰਿ ਮੂਰਤ ਦਿਆਲ, ਅਨਹਦ ਵਾਜਾ ਸ਼ਬਦ ਵਜਾ ਲਿਆ । ਹਰਿ ਮੂਰਤ ਅਕਾਲ, ਸਾਚੇ ਤਖ਼ਤ ਰਾਜਨ ਰਾਜਾ ਆਪ ਅਖਵਾ ਰਿਹਾ । ਹਰਿ ਮੂਰਤ ਦਿਆਲ, ਲੱਖ ਚੁਰਾਸੀ ਸਵਾਰੇ ਕਾਜਾ, ਘੜ ਭਾਂਡੇ ਵੇਖ ਵਖਾ ਰਿਹਾ । ਹਰਿ ਮੂਰਤ ਅਕਾਲ ਆਪੇ ਹੋਏ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾ ਰਿਹਾ । ਹਰਿ ਮੂਰਤ ਅਕਾਲ, ਸ਼ਬਦ ਅਗੰਮੀ ਮਾਰੇ ਵਾਜਾ, ਤਾਰ ਸਿਤਾਰ ਆਪ ਹਿਲਾ ਰਿਹਾ । ਹਰਿ ਮੂਰਤ ਅਕਾਲ ਜੁਗਾ ਜੁਗੰਤਰ ਰਚਿਆ ਕਾਜਾ, ਤ੍ਰੈ ਭਵਨ ਵੇਖ ਵਖਾ ਰਿਹਾ । ਹਰਿ ਮੂਰਤ ਦਿਆਲ ਅਸਵ ਰੱਖੇ ਏਕਾ ਤਾਜਾ, ਦਹਿ ਦਿਸ਼ਾ ਆਪ ਦੌੜਾ ਰਿਹਾ । ਹਰਿ ਮੂਰਤ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਿਰਧ ਰਖਾ ਲਿਆ । ਹਰਿ ਮੂਰਤ ਅਕਾਲ, ਗਹਿਰ ਗੰਭੀਰ

ਸਮਾਇਆ । ਹਰਿ ਮੂਰਤ ਦਿਆਲ, ਆਦਿ ਅੰਤ ਭੇਵ ਨਾ ਰਾਇਆ । ਹਰਿ ਮੂਰਤ ਅਕਾਲ ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਦਰ ਘਰ ਸਾਚੇ ਜਾਮ ਪਿਆਇਆ । ਹਰਿ ਮੂਰਤ ਦਿਆਲ ਲੇਖਾ ਜਾਣੇ ਸ਼ਾਹ ਫ਼ਕੀਰ, ਗੁਰ ਪੀਰ ਅਵਤਾਰ ਸੇਵਾ ਲਾਇਆ । ਹਰਿ ਮੂਰਤ ਅਕਾਲ ਲੱਖ ਚੁਰਾਸੀ ਮਾਰੇ ਜ਼ੰਜੀਰ, ਨਿਰਗੁਣ ਸਰਗੁਣ ਬੰਧਨ ਪਾਇਆ । ਹਰਿ ਮੂਰਤ ਦਿਆਲ ਸ਼ਬਦ ਚਲਾਏ ਏਕਾ ਤੀਰ, ਤਿਖੀ ਮੁਖੀ ਧਾਰ ਬੰਧਾਇਆ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਗੁਰਮੁਖਾਂ ਵੇਖੇ ਆਤਮ ਭੁੱਖੀ, ਦੇ ਦਰਸ ਤਰਸ ਕਮਾਇਆ । ਹਰਿ ਮੂਰਤ ਅਕਾਲ, ਰੋਗ ਸੋਗ ਵਿਚ ਨਾ ਆਈਆ । ਹਰਿ ਮੂਰਤ ਦਿਆਲ, ਧੁਰ ਦਾ ਜੋਗ ਇਕ ਵਖਾਈਆ । ਹਰਿ ਮੂਰਤ ਅਕਾਲ, ਚੌਦਾਂ ਲੋਕ ਭੇਵ ਖੁਲ੍ਹਾਈਆ । ਹਰਿ ਮੂਰਤ ਦਿਆਲ, ਨਾਮ ਨਿਧਾਨਾ ਸਚ ਸਲੋਕ ਇਕ ਸੁਣਾਈਆ । ਹਰਿ ਮੂਰਤ ਅਕਾਲ ਬਖ਼ਸ਼ਣਹਾਰੀ ਸਾਚੀ ਮੋਖ, ਮੁਕਤੀ ਦਰ ਦਰ ਸੇਵਾ ਲਾਈਆ । ਹਰਿ ਮੂਰਤ ਦਿਆਲ, ਹਰਿਜਨ ਭੋਗੇ ਸਾਚਾ ਭੋਗ, ਰਸ ਰਸੀਆ ਰਸ ਵਿਖਾਈਆ । ਹਰਿ ਮੂਰਤ ਅਕਾਲ ਲੇਖਾ ਜਾਣੇ ਧੁਰ ਸੰਜੋਗ, ਧੁਰ ਦੀ ਰੇਖ ਨਾ ਕੋਇ ਮਿਟਾਈਆ । ਹਰਿ ਮੂਰਤ ਦਿਆਲ ਝੂਠਾ ਮੇਟੇ ਜਗਤ ਵਿਜੋਗ, ਬਿਰਹੋਂ ਅੱਗ ਨਾ ਕੋਇ ਲਗਾਈਆ । ਹਰਿ ਮੂਰਤ ਅਕਾਲ, ਦਰਸ ਦਖਾਏ ਆਪ ਅਮੋਘ, ਨੇਤਰ ਨੈਣ ਇਕ ਖੁਲ੍ਹਾਈਆ । ਹਰਿ ਮੂਰਤ ਦਿਆਲ ਨਾਮ ਚੁਗਾਏ ਸਾਚੀ ਚੋਗ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਹਰਿ ਮੂਰਤ ਅਕਾਲ ਹਰਿਜਨ ਉਧਾਰੇ ਵਿਚੋਂ ਕੋਟਨ ਕੋਟੀ ਕੋਟ, ਸਿਰ ਆਪਣਾ ਹੱਥ ਰਖਾਈਆ । ਹਰਿ ਮੂਰਤ ਦਿਆਲ ਸਚ ਨਗਾਰੇ ਲਾਏ ਚੋਟ, ਏਕਾ ਡੰਕਾ ਆਪ ਵਜਾਈਆ । ਹਰਿ ਮੂਰਤ ਅਕਾਲ ਹਰਿਜਨ ਕੱਢੇ ਮਮਤਾ ਖੋਟ, ਸਤਿ ਸੰਤੋਖ ਗਿਆਨ ਦ੍ਰਿੜਾਈਆ । ਹਰਿ ਮੂਰਤ ਦਿਆਲ ਨਿਰਗੁਣ ਬਿਮਲ ਜਗਾਏ ਜੋਤ, ਧੂਅੰਧਾਰ ਨਾ ਕੋਇ ਵਖਾਈਆ । ਹਰਿ ਮੂਰਤ ਅਕਾਲ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਵਡਿਆਈਆ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਹਰਿ ਮੂਰਤ ਅਕਾਲ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਹਰਿ ਮੂਰਤ ਦਿਆਲ, ਲੱਗੀ ਬਸੰਤਰ ਆਪ ਬੁਝਾਇੰਦਾ । ਹਰਿ ਮੂਰਤ ਅਕਾਲ, ਨਾਮ ਮੰਤਰ ਇਕ ਦ੍ਰਿੜਾਇੰਦਾ । ਹਰਿ ਮੂਰਤ ਦਿਆਲ, ਸਾਚੀ ਬਣਤਰ ਆਪ ਬਣਾਇੰਦਾ । ਹਰਿ ਮੂਰਤ ਅਕਾਲ, ਸਰਬ ਜੀਆਂ ਬਿਧ ਜਾਣੇ ਅੰਤਰ, ਆਪਣਾ ਭੇਵ ਆਪ ਛੁਪਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਮੂਰਤ ਅਕਾਲ, ਭਗਤਨ ਦੇਵੇ ਵਡ ਵਡਿਆਈਆ । ਹਰਿ ਮੂਰਤ ਦਿਆਲ, ਸੰਤ ਸਾਜਣ ਲਏ ਜਗਾਈਆ । ਹਰਿ ਮੂਰਤ ਅਕਾਲ, ਗੁਰਮੁਖ ਮੇਲੇ ਸਹਿਜ ਸੁਭਾਈਆ । ਹਰਿ ਮੂਰਤ ਦਿਆਲ, ਗੁਰਮੁਖ ਆਪਣੇ ਗਲੇ ਲਗਾਈਆ । ਹਰਿ ਮੂਰਤ ਅਕਾਲ, ਸਾਚੀ ਭਿਛਿਆ ਭਿਖ ਝੋਲੀ ਪਾਈਆ । ਹਰਿ ਮੂਰਤ ਦਿਆਲ, ਅਗਲਾ ਲੇਖਾ ਦੇਵੇ ਲਿਖ, ਪਿਛਲਾ ਆਪ ਮਿਟਾਈਆ । ਹਰਿ ਮੂਰਤ ਅਕਾਲ ਸਾਚੀ ਮਸਤਕ ਲਾਏ ਮੇਖ, ਬਿਧਨਾ ਬਿਧ ਨਾ ਕੋਇ ਵਡਿਆਈਆ । ਹਰਿ ਮੂਰਤ ਦਿਆਲ, ਹਰਿ ਸੱਜਣ ਆਪੇ ਵੇਖ, ਚਰਨ ਕਵਲ ਪ੍ਰੀਤ ਬੰਧਾਈਆ । ਹਰਿ ਮੂਰਤ ਅਕਾਲ, ਕਰੇ ਕਰਾਏ ਅਵੱਲੜਾ ਵੇਸ, ਇਕ ਇਕੱਲੜਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਹਰਿ ਮੂਰਤ ਅਕਾਲ, ਭੇਵ ਅਭੇਵ ਛੁਪਾਇੰਦਾ । ਹਰਿ ਮੂਰਤ ਦਿਆਲ, ਚਾਰੇ ਵੇਦ ਬ੍ਰਹਮਾ ਰਸਨਾ ਹਰਿ ਜਸ ਗਾਇੰਦਾ । ਹਰਿ ਮੂਰਤ ਅਕਾਲ,


੫੧੦

ਲੇਖਾ ਲਿਖੇ ਨਾ ਕੋਇ ਕਤੇਬ, ਆਦਿ ਅੰਤ ਨਾ ਕੋਇ ਵਖਾਇੰਦਾ । ਹਰਿ ਮੂਰਤ ਦਿਆਲ ਗਾ ਨਾ ਸਕੇ ਕੋਈ ਜਿਹਵ, ਜਿਹਵਾ ਗੁਣ ਨਾ ਕੋਇ ਵਡਿਆਇੰਦਾ । ਹਰਿ ਮੂਰਤ ਅਕਾਲ ਗੁਰਮੁਖ ਵਿਰਲੇ ਲਾਏ ਸੇਵ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਹਰਿ ਮੂਰਤ ਅਕਾਲ ਨਿਰਗੁਣ ਦਾਤਾ ਅਲੱਖ ਅਭੇਵ, ਅਲੱਖ ਅਗੋਚਰ ਨਾਮ ਧਰਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਆਪ ਲਖਾਇੰਦਾ । ਹਰਿ ਮੂਰਤ ਅਕਾਲ, ਸਾਚਾ ਲੇਖਾ ਲੇਖ ਲਿਖਾਇੰਦਾ । ਹਰਿ ਮੂਰਤ ਦਿਆਲ, ਹਰਿਜਨ ਭਰਮ ਭੁਲੇਖਾ ਦੂਰ ਕਰਾਇੰਦਾ । ਹਰਿ ਮੂਰਤ ਅਕਾਲ, ਪਵਣ ਪਵਣਾ ਸਾਚਾ ਚਵਰ ਸੀਸ ਝੁਲਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਸੰਗ ਨਿਭਾਇੰਦਾ । ਹਰਿ ਮੂਰਤ ਅਕਾਲ, ਆਦਿ ਜੁਗਾਦੀ ਸਦਾ ਸੁਹੇਲਿਆ । ਹਰਿ ਮੂਰਤ ਦਿਆਲ, ਜੁਗਾ ਜੁਗੰਤਰ ਗੁਰਮੁਖ ਮੇਲਿਆ । ਹਰਿ ਮੂਰਤ ਅਕਾਲ, ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ । ਹਰਿ ਮੂਰਤ ਦਿਆਲ, ਸਗਲਾ ਸੰਗ ਨਿਭਾਏ ਸੱਜਣ ਸੁਹੇਲਿਆ । ਹਰਿ ਮੂਰਤ ਦਿਆਲ, ਲੱਖ ਚੁਰਾਸੀ ਕੱਟੇ ਧਰਮ ਰਾਏ ਦੀ ਜੇਲਿਆ । ਹਰਿ ਮੂਰਤ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਖੇਲਿਆ । ਹਰਿ ਮੂਰਤ ਅਕਾਲ, ਘਟ ਘਟ ਅੰਦਰ ਆਪ ਸਮਾਈਆ । ਹਰਿ ਮੂਰਤ ਦਿਆਲ, ਮੰਦਰ ਅੰਦਰ ਸੋਭਾ ਪਾਈਆ । ਹਰਿ ਮੂਰਤ ਅਕਾਲ, ਨਿਰਗੁਣ ਦੀਵਾ ਬਾਤੀ ਇਕ ਜਗਾਈਆ । ਹਰਿ ਮੂਰਤ ਦਿਆਲ, ਕਮਲਾਪਾਤੀ ਸਾਚੀ ਸੇਜ ਸੁਹਾਇਆ । ਹਰਿ ਮੂਰਤ ਅਕਾਲ, ਬੰਦ ਕਿਵਾੜਾ ਖੋਲ੍ਹੇ ਤਾਕੀ, ਸਾਚਾ ਸਾਕੀ ਜਾਮ ਪਿਆਈਆ । ਹਰਿ ਮੂਰਤ ਦਿਆਲ, ਲੇਖਾ ਜਾਣੇ ਭਵਿਖਤ ਵਾਕੀ, ਅੱਖਰ ਵੱਖਰ ਕਰੇ ਪੜ੍ਹਾਈਆ । ਹਰਿ ਮੂਰਤ ਅਕਾਲ ਸਾਚੇ ਅਸਵ ਚੜ੍ਹੇ ਰਾਕੀ, ਚਾਰੋਂ ਕੁੰਟ ਆਪ ਫਿਰਾਈਆ । ਹਰਿ ਮੂਰਤ ਦਿਆਲ, ਦੋ ਜਹਾਨ ਨਾ ਦਿਸੇ ਕੋਈ ਆਕੀ, ਅੱਗੇ ਸੀਸ ਨਾ ਕੋਇ ਉਠਾਈਆ । ਹਰਿ ਮੂਰਤ ਅਕਾਲ, ਗੁਰਸਿਖਾਂ ਲਹਿਣਾ ਦੇਵੇ ਬਾਕੀ, ਪੂਰਬ ਮੂਲ ਚੁਕਾਈਆ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿ ਮੂਰਤ ਅਕਾਲ, ਮਾਇਆ ਮਮਤਾ ਮੋਹ ਤਜਾਇੰਦਾ । ਹਰਿ ਮੂਰਤ ਦਿਆਲ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਹਰਿ ਮੂਰਤ ਅਕਾਲ, ਭੁੱਖਾ ਨੰਗਤਾ ਗਲੇ ਲਗਾਇੰਦਾ । ਹਰਿ ਮੂਰਤ ਦਿਆਲ, ਨਾਨਕ ਅੰਗਦਾ ਅੰਗ ਸਮਾਇੰਦਾ । ਹਰਿ ਮੂਰਤ ਅਕਾਲ, ਸਾਚੀ ਸੰਗਤ ਵੇਖ ਵਖਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿ ਮੂਰਤ ਅਕਾਲ, ਹਰਿਜਨ ਸਾਚਾ ਆਪ ਉਠਾਈਆ । ਹਰਿ ਮੂਰਤ ਦਿਆਲ, ਦਰ ਘਰ ਮੇਲਾ ਸਾਚਾ ਮੇਲ ਮਿਲਾਈਆ । ਹਰਿ ਮੂਰਤ ਅਕਾਲ, ਜੁਗਾ ਜੁਗੰਤਰ ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਰਖਾਈਆ । ਹਰਿ ਮੂਰਤ ਦਿਆਲ, ਅਚਰਜ ਖੇਲ ਆਪੇ ਖੇਲਾ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਏ ਵਡਿਆਈਆ । ਹਰਿ ਮੂਰਤ ਅਕਾਲ, ਹਰੀ ਹਰਿ ਹਰਿ ਨਾਉਂ ਧਰਾਇੰਦਾ । ਹਰਿ ਮੂਰਤ ਦਿਆਲ, ਕਰਨੀ ਕਰਤਾ ਕਰ ਕਰ ਵੇਖ ਵਖਾਇੰਦਾ । ਹਰਿ ਮੂਰਤ ਅਕਾਲ, ਧਰਨੀ ਧਰਤ ਧਵਲ ਜਲ ਆਪੇ ਧਰਤਾ, ਜਲ ਬਿੰਬ ਆਪਣਾ ਰੂਪ ਵਟਾਇੰਦਾ । ਕਵਲ ਫੁੱਲ ਕਵਲ ਨਾਭੀ ਅੰਮ੍ਰਿਤ ਜਲ ਆਪੇ ਭਰਦਾ, ਸਾਚਾ ਝਿਰਨਾ ਆਪ ਝਿਰਾਇੰਦਾ । ਗੁਰਸਿਖ ਕਾਇਆ ਅੰਦਰ ਆਪੇ ਵੜਦਾ, ਸੁਰਤੀ

ਸ਼ਬਦੀ ਮੇਲ ਮਿਲਾਇੰਦਾ । ਤਖ਼ਤ ਨਿਵਾਸੀ ਸਾਚੇ ਪੌੜੇ ਆਪੇ ਚੜ੍ਹਦਾ, ਸਚ ਸਿੰਘਾਸਣ ਸੋਭਾ ਪਾਇੰਦਾ । ਲੱਖ ਚੁਰਾਸੀ ਵਿਚੋਂ ਹਰਿਜਨ ਸਾਚੇ ਆਪੇ ਫੜਦਾ, ਨਾਮ ਡੋਰੀ ਹੱਥ ਉਠਾਇੰਦਾ । ਆਪਣਾ ਅੱਖਰ ਆਪਣੇ ਮੰਦਰ ਬਹਿ ਬਹਿ ਆਪੇ ਪੜ੍ਹਦਾ, ਹੰ ਬ੍ਰਹਮ ਸੋ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਆਪ ਆਪਣਾ ਬਿਰਧ ਰਖਾਇੰਦਾ ।



### ✻ ੨੦ ਵਿਸਾਖ ੨੦੧੭ ਬਿਕ੍ਰਮੀ ਮਹਿੰਦਰ ਸਿੰਘ ਦੇ ਘਰ ਪਿੰਡ ਨਇਆ ਸ਼ਾਲਾ ਜ਼ਿਲਾ ਗੁਰਦਾਸ ਪੁਰ ✻

ਸੋ ਪੁਰਖ ਨਿਰੰਜਣ ਪਾਇਆ, ਇਕ ਇਕੱਲਾ ਖੇਲ ਅਪਾਰ । ਹਰਿ ਪੁਰਖ ਨਿਰੰਜਣ ਗਾਇਆ, ਨਿਰਗੁਣ ਜੋਤ ਨੂਰ ਉਜਿਆਰ । ਏਕੰਕਾਰਾ ਵੇਖ ਵਖਾਇਆ, ਘਰ ਮੰਦਰ ਸੋਹੇ ਬੰਕ ਦੁਆਰ । ਆਦਿ ਨਿਰੰਜਣ ਦੀਪ ਜਗਾਇਆ, ਮੇਟ ਮਿਟਾਏ ਅੰਧ ਅੰਧਿਆਰ । ਸ੍ਰੀ ਭਗਵਾਨ ਸੰਗ ਨਿਭਾਇਆ, ਮੇਲ ਮਿਲਾਵਾ ਕੰਤ ਭਤਾਰ । ਅਬਿਨਾਸ਼ੀ ਕਰਤਾ ਗੋਦ ਉਠਾਇਆ, ਜੁਗਾ ਜੁਗੰਤਰ ਸਾਚੀ ਕਾਰ । ਪਾਰਬ੍ਰਹਮ ਵੇਸ ਵਟਾਇਆ, ਰੂਪ ਅਨੂਪ ਸੱਚੀ ਸਰਕਾਰ । ਸਚਖੰਡ ਦੁਆਰਾ ਇਕ ਸੁਹਾਇਆ, ਸਚਖੰਡ ਨਿਵਾਸੀ ਸਿਰਜਣਹਾਰ । ਸਚ ਸਿੰਘਾਸਣ ਆਸਣ ਲਾਇਆ, ਪੁਰਖ ਅਬਿਨਾਸ਼ੀ ਹੋ ਉਜਿਆਰ । ਸ਼ਾਹੋ ਸ਼ਾਬਾਸ਼ਣ ਹੁਕਮ ਚਲਾਇਆ, ਸ਼ਬਦ ਅਗੰਮੀ ਇਕ ਜੈਕਾਰ । ਏਕਾ ਆਪਣੀ ਬਣਤ ਬਣਾਇਆ, ਨਿਰਗੁਣ ਨਿਰਗੁਣ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰਾ ਖੇਲ ਨਿਆਰਾ, ਮਹਿਮਾ ਗਣਤ ਗਣੀ ਨਾ ਜਾਈਆ । ਸੋ ਪੁਰਖ ਨਿਰੰਜਣ ਇਕ ਵਣਜਾਰਾ, ਏਕਾ ਵਸਤ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਸਾਚੀ ਵਸਤ ਰੱਖੇ ਥਾਰਾ, ਥਿਰ ਘਰ ਸਾਚੇ ਆਪ ਟਿਕਾਈਆ । ਏਕੰਕਾਰਾ ਕਰ ਪਸਾਰਾ, ਆਦਿ ਜੁਗਾਦਿ ਵੇਖ ਵਖਾਈਆ । ਆਦਿ ਨਿਰੰਜਣ ਭੇਵ ਨਿਆਰਾ, ਲੇਖਾ ਲੇਖ ਨਾ ਕੋਇ ਜਣਾਈਆ । ਸ੍ਰੀ ਭਗਵਾਨ ਸੱਚਾ ਸਿਕਦਾਰਾ, ਸਾਚੇ ਤਖ਼ਤ ਸਚ ਸੁਲਤਾਨ ਸੋਭਾ ਪਾਈਆ । ਅਬਿਨਾਸ਼ੀ ਕਰਤਾ ਬਣ ਦਰਬਾਰਾ, ਆਪ ਆਪਣਾ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਮੰਗੇ ਦਾਨਾ, ਨਿਰਗੁਣ ਆਪ ਆਪਣੀ ਇਛਿਆ ਭਿਛਿਆ ਵੇਖ ਵਖਾਈਆ । ਸਚਖੰਡ ਦੁਆਰਾ ਸਚ ਮਕਾਨਾ, ਉਚ ਮਹੱਲ ਅਟੱਲ ਆਪ ਸੁਹਾਈਆ । ਆਪੇ ਪਹਿਰਿਆ ਆਪਣਾ ਬਾਣਾ, ਮਾਤ ਪਿਤ ਨਾ ਕੋਇ ਬਣਾਈਆ । ਆਪੇ ਗਾਏ ਆਪਣਾ ਗਾਣਾ, ਨਾਦ ਤਰਾਨ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਬੇਅੰਤ ਬੇਅੰਤ ਬੇਅੰਤ, ਭੇਵ ਕੋਇ ਨਾ ਪਾਇੰਦਾ । ਏਕੰਕਾਰਾ ਏਕਾ ਕੰਤ, ਏਕਾ ਸੇਜ ਹੰਢਾਇੰਦਾ । ਆਦਿ ਨਿਰੰਜਣ ਲੇਖਾ ਜਾਣੇ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਸ੍ਰੀ ਭਗਵਾਨ ਮੇਲ ਮਿਲਾਵੇ ਸਾਚੇ ਕੰਤ, ਕੰਤ ਕੰਤੂਹਲ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਬਣਾਏ ਬਣਤ, ਆਪ ਆਪਣੀ ਰਚਨ ਰਚਾਇੰਦਾ । ਪਾਰਬ੍ਰਹਮ ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਅਬਿਨਾਸ਼ੀ ਕਰਤਾ ਪੁਰਖ ਅਕਾਲ, ਰੂਪ ਰੇਖ ਨਾ ਕੋਇ ਜਣਾਈਆ । ਸਚਖੰਡ ਦੁਆਰ ਵਸੇ ਸੱਚੀ ਧਰਮਸਾਲ, ਥਿਰ

ਘਰ ਬੈਠਾ ਆਸਣ ਲਾਈਆ । ਆਪਣੀ ਆਪ ਕਰੇ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਆਪ ਵਜਾਏ ਆਪਣਾ ਤਾਲ, ਸ਼ਬਦ ਸ਼ਬਦੀ ਧੁਨ ਰਖਾਈਆ । ਆਪੇ ਲੇਖਾ ਜਾਣੇ ਕਾਲ ਮਹਾਂਕਾਲ, ਦੀਨ ਦਿਆਲ ਵਡ ਵਡਿਆਈਆ । ਆਪੇ ਆਪਣੀ ਘਾਲਣ ਲਏ ਘਾਲ, ਆਦਿ ਜੁਗਾਦਿ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਏਕੰਕਾਰਾ, ਨਿਰਗੁਣ ਬੈਠਾ ਜੋਤ ਜਗਾਈਆ । ਨਿਰਗੁਣ ਦਾਤਾ ਬੇਪਰਵਾਹ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਸਚ ਸਲਾਹ, ਸਿਫ਼ਤੀ ਸਿਫ਼ਤ ਆਪ ਸਾਲਾਹਿੰਦਾ । ਏਕੰਕਾਰਾ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਆਦਿ ਨਿਰੰਜਣ ਜਪਾਏ ਏਕਾ ਨਾਂ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਸ੍ਰੀ ਭਗਵਾਨ ਵਸੇ ਸਾਚੇ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਆਪੇ ਕਰ ਸਚ ਨਿਆਂ, ਸ਼ਾਹੋ ਭੂਪ ਆਪ ਅਖਵਾਇੰਦਾ । ਪਾਰਬ੍ਰਹਮ ਮੇਲ ਮਿਲਾਵਾ ਏਕਾ ਨਾਂ, ਨਾਮ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਦਿਸ ਕਿਸੇ ਨਾ ਆਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਆਪ ਆਪਣਾ ਰੂਪ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਸ਼ਬਦ ਸ਼ਬਦੀ ਨਾਦ ਵਜਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਏਕਾ ਤਤ ਵਖਾਇੰਦਾ । ਬ੍ਰਹਮ ਮੱਤ ਕਰ ਉਜਿਆਰ, ਆਪ ਆਪਣੀ ਰੱਤ ਤਰਾਇੰਦਾ । ਸਰਬ ਕਲ ਸਮਰਥ ਪੁਰਖ ਨਿਰੰਕਾਰ, ਜੂਨੀ ਰਹਿਤ ਖੇਲ ਖਿਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਹੱਲ ਅਟੱਲ ਲਏ ਉਸਾਰ, ਆਪ ਆਪਣੀ ਬਣਤ ਬਣਾਇੰਦਾ । ਦੀਵਾ ਬਾਤੀ ਕਰ ਉਜਿਆਰ, ਨਿਰਗੁਣ ਏਕਾ ਜੋਤ ਡਗਮਗਾਇੰਦਾ । ਕਮਲਾਪਾਤੀ ਮੀਤ ਮੁਰਾਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗੀਲਾ ਹਰਿ ਕਰਤਾਰਾ, ਬ੍ਰਹਮਾ ਵਿਸ਼ਨ ਸ਼ਿਵ ਦਏ ਜਣਾਈਆ । ਆਪੇ ਬੰਨ੍ਹੇ ਆਪਣੀ ਧਾਰਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਆਪੇ ਦੇਵੇ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਈਆ । ਆਪੇ ਦੇਵੇ ਸ਼ਬਦ ਹੁਲਾਰਾ, ਆਪਣੀ ਬੂਝ ਆਪ ਬੁਝਾਈਆ । ਆਪੇ ਵਸੇ ਧੂੰਆਂਧਾਰਾ, ਸੁੰਨ ਅਗੰਮ ਆਪ ਸਮਾਈਆ । ਆਪੇ ਕਰੇ ਪਾਰ ਕਿਨਾਰਾ, ਅੱਧਵਿਚਕਾਰ ਆਪਣਾ ਡੇਰਾ ਲਾਈਆ । ਆਪੇ ਤ੍ਰੈਗੁਣ ਮਾਇਆ ਪਾਏ ਸਾਰਾ, ਰਜੋ ਤਮੋ ਸਤੋ ਰਹਿਣ ਨਾ ਪਾਈਆ । ਪੰਜ ਤਤ ਕਰ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਆਪ ਆਪਣੀ ਖੇਲ ਖਿਲਾਈਆ । ਆਪੇ ਜੀਵ ਜੰਤ ਬਣ ਵਰਤਾਰਾ, ਲੱਖ ਚੁਰਾਸੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ ਆਦਿ ਨਿਰੰਜਣ ਦਰਦ ਦੁੱਖ ਭੈ ਭੰਜਣ, ਦੀਨਾਂ ਨਾਥ ਦਇਆ ਕਮਾਈਆ । ਸਾਚੀ ਵਸਤ ਨਾਮ ਅਮੋਲਕ, ਸੋ ਪੁਰਖ ਨਿਰੰਜਣ ਹੱਥ ਰਖਾਇੰਦਾ । ਹਰਿ ਪੁਰਖ ਨਿਰੰਜਣ ਤੋਲੇ ਏਕਾ ਤੋਲ, ਸਾਚਾ ਕੰਡਾ ਆਪ ਉਠਾਇੰਦਾ । ਏਕੰਕਾਰਾ ਬੋਲੇ ਬੋਲ, ਆਪਣੀ ਧਾਰਨ ਆਪ ਚਲਾਇੰਦਾ । ਆਦਿ ਨਿਰੰਜਣ ਸਦਾ ਅਡੋਲ, ਜੁਗਾ ਜੁਗੰਤਰ ਨਾ ਕੋਇ ਡੁਲਾਇੰਦਾ । ਸ੍ਰੀ ਭਗਵਾਨ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਅਬਿਨਾਸ਼ੀ ਕਰਤਾ ਰਿਹਾ ਮੌਲ, ਰੂਪ ਰੰਗ ਨਾ ਕੋਇ ਵਖਾਇੰਦਾ । ਪਾਰਬ੍ਰਹਮ ਬ੍ਰਹਮ ਉਲਟਾ ਕਰੇ ਕੌਲ, ਅੰਮ੍ਰਿਤ ਆਪਣਾ ਜਾਮ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਨਿਰਾਕਾਰ, ਕਰੇ ਖੇਲ ਅਪਰ ਅਪਾਰ, ਆਪ ਆਪਣੀ ਰੇਖ ਉਪਜਾਇੰਦਾ । ਆਪੇ ਕਵਲ ਆਪੇ ਅੰਮ੍ਰਿਤ

ਰਸ, ਆਪ ਆਪਣਾ ਵਿਚ ਟਿਕਾਈਆ । ਆਪੇ ਤ੍ਰੈਗੁਣ ਮੇਲਾ ਕਰੇ ਹੱਸ ਹੱਸ, ਆਪ ਆਪਣਾ ਬੰਧਨ ਪਾਈਆ । ਆਪੇ ਪੰਜ ਤਤ ਪਿਆਰ ਕਰੇ ਨੱਸ ਨੱਸ, ਦਰ ਘਰ ਸਾਚੇ ਜੋੜ ਜੁੜਾਈਆ । ਆਪੇ ਬ੍ਰਹਮਾ ਮਾਰਗ ਰਿਹਾ ਦੱਸ, ਚਾਰੇ ਵੇਦ ਕਰੇ ਪੜ੍ਹਾਈਆ । ਆਪੇ ਸ਼ਬਦ ਤੀਰ ਨਿਰਾਲਾ ਮਾਰੇ ਕਸ, ਚਾਰੇ ਮੁਖ ਮੁਖ ਭੁਆਈਆ । ਆਪੇ ਹਿਰਦੇ ਹਰਿ ਹਰਿ ਜਾਏ ਵਸ, ਹਰਿ ਜੂ ਹਰਿ ਮੰਦਰ ਡੇਰਾ ਲਾਈਆ । ਆਪੇ ਕਰੇ ਪ੍ਰਕਾਸ਼ ਕੋਟਨ ਰਵ ਸਸ, ਜੋਤੀ ਨੂਰ ਨੂਰ ਵਿਚ ਟਿਕਾਈਆ । ਆਪੇ ਬਾਸ਼ਕ ਤਸ਼ਕਾ ਮਾਰੇ ਡੱਸ, ਵਿਸ਼ ਆਤਮ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰ, ਆਦਿ ਜੁਗਾਦੀ ਖੇਲ ਅਪਾਰ, ਇਕ ਇਕੱਲਾ ਆਪ ਕਰਾਈਆ । ਇਕ ਇਕੱਲਾ ਸ੍ਰੀ ਭਗਵਾਨ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚਖੰਡ ਦਵਾਰੇ ਵਸਣਹਾਰਾ ਸਚ ਮਕਾਨ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਾ ਕੋਈ ਚਿਲਾ ਤੀਰ ਕਮਾਨ, ਸ਼ਸਤਰ ਬਸਤਰ ਨਾ ਕੋਇ ਸਜਾਇੰਦਾ । ਨਾ ਕੋਇ ਜੋਧਾ ਸੂਰਬੀਰ ਬਲਵਾਨ, ਦੂਸਰ ਰੰਗ ਨਾ ਕੋਇ ਰੰਗਾਇੰਦਾ । ਇਕ ਇਕੱਲਾ ਵਾਲੀ ਦੋ ਜਹਾਨ, ਆਪ ਆਪਣਾ ਬਲ ਧਰਾਇੰਦਾ । ਪਵਣ ਪਾਣੀ ਸਰਬ ਸ਼ਰਮਾਣ, ਲੱਖ ਚੁਰਾਸੀ ਜੀਵ ਜੰਤ ਨਿਰਗੁਣ ਜੋਤੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਾਚਾ ਹਰਿ ਭਗਵੰਤ, ਏਕਾ ਏਕ ਸੁਹਾਇੰਦਾ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਲੇਖਾ ਜਾਣੇ ਸਾਧ ਸੰਤ, ਸਤਿਗੁਰ ਆਪਣੀ ਖੇਲ ਖਿਲਾਇੰਦਾ । ਆਪੇ ਗੜ੍ਹ ਹਉਮੇ ਹੰਗਤ, ਪੰਜ ਵਿਕਾਰਾ ਆਪਣਾ ਤਤ ਉਪਾਇੰਦਾ । ਆਪੇ ਕਾਇਆ ਚੋਲੀ ਰੰਗੇ ਰੰਗਤ, ਰੰਗ ਮਜੀਠੀ ਇਕ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਕਰਤਾ ਪੁਰਖ ਕਰਨੇ ਜੋਗ, ਆਪਣੀ ਕਰਨੀ ਆਪ ਕਰਾਇੰਦਾ । ਦੋ ਜਹਾਨਾਂ ਆਪੇ ਰਸੀਆ ਭੋਗੇ ਭੋਗ, ਆਪਣੀ ਰਚਨਾ ਆਪ ਰਚਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਜਾਣੇ ਧੁਰ ਸੰਜੋਗ, ਸੰਜੋਗ ਵਿਜੋਗ ਆਪਣਾ ਆਪਣੇ ਹੱਥ ਰਖਾਇੰਦਾ । ਆਪੇ ਲੇਖਾ ਜਾਣੇ ਚੌਦਾਂ ਲੋਕ, ਲੋਕ ਪਰਲੋਕ ਆਪਣੀ ਖੇਲ ਖਿਲਾਇੰਦਾ । ਆਪੇ ਗਾਏ ਸ਼ਬਦ ਸਲੋਕ, ਬ੍ਰਹਮਾ ਵੇਤਾ ਆਪ ਸਮਝਾਇੰਦਾ । ਆਪੇ ਜਾਣੇ ਮੁਕਤ ਮੋਖ, ਜੂਨ ਅਜੂਨੀ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਨੂਰ ਉਜਾਲਾ, ਏਕ ਏਕਾ ਰੰਗ ਰੰਗਾਈਆ । ਜੁਗਾ ਜੁਗੰਤਰ ਅਵੱਲੜੀ ਚਾਲਾ, ਭੇਵ ਅਭੇਦਾ ਭੇਵ ਛੁਪਾਈਆ । ਆਪੇ ਜਾਣੇ ਆਪਣੀ ਮਾਲਾ, ਆਪ ਆਪਣਾ ਨਾਉਂ ਧਰਾਈਆ । ਆਪੇ ਵੇਖੇ ਸਚ ਸੱਚੀ ਧਰਮਸਾਲਾ, ਸਚਖੰਡ ਦਵਾਰੇ ਸੋਭਾ ਪਾਈਆ । ਆਪੇ ਲੱਖ ਚੁਰਾਸੀ ਫਲ ਲਗਾਏ ਕਾਇਆ ਡਾਲ੍ਹਾ, ਫੁੱਲ ਫੁਲਵਾੜੀ ਆਪ ਮਹਿਕਾਈਆ । ਆਪੇ ਅਨਹਦ ਨਾਦ ਵਜਾਏ ਤਾਲਾ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਆਪੇ ਆਤਮ ਅੰਮ੍ਰਿਤ ਭਰਿਆ ਤਾਲਾ, ਸਰ ਸਰੋਵਰ ਸਾਚਾ ਨ੍ਹਾਵਣ ਆਪ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਵਡਿਆਈਆ । ਘਰ ਵੱਡਾ ਹਰਿ ਵਡਿਆਇਆ, ਪਾਰਬ੍ਰਹਮ ਬੇਅੰਤ । ਦਰਗਹਿ ਸਾਚੀ ਜੋਤ ਜਗਾਇਆ, ਪੁਰਖ ਅਬਿਨਾਸ਼ੀ ਏਕਾ ਕੰਤ । ਸਚ ਸਿੰਘਾਸਣ ਆਸਣ ਲਾਇਆ, ਮਹਿਮਾ ਗਣਤ ਅਗਣਤ । ਸ਼ਾਹੋ ਭੂਪ ਇਕ ਅਖਵਾਇਆ, ਆਪ ਬਣਾਏ ਸਾਚੀ ਬਣਤ ।

ਸ਼ਬਦੀ ਸੁੱਤ ਇਕ ਉਪਜਾਇਆ, ਆਪ ਜਣਾਏ ਆਪਣੀ ਬਣਤ । ਬ੍ਰਹਮਾ ਵਿਸ਼ਨ ਸ਼ਿਵ ਜੋਤ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਆਦਿ ਅੰਤ । ਆਦਿ ਅੰਤ ਹਰਿ ਵਸਿਆ, ਪਾਰਬ੍ਰਹਮ ਕਰਤਾਰ । ਆਪਣਾ ਭੇਵ ਕਿਸੇ ਨਾ ਦੱਸਿਆ, ਲੇਖਾ ਲਿਖੇ ਨਾ ਵੇਦ ਚਾਰ । ਦੋ ਜਹਾਨਾਂ ਫਿਰੇ ਨੱਸਿਆ, ਨਿਰਗੁਣ ਜੋਤ ਕਰ ਉਜਿਆਰ । ਆਪ ਉਪਾਏ ਰਵ ਸਸਿਆ, ਮੰਡਲ ਮੰਡਪ ਦਏ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਧਰੇ ਨਿਰੰਕਾਰ । ਨਿਰੰਕਾਰ ਹਰਿ ਨਾਉਂ ਰੱਖ, ਨਿਰਗੁਣ ਆਪਣੀ ਜੋਤ ਜਗਾਈਆ । ਵਿਸ਼ਨੂੰ ਰੂਪ ਹੋ ਪ੍ਰਤੱਖ, ਸਾਗੋਂ ਪਾਂਗ ਸੇਜ ਹੰਢਾਈਆ । ਬ੍ਰਹਮਾ ਵੇਤਾ ਲਏ ਰੱਖ, ਪਾਰਬ੍ਰਹਮ ਵੱਡੀ ਵਡਿਆਈਆ । ਸ਼ੰਕਰ ਦੇਵੇ ਏਕਾ ਤਤ, ਬਾਸ਼ਕ ਤਸ਼ਕਾ ਗਲ ਲਟਕਾਈਆ । ਤ੍ਰੈਗੁਣ ਮਾਇਆ ਰੱਖੇ ਹੱਥ, ਆਪ ਆਪਣੀ ਲਏ ਉਪਜਾਈਆ । ਪੰਜ ਤਤ ਵਖਾਏ ਏਕਾ ਹੱਟ, ਸਚ ਭੰਡਾਰਾ ਆਪ ਵਰਤਾਈਆ । ਏਕਾ ਵਸਤ ਅੰਦਰ ਘਤ, ਨਿਰਗੁਣ ਜੋਤ ਦਏ ਜਗਾਈਆ । ਸੰਗ ਰਖਾਏ ਮਨ ਬੁੱਧ ਮਤ, ਨਿਰਗੁਣ ਆਪਣੀ ਵੰਡ ਵੰਡਾਈਆ । ਲੇਖਾ ਜਾਣੇ ਕਾਇਆ ਪੰਜ ਤਤ ਮਟ, ਨਿਰਗੁਣ ਸਰਗੁਣ ਰੂਪ ਵਟਾਈਆ । ਖੋਲ੍ਹੇ ਕਿਵਾੜ ਕਾਇਆ ਘਟ, ਘਰ ਘਰ ਵਿਚ ਰੂਪ ਪ੍ਰਗਟਾਈਆ । ਲੱਖ ਚੁਰਾਸੀ ਲਾਏ ਫੱਟ, ਆਪ ਆਪਣਾ ਤੀਰ ਚਲਾਈਆ । ਨਿਰਗੁਣ ਸਰਗੁਣ ਅੰਦਰ ਹੋ ਪਰਗਟ, ਧਰਤ ਧਵਲ ਕਰੇ ਰੁਸ਼ਨਾਈਆ । ਆਪਣੀ ਮੈਲ ਆਪੇ ਕੱਟ, ਉਜਲ ਮੁਖ ਆਪ ਧਰਾਈਆ । ਆਪਣੀ ਕਰਵਟ ਆਪੇ ਵੱਟ, ਆਪ ਆਪਣਾ ਨੂਰ ਕਰੇ ਰੁਸ਼ਨਾਈਆ । ਆਪੇ ਸੋਏ ਸਾਚੀ ਖਾਟ, ਘਰ ਘਰ ਆਤਮ ਸੇਜ ਆਪ ਹੰਢਾਈਆ । ਆਪੇ ਮਸਤਕ ਜੋਤ ਧਰੇ ਲਿਲਾਟ, ਜੋਤ ਨਿਰੰਜਣ ਆਪ ਜਗਾਈਆ । ਆਪੇ ਜੁਗ ਜੁਗ ਜਾਣੇ ਆਪਣੀ ਵਾਟ, ਆਪਣਾ ਪੰਧ ਆਪ ਮੁਕਾਈਆ । ਬ੍ਰਹਮਾ ਦੋਵੇਂ ਜੋੜ ਚਰਨ ਦੁਆਰ ਮਸਤਕ ਟੇਕੇ ਮਾਥ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਆਪਣੀ ਦੱਸੇ ਆਪੇ ਗਾਥ, ਅੰਤਰ ਆਤਮ ਕਰੇ ਪੜ੍ਹਾਈਆ । ਸਗਲ ਵਿਸੂਰੇ ਜਾਇਣ ਲਾਥ, ਨੇਤਰ ਨੈਣ ਦਰਸ਼ਨ ਪਾਈਆ । ਸਰਬ ਕਲ ਹਰਿ ਸਮਰਥ, ਆਪਣਾ ਗੇੜਾ ਰਿਹਾ ਚਲਾਈਆ । ਆਪ ਉਪਜਾਏ ਆਪੇ ਦੇਵੇ ਮਥ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਪੇਸ਼ ਕੋਇ ਨਾ ਜਾਈਆ । ਖੇਲੇ ਖੇਲ ਸਵਾਂਗੀ ਬਾਜ਼ੀਗਰ ਨੱਟ, ਆਪ ਆਪਣੀ ਰਚਨ ਰਚਾਈਆ । ਸਚਖੰਡ ਦੁਆਰੇ ਸਾਚੇ ਤਖ਼ਤ ਬੈਠ ਹੋ ਪ੍ਰਗਟ, ਪਰਮ ਪੁਰਖ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਮਤ, ਮਤ ਤਤ ਵਿਚ ਰਖਾਈਆ । ਮਤ ਤਤ ਹਰਿ ਸਾਚੀ ਧਾਰ, ਪਾਰਬ੍ਰਹਮ ਬ੍ਰਹਮ ਸਮਝਾਇੰਦਾ । ਬ੍ਰਹਮਾ ਤੇਰਾ ਲੇਖਾ ਵੇਦ ਚਾਰ, ਤੇਰੀ ਬਣਤ ਬਣਾਇੰਦਾ । ਸ਼ਬਦ ਅਨਾਦੀ ਇਕ ਜੈਕਾਰ, ਸੱਤ ਇਕ ਨਾਲ ਮਿਲਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਪੰਜ ਤਤ ਨਾ ਕੋਇ ਰਖਾਇੰਦਾ । ਜੁਗ ਜੁਗ ਨਾ ਮਰੇ ਵਿਚ ਸੰਸਾਰ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਕਰੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਚਾਲ ਚਲਾਇੰਦਾ । ਹੱਡ ਮਾਸ ਨਾੜੀ ਚਮੜੇ ਵਸਿਆ ਬਾਹਰ, ਰਕਤ ਬੂੰਦ ਨਾ ਕੋਇ ਉਪਾਇੰਦਾ । ਤੇਰੇ ਅੰਦਰ ਕਰ ਪਿਆਰ, ਆਪ ਆਪਣੀ ਤਾਰ ਵਜਾਇੰਦਾ । ਚਾਰੇ ਵੇਦ ਕਰ ਤਿਆਰ, ਚਾਰੇ ਜੁਗ ਨਾਲ ਰਲਾਇੰਦਾ । ਚਾਰੇ ਖਾਣੀ ਪਾਵੇ ਸਾਰ, ਚਾਰੇ ਬਾਣੀ ਮੇਲ ਮਿਲਾਇੰਦਾ । ਗੁਰ ਪੀਰ ਅਵਤਾਰ ਆਵਣ ਵਾਰੋ ਵਾਰ, ਜਗਤ ਚੌਕੜੀ ਆਪ ਫਿਰਾਇੰਦਾ । ਰਵ ਸਸ ਸੂਰਜ ਚੰਨ ਕਰਨ ਪੁਕਾਰ, ਦਿਵਸ ਰੈਣ ਸੇਵ ਕਮਾਇੰਦਾ । ਕਰੋੜ ਤੇਤੀਸਾ ਮੰਗੇ ਬਣ ਭਿਖਾਰ, ਸੁਰਪਤ ਰਾਜਾ ਰਾਹ ਤਕਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਖੇਲ ਬ੍ਰਹਿਮਾਦਿ, ਆਪ ਆਪਣੀ ਰਚਨ ਰਚਾਇੰਦਾ । ਬ੍ਰਹਮੇ ਸੁਣ ਕਰ ਧਿਆਨ, ਹਰਿ ਸਾਚੇ ਸਚ ਜਣਾਈਆ । ਤੇਰਾ ਰੂਪ ਸਚ ਜਹਾਨ, ਤੇਰਾ ਅੰਗ ਅੰਗ ਕਟਾਈਆ । ਪ੍ਰਗਟ ਹੋਵੇ ਵਿਚ ਜਹਾਨ, ਨਿਰਭੌ ਆਪਣਾ ਨਾਉਂ ਰਖਾਈਆ । ਮੇਰਾ ਸ਼ਬਦ ਤੇਰਾ ਫ਼ਰਮਾਣ, ਸ੍ਰਿਸ਼ਟ ਸਬਾਈ ਦਏ ਸੁਣਾਈਆ । ਮੇਰਾ ਅੰਮ੍ਰਿਤ ਪੀਣ ਖਾਣ, ਨਿਝਰ ਝਿਰਨਾ ਇਕ ਵਖਾਈਆ । ਮੇਰਾ ਨਾਉਂ ਤੇਰਾ ਸ਼ਬਦ ਵਖਾਣ, ਰਸਨਾ ਜਿਹਵਾ ਏਕਾ ਗਾਈਆ । ਮੇਰੀ ਦਰਗਹਿ ਤੇਰਾ ਮਾਣ, ਮੇਰੀ ਸਰਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਦੇਵੇ ਸਾਚੇ ਘਰ, ਸਾਚੇ ਤਖ਼ਤ ਸਚ ਸੁਲਤਾਨ ਹੋ ਮਿਹਰਵਾਨ, ਬ੍ਰਹਮੇ ਭਿਛਿਆ ਝੋਲੀ ਪਾਈਆ । ਬ੍ਰਹਮੇ ਭਿਛਿਆ ਸਾਚੀ ਪਾ ਨਿਰਗੁਣ ਨਿਰਾਕਾਰ, ਆਪਣੀ ਵੰਡ ਵੰਡਾਇੰਦਾ । ਪ੍ਰਭ ਅਬਿਨਾਸ਼ੀ ਤੇਰਾ ਚਰਨ ਦੁਆਰ, ਜੁਗ ਜੁਗ ਨਾ ਕੋਇ ਛੁਡਾਇੰਦਾ । ਤੇਰੀ ਸੇਵਾ ਕਰਾਂ ਅਪਾਰ, ਸੇਵਕ ਝੋਲੀ ਆਪ ਭਰਾਇੰਦਾ । ਤੇਰਾ ਵਣਜ ਮੇਰਾ ਵਾਪਾਰ, ਤੇਰਾ ਹੱਟ ਮੈਂ ਚਲਾਇੰਦਾ । ਤੇਰਾ ਘਰ ਬੰਕ ਦੁਆਰ, ਜੁਗ ਜੁਗ ਵੇਖ ਵਖਾਇੰਦਾ । ਵਿਛੜ ਨਾ ਜਾਈਂ ਵਿਚ ਸੰਸਾਰ, ਮਾਇਆ ਭਰਮ ਨਾ ਮੋਹੇ ਭੁਲਾਇੰਦਾ । ਲੱਖ ਚੁਰਾਸੀ ਤੇਰੀ ਧਾਰ, ਲੋਕਮਾਤ ਤੇਰਾ ਰੂਪ ਪ੍ਰਗਟਾਇੰਦਾ । ਬ੍ਰਹਮ ਅੰਸ ਕਰ ਤਿਆਰ, ਘਟ ਘਟ ਅੰਦਰ ਜੋਤ ਜਗਾਇੰਦਾ । ਸਹੰਸਰ ਸਹੰਸ ਪਾਵੇ ਸਾਰ, ਆਪ ਆਪਣਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਇੰਦਾ । ਬ੍ਰਹਮੇ ਤੇਰਾ ਹਰਿ ਹਰਿ ਮੀਤਾ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਮੇਰਾ ਦਰ ਠਾਂਡਾ ਸੀਤਾ, ਜੁਗਾ ਜੁਗੰਤਰ ਇਕ ਰਖਾਈਆ । ਜੁਗਾ ਜੁਗੰਤਰ ਚਲਾਏ ਰੀਤਾ, ਲੋਕਮਾਤ ਕਰੇ ਰੁਸ਼ਨਾਈਆ । ਮੇਰੀ ਧਾਰ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਈਆ । ਮੇਰਾ ਰੰਗ ਹਸਤ ਕੀਟਾ, ਊਚਾਂ ਨੀਚਾਂ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਆਪੇ ਰਿਹਾ ਬੁਝਾਈਆ । ਆਪਣਾ ਰੰਗ ਆਪ ਚੜ੍ਹਾਇਆ, ਬ੍ਰਹਮੇ ਲੇਖਾ ਇਕ ਸਮਝਾਏ । ਨੇਤਰ ਨੈਣ ਇਕ ਖੁਲ੍ਹਾਇਆ, ਕਵਲ ਨੈਣ ਬੇਪਰਵਾਹੇ । ਜੋਤੀ ਜੋਤ ਡਗਮਗਾਇਆ, ਏਕਾ ਨੂਰ ਕਰੇ ਰੁਸ਼ਨਾਏ । ਆਪਣਾ ਭੇਵ ਆਪ ਖੁਲ੍ਹਾਇਆ, ਕਾਗਦ ਕਲਮ ਕੋਈ ਲਿਖ ਨਾ ਸਕੇ ਰਾਏ । ਲੇਖਾ ਹੱਥ ਨਾ ਕਿਸੇ ਫੜਾਇਆ, ਤਖ਼ਤ ਨਿਵਾਸੀ ਸਚਖੰਡ ਦੁਆਰੇ ਡੇਰਾ ਲਾਏ । ਲੱਖ ਚੁਰਾਸੀ ਜੀਵ ਉਪਾਇਆ, ਹੰ ਬ੍ਰਹਮ ਅੰਦਰ ਬੰਦ ਕਰਾਏ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ, ਨਿਰਗੁਣ ਸਰਗੁਣ ਵੇਖ ਵਖਾਏ । ਸੁਹਾਗੀ ਛੰਦ ਏਕਾ ਗਾਇਆ, ਆਪ ਆਪਣਾ ਲਏ ਉਪਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਸੋਭਾਵੰਤ, ਹਰਿ ਜੂ ਬੈਠਾ ਸਾਚਾ ਕੰਤ, ਘਰ ਸਾਚੇ ਡੇਰਾ ਲਾਏ । ਦਰਗਹਿ ਸਾਚੀ ਹਰਿ ਪਰਧਾਨਾ, ਦੂਸਰ ਹੋਰ ਨਾ ਕੋਇ ਵਖਾਇੰਦਾ । ਸਤਿ ਪੁਰਖ ਨਿਰੰਜਣ ਨੌਜਵਾਨਾ, ਏਕਾ ਰੰਗ ਰੰਗਾਇੰਦਾ । ਏਕਾ ਵਸੇ ਸਚ ਮਕਾਨਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪੇ ਆਪਣਾ ਸੰਗ ਨਿਭਾਇੰਦਾ । ਆਪੇ ਮੰਨੇ ਆਪਣਾ ਭਾਣਾ, ਹਰਿ ਭਾਣੇ ਸਦ ਸਮਾਇੰਦਾ । ਆਪੇ ਗਾਏ ਆਪਣਾ ਗਾਣਾ, ਰਾਗ ਅਨਾਦੀ ਆਪ ਸੁਣਾਇੰਦਾ । ਆਪੇ ਪਹਿਨੇ ਜੋਤੀ ਜਾਮਾ, ਨਿਰਗੁਣ ਆਪਣਾ ਰੂਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬ੍ਰਹਮੇ ਦੇਵੇ ਮਾਣਾ, ਵਿਸ਼ਨ ਸ਼ਿਵ ਆਪ ਆਪਣੇ ਰੰਗ ਰੰਗਾਇੰਦਾ । ਏਕੰਕਾਰਾ ਖੇਲ ਅਵੱਲਾ, ਹਰਿ ਸਾਚਾ ਸਚ ਕਰਾਈਆ । ਆਪੇ ਵਸਿਆ

ਸਚ ਮਹੱਲਾ, ਥਿਰ ਘਰ ਬੈਠਾ ਜੋਤ ਜਗਾਈਆ । ਆਪੇ ਜੋਤੀ ਸ਼ਬਦੀ ਰਲਾ, ਨਿਰਗੁਣ ਆਪਣੀ ਧਾਰ ਬੰਧਾਈਆ । ਆਪੇ ਸਚ ਸੁਨੇਹੁੜਾ ਏਕਾ ਘੱਲਾ, ਹੁਕਮੀ ਹੁਕਮ ਆਪ ਸੁਣਾਈਆ । ਆਪੇ ਬ੍ਰਹਮੇ ਫੜਾਇਆ ਆਪਣਾ ਪੱਲਾ, ਆਪ ਆਪਣੇ ਲੜ ਬੰਧਾਈਆ । ਆਪੇ ਵਸਿਆ ਜਲਾਂ ਥਲਾਂ, ਜਲ ਥਲ ਮਹੀਅਲ ਡੇਰਾ ਲਾਈਆ । ਆਪੇ ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਧਰਨੀ ਧਰਤ ਧਵਲ ਆਪ ਵਡਿਆਈਆ । ਆਪੇ ਬੈਠਾ ਰਹੇ ਇਕ ਇਕੱਲਾ, ਨਿਰਗੁਣ ਆਪਣੀ ਜੋਤ ਕਰ ਰੁਸ਼ਨਾਈਆ । ਆਪੇ ਵਸੇ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਸੋਭਾ ਪਾਈਆ । ਆਪੇ ਕਰੇ ਕਰਾਏ ਆਪਣਾ ਵਲ ਛਲਾ, ਅਛਲ ਛਲਧਾਰੀ ਵਡ ਸਿਕਦਾਰੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਲੇਖਾ ਜਾਣੇ ਚਾਰੇ ਵੇਦ, ਸਾਚੀ ਕਿਰਪਾ ਆਪ ਕਰਾਈਆ । ਚਾਰੇ ਵੇਦ ਸਾਚੀ ਸਿਖਿਆ, ਪ੍ਰਭ ਅਬਿਨਾਸ਼ੀ ਕਰਤਾ ਆਪ ਜਣਾਈਆ । ਚਾਰ ਜੁਗ ਮੰਗਣ ਭਿਖਿਆ, ਅੱਗੇ ਬੈਠੇ ਝੋਲੀ ਡਾਹੀਆ । ਸ੍ਰਿਸ਼ਟ ਸਬਾਈ ਦੀਸੇ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਏਕੰਕਾਰਾ ਏਕਾ ਏਕ ਜਿਸ ਜਨ ਪੇਖਿਆ, ਕਾਲ ਮਹਾਂਕਾਲ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਦਾਤਾ ਆਪ ਅਖਵਾਇੰਦਾ । ਵਰ ਦਾਤਾ ਸ਼ਬਦ ਭੰਡਾਰੀ, ਏਕਾ ਏਕੰਕਾਰਿਆ । ਨਿਰਗੁਣ ਜੋਤ ਨੂਰ ਉਜਿਆਰੀ, ਨੂਰੋ ਨੂਰ ਉਪਜਾ ਰਿਹਾ । ਆਦਿ ਜੁਗਾਦੀ ਖੇਲ ਨਿਆਰੀ, ਖ਼ਾਲਕ ਖ਼ਲਕ ਵਿਚ ਖਿਲਾ ਰਿਹਾ । ਜੁਗਾ ਜੁਗੰਤਰ ਸਾਂਝਾ ਯਾਰੀ, ਆਪ ਆਪਣਾ ਰੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਵੇਦਾਂ ਲੇਖਾ ਲਿਖ, ਬ੍ਰਹਮੇ ਦੇਵੇ ਏਕਾ ਸਿਖ, ਸਾਚੀ ਸਿਖਿਆ ਸਿਖ ਸਮਝਾ ਰਿਹਾ । ਬ੍ਰਹਮਾ ਲਿਖ ਲਿਖ ਵੇਦ ਚਾਰ, ਅੱਗੇ ਕੂਕੇ ਦਏ ਦੁਹਾਈਆ । ਸੋ ਪੁਰਖ ਨਿਰੰਜਣ ਤੇਰੀ ਕੋਇ ਨਾ ਪਾਏ ਸਾਰ, ਤੇਰਾ ਲੇਖਾ ਲਿਖਤ ਵਿਚ ਨਾ ਆਈਆ । ਤੂੰ ਦਾਤਾ ਦਾਤਾਰ ਸਿਰਜਣਹਾਰ, ਤੇਰੀ ਮਹਿਮਾ ਗਣਤ ਗਣੀ ਨਾ ਜਾਈਆ । ਸੇਵਕ ਸੇਵਾ ਕਰੇ ਵਿਚ ਸੰਸਾਰ, ਸਾਚੀ ਸੇਵਾ ਜੋ ਲਗਾਈਆ । ਵੇਲਾ ਅੰਤਮ ਮੇਲਾ ਹੋਏ ਪੁਰਖ ਭਤਾਰ, ਨਾਰੀ ਕੰਤ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਕਰੇ ਜਣਾਈਆ । ਬ੍ਰਹਮੇ ਹਰਿ ਹਰਿ ਸ਼ਬਦ ਜਣਾਇਆ, ਆਤਮ ਬ੍ਰਹਮ ਸਮਝਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੇਵਾ ਲਾਇਆ, ਜੀਵ ਜੰਤ ਤੇਰੇ ਨਾਲ ਪਰਨਾਇੰਦਾ । ਤੇਰਾ ਰੂਪ ਬ੍ਰਹਮ ਦਰਸਾਇਆ, ਹੰ ਬ੍ਰਹਮ ਆਪ ਉਪਜਾਇੰਦਾ । ਤੇਰਾ ਸਗਲਾ ਸੰਗ ਨਿਭਾਇਆ, ਵਿਸ਼ਨੂੰ ਸਿਰ ਸਿਰ ਰਿਜ਼ਕ ਸਬਾਇੰਦਾ । ਸ਼ੰਕਰ ਲੇਖਾ ਦਏ ਮੁਕਾਇਆ, ਜੋ ਘੜਿਆ ਸੋ ਭੰਨ ਵਖਾਇੰਦਾ । ਚਾਰ ਜੁਗ ਗੇੜਾ ਆਪ ਚਲਾਇਆ, ਗੇੜਾ ਗੇੜੇ ਵਿਚ ਰਖਾਇੰਦਾ । ਨੌਂ ਨੌਂ ਚਾਰ ਪ੍ਰਭ ਸਾਚਾ ਵੇਖ ਵਖਾਇਆ, ਸਾਚੇ ਤਖ਼ਤ ਡੇਰਾ ਲਾਇੰਦਾ । ਚਾਰੇ ਖਾਣੀ ਭੇਵ ਨਾ ਰਾਇਆ, ਭੇਵ ਅਭੇਦਾ ਆਪ ਛੁਪਾਇੰਦਾ । ਸਰਗੁਣ ਰੂਪ ਆਪ ਪ੍ਰਗਟਾਇਆ, ਲੋਕਮਾਤ ਵੇਖ ਵਖਾਇੰਦਾ । ਆਪਣੀ ਧਾਰਾ ਆਪ ਚਲਾਇਆ, ਆਪ ਆਪਣਾ ਖੇਲ ਖਿਲਾਇੰਦਾ । ਬੇਅੰਤ ਬੇਅੰਤ ਆਪਣਾ ਨਾਉਂ ਉਪਜਾਇਆ, ਸਾਧ ਸੰਤ ਸਭ ਰਸਨਾ ਗਾਇੰਦਾ । ਰਵ ਸਸ ਰਾਹ ਰਹੇ ਤਕਾਇਆ, ਮੰਡਲ ਮੰਡਪ ਵੇਖ ਵਖਾਇੰਦਾ । ਤੇਰਾ ਗੇੜਾ ਨਾ ਕੋਇ ਚੁਕਾਇਆ, ਬਿਨ ਹਰਿ ਮੇਲ ਨਾ ਕੋਇ ਮਿਲਾਇੰਦਾ । ਨੌ ਨੌ ਚਾਰ ਜੁਗ ਵਕਤ ਦਏ ਚੁਕਾਇਆ, ਆਪ ਆਪਣੀ ਖੇਲ ਖਿਲਾਇੰਦਾ । ਪੰਜ ਤਤ ਨਾ ਕੋਇ ਰੂਪ ਵਟਾਇਆ, ਕਾਇਆ ਬੰਕ ਨਾ ਕੋਇ ਸੁਹਾਇੰਦਾ ।

ਨਿਰਗੁਣ ਜੋਤ ਨੂਰ ਕਰੇ ਰੁਸ਼ਨਾਇਆ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਹਕਲੰਕੀ ਜਾਮਾ ਇਕ ਰਖਾਇਆ, ਮਾਤ ਪਿਤ ਨਾ ਕੋਇ ਬਣਾਇੰਦਾ । ਭੈਣਾ ਭੱਯਾ ਨਾ ਕੋਇ ਰਖਾਇਆ, ਸਾਕ ਸੈਣ ਨਾ ਵੇਖ ਵਖਾਇੰਦਾ । ਧਰਤ ਧਵਲ ਕਿਸੇ ਦਿਸ ਨਾ ਆਇਆ, ਆਕਾਸ਼ ਪ੍ਰਕਾਸ਼ ਨਾ ਕੋਇ ਜਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਵੇਲਾ ਅੰਤਮ ਦਏ ਵਖਾਇਆ, ਆਪ ਆਪਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਖ਼ਤ ਤਖ਼ਤ ਸੁਲਤਾਨਾਂ, ਆਪੇ ਬੈਠਾ ਵਾਲੀ ਦੋ ਜਹਾਨਾਂ, ਸਚਖੰਡ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਗਗਨ ਗਗਨੰਤਰ, ਲੋਆਂ ਪੁਰੀਆਂ ਵੇਖਣਹਾਰਾ ਏਕਾ ਏਕੰਕਾਰਿਆ । ਜੁਗਾ ਜੁਗੰਤਰ ਲਏ ਅਵਤਾਰਾ, ਨਿਰਗੁਣ ਸਰਗੁਣ ਰੂਪ ਵਟਾ ਰਿਹਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਅੰਤਮ ਆਈ ਵਾਰਾ, ਖਾਣੀ ਬਾਣੀ ਕਰੇ ਵਿਚਾਰਾ, ਤਤ ਵਿਰੋਲੇ ਸਿਰਜਣਹਾਰਿਆ । ਸਾਧਾਂ ਸੰਤਾਂ ਪਾਵੇ ਸਾਰਾ, ਆਤਮ ਅੰਤਰ ਬ੍ਰਹਮ ਪਾਰਬ੍ਰਹਮ ਖੇਲ ਨਿਆਰਿਆ । ਚਾਰੇ ਵੇਦਾਂ ਦਏ ਹੁਲਾਰਾ, ਪੁਰਾਨ ਅਠਾਰਾਂ ਖੋਜ ਖੁਜਾ ਰਿਹਾ । ਸਿਮਰਤ ਸ਼ਾਸਤਰ ਕਰੇ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾ ਰਿਹਾ । ਰੂਪ ਵਟੰਦੜਾ ਹਰਿ ਭਗਵਾਨਾ, ਮਹਿਮਾ ਕਥ ਕਥੀ ਨਾ ਜਾਈਆ । ਖੇਲ ਖਲੰਦੜਾ ਦੋ ਜਹਾਨਾਂ, ਲੋਕਮਾਤ ਕਰੇ ਰੁਸ਼ਨਾਈਆ । ਪਰਗਟ ਹੋ ਸ੍ਰੀ ਭਗਵਾਨਾ, ਘਰ ਸਾਚਾ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਪਰਦਾ ਲਾਹੀਆ । ਚੌਦਾਂ ਵਿਦਿਆ ਵੇਖੇ ਜਗਤ ਗਿਆਨਾ, ਲੱਖ ਚੁਰਾਸੀ ਮਾਤ ਪੜ੍ਹਾਈਆ । ਰਾਮ ਰਮੱਯਾ ਖੇਲ ਮਹਾਨਾ, ਸੀਤਾ ਸੁਰਤੀ ਕਵਣ ਪਰਨਾਈਆ । ਲੇਖਾ ਜਾਣੇ ਗੋਪੀ ਕਾਹਨਾ, ਨਾਮ ਬੰਸਰੀ ਇਕ ਵਜਾਈਆ । ਈਸਾ ਮੂਸਾ ਵੇਖ ਨਿਸ਼ਾਨਾ, ਕਾਲਾ ਸੂਸਾ ਇਕ ਛੁਹਾਈਆ । ਸੰਗ ਮੁਹੰਮਦ ਜਗਤ ਤਰਾਨਾ, ਚਾਰ ਯਾਰੀ ਨਾਲ ਗਾਈਆ । ਅੱਲਾ ਰਾਣੀ ਖੇਲ ਮਹਾਨਾ, ਐਨਲਹੱਕ ਵੱਜੀ ਵਧਾਈਆ । ਹਕੀਰ ਫ਼ਕੀਰ ਸ਼ਾਹ ਵੇਖੇ ਵਿਚ ਜਹਾਨਾਂ, ਪੀਰ ਦਸਤਗੀਰ ਖੋਜ ਖੁਜਾਈਆ । ਆਲਮ ਉਲਮਾ ਕਰੇ ਧਿਆਨਾ, ਆਲਮਗੀਰ ਬੇਪਰਵਾਹੀਆ । ਜਗਤ ਜੰਜ਼ੀਰ ਇਕ ਵਖਾਣਾ, ਤਕਦੀਰ ਤਕਸੀਰ ਵਿਚ ਬੰਧਾਈਆ । ਲੇਖਾ ਜਾਣੇ ਸ਼ਾਹ ਸੁਲਤਾਨਾ, ਰਾਜ ਰਾਜਾਨਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਸੰਗ ਮੁਹੰਮਦ ਚਾਰ ਯਾਰ, ਉਮਤ ਉਮਤੀ ਵੇਖ ਵਖਾਇੰਦਾ । ਨਬੀ ਰਸੂਲਾਂ ਪਾਵੇ ਸਾਰ, ਨੌਬਤ ਆਪਣੀ ਆਪ ਵਜਾਇੰਦਾ । ਕਾਇਆ ਕਾਅਬਾ ਵੇਖ ਕਿਵਾੜ, ਦੋ ਦੋਆਬਾ ਮੇਲ ਮਿਲਾਇੰਦਾ । ਲੇਖਾ ਜਾਣੇ ਪੰਚਮ ਝੂਠੀ ਧਾੜ, ਪੰਜ ਸ਼ੈਤਾਨਾ ਆਪ ਮਿਟਾਇੰਦਾ । ਪੰਚਮ ਤਰਾਨਾ ਗਾਏ ਵਾਰੋ ਵਾਰ, ਲਾਸ਼ਰੀਕ ਖੇਲ ਖਿਲਾਇੰਦਾ । ਸਾਚਾ ਗਾਨਾਂ ਕਰ ਤਿਆਰ, ਮਹਿੰਦੀ ਮੌਲੀ ਨਾਮ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਵਿਚ ਸੰਸਾਰ, ਖੇਲਣਹਾਰ ਆਪ ਖਲਾਇੰਦਾ । ਖੇਲ ਅਵੱਲਾ ਹਰਿ ਕਰਾਇਆ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜੋਤੀ ਜੋਤ ਜਗਾਇਆ, ਨਾਨਕ ਨਿਰਗੁਣ ਆਪ ਉਠਾਇੰਦਾ । ਨਾਮ ਸਤਿ ਮੰਤਰ ਇਕ ਦ੍ਰਿੜਾਇਆ, ਚਾਰ ਵਰਨਾਂ ਆਪ ਉਠਾਇੰਦਾ । ਗ਼ਰੀਬ ਨਿਮਾਣਿਆਂ ਗਲੇ ਲਗਾਇਆ । ਹਉਮੇ ਗੜ੍ਹ ਤੁੜਾਇੰਦਾ । ਉਚੀ ਕੂਕੇ ਦਏ ਦੁਹਾਇਆ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਏਕਾ ਅੱਖਰ ਜਗਤ ਪੜ੍ਹਾਇਆ, ਗੁਰ ਗੁਰ ਬਾਣੀ ਨਾਉਂ ਵਖਾਇੰਦਾ । ਏਕਾ ਗੁਰ ਗੁਰ ਲਏ ਪ੍ਰਗਟਾਇਆ, ਜੋਤੀ ਜੋਤ ਜੋਤ

੫੧੮

ਜਗਾਇੰਦਾ । ਗੁਰ ਅਰਜਨ ਸੇਵਾ ਸਾਚੀ ਲਾਇਆ, ਸਾਚਾ ਸੰਗ ਨਿਭਾਇੰਦਾ । ਏਕਾ ਜੋਤੀ ਨੂਰ ਕਰ ਰੁਸ਼ਨਾਇਆ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਪੰਚਮ ਮੇਲਾ ਮੇਲ ਮਿਲਾਇਆ, ਸਾਚੀ ਸੀਸ ਦਸਤਾਰ ਬੰਧਾਇੰਦਾ । ਅੰਮ੍ਰਿਤ ਸਾਚਾ ਜਾਮ ਪਿਆਇਆ, ਏਕਾ ਖੰਡਾ ਵਿਚ ਫਿਰਾਇੰਦਾ । ਕਾਗੋਂ ਹੰਸ ਦਏ ਬਣਾਇਆ, ਸੂਰਬੀਰ ਵਡ ਵਡਿਆਇੰਦਾ । ਚਾਰ ਵਰਨਾਂ ਏਕਾ ਗੋਦ ਬਹਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪੰਧ ਮੁਕਾਇੰਦਾ । ਮਿੱਠਾ ਰਸ ਏਕਾ ਪਾਇਆ, ਏਕਾ ਜਾਮ ਹੱਥ ਉਠਾਇੰਦਾ । ਆਪ ਆਪਣਾ ਵਾਰ ਵਖਾਇਆ, ਸਾਚੀ ਸੇਵਾ ਸੇਵ ਕਮਾਇੰਦਾ । ਅੰਤਮ ਵੇਲੇ ਗਿਆ ਸੁਣਾਇਆ, ਪੁਰਖ ਅਬਿਨਾਸ਼ੀ ਸ਼ਬਦ ਜਣਾਇੰਦਾ । ਕਲਜੁਗ ਅੰਤਮ ਹੋਏ ਰੁਸ਼ਨਾਇਆ, ਜਗਤ ਅੰਧੇਰਾ ਆਪ ਮਿਟਾਇੰਦਾ । ਨਿਹਕਲੰਕ ਕਲ ਹਰਿ ਰੂਪ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚੇ ਘਰ, ਘਰ ਸਾਚਾ ਇਕ ਵਡਿਆਇਆ । ਘਰ ਸਾਚਾ ਹਰਿ ਹਰਿ ਸੁਹਾਇੰਦਾ, ਥਿਰ ਘਰ ਸੱਚਾ ਦਰਬਾਰ । ਚਾਰ ਦੀਵਾਰ ਨਾ ਕੋਇ ਬਣਾਇੰਦਾ, ਛੱਪਰ ਛੰਨ ਨਾ ਕੋਇ ਵਿਚਾਰ । ਨਾ ਕੋਈ ਬਾਢੀ ਨਾਲ ਰਲਾਇੰਦਾ, ਘਾੜਣ ਘੜੇ ਨਾ ਵਿਚ ਸੰਸਾਰ । ਸਚ ਸਮਾਧੀ ਆਪੇ ਲਾਇੰਦਾ, ਬੋਧ ਅਗਾਧੀ ਸ਼ਬਦ ਜੈਕਾਰ । ਵਿਸਮਾਦੀ ਰੂਪ ਸਮਾਇੰਦਾ, ਇਕ ਇਕੱਲਾ ਏਕੰਕਾਰ । ਮੁਲਾਂ ਸ਼ੇਖ਼ ਮੁਸਾਇਕ ਭੇਵ ਨਾ ਪਾਇੰਦਾ, ਸਚ ਮਿਹਰਬਾਨਾ ਪਾਵੇ ਸਾਰ । ਸਾਚਾ ਹਾਜੀ ਹੱਜ ਨਾ ਕੋਇ ਵਖਾਇੰਦਾ, ਮੱਕਾ ਕਾਇਆ ਕਾਅਬਾ ਨਾ ਕੋਈ ਪਾਵੇ ਸਾਰ । ਪੰਜ ਗਾਜ਼ੀ ਨਾ ਕੋਇ ਮਿਟਾਇੰਦਾ, ਕਾਮ ਕਰੋਧ ਲੋਭ ਮੋਹ ਹੰਕਾਰ । ਸਾਚੇ ਤਾਜੀ ਨਾ ਕੋਇ ਚੜ੍ਹਾਇੰਦਾ, ਮਿਲੇ ਮੇਲ ਨਾ ਸ਼ਾਹਸਵਾਰ । ਸਾਚਾ ਨਿਮਾਜ਼ੀ ਨਜ਼ਰ ਨਾ ਆਇੰਦਾ, ਪੰਜੇ ਵਕਤ ਹੋਏ ਖ਼ੁਆਰ । ਧੁਰ ਦੀ ਆਵਾਜ਼ ਸਾਚੇ ਹੁਜ਼ਰੇ ਨਾ ਕੋਇ ਲਗਾਇੰਦਾ, ਜਗਤ ਮਹਿਰਾਬ ਨਾ ਮਾਰੇ ਨਾਅਰ । ਨੂਰੋ ਨੂਰ ਜ਼ਾਹਰ ਜ਼ਹੂਰ ਦਰਸ ਨਾ ਕੋਇ ਵਖਾਇੰਦਾ, ਕੋਹਤੂਰ ਰਾਹ ਤੱਕਣ ਸਾਚੇ ਯਾਰ । ਆਸਾ ਪੂਰ ਨਾ ਕੋਇ ਕਰਾਇੰਦਾ, ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ । ਗੁਰ ਗੋਬਿੰਦ ਤੇਰਾ ਲੇਖਾ ਲਿਖਿਆ ਨਾ ਕੋਇ ਮਿਟਾਇੰਦਾ, ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਨੌ ਖੰਡ ਪ੍ਰਿਥਮੀ ਸਾਚੀ ਸਿਖਿਆ ਇਕ ਸਮਝਾਇੰਦਾ, ਸੋ ਪੁਰਖ ਨਿਰੰਜਣ ਮੀਤ ਮੁਰਾਰ । ਹੰ ਬ੍ਰਹਮ ਮੇਲ ਮਿਲਾਇੰਦਾ, ਸ਼ਬਦੀ ਸੁਰਤ ਕਰ ਪਿਆਰ । ਡੂੰਘੀ ਕੰਦਰ ਫੋਲ ਫੁਲਾਇੰਦਾ, ਸੁਖਮਨ ਵੇਖੇ ਡੂੰਘੀ ਗਾਰ । ਤਰਬੈਣੀ ਨੈਣੀ ਪੰਧ ਚੁਕਾਇੰਦਾ, ਸਰ ਸਰੋਵਰ ਦਏ ਨੁਹਾਲ । ਕਾਗੋਂ ਹੰਸ ਆਪ ਕਰਾਇੰਦਾ, ਸੋਹੰ ਮੋਤੀ ਚੋਗ ਡਾਰ । ਹੰਸਾ ਰੂਪ ਆਪ ਵਟਾਇੰਦਾ, ਨਿਰਗੁਣ ਸਰਗੁਣ ਆਪਣੇ ਰੰਗ ਰਵੇ ਕਰਤਾਰ । ਸਾਚੀ ਸਰਸਾ ਆਪ ਨੁਹਾਇੰਦਾ, ਨੀਲੇ ਵਾਲਾ ਹੋ ਉਜਿਆਰ । ਗੁਰਮੁਖਾਂ ਉਪਰ ਤਰਸ ਕਮਾਇੰਦਾ, ਫੜ ਫੜ ਬਾਹੋਂ ਜਾਏ ਤਾਰ । ਕਲਜੁਗ ਤ੍ਰਿਸ਼ਨਾ ਹਰਸ ਮਿਟਾਇੰਦਾ, ਦੇਵੇ ਨਾਮ ਸ਼ਬਦ ਆਧਾਰ । ਅੰਮ੍ਰਿਤ ਮੇਘ ਇਕ ਬਰਸਾਇੰਦਾ, ਕਰੋੜ ਛਿਆਨਵੇਂ ਹੋਏ ਖ਼ੁਆਰ । ਘਰ ਸਾਚਾ ਇਕ ਵਖਾਇੰਦਾ, ਦਸਮ ਦਵਾਰੀ ਖੋਲ੍ਹ ਕਿਵਾੜ । ਬਜ਼ਰ ਕਪਾਟੀ ਤੋੜ ਤੁੜਾਵੰਦਾ, ਏਕਾ ਧੱਕਾ ਦੇਵੇ ਮਾਰ । ਲੱਖ ਚੁਰਾਸੀ ਫੰਦ ਕਟਾਵੰਦਾ, ਸਿਰ ਹੱਥ ਰੱਖ ਨਿਰੰਕਾਰ । ਸਾਚੀ ਦਰਗਹਿ ਆਪ ਬਹਾਵੰਦਾ, ਜੋਤੀ ਜੋਤ ਕਰ ਉਜਿਆਰ । ਕਲਜੁਗ ਕੂੜਾ ਪੰਧ ਮੁਕਾਵੰਦਾ, ਥਿਰ ਰਹੇ ਨਾ ਵਿਚ ਸੰਸਾਰ । ਲੱਖ ਚੁਰਾਸੀ ਭਾਂਡਾ ਭੰਨ ਵਖਾਵੰਦਾ, ਭੰਨਣਹਾਰ ਆਪ ਠਠਿਆਰ । ਬ੍ਰਹਮਾ ਵਿਸ਼ਨ ਸ਼ਿਵ ਸਰਬ ਕੁਰਲਾਵੰਦਾ, ਵੇਲਾ ਅੰਤਮ ਆਈ ਹਾਰ । ਕਰੋੜ ਤੇਤੀਸ ਨਾ ਧੀਰ ਧਰਾਵੰਦਾ, ਸੁਰਪਤ ਰੋਵੇ ਜ਼ਾਰੋ ਜ਼ਾਰ । ਸਾਧਾਂ ਸੰਤਾਂ ਏਕਾ ਰਾਹ ਵਖਾਵੰਦਾ, ਪੁਰਖ ਅਕਾਲ ਸੱਚੀ ਸਰਕਾਰ ।

ਸਾਚਾ ਢੋਲਾ ਏਕਾ ਗਾਵੰਦਾ, ਤੋਲਾ ਬਣ ਆਪ ਨਿਰੰਕਾਰ । ਆਪਣਾ ਚੋਲਾ ਆਪ ਬਦਲਾਵੰਦਾ, ਜੋਤੀ ਜਾਮਾ ਭੇਖ ਅਪਾਰ । ਸਾਚਾ ਸੋਹਲਾ ਏਕਾ ਗਾਵੰਦਾ, ਹਿੰਦੂ ਮੁਸਲਮ ਸਿਖ ਈਸਾਈ ਦਏ ਆਧਾਰ । ਕਲਜੁਗ ਝੂਠਾ ਰੌਲਾ ਐਵੇਂ ਪਾਵੰਦਾ, ਅੰਤ ਨਿਭੇ ਨਾ ਕੋਇ ਨਾਲ । ਰਾਏ ਧਰਮ ਨਾਲ ਉਠਾਲਦਾ, ਚਾਰ ਜੁਗ ਜੋ ਘਾਲਣ ਰਿਹਾ ਘਾਲ । ਚਿਤਰ ਗੁਪਤ ਹਿਸਾਬ ਵਖਾਲਦਾ, ਹੱਥ ਫੜ ਨਾਮ ਮਸਾਲ । ਲਾੜੀ ਮੌਤ ਆਪ ਸ਼ਿੰਗਾਰਦਾ, ਘਰ ਘਰ ਵੇਖੇ ਸ਼ਾਹ ਕੰਗਾਲ । ਗੁਰਮੁਖਾਂ ਉਤੋਂ ਆਪ ਆਪਣਾ ਆਪੇ ਵਾਰਦਾ, ਵੇਲੇ ਅੰਤ ਬਣੇ ਦਲਾਲ । ਦਰਗਹਿ ਸਾਚੀ ਆਪੇ ਵਾੜਦਾ, ਨੇੜ ਨਾ ਆਏ ਮਾਇਆ ਕਾਲ । ਆਪੇ ਤੋੜੇ ਗੜ੍ਹ ਹੰਕਾਰ ਦਾ, ਨਾਤਾ ਛੁੱਟੇ ਜਗਤ ਜੰਜਾਲ । ਮਨਮੁਖ ਤ੍ਰੈਗੁਣ ਅਗਨੀ ਆਪੇ ਸਾੜਦਾ, ਵੇਲੇ ਅੰਤ ਨਾ ਸਕੇ ਕੋਇ ਸੰਭਾਲ । ਲੇਖਾ ਰੱਖਿਆ ਆਪਣੇ ਹੱਥ ਮਹੀਨਾ ਹਾੜ ਦਾ, ਪੁਰਖ ਅਬਿਨਾਸ਼ੀ ਖੇਲ ਨਿਰਾਲ । ਹਰਿਜਨ ਸਾਚੀ ਘੋੜੀ ਚਾੜ੍ਹਦਾ, ਗੁਰ ਗੋਬਿੰਦ ਹਰਿ ਗੋਪਾਲ । ਕਲਜੁਗ ਜੀਵਾਂ ਬਹੱਤਰ ਨਾੜੀ ਦਿਸਦਾ ਘਰ ਉਜਾੜਦਾ, ਨਾ ਕੋਈ ਸਕੇ ਸੁਰਤ ਸੰਭਾਲ । ਸ਼ਬਦ ਗੁਰੂ ਬੈਠਾ ਸਭ ਨੂੰ ਤਾੜਦਾ, ਨਾ ਕੋਈ ਚੌਦਾਂ ਲੋਕ ਝੱਲੇ ਝਾਲ । ਵੇਖੇ ਕਿਨਾਰਾ ਜੰਗਲ ਜੂਹ ਉਜਾੜ ਪਹਾੜ ਦਾ, ਸੱਤ ਸਮੁੰਦਰ ਵੇਖੇ ਡੂੰਘਾ ਤਾਲ । ਨੌ ਖੰਡ ਪ੍ਰਿਥਮੀ ਜੜ੍ਹ ਉਖਾੜਦਾ, ਪਤ ਦਿਸੇ ਨਾ ਕਿਸੇ ਡਾਲ੍ਹ । ਨਿਹਕਲੰਕ ਨਰਾਇਣ ਨਰ ਚੌਥੇ ਜੁਗ ਕਰਮ ਵਿਚਾਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਚਲੇ ਚਾਲ । ਚਾਲ ਨਿਰਾਲੀ ਜੋਤ ਅਕਾਲੀ, ਕਲਜੁਗ ਅੰਤਮ ਆਪ ਚਲਾਈਆ । ਕਿਸੇ ਨਾ ਦੇਵੇ ਕੋਇ ਦਲਾਲੀ, ਸ੍ਰਿਸ਼ਟ ਸਬਾਈ ਖ਼ਾਲੀ ਹੱਥ ਵਖਾਈਆ । ਬੂਟਾ ਪੁੱਟੇ ਆਪੇ ਮਾਲੀ, ਲੋਕਮਾਤ ਜੋ ਲਿਆ ਲਗਾਈਆ । ਸ਼ਾਹ ਸੁਲਤਾਨਾਂ ਖੀਸੇ ਕਰੇ ਖ਼ਾਲੀ, ਦਰ ਦਰ ਭਿਖਿਆ ਮੰਗਣ ਭਿਖ ਕੋਇ ਨਾ ਪਾਈਆ । ਕਲਜੁਗ ਜੜ ਉਖੇੜੇ ਸਾਚਾ ਹਾਲੀ, ਸੋਹੰ ਤਿਖਾ ਫਾਲਾ ਅੱਗੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਅੰਤ ਬੇਅੰਤ ਬੇਅੰਤ ਬੇਪਰਵਾਹ ਭੇਵ ਨਾ ਰਾਈਆ । ਬੇਪਰਵਾਹ ਸੋ ਪੁਰਖ ਨਿਰੰਜਣ, ਸਰਬ ਜੀਆਂ ਦਾਤਾਰਾ । ਜਿਸ ਜਨ ਨੇਤਰ ਪਾਏ ਨਾਮ ਅੰਞਣ, ਮੇਟ ਮਿਟਾਏ ਅੰਧ ਅੰਧਿਆਰਾ । ਜਨ ਭਗਤਾਂ ਬਣੇ ਸਾਚਾ ਸੱਜਣ, ਲੋਕਮਾਤ ਲਏ ਅਵਤਾਰਾ । ਹਰਿਜਨ ਹਰਿ ਹਰਿ ਪਰਦੇ ਕੱਜਣ, ਏਕਾ ਦੇਵੇ ਨਾਮ ਸਹਾਰਾ । ਕਲਜੁਗ ਕਾਲ ਨਗਾਰੇ ਸਿਰ ਤੇ ਵੱਜਣ, ਸ੍ਰਿਸ਼ਟ ਸਬਾਈ ਧੁਆਂਧਾਰਾ । ਸ਼ਾਹ ਸੁਲਤਾਨ ਤਖ਼ਤ ਤਾਜ ਤੱਜਣ, ਚਾਰੋਂ ਕੁੰਟ ਹਾਹਾਕਾਰਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਚਰਨ ਦਵਾਰੇ ਬਹਿ ਬਹਿ ਸਜਣ, ਪਾਇਆ ਪੁਰਖ ਅਗੰਮ ਅਪਾਰਾ । ਜਿਸ ਜਨ ਚਰਨ ਧੂੜ ਕਰਾਏ ਮਜਨ, ਅਠਸਠ ਤੀਰਥ ਉਤਰੇ ਪਾਰ ਕਿਨਾਰਾ । ਪੀ ਪੀ ਅੰਮ੍ਰਿਤ ਗੁਰਮੁਖ ਰੱਜਣ, ਨਿਝਰ ਝਿਰੇ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਆਪਣੀ ਕਲ ਵਰਤੇ ਸੰਸਾਰਾ । ਕਲ ਵਰਤੇ ਹਰਿ ਕਲਵੰਤ, ਕਲ ਕਾਲਖ ਟਿੱਕਾ ਦਏ ਮਿਟਾਈਆ । ਗੁਰਮੁਖ ਉਭਾਰੇ ਸਾਚੇ ਸੰਤ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਏਕਾ ਸ਼ਬਦ ਕਰਾਏ ਮਣੀਆ ਮੰਤ, ਮਨ ਮਨੂਆ ਲਏ ਬੰਧਾਈਆ । ਸੁਰਤ ਸਵਾਣੀ ਮੇਲਾ ਹਰਿ ਹਰਿ ਕੰਤ, ਗੁਰ ਸ਼ਬਦ ਕਰੇ ਕੁੜਮਾਈਆ । ਲੇਖਾ ਜਾਣੇ ਜੀਵ ਜੰਤ, ਜਾਗਰਤ ਜੋਤ ਇਕ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਮੇਲ ਮਿਲਾਵਾ ਸਹਿਜ ਸੁਭਾਈਆ । ਹਰਿਜਨ ਹਰਿ ਹਰਿ ਮੇਲਿਆ, ਮੇਲਣਹਾਰ ਨਿਰੰਕਾਰ । ਲੇਖਾ ਜਾਣੇ ਗੁਰੂ ਗੁਰ

੫੨੦

ਚੇਲਿਆ, ਗੁਰ ਚੇਲਾ ਸੋਹਣ ਸਦਾ ਇਕ ਦਵਾਰ । ਪ੍ਰਭ ਪਾਇਆ ਸੱਜਣ ਸੁਹੇਲਿਆ, ਲੱਖ ਚੁਰਾਸੀ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਭਾਰ । ਗੁਰਸਿਖ ਸਾਚਾ ਮਾਣਕ ਮੋਤੀ, ਹੀਰੇ ਰਤਨ ਜੜਤ ਜੜਾਈਆ । ਸਤਿਗੁਰ ਪੂਰਾ ਆਪ ਜਗਾਏ ਨਿਰਗੁਣ ਜੋਤੀ, ਘਰ ਦੀਪਕ ਕਰੇ ਰੁਸ਼ਨਾਈਆ । ਲੱਭਦੇ ਫਿਰਦੇ ਕੋਟਨ ਕੋਟੀ, ਤੀਰਥ ਤੱਟਾਂ ਫੇਰਾ ਪਾਈਆ । ਚਾਰੋਂ ਕੁੰਟ ਫਿਰਨ ਬੰਨ੍ਹ ਲੰਗੋਟੀ, ਚਕਰਵਰਤੀ ਰਹੇ ਅਖਵਾਈਆ । ਕੋਟਨ ਕੋਟ ਛੱਡ ਛੱਡ ਰੋਟੀ, ਅਗਨੀ ਧੂਣੀਆਂ ਰਹੇ ਤਾਈਆ । ਕੋਟਨ ਕੋਟੀ ਤਲ ਤਲ ਬੋਟੀ, ਆਪ ਆਪਣਾ ਰਹੇ ਜਲਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਕੱਢੇ ਵਾਸਨਾ ਖੋਟੀ, ਤੀਜਾ ਨੇਤਰ ਨਾ ਕੋਇ ਖੁਲ੍ਹਾਈਆ । ਚੌਥੇ ਪਦ ਨਾ ਚਾੜ੍ਹੇ ਚੋਟੀ, ਚੋਟੀ ਮੁੰਨ ਮੁੰਨ ਬੈਠੇ ਪਾਂਧੀ ਰਾਹੀਆ । ਜਿਸ ਜਨ ਮਿਲੀ ਨਾਮ ਸੋਟੀ, ਪੰਜਾਂ ਚੋਰਾਂ ਦਏ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਉਠਾਈਆ । ਗੁਰਸਿਖ ਸੱਜਣ ਉਠਿਆ, ਸਤਿਗੁਰ ਪੂਰਾ ਆਪ ਉਠਾਇੰਦਾ । ਗੁਰ ਸਤਿਗੁਰ ਪੂਰਾ ਤੁਠਿਆ, ਦੇ ਦਰਸ ਦਇਆ ਕਮਾਇੰਦਾ । ਪੰਚ ਵਿਕਾਰਾ ਆਪੇ ਕੁਠਿਆ, ਮਾਇਆ ਮਮਤਾ ਮੋਹ ਗਵਾਇੰਦਾ । ਕਲਜੁਗ ਮਾਇਆ ਨਾ ਜਾਏ ਲੁੱਟਿਆ, ਸਾਚਾ ਹੱਟ ਇਕ ਵਖਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟਿਆ, ਦਿਵਸ ਰੈਣ ਖ਼ੁਮਾਰ ਵਖਾਇੰਦਾ । ਪੂਜਾ ਪਾਠ ਲੇਖਾ ਛੁੱਟਿਆ, ਜਿਸ ਜਨ ਆਪਣੀ ਗੋਦ ਬਹਾਇੰਦਾ । ਗੁਰਸਿਖ ਬੂਟਾ ਜਾਏ ਨਾ ਪੁੱਟਿਆ, ਸਤਿਗੁਰ ਪੂਰਾ ਆਪ ਲਗਾਇੰਦਾ । ਸਤਿਗੁਰ ਪੂਰਾ ਕਦੇ ਨਾ ਰੁੱਠਿਆ, ਰੁੱਠੇ ਸਿਖ ਆਪ ਮਨਾਇੰਦਾ । ਫੜ ਫੜ ਬੰਧਾਏ ਏਕਾ ਮੁੱਠਿਆ, ਜ਼ਾਤਾਂ ਪਾਤਾਂ ਮੇਟ ਮਿਟਾਇੰਦਾ । ਤੀਰ ਨਿਰਾਲਾ ਏਕਾ ਛੁੱਟਿਆ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਦਸ ਮਾਸ ਜੋ ਟੰਗਿਆ ਰਿਹਾ ਪੁੱਠਿਆ, ਅੰਤਮ ਪੰਧ ਮੁਕਾਇੰਦਾ । ਸਚਖੰਡ ਦਵਾਰੇ ਆਪਣੇ ਚਰਨਾਂ ਆਪੇ ਸੁੱਟਿਆ, ਦੂਸਰ ਧਾਮ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਘਰ ਸਾਚਾ ਵੇਖ ਵਖਾਇੰਦਾ । ਘਰ ਸਾਚਾ ਆਪੇ ਪੇਖਿਆ, ਕਾਇਆ ਮੰਦਰ ਅੰਦਰ ਸਚ ਦਵਾਰ । ਆਪੇ ਲਿਖਿਆ ਸਾਚਾ ਲੇਖਿਆ, ਕਲਮ ਛਾਹੀ ਨਾ ਕਰੇ ਪਿਆਰ । ਸਤਿਗੁਰ ਪੂਰਾ ਨਿਰਗੁਣ ਰੂਪ ਮੁਛ ਦਾੜ੍ਹੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਵਿਚ ਸੰਸਾਰ । ਆਦਿ ਜੁਗਾਦਿ ਰਹੇ ਹਮੇਸ਼ਿਆ, ਮਰੇ ਨਾ ਜੰਮੇ ਨਿਰਗੁਣ ਧਾਰ । ਆਪੇ ਨਰ ਆਪੇ ਨਰੇਸ਼ਿਆ, ਆਪੇ ਤਖ਼ਤ ਤਾਜ ਸੁਲਤਾਨ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਰ, ਗੁਰਮੁਖ ਸਾਚੇ ਕਰ ਪਿਆਰ । ਗੁਰਸਿਖ ਗੁਰ ਗੁਰ ਪਿਆਰਾ ਪਾਇਆ, ਜਗਤ ਜਹਾਨਾ ਨਾਤਾ ਤੋੜ । ਸਤਿਗੁਰ ਗੁਰ ਦਵਾਰਾ ਏਕਾ ਮੰਗਣ ਆਇਆ, ਸਤਿ ਸਰੂਪੀ ਚੜ੍ਹਿਆ ਸਾਚੇ ਘੋੜ । ਕਾਇਆ ਚੋਲੀ ਰੰਗਣ ਆਇਆ, ਚਰਨ ਪ੍ਰੀਤੀ ਨਾਤਾ ਜੋੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਲੇ ਅੰਤਮ ਜਾਏ ਬੌਹੜ । ਵੇਲਾ ਅੰਤਮ ਹਰਿ ਭਗਵੰਤ, ਗੁਰਮੁਖਾਂ ਹੋਏ ਸਹਾਈਆ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਪੂਰੇ ਹੱਥ ਵਡਿਆਈਆ । ਮੇਲ ਮਿਲਾਏ ਨਾਰੀ ਕੰਤ, ਨਿਰਗੁਣ ਸਰਗੁਣ ਸੰਗ ਨਿਭਾਈਆ । ਮਾਣ ਰਖਾਏ ਵਿਚ ਜੀਵ ਜੰਤ, ਲੱਖ ਚੁਰਾਸੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਹਰਿ ਹਰਿ ਜਾਣਿਆ, ਪਾਰਬ੍ਰਹਮ ਕਰਤਾਰ । ਚਰਨ ਦਵਾਰਾ ਏਕਾ ਮਾਣਿਆ, ਘਰ ਮੇਲਾ ਮੀਤ ਮੁਰਾਰ । ਸਦਾ ਚਲੇ ਚਲਾਏ ਆਪਣੇ

ਭਾਣਿਆ, ਹਰਿ ਭਾਣਾ ਵਡ ਬਲਕਾਰ । ਦਰਸ ਦਖਾਏ ਗ਼ਰੀਬ ਨਿਮਾਣਿਆ, ਨਿਮਾਣ ਨਿਮਾਣਿਆਂ ਆਪ ਨਿਰੰਕਾਰ । ਗੜ੍ਹ ਤੋੜੇ ਵਡ ਜਰਵਾਣਿਆਂ, ਸ਼ਾਹ ਸੁਲਤਾਨਾਂ ਕਰ ਖ਼ਵਾਰ । ਇਕ ਸੁਣਾਏ ਸਾਚੀ ਬਾਣੀਆਂ, ਸੋ ਪੁਰਖ ਨਿਰੰਜਣ ਬੋਲ ਜੈਕਾਰ । ਹੰ ਬ੍ਰਹਮ ਪਾਏ ਪਦ ਨਿਰਬਾਣੀਆਂ, ਤ੍ਰੈਗੁਣ ਨਾਤਾ ਤੋੜ ਜਗਤ ਜੰਜਾਲ । ਸੁਣੇ ਸੁਣਾਏ ਅਕਥ ਕਹਾਣੀਆਂ, ਗਾਵਣਹਾਰਾ ਗੁਰ ਗੋਪਾਲ । ਧੁਰ ਲੇਖਾ ਪਏ ਨੀਸਾਣੀਆ, ਗੁਰਮੁਖ ਉਪਜਾਏ ਸਾਚੇ ਲਾਲ । ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀਆ, ਜੋ ਜਨ ਘਾਲਣ ਰਹੇ ਘਾਲ । ਸ਼ਬਦ ਮਿਲਾਵਾ ਸਾਚੇ ਹਾਣੀਆਂ, ਘਰ ਵੱਜੇ ਅਨਾਦੀ ਤਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਕਰੇ ਪ੍ਰਿਤਪਾਲ । ਪ੍ਰਿਤਪਾਲਕ ਵਡ ਸੰਸਾਰੀਆ, ਹਰਿ ਦਾਤਾ ਗਹਿਰ ਗੰਭੀਰ । ਗੁਰਮੁਖ ਮੰਗੇ ਇਕ ਦਲਾਲੀਆ, ਸ਼ਬਦ ਸਰੂਪੀ ਸ਼ਾਹ ਫ਼ਕੀਰ । ਆਪੇ ਚਲੇ ਅਵੱਲੜੀ ਚਾਲੀਆ, ਆਪ ਵਿਰੋਲੇ ਅਠਸਠ ਨੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਚੋਟੀ ਚਾੜ੍ਹੇ ਇਕ ਅਖ਼ੀਰ । ਗੁਰਸਿਖ ਚੋਟੀ ਸਾਚੀ ਚੜ੍ਹਿਆ, ਸਚਖੰਡ ਸਾਚੀ ਧਰਮਸਾਲ । ਨਿਰਗੁਣ ਅੱਖਰ ਏਕਾ ਪੜ੍ਹਿਆ, ਸ਼ਬਦ ਸਰੂਪੀ ਵੱਜੇ ਤਾਲ । ਅਗਨੀ ਹਵਨ ਕਦੇ ਨਾ ਸੜਿਆ, ਫਲ ਲੱਗੇ ਕਾਇਆ ਡਾਲ੍ਹ । ਧਰਮ ਰਾਏ ਅੱਗੇ ਹੋ ਕਿਸੇ ਨਾ ਫੜਿਆ, ਚਿਤਰ ਗੁਪਤ ਲੇਖਾ ਲੇਖ ਨਾ ਸਕੇ ਵਖਾਲ । ਲਾੜੀ ਮੌਤ ਮਸਤਕ ਸੜਿਆ, ਸੰਗ ਹੋ ਨਾ ਪਾਏ ਜੰਜਾਲ । ਦਰਗਹਿ ਸਾਚੀ ਗੁਰਮੁਖ ਵਿਰਲਾ ਚੜ੍ਹਿਆ, ਜਿਸ ਸਤਿਗੁਰ ਪੂਰਾ ਕਰੇ ਸੰਭਾਲ । ਸਿੰਘ ਮਹਿੰਦਰ ਲੜ ਏਕਾ ਫੜਿਆ, ਫੜਾਇਆ ਆਪ ਬਾਪ ਗੋਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਘਾਲ ਆਪੇ ਰਿਹਾ ਘਾਲ ।



੦੯

## ❊ ੨੧ ਵਿਸਾਖ ੨੦੧੭ ਬਿਕ੍ਰਮੀ ਮਿਰਜ਼ਾ ਦੇ ਮਕਬਰੇ ਪਰ ਕਾਦੀਆਂ ਜ਼ਿਲਾ ਗੁਰਦਾਸ ਪੁਰ ❊

ਲਾਸ਼ਰੀਕ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਬੇਪਰਵਾਹੀਆ । ਆਦਿ ਜੁਗਾਦੀ ਸਾਂਝਾ ਯਾਰ, ਏਕਾ ਕਲਮਾ ਨਾਮ ਪੜ੍ਹਾਈਆ । ਅਮਾਮ ਅਮਾਮਾ ਸ਼ਾਹ ਸਿਕਦਾਰ, ਸ਼ਾਹ ਸੁਲਤਾਨ ਵਡ ਵਡਿਆਈਆ । ਖੇਲੇ ਖੇਲ ਅਗੰਮ ਅਪਾਰ, ਜਲਵਾ ਨੂਰ ਇਕ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੇ ਏਕਾ ਘਰ, ਏਕਾ ਏਕ ਕਰੇ ਰੁਸ਼ਨਾਈਆ । ਏਕਾ ਨੂਰ ਨੂਰ ਨੁਰਾਨਾ, ਲੇਖਾ ਲੇਖ ਨਾ ਕੋਇ ਜਣਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਦਰਗਹਿ ਸਾਚੀ ਆਪ ਕਰਾਈਆ । ਏਕਾ ਵਸੇ ਸਚ ਮਕਾਨਾ, ਚਾਰ ਦੀਵਾਰ ਨਾ ਕੋਇ ਬਣਾਈਆ । ਏਕਾ ਕਲਮਾ ਕਰੇ ਪਰਵਾਨਾ, ਆਲਮਾ ਉਲਮਾ ਕਰੇ ਪੜ੍ਹਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਲਿਖਣ ਪੜ੍ਹਣ ਵਿਚ ਨਾ ਆਈਆ । ਏਕਾ ਬੰਨ੍ਹੇ ਸਾਚਾ ਗਾਨਾ, ਸਾਚਾ ਸਗਨ ਇਕ ਮਨਾਈਆ । ਇਕ ਸੁਣਾਏ ਆਤਮ ਧੁਨ ਨਾਮ ਤਰਾਨਾ, ਤੁਆਰਫ਼ ਆਪਣਾ ਆਪ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਲਾਹੀ ਨੂਰ ਇਕ ਅਖਵਾਈਆ । ਇਲਾਹੀ ਨੂਰ ਨੂਰ ਅਲ੍ਹਾ ਹੱਕ ਹਕੀਕਤ ਵੇਖ ਵਖਾਇੰਦਾ । ਲਾਸ਼ਰੀਕ ਇਕ ਖ਼ੁਦਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਪੀਰ ਫ਼ਕੀਰ ਸ਼ਾਹ ਹਕੀਰ ਆਪਣੇ ਰੰਗ ਦਏ ਰੰਗਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਚ ਮਰਦੰਗ ਕਾਇਆ ਮਹਿਰਾਬ ਦਏ ਵਜਾ, ਏਕਾ ਕਾਅਬਾ ਆਪ ਦਿਖਾਇੰਦਾ । ਦੋ ਦੋ ਆਬਾ ਵੇਖ ਵਖਾ, ਆਬਹਯਾਤ ਜਾਮ ਪਿਆਇੰਦਾ ।

ਪੁੰਨ ਸਵਾਬ ਇਕ ਗਣਾ, ਆਪ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਲਵਾ ਜਲਵਾ ਨੂਰ, ਇਕ ਇਕੱਲਾ ਹਾਜ਼ਰ ਹਜ਼ੂਰ, ਰਹਿਮਤ ਰਹਿਮਾਨ ਆਪ ਅਖਵਾਇੰਦਾ । ਰਹਿਮਤ ਰਹਿਮਾਨ ਹਰਿ ਮਹਿਬਾਨ ਬੀਦੋ ਬੀਖੈਰ ਯਾ ਅੱਲਾ ਨੂਰ ਇਲਾਹੀਆ । ਸਰਬ ਜੀਆਂ ਦਾ ਸਚ ਈਮਾਨ, ਉਮਤ ਆਪਣੀ ਕਰੇ ਪੜ੍ਹਾਈਆ । ਆਪੇ ਜਾਣੇ ਆਪਣੀ ਇਕ ਕਲਾਮ, ਕਾਗਦ ਕਲਮ ਨਾ ਲਿਖੇ ਸ਼ਾਹੀਆ । ਆਪੇ ਬਣਿਆ ਰਹੇ ਸਦ ਗੁਲਾਮ, ਆਪ ਆਪਣੀ ਸੇਵ ਕਮਾਈਆ । ਆਪੇ ਦੇਵੇ ਸਾਚਾ ਤਾਮ, ਜਗਤ ਤ੍ਰਿਸ਼ਨਾ ਭੁੱਖ ਗੁਆਈਆ । ਆਪੇ ਕਰੇ ਕਰਾਵੇ ਆਪਣਾ ਕਾਮ, ਕਾਇਨਾਤ ਵੇਖ ਵਖਾਈਆ । ਆਪੇ ਮੇਟੇ ਅੰਧੇਰੀ ਸ਼ਾਮ, ਸਾਚਾ ਚੰਦ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਈਆ । ਆਪਣਾ ਲੇਖਾ ਹਰਿ ਮਿਹਰਵਾਨ, ਤਾਲਬ ਤੁਲਬਾ ਆਪ ਪੜ੍ਹਾਇੰਦਾ । ਦਰਗਹਿ ਸਾਚੀ ਵਖਾਏ ਇਕ ਨਿਸ਼ਾਨ, ਸਚ ਸਾਚਾ ਆਪ ਝੁਲਾਇੰਦਾ । ਦੋ ਜਹਾਨੀ ਵੇਖੇ ਮਾਰ ਧਿਆਨ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਲੇਖਾ ਜਾਣੇ ਜ਼ਿਮੀ ਅਸਮਾਨ, ਜੀਵ ਜੰਤ ਡੇਰਾ ਲਾਇੰਦਾ । ਕਰੇ ਪਰਕਾਸ਼ ਆਪ ਆਪਣੇ ਭਾਨ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਦੇਵੇ ਆਪਣਾ ਦਾਨ, ਆਤਮਕ ਵਿਦਿਆ ਇਕ ਸੁਣਾਇੰਦਾ । ਚੌਦਾਂ ਵਿਦਿਆ ਹੋਣ ਹੈਰਾਨ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਏਕਾ ਨਾਦ ਵਜਾਏ ਕਾਨ, ਰਾਗ ਇਲਾਹੀ ਆਪ ਅਲਾਇੰਦਾ । ਆਪ ਸੁਣਾਏ ਆਪਣਾ ਕਲਾਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਚ ਮੁਕੱਦਸ ਵੇਖ ਮੁਕਾਮ, ਮੁਕਾਮੇ ਹੱਕ ਰਾਹ ਤਕਾਇੰਦਾ । ਐਨਲ ਹੱਕ ਇਕ ਪੈਗ਼ਾਮ, ਧੁਰਦਰਗਾਹੀ ਆਪ ਸੁਣਾਇੰਦਾ । ਅਹਿਮਦ ਮੁਹੰਮਦ ਪਕੜੇ ਦਾਮ, ਦਾਮਨਗੀਰ ਦਾਮਨ ਆਪਣਾ ਆਪ ਫੜਾਇੰਦਾ । ਸਚ ਦੁਆਰੇ ਕਰ ਪਰਵਾਨ, ਨਿਗਹਬਾਨ ਵੇਖ ਵਖਾਇੰਦਾ । ਨੇੜ ਨਾ ਆਏ ਜਗਤ ਸ਼ੈਤਾਨ, ਮਿਹਰਬਾਨ ਖੇਲ ਖਿਲਾਇੰਦਾ । ਹੱਕ ਜਮਾਇਤ ਕਰ ਪਰਧਾਨ, ਯਾ ਹੱਕ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਆਪ ਜਣਾਇੰਦਾ । ਏਕਾ ਕਲਮਾ ਲਾਸ਼ਰੀਕ, ਸ੍ਰਿਸ਼ਟ ਸਬਾਈ ਆਪ ਪੜ੍ਹਾਈਆ । ਮੇਟਣਹਾਰ ਜਗਤ ਤਾਰੀਕ, ਅੰਧ ਅੰਧੇਰ ਰਹਿਣ ਨਾ ਪਾਈਆ । ਹਰਿ ਕਾ ਅੱਖਰ ਇਕ ਬਾਰੀਕ, ਜਗਤ ਨੇਤਰ ਪੜ੍ਹਨ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਏਕਾ ਅੱਲਾ, ਘਰ ਸਾਚੇ ਸੋਭਾ ਪਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਘਰ ਘਰ ਵਿਚ ਡੇਰਾ ਲਾਇੰਦਾ । ਅਹਿਮਦ ਸੁਨੇਹੜਾ ਏਕਾ ਘੱਲਾ, ਹੁਕਮੀ ਹੁਕਮ ਅਲਾਇੰਦਾ । ਚਾਰ ਵਰਨ ਫੜਾਏ ਪੱਲਾ, ਜੋਤੀ ਨੂਰ ਡਗਮਗਾਇੰਦਾ । ਕਰੇ ਖੇਲ ਇਕ ਇਕੱਲਾ, ਅਕਲ ਕਲ ਆਪ ਵਰਤਾਇੰਦਾ । ਪਵਣ ਪਵਣੀ ਆਪੇ ਰੱਲਾ, ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਕੂੜ ਕੁੜਿਆਰਾ ਕਰੇ ਹੱਲਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਇੰਦਾ । ਦਰਗਾਹ ਸਾਚੀ ਸਚ ਬਹਿਸ਼ਤ, ਘਰ ਸਾਚਾ ਸਚ ਸੁਹਾਇੰਦਾ । ਜਿਸ ਜਨ ਦੇਵੇ ਆਪਣਾ ਇਸ਼ਟ, ਈਸ਼ ਜੀਵ ਆਪ ਮਿਲਾਇੰਦਾ । ਜਗਤ ਵਾਸਨਾ ਕਰੇ ਭ੍ਰਿਸ਼ਟ, ਨਿਰਭੌ ਭੈ ਸਰਬ ਵਖਾਇੰਦਾ । ਕਲਜੁਗ ਅੰਤਮ ਲੇਖਾ ਜਾਣੇ ਸਰਬ ਸ੍ਰਿਸ਼ਟ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਯਾਰੀ ਤੱਕੇ ਰਾਹ, ਸੰਗ ਮੁਹੰਮਦ ਬਣ ਮਲਾਹ, ਅਹਿਮਦ ਲੇਖਾ ਦਏ ਦਿਖਾ, ਆਪ ਆਪਣਾ ਪਰਦਾ ਲਾਹੀਆ । ਆਪਣਾ ਪਰਦਾ

੫੨੩

ਦੇਵੇ ਚੁੱਕ, ਨੂਰੋ ਨੂਰ ਕਰੇ ਉਜਿਆਰਿਆ । ਜੂਠਾ ਝੂਠਾ ਸੁਨੇਹੁੜਾ ਜਾਏ ਮੁੱਕ, ਸਚ ਸੁੱਚ ਵਰਤੇ ਵਿਚ ਸੰਸਾਰਿਆ । ਪ੍ਰਗਟ ਹੋਵੇ ਜੋ ਬੈਠਾ ਲੁਕ, ਡੰਕ ਵਜਾਏ ਅਪਰ ਅਪਾਰਿਆ । ਹਰਿ ਭਗਤ ਬੂਟਾ ਨਾ ਜਾਏ ਸੁੱਕ, ਮੁਰਸ਼ਦ ਮੁਰੀਦ ਏਕਾ ਰੰਗ ਰੰਗਾ ਰਿਹਾ । ਆਪਣੀ ਗੋਦੀ ਲਏ ਚੁੱਕ, ਆਪ ਆਪਣਾ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵੇਖੇ ਸਚ ਦੁਆ, ਨਬੀ ਰਸੂਲਾਂ ਨਾਲ ਰਲਾ, ਪੀਰ ਪੈਗ਼ੰਬਰ ਵੇਖ ਵਖਾ, ਦਸਤਗੀਰ ਦਸਤ ਮਿਲਾ, ਦਸਤ ਬਰਦਾਰ ਨਾ ਆਪ ਅਖਵਾਈਆ । ਦਸਤ ਬਦਸਤ ਵੇਖ ਤਕਦੀਰ, ਤਕਬੀਰ ਲੇਖਾ ਆਪ ਜਣਾਇੰਦਾ । ਆਪ ਜਣਾਏ ਆਪਣੀ ਤਦਬੀਰ, ਤਲਕੀਨ ਇਕ ਕਰਾਇੰਦਾ । ਕਾਇਆ ਕਾਅਬਾ ਵੇਖੇ ਸ਼ਾਹ ਫ਼ਕੀਰ, ਕੁਤਬ ਗੌਂਸ ਫੋਲ ਫੁਲਾਇੰਦਾ । ਝੂਠਾ ਤੋੜੇ ਜਗਤ ਜੰਜ਼ੀਰ, ਜਿਸ ਜਨ ਰਹਿਮਤ ਰਹਿਮਾਨ ਆਪ ਕਰਾਇੰਦਾ । ਚੋਟੀ ਚਾੜ੍ਹੇ ਇਕ ਅਖੀਰ, ਸਾਚੀ ਸਦਾ ਬਾਂਗ ਊਚੀ ਕੂਕ ਆਪ ਸੁਣਾਇੰਦਾ । ਏਕਾ ਮੇਲਾ ਦਏ ਮਿਲਾ, ਨੂਰ ਨੂਰ ਵਿਚ ਰਖਾਇੰਦਾ । ਕਲਮਾ ਕਲਾਮ ਦਏ ਪੜ੍ਹਾ, ਕਾਤਬ ਭੇਵ ਕੋਇ ਨਾ ਪਾਇੰਦਾ । ਖ਼ਾਦਮ ਬਣੇ ਆਪ ਖ਼ੁਦਾ, ਬਾਈਬਲ ਦੁਆ ਜੋ ਮੰਗ ਮੰਗਾਇੰਦਾ । ਝੂਠਾ ਨਿਜ਼ਾਮ ਨਾਜ਼ਮ ਦਏ ਮਿਟਾ, ਜਗਤ ਨਿਹਾਦ ਵੇਖ ਵਖਾਇੰਦਾ । ਸਾਚਾ ਸਾਲਸ ਬਣੇ ਬੇਪਰਵਾਹ, ਅਦਲ ਆਪਣਾ ਆਪ ਕਮਾਇੰਦਾ । ਗਾਲਬ ਗੁਰਬਤ ਦਏ ਗੁਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੁਕਾਮ ਮੁਕਾਮੇ ਹੱਕ, ਖ਼ੁਦੀ ਖ਼ੁਦਾ ਰਿਹਾ ਤੱਕ, ਹੱਕ ਹਕੀਕਤ ਵੇਖ ਵਖਾਇੰਦਾ । ਹੱਕ ਹਕੀਕਤ ਸੱਚਾ ਹਕਦਾਰ, ਹਾਕਮ ਹੁਕਮ ਆਪ ਜਣਾਈਆ । ਮੇਲ ਮਿਲਾਏ ਮੀਤ ਮੁਰਾਰ, ਅੰਦਰ ਮੰਦਰ ਹੁਕਮ ਸੁਣਾਈਆ । ਆਪ ਜਣਾਏ ਆਪਣੀ ਗੁਫ਼ਤਾਰ, ਜਗਤ ਰਫਤਾਰ ਨਾ ਕੋਇ ਵਖਾਈਆ । ਅਹਿਬਾਬ ਰਬਾਬ ਵਜਾਏ ਸੰਸਾਰ, ਸਾਰੰਗ ਸਾਰੰਗੀ ਨਾ ਹੱਥ ਵਖਾਈਆ । ਅੰਜੀਲ ਕੁਰਾਨ ਕਰੇ ਪੁਕਾਰ, ਬੀਸ ਬੀਸ ਦਏ ਗਵਾਹੀਆ । ਖ਼ਾਲਕ ਖ਼ਲਕ ਕਰੇ ਪਿਆਰ, ਦੂਈ ਦਵੈਤ ਨਾ ਕੋਇ ਰਖਾਈਆ । ਨਿੰਦਕ ਦੁਸ਼ਟ ਦੁਰਾਚਾਰ, ਚਾਰੋਂ ਕੁੰਟ ਦੇਣ ਦੁਹਾਈਆ । ਪ੍ਰਗਟ ਕਰੇ ਆਪਣਾ ਨੂਰ ਉਜਿਆਰ, ਮਹਿਤਾਬ ਬੇਆਬ ਹੋਏ ਕੁਰਲਾਈਆ । ਸ੍ਰਿਸ਼ਟ ਸਬਾਈ ਪਕੜੇ ਵਾਗ, ਡੋਰ ਆਪਣੇ ਹੱਥ ਉਠਾਈਆ । ਸਾਚੇ ਘਰ ਜਗਾਏ ਚਿਰਾਗ, ਤੇਲ ਬੱਤੀ ਨਾ ਕੋਇ ਪਾਈਆ । ਤਤ ਵਿਕਾਰਾ ਬੁਝੇ ਆਗ, ਮਾਇਆ ਮਮਤਾ ਦਏ ਗੁਆਈਆ । ਏਕਾ ਕਲਮਾ ਪੜ੍ਹਾਏ ਅਯੁਧਿਆ ਕਾਂਸ਼ੀ ਪਰਾਗ, ਮੱਕਾ ਕਾਅਬਾ ਕਰੇ ਇਕ ਜਣਾਈਆ । ਜਿਸ ਜਨ ਉਪਜਾਏ ਆਤਮ ਵੈਰਾਗ, ਬਿਸਮਿਲ ਰੂਪ ਆਪ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੂਰ ਸ਼ਾਹ ਸੁਲਤਾਨਾ, ਖੇਲੇ ਖੇਲ ਸ੍ਰੀ ਭਗਵਾਨਾ, ਭਾਰਤ ਖੰਡ ਵੇਖ ਬ੍ਰਹਿਮੰਡ, ਨੌ ਨੌ ਖੰਡ ਫੇਰਾ ਪਾਈਆ । ਸਚ ਦੁਆ ਹੋਏ ਕਬੂਲ, ਜਿਸ ਜਨ ਏਕਾ ਏਕ ਧਿਆਇਆ । ਨਾ ਕਾਤਲ ਨਾ ਦਿਸੇ ਮਕਤੂਲ, ਕਾਇਆ ਮਕਬਰਾ ਵੇਖ ਵਖਾਇਆ । ਖ਼ੁਦਾਵੰਦ ਕਰੀਮ ਅਜ਼ੀਮ ਨਾ ਜਾਏ ਭੂਲ, ਤਾਲੀਮ ਰੋਜ਼ਾ ਇਕ ਪੜ੍ਹਾਇਆ । ਆਪੇ ਜਾਣੇ ਆਪਣਾ ਸਚ ਅਸੂਲ, ਬੇਕਾਇਦਗੀ ਵਿਚ ਕਦੇ ਨਾ ਆਇਆ । ਆਪ ਜਣਾਏ ਆਪਣਾ ਜਨੂਨ, ਜਾਗਰਤ ਜੋਤ ਕਰੇ ਰੁਸ਼ਨਾਇਆ । ਪਹਿਲਾ ਮੇਟੇ ਸਰਬ ਕਾਨੂੰਨ, ਜ਼ਾਤ ਪਾਤ ਵਰਨ ਗੋਤ ਬਰਨ ਅਠਾਰਾਂ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੁਕੱਦਸ ਵੇਖੇ ਧਾਮ, ਏਕਾ ਖੇੜਾ ਇਕ ਗਰਾਮ, ਏਕਾ ਇਛਿਆ ਏਕਾ ਕਾਮ, ਏਕਾ ਭਿਛਿਆ ਦੇਵੇ ਰਾਮ, ਨਾਮ ਨਿਧਾਨਾ ਏਕਾ ਗਾਇਆ ।

੫੨੪

## ✻ ੧ ਜੇਠ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✻

ਲਾਲ ਰੰਗ ਹਰਿ ਗੁਲਾਲਾ, ਸੋ ਪੁਰਖ ਨਿਰੰਜਣ ਆਪ ਉਪਜਾਇੰਦਾ । ਬਣੇ ਲਾਲਾਰੀ ਪੁਰਖ ਅਕਾਲਾ, ਹਰਿ ਪੁਰਖ ਨਿਰੰਜਣ ਨਾਲ ਰਲਾਇੰਦਾ । ਏਕੰਕਾਰਾ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਆਪਣੀ ਆਪ ਉਪਾਇੰਦਾ । ਅਬਿਨਾਸ਼ੀ ਕਰਤਾ ਵਸੇ ਸਚਖੰਡ ਸੱਚੀ ਧਰਮਸਾਲਾ, ਧੁਰ ਦਰਬਾਰਾ ਆਪ ਸੁਹਾਇੰਦਾ । ਸ੍ਰੀ ਭਗਵਾਨ ਬਣੇ ਦਲਾਲਾ, ਦਰ ਘਰ ਸਾਚੇ ਸੇਵ ਕਮਾਇੰਦਾ । ਪਾਰਬ੍ਰਹਮ ਰਾਹ ਵੇਖੇ ਇਕ ਸੁਖਾਲਾ, ਮਾਰਗ ਆਪਣਾ ਪੰਧ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਰੰਗ ਰੰਗੀਲਾ ਆਪ ਰੰਗਾਇੰਦਾ । ਲਾਲ ਰੰਗ ਹਰਿ ਅਨਮੋਲਾ, ਏਕਾ ਏਕ ਉਪਜਾਇੰਦਾ । ਸੋ ਪੁਰਖ ਨਿਰੰਜਣ ਬਣਿਆ ਤੋਲਾ, ਸਾਚੇ ਕੰਡੇ ਆਪ ਤੁਲਾਇੰਦਾ । ਹਰਿ ਪੁਰਖ ਨਿਰੰਜਣ ਦਰ ਦਰਵੇਸ਼ ਬਣ ਬਣ ਗੋਲਾ, ਆਪਣੀ ਭਿਖਿਆ ਮੰਗ ਮੰਗਾਇੰਦਾ । ਏਕਓਅੰਕਾਰਾ ਬੋਲੇ ਏਕਾ ਬੋਲਾ, ਏਕਾ ਹੁਕਮੀ ਹੁਕਮ ਜਣਾਇੰਦਾ । ਆਦਿ ਨਿਰੰਜਣ ਗਾਏ ਸਾਚਾ ਢੋਲਾ, ਰੂਪ ਰੰਗ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਵਸੇ ਕੋਲਾ, ਆਪ ਆਪਣਾ ਪਰਦਾ ਲਾਹਿੰਦਾ । ਅਬਿਨਾਸ਼ੀ ਕਰਤਾ ਰੰਗੇ ਚੋਲਾ, ਦੂਸਰ ਰੰਗ ਨਾ ਕੋਇ ਜਣਾਇੰਦਾ । ਪਾਰਬ੍ਰਹਮ ਆਪ ਮਿਟਾਏ ਪਰਦਾ ਉਹਲਾ, ਆਪ ਆਪਣਾ ਰੂਪ ਪ੍ਰਗਟਾਇੰਦਾ । ਸਚਖੰਡ ਦੁਆਰੇ ਸੁਣਾਏ ਏਕਾ ਸੋਹਲਾ, ਨਾਦ ਅਨਾਦੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਉਪਾਇੰਦਾ । ਸਾਚਾ ਰੰਗ ਲਾਲ ਅਪਾਰਾ, ਸੋ ਪੁਰਖ ਨਿਰੰਜਣ ਆਪ ਉਪਜਾਇੰਦਾ । ਹਰਿ ਪੁਰਖ ਨਿਰੰਜਣ ਕਰ ਪਿਆਰਾ, ਆਪ ਆਪਣਾ ਖੇਲ ਖਿਲਾਇੰਦਾ । ਇਕਓਅੰਕਾਰਾ ਬਣ ਲਲਾਰਾ, ਸਾਚੀ ਸੇਵਕ ਸੇਵ ਕਮਾਇੰਦਾ । ਸ੍ਰੀ ਭਗਵਾਨ ਕਰੇ ਖੇਲ ਨਿਆਰਾ, ਖੇਲਣਹਾਰਾ ਦਿਸ ਨਾ ਆਇੰਦਾ । ਅਬਿਨਾਸ਼ੀ ਕਰਤਾ ਵਸੇ ਉਚ ਚੁਬਾਰਾ, ਮਹੱਲ ਅਟੱਲ ਇਕ ਸੁਹਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਦੀਪਕ ਦੀਆ ਇਕ ਜਗਾਇੰਦਾ । ਪਾਰਬ੍ਰਹਮ ਨੇਤਰ ਨੈਣ ਇਕ ਉਘਾੜਾ, ਆਪੇ ਆਪਣਾ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗੇ ਲਾਲ, ਲਾਲਣ ਆਪਣਾ ਨਾਉਂ ਧਰਾਇੰਦਾ । ਲਾਲ ਲਾਲਣ ਪੁਰਖ ਅਗੰਮਾ, ਦੂਸਰ ਹੋਰ ਨਾ ਕੋਇ ਜਣਾਇੰਦਾ । ਆਪੇ ਜਾਣੇ ਆਪਣਾ ਕੰਮਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਮਾਤ ਪਿਤ ਜਨਣੀ ਜਨ ਨਾ ਕਿਸੇ ਜਣਾ, ਰਸਨਾ ਰਸ ਨਾ ਕੋਇ ਵਖਾਇੰਦਾ । ਰਾਗ ਨਾਦ ਨਾ ਸੁਣਾਏ ਕੋਈ ਕੰਨਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਨਾ ਕਰੇ ਪਰਕਾਸ਼ ਕੋਇ ਰਵ ਸਸ ਚੰਨਾ, ਸੂਰਜ ਸੂਰਯਾ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਅਪਰ ਅਪਾਰਾ, ਆਪ ਉਪਾਏ ਹਰਿ ਨਿਰੰਕਾਰਾ, ਦਰ ਘਰ ਸਾਚੇ ਆਪ ਸੁਹਾਇੰਦਾ । ਦਰ ਘਰ ਹਰਿ ਸੁਹੰਜਣਾ, ਪੁਰਖ ਅਬਿਨਾਸ਼ੀ ਆਪ ਸੁਹਾਈਆ । ਖੇਲ ਕਰੇ ਦਰਦ ਦੁੱਖ ਭੈ ਭੰਜਣਾ, ਭੇਵ ਅਭੇਦਾ ਭੇਵ ਛੁਪਾਈਆ । ਆਪਣਾ ਲੇਖਾ ਆਪੇ ਜਾਣੇ ਨਾ ਘੜਿਆ ਨਾ ਭੱਜਣਾ, ਘੜਣ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਆਪ ਆਪਣਾ ਵੇਸ ਧਰਾਈਆ । ਸਚਖੰਡ ਦੁਆਰੇ ਆਪੇ ਵੜਿਆ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਰ ਨਿਰੰਕਾਰਾ ਆਪਣੀ ਸੇਜ ਆਪੇ ਚੜ੍ਹਿਆ, ਆਪ ਆਪਣਾ ਸਗਨ ਮਨਾਇੰਦਾ । ਆਪਣਾ ਪੱਲਾ ਆਪੇ ਫੜਿਆ, ਸਾਲੂ ਆਪਣੀ ਗੰਢ ਬੰਧਾਇੰਦਾ । ਆਪਣਾ ਘਾੜਣ ਆਪੇ


੫੨੫

ਘੜਿਆ, ਰੂਪ ਰੇਖ ਨਾ ਕੋਇ ਵਖਾਇੰਦਾ । ਅਗਨੀ ਪਵਣੀ ਕਦੇ ਨਾ ਸੜਿਆ, ਤਤਵ ਤਤ ਨਾ ਕੋਇ ਜਲਾਇੰਦਾ । ਵਿਦਿਆ ਅੱਖਰ ਕੋਇ ਨਾ ਪੜ੍ਹਿਆ, ਆਪ ਆਪਣਾ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੇਲ ਅਪਾਰਾ, ਹਰਿ ਨਿਰੰਕਾਰਾ ਆਪ ਕਰਾਇੰਦਾ । ਖੇਲ ਅਪਾਰਾ ਸ੍ਰੀ ਭਗਵਾਨ, ਆਪਣਾ ਆਪ ਕਰਾਈਆ । ਸਚਖੰਡ ਦੁਆਰਾ ਸੁਹਾਏ ਸਚ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਆਪਣੀ ਜੋਤੀ ਨਾਲ ਰਲਾਏ ਨਾਰ ਰਕਾਨ, ਅੰਗ ਅੰਗੀਕਾਰ ਕਰਾਈਆ । ਆਪਣੀ ਸੇਜਾ ਕਰੇ ਪਰਵਾਨ, ਪਰਮ ਪੁਰਖ ਵਡ ਵਡਿਆਈਆ । ਆਪਣਾ ਵੇਖੇ ਮਾਰ ਧਿਆਨ, ਨਿਰਗੁਣ ਨਿਰਗੁਣ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਖੇਲ ਅਪਾਰਾ, ਇਕਓਅੰਕਾਰਾ ਆਪ ਖਿਲਾਈਆ । ਇਕਓਅੰਕਾਰਾ ਸਚ ਮਹੱਲਾ, ਸਚਖੰਡ ਸੋਭਾ ਪਾਇੰਦਾ । ਸਾਚੀ ਸੇਜਾ ਇਕ ਇਕੱਲਾ, ਆਪਣਾ ਆਸਣ ਲਾਇੰਦਾ । ਆਪ ਫੜਾਏ ਆਪਣਾ ਪੱਲਾ, ਆਪ ਆਪਣਾ ਮੇਲ ਮਿਲਾਇੰਦਾ । ਆਪ ਵਸਾਏ ਨਿਹਚਲ ਧਾਮ ਅਟੱਲਾ, ਅਗੰਮ ਅਥਾਹ ਆਪ ਅਖਵਾਇੰਦਾ । ਆਪਣਾ ਆਸਣ ਆਪੇ ਮੱਲਾ, ਆਪ ਆਪਣਾ ਚਰਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਚ ਕਰੀ ਕੁੜਮਾਈਆ । ਹਰਿ ਹਰਿ ਬਣਿਆ ਨਾਰੀ ਕੰਤ, ਨਰ ਹਰਿ ਨਰਾਇਣ ਵੇਖ ਵਖਾਈਆ । ਆਪ ਬਣਾਈ ਆਪਣੀ ਬਣਤ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਸਚਖੰਡ ਦੁਆਰਾ ਹਰਿ ਭਗਵਾਨਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਆਪਣੇ ਹੱਥੀਂ ਬੰਨ੍ਹੇ ਗਾਨਾ, ਆਪ ਆਪਣਾ ਸਗਨ ਮਨਾਇੰਦਾ । ਆਪੇ ਬੋਲੇ ਸਚ ਤਰਾਨਾ, ਤੁਰੀਆ ਰਾਗ ਆਪ ਅਲਾਇੰਦਾ । ਆਪੇ ਵੇਖੇ ਸਚ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਇੰਦਾ । ਆਪੇ ਬਣ ਬਣ ਨੌਜਵਾਨਾ, ਆਪਣਾ ਜੋਬਨ ਰੂਪ ਸੁਹਾਇੰਦਾ । ਆਪੇ ਮਸਤੀ ਮਸਤ ਮਸਤਾਨਾ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਆਦਿ ਸ਼ਕਤ ਬਣੇ ਨੌਜਵਾਨਾ, ਨਿਰਗੁਣ ਨਾਰ ਭਤਾਰ ਰੂਪ ਵਟਾਇੰਦਾ । ਆਪੇ ਸੌਹਰੇ ਪੇਈਏ ਦੇਵੇ ਮਾਣਾ, ਆਪ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਦਿਸ ਨਾ ਆਇੰਦਾ । ਸਚਖੰਡ ਦਵਾਰਾ ਪਾਰਬ੍ਰਹਮ, ਏਕਾ ਰੰਗ ਸਮਾਇਆ । ਨਾ ਮਰੇ ਨਾ ਪਏ ਜੰਮ, ਤਤਵ ਤਤ ਨਾ ਕੋਇ ਉਪਾਇਆ । ਆਪੇ ਜਾਣੇ ਆਪਣਾ ਕੰਮ, ਕਰਤਾ ਕਾਰਜ ਆਪ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇਆ । ਪੁਰਖ ਅਬਿਨਾਸ਼ਾ ਖੇਲ ਕਰੰਦੜਾ, ਘਰ ਸਾਚੇ ਵੱਜੇ ਵਧਾਈਆ । ਸਾਚੇ ਤਖ਼ਤ ਆਪ ਸੁਹੰਦੜਾ, ਸੋਭਾਵੰਤ ਬੇਪਰਵਾਹੀਆ । ਆਪਣੀ ਰਚਨਾ ਆਪ ਰਚੰਦੜਾ, ਰਚ ਰਚ ਵੇਖੇ ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਨਿਰਗੁਣ ਨਾਰੀ ਨਿਰਗੁਣ ਕੰਤ, ਨਿਰਗੁਣ ਬਣੇ ਵਿਚੋਲਿਆ । ਨਿਰਗੁਣ ਧਾਮ ਨਿਰਗੁਣ ਕਾਮ ਨਿਰਗੁਣ ਸੋਭਾਵੰਤ, ਨਿਰਗੁਣ ਗਾਏ ਢੋਲਿਆ । ਨਿਰਗੁਣ ਜਾਮ ਨਿਰਗੁਣ ਮੰਤ, ਨਿਰਗੁਣ ਬੋਲੇ ਬੋਲਿਆ । ਨਿਰਗੁਣ ਆਦਿ ਨਿਰਗੁਣ ਅੰਤ, ਨਿਰਗੁਣ ਖੇਲੇ ਆਪਣੀ ਹੋਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੰਗੇ ਆਪਣੀ ਚੋਲੀਆ ।

ਨਿਰਗੁਣ ਨਾਰੀ ਕੰਤ ਭਤਾਰਾ, ਸੱਚਖੰਡ ਡੇਰਾ ਲਾਇਆ । ਨਿਰਗੁਣ ਕਰੇ ਸਚ ਪਿਆਰਾ, ਨਿਰਗੁਣ ਆਪਣਾ ਮੇਲ ਮਿਲਾਇਆ । ਨਿਰਗੁਣ ਨੇਤਰ ਨੈਣ ਵੇਖੇ ਏਕਾ ਧਾਰਾ, ਧਾਰ ਧਾਰ ਵਿਚ ਟਿਕਾਇਆ । ਨਿਰਗੁਣ ਗੁਪਤ ਨਿਰਗੁਣ ਜ਼ਾਹਰਾ, ਜ਼ਾਹਰ ਜ਼ਹੂਰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਨਿਰਗੁਣ ਮੇਲ ਪੁਰਖ ਬਿਧਾਤਾ, ਆਦਿ ਨਿਰੰਜਣ ਵਡ ਵਡਿਆਈਆ । ਖੇਲੇ ਖੇਲ ਇਕ ਇਕਾਂਤਾ, ਅਕਲ ਕਲ ਭੇਵ ਨਾ ਰਾਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਘੜੀ ਪਲ ਨਾ ਕੋਇ ਬਣਾਈਆ । ਨਾ ਕੋਈ ਬਰਸ ਨਾ ਕੋਈ ਮਾਸ ਨਾ ਕੋਈ ਲੇਖਾ ਲਿਖੇ ਗਾਥਾ, ਨਾ ਕੋਈ ਕਰੇ ਪੜ੍ਹਾਈਆ । ਨਾ ਕੋਈ ਮੰਡਲ ਮੰਡਪ ਰਵ ਸਸ ਚਲਾਏ ਰਾਥਾ, ਹੁਕਮੀ ਹੁਕਮ ਨਾ ਕੋਇ ਭਵਾਈਆ । ਇਕ ਇਕੱਲਾ ਹਰਿ ਸਮਰਾਥਾ, ਸਚਖੰਡ ਬੈਠਾ ਆਸਣ ਲਾਈਆ । ਆਪਣੇ ਅੰਦਰ ਮਾਰੇ ਸਾਚੀ ਠਾਠਾ, ਸਰ ਸਰੋਵਰ ਆਪ ਅਖਵਾਈਆ । ਆਪਣਾ ਬਣੇ ਆਪੇ ਬਾਟਾ, ਅੰਮ੍ਰਿਤ ਆਪਣਾ ਵਿਚ ਟਿਕਾਈਆ । ਆਪੇ ਵੇਚੇ ਆਪਣੇ ਹਾਟਾ, ਚੌਦਾਂ ਹੱਟ ਨਾ ਵਣਜ ਵਖਾਈਆ । ਆਪੇ ਸੋਹੇ ਆਪਣੀ ਖਾਟਾ, ਸੇਜ ਸੁਹੰਜਣੀ ਇਕ ਵਛਾਈਆ । ਆਪੇ ਜੋਤੀ ਨੂਰ ਹੋਏ ਲਲਾਟਾ, ਨੂਰੋ ਨੂਰ ਡਗਮਗਾਈਆ । ਆਪੇ ਵੜੇ ਆਣ ਬਾਟਾ, ਆਪੇ ਪਰਦਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਅਗੰਮ ਅਥਾਹੀਆ । ਨਿਰਗੁਣ ਬਾਟਾ ਅੰਮ੍ਰਿਤ ਭਰਿਆ, ਪ੍ਰੇਮ ਪ੍ਰੇਮ ਵਿਚ ਸਮਾਇੰਦਾ । ਆਪੇ ਫੜ ਫੜ ਅੱਗੇ ਕਰਿਆ, ਆਪੇ ਵੇਖ ਵਖਾਇੰਦਾ । ਆਪੇ ਨਾਰੀ ਨਰ ਦੇਵੇ ਵਰਿਆ, ਵਰ ਘਰ ਆਪਣਾ ਆਪ ਸੁਹਾਇੰਦਾ । ਆਪੇ ਆਪਣਾ ਸਗਨ ਕਰਿਆ, ਪ੍ਰੇਮ ਰੰਗਣ ਰੰਗ ਰੰਗਾਇੰਦਾ । ਲਾਲ ਰੰਗ ਪਹਿਲੀ ਵੇਰ ਪੁਰਖ ਅਬਿਨਾਸ਼ੀ ਕਰਿਆ, ਸਚਖੰਡ ਦੁਆਰੇ ਆਪਣੀ ਸੇਜ ਸੁਹਾਇੰਦਾ । ਆਪਣਾ ਪੱਲੂ ਆਪੇ ਫੜਿਆ, ਦੂਸਰ ਕੋਇ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜਾ ਖੇਲ ਖਿਲਾਇੰਦਾ । ਲਾਲ ਰੰਗ ਹਰਿ ਨਿਰੰਕਾਰਾ, ਘਰ ਸਾਚੇ ਆਪ ਰੰਗਾਈਆ । ਨਾਰੀ ਕੰਤ ਮੇਲ ਭਤਾਰਾ, ਪ੍ਰਿਆ ਪ੍ਰੀਤਮ ਵੇਖ ਵਖਾਈਆ । ਸਾਚਾ ਸਾਲੂ ਹੋਏ ਤਿਆਰਾ, ਦੀਨ ਦਿਆਲੂ ਆਪ ਕਰਾਈਆ । ਆਦਿ ਜੁਗਾਦੀ ਅੰਤ ਨਾ ਪਾਰਾਵਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਕੋਇ ਨਾ ਜਾਣੇ ਆਰ ਪਾਰ ਕਿਨਾਰਾ, ਬੇਅੰਤ ਬੇਪਰਵਾਹੀਆ । ਲਾਲ ਰੰਗ ਨਿਰਗੁਣ ਧਾਰਾ, ਸੁਤੇ ਪਰਕਾਸ਼ ਆਪ ਕਰਾਈਆ । ਸਚਖੰਡ ਨਿਵਾਸੀ ਆਪੇ ਜਾਣੇ ਆਪਣੀ ਧਾਰਾ, ਆਪ ਆਪਣੇ ਵਿਚੋਂ ਪ੍ਰਗਟਾਈਆ । ਕਰੇ ਖੇਲ ਖੇਲਣਹਾਰਾ, ਸਾਚੀ ਰਚਨਾ ਰਚ ਵਖਾਈਆ । ਸਚਖੰਡ ਦਵਾਰਿਉਂ ਆਵੇ ਬਾਹਰਾ, ਸੁਨ ਅਗੰਮ ਸਮਾਈਆ । ਸੁਨ ਅਗੰਮੀ ਹੋ ਉਜਿਆਰਾ, ਪਾਰਬ੍ਰਹਮ ਲਏ ਉਠਾਈਆ । ਪਾਰਬ੍ਰਹਮ ਪ੍ਰਭ ਭਰ ਭੰਡਾਰਾ, ਬ੍ਰਹਮ ਵਿਦਿਆ ਇਕ ਜਣਾਈਆ । ਬ੍ਰਹਮ ਬ੍ਰਹਮ ਕਰ ਉਜਿਆਰਾ, ਵਿਸ਼ਨੂੰ ਵਿਸ਼ਵ ਰੂਪ ਪਰਗਟਾਈਆ । ਸ਼ੰਕਰ ਖੇਲ ਵਿਚ ਸੰਸਾਰਾ, ਸਤਿਗੁਰ ਪੂਰਾ ਆਪ ਕਰਾਈਆ । ਤਿੰਨਾਂ ਵਿਚੋਲਾ ਬਣ ਨਿਰੰਕਾਰਾ, ਤ੍ਰੈਗੁਣ ਝੋਲੀ ਇਕ ਭਰਾਈਆ । ਏਕਾ ਸ਼ਬਦ ਸ਼ਬਦ ਜੈਕਾਰਾ, ਧੁਨ ਆਤਮਕ ਆਪ ਸੁਣਾਈਆ । ਚਾਰੇ ਵੇਦਾਂ ਬਣ ਲਿਖਾਰਾ, ਚਾਰੇ ਮੁਖ ਦਏ ਸਾਲਾਹੀਆ । ਚਾਰੇ ਜੁਗ ਭਰੇ ਭੰਡਾਰਾ, ਚਾਰੇ ਖਾਣੀ ਵੇਖ ਵਖਾਈਆ । ਚਾਰੇ ਬਾਣੀ ਆਪਣੀ ਧਾਰਾ, ਆਪ ਆਪਣਾ ਸ਼ਬਦ ਸੁਣਾਈਆ । ਚਾਰੇ ਵਰਨ ਕਰੇ ਪੁਕਾਰਾ, ਚਾਰ ਚਾਰਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਈਆ । ਲੇਖਾ ਹਰਿ ਭਗਵੰਤ,

ਭੇਵ ਕੋਇ ਨਾ ਪਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਆਪੇ ਨਾਰੀ ਆਪੇ ਕੰਤ, ਕੰਤ ਕੰਤੂਹਲ ਨਾਉਂ ਧਰਾਇੰਦਾ । ਆਪੇ ਚੋਲੀ ਚਾੜ੍ਹੇ ਰੰਗ ਬਸੰਤ, ਕਾਇਆ ਕਪੜ ਵੇਖ ਵਖਾਇੰਦਾ । ਆਪੇ ਮਣੀਆ ਆਪੇ ਮੰਤ, ਆਪੇ ਸ਼ਬਦ ਰੂਪ ਪਰਗਟਾਇੰਦਾ । ਆਪੇ ਜੀਵ ਆਪੇ ਜੰਤ, ਲੱਖ ਚੁਰਾਸੀ ਆਪ ਸਮਾਇੰਦਾ । ਆਪੇ ਸਾਧ ਆਪੇ ਸੰਤ, ਆਦਿ ਅੰਤ ਵੇਖ ਵਖਾਇੰਦਾ । ਆਪੇ ਹਉਮੇ ਆਪੇ ਹੰਗਤ, ਖ਼ਿਮਾਂ ਗ਼ਰੀਬੀ ਆਪ ਹੰਢਾਇੰਦਾ । ਆਪੇ ਭੁੱਖਾ ਆਪੇ ਨੰਗਤ, ਸ਼ਾਹ ਸੁਲਤਾਨ ਆਪ ਹੋ ਜਾਇੰਦਾ । ਆਪੇ ਦਰ ਦਰ ਭਿਖਾਰੀ ਬਣੇ ਮੰਗਤ, ਆਪੇ ਮੰਗਿਆਂ ਭਿਛ ਨਾ ਪਾਇੰਦਾ । ਆਪੇ ਚੋਲੀ ਚਾੜ੍ਹੇ ਸਾਚੀ ਰੰਗਤ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਲਾਲ ਰੰਗ ਹਰਿ ਕਰਤਾਰ, ਆਪਣਾ ਆਪ ਰੰਗਾਈਆ । ਪਰਗਟ ਕਰੇ ਵਿਚ ਸੰਸਾਰ, ਗੁਰ ਸਤਿਗੁਰ ਬੂਝ ਬੁਝਾਈਆ । ਨਿਰਗੁਣ ਸਰਗੁਣ ਕਰ ਪਿਆਰ, ਪੀਆ ਪ੍ਰੀਤਮ ਦਏ ਮਿਲਾਈਆ । ਘਰ ਸੁਹੰਜਣਾ ਖੇਲ ਅਪਾਰ, ਆਦਿ ਨਿਰੰਜਣਾ ਆਪ ਕਰਾਈਆ । ਦਰਦ ਦੁੱਖ ਭੈ ਭੰਜਣਾ ਪਾਵੇ ਸਾਰ, ਨੇਤਰ ਅੰਜਣਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਦਏ ਵਡਿਆਈਆ । ਲਾਲ ਰੰਗ ਲੋਕਮਾਤ, ਗੁਰ ਸਤਿਗੁਰ ਆਪ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਵੇਖੇ ਮਾਰ ਝਾਤ, ਨੇਤਰ ਨੈਣ ਨਾ ਕੋਇ ਦਖਾਇੰਦਾ । ਲੇਖਾ ਚੁਕਾਏ ਦਿਵਸ ਰਾਤ, ਸਵੇਰ ਸੰਝ ਨਾ ਕੋਇ ਬਣਾਇੰਦਾ । ਹਰਿ ਭਗਤ ਸੁਣਾਏ ਆਪਣੀ ਗਾਥ, ਆਪ ਆਪਣਾ ਨਾਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਾਲ ਰੰਗ ਵੰਡ ਵੰਡਾਇੰਦਾ । ਲਾਲ ਰੰਗ ਵੰਡੀ ਵੰਡ, ਵੰਡਣਹਾਰ ਕਰਤਾਰਾ । ਭੇਵ ਨਾ ਪਾਏ ਕੋਈ ਵਿਚ ਬ੍ਰਹਿਮੰਡ, ਲਿਖ ਲਿਖ ਥੱਕਾ ਸਰਬ ਸੰਸਾਰਾ । ਅੰਤ ਨਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਦਿਸੇ ਨਾ ਪਾਰ ਕਿਨਾਰਾ । ਦਿਸ ਨਾ ਆਏ ਵਿਚ ਨਵ ਖੰਡ, ਸਤ ਦੀਪ ਨਾ ਕੋਇ ਉਜਿਆਰਾ । ਪੁਰਖ ਅਬਿਨਾਸ਼ੀ ਆਪਣੀ ਸੇਜਾ ਸੁੱਤਾ ਦੇ ਕਰ ਕੰਡ, ਨੇਤਰ ਨੈਣ ਨਾ ਕੋਇ ਉਘਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰਾ । ਲਾਲ ਰੰਗ ਹਰਿ ਸੁਲਤਾਨ, ਦਰ ਘਰ ਸਾਚੇ ਆਪ ਵਰਤਾਇੰਦਾ । ਜੁਗਾ ਜੁਗੰਤਰ ਹੋ ਮਿਹਰਵਾਨ, ਜਨ ਭਗਤਾਂ ਝੋਲੀ ਪਾਇੰਦਾ । ਗੁਰ ਸਤਿਗੁਰ ਦੇਵੇ ਸਾਚਾ ਦਾਨ, ਗੁਣ ਨਿਧਾਨ ਦਇਆ ਕਮਾਇੰਦਾ । ਜਿਸ ਸਖੀ ਮਿਲਿਆ ਸੱਚਾ ਕਾਹਨ, ਤਿਸ ਸਾਲੂ ਲਾਲ ਰੰਗਾਇੰਦਾ । ਲੱਖ ਚੁਰਾਸੀ ਜੀਵ ਜੰਤ ਸਰਬ ਪਛਤਾਣ, ਨੇਤਰ ਦਰਸ ਕੋਇ ਨਾ ਪਾਇੰਦਾ । ਕੋਟਨ ਕੋਟ ਰਸਨਾ ਗਾਣ, ਕਾਇਆ ਕੋਟ ਨਾ ਕੋਇ ਤੁੜਾਇੰਦਾ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਤਿਸ ਜਨ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਕਰੇ ਮਾਤ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਉਠਾਇੰਦਾ । ਗੁਰਸਿਖ ਲੱਗੇ ਨਾ ਦਾਗ਼, ਗੁਰ ਸਤਿਗੁਰ ਆਪ ਧੁਆਇੰਦਾ । ਗੁਰਸਿਖ ਨਾ ਹੋਏ ਕਾਗ, ਮਾਣਕ ਮੋਤੀ ਚੋਗ ਚੁਗਾਇੰਦਾ । ਗੁਰਸਿਖ ਉਪਜੇ ਇਕ ਵੈਰਾਗ, ਬਿਰਹੋਂ ਤੀਰ ਨਿਰਾਲਾ ਅਣਿਆਲਾ ਆਪ ਲਗਾਇੰਦਾ । ਗੁਰਸਿਖ ਜੋਤੀ ਜਗੇ ਚਿਰਾਗ, ਅੰਧ ਅੰਧੇਰਾ ਆਪ ਮਿਟਾਇੰਦਾ । ਗੁਰਸਿਖ ਪਕੜੇ ਆਪ ਵਾਗ, ਸਾਚੀ ਸੇਵਾ ਸੇਵ ਕਮਾਇੰਦਾ । ਗੁਰਸਿਖ ਤੇਰੀ ਸਰਨ ਹਰਿ ਸਾਚਾ ਜਾਏ ਲਾਗ, ਲੋਕਮਾਤ ਤੇਰੀ ਓਟ ਰਖਾਇੰਦਾ । ਤੇਰੇ ਘਰ ਲੱਗੀ ਬੁਝਾਏ ਆਗ, ਆਪਣਾ ਅੰਮ੍ਰਿਤ ਮੇਘ ਬਰਸਾਇੰਦਾ । ਤੇਰੇ ਮੰਦਰ ਗਾਏ ਆਪਣਾ ਰਾਗ, ਆਪਣੀ ਧੁਨ ਆਪ ਉਪਜਾਇੰਦਾ ।

੫੨੮

ਤੇਰਾ ਬਣੇ ਸੱਜਣ ਸਾਕ, ਆਪ ਕਬੀਲਾ ਨਾ ਕੋਇ ਦਖਾਇੰਦਾ । ਤੇਰੀ ਧੂੜੀ ਮੰਗੇ ਖ਼ਾਕ, ਸਚਖੰਡ ਦੁਆਰੇ ਆਪ ਟਿਕਾਇੰਦਾ । ਆਪ ਚੜ੍ਹਾਏ ਫੜ ਫੜ ਬਾਹੋਂ ਸਾਚੇ ਰਾਕ, ਸ਼ਬਦ ਘੋੜਾ ਆਪ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਸਿਖ ਮਾਣਕ ਮੋਤੀ ਹੀਰਾ ਲਾਲ, ਸਤਿਗੁਰ ਪੂਰਾ ਕੀਮਤ ਪਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਦੋ ਜਹਾਨ ਕਰੇ ਪ੍ਰਿਤਪਾਲ, ਗੁਰ ਪੀਰ ਦੇਣ ਗਵਾਹੀਆ । ਚਾਰੇ ਬਾਣੀ ਕਰੇ ਪੁਕਾਰ, ਚਾਰੇ ਖਾਣੀ ਦਏ ਮੁਕਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਦੂਸਰ ਦਰ ਨਾ ਕੋਇ ਭੁਆਈਆ । ਜਿਸ ਜਨ ਚਾੜ੍ਹੇ ਰੰਗ ਲਾਲ, ਉਤਰ ਕਦੇ ਨਾ ਜਾਈਆ । ਕਲਜੁਗ ਬਣਿਆ ਆਪ ਦਲਾਲ, ਦਿਸ ਕਿਸੇ ਨਾ ਆਈਆ । ਸ਼ਬਦ ਸਰੂਪੀ ਮਾਰੇ ਏਕੋ ਛਾਲ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਇਕ ਅਖਵਾਈਆ । ਲਾਲ ਰੰਗ ਸਚ ਦਰਬਾਰਾ, ਹਰਿ ਸਾਚਾ ਆਪ ਉਪਾਇੰਦਾ । ਜੁਗ ਜੁਗ ਰੰਗੇ ਵਿਚ ਸੰਸਾਰਾ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ । ਕਲਜੁਗ ਅੰਤਮ ਆਈ ਵਾਰਾ, ਨਾਨਕ ਨਿਰਗੁਣ ਬੋਲ ਸੁਣਾਇੰਦਾ । ਕਬੀਰਾ ਊਚੀ ਕੂਕੇ ਕਰੇ ਪੁਕਾਰਾ, ਸਾਚੇ ਲਾਲਣ ਦਰਸ਼ਨ ਪਾਇੰਦਾ । ਵਾਹਵਾ ਤੇਰਾ ਵਸਦਾ ਰਹੇ ਦੁਆਰਾ, ਦਰ ਤੇਰਾ ਇਕ ਸੁਹਾਇੰਦਾ । ਦਰ ਦਰਵੇਸ਼ ਬਣੇ ਭਿਖਾਰਾ, ਏਕਾ ਮੰਗਣ ਮੰਗ ਮੰਗਾਇੰਦਾ । ਨਾਨਕ ਪਾਇਆ ਏਕਾ ਵਾਰਾ, ਇਕਓਅੰਕਾਰਾ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਭਰ ਭੰਡਾਰਾ, ਸਾਚੀ ਵਸਤ ਹੱਥ ਫੜਾਇੰਦਾ । ਮਿਲਿਆ ਮੇਲ ਨਾਰ ਭਤਾਰਾ, ਨਿਰਗੁਣ ਨਾਰੀ ਨਾਨਕ ਹਰਿ ਹਰਿ ਸਾਚਾ ਕੰਤ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੰਗਣ ਆਪ ਚੜ੍ਹਾਇੰਦਾ । ਨਾਨਕ ਚੜ੍ਹਿਆ ਰੰਗ ਚਲੂਲ, ਚੋਲਾ ਤ੍ਰੈਗੁਣ ਆਪ ਰੰਗਾਇਆ । ਏਕ ਅੱਖਸ਼ਰ ਏਕਾ ਮੂਲ, ਏਕਾ ਮੰਤਰ ਨਾਮ ਸਚ ਦ੍ਰਿੜਾਇਆ । ਏਕਾ ਸੇਜਾ ਏਕਾ ਫੂਲ, ਏਕਾ ਆਸਣ ਸਿੰਘਾਸਣ ਸੁਹਾਇਆ । ਏਕਾ ਕੰਤ ਇਕ ਕੰਤੂਲ, ਏਕਾ ਨਾਰੀ ਨਰ ਨਰਾਇਣ ਪਰਨਾਇਆ । ਏਕਾ ਸ਼ਬਦ ਪੰਗੂੜਾ ਰਿਹਾ ਝੂਲ, ਪਾਵਾ ਚੂਲ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਨਾਨਕ ਮੇਲਾ ਕੰਤ ਭਤਾਰ, ਸਚਖੰਡ ਵੱਜੀ ਵਧਾਈਆ । ਪਾਇਆ ਪੁਰਖ ਏਕੰਕਾਰ, ਏਕਾ ਮੇਲਾ ਸਾਚੇ ਮਾਹੀਆ । ਦੋ ਜਹਾਨਾਂ ਏਕਾ ਧਾਰ, ਏਕਾ ਰੰਗ ਸਮਾਈਆ । ਵਿਛੜ ਨਾ ਜਾਏ ਵਿਚ ਸੰਸਾਰ, ਸਗਲਾ ਸੰਗ ਆਪ ਨਿਭਾਈਆ । ਚਾੜ੍ਹੇ ਰੰਗ ਅਪਰ ਅਪਾਰ, ਲਾਲ ਗੁਲਾਲਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਚਾਰ ਜੁਗ ਨੌਂ ਸੌ ਚੁਰਾਨਵੇ ਚੌਕੜੀ ਧਾਰ, ਗੁਰਮੁਖ ਵਿਰਲੇ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਏਕਾ ਭਗਤ ਲਿਆਏ ਚਰਨ ਦੁਆਰ, ਉਚੀ ਕੂਕ ਕਬੀਰ ਅਲਾਇੰਦਾ । ਬਿਨ ਨਾਨਕ ਨਾ ਕਰੇ ਕੋਈ ਸਚ ਪਿਆਰ, ਸਚਖੰਡ ਦੁਆਰੇ ਮੇਲ ਮਿਲਾਇੰਦਾ । ਨਾਨਕ ਕਹੇ ਸਚ ਪੁਕਾਰ, ਲੋਕਮਾਤ ਮਾਤ ਸਮਝਾਇੰਦਾ । ਕਲਜੁਗ ਅੰਤਮ ਆਏ ਵਾਰ, ਰੈਣ ਅੰਧੇਰੀ ਅੰਧੇਰਾ ਛਾਇੰਦਾ । ਨਾ ਕੋਈ ਦਿਸੇ ਮੀਤ ਮੁਰਾਰ, ਸਾਕ ਸੈਣ ਨਾ ਕੋਇ ਬਣਾਇੰਦਾ । ਨਾਤਾ ਤੁਟੇ ਗੁਰ ਪੀਰ ਅਵਤਾਰ, ਸਾਧ ਸੰਤ ਨਾ ਕੋਇ ਮਨਾਇੰਦਾ । ਪੜ੍ਹ ਪੜ੍ਹ ਬਾਣੀ ਨਾ ਕਰੇ ਕੋਇ ਵਿਚਾਰ, ਕਲਜੁਗ ਆਪਣਾ ਬਾਣ ਲਗਾਇੰਦਾ । ਸਰ ਪਾਣੀ ਨਾ ਕਰੇ ਕੋਈ ਠੰਡਾ ਠਾਰ, ਸਰੋਵਰ ਅਗਨੀ ਤਤ ਜਲਾਇੰਦਾ । ਜਗਤ ਵਿਦਿਆ ਨਾ ਕਰੇ

੫੩੦

ਪਾਰ, ਬੇੜਾ ਮਾਤ ਨਾ ਕੋਇ ਤਰਾਇੰਦਾ । ਵਰਨ ਬਰਨ ਹੋਇਣ ਖ਼ਵਾਰ, ਸਾਚੀ ਸਰਨ ਨਾ ਕੋਇ ਰਖਾਇੰਦਾ । ਹਰਨ ਫਰਨ ਨਾ ਖੁਲ੍ਹੇ ਕਿਵਾੜ, ਸਾਧ ਸੰਤ ਜੂਠ ਝੂਠ ਮੁਖ ਰਖਾਇੰਦਾ । ਪਰਗਟ ਹੋਵੇ ਨਿਹਕਲੰਕ ਕਲ ਕਲਕੀ ਅਵਤਾਰ, ਜੋਤੀ ਜਾਮਾ ਵੇਸ ਵਟਾਇੰਦਾ । ਸੰਬਲ ਨਗਰ ਹੋਇਆ ਉਜਿਆਰ, ਸਾਢੇ ਤਿੰਨ ਹੱਥ ਲੇਖ ਲਖਾਇੰਦਾ । ਗੋਬਿੰਦ ਮੀਤਾ ਬੇਐਬ ਪਰਵਰਦਿਗਾਰ, ਏਕਾ ਨਾਅਰਾ ਆਪ ਸੁਣਾਇੰਦਾ । ਸ਼ਬਦ ਖੰਡਾ ਫੜੇ ਸਚ ਕਟਾਰ, ਸਚ ਸੁਲਤਾਨ ਹੱਥ ਉਠਾਇੰਦਾ । ਪੰਜ ਸ਼ੈਤਾਨਾਂ ਮਾਰੇ ਮਾਰ, ਜਗਤ ਵਿਕਾਰਾ ਮੇਟ ਮਿਟਾਇੰਦਾ । ਭਗਤ ਦੁਆਰਾ ਮੰਗੇ ਬਣ ਭਿਖਾਰ, ਏਕਾ ਅਲਫ਼ੀ ਅਲਫ਼ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਚੌਥੇ ਜੁਗ ਹਰਿ ਅਵਤਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਸਾਚਾ ਹੁਕਮ ਸੁਣਾਇੰਦਾ । ਸ਼ਾਹੀ ਲਸ਼ਕਰ ਨਾ ਕੋਇ ਘੋੜ ਅਸਵਾਰਾ, ਤੀਰ ਤਲਵਾਰ ਨਾ ਹੱਥ ਉਠਾਇੰਦਾ । ਨਾਮ ਖੰਡਾ ਤੇਜ਼ ਕਟਾਰਾ, ਦੋ ਜਹਾਨਾਂ ਆਪ ਚਲਾਇੰਦਾ । ਲੱਖ ਚੁਰਾਸੀ ਮਾਰੇ ਮਾਰਾ, ਮਾਰਨਹਾਰਾ ਦਿਸ ਨਾ ਆਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਸੱਤ ਸਮੁੰਦਰ ਮਸ ਬਸੁਧਾ ਧਾਰ ਨਾ ਕੋਇ ਧਰਾਇੰਦਾ । ਆਦਿ ਅੰਤ ਨਾ ਪਾਰਾਵਾਰਾ, ਸਾਧ ਸੰਤ ਸਰਬ ਕੁਰਲਾਇੰਦਾ । ਆਪਣੀ ਮਿਤ ਗਤ ਜਾਣੇ ਆਪ ਨਿਰੰਕਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਕਲਜੁਗ ਖੇਲ ਕਰੇ ਅਪਾਰਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਉਚੀ ਕੂਕੇ ਬੋਲੇ ਨਾਅਰਾ, ਐਨਲਹੱਕ ਹੱਕ ਮਿਲਾਇੰਦਾ । ਤਨ ਵੇਸ ਕਰੇ ਸ਼ਿੰਗਾਰਾ, ਮਹਿਬਾਨ ਮਿਹਰਬਾਨ ਆਪਣਾ ਮੇਲ ਮਿਲਾਇੰਦਾ । ਮੱਕਾ ਕਾਅਬਾ ਦੋ ਦੋ ਆਬਾ ਦਏ ਹੁਲਾਰਾ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਇੰਦਾ । ਭੇਖ ਵਟਾਇਆ ਇਲਾਹੀ ਨੂਰ, ਜਲਵਾ ਨੂਰ ਵਿਚ ਵਖਾਈਆ । ਆਪੇ ਵਸੇ ਕੋਹਤੂਰ, ਆਪੇ ਬੈਠਾ ਮੁਖ ਛੁਪਾਈਆ । ਆਪੇ ਹੋਏ ਹਾਜ਼ਰ ਹਜ਼ੂਰ, ਹਜ਼ਰਤ ਨੂਹ ਆਪ ਹੋ ਜਾਈਆ । ਆਪੇ ਬਖ਼ਸ਼ੇ ਸਚ ਜ਼ਹੂਰ, ਸ਼ਾਹ ਗ਼ਫ਼ੂਰ ਵਡ ਵਡਿਆਈਆ । ਆਪੇ ਨੇੜੇ ਆਪੇ ਦੂਰ, ਆਪੇ ਹੁਜਰਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਦਏ ਸਮਝਾਈਆ । ਆਪਣਾ ਲੇਖਾ ਬਣ ਮਲਾਹ, ਲੋਕਮਾਤ ਸਮਝਾਇੰਦਾ । ਨਬੀ ਰਸੂਲਾਂ ਦੇਵੇ ਸਚ ਸਲਾਹ, ਅਮਾਮ ਅਮਾਮਾ ਰੂਪ ਵਟਾਇੰਦਾ । ਫੜ ਫੜ ਪਾਏ ਆਪਣੇ ਰਾਹ, ਕਲਮੀ ਕਲਮਾ ਆਪ ਪੜ੍ਹਾਇੰਦਾ । ਆਪੇ ਬਿਸਮਿਲ ਰੂਪ ਹੋ ਜਾਏ ਸਮਾ, ਆਪ ਆਪਣਾ ਰੂਪ ਆਪ ਪ੍ਰਗਟਾਇੰਦਾ । ਆਪੇ ਰਾਣੀ ਅੱਲਾ ਨਾਉਂ ਧਰਾ, ਆਪਣਾ ਸਾਲੂ ਆਪ ਰੰਗਾਇੰਦਾ । ਲਾਲ ਰੰਗ ਇਕ ਚੜ੍ਹਾ, ਸਾਚੀ ਮਹਿੰਦੀ ਹੱਥ ਲਗਾਇੰਦਾ । ਅਮਾਮ ਮਹਿੰਦੀ ਵੇਸ ਵਟਾ, ਵੇਸ ਅਵੱਲਾ ਆਪ ਕਰਾਇੰਦਾ । ਉਮਤ ਉਮਤੀ ਵੇਖ ਵਖਾ, ਸੰਮਤ ਸੰਮਤੀ ਲੇਖ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਇਕ ਸਮਝਾਇੰਦਾ । ਮੁਹੰਮਦ ਉਪਜੀ ਏਕਾ ਆਸ, ਬੇਐਬ ਆਪ ਉਪਜਾਈਆ । ਪਰਵਰਦਿਗਾਰ ਬੁਝਾਏ ਪਿਆਸ, ਬੇਪਰਵਾਹ ਵਡ ਵਡਿਆਈਆ । ਏਕਾ ਕਲਮਾ ਇਕ ਸਵਾਸ, ਏਕਾ ਆਇਤ ਦਏ ਪੜ੍ਹਾਈਆ । ਏਕਾ ਕਰੇ ਬੰਦ ਖ਼ਲਾਸ, ਬੰਦਾ ਬੰਦੀਖ਼ਾਨਾ ਲਏ ਤੁੜਾਈਆ । ਏਕਾ ਕਰੇ ਦਰਗਹਿ ਸਾਚੀ ਵਾਸ, ਵਸਲ ਮਹਿਬੂਬ ਇਕ ਵਖਾਈਆ । ਏਕਾ ਪੜ੍ਹੇ ਸਚ ਨਿਮਾਜ਼, ਨਿਵਣ ਸੋ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਮੁਹੰਮਦ ਤੱਕਿਆ ਜਲਵਾ ਇਲਾਹੀ, ਏਕਾ ਰੰਗ ਸਮਾਇਆ ।

ਚਾਰ ਯਾਰ ਮਿਲਾਇਆ ਬਣ ਮਲਾਹੀ, ਸਾਚਾ ਮੇਲਾ ਮੇਲ ਮਿਲਾਇਆ । ਨੂਰੀ ਨੂਰ ਵਸੇ ਏਕਾ ਥਾਈਂ, ਥਾਨ ਥਨੰਤਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਮਾਰ ਝਾਤ, ਚੌਦਾਂ ਲੋਕ ਰੱਖੇ ਆਪਣੇ ਖ਼ਾਤ, ਚੌਦਾਂ ਤਬਕਾਂ ਵੇਖੇ ਇਕ ਬਰਾਤ, ਮੁਹੰਮਦ ਬੰਧਾਇਆ ਸਾਚਾ ਨਾਤ, ਅੱਲਾ ਰਾਣੀ ਨਾਲ ਪਰਨਾਈਆ । ਅੱਲਾ ਰਾਣੀ ਜੁੜਿਆ ਜੋੜ, ਲਾਲਣ ਲਾਲ ਰੰਗ ਰੰਗਾਇਆ । ਸ਼ਾਹ ਸਵਾਰਾ ਚੜ੍ਹਿਆ ਸਾਚੇ ਘੋੜ, ਮੌਲੀ ਮਹਿੰਦੀ ਗਾਨਾ ਹੱਥ ਬੰਧਾਇਆ । ਸਾਚੀ ਤਸਬੀ ਆਪਣੀ ਲਈ ਤੋੜ, ਮਨ ਕਾ ਮਣਕਾ ਆਪ ਫਿਰਾਇਆ । ਮਿੱਠਾ ਕਰਿਆ ਰੀਠਾ ਕੌੜ, ਅੰਮ੍ਰਿਤ ਰਸ ਆਪ ਭਰਾਇਆ । ਦਰਸ਼ਨ ਦੀਆ ਹਰਿ ਹਰਿ ਦੌੜ, ਆਪ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਦਰਸਾਇਆ । ਮੁਹੰਮਦ ਵੇਖਿਆ ਲਾਲ ਰੰਗ ਬਸੁੱਧਾ ਸੁਧ ਰਹੇ ਨਾ ਰਾਈਆ । ਚੌਦਾਂ ਤਬਕ ਨੱਚਿਆ ਬਣ ਮਲੰਘ, ਅੱਲਾ ਰਾਣੀ ਨਾਲ ਨਚਾਈਆ । ਚੌਥਾ ਯਾਰ ਨਾਲ ਰਿਹਾ ਨਰਾਇਣ ਸਿੰਘ ਕੰਗ, ਹੱਥ ਕੰਗਣ ਆਪ ਬੰਧਾਈਆ । ਜੁਗ ਜੁਗ ਮੁੱਕੇ ਨਾ ਕਿਸੇ ਦਾ ਪੰਧ, ਨਾ ਕੋਈ ਪਾਂਧੀ ਆਪਣੇ ਕਦਮ ਗਣਾਈਆ । ਚਾਰ ਵਰਨਾਂ ਸੁਣਾਉਂਦਾ ਆਇਆ ਆਪਣਾ ਛੰਦ, ਹੱਕ ਹਕੀਕਤ ਵੇਖ ਵਖਾਈਆ । ਆਪੇ ਵਸਿਆ ਪਰਮਾਨੰਦ, ਨਿਜਾਨੰਦ ਰੂਪ ਵਟਾਈਆ । ਜਿਸ ਜਨ ਢਾਏ ਭਰਮਾਂ ਕੰਧ, ਏਕਾ ਜਲਵਾ ਨੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਦਏ ਵਡਿਆਈਆ । ਲਾਲ ਰੰਗ ਹਰਿ ਆਪ ਚੜ੍ਹਾਇਆ, ਦੂਸਰ ਹੋਰ ਨਾ ਕੋਇ ਰੰਗਾਇੰਦਾ । ਮੁਹੰਮਦ ਜਲਵਾ ਆਪ ਵਖਾਇਆ, ਤੂਰ ਨਾਦ ਨਾਦ ਵਜਾਇੰਦਾ । ਸਚ ਸਰੋਵਰ ਆਪ ਰੁੜ੍ਹਾਇਆ, ਭਰ ਪਿਆਲਾ ਮਦਿ ਪਿਆਇੰਦਾ । ਸਚ ਸੁਰਾਹੀ ਹੱਥ ਉਠਾਇਆ, ਨੂਰ ਇਲਾਹੀ ਸੇਵ ਕਮਾਇੰਦਾ । ਆਉਂਦਾ ਜਾਂਦਾ ਦਿਸ ਨਾ ਆਇਆ, ਵੇਸ ਅਵੇਸਾ ਵੇਸ ਧਰਾਇੰਦਾ । ਜਿਸ ਜਨ ਆਪਣਾ ਕਲਮਾ ਆਪ ਦਏ ਸੁਣਾਇਆ, ਤੀਸ ਬਤੀਸ ਸ਼ਰਅ ਸ਼ਰੀਅਤ ਆਇਤ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਮੁਹੰਮਦ ਤੱਕਿਆ ਲਾਲ ਅਨਮੋਲਾ, ਸੁੱਧ ਰਹੀ ਨਾ ਰਾਈਆ । ਆਪਣਾ ਚੁੱਕਿਆ ਜਾਏ ਨਾ ਡੋਲਾ, ਚਾਰ ਕੁਹਾਰ ਰਿਹਾ ਬੁਲਾਈਆ । ਪਰਵਰਦਿਗਾਰ ਖੇਲੇ ਹੋਲਾ, ਲੋਕਮਾਤ ਵੇਖ ਵਿਖਾਈਆ । ਕਰਬਲਾ ਬਣਿਆ ਆਪ ਵਿਚੋਲਾ, ਏਕਾ ਰੰਗਣ ਰੰਗ ਵਖਾਈਆ । ਸੁਣਾਇਆ ਆਪਣਾ ਸਾਚਾ ਢੋਲਾ, ਦੇ ਮਤ ਗਿਆ ਸਮਝਾਈਆ । ਚੌਦਾਂ ਸਦ ਰਹੇ ਰੌਲਾ, ਮੌਲਾ ਮੇਲ ਨਾ ਕੋਇ ਮਿਲਾਈਆ । ਸਦੀ ਚੌਧਵੀਂ ਬਦਲੇ ਚੋਲਾ, ਅਮਾਮ ਅਮਾਮਾ ਵਡਾ ਸ਼ਹਿਨਸ਼ਾਹੀਆ । ਲੋਕਮਾਤ ਸੁਣਾਏ ਏਕਾ ਢੋਲਾ, ਚਾਰ ਜੁਗ ਕਿਸੇ ਹੱਥ ਨਾ ਆਇਆ, ਏਕਾ ਰੰਗ ਨਾ ਕੋਇ ਵਖਾਈਆ । ਨਾਨਕ ਬਣਿਆ ਸਾਚਾ ਤੋਲਾ, ਤੇਰਾਂ ਤੇਰਾਂ ਤੇਰੀ ਧਾਰ ਚਲਾਈਆ । ਬਿਨ ਹਰਿ ਹਰਿ ਜੀ ਕਰੇ ਨਾ ਕੋਈ ਭਾਰ ਹੌਲਾ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਕ੍ਰਿਸ਼ਨ ਹੋਇਆ ਕਲਾ ਸੋਲਾਂ, ਅਰਜਨ ਬਣਿਆ ਰਥ ਰਥਵਾਹੀਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਸ਼ਬਦ ਸਰੂਪੀ ਮਾਰੇ ਗੋਲਾ, ਨਾ ਸਕੇ ਕੋਇ ਬਚਾਈਆ । ਜਨ ਭਗਤਾਂ ਅੰਦਰ ਆਪਣਾ ਮੰਦਰ ਆਪੇ ਖੋਲ੍ਹਾ, ਆਪਣਾ ਪਰਦਾ ਦਏ ਗੁਆਈਆ । ਸੋਹੰ ਗਾਏ ਸਾਚਾ ਢੋਲਾ, ਹੰ ਬ੍ਰਹਮ ਮੇਲ ਮਿਲਾਈਆ । ਕਾਇਆ ਰੰਗੇ ਸਾਚਾ ਚੋਲਾ, ਲਾਲ ਰੰਗ ਇਕ ਵਖਾਈਆ । ਸ੍ਰਿਸ਼ਟ ਸਬਾਈ ਖੇਡੇ ਹੋਲਾ, ਵਾਹਵਾ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਚੋਲਾ ਰੰਗ ਰੰਗਾਇਆ, ਨਿਰਗੁਣ ਸਰਗੁਣ ਤਨ ਪਹਿਨਾਇਆ, ਅੰਦਰ ਆਪਣਾ ਡੇਰਾ ਲਾਇਆ, ਵਾਹਵਾ ਮੰਦਰ ਇਕ ਸੁਹਾਇਆ, ਲੁਹਾਰ ਤਰਖਾਣ ਨਾ ਕਿਸੇ ਬਣਾਇਆ, ਨਾ ਕੋਈ ਬਾਢੀ ਸੰਗ ਰਖਾਈਆ । ਲਾਲ ਰੰਗ ਹਰਿ ਨਿਰੰਕਾਰਾ, ਕਲਜੁਗ ਅੰਤਮ ਆਪ ਰੰਗਾਇੰਦਾ । ਸੱਤ ਰੰਗ ਨਿਸ਼ਾਨਾ ਕਰ ਪਿਆਰਾ, ਨਵਾਂ ਖੰਡਾਂ ਆਪ ਸਮਝਾਇੰਦਾ । ਗੁਰਸਿਖਾਂ ਕਰੇ ਪਾਰ ਕਿਨਾਰਾ, ਨੌ ਦੁਆਰੇ ਪੰਧ ਮੁਕਾਇੰਦਾ । ਦਰਸ ਦਿਖਾਏ ਖੋਲ੍ਹ ਕਿਵਾੜਾ, ਰਾਤੀਂ ਸੁਤਿਆਂ ਆਪ ਉਠਾਇੰਦਾ । ਧੁਰਦਰਗਾਹੀ ਏਕਾ ਲਾੜਾ, ਲੋਕਮਾਤ ਵੇਖ ਵਿਖਾਇੰਦਾ । ਗੁਰਸਿਖ ਪ੍ਰਨਾਏ ਸਾਚੀ ਨਾਰਾ, ਸਾਚੀ ਸਖੀਆਂ ਵੇਖ ਵਖਾਇੰਦਾ । ਆਵਣ ਜਾਵਣ ਤੋੜਣ ਵਿਚ ਸੰਸਾਰਾ, ਲੱਖ ਚੁਰਾਸੀ ਫੰਦ ਕਟਾਇੰਦਾ । ਲੇਖੇ ਲਾਏ ਸਾਢੇ ਤਿੰਨ ਹੱਥ ਮੁਨਾਰਾ, ਮਾਇਆ ਮਮਤਾ ਮੋਹ ਗੁਆਇੰਦਾ । ਇਕ ਵਖਾਏ ਸਚ ਦੁਆਰਾ, ਦਰਗਹਿ ਸਾਚੀ ਆਪ ਸੁਹਾਇੰਦਾ । ਸਚਖੰਡ ਨਿਵਾਸੀ ਬਣ ਸਿਕਦਾਰਾ, ਸਾਚਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਰੇ ਵਡ ਵਡ ਭਾਗ, ਫੜ ਫੜ ਹੰਸ ਬਣਾਏ ਕਾਗ, ਕਾਗੋਂ ਹੰਸ ਆਪ ਉਡਾਇੰਦਾ । ਵਡਭਾਗੀ ਹਰਿ ਪਾਇਆ, ਪਾਰਬ੍ਰਹਮ ਸੁਲਤਾਨ । ਜਗਤ ਝੂਠਾ ਪੰਧ ਮੁਕਾਇਆ, ਮਿਟਿਆ ਆਵਣ ਜਾਣ । ਹਰਿ ਸਾਚਾ ਕੰਤ ਹੰਢਾਇਆ, ਸੁੰਞੀ ਸੇਜ ਨਾ ਹੋਏ ਦੋ ਜਹਾਨ । ਪ੍ਰਿਆ ਪ੍ਰੀਤਮ ਗਲੇ ਲਗਾਇਆ, ਆਪ ਆਪਣੇ ਲਏ ਪਛਾਣ । ਲੱਖ ਚੁਰਾਸੀ ਮੁਖ ਭੁਆਇਆ, ਕਰਵਟ ਬਦਲੇ ਨਾ ਗੁਣ ਨਿਧਾਨ । ਸਾਚੀ ਸਖੀਆਂ ਆਪ ਹੰਢਾਇਆ, ਪੁਰਖ ਅਬਿਨਾਸ਼ੀ ਸਾਚਾ ਕਾਹਨ । ਘਰ ਘਰ ਬੰਸਰੀ ਨਾਮ ਵਜਾਇਆ, ਧੁਨੀ ਰਾਗ ਸੁਣਾਏ ਸਾਚੇ ਕਾਨ । ਗੁਆਲ ਬਾਲਾ ਰੂਪ ਵਟਾਇਆ, ਗੁਰਸਿਖ ਗਊਆਂ ਚਾਰੇ ਵਿਚ ਬੀਆਬਾਨ । ਸਾਚਾ ਮੁਕਟ ਸੀਸ ਟਿਕਾਇਆ, ਬਣਿਆ ਸ਼ਾਹਾਂ ਦਾ ਸ਼ਾਹ ਸੁਲਤਾਨ । ਸੱਤ ਰੰਗ ਨਿਸ਼ਾਨਾ ਇਕ ਉਠਾਇਆ, ਮੇਟ ਮਿਟਾਏ ਬੇਈਮਾਨ । ਲਾਲ ਰੰਗ ਇਕ ਰੰਗਾਇਆ, ਗੁਰਸਿਖ ਸਾਰੇ ਖ਼ੁਸ਼ੀ ਮਨਾਣ । ਘਰ ਸੁਹੰਜਣਾ ਪੁਰਖ ਅਬਿਨਾਸ਼ੀ ਵਰ ਘਰ ਪਾਇਆ, ਨਾਤਾ ਤੁਟਾ ਜੀਵ ਜਹਾਨ । ਚੌਥੇ ਜੁਗ ਚੌਥੀ ਲਾਂਵ, ਚੌਥੇ ਘਰ ਆਪ ਦੁਆਇਆ, ਗ੍ਰੰਥੀ ਪੰਥੀ ਨਾ ਸਕਣ ਪਛਾਣ । ਪੁਰਖ ਅਬਿਨਾਸ਼ੀ ਸਭ ਨੇ ਗਾਇਆ, ਦਰਸ ਕਿਸੇ ਨਾ ਦੇਵੇ ਆਣ । ਕਲਜੁਗ ਸਾਚਾ ਵਕਤ ਸੁਹਾਇਆ, ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਮੇਲੇ ਆਣ । ਰਾਮ ਕ੍ਰਿਸ਼ਨ ਆਪ ਘਲਾਇਆ, ਈਸਾ ਮੂਸਾ ਕਰ ਪਰਵਾਨ । ਮੁਹੰਮਦ ਕਲਮਾ ਆਪ ਪੜ੍ਹਾਇਆ, ਚਾਲੀ ਬਰਸ ਮੇਟ ਸ਼ੈਤਾਨ । ਨਾਨਕ ਮੇਲਾ ਸਹਿਜ ਸੁਭਾਇਆ, ਦਰ ਘਰ ਸਾਚੇ ਖੇਲ ਮਹਾਨ । ਪੂਤ ਸਪੂਤਾ ਇਕ ਉਪਜਾਇਆ, ਗੁਰ ਗੋਬਿੰਦ ਨੌਜਵਾਨ । ਸੰਤਾਂ ਭਗਤਾਂ ਆਪ ਸਮਝਾਇਆ, ਕਾਇਆ ਅੰਦਰ ਖੋਲ੍ਹ ਦੁਕਾਨ । ਕਲਜੁਗ ਅੰਤਮ ਵੇਸ ਵਟਾਇਆ, ਸ਼ਬਦ ਸਰੂਪ ਹਰਿ ਭਗਵਾਨ । ਜੋਤੀ ਜਾਮਾ ਖੇਲ ਖਿਲਾਇਆ, ਪੰਜ ਤਤ ਨਾ ਕੋਇ ਨਿਸ਼ਾਨ । ਗੁਰਸਿਖਾਂ ਰੰਗ ਚੜ੍ਹਾਵਣ ਆਇਆ, ਆਪ ਆਪਣਾ ਕਰ ਧਿਆਨ । ਹਿੰਦੂ ਮੁਸਲਿਮ ਸਿਖ ਈਸਾਈ ਵੇਖ ਵਖਾਇਆ, ਵੰਡ ਨਾ ਪਾਏ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਜੀਲ ਕੁਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਾਲ ਰੰਗ ਕਰੇ ਪਰਧਾਨ । ਲਾਲ ਰੰਗ ਕਰ ਪਰਧਾਨ, ਸਤਿਜੁਗ ਸਾਚਾ ਦਏ ਵਖਾਈਆ । ਚਾਰ ਵਰਨ ਚਾਰ ਕੁੰਟ ਲੱਖ ਚੁਰਾਸੀ ਸਾਰੇ ਗਾਣ, ਏਕਾ ਏਕ ਕਰੇ ਪੜ੍ਹਾਈਆ । ਜਨ ਭਗਤਾਂ ਦੇਵੇ ਏਕਾ ਦਾਨ, ਦਾਤਾ ਦਾਨੀ ਹਰਿ ਅਖਵਾਈਆ । ਗੁਰਸਿਖ ਅੰਤਮ ਮਿਲੇ ਮੇਲ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੀ ਚੋਲੀ ਆਪ ਰੰਗਾਈਆ । ਗੁਰਸਿਖ ਤੇਰੀ ਪ੍ਰੇਮ ਰਤ, ਲਾਲ ਰੰਗ ਰੰਗਾਇਆ । ਤੇਰੀ ਅੰਤਮ ਰੱਖੇ ਪਤ, ਤੇਰਾ ਤੇਰੇ ਦੁਆਰੇ ਆਇਆ । ਤੇਰਾ ਧੀਰਜ ਤੇਰਾ ਸਤਿ, ਤੇਰਾ ਰਥ ਦਏ ਚਲਾਇਆ । ਤੇਰੀ ਬੁੱਧ ਤੇਰੀ ਮਤ, ਗੁਰਮਤ ਦਏ ਸਮਝਾਇਆ । ਤੇਰਾ ਬੀਜ਼ ਤੇਰੇ ਵਤ, ਤੇਰੀ ਕਾਇਆ ਦਏ ਬਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਕਿਆਰੀ ਇਕ ਵਖਾਇਆ । ਕਾਇਆ ਕਿਆਰੀ ਲਾਏ ਕੇਸਰ, ਨਿਹਕਰਮੀ ਕਰਮ ਕਮਾਈਆ । ਮਸਤਕ ਟਿੱਕਾ ਲੱਗੇ ਥਨੇਸਰ, ਧਰਤ ਧਵਲ ਵਡ ਵਡਿਆਈਆ । ਲੇਖਾ ਜਾਣੇ ਨਾ ਬ੍ਰਹਮਾ ਵਿਸ਼ਨੂੰ ਮਹੇਸ਼ ਮਹੇਸ਼ਰ, ਚਾਰ ਵੇਦ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਇਕ ਵਡਿਆਈਆ । ਲਾਲ ਰੰਗ ਹਰਿ ਉਪਜੰਦੜਾ, ਨਿਰਗੁਣ ਨਿਰਗੁਣ ਧਾਰ । ਲੋਕਮਾਤ ਖੇਲ ਖਲੰਦੜਾ, ਸੰਤ ਭਗਤ ਭਗਵੰਤ ਕਰੇ ਪਿਆਰ । ਗੁਰਮੁਖ ਸਾਚੇ ਵੇਖ ਵਖੰਦੜਾ, ਨਾਤਾ ਤੋੜੇ ਨਰ ਨਾਰ । ਆਪ ਆਪਣੇ ਅੰਗ ਲਗੰਦੜਾ, ਅੰਗੀਕਾਰ ਕਰੇ ਕਰਤਾਰ । ਭਾਂਡਾ ਭਰਮ ਭੌ ਭਨੰਦੜਾ, ਦੂਈ ਦਵੈਤੀ ਦੇਵੇ ਮਾਰ । ਏਕਾ ਸਾਚਾ ਸ਼ਬਦ ਸੁਣੰਦੜਾ, ਦਿਵਸ ਰੈਣ ਰਹੇ ਧੁਨਕਾਰ । ਜਗਤ ਜੰਜਾਲਾ ਤੋੜ ਤੁੜੰਦੜਾ, ਲੇਖਾ ਚੁੱਕੇ ਤੱਟ ਕਿਨਾਰ । ਖ਼ੁਸ਼ੀ ਗ਼ਮ ਏਕਾ ਰੰਗ ਵਿਖੰਦੜਾ, ਹਰਿ ਸੰਗਤ ਕਰ ਪਿਆਰ । ਸੰਮਤ ਸੋਲਾਂ ਰਾਹ ਚਲੰਦੜਾ, ਗੁਰਸਿਖ ਰੋਵੇ ਨਾ ਜ਼ਾਰੋ ਜ਼ਾਰ । ਲਾਲ ਰੰਗ ਇਕ ਚੜ੍ਹੰਦੜਾ, ਚੌਵੀ ਮੱਘਰ ਦਿਵਸ ਵਿਚਾਰ । ਸਚ ਮਲਾਹ ਆਪ ਅਖਵੰਦੜਾ, ਭਰ ਭਰ ਬੇੜਾ ਲਾਏ ਪਾਰ । ਜੋ ਜਨ ਸਾਚੀ ਸੇਵ ਕਮੰਦੜਾ, ਮਾਨਸ ਜਨਮ ਲਏ ਸਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਨ ਕਰੇ ਸ਼ਿੰਗਾਰ । ਸਚ ਸ਼ਿੰਗਾਰ ਲਾਲ ਰੰਗਣ, ਰੰਗ ਰੰਗੀਲਾ ਆਪ ਕਰਾਈਆ । ਗੁਰਸਿਖ ਪਾਇਆ ਸਾਚਾ ਕੰਗਣ, ਰਾਮ ਨਾਮ ਆਪ ਘੜਾਈਆ । ਦੂਜੇ ਦਰ ਨਾ ਗਿਆ ਮੰਗਣ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਮਨਮੁੱਖ ਜੀਵ ਦਰ ਤੇ ਸੰਗਣ, ਨੇਤਰ ਦਿਸੇ ਨਾ ਬੇਪਰਵਾਹੀਆ । ਬਿਨ ਗੁਰਸਿਖ ਨਾ ਸੁਹਾਏ ਕੋਈ ਆਪਣਾ ਅੰਗਣ, ਘਰ ਬੰਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਇਕ ਵਖਾਈਆ । ਲਾਲ ਰੰਗ ਹਰਿ ਚੜ੍ਹਾਇਆ, ਏਕਾ ਭੱਠੀ ਨਾਮ ਤਪਾਇੰਦਾ । ਤ੍ਰੈਗੁਣ ਮਾਇਆ ਭੱਠੀ ਹੇਠਾਂ ਡਾਹਿਆ, ਇਕੀ ਜੇਠ ਲਿਖਤ ਲਿਖਾਇੰਦਾ । ਨਾਂ ਥੇਹ ਵਾਲਾ ਨਾਮ ਵਡਿਆਇਆ, ਆਪ ਆਪਣਾ ਰੰਗ ਰੰਗਾਇੰਦਾ । ਸੋਲਾਂ ਸਾਲ ਤਪਦਾ ਰਿਹਾ ਕੜ੍ਹਾਇਆ, ਪੁਰਖ ਅਬਿਨਾਸ਼ੀ ਜੋਤੀ ਲੰਬੂ ਆਪੇ ਲਾਇੰਦਾ । ਸੰਮਤ ਸਤਾਰਾਂ ਪਹਿਲੀ ਚੇਤ ਦਿਵਸ ਸੁਹਾਇਆ, ਸਾਚਾ ਤਾਜ ਸੀਸ ਟਿਕਾਇੰਦਾ । ਲੋਕਮਾਤ ਸ਼ਾਹ ਪਾਤਸ਼ਾਹ ਬਣ ਕੇ ਆਇਆ, ਸੰਸਾ ਰੋਗ ਸਰਬ ਚੁਕਾਇੰਦਾ । ਆਪਣੀ ਹੱਥੀਂ ਗੁਰਮੁਖਾਂ ਤਨ ਨਾਮ ਚੋਲਾ ਦਏ ਪਹਿਨਾਇਆ, ਫੜ ਹੱਥੀਂ ਨਾ ਕੋਇ ਲਾਹਿੰਦਾ । ਸੰਮਤ ਸੱਤਰਾਂ ਹਾੜ ਸਤਾਰਾਂ ਦਿਵਸ ਦਏ ਸੁਹਾਇਆ, ਕਵਣ ਰੰਗ ਸੂਰਾ ਸਰਬੰਗ ਜਨ ਭਗਤਾਂ ਆਪ ਚੜ੍ਹਾਇੰਦਾ । ਸਚਖੰਡ ਨਿਵਾਸ ਪੁਰਖ ਅਬਿਨਾਸ਼ ਆਪੇ ਸੋਏ ਆਤਮ ਸੇਜਾ ਲੰਘ, ਸਚ ਪਲੰਘ ਆਪ ਸੁਹਾਇੰਦਾ । ਕਲਜੁਗ ਭੰਨੇ ਕਾਚੀ ਵੰਗ, ਗੁਰਸਿਖ ਕੰਗਣ ਆਪ ਪਹਿਨਾਇੰਦਾ । ਦਾਤਾ ਦਾਨੀ ਸੂਰਾ ਸਰਬੰਗ ਆਪ ਆਪਣੀ ਦਇਆ ਕਮਾਇੰਦਾ । ਸ਼ਬਦ ਵਜਾਏ ਨਾਮ ਮਰਦੰਗ, ਆਪਣੀ ਇਛਿਆ ਮਰਦਾਨਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਰੰਗ ਅਵੱਲਾ ਇਕ ਇਕੱਲਾ ਏਕਓਅੰਕਾਰ ਆਪ ਚੜ੍ਹਾਇੰਦਾ । ਚੜ੍ਹਿਆ ਰੰਗ ਰੰਗ ਮਜੀਠ, ਉਤਰ ਕਦੇ ਨਾ ਜਾਈਆ । ਸਤਿਗੁਰ ਮਿਲਿਆ

ਇਕ ਅਣਡੀਠ, ਜਗਤ ਨੇਤਰ ਦਿਸ ਨਾ ਆਈਆ । ਜਗਤ ਪੀਸਣ ਆਪੇ ਪੀਠ, ਪੀਸਣ ਪੀਸ ਰਿਹਾ ਸੇਵ ਕਮਾਈਆ । ਨਿਰਗੁਣ ਹੋ ਹੋ ਵਸਿਆ ਚੀਤ, ਸਰਗੁਣ ਭੇਵ ਨਾ ਜਾਣੇ ਰਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਈਆ । ਜੋ ਜਨ ਗਾਏ ਸੁਹਾਗੀ ਗੀਤ, ਸੋਹੰ ਅੱਖਰ ਇਕ ਪੜ੍ਹਾਈਆ । ਪਾਰਬ੍ਰਹਮ ਮਿਲੇ ਪ੍ਰਭ ਸਾਚਾ ਮੀਤ, ਮੀਤ ਮੁਰਾਰਾ ਸਾਚਾ ਫੇਰਾ ਪਾਈਆ । ਇਕ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਈਆ । ਸੀਸ ਸੁਹਾਏ ਪੀਤੰਬਰ ਪੀਤ, ਜਸ ਅਪ ਜਸ ਆਪ ਕਰਾਈਆ । ਆਪੇ ਜਾਣੇ ਆਪਣੀ ਰੀਤ, ਜੁਗਾ ਜੁਗੰਤਰ ਵੇਸ ਵਟਾਈਆ । ਸਾਚਾ ਵੇਹੜਾ ਕਾਇਆ ਕਾਅਬਾ ਮੰਦਰ ਮਸੀਤ, ਗੁਰਦੁਆਰਾ ਇਕ ਵਖਾਈਆ । ਜਿਸ ਜਨ ਸਤਿਗੁਰ ਮਿਲਿਆ ਇਕ ਅਤੀਤ, ਤ੍ਰੈਗੁਣ ਨਾਤਾ ਦਏ ਤੁੜਾਈਆ । ਕਾਇਆ ਕਰੇ ਠੰਡੀ ਸੀਤ, ਲਾਲ ਰੰਗ ਦਏ ਵਖਾਈਆ । ਮਾਨਸ ਜਨਮ ਗਏ ਜੀਤ, ਜੋ ਜਨ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਏਕਾ ਦਾਨ, ਜੀਆ ਦਾਨ ਝੋਲੀ ਪਾਈਆ ।

### ❋ ੨ ਜੇਠ ੨੦੧੭ ਬਿਕ੍ਰਮੀ ਜਗੀਰ ਸਿੰਘ ਦੇ ਘਰ ਪਿੰਡ ਸੋਲ੍ਹ ਜ਼ਿਲਾ ਗੁਰਦਾਸ ਪੁਰ ❋



ਸੋ ਪੁਰਖ ਨਿਰੰਜਣ ਸਦ ਮਿਹਰਵਾਨ, ਹਰਿ ਦਾਤਾ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਸਚ ਨਿਸ਼ਾਨ, ਆਦਿ ਜੁਗਾਦਿ ਝੁਲਾਈਆ । ਇਕਓਅੰਕਾਰਾ ਨੌਜਵਾਨ, ਨਰ ਹਰਿ ਨਾ ਮਰੇ ਨਾ ਜਾਈਆ । ਆਦਿ ਨਿਰੰਜਣ ਜੋਤ ਮਹਾਨ, ਪਰਮ ਪੁਰਖ ਆਪ ਜਗਾਈਆ । ਸ੍ਰੀ ਭਗਵਾਨ ਸਾਚਾ ਦਾਨ, ਤਖ਼ਤ ਨਿਵਾਸੀ ਆਪ ਵਰਤਾਈਆ । ਅਬਿਨਾਸ਼ੀ ਕਰਤਾ ਖੇਲ ਮਹਾਨ, ਇਕ ਇਕੱਲਾ ਆਪ ਕਰਾਈਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨ, ਗੁਣਵੰਤਾ ਵਡ ਵਡਿਆਈਆ । ਸਚਖੰਡ ਵਸੇ ਸਚ ਮਕਾਨ, ਮਹੱਲ ਅਟੱਲ ਉਚ ਮਿਨਾਰ ਇਕ ਵਖਾਈਆ । ਦੂਸਰ ਦਿਸੇ ਨਾ ਕੋਇ ਨਿਸ਼ਾਨ, ਨਿਰਗੁਣ ਬੈਠਾ ਮੁਖ ਛੁਪਾਈਆ । ਆਪੇ ਗੋਪੀ ਆਪੇ ਕਾਹਨ, ਆਪੇ ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰੰਗ ਰੰਗਾਈਆ । ਸੋ ਪੁਰਖ ਨਿਰੰਜਣ ਹਰਿ ਹਰਿ ਦਾਤਾ, ਏਕਾ ਰੰਗ ਸਮਾਇੰਦਾ । ਹਰਿ ਪੁਰਖ ਨਿਰੰਜਣ ਸ਼ਬਦ ਗਿਆਤਾ, ਧੁਨ ਅਨਾਦੀ ਨਾਦ ਵਜਾਇੰਦਾ । ਏਕੰਕਾਰਾ ਗਾਏ ਆਪਣੀ ਗਾਥਾ, ਬੋਧ ਅਗਾਧ ਆਪ ਅਖਵਾਇੰਦਾ । ਸ੍ਰੀ ਭਗਵਾਨ ਸਗਲਾ ਸਾਥਾ, ਦਰ ਘਰ ਸਾਚੇ ਆਪ ਨਿਭਾਇੰਦਾ । ਅਬਿਨਾਸ਼ੀ ਕਰਤਾ ਆਪੇ ਖੇਲੇ ਖੇਲ ਤਮਾਸ਼ਾ, ਮੰਡਲ ਰਾਸ ਆਪ ਰਚਾਇੰਦਾ । ਪਾਰਬ੍ਰਹਮ ਦਰ ਘਰ ਸਾਚੇ ਕਰ ਵਾਸਾ, ਬੰਕ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰਾ ਜੋਤ ਪਰਕਾਸ਼ਾ, ਨਿਰਗੁਣ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰਾ ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਸੋਭਾਵੰਤ, ਹਰਿ ਪੁਰਖ ਨਿਰੰਜਣ ਵਡ ਵਡਿਆਈਆ । ਏਕੰਕਾਰਾ ਆਦਿ ਅੰਤ, ਆਦਿ ਨਿਰੰਜਣ ਸੋਭਾ ਪਾਈਆ । ਸ੍ਰੀ ਭਗਵਾਨ ਸਾਚਾ ਕੰਤ, ਅਬਿਨਾਸ਼ੀ ਕਰਤਾ ਸੇਜ ਹੰਢਾਈਆ । ਪਾਰਬ੍ਰਹਮ ਬਣਾਏ ਆਪਣੀ ਬਣਤ, ਦੂਸਰ ਸੰਗ ਨਾ ਕੋਇ ਰਖਾਈਆ । ਸਚਖੰਡ ਦੁਆਰਾ

ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਵਖਾਈਆ । ਆਪੇ ਆਦਿ ਆਪੇ ਅੰਤ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਨੀ ਕਰਤਾ ਨਾਉਂ ਧਰਾਇੰਦਾ । ਕਰਨੀ ਕਰਤਾ ਕਰਨੇ ਯੋਗ, ਦੂਸਰ ਅਵਰ ਨਾ ਕੋਇ ਵਖਾਇੰਦਾ । ਨਿਰਗੁਣ ਨਿਰਗੁਣ ਕਰੇ ਭੋਗ, ਸਚ ਸੰਜੋਗ ਆਪ ਹੰਢਾਇੰਦਾ । ਆਪੇ ਵਸੇ ਆਪਣੇ ਲੋਕ, ਦੋ ਜਹਾਨਾਂ ਆਪ ਸਮਾਇੰਦਾ । ਆਪੇ ਸ਼ਬਦ ਸਚ ਸਲੋਕ, ਰਾਗ ਤਰਾਨਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਥਿਰ ਘਰ ਸਾਚੇ ਆਸਣ ਲਾਇੰਦਾ । ਥਿਰ ਘਰ ਸਾਚਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਹਰਿ ਪੁਰਖ ਨਿਰੰਜਣ ਆਪ ਆਪਣਾ ਫੜਾਏ ਪੱਲਾ, ਆਪ ਆਪਣੀ ਵੰਡ ਵੰਡਾਇੰਦਾ । ਏਕੰਕਾਰਾ ਮਾਰਗ ਲਾਏ ਆਪ ਸੁਖੱਲਾ, ਸਾਚਾ ਪੌੜਾ ਆਪ ਵਖਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲਾ, ਬਾਤੀ ਤੇਲ ਨਾ ਕੋਇ ਟਿਕਾਇੰਦਾ । ਸ੍ਰੀ ਭਗਵਾਨ ਸਚ ਸੰਦੇਸ਼ ਏਕਾ ਘੱਲਾ, ਨਰ ਨਰਾਇਣ ਹੁਕਮ ਸੁਣਾਇੰਦਾ । ਅਬਿਨਾਸ਼ੀ ਕਰਤਾ ਆਪਣੀ ਜੋਤੀ ਆਪੇ ਰਲਾ, ਤਤਵ ਤਤ ਨਾ ਕੋਇ ਦਿਖਾਇੰਦਾ । ਪਾਰਬ੍ਰਹਮ ਆਪੇ ਜਾਣੇ ਆਪਣਾ ਵਲ ਛਲਾ, ਅਛਲ ਅਛੱਲ ਆਪ ਹੋ ਜਾਇੰਦਾ । ਸਚਖੰਡ ਦਵਾਰਾ ਇਕ ਮੁਨਾਰਾ ਨੇਹਚਲ ਧਾਮ ਅਟੱਲਾ, ਨਿਰਗੁਣ ਦਾਤਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਸਚ ਸੁਲਤਾਨ, ਬੈਠਣਹਾਰਾ ਹਰਿ ਮਿਹਰਵਾਨ, ਦੂਸਰ ਦਰ ਨਾ ਕੋਇ ਉਪਾਇੰਦਾ । ਸੋ ਪੁਰਖ ਨਿਰੰਜਣ ਸਚ ਸੁਲਤਾਨਾ, ਸਚਖੰਡ ਦਵਾਰੇ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਆਪੇ ਜਾਣੇ ਏਕਾ ਪਦ ਨਿਰਬਾਣਾ, ਨਿਰ ਭੈ ਆਪਣਾ ਨਾਉਂ ਰਖਾਈਆ । ਏਕੰਕਾਰ ਖੇਲ ਮਹਾਨਾ, ਜੂਨੀ ਰਹਿਤ ਵਡ ਵਡਿਆਈਆ । ਅਬਿਨਾਸ਼ੀ ਕਰਤਾ ਗੁਣ ਨਿਧਾਨਾ, ਅਵਗੁਣ ਵਿਚ ਨਾ ਕੋਇ ਟਿਕਾਈਆ । ਸ੍ਰੀ ਭਗਵਾਨ ਵਡ ਬਲਵਾਨਾ, ਜੋਧਾ ਸੂਰਬੀਰ ਇਕ ਅਖਵਾਈਆ । ਪਾਰਬ੍ਰਹਮ ਲੇਖਾ ਜਾਣੇ ਦਰ ਦਰਬਾਨਾ, ਦਰ ਦਰਵੇਸ਼ ਅਲੱਖ ਜਗਾਈਆ । ਸਚਖੰਡ ਦੁਆਰਾ ਇਕ ਮਕਾਨਾ, ਚਾਰ ਦੀਵਾਰ ਨਾ ਕੋਇ ਰਖਾਈਆ । ਥਿਰ ਘਰ ਵਾਸਾ ਪੁਰਖ ਅਬਿਨਾਸ਼ਾ, ਘਰ ਘਰ ਵਿਚ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸੁਹੰਜਣਾ ਜੋਤ ਜਗਾਏ ਆਦਿ ਨਿਰੰਜਣਾ, ਨੂਰ ਨੁਰਾਨਾ ਨੂਰ ਧਰਾਈਆ । ਸੋ ਪੁਰਖ ਨਿਰੰਜਣ ਸਾਚਾ ਨੂਰ, ਨਿਰਗੁਣ ਆਪਣਾ ਆਪ ਧਰਾਇੰਦਾ । ਹਾਜ਼ਰ ਹਜ਼ੂਰ, ਹਰਿ ਹਰਿ ਆਪਣਾ ਵੇਸ ਵਟਾਇੰਦਾ । ਏਕੰਕਾਰਾ ਆਸਾ ਮਨਸਾ ਪੂਰ, ਆਪਣੀ ਆਸਾ ਆਸਾ ਵਿਚ ਰਖਾਇੰਦਾ । ਆਦਿ ਨਿਰੰਜਣ ਜੋਤ ਜਗਾਏ ਹਾਜ਼ਰ ਹਜ਼ੂਰ, ਦਰ ਘਰ ਸਾਚੇ ਆਪ ਰਖਾਇੰਦਾ । ਸ੍ਰੀ ਭਗਵਾਨ ਆਪੇ ਵਸੇ ਨੇੜੇ ਦੂਰ, ਦੂਰ ਦੁਰਾਡਾ ਪੰਧ ਨਾ ਕੋਇ ਜਣਾਇੰਦਾ । ਅਬਿਨਾਸ਼ੀ ਕਰਤਾ ਆਪੇ ਚਾੜ੍ਹੇ ਆਪਣਾ ਰੰਗ ਗੂੜ੍ਹ, ਲਾਲ ਗੁਲਾਲਾ ਰੰਗ ਰੰਗਾਇੰਦਾ । ਪਾਰਬ੍ਰਹਮ ਮੰਗੇ ਸਾਚੀ ਧੂੜ, ਆਪਣੀ ਧੂੜੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਸੋਭਾਵੰਤ, ਹਰਿ ਹਰਿ ਵਸੇ ਸਾਚਾ ਕੰਤ, ਨਰ ਹਰਿ ਵੱਡੀ ਵਡਿਆਈਆ । ਨਰ ਹਰਿ ਨਰਾਇਣ ਪੁਰਖ ਭਤਾਰਾ, ਪਾਰਬ੍ਰਹਮ ਅਖਵਾਇੰਦਾ । ਸਚਖੰਡ ਸੁਹਾਏ ਏਕਾ ਦੁਆਰਾ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮੀ ਹੁਕਮ ਸੁਣਾਇੰਦਾ । ਧੁਰ ਫ਼ਰਮਾਣਾ ਬੋਲ ਜੈਕਾਰਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਆਪੇ ਬੰਨ੍ਹੇ ਆਪਣੀ ਧਾਰਾ, ਕਾਗਦ ਕਲਮ ਨਾ ਲੇਖ

ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਾਚੇ ਘਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਪਰਵਰਦਿਗਾਰ, ਦਰਗਹਿ ਸਾਚੀ ਆਪ ਖੁਲ੍ਹਾਈਆ । ਇਕ ਇਕੱਲਾ ਕਰ ਪਸਾਰ, ਨਿਰਗੁਣ ਬੈਠਾ ਬੇਪਰਵਾਹੀਆ । ਜਲਵਾ ਨੂਰ ਨੂਰ ਉਜਿਆਰ, ਨੂਰ ਨੁਰਾਨਾ ਸ਼ਹਿਨਸ਼ਾਹੀਆ । ਸਾਚੇ ਤਖ਼ਤ ਸੋਹੇ ਸੱਚੀ ਸਰਕਾਰ, ਸੀਸ ਜਗਦੀਸ਼ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਬੰਕ ਉਪਾਈਆ । ਬੰਕ ਦਵਾਰਾ ਹਰਿ ਸੁਹਾਏ, ਭੇਵ ਕੋਇ ਨਾ ਪਾਇੰਦਾ । ਸਚਖੰਡ ਦੁਆਰਾ ਜੋਤ ਜਗਾਏ, ਜੋਤੀ ਜੋਤ ਡਗਮਗਾਇੰਦਾ । ਸੋ ਪੁਰਖ ਨਿਰੰਜਣ ਆਪਣਾ ਨਾਉਂ ਧਰਾਏ, ਹਰਿ ਪੁਰਖ ਨਿਰੰਜਣ ਗੀਤ ਸੁਹਾਗੀ ਆਪੇ ਗਾਇੰਦਾ । ਏਕੰਕਾਰਾ ਸਗਨ ਮਨਾਏ, ਆਪ ਆਪਣੇ ਰੰਗ ਰੰਗਾਇੰਦਾ । ਆਦਿ ਨਿਰੰਜਣ ਏਕਾ ਰੂਪ ਦਰਸਾਏ, ਰੇਖ ਭੇਖ ਨਾ ਕੋਇ ਵਟਾਇੰਦਾ । ਅਬਿਨਾਸ਼ੀ ਕਰਤਾ ਦਰ ਦਰਵੇਸ਼ ਫੇਰੀ ਪਾਏ, ਸ੍ਰੀ ਭਗਵਾਨ ਮੇਲ ਮਿਲਾਇੰਦਾ । ਪਾਰਬ੍ਰਹਮ ਨਿਉਂ ਨਿਉਂ ਦਰ ਦਵਾਰੇ ਆਪਣੇ ਸੀਸ ਝੁਕਾਏ, ਆਪਣੀ ਝੋਲੀ ਅੱਗੇ ਡਾਹਿੰਦਾ । ਸ਼ਾਹ ਸੁਲਤਾਨ ਆਪ ਬਣ ਜਾਏ, ਆਪ ਆਪਣੀ ਵੰਡ ਵੰਡਾਇੰਦਾ । ਏਕਾ ਵਸਤ ਹੱਥ ਉਠਾਏ, ਨੇਤਰ ਨੈਣ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਖੇਲ ਅਵੱਲਾ, ਕਰੇ ਕਰਾਏ ਇਕ ਇਕੱਲਾ, ਏਕਾ ਏਕ ਏਕ ਅਖਵਾਇੰਦਾ । ਏਕਾ ਪੁਰਖ ਅਗੰਮ ਅਪਾਰ, ਦਰ ਘਰ ਘਰ ਸਾਚੇ ਆਸਣ ਲਾਇੰਦਾ । ਆਪ ਸੁਹਾਏ ਸਚ ਦਰਬਾਰ, ਦਰ ਦਰਬਾਰੀ ਵੇਸ ਵਟਾਇੰਦਾ । ਛਤਰ ਝੁਲਾਏ ਏਕੰਕਾਰ, ਸੇਵਕ ਸਾਚੀ ਸੇਵ ਕਮਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਚੋਬਦਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੀ ਸਾਚਾ ਘਰ, ਏਕਾ ਵਸੇ ਹਰੀ ਹਰਿ, ਹਰਿ ਹਰਿ ਆਪਣਾ ਨਾਉਂ ਧਰਾਇੰਦਾ । ਹਰਿ ਹਰਿ ਆਪਣਾ ਨਾਉਂ ਰੱਖ, ਨਰ ਨਿਰੰਕਾਰ ਆਪ ਵਡਿਆਈਆ । ਸਾਚੇ ਮੰਦਰ ਹੋ ਪਰਤੱਖ, ਹਰਿ ਮੰਦਰ ਦਏ ਸੁਹਾਈਆ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਰ ਨਿਰਗੁਣ ਵਿਚੋਂ ਨਿਰਗੁਣ ਹੋਇਆ ਵੱਖ, ਨਿਰਗੁਣ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਰਬ ਕਲਾ ਸਮਰਥ, ਅਕਲ ਕਲ ਵਡ ਵਡਿਆਈਆ । ਅਕਲ ਕਲਾ ਹਰਿ ਭਗਵਾਨਾ, ਏਕਾ ਰੰਗ ਸਮਾਇੰਦਾ । ਸਚਖੰਡ ਦਵਾਰੇ ਗਾਏ ਇਕ ਤਰਾਨਾ, ਆਪ ਆਪਣਾ ਨਾਦ ਵਜਾਇੰਦਾ । ਏਕਾ ਹੁਕਮ ਧੁਰ ਫ਼ਰਮਾਣਾ, ਧੁਰ ਦੀ ਧਾਰ ਬੰਧਾਇੰਦਾ । ਮਾਤ ਪਿਤ ਕਰ ਨਿਸ਼ਾਨਾ, ਪੂਤ ਸਪੂਤਾ ਆਪ ਅਖਵਾਇੰਦਾ । ਪੰਜ ਤਤ ਨਾ ਕੋਇ ਗਿਆਨਾ, ਬ੍ਰਹਮ ਮਤ ਨਾ ਕੋਇ ਧਰਾਇੰਦਾ । ਰੱਤੀ ਰੱਤ ਨਾ ਕੋਇ ਪਛਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੀ ਵੰਡੇ ਵੰਡ, ਵੰਡਣਹਾਰਾ ਆਪ ਅਖਵਾਇੰਦਾ । ਵੰਡਣਹਾਰਾ ਪੁਰਖ ਅਕਾਲ, ਆਪ ਆਪਣੀ ਵੰਡ ਵੰਡਾਈਆ । ਸਚਖੰਡ ਦਵਾਰੇ ਹੋ ਦਿਆਲ, ਦਇਆਨਿਧ ਆਪ ਅਖਵਾਈਆ । ਲੇਖਾ ਜਾਣੇ ਕਾਲ ਮਹਾਂਕਾਲ, ਅਵੱਲੜੀ ਚਾਲ ਆਪ ਚਲਾਈਆ । ਆਪ ਆਪਣਾ ਤੋੜ ਜੰਜਾਲ, ਆਪਣਾ ਬੰਧਨ ਦਏ ਗਵਾਈਆ । ਆਪਣੇ ਸਰੋਵਰ ਮਾਰੇ ਉਛਾਲ, ਆਪਣਾ ਮਾਣਕ ਲਏ ਉਠਾਈਆ । ਆਪ ਸੁਹਾਏ ਸਾਚਾ ਤਾਲ, ਅੰਮ੍ਰਿਤ ਆਪਣਾ ਨਾਉਂ ਵਖਾਈਆ । ਆਪ ਉਪਜਾਏ ਆਪਣਾ ਲਾਲ, ਸ਼ਬਦ ਦੁਲਾਰਾ ਆਪ ਸਾਚਾ ਨਾਉਂ ਰਖਾਈਆ । ਆਪੇ ਬਣੇ ਹਰਿ ਦਲਾਲ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਆਪਣਾ ਤਤ ਦਏ ਢਾਲ, ਹੱਡ ਮਾਸ ਨਾੜੀ ਰੱਤ ਨਾ

੫੩੭

ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਏਕਾ ਵੜ, ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਇ ਵਖਾਈਆ । ਆਪਣੇ ਅੰਦਰ ਆਪੇ ਵੜਿਆ, ਸਚਖੰਡ ਦਵਾਰਾ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਦਰ ਦਰਵੇਸ਼ ਹੋ ਹੋ ਅੱਗੇ ਖੜਿਆ, ਨਿਰਗੁਣ ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਹਰਿ ਪੁਰਖ ਨਿਰੰਜਣ ਆਪਣੀ ਵਿਦਿਆ ਆਪੇ ਪੜ੍ਹਿਆ, ਬਾਵਨ ਰੂਪ ਨਾ ਕੋਇ ਧਰਾਇੰਦਾ । ਏਕੰਕਾਰਾ ਆਪਣਾ ਫੜੇ ਆਪੇ ਲੜਿਆ, ਆਪਣੀ ਓਟ ਆਪ ਰਖਾਇੰਦਾ । ਆਦਿ ਨਿਰੰਜਣ ਅਗਨੀ ਤਤ ਕਦੇ ਨਾ ਸੜਿਆ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਨਾ ਕੋਈ ਭੰਨੇ ਨਾ ਕਿਸੇ ਘੜਿਆ, ਭੰਨਣ ਘੜਨਹਾਰ ਆਪ ਹੋ ਜਾਇੰਦਾ । ਅਬਿਨਾਸ਼ੀ ਕਰਤਾ ਸਾਚੇ ਪੌੜੇ ਆਪੇ ਚੜ੍ਹਿਆ, ਸਚਖੰਡ ਦੁਆਰੇ ਡੇਰਾ ਲਾਇੰਦਾ । ਪਾਰਬ੍ਰਹਮ ਨਰ ਨਰੇਸ਼ ਨਰਾਇਣ ਨਰਿਆ, ਨਰ ਹਰਿ ਹਰੀ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਆਪਣਾ ਵਰ, ਆਪਣੀ ਇਛਿਆ ਆਪੇ ਭਿਛਿਆ ਝੋਲੀ ਪਾਇੰਦਾ । ਸਾਚੀ ਭਿਛਿਆ ਹਰਿ ਭਗਵੰਤ, ਆਪਣੀ ਆਪੇ ਝੋਲੀ ਪਾਈਆ । ਦਰਗਹਿ ਸਾਚੀ ਬਣਿਆ ਨਾਰੀ ਕੰਤ, ਨਿਰਗੁਣ ਨਿਰਗੁਣ ਸੇਜ ਹੰਢਾਈਆ । ਸਚਖੰਡ ਦਵਾਰਾ ਬਣਾਈ ਬਣਤ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਰਾਈਆ । ਆਪਣਾ ਚਾੜ੍ਹੇ ਆਪੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪਣੀ ਧੁਨ ਉਪਜਾਏ ਆਪਣਾ ਮੰਤ, ਸ਼ਬਦ ਸ਼ਬਦੀ ਨਾਉਂ ਰਖਾਈਆ । ਨਾ ਕੋਈ ਸਾਧ ਨਾ ਕੋਈ ਸੰਤ, ਸਤਿ ਸਤਿਵਾਦੀ ਬੈਠਾ ਜੋਤ ਜਗਾਈਆ । ਲੇਖਾ ਜਾਣੇ ਆਦਿ ਅੰਤ, ਆਪ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਹਰਿ ਹਰਿ ਵਸਿਆ, ਆਦਿ ਜੁਗਾਦੀ ਫਿਰੇ ਨੱਸਿਆ, ਆਪ ਆਪਣੀ ਸੇਵ ਕਮਾਈਆ । ਸਾਚੀ ਸੇਵਾ ਹਰਿ ਨਿਰੰਕਾਰ, ਦਰ ਘਰ ਸਾਚੇ ਆਪ ਕਮਾਇੰਦਾ । ਆਪਣਾ ਰੂਪ ਕਰ ਤਿਆਰ, ਆਪ ਆਪਣੇ ਵਿਚ ਰਖਾਇੰਦਾ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਇੰਦਾ । ਆਪ ਬਣਾਏ ਸੱਚਾ ਘਰ ਬਾਰ, ਸਚਖੰਡ ਦਵਾਰਾ ਨਾਉਂ ਧਰਾਇੰਦਾ । ਘਰ ਵਿਚ ਘਰ ਕਰ ਤਿਆਰ, ਥਿਰ ਘਰ ਆਪਣਾ ਆਸਣ ਲਾਇੰਦਾ । ਚਾਰ ਕੁੰਟ ਦਹਿ ਦਿਸ਼ਾ ਦਿਸੇ ਨਾ ਕੋਈ ਦਵਾਰ, ਵੰਡਣ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਆਪੇ ਵੇਖ, ਆਪਣੀ ਖ਼ੁਸ਼ੀ ਮਨਾਈਆ । ਆਪਣਾ ਧਾਰਿਆ ਆਪੇ ਭੇਖ, ਮਾਤ ਪਿਤ ਨਾ ਕੋਇ ਬਣਾਈਆ । ਆਪਣਾ ਲਿਖਿਆ ਆਪੇ ਲੇਖ, ਕਾਗਦ ਕਲਮ ਨਾ ਰੱਖੇ ਕੋਈ ਛਾਹੀਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਹਰਿ ਹਰਿ ਮੂੰਡ ਮੁੰਡਾਈਆ । ਗਣਪਤ ਨਾ ਕੋਇ ਗਣੇਸ਼, ਬ੍ਰਹਮਾ ਵਿਸ਼ਨ ਸ਼ਿਵ ਇਸ਼ਟ ਨਾ ਕੋਇ ਜਣਾਈਆ । ਇਕ ਇਕੱਲਾ ਆਪ ਆਪਣੀ ਕਰੇ ਆਦੇਸ, ਆਪ ਆਪਣਾ ਸੀਸ ਝੁਕਾਈਆ । ਜੁਗਾ ਜੁਗੰਤਰ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਕਰ ਪਸਾਰਾ ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਆਪ ਅਖਵਾਈਆ । ਕਰਤਾ ਪੁਰਖ ਕਰਨਹਾਰਾ, ਆਪਣੀ ਕਰਨੀ ਕਿਰਤ ਕਮਾਇੰਦਾ । ਆਪਣੇ ਘਰ ਹੋ ਉਜਿਆਰਾ, ਆਪਣਾ ਦੀਪਕ ਆਪ ਜਗਾਇੰਦਾ । ਆਪਣੇ ਘਰ ਭਰ ਭੰਡਾਰਾ, ਆਪ ਆਪਣਾ ਨਾਉਂ ਵਖਾਇੰਦਾ । ਆਪਣੇ ਘਰ ਬਣ ਵਣਜਾਰਾ, ਆਪ ਆਪਣਾ ਵਣਜ ਕਰਾਇੰਦਾ । ਆਪਣੇ ਘਰ ਬਣ ਵਰਤਾਰਾ, ਹਰਿ ਆਪਣਾ ਹੱਟ ਚਲਾਇੰਦਾ । ਆਪੇ ਵਸਤ ਰੱਖੇ ਇਕ ਥਾਰਾ, ਥਿਰ ਘਰ ਸਾਚੇ ਖੇਲ ਖਿਲਾਇੰਦਾ । ਨਿਰਗੁਣ ਬੰਨ੍ਹੇ ਨਿਰਗੁਣ

ਧਾਰਾ, ਨਿਰਗੁਣ ਰੰਗ ਰੰਗਾਇੰਦਾ । ਨਿਰਗੁਣ ਹੁਕਮ ਸੱਚੀ ਸਰਕਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਨਿਰਗੁਣ ਬੋਲ ਸਚ ਜੈਕਾਰਾ, ਸਾਚਾ ਨਾਅਰਾ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਸੋਭਾਵੰਤ, ਖੇਲੇ ਖੇਲ ਨਾਰੀ ਕੰਤ, ਕੰਤ ਕੰਤੂਹਲ ਆਪਣਾ ਰੂਪ ਵਟਾਇੰਦਾ । ਕੰਤ ਕੰਤੂਹਲ ਪਾਰਬ੍ਰਹਮ, ਘਰ ਸਾਚੇ ਵੱਜੇ ਵਧਾਈਆ । ਨਾ ਮਰੇ ਨਾ ਪਏ ਜੰਮ, ਲੱਖ ਚੁਰਾਸੀ ਨਾ ਕੋਇ ਭੁਆਈਆ । ਕਰੇ ਕਰਾਏ ਆਪਣਾ ਕੰਮ, ਆਪਣੀ ਕਰਨੀ ਆਪ ਕਰਾਈਆ । ਨਾ ਖ਼ੁਸ਼ੀ ਨਾ ਕੋਈ ਗ਼ਮ, ਨੇਤਰ ਨੀਰ ਨਾ ਕੋਇ ਵਹਾਈਆ । ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਤਾਰਾ ਮੰਡਲ ਨਾ ਕੋਇ ਦਖਾਈਆ । ਨਾ ਕੋਈ ਗੰਧਰਬ ਨਾ ਕੋਈ ਗਣ, ਕਰੋੜ ਤੇਤੀਸਾ ਵੇਖ ਵਖਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਨਾ ਕੋਈ ਬਾਢੀ ਬਣਤ ਬਣਾਈਆ । ਨਾ ਕੋਈ ਤ੍ਰੈਗੁਣ ਮਾਇਆ ਮਮਤਾ ਵਸੇ ਤਨ, ਨਾ ਕੋਈ ਡੰਨ ਰਖਾਈਆ । ਨਾ ਕੋਈ ਜਨਨੀ ਜਣੇ ਜਨ, ਮਾਤ ਗਰਭ ਨਾ ਕੋਇ ਟਿਕਾਈਆ । ਨਾ ਕੋਈ ਬੁੱਧ ਮਤ ਨਾ ਦਿਸੇ ਮਨ, ਪੰਜ ਤਤ ਨਾ ਕੋਇ ਹੰਢਾਈਆ । ਨਾ ਕੋਈ ਦਿਸੇ ਮੁਖ ਨੱਕ ਕੰਨ, ਗੀਤ ਗਾ ਨਾ ਕੋਇ ਸੁਣਾਈਆ । ਪੁਰਖ ਅਬਿਨਾਸ਼ੀ ਆਪਣੇ ਘਰ ਨਰ ਹਰਿ ਆਪਣਾ ਬੇੜਾ ਆਪੇ ਬੈਠਾ ਬੰਨ, ਆਪੇ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੋਲ੍ਹ ਕਿਵਾੜ, ਭੇਵ ਅਭੇਦਾ ਭੇਵ ਖੁਲ੍ਹਾਇਆ । ਨਿਰਗੁਣ ਕੰਤ ਨਿਰਗੁਣ ਨਾਰੀ, ਨਿਰਗੁਣ ਆਪਣਾ ਆਪ ਪਰਨਾਇਆ । ਨਿਰਗੁਣ ਮਹੱਲ ਨਿਰਗੁਣ ਅਟਾਰੀ, ਨਿਰਗੁਣ ਆਪਣੀ ਸੇਜ ਵਿਛਾਇਆ । ਨਿਰਗੁਣ ਤਤ ਨਿਰਗੁਣ ਸ਼ਿੰਗਾਰੀ, ਨਿਰਗੁਣ ਕਮਲਾਪਤ ਵੇਖ ਵਖਾਇਆ । ਨਿਰਗੁਣ ਪਾਏ ਆਪਣੀ ਸਾਰੀ, ਆਪ ਆਪਣਾ ਪਰਦਾ ਲਾਹਿਆ । ਨਿਰਗੁਣ ਕਰੇ ਇਕ ਪਿਆਰੀ, ਪੀਆ ਪ੍ਰੀਤਮ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸਗਨ ਮਨਾਇਆ । ਸਗਨ ਮਨੰਦੜਾ ਹਰਿ ਹਰਿ ਕਾਹਨ, ਦਰਗਹਿ ਸਾਚੀ ਵੇਖ ਵਖਾਈਆ । ਆਪਣੇ ਦਰ ਦਵਾਰ ਹੋਏ ਪਰਧਾਨ, ਪਾਰਬ੍ਰਹਮ ਵੱਡੀ ਵਡਿਆਈਆ । ਆਪਣਾ ਦੇਵੇ ਸਚ ਫ਼ਰਮਾਣ, ਸਾਚਾ ਹੁਕਮੀ ਹੁਕਮ ਅਲਾਈਆ । ਲਾਲਣ ਰੰਗੇ ਲਾਲ ਰੰਗ ਮਹਾਨ, ਦੀਨ ਦਿਆਲਾ ਹਰਿ ਗੋਪਾਲਾ ਆਪਣਾ ਰੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਹੋ ਉਜਿਆਰ, ਕਰੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਚਾਲ ਚਲਾਈਆ । ਅਗੰਮ ਅਗੰਮੜਾ ਅਗੰਮੜੀ ਚਾਲ, ਹਰਿ ਸਾਚਾ ਸਚ ਚਲਾਇੰਦਾ । ਸ਼ਬਦ ਸਰੂਪ ਵਜਾਏ ਤਾਲ, ਨਾਦ ਅਨਾਦੀ ਰਾਗ ਅਲਾਇੰਦਾ । ਆਪਣੀ ਘਾਲ ਆਪੇ ਘਾਲ, ਆਪ ਆਪਣੀ ਸੇਵ ਕਮਾਇੰਦਾ । ਆਪੇ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਖੇਲ ਤਮਾਸ਼ਨ ਆਪ ਕਰਾਇੰਦਾ । ਖੇਲ ਤਮਾਸ਼ਾ ਸੱਚੀ ਰਹਿਰਾਸ, ਦਰ ਘਰ ਸਾਚੇ ਆਪ ਵਖਾਈਆ । ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤ ਬੇਪਰਵਾਹੀਆ । ਆਪਣੀ ਪੂਰੀ ਕਰੇ ਆਸ, ਆਪਣੀ ਤ੍ਰਿਖਾ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਸੁੱਤ ਲਏ ਉਠਾਈਆ । ਉਠ ਸੁੱਤ ਨੌਜਵਾਨ, ਹਰਿ ਸਾਚਾ ਆਪ ਉਠਾਇੰਦਾ । ਹੱਥ ਫੜਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਮੇਰੀ ਤੇਰੀ ਏਕੋ ਆਣ, ਏਕਾ ਰੰਗ ਰੰਗਾਇੰਦਾ । ਮੇਰਾ ਹੁਕਮ ਧੁਰ ਫ਼ਰਮਾਨ, ਤੇਰੀ ਧਾਰ ਬੰਧਾਇੰਦਾ ।

ਤੂੰ ਪੂਤ ਸਪੂਤਾ ਬਣ ਨਿਧਾਨ, ਹਉਂ ਤੇਰਾ ਬਿਰਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਵਡਿਆਇੰਦਾ । ਹਰਿ ਸ਼ਬਦ ਬਲਕਾਰ, ਪੁਰਖ ਅਬਿਨਾਸ਼ੀ ਆਪ ਉਠਾਇਆ । ਦੇਵੇ ਵਡ ਸੱਚੀ ਸਰਕਾਰ, ਸਾਚਾ ਲਹਿਣਾ ਝੋਲੀ ਪਾਇਆ । ਤੇਰੀ ਵੰਡ ਅਪਰ ਅਪਾਰ, ਨਿਰਗੁਣ ਨਿਰਗੁਣ ਦਏ ਸਮਝਾਇਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਮਹੱਲ ਲਏ ਉਸਾਰ, ਤੇਰਾ ਮੰਡਲ ਵੇਖ ਵਖਾਇਆ । ਤੇਰੀ ਰਸਨ ਬਣਾਏ ਰਵ ਸਸ ਸਤਾਰ, ਬੰਸ ਸਰਬੰਸਾ ਨਾਉਂ ਰਖਾਇਆ । ਤੇਰੀ ਜੋਤ ਜਗੇ ਅਪਾਰ, ਤੇਰੇ ਘਰ ਹੋਏ ਰੁਸ਼ਨਾਇਆ । ਪਾਰਬ੍ਰਹਮ ਕਰੇ ਪਿਆਰ, ਸਾਚੀ ਸੇਜ ਆਪ ਹੰਢਾਇਆ । ਏਕਾ ਮੰਦਰ ਕਰ ਤਿਆਰ, ਹਰਿ ਹਰਿ ਜੂ ਡੇਰਾ ਲਾਇਆ । ਤੇਰਾ ਭਰੇ ਸਤਿ ਭੰਡਾਰ, ਸਚ ਭੰਡਾਰ ਆਪ ਵਰਤਾਇਆ । ਨਿਰਾਕਾਰ ਹੋਏ ਸਾਕਾਰ, ਨਿਰਗੁਣ ਸਰਗੁਣ ਵੇਸ ਕਰਾਇਆ । ਵਿਸ਼ਨ ਰੂਪ ਅਪਰ ਅਪਾਰ, ਆਪ ਆਪਣਾ ਲਏ ਪਰਗਟਾਇਆ । ਕਵਲ ਨੈਣ ਕਰ ਉਜਿਆਰ, ਨੈਣ ਨੈਣਾਂ ਵਿਚ ਰਖਾਇਆ । ਆਪ ਆਪਣਾ ਕਰ ਪਸਾਰ, ਆਪ ਆਪੇ ਵੇਖ ਵਖਾਇਆ । ਵਿਸ਼ਨੂੰ ਅੰਦਰ ਅੰਮ੍ਰਿਤ ਧਾਰ, ਨਾਭੀ ਕਵਲ ਆਪ ਉਪਜਾਇਆ । ਖਿਲੇ ਕਵਲ ਹੋਏ ਗੁਲਜ਼ਾਰ, ਬ੍ਰਹਮ ਬ੍ਰਹਮ ਲਏ ਪਰਗਟਾਇਆ । ਬ੍ਰਹਮ ਬੋਲੇ ਇਕ ਜੈਕਾਰ, ਪੁਰਖ ਅਬਿਨਾਸ਼ੀ ਹੁਕਮ ਸੁਣਾਇਆ । ਘਰ ਸਾਚੇ ਬੈਠ ਸੱਚੇ ਦਰਬਾਰ, ਸਾਚੀ ਵੰਡਣ ਇਕ ਰਖਾਇਆ । ਚਾਰੇ ਬਾਣੀ ਕਰ ਤਿਆਰ, ਤੁਰੀਆ ਨਾਦ ਇਕ ਸੁਣਾਇਆ । ਚਾਰੇ ਜੁਗ ਕਰ ਵਰਤਾਰ, ਚਾਰੇ ਖਾਣੀ ਲਏ ਉਪਾਇਆ । ਚਾਰ ਵਰਨਾਂ ਭਰ ਭੰਡਾਰ, ਚਾਰ ਮੁਖ ਦਏ ਸਲਾਹਿਆ । ਚਾਰ ਵੇਦਾਂ ਲਏ ਉਚਾਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਅਛਲ ਅਛੱਲ ਆਪ ਨਿਰੰਕਾਰ, ਦਿਸ ਕਿਸੇ ਨਾ ਆਇਆ । ਆਪੇ ਸ਼ੰਕਰ ਬੰਨ੍ਹੇ ਧਾਰ, ਧੂਆਂਧਾਰ ਵੇਖ ਵਖਾਇਆ । ਸੁੰਨ ਅਗੰਮ ਹੋ ਉਜਿਆਰ, ਆਪਣਾ ਨੂਰ ਲਏ ਚਮਕਾਇਆ । ਏਕਾ ਸ਼ਬਦ ਭਰ ਭੰਡਾਰ, ਤ੍ਰੈ ਤ੍ਰੈ ਦਏ ਵਰਤਾਇਆ । ਤ੍ਰੈ ਤ੍ਰੈ ਵੇਸ ਕਰੇ ਸੱਚੀ ਸਰਕਾਰ, ਤ੍ਰੈਗੁਣ ਆਪਣਾ ਤਤ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਹਰਿ ਬ੍ਰਹਿਮਾਦ, ਬ੍ਰਹਮ ਬ੍ਰਹਮ ਵੇਖ ਵਖਾਇਆ । ਪਾਰਬ੍ਰਹਮ ਬ੍ਰਹਮ ਪਾਇਆ, ਘਰ ਬ੍ਰਹਮੇ ਵੱਜੀ ਵਧਾਈ । ਵਿਸ਼ਨੂੰ ਵੇਖਣ ਆਇਆ, ਵਿਸ਼ਨੂੰ ਆਪਣਾ ਨਾਉਂ ਧਰਾਈ । ਆਪੇ ਦੇਵੇ ਰਿਜ਼ਕ ਸਬਾਇਆ, ਰਾਜ਼ਕ ਰਹੀਮ ਆਪ ਹੋ ਜਾਈ । ਆਪੇ ਲਏ ਅੰਤ ਖਪਾਇਆ, ਸ਼ੰਕਰ ਹੱਥ ਤ੍ਰਸੂਲ ਉਠਾਈ । ਆਪਣਾ ਬੁਰਜ ਆਪੇ ਢਾਇਆ, ਆਪ ਆਪਣਾ ਖੇਲ ਖਲਾਈ । ਆਪੇ ਤ੍ਰੈਗੁਣ ਲੜ ਫੜਾਇਆ, ਰਜੋ ਤਮੋ ਸਤੋ ਕਰੀ ਕੁੜਮਾਈ । ਆਪੇ ਪੰਜ ਤਤ ਮੇਲ ਮਿਲਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਅੰਕ ਬਣਾਈ । ਆਪ ਆਪਣਾ ਕਰ ਪਰਵੇਸ਼, ਦਰ ਦਰਵੇਸ਼ ਖੇਲ ਖਲਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਕਰ ਪਸਾਰਾ, ਖੇਲੇ ਖੇਲ ਏਕੰਕਾਰਾ, ਸੋ ਪੁਰਖ ਨਿਰੰਜਣ ਰੱਖੇ ਸਾਚੀ ਧਾਰਾ, ਹਰਿ ਪੁਰਖ ਨਿਰੰਜਣ ਸ਼ਬਦ ਅਨਾਦੀ ਰਿਹਾ ਉਚਾਰਾ, ਆਪ ਆਪਣਾ ਨਾਦ ਵਜਾਈ । ਪੰਜ ਤਤ ਹਰਿ ਹਰਿ ਘਾੜਣ ਘੜਿਆ, ਤ੍ਰੈਗੁਣ ਮੇਲ ਮਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪੇ ਫੜਿਆ, ਆਪ ਆਪਣਾ ਹੁਕਮ ਸੁਣਾਇੰਦਾ । ਆਪਣਾ ਅੱਖਰ ਆਪੇ ਪੜ੍ਹਿਆ, ਅੱਖਰ ਵੱਖਰ ਆਪ ਸੁਣਾਇੰਦਾ । ਆਪਣੇ ਮੰਦਰ ਆਪੇ ਖੜਿਆ, ਆਪ ਆਪਣਾ ਦਰਸ ਦਿਖਾਇੰਦਾ । ਆਪਣੇ ਘਰ ਆਪੇ ਲੜਿਆ, ਆਪ ਆਪਣੀ ਰਚਨ ਰਚਾਇੰਦਾ । ਆਪਣੇ ਦਰ ਹੀਰੇ ਮਾਣਕ ਮੋਤੀ ਲਾਲ ਜਵਾਹਰ ਆਪੇ ਜੜਿਆ, ਹਰਿ ਮੰਦਰ ਆਪ ਸਮਾਇੰਦਾ । ਆਪਣੇ ਘਰ ਆਪੇ ਵਸੇ ਡੂੰਘੀ ਗਾਰਿਆ, ਅੰਧ ਅੰਧੇਰਾ

ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਕਰ ਪਰਧਾਨ, ਲੋਕਮਾਤ ਵਖਾਏ ਇਕ ਨਿਸ਼ਾਨ, ਜਗਤ ਨਿਸ਼ਾਨ ਆਪ ਝੁਲਾਇੰਦਾ । ਪੰਜ ਤਤ ਕਾਇਆ ਗੜ੍ਹ ਕਰ ਤਿਆਰ, ਤ੍ਰੈਗੁਣ ਬੰਧਨ ਪਾਇਆ । ਪੰਚਮ ਪੰਚ ਕਰ ਜੈਕਾਰ, ਪੰਚ ਰਾਗ ਨਾਦ ਵਜਾਇਆ । ਪੰਚਮ ਕਾਮ ਕਰੋਧ ਲੋਭ ਮੋਹ ਹੰਕਾਰ, ਪੰਚਮ ਮੇਲਾ ਸਹਿਜ ਸੁਭਾਇਆ । ਪੰਜ ਦਸ ਕਰੇ ਵਿਚਾਰ, ਹੱਸ ਹੱਸ ਵੇਖ ਵਖਾਇਆ । ਮਤ ਬੁੱਧ ਦੇ ਆਧਾਰ, ਨਿਰਗੁਣ ਆਪਣੀ ਵੰਡ ਵਖਾਇਆ । ਮਨ ਮਨੂਆ ਕਰ ਸਿਕਦਾਰ, ਨੌਂ ਦੁਆਰੇ ਤਖ਼ਤ ਸਜਾਇਆ । ਕਰੇ ਖੇਲ ਆਪ ਨਿਰੰਕਾਰ, ਆਪਣੀ ਰਚਨਾ ਵੇਖ ਵਖਾਇਆ । ਘਰ ਵਿਚ ਘਰ ਕਰ ਪਸਾਰ, ਬਜ਼ਰ ਕਪਾਟੀ ਕੁੰਡਾ ਲਾਹਿਆ । ਸੁਖਮਨ ਟੇਢੀ ਬੰਕ ਕਰ ਤਿਆਰ, ਸਾਚੀ ਪੌੜੀ ਆਪ ਛੁਪਾਇਆ । ਅੰਮ੍ਰਿਤ ਸਰੋਵਰ ਭਰ ਭੰਡਾਰ, ਆਪਣਾ ਕੁੰਡ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸੋਹੇ ਸੱਚਾ ਦਰਬਾਰ, ਆਤਮ ਸੇਜਾ ਇਕ ਆਧਾਰ, ਦਰ ਘਰ ਸਾਚਾ ਆਪ ਸੁਹਾਇਆ । ਆਤਮ ਸੇਜਾ ਖੇਲ ਅਪਾਰਾ, ਹਰਿ ਸਾਚਾ ਸਚ ਕਰਾਈਆ । ਨਾਦ ਸ਼ਬਦ ਸੱਚੀ ਧੁਨਕਾਰਾ, ਹਰਿ ਬਹਿ ਬਹਿ ਮੰਗਲ ਗਾਈਆ । ਪਰਕਾਸ਼ ਆਕਾਸ਼ ਕਰ ਉਜਿਆਰਾ, ਵਾਸ ਨਿਵਾਸ ਆਪ ਵਖਾਈਆ । ਪਵਣ ਸਵਾਸ ਨਾ ਲਏ ਹੁਲਾਰਾ, ਦਾਸ ਦਾਸੀ ਆਪ ਜਣਾਈਆ । ਨਿਜ ਘਰ ਵਾਸ ਨਿਜ ਆਤਮ ਕਰੇ ਪਿਆਰਾ, ਈਸ਼ ਜੀਵ ਵਡ ਵਡਿਆਈਆ । ਜਗਦੀਸ਼ ਸੋਹੇ ਸਚ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪਾਰਬ੍ਰਹਮ ਹਰਿ ਹਰਿ ਮੇਲਾ ਕੰਤ ਭਤਾਰਾ, ਹਰਿ ਸਾਚਾ ਕੰਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਅੰਦਰ ਨਿਰਗੁਣ ਵੜ, ਮੇਲ ਮਿਲਾਏ ਸਹਿਜ ਸੁਭਾਈਆ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਲੋਕਮਾਤ ਕਰਾਇਆ । ਲੱਖ ਚੁਰਾਸੀ ਗੁਰੂ ਗੁਰ ਚੇਲਾ, ਗੁਰ ਹਰਿ ਹਰਿ ਰੂਪ ਵਟਾਇਆ । ਜੁਗਾ ਜੁਗੰਤਰ ਸੱਜਣ ਸੁਹੇਲਾ, ਸਾਕੀ ਆਪਣਾ ਨਾਉਂ ਧਰਾਇਆ । ਆਪੇ ਜਾਣੇ ਆਪਣਾ ਵਕਤ ਵੇਲਾ, ਵੇਦ ਕਤੇਬ ਭੇਵ ਨਾ ਆਇਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਲੋਕਮਾਤ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਕਰ ਤਿਆਰ, ਮਾਨਸ ਮਨੁੱਖ ਕਰ ਪਿਆਰ, ਰੂਪ ਅਨੂਪ ਆਪ ਦਰਸਾਇਆ । ਰੂਪ ਅਨੂਪਾ ਸ਼ਾਹੋ ਭੂਪਾ, ਹਰਿ ਸਤਿਗੁਰ ਪੁਰਖ ਅਖਵਾਇੰਦਾ । ਵਸਣਹਾਰਾ ਚਾਰੇ ਕੂਟਾ, ਦਹਿ ਦਿਸ਼ਾ ਫੇਰੀ ਪਾਇੰਦਾ । ਆਪੇ ਲਾਏ ਆਪਣਾ ਬੂਟਾ, ਆਪੇ ਜੜ੍ਹ ਉਖੜਾਇੰਦਾ । ਆਪੇ ਲੇਖਾ ਜਾਣੇ ਜੂਠਾ ਝੂਠਾ, ਸਚ ਸੁੱਚ ਆਪ ਵਰਤਾਇੰਦਾ । ਆਪੇ ਕਰੇ ਖ਼ਾਲੀ ਠੂਠਾ, ਭਰ ਪਿਆਲਾ ਆਪੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਹੁਕਮੀ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਬ੍ਰਹਮਾ ਵਿਸ਼ਨ ਸ਼ਿਵ ਕਰੇ ਜਣਾਈਆ । ਚਾਰੇ ਜੁਗ ਵਰਤੇ ਆਪਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨੀ ਸਾਚਾ ਰਾਣਾ, ਪਾਤਸ਼ਾਹ ਆਪ ਅਖਵਾਈਆ । ਲੋਕਮਾਤ ਸੰਤ ਭਗਤ ਕਰੇ ਪਰਧਾਨਾ, ਆਪ ਆਪਣਾ ਗੀਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿੰਨਾਂ ਦੇਵੇ ਏਕਾ ਵਰ, ਏਕਾ ਸਿਖਿਆ ਸਿਖ ਸਮਝਾਈਆ । ਤਿੰਨਾਂ ਸੁੱਤ ਕਰ ਧਿਆਨ, ਹਰਿ ਸਾਚੇ ਸਚ ਸੁਹਾਇਆ । ਚਾਰ ਵੇਦ ਜਗਤ ਗਿਆਨ, ਬ੍ਰਹਮੇ ਵਿਦਿਆ ਇਕ ਪੜ੍ਹਾਇਆ । ਵਿਸ਼ਨੂੰ ਤੇਰਾ ਰੱਖੇ ਮਾਣ, ਸਚ ਭੰਡਾਰਾ ਆਪ ਵਰਤਾਇਆ । ਸ਼ੰਕਰ ਤੇਰੀ ਏਕਾ ਕਾਨ, ਬਾਸ਼ਕ ਤਸ਼ਕਾ ਵੇਖ ਵਿਖਾਇਆ । ਸਾਂਗੋ ਪਾਂਗ ਸੇਜ ਕਰ ਪਰਵਾਨ, ਆਪ


੫੪੦

ਬੈਠਾ ਆਸਣ ਲਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬ੍ਰਹਮੇ ਮਨਵੰਤਰ ਤੇਰਾ ਝੁਲਦਾ ਰਿਹਾ ਨਿਸ਼ਾਨ, ਪੁਰਖ ਅਬਿਨਾਸ਼ੀ ਆਪ ਝੁਲਾਇਆ । ਸਤਿਜੁਗ ਤ੍ਰੇਤਾ ਦੁਆਪਰ ਚਲੇ ਮਾਤ ਦੁਕਾਨ, ਚੌਦਾਂ ਹੱਟ ਵੇਖ ਵਖਾਇਆ । ਜੁਗ ਜੁਗ ਹੋਏ ਆਪ ਮਿਹਰਵਾਨ, ਆਪਣਾ ਰੂਪ ਲਏ ਪ੍ਰਗਟਾਇਆ । ਨਿਰਗੁਣ ਸਰਗੁਣ ਦੇਵੇ ਮਾਣ, ਜੋਤ ਸ਼ਬਦ ਸ਼ਬਦ ਜੋਤ ਵਿਚ ਟਿਕਾਇਆ । ਆਪੇ ਰਾਮ ਹੋਏ ਬਲਵਾਨ, ਆਪੇ ਰਾਵਣ ਦਹਿਸਿਰ ਘਾਇਆ । ਆਪੇ ਵੇਖੇ ਗੋਪੀ ਕਾਹਨ, ਦੁਸ਼ਟ ਹੰਕਾਰੀ ਮੇਟ ਮਿਟਾਇਆ । ਆਪੇ ਭਗਤਾਂ ਕਰੇ ਪਰਵਾਨ, ਗ਼ਰੀਬ ਨਿਮਾਣੇ ਗਲੇ ਲਗਾਇਆ । ਆਪੇ ਕਲਜੁਗ ਵੇਖੇ ਕੂੜ ਨਿਸ਼ਾਨ, ਕੂੜਾ ਡੰਕਾ ਜਗਤ ਸੁਣਾਇਆ । ਆਪੇ ਈਸਾ ਮੂਸਾ ਹੋ ਪਰਧਾਨ, ਕਾਲਾ ਸੂਸਾ ਤਨ ਵਖਾਇਆ । ਆਪੇ ਅੰਜੀਲ ਕੁਰਾਨ ਗਾਏ ਗਾਣ, ਤੀਸ ਬਤੀਸਾ ਆਪ ਸਮਾਇਆ । ਆਪੇ ਸੰਗ ਮੁਹੰਮਦ ਚਾਰ ਯਾਰੀ ਦੇਵੇ ਧੁਰ ਫ਼ਰਮਾਣ, ਅੱਲਾ ਰਾਣੀ ਮਤਾ ਆਪ ਪਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸ਼ਬਦ ਸਚ ਸੰਦੇਸ਼, ਆਪ ਸੁਣਾਏ ਨਰ ਨਰੇਸ਼, ਸਚਖੰਡ ਬੈਠਾ ਹੁਕਮ ਸੁਣਾਇਆ । ਸਾਚਾ ਹੁਕਮ ਸਾਚਾ ਸ਼ਾਹ, ਹਰਿ ਸਾਚਾ ਸਚ ਸੁਣਾਇੰਦਾ । ਜੁਗਾ ਜੁਗੰਤਰ ਬਣੇ ਮਲਾਹ, ਜੁਗ ਜੁਗ ਬੇੜਾ ਆਪ ਤਰਾਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਫੜ ਫੜ ਹੰਸ ਬਣਾਏ ਕਾਂ, ਸਾਚੀ ਮਾਣਕ ਮੋਤੀ ਚੋਗ ਚੁਗਾਇੰਦਾ । ਦਰਗਹਿ ਸਾਚੀ ਰਖਾਏ ਸਾਚਾ ਥਾਂ, ਥਾਨ ਥਨੰਤਰ ਇਕ ਵਡਿਆਇੰਦਾ । ਕਰੇ ਕਰਾਏ ਸਚ ਨਿਆਂ, ਹੰਕਾਰੀ ਦੁਸ਼ਟਾਂ ਆਪ ਖਪਾਇੰਦਾ । ਕਲਜੁਗ ਖੇੜਾ ਵੇਖੇ ਨਗਰ ਗਰਾਂ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੋਲ ਫੁਲਾਇੰਦਾ । ਨਾਨਕ ਨਿਰਗੁਣ ਗਿਆ ਸੁਣਾ, ਬਿਨ ਹਰਿ ਕੋਇ ਨਾ ਪਾਰ ਲੰਘਾਇੰਦਾ । ਏਕਾ ਮੰਤਰ ਗਿਆ ਜਣਾ, ਨਾਮ ਸਤਿ ਸਰਬ ਪੜ੍ਹਾਇੰਦਾ । ਊਚ ਨੀਚਾਂ ਏਕਾ ਰੰਗ ਰੰਗਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹਾਇੰਦਾ । ਏਕਾ ਕਲਮਾ ਨਬੀ ਗਿਆ ਲਿਖਾ, ਜਗਤ ਰਸੂਲ ਆਪ ਵਡਿਆਇੰਦਾ । ਮਹਿਬਾਨ ਬੀਦੋ ਬੀਖੈਰ ਯਾ ਅੱਲਾ ਬਣੇ ਸਚ ਮਲਾਹ, ਚੌਦਾਂ ਤਬਕਾਂ ਬੇੜਾ ਆਪ ਤਰਾਇੰਦਾ । ਏਕਾ ਜੋਤੀ ਦਸ ਦਸ ਨਾਉਂ ਰਖਾ, ਨੂਰੋ ਨੂਰ ਨੂਰ ਆਪ ਧਰਾਇੰਦਾ । ਸ਼ਬਦ ਅਗੰਮੀ ਹੁਕਮ ਸੁਣਾ, ਸ੍ਰਿਸ਼ਟ ਸਬਾਈ ਆਪ ਜਗਾਇੰਦਾ । ਕਲਜੁਗ ਅੰਤਮ ਵੇਲਾ ਜਾਏ ਆ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾਤਾ ਤੁਟੇ ਪੁਤਰ ਮਾਂ, ਪਿਤਾ ਪੂਤ ਨਾ ਵੇਖ ਵਖਾਇੰਦਾ । ਨਾ ਕੋਈ ਦਿਸੇ ਭੈਣ ਭਰਾ, ਭੈਣਾ ਭਈਆ ਨਾ ਸੰਗ ਰਲਾਇੰਦਾ । ਬੁੱਧ ਬਬੇਕੀ ਕਾਗ ਵਾਂਗ ਰਹੀ ਕੁਰਲਾ, ਚਾਰੋਂ ਕੁੰਟ ਕੂਕ ਸੁਣਾਇੰਦਾ । ਕਿਸੇ ਨਾ ਮਿਲੇ ਸੱਚਾ ਥਾਂ, ਧੀਰਜ ਧੀਰ ਨਾ ਕੋਇ ਧਰਾਇੰਦਾ । ਰਾਜ ਰਾਜਾਨ ਨਾ ਕਰੇ ਸਚ ਨਿਆਂ, ਗ਼ਰੀਬ ਨਿਮਾਣਿਆਂ ਕੋਇ ਨਾ ਗਲੇ ਲਗਾਇੰਦਾ । ਜਗਤ ਨਿਤਾਣਿਆਂ ਪਕੜੇ ਕੋਈ ਨਾ ਬਾਂਹ, ਫੜ ਬਾਹੋਂ ਨਾ ਕੋਇ ਉਠਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਦਰਗਹਿ ਸਾਚੀ ਵੇਖ ਵਖਾਇੰਦਾ । ਅੰਤਮ ਪਰਗਟ ਹੋਵੇ ਆ, ਨਿਹਕਲੰਕਾ ਨਾਉਂ ਧਰਾਇੰਦਾ । ਸ਼ਬਦ ਡੰਕਾ ਦਏ ਵਜਾ, ਰਾਓ ਰੰਕਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਰੱਖੇ ਆਪਣੀ ਧਾਰ, ਪੁਰਖ ਅਬਿਨਾਸ਼ੀ ਖੇਲ ਅਪਾਰ, ਲੋਕਮਾਤ ਆਪ ਖਿਲਾਇੰਦਾ । ਨਾਨਕ ਧਾਰ ਨਿਰਗੁਣ ਰੂਪ, ਨਰ ਨਰਾਇਣ ਚਲਾਈਆ । ਗੋਬਿੰਦ ਸੂਰਾ ਸਤਿ ਸਰੂਪ, ਸੁੱਤ ਦੁਲਾਰਾ ਵਡ ਵਡਿਆਈਆ । ਲੇਖਾ ਜਾਣੇ ਜੂਠ ਝੂਠ, ਹਉਮੇ ਹੰਗਤਾ ਗੜ੍ਹ ਤੁੜਾਈਆ । ਪੁਰਖ ਅਕਾਲ ਜਾਏ ਤੂਠ, ਮਿਹਰਵਾਨ ਮਿਹਰਵਾਨ ਮਿਹਰਵਾਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਜੁਗ ਜੁਗ ਧਾਰ ਹਰਿ ਚਲਾਏ, ਵੇਦ ਕਤੇਬ ਭੇਵ ਨਾ ਰਾਇਆ । ਸਾਧ ਸੰਤ ਸਦ ਰਹੇ ਗਾਏ, ਰਸਨਾ ਜਿਹਵਾ ਜਗਤ ਹਿਲਾਇਆ । ਧੁਰ ਫ਼ਰਮਾਣਾ ਆਪ ਸੁਣਾਏ, ਆਪ ਆਪਣੀ ਦਇਆ ਕਮਾਇਆ । ਬੋਧ ਅਗਾਧਾ ਸ਼ਬਦ ਅਲਾਏ, ਨਿਰਗੁਣ ਸਰਗੁਣ ਮੇਲ ਮਿਲਾਇਆ । ਆਪਣਾ ਪਰਦਾ ਦਏ ਚੁਕਾਏ, ਭਗਤ ਭਗਵੰਤ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਇਆ । ਕਲਜੁਗ ਵੇਲਾ ਅੰਤਮ ਆਉਣਾ, ਚਾਰ ਕੁੰਟ ਜੰਤ ਕੁਰਲਾਏ । ਸ੍ਰਿਸ਼ਟ ਸਬਾਈ ਧੀਰ ਨਾ ਕੋਇ ਧਰਾਉਣਾ, ਸਤਿ ਸੰਤੋਖ ਨਾ ਕੋਇ ਵਖਾਏ । ਸਾਚਾ ਮੰਤਰ ਨਾ ਕਿਸੇ ਦ੍ਰਿੜਾਉਣਾ, ਹਰੀ ਹਰਿ ਨਾ ਕੋਇ ਮਿਲਾਏ । ਪੜ੍ਹ ਪੜ੍ਹ ਵਿਦਿਆ ਵਾਦ ਵਧਾਉਣਾ, ਗਿਆਨ ਧਿਆਨ ਨਾ ਵਿਚ ਟਿਕਾਏ । ਸਾਧ ਸੰਤ ਸਰਬ ਕੁਰਲਾਉਣਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਈ ਮੇਟੇ ਮੇਟ ਮਿਟਾਏ । ਸਾਚਾ ਤਖ਼ਤ ਨਾ ਕਿਸੇ ਵਖਾਉਣਾ, ਸਾਚਾ ਅਦਲ ਨਾ ਕੋਇ ਕਮਾਏ । ਏਕਾ ਰੰਗ ਨਾ ਕਿਸੇ ਰੰਗਾਉਣਾ, ਨਾਮ ਲਲਾਰੀ ਦਿਸ ਨਾ ਆਏ । ਨਿਹਕਲੰਕ ਹਰਿ ਜਾਮਾ ਪਾਉਣਾ, ਜੋਤ ਨੂਰ ਕਰੇ ਰੁਸ਼ਨਾਏ । ਸਾਚਾ ਸ਼ਬਦ ਡੰਕ ਵਜਾਉਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਉਤਭੁਜ ਅੰਡਜ ਜੇਰਜ ਸੇਤਜ ਲਏ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪ੍ਰਗਟਾਏ । ਹਰਿ ਨਿਹਕਲੰਕ ਲੋਕਮਾਤ ਅਵਤਾਰਾ, ਦਿਸ ਕਿਸੇ ਨਾ ਆਈਆ । ਜੋਤੀ ਨੂਰ ਜੋਤ ਉਜਿਆਰਾ, ਜੋਤ ਜੋਤ ਵਿਚ ਟਿਕਾਈਆ । ਸ਼ਬਦ ਨਾਮ ਸੱਚਾ ਜੈਕਾਰਾ, ਸਾਚਾ ਨਾਅਰਾ ਦਏ ਸੁਣਾਈਆ । ਚਾਰੇ ਵਰਨਾਂ ਦੇ ਹੁਲਾਰਾ, ਚਾਰੋਂ ਕੁੰਟ ਆਪ ਉਠਾਈਆ । ਨੌ ਖੰਡ ਵੇਖੇ ਆਰ ਪਾਰਾ, ਦੀਪ ਸੱਤ ਫੋਲ ਫੁਲਾਈਆ । ਬ੍ਰਹਮੇ ਨੇਤਰ ਨੈਣ ਉਘਾੜਾ, ਆਲਸ ਨਿੰਦਰਾ ਦਏ ਮਿਟਾਈਆ । ਵਿਸ਼ਨੂੰ ਵੇਖੇ ਮਾਤ ਸੰਸਾਰਾ, ਦਿਵਸ ਰੈਣ ਸੇਵ ਕਮਾਈਆ । ਸ਼ੰਕਰ ਚਾਰੋਂ ਕੁੰਟ ਦੇ ਲਲਕਾਰਾ, ਉਚੀ ਕੂਕੇ ਕੂਕ ਸੁਣਾਈਆ । ਰਾਏ ਧਰਮ ਖੋਲ੍ਹ ਕਿਵਾੜਾ, ਦਰ ਦਰਵਾਜਾ ਰਿਹਾ ਖੁਲ੍ਹਾਈਆ । ਚਿਤਰ ਗੁਪਤ ਬਣ ਲਿਖਾਰਾ, ਆਪਣਾ ਲੇਖਾ ਰਿਹਾ ਸਮਝਾਈਆ । ਲਾੜੀ ਮੌਤ ਕਰੇ ਸ਼ਿੰਗਾਰਾ, ਨੈਣ ਕੱਜਲ ਰਹੀ ਪਾਈਆ । ਕਲਜੁਗ ਆਈ ਅੰਤਮ ਵਾਰਾ, ਸਾਲੂ ਰੱਤੜੀ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਰੇ ਕੰਤ ਭਤਾਰਾ, ਘਰ ਘਰ ਫੇਰੀ ਪਾਈਆ । ਗੁਰਮੁਖ ਵਿਰਲਾ ਉਤਰੇ ਪਾਰਾ, ਜਿਸ ਸਤਿਗੁਰ ਸੱਚਾ ਮਿਲਿਆ ਬੇਪਰਵਾਹੀਆ । ਸੰਮਤ ਸੰਮਤੀ ਦੇ ਹੁਲਾਰਾ, ਸਿੰਮਲ ਰੁੱਖ ਸ੍ਰਿਸ਼ਟ ਸਬਾਈਆ । ਫਲ ਨਾ ਦਿਸੇ ਕਿਸੇ ਡਾਲ੍ਹਾ, ਪਤ ਡਾਲ੍ਹੀ ਰਹੀ ਕੁਮਲਾਈਆ । ਚਾਰੋਂ ਕੁੰਟ ਆਈ ਹਾਰਾ, ਸ਼ਾਹ ਸੁਲਤਾਨ ਪੰਜ ਸ਼ੈਤਾਨ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਉਜਾਲਾ ਹਰਿ ਗੋਪਾਲਾ, ਨਿਹਕਲੰਕਾ ਨਾਉਂ ਰਖਾਇੰਦਾ । ਲੋਕਮਾਤ ਭਗਤ ਦਲਾਲਾ ਬਣੇ ਰਖਵਾਲਾ, ਸੇਵਕ ਸਾਚੀ ਸੇਵ ਕਮਾਇੰਦਾ । ਨਾਲ ਰਲਾਏ ਕਾਲ ਮਹਾਂਕਾਲਾ, ਅਵੱਲੜੀ ਚਾਲਾ ਜਗਤ ਜੰਜਾਲਾ ਤੋੜ ਤੁੜਾਇੰਦਾ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲਾ, ਅੰਮ੍ਰਿਤ ਸੁਹਾਏ ਏਕਾ ਤਾਲਾ, ਸਰ ਸਰੋਵਰ ਆਪ ਨੁਹਾਇੰਦਾ । ਏਕਾ ਨਾਮ ਗਲ ਪਾਏ ਸਾਚੀ ਮਾਲਾ, ਮਨ ਕਾ ਮਣਕਾ ਆਪ ਫਿਰਾਇੰਦਾ । ਅਨਹਦ ਸ਼ਬਦ ਵੱਜੇ ਸਾਚਾ ਤਾਲਾ, ਧੁਨ ਆਤਮਕ ਰਾਗ ਨਾਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਆਪ ਉਠਾਇੰਦਾ । ਸ੍ਰਿਸ਼ਟ ਸਬਾਈ ਉਠਣਾ

ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਨੌ ਖੰਡ ਪ੍ਰਿਥਮੀ ਲੱਗੀ ਆਗ, ਲੋਕਮਾਤ ਨਾ ਕੋਈ ਬੁਝਾਇੰਦਾ । ਕਿਸੇ ਘਰ ਨਾ ਦਿਸੇ ਚਿਰਾਗ, ਦੀਵਾ ਬਾਤੀ ਨਾ ਕੋਈ ਜਗਾਇੰਦਾ । ਚਾਰੋਂ ਕੁੰਟ ਉਡਣੇ ਕਾਗ, ਹੰਸ ਰੂਪ ਨਾ ਕੋਇ ਵਟਾਇੰਦਾ । ਨਾਰੀ ਮਿਲੇ ਨਾ ਕੰਤ ਸੁਹਾਗ, ਸੁਹਾਗੀ ਰੁੱਤ ਨਾ ਕੋਇ ਵਖਾਇੰਦਾ । ਮਾਇਆ ਮਮਤਾ ਜੂਠਾ ਝੂਠਾ ਲੱਗਾ ਦਾਗ, ਬਿਨ ਸਤਿਗੁਰ ਪੂਰੇ ਨਾ ਕੋਇ ਧੁਆਇੰਦਾ । ਅੰਤ ਨਾ ਪਕੜੇ ਕੋਈ ਵਾਗ, ਕੰਤ ਭਗਵੰਤ ਮੁਖ ਛੁਪਾਇੰਦਾ । ਮਾਇਆ ਮਮਤਾ ਡੱਸਣੀ ਡੱਸੇ ਨਾਗ, ਕਲਜੁਗ ਆਪਣਾ ਖੇਲ ਵਖਾਇੰਦਾ । ਹਰਿ ਭਗਤ ਨਾ ਉਪਜੇ ਮਨ ਵੈਰਾਗ, ਬਿਰਹੋਂ ਤੀਰ ਨਾ ਕੋਇ ਲਗਾਇੰਦਾ । ਝੂਠੇ ਦਿਸਣ ਸੱਜਣ ਸਾਕ, ਅੰਤ ਸੰਗ ਨਾ ਕੋਇ ਨਿਭਾਇੰਦਾ । ਜੋ ਜਨ ਹਰਿ ਸਰਨਾਈ ਜਾਏ ਲਾਗ, ਸਿਰ ਸਮਰਥ ਹੱਥ ਰਖਾਇੰਦਾ । ਚਰਨ ਧੂੜ ਕਰਾਏ ਮਜਨ ਮਾਘ, ਅਠਸਠ ਤੀਰਥ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੀਵ ਜੰਤ ਆਪ ਸਮਝਾਇੰਦਾ । ਜੀਵ ਜੰਤ ਉਠਣਾ ਜਾਗ, ਹਰਿ ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਸਰੂਪੀ ਬੰਨ੍ਹੇ ਤਾਗ, ਤ੍ਰੈਗੁਣ ਅਗਨੀ ਦਏ ਬੁਝਾਈਆ । ਇਕ ਸੁਣਾਏ ਸਾਚਾ ਰਾਗ, ਲਿਖਣ ਪੜ੍ਹਣ ਵਿਚ ਨਾ ਆਈਆ । ਕਾਇਆ ਮੰਦਰ ਅੰਦਰ ਜੋਤੀ ਜਗੇ ਚਿਰਾਗ, ਹਰਿ ਮੰਦਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਘਰ ਸਾਚੇ ਮੇਲ ਮਿਲਾਈਆ । ਹਰਿਜਨ ਹਰਿ ਹਰਿ ਪਾਇਆ, ਗੁਰ ਸਤਿਗੁਰ ਗਹਿਰ ਗੰਭੀਰ । ਕਲਜੁਗ ਅੰਤਮ ਪੰਧ ਮੁਕਾਇਆ, ਲੱਖ ਚੁਰਾਸੀ ਕੱਟੀ ਭੀੜ । ਪਰਮਾਨੰਦ ਆਪ ਸਮਾਇਆ, ਚੌਥੇ ਪਦ ਚੜ੍ਹ ਅਖੀਰ । ਨੇਤਰ ਤੀਜਾ ਆਪ ਖੁਲ੍ਹਾਇਆ, ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ । ਦੂਈ ਦਵੈਤੀ ਪੰਧ ਕਟਾਇਆ, ਏਕਾ ਰੰਗ ਵਖਾਣੇ ਹਸਤ ਕੀਟ । ਏਕਓਅੰਕਾਰ ਮੇਲ ਮਿਲਾਇਆ, ਵਡ ਦਾਤਾ ਪੀਰਨ ਪੀਰ । ਘਰ ਸੱਚਾ ਸ਼ਾਹੋ ਪਾਇਆ, ਲੋਕਮਾਤ ਮਿਟੇ ਤਕਸੀਰ । ਨਾਰੀ ਬਹਿ ਬਹਿ ਕੰਤ ਮਨਾਇਆ, ਬਿਰਹੋਂ ਨਾਠੀ ਘਰੋਂ ਪੀੜ । ਪੀਆ ਪ੍ਰੀਤਮ ਮੰਗਲ ਗਾਇਆ, ਲਾਲਣ ਰੰਗਿਆ ਆਪਣਾ ਚੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਦੇਵੇ ਧੀਰ । ਧੀਰਜ ਦੇਵੇ ਸਤਿ ਗਿਆਨ, ਚਰਨ ਕਵਲ ਵਡਿਆਈਆ । ਆਤਮ ਅੰਤਰ ਮਾਰੇ ਬਾਣ, ਬ੍ਰਹਮ ਸ਼ਸਤਰ ਆਪ ਚਲਾਈਆ । ਪੰਜਾਂ ਚੋਰਾਂ ਲਾਹੇ ਘਾਣ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਮੇਟ ਮਿਟਾਏ ਝੂਠ ਨਿਸ਼ਾਨ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਏਕਾ ਦੇਵੇ ਨਾਮ ਨਿਧਾਨ, ਨਿਜ ਨੇਤਰ ਆਪ ਖੁਲ੍ਹਾਈਆ । ਏਕਾ ਸ਼ਬਦ ਸੁਣਾਏ ਕਾਨ, ਆਪ ਆਪਣੀ ਧੁਨ ਉਪਜਾਈਆ । ਸਚਖੰਡ ਦੁਆਰੇ ਦੇਵੇ ਸਾਚਾ ਮਾਣ, ਮੁਕਤੀ ਗੁਰਸਿਖਾਂ ਚਰਨਾਂ ਹੇਠ ਦਬਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਰਾਹ ਤੱਕਣ ਆਣ, ਜਿਸ ਮਾਰਗ ਗੁਰਸਿਖ ਜਾਈਆ । ਸਤਿਗੁਰ ਪੂਰਾ ਸੂਰਬੀਰ ਬਲਵਾਨ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਲਗਾਏ ਆਪਣੇ ਲੜ, ਆਪ ਆਪਣਾ ਬੰਧਨ ਪਾਈਆ । ਬੰਧਨ ਬੰਧਪ ਦੇਵੇ ਪਾ, ਪਾਵਣਹਾਰ ਨਿਰੰਕਾਰਾ । ਸੰਤ ਸਤਿਗੁਰ ਲਏ ਮਿਲਾ, ਲੋਕਮਾਤ ਖੇਲ ਅਪਾਰਾ । ਭਗਤ ਭਗਵੰਤ ਹੋਏ ਸਹਾ, ਨਿਰਗੁਣ ਜੋਤ ਕਰ ਉਜਿਆਰਾ । ਲੱਖ ਚੁਰਾਸੀ ਲਏ ਭੁੱਲਾ, ਮਾਇਆ ਮਮਤਾ ਖੇਲ ਨਿਆਰਾ । ਜੁਗ ਜੁਗ ਵਿਛੜੇ ਲਏ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਬੰਕ ਦੁਆਰਾ । ਬੰਕ ਦੁਆਰਾ ਸੋਹਿਆ, ਲੋਕਮਾਤ ਵਡਿਆਈਆ । ਗੁਰਸਿਖ ਗੁਰ

ਗੁਰ ਜਿਹਾ ਹੋਇਆ, ਜਿਸ ਜਨ ਆਪਣੀ ਦਇਆ ਕਮਾਈਆ । ਆਲਸ ਨਿੰਦਰਾ ਵਿਚ ਨਾ ਸੋਇਆ, ਜਿਸ ਜਨ ਹਰਿ ਹਰਿ ਆਪ ਜਗਾਈਆ । ਘਰ ਸਾਚੇ ਲੈ ਕੇ ਆਇਆ ਢੋਆ, ਏਕਾ ਨਾਮ ਵਸਤ ਦਿਖਾਈਆ । ਹਰਿ ਬਿਨ ਅਵਰ ਨਾ ਜਾਣੇ ਕੋਆ, ਨੇਤਰ ਲੋਚਣ ਦਿਸ ਕਿਸੇ ਨਾ ਆਈਆ । ਗੁਰਸਿਖ ਬੀਜ ਸਾਚਾ ਬੋਆ, ਫੁਲ ਫੁਲਵਾੜੀ ਆਪ ਮਹਿਕਾਈਆ । ਕਰੇ ਪ੍ਰਕਾਸ਼ ਤ੍ਰੈ ਤ੍ਰੈ ਲੋਆ, ਲੋਆਂ ਪੁਰੀਆਂ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਨਾਮ ਜਗੀਰ, ਸਿੰਘ ਜਗੀਰ ਵਖਾਈਆ । ਸੰਗ ਰਖਾਏ ਅੰਤ ਅਖੀਰ, ਚੋਰ ਯਾਰ ਲੁੱਟ ਕੋਇ ਨਾ ਜਾਈਆ । ਸਤਿਗੁਰ ਪੂਰਾ ਕੱਟਣਹਾਰਾ ਭੀੜ, ਜਗਤ ਜੰਜਾਲਾ ਦਏ ਤੁੜਾਈਆ । ਭਰ ਪਿਆਲਾ ਪਿਆਏ ਅੰਮ੍ਰਿਤ ਸੀਰ, ਮਦਿ ਪਿਆਲਾ ਦਏ ਸੁਟਾਈਆ । ਤਨ ਪਹਿਨਾਏ ਸਾਚਾ ਚੀਰ, ਬਸਤਰ ਆਪਣਾ ਸ਼ਬਦ ਵਖਾਈਆ । ਅਠਸਠ ਕਾਇਆ ਅੰਦਰ ਵਿਰੋਲੇ ਨੀਰ, ਨਿਝਰ ਝਿਰਨਾ ਅੰਮ੍ਰਿਤ ਆਪ ਝਿਰਾਈਆ । ਜਨਮ ਜਨਮ ਦੀ ਨਿਕਲੇ ਪੀੜ, ਮਾਨਸ ਜਨਮ ਲੇਖੇ ਲਾਈਆ । ਗੁਰਸਿਖਾਂ ਗੁਰਸਿਖ ਮਿਲਿਆ ਵਿਛੜਿਆ ਵੀਰ, ਰਾਹ ਤੱਕੇ ਸਰਬ ਲੋਕਾਈਆ । ਰਸ ਵਿਚ ਰਸ ਜਿਉਂ ਮਿੱਠਾ ਰਸ ਖੀਰ, ਦੋਧੀ ਧਾਰ ਆਪ ਵਹਾਈਆ । ਕਿਸੇ ਹੱਥ ਨਾ ਆਏ ਪੀਰ ਫਕੀਰ, ਮੁਲਾਂ ਸ਼ੇਖ਼ ਮਸਾਇਕ ਰਹੇ ਕੁਰਲਾਈਆ । ਪੰਡਿਤ ਪਾਂਧੇ ਨੇਤਰ ਵਹਾਇਣ ਨੀਰ, ਵਿਸ਼ਨੂੰ ਭਗਵਾਨ ਦਰਸ ਨਾ ਕਿਸੇ ਦਿਖਾਈਆ । ਗੁਰਸਿਖ ਸਾਚੇ ਬੰਨ੍ਹੇ ਧੀਰ, ਧਰਨੀ ਧਰਤ ਧਵਲ ਆਪਣੇ ਰੰਗ ਰੰਗਾਈਆ । ਪਹਿਲਾਂ ਕੱਟੇ ਜਗਤ ਜ਼ੰਜੀਰ, ਦੂਜੀ ਡੋਰੀ ਨਾਮ ਬੰਧਾਈਆ । ਤੀਜੇ ਹਰਨ ਫਰਨ ਨੇਤਰ ਵਖਾਏ ਪੀਰਨ ਪੀਰ, ਚੌਥੇ ਪਦ ਆਪ ਸਮਾਈਆ । ਪੰਚਮ ਰੰਗ ਰੰਗਾਏ ਸ਼ਾਹ ਹਕੀਰ, ਸ਼ਾਹ ਸੁਲਤਾਨ ਰੂਪ ਵਟਾਈਆ । ਛੇਵੇਂ ਛੱਪਰ ਛੰਨ ਨਾ ਦਿਸੇ ਬੇਨਜ਼ੀਰ, ਰਹਿਮਤ ਰਹਿਮਾਨ ਆਪ ਅਖਵਾਈਆ । ਸਤਵੇਂ ਸਤਿ ਸਤਿ ਸਤਿ ਮੇਟੇ ਆਪ ਤਕਦੀਰ, ਤਕਸੀਰ ਆਪਣੀ ਵੰਡ ਵੰਡਾਈਆ । ਅੱਠਵੇਂ ਅੱਠ ਤਤ ਨਾ ਪਾਇਣ ਵੈਣ ਕੀਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਨਾ ਕੋਇ ਸਦਾਈਆ । ਨੌਵੇਂ ਨੌ ਦੁਆਰੇ ਕੱਟੇ ਭੀੜ, ਨੌ ਦਰ ਖੋਜੇ ਸਹਿਜ ਸੁਭਾਈਆ । ਦਸਵੇਂ ਬਖ਼ਸ਼ੇ ਅੰਮ੍ਰਿਤ ਸੀਰ, ਭਰ ਪਿਆਲਾ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਚਰਨ ਧੂੜ ਕਰਾਏ ਏਕਾ ਮਜਣ, ਦੁਰਮਤ ਮੈਲ ਆਪ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੱਚਾ ਸੱਚੀ ਸ਼ਹਿਨਸ਼ਾਹੀਆ ।

### ✻ ੩ ਜੇਠ ੨੦੧੭ ਬਿਕ੍ਰਮੀ ਲੈਫਟੀਨੈਂਟ ਚੇਲਾ ਸਿੰਘ ਦੇ ਘਰ ਵਜ਼ਾਰਤ ਰੋਡ ਜੰਮੂ ✻

ਸੋ ਪੁਰਖ ਨਿਰੰਜਣ ਹਰਿ ਸੁਲਤਾਨ, ਇਕ ਇਕੱਲਾ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਬਾਨ, ਬੀਦੋ ਬੀਖ਼ੈਰ ਯਾ ਇਲਾਹੀਆ । ਏਕ ਓਅੰਕਾਰਾ ਨੌਜਵਾਨ, ਪਰਵਰਦਿਗਾਰ ਇਕ ਖ਼ੁਦਾਈਆ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਦੋ ਜਹਾਨ, ਆਦਿ ਜੁਗਾਦਿ ਵੇਸ ਵਟਾਈਆ । ਅਬਿਨਾਸ਼ੀ ਕਰਤਾ ਇਕ ਨਿਸ਼ਾਨ, ਅਕਲ ਕਲ ਆਪ ਝੁਲਾਈਆ । ਪਾਰਬ੍ਰਹਮ ਬ੍ਰਹਮ ਇਕ ਗਿਆਨ, ਏਕਾ ਕਲਮਾ ਰਿਹਾ ਪੜ੍ਹਾਈਆ । ਧੁਨ ਅਨਾਦਿ ਸੱਚੀ ਧੁਨਕਾਨ, ਅਮਾਮ ਅਮਾਮਾ ਆਪ ਸੁਣਾਈਆ । ਸਚਖੰਡ ਦੁਆਰਾ ਖੋਲ੍ਹ ਦੁਕਾਨ,

ਸਚ ਸਿੰਘਾਸਣ ਆਸਣ ਲਾਈਆ । ਹੁਕਮੀ ਹੁਕਮ ਧੁਰ ਫ਼ਰਮਾਣ, ਏਕਾ ਇਸਮ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਲਵਾ ਨੂਰ ਇਕ ਵਖਾਈਆ । ਜਲਵਾ ਨੂਰ ਹਰਿ ਜਲਾਲ ਰਹਿਮਾਨ, ਰਹਿਮਤ ਵਿਚ ਰਖਾਇੰਦਾ । ਜੁਗਾ ਜੁਗੰਤਰ ਏਕਾ ਆਣ, ਆਲਮਗੀਰ ਆਪ ਰਖਾਇੰਦਾ । ਸਚ ਝੁਲਾਏ ਨਾਮ ਨਿਸ਼ਾਨ, ਚੌਦਾਂ ਲੋਕਾਂ ਵੇਖ ਵਖਾਇੰਦਾ । ਚੌਦਾਂ ਤਬਕਾਂ ਹੋ ਪਰਧਾਨ, ਹੱਕ ਹਕੀਕਤ ਫੋਲ ਫੁਲਾਇੰਦਾ । ਲਾਸ਼ਰੀਕ ਨਿਗਹਬਾਨ, ਵਾਹਿਦ ਆਪਣਾ ਨਾਉਂ ਉਪਜਾਇੰਦਾ । ਮਾਲਕ ਕੁਲ ਗੁਣ ਨਿਧਾਨ, ਖ਼ਾਲਕ ਆਪਣਾ ਰੂਪ ਵਟਾਇੰਦਾ । ਸਾਲਸ ਬਣੇ ਦੇਵੇ ਜੀਆਂ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਰਾਮ ਰਹੀਮ ਆਪ ਅਖਵਾਇੰਦਾ । ਰਾਮ ਰਹੀਮ ਬੇਐਬ ਪਰਵਰਦਿਗਾਰਾ, ਏਕ ਓਅੰਕਾਰਾ ਖੇਲ ਖਿਲਾਇੰਦਾ । ਆਦਿ ਜੁਗਾਦੀ ਸਾਂਝਾ ਯਾਰਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਕਲਮਾ ਕਰ ਤਿਆਰਾ, ਨਬੀ ਰਸੂਲਾਂ ਆਪ ਪੜ੍ਹਾਇੰਦਾ । ਏਕਾ ਨਾਮ ਕਰ ਉਜਿਆਰਾ, ਰਾਮ ਨਾਮ ਆਪ ਲਖਾਇੰਦਾ । ਏਕਾ ਸ਼ਬਦ ਬੋਲ ਜੈਕਾਰਾ, ਜਾਗਰਤ ਜੋਤ ਆਪ ਜਗਾਇੰਦਾ । ਏਕਾ ਵਸੇ ਧਾਮ ਨਿਆਰਾ, ਉਚ ਮਹੱਲ ਅਟੱਲ ਆਪ ਬਣਾਇੰਦਾ । ਪੰਜ ਤਤ ਨਾ ਕੋਇ ਅਕਾਰਾ, ਹੱਡ ਮਾਸ ਨਾੜੀ ਰੱਤ ਨਾ ਕੋਇ ਵਖਾਇੰਦਾ । ਮੜੀ ਗੋਰ ਨਾ ਕੋਇ ਪਸਾਰਾ, ਅਗਨੀ ਹਵਨ ਨਾ ਕੋਇ ਕਰਾਇੰਦਾ । ਰੰਗ ਰੂਪ ਨਾ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਾਹ ਇਕ ਸੁਲਤਾਨ, ਏਕਾ ਹੁਕਮ ਇਕ ਫ਼ਰਮਾਣ, ਆਪ ਆਪਣਾ ਹੁਕਮ ਚਲਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਕਲਮਾ ਅਮਾਮ ਆਪ ਪੜ੍ਹਾਈਆ । ਆਪੇ ਜਾਣੇ ਆਪਣਾ ਭਾਣਾ, ਵਰਤੇ ਵਰਤਾਵੇ ਵੱਡਾ ਸ਼ਹਿਨਸ਼ਾਹੀਆ । ਰਾਜ ਜੋਗ ਇਕ ਵਖਾਣਾ, ਹੁਕਮੀ ਹੁਕਮ ਸਰਬ ਫਿਰਾਈਆ । ਏਕਾ ਗਾਏ ਰਾਗ ਤਰਾਨਾ, ਨਾਦਿ ਅਨਾਦੀ ਆਪ ਸੁਣਾਈਆ । ਏਕਾ ਬ੍ਰਹਮ ਕਰੇ ਪਛਾਣਾ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਜੋਧਾ ਸੂਰਬੀਰ ਬਲੀ ਬਲਵਾਨਾ, ਸ਼ਾਹ ਸਵਾਰ ਇਕ ਅਖਵਾਈਆ । ਏਕਾ ਬੰਨ੍ਹੇ ਸਾਚਾ ਗਾਨਾ, ਏਕਾ ਮੌਲੀ ਮਹਿੰਦੀ ਰੰਗ ਰੰਗਾਈਆ । ਏਕਾ ਵੇਖੇ ਮਾਰ ਧਿਆਨਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਏਕਾ ਰੱਖੇ ਤੀਰ ਕਮਾਨਾ, ਏਕਾ ਸ਼ਾਸਤਰ ਆਪ ਚਮਕਾਈਆ । ਏਕਾ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਸਰਬ ਪੜ੍ਹਾਈਆ । ਏਕਾ ਕਰੇ ਸਚ ਸੰਤਾਨਾ, ਵਿਸ਼ਨੂੰ ਅੰਸ ਉਪਜਾਈਆ । ਏਕਾ ਰੰਗ ਦੋ ਜਹਾਨਾਂ, ਹਰਿ ਭਗਵਾਨਾ ਆਪ ਚੜ੍ਹਾਈਆ । ਏਕਾ ਦੇਵੇ ਵਿਸ਼ਨੂੰ ਦਾਨਾ, ਦੇਵੇ ਰਿਜ਼ਕ ਸ੍ਰਿਸ਼ਟ ਸਬਾਈਆ । ਏਕਾ ਸ਼ੰਕਰ ਮਾਰੇ ਬਾਣਾ, ਏਕਾ ਹੱਥ ਤਰਸੂਲ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਬੇਪਰਵਾਹੀਆ । ਲੇਖਾ ਲੇਖ ਇਕ ਇਕੱਲਾ, ਹਰਿ ਸਾਚਾ ਸਚ ਰਖਾਇੰਦਾ । ਆਪੇ ਵਸੇ ਸਚ ਮਹੱਲਾ, ਨੂਰੀ ਅੱਲਾ ਨਾਉਂ ਧਰਾਇੰਦਾ । ਆਪਣੀ ਜੋਤ ਆਪਣੇ ਨੂਰ ਬਿਸਮਿਲ ਹੋਏ ਆਪੇ ਰਲਾ, ਭੇਵ ਕੋਇ ਨਾ ਪਾਇੰਦਾ । ਜੁਗ ਜੁਗ ਗੁਰ ਪੀਰ ਅਵਤਾਰ ਸਾਧ ਸੰਤ ਦਸਤਗੀਰ ਆਪੇ ਘੱਲਾ, ਮੁਲਾਂ ਸ਼ੇਖ਼ ਮੁਸਾਇਕ ਆਪ ਅਖਵਾਇੰਦਾ । ਪੰਡਤ ਪਾਂਧੇ ਅੰਦਰ ਆਪੇ ਰਲਾ, ਆਪਣਾ ਗਿਆਨ ਆਪ ਦ੍ਰਿੜਾਇੰਦਾ । ਚਾਰ ਵਰਨ ਫੜਾਏ ਏਕਾ ਪੱਲਾ, ਸਾਚੀ ਸਿਖਿਆ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਆਪ ਆਪਣੀ ਕਲ ਵਰਤਾਇੰਦਾ । ਅਕਲ ਕਲਾ ਹਰਿ ਮਿਹਰਵਾਨਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਲੋਕਮਾਤ ਖੇਲੇ ਖੇਲ ਮਹਾਨਾ,


੫੪੫

ਖ਼ਾਲਕ ਖ਼ਲਕ ਰੂਪ ਵਟਾਇੰਦਾ । ਏਕਾ ਦੇਵੇ ਧੁਰ ਫ਼ਰਮਾਣਾ, ਹੁਕਮੀ ਹੁਕਮ ਆਪ ਸੁਣਾਇੰਦਾ । ਆਪੇ ਵਸੇ ਸਚ ਮਕਾਨਾ, ਦਰਗਹਿ ਸਾਚੀ ਧਾਮ ਵਖਾਇੰਦਾ । ਸਰਬ ਜੀਆਂ ਹਰਿ ਜਾਣੀ ਜਾਣਾ, ਆਪ ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਰੰਗ ਕਰਤਾਰਾ, ਖੇਲੇ ਖੇਲ ਅਗੰਮ ਅਪਾਰਾ, ਆਦਿ ਜੁਗਾਦੀ ਸਾਚੀ ਕਾਰਾ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਜੁਗ ਜੁਗ ਧਾਰ ਬੇਪਰਵਾਹ, ਬੇਅੰਤ ਆਪ ਬੰਧਾਈਆ । ਆਪੇ ਬਣੇ ਸੱਚਾ ਸ਼ਹਿਨਸ਼ਾਹ, ਰਾਜ ਰਾਜਾਨ ਆਪ ਅਖਵਾਈਆ । ਹੱਕ ਹਕੀਕਤ ਵੇਖੇ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ । ਲੋਆਂ ਪੁਰੀਆਂ ਫੇਰਾ ਪਾ, ਚੌਦਾਂ ਤਬਕਾਂ ਖੋਜ ਖੁਜਾਈਆ । ਮੁਕਾਮੇ ਹੱਕ ਹੱਕ ਏਕਾ ਨਾਅਰਾ ਲਾ, ਆਪ ਆਪਣਾ ਦਏ ਜਣਾਈਆ । ਏਕਾ ਬਾਂਗ ਇਕ ਸਦਾ, ਇਕ ਮਹਿਰਾਬ ਦਏ ਸੁਣਾਈਆ । ਏਕਾ ਮੇਟੇ ਸਰਬ ਅਜ਼ਾ, ਸਰਬ ਗਿਜ਼ਾ ਰਿਹਾ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਮਿਹਰਵਾਨ, ਏਕਾ ਮਾਰਗ ਦਏ ਵਖਾਈਆ । ਏਕਾ ਮਾਰਗ ਹਰਿ ਭਗਵਾਨ, ਦੋ ਜਹਾਨ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਹਰਿ ਹਰਿ ਆਪਣਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਨੌਜਵਾਨ, ਬਾਲ ਬਿਰਧ ਨਾ ਰੂਪ ਵਟਾਇੰਦਾ । ਏਕਓਅੰਕਾਰਾ ਏਕਾ ਰੱਖੇ ਆਣ, ਦੂਸਰ ਸੀਸ ਨਾ ਕੋਇ ਉਠਾਇੰਦਾ । ਆਦਿ ਨਿਰੰਜਣ ਦਾਨੀ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਦਰਗਹਿ ਸਾਚੀ ਆਪ ਖਿਲਾਇੰਦਾ । ਅਬਿਨਾਸ਼ੀ ਕਰਤਾ ਗਾਏ ਏਕਾ ਗਾਣ, ਗੀਤ ਇਲਾਹੀ ਆਪ ਅਲਾਇੰਦਾ । ਪਾਰਬ੍ਰਹਮ ਹੋ ਪਰਧਾਨ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪੇ ਬਿਧ ਜਾਣੇ ਅੰਤਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਵੱਲਾ ਇਕ ਇਕੱਲਾ, ਹਰਿ ਸਾਚਾ ਆਪ ਖੁਲ੍ਹਾਇੰਦਾ । ਆਪੇ ਰੂਪ ਵਟਾਏ ਨੂਰੀ ਅੱਲਾ, ਐਨਲਹੱਕ ਆਪੇ ਨਾਅਰਾ ਲਾਇੰਦਾ । ਆਪੇ ਵਸੇ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਆਪ ਸਮਾਇੰਦਾ । ਸਚ ਸੰਦੇਸ਼ ਨਰ ਨਰੇਸ਼ ਆਪਣਾ ਆਪ ਆਪੇ ਘੱਲਾ, ਇਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫੀਲ ਸਾਚੀ ਸੇਵਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਡਗਮਗਾਇੰਦਾ । ਨੂਰੋ ਨੂਰ ਨਰ ਨਰਾਇਣ, ਹਰੀ ਹਰਿ ਆਪ ਅਖਵਾਇੰਦਾ । ਰਸਨਾ ਜਿਹਵਾ ਨਾ ਸਕੇ ਕੋਈ ਕਹਿਣ, ਵੇਦ ਕਤੇਬ ਭੇਵ ਨਾ ਪਾਇੰਦਾ । ਹਰਿਜਨ ਵਿਰਲਾ ਲੇਖਾ ਜਾਣੇ ਮੇਟੇ ਨੁਕਤਾ ਗ਼ੈਨ, ਐਨ ਆਪਣੀ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅਲਫ਼ ਅਲਫ਼ੀ ਪਰਵਰਦਿਗਾਰ ਨਿਰਗੁਣ ਸਰਗੁਣ ਬੰਨ੍ਹੇ ਧਾਰ, ਆਪ ਆਪਣੀ ਧਾਰ ਚਲਾਇੰਦਾ । ਸਾਚੀ ਧਾਰ ਪੁਰਖ ਅਕਾਲ, ਪਾਰਬ੍ਰਹਮ ਆਪ ਚਲਾਈਆ । ਆਪੇ ਵੇਖੇ ਚਾਰੇ ਲਾਲ, ਚਾਰ ਯਾਰੀ ਕਰੇ ਕੁੜਮਾਈਆ । ਸੰਗ ਮੁਹੰਮਦ ਕਰ ਪ੍ਰਿਤਪਾਲ, ਏਕਾ ਜਲਵਾ ਦਏ ਵਖਾਈਆ । ਖ਼ਾਲਕ ਖ਼ਲਕ ਰਿਹਾ ਸੰਭਾਲ, ਘਰ ਘਰ ਆਪਣੀ ਜੋਤ ਕਰ ਰੁਸ਼ਨਾਈਆ । ਏਕਾ ਏਕ ਬਣੇ ਦਲਾਲ, ਦੂਸਰ ਹੋਰ ਨਾ ਕੋਇ ਸੁਹਾਈਆ । ਘਰ ਘਰ ਦੀਪਕ ਆਪਣਾ ਬਾਲ, ਸਚ ਚਿਰਾਗ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਕਾਇਨਾਤ, ਆਪੇ ਰਿਹਾ ਪੜ੍ਹਾਈਆ । ਕਾਇਨਾਤ ਹਰਿ ਕਾ ਰੂਪ, ਚਾਰ ਵਰਨ ਦਰਸਾਇਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇਆ । ਲੇਖਾ ਜਾਣੇ ਜੂਠ ਝੂਠ, ਸਚ ਸੁੱਚ ਇਕ ਦ੍ਰਿੜਾਇਆ । ਜੁਗ ਜੁਗ ਪੀਰ ਫਕੀਰ ਸ਼ਾਹ

ਸੁਲਤਾਨ ਆਪੇ ਜਾਏ ਤੁਠ, ਮਿਹਰਵਾਨ ਆਪਣਾ ਨਾਉਂ ਧਰਾਇਆ । ਪੰਜ ਸ਼ੈਤਾਨ ਜਗਤ ਵਿਕਾਰਾ ਦੇਵੇ ਕੁਠ, ਸਾਚਾ ਮੰਤਰ ਨਾਮ ਇਕ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਜੁਗਾ ਜੁਗੰਤਰ ਵੇਸ ਅਵੱਲੜਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਦਰਗਹਿ ਸਾਚੀ ਸਾਚੇ ਧਾਮ ਇਕ ਇਕੱਲੜਾ, ਨੂਰ ਨੁਰਾਨਾ ਡਗਮਗਾਇੰਦਾ । ਆਪਣੀ ਜੋਤੀ ਆਪੇ ਰਲੜਾ, ਜੋਤੀ ਜੋਤ ਜੋਤ ਜਗਾਇੰਦਾ । ਖੇਲੇ ਖੇਲ ਅਛੱਲ ਅਛੱਲੜਾ, ਵਲ ਛਲਧਾਰੀ ਆਪਣਾ ਨਾਉਂ ਧਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਆਪ ਫੜਾਇਆ ਆਪਣਾ ਪੱਲੜਾ, ਜਨ ਭਗਤਾਂ ਆਪ ਉਠਾਇੰਦਾ । ਸ਼ਬਦ ਅਗੰਮੀ ਏਕਾ ਘਲੜਾ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਆਪਣੀ ਵਿਦਿਆ ਚਾਰੇ ਵੇਦ, ਬ੍ਰਹਮੇ ਚਾਰੇ ਮੁਖ ਸੁਣਾਈਆ । ਆਪਣਾ ਲੇਖਾ ਰੱਖੇ ਅਭੇਦ, ਭੇਵ ਅਭੇਦਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਿਖਿਆ ਸਾਖਿਆਤ ਲੋਕਮਾਤ ਲਏ ਪਰਗਟਾਈਆ । ਸਾਚੀ ਸਿਖਿਆ ਲੋਕਮਾਤ, ਹਰਿ ਸਾਚਾ ਆਪ ਚਲਾਇੰਦਾ । ਆਪੇ ਵੇਖੇ ਮਾਰ ਝਾਤ, ਮੁਖ ਨਕਾਬ ਆਪੇ ਲਾਹਿੰਦਾ, ਆਪੇ ਲੇਖਾ ਜਾਣੇ ਸ਼ਾਹ ਨਵਾਬ, ਆਪ ਆਪਣਾ ਹੁਕਮ ਸੁਣਾਇੰਦਾ । ਆਪੇ ਅਰਸ਼ ਫ਼ਰਸ਼ ਕੁਰਸ਼ ਵੇਖੇ ਹੋ ਬੇਤਾਬ, ਆਬਹਯਾਤ ਆਪਣੇ ਹੱਥ ਰਖਾਇੰਦਾ । ਆਪੇ ਸਹਰ ਹੋਏ ਬਾਦ, ਬਾਦਬਾਨਾ ਆਪ ਝੁਲਾਇੰਦਾ । ਆਪ ਵਜਾਏ ਅਗੰਮੀ ਨਾਦ, ਤੁਰੀਆ ਰਾਗ ਆਪ ਸੁਣਾਇੰਦਾ । ਆਪੇ ਹੋਏ ਸੱਚਾ ਗਾਡ, ਆਪ ਆਪਣੇ ਰੰਗ ਰੰਗਾਇੰਦਾ । ਜਨ ਭਗਤਾਂ ਕਰੇ ਸਾਚਾ ਲਾਡ, ਸਾਚੀ ਗੋਦੀ ਆਪ ਸੁਹਾਇੰਦਾ । ਜਗਤ ਚੁਰਾਸੀ ਵਿਚੋਂ ਦੇਵੇ ਕਾਢ, ਜਮ ਕੀ ਫਾਂਸੀ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਇੰਦਾ । ਰੰਗ ਸਮਾਇਆ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਪੂਰਾ ਆਪ ਅਖਵਾਈਆ । ਮੇਲ ਮਿਲਾਵਾ ਨਾਰੀ ਕੰਤ, ਘਰ ਸਾਚੀ ਸੇਜ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਰਾਮ ਨਾਮ ਮਨੂਆ ਮੰਤ, ਸੀਤਾ ਸੁਰਤੀ ਰਾਮ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਖੇਲੇ ਖੇਲ ਦੋ ਜਹਾਨ, ਆਦਿ ਨਿਰੰਜਣ ਜੋਤ ਜਗਾਇੰਦਾ । ਆਪੇ ਬਣੇ ਸਾਚਾ ਕਾਹਨ, ਸਾਚੀ ਸਖੀਆਂ ਮੇਲ ਮਿਲਾਇੰਦਾ । ਨਾਮ ਬੰਸਰੀ ਵਜਾਏ ਆਪ ਭਗਵਾਨ, ਭਗਵਨ ਭਗਤੀ ਭਗਵੰਤ ਆਪ ਅਲਾਇੰਦਾ । ਆਪੇ ਗਰੀਬ ਨਿਮਾਣਿਆਂ ਦੇਵੇ ਦਾਨ, ਬਾਲ ਅੰਞਾਣਿਆਂ ਆਪ ਉਠਾਇੰਦਾ । ਆਪੇ ਸ਼ਾਹ ਸੁਲਤਾਨਾਂ ਕਰੇ ਹੈਰਾਨ, ਤਖ਼ਤ ਤਾਜ ਵੇਖ ਵਖਾਇੰਦਾ । ਆਪੇ ਮੇਟਣਹਾਰ ਜੀਵ ਸ਼ੈਤਾਨ, ਲੇਖ ਅੰਤ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਮਿਹਰਵਾਨਾ, ਆਪਣਾ ਆਪ ਕਰਾਇਆ । ਈਸਾ ਮੂਸਾ ਹੋ ਪਰਧਾਨਾ, ਕਾਲਾ ਸੂਸਾ ਰੰਗ ਰੰਗਾਇਆ । ਸੰਗ ਮੁਹੰਮਦ ਚਾਰ ਯਾਰ ਹੋਇਆ ਪਰਧਾਨਾ, ਏਕਾ ਪੱਲੂ ਪਰਵਰਦਿਗਾਰ ਆਪ ਫੜਾਇਆ । ਅੰਜੀਲ ਕੁਰਾਨਾ ਕਰ ਪਰਧਾਨਾ, ਬੀਸ ਬੀਸਾ ਆਪੇ ਗਾਇਆ । ਚੌਦਾਂ ਤਬਕਾਂ ਇਕ ਨਿਸ਼ਾਨਾ, ਜ਼ਿਮੀ ਅਸਮਾਨਾਂ ਆਪ ਝੁਲਾਇਆ । ਮੱਕਾ ਕਾਅਬਾ ਇਕ ਗਿਆਨਾ, ਦੋ ਦੋ ਆਬਾ ਮੇਲ ਮਿਲਾਇਆ । ਆਪੇ ਸਾਚੇ ਘੋੜੇ ਚੜ੍ਹਿਆ ਸ਼ਾਹ ਨਵਾਬਾ, ਆਪਣਾ ਅਸਵ ਆਪ ਦੌੜਾਇਆ । ਆਪੇ ਚਰਨ ਛੁਹਾਏ ਵਿਚ

੫੪੭

ਰਕਾਬਾ, ਮਹਿਬਾਨ ਆਪਣਾ ਰੂਪ ਵਟਾਇਆ । ਆਪੇ ਹੋਏ ਖ਼ਾਦਮ ਖ਼ਾਦਾ, ਦਰ ਦਰਵੇਸ਼ ਆਪ ਕਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਵਿਚ ਸੰਸਾਰਾ, ਨਿਰਗੁਣ ਰੂਪ ਨੂਰ ਉਜਿਆਰਾ, ਪੰਜ ਤਤ ਨਾ ਕੋਇ ਵਖਾਇੰਦਾ । ਸਾਚਾ ਨਾਅਰਾ ਹਰੀ ਹਰਿ ਰਾਮ, ਆਪਣਾ ਆਪ ਸੁਣਾਈਆ । ਓਅੰ ਰੂਪ ਸ੍ਰੀ ਭਗਵਾਨ, ਸੋਹੰ ਸਾਚੀ ਧਾਰ ਬੰਧਾਈਆ । ਲੇਖਾ ਜਾਣੇ ਕ੍ਰਿਸ਼ਨਾ ਕਾਹਨ, ਨਾਮ ਬੰਸਰੀ ਆਪ ਵਜਾਈਆ । ਏਕਾ ਅੱਖਸ਼ਰ ਕਰ ਪਰਵਾਨ, ਨਿਸ਼ਅੱਖਰ ਕਰੇ ਪੜ੍ਹਾਈਆ । ਏਕਾ ਕਲਮਾ ਵਖਾਏ ਸਚ ਅਮਾਮ, ਅਮਾਮ ਅਮਾਮਾ ਵਡ ਸ਼ਹਿਨਸ਼ਾਹੀਆ । ਏਕਾ ਹਕੀਕੀ ਪਿਆਏ ਜਾਮ, ਸੁਰਾਹੀ ਆਪਣੇ ਹੱਥ ਉਠਾਈਆ । ਅਹਿਬਾਬ ਰਬਾਬ ਵਜਾਏ ਵਿਚ ਜਹਾਨ, ਸਚ ਸਿਤਾਰ ਆਪ ਹਿਲਾਈਆ । ਲੇਖਾ ਜਾਣੇ ਪੁੰਨ ਸਵਾਬ, ਮਹਿਬਾਨਬੀਦੋ ਨਾ ਕੋਇ ਖ਼ੁਦਾਈਆ । ਏਕਾ ਲੇਖਾ ਲਿਖੇ ਹਜ਼ਾਰਾ ਦਰੂਦ, ਬਸਰੀ ਇਸਮ ਆਪ ਪੜ੍ਹਾਈਆ । ਆਪੇ ਹੋਏ ਸੱਚਾ ਮਹਿਬੂਬ, ਆਸ਼ਕ ਇਸ਼ਕ ਵਿਚ ਰਖਾਈਆ । ਆਪੇ ਵਸੇ ਵਿਚ ਕਲਬੂਤ, ਆਪੇ ਨੂਰੋ ਨੂਰ ਨੂਰ ਅਖਵਾਈਆ । ਆਪਣਾ ਦੇਵੇ ਆਪ ਸਬੂਤ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਗੋਬਿੰਦ, ਏਕਾ ਰੰਗ ਉਪਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਇਆ । ਅੰਮ੍ਰਿਤ ਬਰਖੇ ਸਾਗਰ ਸਿੰਧ, ਆਬ ਹਯਾਤ ਆਪਣੇ ਵਿਚ ਟਿਕਾਈਆ । ਹਰਿਜਨ ਬਣਾਏ ਆਪਣੀ ਬਿੰਦ, ਨਾਦੀ ਸੁੱਤ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਜੁਗ ਜੁਗ ਖੇਲ ਹਰਿ ਭਗਵਾਨ, ਲੋਕਮਾਤ ਕਰਾਇੰਦਾ । ਕਲਜੁਗ ਵੇਖੇ ਮਾਰ ਧਿਆਨ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਾਨਕ ਦੇਵੇ ਪਦ ਨਿਰਬਾਣ, ਏਕਾ ਰੂਪ ਦਰਸਾਇੰਦਾ । ਏਕਾ ਸ਼ਬਦ ਇਕ ਗਿਆਨ, ਰਾਗ ਤਰਾਨਾ ਇਕ ਸੁਣਾਇੰਦਾ । ਹਿੰਦੂ ਮੁਸਲਮ ਬੱਧਾ ਗਾਨ, ਦੂਈ ਦਵੈਤ ਨਾ ਕੋਇ ਦਖਾਇੰਦਾ । ਮੱਕਾ ਕਾਅਬਾ ਆਪ ਪਛਾਣ, ਕਾਂਸ਼ੀ ਅਯੁਧਿਆ ਪਰਾਗ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਿਖਿਆ ਹਰਿ ਸੁਲਤਾਨ, ਲੋਕਮਾਤ ਆਪ ਜਣਾਇੰਦਾ । ਏਕਾ ਕਲਮਾ ਨਬੀ ਰਸੂਲ, ਚਾਰ ਵਰਨ ਕਰੇ ਪੜ੍ਹਾਈਆ । ਏਕਾ ਕੰਤ ਇਕ ਕੰਤੂਹਲ, ਪੁਰਖ ਅਕਾਲ ਇਕ ਅਖਵਾਈਆ । ਏਕਾ ਸ਼ਬਦ ਪੰਘੂੜਾ ਲੈਣਾ ਝੂਲ, ਸਚ ਬਹਿਸ਼ਤੀ ਆਪ ਝੁਲਾਈਆ । ਏਕਾ ਬਰਖਣਹਾਰਾ ਫੂਲ, ਆਪਣਾ ਰਹਿਮ ਰਿਹਾ ਕਮਾਈਆ । ਹਰਿ ਕਾ ਸ਼ਬਦ ਨਾ ਜਾਣਾ ਭੂਲ, ਘਰ ਘਰ ਅੰਦਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਏਕਾ ਵਰ, ਏਕਾ ਮੇਲਾ ਸਹਿਜ ਸੁਭਾਈਆ । ਏਕਾ ਅਲਫ਼ੀ ਗਲ ਵਿਚ ਪਾ, ਨਾਨਕ ਨਿਰਗੁਣ ਰੂਪ ਵਟਾਇਆ । ਏਕਾ ਸਿਖਿਆ ਗਿਆ ਸਮਝਾ, ਊਚ ਨੀਚ ਭੇਵ ਨਾ ਰਾਇਆ । ਸ੍ਰਿਸ਼ਟ ਸਬਾਈ ਮਿਥਿਆ ਗਿਆ ਗਣਾ, ਥਿਰ ਕੋਇ ਰਹਿਣ ਨਾ ਪਾਇਆ । ਹਿੰਦੂ ਮੁਸਲਮ ਬਣਾਏ ਭੈਣ ਭਰਾ, ਸਾਚਾ ਨਾਤਾ ਜੋੜ ਜੁੜਾਇਆ । ਦਰਗਹਿ ਸਾਚੀ ਮਿਲੇ ਏਕਾ ਥਾਂ, ਪਰਵਰਦਿਗਾਰ ਨਾ ਵੰਡ ਵੰਡਾਇਆ । ਰਾਮ ਅੱਲਾ ਏਕੋ ਨਾਂ, ਏਕਾ ਧਾਮ ਰਿਹਾ ਸੁਹਾਇਆ । ਏਕਾ ਸਜਦਾ ਸਭ ਨੂੰ ਰਿਹਾ ਕਰਾ, ਏਕਾ ਸੀਸ ਝੁਕਾਇਆ । ਏਕਾ ਨਿਮਾਜ਼ ਰਿਹਾ ਪੜ੍ਹਾ, ਏਕਾ ਬਾਂਗ ਦਏ ਸੁਣਾਇਆ । ਏਕਾ ਹੁਜਰਾ ਦਏ ਵਖਾ, ਏਕਾ ਹਜ਼ਰਤ ਲਏ ਮਿਲਾਇਆ । ਏਕਾ ਸ਼ਜਰਾ ਸਭ ਦਾ ਦਏ ਬਣਾ, ਆਪ ਆਪਣੀ ਕਲਮ ਚਲਾਇਆ । ਕਲਮੀ

ਕਲਮਾ ਆਪ ਉਪਾ, ਆਲਮ ਉਲਮਾ ਦਏ ਪੜ੍ਹਾਇਆ । ਸ਼ਰਫ਼ੁਲ ਮੌਲਾ ਆਪ ਖ਼ੁਦਾ, ਹਰਫ਼ਨ ਮੌਲਾ ਦਏ ਸੁਹਾਇਆ । ਰਾਮ ਨਾਮ ਇਕ ਜਪਾ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਐਲੀ ਸ਼ਾਹ ਆਪ ਅਖਵਾ, ਸਾਚਾ ਖੰਡਾ ਰਿਹਾ ਚਮਕਾਇਆ । ਦੁਲਦੁਲ ਆਪਣਾ ਆਪ ਦੌੜਾ, ਆਪੇ ਵੇਖ ਵਖਾਇਆ । ਨਾਨਕ ਸਿਖਿਆ ਸਹਿਜ ਸੁਭਾ, ਸ੍ਰਿਸ਼ਟ ਸਬਾਈ ਰਿਹਾ ਜਣਾਇਆ । ਉਚੀ ਕੂਕੇ ਦਏ ਸੁਣਾ, ਆਪ ਆਪਣਾ ਪਰਦਾ ਲਾਹਿਆ । ਬਿਨ ਹਰਿ ਭਗਵੰਤ ਨਾ ਕੋਈ ਕੰਤ, ਸਾਚੀ ਨਾਰ ਨਾ ਕੋਇ ਅਖਵਾਇਆ । ਇਸ਼ਕ ਹਕੀਕੀ ਨਾ ਦਏ ਕੋਈ ਕਰਾ, ਸਚ ਮਾਸ਼ੂਕ ਨਾ ਕੋਇ ਮਿਲਾਇਆ । ਪਤਿਤ ਪੁਨੀਤੀ ਕਰੇ ਇਕ ਖ਼ੁਦਾ, ਜੋ ਜਨ ਨੇਤਰ ਨੈਣ ਦਰਸ਼ਨ ਪਾਇਆ । ਏਕਾ ਅੰਮ੍ਰਿਤ ਜਾਮ ਦਏ ਪਿਲਾ, ਗੋਬਿੰਦ ਮੇਲਾ ਸਹਿਜ ਸੁਭਾਇਆ । ਊਚਾਂ ਨੀਚਾਂ ਰਾਓ ਰੰਕਾਂ ਏਕਾ ਰੰਗ ਰੰਗਾ, ਏਕਾ ਵਿਦਿਆ ਰਿਹਾ ਪੜ੍ਹਾਇਆ । ਦੂਤੀ ਦੁਸ਼ਟਾਂ ਦਏ ਖਪਾ, ਗੜ੍ਹ ਹੰਕਾਰੀ ਤੋੜ ਤੁੜਾਇਆ । ਪੀਰ ਫ਼ਕੀਰਾਂ ਸ਼ਾਹ ਹਕੀਰਾਂ ਬੇਨਜ਼ੀਰਾਂ ਦਏ ਮਿਲਾ, ਪੀਰਨ ਪੀਰਾ ਆਪ ਅਖਵਾਇਆ । ਸਾਚਾ ਸੀਰਾ ਮੁਖ ਚੁਆ, ਸਾਂਤਕ ਸਤਿ ਦਏ ਵਰਤਾਇਆ । ਅੰਤ ਅਖੀਰਾ ਗਿਆ ਜਣਾ, ਕਲਜੁਗ ਵੇਲਾ ਕੂਕੇ ਦਏ ਦੁਹਾਇਆ । ਚਾਰੋਂ ਕੁੰਟ ਅੰਧੇਰਾ ਜਾਏ ਛਾ, ਸਚ ਸੁੱਚ ਨਾ ਕੋਇ ਰੁਸ਼ਨਾਇਆ । ਰਵ ਸਸ ਰਹੇ ਮੁਖ ਸ਼ਰਮਾ, ਆਫ਼ਤਾਬ ਤਲੂਅ ਨਾ ਕਿਸੇ ਕਰਾਇਆ । ਪਾਂਧੀ ਭੁੱਲੇ ਆਪਣਾ ਰਾਹ, ਥੱਕੇ ਮਾਂਦੇ ਦੇਣ ਦੁਹਾਇਆ । ਕਲਜੁਗ ਆਂਧੀ ਵਗੇ ਵਾਹੋ ਦਾਹ, ਸ਼ਾਹ ਸੁਲਤਾਨਾਂ ਰਹੀ ਹਿਲਾਇਆ । ਹਰਿ ਕੀ ਬਾਂਧੀ ਨਾ ਸਕੇ ਕੋਇ ਛੁਡਾ, ਸਦੀ ਚੌਧਵੀਂ ਮੁਹੰਮਦ ਏਹ ਸਮਝਾਇਆ । ਵੇਦ ਵਿਆਸਾ ਗਿਆ ਲਿਖਾ, ਬ੍ਰਹਿਮਣ ਗੌੜਾ ਪੂਤ ਸਪੂਤਾ ਭੇਵ ਖੁਲ੍ਹਾਇਆ । ਨਾਨਕ ਨਿਰਗੁਣ ਧਾਰ ਰਿਹਾ ਚਲਾ, ਨਿਰਗੁਣ ਰੂਪ ਕਰੇ ਰੁਸ਼ਨਾਇਆ । ਗੁਰ ਗੋਬਿੰਦ ਪਰਦਾ ਗਿਆ ਲਾਹ, ਸ੍ਰਿਸ਼ਟ ਸਬਾਈ ਆਪ ਉਠਾਇਆ । ਪੁਰਖ ਅਬਿਨਾਸ਼ੀ ਪਰਗਟ ਹੋਵੇ ਬੇਪਰਵਾਹ, ਮੰਦਰ ਮਸਜਿਦ ਗੁਰੂਦੁਆਰ ਬੰਦ ਨਾ ਕਿਸੇ ਕਰਾਇਆ । ਸ਼ਿਵਦੁਆਲੇ ਮੱਠ ਨਾ ਬੈਠਾ ਡੇਰਾ ਲਾ, ਘਟ ਘਟ ਅੰਦਰ ਨੂਰ ਕਰੇ ਰੁਸ਼ਨਾਇਆ । ਕਲਜੁਗ ਅੰਤ ਜੋਤ ਜਗਾ, ਨਿਹਕਲੰਕਾ ਆਪਣਾ ਨਾਉਂ ਰਖਾਇਆ । ਸੰਬਲ ਨਗਰੀ ਦਏ ਵਸਾ, ਉਚੇ ਟਿੱਲੇ ਪਰਬਤ ਆਸਣ ਲਾਇਆ । ਸਾਚਾ ਸ਼ਬਦ ਸੁਨੇਹੁੜਾ ਦਏ ਘਲਾ, ਸ੍ਰਿਸ਼ਟ ਸਬਾਈ ਆਪ ਉਠਾਇਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਲਏ ਜਗਾ, ਸੋਇਆ ਕੋਇ ਰਹਿਣ ਨਾ ਪਾਇਆ । ਸੱਤ ਰੰਗ ਨਿਸ਼ਾਨਾ ਲਏ ਬਣਾ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲਏ ਵਖਾਇਆ । ਸੋਲਾਂ ਸਾਲ ਭੇਵ ਲਏ ਛੁਪਾ, ਸੰਮਤ ਸਤਾਰਵੇਂ ਕਰੇ ਰੁਸ਼ਨਾਇਆ । ਭਾਰਤ ਖੰਡ ਜੋਤ ਜਗਾ, ਬ੍ਰਹਿਮੰਡ ਵੇਖ ਵਖਾਇਆ । ਜੇਰਜ ਅੰਡ ਫੇਰੀ ਪਾ, ਉਤਭੁਜ ਸੇਤਜ ਫੋਲ ਫੁਲਾਇਆ । ਚਾਰੇ ਵਰਨਾਂ ਏਕਾ ਰਾਗ ਦਏ ਸੁਣਾ, ਦੂਈ ਦਵੈਤੀ ਦਏ ਮਿਟਾਇਆ । ਸ਼ਾਹ ਭਬੀਖਣ ਲਏ ਜਗਾ, ਆਪ ਆਪਣਾ ਇਸ਼ਟ ਵਖਾਇਆ । ਰਾਸ਼ਟਰ ਪਤ ਨੇਤਰ ਦਏ ਖੁਲ੍ਹਾ, ਅੱਸੂ ਤਿੰਨ ਦਿਵਸ ਸੁਹਾਇਆ । ਪੰਚਮ ਤਾਜ ਝੋਲੀ ਦਿਤਾ ਪਾ, ਭੁੱਲ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਖੇਲੇ ਖੇਲ ਇਕ ਇਕਾਂਤਾ, ਆਪ ਚਲਾਏ ਆਪਣੀ ਗਾਥਾ, ਖੇਲੇ ਖੇਲ ਤ੍ਰਲੋਕੀ ਨਾਥਾ, ਲਹਿਣਾ ਜਾਣੇ ਸੀਆਂ ਸਾਢੇ ਤਿੰਨ ਤਿੰਨ ਹਾਥਾ, ਪੂਜਾ ਪਾਠ ਵੇਖ ਵਖਾਈਆ । ਪੂਜਾ ਪਾਠ ਅਠਸਠ ਨੀਰ, ਹਰਿ ਹਰਿ ਸਾਚਾ ਵੇਖ ਵਖਾਇੰਦਾ । ਕਾਇਆ ਕਾਅਬਾ ਵੇਖੇ ਪੀਰ ਫ਼ਕੀਰ, ਅੰਦਰ ਮੰਦਰ ਡੇਰਾ ਲਾਇੰਦਾ । ਆਪੇ ਕੱਟੇ ਆਪਣੀ ਜਗਤ ਜੰਜ਼ੀਰ, ਸਾਚੀ ਡੋਰੀ ਨਾਮ ਬੰਧਾਇੰਦਾ । ਆਪੇ ਚੋਟੀ ਚਾੜ੍ਹੇ ਫੜ ਅਖੀਰ, ਮੰਜ਼ਲ

ਆਪਣੇ ਹੱਥ ਰਖਾਇੰਦਾ । ਆਪੇ ਬਖ਼ਸ਼ੇ ਅੰਮ੍ਰਿਤ ਸਾਚਾ ਸੀਰ, ਨਿਝਰ ਧਾਰਾ ਆਪ ਵਹਾਇੰਦਾ । ਆਪੇ ਲੇਖਾ ਜਾਣੇ ਸ਼ਾਹ ਹਕੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਖੇਲੇ ਖੇਲ ਸ਼ਾਹ ਨਵਾਬਾ । ਸ਼ਾਹ ਸੁਲਤਾਨਾਂ ਰਿਹਾ ਜਗਾਇਆ, ਪੁਰਖ ਅਬਿਨਾਸ਼ੀ ਬੈਠ ਸੱਚੀ ਮਹਿਰਾਬਾ । ਏਕਾ ਹੁਕਮ ਰਿਹਾ ਸੁਣਾਇਆ, ਲੇਖਾ ਜਾਣੇ ਸਾਚਾ ਕਾਅਬਾ । ਏਕਾ ਰੂਪ ਰਿਹਾ ਦਰਸਾਇਆ, ਹਰਿ ਸਾਚਾ ਮੋਹਣ ਮਾਧਵ ਮਾਧਾ । ਮੁਕੰਦ ਮਨੋਹਰ ਲਖ਼ਮੀ ਨਰਾਇਣ ਨਰ ਹਰਿ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਰੰਗ ਰਤੜਾ ਹਰਿ ਸਾਚਾ ਮੀਤ, ਏਕਾ ਰੰਗ ਸਮਾਇਆ । ਸ੍ਰਿਸ਼ਟ ਸਬਾਈ ਪਰਖੇ ਨੀਤ, ਲੁਕਿਆ ਕੋਇ ਰਹਿਣ ਨਾ ਪਾਇਆ । ਲੇਖਾ ਜਾਣੇ ਹਸਤ ਕੀਟ, ਕੀਟ ਕੀਟਾਂ ਰੂਪ ਵਟਾਇਆ । ਲੱਖ ਚੁਰਾਸੀ ਲਏ ਜੀਤ, ਸ਼ਬਦ ਖੰਡਾ ਹੱਥ ਉਠਾਇਆ । ਆਪੇ ਭੰਨੇ ਕੌੜੇ ਰੀਠ, ਆਪ ਆਪਣੀ ਖੇਲ ਕਰਾਇਆ । ਕਲਜੁਗ ਤਪਿਆ ਇਕ ਅੰਗੀਠ, ਤ੍ਰੈਗੁਣ ਅਗਨੀ ਰਿਹਾ ਲਾਇਆ । ਕੋਇ ਨਾ ਕਰੇ ਠੰਡਾ ਸੀਤ, ਨੌ ਖੰਡ ਰਹੇ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਜੋਤ ਕਰੇ ਰੁਸ਼ਨਾਇਆ । ਜੋਤ ਜਗਾਏ ਸ੍ਰੀ ਭਗਵਾਨਾ, ਸ੍ਰੀ ਧਰ ਆਪਣਾ ਨਾਉਂ ਧਰਾਇੰਦਾ । ਚਾਰ ਵਰਨਾਂ ਦੇਵੇ ਇਕ ਗਿਆਨਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਗਾਇਣ ਇਕ ਤਰਾਨਾ, ਏਕਾ ਕਲਮਾ ਆਪ ਸਿਖਾਇੰਦਾ । ਏਕਾ ਘਰ ਇਕ ਮਕਾਨਾ, ਦਰਗਹਿ ਸਾਚੀ ਇਕ ਵਖਾਇੰਦਾ । ਏਕਾ ਮੰਦਰ ਮਸਜਿਦ ਸਚ ਨਿਸ਼ਾਨਾ, ਜੋ ਹਰਿ ਹਰਿ ਧਿਆਨ ਲਗਾਇੰਦਾ । ਏਕਾ ਹੋਏ ਦਾਤਾ ਦਾਨੀ ਦਾਨਾ, ਸਾਚੀ ਭਿਛਿਆ ਝੋਲੀ ਪਾਇੰਦਾ । ਏਕਾ ਬਖ਼ਸ਼ੇ ਧੁਰ ਧੁਰ ਆਪਣਾ ਮਾਣਾ, ਮਾਣ ਅਭਿਮਾਨਾ ਆਪ ਗਵਾਇੰਦਾ । ਏਕਾ ਹੋਏ ਸਾਚਾ ਰਾਣਾ, ਸੀਸ ਸਾਚਾ ਤਾਜ ਟਿਕਾਇੰਦਾ । ਏਕਾ ਹੋਏ ਸ਼ਾਹ ਸ਼ਹਾਨਾ, ਸ਼ਾਹ ਸੁਲਤਾਨਾ ਰੂਪ ਰੰਗ ਨਾ ਕੋਇ ਵਖਾਇੰਦਾ । ਏਕਾ ਹੋਏ ਨਰ ਨਰ ਕਾਹਨਾ, ਸਾਚੀ ਬੰਸਰੀ ਨਾਮ ਵਜਾਇੰਦਾ । ਏਕਾ ਰਾਮ ਰਾਮ ਹੋਏ ਪਰਧਾਨਾ, ਕਲਜੁਗ ਰਾਵਣ ਹੰਕਾਰੀ ਮੇਟ ਮਿਟਾਇੰਦਾ । ਏਕਾ ਕਰਬਲਾ ਫੜੇ ਤੀਰ ਕਮਾਨਾ, ਏਕਾ ਜਲ ਜਲ ਆਪ ਤਰਸਾਇੰਦਾ । ਏਕਾ ਦੇਵੇ ਪਦ ਨਿਰਬਾਨਾ, ਘਰ ਸਾਚੇ ਆਪ ਬਹਾਇੰਦਾ । ਏਕਾ ਮੁਕਾਮੇ ਹੱਕ ਵਖਾਏ ਸਚ ਨਿਸ਼ਾਨਾ, ਜਗਤ ਤਾਰੀਕੀ ਆਪ ਮਿਟਾਇੰਦਾ । ਏਕਾ ਕਰੇ ਪਰਕਾਸ਼ ਕੋਟਨ ਭਾਨਾ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਏਕਾ ਬੰਨ੍ਹੇ ਸਗਨੀ ਗਾਨਾ, ਅੰਤਮ ਆਪਣਾ ਸਗਨ ਮਨਾਇੰਦਾ । ਏਕਾ ਦੋਜ਼ਖ਼ ਵਖਾਏ ਰਾਹ ਸ਼ੈਤਾਨਾ, ਸਚ ਬਹਿਸ਼ਤੀ ਇਕ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਹੁਕਮ ਸਰਬ ਸੁਣਾਇੰਦਾ । ਹੁਕਮ ਸੁਨੇਹੁੜਾ ਧੁਰ ਦਰਗਹਿ, ਹਰਿ ਸਾਚਾ ਸਚ ਜਣਾਇੰਦਾ । ਸ੍ਰਿਸ਼ਟ ਸਬਾਈ ਰਿਹਾ ਉਠਾ, ਪਰਦਾ ਉਹਲਾ ਨਾ ਕੋਇ ਰਖਾਇੰਦਾ । ਰਾਸ਼ਟਰਪਤੀ ਦਏ ਹਲਾ, ਨੇਤਰ ਨੈਣ ਆਪ ਖੁਲ੍ਹਾਇੰਦਾ । ਚਾਰ ਕੁੰਟ ਨੌ ਖੰਡ ਪ੍ਰਿਥਮੀ ਰੋਵੇ ਮਾਰੇ ਧਾਹ, ਨੇਤਰ ਨੀਰ ਸਰਬ ਵਹਾਇੰਦਾ । ਉਚੇ ਮੰਦਰ ਉਡਣੇ ਕਾਂ, ਸਾਚਾ ਰਾਗ ਨਾ ਕੋਇ ਅਲਾਇੰਦਾ । ਦੀਨ ਮਜ਼੍ਹਬ ਅੰਤਮ ਬੈਠਣੇ ਏਕਾ ਥਾਂ, ਵੰਡੀ ਵੰਡ ਨਾ ਕੋਇ ਰਖਾਇੰਦਾ । ਸਾਂਝਾ ਯਾਰ ਲੋਕਮਾਤ ਜਾਏ ਆ, ਆਪ ਅਪਣਾ ਪਰਦਾ ਲਾਹ ਮੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਏਕਾ ਰੂਪ ਦਰਸਾਇੰਦਾ । ਚਾਰ ਵਰਨ

ਹਰਿ ਕਾ ਰੂਪ, ਪਾਰਬ੍ਰਹਮ ਬ੍ਰਹਮ ਉਪਜਾਇੰਦਾ । ਅੰਦਰ ਵਸੇ ਸਤਿ ਸਰੂਪ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਨੌ ਦਵਾਰੇ ਨਾਤਾ ਝੂਠ, ਪੰਜ ਸ਼ੈਤਾਨ ਨਾਲ ਰਲਾਇੰਦਾ । ਜਿਸ ਜਨ ਉਪਰ ਜਾਏ ਤੁਠ, ਆਪ ਆਪਣੀ ਬੂਝ ਬੁਝਾਇੰਦਾ । ਸਾਚਾ ਜਾਮ ਪਿਆਏ ਘੁੱਟ, ਅੰਮ੍ਰਿਤ ਮੁਖ ਚੁਆਇੰਦਾ । ਦੂਈ ਦਵੈਤੀ ਜਾਏ ਛੁਟ, ਮਾਇਆ ਮਮਤਾ ਮੋਹ ਚੁਕਾਇੰਦਾ । ਜਗਤ ਵਿਕਾਰਾ ਜੜ੍ਹ ਦੇਵੇ ਪੁੱਟ, ਸਚ ਸੁੱਚ ਬੂਟਾ ਏਕਾ ਲਾਇੰਦਾ । ਵਰਨਾਂ ਬਰਨਾਂ ਨਾਤਾ ਜਾਏ ਛੁੱਟ, ਏਕਾ ਰੂਪ ਸਰਬ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਆਪ ਸੁਹਾਇੰਦਾ । ਕਾਇਆ ਮੰਦਰ ਹਰਿ ਜੂ ਵੜ, ਸਾਚਾ ਗੜ੍ਹ ਸੁਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਏਕਾ ਨੂਰ ਨੂਰ ਰੁਸ਼ਨਾਈਆ । ਨਾ ਕੋਈ ਵਿਦਿਆ ਰਿਹਾ ਪੜ੍ਹ, ਚੌਦਾਂ ਵਿਦਿਆ ਕਰੇ ਪੜ੍ਹਾਈਆ । ਬਜ਼ਰ ਕਪਾਟੀ ਤੋੜੇ ਗੜ੍ਹ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਅੰਮ੍ਰਿਤ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਵਖਾਈਆ । ਕਾਗੋਂ ਹੰਸ ਦਏ ਕਰ, ਸਤਿਗੁਰ ਪੂਰੇ ਵਡ ਵਡਿਆਈਆ । ਏਕਾ ਰੰਗ ਰੰਗਾਏ ਨਾਰੀ ਨਰ, ਨਰ ਨਰਾਇਣ ਬੇਪਰਵਾਹੀਆ । ਆਤਮ ਸੇਜਾ ਦਰਸ ਦਖਾਏ ਖੜ, ਸਚ ਸਰੂਪੀ ਰੂਪ ਵਟਾਈਆ । ਸੰਤ ਸੁਹੇਲੇ ਲਏ ਫੜ, ਮਨਮੁਖਾਂ ਦਿਸ ਨਾ ਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਕੁਦਰਤ ਵੇਖ ਵਖਾਈਆ । ਨਿਰਭੈ ਰੂਪ ਨਾ ਰੱਖੇ ਕੋਈ ਡਰ, ਭੈ ਭਿਆਨਕ ਆਪਣੀ ਖੇਲ ਖਿਲਾਈਆ । ਸ਼ਾਹ ਸੁਲਤਾਨਾਂ ਲਏ ਫੜ, ਰਾਜ ਮੰਤਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਵਿਚ ਦੀਪਕ ਬਾਲਿਆ, ਨਿਰਗੁਣ ਰੂਪ ਅਪਾਰ । ਘਰ ਵਿਚ ਵਖਾਏ ਸੱਚੀ ਧਰਮਸਾਲਿਆ, ਘਰ ਮੇਲਾ ਮੀਤ ਮੁਰਾਰ । ਘਰ ਘਰ ਵਿਚ ਜਗੇ ਜੋਤ ਜੁਆਲਿਆ, ਘਰ ਸਵਾਣੀ ਕਰੇ ਸ਼ਿੰਗਾਰ । ਘਰ ਘਰ ਵਿਚ ਸਿੰਘ ਸ਼ੇਰ ਹੋਏ ਅਸਵਾਰ । ਵੇਖੇ ਖੇਲ ਲਾਟਾਂ ਵਾਲੀਆ, ਲਟ ਲਟ ਨੂਰ ਹੋਏ ਉਜਿਆਰ । ਘਰ ਘਰ ਲੇਖਾ ਚੁੱਕੇ ਮਾਤਾ ਕਾਲੀਆ, ਕਾਲਖ ਟਿੱਕਾ ਦਏ ਉਤਾਰ । ਘਰ ਘਰ ਕਰੇ ਆਪ ਰਖਵਾਲੀਆ, ਪਾਰਬ੍ਰਹਮ ਬੇਐਬ ਪਰਵਰਦਿਗਾਰ । ਜੁਗ ਚਲੇ ਅਵੱਲੜੀ ਚਾਲੀਆ, ਵੇਦ ਕਤੇਬ ਨਾ ਪਾਵਣ ਸਾਰ । ਜਗੀ ਜੋਤ ਇਕ ਅਕਾਲੀਆ, ਅਕਲ ਕਲਾ ਕਲ ਆਪਣੀ ਧਾਰ । ਚੌਥੇ ਜੁਗ ਬਣ ਆਇਆ ਹਾਲੀਆ, ਲੇਖਾ ਮੰਗੇ ਸਰਬ ਸੰਸਾਰ । ਰਾਜ ਰਾਜਾਨ ਫਿਰਨ ਹੱਥਾਂ ਖਾਲੀਆ, ਵੇਲੇ ਅੰਤ ਨਾ ਕਰੇ ਕੋਈ ਵਿਚਾਰ । ਫਲ ਦਿਸੇ ਨਾ ਕਿਸੇ ਡਾਲੀਆ, ਸਿੰਮਲ ਰੁੱਖ ਲਏ ਹੁਲਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਲਗੀ ਤੋੜਾ ਸੀਸ ਰੱਖੇ ਦਸਤਾਰ । ਕਲਗੀ ਤੋੜਾ ਹਰਿ ਭਗਵੰਤ, ਏਕਾ ਏਕ ਰਖਾਇਆ । ਸ਼ਬਦ ਵਜਾਏ ਏਕਾ ਡੰਕ, ਬ੍ਰਹਮਾ ਵਿਸ਼ਨ ਸ਼ਿਵ ਲਏ ਉਠਾਇਆ । ਕਰੋੜ ਤੇਤੀਸਾ ਵੇਖੇ ਬੰਕ, ਗਣ ਗੰਧਰਬ ਫੋਲ ਫੁਲਾਇਆ । ਲੋਕਮਾਤ ਆਪ ਜਗਾਏ ਰਾਓ ਰੰਕ, ਨੇਤਰ ਨੈਣ ਇਕ ਵਖਾਇਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਵਾਰ ਅਨਕ ਵੇਖ ਵਖਾਇਆ । ਗੁਰਮੁਖ ਉਧਾਰੇ ਜਿਉਂ ਜਨ ਜਨਕ, ਜਨਕ ਸਪੁਤਰੀ ਸੀਤਾ ਸੁਰਤੀ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਵਿਚ ਸੰਸਾਰ, ਚਾਰੋਂ ਕੁੰਟ ਹਾਹਾਕਾਰ, ਦੀਨ ਮਜ਼੍ਹਬ ਰਹੇ ਕੁਰਲਾਇਆ । ਦੀਨ ਇਲਾਹੀ ਦੀਨਾਂ ਨਾਥ, ਦਰਦ ਦੁੱਖ ਭੈ ਭੰਜਣ ਆਪਣਾ ਨਾਉਂ ਰਖਾਇੰਦਾ । ਸ੍ਰਿਸ਼ਟ ਸਬਾਈ ਸਗਲਾ ਸਾਥ, ਵਿਛੜ ਕਦੇ ਨਾ ਜਾਇੰਦਾ । ਲੇਖਾ

੫੫੧

ਜਾਣੇ ਮਸਤਕ ਮਾਥ, ਪੂਰਬ ਲਹਿਣਾ ਆਪ ਗਿਣਾਇੰਦਾ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਵੇਸ ਕਰਾਇੰਦਾ । ਸਰਬ ਕਲਾ ਆਪੇ ਸਮਰਾਥ, ਸਮਰਥ ਪੁਰਖ ਭੇਵ ਨਾ ਆਇੰਦਾ । ਹਰਿ ਕੀ ਮਹਿਮਾ ਅਕਥਨਾ ਅਕਥ, ਕਾਗਜ਼ ਕਲਮ ਲਿਖਣ ਨਾ ਪਾਇੰਦਾ । ਜੋ ਦੀਸੇ ਸੋ ਜਾਏ ਢੱਠ, ਥਿਰ ਕੋਇ ਨਜ਼ਰ ਨਾ ਆਇੰਦਾ । ਅੰਜੀਲ ਕੁਰਾਨ ਕਰ ਕੱਠ, ਏਕਾ ਮਸੱਲਾ ਹੇਠ ਵਛਾਇੰਦਾ । ਆਪੇ ਸਜਦਾ ਕਰੇ ਢੱਠ, ਆਪੇ ਆਪਣੇ ਹੱਥ ਖ਼ਾਲੀ ਵਖਾਇੰਦਾ । ਆਪੇ ਬਹੇ ਮਸਜਿਦ ਮੱਠ, ਆਪ ਆਪਣਾ ਰੂਪ ਪ੍ਰਗਟਾਇੰਦਾ । ਆਪੇ ਲੇਖਾ ਜਾਣੇ ਨੱਠ ਨੱਠ, ਤਬਕ ਤਬਕਾਂ ਫੋਲ ਫੁਲਾਇੰਦਾ । ਆਪੇ ਕਰਤਬ ਕਰੇ ਪੁਰਖ ਸਮਰਥ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਪਾਵੇ ਸਾਰ, ਸ੍ਰਿਸ਼ਟ ਸਬਾਈ ਦਏ ਹੁਲਾਰ, ਜਗਤ ਹੁਲਾਰਾ ਆਪ ਦਵਾਇੰਦਾ । ਸ੍ਰਿਸ਼ਟ ਸਬਾਈ ਅੰਤ ਹੁਲਾਰਾ, ਸੋ ਪੁਰਖ ਨਿਰੰਜਣ ਆਪ ਦੁਆਇੰਦਾ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਜੂਠ ਝੂਠ ਸਰਬ ਰੁੜ੍ਹਾਇੰਦਾ । ਚਾਰ ਵਰਨਾਂ ਵਖਾਏ ਇਕ ਦੁਆਰਾ, ਦੂਈ ਦਵੈਤੀ ਮੇਟ ਮਿਟਾਇੰਦਾ । ਸਤਿ ਸੰਤੋਖੀ ਭਰੇ ਨਾਮ ਭੰਡਾਰਾ, ਆਤਮ ਦੋਸ਼ੀ ਸਰਬ ਮਿਟਾਇੰਦਾ । ਸੱਚਾ ਗੋਸ਼ਾ ਕਰੇ ਵਿਚ ਸੰਸਾਰਾ, ਸੋਹੰ ਕੋਸ਼ ਇਕ ਪੜ੍ਹਾਇੰਦਾ । ਨਿਰਦੋਸ਼ ਰਹੇ ਪਰਵਰਦਿਗਾਰਾ, ਦੋਸ਼ ਸਭਨਾ ਸਿਰ ਲਗਾਇੰਦਾ । ਆਪ ਖਾਮੋਸ਼ ਸੁੱਤਾ ਪੈਰ ਪਸਾਰਾ, ਸ੍ਰਿਸ਼ਟ ਸਬਾਈ ਆਪ ਲੜਾਇੰਦਾ । ਮਦਹੋਸ਼ ਨਾ ਹੋਏ ਕਦੇ ਨਿਰੰਕਾਰਾ, ਹਰਖ ਸੋਗ ਨਾ ਕੋਇ ਜਣਾਇੰਦਾ । ਲੋਕ ਪਰਲੋਕ ਇਕ ਜੈਕਾਰਾ, ਸੱਚਾ ਸਲੋਕ ਆਪ ਅਲਾਇੰਦਾ । ਜੋਤੀ ਜੋਸ਼ ਲਏ ਹੁਲਾਰਾ, ਘਰ ਘਰ ਜੋਤੀ ਡਗਮਗਾਇੰਦਾ । ਜੋਤਸ਼ੀ ਜੋਤਸ਼ ਨਾ ਕਿਸੇ ਕੋਇ ਵਿਚਾਰਾ, ਪੰਡਤ ਪਾਂਧਾ ਪਤਰੀ ਫੋਲ ਹਿਸਾਬ ਨਾ ਕੋਇ ਲਗਾਇੰਦਾ । ਅਜ਼ਮਤੋ ਕਸਮਤੋ ਅਜ਼ਿਬਵਾ ਅਤੁਲਹੇ ਆਪੇ ਵਸੇ ਸਭ ਤੋਂ ਬਾਹਰਾ, ਆਪਣਾ ਆਸਣ ਆਪ ਸੁਹਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਆਪ ਰੁੜ੍ਹਾਇੰਦਾ । ਆਪੇ ਸੰਝ ਸਵੇਰ ਪਾਏ ਸਾਰਾ, ਰੈਣ ਅੰਧੇਰੀ ਆਪ ਮਿਟਾਇੰਦਾ । ਆਪੇ ਲੇਖਾ ਜਾਣੇ ਸੂਰਜ ਚੰਦ ਸਿਤਾਰਾ, ਚੌਦਵੀਂ ਚੰਦਨ ਚੰਦਾ ਰੂਪ ਆਪ ਵਟਾਇੰਦਾ । ਆਪੇ ਵੇਖੇ ਸ੍ਰਿਸ਼ਟ ਸਬਾਈ ਸਤਿ ਅਖਾੜਾ, ਚੰਡ ਪਰਚੰਡ ਆਪ ਚਮਕਾਇੰਦਾ । ਆਪੇ ਆਪਣੇ ਬ੍ਰਹਿਮੰਡ ਕਰ ਪਸਾਰਾ, ਆਪ ਆਪਣੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਖੇਲ ਨਿਰੰਕਾਰਾ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਜਾਗਰਤ ਜੋਤ ਨੂਰ ਹੋਏ ਉਜਿਆਰਾ, ਕੂੜ ਕੁੜਿਆਰਾ ਪੰਧ ਮੁਕਾਇੰਦਾ । ਸੰਮਤ ਸਤਾਰਾਂ ਖੇਲ ਅਪਾਰਾ, ਹਰਿ ਨਿਰੰਕਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰਾ, ਅਪਰ ਅਪਾਰ ਆਪਣੀ ਧਾਰ ਚਲਾਇੰਦਾ । ਸਾਚੀ ਧਾਰ ਸਾਚੀ ਰੀਤ, ਹਰਿ ਸਾਚੇ ਸਚ ਚਲਾਈਆ । ਏਕਾ ਮੰਦਰ ਇਕ ਮਸੀਤ, ਏਕਾ ਗੁਰ ਦਰ ਵੇਖ ਵਖਾਈਆ । ਏਕਾ ਹਸਤ ਏਕਾ ਕੀਟ, ਅਣਡੀਠ ਏਕਾ ਰੰਗ ਰੰਗਾਈਆ । ਏਕਾ ਸਾਜਣ ਏਕਾ ਮੀਤ, ਦਾਮਨਗੀਰ ਇਕ ਅਖਵਾਈਆ । ਏਕਾ ਠਾਂਡਾ ਏਕਾ ਸੀਤ, ਏਕਾ ਅਗਨੀ ਤਤ ਵਖਾਈਆ । ਏਕਾ ਸ਼ਬਦ ਏਕਾ ਨਾਦ ਏਕਾ ਗੀਤ, ਏਕਾ ਕਲਮਾ ਆਪ ਪੜ੍ਹਾਈਆ । ਏਕਾ ਬ੍ਰਹਮ ਕਰੇ ਪੁਨੀਤ, ਏਕਾ ਰੂਹ ਲਏ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਏਕਾ ਸਾਜਣ ਏਕਾ ਹਰਿ, ਏਕਾ ਗੁਰ ਏਕਾ ਘਰ, ਏਕਾ ਦਰ ਸੁਹਾਇੰਦਾ । ਏਕਾ ਨਾਰੀ ਏਕਾ ਨਰ, ਨਰ ਹਰਿ ਨਰਾਇਣ ਏਕਾ ਰੂਪ ਵਟਾਇੰਦਾ । ਏਕਾ ਕਰਨੀ ਆਪ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਏਕਾ ਧਰਤ ਧਵਲ ਧਰਨੀ ਉਪਰ

ਚਰਨ ਧਰ, ਹੌਲਾ ਭਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੱਢੇ ਭਰਮ ਭੁਲੇਖਿਆ, ਲੇਖਾ ਜਾਣੇ ਧਾਰੀ ਕੇਸਿਆ, ਮੂੰਡ ਮੁੰਡਾਏ ਵੇਖ ਵਖਾਇੰਦਾ । ਵੇਖਣਹਾਰਾ ਘਟ ਘਟ ਅੰਦਰ, ਦਿਸ ਕਿਸੇ ਨਾ ਆਇੰਦਾ । ਕਾਇਆ ਵਸਿਆ ਸਾਚੇ ਮੰਦਰ, ਘਰ ਘਰ ਵਿਚ ਜੋਤ ਜਗਾਇੰਦਾ । ਕਰੇ ਪਰਕਾਸ਼ ਡੂੰਘੀ ਕੰਦਰ, ਕਾਫ਼ਰ ਮੋਮਨ ਰੂਪ ਵਟਾਇੰਦਾ । ਆਪੇ ਤੋੜੇ ਲੱਗਾ ਜੰਦਰ, ਬੰਦ ਕਿਵਾੜਾ ਆਪ ਖੁਲ੍ਹਾਇੰਦਾ । ਲੇਖਾ ਜਾਣੇ ਗੋਰਖ ਮਛੰਦਰ, ਉਚੇ ਟਿੱਲੇ ਫੋਲ ਫੁਲਾਇੰਦਾ । ਮਨਮੁਖ ਜੀਵ ਚਾਰੋਂ ਕੁੰਟ ਭੌਂਦੇ ਬੰਦਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਤ ਏਕਾ ਬੁੱਧ ਏਕਾ ਤਤ ਏਕਾ ਸੁੱਧ, ਏਕਾ ਬ੍ਰਹਮ ਨਿਰਮਲ ਦੁੱਧ, ਏਕਾ ਨੀਰ ਦਏ ਵਖਾਈਆ । ਏਕਾ ਨੀਰ ਹਰਿ ਵਿਰੋਲੇ, ਕਾਇਆ ਮੰਦਰ ਵੇਖ ਵਖਾਈਆ । ਜੂਠੀ ਝੂਠੀ ਛਾਛ ਕਲਜੁਗ ਕੰਡੇ ਤੋਲੇ, ਕਰਤਾ ਕੀਮਤ ਕੋਇ ਨਾ ਪਾਈਆ । ਅੰਦਰ ਵੜ ਆਪੇ ਬੋਲੇ, ਆਪਣਾ ਬਿਸਮਿਲ ਰੂਪ ਵਟਾਈਆ । ਨਿਰਗੁਣ ਹੋਏ ਵਸੇ ਚੋਲੇ, ਕਾਇਆ ਅਲਫ਼ੀ ਆਪ ਹੰਢਾਈਆ । ਆਪੇ ਰੱਖੇ ਆਪਣੇ ਪਰਦੇ ਓਹਲੇ, ਆਪ ਆਪਣਾ ਮੁਖ ਛੁਪਾਈਆ । ਮੁਰੀਦ ਮੁਰਸ਼ਦ ਗਾਏ ਢੋਲੇ, ਜਿਸ ਮਿਲਿਆ ਬੇਪਰਵਾਹੀਆ । ਸਦਾ ਸੁਹੇਲਾ ਵਸਿਆ ਕੋਲੇ, ਦੂਰ ਦੁਰਾਡਾ ਪੰਧ ਮੁਕਾਈਆ । ਚਾਰ ਵਰਨ ਪਾਏ ਆਪਣੇ ਰੌਲੇ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਕੋਟੀ ਅੰਦਰ ਵੜ ਵੜ ਲੱਭਦੇ ਅੱਖਾਂ ਖੋਲ੍ਹੇ, ਕੋਈ ਉਚੀ ਕੂਕੇ ਦਏ ਦੁਹਾਈਆ । ਮੌਲਾ ਕਾਇਆ ਅੰਦਰ ਕਿਸੇ ਦੇ ਨਾ ਮੌਲੇ, ਮਲਕੁਲ ਮੌਤ ਦਏ ਦੁਹਾਈਆ । ਆਪੇ ਗਾਏ ਆਪਣੇ ਸੋਹਲੇ, ਸਾਲੇਬਾਂ ਸਾਹਿਬ ਆਪਣਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਵਖਾਏ ਇਕ ਦਰਵਾਜ਼ਾ, ਪਾਰਬ੍ਰਹਮ ਪ੍ਰਭ ਗਰੀਬ ਨਿਵਾਜ਼ਾ, ਆਪ ਵਜਾਏ ਆਪਣਾ ਅਨਹਦ ਵਾਜਾ, ਤਾਰ ਸਿਤਾਰ ਨਾ ਕੋਇ ਰਖਾਈਆ । ਅਨਹਦ ਵਾਜਾ ਵੱਜੇ ਸਿਤਾਰ, ਹਰਿ ਸਾਚਾ ਆਪ ਵਜਾਈਆ । ਗੁਰਮੁਖ ਵਿਰਲੇ ਕਰੇ ਆਪ ਗੁਫ਼ਤਾਰ, ਗੁਪਤ ਜ਼ਾਹਰ ਬਾਤਨੀ ਰੂਪ ਵਟਾਈਆ । ਸਚ ਸੁਹੰਜਣੀ ਸੇਜਾ ਕਰੇ ਪਿਆਰ, ਆਪ ਆਪਣਾ ਰੰਗ ਵੇਖੇ ਨੂਰ ਇਲਾਹੀਆ । ਤਾਲਬ ਤਲਬ ਕਰੇ ਸੰਸਾਰ, ਆਲਮ ਇਲਮ ਭੇਵ ਨਾ ਰਾਈਆ । ਗੁਰਬਤ ਤੋੜੇ ਗੜ੍ਹ ਹੰਕਾਰ, ਆਪ ਆਪਣਾ ਬਲ ਧਰਾਈਆ । ਮੁਰਸ਼ਦ ਮਿਲੇ ਹੋ ਹੋ ਜ਼ਾਹਰ, ਮੱਕਾ ਕਾਅਬਾ ਕਾਇਆ ਵਿਚ ਵਖਾਈਆ । ਸਚ ਮੁਹੰਮਦ ਉਚੀ ਕੂਕੇ ਕਰੇ ਪੁਕਾਰ, ਆਲਮੀਨ ਯਾਮੁਬੀਨ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਨਿਆਰਾ, ਕਰੇ ਕਰਾਏ ਵਿਚ ਸੰਸਾਰਾ, ਸਤਿਜੁਗ ਸਾਚੀ ਬੰਨ੍ਹੇ ਧਾਰਾ, ਸਾਚਾ ਮਾਰਗ ਇਕ ਰਖਾਇੰਦਾ । ਸਾਚਾ ਮਾਰਗ ਸਚ ਸੰਦੇਸ਼, ਨੌ ਨੌ ਸਤ ਸਤ ਆਪ ਜਣਾਇਆ । ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ ਲੇਖਾ ਬੂਝ ਬੁਝਾਇਆ । ਭੇਵ ਚੁਕਾਏ ਦੇਵੀ ਦੇਵਤ, ਦਰ ਦਰਵੇਸ਼ ਅਖਵਾ ਸਚ ਸੁੱਚ ਲਿਖਾਇਆ । ਪਰਗਟ ਹੋਏ ਆਦਿ ਨਿਰੰਜਣ ਸਦ ਆਦੇਸ, ਆਦਿ ਅੰਤ ਵੇਸ ਵਟਾਇਆ । ਲੇਖਾ ਜਾਣੇ ਰਿਖੀ ਕੇਸ਼, ਜਗਤ ਗਵਰਧਨ ਆਪ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਬੰਨ੍ਹੇ ਧਾਰ, ਧਰ ਧਰਨੀ ਧਰਤ ਧਵਲ ਏਕਾ ਰੰਗ ਰੰਗਾਇਆ । ਧਰਨੀ ਧਰਤ ਧਵਲ ਪ੍ਰਭ ਦੇਵੇ ਰੰਗ, ਕਲਜੁਗ ਏਕਾ ਰੰਗ ਰੰਗਾਈਆ । ਇਕ ਵਜਾਏ ਨਾਮ ਮਰਦੰਗ, ਲੋਆਂ ਪੁਰੀਆਂ ਆਪ ਸੁਣਾਈਆ । ਲੋਆਂ ਪੁਰੀਆਂ ਆਪੇ ਲੰਘ, ਬ੍ਰਹਿਮੰਡ ਖੰਡ ਵੇਖ ਵਖਾਈਆ । ਕਲਜੁਗ ਢਾਹੇ ਭਰਮਾਂ

੫੫੩
੦੯

ਕੰਧ, ਭਰਮ ਭੁਲੇਖਾ ਦਏ ਮਿਟਾਈਆ । ਸਤਿ ਸਤਿਵਾਦੀ ਚੜ੍ਹੇ ਚੰਦ, ਨੂਰ ਉਜਾਲਾ ਕਰ ਰੁਸ਼ਨਾਈਆ । ਚਾਰ ਵਰਨ ਗਾਣ ਏਕਾ ਛੰਦ, ਸੋ ਪੁਰਖ ਨਿਰੰਜਣ ਹਰਿ ਮਨਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਛੋੜ ਬੰਦ ਕਟਾਈਆ । ਲੇਖਾ ਜਾਣੇ ਬੱਤੀ ਦੰਦ, ਰਸਨਾ ਰਸ ਆਪ ਭਰਾਈਆ । ਇਕ ਵਖਾਏ ਪਰਮਾਨੰਦ, ਨਿਜ ਆਤਮ ਅੰਮ੍ਰਿਤ ਰਸ ਚੁਆਈਆ । ਆਪ ਗਵਾਏ ਮਦਿਰਾ ਮਾਸ ਗੰਦ, ਨੌਂ ਖੰਡ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵੇਲਾ, ਲੇਖਾ ਜਾਣੇ ਗੁਰੂ ਗੁਰ ਚੇਲਾ, ਮੁਰੀਦ ਮੁਰਸ਼ਦ ਏਕਾ ਰੰਗ ਰੰਗਾਈਆ । ਏਕਾ ਰੰਗ ਮੁਰਸ਼ਦ ਮੁਰੀਦ, ਹਰਿ ਸਾਚਾ ਸਚ ਰੰਗਾਇੰਦਾ । ਏਕਾ ਏਕ ਕਰੇ ਸਾਚੀ ਦੀਦ, ਦ੍ਰਿਸ਼ਟ ਇਸ਼ਟ ਸ੍ਰਿਸ਼ਟ ਆਪ ਖੁਲ੍ਹਾਇੰਦਾ । ਇਕ ਵਖਾਏ ਸਾਚੀ ਈਦ, ਨਿਰਗੁਣ ਆਪਣਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਅਪਾਰਾ, ਲੋਕਮਾਤ ਆਪ ਕਰਾਇੰਦਾ । ਖੇਲ ਅਪਾਰਾ ਹਰਿ ਨਿਰੰਕਾਰਾ, ਕਲਜੁਗ ਅੰਤਮ ਅੰਤ ਕਰਾਈਆ । ਬੀਸ ਬੀਸਾ ਹੋ ਉਜਿਆਰਾ, ਸ਼ਾਹ ਅਸਵਾਰਾ ਚਾਰੋਂ ਕੁੰਟ ਫੇਰਾ ਪਾਈਆ । ਸੰਗਤ ਹਰਿ ਹਰਿ ਭਰੇ ਭੰਡਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਨਿਸ਼ਾਨਾ, ਸੱਤ ਰੰਗ ਝੁੱਲੇ ਦੋ ਜਹਾਨਾਂ, ਦੋ ਜਹਾਨ ਵਾਲੀ ਆਪ ਝੁਲਾਈਆ । ਲੋਕਮਾਤ ਤੇਰਾ ਰਾਜ, ਪੰਚਮ ਪੰਚ ਵਡਿਆਇੰਦਾ । ਵੀਹ ਸੌ ਬੀਸ ਬਿਕ੍ਰਮੀ ਹੋਏ ਕਾਜ, ਹਰਿ ਸਾਚਾ ਆਪ ਕਰਾਇੰਦਾ । ਸੀਸ ਕਿਸੇ ਨਾ ਦਿਸੇ ਤਾਜ, ਤਖ਼ਤ ਤਾਜ ਸਰਬ ਉਲਟਾਇੰਦਾ । ਨੌਂ ਖੰਡ ਪ੍ਰਿਥਮੀ ਉਠਾਏ ਇਕ ਆਵਾਜ਼, ਸਿਆਸਤ ਵਰਾਸਤ ਨਾ ਕੋਇ ਬਣਾਇੰਦਾ । ਗ਼ਰੀਬ ਨਿਮਾਣਿਆਂ ਪ੍ਰਭ ਰੱਖੇ ਲਾਜ, ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਇੰਦਾ । ਸਤਿਜੁਗ ਸਾਚਾ ਸਾਜਨ ਸਾਜ, ਸਾਚੀ ਸਿਖਿਆ ਇਕ ਸਮਝਾਇੰਦਾ । ਏਕਾ ਸ਼ਾਹ ਇਕ ਨਵਾਬ, ਏਕਾ ਅਦਲੀ ਅਦਲ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨਾ ਹਰਿ ਮਿਹਰਵਾਨਾ, ਏਕਾ ਏਕ ਉਠਾਇੰਦਾ । ਸੱਤ ਰੰਗ ਨਿਸ਼ਾਨਾ ਸਤਿ ਸਤਿਵਾਦ, ਲੋਕਮਾਤ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਰੱਖਣਾ ਯਾਦ, ਭੁੱਲ ਕੋਇ ਨਾ ਜਾਈਆ । ਹਰਿ ਕਾ ਸ਼ਬਦ ਬੋਧ ਅਗਾਧ, ਲਿਖਣ ਪੜ੍ਹਨ ਵਿਚ ਨਾ ਆਈਆ । ਸੱਤਾਂ ਦੀਪਾਂ ਲੇਖਾ ਜਾਣੇ ਸੰਤ ਸਾਧ, ਲੋਕਮਾਤ ਸੋਏ ਲਏ ਉਠਾਈਆ । ਜਮਨ ਕਿਨਾਰੇ ਵੱਜੇ ਨਾਦ, ਨਾਦੀ ਸੁੱਤ ਆਪ ਵਜਾਈਆ । ਅਮਾਮ ਅਮਾਮਾ ਸਿਰ ਹੋਏ ਨਵਾਬ, ਸਚ ਦਮਾਮਾ ਇਕ ਰਖਾਈਆ । ਆਪਣਾ ਨੂਰ ਆਪਣੇ ਵਿਚੋਂ ਕਾਢ, ਲੋਕਮਾਤ ਕਰੇ ਰੁਸ਼ਨਾਈਆ । ਇਕਾ ਖ਼ੁਦਾ ਇਕ ਆਦਿ, ਇਕ ਵਾਹਿਗੁਰੂ ਰਾਮ ਨਾਮ ਰਹੇ ਵਿਸਮਾਦ, ਏਕਾ ਕ੍ਰਿਸ਼ਨ ਰੂਪ ਦਰਸਾਈਆ । ਏਕਾ ਨਾਨਕ ਗੋਬਿੰਦ ਸੁਣੇ ਫ਼ਰਿਆਦ, ਆਪ ਆਪਣਾ ਦਰਸ ਦਿਖਾਈਆ । ਏਕਾ ਮੇਟੇ ਵਾਦ ਵਿਵਾਦ, ਕੂੜੀ ਕਿਰਿਆ ਰਹਿਣ ਨਾ ਪਾਈਆ । ਸੱਚਾ ਪੀਰ ਸਭ ਨੂੰ ਜਾਏ ਲਾਧ, ਹਉਮੇ ਪੀੜ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਘਾੜਣ ਘੜ, ਸਾਚੇ ਪੌੜੇ ਆਪ ਚੜ੍ਹਾਈਆ । ਸਾਚਾ ਪੌੜਾ ਹਰਿ ਨਿਰੰਕਾਰ, ਲੋਕਮਾਤ ਲਗਾਇੰਦਾ । ਬ੍ਰਹਿਮਣ ਗੌੜਾ ਰੂਪ ਅਪਾਰ, ਪੂਤ ਸਪੂਤਾ ਵੇਸ ਵਟਾਇੰਦਾ । ਮੁਹੰਮਦ ਲੇਖਾ ਵਿਚ ਸੰਸਾਰ, ਚੌਦਾਂ ਤਬਕਾਂ ਵੇਖ ਵਖਾਇੰਦਾ । ਨਾਨਕ ਨਿਰਗੁਣ ਲਏ ਉਧਾਰ, ਨਿਹਕਲੰਕ ਰੂਪ ਵਟਾਇੰਦਾ । ਗੋਬਿੰਦ ਖੰਡਾ ਤੇਜ ਕਟਾਰ, ਨਾਮ ਪਰਚੰਡ ਆਪ ਚਮਕਾਇੰਦਾ । ਬ੍ਰਹਿਮੰਡ ਖੰਡ ਦਏ ਹੁਲਾਰ, ਵਰਭੰਡ ਵੰਡ ਵੰਡਾਇੰਦਾ । ਖੰਡ ਖੰਡ ਕਰੇ ਸੰਸਾਰ, ਨਾਰ ਦੁਹਾਗਣ ਰੰਡ ਨਾ ਕੋਇ ਦਖਾਇੰਦਾ ।

ਕਲਰ ਕੰਧ ਢਹਿ ਢਹਿ ਹੋਏ ਗਾਰ, ਸਚ ਮਹੱਲ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਹੋ ਉਜਿਆਰ, ਖੇਲੇ ਖੇਲ ਅਪਰ ਅਪਾਰ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਇੰਦਾ । ਅਗੰਮ ਅਗੰਮੜਾ ਨੂਰੀ ਅੱਲਾ, ਏਕਾ ਏਕ ਅਖਵਾਇੰਦਾ । ਹੱਡ ਮਾਸ ਨਾੜੀ ਚੰਮੜਾ ਪੰਜ ਤਤ ਕਦੇ ਨਾ ਰੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੁਗਾ ਜੁਗੰਤਰ ਸਚ ਸੰਦੇਸ਼ ਨਰ ਨਰੇਸ਼ ਹੋ ਪ੍ਰਵੇਸ਼ ਆਪਣਾ ਘੱਲਾ, ਹੁਕਮੀ ਹੁਕਮ ਆਪ ਸੁਣਾਇੰਦਾ । ਕਲਜੁਗ ਅੰਤਮ ਕਰਿਆ ਵਲਾ ਛਲਾ, ਬਲ ਬਾਵਣ ਭੇਖ ਵਟਾਇੰਦਾ । ਹਜ਼ਰਤ ਨੂਰ ਦਰ ਦਵਾਰ ਏਕਾ ਮੱਲਾ, ਸਾਚੀ ਨੱਯਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਗਿਰਵਰ ਗਿਰਧਾਰ, ਗ੍ਰਿਹਿ ਆਪਣਾ ਵੇਖ ਵਖਾਇੰਦਾ । ਗ੍ਰਿਹਿ ਮੰਦਰ ਹਰਿ ਵੇਖਿਆ, ਕਾਇਆ ਕਾਅਬਾ ਖੋਲ੍ਹ ਕਿਵਾੜ । ਆਪਣੇ ਨੇਤਰ ਆਪੇ ਪੇਖਿਆ, ਆਪਣਾ ਰੂਪ ਅਗੰਮ ਅਪਾਰ । ਆਪਣਾ ਆਪੇ ਲਿਖਿਆ ਲੇਖਿਆ, ਜਗਤ ਭਗਤ ਨਾ ਪਾਵੇ ਸਾਰ । ਰੂਪ ਵਟਾਏ ਧਾਰੀ ਕੇਸਿਆ, ਮੂੰਡ ਮੁੰਡਾਏ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤਾ ਬ੍ਰਹਿਮਣ ਗੌੜਾ, ਉਚੇ ਟਿੱਲੇ ਪਰਬਤ ਲਾਏ ਪੌੜਾ, ਬਜ਼ਰ ਕਪਾਟੀ ਆਪੇ ਬੌਹੜਾ, ਸ਼ਬਦ ਸਰੂਪੀ ਰੱਖੇ ਹਥੌੜਾ, ਲੱਖ ਚੁਰਾਸੀ ਵੇਖੇ ਜੀਵ ਮਿੱਠਾ ਕੌੜਾ, ਕੌੜਾ ਰੀਠਾ ਆਪੇ ਭੰਨ ਵਖਾਈਆ । ਆਪੇ ਭੰਨੇ ਭੰਨਣਹਾਰਾ, ਬਿਧ ਆਪਣੀ ਆਪ ਕਰਾਇੰਦਾ । ਜੁਗ ਜੁਗ ਕਰੇ ਪਾਰ ਕਿਨਾਰਾ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਇੰਦਾ । ਲੇਖਾ ਜਾਣੇ ਗੁਰ ਗੁਰ ਅਵਤਾਰਾ, ਸਾਧ ਸੰਤ ਹੁਕਮ ਸੁਣਾਇੰਦਾ । ਭਗਤਾਂ ਭਰੇ ਭਗਤੀ ਨਾਮ ਭੰਡਾਰਾ, ਵਣਜ ਵਣਜਾਰਾ ਇਕ ਵਣਜ ਕਰਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਪੀਰ ਸੋਹਣ ਸਚ ਦਵਾਰਾ, ਭਿਖਕ ਭਿਛਿਆ ਏਕਾ ਝੋਲੀ ਪਾਇੰਦਾ । ਏਕਾ ਕੂਕ ਏਕਾ ਨਾਅਰਾ, ਹੱਕ ਬਹੱਕ ਆਪ ਸਮਝਾਇੰਦਾ । ਏਕਾ ਰਾਮ ਨਾਮ ਕਰ ਪਿਆਰਾ, ਏਕਾ ਇਸ਼ਟ ਰੂਪ ਦਰਸਾਇੰਦਾ । ਏਕਾ ਨਾਨਕ ਸਤਿਨਾਮ ਬੋਲ ਜੈਕਾਰਾ, ਨਾਮ ਸਤਿ ਸਰਬ ਦ੍ਰਿੜਾਇੰਦਾ । ਏਕਾ ਗੋਬਿੰਦ ਦਏ ਹੁਲਾਰਾ, ਵਾਹਵਾ ਗੁਰੂ ਫ਼ਤਿਹ ਗਜਾਇੰਦਾ । ਆਪੇ ਵਸਿਆ ਸਭ ਤੋਂ ਨਿਆਰਾ, ਨੇਹਚਲ ਧਾਮ ਆਪ ਵਖਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਆਪੇ ਮੇਲ ਮਿਲਾਏ ਮੁਹੰਮਦੀ ਯਾਰਾ, ਅਹਿਮਦ ਮੁਹੰਮਦ ਖੇਲ ਖਿਲਾਇੰਦਾ । ਆਪ ਈਸਾ ਮੂਸਾ ਹੋਏ ਉਜਿਆਰਾ, ਆਪ ਆਪਣਾ ਰੂਪ ਵਟਾਇੰਦਾ । ਆਪੇ ਨਰ ਨਰਾਇਣ ਖੇਲ ਕਰੇ ਵਿਚ ਸੰਸਾਰਾ, ਨਿਹਕਲੰਕਾ ਕਲੰਕ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਜੀਵਣਦਾਤਾ ਪੁਰਖ ਬਿਧਾਤਾ, ਇਕ ਸੁਣਾਏ ਸਾਚੀ ਗਾਥਾ, ਲੇਖਾ ਚੁੱਕੇ ਮਸਤਕ ਮਾਥਾ, ਸਾਢੇ ਤਿੰਨ ਤਿੰਨ ਹੱਥ ਮੂਲ ਮੁਕਾਇੰਦਾ । ਸਾਢੇ ਤਿੰਨ ਤਿੰਨ ਹੱਥ ਮੜ੍ਹੀ ਗੋਰ, ਹਿੰਦੂ ਮੁਸਲਮ ਵੇਖ ਵਖਾਈਆ । ਬਿਨ ਹਰਿ ਨਾਮੇ ਸਾਚੇ ਕਲਮੇ ਹੋਏ ਚੋਰ, ਜਗਤ ਬੇੜੀ ਨਾ ਸਕੇ ਕੋਇ ਤੁੜਾਈਆ । ਸਚ ਈਮਾਨ ਸਾਚੀ ਸ਼ਰਅ ਕਿਸੇ ਵਿਰਲੇ ਕੋਲ, ਹਰਾਮਖ਼ੋਰ ਸਰਬ ਲੋਕਾਈਆ । ਆਪਣੇ ਨੇਤਰ ਖਾਂਦੇ ਵੇਖੇ ਢੋਰ, ਡੋਰ ਹੱਥ ਨਾ ਨਬੀ ਫੜਾਈਆ । ਅੰਤਮ ਵਸਣਾ ਪਏ ਅੰਧੇਰ ਘੋਰ, ਗੁਰ ਪੀਰ ਨਾ ਕੋਇ ਛੁਡਾਈਆ । ਚਾਰੋਂ ਕੁੰਟ ਕਰਨ ਗੁਲ ਸ਼ੋਰ, ਜ਼ੋਰੋ ਜ਼ੋਰ ਰਹੇ ਵਖਾਈਆ । ਪੁਰਖ ਅਬਿਨਾਸ਼ੀ ਪਰਵਰਦਿਗਾਰ ਸਭ ਨੂੰ ਫੜ ਕੇ ਅੱਗੇ ਲਏ ਤੋਰ, ਹਾਕਮ ਹੁਕਮ ਨਾ ਕੋਇ ਛੁਡਾਈਆ । ਚੜ੍ਹ ਕੇ ਆਇਆ ਸਾਚੇ ਘੋੜ, ਅਰਸ਼ ਫ਼ਰਸ਼ ਜ਼ਿਮੀਂ ਅਸਮਾਨ ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਸਾਚੇ

ਸੂਫ਼ੀ ਆਪਣੇ ਅੰਗ ਲਏ ਜੋੜ, ਆਪ ਆਪਣਾ ਸੰਗ ਨਿਭਾਈਆ । ਏਕਾ ਅਲਫ਼ ਚੁਕਾਏ ਮੋਰ ਤੋਰ, ਦੂਸਰ ਰਾਹ ਨਾ ਕੋਇ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੁਸਲਮ ਹਿੰਦੂ ਸਿਖ ਈਸਾਈ ਏਕਾ ਮਿਲੇ ਸਚ ਗੁਸਾਈਂ, ਲੇਖਾ ਜਾਣੇ ਥਾਉਂ ਥਾਈਂ, ਯਸੂਹ ਕਰਿਸਚਅਨ ਗਿਆ ਸਮਝਾਈਆ । ਯਸੂਹ ਬੇਟਾ ਮਰੀਆ ਜਾਇਆ, ਨਬੀ ਖ਼ੁਦਾ ਅਖਵਾਇੰਦਾ । ਅੰਤ ਅੰਧੇਰਾ ਸ੍ਰਿਸ਼ਟ ਸਬਾਈ ਛਾਇਆ, ਸਾਚਾ ਨੂਰ ਨਾ ਕੋਇ ਧਰਾਇੰਦਾ । ਮੇਰਾ ਖ਼ੂਨ ਰਹੇ ਧਿਆਇਆ, ਯੋਰੋਸ਼ਲਮ ਸਰਬ ਕੁਰਲਾਇੰਦਾ । ਵੇਲਾ ਅੰਤਮ ਵੇਖ ਵਖਾਇਆ, ਆਪ ਆਪਣਾ ਰੂਪ ਪਰਗਟਾਇੰਦਾ । ਸੋਇਆ ਕੋਇ ਰਹਿਣ ਨਾ ਪਾਇਆ, ਘਰ ਖ਼ਾਲੀ ਸਰਬ ਦਸਾਇੰਦਾ । ਭੈਣ ਭਾਈ ਨਾ ਸਾਥ ਰਖਾਇਆ, ਪਿਤਾ ਪੂਤ ਨਾ ਮੇਲ ਮਿਲਾਇੰਦਾ । ਬੀਵੀ ਖ਼ੌਤ ਨਾ ਕੋਇ ਹੰਢਾਇਆ, ਸਾਚੀ ਸੇਜ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਬੀ ਹੋਏ ਉਜਿਆਰ, ਏਕਾ ਗੁਰ ਲਏ ਅਵਤਾਰ, ਏਕਾ ਰਾਮ ਖੇਲ ਸੰਸਾਰ, ਏਕਾ ਨਾਨਕ ਜੋਤ ਉਜਿਆਰ, ਏਕਾ ਗੋਬਿੰਦ ਬੰਨ੍ਹੇ ਧਾਰ, ਏਕਾ ਸ਼ਬਦ ਕਰੇ ਜੈਕਾਰ, ਨਿਹਕਲੰਕ ਆਪਣਾ ਨਾਉਂ ਰਖਾਈਆ । ਨਿਹਕਲੰਕ ਹਰਿ ਭਗਵੰਤ, ਦੂਸਰ ਅਵਰ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਚਾਰੇ ਵੇਦ ਸਰਬ ਅਲਾਇੰਦਾ । ਅਠਾਰਾਂ ਪੁਰਾਨ ਵੇਖ ਮਣੀਆ ਮੰਤ, ਵੇਦ ਵਿਆਸਾ ਭੇਵ ਖੁਲ੍ਹਾਇੰਦਾ । ਸ਼ਾਸਤਰ ਸਿਮਰਤ ਪੜ੍ਹ ਪੜ੍ਹ ਥੱਕੇ ਜੰਤ, ਹਰਿ ਹਰਿ ਦਿਸ ਕਿਸੇ ਨਾ ਆਇੰਦਾ । ਅਠਾਰਾਂ ਧਿਆਏ ਗਾਏ ਗੀਤਾ ਬੇਅੰਤ ਬੇਅੰਤ, ਕਾਹਨਾ ਕ੍ਰਿਸ਼ਨਾ ਆਪਣਾ ਰੂਪ ਦਰਸਾਇੰਦਾ । ਅੰਜੀਲ ਕੁਰਾਨ ਖੇਲ ਮਹਾਨਾ ਏਕਾ ਨੂਰ ਦਰਸਾਏ ਸ੍ਰੀ ਭਗਵੰਤ, ਸਰ ਸਾਗਰ ਆਪ ਨੁਹਾਇੰਦਾ । ਖਾਣੀ ਬਾਣੀ ਇਕ ਨਿਸ਼ਾਨੀ ਆਪੇ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਖੁਲ੍ਹਾਏ ਸਾਚਾ ਦਰ, ਦੂਸਰ ਦਰ ਨਾ ਕੋਇ ਵਖਾਇੰਦਾ । ਸਾਚਾ ਦਰ ਇਕ ਖੁਲੌਣਾ, ਚਾਰ ਵਰਨ ਸਰਨਾਈਆ । ਦੀਨ ਮਜ਼੍ਹਬ ਇਸਲਾਮ ਇਕ ਬਣੌਣਾ, ਆਲਮਗੀਰ ਬੇਪਰਵਾਹੀਆ । ਦਾਮਨਗੀਰ ਦਾਮਨ ਇਕ ਫੜੌਣਾ, ਦੂਲ੍ਹੋ ਦੂਲ੍ਹ ਆਪ ਅਖਵਾਈਆ । ਜ਼ਾਲਮਾ ਜ਼ੁਲਮ ਆਪ ਗਵੌਣਾ, ਜ਼ਿਮਨੀ ਆਪਣੀ ਆਪੇ ਲਏ ਲਿਖਾਈਆ । ਰਾਮ ਨਾਮ ਇਸ਼ਟ ਇਕ ਕਰੌਣਾ, ਵਸ਼ਿਸ਼ਟ ਗੁਰ ਸ਼ਬਦ ਕੁੜਮਾਈਆ । ਲੰਕਾ ਗੜ੍ਹ ਹੰਕਾਰੀ ਤੋੜ ਤੁੜੌਣਾ, ਪੰਡਤ ਰਾਵਣ ਦਹਿ ਸਿਰ ਘਾਈਆ । ਕੂੜ ਕੁੜਿਆਰਾ ਕੰਸ ਮੇਟ ਮਿਟੌਣਾ, ਕਾਹਨਾ ਕ੍ਰਿਸ਼ਨਾ ਬਲ ਵਖਾਈਆ । ਪੰਚਮ ਪੰਚ ਗਲੇ ਲਗੌਣਾ, ਦਰ ਦਰਯੋਧਨ ਦਏ ਦੁਰਕਾਈਆ । ਕਲਜੁਗ ਨਫ਼ਸ ਬੰਦ ਕਰੌਣਾ, ਹਵਸ ਹਿਰਸ ਦਏ ਖਪਾਈਆ । ਮੋਮਨ ਰੂਪ ਸਰਬ ਅਖਵੌਣਾ, ਘਰ ਮਿਲਿਆ ਮੇਲ ਸੱਚੇ ਮਲਾਹੀਆ । ਨਾਮ ਮੰਤਰ ਸਤਿ ਇਕ ਦ੍ਰਿੜੌਣਾ, ਸਤਿ ਨਾਮ ਦਏ ਗਵਾਹੀਆ । ਵਾਹਿਗੁਰੂ ਫ਼ਤਿਹ ਜੈਕਾਰਾ ਜਗਤ ਬੁਲੌਣਾ, ਜੋ ਆਪਣਾ ਤਨ ਮਨ ਚਿਤ ਲਏ ਗੁਰੂ ਭੇਟ ਚੜ੍ਹਾਈਆ । ਪਾਰਬ੍ਰਹਮ ਆਪਣਾ ਭੇਵ ਖੁਲੌਣਾ, ਸੋ ਪੁਰਖ ਨਿਰੰਜਣ ਅਕਾਲ ਪੁਰਖ ਜੂਨੀ ਰਹਿਤ ਏਕਾ ਰੂਪ ਦਰਸਾਈਆ । ਹੰ ਬ੍ਰਹਮ ਜੀਵ ਜੰਤ ਸਰਬ ਬੁਝੌਣਾ, ਪ੍ਰਭ ਆਪਣੀ ਅੰਸ ਉਪਜਾਈਆ । ਤ੍ਰੈ ਤ੍ਰੈ ਮੇਲਾ ਵੇਖ ਵਖੌਣਾ, ਰਜੋ ਤਮੋ ਸਤੋ ਤ੍ਰੈਗੁਣ ਮਾਇਆ ਬੰਧਨ ਬ੍ਰਹਮ ਵਿਸ਼ਨ ਸ਼ਿਵ ਵੰਡ ਵੰਡਾਈਆ । ਨਿਰਗੁਣ ਸਰਗੁਣ ਅੰਦਰ ਰਖਿਆ ਆਪਣਾ ਪਰਮਾਨੰਦਨ, ਚੰਦਨ ਨਿਜ ਵਾਸ ਮਹਿਕਾਈਆ । ਆਪ ਸੁਣਾਏ ਸਾਚਾ ਛੰਦਨ, ਪਾਬੰਦ ਰੱਖੇ ਇਕ ਖ਼ੁਦਾ ਸਰਬ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਭੇਵ ਦੇਵੇ ਖੋਲ੍ਹ, ਸੰਮਤ ਸੰਮਤੀ ਲੋਕਮਾਤ ਬੋਲ, ਸਾਚਾ ਢੋਲ ਦਏ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਨਾਮ ਨਿਧਾਨ ਰੱਖੇ ਕੋਲ, ਸ੍ਰਿਸ਼ਟ ਸਬਾਈ ਦਏ ਵਰਤਾਈਆ ।

### ❊ ੪ ਜੇਠ ੨੦੧੭ ਬਿਕ੍ਰਮੀ ਅੰਗਰੇਜ਼ ਸਿੰਘ ਮੰਗਲ ਸਿੰਘ ਦੇ ਘਰ ਨਈ ਬਸਤੀ ਜੰਮੂ ❊

ਭਗਤ ਉਧਾਰਨ ਆਪ ਪ੍ਰਭ, ਹਰੀ ਹਰਿ ਰੂਪ ਵਟਾਇੰਦਾ । ਜੁਗਾ ਜੁਗੰਤਰ ਮੇਲ ਮਿਲਾਏ ਲੱਭ, ਲੱਖ ਚੁਰਾਸੀ ਫੋਲ ਫੁਲਾਇੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਨਾਮ ਖ਼ੁਮਾਰੀ ਇਕ ਚੜ੍ਹਾਇੰਦਾ । ਉਲਟੀ ਕਰੇ ਕਵਲ ਨੱਭ, ਨਿਝਰ ਝਿਰਨਾ ਆਪ ਵਖਾਇੰਦਾ । ਪੰਚ ਵਿਕਾਰਾ ਦੇਵੇ ਦੱਬ, ਮਾਇਆ ਮਮਤਾ ਮੋਹ ਮਿਟਾਇੰਦਾ । ਨੌ ਦੁਆਰੇ ਕਰਾਏ ਪਾਰ ਹੱਦ, ਜੂਠਾ ਝੂਠਾ ਨੇਹੋਂ ਮੁਕਾਇੰਦਾ । ਇਕ ਉਪਜਾਏ ਸਾਚੀ ਯਦ, ਵਿਸ਼ਨੂੰ ਵੰਸੀ ਖੇਲ ਖਿਲਾਇੰਦਾ । ਸਬਦ ਵਜਾਏ ਅਨਹਦ ਨਦ, ਰਾਗ ਤਰਾਨਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਵਛਲ ਹਰਿ ਮੀਤ ਮੁਰਾਰਾ, ਖੇਲੇ ਖੇਲ ਵਿਚ ਸੰਸਾਰਾ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਭਗਤ ਵਛਲ ਹਰਿ ਗਿਰਧਾਰ, ਏਕਾ ਧਾਮ ਵਡ ਵਡਿਆਈਆ । ਜੁਗਾ ਜੁਗੰਤਰ ਪਾਵੇ ਸਾਰ, ਦਇਆਵਾਨ ਬੇਪਰਵਾਹੀਆ । ਗ਼ਰੀਬ ਨਿਮਾਣੇ ਵੇਖੇ ਮਾਰ ਧਿਆਨ, ਸਿਰ ਆਪਣਾ ਹੱਥ ਰਖਾਈਆ । ਬਖ਼ਸ਼ਿਸ਼ ਕਰੇ ਨਾਮ ਦਾਨ, ਆਤਮ ਭਿਛਿਆ ਏਕਾ ਪਾਈਆ । ਅੰਤਰ ਮੰਤਰ ਬ੍ਰਹਮ ਗਿਆਨ, ਨਿਰਗੁਣ ਸ਼ਬਦ ਕਰੇ ਪੜ੍ਹਾਈਆ । ਏਕਾ ਰਾਗ ਸੁਣਾਏ ਕਾਨ, ਕਾਗਦ ਕਲਮ ਨਾ ਲਿਖੇ ਸ਼ਾਹੀਆ । ਦੋ ਜਹਾਨਾਂ ਪਾਏ ਸਾਚੀ ਆਣ, ਸਾਖਿਯਾਤ ਰੂਪ ਦਰਸਾਈਆ । ਬਿਰਹੋਂ ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਤੀਰ ਆਪ ਚਲਾਈਆ । ਘਟ ਘਟ ਹੋਏ ਜਾਣੀ ਜਾਣ, ਹਰ ਘਟ ਬੈਠਾ ਸਹਿਜ ਸੁਭਾਈਆ । ਆਦਿ ਜੁਗਾਦੀ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਹਰਿ ਹਰਿ ਜਾਣਿਆ, ਹਰਿ ਮੇਲਾ ਸਹਿਜ ਸੁਭਾਏ । ਹਰਿਜਨ ਵੇਖੇ ਗੁਣ ਨਿਧਾਨਿਆਂ, ਗੁਣਵੰਤਾ ਰੰਗ ਰੰਗਾਏ । ਆਪ ਚਲਾਏ ਆਪਣੇ ਭਾਣਿਆ, ਏਕਾ ਅੱਖਰ ਬੂਝ ਬੁਝਾਏ । ਆਪ ਬਣਾਏ ਚਤੁਰ ਸੁਘੜ ਸਿਆਣਿਆ, ਮੂਰਖ ਮੂੜ੍ਹੇ ਲਏ ਤਰਾਏ । ਏਕਾ ਸੁਣਾਏ ਅਕਥ ਕਹਾਣੀਆਂ, ਅਕਥ ਕਥ ਆਪ ਅਲ੍ਹਾਏ । ਆਪੇ ਜਾਣੇ ਆਪਣੀ ਬਾਣੀਆਂ, ਆਪ ਆਪਣਾ ਹੁਕਮ ਸੁਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਵਿਚ ਸੰਸਾਰ, ਆਪ ਕਰਾਏ । ਏਕਓਅੰਕਾਰ, ਹਰਿਜਨ ਸਾਚੇ ਕਰ ਪਛਾਣ । ਹਰਿਜਨ ਹਰਿ ਹਰਿ ਏਕ ਹੈ, ਏਕਾ ਰੰਗ ਸਮਾਇਆ । ਪੁਰਖ ਅਬਿਨਾਸ਼ੀ ਕਰੇ ਬੁੱਧ ਬਬੇਕ ਹੈ, ਆਤਮ ਅੰਤਰ ਵੇਖ ਵਖਾਇਆ । ਤ੍ਰੈਗੁਣ ਮਾਇਆ ਨਾ ਲਾਏ ਸੇਕ ਹੈ, ਪੰਚਮ ਤਤ ਨਾ ਤਤ ਜਲਾਇਆ । ਸਤਿ ਸਰੂਪੀ ਲਾਏ ਮੇਖ ਹੈ, ਨਾ ਕੋਈ ਸਕੇ ਮਾਤ ਉਖੜਾਇਆ । ਏਕਾ ਰੰਗ ਰੰਗਾਏ ਧਾਰੀ ਕੇਸ ਹੈ, ਮੂੰਡ ਮੁੰਡਾਏ ਗੋਦ ਬਹਾਇਆ । ਲੇਖਾ ਜਾਣੇ ਧੁਰ ਦਾ ਲੇਖ ਹੈ, ਲਿਖਣਹਾਰ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਵੰਤ ਆਦਿ ਅੰਤ ਹਰਿਜਨ ਸਾਚੇ ਲਏ ਉਠਾਇਆ, ਹਰਿਜਨ ਸਾਚਾ ਸੋਭਾਵੰਤ, ਹਰਿ ਸਤਿਗੁਰ ਪੁਰਖ ਮਨਾਇੰਦਾ । ਮੇਲ ਮਿਲਾਵਾ ਹਰਿ ਹਰਿ ਕੰਤ, ਘਰ ਸਾਚੀ ਸੇਜ ਹੰਢਾਇੰਦਾ ।

ਮਾਨਸ ਜਨਮ ਬਣਾਈ ਬਣਤ, ਮਨ ਮਨੂਆ ਆਪ ਸਮਝਾਇੰਦਾ । ਤੋੜੇ ਗੜ੍ਹ ਹਉਮੇ ਹੰਗਤ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਨਾਤਾ ਤੋੜੇ ਭੁੱਖ ਨੰਗਤ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਪੂਰੀ ਕਰੇ ਆਸਾ, ਚਰਨ ਕਵਲ ਬਖ਼ਸ਼ੇ ਸਚ ਭਰਵਾਸਾ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਗੁਣ ਵਿਚਾਰ, ਹਰਿ ਸਾਚੇ ਸਚ ਪੜ੍ਹਾਈਆ । ਏਕਾ ਅੱਖਰ ਏਕੰਕਾਰ, ਏਕਓਅੰਕਾਰ ਰੂਪ ਜਣਾਈਆ । ਸੋ ਪੁਰਖ ਨਿਰੰਜਣ ਖ਼ਬਰਦਾਰ, ਆਦਿ ਜੁਗਾਦਿ ਰਿਹਾ ਸਮਾਈਆ । ਹਰਿ ਪੁਰਖ ਨਿਰੰਜਣ ਮੀਤ ਮੁਰਾਰ, ਇਕ ਇਕੱਲਾ ਬੇਪਰਵਾਹੀਆ । ਆਦਿ ਨਿਰੰਜਣ ਹੋ ਉਜਿਆਰ, ਜੋਤ ਨਿਰੰਜਣ ਸਰਬ ਜਗਾਈਆ । ਸ੍ਰੀ ਭਗਵਾਨ ਠਾਂਡਾ ਠਾਰ, ਸਾਂਤਕ ਸਤਿ ਦਏ ਵਰਤਾਈਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਘਰ ਘਰ ਆਪਣਾ ਵੇਸ ਵਟਾਈਆ । ਪਾਰਬ੍ਰਹਮ ਵਸੇ ਧਾਮ ਨਿਆਰ, ਬ੍ਰਹਮ ਆਪਣਾ ਰੂਪ ਦਰਸਾਈਆ । ਈਸ਼ ਜੀਵ ਏਕਾ ਧਾਰ, ਜਗਤ ਜਗਦੀਸ਼ ਵੇਖ ਵਖਾਈਆ । ਸੀਸ ਧੜ ਨਾ ਹੋਏ ਉਜਿਆਰ, ਪੀਸਣ ਪੀਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਅੰਦਰ ਆਪੇ ਵਸੇ, ਆਪ ਆਪਣਾ ਧਾਮ ਸੁਹਾਈਆ । ਭਗਤਨ ਅੰਦਰ ਵਸਿਆ, ਨਿਰਗੁਣ ਰੂਪ ਅਪਾਰ । ਸਾਚਾ ਮਾਰਗ ਏਕਾ ਦੱਸਿਆ, ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ । ਕਰੇ ਪਰਕਾਸ਼ ਕੋਟਨ ਕੋਟ ਰਵ ਸੱਸਿਆ, ਰਵ ਸਸ ਹੋਏ ਸ਼ਰਮਸ਼ਾਰ । ਜੁਗਾ ਜੁਗੰਤਰ ਫਿਰੇ ਨੱਸਿਆ, ਲੋਆਂ ਪੁਰੀਆਂ ਦਏ ਹੁਲਾਰ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਤੀਰ ਨਿਰਾਲਾ ਏਕਾ ਕਸਿਆ, ਦੋ ਜਹਾਨਾਂ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚਾ ਉਠਿਆ, ਲੋਕਮਾਤ ਲਏ ਅੰਗੜਾਈਆ । ਸੋ ਪੁਰਖ ਨਿਰੰਜਣ ਸੁੱਤਾ ਉਠਿਆ, ਏਕਾ ਰੂਪ ਅਨੂਪ ਦਰਸਾਈਆ । ਜਾਮ ਪਿਆਏ ਅੰਮ੍ਰਿਤ ਘੁੱਟਿਆ, ਨੇਤਰ ਨੈਣ ਇਕ ਖੁਲ੍ਹਾਈਆ । ਨਾਤਾ ਤੋੜੇ ਜੂਠ ਝੂਠਿਆ, ਸਚ ਸੁੱਚ ਵਣਜ ਵਿਖਾਈਆ । ਮੇਲ ਮਿਲਾਏ ਅਬਿਨਾਸ਼ੀ ਅਚੁਤਿਆ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਆਪ ਸੁਹਾਏ ਸਾਚੀ ਰੁਤਿਆ, ਬਸੰਤ ਬਹਾਰ ਆਪ ਵਖਾਈਆ । ਆਪੇ ਦਰਸ ਦਿਖਾਏ ਹਰਿਜਨ ਸੁਤਿਆਂ, ਆਲਸ ਨਿੰਦਰਾ ਦਏ ਮਿਟਾਈਆ । ਪੰਚ ਵਿਕਾਰਾ ਫੜ ਫੜ ਕੁੱਟਿਆ, ਜਗਤ ਸ਼ੈਤਾਨ ਨੇੜ ਨਾ ਆਈਆ । ਹਰਿ ਭਗਤ ਨਾ ਜਾਏ ਕਦੇ ਲੁੱਟਿਆ, ਨਾਮ ਖ਼ਜ਼ਾਨਾ ਮਿਲਿਆ ਬੇਪਰਵਾਹੀਆ । ਆਵਣ ਜਾਵਣ ਛੁਟਿਆ, ਲੱਖ ਚੁਰਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਹਰਿ ਹਰਿ ਤਾਰਿਆ, ਕਰ ਕਿਰਪਾ ਹਰਿ ਨਿਰੰਕਾਰ । ਜੁਗ ਜੁਗ ਖੇਲੇ ਖੇਲ ਵਿਚ ਸੰਸਾਰਿਆ, ਨਿਰਗੁਣ ਸਰਗੁਣ ਹੋ ਉਜਿਆਰ । ਭਗਤ ਭਗਵੰਤ ਭਗਤੀ ਏਕਾ ਮਾਰਗ ਲਾ ਰਿਹਾ, ਜਗਤ ਜੁਗਤ ਜੋਗ ਸਚ ਵਿਹਾਰ, ਸਾਚੀ ਸ਼ਕਤੀ ਆਪ ਧਰਾ ਰਿਹਾ । ਆਦਿ ਸ਼ਕਤ ਅਗੰਮ ਅਪਾਰ, ਏਕਾ ਜੋਤੀ ਨੂਰ ਡਗਮਗਾ ਰਿਹਾ । ਜੋਤ ਸਰੂਪੀ ਜੋਤ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲਾਏ ਦਰ, ਦਰ ਦੁਆਰ ਇਕ ਸੁਹਾ ਲਿਆ । ਦਰ ਦੁਆਰਾ ਹਰਿ ਭਗਵੰਤ, ਏਕਾ ਏਕ ਸੁਹਾਇੰਦਾ । ਸਚਖੰਡ ਦੁਆਰ ਬਣਾਏ ਬਣਤ, ਆਪਣਾ ਘਾੜਣ ਆਪ ਘੜਾਇੰਦਾ । ਗੁਰਮੁਖ ਵਿਰਲਾ ਵੇਖੇ ਸੰਤ, ਜਿਸ ਜਨ ਸਾਚੇ ਪੌੜੇ ਆਪ ਚੜ੍ਹਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ

ਲਏ ਵਰ, ਆਪ ਆਪਣੇ ਲੜ ਬੰਧਾਇੰਦਾ । ਹਰਿਜਨ ਹਰਿ ਹਰਿ ਮੀਤੜਾ, ਪਾਰਬ੍ਰਹਮ ਗੁਰ ਕਰਤਾਰ । ਕਾਇਆ ਚੋਲੀ ਰੰਗੇ ਚੀਥੜਾ, ਦੁਰਮਤ
ਮੈਲ ਦਏ ਉਤਾਰ । ਨਾਮ ਜਣਾਏ ਇਕ ਅਨਡੀਠੜਾ, ਸਾਚੇ ਮੰਦਰ ਖੋਲ੍ਹ ਕਿਵਾੜ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਪੀ ਲਏ ਉਧਾਰ ।
ਆਪੇ ਜਾਣੇ ਆਪਣੀ ਰੀਤੜਾ, ਜੁਗਾ ਜੁਗੰਤਰ ਲਏ ਅਵਤਾਰ । ਸਤਿ ਪੁਰਖ ਨਿਰੰਜਣ ਠਾਂਡਾ ਸੀਤੜਾ, ਸਤਿ ਸਤਿਵਾਦੀ ਖੇਲ ਨਿਆਰ । ਏਕਾ
ਗਾਏ ਸੁਹਾਗੀ ਗੀਤੜਾ, ਸੋਹੰ ਸ਼ਬਦ ਅਗੰਮ ਅਪਾਰ । ਮਾਨਸ ਜਨਮ ਹਰਿਜਨ ਜੀਤੜਾ, ਲੱਖ ਚੁਰਾਸੀ ਨਾ ਹੋਏ ਖ਼ੁਆਰ । ਏਕਾ ਰੰਗ ਵਖਾਏ
ਹਸਤ ਕੀਟੜਾ, ਚਾਰ ਵਰਨ ਸੋਹਨ ਇਕ ਦੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਭਰੇ ਭੰਡਾਰ । ਸਚ
ਭੰਡਾਰਾ ਨਾਮ ਵੰਡ, ਹਰਿ ਸਤਿਗੁਰ ਆਪ ਵੰਡਾਇੰਦਾ । ਵਸਣਹਾਰਾ ਵਿਚ ਬ੍ਰਹਿਮੰਡ, ਜੇਰਜ ਅੰਡ ਫੇਲ ਫੁਲਾਇੰਦਾ । ਆਦਿ ਜੁਗਾਦੀ ਕਦੇ ਨਾ
ਦੇਵੇ ਕੰਡ, ਜੋ ਜਨ ਰਸਨਾ ਹਰਿ ਹਰਿ ਗਾਇੰਦਾ । ਮਨਮੁੱਖ ਜੀਵ ਨਾਰ ਦੁਹਾਗਣ ਰੰਡ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਹਰਿਜਨ ਢਾਏ
ਦੂਈ ਦਵੈਤੀ ਕੰਧ, ਭਾਂਡਾ ਭਰਮ ਭੌ ਆਪ ਭੰਨਾਇੰਦਾ । ਆਪ ਮੁਕਾਏ ਝੂਠਾ ਪੰਧ, ਸਾਚੇ ਪੌੜੇ ਆਪ ਚੜ੍ਹਾਇੰਦਾ । ਇਕ ਵਖਾਏ ਪਰਮਾਨੰਦ,
ਨਿਜ ਆਤਮ ਰਸ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਸੋਹਿਆ,
ਘਰ ਮੰਦਰ ਬੰਕ ਦੁਆਰ । ਏਕਾ ਬੀਜ ਸਾਚਾ ਬੋਇਆ, ਲੋਕਮਾਤ ਖਿੜੀ ਗੁਲਜ਼ਾਰ । ਦਰਗਹਿ ਸਾਚੀ ਮਿਲੇ ਢੋਆ, ਢੋਲਾ ਗਾਏ ਏਕਓਅੰਕਾਰ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦੇਵੇ ਨਾਮ ਅਧਾਰ । ਹਰਿ ਹਰਿ ਨਾਮ ਅਨਮੋਲ, ਸਤਿਗੁਰ ਸਾਚੇ ਹੱਟ ਵਿਕਾਇੰਦਾ ।
ਜਗਤ ਤੱਕੜ ਸਕੇ ਨਾ ਕੋਈ ਤੋਲ, ਨੌ ਖੰਡ ਪ੍ਰਿਥਮੀ ਮੁਖ ਸ਼ਰਮਾਇੰਦਾ । ਆਪਣੀ ਵਸਤ ਹਰਿ ਆਪੇ ਰੱਖੇ ਕੋਲ, ਆਪਣੀ ਕੀਮਤ ਆਪੇ ਪਾਇੰਦਾ ।
ਲੱਖ ਚੁਰਾਸੀ ਜੀਵ ਜੰਤ ਵਿਰੋਲ, ਹਰਿਜਨ ਸਾਚੇ ਮੇਲ ਮਿਲਾਇੰਦਾ । ਸ਼ਬਦ ਅਨਾਦ ਵਜਾਏ ਢੋਲ, ਅਨਹਦ ਮਰਦੰਗਾ ਆਪ ਉਠਾਇੰਦਾ । ਸਾਚੇ
ਮੰਦਰ ਆਪੇ ਬੋਲ, ਆਪਣਾ ਨਾਅਰਾ ਆਪੇ ਲਾਇੰਦਾ । ਸਚਖੰਡ ਦੁਆਰਾ ਏਕਾ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ
ਵਸਤ ਇਕ ਰਖਾਇੰਦਾ । ਸਾਚੀ ਵਸਤ ਹਰਿ ਹਰਿ ਨਾਮ, ਹਰਿ ਸਤਿਗੁਰ ਆਪ ਉਪਾਇਆ । ਆਪੇ ਰੱਖੇ ਕਾਇਆ ਮੰਦਰ ਗਰਾਮ, ਘਰ ਘਰ
ਵਿਚ ਦਏ ਟਿਕਾਇਆ । ਕੋਇ ਨਾ ਲਾਏ ਹਰਿ ਜੂ ਦਾਮ, ਕੀਮਤ ਕੋਇ ਨਾ ਸਕੇ ਚੁਕਾਇਆ । ਜਿਸ ਜਨ ਹੋਏ ਆਪ ਮਿਹਰਵਾਨ, ਤਿਸ ਦੇਵੇ
ਆਪ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚਾ ਜਾਗਿਆ,
ਨੇਤਰ ਨੈਣ ਖੋਲ੍ਹ ਕਿਵਾੜ । ਮਨ ਤਨ ਉਪਜੇ ਇਕ ਵੈਰਾਗਿਆ, ਵਾਓ ਲੱਗੇ ਨਾ ਤੱਤੀ ਹਾੜ । ਤ੍ਰੈਗੁਣ ਮਾਇਆ ਬੁਝੇ ਆਗਿਆ, ਪੰਜ ਵਿਕਾਰ
ਨਾ ਸਕੇ ਸਾੜ । ਦੁਰਮਤ ਮੈਲ ਧੋਵੇ ਦਾਗਿਆ, ਅੰਮ੍ਰਿਤ ਬਖ਼ਸ਼ੇ ਠੰਡਾ ਠਾਰ । ਫੜ ਫੜ ਹੰਸ ਬਣਾਏ ਕਾਗਿਆ, ਸਰ ਸਰੋਵਰ ਦਏ ਨੁਹਾਲ ।
ਘਰ ਦੀਪਕ ਜੋਤ ਜਗੇ ਚਰਾਗਿਆ, ਮੇਟ ਮਿਟਾਏ ਅੰਧ ਅੰਧਿਆਰ । ਮੇਲ ਮਿਲਾਵਾ ਕੰਤ ਸੁਹਾਗਿਆ, ਧੰਨ ਸੁਲੱਖਣੀ ਸੋਭਾਵੰਤੀ ਨਾਰ । ਚਰਨ
ਧੂੜ ਮਜਨ ਕਰਾਏ ਮਾਘਿਆ, ਹਰਿ ਸੱਜਣ ਮੀਤ ਮੁਰਾਰ । ਜੋ ਜਨ ਸਰਨਾਈ ਲਾਗਿਆ, ਆਵਣ ਜਾਵਣ ਉਤਰੇ ਪਾਰ । ਲੱਖ ਚੁਰਾਸੀ ਵਿਚੋਂ
ਕਾਢਿਆ, ਰਾਏ ਧਰਮ ਨਾ ਕਰੇ ਖ਼ੁਆਰ । ਸਚਖੰਡ ਨਿਵਾਸੀ ਕਰੇ ਲਾਡਿਆ, ਸਿਰ ਰੱਖ ਹੱਥ ਸਮਰਥ ਕਰਤਾਰ । ਜੋਤੀ ਜੋਤ ਸਰੂਪ ਹਰਿ,


੫੫੯ ੦੯

ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਏ ਸਾਰ । ਸਾਰ ਸਮਾਲੀਅਨ ਸਾਖਿਆਤ, ਸਰਬ ਕਲਾ ਭਰਪੂਰਿਆ । ਗੁਰਸਿਖ ਬਣਾਏ ਪਾਰ ਜ਼ਾਤ, ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰਿਆ । ਹਰਿ ਭਗਤ ਬੰਧਾਏ ਚਰਨ ਨਾਤ, ਜ਼ਾਤ ਪਾਤ ਨਾ ਕੋਇ ਵਖਾ ਰਿਹਾ । ਇਕ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਖੇਲ ਖਿਲਾ ਰਿਹਾ । ਏਕਾ ਮੰਤਰ ਪੂਜਾ ਪਾਠ, ਅੱਖਰ ਵੱਖਰ ਆਪ ਪੜ੍ਹਾ ਰਿਹਾ । ਏਕਾ ਅੰਮ੍ਰਿਤ ਸਰੋਵਰ ਮਾਰੇ ਠਾਠ, ਕਾਇਆ ਜਲ ਆਪ ਟਿਕਾ ਰਿਹਾ । ਚੌਦਾਂ ਲੋਕ ਵਖਾਏ ਏਕਾ ਹਾਟ, ਵਣਜ ਵਣਜਾਰਾ ਰੂਪ ਧਰਾ ਰਿਹਾ । ਏਕਾ ਸੋਇਆ ਸਾਚੀ ਖਾਟ, ਆਤਮ ਸੇਜਾ ਆਸਣ ਲਾ ਲਿਆ । ਏਕਾ ਜਾਣੇ ਨੇੜੇ ਵਾਟ, ਦੂਰ ਦੁਰਾਡਾ ਪੰਧ ਮੁਕਾ ਲਿਆ । ਏਕਾ ਪੂਰੀ ਕਰੇ ਘਾਟ, ਸਵੱਛ ਸਰੂਪੀ ਦਰਸ ਦਖਾ ਲਿਆ । ਇਕ ਨੁਹਾਏ ਤੀਰਥ ਤਾਟ, ਅਠਸਠ ਏਕਾ ਧਾਰ ਬੰਧਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਦੂਈ ਦਵੈਤੀ ਮੋਹ ਮਿਟਾ ਲਿਆ । ਦੂਈ ਦਵੈਤੀ ਦੇਵੇ ਤੋੜ, ਗੁਰ ਸਤਿਗੁਰ ਹੱਥ ਵਡਿਆਈਆ । ਸ਼ਬਦ ਚੜ੍ਹਾਏ ਸਾਚੇ ਘੋੜ, ਤੁਰੀਆ ਰਾਗ ਆਪ ਸੁਣਾਈਆ । ਜਗਤ ਵਿਕਾਰਾ ਦੇਵੇ ਹੋੜ, ਦਰ ਦੁਆਰ ਰਹਿਣ ਨਾ ਪਾਈਆ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਆਤਮ ਆਪ ਚੁਆਈਆ । ਏਥੇ ਓਥੇ ਜਾਏ ਬਹੁੜ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਈਆ । ਜਿਸ ਜਨ ਹੋਏ ਦਿਆਲ, ਸੋ ਜਨ ਪਾਰ ਉਤਾਰਿਆ । ਨੇੜ ਨਾ ਆਏ ਕਾਲ ਮਹਾਂਕਾਲ, ਗੁਰ ਸਤਿਗੁਰ ਦਏ ਸਹਾਰਿਆ । ਤੋੜ ਤੁੜਾਏ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾ ਰਿਹਾ । ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ੀਨਾ ਆਪ ਵਖਾ ਰਿਹਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਮਾਣਕ ਮੋਤੀ ਹੀਰੇ ਲਾਲ ਜੜਤ ਜੁੜਾ ਰਿਹਾ । ਗਗਨ ਮਸਤਕ ਵੇਖੇ ਸਾਚਾ ਥਾਲ, ਰਵ ਸਸ ਸੀਸ ਝੁਕਾ ਰਿਹਾ । ਆਦਿ ਨਿਰੰਜਣ ਦੀਪਕ ਆਪੇ ਬਾਲ, ਅੰਧ ਅੰਧੇਰਾ ਸਰਬ ਮਿਟਾ ਲਿਆ । ਅਨਹਦ ਸ਼ਬਦ ਵਜਾਏ ਤਾਲ, ਪੰਚਮ ਆਪਣਾ ਰਾਗ ਸੁਣਾ ਲਿਆ । ਸੁਰਤ ਸਵਾਣੀ ਕਰੇ ਸੰਭਾਲ, ਸਾਚਾ ਹਾਣੀ ਸ਼ਬਦ ਮਿਲਾ ਲਿਆ । ਆਤਮ ਸੇਜਾ ਕਰ ਪਰਵਾਨ, ਆਪ ਆਪਣੇ ਅੰਗ ਲਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਘਰ ਸਾਚੇ ਸਗਨ ਵਖਾ ਲਿਆ । ਹਰਿਜਨ ਵਰਿਆ ਕਿਰਪਾ ਕਰ, ਗੁਰ ਸਤਿਗੁਰ ਗਹਿਰ ਗੰਭੀਰ । ਲੇਖਾ ਜਾਣੇ ਨਰਾਇਣ ਨਾਰੀ ਨਰ, ਆਦਿ ਜੁਗਾਦਿ ਸ਼ਾਹ ਸੁਲਤਾਨ ਪੀਰਨ ਪੀਰ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਰਨੇਹਾਰ ਬੰਨ੍ਹੇ ਬੀੜ । ਕਲਜੁਗ ਚੁਕਾਏ ਝੂਠਾ ਡਰ, ਗੁਰਮੁਖ ਚੋਟੀ ਚਾੜ੍ਹੇ ਫੜ ਅਖੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਬੰਧਾਏ ਏਕਾ ਲੜ, ਗੁਰਮੁਖ ਵੇਖੇ ਆਪੇ ਖੜ, ਹਰਿ ਸੰਤਨ ਲਾਏ ਸਾਚੀ ਜੜ੍ਹ, ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਧਨ ਸਰਧਨ ਸਰਧਨ ਨਿਰਧਨ ਨਿਰਾਕਾਰ ਨਿਰਾਧਾਰ ਨਿਰਵੈਰ ਏਕਾ ਸ਼ਬਦ ਵਖਾਏ ਸਾਚੀ ਧੀਰ ।

❋ ੪ ਜੇਠ ੨੦੧੭ ਬਿਕ੍ਰਮੀ ਗੁੜ੍ਹਾ ਰਾਮ ਦੇ ਘਰ ਪਿੰਡ ਸ਼ੇਖ ਸਰ ਜ਼ਿਲਾ ਜੰਮੂ ❋

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਿਆਂ, ਆਦਿਨ ਅੰਤਾ ਖੇਲ ਅਪਾਰ । ਹਰਿ ਪੁਰਖ ਨਿਰੰਜਣ ਵਡ ਮਿਹਰਬਾਨਿਆ, ਨਿਰਗੁਣ ਦਾਤਾ ਬੇਐਬ

ਪਰਵਰਦਿਗਾਰ । ਏਕੰਕਾਰਾ ਖੇਲ ਮਹਾਨਿਆ, ਕਰੇ ਕਰਾਏ ਆਪ ਕਰਤਾਰ । ਆਦਿ ਨਿਰੰਜਣ ਜੋਤੀ ਨੂਰ ਡਗਮਗਾਨਿਆ, ਦੀਪਕ ਨੂਰ ਕਰੇ ਉਜਿਆਰ । ਸ੍ਰੀ ਭਗਵਾਨ ਏਕਾ ਰੰਗ ਸਮਾਨਿਆ, ਰੂਪ ਰੰਗ ਨਾ ਕੋਈ ਵਿਚਾਰ । ਅਬਿਨਾਸ਼ੀ ਕਰਤਾ ਸਚਖੰਡ ਦੁਆਰਾ ਇਕ ਸੁਹਾਨਿਆ, ਸਚ ਸਿੰਘਾਸਣ ਹਰਿ ਸਿਕਦਾਰ । ਪਾਰਬ੍ਰਹਮ ਆਪੇ ਜਾਣੇ ਆਪਣੀ ਅਕਥ ਕਹਾਣੀਆਂ, ਗਾਵਤ ਗਾਏ ਆਪਣੀ ਵਾਰ । ਥਿਰ ਘਰ ਸਾਚਾ ਇਕ ਨਿਸ਼ਾਨਿਆ, ਆਪ ਸੁਹਾਏ ਬੰਕ ਦੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਨਿਆਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮੇਲ ਮਿਲਾਵਾ, ਏਕੰਕਾਰਾ ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰਾ, ਸ੍ਰੀ ਭਗਵਾਨ ਦਏ ਹੁਲਾਰਾ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਸਚਖੰਡ ਨਿਵਾਸੀ ਖੇਲ ਨਿਆਰਾ, ਸਾਚਾ ਸ਼ਬਦ ਸੱਚੀ ਧੁਨਕਾਰਾ, ਰਾਗ ਅਨਾਦੀ ਆਪ ਅਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਆਪਣੀ ਇਛਿਆ ਭਰੇ ਭੰਡਾਰਾ, ਸਾਚੀ ਸਿਖਿਆ ਧੁਰ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇੰਦਾ । ਪੁਰਖ ਅਬਿਨਾਸ਼ਾ ਇਕ ਇਕੱਲਾ, ਆਦਿ ਜੁਗਾਦੀ ਖੇਲ ਖਿਲਾਈਆ । ਨਿਰਗੁਣ ਵਸੇ ਸਚ ਮਹੱਲਾ, ਨਿਰਾਕਾਰ ਰੂਪ ਦਰਸਾਈਆ । ਊਚੋ ਊਚ ਉਚ ਅਟੱਲਾ, ਨੇਹਚਲ ਆਪਣਾ ਧਾਮ ਸੁਹਾਈਆ । ਆਪੇ ਫੜਿਆ ਆਪਣਾ ਪੱਲਾ, ਆਪਣਾ ਬੰਧਨ ਆਪੇ ਪਾਈਆ । ਆਪਣੀ ਸ਼ਕਤੀ ਆਪਣੀ ਜੋਤੀ ਆਪੇ ਰਲਾ, ਆਪ ਆਪਣਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੇਲ ਅਪਾਰਾ, ਏਕੰਕਾਰਾ ਆਪ ਕਰਾਈਆ । ਏਕੰਕਾਰਾ ਨਿਰਗੁਣ ਧਾਰ, ਸਚਖੰਡ ਦੁਆਰੇ ਆਪ ਚਲਾਇੰਦਾ । ਕਮਲਾਪਾਤੀ ਮੀਤ ਮੁਰਾਰ, ਕਵਲ ਨੈਣ ਆਪ ਮਟਕਾਇੰਦਾ । ਸਾਚੀ ਗਾਥੀ ਕਰ ਤਿਆਰ, ਸ਼ਬਦ ਅਨਾਦੀ ਨਾਦ ਵਜਾਇੰਦਾ । ਪੁਰਖ ਬਿਧਾਤੀ ਧੁਰ ਦਰਬਾਰ, ਦਰ ਘਰ ਸਾਚਾ ਆਪ ਸੁਹਾਇੰਦਾ । ਸਤਿ ਸਤਿਵਾਦ ਹੋ ਉਜਿਆਰ, ਅਗੰਮ ਅਗੰਮੜੀ ਕਾਰ ਕਰਾਇੰਦਾ । ਅਲੱਖ ਨਿਰੰਜਣ ਬੋਲ ਜੈਕਾਰ, ਆਪਣੀ ਅਲੱਖ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਸੋਭਾਵੰਤ, ਆਪੇ ਵਸੇ ਸ੍ਰੀ ਭਗਵੰਤ, ਨਾਰੀ ਕੰਤ ਰੂਪ ਵਟਾਇੰਦਾ । ਨਾਰੀ ਕੰਤ ਹਰਿ ਭਗਵਾਨਾ, ਆਪਣੀ ਸੇਜ ਹੰਢਾਈਆ । ਏਕਾ ਮਰਦ ਇਕ ਮਰਦਾਨਾ, ਮਿਹਰਵਾਨ ਇਕ ਅਖਵਾਈਆ । ਏਕਾ ਬੰਨ੍ਹੇ ਸਾਚਾ ਗਾਨਾਂ, ਏਕਾ ਘਰ ਘਰ ਸਗਨ ਮਨਾਈਆ । ਏਕਾ ਗਾਏ ਰਾਗ ਤਰਾਨਾ, ਤੁਰੀਆ ਰਾਗ ਨਾਦ ਵਜਾਈਆ । ਏਕਾ ਖੋਲ੍ਹੇ ਸਚ ਦੁਕਾਨਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਏਕਾ ਦੱਸੇ ਪਦ ਨਿਰਬਾਨਾ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਬਖ਼ਸ਼ੇ ਬ੍ਰਹਮ ਗਿਆਨਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਉਜਾਲਾ ਨਿਰਗੁਣ ਦਾਤਾ ਖੇਲੇ ਖੇਲ ਪੁਰਖ ਬਿਧਾਤਾ, ਇਕ ਇਕਾਂਤਾ ਆਸਣ ਲਾਈਆ । ਸਾਚਾ ਆਸਣ ਸ਼ਾਹ ਸੁਲਤਾਨ, ਥਿਰ ਘਰ ਸਾਚੇ ਆਪੇ ਲਾਇੰਦਾ । ਆਪੇ ਗੋਪੀ ਆਪੇ ਕਾਹਨ, ਆਪੇ ਮੰਡਲ ਰਾਸ ਰਚਾਇੰਦਾ । ਆਪੇ ਸੀਤਾ ਆਪੇ ਰਾਮ, ਰਾਮ ਆਪਣਾ ਰੂਪ ਵਟਾਇੰਦਾ । ਆਪੇ ਨਿਰਗੁਣ ਨਿਰਗੁਣ ਕਰੇ ਕਾਮ, ਆਪੇ ਸਾਚਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦੀ ਸਚ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸਾਚਾ ਬੇੜਾ ਹਰਿ

ਭਗਵੰਤ, ਆਦਿ ਜੁਗਾਦਿ ਚਲਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਆਪੇ ਸ਼ਬਦ ਹੋਏ ਮਣੀਆ ਮੰਤ, ਆਪ ਆਪਣਾ ਨਾਉਂ ਧਰਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਈ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਖੋਲ੍ਹ ਦਰਵਾਜ਼ਾ, ਖੇਲੇ ਖੇਲ ਗ਼ਰੀਬ ਨਿਵਾਜ਼ਾ, ਆਪ ਵਜਾਏ ਆਪਣਾ ਵਾਜਾ, ਤਾਰ ਸਤਾਰ ਨਾ ਕੋਈ ਰਖਾਇੰਦਾ । ਸਚਾ ਸ਼ਬਦ ਦਰ ਘਨਘੋਰ, ਘਰ ਮੰਦਰ ਆਪ ਸੁਣਾਈਆ । ਕਰੇ ਖੇਲ ਅੰਧ ਘੋਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਆਪੇ ਚੜ੍ਹੇ ਆਪਣੇ ਘੋੜ, ਦੂਰ ਦੁਰਾਡਾ ਸਾਚਾ ਮਾਹੀਆ । ਸਾਚੇ ਘਰ ਲਾਏ ਏਕਾ ਪੌੜ, ਉਚਾ ਡੰਡਾ ਆਪਣੇ ਹੱਥ ਰਖਾਈਆ । ਆਪੇ ਹੋਏ ਬ੍ਰਹਿਮਣ ਗੌੜ, ਪੂਤ ਸਪੂਤਾ ਬੇਪਰਵਾਹੀਆ । ਲੋਆਂ ਪੁਰੀਆਂ ਰਿਹਾ ਦੌੜ, ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਅਕਾਲਾ, ਆਪਣੀ ਧਾਰ ਆਪ ਚਲਾਇੰਦਾ । ਆਪ ਆਪਣੀ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਘਰ ਸੁਹੰਜਣਾ, ਹਰਿ ਸਾਚੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣਾ, ਨਿਰਗੁਣ ਬੈਠਾ ਆਸਣ ਲਾਈਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਆਪ ਤਰਾਈਆ । ਸਰਬ ਜੀਆਂ ਦਾ ਸਾਚਾ ਸੱਜਣਾ, ਏਕੰਕਾਰਾ ਇਕ ਅਖਵਾਈਆ । ਨਾ ਘੜਿਆ ਨਾ ਭੱਜਣਾ, ਘੜੇ ਭੰਨੇ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਘਰ ਥਿਰ ਦਰਬਾਰਾ ਪੁਰਖ ਅਬਿਨਾਸ਼ੀ ਪਾਵੇ ਸਾਰਾ, ਰਵ ਸਸ ਨਾ ਕੋਈ ਸਤਾਰਾ, ਜ਼ਿਮੀ ਅਸਮਾਨਾ ਦਏ ਹੁਲਾਰਾ, ਏਕੰਕਾਰਾ ਖੇਲ ਖਿਲਾਈਆ । ਏਕੰਕਾਰਾ ਹਰਿ ਗੋਬਿੰਦ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਉਪਜਾਏ ਆਪਣਾ ਸੁੱਤ ਦੁਲਾਰਾ, ਸ਼ਬਦ ਸ਼ਬਦੀ ਨਾਉਂ ਧਰਾਈਆ । ਆਪੇ ਹੋਏ ਗੁਣੀ ਗਹੀਰਾ, ਗਹਿਰ ਗੰਭੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੁੱਤ ਕਰ ਤਿਆਰ, ਅਬਿਨਾਸ਼ੀ ਅਚੁੱਤ ਪਾਵੇ ਸਾਰ, ਸੁਹਾਏ ਰੁੱਤ ਅਗੰਮ ਅਪਾਰ, ਆਪ ਆਪਣੀ ਵੇਖ ਵਖਾਈਆ । ਸੁੱਤ ਦੁਲਾਰਾ ਨੌਜਵਾਨਾ, ਹਰਿ ਸਾਚੇ ਘਰ ਉਪਾਇਆ । ਸ਼ਬਦ ਅਨਾਦੀ ਧੁਰ ਫ਼ਰਮਾਣਾ, ਆਦਿ ਜੁਗਾਦੀ ਆਪ ਸੁਣਾਇਆ । ਚਰਨ ਕਵਲ ਬਖ਼ਸ਼ੇ ਇਕ ਧਿਆਨਾ, ਨੇਤਰ ਲੋਚਣ ਇਕ ਖੁਲ੍ਹਾਇਆ । ਅੰਤਰ ਆਤਮ ਇਕ ਗਿਆਨਾ, ਏਕਾ ਇਸ਼ਟ ਦੇਵ ਵਖਾਇਆ । ਏਕਾ ਮੰਦਰ ਇਕ ਮਕਾਨਾ, ਇਕ ਸਿੰਘਾਸਣ ਸੋਭਾ ਪਾਇਆ । ਏਕਾ ਸ਼ਾਹ ਇਕ ਸੁਲਤਾਨਾ, ਏਕਾ ਬੈਠਾ ਜੋਤ ਜਗਾਇਆ । ਏਕਾ ਚਿਲਾ ਤੀਰ ਕਮਾਨਾ, ਏਕਾ ਸ਼ਸਤਰ ਬਸਤਰ ਆਪ ਸਜਾਇਆ । ਏਕਾ ਮਾਰਨਹਾਰਾ ਬਾਣਾ, ਆਰ ਪਾਰ ਏਕਾ ਰੂਪ ਦਰਸਾਇਆ । ਏਕਾ ਬੰਨ੍ਹੇ ਸਾਚਾ ਗਾਨਾਂ, ਦਰਗਹਿ ਸਾਚੀ ਸਗਨ ਮਨਾਇਆ । ਏਕਾ ਦੇਵੇ ਸਾਚਾ ਦਾਨਾ, ਸਾਚੀ ਭਿਛਿਆ ਝੋਲੀ ਪਾਇਆ । ਇਕ ਸੁਣਾਏ ਸਚ ਤਰਾਨਾ, ਰਾਗ ਅਨਾਦੀ ਆਪੇ ਗਾਇਆ । ਇਕ ਵਖਾਏ ਆਪਣਾ ਭਾਣਾ, ਹਰਿ ਭਾਣੇ ਸਦ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨਾ ਲਏ ਰਚ, ਅੰਦਰ ਵੜੇ ਹੋ ਹੋ ਸੱਚ, ਸਾਚਾ ਵੇਸ ਵਟਾਇਆ । ਹਰਿ ਸਾਚਾ ਸ਼ਾਹ ਸੁਲਤਾਨ, ਏਕਾ ਏਕ ਏਕੰਕਾਰਿਆ । ਸਚਖੰਡ ਝੁਲਾਏ ਇਕ ਨਿਸ਼ਾਨ, ਦੋ ਜਹਾਨਾਂ ਪਾਵੇ ਸਾਰਿਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਚੌਦਾਂ ਲੋਕਾਂ ਦਏ ਹੁਲਾਰਿਆ । ਅਵਣ ਗਵਣ ਧੁਰ ਫ਼ਰਮਾਣ,

੫੯੨

ਪਵਣ ਪਵਣੀ ਆਪ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੁੱਤ ਕਰ ਤਿਆਰ, ਅਬਿਨਾਸ਼ੀ ਅਚੁਤ ਪਾਵੇ ਸਾਰ, ਸੁਹਾਏ ਰੁੱਤ ਸਚਖੰਡ ਨਿਵਾਸਾ ਦਾਸੀ ਦਾਸਾ, ਸੇਵਕ ਸਾਚੀ ਸੇਵ ਕਮਾ ਰਿਹਾ । ਸਾਚੀ ਸੇਵਾ ਹਰਿ ਹਰਿ ਮੀਤ, ਏਕਾ ਏਕ ਕਮਾਇੰਦਾ । ਸ਼ਬਦ ਸੁਣਾਇਆ ਸਾਚਾ ਗੀਤ, ਸੁੱਤ ਦੁਲਾਰਾ ਵੇਖ ਵਖਾਇੰਦਾ । ਆਪ ਚਲਾਈ ਆਪਣੀ ਰੀਤ, ਆਪਣਾ ਬੰਸ ਆਪ ਸੁਹਾਇੰਦਾ । ਆਪੇ ਹੋਏ ਠਾਂਡਾ ਸੀਤ, ਸਾਂਤਕ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਚ ਦੁਆਰ, ਦੂਜੀ ਦੱਸੇ ਨਾ ਕੋਈ ਧਾਰ, ਤੀਜੇ ਖੋਲ੍ਹੇ ਬੰਦ ਕਿਵਾੜ, ਚੌਥੇ ਪਦ ਹੋਏ ਉਜਿਆਰ, ਪੰਚਮ ਮੇਲਾ ਸੱਚੀ ਸਰਕਾਰ, ਛੇਵੇਂ ਛੱਪਰ ਨਾ ਕੋਈ ਵਿਚਾਰ, ਸਤਵੇਂ ਸਤਿ ਸਤਿ ਕਰੇ ਸਾਚੀ ਕਾਰ, ਅਠਵੇਂ ਅੱਠਾਂ ਤੱਤਾਂ ਕਰ ਪਿਆਰ, ਨੌਂਵੇਂ ਨੌ ਦਰ ਖੋਲ੍ਹੇ ਬੰਕ ਦੁਆਰ, ਦਸਵੇਂ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਘਰ ਸਾਚਾ ਹਰਿ ਸਾਚਾ ਵਰ ਏਕਾ ਕੰਤ ਮਨਾਇੰਦਾ । ਏਕਾ ਕੰਤ ਗਾਏ ਢੋਲਾ, ਸ਼ਬਦ ਅਨਾਦੀ ਗੀਤ ਗਾਈਆ । ਨਿਰਗੁਣ ਆਪਣਾ ਬਦਲਾ ਚੋਲਾ, ਸਰਗੁਣ ਆਪਣਾ ਰੂਪ ਦਰਸਾਈਆ । ਸ਼ਬਦ ਸਰੂਪੀ ਬਣ ਵਿਚੋਲਾ, ਦੋਹਾਂ ਏਕਾ ਮੇਲ ਮਿਲਾਈਆ । ਆਪੇ ਵਿਸ਼ਨੂੰ ਹੋਏ ਗੋਲਾ, ਆਦਿ ਜੁਗਾਦੀ ਸੇਵ ਕਮਾਈਆ । ਆਪੇ ਪਾਰਬ੍ਰਹਮ ਬ੍ਰਹਮ ਬਣਿਆ ਤੋਲਾ, ਆਪਣਾ ਕੰਡਾ ਹੱਥ ਉਠਾਈਆ । ਆਪ ਚੁਕਾਏ ਆਪਣਾ ਪਰਦਾ ਓਹਲਾ, ਆਪ ਆਪਣਾ ਵਿਚ ਟਿਕਾਈਆ । ਆਪਣੇ ਕਵਲ ਆਪੇ ਮੌਲਾ, ਆਪੇ ਅੰਮ੍ਰਿਤ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਅੰਦਰ ਬੈਠਾ ਵੜ, ਬਾਹਰ ਮੁਖ ਆਪ ਖੁਲ੍ਹਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਜ਼ਹੂਰ ਆਪ ਅਖਵਾਇੰਦਾ । ਆਪੇ ਪੁਰਖ ਆਪੇ ਨਾਰ, ਨਰ ਨਰਾਇਣ ਆਪਣੀ ਸੇਜ ਆਪ ਸੁਹਾਇੰਦਾ । ਆਪੇ ਜੋਤੀ ਕਰੇ ਸਚ ਪਿਆਰ, ਵਰਨ ਗੋਤੀ ਨਾ ਰੂਪ ਦਰਸਾਇੰਦਾ । ਆਪੇ ਉਚੀ ਚੋਟੀ ਚੜ੍ਹੇ ਆਪ ਨਿਰੰਕਾਰ, ਮਹੱਲ ਅਟੱਲ ਆਪ ਸੁਹਾਇੰਦਾ । ਸ਼ਬਦ ਸਰੂਪੀ ਵਰ ਘਰ ਪਾ, ਘਰ ਸਾਚੇ ਸ਼ਬਦ ਜਣਾਇੰਦਾ । ਪੁਰਖ ਅਬਿਨਾਸ਼ੀ ਏਕਾ ਗਾ, ਏਕਾ ਹਰਿ ਅਲਾਇੰਦਾ । ਏਕਾ ਵੇਖੇ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਏਕਾ ਪਿਤਾ ਏਕਾ ਮਾਂ, ਰੂਪ ਰੰਗ ਨਾ ਕੋਇ ਵਖਾਇੰਦਾ । ਏਕਾ ਵਿਸ਼ਨੂੰ ਲਏ ਉਪਜਾ, ਏਕਾ ਕਵਲ ਨਾਭ ਆਪ ਉਪਾਇੰਦਾ । ਏਕਾ ਫੁੱਲ ਲਏ ਖਿਲਾ, ਏਕਾ ਬ੍ਰਹਮਾ ਰੂਪ ਵਟਾਇੰਦਾ । ਏਕਾ ਚਾਰ ਮੁਖ ਲਏ ਬਣਾ, ਚਾਰੇ ਕੂਟਾਂ ਵੇਖ ਵਖਾਇੰਦਾ । ਏਕਾ ਚਾਰੇ ਵੇਦਾਂ ਦਏ ਲਿਖਾ, ਚਾਰੇ ਨਾਉਂ ਆਪ ਅਲਾਇੰਦਾ । ਏਕਾ ਚਾਰੇ ਖਾਣੀ ਲਏ ਰਚਾ, ਆਪ ਆਪਣੀ ਰਚਨ ਰਚਾਇੰਦਾ । ਏਕਾ ਚਾਰੇ ਜੁਗ ਵੰਡ ਵੰਡਾ, ਵੰਡਣਹਾਰਾ ਦਿਸ ਨਾ ਆਇੰਦਾ । ਏਕਾ ਲੱਖ ਚੁਰਾਸੀ ਬਣਤ ਬਣਾ, ਪੰਜ ਤਤ ਮੇਲ ਮਿਲਾਇੰਦਾ । ਏਕਾ ਤ੍ਰੈਗੁਣ ਮਾਇਆ ਜੋੜ ਜੁੜਾ, ਜਾਗਰਤ ਜੋਤ ਵਿਚ ਟਿਕਾਇੰਦਾ । ਏਕਾ ਅਪ ਤੇਜ ਵਾਏ ਪ੍ਰਿਥਮੀ ਅਕਾਸ ਰੰਗ ਰੰਗਾ, ਮਨ ਮਤ ਮੇਲ ਮਿਲਾਇੰਦਾ । ਏਕਾ ਨੌ ਦਵਾਰੇ ਦਏ ਖੁਲ੍ਹਾ, ਜਗਤ ਵਾਸਨਾ ਵਿਚ ਭਰਾਇੰਦਾ । ਏਕਾ ਰਥ ਰਥਵਾਹੀ ਰਥ ਲਏ ਚਲਾ, ਸ੍ਰਿਸ਼ਟ ਸਬਾਈ ਆਪ ਹਿਲਾਇੰਦਾ । ਏਕਾ ਆਪਣਾ ਰੂਪ ਵਟਾ, ਸੁੰਨ ਸਮਾਧੀ ਫੋਲ ਫੁਲਾਇੰਦਾ । ਏਕਾ ਧੂਆਂਧਾਰ ਰਿਹਾ ਸਮਾ, ਦਿਸ ਕਿਸੇ ਨਾ ਆਇੰਦਾ । ਏਕਾ ਸ਼ੰਕਰ ਲਏ ਉਪਜਾ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਏਕਾ ਤ੍ਰਿਸੂਲ ਹੱਥ ਉਠਾ, ਚਾਰੋਂ ਕੁੰਟ ਫੇਰੀ ਪਾਇੰਦਾ । ਏਕਾ ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਂ, ਜੋ ਘੜਿਆ ਭੰਨ ਵਖਾਇੰਦਾ । ਏਕਾ ਬਣੇ ਆਪ ਮਲਾਹ, ਖੇਵਟ ਖੇਟਾ

੫੬੩

ਆਪ ਅਖਵਾਇੰਦਾ । ਏਕਾ ਦੇਵੇ ਸਿਫ਼ਤ ਸਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਇਕ ਵਖਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਜਪਾਇੰਦਾ । ਏਕਾ ਮਾਰਗ ਦਏ ਦ੍ਰਿੜਾ, ਦੋ ਜਹਾਨਾਂ ਆਪ ਚਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਏ ਸਮਝਾ, ਏਕਾ ਅੱਖਰ ਆਪ ਪੜ੍ਹਾਇੰਦਾ । ਨਿਸ਼ਅੱਖਰ ਆਪਣਾ ਰੂਪ ਦਰਸਾ, ਆਪ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੰਨ੍ਹੇ ਆਪਣੀ ਧਾਰ, ਆਦਿ ਜੁਗਾਦੀ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਹੋ ਉਜਿਆਰ, ਅਜੂਨੀ ਰਹਿਤ ਵਿਚ ਸੰਸਾਰ, ਨਿਰਭੈ ਹੋਏ ਸੱਚੀ ਸਰਕਾਰ, ਮੂਰਤ ਅਕਾਲ ਪਾਵੇ ਸਾਰ, ਦੀਨ ਦਿਆਲ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਜੰਤ ਉਪਾਇਆ, ਘਰ ਸਾਚੇ ਵੱਜੀ ਵਧਾਈਆ । ਪਾਰਬ੍ਰਹਮ ਪ੍ਰਭ ਰੂਪ ਵਟਾਇਆ, ਜਗਤ ਆਪਣਾ ਨਾਉਂ ਧਰਾਈਆ । ਸੋਇਮ ਰੂਪ ਸੋਹੰ ਹੋ ਹੋ ਲੋਕਮਾਤ ਫੇਰਾ ਪਾਇਆ, ਇਕ ਦੂਜੇ ਨਾਲ ਕਰੇ ਕੁੜਮਾਈ, ਏਕਾ ਸ਼ਬਦ ਸੱਚੀ ਧਾਰ ਬੰਧਾਇਆ, ਨੇਤਰ ਲੋਚਣ ਨੈਣ ਦਿਸ ਨਾ ਆਈਆ । ਘਟ ਘਟ ਅੰਦਰ ਜੋਤ ਜਗਾਇਆ, ਈਸ਼ ਜੀਵ ਮੇਲ ਮਿਲਾਈਆ । ਜਗਤ ਜਗਦੀਸ਼ ਖੇਲ ਰਚਾਇਆ, ਖ਼ਾਲਕ ਖ਼ਲਕ ਵਿਚ ਸਮਾਈਆ । ਰਫ਼ੀਕ ਤੌਫ਼ੀਕ ਦਏ ਇਕ ਖ਼ੁਦਾਇਆ । ਆਪ ਆਪਣੀ ਰਚਨ ਰਚਾਈਆ । ਲਾਸ਼ਰੀਕ ਪਾਏ ਆਪਣੀ ਮਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਆਪਣਾ ਵਰ, ਦੂਸਰ ਸੰਗ ਨਾ ਕੋਇ ਰਲਾਈਆ । ਸਾਚਾ ਵਰ ਤ੍ਰੈਗੁਣ ਦਾਤ, ਬ੍ਰਹਮਾ ਵਿਸ਼ਨ ਝੋਲੀ ਪਾਇੰਦਾ । ਲੱਖ ਚੁਰਾਸੀ ਬੱਧਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਪੇ ਬੈਠਾ ਰਹੇ ਇਕ ਇਕਾਂਤ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਸਾਚੀ ਖੇਲ ਲੋਕਮਾਤ, ਜੁਗ ਜੁਗ ਆਪ ਕਰਾਇੰਦਾ । ਆਪੇ ਵੇਖੇ ਮਾਰ ਝਾਤ, ਆਪ ਆਪਣਾ ਮੁਖ ਛੁਪਾਇੰਦਾ । ਲੇਖਾ ਜਾਣੇ ਦਿਵਸ ਰਾਤ, ਘੜੀ ਪਲ ਗਣਤ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੰਡਣਹਾਰਾ ਸਾਚੀ ਵੰਡ, ਖੇਲੇ ਖੇਲ ਵਿਚ ਬ੍ਰਹਿਮੰਡ, ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਇੰਦਾ । ਚਾਰੇ ਖਾਣੀ ਕਰ ਤਿਆਰ, ਹਰਿ ਸਾਚਾ ਵੇਖ ਵਖਾਇੰਦਾ । ਚਾਰੇ ਬਾਣੀ ਭਰ ਭੰਡਾਰ, ਏਕਾ ਸ਼ਬਦ ਸੁਣਾਇੰਦਾ । ਚਾਰੇ ਜੁਗ ਵਰਤੇ ਵਰਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਲ ਮਿਲਾਇੰਦਾ । ਚਾਰੇ ਵੇਦਾਂ ਕਰ ਤਿਆਰ, ਸਾਚੀ ਭਿਛਿਆ ਝੋਲੀ ਪਾਇੰਦਾ । ਚਾਰ ਵਰਨਾਂ ਏਕਾ ਧਾਰ, ਜੁਗਾ ਜੁਗੰਤਰ ਆਪ ਚਲਾਇੰਦਾ । ਮਾਨਸ ਮਾਨੁਸ਼ ਕਰ ਪਿਆਰ, ਮਾਨੁਖ ਆਪਣੀ ਬੂਝ ਬੁਝਾਇੰਦਾ । ਸ਼ਬਦ ਅਗੰਮੀ ਹਰਿ ਗੁਫ਼ਤਾਰ, ਅੰਤਰ ਧਾਰ ਆਪ ਅਲਾਇੰਦਾ । ਸਾਚੇ ਸੰਤ ਕਰ ਤਿਆਰ, ਸਾਚੀ ਸਿਖਿਆ ਇਕ ਸਮਝਾਇੰਦਾ । ਭਗਤ ਭਗਵੰਤ ਮੀਤ ਮੁਰਾਰ, ਘਰ ਸਾਚੇ ਮੇਲ ਮਿਲਾਇੰਦਾ । ਇਕ ਵਖਾਏ ਸਚ ਦਰਬਾਰ, ਦਰਗਹਿ ਸਾਚੀ ਆਪ ਲਗਾਇੰਦਾ । ਸੀਸ ਰੱਖ ਤਾਜ ਨਿਰੰਕਾਰ, ਪੰਚਮ ਮੁਖ ਸਾਲਾਇੰਦਾ । ਪੰਚਮ ਦਰ ਖੋਲ੍ਹ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਗਿਣਾਇੰਦਾ । ਸਾਚਾ ਲੇਖਾ ਲਿਖਣਹਾਰਾ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰੇ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਤੋੜਣਹਾਰਾ ਗੜ੍ਹ ਹੰਕਾਰਾ, ਹਉਮੇ ਹੰਗਤਾ ਰੋਗ ਮਿਟਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪ੍ਰਚੰਡ ਆਪ ਚਲਾਇੰਦਾ । ਅਸ਼ਟਭੁਜ ਹੋ ਉਜਿਆਰਾ, ਸ਼ਾਹ ਅਸਵਾਰਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਖੇਲੇ ਖੇਲ


੫੬੪

ਅਗੰਮ ਅਪਾਰ, ਏਕਾ ਹੁਕਮ ਸੁਣਾਇੰਦਾ । ਬੋਧ ਅਗਾਧ ਸ਼ਬਦ ਜੈਕਾਰਾ, ਹਰਿ ਸਾਚਾ ਸਚ ਲਗਾਇੰਦਾ । ਭਗਤ ਭਗਵੰਤ ਮੀਤ ਮੁਰਾਰਾ, ਘਰ ਸੰਤਨ ਮੇਲ ਮਿਲਾਇੰਦਾ । ਦੂਤੀ ਦੁਸ਼ਟ ਦਰ ਦੁਰਕਾਰਾ, ਦਰ ਦਰ ਮੇਲ ਨਾ ਕੋਈ ਮਿਲਾਇੰਦਾ । ਲੇਖਾ ਜਾਣੇ ਆਰ ਪਾਰ ਕਿਨਾਰਾ, ਮੰਝਧਾਰਾ ਫੇਰੀ ਪਾਇੰਦਾ । ਲੱਖ ਚੁਰਾਸੀ ਦਏ ਸਹਾਰਾ, ਆਪਣਾ ਗੇੜਾ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਦਾਤਾ ਬੇਪਰਵਾਹ, ਤ੍ਰੇਤਾ ਬਣੇ ਆਪ ਮਲਾਹ, ਦੁਆਪਰ ਬੰਨੇ ਦੇਵੇ ਲਾ, ਕਲਜੁਗ ਅੰਤਮ ਤੱਕੇ ਰਾਹ, ਚਾਰੋਂ ਕੁੰਟ ਧੂਆਂਧਾਰ ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਸ਼ਾਹ ਸੁਲਤਾਨ ਗਏ ਹਾਰ, ਰਾਜ ਰਾਜਾਨ ਪਾਂਧੀ ਰਾਹੀਆ । ਸਾਧ ਸੰਤ ਹੋਏ ਖ਼ਵਾਰ, ਹਰਿ ਕਾ ਪੌੜਾ ਨਜ਼ਰ ਨਾ ਆਈਆ । ਪੜ੍ਹ ਪੜ੍ਹ ਵੇਦ ਨਾ ਸਕੇ ਵਿਚਾਰ, ਪੁਰਾਨ ਅਠਾਰਾਂ ਨਾ ਮਿਲਿਆ ਸਾਚਾ ਮਾਹੀਆ । ਸ਼ਾਸਤਰ ਸਿਮਰਤ ਰਹੇ ਪੁਕਾਰ, ਉਚੀ ਕੂਕ ਦੇਣ ਦੁਹਾਈਆ । ਗੀਤਾ ਗਿਆਨ ਦਏ ਉਚਾਰ, ਅਠਾਰਾਂ ਧਿਆਏ ਦਏ ਗਵਾਹੀਆ । ਅੰਜੀਲ ਕੁਰਾਨ ਸਰਬ ਪਛਤਾਣ, ਮੁਲਾਂ ਸ਼ੇਖ਼ ਮੁਸਾਇਕ ਪੀਰ ਸਚ ਮਸੱਲਾ ਹੇਠ ਨਾ ਕੋਈ ਵਿਛਾਈਆ । ਖਾਣੀ ਬਾਣੀ ਨਾ ਕੋਈ ਧਾਰ, ਧਰਤ ਧਵਲ ਦਏ ਵਡਿਆਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਰਸਨਾ ਜਿਹਵਾ ਵਾਦ ਵਿਵਾਦ ਵਧਾਈਆ । ਗੁਰਮੁਖ ਵਿਰਲੇ ਮਿਲਿਆ ਹਰਿ ਨਿਰੰਕਾਰ, ਕਲਜੁਗ ਅੰਤਮ ਬੇਪਰਵਾਹੀਆ । ਨਾਤਾ ਤੋੜ ਸਰਬ ਸੰਸਾਰ, ਏਕਾ ਸਤਿਗੁਰ ਲਏ ਮਨਾਈਆ । ਸਾਚੇ ਸ਼ਬਦ ਕਰੇ ਪਿਆਰ, ਪੁੱਤਰ ਧੀ ਭੈਣ ਭਾਈ ਨਾ ਕੋਈ ਧੀ ਜਵਾਈਆ । ਵਰਨ ਗੋਤ ਤੋਂ ਵਸਿਆ ਬਾਹਰ, ਜ਼ਾਤ ਪਾਤ ਨਾ ਕੋਈ ਰਖਾਈਆ । ਇਕ ਇਕਾਂਤ ਬੋਲ ਜੈਕਾਰ, ਬੇਐਬ ਪਰਵਰਦਿਗਾਰ ਮੁਕਾਮੇ ਹੱਕ ਏਕਾ ਨਾਅਰਾ ਰਿਹਾ ਲਗਾਈਆ । ਰਾਮ ਨਾਮ ਬੋਲ ਜੈਕਾਰ, ਕਰੇ ਪਿਆਰ ਜੋ ਜਨ ਰਸਨਾ ਜਿਹਵਾ ਰਹੇ ਗਾਈਆ । ਏਕਾ ਨਾਦ ਸ਼ਬਦ ਧੁਨਕਾਰ, ਮੁਕੰਦ ਮਨੋਹਰ ਲਖ਼ਮੀ ਨਰਾਇਣ ਨਾਮ ਬੰਸਰੀ ਇਕ ਵਜਾਈਆ । ਏਕਾ ਅੱਲਾ ਹੂ ਹੂ ਕਰੇ ਪੁਕਾਰ, ਅੱਨਾ ਹੂ ਐਨਲਹੱਕ ਵੇਖ ਵਖਾਈਆ । ਏਕਾ ਬੋਲੇ ਨਾਮ ਸਤਿ ਧੁਰ ਦੀ ਧਾਰ, ਸਤਿ ਸਤਿਵਾਦੀ ਲਏ ਉਠਾਈਆ । ਏਕਾ ਗੁਰੂ ਫ਼ਤਹਿ ਕਰ ਪਿਆਰ, ਵਾਹ ਵਾਹ ਗੁਰੂ ਦਏ ਸਮਝਾਈਆ । ਸਰਬ ਜੀਆਂ ਦਾ ਏਕੰਕਾਰ, ਦੂਸਰ ਵੰਡ ਨਾ ਕੋਈ ਵੰਡਾਈਆ । ਚਾਰ ਜੁਗ ਕਰੌਂਦਾ ਲੋਕਮਾਤ ਵਿਹਾਰ, ਵਰਨ ਬਰਨ ਖੇਲ ਖਿਲਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਉਜਿਆਰ, ਘਰ ਘਰ ਆਪਣੀ ਵੰਡ ਵੰਡਾਈਆ । ਆਪੇ ਵਸਿਆ ਸਭ ਤੋਂ ਬਾਹਰ, ਜਗਤ ਵਿਦਿਆ ਜੁਗ ਫੜਾਈਆ । ਕਿਸੇ ਹੱਥ ਨਾ ਆਏ ਮੰਦਰ ਮਸਜਿਦ ਗੁਰੂਦੁਆਰ, ਘਰ ਘਰ ਬੈਠਾ ਜੋਤ ਜਗਾਈਆ । ਕਾਇਆ ਕਾਅਬਾ ਖੋਲ੍ਹ ਕਿਵਾੜ, ਚੌਦਾਂ ਤਬਕਾਂ ਵੇਖੇ ਬਣ ਮਲਾਹੀਆ । ਸੰਤ ਭਗਤ ਦਏ ਅਧਾਰ, ਤਨ ਮੰਦਰ ਸੋਭਾ ਪਾਈਆ । ਘਰ ਸ਼ਬਦ ਸੱਚੀ ਧੁਨਕਾਰ, ਘਰ ਸਖੀਆਂ ਮੰਗਲ ਗਾਈਆ । ਘਰ ਅੰਮ੍ਰਿਤ ਠੰਡਾ ਠਾਰ, ਭਰ ਪਿਆਲਾ ਜਾਮ ਪਿਆਈਆ । ਘਰ ਆਤਮ ਸੇਜਾ ਕਰੇ ਸ਼ਿੰਗਾਰ, ਸੋਲਾਂ ਕਲੀਆਂ ਆਪ ਸੁਹਾਈਆ । ਸੋਲਾਂ ਇਛਿਆ ਭਰੇ ਭੰਡਾਰ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਨਾਰੀ ਮੇਲਾ ਕੰਤ ਭਤਾਰ, ਘਰ ਸਾਚੇ ਵੱਜੇ ਵਧਾਈਆ । ਮੂਰਖ ਮੁਗਧ ਨਾ ਪਾਵਣ ਸਾਰ, ਚਾਰੋਂ ਕੂਟ ਉਚੀ ਕੂਕ ਦੇਣ ਦੁਹਾਈਆ । ਕਿਸੇ ਨਾ ਮਿਲਿਆ ਸਾਂਝਾ ਯਾਰ, ਸਖੀ ਸਰਵਰ ਸੁਲਤਾਨ ਰਹੇ ਮਨਾਈਆ । ਡੂੰਘੀ ਕੰਦਰ ਕਰੇ ਪਿਆਰ, ਮਨ ਬੰਦਰ ਆਪਣੀ ਡੋਰ ਬੰਧਾਈਆ । ਬਜ਼ਰ ਕਪਾਟੀ ਲੱਗਾ ਤੋੜੇ ਜੰਦਰ, ਨਾਮ ਖੰਡਾ ਹੱਥ ਉਠਾਈਆ । ਉਚੇ ਟਿੱਲੇ ਚੜ੍ਹ ਚੜ੍ਹ ਥੱਕੇ ਗੋਰਖ ਮਛੰਦਰ, ਗੁਰ ਪੀਰ ਦੇਣ ਗਵਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਖੇਲ ਅਪਾਰਾ, ਕਰੇ ਕਰਾਏ ਹਰਿ ਨਿਰੰਕਾਰਾ, ਵਰਤੇ ਵਰਤਾਵੇ ਵਿਚ ਸੰਸਾਰਾ, ਧਰਤ ਧਵਲ ਵੇਖ ਵਖਾਈਆ । ਧਰਤ ਧਵਲ ਹਰਿ ਵੇਖਣ ਆਇਆ, ਲੋਕਮਾਤ ਜੋਤ ਰੁਸ਼ਨਾਈਆ । ਚਾਰ ਵਰਨਾਂ ਹਰਨਾ ਫਰਨਾ ਖੋਲ੍ਹਣ ਆਇਆ, ਦਿਬ ਨੇਤਰ ਇਕ ਦਰਸਾਈਆ । ਚੌਥੇ ਪਦ ਚੜ੍ਹ ਚੜ੍ਹ ਮੇਲਾ ਮੇਲ ਮਿਲਾਵਣ ਆਇਆ, ਘਰ ਸਾਚੇ ਵੱਜੀ ਵਧਾਈਆ । ਪੰਚਮ ਸਖੀਆਂ ਬਹਿ ਬਹਿ ਮੰਗਲ ਗਾਇਆ, ਗੀਤ ਗੋਬਿੰਦ ਇਕ ਅਲਾਈਆ । ਕਾਗਦ ਕਲਮ ਕੋਈ ਲਿਖਣ ਨਾ ਪਾਇਆ, ਸੱਤ ਸਮੁੰਦਰ ਰਹੇ ਕੁਰਲਾਈਆ । ਬਸੁੱਧਾ ਆਪਣਾ ਮੁਖ ਛੁਪਾਇਆ, ਬਨਾਸਪਤ ਰਹੀ ਨੈਣ ਸ਼ਰਮਾਈਆ । ਬਿਨ ਹਰਿ ਭਗਤ ਹਰਿ ਜੂ ਹਰਿ ਮੰਦਰ ਦਿਸ ਨਾ ਆਇਆ, ਨੇਤਰ ਲੋਚਣ ਨੈਣ ਦਰਸ ਨਾ ਕੋਈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਨਿਰਾਲਾ, ਕਿਰਪਾ ਕਰੇ ਪੁਰਖ ਅਕਾਲਾ, ਚਾਰ ਵਰਨਾਂ ਏਕਾ ਸਰਨਾ ਏਕਾ ਰੰਗ ਰੰਗਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਨਾਮ ਸ਼ਬਦ ਪੜ੍ਹਾਈਆ । ਚਾਰ ਵਰਨਾਂ ਇਕ ਧਿਆਨ, ਸਤਿ ਸਤਿਵਾਦੀ ਇਕ ਸਰਨਾਈਆ । ਚਾਰ ਵਰਨਾਂ ਏਕਾ ਦਾਨ, ਆਤਮ ਭਿਛਿਆ ਬ੍ਰਹਮ ਵਖਾਈਆ । ਚਾਰ ਵਰਨਾਂ ਏਕਾ ਕਾਹਨ, ਸਾਚੀ ਸਖੀਆਂ ਵੇਖ ਵਖਾਈਆ । ਚਾਰ ਵਰਨਾਂ ਏਕਾ ਰਾਮ, ਸੀਤਾ ਸੁਰਤੀ ਲਏ ਪ੍ਰਨਾਈਆ । ਚਾਰ ਵਰਨਾਂ ਦੱਸੇ ਏਕਾ ਭਾਨ, ਏਕਾ ਨੂਰ ਕਰੇ ਰੁਸ਼ਨਾਈਆ । ਚਾਰ ਵਰਨ ਸੁਣਾਏ ਏਕਾ ਗਾਨ, ਧੁਨ ਆਤਮਕ ਆਪ ਅਲਾਹੀਆ । ਚਾਰ ਵਰਨਾਂ ਦੇਵੇ ਏਕਾ ਮਾਣ, ਹਿੰਦੂ ਮੁਸਲਮ ਸਿਖ ਈਸਾਈ ਨਾ ਕਰੇ ਵਡਿਆਈਆ । ਚਾਰ ਵਰਨਾਂ ਕਰੇ ਆਪ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰੀ ਭਗਵੰਤ, ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਆਪ ਅਖਵਾਈਆ । ਆਦਿ ਅੰਤ ਭੇਵ ਅਭੇਦਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਲੇਖਾ ਜਾਣੇ ਚਾਰ ਵੇਦਾਂ, ਵੇਦ ਵਿਦਾਂਤਾਂ ਆਪ ਉਪਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤਾ, ਅਥਰਬਣ ਅੰਤ ਕਰਾਇੰਦਾ । ਅੱਲਾ ਰਾਣੀ ਪੁੱਛੇ ਵਾਤਾ, ਸੰਗ ਮੁਹੰਮਦ ਵੇਖ ਵਖਾਇੰਦਾ । ਲੇਖਾ ਜਾਣੇ ਤ੍ਰਲੋਕੀ ਨਾਥਾ, ਆਪ ਆਪਣਾ ਰੂਪ ਵਟਾਇੰਦਾ । ਸਤਿਜੁਗ ਚਲਾਏ ਸਾਚੀ ਗਾਥਾ, ਸੋ ਨਿਸ਼ਅੱਖਰ ਆਪ ਪੜ੍ਹਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਪੂਰਬ ਲੇਖਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਤਰ ਪੂਜਾ ਪਾਠਾ, ਏਕਾ ਸਰੋਵਰ ਮਾਰੇ ਠਾਠਾ, ਤੀਨ ਲੋਕ ਖੁਲ੍ਹਾਏ ਏਕਾ ਹਾਟਾ, ਅੰਮ੍ਰਿਤ ਪਿਆਏ ਸਾਚੇ ਬਾਟਾ, ਲੇਖਾ ਜਾਣੇ ਜੋਤ ਲਿਲਾਟਾ, ਜੋਤੀ ਨੂਰ ਆਪ ਜਗਾਇੰਦਾ । ਜੋਤੀ ਨੂਰ ਜਗਾਵਣ ਆਇਆ, ਜਾਗਰਤ ਜੋਤ ਹਰਿ ਰਘੁਰਾਈਆ । ਕਲਜੁਗ ਅੰਤਮ ਲੇਖ ਮਿਟਾਵਣ ਆਇਆ, ਹਰਿ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਸਾਚਾ ਮਾਰਗ ਆਪ ਵਖਾਵਣ ਆਇਆ, ਨਿਰਗੁਣ ਬਣਿਆ ਆਪ ਮਲਾਹੀਆ । ਜੁਗ ਜੁਗ ਵਿਛੜੇ ਸੰਤ ਕੰਤ ਭਗਵੰਤ ਮੇਲ ਮਿਲਾਵਣ ਆਇਆ, ਆਪ ਆਪਣੇ ਲਏ ਜਗਾਈਆ । ਮਨਮੁਖ ਗੂੜ੍ਹੀ ਨੀਂਦ ਸੁਆਵਣ ਆਇਆ, ਮਾਇਆ ਪਰਦਾ ਉਪਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਿਰਦੇ ਅੰਦਰ ਜਾਏ ਵਸ, ਏਕਾ ਮਾਰਗ ਦੇਵੇ ਦੱਸ, ਆਪ ਆਪਣੀ ਬੂਝ ਬੁਝਾਈਆ । ਸਾਚਾ ਮਾਰਗ ਹਰਿ ਹਰਿ ਪੰਥ, ਹਰੀ ਹਰਿ ਆਪਣਾ ਆਪ ਜਣਾਇੰਦਾ । ਲੇਖਾ ਜਾਣੇ ਸੰਖ ਅਸੰਖ, ਕੋਟਨ ਕੋਟ ਗਣਤ ਗਣਾਇੰਦਾ । ਵੇਦ ਪੁਰਾਨ ਪੁਕਾਰਨ ਗ੍ਰੰਥ, ਬਿਨ ਸਤਿਗੁਰ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ

ਫੜ, ਆਪ ਆਪਣੀ ਬੂਝ ਬੁਝਾਇੰਦਾ । ਹਰਿਜਨ ਹਰਿ ਹਰਿ ਬੁਝਿਆ, ਕਿਰਪਾ ਕਰੀ ਆਪ ਭਗਵਾਨ । ਭੇਵ ਚੁਕਾਏ ਏਕਾ ਦੂਜਿਆ, ਤੀਜਾ ਨੇਤਰ ਖੋਲ੍ਹ ਮਹਾਨ । ਘਰ ਆਪਣਾ ਆਪੇ ਸੁਝਿਆ, ਤਨ ਮੰਦਰ ਸਚ ਮਕਾਨ । ਜੋ ਜਨ ਚਰਨ ਕਵਲ ਹਰਿ ਹਰਿ ਝੁਜਿਆ, ਮਿਲੇ ਵਡਿਆਈ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਮਾਣ । ਮਾਣ ਨਿਮਾਣਿਆਂ ਆਪ ਹਰਿ, ਜੁਗ ਜੁਗ ਵੇਖ ਵਖਾਇੰਦਾ । ਭਗਤ ਭਗਵੰਤ ਆਏ ਦਰ, ਦਰ ਦਰਵੇਸ਼ ਫੇਰੀ ਪਾਇੰਦਾ । ਕਰਨੀ ਕਰਤਾ ਆਪੇ ਕਰ, ਆਪਣੀ ਕਰਵਟ ਆਪ ਬਦਲਾਇੰਦਾ । ਲੇਖਾ ਜਾਣੇ ਨਾਰੀ ਨਰ, ਬਿਰਧ ਬਾਲ ਜਵਾਨ ਨਾ ਰੂਪ ਧਰਾਇੰਦਾ । ਲੱਖ ਚੁਰਾਸੀ ਭਾਂਡਾ ਘੜ, ਘਟ ਵਸਤੂ ਥਿਰ ਧਰਾਇੰਦਾ । ਹਰਿਜਨ ਸਾਚੇ ਲਏ ਫੜ, ਆਪ ਆਪਣਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਨਾ ਸੀਸ ਨਾ ਦਿਸੇ ਧੜ, ਪੰਜ ਤਤ ਨਾ ਕੋਈ ਵਖਾਇੰਦਾ । ਕਾਇਆ ਅੰਦਰ ਸਾਚੇ ਪੌੜੇ ਆਪੇ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਇੰਦਾ । ਹਰਿਜਨ ਚੁਕਾਏ ਜਗਤ ਡਰ, ਨਿਰਭੈ ਆਪਣਾ ਭੈ ਕਰਾਇੰਦਾ । ਜੋ ਜਨ ਏਕਾ ਅੱਖਰ ਜਾਏ ਪੜ੍ਹ, ਨਿਸ਼ਅੱਖਰ ਵੇਖ ਵਖਾਇੰਦਾ । ਕਲਜੁਗ ਅਗਨ ਨਾ ਜਾਏ ਸੜ, ਤ੍ਰੈਗੁਣ ਤਤਵ ਤਤ ਬੁਝਾਇੰਦਾ । ਸਚ ਭੰਡਾਰਾ ਆਪਣਾ ਭਰ, ਅਤੋਟ ਅਤੁਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਵਰ ਦਾਤਾ ਆਪ ਅਖਵਾਇੰਦਾ । ਦੇਵੇ ਵਰ ਰੰਗਣ ਨਾਮ, ਰੰਗ ਮਜੀਠੀ ਇਕ ਚੜ੍ਹਾਈਆ । ਲੇਖਾ ਜਾਣੇ ਕਾਇਆ ਮਾਟੀ ਚਾਮ, ਸਾਚਾ ਦਾਮ ਇਕ ਬੰਧਾਈਆ । ਆਪ ਵਸਾਏ ਨਗਰ ਗਰਾਮ, ਕਾਇਆ ਖੇੜਾ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਨਾਮ ਨਿਧਾਨਾ ਹਰਿ ਮਿਹਰਵਾਨਾ ਏਕਾ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਆ ਦਾਤਾ ਪੁਰਖ ਬਿਧਾਤਾ, ਪੁਰਖ ਪਰਖੋਤਮ ਆਪ ਅਖਵਾਈਆ ।

### ❋ ੫ ਜੇਠ ੨੦੧੭ ਬਿਕ੍ਰਮੀ ਤੇਜ ਭਾਨ ਦੇ ਘਰ ਸ਼ੇਖ਼ਸਰ ਜ਼ਿਲਾ ਜੰਮੂ ❋

ਸਤਿ ਪੁਰਖ ਨਿਰੰਜਣ ਸਤਿ ਸਤਿ ਧਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਅਗੰਮ ਅਗੰਮੜੀ ਖੇਲ ਅਪਾਰ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਅਲੱਖ ਅਲੱਖਣਾ ਅਲੱਖ ਜੈਕਾਰ, ਅਲੱਖ ਅਗੋਚਰ ਆਪ ਲਗਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਦਰ ਘਰ ਸਾਚੇ ਬਣਤ ਬਣਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰ, ਥਿਰ ਘਰ ਸਾਚੇ ਆਪ ਸੁਣਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰਾ ਨਿਰਾਕਾਰ, ਨਿਰਗੁਣ ਆਪਣਾ ਰੂਪ ਦਰਸਾਇੰਦਾ । ਆਦਿ ਨਿਰੰਜਣ ਵੇਖ ਪਸਾਰ, ਆਪ ਆਪਣਾ ਪਰਦਾ ਲਾਹਿੰਦਾ । ਅਬਿਨਾਸ਼ੀ ਕਰਤਾ ਵਸੇ ਸਚ ਸੱਚੇ ਦਰਬਾਰ, ਘਰ ਮਹੱਲਾ ਇਕ ਸੁਹਾਇੰਦਾ । ਸ੍ਰੀ ਭਗਵਾਨ ਸਿਰਜਣਹਾਰ, ਦਰਗਹਿ ਸਾਚੀ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਰਾਜ ਰਾਜਾਨ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਤਖ਼ਤ ਤਾਜ ਵਡ ਮਿਹਰਵਾਨ, ਦੋ ਜਹਾਨਾਂ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਸੱਚੀ ਰਚਨਾ ਰਚ ਕਰਤਾਰ, ਘਰ ਮੰਦਰ ਸੋਭਾ ਪਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਆਪਣੇ ਅੰਗ ਲਗਾਈਆ । ਨਿਰਗੁਣ ਸੇਜਾ ਸੁੱਤਾ ਪੈਰ ਪਸਾਰ, ਨਿਰਗੁਣ ਆਪਣੀ ਲਏ ਅੰਗੜਾਈਆ ।

ਨਿਰਗੁਣ ਖੇਲ ਅਗੰਮ ਅਪਾਰ, ਨਿਰਗੁਣ ਵੇਖੇ ਬੇਪਰਵਾਹੀਆ । ਨਿਰਗੁਣ ਦਾਤਾ ਦੇਵਣਹਾਰ, ਸਰਗੁਣ ਭਿਛਿਆ ਰਿਹਾ ਪਾਈਆ । ਨਿਰਗੁਣ ਵਣਜ ਕਰੇ ਵਾਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਏਕਾ ਘਰ, ਸਤਿ ਪੁਰਖ ਨਿਰੰਜਣ ਬੈਠਾ ਵੜ, ਦੂਸਰ ਸੰਗ ਨਾ ਕੋਇ ਰਖਾਈਆ । ਸਤਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸ਼ਾਹ ਸ਼ਹਾਨਾ ਆਪ ਅਖਵਾਇੰਦਾ । ਤਖ਼ਤ ਨਿਵਾਸੀ ਬੈਠਾ ਡੇਰਾ ਲਾ, ਰੂਪ ਰੰਗ ਨਾ ਕੋਈ ਜਣਾਇੰਦਾ । ਅਬਿਨਾਸ਼ੀ ਕਰਤਾ ਜੋਤ ਜਗਾ, ਨਿਰਗੁਣ ਦੀਵਾ ਬਾਤੀ ਇਕ ਟਿਕਾਇੰਦਾ । ਤਖ਼ਤ ਤਾਜ ਆਪ ਸੁਹਾ, ਰਾਜ ਜੋਗ ਆਪ ਕਮਾਇੰਦਾ । ਦਰ ਦਰਬਾਣਾ ਬੈਠਾ ਸੀਸ ਝੁਕਾ, ਦਰ ਦਰਵੇਸ਼ਾ ਆਪ ਕਰਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਆਪਣਾ ਮਾਰਗ ਆਪੇ ਲਾਇੰਦਾ । ਸੋ ਪੁਰਖ ਨਿਰੰਜਣ ਆਪ ਜਗਾ, ਆਪਣੀ ਕਲ ਆਪ ਵਰਤਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਸਚ ਸਲਾਹ, ਸਾਚੀ ਸਿਖਿਆ ਝੋਲੀ ਪਾਇੰਦਾ । ਏਕੰਕਾਰਾ ਬਣਾਏ ਮਲਾਹ, ਸਾਚਾ ਖੇਵਟ ਖੇਟਾ ਭਾਰ ਉਠਾਇੰਦਾ । ਆਦਿ ਨਿਰੰਜਣ ਗਣਤ ਗਿਣਾ, ਆਪ ਆਪਣੀ ਵੰਡ ਵੰਡਾਇੰਦਾ । ਸ੍ਰੀ ਭਗਵਾਨ ਆਪ ਵਖਾਏ ਆਪਣਾ ਥਾਂ, ਧਰਤ ਧਵਲ ਨਾ ਕੋਈ ਜਣਾਇੰਦਾ । ਸਾਚਾ ਮੰਦਰ ਰਿਹਾ ਸੁਹਾ, ਛੱਪਰ ਛੰਨ ਨਾ ਕੋਈ ਉਪਾਇੰਦਾ । ਸਚ ਸਿੰਘਾਸਣ ਲਿਆ ਡਾਹ, ਪਾਵਾ ਚੂਲ ਨਾ ਕੋਈ ਜੁੜਾਇੰਦਾ । ਪੁਰਖ ਅਬਿਨਾਸ਼ੀ ਉਪਰ ਬੈਠਾ ਬੇਪਰਵਾਹ, ਆਪ ਆਪਣਾ ਤਖ਼ਤ ਸੁਹਾਇੰਦਾ । ਨਿਰਗੁਣ ਦਾਤਾ ਆਪ ਅਖਵਾ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਇਛਿਆ ਭਿਛਿਆ ਝੋਲੀ ਲਏ ਪਾ, ਪਾਰਬ੍ਰਹਮ ਸਾਚੀ ਸੇਵ ਕਮਾਇੰਦਾ । ਸਾਚੀ ਸੇਵਾ ਕਰੇ ਆਪ ਖ਼ੁਦਾ, ਨੂਰੋ ਨੂਰ ਡਗਮਗਾਇੰਦਾ । ਆਪਣਾ ਜਲਵਾ ਆਪ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸਚ ਬਿਬਾਣਾ, ਆਪੇ ਰੱਖੇ ਸਾਚਾ ਰਾਣਾ, ਦੂਸਰ ਭੇਵ ਨਾ ਕੋਈ ਜਣਾਇੰਦਾ । ਨਾ ਕੋਈ ਦੂਸਰ ਨਾ ਦਵਾਰ, ਦਰ ਦਰਵੇਸ਼ ਨਾ ਕੋਈ ਅਖਵਾਇੰਦਾ । ਇਕ ਇਕੱਲਾ ਏਕੰਕਾਰ, ਥਿਰ ਘਰ ਆਸਣ ਲਾਇੰਦਾ । ਜਗਤ ਜੁਗ ਜੋਤ ਜਗਾਏ ਅਗੰਮ ਅਪਾਰ, ਪ੍ਰਭ ਸਾਚੇ ਸਚ ਵਡਿਆਈਆ । ਸਚਖੰਡ ਸੋਹੇ ਬੰਕ ਦਵਾਰ, ਗਗਨ ਮੰਡਲ ਨਾ ਕੋਈ ਰੁਸ਼ਨਾਈਆ । ਰਵ ਸਸ ਨਾ ਕੋਈ ਸਤਾਰ, ਬ੍ਰਹਮਾ ਵਿਸ਼ਨ ਸ਼ਿਵ ਨਾ ਸੀਸ ਝੁਕਾਈਆ । ਕਰੋੜ ਤੇਤੀਸਾ ਨਾ ਕੋਈ ਆਧਾਰ, ਸੁਰਪਤ ਰਾਜਾ ਇੰਦ ਨਾ ਮਿਲੇ ਸਾਚਾ ਮਾਹੀਆ । ਗਣ ਗੰਧਰਬ ਨਾ ਕੋਈ ਪੁਕਾਰ, ਗੀਤ ਗੋਬਿੰਦ ਨਾ ਕੋਈ ਅਲਾਈਆ । ਲੱਖ ਚੁਰਾਸੀ ਨਾ ਕੋਈ ਪਸਾਰ, ਤ੍ਰੈਗੁਣ ਮਾਇਆ ਨਾ ਜੜਤ ਜੜਾਈਆ । ਪੰਜ ਤਤ ਨਾ ਕੋਈ ਅਧਾਰ, ਨਿਰਗੁਣ ਸਰਗੁਣ ਨਾ ਕੋਇ ਦਰਸਾਈਆ । ਜੰਗਲ ਜੂਹ ਨਾ ਕੋਈ ਪਹਾੜ, ਜਲ ਥਲ ਮਹੀਅਲ ਨਜ਼ਰ ਕੋਈ ਨਾ ਆਈਆ । ਨੌਂ ਖੰਡ ਨਾ ਕੋਈ ਅਖਾੜ, ਸੱਤ ਦੀਪ ਨਾ ਵੰਡ ਵੰਡਾਈਆ । ਸਾਧ ਸੰਤ ਨਾ ਗੁਰ ਪੀਰ ਅਵਤਾਰ, ਸੀਸ ਛਤਰ ਨਾ ਕੋਇ ਝੁਲਾਈਆ । ਚੌਦਾਂ ਵਿਦਿਆ ਨਾ ਕੋਈ ਵਿਚਾਰ, ਰਸਨਾ ਜਿਹਵਾ ਨਾ ਕੋਈ ਪੜ੍ਹਾਈਆ । ਚਾਰੇ ਵੇਦ ਨਾ ਕੋਈ ਲਿਖਾਰ, ਪੁਰਾਨ ਅਠਾਰਾਂ ਨਾ ਕੋਈ ਗਾਈਆ । ਅੰਜੀਲ ਕੁਰਾਨ ਨਾ ਕੋਈ ਵਿਚਾਰ, ਗੀਤਾ ਗਿਆਨ ਨਾ ਕੋਈ ਦ੍ਰਿੜਾਈਆ । ਖਾਣੀ ਬਾਣੀ ਨਾ ਕੋਈ ਪਸਰ ਪਸਾਰ, ਇਸ਼ਟ ਦੇਵ ਨਾ ਕੋਈ ਮਨਾਈਆ । ਅਸ਼ਟਭੁਜ ਨਾ ਸਿੰਘ ਅਸਵਾਰ, ਚੱਕਰ ਗਦਾ ਨਾ ਕੋਈ ਹਿਲਾਈਆ । ਚਾਰ ਜੁਗ ਨਾ ਕੋਈ ਧਾਰ, ਚਾਰ ਕੁੰਟ ਨਾ ਕੋਈ ਵਖਾਈਆ । ਦਹਿ ਦਿਸ਼ਾ ਨਾ ਕੋਈ ਪਸਾਰ, ਉਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਈ ਵੰਡਾਈਆ । ਮਨ ਮਤ ਬੁੱਧ ਨਾ ਕੋਈ ਵਿਚਾਰ, ਨੌਂ ਦਰ ਨਾ ਖੋਜ ਖੁਜਾਈਆ । ਦਸਵੇਂ ਨੂਰ ਨਾ ਕੋਈ ਉਜਿਆਰ,

ਸੁੰਨ ਸਮਾਧ ਨਾ ਕੋਈ ਸਮਾਈਆ । ਅਠਸਠ ਤੀਰਥ ਨਾ ਵਹੇ ਧਾਰ, ਗੰਗਾ ਗੋਦਾਵਰੀ ਨਾ ਧਾਰ ਵਹਾਈਆ । ਗੁਰ ਦਰ ਮੰਦਰ ਮਸਜਿਦ ਮੱਠ ਨਾ ਪਾਵੇ ਕੋਈ ਸਾਰ, ਚਾਰ ਦੀਵਾਰ ਨਾ ਕੋਈ ਜਣਾਈਆ । ਖੇਲੇ ਖੇਲ ਬਾਜ਼ੀਗਰ ਨਟ ਵਿਚ ਸੰਸਾਰ, ਹਰਿ ਨਿਰੰਕਾਰ ਨਿਰਗੁਣ ਬੈਠਾ ਸਾਚੇ ਤਖ਼ਤ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਅਪਾਰਾ, ਨਿਰਗੁਣ ਕਰੇ ਕਰਾਏ ਬੇਪਰਵਾਹੀਆ । ਸਚਖੰਡ ਦਵਾਰਾ ਹਰਿ ਹਰਿ ਵਸਿਆ, ਪਾਰਬ੍ਰਹਮ ਹਰਿ ਕਰਤਾਰ । ਨਾ ਕੋਈ ਰੈਣ ਅੰਧੇਰੀ ਦਿਸੇ ਮੱਸਿਆ, ਨਾ ਕੋਈ ਚੰਦ ਹੋਏ ਉਜਿਆਰ । ਨਾ ਕੋਈ ਤੀਰ ਨਿਰਾਲਾ ਕਿਸੇ ਕਸਿਆ, ਨਾ ਕੋਈ ਰਾਮ ਰਾਵਣ ਮਾਰੇ ਮਾਰ । ਨਾ ਕੋਈ ਚਾਰ ਕੁੰਟ ਫਿਰੇ ਨੱਸਿਆ, ਨਾ ਕੋਈ ਜੋਧਾ ਸੂਰਬੀਰ ਬਲੀ ਬਲਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਚ ਦਵਾਰੇ ਕਰੇ ਖੇਲ ਅਗੰਮ ਅਪਾਰੇ, ਏਕਾ ਖੇਲ ਸੂਰਾ ਸਰਬਗਿਆ । ਸੂਰਾ ਸਰਬਗ ਸਰਬ ਗੁਣ ਦਾਤਾ, ਮਹਿਮਾ ਅਕਥ ਕਥੀ ਨਾ ਜਾਈਆ । ਆਪੇ ਵੇਖੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਰੂਪ ਵਟਾਈਆ । ਆਪਣਾ ਨੂਰ ਕਰੇ ਪਰਕਾਸ਼ਾ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਆਪ ਬੁਝਾਏ ਆਪਣੀ ਪਿਆਸਾ, ਅੰਮ੍ਰਿਤ ਧਾਰ ਆਪ ਵਹਾਈਆ । ਆਪੇ ਪਾਏ ਸਾਚੀ ਰਾਸਾ, ਸਾਂਗੋ ਪਾਂਗ ਸੇਜ ਆਪ ਹੰਢਾਈਆ । ਆਪੇ ਪੂਰੀ ਕਰੇ ਆਪਣੀ ਆਸਾ, ਆਪ ਆਪਣੀ ਰਚਨ ਰਚਾਈਆ । ਆਪੇ ਲੱਖ ਚੁਰਾਸੀ ਕਰ ਕਰ ਵਾਸਾ, ਨਿਝ ਘਰ ਬੈਠਾ ਮੁਖ ਛੁਪਾਈਆ । ਆਪੇ ਹੋਏ ਦਾਸੀ ਦਾਸਾ, ਸੇਵਕ ਸੇਵਾ ਆਪ ਅਖਵਾਈਆ । ਆਪੇ ਕਰੇ ਪੰਚਮ ਸਚ ਪਰਕਾਸ਼ਾ, ਦੇਵੇ ਮਾਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਸ਼ਬਦ ਬ੍ਰਿਹਮਾਦਿ, ਸਾਚਾ ਨਾਦ ਆਪ ਵਜਾਈਆ । ਸਾਚਾ ਨਾਦ ਹਰਿ ਨਿਰੰਕਾਰ, ਏਕਾ ਆਪ ਵਜਾਇੰਦਾ । ਲੱਖ ਚੁਰਾਸੀ ਕਰ ਤਿਆਰ, ਘੜ ਭਾਂਡੇ ਵੇਖ ਵਖਾਇੰਦਾ । ਅੰਦਰ ਧਰ ਨਾਮ ਭੰਡਾਰ, ਆਪਣੀ ਹੱਥੀਂ ਬੰਦ ਕਰਾਇੰਦਾ । ਜੀਵ ਜੰਤ ਨਾ ਪਾਵੇ ਸਾਰ, ਜੁਗਾ ਜੁਗੰਤ ਸਰਬ ਕੁਰਲਾਇੰਦਾ । ਭਗਤ ਭਗਵੰਤ ਕਰੇ ਖੇਲ ਅਪਾਰ, ਨਿਰਗੁਣ ਸਰਗੁਣ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਕਲ ਆਪ ਵਰਤਾਇੰਦਾ । ਆਦਿ ਬ੍ਰਹਮਾ ਸ਼ਬਦ ਉਪਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਚਾਰੇ ਕੂਟਾਂ ਗਾਇਆ, ਚਾਰੇ ਮੁਖ ਆਪ ਸਲਾਹੀਆ । ਨਿਰਗੁਣ ਵਾਜਾ ਸਚ ਵਜਾਇਆ, ਸਚ ਸਤਾਰ ਆਪ ਹਿਲਾਈਆ । ਨਿਰਗੁਣ ਪਰਦਾ ਦਏ ਗਵਾਇਆ , ਨੂਰੋ ਨੂਰ ਕਰ ਰੁਸ਼ਨਾਈਆ । ਨਿਰਗੁਣ ਰਾਜਾ ਬਣ ਕੇ ਆਇਆ, ਸ਼ਾਹ ਸੁਲਤਾਨ ਵਡ ਵਡਿਆਈਆ । ਨਿਰਗੁਣ ਸਾਜਣ ਸਾਜ ਵਖਾਇਆ, ਲੱਖ ਚੁਰਾਸੀ ਬਣਤ ਬਣਾਈਆ । ਨਿਰਗੁਣ ਸਰਗੁਣ ਜੋੜ ਜੁੜਾਇਆ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾਲ ਰਲਾਈਆ । ਨਿਰਗੁਣ ਸਾਚਾ ਹੁਕਮ ਸੁਣਾਇਆ, ਬ੍ਰਹਮਾ ਵਿਸ਼ਨ ਸ਼ਿਵ ਸਮਝਾਈਆ । ਚਾਰ ਜੁਗ ਜੁਗ ਗੇੜ ਵਖਾਇਆ, ਕੋਹਲੂ ਚੱਕੀ ਚੱਕ ਫਿਰਾਈਆ । ਗੁਰ ਪੀਰ ਅਵਤਾਰ ਸਾਚੀ ਸੇਵਾ ਲਾਇਆ, ਜੁਗ ਜੁਗ ਸਾਚਾ ਹੁਕਮ ਸੁਣਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਏਕਾ ਮਾਰਗ ਲਾਇਆ, ਮਨੂ ਮਨਵੰਤਰ ਆਪਣੇ ਵਿਚ ਟਿਕਾਈਆ । ਕਲਜੁਗ ਅੰਤਮ ਵੇਖੇ ਖੇਲ ਸਬਾਇਆ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਕਲਜੁਗ ਅਗਨੀ ਅੱਗ ਤਪਾਇਆ, ਚਾਰੋਂ ਕੁੰਟ ਆਪ ਵਖਾਈਆ । ਆਪ ਆਪਣਾ ਰੂਪ ਲਏ ਵਟਾਇਆ, ਨਿਰਗੁਣ ਨਿਰਗੁਣ ਇਕ ਖ਼ੁਦਾਈਆ । ਸਾਲਸ ਸਾਲਸ ਬਣ ਕੇ ਘਰ ਘਰ ਫੇਰਾ ਪਾਇਆ, ਰੂਪ ਰੇਖ ਨਾ ਕੋਈ ਵਖਾਈਆ । ਦਰ ਦਰਵੇਸ਼ ਨਰ ਨਰੇਸ਼

੫੬੯

ਹੋ ਹੋ ਅਲੱਖ ਜਗਾਇਆ, ਆਪਣੀ ਖੇਲ ਖਿਲਾਈਆ । ਰੁਤੜੀ ਰੁੱਤ ਦਏ ਸੁਹਾਇਆ, ਅਬਿਨਾਸ਼ੀ ਅਚੁਤ ਵਡ ਵਡਿਆਈਆ । ਏਕਾ ਦਿਵਸ ਮਾਤ ਧਰਾਇਆ, ਵਦੀ ਸੁਦੀ ਮੁਖ ਸ਼ਰਮਾਈਆ । ਅਮਾਵਸ ਚੰਨ ਨਾ ਕੋਈ ਚੜ੍ਹਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਹਿਲਾ ਮੰਦਰ ਹਰਿ ਸੁਹਾਇਆ, ਸਚਖੰਡ ਦਵਾਰ ਵੱਜੀ ਵਧਾਈਆ । ਦੂਜਾ ਜੰਦਰ ਤੋੜ ਤੁੜਾਇਆ, ਆਪਣਾ ਪਰਦਾ ਦਏ ਗਵਾਈਆ । ਤੀਜਾ ਸੁੱਤ ਲਏ ਉਪਜਾਇਆ, ਹਰਿ ਸ਼ਬਦੀ ਨਾਉਂ ਧਰਾਈਆ । ਚੌਥੇ ਘਰ ਘਰ ਬਹਿ ਬਹਿ ਆਪ ਸੁਬਾਇਆ, ਚੌਥਾ ਪਦ ਦਏ ਵਖਾਈਆ । ਪੰਚਮ ਮਿਲ ਮਿਲ ਮੰਗਲ ਗਾਇਆ, ਏਕਾ ਦੂਜਾ ਦੂਜਾ ਏਕਾ ਰੰਗ ਸਮਾਈਆ । ਪੰਚਮ ਸ਼ਬਦ ਆਪ ਅਲਾਇਆ, ਪੰਚਮ ਰਾਗ ਰਾਗਨੀ ਰਹੇ ਸੀਸ ਝੁਕਾਈਆ । ਪੰਚਮ ਲੇਖਾ ਲੇਖ ਲਿਖਾਇਆ, ਚਾਰ ਵੇਦ ਭੇਵ ਨਾ ਰਾਈਆ । ਪੰਚਮ ਘੋੜੇ ਆਪ ਚੜ੍ਹਾਇਆ, ਸਾਚੀ ਡੋਰ ਹੱਥ ਉਠਾਈਆ । ਪੰਚਮ ਪੰਚ ਸੁਲਤਾਨਾ ਫੇਰਾ ਪਾਇਆ, ਘਰ ਪੰਚਮ ਵੱਜੀ ਵਧਾਈਆ । ਲੋਕਮਾਤ ਹੋ ਰੁਸ਼ਨਾਇਆ, ਪੰਚਮ ਜੇਠ ਖ਼ੁਸ਼ੀ ਮਨਾਈਆ । ਬ੍ਰਹਮਾ ਵਿਸ਼ਨ ਸ਼ਿਵ ਦਰ ਦੁਆਰ ਬੈਠੇ ਸੀਸ ਝੁਕਾਇਆ, ਗੱਲ ਪੱਲੂ ਰਹੇ ਵਿਖਾਈਆ । ਕਰੋੜ ਤੇਤੀਸਾ ਨੇਤਰ ਨੀਰ ਵਹਾਇਆ, ਸੁਰਪਤ ਰਾਜਾ ਇੰਦ ਮੰਗੇ ਵਰ ਬੇਪਰਵਾਹੀਆ । ਪੁਰਖ ਅਬਿਨਾਸ਼ੀ ਰਿਹਾ ਸਮਝਾਇਆ, ਸਾਚਾ ਸ਼ਬਦ ਇਕ ਅਲਾਈਆ । ਕਲਜੁਗ ਅੰਤਮ ਦਏ ਮਿਟਾਇਆ, ਜਗਤ ਅੰਧੇਰ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਫੇਰਾ ਪਾਇਆ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਬਲ ਬਾਵਨ ਭੇਖ ਦਏ ਚੁਕਾਇਆ, ਭੋਲੇ ਭਾਓ ਸਰਬ ਲੋਕਾਈਆ । ਰਾਵਣ ਗੜ੍ਹ ਦਏ ਤੁੜਾਇਆ, ਰਾਮ ਰਾਮਾ ਰੂਪ ਵਟਾਈਆ । ਕੰਸ ਹੰਕਾਰੀ ਦਏ ਖਪਾਇਆ, ਕਲਜੁਗ ਜ਼ੋਰੂ ਜ਼ਰ ਨਾ ਕੋਈ ਧਰਾਈਆ । ਮੋਰ ਮੁਕਟ ਸੀਸ ਟਿਕਾਇਆ, ਏਕਾ ਹੁਕਮ ਦਏ ਸੁਣਾਈਆ । ਜੂਠ ਝੂਠ ਸੁੰਭ ਨਿਸੁੰਭ ਰਹਿਣ ਨਾ ਪਾਇਆ, ਅਸ਼ਟਭੁਜ ਆਪਣੀ ਕਲ ਵਖਾਈਆ । ਏਕਾ ਚੱਕਰ ਦਏ ਫਿਰਾਇਆ, ਚੱਕਰ ਸੁਦਰਸ਼ਨ ਨਿਉਂ ਨਿਉਂ ਸੀਸ ਝੁਕਾਈਆ । ਸਾਚੀ ਗਦਾ ਲਏ ਉਠਾਇਆ, ਨੌਂ ਖੰਡ ਪ੍ਰਿਥਮੀ ਆਪਣੀ ਉਂਗਲ ਲਏ ਟਿਕਾਈਆ । ਦੋ ਜਹਾਨਾਂ ਗੇੜਾ ਦਏ ਦਵਾਇਆ, ਦਿਵਸ ਰੈਣ ਆਪ ਭਵਾਇਆ । ਸੂਰਜ ਚੰਨ ਰਹੇ ਕੁਰਲਾਇਆ, ਤੱਤੀ ਅਗਨੀ ਰਹੀ ਸਰਬ ਜਲਾਈਆ । ਪੰਚਮ ਜੇਠੀ ਹਰਿ ਹਰਿ ਫੇਰਾ ਪਾਇਆ, ਪੰਚਮ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਸਾਚਾ ਮਾਣਾ, ਹਰਿਜਨ ਬਖ਼ਸ਼ੇ ਸਚ ਧਿਆਨਾ, ਆਤਮ ਉਪਜਾਏ ਬ੍ਰਹਮ ਗਿਆਨਾ, ਮੇਲ ਮਿਲਾਏ ਗੁਣ ਨਿਧਾਨਾ, ਅਵਗੁਣ ਨਾ ਕੋਇ ਜਣਾਈਆ । ਪੰਚਮ ਜੇਠ ਹਰਿ ਕਾ ਦਵਾਰ, ਹਰਿ ਸਾਚਾ ਸਚ ਸੁਹਾਇੰਦਾ । ਭਗਤਨ ਕਰੇ ਸਚ ਪਿਆਰ, ਦਰ ਘਰ ਸਾਚਾ ਵੇਖ ਵਖਾਇੰਦਾ । ਧੰਨ ਸੁਲੱਖਣੀ ਹੋਈ ਨਾਰ, ਨਰ ਹਰਿ ਏਕਾ ਕੰਤ ਮਨਾਇੰਦਾ । ਨਾਤਾ ਤੁਟਾ ਜਗਤ ਸੰਸਾਰ, ਵਿਭਚਾਰ ਜਗਤ ਵਿਕਾਰ ਨੇੜ ਨਾ ਆਇੰਦਾ । ਤਨ ਬਸਤਰ ਹੋਏ ਸਚ ਸ਼ਿੰਗਾਰ, ਨੇਤਰ ਨੈਣਾਂ ਕੱਜਲ ਨਾਮ ਪਾਇੰਦਾ । ਸਾਲੂ ਰੰਗੇ ਅਪਰ ਅਪਾਰ, ਲਾਲ ਗੁਲਾਲਾ ਰੰਗ ਵਖਾਇੰਦਾ । ਕੰਗਨ ਪਾਏ ਹਰਿ ਨਿਰੰਕਾਰ, ਲਾਲ ਮਹਿੰਦੀ ਹੱਥ ਵਖਾਇੰਦਾ । ਸਾਚੀ ਸਖੀ ਕਰ ਤਿਆਰ, ਘਰ ਸਾਚੇ ਮੇਲ ਮਿਲਾਇੰਦਾ । ਚਾਰੇ ਪਦ ਹੋਏ ਕਹਾਰ, ਚੌਥੇ ਘਰ ਆਪ ਬਹਾਇੰਦਾ । ਪੰਚਮ ਮਿਲਿਆ ਪੀਆ ਭਤਾਰ, ਨਾਰ ਮੁਟਿਆਰ ਆਪ ਪਰਨਾਇੰਦਾ । ਸਾਚੀ ਸਖੀਆਂ ਮੰਗਲਾਚਾਰ, ਜਗਤ ਵੇਦ ਇਕ ਸੁਣਾਇੰਦਾ । ਸ਼ਬਦ ਅਨਾਦ ਵੱਜੇ ਧੁਨਕਾਰ, ਧੁਨੀ ਨਾਦ ਆਪ ਸੁਣਾਇੰਦਾ । ਗਾਵਤ ਗਾਵਤ ਗਾਏ ਆਪ ਨਿਰੰਕਾਰ,

ਸਾਚਾ ਸੋਹਲਾ ਆਪ ਅਲਾਇੰਦਾ । ਢੋਲਾ ਰਿਹਾ ਬੋਲ ਜੈਕਾਰ, ਸੋਹੰ ਬੋਲਾ ਆਪ ਸੁਣਾਇੰਦਾ । ਸਾਚਾ ਤੋਲਾ ਬਣ ਸੰਸਾਰ, ਨਾਮ ਘਸਵੱਟੀ ਹੱਥ ਰਖਾਇੰਦਾ । ਆਪਣੀ ਦ੍ਰਿਸ਼ਟ ਸੁਹਾਗਾ ਦੇਵੇ ਡਾਰ, ਕੰਚਨ ਆਪਣੇ ਰੰਗ ਰੰਗਾਇੰਦਾ । ਗੁਰਮੁਖਾਂ ਕਰੇ ਸਚ ਪਿਆਰ, ਸਚ ਸੁਹੰਜਣੀ ਸੇਜ ਸੁਹਾਇੰਦਾ । ਇਕ ਵਖਾਏ ਸਚ ਦਰਬਾਰ, ਜਗਤ ਨਾਤਾ ਤੋੜ ਤੁੜਾਇੰਦਾ । ਜੁਗ ਜੁਗ ਜੋਤ ਜਗੇ ਅਪਾਰ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਕਮਲਾਪਾਤੀ ਮੀਤ ਮੁਰਾਰ, ਘਰ ਮੰਦਰ ਆਪ ਵਖਾਇੰਦਾ । ਚਤੁਰਭੁਜ ਆਪਣੀਆਂ ਭੁਜਾਂ ਰਿਹਾ ਪਸਾਰ, ਇਸ਼ਟ ਆਪਣਾ ਰੂਪ ਵਟਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਪੰਚਮ ਜੇਠੀ ਦਿਵਸ ਵਿਚਾਰ, ਨੇਤਰ ਨੈਣੀ ਰੂਪ ਵਖਾਇੰਦਾ । ਜੁਗ ਜੁਗ ਵਿਛੜੇ ਮੇਲੇ ਯਾਰ, ਸਤਿਜੁਗ ਤ੍ਰੇਤਾ ਦੁਆਪਰ ਪੂਰਬ ਲਹਿਣਾ ਝੋਲੀ ਪਾਇੰਦਾ । ਸਾਚੀ ਸੇਵਾ ਕਰੇ ਕਰਤਾਰ, ਭਗਤ ਵਛਲ ਆਪਣਾ ਨਾਉਂ ਧਰਾਇੰਦਾ । ਫੜ ਫੜ ਪਾਥਰ ਜਾਏ ਤਾਰ, ਸਤੀ ਅਹਲਿਆ ਚਰਨ ਛੁਹਾਇੰਦਾ । ਰਾਮ ਨਾਮ ਬਲੀ ਬਲਕਾਰ, ਗੜ੍ਹ ਹੰਕਾਰੀ ਤੋੜ ਤੁੜਾਇੰਦਾ । ਭੀਲਣੀ ਕੁਲੱਖਣੀ ਕਰੇ ਪਾਰ, ਮੁਖ ਆਪਣੇ ਭੋਗ ਲਗਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਬਿਦਰ ਸੁਦਾਮਾ ਦਏ ਤਾਰ, ਦ੍ਰੋਪਦ ਲੱਜਿਆ ਆਪ ਰਖਾਇੰਦਾ । ਅਰਜਨ ਰਥ ਚਲਾਏ ਵਿਚ ਸੰਸਾਰ, ਰਥ ਰਥਵਾਹੀ ਆਪ ਅਖਵਾਇੰਦਾ । ਪੰਜੇ ਪਾਂਡੋ ਕਰ ਪਿਆਰ, ਪੰਚਮ ਆਪਣੇ ਰੰਗ ਰੰਗਾਇੰਦਾ । ਜਗਤ ਹੰਕਾਰੀ ਕਰ ਖਵਾਰ, ਦਰਯੋਧਨ ਦੁਸ਼ਟ ਮੁਕਾਇੰਦਾ । ਕਲਜੁਗ ਅੰਤਮ ਹੋ ਉਜਿਆਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਨਾਨਕ ਵਜਾਏ ਨਿਰਗੁਣ ਧਾਰ, ਸਤਿ ਸਤਿ ਸਰੰਗੀ ਹੱਥ ਫੜਾਇੰਦਾ । ਅਰਜਨ ਬਣਿਆ ਲੇਖ ਲਿਖਾਰ, ਬੋਧ ਅਗਾਧ ਸ਼ਬਦ ਜਣਾਇੰਦਾ । ਗੁਰੂ ਗੋਬਿੰਦ ਕਰ ਪਿਆਰ, ਪੰਚਮ ਨਾਤਾ ਜੋੜ ਜੁੜਾਇੰਦਾ । ਅੰਮ੍ਰਿਤ ਖੰਡਾ ਤੇਜ ਕਟਾਰ, ਸੀਸ ਦਸਤਾਰ ਆਪ ਸੁਹਾਇੰਦਾ । ਸਾਚੇ ਘੋੜੇ ਹੋ ਅਸਵਾਰ, ਸਾਚੇ ਮਾਰਗ ਆਪ ਰਖਾਇੰਦਾ । ਵੇਲੇ ਅੰਤਮ ਕਰੇ ਪੁਕਾਰ, ਪ੍ਰਭ ਅਬਿਨਾਸ਼ੀ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣਾ ਮੇਲ ਮਿਲਾਇੰਦਾ । ਸ਼ਬਦ ਸੁਣਾਏ ਸੱਚੀ ਧੁਨਕਾਰ, ਆਪ ਆਪਣਾ ਹੁਕਮ ਜਣਾਇੰਦਾ । ਚੌਥੇ ਜੁਗ ਖੇਲ ਅਪਾਰ, ਕਲਜੁਗ ਅੰਤਮ ਹਰਿ ਹਰਿ ਆਪ ਕਰਾਇੰਦਾ । ਪ੍ਰਗਟ ਹੋਵੇ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਰਚਨ ਰਚਾਇੰਦਾ । ਏਕਾ ਦੀਪਕ ਕਰ ਉਜਿਆਰ, ਤੇਲ ਬਾਤੀ ਨਾ ਕੋਇ ਪਾਇੰਦਾ । ਸ਼ਬਦ ਡੰਕਾ ਵਜਾਏ ਸਰਬ ਸੰਸਾਰ, ਰਾਓ ਰੰਕਾਂ ਆਪ ਉਠਾਇੰਦਾ । ਪੰਚਮ ਜੇਠ ਪਾਵੇ ਸਾਰ, ਨਿਰਗਣ ਸਰਗੁਣ ਮੇਲ ਮਿਲਾਇੰਦਾ । ਜਗਤ ਜਲੰਦੇ ਜਾਏ ਠਾਰ, ਪਾਪੀ ਗੰਦੇ ਮੇਟ ਮਿਟਾਇੰਦਾ । ਆਪਣੇ ਬੰਦੇ ਕਰੇ ਪਿਆਰ, ਆਤਮ ਅੰਧੇ ਦਰ ਦੁਰਕਾਇੰਦਾ । ਚੰਦ ਨੌ ਚੰਦ ਚੜ੍ਹੇ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਦਿਵਸ ਅਪਾਰ । ਪ੍ਰਗਟ ਹੋਇਆ ਆਪ ਨਿਰੰਕਾਰ, ਸਰਗੁਣ ਰੂਪ ਵਿਚ ਸੰਸਾਰ, ਸੰਸਾਰ ਸਾਗਰ ਵੇਖ ਵਖਾਈਆ । ਸੰਸਾਰ ਸਾਗਰ ਡੂੰਘੀ ਕੰਦਰ, ਜਗਤ ਅੰਧੇਰਾ ਛਾਇਆ । ਲੱਖ ਚੁਰਾਸੀ ਭੌਂਦੀ ਬੰਦਰ, ਮਨ ਮਨੂਆ ਨਾ ਕਿਸੇ ਬੰਧਾਇਆ । ਘਰ ਘਰ ਨਾ ਤੋੜਿਆ ਕਿਸੇ ਜੰਦਰ, ਤ੍ਰੈਗੁਣ ਮਾਇਆ ਬੰਧਨ ਪਾਇਆ । ਸਦਾ ਵਸੇਰਾ ਡੂੰਘੀ ਕੰਦਰ, ਗਿਆਨ ਦੀਪ ਨਾ ਕੋਈ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਮਿਲਾਇਆ । ਦਿਵਸ ਸੁਭਾਗਾ ਪੰਚਮ ਜੇਠ, ਲੋਕਮਾਤ ਵਡਿਆਈਆ । ਗ਼ਰੀਬ ਨਿਮਾਣੇ ਰੱਖੇ


੫੭੧

ਸਾਇਆ ਹੇਠ, ਜੋ ਜਨ ਆਏ ਸਰਨਾਈਆ । ਲੱਖ ਚੁਰਾਸੀ ਭੰਨੇ ਕੌੜੇ ਰੀਠ, ਮਿੱਠਾ ਰਸ ਨਾ ਕੋਈ ਵਖਾਈਆ । ਅੰਤਮ ਚਿੜੀਆਂ ਚੁਗਿਆ ਖੇਤ, ਚਾਰੋਂ ਕੁੰਟ ਸ੍ਰਿਸ਼ਟੀ ਸ੍ਰਿਸ਼ਟ ਦਏ ਦੁਹਾਈਆ । ਮਾਇਆ ਮਮਤਾ ਹੋਏ ਪ੍ਰੀਤ, ਜਗਤ ਜੀਵ ਨਾ ਸਕੇ ਕੋਈ ਬਚਾਈਆ । ਹਰਿ ਹਰਿ ਮਿਲਿਆ ਨਾ ਨੇਤਨ ਨੇਤ, ਨੇਤਰ ਨੈਣ ਨਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਤਾਰਿਆ, ਕਰ ਕਿਰਪਾ ਆਪ ਭਗਵਾਨ । ਲੱਖ ਚੁਰਾਸੀ ਗੇੜ ਨਿਵਾਰਿਆ, ਆਵਣ ਜਾਵਣ ਚੁੱਕੀ ਕਾਨ । ਇਕ ਵਸਾਏ ਸਚ ਦਵਾਰਿਆ, ਦਰ ਘਰ ਸਾਚੇ ਸਚ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਚਤਰ ਸੁਜਾਨ । ਹਰਿਜਨ ਚਤੁਰ ਸੁਜਾਨ, ਮੂਰਖ ਮੂੜ੍ਹੇ ਧੰਦੇ ਲਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਮਨ ਸ਼ੈਤਾਨ ਰਹਿਣ ਨਾ ਪਾਈਆ । ਆਤਮ ਉਪਜੇ ਇਕ ਗਿਆਨ, ਗੀਤਾ ਗਿਆਨ ਦਏ ਗਵਾਹੀਆ । ਮੇਲ ਮਿਲਾਏ ਸਾਚੇ ਰਾਮ, ਸੀਤਾ ਸੁਰਤੀ ਰਾਮ ਪਰਨਾਈਆ । ਏਕਾ ਸ਼ਬਦ ਸੁਣਾਏ ਕਾਨ, ਓਅੰ ਸੋਹੰ ਰੂਪ ਇਕ ਦਰਸਾਈਆ । ਇਕ ਵਖਾਏ ਸਚ ਨਿਸ਼ਾਨ, ਸਤਿਗੁਰ ਪੂਰਾ ਆਪ ਝੁਲਾਈਆ । ਏਕਾ ਪਾਏ ਆਪਣੀ ਆਣ, ਰਾਏ ਧਰਮ ਨਾ ਦਏ ਸਜਾਈਆ । ਵੇਲੇ ਅੰਤ ਕਰੇ ਪਛਾਣ, ਹਰਿਜਨ ਸਾਚੇ ਆਪਣੀ ਗੋਦ ਬਹਾਈਆ । ਸਤਿਗੁਰ ਪੂਰਾ ਸਦ ਮਿਹਰਵਾਨ, ਨਾ ਮਰੇ ਨਾ ਜਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਕਲਜੁਗ ਅੰਤਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦਿਵਸ ਪੰਚਮ ਦਿਹਾੜਾ, ਗੁਰਮੁਖ ਵੇਖੇ ਸਾਚਾ ਲਾੜਾ, ਕਰੇ ਪਰਕਾਸ਼ ਬਹੱਤਰ ਨਾੜਾ, ਕਾਇਆ ਮੰਦਰ ਸਚ ਅਖਾੜਾ, ਗੋਪੀ ਕਾਹਨ ਆਪ ਨਚਾਈਆ । ਗੋਪੀ ਕਾਹਨ ਹਰਿ ਹਰਿ ਮੇਲਾ, ਸੁਰਤੀ ਸ਼ਬਦ ਮਿਲਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਰੰਗ ਸਮਾਇੰਦਾ । ਆਦਿ ਜੁਗਾਦੀ ਸੱਜਣ ਸੁਹੇਲਾ, ਨਿਤ ਨਵਿਤ ਆਪਣਾ ਵੇਸ ਵਟਾਇੰਦਾ । ਆਪੇ ਜਾਣੇ ਆਪਣਾ ਵਕਤ ਵੇਲਾ, ਵੇਦ ਕਤੇਬ ਨਾ ਕੋਈ ਲਿਖਾਇੰਦਾ । ਕਲਜੁਗ ਅੰਤਮ ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਨਿਰਗੁਣ ਨੂਰ ਜੋਤ ਜਗਾਇੰਦਾ । ਆਪੇ ਵਸੇ ਧਾਮ ਨਵੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਦਿਵਸ ਸੁਭਾਗਾ, ਗੁਰਮੁਖ ਵਿਰਲਾ ਸੋਇਆ ਜਾਗਾ, ਜਿਸ ਜਨ ਆਪ ਜਗਾਇੰਦਾ । ਗੁਰਸਿਖ ਸਾਚਾ ਜਾਗਿਆ, ਜਗਾਵਣਹਾਰ ਆਪ ਨਿਰੰਕਾਰ । ਸਚ ਸਰਨਾਈ ਏਕਾ ਲਾਗਿਆ, ਨਾਤਾ ਤੋੜ ਸਰਬ ਸੰਸਾਰ । ਹੰਸ ਬਣਿਆ ਦਰ ਘਰ ਸਾਚੇ ਕਾਗਿਆ, ਚਾਰੋਂ ਕੁੰਟ ਇਕ ਉਡਾਰ । ਮਨ ਸਿਮਰਤ ਇਕ ਵੈਰਾਗਿਆ, ਭਗਤੀ ਭਗਤ ਭਰੇ ਭੰਡਾਰ । ਦੁਰਮਤ ਮੈਲ ਧੋਵੇ ਦਾਗਿਆ, ਮਾਨਸ ਜਨਮ ਦਏ ਸਵਾਰ । ਆਪ ਚੜ੍ਹਾਏ ਸਚ ਜਹਾਜਿਆ, ਬੇੜਾ ਪਾਰ ਕਰਾਏ ਵਿਚ ਮੰਝਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਪਾਰ ਕਿਨਾਰਾ ਦਿਸੇ ਘਾਟ, ਪੱਤਨ ਬੈਠਾ ਸਾਚਾ ਮਾਹੀਆ । ਕਲਜੁਗ ਅੰਤਮ ਨੇੜੇ ਆਈ ਵਾਟ, ਪਾਂਧੀ ਭੁੱਲੇ ਜਗਤ ਰਾਹੀਆ । ਬਿਨ ਹਰਿ ਕੋਈ ਨਾ ਸੋਏ ਆਤਮ ਸੇਜਾ ਖਾਟ, ਸਾਚੀ ਸੇਜ ਨਾ ਕੋਈ ਹੰਢਾਈਆ । ਕਲਜੁਗ ਸਵਾਂਗੀ ਨਟੂਆ ਖੇਲ ਕਰੇ ਨਾਟ, ਘਰ ਘਰ ਆਪਣਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵਖਾਏ ਏਕਾ ਹਾਟ, ਦਰ ਦਰਵਾਜ਼ਾ ਆਪ ਵਖਾਈਆ । ਏਕਾ ਹਾਟ ਹਰਿ ਹਰਿ ਖੋਲ੍ਹਿਆ, ਨੌ ਖੰਡ ਪ੍ਰਿਥਮੀ ਬੋਲ ਜੈਕਾਰਾ । ਏਕਾ ਅੱਖਰ ਹਰਿ ਹਰਿ ਬੋਲਿਆ, ਸੋਹੰ ਸ਼ਬਦ ਸਚ ਜੈਕਾਰਾ । ਗਿਆਨ ਕੰਡੇ ਸਾਚੇ ਤੋਲਿਆ, ਤੋਲਣਹਾਰ

੫੭੨

ਆਪ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਕਰੇ ਪਿਆਰਾ । ਹਰਿਜਨ ਰਸੀਆ ਹਰਿ ਰੰਗ ਰਤੜਾ, ਕੰਚਨ ਰੰਗ ਸਮਾਏ । ਪੁਰਖ ਅਬਿਨਾਸ਼ੀ ਨਾ ਠੰਡਾ ਨਾ ਤੱਤੜਾ, ਸੀਤਲ ਧਾਰ ਰਖਾਏ । ਆਪਣੇ ਦਰ ਬੈਠਾ ਆਪਣੇ ਰੰਗ ਰਤੜਾ, ਰੰਗ ਰੰਗੀਲਾ ਮੋਹਣ ਮਾਧਵ ਆਪ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਵੀਹ ਸਦ ਬਿਕ੍ਰਮੀ ਸਤਾਰਾ, ਸਚ ਬਹਾਰਾ ਆਪ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਨਾਰੀ ਨਾਰਾ, ਬਿਰਧ ਬਾਲ ਜਵਾਨਾ, ਏਕਾ ਰੂਪ ਦਰਸਾਈਆ ।

## ੫ ਜੇਠ ੨੦੧੭ ਬਿਕ੍ਰਮੀ ਕਰਮ ਚੰਦ ਦੇ ਘਰ ਪਿੰਡ ਸ਼ੇਖ਼ਸਰ ਜੰਮੂ

ਹਰਿ ਭਗਤ ਸਦਾ ਤ੍ਰਿਪਤਾਸਿਆ, ਤੀਬਰ ਇਛਿਆ ਪੂਰ ਕਰਾਏ । ਹਰਿ ਭਗਤ ਬੁਝਾਏ ਪਿਆਸਿਆ, ਅੰਮ੍ਰਿਤ ਆਤਮ ਮੇਘ ਬਰਸਾਏ । ਹਰਿ ਭਗਤ ਲੇਖਾ ਜਾਣੇ ਸਵਾਸ ਸਵਾਸਿਆ, ਪਵਣ ਸਵਾਸ ਲੇਖ ਕਰਾਏ । ਹਰਿ ਭਗਤ ਉਡਾਏ ਪ੍ਰਿਥਮੀ ਅਕਾਸਿਆ, ਗਗਨ ਗਗਨੰਤਰ ਆਪ ਫਿਰਾਏ । ਹਰਿ ਭਗਤ ਮੇਲ ਮਿਲਾਵਾ ਸ਼ਾਹੋ ਸ਼ਾਬਾਸਿਆ, ਦਰਗਹਿ ਸਾਚੀ ਆਪ ਮਿਲਾਏ । ਹਰਿ ਭਗਤ ਨਿਝ ਘਰ ਸਾਚੇ ਕਰੇ ਵਾਸਿਆ, ਮਹੱਲ ਅਟੱਲ ਇਕ ਸੁਹਾਏ । ਹਰਿ ਭਗਤ ਮਾਨਸ ਜਨਮ ਹੋਏ ਰਹਿਰਾਸਿਆ, ਬਾਰਾਂ ਰਾਸੀ ਭੇਵ ਨਾ ਰਾਏ । ਹਰਿ ਭਗਤ ਨਾਤਾ ਤੁਟੇ ਦਸ ਦਸ ਮਾਸਿਆ, ਮਾਤ ਗਰਭ ਨਾ ਫੇਰਾ ਪਾਏ । ਹਰਿ ਭਗਤ ਆਦਿ ਜੁਗਾਦਿ ਨਾ ਕਦੇ ਵਿਨਾਸਿਆ, ਅਬਿਨਾਸ਼ੀ ਕਰਤਾ ਦਇਆ ਕਮਾਏ । ਹਰਿ ਭਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਏ । ਹਰਿ ਭਗਤ ਹਰਿ ਹਰਿ ਪਾਇਆ, ਏਕਾ ਰੰਗ ਬਸੰਤ । ਹਰਿ ਭਗਤ ਸਰਬ ਸੁਖਦਾਇਆ, ਪੁਰਖ ਅਬਿਨਾਸ਼ੀ ਮਿਲਿਆ ਕੰਤ । ਹਰਿ ਭਗਤ ਦਰ ਦਰਵਾਜ਼ਾ ਇਕ ਖੁਲ੍ਹਾਇਆ, ਘਰ ਸੱਜਣ ਸੋਭਾਵੰਤ । ਹਰਿ ਭਗਤ ਗ਼ਰੀਬ ਨਿਵਾਜ਼ ਇਕ ਮਿਲਾਇਆ, ਸ਼ਬਦ ਜਣਾਏ ਮਣੀਆ ਮੰਤ । ਹਰਿ ਭਗਤ ਏਕਾ ਅੱਖਰ ਨਾਮ ਦ੍ਰਿੜਾਇਆ, ਗੜ੍ਹ ਤੁਟਾ ਹਉਮੇ ਹੰਗਤ । ਹਰਿ ਭਗਤ ਲੱਖ ਚੁਰਾਸੀ ਸੰਗਲ ਆਪ ਤੁੜਾਇਆ, ਮੇਲ ਮਿਲਾਵਾ ਸਾਚੇ ਸੰਤ । ਹਰਿ ਭਗਤ ਸਾਚਾ ਮੰਗਲ ਹਰਿ ਹਰਿ ਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਆਦਿ ਅੰਤ । ਹਰਿ ਭਗਤ ਹਰਿ ਭੇਟਿਆ, ਨਿਰਗੁਣ ਰੂਪ ਨਿਰਾਕਾਰ । ਹਰਿ ਭਗਤ ਸਾਚਾ ਬੇਟਿਆ, ਮਾਤ ਪਿਤ ਇਕ ਕਰਤਾਰ । ਹਰਿ ਭਗਤ ਸੇਜਾ ਸਾਚੀ ਲੇਟਿਆ, ਸਚ ਸਿੰਘਾਸਣ ਅਪਰ ਅਪਾਰ । ਹਰਿ ਭਗਤ ਮਿਲਿਆ ਖੇਵਟ ਖੇਟਿਆ, ਇਕ ਇਕੱਲਾ ਏਕੰਕਾਰ । ਹਰਿ ਭਗਤ ਮਿੱਠਾ ਹੋਏ ਕੌੜਾ ਰੀਠਿਆ, ਅੰਮ੍ਰਿਤ ਭਰਿਆ ਆਪ ਭੰਡਾਰ । ਹਰਿ ਭਗਤ ਆਪਣੇ ਨੇਤਰ ਹਰਿ ਹਰਿ ਆਪੇ ਵੇਖਿਆ, ਆਪਣਾ ਲੋਚਣ ਸਚ ਉਘਾੜ । ਹਰਿ ਭਗਤ ਹਰਿ ਕੱਢੇ ਭਰਮ ਭੁਲੇਖਿਆ, ਘਰ ਮੰਦਰ ਦੀਪਕ ਜੋਤ ਕਰ ਉਜਿਆਰ । ਹਰਿ ਭਗਤ ਦਰਸ਼ਨ ਪਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਸ਼ਿਵ ਸ਼ੰਕਰ ਕਰੇ ਪਿਆਰ । ਹਰਿ ਭਗਤ ਸਦਾ ਅਦੇਸਿਆ, ਮਰੇ ਨਾ ਜੰਮੇ ਵਿਚ ਸੰਸਾਰ । ਹਰਿ ਜੋਤੀ ਜੋਤ ਪ੍ਰਵੇਸ਼ਿਆ, ਏਕਾ ਸ਼ਬਦ ਰਾਗ ਸੁਣਾਏ ਸੱਚੀ ਧੁਨਕਾਰ । ਹਰਿ ਭਗਤ ਮੇਲ ਮਿਲਾਇਆ ਨਰ ਨਰੇਸ਼ਿਆ, ਸਾਚੇ ਤਖ਼ਤ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਦੇਵੇ ਨਾਮ ਭੰਡਾਰ । ਹਰਿ ਭਗਤ ਸਹਿਜ ਸੁਖਦਾਇਆ,

ਘਰ ਸਾਚੇ ਵੱਜੀ ਵਧਾਈਆ । ਹਰਿ ਭਗਤ ਤ੍ਰੈਗੁਣ ਮਾਇਆ ਫੰਦਨ ਤੋੜ ਤੁੜਾਇਆ, ਆਤਮ ਬ੍ਰਹਮ ਕਰੀ ਕੁੜਮਾਈਆ । ਹਰਿ ਭਗਤ ਸਾਚਾ ਛੰਦਨ ਏਕਾ ਗਾਇਆ, ਰਸਨਾ ਜਿਹਵਾ ਏਕਾ ਗੁਣ ਵਖਾਈਆ । ਹਰਿ ਭਗਤ ਪਰਮਾਨੰਦਨ ਆਪ ਸਮਾਇਆ, ਨਿਜਾਨੰਦ ਨਿਝ ਘਰ ਆਪ ਚਵਾਇਆ । ਹਰਿ ਭਗਤਨ ਝੂਠਾ ਬੰਧਨ ਆਪ ਤੁੜਾਇਆ, ਮਾਇਆ ਮਮਤਾ ਕੱਟੀ ਫਾਹੀਆ । ਹਰਿ ਭਗਤ ਏਕਾ ਦਰਸ਼ਨ ਹਰਿ ਹਰਿ ਪਾਇਆ, ਭਗਤ ਕਬੀਰ ਦਏ ਗਵਾਹੀਆ । ਉਚ ਮਹੱਲੇ ਚੜ੍ਹ ਚੜ੍ਹ ਢੋਲਾ ਗਾਇਆ, ਆਪ ਆਪਣਾ ਰਾਗ ਸੁਣਾਈਆ । ਏਕਾ ਸਾਚਾ ਬੰਕ ਸੁਹਾਇਆ, ਕੰਚਨ ਗੜ੍ਹ ਨਾਉਂ ਧਰਾਈਆ । ਪੁਰਖ ਅਬਿਨਾਸ਼ੀ ਲੜ ਬੰਧਾਇਆ, ਨਾ ਕੋਇ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਵੇਖੇ ਥਾਉਂ ਥਾਈਆ । ਹਰਿ ਭਗਤ ਸਚ ਭੰਡਾਰ, ਪੁਰਖ ਅਬਿਨਾਸ਼ੀ ਆਪ ਵਰਤਾਇੰਦਾ । ਦਾਤਾ ਦਾਨੀ ਦੇਵਣਹਾਰ, ਅਤੋਟ ਅਤੁਟ ਆਪ ਵਖਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਲੋਕਮਾਤ ਆਪ ਕਰਾਇੰਦਾ । ਆਪਣੀ ਬਾਣੀ ਕਰ ਤਿਆਰ, ਸਚ ਸਵਾਣੀ ਆਪ ਉਠਾਇੰਦਾ । ਸ਼ਬਦ ਹਾਣੀ ਮੇਲ ਭਤਾਰ, ਸਾਚਾ ਜੋੜਾ ਜੋੜ ਜੁੜਾਇੰਦਾ । ਨਿਰਗੁਣ ਬੰਨ੍ਹੇ ਆਪਣੀ ਧਾਰ, ਧਾਰ ਧਾਰ ਵਿਚੋਂ ਆਪ ਕਢਾਇੰਦਾ । ਸਾਰ ਸ਼ਬਦ ਏਕੰਕਾਰ, ਸਾਰੰਗ ਧਰ ਆਪ ਆਪਣੀ ਕਲ ਵਰਤਾਇੰਦਾ । ਸਰਗੁਣ ਅੰਦਰ ਨਿਰਗੁਣ ਵੜ, ਆਪ ਆਪਣਾ ਮੁਖ ਛੁਪਾਇੰਦਾ । ਆਪਣਾ ਖੋਲ੍ਹ ਆਪ ਕਿਵਾੜ, ਆਪ ਆਪਣੀ ਧੁਨ ਸੁਣਾਇੰਦਾ । ਆਪੇ ਅੰਦਰ ਆਪੇ ਆਏ ਬਾਹਰ, ਰੂਪ ਰੰਗ ਨਾ ਕੋਇ ਵਖਾਇੰਦਾ । ਰਸਨਾ ਜਿਹਵਾ ਸੇਵ ਕਰੇ ਅਪਾਰ, ਬੱਤੀ ਦੰਦ ਆਪ ਹਿਲਾਇੰਦਾ । ਗੁਣ ਅਵਗੁਣ ਨਾ ਕਰੇ ਕੋਈ ਵਿਚਾਰ, ਨਿਰਗੁਣ ਸਰਗੁਣ ਏਕਾ ਰੂਪ ਦਰਸਾਇੰਦਾ । ਭਗਤਨ ਅੰਦਰ ਮੀਤ ਮੁਰਾਰ, ਬਹਿ ਬਹਿ ਆਸਣ ਲਾਇੰਦਾ । ਲੇਖਾ ਜਾਣੇ ਰਵਦਾਸ ਚੁਮਿਆਰ, ਕਾਇਆ ਚਮੜਾ ਆਪ ਹੰਢਾਇੰਦਾ । ਬਾਲਮੀਕ ਵੇਖ ਬਟਵਾਰ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਅੰਦਰ ਰੱਖ ਸੱਚੀ ਸਤਾਰ, ਸਤਿ ਸਤਿਵਾਦੀ ਆਪ ਵਜਾਇੰਦਾ । ਨਾਨਕ ਪ੍ਰਗਟ ਕਰੀ ਵਿਚ ਸੰਸਾਰ, ਏਕੰਕਾਰਾ ਆਪੇ ਗਾਇੰਦਾ । ਸਾਚਾ ਸਾਰੰਗਾ ਹੋ ਉਜਿਆਰ, ਆਪ ਆਪਣੀ ਸੁਰ ਸੁਣਾਇੰਦਾ । ਲੇਖਾ ਧੁਰ ਦਰਬਾਰ, ਧੁਰ ਦਰਬਾਰੀ ਆਪ ਅਲਾਇੰਦਾ । ਭਗਤਨ ਅੰਦਰ ਕਰ ਵਿਚਾਰ, ਡੂੰਘੀ ਗਾਰ ਖੇਲ ਖਿਲਾਇੰਦਾ । ਭੇਵ ਨਾ ਪਾਏ ਕੋਈ ਜੀਵ ਗਵਾਰ, ਕਵਣ ਰੂਪ ਹਰਿ ਵਟਾਇੰਦਾ । ਕਲਜੁਗ ਅੰਤਮ ਖੇਲ ਸੱਚੀ ਸਰਕਾਰ, ਸਾਖਯਾਤ ਆਪਣੀ ਬਣਤ ਬਣਾਇੰਦਾ । ਰੂਪ ਨਾ ਦਿਸੇ ਨਰ ਨਾਰ, ਨਰ ਨਰਾਇਣ ਵੇਖ ਵਖਾਇੰਦਾ । ਹਰਿਜਨ ਸਾਚੇ ਲਏ ਉਭਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਪੂਰਬ ਕਰਮ ਲਹਿਣਾ ਕਰ ਵਿਚਾਰ, ਤਨ ਬਸਤਰ ਗਹਿਣਾ ਏਕਾ ਪਾਇੰਦਾ । ਦਰਸ਼ਨ ਨੈਣਾਂ ਗਿਰਵਰ ਗਿਰਧਾਰ, ਘਰ ਮੰਦਰ ਆਪ ਵਖਾਇੰਦਾ । ਕਰਮ ਕੁਕਰਮਾਂ ਕਰੇ ਵਿਚਾਰ, ਨੇਹਕਰਮੀ ਆਪਣਾ ਕਰਮ ਆਪ ਕਰਾਇੰਦਾ । ਬੇੜੀ ਸੰਗ ਲੋਹਾ ਜਾਏ ਤਾਰ, ਜਗਤ ਭਾਰ ਨਾਲ ਉਠਾਇੰਦਾ । ਜਿਸ ਜਨ ਕਰਿਆ ਦਰਸ ਸੱਚਾ ਦੀਦਾਰ, ਦੀਦ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਮਿਹਰਵਾਨ, ਸਿਰ ਆਪਣਾ ਹੱਥ ਰਖਾਇੰਦਾ ।

## ✻ ੫ ਜੇਠ ੨੦੧੭ ਬਿਕ੍ਰਮੀ ਸਰਦਾਰਾ ਸਿੰਘ ਦੇ ਘਰ ਜੰਮੂ ✻

ਘਰ ਮੰਦਰ ਬੰਕ ਦਵਾਰੜਾ, ਗ੍ਰਿਹ ਭੀਤਰ ਆਪ ਵਸਾਈਆ । ਘਰ ਸੱਜਣ ਮੀਤ ਮੁਰਾਰੜਾ, ਹਰਿ ਬੈਠਾ ਬੇਪਰਵਾਹੀਆ । ਘਰ ਕਰੇ ਸਚ ਪਿਆਰੜਾ, ਜਨ ਸਾਜਣ ਮੇਲ ਮਿਲਾਈਆ । ਘਰ ਚਾੜ੍ਹੇ ਰੰਗ ਅਪਾਰੜਾ, ਰੰਗ ਮਜੀਠੀ ਇਕ ਰੰਗਾਈਆ । ਘਰ ਕਰੇ ਹਰਿ ਸ਼ਿੰਗਾਰੜਾ, ਸੋਲਾਂ ਸ਼ਿੰਗਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਸੋਭਾ ਪਾਈਆ । ਗ੍ਰਿਹ ਮੰਦਰ ਹਰਿ ਹਰਿ ਸਜਿਆ, ਗੁਰਮਤ ਗੁਰ ਗਹਿਰ ਗੰਭੀਰ । ਘਰ ਮੰਦਰ ਤਾਲ ਵੱਜਿਆ, ਵਜਾਵਣਹਾਰਾ ਗੁਣੀ ਗਹੀਰ । ਘਰ ਗੜ੍ਹ ਹੰਕਾਰੀ ਭੱਜਿਆ, ਘਰ ਪਾਇਆ ਅੰਮ੍ਰਿਤ ਸੀਰ । ਘਰ ਪਰਦਾ ਆਪਣਾ ਕੱਜਿਆ, ਘਰ ਮਿਟੇ ਤਕਦੀਰ ਤਕਸੀਰ । ਘਰ ਰੱਖਣਹਾਰਾ ਲੱਜਿਆ, ਘਰ ਲੇਖਾ ਜਾਣੇ ਸ਼ਾਹ ਫ਼ਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਚੋਟੀ ਚੜ੍ਹ ਅਖੀਰ । ਘਰ ਮੰਦਰ ਸੋਹਣਾ ਸੋਭਾਵੰਤ, ਘਰ ਸੱਚੀ ਮਹੱਲ ਅਟਾਰੀਆ । ਘਰ ਬੈਠਾ ਸ੍ਰੀ ਭਗਵੰਤ, ਅਕਲ ਕਲ ਕਲ ਆਪਣੀ ਧਾਰੀਆ । ਘਰ ਲੇਖਾ ਆਦਿ ਅੰਤ, ਘਰ ਜੁਗ ਜੁਗ ਪੈਜ ਸਵਾਰੀਆ । ਘਰ ਸ਼ਬਦ ਅਨਡਿਠੜਾ ਮੰਤ, ਘਰ ਸ਼ਬਦ ਸੱਚੀ ਧੁਨਕਾਰੀਆ । ਘਰ ਮਹਿਮਾ ਹਰਿ ਬੇਅੰਤ, ਘਰ ਰੂਪ ਅਗੰਮ ਅਪਾਰੀਆ । ਘਰ ਮੇਲਾ ਸਾਚੇ ਕੰਤ, ਘਰ ਮੇਲਾ ਸ਼ਾਹ ਸਰਕਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਬਣੇ ਆਪ ਪੁਜਾਰੀਆ । ਗ੍ਰਿਹ ਮੰਦਰ ਘਰ ਘਰ ਪਾਠ, ਸਚ ਪੂਜਾ ਆਪ ਕਰਾਇੰਦਾ । ਘਰ ਮੰਦਰ ਮਾਰੇ ਸਰੋਵਰ ਠਾਠ, ਸਰ ਅੰਮ੍ਰਿਤ ਆਪ ਵਖਾਇੰਦਾ । ਘਰ ਨੂਰੋ ਨੂਰ ਨੁਰਾਨੀ ਜੋਤ ਲਿਲਾਟ, ਘਰ ਦੇਵੀ ਦੇਵਾ ਇਸ਼ਟ ਮਨਾਇੰਦਾ । ਘਰ ਸ਼ਬਦ ਅਨਾਹਦ ਨਾਦ, ਘਰ ਅਨਹਤ ਸੇਵ ਕਮਾਇੰਦਾ । ਘਰ ਖੇਲ ਪੁਰਖ ਸਮਰਾਥ, ਘਰ ਢੋਲ ਮਰਦੰਗ ਵਜਾਇੰਦਾ । ਘਰ ਉਪਜਾਏ ਸਾਚੀ ਗਾਥ, ਘਰ ਬੋਧ ਅਗਾਧ ਸੁਣਾਇੰਦਾ । ਘਰ ਮੇਲ ਤ੍ਰੈਲੋਕੀ ਨਾਥ, ਘਰ ਸਖੀਆਂ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦਵਾਰਾ ਇਕ ਸੁਹਾਇੰਦਾ । ਘਰ ਮੰਦਰ ਸੋਹੇ ਬੰਕ, ਹਰਿ ਸਾਚਾ ਆਪ ਸੁਹਾਇੰਦਾ । ਘਰ ਬੁਝਾਏ ਏਕਾ ਅੰਕ, ਏਕਾ ਅੱਖਰ ਨਾਮ ਪੜ੍ਹਾਇੰਦਾ । ਘਰ ਮੇਟੇ ਭਰਮਾ ਸ਼ੰਕ, ਸਹਿੰਸਾ ਰੋਗ ਆਪ ਚੁਕਾਇੰਦਾ । ਘਰ ਭਗਤ ਬਣਾਏ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇੰਦਾ । ਘਰ ਮੇਲਾ ਵਾਸੀ ਪੁਰੀ ਘਨਕ, ਘਨੀ ਸ਼ਾਮ ਵੇਖ ਵਖਾਇੰਦਾ । ਘਰ ਜੋਤੀ ਸ਼ਬਦੀ ਲਾਏ ਤਨਕ, ਘਰ ਤ੍ਰੀਮਤ ਤੁਰੀਆ ਵੇਸ ਵਟਾਇੰਦਾ । ਘਰ ਮਰਦੰਗ ਵਜਾਏ ਡੰਕ, ਡੌਰੂ ਆਪਣੇ ਹੱਥ ਉਠਾਇੰਦਾ । ਘਰ ਲੇਖਾ ਘਰ ਸਾਚਾ ਅੰਕ, ਨਿਤ ਨਵਿਤ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਗ੍ਰਿਹ ਮੰਦਰ ਹਰਿ ਫੋਲਿਆ, ਉਚਾ ਬੰਕ ਦਵਾਰ । ਸਾਚੇ ਕੰਡੇ ਆਪੇ ਤੋਲਿਆ, ਪੁਰਖ ਅਬਿਨਾਸ਼ੀ ਤੋਲਣਹਾਰ । ਆਪਣੀ ਧਾਰਾ ਆਪੇ ਬੋਲਿਆ, ਸੋਹੰ ਸ਼ਬਦ ਸਚ ਜੈਕਾਰ । ਗ੍ਰਿਹ ਮੰਦਰ ਕਦੇ ਨਾ ਡੋਲਿਆ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਜਨ ਭਗਤਾਂ ਅੰਦਰ ਆਪੇ ਮੌਲਿਆ, ਨਿਰਗੁਣ ਜੋਤ ਕਰ ਉਜਿਆਰ । ਅੰਮ੍ਰਿਤ ਭਰੇ ਸਾਚਾ ਕਵਲਿਆ, ਉਲਟੀ ਨਾਭੀ ਦਏ ਫੁਹਾਰ । ਆਪੇ ਹੋਏ ਕਲਾ ਸੋਲਿਆ, ਆਪੇ ਕਲ ਕਲਕੀ ਲਏ ਅਵਤਾਰ । ਆਪੇ ਬਦਲੇ ਆਪਣਾ ਚੋਲਿਆ, ਚੋਲੇ ਰੰਗੇ ਗੁਰਮੁਖ ਮੀਤ ਮੁਰਾਰ । ਆਪ ਮਿਟਾਏ ਪਰਦਾ ਉਹਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਵੇਖੇ ਬੰਕ ਸੱਚਾ ਘਰ ਬਾਰ । ਘਰ ਬਾਰ ਹਰਿ ਹਰਿ ਪੇਖਿਆ, ਕਾਇਆ ਗੜ੍ਹ ਮਹੱਲ । ਆਪੇ ਲਿਖਣਹਾਰਾ ਲੇਖਿਆ, ਬੈਠਾ ਨੇਹਚਲ ਧਾਮ ਅਟੱਲ । ਆਪੇ ਲੇਖਾ ਜਾਣੇ ਦਸ ਦਸਮੇਸਿਆ, ਆਪੇ ਭਰਮ ਭੁਲੇਖਾ ਪਾਏ ਵਲ ਛਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦੁਆਰਾ ਆਪੇ ਬੈਠਾ ਮੱਲ । ਬੰਕ ਦੁਆਰਾ ਸਚ ਸਿੰਘਾਸਣ, ਹਰਿ ਹਰਿ ਸਾਚਾ ਸੋਭਾ ਪਾਈਆ । ਕਰੇ ਖੇਲ ਪ੍ਰਿਥਮੀ ਅਕਾਸ਼ਣ, ਸ਼ਾਹ ਸ਼ਾਬਾਸ਼ਣ ਵਡ ਵਡਿਆਈਆ । ਹਰਿਜਨ ਲੇਖਾ ਜਾਣੇ ਰਸਨ ਸਵਾਸਣ, ਅੰਤਰ ਆਤਮ ਬੂਝ ਬੁਝਾਈਆ । ਨਿਝ ਘਰ ਆਤਮ ਕਰ ਕਰ ਵਾਸਣ, ਘਰ ਮੰਦਰ ਦਏ ਸੁਹਾਈਆ । ਹਰਿ ਭਗਤ ਨਾ ਹੋਏ ਕਦੇ ਉਦਾਸਣ, ਚਿੰਤਾ ਸੋਗ ਨਾ ਕੋਈ ਵਖਾਈਆ । ਮਾਨਸ ਜਨਮ ਕਰੇ ਰਹਿ ਰਾਸਨ, ਅਜੂਨੀ ਅਜੂਨ ਨਾ ਕੋਈ ਭਵਾਈਆ । ਭਗਤ ਸੁਹੇਲਾ ਸਦਾ ਦਾਸੀ ਦਾਸਣ, ਦਿਵਸ ਰੈਣ ਪੀਸਣ ਪੀਸ ਸੇਵ ਕਮਾਈਆ । ਹਰਿਜਨ ਸਾਚੇ ਸਦ ਬਲ ਬਲ ਜਾਸਣ, ਜਿਸ ਪਾਇਆ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹਿ ਮੰਦਰ ਘਰ ਕਰੇ ਪਵਿਤ, ਅੰਮ੍ਰਿਤ ਰਸ ਸਾਚਾ ਸਿੰਚ, ਫਲ ਫੁੱਲ ਫੁਲਵਾੜੀ ਆਪ ਮਹਿਕਾਈਆ ।

## ੫ ਜੇਠ ੨੦੧੭ ਬਿਕ੍ਰਮੀ ਮਿਹਰ ਸਿੰਘ ਦੇ ਘਰ ਸ਼ੇਖ਼ਸਰ ਜੰਮੂ

ਹਰਿ ਸ਼ਬਦ ਸੱਚਾ ਗੁਰਦੇਵ, ਏਕਾ ਇਸ਼ਟ ਸਰਬ ਦਰਸਾਈਆ । ਪੁਰਖ ਅਬਿਨਾਸ਼ੀ ਅਲੱਖ ਅਭੇਵ, ਜੁਗ ਜੁਗ ਆਪਣਾ ਖੇਲ ਕਰਾਈਆ । ਆਦਿ ਨਿਰੰਜਣ ਵਡ ਦੇਵੀ ਦੇਵ, ਸ਼ਾਹ ਸੁਲਤਾਨ ਬੇਪਰਵਾਹੀਆ । ਆਪੇ ਜਾਣੇ ਆਪਣੀ ਸੇਵ, ਸੇਵਕ ਸੇਵਾ ਸਚ ਵਖਾਈਆ । ਨਾਮ ਜਪਾਏ ਰਸਨਾ ਜੇਹਵ, ਗੁਣਵੰਤ ਵਡ ਵਡਿਆਈਆ । ਕੌਸਤਕ ਮਣੀਆ ਮਸਤਕ ਲਾਏ ਥੇਵ, ਨੂਰੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਅਗੰਮ ਅਥਾਹ, ਸਾਚੀ ਸੇਵਾ ਹਰਿ ਮਿਹਰਬਾਨ, ਹਰਿਜਨ ਇਕ ਸਮਝਾਈਆ । ਰਸਨਾ ਜਿਹਵਾ ਗੁਣ ਨਿਧਾਨ, ਏਕਾ ਏਕ ਧਿਆਈਆ । ਏਕਾ ਇਸ਼ਟ ਦੋ ਜਹਾਨ, ਸ੍ਰਿਸ਼ਟ ਸਬਾਈ ਆਪ ਵਖਾਈਆ । ਏਕਾ ਸਖੀ ਮਿਲੇ ਸਾਚਾ ਕਾਹਨ, ਏਕਾ ਬੰਸਰੀ ਨਾਮ ਵਜਾਈਆ । ਏਕਾ ਦੇਵੇ ਸਚ ਗਿਆਨ, ਅੰਧ ਅੰਧੇਰ ਇਕ ਮਿਟਾਈਆ । ਏਕਾ ਬਖ਼ਸ਼ੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਾਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੇਵਕ ਸੇਵਾਦਾਰ, ਹਰਿਜਨ ਸਾਚੇ ਕਰੇ ਪਿਆਰ, ਭਗਤ ਵਛਲ ਹਰਿ ਵਡ ਗਿਰਧਾਰ, ਗਿਰਵਰ ਆਪਣਾ ਰੂਪ ਪ੍ਰਗਟਾਈਆ । ਕਾਇਆ ਮੰਦਰ ਸਚ ਦੁਆਰਾ, ਘਰ ਸੱਚਾ ਸੋਭਾ ਪਾਇੰਦਾ । ਕਰੇ ਖੇਲ ਅਪਰ ਅਪਾਰਾ, ਥਿਰ ਦਰਬਾਰਾ ਆਪ ਵਸਾਇੰਦਾ । ਉਚੀ ਕੂਕ ਬੋਲ ਜੈਕਾਰਾ, ਏਕਾ ਨਾਅਰਾ ਆਪੇ ਲਾਇੰਦਾ । ਸਾਰ ਸ਼ਬਦ ਕਰ ਪਸਾਰਾ, ਬ੍ਰਹਿਮਾਦਿ ਬ੍ਰਹਮ ਰਚਨ ਰਚਾਇੰਦਾ । ਆਪੇ ਬਖ਼ਸ਼ੇ ਸੁੱਤ ਦੁਲਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਆਪੇ ਵਣਜ ਕਰਾਏ ਬਣ ਵਣਜਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਵਕ ਹੋਏ ਸੇਵਾਦਾਰਾ, ਸੇਵਕ ਬਲ ਆਪਣਾ ਆਪ ਰਖਾਇੰਦਾ । ਸੇਵਕ ਸੇਵ ਬਲ ਏਕਾ ਧਾਰ, ਬਲੀ ਬਲਵਾਨ ਆਪ ਅਖਵਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਆਪ ਆਪਣਾ ਹੁਕਮ ਜਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਤਿਆਰ, ਆਪਣੀ ਵਸਤ ਵਿਚ ਟਿਕਾਇੰਦਾ ।

ਸੇਵਾ ਲਾਏ ਸੂਰਜ ਚੰਨ ਸਤਾਰ, ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਜਾਣੇ ਆਪਣੀ ਕਾਰ, ਕਰਤਾ ਕਾਦਰ ਆਪ ਕਰਾਇੰਦਾ । ਜਲ ਬਿੰਬ ਹਰਿ ਕਰ ਤਿਆਰ, ਧਰਤ ਧਵਲ ਆਪ ਟਿਕਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਇਕ ਪਿਆਰ, ਚਰਨ ਦਵਾਰ ਇਕ ਵਖਾਇੰਦਾ । ਤ੍ਰੈਗੁਣ ਮਾਇਆ ਦਰ ਵਰਤਾਰ, ਦਰ ਦਰ ਆਪਣੀ ਵੰਡ ਵੰਡਾਇੰਦਾ । ਲੱਖ ਚੁਰਾਸੀ ਖੇਲ ਨਿਆਰ, ਖ਼ਾਲਕ ਖ਼ਲਕ ਆਪਣੀ ਖੇਲ ਖਿਲਾਇੰਦਾ । ਘਰ ਮੰਦਰ ਸਾਚਾ ਕਰ ਤਿਆਰ, ਘਰ ਘਰ ਵਿਚ ਬਣਤ ਬਣਾਇੰਦਾ । ਡੂੰਘੀ ਕੰਦਰ ਖੇਲ ਅਪਾਰ, ਮਹੱਲ ਅਟੱਲ ਆਪ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਆਪ ਟਿਕਾਇੰਦਾ । ਘਰ ਮੰਦਰ ਹਰਿ ਰਖਿਆ, ਪ੍ਰਭ ਆਪਣਾ ਆਪ ਸੰਭਾਲ । ਆਦਿ ਜੁਗਾਦਿ ਕਿਸੇ ਨਾ ਲਖਿਆ, ਦੀਨਾ ਬੰਧਪ ਦੀਨ ਦਿਆਲ । ਬਿਨ ਹਰਿ ਭਗਤ ਨਾ ਕਿਸੇ ਪਰਖਿਆ, ਲੱਖ ਚੁਰਾਸੀ ਹੋਈ ਬੇਹਾਲ । ਸਤਿਗੁਰ ਬਿਨ ਗੁਰ ਮਾਰਗ ਕਿਸੇ ਨਾ ਦੱਸਿਆ, ਸਾਚੀ ਚਲੇ ਨਾ ਕੋਈ ਚਾਲ । ਕਾਲ ਮਹਾਂਕਾਲ ਚਰਨਾਂ ਹੇਠ ਝੱਸਿਆ, ਕਰੇ ਖੇਲ ਪੁਰਖ ਅਕਾਲ । ਗੁਰਮੁਖ ਵਿਰਲੇ ਹਿਰਦੇ ਅੰਦਰ ਵਸਿਆ, ਆਪ ਵਖਾਏ ਸੱਚੀ ਧਰਮਸਾਲ । ਨਿਰਗੁਣ ਸਰਗੁਣ ਪਿਛੇ ਫਿਰੇ ਨੱਸਿਆ, ਲੇਖਾ ਜਾਣੇ ਸ਼ਾਹ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਕਰਾਏ ਸਦਾ ਪ੍ਰਿਤਪਾਲ । ਪ੍ਰਿਤਪਾਲਕ ਪ੍ਰਿਤਪਾਲਦਾ, ਪ੍ਰਤਿਬਿੰਬ ਵੇਖ ਵਖਾਏ । ਰਾਹ ਜਾਣੇ ਕਾਲ ਮਹਾਂਕਾਲ ਦਾ, ਦੀਨ ਦਿਆਲ ਆਪਣਾ ਨਾਉਂ ਧਰਾਏ । ਫਾਹ ਤੋੜੇ ਜਗਤ ਜੰਜਾਲ ਦਾ, ਜਿਸ ਜਨ ਸਿਰ ਆਪਣਾ ਹੱਥ ਟਿਕਾਏ । ਆਪਣਾ ਦੀਪਕ ਆਪੇ ਬਾਲਦਾ, ਅਗਿਆਨ ਅੰਧੇਰਾ ਦਏ ਚੁਕਾਏ । ਗੁਰਮੁਖਾਂ ਆਪੇ ਸੁਰਤ ਸੰਭਾਲਦਾ, ਆਲਸ ਨਿੰਦਰਾ ਦਏ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਏ । ਘਰ ਸਾਚਾ ਹਰਿ ਸੁਹੰਜਣਾ, ਹੀਰੇ ਮੋਤੀ ਜੜਤ ਜੜਾਇਆ । ਘਰ ਬੈਠਾ ਆਦਿ ਨਿਰੰਜਣਾ, ਆਪ ਆਪਣਾ ਆਸਣ ਲਾਇਆ । ਜਿਸ ਜਨ ਮਿਲੇ ਸਾਚਾ ਸੱਜਣਾ, ਗ੍ਰਿਹਿ ਮੰਦਰ ਦਏ ਵਖਾਇਆ । ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਇਆ । ਕਾਲ ਨਗਾਰਾ ਸਭ ਦੇ ਸਿਰ ਤੇ ਵੱਜਣਾ, ਜੋ ਆਇਆ ਸੋ ਚਲ ਵਖਾਇਆ । ਕਲਜੁਗ ਅੰਤਮ ਸਿੰਘ ਸ਼ੇਰ ਦਲੇਰ ਹੋ ਹੋ ਗੱਜਣਾ, ਗੁਰਮੁਖ ਸਾਚੇ ਲਏ ਤਰਾਇਆ । ਆਪ ਆਪਣੇ ਚਰਨ ਦਵਾਰ ਕਰਾਏ ਮਜਨਾ, ਜੂਠਾ ਝੂਠਾ ਪੰਧ ਮੁਕਾਇਆ । ਗੁਰਮੁਖਾਂ ਵਿਚ ਬਹਿ ਬਹਿ ਆਪੇ ਸਜਣਾ, ਆਪਣੀ ਸੇਵ ਨੇਹਕੇਵ ਨਿਰਧਨ ਹੋ ਹੋ ਆਪ ਕਮਾਇਆ । ਹਰਿ ਸੰਗਤ ਤੇਰਾ ਦਰਸ ਕਰ ਕਰ ਹਰਿ ਹਰਿ ਰੱਜਣਾ, ਆਪਣੀ ਤ੍ਰਿਪਤ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਲੇ ਅੰਤ ਲਏ ਮਿਲਾਇਆ, ਅੰਤ ਮਿਲਾਵਾ ਅੰਤ ਕਾਲ, ਕਾਲ ਗਰਾਸ ਨਾ ਕੋਈ ਚਬਾਈਆ । ਅੰਤ ਮਿਲਾਵਾ ਅੰਤ ਲਏ ਸੰਭਾਲ, ਕਰੇ ਸੰਭਾਲ ਸਤਿਗੁਰ ਪੂਰਾ ਬੇਪਰਵਾਹੀਆ । ਅੰਤ ਮਿਲਾਵਾ ਆਪ ਉਠਾਏ ਆਪਣੇ ਲਾਲ, ਆਪ ਆਪਣੇ ਗਲੇ ਲਗਾਈਆ । ਅੰਤ ਲੇਖਾ ਵਖਾਏ ਸ਼ਾਹ ਕੰਗਾਲ, ਗੁਰਮੁਖ ਸ਼ਾਹ ਪਾਤਸ਼ਾਹ ਆਪ ਜਣਾਈਆ । ਲੱਖ ਚੁਰਾਸੀ ਵਿਚੋਂ ਭਾਲ, ਮਾਣਕ ਮੋਤੀ ਨਿਰਗੁਣ ਜੋਤੀ ਸੁਰਤੀ ਸੋਤੀ ਆਪ ਉਠਾਈਆ । ਲੱਭਦੇ ਫਿਰਦੇ ਕੋਟਨ ਕੋਟੀ, ਸਤਿਗੁਰ ਪੂਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨਮ ਜਨਮ ਦੀ ਕੱਢੇ ਵਾਸਨਾ ਖੋਟੀ, ਜਿਸ ਜਨ ਆਪਣੇ ਚਰਨ ਲਗਾਈਆ । ਗੁਰਮੁਖਾਂ ਉਤੋਂ ਵਾਰੇ ਆਪਣੀ ਬੋਟੀ ਬੋਟੀ, ਤਨ ਅਗਨੀ ਭੇਟ ਚੜ੍ਹਾਈਆ । ਨਿਰਗੁਣ ਹੋਏ ਚੜ੍ਹਿਆ ਚੋਟੀ, ਉਤਰ ਕਦੇ

ਨਾ ਜਾਈਆ । ਹੱਥ ਫੜਾਈ ਸੋਹੰ ਸੋਟੀ, ਚੋਰ ਯਾਰ ਠੱਗ ਕੋਇ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵਸਾਏ ਸਾਚੇ ਘਰ, ਦਰ ਦਵਾਰ ਦਵਾਰਕਾ ਆਪ ਖੁਲ੍ਹਾਈਆ । ਕਾਮ ਧੇਨ ਅੰਮ੍ਰਿਤ ਰਸ, ਹਰੀ ਹਰਿ ਨਾਮਾ ਆਪ ਸਮਝਾਈਆ । ਗਹਿਰ ਗੰਭੀਰ ਹੋਏ ਵਸ, ਸਤਿ ਸਰੂਪ ਦਏ ਕਰਾਈਆ । ਏਕਾ ਮਾਰਗ ਸਾਚਾ ਦੱਸ, ਦਰਦ ਦੁੱਖ ਭੈ ਭੰਜਣ ਦਇਆ ਕਮਾਈਆ । ਲੋਕਮਾਤ ਕਰਾਏ ਸਾਚਾ ਜਸ, ਅਪਜਸ ਖ਼ਾਕੀ ਖ਼ਾਕ ਮਿਲਾਈਆ । ਹਰੀ ਮੰਦਰ ਹਰਿ ਹਰਿ ਹਿਰਦੇ ਵਸ, ਹਰਿ ਕੀ ਪੌੜੀ ਦਏ ਚੜ੍ਹਾਈਆ । ਜੋ ਜਨ ਪ੍ਰਭ ਮਿਲਣ ਦੀ ਰੱਖੇ ਆਸ, ਕਰ ਕਿਰਪਾ ਮੇਲ ਮਿਲਾਈਆ । ਜਨਮ ਜਨਮ ਦੀ ਬੁੱਝੇ ਪਿਆਸ, ਤ੍ਰਿਸ਼ਨਾ ਤ੍ਰਿਪਤ ਆਪ ਵਖਾਈਆ । ਦਰ ਦਵਾਰ ਨਾ ਦਿਸੇ ਕੋਇ ਨਿਰਾਸ, ਨਿਰਧਨ ਸਰਧਨ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਮੁਖ ਚੁਆਈਆ । ਕਾਮ ਧੇਨ ਨਿਰਮਲ ਦੁੱਧ, ਹਰਿ ਅੰਮ੍ਰਿਤ ਰਸ ਚਖਾਇੰਦਾ । ਉਜਲ ਕਰੇ ਆਪੇ ਬੁੱਧ, ਬੁੱਧ ਬਿਬੇਕੀ ਰੂਪ ਵਟਾਇੰਦਾ । ਕਾਰਜ ਕਰੇ ਘਰ ਘਰ ਸੁੱਧ, ਸਤ ਰੋਗ ਸਰਬ ਚੁਕਾਇੰਦਾ । ਆਪਣਾ ਭੇਵ ਖੁਲ੍ਹਾਏ ਗੁੱਝ, ਮਾਇਆ ਪਰਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਲੇਖ ਗਿਣਾਇੰਦਾ । ਕਾਮ ਧੇਨ ਗ੍ਰਿਹਿ ਵਸੇ ਘਰ, ਹਰਖ਼ ਸੋਗ ਨਾ ਕੋਈ ਜਣਾਈਆ । ਨੀਤੀਵਾਨ ਦੇਵੇ ਵਰ, ਪ੍ਰੀਤੀ ਪਰਮ ਪੁਰਖ ਸਿਖਾਈਆ । ਕਾਇਆ ਸੀਤੀ ਸ਼ਬਦ ਗਿਆਨ, ਧਿਆਨ ਨਿਧਾਨ ਵਿਚ ਰਖਾਈਆ । ਸਤਿ ਸਰੂਪੀ ਇਕ ਬਿਬਾਨ, ਪਰਮ ਪੁਰਖ ਪਤਿਪਰਮੇਸ਼ਵਰ ਪਤ ਪਤਿਆਲਾ ਆਪ ਵਖਾਈਆ । ਹਰੀ ਹਰਿ ਹਰਿ ਕਰ ਪਛਾਣ, ਹਰਿ ਜੂ ਹਰਿ ਹਰਿ ਵੇਖ ਵਖਾਈਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਮ ਦਏ ਦ੍ਰਿੜਾਈਆ । ਏਕਾ ਨਾਮ ਨਿਧਾਨ ਨਿਰਬਾਣ, ਮਿਹਰਬਾਨ ਆਪ ਜਣਾਇੰਦਾ । ਅਵਣ ਗਵਣ ਪਵਣ ਕਰੇ ਪਛਾਣ, ਬਾਵਨ ਜੋਤੀ ਵੇਖ ਵਖਾਇੰਦਾ । ਦੀਨਾਂ ਅਨਾਥਾ ਦੇਵੇ ਦਾਨ, ਦਰਦ ਭੰਡਾਰੀ ਦਰਦ ਵੰਡਾਇੰਦਾ । ਕਿਰਪਾ ਕਰੇ ਸ਼ਾਹ ਸੁਲਤਾਨ, ਸਮਰਥ ਆਪਣੀ ਵਥ ਝੋਲੀ ਪਾਇੰਦਾ । ਚਿੰਤਾ ਰੋਗ ਸੋਗ ਸਰਬ ਮਿਟ ਜਾਣ, ਜੋ ਜਨ ਰਸਨਾ ਸੋਹੰ ਗਾਇੰਦਾ । ਲੇਖਾ ਦੱਸੇ ਸਰਬ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਛੁਹਾਏ ਸਾਚੇ ਘਰ, ਸਿਲ ਪਾਥਰ ਕਾਇਆ ਮਾਟੀ ਕਾਚੀ ਗਾਗਰ ਆਪ ਤਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਣਜ ਕਰਾਏ ਸੱਚਾ ਸੁਦਾਗਰ, ਸਾਚੀ ਵਸਤ ਏਕਾ ਹੱਟ ਵਿਕਾਇੰਦਾ ।



੫੭੮

੦੯

### ❊ ੫ ਜੇਠ ੨੦੧੭ ਬਿਕ੍ਰਮੀ ਤੇਜ ਭਾਨ ਦੇ ਘਰ ਸ਼ੇਖ਼ਸਰ ਜ਼ਿਲਾ ਜੰਮੂ ❊

ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਨਿਰਵੈਰ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਅਕਲ ਕਲ ਖੇਲ ਅਪਾਰ, ਆਦਿ ਜੁਗਾਦੀ ਆਪ ਖਿਲਾਇੰਦਾ । ਏਕੰਕਾਰਾ ਰੂਪ ਅਗੰਮ ਅਪਾਰ, ਅਲੱਖ ਅਲੱਖਣਾ ਆਪ ਵਖਾਇੰਦਾ । ਆਦਿ ਨਿਰੰਜਣ ਹੋ ਤਿਆਰ, ਸਤਿ ਸਰੂਪੀ ਆਪ ਦਰਸਾਇੰਦਾ । ਸ੍ਰੀ ਭਗਵਾਨ ਬਲ ਆਪਣਾ ਧਾਰ, ਦਰ ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਨਾ ਪੁਰਖ ਨਾ ਦਿਸੇ ਨਾਰ, ਆਪਣਾ ਤਤ ਆਪ ਉਪਾਇੰਦਾ । ਪਾਰਬ੍ਰਹਮ ਸ਼ਾਹੋ ਭੂਪ ਸੱਚੀ ਸਰਕਾਰ, ਸ਼ਾਹ ਸ਼ਹਾਨਾ ਨਾਉਂ ਵਟਾਇੰਦਾ । ਸਚ ਦੁਆਰਾ ਖੋਲ੍ਹ ਕਿਵਾੜ, ਸਚਖੰਡ ਆਪਣਾ ਤਖ਼ਤ ਸੁਹਾਇੰਦਾ । ਥਿਰ

ਘਰ ਮੰਦਰ ਪਾਵੇ ਸਾਰ, ਘਰ ਘਰ ਵਿਚ ਆਪ ਸੁਹਾਇੰਦਾ । ਬਾਢੀ ਬਣ ਆਪ ਨਿਰੰਕਾਰ, ਸਾਚੀ ਸੇਵਕ ਸੇਵ ਕਮਾਇੰਦਾ । ਸਚ ਸਿੰਘਾਸਣ ਕਰ ਤਿਆਰ, ਪਾਵਾ ਚੂਲ ਨਾ ਕੋਈ ਰਖਾਇੰਦਾ । ਆਸਣ ਲਾਏ ਧੁਰ ਦਰਬਾਰ, ਦਰਗਹਿ ਸਾਚੀ ਆਪ ਵਿਛਾਇੰਦਾ । ਨਾ ਕੋਈ ਦਿਸੇ ਚੋਬਦਾਰ, ਦਰ ਦਰਬਾਨ ਨਾ ਕੋਈ ਸੁਹਾਇੰਦਾ । ਇਕ ਇਕੱਲਾ ਹੋ ਉਜਿਆਰ, ਨੌਜਵਾਨ ਆਪਣਾ ਰੂਪ ਵਟਾਇੰਦਾ । ਆਪਣੀ ਇਛਿਆ ਆਪੇ ਕਰ ਵਿਚਾਰ, ਆਪਣੀ ਮੰਗਣ ਆਪ ਮੰਗਾਇੰਦਾ । ਆਪਣੀ ਸਿਖਿਆ ਦੇਵਣਹਾਰ ਸੱਚੀ ਸਰਕਾਰ, ਸਾਚਾ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਆਪ ਰਚਾਇੰਦਾ । ਸੋ ਪੁਰਖ ਨਿਰੰਜਣ ਸੁਤੇ ਪ੍ਰਕਾਸ਼, ਪਰਮ ਪੁਰਖ ਆਪ ਕਰਾਈਆ । ਹਰਿ ਪੁਰਖ ਨਿਰੰਜਣ ਸ਼ਾਹੋ ਸ਼ਬਾਸ਼, ਨਾ ਮਰੇ ਨਾ ਜਾਈਆ । ਏਕੰਕਾਰਾ ਪਾਵੇ ਰਾਸ, ਮੰਡਲ ਆਪਣੀ ਰਾਸ ਰਚਾਈਆ । ਆਦਿ ਨਿਰੰਜਣ ਰੱਖੇ ਵਾਸ, ਵਾਸ ਨਿਵਾਸਾ ਇਕ ਕਰਾਈਆ । ਸ੍ਰੀ ਭਗਵਾਨ ਦਾਸੀ ਦਾਸ, ਦਾਸਨ ਦਾਸ ਆਪ ਹੋ ਜਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਪ੍ਰਿਥਮੀ ਅਕਾਸ਼, ਆਪ ਆਪਣਾ ਰੂਪ ਵਟਾਈਆ । ਪਾਰਬ੍ਰਹਮ ਬ੍ਰਹਮ ਕਰ ਪ੍ਰਕਾਸ਼, ਜੋਤੀ ਜੋਤ ਜੋਤ ਜਗਾਈਆ । ਸਚਖੰਡ ਦਵਾਰਾ ਸਾਚੇ ਤਖ਼ਤ ਨਿਵਾਸ, ਨਿਰਗੁਣ ਬੈਠਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਦਏ ਉਸਾਰ, ਆਪ ਆਪਣਾ ਖੇਲ ਖਿਲਾਇੰਦਾ । ਸਚ ਮਹੱਲਾ ਅਗੰਮ ਅਪਾਰਾ, ਅਗੰਮ ਅਗੰਮੜਾ ਆਪ ਸੁਹਾਇੰਦਾ । ਉਚਾ ਟਿੱਲਾ ਕਰ ਤਿਆਰਾ, ਅਛਲ ਅਛੱਲ ਆਸਣ ਲਾਇੰਦਾ । ਚਾਰੋਂ ਕੁੰਟ ਨਾ ਕੋਈ ਦੀਵਾਰਾ, ਛੱਪਰ ਛੰਨ ਨਾ ਕੋਈ ਸੁਹਾਇੰਦਾ । ਏਕਾ ਦੀਪਕ ਕਰ ਉਜਿਆਰਾ, ਨਿਰਗੁਣ ਬਾਤੀ ਜੋਤ ਜਗਾਇੰਦਾ । ਸ਼ਹਿਨਸ਼ਾਹ ਸ਼ਾਹ ਬਣ ਸਿਕਦਾਰਾ, ਸ਼ਾਹ ਭੂਪ ਆਪ ਅਖਵਾਇੰਦਾ । ਆਪਣੇ ਰੰਗ ਰਵੇ ਕਰਤਾਰਾ, ਦੂਸਰ ਰੰਗ ਨਾ ਕੋਈ ਰੰਗਾਇੰਦਾ । ਆਪਣੀ ਇਛਿਆ ਆਪਣਾ ਕਰ ਪਸਾਰਾ, ਆਪੇ ਵੇਖ ਵਖਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਜਲਵਾ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਸਚਖੰਡ ਦਰਵਾਜ਼ਾ ਗ਼ਰੀਬ ਨਿਵਾਜ਼ਾ, ਏਕਾ ਏਕ ਰਖਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਲੇਖਾ ਜਾਣੇ ਬੇਪਰਵਾਹੀਆ । ਆਦਿ ਜੁਗਾਦੀ ਸਾਜਣ ਸਾਜਾ, ਸਚ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਸੋਭਾਵੰਤ, ਆਪੇ ਬੈਠ ਸ੍ਰੀ ਭਗਵੰਤ, ਭਗਵਨ ਆਪਣਾ ਰੂਪ ਦਰਸਾਈਆ । ਸਾਚੇ ਤਖ਼ਤ ਸਚ ਸੁਲਤਾਨ, ਹਰਿ ਸਾਚਾ ਆਪ ਸੁਹਾਇੰਦਾ । ਸਾਚਾ ਰੂਪ ਸ੍ਰੀ ਭਗਵਾਨ, ਘਰ ਸਾਚੇ ਆਪ ਪ੍ਰਗਟਾਇੰਦਾ । ਘਰ ਸਾਚੇ ਵੇਖੇ ਸਾਚਾ ਕਾਹਨ, ਘਰ ਸਾਚੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਸਚਖੰਡ ਦੁਆਰਾ ਏਕੰਕਾਰਾ, ਕਲ ਆਪਣੀ ਆਪ ਰਖਾਈਆ । ਨਿਰਗੁਣ ਜੋਤ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਆਪੇ ਬਣੇ ਭੂਪ ਸਿਕਦਾਰਾ, ਸ਼ਹਿਨਸ਼ਾਹ ਪਾਤਸ਼ਾਹ ਆਪ ਅਖਵਾਈਆ । ਆਪਣੀ ਘਾੜਤ ਘੜੇ ਬਣ ਸੁਨਿਆਰਾ, ਸਚ ਕੁਠਾਲੀ ਆਪ ਤਪਾਈਆ । ਆਪਣੀ ਜੋਤ ਲਾਏ ਅੰਗਿਆਰਾ, ਅਗਨੀ ਆਪਣੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸ਼ਾਹ ਨਵਾਬ, ਏਕਾ ਬੈਠਾ ਸੋਭਾ ਪਾਈਆ । ਸੋਭਾਵੰਤ ਹਰਿ ਭਗਵਾਨ, ਤਖ਼ਤ ਨਿਵਾਸੀ ਤਖ਼ਤ ਬਰਾਜਿਆ । ਆਪ ਝੁਲਾਏ ਸਚ ਨਿਸ਼ਾਨ, ਖੇਲੇ ਖੇਲ ਗ਼ਰੀਬ ਨਿਵਾਜ਼ਿਆ । ਆਪਣਾ ਦੇਵੇ

ਧੁਰ ਫ਼ਰਮਾਣ, ਸ਼ਬਦ ਅਗੰਮੀ ਮਾਰੇ ਵਾਜਿਆ । ਆਪੇ ਬਣੇ ਰਾਜ ਰਾਜਾਨ, ਆਪੇ ਰੱਖੇ ਆਪਣੀ ਲਾਜਿਆ । ਆਪੇ ਜੋਧਾ ਸੂਰਬੀਰ ਬਲੀ ਬਲਵਾਨ, ਆਪ ਸਵਾਰੇ ਆਪਣਾ ਕਾਜਿਆ । ਆਪੇ ਵੇਖੇ ਆਪਣਾ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੋਏ ਆਪ ਮੁਹਤਾਜਿਆ । ਸਾਚੇ ਘਰ ਉਚੇ ਮੰਦਰ ਚੜ੍ਹ, ਹਰਿ ਆਪਣਾ ਆਪ ਵੇਖ ਵਖਾਇੰਦਾ । ਆਪੇ ਅੱਗੇ ਬੈਠਾ ਖੜ੍ਹ, ਆਪ ਆਪਣਾ ਮੁਖ ਭਵਾਇੰਦਾ । ਆਪੇ ਆਪਣੀ ਵਿਦਿਆ ਰਿਹਾ ਪੜ੍ਹ, ਆਪੇ ਆਪਣਾ ਰਾਗ ਅਲਾਇੰਦਾ । ਆਪੇ ਆਪਣਾ ਘਾੜਨ ਘੜ, ਘੜਣ ਭੰਨਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸਚ ਸੰਦੇਸ਼, ਆਪ ਸੁਣਾਏ ਨਰ ਨਰੇਸ਼, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਨਰ ਨਰਾਇਣ ਹਰਿ ਨਾਉਂ ਰੱਖ, ਆਪਣਾ ਨੂਰ ਲਏ ਪਰਗਟਾਈਆ । ਆਪੇ ਸਾਖ਼ਯਾਤ ਹੋਏ ਪ੍ਰਤੱਖ, ਦਰ ਘਰ ਸਾਚੇ ਸੋਭਾ ਪਾਈਆ । ਆਪੇ ਖੇਲੇ ਖੇਲ ਅਲੱਖਣਾ ਅਲੱਖ, ਅਲੱਖ ਅਗੋਚਰ ਵਡ ਵਡਿਆਈਆ । ਆਪੇ ਆਪਣਾ ਮਾਰਗ ਦੱਸ, ਸਾਚਾ ਰਾਹ ਆਪ ਚਲਾਈਆ । ਆਪੇ ਆਪਣੇ ਅੰਦਰ ਵਸ, ਆਪਣਾ ਤਤ ਆਪ ਬੁਝਾਈਆ । ਆਪੇ ਆਪਣੇ ਸੰਗ ਰਿਹਾ ਹੱਸ, ਆਪ ਆਪਣੀ ਖ਼ੁਸ਼ੀ ਵਖਾਈਆ । ਆਪੇ ਗਾਏ ਆਪਣਾ ਜਸ, ਆਪਣਾ ਗੁਣ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ, ਅਕਲ ਕਲ ਧਾਰ ਆਪ ਚਲਾਈਆ । ਅਕਲ ਕਲ ਧਾਰਾ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਸਚਖੰਡ ਨਿਵਾਸਾ ਧੁਰ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸਾਚਾ ਰਾਣਾ ਬਣ ਸਿਕਦਾਰਾ, ਆਦਲ ਅਦਲੀ ਹੁਕਮ ਕਮਾਇੰਦਾ । ਏਕਾ ਘਰ ਸੋਹੇ ਦਰਬਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਗਣਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਆਪਣੀ ਬਣਤ ਆਪ ਬਣਾਈਆ । ਹਰਿ ਪੁਰਖ ਨਿਰੰਜਣ ਭਰ ਭੰਡਾਰ, ਏਕਾ ਵਸਤ ਰਿਹਾ ਵਖਾਈਆ । ਏਕੰਕਾਰਾ ਬਣ ਸੁਨਿਆਰ, ਸਾਚੀ ਘਾੜਤ ਰਿਹਾ ਘੜਾਈਆ । ਆਦਿ ਨਿਰੰਜਣ ਸਾਚਾ ਦੀਪਕ ਕਰ ਤਿਆਰ, ਏਕਾ ਜੋਤ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਜੜਤ ਜੜਾਏ ਅਗੰਮ ਅਪਾਰ, ਆਪਣਾ ਰੂਪ ਅਨੂਪ ਵਿਚ ਟਿਕਾਈਆ । ਪੰਚਮ ਬਣੇ ਸੇਵਾਦਾਰ, ਸਾਚੀ ਸੇਵਾ ਸਚ ਵਖਾਈਆ । ਪੰਚਮ ਮੁਖ ਕਰ ਤਿਆਰ, ਪੰਚਮ ਮੇਲਾ ਮੇਲ ਮਿਲਾਈਆ । ਸ੍ਰੀ ਭਗਵਾਨ ਸੋਹੇ ਦਰਬਾਰ, ਆਪਣੀ ਵਸਤ ਆਪ ਵਖਾਈਆ । ਪਾਰਬ੍ਰਹਮ ਕਰੇ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਘਾੜਤ ਆਪ ਘੜਾਈਆ । ਸੋ ਪੁਰਖ ਨਿਰੰਜਣ ਘਾੜਤ ਘੜ, ਆਪਣਾ ਆਪ ਦਰਸਾਇਆ । ਹਰਿ ਪੁਰਖ ਨਿਰੰਜਣ ਜੜਤੀ ਜੜ, ਲਾਲ ਅਮੋਲਕ ਵਿਚ ਟਿਕਾਇਆ । ਏਕੰਕਾਰਾ ਹੱਥੀਂ ਫੜ, ਆਪ ਆਪਣੇ ਹੱਥ ਉਠਾਇਆ । ਆਦਿ ਨਿਰੰਜਣ ਅੱਗੇ ਖੜ੍ਹ, ਸਾਚੀ ਦੇਵੇ ਸਿਫ਼ਤ ਸਲਾਹਿਆ । ਅਬਿਨਾਸ਼ੀ ਕਰਤਾ ਸੀਸ ਲਏ ਧਰ, ਦਰਗਹਿ ਸਾਚੀ ਸਗਨ ਮਨਾਇਆ । ਸ੍ਰੀ ਭਗਵਾਨ ਦੇਵੇ ਵਰ, ਵਾਹ ਵਾ ਆਪਣਾ ਸ਼ਬਦ ਸੁਣਾਇਆ । ਪਾਰਬ੍ਰਹਮ ਸਰਨ ਸਰਨਾਈ ਜਾਏ ਪੜ, ਦਰ ਦਰਵੇਸ਼ਾ ਅਲੱਖ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੀ ਖੇਲ ਖਿਲਾਇਆ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਸਾਚੀ ਬਣਤ ਬਣਾਈਆ । ਹਰਿ ਪੁਰਖ ਨਿਰੰਜਣ ਸੇਵਾਦਾਰਾ, ਘਰ ਸਾਚੀ ਸੇਵ ਕਮਾਈਆ । ਏਕੰਕਾਰਾ ਬਣ ਪਨਿਹਾਰਾ, ਚਾਕਰ ਚਾਕ ਆਪ ਅਖਵਾਈਆ । ਆਦਿ ਨਿਰੰਜਣ ਬਣ ਕਹਾਰਾ, ਚਾਰੋਂ ਕੁੰਟ ਰਿਹਾ ਉਠਾਈਆ । ਅਬਿਨਾਸ਼ੀ

ਕਰਤਾ ਸ਼ਾਹ ਸਿਕਦਾਰਾ, ਸਾਚਾ ਤਖ਼ਤ ਰਿਹਾ ਸੁਹਾਈਆ । ਸ੍ਰੀ ਭਗਵਾਨ ਕਰ ਪਿਆਰਾ, ਸੀਸ ਤਾਜ ਇਕ ਟਿਕਾਈਆ । ਪਾਰਬ੍ਰਹਮ ਬਣੇ ਭਿਖਾਰਾ, ਅੱਗੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਸਾਚਾ ਤਾਜ ਸਚ ਸੁਲਤਾਨ, ਪੰਚਮ ਮੁਖ ਉਪਾਇੰਦਾ । ਆਪਣੇ ਸੀਸ ਰੱਖ ਹਰਿ ਭਗਵਾਨ, ਸਾਚਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਇਕ ਗਿਆਨ, ਧੁਰ ਫ਼ਰਮਾਣਾ ਇਕ ਅਲਾਇੰਦਾ । ਏਕਾ ਸ਼ਬਦ ਨੌਜਵਾਨ, ਸੁੱਤ ਦੁਲਾਰਾ ਆਪ ਉਠਾਇੰਦਾ । ਸੇਵਾ ਲਾਏ ਦੋ ਜਹਾਨ, ਦੋ ਜਹਾਨਾਂ ਵਾਲੀ ਵੇਸ ਵਟਾਇੰਦਾ । ਚਰਨ ਦਵਾਰਾ ਬਖ਼ਸ਼ੇ ਮਾਣ, ਦਰਗਹਿ ਸਾਚੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਆਪ ਵਰਤਾਇੰਦਾ । ਸਾਚੀ ਭਿਛਿਆ ਹਰਿ ਨਿਰੰਕਾਰ, ਆਪਣੀ ਬੂਝ ਬੁਝਾਈਆ । ਪੰਚਮ ਮੁਖ ਤਾਜ ਕਰ ਤਿਆਰ, ਅਬਿਨਾਸ਼ੀ ਕਰਤਾ ਸੀਸ ਟਿਕਾਈਆ । ਸ੍ਰੀ ਭਗਵਾਨ ਮੀਤ ਮੁਰਾਰ, ਨਿਰਗੁਣ ਸਾਚਾ ਮੇਲ ਮਿਲਾਈਆ । ਪਾਰਬ੍ਰਹਮ ਪ੍ਰਭ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸੋ ਪੁਰਖ ਨਿਰੰਜਣ ਸਚ ਤਖ਼ਤ ਬਰਾਜ, ਆਪਣਾ ਭੇਵ ਖੁਲ੍ਹਾਇਆ । ਹਰਿ ਪੁਰਖ ਨਿਰੰਜਣ ਬਖ਼ਸ਼ੇ ਰਾਜ, ਦਰਗਹਿ ਸਾਚੀ ਧਾਮ ਸੁਹਾਇਆ । ਏਕੰਕਾਰਾ ਕਰੇ ਕਾਜ, ਕਰਤਾ ਪੁਰਖ ਆਪ ਕਰਾਇਆ । ਆਦਿ ਨਿਰੰਜਣ ਰੱਖੇ ਲਾਜ, ਲਾਜਾਵੰਤ ਬੇਪਰਵਾਹਿਆ । ਸ੍ਰੀ ਭਗਵਾਨ ਗ਼ਰੀਬ ਨਿਵਾਜ਼, ਘਰ ਸਾਚੇ ਸੋਭਾ ਪਾਇਆ । ਅਬਿਨਾਸ਼ੀ ਕਰਤਾ ਵੇਖੇ ਇਕ ਜ਼ਹਾਜ਼, ਇਕ ਇਕੱਲਾ ਰਿਹਾ ਚਲਾਇਆ । ਪਾਰਬ੍ਰਹਮ ਪ੍ਰਭ ਦੇਵੇ ਦਾਜ, ਸਾਚੀ ਵਸਤ ਝੋਲੀ ਪਾਇਆ । ਏਕਾ ਸ਼ਬਦ ਮਾਰੇ ਵਾਜ, ਸਾਰ ਸ਼ਬਦ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇਆ । ਸਤਿ ਪੁਰਖ ਨਿਰੰਜਣ ਸ਼ਬਦ ਸਾਰ, ਆਪ ਆਪਣੇ ਵਿਚੋਂ ਪਰਗਟਾਇੰਦਾ । ਅਗੰਮ ਅਗੰਮੜਾ ਬੋਲ ਜੈਕਾਰ, ਅਲੱਖ ਅਲੱਖਣਾ ਆਪ ਸੁਣਾਇੰਦਾ । ਤੀਜੇ ਘਰ ਆਏ ਸਚਖੰਡ ਦਵਾਰ, ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਚੌਥੇ ਘਰ ਕਰ ਪਸਾਰ, ਆਪਣੀ ਰਚਨਾ ਵੇਖ ਵਖਾਇੰਦਾ । ਸੁਨ ਅਗੰਮੀ ਧੂਆਂਧਾਰ, ਰੂਪ ਅਨੂਪ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਸਾਚਾ ਤਾਜ, ਆਪੇ ਰਚੇ ਗ਼ਰੀਬ ਨਿਵਾਜ਼, ਰਚ ਰਚ ਆਪੇ ਵੇਖ ਵਖਾਇੰਦਾ । ਸਾਚਾ ਤਾਜ ਸੀਸ ਸੋਹੇ ਭਗਵਾਨ, ਸੱਚਖੰਡ ਸਾਚੇ ਵੱਜੀ ਵਧਾਈਆ । ਏਕੰਕਾਰਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜੋਧਾ ਸੂਰਬੀਰ ਬਲਵਾਨ, ਬਲ ਧਾਰੀ ਆਪਣਾ ਬਲ ਵਖਾਈਆ । ਮਾਤ ਪਿਤ ਨਾ ਕੋਇ ਨਿਸ਼ਾਨ, ਪਿਤਾ ਪੂਤ ਨਾ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਲੇਖੇ ਲਏ ਲਗਾਈਆ । ਆਪਣਾ ਲੇਖਾ ਲਿਖਣਹਾਰਾ, ਵੇਦ ਕਤੇਬ ਨਾ ਕੋਇ ਰਖਾਇੰਦਾ । ਆਪਣੇ ਨੇਤਰ ਆਪਣਾ ਆਪ ਪੇਖਣਹਾਰਾ, ਦੋਏ ਦੋਏ ਲੋਚਣ ਨਾ ਕੋਇ ਖੁਲ੍ਹਾਇੰਦਾ । ਆਪਣੇ ਤਖ਼ਤ ਤਾਜ ਸੱਚਾ ਸ਼ਾਹੋ ਬੈਠਣਹਾਰਾ, ਜਗਤ ਰਈਅਤ ਨਾ ਕੋਇ ਬਣਾਇੰਦਾ । ਆਪਣੇ ਸੀਸ ਤਾਜ ਹਰਿ ਪਰਖਣਹਾਰਾ, ਪ੍ਰੀਖਿਆ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੀਸ ਤਾਜ ਰੱਖ ਆਪਣੀ ਖੇਲ ਕਰੇ ਪਰਤੱਖ, ਨਿਰਗੁਣ ਵਿਚੋਂ ਨਿਰਗੁਣ ਹੋਏ ਵੱਖ, ਆਪ ਆਪਣਾ ਰੰਗ ਵਟਾਇੰਦਾ । ਨਿਰਗੁਣ ਅੰਦਰੋਂ ਆਇਆ ਬਾਹਰ, ਸ਼ਬਦੀ ਆਪਣਾ ਨਾਉਂ ਧਰਾਈਆ । ਨਿਰਗੁਣ ਜੋਤ ਮਾਤ ਕਰੇ ਪਿਆਰ, ਧੁਨ ਸ਼ਬਦ ਗੋਦ ਸੁਹਾਈਆ । ਪੁਰਖ ਅਕਾਲ

ਕਰੇ ਪਿਆਰ, ਪਿਤਾ ਪੂਤ ਵਡ ਵਡਿਆਈਆ । ਬੰਨ੍ਹੇ ਸੀਸ ਸੱਚੀ ਦਸਤਾਰ, ਸਾਚਾ ਤਾਜ ਨਾਮ ਟਿਕਾਈਆ । ਭਰੇ ਅਤੁਟ ਆਪ ਭੰਡਾਰ, ਪ੍ਰਭ ਵਡਾ ਸ਼ਹਿਨਸ਼ਾਹੀਆ । ਸੁੱਤ ਦੁਲਾਰਾ ਢਹਿ ਢਹਿ ਪਏ ਚਰਨ ਦਵਾਰ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਈਆ । ਨਿਰਗੁਣ ਆਪਣੀ ਵੰਡੀ ਵੰਡ, ਵੰਡਣਹਾਰ ਆਪ ਅਖਵਾਇਆ । ਆਪਣੇ ਪੱਲੇ ਬਨ੍ਹਾਈ ਆਪੇ ਗੰਢ, ਆਪਣਾ ਭਾਰ ਆਪ ਉਠਾਇਆ । ਸਤਿ ਸ਼ਬਦ ਸੁਣਾਇਆ ਏਕਾ ਛੰਦ, ਹਰਿ ਸਾਚੇ ਆਪ ਅਲਾਇਆ । ਮੇਰਾ ਰੂਪ ਤੇਰਾ ਪਰਮਾਨੰਦ, ਤੇਰਾ ਮੇਰੇ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਆਪ ਵਖਾਇਆ । ਸਤਿ ਸ਼ਬਦ ਹਰਿ ਅੱਖਰ ਵੇਖਿਆ, ਆਪਣਾ ਨੈਣ ਉਘਾੜ । ਨਾ ਰੂਪ ਨਾ ਦਿਸੇ ਰੇਖਿਆ, ਨਾ ਕੋਈ ਦਰ ਦਵਾਰ । ਇਕ ਇਕੱਲਾ ਵਸੇ ਸਚ ਮਹੱਲਾ ਨਿਰਗੁਣ ਜੋਤ ਸ਼ਬਦ ਪਰਵੇਸਿਆ, ਆਪ ਵਜਾਏ ਆਪਣੀ ਸਚ ਸਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਅਧਾਰ । ਸਾਚੇ ਸ਼ਬਦ ਸੁਣ ਸਾਚੇ ਲਾਲ, ਹਰਿ ਸਾਚਾ ਸਚ ਸਮਝਾਈਆ । ਤੇਰੇ ਫਲ ਲੱਗੇ ਡਾਲ੍ਹ, ਤੇਰੀ ਫੁਲਵਾੜੀ ਆਪ ਮਹਿਕਾਈਆ । ਤੇਰਾ ਬਣੇ ਆਪ ਦਲਾਲ, ਤੇਰਾ ਵਣਜ ਇਕ ਕਰਾਈਆ । ਤੇਰੀ ਘਾਲਣ ਰਿਹਾ ਘਾਲ, ਵਡ ਵਡਾ ਸ਼ਹਿਨਸ਼ਾਹੀਆ । ਤੇਰੀ ਸਾਚੀ ਚਲੇ ਚਾਲ, ਸੱਚਖੰਡ ਬੈਠਾ ਦੇਵੇ ਸਚ ਸਾਲਾਹੀਆ । ਸਾਰ ਸ਼ਬਦ ਕਰੇ ਤੇਰੀ ਪ੍ਰਿਤਪਾਲ, ਸਿਰ ਆਪਣਾ ਹੱਥ ਰਖਾਈਆ । ਤੇਰਾ ਵਜਦਾ ਰਹੇ ਤਾਲ, ਪੁਰਖ ਅਬਿਨਾਸ਼ੀ ਆਪ ਵਜਾਈਆ । ਤੇਰੀ ਉਪਜਾਏ ਸੱਚੀ ਧਰਮਸਾਲ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਤ ਰਿਹਾ ਸਮਝਾਈਆ । ਸੁੱਤ ਦੁਲਾਰਾ ਸੁਣ ਸੰਦੇਸ਼, ਆਪਣੀ ਆਪ ਲਏ ਅੰਗੜਾਈਆ । ਪਾਰਬ੍ਰਹਮ ਸਦ ਰਹੇ ਹਮੇਸ਼, ਆਦਿ ਜੁਗਾਦਿ ਵੱਡੀ ਵਡਿਆਈਆ । ਤਿਸ ਪੁਰਖ ਕੋ ਸਦਾ ਆਦੇਸ਼, ਨਿਉਂ ਨਿਉਂ ਸੀਸ ਝੁਕਾਈਆ । ਸਾਚੇ ਸੱਜਣ ਮੈਂ ਵਸਾਂ ਤੇਰੇ ਦੇਸ, ਤੇਰਾ ਘਰ ਮੋਹੇ ਭਾਈਆ । ਤੂੰ ਪਿਤਾ ਹਉਂ ਬਾਲਕ ਬਾਲ ਅਲ੍ਹੜ ਵਰੇਸ, ਤੇਰਾ ਭੇਵ ਨਾ ਜਾਣਾ ਰਾਈਆ । ਤੇਰਾ ਸਤਿ ਸਰੂਪ ਰਿਹਾ ਵੇਖ, ਨਿਰਗੁਣ ਜੋਤ ਤੇਰੀ ਰੁਸ਼ਨਾਈਆ । ਮੇਰੀ ਕੋਈ ਨਾ ਚਲੇ ਪੇਸ਼, ਇਕ ਇਕੱਲਾ ਬੈਠਾ ਰਾਹ ਤਕਾਈਆ । ਮੈਂ ਬਣਿਆ ਰਹਾਂ ਤੇਰਾ ਦਰਵੇਸ਼, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁੱਤ ਸ਼ਬਦ ਦੇਵੇ ਵਰ, ਏਕਾ ਭਿਛਿਆ ਝੋਲੀ ਪਾਈਆ । ਸੁੱਤ ਸ਼ਬਦ ਸੁਣ ਫ਼ਰਮਾਣ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਹਰਿ ਪੁਰਖ ਨਿਰੰਜਣ ਹੋਇਆ ਆਪ ਮਿਹਰਵਾਨ, ਸਿਰ ਆਪਣਾ ਹੱਥ ਰਖਾਇੰਦਾ । ਏਕੰਕਾਰਾ ਦੇਵੇ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਆਦਿ ਨਿਰੰਜਣ ਹੋ ਪਰਧਾਨ, ਆਪ ਆਪਣਾ ਬਲ ਵਖਾਇੰਦਾ । ਸ੍ਰੀ ਭਗਵਾਨ ਬਖ਼ਸ਼ੇ ਮਾਣ, ਚਰਨ ਦਵਾਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਇੰਦਾ । ਸੋ ਪੁਰਖ ਨਿਰੰਜਣ ਖੇਲ ਅਵੱਲੜਾ, ਏਕਾ ਏਕ ਕਰਾਇੰਦਾ । ਸ਼ਬਦ ਫੜਾਏ ਸਾਚਾ ਪੱਲੜਾ, ਦੇ ਮਤ ਆਪ ਸਮਝਾਇੰਦਾ । ਤੇਰੇ ਦਰ ਨਿਰਗੁਣ ਆਪੇ ਖਲ੍ਹੜਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਸਾਚੀ ਵੰਡ ਹਰਿ ਨਿਰੰਕਾਰ, ਆਪਣੀ ਆਪ ਵੰਡਾਈਆ । ਸਾਚੇ ਸ਼ਬਦ ਕਰ ਪਿਆਰ, ਆਪਣੀ ਬੂਝ ਆਪ ਬੁਝਾਈਆ । ਆਪਣਾ ਰੂਪ ਕਰ ਤਿਆਰ, ਅਨੂਪ ਮਹਿਮਾ ਕਥ ਨਾ ਜਾਈਆ ।

ਏਕਾ ਹੰ ਪਸਰ ਪਸਾਰ, ਸ਼ਾਹੋ ਭੂਪ ਲਏ ਵਟਾਈਆ । ਅਪਣੀ ਇਛਿਆ ਕਰ ਵਿਚਾਰ, ਵਿਸ਼ਵ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦੂਜਾ ਵੇਖ ਵਖਾਈਆ । ਵਿਸ਼ਵ ਰੂਪ ਵਿਸ਼ਨੂੰ ਰੰਗ, ਹਰਿ ਹਰਿ ਆਪ ਰੰਗਾਇਆ । ਆਪੇ ਮਾਣੀ ਆਪਣੀ ਸੇਜ ਪਲੰਘ, ਆਪ ਆਪਣਾ ਕੰਤ ਹੰਢਾਇਆ । ਆਪੇ ਮੰਗੀ ਆਪਣੀ ਮੰਗ, ਦੇਵਣਹਾਰ ਆਪ ਅਖਵਾਇਆ । ਆਪੇ ਰੱਖੇ ਸਾਚਾ ਸੰਗ, ਸਗਲਾ ਸਾਥੀ ਨਾਉਂ ਧਰਾਇਆ । ਆਪੇ ਜਾਣੇ ਆਪਣਾ ਅਗਲਾ ਪੰਧ, ਆਪੇ ਪਿਛਲਾ ਰਿਹਾ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਆਪ ਆਪਣਾ ਰੂਪ ਪ੍ਰਗਟਾਇਆ । ਆਪਣਾ ਰੂਪ ਆਪ ਪਰਗਟਾਏ, ਹਰਿ ਵਡਾ ਬੇਪਰਵਾਹੀਆ । ਆਪਣਾ ਕਵਲ ਆਪ ਖਲਾਏ, ਆਪੇ ਅੰਮ੍ਰਿਤ ਰਿਹਾ ਭਰਾਈਆ । ਆਪੇ ਨਾਭੀ ਬਾਹਰ ਕਢਾਏ, ਆਪ ਆਪਣਾ ਲਏ ਮਹਿਕਾਈਆ । ਆਪੇ ਆਪਣਾ ਗੁਲ ਖਿਲ੍ਹਾਏ, ਆਪੇ ਪੰਖੜੀ ਵੇਖ ਵਖਾਈਆ । ਆਪੇ ਬ੍ਰਹਮ ਨਾਉਂ ਧਰਾਏ, ਪਾਰਬ੍ਰਹਮ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਈਆ । ਆਪੇ ਬ੍ਰਹਮਾ ਵੇਤਾ ਪਾਇਆ ਮੀਤਾ, ਨਾਭੀ ਕਵਲ ਫੁੱਲ ਖਿਲਾਈਆ । ਆਪੇ ਹੋਏ ਖੇਵਟ ਖੇਟਾ, ਆਪਣਾ ਬੇੜਾ ਆਪ ਚਲਾਈਆ । ਆਪੇ ਮਾਤ ਪਿਤ ਹੋਏ ਬੇਟੀ ਬੇਟਾ, ਪਿਤਾ ਪੂਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਹਰਿ ਭਗਵਾਨ, ਆਪ ਉਪਾਏ ਆਪਣਾ ਸਚ ਨਿਸ਼ਾਨ, ਆਪੇ ਲਏ ਝੁਲਾਈਆ । ਆਪੇ ਵਿਸ਼ਨ ਬ੍ਰਹਮਾ ਕਰ ਤਿਆਰ, ਸ਼ੰਕਰ ਰੂਪ ਵਟਾਇੰਦਾ । ਆਪੇ ਵਸੇ ਧੂਆਂਧਾਰ, ਸੁੰਨ ਅਗੰਮ ਆਪ ਸਮਾਇੰਦਾ । ਆਪੇ ਬਣਿਆ ਮੀਤ ਮੁਰਾਰ, ਆਪ ਆਪਣੇ ਅੰਗ ਲਗਾਇੰਦਾ । ਆਪੇ ਸੋ ਪੁਰਖ ਨਿਰੰਜਣ ਹੋਇਆ ਮਿਹਰਵਾਨ, ਸਾਚਾ ਦਾਨ ਆਪੇ ਝੋਲੀ ਪਾਇੰਦਾ । ਆਪੇ ਹੰ ਰੂਪ ਕਰ ਪਰਧਾਨ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਸੋਹੰ ਅੱਖਰ ਇਕ ਨਿਸ਼ਾਨ, ਆਪਣੇ ਸੀਸ ਤਾਜ ਟਿਕਾਇੰਦਾ । ਤ੍ਰੈਗੁਣ ਮਾਇਆ ਜਗਤ ਨਿਸ਼ਾਨ, ਨਿਰਗੁਣ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਅੱਖਰ ਕਰ ਤਿਆਰ, ਕਰੇ ਖੇਲ ਅਗੰਮ ਅਪਾਰ, ਬ੍ਰਹਮਾ ਵਿਸ਼ਨ ਸ਼ਿਵ ਆਪ ਪੜ੍ਹਾਇੰਦਾ । ਬ੍ਰਹਮੇ ਲੇਖਾ ਆਪ ਜਣਾਇਆ, ਪ੍ਰਭ ਵਡਾ ਵਡ ਵਡਿਆਈਆ । ਆਪਣਾ ਸ਼ਬਦ ਆਪਣਾ ਰਾਗ ਅਲਾਇਆ, ਆਪੇ ਦਏ ਸਮਝਾਈਆ । ਆਪਣਾ ਨੇਤਰ ਆਪ ਖੁਲ੍ਹਾਇਆ, ਆਪੇ ਦੇਵੇ ਦਰਸ ਬੇਪਰਵਾਹੀਆ । ਆਪਣੇ ਮਾਰਗ ਆਪੇ ਲਾਇਆ, ਦੇ ਮਤ ਰਿਹਾ ਸਮਝਾਈਆ । ਏਕਾ ਵਸਤ ਹੱਥ ਫੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਵਿਸ਼ਨੂੰ ਵੰਸੀ ਕਰ ਤਿਆਰਾ, ਆਪਣਾ ਬੰਸ ਸੁਹਾਇੰਦਾ । ਸਾਚੀ ਵਸਤ ਭਰ ਭੰਡਾਰਾ, ਸਾਚਾ ਹੁਕਮ ਅਲਾਇੰਦਾ । ਆਦਿ ਜੁਗਾਦਿ ਰਹੇ ਵਰਤਾਰਾ, ਸੇਵਕ ਸੇਵਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਵਰ, ਦੂਜਾ ਦਰ ਨਾ ਕੋਇ ਬਣਾਇੰਦਾ । ਸ਼ੰਕਰ ਮੀਤਾ ਕਰ ਤਿਆਰ, ਸਾਚੀ ਸਿਖਿਆ ਹਰਿ ਸਮਝਾਈਆ । ਅਨਡੀਠਾ ਦੇਵੇ ਸ਼ਬਦ ਭੰਡਾਰ, ਦਿਵਸ ਰੈਣ ਰਿਹਾ ਜਗਾਈਆ । ਭੋਲੇ ਨਾਥ ਤਨ ਸ਼ਿੰਗਾਰ, ਬਾਸ਼ਕ ਤਸ਼ਕਾ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਕਰੇ ਏਕਾ ਮੇਲਾ, ਆਪ ਬਣੇ ਗੁਰੂ ਚੇਲਾ, ਚੇਲਾ ਗੁਰੂ ਆਪ ਸਮਝਾਈਆ । ਤਿੰਨਾਂ ਦੇਵੇ ਇਕ ਧਿਆਨਾ, ਪ੍ਰਭ ਵਡਾ ਵਡ ਵਡਿਆਈਆ । ਤਿੰਨਾਂ ਦੇਵੇ ਇਕ ਗਿਆਨਾ,

੫੮੩

ਏਕਾ ਕਰੇ ਪੜ੍ਹਾਈਆ । ਤਿੰਨਾਂ ਦੇਵੇ ਇਕ ਨਿਸ਼ਾਨਾ, ਏਕਾ ਮਾਰਗ ਲਾਈਆ । ਤਿੰਨਾਂ ਜਣਾਏ ਇਕ ਤਰਾਨਾ, ਏਕਾ ਤਾਲ ਵਖਾਈਆ । ਤਿੰਨਾਂ ਬੱਧਾ ਏਕਾ ਗਾਨਾ, ਏਕਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਬੋਧ ਅਗਾਧ ਆਪਣੇ ਹੱਥ ਰਖਾਈਆ । ਬੋਧ ਅਗਾਧ ਸ਼ਬਦ ਅਨਾਦਿ, ਹਰਿ ਆਪਣੇ ਹੱਥ ਰਖਾਈਆ । ਬ੍ਰਹਮੇ ਦੇਵੇ ਸਾਚੀ ਦਾਦ, ਏਕਾ ਵਿਦਿਆ ਲਏ ਪੜ੍ਹਾਈਆ । ਚਾਰੇ ਵੇਦ ਸੁਣੇ ਫਰਿਯਾਦ, ਉਚੀ ਕੂਕੇ ਦਏ ਦੁਹਾਈਆ । ਵੇਖਣਹਾਰ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵੱਡੀ ਵਡਿਆਈਆ । ਵਸਣਹਾਰਾ ਆਦਿ ਜੁਗਾਦਿ, ਜੁਗ ਜੁਗ ਆਪਣੀ ਰਚਨ ਰਚਾਈਆ । ਤਿਨ੍ਹਾਂ ਦੇਵੇ ਸਾਚੀ ਦਾਦ, ਆਪਣੀ ਵੰਡ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੇ ਭਾਂਡੇ ਆਪ ਘੜਾਈਆ । ਸਾਚਾ ਭਾਂਡਾ ਕਰ ਤਿਆਰ, ਪ੍ਰਭ ਅਬਿਨਾਸ਼ੀ ਇਹ ਸਮਝਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਸਾਚੇ ਘਰ ਸੁਹਾਇੰਦਾ । ਪੰਚਮ ਜੋੜ ਸੱਚੀ ਸਰਕਾਰ, ਪੰਚਮ ਮੇਲਾ ਮੇਲ ਮਿਲਾਇੰਦਾ । ਪੰਚ ਪੰਚ ਕਰੇ ਆਹਾਰ, ਪੰਜ ਦਸ ਸੋਭਾ ਪਾਇੰਦਾ । ਅਠ ਦਸ ਨਾ ਕੋਇ ਧਾਰ, ਧਰਨੀ ਧਰਤ ਧਵਲ ਆਪ ਸੁਹਾਇੰਦਾ । ਪੁਰੀਆਂ ਲੋਆਂ ਦਏ ਸਹਾਰ, ਰਵ ਸਸ ਆਪ ਚਮਕਾਇੰਦਾ । ਮੰਡਲ ਮੰਡਪ ਹੋ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਤਤ, ਆਪੇ ਪਾਏ ਆਪਣੀ ਰੱਤ, ਰਕਤ ਬੂੰਦ ਨਾ ਕੋਇ ਰਖਾਇੰਦਾ । ਰਕਤ ਬੂੰਦ ਨਾ ਪਿਤਾ ਮਾਤ, ਲੱਖ ਚੁਰਾਸੀ ਬਣਤ ਬਣਾਈਆ । ਹੰ ਬ੍ਰਹਮ ਰੱਖੀ ਸਾਚੀ ਜ਼ਾਤ, ਪੁਰਖ ਅਬਿਨਾਸ਼ੀ ਆਪਣਾ ਨਾਉਂ ਧਰਾਈਆ । ਆਪੇ ਹੋਇਆ ਕਮਲਾਪਾਤ, ਜੀਵ ਜੰਤ ਨਾਰੀ ਨਰ ਨਰਾਇਣ ਆਪ ਪਰਨਾਈਆ । ਆਪ ਸੁਣਾਈ ਆਪਣੀ ਗਾਥ, ਆਪਣਾ ਢੋਲਾ ਆਪੇ ਗਾਈਆ । ਸਰਬ ਕਲਾ ਹੋਇਆ ਸਮਰਥ, ਪੁਰਖ ਅਕਾਲ ਵੱਡੀ ਵਡਿਆਈਆ । ਲੱਖ ਚੁਰਾਸੀ ਭਾਂਡਾ ਪੱਥ, ਕੋਲੂ ਚੱਕੀ ਚੱਕ ਆਪ ਚਲਾਈਆ । ਮਨ ਮਤ ਬੁੱਧ ਪਾਈ ਆਪੇ ਨੱਥ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਸਮਾਈਆ । ਪੰਚ ਸ਼ਬਦ ਆਪੇ ਕਰ ਪਰਗਟ, ਘਰ ਘਰ ਵਿਚ ਦਏ ਟਿਕਾਈਆ । ਨੌਂ ਦਵਾਰੇ ਖੋਲ੍ਹ ਜਗਤ ਖਾਟ, ਆਸਾ ਤ੍ਰਿਸ਼ਨਾ ਦਏ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਲੁਕਿਆ ਅੰਦਰ ਬਜ਼ਰ ਕਪਾਟ, ਆਪਣਾ ਕੁੰਡਾ ਆਪੇ ਲਾਈਆ । ਸੋ ਪੁਰਖ ਨਿਰੰਜਣ ਵੰਡ ਵੰਡਾਏ, ਵੰਡਣਹਾਰ ਨਿਰੰਕਾਰਾ । ਜੀਓ ਪਿੰਡ ਪ੍ਰਭ ਆਪ ਬਣਾਏ, ਆਪੇ ਦੇਵੇ ਸਚ ਸਹਾਰਾ । ਨੌਂ ਦਵਾਰੇ ਇੰਡ ਹੇਠ ਦਬਾਏ, ਖੇਲੇ ਖੇਲ ਧੁਰ ਦਰਬਾਰਾ । ਬ੍ਰਹਿਮੰਡ ਆਪਣੀ ਰਚਨ ਰਚਾਏ, ਰਵ ਸਸ ਕਰ ਉਜਿਆਰਾ । ਉਪਰ ਆਪਣਾ ਆਸਣ ਲਾਏ, ਘਰ ਬੈਠ ਸੱਚੀ ਸਰਕਾਰਾ । ਦਰ ਮੰਦਰ ਆਪਣਾ ਗੀਤ ਅਲਾਏ, ਆਪੇ ਹੋਏ ਸੁਨਣੇਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੂਝੇ ਆਪੇ ਪਾਵੇ ਆਪਣੀ ਸਾਰਾ । ਹੰ ਬ੍ਰਹਮ ਪ੍ਰਭ ਰਚਨ ਰਚਾਇਆ, ਲੱਖ ਚੁਰਾਸੀ ਬਣਤ ਬਣਾਈਆ । ਨੌਂ ਦਸ ਗਿਆਰਾਂ ਬੀਸ ਤੀਸ ਲੱਖ ਚਾਰ ਵੇਖ ਵਖਾਇਆ, ਚੁਰਾਸੀ ਲੱਖ ਆਪ ਭਵਾਈਆ । ਚਾਰੇ ਬਾਣੀ ਰਿਹਾ ਪੜ੍ਹਾਇਆ, ਚਾਰੇ ਵੇਦ ਰਿਹਾ ਗਾਈਆ । ਚਾਰੇ ਖਾਣੀ ਵਿਚ ਸਮਾਇਆ, ਜਾਣੀ ਜਾਣ ਆਪ ਅਖਵਾਈਆ । ਧੁਰ ਦੀ ਬਾਣੀ ਸ਼ਬਦ ਅਲਾਇਆ, ਜੁਗ ਜੁਗ ਲੋਕਮਾਤ ਸੁਣਾਈਆ । ਅਕਥ ਕਹਾਣੀ ਭੇਵ ਨਾ ਆਇਆ, ਕਥ ਸਕੇ ਨਾ ਜੀਵ ਲੋਕਾਈਆ । ਕਾਗਦ ਕਲਮ ਨਾ ਲਿਖੇ ਛਾਹਿਆ, ਸਮੁੰਦ ਸਾਗਰ ਰਹੇ ਕੁਰਲਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣਾ ਪਰਦਾ

੫੮੪

ਆਪੇ ਲਾਹਿਆ, ਜਨ ਭਗਤਾਂ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਅੱਖਰ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਕਰਿਆ ਪਸਰ ਪਸਾਰ, ਲੱਖ ਚੁਰਾਸੀ ਲਏ ਉਭਾਰ, ਆਪਣੀ ਅੰਸ ਆਪ ਬਣਾਈਆ । ਬੰਕ ਪਸਾਰਾ ਏਕੰਕਾਰਾ, ਦੂਜੀ ਕੁਦਰਤ ਵੇਖ ਵਖਾਇੰਦਾ । ਤੀਜੇ ਦਰ ਖੇਲ ਨਿਆਰਾ ਜੋਤ ਉਜਿਆਰਾ, ਇਸ਼ਟ ਦ੍ਰਿਸ਼ਟ ਆਪ ਖੁਲ੍ਹਾਇੰਦਾ । ਚੌਥੇ ਦਰ ਮੀਤ ਮੁਰਾਰਾ ਕਰੇ ਪਿਆਰਾ, ਘਰ ਸਾਚੇ ਸੋਭਾ ਪਾਇੰਦਾ । ਪੰਚਮ ਬੋਲੇ ਸਚ ਜੈਕਾਰਾ ਏਕਾ ਨਾਅਰਾ, ਨਿਰਗੁਣ ਆਪਣਾ ਆਪ ਲਗਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਸਹਾਰਾ ਚਾਰ ਦੀਵਾਰਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਕਰੇ ਤਨ ਸ਼ਿੰਗਾਰਾ, ਵੇਸ ਅਵੇਸਾ ਵੇਸ ਵਟਾਇੰਦਾ । ਅਠਵੇਂ ਅੱਠ ਤੱਤਾਂ ਵਸੇ ਬਾਹਰਾ ਖੇਲ ਨਿਆਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨਮਤ ਬੁੱਧ ਨਾ ਕੋਇ ਰਖਾਇੰਦਾ । ਨੌ ਦਵਾਰੇ ਦਰ ਨਾ ਕੋਇ ਕਿਵਾੜਾ, ਵਾ ਨਾ ਲੱਗੇ ਤੱਤੀ ਹਾੜਾ, ਅਗਨੀ ਅੱਗ ਨਾ ਕੋਇ ਬਣਾਇੰਦਾ । ਦਸਵੇਂ ਬੈਠਾ ਕਰ ਪਸਾਰਾ ਖੇਲ ਨਿਆਰਾ, ਹੰ ਬ੍ਰਹਮ ਆਪਣਾ ਮੇਲ ਮਿਲਾਇੰਦਾ । ਸੋਹੰ ਸ਼ਬਦ ਸੱਚੀ ਧੁਨਕਾਰਾ, ਆਪ ਵਜਾਏ ਵਜਾਵਣਹਾਰਾ, ਤੁਰੀਆ ਨਾਦ ਆਪ ਸੁਣਾਇੰਦਾ । ਸਚਖੰਡ ਨਿਵਾਸੀ ਹੋ ਤਿਆਰਾ, ਲੋਕਮਾਤ ਲਏ ਅਵਤਾਰਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਚਰਨ ਪਿਆਰਾ, ਸਾਚਾ ਨਾਮ ਭਰੇ ਭੰਡਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਅਨਹਦ ਸ਼ਬਦ ਵੱਜੇ ਨਗਾਰਾ, ਬਜ਼ਰ ਕਪਾਟੀ ਪਰਦਾ ਪਾੜਾ, ਆਤਮ ਸੇਜਾ ਆਪ ਸੁਹਾਇੰਦਾ । ਅੰਮ੍ਰਿਤ ਦੇਵੇ ਠੰਡੀ ਠਾਰਾ, ਸਾਗਰ ਵਿਰੋਲੇ ਆਪ ਨਿਰੰਕਾਰਾ, ਚੌਦਾਂ ਲੋਕਾਂ ਫੋਲ ਫੁਲਾਇੰਦਾ । ਗੁਰਸਿਖ ਨਾ ਉਡੇ ਕਾਗਾਂ ਡਾਰਾ, ਹੰਸ ਬਣਾਏ ਵਿਚ ਸੰਸਾਰਾ, ਸੋਹੰ ਮਾਣਕ ਮੋਤੀ ਚੋਗ ਚੁਗਾਇੰਦਾ । ਪਰਗਟ ਹੋਇਆ ਬੇਐਬ ਪਰਵਰਦਿਗਾਰਾ, ਸਿਰ ਰੱਖ ਤਾਜ ਆਪ ਨਿਰੰਕਾਰਾ, ਸ਼ਾਹ ਸੁਲਤਾਨਾ ਕਰੇ ਖ਼ਵਾਰਾ, ਰਾਜ ਰਾਜਾਨ ਨਾ ਕੋਇ ਰਖਾਇੰਦਾ । ਸ਼ਬਦ ਖੰਡਾ ਤੇਜ਼ ਕਟਾਰਾ, ਆਪੇ ਰੱਖੇ ਤਿਖੀ ਧਾਰਾ, ਚਾਰੋਂ ਕੁੰਟ ਦਏ ਹੁਲਾਰਾ, ਨੌ ਖੰਡ ਪ੍ਰਿਥਮੀ ਆਪ ਹਿਲਾਇੰਦਾ । ਸੱਤਾਂ ਦੀਪਾਂ ਪਾਰ ਕਿਨਾਰਾ, ਰਵ ਸਸ ਨਾ ਕੋਇ ਉਜਿਆਰਾ, ਲੋਆਂ ਪੁਰੀਆਂ ਧੂਆਂਧਾਰਾ, ਆਪ ਆਪਣਾ ਬਲ ਵਖਾਇੰਦਾ । ਬ੍ਰਹਮਾ ਵਿਸ਼ਨ ਰਹੇ ਪੁਕਾਰਾ, ਅੱਠੇ ਨੇਤਰ ਖੋਲ੍ਹ ਕਿਵਾੜਾ, ਕਵਣ ਕੂਟੇ ਪਾਰਬ੍ਰਹਮ ਆਪਣਾ ਖੇਲ ਖਿਲਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਗੁਰ ਗੋਬਿੰਦ ਬਣਿਆ ਮਾਤ ਲਿਖਾਰਾ, ਵੇਦ ਵਿਆਸਾ ਕਰੇ ਵਿਚਾਰਾ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਸਾਚੇ ਪਰਬਤ ਆਪਣੀ ਜੋਤ ਜਗਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲੁੱਟੀ ਜਾਏ ਦਿਨ ਦਿਹਾੜਾ, ਭੇਵ ਕੋਇ ਨਾ ਪਾਇੰਦਾ । ਕਲਜੁਗ ਤੇਰਾ ਵੇਖਣ ਆਇਆ ਆਪ ਅਖਾੜਾ, ਨੌ ਸੌ ਚੁਰਾਨਵੇ ਚੌਕੜੀ ਜੁਗ ਨਾ ਮੁਖ ਵਖਾਇੰਦਾ । ਜੋ ਘਲਦਾ ਰਿਹਾ ਗੁਰੂ ਪੀਰ ਅਵਤਾਰਾ, ਆਪ ਆਪਣਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਹੋਏ ਉਜਿਆਰਾ, ਬ੍ਰਹਿਮੰਡ ਖੰਡ ਆਪਣੇ ਚਰਨਾਂ ਹੇਠ ਦਬਾਇੰਦਾ । ਜਨ ਭਗਤਾਂ ਕਰੇ ਸਚ ਪਿਆਰਾ, ਸਾਚੀ ਗੋਦ ਆਪ ਬਹਾਇੰਦਾ । ਕਰਨ ਆਇਆ ਵਣਜ ਵਣਜਾਰਾ, ਨਾਮ ਕੰਡਾ ਹੱਥ ਉਠਾਇੰਦਾ । ਤੋਲਣ ਆਇਆ ਝੂਠ ਵਿਭਚਾਰਾ, ਸ਼ੌਹ ਦਰਿਯਾਏ ਆਪ ਰੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਅੱਖਰ ਕਰ ਤਿਆਰ, ਲੱਖ ਚੁਰਾਸੀ ਕਰੇ ਪਸਾਰ, ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਰ, ਬ੍ਰਹਮ ਪਾਰਬ੍ਰਹਮ ਆਪ ਅਖਵਾਇੰਦਾ । ਬ੍ਰਹਮ ਰੂਪ ਆਪ ਨਿਰੰਕਾਰਾ, ਈਸ਼ ਜੀਵ ਆਪ ਅਖਵਾਈਆ । ਜਗਤ ਜਗਦੀਸ਼ ਖੇਲ ਨਿਆਰਾ,

ਸੀਸ ਤਾਜ ਆਪ ਸੁਹਾਈਆ । ਇਕ ਹਦੀਸ ਸਰਬ ਸੰਸਾਰਾ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦਇਆਵਾਨ, ਪਰਗਟ ਹੋਏ ਸ੍ਰੀ ਭਗਵਾਨ, ਧਰਮ ਝੁਲਾਏ ਸਚ ਨਿਸ਼ਾਨ, ਮੇਟ ਮਿਟਾਏ ਜੀਵ ਸ਼ੈਤਾਨ, ਗੁਰਮੁਖ ਉਠਾਏ ਚਤੁਰ ਸੁਜਾਨ, ਆਪ ਆਪਣੀ ਬੂਝ ਬੁਝਾਈਆ । ਆਪਣੀ ਬੂਝ ਬੁਝਾਏ ਗੁਰ ਸਤਿਗੁਰ, ਧੁਰ ਮਸਤਕ ਵੇਖ ਵਖਾਇੰਦਾ । ਹਰਿਜਨ ਹਰਿਭਗਤ ਚਰਨ ਪ੍ਰੀਤੀ ਜਾਏ ਜੁੜ, ਮਨਮੁਖ ਦਰ ਦੁਰਕਾਇੰਦਾ । ਏਕਾ ਸ਼ਬਦ ਏਕਾ ਤਾਲ ਏਕਾ ਸੁਰ, ਰੰਗ ਰਤੜਾ ਸਾਚਾ ਮਾਹੀ ਆਪ ਵਜਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਚੜ੍ਹ ਕੇ ਆਇਆ ਸਾਚੇ ਘੋੜ, ਸੋਲਾਂ ਕਲੀਆਂ ਆਸਣ ਪਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਰਿਹਾ ਦੌੜ, ਦੋ ਜਹਾਨਾਂ ਪੰਧ ਮੁਕਾਇੰਦਾ । ਜਨਮ ਜਨਮ ਦੀ ਲੱਗੀ ਔੜ, ਗੁਰਮੁਖਾਂ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖਣ ਆਇਆ, ਆਪ ਆਪਣੀ ਕਲ ਕਲਧਾਰ । ਸਾਚਾ ਲੇਖਾ ਲਿਖਣ ਆਇਆ, ਧੁਰਦਰਗਾਹੀ ਹੋ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਹਰਿਜਨ ਬਹਾਏ ਇਕ ਦਵਾਰ । ਇਕ ਦਵਾਰਾ ਸਚਖੰਡ, ਹਰਿ ਸਾਚੇ ਸਚ ਸੁਹਾਇਆ । ਸਤਿਜੁਗ ਤ੍ਰੇਤਾ ਦਵਾਪਰ ਵੰਡਦਾ ਆਇਆ ਸਾਚੀ ਵੰਡ, ਧਰੂ ਪ੍ਰਹਿਲਾਦ ਦਏ ਗਵਾਹਿਆ । ਲੇਖਾ ਚੁਕਾਏ ਜੇਰਜ ਅੰਡ, ਜੋ ਜਨ ਸਰਨਾਈ ਆਇਆ । ਨੰਗੀ ਹੋਣ ਨਾ ਦੇਵੇ ਅੰਤਮ ਕੰਡ, ਸਿਰ ਆਪਣਾ ਹੱਥ ਟਿਕਾਇਆ । ਰਾਏ ਧਰਮ ਨਾ ਦੇਵੇ ਦੰਡ, ਚਿਤਰ ਗੁਪਤ ਨਾ ਲੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੀਤਾ ਇਕ ਅਤੀਤਾ ਕਿਸੇ ਹੱਥ ਨਾ ਆਏ ਗੁਰੂਦਵਾਰ, ਮੰਦਰ ਮਸੀਤਾ, ਘਟ ਘਟ ਬੈਠਾ ਆਸਣ ਲਾਇਆ । ਘਟ ਘਟ ਅੰਦਰ ਹਰਿ ਜੂ ਵੜਿਆ, ਹਰਿ ਮੰਦਰ ਆਪ ਸੁਹਾਈਆ । ਨਿਰਗੁਣ ਰੂਪ ਕਿਸੇ ਨਾ ਫੜਿਆ, ਬਾਹਰ ਲੱਭਦੀ ਫਿਰੇ ਲੋਕਾਈਆ । ਨਿਸ਼ਅੱਖਰ ਆਤਮ ਅੰਦਰ ਕਿਸੇ ਨਾ ਪੜ੍ਹਿਆ, ਪੜ੍ਹ ਪੜ੍ਹ ਵਿਦਿਆ ਜਗਤ ਹੋਈ ਹਲਕਾਈਆ । ਆਪਣੀ ਅਗਨੀ ਕੋਇ ਨਾ ਸੜਿਆ, ਘਰ ਘਰ ਲੰਬੂ ਰਹੇ ਲਗਾਈਆ । ਆਪਣੇ ਪੌੜੇ ਕੋਇ ਨਾ ਚੜ੍ਹਿਆ, ਉਚ ਮਹੱਲ ਅਟੱਲ ਸੁੱਤੇ ਆਸਣ ਲਾਈਆ । ਆਪਣਾ ਤੋੜਿਆ ਨਾ ਹੰਕਾਰੀ ਗੜ੍ਹਿਆ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਗੁਰਸਿਖ ਵਿਰਲਾ ਸਤਿਗੁਰ ਪੂਰੇ ਸਰਨ ਸਰਨਾਈ ਪੜ੍ਹਿਆ, ਸਤਿਗੁਰ ਪੂਰਾ ਲਏ ਤਰਾਈਆ । ਗੁਰ ਸਤਿਗੁਰ ਨਾ ਜਨਮੇ ਨਾ ਕਦੇ ਮਰਿਆ, ਮੜੀ ਗੋਰ ਨਾ ਕਦੇ ਦਬਾਈਆ । ਜਨ ਭਗਤਾਂ ਦਰ ਦਵਾਰੇ ਅੱਗੇ ਖੜਿਆ, ਨਿਰਗੁਣ ਸਰਗੁਣ ਰੂਪ ਵਟਾਈਆ । ਕਲਜੁਗ ਅੰਤਮ ਆਪ ਆਪਣਾ ਆਪੇ ਫੜਿਆ, ਸੋਈ ਸੁਰਤੀ ਲਏ ਉਠਾਈਆ । ਸੋਹੰ ਅੱਖਰ ਜਿਸ ਜਨ ਪੜ੍ਹਿਆ, ਲੱਖ ਚੁਰਾਸੀ ਦਏ ਕਟਾਈਆ । ਦਰਗਹਿ ਸਚੀ ਜਾ ਕੇ ਵੜਿਆ, ਜਿਸ ਨੇਤਰ ਦਰਸ਼ਨ ਪਾਇਆ ਸ਼ਹਿਨਸ਼ਾਹੀਆ । ਅੱਧਵਿਚਕਾਰ ਕਦੇ ਨਾ ਅੜਿਆ, ਜੂਨੀ ਜੂਨ ਨਾ ਕੋਇ ਭਵਾਈਆ । ਮਾਤ ਗਰਭ ਭਾਂਡਾ ਫੇਰ ਨਾ ਘੜਿਆ, ਦਸ ਮਾਸ ਨਾ ਕੋਇ ਤਪਾਈਆ । ਜਗਤ ਜੀਵਾਂ ਨਾਲ ਗੁਰਮੁਖ ਲੜਿਆ, ਮਨਮੁਖ ਮਾਰਨ ਤਾਅਨੇ ਰਸਨਾ ਬੋਲ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦੇਵਣ ਆਇਆ ਸਚ ਵਧਾਈਆ । ਪੰਚਮ ਜੇਠ ਹਰਿ ਭਗਤ ਵਡਿਆਈ, ਪੰਚਮ ਮੀਤਾ ਹਰਿ ਹਰਿ ਪਾਇਆ । ਗੁਰ ਸਤਿਗੁਰ ਹੋਈ ਸ਼ਬਦ ਕੁੜਮਾਈ, ਸੁਰਤ ਸਵਾਣੀ ਲੜ ਬੰਧਾਇਆ । ਚੌਥੇ ਪੌੜੇ ਦਏ ਚੜ੍ਹਾਈ, ਵਰ ਪਾਇਆ ਬੇਪਰਵਾਹਿਆ । ਰਸਨਾ ਗੌਣਾ ਚਾਈਂ ਚਾਈ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦੇਵੇ ਵਰ, ਹਰਿਜਨ ਸਾਚੇ ਆਪਣੀਆਂ ਭੁਜਾਂ ਉਠਾਇਆ । ਆਪਣੀਆਂ ਭੁਜਾਂ ਆਪੇ ਚੁੱਕ, ਹਰਿਜਨ ਸਾਚੇ ਪਾਰ ਉਤਾਰਦਾ । ਗੁਰਸਿਖ ਨਾ ਜਾਏ ਬੂਟਾ ਸੁੱਕ, ਸਤਿਗੁਰ ਪੂਰਾ ਪੈਜ ਸਵਾਰਦਾ । ਮਨਮੁਖਾਂ ਪੈਂਡਾ ਜਾਏ ਨਾ ਮੁੱਕ, ਰਾਏ ਧਰਮ ਰਾਹ ਵਿਚ ਵੰਗਾਰਦਾ । ਵੇਲੇ ਅੰਤ ਨਾ ਜਾਏ ਕੋਈ ਲੁਕ, ਜੋ ਮਨ ਮਤੀਆ ਦਰ ਹੰਕਾਰਦਾ । ਸ਼ੌਹ ਦਰਿਯਾ ਦੇਵੇ ਸੁੱਟ, ਕੁੰਭੀ ਦੁੱਖ ਨਾ ਕੋਇ ਨਵਾਰਦਾ । ਹਰਿ ਭਗਤ ਲਾਹਾ ਰਹੇ ਲੁੱਟ, ਪਾਇਆ ਦਰਸ ਪਰਵਰਦਿਗਾਰ ਦਾ । ਨੇਤਰ ਦਰਸ ਅੰਮ੍ਰਿਤ ਆਤਮ ਪੀਤਾ ਘੁੱਟ, ਮਾਣਸ ਜਨਮ ਪੈਜ ਸੁਆਰਦਾ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਗੇੜ ਨਵਾਰਦਾ । ਮਨਮੁਖ ਦਰ ਤੋਂ ਕੱਢੇ ਕੁੱਟ, ਅੰਤਮ ਪਾਸਾ ਆਇਆ ਹਾਰਦਾ । ਪੁਰਖ ਅਬਿਨਾਸ਼ੀ ਕਿਸੇ ਕੋਲੋਂ ਨਾ ਮੰਗੇ ਵੋਟ, ਇਕ ਇਕੱਲਾ ਆਪਣੀ ਖੇਲ ਆਪ ਖਲਾਰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਵਖਾਏ ਸਾਚਾ ਘਰ, ਪੰਚਮ ਮੀਤਾ ਤਨ ਸ਼ਿੰਗਾਰਦਾ । ਪੰਚਮ ਤਨ ਰੰਗਾਇਆ, ਹਰਿ ਸੱਜਣ ਵਡ ਮਿਹਰਵਾਨ । ਨਾਮ ਮਜੀਠੀ ਇਕ ਚੜ੍ਹਾਇਆ, ਉਤਰ ਨਾ ਜਾਏ ਦੋ ਜਹਾਨ । ਸਾਚੀ ਰੀਤੀ ਇਕ ਚਲਾਇਆ, ਚਾਰ ਵਰਨਾਂ ਇਕ ਗਿਆਨ । ਊਚਾਂ ਨੀਚਾਂ ਏਕਾ ਧਾਮ ਬਹਾਇਆ, ਲੇਖਾ ਜਾਣੇ ਰਾਜ ਰਾਜਾਨ । ਸਾਚਾ ਮੰਤਰ ਇਕ ਦ੍ਰਿੜਾਇਆ, ਸੋਹੰ ਸ਼ਬਦ ਕਰ ਪਰਧਾਨ । ਬ੍ਰਹਮ ਪਾਰਬ੍ਰਹਮ ਮਿਲਾਇਆ, ਇਕ ਵਖਾਏ ਚਰਨ ਧਿਆਨ । ਸਾਚੇ ਸਾਕੀ ਸਾਚਾ ਜਾਮ ਪਿਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਤ ਪਛਾਣ । ਹਰਿਜਨ ਸਾਚੇ ਸੱਜਣਾ, ਤੇਰਾ ਦਰਸ ਅਗੰਮ ਅਪਾਰ । ਤੇਰੇ ਦਰ ਦਰਵੇਸ਼ ਹਰਿ ਹਰਿ ਬਹਿ ਬਹਿ ਕਰੇ ਮਜਨਾ, ਤੇਰਾ ਅੰਮ੍ਰਿਤ ਠੰਡਾ ਠਾਰ । ਤੇਰ ਪਰਦਾ ਤੇਰੇ ਕੱਜਣਾ, ਤੇਰੀ ਰੱਖ ਸੀਸ ਦਸਤਾਰ । ਤੇਰੇ ਮੱਕੇ ਕਰੇ ਸਾਚਾ ਹੱਜਣਾ, ਹਾਜ਼ੀ ਬਣ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਸਚ ਪਿਆਰਾ ਹਰਿ ਨਿਰੰਕਾਰਾ, ਹਰੀ ਹਰਿ ਹਰਿਜਨ ਆਪ ਕਰਾਇੰਦਾ । ਦਏ ਸਹਾਰਾ ਚਰਨ ਦਵਾਰਾ, ਨੈਣ ਨਿਆਰਾ ਇਕ ਖੁਲ੍ਹਾਇੰਦਾ । ਸ਼ਬਦ ਧੁਨਕਾਰਾ ਅੰਦਰ ਬਾਹਰਾ, ਤਾਲ ਅਨਾਦ ਅਨਾਦ ਵਜਾਇੰਦਾ । ਜਾਗਰਤ ਜੋਤ ਕਰ ਉਜਿਆਰਾ ਮੇਟੇ ਅੰਧਿਆਰਾ, ਸ਼ਾਹ ਸਵਾਰਾ ਦਰਸ ਦਿਖਾਇੰਦਾ । ਪਵਣ ਹੁਲਾਰਾ ਠੰਡੀ ਠਾਰਾ, ਆਤਮ ਧਾਰਾ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਸਚ ਸੰਦੇਸ਼, ਤਖ਼ਤ ਬਰਾਜੇ ਨਰ ਨਰੇਸ਼, ਵਿਸ਼ੇਸ਼ ਆਪਣੀ ਖੇਲ ਖਿਲਾਇੰਦਾ । ਭਿੰਨੀ ਰੈਨੜੀਏ ਉਠ ਜਾਗ, ਹਰਿ ਸਾਚਾ ਆਪ ਜਗਾਈਆ । ਲੋਕਮਾਤ ਲੱਗਾ ਭਾਗ, ਨਵ ਨਵ ਹੋਏ ਰੁਸ਼ਨਾਈਆ । ਗੁਰਮੁਖਾਂ ਬੁਝਾਵਣ ਆਇਆ ਲੱਗੀ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਦੀਪਕ ਜੋਤ ਜਗਾਏ ਚਿਰਾਗ਼, ਤੇਰਾ ਅੰਧੇਰਾ ਦਏ ਮਿਟਾਈਆ । ਏਕਾ ਬਖ਼ਸ਼ੇ ਨਾਮ ਵੈਰਾਗ, ਕਾਗ ਹੰਸ ਰੂਪ ਵਟਾਈਆ । ਤ੍ਰੈਗੁਣ ਡੱਸੇ ਨਾ ਡੱਸਣੀ ਨਾਗ, ਮਾਇਆ ਮਮਤਾ ਮੋਹ ਮਿਟਾਈਆ । ਹਰਿ ਹਰਿ ਮਿਲੇ ਕੰਤ ਸੁਹਾਗ, ਸਾਚੀ ਰੈਣ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਈਆ । ਭਿੰਨੜੀ ਰੈਣ ਨੇਤਰ ਖੋਲ੍ਹ, ਚਾਰੋਂ ਕੁੰਟ ਵੇਖ ਵਖਾਇਆ । ਕਵਣ ਕੂਟ ਪ੍ਰਭ ਰਿਹਾ ਬੋਲ, ਸ਼ਬਦ ਅਗੰਮੀ ਆਪ ਅਲਾਇਆ । ਕਵਣ ਕੰਡੇ ਤੋਲੇ ਤੋਲ, ਕਵਣ ਤਰਾਜੂ ਹੱਥ ਉਠਾਇਆ । ਕਵਣ ਮਰਦੰਗ ਵਜਾਏ ਢੋਲ, ਸੁਤਿਆਂ ਰਿਹਾ ਜਗਾਇਆ । ਕਵਣ ਵਸਤ ਸਦ ਰੱਖੇ ਕੋਲ, ਜਨ ਭਗਤਾਂ ਆਪ ਵਰਤਾਇਆ ।

ਲੱਖ ਚੁਰਾਸੀ ਸੁੱਤੀ ਰਹੀ ਅਨਭੋਲ, ਵੇਲਾ ਗਿਆ ਹੱਥ ਨਾ ਆਇਆ । ਪਾਰਬ੍ਰਹਮ ਪ੍ਰਭ ਮਾਰਨ ਆਇਆ ਰੋਲ, ਪਰਦਾ ਉਹਲਾ ਆਪ ਰਖਾਇਆ । ਮਨਮੁਖਾਂ ਕੋਲੋਂ ਕਰਾਏ ਮਖ਼ੌਲ, ਗੁਰਮੁਖਾਂ ਮੁਖ ਅੰਮ੍ਰਿਤ ਆਪ ਚਵਾਇਆ । ਭਿੰਨੀ ਰੈਣੜੀਏ ਤੂੰ ਰਹਿਣਾ ਸਦਾ ਅਡੋਲ, ਤੇਰਾ ਨਾਤਾ ਸੰਗਤ ਆਪ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੈਣ ਦਏ ਸੁਹਾਇਆ । ਭਿੰਨੜੀ ਰੈਣ ਚੜ੍ਹਿਆ ਚਾਅ, ਪ੍ਰਭ ਅਬਿਨਾਸ਼ੀ ਸ਼ੁਕਰ ਮਨਾਇਆ । ਧੰਨ ਭਾਗ ਮੇਰੇ ਜੇ ਭੈਣ ਪਿਆਰੀ ਮਿਲਿਆ ਗੁਰਸਿਖ ਭਰਾ, ਮੇਰੀ ਲੱਜਿਆ ਲਏ ਰਖਾਇਆ । ਮੇਰੇ ਸਿਰ ਉਪਰ ਰੱਖੇ ਠੰਡੀ ਛਾਂ, ਦੂਤੀ ਦੁਸ਼ਟ ਨੇੜ ਕੋਇ ਨਾ ਆਇਆ । ਸਤਿਜੁਗ ਵਖਾਏ ਸਾਚਾ ਰਾਹ, ਚਾਰ ਵਰਨਾਂ ਨਾਤਾ ਜੋੜ ਜੁੜਾਇਆ । ਨਾ ਕੋਈ ਖਾਏ ਸੂਰ ਗਾਂ, ਰੱਤੀ ਮੁਖ ਰੱਤ ਨਾ ਕੋਇ ਲਗਾਇਆ । ਘਰ ਘਰ ਉਡਣੇ ਅੰਤਮ ਕਾਂ, ਸੁੰਞੀ ਰੈਣ ਦਏ ਦੁਹਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਪਕੜੇ ਬਾਂਹ, ਵੇਲੇ ਅੰਤ ਨਾ ਕੋਇ ਛੁਡਾਇਆ । ਜੁਗ ਜੁਗ ਕਰਦਾ ਆਇਆ ਸਚ ਨਿਆਂ, ਰਾਮਾ ਕ੍ਰਿਸ਼ਨਾ ਰੂਪ ਵਟਾਇਆ । ਕਲਜੁਗ ਅੰਤਮ ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣਿਆਂ ਗੋਦ ਬਹਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾ, ਸੀਸ ਤਾਜ ਨਾ ਕੋਇ ਟਿਕਾਇਆ । ਸਾਚਾ ਸ਼ਬਦੀ ਹੁਕਮ ਦਏ ਚਲਾ, ਦੂਜੀ ਧਾਰ ਨਾ ਕੋਇ ਬੰਧਾਇਆ । ਨੌਂ ਖੰਡ ਪ੍ਰਿਥਮੀ ਏਕਾ ਮਾਰਗ ਲਏ ਲਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਵਖਾਏ ਸਾਚਾ ਘਰ, ਹਰਿ ਸੰਗਤ ਮੇਲ ਮਿਲਾਇਆ । ਭਿੰਨੜੀ ਰੈਣ ਸੰਗਤ ਮੇਲਾ, ਪੰਚਮ ਜੇਠ ਹੋਈ ਕੁੜਮਾਈਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੋਬਿੰਦ ਦਾਤਾ ਬੇਪਰਵਾਹੀਆ । ਆਦਿ ਜੁਗਾਦੀ ਸੱਜਣ ਸੁਹੇਲਾ, ਸੁਖ ਸਾਗਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦਏ ਸਾਲਾਹੀਆ । ਭਿੰਨੀ ਰੈਣੜੀਏ ਤੇਰਾ ਸੱਚਾ ਰੰਗ, ਹਰਿ ਸੰਗਤ ਆਪ ਚੜ੍ਹਾਈਆ । ਹਰਿ ਸੰਗਤ ਮੰਗੇ ਏਕਾ ਮੰਗ, ਗੁਰ ਦਰਸ ਨੈਣ ਤ੍ਰਿਪਤਾਈਆ । ਸਤਿਗੁਰ ਪੂਰਾ ਦਾਤਾ ਵਡ ਸਰਬੰਗ, ਦੋਹਾਂ ਮੇਲੇ ਸਾਚੇ ਥਾਈਂਆ । ਆਪ ਲਗਾਏ ਆਪਣੇ ਅੰਗ, ਆਪਣੇ ਅੰਗਣ ਦਏ ਵਡਿਆਈਆ । ਸ਼ਬਦ ਵਜਾਏ ਇਕ ਮਰਦੰਗ, ਆਪੇ ਸੁਤਿਆਂ ਰਿਹਾ ਜਗਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਇਆ ਲੰਘ, ਲੋਕਮਾਤ ਜੋਤ ਕਰੇ ਰੁਸ਼ਨਾਈਆ । ਇਕ ਸੁਣਾਏ ਸੁਹਾਗੀ ਛੰਦ, ਸਾਚਾ ਢੋਲਾ ਆਪੇ ਗਾਈਆ । ਕਲਜੁਗ ਜੀਵ ਭਾਗਾਂ ਮੰਦ, ਕਰਵਟ ਕੋਇ ਨਾ ਸਕੇ ਬਦਲਾਈਆ । ਜਿਸ ਜਨ ਦੇਵੇ ਆਪਣਾ ਪਰਮਾਨੰਦ, ਪ੍ਰਿਆ ਪ੍ਰੀਤਮ ਦਏ ਮਿਲਾਈਆ । ਜਿਸ ਰਸਨਾ ਤਜਾਇਆ ਮਦਿਰਾ ਮਾਸ ਗੰਦ, ਭਰਮਾਂ ਕੰਧ ਆਪੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੀ ਰੈਣੜੀਏ ਤੇਰਾ ਸਾਚਾ ਛੰਦ, ਦਰ ਘਰ ਸਾਚੇ ਆਪੇ ਗਾਈਆ । ਦਰ ਘਰ ਸਾਚੇ ਗਾਵਣਾ, ਹਰਿ ਪਾਤਸ਼ਾਹ ਸੁਲਤਾਨ । ਸਤਿ ਪੁਰਖ ਨਿਰੰਜਣ ਇਕ ਮਨਾਵਣਾ, ਅਬਿਨਾਸ਼ੀ ਕਰਤਾ ਦੋ ਜਹਾਨ । ਦੂਸਰ ਸੀਸ ਨਾ ਕਿਸੇ ਝੁਕਾਵਣਾ, ਅੰਤਮ ਮਿਟੇ ਸਰਬ ਨਿਸ਼ਾਨ । ਪੁਰਖ ਅਕਾਲ ਏਕਾ ਨਜ਼ਰੀ ਆਵਣਾ, ਚਾਰ ਵਰਨਾਂ ਇਕ ਗਿਆਨ । ਏਕਾ ਇਸ਼ਟ ਧਿਆਨ ਲਗਾਵਣਾ, ਸਾਚਾ ਇਸ਼ਟ ਸ੍ਰੀ ਭਗਵਾਨ । ਪੱਥਰ ਕਾਗਜ਼ ਕਿਸੇ ਨਾ ਪਾਰ ਲੰਘਾਵਣਾ, ਗਾ ਗਾ ਥੱਕੇ ਵੇਦ ਪੁਰਾਨ । ਅੰਜੀਲ ਕੁਰਾਨਾਂ ਏਹ ਸਮਝਾਵਣਾ, ਸਾਚਾ ਨਬੀ ਦੇਵੇ ਸੱਚਾ ਇਕ ਈਮਾਨ । ਅਮਾਮ ਅਮਾਮਾ ਆਪ ਅਖਵਾਵਣਾ, ਆਪੇ ਮੇਟੇ ਪੰਜ ਸ਼ੈਤਾਨ । ਦਾਮਨਗੀਰ ਦਾਮਨ ਆਪ ਫੜਾਵਣਾ, ਆਪ ਸੁਣਾਏ ਅੱਲਾ ਇਕ ਰਾਮ । ਦਰ ਦਰਵਾਜ਼ਾ ਇਕ

੫੮੮ ੦੯

ਖੁਲ੍ਹਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਾਚੇ ਘਰ, ਪੰਚਮ ਮੋਹ ਆਪ ਚੁਕਾਵਣਾ । ਪੰਚਮ ਨਾਤਾ ਦੇਵੇ ਜੋੜ, ਗੁਰ ਸਤਿਗੁਰ ਵਡ ਵਡਿਆਈਆ । ਪੰਚਮ ਨਾਤਾ ਦੇਵੇ ਤੋੜ, ਗੁਰ ਸਤਿਗੁਰ ਬੇਪਰਵਾਹੀਆ । ਪੰਚਮ ਚਾੜ੍ਹੇ ਸਾਚੇ ਘੋੜ, ਗੁਰ ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਪੰਚਮ ਦਰ ਤੇ ਦੇਵੇ ਹੋੜ, ਦੇਵਣਹਾਰਾ ਆਪ ਸਜ਼ਾਈਆ । ਪੰਚਮ ਮੀਤਾ ਪੰਚ ਪਿਆਰਾ ਏਕੰਕਾਰਾ ਧੁਰ ਦਰਬਾਰਾ ਆਪੇ ਜਾਏ ਬੌਹੜ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦਿਵਸ ਸੁਹਾਵਣਾ, ਹਰਿ ਸੰਗਤ ਹਰਿ ਹਰਿ ਨਾਮ ਇਕ ਧਿਆਵਣਾ, ਏਕਾ ਲੇਖਾ ਦਏ ਮੁਕਾਈਆ । ਏਕਾ ਲੇਖਾ ਪਾਰ ਕਰਾਏ, ਬੰਦੀ ਛੋੜ ਆਪ ਅਖਵਾਇੰਦਾ । ਏਕਾ ਬੇੜੇ ਲਏ ਚੜ੍ਹਾਏ, ਸਾਚਾ ਬੇੜਾ ਆਪ ਚਲਾਇੰਦਾ । ਏਕਾ ਖੇੜਾ ਦਏ ਵਸਾਏ, ਸਾਚੇ ਨਗਰ ਡੇਰਾ ਲਾਇੰਦਾ । ਜਗਤ ਝੇੜਾ ਦਏ ਮਿਟਾਏ, ਜੋ ਜਨ ਸੋਹੰ ਰਸਨਾ ਗਾਇੰਦਾ । ਉਲਟਾ ਗੇੜਾ ਆਪ ਦਵਾਏ, ਮਨ ਮਣਕਾ ਆਪ ਫਿਰਾਇੰਦਾ । ਖੁਲ੍ਹਾ ਵਿਹੜਾ ਆਪ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਘਰ ਸਾਚਾ ਆਪ ਸੁਹਾਇੰਦਾ । ਘਰ ਸਾਚੇ ਸੁੱਖ ਪਾਇਆ, ਹਉਮੇ ਰੋਗ ਨਿਵਾਰ । ਪੁਰਖ ਅਬਿਨਾਸ਼ੀ ਇਕ ਮਨਾਇਆ, ਨਾਤਾ ਤੋੜ ਸਰਬ ਸੰਸਾਰ । ਕੰਤ ਸੁਹਾਗੀ ਇਕ ਹੰਢਾਇਆ, ਧੰਨ ਸੁਲੱਖਣੀ ਸੋਭਾਵੰਤੀ ਹੋਈ ਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਜੀਆ ਦਾਨ, ਦਾਤਾ ਦਾਨੀ ਦਇਆ ਆਪ ਕਮਾਈਆ ।



੦੯

## ✻ ੬ ਜੇਠ ੨੦੧੭ ਬਿਕ੍ਰਮੀ ਰਾਮ ਚੰਦ ਦੇ ਘਰ ਪਿੰਡ ਦੇਵਾ ਜ਼ਿਲਾ ਜੰਮੂ ✻

ਏਕੰਕਾਰ ਅਕਲ ਕਲ ਧਾਰ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਨਿਰਗੁਣ ਰੂਪ ਅਗੰਮ ਅਪਾਰ, ਆਦਿ ਜੁਗਾਦੀ ਖੇਲ ਖਿਲਾਇੰਦਾ । ਸਚਖੰਡ ਸੁਹਾਏ ਬੰਕ ਦਵਾਰ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਜੁਗਾ ਜੁਗੰਤਰ ਹਰਿ ਭਗਵਾਨ, ਆਪਣੀ ਰਚਨਾ ਆਪ ਰਚਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਰੂਪ ਅਨੂਪ ਆਪ ਵਟਾਈਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਲੋਕਮਾਤ ਆਪ ਸੁਣਾਈਆ । ਲੱਖ ਚੁਰਾਸੀ ਇਕ ਗਿਆਨ, ਆਤਮ ਅੰਤਰ ਬੂਝ ਬੁਝਾਈਆ । ਹਰਿ ਸੰਤਾਂ ਦੇਵੇ ਸਾਚਾ ਮਾਣ, ਭਗਤਨ ਮੇਲਾ ਸਹਿਜ ਸੁਭਾਈਆ । ਇਕ ਵਖਾਏ ਸਚ ਮਕਾਨ, ਕਾਇਆ ਮੰਦਰ ਗੜ੍ਹ ਬਣਾਈਆ । ਦੀਪਕ ਜੋਤ ਜਗੇ ਮਹਾਨ, ਬਿਮਲ ਰੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵਡ ਵਡਿਆਈਆ । ਜੁਗ ਕਰਤਾ ਹਰੀ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਲੱਖ ਚੁਰਾਸੀ ਬਣਾਏ ਬਣਤ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਲੇਖਾ ਜਾਣੇ ਆਦਿ ਅੰਤ, ਆਪਣਾ ਗੇੜਾ ਆਪ ਦਵਾਈਆ । ਹਰਿਜਨ ਉਪਜਾਏ ਸਾਚੇ ਸੰਤ, ਸਾਧਨ ਸਿਧ ਆਪ ਤਰਾਈਆ । ਆਪ ਜਪਾਏ ਆਪਣਾ ਮੰਤ, ਨਿਸ਼ਅੱਖਰ ਕਰੇ ਪੜ੍ਹਾਈਆ । ਅਜੂਨੀ ਰਹਿਤ ਸਾਚਾ ਕੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੇਖਾ ਆਪ ਚੁਕਾਈਆ । ਜੁਗ ਜੁਗ ਲੇਖਾ ਹਰਿ

੫੯੦

ਮਿਹਰਵਾਨ, ਲੱਖ ਚੁਰਾਸੀ ਆਪ ਚੁਕਾਇੰਦਾ । ਹਰਿ ਭਗਤਨ ਦੇਵੇ ਬ੍ਰਹਮ ਗਿਆਨ, ਆਤਮ ਵਿਦਿਆ ਆਪ ਪੜ੍ਹਾਇੰਦਾ । ਸਾਚਾ ਦੇਵੇ ਸ਼ਬਦ ਨਿਸ਼ਾਨ, ਦਰ ਘਰ ਸਾਚੇ ਆਪ ਵਖਾਇੰਦਾ । ਸ੍ਰਿਸ਼ਟ ਸਬਾਈ ਏਕਾ ਪਾਏ ਆਣ, ਏਕਾ ਹੁਕਮ ਸੁਣਾਇੰਦਾ । ਸ਼ਾਹੋ ਭੂਪ ਵਾਲੀ ਦੋ ਜਹਾਨ, ਰਾਜ ਰਾਜਾਨਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਤ੍ਰੇਤਾ ਮਾਤ ਹੰਢਾਇਆ, ਦੁਆਪਰ ਆਪਣੀ ਖੇਲ ਖਿਲਾਈਆ । ਨਿਰਗੁਣ ਸਰਗੁਣ ਵੇਸ ਵਟਾਇਆ, ਲੋਕਮਾਤ ਕਰ ਰੁਸ਼ਨਾਈਆ । ਭਗਤ ਵਛਲ ਹਰਿ ਨਾਉਂ ਧਰਾਇਆ, ਆਪਣਾ ਬਿਰਦ ਆਪ ਧਰਾਈਆ । ਏਕਾ ਨਈਆ ਨਾਮ ਚਲਾਇਆ, ਹਰਿਜਨ ਸਾਚੇ ਲਏ ਚੜ੍ਹਾਈਆ । ਸਾਚਾ ਸਈਆ ਬਣ ਕੇ ਆਇਆ, ਰਾਮ ਰਾਮਾ ਵਡ ਵਡਿਆਈਆ । ਏਕਾ ਘਨਈਆ ਰੂਪ ਵਟਾਇਆ, ਮੁਕੰਦ ਮਨੋਹਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚਾ ਮੀਤੜਾ, ਹਰਿ ਹਰਿ ਆਪ ਜਣਾਇੰਦਾ । ਕਾਇਆ ਚੋਲੀ ਰੰਗੇ ਚੀਥੜਾ, ਰੰਗ ਰੰਗੀਲਾ ਆਪ ਅਖਵਾਇੰਦਾ । ਏਕਾ ਨਾਮ ਵਖਾਏ ਸਚ ਅਨਡੀਠੜਾ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਪਤਿਤ ਪਾਪੀ ਕਰੇ ਪੁਨੀਤੜਾ, ਪਤਿਤ ਪਾਪੀ ਆਪ ਤਰਾਇੰਦਾ । ਜੁਗ ਜੁਗ ਚਲਾਏ ਆਪਣੀ ਰੀਤੜਾ, ਸਤਿਗੁਰ ਸਾਚੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਚ ਵਸਤ ਨਾ ਕਿਸੇ ਪਾਸ, ਜੀਵ ਜੰਤ ਰਹੇ ਕੁਰਲਾਈਆ । ਤ੍ਰੈਗੁਣ ਮਾਇਆ ਬੱਧਾ ਨਾਤ, ਪੰਚ ਵਿਕਾਰ ਰਿਹਾ ਕੁਰਲਾਈਆ । ਸਾਚਾ ਸੰਗ ਨਾ ਦਿਸੇ ਸਾਥ, ਸਗਲਾ ਸੰਗ ਨਾ ਕੋਈ ਨਿਭਾਈਆ । ਦਿਸ ਨਾ ਆਏ ਤ੍ਰਲੋਕੀ ਨਾਥ, ਤੀਨ ਲੋਕ ਪਈ ਦੁਹਾਈਆ । ਰਸਨਾ ਜਿਹਵਾ ਚੁੱਕਿਆ ਪੂਜਾ ਪਾਠ, ਪੜ੍ਹ ਪੜ੍ਹ ਅੱਖਰ ਜਗਤ ਪੜ੍ਹਾਈਆ । ਕੋਈ ਨਾ ਨੁਹਾਵੇ ਸਾਚਾ ਘਾਟ, ਅਠਸਠ ਤੀਰਥ ਨੇਤਰ ਨੀਰ ਰਹੇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਖੇਲ ਬੇਪਰਵਾਹੀਆ । ਕਲਜੁਗ ਵੇਲਾ ਅੰਤਮ ਆਇਆ, ਉਚੀ ਕੂਕੇ ਦਏ ਦੁਹਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਲੋਆਂ ਪੁਰੀਆਂ ਫੇਰਾ ਪਾਈਆ । ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇਆ, ਲੋਕਮਾਤ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਦਏ ਹਿਲਾਇਆ, ਸੱਤਾਂ ਦੀਪਾਂ ਆਪ ਜਗਾਈਆ । ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾਇਆ, ਸੀਸ ਤਾਜ ਨਾ ਕੋਈ ਟਿਕਾਈਆ । ਸ਼ਾਹ ਨਵਾਬ ਕੋਈ ਰਹਿਣ ਨਾ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਖੇਲ ਅਗੰਮ ਅਪਾਰ, ਏਕੰਕਾਰਾ ਆਪ ਅਖਵਾਈਆ । ਏਕ ਏਕੰਕਾਰਾ ਇਕ ਇਕੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਵੇਖਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਇੰਦਾ । ਸਚ ਸੰਦੇਸ਼ ਨਰ ਨਰੇਸ਼ ਨਰ ਨਰਾਇਣ ਏਕਾ ਘੱਲਾ, ਸ਼ਬਦੀ ਸ਼ਬਦ ਆਪ ਸੁਣਾਇੰਦਾ । ਗੁਰਮੁਖ ਵਿਰਲੇ ਫੜਾਏ ਏਕਾ ਪੱਲਾ, ਹਰਿਜਨ ਸੋਇਆ ਆਪ ਉਠਾਇੰਦਾ । ਭਗਤਾਂ ਅੰਦਰ ਭਗਤੀ ਰਲਾ, ਭਗਵਨ ਆਪਣਾ ਦਰਸ ਦਿਖਾਇੰਦਾ । ਆਪ ਭੁਲਾਏ ਕਰ ਵਲ ਛਲਾ, ਬਾਵਨ ਭੇਖ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਅਪਾਰ, ਕਰੇ ਕਰਾਏ ਹਰਿ ਨਿਰੰਕਾਰ, ਨਿਰਗੁਣ ਸਰਗੁਣ ਦੋਵੇਂ ਧਾਰ, ਸਾਚੀ ਧਾਰਾ ਆਪ ਵਖਾਇੰਦਾ । ਸਾਚੀ ਧਾਰ ਹਰਿ ਭਗਵੰਤ, ਲੋਕਮਾਤ ਚਲਾਈਆ । ਲੇਖਾ ਜਾਣੇ ਜੀਵ ਜੰਤ,

ਚਾਰੇ ਕੁੰਟ ਵੇਖ ਵਖਾਈਆ । ਤੋੜਨਹਾਰਾ ਗੜ੍ਹ ਹਉਮੇ ਹੰਗਤ, ਜਿਉਂ ਰਾਮਾ ਰਾਵਣ ਘਾਈਆ । ਲੇਖਾ ਜਾਣੇ ਸਾਚੇ ਸੰਤ, ਸਤਿ ਸਤਿਵਾਦੀ ਬੇਪਰਵਾਹੀਆ । ਨਾਰ ਦੁਹਾਗਣ ਵੇਖੇ ਕੰਤ, ਜੋ ਹਰਿ ਹਰਿ ਰਹੇ ਧਿਆਈਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਸਾਚੇ ਸੱਜਣ ਮੀਤ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਜੁਗਾਂ ਜੁਗਾਂ ਦੀ ਸਾਚੀ ਰੀਤ, ਸਤਿਗੁਰ ਸਾਚਾ ਆਪ ਨਿਭਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਰਾਓ ਰੰਕ ਰਾਜ ਰਾਜਾਨ ਨਾ ਕੋਈ ਵਖਾਇੰਦਾ । ਆਪੇ ਕਰੇ ਕਾਇਆ ਠੰਡੀ ਸੀਤ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਣ ਆਪਣਾ ਨਾਉਂ ਧਰਾਇੰਦਾ । ਮਾਨਸ ਜਨਮ ਹਰਿ ਭਗਤ ਜਾਏ ਜੀਤ, ਲੱਖ ਚੁਰਾਸੀ ਫੰਦ ਕਟਾਇੰਦਾ । ਏਕਾ ਗਾਏ ਗੋਬਿੰਦ ਗੀਤ, ਗੀਤ ਗੋਬਿੰਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਨਿਆਰਾ, ਕਰੇ ਕਰਾਏ ਕਰਨੇਹਾਰਾ, ਦੋ ਜਹਾਨਾਂ ਆਪ ਕਰਾਇੰਦਾ । ਦੋ ਜਹਾਨਾ ਧੁਰ ਫ਼ਰਮਾਣ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਬ੍ਰਹਮਾ ਦੇਵੇ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਵਿਸ਼ਨੂੰ ਦੇਵੇ ਸਾਚਾ ਮਾਣ, ਆਪ ਆਪਣੇ ਰੰਗ ਰੰਗਾਇੰਦਾ । ਸ਼ੰਕਰ ਕਰੇ ਦਰ ਪਰਵਾਨ, ਦਰ ਦਰਵੇਸ਼ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਮੇਟੇ ਕੂੜ ਕੁੜਿਆਰਾ, ਨੌ ਨੌ ਦਏ ਸ਼ਬਦ ਹੁਲਾਰਾ, ਸਤ ਸਤ ਕਰੇ ਪਾਰ ਕਿਨਾਰਾ, ਬ੍ਰਹਮ ਮਤ ਆਪ ਸਮਝਾਇੰਦਾ । ਬ੍ਰਹਮ ਮਤ ਦੇਵੇ ਸਾਚਾ ਇਸ਼ਟ, ਆਤਮ ਦ੍ਰਿਸ਼ਟ ਆਪ ਖੁਲ੍ਹਾਈਆ । ਲੇਖਾ ਜਾਣੇ ਸਰਬ ਸ੍ਰਿਸ਼ਟ, ਸਾਖਯਾਤ ਰੂਪ ਵਟਾਈਆ । ਭੇਵ ਚੁਕਾਏ ਰਾਮਾ ਵਸ਼ਿਸ਼ਟ, ਰੂਪ ਅਨੂਪ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਰੋਗ ਸੋਗ ਚਿੰਤ ਗਵਾਈਆ । ਰੋਗ ਸੋਗ ਮਿਟੇ ਦੁੱਖ, ਜਿਸ ਜਨ ਆਪਣੀ ਦਇਆ ਕਮਾਇੰਦਾ । ਲੋਕਮਾਤ ਕਰਾਏ ਉਜਲ ਮੁਖ, ਦੁਰਮਤ ਮੈਲ ਆਪ ਧਵਾਇੰਦਾ । ਕਰੇ ਕਰਾਏ ਹਰਿ ਰਘੁਰਾਏ ਇਕ ਉਪਜਾਏ ਸਾਚਾ ਸੁੱਖ, ਸਾਂਤਕ ਸਤਿ ਸਤਿ ਆਪ ਵਖਾਇੰਦਾ । ਕਰ ਦਰਸ ਨੇਤਰ ਨੈਣ ਜਗਤ ਤ੍ਰਿਸ਼ਨਾ ਮਿਟੇ ਭੁੱਖ, ਆਤਮ ਤ੍ਰਿਪਤ ਆਪ ਵਖਾਇੰਦਾ । ਧੁਰ ਦਾ ਲੇਖਾ ਦਏ ਲਿਖ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਹਰਿ ਆਪਣਾ ਨਾਮ ਦ੍ਰਿੜਾਇੰਦਾ । ਸਾਚਾ ਮੰਤਰ ਸ਼ਬਦ ਗਿਆਨ, ਗੁਰਮਤ ਗੁਰ ਆਪ ਜਣਾਈਆ । ਜਨ ਭਗਤਾਂ ਬਖ਼ਸ਼ੇ ਇਕ ਧਿਆਨ, ਲਿਵ ਅੰਤਰ ਆਪ ਲਗਾਈਆ । ਇਕ ਸੁਣਾਏ ਰਾਗ ਕਾਨ, ਛੱਤੀ ਰਾਗ ਭੇਵ ਨਾ ਰਾਈਆ । ਨੇੜ ਨਾ ਆਏ ਪਵਣ ਮਸਾਣ, ਜਿਸ ਦਰਸ਼ਨ ਪਾਇਆ ਸਾਚੇ ਮਾਹੀਆ । ਘਰ ਕਰੇ ਪਰਕਾਸ਼ ਕੋਟਨ ਭਾਨ, ਜੋਤ ਨਿਰੰਜਣ ਕਰ ਰੁਸ਼ਨਾਈਆ । ਨਾਮ ਵਖਾਏ ਸਾਚੀ ਖਾਣ, ਘਰ ਘਰ ਵਿਚ ਆਪ ਟਿਕਾਈਆ । ਸਰਬ ਜੀਆਂ ਦਾ ਜਾਣੀ ਜਾਣ, ਸਾਚੇ ਮੰਦਰ ਅੰਦਰ ਬੈਠਾ ਆਸਣ ਲਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਸਾਚੇ ਲਏ ਪਛਾਣ, ਪੂਰਬ ਲਹਿਣਾ ਵੇਖ ਵਖਾਈਆ । ਏਕਾ ਦੇਵੇ ਨਾਮ ਨਿਧਾਨ, ਨਿਝ ਨੇਤਰ ਆਪ ਖੁਲ੍ਹਾਈਆ । ਚੌਥੇ ਪਦ ਕਰ ਪਰਵਾਨ, ਪਰਮ ਪੁਰਖ ਮੇਲ ਮਿਲਾਈਆ । ਪੰਚਮ ਵਖਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵੇਲਾ, ਏਕਾ

ਬਣੇ ਸੱਜਣ ਸੁਹੇਲਾ, ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਈਆ । ਗੁਰ ਚੇਲਾ ਹਰਿ ਨਰਾਇਣ, ਨਿਰਗੁਣ ਆਪਣੀ ਧਾਰ ਚਲਾਇੰਦਾ । ਗੁਰਮੁਖ ਵੇਖੇ ਸਾਚੇ ਸਾਕ ਸੱਜਣ ਸੈਣ, ਜੁਗ ਵਿਛੜੇ ਮੇਲ ਮਿਲਾਇੰਦਾ । ਦਰਸ ਦਖਾਏ ਆਪਣੇ ਨੈਣ, ਦੋਏ ਲੋਚਣ ਬੰਦ ਕਰਾਇੰਦਾ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨੇੜ ਨਾ ਆਇੰਦਾ । ਜੋ ਜਨ ਹਰਿ ਹਰਿ ਨਾਉਂ ਰਸਨਾ ਕਹਿਣ, ਲਹਿਣ ਦੇਣ ਸਰਬ ਚੁਕਾਇੰਦਾ । ਮਾਇਆ ਮਮਤਾ ਨਾ ਵਹਿਣਾ ਝੂਠੇ ਵਹਿਣ, ਸੱਚੀ ਵਸਤ ਇਕ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲਗਾਏ ਆਪਣੇ ਲੜ, ਏਕਾ ਪੱਲੂ ਨਾਮ ਵਖਾਇੰਦਾ । ਹਰਿਜਨ ਸਾਚੇ ਪੱਲੂ ਫੜਿਆ, ਪੁਰਖ ਅਬਿਨਾਸ਼ੀ ਆਪ ਫੜਾਈਆ । ਸਾਚੇ ਪੌੜੇ ਏਕਾ ਚੜ੍ਹਿਆ, ਘਰ ਮੰਦਰ ਪੌੜੀ ਲਾਈਆ । ਸੁਖਮਨ ਨਾੜ ਕਦੇ ਨਾ ਅੜਿਆ, ਡੂੰਘੀ ਭਵਰੀ ਚਰਨਾਂ ਹੇਠ ਦਬਾਈਆ । ਅੰਮ੍ਰਿਤਸਰ ਨੁਹਾਏ ਸਾਚੇ ਸਰਿਆ, ਹੰਸ ਕਾਗ ਰੂਪ ਵਟਾਈਆ । ਸ਼ਬਦ ਅਨਾਹਦ ਉਪਰ ਧੌਲ ਪੁਰਖ ਅਬਿਨਾਸ਼ੀ ਆਪੇ ਧਰਿਆ, ਸੁਰ ਤਾਲ ਆਪਣੇ ਹੱਥ ਰਖਾਈਆ । ਬਜ਼ਰ ਕਪਾਟੀ ਤੋੜ ਗੜ੍ਹਿਆ, ਦੂਈ ਦਵੈਤੀ ਪਰਦਾ ਲਾਹੀਆ । ਆਤਮ ਸੇਜਾ ਹਰਿਜਨ ਸਾਚੇ ਆਪੇ ਵੜਿਆ, ਆਪ ਆਪਣਾ ਮੇਲ ਮਿਲਾਈਆ । ਗੁਰਮੁਖ ਗੁਰ ਗੁਰ ਆਪ ਆਪਣੇ ਜੇਹਾ ਕਰਿਆ, ਏਕਾ ਰੰਗਨ ਰੰਗ ਚੜ੍ਹਾਈਆ । ਆਵਣ ਜਾਵਣ ਚੁੱਕੇ ਡਰਿਆ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਫੜ, ਆਪ ਆਪਣਾ ਬੰਧਨ ਪਾਈਆ । ਬੰਧਨ ਪਾਏ ਨਾਮ ਡੋਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਬੰਨ੍ਹਣਹਾਰਾ ਪੰਜੇ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਮੇਟ ਮਿਟਾਇੰਦਾ । ਆਸਾ ਤ੍ਰਿਸ਼ਨਾ ਦੇਵੇ ਹੋੜ, ਜਗਤ ਵਾਸਨਾ ਆਪ ਖਪਾਇੰਦਾ । ਇਕ ਪ੍ਰੀਤੀ ਦੇਵੇ ਜੋੜ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਮਨ ਮਨੂਆ ਨਾ ਪਾਏ ਸ਼ੋਰ, ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਮਤ ਮਤਵਾਲੀ ਨਾ ਕਰੇ ਜ਼ੋਰ, ਜ਼ੋਰ ਆਪਣਾ ਆਪ ਵਖਾਇੰਦਾ । ਗੁਰਮੁਖ ਚੜ੍ਹਾਏ ਸਾਚੇ ਘੋੜ, ਸ਼ਬਦ ਅਸਵ ਆਪ ਦੌੜਾਇੰਦਾ । ਆਪ ਆਪਣੇ ਸੰਗ ਲਏ ਤੋਰ, ਦੂਸਰ ਹੋਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਏਕਾ ਰੰਗ ਵਖਾਇੰਦਾ । ਭਗਤਨ ਹਰਿ ਰੰਗ ਰੱਤਿਆ, ਆਦਿ ਜੁਗਾਦਿ ਸਮਾਏ । ਏਕਾ ਦੇਵੇ ਸਾਚੀ ਮੱਤਿਆ, ਬ੍ਰਹਮ ਵਿਦਿਆ ਆਪ ਪੜ੍ਹਾਏ । ਆਪਣਾ ਮਾਰਗ ਆਪੇ ਦੱਸਿਆ, ਨੌ ਦੁਆਰੇ ਖੋਜ ਖੁਜਾਏ । ਘਰ ਦਸਵੇਂ ਬਹਿ ਬਹਿ ਹੱਸਿਆ, ਪੁਰਖ ਅਬਿਨਾਸ਼ੀ ਬੇਪਰਵਾਹੇ । ਭਗਤ ਦਵਾਰੇ ਫਿਰੇ ਨੱਸਿਆ, ਜੁਗ ਜੁਗ ਆਪਣੀ ਪੈਜ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਦਰ ਘਰ ਸਾਚਾ ਵਡ ਵਡਿਆਏ । ਦਰ ਘਰ ਸਾਚਾ ਕੁੱਲੀ ਕੱਖ, ਅਲੱਖ ਨਿਰੰਜਣ ਆਪ ਸੁਹਾਇੰਦਾ । ਦਰਸ ਦਖਾਏ ਹੋ ਪਰਤੱਖ, ਨਿਰਗੁਣ ਆਪਣਾ ਰੂਪ ਵਟਾਇੰਦਾ । ਕਰਣਹਾਰਾ ਕੱਖੋਂ ਲੱਖ, ਲੱਖ ਕਰੋੜੀ ਖ਼ਾਕ ਮਿਲਾਇੰਦਾ । ਹਰਿ ਭਗਤ ਹਰਿਜਨ ਲੱਖ ਚੁਰਾਸੀ ਵਿਚੋਂ ਕਰੇ ਵੱਖ, ਆਪਣੀ ਵੰਡਣ ਆਪ ਵੰਡਾਇੰਦਾ । ਮੇਲ ਮਿਲਾਵਾ ਨੱਠ ਨੱਠ, ਦੂਰ ਦੁਰਾਡਾ ਪੰਧ ਚੁਕਾਇੰਦਾ । ਏਕਾ ਪੱਲੇ ਬੰਨ੍ਹੇ ਨਾਮ ਗਠ, ਸਾਚੀ ਗਠੜੀ ਹੱਥ ਵਖਾਇੰਦਾ । ਕਲਜੁਗ ਅੰਤਮ ਗੇੜੇ ਉਲਟੀ ਲੱਠ, ਜੀਵ ਜੰਤ ਸਰਬ ਕੁਰਲਾਇੰਦਾ । ਬਿਨ ਪੀਆ ਖੇੜਾ ਦਿਸੇ ਭੱਠ, ਸੌਹਰਾ ਪੇਈਏ ਨਾ ਕੋਇ ਸੁਹਾਇੰਦਾ । ਵਸਣਹਾਰਾ ਘਟ ਘਟ, ਘਟ ਅੰਤਰ ਖੋਜ ਖੁਜਾਇੰਦਾ । ਹਰਿਜਨ ਅੰਮ੍ਰਿਤ ਆਤਮ ਨਿਝਰ ਧਾਰਾ ਦੇਵੇ ਛੱਟ, ਸਾਚਾ ਝਿਰਨਾ ਆਪ ਝਿਰਾਇੰਦਾ । ਆਪ ਸੁਹਾਏ ਸਾਚੀ ਖਾਟ,

ਆਤਮ ਸੇਜਾ ਆਸਣ ਲਾਇੰਦਾ । ਬਜ਼ਰ ਕਪਾਟੀ ਪੱਥਰ ਜਾਏ ਪਾਟ, ਜੋ ਜਨ ਨੇਤਰ ਦਰਸ਼ਨ ਪਾਇੰਦਾ । ਹਰਿਜਨ ਨਾ ਵਿਕੇ ਕਿਸੇ ਹਾਟ, ਚੌਦਾਂ ਲੋਕਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਹਰਿ ਸਚ ਮੁਨਾਰਾ, ਏਕਾ ਏਕ ਵਖਾਈਆ । ਆਪੇ ਵਸੇ ਏਕੰਕਾਰਾ, ਓਅੰਕਾਰਾ ਰੂਪ ਵਟਾਈਆ । ਆਪੇ ਹੋਏ ਸ਼ਾਹ ਸਿਕਦਾਰਾ, ਸ਼ਾਹ ਸੁਲਤਾਨ ਬੇਪਰਵਾਹੀਆ । ਆਪੇ ਹੁਕਮੀ ਹੁਕਮ ਕਰੇ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਈਆ । ਆਪੇ ਲੇਖਾ ਜਾਣੇ ਰਵ ਸਸ ਸਤਾਰਾ, ਮੰਡਲ ਮੰਡਪ ਆਪ ਭਵਾਈਆ । ਆਪੇ ਜ਼ਿਮੀ ਅਸਮਾਨਾਂ ਦਏ ਹੁਲਾਰਾ, ਗਗਨ ਗਗਨੰਤਰ ਖੋਜ ਖੁਜਾਈਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰੇ ਪਿਆਰਾ, ਆਪੇ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਲਏ ਉਠਾਈਆ । ਆਪੇ ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਚਮ ਨਾਤਾ ਜੋੜ ਜੁੜਾਈਆ । ਆਪੇ ਲੱਖ ਚੁਰਾਸੀ ਕਰ ਪਸਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਆਪੇ ਜੁਗਾ ਜੁਗੰਤਰ ਲੈ ਅਵਤਾਰਾ, ਹਰਿਜਨ ਸਾਚੇ ਲਏ ਤਰਾਈਆ । ਆਪੇ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ ਕਿਨਾਰਾ, ਕਲਜੁਗ ਅੰਤਮ ਵੇਖੇ ਬੇਪਰਵਾਹੀਆ । ਆਪੇ ਵੇਦ ਪੁਰਾਨਾਂ ਦਏ ਹੁਲਾਰਾ, ਸ਼ਾਸਤਰ ਸਿਮਰਤ ਆਪ ਸੁਣਾਈਆ । ਆਪੇ ਵੇਦ ਵਿਆਸਾ ਬਣ ਲਿਖਾਰਾ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਆ ਗਣਾਈਆ । ਆਪੇ ਅਠਾਰਾਂ ਧਿਆਏ ਕਰ ਪਸਾਰਾ, ਅਰਜਨ ਗਿਆਨ ਇਕ ਦ੍ਰਿੜਾਈਆ । ਆਪੇ ਅੰਜੀਲ ਕੁਰਾਨਾਂ ਲੇਖਾ ਜਾਣੇ ਬੇਐਬ ਪਰਵਰਦਿਗਾਰਾ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਆਪੇ ਕਲਮੀ ਕਲਮਾ ਪੜ੍ਹੇ ਸ਼ਾਹ ਸਵਾਰਾ, ਉਚੇ ਟਿੱਲੇ ਕੂਕੇ ਦਏ ਦੁਹਾਈਆ । ਆਪੇ ਜਲਵਾ ਨੂਰ ਕਰ ਉਜਿਆਰਾ, ਨੂਰ ਨੁਰਾਨਾ ਰੂਪ ਦਰਸਾਈਆ । ਆਪੇ ਮੱਕਾ ਕਾਅਬਾ ਖੋਲ੍ਹ ਕਿਵਾੜਾ, ਦੋ ਦੋ ਆਬਾ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਅਵੱਲਾ, ਆਪ ਕਰਾਏ ਇਲਾਹੀ ਅੱਲਾ, ਹੱਕ ਹਕੀਕਤ ਵੇਖ ਵਖਾਈਆ । ਹੱਕ ਹਕੀਕਤ ਲਾਸ਼ਰੀਕ, ਪਰਵਰਦਿਗਾਰ ਵੇਖ ਵਖਾਇੰਦਾ । ਆਪੇ ਮੇਟਣਹਾਰਾ ਜਗਤ ਤਹਰੀਕ, ਆਪ ਆਪਣਾ ਚੰਦ ਚੜ੍ਹਾਇੰਦਾ । ਆਪੇ ਲੇਖਾ ਲਿਖੇ ਵਡ ਬਰੀਕ, ਤੀਸ ਬਤੀਸ ਨਾ ਕੋਇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਗਾਏ ਆਪਣੀ ਧਾਰ, ਪਰਗਟ ਹੋ ਵਿਚ ਸੰਸਾਰ, ਨਿਰਗੁਣ ਤਤ ਕਰੇ ਵਿਚਾਰ, ਏਕਾ ਤਤ ਆਪ ਸੁਹਾਇੰਦਾ । ਨਿਰਗੁਣ ਤਤ ਨਾਨਕ ਨਰਾਇਣ ਨਰ ਪਾਇਆ, ਘਰ ਸਾਚੇ ਵੱਜੀ ਵਧਾਈਆ । ਮੰਤਰ ਨਾਮ ਸਤਿ ਦ੍ਰਿੜਾਇਆ, ਚਾਰ ਵਰਨਾਂ ਕਰੇ ਪੜ੍ਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਇਆ, ਜ਼ਾਤ ਪਾਤ ਨਾ ਕੋਇ ਵਖਾਈਆ । ਰਾਓ ਰੰਕਾਂ ਰਾਜ ਰਾਜਾਨਾਂ ਆਪ ਸਮਝਾਇਆ, ਜਗਤ ਦਿਸੇ ਝੂਠੀ ਸ਼ਾਹੀਆ । ਸਾਚਾ ਡੰਕਾ ਇਕ ਵਜਾਇਆ, ਚਾਰੇ ਕੂਟਾਂ ਫੇਰੀ ਪਾਈਆ । ਗੋਬਿੰਦ ਖੰਡਾ ਇਕ ਚਮਕਾਇਆ, ਚੰਡ ਪ੍ਰਚੰਡ ਆਪ ਚਮਕਾਈਆ । ਜੇਰਜ ਅੰਡ ਵੇਖ ਵਖਾਇਆ, ਉਤਭੁਜ ਸੇਤਜ ਫੋਲ ਫੁਲਾਈਆ । ਚੌਥਾ ਜੁਗ ਦਏ ਦੁਹਾਇਆ, ਚਾਰੇ ਕੂਟਾਂ ਫੇਰੀ ਪਾਈਆ । ਬਿਨ ਹਰਿ ਹੋਏ ਨਾ ਕੋਈ ਸਹਾਇਆ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਪ੍ਰਗਟ ਹੋ ਵਿਚ ਸੰਸਾਰ, ਨਿਹਕਲੰਕੀ ਜਾਮਾ ਧਾਰ, ਸ਼ਬਦੀ ਡੰਕ ਵੱਜੇ ਸੰਸਾਰ, ਸ੍ਰਿਸ਼ਟ ਸਬਾਈ ਆਪ ਉਠਾਈਆ । ਸ੍ਰਿਸ਼ਟ ਸਬਾਈ ਜਗਾਵਣਹਾਰਾ, ਆਦਿ ਜੁਗਾਦਿ ਸਮਾਇਆ । ਏਕਾ ਸ਼ਬਦ ਬੋਲ ਜੈਕਾਰਾ, ਲੋਆਂ ਪੁਰੀਆਂ ਵੇਖ ਵਖਾਇਆ । ਬ੍ਰਹਮ ਪਾਰਬ੍ਰਹਮ ਕਰੇ ਸਚ ਪਿਆਰਾ, ਈਸ਼ ਜੀਵ ਮੇਲ ਮਿਲਾਇਆ ।

੦੯

੫੯੩

ਘਰ ਮੰਦਰ ਸੋਹੇ ਇਕ ਦਵਾਰਾ, ਸਤਿਗੁਰ ਸਾਚਾ ਆਪ ਸੁਹਾਇਆ । ਮੇਟ ਮਿਟਾਏ ਧੁਆਂਧਾਰਾ, ਅੰਧ ਅੰਧੇਰਾ ਰਹਿਣ ਨਾ ਪਾਇਆ । ਜਿਸ ਜਨ ਬੁਝਾਏ ਦਇਆ ਕਮਾਏ ਇਕ ਦਵਾਰਾ, ਘਰ ਘਰ ਵਿਚ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਕਰਾਇਆ । ਪਾਰ ਕਰਾਇਆ ਬਣ ਮਲਾਹ, ਬੇੜਾ ਲੋਕਮਾਤ ਚਲਾਈਆ । ਸੋਹੰ ਅੱਖਰ ਦੇਵੇ ਸਚ ਸਲਾਹ, ਸਤਿਜੁਗ ਸਚ ਕਰੇ ਕੁੜਮਾਈਆ । ਕਲਜੁਗ ਕੂੜਾ ਮਿਟੇ ਨਾਂ, ਥਿਰ ਕੋਇ ਰਹਿਣ ਨਾ ਪਾਈਆ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਸਮਰਥ ਪੁਰਖ ਹੱਥ ਵਡਿਆਈਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਹੰਸਾ ਮੋਤੀ ਚੋਗ ਚੁਗਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣੇ ਗਲੇ ਲਗਾਈਆ । ਦੋ ਜਹਾਨਾਂ ਕਰੇ ਸਚ ਨਿਆਂ, ਤਖ਼ਤ ਨਿਵਾਸੀ ਬੇਪਰਵਾਹੀਆ । ਸ਼ਾਹ ਸੁਲਤਾਨਾ ਦੇਵੇ ਖ਼ਾਕ ਮਿਲਾ, ਕਲਜੁਗ ਵੇਲਾ ਅੰਤਮ ਆਈਆ । ਦਰ ਦਰ ਘਰ ਘਰ ਉਡਣ ਕਾਂ, ਸ੍ਰਿਸ਼ਟੀ ਦ੍ਰਿਸ਼ਟੀ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚੀ ਵਸਤ ਇਕ ਵਖਾਈਆ । ਸਾਚੀ ਵਸਤ ਨਾਮ ਅਨਮੋਲ, ਹਰਿਜਨ ਸਾਚੀ ਝੋਲੀ ਪਾਇੰਦਾ । ਆਦਿ ਜੁਗਾਦੀ ਰੱਖੇ ਕੋਲ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਸਤਿ ਸਤਿਵਾਦੀ ਸਾਚੇ ਕੰਡੇ ਤੋਲ, ਤੋਲਣਹਾਰਾ ਆਪ ਅਖਵਾਇੰਦਾ । ਆਪਣੀ ਧਾਰਨ ਆਪੇ ਬੋਲ, ਸੋਹੰ ਅੱਖਰ ਸ਼ਬਦ ਪੜ੍ਹਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਆਪ ਆਪਣਾ ਰੂਪ ਵਟਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਆਤਮ ਰਸ ਭਰਾਇੰਦਾ । ਮਾਣ ਰਖਾਏ ਉਪਰ ਧਵਲ, ਧਰ ਧਰਨੀ ਆਪ ਵਡਿਆਇੰਦਾ । ਦਰਸ ਦਖਾਏ ਸੁੰਦਰ ਸਾਵਲ, ਰੂਪ ਅਨੂਪ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਹਰਿ ਸੋਭਿਆ, ਦਰ ਘਰ ਖੇਲ ਮਹਾਨ । ਮਿਲੇ ਗਿਆਨ ਇਕ ਅਗਾਧ ਬੋਧਿਆ, ਰਸਨਾ ਜਿਹਵਾ ਨਾ ਕਰੇ ਬਿਆਨ । ਗੁਰ ਕਾ ਸ਼ਬਦ ਸਦਾ ਵਡ ਜੋਧਨ ਜੋਧਿਆ, ਮਰੇ ਨਾ ਜੰਮੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਦੇਵੇ ਧੁਰ ਫ਼ਰਮਾਣ । ਧੁਰ ਫ਼ਰਮਾਣਾ ਸਾਚਾ ਰਾਣਾ, ਹਰੀ ਹਰਿ ਹਰਿ ਆਪ ਸੁਣਾਈਆ । ਕਲਜੁਗ ਵਰਤੇ ਹਰਿ ਹਰਿ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਭੇਵ ਨਾ ਪਾਏ ਸੁਘੜ ਸਿਆਣਾ ਜਗਤ ਵਿਦਿਆ ਦਏ ਦੁਹਾਈਆ । ਗੁਰਮੁਖ ਵਿਰਲਾ ਕਰ ਪਰਵਾਨਾ, ਆਪਣੀ ਬੂਝ ਆਪ ਬੁਝਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਚਾਤ੍ਰਿਕ ਤ੍ਰਿਖਾ ਦਏ ਗਵਾਈਆ । ਦਰਸ ਦਿਖਾਏ ਬਹੁ ਬਿਧ ਨਾਨਾ, ਆਪ ਆਪਣੀ ਕਲ ਵਰਤਾਈਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਧੀਰਜ ਜਤ ਇਕ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਸਾਏ ਸਾਚੇ ਘਰ, ਮੰਦਰ ਸੋਹੇ ਸ੍ਰੀ ਭਗਵੰਤ, ਲੇਖਾ ਚੁੱਕੇ ਜੀਵ ਜੰਤ, ਜ਼ਾਤ ਪਾਤ ਨਾ ਕੋਈ ਰਖਾਈਆ ।

## ❊ ੬ ਜੇਠ ੨੦੧੭ ਬਿਕ੍ਰਮੀ ਨਾਨਕ ਚੰਦ ਪ੍ਰੇਮ ਚੰਦ ਭੋਲਾ ਰਾਮ ਦੇ ਘਰ ਪਿੰਡ ਸਰਦਾਰੀ ਜ਼ਿਲਾ ਜੰਮੂ ❊

ਜੋਤ ਜਗਾਏ ਜਗਤ ਜੋਤ, ਜਾਗਰਤ ਜੋਤ ਹਰਿ ਰਘੁਰਾਈਆ । ਜਗਤ ਭਵਾਏ ਕੋਟੀ ਕੋਟ, ਕੋਟਨ ਕੋਟ ਰੂਪ ਵਟਾਈਆ । ਸ਼ਬਦ ਲਗਾਏ ਸਾਚੀ ਚੋਟ, ਸਚ ਨਗਾਰਾ ਆਪ ਵਜਾਈਆ । ਇਕ ਰਖਾਏ ਆਪਣੀ ਓਟ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਬਣਾਏ

ਓਤ ਪੋਤ, ਬ੍ਰਹਮਾ ਵਿਸ਼ਨ ਸ਼ਿਵ ਲੋਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਿਆਰ ਇਕ ਕਰਾਈਆ । ਜੋਤ ਉਪਜਾਏ ਹਰਿ ਰਘੁਰਾਏ, ਆਦਿ ਅੰਤ ਨਾ ਕੋਈ ਜਣਾਇੰਦਾ । ਸੁਤੇ ਪਰਕਾਸ਼ ਆਪ ਕਰਾਏ, ਆਪ ਆਪਣਾ ਰੂਪ ਵਟਾਇੰਦਾ । ਆਪਣੇ ਮੰਦਰ ਆਪ ਟਿਕਾਏ, ਘਰ ਬੰਕ ਆਪ ਸੁਹਾਇੰਦਾ । ਆਪਣਾ ਖੇਲ ਆਪ ਖਿਲਾਏ, ਦੂਸਰ ਸੰਗ ਨਾ ਕੋਈ ਰਖਾਇੰਦਾ । ਆਪਣੀ ਸੋਭਾ ਆਪ ਜਣਾਏ, ਗੁਣਵੰਤਾ ਨਾਉਂ ਧਰਾਇੰਦਾ । ਆਪਣੀ ਖੇਲ ਆਪ ਖਿਲਾਏ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚੀ ਕਰਨੀ ਕਿਰਤ ਕਮਾਏ, ਕਰਤਾ ਪੁਰਖ ਨਾਉਂ ਵਡਿਆਇੰਦਾ । ਦਰਗਹਿ ਸਾਚੀ ਡੇਰਾ ਲਾਏ, ਦਰ ਸੁਹੰਜਣਾ ਇਕ ਰਖਾਇੰਦਾ । ਸੋ ਪੁਰਖ ਨਿਰੰਜਣ ਆਪਣਾ ਪਰਦਾ ਆਪੇ ਲਾਹੇ, ਆਪ ਆਪਣਾ ਰੂਪ ਪ੍ਰਗਟਾਇੰਦਾ । ਏਕੰਕਾਰਾ ਨਾਉਂ ਰਖਾਏ, ਨਿਰਗੁਣ ਧਾਰਾ ਆਪ ਚਲਾਇੰਦਾ । ਅਬਿਨਾਸ਼ੀ ਕਰਤਾ ਆਪਣੀ ਗਤਮਿਤ ਆਪ ਜਣਾਏ, ਲੇਖਾ ਲੇਖ ਨਾ ਕੋਈ ਵਖਾਇੰਦਾ । ਸ੍ਰੀ ਭਗਵਾਨ ਸਾਚੇ ਤਖ਼ਤ ਡੇਰਾ ਲਾਏ, ਸ਼ਾਹ ਸੁਲਤਾਨ ਆਪਣਾ ਹੁਕਮ ਚਲਾਇੰਦਾ । ਪਾਰਬ੍ਰਹਮ ਨਿਰਗੁਣ ਨੂਰ ਕਰ ਰੁਸ਼ਨਾਏ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਜੋਤ ਉਜਾਲਾ, ਏਕਾ ਨੂਰ ਪੁਰਖ ਅਕਾਲਾ, ਦੀਨ ਦਿਆਲਾ ਖੇਲ ਖਿਲਾਇੰਦਾ । ਸਾਚੀ ਜੋਤ ਹਰਿ ਕਰ ਤਿਆਰ, ਅਗੰਮ ਅਗੰਮੜੇ ਧਾਮ ਸੁਹਾਈਆ । ਏਕਾ ਖੋਲ੍ਹ ਆਪ ਕਿਵਾੜ, ਆਪੇ ਵੇਖੇ ਵੇਖ ਵਖਾਈਆ । ਆਪਣੇ ਉਪਰ ਆਪੇ ਹੋਏ ਮੋਹਤ ਨਿਰੰਕਾਰ, ਨਿਰਗੁਣ ਨਿਰਗੁਣ ਲਏ ਪਰਨਾਈਆ । ਨਿਰਗੁਣ ਕੰਤ ਨਿਰਗੁਣ ਨਾਰ, ਨਿਰਗੁਣ ਸਾਚੀ ਸੇਜ ਸੁਹਾਈਆ । ਨਿਰਗੁਣ ਕੰਤ ਨਿਰਗੁਣ ਭਤਾਰ, ਨਿਰਗੁਣ ਸੇਵਕ ਸੇਵਾ ਕਰੇ ਅਪਾਰ, ਦਰਗਹਿ ਸਾਚੀ ਸੇਵ ਕਮਾਈਆ । ਨਿਰਗੁਣ ਆਪ ਆਪਣਾ ਮਹੱਲ ਲਏ ਉਸਾਰ, ਜੋਤੀ ਬਾਤੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਜੋਤ ਜਗਾਈਆ । ਜੋਤੀ ਜੋਤ ਗਈ ਜਗ, ਸ੍ਰੀ ਭਗਵਾਨ ਆਪ ਜਗਾਇੰਦਾ । ਕਰੇ ਖੇਲ ਸੂਰਾ ਸਰਬੰਗ, ਭੇਵ ਕੋਈ ਨਾ ਪਾਇੰਦਾ । ਆਪਣੀ ਸਰਨਾਈ ਆਪੇ ਲੱਗ, ਆਪ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਜੋਤ ਕਰ ਤਿਆਰ, ਜੋਤੀ ਅੰਦਰੋਂ ਆਏ ਬਾਹਰ, ਸਾਚੀ ਧਾਰਾ ਆਪ ਵਹਾਇੰਦਾ । ਸਾਚੀ ਧਾਰਾ ਜੋਤੀ ਜੋਤ, ਪੁਰਖ ਅਬਿਨਾਸ਼ੀ ਜੋਤ ਉਪਾਇੰਦਾ । ਆਪੇ ਖੇਲੇ ਖੇਲ ਅਲੱਖ ਨਿਰੰਜਣ ਅਨਕ ਬਾਰ, ਕੋਟੀ ਕੋਟ ਕੋਟ ਕੋਟਾਂ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਖੇਲ ਖਲੰਤਾ ਆਪ ਹੋ ਜਾਇੰਦਾ । ਗੋਬਿੰਦ ਗਾਇਆ ਹਰਿ ਹਰਿ ਗੀਤ, ਅੰਤਰ ਆਤਮ ਇਕ ਲਿਵ ਲਾਈਆ । ਨਾ ਮੰਦਰ ਵੜਿਆ ਕਿਸੇ ਮਸੀਤ, ਗੁਰਦੁਆਰ ਨਾ ਚਰਨ ਟਿਕਾਈਆ । ਪੁਰਖ ਅਗੰਮਾ ਏਕਾ ਧਾਮ ਰਿਹਾ ਡੀਠ, ਚਾਰੋਂ ਕੁੰਟ ਵੇਖ ਵਖਾਈਆ । ਆਦਿ ਜੁਗਾਦੀ ਨਾ ਸੋਏ ਦੇ ਕਰ ਪੀਠ, ਜੋ ਜਨ ਧਿਆਨ ਲਗਾਈਆ । ਸਦਾ ਸੁਹੇਲਾ ਹੋਏ ਮੀਤ, ਮੀਤ ਮੁਰਾਰਾ ਬੇਪਰਵਾਹੀਆ । ਥਿਰ ਘਰ ਵਸੇ ਧਾਮ ਅਤੀਤ, ਤ੍ਰੈਗੁਣ ਮਾਇਆ ਬੰਧਨ ਪਾਇਆ । ਲੱਖ ਚੁਰਾਸੀ ਪਰਖੇ ਨੀਤ, ਗੁਰ ਗੋਬਿੰਦ ਵੇਖੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਗੀਤ ਦਏ ਸਮਝਾਈਆ । ਸਾਚਾ ਗੀਤ ਗਾਇਆ ਢੋਲਾ, ਪੁਰਖ ਅਬਿਨਾਸ਼ੀ ਇਕ ਮਨਾਇਆ । ਮਾਛੂਵਾੜਾ ਪਾਟਾ ਚੋਲਾ, ਸੂਲਾਂ ਸੱਥਰ ਹੇਠ ਵਿਛਾਇਆ । ਪੰਜ ਤਤ ਮਾਟੀ ਰੱਖਿਆ ਓਹਲਾ, ਆਪਣਾ ਬੋਲਾ ਨਾ ਕਿਸੇ ਸੁਹਾਇਆ । ਨਿਰਗੁਣ ਅੰਦਰ ਕਰਿਆ

੫੯੫ ੦੯

ਤੋਲਾ, ਆਪਣਾ ਹੱਟ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਗੋਬਿੰਦ ਗਾਏ ਹਰਿ ਹਰਿ ਕਰਤਾਰ, ਰਸਨਾ ਜੇਹਵਾ ਨਾ ਕੋਈ ਹਿਲਾਈਆ । ਨਿਰਭੈ ਹੋਏ ਕਦੇ ਨਾ ਡਰਦਾ, ਭੈ ਆਪਣਾ ਸਰਬ ਵਖਾਈਆ । ਅਜੂਨੀ ਰਹਿਤ ਕਦੇ ਨਾ ਮਰਦਾ, ਜਨਮ ਮਰਨ ਵਿਚ ਨਾ ਆਈਆ । ਗੁਰੂਆਂ ਪੀਰਾਂ ਸਾਧਾਂ ਸੰਤਾਂ ਘਾੜਣ ਘੜਦਾ, ਘੜਣ ਭੰਨਣਹਾਰ ਆਪ ਅਖਵਾਈਆ । ਪੰਜ ਤਤ ਕਾਇਆ ਚੋਲੇ ਅੰਦਰ ਆਪੇ ਵੜਦਾ, ਆਪ ਆਪਣੀ ਵਸਤ ਟਿਕਾਈਆ । ਗੋਬਿੰਦ ਇਕ ਅਕਾਲ ਸਜਦਾ ਏਕਾ ਕਰਦਾ, ਦੂਸਰ ਸੀਸ ਨਾ ਕਿਸੇ ਝੁਕਾਈਆ । ਹਉਂ ਸੇਵਕ ਹੋਇਆ ਤੇਰਾ ਬਰਦਾ, ਤੇਰੀ ਬੱਧੀ ਨਾ ਕੋਈ ਛੁਡਾਈਆ । ਕਰਿਆ ਖੇਲ ਨਰਾਇਣ ਨਰ ਦਾ, ਨਰ ਨਰੇਸ਼ ਸਭਨੀ ਥਾਈਂਆ । ਤੇਰਾ ਭਾਣਾ ਮੈਂ ਲੋਕਮਾਤ ਜਰਦਾ, ਮਾਤ ਪਿਤ ਨਾਤਾ ਤੋੜਿਆ ਸਾਕ ਸੱਜਣ ਸੈਣ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੁੜਾ ਇਕ ਸੁਣਾਈਆ । ਸ਼ਬਦ ਸੁਨੇਹੜਾ ਇਕ ਭਗਵਾਨ, ਆਪਣਾ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਧੁਰ ਫ਼ਰਮਾਣ, ਸ਼ਬਦ ਅਗੰਮੀ ਆਪ ਜਣਾਇੰਦਾ । ਗੋਬਿੰਦ ਸੂਰਾ ਨੌਜਵਾਨ, ਆਪ ਆਪਣੇ ਗਲ ਲਗਾਇੰਦਾ । ਏਥੇ ਓਥੇ ਵੇਖੇ ਦੋ ਜਹਾਨ, ਵਿਛੜ ਕਦੇ ਨਾ ਜਾਇੰਦਾ । ਤੇਰਾ ਤੇਰੇ ਉਤੋਂ ਕਰ ਕੁਰਬਾਨ, ਆਪ ਆਪਣੀ ਝੋਲੀ ਪਾਇੰਦਾ । ਤੇਰਾ ਝੁਲਾਏ ਸਚ ਨਿਸ਼ਾਨ, ਲੋਕਮਾਤ ਆਪ ਵਖਾਇੰਦਾ । ਸ੍ਰਿਸ਼ਟ ਸਬਾਈ ਮੰਨੇ ਆਣ, ਏਕਾ ਹੁਕਮੀ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਣਾਏ ਸਚ ਸੰਦੇਸ਼, ਪਾਰਬ੍ਰਹਮ ਪ੍ਰਭ ਨਰ ਨਰੇਸ਼, ਦਿਸ ਕਿਸੇ ਨਾ ਆਇੰਦਾ । ਗੋਬਿੰਦ ਗਾਏ ਗੋਬਿੰਦ ਹਰਿ, ਗੋਬਿੰਦ ਗੋਬਿੰਦ ਵਿਚ ਸਮਾਈਆ । ਗੋਬਿੰਦ ਨਾਰੀ ਕੰਤ ਮਿਲਿਆ ਵਰ, ਗੁਰ ਗੋਬਿੰਦ ਸੇਜ ਹੰਢਾਈਆ । ਗੋਬਿੰਦ ਅੱਗੇ ਗੋਬਿੰਦ ਆਪਣਾ ਆਪ ਦਿਤਾ ਧਰ, ਗੋਬਿੰਦ ਗੋਬਿੰਦ ਝੋਲੀ ਪਾਈਆ । ਗੋਬਿੰਦ ਭੰਡਾਰਾ ਰਿਹਾ ਭਰ, ਗੋਬਿੰਦ ਗੋਬਿੰਦ ਰਿਹਾ ਵਰਤਾਈਆ । ਆਪਣੀ ਕਰਨੀ ਆਪੇ ਲਏ ਕਰ, ਆਦਿ ਅੰਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਕਰੇ ਕੌਲ ਇਕਰਾਰ, ਕੀਤਾ ਕੌਲ ਆਪ ਨਿਭਾਈਆ । ਸਾਚਾ ਕਰਿਆ ਹਰਿ ਇਕਰਾਰ, ਕਲਮ ਲੇਖ ਨਾ ਕੋਈ ਲਿਖਾਇੰਦਾ । ਨਿਰਗੁਣ ਨਿਰਗੁਣ ਕਰੇ ਪਿਆਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਸ਼ਾਹ ਬਣੇ ਸਿਕਦਾਰ, ਨਿਰਗੁਣ ਨਿਰਗੁਣ ਹੁਕਮ ਚਲਾਇੰਦਾ । ਨਿਰਗੁਣ ਜੋਤ ਜਗੇ ਨਿਰੰਕਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਭੱਠ ਕਰੇ ਸੰਸਾਰ, ਨਿਰਗੁਣ ਖੇੜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇੰਦਾ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾਇਆ, ਗੋਬਿੰਦ ਗੁਰ ਸਮਝਾਈਆ । ਤੇਰਾ ਲਹਿਣਾ ਆਪਣੀ ਝੋਲੀ ਪਾਇਆ, ਸਿਰ ਆਪਣੇ ਰਿਹਾ ਉਠਾਈਆ । ਤੇਰਾ ਚੋਲਾ ਲਏ ਬਦਲਾਇਆ, ਏਕਾ ਢੋਲਾ ਆਪੇ ਗਾਈਆ । ਤੇਰਾ ਹੋਲਾ ਲਏ ਮਨਾਇਆ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਖਾਈਆ । ਗੋਬਿੰਦ ਸੁਣਿਆ ਹਰਿ ਹਰਿ ਗੀਤ, ਸੋ ਪੁਰਖ ਨਿਰੰਜਣ ਆਪ ਸੁਣਾਇਆ । ਮਾਨਸ ਜਨਮ ਜਾਣਾ ਜੀਤ, ਪੰਜ ਤਤ ਤਤ ਮੁਕਾਇਆ । ਕਲਜੁਗ ਅੰਤਮ ਚਲੇ ਚਲਾਏ ਸਾਚੀ ਰੀਤ, ਲੋਕਮਾਤ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰੇ ਤੇਰੇ ਦਏ ਲੜ ਲਗਾਇਆ । ਕਲਜੁਗ ਵੇਲਾ ਅੰਤਮ ਔਣਾ, ਸ਼ਾਹ ਪਾਤਸ਼ਾਹ ਆਪ ਜਣਾਇੰਦਾ । ਗੋਬਿੰਦ

੫੯੭

ਤੇਰਾ ਸੰਗ ਨਿਭੌਣਾ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਨਿਰਗੁਣ ਹੋ ਹੋ ਜਾਮਾ ਪੌਣਾ, ਮਾਤ ਪਿਤ ਨਾ ਕੋਈ ਬਣਾਇੰਦਾ । ਤੇਰੇ ਅੰਦਰ ਡੇਰਾ ਲੌਣਾ, ਤੇਰੀ ਪਲੰਘ ਸੇਜ ਸੁਹਾਇੰਦਾ । ਤੇਰੇ ਮੰਦਰ ਬਹਿ ਬਹਿ ਗੌਣਾ, ਤੇਰਾ ਇਸ਼ਟ ਆਪ ਮਨਾਇੰਦਾ । ਤੇਰੀ ਵੇਖੇ ਠੰਡੀ ਪੌਣ, ਸਾਂਤਕ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸੁਣ ਗੋਬਿੰਦ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਜਗਤ ਮਿਟੌਣੀ ਸਗਲੀ ਚਿੰਦ, ਚਿੰਤ ਸੋਗ ਨਾ ਕੋਈ ਰਖਾਇੰਦਾ । ਮੇਲ ਮਿਲਾਵਾ ਗੁਣੀ ਗਹਿੰਦ, ਘਰ ਸਾਚੇ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਆਪ ਉਪਜਾਈ ਆਪਣੀ ਬਿੰਦ, ਦੁਸ਼ਟ ਦਮਨ ਲੇਖੇ ਲਾਇੰਦਾ । ਨਾ ਕੋਈ ਕਰਾਏ ਹਵਨ ਕੁੰਡ, ਨੈਣਾਂ ਦੇਵੀ ਨਾ ਦੇਵ ਜਗਾਇੰਦਾ । ਹੇਮ ਕੁੰਡ ਨਾ ਹੋਣਾ ਸੁੰਨ, ਨੇਤਰ ਬੰਦ ਨਾ ਕੋਈ ਵਖਾਇੰਦਾ । ਤੇਰੇ ਅੰਦਰ ਰੱਖੇ ਆਪਣੀ ਧੁਨ, ਆਪਣਾ ਰਾਗ ਆਪ ਸਮਝਾਇੰਦਾ । ਤੇਰੀ ਪੁਕਾਰ ਲਏ ਸੁਣ, ਜਗਤ ਪੁਕਾਰ ਤੇਰੇ ਅੱਗੇ ਰਖਾਇੰਦਾ । ਤੇਰੇ ਤੇਰੇ ਵਿਚੋਂ ਕੱਢੇ ਚੁਣ, ਜੋ ਤੇਰੀ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸਤਿਗੁਰ ਸੁਣਿਆ, ਲੋਕਮਾਤ ਖ਼ੁਸ਼ੀ ਮਨਾਈਆ । ਲੇਖਾ ਚੁਕਿਆ ਗੁਣ ਅਵਗੁਣਿਆ, ਗੁਣਵੰਤ ਨਾ ਕੋਈ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਵਾ ਕਰੇ ਕਰਾਏ ਸਹਿਜ ਸੁਭਾਈਆ । ਆਪਣੀ ਕੀਤੀ ਕਦੇ ਨਾ ਭੁੱਲੇ, ਅਭੁਲ ਆਪ ਅਖਵਾਇੰਦਾ । ਝੂਠੇ ਕੰਡੇ ਕਦੇ ਨਾ ਤੁਲੇ, ਸਾਚਾ ਤੋਲਾ ਤੋਲ ਤੁਲਾਇੰਦਾ । ਤ੍ਰੈਗੁਣ ਮਾਇਆ ਵਿਚ ਕਦੇ ਨਾ ਰੁਲੇ, ਦਰਗਹਿ ਸਾਚੀ ਸੋਭਾ ਪਾਇੰਦਾ । ਵੇਖਣਹਾਰਾ ਕਾਇਆ ਕੁੱਲੇ, ਘਰ ਘਰ ਆਪਣੀ ਜੋਤ ਜਗਾਇੰਦਾ । ਗੋਬਿੰਦ ਬੂਟਾ ਕਦੇ ਨਾ ਹੁੱਲੇ, ਪੁਰਖ ਅਬਿਨਾਸ਼ੀ ਫਲ ਲਗਾਇੰਦਾ । ਭਾਗ ਲਗਾਏ ਸਾਚੀ ਕੁੱਲੇ, ਕੁਲਵੰਤਾ ਆਪ ਅਖਵਾਇੰਦਾ । ਕਲਜੁਗ ਅੰਧੇਰਾ ਏਕਾ ਝੁੱਲੇ, ਲੱਖ ਚੁਰਾਸੀ ਜੜ੍ਹ ਉਖੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੀਤਾ ਕੌਲ ਪੂਰਾ ਕਰਾਇੰਦਾ । ਕੀਤਾ ਕੌਲਾ ਹਰਿ ਭਗਵਾਨ, ਆਪਣੀ ਖੇਲ ਆਪ ਖਿਲਾਈਆ । ਪ੍ਰਗਟ ਹੋਏ ਵਾਲੀ ਦੋ ਜਹਾਨ, ਨਿਹਕਲੰਕ ਨਾਉਂ ਰਖਾਈਆ । ਤੇਰਾ ਕਰੇ ਇਕ ਧਿਆਨ, ਸਚ ਗਿਆਨ ਆਪਣੇ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰਿਆ ਕੌਲ ਇਕਰਾਰ, ਖੇਲੇ ਖੇਲ ਅਗੰਮ ਅਪਾਰ, ਭੁੱਲ ਨਾ ਜਾਏ ਵਿਚ ਸੰਸਾਰ, ਅਭੁਲ ਗੁਰ ਆਪ ਅਖਵਾਈਆ । ਨਿਹਕਲੰਕਾ ਨਾਉਂ ਧਰਾਇਆ, ਪੁਰਖ ਅਬਿਨਾਸ਼ੀ ਜੋਤ ਜਗਾਈਆ । ਗੋਬਿੰਦ ਸਾਜਣ ਮੇਲ ਮਿਲਾਇਆ, ਥਿਰ ਘਰ ਸਾਚੇ ਵੱਜੀ ਵਧਾਈਆ । ਸਚ ਸਿੰਘਾਸਣ ਆਸਣ ਲਾਇਆ, ਪੁਰਖ ਅਬਿਨਾਸ਼ੀ ਸੇਜ ਸੁਹਾਈਆ । ਸੰਬਲ ਨਗਰੀ ਨਾਉਂ ਧਰਾਇਆ, ਜੋਤ ਅਕਗਰੀ ਇਕ ਜਗਾਈਆ । ਸ਼ਬਦ ਅਨਾਦੀ ਨਾਦ ਸੁਣਾਇਆ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਈਆ । ਆਦਿ ਜੁਗਾਦੀ ਵੇਸ ਵਟਾਇਆ, ਇਕ ਇਕੱਲਾ ਬੇਪਰਵਾਹੀਆ । ਬ੍ਰਹਮਾ ਵਿਸ਼ਨ ਸ਼ਿਵ ਲਏ ਜਗਾਇਆ, ਤੇਰੀ ਸੇਵਕ ਬਖ਼ਸ਼ੇ ਸਚ ਸਰਨਾਈਆ । ਸਾਚੇ ਮੰਦਰ ਕਰ ਰੁਸ਼ਨਾਇਆ, ਅਗਿਆਨ ਅੰਧੇਰ ਦਏ ਮਿਟਾਈਆ । ਤੇਰਾ ਬੂਟਾ ਮਾਤਲੋਕ ਦਏ ਲਗਾਇਆ, ਸਾਢੇ ਤਿੰਨ ਹੱਥ ਰਚਨ ਰਚਾਈਆ । ਨੌਂ ਦਰ ਮੰਦਰ ਆਪ ਖੁਲ੍ਹਾਇਆ, ਦਰ ਦਰਵਾਜ਼ਾ ਬੇਪਰਵਾਹੀਆ । ਸਤ ਰੰਗ ਨਿਸ਼ਾਨਾ ਤੇਰੀ ਰਤ ਆਪ ਰੰਗਾਇਆ, ਗੁਰ ਅਰਜਨ ਮੇਲ ਮਿਲਾਈਆ । ਪੰਚਮ ਮੁਖੀ ਤਾਜ ਤੇਰੇ ਸੀਸ ਟਿਕਾਇਆ, ਗੜ੍ਹੀ ਚਮਕੌਰ ਭੁੱਲ ਨਾ ਜਾਈਆ । ਤੇਰਾ ਡੁੱਬਦਾ ਬੇੜਾ ਸਾਚਾ ਜਹਾਜ਼ ਆਪ ਤਰਾਇਆ, ਸਰਸਾ ਲੇਖਾ

ਰਿਹਾ ਮੁਕਾਈਆ । ਆਪਣਾ ਸਾਜਣ ਸਾਜ ਪ੍ਰਭ ਆਪੇ ਆਇਆ, ਨਾ ਕੋਈ ਦੇਵੇ ਹੋਰ ਸਾਲਾਹੀਆ । ਮਾਝੇ ਦੇਸ ਡੇਰਾ ਲਾਇਆ, ਨਰ ਨਰੇਸ਼ ਇਕ ਅਖਵਾਈਆ । ਪਹਿਲੀ ਚੇਤ ਦਿਵਸ ਮਨਾਇਆ, ਵੀਹ ਸੌ ਸਤਾਰਾਂ ਬਿਕ੍ਰਮੀ ਨਾਲ ਰਲਾਈਆ । ਯਾਰਾਂ ਨਾਲ ਯਾਰ ਬਣ ਕੇ ਆਇਆ, ਗਵਾਰਾਂ ਨਾਲ ਹੋ ਗਵਾਰ, ਬਣ ਬਣ ਹੱਥ ਰਿਹਾ ਮਿਲਾਈਆ । ਆਪਣੀ ਖਿਚ ਸੱਚੀ ਕਟਾਰ, ਤੇਰੇ ਮਿਆਨੋਂ ਕੱਢੇ ਬਾਹਰ, ਗੁਰਮੁਖਾਂ ਹੱਥ ਫੜਾਈਆ । ਆਪਣਾ ਸੀਸ ਦਿਤਾ ਅੱਧਵਿਚਕਾਰ, ਜਗਤ ਜਗਦੀਸ਼ ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਵੇਖੇ ਰਾਜ ਜੋਗ ਸੱਚਾ ਸਿਕਦਾਰ, ਨੌ ਖੰਡ ਪ੍ਰਿਥਮੀ ਤੇਰੀ ਸਰਨ ਤਕਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਬ੍ਰਹਿਮੰਡ ਖੰਡ ਕਰਨ ਨਿਮਸਕਾਰ, ਦੂਸਰ ਓਟ ਨਾ ਕੋਇ ਤਕਾਈਆ । ਤੇਰਾ ਵਰਤੇ ਸਰਬ ਵਰਤਾਰ, ਤੇਰੀ ਸਿਖਿਆ ਸਚ ਪੜ੍ਹਾਈਆ । ਚਾਰ ਵਰਨ ਕਰਨ ਪਿਆਰ, ਹਰਿ ਮੇਲਾ ਸਹਿਜ ਸੁਭਾਈਆ । ਵਰਨ ਬਰਨ ਹੋਣ ਖ਼ਵਾਰ, ਮਿਲੇ ਦਰ ਨਾ ਸੱਚਾ ਕੋਇ ਥਾਈਆ । ਜੋ ਜਨ ਪੁਰਖ ਅਕਾਲ ਬੋਲੇ ਇਕ ਜੈਕਾਰ, ਹੰ ਬ੍ਰਹਮ ਲਏ ਮਿਲਾਈਆ । ਕਰਿਆ ਕੌਲ ਸੱਚਾ ਇਕਰਾਰ, ਬੇਕਰਾਰ ਪੂਰਾ ਲਏ ਕਰਾਈਆ । ਭੁੱਲ ਨਾ ਜਾਏ ਬਣ ਕੇ ਯਾਰ, ਸੱਬਰ ਯਾਰ ਜੋ ਰਿਹਾ ਹੰਢਾਈਆ । ਮਿੱਤਰ ਪਿਆਰਾ ਕਰੇ ਪਿਆਰ, ਆਪ ਆਪਣਾ ਰੂਪ ਵਟਾਈਆ । ਮੁਰੀਦ ਮੁਰਸ਼ਦ ਸੋਹਣ ਇਕ ਦਵਾਰ, ਏਕਾ ਹੁਜਰਾ ਰਿਹਾ ਬਣਾਈਆ । ਨੌ ਖੰਡ ਕਰੇ ਖ਼ਵਾਰ, ਕਲਜੁਗ ਮੁਜਰਾ ਦਏ ਵਖਾਈਆ । ਕੂੜ ਕੁੜਿਆਰਾ ਨੱਚੇ ਘਰ ਘਰ ਬਾਹਰ, ਮੁਖ ਘੁੰਗਟ ਲਏ ਉਠਾਈਆ । ਤੇਰੇ ਤੇਰੇ ਦੁਆਰੇ ਫੜ ਫੜ ਦੇਵੇ ਤਾਰ, ਤੇਰਾ ਪੱਲੂ ਆਪ ਫੜਾਈਆ । ਆਪੇ ਚੜ੍ਹ ਕੇ ਆਏ ਘੋੜ ਅਸਵਾਰ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਸ਼ਬਦ ਮਿਲਾਈਆ । ਤੇਰਾ ਪੌੜਾ ਲੱਗੇ ਵਿਚ ਸੰਸਾਰ, ਬ੍ਰਹਿਮਣ ਗੌੜਾ ਰੂਪ ਵਟਾਈਆ । ਪੂਤ ਸਪੂਤਾ ਕਰ ਤਿਆਰ, ਸ਼ਬਦ ਅਵਧੂਤਾ ਰਿਹਾ ਦੌੜਾਈਆ । ਚਾਰੇ ਕੂਟਾਂ ਦਏ ਹੁਲਾਰ, ਜੂਠਾ ਝੂਠਾ ਠੂਠਾ ਭੰਨ ਵਖਾਈਆ । ਤੇਰੀ ਗੰਢ ਪਵੇ ਸੰਸਾਰ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਈਆ । ਕਰੇ ਵੰਡਾਂ ਹਰਿ ਨਿਰੰਕਾਰ, ਵੰਡਣਹਾਰਾ ਦਿਸ ਨਾ ਆਈਆ । ਕਰਿਆ ਕੌਲ ਸੱਚੀ ਸਰਕਾਰ, ਉਪਰ ਧਵਲ ਪੂਰ ਕਰਾਈਆ । ਗੁਰਸਿਖ ਨਾ ਭੁੱਲਣਾ ਨਾ ਹੋਣਾ ਮਾਤ ਖਵਾਰ, ਬਿਨ ਸਤਿਗੁਰ ਪਾਰ ਨਾ ਕੋਇ ਕਰਾਈਆ । ਚਾਰੇ ਖਾਣੀ ਕਰੇ ਪੁਕਾਰ, ਪ੍ਰਭ ਮਿਲਣ ਦਾ ਮਾਰਗ ਰਹੀ ਬਤਾਈਆ । ਜਿਸ ਜਨ ਸਤਿਗੁਰ ਪੂਰਾ ਮਿਲੇ ਆਣ, ਜਪ ਤਪ ਨਾ ਕੋਇ ਵਖਾਈਆ । ਏਕਾ ਅੱਖਰ ਪੜ੍ਹੇ ਹਰਿ ਮਿਹਰਵਾਨ, ਸੋਹੰ ਸ਼ਬਦ ਸੱਚੀ ਕੁੜਮਾਈਆ । ਸਖੀਆਂ ਮਿਲਿਆ ਸਾਚਾ ਕਾਹਨ, ਘਰ ਘਰ ਬੰਸਰੀ ਨਾਮ ਵਜਾਈਆ । ਜਗਤ ਬਨਬਾਸ ਕੱਟਿਆ ਜਿਉਂ ਸੀਤਾ ਰਾਮ, ਸੀਤਾ ਸੁਰਤੀ ਬਣ ਬਣ ਖੋਜਣ ਕਦੇ ਨਾ ਜਾਈਆ । ਘਰ ਮਿਲਿਆ ਘਨੱਯਾ ਸ਼ਾਮ, ਅੰਧੇਰੀ ਸ਼ਾਮ ਦਏ ਮਿਟਾਈਆ । ਘਰ ਨਾਨਕ ਕਰ ਪਰਨਾਮ, ਘਰ ਗੋਬਿੰਦ ਫ਼ਤਿਹ ਗਜਾਈਆ । ਘਰ ਦੇਵਣਹਾਰਾ ਮਾਣ, ਗ਼ਰੀਬ ਨਿਮਾਣੇ ਗਲੇ ਲਗਾਈਆ । ਗੋਬਿੰਦ ਤੇਰੇ ਲਏ ਪਛਾਣ, ਆਦਿ ਅੰਤ ਭੁੱਲ ਨਾ ਜਾਈਆ । ਅੰਤਮ ਦੇਵੇ ਦਰਗਹਿ ਸਾਚੀ ਮਾਣ, ਸਚਖੰਡ ਦੁਆਰਾ ਆਪ ਖੁਲ੍ਹਾਈਆ । ਜੋ ਜਨ ਚਰਨੀ ਡਿੱਗਾ ਆਣ, ਲੱਖ ਚੁਰਾਸੀ ਦਏ ਕਟਾਈਆ । ਏਕਾ ਦੇਵੇ ਬ੍ਰਹਮ ਗਿਆਨ, ਪਾਰਬ੍ਰਹਮ ਮੇਲ ਮਿਲਾਈਆ । ਝੁਲਦਾ ਰਹੇ ਸਚ ਨਿਸ਼ਾਨ, ਹਰਿ ਸਾਚਾ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕੌਲ ਕਰ, ਪੂਰੇ ਕਰੇ ਅੰਤਮ ਵਰ, ਭਰਮ ਭੁਲੇਖਾ ਦਏ ਕਢਾਈਆ । ਭਰਮ ਭੁਲੇਖਾ ਹਰਿਜਨ ਚੁੱਕਣਾ, ਮਿਟੇ ਰੈਣ ਅੰਧਿਆਰ ।

ਕਲਜੁਗ ਝੂਠਾ ਪੰਧ ਅੰਤਮ ਮੁੱਕਣਾ, ਸਤਿਜੁਗ ਸਚ ਹੋਏ ਉਜਿਆਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਗੁਰ ਗੋਬਿੰਦ ਕਰੇ ਪਿਆਰ । ਗੁਰਮੁਖ ਬੂਟਾ ਕਦੇ ਨਾ ਸੁੱਕਣਾ, ਪੁਰਖ ਅਬਿਨਾਸ਼ੀ ਅੰਮ੍ਰਿਤ ਸਿੰਚੇ ਠੰਡਾ ਠਾਰ । ਮਨਮੁਖ ਜੀਵ ਅੰਦਰ ਵੜ ਕਿਸੇ ਨਾ ਲੁਕਣਾ, ਅੰਤ ਜਮ ਡੰਡ ਖਾਏ ਮਾਰ । ਧਰਮ ਰਾਏ ਕੁੰਭੀ ਨਰਕ ਫੜ ਫੜ ਸੁੱਟਣਾ, ਜੂਨ ਅਜੂਨੀ ਫਿਰਾਏ ਵਾਰੋ ਵਾਰ । ਗੁਰਸਿਖ ਉਚੀ ਕੂਕ ਲੋਕਮਾਤ ਵਿਚ ਬੁੱਕਣਾ, ਨਾਲ ਮਿਲਿਆ ਸਿੰਘ ਸ਼ੇਰ ਸੱਚੀ ਸਰਕਾਰ । ਆਪਣਾ ਭਾਰ ਗੁਰਸਿਖ ਕਿਸੇ ਨਾ ਚੁੱਕਣਾ, ਪੁਰਖ ਅਬਿਨਾਸ਼ੀ ਚੁੱਕਣਹਾਰ । ਦੋ ਜਹਾਨਾਂ ਪੈਂਡਾ ਮੁਕਣਾ, ਪਾਂਧੀ ਪੰਧ ਨਾ ਕਰੇ ਦੂਜੀ ਵਾਰ । ਚਰਨ ਦਵਾਰੇ ਜਿਸ ਜਨ ਝੁਕਣਾ, ਲੱਖ ਚੁਰਾਸੀ ਨਾ ਹੋਏ ਖ਼ਵਾਰ । ਗੁਰਮੁਖ ਬਾਲ ਅੰਜਾਣਾ ਆਪਣੀ ਗੋਦੀ ਆਪੇ ਚੁਕਣਾ, ਸ਼ਬਦ ਪੰਘੂੜਾ ਦਏ ਹੁਲਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਹਰਿਜਨ ਤੇਰਾ ਸਚ ਪਿਆਰ, ਸਤਿਗੁਰ ਸਾਚਾ ਭੁੱਲ ਨਾ ਜਾਈਆ । ਜੁਗ ਜੁਗ ਬਣਿਆ ਰਿਹਾ ਭਿਖਾਰ, ਜਨ ਭਗਤ ਦਵਾਰੇ ਮੰਗਣ ਆਈਆ । ਆਵੇ ਜਾਵੇ ਆਪਣੀ ਵਾਰ, ਵਾਰ ਥਿਤ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਨਿਤ ਨਵਿਤ ਵੇਸ ਵਟਾਈਆ । ਗ਼ਰੀਬ ਨਿਮਾਣੇ ਆਪ ਬਣਾਏ ਆਪਣੇ ਗਲ ਦਾ ਹਾਰ, ਲਾਲ ਅਨਮੁਲੜੇ ਆਪਣੇ ਗਲੇ ਲਟਕਾਈਆ । ਹੰਕਾਰੀਆਂ ਗੜ੍ਹ ਤੋੜੇ ਵਿਚ ਸੰਸਾਰ, ਦੂਤੀ ਦੁਸ਼ਟ ਆਪ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਗੁਰਸਿਖ ਬੰਦੀਖ਼ਾਨਿਉਂ ਲਏ ਛੁਡਾਈਆ । ਬੰਦੀਖ਼ਾਨਾ ਤੋੜਣ ਆਇਆ, ਹਰਿ ਸੂਰਾ ਵਡ ਬਲਵਾਨ । ਚਰਨ ਪ੍ਰੀਤੀ ਜੋੜਣ ਆਇਆ, ਦੇਵਣਹਾਰਾ ਧੁਰ ਫ਼ਰਮਾਣ । ਧਰਮ ਦਵਾਰਾ ਦਰ ਤੇ ਹੋੜਣ ਆਇਆ, ਸਚਖੰਡ ਦਵਾਰਾ ਕਰ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕ ਗਿਆਨ । ਇਕ ਗਿਆਨ ਹਰਿ ਨਿਰੰਕਾਰ, ਚਰਨ ਕਵਲ ਦਰਸਾਈਆ । ਏਕਾ ਨੇਤਰ ਦਰਸ ਭਗਵਾਨ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਏਕਾ ਰਾਗ ਸੁਣਾਏ ਅਨਹਦ ਕਾਨ, ਧੁਨ ਆਤਮਕ ਆਪ ਅਲਾਈਆ । ਏਕਾ ਜੋਤ ਕਰੇ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਦਏ ਮਿਟਾਈਆ । ਏਕਾ ਦਰ ਕਰੇ ਪਰਵਾਨ, ਜੋ ਜਨ ਆਏ ਸਰਨਾਈਆ । ਕਲਜੁਗ ਜੀਵ ਅੰਤ ਪਛਤਾਣ, ਲੇਖਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਆਪੇ ਵੇਖੇ ਆਪਣੇ ਘਰ, ਘਰ ਆਪਣੇ ਪੂਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਧ ਬਾਲ ਨਾ ਕੋਇ ਜਵਾਨ, ਰੂਪ ਰੰਗ ਨਾ ਦਿਸੇ ਵਿਚ ਜਹਾਨ, ਜੋਤੀ ਜੋਤ ਜਗੇ ਮਹਾਨ, ਸ਼ਬਦ ਨਾਦ ਧੁਨ ਆਪ ਵਜਾਈਆ ।

### ❋ ੬ ਜੇਠ ੨੦੧੭ ਬਿਕ੍ਰਮੀ ਪੂਰਨ ਚੰਦ ਦੇ ਘਰ ਪਿੰਡ ਮਲਕ ਜ਼ਿਲਾ ਜੰਮੂ ❋

ਅੰਮ੍ਰਿਤ ਸਰੋਵਰ ਸਤਿਗੁਰ ਪਾਸ, ਜੁਗ ਜੁਗ ਆਪ ਵਰਤਾਇੰਦਾ । ਜਨ ਭਗਤਾਂ ਬੁਝਾਏ ਲੱਗੀ ਪਿਆਸ, ਆਸਾ ਤ੍ਰਿਸ਼ਨਾ ਪੂਰ ਕਰਾਇੰਦਾ । ਨਿਜ ਘਰ ਅੰਦਰ ਕਰ ਕਰ ਵਾਸ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਆਪ ਰਖਾਇੰਦਾ । ਸਾਚਾ ਅੰਮ੍ਰਿਤ ਸ਼ੇਖ਼ਸਰ, ਹਰਿ ਸਾਚੇ ਸਚ ਉਪਜਾਇਆ । ਤੇਜਭਾਨ ਅੰਦਰ ਧਰ, ਚਾਰੋਂ ਕੁੰਟ ਜੀਵਾਂ ਜੰਤਾਂ ਆਪ ਪਿਆਇਆ ।

ਮਨਮੁਖ ਡਰਦੇ ਸਰੋਵਰ ਅੰਦਰ ਨਾ ਸਕਣ ਵੜ, ਦੂਰ ਦੁਰਾਡੇ ਦੇਣ ਦੁਹਾਇਆ । ਸੰਤ ਸੁਹੇਲੇ ਲਾਏ ਆਪਣੇ ਲੜ, ਗੁਰ ਚੇਲੇ ਵੇਖ ਵਖਾਇਆ । ਭਾਂਡਾ ਤੋੜ ਹੰਕਾਰੀ ਗੜ੍ਹ, ਅੰਮ੍ਰਿਤ ਆਤਮ ਜਾਮ ਪਿਆਇਆ । ਸਾਚਾ ਰਾਜਾ ਸ਼ਾਹ ਪਾਤਸ਼ਾਹ ਪ੍ਰਭ ਆਏ ਘਰ, ਘਰ ਸਾਚੀ ਸੇਜ ਹੰਢਾਇਆ । ਸਚ ਸਿੰਘਾਸਣ ਚਰਨ ਧਰ, ਧੁਰ ਦਾ ਲੇਖਾ ਦਏ ਮੁਕਾਇਆ । ਪਾਵੇ ਸਾਰ ਨਾਰੀ ਨਰ, ਨਰ ਨਰਾਇਣ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਲ ਇਕ ਵਖਾਇਆ । ਸਾਚਾ ਤਾਲ ਅੰਮ੍ਰਿਤ ਧਾਰ, ਹਰਿਜਨ ਨਿਝਰ ਆਪ ਝਿਰਾਈਆ । ਕਾਇਆ ਮੰਦਰ ਅੰਦਰ ਕਰ ਤਿਆਰ, ਦਰ ਦਵਾਰਾ ਬੰਦ ਵਖਾਈਆ । ਜਿਸ ਜਨ ਖੋਲ੍ਹੇ ਆਪ ਕਿਵਾੜ, ਸੋ ਜਨ ਵੇਖਣ ਪਾਈਆ । ਸ਼ੇਖ਼ਸਰ ਵਾ ਨਾ ਲੱਗੇ ਤੱਤੀ ਹਾੜ, ਸਤਿਗੁਰ ਪੂਰਾ ਸਿਰ ਆਪਣਾ ਹੱਥ ਰਖਾਈਆ । ਗੁਰਮੁਖਾਂ ਜੋਤ ਜਗਾਏ ਬਹੱਤਰ ਨਾੜ, ਦਿਵਸ ਰੈਣ ਕਰੇ ਰੁਸ਼ਨਾਈਆ । ਆਪਣਾ ਘੜਿਆ ਸਾਚਾ ਘਾੜ, ਘੜਨ ਭੰਨਣਹਾਰ ਵਡ ਵਡਿਆਈਆ । ਫੜ ਫੜ ਬਾਹੋਂ ਆਪਣੇ ਤਾਲ ਦੇਵੇ ਵਾੜ, ਕਾਗ ਹੰਸ ਰੂਪ ਬਣਾਈਆ । ਲੇਖਾ ਚੁੱਕੇ ਵਸੇਰਾ ਜੰਗਲ ਜੂਹ ਉਜਾੜ ਪਹਾੜ, ਦਰਗਹਿ ਸਾਚੀ ਧਾਮ ਸੁਹਾਈਆ । ਸਾਚਾ ਰਾਜਾ ਵੇਖੇ ਸਚ ਅਖਾੜ, ਤਖ਼ਤ ਸੁਲਤਾਨ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰ ਸਰੋਵਰ ਕਰ ਤਿਆਰ, ਡੁੱਬਦੇ ਪਾਥਰ ਜਾਏ ਤਾਰ, ਜਿਸ ਜਨ ਆਪਣਾ ਦਰਸ ਦਿਖਾਈਆ । ਗੁਰਸਿਖ ਨੁਹਾਇਆ ਸਾਚੇ ਤਾਲ, ਸਰ ਸਰੋਵਰ ਆਪ ਉਪਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਤੁੱਟੇ ਜਗਤ ਜੰਜਾਲ, ਰਾਏ ਧਰਮ ਨੇੜ ਨਾ ਆਇੰਦਾ । ਇਕ ਵਖਾਏ ਸੱਚੀ ਧਰਮਸਾਲ, ਸਾਚਾ ਮੰਦਰ ਆਪ ਬਣਾਇੰਦਾ । ਕਾਇਆ ਘਰ ਸਾਚਾ ਦੀਪਕ ਬਾਲ, ਘਰ ਘਰ ਵਿਚ ਵੇਖ ਵਖਾਇੰਦਾ । ਫਲ ਲਗਾਏ ਸਾਚੇ ਡਾਲ, ਅੰਮ੍ਰਿਤ ਮੇਵਾ ਮੁਖ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਾਚਾ ਸਰ ਵਖਾਇੰਦਾ । ਸਾਚਾ ਸਰ ਸੱਚੀ ਸਰਕਾਰ, ਘਰ ਸਾਚੇ ਆਪ ਜਣਾਈਆ । ਨੌਂ ਦਵਾਰੇ ਕਰਾਏ ਪਾਰ, ਆਪਣੇ ਮਾਰਗ ਆਪੇ ਲਾਈਆ । ਸੁਖਮਨ ਨਾੜੀ ਟੇਢੀ ਬੰਕ ਗੁਰਸਿਖਾਂ ਹੇਠਾਂ ਦਏ ਲਤਾੜ, ਆਪਣਾ ਪੱਲੂ ਆਪ ਫੜਾਈਆ । ਤ੍ਰਬੈਣੀ ਨੈਣੀ ਦਏ ਆਧਾਰ, ਈੜਾ ਪਿੰਗਲ ਵੇਖ ਵਖਾਈਆ । ਸਾਚੇ ਸਰੋਵਰ ਦੇਵੇ ਵਾੜ, ਆਪਣੀ ਹੱਥੀਂ ਸੇਵ ਕਮਾਈਆ । ਅੱਗੇ ਖੜ ਕਰੇ ਪ੍ਰਿਤਪਾਲ, ਵਡ ਦਾਤਾ ਬੇਪਰਵਾਹੀਆ । ਸੁਰਤ ਸਵਾਣੀ ਬੰਨ੍ਹੇ ਆਪਣੇ ਨਾਲ, ਸ਼ਬਦ ਡੋਰੀ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੇਖ਼ਸਰ ਦਏ ਵਡਿਆਈਆ । ਸ਼ੇਖ਼ਸਰ ਹਰਿ ਕਾ ਰੂਪ, ਸ਼ੇਖ਼ੀ ਕਿਸੇ ਦੀ ਰਹਿਣ ਨਾ ਪਾਈਆ । ਹਰਿ ਕਾ ਡੰਕਾ ਵੱਜਣਾ ਚਾਰੇ ਕੂਟ, ਬਾਰਾਂ ਬਾਰਾਂ ਕੋਸ ਹੋਏ ਰੁਸ਼ਨਾਈਆ । ਜੀਵਾਂ ਜੰਤਾਂ ਨਾਤਾ ਤੁਟੇ ਜੂਠ ਝੂਠ, ਰਸਨਾ ਜਿਹਵਾ ਹਰਿ ਹਰਿ ਗੁਣ ਹਰਿ ਹਰਿ ਸਾਰੇ ਗਾਈਆ । ਰਹਿਣ ਨਾ ਪਾਏ ਖ਼ਬੀਸ ਡਾਇਣ ਜਿਨ ਭੂਤ, ਜਾਦੂਗਰ ਕਰਤੂਤ ਨਾ ਕੋਇ ਵਖਾਈਆ । ਸ਼ਬਦ ਡੋਰੀ ਬੰਨ੍ਹੇ ਕੱਚੇ ਸੂਤ, ਸਾਚਾ ਤੰਦ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੰਡਾ ਹੱਥ ਉਠਾਈਆ । ਜਿਨ ਪ੍ਰੇਤ ਭੂਤ ਤੁਟੇ ਨਾਤਾ, ਗੁਰਮੁਖਾਂ ਆਪ ਤੁੜਾਇੰਦਾ । ਮਨਮੁਖ ਜੀਵ ਹੋਏ ਨਾਰ ਕਮਜ਼ਾਤਾ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਮਿਟੇ ਨਾ ਰੈਣ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਡਾਇਣ ਇਕ ਸਮਝਾਇੰਦਾ । ਸਾਚੀ ਡਾਇਣ ਮਨਮਤ, ਜੀਵਾਂ

ਜੰਤਾਂ ਰਹੀ ਸਤਾਈਆ । ਗੁਰਮੁਖ ਵਿਰਲਾ ਜਾਣੇ ਬ੍ਰਹਮ ਮਤ, ਪਾਰਬ੍ਰਹਮ ਜਿਸ ਵਿਦਿਆ ਇਕ ਪੜ੍ਹਾਈਆ । ਸਤਿਗੁਰ ਪੂਰਾ ਚਰਨ ਕਵਲ ਬੰਧਾਏ ਸਾਚਾ ਨਤ, ਸ਼ਬਦ ਖੰਡਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਥਾਹੀਆ । ਅਗੰਮ ਅਗੰਮੜਾ ਅਗੰਮੜੀ ਕਾਰ, ਜੁਗਾ ਜੁਗੰਤਰ ਆਪ ਕਰਾਇੰਦਾ । ਸੰਤ ਸੁਹੇਲੇ ਜਾਏ ਤਾਰ, ਗੁਰਮੁਖ ਸਾਚਾ ਮੇਲ ਮਿਲਾਇੰਦਾ । ਭਗਤਾਂ ਕਰੇ ਇਕ ਪਿਆਰ, ਨਾਮ ਭਗਤੀ ਸਚ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖੰਡਾ ਇਕ ਚਮਕਾਇੰਦਾ । ਜਨਮ ਜਨਮ ਦਾ ਪੂਰਬ ਪਾਪ, ਜੀਵਾਂ ਜੰਤਾਂ ਰਿਹਾ ਸਤਾਈਆ । ਜਿਸ ਜਨ ਲੱਗਿਆ ਖੰਗ ਤਾਪ, ਏਕਾ ਭੁੱਲਿਆ ਹਰਿ ਰਘੁਰਾਈਆ । ਜੋ ਜਨ ਰਸਨਾ ਜਪੇ ਸੋਹੰ ਜਾਪ, ਤੀਨੋਂ ਤਾਪ ਦਏ ਮਿਟਾਈਆ । ਇਕ ਵਖਾਏ ਸਾਚਾ ਹਾਟ, ਸਤਿਗੁਰ ਪੂਰਾ ਨਜ਼ਰੀ ਆਈਆ । ਗੁਰਮੁਖ ਗੁਰਮੁਖ ਗੁਰਮੁਖ ਨਾ ਸੋਏ ਕਿਸੇ ਖਾਟ, ਹੇਠਾਂ ਸੱਥਰ ਨਾ ਕੋਇ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦੁੱਖ ਦਲਿਦਰ ਦਏ ਮਿਟਾਈਆ । ਖੰਗ ਤਾਪ ਜਾਏ ਮੁੱਕ, ਜਿਸ ਹਰਿ ਹਰਿ ਦਰਸ਼ਨ ਪਾਇਆ । ਕਾਇਆ ਮੰਦਰ ਵਿਚੋਂ ਜੜ੍ਹ ਦੇਵੇ ਪੁੱਟ, ਸੋਹੰ ਤਿਖ਼ੀ ਮੁਖੀ ਆਪ ਲਗਾਇਆ । ਅੰਮ੍ਰਿਤ ਜਾਮ ਪਿਆਏ ਘੁੱਟ, ਸਾਂਤਕ ਸਤਿ ਆਪ ਕਰਾਇਆ । ਮਨਮੁਖਾਂ ਭਾਗ ਜਾਣ ਨਿਖੁਟ, ਜੋ ਬੈਠੇ ਮੁਖ ਭਵਾਇਆ । ਕਲਜੁਗ ਅੰਤਮ ਪੈਣੀ ਲੁੱਟ, ਹਰਿ ਕਾ ਰੂਪ ਬਣ ਕੇ ਹਰਿ ਹਰਿ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕੱਟੇ ਹਉਮੇ ਰੋਗ, ਸ਼ਬਦ ਕਰਾਏ ਸਚ ਸੰਜੋਗ ਆਤਮ ਸੇਜਾ ਭੋਗੇ ਭੋਗ, ਜਗਤ ਵਿਜੋਗ ਨਾ ਕੋਇ ਰਖਾਇਆ । ਖੰਘ ਤਾਪ ਕਰੇ ਪੁਕਾਰ, ਜਿਸ ਦਰ ਹਰਿ ਹਰਿ ਚਰਨ ਟਿਕਾਇੰਦਾ । ਗੁਰ ਕਾ ਸ਼ਬਦ ਮਾਰੇ ਮਾਰ, ਸਾਚਾ ਖੰਡਾ ਹੱਥ ਚਮਕਾਇੰਦਾ । ਉਚੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਆਪੇ ਰੱਖ, ਆਪਣੀ ਦ੍ਰਿਸ਼ਟੀ ਆਪੇ ਪਾਈਆ । ਆਪੇ ਕਾਇਆ ਵਿਚੋਂ ਖੰਗ ਤਾਪ ਕਰੇ ਵੱਖ, ਕ੍ਰਿਸ਼ਨਾ ਸੁਖਲਾ ਪਖ ਵੇਖ ਵਖਾਈਆ । ਗੁਰਮੁਖਾਂ ਰੱਛਿਆ ਕਰੇ ਨੱਸ ਨੱਸ, ਆਤਮ ਭਿਛਿਆ ਏਕਾ ਝੋਲੀ ਪਾਈਆ । ਸਾਚਾ ਮਾਰਗ ਜਾਏ ਦੱਸ, ਸੋਹੰ ਸਾਚਾ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ ।

ਹਿੰਦ ਚੀਨ ਨਾ ਜੁੜੇ ਜੋੜ, ਜੋੜੀ ਜੋੜ ਨਾ ਕੋਇ ਜੁੜਾਇੰਦਾ । ਪੁਰਖ ਅਬਿਨਾਸ਼ੀ ਚੜ੍ਹਿਆ ਸਾਚੇ ਘੋੜ, ਲੋਕਮਾਤ ਫੇਰਾ ਪਾਇੰਦਾ । ਲੋਆਂ ਪੁਰੀਆਂ ਰਿਹਾ ਦੌੜ, ਸੱਤਾਂ ਦੀਪਾਂ ਨਵਾਂ ਖੰਡਾਂ ਵੇਖ ਵਖਾਇੰਦਾ । ਲੱਖ ਚੁਰਾਸੀ ਫਲ ਵੇਖੇ ਮਿੱਠਾ ਕੌੜ, ਕੌੜਾ ਰੀਠਾ ਭੰਨ ਵਖਾਇੰਦਾ । ਦੋਹਾਂ ਦਵਾਰਿਅਉਂ ਦੇਵੇ ਹੋੜ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਪੰਜਾਬੀ ਸੂਬਾ ਝੂਠੀ ਮੰਗ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਨੌ ਖੰਡ ਪ੍ਰਿਥਮੀ ਰੰਗੇ ਏਕਾ ਰੰਗ, ਸ਼ਬਦ ਰੰਗਣ ਇਕ ਚੜ੍ਹਾਈਆ । ਗ੍ਰੰਥੀ ਪੰਥੀ ਹੋਏ ਨੰਗ, ਹਰਿ ਕਾ ਰੂਪ ਦਿਸ ਨਾ ਆਈਆ । ਹਰਿ ਮੰਦਰ ਹਰਿ ਕਾ ਪੌੜਾ ਨਾ ਗਏ ਲੰਘ, ਸਾਚੇ ਸਰੋਵਰ ਤਾਰੀਆਂ ਕੋਇ ਨਾ ਲਾਈਆ । ਮਾਇਆ ਰਾਣੀ ਸਿਰ ਚੁੱਕੀ ਪੰਡ, ਨਾ ਸਕੇ ਸਿਰ ਕੋਈ ਭਾਰ ਉਠਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਵਿਚ

ਬ੍ਰਹਿਮੰਡ, ਜੀਵਾਂ ਜੰਤਾਂ ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖਣਹਾਰ ਕਰਤਾਰਾ, ਜੀਵ ਜੰਤ ਕੀ ਕਰੇ ਵਿਚਾਰਾ, ਮਤ ਬੁੱਧ ਨਾ ਪਾਏ ਸਾਰਾ, ਮਨ ਮਨੂਆ ਦਏ ਦੁਹਾਈਆ । ਮਨੂਆ ਕੂਕੇ ਜਗਤ ਪਿਆਰ, ਸਾਚੀ ਧਾਰ ਨਾ ਕੋਇ ਵਖਾਇੰਦਾ । ਮਤ ਮਤਵਾਲੀ ਹੋਏ ਖਵਾਰ, ਸਾਚਾ ਮਾਰਗ ਦਿਸ ਨਾ ਆਇੰਦਾ । ਬੁੱਧ ਬਿਬੇਕੀ ਗਈ ਹਾਰ, ਕਲਜੁਗ ਆਪਣਾ ਬਲ ਧਰਾਇੰਦਾ । ਬਿਨ ਹਰਿ ਸ਼ਬਦ ਨਾ ਉਤਰੇ ਕੋਈ ਪਾਰ, ਖੰਡਾ ਕਟਾਰ ਜੀਵ ਜਹਾਨ ਸਰਬ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇੰਦਾ । ਵੇਖਣਹਾਰਾ ਪਾਕ ਹਿੰਦ, ਨਿਰਗੁਣ ਦਾਤਾ ਬੇਪਰਵਾਹੀਆ । ਜੀਵ ਜੰਤ ਕੀ ਕਰਨ ਚਿੰਦ, ਜਗਤ ਚਿੰਦਿਆ ਹੱਥ ਕਿਛ ਨਾ ਆਈਆ । ਮੁਸਲਮ ਹਿੰਦੂ ਪ੍ਰਭ ਕੀ ਬਿੰਦ, ਸਰਬ ਜੀਆਂ ਦਾ ਇਕ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਰ ਪਾਰ ਖੇਲੇ ਖੇਲ ਦੋ ਦੋ ਧਾਰ, ਆਪਣੀ ਧਾਰ ਆਪ ਬੰਧਾਈਆ । ਹਿੰਦ ਪਾਕ ਨਾ ਕੋਇ ਨਾਤਾ, ਸਾਚਾ ਮੇਲ ਨਾ ਕੋਇ ਮਿਲਾਈਆ । ਉਨੀ ਉਨੀਸਾ ਛੁਟੇ ਸਾਥਾ, ਸਗਲਾ ਸੰਗ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਬਣਾਏ ਏਕਾ ਜਮਾਤਾ, ਵਾਹਦੋ ਲਾਸ਼ਰੀਕ ਇਕ ਖ਼ੁਦਾਈਆ । ਪਰਵਰਦਿਗਾਰ ਲਹਿਣਾ ਦੇਣਾ ਵੇਖੇ ਮਸਤਕ ਮਾਥਾ, ਜਲਵਾ ਨੂਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਬਿਧ ਆਪਣੇ ਹੱਥ ਰਖਾਈਆ । ਸਾਚੀ ਬਿਧ ਹਰਿ ਕਰਤਾਰ, ਜਗਤ ਸਿਆਸਤ ਭੇਵ ਨਾ ਆਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਤਖ਼ਤੋਂ ਲਾਹੇ ਰਾਜ ਰਾਜਾਨ, ਗ਼ਰੀਬ ਨਿਮਾਣਿਆਂ ਦਇਆ ਕਮਾਇੰਦਾ । ਹਰਿਜਨ ਸਾਚੇ ਕਰ ਪਛਾਣ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਦੇਵੇ ਸ਼ਬਦ ਨਿਧਾਨ, ਨਿਜ ਆਤਮ ਆਪ ਵਸਾਇੰਦਾ । ਘਰ ਰਾਗ ਸੁਣਾਏ ਸੱਚੀ ਧੁਨਕਾਨ, ਅਨਹਦ ਆਪਣਾ ਤਾਲ ਵਜਾਇੰਦਾ । ਤੁਰੀਆ ਰਾਗ ਕਰ ਪਰਵਾਨ, ਤੂਰਤ ਤੂਰਤ ਵਿਚ ਰਖਾਇੰਦਾ । ਸਤਿਗੁਰ ਪੂਰਾ ਵਡ ਮਿਹਰਵਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਸਖੀਆਂ ਮਿਲੇ ਸਾਚਾ ਕਾਹਨ, ਘਰ ਆਤਮ ਸੇਜ ਹੰਢਾਇੰਦਾ । ਸੁਰਤੀ ਸੀਤਾ ਮਿਲੇ ਸਾਚਾ ਰਾਮ, ਸ਼ਬਦੀ ਮੇਲਾ ਮੇਲ ਮਿਲਾਇੰਦਾ । ਹਿੰਦ ਪਾਕ ਨਾ ਕੋਇ ਨਿਸ਼ਾਨ, ਗੁਰਸਿਖ ਦੋਹਾਂ ਦਰ ਦੁਰਕਾਇੰਦਾ । ਗੁਰਸਿਖ ਪਾਰ ਕਰਾਏ ਚੌਦਾਂ ਲੋਕ ਚੌਦਾਂ ਹੱਟ ਇਕ ਵਖਾਏ ਸਚ ਮਕਾਨ, ਸੱਚਖੰਡ ਦਵਾਰਾ ਆਪ ਸੁਹਾਇੰਦਾ । ਜਿਸ ਜਨ ਦੇਵੇ ਧੁਰ ਫ਼ਰਮਾਣ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਾਰ ਸ਼ਬਦ ਸ਼ਬਦ ਕਰੇ ਪਰਧਾਨ, ਧਾਰ ਧਾਰ ਵਿਚ ਟਿਕਾਇੰਦਾ । ਅੰਦਰ ਬਾਹਰ ਖੇਲ ਅਪਾਰ, ਗੁਪਤ ਜ਼ਾਹਰ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਧਾਮ ਸੁਹਾਇੰਦਾ । ਧਾਮ ਸੁਹੰਜਣਾ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਹਰਿਜਨ ਵੇਖੇ ਸਾਚਾ ਸੰਤ, ਜਿਸ ਮਿਲਿਆ ਸਾਚਾ ਮਾਹੀਆ । ਲੋਕਮਾਤ ਬਣਾਈ ਬਣਤ, ਨਾਰੀ ਕੰਤ ਇਕ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਇਕ ਸੁਣਾਏ ਸੁਹਾਗੀ ਛੰਤ, ਵਾਹ ਵਾ ਸਤਿਗੁਰ ਵਡ ਵਡਿਆਈਆ । ਖੇਲੇ ਖੇਲ ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਅਬਿਨਾਸ਼ਨ, ਆਪ ਬਰਾਜੇ ਸਚ ਸਿੰਘਾਸਣ, ਸਾਚੇ ਮੰਡਲ ਪਾਵੇ ਰਾਸਣ, ਸੂਰਜ ਚੰਨ ਨਾ ਕੋਇ ਚਮਕਾਈਆ ।



੬੦੨

ਸਤਿਗੁਰ ਸਦਾ ਸਾਲਾਹੀਏ, ਅੰਤ ਨਾ ਪਾਰਾਵਾਰ । ਗੁਰ ਗੁਰ ਸਦਾ ਵਡਿਆਈਏ, ਲੋਕਮਾਤ ਲਏ ਅਵਤਾਰ । ਭਗਤ ਭਗਤ ਸਦਾ ਰਸਨਾ ਗਾਈਏ, ਖੇਲੇ ਖੇਲ ਅਪਰ ਅਪਾਰ । ਸੰਤ ਸਾਜਣ ਵੇਖ ਵਖਾਈਏ, ਨਾਮ ਜਪੇ ਅਗੰਮ ਅਪਾਰ । ਗੁਰਮੁਖ ਏਕਾ ਰੰਗ ਰੰਗਾਈਏ, ਰੰਗ ਮਜੀਠੀ ਵਿਚ ਸੰਸਾਰ । ਗੁਰਸਿਖ ਬਲ ਬਲ ਸਦ ਜਾਈਏ, ਜਿਸ ਮਿਲਿਆ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਧੁਰ ਦਰਬਾਰ । ਧੁਰ ਦਰਬਾਰ ਸੁਹੰਦੜਾ, ਪਾਰਬ੍ਰਹਮ ਹਰਿ ਕਰਤਾਰ । ਜੁਗਾ ਜੁਗੰਤਰ ਵੇਸ ਵਟੰਦੜਾ, ਲੋਕਮਾਤ ਲਏ ਅਵਤਾਰ । ਫੁਲ ਫੁਲਵਾੜੀ ਆਪ ਲਗੰਦੜਾ, ਮਾਲੀ ਬਣੇ ਸਿਰਜਣਹਾਰ । ਗੁਰਸਿਖ ਸਾਚੀ ਕਲੀ ਆਪ ਖਲੰਦੜਾ, ਅੱਠੇ ਪੰਖੜੀਆਂ ਕਰ ਉਜਿਆਰ । ਨਾਮ ਤਾਗਾ ਬੰਨ੍ਹ ਉਠੰਦੜਾ, ਆਪ ਆਪਣੀ ਕਿਰਪਾ ਧਾਰ । ਸੋਈ ਸੁਰਤੀ ਵੇਖ ਵਖੰਦੜਾ, ਵੇਖਣਹਾਰਾ ਨਿਰਾਕਾਰ । ਫੜ ਫੜ ਕਲੀ ਇਕ ਗੁਦੰਦੜਾ, ਸਚ ਬਣਾਏ ਸੱਚਾ ਹਾਰ । ਸਤਿਗੁਰ ਪੂਰੇ ਭੇਟ ਚੜੰਦੜਾ, ਗੁਰ ਸਤਿਗੁਰ ਕਰੇ ਪਿਆਰ । ਆਪਣੇ ਨੇਤਰ ਆਪੇ ਵੇਖ ਵਖੰਦੜਾ, ਤੀਜਾ ਨੇਤਰ ਖੋਲ੍ਹ ਕਿਵਾੜ । ਚੌਥੇ ਘਰ ਆਪ ਸੁਹੰਦੜਾ, ਚੌਥਾ ਘਰ ਸੱਚਾ ਦਰਬਾਰ । ਪੰਚਮ ਮੇਲਾ ਆਪ ਮਿਲੰਦੜਾ, ਪੰਚਮ ਸ਼ਬਦ ਸੱਚੀ ਧੁਨਕਾਰ । ਪੰਚਮ ਸਖੀਆਂ ਰਾਗ ਸੁਨੰਦੜਾ, ਗੀਤ ਗੋਬਿੰਦ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਸਚ ਸ਼ਿੰਗਾਰ । ਸਚ ਸ਼ਿੰਗਾਰ ਹਰਿ ਫੂਲਣ ਮਾਲਾ, ਕਵਲ ਨੈਣ ਆਪ ਮਟਕਾਈਆ । ਗੁਰਮੁਖਾਂ ਬਣੇ ਲੋਕਮਾਤ ਦਲਾਲਾ, ਸ਼ਬਦੀ ਆਪਣਾ ਨਾਉਂ ਧਰਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲਾ, ਹਰਿ ਮੰਦਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸਾਚੀ ਫੂਲਣ ਨਾਮ ਕਿਆਰੀ, ਹਰਿ ਸਾਚਾ ਆਪ ਲਗਾਇੰਦਾ । ਗੁਰਸਿਖ ਤੇਰੀ ਕਾਇਆ ਖ਼ਾਰੀ, ਆਪੇ ਭਰ ਵਖਾਇੰਦਾ । ਆਪੇ ਤੋੜੇ ਵਾਰੋ ਵਾਰੀ, ਆਪਣੀ ਸੇਵਾ ਆਪ ਕਮਾਇੰਦਾ । ਕੀਮਤ ਕੋਇ ਨਾ ਪਾਏ ਲੱਖ ਹਜ਼ਾਰੀ, ਕਰਤਾ ਕੀਮਤ ਆਪ ਚੁਕਾਇੰਦਾ । ਜੁਗਾ ਜੁਗੰਤਰ ਵੇਖ ਵਖਾਏ ਸਚ ਫਲਵਾੜੀ, ਲੋਕਮਾਤ ਫੇਰਾ ਪਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਤੇਰੀ ਪੱਕੀ ਹਾੜੀ, ਤ੍ਰੈਗੁਣ ਤੇਰਾ ਫਲ ਪਕਾਇੰਦਾ । ਪੰਜ ਤਤ ਤੇਰੀ ਆਈ ਵਾਰੀ, ਪ੍ਰਭ ਸਾਚਾ ਵਡ ਵਖਾਇੰਦਾ । ਕਰੇ ਖੇਲ ਸਿਰਜਣਹਾਰੀ, ਦੂਸਰ ਸੰਗ ਨਾ ਕੋਇ ਰਲਾਇੰਦਾ । ਗੁਰਮੁਖਾਂ ਉਤੋਂ ਆਪ ਆਪਣਾ ਰਿਹਾ ਵਾਰੀ, ਸੀਸ ਧੜ ਨਾ ਕੋਈ ਬਣਾਇੰਦਾ । ਹਰਿ ਭਗਤ ਸੁਰਤੀ ਨਾ ਰਹੇ ਕੁਆਰੀ, ਸਤਿਗੁਰ ਪੂਰਾ ਆਪ ਪਰਨਾਇੰਦਾ । ਤਨ ਸੋਲਾਂ ਕਰੇ ਸ਼ਿੰਗਾਰੀ, ਇਛਿਆ ਭਿਛਿਆ ਵਿਚ ਟਿਕਾਇੰਦਾ । ਦਿਵਸ ਰੈਣ ਫਿਰੇ ਪਿਛੇ ਅਗਾੜੀ, ਪਰਦਾ ਉਹਲਾ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਫਲ ਰਿਹਾ ਫੁੱਲ, ਸਾਚੇ ਕੰਡੇ ਜਾਏ ਤੁਲ, ਤੋਲਣਹਾਰਾ ਇਕ ਅਖਵਾਇੰਦਾ । ਏਕਾ ਤੋਲਾ ਤੋਲਣਹਾਰਾ, ਦੂਜਾ ਸੰਗ ਨਾ ਕੋਈ ਰਖਾਇੰਦਾ । ਤੀਜੀ ਧਾਰਨ ਬੋਲਣਹਾਰਾ, ਚੌਥੇ ਪਦ ਆਪ ਸਮਾਇੰਦਾ । ਪੰਚਮ ਦਰ ਘਰ ਖੋਲ੍ਹਣਹਾਰਾ, ਛੇਵੇਂ ਛੱਪਰ ਛੰਨ ਨਾ ਕੋਈ ਬਣਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਆਦਿ ਅੰਤ ਕਦੇ ਨਾ ਡੋਲਣਹਾਰਾ, ਨਾ ਡੋਲੇ ਨਾ ਕੋਈ ਡੁਲਾਇੰਦਾ । ਅੱਠਾਂ ਤੱਤਾਂ ਵਸੇ ਬਾਹਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਨਾ ਕੋਈ ਵਖਾਇੰਦਾ । ਲੱਖ ਚੁਰਾਸੀ ਨੌ ਦਵਾਰ ਖੋਲ੍ਹ ਕਿਵਾੜਾ, ਜਗਤ ਵਾਸਨਾ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰ ਸਰੋਵਰ ਭਰੇ ਤਾਲ, ਲੱਗੀ ਪ੍ਰੀਤੀ ਨਿਭੇ ਨਾਲ, ਨਾ ਕੋਈ

ਤੋੜੇ ਤੋੜ ਤੁੜਾਇੰਦਾ । ਤਾਲ ਲਗਾਇਆ ਕਿਰਪਾ ਧਾਰ, ਜੀਵ ਜੰਤ ਭੇਵ ਨਾ ਰਾਈਆ । ਗੁਰਮੁਖ ਭਾਲ ਉਠਾਇਆ ਵਿਚ ਸੰਸਾਰ, ਸੰਸਾਰ ਸਾਗਰ ਆਪ ਤਰਾਈਆ । ਘਰ ਦੀਪਕ ਜੋਤੀ ਦੀਆ ਦਿਤਾ ਬਾਲ, ਤੇਲ ਬਾਤੀ ਨਾ ਕੋਈ ਰਖਾਈਆ । ਸ਼ਬਦ ਅਨਾਦਿ ਧੁਨ ਵੱਜੇ ਸਾਚਾ ਤਾਲ, ਤਾਰ ਸਤਾਰ ਨਾ ਕੋਈ ਹਿਲਾਈਆ । ਤੇਜ ਭਾਨ ਭਾਨ ਹਰਿ ਕਰ ਪਿਆਰ, ਜੀਆਂ ਦਾਨ ਝੋਲੀ ਪਾਈਆ । ਜੋ ਜਨ ਚਰਨ ਧੂੜ ਕਰੇ ਇਸ਼ਨਾਨ, ਦੁਰਮਤ ਮੈਲ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਦਰਸ ਵਖਾਏ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਆਪਣੇ ਪੌੜੇ ਆਪੇ ਜਾਏ ਚੜ੍ਹ, ਉਚ ਮਹੱਲ ਅਟੱਲ ਮੁਨਾਰ, ਆਪੇ ਖੋਲ੍ਹੇ ਬੰਦ ਕਿਵਾੜ, ਆਪਣੀ ਤਾਕੀ ਆਪ ਵਖਾਈਆ । ਆਪਣੀ ਤਾਕੀ ਆਪੇ ਖੋਲ੍ਹ, ਸਤਿਗੁਰ ਪੂਰਾ ਦਇਆ ਕਮਾਇੰਦਾ । ਸ਼ਬਦ ਅਗੰਮੀ ਆਪੇ ਬੋਲ, ਸਚ ਜੈਕਾਰਾ ਸ਼ਬਦ ਸੁਣਾਇੰਦਾ । ਇਕ ਅਨਾਦੀ ਵੱਜੇ ਢੋਲ, ਵਜਾਵਣਹਾਰਾ ਆਪ ਵਜਾਇੰਦਾ । ਇਕ ਅਤੀਤਾ ਵਸੇ ਕੋਲ, ਸਾਚਾ ਮੀਤਾ ਮੇਲ ਮਿਲਾਇੰਦਾ । ਸਾਚੀ ਸੇਜਾ ਕਰੇ ਚੋਲ੍ਹ, ਆਪ ਆਪਣੀ ਗੋਦ ਬਹਾਇੰਦਾ । ਆਪੇ ਅੰਦਰ ਜਾਏ ਮੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਸਚ ਦਵਾਰਾ ਹਰਿ ਸਤਿਗੁਰ ਆਪ ਖੁਲ੍ਹਾਈਆ । ਚਾਰ ਵਰਨਾਂ ਕਰੇ ਇਕ ਪਿਆਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਬਣਾਈਆ । ਏਕਾ ਸ਼ਬਦ ਸੱਚਾ ਸਿਕਦਾਰਾ ਦੋ ਜਹਾਨਾਂ ਰਾਜ ਕਮਾਈਆ । ਗੌਂਦੇ ਆਏ ਗੁਰ ਅਵਤਾਰਾ, ਸਾਧ ਸੰਤ ਉਚੀ ਕੂਕਣ ਦੇਣ ਦੁਹਾਈਆ । ਸਚਖੰਡ ਵਸੇ ਆਪ ਨਿਰੰਕਾਰਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਾਚੇ ਤਖ਼ਤ ਬਹਿ ਸਾਚਾ ਭੂਪ ਹੋ ਉਜਿਆਰਾ, ਚੋਬਦਾਰ ਨਾ ਕੋਈ ਬਣਾਈਆ । ਪੰਚਮ ਤਾਜ ਸੀਸ ਰੱਖੇ ਜਗਦੀਸ਼ ਏਕੰਕਾਰਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸਤਿ ਪੁਰਖ ਨਿਰੰਜਣ ਸਤ ਰੰਗ ਨਿਸ਼ਾਨਾ ਦਏ ਹੁਲਾਰਾ, ਪਾਰਬ੍ਰਹਮ ਪ੍ਰਭ ਆਪਣੀ ਗੰਢ ਬੰਧਾਈਆ । ਜੁਗਾ ਜੁਗੰਤਰ ਖੇਲ ਨਿਆਰਾ, ਵੇਦ ਕਤੇਬ ਭੇਵ ਨਾ ਰਾਈਆ । ਆਪੇ ਕਰੇ ਆਪਣੀ ਕਾਰਾ, ਆਪੇ ਲੇਖਾ ਲਿਖਣਹਾਰਾ, ਲੇਖਾ ਲਿਖੇ ਨਾ ਕਿਸੇ ਨਾਲ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਅੰਦਰ ਜੋਤ ਧਰ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਖੇਲ ਨਿਆਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਸਾਚੀ ਧਾਰਾ, ਨਿਰਾਕਾਰ ਆਪ ਟਿਕਾਇੰਦਾ । ਏਕੰਕਾਰਾ ਖੇਲ ਅਪਾਰਾ, ਅਜੂਨੀ ਰਹਿਤ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਜੋਤ ਨਿਰੰਜਣ ਸਰਬ ਜਗਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਘਰ ਘਰ ਆਪਣਾ ਹੁਕਮ ਸੁਣਾਇੰਦਾ । ਸ੍ਰੀ ਭਗਵਾਨ ਦੇਵੇ ਪਹਿਰਾ, ਜਨ ਭਗਤਾਂ ਸੇਵ ਕਮਾਇੰਦਾ । ਪਾਰਬ੍ਰਹਮ ਹਰਿ ਕਰ ਪਸਾਰਾ, ਅੰਤਮ ਵੰਡ ਆਪ ਵੰਡਾਇੰਦਾ । ਵਿਸ਼ਨ ਸ਼ਿਵ ਦਏ ਹੁਲਾਰਾ, ਬ੍ਰਹਮ ਆਪਣਾ ਹੁਕਮ ਸੁਣਾਇੰਦਾ । ਤ੍ਰੈਗੁਣ ਮਾਇਆ ਤੇਰਾ ਪਾਰ ਕਿਨਾਰਾ, ਕਲਜੁਗ ਅੰਤਮ ਪੰਧ ਮੁਕਾਇੰਦਾ । ਪੰਜ ਤਤ ਤਨ ਹੋਏ ਖਵਾਰਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਕਰੇ ਖੇਲ ਘੜਣ ਭੰਨਣਹਾਰਾ, ਸਮਰਥ ਪੁਰਖ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਜਗਾਇੰਦਾ । ਗੁਰਮੁਖ ਵਿਰਲਾ ਜਾਗਿਆ, ਸਤਿਗੁਰ ਪੂਰਾ ਆਪ ਜਗਾਏ । ਮਨ ਉਪਜੇ ਇਕ ਵੈਰਾਗਿਆ, ਪ੍ਰਭ ਮਿਲਿਆ ਬੇਪਰਵਾਹੇ । ਸਰਨ ਸਰਨਾਈ ਸਾਚੀ ਲਾਗਿਆ, ਮਨ ਮਨਕਾ ਭਰਮ ਮਿਟਾਏ । ਹੰਸ ਬਣਿਆ ਜੀਵ ਕਾਗਿਆ, ਰਸਨਾ

੬੦੪

ਕਾਗ ਨਾ ਕੋਈ ਕੁਰਲਾਏ । ਚਰਨ ਧੂੜ ਕਰਾਏ ਮਜਨ ਮਾਘਿਆ, ਅਠਸਠ ਤੀਰਥ ਰਹੇ ਸ਼ਰਮਾਏ । ਦੁਰਮਤ ਮੈਲ ਧੋਵੇ ਦਾਗਿਆ, ਆਪ ਆਪਣੀ ਸੇਵ ਕਮਾਏ । ਮੇਲ ਮਿਲਾਏ ਕੰਤ ਸੁਹਾਗਿਆ, ਸਾਚਾ ਢੋਲਾ ਏਕਾ ਗਾਏ । ਧੁਰ ਦਾ ਵੱਜਾ ਸਾਚਾ ਨਾਦਿਆ, ਸੋਇਆ ਕੋਈ ਰਹਿਣ ਨਾ ਪਾਏ । ਕਾਇਆ ਮੰਦਰ ਅੰਦਰ ਧਰਿਆ ਅਨਹਦ ਵਾਜਿਆ, ਸਤਿਗੁਰ ਪੂਰਾ ਆਪ ਵਜਾਏ । ਜਿਸ ਜਨ ਤੇਰਾ ਸਾਜਣ ਸਾਜਿਆ, ਤੇਰਾ ਤਨ ਮਨ ਆਪਣੇ ਲੇਖੇ ਲਾਏ । ਗੁਰਮੁਖ ਨੌ ਦਵਾਰ ਨਾ ਫਿਰੇ ਭਾਜਿਆ, ਮਨ ਪੰਖੀ ਉਡ ਨਾ ਦਹਿ ਦਿਸ਼ ਧਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਚ ਸਰੋਵਰ ਆਪ ਨਹਾਏ । ਹਰਿ ਸਰੋਵਰ ਹਰਿਜਨ ਨਹਾਤਾ, ਨਿਰਮਲ ਨੀਰ ਪਛਾਨਿਆ । ਉਤਮ ਹੋਈ ਲੋਕਮਾਤ ਜ਼ਾਤਾ, ਉਪਜੇ ਬ੍ਰਹਮ ਗਿਆਨਿਆਂ । ਮਿਟੇ ਰੈਣ ਅੰਧੇਰੀ ਰਾਤਾ, ਕਰੇ ਪ੍ਰਕਾਸ਼ ਕੋਟਨ ਭਾਨਿਆਂ । ਗੁਰਮੁਖ ਬਾਲ ਅੰਞਾਣੇ ਗੋਦ ਉਠਾਏ ਜਿਉਂ ਪਿਆਰੀ ਮਾਤਾ, ਪਿਤ ਸਿਰ ਆਪਣਾ ਹੱਥ ਰਖਾਨਿਆਂ । ਏਕਾ ਦੇਵੇ ਸਾਚੀ ਦਾਤਾ, ਧੁਰ ਸ਼ਬਦ ਸ੍ਰੀ ਭਗਵਾਨਿਆਂ । ਦਰਸ ਦਖਾਏ ਇਕ ਇਕਾਤਾ, ਸਵਛ ਸਰੂਪੀ ਰੂਪ ਵਟਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਪਿਛਲਾ ਲੇਖਾ ਆਪ ਮਿਟਾਨਿਆ । ਪਿਛਲਾ ਲੇਖਾ ਆਪ ਮਕੌਣਾ, ਕਰਮ ਧਰਮ ਜਨਮ ਵੇਖ ਵਖਾਈਆ । ਨੇਹਕਰਮੀ ਨੇਹਕਰਮ ਕਮੌਣਾ, ਏਕਾ ਕਰੇ ਸਚ ਪੜ੍ਹਾਈਆ । ਨਿਸ਼ਅੱਖਰ ਜਾਪ ਆਪ ਕਰੌਣਾ, ਅਜੱਪਾ ਜਾਪ ਵਡ ਵਡਿਆਈਆ । ਬਜ਼ਰ ਕਪਾਟੀ ਪੱਥਰ ਪਰੇ ਹਟੌਣਾ, ਆਪ ਆਪਣਾ ਪਰਦਾ ਲਏ ਉਠਾਈਆ । ਰੰਗ ਰੰਗੀਲਾ ਗੁਰਮੁਖ ਸਾਚਾ ਏਕਾ ਰੰਗੌਣਾ, ਰੰਗ ਰਤੜਾ ਸਾਚਾ ਮਾਹੀਆ । ਕਾਇਆ ਮਾਟੀ ਹੱਡ ਮਾਸ ਨਾੜੀ ਚੰਮ ਆਪਣੇ ਲੇਖੇ ਲੌਣਾ, ਰੱਤੀ ਰੱਤ ਰਹਿਣ ਨਾ ਪਾਈਆ । ਹਰਿਜਨ ਸੋਹੰ ਸੋ ਗੌਣਾ, ਰਾਤੀਂ ਸੁਤਿਆਂ ਸਤਿਗੁਰ ਪੂਰਾ ਲਏ ਜਗਾਈਆ । ਜਗਤ ਨਾਤਾ ਮੋਹ ਤਜੌਣਾ, ਮਾਇਆ ਮਮਤਾ ਦਰ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਨੁਹਾਏ ਸਾਚੇ ਸਰ, ਡੂੰਘਾ ਤਾਲ ਆਪ ਵਖਾਈਆ । ਡੂੰਘਾ ਤਾਲ ਕਾਇਆ ਕੰਦਰ, ਜਗਤ ਅੰਧੇਰਾ ਆਪ ਰਖਾਇਆ । ਕਲਜੁਗ ਜੀਵ ਚਾਰੋਂ ਕੁੰਟ ਭੌਂਦੇ ਬੰਦਰ, ਬਿਨ ਸਤਿਗੁਰ ਪੂਰੇ ਹੱਥ ਕਿਸੇ ਨਾ ਆਇਆ । ਸਤਿਗੁਰ ਪੂਰਾ ਪਹਿਲੋਂ ਤੋੜੇ ਆਪਣਾ ਜੰਦਰ, ਆਪ ਆਪਣੇ ਸੰਗ ਲਏ ਮਿਲਾਇਆ । ਫੜ ਫੜ ਚਾੜ੍ਹੇ ਸਾਚੇ ਮੰਦਰ, ਹਰਿ ਕਾ ਪੌੜਾ ਆਪ ਸੁਹਾਇਆ, ਮੇਲ ਮਿਲਾਵਾ ਅੰਦਰੇ ਅੰਦਰ, ਪਿੰਡ ਇੰਡ ਬ੍ਰਹਿਮੰਡ ਸਚਖੰਡ ਆਪਣਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਰਖਾਏ ਸਾਚਾ ਸਰ, ਖੁਲ੍ਹਾ ਰੱਖੇ ਆਪਣਾ ਦਰ, ਜਗਤ ਭੈ ਚੁੱਕੇ ਡਰ, ਨਿਰਭੌ ਆਪਣਾ ਭੈ ਜਣਾਇਆ । ਨਿਰਭੌ ਮੂਰਤ ਅਕਾਲ, ਅਜੂਨੀ ਰਹਿਤ ਇਕ ਅਖਵਾਈਆ । ਆਪੇ ਕਾਲ ਆਪ ਦਿਆਲ, ਆਪ ਆਪਣੀ ਰਚਨ ਰਚਾਈਆ । ਆਪੇ ਵਸੇ ਸਚ ਸੱਚੀ ਧਰਮਸਾਲ, ਸਚਖੰਡ ਸੋਭਾ ਪਾਈਆ । ਆਪੇ ਕੁੰਭੀ ਨਰਕ ਮਾਰੇ ਛਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਵੇਂ ਧਾਰ ਆਪ ਚਲਾਈਆ । ਆਪੇ ਨਿਰਗੁਣ ਸਰਗੁਣ ਦਾਤਾ, ਆਪੇ ਜੋਤੀ ਜੋਤ ਸਮਾਇੰਦਾ । ਆਪੇ ਪੁਰਖ ਪਰਖੋਤਮ ਬਣ ਬਿਧਾਤਾ, ਪੁਰੀਆਂ ਲੋਆਂ ਫੇਰਾ ਪਾਇੰਦਾ । ਆਪੇ ਬਣੇ ਪਿਤ ਮਾਤਾ, ਸੁੱਤ ਦੁਲਾਰਾ ਸ਼ਬਦ ਆਪਣੀ ਗੋਦ ਬਹਾਇੰਦਾ । ਆਪੇ ਦਿਵਸ ਆਪੇ ਰਾਤਾ, ਆਪੇ ਸੂਰਜ ਚੰਨ ਚੜ੍ਹਾਇੰਦਾ । ਆਪੇ ਬਾਣੀ ਬੋਧ ਗਾਏ ਗਾਥਾ, ਗਿਆਨ ਧਿਆਨ ਆਪ ਰਖਾਇੰਦਾ । ਆਪੇ ਬਣ ਰਥਵਾਹੀ ਚਲਾਏ ਰਾਥਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਖੇਲੇ ਖੇਲ

ਤ੍ਰਲੋਕੀ ਨਾਥਾ, ਦੀਨਾਂ ਅਨਾਥਾਂ ਗਲੇ ਲਗਾਇੰਦਾ । ਆਪੇ ਵੇਦ ਪੁਰਾਨਾ ਗਾਏ ਪੂਜਾ ਪਾਠਾ, ਸ਼ਾਸਤਰ ਸਿਮਰਤ ਆਪ ਪੜ੍ਹਾਇੰਦਾ । ਆਪੇ ਦੋ ਜਹਾਨੀ ਫਿਰੇ ਨਾਠਾ, ਅਵਣ ਗਵਣ ਤ੍ਰੈਭਵਨ ਰੂਪ ਵਟਾਇੰਦਾ । ਆਪੇ ਭਗਤਾਂ ਕਰੇ ਪੂਰਾ ਘਾਟਾ, ਆਪਣੀ ਦ੍ਰਿਸ਼ਟੀ ਵਿਚ ਟਿਕਾਇੰਦਾ । ਆਪੇ ਨਿਰਗੁਣ ਜਗੇ ਲਿਲਾਟਾ, ਨੂਰੋ ਨੂਰ ਡਗਮਗਾਇੰਦਾ । ਆਪੇ ਤੀਰਥ ਆਪੇ ਤਾਟਾ, ਸਰ ਸਰੋਵਰ ਆਪ ਸੁਹਾਇੰਦਾ । ਆਪੇ ਵਸੇ ਆਨ ਬਾਟਾ, ਮਾਤ ਗਰਭ ਅਗਨੀ ਹਵਨ ਆਪ ਕਰਾਇੰਦਾ । ਆਪੇ ਨਾਭੀ ਕਵਲ ਅੰਮ੍ਰਿਤ ਬਾਟਾ, ਆਪੇ ਅਗਨੀ ਤਤ ਤਪਾਇੰਦਾ । ਆਪੇ ਚੌਦਾਂ ਲੋਕ ਖੋਲ੍ਹੇ ਹਾਟਾ, ਚੌਦਾਂ ਤਬਕਾਂ ਡੇਰਾ ਢਾਇੰਦਾ । ਆਪੇ ਵਿਕੇ ਹਾਟੋ ਹਾਟਾ, ਆਪਣੀ ਕੀਮਤ ਕੋਇ ਨਾ ਪਾਇੰਦਾ । ਆਪੇ ਖੇਲੇ ਖੇਲ ਬਾਜ਼ੀਗਰ ਨਾਟਾ, ਗੁਰ ਪੀਰ ਅਵਤਾਰ ਆਪਣਾ ਰੂਪ ਵਟਾਇੰਦਾ । ਆਪੇ ਬਾਵਨ ਬਣੇ ਖੇਵਟ ਖੇਟਾ, ਬਲ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ ਇਕ ਚਲਾਏ ਹਰਿ ਨਿਰੰਕਾਰ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਆਪੇ ਪੀਰ ਦਸਤਗੀਰ, ਸ਼ਾਹ ਹਕੀਰ ਆਪ ਅਖਵਾਈਆ । ਆਪੇ ਮਾਰਨਹਾਰ ਜੰਜ਼ੀਰ, ਆਪੇ ਤੰਦਨ ਤੰਦ ਤੁੜਾਈਆ । ਆਪੇ ਚੋਟੀ ਚੜ੍ਹੇ ਅਖ਼ੀਰ, ਮੁਕਾਮੇ ਹੱਕ ਵੇਖੇ ਇਕ ਖ਼ੁਦਾਈਆ । ਆਪੇ ਆਬਹਯਾਤ ਵਿਰੋਲੇ ਨੀਰ, ਬੇਆਬ ਆਪ ਤੜਫਾਈਆ । ਆਪੇ ਬਖ਼ਸ਼ੇ ਠਾਂਡਾ ਸੀਰ, ਜਲ ਥਲ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਰੂਪ ਅਨੂਪਾ ਆਪ ਦਰਸਾਈਆ । ਆਪੇ ਹੋਏ ਇਲਾਹੀ ਅੱਲਾ, ਐਨਲਹੱਕ ਆਪ ਪੁਕਾਰਦਾ । ਆਪੇ ਰੂਪ ਸਮਾਏ ਬਿਸਮਿਲਾ, ਬਿਸਮਿਲ ਆਪਣਾ ਆਪ ਕਰਾਇੰਦਾ । ਆਪੇ ਵਸੇ ਉਚ ਮਹੱਲਾ, ਉਚੇ ਟਿੱਲੇ ਆਸਣ ਲਾਇੰਦਾ । ਆਪੇ ਲੋਕਮਾਤ ਫਿਰੇ ਬਣ ਬਣ ਝੱਲਾ, ਜੀਵ ਜੰਤ ਭੇਵ ਕੋਇ ਨਾ ਪਾਇੰਦਾ । ਆਪੇ ਸਾਚਾ ਹੁਕਮ ਧੁਰ ਫ਼ਰਮਾਣ ਆਇਤ ਅਨਾਇਤ ਕਰ ਕਰ ਘੱਲਾ, ਸ਼ਰਅ ਸ਼ਰੀਅਤ ਆਪਣਾ ਰੂਪ ਵਟਾਇੰਦਾ । ਆਪੇ ਮੱਕਾ ਕਾਅਬਾ ਫੜਾਏ ਆਪਣਾ ਪੱਲਾ, ਮੁਲਾਂ ਸ਼ੇਖ਼ ਮੁਸਾਇਕ ਆਪ ਤੜਫਾਇੰਦਾ । ਆਪੇ ਨਿਰਗੁਣ ਜੋਤੀ ਪੰਜ ਤਤ ਨਾਨਕ ਚੋਲਾ ਰਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਆਪੇ ਨਾਮ ਸਤਿ ਸਤਿ ਬੋਲਿਆ ਬੋਲਾ, ਚਾਰ ਵਰਨਾਂ ਵਣਜ ਕਰਾਇੰਦਾ । ਆਪੇ ਅਰਜਨ ਚੁਕਾਇਆ ਪਰਦਾ ਓਹਲਾ, ਬੋਧ ਅਗਾਧਾ ਸ਼ਬਦ ਸੁਣਾਇੰਦਾ । ਆਪੇ ਗੋਬਿੰਦ ਬਦਲਿਆ ਆਪਣਾ ਚੋਲਾ, ਸੁੱਤ ਦੁਲਾਰਾ ਨਾਉਂ ਧਰਾਇੰਦਾ । ਆਪੇ ਧਰਨੀ ਧਰਤ ਧਵਲ ਜੁਗ ਜੁਗ ਭਾਰ ਕਰਦਾ ਆਇਆ ਹੌਲਾ, ਦੁਸ਼ਟ ਹੰਕਾਰੀ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਖੇਲ ਆਪ ਖਲਾਇੰਦਾ । ਸਾਚਾ ਖੇਲ ਖਿਲਾਵਣ ਆਇਆ, ਨਿਰਗੁਣ ਰੂਪ ਅਗੰਮ ਅਪਾਰ । ਸਾਚਾ ਡੰਕ ਸ਼ਬਦ ਵਜਾਵਣ ਆਇਆ, ਦੋ ਜਹਾਨਾਂ ਹੋ ਤਿਆਰ । ਰਾਓ ਰੰਕਾਂ ਆਪ ਉਠਾਵਣ ਆਇਆ, ਸੋਇਆ ਰਹੇ ਨਾ ਵਿਚ ਸੰਸਾਰ । ਹਰਿਜਨ ਸਾਚੇ ਮੇਲ ਮਿਲਾਵਣ ਆਇਆ, ਆਪ ਆਪਣੀ ਕਿਰਪਾ ਧਾਰ । ਦੂਈ ਦਵੈਤੀ ਫੰਦ ਕਟਾਵਣ ਆਇਆ, ਤੋੜ ਤੁੜਾਏ ਗੜ੍ਹ ਹੰਕਾਰ । ਉਤਮ ਜ਼ਾਤੀ ਆਪ ਕਰਾਵਣ ਆਇਆ, ਚਾਰ ਵਰਨ ਕਰੇ ਪਿਆਰ । ਅੰਧੇਰੀ ਰਾਤੀ ਮੇਟ ਮਿਟਾਵਣ ਆਇਆ, ਸਾਚਾ ਚੰਦ ਹੋਏ ਉਜਿਆਰ । ਸੋਹੰ ਅੱਖਰ ਇਕ ਪੜ੍ਹਾਵਣ ਆਇਆ, ਸਤਿਜੁਗ ਤੇਰੀ ਆਈ ਵਾਰ । ਰਾਜ ਰਾਜਾਨਾ ਸ਼ਾਹ ਸੁਲਤਾਨਾ ਖ਼ਾਕ ਮਿਲਾਵਣ ਆਇਆ, ਸੀਸ ਤਾਜ ਨਾ ਰੱਖੇ ਕੋਇ ਦਸਤਾਰ । ਗੁਰਸਿਖਾਂ ਸਾਚੇ ਅੰਮ੍ਰਿਤਸਰ ਵਿਚ ਨੁਹਾਵਣ ਆਇਆ, ਦੋ

ਜਹਾਨਾਂ ਆਪਣੀ ਚੁੱਭੀ ਮਾਰ । ਮਾਣਕ ਮੋਤੀ ਹੀਰੇ ਲਾਲ ਆਪਣੇ ਬਾਹਰ ਕਢਾਵਣ ਆਇਆ, ਪਾਰਖੂ ਬਣ ਸੱਚਾ ਸੁਨਿਆਰ । ਸਾਚੀ ਕਸਵਟੀ ਹੱਥ ਫੜ ਕੇ ਆਇਆ, ਨਾਮ ਕੁਠਾਲੀ ਕਰ ਤਿਆਰ । ਸ਼ੇਖ਼ਸਰ ਸਰ ਹੱਟੀ ਆਪ ਖੁਲ੍ਹਾਵਣ ਆਇਆ, ਅੰਮ੍ਰਿਤ ਭਰੇ ਹਰਿ ਭੰਡਾਰ । ਮਨਮੁਖਾਂ ਚੱਟੀ ਆਪ ਭਰਾਵਣ ਆਇਆ, ਦਰ ਦਰ ਕਰੇ ਆਪ ਖ਼ਵਾਰ । ਅਠਸਠੀ ਨੀਰ ਸੀਰ ਗੁਰਸਿਖ ਚਰਨਾਂ ਤੇਰਿਆਂ ਹੇਠ ਦਬਾਵਣ ਆਇਆ, ਗੰਗਾ ਸੁਰਸਤੀ ਜਮਨਾ ਗੋਦਾਵਰੀ ਪਾਵੇ ਸਾਰ । ਕੇਸਵਾ ਕੇਸਵ ਆਪਣਾ ਰੂਪ ਵਟਾਵਣ ਆਇਆ, ਗੋਵਰਧਨ ਚੁਕਿਆ ਝੂਠਾ ਭਾਰ । ਕੇਸੀ ਕੇਸ ਵੇਖ ਵਖਾਵਣ ਆਇਆ, ਦਸ ਦਸਮੇਸ਼ ਲਏ ਅਵਤਾਰ । ਬਾਸ਼ਕ ਸ਼ੇਸ਼ ਸੇਜ ਪਾਂਗੋ ਸਾਂਗ ਆਪ ਹੰਢਾਵਣ ਆਇਆ, ਆਪੇ ਸੁੱਤਾ ਪੈਰ ਪਸਾਰ । ਆਪਣੀ ਤਰਸੂਲ ਆਪ ਚਮਕਾਵਣ ਆਇਆ, ਸ਼ਿਵ ਸ਼ੰਕਰ ਕਰ ਤਿਆਰ । ਬ੍ਰਹਮ ਵਿਦਿਆ ਬ੍ਰਹਮ ਸਰਬ ਪੜ੍ਹਾਵਣ ਆਇਆ, ਪਾਰਬ੍ਰਹਮ ਮੇਲਾ ਕਰੇ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਆਪਣੇ ਘਰ, ਘਰ ਸੋਹੇ ਬੰਕ ਦਵਾਰ । ਘਰ ਬੰਕ ਦਵਾਰ ਸੁਹੰਦੜਾ, ਗ੍ਰਿਹਿ ਮੰਦਰ ਵੱਜੀ ਵਧਾਈਆ । ਸਤਿਗੁਰ ਪੂਰਾ ਦਰਸ ਦਿਖੰਦੜਾ, ਦਿਬ ਨੇਤਰ ਇਕ ਖੁਲ੍ਹਾਈਆ । ਸਾਚਾ ਰਾਗ ਇਕ ਸੁਣੰਦੜਾ, ਛੱਤੀ ਰਾਗ ਰਹੇ ਸ਼ਰਮਾਈਆ । ਨਾਰੀ ਕੰਤ ਮੇਲ ਮਿਲੰਦੜਾ, ਜਗਤ ਵਿਛੋੜਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਬੰਕ ਦਵਾਰ, ਘਰ ਵਿਚ ਘਰ ਕਰ ਤਿਆਰ, ਦੀਪਕ ਜੋਤ ਕਰੇ ਰੁਸ਼ਨਾਈਆ । ਘਰ ਮੰਦਰ ਗ੍ਰਿਹਿ ਸੋਭਾਵੰਤ, ਹਰਿ ਸੱਚਾ ਸਤਿਗੁਰ ਪਾਇਆ । ਸਾਚੀ ਸਖੀ ਮਿਲਿਆ ਹਰਿ ਹਰਿ ਕੰਤ, ਏਕਾ ਮੰਗਲ ਹਰਿ ਹਰਿ ਗਾਇਆ । ਲੋਕਮਾਤ ਬਣੀ ਸਾਚੀ ਬਣਤ, ਗੁਰ ਸਤਿਗੁਰ ਆਪ ਬਣਾਇਆ । ਆਪੇ ਰਸ ਰਸੀਆ ਆਪੇ ਮਣੀਆ ਮੰਤ । ਆਪੇ ਸ਼ਬਦੀ ਸ਼ਬਦ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਦਰ, ਦਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਨਿਰਗੁਣ ਜੋਤ ਕਰ ਰੁਸ਼ਨਾਇਆ । ਨਿਰਗੁਣ ਜੋਤ ਆਦਿ ਨਿਰੰਜਣ, ਜੋਤ ਨਿਰੰਜਣ ਰੂਪ ਵਟਾਈਆ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣ, ਦੀਨਾਂ ਅਨਾਥਾਂ ਦੁੱਖ ਮਿਟਾਈਆ । ਏਥੇ ਓਥੇ ਦੋ ਜਹਾਨੀ ਸਾਚਾ ਸੱਜਣ, ਸਤਿਗੁਰ ਪੂਰਾ ਆਪ ਅਖਵਾਈਆ । ਲੱਖ ਚੁਰਾਸੀ ਭਾਂਡੇ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਕਾਲ ਨਗਾਰੇ ਸਿਰ ਤੇ ਵੱਜਣ, ਕਲਜੁਗ ਕੂਕ ਰਿਹਾ ਕੁਰਲਾਈਆ । ਅੰਤ ਕੰਤ ਭਗਵੰਤ ਰੱਖੇ ਲੱਜਣ, ਸਮਰਥ ਪੁਰਖ ਵਡ ਵਡਿਆਈਆ । ਸ਼ਾਹ ਪਾਤਸ਼ਾਹ ਤਖ਼ਤ ਤਾਜ ਤਜਣ, ਚਾਰੋਂ ਕੁੰਟ ਜੀਵ ਕੁਰਲਾਈਆ । ਨਾ ਕੋਈ ਹਾਜ਼ੀ ਕਰੇ ਹੱਜਣ, ਮੱਕਾ ਕਾਅਬਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇਲੇ ਖੇਲ ਸ੍ਰਿਸ਼ਟ ਸਬਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਾਰ ਵਰਨ ਇਕ ਸਰਨ ਹਿੰਦੂ ਮੁਸਲਮ ਸਿਖ ਈਸਾਈ ਲੱਖ ਚੁਰਾਸੀ ਵਿਚੋਂ ਲਏ ਤਰਾਈਆ ।



੬੦੭



੦੯

❊ ੭ ਜੇਠ ੨੦੧੭ ਬਿਕ੍ਰਮੀ ਭਾਗ ਸਿੰਘ ਦੇ ਘਰ ਪਿੰਡ ਮਲਕ ਜ਼ਿਲਾ ਜੰਮੂ ❊

ਮਨ ਬਾਛਤ ਹਰਿ ਸਰਧਾ ਪੂਰ, ਦੁੱਖ ਸੁੱਖ ਵਿਚ ਰਖਾਈਆ । ਜੈਂਹ ਵੇਖੇ ਤੈਂਹ ਹਾਜ਼ਰ ਹਜ਼ੂਰ, ਦਿਵਸ ਰੈਣ ਦਇਆ ਕਮਾਈਆ । ਪੈਂਡਾ

ਚੁੱਕੇ ਨੇੜਾ ਦੂਰ, ਹਾਜ਼ਰ ਹਜ਼ੂਰ ਬੇਪਰਵਾਹੀਆ । ਨਾਤਾ ਤੋੜੇ ਕੂੜੋ ਕੂੜ, ਸਾਚੀ ਸਰਨ ਇਕ ਰਖਾਈਆ । ਚਤਰ ਬਣਾਏ ਮੂਰਖ ਮੂੜ੍ਹ, ਗੁਰ ਪੂਰਾ ਵਡ ਵਡਿਆਈਆ । ਦੇਵੇ ਦਾਤ ਹਰਿ ਦਾਨੀ ਸੂਰ, ਸਰਬ ਕਲ ਸਮਰਥ ਆਪ ਅਖਵਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਜਨਮ ਜਨਮ ਦੇ ਪਾਪ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਵਣ ਸੋ ਅੱਖਰ ਇਕ ਸਮਝਾਈਆ ।

### ✵ ੭ ਜੇਠ ੨੦੧੭ ਬਿਕ੍ਰਮੀ ਰਸਾਲ ਸਿੰਘ ਸਾਹਿਬ ਸਿੰਘ ਦੇ ਘਰ ਪਿੰਡ ਮਨਾਵਰ ਜ਼ਿਲਾ ਜੰਮੂ ✵

ਸਤਿਗੁਰ ਪੂਰਾ ਸਰਬ ਜੀਆਂ ਦਾਤਾ, ਵਰਨ ਗੋਤ ਨਾ ਕੋਇ ਰਖਾਇੰਦਾ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਲੱਖ ਚੁਰਾਸੀ ਗੋਦ ਬਹਾਇੰਦਾ । ਹਰਿ ਭਗਤਾਂ ਦੇਵੇ ਸਾਚੀ ਦਾਤਾ, ਨਾਮ ਭੰਡਾਰਾ ਆਪ ਵਰਤਾਇੰਦਾ । ਸ਼ਬਦ ਚੜ੍ਹਾਏ ਸਾਚੇ ਰਾਥਾ, ਆਦਿ ਜੁਗਾਦਿ ਆਪ ਚਲਾਇੰਦਾ । ਏਕਾ ਮੰਤਰ ਜਪਾਏ ਪੂਜਾ ਪਾਠਾ, ਸਾਚਾ ਮੰਦਰ ਆਪ ਸੁਹਾਇੰਦਾ । ਇਕ ਸਰੋਵਰ ਬਣਾਏ ਤੀਰਥ ਤਾਟਾ, ਘਟ ਅੰਦਰ ਆਪ ਨੁਹਾਇੰਦਾ । ਏਕਾ ਦਰਸ ਦਿਖਾਏ ਜੋਤ ਲਲਾਟਾ, ਨੂਰੋ ਨੂਰ ਡਗਮਗਾਇੰਦਾ । ਇਕ ਸਵਾਏ ਸਾਚੀ ਖਾਟਾ, ਆਤਮ ਸੇਜਾ ਆਪ ਸੁਹਾਇੰਦਾ । ਏਕਾ ਵਣਜ ਕਰਾਏ ਸਾਚੇ ਹਾਟਾ, ਸਚਖੰਡ ਦਵਾਰ ਸੋਭਾ ਪਾਇੰਦਾ । ਏਕਾ ਪੂਰਾ ਕਰੇ ਘਾਟਾ, ਮਾਣਸ ਜਨਮ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਇੰਦਾ । ਸਤਿਗੁਰ ਪੂਰਾ ਹਰਿ ਬਲਵਾਨ, ਲੋਆਂ ਪੁਰੀਆਂ ਆਪ ਸਮਾਈਆ । ਜੁਗ ਜੁਗ ਦੇਵੇ ਧੁਰ ਫ਼ਰਮਾਣ, ਆਪਣਾ ਨਾਮ ਆਪ ਉਪਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਪਾਏ ਏਕਾ ਆਣ, ਏਕਾ ਹੁਕਮੀ ਹੁਕਮ ਸੁਣਾਈਆ । ਹਰਿਜਨ ਸਾਚੇ ਲਏ ਪਛਾਣ, ਲੱਖ ਚੁਰਾਸੀ ਵਿਚੋਂ ਆਪ ਜਗਾਈਆ । ਅੰਤਰ ਆਤਮ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਨੇਤਰ ਨੈਣ ਇਕ ਖੁਲ੍ਹਾਈਆ । ਮੇਲ ਮਿਲਾਏ ਸਾਚੇ ਰਾਮ, ਰਾਮ ਰਮੱਯਾ ਆਪ ਅਖਵਾਈਆ । ਦਰਸ ਦਿਖਾਏ ਘਨੱਯਾ ਸ਼ਾਮ, ਕਾਹਨਾ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸੱਚਾ ਪਾਤਸ਼ਾਹ, ਪਾਰਬ੍ਰਹਮ ਨਿਰੰਕਾਰ । ਜਨ ਭਗਤਾਂ ਬਣੇ ਜਗਤ ਮਲਾਹ, ਨਿਰਗੁਣ ਸਰਗੁਣ ਲਏ ਅਵਤਾਰ । ਹਰਿਜਨ ਫੜ ਫੜ ਰਾਹੇ ਪਾ, ਲੱਖ ਚੁਰਾਸੀ ਗੇੜਾ ਦਏ ਨਿਵਾਰ । ਆਪੇ ਕੱਟੇ ਜਮ ਕਾ ਫਾਹ, ਰਾਏ ਧਰਮ ਨਾ ਕਰੇ ਖ਼ੁਆਰ । ਨਾਮ ਜਪਾਏ ਸਿਫ਼ਤ ਸਲਾਹ, ਜੁਗਾ ਜੁਗੰਤਰ ਏਕਾ ਕਾਰ । ਇਕ ਦਵਾਰਾ ਦਏ ਵਖਾ, ਧਰਮ ਖੰਡ ਖੋਲ੍ਹ ਕਿਵਾੜ । ਬ੍ਰਹਿਮੰਡ ਹਰਿ ਫੇਰੀ ਪਾ, ਜੇਰਜ ਅੰਡ ਦੇਵੇ ਪੈਜ ਸਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਸਤਿਗੁਰ ਪੂਰਾ ਸਾਹਿਬ ਗੁਣਵੰਤ, ਏਕੰਕਾਰਾ ਇਕ ਅਖਵਾਈਆ । ਹਰਿਜਨ ਉਠਾਏ ਸਾਚੇ ਸੰਤ, ਸਾਚੀ ਵਿਦਿਆ ਇਕ ਪੜ੍ਹਾਈਆ । ਜੁਗ ਜੁਗ ਬਣਾਏ ਸਾਚੀ ਬਣਤ, ਲੋਕਮਾਤ ਵੇਖ ਵਖਾਈਆ । ਕਲਜੁਗ ਵੇਲਾ ਆਇਆ ਅੰਤ, ਚਾਰ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਹਰਿ ਭਗਵਾਨ, ਪਰਗਟ ਹੋਵੇ ਵਿਚ ਜਹਾਨ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਹਰਿ ਰਾਮਾ, ਨਿਰਗੁਣ ਸਰਗੁਣ ਵੇਸ ਕਰਾਇੰਦਾ । ਨਾਮ ਵਜਾਏ ਸਚ ਦਮਾਮਾ,

ਸਚ ਨਗਾਰੇ ਚੋਟ ਲਗਾਇੰਦਾ । ਖੇਲੇ ਖੇਲ ਘਰ ਘਰ ਸ਼ਾਮਾ, ਸਾਚੀ ਬੰਸਰੀ ਆਪ ਵਜਾਇੰਦਾ । ਆਪਣਾ ਕਰੇ ਪੂਰਨ ਕਾਮਾ, ਕਰਤਾ ਪੁਰਖ ਵੇਸ ਧਰਾਇੰਦਾ । ਗੁਰਮੁਖਾਂ ਦੇਵੇ ਨਾਮ ਗੁਣ ਨਿਧਾਨਾ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਇਕ ਵਖਾਏ ਸਚ ਨਿਸ਼ਾਨਾ, ਦਰਗਹਿ ਸਾਚੀ ਆਪ ਝੁਲਾਇੰਦਾ । ਆਪ ਬਠਾਏ ਸ਼ਬਦ ਬਿਬਾਨਾ, ਸਾਚਾ ਰਾਣਾ ਸੇਵ ਕਮਾਇੰਦਾ । ਆਵਣ ਜਾਵਣ ਚੁੱਕੇ ਕਾਨਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋ ਜਨ ਰਸਨਾ ਗਾਏ ਸੋਹੰ ਗਾਣਾ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਲੱਖ ਚੁਰਾਸੀ ਸਿਰ ਤੇ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਆਪਣਾ ਨਾਉਂ ਧਰਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਬਾਲ ਅੰਞਾਣੇ ਆਪ ਉਠਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਕਲਜੁਗ ਅੰਤਮ ਸੇਵ ਕਮਾਇੰਦਾ । ਪੂਰਬ ਜਨਮ ਦਾ ਲੇਖਾ ਚੁੱਕੇ ਘਾਲੀ ਘਾਲ, ਲਹਿਣਾ ਲਹਿਣੇਦਾਰ ਝੋਲੀ ਪਾਇੰਦਾ । ਸਾਚਾ ਬੰਕ ਸੁਹਾਏ ਸੱਚੀ ਧਰਮਸਾਲ, ਜਿਸ ਦਵਾਰੇ ਚਰਨ ਟਿਕਾਇੰਦਾ । ਸਦਾ ਸੁਹੇਲਾ ਕਰੇ ਸਦਾ ਪ੍ਰਿਤਪਾਲ, ਸਿਰ ਆਪਣਾ ਹੱਥ ਰਖਾਇੰਦਾ । ਫਲ ਲਗਾਏ ਕਾਇਆ ਡਾਲ, ਪਤ ਡਾਲੀ ਆਪ ਮਹਿਕਾਇੰਦਾ । ਗੁਰਮੁਖ ਤੋੜ ਜਗਤ ਜੰਜਾਲ, ਹਰਿ ਸੰਗਤ ਸਾਚੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰੋਗ ਸੋਗ ਜਗਤ ਸੰਤਾਪ, ਜਨਮ ਜਨਮ ਦੇ ਕੱਟੇ ਪਾਪ, ਦੁਰਮਤ ਮੈਲ ਆਪ ਧੁਆਇੰਦਾ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਪੇ ਜਾਪ, ਜਾਗਰਤ ਜੋਤ ਆਪ ਵਖਾਇੰਦਾ । ਗੁਰਮੁਖਾਂ ਕਰੇ ਵਡ ਪਰਤਾਪ, ਆਪ ਆਪਣਾ ਰੂਪ ਬਣਾਇੰਦਾ ।



੦੯

## ✻ ੭ ਜੇਠ ੨੦੧੭ ਬਿਕ੍ਰਮੀ ਦੌਲਤ ਸਿੰਘ ਦੇ ਘਰ ਦਇਆ ਹੋਈ ਪਿੰਡ ਨਵਾਂ ਚੱਕ ਜ਼ਿਲਾ ਜੰਮੂ ✻

ਏਕਾ ਓਟ ਹਰਿ ਭਗਤ ਸਵਾਮੀ, ਹਰਿਜਨ ਸਾਚੇ ਆਪ ਤਰਾਇੰਦਾ । ਆਦਿ ਜੁਗਾਦਿ ਸਦਾ ਨੇਹਕਾਮੀ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਘਟ ਘਟ ਵਸੇ ਅੰਤਰਜਾਮੀ, ਘਰ ਘਰ ਆਪਣੀ ਜੋਤ ਜਗਾਇੰਦਾ । ਆਪ ਸੁਣਾਏ ਆਪਣੀ ਅਨਹਦ ਬਾਣੀ, ਘਰ ਮੰਦਰ ਰਾਗ ਅਲਾਇੰਦਾ । ਆਤਮ ਦੇਵੇ ਠੰਡਾ ਪਾਣੀ, ਅੰਮ੍ਰਿਤ ਜਾਮ ਆਪ ਪਿਆਇੰਦਾ । ਆਪਣੀ ਸੁਣਾਏ ਅਕਥ ਕਹਾਣੀ, ਅਕਥ ਕਥਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਵਾਮੀ ਇਕ ਅਖਵਾਇੰਦਾ । ਸਚ ਸੁਆਮੀ ਏਕਾ ਓਟ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਜਨਮ ਜਨਮ ਦੇ ਪਾਪ ਉਤਾਰੇ ਕੋਟੀ ਕੋਟ, ਕੋਟਨ ਕੋਟ ਜੀਵ ਆਪ ਤਰਾਈਆ । ਮਾਇਆ ਮਮਤਾ ਹਉਮੇ ਹੰਗਤਾ ਵਾਸਨਾ ਕੱਢੇ ਖੋਟ, ਸਾਚੀ ਸੁਰਤ ਸ਼ਬਦ ਲਿਵ ਲਾਈਆ । ਆਪ ਉਠਾਏ ਆਲ੍ਹਣਿਉਂ ਡਿਗੇ ਬੋਟ, ਹਰਿਜਨ ਸਾਚੇ ਗੋਦ ਬਹਾਈਆ । ਤਨ ਨਗਾਰੇ ਲਾਏ ਚੋਟ, ਏਕਾ ਡੰਕਾ ਨਾਮ ਵਜਾਈਆ । ਨਿਰਗੁਣ ਨਿਰਵੈਰ ਜਗਾਏ ਅੰਦਰ ਜੋਤ, ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਵਾਮੀ ਬੇਪਰਵਾਹੀਆ । ਸਚ ਸਵਾਮੀ ਹਰਿ ਸੁਲਤਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਸ਼ਬਦ ਝਲੌਣਾ ਇਕ ਨਿਸ਼ਾਨ, ਲੋਆਂ ਪੁਰੀਆਂ ਆਣ ਰਖਾਇੰਦਾ । ਏਕਾ ਦੇਵੇ ਧੁਰ ਫ਼ਰਮਾਣ, ਸਾਚੇ ਸੰਤਾਂ ਸੇਵਾ ਲਾਇੰਦਾ । ਲੋਕਮਾਤ ਬਖ਼ਸ਼ੇ ਚਰਨ ਧਿਆਨ, ਗਿਆਨ ਧਿਆਨ ਇਕ

ਦ੍ਰਿੜਾਇੰਦਾ । ਏਕਾ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਏਕਾ ਰਾਗ ਸੁਣਾਏ ਕਾਨ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨ, ਚਤੁਰਭੁਜ ਰੂਪ ਵਟਾਇੰਦਾ । ਸਾਚੀ ਸਖੀਆਂ ਮੇਲਾ ਸਾਚੇ ਕਾਹਨ, ਘਰ ਮੰਡਲ ਰਾਸ ਰਚਾਇੰਦਾ । ਆਦਿ ਜੁਗਾਦੀ ਮਿਹਰਵਾਨ, ਹਰਿਜਨ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਲੀ ਕੱਖ ਕਰ ਪਰਵਾਨ, ਹੋਏ ਪਰਤੱਖ ਸ੍ਰੀ ਭਗਵਾਨ, ਰੰਗ ਆਪਣਾ ਰੰਗ ਰੰਗਾਇੰਦਾ । ਸਚ ਸਵਾਮੀ ਪੁਰਖ ਅਬਿਨਾਸ਼ਾ, ਦਰਗਹਿ ਸਾਚੀ ਧਾਮ ਸੁਹਾਈਆ । ਜੁਗ ਜੁਗ ਖੇਲੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਰੂਪ ਵਟਾਈਆ । ਜਨ ਭਗਤਾਂ ਪੂਰੀ ਕਰੇ ਆਸਾ, ਜਿਉਂ ਬਿਪਰ ਸੁਦਾਮਾ ਗਲੇ ਲਗਾਈਆ । ਗ਼ਰੀਬ ਨਿਮਾਣਿਆਂ ਦਏ ਦਿਲਾਸਾ, ਬਿਦਰ ਅਲੂਣਾ ਸਾਗ ਖਾਈਆ । ਜਿਸ ਜਨ ਦੇਵੇ ਚਰਨ ਭਰਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਸਚ ਸੁਆਮੀ ਪੁਰਖ ਅਕਾਲ, ਕਾਲ ਫਾਸ ਨਾ ਕੋਇ ਰਖਾਈਆ । ਭਗਤ ਬੀਠਲ ਸਦ ਕਿਰਪਾਲ, ਭਗਤ ਭਗਵੰਤ ਵੇਖ ਵਖਾਈਆ । ਲੱਖ ਚੁਰਾਸੀ ਤੋੜ ਜੰਜਾਲ, ਆਪਣੇ ਲੇਖੇ ਲਏ ਲਗਾਈਆ । ਏਕਾ ਨਾਮ ਦੇਵੇ ਵਸਤ ਸੱਚਾ ਧਨ ਮਾਲ, ਸਾਚੇ ਹੱਟ ਆਪ ਵਕਾਈਆ । ਜੋ ਜਨ ਸੇਵਾ ਰਹੇ ਘਾਲ, ਘਾਲੀ ਘਾਲ ਲੇਖੇ ਪਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਬਣਾਈਆ । ਸਤਿਜੁਗ ਤ੍ਰੇਤਾ ਦੁਆਪਰ ਬਣਦਾ ਆਇਆ ਮਾਤ ਦਲਾਲ, ਗੁਰਮੁਖ ਸਾਚੇ ਆਪ ਉਪਜਾਈਆ । ਕਲਜੁਗ ਅੰਤਮ ਖੇਲ ਕਰੇ ਗੋਬਿੰਦ ਗੋਪਾਲ, ਇਕਓਅੰਕਾਰਾ ਵੇਸ ਵਟਾਈਆ । ਸੋ ਪੁਰਖ ਨਿਰੰਜਣ ਚਲੇ ਅਵੱਲੜੀ ਚਾਲ, ਹਰਿ ਪੁਰਖ ਨਿਰੰਜਣ ਦਏ ਇਕ ਸਾਲਾਹੀਆ । ਇਕਓਅੰਕਾਰਾ ਚਲੇ ਚਲਾਏ ਨਾਲ ਨਾਲ, ਆਦਿ ਨਿਰੰਜਣ ਜੋਤ ਕਰ ਰੁਸ਼ਨਾਈਆ । ਸ੍ਰੀ ਭਗਵਾਨ ਆਪ ਆਪਣੇ ਆਪੇ ਲਏ ਭਾਲ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਫਲ ਲਾਏ ਸਾਚੇ ਡਾਲ, ਫੁਲ ਫੁਲਵਾੜੀ ਵੇਖ ਵਖਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਪੂਰਾ ਕਰੇ ਇਕ ਸਵਾਲ, ਚਾਰੇ ਵੇਦਾਂ ਵੇਖ ਵਖਾਈਆ । ਦੇਵੇ ਰਿਜ਼ਕ ਰਿਹਾ ਸੁਰਤ ਸੰਭਾਲ, ਘਰ ਮੰਦਰ ਬੇਪਰਵਾਹੀਆ । ਸ਼ੰਕਰ ਲੇਖਾ ਚੁੱਕੇ ਜਗਤ ਕਾਲ, ਜਗਤ ਗਰਾਸ ਇਕ ਵਖਾਈਆ । ਹਰਿਜਨ ਵੇਖੇ ਸਾਚੇ ਲਾਲ, ਸਵਾਸ ਸਵਾਸ ਰਸਨਾ ਜਿਹਵਾ ਜੋ ਜਨ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਆਮੀ ਸੱਚਾ ਦਾਤਾ, ਇਕਓਅੰਕਾਰਾ ਪੁਰਖ ਬਿਧਾਤਾ, ਆਪੇ ਜਾਣੇ ਆਪਣੀ ਗਾਥਾ, ਸਾਚਾ ਰਾਥਾ ਆਪ ਚਲਾਈਆ । ਸਾਚਾ ਰਥ ਰਥ ਰਥਵਾਹੀ, ਜੁਗ ਜੁਗ ਆਪ ਚਲਾਇੰਦਾ । ਆਪੇ ਮਾਰਗ ਪੰਧ ਮੁਕਾਏ ਬਣ ਬਣ ਪਾਹੀ, ਆਪ ਆਪਣੀ ਵੰਡ ਵੰਡਾਇੰਦਾ । ਆਪੇ ਗ਼ਰੀਬ ਨਿਮਾਣਿਆਂ ਪਾਵੇ ਸਾਰ ਥਾਉਂ ਥਾਈਂ, ਸ਼ਾਹ ਸੁਲਤਾਨਾਂ ਆਪ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਤੀਤਾ ਠੰਡਾ ਸੀਤਾ ਇਕ ਅਖਵਾਇੰਦਾ । ਠੰਡਾ ਸੀਤਾ ਸੀਤਲ ਧਾਰ, ਸਤਿ ਪੁਰਖ ਨਿਰੰਜਣ ਆਪ ਵਟਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਕਰੇ ਪਿਆਰ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਈਆ । ਨਿਰਗੁਣ ਸਰਗੁਣ ਸ਼ਬਦ ਸਰੂਪੀ ਦੇਵੇ ਸਚ ਸਲਾਹ, ਹਰਿ ਕਾ ਨਾਮ ਵੱਡੀ ਵਡਿਆਈਆ । ਚਾਰ ਵਰਨਾਂ ਏਕਾ ਪਿਤਾ ਏਕਾ ਮਾਂ, ਪਾਰਬ੍ਰਹਮ ਪ੍ਰਭ ਆਪ ਅਖਵਾਈਆ । ਅੱਗੇ ਜ਼ਾਤ ਕੋਇ ਪੁੱਛੇ ਨਾ, ਝੂਠੀ ਕਿਰਿਆ ਜਗਤ ਉਪਾਈਆ । ਬਿਨ ਰਾਮ ਨਾ ਪਕੜੇ ਕੋਈ ਬਾਂਹ, ਦਰਗਹਿ ਸਾਚੀ ਨਾ ਕੋਈ ਬਹਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਮਾਇਆ ਮਮਤਾ ਉਡਦੇ

ਕਾਂ, ਹੰਸ ਰੂਪ ਨਾ ਕੋਈ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਆਮੀ ਦਾਮਨਗੀਰ ਆਪੇ ਤੋੜੇ ਵੱਝਾ ਜੰਜੀਰ, ਫੜ ਕੇ ਚੋਟੀ ਚਾੜ੍ਹੇ ਅਖੀਰ, ਆਪਣੀ ਮੰਜ਼ਲ ਆਪ ਵਖਾਈਆ । ਸਾਚੀ ਮੰਜ਼ਲ ਉਚਾ ਪੌੜਾ, ਕਾਇਆ ਮੰਦਰ ਅੰਦਰ ਆਪ ਲਗਾਇੰਦਾ । ਜਿਨ ਜਨ ਹਰਿ ਜੂ ਹਰਿ ਮੰਦਰ ਆਏ ਬੌਹੜਾ, ਫੜ ਬਾਹੋਂ ਪਾਰ ਕਰਾਇੰਦਾ । ਵੇਦ ਕਤੇਬ ਨਾ ਜਾਨਣ ਲੰਮਾ ਚੌੜਾ, ਲਿਖ ਲਿਖ ਹੁਕਮੀ ਹੁਕਮ ਸੁਣਾਇੰਦਾ । ਕਿਸੇ ਹੱਥ ਨਾ ਆਏ ਬ੍ਰਹਿਮਣ ਗੌੜਾ, ਪੂਤ ਸਪੂਤਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਆਮੀ ਸਰਬ ਗੁਣਵੰਤਾ, ਆਪ ਉਠਾਏ ਸਾਚੇ ਸੰਤਾ, ਸੰਤ ਸਾਜਣ ਮੇਲ ਮਿਲਾਇੰਦਾ । ਸਾਚਾ ਸੰਤ ਸਤਿਗੁਰ ਮੀਤ, ਲੋਕਮਾਤ ਵਡਿਆਈਆ । ਏਕਾ ਗਾਏ ਹਰੀ ਗੋਬਿੰਦ ਦੇ ਗੀਤ, ਰਸਨ ਜਿਹਵਾ ਸਹਿਜ ਸੁਖਦਾਈਆ । ਪੁਰਖ ਅਗੰਮਾ ਵਸੇ ਚੀਤ, ਠਗ ਠਗੌਰੀ ਕੋਇ ਨਾ ਪਾਈਆ । ਏਕਾ ਰੰਗ ਦਿਸਾਏ ਹਸਤ ਕੀਟ, ਹਸਤ ਕੀਟ ਹਰਿ ਆਪ ਸਮਾਈਆ । ਨਾਮ ਜਣਾਏ ਧਾਮ ਅਨਡੀਠ, ਜਗਤ ਨੇਤਰ ਦਿਸ ਨਾ ਆਈਆ । ਜਿਸ ਜਨ ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਪਾਰਬ੍ਰਹਮ ਪ੍ਰਭ ਮਿਲੇ ਸਾਚਾ ਮੀਤ, ਘਰ ਵਜਦੀ ਰਹੇ ਵਧਾਈਆ । ਏਕਾ ਗਾਏ ਸੁਹਾਗੀ ਗੀਤ, ਰਸਨਾ ਜਿਹਵਾ ਏਕਾ ਗੁਣ ਵਖਾਈਆ । ਕਰੇ ਕਰਾਏ ਪਤਿਤ ਪੁਨੀਤ, ਜੋ ਜਨ ਰਹੇ ਸਰਨਾਈਆ । ਦਰਸ ਦਿਖਾਏ ਇਕ ਅਤੀਤ, ਤ੍ਰੈਗੁਣ ਮਾਇਆ ਵਿਚ ਨਾ ਆਈਆ । ਹਰਿਜਨ ਮਾਣਸ ਜਨਮ ਜਾਏ ਜੀਤ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਸਚ ਸੁਆਮੀ ਨਿਰਗੁਣ ਨਿਹਕਾਮੀ, ਨਿਰਧਨ ਸਰਧਨ ਆਪ ਅਖਵਾਈਆ । ਨਿਰਧਨ ਸਰਧਨ ਏਕਾ ਸੰਗ, ਦੂਈ ਦਵੈਤ ਨਾ ਕੋਈ ਰਖਾਇੰਦਾ । ਹਰਿਜਨ ਢਾਏ ਭਰਮਾਂ ਕੰਧ, ਗੜ੍ਹ ਹੰਕਾਰੀ ਆਪ ਤੁੜਾਇੰਦਾ । ਇਕ ਉਪਜਾਏ ਪਰਮਾਨੰਦ, ਨਿਜ ਆਤਮ ਰਸ ਵਖਾਇੰਦਾ । ਜੋ ਜਨ ਤਜਾਏ ਮਦਿਰਾ ਮਾਸ ਗੰਦ, ਕਰ ਕਿਰਪਾ ਦਰਸ ਕਰਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਜਿਨ ਭੂਤ ਪ੍ਰੇਤ ਕੋਈ ਨੇੜ ਨਾ ਆਇੰਦਾ । ਰਸਨਾ ਗਾਏ ਬੱਤੀ ਦੰਦ, ਸੋਹੰ ਅੰਮ੍ਰਿਤ ਮੁਖ ਚੁਆਇੰਦਾ । ਦਿਸ ਨਾ ਆਏ ਨੇਤਰ ਅੰਧ, ਅਗਿਆਨ ਅੰਧੇਰ ਸਰਬ ਵਖਾਇੰਦਾ । ਜਨ ਭਗਤਾਂ ਮੇਲਾ ਮਿਲਿਆ ਹਰਿ ਬਖ਼ਸ਼ਿੰਦ, ਬਖ਼ਸ਼ਣਹਾਰਾ ਆਪਣੀ ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਆਵਣ ਜਾਵਣ ਚੁਕਿਆ ਪੰਧ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਏਕਾ ਵਰ, ਨਾਮ ਖ਼ਜ਼ਾਨਾ ਦੇਵਣਹਾਰਾ ਬੀਨਾ ਦਾਨਾ, ਹਰਿਜਨ ਕਰੇ ਠੰਡਾ ਸੀਨਾ, ਜਲਮੀਨਾ ਆਪ ਤਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਚੁਕਾਏ ਲੋਕ ਤੀਨਾ, ਤ੍ਰੈਗੁਣ ਮਾਇਆ ਮੋਹ ਮਿਟਾਇੰਦਾ ।

### ✳ ੭ ਜੇਠ ੨੦੧੭ ਬਿਕ੍ਰਮੀ ਸੰਤ ਰਾਮ ਦੇ ਘਰ ਪਿੰਡ ਬਾਣੀਆਂ ਜ਼ਿਲਾ ਜੰਮੂ ✳

ਪੰਜ ਤਤ ਮੰਦਰ ਕਾਇਆ ਗੜ੍ਹ, ਤ੍ਰੈਗੁਣ ਮਾਇਆ ਬਣਤ ਬਣਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੜਤ ਜੜ, ਹੱਡ ਮਾਸ ਨਾੜੀ ਰੱਤ ਮੇਲ ਮਿਲਾਇੰਦਾ । ਮਨਮਤ ਬੁੱਧ ਅੰਦਰ ਧਰ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਨਿਭਾਏ ਲੜ, ਆਸਾ

੬੧੧

ਤ੍ਰਿਸ਼ਨਾ ਵਿਚ ਟਿਕਾਇੰਦਾ । ਸਾਚਾ ਘਾੜਨ ਆਪੇ ਘੜ, ਘਰ ਘਰ ਵਿਚ ਆਪ ਸੁਹਾਇੰਦਾ । ਨੌ ਦਵਾਰੇ ਖੋਲ੍ਹ ਕਿਵਾੜ, ਜੀਵ ਜੰਤ ਬਣਤ ਬਣਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਸ਼ਬਦ ਅਟੱਲ ਸੱਚੀ ਧੁਨਕਾਰ, ਅਨਹਦ ਰਾਗ ਆਪ ਅਲਾਇੰਦਾ । ਅੰਦਰ ਵੜ ਕਰੇ ਪਿਆਰ, ਡੂੰਘੀ ਕੰਦਰ ਆਸਣ ਲਾਇੰਦਾ । ਬਜ਼ਰ ਕਪਾਟੀ ਖੋਲ੍ਹ ਕਿਵਾੜ, ਆਪਣਾ ਮੰਦਰ ਆਪ ਸੁਹਾਇੰਦਾ । ਏਕਾ ਦੇਵੇ ਸਚ ਹੁਲਾਰ, ਉਣੰਜਾ ਪਵਣ ਆਪ ਝੁਲਾਇੰਦਾ । ਪਵਣ ਸਵਾਸੀ ਕਰ ਤਿਆਰ, ਤਨ ਮੰਦਰ ਆਪ ਟਿਕਾਇੰਦਾ । ਕਰਮ ਨਿਹਕਰਮੀ ਭਰ ਭੰਡਾਰ, ਸਾਚੀ ਵਸਤ ਆਪ ਵਖਾਇੰਦਾ । ਮਨ ਮਨੂਆ ਕਰ ਸਿਕਦਾਰ, ਸਾਚੇ ਤਖ਼ਤ ਆਪ ਸੁਹਾਇੰਦਾ । ਸਾਚੀ ਸਿਖਿਆ ਦੇਵੇ ਦੇਵਣਹਾਰ, ਆਪਣੀ ਬੂਝ ਆਪ ਬੁਝਾਇੰਦਾ । ਪਾਰਬ੍ਰਹਮ ਪ੍ਰਭ ਅੰਦਰ ਵਾੜ, ਆਪਣੇ ਆਸਣ ਸੋਭਾ ਪਾਇੰਦਾ । ਕਮਲਾਪਾਤੀ ਮੀਤ ਮੁਰਾਰ, ਬੰਦ ਤਾਕੀ ਆਪ ਖੁਲ੍ਹਾਇੰਦਾ । ਸਾਚਾ ਸਾਕੀ ਬਣ ਕਰੇ ਪਿਆਰ, ਅੰਮ੍ਰਿਤ ਸਾਚਾ ਜਾਮ ਆਪ ਪਿਆਇੰਦਾ । ਲਹਿਣਾ ਦੇਣਾ ਬਾਕੀ ਵੇਖ ਵਿਚ ਸੰਸਾਰ, ਆਪਣਾ ਲੇਖਾ ਆਪ ਗਿਣਾਇੰਦਾ । ਰੋਗ ਸੋਗ ਚਿੰਤਾ ਦੁੱਖ ਤ੍ਰਿਸ਼ਨਾ ਭੁੱਖ ਆਪੇ ਅੰਦਰ ਦੇਵੇ ਵਾੜ, ਆਪਣਾ ਹੁਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਹੱਤਰ ਨਾੜੀ ਵੇਖ ਵਖਾਇੰਦਾ । ਬਹੱਤਰ ਨਾੜੀ ਘਾੜਨ ਘੜਿਆ, ਰਕਤ ਬੂੰਦ ਮੇਲ ਮਿਲਾਈਆ । ਜਗਤ ਵਿਕਾਰਾ ਆਪੇ ਭਰਿਆ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਆਪਣੀ ਕਰਨੀ ਆਪੇ ਕਰਿਆ, ਘਰ ਘਰ ਦੇਵੇ ਰਿਜ਼ਕ ਸਬਾਈਆ । ਮਾਨਸ ਮਾਨੁਖ ਮਾਨੁਸ਼ ਆਪੇ ਫੜਿਆ, ਆਪੇ ਦਏ ਸਜ਼ਾਈਆ । ਆਪੇ ਫੜ ਫੜ ਬਾਹੋਂ ਰਿਹਾ ਤਰਾਇਆ, ਤਾਰਨਹਾਰਾ ਇਕ ਅਖਵਾਈਆ । ਆਪੇ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਆਪਣਾ ਡੇਰਾ ਲਾਈਆ । ਹੱਡੀ ਹੱਡ ਵੇਖੇ ਵੇਖਣਹਾਰਾ, ਰਸਨਾ ਜਿਹਵਾ ਖਾਇਆ ਪਾਰਾ, ਰੱਤੀ ਰੱਤ ਵਿਚ ਸਮਾਈਆ । ਅੱਠੇ ਪਹਿਰ ਲੱਗਾ ਰਹੇ ਸਾੜਾ, ਸਾਂਤਕ ਸਤਿ ਨਾ ਕੋਈ ਕਰਾਈਆ । ਲੱਗੀ ਅੱਗ ਤੱਤੀ ਹਾੜਾ, ਆਲਸ ਨਿੰਦਰਾ ਗਈ ਗਵਾਈਆ । ਚਿੰਤਾ ਦੁੱਖ ਬਣਿਆ ਅਖਾੜਾ, ਸਾਚਾ ਸੁੱਖ ਨਾ ਕੋਈ ਉਪਜਾਈਆ । ਸਤਿਗੁਰ ਪੂਰਾ ਆਇਆ ਚਲ ਦਵਾਰਾ, ਕਾਇਆ ਬੰਕ ਵੇਖ ਵਖਾਈਆ । ਜੋ ਜਨ ਚਰਨ ਸਰਨ ਕਰੇ ਨਿਮਸਕਾਰਾ, ਦੁੱਖ ਰੋਗ ਸੋਗ ਰਹਿਣ ਨਾ ਪਾਈਆ । ਨਾਮ ਖੰਡਾ ਮਾਰੇ ਤੇਜ ਕਟਾਰਾ, ਦੋ ਦੋ ਧੜ ਆਪ ਵਖਾਈਆ । ਰਸਨਾ ਗਾਏ ਸੋਹੰ ਸ਼ਬਦ ਇਕ ਜੈਕਾਰਾ, ਬ੍ਰਹਮ ਬ੍ਰਹਿਮਾਦ ਬ੍ਰਹਮ ਮਿਲਾਈਆ । ਲੱਖ ਚੁਰਾਸੀ ਹੋਏ ਪਾਰ ਕਿਨਾਰਾ, ਜਮ ਦੰਡ ਨਾ ਦੇਵੇ ਕੋਈ ਆਈਆ । ਦਰਗਹਿ ਸਾਚੇ ਵਖਾਏ ਧਾਮ ਨਿਆਰਾ, ਏਕੰਕਾਰ ਬੈਠਾ ਨਿਰਗੁਣ ਆਸਣ ਲਾਈਆ । ਭਿਖਕ ਮੰਗੇ ਭਿਖ ਦਵਾਰਾ, ਸਾਚੀ ਭਿਛਿਆ ਹਰਿ ਹਰਿ ਝੋਲੀ ਪਾਈਆ । ਕਰੇ ਰਿਛਿਆ ਵਿਚ ਸੰਸਾਰਾ, ਰੱਛਕ ਆਪਣਾ ਨਾਉਂ ਧਰਾਈਆ । ਭਗਤ ਵਛਲ ਆਪ ਗਿਰਧਾਰਾ, ਜਨ ਭਗਤਾਂ ਪੈਜ ਰਖਾਈਆ । ਬਿਦਰ ਸੁਦਾਮਾ ਕਰਿਆ ਪਾਰ ਕਿਨਾਰਾ, ਭੀਲਣੀ ਬੇਰ ਮੁਖ ਆਪਣੇ ਪਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਗਊ ਗ਼ਰੀਬਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਦੁੱਖ ਦੇਵੇ ਕੱਟ, ਤਨ ਪਹਿਨਾਏ ਸ਼ਬਦ ਪਟ, ਆਪ ਆਪਣੀ ਦਇਆ ਕਮਾਈਆ ।

✻ ੭ ਜੇਠ ੨੦੧੭ ਬਿਕ੍ਰਮੀ ਬੇਲਾ ਸਿੰਘ ਜਗਤ ਸਿੰਘ ਦੇ ਘਰ ਪਿੰਡ ਧਿੰਗਾਲੀ ਜ਼ਿਲਾ ਜੰਮੂ ✻

ਹਰਿ ਸੰਗਤ ਰੋਗ ਮਿਟਾਵਣਾ, ਦੁੱਖ ਦਲਿਦਰ ਦਏ ਗਵਾਏ । ਘਰ ਘਰ ਸੋਗ ਨਾ ਕਿਸੇ ਮਨਾਵਣਾ, ਸਾਚਾ ਸੁੱਖ ਇਕ ਉਪਜਾਏ । ਏਕਾ ਸਾਚੀ ਚੋਗ ਚੁਗਾਵਣਾ, ਸੋਹੰ ਰਸਨਾ ਹਰਿ ਹਰਿ ਗਾਏ । ਦਰਸ ਅਮੋਘ ਆਪ ਕਰਾਵਣਾ, ਆਪ ਆਪਣਾ ਪਰਦਾ ਦਏ ਉਠਾਏ । ਸਾਚਾ ਜੋਗ ਇਕ ਵਖਾਵਣਾ, ਹਰਿ ਸਰਨ ਸੱਚੀ ਸਰਨਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਮੇਘ ਇਕ ਬਰਸਾਏ । ਅੰਮ੍ਰਿਤ ਮੇਘ ਸੁਹਾਵਣਾ, ਹਰਿ ਸੰਗਤ ਮੁਖ ਚੁਆਇੰਦਾ । ਕਾਇਆ ਦੁਖੜਾ ਸਰਬ ਮਿਟਾਵਣਾ, ਆਪ ਆਪਣੀ ਦਇਆ ਕਮਾਇੰਦਾ । ਏਕਾ ਸ਼ਬਦ ਤਨ ਸ਼ਿੰਗਾਰ ਕਰਾਵਣਾ, ਦੂਈ ਦਵੈਤੀ ਪਰਦਾ ਲਾਹਿੰਦਾ । ਫੜ ਫੜ ਕਾਗ ਹੰਸ ਬਨਾਵਣਾ, ਸੋਹੰ ਸਾਚੀ ਚੋਗ ਚੁਗਾਇੰਦਾ । ਲੋਕਮਾਤ ਦਾਗ ਧਵਾਵਣਾ, ਆਪਣੀ ਸੇਵਾ ਆਪ ਕਮਾਇੰਦਾ । ਸ਼ਬਦ ਜੈਕਾਰਾ ਏਕਾ ਗਾਵਣਾ, ਸਾਚੀ ਸਿਖਿਆ ਆਪ ਸਿਖਾਇੰਦਾ । ਪਦ ਨਿਰਬਾਣਾ ਏਕਾ ਪਾਵਣਾ, ਘਰ ਸਾਚਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਤੇਰਾ ਆਤਮ ਮਹੱਲਾ, ਪ੍ਰਭ ਅਬਿਨਾਸ਼ੀ ਆਪ ਵਸਾਈਆ । ਆਪੇ ਫੜੇ ਤੇਰਾ ਪੱਲਾ, ਆਪਣਾ ਪੱਲੂ ਹੱਥ ਵਖਾਈਆ । ਤੇਰੀ ਜੋਤੀ ਆਪੇ ਰਲਾ, ਆਪਣੀ ਜੋਤ ਕਰ ਰੁਸ਼ਨਾਈਆ । ਤੇਰੀ ਜੋਤੀ ਆਪੇ ਖਲਾ, ਆਪ ਆਪਣੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਸਾਚੇ ਘਰ, ਜਨਮ ਮਰਨ ਕਟਾਇੰਦਾ । ਦੁੱਖ ਦਲਿਦਰ ਦੇਵੇ ਹਰ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਜੋ ਜਨ ਸਰਨਾਈ ਆਏ ਚਲ, ਨੇਹਚਲ ਧਾਮ ਆਪ ਬਹਾਇੰਦਾ । ਜੋ ਹਰਿ ਸੰਗਤ ਵਿਚ ਗਿਆ ਰਲ, ਮਾਤ ਗਰਭ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁੱਖ ਇਕ ਵਖਾਇੰਦਾ । ਸਾਚਾ ਸੁੱਖ ਗੁਰ ਚਰਨ ਦਵਾਰ, ਚਿੰਤਾ ਰੋਗ ਰਹਿਣ ਨਾ ਪਾਈਆ । ਉਜਲ ਮੁਖ ਵਿਚ ਸੰਸਾਰ, ਦੋਏ ਨੈਣ ਦਰਸ ਦਰਸ ਕਰ ਤ੍ਰਿਪਤਾਈਆ । ਕਰੇ ਸੁਫਲ ਕੁੱਖ਼ ਆਪ ਨਿਰੰਕਾਰ, ਧੰਨ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲ ਮਿਲਾਵਾ ਭੈਣਾਂ ਭਾਈਆ । ਭੈਣਾਂ ਭਾਈਆਂ ਸੱਚਾ ਨਾਤਾ, ਹਰਿ ਸੱਚਾ ਜੋੜ ਜੁੜਾਇੰਦਾ । ਨਾਰੀ ਕੰਤ ਇਕ ਪਛਾਤਾ, ਦੂਸਰ ਨੈਣ ਨਾ ਕੋਇ ਉਠਾਇੰਦਾ । ਗੁਰਮੁਖ ਨਿਉਂ ਨਿਉਂ ਤੱਕੇ ਜਿਉਂ ਲਛਮਣ ਸੀਤਾ ਮਾਤਾ, ਸਤਿ ਨਤ ਹਰਿ ਹਰਿ ਮਤ ਇਕ ਵਖਾਇੰਦਾ । ਜੋ ਜਨ ਭੁੱਲੇ ਹਰਿ ਕੀ ਗਾਥਾ, ਜੂਨ ਅਜੂਨੀ ਆਪ ਭਵਾਇੰਦਾ । ਪੂਰਾ ਕਰੇ ਨਾ ਕੋਈ ਘਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਆਪ ਵਡਿਆਇੰਦਾ । ਹਰਿ ਸੰਗਤ ਤੇਰਾ ਸਚ ਪਿਆਰ, ਸਚ ਸਾਚਾ ਆਪ ਬੰਧਾਈਆ । ਤੇਰਾ ਘਰ ਤੇਰਾ ਦਰਬਾਰ, ਤੇਰੇ ਦਰ ਵੱਜੀ ਵਧਾਈਆ । ਤੇਰਾ ਸ਼ਬਦ ਤੇਰਾ ਜੈਕਾਰ, ਤੇਰੀ ਝੋਲੀ ਪਾਈਆ । ਤੇਰਾ ਨਾਮ ਤੇਰਾ ਭੰਡਾਰ, ਤੇਰਾ ਤੇਰੇ ਦਰ ਵਰਤਾਈਆ । ਤੇਰਾ ਦੁੱਖ ਦਲਿਦਰ ਦਏ ਨਿਵਾਰ, ਦੂਤੀ ਦੁਸ਼ਟ ਕੋਈ ਤੇਰਾ ਰਹਿਣ ਨਾ ਪਾਈਆ । ਤੇਰੇ ਉਤੇ ਕਰੇ ਨਾ ਕੋਈ ਵਾਰ, ਤੇਰੀ ਰੱਖਿਆ ਕਰੇ ਆਪ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦੇਵੇ ਆਪ ਸਫਾਈਆ । ਹਰਿ ਸੰਗਤ ਤੇਰਾ ਤੋੜ ਜੰਜਾਲ, ਦੁੱਖ ਆਪਣੀ ਝੋਲੀ ਪਾਇੰਦਾ । ਤੇਰੀ ਪ੍ਰੀਤੀ ਨਿਭੇ ਨਾਲ, ਚਰਨ ਕਵਲ ਕਵਲ ਚਰਨ

੬੧੩

ਆਪ ਜੁੜਾਇੰਦਾ । ਤੇਰਾ ਪਿਆਰ ਸਾਚੀ ਢਾਲ, ਆਪਣੇ ਹੱਥ ਰਖਾਇੰਦਾ । ਤੇਰਾ ਦਰਦ ਵੰਡੇ ਦੀਨ ਦਿਆਲ, ਦੀਨਾਂ ਨਾਥਾ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਪੈਜ ਸੁਆਰ, ਖ਼ੁਸ਼ੀ ਕਰਾਵੇ ਨਰ ਨਾਰ, ਬਿਰਧ ਬਾਲ ਜਵਾਨ ਆਪ ਤਰਾਇੰਦਾ । ਬਿਰਧ ਬਾਲ ਜਾਏ ਤਰ, ਜਿਸ ਦਰਸ਼ਨ ਹਰਿ ਹਰਿ ਪਾਇਆ । ਜਾਦੂ ਜੜੀ ਜਿਨ ਭੂਤ ਨਾ ਦੇਵੇ ਕੋਈ ਡਰ, ਜਿਸ ਜਨ ਸੋਹੰ ਰਸਨਾ ਗਾਇਆ । ਹਰਿ ਸੰਗਤ ਦੇਵੇ ਸਾਚਾ ਵਰ, ਪੁਰਖ ਅਬਿਨਾਸ਼ੀ ਇਹ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸ਼ਬਦ ਵਿਚ ਟਿਕਾਇਆ । ਹਰਿ ਸੰਗਤ ਤੇਰਾ ਰੱਖੇ ਮਾਣ, ਮਾਣ ਅਭਿਮਾਨਾ ਦਏ ਗਵਾਈਆ । ਆਪਣਾ ਵਖਾਏ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਈਆ । ਆਪੇ ਪਾਏ ਆਪਣੀ ਆਣ, ਆਪਣਾ ਹੁਕਮ ਆਪ ਸੁਣਾਈਆ । ਗੁਰਮੁਖ ਸੁਣਨਾ ਲਾ ਲਾ ਕਾਨ, ਚਰਨ ਕਵਲ ਧਿਆਨ ਵਡ ਵਡਿਆਈਆ । ਤੇਰੀ ਪਾਹਨ ਕਰੇ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਸੰਗਤ ਸਾਚਾ ਮਾਣ ਦਵੌਣਾ, ਬਾਲ ਬਾਲੇ ਆਪ ਉਠਾਇੰਦਾ । ਏਕਾ ਡੰਡਾ ਹੱਥ ਫੜੌਣਾ, ਨਾਮ ਖੰਡਾ ਆਪ ਚਮਕਾਇੰਦਾ । ਟੂਣਾ ਜਾਦੂ ਸਰਬ ਮਿਟੌਣਾ, ਲਿਖ ਲਿਖ ਜਾਮ ਨਾ ਕੋਇ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਧਰਾਇੰਦਾ । ਗੁਰਸਿਖ ਤੇਰੇ ਪੈਰ ਜੁੱਤੀ ਚੰਮ, ਭੂਤ ਪ੍ਰੇਤਾਂ ਸਿਰ ਲਗਾਈਆ । ਤੇਰੇ ਦਵਾਰੇ ਕੋਈ ਚੇਲਾ ਲੈ ਨਾ ਸਕੇ ਦਮ, ਜੋ ਆਏ ਜਾਏ ਕੁਰਲਾਈਆ । ਤੇਰਾ ਮੇਟੇ ਜਗਤ ਗਮ, ਆਪਣੀ ਰੰਗਣ ਇਕ ਚੜ੍ਹਾਈਆ । ਤੇਰਾ ਬੇੜਾ ਦੇਵੇ ਬੰਨ੍ਹ, ਸਿਰ ਆਪਣੇ ਭਾਰ ਉਠਾਈਆ । ਤੇਰੀ ਸੋਹੇ ਛੱਪਰੀ ਛੰਨ, ਮਹੱਲ ਅਟੱਲ ਦੇਵੇ ਢਾਈਆ । ਗ਼ਰੀਬ ਨਿਮਾਣਿਆਂ ਅੰਦਰ ਗਿਆ ਰਲ, ਔਂਦਾ ਜਾਂਦਾ ਦਿਸ ਨਾ ਆਈਆ । ਸਚ ਸਿੰਘਾਸਣ ਬੈਠਾ ਮਲ, ਮਨਮੁਖਾਂ ਦਿਸ ਨਾ ਆਈਆ । ਅੰਦਰ ਬੈਠਾ ਵਜਾਏ ਟੱਲ, ਮੰਦਰ ਦਵਾਰਾ ਇਕ ਸੁਹਾਈਆ । ਪੰਡਤ ਪਾਂਧੇ ਭੁਲਾਏ ਕਰ ਕਰ ਵਲ ਛਲ, ਨੇਤਰ ਨੈਣਾਂ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਵੜਿਆ ਗੁਰਸਿਖਾਂ ਦੀ ਸਾਚੀ ਝੱਲ, ਆਪ ਆਪਣਾ ਮੁਖ ਛੁਪਾਈਆ । ਧੁਰਦਰਗਾਹੀ ਲੈ ਕੇ ਆਇਆ ਸਾਚਾ ਫਲ, ਹਰਿ ਸੰਗਤ ਆਪ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਏਕਾ ਤੰਦਨ ਨਾਮ ਬੰਧਾਈਆ । ਤੀਨੋਂ ਤੰਦ ਬੰਧੇ ਬੰਨ੍ਹ, ਆਪ ਆਪਣਾ ਬੰਧਨ ਪਾਇੰਦਾ । ਘਰ ਘਰ ਚੜ੍ਹੇ ਨੌਚੰਦੀ ਸਾਚਾ ਚੰਦ, ਨੌ ਗ੍ਰਿਹ ਨਾ ਕੋਇ ਵਖਾਇੰਦਾ । ਬਾਰਾਂ ਰਾਸੀ ਮੁਕਾਏ ਪੰਧ, ਬੰਦ ਖਲਾਸੀ ਆਪ ਕਰਾਇੰਦਾ । ਗੀਤ ਸੁਣਾਏ ਸਾਚਾ ਛੰਦ, ਸਾਚਾ ਢੋਲਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਘਰ ਘਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਵੇਖੇ ਆਪਣੇ ਨੇਤਰ, ਨਿਜ ਨੇਤਰ ਆਪ ਖੁਲ੍ਹਾਈਆ । ਲੱਖ ਚੁਰਾਸੀ ਵੜਿਆ ਖੇਤਰ, ਸਾਚਾ ਮਾਲੀ ਫੇਰਾ ਪਾਈਆ । ਭਾਗ ਲਗਾਇਆ ਪਹਿਲੀ ਚੇਤਰ, ਸੀਸ ਜਗਦੀਸ਼ ਆਪ ਟਿਕਾਈਆ । ਕਲਜੁਗ ਅੱਗੇ ਧਰਿਆ ਏਕਾ , ਸੁੱਧ ਬੁੱਧ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਾਚਾ ਸੰਗ ਰਖਾਈਆ । ਸਾਚਾ ਸੰਗ ਸਗਲਾ ਸਾਥ, ਸਤਿਗੁਰ ਪੂਰਾ ਆਪ ਰਖਾਇੰਦਾ । ਸਗਲ ਵਸੂਰੇ ਜਾਣ ਲਾਥ, ਜੋ ਜਨ ਹਰਿ ਹਰਿ ਦਰਸ਼ਨ ਪਾਇੰਦਾ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਿਦਾਸ ਚੁਮਾਰਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਹਰਿ ਸੰਗਤ ਮੇਲਾ ਸਚ ਦਰਗਹਿ, ਪੁਰਖ ਅਬਿਨਾਸ਼ੀ ਇਕ ਮਲਾਹ, ਏਕਓਅੰਕਾਰਾ ਜਪਾਏ ਆਪਣਾ ਨਾਂ, ਨਰ ਨਿਰੰਕਾਰਾ ਆਪ ਧਰਾਇੰਦਾ । ਨਾਮ ਨਿਰੰਕਾਰਾ ਨਿਰਗੁਣ ਧਾਰ, ਨਿਰਾਕਾਰ ਆਪ ਚਲਾਈਆ । ਹਰਿ ਸੰਗਤ ਪੈਜ ਜਾਏ ਸਵਾਰ, ਜੀਵਣ ਮਰਨ ਏਕਾ ਰੰਗ ਵਖਾਈਆ । ਗੁਰਮੁਖ ਗੁਰਸਿਖ ਨਾ ਰੋਏ ਧਾਂਹ ਮਾਰ, ਧੀਰਜ ਧੀਰ ਧਰਤ ਧਵਲ ਆਪ ਜਣਾਈਆ । ਸਤਿਗੁਰ ਪੂਰਾ ਅੰਮ੍ਰਿਤ ਬਖ਼ਸ਼ ਠੰਡੀ ਠਾਰ, ਸਾਂਤਕ ਸਤਿ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਏਕਾ ਦਰ, ਘਰ ਸਾਚੇ ਆਪ ਕਰਾਈਆ । ਹਰਿ ਸੰਗਤ ਤੇਰੀ ਸਚ ਪਰਭਾਤ, ਸਤਿਗੁਰ ਪੂਰਾ ਆਪ ਵਖਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਰੈਣ ਅੰਧੇਰੀ ਨਾ ਕੋਇ ਵਖਾਇੰਦਾ । ਸਾਹਿਬ ਸੱਚਾ ਸਦ ਵਸਿਆ ਇਕ ਇਕਾਂਤ, ਇਕ ਇਕੱਲਾ ਖੇਲ ਖਿਲਾਇੰਦਾ । ਦਾਤਾ ਦੇਵੇ ਦਾਨੀ ਦਾਤ, ਸਚ ਭੰਡਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਚਾੜ੍ਹੇ ਨਾਮ ਰੰਗ, ਦੂਜਾ ਦਰ ਨਾ ਲਏ ਮੰਗ, ਏਕਾ ਭਿਛਿਆ ਝੋਲੀ ਪਾਇੰਦਾ । ਏਕਾ ਭਿਛਿਆ ਪੁਰਖ ਸੁਲਤਾਨ, ਹਰਿਜਨ ਝੋਲੀ ਪਾਈਆ । ਉਪਜੇ ਅੰਤਰ ਇਕ ਗਿਆਨ, ਗਿਆਨ ਗੋਝ ਆਪ ਵਖਾਈਆ । ਲੇਖਾ ਚੁੱਕੇ ਪਵਣ ਮਸਾਣ, ਪਵਣ ਪਵਣੀ ਦਏ ਭਵਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਫੇਰਾ ਪਾਈਆ । ਗੁਰਮੁਖ ਨਾ ਹੋਏ ਕਦੇ ਉਦਾਸ, ਸਤਿ ਸੰਤੋਖ ਗਿਆਨ ਏਕਾ ਇਕ ਦ੍ਰਿੜਾਈਆ । ਆਪਣੇ ਅੰਦਰ ਆਪੇ ਕਰੇ ਵਾਸ, ਸੁਰਤ ਸ਼ਬਦ ਮੇਲ ਮਿਲਾਈਆ । ਲੇਖਾ ਟੁੱਟੇ ਜੰਗਲ ਜੂਹ ਉਜਾੜ ਪਹਾੜ ਭਰਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਵਾਰੇ ਆਪੇ ਖੜ, ਆਪਣਾ ਰੂਪ ਲਏ ਪਰਗਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਪਾਹਨੀ ਕਰੇ ਬਲਵਾਨ, ਵਿਚ ਛੰਬ ਸਚ ਨਿਸ਼ਾਨ, ਜਿਨ ਖ਼ਬੀਸ ਰਹਿਣ ਨਾ ਪਾਈਆ ।



### ✻ ੭ ਜੇਠ ੨੦੧੭ ਬਿਕ੍ਰਮੀ ਦੇਵਾ ਸਿੰਘ ਦੇ ਘਰ ਪਿੰਡ ਧਿੰਗਾਲੀ ਜ਼ਿਲਾ ਜੰਮੂ ✻

ਹਰਿ ਸਤਿਗੁਰ ਪੂਰਾ ਉਠਿਆ, ਅਬਿਨਾਸ਼ੀ ਕਰਤਾ ਨੌਜਵਾਨ । ਜਨ ਭਗਤਾਂ ਉਪਰ ਤੁਠਿਆ, ਨਿਰਗੁਣ ਹੋਇਆ ਆਪ ਮਿਹਰਵਾਨ । ਅੰਮ੍ਰਿਤ ਪਿਆਏ ਸਾਚੇ ਘੁੱਟਿਆ, ਧਰਮ ਵਖਾਏ ਇਕ ਨਿਸ਼ਾਨ । ਆਪੇ ਚੜ੍ਹਿਆ ਸਾਚੀ ਚੋਟੀਆ, ਕਾਇਆ ਮੰਦਰ ਵੇਖ ਮਕਾਨ । ਵਿਚੋਂ ਕੱਢੇ ਵਾਸਨਾ ਖੋਟੀਆ, ਦਾਤਾ ਦਾਨੀ ਗੁਣ ਨਿਧਾਨ । ਏਕਾ ਬਖ਼ਸ਼ੇ ਚਰਨ ਓਟੀਆ, ਜੁਗਾ ਜੁਗੰਤਰ ਹੋ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਬ੍ਰਹਮ ਗਿਆਨ । ਸਤਿਗੁਰ ਪੂਰਾ ਜਾਗਿਆ, ਦੀਨਾਂ ਬੰਧਪ ਦੀਨ ਦਿਆਲ । ਲੋਕਮਾਤ ਆਇਆ ਭਾਗਿਆ, ਨਿਰਗੁਣ ਖੇਲ ਕਰੇ ਦੋ ਜਹਾਨ । ਗੁਰਮੁਖ ਉਪਜਾਏ ਇਕ ਵੈਰਾਗਿਆ, ਸ਼ਬਦ ਅਨਾਦ ਵਜਾਏ ਤਾਲ । ਜਨਮ ਜਨਮ ਦਾ ਧੋਵੇ ਦਾਗਿਆ, ਆਪ ਆਪਣੀ ਕਰੇ ਪ੍ਰਿਤਪਾਲ । ਘਰ ਘਰ ਦੀਪਕ ਜਗਾਵੇ ਚਿਰਾਗਿਆ, ਆਦਿ ਨਿਰੰਜਣ ਏਕਾ ਜੋਤੀ ਦੀਪਕ ਬਾਲ । ਮੇਲ ਮਿਲਾਏ ਕੰਤ ਸੁਹਾਗਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਸੱਚਾ ਧੰਨ ਮਾਲ । ਸਤਿਗੁਰ ਸੱਚਾ ਬੌਹੜਿਆ, ਪਾਰਬ੍ਰਹਮ ਬੇਅੰਤ । ਗੁਰਮੁਖਾਂ ਪਿਆਸ ਬੁਝਾਏ ਲੱਗੀ ਔੜਿਆ, ਸੋਹੰ ਜਣਾਏ ਸਾਚਾ ਮੰਤ । ਆਪ ਚੜ੍ਹਾਏ ਸੱਚੇ ਪੌੜਿਆ, ਦਰਗਹਿ ਸਾਚੇ ਧਾਮ ਸੁਹੰਤ । ਫਲ ਵੇਖੇ ਮਿੱਠਾ

ਕੌੜਿਆ, ਲੱਖ ਚੁਰਾਸੀ ਜੀਵ ਜੰਤ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਦੌੜਿਆ, ਵੇਸ ਅਨੇਕਾ ਆਦਿ ਅੰਤ । ਵੇਸ ਅਧਾਰ ਬ੍ਰਹਿਮਣ ਗੌੜਿਆ, ਪੂਤ ਸਪੂਤਾ ਬਣਾਏ ਬਣਤ । ਗੁਰਸਿਖ ਆਪ ਆਪਣੇ ਨਾਲ ਜੋੜਿਆ, ਗੜ੍ਹ ਤੋੜਿਆ ਹਉਮੇ ਹੰਗਤ । ਹਰਿਜਨ ਉਪਾਇਆ ਜੈਸਾ ਲੋੜਿਆ, ਮਿਲਿਆ ਮੇਲ ਸਾਚੀ ਸੰਗਤ । ਕਲਜੁਗ ਅੰਤਮ ਦਰ ਤੋਂ ਹੋੜਿਆ, ਦਰ ਦਰ ਭਿਖਾਰੀ ਫਿਰੇ ਨੰਗਤ । ਪੁਰਖ ਅਬਿਨਾਸ਼ੀ ਚੜ੍ਹੇ ਸਾਚੇ ਘੋੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਮੰਤ । ਸਤਿਗੁਰ ਪੂਰਾ ਸੂਰਬੀਰ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਏਕਾ ਚਿੱਲਾ ਫੜਿਆ ਤੀਰ, ਸੋਹੰ ਮੁਖੀ ਆਪ ਲਗਾਈਆ । ਦੋ ਜਹਾਨਾਂ ਪੈਂਡਾ ਆਇਆ ਚੀਰ, ਲੋਕਮਾਤ ਜੋਤ ਜਗਾਈਆ । ਸ਼ਾਹ ਸੁਲਤਾਨਾਂ ਕਰੇ ਫ਼ਕੀਰ, ਦਰ ਦਰ ਆਪ ਫਿਰਾਈਆ । ਗੁਰਮੁਖਾਂ ਕੱਢੇ ਹਉਮੇ ਪੀੜ, ਬਿਰਹੋਂ ਰੋਗ ਰਹਿਣ ਨਾ ਪਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਭਰ ਪਿਆਲਾ ਜਾਮ ਪਿਆਈਆ । ਚਰਨ ਦਵਾਰ ਬਣਾਏ ਭਿਖਾਰ ਵਡ ਬੀਰਨ ਬੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿਗੁਰ ਸੱਚਾ ਹਰਿ ਗੋਬਿੰਦ, ਗੋਬਿੰਦ ਮਹਿਮਾ ਕਥਨ ਨਾ ਜਾਈਆ । ਗੋਬਿੰਦ ਮੇਟੇ ਸਗਲੀ ਚਿੰਦ, ਸਾਖਯਾਤ ਦਰਸ ਦਿਖਾਈਆ । ਗਹਿਰ ਗੰਭੀਰ ਗੁਣੀ ਗਹਿੰਦ, ਵਡ ਮਰਗਿੰਦ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾਈਆ । ਸਤਿਗੁਰ ਪੂਰਾ ਪਾਰਬ੍ਰਹਮ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਚਿੰਤਾ ਸੋਗ ਨਾ ਕੋਇ ਰਖਾਇੰਦਾ । ਇਕ ਜਪਾਏ ਸਾਚਾ ਨਾਮ, ਅੰਮ੍ਰਿਤ ਜਾਮ ਆਪ ਪਿਲਾਇੰਦਾ । ਪੂਰਨ ਕਰਨ ਆਇਆ ਪੂਰੇ ਕਾਮ, ਪੂਰਬ ਲਹਿਣਾ ਵੇਖ ਵਖਾਇੰਦਾ । ਪੱਲੇ ਬੰਨ੍ਹੇ ਸਾਚਾ ਦਾਮ, ਦਾਮਨਗੀਰ ਦਇਆ ਕਮਾਇੰਦਾ । ਗੁਰਮੁਖ ਤੇਰਾ ਨਗਰ ਖੇੜਾ ਵਸੇ ਗਰਾਮ, ਘਰ ਮੰਦਰ ਸੋਭਾ ਪਾਇੰਦਾ । ਲੇਖਾ ਜਾਣੇ ਮਾਟੀ ਚਾਮ, ਰਵ ਸਸ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਵਡਿਆਇੰਦਾ । ਗੁਰਮੁਖ ਵਡਿਆਈ ਧੰਨ, ਹਰਿ ਸਤਿਗੁਰ ਸੱਚਾ ਪਾਇਆ । ਗੁਰਸਿਖ ਵਡਿਆਈ ਧੰਨ, ਘਰ ਸਾਚਾ ਮੰਗਲ ਗਾਇਆ । ਗੁਰਮੁਖ ਵਡਿਆਈ ਧੰਨ, ਘਰ ਅੰਜਨ ਨੇਤਰ ਪਾਇਆ । ਗੁਰਸਿਖ ਵਡਿਆਈ ਧੰਨ, ਦੁੱਖ ਭੰਜਣ ਮੇਲ ਮਿਲਾਇਆ । ਗੁਰਮੁਖ ਵਡਿਆਈ ਧੰਨ, ਘਰ ਸੱਜਣ ਵੇਖਣ ਆਇਆ । ਗੁਰਸਿਖ ਵਡਿਆਈ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਇਆ । ਹਰਿ ਭਗਤ ਵਡਿਆਈ ਧੰਨ, ਘਰ ਧੰਨ ਹਰਿ ਨਾਮਾ ਪਾਇਆ । ਹਰਿ ਸੰਤ ਵਡਿਆਈ ਧੰਨ, ਘਰ ਦੀਪਕ ਜੋਤ ਜਗਾਇਆ । ਹਰਿ ਭਗਤ ਵਡਿਆਈ ਧੰਨ, ਘਰ ਅਨਾਦੀ ਸ਼ਬਦ ਅਲਾਇਆ । ਹਰਿ ਸੰਤ ਵਡਿਆਈ ਧੰਨ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇਆ । ਹਰਿ ਭਗਤ ਵਡਿਆਈ ਧੰਨ, ਆਦਿ ਜੁਗਾਦੀ ਏਕਾ ਇਸ਼ਟ ਰਖਾਇਆ । ਹਰਿ ਸੰਤ ਵਡਿਆਈ ਧੰਨ, ਆਤਮ ਦ੍ਰਿਸ਼ਟੀ ਇਕ ਖੁਲ੍ਹਾਇਆ । ਹਰਿ ਭਗਤ ਵਡਿਆਈ ਧੰਨ, ਸਰਬ ਸ੍ਰਿਸ਼ਟੀ ਦਏ ਤਜਾਇਆ । ਹਰਿ ਸੰਤ ਵਡਿਆਈ ਧੰਨ, ਏਕਾ ਹਰਿ ਹਰਿ ਰਿਹਾ ਮਨਾਇਆ । ਹਰਿ ਭਗਤ ਵਡਿਆਈ ਧੰਨ, ਨਿਰਭੌ ਸਾਚਾ ਭੌ ਚੁਕਾਇਆ । ਹਰਿ ਸੰਤ ਵਡਿਆਈ ਧੰਨ, ਆਤਮ ਸੇਜਾ ਸਾਚੀ ਸੋਤੀ, ਘਰ ਸਾਚਾ ਕੰਤ ਹੰਢਾਇਆ । ਹਰਿ ਭਗਤ ਵਡਿਆਈ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਗੁਰ ਗੁਰ ਵਡਿਆਈ ਧੰਨ, ਲੋਕਮਾਤ ਵੇਸ ਵਟਾਇੰਦਾ ।


੬੧੬

ਸਤਿਗੁਰ ਵਡਿਆਈ ਧੰਨ, ਘਰ ਸਾਚੇ ਸੋਭਾ ਪਾਇੰਦਾ । ਗੁਰ ਵਡਿਆਈ ਧੰਨ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਸਤਿਗੁਰ ਵਡਿਆਈ ਧੰਨ, ਹੁਕਮੀ ਹੁਕਮ ਆਪ ਫਿਰਾਇੰਦਾ । ਗੁਰ ਗੁਰ ਵਡਿਆਈ ਧੰਨ, ਏਕਾ ਅੱਖਰ ਜਗਤ ਪੜ੍ਹਾਇੰਦਾ । ਸਤਿਗੁਰ ਵਡਿਆਈ ਧੰਨ, ਦਰਗਹਿ ਸਾਚੀ ਧਾਮ ਸੁਹਾਇੰਦਾ । ਗੁਰ ਗੁਰ ਵਡਿਆਈ ਧੰਨ, ਡੁੱਬਦੇ ਪਾਥਰ ਮਾਤ ਤਰਾਇੰਦਾ । ਸਤਿਗੁਰ ਵਡਿਆਈ ਧੰਨ, ਸਚਖੰਡ ਦਵਾਰਾ ਇਕਓਅੰਕਾਰਾ ਏਕਾ ਘਰ ਦਸਾਇੰਦਾ । ਗੁਰ ਗੁਰ ਵਡਿਆਈ ਧੰਨ, ਜੀਆਂ ਜੰਤਾਂ ਦਏ ਆਧਾਰਾ, ਏਕਾ ਸਿਖਿਆ ਸਿਖ ਸਮਝਾਇੰਦਾ । ਸਤਿਗੁਰ ਵਡਿਆਈ ਧੰਨ, ਲੱਖ ਚੁਰਾਸੀ ਕਰ ਪਸਾਰਾ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇੰਦਾ । ਗੁਰ ਗੁਰ ਵਡਿਆਈ ਧੰਨ, ਨਿਰਗੁਣ ਸ਼ਬਦ ਬੋਲ ਜੈਕਾਰਾ, ਆਪਣੀ ਧਾਰਾ ਆਪ ਬੰਧਾਇੰਦਾ । ਸਤਿਗੁਰ ਵਡਿਆਈ ਧੰਨ, ਜੁਗਾ ਜੁਗੰਤਰ ਖੇਲ ਅਪਾਰਾ, ਨਿਰਾਕਾਰਾ ਆਪ ਕਰਾਇੰਦਾ । ਗੁਰ ਗੁਰ ਵਡਿਆਈ ਧੰਨ, ਖਾਣੀ ਬਾਣੀ ਕਰੇ ਵਿਚਾਰਾ, ਬੋਧ ਅਗਾਧ ਗਿਆਨ ਆਪ ਸੁਣਾਇੰਦਾ । ਸਤਿਗੁਰ ਵਡਿਆਈ ਧੰਨ, ਮਹੱਲ ਅਟੱਲ ਉਚ ਮੁਨਾਰਾ, ਦੀਪਕ ਜੋਤੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਗੁਰਸਿਖ ਵਡਿਆਈ ਧੰਨ, ਧਰਤ ਧਵਲ ਮਿਲੇ ਵਡਿਆਈਆ । ਗੁਰਮੁਖ ਵਡਿਆਈ ਧੰਨ, ਘਰ ਮੰਦਰ ਸੋਭਾ ਪਾਈਆ । ਹਰਿ ਸੰਤ ਵਡਿਆਈ ਧੰਨ, ਪੀਆ ਪ੍ਰੀਤਮ ਵੇਖ ਵਖਾਈਆ । ਹਰਿ ਭਗਤ ਵਡਿਆਈ ਧੰਨ, ਪ੍ਰੀਤ ਇਕ ਭਗਵਾਨ ਲਗਾਈਆ । ਗੁਰ ਗੁਰ ਵਡਿਆਈ ਧੰਨ, ਸ਼ਬਦ ਸ਼ਬਦੀ ਕਰੇ ਪੜ੍ਹਾਈਆ । ਸਤਿਗੁਰ ਵਡਿਆਈ ਧੰਨ, ਆਪਣੀ ਰਚਨਾ ਆਪ ਰਚਾਈਆ । ਅਬਿਨਾਸ਼ੀ ਕਰਤਾ ਆਪਣਾ ਬੇੜਾ ਆਪੇ ਬੰਨ੍ਹ, ਆਦਿ ਜੁਗਾਦਿ ਰਿਹਾ ਚਲਾਈਆ । ਸੋ ਪੁਰਖ ਨਿਰੰਜਣ ਆਪ ਚੜ੍ਹਾਏ ਸਾਚਾ ਚੰਨ, ਰਵ ਸਸ ਕਰੇ ਰੁਸ਼ਨਾਈਆ । ਹਰਿ ਪੁਰਖ ਨਿਰੰਜਣ ਦੇਵੇ ਗਿਆਨ ਆਤਮ ਅੰਨ੍ਹ, ਏਕੰਕਾਰ ਰੂਪ ਸਮਾਈਆ । ਆਦਿ ਨਿਰੰਜਣ ਕਿਸੇ ਨਾ ਜਨਣੀ ਜਣਿਆ ਜਨ, ਮਾਤ ਪਿਤ ਨਾ ਕੋਇ ਬਣਾਈਆ । ਅਬਿਨਾਸ਼ੀ ਕਰਤਾ ਪੰਜ ਤਤ ਨਾ ਦਿਸੇ ਤਨ, ਤ੍ਰੈਗੁਣ ਨਾ ਰੂਪ ਦਰਸਾਈਆ । ਸ੍ਰੀ ਭਗਵਾਨ ਨਾ ਦੇਵੇ ਕੋਈ ਡੰਨ, ਘੜ ਭੰਨ ਨਾ ਕੋਇ ਬਣਾਈਆ । ਅਬਿਨਾਸ਼ੀ ਕਰਤਾ ਪਾਰਬ੍ਰਹਮ ਨਾ ਮਰੇ ਨਾ ਪਏ ਜੰਮ, ਜਨਨੀ ਗੋਦ ਨਾ ਕੋਇ ਉਠਾਈਆ । ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਨਿਰਗੁਣ ਸਰਗੁਣ ਵੇਸ ਵਟਾਈਆ । ਸਤਿਗੁਰ ਵਡਿਆਈ ਧੰਨ, ਅਲੱਖ ਨਿਰੰਜਣ ਖੇਲ ਖਿਲਾਇੰਦਾ । ਗੁਰ ਗੁਰ ਵਡਿਆਈ ਧੰਨ, ਹੋ ਪਰਤੱਖ ਦਰਸ ਦਖਾਇੰਦਾ । ਭਗਤ ਵਡਿਆਈ ਧੰਨ, ਗੀਤ ਗੋਬਿੰਦ ਏਕਾ ਗਾਇੰਦਾ । ਸੰਤ ਵਡਿਆਈ ਧੰਨ, ਮੋਹਣ ਮਾਧਵ ਘਰ ਆਪਣੇ ਆਪ ਦਸਾਇੰਦਾ । ਗੁਰਮੁਖ ਵਡਿਆਈ ਧੰਨ, ਦੀਨ ਦੁਨੀ ਸਰਬ ਤਜਾਇੰਦਾ । ਗੁਰਸਿਖ ਵਡਿਆਈ ਧੰਨ, ਏਕਾ ਰਾਗ ਸੁਣੇ ਕੰਨ, ਦੂਜਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦ ਸੰਦੇਸ਼, ਆਪ ਸੁਣਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਆਪ ਸਮਝਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਗੁਰ ਗੁਰ ਨਾ ਮਰੇ ਨਾ ਪਏ ਜੰਮ, ਨਿਤ ਨਵਿਤ ਵੇਸ ਵਟਾਇੰਦਾ । ਭਗਤ ਭਗਵੰਤ ਗਾਏ ਦਮਾਂ ਦਮ, ਆਪ ਆਪਣੀ ਕਿਰਤ ਕਮਾਇੰਦਾ । ਸੰਤ ਸਾਜਣ ਜਾਏ ਮੰਨ, ਮਨ ਮਣਕਾ ਆਪ ਫਿਰਾਇੰਦਾ । ਗੁਰਮੁਖ ਵੇਖੇ ਚੜ੍ਹਿਆ ਸਾਚਾ ਚੰਨ, ਅੰਧ ਅੰਧੇਰ ਸਰਬ ਗਵਾਇੰਦਾ । ਗੁਰਸਿਖਾਂ ਭਾਂਡਾ ਭਰਮ ਭੌ ਦੇਵੇ ਭੰਨ, ਏਕਾ ਦੂਜਾ ਭੌ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ


੬੧੭

ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ, ਆਦਿ ਜੁਗਾਦੀ ਸਾਚੀ ਕਾਰ, ਕਰਨੇਹਾਰਾ ਆਪ ਕਰਾਇੰਦਾ । ਗੁਰਸਿਖ ਵਡਿਆਈ ਧੰਨ, ਧੰਨ ਧੰਨ ਜਣੇਂਦੀ ਮਾਈਆ । ਗੁਰਮੁਖ ਵਡਿਆਈ ਧੰਨ, ਰਸਨਾ ਗੌਂਦੀ ਸਾਚਾ ਮਾਹੀਆ । ਹਰਿ ਸੰਤ ਵਡਿਆਈ ਧੰਨ, ਦਿਵਸ ਰੈਣ ਵਿਛੜ ਨਾ ਜਾਈਆ । ਹਰਿ ਭਗਤ ਵਡਿਆਈ ਧੰਨ, ਅੰਤਰ ਆਤਮ ਇਕ ਲਿਵ ਲਾਈਆ । ਗੁਰ ਗੁਰ ਵਡਿਆਈ ਧੰਨ, ਹਰਿ ਕਾ ਸ਼ਬਦ ਦਏ ਸੁਣਾਈਆ । ਸਤਿਗੁਰ ਵਡਿਆਈ ਧੰਨ, ਜੁਗ ਜੁਗ ਆਪਣੀ ਕਰੇ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਵਖਾਈਆ । ਸਤਿਗੁਰ ਵਡਿਆਈ ਧੰਨ, ਥਿਰ ਘਰ ਸਾਚੇ ਸੋਭਾ ਪਾਇੰਦਾ । ਗੁਰ ਗੁਰ ਵਡਿਆਈ ਧੰਨ, ਸੁਨ ਅਗੰਮੀ ਪੰਧ ਮੁਕਾਇੰਦਾ । ਗੁਰਮੁਖ ਵਡਿਆਈ ਧੰਨ, ਚੌਥੇ ਪਦ ਸਦਾ ਰਹਾਇੰਦਾ । ਗੁਰਸਿਖ ਵਡਿਆਈ ਧੰਨ, ਘਰ ਘਰ ਮੰਦਰ ਹਰਿ ਹਰਿ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਸਰਗੁਣ ਬੰਨ੍ਹੇ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਗੁਰ ਗੁਰ ਨਾਉਂ ਉਪਜਾਈਆ । ਗੁਰ ਗੁਰ ਕਿਰਪਾ ਕਰੇ ਵਿਚ ਸੰਸਾਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸਾਚਾ ਹੋਏ ਖ਼ਬਰਦਾਰ, ਗੁਰਸਿਖ ਸਾਚੇ ਲਏ ਉਠਾਈਆ । ਗੁਰਸਿਖ ਉਠਿਆ ਵਿਚ ਸੰਸਾਰ, ਆਲਸ ਨਿੰਦਰਾ ਦਏ ਮਿਟਾਈਆ । ਕਰੇ ਦਰਸ ਹਰਿ ਨਿਰੰਕਾਰ, ਚਿੰਤਾ ਸੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਆਦਿ ਜੁਗਾਦੀ ਇਕ ਸੁਣਾਈਆ । ਸਤਿਗੁਰ ਪੂਰਾ ਆਦਿ ਜੁਗਾਦਿ, ਅਬਿਨਾਸ਼ੀ ਕਰਤਾ ਆਪ ਸਮਾਇਆ । ਗੁਰ ਗੁਰ ਖੇਲੇ ਖੇਲ ਵਿਚ ਬ੍ਰਹਿਮਾਦ, ਜੁਗ ਜੁਗ ਆਪਣਾ ਡੰਕ ਵਜਾਇਆ । ਭਗਤ ਵਜਾਏ ਸਾਚਾ ਨਾਦ, ਦਰ ਘਰ ਸਾਚੇ ਆਪ ਸੁਣਾਇਆ । ਸੰਤਨ ਹਰਿ ਹਰਿ ਲਿਆ ਲਾਧ, ਦੂਸਰ ਹੱਥ ਕਿਸੇ ਨਾ ਆਇਆ । ਗੁਰਮੁਖ ਮੇਲਾ ਮਾਧਵ ਮਾਧ, ਘਰ ਸਾਚਾ ਵੇਖ ਵਖਾਇਆ । ਗੁਰਸਿਖ ਮਿਲੀ ਸਾਚੀ ਦਾਦ, ਸਾਚੀ ਭਿਛਿਆ ਝੋਲੀ ਪਾਇਆ । ਜੁਗ ਜੁਗ ਸੁਣਦਾ ਆਇਆ ਆਪ ਫ਼ਰਯਾਦ, ਜੋ ਜਨ ਰਹੇ ਬਿਲਲਾਇਆ । ਮੇਟਣਹਾਰਾ ਵਾਦ ਵਿਵਾਦ, ਸਾਚੀ ਸਿਖਿਆ ਇਕ ਸਮਝਾਇਆ । ਲੱਖ ਚੁਰਾਸੀ ਵਿਚੋਂ ਕਾਢ, ਜਮ ਕੀ ਫਾਸੀ ਦਏ ਤੁੜਾਇਆ । ਲੇਖੇ ਲਾਏ ਚੰਮ ਮਾਸ ਨਾੜੀ ਹਾਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦੇਵੇ ਸਾਚਾ ਵਰ, ਸਮਰਥ ਪੁਰਖ ਆਪ ਅਖਵਾਇਆ । ਸਤਿਗੁਰ ਪੂਰਾ ਪੁਰਖ ਸਮਰਥ, ਦਰਗਹਿ ਸਾਚੀ ਧਾਮ ਸੁਹਾਇੰਦਾ । ਗੁਰ ਗੁਰ ਚਲਾਏ ਆਪਣਾ ਰਥ, ਰਥ ਰਥਵਾਹੀ ਖੇਲ ਖਿਲਾਇੰਦਾ । ਭਗਤਾਂ ਦੇਵੇ ਸਾਚੀ ਵਥ, ਏਕਾ ਵਸਤ ਹੱਥ ਫੜਾਇੰਦਾ । ਸੰਤਨ ਸੁਣਾਏ ਮਹਿਮਾ ਅਕਥ, ਅਕਥ ਕਹਾਣੀ ਆਪ ਜਣਾਇੰਦਾ । ਗੁਰਮੁਖਾਂ ਸਗਲ ਵਸੂਰੇ ਜਾਇਣ ਲੱਥ, ਦਰ ਘਰ ਸਾਚੇ ਦਰਸ ਕਰਾਇੰਦਾ । ਗੁਰਸਿਖ ਚਰਨ ਸਰਨ ਸਰਨਾਈ ਜਾਏ ਢੱਠ, ਫੜ ਬਾਹੋਂ ਗਲੇ ਲਗਾਇੰਦਾ । ਜੁਗ ਜੁਗ ਗੇੜੇ ਆਪਣੀ ਲੱਠ, ਸ੍ਰਿਸ਼ਟ ਸਬਾਈ ਆਪ ਭਵਾਇੰਦਾ । ਬਿਨ ਹਰਿ ਖੇੜਾ ਦਿਸੇ ਭੱਠ, ਸੱਬਰ ਯਾਰ ਨਾ ਕੋਇ ਸੁਹਾਇੰਦਾ । ਕਲਜੁਗ ਪੈਂਡਾ ਮੁੱਕੇ ਨਾ ਨੱਠ ਨੱਠ, ਜੀਵ ਜੰਤ ਸਰਬ ਕੁਰਲਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਵਿਕਾਰਾਂ ਪਾਈ ਨੱਥ, ਕਾਲ ਕਲੰਦਰ ਆਪ ਨਚਾਇੰਦਾ । ਰਾਏ ਧਰਮ ਦੂਰ ਦੁਰਾਡਾ ਬੈਠਾ ਰਿਹਾ ਹੱਸ, ਵੇਲਾ ਅੰਤਮ ਆਇੰਦਾ । ਲਾੜੀ ਮੌਤ ਲਾਲ ਮਹਿੰਦੀ ਹੱਥੀਂ ਰਹੀ ਝੱਸ, ਸੰਮਤ ਸਤਾਰਾਂ ਵੇਖ ਵਖਾਇੰਦਾ ।

੬੧੮

ਸਤਿਗੁਰ ਪੂਰਾ ਗੁਰਮੁਖਾਂ ਮਾਰਗ ਏਕਾ ਦੱਸ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਚਾਰ ਦਵਾਰੇ ਕਰ ਇਕੱਠ, ਦੀਨਾਂ ਨਾਥਾਂ ਦਰਦ ਵੰਡਾਇੰਦਾ । ਅੰਤਮ ਅੰਤ ਪਤ ਲਏ ਰੱਖ, ਪਤ ਪਤਵੰਤਾ ਦਇਆ ਕਮਾਇੰਦਾ । ਗੁਰਸਿਖ ਤੇਰਾ ਨੇਤਰ ਨਿਰਗੁਣ ਅੱਖ, ਨੈਣ ਨਰਾਇਣ ਆਪ ਮਟਕਾਇੰਦਾ । ਤੇਰਾ ਬੁਰਜ ਨਾ ਜਾਏ ਢੱਠ, ਹਰਿ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਗੁਰ ਗੁਰ ਦਾਤਾ ਪੀਰਨ ਪੀਰ, ਸ਼ਾਹ ਹਕੀਰ ਵੇਖ ਵਖਾਇੰਦਾ । ਭਗਤਨ ਚੜ੍ਹਾਏ ਚੋਟੀ ਇਕ ਅਖ਼ੀਰ, ਜੁਲਾਹਾ ਕਬੀਰ ਆਖ ਸੁਣਾਇੰਦਾ । ਸੰਤਨ ਬਖ਼ਸ਼ੇ ਠਾਂਡਾ ਸੀਰ, ਸਤਿ ਸਤਿਵਾਦ ਧਰਮ ਦ੍ਰਿੜਾਇੰਦਾ । ਗੁਰਮੁਖਾਂ ਦੋ ਜਹਾਨਾਂ ਪੈਂਡਾ ਜਾਏ ਚੀਰ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਗੁਰਸਿਖ ਤੋੜ ਜਗਤ ਜੰਜ਼ੀਰ, ਆਪਣਾ ਫੰਦਨ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਤਿਗੁਰ ਸਾਚਾ ਸਰਬ ਜੀਆਂ ਦਾਤਾ, ਲੱਖ ਚੁਰਾਸੀ ਵਿਚ ਸਮਾਈਆ । ਗੁਰ ਗੁਰ ਦੇਵੇ ਇਕ ਗਿਆਤਾ, ਗਿਆਨ ਗੋਝ ਵਡ ਵਡਿਆਈਆ । ਭਗਤਨ ਦੇਵੇ ਸਾਚਾ ਸਾਥਾ, ਸਗਲਾ ਸੰਗ ਬੇਪਰਵਾਹੀਆ । ਸੰਤਨ ਲੇਖਾ ਚੁੱਕੇ ਮਸਤਕ ਮਾਥਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਗੁਰਮੁਖ ਵਿਕਾਏ ਸਾਚੇ ਹਾਟਾ, ਕਰਤਾ ਕੀਮਤ ਆਪੇ ਪਾਈਆ । ਗੁਰਸਿਖਾਂ ਪਿਆਏ ਅੰਮ੍ਰਿਤ ਬਾਟਾ, ਕਾਇਆ ਕਾਸਾ ਆਪ ਭਰਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੰਤਮ ਪੂਰ ਕਰਾਏ ਘਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਈਆ । ਗੁਰਸਿਖ ਤੇਰੀ ਵਡਿਆਈ ਧੰਨ, ਤੇਰੀ ਗਤ ਮਿਤ ਆਪ ਜਣਾਇੰਦਾ । ੬੧੯
ਗੁਰਮੁਖ ਵਡਿਆਈ ਧੰਨ, ਕਮਲਾਪਤ ਮੇਲ ਮਿਲਾਇੰਦਾ । ਹਰਿ ਸੰਤ ਵਡਿਆਈ ਧੰਨ, ਬ੍ਰਹਮ ਮਤ ਇਕ ਸਮਝਾਇੰਦਾ । ਹਰਿ ਭਗਤ ਵਡਿਆਈ ਧੰਨ, ਰੱਤੀ ਰੱਤ ਲੇਖੇ ਲਾਇੰਦਾ । ਗੁਰ ਗੁਰ ਵਡਿਆਈ ਧੰਨ, ਉਤਪਤ ਸਾਰੀ ਝੋਲੀ ਪਾਇੰਦਾ । ਸਤਿਗੁਰ ਵਡਿਆਈ ਧੰਨ, ਜੋ ਘੜਿਆ ਸੋ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਾਲ ਨਿਰਾਲੀ, ਹਰਿ ਪੁਰਖ ਨਿਰੰਜਣ ਆਪ ਚਲਾਈਆ । ਕਲਜੁਗ ਅੰਤਮ ਜਗੀ ਜੋਤ ਇਕ ਅਕਾਲੀ, ਕਾਲ ਦਿਆਲ ਰੂਪ ਵਟਾਈਆ । ਆਪਣੇ ਹੱਥ ਰੱਖੇ ਖ਼ਾਲੀ, ਖੰਡਾ ਤੀਰ ਤੁਫ਼ੰਗ, ਕਟਾਰ ਹੱਥ ਨਾ ਕੋਇ ਉਠਾਈਆ । ਲੱਖ ਚੁਰਾਸੀ ਬ੍ਰਹਮੇ ਵਿਸ਼ਨ ਸ਼ਿਵ ਤੇਰੀ ਵੇਖੇ ਪਤ ਪਤ ਡਾਲ੍ਹੀ, ਫੁੱਲ ਫੁਲਵਾੜੀ ਜੋ ਮਾਤ ਲਗਾਈਆ । ਚਾਰ ਜੁਗ ਦੇਂਦਾ ਆਇਆ ਆਪ ਦਲਾਲੀ, ਗੁਰ ਪੀਰ ਅਵਤਾਰ ਸੇਵ ਕਮਾਈਆ । ਆਪੇ ਲੇਖਾ ਜਾਣੇ ਜਲਵਾ ਨੂਰ ਜਲਾਲੀ, ਜ਼ਾਹਰ ਜ਼ਹੂਰ ਹਰਿ ਗ਼ਫ਼ੂਰ ਆਪ ਅਖਵਾਈਆ । ਆਪਣਾ ਬਗ਼ੀਚਾ ਵੇਖਣ ਆਇਆ ਆਪੇ ਮਾਲੀ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਾਚੇ ਬੂਟੇ ਲੱਖ ਚੁਰਾਸੀ ਵਿਚੋਂ ਰਿਹਾ ਭਾਲੀ, ਗੁਰਮੁਖ ਸੱਜਣ ਆਪ ਉਠਾਈਆ । ਕਲੀ ਕਲੀ ਵੇਖੀ ਲੱਗੀ ਪਤ ਡਾਲ੍ਹੀ, ਚਾਰੋਂ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਜਗਤ ਬਗ਼ੀਚਾ ਵੇਖਣ ਆਇਆ, ਨੀਚ ਨੀਚਾਂ ਵਿਚ ਸਮਾਇੰਦਾ । ਸਚ ਹਦੀਸਾ ਪੜ੍ਹਾਵਣ ਆਇਆ, ਬੀਸ ਬੀਸਾ ਰਾਹ ਤਕਾਇੰਦਾ । ਛਤਰ ਸੀਸ ਆਪ ਝੁਲਾਵਣ ਆਇਆ, ਸ਼ਾਹ ਸੁਲਤਾਨਾਂ ਮੇਟ ਮਿਟਾਇੰਦਾ । ਖ਼ਾਲੀ ਖ਼ੀਸਾ ਸਭ ਦਾ ਕਰਨ ਆਇਆ, ਤ੍ਰੈਗੁਣ ਮਾਇਆ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ

ਸਾਚੇ ਸਾਚਾ ਸੰਗ ਰਖਾਇੰਦਾ । ਗੁਰਮੁਖ ਸਾਚਾ ਸੰਗ, ਹਰਿ ਸੱਜਣ ਆਪ ਰਖਾਈਆ । ਘਰ ਘਰ ਭਿਛਿਆ ਮੰਗੇ ਮੰਗ, ਦਰ ਦਰ ਅਲਖ ਜਗਾਈਆ । ਨੌ ਦਰ ਵੇਖੇ ਆਪੇ ਲੰਘ, ਦਸਵੇਂ ਪੰਧ ਮੁਕਾਈਆ । ਆਤਮ ਸੇਜਾ ਸਚ ਪਲੰਘ, ਗੁਰ ਸਤਿਗੁਰ ਆਪ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਰੰਗਣਹਾਰਾ ਇਕ ਅਖਵਾਈਆ । ਸੁਰਤੀ ਡੋਰੀ ਨਾਮ ਪਤੰਗ, ਬ੍ਰਹਿਮੰਡ ਖੰਡ ਆਪ ਉਡਾਈਆ । ਕਲਜੁਗ ਭੰਨੇ ਕਾਚੀ ਵੰਗ, ਕਾਚੀ ਗਗਰੀਆ ਰਹਿਣ ਨਾ ਪਾਈਆ । ਜੂਠ ਝੂਠ ਚਾਰੋਂ ਕੁੰਟ ਨੱਚੇ ਬਣ ਮਲੰਗ, ਮਾਇਆ ਅਲਫ਼ੀ ਗਲ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰਮੁਖ ਲਏ ਸਮਾਈਆ । ਸਤਿਗੁਰ ਸਾਚਾ ਜਾਗਿਆ, ਗੁਰ ਗੁਰ ਮੇਲ ਮਿਲਾਏ । ਹਰਿ ਭਗਤ ਉਪਜਾਏ ਇਕ ਵੈਰਾਗਿਆ, ਸੰਤਨ ਮੇਲਾ ਸਹਿਜ ਸੁਭਾਏ । ਗੁਰਮੁਖ ਮਿਲਾਵਾ ਕੰਤ ਸੁਹਾਗਿਆ, ਗੁਰਸਿਖ ਮੰਗਲ ਬਹਿ ਬਹਿ ਗਾਏ । ਮਨਮੁਖ ਦਹਿ ਦਿਸ਼ਾ ਫਿਰੇ ਭਾਗਿਆ, ਮਨ ਠੌਰ ਨਾ ਕੋਇ ਰਖਾਏ । ਕਾਗਾਂ ਡਾਰ ਰਲਿਆ ਬਣ ਬਣ ਕਾਗਿਆ, ਸੋਹੰ ਮਾਣਕ ਮੋਤੀ ਚੋਗ ਨਾ ਕੋਇ ਚੁਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤਖ਼ਤ ਤਾਜ ਇਕ ਸੁਹਾਏ । ਤਖ਼ਤ ਤਾਜ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਸਚਖੰਡ ਨਿਵਾਸੀ ਬਹਿ ਬਹਿ ਸਜਣਾ, ਧੁਰ ਦਰਬਾਰੇ ਆਸਣ ਲਾਇੰਦਾ । ਗੁਰਸਿਖ ਸੁਣ ਮੀਤ ਹਮਾਰੇ ਸੱਜਣਾ, ਤੇਰਾ ਸਾਚਾ ਸੰਗ ਨਿਭਾਇੰਦਾ । ਅੰਤਮ ਆਪੇ ਪਰਦਾ ਕੱਜਣਾ, ਤੇਰੀ ਲੱਜ ਪੱਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਦ ਸਮਾਇੰਦਾ । ਗੁਰਮੁਖ ਸਮਾਇਆ ਆਪ ਹਰਿ, ਦਿਸ ਕਿਸੇ ਨਾ ਆਈਆ । ਗੁਰਸਿਖਾਂ ਅੰਦਰ ਗਿਆ ਵੜ, ਆਪਣਾ ਰੂਪ ਆਪ ਵਟਾਈਆ । ਸੰਤ ਸੁਹੇਲੇ ਲਏ ਫੜ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤਾਂ ਫੜਾਇਆ ਆਪਣਾ ਲੜ, ਏਕਾ ਪੌੜੇ ਲਏ ਚੜ੍ਹਾਈਆ । ਗੁਰ ਗੁਰ ਵਿਦਿਆ ਗਿਆ ਪੜ੍ਹ, ਸਾਚੀ ਪੜ੍ਹੇ ਨਾਮ ਪੜ੍ਹਾਈਆ । ਸਤਿਗੁਰ ਪੂਰਾ ਅਗੰਮ ਅਥਾਹ ਬੇਪਰਵਾਹ ਦਰਸ ਦਿਖਾਏ ਅੱਗੇ ਖੜ, ਨਿਰਗੁਣ ਆਪਣਾ ਰੂਪ ਵਟਾਈਆ । ਗੁਰਮੁਖਾਂ ਲਗਾਏ ਸਾਚੀ ਜੜ੍ਹ, ਨਾ ਸਕੇ ਕੋਇ ਉਖੜਾਈਆ । ਮਨਮੁਖ ਜੀਵ ਝੂਠੇ ਵਹਿਣ ਜਾਇਣ ਹੜ, ਪਾਰ ਕਿਨਾਰਾ ਨਾ ਕੋਇ ਦਰਸਾਈਆ । ਜਮ ਕੇ ਦੂਤ ਅੱਧਵਿਚਕਾਰ ਲੈਣ ਫੜ, ਰਾਏ ਧਰਮ ਹੱਥ ਫੜਾਈਆ । ਚਿਤਰ ਗੁਪਤ ਲੇਖਾ ਲਿਖਿਆ ਅੱਗੇ ਦੇਵੇ ਧਰ, ਮਾਣਸ ਜਨਮ ਜੋ ਰਹੇ ਕੁਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਤਾਰਨਹਾਰਾ ਆ ਗਿਆ, ਕਲ ਕਲਕੀ ਅਵਤਾਰ । ਸੀਸ ਸਾਚਾ ਤਾਜ ਟਿਕਾ ਲਿਆ, ਸ੍ਰਿਸ਼ਟ ਸਬਾਈ ਕਰੇ ਖ਼ਵਾਰ । ਉਚੀ ਕੂਕ ਸ਼ਬਦ ਜਣਾ ਲਿਆ, ਆਪ ਆਪਣਾ ਪਰਦਾ ਦਏ ਉਤਾਰ । ਨਿਰਭੌ ਆਪਣਾ ਨਾਉਂ ਰਖਾ ਲਿਆ, ਲੱਖ ਚੁਰਾਸੀ ਮਾਰੇ ਮਾਰ । ਕਾਲ ਮਹਾਂਕਾਲ ਆਪਣਿਆਂ ਚਰਨਾਂ ਹੇਠ ਦਬਾ ਲਿਆ, ਉਤੇ ਪਾਏ ਆਪਣਾ ਭਾਰ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾ ਲਿਆ, ਪੁਰੀਆਂ ਲੋਆਂ ਕਰੇ ਖ਼ਬਰਦਾਰ । ਸੁਰਪਤ ਰਾਜਾ ਇੰਦ ਨਾਲ ਰਲਾ ਲਿਆ, ਕਰੋੜ ਤੇਤੀਸਾ ਨੈਣ ਉਘਾੜ । ਗਣ ਗੰਧਰਬ ਆਪ ਹਲਾ ਲਿਆ, ਕਿਨਰ ਯਛਪ ਕਰੇ ਪੁਕਾਰ । ਲੋਕਮਾਤ ਜੋਤ ਜਗਾ ਲਿਆ, ਪਰਗਟ ਹੋ ਚਵੀਆਂ ਅਵਤਾਰ । ਸ਼ਬਦ ਖੰਡਾ ਹੱਥ ਉਠਾ ਲਿਆ, ਤਿਖੀ ਰੱਖੇ ਦੋਵੇਂ ਧਾਰ । ਧਰਮ ਜੈਕਾਰਾ ਏਕਾ ਲਾ ਲਿਆ, ਚਾਰ ਵਰਨਾਂ ਕਰ ਪਿਆਰ । ਅਠਾਰਾਂ ਬਰਨਾਂ ਮੇਟ ਮਿਟਾ ਰਿਹਾ, ਕਰੇ ਖੇਲ ਵਿਚ ਸੰਸਾਰ । ਸਾਚੀ ਸਰਨਾ

ਇਕ ਤਕਾ ਰਿਹਾ, ਨੌ ਖੰਡ ਪ੍ਰਿਥਮੀ ਖੋਲ੍ਹ ਦਵਾਰ । ਸੱਤਾਂ ਦੀਪਾਂ ਰਾਹੇ ਪਾ ਰਿਹਾ, ਭੁਲਿਆ ਰਹੇ ਨਾ ਜੀਵ ਗਵਾਰ । ਸ਼ਾਹ ਸੁਲਤਾਨਾਂ ਆਪ ਨਿਵਾ ਰਿਹਾ ਦੋ ਜਹਾਨਾਂ ਕਰੇ ਖੇਲ ਨਿਰੰਕਾਰ । ਸਿਆਸਤ ਵਿਰਾਸਤ ਸਰਬ ਮਿਟਾ ਲਿਆ, ਏਕਾ ਹੁਕਮ ਸੱਚੀ ਸਰਕਾਰ । ਤਖ਼ਤ ਤਾਜ ਆਪ ਸੁਹਾ ਲਿਆ, ਸ਼ਾਹੋ ਭੂਪ ਬਣ ਸਿਕਦਾਰ । ਗੁਰਮੁਖ ਸਾਚਾ ਆਪ ਬਹਾ ਲਿਆ, ਆਪ ਆਪਣੇ ਚਰਨ ਦਵਾਰ । ਸਤਿਗੁਰ ਉਠਿਆ ਪੁਰਖ ਅਕਾਲਿਆ, ਕਲਜੁਗ ਕਾਲੀ ਰੈਣ ਮੇਟੇ ਅੰਧਿਆਰ । ਘਰ ਘਰ ਦੀਪਕ ਗੁਰਮੁਖਾਂ ਆਪੇ ਬਾਲਿਆ, ਜਿਉਂ ਅਯੁਧਿਆ ਰਾਮ ਕਰੇ ਪਿਆਰ । ਸਾਚੀ ਧਰਮਸਾਲ ਆਪ ਬਹਾ ਲਿਆ, ਨਾ ਕੋਈ ਦਿਸੇ ਚਾਰ ਦੀਵਾਰ । ਛੱਪਰ ਛੰਨ ਨਾ ਕੋਇ ਛੁਹਾ ਲਿਆ, ਘਰ ਵਿਚ ਮੰਦਰ ਇਕ ਤਿਆਰ । ਗੁਰਮੁਖ ਤੇਰਾ ਰੰਗ ਪਾਰਬ੍ਰਹਮ ਆਪਣੀ ਚੋਲੀ ਆਪ ਚੜ੍ਹਾ ਲਿਆ, ਚੁਰਾਸੀ ਕਲੀਆਂ ਕਰ ਤਿਆਰ । ਤੇਰਾ ਪ੍ਰੇਮ ਪਿਆਰ ਆਪਣੀ ਅਲਫ਼ੀ ਆਪ ਹੰਢਾ ਰਿਹਾ, ਤਨ ਕਰੇ ਸਚ ਸ਼ਿੰਗਾਰ । ਤੇਰਾ ਚੰਦ ਸਤਿਜੁਗ ਸਾਚਾ ਆਪ ਚੜ੍ਹਾ ਰਿਹਾ, ਨਿਰਗੁਣ ਜੋਤ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਬਹਾਏ ਸਾਚੇ ਦਰਬਾਰ । ਦਰ ਦਰਬਾਰ ਪਾਰਬ੍ਰਹਮ, ਬ੍ਰਹਿਮੰਡ ਉਪਰ ਆਪ ਰਖਾਇੰਦਾ । ਗੁਰਮੁਖਾਂ ਸੁਆਰੇ ਆਪੇ ਕੰਮ, ਦਿਵਸ ਰੈਣ ਸੇਵ ਕਮਾਇੰਦਾ । ਜੋ ਜਨ ਰਸਨਾ ਸੋਹੰ ਗਾਏ ਦਮ, ਦਰਗਹਿ ਸਾਚੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਸਾਚਾ ਘਰ, ਸਚਖੰਡ ਦਵਾਰਾ ਆਪ ਬਣਾਇੰਦਾ । ਸਚਖੰਡ ਦਵਾਰਾ ਜਾਣੀਏ, ਜਿਥੇ ਨਿਰਮਲ ਜੋਤ ਹੋਏ ਪਰਕਾਸ਼ । ਸਚਖੰਡ ਦਵਾਰਾ ਜਾਣੀਏ, ਜਿਥੇ ਭਗਤਾਂ ਪੂਰੀ ਹੋਵੇ ਆਸ । ਸਚਖੰਡ ਦਵਾਰਾ ਜਾਣੀਏ, ਜਿਥੇ ਮਿਲੇ ਸ਼ਾਹੋ ਸ਼ਾਬਾਸ਼ ।



ਸਤਿਗੁਰ ਪੂਰਾ ਏਕਾ ਹੁਕਮ ਵਖਾਣੀਏ, ਘਰ ਮੰਦਰ ਪਾਵੇ ਰਾਸ । ਸਚਖੰਡ ਦੁਆਰਾ ਜਾਣੀਏ, ਜਿਥੇ ਕੋਇ ਨਾ ਜਾਏ ਨਿਰਾਸ । ਸਚਖੰਡ ਦਵਾਰਾ ਜਾਣੀਏ, ਲੇਖਾ ਚੁੱਕੇ ਪ੍ਰਿਥਮੀ ਆਕਾਸ਼ । ਸਚਖੰਡ ਦਵਾਰਾ ਜਾਣੀਏ, ਸਤਿਗੁਰ ਪੂਰਾ ਗੁਰਸਿਖਾਂ ਅੰਦਰ ਕਰੇ ਵਾਸ । ਸਤਿਗੁਰ ਪੂਰਾ ਜਾਣੀਏ, ਗ਼ਰੀਬ ਨਿਮਾਣਿਆਂ ਕਰੇ ਬੰਦ ਖ਼ਲਾਸ । ਸਚਖੰਡ ਸਾਚਾ ਜਾਣੀਏ, ਜਿਥੇ ਧਰੂ ਪ੍ਰਹਿਲਾਦ ਉਧਾਰੇ ਵਿਚ ਪਰਭਾਸ । ਸਚਖੰਡ ਸਾਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਸੇ ਸਦਾ ਪਾਸ । ਗੁਰਮੁਖ ਤੇਰੇ ਸੰਗ ਵਸੇਰਾ, ਅੰਗ ਸੰਗ ਹੋਏ ਆਪ ਸਹਾਈਆ । ਤੇਰਾ ਘਰ ਬਣਾਏ ਆਪਣਾ ਵਸੇਰਾ, ਮੇਰਾ ਤੇਰਾ ਰਹਿਣ ਨਾ ਪਾਈਆ । ਤੇਰਾ ਘਰ ਮੇਰਾ ਡੇਰਾ, ਤੇਰਾ ਵਰ ਮੇਰੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਫੜਾਏ ਆਪਣਾ ਲੜ, ਆਪ ਆਪਣੇ ਨਾਲ ਬੰਧਾਈਆ । ਸਾਚਾ ਲੜ ਸਾਚਾ ਪੱਲਾ, ਹਰਿਜਨ ਸਾਚੇ ਆਪ ਫੜਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਬਣਿਆ ਰਿਹਾ ਝੱਲਾ, ਵਲ ਛਲ ਧਾਰੀ ਖੇਲ ਖਿਲਾਇੰਦਾ । ਹਰਿ ਭਗਤ ਹਰਿਜਨ ਗੁਰਮੁਖ ਗੁਰਸਿਖ ਮਿਟਾਏ ਦੂਈ ਦਵੈਤੀ ਸੱਲਾ, ਏਕਾ ਸਾਚੇ ਮਾਰਗ ਲਾਇੰਦਾ । ਕਰੇ ਖੇਲ ਇਕ ਇਕੱਲਾ, ਵਿਸ਼ਨੂੰ ਵਿਸ਼ਵ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰਤਾ ਹਰਿ ਭਗਵਾਨ, ਆਪੇ ਵਿਸ਼ਨੂੰ ਦੇਵੇ ਦਾਨ, ਆਪੇ ਬ੍ਰਹਮਾ ਬ੍ਰਹਮ ਉਤਪਤ ਕਰੇ ਸੰਤਾਨ, ਆਪੇ ਸ਼ੰਕਰ ਮੇਟੇ ਸਰਬ ਨਿਸ਼ਾਨ, ਪੁਰਖ ਅਬਿਨਾਸ਼ੀ ਆਪਣੀ ਕਲ ਵਰਤਾਈਆ । ਆਪੇ ਵਿਸ਼ਨੂੰ ਬਾਸ਼ਕ ਸੇਜ ਹੰਢਾਏ, ਸਾਂਗੋ ਪਾਂਗ ਨਾਮ ਧਰਾਈਆ । ਆਪੇ ਬ੍ਰਹਮਾ ਚਾਰੇ ਵੇਦ ਸੁਣਾਏ, ਏਕਾ ਅੱਖਰ ਕਰੇ ਪੜ੍ਹਾਈਆ । ਆਪੇ ਸ਼ੰਕਰ ਹੱਥ ਤਰਸੂਲ ਫੜਾਏ, ਬਾਸ਼ਕ ਤਸ਼ਕਾ ਗਲ

ਲਟਕਾਈਆ । ਆਪੇ ਸਮੁੰਦ ਸਾਗਰ ਵਿਰੋਲ ਵਖਾਏ, ਚੌਦਾਂ ਰਤਨ ਆਪ ਕਢਾਈਆ । ਆਪੇ ਜਲ ਬਿੰਬ ਡੇਰਾ ਲਾਏ, ਧਰਤ ਧਵਲ ਉਪਰ ਆਪ ਟਿਕਾਈਆ । ਆਪੇ ਰਵ ਸਸ ਸੂਰਜ ਚੰਨ ਚੜ੍ਹਾਏ, ਮੰਡਲ ਮੰਡਪ ਆਪ ਸੁਹਾਈਆ । ਲੋਆਂ ਪੁਰੀਆਂ ਆਪੇ ਰਚਨ ਰਚਾਏ, ਬ੍ਰਹਿਮੰਡ ਖੰਡ ਆਪੇ ਵੇਖ ਵਖਾਈਆ । ਆਪੇ ਲੱਖ ਚੁਰਾਸੀ ਭਾਂਡੇ ਘੜ ਵਖਾਏ, ਭੰਨਣਹਾਰ ਆਪ ਹੋ ਜਾਈਆ । ਆਪੇ ਚਾਰ ਜੁਗ ਜੁਗ ਜੁਗ ਵੇਸ ਵਟਾਏ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਆਪੇ ਆਪਣਾ ਮੰਤਰ ਨਾਮ ਜਪਾਏ ਦ੍ਰਿੜਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਹੋ ਮਿਹਰਵਾਨ, ਸਤਿਜੁਗ ਝੁਲਾਏ ਸਚ ਨਿਸ਼ਾਨ, ਲੇਖਾ ਜਾਣੇ ਜ਼ਿਮੀਂ ਅਸਮਾਨ, ਚੌਦਾਂ ਤਬਕਾਂ ਵੇਖੇ ਮਾਰ ਧਿਆਨ, ਚੌਦਾਂ ਲੋਕਾਂ ਦੇਵੇ ਇਕ ਗਿਆਨ, ਏਕਾ ਸ਼ਬਦ ਕਰੇ ਪੜ੍ਹਾਈਆ ।

## ✻ ੮ ਜੇਠ ੨੦੧੭ ਬਿਕ੍ਰਮੀ ਇੰਦਰ ਸਿੰਘ ਦੇ ਘਰ ਦਇਆ ਹੋਈ ਪਿੰਡ ਧਿੰਗਾਲੀ ✻

ਸਾਧ ਸੰਗਤ ਹਰਿ ਬਖ਼ਸ਼ੇ ਦਾਨ, ਦਰਗਹਿ ਸਾਚੀ ਵਡ ਵਡਿਆਈਆ । ਚਰਨ ਪ੍ਰੀਤੀ ਚਰਨ ਧਿਆਨ, ਚਰਨ ਕਵਲ ਚਿਤ ਲਾਈਆ । ਸਾਚੀ ਨੀਤੀ ਵਿਚ ਜਹਾਨ, ਜੂਠ ਝੂਠ ਨਾ ਮੁਖ ਵਖਾਈਆ । ਕਾਇਆ ਪਤਿਤ ਪੁਨੀਤੀ ਸੁਰਤੀ ਸ਼ਬਦ ਗਿਆਨ, ਏਕਾ ਕਰੇ ਨਾਮ ਪੜ੍ਹਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਪੀਣ ਖਾਣ, ਜਗਤ ਕਾਮਨਾ ਮੇਟ ਮਿਟਾਈਆ । ਧੂੜ ਕਰਾਏ ਸਚ ਇਸ਼ਨਾਨ, ਮੁਖ ਉਜਲ ਆਪ ਵਖਾਈਆ । ਬਿਰਹੋਂ ਮਾਰੇ ਤੀਰ ਨਿਰਾਲਾ ਬਾਣ, ਮਨ ਮਨੂਆ ਲਏ ਢਾਹੀਆ । ਮਤ ਮਤਵਾਲੀ ਪਾਏ ਏਕਾ ਆਣ, ਗੁਰਮਤ ਇਕ ਸਮਝਾਈਆ । ਬੁੱਧ ਬਿਬੇਕੀ ਕਰ ਪਛਾਣ, ਸਾਚੀ ਸੁੱਧ ਆਪ ਕਰਾਈਆ । ਭੇਵ ਖੁਲ੍ਹਾਏ ਗੁੱਝ ਸਤਿਗੁਰ ਪੂਰਾ ਹੋ ਮਿਹਰਵਾਨ, ਆਪ ਆਪਣੀ ਬੂਝ ਬੁਝਾਈਆ । ਨੇਤਰ ਲੋਚਣ ਨੈਣ ਦੇਵੇ ਦਰਸ ਮਹਾਨ, ਦਾਸੀ ਦਾਸ ਸੇਵ ਕਮਾਈਆ । ਸ਼ਬਦ ਸੁਣਾਏ ਧੁਰ ਫ਼ਰਮਾਣ, ਆਦਿ ਜੁਗਾਦਿ ਵੱਡੀ ਵਡਿਆਈਆ । ਤੋਲਾ ਬਣਿਆ ਗੁਣ ਨਿਧਾਨ, ਰਾਮ ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਕਰੇ ਪਛਾਣ, ਘਟ ਘਟ ਅੰਦਰ ਖੋਜ ਖੁਜਾਈਆ । ਗੁਰਸਿਖ ਗੁਰਮੁਖ ਦੇਵੇ ਆਪਣਾ ਦਾਨ, ਇਛਿਆ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਗਤ ਵਿਚ ਸਮਾਈਆ । ਸਾਧ ਸੰਗਤ ਹਰਿ ਦੇਵੇ ਮਾਣਾ, ਜਗਤ ਅਭਿਮਾਣ ਰਹਿਣ ਨਾ ਪਾਈਆ । ਏਕਾ ਅੱਖਰ ਪੜ੍ਹਾਏ ਵਡ ਵਿਦਵਾਨਾ, ਜਗਤ ਵਿਦਿਆ ਮੂਲ ਚੁਕਾਈਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਧੀਰਜ ਧਰਮ ਸਰਬ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਵਡ ਵਡਿਆਈਆ । ਸਾਧ ਸੰਗਤ ਵਿਟਹੁ ਕੁਰਬਾਨ, ਹਰਿ ਹਰਿ ਸਾਚੀ ਸੇਵ ਕਮਾਇੰਦਾ । ਸ਼ਬਦ ਸਰੂਪੀ ਸਚ ਬਿਬਾਣ, ਗੁਣ ਨਿਧਾਨ ਆਪ ਵਖਾਇੰਦਾ । ਆਪੇ ਹੋਇਆ ਜਾਣੀ ਜਣ, ਜੀਵਣ ਜੁਗਤ ਆਪ ਸਿਖਾਇੰਦਾ । ਲੇਖਾ ਚੁੱਕੇ ਪਵਣ ਮਸਾਣ, ਪਵਣ ਪਾਣੀ ਧਰਤ ਧਵਲ ਵੇਖ ਵਖਾਇੰਦਾ । ਅਕਥ ਕਹਾਣੀ ਸੁਣਾਏ ਏਕਾ ਕਾਨ, ਆਪ ਆਪਣਾ ਨਾਮ ਅਲਾਇੰਦਾ । ਕਲਜੁਗ ਜੀਵ ਸਰਬ ਪਛਤਾਣ, ਵੇਲਾ ਗਿਆ ਹੱਥ ਨਾ ਆਇੰਦਾ । ਗੁਰਮੁਖ ਘਰ ਘਰ ਬੈਠੇ ਖ਼ੁਸ਼ੀ ਮਨਾਣ, ਗੋਬਿੰਦ ਸਾਚਾ ਮੇਲ ਮਿਲਾਇੰਦਾ । ਹਰੀ ਹਰਿ ਨਰ ਨਰਾਇਣ ਨੌਜਵਾਨ, ਬਿਰਧ ਬਾਲਾਂ ਵੇਖ ਵਖਾਇੰਦਾ । ਨਾਰੀ

ਕੰਤ ਕਰੇ ਪਛਾਣ, ਰੂਪ ਬਸੰਤ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਗਤ ਮਾਤ ਵਡਿਆਇੰਦਾ । ਹਰਿ ਸੰਗਤ ਹਰਿ ਦਾਨਾ ਬੀਨਾ, ਏਕੰਕਾਰਾ ਇਕ ਅਖਵਾਈਆ । ਗੁਰਮੁਖ ਉਧਾਰੇ ਜਿਉਂ ਜਲ ਮੀਨਾ, ਜਲ ਅੰਮ੍ਰਿਤ ਤਾਲ ਸੁਹਾਈਆ । ਅਗਨੀ ਤਤ ਬੁਝਾਏ ਠਾਂਡਾ ਕਰੇ ਸੀਨਾ, ਸੀਤਲ ਸੀਤਲ ਧਾਰ ਵਹਾਈਆ । ਲੇਖਾ ਚੁੱਕੇ ਲੋਕ ਤੀਨਾਂ, ਤ੍ਰੈਗੁਣ ਫੰਦਨ ਦਏ ਕਟਾਈਆ । ਗੜ੍ਹ ਹੰਕਾਰੀ ਭੰਨੇ ਬੀਨਾ, ਮੈਂ ਤੂੰ ਨਾ ਕੋਇ ਜਣਾਈਆ । ਗੁਰ ਚਰਨ ਦਵਾਰੇ ਵਸੇ ਸਾਚਾ ਜੀਨਾ, ਆਪੇ ਮੇਟੇ ਭਰਮ ਦੀ ਕਾਈਆ । ਆਪਣਾ ਤਨ ਪਾਟਾ ਆਪੇ ਸੀਣਾ, ਸੋਹੰ ਸੂਈ ਹੱਥ ਫੜਾਈਆ । ਏਕਾ ਰੰਗ ਚੜ੍ਹਾਏ ਹਰਿ ਹਰਿ ਭੀਨਾ, ਭਿੰਨੜੀ ਰੈਣ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸੰਗ ਨਿਭਾਈਆ । ਸਾਧ ਸੰਗਤ ਬਖ਼ਸ਼ੇ ਹਰਿ ਦਾਤ, ਦਾਤਾ ਦਾਨੀ ਨਾਉਂ ਧਰਾਇੰਦਾ । ਹਰਿ ਦਰਸ ਵਡ ਕਰਾਮਾਤ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਚਾਰ ਵਰਨ ਬੰਧਾਏ ਨਾਤ, ਜ਼ਾਤ ਪਾਤ ਨਾ ਕੋਇ ਵਖਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਆਪ ਉਤਾਰੇ ਆਪਣੇ ਘਾਟ, ਸਾਚੇ ਪੱਤਣ ਡੇਰਾ ਲਾਇੰਦਾ । ਸਦਾ ਸੁਹੇਲਾ ਹੋਏ ਖੇਵਟ ਖਾਟ, ਖੇਟਾ ਆਪਣਾ ਰੂਪ ਵਟਾਇੰਦਾ । ਏਕਾ ਜੋਤ ਜਗਾਏ ਲਲਾਟ, ਨੂਰ ਨੁਰਾਨਾ ਡਗਮਗਾਇੰਦਾ । ਗੁਰਮੁਖਾਂ ਵਖਾਏ ਏਕਾ ਹਾਟ, ਪੁਰਖ ਅਬਿਨਾਸ਼ੀ ਆਪ ਖੁਲ੍ਹਾਇੰਦਾ । ਸਚ ਵਸਤ ਹਰਿ ਰੱਖੇ ਪਾਸ, ਮੰਗਣ ਦਰ ਨਾ ਕਿਸੇ ਜਾਇੰਦਾ । ਗੁਰਸਿਖਾਂ ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਸੋਹੰ ਗਾਇੰਦਾ । ਜਨਮ ਜਨਮ ਦੀ ਲੱਗੀ ਬੁਝਾਏ ਪਿਆਸ, ਘਰ ਅੰਮ੍ਰਿਤ ਮੇਘ ਵਰਸਾਇੰਦਾ । ਹਰਿ ਸੰਗਤ ਹੋਇਆ ਹਰਿ ਦਾਸੀ ਦਾਸ, ਦਰ ਦਰ ਘਰ ਘਰ ਸੇਵ ਕਮਾਇੰਦਾ । ਕਰਤਾ ਕਰੇ ਪੂਰੀ ਆਸ, ਨਿਜ ਆਤਮ ਵਾਸ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਗਤ ਦੇਵੇ ਜੀਆ ਦਾਨ, ਜੁਗਤ ਜਗਤ ਮੁਕਤ ਹੱਥ ਭਗਵਾਨ, ਭਗਵਨ ਭਗਤਨ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰ ਦੀਨਾਂ ਅਨਾਥਾਂ ਬਖ਼ਸ਼ੇ ਮਾਣ, ਅਭਿਮਾਨੀਆਂ ਮਾਣ ਦਏ ਗਵਾਈਆ ।

### ੮ ਜੇਠ ੨੦੧੭ ਬਿਕ੍ਰਮੀ ਵਕੀਲ ਚੰਦ ਦੇ ਘਰ ਪਿੰਡ ਪਿੰਗਾਲੀ ਜ਼ਿਲਾ ਜੰਮੂ

ਹਰਿ ਘਟ ਦੀਪਕ ਬਾਲਿਆ, ਘਰ ਘਰ ਕਰੇ ਰੁਸ਼ਨਾਈਆ । ਘਟ ਘਟ ਜੋਤ ਜਵਾਲਿਆ, ਲਾਟ ਲਲਾਟੀ ਇਕ ਵਖਾਈਆ । ਘਰ ਘਰ ਪੁਰਖ ਅਕਾਲਿਆ, ਕਾਲਖ ਟਿੱਕਾ ਦਏ ਮਿਟਾਈਆ । ਘਰ ਘਰ ਬਣਾਏ ਸੱਚੀ ਧਰਮਸਾਲਿਆ, ਘਰ ਘਰ ਸਾਚਾ ਨਾਦ ਸੁਣਾਈਆ । ਘਰ ਘਰ ਤੋੜੇ ਜਗਤ ਜੰਜਾਲਿਆ, ਘਰ ਘਰ ਵਜਦੀ ਰਹੇ ਵਧਾਈਆ । ਘਰ ਘਰ ਕਰੇ ਸਦਾ ਪ੍ਰਿਤਪਾਲਿਆ, ਘਰ ਘਰ ਗੁਰਮੁਖ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਦਏ ਵਡਿਆਈਆ । ਘਰ ਘਰ ਗੁਰੂ ਗੁਰੂ ਗੁਰਦੇਵ, ਘਰ ਘਰ ਨਮੋ ਦੇਵ ਨਿਮਸਕਾਰ ਕਰਾਇੰਦਾ । ਘਰ ਘਰ ਪਰਗਟ ਹੋਏ ਅਲੱਖ ਅਭੇਵ, ਘਰ ਘਰ ਆਪਣੀ ਅਲਖ ਜਗਾਇੰਦਾ । ਘਰ ਘਰ ਦੇਵਤ ਸੁਰ ਲਗਾਏ ਸੇਵ, ਘਰ ਘਰ ਆਪਣਾ ਹੁਕਮ ਚਲਾਇੰਦਾ । ਘਰ ਘਰ ਵਸੇ ਰਸਨਾ ਜਿਹਵ, ਘਰ ਘਰ ਬੱਤੀ ਦੰਦ ਸਾਲਾਹਿੰਦਾ । ਘਰ ਘਰ ਅੰਮ੍ਰਿਤ ਬਖ਼ਸ਼ੇ

ਸੋਹੰ ਸਾਚਾ ਮੇਵ, ਘਰ ਘਰ ਅੰਮ੍ਰਿਤ ਫਲ ਆਪ ਖਵਾਇੰਦਾ । ਘਰ ਘਰ ਕਰਮ ਕੱਟੇ ਨੇਹਕਰਮੀ ਨੇਹਕੇਵ, ਘਰ ਘਰ ਧਰਮੀ ਧਰਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਰੂਪ ਦਰਸਾਇੰਦਾ । ਘਰ ਘਰ ਦੀਵਾ ਘਰ ਘਰ ਬਾਤੀ, ਘਰ ਘਰ ਜੋਤ ਜਗਾਈਆ । ਘਰ ਘਰ ਦਿਵਸ ਘਰ ਘਰ ਰਾਤੀ, ਘਰ ਘਰ ਸੂਰਜ ਚੰਨ ਕਰੇ ਰੁਸ਼ਨਾਈਆ । ਘਰ ਘਰ ਬੂੰਦ ਘਰ ਸਵਾਂਤੀ, ਘਰ ਘਰ ਸਾਂਤਕ ਸਤਿ ਵਰਤਾਈਆ । ਘਰ ਘਰ ਮੇਲਾ ਕਮਲਾਪਾਤੀ, ਘਰ ਘਰ ਕਵਲ ਨੈਣ ਨੈਣ ਮਟਕਾਈਆ । ਘਰ ਘਰ ਬਣੇ ਹਰਿ ਹਰਿ ਰਾਥੀ, ਘਰ ਘਰ ਰਥ ਰਥਵਾਹੀ, ਆਪ ਦਇਆ ਕਮਾਈਆ । ਘਰ ਘਰ ਜਣਾਏ ਪੂਜਾ ਪਾਠੀ, ਘਰ ਘਰ ਸੋਹੰ ਸ਼ਬਦ ਕਰੇ ਪੜ੍ਹਾਈਆ । ਘਰ ਘਰ ਲਹਿਣਾ ਦੇਣਾ ਚੁਕਾਏ ਬਾਕੀ, ਘਰ ਘਰ ਸਾਚਾ ਸਾਕੀ ਜਾਮ ਪਿਆਈਆ । ਘਰ ਘਰ ਮਨ ਮਨੂਆ ਤਨ ਰਹੇ ਨਾ ਆਕੀ, ਘਰ ਘਰ ਗੁਰਮੁਖ ਰਿਹਾ ਉਠਾਈਆ । ਘਰ ਘਰ ਖੋਲ੍ਹੇ ਬੰਦ ਕਿਵਾੜਾ ਤਾਕੀ, ਘਰ ਘਰ ਦਸਮ ਦਵਾਰੀ ਡੇਰਾ ਲਾਈਆ । ਘਰ ਘਰ ਰੱਖੇ ਚਾਲ ਬਾਂਕੀ, ਘਰ ਘਰ ਅਸਵ ਘੋੜਾ ਆਪ ਦੌੜਾਈਆ । ਘਰ ਘਰ ਬੰਧਾਏ ਐਰਾਪਤ ਹਾਥੀ, ਚੌਦਾਂ ਰਤਨਾਂ ਵਿਰੋਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਘਰ ਮੀਤਾ ਘਰ ਕਵਲ ਨੈਣ, ਘਰ ਨਰ ਨਰਾਇਣ ਸੁਹਾਇੰਦਾ । ਘਰ ਮੀਤਾ ਘਰ ਸੱਜਣ ਸੈਣ, ਘਰ ਸਾਕ ਸਬੰਧ ਮਿਲਾਇੰਦਾ । ਘਰ ਨਾਤਾ ਵੇਖੇ ਭਾਈ ਭੈਣ, ਘਰ ਮਾਤ ਪਿਤ ਦਰਸਾਇੰਦਾ । ਘਰ ਨਾਰੀ ਕੰਤ ਇਕੱਠੇ ਬਹਿਣ, ਘਰ ਸਾਚੀ ਸੇਜ ਸੁਹਾਇੰਦਾ । ਘਰ ਘਰ ਚੁਕਾਏ ਲਹਿਣ ਦੇਣ, ਘਰ ਪੂਰਬ ਲੇਖਾ ਝੋਲੀ ਪਾਇੰਦਾ । ਗੁਰਮੁਖ ਝੂਠੇ ਵਹਿਣ ਕਦੇ ਨਾ ਵਹਿਣ, ਸਾਚੇ ਬੇੜੇ ਆਪ ਚੜ੍ਹਾਇੰਦਾ । ਲਾੜੀ ਮੌਤ ਨਾ ਖਾਏ ਡਾਇਣ, ਵੇਲੇ ਅੰਤ ਆਪਣੀ ਗੋਦ ਬਹਾਇੰਦਾ । ਕਲਜੁਗ ਅੰਤਮ ਆਇਆ ਲੈਣ, ਪਿਛਲਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਏਕਾ ਕਾਹਨ, ਏਕਾ ਮੰਡਲ ਰਾਸ ਰਚਾਇੰਦਾ ।



### ✲ ੮ ਜੇਠ ੨੦੧੭ ਬਿਕ੍ਰਮੀ ਰੋਲੂ ਦੇ ਘਰ ਪਿੰਡ ਬਾਣੀਆਂ ਜ਼ਿਲਾ ਜੰਮੂ ✲

ਬਿਰਧ ਅਵਸਥਾ ਬਣੀ ਬਿਧ, ਬਿਧ ਬਿਧਨਾ ਲੇਖ ਚੁਕਾਈਆ । ਹਰਿ ਕਰਤਾ ਕਾਰਜ ਕਰੇ ਸਿਧ, ਸਿਦਕ ਸਬੂਰੀ ਆਪ ਨਿਭਾਈਆ । ਘਰ ਉਪਜਾਏ ਨਵ ਨਿਧ, ਅਠਾਰਾਂ ਸਿਧ ਫਿਰੇ ਹਲਕਾਈਆ । ਆਤਮ ਅੰਤਰ ਦੇਵੇ ਵਿਧ, ਸੂਈ ਸਾਰ ਸ਼ਬਦ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਅਜਨਮਾਂ ਵੇਖ ਵਖਾਈਆ । ਬਿਰਧ ਅਵਸਥਾ ਅੰਤਰ ਗਤ ਜਾਣੀ, ਪੰਜ ਤਤ ਕਾਇਆ ਵੇਖ ਵਖਾਈਆ । ਨਾਤਾ ਤੁੱਟੇ ਪੰਜ ਸ਼ੈਤਾਨੀ, ਸ਼ਾਹ ਸੁਲਤਾਨ ਏਕਾ ਨਜ਼ਰੀ ਆਈਆ । ਏਕਾ ਬਖ਼ਸ਼ੇ ਚਰਨ ਧਿਆਨੀ, ਗਿਆਨ ਧਿਆਨ ਇਕ ਦ੍ਰਿੜਾਈਆ । ਤੀਰ ਨਿਰਾਲੀ ਮਾਰੇ ਕਾਨੀ, ਆਰ ਪਾਰ ਆਪ ਕਰਾਈਆ । ਘਰ ਆਇਆ ਦੇ ਕੇ ਜਾਵੇ ਸਚ ਨਿਸ਼ਾਨੀ, ਦਰਸ਼ਨ ਹੋਏ ਰੈਣ ਸੁਬਾਈਆ । ਘਰ ਅੰਮ੍ਰਿਤ ਬਖ਼ਸ਼ੇ ਠੰਡਾ ਪਾਣੀ, ਬਾਣੀ ਆਪਣੀ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੁੜ੍ਹੇਪਾ ਵੇਖ ਵਖਾਈਆ ।

੬੨੫

ਜਗਤ ਬੁੜ੍ਹੇਪਾ ਬੁੱਢਾ ਹੋਏ ਨੱਢਾ, ਗੁਰਮੁਖਾਂ ਘਰ ਜਨਮ ਦਵਾਈਆ । ਪੰਜ ਤਤ ਨਾਤਾ ਤੋੜ ਕਰੋ ਅੱਡੋ ਅੱਡਾ, ਹੱਡ ਮਾਸ ਨਾੜੀ ਅਗਨ ਜਲਾਈਆ । ਦਸ ਮਾਸ ਮਾਤ ਗਰਭ ਨਾ ਰੱਖੇ ਡੂੰਘੀ ਖੱਡਾ, ਤਤ ਆਪਣੇ ਨਾਲ ਮਿਲਾਈਆ । ਨੌ ਮਹੀਨੇ ਅਠਾਰਾਂ ਦਿਵਸ ਕੁੰਭ ਅੰਧੇਰੇ ਵਿਚੋਂ ਕੱਢਾ, ਪੰਜ ਤਤ ਆਪਣੀ ਵਸਤੂ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਵਖਾਈਆ । ਜਗਤ ਬੁਢੇਪਾ ਦੇਣਾ ਕੱਟ, ਕੱਟਣਹਾਰਾ ਇਕ ਅਖਵਾਇੰਦਾ । ਆਪਣੀ ਕੀਮਤ ਪਾਏ ਆਪਣੇ ਹੱਟ, ਕਰਤਾ ਕੀਮਤ ਆਪ ਚੁਕਾਇੰਦਾ । ਇਕ ਨੁਹਾਏ ਸਾਚੇ ਤੱਟ, ਸਰੋਵਰ ਤੀਰਥ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚੇ ਜਨਮ ਦਵਾਇੰਦਾ । ਹੋਏ ਜਨਮ ਘਰ ਸਾਚੇ ਮੀਤ, ਗੁਰਮੁਖ ਮੁਖ ਵਡਿਆਈਆ । ਤੇਰਾ ਬੁਢੇਪਾ ਛੋਟੇ ਬੱਚਿਆਂ ਦੱਸੇ ਰੀਤ, ਬਾਲੀ ਬੁੱਧ ਸੋਹੰ ਢੋਲਾ ਗਾਈਆ । ਤੇਰੀ ਕਾਇਆ ਪਤਿਤ ਪੁਨੀਤ, ਪਤਿਤ ਪਾਵਣ ਦਏ ਕਰਾਈਆ । ਮਾਣਸ ਜਨਮ ਜਾਏ ਸਾਚੀ ਜਗ ਜੀਤ, ਜਗ ਜੀਵਣ ਦਾਤਾ ਜੁਗਤੀ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦੇਵੇ ਹਰ, ਅੱਗੇ ਆਪਣਾ ਪੰਧ ਵਖਾਈਆ । ਸਾਚਾ ਪੰਧ ਮਾਰਗ ਹਰਿ, ਸਰਨ ਸੋਭਤ ਸੋਭ ਸੁਖ ਪਾਇਆ । ਗਿਆਨ ਨੇਤਰ ਖੁਲ੍ਹੇ ਹਰਨ ਫਰਨ, ਮਰਨ ਡਰਨ ਭੌ ਚੁਕਾਇਆ । ਨਾਤਾ ਤੁੱਟਾ ਵਰਨ ਬਰਨ, ਕਰਨੀ ਕਰਨ ਆਪਣਾ ਮੇਲ ਮਿਲਾਇਆ । ਧੰਨ ਸੁਹੰਜਣੀ ਸੋਹੇ ਧਰਤੀ ਧਵਲ ਧਰਨ, ਜਿਥੇ ਹਰਿ ਹਰਿ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣਾ ਝੋਲੀ ਪਾਇਆ । ਲਹਿਣਾ ਲਹਿਣਾ ਦੇਵਣਹਾਰਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਦੇਵੇ ਭਰ ਭੰਡਾਰਾ, ਵਡ ਭੰਡਾਰੀ ਵੇਸ ਵਟਾਇੰਦਾ । ਆਦਿ ਜੁਗਾਦਿ ਬਣਿਆ ਰਹੇ ਵਰਤਾਰਾ, ਲੋਕ ਪਰਲੋਕ ਵੇਖ ਵਖਾਇੰਦਾ । ਸਚ ਸਲੋਕ ਬੋਲੇ ਇਕ ਜੈਕਾਰਾ, ਧੁਰ ਦਰਬਾਰਾ ਆਪੇ ਗਾਇੰਦਾ । ਜਗਤ ਬੁੜ੍ਹੇਪਾ ਹੋਏ ਪਾਰ ਕਿਨਾਰਾ, ਆਪਣੀ ਧਾਰਾ ਆਪ ਬੰਧਾਇੰਦਾ । ਕਿਰਪਾ ਕਰੇ ਹਰਿ ਨਿਰੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲੇਖ ਮੁਕਾਇੰਦਾ । ਹਰਿਜਨ ਲੇਖਾ ਮੁੱਕਿਆ, ਮੁੱਕਿਆ ਪੰਧ ਅਖ਼ੀਰ । ਕਾਇਆ ਪਿੰਜਰ ਜੋ ਬੈਠਾ ਲੁਕਿਆ, ਚੋਟੀ ਚੜ੍ਹੇ ਅੰਤ ਅਖ਼ੀਰ । ਜਨ ਭਗਤਾਂ ਦਰਸ ਪਿਆਸਾ ਫਿਰੇ ਭੁੱਖਿਆ, ਆਪੇ ਹੋਇਆ ਹਾਲ ਬੇਹਾਲ ਫ਼ਕੀਰ । ਗੁਰਸਿਖ ਗੁਰਮੁਖ ਹਰਿਭਗਤ ਹਰਿਸੰਤ ਲੋਕਮਾਤ ਨਾ ਰਹੇ ਰੁੱਸਿਆ, ਪ੍ਰਭ ਮਿਲੇ ਹੋ ਹੋ ਆਪ ਹਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਵੇਖੇ ਲੇਖਾ ਬਾਲ, ਸਾਚੀ ਗੋਦੀ ਦਏ ਬਹਾਲ, ਆਪੇ ਕਰੇ ਸਾਚੀ ਰੱਖਿਆ । ਰੱਖਿਆ ਕਰਨੇਹਾਰਾ ਹਰਿ ਗੋਪਾਲ, ਗੋਬਿੰਦ ਆਪਣਾ ਨਾਉਂ ਧਰਾਈਆ । ਫੁਲ ਫਲਵਾੜੀ ਮਹਿਕਾਏ ਸਾਚੇ ਡਾਲ੍ਹ, ਆਪ ਆਪਣੀ ਮਹਿਕ ਮਹਿਕਾਈਆ । ਘਰ ਸੁਹਾਏ ਸੁਹੰਜਣਾ ਤਾਲ, ਤਰਵਰ ਸਰਵਰ ਪੰਖੀ ਪੰਛੀ ਤਾਰੀਆਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨਮ ਕਰਮ ਧਰਮ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਸਾਚੀ ਸਰਨ, ਸਰਨਗਤ ਇਕ ਬੇਪਰਵਾਹੀਆ ।

## ✻ ੮ ਜੇਠ ੨੦੧੭ ਬਿਕ੍ਰਮੀ ਕਥਾ ਸਿੰਘ ਜੀਵਣ ਸਿੰਘ ਦੇ ਘਰ ਪਿੰਡ ਮੋਇਲ ਜ਼ਿਲਾ ਜੰਮੂ ✻

ਹਰਿ ਪੁਰਖ ਨਿਰੰਜਣ ਇਕ ਇਕੱਲੜਾ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਦਰਗਹਿ ਸਾਚੀ ਧਾਮ ਸੁਹੰਦੜਾ, ਨਿਰਗੁਣ ਆਪਣੀ ਜੋਤ ਜਗਾਇੰਦਾ । ਸਰਗੁਣ ਆਪਣਾ ਵੇਸ ਵਟੰਦੜਾ, ਲੋਕਮਾਤ ਫੇਰਾ ਪਾਇੰਦਾ । ਲੱਖ ਚੁਰਾਸੀ ਵੇਖ ਵਖੰਦੜਾ, ਘਰ ਘਰ ਆਪਣਾ ਆਸਣ ਲਾਇੰਦਾ । ਸੰਤ ਸੁਹੇਲੇ ਆਪ ਉਠੰਦੜਾ, ਆਤਮ ਅੰਤਰ ਗਿਆਨ ਦ੍ਰਿੜਾਇੰਦਾ । ਸਾਚਾ ਸ਼ਬਦ ਇਕ ਸੁਨੰਦੜਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗਾ ਜੁਗੰਤਰ ਵੇਸ ਅਵੱਲਾ, ਹਰਿ ਸਾਚਾ ਸਚ ਕਰਾਈਆ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਨਿਰਗੁਣ ਸਰਗੁਣ ਰੂਪ ਵਟਾਈਆ । ਕਲਜੁਗ ਅੰਤਮ ਲੇਖਾ ਜਾਣੇ ਰਾਣੀ ਅੱਲਾ, ਐਨਲਹੱਕ ਵੇਖੇ ਖ਼ੁਦਾਈਆ । ਸੰਗ ਮੁਹੰਮਦ ਫੜਾਏ ਆਪਣਾ ਪੱਲਾ, ਚਾਰੋਂ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਕਾਲਾ ਰੰਗ, ਨੌ ਖੰਡ ਪ੍ਰਿਥਮੀ ਆਪ ਚੜ੍ਹਾਇੰਦਾ । ਜੂਠ ਝੂਠ ਜਗਤ ਮਰਦੰਗ, ਸ੍ਰਿਸ਼ਟ ਸਬਾਈ ਆਪ ਵਜਾਇੰਦਾ । ਗ਼ਰੀਬ ਨਿਮਾਣੇ ਹੋਏ ਨੰਗ, ਸਿਰ ਹੱਥ ਨਾ ਕੋਇ ਰਖਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਮਾਇਆ ਮਮਤਾ ਹੋਏ ਅੰਧ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਸਾਚਾ ਦਿਸੇ ਨਾ ਕਿਸੇ ਚੰਦ, ਮੱਸਿਆ ਰੈਣ ਸਰਬ ਵਖਾਇੰਦਾ । ਵਰਨਾਂ ਬਰਨਾਂ ਹੋਈ ਕੰਧ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਜਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਦਏ ਦੁਹਾਈਆ । ਚੌਦਾਂ ਤਬਕਾਂ ਖੇਲ ਨਿਆਰਾ, ਜ਼ਿਮੀ ਆਸਮਾਨਾਂ ਵੇਖ ਵਖਾਈਆ । ਸ਼ਰਅ ਸ਼ਰੀਅਤ ਪਾਵੇ ਸਾਰਾ, ਲਾਸ਼ਰੀਕ ਇਕ ਖ਼ੁਦਾਈਆ । ਗ਼ਫ਼ਲਤ ਕਰੇ ਨਾ ਬੇਐਬ ਪਰਵਰਦਿਗਾਰਾ, ਗ਼ਾਫਲ ਕਰੇ ਸ੍ਰਿਸ਼ਟ ਸੁਬਾਈਆ । ਉਚੀ ਕੂਕੇ ਲਾਏ ਨਾਅਰਾ, ਆਪਣੀ ਸਦਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਰਚਨ ਰਚਾਈਆ । ਕਲਜੁਗ ਕੂੜਾ ਵੱਜਿਆ ਡੰਕ, ਚਾਰੋਂ ਕੁੰਟ ਉਠ ਕੁਰਲਾਇਆ । ਨਾਤਾ ਤੁਟਾ ਰਾਓ ਰੰਕ, ਸ਼ਾਹ ਸੁਲਤਾਨ ਦੇਣ ਦੁਹਾਇਆ । ਸਚ ਦਵਾਰਾ ਦਿਸੇ ਨਾ ਕੋਇ ਬੰਕ, ਸਾਚਾ ਮੰਦਰ ਨਾ ਕੋਇ ਸੁਹਾਇਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਅਕਲ ਕਲ ਧਾਰੀ ਆਪਣਾ ਨਾਉਂ ਰਖਾਇਆ । ਹਰਿਜਨ ਵੇਖੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਟੇ ਕੂੜ ਪਸਾਰਾ, ਸਾਚਾ ਚੰਦ ਇਕ ਚੜ੍ਹਾਇਆ । ਕਲਜੁਗ ਕੰਸਾ ਅੰਤਮ ਅੰਤ, ਹਰਿ ਪੁਰਖ ਨਿਰੰਜਣ ਆਪ ਮਿਟਾਈਆ । ਚਾਰੋਂ ਕੁੰਟ ਮਾਇਆ ਪਾਏ ਬੇਅੰਤ, ਤ੍ਰੈਗੁਣ ਆਪਣਾ ਰੂਪ ਦਰਸਾਈਆ । ਹਰੀ ਹਰਿ ਨਾ ਮਿਲੇ ਕੋਈ ਸੰਤ, ਚਾਰੋਂ ਕੁੰਟ ਠਗੋਰੀ ਪਾਈਆ । ਅਬਿਨਾਸ਼ੀ ਕਰਤਾ ਮਹਿਮਾ ਬੇਅੰਤ, ਲੇਖਾ ਗਣਤ ਨਾ ਕੋਇ ਗਿਣਾਈਆ । ਲੇਖਾ ਜਾਣੇ ਜੀਵ ਜੰਤ, ਸ੍ਰਿਸ਼ਟ ਸਬਾਈ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਲੇਖਾ ਲਿਖਣਹਾਰ ਨਿਰੰਕਾਰ, ਆਦਿ ਜੁਗਾਦਿ ਸਮਾਇੰਦਾ । ਵਿਸ਼ਨੂੰ ਕਰੇ ਸਚ ਪਿਆਰ, ਵੰਸ ਆਪਣਾ ਵੇਖ ਵਖਾਇੰਦਾ । ਬ੍ਰਹਮਾ ਨੇਤਰ ਰਿਹਾ ਉਘਾੜ, ਚਾਰੇ ਕੂਟਾਂ ਵੇਖ ਵਖਾਇੰਦਾ । ਸ਼ੰਕਰ ਆਪਣਾ ਖੋਲ੍ਹ ਕਿਵਾੜ, ਹੱਥ ਤਰਸੂਲ ਚਮਕਾਇੰਦਾ । ਪੁਰਖ ਅਬਿਨਾਸ਼ੀ ਕਰਿਆ ਖ਼ਬਰਦਾਰ,

ਸ਼ਬਦ ਸੁਨੇਹੁੜਾ ਇਕ ਘਲਾਇੰਦਾ । ਚੌਥੇ ਜੁਗ ਆਈ ਹਾਰ, ਬ੍ਰਹਮ ਮਤ ਨਾ ਕੋਇ ਪੜ੍ਹਾਇੰਦਾ । ਪੰਜ ਤਤ ਕਾਇਆ ਤਪਿਆ ਅੰਗਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਜਲਾਇੰਦਾ । ਰੱਤੀ ਰੱਤ ਨਾ ਦਿਸੇ ਵਿਚ ਸੰਸਾਰ, ਆਸਾ ਤ੍ਰਿਸ਼ਨਾ ਸਰਬ ਭਰਾਇੰਦਾ । ਸਾਚੀ ਖਾਟ ਨਾ ਸੋਵੇ ਕੋਈ ਪੈਰ ਪਸਾਰ, ਹਰਿ ਹਰਿ ਕੰਤ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਇਕ ਸੰਸਾਰ, ਵਿਸ਼ਨੂੰ ਉਠ ਹੋ ਤਿਆਰ, ਪੁਰਖ ਅਬਿਨਾਸ਼ੀ ਆਪ ਜਗਾਈਆ । ਤੇਰਾ ਵਿਸ਼ਵ ਰੂਪ ਨਾ ਦਿਸੇ ਵਿਚ ਸੰਸਾਰ, ਨਰ ਨਾਰੀ ਗਏ ਭੁਲਾਈਆ । ਤੇਰਾ ਭਰਿਆ ਇਕ ਭੰਡਾਰ, ਤੂੰ ਦਾਤਾ ਰਿਜ਼ਕ ਸਬਾਈਆ । ਤੂੰ ਘਰ ਘਰ ਬਣੇ ਜਗਤ ਵਰਤਾਰ, ਤੇਰੀ ਸੇਵਾ ਸਚ ਕਮਾਈਆ । ਤੇਰਾ ਲੇਖਾ ਲਿਖਿਆ ਨਾ ਸਕੇ ਕੋਇ ਵਿਚਾਰ, ਭਰਮੇ ਭੁੱਲੀ ਸਰਬ ਲੋਕਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਬ੍ਰਹਮੇ ਉਠ ਕਰ ਧਿਆਨ, ਪੁਰੀ ਬ੍ਰਹਮ ਆਪ ਹਲਾਇੰਦਾ । ਚਾਰੇ ਜੁਗ ਗੇੜੇ ਮਿਹਰਵਾਨ, ਚਾਰੇ ਵੇਦ ਮੇਲ ਮਿਲਾਇੰਦਾ । ਅਥਰਬਣ ਅੰਤਮ ਆਈ ਹਾਣ, ਚਾਰੋਂ ਕੁੰਟ ਸਰਬ ਵਖਾਇੰਦਾ । ਅੱਲਾ ਰਾਣੀ ਹੋਈ ਨਾਦਾਨ, ਨੇਤਰ ਸਚ ਨਾ ਕੋਇ ਖੁਲ੍ਹਾਇੰਦਾ । ਵਿਭਚਾਰੀ ਜੀਵ ਨਾ ਸਕੇ ਕੋਇ ਪਛਾਣ, ਸਾਚਾ ਕਰਮ ਨਾ ਕੋਇ ਕਰਾਇੰਦਾ । ਤੇਰਾ ਤੇਜ ਲੁਕਿਆ ਵਿਚ ਜਹਾਨ, ਬ੍ਰਹਮ ਜੋਤ ਨਾ ਕੋਇ ਜਗਾਇੰਦਾ । ਆਤਮ ਬ੍ਰਹਮ ਨਾ ਸਕੇ ਕੋਇ ਪਛਾਣ, ਈਸ਼ ਜੀਵ ਨਾ ਕੋਇ ਮਿਲਾਇੰਦਾ । ਕਲਜੁਗ ਕੂੜਾ ਹੋਇਆ ਪਰਧਾਨ, ਡੋਰੂ ਡੰਕਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਅੱਖਰ ਇਕ ਪੜ੍ਹਾਇੰਦਾ । ਸ਼ੰਕਰ ਉਠ ਹੋ ਤਿਆਰ, ਹਰਿ ਸਾਚੇ ਸਚ ਜਣਾਈਆ । ਕਲਜੁਗ ਅੰਤਮ ਕੂਕੇ ਕਰੇ ਪੁਕਾਰ, ਰਾਹ ਤੱਕੇ ਤੇਰਾ ਵਾਹੋ ਦਾਹੀਆ । ਜੋ ਘੜਿਆ ਸੋ ਭੰਨ ਵਿਚ ਸੰਸਾਰ, ਤੇਰੀ ਸੇਵਾ ਸਚ ਵਖਾਈਆ । ਲੱਖ ਚੁਰਾਸੀ ਹੋਏ ਖ਼ਵਾਰ, ਸਾਚੇ ਤਖ਼ਤ ਨਾ ਕਿਸੇ ਵਡਿਆਈਆ । ਰਾਜ ਰਾਜਾਨ ਕਰਨ ਹਾਹਾਕਾਰ, ਉਚੀ ਕੂਕਣ ਦੇਣ ਦੁਹਾਈਆ । ਤ੍ਰੈਗੁਣ ਮਾਇਆ ਦੇਣੀ ਸਾੜ, ਪੰਜ ਤਤ ਨਜ਼ਰ ਨਾ ਆਈਆ । ਏਕਾ ਅਗਨੀ ਲੌਣੀ ਹਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵੇਖੇ ਏਕੋ ਥਾਈਆ । ਵਿਸ਼ਨੂੰ ਤੇਰੀ ਸਾਚੀ ਕਾਰ, ਹਰਿ ਕਰਤਾ ਆਪ ਕਰਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਿਆਰ, ਪਾਰਬ੍ਰਹਮ ਵੇਖ ਵਖਾਇੰਦਾ । ਸ਼ੰਕਰ ਤੇਰਾ ਅੰਤ ਸ਼ਿੰਗਾਰ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਦੋ ਜਹਾਨਾਂ ਪਾਵੇ ਸਾਰ, ਲੋਕਮਾਤ ਜੋਤ ਜਗਾਇੰਦਾ । ਮਾਇਆ ਭੁੱਲੇ ਭਰਮੀ ਜੀਵ ਗਵਾਰ, ਹਰਿ ਕਾ ਨਾਮ ਨਾ ਕੋਇ ਧਿਆਇੰਦਾ । ਘਰ ਘਰ ਭਰਿਆ ਲੋਭ ਹੰਕਾਰ, ਧੀਰਜ ਜਤ ਨਾ ਕੋਇ ਧਰਾਇੰਦਾ । ਨਾਰੀ ਕੰਤ ਨਾ ਕੋਇ ਪਿਆਰ, ਸਾਚਾ ਮੰਦਰ ਨਾ ਕੋਇ ਸੁਹਾਇੰਦਾ । ਧਰਮ ਰਾਏ ਧੁਰ ਦਰਬਾਰ ਬੈਠਾ ਕਰੇ ਵਿਚਾਰ, ਚਿਤਰ ਗੁਪਤ ਨਾਲ ਰਲਾਇੰਦਾ । ਚੌਥੇ ਜੁਗ ਖੋਲ੍ਹ ਕਿਵਾੜ, ਆਪਣਾ ਲੇਖਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਇੰਦਾ । ਕਲਜੁਗ ਅੰਤਮ ਪੰਧ ਮੁਕੌਣਾ, ਚਾਰ ਵਰਨ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾਂ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗੌਣਾ, ਏਕਾ ਅੱਖਰ ਕਰੇ ਪੜ੍ਹਾਈਆ । ਹਿੰਦੂ ਮੁਸਲਮ ਨਾ ਕਿਸੇ ਅਖਵੌਣਾ, ਰੋਜ਼ਾ ਬਾਂਗ ਨਾ ਕੋਇ ਸੁਣਾਈਆ । ਸਾਚੇ ਹੁਜਰੇ ਬਹਿ ਕਿਸੇ ਨਾ ਗੌਣਾ, ਮੱਕਾ ਕਾਅਬਾ ਫੋਲ ਫੁਲਾਈਆ । ਪੰਡਤ ਪਾਂਧਾ ਵੇਦ ਸ਼ਾਸਤਰ ਸਿਮਰਤ ਏਕਾ

੬੨੮

ਰੰਗ ਰੰਗੌਣਾ, ਰੰਗ ਰੰਗੀਲਾ ਇਕ ਅਖਵਾਈਆ । ਸਚ ਦਵਾਰਾ ਇਕ ਖਲੌਣਾ, ਊਚ ਨੀਚ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਟੇ ਕੂੜੀ ਸ਼ਾਹੀਆ । ਕਲਜੁਗ ਮਿਟੇ ਕੂੜਾ ਸ਼ਾਹ, ਜਗਤ ਸਿਕਦਾਰ ਰਹਿਣ ਨਾ ਪਾਈਆ । ਏਕੰਕਾਰਾ ਬਣੇ ਇਕ ਮਲਾਹ, ਸ੍ਰੀ ਭਗਵਾਨ ਬੇੜਾ ਆਪ ਚਲਾਈਆ । ਅਬਿਨਾਸ਼ੀ ਕਰਤਾ ਦੇਵੇ ਸਚ ਸਲਾਹ, ਸਾਚੀ ਸਿਖਿਆ ਮਾਤ ਸਿਖਾਈਆ । ਨਾ ਕੋਈ ਸਜਦਾ ਕਰੇ ਸੀਸ ਨਵਾ, ਪੰਜ ਵਕਤ ਨਿਮਾਜ਼ ਨਾ ਕੋਇ ਪੜ੍ਹਾਈਆ । ਨਾ ਕੋਈ ਮੁਸੱਲਾ ਸਕੇ ਹੇਠ ਵਿਛਾ, ਵੁਜ਼ੂ ਬਾਂਗ ਨਾ ਕੋਇ ਜਣਾਈਆ । ਨਾ ਕੋਈ ਮਸਤਕ ਤਿਲਕ ਲਏ ਲਗਾ, ਜੋਤ ਲਲਾਟੀ ਇਕ ਵਖਾਈਆ । ਏਕਾ ਬ੍ਰਹਮ ਦਏ ਦ੍ਰਿੜਾ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਜੁਗ ਸਾਚਾ ਮਾਰਗ ਲਾ, ਸਾਚੀ ਸਿਖਿਆ ਇਕ ਸਮਝਾਈਆ । ਨੌ ਖੰਡ ਪ੍ਰਿਥਮੀ ਵਸੇ ਏਕਾ ਥਾਂ, ਸੱਤਾਂ ਦੀਪਾਂ ਮੇਲ ਮਿਲਾਈਆ । ਸਚ ਸੰਦੇਸ਼ਾ ਦਏ ਸੁਣਾ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਆਪਣੇ ਰੰਗ ਰੰਗਾਈਆ । ਨਾ ਕੋਈ ਜਾਣੇ ਧਾਰੀ ਕੇਸਾ, ਮੂੰਡ ਮੰਡਾਏ ਆਪੇ ਵੇਖ ਵਖਾਈਆ । ਆਪੇ ਧਾਰੇ ਆਪਣਾ ਵੇਸਾ, ਨਿਰਗੁਣ ਸਰਗੁਣ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਰਚਨ ਰਚਾਈਆ । ਸਤਿਜੁਗ ਉਤਰਿਆ ਪਾਰ ਕਿਨਾਰਾ, ਬਾਵਣ ਬਲ ਬਲ ਭੇਖ ਵਟਾਇਆ । ਤ੍ਰੇਤਾ ਤੇਰੀ ਪਾਵੇ ਸਾਰਾ, ਰਾਮ ਰਘਵੰਸ ਆਪ ਕਹਾਇਆ । ਦਵਾਪਰ ਤੇਰਾ ਅੰਤ ਕਿਨਾਰਾ, ਮੁਕੰਦ ਮਨੋਹਰ ਆਪ ਕਰਾਇਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇਆ । ਵੇਦ ਵਿਆਸਾ ਬਣ ਲਿਖਾਰਾ, ਬ੍ਰਹਿਮਣ ਗੌੜਾ ਗਿਆ ਸਮਝਾਇਆ । ਪੂਤ ਸਪੂਤਾ ਹੋ ਤਿਆਰਾ, ਉਚੇ ਟਿੱਲੇ ਪਰਬਤ ਬੈਠਾ ਆਸਣ ਲਾਇਆ । ਨਾਨਕ ਉਚੀ ਕੂਕੇ ਕਰੇ ਪੁਕਾਰਾ, ਏਕੰਕਾਰਾ ਇਕ ਮਨਾਇਆ । ਗੋਬਿੰਦ ਬੋਲੇ ਸਚ ਜੈਕਾਰਾ, ਸੰਬਲ ਨਗਰੀ ਨਾਉਂ ਉਪਾਇਆ । ਪਰਗਟ ਹੋਏ ਹਰਿ ਸਿਰਜਣਹਾਰਾ, ਜੋਤੀ ਨੂਰ ਕਰ ਰੁਸ਼ਨਾਇਆ । ਏਕਾ ਡੰਕ ਵਜਾਏ ਵਜਾਵਣਹਾਰਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖੇ ਲਾਇਆ । ਕਲਜੁਗ ਕੂੜ ਪਸਾਰਾ ਕੂੜਿਆ, ਕੂੜੀ ਰੈਣ ਅੰਧਿਆਰ । ਲੱਖ ਚੁਰਾਸੀ ਚੁੱਕੇ ਲਹਿਣ ਦੇਣਿਆ, ਜੀਵ ਜੰਤ ਕੋਇ ਨਾ ਉਤਰੇ ਪਾਰ । ਨਾਤਾ ਤੁਟੇ ਸਾਕ ਸੱਜਣ ਸੈਣਿਆ, ਬੇੜਾ ਡੁੱਬੇ ਵਿਚ ਮੰਝਧਾਰ । ਲਾੜੀ ਮੌਤ ਖਾਏ ਡੈਣਿਆ, ਤਨ ਸੋਲਾਂ ਕਰ ਸ਼ਿੰਗਾਰ । ਗੁਰਮੁਖ ਵਿਰਲੇ ਹਰਿ ਹਰਿ ਰਸਨਾ ਕਹਿਣ, ਹਰਿ ਸਤਿਗੁਰ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਪਾਰ । ਖੇਲ ਅਗੰਮੜਾ ਅਗੰਮੜੀ ਕਾਰ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਆਪ ਆਪਣੀ ਰਚਨ ਰਚਾਈਆ । ਸਚਖੰਡ ਨਿਵਾਸੀ ਖੇਲ ਅਪਾਰ, ਘਨਕ ਪੁਰ ਵਾਸੀ ਆਪ ਕਰਾਈਆ । ਬੰਦ ਖ਼ੁਲਾਸੀ ਕਰੇ ਵਿਚ ਸੰਸਾਰ, ਗੁਰਮੁਖ ਸੱਜਣ ਆਪ ਉਠਾਈਆ । ਜਮ ਕੀ ਫਾਂਸੀ ਦਏ ਹੁਲਾਰ, ਜੋ ਜਨ ਹਰਿ ਹਰਿ ਗਏ ਭੁਲਾਈਆ । ਪੰਡਤ ਕਾਂਸ਼ੀ ਨਾ ਕਰੇ ਵਿਚਾਰ, ਗ੍ਰੰਥੀ ਪੰਥੀ ਦੇਣ ਦੁਹਾਈਆ । ਜੋਤ ਪਰਕਾਸ਼ੀ ਨਿਰਗੁਣ ਧਾਰ, ਆਦਿ ਨਿਰੰਜਣ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਖੇੜਾ ਵੇਖ ਵਖਾਈਆ । ਕਲਜੁਗ ਖੇੜਾ ਨੌ ਖੰਡ, ਧਰਤ ਧਵਲ ਆਪ ਵਸਾਇਆ । ਪੁਰਖ ਅਬਿਨਾਸ਼ੀ ਵੰਡੇ ਵੰਡ, ਚਾਰੇ ਕੂਟਾਂ ਵੇਖ ਵਖਾਇਆ । ਦਹਿ ਦਿਸ਼ਾ ਵੇਖੇ ਭੇਖ ਪਖੰਡ, ਸਚ ਸੁੱਚ ਨਾ ਕੋਇ ਦ੍ਰਿੜਾਇਆ । ਮਨ ਮਤ ਨਾਰ ਦੁਹਾਗਣ ਹੋਈ ਰੰਡ,

ਘਰ ਕੰਤ ਸੁਹਾਗ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਗੁਰਮੁਖ ਸਾਚੇ ਲਏ ਤਰਾਇਆ । ਸਾਚਾ ਖੇੜਾ ਸਾਚੀ ਸੰਗਤ, ਹਰਿ ਸਾਚਾ ਸੰਗ ਨਿਭਾਈਆ । ਅੰਦਰੇ ਅੰਦਰ ਬਣਨ ਮੰਗਤ, ਰਸਨਾ ਕਹਿਣ ਨਾ ਸਕਣ ਰਾਈਆ । ਪੁਰਖ ਅਬਿਨਾਸ਼ੀ ਕੱਟੇ ਭੁੱਖ ਨੰਗਤ, ਭੁੱਖਿਆਂ ਨੰਗਿਆਂ ਦੇਵੇ ਰਿਜ਼ਕ ਸੁਬਾਈਆ । ਗ਼ਰੀਬ ਨਿਮਾਣੇ ਲਾਏ ਅੰਗਤ, ਅੰਗੀਕਾਰ ਆਪ ਕਰਾਈਆ । ਤੁਟੇ ਗੜ੍ਹ ਹਉਮੇ ਹੰਗਤ, ਘਰ ਘਰ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਬੇਪਰਵਾਹੀਆ । ਸਾਚਾ ਖੇੜਾ ਵਸਿਆ ਜੀਵ ਜੰਤਿਆ, ਬਿਰਧ ਬਾਲ ਜਵਾਨ ਵੇਖ ਵਖਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਿਆ, ਹਰੀ ਹਰਿ ਚੇਲਾ ਆਪ ਰੰਗਾਇੰਦਾ । ਏਕਾ ਦੇਵੇ ਮਣੀਆ ਮਣਤਿਆ, ਸ਼ਬਦ ਸ਼ਬਦੀ ਝੋਲੀ ਪਾਇੰਦਾ । ਤੁਟੇ ਗੜ੍ਹ ਹਉਮੇ ਹੰਗਤਿਆ, ਹਰਿ ਹਰਿ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਰ ਆਪਣਾ ਹੱਥ ਰਖਾਇੰਦਾ । ਸਾਚਾ ਖੇੜਾ ਸੰਗਤ ਵਸੇਰਾ, ਘਰ ਸਾਚੇ ਮੇਲ ਮਿਲਾਇਆ । ਦੁੱਖਾਂ ਦਰਦਾਂ ਢਾਹੇ ਡੇਰਾ, ਜੋ ਜਨ ਸਰਨਾਈ ਆਇਆ । ਚਾਰੋਂ ਕੁੰਟ ਪਾਏ ਸ਼ਬਦੀ ਘੇਰਾ, ਕਿਲਾ ਕੋਟ ਨਾ ਕੋਇ ਵਖਾਇਆ । ਆਪੇ ਵਸੇ ਨੇਰਨ ਨੇਰਾ, ਨਿਝਰ ਘਰ ਆਪਣਾ ਡੇਰਾ ਲਾਇਆ । ਗ਼ਰੀਬ ਨਿਮਾਣਿਆਂ ਬੰਨ੍ਹੇ ਬੇੜਾ, ਏਕਾ ਚੱਪੂ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਵੇਲਾ ਦਏ ਸੁਹਾਇਆ । ਦੁੱਖਾਂ ਰੋਗਾਂ ਤੋੜੇ ਨਾਤਾ, ਜਿਸ ਜਨ ਨੇਤਰ ਦਰਸ਼ਨ ਪਾਇਆ । ਮੇਟੇ ਰੈਣ ਅੰਧੇਰੀ ਰਾਤਾ, ਅੰਧ ਅੰਧੇਰਾ ਦਏ ਗਵਾਇਆ । ਇਕ ਵਖਾਏ ਪੂਜਾ ਪਾਠਾ, ਰਾਮ ਨਾਮ ਇਕ ਦ੍ਰਿੜਾਇਆ । ਇਕ ਵਖਾਏ ਸਾਚਾ ਹਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇਆ । ਸਾਚਾ ਖੇੜਾ ਨਗਰ ਗਿਰਾਂ, ਗ੍ਰਿਹ ਆਪਣੇ ਵਿਚ ਰਖਾਈਆ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਤੱਤੀ ਵਾ ਨਾ ਲੱਗੇ ਰਾਈਆ । ਦੁੱਖ ਦਲਿਦਰ ਤੋੜੇ ਫੜ ਫੜ ਬਾਂਹ, ਦਰ ਆਇਆ ਦੁਖੀਆ ਕੋਇ ਰਹਿਣ ਨਾ ਪਾਈਆ । ਜੋ ਜਨ ਸੋਹੰ ਸ਼ਬਦ ਗਾਏ ਸਾਚਾ ਨਾਂ, ਜਮ ਕੀ ਫਾਸੀ ਦਏ ਕਟਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਥਾਨ ਥਨੰਤਰ ਇਕ ਸੁਹਾਈਆ । ਫੜ ਫੜ ਹੰਸ ਬਣਾਏ ਕਾਂ, ਏਕਾ ਮਾਣਕ ਮਣੀਆ ਹੰਸਾ ਸਾਚੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਇਸ਼ਟ ਇਕ ਵਖਾਈਆ । ਸਾਚਾ ਖੇੜਾ ਸਾਚਾ ਇਸ਼ਟ, ਦੇਵੀ ਦੇਵਾ ਆਪ ਵਖਾਇੰਦਾ । ਭਗਤਨ ਖੋਲ੍ਹੇ ਭਗਤੀ ਦ੍ਰਿਸ਼ਟ, ਆਪਣਾ ਪਰਦਾ ਆਪੇ ਲਾਹਿੰਦਾ । ਨਾਤਾ ਤੋੜੇ ਝੂਠੀ ਸ੍ਰਿਸ਼ਟ, ਦਰ ਘਰ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਵਾ ਜਿਉਂ ਰਾਮਾ ਵਸ਼ਿਸ਼ਟ, ਗੁਰ ਚੇਲਾ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਪ ਵਡਿਆਇੰਦਾ । ਸਾਚਾ ਨਗਰ ਦਇਆ ਪ੍ਰਭ ਧਾਰ, ਦੀਨਾਂ ਅਨਾਥਾਂ ਵੱਡੀ ਵਡਿਆਈਆ । ਖ਼ਾਲੀ ਕੁਖ ਨਾ ਰਹੇ ਕੋਈ ਘਰ ਘਰ ਗੋਦੀ ਵਿਚ ਦਏ ਹੁਲਾਰ, ਸੁੱਕੇ ਰੁਖੜੇ ਆਪ ਹਰੇ ਕਰਾਈਆ । ਆਪਣਾ ਅੰਮ੍ਰਿਤ ਨਿਝਰ ਬਰਸੇ ਠੰਡੀ ਠਾਰ, ਸਾਂਤਕ ਸਤਿ ਸਤਿ ਵਰਤਾਈਆ । ਜੋ ਜਨ ਆਏ ਚਲ ਦੁਆਰ, ਦਰ ਦਵਾਰਕਾ ਦਏ ਵਖਾਈਆ । ਮੇਲ ਮਿਲਾਵਾ ਕ੍ਰਿਸ਼ਨ ਮੁਰਾਰ, ਸਾਚੀ ਬੰਸਰੀ ਇਕ ਵਜਾਈਆ । ਰਾਧਾ ਕੂਕੇ ਕਰੇ ਪੁਕਾਰ, ਕਵਲ ਨੈਣ ਰਾਹ ਤਕਾਈਆ । ਮੋਰ ਮੁਕਟ ਸੀਸ ਦਸਤਾਰ, ਛੈਲ ਛਬੀਲਾ ਸਾਚਾ ਮਾਹੀਆ । ਪਨ ਘਟ ਆਇਆ ਵੇਖੇ ਤੱਟ ਕਿਨਾਰ, ਜਮਨ ਕਿਨਾਰਾ ਸੋਭਾ ਪਾਈਆ । ਗੋਕਲ ਬਿੰਦਰਾਬਨ ਬਨ ਬਨ ਵਾਜ਼ਾਂ ਮਾਰ, ਆਪ

ਆਪਣੀ ਖੇਲ ਖਿਲਾਈਆ । ਸਾਚੀ ਸਖੀਆਂ ਕਰੇ ਪਿਆਰ, ਘਰ ਮੰਗਲ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਨਗਰ ਖੇੜਾ ਊਚੋ ਊਚ, ਪਾਰਬ੍ਰਹਮ ਪ੍ਰਭ ਪਾਇਆ । ਲੇਖਾ ਚੁੱਕਿਆ ਨੀਚੋ ਨੀਚ, ਨੀਚਾਂ ਅੰਦਰ ਆਪ ਸਮਾਇਆ । ਵੇਖਣਹਾਰਾ ਖੇਵਟ ਖੇਟ, ਅਨਡਿਠ ਰੂਪ ਵਟਾਇਆ । ਪੀਤ ਪੀਤੰਬਰ ਸੋਹੇ ਸੀਸ, ਜਗਤ ਜਗਦੀਸ਼ ਖੇਲ ਖਿਲਾਇਆ । ਚਾਰੋਂ ਕੁੰਟ ਪੀਸਣ ਰਿਹਾ ਪੀਸ, ਕਲਜੁਗ ਚੱਕੀ ਇਕ ਚਲਾਇਆ । ਅੱਲਾ ਰਾਣੀ ਪੜ੍ਹੇ ਹਦੀਸ, ਕਲਮਾ ਅਮਾਮ ਆਪ ਸੁਣਾਇਆ । ਪੜ੍ਹ ਪੜ੍ਹ ਥੱਕੇ ਰਾਗ ਛਤੀਸ, ਰਾਗਾਂ ਵਾਲਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਖੇੜਾ ਦਏ ਵਸਾਇਆ । ਹਰਿਜਨ ਖੇੜਾ ਉਚਾ ਘਰ, ਮਹੱਲ ਅਟੱਲ ਵਖਾਈਆ । ਸਤਿਗੁਰ ਪੂਰਾ ਅੰਦਰ ਵੜ, ਦਿਸ ਕਿਸੇ ਨਾ ਆਈਆ । ਆਪਣੇ ਪੌੜੇ ਗਿਆ ਚੜ੍ਹ, ਕਾਇਆ ਮੰਦਰ ਅੰਦਰ ਆਪ ਲਗਾਈਆ । ਨਾ ਕੋਈ ਸੀਸ ਨਾ ਕੋਈ ਧੜ, ਸਾਚੀ ਸੇਜਾ ਰਿਹਾ ਹੰਢਾਈਆ । ਆਪਣੀ ਵਿਦਿਆ ਨਿਸ਼ਅੱਖਰ ਆਪੇ ਪੜ੍ਹ, ਗੁਰਮੁਖ ਸਾਚੀ ਕਰੇ ਪੜ੍ਹਾਈਆ । ਜਿਸ ਫੜਾਇਆ ਆਪਣਾ ਲੜ, ਦੋ ਜਹਾਨੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਈਆ । ਨਗਰ ਖੇੜਾ ਸਚ ਟਿਕਾਨਾ, ਹਰਿਜਨ ਸਾਚੇ ਸੋਭਾ ਪਾਈਆ । ਗੁਰ ਗੁਰ ਦੇਵੇ ਸ਼ਬਦ ਬਬਾਣਾ, ਸੇਵਕ ਸਾਚੀ ਸੇਵ ਕਮਾਈਆ । ਧੁਰਦਰਗਾਹੀ ਸਾਚਾ ਰਾਣਾ, ਸਤਿਜੁਗ ਸਾਚੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਖ਼ਾਲੀ ਕੁੱਖ ਨਾ ਰਖਾਈਆ । ਖ਼ਾਲੀ ਕੁੱਖ ਨਾ ਜਾਏ ਰਹਿ, ਗੁਰ ਸਤਿਗੁਰ ਦਇਆ ਕਮਾਇੰਦਾ । ਜੋ ਜਨ ਸੰਗਤ ਵਿਚ ਆਏ ਬਹਿ, ਮੰਦ ਭਾਗੀ ਭਾਗ ਲਗਾਇੰਦਾ । ਰਸਨਾ ਕੋਈ ਕਹੇ ਨਾ ਕਹੇ, ਘਟ ਘਟ ਅੰਦਰ ਵੇਖ ਵਖਾਇੰਦਾ । ਦੁਖੀਆਂ ਅੰਦਰ ਦੁੱਖ ਨਾ ਰਹੇ, ਬਾਂਝ ਨਾਰ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਫਲ ਆਪ ਲਗਾਇੰਦਾ । ਸਾਚਾ ਫਲ ਫਲ ਆਪ ਲਗਾਏ, ਕਾਇਆ ਕੰਚਨ ਗੜ੍ਹ ਸੁਹਾਈਆ । ਅੰਮ੍ਰਿਤ ਸਿੰਚ ਹਰਾ ਕਰਾਏ, ਪਤ ਡਾਲ੍ਹੀ ਆਪ ਮਹਿਕਾਈਆ । ਖ਼ਾਲੀ ਭਾਂਡੇ ਦਏ ਭਰਾਏ, ਭਰਨਹਾਰ ਆਪ ਅਖਵਾਈਆ । ਮਾਤਾ ਨਾ ਰੋਵੇ ਪੁੱਤਰ ਦੇ ਹਾਵੇ, ਪੂਰੀ ਇਛਿਆ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਡੁਬਦੇ ਪਾਥਰ ਲਏ ਤਰਾਈਆ । ਡੁਬਦੇ ਪਾਥਰ ਤਾਰਨਹਾਰ ਗੋਪਾਲਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿਜਨ ਉਪਜਾਏ ਸਾਚੇ ਲਾਲਾ, ਲਾਲ ਅਨਮੋਲਾ ਨਾਉਂ ਰਖਾਇੰਦਾ । ਗਲ ਵਿਚ ਪਾਏ ਸੋਹੰ ਮਾਲਾ, ਹੰ ਬ੍ਰਹਮ ਮੇਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਚਲੇ ਅਵੱਲੜੀ ਚਾਲਾ, ਲੋਕਮਾਤ ਖੇਲ ਖਿਲਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਹਰਿਜਨ ਬਹਾਏ ਸਚ ਸੱਚੀ ਧਰਮਸਾਲਾ, ਸਚਖੰਡ ਦਵਾਰਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿ ਸੰਗਤ ਹਰਿ ਤਾਰਿਆ, ਦੀਨਾਂ ਨਾਥ ਦਇਆਨਿਧ ਧਾਰ । ਗੁਰਮੁਖ ਉਤਰੇ ਪਾਰ ਕਿਨਾਰਿਆ, ਪਾਇਆ ਪੁਰਖ ਅਗੰਮ ਅਪਾਰ । ਘਰ ਵਸਦਾ ਰਹੇ ਦਵਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸਚ ਪਿਆਰ । ਸਚ ਪਿਆਰ ਚਰਨ ਕਵਲ, ਨਾਭੀ ਕਵਲ ਮੁਖ ਖੁਲ੍ਹਾਈਆ । ਮਿਲੇ ਵਡਿਆਈ ਉਪਰ ਧਵਲ, ਧਰ ਧਰਨੀ ਦਏ ਸਾਲਾਹੀਆ । ਆਤਮ ਅੰਤਰ ਜਾਏ ਮਵਲ, ਮੌਲਾ ਰੂਪ

ਆਪ ਅਖਵਾਈਆ । ਮੇਲ ਮਿਲਾਵਾ ਸੁੰਦਰ ਸਵਲ, ਘਰ ਵੇਖ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲਏ ਲਗਾਈਆ । ਹਰਿਜਨ ਲੇਖਾ ਲਾਵਣਾ, ਲਿਖਿਆ ਧੁਰ ਕਰਤਾਰ । ਸਾਚੇ ਮੰਦਰ ਆਪ ਬਹਾਵਣਾ, ਉਚ ਮਹੱਲ ਅਟੱਲ ਮੁਨਾਰ । ਸਾਚੀ ਸਖੀਆਂ ਮੇਲ ਮਿਲਾਵਣਾ, ਸੋਲਾਂ ਕਲੀਆਂ ਕਰ ਸ਼ਿੰਗਾਰ । ਗੀਤ ਗੋਬਿੰਦ ਏਕਾ ਗਾਵਣਾ, ਸੋਹੰ ਸ਼ਬਦ ਬੋਲ ਜੈਕਾਰ । ਪੁਰਖ ਅਬਿਨਾਸ਼ੀ ਦਰ ਘਰ ਪਾਵਣਾ, ਘਰ ਮੇਲਾ ਕੰਤ ਭਤਾਰ । ਆਵਣ ਜਾਵਣ ਫੰਦ ਕਟਾਵਣਾ, ਨਾਤਾ ਛੁੱਟੇ ਸਰਬ ਸੰਸਾਰ । ਸੇਜ ਰੰਗੀਲੀ ਇਕ ਹੰਢਾਵਣਾ, ਦਰਗਹਿ ਸਾਚੀ ਧੁਰ ਦਰਬਾਰ । ਪੁਰਖ ਅਗੰਮੜਾ ਇਕ ਮਨਾਵਣਾ, ਜਨਮੇ ਨਾ ਮਰੇ ਆਵੇ ਜਾਵੇ ਵਾਰੋ ਵਾਰ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਵਣਾ, ਰਾਮਾ ਕ੍ਰਿਸ਼ਨਾ ਲੈ ਅਵਤਾਰ । ਕਲਜੁਗ ਅੰਤਮ ਪੰਧ ਮੁਕਾਵਣਾ, ਨਿਹਕਲੰਕੀ ਜਾਮਾ ਧਾਰ । ਸਤਿਜੁਗ ਸਾਚਾ ਮਾਰਗ ਲਾਵਣਾ, ਚਾਰ ਵਰਨ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਾਚਾ ਸੋਹਿਆ, ਤੇਰਾ ਬੰਕ ਦਵਾਰ । ਹਰਿ ਜੂ ਸਾਚਾ ਬੀਜ ਬੋਇਆ, ਫਲ ਲੱਗੇ ਅਪਰ ਅਪਾਰ । ਧੁਰ ਦਾ ਲੈ ਕੇ ਆਇਆ ਢੋਆ, ਕਰਾਏ ਵਣਜ ਸੱਚਾ ਵਪਾਰ । ਮੁਖ ਅੰਮ੍ਰਿਤ ਸਾਚਾ ਚੋਇਆ, ਖਿੜਿਆ ਫੁੱਲ ਹੋਈ ਗੁਲਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਚ ਬਹਾਰ । ਸਚ ਬਹਾਰ ਬਸੰਤੀ ਰੁੱਤ, ਗੁਰਮੁਖ ਤੇਰੀ ਆਪ ਬਣਾਇੰਦਾ । ਲੇਖਾ ਜਾਣੇ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ । ਆਪ ਉਪਜਾਏ ਸਾਚੇ ਸੁੱਤ, ਬ੍ਰਹਮ ਤਤ ਇਕ ਵਖਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਏਕਾ ਖੰਡਾ ਹੱਥ ਚਮਕਾਇੰਦਾ । ਅੰਮ੍ਰਿਤ ਜਾਮ ਪਿਆਏ ਸਾਚਾ ਘੁੱਟ, ਭਰ ਪਿਆਲਾ ਹੱਥ ਉਠਾਇੰਦਾ । ਲੱਖ ਚੁਰਾਸੀ ਜਾਏ ਛੁੱਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰੰਗ ਰੰਗਾਇੰਦਾ । ਹਰਿਜਨ ਹਰਿ ਹਰਿ ਰੰਗਿਆ, ਰੰਗੇ ਨਾਮ ਚਲੂਲ । ਦੇਵੇ ਦਾਨ ਮੂੰਹੋਂ ਮੰਗਿਆ, ਜੋ ਜਨ ਸਰਨਾਈ ਆਏ ਭੂਲ । ਗੁਰਮੁਖ ਗੁਰ ਦਰ ਕਦੇ ਨਾ ਸੰਗਿਆ, ਮੇਲ ਮਿਲਾਵਾ ਕੰਤ ਕੰਤੂਹਲ । ਆਪੇ ਜਾਣੇ ਆਪਣਾ ਬਾਲ ਭੁਯੰਗੀਆ, ਜੁਗਾ ਜੁਗੰਤਰ ਨਾ ਜਾਏ ਭੂਲ । ਸਾਚਾ ਮੇਲ ਮਿਲਾਇਆ ਸਾਚੇ ਸੰਗੀਆਂ, ਆਪਣਾ ਤੋੜੇ ਨਾ ਕਦੇ ਅਸੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪ ਕਰ, ਗ਼ਰੀਬ ਨਿਮਾਣੇ ਕਰੇ ਕਬੂਲ । ਗ਼ਰੀਬ ਨਿਮਾਣੇ ਝੋਲੀ ਪਾ, ਆਪਣਾ ਸ਼ੁਕਰ ਮਨਾਇੰਦਾ । ਆਪਣਾ ਕਰਜ਼ਾ ਦੇਵੇ ਲਾਹ, ਮਕਰੂਜ਼ ਨਾ ਕੋਇ ਅਖਵਾਇੰਦਾ । ਆਪਣਾ ਫ਼ਰਜ਼ ਕਰੇ ਅਦਾ, ਆਦਲ ਸਾਚਾ ਅਦਲ ਕਮਾਇੰਦਾ । ਗੁਰਸਿਖਾਂ ਕੋਲੋਂ ਹੋਏ ਨਾ ਕਦੇ ਜੁਦਾ, ਜੁਗ ਜੁਗ ਸਾਚਾ ਸੰਗ ਨਿਭਾਇੰਦਾ । ਕਲਜੁਗ ਅੰਤਮ ਆਪਣਾ ਆਪ ਕਰ ਫ਼ਿਦਾ, ਆਪਣੀ ਫ਼ਿਤਰਤ ਨਾ ਕੋਇ ਵਖਾਇੰਦਾ । ਸ਼ਬਦ ਅਗੰਮੀ ਨਾਦ ਵਜਾ, ਹਜ਼ਰਤ ਅਪਣਾ ਨਾਉਂ ਰਖਾਇੰਦਾ । ਕਾਗਦ ਕਲਮ ਕੋਈ ਲੇਖਾ ਜਾਣੇ ਨਾ, ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ । ਗੁਰਮੁਖ ਵਿਰਲੇ ਆਪਣੀ ਬੂਝ ਦਏ ਬੁਝਾ, ਗਿਆਨ ਗੋਝ ਆਪ ਦ੍ਰਿੜਾਇੰਦਾ । ਤੀਜਾ ਨੇਤਰ ਦਏ ਖੁਲ੍ਹਾ, ਨਿਜ ਨੇਤਰ ਵੇਖ ਵਖਾਇੰਦਾ । ਚੌਥੇ ਪਦ ਦਏ ਬਹਾ, ਘਰ ਚੌਥੇ ਮੇਲ ਮਿਲਾਇੰਦਾ । ਪੰਚਮ ਢੋਲਾ ਦੇਵੇ ਗਾ, ਸ਼ਬਦ ਵਿਚੋਲਾ ਰੂਪ ਵਟਾਇੰਦਾ । ਗੁਰਸਿਖ ਕਾਇਆ ਚੋਲਾ ਦਏ ਬਦਲਾ, ਜੀਵਣ ਮੁਕਤ ਆਪ ਕਰਾਇੰਦਾ । ਸੋਲਾਂ ਕਲਾ ਰੂਪ ਪਰਗਟਾ, ਰੂਪ ਬਰਾਟੀ ਆਪ ਅਖਵਾਇੰਦਾ । ਅਕਲ ਕਲ ਕਲ ਵੇਸ ਵਟਾ, ਨਿਹਕਲੰਕਾ ਨਾਉਂ

ਰਖਾਇੰਦਾ । ਹਰਿਜਨ ਸਾਚੇ ਲਏ ਜਗਾ, ਜਾਗਰਤ ਜੋਤ ਇਕ ਜਗਾਇੰਦਾ । ਸਾਚੇ ਖੇੜੇ ਚਰਨ ਟਿਕਾ, ਉਜੜਿਆ ਖੇੜਾ ਆਪ ਵਸਾਇੰਦਾ । ਡੁਬਦਾ ਬੇੜਾ ਲਏ ਤਰਾ, ਸਾਚੀ ਸੇਵਾ ਸੇਵ ਕਮਾਇੰਦਾ । ਨੌ ਖੰਡ ਪ੍ਰਿਥਮੀ ਉਲਟਾ ਗੇੜਾ ਦਏ ਦੁਆ, ਕਲਜੁਗ ਝੇੜਾ ਆਪ ਮੁਕਾਇੰਦਾ । ਧਰਤ ਮਾਤ ਦਾ ਖੁਲ੍ਹਾ ਵੇਹੜਾ ਦਏ ਕਰਾ, ਚਾਰੋਂ ਕੁੰਟ ਵੇਖ ਵਖਾਇੰਦਾ । ਗੁਰਮੁਖਾਂ ਉਪਰ ਆਪਣਾ ਹੱਥ ਟਿਕਾ, ਵੇਲੇ ਅੰਤ ਆਪ ਬਚਾਇੰਦਾ । ਸਮਰਥ ਪੁਰਖ ਨਾਉਂ ਧਰਾ, ਸਾਚਾ ਰਥ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਏਕਾ ਵਰ, ਰਾਤੀ ਸੁਤਿਆਂ ਨਾ ਆਵੇ ਕਿਸੇ ਡਰ, ਦੁੱਖ ਰੋਗ ਸੋਗ ਚਿੰਤਾ ਜਾਏ ਹਰ, ਜੋ ਜਨ ਚਰਨੀ ਸੀਸ ਨਿਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਕੇ ਜਾਵੇ ਜੀਆਂ ਦਾਨ, ਜੋ ਜਨ ਕਰੇ ਚਰਨ ਧੂੜ ਸੱਚਾ ਅਸ਼ਨਾਨ, ਦੁਰਮਤ ਮੈਲ ਆਪ ਗਵਾਇੰਦਾ ।

੬੩੨ ❊ ੮ ਜੇਠ ੨੦੧੭ ਬਿਕ੍ਰਮੀ ਲਛਮਣ ਸਿੰਘ ਦੇ ਘਰ ਪਿੰਡ ਪਿੰਗਾਲੀ ਜ਼ਿਲਾ ਜੰਮੂ ❊ ੬੩੨

ਇਕ ਇਕੱਲਾ ਏਕੰਕਾਰਾ, ਅਕਲ ਕਲਾ ਵਰਤਾਈਆ । ਦੂਜਾ ਸਚਖੰਡ ਵਸੇ ਸਚ ਦੁਆਰਾ, ਲੋਆਂ ਪੁਰੀਆਂ ਬਣਤ ਬਣਾਈਆ । ਤੀਜੇ ਬ੍ਰਹਿਮੰਡ ਖੰਡ ਕਰ ਤਿਆਰਾ, ਰਵ ਸਸ ਸਤਾਰਾ ਆਪ ਚਮਕਾਈਆ । ਚੌਥੇ ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰਾ, ਆਪਣੀ ਰੱਤ ਤਤ ਬਣਾਈਆ । ਪੰਜਵੇਂ ਤ੍ਰੈਗੁਣ ਮਾਇਆ ਭਰ ਭੰਡਾਰਾ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਛੇਵੇਂ ਲੱਖ ਚੁਰਾਸੀ ਕਰ ਪਸਾਰਾ, ਖੇਲੇ ਖੇਲ ਬੇਪਰਵਾਹੀਆ । ਸਤਵੇਂ ਸ਼ਬਦ ਅਨਾਦੀ ਬੋਲ ਜੈਕਾਰਾ, ਘਰ ਘਰ ਵਿਚ ਜੋਤ ਜਗਾਈਆ । ਅੱਠਵੇਂ ਅੱਠਾਂ ਤੱਤਾਂ ਖੇਲ ਨਿਆਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਨਾਲ ਰਲਾਈਆ । ਨੌਵੇਂ ਨੌ ਦਰ ਖੋਲੇ ਵਿਚ ਸੰਸਾਰਾ, ਜਗਤ ਵਾਸਨਾ ਆਪ ਭਰਾਈਆ । ਦਸਵੇਂ ਨਿਰਗੁਣ ਜੋਤੀ ਕਰ ਉਜਿਆਰਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਇਕ ਇਕੱਲਾ ਅਕਲ ਕਲ ਧਾਰ, ਦੂਜੀ ਕੁਦਰਤ ਵੇਖ ਵਖਾਇੰਦਾ । ਤੀਜੇ ਖੋਲ੍ਹੇ ਬੰਦ ਕਿਵਾੜ, ਚੌਥੇ ਪਦ ਆਸਣ ਲਾਇੰਦਾ । ਪੰਚਮ ਬੋਲ ਨਾਮ ਜੈਕਾਰ, ਛੇਵੇਂ ਛੱਪਰ ਛੰਨ ਸੁਹਾਇੰਦਾ । ਸਤਵੇਂ ਸਤਿ ਸਤਿਵਾਦੀ ਧਾਰ, ਅਠਵੇਂ ਆਪਣੀ ਗਣਤ ਗਣਾਇੰਦਾ । ਨੌਵੇਂ ਨੌ ਖੰਡ ਕਰ ਤਿਆਰ, ਦਸਵੇਂ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪ ਕਰ, ਰੂਪ ਅਨੂਪ ਆਪ ਦਰਸਾਇੰਦਾ । ਇਕ ਇਕੱਲਾ ਖੇਲ ਅਵੱਲਾ, ਹਰਿ ਸਾਚਾ ਸਚ ਕਰਾਈਆ । ਦੂਜੇ ਸਚਖੰਡ ਵਸਾਏ ਸਚ ਮਹੱਲਾ, ਉਚਾ ਟਿੱਲਾ ਆਸਣ ਲਾਈਆ । ਤੀਜੇ ਜੋਤੀ ਨੂਰ ਆਪੇ ਬੱਲਾ, ਆਦਿ ਨਿਰੰਜਣ ਕਰ ਰੁਸ਼ਨਾਈਆ । ਚੌਥੇ ਸਚ ਸੰਦੇਸ਼ ਏਕਾ ਘੱਲਾ, ਧੁਰ ਦੀ ਬਾਣੀ ਬਾਣ ਲਗਾਈਆ । ਪੰਜਵੇਂ ਪੰਜਾਂ ਤੱਤਾਂ ਆਪੇ ਰਲਾ, ਕਾਇਆ ਬੰਕ ਆਪ ਸੁਹਾਈਆ । ਛੇਵੇਂ ਕਰੇ ਆਪਣਾ ਹੱਲਾ, ਪੰਜ ਤਤ ਪੰਜ ਵਿਕਾਰ ਕਰੇ ਕੁੜਮਾਈਆ । ਸਤਵੇਂ ਸਤਿ ਸਤਿਵਾਦੀ ਫਲ ਲਗਾਏ ਏਕਾ ਡਾਲਾ, ਪਤ ਡਾਲ੍ਹੀ ਆਪ ਮਹਿਕਾਈਆ । ਅੱਠਵੇਂ ਖੇਲੇ ਅਵੱਲੜੀ ਚਾਲਾ, ਲੋਕਮਾਤ ਵੇਖ ਵਖਾਈਆ । ਨੌਵੇਂ ਨੌ ਦਰ ਵੇਖੇ ਜਗਤ ਜੰਜਾਲਾ, ਜੀਵ ਜੰਤ ਬੰਧਨ ਪਾਈਆ । ਦਸਵੇਂ ਖੇਲ ਪੁਰਖ ਅਕਾਲਾ, ਨਿਰਗੁਣ ਸਰਗੁਣ ਵਿਚ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਬੇਪਰਵਾਹੀਆ । ਇਕ ਇਕੱਲਾ

ਖੇਲ ਨਿਆਰਾ, ਨਿਰਗੁਣ ਆਪਣਾ ਆਪ ਕਰਾਇੰਦਾ । ਦੂਜਾ ਭਰੇ ਸ਼ਬਦ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਇੰਦਾ । ਤੀਜਾ ਜਾਣੇ ਆਰ ਪਾਰ ਕਿਨਾਰਾ, ਮੰਝਧਾਰਾ ਆਪਣੀ ਖੇਲ ਖਿਲਾਇੰਦਾ । ਚੌਥਾ ਲੇਖਾ ਲਿਖੇ ਪੁਰਖ ਨਾਰਾ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਪੰਚਮ ਏਥੇ ਓਥੇ ਦਏ ਸਹਾਰਾ, ਧੁਰ ਦਾ ਲੇਖਾ ਆਪਣੇ ਹੱਥ ਰਖਾਇੰਦਾ । ਛੇਵੇਂ ਸ਼ਾਸਤਰ ਸਿਮਰਤ ਵਸੇ ਬਾਹਰਾ, ਵੇਦ ਪੁਰਾਨ ਭੇਵ ਨਾ ਪਾਇੰਦਾ । ਸਤਵੇਂ ਸਤਿ ਸਤਿਵਾਦੀ ਨਾ ਪੁਰਖ ਨਾ ਦਿਸੇ ਨਾਰਾ, ਏਕਾ ਜੋਤੀ ਜੋਤ ਡਗਮਗਾਇੰਦਾ । ਅਠਵੇਂ ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਨਾਉਂ ਧਰਾਇੰਦਾ । ਨਾਵੇਂ ਨਾਦ ਵਜਾਏ ਊਚੀ ਕੂਕੇ ਕਰੇ ਪੁਕਾਰਾ, ਆਪ ਆਪਣਾ ਹੁਕਮ ਸੁਣਾਇੰਦਾ । ਦਸਵੇਂ ਦਰ ਮੰਦਰ ਸੋਹੇ ਸੱਚਾ ਘਰ ਬਾਰਾ, ਦੀਆ ਬਾਤੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਿਮਾ ਗਣਤ ਬੇਅੰਤ ਆਪ ਰਖਾਇੰਦਾ । ਇਕ ਇਕੱਲਾ ਆਦਿ ਜੁਗਾਦਿ, ਪੁਰਖ ਅਬਿਨਾਸ਼ੀ ਆਪ ਅਖਵਾਈਆ । ਦੂਜਾ ਵਜਾਏ ਸਾਚਾ ਨਾਦ, ਬ੍ਰਹਿਮੰਡ ਖੰਡ ਆਪ ਸੁਣਾਈਆ । ਤੀਜੇ ਸ਼ਬਦ ਚਲਾਏ ਬੋਧ ਅਗਾਧ, ਲਿਖਣ ਪੜ੍ਹਣ ਵਿਚ ਨਾ ਆਈਆ । ਚੌਥੇ ਘਰ ਰਹੇ ਵਿਸਮਾਦ, ਬਿਸਮਿਲ ਆਪਣਾ ਰੂਪ ਵਟਾਈਆ । ਪੰਚਮ ਲੇਖਾ ਜਾਣੇ ਸੰਤ ਸਾਧ, ਘਰ ਮੰਦਰ ਖੋਜ ਖੁਜਾਈਆ । ਛੇਵੇਂ ਗੁਰਮੁਖ ਸਾਚੇ ਲਏ ਲਾਧ, ਲੋਕਮਾਤ ਵੇਖ ਵਖਾਈਆ । ਸਤਵੇਂ ਸਤਿ ਪੁਰਖ ਨਿਰੰਜਣ ਮੇਟੇ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਅਠਵੇਂ ਅੱਠਾਂ ਤੱਤਾਂ ਮਿਟੇ ਜਗਤ ਵਿਵਾਦ, ਕੂੜੀ ਵਿਖ ਰਹਿਣ ਨਾ ਪਾਈਆ । ਨੌਵੇਂ ਨੌ ਦਰ ਤਜੇ ਰਸ ਸਵਾਦ, ਫੀਕਾ ਰਸ ਨਾ ਕੋਇ ਵਖਾਈਆ । ਦਸਵੇਂ ਘਰ ਮੇਲ ਮਿਲਾਵਾ ਮੋਹਣ ਮਾਧਵ ਮਾਧ, ਆਪ ਆਪਣਾ ਮੇਲ ਮਿਲਾਈਆ । ਇਕ ਇਕੱਲਾ ਸੂਰਾ ਸਰਬੰਗ, ਸਰਬ ਕਲਾ ਭਰਪੂਰਿਆ । ਦੂਜਾ ਆਸਣ ਲਾਏ ਸਚ ਪਲੰਘ, ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰਿਆ । ਤੀਜੇ ਆਪਣੇ ਅੰਦਰ ਆਪ ਲੰਘ, ਆਪੇ ਚਾੜ੍ਹੇ ਸਤਿ ਸਰੂਰਿਆ । ਚੌਥੇ ਘਰ ਵਜਾਏ ਸਤਿ ਮਰਦੰਗ, ਜੋਤ ਜਗਾਏ ਨੂਰੋ ਨੂਰਿਆ । ਪੰਚਮ ਪੰਜ ਤਤ ਵੇਖੇ ਕਾਇਆ ਵੰਗ, ਲੇਖਾ ਚੁੱਕੇ ਨੇੜ ਦੂਰਿਆ । ਛੇਵੇਂ ਸੁਣਾਏ ਸੁਹਾਗੀ ਛੰਦ, ਅਨਹਦ ਵੱਜੇ ਸਾਚੀ ਤੂਰਿਆ । ਸਤਵੇਂ ਮੇਟੇ ਅੰਧੇਰੀ ਅੰਧ, ਨਾਤਾ ਤੁੱਟੇ ਕੂੜੋ ਕੂੜਿਆ । ਅਠਵੇਂ ਅੱਠਾਂ ਤੱਤਾਂ ਮੁੱਕੇ ਪੰਧ, ਆਪੇ ਮੁਕਾਏ ਸ਼ਾਹ ਗ਼ਫ਼ੂਰਿਆ । ਨੌਵੇਂ ਨੌ ਚੰਦੀ ਚਾੜ੍ਹੇ ਏਕਾ ਚੰਦ, ਏਕਾ ਬਖ਼ਸ਼ੇ ਸਾਚੀ ਧੂੜਿਆ । ਦਸਮ ਦਵਾਰੀ ਵੇਖ ਵਖਾਏ ਹਰਿ ਬ੍ਰਹਿਮੰਡ, ਜੀਓ ਪਿੰਡ ਹਾਜ਼ਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਸਾ ਮਨਸਾ ਆਪੇ ਪੂਰਿਆ । ਇਕ ਇਕੱਲਾ ਸਚ ਸੁਲਤਾਨਾ, ਦਰ ਹਰਿ ਸਾਚੇ ਸੋਭਾ ਪਾਇੰਦਾ । ਦੂਜਾ ਤਖ਼ਤ ਸ੍ਰੀ ਭਗਵਾਨਾ, ਦਰਗਹਿ ਸਾਚੀ ਆਪ ਸੁਹਾਇੰਦਾ । ਤੀਜੇ ਝੁਲਾਏ ਸਚ ਨਿਸ਼ਾਨਾ, ਉਚ ਮਕਾਨਾ ਆਪ ਟਿਕਾਇੰਦਾ । ਚੌਥੇ ਬੰਨ੍ਹੇ ਸਗਨੀ ਗਾਨਾ, ਸਚਖੰਡ ਦਵਾਰੇ ਆਪਣਾ ਸਗਨ ਮਨਾਇੰਦਾ । ਪੰਚਮ ਤਾਜ ਇਕ ਮਹਾਨਾ, ਆਪ ਆਪਣੀ ਬਣਤ ਬਣਾਇੰਦਾ । ਛੇਵੇਂ ਬਣੇ ਸਾਚਾ ਕਾਹਨਾ, ਘਰ ਸਾਚੇ ਸੋਭਾ ਪਾਇੰਦਾ । ਸਤਵੇਂ ਮਰਦ ਮਰਦ ਮਰਦਾਨਾ, ਆਪ ਆਪਣਾ ਨਾਉਂ ਉਪਜਾਇੰਦਾ । ਅੱਠਵੇਂ ਉਠ ਉਠ ਵੇਖੇ ਦੋ ਜਹਾਨਾਂ, ਨੇਤਰ ਨੈਣਾਂ ਆਪ ਵਖਾਇੰਦਾ । ਨੌਵੇਂ ਨੌ ਦਰ ਕਰ ਪਰਵਾਨਾ, ਪਾਰਬ੍ਰਹਮ ਪ੍ਰਭ ਰੰਗ ਚੜ੍ਹਾਇੰਦਾ । ਦਸਵੇਂ ਛੁੱਟਾ ਪੀਣਾ ਖਾਣਾ, ਆਸਾ ਤ੍ਰਿਸ਼ਨਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਇਕ ਇਕੱਲਾ ਖੇਲ ਬ੍ਰਹਿਮੰਡ, ਪਾਰਬ੍ਰਹਮ ਆਪ ਕਰਾਈਆ । ਦੂਜੀ ਵੰਡੇ ਸਾਚੀ ਵੰਡ, ਪੁਰੀਆਂ ਲੋਆਂ

ਵੇਖ ਵਖਾਈਆ । ਤੀਜੇ ਢਾਹੇ ਆਪਣੀ ਕੰਧ, ਆਪਣਾ ਪਰਦਾ ਦਏ ਚੁਕਾਈਆ । ਚੌਥੇ ਵਖਾਏ ਪਰਮਾਨੰਦ, ਪਰਮ ਪੁਰਖ ਬੇਪਰਵਾਹੀਆ । ਪੰਚਮ ਮਿਟਾਏ ਅੰਧੇਰਾ ਅੰਧ, ਨਿਰਗੁਣ ਬਾਤੀ ਕਮਲਾਪਾਤੀ ਕਰ ਰੁਸ਼ਨਾਈਆ । ਛੇਵੇਂ ਦਰਸਾਏ ਨਿਜਾਨੰਦ, ਨਿਜ ਘਰ ਬੈਠਾ ਤਾੜੀ ਲਾਈਆ । ਸਤਵੇਂ ਜਗਤ ਜੰਜਾਲਾ ਤੋੜੇ ਫੰਦ, ਬੰਦੀ ਛੋੜ ਆਪ ਅਖਵਾਈਆ । ਅੱਠਵੇਂ ਆਪੇ ਦੇਵੇ ਆਪਣੀ ਗੰਢ, ਸਾਚੀ ਗੰਢ ਨਾਮ ਪਵਾਈਆ । ਨੌਵੇਂ ਨੌ ਦਰ ਰੱਖੇ ਠੰਡ, ਅਗਨੀ ਪੋਹ ਨਾ ਸਕੇ ਰਾਈਆ । ਦਸਵੇਂ ਮੇਲਾ ਹਰਿਗੋਬਿੰਦ, ਆਪ ਵਜਾਏ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਤ ਆਪਣੇ ਹੱਥ ਰਖਾਈਆ । ਇਕ ਇਕੱਲਾ ਸਚ ਸਿੰਘਾਸਣ, ਥਿਰ ਘਰ ਸਾਚਾ ਆਪ ਸੁਹਾਇੰਦਾ । ਦੂਜਾ ਖੇਲ ਪੁਰਖ ਅਬਿਨਾਸ਼ਣ, ਪਾਰਬ੍ਰਹਮ ਪ੍ਰਭ ਆਪ ਕਰਾਇੰਦਾ । ਤੀਜਾ ਵੇਖੇ ਖੇਲ ਪ੍ਰਿਥਮੀ ਅਕਾਸ਼ਣ, ਆਕਾਸ਼ ਆਕਾਸ਼ਾਂ ਉਪਰ ਡੇਰਾ ਲਾਇੰਦਾ । ਚੌਥੇ ਘਰ ਰੱਖੇ ਵਾਸਣ, ਚੌਦਾਂ ਲੋਕ ਇਕ ਸਲੋਕ ਸੁਣਾਇੰਦਾ । ਪੰਚਮ ਘਰ ਜੋਤ ਪਰਕਾਸ਼ਣ, ਬ੍ਰਹਮਾ ਵਿਸ਼ਨ ਸ਼ਿਵ ਦੀਪ ਟਿਕਾਇੰਦਾ । ਛੇਵੇਂ ਪੂਰੀ ਕਰੇ ਆਸਣ, ਗੁਰ ਪੀਰ ਅਵਤਾਰ, ਸਾਧ ਸੰਤ ਰੰਗ ਰੰਗਾਇੰਦਾ । ਛੇਵੇਂ ਵੇਖੇ ਖੇਲ ਤਮਾਸ਼ਣ, ਲੋਕਮਾਤ ਵੇਸ ਵਟਾਇੰਦਾ । ਸਤਵੇਂ ਦਰ ਘਰ ਸਾਚੇ ਕਰੇ ਨਿਵਾਸਣ, ਨਿਰਧਨ ਆਪਣਾ ਰੂਪ ਵਟਾਇੰਦਾ । ਅੱਠਵੇਂ ਵਸੇ ਆਸ ਪਾਸਨ, ਸਵਾਸ ਸਵਾਸਣ ਆਪਣਾ ਰੰਗ ਚੜ੍ਹਾਇੰਦਾ । ਨੌਵੇਂ ਨੌ ਦਰ ਆਪਣੀ ਭਿਖਿਆ ਭਾਸਣ, ਸਾਚੀ ਭਿਛਿਆ ਝੋਲੀ ਪਾਇੰਦਾ । ਦਸਵੇਂ ਘਰ ਸ਼ਾਹੋ ਸ਼ਾਬਾਸਣ, ਸਾਚਾ ਸ਼ਾਹ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਇਕ ਇਕੱਲਾ ਹਰਿ ਗੋਬਿੰਦ, ਗਹਿਰ ਗੰਭੀਰ ਸਮਾਇਆ । ਦੂਜੇ ਮੇਟੇ ਸਗਲੀ ਚਿੰਦ, ਆਪਣੀ ਚਿੰਤਾ ਨਾ ਕੋਇ ਵਖਾਇਆ । ਤੀਜੇ ਹੋਏ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਬੇਪਰਵਾਹਿਆ । ਚੌਥੇ ਘਰ ਨਾਦੀ ਸੁੱਤ ਉਪਜਾਏ ਆਪਣੀ ਬਿੰਦ, ਮਾਤ ਪਿਤ ਨਾ ਕੋਇ ਬਣਾਇਆ । ਪੰਜਵੇਂ ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਸੰਸਾ ਰੋਗ ਨਾ ਕੋਇ ਜਣਾਇਆ । ਛੇਵੇਂ ਲੇਖਾ ਜਾਣੇ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਇੰਦ ਇੰਦਰਾਸਣ ਫੋਲ ਫੁਲਾਇਆ । ਸਤਵੇਂ ਦਾਤਾ ਗੁਣੀ ਗਹਿੰਦ, ਆਪ ਆਪਣੇ ਵਿਚ ਸਮਾਇਆ । ਅਠਵੇਂ ਅੱਠ ਤਤ ਨਾ ਸਕੇ ਕੋਈ ਨਿੰਦ, ਨਿੰਦਿਆ ਵਿਚ ਕਦੇ ਨਾ ਆਇਆ । ਨੌਵੇਂ ਨੌ ਦਰ ਜਗਤ ਵਾਸਨਾ ਭਰੀ ਟਿੰਡ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਧਰਾਇਆ । ਦਸਵੇਂ ਘਰ ਵਸਿਆ ਹਰਿ, ਲੇਖਾ ਚੁੱਕੇ ਪਿੰਡ ਇੰਡ, ਬ੍ਰਹਿਮੰਡ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਇਆ । ਪਹਿਲੇ ਘਰ ਹਰਿ ਨਿਰੰਕਾਰ, ਨਿਰਗੁਣ ਆਪਣੀ ਜੋਤ ਜਗਾਇੰਦਾ । ਦੂਜੇ ਘਰ ਹੋ ਤਿਆਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਤੀਜੇ ਸਚ ਸਿੰਘਾਸਣ ਕਰ ਤਿਆਰ, ਸ਼ਾਹੋ ਭੂਪ ਆਸਣ ਲਾਇੰਦਾ । ਚੌਥੇ ਬਣੇ ਦਰ ਦਰਬਾਨ, ਦਰ ਦਰਵੇਸ਼ਾ ਆਪਣੀ ਸੇਵਾ ਆਪ ਕਮਾਇੰਦਾ । ਪੰਚਮ ਪੰਚਮ ਤਾਜ ਇਕ ਭਗਵਾਨ, ਆਪਣੇ ਸੀਸ ਆਪ ਟਿਕਾਇੰਦਾ । ਛੇਵੇਂ ਹੋਏ ਆਪ ਮਿਹਰਵਾਨ, ਆਪਣਾ ਹੁਕਮ ਆਪ ਸੁਣਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਨੌਜਵਾਨ, ਆਪਣਾ ਜੋਬਨ ਆਪ ਹੰਢਾਇੰਦਾ । ਆਪੇ ਸੁੱਤ ਜਣੇ ਸ੍ਰੀ ਭਗਵਾਨ, ਪੂਤ ਸਪੂਤਾ ਸ਼ਬਦੀ ਨਾਉਂ ਧਰਾਇੰਦਾ । ਨੌਵੇਂ ਰੰਗ ਰੰਗੇ ਦੋ ਜਹਾਨ, ਅਜੂਨੀ ਰਹਿਤ ਆਪਣੀ ਕਲ ਵਰਤਾਇੰਦਾ । ਦਸਵੇਂ ਸੋਹੇ ਰਾਜ ਰਾਜਾਨ, ਰਾਜ ਰਾਜਾਨਾ ਆਪ ਅਖਵਾਇੰਦਾ । ਇਕ ਦਸ ਗੁਣ ਨਿਧਾਨ, ਆਪਣੀ ਮਹਿਮਾ ਆਪ ਗਣਾਇੰਦਾ । ਆਪਣੇ ਦਰ ਝੁਲਾਏ

ਸਚ ਨਿਸ਼ਾਨ, ਥਿਰ ਘਰ ਸਾਚਾ ਆਪ ਵਡਿਆਇੰਦਾ । ਦੋ ਦਸ ਹੋ ਪਰਧਾਨ, ਦੂਰ ਦੁਰਾਡਾ ਵੇਖ ਵਖਾਇੰਦਾ । ਤਿੰਨ ਦਸ ਪਾਏ ਆਪਣੀ ਆਣ, ਆਪਣੇ ਭਾਣੇ ਸਦ ਰਹਾਇੰਦਾ । ਚਾਰ ਦਸ ਪਾਰਬ੍ਰਹਮ ਬ੍ਰਹਮ ਕਰੇ ਪਛਾਣ, ਆਪਣੀ ਵੰਡਣ ਆਪ ਵੰਡਾਇੰਦਾ । ਪੰਜ ਦਸ ਬ੍ਰਹਮਾ ਵਿਸ਼ਨ ਸ਼ਿਵ ਆਪਣੀ ਝੋਲੀ ਪਾਏ ਦਾਨ, ਆਪੇ ਨਾਭੀ ਕਵਲੀ ਫੁੱਲ ਖਲਾਇੰਦਾ । ਛੇ ਦਸ ਕਰੇ ਆਪਣੀ ਆਪ ਕਲਿਆਣ, ਆਪੇ ਅੰਦਰ ਆਪੇ ਬਾਹਰ ਆਪੇ ਗੁਪਤ ਆਪੇ ਜ਼ਾਹਰ, ਆਪ ਆਪਣਾ ਰੂਪ ਵਟਾਇੰਦਾ । ਦਸ ਛੇ ਹੋ ਤਿਆਰ, ਏਕਾ ਨੂਰ ਕਰੇ ਉਜਿਆਰ, ਬ੍ਰਹਮ ਆਪਣਾ ਸੁੱਤ ਉਪਜਾਇੰਦਾ । ਦਸ ਸਤ ਚਾਰੇ ਮੁਖ ਕਰ ਤਿਆਰ, ਚਾਰੇ ਕੂਟਾਂ ਵੇਖ ਵਖਾਇੰਦਾ । ਅੱਠ ਦਸ ਭਰ ਭੰਡਾਰ, ਚਾਰੇ ਵੇਦਾਂ ਆਪ ਪੜ੍ਹਾਇੰਦਾ । ਨੌ ਦਸ ਕਰ ਤਿਆਰ, ਤ੍ਰੈਗੁਣ ਮਾਇਆ ਝੋਲੀ ਪਾਇੰਦਾ । ਦਸ ਦਸ ਬੀਸ ਖੇਲ ਜਗਦੀਸ਼, ਲੱਖ ਚੁਰਾਸੀ ਰਚਨ ਰਚਾਇੰਦਾ । ਇਕ ਇਕੀਸ ਸੁਣਾਏ ਹਦੀਸ, ਸਾਚਾ ਸ਼ਬਦ ਆਪ ਅਲਾਇੰਦਾ । ਦੋ ਬੀਸ ਆਪਣਾ ਪੀਸਣ ਪੀਸ, ਆਪਣਾ ਹੱਟ ਆਪ ਖੁਲ੍ਹਾਇੰਦਾ । ਤਿੰਨ ਬੀਸ ਪਾਰਬ੍ਰਹਮ ਤੇਰੀ ਕੋਈ ਨਾ ਕਰੇ ਰੀਸ, ਆਪਣੇ ਭਾਂਡੇ ਆਪੇ ਘੜ ਵਖਾਇੰਦਾ । ਚਾਰ ਬੀਸ ਕਰੇ ਖੇਲ ਜਗਦੀਸ਼, ਪੰਜ ਤਤ ਮੇਲਾ ਮੇਲ ਮਿਲਾਇੰਦਾ । ਬੀਸ ਪੰਜ ਨੇਤਰ ਵਹਾਏ ਅੰਝ, ਜੋ ਘੜਿਆ ਸੋ ਭੰਨ ਵਖਾਇੰਦਾ । ਇਕ ਇਕੱਲਾ ਹਰਿ ਅਵਤਾਰਾ, ਦੂਜਾ ਸਰਗੁਣ ਰੂਪ ਵਟਾਇੰਦਾ । ਤੀਜੇ ਖੇਲ ਕਰੇ ਵਿਚ ਸੰਸਾਰਾ, ਚੌਥੇ ਦੀਨ ਦੁਨੀ ਵੇਖ ਵਖਾਇੰਦਾ । ਪੰਚਮ ਸ਼ਸਤਰ ਤੇਜ਼ ਕਟਾਰਾ, ਛੇਵੇਂ ਸ਼ੰਕਰ ਹੱਥ ਫੜਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਹੋ ਉਜਿਆਰਾ, ਸਤਿ ਸਤਿਵਾਦੀ ਧਾਰ ਬੰਧਾਇੰਦਾ । ਅੱਠਵੇਂ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਨਾਉਂ ਧਰਾਇੰਦਾ । ਨੌਵੇਂ ਰੰਗ ਨਾ ਦਿਸੇ ਕੋਇ ਸੰਸਾਰਾ, ਦਸਵੇਂ ਰੂਪ ਨਾ ਕੋਇ ਵਖਾਇੰਦਾ । ਯਾਰਵੇਂ ਮੰਗੇ ਨਾ ਕੋਇ ਸਹਾਰਾ, ਬਾਰ੍ਹਵੇਂ ਮੇਲ ਨਾ ਕੋਇ ਮਿਲਾਇੰਦਾ । ਤੇਰਵੇਂ ਮੰਗੇ ਨਾ ਕੋਇ ਦਵਾਰਾ, ਚੌਧਵਾਂ ਚੌਦਾਂ ਲੋਕਾਂ ਆਪ ਖਲਾਇੰਦਾ । ਪੰਦਰਵੇਂ ਪੰਡਤ ਬਣ ਨਾ ਬਣੇ ਭਿਖਾਰਾ, ਸੋਲਵੇਂ ਸੋਲਾਂ ਕਲ ਨਾ ਕੋਇ ਉਪਜਾਇੰਦਾ । ਸਤਾਰਵੇਂ ਆਪੇ ਜਾਣੇ ਆਪਣੀ ਧਾਰਾ, ਅਠਾਰਵੇਂ ਆਪਣਾ ਪਰਦਾ ਲਾਹਿੰਦਾ । ਇਕ ਨੌ ਉਨੀਸਾ ਖੇਲ ਨਿਆਰਾ, ਜਗਤ ਜਗਦੀਸ਼ਾ ਆਪ ਕਰਾਇੰਦਾ । ਬੀਸ ਬੀਸਾ ਹੋਏ ਖ਼ਬਰਦਾਰਾ, ਆਲਸ ਨਿੰਦਰਾ ਵਿਚ ਨਾ ਆਇੰਦਾ । ਇਕ ਇਕੀਸ ਬੋਲ ਜੈਕਾਰਾ, ਸਚ ਹਦੀਸ ਆਪ ਸੁਣਾਇੰਦਾ । ਦੋ ਬੀਸ ਵੇਖੇ ਸਚ ਅਖਾੜਾ, ਚਾਰੋਂ ਕੁੰਟ ਫੇਰਾ ਪਾਇੰਦਾ । ਤਿੰਨ ਬੀਸ ਬੁੱਧ ਬਬੇਕੀ ਕਰ ਉਜਿਆਰਾ, ਗਿਆਨ ਬੋਧ ਸਰਬ ਦ੍ਰਿੜਾਇੰਦਾ । ਚਾਰ ਬੀਸ ਚਵੀਆਂ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਪੰਜੀ ਪਰਕਿਰਤੀ ਕਰੇ ਪਾਰ ਕਿਨਾਰਾ, ਨਿਰਤ ਸੁਰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਇਕ ਇਕੱਲਾ ਰੰਗ ਅਮੋਲਾ, ਹਰਿ ਸਾਚਾ ਆਪ ਰਖਾਈਆ । ਦੂਜੀ ਕੁਦਰਤ ਬਣਿਆ ਤੋਲਾ, ਤੋਲਣਹਾਰਾ ਦਿਸ ਨਾ ਆਈਆ । ਤੀਜੇ ਬੋਲੇ ਸਾਚਾ ਢੋਲਾ, ਸਚ ਸੰਦੇਸ਼ਾ ਦਏ ਸੁਣਾਈਆ । ਚੌਥੇ ਬਦਲਿਆ ਆਪਣਾ ਚੋਲਾ, ਸਰਗੁਣ ਨਿਰਗੁਣ ਰੂਪ ਵਟਾਈਆ । ਪੰਚਮ ਵਸੇ ਪਰਦੇ ਉਹਲਾ, ਦਿਸ ਕਿਸੇ ਨਾ ਆਈਆ । ਛੇਵੇਂ ਆਪੇ ਪਾਏ ਆਪਣਾ ਰੌਲਾ, ਆਪ ਆਪਣੀ ਧੁਨ ਉਪਜਾਈਆ । ਸਤਵੇਂ ਹੋਏ ਸਤਿ ਪੁਰਖ ਨਿਰੰਜਣ ਮੌਲਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਅਠਵੇਂ ਲੇਖਾ ਜਾਣੇ ਧਰਤ ਧੌਲਾ, ਧਰ ਧਰਨੀ ਵੇਖ ਵਖਾਈਆ । ਨੌਵੇਂ ਨੌ ਦਰ ਨੌ ਖੰਡ ਦਰ ਦਰਵਾਜ਼ਾ ਆਪੇ ਖੋਲ੍ਹਾ, ਆਪਣੀ ਹੱਥੀਂ ਕੁੰਡਾ ਲਾਹੀਆ । ਦਸਵੇਂ ਘਰ ਵਸੇ ਹਰਿ ਕਿਸੇ ਹੱਥ ਨਾ

ਆਏ ਭਾਲਾ ਭੋਲਾ, ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਲਿਖਾਈਆ । ਪਹਿਲੇ ਅੰਦਰ ਏਕਾ ਵੜਿਆ, ਦੂਜਾ ਪਰਦਾ ਆਪ ਚੁਕਾਈਆ । ਤੀਜੇ ਪੌੜੇ ਆਪੇ ਚੜ੍ਹਿਆ, ਚੌਥੇ ਘਰ ਕਰੇ ਰੁਸ਼ਨਾਈਆ । ਪੰਚਮ ਵਿਦਿਆ ਏਕਾ ਪੜ੍ਹਿਆ, ਛੇਵੇਂ ਕਰੇ ਸਰਬ ਪੜ੍ਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਆਪਣਾ ਘਾੜਣ ਘੜਿਆ, ਅਠਵੇਂ ਲੱਖ ਚੁਰਾਸੀ ਜੜਤ ਜੜਾਈਆ । ਨੌਵੇਂ ਨੌ ਦਰ ਆਪਣੀ ਆਸਾ ਤ੍ਰਿਸ਼ਨਾ ਆਪੇ ਸੜਿਆ, ਦਸਵੇਂ ਆਪੇ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੁਹਾਏ ਸਾਚਾ ਮੰਦਰ, ਹਰਿ ਮੰਦਰ ਇਕ ਵਡਿਆਈਆ । ਇਕ ਇਕੱਲਾ ਸਚ ਮਹੱਲਾ, ਹਰਿ ਸੱਜਣ ਆਪ ਸੁਹਾਇੰਦਾ । ਦੂਜਾ ਵਸੇ ਜਲਾਂ ਥਲਾਂ, ਤੀਜੇ ਜੰਗਲ ਜੂਹ ਉਜਾੜ ਪਹਾੜ ਫੇਰੀ ਪਾਇੰਦਾ । ਚੌਥੇ ਕਰੇ ਪਰਕਾਸ਼ ਡੂੰਘੀ ਡੱਲਾ, ਪੰਚਮ ਸਾਚਾ ਚੰਦ ਚੜ੍ਹਾਇੰਦਾ । ਛੇਵੇਂ ਨਿਰਗੁਣ ਸਰਗੁਣ ਆਪੇ ਰਲਾ, ਸਤਵੇਂ ਸਾਚਾ ਹੁਕਮ ਸੁਣਾਇੰਦਾ । ਅਠਵੇਂ ਸ਼ਬਦ ਅਗੰਮੀ ਫੜਾਏ ਪੱਲਾ, ਪੱਲੂ ਆਪਣੇ ਨਾਲ ਬੰਧਾਇੰਦਾ । ਨੌਵੇਂ ਦਰ ਦਰਵਾਜ਼ੇ ਆਪੇ ਖਲਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਦਸਵੇਂ ਦੂਈ ਦਵੈਤੀ ਮੇਟੇ ਸੱਲਾ, ਸਾਲਸ ਸਚ ਸਾਲਸੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੇ ਸਾਚਾ ਘਰ, ਘਰ ਸਾਚਾ ਆਪ ਸੁਹਾਇੰਦਾ । ਇਕ ਇਕੱਲਾ ਅਕਲ ਕਲ ਧਾਰ, ਲੇਖਾ ਲੇਖ ਨਾ ਕੋਇ ਜਣਾਈਆ । ਦੂਜੀ ਜੋਤ ਜਗੇ ਨਿਰੰਕਾਰ, ਤੀਜੇ ਸ਼ਬਦ ਵੱਜੇ ਸ਼ਨਵਾਈਆ । ਚੌਥੇ ਘਰ ਖੇਲ ਨਿਆਰ, ਪੰਚਮ ਸਖੀਆਂ ਮੰਗਲ ਗਾਈਆ । ਛੇਵੇਂ ਘਰ ਸੱਚੀ ਸਿਕਦਾਰ, ਸੱਤਵੇਂ ਸਤਿ ਸਤਿਵਾਦੀ ਆਪ ਕਮਾਈਆ । ਅੱਠਵੇਂ ਖੇਲ ਵਡ ਸੰਸਾਰ, ਨਵ ਨਵ ਵੇਖੇ ਬੇਪਰਵਾਹੀਆ । ਦਸਵੇਂ ਜੋਤ ਜਗੇ ਅਪਾਰ, ਲਾਟ ਲਲਾਟੀ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਲੇਖੇ ਵਿਚ ਲਗਾਈਆ । ਇਕ ਇਕੱਲਾ ਸਰਬ ਗੁਣਤਾਸ, ਕਾਦਰ ਕਰੀਮ ਆਪ ਅਖਵਾਇੰਦਾ । ਦੂਜਾ ਘਰ ਘਰ ਰੱਖੇ ਵਾਸ, ਤੀਜਾ ਦਰ ਦਰ ਫੇਰੀ ਪਾਇੰਦਾ । ਚੌਥੇ ਜੋਤ ਕਰ ਪਰਕਾਸ਼, ਪੰਚਮ ਨਿਰੰਜਣ ਰੂਪ ਵਟਾਇੰਦਾ । ਛੇਵੇਂ ਦੇਵੇ ਪਵਣ ਸਵਾਸ, ਸਤਵੇਂ ਸਾਚੀ ਰਾਸ ਰਚਾਇੰਦਾ । ਅੱਠਵੇਂ ਵਸੇ ਵਿਚ ਆਕਾਸ਼, ਨੌਵੇਂ ਪ੍ਰਿਥਮੀ ਖੋਜ ਖੁਜਾਇੰਦਾ । ਦਸਵੇਂ ਹੋਏ ਦਾਸੀ ਦਾਸ, ਦਰ ਦਰਵੇਸ਼ਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਇਕ ਇਕੱਲਾ ਅਗੰਮ ਅਥਾਹ, ਅਲੱਖ ਅਗੋਚਰ ਭੇਵ ਨਾ ਰਾਇਆ । ਦੋ ਜਹਾਨਾਂ ਬਣੇ ਮਲਾਹ, ਜੁਗ ਜੁਗ ਆਪਣਾ ਫੇਰਾ ਪਾਇਆ । ਆਪ ਉਪਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇਆ । ਸਾਚੀ ਕੁਦਰਤ ਦਏ ਵਸਾ, ਸ੍ਰਿਸ਼ਟ ਸਬਾਈ ਲੇਖ ਲਿਖਾਇਆ । ਆਪਣੀ ਬਣਤ ਲਏ ਬਣਾ, ਘੜ ਭਾਂਡੇ ਰੂਪ ਵਟਾਇਆ । ਜੀਵ ਜੰਤ ਜੋਤ ਜਗਾ, ਬ੍ਰਹਮ ਤਤ ਬੰਦ ਕਰਾਇਆ । ਹਰਖ਼ ਸੋਗ ਨਾ ਕੋਇ ਰਖਾ, ਆਪਣਾ ਗੇੜਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਜੁਗ ਜੁਗ ਗੇੜਾ ਚਾਰ, ਚਾਰ ਵੇਦਾਂ ਕਰੇ ਪੜ੍ਹਾਈਆ । ਜੁਗ ਜੁਗ ਗੇੜਾ ਚਾਰ, ਚਾਰੇ ਮੁਖ ਕਰੇ ਸਾਲਾਹੀਆ । ਜੁਗ ਜੁਗ ਗੇੜਾ ਚਾਰ, ਚਾਰੇ ਬਾਣੀ ਕਰੇ ਪੜ੍ਹਾਈਆ । ਜੁਗ ਜੁਗ ਗੇੜਾ ਚਾਰ, ਚਾਰੇ ਖਾਣੀ ਲਏ ਉਪਜਾਈਆ । ਜੁਗ ਜੁਗ ਗੇੜਾ ਚਾਰ, ਚਾਰੇ ਵਰਨਾਂ ਰੂਪ ਵਟਾਈਆ । ਜੁਗ ਜੁਗ ਗੇੜਾ ਚਾਰ, ਚਾਰ ਜੁਗ ਚੌਕੜੀ ਇਕ ਬਣਾਈਆ । ਜੁਗ ਜੁਗ ਗੇੜਾ ਚਾਰ, ਚਾਰ ਨੌ ਆਪ ਭਵਾਈਆ ।

ਜੁਗ ਜੁਗ ਗੇੜਾ ਚਾਰ, ਚਾਰ ਸਤ ਦਏ ਦੁਹਾਈਆ । ਜੁਗ ਜੁਗ ਗੇੜਾ ਚਾਰ, ਚਾਰ ਕੁੰਟ ਵੇਖ ਵਖਾਈਆ । ਜੁਗ ਜੁਗ ਗੇੜਾ ਚਾਰ, ਚਾਰ ਯਾਰ ਰਹੇ ਕੁਰਲਾਈਆ । ਜੁਗ ਜੁਗ ਗੇੜਾ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਿਥਿਆ ਦੇਵੇ ਦੱਸ, ਚਾਰ ਵੇਦ ਭੇਵ ਨਾ ਪਾਈਆ । ਜੁਗ ਜੁਗ ਗੇੜਾ ਹਰਿ ਕਰਤਾਰ, ਚਾਰੋਂ ਜੁਗ ਭਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰ, ਭਗਤ ਭਗਵੰਤ ਵੇਖ ਵਖਾਇੰਦਾ । ਸੰਤਾਂ ਕਰੇ ਸਚ ਪਿਆਰ, ਸਾਚੀ ਸਿਖਿਆ ਇਕ ਸਿਖਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਸਿਖ ਫੜ ਫੜ ਲਾਏ ਪਾਰ, ਜੁਗ ਜੁਗ ਬੇੜੇ ਆਪ ਚੜ੍ਹਾਇੰਦਾ । ਨਿਤ ਨਵਿਤ ਹਰਿ ਸਾਚੀ ਕਾਰ, ਵਾਰ ਥਿਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣੀ ਕਲ ਵਰਤਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣੇ ਭਗਤ ਆਪ ਉਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣੇ ਸੰਤ ਆਪ ਉਠਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣੇ ਗੁਰਮੁਖ ਮੇਲ ਮਿਲਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣੇ ਗੁਰਸਿਖ ਲਏ ਸਮਝਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣਾ ਲੇਖਾ ਆਪੇ ਲਿਖ, ਆਪਣੇ ਅੱਗੇ ਲਏ ਟਿਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਬ੍ਰਹਮਾ ਵਿਸ਼ਨ ਸ਼ਿਵ ਮੰਗਦੇ ਆਏ ਭਿੱਖ, ਅੱਗੇ ਆਪਣੀ ਝੋਲੀ ਡਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਕੋਟਨ ਕੋਟ ਇੰਦਰ ਆਪਣਾ ਤਖ਼ਤ ਤਾਜ ਗਏ ਤਜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਕਰੋੜ ਤੇਤੀਸਾ ਆਪਣਾ ਰੂਪ ਰਹੇ ਵਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਰਵ ਸਸ ਆਪਣੀ ਕਾਇਆ ਗਏ ਪਲਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਨੌ ਧਰੂ ਆਪਣਾ ਮੁਖ ਗਏ ਛੁਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਕੋਟਨ ਕੋਟ ਰਾਮ ਕ੍ਰਿਸ਼ਨ ਬੈਠੇ ਵੇਸ ਵਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਪੁਰਖ ਅਬਿਨਾਸ਼ੀ ਆਪਣੀ ਖੇਲ ਆਪ ਖਿਲਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਔਧ ਗਈ ਪੁਗ, ਅੱਗੇ ਲੇਖਾ ਰਹੇ ਨਾ ਰਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਕੋਟਨ ਕੋਟ ਜਪੀ ਤਪੀ ਹਠੀ ਤਪੀਸ਼ਰ ਮੁਨੀ ਰਿਖੀਸ਼ਰ ਆਪਣੀ ਚੋਗ ਗਏ ਚੁਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਬ੍ਰਹਮਾ ਈਸ਼ਰ ਗੁਰ ਗੋਰਖ ਉਚੇ ਟਿੱਲੇ ਫੇਰੀਆਂ ਗਏ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਦਿਵਸ ਰੈਣ ਦਾਈ ਦਾਇਆ ਬਣ ਬਣ ਸੇਵ ਗਏ ਕਮਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਏਕਾ ਮਾਈ ਤਿੰਨ ਚੇਲੇ ਆਪਣੇ ਗਏ ਬਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਕੋਈ ਲੇਖਾ ਨਾ ਸਕਿਆ ਲਿਖ, ਬੇਅੰਤ ਬੇਅੰਤ ਬੇਅੰਤ ਸਾਰੇ ਰਹੇ ਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਤੇਰਾ ਹੱਠ ਤਪ ਅਭਿਆਸ ਜੋਗ ਜਗਤ ਜੁਗਤ ਗਏ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਤੇਰੇ ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਆਪਣੇ ਪੇਟੇ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਆਇਆ ਅੰਤ, ਕਲਜੁਗ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਸੰਤ ਸੁਹੇਲੇ ਜੋ ਆਪਣੇ ਸੰਗ ਰਖਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਭਗਤ ਭਗਵੰਤ ਮੇਲ ਮਿਲਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਗੁਰਮੁਖ ਸਾਚੇ ਰਿਹਾ ਤਰਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਗੁਰਸਿਖ ਸਾਚੇ ਵੇਖ ਵਖਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਤੇਰਾ ਲਹਿਣਾ ਆਪਣੇ ਹੱਥ ਰਖਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਪੁਰਖ

੬੩੮

ਅਬਿਨਾਸ਼ੀ ਸਾਚਾ ਗਹਿਣਾ ਲੋਕਮਾਤ ਆਪਣਾ ਆਪ ਲਏ ਪ੍ਰਗਟਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਆਪਣਾ ਕਹਿਣਾ ਪੂਰਾ ਦਏ ਕਰਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਤੇਰਾ ਲੇਖਾ ਆਪਣਿਆਂ ਨੈਣਾਂ ਵੇਖ ਵਖਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ, ਪੁਰਖ ਅਬਿਨਾਸ਼ੀ ਸਾਚਾ ਸਾਕ ਸੱਜਣ ਸੈਣ ਗੁਰਸਿਖ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਸੌ ਚੁਰਾਨਵੇ ਚੌਕੜੀ ਜੁਗ ਦੇ ਵਿਛੜੇ ਮੀਤ, ਕਲਜੁਗ ਅੰਤਮ ਕਰੇ ਪਤਿਤ ਪੁਨੀਤ, ਲੋਕਮਾਤ ਜਨਮ ਦਵਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਰੱਖੇ ਆਪਣੀ ਗੋਦ, ਸਚਖੰਡ ਆਪਣਾ ਡੇਰਾ ਲਾਈਆ । ਕਲਜੁਗ ਅੰਤਮ ਕਰਿਆ ਆਪਣਾ ਜੋਧ, ਜੋਧਾ ਸੂਰਬੀਰ ਆਪ ਅਖਵਾਈਆ । ਆਪਣਾ ਸਾਹਾ ਆਪੇ ਸੋਧ, ਸਚ ਤਾਰੀਖ਼ ਇਕ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਲਹਿਣਾ ਦਏ ਚੁਕਾਈਆ । ਸਚ ਤਾਰੀਖ਼ ਹਰਿ ਮਿਹਰਵਾਨ, ਲੋਕਮਾਤ ਇਕ ਜਣਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਕਰਦਾ ਆਇਆ ਸਦਾ ਧਿਆਨ, ਮਿਹਰਵਾਨ ਆਪਣੀ ਸੇਵ ਕਮਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਜਾਮਾ ਪਾਇੰਦਾ । ਗੁਰਮੁਖ ਸਾਚੇ ਕਰ ਪਰਵਾਨ, ਹਰਿ ਸੰਗਤ ਨਾਉਂ ਧਰਾਇੰਦਾ । ਬੀਜ ਬੀਜਿਆ ਵਿਚ ਜਹਾਨ, ਹਾੜ ਸਤਾਰਾਂ ਰੁੱਤ ਸੁਹਾਇੰਦਾ । ਅੰਮ੍ਰਿਤ ਫਲ ਦਿਤਾ ਪੀਣ ਖਾਣ, ਰਸਨ ਵਿਕਾਰ ਸਰਬ ਮਿਟਾਇੰਦਾ । ਸੰਤ ਭਗਤ ਗੁਰਮੁਖ ਗੁਰਸਿਖ ਜੁਗ ਜੁਗ ਦੇ ਵਿਛੜੇ ਕੱਠੇ ਕੀਤੇ ਆਣ, ਸੋਏ ਮਾਤ ਆਪ ਉਠਾਇੰਦਾ । ਆਪਣਿਆਂ ਕਰੇ ਆਪ ਪਛਾਣ, ਜਗਤ ਵਿਚੋਲਾ ਨਾ ਕੋਇ ਰਖਾਇੰਦਾ । ਸਾਚਾ ਧਾਮ ਕਰੇ ਪਰਵਾਨ, ਸਚ ਨਿਸ਼ਾਨਾ ਆਪ ਚੜ੍ਹਾਇੰਦਾ । ਗੁਰਮੁਖ ਗੁਰਸਿਖ ਹਰਿ ਸੰਗਤ ਰੂਪ ਹੋਈ ਭਗਵਾਨ, ਆਪਣੀ ਜੋਤੀ ਵਿਚ ਰਖਾਇੰਦਾ । ਦੇਵਣ ਆਇਆ ਧੁਰ ਫ਼ਰਮਾਣ, ਸੋਹੰ ਸੋਹਲਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿ ਸੰਗਤ ਤੇਰੀ ਸੇਵਾ ਆਪ ਕਮਾਇੰਦਾ । ਹਰਿ ਸੰਗਤ ਹਰਿ ਸੇਵਾ ਕਰ, ਆਪਣਾ ਸ਼ੁਕਰ ਮਨਾਈਆ । ਜੁਗ ਜੁਗ ਵਿਛੜੇ ਬੰਨ੍ਹੇ ਲੜ, ਆਪਣੀ ਹੱਥੀਂ ਗੰਢ ਦਵਾਈਆ । ਦਰਸ਼ਨ ਕਰਨ ਆਇਆ ਘਰ ਘਰ, ਦਰਸ ਪਿਆਸਾ ਸੱਚਾ ਮਾਹੀਆ । ਗੁਰਸਿਖਾਂ ਭਾਰ ਸਿਰ ਆਪਣੇ ਉਤੇ ਧਰ, ਚਾਰੋਂ ਕੁੰਟ ਫਿਰੇ ਚਾਈਂ ਚਾਈਂਆ । ਹਰਿ ਸੰਗਤ ਵਿਕਾਰਾ ਤੇਰਾ ਆਪਣੀ ਝੋਲੀ ਲਏ ਭਰ, ਤੇਰਾ ਹੌਲਾ ਭਾਰ ਕਰਾਈਆ । ਗੁਰਸਿਖ ਤੇਰਾ ਧਰਮ ਰਾਏ ਦਾ ਚੁੱਕੇ ਡਰ, ਸਤਿਗੁਰ ਪੂਰਾ ਆਪਣਾ ਭੈ ਇਕ ਵਖਾਈਆ । ਪਹਿਲੋਂ ਗੁਰਸਿਖਾਂ ਚਰਨੀ ਜਾਏ ਪੜ, ਫਿਰ ਗੁਰਸਿਖ ਅਪਣੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਖੇਲ ਖਿਲਾਈਆ । ਇਕ ਇਕੱਲਾ ਦਰਸ ਪਿਆਸਾ, ਦੂਜਾ ਸਿਖਾਂ ਰਾਹ ਤਕਾਇੰਦਾ । ਤੀਜੇ ਸੰਗਤ ਅੰਦਰ ਕਰੇ ਵਾਸਾ, ਚੌਥੇ ਆਪਣਾ ਮੁਖ ਵਖਾਇੰਦਾ । ਪੰਚਮ ਪਾਵੇ ਸਾਚੀ ਰਾਸਾ, ਛੇਵੇਂ ਛੱਪਰ ਛੰਨ ਛੁਹਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਪੂਰੀ ਕਰੇ ਆਸਾ, ਚਰਨ ਭਰਵਾਸਾ ਇਕ ਧਰਾਇੰਦਾ । ਅਠਵੇਂ ਤੱਤਾਂ ਕਰੇ ਤੇਰਾ ਖ਼ੁਲਾਸਾ, ਬੰਦੀ ਤੋੜ ਬੰਦੀਖ਼ਾਨਿਉਂ ਆਪ ਛੁਡਾਇੰਦਾ । ਨੌਵੇਂ ਨੌ ਦਰ ਨਾ ਝੂਠਾ ਹੋਏ ਵਾਸਾ, ਖ਼ਾਲੀ ਠੂਠਾ ਆਪ ਕਰਾਇੰਦਾ । ਦਸਵੇਂ ਘਰ ਸਰਬ ਗੁਣਤਾਸਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਰਿਹਾ ਤਜ, ਲੋਕਮਾਤ ਆਇਆ ਭੱਜ, ਹਰਿ ਸੰਗਤ ਵਿਚ ਰਿਹਾ ਸਜ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਸੁਣ ਜਨ ਮੀਤ, ਅਭੁਲ ਗੁਰ ਆਪ ਸਮਝਾਈਆ । ਤੇਰੀ ਮੇਰੀ ਇਕ

ਪ੍ਰੀਤ, ਪ੍ਰੀਤੀਵਾਨ ਆਪ ਲਗਾਈਆ । ਅੱਠੇ ਪਹਿਰ ਗੁਰਸਿਖਾਂ ਦੇ ਹਰਿ ਗਾਏ ਗੀਤ, ਦੂਸਰ ਹੋਰ ਨਾ ਕੋਇ ਸੁਣਾਈਆ । ਗੁਰਸਿਖ ਤੇਰੀ ਕਾਇਆ ਤੇਰਾ ਮੰਦਰ ਮਸੀਤ, ਅੰਦਰ ਬੈਠਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਫੇਰਾ ਪਾਈਆ । ਲੋਕਮਾਤ ਹਰਿ ਫੇਰਾ ਪਾਇਆ, ਨਿਰਗੁਣ ਜੋਤ ਕਰ ਰੁਸ਼ਨਾਈਆ । ਹਰਿ ਸੰਗਤ ਸਾਚੀ ਵੇਖਣ ਆਇਆ, ਦੂਰ ਦੁਰਾਡਾ ਕਰ ਕੇ ਧਾਈਆ । ਬਿਰਧ ਬਾਲ ਜਵਾਨਾ ਏਕਾ ਰੰਗ ਰੰਗਾਇਆ, ਨਾਰੀ ਪੁਰਸ਼ ਨਾ ਵੰਡ ਵੰਡਾਈਆ । ਨਰ ਨਰਾਇਣ ਸਿਰ ਹੱਥ ਰਖਾਇਆ, ਲੇਖਾ ਜਾਣੇ ਥਾਉਂ ਥਾਈਂਆ । ਦਰਸ ਪਿਆਸਾ ਫਿਰੇ ਤਿਹਾਇਆ, ਬਿਨ ਗੁਰਸਿਖ ਤੇਰੇ ਦਰਸ, ਤ੍ਰਿਖਾ ਨਾ ਕੋਇ ਬੁਝਾਈਆ । ਗੁਰਸਿਖਾਂ ਘਰ ਅੰਮ੍ਰਿਤ ਰਿਹਾ ਬਰਸ, ਏਕਾ ਮੇਘ ਛਹਿਬਰ ਲਾਈਆ । ਹਰਿ ਸੰਗਤ ਸਤਿਗੁਰ ਪੂਰੇ ਉਤੇ ਕਰਨਾ ਤਰਸ, ਤੇਰਾ ਤਰਸ ਮੇਰੀ ਵਡਿਆਈਆ । ਹਰਿ ਸੰਗਤ ਗੁਰ ਵਸਣ ਦੇਣਾ ਉਤੇ ਫ਼ਰਸ਼, ਬਿਨ ਸੰਗਤ ਗੁਰ ਉਤੇ ਫ਼ਰਸ਼ ਰਹਿਣ ਨਾ ਪਾਈਆ । ਹਰਿ ਸੰਗਤ ਤੇਰਾ ਵਸੇਰਾ ਉਤੇ ਅਰਸ਼, ਪੁਰਖ ਅਬਿਨਾਸ਼ੀ ਚਾਰੋਂ ਕੁੰਟ ਪਹਿਰਾ ਆਪ ਰਖਾਈਆ । ਕਲਜੁਗ ਅੰਤਮ ਆਪਣੀ ਮੇਟਣ ਆਇਆ ਹਰਸ, ਗੁਰਸਿਖ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਹਰਿ ਸੰਗਤ ਤੇਰਾ ਉਚਾ ਦਰ, ਪੁਰਖ ਅਬਿਨਾਸ਼ੀ ਮੰਗਣ ਆਇਆ । ਆਪਣੇ ਪ੍ਰੇਮ ਝੋਲੀ ਦੇਣੀ ਭਰ, ਦਰ ਆਇਆ ਨਿਰਾਸਾ ਮੁੜ ਕਦੇ ਨਾ ਜਾਇਆ । ਲੋਕਮਾਤ ਦੇਣਾ ਸਾਚਾ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਫੜੇ ਲੜ, ਛੁੱਟ ਕਦੇ ਨਾ ਜਾਇਆ । ਵਾਹ ਵਾ ਸਿਖ ਤੇਰੀ ਵਡਿਆਈ, ਵਡ ਵੱਡਾ ਆਪ ਵਡਿਆਇਆ । ਵਾਹ ਵਾ ਸਿਖ ਤੇਰੀ ਵਡਿਆਈ, ਤੇਰੀ ਦਰਗਹਿ ਧਾਮ ਸੁਹਾਇੰਦਾ । ਵਾਹ ਵਾ ਸਿਖ ਤੇਰੀ ਵਡਿਆਈ, ਤੇਰੇ ਘਰ ਹਰਿ ਸਤਿਗੁਰ ਤੇਰੀ ਪੂਜਾ ਆਪ ਕਰਾਇੰਦਾ । ਵਾਹ ਵਾ ਸਿਖ ਤੇਰੀ ਵਡਿਆਈ ਤੇਰਾ ਭੇਵ ਖੋਲ੍ਹੇ ਗੂਝਾ, ਗੋਬਿੰਦ ਆਪਣਾ ਪਰਦਾ ਲਾਹਿੰਦਾ । ਵਾਹ ਵਾ ਸਿਖ ਤੇਰੀ ਵਡਿਆਈ ਤੇਰਾ ਦਰ ਏਕਾ ਸੂਝਾ, ਨੌ ਖੰਡ ਪ੍ਰਿਥਮੀ ਸਰਬ ਤਜਾਇੰਦਾ । ਵਾਹ ਵਾ ਸਿਖ ਤੇਰੀ ਵਡਿਆਈ ਤੇਰੇ ਉਤੋਂ ਤੇਰਾ ਸਤਿਗੁਰ ਝੂਜਾ, ਆਪ ਆਪਣਾ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖੇ ਏਕਾ ਘਰ, ਸਾਚਾ ਘਰ ਇਕ ਉਪਜਾਇੰਦਾ । ਗੁਰਸਿਖ ਵੱਡਾ ਸਾਲਾਹੀਏ, ਜਿਸ ਮਿਲਿਆ ਪਾਰਬ੍ਰਹਮ ਗੁਰ ਕਰਤਾਰ । ਫੜ ਪੱਲਾ ਪਾਰ ਲੰਘ ਜਾਈਏ, ਬੇੜਾ ਡੁੱਬੇ ਨਾ ਵਿਚ ਮੰਝਧਾਰ । ਗੁਰਸਿਖ ਤੇਰਾ ਲੱਖ ਲੱਖ ਸ਼ੁਕਰ ਮਨਾਈਏ, ਤੇਰਾ ਸੋਹਿਆ ਬੰਕ ਦਵਾਰ । ਗੁਰਸਿਖ ਤੇਰੇ ਦਰ ਨਿਉਂ ਨਿਉਂ ਸੀਸ ਝੁਕਾਈਏ, ਤੇਰਾ ਸੰਗਤ ਨਾਲ ਪਿਆਰ । ਸਾਚੀ ਸਿਖਿਆ ਸਿਖ ਸਮਝਾਈਏ, ਹਰਿ ਸੰਗਤ ਸਾਚਾ ਗੁਰੂਦਵਾਰ । ਗੁਰੂ ਹੋਰ ਥਾਂ ਨਾ ਕਿਸੇ ਪਾਈਏ, ਕਲਜੁਗ ਆਈ ਅੰਤਮ ਵਾਰ । ਮੰਦਰ ਮਸਜਿਦ ਦੇਣ ਦੁਹਾਈਏ, ਉਚੀ ਕੂਕਨ ਕਰਨ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਏਕਾ ਵਰ, ਤੇਰਾ ਵਸਦਾ ਰਹੇ ਦਵਾਰ । ਗੁਰਸਿਖ ਦਵਾਰਾ ਵਸਿਆ, ਲੋਕਮਾਤ ਹੋਏ ਰੁਸ਼ਨਾਈਆ । ਸਤਿਗੁਰ ਪੂਰਾ ਆਇਆ ਨੱਸਿਆ, ਦੂਰ ਦੁਰਾਡਾ ਪੰਧ ਮੁਕਾਈਆ । ਹਿਰਦੇ ਅੰਦਰ ਆ ਕੇ ਵਸਿਆ, ਆਪਣੀ ਕਰੀ ਸਚ ਪੜ੍ਹਾਈਆ । ਊਚੀ ਕੂਕ ਕਿਸੇ ਨਾ ਦੱਸਿਆ, ਕਰੇ ਖੇਲ ਬੇਪਰਵਾਹੀਆ । ਮਨਮੁਖ ਕਿਸੇ ਨਾ ਆਏ ਹੱਥਿਆ, ਨੇਤਰ ਰੋਵਣ ਮਾਰਨ ਧਾਈਂਆ । ਅਬਿਨਾਸ਼ੀ ਕਰਤਾ ਪੁਰਖ ਸਮਰੱਥਿਆ, ਹਰਿਜਨ ਸਾਚੇ ਲਏ ਮਿਲਾਈਆ । ਲੇਖਾ ਚੁਕਾਏ

ਸੀਆਂ ਸਾਢੇ ਤਿੰਨ ਤਿੰਨ ਹੱਥਿਆ, ਲੇਖਾ ਲੇਖੇ ਲਏ ਲਗਾਈਆ । ਜਿਸ ਜਨ ਚਰਨ ਸੀਸ ਟਿਕਾਇਆ ਆਪਣਾ ਮੱਥਿਆ, ਮਸਤਕ ਲੇਖਾ ਦਏ ਮੁਕਾਈਆ । ਗੁਰਮੁਖ ਵਿਰਲੇ ਲਾਹਾ ਖੱਟਿਆ, ਜੀਵ ਜੰਤ ਭਰਮ ਭੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਹਿਰਦੇ ਅੰਦਰ ਆ ਕੇ ਵਸਿਆ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲਿਖੇ ਆਪ ਨਿਰੰਕਾਰ, ਸੇਵਾ ਕਰੇ ਰਵਦਾਸ ਚੁਮਾਰ, ਚਿੱਟੇ ਉਪਰ ਪਾਏ ਕਾਲੀ ਛਾਹੀਆ ।

### ❊ ੯ ਜੇਠ ੨੦੧੭ ਬਿਕ੍ਰਮੀ ਫਰੰਗੀ ਰਾਮ ਦੇ ਘਰ ਪਿੰਡ ਤੂਤਾਂ ਵਾਲੀ ❊

ਬੰਧਨ ਤੋੜ ਕੱਟ ਜਮ ਫਾਸ, ਚੰਮ ਮਾਟੀ ਲੇਖੇ ਲਾਈਆ । ਜਗਤ ਜਨਮ ਦੀ ਬੁਝੇ ਪਿਆਸ, ਹਰਿ ਸਤਿਗੁਰ ਦਏ ਬੁਝਾਈਆ । ਲੇਖਾ ਲਿਖਿਆ ਵੇਦ ਵਿਆਸ, ਭਵਿਖਤ ਪੁਰਾਨ ਗਿਆ ਜਣਾਈਆ । ਕੰਡੀ ਡੇਰਾ ਸ਼ਾਹੋ ਸ਼ਾਬਾਸ਼, ਸ਼ਾਲਾ ਆਪਣਾ ਲਏ ਲਗਾਈਆ । ਬੇਆਸਾ ਕਰੇ ਪੂਰੀ ਆਸ, ਸਿਰ ਆਪਣਾ ਹੱਥ ਰਖਾਈਆ । ਸਾਚੇ ਮੰਦਰ ਕਰ ਕਰ ਵਾਸ, ਦੀਵਾ ਬਾਤੀ ਕਰੇ ਰੁਸ਼ਨਾਈਆ । ਏਕਾ ਰੰਗ ਰਹੇ ਦਿਵਸ ਰਾਤ, ਸਚ ਪ੍ਰਭਾਤੀ ਆਪ ਵਖਾਈਆ । ਜੁਗਾ ਜੁਗੰਤਰ ਪੁਛੇ ਵਾਤ, ਜੋ ਜਨ ਬੈਠੇ ਰਾਹ ਤਕਾਈਆ । ਸਦਾ ਸੁਹੇਲਾ ਵਸੇ ਸਾਥ, ਜੀਵ ਜਹਾਨਾਂ ਦਿਸ
੬੪੦ ਨਾ ਆਈਆ । ਲਹਿਣਾ ਚੁਕਾਏ ਮਸਤਕ ਮਾਥ, ਦੇਣਾ ਪਿਛਲਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਸਾ ੬੪੦
ਤ੍ਰਿਸ਼ਨਾ ਦਏ ਮਿਟਾਈਆ । ਆਸਾ ਤ੍ਰਿਸ਼ਨਾ ਬੁੱਝੇ ਅੱਗ, ਅਗਨੀ ਤਤ ਨਾ ਕੋਈ ਵਖਾਈਆ । ਸਾਚੇ ਮੰਦਰ ਧਰੇ ਪਗ, ਪ੍ਰਿਥਮੀ ਝੂਮ ਝੂਮ ਖ਼ੁਸ਼ੀ ਮਨਾਈਆ । ਹਰਿਜਨ ਸਰਨਾਈ ਜਾਏ ਲੱਗ, ਘਰ ਸਾਚੇ ਮੇਲ ਮਿਲਾਈਆ । ਸਤਿ ਸੰਤੋਖੀ ਧੀਰਜ ਬੰਨ੍ਹੇ ਏਕਾ ਤਗ, ਏਕਾ ਡੋਰੀ ਪਾਈਆ । ਦਰਸ ਦਖਾਏ ਦਇਆ ਕਮਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪ ਅਖਵਾਈਆ । ਇੰਦਰ ਲਹਿਣਾ ਚੁੱਕੇ ਸਹੰਸਰ ਭਗ, ਹਰਿ ਸਾਚਾ ਦਏ ਚੁਕਾਈਆ । ਉਚੀ ਕੂਕ ਸੁਣਾਈ ਬਾਂਗ, ਆਪਣਾ ਰਾਗ ਆਪ ਅਲਾਈਆ । ਪੁਰਖ ਅਬਿਨਾਸ਼ੀ ਆਪਣਾ ਆਪ ਸਵਾਂਗ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਲਖ ਟਿੱਕਾ ਦਏ ਮਿਟਾਈਆ । ਕਾਲਖ ਟਿੱਕਾ ਜਾਏ ਲੱਥ, ਗੋਤਮ ਮਸਤਕ ਲਾਇਆ । ਖੇਲੇ ਖੇਲ ਪੁਰਖ ਸਮਰਥ, ਜੀਵ ਜਵਾਨੀ ਵੇਖ ਵਖਾਇਆ । ਜੁਗ ਜੁਗ ਚਲਾਏ ਆਪਣਾ ਰਥ, ਰਥਵਾਹੀ ਸੇਵ ਕਮਾਇਆ । ਪਿਛਲਾ ਜਨਮ ਹੋਇਆ ਭੱਠ, ਅਗਲਾ ਖੇੜਾ ਦਏ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਨਾਮ ਪੜ੍ਹਾਇਆ । ਏਕਾ ਅੱਖਰ ਹਰਿ ਹਰਿ ਜਪਣਾ ਨਾਉਂ, ਨਿਥਾਵਿਆਂ ਹੋਏ ਸਹਾਈਆ । ਆਪ ਪਾਰ ਉਤਾਰੇ ਫੜ ਫੜ ਬਾਹੋਂ, ਭਸਮੜ ਆਪਣਾ ਰੂਪ ਵਟਾਈਆ । ਸਤਿਜੁਗ ਕਰੇ ਸਚ ਨਿਆਉਂ, ਕਲਜੁਗ ਅੰਤਮ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤੀ ਅਹਲਿਆ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਗੁਣ ਨਿਧਾਨ, ਗੁਣਵੰਤ ਗੁਣ ਕਹਿਣ ਨਾ ਜਾਈਆ ।

## ✻ ੯ ਜੇਠ ੨੦੧੭ ਬਿਕ੍ਰਮੀ ਗਿਆਨ ਚੰਦ ਦੇ ਘਰ ਪਿੰਡ ਤੂਤਾਂ ਵਾਲੀ ਜ਼ਿਲਾ ਜੰਮੂ ✻

ਹਰਿ ਗੋਬਿੰਦ ਖੇਲ ਅਪਾਰਾ, ਪੂਰਬ ਵੇਖ ਵਖਾਈਆ । ਪੰਖੀ ਉਕਾਬ ਨਦੀ ਕਿਨਾਰਾ, ਬੈਠਾ ਆਸਣ ਲਾਈਆ । ਚਰਨ ਰਕਾਬ ਸਤਿਗੁਰ ਅਸਵਾਰਾ, ਦੋਏ ਨੈਣ ਵੇਖੇ ਇਕ ਉਠਾਈਆ । ਮਨ ਉਪਜਿਆ ਚਾਓ ਦਰਸ ਨਿਆਰਾ, ਧੰਨ ਮਾਣਸ ਜੋ ਦਰਸ਼ਨ ਰਹੇ ਪਾਈਆ । ਨਿਰਗੁਣ ਪਰਗਟੀ ਅੰਦਰ ਨਿਰਗੁਣ ਧਾਰਾ, ਨਿਰਗੁਣ ਬੂਝ ਬੁਝਾਈਆ । ਸਤਿਗੁਰ ਸਾਹਿਬ ਸੁਲਤਾਨ ਪਾਵੇ ਸਾਰਾ, ਘਟ ਘਟ ਅੰਤਰ ਵੇਖ ਵਖਾਈਆ । ਦੇਵੇ ਹੁਕਮ ਸੱਚੀ ਸਰਕਾਰਾ, ਸ਼ਬਦੀ ਸ਼ਬਦ ਕਰੇ ਜਣਾਈਆ । ਤੇਰਾ ਜਨਮ ਹੋਏ ਵਿਚ ਸੰਸਾਰਾ, ਮਾਣਸ ਸਾਚਾ ਰੂਪ ਵਟਾਈਆ । ਨਿਰਗੁਣ ਆਏ ਹੋ ਉਜਿਆਰਾ, ਤੇਰਾ ਲੇਖਾ ਦਏ ਮੁਕਾਈਆ । ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰਾ, ਸਤਲੁਜ ਲੇਖਾ ਦਏ ਮੁਕਾਈਆ । ਕੰਢੀ ਢਾਬ ਦਏ ਸਹਾਰਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਦੇਵੇ ਨਾਮ ਸ਼ਬਦ ਆਧਾਰਾ, ਜੀਵਣ ਜੁਗਤ ਇਕ ਸਿਖਾਈਆ । ਸੋਹੰ ਸ਼ਬਦ ਸਚ ਪਿਆਰਾ, ਗੁਰ ਸਤਿਗੁਰ ਵਿਚ ਮਿਲਾਈਆ । ਤੇਰੀ ਆਸਾ ਤ੍ਰਿਸ਼ਨਾ ਬਣੇ ਜਗਤ ਸਹਾਰਾ, ਤੇਰਾ ਲੇਖਾ ਵੇਖ ਵਖਾਈਆ । ਪੰਖੀ ਨਿਉਂ ਨਿਉਂ ਕਰੇ ਨਿਮਸਕਾਰਾ, ਅੰਦਰੇ ਅੰਦਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲਹਿਣਾ ਰਿਹਾ ਮੁਕਾਈਆ ।



## ✻ ੯ ਜੇਠ ੨੦੧੭ ਬਿਕ੍ਰਮੀ ਗਿਆਨ ਚੰਦ ਦੇ ਘਰ ਪਿੰਡ ਖ਼ੈਰ ਵਾਲਾ ਜ਼ਿਲਾ ਜੰਮੂ ✻

੦੯ ਸਤਿ ਪੁਰਖ ਨਿਰੰਜਣ ਸਾਹਿਬ ਸੁਲਤਾਨ, ਸਤਿ ਸਤਿਵਾਦੀ ਸਤਿ ਸਮਾਈਆ । ਅਗੰਮ ਅਗੰਮੜਾ ਖੇਲ ਮਹਾਨ, ਘਰ ਅਗੰਮੜੇ ਆਪ ਕਰਾਈਆ । ਅਲੱਖ ਨਿਰੰਜਣ ਵਡ ਮਿਹਰਵਾਨ, ਅਲੱਖ ਅਲੱਖਣਾ ਲਖਿਆ ਨਾ ਜਾਈਆ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਗੁਣਵੰਤਾ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਨੌਜਵਾਨ, ਇਕ ਇਕੱਲਾ ਆਪ ਅਖਵਾਈਆ । ਏਕੰਕਾਰਾ ਵਸੇ ਸਚ ਮਕਾਨ, ਸਚ ਮਹੱਲਾ ਆਪ ਸੁਹਾਈਆ । ਆਦਿ ਨਿਰੰਜਣ ਜੋਤ ਮਹਾਨ, ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨ, ਤਖ਼ਤ ਨਿਵਾਸੀ ਇਕ ਅਖਵਾਈਆ । ਸ੍ਰੀ ਭਗਵਾਨ ਸਾਚਾ ਕਾਹਨ, ਰੂਪ ਰੰਗ ਨਾ ਕੋਇ ਵਖਾਈਆ । ਪਾਰਬ੍ਰਹਮ ਖੇਲੇ ਖੇਲ ਮਹਾਨ, ਦਰ ਘਰ ਸਾਚੇ ਖੇਲ ਖਿਲਾਈਆ । ਸਚਖੰਡ ਦੁਆਰਾ ਸਚ ਮਕਾਨ, ਹਰਿ ਹਰਿ ਸਾਚਾ ਆਸਣ ਲਾਈਆ । ਸ਼ਾਹੋ ਭੂਪ ਵਡ ਰਾਜ ਰਾਜਾਨ, ਅਕਲ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਵੇ ਵਡਿਆਈਆ । ਸਤਿ ਪੁਰਖ ਨਿਰੰਜਣ ਸੋਭਾਵੰਤ, ਅਲੱਖਣਾ ਅਲੱਖ ਨਾ ਲਖਿਆ ਜਾਈਆ । ਅਬਿਨਾਸ਼ੀ ਕਰਤਾ ਏਕਾ ਕੰਤ, ਏਕੰਕਾਰਾ ਰੂਪ ਵਟਾਈਆ । ਸੋ ਪੁਰਖ ਨਿਰੰਜਣ ਬਣਾਏ ਬਣਤ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਸਚਖੰਡ ਦੁਆਰਾ ਆਪ ਸੁਹਾਏ ਸਾਚਾ ਧਾਮ ਸੁਹੰਤ, ਨਿਰਗੁਣ ਬਾਤੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਏਕਾ ਨੂਰ ਕਰੇ ਰੁਸ਼ਨਾਈਆ । ਦਰਗਹਿ ਸਾਚੀ ਸਚ ਟਿਕਾਣਾ, ਥਿਰ ਘਰ ਸਾਚੇ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਸ੍ਰੀ ਭਗਵਾਨਾ, ਪਰਮ

ਪੁਰਖ ਆਪਣਾ ਨਾਉਂ ਧਰਾਇੰਦਾ । ਆਪਣਾ ਖੇਲ ਕਰੇ ਹਰਿ ਮਹਾਨਾ, ਭੇਵ ਅਭੇਦਾ ਭੇਵ ਛੁਪਾਇੰਦਾ । ਸਾਚੇ ਮੰਦਰ ਹੋ ਪਰਧਾਨਾ, ਆਪ ਆਪਣਾ ਹੁਕਮ ਚਲਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਤਖ਼ਤ ਆਸਣ ਲਾਇੰਦਾ । ਸਾਚੇ ਤਖ਼ਤ ਆਸਣ ਲਾਇਆ, ਸਚਖੰਡ ਸਾਚਾ ਸੋਭਾ ਪਾਇੰਦਾ । ਨਿਰਗੁਣ ਦਾਤਾ ਇਕ ਅਖਵਾਇਆ, ਦਾਤਾ ਦਾਨੀ ਰੂਪ ਵਟਾਇੰਦਾ । ਆਪਣੀ ਭਿਛਿਆ ਇਕ ਵਖਾਇਆ, ਸਾਚੀ ਭਿਛਿਆ ਝੋਲੀ ਪਾਇੰਦਾ । ਆਪਣੀ ਇਛਿਆ ਆਪ ਕਰਾਇਆ, ਸਿਰ ਆਪਣਾ ਹੱਥ ਰਖਾਇੰਦਾ । ਆਪਣਾ ਲੇਖਾ ਆਪ ਲਿਖਾਇਆ, ਦੂਸਰ ਕੋਇ ਨਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲੇ ਬੈਠਾ ਚੜ੍ਹ, ਆਸਣ ਸਿੰਘਾਸਣ ਆਪ ਵਿਛਾਇੰਦਾ । ਸਚ ਮਹੱਲਾ ਉਚ ਮੁਨਾਰਾ, ਹਰਿ ਸਾਚਾ ਆਪ ਸੁਹਾਇੰਦਾ । ਇਕ ਇਕੱਲਾ ਵਸੇ ਸਿਰਜਣਹਾਰਾ, ਆਪ ਆਪਣਾ ਧਾਮ ਸੁਹਾਇੰਦਾ । ਆਪੇ ਪੁਰਖ ਆਪੇ ਨਾਰਾ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਉਪਜੇ ਸੁੱਤ ਦੁਲਾਰਾ, ਹਰਿ ਸ਼ਬਦੀ ਨਾਉਂ ਧਰਾਇੰਦਾ । ਆਪੇ ਵੇਖੇ ਆਪਣਾ ਸਚ ਅਖਾੜਾ, ਆਪਣੀ ਧਾਰਾ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰਾ, ਨਿਰਗੁਣ ਆਪਣਾ ਆਪ ਕਰਾਈਆ । ਸਾਰ ਸ਼ਬਦ ਸੁੱਤ ਕਰ ਤਿਆਰਾ, ਆਦਿ ਜੁਗਾਦਿ ਵੇਸ ਵਟਾਈਆ । ਏਕਾ ਨਾਦ ਸੱਚੀ ਧੁਨਕਾਰਾ, ਸ਼ਬਦ ਅਗੰਮੀ ਆਪ ਅਲਾਈਆ । ਏਕਾ ਹੁਕਮ ਸੱਚੀ ਸਰਕਾਰਾ, ਧੁਰ ਫ਼ਰਮਾਣਾ ਆਪ ਜਣਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਤ੍ਰੈਗੁਣ ਮਾਇਆ ਰੰਗ ਰੰਗਾਈਆ । ਪੰਜ ਤਤ ਹਰਿ ਭਰ ਭੰਡਾਰਾ, ਆਪਣੀ ਵਸਤ ਹੱਥ ਫੜਾਈਆ । ਗਗਨ ਮੰਡਲ ਲੋਆਂ ਪੁਰੀਆਂ ਹੋ ਉਜਿਆਰਾ, ਰਵ ਸਸ ਕਰੇ ਰੁਸ਼ਨਾਈਆ । ਸੁਨ ਅਗੰਮੀ ਪਾਰ ਕਿਨਾਰਾ, ਰੂਪ ਅਨੂਪਾ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਨਿਰਗੁਣ ਧਾਰ ਸਰਗੁਣ ਰੂਪ, ਸਤਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਲੇਖਾ ਜਾਣੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇੰਦਾ । ਸ਼ਬਦ ਹੁਲਾਰਾ ਏਕਾ ਜੋਤ, ਲੋਆਂ ਪੁਰੀਆਂ ਫੇਰੀ ਪਾਇੰਦਾ । ਏਕਾ ਤਾਗਾ ਏਕਾ ਸੂਤ, ਏਕਾ ਤੰਦਨ ਬੰਧ ਬੰਧਾਇੰਦਾ । ਏਕਾ ਪਿਤਾ ਏਕਾ ਪੂਤ, ਪੂਤ ਸਪੂਤਾ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਗਣਾਇੰਦਾ । ਸਾਚਾ ਲੇਖਾ ਲਿਖਣਹਾਰਾ, ਆਦਿ ਜੁਗਾਦਿ ਸਮਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਲੱਖ ਚੁਰਾਸੀ ਬਣਤ ਬਣਾਇਆ । ਘਰ ਘਰ ਮੰਦਰ ਕਰ ਤਿਆਰਾ, ਨੌਂ ਦਰ ਜਗਤ ਵੇਖ ਵਖਾਇਆ । ਅੰਦਰ ਵੜ ਸੱਚੀ ਸਰਕਾਰਾ, ਪੁਰਖ ਅਬਿਨਾਸ਼ੀ ਆਸਣ ਲਾਇਆ । ਪੰਚਮ ਰੱਖੇ ਬਾਹਰ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਆਪ ਵਸਾਇਆ । ਪੰਚਮ ਬੋਲ ਸ਼ਬਦ ਜੈਕਾਰਾ, ਘਰ ਸਾਚੀ ਧੁਨ ਸੁਣਾਇਆ । ਅੰਮ੍ਰਿਤ ਭਰੇ ਠੰਡੀ ਠਾਰਾ, ਕਵਲ ਨਾਭੀ ਆਪ ਟਿਕਾਇਆ । ਆਪੇ ਕਰਿਆ ਬੰਦ ਕਿਵਾੜਾ, ਬਜ਼ਰ ਕਪਾਟੀ ਕੁੰਡਾ ਲਾਇਆ । ਆਪੇ ਆਤਮ ਸੇਜਾ ਹੋ ਉਜਿਆਰਾ, ਸਾਚਾ ਤਖ਼ਤ ਰਿਹਾ ਸੁਹਾਇਆ । ਆਪੇ ਬ੍ਰਹਮ ਰੂਪ ਪ੍ਰਗਟ ਹੋ ਸੰਸਾਰਾ, ਬੰਕ ਆਪਣਾ ਨਾਉਂ ਰਖਾਇਆ । ਸੋ ਪੁਰਖ ਨਿਰੰਜਣ ਨਾ ਮਰੇ ਨਾ ਪਏ ਜੰਮ, ਨੂਰੋ ਨੂਰ ਸਦਾ ਰੁਸ਼ਨਾਇਆ । ਨਾ ਖ਼ੁਸ਼ੀ ਨਾ ਕੋਈ ਗ਼ਮ, ਹਰਖ਼ ਸੋਗ ਵਿਚ ਨਾ ਆਇਆ । ਨਾ ਤ੍ਰਿਸ਼ਨਾ ਨਾ ਕੋਇ ਤਮ, ਆਲਸ ਨਿੰਦਰਾ ਨਾ ਕੋਇ ਵਖਾਇਆ । ਜੁਗ ਜੁਗ ਬੇੜਾ ਲੋਕਮਾਤ


੬੪੨

ਬੰਨ੍ਹ, ਲੱਖ ਚੁਰਾਸੀ ਆਪ ਚਲਾਇਆ । ਵਸਣਹਾਰਾ ਛੱਪਰ ਛੰਨ, ਮਹੱਲ ਅਟੱਲ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸਰਗੁਣ ਬਣੇ ਸ਼ਬਦ ਮਲਾਹ, ਸਾਚਾ ਰਾਗ ਇਕ ਸੁਣਾਇਆ । ਸ਼ਬਦ ਉਪਾਏ ਹਰਿ ਨਿਰੰਕਾਰ, ਆਪਣੀ ਇਛਿਆ ਆਪ ਜਣਾਈਆ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਆਪ ਵਸਾਈਆ । ਲੱਖ ਚੁਰਾਸੀ ਕਰ ਤਿਆਰ, ਘਰ ਘਰ ਵਿਚ ਆਪ ਬਹਾਈਆ । ਸਰਗੁਣ ਨਿਰਗੁਣ ਕਰ ਪਿਆਰ, ਆਪਣਾ ਜੋੜਾ ਆਪ ਜੁੜਾਈਆ । ਬਖ਼ਸ਼ੇ ਨਾਦ ਸੱਚੀ ਧੁਨਕਾਰ, ਘਰ ਮੰਦਰ ਵੱਜੇ ਵਧਾਈਆ । ਆਪੇ ਸਾਧ ਸੰਤ ਗੁਰ ਪੀਰ ਬਣ ਅਵਤਾਰ, ਲੋਕਮਾਤ ਕਰੇ ਜਣਾਈਆ । ਆਪੇ ਹਰਿ ਹਰਿ ਨਾਉਂ ਲਏ ਉਚਾਰ, ਆਪੇ ਬੈਠਾ ਮੁਖ ਭਵਾਈਆ । ਆਪੇ ਇਸ਼ਟ ਬਣੇ ਗਿਰਧਾਰ, ਆਪੇ ਸ੍ਰਿਸ਼ਟ ਵੇਖ ਵਖਾਈਆ । ਆਪੇ ਨਿਰਗੁਣ ਨੂਰ ਹੋਏ ਉਜਿਆਰ, ਆਪੇ ਸਰਗੁਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸੰਤ ਕੰਤ ਭਗਵੰਤ ਆਪਣੀ ਧਾਰ ਚਲਾਈਆ । ਆਪੇ ਸੰਤਨ ਹੋਏ ਮੀਤ, ਬ੍ਰਹਮ ਵਿਦਿਆ ਆਪ ਪੜ੍ਹਾਈਆ । ਆਪੇ ਤ੍ਰੈਗੁਣ ਰਹੇ ਅਤੀਤ, ਮਾਇਆ ਬੰਧਨ ਕੋਇ ਨਾ ਪਾਈਆ । ਆਪੇ ਠਾਂਡਾ ਆਪੇ ਸੀਤ, ਸਾਂਤਕ ਸਤਿ ਆਪ ਵਰਤਾਈਆ । ਆਪੇ ਗਾਏ ਗੋਬਿੰਦ ਗੀਤ, ਲੱਖ ਚੁਰਾਸੀ ਆਪ ਪੜ੍ਹਾਈਆ । ਆਪੇ ਵਸੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਆਪੇ ਸੇਜ ਸੁਹਾਏ ਧਾਮ ਅਨਡੀਠ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਆਪੇ ਬ੍ਰਹਮ ਪਾਰਬ੍ਰਹਮ ਕਰਾਏ ਸਚ ਪ੍ਰੀਤ, ਈਸ਼ ਜੀਵ ਮੇਲ ਮਿਲਾਈਆ । ਆਪੇ ਜੁਗ ਜੁਗ ਚਲਾਏ ਆਪਣੀ ਰੀਤ, ਆਪਣਾ ਢੋਲਾ ਆਪੇ ਗਾਈਆ । ਆਪੇ ਲੇਖਾ ਜਾਣੇ ਮੰਦਰ ਮਸੀਤ, ਆਪੇ ਗੁਰ ਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਧਾਰ, ਨਿਰਾਕਾਰ ਇਕ ਅਖਵਾਈਆ । ਨਿਰਾਕਾਰ ਹਰਿ ਹਰਿ ਗੋਪਾਲਾ, ਵੇਦ ਕਤੇਬ ਭੇਵ ਨਾ ਪਾਇੰਦਾ । ਜੁਗ ਜੁਗ ਚਲੇ ਆਪਣੀ ਚਾਲਾ, ਲੇਖਾ ਆਪਣੇ ਹੱਥ ਰਖਾਇੰਦਾ । ਸੇਵਾ ਲਾਏ ਕਾਲ ਮਹਾਂਕਾਲਾ, ਜਗਤ ਜੰਜਾਲਾ ਵੇਖ ਵਖਾਇੰਦਾ । ਭਗਤਾਂ ਭਗਤੀ ਫਲ ਲਗਾਏ ਡਾਲ੍ਹਾ, ਅੰਮ੍ਰਿਤ ਮੇਵਾ ਇਕ ਖਵਾਇੰਦਾ । ਹਰਿ ਸੰਤਨ ਵਖਾਏ ਕਾਇਆ ਮੰਦਰ ਸੱਚੀ ਧਰਮਸਾਲਾ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਜੋਤ ਨਿਰੰਜਣ ਕਰ ਉਜਾਲਾ, ਘਰ ਸਾਚਾ ਦੀਪਕ ਜਗਾਇੰਦਾ । ਸੋਹੰ ਪਾਏ ਸੱਚੀ ਗਲ ਮਾਲਾ, ਹੰ ਬ੍ਰਹਮ ਰੰਗ ਰੰਗਾਇੰਦਾ । ਭਾਗ ਲਗਾਏ ਕਾਇਆ ਮਾਟੀ ਖਾਲਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਅਨਹਦ ਵੱਜੇ ਸਾਚਾ ਤਾਲਾ, ਤਾਲ ਤਲਵਾੜਾ ਆਪ ਵਜਾਇੰਦਾ । ਅੰਮ੍ਰਿਤ ਸਰੋਵਰ ਮਾਰੇ ਇਕ ਉਛਾਲਾ, ਮਾਨਸਰੋਵਰ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰਤਾ ਕਰਨੇਹਾਰ, ਆਦਿ ਜੁਗਾਦੀ ਇਕ ਅਵਤਾਰ, ਸਾਧਾਂ ਸੰਤਾਂ ਪਾਵੇ ਸਾਰ, ਲੇਖਾ ਜਾਣੇ ਗੁਰ ਪੀਰ ਅਵਤਾਰ, ਹੁਕਮੀ ਹੁਕਮ ਆਪ ਫਿਰਾਇੰਦਾ । ਸਤਿ ਪੁਰਖ ਨਿਰੰਜਣ ਸੱਚਾ ਪਾਤਸ਼ਾਹ, ਪੁਰਖ ਅਕਾਲ ਵੱਡੀ ਵਡਿਆਈਆ । ਅਲੱਖ ਨਿਰੰਜਣ ਏਕਾ ਅਲੱਖ ਲਏ ਜਗਾ, ਦੋ ਜਹਾਨਾ ਆਪ ਸੁਣਾਈਆ । ਨਿਰਗੁਣ ਸਰਗੁਣ ਰੂਪ ਵਟਾ, ਸਤਿਗੁਰ ਗੁਰ ਗੁਰ ਨਾਉਂ ਧਰਾਈਆ । ਸੰਤ ਸੁਹੇਲੇ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤ ਭਗਵੰਤ ਲਏ ਉਠਾ, ਆਤਮ ਦ੍ਰਿਸ਼ਟੀ ਆਪ ਖੁਲ੍ਹਾਈਆ । ਗੁਰਮੁਖ ਸਾਚੇ ਲਏ ਮਿਲਾ, ਆਪ ਆਪਣਾ ਪਰਦਾ ਲਾਹੀਆ । ਗੁਰਸਿਖ ਸਾਚੇ ਅੰਗੀਕਾਰ ਲਏ ਕਰਾ, ਆਪਣੀ ਗੋਦ ਆਪ ਬਹਾਈਆ । ਸਤਿਜੁਗ ਤ੍ਰੇਤਾ ਵੇਖਿਆ ਦੁਆਪਰ ਆਪਣੀ ਫੇਰੀ ਪਾ,

੬੪੩

ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਰਾਈਆ । ਨਿਰਗੁਣ ਸਰਗੁਣ ਏਕਾ ਰੰਗ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਾਹਿਬ ਸੁਲਤਾਨ ਸੂਰਾ ਸਰਬੰਗ, ਪੁਰਖ ਅਬਿਨਸ਼ੀ ਆਪ ਅਖਵਾਇੰਦਾ । ਜਨ ਭਗਤਾਂ ਆਤਮ ਸੇਜਾ ਸੁੱਤਾ ਸਚ ਪਲੰਘ, ਦੂਸਰ ਸੇਜ ਨਾ ਕੋਇ ਹੰਢਾਇੰਦਾ । ਨਾਮ ਅਨਡੀਠਾ ਵਜਾਏ ਮਰਦੰਗ, ਸਾਚੀ ਸੇਵਾ ਆਪ ਕਮਾਇੰਦਾ । ਇਕ ਚੜ੍ਹਾਏ ਸਾਚਾ ਚੰਦ, ਰਵ ਸਸ ਮੁਖ ਸ਼ਰਮਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਲੇਖਾ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਪਾਰ ਕਰਾਇੰਦਾ । ਚਰਨਾਂ ਹੇਠ ਦਬਾਏ ਕੋਟਨ ਬ੍ਰਹਿਮੰਡ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਲੇਖਾ ਜਾਣੇ ਸਰਬ ਵਰਭੰਡ, ਲੱਖ ਚੁਰਾਸੀ ਨਾਚ ਨਚਾਇੰਦਾ । ਜਨ ਭਗਤਾਂ ਸੁਣਾਏ ਆਪਣਾ ਛੰਦ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਨਾ ਕੋਈ ਗਾਏ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਕਰੇ ਅਵੱਲਾ, ਕਾਇਆ ਮੰਦਰ ਵੇਖੇ ਸਚ ਮਹੱਲਾ, ਉਚ ਅਟੱਲਾ ਆਸਣ ਲਾਈਆ । ਨਿਰਗੁਣ ਸਰਗੁਣ ਸਾਚਾ ਮੀਤ, ਮੀਤ ਮੁਰਾਰਾ ਆਪ ਅਖਵਾਈਆ । ਨਿਰਗੁਣ ਸੁਣਾਏ ਸੁਹਾਗੀ ਗੀਤ, ਸਰਗੁਣ ਕੂਕੇ ਦਏ ਦੁਹਾਈਆ । ਨਿਰਗੁਣ ਬੈਠਾ ਰਹੇ ਅਤੀਤ, ਸਰਗੁਣ ਚਾਰੋਂ ਕੁੰਟ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਜੁਗ ਜੁਗ ਧਾਰ ਹਰਿ ਨਿਰੰਕਾਰ, ਲੋਕਮਾਤ ਆਪ ਚਲਾਇੰਦਾ । ਲੱਖ ਚੁਰਾਸੀ ਲੇਖਾ ਕਰੇ ਆਰ ਪਾਰ, ਸਰਬ ਸੰਸਾਰ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੇਵੇ ਹੁਲਾਰ, ਦੁਆਪਰ ਵੇਲਾ ਅੰਤ ਵਖਾਇੰਦਾ । ਕਲਜੁਗ ਕੂਕੇ ਕਰੇ ਪੁਕਾਰ, ਚਾਰ ਕੁੰਟ ਆਪਣਾ ਡੋਰੂ ਵਾਹਿੰਦਾ । ਜੂਠ ਝੂਠ ਕਰ ਪਸਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ । ਆਸਾ ਤ੍ਰਿਸ਼ਨਾ ਭਰ ਭੰਡਾਰ, ਦਰ ਦਰ ਆਪਣੀ ਵੰਡਣ ਵੰਡ ਵੰਡਾਇੰਦਾ । ਸ੍ਰਿਸ਼ਟ ਸਬਾਈ ਕਰ ਨਾਰ ਵਿਭਚਾਰ, ਆਪਣਾ ਹੁਕਮ ਚਲਾਇੰਦਾ । ਕਿਸੇ ਨਾ ਮਿਲੇ ਕੰਤ ਭਤਾਰ, ਖੁਲ੍ਹੀ ਮੀਂਢੀ ਸਰਬ ਵਖਾਇੰਦਾ । ਸਾਧ ਸੰਤ ਗਏ ਹਾਰ, ਹਰਿ ਕਾ ਪੌੜਾ ਨਾ ਕੋਇ ਚੜ੍ਹਾਇੰਦਾ । ਚਾਰ ਵੇਦ ਰੋਵਣ ਜ਼ਾਰੋ ਜ਼ਾਰ, ਡੁਬਦਾ ਬੇੜਾ ਨਾ ਕੋਇ ਤਰਾਇੰਦਾ । ਪੁਰਾਨ ਅਠਾਰਾਂ ਕਰਨ ਵਿਚਾਰ, ਸਾਚਾ ਮਤਾ ਨਾ ਕੋਇ ਪਕਾਇੰਦਾ । ਗੀਤਾ ਗਿਆਨ ਪਾਏ ਸਾਰ, ਇਕ ਧਿਆਨ ਭਗਤ ਰਖਾਇੰਦਾ । ਅੰਜੀਲ ਕੁਰਾਨ ਕਰ ਪਰਧਾਨ, ਸੰਗ ਮੁਹੰਮਦ ਚਾਰ ਯਾਰ ਵੇਖ ਵਖਾਇੰਦਾ । ਦੀਨ ਈਮਾਨ ਸਰਬ ਕੁਰਲਾਣ, ਸਚ ਰਸੂਲ ਨਾ ਕੋਇ ਨਜ਼ਰੀ ਆਇੰਦਾ । ਮੱਕਾ ਕਾਅਬਾ ਹੋਏ ਵੈਰਾਨ, ਸਾਚਾ ਹੱਜ ਨਾ ਕੋਇ ਕਰਾਇੰਦਾ । ਖਾਣੀ ਬਾਣੀ ਭੁੱਲੇ ਜੀਵ ਨਿਧਾਨ, ਨਿਰਗੁਣ ਮੇਲ ਨਾ ਕੋਇ ਮਿਲਾਇੰਦਾ । ਘਰ ਲੱਗੇ ਪੰਜ ਸ਼ੈਤਾਨ, ਪੰਚ ਸ਼ਬਦ ਨਾ ਕੋਇ ਸੁਣਾਇੰਦਾ । ਏਕਾ ਭੁੱਲਿਆ ਹਰਿ ਭਗਵਾਨ, ਸਾਚਾ ਮਾਰਗ ਨਾ ਕੋਇ ਵਖਾਇੰਦਾ । ਵਰਨ ਬਰਨ ਮੁਖ ਸ਼ਰਮਾਣ, ਸਾਚਾ ਕਾਹਨ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਕੂੜਾ ਕਰ ਪਸਾਰਾ, ਚਾਰ ਵਰਨਾਂ ਰਿਹਾ ਲੜਾਈਆ । ਅਠਸਠ ਤੀਰਥ ਕਰਿਆ ਪਾਰ ਕਿਨਾਰਾ, ਗੰਗਾ ਗੋਦਾਵਰੀ ਦਏ ਦੁਹਾਈਆ । ਮੰਦਰ ਮਸਜਿਦ ਗੁਰੂਦਵਾਰ ਹਾਹਾਕਾਰਾ, ਮਾਇਆ ਰਾਣੀ ਆਪਣਾ ਰੰਗ ਚੜ੍ਹਾਈਆ । ਸਾਧਾਂ ਸੰਤਾਂ ਮਨ ਹੰਕਾਰਾ, ਹਰਿ ਕਾ ਰੂਪ ਨਾ ਕੋਇ ਦਰਸਾਈਆ । ਸਾਚਾ ਮੰਦਰ ਕਾਇਆ ਵਸਾਏ ਨਾ ਕੋਈ ਗੁਰੂਦੁਆਰਾ, ਘਰ ਠਾਕਰ ਨਜ਼ਰ ਨਾ

ਆਈਆ । ਅੰਦਰ ਹਵਨ ਧੂਪ ਨਾ ਹੋਏ ਕੋਇ ਉਜਿਆਰਾ, ਸਾਚਾ ਘਿਰਤ ਨਾ ਕੋਇ ਵਖਾਈਆ । ਜੋਤ ਲਲਾਟ ਨਾ ਕੋਇ ਪਸਾਰਾ, ਜੰਗਲ ਜੂਹ ਉਜਾੜ ਪਹਾੜ ਖੋਜਣ ਦਰ ਦਰ ਆਪਣੀ ਅਲਖ ਜਗਾਈਆ । ਘਰ ਸ਼ਬਦ ਨਾ ਸੁਣੇ ਕੋਇ ਧੁਨਕਾਰਾ, ਜਗਤ ਤਾਲ ਰਹੇ ਵਜਾਈਆ । ਘਰ ਅੰਮ੍ਰਿਤ ਪੀਏ ਨਾ ਠੰਡਾ ਠਾਰਾ, ਦਿਵਸ ਰੈਣ ਹੋਏ ਹਲਕਾਈਆ । ਗੁਰਮੁਖ ਵਿਰਲੇ ਪ੍ਰਭ ਮਿਲਿਆ ਏਕੰਕਾਰਾ, ਘਰ ਸਾਚੇ ਵੱਜੀ ਵਧਾਈਆ । ਸਤਿਗੁਰ ਰੂਪ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਪਰਗਟ ਹੋਏ ਵਿਚ ਸੰਸਾਰਾ, ਨਿਰਗੁਣ ਸਰਗੁਣ ਨਾਉਂ ਧਰਾਈਆ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲੇਖ ਨਾ ਕੋਇ ਜਣਾਈਆ । ਜਿਸ ਜਨ ਕਿਰਪਾ ਕਰ ਵਖਾਏ ਆਪਣਾ ਦਰ ਦਵਾਰਾ, ਸੋ ਜਨ ਬੂਝਣ ਪਾਈਆ । ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ ਲਏ ਅਵਤਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਏਕਾ ਸ਼ਬਦ ਬੋਲੇ ਜੈਕਾਰਾ, ਸੋਹੰ ਅੱਖਰ ਇਕ ਪੜ੍ਹਾਈਆ । ਨਾਮ ਸਤਿ ਅੰਤ ਨਾ ਪਾਰਾਵਾਰਾ, ਓਅੰਕਾਰਾ ਖੇਲ ਖਿਲਾਈਆ । ਆਦਿ ਨਿਰੰਜਣ ਕਰ ਉਜਿਆਰਾ, ਓਅੰ ਰੂਪ ਸਰਬ ਸਮਾਈਆ । ਤ੍ਰੈਗੁਣ ਮਾਇਆ ਵਸੇ ਬਾਹਰਾ, ਪੰਜ ਤਤ ਖੇਲ ਖਿਲਾਈਆ । ਲੱਖ ਚੁਰਾਸੀ ਘਰ ਘਰ ਮੰਦਰ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਖੇਲ ਅਪਾਰਾ, ਆਪ ਕਰਾਏ ਹਰਿ ਕਰਤਾਰਾ, ਲੋਕਮਾਤ ਲਏ ਅਵਤਾਰਾ, ਤਾਰਨਹਾਰ ਆਪ ਅਖਵਾਈਆ । ਕਲਜੁਗ ਤੇਰਾ ਕੂੜਾ ਭੇਖ, ਚਾਰੋਂ ਕੁੰਟ ਵੇਖ ਵਖਾਇਆ । ਨਾ ਕੋਈ ਨਰ ਨਾ ਨਰੇਸ਼, ਰਾਜ ਰਾਜਾਨ ਦਿਸ ਨਾ ਆਇਆ । ਬੁੱਧ ਬਬੇਕੀ ਖੁਲ੍ਹੜੇ ਕੇਸ, ਨੇਤਰ ਨੈਣਾਂ ਨੀਰ ਵਹਾਈਆ । ਮਤ ਮਤਵਾਲੀ ਆਪਣੇ ਵੇਖੇ ਲੇਖ, ਲੇਖਾ ਲਿਖਿਆ ਨਾ ਕੋਇ ਮਿਟਾਇਆ । ਮਨ ਮਨੂਆ ਮੁੱਛ ਦਾੜ੍ਹੀ ਨਾ ਦਿਸੇ ਕੇਸ, ਆਪਣਾ ਮੂੰਡ ਆਪੇ ਰਿਹਾ ਮੁੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਤੇਰਾ ਘਰ, ਨੌਂ ਖੰਡ ਪ੍ਰਿਥਮੀ ਫੋਲ ਫੁਲਾਇਆ । ਕਲਜੁਗ ਅੰਤਮ ਵੇਖਣ ਆਇਆ, ਨਿਰਗੁਣ ਆਪਣਾ ਜਾਮਾ ਧਾਰ । ਚੌਥੇ ਜੁਗ ਗੇੜਾ ਰਿਹਾ ਦਵਾਇਆ, ਚਾਰੇ ਕੁੰਟਾਂ ਦਏ ਹੁਲਾਰ । ਬ੍ਰਹਮਾ ਵਿਸ਼ਨ ਸ਼ਿਵ ਰਿਹਾ ਉਠਾਇਆ, ਆਪ ਕਰਾਏ ਸ਼ਬਦ ਬੇਦਾਰ । ਏਕਾ ਹੁਕਮੀ ਹੁਕਮ ਰਿਹਾ ਸੁਣਾਇਆ, ਲੱਖ ਚੁਰਾਸੀ ਦਏ ਹੁਲਾਰ । ਸ਼ਾਹ ਸੁਲਤਾਨ ਕੋਇ ਰਹਿਣ ਨਾ ਪਾਇਆ, ਰਾਜ ਰਾਜਾਨ ਹੋਏ ਵੈਰਾਨ । ਗੜ੍ਹ ਹੰਕਾਰੀ ਦਏ ਤੁੜਾਇਆ, ਬਿਨ ਹਰਿ ਨਾਮੇ ਖ਼ਾਲੀ ਦਿਸਣ ਮਕਾਨ । ਮਨਮੁੱਖ ਜੀਵ ਦਏ ਖਪਾਇਆ, ਲੇਖਾ ਚੁੱਕੇ ਪੰਜ ਸ਼ੈਤਾਨ । ਏਕਾ ਕਲਮਾ ਨੌਂ ਖੰਡ ਪ੍ਰਿਥਮੀ ਦਏ ਪੜ੍ਹਾਇਆ, ਸ੍ਰਿਸ਼ਟ ਸਬਾਈ ਇਕ ਈਮਾਨ । ਏਕਾ ਸ਼ਬਦ ਅਨਾਦੀ ਦਏ ਸੁਣਾਇਆ, ਮੇਲ ਮਿਲਾਵਾ ਸ੍ਰੀ ਭਗਵਾਨ । ਨੌਂ ਦਵਾਰੇ ਬੰਦ ਕਰਾਇਆ, ਦਸਵੇਂ ਜੋਤ ਜਗਾਏ ਇਕ ਮਹਾਨ । ਅੱਠਾਂ ਤੱਤਾਂ ਫੇਰਾ ਪਾਇਆ, ਸਤਿ ਸਰੂਪ ਵਖਾਏ ਇਕ ਨਿਸ਼ਾਨ । ਛੇਵੇਂ ਛੱਪਰ ਛੰਨ ਛੁਹਾਇਆ, ਪੰਚਮ ਸ਼ਬਦ ਰਾਗ ਧੁਨਕਾਨ । ਚੌਥੇ ਪਦ ਡੇਰਾ ਲਾਇਆ, ਤੀਜਾ ਨੇਤਰ ਖੋਲ੍ਹੇ ਹੋ ਨਿਗਹਬਾਨ । ਦੂਜਾ ਘਰ ਇਕ ਸੁਹਾਇਆ, ਸਚਖੰਡ ਨਿਵਾਸੀ ਵਸੇ ਸਚ ਅਸਥਾਨ । ਏਕਾ ਏਕੰਕਾਰਾ ਵੇਖ ਵਖਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਕਲਜੁਗ ਅੰਤਮ ਫੇਰਾ ਪਾਇਆ, ਪਰਗਟ ਹੋਇਆ ਵਾਲੀ ਦੋ ਜਹਾਨ । ਗੁਰਮੁਖ ਸਾਚੇ ਲਏ ਜਗਾਇਆ, ਦੇਵੇ ਨਾਮ ਸੱਚਾ ਧਨ ਮਾਲ । ਮਨਮਤ ਝੂਠੀ ਦਏ ਗਵਾਇਆ, ਗੁਰਮਤ ਕਰੇ ਘਰ ਪਰਧਾਨ । ਮਨ ਪੰਖੀ ਉਡ ਉਡ ਦਹਿ ਦਿਸ਼ ਨਾ ਜਾਇਆ, ਆਪ ਪਾਏ ਆਪਣੀ ਆਣ । ਸੁਖਮਨ ਤੇਰਾ ਟੇਢਾ ਪੰਧ ਮੁਕਾਇਆ, ਗੁਰਸਿਖਾਂ ਹੋ ਆਪ ਮਿਹਰਵਾਨ ।

ਈੜਾ ਪਿੰਗਲ ਚਰਨਾਂ ਹੇਠ ਦਬਾਇਆ, ਪੁਰਖ ਅਬਿਨਾਸ਼ੀ ਜਾਣੀ ਜਾਣ । ਹਰਿਜਨ ਸਾਚੇ ਸੰਗ ਰਲਾਇਆ, ਅੰਮ੍ਰਿਤ ਆਤਮ ਸਰੋਵਰ ਆਪ ਵਖਾਏ ਆਪਣਾ ਕਰ ਧਿਆਨ । ਕਾਗੋਂ ਹੰਸ ਆਪ ਵਟਾਇਆ, ਸਾਚੇ ਸਰ ਕਰਾਏ ਅਸ਼ਨਾਨ । ਏਕਾ ਰਾਗ ਬ੍ਰਹਿਮਾਦੀ ਆਪ ਸੁਣਾਇਆ, ਸੁਣਨ ਨਾ ਪਾਏ ਕਿਸੇ ਕਾਨ । ਅਗਾਧ ਬੋਧੀ ਭੇਵ ਖੁਲ੍ਹਾਇਆ, ਲੇਖਾ ਜਣਾਏ ਧੁਰ ਫ਼ਰਮਾਣ । ਸੁਰਤੀ ਸ਼ਬਦੀ ਮੇਲ ਮਿਲਾਇਆ, ਕਰ ਕਿਰਪਾ ਆਪ ਮਿਹਰਵਾਨ । ਆਤਮ ਅੰਤ ਸੇਜ ਹੰਢਾਇਆ, ਗੁਰ ਸਤਿਗੁਰ ਨੌਜਵਾਨ । ਨਾ ਮਰੇ ਨਾ ਕਦੇ ਜਾਇਆ, ਆਦਿ ਜੁਗਾਦੀ ਸਾਚਾ ਕਾਹਨ । ਸਾਚੀ ਸਖੀਆਂ ਵੇਖ ਵਖਾਇਆ, ਗੁਰਮੁਖ ਕਰੇ ਪਰਵਾਨ । ਦਸਮ ਦੁਆਰੀ ਵਿਚੋਂ ਬਾਹਰ ਕਢਾਇਆ, ਆਪ ਆਪਣਾ ਫੜਾਏ ਸਚ ਨਿਸ਼ਾਨ । ਸੁਨ ਅਗੰਮੀ ਪਾਰ ਕਰਾਇਆ, ਜੋਧਾ ਸੂਰਬੀਰ ਬਲਵਾਨ । ਥਿਰ ਘਰ ਸਾਚੇ ਆਪ ਟਿਕਾਇਆ, ਪੰਜ ਤਤ ਨਾ ਕੋਇ ਨਿਸ਼ਾਨ । ਸਚਖੰਡ ਦਵਾਰਾ ਆਪ ਖੁਲ੍ਹਾਇਆ, ਗੁਰਮੁਖ ਸਾਚੇ ਆਪ ਪਛਾਣ । ਅਲੱਖ ਅਗੋਚਰ ਮੇਲ ਮਿਲਾਇਆ, ਮਿਲਿਆ ਮੇਲ ਸ੍ਰੀ ਭਗਵਾਨ । ਸਤਿ ਸਤਿਵਾਦੀ ਵੇਖ ਵਖਾਇਆ, ਸਤਿ ਪੁਰਖ ਨਿਰੰਜਣ ਜਾਣੀ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਹਰਿ ਕਰੇ ਦਰ ਪਰਵਾਨ । ਹਰਿਜਨ ਸਾਚਾ ਸੋਭਾਵੰਤ, ਵੇਦ ਪੁਰਾਨ ਸਰਬ ਜਸ ਗਾਇੰਦਾ । ਜਿਸ ਜਨ ਮਿਲਿਆ ਹਰਿ ਹਰਿ ਕੰਤ, ਖਾਣੀ ਬਾਣੀ ਰੂਪ ਪ੍ਰਗਟਾਇੰਦਾ । ਲੇਖਾ ਚੁੱਕੇ ਮਣੀਆ ਮੰਤ, ਰਸਨਾ ਸ਼ਬਦ ਨਾ ਕੋਇ ਗਾਇੰਦਾ । ਧੰਨ ਸੁਭਾਗੀ ਸਾਚਾ ਸੰਤ, ਜੋ ਹਰਿ ਹਰਿ ਦਰਸ਼ਨ ਪਾਇੰਦਾ । ਜਗਤ ਜੀਵਾਂ ਮਾਇਆ ਪਾਈ ਬੇਅੰਤ, ਕਲਜੁਗ ਆਪਣਾ ਪਰਦਾ ਪਾਇੰਦਾ । ਚਾਰੋਂ ਕੁੰਟ ਭੁੱਖ ਨੰਗਤ, ਹਰਿ ਕਾ ਨਾਮ ਨਾ ਕੋਇ ਵਰਤਾਇੰਦਾ । ਬਿਨ ਹਰਿ ਦਿਸੇ ਨਾ ਕੋਇ ਸਾਚੀ ਸੰਗਤ, ਸਗਲਾ ਸੰਗ ਨਾ ਕੋਇ ਰਖਾਇੰਦਾ । ਬਿਨ ਹਰਿ ਨਾਮੇ ਕੋਇ ਨਾ ਚਾੜ੍ਹੇ ਰੰਗਤ, ਰੰਗ ਮਜੀਠ ਨਾ ਕੋਇ ਰੰਗਾਇੰਦਾ । ਬਿਨ ਸਤਿਗੁਰ ਕੋਇ ਨਾ ਤੋੜੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਵਖਾਇੰਦਾ । ਬਿਨ ਗੁਰ ਮਾਣਸ ਜਨਮ ਹੋਏ ਭੰਗਤ, ਲੱਖ ਚੁਰਾਸੀ ਫੰਦ ਨਾ ਕੋਇ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਇੰਦਾ । ਕਲਜੁਗ ਤੇਰਾ ਕੂੜਾ ਡੰਕ, ਨੌ ਖੰਡ ਪ੍ਰਿਥਮੀ ਵੱਜਿਆ । ਨਾਤਾ ਤੁੱਟਾ ਰਾਓ ਰੰਕ, ਪੰਚ ਵਿਕਾਰਾ ਫਿਰੇ ਭੱਜਿਆ । ਨਾ ਕੋਈ ਮੇਟੇ ਕਿਸੇ ਦਾ ਸ਼ੰਕ, ਨਾ ਕੋਈ ਰੱਖੇ ਕਿਸੇ ਲਜਿਆ । ਗੁਰਮੁਖ ਵਿਰਲਾ ਉਧਰੇ ਜਿਉਂ ਜਨ ਜਨਕ, ਜਿਸ ਜਨ ਚਰਨ ਧੂੜ ਕਰਾਏ ਸਾਚਾ ਮਜਿਆ, ਜੋਤੀ ਸ਼ਬਦ ਲਾਏ ਤਨਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਹਰਿਜਨ ਰੱਖੇ ਸਾਚੀ ਲੱਜਿਆ । ਹਰਿਜਨ ਤੇਰਾ ਸਚ ਨਿਸ਼ਾਨਾ, ਸਤਿਗੁਰ ਪੂਰਾ ਆਪ ਝੁਲਾਇੰਦਾ । ਗੁਰ ਗੁਰ ਦੇਵੇ ਸ਼ਬਦ ਬਬਾਣਾ, ਲੋਕਮਾਤ ਆਪ ਚੜ੍ਹਾਇੰਦਾ । ਆਤਮ ਅੰਤਰ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਆਤਮ ਅੰਮ੍ਰਿਤ ਪੀਣਾ ਖਾਣਾ, ਜਗਤ ਤ੍ਰਿਸ਼ਨਾ ਭੁੱਖ ਗਵਾਇੰਦਾ । ਇਕ ਵਖਾਏ ਪਦ ਨਿਰਬਾਣਾ, ਨਿਰਭੈ ਆਪਣਾ ਰੂਪ ਜਣਾਇੰਦਾ । ਸਾਚੇ ਤਖ਼ਤ ਸਚ ਸੁਲਤਾਨਾ, ਹਰਿ ਭਗਵਾਨਾ ਆਸਣ ਲਾਇੰਦਾ । ਜਨ ਭਗਤਾਂ ਬੰਨ੍ਹੇ ਏਕਾ ਗਾਨਾ, ਲੋਕਮਾਤ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਅਖੰਡ ਵਿਚ ਬ੍ਰਹਿਮੰਡ ਆਪਣਾ ਆਪ ਚਲਾਇੰਦਾ । ਸ਼ਬਦ ਗੁਰੂ ਗੁਰ ਮਿਹਰਵਾਨ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਰੱਖੇ ਸਚ

ਨਿਸ਼ਾਨ, ਲੋਆਂ ਪੁਰੀਆਂ ਆਪ ਝੁਲਾਇਆ । ਜੁਗ ਜੁਗ ਪਾਏ ਆਪਣੀ ਆਣ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇਆ । ਜੁਗ ਜੁਗ ਹੋਏ ਮਾਤ ਪਰਧਾਨ, ਆਪਣਾ ਡੰਕਾ ਆਪ ਵਜਾਇਆ । ਜੁਗ ਜੁਗ ਮੇਟੇ ਝੂਠ ਨਿਸ਼ਾਨ, ਸਚ ਸੁੱਚ ਦਏ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗ ਜੁਗਤ ਆਪਣੇ ਹੱਥ ਰਖਾਇਆ । ਜੁਗ ਜੁਗ ਵੇਸ ਅਵੱਲੜਾ, ਸ਼ਬਦੀ ਗੁਰ ਰੂਪ ਵਟਾਏ । ਜਨ ਭਗਤਾਂ ਮਾਰਗ ਦੱਸੇ ਇਕ ਸੁਖੱਲੜਾ, ਮਨਮੁਖ ਜੀਵ ਸਰਬ ਭੁਲਾਏ । ਦਰ ਦਵਾਰੇ ਆਤਮ ਸੇਜਾ ਸਚ ਸਿੰਘਾਸਣ ਆਪੇ ਖਲੜਾ, ਆਪ ਅਪਣਾ ਦਰਸ ਦਿਖਾਏ । ਨਿਰਗੁਣ ਸਰਗੁਣ ਫੜਾਏ ਪਲੜਾ, ਆਪ ਆਪਣੇ ਨਾਲ ਬੰਧਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੁਰ ਸਤਿਗੁਰ ਨਾਉਂ ਧਰਾਏ । ਸਤਿਗੁਰ ਸ਼ਬਦ ਹਰਿ ਜਗਦੀਸ਼, ਨਿਰਗੁਣ ਸਰਗੁਣ ਵਿਚ ਸਮਾਇੰਦਾ । ਆਪਣੀ ਪੜ੍ਹਾਏ ਇਕ ਹਦੀਸ, ਸ਼ਰਅ ਸ਼ਰੀਅਤ ਆਪ ਜਣਾਇੰਦਾ । ਆਪੇ ਲੇਖਾ ਜਾਣੇ ਰਾਗ ਛਤੀਸ, ਸਤਿ ਸੁਰਸਤੀ ਆਪ ਸਮਝਾਇੰਦਾ । ਆਪੇ ਲਹਿਣਾ ਦੇਣ ਚੁਕਾਏ ਬੀਸ ਇਕੀਸ, ਜੋ ਘੜਿਆ ਸੋ ਭੰਨ ਵਖਾਇੰਦਾ । ਆਪੇ ਹਰਿਜਨ ਤੇਰੇ ਛਤਰ ਝੁਲਾਏ ਸੀਸ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖੇ ਘਰ, ਹਰਿਜਨ ਤੇਰਾ ਬੰਕ ਵਡਿਆਇੰਦਾ । ਸਾਚਾ ਬੰਕ ਬੰਕ ਦਵਾਰਾ, ਦਰ ਘਰ ਸਾਚਾ ਇਕ ਸੁਹਾਈਆ । ਸਾਚਾ ਭਗਤ ਭਗਵੰਤ ਵਣਜਾਰਾ, ਪੁਰਖ ਅਬਿਨਾਸ਼ੀ ਏਕਾ ਵਣਜ ਕਰਾਈਆ । ਸਾਚਾ ਸੰਤ ਹਰਿ ਸੁੱਤ ਦੁਲਾਰਾ, ਸੰਤ ਪੁਰਖ ਨਿਰੰਜਣ ਆਪ ਉਪਜਾਈਆ । ਸਾਚਾ ਗੁਰਮੁਖ ਸੋਹੇ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਾਚਾ ਗੁਰਸਿਖ ਮੰਗੇ ਮੰਗ ਬਣ ਭਿਖਾਰਾ, ਆਪਣੀ ਝੋਲੀ ਅੱਗੇ ਡਾਹੀਆ । ਸਾਚਾ ਸਤਿਗੁਰ ਬਣਿਆ ਰਹੇ ਵਰਤਾਰਾ, ਦੇਂਦਿਆਂ ਤੋਟ ਕੋਇ ਨਾ ਆਈਆ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਅਖਵਾਈਆ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਨਵ ਨਵ ਲੇਖਾ ਦਏ ਚੁਕਾਈਆ । ਏਕਾ ਸ਼ਬਦ ਬੋਲ ਜੈਕਾਰਾ, ਸੋਹੰ ਢੋਲਾ ਆਪੇ ਗਾਈਆ । ਸਾਚਾ ਤੋਲਾ ਬਣ ਨਿਰੰਕਾਰਾ, ਸ੍ਰਿਸ਼ਟ ਸਬਾਈ ਤੋਲ ਤੁਲਾਈਆ । ਗੁਰਸਿਖ ਨਾ ਆਏ ਪਾਸਾ ਹਾਰਾ, ਹਾਰ ਜੀਤ ਪ੍ਰਭ ਆਪਣੇ ਹੱਥ ਰਖਾਈਆ । ਭਰਮੇ ਭੁੱਲਾ ਭਰਮ ਗਵਾਰਾ, ਭਰਮ ਗੜ੍ਹ ਨਾ ਕੋਇ ਤੁੜਾਈਆ । ਜੂਠਾ ਝੂਠਾ ਤਨ ਸ਼ਿੰਗਾਰਾ, ਵੇਸਵਾ ਰੂਪ ਰਿਹਾ ਵਟਾਈਆ । ਘਰ ਮਿਲਿਆ ਨਾ ਪੁਰਖ ਅਪਾਰਾ, ਸਾਚਾ ਕੰਤ ਨਾ ਦਰਸ ਦਖਾਈਆ । ਆਤਮ ਸੇਜ ਨਾ ਕਰੇ ਕੋਈ ਪਿਆਰਾ, ਸੁੰਜੀ ਸੇਜ ਦਏ ਦੁਹਾਈਆ । ਸੁਰਤ ਸਵਾਣੀ ਕੂਕੇ ਰੋਵੇ ਜ਼ਾਰੋ ਜ਼ਾਰਾ, ਸਤਿਗੁਰ ਸ਼ਬਦ ਸਾਚਾ ਹਾਣੀ, ਮਿਲਿਆ ਨਾ ਬੇਪਰਵਾਹੀਆ । ਆਰ ਪਾਰ ਨਾ ਦਿਸੇ ਕੋਇ ਕਿਨਾਰਾ, ਡੂੰਘੇ ਸਾਗਰ ਭਵਰੀ ਭਵਰ ਰਹੀ ਭਵਾਈਆ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰਾ, ਦਰ ਘਰ ਆਏ ਦਰਸ਼ਨ ਦੇਵੇ ਜਮ ਕੀ ਫਾਹੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਗੁਰਸਿਖ ਕਲਜੁਗ ਸਾਗਰ ਜਾਏ ਤਰ, ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਈਆ । ਕਲਜੁਗ ਸਾਗਰ ਕਰਨਾ ਪਾਰ, ਏਕਾ ਨਾਮ ਬੋਲ ਜੈਕਾਰਾ । ਗੁਰਸਿਖ ਤੇਰਾ ਜਪ ਤਪ ਉਤਰਿਆ ਪਾਰ, ਤੇਰੇ ਅੰਦਰ ਵੜਿਆ ਆਪ ਨਿਰੰਕਾਰਾ । ਤੇਰਾ ਜਨਮ ਜਨਮ ਦਾ ਉਤਰਿਆ ਭਾਰ, ਤੇਰਾ ਭਾਰ ਚੁੱਕੇ ਆਪ ਗਿਰਧਾਰਾ । ਤੇਰਾ ਦਵਾਰਾ ਠੰਡਾ ਠਾਰ, ਹਰਿ ਅੰਮ੍ਰਿਤ ਬਰਸੇ ਮੇਘਾ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰਾ । ਸਚ

ਪਿਆਰ ਸੁਹਾਵੀ ਰਾਤ, ਰੈਣ ਭਿੰਨੜੀ ਰੰਗ ਰੰਗਾਈਆ । ਸਤਿਗੁਰ ਬਖ਼ਸ਼ੀ ਸਾਚੀ ਦਾਤ, ਆਤਮ ਝੋਲੀ ਨਾਮ ਭਰਾਈਆ । ਆਪਣਾ ਦਰਸ ਦਖਾਏ ਆਪ ਵਡ ਕਰਾਮਾਤ, ਕਰਮ ਧਰਮ ਜਰਮ ਲੇਖੇ ਲਾਈਆ । ਮਨ ਮਤ ਨੇੜ ਨਾ ਆਏ ਦੁਹਾਗਣ ਨਾਰ ਕਮਜ਼ਾਤ, ਗੁਰਮਤ ਏਕਾ ਏਕ ਸਿਖਾਈਆ । ਆਦਿ ਅੰਤ ਪੁੱਛੇ ਵਾਤ, ਨਿਰਗੁਣ ਸਰਗੁਣ ਰੂਪ ਵਟਾਈਆ । ਦਰਸ ਦਿਖਾਏ ਬਹੁ ਬਿਧ ਭਾਂਤ, ਕਰ ਕਿਰਪਾ ਬੇਪਰਵਾਹੀਆ । ਆਪੇ ਬਣੇ ਪਿਤਾ ਮਾਤ, ਗੁਰਮੁਖ ਬਾਲ ਅੰਵਾਣੇ ਗੋਦ ਉਠਾਈਆ । ਦਰਸ ਦਖਾਏ ਇਕ ਇਕਾਂਤ, ਇਕ ਇਕੱਲਾ ਫੇਰੀ ਪਾਈਆ । ਸ਼ਬਦੀ ਸ਼ਬਦ ਸੁਣਾਏ ਸਾਚੀ ਗਾਥ, ਸੋਹੰ ਨਾਮ ਵੱਡੀ ਵਡਿਆਈਆ । ਹਰਿ ਸੰਗਤ ਚੜ੍ਹੀ ਸਾਚੇ ਰਾਥ, ਰਥ ਰਥਵਾਹੀ ਰਿਹਾ ਰਥ ਚਲਾਈਆ । ਨਾ ਕੋਈ ਪੂਜਾ ਨਾ ਕੋਇ ਪਾਠ, ਜੋਗ ਅਭਿਆਸ ਨਾ ਕੋਇ ਕਰਾਈਆ । ਨਾ ਕੋਈ ਤੀਰਥ ਨਾ ਕੋਇ ਤਾਟ, ਮੰਦਰ ਗੁਰੂਦੁਆਰ ਨਾ ਕੋਇ ਰਖਾਈਆ । ਕਰ ਕਿਰਪਾ ਚੜ੍ਹਾਏ ਆਪਣੇ ਘਾਟ, ਆਪਣਾ ਬੇੜਾ ਆਪ ਉਠਾਈਆ । ਗੁਰਸਿਖ ਤੇਰੀ ਲੱਖ ਚੁਰਾਸੀ ਮੁੱਕੀ ਵਾਟ, ਮਾਤ ਗਰਭ ਨਾ ਫੇਰੀ ਪਾਈਆ । ਪ੍ਰਭ ਸੇਜ ਵਿਛਾਈ ਸਾਚੀ ਖਾਟ, ਦਰਗਹਿ ਸਾਚੀ ਇਕ ਰਖਾਈਆ । ਗੁਰ ਚਰਨ ਦਵਾਰੇ ਵਿਕਣਾ ਏਕਾ ਹਾਟ, ਚੌਦਾਂ ਲੋਕ ਨਾ ਭਰਮ ਭੁਲਾਈਆ । ਕਲਜੁਗ ਖੇਲ ਬਾਜ਼ੀਗਰ ਨਾਟ, ਸਵਾਂਗੀ ਰਿਹਾ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਦੇਵੇ ਸ਼ਬਦ ਗਿਆਨਾ, ਗਿਆਨ ਧਿਆਨ ਵਿਚ ਰਖਾਈਆ । ਗਿਆਨ ਧਿਆਨ ਚਰਨ ਗੁਰ ਟੇਕ, ਦੂਜੀ ਟੇਕ ਨਾ ਕੋਇ ਤਕਾਇੰਦਾ । ਸਤਿਗੁਰ ਪੂਰਾ ਕਰੇ ਕਰਾਏ ਬੁੱਧ ਬਬੇਕ ਕਾਇਆ ਖੋਟ ਆਪ ਗਵਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਹਾੜ ਨਾ ਕੋਇ ਤਪਾਇੰਦਾ । ਪੂਰਬ ਵੇਖਣਹਾਰਾ ਲੇਖ, ਅੱਗੇ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਵਸਾਏ ਸਾਚੇ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਟਿਕਾਇੰਦਾ ।

### ❋ ੯ ਜੇਠ ੨੦੧੭ ਬਿਕ੍ਰਮੀ ਧਰਮ ਚੰਦ ਦੇ ਘਰ ਪਿੰਡ ਬਾਲੇ ਵਾਲਾ ਜ਼ਿਲਾ ਜੰਮੂ ❋

ਸੋ ਪੁਰਖ ਨਿਰੰਜਣ ਖੇਲ ਅਪਾਰਿਆ, ਆਦਿਨ ਅੰਤਾ ਇਕ ਰਘੁਰਾਈਆ । ਹਰਿ ਪੁਰਖ ਨਿਰੰਜਣ ਜੋਤ ਉਜਾਰਿਆ, ਨੂਰ ਨੁਰਾਨਾ ਬੇਪਰਵਾਹੀਆ । ਏਕੰਕਾਰਾ ਨਿਰਗੁਣ ਧਾਰਿਆ, ਰੂਪ ਅਨੂਪ ਆਪ ਦਰਸਾਈਆ । ਆਦਿ ਨਿਰੰਜਣ ਡਗਮਗਾ ਰਿਹਾ, ਅਲੱਖ ਅਲੱਖਣਾ ਲਖਿਆ ਨਾ ਜਾਈਆ । ਸ੍ਰੀ ਭਗਵਾਨ ਤਖ਼ਤ ਸੁਹਾ ਰਿਹਾ । ਦਰਗਹਿ ਸਾਚੀ ਆਸਣ ਲਾਈਆ । ਅਬਿਨਾਸ਼ੀ ਕਰਤਾ ਹੁਕਮ ਚਲਾ ਰਿਹਾ, ਧੁਰ ਫ਼ਰਮਾਣਾ ਆਪ ਸੁਣਾਈਆ । ਪਾਰਬ੍ਰਹਮ ਪ੍ਰਭ ਵੇਸ ਵਟਾ ਰਿਹਾ, ਵੇਸ ਅਨੇਕਾ ਆਪ ਰਖਾਈਆ । ਲੋਆਂ ਪੁਰੀਆਂ ਰਚਨ ਰਚਾ ਰਿਹਾ, ਮੰਡਲ ਮੰਡਪ ਆਪ ਸੁਹਾਈਆ । ਸ਼ਬਦ ਦੁਲਾਰਾ ਸੁੱਤ ਆਪ ਉਪਾ ਰਿਹਾ, ਦੇਵੇ ਮਾਣ ਵੱਡੀ ਵਡਿਆਈਆ । ਰਵ ਸਸ ਦੀਪਕ ਆਪ ਜਗਾ ਰਿਹਾ, ਤਾਰ ਸਤਾਰ ਕਰੇ ਰੁਸ਼ਨਾਈਆ । ਵਿਸ਼ਨੂੰ ਰੂਪ ਆਪ ਧਰਾ ਰਿਹਾ, ਵਿਸ਼ਨੂੰ ਮੇਲਾ ਸਹਿਜ ਸੁਭਾਈਆ । ਨਾਭੀ ਕਵਲ ਫੁੱਲ ਖਿਲਾ ਰਿਹਾ, ਅੰਮ੍ਰਿਤ ਧਾਰਾ ਆਪ ਚਲਾਈਆ । ਬ੍ਰਹਮ ਆਪਣਾ ਨਾਉਂ ਧਰਾ ਰਿਹਾ, ਅੰਦਰ ਬਾਹਰ ਭੇਵ ਨਾ ਰਾਈਆ । ਧੂਆਂਧਾਰ ਆਪ ਸਮਾ ਰਿਹਾ, ਸੁੰਨ ਅਗੰਮੀ ਡੇਰਾ ਲਾਈਆ । ਸ਼ੰਕਰ ਆਪਣਾ

ਅੰਗ ਕਟਾ ਰਿਹਾ, ਹੱਥ ਤ੍ਰਸੂਲ ਫੜਾਈਆ । ਵਿਸ਼ਨੂੰ ਵਿਸ਼ਵ ਇਕ ਉਪਾ ਲਿਆ, ਦੇ ਮਤ ਏਕਾ ਸਮਝਾਈਆ । ਬ੍ਰਹਮਾ ਚਾਰੇ ਮੁਖ ਖੁਲ੍ਹਾ ਲਿਆ, ਅੱਠੇ ਨੇਤਰ ਰਾਹ ਤਕਾਈਆ । ਸ਼ੰਕਰ ਸਾਚਾ ਸੰਗ ਨਿਭਾ ਲਿਆ, ਏਕਾ ਅਕਲ ਕਲ ਵਰਤਾਈਆ । ਵਿਸ਼ਨੂੰ ਏਕਾ ਵਸਤ ਝੋਲੀ ਪਾ ਰਿਹਾ, ਦਾਤਾ ਦੇਵੇ ਰਿਜ਼ਕ ਸਬਾਈਆ । ਬ੍ਰਹਮਾ ਏਕਾ ਹਰਿ ਹਰਿ ਗਿਆਨ ਦ੍ਰਿੜਾ ਰਿਹਾ, ਚਾਰੇ ਵੇਦਾਂ ਦਏ ਲਿਖਾਈਆ । ਸ਼ੰਕਰ ਏਕਾ ਰੰਗ ਰੰਗਾ ਲਿਆ, ਬਾਸ਼ਕ ਤਸ਼ਕਾ ਗਲ ਲਟਕਾਈਆ । ਵਿਸ਼ਨੂੰ ਆਪਣਾ ਰੰਗ ਵਟਾ ਲਿਆ, ਨਿਰਗੁਣ ਨੂਰ ਸਰਗੁਣ ਨੂਰ ਕਰੇ ਰੁਸ਼ਨਾਈਆ । ਬ੍ਰਹਮਾ ਆਪਣੀ ਵੰਡ ਵੰਡਾ ਰਿਹਾ, ਚਾਰ ਚਾਰ ਕਰੇ ਪੜ੍ਹਾਈਆ । ਸ਼ੰਕਰ ਸਾਚਾ ਘਰ ਵਸਾ ਲਿਆ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਪੁਰਖ ਅਬਿਨਾਸ਼ੀ ਆਪਣਾ ਰਾਹ ਚਲਾ ਰਿਹਾ, ਬੇਅੰਤ ਬੇਪਰਵਾਹੀਆ । ਤ੍ਰੈਗੁਣ ਆਪਣਾ ਤਤ ਬਣਾ ਲਿਆ, ਰਜੋ ਤਮੋ ਸਤੋ ਨਾਮ ਰਖਾਈਆ । ਸਤੋ ਵਿਸ਼ਨੂੰ ਝੋਲੀ ਪਾ ਰਿਹਾ, ਰਜੋ ਬ੍ਰਹਮੇ ਅੰਗ ਲਗਾਈਆ । ਤਾਮਸ ਸ਼ੰਕਰ ਹੱਥ ਫੜਾ ਰਿਹਾ, ਲਹਿਣਾ ਲਹਿਣਾ ਰਿਹਾ ਵਖਾਈਆ । ਤਿੰਨਾਂ ਏਕਾ ਹੁਕਮ ਸੁਣਾ ਲਿਆ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿ ਆਪਣੀ ਧਾਰ ਆਪ ਬਣਾ ਰਿਹਾ । ਸੋ ਪੁਰਖ ਨਿਰੰਜਣ ਏਕਾ ਗਾਵਨਾ, ਦੂਸਰ ਹੋਰ ਨਾ ਕੋਈ ਜਣਾਇੰਦਾ । ਹਰਿ ਪੁਰਖ ਨਿਰੰਜਣ ਏਕਾ ਗਾਵਣਾ, ਏਕਾ ਇਸ਼ਟ ਆਪ ਧਰਾਇੰਦਾ । ਏਕੰਕਾਰਾ ਨਿਰਾਕਾਰਾ ਵੇਖ ਵਖਾਵਣਾ, ਰੂਪ ਰੰਗ ਨਾ ਕੋਈ ਵਖਾਇੰਦਾ । ਆਦਿ ਪੁਰਖ ਨਿਰੰਜਣ ਸਾਚਾ ਦੀਪ ਜੋਤ ਜਗਾਵਣਾ, ਆਦਿ ਜੁਗਾਦੀ ਡਗਮਗਾਇੰਦਾ । ਅਬਿਨਾਸ਼ੀ ਕਰਤਾ ਘਰ ਘਰ ਪਾਵਣਾ, ਸਾਚੇ ਖੰਡ ਸਾਚੇ ਆਸਣ ਲਾਇੰਦਾ । ਸ੍ਰੀ ਭਗਵਾਨ ਏਕਾ ਸੰਗ ਰਖਾਵਣਾ, ਵਿਛੜ ਕਦੇ ਨਾ ਜਾਇੰਦਾ । ਬ੍ਰਹਮ ਪਾਰਬ੍ਰਹਮ ਰੂਪ ਵਟਾਵਣਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਤ੍ਰੈ ਤ੍ਰੈ ਸਾਚਾ ਵੇਸ ਕਰਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਵਣਾ । ਆਪਣਾ ਭੇਵ ਅਗੰਮੀ ਖੋਲ੍ਹ, ਆਪਣਾ ਪਰਦਾ ਦਏ ਚੁਕਾਈਆ । ਸਤਿ ਪੁਰਖ ਨਿਰੰਜਣ ਸਾਚੀ ਵਸਤ ਰੱਖੇ ਕੋਲ, ਦੂਸਰ ਹੱਥ ਨਾ ਕਿਸੇ ਫੜਾਈਆ । ਅਲੱਖ ਨਿਰੰਜਣ ਅਲੱਖ ਜੈਕਾਰਾ ਏਕਾ ਬੋਲ, ਆਪਣਾ ਨਾਅਰਾ ਇਕ ਲਗਾਈਆ । ਸਚਖੰਡ ਦਵਾਰੇ ਵੱਜੇ ਢੋਲ, ਸਾਜ ਮਰਦੰਗਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਆਪਣੀ ਰੀਤ ਚਲਾਈਆ । ਅਚਰਜ ਰੀਤ ਹਰਿ ਭਗਵਾਨ, ਆਦਿ ਆਦਿ ਆਪਣੀ ਆਪ ਚਲਾਇੰਦਾ । ਆਪਣੇ ਤਖ਼ਤ ਬੈਠ ਸੁਲਤਾਨ, ਸਾਚਾ ਹੁਕਮ ਆਪ ਵਰਤਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਰਾਜ ਜੋਗ ਆਪ ਕਮਾਇੰਦਾ । ਸਾਚੇ ਮੰਦਰ ਬੈਠ ਮਕਾਨ, ਥਿਰ ਘਰ ਸਾਚਾ ਆਪ ਸੁਹਾਇੰਦਾ । ਸਾਚਾ ਦੀਪਕ ਜਗੇ ਮਹਾਨ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਸਾਚਾ ਰਾਗ ਗਾਏ ਗਾਨ, ਗਾਵਣਹਾਰਾ ਦਿਸ ਨਾ ਆਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਸਾਰਿੰਗ ਧਰ ਆਪ ਅਖਵਾਇੰਦਾ । ਆਪਣੀ ਕਰੇ ਆਪ ਪਛਾਣ, ਆਪਣਾ ਮੇਲਾ ਆਪ ਮਿਲਾਇੰਦਾ । ਆਪੇ ਹੋਏ ਨੌਜਵਾਨ, ਆਪਣਾ ਰੂਪ ਅਨੂਪ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਜਗੇ ਜੋਤ ਆਦਿ ਨਿਰੰਜਣ ਏਕਾ ਬੈਠਾ ਹਰਿ ਹਰਿ ਕੰਤ, ਕੰਤੂਹਲ ਵੱਡੀ ਵਡਿਆਈਆ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣ ਸ਼ਬਦ ਜਾਏ ਆਪਣਾ ਸੁੱਤ, ਨਾਦ ਅਨਾਦੀ ਨਾਦ ਵਜਾਈਆ । ਸਚਖੰਡ ਨਿਵਾਸਾ ਸਾਚੇ ਧਾਮ ਸਾਚਾ ਸੱਜਣ

ਕਰੇ ਖੇਲ ਬੇਅੰਤ, ਅਗੰਮ ਅਥਾਹ ਬੇਅੰਤ ਬੇਪਰਵਾਹ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲੇਖਾ ਜਾਣੇ ਆਪਣੇ ਜੰਤ, ਜੀਵ ਜੰਤ ਲਏ ਉਪਾਈਆ । ਬ੍ਰਹਮੇ ਦੇਵੇ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇਆ । ਵਿਸ਼ਨੂੰ ਦੇਵੇ ਧੁਰ ਫ਼ਰਮਾਣ, ਧੁਰ ਦਾ ਸ਼ਬਦ ਆਪ ਜਣਾਇਆ । ਸ਼ੰਕਰ ਸੁਣਨਾ ਲਾ ਲਾ ਕਾਨ, ਸਹਿੰਸਾ ਰੋਗ ਰਹੇ ਨਾ ਰਾਇਆ । ਚੌਦਾਂ ਲੋਕ ਖੋਲ੍ਹ ਦੁਕਾਨ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਤ੍ਰੈਲੋਕ ਇਕ ਨਿਸ਼ਾਨ, ਆਪ ਆਪਣਾ ਦਏ ਝੁਲਾਇਆ । ਸਾਚਾ ਹੁਕਮ ਧੁਰ ਫ਼ਰਮਾਣ, ਧੁਰ ਦੀ ਵਾਦੀ ਧੁਰ ਦੀ ਧਾਰ ਬੰਧਾਇਆ । ਲੱਖ ਚੁਰਾਸੀ ਦੇਵੇ ਦਾਨ, ਏਕਾ ਝੋਲੀ ਵਸਤ ਟਿਕਾਇਆ । ਬ੍ਰਹਮਾ ਕਰੇ ਦਰ ਪਰਵਾਨ, ਨਿਉਂ ਨਿਉਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਹੋਇਆ ਮਿਹਰਵਾਨ, ਦੇ ਮਤ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹਿਆ । ਬ੍ਰਹਮਾ ਸੇਵਕ ਸੇਵਾਦਾਰ, ਤ੍ਰੈ ਪੰਜ ਜੋੜ ਜੁੜਾਇੰਦਾ । ਘਾੜਣ ਘੜੇ ਅਪਰ ਅਪਾਰ, ਇੱਟ ਗਾਰਾ ਨਾ ਕੋਇ ਵਖਾਇੰਦਾ । ਅੰਦਰ ਮੰਦਰ ਖੇਲ ਅਪਾਰ, ਡੂੰਘੀ ਕੰਦਰ ਆਪ ਕਰਾਇੰਦਾ । ਲੱਖ ਚੁਰਾਸੀ ਕਰ ਤਿਆਰ, ਲੋਕਮਾਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਤੇਰੀ ਸਾਰ, ਹਉਂ ਸੇਵਕ ਮੂਲ ਨਾ ਪਾਈਆ । ਤੂੰ ਸ਼ਾਹ ਸੱਚਾ ਸਿਕਦਾਰ, ਹਉਂ ਰਈਅਤ ਸੇਵ ਕਮਾਈਆ । ਤੂੰ ਦਾਤਾ ਦਾਨੀ ਗੁਰ ਕਰਤਾਰ, ਹਉਂ ਭਿਛਕ ਝੋਲੀ ਅੱਗੇ ਡਾਹੀਆ । ਤੂੰ ਸਾਹਿਬ ਸੱਚਾ ਦਾਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਤ ਰਿਹਾ ਸਮਝਾਈਆ । ਬ੍ਰਹਮੇ ਸੁਣ ਸਚ ਗਿਆਨ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਲੱਖ ਚੁਰਾਸੀ ਦਿਤਾ ਦਾਨ, ਤੇਰੀ ਝੋਲੀ ਪਾਇੰਦਾ । ਵਿਸ਼ਨੂੰ ਸੇਵਾ ਕਰੇ ਮਹਾਨ, ਘਰ ਘਰ ਰਿਜ਼ਕ ਪੁਚਾਇੰਦਾ । ਸ਼ੰਕਰ ਅੰਤ ਕਰੇ ਕਲਿਆਣ, ਜੋ ਘੜਿਆ ਭੰਨ ਵਖਾਇੰਦਾ । ਸਚਖੰਡ ਨਿਵਾਸੀ ਕਰੇ ਖੇਲ ਮਹਾਨ, ਆਪਣੀ ਵੰਡਣ ਵੰਡ ਵੰਡਾਇੰਦਾ । ਚਾਰੇ ਵੇਦ ਤੇਰਾ ਧਿਆਨ, ਤੇਰੀ ਇਛਿਆ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਸਾਚੀ ਸਿਖਿਆ ਆਖ ਸੁਣਾਇੰਦਾ । ਬ੍ਰਹਮਾ ਉਠ ਲਏ ਅੰਗੜਾਈ, ਨੇਤਰ ਨੈਣ ਉਘਾੜਿਆ । ਪੁਰਖ ਅਬਿਨਾਸ਼ੀ ਤੇਰੀ ਵਡਿਆਈ, ਤੇਰਾ ਭੇਵ ਕਿਸੇ ਨਾ ਪਾ ਲਿਆ । ਤੇਰਾ ਹੁਕਮ ਮੰਨਾਂ ਮੇਰੇ ਸੱਚੇ ਸਾਈਂ, ਤੇਰਾ ਸਾਇਆ ਸਿਰ ਰਖਾ ਲਿਆ । ਤੇਰੀ ਸੇਵ ਕਮਾਵਾਂ ਚਾਈਂ ਚਾਈਂ, ਲੱਖ ਚੁਰਾਸੀ ਭਾਰ ਉਠਾ ਲਿਆ । ਤੇਰਾ ਦਰਸ਼ਨ ਮੰਗਾਂ ਉਚੀਆਂ ਕਰ ਕਰ ਬਾਹੀਂ, ਨੇਤਰ ਨੈਣ ਰਾਹ ਤਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾ ਰਿਹਾ । ਬ੍ਰਹਮੇ ਸੁਣ ਤੇਰੀ ਫ਼ਰਿਆਦ, ਨਰ ਹਰਿ ਸਾਚਾ ਦਇਆ ਕਮਾਇੰਦਾ । ਏਕਾ ਦੇਵੇ ਤੇਰੀ ਦਾਦ, ਤੇਰੀ ਵਸਤੂ ਝੋਲੀ ਪਾਇੰਦਾ । ਖੇਲੇ ਖੇਲ ਵਿਚ ਬ੍ਰਿਹਮਾਦ, ਆਦਿ ਜੁਗਾਦਿ ਰਚਨ ਰਚਾਇੰਦਾ । ਚਾਰ ਜੁਗ ਨੌ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਮੇਲਾ ਕਰਦਾ ਰਹੇ ਸੰਤ ਸਾਧ, ਗੁਰ ਪੀਰ ਅਵਤਾਰ ਨਾਲ ਰਲਾਇੰਦਾ । ਲੋਕਮਾਤ ਵਜੌਂਦਾ ਰਹੇ ਨਾਦ, ਜੁਗ ਜੁਗ ਆਪਣਾ ਹੁਕਮ ਸੁਣਾਇੰਦਾ । ਸ਼ਬਦ ਜਣਾਏ ਬੋਧ ਅਗਾਧ, ਧੁਰ ਬਾਣੀ ਲੇਖ ਲਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਬ੍ਰਹਮਾ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਚਰਨ ਸੀਸ ਝੁਕਾਈਆ । ਜੁਗ ਜੁਗ ਰਾਹ

੬੫੦

ਤੱਕਾਂ ਤੇਰਾ ਪਰਵਰਦਿਗਾਰ, ਬਿਨ ਤੇਰੇ ਮੇਰਾ ਹੋਏ ਨਾ ਕੋਇ ਸਹਾਈਆ । ਜੋ ਲੋਕਮਾਤ ਆਵੇ ਅਵਤਾਰ, ਜਸ ਤੇਰਾ ਆਪਣਾ ਦਏ ਗਵਾਈਆ । ਜੋ ਸਾਧ ਸੰਤ ਕਰੇ ਪਸਾਰ, ਉਚੀ ਕੂਕਣ ਦੇਣ ਦੁਹਾਈਆ । ਸ੍ਰਿਸ਼ਟ ਸਬਾਈ ਕਰਨ ਪੁਕਾਰ, ਏਕਾ ਅੱਖਰ ਕਰਨ ਪੜ੍ਹਾਈਆ । ਜੁਗਾ ਜੁਗੰਤਰ ਖੇਲ ਨਿਆਰ, ਰੂਪ ਅਨੂਪਾ ਲਏ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰਸ ਮੋਹੇ ਭਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਦਇਆਨਿਧ ਆਪ ਅਖਵਾਇੰਦਾ । ਬ੍ਰਹਮੇ ਦੱਸੇ ਰਾਹ ਸੁਖਾਲਾ, ਆਪ ਆਪਣੀ ਬੂਝ ਬੁਝਾਇੰਦਾ । ਆਪਣਾ ਨਾਉਂ ਰਖਾਏ ਕਾਲ ਮਹਾਂਕਾਲਾ, ਅਵੱਲੜੀ ਚਾਲਾ ਆਪ ਚਲਾਇੰਦਾ । ਤ੍ਰੈਗੁਣ ਮਾਇਆ ਪਾਏ ਜੰਜਾਲਾ, ਸਾਚਾ ਗਾਣਾ ਆਪ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਗੁਰ ਪੀਰ ਅਵਤਾਰ, ਸਾਧ ਸੰਤ ਕਰੇ ਜਣਾਈਆ । ਏਕਾ ਸ਼ਬਦ ਬੋਲ ਜੈਕਾਰ, ਆਪਣਾ ਨਾਅਰਾ ਦਏ ਸੁਣਾਈਆ । ਏਕਾ ਜੋਤ ਕਰ ਆਕਾਰ, ਨਿਰਗੁਣ ਧਾਰਾ ਦਏ ਬੰਧਾਈਆ । ਏਕਾ ਖੋਲ੍ਹ ਬੰਦ ਕਿਵਾੜ, ਆਪਣਾ ਦਰਸ ਦਏ ਵਖਾਈਆ । ਏਕਾ ਮੇਲ ਮਿਲਾਏ ਸਾਚੇ ਲਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਬ੍ਰਹਮਾ ਲੇਖਾ ਰਿਹਾ ਪੁੱਛ, ਘਰ ਸਾਚੇ ਕਰ ਪੁਕਾਰਿਆ । ਲੋਕਮਾਤ ਤੇਰਾ ਰੂਪ ਨਿਰਗੁਣ ਸਰਗੁਣ ਦੇਵੇ ਸੁੱਖ, ਸਾਚਾ ਸੁੱਖ ਕਵਣ ਵਖਾ ਰਿਹਾ । ਲੱਖ ਚੁਰਾਸੀ ਮੇਟੇ ਕਵਣ ਦੁੱਖ, ਦੁਖੀਆਂ ਦੁੱਖ ਕਵਣ ਵੰਡਾ ਰਿਹਾ । ਨਿਮਾਣਿਆਂ ਮੇਟੇ ਕਵਣ ਭੁੱਖ, ਭੁਖਿਆਂ ਰਿਜ਼ਕ ਕਵਣ ਪੁਚਾ ਰਿਹਾ । ਮਾਰ ਝਾਤ ਲੇਖਾ ਚੁਕਾਏ ਕਵਣ ਉਲਟਾ ਰੁਖ, ਮਾਤ ਗਰਭ ਫੰਦ ਕਵਣ ਕਟਾ ਰਿਹਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਦਏ ਸੰਦੇਸ਼ ਬ੍ਰਹਮੇ ਨਿਰਗੁਣ ਆਪੇ ਬਣ ਮਾਨੁਖ, ਪੰਜ ਤਤ ਚੋਲਾ ਆਪ ਹੰਢਾ ਰਿਹਾ । ਗੁਰਮੁਖ ਸੰਤ ਭਗਤ ਲੱਖ ਚੁਰਾਸੀ ਵਿਚੋਂ ਚੁਗ, ਆਪ ਆਪਣੀ ਬੂਝ ਬੁਝਾ ਰਿਹਾ । ਹੱਥ ਫੜਾਏ ਨਾਮ ਧੁਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਬ੍ਰਹਮਾ ਅੱਗੇ ਕਰੇ ਪੁਕਾਰ, ਸੁਣ ਦਾਤਾ ਬੇਪਰਵਾਹੀਆ । ਕਵਣ ਪੁਰਖ ਹੋਏ ਵਿਚ ਸੰਸਾਰ, ਗੁਰ ਪੀਰ ਅਵਤਾਰ ਕਵਣ ਅਖਵਾਈਆ । ਕਵਣ ਮੇਟੇ ਸੋਗ ਹਰਖ, ਏਕਾ ਰੰਗ ਰੰਗਾਈਆ । ਕਵਣ ਕਰੇ ਤੇਰੀ ਰਚਨਾ ਉਤੇ ਤਰਸ, ਤੇਰਾ ਤੇਰਾ ਹੋਏ ਸਹਾਈਆ । ਕਵਣ ਅੰਮ੍ਰਿਤ ਮੇਘ ਦੇਵੇ ਬਰਸ, ਸਾਂਤਕ ਸਤਿ ਦਏ ਵਰਤਾਈਆ । ਕਵਣ ਮੇਟੇ ਮੇਰੀ ਹਰਸ, ਹਵਸ ਰਹਿਣ ਨਾ ਪਾਈਆ । ਕਵਣ ਲੇਖਾ ਜਾਣੇ ਅਰਸ਼ ਫ਼ਰਸ਼, ਕੁਰਸ਼ ਕੁਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਰਿਹਾ ਬੁਝਾਈਆ । ਲੋਕਮਾਤ ਅਵਤਾਰ ਨਿਸ਼ਾਨੀ, ਬ੍ਰਹਮੇ ਬ੍ਰਹਮ ਰਿਹਾ ਸਮਝਾਈਆ । ਜੁਗ ਅੰਤ ਕਰੇ ਜੀਵ ਸ਼ੈਤਾਨੀ, ਚੋਲਾ ਚੋਲਾ ਲਏ ਬਦਲਾਈਆ । ਆਪੇ ਜਾਣੇ ਆਪਣੀ ਬਾਣੀ, ਰਾਮ ਨਾਮ ਕਰੇ ਪੜ੍ਹਾਈਆ । ਲੇਖਾ ਜਾਣੇ ਅਕਥ ਕਹਾਣੀ, ਅਕਥ ਅਕਥਨਾ ਆਪ ਅਖਵਾਈਆ । ਜਨ ਭਗਤਾਂ ਦੇਵੇ ਠੰਡਾ ਪਾਣੀ, ਅੰਮ੍ਰਿਤ ਆਤਮ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਰੰਗ ਰੰਗਾਈਆ । ਸੰਤ ਨਿਸ਼ਾਨਾ ਹਰਿ ਭਗਵਾਨਾ, ਏਕਾ ਏਕ ਸਮਝਾਇੰਦਾ । ਪੰਜ ਤਤ ਦੇਵੇ ਮਾਣਾ, ਅਭਿਮਾਣਾ ਮੇਟ ਮਿਟਾਇੰਦਾ । ਆਪਣਾ ਰਾਗ ਸੁਣਾਏ ਤਰਾਨਾ, ਧੁਨ ਆਤਮਕ ਆਪ ਵਜਾਇੰਦਾ । ਏਕਾ ਬੰਨ੍ਹੇ ਸਾਚਾ ਗਾਨਾ, ਪੁਰਖ ਅਬਿਨਾਸ਼ੀ ਸਗਨ ਮਨਾਇੰਦਾ । ਏਕਾ ਦੇਵੇ ਧੁਰ ਫ਼ਰਮਾਣਾ, ਆਪਣਾ ਅੱਖਰ ਆਪ ਵਖਾਇੰਦਾ । ਜੀਵਾਂ ਜੰਤਾਂ

ਵਿਚ ਵਸੇ ਹੋ ਹੋ ਨਿਮਾਣਾ, ਨਿਮਾਣ ਨਿਮਾਣਿਆਂ ਆਪ ਅਖਵਾਇੰਦਾ । ਹਰਿ ਕਾ ਸਿਰ ਤੇ ਮੰਨੇ ਭਾਣਾ, ਸੋ ਸੰਤ ਮਾਤ ਅਖਵਾਇੰਦਾ । ਬ੍ਰਹਮੇ ਬ੍ਰਹਮ ਰੂਪ ਵਖਾਨਾ, ਪਾਰਬ੍ਰਹਮ ਆਪ ਸਮਝਾਇੰਦਾ । ਗੁਰ ਗੁਰ ਵੇਖ ਜਗਤ ਵਿਚਾਰ, ਹਰਿ ਸਾਚਾ ਬੂਝ ਬੁਝਾਇੰਦਾ । ਸਤਿਗੁਰ ਕਿਰਪਾ ਕਰੇ ਆਪ ਕਰਤਾਰ, ਗੁਰ ਗੁਰ ਜਨਮ ਦਵਾਇੰਦਾ । ਮਾਤ ਗਰਭ ਵਸੇ ਬਾਹਰ, ਦਸ ਮਾਸ ਨਾ ਅੰਦਰ ਆਇੰਦਾ । ਨੌ ਅਠਾਰਾਂ ਕਰ ਕਰ ਪਾਰ, ਆਪਣਾ ਚੋਲਾ ਰੂਪ ਵਟਾਇੰਦਾ । ਬ੍ਰਹਮ ਪਾਰਬ੍ਰਹਮ ਕਰ ਪਿਆਰ, ਜੋਤੀ ਜੋਤ ਵਿਚ ਟਿਕਾਇੰਦਾ । ਆਪ ਸੁਣਾਏ ਸੱਚੀ ਧੁਨਕਾਰ, ਧੁਰ ਦਾ ਸ਼ਬਦ ਆਪ ਅਲਾਇੰਦਾ । ਆਪੇ ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਆਪ ਬਹਾਇੰਦਾ । ਆਪੇ ਵਣਜ ਕਰਾਏ ਵਪਾਰ, ਸਾਚੀ ਵਸਤੂ ਹੱਟ ਵਕਾਇੰਦਾ । ਆਪੇ ਨਾਮ ਭਰੇ ਭੰਡਾਰ, ਆਪਣੀ ਵੰਡਣ ਆਪਣੇ ਹੱਥ ਰਖਾਇੰਦਾ । ਆਪੇ ਗੰਢ ਪਾਵੇ ਸੰਸਾਰ, ਲੋਕਮਾਤ ਜੋੜ ਜੁੜਾਇੰਦਾ । ਆਪੇ ਸਤਿ ਸਤਿ ਬੋਲ ਜੈਕਾਰ, ਜਗਤ ਜੈਕਾਰਾ ਇਕ ਵਖਾਇੰਦਾ । ਆਪੇ ਵਰਨ ਬਰਨ ਕਰ ਪਿਆਰ, ਦੂਈ ਦਵੈਤੀ ਮੇਟ ਮਿਟਾਇੰਦਾ । ਆਪੇ ਸਾਚੀ ਸਰਨ ਦੱਸੇ ਨਿਰੰਕਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਗੁਰ ਗੁਰ ਕਰੇ ਖੇਲ ਅਪਾਰ, ਗੁਰਮਤ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਬ੍ਰਹਮਾ ਸੁਣ ਉਠਿਆ ਨੌਜਵਾਨ, ਪ੍ਰਭ ਸਾਚੇ ਸਚ ਸਮਝਾਇੰਦਾ । ਚਾਰ ਜੁਗ ਤੇਰਾ ਆਵੇ ਜਾਵੇ ਧੁਰ ਫ਼ਰਮਾਣ, ਜੀਵ ਜੰਤ ਸਰਬ ਗਾਇੰਦਾ । ਤੇਰਾ ਸ਼ਬਦ ਡੰਕਾ ਵੱਜੇ ਵਿਚ ਜਹਾਨ, ਤੇਰਾ ਨਾਮ ਸਰਬ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੂੰ ਕਵਣ ਰੂਪ ਪਰਗਟਾਇੰਦਾ । ਸਾਚਾ ਵਰ ਦੇ ਪ੍ਰਿਤਪਾਲਕ, ਬ੍ਰਹਮਾ ਪਾਰਬ੍ਰਹਮ ਸੁਣਾਇੰਦਾ । ਕਵਣ ਖੇਲ ਕਰੇ ਵਿਚ ਖ਼ਾਲਕ, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਕਵਣ ਜੁਗ ਬਣੇਂ ਸਾਲਸ, ਸਚ ਸਾਲਸੀ ਮਾਤ ਕਰਾਇੰਦਾ । ਕਵਣ ਰੂਪ ਹੋਏ ਖ਼ਾਲਸ, ਸ੍ਰਿਸ਼ਟ ਸਬਾਈ ਬੰਦ ਖ਼ਲਾਸ ਕਰਾਇੰਦਾ । ਕਵਣ ਰੂਪ ਨਾ ਨਿੰਦਰਾ ਨਾ ਰੱਖੇ ਆਲਸ, ਜੂਨੀ ਰਹਿਤ ਕਵਣ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਸਾਚਾ ਵਰ, ਆਪਣਾ ਪਰਦਾ ਆਪੇ ਲਾਇੰਦਾ । ਪੁਰਖ ਅਬਿਨਾਸ਼ੀ ਸਚ ਜਣਾਇਆ, ਆਪ ਆਪਣਾ ਭੇਵ ਖੁਲ੍ਹਾਇੰਦਾ । ਸਚਖੰਡ ਦਵਾਰੇ ਆਸਣ ਲਾਇਆ, ਥਿਰ ਘਰ ਸਾਚਾ ਆਪ ਵਡਿਆਇੰਦਾ । ਸੁੱਤ ਦੁਲਾਰਾ ਇਕ ਉਪਜਾਇਆ, ਹਰਿ ਸ਼ਬਦੀ ਨਾਉਂ ਧਰਾਇੰਦਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਹੁਕਮ ਚਲਾਇਆ, ਲੱਖ ਚੁਰਾਸੀ ਬੰਧਨ ਪਾਇੰਦਾ । ਗੁਰ ਪੀਰ ਅਵਤਾਰ ਸਾਧ ਸੰਤ ਹੁਕਮੀ ਹੁਕਮ ਫਿਰਾਇਆ, ਆਪਣਾ ਭਾਣਾ ਆਪ ਮਨਾਇੰਦਾ । ਆਪਣਾ ਨਾਮ ਸਚ ਜੈਕਾਰਾ ਇਕ ਸੁਣਾਇਆ, ਰਸਨਾ ਜਿਹਵਾ ਸਰਬ ਗਾਇੰਦਾ । ਇਕ ਧਿਆਨ ਇਸ਼ਟ ਗੁਰ ਆਪ ਅਖਵਾਇਆ, ਏਕਾ ਨੇਤਰ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇੰਦਾ । ਬ੍ਰਹਮਾ ਰੋਵੇ ਧਾਹਾਂ ਮਾਰ, ਪ੍ਰਭ ਸਾਚੀ ਕਰ ਜਣਾਈਆ । ਕਵਣ ਜੁਗ ਸੁਣੇ ਸਰਬ ਪੁਕਾਰ, ਲੋਕ ਪਰਲੋਕ ਬ੍ਰਹਿਮੰਡ ਖੰਡ ਤੇਰਾ ਰਾਹ ਰਹੇ ਤਕਾਈਆ । ਕਵਣ ਰੂਪ ਸੁਣਾਏ ਸਚ ਸਲੋਕ, ਲੱਖ ਚੁਰਾਸੀ ਤੇਰਾ ਏਕਾ ਨਾਉਂ ਗਾਈਆ । ਕਵਣ ਰੂਪ ਬਖ਼ਸ਼ੇ ਸਾਚੀ ਮੋਖ, ਮੁਕਤੀ ਚਰਨਾਂ ਹੇਠ ਰਖਾਈਆ । ਕਵਣ ਰੂਪ ਮੇਰੀ ਰਚਨਾ ਦੇਵੇ ਝੋਕ, ਏਕਾ ਜੋਤੀ ਲੰਬੂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਦਏ ਬੁਝਾਈਆ । ਬ੍ਰਹਮੇ ਬੂਝ ਕਰ ਵਿਚਾਰ, ਹਰਿ ਪੁਰਖ ਨਿਰੰਜਣ ਆਪ

੬੫੨

ਸੁਣਾਇਆ । ਚਾਰ ਜੁਗ ਏਕਾ ਬੰਨ੍ਹੇ ਧਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬੰਧਨ ਪਾਇਆ । ਇਕ ਚੌਕੜੀ ਚਵੀ ਅਵਤਾਰ, ਦਸ ਅੱਠ ਅਠਾਰਾਂ ਵੇਖ ਵਖਾਇਆ । ਬਾਵਨ ਅੱਖਰ ਕਰੇ ਤਿਆਰ, ਪੈਂਤੀ ਅੱਖਰ ਲੋਕਮਾਤ ਪ੍ਰਗਟਾਇਆ । ਸਤਾਰਾਂ ਅੱਖਰ ਗੁਰ ਪੀਰ ਨਾ ਪਾਵਣ ਸਾਰ, ਆਪਣੇ ਅੰਦਰ ਬੰਦ ਕਰਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਕਰ ਕਰ ਪਸਾਰ, ਤੇਰਾ ਲੇਖਾ ਵੇਖ ਵਖਾਇਆ । ਵਿਸ਼ਨੂੰ ਦੇ ਦੇ ਥੱਕੇ ਸਰਬ ਭੰਡਾਰ, ਜੀਵ ਜੰਤ ਤ੍ਰਿਪਤ ਨਾ ਕੋਇ ਕਰਾਇਆ । ਅੰਤਮ ਆਏ ਚਲ ਦਰਬਾਰ, ਆਪਣੀ ਵਿਥਿਆ ਦਏ ਸੁਣਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਹਉਂ ਢੱਠਾ ਤੇਰੀ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਏਕਾ ਅੱਖਰ ਰਿਹਾ ਪੜ੍ਹਾਇਆ । ਨੌਂ ਸੌ ਚੁਰਾਨਵੇ ਚੌਕੜੀ ਤੇਰਾ ਪਸਾਰਾ, ਇਕੱਤਰ ਮਨਵੰਤਰ ਦੇਣ ਗਵਾਹੀਆ । ਰਵ ਸਸ ਪਾਣੀ ਹਾਰਾ, ਸੂਰਜ ਚੰਨ ਨੱਚਣ ਵਾਹੋ ਦਾਹੀਆ । ਮੰਡਲ ਮੰਡਪ ਇਕ ਸਹਾਰਾ, ਸ਼ਬਦ ਡੋਰੀ ਬੰਧਨ ਪਾਈਆ । ਨੌਂ ਗ੍ਰਹਿ ਕਰੇ ਚਰਨ ਭਿਖਾਰਾ, ਧਰੂ ਦਰਬਾਰਾ ਇਕ ਸੁਹਾਈਆ । ਲੇਖਾ ਚੁਕਾਏ ਨੌਂ ਨੌਂ ਵਾਰਾ, ਚਾਰ ਜੁਗ ਆਪ ਭਵਾਈਆ । ਨੌਂ ਖੰਡ ਪ੍ਰਿਥਮੀ ਦਏ ਹੁਲਾਰਾ, ਸਚ ਹਲੂਣਾ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਭੇਵ ਖੋਲ੍ਹ, ਸ਼ਬਦ ਅਨਾਦੀ ਏਕਾ ਬੋਲ, ਬੋਲਣਹਾਰਾ ਇਕ ਅਖਵਾਈਆ । ਸ਼ਬਦ ਅਨਾਦੀ ਬੋਲਿਆ, ਸਾਚੀ ਧੁਨ ਜੈਕਾਰ । ਬ੍ਰਹਮੇ ਪਰਦਾ ਖੋਲ੍ਹਿਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਬਾਗ਼ੀਚਾ ਮੌਲਿਆ, ਲੋਕਮਾਤ ਖਿੜੀ ਗੁਲਜ਼ਾਰ । ਕਲਜੁਗ ਅੰਤਮ ਕਰੇ ਹੌਲਿਆ, ਚਾਰੋਂ ਕੁੰਟ ਫੇਰਾ ਮਾਰ । ਨਰ ਹਰਿ ਬਣੇ ਸਾਚਾ ਤੋਲਿਆ, ਨਾਮ ਕੰਡਾ ਹੱਥ ਉਠਾਲ । ਤੇਰਾ ਪੂਰਾ ਕਰੇ ਕੀਤਾ ਕੌਲਿਆ, ਭੁੱਲ ਨਾ ਜਾਏ ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੱਸੇ ਆਪਣੀ ਧਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕੌਣਾ, ਚਾਰ ਜੁਗ ਗੇੜਾ ਆਪ ਦੁਆਈਆ । ਚਾਰ ਵੇਦ ਪ੍ਰਭ ਭੇਵ ਖੁਲੌਣਾ, ਚਾਰੇ ਮੁਖ ਸਾਲਾਹੀਆ । ਚਾਰ ਕੁੰਟ ਪ੍ਰਭ ਫੇਰਾ ਪੌਣਾ, ਚਾਰ ਵਰਨ ਵੇਖ ਵਖਾਈਆ । ਚਾਰੇ ਬਾਣੀ ਆਪ ਪੜ੍ਹੌਣਾ, ਪਰਾ ਪਸੰਤੀ ਮਧਮ ਬੈਖ਼ਰੀ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਈਆ । ਬ੍ਰਹਮੇ ਕਲਜੁਗ ਅੰਤਮ ਔਣਾ, ਨੌਂ ਨੌਂ ਚਾਰ ਪੰਧ ਮੁਕਾਵਣਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਲੰਘੌਣਾ, ਕਲਜੁਗ ਅੰਤਮ ਵੇਖ ਵਖਾਵਣਾ । ਰਾਮਾ ਕ੍ਰਿਸ਼ਨਾ ਮੇਲ ਮਿਲੌਣਾ, ਈਸਾ ਮੂਸਾ ਆਪ ਜਗਾਵਣਾ । ਸੰਗ ਮੁਹੰਮਦ ਚਾਰ ਯਾਰ ਢੋਲਾ ਗੌਣਾ, ਐਨਲਹੱਕ ਨਾਅਰਾ ਲਾਵਣਾ । ਮੁਕਾਮੇ ਹੱਕ ਇਕ ਵਖੌਣਾ, ਸਚ ਅਮਾਮ ਰੂਪ ਪਰਗਟਾਵਣਾ । ਏਕਾ ਕਲਮਾ ਨਬੀ ਪੜ੍ਹੌਣਾ, ਨਬੀ ਰਸੂਲਾਂ ਆਪ ਸਮਝਾਵਣਾ । ਮੁਲਾਂ ਸ਼ੇਖ਼ ਮੁਸਾਇਕ ਆਪ ਉਠੌਣਾ, ਪੀਰ ਦਸਤਗੀਰਾਂ ਰਾਹ ਵਖਾਵਣਾ । ਹੱਕ ਹਕੀਕਤ ਵੇਖ ਵਖੌਣਾ, ਲਾਸ਼ਰੀਕ ਡੰਕ ਵਜਾਵਣਾ । ਸਾਚੀ ਤਾਰੀਖ ਇਕ ਜਣੌਣਾ, ਨਾ ਕੋਈ ਮੇਟੇ ਮੇਟ ਮਟਾਵਣਾ । ਚੌਦਾਂ ਤਬਕਾਂ ਡੇਰਾ ਢੌਣਾ, ਉਚੀ ਕੂਕ ਆਪ ਸੁਣਾਵਣਾ । ਦਾਮਨਗੀਰ ਨਾ ਕਿਸੇ ਅਖਵੌਣਾ, ਹੱਥ ਦਾਮਨ ਨਾ ਕਿਸੇ ਫੜਾਵਣਾ । ਜ਼ਾਮਨ ਹੋ ਨਾ ਕਿਸੇ ਛੁਡੌਣਾ, ਅੱਲਾ ਰਾਣੀ ਮੁਖ ਸ਼ਰਮਾਵਣਾ । ਨਾਨਕ ਨਿਰਗੁਣ ਜੋਤ ਜਗੌਣਾ, ਸਰਗੁਣ ਆਪਣਾ ਰੂਪ ਧਰਾਵਣਾ । ਪੁਰਖ ਅਕਾਲ ਏਕਾ ਗੌਣਾ, ਏਕੰਕਾਰਾ ਘਰ ਬਹਾਵਣਾ । ਸਤਿ ਨਾਮ ਨਾਮ ਸਤਿ ਮੰਤਰ ਦ੍ਰਿੜ੍ਹੌਣਾ, ਚਾਰ ਵਰਨਾਂ ਇਕ ਪੜ੍ਹਾਵਣਾ । ਹਿੰਦੂ ਮੁਸਲਮ ਏਕਾ ਰੰਗ ਰੰਗੌਣਾ,

ਦੂਈ ਦਵੈਤੀ ਮੇਟ ਮਿਟਾਵਣਾ । ਕਲਜੁਗ ਮਾਰਗ ਇਕ ਵਖੌਣਾ, ਝੂਠਾ ਠੂਠਾ ਭੰਨ ਵਖਾਵਣਾ । ਤਾਣਾ ਪੇਟਾ ਏਕਾ ਪੌਣਾ, ਏਕਾ ਸੂਤਰ ਰੰਗ ਰੰਗਾਵਣਾ । ਊਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਬਹੌਣਾ, ਸਾਚਾ ਤਖ਼ਤ ਇਕ ਵਖਾਵਣਾ । ਅੰਗਦ ਅੰਗੀਕਾਰ ਕਰੌਣਾ, ਅਮਰੂ ਅਮਰਾਪਦ ਦਰਸਾਵਣਾ । ਰਾਮਦਾਸ ਸਾਚਾ ਸਰ ਭਰੌਣਾ, ਅੰਮ੍ਰਿਤ ਤਾਲ ਸੁਹਾਵਣਾ । ਅਰਜਨ ਲੇਖਾ ਬੋਧ ਗਿਆਨ ਦ੍ਰਿੜੌਣਾ, ਗੁਰੂ ਗਰੰਥ ਇਕ ਲਿਖਾਵਣਾ । ਹਰਿ ਗੋਬਿੰਦ ਸਾਚੇ ਘੌੜੇ ਆਪ ਚੜ੍ਹੌਣਾ, ਦੋ ਧਾਰਾ ਆਪ ਬੰਧਾਵਣਾ । ਹਰਿ ਰਾਏ ਹਰਿ ਆਪ ਮਿਲੌਣਾ, ਹਰਿ ਕ੍ਰਿਸ਼ਨਾ ਵੇਖ ਵਖਾਵਣਾ । ਤੇਗ਼ ਬਹਾਦਰ ਤੇਗ਼ ਉਠੌਣਾ, ਧਰਤ ਧਵਲ ਹੌਲਾ ਭਾਰ ਕਰਾਵਣਾ । ਗੋਬਿੰਦ ਸੁੱਤ ਆਪ ਉਪਜੌਣਾ, ਤਨ ਕਟਾਰ ਆਪ ਸਜਾਵਣਾ । ਕਲਗ਼ੀ ਤੋੜਾ ਸੀਸ ਟਿਕੌਣਾ, ਪੰਜ ਪਿਆਰੇ ਮੇਲ ਮਿਲਾਵਣਾ । ਅੰਮ੍ਰਿਤ ਬਾਟੇ ਜਾਮ ਪਿਔਣਾ, ਊਚਾਂ ਨੀਚਾਂ ਰੰਗ ਰੰਗਾਵਣਾ । ਆਪ ਆਪਣਾ ਵਾਰ ਵਖੌਣਾ, ਸਿਰ ਭਾਣਾ ਸਚ ਮਨਾਵਣਾ । ਮਾਛੂਵਾੜੇ ਇਕ ਧਿਔਣਾ, ਸੂਲਾਂ ਸੱਥਰ ਹੇਠ ਵਿਛਾਵਣਾ । ਸ਼ਬਦ ਸੁਨੇਹੜਾ ਇਕ ਘਲੌਣਾ, ਮਿੱਤਰ ਪਿਆਰੇ ਹਾਲ ਸੁਣਾਵਣਾ । ਪੁਰਖ ਅਬਿਨਾਸ਼ੀ ਦਇਆ ਕਮੌਣਾ, ਗੁਰ ਗੋਬਿੰਦ ਮੇਲ ਮਿਲਾਵਣਾ । ਬ੍ਰਹਮੇ ਤੇਰਾ ਰੰਗ ਚੜ੍ਹੌਣਾ, ਰੰਗ ਰਤੜਾ ਆਪ ਅਖਵਾਵਣਾ । ਗੋਬਿੰਦ ਗੋਬਿੰਦ ਘਰ ਸੁਹੌਣਾ, ਗੋਬਿੰਦ ਗੋਬਿੰਦ ਸੋਭਾ ਪਾਵਣਾ । ਗੋਬਿੰਦ ਡੰਕਾ ਇਕ ਵਜੌਣਾ, ਪੁਰਖ ਅਬਿਨਾਸ਼ੀ ਆਪ ਵਜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕੰਕਾਰ, ਖੇਲੇ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਰੱਖੇ ਧਾਰ, ਧਾਰ ਅਵੱਲੀ ਆਪ ਚਲਾਵਣਾ । ਨਿਰਗੁਣ ਮਿਲਿਆ ਗੁਰ ਗੋਬਿੰਦ, ਪਾਰਬ੍ਰਹਮ ਵੱਡੀ ਵਡਿਆਈਆ । ਤੇਰਾ ਅੰਮ੍ਰਿਤ ਸਾਗਰ ਸਿੰਧ, ਲੋਕਮਾਤ ਦਏ ਵਹਾਈਆ । ਚਾਰ ਵਰਨ ਬਣਾਏ ਤੇਰੀ ਬਿੰਦ, ਤੇਰਾ ਡੰਕਾ ਇਕ ਵਜਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਇਕ ਵਡਿਆਈਆ । ਬ੍ਰਹਮੇ ਸੁਣ ਕਰ ਵਿਚਾਰ, ਹਰਿ ਪੁਰਖ ਨਿਰੰਜਣ ਆਪ ਸੁਣਾਇੰਦਾ । ਵੇਦ ਵਿਆਸਾ ਬਣੇ ਲਿਖਾਰ, ਲੇਖਾ ਆਪਣਾ ਆਪ ਜਣਾਇੰਦਾ । ਗੋਬਿੰਦ ਜੋਧਾ ਬਣ ਬਲਕਾਰ, ਏਕਾ ਭਿਛਿਆ ਮੰਗ ਮੰਗਾਇੰਦਾ । ਨਾਨਕ ਬੋਲੇ ਸਚ ਜੈਕਾਰ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਜੁਗਾ ਜੁਗੰਤਰ ਆਪ ਕਰਾਇੰਦਾ । ਕਲਜੁਗ ਆਏ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਹੋਏ ਨਾਰ ਵਿਭਚਾਰ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਵਰਨ ਬਰਨ ਆਪਣਾ ਧਰਮ ਜਾਇਣ ਹਾਰ, ਸਾਚਾ ਧਰਮ ਨਾ ਕੋਇ ਵਖਾਇੰਦਾ । ਘਰ ਘਰ ਭਰੇ ਇਕ ਹੰਕਾਰ, ਮਾਇਆ ਮਮਤਾ ਮੋਹ ਹਲਕਾਇੰਦਾ । ਆਸਾ ਤ੍ਰਿਸ਼ਨਾ ਕਰੇ ਖ਼ਵਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਿਖ ਨਾਲ ਸਿਖ ਨਾ ਕਰੇ ਪਿਆਰ, ਸਿਖਿਆ ਸਿਖ ਸਿਖੀ ਤੋੜ ਨਾ ਕੋਇ ਨਿਭਾਇੰਦਾ । ਅੰਤਮ ਲਏ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਜਾਮਾ ਭੇਖ ਵਟਾਇੰਦਾ । ਗੋਬਿੰਦ ਤੇਰਾ ਕਰੇ ਸਚ ਪਿਆਰ, ਤੇਰੀ ਨਗਰੀ ਆਪ ਸੁਹਾਇੰਦਾ । ਸੰਬਲ ਤੇਰਾ ਧਾਮ ਅਪਾਰ, ਉਚੇ ਟਿੱਲੇ ਡੇਰਾ ਲਾਇੰਦਾ । ਅੰਮ੍ਰਿਤ ਜਾਮ ਭਰ ਭੰਡਾਰ, ਹਰਿ ਵਰਤਾਰਾ ਇਕ ਵਰਤਾਇੰਦਾ । ਨੌ ਖੰਡ ਪ੍ਰਿਥਮੀ ਬੋਲ ਜੈਕਾਰ, ਵਾਹਵਾ ਗੁਰੂ ਫ਼ਤਹਿ ਇਕ ਗਜਾਇੰਦਾ । ਰਾਮ ਨਾਮ ਕਰੇ ਪਿਆਰ, ਕਾਹਨਾ ਗੀਤ ਆਪਣੇ ਆਪ ਅਲਾਇੰਦਾ । ਏਕਾ ਕਲਮਾ ਸਚ ਨਿਆਰ, ਉਚੀ ਕੂਕ ਆਪ ਸੁਣਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਦਿਸ ਕਿਸੇ ਨਾ ਆਇੰਦਾ । ਕਲਜੁਗ ਮੇਟੇ ਕੂੜ

ਪਸਾਰ, ਕੂੜੀ ਕਿਰਿਆ ਵੇਖ ਵਖਾਇੰਦਾ । ਲੋਕਮਾਤ ਲਾਏ ਸਚ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਬ੍ਰਹਮੇ ਬਣਨਾ ਪਏ ਭਿਖਾਰ, ਸ਼ਿਵ ਸ਼ੰਕਰ ਨਾਲ ਰਲਾਇੰਦਾ । ਵਿਸ਼ਨ ਰੂਪ ਕਰੇ ਤਿਆਰ, ਤ੍ਰੈ ਤ੍ਰੈ ਆਪਣਾ ਖੇਲ ਖਿਲਾਇੰਦਾ । ਭਗਵਨ ਜੋਤ ਜਗੇ ਸੰਸਾਰ, ਨਿਰਗੁਣ ਦੀਆ ਆਪ ਜਗਾਇੰਦਾ । ਬ੍ਰਹਮੇ ਤੇਰੀ ਪਾਏ ਸਾਰ, ਹੰ ਰੂਪ ਤੇਰਾ ਵੇਖ ਵਖਾਇੰਦਾ । ਸੋਇਮ ਰੂਪ ਹੋਏ ਸਿਰਜਣਹਾਰ, ਸੋ ਪੁਰਖ ਨਿਰੰਜਣ ਆਪਣਾ ਨਾਉਂ ਉਪਜਾਇੰਦਾ । ਸੋਹੰ ਸ਼ਬਦ ਕਰ ਤਿਆਰ, ਲੋਕਮਾਤ ਆਪ ਧਰਾਇੰਦਾ । ਸਤਿਜੁਗ ਬੇੜਾ ਕਰੇ ਤਿਆਰ, ਸਾਚਾ ਬਾਢੀ ਬਣਤ ਬਣਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਘਰ ਘਰ ਭਾਂਡੇ ਫੋਲ ਫੁਲਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਨਾ ਕਰੇ ਕੋਈ ਵਿਚਾਰ, ਜ਼ਾਤ ਪਾਤ ਵਿਚ ਨਾ ਆਇੰਦਾ । ਦੀਨ ਮਜ਼੍ਹਬ ਨਾ ਕੋਇ ਆਧਾਰ, ਸ਼ਰਅ ਸ਼ਰੀਅਤ ਨਾ ਬੰਧਨ ਪਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਇਕ ਅਖਵਾਇੰਦਾ । ਕਲਜੁਗ ਅੰਤਮ ਖੇਲ ਕਰੇ ਅਪਾਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਭਰਮੇ ਭੁੱਲਾ ਸਰਬ ਸੰਸਾਰ, ਭਰਮ ਗੜ੍ਹ ਨਾ ਕੋਇ ਤੁੜਾਇੰਦਾ । ਕਾਇਆ ਚੁਲ੍ਹੇ ਤਪੇ ਇਕ ਅੰਗਿਆਰ, ਤ੍ਰੈਗੁਣ ਮਾਇਆ ਅਗਨੀ ਲਾਇੰਦਾ । ਗੁਰਮੁਖਾਂ ਖੁਲ੍ਹੇ ਦੇਵੇ ਆਪ ਭੰਡਾਰ, ਸਾਚਾ ਨਾਮ ਆਪ ਵਰਤਾਇੰਦਾ । ਕਲਜੁਗ ਕਲਕੀ ਲੈ ਅਵਤਾਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਅਮਾਮ ਮਹਿੰਦੀ ਪਾਵੇ ਸਾਰ, ਦਿਸ਼ਾ ਲਹਿੰਦੀ ਫੋਲ ਫੁਲਾਇੰਦਾ । ਅੰਜੀਲ ਕੁਰਾਨ ਇਕੱਠੀ ਹੋ ਹੋ ਬਹਿੰਦੀ, ਕਵਣ ਕੂਟੇ ਹਰਿ ਹਰਿ ਜੋਤ ਜਗਾਇੰਦਾ । ਲਾਲ ਰੰਗਣ ਰੰਗਾਏ ਸਾਚੀ ਮਹਿੰਦੀ, ਘਰ ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪੇ ਡਗਮਗਾਇੰਦਾ । ਨੂਰ ਨੁਰਾਨਾ ਸ਼ਾਹ ਸੁਲਤਾਨਾ ਮਿਹਰਵਾਨ ਇਕ ਅਖਵਾਈਆ । ਸ਼ਾਹਸਵਾਰ ਨੌਜਵਾਨਾ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਚੌਦਾਂ ਤਬਕਾਂ ਵੇਖੇ ਮਾਰ ਧਿਆਨਾ, ਜਲਵਾ ਨੂਰ ਨੂਰ ਇਲਾਹੀਆ । ਏਕਾ ਕਲਮਾ ਕਲਾਮ ਕਰ ਪਰਵਾਨਾ, ਉਲਮਾ ਉਲਮਾ ਦਏ ਪੜ੍ਹਾਈਆ । ਏਕਾ ਰੱਖੇ ਤੀਰ ਕਮਾਨਾ, ਸ਼ਾਹ ਅਫ਼ਗਾਨਾ ਵੇਖ ਵਖਾਈਆ । ਲੇਖਾ ਜਾਣੇ ਗ਼ਫ਼ੂਰ ਈਰਾਨਾ, ਮਹਿਬਾਨ ਭੇਵ ਨਾ ਰਾਈਆ । ਮੇਟ ਮਿਟਾਏ ਪੰਚ ਸ਼ੈਤਾਨਾ, ਇਕ ਨਿਸ਼ਾਨਾ ਦਏ ਲਗਾਈਆ । ਕਰੇ ਖੇਲ ਵਾਲੀ ਦੋ ਜਹਾਨਾਂ, ਬੇਐਬ ਪਰਵਰਦਿਗਾਰ ਆਪਣਾ ਨਾਉਂ ਰਖਾਈਆ । ਤਾਲਬ ਤੁਲਬਾ ਆਪ ਪੜ੍ਹਾਣਾ, ਏਕਾ ਮੰਤਰ ਨਾਮ ਦ੍ਰਿੜਾਈਆ । ਲੇਖਾ ਜਾਣੇ ਅੰਜੀਲ ਕੁਰਾਨਾ, ਤੀਸ ਬਤੀਸਾ ਦਏ ਗਵਾਹੀਆ । ਚਾਰ ਯਾਰੀ ਕਰ ਪਰਧਾਨਾ, ਸੰਗ ਮੁਹੰਮਦ ਮੇਲ ਮਿਲਾਈਆ । ਇਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫ਼ੀਲ ਗਾਇਣ ਇਕ ਤਰਾਨਾ, ਵਾਹਦੇ ਲਾਸ਼ਰੀਕ ਏਕਾ ਏਕ ਖ਼ੁਦਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਅਮਾਮ ਅਮਾਮਾ ਸਿਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਸੂਸਾ ਤਨ ਛੁਹਾਈਆ । ਕਾਲਾ ਸੂਸਾ ਤਨ ਸ਼ਿੰਗਾਰ, ਆਪਣੀ ਅਲਫ਼ੀ ਆਪ ਹੰਢਾਇੰਦਾ । ਈਸਾ ਮੂਸਾ ਪਾਵੇ ਸਾਰ, ਮੁਸਲਮ ਸੁੰਨੀ ਵੇਖ ਵਖਾਇੰਦਾ । ਮੱਕਾ ਕਾਅਬਾ ਖੋਲ੍ਹ ਕਿਵਾੜ, ਦੋ ਦੋ ਆਬਾ ਖੋਜ ਖੁਜਾਇੰਦਾ । ਸ਼ਾਹ ਨਵਾਬਾ ਸਾਂਝਾ ਯਾਰ, ਚਰਨ ਰਕਾਬੇ ਆਪ ਟਿਕਾਇੰਦਾ । ਦਹਿ ਦਿਸ਼ਾ ਫਿਰੇ ਸ਼ਾਹ ਸਵਾਰ, ਆਪਣਾ ਘੋੜਾ ਆਪ ਦੌੜਾਇੰਦਾ । ਹਰਿਜਨ ਸਾਚੇ ਲਏ ਉਭਾਰ, ਉਮਤ ਉਮਤੀ ਵੇਖ ਵਖਾਇੰਦਾ । ਸੂਫ਼ੀਆਂ ਸੂਫ਼ੀ ਕਰੇ ਪਿਆਰ, ਆਪਣਾ ਨਸ਼ਾ ਨਾਮ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਚੁਕਾਏ ਤੇਰਾ ਲਹਿਣਾ, ਤੇਰਾ ਬਸਤਰ ਤੇਰੇ ਗਲ ਪਹਿਨਾਏ ਗਹਿਣਾ, ਜੂਠ ਝੂਠ

ਨਾਲ ਲਟਕਾਈਆ । ਜੂਠਾ ਝੂਠਾ ਤੇਰਾ ਬਸਤਰ, ਕਲਜੁਗ ਤੇਰਾ ਸੰਗ ਰਖਾਇੰਦਾ । ਮਾਇਆ ਰਾਣੀ ਤੇਰਾ ਸ਼ਸਤਰ, ਤੇਰੀ ਕਮਰ ਬੰਧਾਇੰਦਾ । ਤੇਰੀ ਬਿਧ ਜਾਣੇ ਅੰਤਰ, ਕਾਮ ਕਰੋਧ ਲੋਭ ਮੋਹ ਹੰਕਾਰ ਤੇਰਾ ਗੜ੍ਹ ਬਣਾਇੰਦਾ । ਤ੍ਰੈਗੁਣ ਮਾਇਆ ਤੇਰੀ ਬਸੰਤਰ, ਘਰ ਘਰ ਅੱਗ ਲਗਾਇੰਦਾ । ਸਤਿਜੁਗ ਚਲਾਏ ਆਪਣਾ ਮੰਤਰ, ਸੋਹੰ ਸਾਚਾ ਜਾਪ ਜਪਾਇੰਦਾ । ਗੁਰਮੁਖ ਸਦਾ ਰਹੇ ਸੁਤੰਤਰ, ਦੁਰਮਤ ਮੈਲ ਧਵਾਇੰਦਾ । ਆਪ ਬਣਾਏ ਭਗਤਾਂ ਬਣਤਰ, ਬ੍ਰਹਮ ਗਿਆਨ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਖੇਲ ਨਿਆਰਾ, ਕਰੇ ਕਰਾਏ ਕਰਣੇਹਾਰਾ, ਕਰਨਹਾਰ ਆਪ ਅਖਵਾਇੰਦਾ । ਕਲਜੁਗ ਤੇਰਾ ਕਾਲਾ ਚੋਲਾ, ਚਾਰੇ ਕੰਨੀਆਂ ਰਿਹਾ ਵਖਾਈਆ । ਤੇਰੀ ਸ੍ਰਿਸ਼ਟੀ ਖੇਲੇ ਹੋਲਾ, ਲਾਲ ਰੰਗਣ ਇਕ ਵਖਾਈਆ । ਚਾਰੇ ਜੁਗ ਚੁੱਕਣ ਡੋਲਾ, ਨੌਂ ਖੰਡ ਪ੍ਰਿਥਮੀ ਵਿਚ ਬਹਾਈਆ । ਰਾਣੀ ਮੌਤ ਆਪਣਾ ਗੀਤ ਗਾਏ ਢੋਲਾ, ਨੈਣ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਖਲਾਈਆ । ਖੇਲੇ ਖੇਲ ਹਰੀ ਦਵਾਰ, ਹਰੀ ਹਰਿ ਆਪਣਾ ਰੂਪ ਵਟਾਇੰਦਾ । ਰਾਏ ਧਰਮ ਹੋ ਤਿਆਰ, ਪੁਰਖ ਅਬਿਨਾਸ਼ੀ ਹੁਕਮ ਸੁਣਾਇੰਦਾ । ਵਰਨ ਬਰਨ ਹੋਏ ਖ਼ਵਾਰ, ਸਾਚੀ ਸਰਨ ਨਾ ਕੋਇ ਰਖਾਇੰਦਾ । ਧੀਰਜ ਜਤ ਤੁੱਟਾ ਸੰਸਾਰ, ਸਾਚੀ ਪਤ ਨਾ ਕੋਇ ਰਖਾਇੰਦਾ । ਰੱਤੀ ਰੱਤ ਗਈ ਹਾਰ, ਬ੍ਰਹਮ ਮਤ ਨਾ ਕੋਇ ਧਰਾਇੰਦਾ । ਅਠਸਠ ਹੋਇਆ ਵਿਭਚਾਰ, ਨਾਰੀ ਪੁਰਸ਼ ਨੰਗਾ ਤਾਰੀਆਂ ਲਾਇੰਦਾ । ਗੁਰਦਰ ਮੰਦਰ ਮਸਜਿਦ ਸਚ ਧਰਮ ਨਾ ਦਿਸੇ ਇਕੱਠ, ਜਗਤ ਸਿਆਸਤ ਨਾਚ ਕਰਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰਾ ਇਕ ਸਮਰਥ, ਸਰਬ ਕਲ ਆਪਣਾ ਨਾਉਂ ਧਰਾਇੰਦਾ । ਕਲਜੁਗ ਅੰਤਮ ਹੋਏ ਪਰਗਟ, ਨਿਹਕਲੰਕਾ ਜਾਮਾ ਪਾਇੰਦਾ । ਗੁਰਮੁਖ ਸੱਜਣ ਕਰੇ ਵੱਖ, ਸਿਰ ਆਪਣਾ ਹੱਥ ਰਖਾਇੰਦਾ । ਸਤਿਜੁਗ ਮਾਰਗ ਸਾਚਾ ਦੱਸ, ਭੁੱਲੇ ਪਾਂਧੀ ਰਾਹੇ ਪਾਇੰਦਾ । ਗੁਰ ਗੋਬਿੰਦ ਮਿਲਾਏ ਮੇਲਾ ਨੱਠ ਨੱਠ, ਦਿਵਸ ਰੈਣ ਸੇਵ ਕਮਾਇੰਦਾ । ਕਲਜੁਗ ਬੁਰਜ ਰਿਹਾ ਢੱਠ, ਕੱਲਰ ਕੰਧ ਨਾ ਕੋਇ ਬਚਾਇੰਦਾ । ਝੂਠਾ ਖੇੜਾ ਹੋਣਾ ਭੱਠ, ਬਣ ਯਾਰ ਸੱਥਰ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਵਾ ਹਰਿ ਗੋਬਿੰਦ, ਚਿੰਤਾ ਸੋਗ ਰਹੇ ਨਾ ਰਾਈਆ । ਸਤਿਗੁਰ ਪੂਰਾ ਸਦਾ ਬਖ਼ਸ਼ੰਦ, ਨਾ ਮਰੇ ਨਾ ਜਾਈਆ । ਮਨਮੁਖ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਮੁਖ ਭਰਾਈਆ । ਹਰਿਜਨ ਉਪਜਾਏ ਸਾਚੀ ਬਿੰਦ, ਮਾਤ ਪਿਤ ਆਪ ਅਖਵਾਈਆ । ਦਰ ਆਇਆਂ ਮੇਟੇ ਸਗਲੀ ਚਿੰਦ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚਾ ਜਾਗਿਆ, ਪ੍ਰਭ ਕਿਰਪਾ ਕਰੀ ਅਪਾਰ । ਸ਼ਾਹੋ ਮਿਲਿਆ ਵਡ ਰਾਜਨ ਰਾਜਿਆ, ਨਾਤਾ ਤੁੱਟਾ ਸਰਬ ਸੰਸਾਰ । ਮਨਮੁਖ ਜੀਵ ਚਾਰੋਂ ਕੁੰਟ ਫਿਰੇ ਭਾਜਿਆ, ਮਗਰ ਲੱਗਾ ਕਾਮ ਕਰੋਧ ਹੰਕਾਰ । ਘਰ ਮਿਲਿਆ ਨਾ ਗ਼ਰੀਬ ਨਿਵਾਜ਼ਿਆ, ਦੇਵੇ ਪੈਜ ਸਵਾਰ । ਅਨਹਦ ਵੱਜੇ ਨਾ ਸਾਚਾ ਵਾਜਿਆ, ਧੁਨੀ ਸੁਣੇ ਨਾ ਨਾਦ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਪ ਨਿਵਾਜ਼ਿਆ, ਨਿਰਗੁਣ ਸਰਗੁਣ ਕਰ ਪਿਆਰ । ਨਿਰਗੁਣ ਮੇਲਾ ਮੇਲਿਆ, ਸਰਗੁਣ ਪ੍ਰੇਮ ਪਿਆਰ । ਨਿਰਗੁਣ ਖੇਲ ਗੁਰੂ ਗੁਰ ਚੇਲਿਆ, ਗੁਰ ਚੇਲਾ ਬੰਨ੍ਹੇ ਧਾਰ । ਨਿਰਗੁਣ ਸਤਿਗੁਰ ਸੱਜਣ ਸੁਹੇਲਿਆ, ਸਰਗੁਣ ਵੇਖੇ ਇਕ ਦਵਾਰ । ਨਿਰਗੁਣ ਕੱਟੇ ਧਰਮ ਰਾਏ ਦੀ ਜੇਲਿਆ, ਸਰਗੁਣ ਲੱਖ ਚੁਰਾਸੀ ਉਤਰੇ ਪਾਰ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਕਲਗੀ ਤੋੜਾ, ਜੋੜੀ ਜੋੜਾ ਸ਼ਾਹ ਅਸਵਾਰ । ਕਲਗੀ ਤੋੜਾ ਹਰਿ ਨਿਰੰਕਾਰ, ਆਦਿ ਅੰਤ ਰਖਾਇੰਦਾ । ਸ਼ਬਦ ਘੋੜੇ ਹੋ ਅਸਵਾਰ, ਜੁਗ ਜੁਗ ਫੇਰਾ ਪਾਇੰਦਾ । ਮਿੱਠਾ ਕੌੜਾ ਪਰਖੇ ਪਰਖਣਹਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਆਪਣੀ ਦ੍ਰਿਸ਼ਟੀ ਆਪੇ ਪਾਇੰਦਾ । ਕਰੇ ਪਰਕਾਸ਼ ਬਹੱਤਰ ਨਾੜ, ਜੋਤ ਨਿਰੰਜਣ ਆਪ ਜਗਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਘਰ ਸਰੋਵਰ ਆਪ ਪਿਆਇੰਦਾ । ਆਤਮ ਸੇਜਾ ਹੋ ਤਿਆਰ, ਸਚ ਸਿੰਘਾਸਣ ਆਸਣ ਲਾਇੰਦਾ । ਸੁਰਤ ਸਵਾਣੀ ਮੇਲੇ ਸ਼ਬਦ ਭਤਾਰ, ਘਰ ਸਖੀਆਂ ਮੰਗਲ ਗਾਇੰਦਾ । ਪੰਚਮ ਸ਼ਬਦ ਬੋਲ ਜੈਕਾਰ, ਆਪ ਆਪਣਾ ਖੇਲ ਖਿਲਾਇੰਦਾ । ਰੰਗਣ ਰੰਗ ਚੜ੍ਹੇ ਅਪਾਰ, ਚੜ੍ਹਿਆ ਰੰਗ ਉਤਰ ਨਾ ਜਾਇੰਦਾ । ਚਾਰੇ ਜੁਗ ਗਏ ਹਾਰ, ਵੇਲਾ ਅੰਤਮ ਆਇੰਦਾ । ਨਾਰਦ ਮੁਨ ਵੇਸ ਕਰੇ ਅਪਾਰ, ਕਲਜੁਗ ਤੇਰਾ ਸੰਗ ਨਿਭਾਇੰਦਾ । ਬਾਰਾਂ ਅਕਸ਼ਰ ਕਰੇ ਤਿਆਰ, ਬ੍ਰਹਮਾ ਵੇਤਾ ਨਾਲ ਰਲਾਇੰਦਾ । ਜਗਤ ਸੁਰਸਤੀ ਕਰੇ ਪਿਆਰ, ਛੱਤੀ ਰਾਗ ਅਲਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਲੇਖਾ ਲੇਖ ਨਾ ਕੋਇ ਜਣਾਇੰਦਾ । ਜੀਵ ਜੰਤ ਚਾਰੋਂ ਕੁੰਟ ਰਹੇ ਝੱਖ ਮਾਰ, ਹਕੀਕੀ ਜਾਮ ਨਾ ਕੋਇ ਪਿਆਇੰਦਾ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦੀ ਇਕ ਅਵਤਾਰ, ਦੂਸਰ ਗੁਰੂ ਨਾ ਕੋਇ ਵਖਾਇੰਦਾ । ਜਿਸ ਤਨ ਚੋਲੇ ਕਰੇ ਪਿਆਰ, ਪੰਜ ਤਤ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਬਲ ਨਗਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਜੀਵ ਜੰਤ ਸਕੇ ਫੜ, ਦਰ ਦਰ ਘਰ ਘਰ ਬੈਠ ਰਹੇ ਕੁਰਲਾਈਆ । ਪੁਰਖ ਅਬਿਨਾਸ਼ੀ ਕਰਿਆ ਖੇਲ ਅਪਾਰਾ, ਚਾਰ ਜੁਗ ਮੁਖ ਸ਼ਰਮਾਇਆ । ਲੇਖ ਨਾ ਲਿਖਿਆ ਕਿਸੇ ਕਰ ਉਜਿਆਰਾ, ਗੁਰ ਪੀਰ ਅਵਤਾਰ ਰਹੇ ਰਾਹ ਤਕਾਈਆ । ਕਵਣ ਰੂਪ ਪਰਗਟੇ ਵਿਚ ਸੰਸਾਰਾ, ਨਿਹਕਲੰਕ ਕਵਣ ਅਖਵਾਈਆ । ਗੁਰ ਗੋਬਿੰਦ ਬਣਿਆ ਸਚ ਲਿਖਾਰਾ, ਲਿਖ ਲਿਖ ਲੇਖਾ ਦਏ ਗਵਾਹੀਆ । ਸੋਹੰ ਸ਼ਬਦ ਹੋਏ ਉਜਿਆਰਾ, ਚਿਲਾ ਤੀਰ ਕਮਾਨ ਨਾ ਕੋਇ ਵਖਾਈਆ । ਦੋ ਜਹਾਨਾਂ ਮਾਰੇ ਮਾਰਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਗੜ੍ਹ ਹੰਕਾਰੀਆਂ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਇਕ ਵਜਾਏ ਸਾਚਾ ਡੰਕਾ, ਆਪ ਉਠਾਏ ਰਾਓ ਰੰਕਾ, ਰਾਜ ਰਾਜਾਨ ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਏਕਾ ਘਰ, ਸਤਿਜੁਗ ਸਾਚਾ ਘਾੜਣ ਘੜ, ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਉਤਭੁਜ ਸੇਤਜ ਜੇਰਜ ਅੰਡ ਏਕਾ ਏਕ ਰੰਗ ਰੰਗਾਈਆ ।


੬੫੭

## ✳ ੧੦ ਜੇਠ ੨੦੧੭ ਬਿਕ੍ਰਮੀ ਗੁਰਦਿਤ ਸਿੰਘ ਦੇ ਘਰ ਛੰਬ ਜ਼ਿਲਾ ਜੰਮੂ ✳

ਸਤਿਗੁਰ ਪੂਰਾ ਹਰਿ ਨਿਰੰਕਾਰ, ਇਕ ਇਕੱਲਾ ਹਰਿ ਅਖਵਾਇੰਦਾ । ਗੁਰ ਗੁਰ ਰੂਪ ਵਿਚ ਸੰਸਾਰ, ਸ਼ਬਦੀ ਢੋਲਾ ਏਕਾ ਗਾਇੰਦਾ । ਭਗਤੀ ਭਗਤ ਕਰ ਤਿਆਰ, ਭਗਵਨ ਆਪਣੀ ਬੂਝ ਬੁਝਾਇੰਦਾ । ਸੰਤਨ ਦੇਵੇ ਨਾਮ ਆਧਾਰ, ਸਾਚਾ ਮਾਰਗ ਇਕ ਵਖਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਅੰਤਰ ਆਤਮ ਪਰਦਾ ਲਾਹਿੰਦਾ । ਗੁਰਸਿਖ ਸਾਚੇ ਕਰੇ ਪਿਆਰ, ਚਰਨ ਦਵਾਰਾ ਇਕ ਵਖਾਇੰਦਾ । ਆਦਿ ਜੁਗਾਦੀ

ਖੇਲ ਅਪਾਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਲੋਕਮਾਤ ਪਾਵੇ ਸਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਆਪ ਅਖਵਾਇੰਦਾ । ਸਤਿਗੁਰ ਸਾਚਾ ਹਰਿ ਮਿਹਰਵਾਨ, ਦਰ ਘਰ ਸਾਚੇ ਸੋਭਾ ਪਾਈਆ । ਗੁਰ ਗੁਰ ਦੇਵੇ ਇਕ ਨਿਸ਼ਾਨ, ਸ਼ਬਦ ਨਿਸ਼ਾਨਾ ਹੱਥ ਫੜਾਈਆ । ਭਗਤਾਂ ਦੇਵੇ ਭਗਤੀ ਦਾਨ, ਸਾਚੀ ਭਿਛਿਆ ਝੋਲੀ ਪਾਈਆ । ਸੰਤਨ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਗੁਰਮੁਖ ਵੇਖੇ ਗੁਣ ਨਿਧਾਨ, ਗੁਣਵੰਤਾ ਬੇਪਰਵਾਹੀਆ । ਗੁਰਸਿਖਾਂ ਚਰਨ ਧੂੜ ਕਰਾਏ ਅਸ਼ਨਾਨ, ਅੰਮ੍ਰਿਤ ਸਾਚਾ ਜਾਮ ਪਿਆਈਆ । ਖੇਲੇ ਖੇਲ ਦੋ ਜਹਾਨ, ਜੁਗ ਜੁਗ ਆਪਣਾ ਵੇਸ ਵਟਾਈਆ । ਦਾਤਾ ਦਾਨੀ ਸ੍ਰੀ ਭਗਵਾਨ, ਸਾਚੀ ਵਸਤ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਆਦਿ ਜੁਗਾਦੀ ਖੇਲ ਅਪਾਰਾ, ਦਰ ਘਰ ਸਾਚੇ ਆਪ ਕਰਾਈਆ । ਸਤਿਗੁਰ ਸੱਚਾ ਸਰਬ ਗੁਣਵੰਤ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਗੁਰ ਗੁਰ ਬਣਾਏ ਆਪੇ ਬਣਤ, ਆਪਣੀ ਜੋਤੀ ਆਪ ਜਗਾਇੰਦਾ । ਭਗਤਨ ਮੇਲਾ ਹਰਿ ਹਰਿ ਕੰਤ, ਘਰ ਸਾਚਾ ਵੇਖ ਵਖਾਇੰਦਾ । ਸੰਤਨ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਮਜੀਠੀ ਇਕ ਰੰਗਾਇੰਦਾ । ਗੁਰਮੁਖਾਂ ਦੇਵੇ ਏਕਾ ਮੰਤ, ਮੰਤਰ ਨਾਮ ਦ੍ਰਿੜ੍ਹਾਇੰਦਾ । ਗੁਰਸਿਖਾਂ ਬਣਾਏ ਸਾਚੀ ਬਣਤ, ਸਿਰ ਆਪਣਾ ਹੱਥ ਰਖਾਇੰਦਾ । ਲੇਖਾ ਜਾਣੇ ਆਦਿ ਅੰਤ, ਆਦਿ ਜੁਗਾਦੀ ਭੇਵ ਨਾ ਆਇੰਦਾ । ਤ੍ਰੈਗੁਣ ਮਾਇਆ ਰੱਖੇ ਬੇਅੰਤ, ਲੱਖ ਚੁਰਾਸੀ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਧਾਰ ਚਲਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨਾ, ਸਚਖੰਡ ਦਵਾਰੇ ਸੋਭਾ ਪਾਈਆ । ਗੁਰ ਗੁਰ ਸ਼ਬਦ ਕਰ ਪਰਧਾਨਾ, ਲੋਕਮਾਤ ਕਰੇ ਰੁਸ਼ਨਾਈਆ । ਭਗਤਾਂ ਬੰਨ੍ਹੇ ਸਾਚਾ ਗਾਨਾਂ, ਆਪ ਆਪਣਾ ਸਗਨ ਮਨਾਈਆ । ਸੰਤਨ ਦੇਵੇ ਇਕ ਤਰਾਨਾ, ਅਨਹਦ ਨਾਦੀ ਨਾਦ ਵਜਾਈਆ । ਗੁਰਮੁਖਾਂ ਬਖ਼ਸ਼ੇ ਇਕ ਧਿਆਨਾ, ਅੰਤਰ ਆਤਮ ਹਰਿ ਲਿਵ ਲਾਈਆ । ਗੁਰਸਿਖਾਂ ਕਰੇ ਆਪ ਪਛਾਣਾ, ਦੂਈ ਦਵੈਤੀ ਪਰਦਾ ਦਏ ਚੁਕਾਈਆ । ਇਕ ਵਖਾਏ ਪਦ ਨਿਰਬਾਣਾ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਇਕੱਲਾ, ਇਕ ਵਸਾਏ ਸਚ ਮਹੱਲਾ, ਥਿਰ ਘਰ ਬੈਠਾ ਜੋਤ ਜਗਾਈਆ । ਸਤਿਗੁਰ ਪੂਰਾ ਨੌਜਵਾਨ, ਅਗੰਮ ਅਗੰਮੜੀ ਕਾਰ ਕਮਾਇੰਦਾ । ਗੁਰ ਗੁਰ ਰੂਪ ਸ੍ਰੀ ਭਗਵਾਨ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਭਗਤਨ ਮੇਲਾ ਦੋ ਜਹਾਨ, ਆਪ ਆਪਣਾ ਸੰਗ ਨਿਭਾਇੰਦਾ । ਸੰਤਨ ਪਾਏ ਸਾਚੀ ਆਣ, ਆਪਣੇ ਭਾਣੇ ਵਿਚ ਰਖਾਇੰਦਾ । ਗੁਰਮੁਖਾਂ ਚੁਕਾਏ ਜਮ ਕੀ ਕਾਣ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਸਿਖਾਂ ਰਾਗ ਸੁਣਾਏ ਏਕਾ ਕਾਨ, ਆਪਣਾ ਢੋਲਾ ਆਪੇ ਗਾਇੰਦਾ । ਇਕ ਵਖਾਏ ਸਚ ਮਕਾਨ, ਘਰ ਘਰ ਵਿਚ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਸਤਿਗੁਰ ਪੂਰਾ ਸਤਿ ਰੰਗ, ਸਤਿ ਸਤਿਵਾਦੀ ਆਪ ਸਮਾਇਆ । ਗੁਰ ਗੁਰ ਮੰਗੇ ਏਕਾ ਮੰਗ, ਨਿਰਗੁਣ ਸਰਗੁਣ ਝੋਲੀ ਪਾਇਆ । ਭਗਤ ਵਜਾਇਣ ਨਾਮ ਮਰਦੰਗ, ਪੁਰਖ ਅਬਿਨਾਸ਼ੀ ਹੱਥ ਫੜਾਇਆ । ਸੰਤ ਸੁਹੇਲੇ ਨਹਾਵਣ ਸਾਚੀ ਗੰਗ, ਅੰਮ੍ਰਿਤ ਸਰੋਵਰ ਇਕ ਵਖਾਈਆ । ਗੁਰਮੁਖ ਨੌ ਦਵਾਰੇ ਜਾਇਣ ਲੰਘ, ਆਪਣਾ ਪਰਦਾ ਆਪ ਤੁੜਾਇਆ । ਗੁਰਸਿਖ ਜਗਤ ਮਾਇਆ ਨਾ ਮਾਰੇ ਡੰਗ, ਮਮਤਾ ਮੋਹ ਦਏ ਚੁਕਾਇਆ । ਸਤਿਗੁਰ ਪੂਰਾ ਸਾਹਿਬ ਸੰਗ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਲ ਕਲ ਆਪ ਵਰਤਾਇਆ । ਸਤਿਗੁਰ ਪੂਰਾ ਅਕਲ ਕਲ ਧਾਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਗੁਰ ਗੁਰ ਰੂਪ ਵਿਚ ਸੰਸਾਰ, ਪੰਜ ਤਤ ਚੋਲਾ ਆਪ ਹੰਢਾਇੰਦਾ । ਸ਼ਬਦ ਨਾਦ ਧੁਨ ਜੈਕਾਰ, ਆਪਣਾ ਰਾਗ ਸੁਣਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਘਰ ਦੀਪਕ ਆਪ ਟਿਕਾਇੰਦਾ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਏਕ ਇਸ਼ਟ ਗੁਰਦੇਵ ਵਖਾਏ ਸੱਚੀ ਸਰਕਾਰ, ਨਮੋ ਨਿਮਸਕਾਰ ਆਪ ਕਰਾਇੰਦਾ । ਵਾਸਤਕ ਰੂਪ ਵਿਚ ਸੰਸਾਰ, ਵਿਸ਼ਵ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਇੰਦਾ । ਸਤਿਗੁਰ ਪੂਰਾ ਆਦਿ ਨਿਰੰਜਣ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਨੇਤਰ ਪਾਏ ਅੰਜਣ, ਗਿਆਨ ਨੇਤਰ ਇਕ ਖੁਲ੍ਹਾਇਆ । ਦੀਨਾਂ ਨਾਥਾ ਦਰਦ ਦੁੱਖ ਭੈ ਭੰਜਣ, ਦੀਨ ਦੁਨੀ ਵੇਖ ਵਖਾਇਆ । ਸਰਬ ਜੀਆਂ ਦਾ ਸਾਚਾ ਸੱਜਣ, ਬੇਪਰਵਾਹ ਮੌਲਾ ਆਪਣਾ ਨਾਉਂ ਧਰਾਇਆ । ਜੁਗ ਜੁਗ ਆਵੇ ਭਗਤਾਂ ਪਰਦੇ ਕੱਜਣ, ਮਨਮੁਖਾਂ ਦਏ ਸਜਾਇਆ । ਗੁਰਮੁਖਾਂ ਰੱਖੇ ਲੋਕਮਾਤ ਲੱਜਣ, ਨਾਮ ਦੋਸ਼ਾਲਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਲਏ ਪ੍ਰਗਟਾਇਆ । ਸਤਿਗੁਰ ਪੂਰਾ ਸ਼ਾਹੋ ਭੂਪ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਗੁਰ ਗੁਰ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੇਰੀਆਂ ਪਾਈਆ । ਇਕ ਇਕੱਲਾ ਸਤਿ ਸਰੂਪ, ਸਤਿ ਸਤਿਵਾਦੀ ਆਪ ਅਖਵਾਈਆ । ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸ਼ਬਦ ਭੰਡਾਰਾ, ਲੋਕਮਾਤ ਬਣੇ ਵਰਤਾਰਾ, ਆਪਣਾ ਹੱਟ ਆਪ ਖੁਲ੍ਹਾਈਆ । ਸਤਿਗੁਰ ਪੂਰਾ ਖੋਲ੍ਹੇ ਹੱਟ, ਚੌਦਾਂ ਲੋਕਾਂ ਵੰਡ ਵੰਡਾਇੰਦਾ । ਗੁਰ ਗੁਰ ਲਾਹਾ ਰਿਹਾ ਖੱਟ, ਅੱਗੇ ਆਪਣੀ ਝੋਲੀ ਡਾਹਿੰਦਾ । ਲੋਕਮਾਤ ਹੋ ਪਰਗਟ, ਪਾਰਬ੍ਰਹਮ ਬ੍ਰਹਮ ਲੇਖਾ ਆਪ ਜਣਾਇੰਦਾ । ਵੇਖ ਵਖਾਏ ਕਾਇਆ ਮੱਟ, ਪੰਜ ਤਤ ਫੋਲ ਫੁਲਾਇੰਦਾ । ਲੇਖਾ ਜਾਣੇ ਹੱਡ ਮਾਸ ਨਾੜੀ ਰੱਤ, ਰਕਤ ਬੂੰਦ ਵੇਖ ਵਖਾਇੰਦਾ । ਹਰਿਜਨ ਦੇਵੇ ਸਾਚੀ ਮਤ, ਬ੍ਰਹਮ ਮਤ ਇਕ ਦਰਸਾਇੰਦਾ । ਆਪੇ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਸ਼ਬਦ ਜਣਾਈ ਏਕਾ ਤਤ, ਤਤਵ ਤਤ ਮਿਟਾਇੰਦਾ । ਨਾਮ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਫੇਰਾ ਪਾਇੰਦਾ । ਸ਼ਬਦ ਸੁਣਾਏ ਸਾਚੀ ਗਾਥ, ਅਨਮੋਲਾ ਢੋਲਾ ਆਪੇ ਗਾਇੰਦਾ । ਜੁਗ ਜੁਗ ਵੇਖੇ ਆਪਣਾ ਘਾਟ, ਸਾਚੇ ਪੱਤਣ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਆਪਣਾ ਨਾਉਂ ਧਰਾਇੰਦਾ । ਸਤਿਗੁਰ ਸੱਚਾ ਦੀਨ ਦਿਆਲ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਗੁਰ ਗੁਰ ਉਪਜਾਏ ਸਾਚਾ ਲਾਲ, ਸ਼ਬਦ ਸ਼ਬਦੀ ਵੇਖ ਵਖਾਈਆ । ਬ੍ਰਹਿਮੰਡ ਬਠਾਏ ਸੱਚੀ ਧਰਮਸਾਲ, ਨਵ ਨਵ ਲੇਖਾ ਆਪ ਗਿਣਾਈਆ । ਜਨ ਭਗਤਾਂ ਬਣੇ ਦਲਾਲ, ਸਾਚਾ ਵਣਜ ਇਕ ਵਖਾਈਆ । ਏਕਾ ਦੇਵੇ ਵਸਤ ਨਾਮ ਧਨ ਮਾਲ, ਸਚ ਖ਼ਜ਼ਾਨਾ ਦਏ ਲੁਟਾਈਆ । ਨੇੜ ਨਾ ਆਏ ਝੂਠਾ ਕਾਲ, ਦਿਆਲ ਸਿਰ ਆਪਣਾ ਹੱਥ ਟਿਕਾਈਆ । ਮਹਾਂਕਾਲ ਕਰੇ ਪ੍ਰਿਤਪਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸਹਿਜ ਸੁਖਦਾਈਆ । ਸਤਿਗੁਰ ਸੱਚਾ ਹਰਿ ਪੁਰਖ ਨਿਰੰਜਣ ਦਾਤਾ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਗੁਰ ਗੁਰ ਰੂਪ ਹਰਿ ਆਪ ਪਛਾਤਾ, ਰੰਗ ਰੇਖ ਨਾ ਕੋਇ ਵਖਾਇੰਦਾ । ਖੇਲ ਖਲਾਏ ਤ੍ਰਲੋਕੀ ਨਾਥਾ, ਲੋਆਂ

੬੫੯

੬੬੦

ਪੁਰੀਆਂ ਫੇਰਾ ਪਾਇੰਦਾ । ਚਤੁਰਭੁਜ ਪੁਰਖ ਸਮਰਾਥਾ, ਆਪਣੀਆਂ ਭੁਜਾਂ ਆਪ ਉਠਾਇੰਦਾ । ਜਨ ਭਗਤਾਂ ਨਿਭਾਏ ਸਾਚਾ ਸਾਥਾ, ਅਸ਼ਟਭੁਜ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਸਤਿਗੁਰ ਪੂਰਾ ਪੁਰਖ ਅਬਿਨਾਸ਼ੀ, ਸਚਖੰਡ ਦਵਾਰਾ ਇਕ ਸੁਹਾਇੰਦਾ । ਗੁਰ ਗੁਰ ਰੂਪ ਜੋਤ ਪਰਕਾਸ਼ੀ, ਨਿਰਗੁਣ ਸਰਗੁਣ ਵਿਚ ਟਿਕਾਇੰਦਾ । ਭਗਤਾਂ ਅੰਦਰ ਕਰੇ ਨਿਵਾਸੀ, ਨਿਜ ਆਤਮ ਡੇਰਾ ਲਾਇੰਦਾ । ਨਾਮ ਜਪਾਏ ਪਵਣ ਸਵਾਸੀ, ਬੰਦ ਖ਼ਲਾਸੀ ਆਪ ਕਰਾਇੰਦਾ । ਕਾਇਆ ਮੰਡਲ ਪਾਵੇ ਰਾਸੀ, ਰਵ ਸਸ ਆਪ ਚਮਕਾਇੰਦਾ । ਮਨ ਮਤ ਨਾ ਹੋਏ ਕੋਇ ਉਦਾਸੀ, ਜਗਤ ਵੈਰਾਗ ਨਾ ਕੋਇ ਵਖਾਇੰਦਾ । ਸੁਰਤ ਸਵਾਣੀ ਰਹੇ ਪਿਆਸੀ, ਹਰਿ ਦਰਸ਼ਨ ਤ੍ਰਿਪਤ ਕਰਾਇੰਦਾ । ਨਿਰਗੁਣ ਜੋਤ ਆਦਿ ਜੁਗਾਦਿ ਨਾ ਕਦੇ ਵਿਨਾਸੀ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਰੂਪ ਵਟਾਇੰਦਾ । ਸਤਿਗੁਰ ਪੂਰਾ ਜੋਧਾ ਬਲਕਾਰ, ਸ਼ਸਤਰ ਬਸਤਰ ਆਪ ਉਠਾਈਆ । ਗੁਰ ਗੁਰ ਰੂਪ ਵਿਚ ਸੰਸਾਰ, ਤ੍ਰੈਗੁਣ ਅਤੀਤ ਬੇਪਰਵਾਹੀਆ । ਸਤਿਜੁਗ ਸਾਚੇ ਪਾਈ ਸਾਰ, ਸਨਕ ਸਨੰਦਨ ਸਨਾਤਨ ਸੰਤ ਕੁਮਾਰ ਨਾਉਂ ਰਖਾਈਆ । ਬਰਾਹ ਰੂਪ ਧਰ ਅਪਰ ਅਪਾਰ, ਯਗੈ ਪੁਰਸ਼ ਦਏ ਵਡਿਆਈਆ । ਹਾਵ ਗ਼ਰੀਵ ਖੇਲ ਨਿਆਰ, ਨਰ ਨਰਾਇਣ ਜੋਤ ਕਰੇ ਰੁਸ਼ਨਾਈਆ । ਕਪਲ ਮੁਨ ਬੰਨ੍ਹੇ ਧਾਰ, ਏਕਾ ਤਤ ਗਿਆਨ ਦ੍ਰਿੜਾਈਆ । ਦਤਾ ਤ੍ਰੈ ਪਾਵੇ ਸਾਰ, ਰਿਖਪ ਦੇਵ ਵੱਜੇ ਵਧਾਈਆ । ਪ੍ਰਿਥੁ ਰਿੜਕੇ ਜ਼ਿਮੀ ਅਸਮਾਨ, ਪੁਰਖ ਅਬਿਨਾਸ਼ੀ ਸੇਵਾ ਲਾਈਆ । ਮਤਸ ਵਸੇ ਵਿਚ ਜਲ ਧਾਰ, ਮੀਨ ਆਪਣੀ ਕਲ ਧਰਾਈਆ । ਕਛਪ ਚੁੱਕੇ ਸਾਚਾ ਭਾਰ, ਮਿੰਦਰਾ ਆਪਣੀ ਪਿਠ ਉਠਾਈਆ । ਧਨੰਤਰ ਵੈਦ ਹੋਏ ਉਜਿਆਰ, ਔਖਦ ਸਾਰੇ ਵੇਖ ਵਖਾਈਆ । ਮੋਹਣੀ ਰੂਪ ਵਰਤੇ ਵਰਤਾਰ, ਸ਼ੰਕਰ ਲੇਖਾ ਦਏ ਚੁਕਾਈਆ । ਬਾਵਣ ਧਰ ਰੂਪ ਨਿਰੰਕਾਰ, ਬਲ ਰਾਜਾ ਲਏ ਤਰਾਈਆ । ਨਰ ਸਿੰਘ ਜੋਤ ਕਰ ਉਜਿਆਰ, ਪ੍ਰਹਿਲਾਦ ਅਗਨੀ ਪੋਹੇ ਨਾ ਪਾਈਆ । ਹੰਸਾ ਚੋਗ ਚੁਗੇ ਅਪਾਰ, ਪੰਖੀ ਪੰਛੀਆਂ ਵਿਚ ਸੁਹਾਈਆ । ਹਰੀ ਹਰਿ ਕਰੇ ਪਿਆਰ, ਧਰੂ ਪ੍ਰਹਿਲਾਦ ਨਾਲ ਤਰਾਈਆ । ਹਰਿ ਨਰ ਆਪਣੀ ਖੇਲ ਅਪਾਰ, ਗਜ ਤੰਦਵੇ ਤੰਦ ਲਏ ਕਟਾਈਆ । ਸਤਿਜੁਗ ਜੋਤ ਜਗੇ ਅਪਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਤ੍ਰੇਤਾ ਤੇਰਾ ਕਰਮ ਵਿਚਾਰ, ਪਾਰਬ੍ਰਹਮ ਪ੍ਰਭ ਖੇਲ ਖਿਲਾਈਆ । ਪਰਸ ਰਾਮ ਦਏ ਆਧਾਰ, ਪਿਤਾ ਪੂਤ ਕਰੇ ਕੁੜਮਾਈਆ । ਕੌਰੋ ਕੁਸ਼ੇਤਰ ਖੇਲ ਅਪਾਰ, ਸਾਚਾ ਸਾਗਰ ਇਕ ਸੁਹਾਈਆ । ਰਾਮ ਰਾਮਾ ਲੈ ਅਵਤਾਰ, ਘਰ ਦਸਰਥ ਵੱਜੀ ਵਧਾਈਆ । ਸੀਤਾ ਸੁਰਤੀ ਕਰ ਪਿਆਰ, ਜਨਕ ਸਪੁਤਰੀ ਲਏ ਪਰਨਾਈਆ । ਚੜ੍ਹੇ ਚਿਲਾ ਤੀਰ ਕਮਾਨ, ਸਾਚਾ ਧਨੁਖ ਆਪ ਉਠਾਈਆ । ਬਨ ਬਨ ਖੋਜੇ ਅਪਰ ਅਪਾਰ, ਜੰਗਲ ਜੂਹ ਫੇਰਾ ਪਾਈਆ । ਬਾਨਰ ਬਾਂਦਰ ਦਏ ਤਾਰ, ਬਾਲੀ ਸੁਗਰੀਵ ਅੰਗਦ ਗਲੇ ਲਗਾਈਆ । ਹਨਵੰਤਾ ਦੇਵੇ ਇਕ ਆਧਾਰ, ਮਹਾਂਬੀਰ ਵੱਡੀ ਵਡਿਆਈਆ । ਗ਼ਰੀਬ ਨਿਮਾਣਿਆਂ ਲਾਏ ਪਾਰ, ਜਗਤ ਭੀਲਣੀ ਆਪ ਉਠਾਈਆ । ਲੰਕਾ ਤੋੜ ਗੜ੍ਹ ਹੰਕਾਰ, ਹੰਕਾਰੀ ਰਾਵਣ ਦਏ ਖਪਾਈਆ । ਚਾਰ ਵੇਦ ਛੇ ਸ਼ਾਸਤਰ ਨਾ ਕਰੇ ਵਿਚਾਰ, ਦਹਿਸਿਰ ਆਪਣਾ ਨਾਉਂ ਧਰਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਜੁਗ ਜੁਗ ਆਪਣਾ ਵੇਖ ਵਖਾਈਆ । ਦੁਆਪਰ ਤੇਰਾ ਹੋ ਉਜਿਆਰ, ਤੇਰਾ ਰੂਪ ਵੇਖ ਵਖਾਈਆ । ਕਵਾਰੀ ਕੰਨਿਆ ਭਰੇ ਭੰਡਾਰ, ਵੇਦ ਵਿਆਸਾ ਸੁੱਤ ਉਪਜਾਈਆ । ਪੁਰਾਨ ਅਠਾਰਾਂ ਲਿਖੇ ਲੇਖ

ਅਪਾਰ, ਨਾਰਦ ਮੁਨ ਨਾਲ ਰਲਾਈਆ । ਬਾਰਾਂ ਅੱਖਰ ਕਰ ਤਿਆਰ, ਬ੍ਰਹਮੇ ਦੇਣ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਦੂਸਰ ਅਵਰ ਨਾ ਕੋਇ ਵਖਾਇੰਦਾ । ਜਾਮਾ ਧਾਰੇ ਕ੍ਰਿਸ਼ਨਾ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਨਾਉਂ ਧਰਾਇੰਦਾ । ਪੰਜਾਂ ਦੇਵੇ ਇਕ ਗਿਆਨ, ਸਾਚੀ ਸਿਖਿਆ ਇਕ ਸਮਝਾਇੰਦਾ । ਦਰੋਪਦ ਸੁੱਤ ਕਰੇ ਪਰਵਾਨ, ਆਪਣਾ ਪਰਦਾ ਉਪਰ ਪਾਇੰਦਾ । ਬਿਦਰ ਸੁਦਾਮਾ ਕਰ ਪਛਾਣ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਅਰਜਨ ਦੇਵੇ ਇਕ ਗਿਆਨ, ਅਠਾਰਾਂ ਧਿਆਏ ਆਪ ਸੁਣਾਇੰਦਾ । ਗੀਤਾ ਗਿਆਨ ਕਰ ਪਰਧਾਨ, ਲੋਕਮਾਤ ਰਾਹ ਚਲਾਇੰਦਾ । ਜੂਠਾ ਝੂਠਾ ਮੇਟ ਨਿਸ਼ਾਨ, ਧਰਮ ਯੁਧ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਦਵਾਪਰ ਤੇਰਾ ਪਾਰ ਕਿਨਾਰਾ, ਯਾਦਵ ਬੰਸ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰਾ, ਅਥਰਬਨ ਵੇਦ ਵੇਖ ਵਖਾਈਆ । ਈਸਾ ਮੂਸਾ ਕਰ ਉਜਿਆਰਾ, ਜਲਵਾ ਨੂਰ ਕਰੇ ਰੁਸ਼ਨਾਈਆ । ਏਕਾ ਹੁਕਮ ਧੁਰ ਦਰਬਾਰਾ, ਕਲਮਾ ਕਲਮੀ ਆਪ ਪੜ੍ਹਾਈਆ । ਨਬੀ ਰਸੂਲ ਕਰ ਪਿਆਰਾ, ਸ਼ਰਅ ਸ਼ਰੀਅਤ ਇਕ ਵਖਾਈਆ । ਏਕਾ ਧਾਮ ਵਖਾਏ ਸਾਂਝਾ ਯਾਰਾ, ਮੁਕਾਮੇ ਹੱਕ ਹੱਕ ਵਡਿਆਈਆ । ਸਚ ਤੌਫ਼ੀਕ ਬੇਐਬ ਪਰਵਰਦਿਗਾਰਾ, ਰਹੀਮ ਰਫ਼ੀਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗ ਮੁਹੰਮਦ ਚਾਰ ਯਾਰ, ਲੇਖਾ ਜਾਣੇ ਪਰਵਰਦਿਗਾਰ, ਬੇਪਰਵਾਹ ਆਪਣਾ ਨਾਉਂ ਧਰਾਈਆ । ਚਾਰ ਯਾਰੀ ਪਾਰ ਕਿਨਾਰਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਨਾਨਕ ਜੋਤੀ ਜੋਤ ਜਗਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੁਰ ਗੋਬਿੰਦ ਲੇਖਾ ਆਪ ਜਣਾਇੰਦਾ । ਪਿਤਾ ਪੂਤ ਕਰ ਪਿਆਰਾ, ਘਰ ਮੰਦਰ ਇਕ ਵਖਾਇੰਦਾ । ਸਚਖੰਡ ਨਿਵਾਸੀ ਵਸੇ ਸਚ ਦਵਾਰਾ, ਆਦਿ ਜੁਗਾਦੀ ਵੇਸ ਵਟਾਇੰਦਾ । ਕਲਜੁਗ ਕੂੜਾ ਕੂੜ ਕੁੜਿਆਰਾ, ਚਾਰ ਕੁੰਟ ਅੰਧੇਰਾ ਛਾਇੰਦਾ । ਵਰਨਾਂ ਬਰਨਾਂ ਹਾਹਾਕਾਰਾ ਏਕਾ ਰੰਗ ਨਾ ਕੋਇ ਰੰਗਾਇੰਦਾ । ਗੁਰ ਪੀਰ ਲੇਖਾ ਜਾਣੇ ਜੀਵ ਗਵਾਰਾ, ਦੇ ਮਤ ਸਰਬ ਸਮਝਾਇੰਦਾ । ਕਲਜੁਗ ਤੇਰੀ ਬੰਨ੍ਹੇ ਧਾਰਾ, ਬੁੱਧ ਬਬੇਕ ਬਬੇਕੀ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਸ਼ਹਿਨਸ਼ਾਹ, ਗੁਰ ਗੁਰ ਬਣੇ ਮਾਤ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਸਤਿਗੁਰ ਸਦਾ ਸਾਲਾਹੀਏ, ਨਿਰਗੁਣ ਰੂਪ ਅਗੰਮ । ਸਤਿਗੁਰ ਸਦਾ ਸਾਲਾਹੀਏ, ਨਾ ਮਰੇ ਨਾ ਪਏ ਜੰਮ । ਸਤਿਗੁਰ ਸਦਾ ਸਾਲਾਹੀਏ, ਗਗਨ ਪਾਤਾਲ ਰਖਾਏ ਬਿਨ ਬਿਨ ਥੰਮ । ਸਤਿਗੁਰ ਸਦਾ ਸਾਲਾਹੀਏ, ਲੋਆਂ ਪੁਰੀਆਂ ਬੇੜਾ ਰਿਹਾ ਬੰਨ੍ਹ । ਸਤਿਗੁਰ ਸਦਾ ਸਾਲਾਹੀਏ,ਕਰੇ ਪਰਕਾਸ਼ ਸੂਰਜ ਚੰਨ । ਸਤਿਗੁਰ ਸਦਾ ਸਾਲਾਹੀਏ, ਸਾਚਾ ਰਾਗ ਸੁਣਾਏ ਕੰਨ । ਸਤਿਗੁਰ ਸਦਾ ਸਾਲਾਹੀਏ, ਪੰਚ ਵਿਕਾਰੇ ਦੇਵੇ ਡੰਨ । ਸਤਿਗੁਰ ਸਦਾ ਸਾਲਾਹੀਏ, ਲੇਖਾ ਚੁਕਾਏ ਛੱਪਰੀ ਛੰਨ । ਸਤਿਗੁਰ ਸਦਾ ਸਾਲਾਹੀਏ, ਕਰ ਕਿਰਪਾ ਜਾਏ ਮੰਨ । ਸਤਿਗੁਰ ਸਦਾ ਸਾਲਾਹੀਏ, ਲੇਖੇ ਲਾਏ ਜਨਨੀ ਜਨ । ਸਤਿਗੁਰ ਸਦਾ ਸਾਲਾਹੀਏ, ਦੇਵੇ ਗਿਆਨ ਆਤਮ ਅੰਨ੍ਹ । ਸਤਿਗੁਰ ਸਦਾ ਸਾਲਾਹੀਏ, ਦੇਵੇ ਨਾਮ ਸੱਚਾ ਧੰਨ । ਸਤਿਗੁਰ ਸਦਾ ਸਾਲਾਹੀਏ, ਹੰਕਾਰੀ ਗੜ੍ਹ ਦੇਵੇ ਭੰਨ । ਸਤਿਗੁਰ ਸਦਾ ਸਾਲਾਹੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਭਗਵਾਨ । ਸਤਿਗੁਰ ਪੂਰਾ ਸਦਾ ਸਾਲਾਹੀਏ, ਮਿਹਰਵਾਨ ਮਿਹਰਵਾਨਾ । ਸਤਿਗੁਰ ਪੂਰਾ ਸਦਾ ਸਾਲਾਹੀਏ, ਆਦਿ ਜੁਗਾਦੀ

ਨੌਜਵਾਨਾ । ਸਤਿਗੁਰ ਪੂਰਾ ਸਦਾ ਸਾਲਾਹੀਏ, ਧੁਨ ਆਤਮਕ ਨਾਦ ਸੁਣਾਏ ਰਾਗ ਤਰਾਨਾ । ਸਤਿਗੁਰ ਪੂਰਾ ਸਦਾ ਸਾਲਾਹੀਏ, ਦੇਵੇ ਗੁਣ ਗੁਣ ਨਿਧਾਨਾ । ਸਤਿਗੁਰ ਪੂਰਾ ਸਦਾ ਸਾਲਾਹੀਏ, ਅੰਤਰ ਬਿਧ ਕਰੇ ਆਪ ਪਛਾਨਾ । ਸਤਿਗੁਰ ਸਦਾ ਸਾਲਾਹੀਏ, ਲੇਖਾ ਜਾਣੇ ਪਵਣ ਮਸਾਣਾ । ਸਤਿਗੁਰ ਪੂਰਾ ਸਦਾ ਸਾਲਾਹੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਧੁਰ ਫ਼ਰਮਾਣਾ । ਸਤਿਗੁਰ ਪੂਰਾ ਹਰਿ ਗੋਬਿੰਦ, ਸਿੰਘ ਸਾਚਾ ਰੂਪ ਵਟਾਇੰਦਾ । ਆਪੇ ਮੇਟੇ ਆਪਣੀ ਚਿੰਦ, ਹਰਖ ਸੋਗ ਨਾ ਕੋਇ ਰਖਾਇੰਦਾ । ਲੇਖਾ ਜਾਣੇ ਇੰਦਰਾਸਣ ਇੰਦ, ਕਰੋੜ ਤੇਤੀਸਾ ਵੇਖ ਵਖਾਇੰਦਾ । ਵੇਖ ਵਖਾਏ ਬ੍ਰਹਮਾ ਵਿਸ਼ਵ ਸ਼ਿਵ ਮਰਗਿੰਦ, ਆਪ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਏਕ, ਲੱਖ ਚੁਰਾਸੀ ਬਖ਼ਸ਼ੇ ਟੇਕ, ਏਕਾ ਰੂਪ ਅਨੂਪ ਦਰਸਾਇੰਦਾ । ਜੁਗ ਜੁਗ ਸਤਿਗੁਰ ਸੱਚਾ ਏਕੋ ਏਕਾ, ਏਕਾ ਰੰਗ ਸਮਾਇਆ । ਚਾਰ ਜੁਗ ਲੱਖ ਚੁਰਾਸੀ ਜੀਵ ਜੰਤ ਗੁਰ ਪੀਰ ਅਵਤਾਰ ਸਾਧ ਸੰਤ ਰੱਖਦੇ ਆਏ ਟੇਕਾ, ਰਸਨਾ ਜਿਹਵਾ ਗੁਣ ਗੁਣ ਗਾਇਆ । ਨਾਨਕ ਕਬੀਰ ਉਪਰ ਚੜ੍ਹ ਚੜ੍ਹ ਵੇਖਾ, ਆਪਣੀ ਤ੍ਰਿਸ਼ਨਾ ਆਪ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਇਆ । ਜੁਗ ਜੁਗ ਅਵਤਾਰਾ ਹਰਿ ਨਿਰੰਕਾਰਾ, ਨਿਰਗੁਣ ਧਾਰ ਆਪ ਚਲਾਇੰਦਾ । ਲੋਕਮਾਤ ਖੇਲ ਅਪਾਰਾ ਵਿਚ ਸੰਸਾਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਨਿਰਗੁਣ ਜੋਤੀ ਕਰ ਉਜਿਆਰਾ ਪਾਵੇ ਸਾਰਾ, ਹਰਿਜਨ ਸਾਚੇ ਆਪ ਜਗਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ ਅਗੰਮ ਅਪਾਰਾ, ਅਲੱਖ ਅਲੱਖਣਾ ਖੇਲ ਖਿਲਾਇੰਦਾ । ਪਰਗਟ ਹੋਵੇ ਵਿਚ ਸੰਸਾਰਾ, ਨਿਹਕਲੰਕ ਨਰ ਅਵਤਾਰਾ ਆਪਣਾ ਨਾਉਂ ਧਰਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡਾ ਆਪ ਉਠਾਇੰਦਾ । ਵੰਡੇ ਵੰਡ ਵੰਡਣਹਾਰਾ, ਬ੍ਰਹਿਮੰਡ ਖੰਡ ਆਪਣੀ ਵੰਡ ਵੰਡਾਇੰਦਾ । ਸਤਿਗੁਰ ਪੂਰਾ ਹੋ ਤਿਆਰਾ, ਲੋਕਮਾਤ ਫੇਰੀ ਪਾਇੰਦਾ । ਕਰੇ ਖੇਲ ਚਵੀਆਂ ਅਵਤਾਰਾ, ਚੌਦਾਂ ਦਸ ਮੇਲ ਮਿਲਾਇੰਦਾ । ਆਪੇ ਜਾਣੇ ਪਾਰ ਕਿਨਾਰਾ, ਲੇਖਾ ਆਪਣਾ ਆਪ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਜਣ ਸੱਚਾ ਏਕਾ ਮੀਤ, ਬੈਠਾ ਰਹੇ ਇਕ ਅਤੀਤ, ਸ਼ਬਦ ਸੁਣਾਏ ਸੁਹਾਗੀ ਗੀਤ, ਸਾਚਾ ਮੰਤਰ ਆਪ ਦ੍ਰਿੜਾਈਆ । ਸਤਿਗੁਰ ਪੂਰਾ ਜਾਗਿਆ, ਨਿਰਗੁਣ ਜੋਤੀ ਜਾਮਾ ਧਾਰ । ਕਲਜੁਗ ਤੇਰੀ ਪਕੜੀ ਹੱਥ ਆਪਣੇ ਵਾਗਿਆ, ਚਾਰੋਂ ਕੁੰਟ ਦਏ ਹੁਲਾਰ । ਬਾਦਸ਼ਾਹ ਸ਼ਾਹ ਸੁਲਤਾਨਾਂ ਲੱਥੇ ਤਾਜਿਆ, ਸੀਸ ਰਹਿਣ ਨਾ ਦੇਵੇ ਕਿਸੇ ਦਸਤਾਰ । ਪਰਗਟ ਹੋਇਆ ਦੇਸ ਮਾਝਿਆ, ਨਿਹਕਲੰਕੀ ਲੈ ਅਵਤਾਰ । ਸਿੰਘ ਸ਼ੇਰ ਹੋ ਹੋ ਗਾਜਿਆ, ਚਾਰ ਕੁੰਟ ਦਹਿ ਦਿਸ਼ਾ ਮਾਰੇ ਲਲਕਾਰ । ਆਪਣੇ ਚੜ੍ਹਿਆ ਅਸਵ ਤਾਜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਸਤਿਗੁਰ ਪੂਰਾ ਉਠਿਆ, ਨਿਰਗੁਣ ਰੂਪ ਨਿਰਾਕਾਰ । ਗੁਰਮੁਖਾਂ ਉਪਰ ਤੁਠਿਆ, ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਮੇਲੇ ਯਾਰ । ਅੰਮ੍ਰਿਤ ਜਾਮ ਪਿਆਏ ਸਾਚਾ ਘੁੱਟਿਆ, ਮਿਟੇ ਰੈਣ ਅੰਧੇਰੀ ਧੂਅਾਂਧਾਰ । ਆਪ ਚੜ੍ਹਾਏ ਸਾਚੀ ਚੋਟੀਆਂ, ਸ਼ਬਦ ਹੁਲਾਰਾ ਏਕਾ ਮਾਰ । ਵਿਚੋਂ ਕੱਢੇ ਵਾਸਨਾ ਖੋਟੀਆ, ਪੰਚ ਵਿਕਾਰਾ ਦੇਵੇ ਮਾਰ । ਇਕ ਰਖਾਏ ਚਰਨ ਓਟੀਆ, ਸੋਹੰ ਸ਼ਬਦ ਪੜ੍ਹਾਏ ਸਚ ਜੈਕਾਰ । ਲੱਭਦੇ ਫਿਰਦੇ ਕੋਟਨ ਕੋਟੀਆ, ਜੰਗਲ ਜੂਹ ਵਿਚ ਉਜਾੜ । ਮਾਣਸ ਦੇਹੀ ਪੜ੍ਹ ਪੜ੍ਹ ਥੱਕੀ ਪੋਥੀਆਂ, ਦਰਸ ਨਾ ਪਾਇਆ ਹਰਿ ਨਿਰੰਕਾਰ । ਹੰਕਾਰੀ ਗੱਲਾਂ ਕਰਨ ਥੋਥੀਆਂ, ਥਿਰ ਰਹਿਣਾ ਕਿਸੇ ਨਾ ਵਿਚ ਸੰਸਾਰ । ਪੁਰਖ ਅਬਿਨਾਸ਼ੀ ਅੰਤਮ ਫੜ ਫੜ ਮੁੰਨੇ ਚੋਟੀਆਂ, ਚਾਰੋਂ

੬੬੨

ਕੁੰਟ ਕਰੇ ਖ਼ਵਾਰ । ਰਾਏ ਧਰਮ ਤੋੜੇ ਬੋਟੀਆਂ, ਕੁੰਭੀ ਨਰਕ ਕਰੇ ਵਿਚਾਰ । ਗੁਰਸਿਖਾਂ ਘਰ ਘਰ ਜਗਣ ਜੋਤੀਆਂ, ਨਿਰਮਲ ਜੋਤ ਹੋਏ ਉਜਿਆਰ । ਆਪ ਉਠਾਏ ਰੂਹਾਂ ਸੋਤੀਆਂ, ਸ਼ਬਦ ਹੁਲਾਰਾ ਦਏ ਮਾਰ । ਗੁਰਮੁਖ ਵਿਰਲੇ ਆਪਣੀ ਦੁਰਮਤ ਮੈਲ ਧੋਤੀਆ, ਜੋ ਆਏ ਚਲ ਦਵਾਰ । ਮਨਮੁਖ ਮਮਤਾ ਦਿਵਸ ਰੈਣ ਰੋਂਦੀਆ, ਉਚੀ ਕੂਕੇ ਕਰੇ ਪੁਕਾਰ । ਦੁਹਾਗਣ ਨਾਰ ਆਪਣੀ ਮੀਂਢੀ ਖੋਂਹਦੀਆ, ਸਿਰ ਨੰਗੀ ਫਿਰੇ ਵਿਚ ਸੰਸਾਰ । ਗੁਰਮੁਖ ਸਵਾਣੀ ਗੀਤ ਸੁਹਾਗੀ ਗੌਂਦੀਆ, ਘਰ ਪਾਇਆ ਵਰ ਕਰਤਾਰ । ਮਨਮੁਖ ਤੇਰਾ ਮੁਲ ਨਾ ਪਏ ਕੌਡੀਆ, ਖ਼ਾਲੀ ਹੱਥ ਜਾਏਂ ਵਿਚੋਂ ਸੰਸਾਰ । ਗੁਰਮੁਖ ਸਾਚੇ ਦਰਗਹਿ ਸਾਚੀ ਲਾਈਆਂ ਪੌੜੀਆਂ, ਸਤਿਗੁਰ ਪੂਰਾ ਆਪ ਚੜ੍ਹਾਵਣਹਾਰ । ਮਨਮੁਖਾਂ ਵੇਲਾਂ ਹੋਈਆਂ ਕੌੜੀਆਂ, ਆਪੇ ਪੁੱਟ ਪੁੱਟ ਸੁੱਟੇ ਬਾਹਰ । ਗੁਰਮੁਖਾਂ ਬੁਝਾਏ ਲੱਗੀ ਔੜਿਆ, ਅੰਮ੍ਰਿਤ ਬਰਖੇ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਸਿਰਜਣਹਾਰ । ਸਤਿਗੁਰ ਪੂਰਾ ਰਿਜ਼ਕ ਸਬਾਇੰਦਾ, ਜੁਗਾ ਜੁਗੰਤਰ ਕਾਰ । ਸਤਿਗੁਰ ਪੂਰਾ ਗੁਰਮੁਖਾਂ ਮੇਲ ਮਿਲਾਇੰਦਾ, ਲੋਕਮਾਤ ਲੈ ਅਵਤਾਰ । ਸਤਿਗੁਰ ਪੂਰਾ ਮਨਮੁਖਾਂ ਦਰ ਦੁਰਕਾਇੰਦਾ, ਏਕਾ ਧੱਕਾ ਦੇਵੇ ਮਾਰ । ਸਤਿਗੁਰ ਪੂਰਾ ਗੁਰਮੁਖ ਸਾਚੇ ਧਾਮ ਬਹਾਇੰਦਾ, ਸੇਵਾ ਕਰੇ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਲਏ ਅਵਤਾਰ । ਨਿਹਕਲੰਕ ਹਰਿ ਬੁੱਕਿਆ, ਸ਼ਬਦ ਡੰਕਾ ਵੱਜੇ ਅਨੰਤ । ਲੋਕਮਾਤ ਕਿਸੇ ਕੋਲੋਂ ਨਾ ਰੁਕਿਆ, ਖੇਲੇ ਖੇਲ ਹਰਿ ਬੇਅੰਤ । ਕਲਜੁਗ ਵੇਲਾ ਅੰਤਮ ਢੁਕਿਆ, ਘਰ ਘਰ ਰੋਵੇ ਜੀਵ ਜੰਤ । ਗੁਰਮੁਖ ਬੂਟਾ ਕਦੇ ਨਾ ਸੁੱਕਿਆ, ਜੋ ਜਨ ਸੋਹੰ ਗਾਏ ਮਣੀਆਂ ਮੰਤ । ਅੰਤਮ ਕਿਸੇ ਪਾਣੀ ਨਾ ਦਿਸੇ ਹੁੱਕਿਆ, ਹਰਿਜਨ ਬਣਾਏ ਸਾਚੇ ਸੰਤ । ਮਦਿਰਾ ਮਾਸ ਪੈਂਡਾ ਮੁਕਿਆ, ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ । ਗੁਰ ਕਾ ਸ਼ਬਦ ਕਦੇ ਨਾ ਉਕਿਆ, ਆਦਿ ਜੁਗਾਦੀ ਮਾਰੇ ਆਦਿ ਅੰਤ । ਚਾਰ ਕੁੰਟ ਨਾ ਰਹੇ ਕੋਇ ਲੁਕਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਅੰਤ ਬੇਅੰਤ ਬੇਅੰਤ, ਖੇਲ ਬੇਅੰਤਾ ਬੇਪਰਵਾਹ ਅਨਭਵ ਪਰਕਾਸ਼ ਵਖਾਈਆ । ਆਪ ਉਠਾਏ ਸਾਚੇ ਸੰਤਾ, ਅਨਡਿਠ ਧਾਮ ਦਏ ਵਡਿਆਈਆ । ਏਕਾ ਮੰਦਰ ਏਕਾ ਬੰਕ ਏਕਾ ਹਰਿ ਸੁਹੰਤਾ, ਏਕਾ ਹਰਿਜਨ ਵੇਖ ਵਖਾਈਆ । ਏਕਾ ਰਾਗ ਧੁਨ ਸੁਨ ਸਮਾਧ ਆਪ ਉਪਜੰਤਾ, ਪੁਰਖ ਅਬਿਨਾਸ਼ੀ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਕਾਇਆ ਮਾਟੀ ਭਾਂਡਾ ਵੇਖੇ ਕੱਚਾ, ਵਸਤ ਅਮੋਲਕ ਆਪਣੇ ਹੱਥ ਰਖਾਈਆ । ਵਸਤ ਅਮੋਲਕ ਕਾਇਆ ਗੋਲਕ, ਗੁਰ ਸਤਿਗੁਰ ਆਪ ਟਿਕਾਇੰਦਾ । ਅਨਹਦ ਵਜਾਏ ਸਾਚੀ ਢੋਲਕ, ਤਾਰ ਸਤਾਰ ਨਾ ਕੋਇ ਵਖਾਇੰਦਾ । ਦਰਸ ਦਖਾਏ ਇਕ ਅਮੋਲਕ, ਮੁਲ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮੀਤ ਸਤਿਜੁਗ ਚਲਾਏ ਸਾਚੀ ਰੀਤ, ਚਾਰ ਵਰਨ ਏਕਾ ਸਰਨ ਏਕਾ ਬਰਨ ਵਖਾਇੰਦਾ ।

### ✻ ੧੦ ਜੇਠ ੨੦੧੭ ਬਿਕ੍ਰਮੀ ਧੂੰਦਾ ਰਾਮ ਦੇ ਘਰ ਦਇਆ ਹੋਈ ਛੰਬ ਜ਼ਿਲਾ ਜੰਮੂ ✻

ਨੇਤਰ ਦਰਸ਼ਨ ਹਰਿ ਹਰਿ ਪਾ, ਹਰਿਜਨ ਚਿੰਤਾ ਸਰਬ ਮਿਟਾਈਆ । ਪੂਰਬ ਲਹਿਣਾ ਵੇਖ ਵਖਾ, ਗੁਰ ਸਤਿਗੁਰ ਪਿਆਸ ਬੁਝਾਈਆ ।

ਮਾਣਸ ਜਨਮ ਲੇਖੇ ਲਾ, ਅਗਲਾ ਲੇਖਾ ਆਪ ਚੁਕਾਈਆ । ਸਤਿਗੁਰ ਪੂਰਾ ਸਿਰ ਹੱਥ ਟਿਕਾ, ਦੇਵੇ ਮਾਤ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਥਾਨ ਥਨੰਤਰ ਹਰਿ ਸੁਹਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਘਟ ਘਟ ਅੰਦਰ ਵੇਖ ਵਖਾਇਆ, ਜਿਸ ਜਨ ਅੰਤਰ ਹਰਿ ਲਿਵ ਲਾਈਆ । ਰਸਨਾ ਜਿਹਵਾ ਜੋ ਰਹੇ ਧਿਆਇਆ, ਮੇਲ ਮਿਲਾਏ ਸਹਿਜ ਸੁਭਾਈਆ । ਜਗਤ ਤ੍ਰਿਸ਼ਨਾ ਅੱਗ ਬੁਝਾਇਆ, ਅੰਮ੍ਰਿਤ ਮੇਘ ਇਕ ਬਰਸਾਈਆ । ਜਗਤ ਜਲੰਦੇ ਆਣ ਤਰਾਇਆ, ਡੁੱਬਦੇ ਪਾਥਰ ਬਾਹਰ ਕਢਾਈਆ । ਪੁਰਖ ਅਬਿਨਾਸ਼ੀ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਏਕਾ ਬੂਝ ਬੁਝਾਈਆ । ਮਾਨਸ ਜਨਮ ਕਰਮ ਵਿਚਾਰ, ਨੇਹਕਰਮੀ ਕਰਮ ਕਮਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਵੇਖ ਵਖਾਇੰਦਾ । ਲੋਕਮਾਤ ਹੋ ਉਜਿਆਰ, ਹਰਿਜਨ ਸਾਚੇ ਆਪੇ ਤਰਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਸ਼ਾਹ ਸੁਲਤਾਨਾਂ ਦਰ ਦੁਰਕਾਇੰਦਾ । ਜਿਸ ਅੰਦਰ ਆਪਣਾ ਰੱਖੇ ਸਚ ਪਿਆਰ, ਸੋ ਮੰਦਰ ਆਪ ਸੁਹਾਇੰਦਾ । ਕਾਇਆ ਬੰਦ ਖੋਲ੍ਹ ਕਿਵਾੜ, ਪੰਚਮ ਧਾੜ ਮੇਟ ਮਿਟਾਇੰਦਾ । ਅੱਗ ਨਾ ਲੱਗੇ ਤੱਤੀ ਹਾੜ, ਸੀਤਲ ਸਾਂਤਕ ਸਤਿ ਆਪ ਕਰਾਇੰਦਾ । ਹੋਏ ਪਰਕਾਸ਼ ਬਹੱਤਰ ਨਾੜ, ਜੋਤ ਨਿਰੰਜਣ ਇਕ ਜਗਾਇੰਦਾ । ਦਰਗਹਿ ਸਾਚੀ ਦੇਵੇ ਵਾੜ, ਸਚਖੰਡ ਦੁਆਰਾ ਇਕ ਵਖਾਇੰਦਾ । ਬਿਰਧ ਅਵਸਥਾ ਲਾਏ ਪਾਰ, ਜਗਤ ਬੁੜੇਪਾ ਆਪਣੇ ਹੱਥ ਰਖਾਇੰਦਾ । ਕਰ ਕਿਰਪਾ ਲੇਖਾ ਲਿਖੇ ਲਿਖਣਹਾਰ, ਲਿਖ ਲਿਖ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਅੰਤਰ ਦੇਵੇ ਏਕਾ ਰਸ, ਰਸ ਆਪਣਾ ਇਕ ਵਖਾਇੰਦਾ । ਸਾਚਾ ਰਸ ਮਿੱਠਾ ਨਾਉਂ, ਹਰਿ ਨਾਮੇ ਵਡ ਵਡਿਆਈਆ । ਕਾਇਆ ਵਸਾਏ ਨਗਰ ਗਰਾਉਂ, ਘਰ ਵਜਦੀ ਰਹੇ ਵਧਾਈਆ । ਹਰਿਜਨ ਉਠਾਏ ਫੜ ਫੜ ਬਾਹੋਂ, ਨਿਰਗੁਣ ਸਰਗੁਣ ਮੇਲ ਮਿਲਾਈਆ । ਕਰੇ ਕਰਾਏ ਸਚ ਨਿਆਉਂ, ਜੁਗ ਜੁਗ ਵੱਡੀ ਵਡਿਆਈਆ । ਜਨ ਭਗਤਾਂ ਬਣੇ ਪਿਤਾ ਮਾਉਂ, ਆਪ ਆਪਣੀ ਗੋਦ ਬਹਾਈਆ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਈਆ । ਭੇਵ ਅਭੇਦਾ ਸਿਰ ਰੱਖੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜੀਆ ਦਾਨ, ਜਗਤ ਜੁਗਤ ਭਗਤ ਭਗਵੰਤ ਚਰਨ ਸੱਚੀ ਸਰਨਾਈਆ ।

### ੧੦ ਜੇਠ ੨੦੧੭ ਬਿਕ੍ਰਮੀ ਬੀਬੀ ਰਾਮ ਕੌਰ ਦੇ ਘਰ ਛੰਬ ਜ਼ਿਲਾ ਜੰਮੂ

ਥਿਰ ਘਰ ਸਾਚਾ ਸਚ ਦਰਬਾਰਾ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਹਰਿ ਪੁਰਖ ਨਿਰੰਜਣ ਆਪ ਸੁਹਾਇੰਦਾ । ਨਾ ਕੋਈ ਦੀਸੇ ਚਾਰ ਦੀਵਾਰਾ, ਏਕੰਕਾਰਾ ਖੇਲ ਖਿਲਾਇੰਦਾ । ਛੱਪਰ ਛੰਨ ਨਾ ਕੋਇ ਸਹਾਰਾ, ਆਦਿ ਨਿਰੰਜਣ ਜੋਤ ਜਗਾਇੰਦਾ । ਨਾ ਕੋਈ ਮੰਦਰ ਦਿਸੇ ਗੁਰੂਦੁਆਰਾ, ਸਚਖੰਡ ਸਾਚਾ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਹੋ ਉਜਿਆਰਾ, ਸਚ ਸਿੰਘਾਸਣ ਆਸਣ ਲਾਇੰਦਾ । ਸ੍ਰੀ ਭਗਵਾਨ ਆਪੇ ਹੋਇਆ ਖ਼ਬਰਦਾਰਾ, ਆਪਣਾ ਹੁਕਮ ਆਪ ਵਰਤਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਆਪ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਆਪ ਵਡਿਆਇੰਦਾ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਸਾਚੇ ਜੋਤ ਜਗਾਈਆ ।

੬੬੫

ਏਕਾ ਬੈਠਾ ਇਕ ਇਕੱਲਾ, ਏਕੰਕਾਰਾ ਰੂਪ ਰੇਖ ਨਾ ਕੋਇ ਵਖਾਈਆ । ਸਚ ਸਿੰਘਾਸਣ ਏਕਾ ਮੱਲਾ, ਦਰਗਹਿ ਸਾਚੀ ਸਚ ਵਡਿਆਈਆ । ਆਪਣੇ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਸਚ ਦਰਵਾਜ਼ਾ, ਗ਼ਰੀਬ ਨਿਵਾਜ਼ਾ ਆਪ ਖੁਲ੍ਹਾਈਆ । ਥਿਰ ਘਰ ਸਾਚਾ ਧੁਰ ਦਰਬਾਰਾ, ਹਰਿ ਸਾਚਾ ਸਚ ਵਡਿਆਇੰਦਾ । ਤਖ਼ਤ ਨਿਵਾਸੀ ਏਕੰਕਾਰਾ, ਸ਼ਾਹੋ ਭੂਪ ਆਪ ਅਖਵਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਸ਼ਬਦੀ ਸ਼ਬਦ ਆਪ ਜਣਾਇੰਦਾ । ਕਰੇ ਖੇਲ ਵਿਚ ਸੰਸਾਰਾ, ਹਰਿਜਨ ਸਾਚੇ ਆਪ ਉਠਾਇੰਦਾ । ਏਕਾ ਦੇਵੇ ਨਾਮ ਆਧਾਰਾ, ਨਾਮ ਨਾਮਾ ਝੋਲੀ ਪਾਇੰਦਾ । ਏਕਾ ਵਣਜ ਕਰਾਏ ਵਣਜਾਰਾ, ਸਾਚੀ ਵਸਤ ਹੱਥ ਰਖਾਇੰਦਾ । ਉਚੀ ਕੂਕ ਬੋਲੇ ਜੈਕਾਰਾ, ਸਾਚਾ ਢੋਲਾ ਆਪੇ ਗਾਇੰਦਾ । ਗੁਰਮੁਖ ਵਿਰਲਾ ਥਿਰ ਘਰ ਬੈਠੇ ਹੋ ਨਿਆਰਾ, ਮਨਮੁਖ ਜੀਵ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਸਾਚਾ ਖੋਲ੍ਹ, ਸ਼ਬਦ ਅਗੰਮੀ ਏਕਾ ਬੋਲ, ਹਰਿਜਨ ਸਾਚੇ ਆਪ ਜਗਾਇੰਦਾ । ਥਿਰ ਘਰ ਬੈਠਣ ਹਰਿਜਨ ਸੰਤ, ਦੂਸਰ ਹੱਥ ਕਿਸੇ ਨਾ ਆਇਆ । ਗੁਰਮੁਖ ਨਾਰੀ ਮੇਲਾ ਹਰਿ ਹਰਿ ਕੰਤ, ਸਾਚੀ ਸੇਜ ਇਕ ਹੰਢਾਇਆ । ਦਰਗਹਿ ਚੜ੍ਹੇ ਰੰਗ ਬਸੰਤ, ਪੁਰਖ ਅਬਿਨਾਸ਼ੀ ਆਪ ਚੜ੍ਹਾਇਆ । ਰਸਨਾ ਜਿਹਵਾ ਹਰਿ ਹਰਿ ਮਣੀਆ ਮੰਤ, ਮਨ ਮਣਕਾ ਦਏ ਭੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਵਖਾਇਆ । ਥਿਰ ਘਰ ਸਾਚਾ ਸੋਭਾਵੰਤ, ਪੁਰਖ ਅਬਿਨਾਸ਼ੀ ਆਪ ਸੁਹਾਇਆ । ਜਨ ਭਗਤਾਂ ਵਖਾਏ ਜੁਗਾ ਜੁਗੰਤ, ਜੁਗ ਜੁਗ ਆਪਣੀ ਖੇਲ ਖਿਲਾਇਆ । ਲੇਖਾ ਜਾਣੇ ਆਦਿ ਅੰਤ, ਨਾ ਮਰੇ ਨਾ ਕਦੇ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਨਿਵਾਸੀ ਪੁਰਖ ਅਬਿਨਾਸ਼ੀ, ਮੰਡਲ ਰਾਸ ਆਪ ਰਚਾਇਆ । ਥਿਰ ਘਰ ਸਾਚੇ ਖੇਲ ਅਪਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੋਕਮਾਤ ਗੁਰ ਲੈ ਅਵਤਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਸਤਿਗੁਰ ਪੂਰਾ ਜਨ ਭਗਤਾਂ ਕਾਜ ਆਪ ਸੁਆਰ, ਦਿਵਸ ਰੈਣ ਸੇਵ ਕਮਾਈਆ । ਘਰ ਘਰ ਵਰਤੇ ਨਾਮ ਭੰਡਾਰ, ਖ਼ਾਲੀ ਭਾਂਡੇ ਆਪ ਭਰਾਈਆ । ਮਨਮੁਖ ਸੁੱਤੇ ਰਹਿਣ ਪੈਰ ਪਸਾਰ, ਮਾਇਆ ਪਰਦਾ ਉਪਰ ਪਾਈਆ । ਹਉਮੇ ਗੜ੍ਹ ਬਣੇ ਹੰਕਾਰ, ਹਰਿ ਕਾ ਰੂਪ ਦਿਸ ਨਾ ਆਈਆ । ਧੰਨ ਸੁਲੱਖਣੀ ਸੋਭਾਵੰਤੀ ਨਾਰ, ਜੋ ਏਕਾ ਪੁਰਖ ਰਹੀ ਮਨਾਈਆ । ਅਸਥਲ ਸੋਹਿਣ ਸਚ ਸਚ ਚੁਬਾਰ, ਥਿਰ ਘਰ ਸਾਚੇ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸਮਝਾਈਆ । ਦਰ ਘਰ ਸਾਚਾ ਹਰਿ ਸਮਝਾਵਣਾ, ਹਰਿ ਹਰਿ ਸਾਚੀ ਸੇਵ ਕਮਾਇੰਦਾ । ਦੂਤੀ ਦੁਸ਼ਟ ਆਪ ਮੁਕਾਵਣਾ, ਨਾਮ ਖੰਡਾ ਇਕ ਚਮਕਾਇੰਦਾ । ਸਾਚਾ ਇਸ਼ਟ ਇਕ ਜਣਾਵਣਾ, ਗੁਰ ਗੋਬਿੰਦ ਰੂਪ ਦਰਸਾਇੰਦਾ । ਫੜ ਬਾਹੋਂ ਮਾਰਗ ਪਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਵਡਿਆਇੰਦਾ । ਥਿਰ ਘਰ ਸਾਚਾ ਡੂੰਘਾ ਸਾਗਰ, ਮਛਲੀ ਨੀਰ ਵਿਛੁਨੀ ਰਹੀ ਬਿਲਲਾਈਆ । ਗੁਰਮੁਖਾਂ ਵਖਾਏ ਕਾਇਆ ਗਾਗਰ, ਅੰਮ੍ਰਿਤ ਜਲ ਭਰਿਆ ਸਚ ਸੁਰਾਹੀਆ । ਦੇਵੇ ਨਾਮ ਰੱਤੀ ਰਤਨਾਗਰ, ਸਾਚਾ ਵਣਜ ਇਕ ਕਰਾਈਆ । ਪੀਆ ਪ੍ਰੀਤਮ ਬਣੇ ਜਗਤ ਸੌਦਾਗਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਗੁਰਸਿਖਾਂ ਕਰੇ ਨਿਰਮਲ ਕਰਮ ਉਜਾਗਰ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ

ਇਕ ਸੁਹਾਈਆ । ਥਿਰ ਘਰ ਸਾਚਾ ਹਰਿ ਸੁਹੰਜਣਾ, ਲੇਖਾ ਜਾਣੇ ਇਕ ਇਕਾਂਤ । ਜਗੇ ਜੋਤ ਆਦਿ ਨਿਰੰਜਣਾ, ਏਕਾ ਰੰਗ ਰੈਣ ਦਿਵਸ ਪਰਭਾਤ । ਗੁਰਮੁਖ ਮੇਲਾ ਸਾਚੇ ਸੱਜਣਾ, ਲੇਖਾ ਚੁੱਕੇ ਜ਼ਾਤ ਪਾਤ । ਕਾਇਆ ਭਾਂਡਾ ਸਭ ਦਾ ਭੱਜਣਾ, ਸਾਚੀ ਵਸਤ ਨਾ ਕਿਸੇ ਕੋਲ ਰੱਖੀ ਦਾਤ । ਗੁਰਮੁਖ ਵਿਰਲੇ ਅੰਮ੍ਰਿਤ ਪੀ ਪੀ ਰੱਜਣਾ, ਬੰਦ ਕਵਾੜਾ ਖੋਲ੍ਹ ਤਾਕ । ਥਿਰ ਘਰ ਸਾਚੇ ਬਹਿ ਬਹਿ ਸਜਣਾ, ਨਾਤਾ ਤੁੱਟੇ ਸੱਜਣ ਸਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਪਾਕੀ ਪਾਕ ।

## ❊ ੧੦ ਜੇਠ ੨੦੧੭ ਬਿਕ੍ਰਮੀ ਈਸ਼ਰ ਸਿੰਘ ਧਿਆਨ ਸਿੰਘ ਦੇ ਘਰ ਪਿੰਡ ਦੜ ਜ਼ਿਲਾ ਜੰਮੂ ❊

ਹਰਿ ਸਤਿਗੁਰ ਸੱਚਾ ਪਾਤਸ਼ਾਹ, ਪੁਰਖ ਅਬਿਨਾਸ਼ੀ ਏਕਓਅੰਕਾਰ । ਆਦਿ ਜੁਗਾਦੀ ਸਿਫ਼ਤੀ ਸਿਫ਼ਤ ਸਾਲਾਹ, ਨਿਰਗੁਣ ਨੂਰ ਅਗੰਮ ਅਪਾਰ । ਜੁਗਾ ਜੁਗੰਤਰ ਬਣੇ ਜਗਤ ਮਲਾਹ, ਲੋਕਮਾਤ ਲੈ ਅਵਤਾਰ । ਲੱਖ ਚੁਰਾਸੀ ਦੱਸੇ ਸਾਚਾ ਰਾਹ, ਸ਼ਬਦ ਅਗੰਮੀ ਬੋਲ ਜੈਕਾਰ । ਏਕਾ ਅੱਖਰ ਜਪਾਏ ਆਪਣਾ ਨਾਂ, ਆਪ ਆਪਣੀ ਕਿਰਪਾ ਧਾਰ । ਨਿਥਾਵਿਆਂ ਦੇਵੇ ਸਾਚਾ ਥਾਂ, ਨਿਰਗੁਣ ਸਰਗੁਣ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਕਾਰ ਕਰੰਦੜਾ ਹਰਿ ਕਰਤਾਰ, ਕਰਤਾ ਪੁਰਖ ਆਪ ਅਖਵਾਇੰਦਾ । ਜੂਨੀ ਰਹਿਤ ਭੇਵ ਨਿਆਰ, ਅਜੂਨ ਅਜੂਨੀ ਵੇਸ ਵਟਾਇੰਦਾ । ਮੂਰਤ ਅਕਾਲ ਹੋ ਉਜਿਆਰ, ਦੀਨ ਦਿਆਲ ਡਗਮਗਾਇੰਦਾ । ਸਚਖੰਡ ਵਸੇ ਸੱਚੀ ਧਰਮਸਾਲ, ਸਚ ਸਿੰਘਾਸਣ ਆਸਣ ਲਾਇੰਦਾ । ਦੀਪਕ ਜੋਤੀ ਆਪਣਾ ਬਾਲ, ਸਚ ਪਰਕਾਸ਼ ਕਰਾਇੰਦਾ । ਆਪਣੀ ਮੁਸ਼ੱਕਤ ਆਪੇ ਘਾਲ, ਆਪਣੀ ਪ੍ਰੀਤੀ ਆਪ ਬਨ੍ਹਾਇੰਦਾ । ਆਪਣੇ ਮੰਦਰ ਵਜਾਏ ਆਪਣਾ ਤਾਲ, ਸ਼ਬਦ ਅਨਾਦੀ ਆਪੇ ਗਾਇੰਦਾ । ਆਪੇ ਚਲੇ ਅਵੱਲੜੀ ਚਾਲ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਸੁਰਤ ਲਏ ਸੰਭਾਲ, ਆਪ ਆਪਣਾ ਵੇਖ ਵਖਾਇੰਦਾ । ਆਪੇ ਤ੍ਰੈਗੁਣ ਮਾਇਆ ਪਾ ਜੰਜਾਲ, ਲੱਖ ਚੁਰਾਸੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਆਪੇ ਪਾਤਸ਼ਾਹ ਸੁਲਤਾਨ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਆਪੇ ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਏਕੰਕਾਰਾ ਆਪਣੀ ਦਇਆ ਆਪ ਕਮਾਇੰਦਾ । ਆਪੇ ਸੋ ਪੁਰਖ ਨਿਰੰਜਣ ਝੁਲਾਏ ਸਚ ਨਿਸ਼ਾਨ, ਆਪੇ ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਆਪੇ ਅਬਿਨਾਸ਼ੀ ਕਰਤਾ ਹੋਏ ਨੌਜਵਾਨ, ਆਪੇ ਸ੍ਰੀ ਭਗਵਾਨ ਸੰਗ ਨਿਭਾਇੰਦਾ । ਆਪੇ ਪਾਰਬ੍ਰਹਮ ਪ੍ਰਭ ਹੋ ਪਰਧਾਨ, ਬ੍ਰਹਮ ਆਪਣਾ ਹੁਕਮ ਸੁਣਾਇੰਦਾ । ਆਪ ਉਠਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਆਪੇ ਵਸੇ ਸਚ ਮਕਾਨ, ਥਿਰ ਘਰ ਸਾਚਾ ਆਪ ਬਣਾਇੰਦਾ । ਆਪੇ ਹੋਏ ਨਿਗਹਬਾਨ, ਨਿਰਵੈਰ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਸ਼ਾਹ ਪਾਤਸ਼ਾਹ ਏਕੰਕਾਰਾ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਖੇਲ ਅਪਾਰਾ, ਨਿਰਗੁਣ ਦਾਤਾ ਆਪ ਕਰਾਈਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਈਆ । ਆਪੇ ਨਿਰਗੁਣ ਲੈ ਅਵਤਾਰਾ, ਸਰਗੁਣ ਸਾਚੀ ਜੋਤ ਜਗਾਈਆ । ਆਪੇ ਪੰਚਮ ਸ਼ਬਦ ਬੋਲ ਜੈਕਾਰਾ, ਤਨ ਮੰਦਰ ਆਪ ਸੁਹਾਈਆ । ਆਪੇ ਵਸੇ ਅੰਦਰ ਬਾਹਰਾ,

ਗੁਪਤ ਜ਼ਾਹਰ ਆਪ ਹੋ ਜਾਈਆ । ਆਪੇ ਸ਼ਾਹੋ ਭੂਪ ਸਿਕਦਾਰਾ, ਆਪੇ ਧੁਰ ਫ਼ਰਮਾਣਾ ਹੁਕਮ ਜਣਾਈਆ । ਆਪੇ ਤਖ਼ਤ ਤਾਜ ਰੱਖੇ ਸੀਸ ਦਸਤਾਰਾ, ਆਪੇ ਵੰਡਣ ਵੰਡ ਤੁੜਾਈਆ । ਆਪੇ ਅਸਵ ਹੋਏ ਸ਼ਾਹ ਅਸਵਾਰਾ, ਸਾਚਾ ਘੋੜਾ ਆਪ ਦੌੜਾਈਆ । ਆਪੇ ਪਵਣ ਦਏ ਹੁਲਾਰਾ, ਲੋਆਂ ਪੁਰੀਆਂ ਫੇਰਾ ਪਾਈਆ । ਆਪੇ ਲੇਖਾ ਜਾਣੇ ਸੂਰਜ ਚੰਨ ਸਿਤਾਰਾ, ਮੰਡਲ ਮੰਡਪ ਖੋਜ ਖੁਜਾਈਆ । ਆਪੇ ਪਾਵੇ ਸਾਰ ਜ਼ਿਮੀ ਅਸਮਾਨ ਗਗਨ ਮੰਡਲ ਵੇਖੇ ਆਰ ਪਾਰਾ, ਧਵਲ ਸਾਗਰ ਡੇਰਾ ਲਾਈਆ । ਆਪੇ ਨੌ ਖੰਡ ਪ੍ਰਿਥਮੀ ਵੇਖੇ ਖਾੜਾ, ਸੱਤਾਂ ਦੀਪਾਂ ਜੋਤ ਕਰੇ ਰੁਸ਼ਨਾਈਆ । ਆਪੇ ਹੋਏ ਧੁਰਦਰਗਾਹੀ ਸੱਚਾ ਲਾੜਾ, ਸਤਿਗੁਰ ਸਾਚਾ ਨਾਉਂ ਧਰਾਈਆ । ਆਪੇ ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਆਪੇ ਫੋਲ ਫੁਲਾਈਆ । ਆਪੇ ਭਗਤਾਂ ਕਰੇ ਸਚ ਪਿਆਰਾ, ਮਨਮੁਖਾਂ ਦਏ ਸਜ਼ਾਈਆ । ਆਪੇ ਸ਼ਬਦ ਨਾਦ ਧੁਨ ਜੈਕਾਰਾ, ਆਪੇ ਪੰਚ ਵਿਕਾਰ ਕਰੇ ਹਲਕਾਈਆ । ਆਪੇ ਅੰਮ੍ਰਿਤ ਤਾਲ ਸੁਹਾਏ ਠੰਡੀ ਠਾਰਾ, ਆਪੇ ਅਗਨੀ ਤਤ ਜਲਾਈਆ । ਆਪੇ ਵਸੇ ਅੰਧ ਅੰਧਿਆਰਾ, ਆਪੇ ਨਿਰਗੁਣ ਜੋਤ ਆਦਿ ਨਿਰੰਜਣ ਕਰੇ ਰੁਸ਼ਨਾਈਆ । ਆਪੇ ਵੇਖੇ ਕਾਇਆ ਮੰਦਰ ਸਚ ਦਵਾਰਾ, ਆਪੇ ਬੈਠਾ ਮੁਖ ਛੁਪਾਈਆ । ਆਪੇ ਖੰਡਾ ਸ਼ਬਦ ਤੇਜ਼ ਕਟਾਰਾ, ਸ਼ਸਤਰ ਬਸਤਰ ਆਪ ਸਜਾਈਆ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਆਪ ਹੋ ਜਾਈਆ । ਆਪੇ ਗੋਬਿੰਦ ਜਾਣੇ ਧਾਰਾ, ਧਰਨੀ ਧਰਤ ਧਵਲ ਦਏ ਵਡਿਆਈਆ । ਆਪੇ ਗੁਰਮੁਖਾਂ ਬਣੇ ਮਾਤ ਸਹਾਰਾ, ਜੁਗ ਜੁਗ ਆਪਣਾ ਵੇਸ ਵਟਾਈਆ । ਆਪੇ ਖ਼ਲਕ ਖ਼ਾਲਕ ਵੇਖੇ ਪਰਵਰਦਿਗਾਰਾ, ਆਪੇ ਮਖ਼ਲੂਕ ਦਏ ਸਾਲਾਹੀਆ । ਆਪੇ ਪੰਡਤ ਪਾਂਧਾ ਲੇਖਾ ਜਾਣੇ ਆਰ ਪਾਰਾ, ਗਿਆਨ ਧਿਆਨ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਪਾਤਸ਼ਾਹ, ਪਾਰਬ੍ਰਹਮ ਇਕ ਅਖਵਾਈਆ । ਸੱਚਾ ਪਾਤਸ਼ਾਹ ਹਰਿ ਨਰਾਇਣ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਵੇਖੇ ਏਕਾ ਨੈਣ, ਦੂਜੀ ਅੱਖ ਨਾ ਕੋਇ ਖੁਲ੍ਹਾਇੰਦਾ । ਜੁਗ ਜੁਗ ਚੁਕਾਏ ਲਹਿਣਾ ਦੇਣ, ਜਨਮ ਕਰਮ ਪ੍ਰਭ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਪਾਏ ਬਸਤਰ ਨਾਮ ਗਹਿਣ, ਤਨ ਸਚ ਸ਼ਿੰਗਾਰ ਕਰਾਇੰਦਾ । ਮਨਮੁਖ ਝੂਠੇ ਵਹਿਣ ਵਹਿਣ, ਸਾਚਾ ਰਾਹ ਨਾ ਕੋਇ ਚਲਾਇੰਦਾ । ਉਚੀ ਕੂਕ ਸਾਰੇ ਕਹਿਣ, ਹਰਿ ਕਾ ਦਰਸ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਬਣ ਮਲਾਹ, ਗੁਰਮੁਖ ਸਾਚੇ ਆਪ ਤਰਾਇੰਦਾ । ਸਤਿਗੁਰ ਸਿਫ਼ਤ ਸਲਾਹਣਾ, ਸਰਬ ਗੁਣਾਂ ਗੁਣਵੰਤ । ਆਪ ਚੁਕਾਏ ਲਹਿਣਾ ਦੇਣਾ, ਆਦਿ ਜੁਗਾਦਿ ਸ੍ਰੀ ਭਗਵੰਤ । ਕਲਜੁਗ ਅੰਤਮ ਵੇਖੇ ਆਪਣੇ ਨੈਣਾਂ, ਪੁਰਖ ਅਬਿਨਾਸ਼ੀ ਮਹਿਮਾ ਅਗਣਤ । ਜੂਠਾ ਝੂਠਾ ਦਿਸੇ ਸਾਕ ਸੱਜਣ ਸੈਣਾ, ਬਿਨ ਹਰਿ ਨਾਮ ਨਾ ਬਣਾਏ ਸਾਚੀ ਬਣਤ । ਥਿਰ ਦਰਬਾਰ ਕਿਸੇ ਨਾ ਬਹਿਣਾ, ਭਰਮੇ ਭੁੱਲੇ ਜੀਵ ਜੰਤ । ਗੁਰਮੁਖ ਵਿਰਲਾ ਦਰਸ਼ਨ ਕਰੇ ਨੈਣਾਂ, ਧੰਨ ਵਡਿਆਈ ਸਾਚੇ ਸੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਜੁਗਾ ਜੁਗੰਤ । ਜੁਗਾ ਜੁਗੰਤਰ ਖੇਲ ਅਪਾਰਾ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਨਾਮ ਕਰੇ ਪੜ੍ਹਾਈਆ । ਏਕਾ ਸ਼ਬਦ ਇਕ ਜੈਕਾਰਾ, ਨਾਮ ਸਤਿ ਇਕ ਵਖਾਈਆ । ਏਕਾ ਰਾਮ ਕ੍ਰਿਸ਼ਨ ਮੁਰਾਰਾ, ਏਕਾ ਅੱਲਾ ਨੂਰ ਦਰਸਾਈਆ । ਏਕਾ ਫ਼ਤਹਿ ਬੋਲ ਜੈਕਾਰਾ, ਵਾਹ ਵਾ ਗੁਰੂ ਇਕ ਸਮਝਾਈਆ । ਏਕ ਵਸੇ ਧਾਮ ਨਿਆਰਾ, ਸਚਖੰਡ ਬੈਠਾ ਆਸਣ ਲਾਈਆ । ਖਾਣੀ ਬਾਣੀ ਪਾਵੇ ਸਾਰਾ, ਨਾਦ ਧੁਨੀ ਆਪ ਵਜਾਈਆ । ਜੋਤੀ ਜੋਤ ਸਰੂਪ

੬੬੭
੦੯

ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਬੇਪਰਵਾਹੀਆ । ਜੁਗ ਜੁਗ ਖੇਲ ਸ੍ਰੀ ਭਗਵਾਨ, ਆਪਣਾ ਆਪ ਕਰਾਇੰਦਾ । ਪਰਗਟ ਹੋਵੇ ਵਾਲੀ ਦੋ ਜਹਾਨ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਸਤਿਗੁਰ ਸਾਚਾ ਬਣ ਮਿਹਰਵਾਨ, ਹਰਿ ਸੰਗਤ ਮੇਲ ਮਿਲਾਇੰਦਾ । ਸ਼ਬਦ ਜਣਾਈ ਬ੍ਰਹਮ ਗਿਆਨ, ਸਾਚੇ ਸੰਤਨ ਆਪ ਉਠਾਇੰਦਾ । ਗੁਰਮੁਖਾਂ ਬਖ਼ਸ਼ੇ ਇਕ ਧਿਆਨ, ਇਸ਼ਟ ਦੇਵ ਇਕ ਉਪਾਇੰਦਾ । ਗੁਰਸਿਖ ਬਣਾਏ ਚਤੁਰ ਸੁਜਾਨ, ਮੂਰਖ ਮੂੜ੍ਹੇ ਆਪਣੇ ਧੰਦੇ ਲਾਇੰਦਾ । ਏਕਾ ਦੇਵੇ ਨਾਮ ਨਿਧਾਨ, ਦਾਤਾ ਦਾਨੀ ਆਪ ਵਰਤਾਇੰਦਾ । ਆਤਮ ਅੰਤਰ ਦੀਪ ਜਗਾਏ ਮਹਾਨ, ਅੰਧ ਅੰਧੇਰ ਮਿਟਾਇੰਦਾ । ਸਾਚਾ ਸ਼ਬਦ ਸੁਣਾਏ ਕਾਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਚੌਦਾਂ ਵਿਦਿਆ ਹੋਈ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਜੁਗ ਜੁਗ ਖੇਲ ਜਗਤ ਪਸਾਰਾ, ਪੁਰਖ ਨਿਰੰਜਣ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਵੇ ਸਾਰਾ, ਕਰੋੜ ਤੇਤੀਸਾ ਫੋਲ ਫੁਲਾਇੰਦਾ । ਸੁਰਪਤ ਇੰਦ ਦਏ ਹੁਲਾਰਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਲੱਖ ਚੁਰਾਸੀ ਗਤਮਿਤ ਜਾਣੇ ਅੰਦਰ ਬਾਹਰਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਗੁਰਮੁਖ ਜਗਾਏ ਦਇਆ ਕਮਾਏ ਵਿਚ ਸੰਸਾਰਾ, ਆਪ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਬੰਧਨ ਪਾਇੰਦਾ । ਜੁਗ ਜੁਗ ਬੰਧਨ ਹਰਿ ਮਿਹਰਵਾਨ, ਆਪਣਾ ਆਪੇ ਪਾਈਆ । ਸਤਿਜੁਗ ਸਾਚੇ ਸਚ ਨਿਸ਼ਾਨ, ਏਕਾ ਏਕ ਵੰਡ ਵੰਡਾਈਆ । ਤਰੇਤਾ ਰਾਮ ਨਾਮ ਕਰ ਪਰਧਾਨ, ਤ੍ਰੈਗੁਣ ਲੇਖਾ ਦਏ ਚੁਕਾਈਆ । ਦੁਆਪਰ ਵੇਖੇ ਕ੍ਰਿਸ਼ਨਾ ਕਾਹਨ, ਰਥ ਰਥਵਾਹੀ ਬੇਪਰਵਾਹੀਆ । ਕਲਜੁਗ ਈਸਾ ਮੂਸਾ ਕਰ ਪਰਧਾਨ, ਸੰਗ ਮੁਹੰਮਦ ਚਾਰ ਯਾਰ ਕਰੇ ਕੁੜਮਾਈਆ । ਅੰਜੀਲ ਕੁਰਾਨ ਖੋਲ੍ਹ ਦੁਕਾਨਾ, ਚੌਦਾਂ ਤਬਕ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਨਾਨਕ ਨਿਰਗੁਣ ਜੋਤ ਕਰੇ ਰੁਸ਼ਨਾਈਆ । ਦਰਗਹਿ ਸਾਚੀ ਕਰ ਪਰਵਾਨ, ਸਚਖੰਡ ਦਵਾਰੇ ਮੇਲ ਮਿਲਾਈਆ । ਨਾਮ ਸਤਿ ਦੇਵੇ ਦਾਨ, ਲੋਕਮਾਤ ਮਾਤ ਵਡਿਆਈਆ । ਚਾਰ ਵਰਨਾਂ ਇਕ ਗਿਆਨ, ਏਕਾ ਅੱਖਰ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਨਾਨਕ ਨਿਰਗੁਣ ਗਾਇੰਦਾ । ਸਤਿਨਾਮ ਕਰ ਪਰਧਾਨਾ, ਚਾਰ ਕੁੰਟ ਡੰਕ ਵਜਾਇੰਦਾ । ਏਕਾ ਰਾਗ ਸੁਣਾਏ ਗਾਣਾ, ਤਾਰ ਸਤਾਰ ਆਪ ਹਿਲਾਇੰਦਾ । ਇਕ ਵਖਾਏ ਸਚ ਬਬਾਣਾ, ਲੋਆਂ ਪੁਰੀਆਂ ਆਪ ਉਡਾਇੰਦਾ । ਏਕਾ ਹੋਇਆ ਜਾਣੀ ਜਾਣਾ, ਬੋਧ ਅਗਾਧ ਸ਼ਬਦ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਸਾਚੀ ਕਾਰ, ਕਰਨੀ ਕਰਤਾ ਆਪ ਅਖਵਾਇੰਦਾ । ਕਰਨੀ ਕਰਤਾ ਮਾਰਗ ਚਲਾਏ ਪੰਥ, ਵਡ ਦਾਤਾ ਬੇਪਰਵਾਹੀਆ । ਗੁਰ ਅਰਜਨ ਮੇਲਾ ਏਕਾ ਹਰਿ ਲੇਖਾ ਜਾਣੇ ਗੁਰੂ ਗ੍ਰੰਥ, ਇਕਵੰਜਾ ਬਵੰਜਾ ਧਾਰ ਚਲਾਈਆ । ਸ਼ਬਦ ਅਨਾਦੀ ਵੱਜੇ ਸੰਖ, ਸੰਤ ਭਗਤ ਲਏ ਜਗਾਈਆ । ਨਾਰੀ ਮਿਲਿਆ ਸਾਚਾ ਕੰਤ, ਘਰ ਸਾਚੀ ਖ਼ੁਸ਼ੀ ਮਨਾਈਆ । ਪਾਰਬ੍ਰਹਮ ਮਹਿਮਾ ਅਗਣਤ, ਬੇਅੰਤ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਰਚਨ ਰਚਾਈਆ । ਏਕਾ ਜੋਤੀ ਖੇਲ ਅਪਾਰਾ, ਘਰ ਦਸਵੇਂ ਆਪ ਜਗਾਇੰਦਾ । ਆਪ ਉਪਾਏ ਸੁੱਤ ਦੁਲਾਰਾ, ਗੋਬਿੰਦ ਨਾਉਂ ਧਰਾਇੰਦਾ । ਸਿੰਘ ਰੂਪ ਕਰ ਵਿਚ ਸੰਸਾਰਾ, ਖੜਗ ਖੰਡਾ ਹੱਥ ਫੜਾਇੰਦਾ । ਤੇਜ ਪਰਚੰਡਾ ਕਰ ਤਿਆਰਾ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਪਾਵੇ ਵੰਡਾਂ ਪਾਵਣਹਾਰਾ, ਆਪਣੀ ਵੰਡ

੬੬੮

ਵੰਡਾਇੰਦਾ । ਏਕਾ ਅੰਮ੍ਰਿਤ ਭਰ ਭੰਡਾਰਾ, ਪੰਚਮ ਮੀਤਾ ਪੰਚ ਪਿਲਾਇੰਦਾ । ਆਪ ਬਣ ਸੱਚਾ ਸਿਕਦਾਰਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰਾ, ਏਕਾ ਘਰ ਬਹਾਇੰਦਾ । ਆਪ ਆਪਣਾ ਆਪੇ ਵਾਰਾ, ਆਪਣਾ ਲੇਖਾ ਆਪ ਮੁਕਾਇੰਦਾ । ਆਪੇ ਮਿਲਿਆ ਸਾਚੇ ਯਾਰਾ, ਢੋਲਾ ਮਾਹੀ ਏਕਾ ਗਾਇੰਦਾ । ਪੁਰਖ ਅਬਿਨਾਸ਼ੀ ਕਰੇ ਪਿਆਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਆਪ ਆਪਣੀ ਬੂਝ ਬੁਝਾਇੰਦਾ । ਕਲਜੁਗ ਕੂਕੇ ਚਾਰੋਂ ਕੁੰਟ ਕਰੇ ਪੁਕਾਰਾ, ਦਹਿ ਦਿਸ਼ਾ ਅੰਧੇਰਾ ਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਖੇਲ ਅਵੱਲਾ, ਆਪੇ ਵੇਖੇ ਸਚ ਮਹੱਲਾ, ਜਲਾਂ ਥਲਾਂ ਫੇਰਾ ਪਾਇੰਦਾ । ਜਲ ਥਲ ਮਹੀਅਲ ਆਪ ਸਮਾਇਆ, ਤ੍ਰੈਗੁਣ ਅਤੀਤਾ ਵਡ ਵਡਿਆਈਆ । ਲੱਖ ਚੁਰਾਸੀ ਡੇਰਾ ਲਾਇਆ, ਪਤਿਤ ਪੁਨੀਤਾ ਦਿਸ ਨਾ ਆਈਆ । ਗੁਰਮੁਖ ਸਾਚੇ ਲਏ ਜਗਾਇਆ । ਜਾਗਰਤ ਜੋਤ ਕਰ ਰੁਸ਼ਨਾਈਆ । ਸਚ ਸੰਦੇਸ਼ ਇਕ ਸੁਣਾਇਆ, ਵਾਹਿਗੁਰੂ ਫ਼ਤਹਿ ਆਪ ਗਜਾਈਆ । ਏਕਾ ਓਟ ਹਰਿ ਰਖਾਇਆ, ਪਾਰਬ੍ਰਹਮ ਤੇਰੀ ਸੱਚੀ ਸਰਨਾਈਆ । ਪੁਰਖ ਅਕਾਲ ਇਕ ਮਨਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਖੇਲ ਕਰਾਏ ਕਰਨੇਹਾਰਾ, ਕਾਦਰ ਕਰਤਾ ਕਰੀਮ ਆਪ ਅਖਵਾਇੰਦਾ । ਆਪੇ ਪਰਗਟ ਹੋਵੇ ਵਿਚ ਸੰਸਾਰਾ, ਰੂਪ ਅਨੂਪ ਆਪ ਵਟਾਇੰਦਾ । ਆਪੇ ਵਸੇ ਡੂੰਘੀ ਗਾਰਾ, ਉਜਲ ਮੁਖ ਆਪ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਅਲੱਖ ਅਲੱਖਣਾ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਬਣਤ ਬਣਾਏ ਹਰਿ ਮਿਹਰਵਾਨਾ, ਕਲਜੁਗ ਵੇਖ ਵਖਾਇੰਦਾ । ਕਰੇ ਖੇਲ ਹਰਿ ਵਾਲੀ ਦੋ ਜਹਾਨਾਂ, ਲੋਕਮਾਤ ਵੇਖ ਵਖਾਇੰਦਾ । ਚਾਰੋਂ ਕੁੰਟ ਜੀਵ ਸ਼ੈਤਾਨਾ, ਪੰਜ ਤਤ ਸਰਬ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਬਲਵਾਨਾ, ਜ਼ੋਰ ਆਪਣਾ ਆਪ ਧਰਾਇੰਦਾ । ਮਨੂਆ ਮਨ ਹੋਏ ਪਰਧਾਨਾ, ਸਾਚਾ ਹੁਕਮ ਚਲਾਇੰਦਾ । ਪੰਜ ਸ਼ਬਦ ਹੋਏ ਨਿਧਾਨਾ, ਘਰ ਸੰਤਨ ਕੋਇ ਨਾ ਪਾਇੰਦਾ । ਮਾਇਆ ਰਾਣੀ ਨਾਰ ਰਾਕਾਨਾ, ਜੀਵ ਜੰਤ ਸਰਬ ਪਰਨਾਇੰਦਾ । ਮਦਿਰਾ ਮਾਸ ਪੀਣਾ ਖਾਣਾ, ਆਤਮ ਰਸ ਨਾ ਕੋਇ ਵਖਾਇੰਦਾ । ਰਸਨਾ ਜਪੇ ਜਗਤ ਗਾਣਾ, ਅਨਹਦ ਤਾਲ ਨਾ ਕੋਇ ਵਜਾਇੰਦਾ । ਹਰਿ ਕਾ ਰੂਪ ਨਾ ਕਿਸੇ ਪਛਾਣਾ, ਗੁਰ ਗੋਬਿੰਦ ਇਹ ਸਮਝਾਇੰਦਾ । ਕਲਜੁਗ ਅੰਤਮ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨਾ, ਕਲ ਕਲਕੀ ਅਵਤਾਰ ਆਪ ਅਖਵਾਇੰਦਾ । ਸ਼ਬਦ ਡੰਕਾ ਵਜਾਏ ਦੋ ਜਹਾਨਾਂ, ਸੋਇਆ ਕੋਇ ਰਹਿਣ ਨਾ ਪਾਇੰਦਾ । ਪਕੜ ਉਠਾਏ ਰਾਜ ਰਾਜਾਨਾਂ, ਕਲਜੁਗ ਤੇਰੀ ਰਈਅਤ ਵੇਖ ਵਖਾਇੰਦਾ । ਰਾਏ ਧਰਮ ਸੁਣਾਏ ਧੁਰ ਫ਼ਰਮਾਣਾ, ਆਪ ਆਪਣਾ ਹੁਕਮ ਚਲਾਇੰਦਾ । ਧਰਮ ਰਾਏ ਉਠਿਆ ਨੌਜਵਾਨਾ, ਚਿਤਰ ਗੁਪਤ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਕਲਜੁਗ ਅੰਤਮ ਖੇਲ ਅਵੱਲਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਲੇਖਾ ਚੁੱਕੇ ਰਾਣੀ ਅੱਲਾ, ਬਿਸਮਿਲ ਰੂਪ ਆਪ ਕਰਾਈਆ । ਚੌਦਾਂ ਤਬਕਾਂ ਮਾਰੇ ਏਕਾ ਹੱਲਾ, ਸ਼ਬਦ ਅਗੰਮੀ ਫੌਜ ਚੜ੍ਹਾਈਆ । ਕਰੇ ਖੇਲ ਅਛੱਲ ਅਛੱਲਾ, ਵਲ ਛਲ ਧਾਰੀ ਆਪਣਾ ਨਾਉਂ ਧਰਾਈਆ । ਆਪੇ ਵਸੇ ਨੇਹਚਲ ਧਾਮ ਅਟੱਲਾ, ਸਚਖੰਡ ਬੈਠਾ ਆਸਣ ਲਾਈਆ ।

ਆਦਿ ਜੁਗਾਦੀ ਇਕ ਇਕੱਲਾ, ਨਾ ਮਰੇ ਨਾ ਜਾਈਆ । ਆਪੇ ਵਸੇ ਜਲਾਂ ਥਲਾਂ, ਜਲ ਡੂੰਘਰ ਆਪ ਸਮਾਈਆ । ਆਪਣੀ ਜੋਤੀ ਆਪੇ ਰਲਾ, ਆਪਣਾ ਸ਼ਬਦ ਆਪੇ ਗਾਈਆ । ਸਚ ਸੰਦੇਸ਼ ਏਕਾ ਘੱਲਾ, ਲੋਕਮਾਤ ਕਰੇ ਜਣਾਈਆ । ਨੌ ਖੰਡ ਪ੍ਰਿਥਮੀ ਡੂੰਘਾ ਡੱਲਾ, ਨਾ ਕਿਸੇ ਕੋਇ ਬਚਾਈਆ । ਸੱਤਾਂ ਦੀਪਾਂ ਫੜਾਏ ਨਾ ਕੋਇ ਪੱਲਾ, ਸਗਲਾ ਸੰਗ ਨਾ ਕੋਇ ਰਖਾਈਆ । ਜੂਠਾ ਝੂਠਾ ਕਲਜੁਗ ਹੋਇਆ ਝੱਲਾ, ਚਾਰੋਂ ਕੁੰਟ ਫਿਰੇ ਵਾਹੋ ਦਾਹੀਆ । ਮਨਮੁਖਾਂ ਦੇ ਅੰਦਰ ਰਲਾ, ਮਨਮਤ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜੋਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਜੋਤ ਉਜਾਲਾ ਹਰਿ ਗੋਪਾਲਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਖੇਲੇ ਖੇਲ ਦੀਨ ਦਿਆਲਾ ਅਵੱਲੜੀ ਚਾਲਾ, ਲੋਕਮਾਤ ਵੇਸ ਵਟਾਇੰਦਾ । ਗੁਰਮੁਖਾਂ ਦੱਸੇ ਰਾਹ ਸੁਖਾਲਾ ਤੋੜੇ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਚਰਨ ਰਖਾਏ ਕਾਲ ਮਹਾਂਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣ ਆਇਆ, ਪਾਰਬ੍ਰਹਮ ਕਰਤਾਰ । ਨਿਹਕਲੰਕੀ ਜਾਮਾ ਪਾਇਆ, ਨਿਰਗੁਣ ਜੋਤ ਉਜਿਆਰ । ਸਾਚਾ ਡੰਕਾ ਰਿਹਾ ਵਜਾਇਆ, ਦੋ ਜਹਾਨਾਂ ਪਾਵੇ ਸਾਰ । ਕਲਜੁਗ ਹੰਕਾਰੇ ਰਿਹਾ ਢਾਇਆ, ਨਾ ਕੋਈ ਦੀਸੇ ਚਾਰ ਦੀਵਾਰ । ਗੁਰਮੁਖ ਸੰਤਾਂ ਰਿਹਾ ਉਠਾਇਆ, ਦੇਵੇ ਸ਼ਬਦ ਹੁਲਾਰ । ਸਾਚਾ ਕੰਤਾ ਮੇਲ ਮਿਲਾਇਆ, ਹੋਈ ਸੁਭਾਗਣ ਨਾਰ । ਪੁਰਖ ਅਬਿਨਾਸ਼ੀ ਦਰਸ਼ਨ ਪਾਇਆ, ਵਿਸਰਿਆ ਸੰਸਾਰ । ਜਮ ਕੀ ਫਾਸੀ ਦਏ ਕਟਾਇਆ, ਰਾਏ ਧਰਮ ਨਾ ਕਰੇ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਅਗੰਮੜੀ ਕਾਰ । ਕਾਰ ਅਗੰਮੜੀ ਪੁਰਖ ਅਗੰਮਾ, ਆਪੇ ਆਪ ਕਰਾਇੰਦਾ । ਨਾ ਮਰੇ ਨਾ ਕਦੇ ਜੰਮਾ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸੀ ਲਏ ਨਾ ਦਮਾਂ, ਨੇਤਰ ਨੀਰ ਨਾ ਕੋਇ ਵਹਾਇੰਦਾ । ਹੱਡ ਮਾਸ ਨਾ ਨਾੜੀ ਚੰਮਾ, ਪੰਜ ਤਤ ਨਾ ਕੋਇ ਰਖਾਇੰਦਾ । ਹਰਖ਼ ਸੋਗ ਨਾ ਕੋਇ ਗ਼ਮਾ, ਆਲਸ ਨਿੰਦਰਾ ਵਿਚ ਨਾ ਆਇੰਦਾ । ਜੁਗ ਜੁਗ ਜਨ ਭਗਤਾਂ ਸੁਆਰੇ ਕੰਮਾ, ਆਪਣੀ ਸੇਵਾ ਆਪ ਕਰਾਇੰਦਾ । ਸਤਿਜੁਗ ਬੇੜਾ ਸਤਿਗੁਰ ਬੰਨ੍ਹਾ, ਸਚ ਮਲਾਹ ਆਪ ਅਖਵਾਇੰਦਾ । ਆਪ ਉਠਾਏ ਆਪਣੇ ਕੰਧਾ, ਖੇਵਟ ਖੇਟਾ ਨਾਉਂ ਧਰਾਇੰਦਾ । ਮਾਣਸ ਮਾਨੁਖ ਰਹਿਣ ਨਾ ਦੇਵੇ ਕੋਈ ਪਾਪੀ ਗੰਦਾ, ਕੌੜਾ ਰੀਠਾ ਭੰਨ ਵਖਾਇੰਦਾ । ਘਟ ਘਟ ਅੰਦਰ ਸੁਣਾਏ ਏਕਾ ਛੰਦਾ, ਏਕਾ ਨਾਮ ਜਣਾਇੰਦਾ । ਮਨਮੁਖ ਜੀਵ ਨਾ ਦੀਸੇ ਕਲਜੁਗ ਅੰਧਾ, ਅੰਧ ਅੰਧੇਰ ਸਰਬ ਗਵਾਇੰਦਾ । ਗੁਰਮੁਖਾਂ ਉਪਜਾਏ ਪਰਮਾਨੰਦਾ, ਨਿਜ ਆਤਮ ਰਸ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਮਾਤ ਧਰ, ਧਰਤੀ ਧਵਲ ਦਏ ਵਡਿਆਈਆ । ਸੰਤ ਸੁਹੇਲੇ ਸਾਚੇ ਫੜ, ਆਪ ਆਪਣਾ ਮੇਲ ਮਿਲਾਈਆ । ਹਰਿਜਨ ਸਾਚਾ ਘਾੜਣ ਘੜ, ਕਾਚੇ ਭਾਂਡੇ ਬਣਤ ਬਣਾਈਆ । ਨਿਰਗੁਣ ਅੰਦਰ ਬੈਠਾ ਵੜ, ਸਾਚੇ ਆਸਣ ਡੇਰਾ ਲਾਈਆ । ਅਗੰਮੀ ਪੌੜੇ ਬੈਠਾ ਚੜ੍ਹ, ਮਾਰਗ ਆਪਣਾ ਆਪੇ ਪਾਈਆ । ਜਗਤ ਜੀਵ ਨਾ ਸਕੇ ਕੋਈ ਫੜ, ਕੋਟਨ ਕੋਟ ਫਾਂਦੀ ਬੈਠੇ ਆਪਣੀਆਂ ਫਾਹੀਆਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਜਗਾਈਆ । ਗੁਰਮੁਖਾਂ ਅੰਦਰ ਜੋਤ ਧਰ, ਆਪਣੀ ਦਇਆ ਕਮਾਇੰਦਾ । ਸਤਿਗੁਰ ਪੂਰਾ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਸ਼ਬਦ ਜਣਾਈ ਆਤਮ ਦਰ, ਪਰਮ ਆਤਮ

ਮੇਲ ਮਿਲਾਇੰਦਾ । ਝੂਠਾ ਤੋੜ ਹੰਕਾਰੀ ਗੜ੍ਹ, ਮਾਇਆ ਮਮਤਾ ਮੋਹ ਚੁਕਾਇੰਦਾ । ਪੰਚ ਵਿਕਾਰਾ ਪੁੱਟੇ ਜੜ੍ਹ, ਸਚ ਸੁੱਚ ਮਾਰਗ ਏਕਾ ਲਾਇੰਦਾ । ਘਰ ਵਿਚ ਵਖਾਏ ਆਪਣਾ ਘਰ, ਘਰ ਮੰਦਰ ਬੰਕ ਸੁਹਾਇੰਦਾ । ਅੰਮ੍ਰਿਤ ਪਿਆਲਾ ਜਾਮ ਭਰ, ਗੁਰਮੁਖਾਂ ਆਪ ਪਿਆਇੰਦਾ । ਕਲਜੁਗ ਅੰਤਮ ਦੇਵੇ ਸਾਚਾ ਵਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਹਰਿਜਨ ਸਰਨਾਈ ਗਿਆ ਪੜ੍ਹ, ਜਮ ਕਾ ਭੌ ਚੁਕਾਇੰਦਾ । ਆਪ ਬੰਨ੍ਹਾਏ ਆਪਣੇ ਲੜ, ਅੱਧਵਿਚਕਾਰ ਨਾ ਕੋਇ ਛੁਡਾਇੰਦਾ । ਦਰਗਹਿ ਸਾਚੀ ਲਾਏ ਜੜ੍ਹ, ਗੁਰਮੁਖ ਬੂਟਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚਾ ਸਚ ਘਰ, ਸਤਿਗੁਰ ਸਾਚਾ ਆਪ ਬਹਾਈਆ । ਆਪਣੀ ਕਿਰਪਾ ਆਪੇ ਕਰ, ਆਪ ਆਪਣੀ ਗੋਦ ਉਠਾਈਆ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਸਾਚਾ ਤਾਰਿਆ, ਕਰ ਕਿਰਪਾ ਆਪ ਭਗਵਾਨ । ਏਕਾ ਦੇਵੇ ਨਾਮ ਅਧਾਰਿਆ, ਸਤਿ ਸਰੂਪੀ ਬ੍ਰਹਮ ਗਿਆਨ । ਇਕ ਵਖਾਏ ਸਚ ਦਵਾਰਿਆ, ਚਰਨ ਕਵਲ ਹਰਿ ਧਿਆਨ । ਏਕਾ ਵਣਜ ਕਰਾਏ ਜਗਤ ਵਣਜਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਬਣਾਏ ਚਤਰ ਸੁਜਾਣ । ਚਤਰ ਸੁਜਾਣ ਮੂਰਖ ਮੂੜ੍ਹ, ਹਰਿ ਸਤਿਗੁਰ ਆਪ ਬਣਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਦੁਰਮਤ ਮੈਲ ਦਏ ਗਵਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਕਲਜੁਗ ਨਾਤਾ ਤੋੜੇ ਕੂੜੋ ਕੂੜ, ਸਤਿਜੁਗ ਸਚ ਕਰੇ ਕੁੜਮਾਈਆ । ਮਨਮੁਖਤਾ ਰੱਖੇ ਦੂਰੋ ਦੂਰ, ਗੁਰਮੁਖ ਨੇੜੇ ਨੇੜ ਵਸਾਈਆ । ਜਗਤ ਵਿਕਾਰਾ ਕਰੇ ਚੂਰ, ਨਾਮ ਖੰਡਾ ਇਕ ਚਮਕਾਈਆ । ਸਤਿਗੁਰ ਦਾਤਾ ਜੋਧਾ ਸੂਰ, ਬਲੀ ਬਲਵਾਨ ਆਪ ਅਖਵਾਈਆ । ਗੁਰਮੁਖਾਂ ਆਸ਼ਾ ਮਨਸਾ ਪੂਰ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਜੁਗਾ ਜੁਗੰਤਰ ਹਾਜ਼ਰ ਹਜ਼ੂਰ, ਪਰਦਾ ਓਹਲਾ ਨਾ ਕੋਈ ਰਖਾਈਆ । ਕਲਜੁਗ ਅੰਤਮ ਨਿਰਗੁਣ ਕਰਿਆ ਪ੍ਰਗਟ ਆਪਣਾ ਨੂਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਵੇਖ ਵਖਾਈਆ । ਵੇਖਣਹਾਰਾ ਹਰਿ ਗੋਪਾਲ, ਗੋਬਿੰਦ ਮਹਿਮਾ ਕਹੀ ਨਾ ਜਾਈਆ । ਗੁਰਮੁਖ ਵੇਖੇ ਸਾਚੇ ਲਾਲ, ਲੋਕਮਾਤ ਫੇਰਾ ਪਾਈਆ । ਸ਼ਬਦ ਗੁਰ ਬਣ ਦਲਾਲ, ਘਰ ਘਰ ਵੇਖੇ ਚਾਈਂ ਚਾਈਂਆ । ਜਨਮ ਜਨਮ ਦਾ ਤੋੜ ਜੰਜਾਲ, ਕਰਮ ਕਰਮ ਦਾ ਫੰਦ ਕਟਾਈਆ । ਗੁਰਮੁਖ ਸ਼ਾਹ ਬਣਾਏ ਜਗਤ ਕੰਗਾਲ, ਨਾਮ ਧਨ ਏਕਾ ਝੋਲੀ ਪਾਈਆ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਜਿਹਵਾ ਆਪ ਖਵਾਈਆ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣੇ ਲੜ ਲਗਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਗੁਰਮੁਖ ਨੇਤਰ ਨੈਣ ਦਰਸ ਕਰ ਹੋਣ ਨਿਹਾਲ, ਮਨਮੁਖ ਰੋਵਣ ਮਾਰਨ ਧਾਹੀ ਉਚੀ ਕੂਕਣ ਦੇਣ ਦੁਹਾਈਆ । ਗੁਰਮੁਖ ਤੇਰੀ ਸੱਚੀ ਵੇਖੇ ਧਰਮਸਾਲ, ਕਾਇਆ ਬੰਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਲੇਖਾ ਜਾਣੇ ਹਰੀ ਹਰਿ, ਹਰਿ ਨਰਾਇਣ ਆਪ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕ ਗਿਆਨ, ਵਰਨ ਬਰਨ ਨਾ ਕੋਈ ਜਣਾਈਆ ।

## ੧੧ ਜੇਠ ੨੦੧੭ ਬਿਕ੍ਰਮੀ ਬਾਜਾ ਸਿੰਘ ਦੇ ਘਰ ਪਿੰਡ ਮੱਟੂ

ਹਰਿ ਹਰਿ ਸ਼ਬਦ ਅਪਾਰ, ਹਰਿਜਨ ਰਸਨਾ ਗਾਇੰਦਾ । ਰਾਮ ਨਾਮ ਉਰਧਾਰ, ਹਰਿ ਹਿਰਦੇ ਅੰਦਰ ਆਪ ਟਿਕਾਇੰਦਾ । ਆਪੇ ਕਰੇ ਬੰਦ ਕਿਵਾੜ, ਬੰਦ ਤਾਕੀ ਆਪ ਰਖਾਇੰਦਾ । ਆਪੇ ਲੇਖਾ ਜਾਣੇ ਅਗੰਮ ਅਪਾਰ, ਭੇਵ ਅਭੇਦ ਆਪ ਜਣਾਇੰਦਾ । ਆਪੇ ਕਾਇਆ ਮੰਦਰ ਵੇਖੇ ਸਚ ਦੁਆਰ, ਦਰ ਦਰਵੇਸ਼ਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖੇ ਏਕਾ ਘਰ, ਜੁਗਾ ਜੁਗੰਤਰ ਵੇਖ ਵਖਾਇੰਦਾ । ਕਾਇਆ ਮੰਦਰ ਸਚ ਮਹੱਲਾ, ਹਰਿ ਸ਼ਬਦੀ ਨਾਮ ਟਿਕਾਇਆ । ਆਪੇ ਵੇਖੇ ਇਕ ਇਕੱਲਾ, ਨਿਰਗੁਣ ਆਪਣਾ ਰੂਪ ਜਣਾਇਆ । ਜਿਸ ਜਨ ਫੜਾਏ ਆਪਣਾ ਪੱਲਾ, ਆਪ ਆਪਣੀ ਬੂਝ ਬੁਝਾਇਆ । ਪੰਚ ਵਿਕਾਰ ਨਾ ਮਾਰੇ ਹੱਲਾ, ਕਾਮ ਕਰੋਧ ਦਏ ਗਵਾਇਆ । ਆਪ ਫੜਾਏ ਦਇਆ ਕਮਾਏ ਸ਼ਬਦ ਸਰੂਪੀ ਏਕਾ ਪੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਾਮ ਭੰਡਾਰਾ ਆਪ ਵਰਤਾਇਆ । ਨਾਮ ਭੰਡਾਰਾ ਆਪਣੀ ਵਰਤਾਏ ਦਾਤ, ਹਰਿ ਸਤਿਗੁਰ ਆਪ ਵਰਤਾਈਆ । ਨਾ ਕੋਈ ਪੁੱਛੇ ਜ਼ਾਤ ਪਾਤ, ਵਰਨ ਬਰਨ ਨਾ ਕੋਈ ਜਣਾਈਆ । ਹਰਿ ਭਗਤਾਂ ਮੇਟੇ ਅੰਧੇਰੀ ਰਾਤ, ਅਗਿਆਨ ਅੰਧੇਰ ਮਿਟਾਈਆ । ਸ਼ਬਦੀ ਸ਼ਬਦ ਸੁਣਾਏ ਸਾਚੀ ਗਾਥ, ਏਕਾ ਰਾਮ ਨਾਮ ਵਡਿਆਈਆ । ਸਾਚਾ ਹਵਣ ਪੂਜਾ ਪਾਠ, ਗਾਇਤ੍ਰੀ ਮੰਤਰ ਆਪ ਪੜ੍ਹਾਈਆ । ਏਕਾ ਅਖਸ਼ਰ ਬੁੱਝੇ ਆਪਣਾ ਆਪ, ਬਾਰਾਂ ਰਾਸੀ ਫੋਲ ਫੁਲਾਈਆ । ਲੇਖਾ ਜਾਣੇ ਪਵਣ ਸਵਾਸ, ਗੁਰਮੁਖਾਂ ਬੇਪਰਵਾਹੀਆ । ਹਰਿਜਨ ਮੇਲਾ ਸ਼ਾਹੋ ਸ਼ਾਬਾਸ਼, ਸ੍ਰੀ ਭਗਵਾਨ ਆਪ ਕਰਾਈਆ । ਆਦਿ ਜੁਗਾਦੀ ਖੇਲ ਤਮਾਸ਼, ਜੁਗ ਜੁਗ ਲੋਕਮਾਤ ਵੇਖ ਵਖਾਈਆ । ਘਰ ਮੰਦਰ ਪਾਵੇ ਸਾਚੀ ਰਾਸ, ਗੋਪੀ ਕਾਹਨ ਆਪ ਨਚਾਈਆ । ਭਗਤਨ ਕਰੇ ਪੂਰੀ ਆਸ, ਬ੍ਰਹਮ ਬ੍ਰਹਿਮਾਦ ਖੋਜ ਖੁਜਾਈਆ । ਨਿਝ ਘਰ ਆਤਮ ਰੱਖੇ ਵਾਸ, ਨਿਜਾਨੰਦ ਆਪ ਦਰਸਾਈਆ । ਮਹਿਮਾ ਜਾਣੇ ਪ੍ਰਿਥਮੀ ਆਕਾਸ਼, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਵਸਤ ਨਾਮ ਅਤੋਲ ਆਪਣੇ ਕੰਡੇ ਦੇਵੇ ਤੋਲ, ਤੋਲਣਹਾਰਾ ਆਪ ਅਖਵਾਈਆ । ਤੋਲਣਹਾਰਾ ਤੋਲੇ ਤੋਲ, ਨਾਮ ਕੰਡਾ ਹੱਥ ਉਠਾਈਆ । ਆਪਣੀ ਧਾਰਾ ਆਪੇ ਬੋਲ, ਪਾਰਬ੍ਰਹਮ ਬ੍ਰਹਮ ਕਰੇ ਪੜ੍ਹਾਈਆ । ਨਿਰਗੁਣ ਵਸੇ ਸਰਗੁਣ ਕਾਇਆ ਚੋਲ, ਸਾਚੀ ਵਸਤ ਇਕ ਟਿਕਾਈਆ । ਆਪਣੀ ਇਛਿਆ ਜਾਏ ਮੌਲ, ਰੂਪ ਰੰਗ ਨਾ ਕੋਈ ਵਿਖਾਈਆ । ਅੰਮ੍ਰਿਤ ਭਰੇ ਸਾਚੇ ਕੌਲ, ਕਵਲ ਨਾਭੀ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਵਸਤ ਸਚ ਵਰਤਾ, ਹਰਿ ਹਰਿ ਸਾਚਾ ਆਪ ਵਰਤਾਈਆ । ਨਾਮ ਵਸਤ ਹਰਿ ਵਰਤੰਤ, ਅਨਕ ਕਲਾ ਕਲ ਧਾਰੀਆ । ਜਨ ਭਗਤ ਵੇਖੇ ਸਾਚੇ ਸੰਤ, ਜੁਗ ਜੁਗ ਖੇਲ ਅਪਾਰੀਆ । ਨਾਮ ਜਪਾਏ ਮਣੀਆਂ ਮੰਤ, ਏਕਾ ਰਾਮ ਨਾਮ ਸਹਿਜ ਸੁੱਖ ਧਾਰੀਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਆਪੇ ਰੰਗੇ ਆਪਣੀ ਵਾਰੀਆ । ਮੇਲ ਮਿਲਾਏ ਹਰਿ ਹਰਿ ਕੰਤ, ਹਰਿਜਨ ਸੋਭਾਵੰਤੀ ਨਾਰੀਆ । ਖੇਲੇ ਖੇਲ ਆਦਿ ਅੰਤ, ਪੁਰਖ ਅਬਿਨਸ਼ੀ ਜਗਤ ਜਵਾਰੀਆ । ਜੀਵਾਂ ਜੰਤਾਂ ਮਾਇਆ ਪਾਏ ਬੇਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਉਠਾਏ ਦੇਵੇ ਦਰਸ ਅਪਾਰੀਆ । ਦਰਸ ਅਮੋਲਾ ਹਰਿ ਨਰਾਇਣ, ਰਸਨਾ ਜਿਹਵਾ ਕਥ ਨਾ ਸਕੇ ਰਾਈਆ । ਜਨ ਭਗਤਾਂ ਖੋਲ੍ਹੇ ਆਪਣਾ ਨੈਣ, ਦਿਬ ਦ੍ਰਿਸ਼ਟੀ ਆਪ ਖੁਲ੍ਹਾਈਆ । ਜਨ ਭਗਤਾਂ

੬੭੨

ਮੁਕਾਏ ਆਪਣਾ ਦੇਣ, ਸ਼ਬਦ ਢੋਲਾ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੀ ਸਿਖ ਇਕ ਸਮਝਾਈਆ । ਸਾਚੀ ਸਿਖਿਆ ਮੰਤਮ ਨਾਮ ਗੁਰਦੇਵ, ਇਸ਼ਟ ਦ੍ਰਿਸ਼ਟ ਆਪ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਪਾਰਬ੍ਰਹਮ ਅਲੱਖ ਅਭੇਵ, ਸ੍ਰਿਸ਼ਟ ਸਬਾਈ ਰਿਜ਼ਕ ਪੁਚਾਇੰਦਾ । ਅਜੂਨੀ ਰਹਿਤ ਵਡ ਦੇਵੀ ਦੇਵ, ਏਕੰਕਾਰਾ ਨਿਰਾਕਾਰਾ ਨਿਰਾਧਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਏਕਾ ਘਰ, ਘਰ ਮੰਦਰ ਆਪ ਵਖਾਇੰਦਾ । ਘਰ ਮੰਦਰ ਹਰਿ ਸਚ ਮੁਨਾਰਾ, ਕਾਇਆ ਗੜ੍ਹ ਸੁਹਾਈਆ । ਨਿਰਗੁਣ ਦੀਪਕ ਕਰ ਉਜਿਆਰਾ, ਜੋਤ ਨਿਰੰਜਣ ਰਿਹਾ ਡਗਮਗਾਈਆ । ਸ਼ਬਦ ਅਨਾਦ ਧੁਨ ਗਾਏ ਵਾਰੋ ਵਾਰਾ, ਅਨਹਦ ਸਾਚਾ ਰਾਗ ਅਲਾਈਆ । ਅੰਮ੍ਰਿਤ ਭਰ ਹਰਿ ਭੰਡਾਰਾ, ਨਾਮ ਵਰਤਾਰਾ ਇਕ ਵਖਾਈਆ । ਸਰਗੁਣ ਅੰਦਰ ਨਿਰਗੁਣ ਧਾਰਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਖੋਲ੍ਹੇ ਬੋਲੇ ਬੰਦ ਕਿਵਾੜਾ, ਸਾਚਾ ਢੋਲਾ ਆਪੇ ਗਾਈਆ । ਆਤਮ ਸੇਜਾ ਹੋ ਤਿਆਰਾ, ਰੂਪ ਅਨੂਪ ਆਪ ਦਰਸਾਈਆ । ਭਗਤਨ ਮੀਤਾ ਏਕੰਕਾਰਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਇਕ ਵਖਾਏ ਠਾਂਡਾ ਦਰਬਾਰਾ, ਤੱਤੀ ਵਾਓ ਨਾ ਲਾਗੇ ਰਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਜੁਗ ਜੁਗ ਆਪਣਾ ਮੇਲ ਮਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਰਿਆ ਪਾਰ ਕਿਨਾਰਾ, ਕਲਜੁਗ ਅੰਤਮ ਵੇਸ ਵਟਾਈਆ । ਨਿਹਕਲੰਕ ਨਰਾਇਣ ਨਰ ਲੈ ਅਵਤਾਰਾ, ਨਿਰਗੁਣ ਆਪਣੀ ਖੇਲ ਖਿਲਾਈਆ । ਹਰਿਜਨ ਸਾਚੇ ਕਰੇ ਪਿਆਰਾ, ਸ਼ਬਦ ਆਵਾਜ਼ਨ ਇਕ ਲਗਾਈਆ । ਸੋਹੰ ਸ਼ਬਦ ਬੋਲ ਜੈਕਾਰਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਆਦਿ ਜੁਗਾਦੀ ਇਕ ਅਵਤਾਰਾ, ਗੁਰ ਸਤਿਗੁਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਚਾੜ੍ਹੇ ਏਕਾ ਭਗਤੀ ਰੰਗ, ਦਾਤਾ ਦਾਨੀ ਸੂਰਾ ਸਰਬੰਗ, ਸੇਜ ਵਖਾਏ ਆਤਮ ਪਲੰਘ, ਝੂਠਾ ਦਰ ਨਾ ਕੋਇ ਜਣਾਈਆ । ਝੂਠਾ ਦਰ ਜਗਤ ਨਾਤਾ ਦੇਵੇ ਤੋੜ, ਮਾਇਆ ਬੰਧਨ ਰਹਿਣ ਨਾ ਪਾਈਆ । ਏਕਾ ਰਾਮ ਨਾਮ ਚੜ੍ਹਾਏ ਸਾਚੇ ਘੋੜ, ਸੋਲਾਂ ਕਲੀਆਂ ਆਸਣ ਪਾਈਆ । ਸੁਰਤੀ ਸ਼ਬਦ ਦੇਵੇ ਜੋੜ, ਦੂਰ ਦੁਰਾਡਾ ਪੰਧ ਮੁਕਾਈਆ । ਆਪ ਬੁਝਾਏ ਬਿਰਹੋਂ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਮਿੱਠਾ ਕਰੇ ਰੀਠਾ ਕੌੜ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਸਾਏ ਆਪਣੇ ਘਰ, ਘਰ ਮੇਲਾ ਸਹਿਜ ਸੁਭਾਈਆ । ਘਰ ਮਿਲਿਆ ਹਰਿ ਗੋਪਾਲ, ਰਘੁਨਾਥ ਰਘੁਪਤ ਬੇਪਰਵਾਹੀਆ । ਬੰਸ ਬੰਸਾ ਕਰੇ ਸੁਰਤ ਸੰਭਾਲ, ਅੰਸਾ ਬੰਸਾ ਵੇਖ ਵਖਾਈਆ । ਕੋਟਨ ਕੋਟ ਜਨਮ ਸਹੰਸ ਸਹੰਸਾ ਕਰੇ ਰਖਵਾਲ, ਆਪ ਆਪਣੀ ਸੇਵ ਕਮਾਈਆ । ਕਲਜੁਗ ਅੰਤਮ ਅਵੱਲੜੀ ਚਾਲ, ਪੁਰਖ ਅਬਿਨਾਸ਼ੀ ਆਪ ਰਖਾਈਆ । ਹਰਿਜਨ ਸਾਚੇ ਲਏ ਭਾਲ, ਲੱਖ ਚੁਰਾਸੀ ਫੋਲ ਫੁਲਾਈਆ । ਅੰਦਰ ਵੜ ਵੜ ਬਣੇ ਆਪ ਦਲਾਲ, ਰਸਨਾ ਜਿਹਵਾ ਨਾ ਕੋਇ ਹਲਾਈਆ । ਜੋ ਜਨ ਪੂਰਬ ਜਨਮ ਜਨਮ ਘਾਲਣ ਆਏ ਘਾਲ, ਘਾਲ ਆਪਣੇ ਲੇਖੇ ਲਾਈਆ । ਨਾਤਾ ਤੋੜੇ ਜਗਤ ਜਮ ਕਾਲ, ਤਤ ਕਾਲ ਰੂਪ ਵਟਾਈਆ । ਪਰਗਟ ਹੋ ਦੀਨ ਦਿਆਲ, ਅਨਾਥ ਅਨਾਥਾਂ ਹੋਏ ਸਹਾਈਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਸਤਿਗੁਰ ਬੈਠਾ ਤਖ਼ਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਆਪਣੇ ਘਰ, ਘਰ ਠਾਂਡਾ ਰੂਪ ਦਰਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦਵਾਰੇ ਬਖ਼ਸ਼ੇ ਮਾਣ, ਮਾਣ ਨਿਮਾਣਿਆਂ ਆਪ ਰਖਾਈਆ ।

## ✵ ੧੧ ਜੇਠ ੨੦੧੭ ਬਿਕ੍ਰਮੀ ਭੋਲਾ ਰਾਮ ਦੇ ਘਰ ਪਿੰਡ ਜੌੜੀਆਂ ✵

ਆਦਿ ਸ਼ਕਤ ਰੂਪ ਵਟਾਇਆ, ਕਮਲਾਪਾਤੀ ਹੋ ਉਜਿਆਰ । ਸਾਚੀ ਹਵਨੀ ਹਵਨ ਕਰਾਇਆ, ਨਿਰਗੁਣ ਜੋਤ ਘਿਰਤ ਡਾਰ । ਪਵਣ ਪਵਣੀ ਆਪ ਸਮਾਇਆ, ਅਲੱਖ ਅਗੋਚਰ ਅਗੰਮ ਅਪਾਰ । ਲਾਟ ਲਲਾਟ ਆਪ ਵਖਾਇਆ, ਮੇਟ ਮਿਟਾਏ ਧੁਆਂਧਾਰ । ਸਾਚੇ ਘਾਟ ਡੇਰਾ ਲਾਇਆ, ਲੇਖਾ ਜਾਣੇ ਆਰ ਪਾਰ । ਤੀਰਥ ਤਾਟ ਇਕ ਖੁਲ੍ਹਾਇਆ, ਕਰ ਕਿਰਪਾ ਏਕੰਕਾਰ । ਸਚ ਹਾਟ ਇਕ ਵਿਕਾਇਆ, ਕੀਮਤ ਕਰਤਾ ਆਪੇ ਡਾਰ । ਨਾਮ ਵਸਤ ਇਕ ਸਮਝਾਇਆ, ਸ਼ਬਦ ਅਨਾਦ ਸੱਚੀ ਧੁਨਕਾਰ । ਬੋਧ ਅਗਾਧੀ ਖੇਲ ਖਿਲਾਇਆ, ਲੇਖਾ ਲਿਖੇ ਨਾ ਕੋਇ ਵਿਚ ਸੰਸਾਰ । ਨਿਰਗੁਣ ਸਰਗੁਣ ਰੂਪ ਧਰਾਇਆ, ਲੋਕਮਾਤ ਲੈ ਅਵਤਾਰ । ਭਗਤਾਂ ਭਗਤੀ ਵੇਖਣ ਆਇਆ, ਪੂਰਬ ਕਰਮਾਂ ਕਰ ਵਿਚਾਰ । ਸਾਚੀ ਸ਼ਕਤੀ ਨਾਲ ਲਿਆਇਆ, ਆਪ ਆਪਣੀ ਕਿਰਪਾ ਧਾਰ । ਬੂੰਦ ਰਕਤੀ ਵੇਖ ਵਖਾਇਆ, ਲੇਖਾ ਜਾਣੇ ਪੰਜ ਤਤ ਆਕਾਰ । ਇਕ ਵਿਅਕਤੀ ਆਪ ਅਖਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਖੇਲਣਹਾਰ । ਆਦਿ ਸ਼ਕਤ ਆਦਿ ਭਵਾਨੀ, ਨਿਰਗੁਣ ਜੋਤ ਜੋਤ ਜਗਾਈਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨੀ, ਦਰਗਹਿ ਸਾਚੀ ਧਾਮ ਸੁਹਾਈਆ । ਗਾਏ ਜਸ ਵੇਦ ਪੁਰਾਨੀ, ਆਪਣੀ ਮਹਿਮਾ ਆਪ ਸੁਣਾਈਆ । ਆਪੇ ਦੱਸੇ ਅਕਥ ਕਹਾਣੀ, ਰਸਨਾ ਕਥ ਨਾ ਸਕੇ ਰਾਈਆ । ਆਪੇ ਜਾਣੇ ਧੁਰ ਦੀ ਬਾਣੀ, ਆਪਣਾ ਭੇਵ ਆਪ ਖੁਲ੍ਹਾਈਆ । ਆਪੇ ਵੇਖੇ ਸਾਚੀ ਰਾਣੀ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਅਪਣੀ ਖੇਲ ਵਖਾਈਆ । ਆਦਿ ਸ਼ਕਤ ਅਨਡਿਠ ਰੂਪ, ਆਦਿ ਪੁਰਖ ਨਿਰੰਜਣ ਆਪ ਉਪਾਇਆ । ਲੇਖਾ ਜਾਣੇ ਸਾਚਾ ਭੂਪ, ਸਚ ਸਿੰਘਾਸਣ ਆਸਣ ਲਾਇਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਦਰਸਾਇਆ । ਆਦਿ ਸ਼ਕਤ ਨੂਰ ਨੁਰਾਨਾ, ਨੂਰੋ ਨੂਰ ਡਗਮਗਾਇੰਦਾ । ਉਚਾ ਟਿੱਲਾ ਪਰਬਤ ਨਾ ਕੋਇ ਮਕਾਨਾ, ਸਚਖੰਡ ਸਾਚੇ ਆਸਣ ਲਾਇੰਦਾ । ਸ਼ਬਦ ਅਗੰਮੀ ਇਕ ਬਬਾਨਾ, ਸਾਚੀ ਰਾਣੀ ਆਪ ਚੜ੍ਹਾਇੰਦਾ । ਲੇਖਾ ਜਾਣੇ ਆਵਣ ਜਾਣਾ, ਦੋ ਜਹਾਨਾਂ ਵੇਸ ਵਟਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਏਕੰਕਾਰਾ ਆਪਣੀ ਕਲ ਵਰਤਾਇੰਦਾ । ਆਦਿ ਨਿਰੰਜਣ ਮਿਲਾਏ ਨਾਰ ਰਕਾਨਾ, ਸਾਚਾ ਜੋਬਨ ਆਪ ਹੰਢਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਸ਼ਬਦ ਅਗੰਮੀ ਆਪ ਸੁਣਾਇੰਦਾ । ਆਪ ਵਖਾਏ ਸਚ ਟਿਕਾਣਾ, ਸਚਖੰਡ ਦਵਾਰਾ ਇਕ ਵਖਾਇੰਦਾ । ਆਪੇ ਬਖ਼ਸ਼ੇ ਚਰਨ ਧਿਆਨਾ, ਮੁਖ ਘੁੰਗਟ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਦਿ ਸ਼ਕਤ ਸ਼ਸਤਰ ਧਾਰ, ਨਿਰਗੁਣ ਰੂਪ ਅਨੂਪ ਦਰਸਾਈਆ । ਆਪੇ ਸਿੰਘ ਹੋਏ ਅਸਵਾਰ, ਆਪ ਆਪਣਾ ਬਲ ਰਖਾਈਆ । ਆਪੇ ਅਸ਼ਟਭੁਜ ਕਰ ਉਜਿਆਰ, ਸੰਖ ਚੱਕਰ ਗਦਾ ਹੱਥ ਉਠਾਈਆ । ਆਪੇ ਖੜਗ ਖੰਡਾ ਫੜ ਤੇਜ਼ ਕਟਾਰ, ਬਣ ਜੰਗਲ ਫੇਰਾ ਪਾਈਆ । ਆਪੇ ਮੰਗੇ ਦਰ ਹੋ ਹੋ ਨਾਰ, ਪੁਰਖ ਅਬਿਨਾਸ਼ੀ ਇਕ ਮਨਾਈਆ । ਲੋਕਮਾਤ ਤੋੜ ਹੰਕਾਰ, ਸੁੰਭ ਨਸੁੰਭ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਨਸੁੰਭ ਬਿਦਾਰਿਆ ਸ਼ਕਤ ਆਦਿ, ਏਕਾ ਖੰਡਾ ਆਪ ਚਮਕਾਇਆ । ਵੇਲੇ ਅੰਤਮ ਹਰਿ ਜੂ ਆਇਆ ਯਾਦ, ਮਾਇਆ

ਮਮਤਾ ਮੋਹ ਤੁੜਾਇਆ । ਦੁਰਗਾ ਇਕ ਵਜਾਇਆ ਨਾਦ, ਡੋਰੂ ਆਪਣੇ ਹੱਥ ਉਠਾਇਆ । ਧਰਤ ਧਵਲ ਡਿੱਗਾ ਰਿਹਾ ਆਰਾਧ, ਪ੍ਰਭ ਤੇਰੀ ਸਚ ਸਰਨਾਇਆ । ਬਿਨ ਤੇਰੇ ਕਵਣ ਸੁਣੇ ਫ਼ਰਿਆਦ, ਹੋਵੇ ਕੌਣ ਸਹਾਇਆ । ਏਕਾ ਬਖ਼ਸ਼ ਸਾਚੀ ਦਾਦ, ਤੇਰਾ ਦਰਸ ਮੰਗਾਂ ਬਣ ਤਿਹਾਇਆ । ਦਿਵਸ ਰੈਣ ਕਰਾਂ ਯਾਦ, ਜਗਤ ਵਿਛੋੜਾ ਦੇ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਸ਼ਟਭੁਜ ਆਪ ਸਮਝਾਇਆ । ਨਸੁੰਭ ਪੁਕਾਰੇ ਧਰਤ ਧਰ, ਧੜ ਸੀਸ ਨਾ ਕੋਇ ਸੋਭਾ ਪਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਤੇਰੀ ਧਵਲ ਨਾ ਦਏ ਵਡਿਆਈਆ । ਆਪਣਾ ਕੀਤਾ ਰਹੇ ਭਰ, ਲੋਕਮਾਤ ਭੁੱਲਿਆ ਬੇਪਰਵਾਹੀਆ । ਤੇਰਾ ਵਿਛੜਿਆ ਅੰਤ ਦਰ, ਦਰਗਹਿ ਧਾਮ ਨਾ ਕੋਇ ਸੁਹਾਈਆ । ਚੁਰਾਸੀ ਵਿਚੋਂ ਆਵੇ ਡਰ, ਨਰਕ ਨਿਵਾਸ ਨਾ ਕੋਇ ਰਖਾਈਆ । ਤੇਰੇ ਖੰਡੇ ਕਰਿਆ ਵਾਰ, ਮੁਕਤੀ ਮੁਕਤ ਨਾ ਕਿਉਂ ਕਰਾਈਆ । ਅੰਤਮ ਟੋਟੇ ਹੋ ਕੇ ਡਿੱਗਾ ਤੇਰੇ ਚਰਨ ਦਵਾਰ, ਤੇਰੀ ਚਰਨ ਧੂੜ ਮਸਤਕ ਲੱਗੀ ਛਾਹੀਆ । ਤੇਰਾ ਸ਼ਬਦ ਸ਼ੇਰ ਰੂਪ ਰਿਹਾ ਜਗ ਤਾਰ, ਉਪਰ ਸ਼ਕਤੀ ਆਪ ਟਿਕਾਈਆ । ਬ੍ਰਹਮਾ ਨੇਤਰ ਖੋਲ੍ਹ ਰਿਹਾ ਵਿਚਾਰ, ਅੱਠੇ ਨੈਣ ਰਾਹ ਤਕਾਈਆ । ਚਤਰਭੁਜ ਆਪਣੀਆਂ ਭੁਜਾਂ ਆਪ ਪਸਾਰ, ਅਸ਼ਟਭੁਜ ਗਲੇ ਲਗਾਈਆ । ਆਪਣੇ ਵਿਚੋਂ ਆਪ ਨਿਕਾਲ, ਆਪ ਆਪਣੀ ਦਏ ਸਾਲਾਹੀਆ । ਮੇਰਾ ਰੂਪ ਅਗੰਮ ਅਪਾਰ, ਪੁਰਖ ਨਾਰ ਨਾ ਵੇਸ ਵਟਾਈਆ । ਤੇਰਾ ਲਹਿਣਾ ਦੇਵਾਂ ਵਿਚ ਸੰਸਾਰ, ਭੁੱਲ ਰਹੇ ਨਾ ਰਾਈਆ । ਤਿੰਨ ਜੁਗ ਸੌਣਾ ਪੈਰ ਪਸਾਰ, ਸੁਤਿਆਂ ਕੋਇ ਨਾ ਲਏ ਉਠਾਈਆ । ਕਲਜੁਗ ਅੰਤਮ ਆਏ ਵਾਰ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਨਿਹਕਲੰਕਾ ਜਾਮਾ ਧਾਰ, ਤੇਰਾ ਲੇਖਾ ਲਏ ਫੋਲਾਈਆ । ਕੀਤਾ ਵਾਰ ਚੰਡੀ ਤਲਵਾਰ, ਬ੍ਰਹਿਮੰਡੀ ਖੋਜ ਖੁਜਾਈਆ । ਖੇਲੇ ਖੇਲ ਅਗੰਮ ਅਪਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਿੰਘ ਸ਼ੇਰ ਆਏ ਆਪਣੀ ਵਾਰ, ਜਗਤ ਬਾਣਾ ਆਪ ਹੰਢਾਈਆ । ਝੂਠਾ ਚੋਲਾ ਦਏ ਉਤਾਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਦਾਤਾ ਹੋ ਤਿਆਰ, ਖੇਲੇ ਖੇਲ ਬੇਪਰਵਾਹੀਆ । ਅਸ਼ਟਭੁਜ ਕਰ ਪਿਆਰ, ਆਪ ਆਪਣੇ ਲੜ ਬੰਧਾਈਆ । ਨਾਰੀ ਕੰਤ ਕਰੇ ਭਤਾਰ, ਲਾਲ ਭੂਸ਼ਨ ਆਪ ਰੰਗਾਈਆ । ਪਰਗਟ ਹੋ ਗਿਰਵਰ ਗਿਰਧਾਰ, ਗ੍ਰਿਹ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਏ ਸਮਝਾਈਆ । ਕਲਜੁਗ ਵੇਲਾ ਅੰਤ ਸਲੌਹਣਾ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਨਿਸੁੰਭ ਤੇਰਾ ਮੇਲ ਮਿਲੌਣਾ, ਕਰ ਕਿਰਪਾ ਆਪ ਨਿਰੰਕਾਰ । ਆਪਣਾ ਬਲ ਆਪ ਧਰੌਣਾ, ਰੂਪ ਰੰਗ ਦਿਸੇ ਨਾ ਵਿਚ ਸੰਸਾਰ । ਆਪਣਾ ਖੰਡਾ ਸ਼ਬਦ ਹੱਥ ਉਠੌਣਾ, ਏਕਾ ਕਰੇ ਫੇਰ ਵਾਰ । ਤੇਰਾ ਮਾਣਸ ਜਨਮ ਲੇਖੇ ਲੌਣਾ, ਤੇਰੇ ਅੰਦਰੋਂ ਮਾਰੇ ਕਾਮ ਕਰੋਧ ਲੋਭ ਮੋਹ ਹੰਕਾਰ । ਸਿੰਘ ਚੇਲਾ ਨਾਮ ਧਰੌਣਾ, ਬੂਟਾ ਲਾਏ ਅਗੰਮ ਅਪਾਰ । ਫਲ ਲੋਕਮਾਤ ਖਵੌਣਾ, ਤੇਰੀ ਰੱਤੀ ਰੱਤ ਕਰ ਉਜਿਆਰ । ਬੰਸ ਸਰਬੰਸ ਆਪ ਤਰੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਕਰਜ਼ਾ ਦਏ ਉਤਾਰ । ਤੇਰਾ ਕਰਜ਼ਾ ਅੰਤਮ ਜਾਣਾ ਲੱਥ, ਸਤਿਗੁਰ ਪੂਰਾ ਆਪ ਮੁਕਾਈਆ । ਤੇਰਾ ਧੜ ਲੱਥਾ ਸੱਥਰ ਸਥ, ਤੇਰਾ ਸੀਸ ਦਏ ਗਵਾਹੀਆ । ਤੂੰ ਮੰਗੀ ਏਕਾ ਵਥ, ਪ੍ਰਭ ਚਰਨ ਸਰਨ ਸੱਚੀ ਸਰਨਾਈਆ । ਛਪੰਜਾ ਸਾਲ ਰੱਖਿਆ ਢਕ, ਉਪਰ ਪਰਦਾ ਆਪਣਾ ਪਾਈਆ । ਅੰਤ ਜਗਤ ਕੁਠਾਲੀ ਵਿਚੋਂ ਕੱਢ, ਆਪਣੇ ਅੰਮ੍ਰਿਤ ਜਲ ਵਿਚ ਟਿਕਾਈਆ । ਆਪਣੇ ਤਾਜ ਜੜਾਇਆ ਹੀਰਾ ਨਗ, ਸੋਹੰ ਵਿਚ ਵਿਚ ਟਿਕਾਈਆ । ਆਪਣਾ ਵਾਸਾ ਕਰਿਆ ਰਗ ਰਗ, ਬਲਦੀ

੬੭੫

ਅੱਗ ਆਪ ਬੁਝਾਈਆ । ਨਾਮ ਪਿਆਈ ਸਾਚੀ ਮਦਿ, ਨਸੁੰਭ ਜੋ ਪਿਆਲਾ ਰਿਹਾ ਹੱਥ ਰਖਾਈਆ । ਚਰਨ ਦਵਾਰੇ ਆਪਣੇ ਸੱਦ, ਪਿਛਲਾ ਲੇਖਾ ਦਏ ਮੁਕਾਈਆ । ਲੱਖ ਚੁਰਾਸੀ ਵਿਚੋਂ ਕੱਢ, ਘਰ ਚਰਨ ਦਵਾਰੇ ਆਪ ਬਹਾਈਆ । ਜਗਤ ਕਬੀਲਾ ਪਿਛੇ ਦੇਵੇ ਨਾ ਛੱਡ, ਤਾਰਨਹਾਰਾ ਭੈਣਾਂ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਕਰਤਾਰ, ਆਦਿ ਸ਼ਕਤ ਇਕ ਪਿਆਰ, ਅਸ਼ਟਭੁਜ ਸਿੰਘ ਅਸਵਾਰ, ਨਿਰਗੁਣ ਧਾਰ ਆਪ ਚਲਾਈਆ । ਨਿਰਗੁਣ ਧਾਰ ਧਰ ਨਿਰੰਕਾਰ, ਆਪਣਾ ਖੇਲ ਖਿਲਾਇੰਦਾ । ਸਤਿਜੁਗ ਕਲਜੁਗ ਕਰ ਪਿਆਰ, ਦੋਹਾਂ ਨਾਤਾ ਜੋੜ ਜੁੜਾਇੰਦਾ । ਕਲਜੁਗ ਧੱਕਾ ਦੇਵੇ ਮਾਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਾਚੇ ਕਰੇ ਪਿਆਰ, ਸਾਚਾ ਮਾਰਗ ਇਕ ਵਖਾਇੰਦਾ । ਕਲਜੁਗ ਕੂੜਾ ਕਰ ਖ਼ਵਾਰ, ਦਰ ਦਵਾਰ ਆਪ ਦੁਰਕਾਇੰਦਾ । ਸਤਿਜੁਗ ਸਾਚੀ ਬਣੇ ਬਸੰਤ ਬਹਾਰ, ਗੁਰਮੁਖ ਫਲ ਫੁੱਲ ਆਪ ਮਹਿਕਾਇੰਦਾ । ਕਲਜੁਗ ਰੁਤੜੀ ਖ਼ਿਜ਼ਾਂ ਡਿੱਗੇ ਪਤ ਡਾਲ੍ਹ, ਪਤ ਪੰਖੜੀ ਰਹਿਣ ਨਾ ਪਾਈਆ । ਗੁਰਮੁਖ ਭਵਰਾ ਗੂੰਜੇ ਗੂੰਜਣਹਾਰ, ਸਚ ਸੁਗੰਧੀ ਵਿਚ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਘਰ ਮੰਦਰ ਵੇਖ ਵਖਾਈਆ । ਘਰ ਮੰਦਰ ਸੁਹਾਵਣਾ, ਜਗੇ ਜੋਤ ਅਪਾਰ । ਘਰ ਪੁਰਖ ਅਬਿਨਾਸ਼ੀ ਇਕ ਮਨਾਵਣਾ, ਇਕ ਇਕੱਲਾ ਏਕੰਕਾਰ । ਘਰ ਗੀਤ ਸੁਹਾਗੀ ਗਾਵਣਾ, ਸੋਹੰ ਸ਼ਬਦ ਸੱਚੀ ਜੈਕਾਰ । ਬ੍ਰਹਮ ਪਾਰਬ੍ਰਹਮ ਮਿਲਾਵਣਾ, ਨਾਤਾ ਤੋੜ ਸਰਬ ਸੰਸਾਰ । ਸਾਚੀ ਦਰਗਹਿ ਆਪ ਬਹਾਵਣਾ, ਲੋਆਂ ਪੁਰੀਆਂ ਕਰ ਕਰ ਪਾਰ । ਏਕਾ ਗੋਦੀ ਆਪ ਉਠਾਵਣਾ, ਰਾਏ ਧਰਮ ਨਾ ਕਰੇ ਖ਼ਵਾਰ । ਵਰਨ ਗੋਤੀ ਭੇਵ ਚੁਕਾਵਣਾ, ਜੋਤੀ ਜਗੀ ਇਕ ਨਿਰੰਕਾਰ । ਸੁਰਤੀ ਸੋਈ ਆਪ ਉਠਾਵਣਾ, ਸ਼ਬਦ ਅਨਾਦੀ ਹਲੂਣਾ ਮਾਰ । ਮੇਰਾ ਤੇਰਾ ਭੇਵ ਮਿਟਾਵਣਾ, ਮੈਂ ਤੂੰ ਨਾ ਕਰੇ ਵਿਚਾਰ । ਪੂਤ ਸਪੂਤਾ ਆਪ ਅਖਵਾਵਣਾ, ਸੁੱਤ ਦੁਲਾਰਾ ਕਰ ਪਿਆਰ । ਚਾਰੇ ਕੂਟਾਂ ਵੇਖ ਵਖਾਵਣਾ, ਭੁੱਲ ਨਾ ਜਾਏ ਭੁੱਲਣਹਾਰ । ਸਾਚਾ ਝੂਟਾ ਆਪ ਝੁਲਾਵਣਾ, ਸ਼ਬਦ ਹੁਲਾਰਾ ਦਏ ਆਪ ਕਰਤਾਰ । ਰਸ ਮਿੱਠਾ ਮੁਖ ਚੁਆਵਣਾ, ਨਿਝਰ ਬਰਖ਼ੇ ਅੰਮ੍ਰਿਤ ਧਾਰ । ਸਤਿਜੁਗ ਰੁਠਾ ਆਪ ਮਨਾਵਣਾ, ਕਲਜੁਗ ਕਾਚਾ ਠੂਠਾ ਘੜ ਠਠਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਵੇਖੇ ਕਾਇਆ ਮਹੱਲ ਮੁਨਾਰ । ਸਚ ਮੁਨਾਰਾ ਉਚੀ ਚੋਟੀ, ਹਰਿ ਸਾਚੇ ਤਖ਼ਤ ਸੁਹਾਇਆ । ਨਿਰਮਲ ਨਿਰਗੁਣ ਜਗੇ ਜੋਤੀ, ਦੀਵਾ ਬਾਤੀ ਨਾ ਕੋਇ ਵਖਾਇਆ । ਦੁਰਮਤ ਮੈਲ ਕਲੇਵਰ ਧੋਤੀ, ਨਿਰਮਲ ਨਿਰਮਲ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਲਾਇਆ । ਪੂਰਬ ਲੇਖਾ ਚੁੱਕਿਆ ਲੋਕਮਾਤ ਵੱਜੇ ਵਧਾਈਆ । ਹਰਿ ਕਾ ਭਾਣਾ ਕਦੇ ਨਾ ਰੁਕਿਆ, ਗੁਰ ਪੀਰ ਗਏ ਮਨਾਈਆ । ਆਸਾ ਤ੍ਰਿਸ਼ਨਾ ਬੂਟਾ ਕਦੇ ਨਾ ਸੁੱਕਿਆ, ਜਿਸ ਜਨ ਪ੍ਰਭ ਚਰਨ ਓਟ ਰਖਾਈਆ । ਹਰਿ ਭਗਤ ਕਦੇ ਨਾ ਰਹੇ ਲੁਕਿਆ, ਪ੍ਰਭ ਸਾਚਾ ਲਏ ਪ੍ਰਗਟਾਈਆ । ਉਜਲ ਕਰੇ ਮਾਤ ਮੁੱਖਿਆ, ਮੁਖ ਆਪਣੇ ਆਪ ਸਾਲਾਹੀਆ । ਸੁਫਲ ਕਰਾਏ ਮਾਤ ਕੁੱਖਿਆ, ਧੰਨ ਧੰਨ ਜਣੇਂਦੀ ਮਾਈਆ । ਗੁਰ ਕਾ ਸ਼ਬਦ ਤੀਰ ਨਿਸ਼ਾਨਾ ਕਦੇ ਨਾ ਉਕਿਆ, ਜਿਸ ਮਾਰੇ ਪਾਰ ਕਰਾਈਆ । ਸਿੰਘ ਸ਼ੇਰ ਸ਼ਾਹ ਅਸਵਾਰ ਹੋ ਹੋ ਬੁਕਿਆ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੰਚ ਵਿਕਾਰਾ ਜੜੋਂ ਪੁਟਿਆ, ਤਤਵ ਤਤ ਦਏ ਗਵਾਈਆ । ਗੁਰਮੁਖ ਕਦੇ ਨਾ ਜਾਏ ਲੁੱਟਿਆ, ਠੱਗ ਚੋਰ ਯਾਰ ਦੇਣ ਦੁਹਾਈਆ । ਗੁਰਸਿਖ ਮਾਰਗ ਕਦੇ ਨਾ ਖੁੱਥਿਆ, ਜਿਸ

ਆਪਣੇ ਮਾਰਗ ਲਾਈਆ । ਆਪ ਉਠਾਏ ਕਲਜੁਗ ਸੁਤਿਆ, ਦਿਵਸ ਰੈਣ ਸੇਵ ਕਮਾਈਆ । ਸੋਭਾਵੰਤ ਹੋਈ ਸਾਚੀ ਰੁਤਿਆ, ਰੁੱਤ ਰੁਤੜੀ ਦਏ ਗਵਾਹੀਆ । ਮਿਲਿਆ ਮੇਲ ਪੁਰਖ ਅਚੁਤਿਆ, ਚਿਤ ਚੇਤਨ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚਾ ਲੇਖ ਚੁਕਾਇਆ । ਲੇਖ ਚੁਕਾਇਆ ਕਿਰਪਾ ਕਰ, ਪਿਛਲਾ ਕਰਜ਼ਾ ਉਤਾਰਿਆ । ਅੱਗੇ ਝੋਲੀ ਦੇਵੇ ਭਰ, ਦੇਵੇ ਨਾਮ ਭੰਡਾਰਿਆ । ਆਪਣਾ ਸੀਸ ਜਗਦੀਸ਼ ਗੁਰਮੁਖਾਂ ਪੈਰਾਂ ਹੇਠ ਧਰ, ਸਿਰ ਆਪਣਾ ਭਾਰ ਉਠਾ ਰਿਹਾ । ਆਪ ਆਪਣਾ ਪੰਜ ਤਤ ਚੋਲਾ ਛੱਡਿਆ ਘਰ, ਗੁਰਮੁਖਾਂ ਘਰ ਆਪ ਵਸਾ ਰਿਹਾ । ਬਾਲਮੀਕ ਬਜਵਾੜਾ ਲਿਆ ਫੜ, ਸੋਲਾਂ ਮੱਘਰ ਵੀਹ ਸੌ ਦਸ ਬਿਕ੍ਰਮੀ ਅਸ਼ਟਭੁਜ ਰੂਪ ਦਰਸਾ ਰਿਹਾ । ਸਿੰਘ ਮਨਜੀਤਾ ਲਾਇਆ ਅੱਗੇ ਫੜ, ਗੁਰਮੁਖ ਸਾਚੇ ਰਾਹੇ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇੜਾ ਪਹਿਲੇ ਉਜਾੜ, ਗੁਰਮੁਖਾਂ ਅੰਦਰ ਆਸਣ ਲਾ ਰਿਹਾ ।

## ✻ ੧੧ ਜੇਠ ੨੦੧੭ ਬਿਕ੍ਰਮੀ ਪਰਕਾਸ਼ ਚੰਦ ਦੇ ਘਰ ਜੰਮੂ ਸ਼ਹਿਰ ✻

ਸੋ ਪੁਰਖ ਸਾਹਿਬ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਮਿਹਰਵਾਨ, ਆਦਿ ਜੁਗਾਦਿ ਇਕ ਅਖਵਾਈਆ । ਏਕੰਕਾਰਾ ਖੇਲ ਮਹਾਨ, ਅਗੰਮ ਅਗੰਮੜੀ ਖੇਲ ਖਿਲਾਈਆ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੁਰਾਨਾ ਡਗਮਗਾਈਆ । ਸ੍ਰੀ ਭਗਵਾਨ ਹੋ ਪਰਧਾਨ, ਅਕਲ ਕਲ ਆਪ ਅਖਵਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਏਕਾ ਏਕ ਸਮਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਆਪ ਆਪਣਾ ਵੇਸ ਵਟਾਈਆ । ਬ੍ਰਹਮ ਬ੍ਰਹਮ ਕਰ ਪਰਧਾਨ, ਤ੍ਰੈ ਤ੍ਰੈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ, ਏਕਾ ਏਕ ਅਖਵਾਇਆ । ਹਰਿ ਪੁਰਖ ਨਿਰੰਜਣ ਸਚ ਮਲਾਹ, ਸਾਚਾ ਬੇੜਾ ਆਪ ਚਲਾਇਆ । ਏਕ ਏਕੰਕਾਰਾ ਏਕਾ ਆਪਣਾ ਨਾਉਂ ਰਖਾ, ਏਕਾ ਡੰਕਾ ਨਾਮ ਵਜਾਇਆ । ਆਦਿ ਨਿਰੰਜਣ ਦਰ ਘਰ ਸਾਚਾ ਕਰ ਰੁਸ਼ਨਾ, ਦੀਪਕ ਸਾਚਾ ਇਕ ਵਖਾਇਆ । ਅਬਿਨਾਸ਼ੀ ਕਰਤਾ ਬੇਪਰਵਾਹ, ਸਾਚੀ ਸੇਜਾ ਆਪਣਾ ਆਸਣ ਲਾਇਆ । ਸ੍ਰੀ ਭਗਵਾਨ ਸੁਹਾਏ ਥਾਂ, ਥਿਰ ਘਰ ਰੂਪ ਅਨੂਪ ਵਟਾਇਆ । ਪਾਰਬ੍ਰਹਮ ਕਰੇ ਕਰਾਏ ਆਪਣਾ ਆਪ ਨਿਆਂ, ਧੁਰ ਦਰ ਲੇਖਾ ਆਪਣੇ ਹੱਥ ਰਖਾਇਆ । ਪਾਰਬ੍ਰਹਮ ਬ੍ਰਹਮ ਰੂਪ ਧਰਾ, ਨਿਰਗੁਣ ਸਰਗੁਣ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਸੋ ਪੁਰਖ ਨਿਰੰਜਣ ਗਹਿਰ ਗੰਭੀਰਾ, ਬੇਅੰਤ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਠਾਂਡਾ ਧੀਰਾ, ਸਤਿ ਸੰਤੋਖ ਇਕ ਰਖਾਈਆ । ਏਕੰਕਾਰਾ ਸ਼ਾਹ ਫ਼ਕੀਰਾ, ਦਾਤਾ ਦਾਨੀ ਦਰ ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਏਕਾ ਘਰ ਕਰੇ ਵਸੇਰਾ, ਦੂਸਰ ਦਰ ਨਾ ਕੋਈ ਬਣਾਈਆ । ਅਬਿਨਾਸ਼ੀ ਕਰਤਾ ਆਪੇ ਕਰੇ ਆਪਣੀ ਮਿਹਰਾ, ਮਿਹਰਵਾਨ ਆਪ ਹੋ ਜਾਈਆ । ਸ੍ਰੀ ਭਗਵਾਨ ਸਚਖੰਡ ਦਵਾਰਾ ਇਕ ਵਸਾਏ ਸਾਚਾ ਡੇਰਾ, ਏਕਾ ਆਸਣ ਆਪੇ ਲਾਈਆ । ਪਾਰਬ੍ਰਹਮ ਬ੍ਰਹਮ ਵਸੇ ਨੇੜਨ ਨੇੜਾ, ਦੂਰ ਦੁਰਾਡਾ ਨਾ ਕੋਈ ਅਖਵਾਈਆ । ਬ੍ਰਹਮ ਬ੍ਰਹਮ ਬ੍ਰਹਮ ਪੰਜ ਤਤ ਕਰੇ ਵਸੇਰਾ, ਤ੍ਰੈ ਤ੍ਰੈ ਆਪਣਾ ਜੋੜ

ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਸਾਚਾ ਮੀਤਾ, ਏਕਾ ਰੰਗ ਸਮਾਇਆ । ਹਰਿ ਪੁਰਖ ਨਿਰੰਜਣ ਸਦਾ ਅਤੀਤਾ, ਜਨਮ ਮਰਨ ਵਿਚ ਨਾ ਆਇਆ । ਆਦਿ ਨਿਰੰਜਣ ਜੋਤ ਜਗਾਏ ਹਵਨੀ ਇਕ ਅੰਗੀਠਾ, ਆਪਣਾ ਤਤ ਆਪ ਰਖਾਇਆ । ਸ੍ਰੀ ਭਗਵਾਨ ਠਾਂਡਾ ਸੀਤਾ, ਸੀਤਲ ਧਾਰਾ ਆਪ ਵਹਾਇਆ । ਅਬਿਨਾਸ਼ੀ ਕਰਤਾ ਆਪ ਆਪਣਾ ਰਿਹਾ ਜੀਤਾ, ਹਾਰ ਜਿਤ ਆਪਣੇ ਹੱਥ ਰਖਾਇਆ । ਪਾਰਬ੍ਰਹਮ ਸਦ ਪੁਨੀਤਾ, ਪਤਿਤ ਕੋਇ ਨਾ ਰੂਪ ਵਟਾਇਆ । ਬ੍ਰਹਮ ਉਪਜਾਏ ਹਸਤ ਕੀਟਾ, ਘਰ ਘਰ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਆਪਣਾ ਨਾਉਂ ਰਖਾਇਆ । ਸੋ ਪੁਰਖ ਨਿਰੰਜਣ ਪੁਰਖ ਅਕਾਲਾ, ਏਕਾ ਏਕ ਅਖਵਾਈਆ । ਹਰਿ ਪੁਰਖ ਨਿਰੰਜਣ ਦੀਨ ਦਿਆਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕੰਕਾਰਾ ਅਵੱਲੜੀ ਚਾਲਾ, ਜੁਗਾ ਜੁਗੰਤਰ ਆਪ ਚਲਾਈਆ । ਆਦਿ ਨਿਰੰਜਣ ਵਸੇ ਸਚ ਸੱਚੀ ਧਰਮਸਾਲਾ, ਜੋਤ ਨਿਰੰਜਣ ਡਗਮਗਾਈਆ । ਸ੍ਰੀ ਭਗਵਾਨ ਤੋੜੇ ਜਗਤ ਜੰਜਾਲਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸੰਗ ਰਖਾਏ ਕਾਲ ਮਹਾਂਕਾਲਾ, ਬਲਧਾਰੀ ਆਪਣਾ ਬਲ ਧਰਾਈਆ । ਪਾਰਬ੍ਰਹਮ ਆਪਣਾ ਨਾਉਂ ਗਲ ਪਾਏ ਆਪਣੀ ਮਾਲਾ, ਆਪ ਆਪਣੀ ਸੇਵ ਕਮਾਈਆ । ਬ੍ਰਹਮ ਵਸਾਏ ਪੰਜ ਤਤ ਸੱਚੀ ਧਰਮਸਾਲਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੜ੍ਹ ਬਣਾਈਆ । ਤ੍ਰੈਗੁਣ ਮਾਇਆ ਤਤ ਆਪੇ ਢਾਲਾ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਲੱਖ ਚੁਰਾਸੀ ਖੇਲ ਨਿਰਾਲਾ, ਘੜ ਭਾਂਡੇ ਆਪ ਵਖਾਈਆ । ਆਪਣੇ ਫਲ ਲਗਾਏ ਡਾਲ੍ਹ, ਮੁੱਛ ਦਾੜ੍ਹੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਸੋ ਪੁਰਖ ਨਿਰੰਜਣ ਹਰਿ ਹਰਿ ਕੰਤ, ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਏਕਾ ਰੰਗ ਰੰਗੇ ਬਸੰਤ, ਦੂਸਰ ਰੰਗ ਨਾ ਕੋਈ ਚੜ੍ਹਾਇੰਦਾ । ਏਕੰਕਾਰਾ ਮਹਿਮਾ ਅਗਣਤ, ਲਿਖ ਲਿਖ ਲੇਖ ਨਾ ਕੋਈ ਵਖਾਇੰਦਾ । ਆਦਿ ਨਿਰੰਜਣ ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਵਟਾਇੰਦਾ । ਸ੍ਰੀ ਭਗਵਾਨ ਦੇਵੇ ਜੋਤ ਜੀਵ ਜੰਤ, ਲੱਖ ਚੁਰਾਸੀ ਜੀਆਂ ਦਾਨ ਝੋਲੀ ਪਾਇੰਦਾ । ਅਬਿਨਾਸ਼ੀ ਕਰਤਾ ਏਕਾ ਸ਼ਬਦ ਉਪਜਾਏ ਮਣੀਆ ਮੰਤ, ਆਪ ਆਪਣੀ ਧੁਨ ਰਖਾਇੰਦਾ । ਪਾਰਬ੍ਰਹਮ ਲੇਖਾ ਜਾਣੇ ਸਾਚੇ ਸੰਤ, ਲੋਕਮਾਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਅਲੱਖ ਅਗੋਚਰ ਸ੍ਰੀ ਭਗਵਾਨਾ, ਭੇਵ ਅਭੇਦਾ ਭੇਵ ਛੁਪਾਈਆ । ਸਚਖੰਡ ਦਵਾਰੇ ਵਸੇ ਇਕ ਮਕਾਨਾ, ਦਰਗਹਿ ਸਾਚੀ ਧਾਮ ਸੁਹਾਈਆ । ਥਿਰ ਘਰ ਵੇਖੇ ਮਾਰ ਧਿਆਨਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਸ਼ਾਹੋ ਭੂਪ ਵਡ ਸੁਲਤਾਨਾ, ਸਚ ਸਿੰਘਾਸਣ ਆਸਣ ਇਕ ਵਛਾਈਆ । ਉਪਰ ਬੈਠ ਰਾਜ ਰਾਜਾਨਾ, ਆਪ ਆਪਣਾ ਬਲ ਧਰਾਈਆ । ਆਪ ਵਖਾਏ ਸਚ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਈਆ । ਆਪੇ ਵੇਖੇ ਪੰਚਮ ਮੁਖ ਪੰਚਮ ਤਾਜ ਗੁਣ ਨਿਧਾਨਾ, ਨਿਰਗੁਣ ਨਿਰਗੁਣ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਖੇਲ ਤਮਾਸ਼ਾ ਆਪਣਾ ਆਪ ਰਚਾਈਆ । ਸਚਖੰਡ ਦਵਾਰਾ ਉਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਏਕੰਕਾਰਾ ਇਕ ਇਕੱਲਾ, ਏਕਾ ਆਸਣ ਲਾਇੰਦਾ । ਵਸਣਹਾਰਾ ਜਲਾਂ ਥਲਾਂ, ਦਰ ਘਰ ਸਾਚੇ ਸੋਭਾ ਪਾਇੰਦਾ । ਕਰੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਆਪਣਾ ਨਾਉਂ ਧਰਾਇੰਦਾ । ਸਚਖੰਡ

ਦਵਾਰਾ ਏਕਾ ਮੱਲਾ, ਸੀਸ ਜਗਦੀਸ਼ ਆਪਣਾ ਆਪ ਸੁਹਾਇੰਦਾ । ਸ਼ਬਦੀ ਜੋਤੀ ਆਪੇ ਰਲਾ, ਹੁਕਮੀ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਸ ਵਟਾਇੰਦਾ । ਲੋਕਮਾਤ ਖੇਲ ਅਪਾਰਾ, ਨਿਰਗੁਣ ਸਰਗੁਣ ਰੂਪ ਵਟਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਲੱਖ ਚੁਰਾਸੀ ਵੇਖ ਵਖਾਈਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਜ ਤਤ ਕਰੇ ਕੁੜਮਾਈਆ । ਆਦਿ ਜੁਗਾਦੀ ਦੇਵਣਹਾਰਾ, ਦੇਂਦਿਆਂ ਤੋਟ ਨਾ ਆਈਆ । ਅਜੂਨੀ ਰਹਿਤ ਸਭ ਤੋਂ ਵਸੇ ਬਾਹਰਾ, ਅਜੂਨ ਅਜੂਨੀ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਖੇਲ ਵੇਖੇ ਬੇਪਰਵਾਹੀਅ । ਸਰਗੁਣ ਖੇਲ ਹਰਿ ਨਿਰੰਕਾਰਾ, ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਜੋਤ ਜਗੇ ਅਪਾਰਾ, ਸਰਗੁਣ ਅੰਦਰ ਆਪ ਟਿਕਾਇੰਦਾ । ਸਰਗੁਣ ਦੇਵੇ ਨਾਮ ਆਧਾਰਾ, ਘਰ ਮੰਦਰ ਇਕ ਵਖਾਇੰਦਾ । ਨਿਰਗੁਣ ਬੋਲ ਸ਼ਬਦ ਜੈਕਾਰਾ, ਸਰਗੁਣ ਸਾਚੇ ਆਪ ਸੁਣਾਇੰਦਾ । ਸਰਗੁਣ ਮੰਗੇ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹਿੰਦਾ । ਨਿਰਗੁਣ ਬਣਿਆ ਰਹੇ ਵਰਤਾਰਾ, ਸਾਚਾ ਹੱਟ ਆਪ ਖੁਲ੍ਹਾਇੰਦਾ । ਸਰਗੁਣ ਢਹਿ ਢਹਿ ਪਏ ਦਵਾਰਾ, ਦੋਏ ਜੋੜ ਸੀਸ ਝੁਕਾਇੰਦਾ । ਨਿਰਗੁਣ ਮੇਲ ਮਿਲਾਏ ਮੇਲਣਹਾਰਾ, ਆਪ ਆਪਣਾ ਰੰਗ ਰੰਗਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਿਆਰਾ, ਏਕਾ ਰੂਪ ਦਰਸਾਇੰਦਾ । ਸੋਹੰ ਸ਼ਬਦ ਸ਼ਬਦ ਨਿਆਰਾ, ਲੋਕਮਾਤ ਆਪ ਚਲਾਇੰਦਾ । ਜਗਤ ਰਤ ਪਾਰ ਕਿਨਾਰਾ, ਬ੍ਰਹਮ ਮਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਜੋਤੀ ਆਪ ਟਿਕਾਇੰਦਾ । ਘਰ ਘਰ ਜੋਤੀ ਪੁਰਖ ਅਕਾਲਾ, ਦੀਨ ਦਿਆਲਾ ਲੱਖ ਚੁਰਾਸੀ ਆਪ ਜਗਾਈਆ । ਕਾਇਆ ਮਾਟੀ ਵੇਖ ਧਰਮਸਾਲਾ, ਫਲ ਲਗਾਏ ਸਾਚੇ ਡਾਲ੍ਹਾ, ਲੋਕਮਾਤ ਵੱਡੀ ਵਡਿਆਈਆ । ਸ਼ਬਦ ਸਰੂਪੀ ਬਣੇ ਦਲਾਲਾ, ਘਰ ਘਰ ਧੁਨ ਨਾਦ ਸ਼ਬਦ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਅਪਾਰਾ, ਵਰਤੇ ਵਰਤਾਵੇ ਵਿਚ ਸੰਸਾਰਾ, ਜੁਗਾ ਜੁਗੰਤਰ ਸਾਚੀ ਕਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਹਰਿ ਭਗਵਾਨ ਨਿਰਗੁਣ ਦਾਤਾ, ਸਰਗੁਣ ਜੀਵ ਦਾਨ ਝੋਲੀ ਪਾਇੰਦਾ । ਉਤਮ ਰੱਖੇ ਆਪਣੀ ਜ਼ਾਤਾ, ਵਰਨ ਗੋਤ ਨਾ ਕੋਇ ਰਖਾਇੰਦਾ । ਬ੍ਰਹਮ ਪਾਰਬ੍ਰਹਮ ਬੰਧੇ ਨਾਤਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਲੇਖਾ ਜਾਣੇ ਅੱਠ ਤਾਤਾ, ਨੌ ਦਵਾਰੇ ਖੋਜ ਖੁਜਾਇੰਦਾ । ਏਕਾ ਮੰਤਰ ਏਕਾ ਪੂਜਾ ਏਕਾ ਪਾਠਾ, ਇਸ਼ਟ ਦੇਵ ਇਕ ਅਖਵਾਇੰਦਾ । ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਏਕਾ ਜੋਤੀ ਇਕ ਲਲਾਟਾ, ਏਕਾ ਘਾਟ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਨਿਰਗੁਣ ਸਰਗੁਣ ਰੂਪ ਪ੍ਰਗਟਾਇੰਦਾ । ਨਿਰਗੁਣ ਮੇਲਾ ਲੋਕਮਾਤ, ਪੁਰਖ ਨਿਰੰਜਣ ਆਪ ਕਰਾਈਆ । ਸਰਗੁਣ ਚੇਲਾ ਬਖ਼ਸ਼ੇ ਦਾਤ, ਦਾਤਾ ਦਾਨੀ ਵਡ ਵਡਿਆਈਆ । ਨਿਰਗੁਣ ਪੁਛੇ ਜੁਗਾ ਜੁਗੰਤਰ ਵਾਤ, ਸਰਗੁਣ ਸਾਚੀ ਦਏ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਕਰਣੇਹਾਰਾ, ਆਪਣਾ ਜਾਣੇ ਆਪ ਪਸਾਰਾ, ਲੇਖਾ ਜਾਣੇ ਰਵ ਸਸ ਸੂਰਜ ਚੰਨ ਸਿਤਾਰਾ, ਮੰਡਲ ਮੰਡਪ ਖੋਜ ਖੁਜਾਈਆ । ਮੰਡਲ ਮੰਡਪ ਵੇਖੇ ਬ੍ਰਹਿਮੰਡ, ਅਲੱਖ ਅਲੱਖਣਾ ਲਖਿਆ ਨਾ ਜਾਈਆ । ਭੇਵ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਆਪਣਾ ਪਰਦਾ ਲਾਹੀਆ । ਆਪੇ ਵੰਡੇ ਆਪਣੀ ਵੰਡ, ਵੰਡਣਹਾਰਾ ਦਿਸ ਨਾ ਆਈਆ । ਲੇਖਾ ਜਾਣੇ ਨੌ ਦਵਾਰ ਨੌ ਖੰਡ, ਨੌ ਗ੍ਰਿਹ ਆਪਣੇ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਖੇਲੇ ਖੇਲ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਇਕਉਂਕਾਰ ਮੇਲ ਮਿਲਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜਾ, ਅਬਿਨਾਸ਼ੀ ਕਰਤਾ ਰਾਹ ਤਕਾਇੰਦਾ । ਸ੍ਰੀ ਭਗਵਾਨ ਬਣ ਸਿਕਦਾਰਾ, ਪਾਰਬ੍ਰਹਮ ਪ੍ਰਭ ਆਪ ਉਠਾਇੰਦਾ । ਬ੍ਰਹਮ ਦੇਵੇ ਧੁਰ ਫ਼ਰਮਾਣਾ, ਲੋਕਮਾਤ ਹੁਕਮ ਚਲਾਇੰਦਾ । ਸ਼ਬਦ ਸਰੂਪੀ ਅਨਹਦ ਗਾਣਾ, ਘਰ ਘਰ ਤਾਲ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਤਤ ਤਤ ਅਪਾਰ, ਆਪ ਉਪਜਾਏ ਵਿਚ ਸੰਸਾਰ, ਸਾਰ ਸ਼ਬਦ ਸ਼ਬਦ ਚਲਾਇੰਦਾ । ਪੰਜ ਤਤ ਕਰ ਪਸਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇੰਦਾ । ਬੂੰਦ ਰਕਤ ਕਰ ਪਿਆਰਾ, ਏਕਾ ਦੂਜਾ ਜੋੜ ਜੁੜਾਇੰਦਾ । ਨੌ ਦਰ ਖੋਲ੍ਹ ਜਗਤ ਕਵਾੜਾ, ਪੰਚਮ ਧਾੜਾ ਨਾਲ ਮਿਲਾਇੰਦਾ । ਕਾਇਆ ਮੰਦਰ ਡੂੰਘੀ ਗਾਰਾ, ਸਚ ਅਖਾੜਾ ਆਪ ਵਖਾਇੰਦਾ । ਘਰ ਵਿਚ ਘਰ ਕਰ ਤਿਆਰਾ, ਮਹੱਲ ਅਟੱਲ ਨਾਉਂ ਧਰਾਇੰਦਾ । ਪੰਚਮ ਸ਼ਬਦ ਬੋਲ ਜੈਕਾਰਾ, ਸਾਚਾ ਮੰਗਲ ਆਪੇ ਗਾਇੰਦਾ । ਅੰਮ੍ਰਿਤ ਭਰ ਠੰਡੀ ਠਾਰਾ, ਕਵਲ ਨਾਭ ਮੁਖ ਉਲਟਾਇੰਦਾ । ਆਪੇ ਕਰੇ ਬੰਦ ਕਿਵਾੜਾ, ਆਪ ਆਪਣਾ ਕੁੰਡਾ ਲਾਇੰਦਾ । ਆਪੇ ਸਾਚੀ ਸੇਜਾ ਕਰ ਪਸਾਰਾ, ਨਿਰਗੁਣ ਆਪਣਾ ਮੁਖ ਛੁਪਾਇੰਦਾ । ਆਪੇ ਵਸੇ ਦਸਮ ਦਵਾਰਾ, ਨੇਤਰ ਨੈਣ ਦਿਸ ਕਿਸੇ ਨਾ ਆਇੰਦਾ । ਆਪੇ ਜਾਣੇ ਸਚ ਮੁਨਾਰਾ, ਉਚ ਅਟੱਲ ਏਕਾ ਧਾਮ ਸੁਹਾਇੰਦਾ । ਆਪੇ ਰੂਪ ਵਟਾਏ ਏਕੰਕਾਰਾ, ਅਕਲ ਕਲ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਗੋਬਿੰਦ ਅਪਣਾ ਨਾਉਂ ਰਖਾਇੰਦਾ । ਗੋਬਿੰਦ ਗੋਪਾਲ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਇੰਦਾ । ਜੁਗਾ ਜੁਗੰਤਰ ਵੇਖੇ ਜਗਤ ਤਮਾਸ਼ਾ, ਲੋਕਮਾਤ ਵੇਸ ਵਟਾਇੰਦਾ । ਆਪਣੇ ਮੰਡਲ ਪਾਵੇ ਸਾਚੀ ਰਾਸਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਆਕਾਸ਼ ਪਰਕਾਸ਼ ਆਪ ਧਰਾਇੰਦਾ । ਲੱਖ ਚੁਰਾਸੀ ਕਰ ਕਰ ਵਾਸਾ, ਨਿਵਾਸ ਨਿਵਾਸਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਗਰਤ ਜੋਤ ਇਕ ਜਗਾਇੰਦਾ । ਜਾਗਰਤ ਜੋਤ ਘਰ ਘਰ ਅੰਦਰ, ਬ੍ਰਹਮ ਆਪ ਟਿਕਾਇੰਦਾ । ਆਪੇ ਵਸੇ ਆਪਣੇ ਮੰਦਰ, ਆਪਣੀ ਸੋਭਾ ਆਪ ਗਣਾਇੰਦਾ । ਨਾ ਕੋਈ ਤੋੜੇ ਲੱਗਾ ਜੰਦਰ, ਪਰਦਾ ਕੋਇ ਨਾ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਲੋਕਮਾਤ ਲੈ ਅਵਤਾਰਾ, ਗੁਰ ਸਤਿਗੁਰ ਨਾਉਂ ਧਰਾਈਆ । ਸ਼ਬਦ ਖੰਡਾ ਤੇਜ਼ ਕਟਾਰਾ, ਏਕਾ ਆਪਣੇ ਹੱਥ ਉਠਾਈਆ । ਆਪੇ ਆਏ ਭਗਤਨ ਚਲ ਦਵਾਰਾ, ਸਾਚੇ ਸੰਤ ਲਏ ਉਠਾਈਆ । ਪੰਚ ਵਿਕਾਰਾ ਕਰ ਖ਼ਵਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਗਵਾਈਆ । ਆਸਾ ਤ੍ਰਿਸ਼ਨਾ ਮਾਰੇ ਮਾਰਾ, ਹਉਮੇ ਹੰਗਤਾ ਗੜ੍ਹ ਦੇਵੇ ਢਾਹੀਆ । ਏਕਾ ਨਾਮ ਕਰੇ ਉਜਿਆਰਾ, ਰਾਮ ਨਾਮ ਸਚ ਪੜ੍ਹਾਈਆ । ਅੰਤਰ ਆਤਮ ਸੁਣੇ ਆਪ ਪੁਕਾਰਾ, ਘਰ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਅੱਖਰ ਬੋਧ ਗਿਆਨਾ, ਅਗਾਧ ਬੋਧ ਆਪ ਜਣਾਇੰਦਾ । ਏਕਾ ਪੰਡਤ ਹਰਿ ਭਗਵਾਨਾ, ਸ੍ਰਿਸ਼ਟ ਸਬਾਈ ਆਪ ਪੜ੍ਹਾਇੰਦਾ । ਏਕਾ ਸ਼ਾਹ ਇਕ ਰਾਜ ਰਾਜਾਨਾ, ਸਚ ਸੁਲਤਾਨ ਇਕ ਅਖਵਾਇੰਦਾ । ਇਕ ਸਿਕਦਾਰ ਦੋ ਜਹਾਨਾਂ, ਦੋ ਜਹਾਨੀਂ ਆਪਣਾ ਹੁਕਮ ਚਲਾਇੰਦਾ । ਏਕਾ ਹੁਕਮ ਧੁਰ ਫ਼ਰਮਾਣਾ, ਸੰਤਾਂ

੬੮੦

ਭਗਤਾਂ ਆਪ ਸੁਣਾਇੰਦਾ । ਏਕਾ ਰਾਗ ਇਕ ਤਰਾਨਾ, ਗੀਤ ਅਨਾਦੀ ਏਕਾ ਗਾਇੰਦਾ । ਏਕਾ ਮੰਦਰ ਇਕ ਮਕਾਨਾ, ਬੰਕ ਦਵਾਰ ਇਕ ਸੁਹਾਇੰਦਾ । ਏਕਾ ਪੁਰਖ ਚਤਰ ਸੁਜਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਏਕਾ ਪਦ ਪਦ ਨਿਰਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਕਰ ਕਰਤਾਰ, ਲੋਕਮਾਤ ਗੇੜਾ ਆਪਣੇ ਹੱਥ ਰਖਾਈਆ । ਸਰਗੁਣ ਸਤਿਗੁਰ ਲੈ ਅਵਤਾਰ, ਗੁਰ ਗੁਰ ਆਪਣਾ ਰੂਪ ਵਟਾਈਆ । ਸ਼ਬਦ ਮੰਤਰ ਕਰ ਉਜਿਆਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਸੰਤ ਭਗਤ ਭਗਵੰਤ ਦੇਵੇ ਤਾਰ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਈਆ । ਜੁਗ ਜੁਗ ਵੇਸ ਵਟੰਦੜਾ, ਪੁਰਖ ਅਗੰਮ ਅਥਾਹ । ਸਾਚਾ ਮਾਰਗ ਆਪ ਵਖੰਦੜਾ, ਏਕਾ ਅੱਖਰ ਨਾਮ ਜਪਾ । ਸਤਿਜੁਗ ਸਾਚਾ ਵੇਖ ਵਖੰਦੜਾ, ਲੋਕਮਾਤ ਬਣ ਮਲਾਹ । ਦੁਆਪਰ ਤ੍ਰੇਤਾ ਪਾਰ ਕਰੰਦੜਾ, ਗ਼ਰੀਬ ਨਿਮਾਨਿਆਂ ਗਲੇ ਲਗਾ । ਗੜ੍ਹ ਹੰਕਾਰੀਆਂ ਆਪ ਤੁੜੰਦੜਾ, ਏਕਾ ਧੱਕਾ ਦੇਵੇ ਲਾ । ਰਾਮ ਨਾਮ ਆਪ ਜਪੰਦੜਾ, ਦੋ ਦੋ ਅੱਖਰ ਦਏ ਵਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਹਨਾ ਕ੍ਰਿਸ਼ਨਾ ਰੂਪ ਵਟੰਦੜਾ, ਸੋਲਾਂ ਕਲ ਕਲ ਵਰਤਾ । ਦੁਆਪਰ ਤ੍ਰੇਤਾ ਸਤਿਜੁਗ ਉਤਰਿਆ ਪਾਰ, ਕਲਜੁਗ ਲੋਕਮਾਤ ਲਏ ਅੰਗੜਾਈਆ । ਈਸਾ ਮੂਸਾ ਹੋਇਆ ਖ਼ਬਰਦਾਰ, ਸੰਗ ਮੁਹੰਮਦ ਚਾਰ ਯਾਰ ਕਰੀ ਕੁੜਮਾਈਆ । ਅੱਲਾ ਰਾਣੀ ਬੋਲ ਜੈਕਾਰ, ਉਚੀ ਕੂਕ ਕਰੇ ਸੁਣਾਈਆ । ਮੁਕਾਮੇ ਹੱਕ ਏਕਾ ਯਾਰ, ਪਰਵਰਦਿਗਾਰ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਪ੍ਰਗਟਾਈਆ । ਰੂਪ ਅਪਾਰਾ ਏਕੰਕਾਰਾ, ਵੇਦ ਕਤੇਬ ਭੇਵ ਨਾ ਪਾਇੰਦਾ । ਲਿਖ ਲਿਖ ਥੱਕਾ ਵੇਦ ਵਿਆਸ ਬਣ ਲਿਖਾਰਾ, ਬ੍ਰਹਮਾ ਚਾਰੇ ਮੁਖ ਸਾਲਾਹਿੰਦਾ । ਚਾਰੇ ਵੇਦ ਕਰੇ ਪੁਕਾਰਾ, ਅਥਰਬਣ ਆਪਣਾ ਲੇਖਾ ਆਪ ਵਖਾਇੰਦਾ । ਗੀਤਾ ਗਿਆਨ ਇਕ ਸਹਾਰਾ, ਬਰਨ ਅਠਾਰਾਂ ਮੇਟ ਮਿਟਾਇੰਦਾ । ਚਾਰ ਵਰਨਾਂ ਕਰੇ ਸਚ ਪਿਆਰਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵੰਡ ਵੰਡਾਇੰਦਾ । ਜਿਸ ਜਨ ਮਿਲੇ ਆਪ ਕਰਤਾਰਾ, ਨੀਚੋਂ ਊਚ ਆਪ ਕਰਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰਾ, ਲਾਸ਼ਰੀਕ ਇਕ ਅਖਵਾਇੰਦਾ । ਹੱਕ ਹਕੀਕਤ ਬੋਲ ਜੈਕਾਰਾ, ਸ਼ਰਅ ਸ਼ਰੀਅਤ ਵੇਖ ਵਖਾਇੰਦਾ । ਏਕਾ ਜੋਤੀ ਨੂਰ ਉਜਿਆਰਾ, ਜਲਵਾ ਨੂਰ ਆਪ ਵਖਾਇੰਦਾ । ਚੌਦਾਂ ਤਬਕਾਂ ਪਾਵੇ ਸਾਰਾ, ਚੌਦਾਂ ਲੋਕਾਂ ਖੋਜ ਖੁਜਾਇੰਦਾ । ਤਿੰਨਾਂ ਲੋਕਾਂ ਵਸੇ ਬਾਹਰਾ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਅਲੱਖ ਅਗੋਚਰ ਹੋ ਉਜਿਆਰਾ, ਅਲੱਖ ਅਲੱਖਣਾ ਖੇਲ ਖਿਲਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਗਿਆਨ ਧਿਆਨ ਨਾ ਕੋਇ ਰਖਾਇੰਦਾ । ਰਾਓ ਰੰਕ ਨਾ ਪਾਵੇ ਸਾਰਾ, ਰਾਜ ਰਾਜਾਨਾ ਮੁਖ ਸ਼ਰਮਾਇੰਦਾ । ਏਕਾ ਭਗਤਾਂ ਦਏ ਆਧਾਰਾ, ਆਪ ਆਪਣੀ ਦਇਆ ਕਮਾਇੰਦਾ । ਸਾਚੇ ਸੰਤਾਂ ਦੇਵੇ ਨਾਮ ਸਚ ਹੁਲਾਰਾ, ਆਪਣਾ ਪਰਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਹਰਿ ਕਰਣੇਜੋਗ, ਗੁਰਮੁਖਾਂ ਕਰੇ ਸਚ ਸੰਜੋਗ, ਸਤਿਗੁਰ ਸਾਚਾ ਮੇਲ ਮਿਲਾਇੰਦਾ । ਸਾਚਾ ਮੇਲਾ ਹਰਿ ਕਰਤਾਰ, ਜਨ ਭਗਤਾਂ ਆਪ ਕਰਾਈਆ । ਆਦਿ ਜੁਗਾਦੀ ਖੇਲ ਅਪਾਰ, ਜੁਗਾ ਜੁਗੰਤਰ ਆਪ ਕਰਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਇਛਿਆ ਭਿਛਿਆ ਇਕ ਵਖਾਈਆ । ਸਾਚੀ ਸਿਖਿਆ ਧੁਰ ਦਰਬਾਰ, ਧੁਰ ਦੀ ਧਾਰ ਆਪ ਚਲਾਈਆ ।

ਜੁਗਾ ਜੁਗੰਤਰ ਖੇਲ ਨਿਆਰ, ਇਕ ਇਕੱਲਾ ਆਪ ਕਰਾਈਆ । ਕਲਜੁਗ ਪ੍ਰਗਟ ਹੋ ਵਿਚ ਸੰਸਾਰ, ਸਾਚਾ ਸੰਗ ਆਪ ਨਿਭਾਈਆ । ਮੇਟ ਮਿਟਾਏ ਅੰਧ ਅੰਧਿਆਰ, ਏਕਾ ਜੋਤ ਕਰੇ ਰੁਸ਼ਨਾਈਆ । ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਦਏ ਖਪਾਈਆ । ਮਾਇਆ ਮਮਤਾ ਕਰੇ ਖ਼ਵਾਰ, ਜੂਠ ਝੂਠ ਦਏ ਮਿਟਾਈਆ । ਸ਼ਬਦ ਅਗੰਮੀ ਮਾਰੇ ਮਾਰ, ਕਲਜੁਗ ਕੂੜਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਮਿਟਾਈਆ । ਕਲਜੁਗ ਤੇਰਾ ਲੇਖ ਮਿਟੌਣਾ, ਤੇਰਾ ਲੇਖਾ ਰਹੇ ਨਾ ਰਾਈਆ । ਕੂੜ ਕੁੜਿਆਰਾ ਮੇਟ ਮਿਟੌਣਾ, ਸਦੀ ਚੌਧਵੀਂ ਦਏ ਮਿਟਾਈਆ । ਅੱਲਾ ਰਾਣੀ ਮੁਖ ਸ਼ਰਮੌਣਾ, ਮੁਖ ਘੁੰਗਟ ਏਕਾ ਪਾਈਆ । ਪੁਰਖ ਅਬਿਨਾਸ਼ੀ ਕਲਮਾ ਇਕ ਪੜ੍ਹੌਣਾ, ਕਾਇਨਾਤ ਵੇਖ ਵਖਾਈਆ । ਸਾਚੀ ਸ਼ਰੀਅਤ ਇਕ ਜਣੌਣਾ, ਕਾਇਆ ਮੱਕਾ ਕਾਅਬਾ ਦਏ ਵਖਾਈਆ । ਏਕਾ ਇਸ਼ਟ ਆਪ ਮਨੌਣਾ, ਲਾਸ਼ਰੀਕ ਰੂਪ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਪਾਰ ਕਿਨਾਰਾ, ਅੰਤਮ ਕੂਕੇ ਦਏ ਦੁਹਾਈਆ । ਕਲਜੁਗ ਅੰਤਮ ਉਤਰਨਾ ਪਾਰ, ਲੋਕਮਾਤ ਰਹਿਣ ਨਾ ਪਾਈਆ । ਵਰਨ ਬਰਨ ਹੋਣ ਖ਼ਵਾਰ ਚਾਰ ਵਰਨ ਦੇਣ ਦੁਹਾਈਆ । ਭਗਤ ਭਗਵੰਤ ਕਰੇ ਪਿਆਰ, ਘਰ ਮੇਲਾ ਸਹਿਜ ਸੁਭਾਈਆ । ਏਕਾ ਗਾਏ ਸ਼ਬਦ ਜੈਕਾਰ, ਗੀਤ ਗੋਬਿੰਦ ਇਕ ਅਲਾਈਆ । ਏਕਾ ਮੰਦਰ ਵੇਖੇ ਦਰ ਦਰਬਾਰ, ਇੱਟਾਂ ਗਾਰਾ ਨਾ ਕੋਇ ਲਗਾਈਆ । ਛੱਪਰ ਛੰਨ ਨਾ ਕਰੇ ਤਿਆਰ, ਕਾਇਆ ਮੰਦਰ ਸੋਭਾ ਪਾਈਆ । ਆਪਣਾ ਦੀਪਕ ਕਰ ਉਜਿਆਰ, ਦੀਵਾ ਬਾਤੀ ਨਾ ਕੋਇ ਟਿਕਾਈਆ । ਅੱਠੇ ਪਹਿਰ ਸ਼ਬਦ ਧੁਨਕਾਰ, ਢੋਲਕ ਛੈਣਾ ਨਾ ਕੋਇ ਵਜਾਈਆ । ਮਨਮੁਖ ਭੁਲਾਏ ਬਾਹਰ, ਸਤਿਗੁਰ ਬੈਠਾ ਅੰਦਰ ਤਾੜੀ ਲਾਈਆ । ਕਲਜੁਗ ਕੂੜਾ ਕਰੇ ਖ਼ਵਾਰ, ਮਨ ਮਨੂਆ ਟਿਕਣ ਨਾ ਪਾਈਆ । ਦਹਿ ਦਿਸ਼ਾ ਮਾਰੇ ਉਡਾਰ, ਸ਼ਾਂਤ ਸਤਿ ਨਾ ਕੋਇ ਕਰਾਈਆ । ਮਤ ਮਤਵਾਲੀ ਹੋਈ ਖ਼ਵਾਰ, ਮਾਇਆ ਮਮਤਾ ਮੋਹ ਹਲਕਾਈਆ । ਬੁੱਧ ਬਬੇਕੀ ਗਈ ਹਾਰ, ਘਰ ਮਿਲਿਆ ਨਾ ਸਾਚਾ ਮਾਹੀਆ । ਜੂਠ ਝੂਠ ਕਰ ਪਿਆਰ, ਕਲਜੁਗ ਜੀਵ ਭੁੱਲੇ ਪਾਂਧੀ ਰਾਹੀਆ । ਸਾਚੇ ਦਰ ਨਾ ਚੜ੍ਹੇ ਕੋਈ ਦਵਾਰ, ਬੰਦ ਤਾਕ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਮਿਲਿਆ ਨਾ ਠੰਡਾ ਠਾਰ, ਅਠਸਠ ਤੀਰਥ ਨੁਹਾਵਣ ਰਹੇ ਨੁਹਾਈਆ । ਘਰ ਜੋਤ ਨਾ ਜਗੀ ਨਿਰੰਕਾਰ, ਮੰਦਰ ਦੀਪਕ ਰਹੇ ਟਿਕਾਈਆ । ਘਰ ਮਿਲਿਆ ਨਾ ਮੀਤ ਮੁਰਾਰ, ਪੜ੍ਹ ਪੜ੍ਹ ਵਿਦਿਆ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਕੂੜ ਪਸਾਰਾ, ਅੰਤਮ ਕਰੇ ਪਾਰ ਕਿਨਾਰਾ, ਮਾਤਲੋਕ ਰਹਿਣ ਨਾ ਪਾਈਆ । ਕਲਜੁਗ ਮੇਟੇ ਅੰਧੇਰਾ ਅੰਧ, ਮੱਸਿਆ ਰੈਣ ਆਪ ਚੁਕਾਈਆ । ਜੂਠਾ ਝੂਠਾ ਮੁੱਕੇ ਪੰਧ, ਅਗਲਾ ਮਾਰਗ ਆਪ ਵਖਾਈਆ । ਚਾਰ ਵਰਨ ਬਖ਼ਸ਼ੇ ਪਰਮਾਨੰਦ, ਨਿਜ ਆਤਮ ਵੱਜੇ ਵਧਾਈਆ । ਸਤਿਜੁਗ ਸਾਚੇ ਕੋਇ ਨਾ ਲਾਏ ਰਸਨਾ ਮਦਿਰਾ ਮਾਸ ਗੰਦ, ਅੰਮ੍ਰਿਤ ਜਾਮ ਇਕ ਪਿਆਈਆ । ਪਸੂ ਪੰਖੀ ਪੰਛੀ ਮਾਣਸ ਗੌਣ ਇਕ ਸੁਹਾਗੀ ਛੰਦ, ਸੋਹੰ ਸ਼ਬਦ ਵੱਡੀ ਵਡਿਆਈਆ । ਘਰ ਘਰ ਦੀਪਕ ਹੋਏ ਉਜਾਲਾ ਚੜ੍ਹੇ ਚੰਦ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਦਵੈਤੀ ਦੂਈ ਢਾਏ ਕੰਧ, ਭਰਮਾਂ ਗੜ੍ਹ ਆਪ ਤੁੜਾਈਆ । ਕਦੇ ਨਾ ਸੋਵੇ ਦੇ ਕਰ ਕੰਡ, ਗੁਰਮੁਖਾਂ ਮੁਖ ਵੇਖ ਵਖਾਈਆ । ਦਾਤਾ ਦਾਨੀ ਸਤਿਗੁਰ ਸਦਾ ਬਖ਼ਸ਼ੰਦ, ਬਖ਼ਸ਼ਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਦਏ ਵਖਾਈਆ । ਕਲਜੁਗ

੬੮੨

ਤੇਰਾ ਤੋੜੇ ਨਾਤਾ, ਵਰਨ ਬਰਨ ਮੇਟ ਮਿਟਾਇੰਦਾ । ਮਨ ਮਤ ਰਹੇ ਨਾ ਨਾਰ ਕਮਜ਼ਾਤਾ, ਗੁਰਮਤ ਇਕ ਸਮਝਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਖੋਲ੍ਹੇ ਸਾਚਾ ਹਾਟਾ, ਹਰਿਜੂ ਘਟ ਘਟ ਨਜ਼ਰੀ ਆਇੰਦਾ । ਏਕਾ ਨਿਭਾਏ ਸਗਲਾ ਸਾਥਾ, ਆਦਿ ਜੁਗਾਦਿ ਸੇਵ ਕਮਾਇੰਦਾ । ਏਕਾ ਚਲਾਏ ਸਾਚਾ ਰਾਥਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਚੁਕਾਏ ਲਹਿਣਾ ਮਸਤਕ ਮਾਥਾ, ਪੂਰਬ ਲਹਿਣਾ ਝੋਲੀ ਪਾਇੰਦਾ । ਏਕਾ ਵੇਖੇ ਆਦਿ ਸ਼ਕਤ ਜੋਤ ਲਲਾਟਾ, ਆਦਿ ਭਵਾਨੀ ਏਕਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਇਸ਼ਟ ਦੇਵ ਗੁਰ ਵਾਸਤਕ ਰੂਪ ਆਪ ਸਮਾਇੰਦਾ । ਵਾਸਤਕ ਰੂਪ ਵਿਸ਼ਵ ਧਾਰ, ਵਿਸ਼ਨ ਨਾਉਂ ਕਰੇ ਪਰਗਟਾਈਆ । ਬ੍ਰਹਮਾ ਲੇਖਾ ਜਾਣੇ ਵੇਦ ਚਾਰ, ਚਾਰੇ ਜੁਗ ਆਪ ਭਵਾਈਆ । ਸ਼ੰਕਰ ਤੇਰੀ ਸਾਚੀ ਸਾਰ, ਜਗਤ ਸੰਘਾਰ ਸੇਵਾ ਲਾਈਆ । ਤਿੰਨਾਂ ਵਿਚੋਲਾ ਆਪ ਨਿਰੰਕਾਰ, ਨਿਰਗੁਣ ਨਿਰਵੈਰ ਇਕ ਅਖਵਾਈਆ । ਆਪੇ ਆਪਣੀ ਕਰੇ ਵਿਚਾਰ, ਵਿਚਾਰ ਵਿਚ ਕਿਸੇ ਨਾ ਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਿਆ ਖੇਲ ਅਗੰਮ ਅਪਾਰ, ਚਾਰ ਜੁਗ ਚੌਕੜੀ ਇਕ ਗਣਾਈਆ । ਬ੍ਰਹਮੇ ਮਨਵੰਤਰ ਇਕੱਤਰ ਕਰੇ ਪਾਰ ਕਿਨਾਰ, ਆਪਣੀ ਧਾਰ ਵਖਾਈਆ । ਸਾਚਾ ਸ਼ਸਤਰ ਨਾ ਤਨ ਕਟਾਰ, ਜ਼ਰਾ ਬਕਤਰ ਨਾ ਤਨ ਵਖਾਈਆ । ਏਕਾ ਅਸਤਰ ਹਰਿ ਨਿਰੰਕਾਰ, ਸ਼ਬਦ ਘੋੜਾ ਰਿਹਾ ਦੌੜਾਈਆ । ਲੋਆਂ ਪੁਰੀਆਂ ਕਰੇ ਪਾਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਲੋਕਮਾਤ ਖੇਲ ਅਪਾਰ, ਨੌਂ ਖੰਡ ਪ੍ਰਿਥਮੀ ਖੋਜ ਖੁਜਾਈਆ । ਸੱਤਾਂ ਦੀਪਾਂ ਪਰਦਾ ਦਏ ਉਤਾਰ, ਸੱਤ ਸਮੁੰਦਰ ਵਿਰੋਲੇ ਛਾਛ, ਨਾਮ ਮਧਾਣਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਅਵੱਲਾ, ਲੇਖਾ ਜਾਣੇ ਰਾਣੀ ਅੱਲਾ, ਬਿਸਮਿਲ ਰੂਪ ਆਪ ਸਮਾਈਆ । ਬਿਸਮਿਲ ਰੂਪ ਆਪ ਅਨਾਦਿ, ਬ੍ਰਹਿਮਾਦ ਵੇਖ ਵਖਾਇੰਦਾ । ਜੋਤੀ ਜਗੇ ਆਦਿ ਜੁਗਾਦਿ, ਜੁਗ ਜੁਗ ਆਪਣਾ ਰੂਪ ਆਪ ਪਰਗਟਾਇੰਦਾ । ਲੇਖਾ ਜਾਣੇ ਸੰਤ ਸਾਧ, ਭਗਤ ਭਗਵੰਤ ਮੇਲ ਮਿਲਾਇੰਦਾ । ਪਰਗਟ ਹੋ ਮੋਹਣ ਮਾਧਵ ਮਾਧ, ਆਪਣੀ ਬੰਸਰੀ ਨਾਮ ਵਜਾਇੰਦਾ । ਜਨ ਭਗਤਾਂ ਸੁਣੇ ਸਦ ਫਰਿਆਦਿ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਏਕਾ ਦੇਵੇ ਸਾਚੀ ਦਾਦ, ਹਰਿ ਕਾ ਨਾਮ ਝੋਲੀ ਪਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦੀ ਆਪ ਬਹਾਇੰਦਾ । ਸਦਾ ਸਦਾ ਪ੍ਰਭ ਕਰੇ ਲਾਡ, ਲਾਲ ਲਾਲਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਜਾਵੇ ਮੁੱਕ ਲੱਖ ਚੁਰਾਸੀ ਬੂਟਾ ਜਾਏ ਸੁੱਕ, ਹਰਿਆ ਅੰਮ੍ਰਿਤ ਸਿੰਚ ਨਾ ਕੋਇ ਕਰਾਇੰਦਾ । ਕਲਜੁਗ ਤੇਰਾ ਕੂੜਾ ਰੰਗ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਕਲਜੁਗ ਤੇਰੀ ਝੂਠੀ ਕੰਗ, ਜੀਵਾਂ ਜੰਤਾਂ ਰਹੀ ਹੰਢਾਈਆ । ਕਲਜੁਗ ਤੇਰੀ ਸੇਜ ਪਲੰਘ, ਕਾਮ ਕਾਮਨੀ ਰੂਪ ਵਟਾਈਆ । ਕਲਜੁਗ ਤੇਰੀ ਅੰਤਮ ਮੰਗ, ਸੰਗ ਮੁਹੰਮਦ ਚਾਰ ਯਾਰ ਹੋਏ ਕੁੜਮਾਈਆ । ਕਲਜੁਗ ਤੇਰੀ ਢਾਏ ਕੰਧ, ਕੱਲਰ ਕੰਧ ਰਹਿਣ ਨਾ ਪਾਈਆ । ਕਲਜੁਗ ਤੇਰਾ ਮੁੱਕੇ ਗੰਦ, ਜਗਤ ਵਿਕਾਰ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲੇਖਾ ਦਏ ਚੁਕਾਈਆ । ਕਲਜੁਗ ਤੇਰਾ ਚੁੱਕਣਾ ਲੇਖਾ, ਵੇਲਾ ਅੰਤਮ ਆਇੰਦਾ । ਪੁਰਖ ਅਬਿਨਾਸ਼ੀ ਕੱਢੇ ਭਰਮ ਭੁਲੇਖਾ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਨਾ ਕੋਈ ਜਾਣੇ ਧਾਰੀ ਕੇਸਾ, ਮੂੰਡ ਮੁੰਡਾਏ ਸਰਬ ਭੁਲਾਇੰਦਾ । ਆਪੇ ਹੋਏ ਨਰ ਨਰੇਸ਼ਾ, ਦਸ ਦਸਮੇਸਾ ਰੂਪ ਵਟਾਇੰਦਾ । ਆਪੇ ਹੋਏ ਦਰ ਦਰਵੇਸ਼ਾ, ਭਗਤ

ਭਿਖਾਰੀ ਨਾਉਂ ਧਰਾਇੰਦਾ । ਆਪੇ ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਸ਼ਿਵ ਸ਼ੰਕਰ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਇੰਦਾ । ਤੇਰਾ ਪੰਧ ਹਰਿ ਮੁਕਾਵਣਾ, ਕਲਜੁਗ ਅੰਤਮ ਖੇਲ ਅਪਾਰ । ਸਤਿਜੁਗ ਸਾਚਾ ਮਾਰਗ ਲਾਵਣਾ, ਬੀਸ ਬੀਸਾ ਕਰ ਵਿਚਾਰ । ਜਗਤ ਜਗਦੀਸ਼ਾ ਇਕ ਅਖਵਾਵਣਾ, ਦੂਜਾ ਇਸ਼ਟ ਨਾ ਵਿਚ ਸੰਸਾਰ । ਰਾਮ ਕ੍ਰਿਸ਼ਨ ਮੇਲ ਮਿਲਾਵਣਾ, ਨਾਨਕ ਗੋਬਿੰਦ ਇਕ ਪਿਆਰ । ਈਸਾ ਮੂਸਾ ਲੜ ਬੰਧਾਵਣਾ, ਸੰਗ ਮੁਹੰਮਦ ਚਾਰ ਯਾਰ । ਵੇਦ ਪੁਰਾਨਾਂ ਆਪੇ ਗਾਵਣਾ, ਗੀਤਾ ਗਿਆਨ ਦਏ ਆਧਾਰ । ਅੰਜੀਲ ਕੁਰਾਨਾ ਹੁਕਮ ਸੁਣਾਵਣਾ, ਸਚ ਈਮਾਨਾ ਪਰਵਰਦਿਗਾਰ । ਖਾਣੀ ਬਾਣੀ ਵੇਖ ਵਖਾਵਣਾ, ਪਰਾ ਪਸੰਤੀ ਮਧਮ ਬੈਖ਼ਰੀ ਇਕ ਵਿਚਾਰ । ਸਤਿਜੁਗ ਸਾਚਾ ਰੰਗ ਚੜ੍ਹਾਵਣਾ, ਏਕਾ ਖੋਲ੍ਹ ਸਚ ਦਵਾਰ । ਏਕੰਕਾਰ ਸਭ ਨੂੰ ਨਜ਼ਰੀ ਆਵਣਾ, ਜਗਮਗ ਜੋਤ ਜਗੇ ਅਪਾਰ । ਪੰਜ ਤਤ ਨਾ ਕੋਇ ਵਖਾਵਣਾ, ਮਨਮਤ ਨਾ ਕੋਇ ਧਾਰ । ਗੁਰ ਦਰ ਮੰਦਰ ਮਸਜਿਦ ਏਕਾ ਰੂਪ ਵਟਾਵਣਾ, ਸ਼ਿਵਦੁਆਲਾ ਮੱਠ ਪਾਵੇ ਸਾਰ । ਕਾਇਆ ਬੰਕ ਇਕ ਖੁਲ੍ਹਾਵਣਾ, ਸੁਖਮਨ ਟੇਢੀ ਬੰਕ ਕਰ ਪਾਰ । ਤ੍ਰਬੈਣੀ ਨੈਣੀ ਆਪ ਨੁਹਾਵਣਾ, ਸਿਰ ਰੱਖ ਹੱਥ ਕਰਤਾਰ । ਅੰਮ੍ਰਿਤ ਸਾਚਾ ਜਾਮ ਪਿਆਵਣਾ, ਨਿਝਰ ਝਿਰਨਾ ਝਿਰੇ ਅਪਾਰ । ਉਲਟੀ ਨਾਭੀ ਮੁਖ ਉਲਟਾਵਣਾ, ਕਵਲ ਨਾਭ ਖਿੜੇ ਗੁਲਜ਼ਾਰ । ਫੜ ਕਾਗੋਂ ਹੰਸ ਬਣਾਵਣਾ, ਸੋਹੰ ਹੰਸਾ ਕਰੇ ਪਿਆਰ । ਬਜ਼ਰ ਕਪਾਟੀ ਤੋੜ ਤੁੜਾਵਣਾ, ਦੂਈ ਦਵੈਤੀ ਦਏ ਨਿਵਾਰ । ਅਨਹਦ ਸ਼ਬਦ ਇਕ ਸੁਣਾਵਣਾ, ਧੁਨ ਆਤਮਕ ਸੱਚੀ ਧੁਨਕਾਰ । ਆਤਮ ਸੇਜਾ ਪਰਦਾ ਲਾਹਵਣਾ, ਦਸਮ ਦੁਆਰੀ ਮੇਲਾ ਕੰਤ ਭਤਾਰ । ਹਿੰਦੂ ਮੁਸਲਮ ਸਿਖ ਨਾ ਕੋਇ ਵਖਾਵਣਾ, ਬ੍ਰਹਮ ਪਾਰਬ੍ਰਹਮ ਅੰਸ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਚਲੇ ਚਾਲ । ਸਤਿਜੁਗ ਚਲੇ ਚਾਲ ਨਿਰਾਲੀ, ਮਹਿਮਾ ਗਣਤ ਗਣੀ ਨਾ ਜਾਈਆ । ਕਲਜੁਗ ਮੇਟੇ ਰੈਣ ਅੰਧੇਰੀ ਕਾਲੀ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਫਲ ਨਾ ਦਿਸੇ ਕਿਸੇ ਡਾਲ੍ਹੀ, ਪਤਝੜ ਆਪ ਵਖਾਈਆ । ਵੇਲੇ ਅੰਤ ਨਾ ਦੇਵੇ ਕੋਇ ਦਲਾਲੀ, ਜੂਠ ਝੂਠ ਨਾ ਦਏ ਗਵਾਹੀਆ । ਚਾਰ ਵਰਨ ਦਿਸਣ ਹੱਥਾਂ ਖ਼ਾਲੀ, ਰਾਮ ਕ੍ਰਿਸ਼ਨ ਨਾਨਕ ਗੋਬਿੰਦ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਮਿਲਿਆ ਮੇਲ ਨਾ ਸਾਚੇ ਮਾਹੀਆ । ਸੰਮਤ ਸਤਾਰਾਂ ਧਰਮ ਰਾਏ ਵਖਾਏ ਹੱਕ ਹਲਾਲੀ, ਚਿਤਰ ਗੁਪਤ ਆਪ ਉਠਾਈਆ । ਪਰਗਟ ਹੋਇਆ ਦੋ ਜਹਾਨਾਂ ਵਾਲੀ, ਵਰਭੰਡ ਖੋਜ ਖੁਜਾਈਆ । ਸਭ ਤੋਂ ਮੰਗਣ ਆਇਆ ਆਪਣਾ ਹਾਲੀ, ਲੱਖ ਚੁਰਾਸੀ ਕਾਇਆ ਧਰਤੀ ਫੋਲ ਫੁਲਾਈਆ । ਬ੍ਰਹਮੇ ਵਿਸ਼ਨ ਸ਼ਿਵ ਲਗਾਇਆ ਬੂਟਾ ਵੇਖਣਹਾਰਾ ਹਰਿ ਹਰਿ ਮਾਲੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖ ਵੇਖੇ ਜਿਨ੍ਹਾਂ ਘਾਲ ਘਾਲੀ, ਹਰਿ ਹਰਿ ਕਾ ਨਾਮ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਦੱਸ, ਹਰ ਹਿਰਦੇ ਅੰਦਰ ਜਾਏ ਵਸ, ਹਰਿ ਕੇ ਪੌੜੇ ਆਪ ਚੜ੍ਹਾਈਆ । ਸਤਿਜੁਗ ਮਾਰਗ ਸਾਚਾ ਦੱਸਣਾ, ਚਾਰ ਵਰਨਾਂ ਇਕ ਪਿਆਰ । ਕੂੜ ਕੁੜਿਆਰਾਂ ਕੋਲੋਂ ਨੱਸਣਾ, ਜੋ ਜਨ ਸੋਹੰ ਬੋਲੇ ਸ਼ਬਦ ਜੈਕਾਰ । ਮੇਟੇ ਰੈਣ ਅੰਧੇਰੀ ਮੱਸਣਾ, ਘਰ ਦੀਪਕ ਜੋਤ ਜਗੇ ਨਿਰੰਕਾਰ । ਭਗਤ ਭਗਵੰਤ ਏਕਾ ਘਰ ਵਸਣਾ, ਦੂਸਰ ਕੋਇ ਨਾ ਹੋਰ ਵਿਚਾਰ । ਕਰੇ ਪਰਕਾਸ਼ ਕੋਟਨ ਰਵ ਸਸਨਾ, ਰਵ ਸਸ ਕਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਕਰੇ ਵਿਹਾਰ । ਸਤਿਜੁਗ ਸਾਚਾ ਮਾਤ ਰੱਖ,

ਬੀਸ ਬੀਸਾ ਕਰੇ ਕੁੜਮਾਈਆ । ਨਿਰਗੁਣ ਰੂਪ ਹੋ ਪਰਤੱਖ, ਜਗਤ ਜਗਦੀਸਾ ਵੇਖ ਵਖਾਈਆ । ਈਸਾ ਮੂਸਾ ਉਡਣੇ ਕੱਖ, ਉਨੀ ਉਨੀਸਾ ਦਏ ਦੁਹਾਈਆ । ਨਵ ਨਵ ਕਰੇ ਵਖੇ ਵੱਖ, ਬੰਧਨ ਬੰਧ ਨਾ ਕੋਇ ਬੰਧਾਈਆ । ਆਪੇ ਕਰੇ ਲੱਖੋਂ ਕੱਖ, ਹੱਟੋ ਹੱਟ ਆਪ ਵਿਕਾਈਆ । ਅੰਜੀਲ ਕੁਰਾਨਾ ਬਹਿ ਬਹਿ ਰਹੀ ਹੱਸ, ਸਦੀ ਚੌਧਵੀਂ ਖ਼ੁਸ਼ੀ ਮਨਾਈਆ । ਚਾਰ ਯਾਰ ਨੱਸ ਨੱਸ, ਆਪਣਾ ਪੰਧ ਰਹੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿਜੁਗ ਸਾਚਾ ਧਰਨਾ ਮਾਤ, ਧਰਤ ਧਵਲ ਆਪ ਵਡਿਆਇੰਦਾ । ਕਲਜੁਗ ਤੇਰੀ ਕੋਈ ਨਾ ਦਿਸਣੀ ਜ਼ਾਤ, ਵਰਨ ਬਰਨ ਨਾ ਕੋਇ ਰਖਾਇੰਦਾ । ਸਤਿਜੁਗ ਬਣੇ ਸਚ ਜਮਾਤ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਕਲਜੁਗ ਤੇਰਾ ਕਰੇ ਘਾਤ, ਦਸ ਅੱਠ ਅਠਾਰਾਂ ਰਾਹ ਤਕਾਇੰਦਾ । ਸਤਿਜੁਗ ਤੇਰੀ ਹੋਏ ਪ੍ਰਭਾਤ, ਅੰਮ੍ਰਿਤ ਵੇਲਾ ਆਪ ਸੁਹਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਅੰਧ ਅੰਧੇਰ ਨਾ ਕੋਇ ਵਖਾਇੰਦਾ । ਸਤਿਜੁਗ ਤੇਰਾ ਉਪਜੇ ਧੀਰਜ ਸਤਿ, ਕਲਜੁਗ ਧੀਰਜ ਜਤ ਨਾ ਕੋਇ ਧਰਾਇੰਦਾ । ਸਤਿਜੁਗ ਬੀਜ ਬੀਜੇ ਆਪਣੇ ਵਤ, ਕਲਜੁਗ ਤੇਰੀ ਜੜ੍ਹ ਉਖੜਾਇੰਦਾ । ਵਸਣਹਾਰਾ ਘਟ ਘਟ, ਜੀਵ ਜੰਤ ਵੇਖ ਵਖਾਇੰਦਾ । ਸਵਾਂਗੀ ਸਵਾਂਗ ਰਚਿਆ ਬਾਜ਼ੀਗਰ ਨਟ, ਨਟ ਨਟੂਆ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਖੇਲ ਖਲਾਵਣਹਾਰਾ ਹਰਿ ਭਗਵਾਨ, ਮਹਿਮਾ ਕਥ ਕਥੀ ਨਾ ਜਾਈਆ । ਸਤਿਜੁਗ ਰੂਪ ਹੋ ਮਿਹਰਵਾਨ, ਬਲ ਬਾਵਣ ਭੇਖ ਧਰਾਈਆ । ਤ੍ਰੇਤਾ ਰਾਮ ਨਾਮ ਕਰ ਪਰਧਾਨ, ਦਹਿਸਰ ਬਾਣਾਂ ਨਾਲ ਘਾਈਆ । ਦੁਆਪਰ ਰੂਪ ਵਟਾਏ ਕ੍ਰਿਸ਼ਨਾ ਕਾਹਨ, ਮੋਰ ਮੁਕਟ ਸੀਸ ਟਿਕਾਈਆ । ਏਕਾ ਭਗਤ ਦਏ ਗਿਆਨ, ਗਿਆਨ ਗੀਤਾ ਆਪ ਦ੍ਰਿੜ੍ਹਾਈਆ । ਸੋਲ ਕਲਾ ਹੋ ਪਰਧਾਨ, ਸੋਲਾਂ ਇਛਿਆ ਪੂਰ ਕਰਾਈਆ । ਸੋਲਾਂ ਕਲੀਆਂ ਸਚ ਨਿਸ਼ਾਨ, ਵਲੀਆ ਛਲੀਆ ਆਪ ਵਖਾਈਆ । ਸਾਚੀ ਗੋਪੀਆਂ ਦੇਵੇ ਮਾਣ, ਜੋ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਧਿਆਈਆ । ਗ਼ਰੀਬ ਨਿਮਾਣਿਆਂ ਵੇਖੇ ਮਾਰ ਧਿਆਨ, ਬਿਦਰ ਸੁਦਾਮਾ ਗਲੇ ਲਗਾਈਆ । ਜੁਗਾ ਜੁਗੰਤਰ ਖੇਲ ਮਹਾਨ, ਹੰਕਾਰੀ ਦੁਸ਼ਟ ਦਏ ਖਪਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਕਿਸੇ ਹੱਥ ਨਾ ਆਏ ਸਚ ਗਿਆਨ, ਚੌਦਾਂ ਵਿਦਿਆ ਦਏ ਦੁਹਾਈਆ । ਪੰਡਤ ਪਾਂਧਾ ਮੁਲਾਂ ਸ਼ੇਖ਼ ਗ੍ਰੰਥੀ ਪੰਥੀ ਕੋਇ ਨਾ ਵੜਿਆ ਆਪਣੇ ਸਚ ਮਕਾਨ, ਦੂਰ ਦੁਰਾਡੇ ਬੈਠੇ ਰਾਹ ਤਕਾਈਆ । ਗੁਰ ਦਰ ਮੰਦਰ ਮਸਜਿਦ ਬਹਿ ਬਹਿ ਗਾਣ, ਕਾਇਆ ਮੰਦਰ ਨਾ ਕੋਇ ਵਸਾਈਆ । ਪੜ੍ਹ ਪੜ੍ਹ ਸੁਣੌਂਦੇ ਨਾਮ ਭਗਵਾਨ, ਭਗਵਨ ਦਰਸ਼ਨ ਕੋਇ ਨਾ ਪਾਈਆ । ਮਾਇਆ ਮਮਤਾ ਲੋਭੀ ਹੋਏ ਨਾਦਾਨ, ਗੁਣ ਨਿਧਾਨ ਦਿਸ ਨਾ ਆਈਆ । ਨਾਤਾ ਤੁੱਟਾ ਨਾ ਪੰਜ ਸ਼ੈਤਾਨ, ਪੰਜ ਵਕਤ ਨਿਮਾਜ਼ ਸੁਣਾਈਆ । ਬਾਣੀ ਮਾਰੇ ਨਾ ਸਾਚਾ ਬਾਣ, ਮਨ ਘਾਇਲ ਨਾ ਕੋਇ ਕਰਾਈਆ । ਗਾਇਤਰੀ ਮੰਤਰ ਨਾ ਦੇਵੇ ਦੇਵੰਦ ਪੁਰਾਣ, ਦੇਵੀ ਦੇਵਾ ਦਿਸ ਨਾ ਆਈਆ । ਕਲਜੁਗ ਸੁੰਞਾ ਜੀਵ ਨਾਦਾਨ, ਘਰ ਵਸਤ ਨਾ ਸਚ ਟਿਕਾਈਆ । ਜੂਠ ਝੂਠ ਪੀਣ ਖਾਣ ਆਸਾ ਤ੍ਰਿਸ਼ਨਾ ਜਿਹਵਾ ਹਲਕਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਕਰੇ ਪਛਾਣ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਰਖਾਈਆ । ਨਿਹਕਲੰਕ ਹਰਿ ਭਗਵਾਨ, ਪੰਜ ਤਤ ਨਾ ਕੋਇ ਰਖਾਇੰਦਾ । ਸ਼ਬਦ ਸਰੂਪੀ ਇਕ ਗਿਆਨ, ਆਤਮ ਬ੍ਰਹਮ ਆਪ ਜਣਾਇੰਦਾ । ਸਚ ਵਖਾਏ

ਇਕ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਇੰਦਾ । ਨਿਰਮਲ ਜੋਤ ਜਗੇ ਭਗਵਾਨ, ਵਰਨ ਗੋਤ ਨਾ ਕੋਇ ਰਖਾਇੰਦਾ । ਚੌਦਾਂ ਲੋਕਾਂ ਵੇਖੇ ਆਪ ਦੁਕਾਨ, ਆਪ ਆਪਣਾ ਖੇਲ ਖਿਲਾਇੰਦਾ । ਲੋਕਮਾਤ ਹੋਏ ਮਿਹਰਵਾਨ, ਹਰਿਜਨ ਸਾਚੇ ਆਪ ਉਠਾਇੰਦਾ । ਦਰਸ ਦਖਾਏ ਦਰ ਘਰ ਆਣ, ਪੂਰਬ ਲਹਿਣਾ ਵੇਖ ਵਖਾਇੰਦਾ । ਨਾਮ ਨਿਧਾਨਾ ਬਖ਼ਸ਼ੇ ਸਾਚੀ ਖਾਣ, ਚਾਰ ਯਾਰ ਲੁੱਟ ਕੋਇ ਨਾ ਜਾਇੰਦਾ । ਇਕ ਰਖਾਏ ਆਪਣੀ ਆਣ, ਦੂਸਰ ਦਰ ਨਾ ਕਿਸੇ ਫਿਰਾਇੰਦਾ । ਸ਼ਬਦ ਅਗੰਮੀ ਇਕ ਬਬਾਣ, ਭਗਤ ਭਗਵੰਤ ਆਪ ਚੜ੍ਹਾਇੰਦਾ । ਲੱਖ ਚੁਰਾਸੀ ਮਿਟੇ ਕਾਣ, ਰਾਏ ਧਰਮ ਨਾ ਡੰਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤ ਕਿਨਾਰਾ, ਪਰਗਟ ਹੋਏ ਹਰਿ ਅਵਤਾਰਾ, ਲੋਕਮਾਤ ਖੇਲ ਵਖਾਇੰਦਾ । ਲੋਕਮਾਤ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਚੌਥੇ ਜੁਗ ਚਵੀਆਂ ਅਵਤਾਰਾ, ਕਲ ਕਲਕੀ ਆਪ ਅਖਵਾਈਆ । ਸ਼ਬਦੀ ਜੋਤੀ ਜੋੜਾ ਕਲਗੀ ਤੋੜਾ ਸੀਸ ਦਸਤਾਰਾ, ਨਾਮ ਘੋੜਾ ਇਕ ਦੌੜਾਈਆ । ਗੁਰਮੁਖਾਂ ਬੌਹੜਾ ਆਪ ਨਿਰੰਕਾਰਾ, ਜਨਮ ਜਨਮ ਦੀ ਲੱਗੀ ਔੜ ਪਿਆਸ ਬੁਝਾਈਆ । ਅੰਮ੍ਰਿਤ ਬਰਖੇ ਠੰਡੀ ਠਾਰਾ, ਨਿਝਰ ਝਿਰਨਾ ਅਨਡਿਠਾ ਰਸ ਮੁਖ ਚੁਆਈਆ । ਦਰਸ ਦਖਾਏ ਅਗੰਮ ਅਪਾਰਾ, ਸਵਛ ਸਰੂਪੀ ਰੂਪ ਵਟਾਈਆ । ਸੰਮਤ ਵੀਹ ਸੌ ਸਤਾਰਾਂ ਬਿਕਰਮੀ ਹੋ ਉਜਿਆਰਾ, ਭਾਰਤ ਖੰਡ ਕਰੇ ਰੁਸ਼ਨਾਈਆ । ਇਲਾਬ੍ਰਤ ਕੇਤਮਾਲ ਦਏ ਹੁਲਾਰਾ, ਹਰਵਰਖ ਵੇਖ ਵਖਾਈਆ । ਕਿਹਪੁਰਖ ਕਰੇ ਪਿਆਰਾ, ਭਦਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਾਹ ਸੁਲਤਾਨਾਂ ਏਕਾ ਸ਼ਬਦ ਸੁਣਾਏ ਬੋਲ ਜੈਕਾਰਾ, ਵਾਲੀ ਹਿੰਦ ਆਪ ਉਠਾਈਆ । ਬਿਨ ਹਰਿ ਨਰ ਨਰਾਇਣ ਕੋਇ ਨਾ ਬੇੜਾ ਲਾਏ ਪਾਰ ਕਿਨਾਰਾ, ਕਲਜੁਗ ਨੱਯਾ ਰਿਹਾ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਣੇ ਸਾਚਾ ਸੱਯਾ, ਧਰਮ ਰਾਏ ਨਾ ਕੱਢੇ ਵਹੀਆ । ਬਾਕੀ ਲੇਖਾ ਦਏ ਮੁਕਾਈਆ । ਗੁਰਮੁਖ ਲੇਖ ਮੁਕਾਵਣਾ, ਕਰ ਕਿਰਪਾ ਆਪ ਕਰਤਾਰ । ਸਾਚੇ ਬੇੜੇ ਨਾਮ ਚੜ੍ਹਾਵਣਾ, ਆਪੇ ਲਾਏ ਪਾਰ ਕਿਨਾਰ । ਖੇਵਟ ਖੇਟਾ ਆਪ ਅਖਵਾਵਣਾ, ਸੇਵਾ ਕਰੇ ਵਿਚ ਸੰਸਾਰ । ਮਸਤਕ ਲੇਖਾ ਆਪ ਚੁਕਾਵਣਾ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਔਲੀਆ ਪੀਰ ਸ਼ੇਖ਼ ਮੁਸਾਇਕ ਮੇਟ ਮਿਟਾਵਣਾ, ਉਚੀ ਕੂਕ ਨਾ ਕਰੇ ਕੋਇ ਪੁਕਾਰ । ਸਤਿਜੁਗ ਸਾਚਾ ਰਾਹ ਚਲਾਵਣਾ, ਸਤਿ ਪੁਰਖ ਨਿਰੰਜਣ ਸਾਚੀ ਕਾਰ । ਗੁਰਮੁਖ ਰੰਗ ਰੰਗੀਲਾ ਆਪ ਰੰਗਾਵਣਾ, ਚਾਰ ਵਰਨਾਂ ਕਰ ਪਿਆਰ । ਨੌ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਕਬੀਲਾ ਇਕ ਬਣਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਵਣਾ । ਨੌ ਖੰਡ ਪ੍ਰਿਥਮੀ ਇਕ ਕਬੀਲਾ, ਘਰ ਮੰਦਰ ਇਕ ਸੁਹਾਈਆ । ਸੋਹੰ ਸ਼ਬਦ ਬਣੇ ਵਸੀਲਾ, ਦੂਈ ਦਵੈਤੀ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਮਿਲੇ ਮੇਲ ਛੈਲ ਛਬੀਲਾ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਲਏ ਉਪਜਾਈਆ । ਸਤਿਜੁਗ ਸਾਚਾ ਪਰਗਟਾਏ, ਪਰਗਟ ਆਪ ਨਿਰੰਕਾਰ । ਵਣਜ ਵਣਜਾਰਾ ਏਕਾ ਹੱਟ ਵਖਾਏ, ਪੁਰਖ ਅਬਿਨਾਸ਼ੀ ਚਰਨ ਦਵਾਰ ਲੱਖ ਚੁਰਾਸੀ ਫੜ ਉਠਾਏ, ਸੋਇਆ ਰਹੇ ਨਾ ਕੋਇ ਵਿਚ ਸੰਸਾਰ । ਸੋਹੰ ਸ਼ਬਦ ਆਪ ਪੜ੍ਹਾਏ, ਏਕਾ ਅੱਖਰ ਬੋਲ ਜੈਕਾਰ । ਘਟ ਘਟ ਮੰਦਰ ਦੀਪ ਜਗਾਏ, ਕਮਲਾਪਾਤੀ ਨੈਣ ਮੁੰਧਾਰ । ਨੈਣ ਕਵਲ ਹਰਿ ਆਪ ਮਟਕਾਏ, ਵਿਸ਼ਨੂੰ ਕਰੇ ਖੇਲ ਅਪਾਰ । ਸਾਂਗੋ ਪਾਂਗ ਸੇਜ ਆਪ ਹੰਢਾਏ, ਬਾਸ਼ਕ ਤਸ਼ਕਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਲੇਖਾ ਜਾਣੇ ਆਪਣੀ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨੂਰ ਮਹਾਨ, ਕਰੇ ਪਰਕਾਸ਼ ਦੋ ਜਹਾਨ, ਨਵ ਸਤ ਇਕ ਗਿਆਨ, ਬ੍ਰਹਮ ਮਤ ਦੇਵੇ ਦਾਨ, ਆਤਮ ਵਤ ਏਕਾ ਬੀਜ ਬਜਾਈਆ ।

❋ ੧੨ ਜੇਠ ੨੦੧੭ ਬਿਕ੍ਰਮੀ ਸੇਵਾ ਰਾਮ ਰਸੀਆ ਰਾਮ ਦੇ ਘਰ ਦਇਆ ਹੋਈ ਪਿੰਡ ਕਲੋਏ ❋

ਇਕਓਅੰਕਾਰਾ ਅਗੰਮ ਅਥਾਹ, ਅਲੱਖ ਅਗੋਚਰ ਨਾਉਂ ਧਰਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਬੇਐਬ ਪਰਵਰਦਿਗਾਰ ਜੋਤ ਜਗਾਇੰਦਾ । ਸ੍ਰੀ ਭਗਵਾਨ ਸਿਫ਼ਤ ਸਾਲਾਹ, ਮਹਿਮਾ ਅਗਣਤ ਨਾ ਕੋਇ ਗਣਾਇੰਦਾ । ਅਬਿਨਾਸ਼ੀ ਕਰਤਾ ਜਗਤ ਮਲਾਹ, ਜੁਗ ਜੁਗ ਬੇੜਾ ਮਾਤ ਚਲਾਇੰਦਾ । ਨਿਰਗੁਣ ਸਰਗੁਣ ਵੇਸ ਵਟਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਸ਼ਬਦ ਅਗੰਮੀ ਢੋਲਾ ਗਾ, ਰਾਗ ਨਾਦ ਇਕ ਵਜਾਇੰਦਾ । ਲੱਖ ਚੁਰਾਸੀ ਡੇਰਾ ਲਾ, ਘਟ ਘਟ ਆਪਣਾ ਮੰਦਰ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾ, ਤ੍ਰੈਗੁਣ ਪੱਲੇ ਗੰਢ ਬੰਧਾਇੰਦਾ । ਪੰਜ ਤਤ ਕਰ ਰੁਸ਼ਨਾ, ਜੋਤ ਨਿਰੰਜਣ ਦੀਪ ਜਗਾਇੰਦਾ । ਨੌ ਦਵਾਰੇ ਵੇਖ ਵਖਾ, ਜਗਤ ਤ੍ਰਿਸ਼ਨਾ ਵਿਚ ਭਰਾਇੰਦਾ । ਮਨ ਮਤ ਬੁੱਧ ਦਏ ਟਿਕਾ, ਰੂਪ ਅਨੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਖਲਾਇੰਦਾ । ਖੇਲਣਹਾਰਾ ਹਰਿ ਸਮਰਥ, ਆਦਿ ਜੁਗਾਦਿ ਵੱਡੀ ਵਡਿਆਈਆ । ਪੁਰਖ ਅਕਾਲ ਚਲਾਏ ਆਪਣਾ ਰਥ, ਦੀਨ ਦਿਆਲ ਸੱਚਾ ਰਥਵਾਹੀਆ । ਸਚਖੰਡ ਨਿਵਾਸੀ ਏਕਾ ਰੱਖੇ ਸਾਚੀ ਵੱਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਵਰਤਾਈਆ । ਏਕਾ ਮੰਤਰ ਨਾਮ ਦ੍ਰਿੜਾਏ ਪੂਜਾ ਪਾਠ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਇਕ ਸਰੋਵਰ ਵਖਾਏ ਤੀਰਥ ਤਾਟ, ਅੰਮ੍ਰਿਤ ਆਤਮ ਤਾਲ ਭਰਾਈਆ । ਇਕ ਵਜਾਏ ਨਗਾਰੇ ਅਨਹਦ ਸੱਟ, ਸ਼ਬਦ ਅਨਾਦੀ ਆਪ ਸੁਣਾਈਆ । ਏਕਾ ਸੋਏ ਸਾਚੀ ਖਾਟ, ਸਚ ਸਿੰਘਾਸਣ ਆਪ ਹੰਢਾਈਆ । ਏਕਾ ਜਾਣੇ ਆਪਣੀ ਵਾਟ, ਦੋ ਜਹਾਨਾਂ ਪੰਧ ਮੁਕਾਈਆ । ਏਕਾ ਖੋਲ੍ਹੇ ਚੌਦਾਂ ਹਾਟ, ਚੌਦਾਂ ਲੋਕ ਨਿਰਗੁਣ ਜੋਤ ਕਰ ਰੁਸ਼ਨਾਈਆ । ਏਕਾ ਲੇਖਾ ਜਾਣੇ ਆਨ ਬਾਟ, ਜੀਵ ਜੰਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵਡ ਵਡਿਆਈਆ । ਇਕ ਇਕੱਲਾ ਹਰਿ ਨਿਰੰਕਾਰਾ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਸਚਖੰਡ ਨਿਵਾਸੀ ਇਕ ਸੁਹਾਏ ਸਚ ਦਵਾਰਾ, ਥਿਰ ਘਰ ਸਾਚੇ ਆਸਣ ਲਾਇੰਦਾ । ਸ਼ਾਹੋ ਭੂਪ ਵਡ ਬਣ ਸਿਕਦਾਰਾ, ਰਾਜਨ ਰਾਜ ਆਪ ਅਖਵਾਇੰਦਾ । ਸਤਿ ਸਰੂਪੀ ਸਚ ਨਿਸ਼ਾਨਾ ਦਏ ਹੁਲਾਰਾ, ਦਰਗਹਿ ਸਾਚੀ ਆਪ ਝੁਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਵਿਸ਼ਨੂੰ ਵੰਸੀ ਕਰ ਉਜਿਆਰਾ, ਘਰ ਘਰ ਆਪਣਾ ਰਿਜ਼ਕ ਸਬਾਇੰਦਾ । ਬ੍ਰਹਮਾ ਆਤਮ ਅੰਤਰ ਭਰ ਭੰਡਾਰਾ, ਸ਼ਬਦ ਸ਼ਬਦੀ ਝੋਲੀ ਪਾਇੰਦਾ । ਚਾਰੇ ਵੇਦਾਂ ਬਣ ਲਿਖਾਰਾ, ਚਾਰੇ ਜੁਗ ਚਾਰੇ ਮੁਖ ਆਪ ਸਾਲਾਹਿੰਦਾ । ਸ਼ੰਕਰ ਸਾਚੇ ਘਰ ਕਰ ਪਿਆਰਾ, ਆਪ ਆਪਣੇ ਰੰਗ ਰੰਗਾਇੰਦਾ । ਏਕਾ ਬਖ਼ਸ਼ੇ ਸਾਚੀ ਕਾਰਾ, ਜੋ ਘੜਿਆ ਭੰਨ ਵਖਾਇੰਦਾ । ਤ੍ਰੈਗੁਣ ਅਤੀਤਾ ਏਕੰਕਾਰਾ, ਅਨਡੀਠਾ ਖੇਲ ਖਿਲਾਇੰਦਾ । ਲੋਕਮਾਤ ਲੈ ਅਵਤਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਗੁਰ ਗੁਰ ਰੂਪ ਵਰਤੇ ਆਪ ਕਰਤਾਰਾ, ਜੋਤੀ ਸ਼ਬਦੀ ਮੇਲ ਮਿਲਾਇੰਦਾ । ਭਗਤ ਭਗਵੰਤ ਵਖਾਏ ਇਕ ਅਖਾੜਾ, ਆਪ ਆਪਣੀ ਬੂਝ ਬੁਝਾਇੰਦਾ । ਸੰਤਾਂ ਦੇਵੇ ਸਚ ਹੁਲਾਰਾ, ਦੂਈ ਦਵੈਤੀ ਪਰਦਾ ਲਾਹਿੰਦਾ । ਗੁਰਮੁਖਾਂ ਕਰੇ ਇਕ ਪਿਆਰਾ, ਘਰ

੬੮੭ ੦੯

ਮੰਦਰ ਮੇਲ ਮਿਲਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਠੰਡਾ ਠਾਰਾ, ਭਰ ਪਿਆਲਾ ਜਾਮ ਪਿਆਇੰਦਾ । ਜੁਗਾ ਜੁਗੰਤਰ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵੇਦ ਪੁਰਾਨ ਸਰਬ ਜਸ ਗਾਇੰਦਾ । ਆਪੇ ਵਸੇ ਸਚ ਮਹੱਲ ਉਚ ਅਟੱਲ ਮੁਨਾਰਾ, ਧੁਰ ਦਰਬਾਰਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਦੋ ਜਹਾਨੀ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਏਕੰਕਾਰਾ ਕਰ ਪਸਾਰਾ, ਆਪ ਆਪਣਾ ਵੇਖ ਵਖਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਘਰ ਘਰ ਦੀਵਾ ਬਾਤੀ ਆਪ ਟਿਕਾਇੰਦਾ । ਸ੍ਰੀ ਭਗਵਾਨ ਭਰ ਭੰਡਾਰਾ, ਅਤੋਟ ਅਤੁੱਟ ਆਪਣਾ ਨਾਉਂ ਰਖਾਇੰਦਾ । ਅਬਿਨਾਸ਼ੀ ਕਰਤਾ ਬਣ ਵਰਤਾਰਾ, ਲੋਕਮਾਤ ਆਪ ਵਰਤਾਇੰਦਾ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਰਾਮ ਰੂਪ ਏਕਾ ਧਾਰਾ, ਰੰਗ ਰੇਖ ਨਾ ਕੋਈ ਜਣਾਇੰਦਾ । ਜੁਗਾ ਜੁਗੰਤਰ ਆਪ ਵਰਤੇ ਆਪਣਾ ਵਰਤਾਰਾ, ਦੂਸਰ ਸੰਗ ਨਾ ਕੋਈ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਡੇਰਾ ਲਾਇੰਦਾ । ਸਚ ਮਹੱਲਾ ਏਕੰਕਾਰ, ਸਚਖੰਡ ਦਵਾਰ ਆਪ ਸੁਹਾਈਆ । ਜਲ ਥਲ ਮਹੀਅਲ ਕਰ ਪਸਾਰ, ਆਪ ਆਪਣੀ ਰਚਨ ਰਚਾਈਆ । ਧਰਤ ਧਵਲ ਕਰ ਪਿਆਰ, ਰੂਪ ਅਨੂਪ ਸਤਿ ਸਰੂਪ ਆਪ ਵਟਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਲੱਖ ਚੁਰਾਸੀ ਵੇਖ ਵਿਚਾਰ, ਹਰਿ ਭਗਤਾਂ ਲਏ ਉਠਾਈਆ । ਏਕਾ ਦੇਵੇ ਨਾਮ ਅਧਾਰ, ਰਾਮ ਨਾਮ ਕਰੇ ਪੜ੍ਹਾਈਆ । ਲੇਖਾ ਜਾਣੇ ਕਾਇਆ ਮਾਟੀ ਨਗਰ ਗਰਾਮ, ਸਾਚਾ ਖੇੜਾ ਵੇਖ ਵਖਾਈਆ । ਅੰਮ੍ਰਿਤ ਅੰਮਿਉਂ ਰਸ ਪਿਆਏ ਸਾਚਾ ਜਾਮ, ਸਤਿਗੁਰ ਪੂਰਾ ਹੱਥ ਉਠਾਈਆ । ਸੰਤਾਂ ਕਰੇ ਪੂਰਾ ਕਾਮ, ਕਾਮ ਕਾਮਨੀ ਮੇਟ ਮਿਟਾਈਆ । ਆਸਾ ਤ੍ਰਿਸ਼ਨਾ ਮਿਟਾਏ ਅੰਧੇਰੀ ਸ਼ਾਮ, ਹਉਮੇ ਹੰਗਤਾ ਰਹਿਣ ਨਾ ਪਾਈਆ । ਸਚ ਪਰਕਾਸ਼ ਕਰੇ ਏਕਾ ਭਾਨ, ਭਗਵਨ ਭਗਤਨ ਹੋਏ ਸਹਾਈਆ । ਏਕਾ ਬਖ਼ਸ਼ੇ ਦਾਨੀ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਚਰਨ ਦਵਾਰੇ ਬਖ਼ਸ਼ੇ ਮਾਣ, ਜਗਤ ਅਭਿਮਾਨਾ ਦਏ ਮਿਟਾਈਆ । ਇਕ ਵਖਾਏ ਸਚ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਈਆ । ਲੋਕਮਾਤ ਹੋ ਪਰਧਾਨ, ਜੁਗ ਜੁਗ ਆਪਣੀ ਰਚਨ ਰਚਾਈਆ । ਸਤਿਜੁਗ ਸਾਚਾ ਕਰ ਪਰਵਾਨ, ਆਪ ਆਪਣੇ ਵਿਚ ਟਿਕਾਈਆ । ਤ੍ਰੇਤਾ ਲੇਖਾ ਜਾਣੇ ਸੀਆ ਰਾਮ, ਰਾਵਣ ਲੰਕਾ ਗੜ੍ਹ ਤੁੜਾਈਆ । ਦੁਆਪਰ ਦੋਏ ਜੋੜ ਕਰੇ ਪਰਨਾਮ, ਕਾਹਨਾ ਬੰਸਰੀ ਏਕਾ ਨਾਮ ਵਜਾਈਆ । ਕਲਜੁਗ ਅੰਤਮ ਪਰਗਟ ਹੋਏ ਵਾਲੀ ਦੋ ਜਹਾਨ, ਨਿਰਗੁਣ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਕਰਨਹਾਰ, ਆਦਿ ਜੁਗਾਦੀ ਇਕ ਅਵਤਾਰ, ਭਗਤ ਭਗਵੰਤ ਪਾਏ ਸਾਰ, ਸਾਚੇ ਸੰਤਨ ਦੇਵੇ ਨਾਮ ਆਧਾਰ, ਗੁਰਮੁਖ ਸੱਜਣ ਲਾਏ ਪਾਰ, ਗੁਰਸਿਖ ਸਾਚੇ ਮੇਲ ਮਿਲਾਈਆ । ਕਲਜੁਗ ਅੰਤਮ ਖੇਲ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਵਣਾ । ਆਦਿ ਜੁਗਾਦੀ ਇਕ ਇਕੱਲੜਾ, ਰੂਪ ਅਨੂਪ ਆਪ ਵਟਾਵਣਾ । ਸਚਖੰਡ ਦਵਾਰ ਸੁਹਾਏ ਸਚ ਮਹੱਲੜਾ, ਥਿਰ ਘਰ ਸਾਚੇ ਡੇਰਾ ਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਵੇਸ ਵਟਾਵਣਾ, ਲੋਕਮਾਤ ਵੇਸ ਅਪਾਰਾ, ਹਰਿ ਪੁਰਖ ਨਿਰੰਜਣ ਆਪ ਕਰਾਈਆ । ਨਿਰਗੁਣ ਰੂਪ ਅਗੰਮ ਅਪਾਰਾ, ਜੋਤੀ ਬਾਤੀ ਆਪ ਜਗਾਈਆ । ਸਰਗੁਣ ਕਰੇ ਸਚ ਪਿਆਰਾ, ਘਰ ਘਰ ਵਿਚ

ਮੇਲ ਮਿਲਾਈਆ । ਮੇਟ ਮਿਟਾਏ ਅੰਧ ਅੰਧਿਆਰਾ, ਧੂਆਂਧਾਰ ਨਾ ਕੋਇ ਵਖਾਈਆ । ਸੁੰਨ ਅਗੰਮੀ ਪਾਰ ਕਿਨਾਰਾ, ਆਪਣਾ ਪੰਧ ਆਪ ਚੁਕਾਈਆ । ਇਕ ਵਸਾਏ ਸਚ ਦਵਾਰਾ, ਘਰ ਘਰ ਵਿਚ ਕਰ ਰੁਸ਼ਨਾਈਆ । ਸਤਿਗੁਰ ਖੇਲ ਅਪਰ ਅਪਾਰਾ, ਗੁਰ ਗੁਰ ਆਪਣਾ ਨਾਉਂ ਵਟਾਈਆ । ਦੋਹਾਂ ਵਿਚੋਲਾ ਬਣੇ ਆਪ ਨਿਰੰਕਾਰਾ, ਸ਼ਬਦੀ ਆਪਣਾ ਨਾਉਂ ਧਰਾਈਆ । ਸ਼ਬਦ ਸਰੂਪੀ ਬੋਲ ਜੈਕਾਰਾ, ਹਰਿ ਹਰਿ ਨਾਉਂ ਲਏ ਪਰਗਟਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਹਕਲੰਕਾ ਆਪਣਾ ਨਾਉਂ ਰਖਾਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਜਲਵਾ ਨੂਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ, ਆਪ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਆਪ ਬਰਸਾਈਆ । ਕਲਜੁਗ ਅੰਤਮ ਲੱਗੀ ਅੱਗ, ਚਾਰ ਕੁੰਟ ਕੁਰਲਾਇੰਦਾ । ਕੋਈ ਨਾ ਦੇਵੇ ਧੀਰਜ ਜਤ, ਸਤਿ ਸੰਤੋਖ ਮੁਖ ਭਵਾਇੰਦਾ । ਸ਼ਾਹਾਂ ਪਾਤਸ਼ਾਹਾਂ ਲੱਥੀ ਪਤ, ਰਾਜ ਰਾਜਾਨ ਕੋਇ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਉਬਲੀ ਰੱਤ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਕਲਜੁਗ ਅੰਤਮ ਕੂਕ ਪੁਕਾਰ, ਜੀਵ ਜੰਤ ਰਿਹਾ ਕੁਰਲਾਈਆ । ਨੌ ਖੰਡ ਪ੍ਰਿਥਮੀ ਹਾਹਾਕਾਰ, ਸੱਤ ਦੀਪ ਦੇਣ ਦੁਹਾਈਆ । ਵਰਨਾਂ ਬਰਨਾਂ ਕੋਇ ਨਾ ਕਰੇ ਸਚ ਪਿਆਰ, ਸਾਚੀ ਸਰਨ ਨਾ ਕੋਇ ਰਖਾਈਆ । ਹਰਨਾਂ ਫਰਨਾਂ ਨੇਤਰ ਖੁਲ੍ਹੇ ਨਾ ਬੰਦ ਕਿਵਾੜ, ਸਾਧ ਸੰਤ ਬੈਠੇ ਤਾੜੀਆਂ ਲਾਈਆ । ਘਰ ਘਰ ਅਗਨੀ ਲੱਗੀ ਹਾੜ, ਪੰਜ ਤਤ ਰਹੀ ਜਲਾਈਆ । ਉਬਲੇ ਰੱਤ ਬਹੱਤਰ ਨਾੜ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜੂਠ ਝੂਠ ਬਣਾਇਆ ਇਕ ਅਖਾੜ, ਸਚ ਸੁੱਚ ਨਾ ਕੋਇ ਵਖਾਈਆ । ਏਕਾ ਭੁੱਲਿਆ ਹਰਿ ਕਰਤਾਰ, ਰਸਨਾ ਜਿਹਵਾ ਕੋਇ ਨਾ ਗਾਈਆ । ਕਲਜੁਗ ਕੂਕ ਕਰੇ ਪਿਆਰ, ਚਾਰੇ ਕੁੰਟਾਂ ਰਿਹਾ ਸੁਣਾਈਆ । ਚੌਦਾਂ ਤਬਕਾਂ ਦਿਆਂ ਹੁਲਾਰ, ਸੰਗ ਮੁਹੰਮਦ ਦਏ ਗਵਾਹੀਆ । ਚੌਦਾਂ ਲੋਕਾਂ ਬਣਾਵਾਂ ਇਕ ਅਖਾੜ, ਨੌ ਖੰਡ ਪ੍ਰਿਥਮੀ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਈਆ । ਕਲਜੁਗ ਕੂੜਾ ਵਡ ਬਲਵਾਨ, ਝੂਠ ਸ਼ਸਤਰ ਹੱਥ ਉਠਾਇੰਦਾ । ਚਾਰੋਂ ਕੁੰਟ ਕਰੇ ਵੈਰਾਨ, ਗੜ੍ਹ ਬੰਕ ਨਾ ਕੋਇ ਸੁਹਾਇੰਦਾ । ਲੇਖਾ ਤੋੜੇ ਅੰਜੀਲ ਕੁਰਾਨ, ਸਚ ਈਮਾਨ ਨਾ ਕੋਇ ਧਰਾਇੰਦਾ । ਨਾਲ ਰਲਾਏ ਪੰਜ ਸ਼ੈਤਾਨ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਘਰ ਘਰ ਗਲ ਗਲ ਤਸਬੀ ਪਾਏ ਬੇਈਮਾਨ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਅੱਲਾ ਰਾਣੀ ਨੈਣ ਸ਼ਰਮਾਣ, ਵੇਲਾ ਅੰਤਮ ਆਇੰਦਾ । ਚਾਰ ਯਾਰ ਰੋਣ ਕੁਰਲਾਣ, ਪੀਰ ਦਸਤਗੀਰ ਨਾ ਕੋਇ ਮਿਲਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਪੰਡਤ ਪਾਂਧਾ ਨਾ ਦੇਵੇ ਕੋਇ ਗਿਆਨ, ਸਾਚਾ ਮੰਤਰ ਨਾ ਕੋਇ ਦ੍ਰਿੜਾਇੰਦਾ । ਅਠਸਠ ਤੀਰਥ ਨਹਾਵਣ ਨਹਾਣ, ਦੁਰਮਤ ਮੈਲ ਨਾ ਕੋਇ ਕਟਾਇੰਦਾ । ਮੰਦਰ ਬਹਿ ਬਹਿ ਏਕਾ ਗਾਣ, ਕਾਇਆ ਮੰਦਰ ਨਾ ਕੋਇ ਵਸਾਇੰਦਾ । ਠਾਕਰ ਪੂਜਾ ਕਰਨ ਭਗਵਾਨ, ਭਗਵਨ ਹੱਥ ਨਾ ਕਿਸੇ ਆਇੰਦਾ । ਜੂਠੀ ਝੂਠੀ ਖੋਲ੍ਹ ਦੁਕਾਨ, ਮਾਇਆ ਰਾਣੀ ਨਾਲ ਪਰਨਾਇੰਦਾ । ਕਲਜੁਗ ਵੇਖੇ ਮਾਰ ਧਿਆਨ, ਆਪ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਮੇਟੇ ਕੂੜ ਪਸਾਰਾ, ਪਰਗਟ ਹੋਏ ਵਿਚ ਸੰਸਾਰਾ, ਸਤਿਜੁਗ ਤ੍ਰੇਤਾ ਦੁਆਪਰ ਪਾਰ ਉਤਾਰਾ, ਕਲਜੁਗ ਅੰਤਮ ਵਾਰੀ ਆਈਆ । ਕਲਜੁਗ ਤੇਰਾ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ

ਛਾਇਆ । ਦੀਨਾਂ ਅਨਾਥਾਂ ਕੋਇ ਨਾ ਸੁਣੇ ਪੁਕਾਰ, ਦਰਦ ਦੁੱਖ ਨਾ ਕੋਇ ਵੰਡਾਇਆ । ਗ਼ਰੀਬ ਨਿਮਾਣੇ ਧਾਹਾਂ ਰਹੇ ਮਾਰ, ਬਾਲ ਬਿਰਧ ਜਵਾਨ ਉਚੀ ਕੂਕਣ ਦੇਣ ਦੁਹਾਇਆ । ਨੇਤਰ ਰੋਵੇ ਨਰ ਨਾਰ, ਜ਼ਾਰੋ ਜ਼ਾਰ ਨੀਰ ਵਹਾਇਆ । ਜੂਠੇ ਝੂਠੇ ਹੋਏ ਸਿਕਦਾਰ, ਸਾਚਾ ਅਦਲ ਨਾ ਕੋਇ ਕਮਾਇਆ । ਚਾਰੋਂ ਕੁੰਟ ਹੋਏ ਵਿਭਚਾਰ, ਕਾਮ ਕਰੋਧ ਲੋਭ ਮੋਹ ਹਲਕਾਇਆ । ਹੰਕਾਰ ਆਪਣਾ ਗੜ੍ਹ ਕਰ ਤਿਆਰ, ਕਾਇਆ ਮੰਦਰ ਅੰਦਰ ਡੇਰਾ ਲਾਇਆ । ਪੁਰਖ ਅਬਿਨਾਸ਼ੀ ਪਾਵਣਹਾਰਾ ਸਾਰ, ਲੱਖ ਚੁਰਾਸੀ ਵੇਖ ਵਖਾਇਆ । ਸਾਧ ਸੰਤ ਕਰਨ ਪੁਕਾਰ, ਹਰਿ ਕਾ ਪੌੜਾ ਦਿਸ ਨਾ ਆਇਆ । ਅੰਤਮ ਡਿੱਗੇ ਮੂੰਹ ਦੇ ਭਾਰ, ਫੜ ਬਾਹੋਂ ਨਾ ਕੋਇ ਉਠਾਇਆ । ਕਲਜੁਗ ਪਾਏ ਗਲ ਵਿਚ ਹਾਰ, ਆਪ ਆਪਣੇ ਅੰਗ ਲਗਾਇਆ । ਚਾਰੋਂ ਕੁੰਟ ਝੂਠ ਸ਼ਿੰਗਾਰ, ਤਨ ਵੇਸਵਾ ਰੂਪ ਵਟਾਇਆ । ਮਿਲੇ ਮੇਲ ਨਾ ਹਰਿ ਨਿਰੰਕਾਰ, ਨੇਤਰ ਨੈਣ ਦਰਸ ਕਿਸੇ ਨਾ ਪਾਇਆ । ਘਰ ਮੰਦਰ ਨਾ ਜੋਤ ਉਜਿਆਰ, ਹਵਨ ਧੂਪ ਦੀਪ ਨਾ ਕਿਸੇ ਵਖਾਇਆ । ਘਰ ਕੰਤ ਨਾ ਕੋਇ ਪਿਆਰ, ਨਾਰ ਦੁਹਾਗਣ ਸਰਬ ਕੁਰਲਾਇਆ । ਰੁੱਤ ਬਸੰਤ ਨਾ ਖਿੜੀ ਗੁਲਜ਼ਾਰ, ਪਤ ਡਾਲ੍ਹੀ ਨਾ ਕੋਇ ਮਹਿਕਾਇਆ । ਭਵਰਾ ਗੂੰਜੇ ਨਾ ਸਿਰਜਣਹਾਰ, ਸਚ ਸੁਗੰਧੀ ਨਾ ਵੇਖ ਵਖਾਇਆ । ਮਨਮੁਖ ਜੀਵ ਆਪਣਾ ਜਨਮ ਗਏ ਹਾਰ, ਜਮ ਕਾ ਜੇੜਾ ਨਾ ਕਿਸੇ ਕਟਾਇਆ । ਕਲਜੁਗ ਆਈ ਅੰਤਮ ਵਾਰ, ਨਵ ਸਤ ਸਤ ਨਵ ਹਰਿ ਹਰਿ ਵੇਖ ਵਖਾਇਆ । ਬ੍ਰਹਮ ਮਤ ਪ੍ਰਭ ਪਾਵੇ ਸਾਰ, ਤਤਵ ਤਤ ਇਕ ਬੁਝਾਇਆ । ਗਤਮਿਤ ਜਾਣੇ ਨਰ ਨਾਰ, ਨਰ ਨਰਾਇਣ ਆਪਣਾ ਨਾਉਂ ਰਖਾਇਆ । ਰਥ ਚਲਾਏ ਸਰਬ ਸੰਸਾਰ, ਜੁਗ ਜੁਗ ਆਪਣਾ ਨਾਉਂ ਵਟਾਇਆ । ਮਹਿਮਾ ਅਕਥ ਬੋਲ ਜੈਕਾਰ, ਸਾਚਾ ਨਾਅਰਾ ਏਕਾ ਲਾਇਆ । ਸਾਢੇ ਤਿੰਨ ਤਿੰਨ ਹੱਥ ਰਿਹਾ ਵਿਚਾਰ, ਧਰਤ ਧਵਲ ਧਰਨੀ ਤੇਰੀ ਵੰਡ ਵੰਡਾਇਆ । ਜੋ ਦੀਸੇ ਸੋ ਜਾਏ ਢੱਠ ਅੰਤਮ ਵਾਰ, ਭੱਠ ਖੇੜਾ ਆਪ ਕਰਾਇਆ । ਉਲਟੀ ਗੇੜੇ ਲੱਠ ਆਪ ਨਿਰੰਕਾਰ, ਜੁਗ ਚੌਥਾ ਵੇਖ ਵਖਾਇਆ । ਅਥਰਬਣ ਆਏ ਹਰਿ ਦਵਾਰ, ਗਲ ਪੱਲੂ ਏਕਾ ਪਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਨਾਤਾ ਦੇ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਵਰ, ਸਾਚਾ ਸ਼ਬਦ ਆਪ ਜਣਾਇਆ । ਅਥਰਬਣ ਸੁਣੀ ਹਰਿ ਪੁਕਾਰ, ਏਕਾ ਹੁਕਮ ਜਣਾਇਆ । ਬ੍ਰਹਮੇ ਸੱਦੇ ਵਿਚ ਦਰਬਾਰ, ਸਚ ਦਰਬਾਰਾ ਆਪ ਲਗਾਇਆ । ਤੇਰੀ ਚੌਕੜੀ ਹੋਇਆ ਪਾਰ ਕਿਨਾਰ, ਤੇਰਾ ਜੁਗ ਸਰਨਾਈ ਆਇਆ । ਔਧ ਗਈ ਪੁਗ ਵਿਚ ਸੰਸਾਰ, ਜਗਤ ਚੋਗ ਨਾ ਕੋਇ ਵਖਾਇਆ । ਖ਼ਾਲਕ ਖ਼ਲਕ ਸੁਣੇ ਪੁਕਾਰ, ਮਖ਼ਲੂਕ ਵੇਖੇ ਸਹਿਜ ਸੁਭਾਇਆ । ਆਫ਼ਤਾਬ ਤਲੂਹ ਨਾ ਹੋਏ ਆਪਣੀ ਧਾਰ, ਨਬੀ ਨੂਹ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਮੁਕਾਇਆ । ਕਲਜੁਗ ਸੂਰਾ ਸੂਰਬੀਰ ਸਰਬੰਗ, ਬਲ ਆਪਣਾ ਆਪ ਵਖਾਈਆ । ਸ੍ਰਿਸ਼ਟ ਸਬਾਈ ਵਜਾਏ ਮਰਦੰਗ, ਸਾਚਾ ਡੌਰੂ ਹੱਥ ਉਠਾਈਆ । ਰਾਜ ਰਾਜਾਨਾਂ ਕਰੇ ਨੰਗ, ਸੀਸ ਤਾਜ ਨਾ ਕੋਇ ਟਿਕਾਈਆ । ਲੇਖਾ ਜਾਣੇ ਗੋਦਾਵਰੀ ਗੰਗ, ਜਮਨਾ ਸੁਰਸਤੀ ਅਠਸਠ ਤੀਰਥ ਫੇਰਾ ਪਾਈਆ । ਗੁਰਦਰ ਮੰਦਰ ਮਸਜਿਦ ਆਪਣੀ ਭਿਖਿਆ ਰਿਹਾ ਮੰਗ, ਦਰ ਦਰਵੇਸ਼ਾ ਆਪ ਅਖਵਾਈਆ । ਨੌਂ ਦਵਾਰੇ ਆਪੇ ਲੰਘ, ਨਵ ਨਵ ਖੋਜ ਖੁਜਾਈਆ । ਰਸਨ ਆਹਾਰ ਕਰਾਇਆ ਮਦਿਰਾ ਮਾਸ ਗੰਦ, ਬੱਤੀ ਦੰਦ ਹਰਿ ਕਾ ਨਾਮ ਨਾ ਕੋਇ ਸਾਲਾਹੀਆ । ਜੋਤ ਨਿਰੰਜਣ ਚੜ੍ਹੇ ਨਾ ਚੰਦ, ਅੰਧ ਅੰਧੇਰੇ ਸੁੱਤੀ ਸਰਬ ਲੋਕਾਈਆ । ਭਰਮਾਂ

੬੯੦

ਢਾਏ ਨਾ ਕੋਇ ਕੰਧ, ਦੂਜਾ ਪਰਦਾ ਨਾ ਕੋਇ ਉਠਾਈਆ । ਕਿਸੇ ਹੱਥ ਨਾ ਆਏ ਪਰਮਾਨੰਦ, ਨਿਜ ਆਤਮ ਗਏ ਗਵਾਈਆ । ਘਰ ਸੁਣੇ ਨਾ ਸਾਚਾ ਛੰਦ, ਅਨਹਦ ਸ਼ਬਦ ਨਾ ਕੋਇ ਸੁਣਾਈਆ । ਖੁਸ਼ੀ ਹੋਏ ਨਾ ਬੰਦ ਬੰਦ, ਤ੍ਰੈਗੁਣ ਮਾਇਆ ਬੰਧਨ ਪਾਈਆ । ਮਨ ਇਛਿਆ ਨਾ ਕਰੇ ਕੋਇ ਖੰਡ ਖੰਡ, ਮਨਮਤ ਨਾ ਕੋਇ ਸਮਝਾਈਆ । ਬ੍ਰਹਮ ਮਤ ਨਾ ਵੰਡੇ ਵੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਜੁਗ ਜੁਗ ਆਪਨਾ ਖੇਲ ਆਪ ਕਰਾਈਆ । ਕਲਜੁਗ ਕੂੜਾ ਰਾਜਾ, ਚਾਰ ਕੁੰਟ ਅਖਵਾਇੰਦਾ । ਦਹਿ ਦਿਸ਼ਾ ਫਿਰੇ ਭਾਜਾ, ਆਪ ਆਪਨਾ ਵੇਖ ਵਖਾਇੰਦਾ । ਲੱਖ ਚੁਰਾਸੀ ਰਚਿਆ ਕਾਜਾ, ਸਾਚਾ ਸਗਨ ਮਨਾਇੰਦਾ । ਰਾਏ ਧਰਮ ਮਾਰੇ ਵਾਜਾਂ, ਸੁਤਿਆਂ ਆਪ ਉਠਾਇੰਦਾ । ਲਾੜੀ ਮੌਤ ਦੇਵੇ ਦਾਜਾ, ਸਾਚੀ ਵਸਤ ਹੱਥ ਉਠਾਇੰਦਾ । ਨਾਤਾ ਤੋੜੇ ਸੰਤਾਂ ਸਾਧਾਂ, ਸਾਚਾ ਸੰਤ ਨਾ ਕੋਇ ਵਖਾਇੰਦਾ । ਮਿਲੇ ਮੇਲ ਨਾ ਕ੍ਰਿਸ਼ਨ ਰਾਧਾ, ਸਚ ਸਵਾਮੀ ਨਾ ਕੋਇ ਮਨਾਇੰਦਾ । ਸੀਤਾ ਰਾਮ ਨਾ ਮਾਧਵ ਮਾਧਾ, ਸੁਰਤੀ ਸੀਤਾ ਸ਼ਬਦ ਨਾ ਕੋਇ ਪਰਨਾਇੰਦਾ । ਖਾਣੀ ਬਾਣੀ ਸ਼ਬਦ ਨਾ ਜਾਣੇ ਬੋਧ ਅਗਾਧਾ, ਪੜ੍ਹ ਪੜ੍ਹ ਰਸਨ ਵਿਵਾਦ ਵਧਾਇੰਦਾ । ਘਰ ਘਰ ਵਜਾਏ ਨਾ ਕੋਇ ਨਾਦਾ, ਧੁਨ ਆਤਮਕ ਨਾ ਕੋਇ ਸੁਣਾਇੰਦਾ । ਅੰਮ੍ਰਿਤ ਭੋਜਨ ਕਿਸੇ ਨਾ ਖ਼ਾਧਾ, ਜੂਠ ਝੂਠ ਮੁਖ ਵਖਾਇੰਦਾ । ਨਜ਼ਰ ਨਾ ਆਇਆ ਮੱਕਾ ਕਾਅਬਾ, ਸਾਚਾ ਹਾਜੀ ਹੱਜ ਨਾ ਕੋਇ ਕਰਾਇੰਦਾ । ਕਲਜੁਗ ਉਠ ਉਠ ਵੇਖੇ ਸ਼ਾਹ ਨਵਾਬਾ, ਚਰਨ ਰਕਾਬਾ ਆਪ ਟਿਕਾਇੰਦਾ । ਸੱਤਾਂ ਦੀਪਾਂ ਫਿਰੇ ਭਾਜਾ, ਦਿਵਸ ਰੈਣ ਰੈਣ ਦਿਵਸ ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪ ਮੁਕਾਇੰਦਾ । ਕਲਜੁਗ ਤੇਰਾ ਸਾਜਨ ਸਾਜ਼, ਚੌਥੇ ਜੁਗ ਕਰੀ ਕੁੜਮਾਈਆ । ਤੇਰੀ ਸੁਰਤੀ ਰਹੀ ਬਾਂਝ, ਸਾਚਾ ਸੁੱਤ ਨਾ ਕੋਇ ਵਖਾਈਆ । ਤੇਰੇ ਨੇਤਰ ਨੀਰ ਅੰਝੂ ਆਂਝ, ਅੱਖ ਪਰਤੱਖ ਵੇਖ ਵਖਾਈਆ । ਤੇਰਾ ਨਾਤਾ ਤੁੱਟੇ ਜਗਤ ਸਾਂਝ, ਸਤਿਗੁਰ ਪੂਰਾ ਦਏ ਤੁੜਾਈਆ । ਅੰਤਮ ਕਲ ਪਰਗਟ ਹੋਏ ਦੇਸ ਮਾਝ, ਨਿਹਕਲੰਕ ਨਾਉਂ ਰਖਾਈਆ । ਸਤਿਜੁਗ ਸਾਚੇ ਸਾਚਾ ਬਖ਼ਸ਼ੇ ਰਾਜ, ਸਚ ਸੁੱਚ ਦਏ ਵਡਿਆਈਆ । ਸਤਿ ਧਰਮ ਦਾ ਸੀਸ ਰਖਾਏ ਤਾਜ, ਧੀਰਜ ਜਤ ਇਕ ਵਖਾਈਆ । ਜਨ ਭਗਤਾਂ ਸੰਤਾਂ ਰੱਖੇ ਲਾਜ, ਜੋ ਹਰਿ ਹਰਿ ਰਸਨਾ ਗਾਈਆ । ਪਿਛਲਾ ਲੱਗਾ ਧੋਵੇ ਦਾਗ਼, ਅੱਗੇ ਨਿਰਮਲ ਆਪ ਕਰਾਈਆ । ਚਰਨ ਧੂੜ ਕਰਾਏ ਮਜਨ ਮਾਘ, ਦੁਰਮਤ ਮੈਲ ਰਹਿਣ ਨਾ ਪਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਸਾਚੀ ਮਾਣਕ ਮੋਤੀ ਚੋਗ ਚੁਗਾਈਆ । ਘਰ ਘਰ ਦੀਪਕ ਜੋਤ ਜਗੇ ਚਿਰਾਗ, ਅਨਹਦ ਸ਼ਬਦ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਆਪਨੇ ਹੱਥ ਪਕੜੇ ਵਾਗ, ਚਾਰੋਂ ਕੁੰਟ ਆਪ ਫਿਰਾਈਆ । ਸਤਿ ਸਤਿਵਾਦੀ ਚਲਾਏ ਇਕ ਜਹਾਜ਼, ਚਾਰੇ ਵਰਨਾਂ ਲਏ ਚੜ੍ਹਾਈਆ । ਅਠਾਰਾਂ ਬਰਨ ਨਾ ਕਰਨ ਨਾਚ, ਸਵਾਂਗੀ ਸਾਂਗ ਨਾ ਕੋਇ ਵਖਾਈਆ । ਲੇਖਾ ਜਾਣੇ ਕਾਇਆ ਮਾਟੀ ਕਾਚ, ਘਰ ਸਚ ਸੁੱਚ ਦਏ ਵਖਾਈਆ । ਤ੍ਰੈਗੁਣ ਲੱਗੀ ਬੁਝਾਏ ਆਂਚ, ਸੀਤਲ ਧਾਰ ਆਪਨੀ ਆਪ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਤਿਜੁਗ ਸਾਚੇ ਦਏ ਵਡਿਆਈਆ । ਸਤਿਜੁਗ ਸਾਚਾ ਲਾਵਣਾ, ਕਲਜੁਗ ਤੇਰੀ ਅੰਤਮ ਵਾਰ । ਬਲ ਬਾਵਨ ਭੇਖ ਵਟਾਵਣਾ, ਨਿਰਗੁਣ ਰੂਪ ਅਗੰਮ ਅਪਾਰ । ਕਲਜੁਗ ਹੰਕਾਰੀ ਮਾਰੇ ਰਾਵਣਾ, ਸ਼ਬਦ ਖੰਡਾ ਤੇਜ਼ ਕਟਾਰ । ਜੂਠ ਝੂਠ ਕੰਸਾ ਪਕੜ ਗਿਰਾਵਣਾ, ਕ੍ਰਿਸ਼ਨਾ ਕਾਹਨਾ ਹੋ ਉਜਿਆਰ । ਤੇਰਾ ਕੂੜਾ ਪੰਧ ਮੁਕਾਵਣਾ, ਮਿਟੇ ਰੈਣ ਅੰਧੇਰੀ ਧੁਆਂਧਾਰ । ਸਤਿਜੁਗ ਸਾਚਾ

ਚੰਨ ਚੜ੍ਹਾਵਣਾ, ਜਗੇ ਜੋਤ ਇਕ ਨਿਰੰਕਾਰ । ਚਾਰ ਵਰਨਾਂ ਏਕਾ ਰੰਗ ਰੰਗਾਵਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰਨ ਪਿਆਰ । ਸਿਖ ਈਸਾਈ ਹਿੰਦੂ ਮੁਸਲਮ ਏਕਾ ਧਾਮ ਬਹਾਵਣਾ, ਇਕ ਵਖਾਏ ਮੰਦਰ ਮਸਜਿਦ ਗੁਰੂਦਵਾਰ । ਏਕਾ ਰਾਮ ਨਾਮ ਦਰਸ ਕਰਾਵਣਾ, ਮਿਟੇ ਹਰਸ ਸਰਬ ਸੰਸਾਰ । ਪਾਰਬ੍ਰਹਮ ਪ੍ਰਭ ਤਰਸ ਕਮਾਵਣਾ, ਬ੍ਰਹਮ ਮੇਲੇ ਕਿਰਪਾ ਧਾਰ । ਏਕ ਅੱਖਰ ਜਾਪ ਜਪਾਵਣਾ, ਸੋ ਪੁਰਖ ਨਿਰੰਜਣ ਨਿਰਾਕਾਰ । ਹੰ ਹੰਗਤਾ ਮੇਟ ਮਿਟਾਵਣਾ, ਸਾਚੀ ਸੰਗਤਾਂ ਬਖ਼ਸ਼ੇ ਇਕ ਆਧਾਰ । ਕਾਇਆ ਚੋਲਾ ਰੰਗ ਰੰਗਾਵਣਾ, ਉਤਰ ਨਾ ਜਾਏ ਦੂਜੀ ਵਾਰ । ਭਾਂਡਾ ਭਰਮ ਭੌ ਭੰਨਾਵਣਾ, ਸ਼ਬਦ ਹਥੌੜਾ ਏਕਾ ਮਾਰ । ਸੋਹੰ ਸੋ ਸਾਚਾ ਜਾਪ ਜਪਾਵਣਾ, ਜਾਗਰਤ ਜੋਤ ਹੋਏ ਉਜਿਆਰ । ਘਰ ਘਰ ਮੰਗਲ ਏਕਾ ਗਾਵਣਾ, ਏਕਾ ਰੰਗ ਰੰਗਾਏ ਨਰ ਨਾਰ । ਸਤਿ ਸਤਿਵਾਦੀ ਖੇਲ ਖਿਲਾਵਣਾ, ਬ੍ਰਹਮ ਬ੍ਰਹਿਮਾਦੀ ਕਰੇ ਵਿਚਾਰ । ਆਦਿ ਜੁਗਾਦੀ ਰੂਪ ਵਟਾਵਣਾ, ਜੁਗਾ ਜੁਗੰਤਰ ਸਾਚੀ ਕਾਰ । ਜਨ ਭਗਤਾਂ ਮੇਲ ਮਿਲਾਵਣਾ, ਸੰਤਨ ਖੋਲ੍ਹੇ ਬੰਦ ਕਿਵਾੜ । ਗੁਰਮੁਖਾਂ ਅੰਮ੍ਰਿਤ ਜਾਮ ਪਿਆਵਣਾ, ਗੁਰਸਿਖਾਂ ਤ੍ਰਿਸ਼ਨਾ ਦਏ ਨਿਵਾਰ । ਧੁਰ ਦਾ ਲੇਖਾ ਆਪ ਸਮਝਾਵਣਾ, ਥਿਰ ਰਹੇ ਨਾ ਕੋਈ ਵਿਚ ਸੰਸਾਰ । ਗ਼ਰੀਬ ਨਿਮਾਣੇ ਗਲੇ ਲਗਾਵਣਾ, ਸ਼ਾਹ ਸੁਲਤਾਨਾ ਕਰ ਖਵਾਰ । ਸ੍ਰਿਸ਼ਟ ਸਬਾਈ ਤੇਰਾ ਮਾਰਗ ਇਕ ਵਿਖਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਭਗਵਨ ਆਦਿ ਜੁਗਾਦੀ ਜਾਏ ਤਾਰ ।


੬੯੨

### ❋ ੧੨ ਜੇਠ ੨੦੧੭ ਬਿਕ੍ਰਮੀ ਸਰਦਾਰਾ ਸਿੰਘ ਫ਼ਕੀਰ ਸਿੰਘ ਦੇ ਘਰ ਪਿੰਡ ਸੀੜ ਜ਼ਿਲਾ ਜੰਮੂ ❋

੦੯ ਸਤਿ ਪੁਰਖ ਨਿਰੰਜਣ ਸਰਬ ਗੁਣਵੰਤ, ਆਦਿ ਜੁਗਾਦਿ ਸਮਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਅੰਤ, ਬੇਪਰਵਾਹ ਏਕਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਮਹਿਮਾ ਅਗਣਤ, ਭੇਵ ਅਭੇਦ ਨਾ ਕੋਈ ਪਾਇੰਦਾ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਆਪਣੀ ਖੇਲ ਖਿਲਾਇੰਦਾ । ਏਕੰਕਾਰਾ ਹਰਿ ਨਿਰੰਕਾਰ, ਦਰ ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਹੋ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ, ਜਲਵਾ ਨੂਰ ਨੂਰ ਉਪਜਾਈਆ । ਸ੍ਰੀ ਭਗਵਾਨ ਏਕਾ ਵਸੇ ਸਚਖੰਡ ਸੱਚੇ ਦਵਾਰ, ਥਿਰ ਘਰ ਆਪਣਾ ਆਸਣ ਲਾਈਆ । ਪਾਰਬ੍ਰਹਮ ਪ੍ਰਭ ਜਾਏ ਆਪਣੀ ਧਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਆਪ ਅਖਵਾਈਆ । ਸੋ ਪੁਰਖ ਨਿਰੰਜਣ ਅਕਲ ਕਲ ਧਾਰੀ, ਰੂਪ ਅਨੂਪ ਰੇਖ ਰੰਗ ਨਾ ਕੋਈ ਜਣਾਇੰਦਾ । ਹਰਿ ਪੁਰਖ ਨਿਰੰਜਣ ਖੇਲ ਅਪਾਰੀ, ਇਕ ਇਕੱਲਾ ਆਪ ਕਰਾਇੰਦਾ । ਏਕੰਕਾਰਾ ਸਹਿਜ ਸਿਕਦਾਰੀ, ਦਰਗਹਿ ਸਾਚੀ ਆਪ ਕਮਾਇੰਦਾ । ਆਦਿ ਨਿਰੰਜਣ ਨਿਰਗੁਣ ਰੂਪ ਅਗੰਮ ਅਪਾਰੀ, ਆਪ ਆਪਣਾ ਆਪ ਪ੍ਰਗਟਾਇੰਦਾ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਰਾਜਨ ਰਾਜ ਏਕਾ ਵਸੇ ਉਚ ਮਹੱਲ ਅਟੱਲ ਮੁਨਾਰੀ, ਤਖ਼ਤ ਤਾਜ ਆਪ ਸੁਹਾਇੰਦਾ । ਸ੍ਰੀ ਭਗਵਾਨ ਆਪ ਉਠਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨ, ਨਿਰਗੁਣ ਖੇਲ ਕਰੇ ਮਹਾਨ, ਖੇਲ ਅਵੱਲੜੀ ਆਪ ਕਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੀ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵਾਨਾ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਵਸੇ ਸਚ ਮਕਾਨਾ, ਛੱਪਰ ਛੰਨ ਨਾ ਕੋਈ ਛੁਹਾਈਆ । ਏਕੰਕਾਰਾ ਗੁਣ ਨਿਧਾਨਾ, ਗੁਣ ਅਵਗੁਣ ਨਾ ਕੋਈ ਜਣਾਈਆ । ਆਦਿ ਨਿਰੰਜਣ ਆਪਣੀ ਕਲ ਆਪ ਵਰਤਾਨਾ, ਦੂਸਰ ਸੰਗ ਨਾ ਕੋਈ ਰਖਾਈਆ । ਸ੍ਰੀ ਭਗਵਾਨ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਅਬਿਨਾਸ਼ੀ ਕਰਤਾ ਜੁਗਾ ਜੁਗੰਤਰ ਕਰੇ ਖੇਲ ਮਹਾਨਾ, ਨਾ ਮਰੇ ਨਾ ਜਾਈਆ । ਪਾਰਬ੍ਰਹਮ ਆਪਣੇ ਘਰ ਮੰਗੇ ਦਾਨਾ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵੇਸ ਵਟਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਹਰਿ ਪੁਰਖ ਨਿਰੰਜਣ ਵਸੇ ਸਚ ਮਹੱਲਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਏਕੰਕਾਰਾ ਆਪਣੀ ਜੋਤੀ ਆਪੇ ਰਲਾ, ਮਾਤ ਪਿਤ ਨਾ ਕੋਈ ਬਣਾਇੰਦਾ । ਆਦਿ ਨਿਰੰਜਣ ਸੁਤੇ ਪਰਕਾਸ਼ ਆਪੇ ਬੱਲਾ, ਬਾਤੀ ਤੇਲ ਨਾ ਕੋਈ ਟਿਕਾਇੰਦਾ । ਸ੍ਰੀ ਭਗਵਾਨ ਸਚ ਸਿੰਘਾਸਣ ਏਕਾ ਮੱਲਾ, ਪਾਵਾ ਚੂਲ ਨਾ ਕੋਈ ਰਖਾਇੰਦਾ । ਅਬਿਨਾਸ਼ੀ ਕਰਤਾ ਵਸੇ ਨੇਹਚਲ ਧਾਮ ਅਟੱਲਾ, ਦਿਸ ਕਿਸੇ ਨਾ ਆਇੰਦਾ । ਪਾਰਬ੍ਰਹਮ ਆਪੇ ਫੜੇ ਆਪਣਾ ਪੱਲਾ, ਆਪਣਾ ਸੰਗ ਆਪ ਨਿਭਾਇੰਦਾ । ਸੋ ਪੁਰਖ ਨਿਰੰਜਣ ਸੋਭਾਵੰਤ, ਏਕਾ ਰੰਗ ਸਮਾਇਆ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਨਿਰਗੁਣ ਆਪਣਾ ਰੂਪ ਵਟਾਇਆ । ਏਕੰਕਾਰਾ ਆਪਣੀ ਮਹਿਮਾ ਆਪੇ ਜਾਣੇ ਅਗਣਤ, ਆਪਣਾ ਲੇਖਾ ਆਪਣੇ ਵਿਚ ਟਿਕਾਇਆ । ਆਦਿ ਨਿਰੰਜਣ ਖੇਲੇ ਖੇਲ ਆਦਿ ਅੰਤ, ਮਧ ਆਪਣਾ ਵੇਸ ਵਟਾਇਆ । ਸ੍ਰੀ ਭਗਵਾਨ ਦੋ ਜਹਾਨ ਬਣਾਏ ਬਣਤ, ਨਿਸ਼ਅੱਖਰ ਆਪ ਉਪਾਇਆ । ਪਾਰਬ੍ਰਹਮ ਆਪੇ ਹੋਏ ਦਰ ਦਰਵੇਸ਼ਾ ਮੰਗਤ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਆਦਿ ਜੁਗਾਦੀ ਆਪਣੀ ਰਚਨ ਆਪ ਰਚਾਇਆ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਤਖ਼ਤ ਤਾਜ ਇਕ ਹੰਢਾਇੰਦਾ । ਹਰਿ ਪੁਰਖ ਨਿਰੰਜਣ ਰਾਜ ਰਾਜਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਏਕੰਕਾਰਾ ਬਣ ਦਰਬਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਆਦਿ ਨਿਰੰਜਣ ਆਪਣੀ ਮੰਨੇ ਆਪੇ ਆਣ, ਆਪਣਾ ਹੁਕਮ ਆਪ ਚਲਾਇੰਦਾ । ਸ੍ਰੀ ਭਗਵਾਨ ਵੇਖੇ ਮਾਰ ਧਿਆਨ, ਆਪਣਾ ਪਰਦਾ ਆਪੇ ਲਾਹਿੰਦਾ । ਅਬਿਨਾਸ਼ੀ ਕਰਤਾ ਆਪੇ ਹੋਏ ਜਾਣੀ ਜਾਣ, ਆਪਣਾ ਲੇਖਾ ਆਪ ਗਣਾਇੰਦਾ । ਪਾਰਬ੍ਰਹਮ ਏਕਾ ਮੰਗੇ ਦਾਨ, ਦਾਤਾ ਦਾਨੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਹਰਿ ਬੇਅੰਤ, ਆਪੇ ਨਾਰ ਆਪੇ ਕੰਤ, ਆਪਣੀ ਸੇਜ ਆਪ ਹੰਢਾਇੰਦਾ । ਸੋ ਪੁਰਖ ਨਿਰੰਜਣ ਨਾਰੀ ਕੰਤਾ, ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਆਪ ਬਣਾਏ ਆਪਣੀ ਬਣਤਾ, ਆਪਣੀ ਸੇਜਾ ਆਪ ਹੰਢਾਇੰਦਾ । ਏਕੰਕਾਰਾ ਆਪਣੀ ਚੋਲੀ ਆਪੇ ਰੰਗਦਾ, ਦੂਸਰ ਸੰਗ ਨਾ ਕੋਇ ਵਖਾਇੰਦਾ । ਆਦਿ ਨਿਰੰਜਣ ਆਪਣਾ ਦਰ ਆਪੇ ਲੰਘਦਾ, ਦੂਸਰ ਦਰ ਨਾ ਕੋਇ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਸੇਜ ਪਲੰਘ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਆਪੇ ਵੜ, ਆਪ ਆਪਣਾ ਆਸਣ ਲਾਇੰਦਾ । ਦਰ ਘਰ ਸਾਚੇ ਆਪੇ ਵੜਿਆ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਦਿਸ ਕਿਸੇ ਨਾ ਆਇੰਦਾ । ਆਪਣਾ ਘਾੜਣ ਆਪੇ ਘੜਿਆ, ਸਚਖੰਡ ਦਵਾਰਾ ਨਾਉਂ ਧਰਾਇੰਦਾ । ਸਚਖੰਡ ਅੰਦਰ ਥਿਰ ਘਰ ਆਪੇ ਕਰਿਆ,

੬੯੪



ਘਰ ਘਰ ਵਿਚ ਆਪ ਸਮਾਇੰਦਾ । ਆਪੇ ਪੁਰਖ ਨਾਰੀ ਨਰਿਆ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਆਪਣਾ ਆਪ ਆਪੇ ਵਰਿਆ, ਹਰਿ ਜੂ ਆਪਣੇ ਮੰਦਰ ਸੋਭਾ ਪਾਇੰਦਾ । ਆਪਣਾ ਭੋਗ ਬਿਲਾਸ ਨਿਰਗੁਣ ਨਿਰਗੁਣ ਸੰਗ ਕਰਿਆ, ਤਤਵ ਤਤ ਨਾ ਕੋਇ ਕਰਾਇੰਦਾ । ਆਪਣੇ ਅੰਦਰ ਆਪੇ ਵੜਿਆ, ਆਪਣੀ ਬਿੰਦ ਆਪ ਟਿਕਾਇੰਦਾ । ਆਪੇ ਬਾਹਰ ਦਰ ਦਵਾਰ ਆਏ ਖੜਿਆ, ਰੂਪ ਅਨੂਪ ਆਪ ਵਟਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਨਿਸ਼ਅੱਖਰ ਆਪਣਾ ਜਾਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਕਰ ਤਿਆਰ, ਜੋਤ ਜਗਾਏ ਅਗੰਮ ਅਪਾਰ, ਏਕੰਕਾਰਾ ਖੇਲ ਨਿਆਰ, ਖੇਲ ਅਵੱਲਾ ਆਪ ਕਰਾਇੰਦਾ । ਸਚ ਮਹੱਲਾ ਕਰ ਤਿਆਰਾ, ਹਰਿ ਸਾਚਾ ਖੇਲ ਖਿਲਾਇੰਦਾ । ਏਕਾ ਦੀਪਕ ਕਰ ਉਜਿਆਰਾ, ਆਦਿ ਜੁਗਾਦੀ ਡਗਮਗਾਇੰਦਾ । ਰਵ ਸਸ ਨਾ ਕੋਇ ਸਤਾਰਾ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਮੰਡਲ ਮੰਡਪ ਨਾ ਕੋਇ ਹੁਲਾਰਾ, ਆਕਾਸ਼ ਪਰਕਾਸ਼ ਨਾ ਕੋਇ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਸੋਹੇ ਦਵਾਰਾ, ਤ੍ਰੈਗੁਣ ਤਤ ਨਾ ਕੋਇ ਜਣਾਇੰਦਾ । ਪੰਜ ਤਤ ਨਾ ਕੋਇ ਅਧਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਰੂਪ ਵਟਾਇੰਦਾ । ਜੰਗਲ ਜੂਹ ਨਾ ਕੋਇ ਪਹਾੜਾ, ਜਲ ਥਲ ਨਾ ਕੋਇ ਡੇਰਾ ਲਾਇੰਦਾ । ਸਾਧ ਸੰਤ ਨਾ ਗੁਰ ਪੀਰ ਕੋਈ ਅਵਤਾਰਾ, ਏਕੰਕਾਰਾ ਆਪਣੀ ਕਲ ਵਰਤਾਇੰਦਾ । ਨਾ ਕੋਈ ਨਾਮ ਸ਼ਬਦ ਬੋਲੇ ਜੈਕਾਰਾ, ਧੁਨ ਨਾਦ ਨਾ ਕੋਇ ਵਜਾਇੰਦਾ । ਨਾ ਕੋਇ ਅੰਮ੍ਰਿਤ ਵੇਖੇ ਠੰਡਾ ਠਾਰਾ, ਜਲ ਧਾਰਾ ਨਾ ਕੋਇ ਬਣਾਇੰਦਾ । ਨਾ ਕੋਈ ਨਿਉਂ ਨਿਉਂ ਕਰੇ ਨਿਮਸਕਾਰਾ, ਸੀਸ ਜਗਦੀਸ਼ ਨਾ ਕੋਇ ਝੁਕਾਇੰਦਾ । ਲੱਖ ਚੁਰਾਸੀ ਨਾ ਕੋਇ ਪਸਾਰਾ, ਘੜ ਭਾਂਡੇ ਨਾ ਕੋਇ ਬਣਾਇੰਦਾ । ਨਾ ਕੋਈ ਚਿਲਾ ਤੀਰ ਕਮਾਨ ਤੇਜ਼ ਕਟਾਰਾ, ਸ਼ਸਤਰ ਬਸਤਰ ਨਾ ਕੋਇ ਰਖਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰਾ, ਜਗਤ ਸੇਜ ਨਾ ਕੋਇ ਹੰਢਾਇੰਦਾ । ਨਾ ਕੋਈ ਦਿਸੇ ਵਡ ਭੰਡਾਰਾ, ਫੜ ਹੱਥ ਨਾ ਕੋਇ ਵਰਤਾਇੰਦਾ । ਚੌਦਾਂ ਲੋਕ ਨਾ ਕੋਇ ਅਖਾੜਾ, ਤ੍ਰੈਭਵਣ ਨਾ ਕੋਇ ਫਿਰਾਇੰਦਾ । ਕਰੋੜ ਤੇਤੀਸ ਨਾ ਕਰੇ ਕੋਇ ਪਿਆਰਾ, ਸੁਰਪਤ ਰਾਜਾ ਇੰਦ, ਰਾਗ ਤਾਲ ਨਾ ਕੋਇ ਵਜਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਰਾਜ ਰਾਜਾਨ ਨਾ ਕੋਇ ਅਖਵਾਇੰਦਾ । ਨਾ ਕੋਈ ਦਰ ਦਰਵੇਸ਼ ਮੰਗੇ ਬਣ ਭਿਖਾਰਾ, ਗਲ ਅਲਫ਼ੀ ਨਾ ਕੋਇ ਹੰਢਾਇੰਦਾ । ਚਾਰ ਵਰਨ ਨਾ ਕੋਇ ਸਹਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਨਾ ਕੋਇ ਰੰਗਾਇੰਦਾ । ਨਾ ਕੋਈ ਬੰਨ੍ਹੇ ਸੀਸ ਦਸਤਾਰਾ, ਮੂੰਡ ਮੁੰਡਾਇਆ ਨਾ ਕੋਇ ਰਖਾਇੰਦਾ । ਸਤਿ ਪੁਰਖ ਨਿਰੰਜਣ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਰਚਨਾ ਆਪ ਰਚਾਇੰਦਾ । ਸਚਖੰਡ ਸੁਹਾਏ ਇਕ ਦਵਾਰਾ, ਆਦਿ ਆਦਿ ਆਪਣਾ ਖੇਲ ਕਰਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਹੁਕਮੀ ਹੁਕਮ ਆਪ ਸੁਣਾਇੰਦਾ । ਨਿਰਗੁਣ ਰੂਪ ਆਪੇ ਪਾਏ ਆਪਣੀ ਸਾਰਾ, ਮਨ ਮਤ ਬੁੱਧ ਨਾ ਕੋਇ ਧਰਾਇੰਦਾ । ਕਾਮ ਕਰੋਧ ਲੋਭ ਮੋਹ ਨਾ ਕੋਇ ਹੰਕਾਰਾ, ਆਸਾ ਤ੍ਰਿਸ਼ਨਾ ਨਾ ਮੇਲ ਮਿਲਾਇੰਦਾ । ਪੂਤ ਸਪੂਤ ਨਾ ਸੁੱਤ ਦੁਲਾਰਾ, ਮਾਤ ਗਰਭ ਨਾ ਕੋਇ ਫੇਰੀ ਪਾਇੰਦਾ । ਰੰਗ ਰੰਲੀਆਂ ਮਾਣੇ ਨਾ ਨਾਲ ਕੋਈ ਨਾਰ ਭਤਾਰਾ, ਸਗਲਾ ਸੰਗ ਨਾ ਕੋਇ ਵਖਾਇੰਦਾ । ਚਾਰ ਵੇਦ ਨਾ ਕੋਇ ਲਿਖਾਰਾ, ਚਾਰੇ ਮੁਖ ਨਾ ਕੋਇ ਗਾਇੰਦਾ । ਅਠਾਰਾਂ ਪੁਰਾਨ ਨਾ ਕੋਇ ਸਹਾਰਾ, ਚੌਦਾਂ ਵਿਦਿਆ ਨਾ ਕੋਇ ਪੜ੍ਹਾਇੰਦਾ । ਗੀਤਾ ਗਿਆਨ ਨਾ ਕਰੇ ਆਧਾਰਾ, ਦਸ ਅੱਠ ਅਠਾਰਾਂ ਨਾ ਮੇਲ ਮਿਲਾਇੰਦਾ । ਨੌ ਨਿਧਾਂ ਨਾ ਦਿਸਣ ਦਵਾਰਾ, ਅਠਾਰਾਂ ਸਿਧਾਂ ਨਾ ਰੂਪ ਵਟਾਇੰਦਾ । ਜੋਗ

ਅਭਿਆਸ ਜਪ ਤਪ ਹਠ ਸਤਿ ਸੰਜਮ ਨੇਮ ਨਾ ਕੋਇ ਕਰੇ ਦਰਬਾਰਾ, ਹਵਨੀ ਹਵਨ ਨਾ ਕੋਇ ਵਖਾਇੰਦਾ । ਧੂਪ ਦੀਪ ਘਿਰਤ ਦੀਵਾ ਬਾਤੀ ਨਾ ਕਰੇ ਕੋਇ ਉਜਿਆਰਾ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ, ਖੇਲ ਤਮਾਸ਼ਾ ਪੁਰਖ ਅਬਿਨਾਸ਼ਾ ਆਪਣਾ ਆਪ ਕਰਾਇੰਦਾ । ਸਚਖੰਡ ਦਵਾਰਾ ਹਰਿ ਮਿਹਰਵਾਨ, ਏਕੰਕਾਰਾ ਜੋਤ ਜਗਾਈਆ । ਸਤਿ ਪੁਰਖ ਨਿਰੰਜਣ ਖੇਲ ਮਹਾਨ, ਦਰ ਘਰ ਸਾਚੇ ਆਪ ਕਰਾਈਆ । ਸਾਚੇ ਤਖ਼ਤ ਬੈਠ ਸੱਚਾ ਸੁਲਤਾਨ, ਆਪ ਆਪਣੀ ਲਏ ਅੰਗੜਾਈਆ । ਆਪੇ ਹੋਏ ਵਡ ਮਿਹਰਵਾਨ, ਮਿਹਰਵਾਨ ਆਪਣੀ ਦਇਆ ਕਮਾਈਆ । ਸਤਿ ਸਰੂਪੀ ਇਕ ਚੜ੍ਹਾਏ ਸਚ ਨਿਸ਼ਾਨ, ਜੋਤੀ ਧਾਰਾ ਆਪ ਬਦਲਾਈਆ । ਪਹਿਲੇ ਘਰ ਗੁਣ ਨਿਧਾਨ, ਲਾਲਣ ਲਾਲ ਰੂਪ ਵਟਾਈਆ । ਦੂਜੇ ਦਰ ਕਰ ਧਿਆਨ, ਕੰਚਨ ਆਪਣਾ ਗੜ੍ਹ ਸੁਹਾਈਆ । ਤੀਜਾ ਵੇਸ ਸ੍ਰੀ ਭਗਵਾਨ, ਸੂਹਾ ਸਾਲਸ ਆਪ ਅਖਵਾਈਆ । ਚੌਥੇ ਘਰ ਹੋ ਪਰਧਾਨ, ਸਤਿ ਸਫੈਦੀ ਧਾਰ ਵਹਾਈਆ । ਪੰਚਮ ਆਪਣਾ ਆਪ ਕਰ ਪਛਾਣ, ਪੀਲਾ ਰੂਪ ਵਟਾਈਆ । ਛੇਵੇਂ ਵੇਖਣਹਾਰਾ ਛੱਪਰ ਛੰਨ ਮਕਾਨ, ਨੀਲੀ ਧਾਰ ਧਾਰ ਬੰਧਾਈਆ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ, ਕਾਲਾ ਰੰਗ ਸੂਰਾ ਸਰਬੰਗ, ਦਰ ਘਰ ਸਾਚੇ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਸਚ ਵਸੇਰਾ ਦਰ ਘਰ ਸਾਚਾ ਆਪ ਸੁਹਾਈਆ । ਦਰ ਘਰ ਸਾਚਾ ਹਰਿ ਸੁਹੰਜਣਾ, ਥਿਰ ਘਰ ਸਾਚੇ ਸੋਭਾ ਪਾਈਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣਾ, ਨਿਰਗੁਣ ਬੈਠਾ ਡੇਰਾ ਲਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਦੀਨਾਂ ਨਾਥ ਆਪ ਅਖਵਾਈਆ । ਆਪੇ ਬਣੇ ਆਪਣਾ ਸੱਜਣਾ, ਆਪ ਆਪਣਾ ਸੰਗ ਰਖਾਈਆ । ਆਪੇ ਕਰੇ ਆਪਣਾ ਮਜਣਾ, ਆਪ ਆਪਣਾ ਅੰਮ੍ਰਿਤ ਲਏ ਪਰਗਟਾਈਆ । ਨਾ ਘੜਿਆ ਨਾ ਭੱਜਣਾ, ਘੜਣ ਭੰਨਣਹਾਰ ਆਪ ਅਖਵਾਈਆ । ਸਾਚੇ ਤਖ਼ਤ ਸਾਚੇ ਭੂਪ, ਹਰਿ ਭਗਵਾਨ ਬਹਿ ਬਹਿ ਸਜਣਾ, ਦਰਗਹਿ ਸਾਚੀ ਧਾਮ ਸੁਹਾਈਆ । ਆਪਣਾ ਪਰਦਾ ਆਪੇ ਕੱਜਣਾ, ਦੂਸਰ ਹੋਰ ਨਾ ਕੋਇ ਵਖਾਈਆ । ਆਪਣਾ ਚਲਾਏ ਸਚ ਜਹਾਜ਼ਣਾ, ਨਿਰਗੁਣ ਨਿਰਗੁਣ ਬਣ ਰਥਵਾਹੀਆ । ਆਪੇ ਰਚਿਆ ਆਪਣਾ ਕਾਜਣਾ, ਕਰਤਾ ਪੁਰਖ ਵੱਡ ਵਡਿਆਈਆ । ਆਪਣਾ ਸਾਜਣ ਆਪੇ ਸਾਜਣਾ, ਅਕਾਲ ਮੂਰਤ ਬੇਪਰਵਾਹੀਆ । ਆਪੇ ਹੋਏ ਸ਼ਾਹ ਨਵਾਬਣਾ, ਜੂਨੀ ਰਹਿਤ ਭੇਵ ਨਾ ਰਾਈਆ । ਆਪਣੀ ਕਰੇ ਆਪ ਆਰਾਧਣਾ, ਆਪਣਾ ਨਾਉਂ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵਸਿਆ, ਆਦਿ ਜੁਗਾਦੀ ਫਿਰੇ ਨੱਸਿਆ, ਨੱਸਣਹਾਰਾ ਦਿਸ ਨਾ ਆਈਆ । ਸਚ ਮਹੱਲਾ ਉਚ ਅਟਾਰੀ, ਥਿਰ ਘਰ ਸਾਚਾ ਆਪ ਸੁਹਾਇੰਦਾ । ਜੋਤ ਜਗਾਏ ਏਕੰਕਾਰੀ ਨਿਰਾਕਾਰੀ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਘਰ ਮੰਦਰ ਸੋਹੇ ਬੰਕ ਦਵਾਰੀ, ਧੁਰ ਦਰਬਾਰੀ ਆਪ ਸੁਹਾਇੰਦਾ । ਆਪਣਾ ਮੇਲਾ ਕਰੇ ਪੁਰਖ ਨਾਰੀ, ਆਪ ਆਪਣੀ ਸੇਜ ਹੰਢਾਇੰਦਾ । ਜੋਤੀ ਸ਼ਕਤੀ ਖੇਲ ਨਿਆਰੀ, ਜੁਗਤੀ ਆਪਣੀ ਆਪ ਬਣਾਇੰਦਾ । ਆਪੇ ਮਾਤ ਪਿਤ ਬਣੇ ਵਡ ਸੰਸਾਰੀ, ਪੂਤ ਸਪੂਤਾ ਆਪਣਾ ਆਪ ਪਰਗਟਾਇੰਦਾ । ਸੁੱਤ ਦੁਲਾਰਾ ਕਰ ਤਿਆਰੀ, ਸ਼ਬਦੀ ਨਾਉਂ ਰਖਾਇੰਦਾ । ਸਾਰ ਸ਼ਬਦ ਇਕ ਆਧਾਰ, ਆਪ ਆਪਣੇ ਵਿਚ ਟਿਕਾਇੰਦਾ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਰ, ਆਪੇ ਸਚਖੰਡ ਵਸਾਏ ਸਚ ਦਵਾਰ, ਥਿਰ ਘਰ ਆਸਣ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਡਲ ਪਾਵੇ ਰਾਸ, ਰਵ ਸਸ ਨਾ ਕੋਇ ਪਰਕਾਸ਼,

ਗਗਨ ਗਗਨੰਤਰ ਨਾ ਕੋਇ ਵਖਾਇੰਦਾ । ਸਾਚੇ ਮੰਦਰ ਖੇਲ ਅਪਾਰਾ, ਸੁੱਤ ਦੁਲਾਰਾ ਆਪਣਾ ਆਪ ਉਪਜਾਈਆ । ਸਾਚੇ ਸੁੱਤ ਕਰੇ ਪਿਆਰਾ, ਆਪਣੀ ਗੋਦ ਬਹਾਈਆ । ਆਪੇ ਕਰਾਏ ਵਣਜ ਵਣਜਾਰਾ, ਏਕਾ ਵਸਤੂ ਹੱਥ ਫੜਾਈਆ । ਤੇਰਾ ਰੂਪ ਮੇਰੀ ਧਾਰਾ, ਮੇਰੀ ਜੋਤ ਤੇਰਾ ਸਹਾਰਾ, ਤੇਰਾ ਨਾਮ ਮੇਰਾ ਜੈਕਾਰਾ, ਤੇਰਾ ਘਰ ਮੇਰਾ ਦਰਬਾਰਾ, ਦਰ ਦਰਬਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੁੱਤ ਕਰ ਤਿਆਰ, ਸਾਰ ਸ਼ਬਦ ਭਰੇ ਭੰਡਾਰ, ਸਚਖੰਡ ਦਵਾਰਾ ਆਪਣਾ ਹੁਕਮ ਸੁਣਾਈਆ । ਸਾਚਾ ਹੁਕਮ ਸਾਚਾ ਰਾਣਾ, ਹਰਿ ਸਾਚਾ ਸਚ ਉਪਜਾਇੰਦਾ । ਪੂਤ ਸਪੂਤੇ ਮੰਨਣਾ ਪਏ ਭਾਣਾ, ਭਾਣੇ ਅੰਦਰ ਸਭ ਵਖਾਇੰਦਾ । ਤੇਰਾ ਰੱਖਾਂ ਦੋ ਜਹਾਨ ਮਾਣਾ, ਸਿਰ ਆਪਣਾ ਹੱਥ ਟਿਕਾਇੰਦਾ । ਮੇਰਾ ਤਾਲ ਤੇਰਾ ਗਾਣਾ, ਤੇਰਾ ਰਾਗ ਮੇਰਾ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦੇਵੇ ਏਕਾ ਵਰ, ਸਾਚੇ ਸੁੱਤ ਆਪ ਸਮਝਾਇੰਦਾ । ਸ਼ਬਦ ਦੁਲਾਰਾ ਸੁੱਤ, ਸਤਿ ਪੁਰਖ ਨਿਰੰਜਣ ਅੱਗੇ ਸੀਸ ਝੁਕਾਈਆ । ਕਿਰਪਾ ਕਰ ਅਬਿਨਾਸ਼ੀ ਅਚੁੱਤ, ਹਉਂ ਸੇਵਕ ਸੇਵ ਕਮਾਈਆ । ਤੇਰੀ ਸੋਹੇ ਸਾਚੀ ਰੁੱਤ, ਰੁੱਤ ਬੁਤੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਘਰ ਸਾਚਾ ਝੋਲੀ ਪਾਈਆ । ਵਰ ਘਰ ਸਾਚਾ ਹਰਿ ਨਿਰੰਕਾਰ, ਸ਼ਬਦ ਸ਼ਬਦੀ ਆਪ ਸੁਣਾਇੰਦਾ । ਤੇਰੀ ਸੇਵਾ ਅਗੰਮ ਅਪਾਰ, ਅਗੰਮ ਅਗੰਮੜਾ ਆਪ ਲਗਾਇੰਦਾ । ਤੇਰੇ ਸਿਰ ਹੱਥ ਇਕ ਕਰਤਾਰ, ਤੇਰੀ ਰਚਨਾ ਆਪ ਰਚਾਇੰਦਾ । ਤੇਰਾ ਰੂਪ ਨਿਰਗੁਣ ਧਾਰ, ਦਿਸ ਕਿਸੇ ਨਾ ਆਇੰਦਾ । ਤੇਰੀ ਵੰਡ ਵੰਡੇ ਅਪਰ ਅਪਾਰ, ਤੇਰੀ ਝੋਲੀ ਆਪ ਭਰਾਇੰਦਾ । ਬ੍ਰਹਿਮੰਡ ਖੰਡ ਕਰ ਤਿਆਰ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸੁੱਤ ਦੁਲਾਰਾ ਉਠਿਆ, ਹਰਿ ਸ਼ਬਦੀ ਨੌਜਵਾਨ । ਪ੍ਰਭ ਸਤਿਗੁਰ ਮੇਰਾ ਤੁਠਿਆ, ਹੋਇਆ ਆਪ ਮਿਹਰਵਾਨ । ਸਾਚੀ ਵਸਤ ਦੇਣੀ ਏਕਾ ਮੁੱਠਿਆ, ਹਉਂ ਮੰਗੇ ਭਿਖਕ ਦਾਨ । ਮੇਰਾ ਦਰ ਨਾ ਜਾਏ ਲੁੱਟਿਆ, ਆਦਿ ਜੁਗਾਦੀ ਝੁਲਦਾ ਰਹੇ ਨਿਸ਼ਾਨ । ਮੇਰਾ ਬੂਟਾ ਨਾ ਜਾਏ ਪੁਟਿਆ, ਪੁਰਖ ਅਬਿਨਾਸ਼ੀ ਹਉਂ ਤੇਰੀ ਸੰਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸ੍ਰੀ ਭਗਵਾਨ । ਸ੍ਰੀ ਭਗਵਾਨ ਅਗੰਮ ਜਣਾਈ, ਸ਼ਬਦ ਸਾਰ ਸਮਝਾਇਆ । ਤੇਰੀ ਰਚਨਾ ਆਪ ਰਚਾਈ, ਮਾਤ ਪਿਤ ਆਪ ਅਖਵਾਇਆ । ਤੇਰੀ ਸੇਵਾ ਰਿਹਾ ਕਮਾਈ, ਦਾਈ ਦਾਇਆ ਨਾ ਕੋਇ ਲਗਾਇਆ । ਤੇਰੀ ਕਦੇ ਨਾ ਹੋਈ ਜੁਦਾਈ, ਤੇਰਾ ਵਿਛੋੜਾ ਮੋਹੇ ਨਾ ਭਾਇਆ । ਤੇਰੀ ਵਜਦੀ ਰਹੇ ਵਧਾਈ, ਸਚਖੰਡ ਸਾਚੇ ਸੋਭਾ ਪਾਇਆ । ਤੇਰੇ ਸਿਰ ਸਮਰਥ ਹੱਥ ਰਿਹਾ ਟਿਕਾਈ, ਆਪਣੀ ਵਥ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਵਰ, ਦਰਗਹਿ ਸਾਚੀ ਧਾਮ ਸੁਹਾਇਆ । ਦਰਗਹਿ ਸਾਚੀ ਵਰ ਘਰ ਪਾ, ਹਰਿ ਸ਼ਬਦ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਮਿਲਿਆ ਬੇਪਰਵਾਹ, ਨਾ ਕੋਈ ਨਾਤਾ ਤੋੜ ਤੁੜਾਇੰਦਾ । ਏਕਾ ਦੇਵੇ ਸਿਫ਼ਤ ਸਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਏਕਾ ਬਣੇ ਸਚ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਇਕ ਵਖਾਏ ਆਪਣਾ ਰਾਹ, ਆਪਣਾ ਮਾਰਗ ਆਪੇ ਲਾਇੰਦਾ । ਇਕ ਧਰਾਇਆ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਮੇਰੀ ਸੇਵਾ ਦਿਤੀ ਲਾ, ਆਪ ਆਪਣਾ ਹੁਕਮ ਸੁਣਾਇੰਦਾ । ਹੁਕਮ ਵਰਤੇ ਥਾਉਂ ਥਾਂ, ਥਾਨ ਥਨੰਤਰ ਨਜ਼ਰ ਕੋਇ ਨਾ

ਆਇੰਦਾ । ਸਚਖੰਡ ਬੈਠਾ ਮਤਾ ਰਿਹਾ ਪਕਾ, ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਆਪ ਸੁਹਾਇੰਦਾ । ਸੁਣ ਸ਼ਬਦ ਕਰ ਧਿਆਨ, ਹਰਿ ਸਾਚੇ ਸਚ ਜਣਾਇਆ । ਏਕਾ ਰੂਪ ਸ੍ਰੀ ਭਗਵਾਨ, ਦੂਸਰ ਵੇਸ ਨਾ ਕੋਇ ਕਰਾਇਆ । ਤੇਰਾ ਪਾਏ ਤੇਰੀ ਆਣ, ਮੇਰਾ ਭਾਣਾ ਤੇਰੇ ਸਿਰ ਰਖਾਇਆ । ਮੇਰਾ ਸ਼ਬਦ ਤੇਰਾ ਗਿਆਨ, ਮੇਰਾ ਹੁਕਮ ਤੇਰਾ ਫ਼ਰਮਾਣ, ਦੋ ਜਹਾਨਾਂ ਦਏ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਾਚੀ ਇਛਿਆ ਪੂਰ ਕਰਾਇਆ । ਸਾਚੀ ਇਛਿਆ ਭਿਛਿਆ ਝੋਲੀ ਭਰ, ਸਾਚੇ ਸੁੱਤ ਖ਼ੁਸ਼ੀ ਮਨਾਈਆ । ਨਿਰਭੌ ਚੁਕਾਇਆ ਆਪਣਾ ਡਰ, ਨਿਰਵੈਰ ਆਪਣਾ ਰੂਪ ਦਰਸਾਈਆ । ਅਕਾਲ ਮੂਰਤ ਕਰਨੀ ਕਰ, ਕਰਤਾ ਪੁਰਖ ਕਰੇ ਕੁੜਮਾਈਆ । ਅਜੂਨੀ ਰਹਿਤ ਮਿਲਿਆ ਹਰਿ, ਆਦਿ ਜੁਗਾਦਿ ਹੋਏ ਸਹਾਈਆ । ਏਕੰਕਾਰਾ ਲੜ ਲਿਆ ਫੜ, ਨਾ ਕੋਈ ਛੋੜੇ ਨਾ ਛੋੜ ਛੁੜਾਈਆ । ਏਕਾ ਅੱਖਰ ਆਪਣਾ ਆਪੇ ਪੜ੍ਹ, ਆਪ ਆਪਣੇ ਵਿਚ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਲੇਖ ਸਮਝਾਈਆ । ਸੁੱਤ ਦੁਲਾਰਾ ਹੋ ਮਿਹਰਵਾਨ, ਆਪਣੀ ਰਚਨਾ ਆਪ ਰਚਾਇੰਦਾ । ਆਪਣੇ ਮੰਦਰ ਮਾਰ ਧਿਆਨ, ਆਪਣਾ ਅੰਦਰ ਫੋਲ ਫੁਲਾਇੰਦਾ । ਆਪੇ ਵੇਖੇ ਆਪਣਾ ਹਾਣ, ਆਪ ਆਪਣਾ ਮੇਲ ਮਿਲਾਇੰਦਾ । ਆਪ ਆਪਣਾ ਕਰ ਪਰਵਾਨ, ਆਪ ਆਪਣੇ ਗਲੇ ਲਗਾਇੰਦਾ । ਆਪੇ ਵਸੇ ਸਚ ਮਕਾਨ, ਸਾਚਾ ਡੇਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਸਾਚੀ ਰਚਨਾ ਹਰਿ ਰਚਾਏ, ਖੇਲੇ ਖੇਲ ਬੇਪਰਵਾਹੀਆ ।

੬੯੭ ਆਪਣੀ ਵੰਡ ਆਪ ਵੰਡਾਏ, ਇਕ ਕਿਰਨ ਸਚਖੰਡ ਦਵਾਰਿਉਂ ਬਾਹਰ ਕਢਾਈਆ । ਲੋਆਂ ਪੁਰੀਆਂ ਬਣਤ ਬਣਾਏ, ਰਵ ਸਸ ਕਰੇ ਰੁਸ਼ਨਾਈਆ । ੬੯੭

ਮੰਡਲ ਮੰਡਪ ਵੇਖ ਵਖਾਏ, ਦੀਪਕ ਤਾਰਕਾ ਆਪ ਜਗਾਈਆ । ਆਪਣਾ ਰੂਪ ਆਪ ਪਰਗਟਾਏ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਿਰਾਕਾਰ ਸਾਕਾਰ ਆਪ ਹੋ ਜਾਏ, ਵਿਸ਼ਵ ਖੇਲ ਬੇਪਰਵਾਹੀਆ । ਵਿਸ਼ਨੂੰ ਆਪਣਾ ਨਾਉਂ ਧਰਾਏ, ਘਰ ਅੰਮ੍ਰਿਤ ਤਾਲ ਸੁਹਾਈਆ । ਅੰਮ੍ਰਿਤ ਜਲ ਆਪ ਭਰਾਏ, ਆਪਣੀ ਨਾਭੀ ਲਏ ਟਿਕਾਈਆ । ਆਪਣਾ ਬੂਟਾ ਆਪੇ ਲਾਏ, ਆਪਣੀ ਹੱਥੀਂ ਸੇਵ ਕਮਾਈਆ । ਆਪਣਾ ਫੁੱਲ ਆਪ ਖਲਾਏ, ਅੱਠੇ ਪੰਖੜੀਆਂ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਰੂਪ ਵਟਾਏ, ਬ੍ਰਹਮ ਆਪਣਾ ਨਾਉਂ ਧਰਾਈਆ । ਸ਼ਬਦ ਦੁਲਾਰਾ ਸੇਵ ਕਮਾਏ, ਸਾਚੀ ਰਚਨਾ ਵੇਖ ਵਖਾਈਆ । ਧੁਰ ਫ਼ਰਮਾਣਾ ਹੁਕਮ ਸੁਣਾਏ, ਏਕਾ ਸ਼ਬਦ ਕਰੇ ਪੜ੍ਹਾਈਆ । ਸੁੰਨ ਅਗੰਮੀ ਫੋਲ ਫੁਲਾਏ, ਧੂਆਂਧਾਰ ਵੇਖ ਵਖਾਈਆ । ਆਪਣਾ ਸ਼ੰਕਰ ਰੂਪ ਵਟਾਏ, ਲੇਖਾ ਕਰੇ ਬੇਪਰਵਾਹੀਆ । ਤ੍ਰੈ ਤ੍ਰੈ ਲੇਖਾ ਵੇਖ ਵਖਾਏ, ਤ੍ਰੈਗੁਣ ਵਿਚ ਕਦੇ ਨਾ ਆਈਆ । ਤ੍ਰੈਗੁਣ ਮਾਇਆ ਰਚਨ ਰਚਾਏ, ਰਜੋ ਤਮੋ ਸਤੋ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰਾ ਵਡ ਬਲਵਾਨ, ਖੇਲੇ ਖੇਲ ਹਰ ਘਟ ਥਾਈਂਆ । ਤ੍ਰੈਗੁਣ ਮਾਇਆ ਕਰ ਪਰਧਾਨ, ਬ੍ਰਹਮੇ ਵਿਸ਼ਨ ਸ਼ਿਵ ਝੋਲੀ ਪਾਈਆ । ਪੰਜ ਤਤ ਤਤ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਆਪਣਾ ਰੰਗ ਰੰਗਾਈਆ । ਪੰਜ ਪੰਜੀ ਮੇਲ ਵਿਚ ਜਹਾਨ, ਨਿਰਗੁਣ ਸਰਗੁਣ ਵੇਖ ਵਖਾਈਆ । ਸਰਗੁਣ ਸਾਚਾ ਕਰ ਪਰਵਾਨ, ਬੂੰਦ ਰਕਤ ਮੇਲ ਮਿਲਾਈਆ । ਹੱਡ ਮਾਸ ਨਾੜੀ ਚੰਮ ਬਣਾਏ ਇਕ ਮਕਾਨ, ਬਹੱਤਰ ਨਾੜੀ ਤਿੰਨ ਸੌ ਸੱਠ ਹਾਡੀ ਜੋੜ ਜੁੜਾਈਆ ।

ਨੌ ਦਰ ਖੋਲ੍ਹ ਦੁਕਾਨ, ਜਗਤ ਵਾਸਨਾ ਵਿਚ ਭਰਾਈਆ । ਨਾਲ ਰਲਾਏ ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਸ਼ੈਤਾਨ, ਆਸਾ ਤ੍ਰਿਸ਼ਨਾ ਮੇਲ ਮਿਲਾਈਆ । ਹਉਮੇ ਹੰਗਤਾ ਗੱਡ ਨਿਸ਼ਾਨ, ਉਚਾ ਬੁਰਜ ਦਏ ਵਖਾਈਆ । ਮਨ ਮਨੂਆ ਕਰ ਪਰਧਾਨ, ਸਚ ਸਿਕਦਾਰ ਇਕ ਬਣਾਈਆ । ਮਤ ਮਤਵਾਲੀ ਖੇਲ ਮਹਾਨ, ਨਿਰਗੁਣ ਆਪਣੀ ਅੰਸ ਉਪਜਾਈਆ । ਬੁੱਧ ਬਬੇਕੀ ਕਰੇ ਪਛਾਣ, ਆਪਣੀ ਵਸਤ ਆਪਣੇ ਹੱਥ ਰਖਾਈਆ । ਕਰੇ ਖੇਲ ਸ੍ਰੀ ਭਗਵਾਨ, ਘਰ ਘਰ ਵਿਚ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਕਰੇ ਪਿਆਰਾ, ਕਰੇ ਖੇਲ ਅਪਰ ਅਪਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਕਾਇਆ ਮੰਦਰ ਬਣਿਆ ਬੰਕ ਦਵਾਰ, ਨੌ ਦਰ ਹਰਿ ਹਰਿ ਵੇਖ ਵਖਾਇੰਦਾ । ਪਾਵੇ ਸਾਰ ਅੰਧੇਰੀ ਡੂੰਘੀ ਗਾਰ, ਡੂੰਘੀ ਕੰਦਰ ਫੋਲ ਫੁਲਾਇੰਦਾ । ਕਰੇ ਖੇਲ ਅਪਰ ਅਪਾਰ, ਆਪਣੀ ਰਚਨਾ ਆਪ ਰਚਾਇੰਦਾ । ਸੁਖਮਨ ਟੇਢੀ ਬੰਕ ਅੰਧ ਅੰਧਿਆਰ, ਧੂਆਂਧਾਰ ਸਰਬ ਵਖਾਇੰਦਾ । ਤ੍ਰਬੈਣੀ ਨੈਣੀ ਖੇਲ ਅਪਾਰ, ਆਪ ਆਪਣਾ ਰੰਗ ਰੰਗਾਇੰਦਾ । ਘਰ ਮੰਦਰ ਅੰਮ੍ਰਿਤ ਧਾਰ, ਨਾਭੀ ਕਵਲ ਆਪ ਭਰਾਇੰਦਾ । ਘਰ ਮਾਨ ਸਰੋਵਰ ਕਰ ਤਿਆਰ, ਸਾਚਾ ਜਲ ਵਿਚ ਟਿਕਾਇੰਦਾ । ਘਰ ਅਨਹਦ ਸ਼ਬਦ ਸੱਚੀ ਧੁਨਕਾਰ, ਦਿਵਸ ਰੈਣ ਤਾਲ ਵਜਾਇੰਦਾ । ਘਰ ਪੰਚਮ ਸਖੀਆਂ ਗਾਇਣ ਵਾਰੋ ਵਾਰ, ਗੀਤ ਗੋਬਿੰਦ ਇਕ ਅਲਾਇੰਦਾ । ਘਰ ਬਜ਼ਰ ਕਪਾਟੀ ਲਾਏ ਪਾੜ, ਬੰਦ ਦਰਵਾਜ਼ਾ ਆਪ ਕਰਾਇੰਦਾ । ਘਰ ਆਤਮ ਸੇਜਾ ਕਰ ਤਿਆਰ, ਘਰ ਘਰ ਵਿਚ ਜੋਤ ਜਗਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਰੂਪ ਅਨੂਪ ਆਪ ਦਰਸਾਇੰਦਾ । ਘਰ ਸੁਰਤ ਸਵਾਣੀ ਕਰੇ ਪਿਆਰ, ਆਪਣਾ ਮੇਲਾ ਮੇਲ ਮਿਲਾਇੰਦਾ । ਘਰ ਸ਼ਬਦ ਹਾਣੀ ਮਿਲੇ ਸਾਚਾ ਯਾਰ, ਸਾਚੀ ਸੇਜ ਹੰਢਾਇੰਦਾ । ਘਰ ਰੰਗ ਰਲੀਆਂ ਮਾਣੇ ਨਾਲ ਭਤਾਰ, ਪ੍ਰੇਮ ਪਿਆਰ ਇਕ ਵਖਾਇੰਦਾ । ਘਰ ਨਾਤਾ ਤੁਟੇ ਸਰਬ ਸੰਸਾਰ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਘਰ ਕੋਟਨ ਕੋਟ ਰਵ ਸਸ ਕਰਨ ਉਜਿਆਰ, ਬਾਰਾਂ ਰਾਸੀ ਮੁਖ ਸ਼ਰਮਾਇੰਦਾ । ਆਪਣੀ ਵਸਤ ਹੱਥ ਰੱਖ ਕਰਤਾਰ, ਕਾਇਆ ਮੰਦਰ ਅੰਦਰ ਬੰਦ ਕਰਾਇੰਦਾ । ਸਾਚਾ ਗੁਰ ਸਤਿਗੁਰ ਹੋ ਤਿਆਰ, ਆਪ ਆਪਣਾ ਵੇਸ ਵਟਾਇੰਦਾ । ਲੋਕਮਾਤ ਖੇਲੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਸਾਚੀ ਰਚਨਾ ਹਰਿ ਹਰਿ ਰਚ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇੰਦਾ । ਹਰਿ ਕਾ ਸ਼ਬਦ ਅੰਦਰ ਵਸੇ ਸਚ, ਦਿਸ ਕਿਸੇ ਨਾ ਆਇੰਦਾ । ਮਨ ਮਨੂਆ ਦਹਿ ਦਿਸ਼ਾ ਰਿਹਾ ਨੱਚ, ਚਾਰੋਂ ਕੁੰਟ ਫੇਰਾ ਪਾਇੰਦਾ । ਕਾਇਆ ਮਾਟੀ ਭਾਂਡਾ ਦਿਸੇ ਕੱਚ, ਕੰਚਨ ਗੜ੍ਹ ਨਾ ਕੋਈ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਪੌਣੀ ਸਾਰ, ਲੋਕਮਾਤ ਲਏ ਅਵਤਾਰ, ਆਪਣੀ ਧਾਰਾ ਆਪ ਬੰਧਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਕਰਤਾ ਪੁਰਖ ਆਪ ਕਰਾਈਆ । ਪੰਜ ਤਤ ਕਰੇ ਪਿਆਰਾ, ਪਾਰਬ੍ਰਹਮ ਬ੍ਰਹਮ ਵੇਖ ਵਖਾਈਆ । ਸ਼ਬਦ ਅਗੰਮੀ ਭੇਵ ਨਿਆਰਾ, ਭੇਵ ਅਭੇਦਾ ਆਪ ਖੁਲਾਈਆ । ਗੁਰ ਗੁਰ ਰੂਪ ਪ੍ਰਗਟ ਹੋ ਵਿਚ ਸੰਸਾਰਾ, ਆਪਣਾ ਨਾਉਂ ਦਏ ਜਣਾਈਆ । ਸਾਚੇ ਭਗਤਾਂ ਕਰੇ ਪਿਆਰਾ, ਭਗਤ ਭਗਵੰਤ ਮੇਲ ਮਿਲਾਈਆ । ਮੇਟ ਮਿਟਾਏ ਪੰਚ ਵਿਕਾਰਾ, ਜੂਠ ਝੂਠ ਰਹਿਣ ਨਾ ਪਾਈਆ । ਆਸਾ ਤ੍ਰਿਸ਼ਨਾ ਕਰੇ ਖ਼ਵਾਰਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਕਾਇਆ ਮੰਦਰ ਕਰ ਉਜਿਆਰਾ, ਧੂੰਆਂਧਾਰ ਦਏ ਗਵਾਈਆ । ਆਪਣਾ ਨਾਮ ਬੋਲ ਜੈਕਾਰਾ, ਪੰਚਮ ਤਤ ਦਏ ਸਮਝਾਈਆ । ਗਿਆਨ ਧਿਆਨ ਹਰਿ ਨਿਰੰਕਾਰਾ, ਏਕਾ ਇਸ਼ਟ

੬੯੮

ਦਏ ਵਖਾਈਆ । ਬੋਧ ਅਗਾਧ ਬੋਲ ਜੈਕਾਰਾ, ਬੁੱਧ ਬਬੇਕ ਆਪ ਕਰਾਈਆ । ਸਤਿਗੁਰ ਰੂਪ ਵਖਾਏ ਅਗੰਮ ਅਪਾਰਾ, ਸ਼ਬਦੀ ਸ਼ਬਦ ਆਪਣਾ
ਸ਼ਬਦ ਸੁਣਾਈਆ । ਨੌ ਦਵਾਰੇ ਕਰੇ ਪਾਰ ਕਿਨਾਰਾ, ਅੱਧਵਿਚਕਾਰ ਨਾ ਕੋਇ ਰਖਾਈਆ । ਸੁਖਮਨ ਨਾੜੀ ਹੋ ਉਜਿਆਰਾ ਆਪਣਾ ਦਰਸ ਦਏ
ਕਰਾਈਆ । ਫੜ ਫੜ ਬਾਹੋਂ ਕਰੇ ਪਾਰ ਕਿਨਾਰਾ, ਡੂੰਘੀ ਗਾਰਾ ਪੰਧ ਮੁਕਾਈਆ । ਜੋਤ ਨਿਰੰਜਣ ਕਰ ਉਜਿਆਰਾ, ਘਰ ਸਾਚਾ ਵੇਖ ਵਖਾਈਆ ।
ਭਗਤਾਂ ਵਖਾਏ ਇਕ ਦਵਾਰਾ, ਆਪ ਆਪਣੀ ਬੂਝ ਬੁਝਾਈਆ । ਸਾਚੇ ਅੰਮ੍ਰਿਤ ਨੁਹਾਏ ਠੰਡੇ ਠਾਰਾ, ਕਾਗ ਹੰਸ ਰੂਪ ਵਟਾਈਆ । ਏਕਾ ਚੋਗ
ਚੁਗਾਏ ਚੁਗਾਵਣਹਾਰਾ, ਆਪਣਾ ਨਾਉਂ ਰਸਨਾ ਮੁਖ ਲਗਾਈਆ । ਇਕ ਸੁਣਾਏ ਸੱਚੀ ਧੁਨਕਾਰਾ, ਧੁਨ ਆਤਮਕ ਨਾਦ ਵਜਾਈਆ । ਬਜ਼ਰ
ਕਪਾਟੀ ਕਰੇ ਪਾਰ ਕਿਨਾਰਾ, ਆਰ ਪਾਰ ਆਪਣਾ ਰੂਪ ਦਰਸਾਈਆ । ਸੁਰਤੀ ਸ਼ਬਦੀ ਮੇਲਾ ਕੰਤ ਭਤਾਰਾ, ਆਤਮ ਸੇਜ ਵੱਜੇ ਵਧਾਈਆ । ਦਸਮ
ਦੁਆਰੀ ਖੇਲ ਨਿਆਰਾ, ਸਤਿਗੁਰ ਪੂਰਾ ਆਪ ਕਰਾਈਆ । ਘਰ ਮੰਦਰ ਸੋਹੇ ਉਚ ਮੁਨਾਰਾ, ਅਸਥਿਲ ਵੇਖੇ ਬੇਪਰਵਾਹੀਆ । ਆਪਣੀ ਜਾਣੇ
ਆਪੇ ਕਾਰਾ, ਸੰਤ ਸੁਹੇਲੇ ਨਾਲ ਮਿਲਾਈਆ । ਦਸਮ ਦੁਆਰੀ ਹੋਏ ਬਾਹਰਾ, ਸੁੰਨ ਅਗੰਮੀ ਪਾਰ ਕਰਾਈਆ । ਕਰੇ ਖੇਲ ਏਕੰਕਾਰਾ, ਅਕਲ
ਕਲ ਵੱਡੀ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚੌਦਾਂ ਲੋਕਾਂ ਕਰੇ ਪਾਰ ਕਿਨਾਰਾ, ਬ੍ਰਹਮਾ ਵਿਸ਼ਨ ਸ਼ਿਵ ਰਹੇ ਰਾਹ ਤਕਾਈਆ । ਜਨ
ਭਗਤਾਂ ਵਖਾਏ ਇਕ ਦਰਬਾਰਾ, ਦਰਗਹਿ ਸਾਚੀ ਧਾਮ ਜਣਾਈਆ । ਅਲੱਖ ਅਲੱਖਣਾ ਕਰੇ ਖੇਲ ਨਿਆਰਾ, ਲੇਖਾ ਲੇਖ ਨਾ ਲਿਖਿਆ ਜਾਈਆ ।
ਅਗੰਮ ਅਗੰਮੜਾ ਅਗੰਮੜੀ ਕਾਰਾ, ਅਗੰਮੜੇ ਧਾਮ ਆਪ ਵਖਾਈਆ । ਸਤਿ ਪੁਰਖ ਨਿਰੰਜਣ ਆਪੇ ਕਰੇ ਆਪਣੇ ਸਤਿ ਵਰਤਾਰਾ, ਸਚ ਸਾਚੇ
ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਜੋਤੀ ਸ਼ਬਦੀ
ਜੋੜਾ, ਪੰਜ ਤਤ ਮੇਲ ਮਿਲਾਇੰਦਾ । ਸੋ ਪੁਰਖ ਨਿਰੰਜਣ ਸੱਸੇ ਉਪਰ ਲਾਇਆ ਹੋੜਾ, ਬ੍ਰਹਮ ਹੰ ਰੂਪ ਵਟਾਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ
ਜਨ ਸੰਤਾਂ ਆਪੇ ਬੌਹੜਾ, ਆਪ ਆਪਣਾ ਰੂਪ ਦਰਸਾਇੰਦਾ । ਉਚ ਮਹੱਲ ਅਟੱਲ ਲਗਾਇਆ ਆਪਣਾ ਪੌੜਾ, ਚੌਥਾ ਡੰਡਾ ਇਕ ਰਖਾਇੰਦਾ ।
ਗੁਰਮੁਖਾਂ ਲੱਗੀ ਬੁਝਾਏ ਪਿਆਸ ਆਤਮ ਔੜਾ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਲੱਖ ਚੁਰਾਸੀ ਰੀਠਾ ਵੇਖੇ ਕੌੜਾ, ਘਰ ਘਰ ਅੰਦਰ ਫੋਲ
ਫੁਲਾਇੰਦਾ । ਦੋ ਜਹਾਨਾਂ ਫਿਰੇ ਦੌੜਾ, ਸੇਵਕ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਆਪਣਾ
ਨਾਉਂ ਧਰਾਇੰਦਾ । ਸਤਿਗੁਰ ਪੂਰਾ ਹਰਿ ਨਿਰੰਕਾਰ, ਸਚਖੰਡ ਸਾਚੇ ਡੇਰਾ ਲਾਇੰਦਾ । ਗੁਰ ਗੁਰ ਰੂਪ ਵਿਚ ਸੰਸਾਰ, ਨਾਮ ਨਿਧਾਨ ਏਕਾ ਏਕ
ਪ੍ਰਗਟਾਇੰਦਾ । ਭਗਤ ਭਗਵੰਤ ਖੇਲ ਮਹਾਨ, ਦਰ ਘਰ ਸਾਚੇ ਮੇਲ ਮਿਲਾਇੰਦਾ । ਸਾਚੇ ਸੰਤਾਂ ਕਰੇ ਪਰਧਾਨ, ਆਤਮ ਬ੍ਰਹਮ ਗਿਆਨ ਦ੍ਰਿੜਾਇੰਦਾ ।
ਗੁਰਮੁਖਾਂ ਲੱਖ ਚੁਰਾਸੀ ਚੁਕਾਏ ਕਾਨ, ਮਾਤ ਗਰਭ ਫੰਦ ਕਟਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਦਰ ਦਵਾਰਾ ਇਕ ਵਖਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰ ਇਕ ਅਵਤਾਰ, ਏਕਾ ਸ਼ਬਦ ਇਕ ਭੰਡਾਰ, ਏਕਾ ਦਾਤਾ ਦੇਵਣਹਾਰ, ਜੁਗ ਜੁਗ
ਲੋਕਮਾਤ ਵਰਤਾਰ, ਏਕਾ ਸ਼ਬਦ ਦੇਵ ਗੁਰ ਇਸ਼ਟ, ਹਰਿ ਸਾਚਾ ਸਚ ਵਡਿਆਈਆ । ਏਕਾ ਸ਼ਬਦ ਖੁਲ੍ਹਾਏ ਦ੍ਰਿਸ਼ਟ, ਏਕਾ ਦ੍ਰਿਸ਼ਟ ਵੇਖ ਵਖਾਈਆ ।
ਏਕਾ ਰੂਪ ਦਿਸੇ ਸਰਬ ਸ੍ਰਿਸ਼ਟ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਗੁਰ ਮਿਹਰਵਾਨ,

੬੯੯

ਏਕਾ ਜਾਣੇ ਦੋ ਜਹਾਨ, ਦੋ ਜਹਾਨਾਂ ਖੇਲ ਖਿਲਾਇੰਦਾ । ਸ਼ਬਦ ਗੁਰ ਸੂਰਾ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਬੰਨ੍ਹੇ ਭਗਤੀ ਗਾਨਾ, ਸਾਚਾ ਸਗਨ ਮਨਾਇੰਦਾ । ਸੰਤਾਂ ਦੇਵੇ ਇਕ ਨਿਸ਼ਾਨਾ, ਸਾਚਾ ਮਾਰਗ ਇਕ ਵਖਾਇੰਦਾ । ਗੁਰਮੁਖਾਂ ਸੁਣਾਏ ਏਕਾ ਰਾਗ ਕਾਨਾ, ਧੁਨੀ ਧੁਨ ਨਾਦ ਵਜਾਇੰਦਾ । ਗੁਰਮੁਖਾਂ ਚਰਨ ਧੂੜ ਧੂੜ ਸਚ ਅਸ਼ਨਾਨਾ, ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਆਪ ਕਰਾਏ ਏਕੰਕਾਰ, ਸ਼ਬਦ ਸ਼ਬਦੀ ਸੇਵ ਕਮਾਇੰਦਾ । ਸ਼ਬਦ ਉਜਾਲਾ ਗੁਰ ਗੋਪਾਲਾ, ਪਾਰਬ੍ਰਹਮ ਪੁਰਖ ਸਮਰਥਿਆ । ਲੇਖਾ ਜਾਣੇ ਕਾਲ ਮਹਾਂਕਾਲਾ, ਆਪ ਚਲਾਏ ਆਪਣਾ ਰਥਿਆ । ਆਪੇ ਤੋੜੇ ਜਗਤ ਜੰਜਾਲਾ, ਆਪੇ ਵਸੇ ਘਟ ਘਟਿਆ । ਆਪੇ ਫਲ ਲਗਾਏ ਸਾਚੇ ਡਾਲ੍ਹਾ, ਆਪੇ ਵੇਖ ਵਖਾਏ ਪਤ ਡਾਲ੍ਹੀ ਪਤਿਆ । ਆਪੇ ਫਿਰੇ ਹੱਥ ਖਾਲਾ, ਆਪੇ ਭਗਤਾਂ ਚੋਲੀ ਆਪਣੇ ਨਾਮ ਰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰਾ, ਕਰੇ ਕਰਾਏ ਕਰਣੇਹਾਰਾ, ਲੋਕਮਾਤ ਲਏ ਅਵਤਾਰਾ, ਨਿਰਗੁਣ ਸਰਗੁਣ ਆਪਣਾ ਰੂਪ ਵਟਾਇੰਦਾ । ਨਿਰਗੁਣ ਸਰਗੁਣ ਸਾਚਾ ਮੇਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਇੰਦਾ । ਏਕੰਕਾਰਾ ਸੱਜਣ ਸੁਹੇਲਾ, ਜੁਗ ਜੁਗ ਸੰਗ ਨਿਭਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਚਾੜ੍ਹੇ ਤੇਲਾ, ਘਟ ਘਟ ਦੀਪ ਆਪ ਜਗਾਇੰਦਾ । ਅਬਿਨਾਸ਼ੀ ਕਰਤਾ ਆਪ ਜਾਣੇ ਆਪਣਾ ਵਕਤ ਵੇਲਾ, ਵੇਦ ਪੁਰਾਨ ਭੇਵ ਨਾ ਪਾਇੰਦਾ । ਸ੍ਰੀ ਭਗਵਾਨ ਜੁਗ ਜੁਗ ਆਪਣਾ ਖੇਲ ਅਚਰਜ ਆਪੇ ਖੇਲਾ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਪਾਰਬ੍ਰਹਮ ਆਪਣੇ ਧਾਮ ਆਪੇ ਵਸੇ ਇਕ ਇਕੇਲਾ, ਰੂਪ ਅਨੂਪ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਕਰਣੇਹਾਰਾ, ਨਿਰਗੁਣ ਸਰਗੁਣ ਲੈ ਅਵਤਾਰਾ, ਲੱਖ ਚੁਰਾਸੀ ਪਾਵੇ ਸਾਰਾ, ਲੋਕਮਾਤ ਜੋਤ ਜਗਾਇੰਦਾ । ਲੋਕਮਾਤ ਜਗੇ ਹਰਿ ਜੋਤ, ਨਿਰਗੁਣ ਸਰਗੁਣ ਵਿਚ ਟਿਕਾਈਆ । ਸਤਿਗੁਰ ਪੂਰਾ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਲੇਖਾ ਜਾਣੇ ਕੋਟੀ ਕੋਟ, ਕੋਟੀ ਕੋਟ ਰੂਪ ਵਟਾਈਆ । ਜਨ ਭਗਤਾਂ ਤਨ ਨਗਾਰੇ ਲਗਾਏ ਚੋਟ, ਸ਼ਬਦ ਡੰਕਾ ਇਕ ਵਜਾਈਆ । ਮਾਇਆ ਮਮਤਾ ਵਾਸਨਾ ਕੱਢੇ ਖੋਟ, ਸਚ ਸੁੱਚ ਆਪ ਸਮਝਾਈਆ । ਆਪ ਉਠਾਏ ਆਹਲਣਿਉਂ ਡਿੱਗੇ ਬੋਟ, ਗੁਰ ਮੰਤਰ ਨਾਮ ਦ੍ਰਿੜਾਈਆ । ਇਕ ਰਖਾਏ ਚਰਨ ਓਟ, ਦੂਜੀ ਹੋਰ ਨਾ ਕੋਇ ਸਰਨਾਈਆ । ਨਾਮ ਭੰਡਾਰਾ ਦਏ ਅਤੋਟ, ਚੋਰ ਯਾਰ ਠੱਗ ਲੁੱਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਜੁਗ ਜੁਗ ਅਵਤਾਰ ਹਰਿ ਭਗਵੰਤ, ਭਗਤਾਂ ਪੈਜ ਰਖਾਇੰਦਾ । ਲੇਖਾ ਜਾਣੇ ਸਾਚੇ ਸੰਤ, ਸੰਤ ਸਤਿਗੁਰ ਮੇਲ ਮਿਲਾਇੰਦਾ । ਗੁਰਮੁਖ ਮੇਲਾ ਨਾਰੀ ਕੰਤ, ਘਰ ਮੰਦਰ ਸੇਜ ਹੰਢਾਇੰਦਾ । ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਕਰ ਕਿਰਪਾ ਗੜ੍ਹ ਤੋੜੇ ਹਉਮੇ ਹੰਗਤ, ਭੁੱਖ ਨੰਗਤ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਪੇਖਿਆ, ਪਰਮ ਪੁਰਖ ਕਰਤਾਰ । ਆਪੇ ਲਿਖਣਹਾਰਾ ਲੇਖਿਆ, ਆਪੇ ਵੇਖੇ ਵਿਚ ਸੰਸਾਰ । ਆਪੇ ਧਾਰੇ ਆਪਣਾ ਭੇਖਿਆ, ਆਪੇ ਗੁਰ ਸਤਿਗੁਰ ਲੈ ਅਵਤਾਰ । ਆਪੇ ਲੇਖਾ ਜਾਣੇ ਮੁੱਛ ਦਾੜ੍ਹੀ ਕੇਸਿਆ, ਆਪੇ ਮੂੰਡ ਮੁੰਡਾਏ ਸਿਰਜਣਹਾਰ । ਆਪੇ ਵੇਖੇ ਬ੍ਰਹਮਾ ਵਿਸ਼ਨ ਮਹੇਸ਼

ਗਣੇਸ਼ਿਆ, ਆਪੇ ਵੇਦ ਵੇਦਾਂਤਾ ਪਾਵੇ ਸਾਰ । ਆਪੇ ਸੱਚਾ ਨਰ ਨਰੇਸ਼ਿਆ, ਆਪੇ ਭੂਪ ਹੋਏ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਭਗਤਨ ਕਰੇ ਪਿਆਰ । ਆਪੇ ਭਗਤ ਦਵਾਰਾ ਮੰਗਦਾ, ਜੁਗਾ ਜੁਗੰਤਰ ਸਾਚੀ ਕਾਰ । ਆਪੇ ਸੰਤਨ ਚੋਲੀ ਰੰਗਦਾ, ਰੰਗ ਮਜੀਠੀ ਏਕਾ ਚਾੜ੍ਹ । ਆਪੇ ਗੁਰਮੁਖਾਂ ਅੰਦਰ ਲੰਘਦਾ, ਆਪਣਾ ਬੰਦ ਖੋਲ੍ਹ ਕਿਵਾੜ । ਆਪੇ ਗੁਰਸਿਖਾਂ ਨਾਲ ਹੰਢਦਾ, ਮਰੇ ਨਾ ਜੰਮੇ ਵਿਚ ਸੰਸਾਰ । ਆਪੇ ਨਾਮ ਅਨਮੁਲਾ ਆਪਣਾ ਵੰਡਦਾ, ਸਾਚੇ ਕੰਡੇ ਤੋਲਣਹਾਰ । ਆਪੇ ਲੇਖਾ ਚੁਕਾਏ ਭੇਖ ਪਖੰਡ ਦਾ, ਕੂੜੀ ਕਿਰਿਆ ਦਏ ਨਿਵਾਰ । ਆਪੇ ਲੇਖਾ ਜਾਣੇ ਜੇਰਜ ਅੰਡ ਦਾ, ਉਤਭੁਜ ਸੇਤਜ ਪਾਵੇ ਸਾਰ । ਆਪੇ ਪਰਦਾ ਲਾਹੇ ਖੰਡ ਬ੍ਰਹਿਮੰਡ ਦਾ, ਨਵ ਸਤ ਹੋਏ ਉਜਿਆਰ । ਆਪੇ ਵੇਖੇ ਪਰਕਾਸ਼ ਸੂਰਜ ਚੰਨ ਦਾ, ਆਪ ਆਪਣੀ ਕਿਰਨ ਕਰ ਉਜਿਆਰ । ਆਪੇ ਧਰਤ ਧਵਲ ਆਕਾਸ਼ ਬੇੜਾ ਬੰਨ੍ਹਦਾ, ਸ਼ਬਦ ਡੋਰੀ ਅਪਰ ਅਪਾਰ । ਆਪੇ ਸਚਖੰਡ ਦਵਾਰੇ ਦਰਗਹਿ ਸਾਚੀ ਬਹਿ ਬਹਿ ਵਸਦਾ, ਆਪੇ ਲੱਖ ਚੁਰਾਸੀ ਕਰੇ ਪਸਾਰ । ਆਪੇ ਜੂਨੀ ਰਹਿਤ ਹੋ ਹੋ ਨੱਸਦਾ, ਆਪੇ ਜੂਨਾਂ ਅੰਦਰ ਖਾਵੇ ਮਾਰ । ਆਪੇ ਤੀਰ ਨਿਰਾਲਾ ਕਸਦਾ, ਸ਼ਬਦ ਅਗੰਮੀ ਮਾਰੇ ਬਾਣ । ਆਪੇ ਤ੍ਰੈਗੁਣ ਮਾਇਆ ਹੋ ਹੋ ਡੱਸਦਾ, ਆਪੇ ਬਣੇ ਪੰਜ ਸ਼ੈਤਾਨ । ਆਪੇ ਅੰਮ੍ਰਿਤ ਜਾਮ ਪਿਆਏ ਸਾਚੇ ਰਸ ਦਾ, ਆਪੇ ਹੋਏ ਨਿਗਹਬਾਨ । ਆਪੇ ਪੰਚ ਵਿਕਾਰਾ ਪੈਰਾਂ ਹੇਠਾਂ ਝੱਸਦਾ, ਆਪੇ ਨਾਲ ਰਲਾਏ ਵਡ ਬਲਵਾਨ । ਆਪੇ ਗੁਰਮੁਖਾਂ ਆਪਣਾ ਮਾਰਗ ਦੱਸਦਾ, ਜੁਗਾ ਜੁਗੰਤਰ ਖੇਲ ਮਹਾਨ । ਆਪੇ ਗੁਰਸਿਖਾਂ ਅੰਦਰ ਵਸਦਾ, ਕਾਇਆ ਮੰਦਰ ਸਚ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਸਰੂਪੀ ਹਰਿ ਭਗਵਾਨ । ਹਰਿ ਭਗਵਾਨ ਪੁਰਖ ਅਗੰਮੜਾ, ਅਗੰਮੜੀ ਕਾਰ ਕਰਾਇੰਦਾ । ਹੱਡ ਮਾਸ ਨਾ ਦਿਸੇ ਚੰਮੜਾ, ਰੱਤੀ ਰੱਤ ਨਾ ਕੋਇ ਵਖਾਇੰਦਾ । ਮਾਲ ਧਨ ਨਾ ਕੋਈ ਦਮੜੀ ਦਮੜਾ, ਖ਼ਾਲੀ ਹੱਥ ਸਦ ਫਿਰਾਇੰਦਾ । ਮਾਤ ਪਿਤ ਨਾ ਅੰਮੀ ਅਮੜਾ, ਸਾਚੀ ਗੋਦ ਨਾ ਕੋਇ ਸੁਹਾਇੰਦਾ । ਆਪੇ ਜਾਣੇ ਆਪਣਾ ਕੰਮੜਾ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਕਰੇ ਖੇਲ ਅਪਾਰਾ, ਜਨ ਭਗਤਾਂ ਦੇਵੇ ਸ਼ਬਦ ਹੁਲਾਰਾ, ਚੌਦਾਂ ਲੋਕਾਂ ਪਾਰ ਕਿਨਾਰਾ, ਸਚ ਦਵਾਰਾ ਇਕ ਵਖਾਇੰਦਾ । ਸਚ ਦਵਾਰਾ ਸਤਿਗੁਰ ਮੀਤ, ਗੁਰਸਿਖ ਇਕ ਵਖਾਈਆ । ਅੱਠੇ ਪਹਿਰ ਪਰਖੇ ਨੀਤ, ਹਰਿਜਨ ਸਗਲਾ ਸੰਗ ਨਿਭਾਈਆ । ਕਰੇ ਕਰਾਏ ਪਤਿਤ ਪੁਨੀਤ, ਗੁਰ ਪੂਰੇ ਵਡ ਵਡਿਆਈਆ । ਮਨ ਮਨੂਆ ਨਾ ਜਾਏ ਜੀਤ, ਸ਼ਬਦ ਡੋਰੀ ਤੰਦ ਬੰਧਾਈਆ । ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਨਾ ਕੋਇ ਰਖਾਈਆ । ਇਕ ਬੰਧਾਏ ਚਰਨ ਪ੍ਰੀਤ, ਸਾਚੀ ਰੀਤ ਮਾਤ ਵਖਾਈਆ । ਸ਼ਬਦ ਸੁਣਾਏ ਸੁਹਾਗੀ ਗੀਤ, ਘਰ ਮੰਦਰ ਅੰਦਰ ਅਨਹਦ ਤਾਲ ਵਜਾਈਆ । ਏਕਾ ਰੰਗ ਵਖਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਧਾਮ ਵਖਾਏ ਇਕ ਅਨਡੀਠ, ਜਗਤ ਨੇਤਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਮਹਾਨਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਇਕ ਇਕੱਲਾ ਏਕੰਕਾਰ, ਘਰ ਸਾਚੇ ਸੋਭਾ ਪਾਇੰਦਾ । ਦੂਜਾ ਆਪਣਾ ਕਰ ਪਸਾਰ, ਆਪ ਆਪਣਾ ਖੇਲ ਖਿਲਾਇੰਦਾ । ਤੀਜਾ ਭਗਤਾਂ ਨੇਤਰ ਦਏ ਅਪਾਰ, ਦੋਏ ਲੋਚਣ ਬੰਦ ਵਖਾਇੰਦਾ । ਚੌਥੇ ਪਦ ਸੱਚੀ ਸਰਕਾਰ, ਘਰ ਸਾਚਾ ਆਸਣ ਲਾਇੰਦਾ । ਪੰਚਮ ਸ਼ਬਦ ਧੁਨ ਜੈਕਾਰ, ਆਪ ਆਪਣਾ ਰਾਗ ਸੁਣਾਇੰਦਾ । ਛੇਵੇਂ ਮੰਦਰ ਅਗੰਮ ਅਪਾਰ, ਨਾ ਕੋਈ ਦੀਸੇ ਚਾਰ ਦਵਾਰ, ਛੱਪਰ ਛੰਨ ਨਾ

ਕੋਇ ਛੁਹਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਕਰੇ ਸਾਚੀ ਕਾਰ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਅਠਵੇਂ ਅੱਠਾਂ ਤੱਤਾਂ ਵਸੇ ਬਾਹਰ, ਮਨ ਮਤ ਬੁੱਧ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤਤ ਨਾ ਕੋਇ ਬਣਾਇੰਦਾ । ਨਾਵੇਂ ਨੌ ਦਰ ਬੇੜਾ ਕਰੇ ਪਾਰ, ਡੂੰਘੀ ਕਵਰੀ ਭਵਰੀ ਪਾਵੇ ਸਾਰ, ਜਿਸ ਸਿਰ ਆਪਣਾ ਹੱਥ ਰਖਾਇੰਦਾ । ਦਸਵੇਂ ਦਰ ਘਰ ਮੇਲਾ ਸੱਚੀ ਸਰਕਾਰ, ਸੁਰਤ ਸ਼ਬਦੀ ਮੇਲ ਮਿਲਾਇੰਦਾ । ਗੁਰਮੁਖ ਗੁਰਸਿਖ ਹਰਿ ਭਗਤ ਹਰਿਜਨ ਆਪ ਸੁਹਾਏ ਆਪਣੇ ਸਚ ਦਰਬਾਰ, ਦਰ ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਮਿਹਰਵਾਨ, ਸਤਿਗੁਰ ਦੇਵੇ ਧੁਰ ਫ਼ਰਮਾਣ, ਧੁਰ ਦੀ ਬਾਣ ਆਪ ਰਖਾਇੰਦਾ । ਸਤਿਗੁਰ ਪੂਰਾ ਸੱਚਾ ਜਾਣੀਏ, ਪੰਜ ਤਤ ਕਰੇ ਪਛਾਣ । ਸਤਿਗੁਰ ਪੂਰਾ ਜਾਣੀਏ, ਰੱਤੀ ਰਤ ਦੇਵੇ ਮਾਣ । ਸਤਿਗੁਰ ਪੂਰਾ ਜਾਣੀਏ, ਨਾਤਾ ਤੋੜੇ ਪੰਜ ਸ਼ੈਤਾਨ । ਸਤਿਗੁਰ ਪੂਰਾ ਜਾਣੀਏ, ਚਰਨ ਵਖਾਏ ਇਕ ਧਿਆਨ । ਸਤਿਗੁਰ ਪੂਰਾ ਜਾਣੀਏ, ਬਿਰਹੋਂ ਮਾਰੇ ਏਕਾ ਬਾਣ । ਸਤਿਗੁਰ ਪੂਰਾ ਜਾਣੀਏ, ਦੇਵੇ ਨਾਮ ਗੁਣ ਨਿਧਾਨ । ਸਤਿਗੁਰ ਪੂਰਾ ਜਾਣੀਏ, ਸ਼ਬਦ ਬਿਠਾਏ ਇਕ ਬਬਾਣ । ਸਤਿਗੁਰ ਪੂਰਾ ਜਾਣੀਏ ਅੰਮ੍ਰਿਤ ਦੇਵੇ ਪੀਣ ਖਾਣ । ਸਤਿਗੁਰ ਪੂਰਾ ਜਾਣੀਏ, ਦਰ ਘਰ ਸਾਚੇ ਦੇਵੇ ਮਾਣ । ਸਤਿਗੁਰ ਪੂਰ ਜਾਣੀਏ, ਏਕਾ ਬਖ਼ਸ਼ੇ ਬ੍ਰਹਮ ਗਿਆਨ । ਸਤਿਗੁਰ ਪੂਰਾ ਜਾਣੀਏ, ਉਪਜਾਏ ਧੁਨ ਸੱਚੀ ਧੁਨਕਾਨ । ਸਤਿਗੁਰ ਪੂਰਾ ਜਾਣੀਏ, ਨਾਤਾ ਤੋੜੇ ਪਵਣ ਮਸਾਣ । ਸਤਿਗੁਰ ਪੂਰਾ ਜਾਣੀਏ, ਏਕਾ ਆਪਣੀ ਰੱਖੇ ਆਣ । ਸਤਿਗੁਰ ਪੂਰਾ ਜਾਣੀਏ, ਕਾਇਆ ਮੰਦਰ ਅੰਦਰ ਵਖਾਏ ਸਚ ਦੁਕਾਨ । ਸਤਿਗੁਰ ਪੂਰਾ ਜਾਣੀਏ, ਦੋ ਜਹਾਨਾਂ ਹੋਵੇ ਸੰਗ ਮਾਤਲੋਕ ਲੱਖ ਚੁਰਾਸੀ ਫੰਦ ਕਟਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਧੁਰ ਮਾਣ । ਸਤਿਗੁਰ ਪੂਰਾ ਜਾਣੀਏ, ਦਰਸ ਦਖਾਏ ਸਾਖਯਾਤ । ਸਤਿਗੁਰ ਪੂਰਾ ਜਾਣੀਏ, ਗੁਰਸਿਖ ਬਣਾਏ ਪਾਰਜ਼ਾਤ । ਸਤਿਗੁਰ ਪੂਰਾ ਜਾਣੀਏ, ਸ਼ਬਦ ਅਗੰਮੀ ਦੇਵੇ ਦਾਤ । ਸਤਿਗੁਰ ਪੂਰਾ ਜਾਣੀਏ, ਚਰਨ ਕਵਲ ਬੰਧਾਏ ਨਾਤ । ਸਤਿਗੁਰ ਪੂਰਾ ਜਾਣੀਏ, ਇਕ ਬਬਾਣਾ ਸੁਹਾਏ ਆਤਮ ਸੇਜਾ ਸਾਚੀ ਖਾਟ । ਸਤਿਗੁਰ ਪੂਰਾ ਜਾਣੀਏ, ਨਾਤਾ ਤੋੜੇ ਤੀਰਥ ਤਾਟ । ਸਤਿਗੁਰ ਪੂਰਾ ਜਾਣੀਏ, ਦੋ ਜਹਾਨਾਂ ਨੇੜੇ ਰੱਖੇ ਵਾਟ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਗਾਏ ਇਕ ਲਲਾਟ । ਸਤਿਗੁਰ ਪੂਰਾ ਜਾਣੀਏ, ਪਾਰਬ੍ਰਹਮ ਪੁਰਖ ਸਮਰਥ । ਸਤਿਗੁਰ ਪੂਰਾ ਜਾਣੀਏ, ਜੁਗ ਜੁਗ ਚਲਾਏ ਰਥ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਨਾਮ ਵੱਥ । ਸਤਿਗੁਰ ਪੂਰਾ ਜਾਣੀਏ, ਲੇਖਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ । ਸਤਿਗੁਰ ਪੂਰਾ ਜਾਣੀਏ, ਕਾਇਆ ਮੰਦਰ ਅੰਦਰ ਆਪਣੀ ਬਦਲੇ ਆਪ ਕਰਵਟ । ਸਤਿਗੁਰ ਪੂਰਾ ਜਾਣੀਏ, ਜਗਤ ਵਿਛੋੜਾ ਮੇਟੇ ਫੱਟ । ਸਤਿਗੁਰ ਪੂਰਾ ਜਾਣੀਏ, ਹਰਿ ਮੰਦਰ ਸਾਚੇ ਵਸੇ ਆਦਿ ਜੁਗਾਦਿ ਨਾ ਜਾਏ ਢੱਠ । ਸਤਿਗੁਰ ਪੂਰਾ ਜਾਣੀਏ, ਆਪਣੀ ਹੱਥੀਂ ਗੇੜੇ ਆਪਣੀ ਲੱਠ । ਸਤਿਗੁਰ ਪੂਰਾ ਜਾਣੀਏ, ਸ਼ਬਦ ਪਹਿਨਾਏ ਤਨ ਪੱਟ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਆਤਮ ਦੇਵੇ ਝੱਟ । ਸਤਿਗੁਰ ਪੂਰਾ ਜਾਣੀਏ, ਲੇਖਾ ਚੁਕਾਏ ਆਨ ਬਾਟ । ਸਤਿਗੁਰ ਪੂਰਾ ਜਾਣੀਏ, ਗਹਿਰ ਗੰਭੀਰ ਗੁਣੀ ਗਹਿੰਦ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਆਤਮ ਦੇਵੇ ਸਾਗਰ ਸਿੰਧ । ਸਤਿਗੁਰ ਪੂਰਾ ਜਾਣੀਏ, ਗੁਰਮੁਖ ਉਪਜਾਏ ਆਪਣੀ ਬਿੰਦ । ਸਤਿਗੁਰ ਪੂਰਾ ਜਾਣੀਏ, ਜਗਤ ਜਹਾਨਾਂ ਮਿਟਾਏ ਚਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਦਿ

੭੦੨ ੦੯

ਜੁਗਾਦਿ ਸਦਾ ਬਖ਼ਸ਼ਿੰਦ । ਸਤਿਗੁਰ ਪੂਰਾ ਜਾਣੀਏ, ਏਕਾ ਏਕੰਕਾਰਾ । ਸਤਿਗੁਰ ਪੂਰਾ ਜਾਣੀਏ, ਵਸੇ ਸਚਖੰਡ ਸੱਚੇ ਦਵਾਰਾ । ਸਤਿਗੁਰ ਪੂਰਾ ਜਾਣੀਏ, ਥਿਰ ਘਰ ਖੋਲ੍ਹੇ ਬੰਦ ਕਿਵਾੜਾ । ਸਤਿਗੁਰ ਪੂਰਾ ਜਾਣੀਏ, ਸੁੰਨ ਅਗੰਮੀ ਕਰੇ ਪਾਰ ਕਿਨਾਰਾ । ਸਤਿਗੁਰ ਪੂਰਾ ਜਾਣੀਏ, ਦਸਮ ਦੁਆਰੀ ਪਾਵੇ ਸਾਰਾ । ਸਤਿਗੁਰ ਪੂਰਾ ਜਾਣੀਏ, ਬੰਦ ਕਵਾੜੀ ਖੋਲ੍ਹੇ ਤਾਲਾ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਮਾਰੇ ਇਕ ਉਛਾਲਾ । ਸਤਿਗੁਰ ਪੂਰਾ ਜਾਣੀਏ, ਏਕਾ ਰਾਗ ਸੁਣਾਏ ਸੱਚੀ ਧੁਨਕਾਨਾ । ਸਤਿਗੁਰ ਪੂਰਾ ਜਾਣੀਏ, ਮੇਲ ਮਿਲਾਏ ਕਾਇਆ ਮੰਦਰ ਸਚ ਮਕਾਨਾ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਸ੍ਰੀ ਭਗਵਾਨਾ । ਸਤਿਗੁਰ ਸੱਚਾ ਜਾਣੀਏ, ਹਰਿ ਸੱਚਾ ਸਾਹਿਬ ਕੰਤ । ਸਤਿਗੁਰ ਸੱਚਾ ਜਾਣੀਏ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤ । ਸਤਿਗੁਰ ਸੱਚਾ ਜਾਣੀਏ, ਏਕਾ ਸ਼ਬਦ ਜਣਾਏ ਮਣੀਆ ਮੰਤ । ਸਤਿਗੁਰ ਸੱਚਾ ਜਾਣੀਏ, ਮੂਰਖ ਮੂੜ ਬਣਾਏ ਚਤੁਰ ਸੁਘੜ ਦੇਵੇ ਵਡਿਆਈ ਵਿਚ ਜੀਵ ਜੰਤ । ਸਤਿਗੁਰ ਪੂਰਾ ਜਾਣੀਏ, ਗੜ੍ਹ ਤੋੜੇ ਹਉਮੇ ਹੰਗਤ । ਸਤਿਗੁਰ ਪੂਰਾ ਜਾਣੀਏ ਆਪ ਮਿਲਾਏ ਆਪਣੀ ਸੰਗਤ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਜਾਮ ਪਿਆਏ ਆਪ ਬਹਾਏ ਆਪਣੀ ਪੰਗਤ । ਸਤਿਗੁਰ ਪੂਰਾ ਜਾਣੀਏ, ਅੰਗੀ ਕਾਰ ਕਰੇ ਆਪ ਲਗਾਏ ਆਪਣੇ ਅੰਗਤ । ਸਤਿਗੁਰ ਪੂਰਾ ਜਾਣੀਏ, ਦੂਜੇ ਦਰ ਨਾ ਜਾਏ ਮੰਗਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸਤਿਗੁਰ ਸੱਚਾ ਸ਼ਾਹ, ਗੁਰਮੁਖਾਂ ਬਣੇ ਆਪ ਮਲਾਹ, ਲੱਖ ਚੁਰਾਸੀ ਕੱਟੇ ਫਾਹ, ਮਾਨਸ ਜਨਮ ਪੈਜ ਸਵਾਰੀਆ । ਸਤਿਗੁਰ ਪੂਰਾ ਜਾਣੀਏ, ਦੇਵੇ ਸਤਿ ਸੰਤੋਖ ਗਿਆਨ । ਸਤਿਗੁਰ ਪੂਰਾ ਜਾਣੀਏ, ਜਨਮ ਕਰਮ ਪਾਏ ਨੀਸ਼ਾਨ । ਸਤਿਗੁਰ ਪੂਰਾ ਜਾਣੀਏ, ਆਪਣੇ ਨੇਤਰ ਵੇਖੇ ਮਾਰ ਧਿਆਨ । ਸਤਿਗੁਰ ਪੂਰਾ ਜਾਣੀਏ, ਆਪਣੀ ਦ੍ਰਿਸ਼ਟੀ ਦੇਵੇ ਗਿਆਨ । ਸਤਿਗੁਰ ਪੂਰਾ ਜਾਣੀਏ, ਲੱਖ ਚੁਰਾਸੀ ਸਰਬ ਸ੍ਰਿਸ਼ਟ ਕਰੇ ਪਹਿਚਾਨ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਾਲੀ ਦੋ ਜਹਾਨ । ਸਤਿਗੁਰ ਪੂਰਾ ਜਾਣੀਏ, ਨਾਤਾ ਤੋੜੇ ਜੋਗ ਅਭਿਆਸ । ਸਤਿਗੁਰ ਪੂਰਾ ਜਾਣੀਏ, ਜਨ ਭਗਤਾਂ ਹੋਵੇ ਦਾਸੀ ਦਾਸ । ਸਤਿਗੁਰ ਪੂਰਾ ਜਾਣੀਏ, ਗੁਰਮੁਖਾਂ ਅੰਦਰ ਕਰੇ ਵਾਸ । ਸਤਿਗੁਰ ਪੂਰਾ ਜਾਣੀਏ, ਜਗਤ ਤ੍ਰਿਸ਼ਨਾ ਬੁਝਾਏ ਪਿਆਸ । ਸਤਿਗੁਰ ਪੂਰਾ ਜਾਣੀਏ, ਆਦਿ ਜੁਗਾਦਿ ਨਾ ਜਾਏ ਵਿਨਾਸ । ਸਤਿਗੁਰ ਪੂਰਾ ਜਾਣੀਏ, ਲੇਖਾ ਜਾਣੇ ਪ੍ਰਿਥਮੀ ਆਕਾਸ਼ । ਸਤਿਗੁਰ ਪੂਰਾ ਜਾਣੀਏ, ਘਰ ਮੰਡਲ ਪਾਵੇ ਰਾਸ । ਸਤਿਗੁਰ ਪੂਰਾ ਜਾਣੀਏ, ਪੂਰੀ ਕਰੇ ਆਸ । ਸਤਿਗੁਰ ਪੂਰਾ ਜਾਣੀਏ, ਜਗਤ ਜੰਜਾਲਾ ਤੋੜੇ ਝੂਠਾ ਬਨਵਾਸ । ਸਤਿਗੁਰ ਪੂਰਾ ਜਾਣੀਏ, ਘਰ ਨਿਰਮਲ ਜੋਤ ਕਰੇ ਪ੍ਰਕਾਸ਼ । ਸਤਿਗੁਰ ਪੂਰਾ ਜਾਣੀਏ, ਘਰ ਤਖ਼ਤ ਬੈਠੇ ਸ਼ਾਹੋ ਸ਼ਾਬਾਸ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਏਕਾ ਜਾਣੇ ਆਪਣੀ ਰਾਸ । ਸਤਿਗੁਰ ਪੂਰਾ ਜਾਣੀਏ, ਦੀਨ ਦਰਦ ਦੁੱਖ ਭੰਜਣ । ਸਤਿਗੁਰ ਪੂਰਾ ਜਾਣੀਏ, ਨੇਤਰ ਨਾਮ ਪਾਏ ਇਕ ਅੰਜਨ । ਸਤਿਗੁਰ ਪੂਰਾ ਜਾਣੀਏ, ਚਰਨ ਧੂੜ ਕਰਾਏ ਸਾਚਾ ਮਜਨ । ਸਤਿਗੁਰ ਪੂਰਾ ਜਾਣੀਏ, ਦੋ ਜਹਾਨਾਂ ਬਣੇ ਸੱਜਣ । ਸਤਿਗੁਰ ਪੂਰਾ ਜਾਣੀਏ, ਆਦਿ ਅੰਤ ਪਰਦੇ ਕੱਜਣ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲਾਏ ਸਚ ਜਹਾਜਨ । ਸਤਿਗੁਰ ਪੂਰਾ ਜਾਣੀਏ, ਹਰਿ ਸੱਚਾ ਸ਼ਹਿਨਸ਼ਾਹ । ਸਤਿਗੁਰ ਪੂਰਾ ਜਾਣੀਏ, ਵਡ ਸਿਫ਼ਤੀ ਸਿਫ਼ਤ ਸਲਾਹ । ਸਤਿਗੁਰ ਪੂਰਾ ਜਾਣੀਏ,

ਜਨ ਭਗਤਾਂ ਬਣੇ ਆਪ ਮਲਾਹ । ਸਤਿਗੁਰ ਪੂਰਾ ਜਾਣੀਏ, ਗੁਰਸਿਖਾਂ ਭਾਰ ਆਪਣੇ ਸੀਸ ਲਏ ਉਠਾ । ਸਤਿਗੁਰ ਪੂਰਾ ਜਾਣੀਏ, ਫੜ ਫੜ ਬਾਹੋਂ ਆਪਣੇ ਰਾਹੇ ਦੇਵੇ ਪਾ । ਸਤਿਗੁਰ ਪੂਰਾ ਜਾਣੀਏ, ਅੰਤਮ ਕਰੇ ਸਚ ਨਿਆਂ । ਸਤਿਗੁਰ ਪੂਰਾ ਜਾਣੀਏ, ਹੰਸ ਬਣਾਏ ਕਾਂ । ਸਤਿਗੁਰ ਪੂਰਾ ਜਾਣੀਏ, ਗੁਰਮੁਖਾਂ ਲਾਡ ਲਡਾਏ ਜਿਉਂ ਬਾਲਕ ਮਾਂ । ਸਤਿਗੁਰ ਪੂਰਾ ਜਾਣੀਏ, ਸਿਰ ਰੱਖੇ ਸਦਾ ਠੰਡੀ ਛਾਂ । ਸਤਿਗੁਰ ਪੂਰਾ ਜਾਣੀਏ, ਕਰ ਕਿਰਪਾ ਦਰਗਹ ਸਾਚੀ ਲਏ ਬਹਾ । ਸਤਿਗੁਰ ਪੂਰਾ ਜਾਣੀਏ, ਨਿਥਾਵਿਆਂ ਦੇਵੇ ਸਾਚਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਨਾਂ । ਸਤਿਗੁਰ ਪੂਰਾ ਜਾਣੀਏ, ਦਿਬ ਦ੍ਰਿਸ਼ਟ ਦਏ ਖੁਲ੍ਹਾਈਆ । ਸਤਿਗੁਰ ਪੂਰਾ ਜਾਣੀਏ, ਮਿਹਰਵਾਨ ਇਕ ਅਖਵਾਈਆ । ਸਤਿਗੁਰ ਪੂਰਾ ਜਾਣੀਏ, ਜਪ ਤਪ ਹਠ ਨਾ ਕੋਈ ਕਰਾਈਆ । ਸਤਿਗੁਰ ਪੂਰਾ ਜਾਣੀਏ, ਧੂਣੀ ਅੱਗ ਨਾ ਕੋਈ ਤਪਾਈਆ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਈਆ । ਸਤਿਗੁਰ ਸੋ ਬਲਵਾਨ, ਗੁਰਸਿਖਾਂ ਦਇਆ ਕਮਾਇੰਦਾ । ਏਕਾ ਦੇਵੇ ਨਾਮ ਬਿਬਾਨ, ਫੜ ਬਾਹੋਂ ਉਪਰ ਬਹਾਇੰਦਾ । ਆਪਣੀ ਦ੍ਰਿਸ਼ਟੀ ਲੇਖਾ ਚੁਕਾਏ ਦੋ ਜਹਾਨ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਆਪ ਅਖਵਾਇੰਦਾ । ਸਤਿਗੁਰ ਸੱਚਾ ਸਚ ਹੈ, ਸਰਬ ਕਲਾ ਭਰਪੂਰ । ਸਤਿਗੁਰ ਸੱਚਾ ਸਚ ਹੈ, ਸਦਾ ਸਦਾ ਹਾਜ਼ਰ ਹਜ਼ੂਰ । ਸਤਿਗੁਰ ਸੱਚਾ ਸਚ ਹੈ, ਏਕਾ ਏਕ ਜੋਤੀ ਨੂਰ । ਸਤਿਗੁਰ ਸੱਚਾ ਸਚ ਹੈ, ਨਾਤਾ ਤੋੜੇ ਕੂੜੇ ਕੂੜ । ਸਤਿਗੁਰ ਸੱਚਾ ਸਚ ਹੈ, ਗੁਰਮੁਖਾਂ ਬਖ਼ਸ਼ੇ ਚਰਨ ਧੂੜ । ਸਤਿਗੁਰ ਸੱਚਾ ਸਚ ਹੈ, ਏਕਾ ਰੰਗ ਰੰਗਾਏ ਗੂੜ੍ਹ । ਸਤਿਗੁਰ ਸੱਚਾ ਸਚ ਹੈ, ਸੁਘੜ ਬਣਾਏ ਮੂਰਖ ਮੂੜ । ਸਤਿਗੁਰ ਸੱਚਾ ਸਚ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਚੁਕਾਏ ਨੇੜੇ ਦੂਰ । ਸਤਿਗੁਰ ਸੱਚਾ ਏਕ ਹੈ, ਏਕੋ ਪੁਰਖ ਅਖਵਾਏ । ਜੁਗ ਜੁਗ ਭਗਤਾਂ ਬਖ਼ਸ਼ੇ ਸਾਚੀ ਟੇਕ ਹੈ, ਆਪ ਆਪਣੀ ਦਇਆ ਕਮਾਏ । ਕਰੇ ਕਰਾਏ ਬੁੱਧ ਬਬੇਕ ਹੈ, ਜਗਤ ਦਵੈਤੀ ਵੇਖ ਵਖਾਏ । ਆਪੇ ਲਿਖਣਹਾਰਾ ਲੇਖ ਹੈ, ਆਪਣਾ ਲੇਖਾ ਦਏ ਸਮਝਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪ ਚਲਾਏ ਆਪਣਾ ਮੰਤਰ, ਲੋਕਮਾਤ ਬੁਝਾਏ ਲੱਗੀ ਬਸੰਤਰ, ਸਾਂਤਕ ਸਤਿ ਆਪ ਵਰਤਾਏ । ਸਤਿਜੁਗ ਤ੍ਰੇਤਾ ਦੁਆਪਰ ਰਾਮ ਨਾਮ ਅਪਾਰਾ, ਸੋਲਾਂ ਕਲ ਖੇਲ ਖਿਲਾਈਆ । ਓਮ ਰੂਪ ਸੱਚੀ ਸਰਕਾਰਾ, ਇਸ਼ਟ ਦੇਵ ਸ੍ਰਿਸ਼ਟ ਸਬਾਈਆ । ਵਾਸਤਕ ਰੂਪ ਅਗੰਮ ਅਪਾਰਾ, ਵਿਸ਼ਨੂੰ ਆਪਣਾ ਨਾਉਂ ਧਰਾਈਆ । ਨਮੋ ਦੇਵ ਕਰੇ ਨਿਮਸਕਾਰਾ, ਨਮੋ ਨਮੋ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣਾ ਨਾਉਂ ਧਰਾਈਆ । ਸਤਿਜੁਗ ਤ੍ਰੇਤਾ ਉਤਰਿਆ ਪਾਰ, ਦੁਆਪਰ ਅੰਤ ਰਹਿਣ ਨਾ ਪਾਇਆ । ਗੁਰ ਪੀਰ ਸਾਧ ਸੰਤ ਲਏ ਅਵਤਾਰ, ਹੁਕਮੀ ਹੁਕਮ ਸਰਬ ਫਿਰਾਇਆ । ਹਰਿ ਹਰਿ ਨਾਉਂ ਬੋਲ ਜੈਕਾਰ, ਜੀਵਾਂ ਜੰਤਾਂ ਗਏ ਸਮਝਾਇਆ । ਪੁਰਖ ਅਬਿਨਾਸ਼ੀ ਏਕਾ ਏਕ ਘਰ ਸਾਚੇ ਵਸਣੇਹਾਰ, ਦੂਜਾ ਦਰ ਨਾ ਕੋਈ ਦਿਸਾਇਆ । ਚੌਥਾ ਜੁਗ ਕਰੇ ਪੁਕਾਰ, ਐੜਾ ਅਥਰਬਣ ਅੱਖ ਖੁਲ੍ਹਾਇਆ । ਬੋਧ ਗਿਆਨਾ ਵਿਚ ਸੰਸਾਰ, ਏਕਾ ਰਸਨਾ ਤੀਰ ਚਲਾਇਆ । ਪੁਰਖ ਅਬਿਨਾਸ਼ੀ ਭੇਵ ਨਿਆਰ, ਆਪ ਆਪਣਾ ਖੇਲ ਖਿਲਾਇਆ । ਆਪਣਾ ਕਲਮਾ ਕਰ ਤਿਆਰ, ਆਪਣਾ ਬੰਸ ਆਪ ਪੜ੍ਹਾਇਆ । ਸਾਚਾ ਸਜਦਾ ਪਰਵਰਦਿਗਾਰ, ਸੀਸ ਜਗਦੀਸ਼ ਆਪ

ਝੁਕਾਇਆ । ਈਸਾ ਮੂਸਾ ਖੋਲ੍ਹ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੂਪ ਆਪ ਵਟਾਇਆ । ਈਸਾ ਮੂਸਾ ਕਾਲਾ ਸੂਸਾ ਸ਼ਾਹ ਆਪਣੇ ਤਨ ਪਹਿਨਾਈਆ । ਏਕਾ ਸ਼ਬਦ ਇਕ ਹਦੀਸਾ, ਏਕਾ ਹੁਕਮ ਸੁਣਾਈਆ । ਲੇਖਾ ਜਾਣੇ ਤੀਸ ਬਤੀਸਾ, ਭੇਵ ਅਭੇਦ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਵਰਦਿਗਾਰ ਸਾਂਝਾ ਯਾਰ, ਨੂਰੋ ਨੂਰ ਅਲਾਈਆ । ਨੂਰ ਇਲਾਹੀ ਅੱਲਾ ਨੂਰ, ਮੁਕਾਮੇ ਹੱਕ ਸੁਹਾਇੰਦਾ । ਆਪਣਾ ਵਜਾਏ ਸਾਚਾ ਤੂਰ, ਨਾਦ ਅਨਾਦੀ ਆਪ ਅਲਾਇੰਦਾ । ਆਪੇ ਹੋਏ ਜਲਵਾ ਹਜ਼ੂਰ, ਬੇਪਰਵਾਹ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਇਕ ਇਕੱਲਾ, ਲੇਖਾ ਲੇਖ ਨਾ ਲਿਖਿਆ ਜਾਈਆ । ਆਪੇ ਨਾਉਂ ਧਰਾਏ ਰਾਣੀ ਅੱਲਾ, ਐਨਲਹੱਕ ਨਾਅਰਾ ਲਾਈਆ । ਆਪਣੇ ਹੱਥ ਉਠਾਏ ਜਗਤ ਮਸਲਾ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਕਲਮਾ ਅਮਾਮ ਕਾਇਨਾਤ ਸਚ ਸੰਦੇਸ਼ ਘੱਲਾ, ਅੰਜੀਲ ਕੁਰਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗ ਮੁਹੰਮਦ ਚਾਰ ਯਾਰ ਆਪੇ ਵਸੇ ਸਚ ਮਹੱਲਾ, ਚੌਦਾਂ ਤਬਕਾਂ ਵੇਖ ਵਖਾਈਆ । ਚੌਦਾਂ ਤਬਕਾਂ ਕੁੰਡਾ ਖੋਲ੍ਹ, ਜ਼ਿਮੀ ਅਸਮਾਨਾਂ ਫੋਲ ਫੁਲਾਇੰਦਾ । ਏਕਾ ਊਚੀ ਕੂਕੇ ਬੋਲ, ਨਾਅਰਾ ਹੱਕ ਆਪ ਲਾਇੰਦਾ । ਏਕਾ ਤੋਲੇ ਸਾਚਾ ਤੋਲ, ਤੋਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦਿ ਆਪਣੀ ਰਚਨਾ ਵੇਖ ਵਖਾਇੰਦਾ । ਆਪਣੀ ਰਚਨਾ ਵੇਖਣਹਾਰਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਨਿਰਗੁਣ ਜੋਤੀ ਕਰ ਉਜਿਆਰਾ, ਨਾਨਕ ਪੰਜ ਤਤ ਕਰੇ ਕੁੜਮਾਈਆ । ਸਚਖੰਡ ਸੁਹਾਏ ਇਕ ਦਵਾਰਾ, ਸਰਗੁਣ ਨਿਰਗੁਣ ਮੇਲ ਮਿਲਾਈਆ । ਏਕਾ ਨਾਮ ਸਤਿ ਬੋਲ ਜੈਕਾਰਾ, ਚਾਰ ਵਰਨਾਂ ਕਰੇ ਪੜ੍ਹਾਈਆ । ਏਕਾ ਜੋਤ ਨੂਰ ਦਸ ਉਜਿਆਰਾ, ਗੋਬਿੰਦ ਫ਼ਤਿਹ ਇਕ ਗਜਾਈਆ । ਕਲਜੁਗ ਚਾਰੋਂ ਕੁੰਟ ਬਣ ਅੰਧਿਆਰਾ, ਸਾਚਾ ਚੰਦ ਨਾ ਕੋਈ ਵਖਾਈਆ । ਸ੍ਰਿਸ਼ਟ ਸਬਾਈ ਧੂਆਂਧਾਰਾ, ਧਰਤ ਧਵਲ ਦਏ ਦੁਹਾਈਆ । ਸ਼ਾਹ ਸੁਲਤਾਨ ਨਾ ਕੋਈ ਸਿਕਦਾਰਾ, ਸਾਚਾ ਤਖ਼ਤ ਨਾ ਕੋਈ ਹੰਢਾਈਆ । ਸਾਧ ਸੰਤ ਆਤਮ ਅੰਤਰ ਨਾ ਦਏ ਕੋਈ ਹੁਲਾਰਾ, ਸ਼ਬਦ ਹਲੂਣਾ ਨਾ ਕੋਈ ਲਗਾਈਆ । ਮਾਇਆ ਰਾਣੀ ਘਰ ਘਰ ਸੁੱਤੀ ਪੈਰ ਪਸਾਰਾ, ਲੋਕਮਾਤ ਨਾ ਲਏ ਅੰਗੜਾਈਆ । ਕਲਜੁਗ ਕੂੜ ਕੁੜਿਆਰਾ ਕਰੇ ਖ਼ਵਾਰਾ, ਜੂਠ ਝੂਠ ਵੱਜੀ ਵਧਾਈਆ । ਕੋਈ ਨਾ ਚੜ੍ਹੇ ਕਾਇਆ ਮੰਦਰ ਉਚ ਮੁਨਾਰਾ, ਘਰ ਘਰ ਥੱਕੇ ਪਾਂਧੀ ਰਾਹੀਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਹਰਿਜਨ ਸਾਚੇ ਲਏ ਜਗਾਈਆ । ਕਿਸੇ ਹੱਥ ਨਾ ਆਏ ਮੰਦਰ ਮਸਜਿਦ ਗੁਰੂਦੁਆਰਾ, ਕਾਇਆ ਕਾਅਬਾ ਬੈਠਾ ਰੂਪ ਛੁਪਾਈਆ । ਜਿਸ ਜਨ ਕਰੇ ਆਪ ਸਚ ਪਿਆਰਾ, ਆਪ ਆਪਣੀ ਬੂਝ ਬੁਝਾਈਆ । ਤੁਰੀਆ ਰਾਗ ਬੋਲ ਜੈਕਾਰਾ, ਸੁਫਨ ਸਖੋਪਤ ਜਾਗਰਤ ਪੰਧ ਮੁਕਾਈਆ । ਬੈਖ਼ਰੀ ਮਧਮ ਪਸੰਤੀ ਕਰੇ ਪਾਰ ਕਿਨਾਰਾ, ਆਪ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੁਰਖ ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਕਲਜੁਗ ਵੇਲਾ ਅੰਤਮ ਆਇਆ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਜੋਤੀ ਜਾਮਾ ਭੇਖ ਵਟਾਇਆ, ਨਿਹਕਲੰਕ ਨਾਉਂ ਧਰਾਇੰਦਾ । ਸ਼ਬਦ ਡੰਕਾ ਇਕ ਵਜਾਇਆ, ਲੋਆਂ ਪੁਰੀਆਂ ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਇੰਦਾ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਜਗਾਇਆ, ਸਾਧਾਂ ਸੰਤਾਂ

ਪਰਦਾ ਲਾਹਿੰਦਾ । ਗੁਰਮੁਖਾਂ ਫੜ ਫੜ ਮੇਲ ਮਿਲਾਇਆ, ਆਪ ਆਪਣੀ ਗੋਦ ਬਹਾਇੰਦਾ । ਸਚ ਸੁੱਚ ਜਪ ਤਪ ਇਕ ਵਖਾਇਆ, ਚਰਨ ਸਰਨ ਇਕ ਤਕਾਇੰਦਾ । ਜੋਗ ਅਭਿਆਸ ਵਿਚ ਪਰਭਾਸ ਡੇਰਾ ਇਕ ਵਖਾਇਆ, ਜੋ ਜਨ ਸੋਹੰ ਸੋ ਰਸਨਾ ਗਾਇੰਦਾ । ਜਨਮ ਮਰਨ ਦਾ ਗੇੜ ਕਟਾਇਆ, ਲੱਖ ਚੁਰਾਸੀ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮਿਲਣ ਦੀ ਸਾਚੀ ਬਿਧ, ਆਪਣੀ ਆਪ ਸਮਝਾਇੰਦਾ । ਹਰਿ ਮਿਲੇ ਹਰਿ ਦਵਾਰ, ਹਰੀ ਹਰਿ ਕਾ ਰੂਪ ਵਟਾਈਆ । ਘਰ ਮੰਦਰ ਬੈਠਾ ਕਰ ਪਸਾਰ, ਜਲ ਥਲ ਹੱਥ ਕਿਸੇ ਨਾ ਆਈਆ । ਕਲਜੁਗ ਠੱਗਿਆ ਠਗ ਬਣ ਸਰਬ ਸੰਸਾਰ, ਸ਼ਾਹ ਰਗ ਉਪਰ ਚੜ੍ਹ ਕੋਇ ਨਾ ਜਾਈਆ । ਤਪਿਆ ਅਗਨੀ ਅੱਗ ਝੂਠ ਅੰਗਿਆਰ, ਪੰਜ ਤਤ ਰਿਹਾ ਜਲਾਈਆ । ਸੁਰਤ ਸਵਾਣੀ ਹੋਈ ਨਾਰ ਵਿਭਚਾਰ, ਸ਼ਬਦ ਕੰਤ ਨਾ ਕੋਇ ਹੰਢਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਪੜ੍ਹ ਪੁਸਤਕ ਵਾਦ ਵਧਾਈਆ । ਪੀਆ ਪ੍ਰੀਤਮ ਨਾ ਕਰਿਆ ਸਚ ਪਿਆਰ, ਸੁੰਞੀ ਸੇਜ ਵਿਛਾਈਆ । ਕਲਜੁਗ ਅੰਤਮ ਨਿਰਗੁਣ ਜੋਤ ਕਰ ਉਜਿਆਰ, ਗੁਰਸਿਖ ਗ਼ਰੀਬ ਨਿਮਾਣੇ ਲਏ ਉਠਾਈਆ । ਫੜ ਫੜ ਆਪਣੇ ਮੰਦਰ ਆਪੇ ਦੇਵੇ ਵਾੜ, ਰਾਹ ਵਿਚ ਨਾ ਕੋਇ ਅਟਕਾਈਆ । ਗੁਰਸਿਖ ਤੇਰੇ ਚਰਨਾਂ ਹੇਠ ਦਬਾਏ ਪੰਚਮ ਧਾੜ, ਨੌ ਨਿਧ ਅਠਾਰਾਂ ਸਿਧ ਤੇਰੇ ਦਵਾਰੇ ਰੋਵਣ ਦੇਣ ਦੁਹਾਈਆ । ਰਾਏ ਧਰਮ ਨਾ ਕਰੇ ਖ਼ਵਾਰ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਵੇਲੇ ਅੰਤ ਨਾ ਲਏ ਪਰਨਾਈਆ । ਸਤਿਗੁਰ ਪੂਰਾ ਕਰੇ ਪਿਆਰ, ਆਪਣੀ ਗੋਦੀ ਲਏ ਉਠਾਈਆ । ਸਚਖੰਡ ਦਵਾਰੇ ਦੇਵੇ ਵਾੜ, ਉਚੇ ਡੰਡੇ ਆਪ ਚੜ੍ਹਾਈਆ । ਗੁਰਸਿਖ ਕੋਈ ਨਾ ਡੁੱਬੇ ਵਿਚ ਮੰਝਧਾਰ, ਜਿਸ ਹਰਿ ਮਿਲਿਆ ਬੇਪਰਵਾਹੀਆ । ਏਕਾ ਸ਼ਬਦ ਸੋਹੰ ਗੌਣਾ ਬੋਲ ਜੈਕਾਰ, ਬ੍ਰਹਮ ਪਾਰਬ੍ਰਹਮ ਸਮਾਈਆ । ਚਾਰ ਜੁਗ ਦਾ ਕਰਜਾ ਦਏ ਉਤਾਰ, ਚੌਥੇ ਜੁਗ ਵੇਖ ਵਖਾਈਆ । ਪਰਗਟ ਹੋ ਸੱਚੀ ਸਰਕਾਰ, ਸਾਚੇ ਤਖ਼ਤ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਘਰ ਮੰਦਰ ਵੱਜੇ ਵਧਾਈਆ । ਗੁਰਸਿਖ ਸਾਚੇ ਦਰਸ਼ਨ ਪੌਣਾ, ਨੇਤਰ ਨੈਣ ਨੈਣ ਦਰਸਾਇੰਦਾ । ਮਾਣਸ ਜਨਮ ਪੰਧ ਮੁਕੌਣਾ, ਸਾਕ ਸੱਜਣ ਸੈਣ ਆਪ ਹੋ ਜਾਇੰਦਾ । ਆਪਣੀ ਗੋਦ ਆਪ ਉਠੌਣਾ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਦੱਸੇ ਜਾਪ, ਕੋਟ ਜਨਮ ਦੇ ਉਤਾਰੇ ਪਾਪ, ਤ੍ਰੈਗੁਣ ਮਾਇਆ ਰਹੀ ਕਾਂਪ, ਤੀਨੋਂ ਤਾਪ ਮੇਟ ਮਿਟਾਇੰਦਾ । ਸਤਿਗੁਰ ਸੱਚਾ ਹਰਿ ਹਰਿ ਆਇਆ, ਘਰ ਸਾਚੇ ਵੱਜੀ ਵਧਾਈਆ । ਗੁਰਮੁਖ ਸਾਚੇ ਲਏ ਜਗਾਇਆ, ਜਾਗਰਤ ਜੋਤ ਕਰ ਰੁਸ਼ਨਾਈਆ । ਆਪ ਆਪਣਾ ਮੇਲ ਮਿਲਾਇਆ, ਦੂਈ ਦਵੈਤੀ ਮੇਟ ਮਿਟਾਈਆ । ਚਿੰਤਾ ਸੋਗ ਹਰਖ਼ ਦਏ ਗਵਾਇਆ, ਅੰਮ੍ਰਿਤ ਮੇਘ ਆਪ ਬਰਸਾਈਆ । ਗ਼ਰੀਬ ਨਿਮਾਣਿਆਂ ਉਪਰ ਤਰਸ ਕਮਾਇਆ, ਤ੍ਰੈਕਾਲ ਦਰਸੀ ਆਪਣਾ ਫੇਰਾ ਪਾਈਆ । ਅਰਸ਼ ਫ਼ਰਸ਼ ਕੁਰਸ਼ ਕੁਰਾ ਵੇਖ ਵਖਾਇਆ, ਕਾਦਰ ਕੁਦਰਤ ਰੂਪ ਵਟਾਈਆ । ਸਾਚਾ ਸਾਲਸ ਬਣ ਕੇ ਆਇਆ, ਕਲਜੁਗ ਸਤਿਜੁਗ ਕਰੇ ਨਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਮੇਲ ਮਿਲਾਵਾ ਸਾਚੀ ਥਾਈਆ । ਹਰਿਜਨ ਹਰਿ ਹਰਿ ਪਾਵਣਾ, ਗੁਰ ਸਤਿਗੁਰ ਸਾਚਾ ਮੀਤ । ਘਰ ਮੰਗਲ ਏਕਾ ਗਾਵਣਾ, ਸੋ ਪੁਰਖ ਨਿਰੰਜਣ ਸੁਹਾਗੀ ਗੀਤ । ਡੂੰਘੀ ਕੰਦਰ ਵੜ ਨਾ ਕਿਸੇ ਧਿਆਵਣਾ, ਹਰਿ

ਵਸਣਹਾਰਾ ਚੀਤ । ਉਚੀ ਕੂਕ ਨਾ ਕਿਸੇ ਸੁਣਾਵਣਾ, ਕਿਸੇ ਹੱਥ ਨਾ ਆਏ ਮੰਦਰ ਮਸੀਤ । ਘਰ ਘਰ ਆਪਣਾ ਮੰਦਰ ਆਪ ਸੁਹਾਵਣਾ, ਗੁਰਸਿਖ
ਕਰ ਕਰ ਪਤਿਤ ਪੁਨੀਤ । ਦੀਪਕ ਜੋਤੀ ਆਪ ਜਗਾਵਣਾ, ਆਪੇ ਬਹਿ ਬਹਿ ਗਾਏ ਗੀਤ । ਆਪਣਾ ਦਰਸ ਆਪ ਕਰਾਵਣਾ, ਧਾਮ ਵਖਾਏ
ਇਕ ਅਨਡੀਠ । ਸੋਹੰ ਹੰਸਾ ਚੋਗ ਚੁਗਾਵਣਾ, ਸਤਿਜੁਗ ਸਾਚੀ ਚਲੇ ਰੀਤ । ਬੰਸ ਸਰਬੰਸਾ ਆਪ ਤਰਾਵਣਾ, ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਏਕਾ ਰੰਗ ਰੰਗਾਏ ਹਸਤ ਕੀਟ । ਗੁਰਸਿਖ ਸੱਜਣ ਸੱਚਾ ਪਾਇਆ, ਸਤਿਗੁਰ ਦੀਨ ਦਿਆਲ । ਜਗਤ ਵਿਛੋੜਾ ਫੰਦ
ਕਟਾਇਆ, ਕਲਜੁਗ ਅੰਤਮ ਏਕਾ ਘਾਲੀ ਘਾਲ । ਗੁਰ ਚਰਨ ਮਨ ਚਿਤ ਜੋੜ ਜੁੜਾਇਆ, ਫਲ ਲੱਗਾ ਸਾਚੇ ਡਾਲ੍ਹ । ਸਤਿਗੁਰ ਪੂਰਾ ਸਾਚੀ
ਘੋੜੀ ਲਏ ਬਹਾਇਆ, ਆਪੇ ਚਲੇ ਨਾਲ ਨਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਵਰ, ਲੇਖਾ
ਜਾਣੇ ਸ਼ਾਹ ਕੰਗਾਲ । ਸ਼ਾਹ ਕੰਗਾਲ ਕਲਜੁਗ ਲੁਟਿਆ, ਸਾਚੀ ਵਸਤ ਨਾ ਕਿਸੇ ਕੋਲ । ਕਲਜੁਗ ਜੀਵਾਂ ਭਾਗ ਨਿਖੁਟਿਆ, ਮਾਇਆ ਮਮਤਾ
ਰਹੀ ਵਿਰੋਲ । ਧੁਰ ਦਰਗਾਹੋਂ ਨਾਤਾ ਤੁਟਿਆ, ਨੌ ਖੰਡ ਪ੍ਰਿਥਮੀ ਵੱਜੇ ਢੋਲ । ਹਰਿ ਕਾ ਸ਼ਬਦ ਤੀਰ ਨਿਰਾਲਾ ਛੁੱਟਿਆ, ਲੱਖ ਚੁਰਾਸੀ ਪਰਦਾ
ਦੇਵੇ ਖੋਲ੍ਹ । ਜੂਠਾ ਝੂਠਾ ਬੂਟਾ ਜਾਏ ਪੁਟਿਆ, ਲੱਗਾ ਰਹੇ ਨਾ ਉਪਰ ਧਵਲ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਜੁਗ ਜੁਗ ਆਪਣਾ ਪੂਰਾ ਕਰੇ ਕੌਲ । ਗੁਰਮੁਖ ਮਨ ਵੱਜੀ ਵਧਾਈ, ਮਨ ਮਮਤਾ ਜਗਤ ਗਵਾਈਆ । ਮਨ ਪੰਖੀ ਉਡ ਉਡ ਦਹਿ ਦਿਸ਼ ਨਾ
ਜਾਈ, ਨਿਉਂ ਨਿਉਂ ਬੈਠਾ ਸੀਸ ਝੁਕਾਈਆ । ਸਤਿਗੁਰ ਸੋਟੀ ਸ਼ਬਦ ਹੱਥ ਉਠਾਈ, ਆਪਣਾ ਬਲ ਆਪ ਵਖਾਈਆ । ਆਤਮ ਵਾਸਨਾ ਖੋਟੀ
ਕੱਢ ਧਰਾਈ, ਝੂਠੀ ਵਿਖ ਰਹਿਣ ਨਾ ਪਾਈਆ । ਮਾਇਆ ਰਾਣੀ ਚੋਟੀ ਆਪ ਕਟਾਈ, ਦਰ ਦਰ ਦੇਵੇ ਅੰਤ ਦੁਹਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਿਰ ਹੱਥ ਧਰ, ਸਮਰਥ ਸੇਵ ਕਮਾਈਆ । ਸਾਹਿਬ ਸਮਰਥ ਸਰਬ ਗੁਣਵੰਤਾ, ਜੀਆਂ ਦਾਤਾ
ਇਕ ਅਖਵਾਇੰਦਾ । ਸਤਿਜੁਗ ਬਣਾਏ ਸਾਚੀ ਬਣਤਾ, ਕਲਜੁਗ ਕੂੜ ਕੁੜਿਆਰਾ ਮੇਟ ਮਿਟਾਇੰਦਾ । ਗੁਰਮੁਖਾਂ ਦਵਾਰੇ ਆਪੇ ਬਣੇ ਮੰਗਤਾ, ਪ੍ਰੇਮ
ਭਿਛਿਆ ਮੰਗ ਮੰਗਾਇੰਦਾ । ਔਂਦਾ ਜਾਂਦਾ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਕਦੇ ਨਾ ਸੰਗਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਨਿਰਗੁਣ ਨਿਰਾਕਾਰ ਸਰਗੁਣ ਸਾਕਾਰ ਦੋਹਾਂ ਵਿਚੋਲਾ ਸ਼ਬਦ ਧਾਰ, ਆਰ ਪਾਰ ਆਪਣੀ ਖੇਲ ਖਿਲਾਇੰਦਾ । ਗੁਰਮੁਖ ਗੁਰਸਿਖ ਭਗਤ ਭਗਵੰਤ
ਸੰਤ ਕੰਤ ਲਏ ਉਭਾਰ, ਆਪ ਆਪਣੇ ਗਲੇ ਲਗਾਇੰਦਾ । ਸਤਿਗੁਰ ਪੂਰਾ ਜੋਧਾ ਸੂਰਬੀਰ ਬਲੀ ਬਲਕਾਰ, ਆਪਣਾ ਬਲ ਆਪ ਰਖਾਇੰਦਾ ।
ਗੁਰਸਿਖਾਂ ਕਰੇ ਸਚ ਪਿਆਰ, ਸਾਚੀ ਸਮਗਰੀ ਹੱਥ ਫੜਾਇੰਦਾ । ਜੋ ਜਨ ਇਕ ਵਾਰ ਏਕੰਕਾਰ ਕਰੇ ਨਿਮਸਕਾਰ, ਮੰਝਧਾਰ ਨਾ ਕੋਇ ਡੁਬਾਇੰਦਾ ।
ਕਲਜੁਗ ਅੰਤਮ ਵੇਖ ਵਿਚਾਰ, ਨਿਰਾਹਾਰ ਨਿਰਾਕਾਰ ਨਿਰਾਧਾਰ ਨਿਰਧਨ ਆਪਣੇ ਰੰਗ ਰੰਗਾਇੰਦਾ । ਜਗਤ ਮਹੱਲੇ ਵਿਚੋਂ ਕੱਢ ਆਪਣੇ ਮਹੱਲੇ
ਲਏ ਵਾੜ, ਦਰ ਦਰਵਾਜ਼ਾ ਬੰਦ ਕਰਾਇੰਦਾ । ਮਨਮੁਖਾਂ ਮਗਰ ਲਗਾਈ ਪੰਚਮ ਧਾੜ, ਅੱਗੇ ਹੋ ਨਾ ਕੋਇ ਬਚਾਇੰਦਾ । ਘਰ ਘਰ ਦਰ ਦਰ
ਤਪੇ ਅਗਨੀ ਤੱਤੀ ਹਾੜ, ਤ੍ਰੈਗੁਣ ਲੰਬੂ ਏਕਾ ਲਾਇੰਦਾ । ਨੌ ਦਵਾਰੇ ਨੌ ਖੰਡ ਹੋਈ ਉਜਾੜ, ਸਾਚਾ ਘਰ ਨਾ ਕੋਇ ਦਸਾਇੰਦਾ । ਗੁਰਮੁਖ ਵਿਰਲੇ
ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਫੜ ਫੜ ਡੁੱਬਦੇ ਪਾਥਰ ਜਾਏ ਤਾਰ, ਜਿਸ ਜਨ ਆਪਣਾ ਚਰਨ ਛੁਹਾਇੰਦਾ । ਸਤਿਜੁਗ

੭੦੭

ਬੱਧੀ ਸਾਚੀ ਧਾਰ, ਏਕਾ ਮੰਤਰ ਅੰਤਰ ਮੁਖ ਰਖਾਇੰਦਾ । ਕਿਸੇ ਆਪਣਾ ਨਾਮ ਨਾ ਦੱਸੇ ਅੰਦਰ ਵਾੜ, ਉਚੀ ਕੂਕ ਆਪ ਸੁਣਾਇੰਦਾ । ਸਾਚੇ ਪੌੜੇ ਦੇਵੇ ਚਾੜ੍ਹ, ਜੋ ਜਨ ਸਰਨਾਈ ਆਇੰਦਾ । ਗੁਰਸਿਖ ਬਣਾਏ ਸਾਚਾ ਲਾੜ, ਨਾਰੀ ਕੰਤ ਰੂਪ ਵਟਾਇੰਦਾ । ਗੁਰਮੁਖ ਗੁਰਸਿਖ ਸਖੀਆਂ ਗਾਵਣ ਮੰਗਲਾਚਾਰ, ਘਰ ਘਰ ਆਪਣਾ ਗੀਤ ਸੁਣਾਇੰਦਾ । ਵਾਹ ਵਾ ਹਰਿ ਹਰਿ ਪਾਇਆ ਕੰਤ ਭਤਾਰ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਜੀਵ ਉਚੀ ਕੂਕਣ ਰੋਵਣ ਬਾਂਹ ਹੁਲਾਰ, ਪੀਆ ਪ੍ਰੀਤਮ ਨਾ ਕੋਇ ਮਿਲਾਇੰਦਾ । ਨਾਰ ਦੁਹਾਗਣ ਹੋਈ ਵਿਭਚਾਰ, ਜੂਠ ਝੂਠ ਤਨ ਸ਼ਿੰਗਾਰ ਕਰਾਇੰਦਾ । ਗੁਰਮੁਖ ਪਾਇਆ ਏਕਾ ਕੱਜਲ ਆਪਣਾ ਨੈਣ ਉਘਾੜ, ਨਾਮ ਨਿਧਾਨਾ ਹਰਿ ਭਗਵਾਨਾ ਇਕ ਵਖਾਇੰਦਾ । ਜੋ ਜਨ ਮੰਗੇ ਹਰਿ ਹਰਿ ਨਾਉਂ ਬਣ ਭਿਖਾਰ, ਕਾਇਆ ਨਗਰ ਖੇੜਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਅਪਾਰਾ, ਨਿਹਕਲੰਕ ਲੈ ਅਵਤਾਰਾ, ਨਿਰਗੁਣ ਸਰਗੁਣ ਸਾਚੀ ਧਾਰਾ, ਸ਼ਬਦ ਸ਼ਬਦ ਸ਼ਬਦੀ ਸ਼ਬਦ ਰੂਪ ਸਮਾਇੰਦਾ ।

### ☀ ੧੩ ਜੇਠ ੨੦੧੭ ਬਿਕ੍ਰਮੀ ਦੌਲਤ ਰਾਮ ਦੇ ਘਰ ਕੋਟਲੀ ਰਾਈਆਂ ਜ਼ਿਲਾ ਜੰਮੂ ☀

ਹਰਿ ਭਗਤ ਵਡਿਆਈ ਜੁਗ ਚਾਰ, ਜੁਗਾ ਜੁਗੰਤਰ ਲਏ ਪਰਗਟਾਈਆ । ਹਰਿ ਭਗਤ ਵਡਿਆਈ ਜੁਗ ਚਾਰ, ਭਗਤ ਭਗਵੰਤ ਮੇਲ ਮਿਲਾਈਆ । ਹਰਿ ਭਗਤ ਵਡਿਆਈ ਜੁਗ ਚਾਰ, ਲੋਕਮਾਤ ਕਰੇ ਕੁੜਮਾਈਆ । ਹਰਿ ਭਗਤ ਵਡਿਆਈ ਜੁਗ ਚਾਰ, ਪੁਰਖ ਅਬਿਨਾਸ਼ੀ ਲਏ ਉਠਾਈਆ । ਹਰਿ ਭਗਤ ਵਡਿਆਈ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਆ । ਹਰਿ ਭਗਤ ਵਡਿਆਈ ਸਚ ਘਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਹਰਿ ਭਗਤ ਵਡਿਆਈ ਮੇਲਾ ਪੁਰਖ ਨਰ, ਨਰਾਇਣ ਮੇਲ ਮਿਲਾਇੰਦਾ । ਹਰਿ ਭਗਤ ਵਡਿਆਈ ਏਕਾ ਅੱਖਰ ਜਾਏ ਪੜ੍ਹ, ਨਿਰਗੁਣ ਆਪਣਾ ਆਪ ਪੜ੍ਹਾਇੰਦਾ । ਹਰਿ ਭਗਤ ਵਡਿਆਈ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾਇੰਦਾ । ਹਰਿ ਭਗਤ ਵਡਿਆਈ ਏਕਾ ਮਿਲੇ ਸਾਚਾ ਹਰਿ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਭਗਤ ਵਡਿਆਈ ਹਰਿ ਚਰਨ ਲੇਖ, ਲੇਖਾ ਲਿਖ ਬੇਪਰਵਾਹੀਆ । ਜੁਗਾ ਜੁਗੰਤਰ ਆਪੇ ਵੇਖ, ਨੇਤਰ ਨੈਣ ਦਏ ਖੁਲ੍ਹਾਈਆ । ਕਰੇ ਕਰਾਏ ਅਵੱਲੜਾ ਵੇਸ, ਰੂਪ ਰੰਗ ਨਾ ਕੋਇ ਰਖਾਈਆ । ਸੂਰਬੀਰ ਹਰਿ ਨਰ ਨਰੇਸ਼, ਵਡ ਮਰਗੇਸ਼ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਹਰਿ ਕਰਤਾਰ, ਆਦਿ ਜੁਗਾਦਿ ਕਰਾਇੰਦਾ । ਏਕਾ ਬਖ਼ਸ਼ੇ ਸ਼ਬਦ ਆਧਾਰ, ਆਤਮ ਅੰਤਰ ਬੂਝ ਬੁਝਾਇੰਦਾ । ਏਕਾ ਜੋਤ ਕਰ ਉਜਿਆਰ, ਅੰਧ ਅੰਧੇਰ ਮਿਟਾਇੰਦਾ । ਏਕਾ ਖੋਲ੍ਹ ਬੰਦ ਕਵਾੜ, ਧਰਮ ਦਵਾਰ ਇਕ ਵਖਾਇੰਦਾ । ਇਕ ਚਲਾਏ ਨਾਮ ਸਾਰ, ਆਰ ਪਾਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਵਸਾਏ ਸਾਚੇ ਘਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਹਰਿ ਕਾਇਆ ਗੜ੍ਹ, ਜਨ ਭਗਤਾਂ ਆਪ ਵਖਾਈਆ । ਪੰਚ ਵਿਕਾਰਾ ਮਾਰੇ ਫੜ, ਦੂਤ ਦੁਸ਼ਟ ਰਹਿਣ ਨਾ ਪਾਈਆ । ਸਾਚਾ ਘਾੜਨ ਆਪੇ ਘੜ, ਘਰ ਘਰ ਵਿਚ ਲਏ ਟਿਕਾਈਆ ।

੭੦੮ ੦੯

ਸਾਚੀ ਵਸਤੂ ਅੰਦਰ ਧਰ, ਅੰਮ੍ਰਿਤ ਸਾਚਾ ਤਾਲ ਭਰਾਈਆ । ਜਨ ਭਗਤਾਂ ਦੇਵੇ ਸਾਚਾ ਵਰ, ਭਰ ਪਿਆਲਾ ਜਾਮ ਪਿਆਈਆ । ਏਕਾ ਰੂਪ ਦਸਾਏ ਹਰੀ ਹਰਿ, ਨੇਤਰ ਨੈਣ ਇਕ ਖੁਲ੍ਹਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਏਕਾ ਮੰਦਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਵੇਖ ਵਖਾਈਆ । ਹਰਿ ਭਗਤਨ ਮੇਲ ਗ਼ਰੀਬ ਨਿਵਾਜ਼ਾ, ਪੁਰਖ ਅਬਿਨਾਸ਼ੀ ਆਪ ਮਿਲਾਇੰਦਾ । ਆਪੇ ਖੋਲ੍ਹੇ ਬੰਦ ਦਰਵਾਜ਼ਾ, ਅਪਣਾ ਪਰਦਾ ਆਪੇ ਲਾਹਿੰਦਾ । ਪਾਵੇ ਸਾਰ ਵਡ ਰਾਜਨ ਰਾਜਾ, ਸ਼ਾਹ ਸਿਕਦਾਰ ਦਇਆ ਕਮਾਇੰਦਾ । ਘਰ ਮੰਦਰ ਵਜਾਏ ਆਪਣਾ ਵਾਜਾ, ਅਨਹਦ ਸਾਚਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਅੰਦਰ ਭਗਤੀ ਭਰ, ਭਾਂਡਾ ਭਰਮ ਭੌ ਭੰਨਾਇੰਦਾ । ਹਰਿ ਭਗਤਾਂ ਭਗਤੀ ਕਰ ਪਿਆਰ, ਆਤਮ ਸ਼ਕਤੀ ਇਕ ਵਖਾਈਆ । ਬੂੰਦ ਰਕਤੀ ਲੇਖੇ ਲਾਏ ਵਿਚ ਸੰਸਾਰ, ਆਪਣੇ ਰੰਗਣ ਇਕ ਰੰਗਾਈਆ । ਜਗੇ ਜੋਤ ਅਗੰਮ ਅਪਾਰ, ਅੰਧ ਅੰਧੇਰਾ ਦਏ ਮਿਟਾਈਆ । ਦੇਵੇ ਦਰਸ ਠਾਂਡੇ ਦਰਬਾਰ, ਘਰ ਘਰ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਲੇਖਾ ਦਏ ਸਮਝਾਈਆ । ਭਗਤਨ ਲੇਖਾ ਅਪਰ ਅਪਾਰਾ, ਕਥਨੀ ਕਥ ਨਾ ਸਕੇ ਕੋਈ ਰਾਈਆ । ਭਗਤਾਂ ਅੰਦਰ ਏਕਾ ਧਾਰਾ, ਨਿਰਗੁਣ ਆਪਣੀ ਆਪ ਰਖਾਈਆ । ਭਗਤਨ ਅੰਦਰ ਸ਼ਬਦ ਹੁਲਾਰਾ, ਸ਼ਬਦ ਸ਼ਬਦੀ ਆਪ ਚਲਾਈਆ । ਭਗਤਨ ਅੰਦਰ ਹੋ ਉਜਿਆਰਾ, ਦੀਪਕ ਜੋਤ ਕਰੇ ਰੁਸ਼ਨਾਈਆ । ਭਗਤਾਂ ਅੰਦਰ ਅੰਮ੍ਰਿਤ ਧਾਰਾ, ਨਿਝਰ ਝਿਰਨਾ ਆਪ ਝਿਰਾਈਆ । ਭਗਤਾਂ ਬਣੇ ਆਪ ਸਹਾਰਾ, ਜੁਗ ਜੁਗ ਲੋਕਮਾਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਏਕਾ ਬੂਝ ਬੁਝਾਈਆ । ਭਗਤਨ ਏਕਾ ਦਰ ਬੁਝਿਆ, ਪਾਇਆ ਪੁਰਖ ਹਰਿ ਕਰਤਾਰ । ਲੇਖਾ ਚੁੱਕੇ ਏਕਾ ਦੂਜਿਆ, ਤੀਜਾ ਨੈਣ ਹੋਏ ਉਜਿਆਰ । ਚੌਥੇ ਪਦ ਹਰਿ ਚਰਨ ਕਵਲ ਲੱਭਿਆ, ਪੰਚਮ ਮਿਲੇ ਸ਼ਬਦ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵੇ ਨਾਮ ਭੰਡਾਰ । ਨਾਮ ਭੰਡਾਰਾ ਵਸਤ ਅਨਮੋਲ, ਹਰਿ ਭਗਤਨ ਝੋਲੀ ਪਾਇੰਦਾ । ਆਦਿ ਜੁਗਾਦੀ ਰੱਖੇ ਕੋਲ, ਜੁਗ ਜੁਗ ਆਪ ਵਰਤਾਇੰਦਾ । ਆਪਣੇ ਕੰਡੇ ਆਪੇ ਤੋਲ, ਆਪ ਆਪਣਾ ਭਾਰ ਵਖਾਇੰਦਾ । ਆਪੇ ਹੋਏ ਕਲਾ ਸੋਲ, ਅਕਲ ਕਲ ਧਾਰੀ ਆਪ ਅਖਵਾਇੰਦਾ । ਆਪੇ ਵਸੇ ਕਾਇਆ ਚੋਲ, ਆਪੇ ਨਿਰਗੁਣ ਰੂਪ ਵਟਾਇੰਦਾ । ਆਪ ਵਜਾਏ ਸਾਚਾ ਢੋਲ, ਆਪੇ ਸੁੰਨ ਸਮਾਧ ਸਮਾਇੰਦਾ । ਆਪੇ ਪਰਦਾ ਦੇਵੇ ਖੋਲ੍ਹ, ਆਪੇ ਆਪਣਾ ਮੁਖ ਭਵਾਇੰਦਾ । ਆਪੇ ਲੱਖ ਚੁਰਾਸੀ ਲਏ ਵਿਰੋਲ, ਹਰਿਜਨ ਸਾਚੇ ਬਾਹਰ ਕਢਾਇੰਦਾ । ਆਪੇ ਸ਼ਬਦ ਅਗੰਮੀ ਨਾਮ ਜੈਕਾਰਾ ਦੇਵੇ ਬੋਲ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਆਪੇ ਖੇਲੇ ਹੋਲੀ ਹੋਲ, ਧਰਤ ਹੌਲਾ ਭਾਰ ਆਪ ਕਰਾਇੰਦਾ । ਆਪੇ ਬੈਠਾ ਰਹੇ ਅਡੋਲ, ਜੀਵ ਜੰਤ ਆਪ ਡੁਲਾਇੰਦਾ । ਆਪੇ ਨੌ ਖੰਡ ਪ੍ਰਿਥਮੀ ਵੇਖੇ ਘੋਲ, ਘਰ ਘਰ ਆਪਣਾ ਬਲ ਵਖਾਇੰਦਾ । ਆਪੇ ਸੱਚਖੰਡ ਦਵਾਰਾ ਦੇਵੇ ਖੋਲ੍ਹ, ਸਾਚੇ ਭਗਤਾਂ ਮੇਲ ਮਿਲਾਇੰਦਾ । ਆਪੇ ਸੁਰਤੀ ਸ਼ਬਦੀ ਜਾਏ ਮੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਦੇਵੇ ਏਕਾ ਵਰ, ਏਕਾ ਵਸਤ ਝੋਲੀ ਪਾਇੰਦਾ । ਸੁਰਤ ਸ਼ਬਦ ਸਚ ਪਿਆਰ, ਤਨ ਮੰਦਰ ਆਪ ਕਰਾਈਆ । ਘਰ ਪੀਆ ਪ੍ਰੀਤਮ ਕੰਤ ਭਤਾਰ, ਅੰਕ ਸੁਹੇਲੜੀ ਵੇਖ ਵਖਾਈਆ । ਆਪਣੇ ਰੰਗ ਰਵੇ ਨਿਰੰਕਾਰ, ਨਿਰਗੁਣ ਦਾਤਾ ਇਕ ਅਖਵਾਈਆ । ਆਤਮ ਸੇਜਾ ਸੋਵੇ ਪੈਰ ਪਸਾਰ, ਆਦਿ


੭੦੯
੦੯

ਜੁਗਾਦਿ ਵੱਡੀ ਵਡਿਆਈਆ । ਗੁਰਮੁਖ ਸਾਚੇ ਲਏ ਉਠਾਲ, ਜਿਸ ਜਨ ਆਪਣੀ ਦਇਆ ਕਮਾਈਆ । ਘਰ ਦੀਪਕ ਬਾਤੀ ਦੇਵੇ ਬਾਲ, ਅੰਧ ਅੰਧੇਰਾ ਦਏ ਗਵਾਈਆ । ਇਕ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਬੇਪਰਵਾਹੀਆ । ਨਾਤਾ ਤੋੜ ਜਗਤ ਜੰਜਾਲ, ਕਾਲ ਫਾਸ ਦਏ ਮਿਟਾਈਆ । ਜੋ ਜਨ ਘਾਲਣ ਰਹੇ ਘਾਲ, ਅੰਤਮ ਲੇਖੇ ਲਏ ਪਾਈਆ । ਸ਼ਬਦ ਸਰੂਪੀ ਬਣ ਦਲਾਲ, ਲੋਕਮਾਤ ਵਣਜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਾਂ ਅੰਦਰ ਆਪੇ ਵੜ, ਕਾਇਆ ਗੜ੍ਹ ਆਪ ਸੁਹਾਈਆ । ਕਾਇਆ ਗੜ੍ਹ ਸਚ ਮੁਨਾਰਾ, ਪੰਜ ਤਤ ਬੰਕ ਬਣਾਇਆ । ਕਰੇ ਖੇਲ ਪੁਰਖ ਨਿਰੰਕਾਰਾ, ਨਿਰਗੁਣ ਸਰਗੁਣ ਵੇਖ ਵਖਾਇਆ । ਭਗਤ ਭਗਵੰਤ ਕਰ ਉਜਿਆਰਾ, ਲੋਕਮਾਤ ਪੈਜ ਧਰਾਇਆ । ਜੁਗ ਜੁਗ ਲਏ ਆਪ ਅਵਤਾਰਾ, ਸਤਿਜੁਗ ਤ੍ਰੇਤਾ ਦੁਆਪਰ ਵੇਸ ਵਟਾਇਆ । ਕਲਜੁਗ ਨਰ ਹਰਿ ਅੰਤਮ ਵਾਰਾ, ਨਿਹਕਲੰਕ ਆਪਣਾ ਨਾਉਂ ਰਖਾਇਆ । ਹਰਿਜਨ ਸਾਚੇ ਕਰੇ ਸਚ ਪਿਆਰਾ, ਸਚ ਸਰਨਾਈ ਇਕ ਦ੍ਰਿੜਾਇਆ । ਇਕ ਵਖਾਏ ਚਰਨ ਦਵਾਰਾ, ਚਾਰ ਵਰਨ ਮੇਲ ਮਿਲਾਇਆ । ਏਕਾ ਭਰੇ ਨਾਮ ਭੰਡਾਰਾ, ਦੇਵਣਹਾਰ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵੇ ਨਾਮ ਨਿਧਾਨ, ਇਕ ਵਖਾਏ ਸਚ ਨਿਸ਼ਾਨ, ਸਚ ਮਹੱਲੇ ਆਪ ਝੁਲਾਇਆ । ਸਚ ਨਿਸ਼ਾਨਾ ਹਰਿ ਝੁਲੌਣਾ, ਚਾਰ ਕੁੰਟ ਵੱਜੇ ਵਧਾਈਆ । ਗੁਰਮੁਖ ਸੱਜਣ ਮੀਤ ਸਾਚਾ ਮਾਣ ਦਵੌਣਾ, ਮਾਇਆ ਮਮਤਾ ਮੋਹ ਮਿਟਾਈਆ । ਏਕਾ ਅੱਖਰ ਬ੍ਰਹਮ ਵਿਦਿਆ ਆਪ ਪੜ੍ਹੌਣਾ, ਪਾਰਬ੍ਰਹਮ ਕਰੇ ਕੁੜਮਾਈਆ । ਸਾਚੇ ਸਰੋਵਰ ਆਪ ਨੁਹੌਣਾ, ਤਾਲ ਸੁਹਾਵਾ ਇਕ ਵਖਾਈਆ । ਲੱਖ ਚੁਰਾਸੀ ਫੰਦ ਬੰਦ ਬੰਦ ਕਟੌਣਾ, ਬੰਦੀ ਛੋੜ ਦਇਆ ਕਮਾਈਆ । ਸਤਿਜੁਗ ਸਾਚਾ ਚੰਦ ਚੜ੍ਹੌਣਾ, ਘਰ ਘਰ ਦੀਪਕ ਕਰੇ ਰੁਸ਼ਨਾਈਆ । ਕੂੜ ਕੁੜਿਆਰਾ ਪੰਧ ਮੁਕੌਣਾ, ਜੂਠਾ ਝੂਠਾ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਦੇਵੇ ਜਗਤ ਵਡਿਆਈਆ । ਹਰਿ ਭਗਤ ਸਦਾ ਸਾਲਾਹੀਏ, ਮਿਲਿਆ ਮੇਲ ਸ੍ਰੀ ਭਗਵਾਨ । ਹਰਿ ਭਗਤ ਸਦਾ ਗੁਣ ਗਾਈਏ, ਪਰਗਟ ਹੋਵੇ ਦੋ ਜਹਾਨ । ਹਰਿ ਭਗਤ ਸਦਾ ਦਰਸ਼ਨ ਪਾਈਏ, ਜਿਸ ਮਿਲਿਆ ਆਪ ਮਿਹਰਵਾਨ । ਹਰਿ ਭਗਤ ਸਦਾ ਸੰਗ ਰਖਾਈਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਦੇਵੇ ਬ੍ਰਹਮ ਗਿਆਨ । ਬ੍ਰਹਮ ਗਿਆਨ ਭਗਤ ਭਗਵੰਤ ਦ੍ਰਿੜੀਤਾ, ਸਿਰ ਆਪਣਾ ਹੱਥ ਰਖਾਈਆ । ਆਪੇ ਕਰੇ ਪਤਿਤ ਪੁਨੀਤਾ, ਪਤਤ ਪਾਵਨ ਬੇਪਰਵਾਹੀਆ । ਲੇਖਾ ਜਾਣੇ ਰਾਮ ਸੀਤਾ, ਰਾਮ ਰਾਮਾ ਇਕ ਅਖਵਾਈਆ । ਭੇਵ ਖੁਲ੍ਹਾਏ ਗਿਆਨ ਗੀਤਾ, ਕਾਹਨਾ ਬੰਸਰੀ ਨਾਮ ਵਜਾਈਆ । ਗੁਰਮੁਖਾਂ ਦੇਵੇ ਨਾਮ ਅਨਡੀਠਾ, ਭਗਤਨ ਗਾਏ ਚਾਈਂ ਚਾਈਂਆ । ਜੁਗ ਜੁਗ ਚਲਾਏ ਆਪਣੀ ਰੀਤਾ, ਚਾਲ ਅਵੱਲੜੀ ਇਕ ਵਖਾਈਆ । ਕਲਜੁਗ ਅੰਤਮ ਅੰਤ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਸ਼ਬਦ ਸਾਲਾਹੀਆ । ਸ਼ਬਦ ਸਾਲਾਹ ਸਾਲਾਹਣਾ, ਸਾਹਿਬ ਸੱਚਾ ਏਕ । ਦਰਸ ਵੇਖੇ ਹਰਿ ਹਰਿ ਨੈਣਾਂ, ਤਨ ਮਨ ਨਾ ਲੱਗੇ ਸੇਕ । ਦਰਗਹਿ ਸਾਚੀ ਸਚਖੰਡ ਦੁਆਰੇ ਸਾਚੇ ਬਹਿਣਾ, ਗੁਰ ਚਰਨ ਦੁਆਰਾ ਏਕਾ ਏਕ । ਹਰਿ ਹਰਿ ਨਾਉਂ ਪੌਣਾ ਸ਼ਬਦ ਗਹਿਣਾ, ਪੁਰਖ ਅਬਿਨਾਸ਼ੀ ਲਏ ਵੇਖ । ਏਕਾ ਭਾਣਾ ਸਿਰ ਤੇ ਸਹਿਣਾ, ਹਰਿ ਹਰਿ ਜੂ ਹਰਿ ਮੰਦਰ ਬਹਿ ਬਹਿ ਲਿਖੇ ਲੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਏਕਾ ਘਰ,

ਘਰ ਸਾਚਾ ਲਏ ਵੇਖ । ਘਰ ਸਾਚਾ ਹਰੀ ਹਰਿ ਮੰਦਰ, ਕਮਲਾਪਾਤੀ ਆਸਣ ਲਾਈਆ । ਮੇਲ ਮਿਲਾਵਾ ਡੂੰਘੀ ਕੰਦਰ, ਆਪਣਾ ਪੱਲੂ ਆਪ ਫੜਾਈਆ । ਆਪੇ ਤੋੜੇ ਹੰਕਾਰੀ ਜੰਦਰ, ਹਉਮੇ ਹੰਗਤਾ ਦਏ ਮਿਟਾਈਆ । ਦਰਸ ਦਖਾਏ ਅੰਦਰੇ ਅੰਦਰ, ਦਰ ਦਰ ਆਪਣੀ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਬੰਧਾਏ ਆਪਣੇ ਲੜ, ਏਕਾ ਬੰਧਨ ਆਪਣਾ ਪਾਈਆ । ਹਰਿ ਭਗਤਨ ਬੰਧਨ ਨਾਮ ਪਾ, ਡੋਰੀ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕੋਲੋਂ ਮੁਖ ਛੁਪਾ, ਗੁਰਮੁਖਾਂ ਦਰਸ ਦਖਾਇੰਦਾ । ਆਪਣਾ ਲੇਖਾ ਆਪੇ ਦਏ ਗਣਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਮਾਇਆ ਮਮਤਾ ਮੋਹ ਦਏ ਚੁਕਾ, ਸਾਚੀ ਸੰਗਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਭਗਤੀ ਦਾਨ, ਅੰਤਰ ਆਤਮ ਇਕ ਗਿਆਨ, ਗੁਣ ਨਿਧਾਨ ਵੇਖ ਵਖਾਇੰਦਾ । ਗੁਣ ਨਿਧਾਨਾ ਸ੍ਰੀ ਭਗਵਾਨਾ, ਜੁਗਾ ਜੁਗੰਤਰ ਖੇਲ ਖਿਲਾਈਆ । ਆਪੇ ਗਾਏ ਆਪਣਾ ਗਾਨਾ, ਆਪਣਾ ਨਾਉਂ ਆਪ ਪਰਗਟਾਈਆ । ਆਪਣਾ ਉਡਾਏ ਸਚ ਬਬਾਣਾ, ਹਰਿਜਨ ਸਾਚੇ ਆਪ ਚੜ੍ਹਾਈਆ । ਆਪੇ ਦੇਵੇ ਦਰਗਹਿ ਸਾਚੀ ਮਾਣਾ, ਮਾਣ ਨਿਮਾਣਿਆਂ ਹੋਏ ਸਹਾਈਆ । ਆਪੇ ਵਰਤੇ ਆਪਣਾ ਭਾਣਾ, ਲੱਖ ਚੁਰਾਸੀ ਆਪਣੇ ਭਾਣੇ ਵਿਚ ਰਖਾਈਆ । ਲੇਖਾ ਜਾਣੇ ਰਾਜ ਰਾਜਾਨਾ, ਸ਼ਾਹੋ ਭੂਪ ਸਾਚੇ ਤਖ਼ਤ ਆਸਣ ਲਾਈਆ । ਜਨ ਭਗਤਾਂ ਵਖਾਏ ਇਕ ਨਿਸ਼ਾਨਾ, ਸਚਖੰਡ ਦਵਾਰੇ ਆਪ ਝੁਲਾਈਆ । ਗੀਤ ਗੋਬਿੰਦ ਗਾਏ ਤਰਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਅੰਦਰ ਆਪੇ ਵਸ, ਆਪਣਾ ਮਾਰਗ ਦੇਵੇ ਦੱਸ, ਜਗਤ ਨਾਤਾ ਤੋੜ ਤੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਗਹਵਾਨ, ਜਨ ਹਰਿ ਹਰਿ ਜਨ ਵੇਖ ਵਖਾਈਆ ।





## ✻ ੧੩ ਜੇਠ ੨੦੧੭ ਬਿਕ੍ਰਮੀ ਦੇਵੀ ਸਿੰਘ ਆਸਲਾ ਦੇ ਘਰ ਮਘੋ ਵਾਲੀ ਜ਼ਿਲਾ ਜੰਮੂ ✻

ਜਨਮ ਜਨਮ ਦੀ ਮੇਟੇ ਥਕਾਵਟ, ਜੋ ਜਨ ਆਏ ਸਰਨਾਈਆ । ਮਾਣਸ ਜਨਮ ਬਣਾਏ ਬਨਾਵਟ, ਪੰਜ ਤਤ ਕਾਇਆ ਵੇਖ ਵਖਾਈਆ । ਰਸਨਾ ਜਿਹਵਾ ਹਰਿ ਹਰਿ ਘਟ ਮੰਦਰ ਜੋ ਜਨ ਰਹੇ ਗਾਵਤ, ਗਾਵਣਹਾਰਾ ਵੇਸ ਵਟਾਈਆ । ਕਲਜੁਗ ਅੰਤਮ ਦੇਵਣ ਆਇਆ ਦਾਵਤ, ਸ਼ਬਦ ਢੋਲਾ ਏਕਾ ਗਾਈਆ । ਨਿਰਗੁਣ ਸਰਗੁਣ ਬਣਿਆ ਮਹਾਵਤ, ਨਾਮ ਨੇਜ਼ਾ ਹੱਥ ਉਠਾਈਆ । ਪਿਛੇ ਜੁਗ ਜੁਗ ਰਹੇ ਕਹਾਵਤ, ਦਰ ਦਵਾਰ ਗੁਰਮੁਖ ਦਰਸ਼ਨ ਪਾਈਆ । ਚਰਨ ਧੂੜ ਜੋ ਜਨ ਨਹਾਵਤ, ਦੁਰਮਤ ਮੈਲ ਰਹੇ ਨਾ ਰਾਈਆ । ਪੰਚ ਵਿਕਾਰਾ ਕਰੇ ਬਗ਼ਾਵਤ, ਘਰ ਘਰ ਪਈ ਲੜਾਈਆ । ਬਿਨ ਸਤਿਗੁਰ ਪੂਰੇ ਨਾ ਕਰੇ ਕੋਈ ਸਖਾਵਤ, ਰਹਿਮਤ ਹੱਥ ਨਾ ਕਿਸੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੁੜੇਪਾ ਵੇਖ ਵਖਾਈਆ । ਜਗਤ ਬੁੜੇਪਾ ਗਿਆ ਥੱਕ, ਲੋਕਮਾਤ ਪੰਧ ਮੁਕਣ ਨਾ ਪਾਈਆ । ਕਾਇਆ ਮਾਟੀ ਸੁੱਕੀ ਰੱਤ, ਹੱਡ ਮਾਸ ਨਾੜੀ ਪਿੰਜਰ ਰਿਹਾ ਨਾ ਰਾਈਆ । ਬੀਜ ਨਾ ਬੀਜਿਆ ਆਤਮ ਵਤ, ਫੁਲ ਫੁਲਵਾੜੀ ਦਿਸ ਨਾ ਆਈਆ । ਝੂਠਿਆ ਖੋਲ੍ਹੇ ਰੱਖਿਆ ਖਾਤਾ ਖਤ, ਨਾਮ ਵਸਤ ਨਾ ਵਿਚ ਟਿਕਾਈਆ । ਮਿਟੀ ਨਾ ਅੰਧ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਪੁੱਤ ਪੋਤਰਾ ਨਾ ਕੋਈ ਦਿਸੇ ਸਾਥ, ਸਗਲਾ ਸੰਗ ਗਏ ਤਜਾਈਆ । ਬਿਨ ਹਰਿ ਕੋਇ ਨਾ ਲਹਿਣਾ ਚੁਕਾਏ ਮਸਤਕ ਮਾਥ, ਪੂਰਬ ਜਨਮ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦਏ ਸਮਝਾਈਆ । ਮਾਣਸ ਜਨਮ ਮਿਲਿਆ ਮਾਤ, ਦਸ ਦਸ ਮਾਸ ਅਗਨੀ ਕੁੰਡ ਤਪਾਇਆ । ਧੁਰਦਰਗਾਹੀ ਮਿਲੀ ਏਕਾ ਦਾਤ, ਨਾਮ ਅਮੋਲਾ ਝੋਲੀ ਪਾਇਆ । ਬੰਸ ਸਰਬੰਸ ਬੱਧਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇਆ । ਘਰ ਮੰਦਰ ਵਖਾਏ ਸਾਚਾ ਹਾਟ, ਨਰ ਹਰਿ ਸਾਚਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਪੂਰਬ ਵਰ, ਮਾਣਸ ਮਾਨੁੱਖ ਫੋਲ ਫੋਲਾਇਆ । ਪੂਰਬ ਜਨਮ ਮਾਰੀ ਮਾਰ, ਕਰਮਗਤ ਨਾ ਕੋਇ ਕਟਾਈਆ । ਪਿਤਾ ਪੂਤ ਨਾਤਾ ਤੁਟਾ ਵਿਚ ਸੰਸਾਰ, ਤਾਗਾ ਸੂਤ ਤਾਣਾ ਪੇਟਾ ਨਾ ਕੋਇ ਵਖਾਈਆ । ਆਰ ਪਾਰ ਬੈਠਾ ਇਕ ਕਿਨਾਰ, ਆਪੇ ਬੂਝੇ ਆਪੇ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਜਾਏ ਜਗ, ਪਿਤਾ ਪੁੱਤਰ ਲੱਗੀ ਬਿਰਹੋਂ ਅੱਗ, ਸ਼ਾਹ ਰਗ ਰਹੀ ਤੜਫਾਈਆ । ਪਿਤਾ ਪੂਤ ਹੋਇਆ ਵਿਛੋੜਾ, ਬਰਸ ਬਰਸੀ ਦਏ ਗਵਾਹੀਆ । ਹਿੱਤ ਪਿਆਰ ਕਿਸੇ ਨਾ ਬੌਹੜਾ, ਮੇਲਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅੰਦਰ ਵੜ, ਕਾਇਆ ਮੰਦਰ ਖੋਜ ਖੁਜਾਈਆ । ਕਾਇਆ ਮੰਦਰ ਜਗਤ ਪਿਆਸੀ, ਦਿਵਸ ਰੈਣ ਰਹੇ ਬਿਲਲਾਈਆ । ਕਵਣ ਕਰੇ ਬੰਦ ਖ਼ਲਾਸੀ, ਜਗਤ ਬੰਧਨ ਤੋੜ ਤੁੜਾਈਆ । ਬਿਰਧ ਅਵਸਥਾ ਨਿਰਧਨ ਜੋਤ ਸਾਚਾ ਨੂਰ ਨਾ ਕੋਇ ਪਰਕਾਸ਼ੀ, ਅੰਧ ਅੰਧੇਰਾ ਗਿਆ ਛਾਈਆ । ਪੂਰੀ ਹੋਈ ਨਾ ਮਾਤ ਆਸੀ, ਆਸਾ ਨਿਰਾਸਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਬੁੜੇਪਾ ਰਿਹਾ ਜਾਣ, ਸਚ ਸੰਦੇਸ਼ ਦਏ ਗੁਣ ਨਿਧਾਨ, ਏਕਾ ਅੱਖਰ ਦਏ ਸੁਣਾਈਆ । ਸਚ ਸੰਦੇਸ਼ਾ ਸੁਣਨਾ ਕਰ ਧਿਆਨ, ਹਰਿ ਸੱਜਣ ਆਪ ਸੁਣਾਇੰਦਾ । ਤੇਰਾ ਪੂਤ ਜਗਤ ਨਿਸ਼ਾਨ, ਚੀਚੋ ਮੱਲੀਆਂ ਡੇਰਾ ਲਾਇੰਦਾ । ਓਥੇ ਖੋਲ੍ਹ ਜਗਤ ਦੁਕਾਨ, ਪਨਸਾਰੀ ਹੱਟ ਸੇਵ ਕਮਾਇੰਦਾ । ਕਰ ਸੁਨਤ ਹੋਇਆ ਮੁਸਲਮਾਨ, ਈਮਾਨ ਸ਼ਰਅ ਆਪਣੇ ਗਲ ਲਗਾਇੰਦਾ । ਪੰਜ ਨਿਮਾਜ਼ਾਂ ਪੜ੍ਹੇ ਕੁਰਾਨ, ਮੱਕਾ ਕਾਅਬਾ ਵੇਖ ਵਖਾਇੰਦਾ । ਇਕ ਵਖਾਏ ਸਚ ਈਮਾਨ, ਸ਼ਰਅ ਸ਼ਰੀਅਤ ਬੰਦ ਕਰਾਇੰਦਾ । ਪੂਤ ਭੁਲਿਆ ਪਿਤਾ ਨਾਦਾਨ, ਜਗਤ ਨਾਤਾ ਤੋੜ ਤੁੜਾਇੰਦਾ । ਘਰ ਨਾਰੀ ਕੰਤ ਮਿਲੀ ਰਕਾਨ, ਮਾਇਆ ਮਮਤਾ ਮੋਹ ਹੰਢਾਇੰਦਾ । ਮਗਰ ਲੱਗੇ ਪੰਜ ਸ਼ੈਤਾਨ, ਸਿਰ ਕੋਇ ਨਾ ਦੂਸਰ ਹੋਰ ਉਠਾਇੰਦਾ । ਬਿਰਧ ਅਵਸਥਾ ਸੁਰਤ ਸਵਾਣੀ ਏਕਾ ਮੰਗੇ ਸਾਚਾ ਦਾਨ, ਹਰਿ ਹਰਿ ਨਾਮ ਇਕ ਵਖਾਇੰਦਾ । ਆਵਣ ਜਾਵਣ ਚੁੱਕੇ ਕਾਣ, ਜਮ ਕੀ ਫਾਸੀ ਫੰਦ ਕਟਾਇੰਦਾ । ਮਿਲੇ ਮੇਲ ਸ੍ਰੀ ਭਗਵਾਨ, ਆਪਣਾ ਨੇਤਰ ਆਪ ਖੁਲ੍ਹਾਇੰਦਾ । ਦੋਏ ਨੇਤਰ ਜਗਤ ਵਖਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਥਕਾਵਟ ਦੇਵੇ ਚੁੱਕ, ਅਗਲਾ ਪੈਂਡਾ ਰਿਹਾ ਮੁੱਕ, ਸਾਚਾ ਪਾਂਧੀ ਆਪ ਮੁਕਾਇੰਦਾ । ਆਇਆ ਦੁਖੀਆ ਦਰ ਦਵਾਰ, ਦੁੱਖ ਆਪਣਾ ਫੋਲ ਸੁਣਾਈਆ । ਜਗਤ ਵਿਛੋੜਾ ਮਾਰੇ ਮਾਰ, ਵਿਜੋਗ ਰੋਗ ਟਿਕਣ ਨਾ ਪਾਈਆ । ਸਤਿਗੁਰ ਪੂਰਾ ਕਿਰਪਾ ਕਰੇ ਅਪਾਰ, ਏਕਾ ਸਿਖਿਆ ਦਏ ਸਮਝਾਈਆ । ਬਿਨ ਹਰਿ ਕਰਤਾਰ ਕੋਈ ਨਾ ਸੱਚਾ ਯਾਰ, ਮਾਤ ਪਿਤ ਭੈਣ ਭਾਈ ਸਾਕ ਸੱਜਣ ਪੁੱਤਰ ਧੀਆਂ ਅੰਤ ਨਾ ਸੰਗ ਨਿਭਾਈਆ । ਏਕਾ ਹਰਿ ਕਾ ਨਾਉਂ ਰਸਨਾ ਜਿਹਵਾ ਲੈਣਾ ਉਚਾਰ, ਤ੍ਰੈਗੁਣ ਮਾਇਆ ਫੰਦ ਕਟਾਈਆ । ਅਠਾਨਵੇਂ ਬਰਸ ਉਮਰ ਉਤਰੇ ਪਾਰ, ਨੌ ਅਠ ਵੱਜੇ ਵਧਾਈਆ । ਨੌ ਨੌ ਖੋਲ੍ਹੇ ਆਪ ਕਿਵਾੜ, ਦਸਵੇਂ ਮੇਲਾ ਸ਼ਹਿਨਸ਼ਾਹੀਆ । ਤੀਜਾ ਨੇਤਰ ਕਰ ਉਜਿਆਰ, ਕਾਇਆ ਖੇਤਰ ਵੇਖ ਵਖਾਈਆ । ਜੋਤੀ ਜੋਤ ਸਰੂਪ

੭੧੨

ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਦੇਵੇ ਵਰ, ਦਰਦ ਦੁੱਖ ਭੈ ਭੰਜਣ ਆਪ ਅਖਵਾਈਆ । ਦੀਨਾਂ ਅਨਾਥਾਂ ਦੀਨ ਦਿਆਲਾ, ਆਪਣੀ ਦਇਆ ਕਮਾਇੰਦਾ । ਇਕ ਵਖਾਏ ਸਚ ਸੱਚੀ ਧਰਮਸਾਲਾ, ਸਾਚੀ ਸਿਖਿਆ ਇਕ ਸਮਝਾਇੰਦਾ । ਫਲ ਲਗਾਏ ਕਾਇਆ ਡਾਲ੍ਹਾ, ਪਤ ਡਾਲ੍ਹੀ ਵੇਖ ਵਖਾਇੰਦਾ । ਲੱਖ ਚੁਰਾਸੀ ਤੋੜ ਜੰਜਾਲਾ, ਆਪ ਆਪਣੇ ਰੰਗ ਰੰਗਾਇੰਦਾ । ਸੋਹੰ ਪਾਏ ਗਲ ਸਾਚੀ ਮਾਲਾ, ਮਨ ਕਾ ਮਣਕਾ ਆਪ ਫਿਰਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਪੁਰਖ ਅਬਿਨਾਸ਼ੀ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿਖਕ ਭਿਛਿਆ ਦੇਵੇ ਵਰ, ਜੋ ਜਨ ਸਰਨ ਸਰਨਾਈ ਮੰਗਣ ਆਇੰਦਾ । ਜਗਤ ਥਕੇਵਾਂ ਜਾਣਾ ਲੱਥ, ਪੰਜ ਤਤ ਚੋਲਾ ਰੰਗ ਰੰਗਾਈਆ । ਸਗਲ ਵਸੂਰੇ ਜਾਇਣ ਲੱਥ, ਚਿੰਤਾ ਚਿਖਾ ਦਏ ਮੁਕਾਈਆ । ਜਿਸ ਜਨ ਚੜ੍ਹਾਏ ਆਪਣੇ ਰਥ, ਦਰ ਘਰ ਸਾਚੇ ਮੇਲ ਮਿਲਾਈਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਆਪਣੀ ਵੰਡ ਆਪ ਕਰਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਝੋਲੀ ਪਾਈਆ । ਨਿਰਗੁਣ ਖੇਲ ਹਰਿ ਨਿਰੰਕਾਰ ਦਾ, ਆਦਿ ਜੁਗਾਦੀ ਆਪ ਕਰਾਏ । ਭੇਵ ਅਵੱਲੜਾ ਪਰਵਰਦਿਗਾਰ ਦਾ, ਰੂਪ ਰੇਖ ਨਾ ਕੋਇ ਵਖਾਏ । ਕਰੇ ਖੇਲ ਸਾਂਝੇ ਯਾਰ ਦਾ, ਵਰਨ ਬਰਨ ਨਾ ਕੋਇ ਜਣਾਏ । ਤੋੜੇ ਗੜ੍ਹ ਹੰਕਾਰ ਦਾ, ਨਾਮ ਖੰਡਾ ਹੱਥ ਉਠਾਏ । ਜਨ ਭਗਤਾਂ ਪੈਜ ਸੁਆਰਦਾ, ਜੁਗ ਜੁਗ ਆਪਣੀ ਜੋਤ ਜਗਾਏ । ਸਾਚੇ ਸੰਤਾਂ ਫੜ ਫੜ ਤਾਰਦਾ, ਮਾਰਗ ਪੰਥ ਇਕ ਵਖਾਏ । ਗੁਰਮੁਖਾਂ ਰੋਗ ਨਵਾਰਦਾ, ਹਉਮੇ ਰੋਗ ਰਹਿਣ ਨਾ ਪਾਏ । ਗੁਰਮੁਖ ਸਾਚੇ ਪਾਰ ਉਤਾਰਦਾ, ਸਤਿਗੁਰ ਪੂਰਾ ਸੇਵ ਕਮਾਏ । ਆਪ ਆਪਾ ਉਤੋਂ ਵਾਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਾਚੀ ਵੇਖ ਵਖਾਏ । ਹਰਿ ਸੰਗਤ ਸਾਚਾ ਰੰਗ, ਸਤਿਗੁਰ ਪੂਰਾ ਆਪ ਚੜ੍ਹਾਈਆ । ਘਰ ਘਰ ਆਤਮ ਵੇਖੇ ਸਚ ਪਲੰਘ, ਦਸਮ ਦਵਾਰੀ ਡੇਰਾ ਲਾਈਆ । ਨੌਂ ਦਵਾਰੇ ਰਿਹਾ ਲੰਘ, ਟੇਢੀ ਬੰਕ ਪਾਰ ਕਰਾਈਆ । ਹੱਥ ਫੜ ਨਾਮ ਮਰਦੰਗ, ਸਾਚਾ ਨਾਦ ਇਕ ਸੁਣਾਈਆ । ਦੂਈ ਦਵੈਤੀ ਢਾਏ ਕੰਧ, ਪਰਦਾ ਓਹਲਾ ਦਏ ਚੁਕਾਈਆ । ਇਕ ਉਪਜਾਏ ਪਰਮਾਨੰਦ, ਨਿਜਾਨੰਦ ਆਪਣਾ ਰੂਪ ਦਰਸਾਈਆ । ਸਚ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਆਪੇ ਗਾਈਆ । ਗੁਰਮੁਖਾਂ ਖ਼ੁਸ਼ੀ ਕਰੇ ਬੰਦ ਬੰਦ, ਬੰਦੀਖ਼ਾਨਾ ਦਏ ਕਟਾਈਆ । ਆਪ ਚੜ੍ਹਾਏ ਸਾਚਾ ਚੰਦ, ਨਿਰਗੁਣ ਜੋਤ ਕਰ ਰੁਸ਼ਨਾਈਆ । ਜਿਸ ਜਨ ਗਾਇਆ ਬੱਤੀ ਦੰਦ, ਅੰਤਮ ਮੇਲੇ ਥਾਉਂ ਥਾਈਂਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਨੇਤਰ ਦਿਸ ਕਿਸੇ ਨਾ ਆਈਆ । ਕਰੇ ਖੇਲ ਵਿਚ ਵਰਭੰਡ, ਜੋਤੀ ਜਾਮਾ ਭੇਖ ਵਟਾਈਆ । ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਖੋਜ ਖੁਜਾਈਆ । ਵਸਣਹਾਰਾ ਹਰਿ ਬ੍ਰਹਿਮੰਡ, ਪਾਰਬ੍ਰਹਮ ਨਾਉਂ ਧਰਾਈਆ । ਜੁਗ ਜੁਗ ਵੰਡੇ ਆਪਣੀ ਵੰਡ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਵੰਡੀ ਰਿਹਾ ਪਾਈਆ । ਆਪੇ ਕਰੇ ਖੰਡ ਖੰਡ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਆਪ ਰਖਾਏ ਚੰਡ ਪਰਚੰਡ, ਤਿਖੀ ਧਾਰ ਆਪ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਸਾਚਾ ਲਾਲ ਅਨਮੁਲੜਾ, ਗੁਰ ਸਤਿਗੁਰ ਵੇਖ ਵਖਾਇੰਦਾ । ਜੁਗਾ ਜੁਗੰਤਰ ਸਾਚੇ ਕੰਡੇ ਤੁਲੜਾ, ਕਰਤਾ ਕੀਮਤ ਆਪੇ ਪਾਇੰਦਾ । ਤ੍ਰੈਗੁਣ ਮਾਇਆ ਵਿਚ ਕਦੇ ਨਾ ਰੁਲੜਾ, ਖ਼ਾਕੀ ਖ਼ਾਕ ਨਾ ਕੋਇ ਮਿਲਾਇੰਦਾ । ਜੋਤੀ ਜੋਤ

੭੧੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਸਚ ਦਵਾਰ, ਚਾਰ ਵਰਨਾਂ ਕਰੇ ਇਕ ਪਿਆਰ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਇੰਦਾ । ਚਾਰ ਵਰਨਾਂ ਇਕ ਗਿਆਨਾ, ਏਕਾ ਅੱਖਰ ਕਰੇ ਪੜ੍ਹਾਈਆ । ਚਾਰ ਵਰਨਾਂ ਇਕ ਭਗਵਾਨਾ, ਪਰਮ ਪੁਰਖ ਮੇਲ ਮਿਲਾਈਆ । ਚਾਰ ਵਰਨਾਂ ਏਕਾ ਦਾਨਾ, ਨਾਮ ਨਿਧਾਨਾ ਝੋਲੀ ਪਾਈਆ । ਚਾਰ ਵਰਨਾਂ ਦੇਵੇ ਬ੍ਰਹਮ ਗਿਆਨਾ, ਆਤਮ ਅੰਤਰ ਕਰੇ ਜਣਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਸੱਤ ਰੰਗ ਝੁਲਾਏ ਇਕ ਨਿਸ਼ਾਨਾ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਘਰ ਘਰ ਆਪਣਾ ਸਗਨ ਮਨਾਈਆ । ਸੰਮਤ ਸਤਰਾਂ ਹੋ ਪਰਧਾਨਾ, ਬੀਸ ਬਿਕਰਮੀ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਏਕਾ ਘਰ, ਘਰ ਵਜਦੀ ਰਹੇ ਵਧਾਈਆ । ਹਰਿ ਸੰਗਤ ਹਰਿ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਸਚਖੰਡ ਦਵਾਰੇ ਏਕਾ ਮਾਣ, ਧਰਮ ਦਵਾਰਾ ਇਕ ਵਖਾਇੰਦਾ । ਆਵਣ ਜਾਵਣ ਚੁੱਕੇ ਕਾਣ, ਸ੍ਰੀ ਭਗਵਾਨ ਮੇਲ ਮਿਲਾਇੰਦਾ । ਗੁਰਮੁਖ ਬੂਟੇ ਲੋਕਮਾਤ ਸਦਾ ਮਹਿਕਾਨ, ਸਚ ਸੁਗੰਧੀ ਨਾਮ ਭਰਾਇੰਦਾ । ਭਗਤ ਵਾਸ਼ਨਾ ਭਰੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਏਕਾ ਵਰ, ਹਰਿ ਸਾਚਾ ਖੇਲ ਖਿਲਾਇੰਦਾ । ਹਰਿ ਸੰਗਤ ਹਰਿ ਪਾਇਆ, ਹਰਿ ਹਰਿ ਕਾ ਰੂਪ ਅਪਾਰ । ਦਰ ਦਰ ਘਰ ਘਰ ਵੇਖ ਵਖਾਇਆ, ਗੁਰਮੁਖਾਂ ਕਰ ਪਿਆਰ । ਜੇਠ ਅਗਨੀ ਤਪਸ਼ ਦਏ ਬੁਝਾਇਆ, ਅੰਮ੍ਰਿਤ ਵਰਖ਼ੇ ਠੰਡੀ ਠਾਰ । ਤ੍ਰਿਸ਼ਨਾ ਹਰਸ ਦਏ ਮਿਟਾਇਆ, ਆਤਮ ਅੰਤਰ ਧਰ ਪਿਆਰ । ਆਪਣਾ ਤਰਸ ਆਪ ਕਮਾਇਆ, ਗੁਰਮੁਖ ਸਾਚੇ ਲਾਏ ਪਾਰ । ਨਿਰਗੁਣ ਸਰਗੁਣ ਦਰਸ ਦਿਖਾਇਆ, ਨੇਤਰ ਨੈਣਾਂ ਆਪ ਉਘਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਇਆ । ਹਰਿਜਨ ਤੇਰੀ ਸਾਚੀ ਮਤ, ਬ੍ਰਹਮ ਮਤ ਇਕ ਵਖਾਈਆ । ਸਤਿਗੁਰ ਪੂਰਾ ਰੱਖੇ ਪੱਤ, ਲੋਕਮਾਤ ਹੋਏ ਸਹਾਈਆ । ਤੇਰੀ ਲੇਖੇ ਲੱਗੇ ਰੱਤ, ਰੱਤੀ ਰੱਤ ਆਪਣੇ ਲੇਖੇ ਪਾਈਆ । ਸਤਿਗੁਰ ਸੱਚਾ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਤਾਰਿਆ, ਕਰ ਕਿਰਪਾ ਆਪ ਕਰਤਾਰ । ਜਨਮ ਜਨਮ ਦਾ ਰੋਗ ਨਿਵਾਰਿਆ, ਏਕਾ ਬਖ਼ਸ਼ੇ ਚਰਨ ਪਿਆਰ । ਘਰ ਮੰਦਰ ਕਰ ਉਜਿਆਰਿਆ, ਮੇਟ ਮਿਟਾਏ ਅੰਧ ਅੰਧਿਆਰ । ਦੇਵੇ ਦਰਸ ਅਗੰਮ ਅਪਾਰਿਆ, ਬੰਦ ਤਾਕੀ ਖੋਲ੍ਹ ਕਿਵਾੜ । ਜੇਠ ਅਗਨ ਕਿਸੇ ਨਾ ਸਾੜਿਆ, ਤੱਤੀ ਵਾਓ ਨਾ ਕਰੇ ਖ਼ਵਾਰ । ਜੋ ਜਨ ਬੋਲੇ ਸੋਹੰ ਸ਼ਬਦ ਸਚ ਜੈਕਾਰਿਆ, ਮਾਣਸ ਜਨਮ ਨਾ ਆਏ ਹਾਰ । ਪੂਰਬ ਲਹਿਣਾ ਲੇਖਾ ਪਾਰ ਉਤਾਰਿਆ, ਲੇਖਾ ਦੇਵਣਹਾਰ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਭਰੇ ਨਾਮ ਭੰਡਾਰ । ਨਾਮ ਭੰਡਾਰਾ ਹਰਿ ਭਗਵੰਤ, ਜੁਗਾ ਜੁਗੰਤਰ ਆਪ ਵਰਤਾਇੰਦਾ । ਗੁਰਮੁਖ ਵਿਰਲੇ ਵੇਖੇ ਸੰਤ, ਜਿਸ ਜਨ ਝੋਲੀ ਨਾਮ ਭਰਾਇੰਦਾ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਤ੍ਰੈਗੁਣ ਪਰਦਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਨਾਰੀ ਕੰਤ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਹਰਿ ਸੁਹਾਵਣਾ, ਨਿਰਗੁਣ ਨੂਰ ਜੋਤ ਉਜਿਆਰ । ਗੁਰਸਿਖ ਸਾਚਾ ਵੇਖ ਵਖਾਵਣਾ, ਅੰਦਰ ਮੰਦਰ ਗੁਪਤ ਜ਼ਾਹਰ । ਦਰ ਦਰਵੇਸ਼ਾ ਫੇਰਾ ਪਾਵਣਾ, ਅਲੱਖ ਨਿਰੰਜਣ ਬੋਲ

ਜੈਕਾਰ । ਸ਼ਬਦ ਅਨਾਦੀ ਇਕ ਸੁਣਾਵਣਾ, ਆਤਮ ਧੁਨ ਵੱਜੇ ਅਪਾਰ । ਗੁਰਸਿਖ ਗੁਰਮੁਖ ਏਕਾ ਧਾਮ ਵਸਾਵਣਾ, ਜਿਸ ਘਰ ਵਸੇ ਆਪ ਨਿਰੰਕਾਰ । ਦਰ ਆਇਆਂ ਲੇਖੇ ਲਾਵਣਾ, ਜਾਏ ਪੈਜ ਸਵਾਰ । ਮਨਮੁਖਾਂ ਮੁਖ ਸ਼ਰਮਾਵਣਾ, ਮਨ ਰੱਖਿਆ ਇਕ ਹੰਕਾਰ । ਗੁਰਮੁਖ ਵਿਰਲੇ ਸੀਸ ਝੁਕਾਵਣਾ, ਜਿਸ ਝੁਕਿਆ ਆਪ ਨਿਰੰਕਾਰ । ਦਿਵਸ ਦਿਹਾੜਾ ਸਚ ਸੁਹਾਵਣਾ, ਤੇਰਾ ਤੇਰਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਵੇ ਸਾਰ । ਸਾਰ ਸਮਾਲੀਅਨ ਦਿਵਸ ਰੈਣ ਪਰਭਾਤ, ਘੜੀ ਪਲ ਪਲ ਵੇਖ ਵਖਾਈਆ । ਵਸਣਹਾਰਾ ਕਾਇਨਾਤ, ਚਾਰ ਕੁੰਟ ਦਹਿ ਦਿਸ਼ ਆਪਣਾ ਖੇਲ ਖਿਲਾਈਆ । ਲੱਖ ਚੁਰਾਸੀ ਮਾਰੇ ਝਾਤ, ਹਰਿਜਨ ਸਾਚੇ ਲਏ ਉਠਾਈਆ । ਆਪੇ ਪੁਛਣਹਾਰਾ ਵਾਤ, ਵਾਸਤਕ ਆਪਣਾ ਰੂਪ ਦਰਸਾਈਆ । ਚਰਨ ਕਵਲ ਬੰਧਾਏ ਸਾਚਾ ਨਾਤ, ਧਰਤ ਧਵਲ ਦਏ ਵਡਿਆਈਆ । ਗੁਰਮੁਖਾਂ ਹੋਏ ਪਿਤਾ ਮਾਤ, ਮਾਤ ਪਿਤਾ ਆਪ ਅਖਵਾਈਆ । ਵਰਨ ਬਰਨ ਨਾ ਕੋਇ ਜ਼ਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਮੇਲਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਕਰਾਈਆ ।

❊ ੨੮ ਜੇਠ ੨੦੧੭ ਬਿਕ੍ਰਮੀ ਸ਼ਬਦ ਸਿੰਘਾਸਣ ਪਰ ਲਿਖਤ ਹੋਈ ਮਕਾਨ ਨੰ੦ ੯੭੮੯
ਗਲੀ ਨੰ੦ ੭ ਮੁਲਤਾਨੀ ਢਾਂਡਾ ਪਹਾੜ ਗੰਜ ਨਵੀਂ ਦਿਲੀ ❊

ਹਸਤ ਕੀਟ ਹਰਿ ਕਰਤਾਰ, ਜੂਨ ਅਜੂਨੀ ਖੇਲ ਖਿਲਾਇੰਦਾ । ਰੂਪ ਅਨੂਪ ਬੇਐਬ ਪਰਵਰਦਿਗਾਰ, ਨੂਰੋ ਨੂਰ ਡਗਮਗਾਇੰਦਾ । ਸਤਿ ਸਰੂਪ ਸ਼ਾਹੋ ਭੂਪ ਸੱਚੀ ਸਰਕਾਰ, ਸਚ ਸੁਲਤਾਨਾਂ ਨਾਉਂ ਧਰਾਇੰਦਾ । ਲੱਖ ਚੁਰਾਸੀ ਖੇਲ ਅਪਾਰ, ਘਟ ਘਟ ਬਾਤੀ ਆਪ ਟਿਕਾਇੰਦਾ । ਕਮਲਾਪਾਤੀ ਮੀਤ ਮੁਰਾਰ, ਨਿਰਗੁਣ ਆਪਣੀ ਰਚਨ ਰਚਾਇੰਦਾ । ਆਦਿ ਜੁਗਾਦੀ ਨਿਰਾਕਾਰ, ਸਾਕਾਰ ਰੂਪ ਵਟਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਘਟ ਘਟ ਅੰਦਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਜੇਰਜ ਅੰਡ ਰੂਪ ਰੇਖ ਨਾ ਕੋਇ ਵਖਾਇੰਦਾ । ਹਸਤ ਕੀਟ ਹਰਿ ਕੀ ਧਾਰ, ਹਰਿ ਸਾਚਾ ਸਚ ਉਪਜਾਈਆ । ਇਕ ਇਕੱਲਾ ਖੇਲ ਅਪਾਰ, ਏਕੰਕਾਰਾ ਆਪ ਕਰਾਈਆ । ਸਚਖੰਡ ਨਿਵਾਸੀ ਹੋ ਉਜਿਆਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਏਕਾ ਨੂਰ ਕਰ ਉਜਿਆਰ, ਸ਼ਬਦੀ ਧਾਰ ਵਿਚ ਟਿਕਾਈਆ । ਸ਼ਬਦ ਨਾਦ ਧੁਨ ਜੈਕਾਰ, ਪਵਣ ਪਵਣੀ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਏਕਾ ਹੱਥ ਵਡਿਆਈਆ । ਹਸਤ ਕੀਟ ਹਰਿ ਸਮਾਇਆ, ਭੇਵ ਅਭੇਦ ਭੇਵ ਜਣਾਇੰਦਾ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹਿਆ, ਆਪਣਾ ਨਾਉਂ ਧਰਾਇੰਦਾ । ਆਪਣੀ ਕਲ ਅਪ ਵਰਤਾਇਆ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਸਚ ਮਲਾਹ ਬਣ ਕੇ ਆਇਆ, ਖੇਵਟ ਖੇਟਾ ਆਪ ਚਲਾਇੰਦਾ । ਹਰਿਜਨ ਸਾਚੇ ਸੰਤ ਸੁਹੇਲੇ ਨਿਰਗੁਣ ਸਰਗੁਣ ਰੂਪ ਆਪ ਆਪਣਾ ਮੇਲ ਮਿਲਾਇਆ, ਆਪਣਾ ਹਿੱਤ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਏਕਾ ਸੰਗ, ਸਾਚਾ ਸੰਗ ਆਪ ਨਿਭਾਇੰਦਾ । ਹਸਤ ਕੀਟ ਸਗਲਾ ਸਾਥ, ਹਰਿ ਸਾਚਾ ਸਚ ਨਿਭਾਈਆ । ਪਾਰਬ੍ਰਹਮ ਪੁਰਖ ਅਬਿਨਾਸ਼, ਆਦਿ ਜੁਗਾਦਿ ਦਏ ਵਡਿਆਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਅਕਾਸ਼ ਆਕਾਸ਼ਾ ਆਪਣਾ ਰੂਪ

ਸਮਾਈਆ । ਜਨ ਭਗਤਾਂ ਹੋਇਆ ਰਹੇ ਦਾਸ, ਜੁਗਾ ਜੁਗੰਤਰ ਸੇਵ ਕਮਾਈਆ । ਘਟ ਘਟ ਅੰਦਰ ਰੱਖੇ ਵਾਸ, ਨਿਰਗੁਣ ਸਰਗੁਣ ਬੇਪਰਵਾਹੀਆ । ਮੰਡਲ ਬਹਿ ਬਹਿ ਪਾਵੇ ਰਾਸ, ਘਰ ਮੰਦਰ ਆਪ ਸੁਹਾਈਆ । ਗੁਰਮੁਖਾਂ ਪੂਰੀ ਕਰੇ ਆਸ, ਊਚ ਨੀਚ ਨਾ ਵੇਖ ਵਖਾਈਆ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਏਕਾ ਰੂਪ ਦਰਸਾਈਆ । ਏਕਾ ਰੂਪ ਹਰਿ ਕਰਤਾਰ, ਆਪਣਾ ਆਪ ਉਪਜਾਇੰਦਾ । ਅਜੂਨ ਅਜੂਨੀ ਹੋ ਤਿਆਰ, ਨਿਰਗੁਣ ਹਰ ਘਟ ਡੇਰਾ ਲਾਇੰਦਾ । ਏਕਾ ਅੱਖਰ ਕਰ ਵਿਚਾਰ, ਸਾਚੀ ਸਿਖਿਆ ਆਪ ਸਮਝਾਇੰਦਾ । ਲੇਖਾ ਲਿਖ ਨਾ ਸਕੇ ਵੇਦ ਚਾਰ, ਪੁਰਾਨ ਸ਼ਾਸਤਰ ਭੇਵ ਨਾ ਪਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਜੁਗਾ ਜੁਗੰਤਰ ਆਪ ਕਰਾਇੰਦਾ । ਬੋਧ ਅਗਾਧੀ ਨਾਮ ਜੈਕਾਰ, ਸਚ ਜੈਕਾਰਾ ਆਪ ਸੁਣਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਲੋਕਮਾਤ ਵੇਸ ਵਟਾਇੰਦਾ । ਤ੍ਰੈ ਕਾਲ ਦਰਸੀ ਭੇਵ ਨਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਵੇਖ ਵਖਾਇੰਦਾ । ਵੇਖਣਹਾਰਾ ਹਰਿ ਭਗਵਾਨ, ਆਦਿ ਜੁਗਾਦਿ ਸਮਾਇਆ । ਵੇਖਣਹਾਰਾ ਜੁਗਾ ਜੁਗੰਤ, ਮਹਿਮਾ ਅਗਣਤ ਲੇਖਾ ਲੇਖ ਨਾ ਕੋਈ ਲਿਖਾਇਆ । ਹਰਿਜਨ ਵੇਖੇ ਸਾਚੇ ਸੰਤ, ਲੱਖ ਚੁਰਾਸੀ ਖੋਜ ਖੁਜਾਇਆ । ਘਰ ਮੰਦਰ ਉਪਜਾਏ ਹਰਿ ਹਰਿ ਨਾਉਂ ਮਣੀਆ ਮੰਤ, ਆਪਣੀ ਵਿਦਿਆ ਆਪ ਪੜ੍ਹਾਇਆ । ਦੋ ਜਹਾਨਾਂ ਬਣਾਏ ਸਾਚੀ ਬਣਤ, ਸਤਿ ਪੁਰਖ ਨਿਰੰਜਣ ਆਪਣੀ ਸੇਵਾ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਹਰਿ ਹਰਿ ਵੇਸ, ਕਰੇ ਕਰਾਏ ਨਰ ਨਰੇਸ਼, ਹਸਤ ਕੀਟ ਮੇਲ ਮਿਲਾਇਆ । ਹਸਤ ਕੀਟ ਮੇਲਾ ਭਗਵਾਨ, ਹਰਿ ਸਾਚਾ ਆਪ ਕਰਾਈਆ । ਜੁਗ ਕਰਤਾ ਦੇਵਣਹਾਰ ਦਾਨ, ਕਰਤਾ ਪੁਰਖ ਨਾਉਂ ਧਰਾਈਆ । ਮੂਰਤ ਅਕਾਲ ਵਡ ਮਿਹਰਵਾਨ, ਅਜੂਨੀ ਰਹਿਤ ਨਾਉਂ ਧਰਾਈਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਸ਼ਬਦ ਉਠਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਏ ਏਕਾ ਆਣ, ਰਵ ਸਸ ਰਹੇ ਸੀਸ ਝੁਕਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਧਿਆਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਨੈਨਣ ਨੈਣ ਰਹੇ ਉਠਾਈਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਆਪ ਆਪਣੀ ਕਲ ਵਰਤਾਈਆ । ਹਰਿਜਨ ਸਾਚੇ ਕਰੇ ਪਰਵਾਨ, ਦਰ ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਡਲ ਸਾਚੀ ਰਾਸ, ਪਾਰਬ੍ਰਹਮ ਬ੍ਰਹਮ ਕਰ ਪਰਕਾਸ਼, ਨਿਰਗੁਣ ਪੂਰੀ ਕਰੇ ਆਸ, ਹਸਤ ਕੀਟ ਏਕਾ ਭਿਛਿਆ ਝੋਲੀ ਪਾਈਆ । ਪਾਈ ਭਿਛਿਆ ਨਾਮ ਨਿਧਾਨ, ਏਕਾ ਝੋਲੀ ਭਰਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਏਕੰਕਾਰਾ ਖੇਲ ਖਿਲਾਇੰਦਾ । ਆਦਿ ਨਿਰੰਜਣ ਦੇਵੇ ਦਾਨ, ਅਬਿਨਾਸ਼ੀ ਕਰਤਾ ਸੰਗ ਰਖਾਇੰਦਾ । ਸ੍ਰੀ ਭਗਵਾਨ ਬਖ਼ਸ਼ੇ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਪਾਰਬ੍ਰਹਮ ਏਕਾ ਪਾਏ ਆਪਣੀ ਆਣ, ਦੂਸਰ ਹੁਕਮ ਨਾ ਕੋਈ ਜਣਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਣ, ਜੁਗਾ ਜੁਗੰਤਰ ਵੇਖ ਵਖਾਇੰਦਾ । ਲੋਕਮਾਤ ਖੋਲ੍ਹ ਸਚ ਦੁਕਾਨ, ਸਾਚਾ ਹੱਟ ਇਕ ਵਖਾਇੰਦਾ । ਜੀਵ ਜੰਤ ਨਾ ਸਕੇ ਕੋਈ ਪਛਾਣ, ਲੱਖ ਚੁਰਾਸੀ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਪਾਵੇ ਸਾਰ, ਲੱਖ ਚੁਰਾਸੀ ਅਗੰਮ ਅਪਾਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਹਸਤ ਕੀਟ ਹਰਿ ਰੰਗ ਰਾਤਾ, ਰੰਗ ਰਤੜਾ ਸਾਚਾ ਮਾਹੀਆ । ਆਪ ਸੁਣਾਏ ਆਪਣੀ ਗਾਥਾ, ਜੁਗਾ ਜੁਗੰਤਰ ਕਰੇ ਇਕ

ਪੜ੍ਹਾਈਆ । ਲੇਖਾ ਜਾਣੇ ਲਹਿਣਾ ਦੇਣਾ ਮਸਤਕ ਮਾਥਾ, ਪੂਰਬ ਪੂਰਬ ਵੇਖ ਵਖਾਈਆ । ਪੰਜ ਤਤ ਕਾਇਆ ਮਾਟੀ ਚਲਾਏ ਰਾਥਾ, ਮਹਾਂਸਾਰਥੀ ਬੇਪਰਵਾਹੀਆ । ਕਰੇ ਖੇਲ ਤ੍ਰਲੋਕੀ ਨਾਥਾ, ਚੌਦਾਂ ਲੋਕ ਕਰ ਰੁਸ਼ਨਾਈਆ । ਜਨ ਭਗਤਾਂ ਪੂਰਾ ਕਰੇ ਘਾਟਾ, ਏਕਾ ਵਸਤ ਹੱਥ ਫੜਾਈਆ । ਨਿਰਗੁਣ ਜੋਤੀ ਨੂਰ ਜਗੇ ਲਿਲਾਟਾ, ਆਦਿ ਨਿਰੰਜਣ ਕਰ ਰੁਸ਼ਨਾਈਆ । ਸਰ ਸਰੋਵਰ ਵਖਾਏ ਤੀਰਥ ਤਾਟਾ, ਤੱਟ ਕਿਨਾਰਾ ਸੋਭਾ ਪਾਈਆ । ਲੇਖਾ ਚੁਕਾਏ ਆਨ ਬਾਟਾ, ਮਾਤ ਗਰਭ ਫੰਦ ਕਟਾਈਆ । ਅੱਗੇ ਨੇੜੇ ਆਏ ਵਾਟਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਸਦ ਮਿਹਰਵਾਨ, ਸਚ ਨਿਸ਼ਾਨ ਇਕ ਵਖਾਈਆ । ਸਚ ਨਿਸ਼ਾਨ ਧੁਰ ਦਰਬਾਰ, ਹਰਿ ਸਾਚਾ ਸਚ ਵਖਾਇੰਦਾ । ਮਹੱਲ ਅਟੱਲ ਉਚ ਮਿਨਾਰ, ਪੁਰਖ ਅਬਿਨਾਸ਼ੀ ਆਪ ਝੁਲਾਇੰਦਾ । ਗੁਰਮੁਖ ਸਾਚੇ ਕਰ ਤਿਆਰ, ਜੁਗਾ ਜੁਗੰਤਰ ਆਪ ਵਖਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਲੋਚਣ ਲੋਇਣ ਆਪ ਦਰਸਾਇੰਦਾ । ਚੌਥੇ ਪਦ ਆਪੇ ਵਾੜ, ਪੰਚਮ ਜੋੜਾ ਆਪ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਲਾਏ ਲੜ, ਏਕਾ ਪੱਲੂ ਨਾਮ ਫੜਾਇੰਦਾ । ਨਾਮ ਪੱਲੂ ਸਚ ਗੰਢ, ਹਰਿ ਸਾਚੇ ਹੱਥ ਵਡਿਆਈਆ । ਜੁਗਾ ਜੁਗੰਤਰ ਵੰਡੇ ਆਪਣੀ ਵੰਡ, ਦੂਸਰ ਸੰਗ ਨਾ ਕੋਈ ਰਖਾਈਆ । ਵਸਣਹਾਰਾ ਹਰਿ ਬ੍ਰਹਿਮੰਡ, ਲੋਆਂ ਪੁਰੀਆਂ ਖੋਜ ਖੁਜਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਭੁੱਲ ਨਾ ਰਾਈਆ । ਪਾਵੇ ਸਾਰ ਸੂਰਜ ਚੰਦ, ਰਵ ਸਸ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਪੰਧ, ਆਪਣਾ ਲੇਖਾ ਵੇਖ ਵਖਾਈਆ । ਊਚ ਨੀਚ ਹਸਤ ਕੀਟ ਸਰਬ ਜੀ ਦਾਤਾ, ਏਕਾ ਰੰਗ ਸਮਾਇਆ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਭੇਵ ਕਿਸੇ ਨਾ ਪਾਇਆ । ਜੁਗ ਜੁਗ ਮੇਟੀ ਅੰਧੇਰੀ ਰਾਤਾ, ਅੰਧ ਅੰਧੇਰਾ ਦਏ ਗਵਾਇਆ । ਜਨ ਭਗਤਾਂ ਨਿਭਾਏ ਸਗਲਾ ਸਾਥਾ, ਸਗਲਾ ਸੰਗ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਹਰਿ ਸੰਜੋਗ, ਹਰਿ ਸਾਚੇ ਆਪ ਕਰਾਇਆ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਚੌਦਾਂ ਵੇਖ ਵਖਾਇਆ । ਪੁਰੀ ਬ੍ਰਹਮ ਇਕ ਸਲੋਕ, ਸਿੰਘ ਸ਼ੇਰ ਨਾਮ ਸੁਣਾਇਆ । ਵਿਸ਼ਨੂੰ ਵਿਸ਼ਵ ਭਾਣਾ ਨਾ ਸਕੇ ਰੋਕ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਹਰਿ ਭਗਤ ਨਾ ਮੰਗੇ ਕੋਈ ਮੋਖ, ਪ੍ਰਭ ਦਰਸ ਰਹੇ ਤ੍ਰਿਪਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਏਕਾ ਸੰਗ ਨਿਭਾਇਆ । ਹਸਤ ਕੀਟ ਏਕਾ ਸੰਗ, ਹਰਿ ਸਤਿਗੁਰ ਸੰਗ ਰਖਾਇੰਦਾ । ਕਲਜੁਗ ਔਧ ਰਹੀ ਲੰਘ, ਕਲਜੁਗ ਵੇਲਾ ਅੰਤਮ ਆਇੰਦਾ । ਸ੍ਰਿਸ਼ਟ ਸਬਾਈ ਧਰਤ ਮਾਤ ਸਾਚੀ ਸੇਜ ਮਾਂਗੇ ਪਲੰਘ, ਨਵ ਸਤ ਇਕ ਵਿਛਾਇੰਦਾ । ਜਲਧਾਰ ਨਾ ਦਿਸੇ ਕੋਈ ਗੰਗ, ਸਰ ਸਰੋਵਰ ਅੰਮ੍ਰਿਤ ਬੂੰਦ ਨਾ ਕੋਈ ਮੁਖ ਚੁਆਇੰਦਾ । ਚਾਰੇ ਕੁੰਟ ਹੋਏ ਨੰਗ, ਸਾਚਾ ਪਰਦਾ ਨਾ ਕੋਈ ਪਾਇੰਦਾ । ਸੋ ਪੁਰਖ ਨਿਰੰਜਣ ਏਕਾ ਅਸਵ ਕਸੇ ਤੰਗ, ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਏਕੰਕਾਰਾ ਸੱਚਖੰਡ ਦਵਾਰਾ ਆਪੇ ਲੰਘ, ਆਦਿ ਨਿਰੰਜਣ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਵਜਾਏ ਮਰਦੰਗ, ਸ੍ਰੀ ਭਗਵਾਨ ਹੱਥ ਉਠਾਇੰਦਾ । ਪਾਰਬ੍ਰਹਮ ਹਰਿਜਨ ਸਾਚੇ ਲਾਏ ਆਪਣੇ ਅੰਗ, ਬ੍ਰਹਮ ਬ੍ਰਹਮ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਮਾਇਆ ਮਮਤਾ ਝੂਠੀ ਗੰਢ, ਹਉਮੇ ਹੰਗਤਾ ਗੜ੍ਹ ਨਾ ਕੋਈ ਤੁੜਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰਾ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਇਕ ਅਖਵਾਇੰਦਾ । ਗੁਰਮੁਖਾਂ ਅੰਦਰ ਨਿਰਗੁਣ

ਰੂਪ ਨਿਰਾਕਾਰ ਆਪੇ ਲੰਘ, ਆਤਮ ਸੇਜਾ ਆਪ ਸੁਹਾਇੰਦਾ । ਕਾਇਆ ਮਾਟੀ ਕਾਚੀ ਵੰਗ, ਕੰਚਨ ਗੜ੍ਹ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਚੁਕਾਏ ਡਰ, ਨਿਰਭੈ ਆਪਣਾ ਭੈ ਵਖਾਇੰਦਾ । ਨਿਰਭੈ ਰੂਪ ਹਰਿ ਨਿਰੰਕਾਰ, ਹਰਿਜਨ ਸਾਚੇ ਆਪ ਜਗਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਈਆ । ਸ਼ਬਦ ਜਣਾਈ ਧੁਨ ਜੈਕਾਰ, ਨਾਦ ਅਨਾਦੀ ਆਪ ਵਜਾਈਆ । ਕਲਜੁਗ ਅੰਤਮ ਖੇਲ ਅਪਾਰ, ਖੇਲਣਹਾਰਾ ਆਪ ਖਲਾਈਆ । ਨਿਰਗੁਣ ਰੂਪ ਨਿਰਾਕਾਰ, ਨਿਰਧਨ ਸਰਧਨ ਵੇਖ ਵਖਾਈਆ । ਸਾਕਤ ਨਿੰਦਕ ਦੁਸ਼ਟ ਦੁਰਾਚਾਰ, ਸਾਧ ਸੰਤ ਭਗਤ ਭਗਵੰਤ ਮੇਲ ਮਿਲਾਈਆ । ਸੰਤ ਕੰਤ ਮੇਲਾ ਨਾਰ ਭਤਾਰ, ਗੁਰਮੁਖ ਵੇਖੇ ਸਹਿਜ ਸੁਭਾਈਆ । ਗੁਰਮੁਖ ਸੋਹੇ ਬੰਕ ਦਵਾਰ, ਘਰ ਵਜਦੀ ਰਹੇ ਵਧਾਈਆ । ਮਨਮੁਖ ਡੁੱਬੇ ਵਿਚ ਮੰਝਧਾਰ, ਜੁਗਾ ਜੁਗੰਤਰ ਰਿਹਾ ਰੁੜ੍ਹਾਈਆ । ਨਾ ਕੋਈ ਦੀਸੇ ਪਾਰ ਕਿਨਾਰ, ਨਈਆ ਨਾਮ ਨਾ ਕੋਇ ਚੜ੍ਹਾਈਆ । ਸਗਲਾ ਸੰਗ ਛੁਟਾ ਸੰਸਾਰ, ਭੈਣਾ ਭਈਆ ਦਿਸ ਨਾ ਆਈਆ । ਕੱਢ ਵਹੀਆ ਧਰਮ ਰਾਏ ਕਰੇ ਖ਼ਵਾਰ, ਲੇਖਾ ਲਿਖਿਆ ਨਾ ਸਕੇ ਕੋਈ ਚੁਕਾਈਆ । ਗੁਰਮੁਖ ਸਾਚਾ ਉਚੀ ਕੂਕੇ ਕਰੇ ਪੁਕਾਰ, ਸਤਿਗੁਰ ਤੇਰੀ ਸਚ ਸੱਚੀ ਸਰਨਾਈਆ । ਸਤਿਗੁਰ ਪੂਰਾ ਫੜ ਫੜ ਬਾਹੋਂ ਲਾਏ ਪਾਰ, ਵੇਲੇ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਨਾਤਾ, ਆਪੇ ਤੋੜੇ ਪੁਰਖ ਬਿਧਾਤਾ, ਲੜ ਆਪਣਾ ਇਕ ਵਖਾਈਆ । ਹਸਤ ਕੀਟ ਜਗਤ ਖੇਲ, ਊਚ ਨੀਚ ਵੰਡ ਵੰਡਾਈਆ । ਹਰਿਜਨ ਹਰਿ ਸਾਚਾ ਲਏ ਮੇਲ, ਹਰਿਜਨ ਆਪਣੀ ਦਇਆ ਕਮਾਈਆ । ਘਰ ਮੰਦਰ ਜੋਤ ਜਗਾਏ ਬਿਨ ਬਾਤੀ ਬਿਨ ਤੇਲ, ਦਿਵਸ ਰੈਣ ਇਕ ਰੁਸ਼ਨਾਈਆ । ਸਤਿ ਸਤਿਵਾਦੀ ਬਣੇ ਸੱਜਣ ਸੁਹੇਲ, ਘਰ ਮੇਲਾ ਸਹਿਜ ਸੁਭਾਈਆ । ਲੇਖਾ ਜਾਣੇ ਗੁਰੂ ਗੁਰ ਚੇਲ, ਚੇਲਾ ਗੁਰ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਜਗਤ ਮਾਣ ਵਡਿਆਈਆ । ਹਸਤ ਕੀਟ ਸੋਹੇ ਬੰਕ, ਸਚਖੰਡ ਨਿਵਾਸੀ ਆਪ ਸੁਹਾਇੰਦਾ । ਲੇਖਾ ਜਾਣੇ ਰਾਓ ਰੰਕ, ਏਕਾ ਡੰਕ ਆਪ ਵਜਾਇੰਦਾ । ਏਕਾ ਨਾਮ ਵਜਾਏ ਸਾਚਾ ਡੰਕ, ਚਾਰ ਵਰਨਾਂ ਆਪ ਸੁਣਾਇੰਦਾ । ਪ੍ਰਗਟ ਹੋਇਆ ਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਆਪਣੀ ਖੇਲ ਆਪ ਖਲਾਇੰਦਾ । ਹਰਿ ਜਨ ਜਨ ਹਰਿ ਮਾਣ ਰਖਾਏ ਜਿਉਂ ਜਨ ਜਨਕ, ਘਰ ਘਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਸਤ ਕੀਟ ਕਰ ਪਿਆਰ, ਥਿਰ ਘਰ ਦੇਵੇ ਸ਼ਬਦ ਧਾਰ, ਪੀਤ ਪਤੰਬਰ ਸੀਸ ਸੁਹਾਇੰਦਾ । ਪੀਤ ਪਤੰਬਰ ਹਰਿ ਜਗਦੀਸ਼, ਸ਼ਾਹ ਸੁਲਤਾਨ ਆਪ ਝੁਲਾਈਆ । ਆਪਣਾ ਪੀਸਣ ਆਪੇ ਪੀਸ, ਕਲਜੁਗ ਚੱਕੀ ਰਿਹਾ ਚਲਾਈਆ । ਚਾਰ ਕੁੰਟ ਚਾਰ ਜੁਗ ਚਾਰ ਵਰਨ ਚਾਰ ਬਾਣੀ ਚਾਰ ਖਾਣੀ ਚਾਰ ਵੇਦ ਚਾਰ ਯਾਰ ਇਕ ਹਦੀਸ, ਇਕ ਕਲਮਾ ਉਲਮਾ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਸਤਕ ਰੂਪ ਸਰਬ ਸੰਸਾਰ, ਹਸਤ ਕੀਟ ਦਏ ਆਧਾਰ, ਪਤਿਤ ਉਧਾਰਨ ਆਪਣਾ ਨਾਉਂ ਆਪ ਧਰਾਈਆ । ਪਤਿਤ ਉਧਾਰਨ ਦੀਨ ਦਿਆਲਾ, ਦਇਆਨਿਧ ਪੁਰਖ ਅਬਿਨਾਸ਼ਿਆ । ਜੁਗਾ ਜੁਗੰਤਰ ਅਵੱਲੜੀ ਚਾਲਾ, ਕਰੇ ਕਰਾਏ ਸ਼ਾਹੋ ਸਬਾਸਿਆ । ਚਰਨ ਦਵਾਰ ਰੱਖੇ ਭਿਖਾਰ ਕਾਲ ਮਹਾਂਕਾਲਾ, ਬਹਿ ਖੇਲੇ ਖੇਲ ਖੇਲ ਤਮਾਸ਼ਿਆ । ਲੱਖ ਚੁਰਾਸੀ ਵਣਜ ਵਪਾਰ, ਦੋ ਜਹਾਨ ਪ੍ਰਿਥਮੀ ਅਕਾਸ਼ਿਆ । ਗੁਰਮੁਖ ਸਾਚੇ ਲਏ ਉਭਾਰ, ਘਰ ਮੰਦਰ ਨਿਰਗੁਣ ਜੋਤ ਕਰ ਪਰਕਾਸ਼ਿਆ । ਕਾਗਦ ਕਲਮ ਨਾ

ਲਿਖਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਦਾਸਣ ਦਾਸਿਆ । ਹਸਤ ਕੀਟ ਹਰਿ ਵਸੇਰਾ, ਆਪ ਅਪਣਾ ਖੇਲ ਖਿਲਾਇੰਦਾ । ਆਪੇ ਫਿਰੇ ਨੇਰਨ ਨੇਰਾ, ਦੂਰਨ ਦੂਰ ਆਪ ਹੋ ਜਾਇੰਦਾ । ਆਪ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਨਾ ਕੋਈ ਰਖਾਇੰਦਾ । ਆਪੇ ਢਾਏ ਭਰਮਾਂ ਡੇਰਾ, ਭਰਮ ਗੜ੍ਹ ਆਪ ਤੁੜਾਇੰਦਾ । ਆਪੇ ਕਰਾਏ ਸੰਝ ਸਵੇਰਾ, ਰੈਣ ਅੰਧੇਰਾ ਨਾ ਕੋਈ ਵਖਾਇੰਦਾ । ਆਪੇ ਸ਼ਬਦ ਸਰੂਪੀ ਪਾਏ ਘੇਰਾ, ਚਾਰ ਕੁੰਟ ਆਪਣਾ ਘੇਰਾ ਪਾਇੰਦਾ । ਆਪੇ ਕਰੇ ਹੱਕ ਨਬੇੜਾ, ਜੁਗ ਜੁਗ ਵੇਸ ਵਟਾਇੰਦਾ । ਗੁਰਸਿਖਾਂ ਵੇਖੇ ਕਾਇਆ ਖੇੜਾ, ਪੰਜ ਤਤ ਮੰਦਰ ਖੋਜ ਖੁਜਾਇੰਦਾ । ਆਪੇ ਧਰਤ ਮਾਤ ਕਰੇ ਖੁਲ੍ਹਾ ਵੇਹੜਾ, ਜੋ ਘੜਿਆ ਭੰਨ ਵਖਾਇੰਦਾ । ਆਪੇ ਤ੍ਰੈਗੁਣ ਮਾਇਆ ਲਾਏ ਉਖੇੜਾ, ਆਪੇ ਪੰਚਮ ਜੜ੍ਹ ਪੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਬੇੜਾ ਬੰਨ੍ਹ, ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਖਿਲਾਇੰਦਾ । ਹਸਤ ਕੀਟ ਵਸਤ ਅਨਮੋਲ, ਸੋ ਪੁਰਖ ਨਿਰੰਜਣ ਝੋਲੀ ਪਾਇੰਦਾ । ਹਰਿ ਪੁਰਖ ਨਿਰੰਜਣ ਤੋਲੇ ਸਾਚਾ ਤੋਲ, ਜਗਤ ਕੰਡਾ ਨਾਮ ਹੱਥ ਉਠਾਇੰਦਾ । ਆਦਿ ਨਿਰੰਜਣ ਆਪਣੀ ਧਾਰਨ ਆਪੇ ਬੋਲ, ਸ੍ਰੀ ਭਗਵਾਨ ਸਾਚੀ ਸਿਖਿਆ ਦੇ ਸਮਝਾਇੰਦਾ । ਅਬਿਨਾਸ਼ੀ ਕਰਤਾ ਵਸੇ ਕੋਲ, ਪਾਰਬ੍ਰਹਮ ਮੁਖ ਪਰਦਾ ਆਪੇ ਲਹਿੰਦਾ । ਬ੍ਰਹਮ ਬ੍ਰਹਮ ਪ੍ਰਭ ਆਪੇ ਬੋਲ, ਸਰਗੁਣ ਢੋਲ ਮਰਦੰਗ ਵਜਾਇੰਦਾ । ਦੂਈ ਦਵੈਤੀ ਪਰਦਾ ਖੋਲ੍ਹ, ਸਾਚਾ ਮੰਦਰ ਇਕ ਸੁਹਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਕਵਲਾ ਆਪ ਭਰਾਇੰਦਾ । ਸੁਰਤੀ ਸ਼ਬਦੀ ਜਾਏ ਮਵਲ, ਮਵਲਾ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਚੁੱਕੇ ਡਰ, ਸਾਚੀ ਸਿਖਿਆ ਆਪਣੇ ਹੱਥ ਰਖਾਇੰਦਾ । ਹਸਤ ਕੀਟ ਲੇਖ ਚੁਕੌਣਾ, ਸਤਿਗੁਰ ਸਾਚਾ ਰੰਗ ਰੰਗਾਈਆ । ਚਾਰ ਵਰਨਾਂ ਏਕਾ ਬਰਨ ਰਖੌਣਾ, ਸਰਨਗਤ ਬੇਪਰਵਾਹੀਆ । ਚਾਰ ਕੁੰਟ ਏਕਾ ਸ਼ਬਦ ਪੜ੍ਹੌਣਾ, ਅੱਖਰ ਵੱਖਰ ਜਾਪ ਬੇਪਰਵਾਹੀਆ । ਚਾਰ ਜੁਗ ਪੰਧ ਮਕੌਣਾ, ਚਾਰ ਯਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਸਤ ਕੀਟ ਆਪਣੀ ਗੋਦ ਉਠਾਈਆ । ਹਸਤ ਕੀਟ ਦਇਆ ਕਰ, ਆਪਣੀ ਦਇਆ ਕਮਾਇੰਦਾ । ਸਤਿਜੁਗ ਸਾਚਾ ਮਾਤ ਧਰ, ਧਰਤ ਧਵਲ ਧਵਲ ਆਪ ਵਡਿਆਇੰਦਾ । ਨੌਂ ਨੌਂ ਸਤ ਸਤ ਏਕਾ ਵਰ, ਹਰਿ ਹਰਿ ਆਪਣੀ ਝੋਲੀ ਪਾਇੰਦਾ । ਹਸਤ ਕੀਟ ਚੁੱਕੇ ਡਰ, ਊਚ ਨੀਚ ਨਾ ਕੋਇ ਵਖਾਇੰਦਾ । ਰਾਓ ਰੰਕ ਨਾ ਦਿਸੇ ਨਾਰੀ ਨਰ, ਨਰ ਨਰਾਇਣ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਲੇਖਾ ਜਾਏ ਮੁੱਕ, ਹਰਿ ਸਾਚਾ ਆਪ ਮੁਕਾਇੰਦਾ । ਹਸਤ ਕੀਟ ਸਰਬ ਸੁਖਦੇਵ, ਚਾਰ ਵਰਨ ਕਰੇ ਕੁੜਮਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅਲੱਖ ਅਭੇਵ, ਪਰਮ ਪੁਰਖ ਇਕ ਅਖਵਾਈਆ । ਏਕਾ ਇਸ਼ਟ ਏਕਾ ਦੇਵ, ਦੇਵੀ ਦੇਵ ਇਕ ਮਨਾਈਆ । ਲੱਖ ਚੁਰਾਸੀ ਰਸਨਾ ਜਿਹਵ, ਪੁਰਖ ਅਕਾਲ ਇਕ ਵਡਿਆਈਆ । ਮਾਨਸ ਮਾਨੁਖ ਮਸਤਕ ਥੇਵ, ਕੌਸਤਕ ਮਣੀਆ ਜੋਤ ਰੁਸ਼ਨਾਈਆ । ਪਾਰਬ੍ਰਹਮ ਸਦਾ ਨੇਹਕੇਵ, ਕੇਵਲ ਆਪਣੇ ਨਾਉਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਸਰਬ ਹਰਿ ਮੀਤ, ਸਤਿਜੁਗ ਚਲਾਏ ਸਾਚੀ ਰੀਤ, ਮੰਦਰ ਮਸੀਤ ਨਾ ਕੋਈ ਵਖਾਈਆ । ਸਾਚਾ ਮੰਦਰ ਦੇਹੁਰਾ ਮਸੀਤ, ਕਾਇਆ ਗੜ੍ਹ ਚਾਰ ਵਰਨ ਇਕ ਜਣਾਇੰਦਾ । ਸਤਿ ਪੁਰਖ ਨਿਰੰਜਣ ਬੈਠਾ ਅਤੀਤ, ਅੰਦਰ ਵੜ ਦਿਸ ਕਿਸੇ ਨਾ ਆਇੰਦਾ । ਜਿਸ ਜਨ ਫੜਾਏ ਆਪਣਾ

ਲੜ, ਫੜ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਏਕਾ ਵਰ, ਆਪਣੀ ਭਿਛਿਆ ਝੋਲੀ ਪਾਇੰਦਾ । ਸਾਚਾ ਮੰਦਰ ਹਰਿ ਮੁਨਾਰ, ਕਾਇਆ ਮੰਦਰ ਇਕ ਦਰਸਾਈਆ । ਦੀਪਕ ਜੋਤ ਜਗੇ ਉਜਿਆਰ, ਬਿਮਲ ਰੂਪ ਇਕ ਦਰਸਾਈਆ । ਸ਼ਬਦ ਨਾਦ ਵੱਜੇ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਸੋਹੇ ਬੰਕ ਬੰਕ ਦਵਾਰ, ਦਰ ਦਰਵਾਜਾ ਨਾ ਕੋਈ ਖੁਲ੍ਹਾਈਆ । ਬਣੇ ਬਣਤ ਨਾ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਏਕਾ ਕਰ, ਹਰਿ ਮੰਦਰ ਆਪ ਵਖਾਈਆ । ਹਰਿ ਮੰਦਰ ਹਰੀ ਦੁਆਰਕਾ, ਹਰਿ ਸਾਚਾ ਸਚ ਦਰਸਾਈਆ । ਪਾਵੇ ਰਾਸ ਮੰਡਲ ਤਾਰਕਾ, ਰਵ ਸਸ ਕਰੇ ਰੁਸ਼ਨਾਈਆ । ਕਰੇ ਕਰਾਏ ਘਰ ਆਰਤ ਸਾਚੀ ਆਰਤਾ, ਗਗਨ ਮੰਡਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਵਖਾਏ ਏਕਾ ਘਰ, ਘਰ ਸਾਚਾ ਇਕ ਸਮਝਾਈਆ । ਘਰ ਸਾਚਾ ਹਰਿ ਸੁਹੰਜਣਾ, ਉਚ ਅਟੱਲ ਮੁਨਾਰ । ਜਗੇ ਜੋਤ ਇਕ ਨਿਰੰਜਣਾ, ਦਿਵਸ ਰੈਣ ਹੋਏ ਉਜਿਆਰ । ਨਾ ਘੜਿਆ ਨਾ ਭੱਜਣਾ, ਨਾ ਢਹਿ ਢਹਿ ਹੋਏ ਖ਼ਵਾਰ । ਅੰਦਰ ਵੜ ਫੇਰ ਫੇਰ ਨਾ ਤਜਣਾ, ਮਿਲੇ ਮੇਲ ਹਰਿ ਮੀਤ ਮੁਰਾਰ । ਦਰ ਦਵਾਰ ਬਹਿ ਬਹਿ ਸਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਵਖਾਏ ਇਕ ਘਰ ਬਾਰ । ਹਸਤ ਕੀਟ ਲੇਖਾ ਸਚਖੰਡ, ਪ੍ਰਭ ਸਚੀ ਸਚ ਸਰਨਾਈਆ । ਸਤਿ ਜੁਗ ਚਲਾਏ ਸਾਚੀ ਵੰਡ, ਬ੍ਰਹਿਮੰਡ ਇਕ ਸਰਨਾਈਆ । ਤ੍ਰੈਗੁਣ ਦੇਵਣਹਾਰਾ ਦੰਡ, ਪੰਚਮ ਵੇਖੇ ਥਾਉਂ ਥਾਈਂਆ । ਲੇਖਾ ਜਾਣੇ ਜੇਰਜ ਅੰਡ, ਅੰਡਜ ਜੇਰਜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਏਕਾ ਧਾਮ ਬਹਾਈਆ । ਹਸਤ ਕੀਟ ਧਾਮ ਸੁਹਾਵਣਾ, ਜਿਸ ਮਿਲਿਆ ਸਤਿਗੁਰ ਮੀਤ । ਘਰ ਮੰਦਰ ਏਕਾ ਪਾਵਣਾ, ਸਤਿਜੁਗ ਚਲੇ ਸਾਚੀ ਰੀਤ । ਇਸ਼ਟ ਦ੍ਰਿਸ਼ਟ ਇਕ ਵਖਾਵਣਾ, ਰੰਗ ਰੰਗੀਲਾ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਹਸਤ ਕੀਟ । ਹਸਤ ਕੀਟ ਵਰ ਪਾਇਆ, ਹਰਿ ਮਿਲਿਆ ਬੇਪਰਵਾਹ । ਏਕਾ ਦੂਜਾ ਭੌ ਚੁਕਾਇਆ, ਤੀਜਾ ਸਤਿਗੁਰ ਸ਼ਬਦ ਮਲਾਹ । ਚੌਥਾ ਦਰ ਇਕ ਸਮਝਾਇਆ, ਘਰ ਮੰਦਰ ਮੇਲਾ ਸ਼ਹਿਨਸ਼ਾਹ । ਪੰਚਮ ਨਾਤਾ ਤੋੜ ਤੁੜਾਇਆ, ਪੰਚਮ ਨਾਦ ਸ਼ਬਦ ਧੁਨ ਰਿਹਾ ਸੁਣਾ । ਛੇਵੇਂ ਛਹਿਬਰ ਏਕਾ ਲਾਇਆ, ਅੰਮ੍ਰਿਤ ਮੇਘ ਦਏ ਬਰਸਾ । ਸਤਵੇਂ ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਜੋਤ ਜਗਾਇਆ, ਅੰਧ ਅੰਧੇਰਾ ਦਏ ਗਵਾ । ਅਠਵੇਂ ਅੱਠਾਂ ਤੱਤਾਂ ਵੇਖ ਵਖਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨਮਤ ਬੁੱਧ ਦਏ ਸਮਝਾ । ਨੌ ਦੁਆਰੇ ਖੋਜ ਖੁਜਾਇਆ, ਜਗਤ ਵਾਸਨਾ ਬਾਹਰ ਕਢਾ । ਦਸਵੇਂ ਮੇਲਾ ਸਹਿਜ ਸੁਭਾਇਆ, ਬਜ਼ਰ ਕਪਾਟੀ ਪਰਦਾ ਲਾਹ । ਆਤਮ ਸੇਜਾ ਰੰਗ ਰੰਗਾਇਆ, ਸਚ ਸੁਹੰਜਣੀ ਸੇਜ ਹੰਢਾ । ਪੀਆ ਪ੍ਰੀਤਮ ਵੇਖ ਵਖਾਇਆ, ਘਰ ਮੰਦਰ ਬੇਪਰਵਾਹ । ਆਸਾ ਤ੍ਰਿਸ਼ਨਾ ਰਹੇ ਨਾ ਰਾਇਆ, ਸਹਿੰਸਾ ਰੋਗ ਦਏ ਚੁਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤ ਕੀਟ ਦੇਵੇ ਵਰ, ਏਕਾ ਆਪਣਾ ਬੰਧਨ ਪਾਇਆ । ਹਰਿ ਹਰਿ ਬੰਧਨ ਨਾਮ ਅਪਾਰਾ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਦੇਵੇ ਸਚ ਸਹਾਰਾ, ਸਾਰਿੰਗ ਧਰ ਭਗਵਾਨ ਬੀਠਲੋ ਆਪਣੀ ਦਇਆ ਆਪ ਕਮਾਈਆ । ਕਲਜੁਗ ਅੰਤਮ ਸਤਿਜੁਗ ਖੇਲ ਕਰੇ ਨਿਆਰਾ, ਅੱਧਵਿਚਕਾਰ ਡੇਰਾ ਲਾਈਆ । ਦੋਹਾਂ ਵਿਚੋਲਾ ਸਿਰਜਣਹਾਰਾ, ਵਡ ਦਾਤਾਰਾ ਖੇਲ ਖਿਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖੇ ਖੜ੍ਹ, ਹਸਤ ਕੀਟ ਆਪਣੀ ਅੰਸ਼ ਬਣਾਈਆ । ਹਸਤ ਕੀਟ ਅੰਸ਼ ਸਪੂਤ, ਮਾਤ ਪਿਤ ਹਰਿ ਅਖਵਾਇੰਦਾ । ਏਕਾ ਧਾਗਾ ਏਕਾ ਸੂਤ, ਤਾਣਾ ਪੇਟਾ ਏਕਾ ਪਾਇੰਦਾ । ਏਕਾ ਵਸਣਹਾਰਾ ਚਾਰੇ ਕੂਟ, ਏਕਾ ਆਪਣਾ ਖੇਲ ਖਿਲਾਇੰਦਾ । ਏਕਾ ਕਲਜੁਗ ਨਾਤਾ ਤੋੜੇ ਜੂਠ ਝੂਠ, ਏਕਾ ਸਚ ਸੁਚ ਮਾਰਗ ਆਪਣਾ ਆਪੇ ਲਾਇੰਦਾ । ਏਕਾ ਗੁਰ ਗੁਰਮੁਖਾਂ ਉਪਰ ਜਾਏ ਤੁਠ, ਅੰਮ੍ਰਿਤ ਘੁੱਟ ਆਪ ਪਿਆਇੰਦਾ । ਏਕਾ ਸੁਹਾਏ ਆਪਣੀ ਰੁੱਤ, ਰੁੱਤ ਬਸੰਤੀ ਫੁੱਲ ਫਲਵਾੜੀ ਆਪ ਮਹਿਕਾਇੰਦਾ । ਮੇਲੇ ਮੇਲ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਸੁੱਤ ਦੁਲਾਰੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਸਤ ਕੀਟ ਵੇਖੇ ਏਕਾ ਦਰ, ਦਰ ਦੁਆਰਾ ਆਪ ਖੁਲ੍ਹਾਇੰਦਾ ।

### ✻ ਪਹਿਲੀ ਹਾੜ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✻

ਧੰਨ ਭਾਗ ਦਿਹਾੜਾ ਪਹਿਲੀ ਹਾੜ, ਹਰਿ ਆਪਣੀ ਏਕਮ ਵੇਖ ਵਖਾਈਆ । ਮਾਤਲੋਕ ਵੇਖੇ ਪੁਰਖ ਅਬਿਨਾਸ਼ੀ ਇਕ ਅਖਾੜ, ਦੋ ਜਹਾਨਾਂ ਵੇਸ ਵਟਾਈਆ । ਸ਼ਾਹ ਸੁਲਤਾਨਾ ਸਾਚਾ ਲਾੜ, ਤ੍ਰੈ ਤ੍ਰੈ ਆਪਣਾ ਭੇਵ ਖੁਲ੍ਹਾਈਆ । ਲੱਖ ਚੁਰਾਸੀ ਟੋਹੇ ਨਾੜ ਨਾੜ, ਚੌਥੇ ਘਰ ਕਰੇ ਖੇਲ ਬੇਪਰਵਾਹੀਆ । ਪੰਚ ਵਿਕਾਰਾ ਦੇਵੇ ਸਾੜ, ਪੰਚਮ ਸ਼ਬਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਏਕਮ ਵੇਖ ਵਖਾਈਆ । ਹਰਿ ਏਕਮ ਅਪਾਰ, ਵਦੀ ਸੁਦੀ ਨਾ ਕੋਇ ਰਖਾਇੰਦਾ । ਰਵ ਸਸ ਨਾ ਪਾਇਣ ਸਾਰ, ਪੁੰਨਿਆ ਅਮਾਵਸ ਨਾ ਰੂਪ ਵਟਾਇੰਦਾ । ਬਰਸ ਮਾਸ ਨਾ ਕੋਈ ਧਾਰ, ਦਿਵਸ ਰੈਣ ਨਾ ਕੋਇ ਜਣਾਇੰਦਾ । ਘੜੀ ਪਲ ਨਾ ਕੋਇ ਪਿਆਰ, ਵੇਲਾ ਵਕਤ ਨਾ ਕੋਇ ਵਖਾਇੰਦਾ । ਆਪਣੀ ਇਛਿਆ ਆਪੇ ਧਾਰ, ਆਪਣੀ ਕਲ ਵਰਤਾਇੰਦਾ । ਨਾ ਕੋਈ ਸਿਖਿਆ ਸਿਖੇ ਵਿਚ ਸੰਸਾਰ, ਬੇਪਰਵਾਹ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਏਕਮ ਆਪ ਸੁਹਾਇੰਦਾ । ਸਾਚੀ ਏਕਮ ਹਰਿ ਨਿਰੰਕਾਰ, ਆਪਣੀ ਆਪ ਉਪਾਈਆ । ਸਚਖੰਡ ਦਵਾਰੇ ਬੈਠ ਸੱਚੀ ਸਰਕਾਰ, ਸਾਚੀ ਵੰਡਣ ਵੰਡ ਵੰਡਾਈਆ । ਲੋਆਂ ਪੁਰੀਆਂ ਹੋਇਆ ਬਾਹਰ, ਗਗਨ ਪਤਾਲ ਨਾ ਕੋਇ ਵਖਾਈਆ । ਮੰਡਲ ਮੰਡਪ ਨਾ ਕੋਇ ਸਹਾਰ, ਜ਼ਿਮੀ ਅਸਮਾਨ ਨਾ ਰੂਪ ਦਰਸਾਈਆ । ਜਲ ਬਿੰਬ ਨਾ ਕੋਇ ਅਕਾਰ, ਮਹੀਅਲ ਰੂਪ ਨਾ ਕੋਇ ਵਟਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਵਣਜਾਰ, ਚੌਦਾਂ ਲੋਕ ਨਾ ਹੱਟ ਖੁਲ੍ਹਾਈਆ । ਤ੍ਰੈਭਵਨ ਨਾ ਕੋਇ ਆਧਾਰ, ਅਵਣ ਗਵਣ ਨਾ ਕੋਇ ਫਿਰਾਈਆ । ਉਨੰਜਾ ਪਵਣ ਨਾ ਕੋਇ ਹੁਲਾਰ, ਰੂਪ ਰੇਖ ਨਾ ਕੋਇ ਵਖਾਈਆ । ਸਾਚੇ ਮੰਦਰ ਬੈਠ ਸੱਚੀ ਸਰਕਾਰ, ਦਰ ਘਰ ਸਾਚਾ ਆਪ ਸੁਹਾਈਆ । ਆਪਣੀ ਇਛਿਆ ਕਰ ਵਿਚਾਰ, ਆਪਣੀ ਭਿਛਿਆ ਝੋਲੀ ਪਾਈਆ । ਸਾਚਾ ਨਾਮ ਭੰਡਾਰਾ ਕਰ ਤਿਆਰ, ਦਾਤਾ ਦਾਨੀ ਆਪਣੇ ਹੱਥ ਰਖਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਮੰਗੇ ਨਾ ਕੋਇ ਛਾਹੀਆ । ਜਗਤ ਜੁਗਤ ਨਾ ਕੋਇ ਵਿਚਾਰ, ਭਗਤ ਭਗਵੰਤ ਨਾ ਕੋਇ ਸਾਲਾਹੀਆ । ਨਾਰ ਕੰਤ ਨਾ ਕੋਇ ਪਿਆਰ, ਸੇਜ ਸੁਹੰਜਣੀ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਏਕਮ

ਆਪ ਬਣਾਈਆ । ਏਕਾ ਏਕਮ ਹਰਿ ਭਗਵਾਨ, ਆਪਣੀ ਆਪ ਉਪਾਇੰਦਾ । ਦੂਸਰ ਨਾ ਕੋਈ ਦਿਸੇ ਨਿਸ਼ਾਨ, ਨਾ ਕੋਈ ਰਚਨ ਰਚਾਇੰਦਾ । ਮਹੱਲ ਅਟੱਲ ਨਾ ਕੋਇ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਧੁਨ ਨਾਦ ਨਾ ਕੋਇ ਗਾਨ, ਰਾਗਨੀ ਰਾਗ ਨਾ ਕੋਇ ਸੁਣਾਇੰਦਾ । ਪਵਣ ਪਾਣੀ ਨਾ ਕੋਇ ਮਸਾਣ, ਅਗਨੀ ਤਤ ਨਾ ਕੋਇ ਰਖਾਇੰਦਾ । ਵਿਦਿਆ ਮੰਤਰ ਨਾ ਕੋਇ ਗਿਆਨ, ਸਿਖਿਆ ਸਿਖ ਨਾ ਕੋਇ ਸਮਝਾਇੰਦਾ । ਸਰਵਣ ਸੁਣੇ ਨਾ ਕੋਇ ਕਾਨ, ਅੰਤਰ ਧਿਆਨ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਏਕਮ ਆਪ ਉਪਜਾਇੰਦਾ । ਆਪਣੀ ਏਕਮ ਹਰਿ ਕਰਤਾਰ, ਦਰ ਘਰ ਸਾਚੇ ਆਪ ਬਣਾਈਆ । ਸੋ ਪੁਰਖ ਨਿਰਜਣ ਕਰ ਤਿਆਰ, ਹਰਿ ਪੁਰਖ ਨਿਰੰਜਣ ਮੇਲ ਮਿਲਾਈਆ । ਏਕੰਕਾਰਾ ਬਣ ਬਣ ਮੀਤ ਮੁਰਾਰ, ਆਦਿ ਨਿਰੰਜਣ ਅੰਗ ਰਖਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਸ੍ਰੀ ਭਗਵਾਨ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਕਰ ਤਿਆਰ, ਏਕਾ ਏਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਇਕ ਸਮਝਾਈਆ । ਏਕਾ ਏਕ ਇਕ ਕਰਤਾਰਾ, ਏਕਾ ਘਰ ਸੁਹਾਇੰਦਾ । ਏਕਾ ਜੋਤ ਨੂਰ ਉਜਿਆਰਾ, ਏਕਾ ਦੀਪ ਜਗਾਇੰਦਾ । ਏਕਾ ਨਾਮ ਬੋਲ ਜੈਕਾਰਾ, ਆਪ ਆਪਣਾ ਘਰ ਸੁਹਾਇੰਦਾ । ਏਕਾ ਵਸਤ ਨਾਮ ਹਰਿ ਥਾਰਾ, ਥਿਰ ਘਰ ਸਾਚੇ ਆਪ ਟਿਕਾਇੰਦਾ । ਏਕਾ ਵਣਜ ਕਰੇ ਵਣਜਾਰਾ, ਏਕਾ ਹੱਟ ਖੁਲ੍ਹਾਇੰਦਾ । ਏਕਾ ਕੀਮਤ ਪਾਏ ਪਾਵਣਹਾਰਾ, ਏਕਾ ਮੁਲ ਚੁਕਾਇੰਦਾ । ਏਕਾ ਮੰਗੇ ਬਣ ਭਿਖਾਰਾ, ਏਕਾ ਭਿਛਿਆ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਏਕਮ ਆਪਣੇ ਰੰਗ ਰੰਗਾਇੰਦਾ । ਏਕਾ ਏਕਮ ਸਚਖੰਡ, ਹਰਿ ਸਾਚੇ ਸਚ ਉਪਜਾਈਆ । ਨਾ ਕੋਈ ਦਿਸੇ ਬ੍ਰਹਮ ਬ੍ਰਹਿਮੰਡ, ਜੇਰਜ ਅੰਡ ਨਾ ਕੋਇ ਵਡਿਆਈਆ । ਨਾ ਕੋਈ ਸੁਣਾਏ ਸੁਹਾਗੀ ਛੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਾ ਕੋਈ ਜਾਣੇ ਦੋ ਜਹਾਨਾਂ ਪੰਧ, ਆਪਣਾ ਡਗ ਨਾ ਕੋਇ ਉਠਾਈਆ । ਨਾ ਕੋਈ ਵੇਖੇ ਪਰਮਾਨੰਦ, ਨਿਜ਼ਾਨੰਦ ਨਾ ਕੋਇ ਵਡਿਆਈਆ । ਨਾ ਕੋਈ ਅੰਮ੍ਰਿਤ ਧਾਰਾ ਸਾਗਰ ਸਿੰਧ, ਭਰ ਪਿਆਲਾ ਜਾਮ ਨਾ ਕੋਇ ਪਿਆਈਆ । ਨਾ ਕੋਈ ਮਾਤ ਪਿਤ ਉਪਜਾਏ ਪੂਤ ਸਪੂਤ ਆਪਣੀ ਬਿੰਦ, ਰਕਤ ਬੂੰਦ ਨਾ ਕੋਇ ਵਖਾਈਆ । ਸ਼ਾਹ ਪਾਤਸ਼ਾਹ ਨਰਿੰਦ, ਮਰਗਿੰਦ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਉਂ ਧਰਾਈਆ । ਏਕਾ ਆਪਣਾ ਨਾਉਂ ਧਰ, ਹਰਿ ਏਕਮ ਰੂਪ ਦਰਸਾਇਆ । ਸਚਖੰਡ ਦੁਆਰੇ ਖੇਲ ਕਰ, ਨਿਸ਼ਅੱਖਰ ਆਪਣਾ ਹੁਕਮ ਚਲਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਅੱਗੇ ਧਰ, ਅੱਖਰ ਵਿਦਿਆ ਨਾ ਕੋਇ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਰੂਪ ਵਟਾਇਆ । ਏਕਾ ਏਕਮ ਪੁਰਖ ਅਕਾਲ, ਆਦਿ ਆਦਿ ਆਦਿ ਆਪਣੀ ਆਪ ਬਣਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਘਰ ਸਾਚੇ ਖ਼ੁਸ਼ੀ ਮਨਾਈਆ । ਅੰਤਮ ਵੇਖੇ ਖੇਲੇ ਜੁਗਾਦਿ, ਜੁਗ ਜੁਗ ਵੱਡੀ ਵਡਿਆਈਆ । ਇਕ ਉਪਜਾਏ ਆਪਣੀ ਔਲਾਦ, ਮਾਤ ਪਿਤ ਇਕ ਅਖਵਾਈਆ । ਏਕਾ ਰੂਪ ਸੰਤ ਸਾਧ, ਏਕਾ ਨੈਣ ਦਰਸ ਦਖਾਈਆ । ਏਕਾ ਸ਼ਬਦ ਬੋਧ ਅਗਾਧ, ਏਕਾ ਨਾਮ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਮ ਆਪਣਾ ਨਾਉਂ ਰਖਾਈਆ । ਏਕਮ ਆਪਣਾ ਨਾਉਂ ਰੱਖ, ਹਰਿ ਸਾਚੇ ਖੇਲ ਖਿਲਾਇਆ । ਸਚਖੰਡ ਦਵਾਰੇ ਹੋ ਪਰਤੱਖ, ਨਿਰਗੁਣ ਆਪਣਾ ਰੂਪ ਵਟਾਇਆ । ਲੇਖਾ ਲੇਖ

੭੨੨

ਅਲਖਣਾ ਅਲੱਖ, ਲੇਖੇ ਵਿਚ ਨਾ ਕਿਸੇ ਗਣਾਇਆ । ਆਪਣਾ ਮਾਰਗ ਆਪੇ ਦੱਸ, ਆਪਣੀ ਵੰਡਣ ਆਪ ਵੰਡਾਇਆ । ਆਪੇ ਅੰਦਰ ਜਾਏ ਵਸ, ਆਪ ਆਪਣਾ ਬੰਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਏਕਾ ਆਪਣਾ ਨਾਮ ਧਰਾਇਆ । ਏਕਾ ਨਾਮ ਹਰਿ ਮਿਹਰਵਾਨ, ਆਪਣਾ ਆਪ ਜਣਾਈਆ । ਆਪੇ ਵੇਖੇ ਮਾਰ ਧਿਆਨ, ਆਪਣੇ ਹੱਥ ਰੱਖੇ ਵਡਿਆਈਆ । ਆਪ ਵਖਾਏ ਏਕਾ ਸਚ ਨਿਸ਼ਾਨ, ਸਚਖੰਡ ਦਵਾਰੇ ਆਪ ਉਠਾਈਆ । ਸਤ ਰੰਗ ਲੇਖਾ ਜੋਤ ਮਹਾਨ, ਸੋ ਪੁਰਖ ਨਿਰੰਜਣ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪਰਦਾ ਆਪੇ ਲਾਹੀਆ । ਇਕ ਨਿਸ਼ਾਨਾ ਕਰ ਤਿਆਰ, ਸਚਖੰਡ ਦੁਆਰੇ ਆਪ ਸੁਹਾਇਆ । ਸਾਚਾ ਖੇਲ ਅਗੰਮ ਅਪਾਰ, ਪੁਰਖ ਅਕਾਲ ਦੀਨ ਦਿਆਲ ਆਪ ਵਖਾਇਆ । ਫਲ ਲਗਾਏ ਆਪਣੇ ਡਾਲ੍ਹ, ਆਪੇ ਚਲੇ ਅਵੱਲੜੀ ਚਾਲ, ਆਪ ਆਪਣਾ ਵੇਸ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦੁਆਰਾ ਇਕ ਵਡਿਆਇਆ । ਸਚਖੰਡ ਦੁਆਰਾ ਵਸਿਆ, ਪੁਰਖ ਅਬਿਨਾਸ਼ੀ ਆਪ ਵਸਾਇੰਦਾ । ਏਕੰਕਾਰਾ ਬਹਿ ਬਹਿ ਹੱਸਿਆ, ਆਪ ਆਪਣਾ ਖੇਲ ਖਿਲਾਇੰਦਾ । ਆਪਣੀ ਨਗਰੀ ਫਿਰੇ ਨੱਸਿਆ, ਸਚ ਸਮਗਰੀ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮਾ ਅਗੰਮੜੀ ਕਾਰ ਕਮਾਇੰਦਾ । ਅਗੰਮੜੀ ਕਾਰ ਕਰਨਹਾਰਾ, ਆਪਣੀ ਕਲ ਵਰਤਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰਾ, ਨਿਰਗੁਣ ਆਪ ਟਿਕਾਇੰਦਾ । ਨਿਰਗੁਣ ਨਿਰਗੁਣ ਕਰੇ ਪਿਆਰਾ, ਨਿਰਗੁਣ ਸੰਗ ਸਮਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰਾ, ਨਿਰਗੁਣ ਰੂਪ ਅਨੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਏਕਮ ਆਪ ਬਣਾਇੰਦਾ । ਨਿਰਗੁਣ ਖੇਲ ਕਰ ਕਰਤਾਰ, ਘਰ ਬੰਕ ਆਪ ਸੁਹਾਇਆ । ਆਪਣੀ ਦਿਸ਼ਾ ਆਪ ਵਿਚਾਰ, ਆਪਣਾ ਹਿੱਸਾ ਆਪੇ ਪਾਇਆ । ਆਪਣਾ ਲੇਖਾ ਲਿਖਣਹਾਰ, ਲੇਖਾ ਲੇਖ ਨਾ ਕੋਇ ਜਣਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਸਗਨ ਆਪ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣੀ ਰਚਨ ਰਚਾਇਆ । ਆਪਣੀ ਰਚਨਾ ਰਚਣਹਾਰਾ, ਆਪਣੀ ਬਣਤ ਬਣਾਇੰਦਾ । ਆਪਣੀ ਏਕਮ ਕਰ ਤਿਆਰਾ, ਨਿਰਾਕਾਰਾ ਸਾਕਾਰ ਰੂਪ ਵਟਾਇੰਦਾ । ਵਿਸ਼ਨੂੰ ਵਿਸ਼ਵ ਹੋ ਤਿਆਰਾ, ਦੀਪ ਉਜਿਆਰਾ ਆਪ ਕਰਾਇੰਦਾ । ਆਪਣੇ ਮੰਦਰ ਰੱਖੀ ਆਪਣੀ ਧਾਰਾ, ਆਪਣੀ ਵੰਡਣ ਹਰਿ ਵਡਿਆਇੰਦਾ । ਆਪੇ ਬਰਸ ਮਾਸ ਦਿਵਸ ਰੈਣ ਘੜੀ ਪਲ ਕਰ ਵਿਚਾਰਾ, ਆਪ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪਰਦਾ ਆਪੇ ਪਾਇੰਦਾ । ਵਿਸ਼ਨੂੰ ਕਰ ਹਰਿ ਤਿਆਰ, ਆਪਣੀ ਏਕਮ ਆਪ ਸੁਣਾਈਆ । ਨਿਰਗੁਣ ਮਾਸ ਬਰਸ ਨਿਰਗੁਣ ਕਰੇ ਵਿਚਾਰ, ਨਿਰਗੁਣ ਦਿਵਸ ਰੈਣ ਆਪਣੇ ਵਿਚ ਟਿਕਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਕਰੇ ਕਰਾਏ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦਏ ਲਿਖਾਈਆ । ਏਕਾ ਲੇਖਾ ਲਿਖਣਹਾਰਾ, ਦੂਜਾ ਅਵਰ ਨਾ ਕੋਇ ਜਣਾਇੰਦਾ । ਪਹਿਲੀ ਹਾੜ ਦਿਵਸ ਵਿਚਾਰਾ, ਹਰਿ ਨਿਰੰਕਾਰਾ ਵਿਸ਼ਨੂੰ ਜਨਮ ਦਵਾਇੰਦਾ । ਆਪਣੇ ਅੰਦਰੋਂ ਕਢਿਆ ਬਾਹਰਾ, ਮਾਤ ਪਿਤ ਨਾ ਕੋਇ ਵਖਾਇੰਦਾ । ਰੰਗਿਆ ਰੰਗ ਰੰਗ ਕਰਤਾਰਾ, ਦੂਸਰ ਰੰਗ ਨਾ ਕੋਇ ਚੜ੍ਹਾਇੰਦਾ । ਆਪ ਵਖਾਇਆ ਦਰ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਆਪੇ ਅੰਮ੍ਰਿਤ ਭਰਿਆ ਅਮਰ ਭੰਡਾਰਾ,

ਆਪ ਆਪਣੀ ਧਾਰ ਚੁਆਇੰਦਾ । ਝਿਰਨਾ ਝਿਰੇ ਅਪਰ ਅਪਾਰਾ, ਬੂੰਦ ਬੂੰਦ ਆਪ ਬਰਸਾਇੰਦਾ । ਏਕਾ ਏਕਮ ਨਿਉਂ ਨਿਉਂ ਕਰੇ ਨਿਮਸਕਾਰਾ, ਅਗਲਾ ਰਾਹ ਨਾ ਕੋਇ ਸਮਝਾਇੰਦਾ । ਏਕਾ ਸਾਤਾ ਹੋ ਉਜਿਆਰਾ, ਸੋ ਪੁਰਖ ਨਿਰੰਜਣ ਹਰਿ ਪੁਰਖ ਨਿਰੰਜਣ ਏਕੰਕਾਰਾ ਮੇਲ ਮਿਲਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਚਰਨ ਧੂੜ ਮਜਨ, ਪਾਰਬ੍ਰਹਮ ਮੂਲ ਚੁਕਾਇੰਦਾ । ਵਿਸ਼ਨੂੰ ਨੇਤਰ ਪਾਇਆ ਅੰਜਣ, ਅੰਧ ਅੰਧੇਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਇਕ ਸੱਤ ਕਰ ਪਿਆਰ, ਅੰਮ੍ਰਿਤ ਬੂੰਦ ਸਵਾਂਤੀ ਆਪ ਚੁਆਈਆ । ਵਿਸ਼ਨੂੰ ਅੰਦਰ ਭਰ ਭੰਡਾਰ, ਕਵਲ ਕਵਲਾ ਆਪ ਟਿਕਾਈਆ । ਆਦਿ ਜੁਗਾਦੀ ਬਣਿਆ ਠੰਡਾ ਠਾਰ, ਵਿਸਮਾਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਅੰਦਰ ਆਪਣੀ ਵਸਤ ਆਪ ਟਿਕਾਈਆ । ਵਿਸ਼ਨੂੰ ਅੰਦਰ ਨਾਭੀ ਧਾਰ, ਪੁਰਖ ਅਬਿਨਾਸ਼ੀ ਆਪ ਚਲਾਇੰਦਾ । ਚਰਨ ਕਵਲ ਹਰਿ ਅੰਮ੍ਰਿਤ ਕਰ ਪਿਆਰ, ਨਿਰਾਕਾਰ ਸਾਕਾਰ ਝੋਲੀ ਪਾਇੰਦਾ । ਸਾਢੇ ਤਿੰਨ ਕਰੋੜ ਬੂੰਦ ਕਰ ਤਿਆਰ, ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਵਿਸ਼ਨੂੰ ਅੰਦਰ ਅੰਮ੍ਰਿਤ ਧਾਰਾ, ਹਰਿ ਸਾਚੇ ਆਪ ਟਿਕਾਈਆ । ਏਕਾ ਏਕਮ ਦਏ ਹੁਲਾਰਾ, ਸਤਿ ਸਤਿਵਾਦੀ ਬੇਪਰਵਾਹੀਆ । ਆਪਣਾ ਜਾਣੇ ਆਪ ਦਿਹਾੜਾ, ਦੂਸਰ ਹੱਥ ਨਾ ਕੋਇ ਵਡਿਆਈਆ । ਤਤ ਨਾ ਦਿਸੇ ਬਹੱਤਰ ਨਾੜਾ, ਰਕਤ ਬੂੰਦ ਨਾ ਮੇਲ ਮਿਲਾਈਆ । ਕਮਲਾਪਤ ਮੀਤ ਮੁਰਾਰਾ, ਮਿਲ ਆਪਣੀ ਸੇਜ ਹੰਢਾਈਆ । ਬੀਜੇ ਬੀਜ ਅਗੰਮ ਅਪਾਰਾ, ਪਤ ਡਾਲ੍ਹੀ ਆਪ ਮਹਿਕਾਈਆ । ਸਤਾਰਾਂ ਦਿਵਸ ਸਚ ਵਿਹਾਰਾ, ਨਿਰਗੁਣ ਨਿਰਗੁਣ ਨਿਰਗੁਣ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਸਤਾਰਾਂ ਦਿਵਸ ਵਿਸ਼ਵ ਰਸ, ਹਰਿ ਹਰੀ ਆਪ ਪਿਆਇੰਦਾ । ਨਿਰਗੁਣ ਰੂਪ ਅੰਦਰ ਵਸ, ਨਿਰਾਕਾਰ ਖੇਲ ਖਿਲਾਇੰਦਾ । ਆਪਣਾ ਮਾਰਗ ਦੇਵੇ ਦੱਸ, ਬੋਧ ਅਗਾਧ ਗਿਆਨ ਦ੍ਰਿੜਾਇੰਦਾ । ਮੇਰਾ ਰੂਪ ਹੋਏ ਪਰਕਾਸ਼, ਤੇਰੀ ਨਾਭੀ ਫੁੱਲ ਖਲਾਇੰਦਾ । ਨਿਰਗੁਣ ਜੋਤ ਹੋਏ ਪਰਕਾਸ਼, ਅੰਧ ਅੰਧੇਰ ਨਾ ਕੋਇ ਜਣਾਇੰਦਾ । ਆਪਣੀ ਪੂਰੀ ਕਰੇ ਆਸ, ਆਪਣੀ ਭਿਛਿਆ ਝੋਲੀ ਪਾਇੰਦਾ । ਤੇਰੇ ਅੰਦਰ ਕਰਿਆ ਵਾਸ, ਮੁਖ ਮੁਖੀ ਬਾਹਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਇੰਦਾ । ਆਪਣੀ ਬਣਤ ਬਣਾਵਣਹਾਰਾ, ਆਦਿ ਜੁਗਾਦਿ ਸਮਾਇੰਦਾ । ਵਿਸ਼ਨੂੰ ਨਾਭੀ ਕਵਲ ਕਰ ਤਿਆਰਾ, ਸਚ ਵਣਜਾਰਾ ਵੇਖ ਵਖਾਇੰਦਾ । ਕਵਲ ਕਵਲਾ ਕਰ ਤਿਆਰਾ, ਜਲ ਜਲ ਆਪ ਟਿਕਾਇੰਦਾ । ਆਪੇ ਪੰਖੜੀਆਂ ਬਣ ਖੋਲ੍ਹੇ ਮੁਖ ਕਿਵਾੜਾ, ਆਪ ਆਪਣਾ ਪਰਦਾ ਲਾਹਿੰਦਾ । ਆਪੇ ਪਾਰਬ੍ਰਹਮ ਰੂਪ ਕਰ ਪਿਆਰਾ, ਬ੍ਰਹਮ ਆਪਣਾ ਰੂਪ ਵਟਾਇੰਦਾ । ਧੰਨ ਸੁਭਾਗ ਹੋਏ ਸਤਾਰਾਂ ਹਾੜਾ, ਬ੍ਰਹਮਾ ਵਿਸ਼ਨੂੰ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਅਖਵਾਇੰਦਾ । ਬ੍ਰਹਮਾ ਵਿਸ਼ਨ ਕਰ ਤਿਆਰ, ਇਛਿਆ ਇਛਿਆ ਵਿਚ ਰਖਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਲੇਖਾ ਲਿਖਿਆ ਦਏ ਸਮਝਾਈਆ । ਅੰਦਰੇ ਅੰਦਰ ਸਚ ਪਿਆਰ, ਸਤਿ ਸਿਤਾਰ ਦਏ ਵਜਾਈਆ । ਖਿਚਣਹਾਰਾ ਵਾਰੋ ਵਾਰ, ਦਿਸ ਕਿਸੇ ਨਾ ਆਈਆ । ਪਾਵੇ ਸਾਰ ਧੂਆਂਧਾਰ, ਸੁੰਨ ਅਗੰਮ ਡੇਰਾ ਲਾਈਆ । ਆਪੇ ਸ਼ੰਕਰ ਕਰ ਉਜਿਆਰ, ਆਪਣਾ ਸੰਸਾ

੭੨੪

ਲਏ ਚੁਕਾਈਆ । ਸਾਚਾ ਬੰਸ ਕਰ ਤਿਆਰ, ਆਪਣੀ ਅੰਸ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕਮ ਦਏ ਵਧਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਤ੍ਰੈਗੁਣ ਮਾਇਆ ਆਪ ਉਪਜਾਇੰਦਾ । ਪੰਜ ਤਤ ਭਰ ਭੰਡਾਰ, ਲੱਖ ਚੁਰਾਸੀ ਜੋੜ ਜੁੜਾਇੰਦਾ । ਪਵਣ ਸਵਾਸੀ ਕਰ ਸ਼ਿੰਗਾਰ, ਮਨਮਤ ਬੁੱਧ ਨਾਲ ਰਲਾਇੰਦਾ । ਆਤਮ ਬ੍ਰਹਮ ਦਏ ਆਧਾਰ, ਈਸ਼ ਜੀਵ ਵੇਖ ਵਖਾਇੰਦਾ । ਕਰਮ ਕੁਕਰਮ ਭਰ ਭੰਡਾਰ, ਆਸਾ ਤ੍ਰਿਸ਼ਨਾ ਵਿਚ ਟਿਕਾਇੰਦਾ । ਜਨਮ ਮਰਨ ਵਿਚ ਸੰਸਾਰ, ਰੀਤੀ ਨੀਤੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਚਲਾਇੰਦਾ । ਹੁਕਮ ਚਲਾਏ ਧੁਰ ਫ਼ਰਮਾਣਾ, ਸ਼ਾਹੋ ਭੂਪ ਵੱਡੀ ਵਡਿਆਈਆ । ਇਕ ਇਕੱਲਾ ਏਕੰਕਾਰਾ ਸਾਚਾ ਰਾਣਾ, ਆਪਣੀ ਰੱਯਤ ਵੇਖ ਵਖਾਈਆ । ਆਪ ਜਣਾਏ ਆਪਣਾ ਭਾਣਾ, ਤ੍ਰੈ ਤ੍ਰੈ ਲੇਖਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਰੱਖੇ ਵਡਿਆਈਆ । ਹੁਕਮੇ ਅੰਦਰ ਸੂਰਜ ਚੰਨ, ਮੰਡਲ ਮੰਡਪ ਆਪ ਭਵਾਇੰਦਾ । ਹੁਕਮੇ ਅੰਦਰ ਬ੍ਰਹਮਾ ਵਿਸ਼ਨ ਸ਼ਿਵ ਬੇੜੇ ਬੰਨ੍ਹ, ਲੱਖ ਚੁਰਾਸੀ ਨੱਯਾ ਆਪ ਵਖਾਇੰਦਾ । ਹੁਕਮੇ ਅੰਦਰ ਵਸਾਏ ਛੱਪਰੀ ਛੰਨ, ਹੁਕਮੇ ਜੰਗਲ ਜੂਹ ਉਜਾੜ ਪਹਾੜ ਫਿਰਾਇੰਦਾ । ਹੁਕਮੇ ਅੰਦਰ ਦੇਵੇ ਮਾਲ ਧਨ, ਹੁਕਮ ਹੁਕਮੀ ਭਿਖ ਮੰਗਾਇੰਦਾ । ਹੁਕਮੇ ਅੰਦਰ ਦੇਵਣਹਾਰਾ ਡੰਨ, ਸਿਰ ਸਿਰ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਰਾਗ ਸੁਣਾਏ ਕੰਨ, ਸੋਇਆ ਕੋਇ ਰਹਿਣ ਨਾ ਪਾਇੰਦਾ । ਹੁਕਮੇ ਅੰਦਰ ਜਨਨੀ ਜਣੇ ਜਨ, ਹੁਕਮੇ ਅੰਦਰ ਜੋ ਘੜਿਆ ਭੰਨ ਵਖਾਇੰਦਾ । ਹੁਕਮੇ ਅੰਦਰ ਰੱਖੇ ਨੇਤਰ ਅੰਨ੍ਹ, ਹੁਕਮੇ ਅੰਦਰ ਗਿਆਨ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਇੰਦਾ । ਹੁਕਮੇ ਅੰਦਰ ਕਰ ਉਤਪਤ, ਹੁਕਮੀ ਹੁਕਮ ਫਿਰਾਈਆ । ਹੁਕਮੇ ਅੰਦਰ ਮੇਲ ਮਿਲਾਏ ਬੂੰਦ ਰਕਤ, ਹੁਕਮੇ ਅੰਦਰ ਜੇਰਜ ਅੰਡ ਉਤਭੁਜ ਸੇਤਜ ਲਏ ਉਪਜਾਈਆ । ਹੁਕਮੇ ਅੰਦਰ ਰੱਖੇ ਬ੍ਰਹਮ ਮਤ, ਹੁਕਮੇ ਅੰਦਰ ਏਕਾ ਤਤ ਵਖਾਈਆ । ਹੁਕਮੇ ਅੰਦਰ ਬੰਧਾਏ ਨਤ, ਹੁਕਮੇ ਅੰਦਰ ਤੋੜ ਤੁੜਾਈਆ । ਹੁਕਮੇ ਅੰਦਰ ਸੁਣਾਈ ਗਾਥ, ਬ੍ਰਹਮਾ ਚਾਰ ਵੇਦ ਕਰੇ ਪੜ੍ਹਾਈਆ । ਹੁਕਮੇ ਅੰਦਰ ਵਿਸ਼ਨੂੰ ਜਣਾਇਆ ਆਪਣਾ ਪਾਠ, ਸੋਹੰ ਪੂਜਾ ਇਕ ਸਮਝਾਈਆ । ਹੁਕਮੇ ਅੰਦਰ ਸ਼ੰਕਰ ਪੂਰਾ ਕਰੇ ਘਾਟ, ਕੰਠ ਮਾਲਾ ਗਲ ਲਟਕਾਈਆ । ਹੁਕਮੇ ਅੰਦਰ ਵੇਖੇ ਚੌਦਾਂ ਹਾਟ, ਹੁਕਮੇ ਅੰਦਰ ਜ਼ਿਮੀਂ ਅਸਮਾਨ ਦੇਣ ਦੁਹਾਈਆ । ਹੁਕਮੇ ਅੰਦਰ ਜੁਗ ਜੁਗ ਨੇੜੇ ਰੱਖੇ ਵਾਟ, ਹੁਕਮੇ ਅੰਦਰ ਪੰਧ ਮੁਕਾਈਆ । ਹੁਕਮੇ ਅੰਦਰ ਉਪਜਾਏ ਦਿਵਸ ਰਾਤ, ਮਾਸ ਬਰਸ ਹੁਕਮੇ ਆਪ ਬਣਾਈਆ । ਹੁਕਮੇ ਅੰਦਰ ਆਪੇ ਬੈਠਾ ਰਹੇ ਇਕ ਇਕਾਂਤ, ਆਪਣਾ ਹੁਕਮ ਨਾ ਤੋੜੇ ਨਾ ਕੋਇ ਤੁੜਾਈਆ । ਹੁਕਮੇ ਅੰਦਰ ਵੇਖੇ ਮਾਰ ਝਾਤ, ਹੁਕਮੇ ਅੰਦਰ ਬੈਠਾ ਮੁਖ ਛੁਪਾਈਆ । ਹੁਕਮੇ ਅੰਦਰ ਬਣਾਈ ਜ਼ਾਤ ਪਾਤ, ਹੁਕਮੇ ਅੰਦਰ ਦਏ ਖਪਾਈਆ । ਹੁਕਮੇ ਅੰਦਰ ਨਿਭਾਏ ਸਾਥ, ਹੁਕਮੇ ਅੰਦਰ ਸਗਲਾ ਸੰਗ ਤਜਾਈਆ । ਹੁਕਮੇ ਅੰਦਰ ਚਲਾਏ ਰਾਥ, ਹੁਕਮੇ ਅੰਦਰ ਰਥ ਰਥਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕਮ ਦਏ ਸਮਝਾਈਆ । ਏਕਾ ਏਕਮ ਹਰਿ ਕਰਤਾਰਾ, ਆਪਣਾ ਆਪ ਸਮਝਾਇੰਦਾ । ਨਿਰਗੁਣ ਘਰ ਨਿਰਗੁਣ ਲੈ ਅਵਤਾਰਾ, ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਸ਼ਾਹ ਨਿਰਗੁਣ ਸਿਕਦਾਰਾ, ਨਿਰਗੁਣ ਹੁਕਮ ਸੁਣਾਇੰਦਾ । ਨਿਰਗੁਣ ਦਰ ਦਰਬਾਨ ਬਣੇ ਦਵਾਰਾ, ਨਿਰਗੁਣ ਸੀਸ ਝੁਕਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪੇ ਹੱਥ ਰਖਾਇੰਦਾ । ਲੋਕਮਾਤ ਵੰਡ ਵੰਡਾਏ, ਰਵ ਸਸ ਹਿੱਸਾ ਆਪ ਵੰਡਾਈਆ । ਵਦੀ ਸੁਦੀ ਝੋਲੀ ਪਾਏ, ਬ੍ਰਹਮਾ ਲੇਖਾ ਦਏ ਲਿਖਾਈਆ । ਬਾਰਾਂ ਮਾਸ ਜੋੜ ਜੁੜਾਏ, ਤੀਸ ਬਤੀਸ ਏਕਾ ਗਾਈਆ । ਪੁਰਖ ਅਬਿਨਾਸ਼ੀ ਭੇਵ ਨਾ ਰਾਏ, ਕਵਣ ਰੁੱਤੜੀ ਹਰਿ ਸੁਹਾਈਆ । ਕਵਣ ਮਾਸ ਆਪ ਵਡਿਆਏ, ਕਵਣ ਦਿਵਸ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਈਆ । ਬਣਤ ਬਣਾ ਹਰਿ ਬਨਵਾਰੀ, ਆਪਣੇ ਵਿਚ ਟਿਕਾਇੰਦਾ । ਆਪਣਾ ਲੇਖਾ ਲਿਖ ਲਿਖਾਰੀ, ਸੱਚਖੰਡ ਦਵਾਰੇ ਆਪ ਟਿਕਾਇੰਦਾ । ਚਾਰੇ ਵੇਦਾਂ ਲੋਕਮਾਤ ਯਾਰੀ, ਲੱਖ ਚੁਰਾਸੀ ਆਪ ਬੰਧਾਇੰਦਾ । ਵੰਡੇ ਵੰਡ ਵਡ ਸੰਸਾਰੀ, ਜਗਤ ਸਾਗਰ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਬੰਨ੍ਹੀ ਧਾਰੀ, ਦੁਆਪਰ ਆਪਣੀ ਖੇਲ ਖਿਲਾਇੰਦਾ । ਕਲਜੁਗ ਬਣਿਆ ਜਗਤ ਜੁਆਰੀ, ਆਪਣਾ ਪੇਸ਼ਾ ਆਪ ਕਮਾਇੰਦਾ । ਨੌ ਨੌ ਗਈ ਵਾਰੀ, ਚਾਰ ਚਾਰ ਚਾਰ ਕੁਰਲਾਇੰਦਾ । ਚਾਰ ਚਾਰ ਟੁੱਟੀ ਯਾਰੀ, ਚਾਰ ਚਾਰ ਮੁਖ ਭਵਾਇੰਦਾ । ਚਾਰ ਚਾਰ ਨਾਰ ਵਿਭਚਾਰੀ, ਸਚ ਸ਼ਿੰਗਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਇੰਦਾ । ਨਵ ਨੌ ਚਾਰ ਪਾਰ ਕਿਨਾਰਾ, ਚਾਰ ਨੌ ਨਵ ਵੇਖ ਵਖਾਈਆ । ਨਵ ਨੱਯਾ ਵੇਖੇ ਮੰਝਧਾਰਾ, ਨੌ ਦਵਾਰੇ ਦੇਣ ਦੁਹਾਈਆ । ਚਾਰ ਵਰਨ ਰੋਵਨ ਜ਼ਾਰੋ ਜ਼ਾਰਾ, ਚਾਰ ਯਾਰੀ ਨਾ ਸੰਗ ਵਖਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਜੁਗ ਚੌਕੜੀ ਰਿਹਾ ਭਵਾਈਆ । ਕਲਜੁਗ ਅੰਤਮ ਖੇਲ ਕਰੇ ਕਰਤਾਰਾ, ਖ਼ਲਕ ਸਮਝ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਏਕਮ ਆਪ ਸਮਝਾਈਆ । ਆਪਣੀ ਏਕਮ ਹਰਿ ਨਿਰੰਕਾਰ, ਆਪੇ ਆਪ ਸਮਝਾਇੰਦਾ । ਵਿਸ਼ਨੂੰ ਸੁਹਾਏ ਤੇਰਾ ਦੁਆਰ, ਤੇਰਾ ਜਨਮ ਖ਼ੁਸ਼ੀਆਂ ਨਾਲ ਮਨਾਇੰਦਾ । ਬ੍ਰਹਮਾ ਤੇਰਾ ਪੂਰਾ ਕਰੇ ਵਿਹਾਰ, ਤੇਰਾ ਲੇਖਾ ਲੇਖ ਚੁਕਾਇੰਦਾ । ਸ਼ੰਕਰ ਤੇਰਾ ਕਰੇ ਪਿਆਰ, ਤੇਰਾ ਤੇਰੀ ਗੋਦ ਸੁਹਾਇੰਦਾ । ਏਕਾ ਸਾਤਾ ਏਕੰਕਾਰ, ਨਿਰਾਕਾਰ ਘਰ ਵਸਾਇੰਦਾ । ਸਚਖੰਡ ਨਿਵਾਸੀ ਖੋਲ੍ਹ ਕਿਵਾੜ, ਧੁਰ ਦਰਬਾਰਾ ਡੇਰਾ ਲਾਇੰਦਾ । ਕਲਜੁਗ ਵਾਓ ਤੱਤੀ ਹਾੜ, ਸ੍ਰਿਸ਼ਟ ਸਬਾਈ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਏਕਾ ਕਲ ਅਕਲ ਕਲ ਧਾਰ, ਧਰ ਧਰਨੀ ਵੇਖ ਵਖਾਇੰਦਾ । ਆਕਾਸ਼ ਪਰਕਾਸ਼ ਹੋ ਉਜਿਆਰ, ਸਚ ਨਿਵਾਸੀ ਨਿਵਾਸ ਕਰਾਇੰਦਾ । ਆਪੇ ਵਸੇ ਅੱਧਵਿਚਕਾਰ, ਮਧ ਆਪਣਾ ਡੇਰਾ ਲਾਇੰਦਾ । ਆਪੇ ਲੋਕਮਾਤ ਲਏ ਅਵਤਾਰ, ਨੌ ਸੌ ਚੁਰਾਨਵੇਂ ਚੌਕੜੀ ਜੁਗ ਭਵਾਇੰਦਾ । ਆਪੇ ਕਲਜੁਗ ਅੰਤਮ ਹੋ ਤਿਆਰ, ਪੰਜ ਤਤ ਨਾ ਕੋਇ ਰਖਾਇੰਦਾ । ਆਪੇ ਨਿਰਗੁਣ ਨੂਰ ਹੋ ਉਜਿਆਰ, ਆਪਣਾ ਦੀਪਕ ਆਪ ਜਗਾਇੰਦਾ । ਆਪੇ ਸ਼ਬਦ ਰੂਪ ਵਰਤੇ ਵਿਚ ਸੰਸਾਰ, ਸਤਿਗੁਰ ਸਾਚਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਤਕਾਇੰਦਾ । ਜੁਗ ਜੁਗ ਰਾਹ ਤੱਕਦਾ ਆਇਆ, ਤੱਕਣਹਾਰਾ ਬੇਪਰਵਾਹ । ਜੁਗ ਜੁਗ ਭਗਤਾਂ ਪੈਜ ਰੱਖਦਾ ਆਇਆ, ਨਿਰਗੁਣ ਸਰਗੁਣ ਬਣ ਮਲਾਹ । ਜੁਗ ਜੁਗ ਗੁਰਸਿਖਾਂ ਪਰਦੇ ਢਕਦਾ ਆਇਆ, ਢਾਕਣ ਕੇ ਪਤ ਆਪਣਾ ਨਾਉਂ ਰਖਾ । ਜੁਗ ਜੁਗ ਮਨਮੁਖਾਂ ਅਗਨੀ ਸਾੜਦਾ ਆਇਆ, ਆਪਣਾ ਲੰਬੂ ਆਪੇ ਲਾ । ਜੁਗ ਜੁਗ ਸਾਚੇ ਪੌੜ੍ਹੇ ਚੜ੍ਹ ਚੜ੍ਹ ਦਰਸ ਦਖਾਇਆ, ਉਚ ਮਹੱਲ ਅਟੱਲ ਡੇਰਾ ਲਾ । ਜੁਗ ਜੁਗ ਜੀਵਾਂ ਜੰਤਾਂ ਮਾਇਆ ਮਮਤਾ ਰੌਲਾ ਵਿਚ ਰਖਾਇਆ,

ਆਪਣਾ ਪਰਦਾ ਉਹਲਾ ਨਾ ਸਕੇ ਚੁਕਾ । ਜੁਗ ਜੁਗ ਆਪਣਾ ਢੋਲਾ ਗੌਂਦਾ ਆਇਆ, ਸਤਿਜੁਗ ਤ੍ਰੇਤਾ ਦਵਾਪਰ ਬਾਵਨ ਰਾਮਾ ਕ੍ਰਿਸ਼ਨਾ ਦਏ ਸਲਾਹ । ਜੁਗ ਜੁਗ ਆਪਣਾ ਬੋਲਾ ਗੌਂਦਾ ਆਇਆ, ਆਪਣਾ ਕਲਮਾ ਨਬੀ ਪੜ੍ਹਾ । ਜੁਗ ਜੁਗ ਡੁਬਦੇ ਤਰੌਂਦਾ ਆਇਆ, ਸਤਿਨਾਮ ਮੰਤਰ ਇਕ ਪੜ੍ਹਾ । ਜੁਗ ਜੁਗ ਆਪਣੀ ਫ਼ਤਿਹ ਗਜੌਂਦਾ ਆਇਆ, ਵਾਹਿਗੁਰੂ ਆਪਣਾ ਨਾਉਂ ਰਖਾ । ਜੁਗ ਜੁਗ ਵਿਛੜੇ ਮੇਲ ਮਿਲੌਂਦਾ ਆਇਆ, ਸੋਹੰ ਆਪਣਾ ਰੂਪ ਵਟਾ । ਜੁਗ ਜੁਗ ਆਪਣਾ ਨਾਂ ਧਰੌਂਦਾ ਆਇਆ, ਕਲਜੁਗ ਅੰਤਮ ਦਏ ਸਮਝਾ । ਪਹਿਲੀ ਹਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕਮ ਦਏ ਵਖਾਇਆ । ਏਕਾ ਏਕਮ ਆਈ ਜਗ, ਹਰਿ ਸਾਚਾ ਆਪ ਲਿਆਇੰਦਾ । ਇਕ ਸੱਤ ਵਸੇ ਉਪਰ ਸ਼ਾਹ ਰਗ, ਘਰ ਸਾਚੇ ਡੇਰਾ ਲਾਇੰਦਾ । ਇਕ ਸੱਤ ਬੰਨ੍ਹੇ ਸਤਿ ਤਗ, ਤ੍ਰੈਗੁਣ ਮਾਇਆ ਫੰਦ ਕਟਾਇੰਦਾ । ਇਕ ਸੱਤ ਪਿਆਏ ਮਦਿ ਪਾਰ ਕਰਾਏ ਹੱਦ, ਰਾਏ ਧਰਮ ਨਾ ਮੁਖ ਵਖਾਇੰਦਾ । ਪਹਿਲੀ ਹਾੜ ਵਿਸ਼ਨੂੰ ਤੇਰੀ ਵੇਖੀ ਯਦ, ਤੇਰਾ ਬੰਸ ਆਪ ਉਪਾਇੰਦਾ । ਗੁਰਮੁਖ ਸੱਜਣ ਸਾਚੇ ਸੱਦ, ਆਪ ਆਪਣੇ ਅੰਗ ਲਗਾਇੰਦਾ । ਬ੍ਰਹਮਾ ਤੇਰੇ ਗੇੜੇ ਵਿਚੋਂ ਕੱਢ, ਆਪਣੀ ਝੋਲੀ ਪਾਇੰਦਾ । ਸ਼ੰਕਰ ਤੇਰੀ ਲਾੜੀ ਮੌਤ ਨਾ ਲਡਾਏ ਕੋਈ ਲਡ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਦਰਗਹਿ ਸਾਚੀ ਸਚਖੰਡ ਦਵਾਰੇ ਸਚ ਨਿਸ਼ਾਨਾ ਦਿਤਾ ਗੱਡ, ਨਾ ਕੋਈ ਜੜ੍ਹ ਉਖੜਾਇੰਦਾ । ਕਲਜੁਗ ਤੇਰਾ ਕੂੜ ਕੁੜਿਆਰਾ ਫਾਹ ਦਿਤਾ ਵੱਢ, ਨਾਮ ਖੰਡਾ ਆਪ ਚਲਾਇੰਦਾ । ਸਤਾਰਵੇਂ ਦਿਨ ਹਰਿ ਸੰਗਤ ਕਰ ਦੇਣੀ ਅੱਡ, ਸੰਮਤ ਸਤਾਰਾਂ ਆਪ ਸੁਹਾਇੰਦਾ । ਗੁਰਸਿਖਾਂ ਅੰਦਰ ਵੜ ਵੇਖੇ ਅੰਧੇਰੀ ਖੱਡ, ਦੂਈ ਦਵੈਤੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਰੂਪ ਆਪ ਵਖਾਇੰਦਾ । ਵਿਸ਼ਨੂੰ ਤੇਰਾ ਸਚ ਤਿਵਹਾਰ, ਹਰਿ ਸਾਚਾ ਸਗਨ ਮਨਾਇੰਦਾ । ਗੁਰਮੁਖਾਂ ਕਰੇ ਸਚ ਪਿਆਰ, ਸਾਚੀ ਸੇਵਾ ਆਪ ਕਮਾਇੰਦਾ । ਤ੍ਰੈਗੁਣ ਮਾਇਆ ਬਣੇ ਪਨਿਹਾਰ, ਜਗਤ ਪਨਿਹਾਰੀ ਦਰ ਦੁਰਕਾਇੰਦਾ । ਤੇਰਾ ਕਾਇਆ ਕੰਚਨ ਗੜ੍ਹ ਬਣਾਏ ਆਪ ਸੁਨਿਆਰ, ਸਚ ਕੁਠਾਲੀ ਆਪੇ ਪਾਇੰਦਾ । ਵਿਸ਼ਨੂੰ ਬਣਿਆ ਭਗਵਨ ਯਾਰ, ਭਗਤ ਸਾਚੇ ਮੇਲ ਮਿਲਾਇੰਦਾ । ਚਾਰ ਕੁੰਟ ਕਰਾਏ ਜੈ ਜੈ ਜੈਕਾਰ, ਏਕਾ ਡੰਕਾ ਨਾਮ ਵਜਾਇੰਦਾ । ਸਤਾਰਾਂ ਦਿਵਸ ਰਾਤੀਂ ਸੁਤਿਆਂ ਗੁਰਸਿਖਾਂ ਗਲ ਜਾ ਜਾ ਪਾਏ ਹਾਰ, ਔਂਦਾ ਜਾਂਦਾ ਦਿਸ ਨਾ ਆਇੰਦਾ । ਨਾਰੀ ਕੰਤ ਕਰੇ ਪਿਆਰ, ਆਤਮ ਸੇਜਾ ਆਪ ਹੰਢਾਇੰਦਾ । ਆਪ ਆਪਣਾ ਉਤੋਂ ਵਾਰ, ਹੌਲਾ ਭਾਰ ਸਰਬ ਕਰਾਇੰਦਾ । ਦੁੱਖ ਭੰਜਣ ਮਿਲਿਆ ਮੀਤ ਮੁਰਾਰ, ਨੇਤਰ ਅੰਜਣ ਨਾਮ ਪਾਇੰਦਾ । ਸਾਚਾ ਸੱਜਣ ਵਿਚ ਸੰਸਾਰ, ਵਿਛੜ ਕਦੇ ਨਾ ਜਾਇੰਦਾ । ਡੁੱਬਦੇ ਪਾਥਰ ਦੇਵੇ ਤਾਰ, ਪਾਹਨ ਆਪਣਾ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕਮ ਰੰਗ ਰੰਗਾਇੰਦਾ । ਏਕਮ ਹਰਿ ਰੰਗ ਰੰਗਿਆ, ਰੰਗਣਹਾਰ ਨਿਰੰਕਾਰਾ । ਵਿਸ਼ਨੂੰ ਦਵਾਰਾ ਏਕਾ ਮੰਗਿਆ, ਪ੍ਰਭ ਸਾਚਾ ਸਿਰਜਣਹਾਰਾ । ਆਦਿ ਜੁਗਾਦਿ ਨਾ ਭੁੱਖਾ ਨੰਗਿਆ, ਭਰਿਆ ਰਹੇ ਸਦ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਿਚ ਸੰਸਾਰਾ । ਖੇਲ ਅਪਾਰਾ ਵਿਚ ਸੰਸਾਰਾ, ਹਰਿ ਨਿਰੰਕਾਰਾ ਆਪ ਕਰਾਇੰਦਾ । ਨਿਰਗੁਣ ਨਿਰਗੁਣ ਲੈ ਅਵਤਾਰਾ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਆਪਣੀ ਰੁੱਤੜੀ ਕਰ ਪਿਆਰਾ, ਰੁੱਤੀ ਰੁੱਤ ਆਪ ਸੁਹਾਇੰਦਾ । ਆਪਣੀ ਫੁੱਲ ਫੁਲਵਾੜੀ ਪਾਏ ਸਾਰਾ, ਪਤ ਡਾਲ੍ਹੀ ਵੇਖ ਵਖਾਇੰਦਾ । ਮਾਲੀ ਬਣੇ ਹਰਿ ਨਿਰੰਕਾਰਾ, ਮਾਲਣ ਜੋਤ ਅਕਾਲਣ ਨਾਉਂ ਧਰਾਇੰਦਾ । ਸਚ ਖਾਰੀ ਸੀਸ ਉਠਾਏ ਸੇਵਾ

੭੨੭

ਕਰੇ ਅਗੰਮ ਅਪਾਰਾ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਆਪਣਾ ਨਾਉਂ ਧਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਨਾ ਕੋਇ ਨਿਸ਼ਾਨ, ਜਗਤ ਵਿਦਿਆ ਨਾ ਕੋਇ ਗਿਆਨ, ਪੁਤਰ ਧੀਆਂ ਨਾ ਕੋਇ ਮਾਣ, ਗੁਰਸਿਖ ਬਣਾਏ ਸਚ ਨਿਸ਼ਾਨ, ਦੋ ਜਹਾਨ ਆਪ ਝੁਲਾਇੰਦਾ ।



### ❊ ੨ ਹਾੜ ੨੦੧੭ ਬਿਕ੍ਰਮੀ ਸਰੈਣ ਸਿੰਘ ਦੇ ਘਰ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❊

ਪੁਰਖ ਅਗੰਮੜਾ ਖੇਲ ਅਪਾਰਾ, ਨਿਰਾਕਾਰਾ ਆਪ ਕਰਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਦੁਆਰਾ ਆਪ ਸੁਹਾਇੰਦਾ । ਘਰ ਵਿਚ ਘਰ ਕਰ ਤਿਆਰਾ, ਥਿਰ ਦਰਬਾਰਾ ਨਾਉਂ ਧਰਾਇੰਦਾ । ਨਿਰਮਲ ਜੋਤੀ ਕਰ ਉਜਿਆਰਾ, ਦੀਪਕ ਦੀਆ ਆਪ ਟਿਕਾਇੰਦਾ । ਏਕਾ ਰਾਗ ਇਕ ਧੁਨਕਾਰਾ, ਨਾਦ ਅਨਾਦੀ ਸ਼ਬਦ ਅਲਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਰੂਪ ਵਟਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲ ਆਪ ਵਰਤਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਧਾਮ ਸੁਹਾਇੰਦਾ । ਧਾਮ ਅਗੰਮੜਾ ਪੁਰਖ ਅਕਾਲ, ਜੂਨੀ ਰਹਿਤ ਆਪ ਸੁਹਾਈਆ । ਏਕਾ ਵਸੇ ਦੀਨ ਦਿਆਲ, ਦੂਸਰ ਸੰਗ ਨਾ ਕੋਇ ਰਖਾਈਆ । ਅਲੱਖ ਨਿਰੰਜਣ ਅਵੱਲੜੀ ਚਾਲ, ਅਗੰਮ ਅਥਾਹ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਆਪ ਬੰਧਾਈਆ । ਨਿਰਗੁਣ ਧਾਰਾ ਹਰਿ ਭਗਵਾਨ, ਆਪਣੀ ਆਪ ਚਲਾਇੰਦਾ । ਸਚਖੰਡ ਦੁਆਰੇ ਸਚ ਨਿਸ਼ਾਨ, ਥਿਰ ਘਰ ਸਾਚੇ ਆਪ ਝੁਲਾਇੰਦਾ । ਆਦਿ ਜੁਗਾਦੀ ਖੇਲ ਮਹਾਨ, ਭੇਵ ਕੋਇ ਨਾ ਪਾਇੰਦਾ । ਰੂਪ ਰੰਗ ਨਾ ਸਕੇ ਕੋਇ ਵਖਾਣ, ਨੇਤਰ ਨੈਣ ਨਾ ਕੋਇ ਦਰਸਾਇੰਦਾ । ਸਚ ਤਖ਼ਤ ਨਿਵਾਸੀ ਵਾਲੀ ਦੋ ਜਹਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਏਕਾ ਵਸੇ ਇਕ ਮਕਾਨ, ਦੂਜਾ ਦਰ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਕਲ ਵਰਤੰਤਾ ਹਰਿ ਭਗਵੰਤ, ਪੁਰਖ ਅਬਿਨਾਸ਼ ਵੱਡੀ ਵਡਿਆਈਆ । ਆਪੇ ਜਾਣੇ ਆਦਿ ਅੰਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਨਿਰਗੁਣ ਬਣਾਏ ਨਿਰਗੁਣ ਬਣਤ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਨਾਰੀ ਨਿਰਗੁਣ ਕੰਤ, ਨਿਰਗੁਣ ਨਿਰਗੁਣ ਸੇਜ ਹੰਢਾਈਆ । ਨਿਰਗੁਣ ਹੋਏ ਸੋਭਾਵੰਤ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਲੇਖਾ ਆਦਿ ਅੰਤ, ਨਿਰਗੁਣ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਭੈ ਆਪਣਾ ਨਾਉਂ ਰਖਾਈਆ । ਨਿਰਭੈ ਹਰਿ ਹਰਿ ਨਾਉਂ ਰੱਖ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਪ ਆਪਣਾ ਕਰ ਪਰਤੱਖ, ਆਪ ਆਪਣੀ ਖੇਲ ਖਿਲਾਇੰਦਾ । ਲੇਖਾ ਜਾਣੇ ਅਲੱਖਣਾ ਅਲੱਖ, ਅਲੱਖ ਅਗੋਚਰ ਅਗੰਮ ਅਥਾਹ ਆਪਣਾ ਨਾਉਂ ਜਣਾਇੰਦਾ । ਆਪੇ ਵਸੇ ਸਭ ਤੋਂ ਵੱਖ, ਭੇਵ ਅਭੇਦਾ ਭੇਵ ਛੁਪਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਘਰ ਵਖਾਇੰਦਾ । ਆਪਣੀ ਦਿਸ਼ਾ ਆਪੇ ਨੱਸ, ਆਪਣਾ ਪੰਧ ਮੁਕਾਇੰਦਾ । ਆਪਣੇ ਮੰਦਰ ਆਪੇ ਵਸ, ਸਚਖੰਡ ਦਵਾਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਇੰਦਾ । ਆਪਣੀ

ਧਾਰ ਹਰਿ ਨਿਰੰਕਾਰ, ਆਦਿ ਆਦਿ ਬੰਧਾਈਆ । ਨਿਰਗੁਣ ਨਿਰਗੁਣ ਕਰ ਅਕਾਰ, ਨਿਰਗੁਣ ਨਿਰਾਕਾਰ ਸਮਾਈਆ । ਨਿਰਗੁਣ ਜੋਤ ਜੋਤ ਉਜਿਆਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਨਾਦ ਨਾਦ ਧੁਨਕਾਰ, ਨਿਰਗੁਣ ਸ਼ਬਦ ਸ਼ਬਦ ਸ਼ਨਵਾਈਆ । ਨਿਰਗੁਣ ਮਹੱਲ ਅਟੱਲ ਮੁਨਾਰ, ਸਚਖੰਡ ਦਵਾਰਾ ਸੋਭਾ ਪਾਈਆ । ਨਿਰਗੁਣ ਥਿਰ ਘਰ ਬਣਾਏ ਇਕ ਦਰਬਾਰ, ਦਰ ਦਰਵਾਜ਼ਾ ਨਾ ਕੋਇ ਵਖਾਈਆ । ਨਿਰਗੁਣ ਸੁੱਤ ਨਿਰਗੁਣ ਦੁਲਾਰ, ਨਿਰਗੁਣ ਪਿਤਾ ਪੂਤ ਅਖਵਾਈਆ । ਨਿਰਗੁਣ ਮਾਤ ਦਏ ਆਧਾਰ, ਦਾਤਾ ਦਾਨੀ ਬੇਪਰਵਾਹੀਆ । ਨਿਰਗੁਣ ਬੈਠ ਇਕ ਇਕਾਂਤ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਥਿਰ ਘਰ ਸਾਚਾ ਆਪ ਵਡਿਆਈਆ । ਥਿਰ ਘਰ ਸਾਚਾ ਹਰਿ ਸੁਹੰਜਣਾ, ਆਪਣਾ ਗੜ੍ਹ ਬਣਾਇਆ । ਜੋਤ ਜਗਾਏ ਆਦਿ ਨਿਰੰਜਣਾ, ਉਪਰ ਚੜ੍ਹ ਆਸਣ ਲਾਇਆ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਨਿਰਭੈ ਆਪਣਾ ਨਾਉਂ ਧਰਾਇਆ । ਸਦਾ ਸੁਹੇਲਾ ਸਾਚਾ ਸੱਜਣਾ, ਨਾ ਮਰੇ ਨਾ ਜਾਇਆ । ਨਾ ਘੜਿਆ ਨਾ ਭੱਜਣਾ, ਘੜਣ ਭੰਨਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਚ ਮਹੱਲਾ ਪੁਰਖ ਅਬਿਨਾਸ਼ੀ ਵਸਿਆ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਲਾਇਆ । ਸਚਖੰਡ ਦਵਾਰਾ ਸਾਚਾ ਥਾਨ, ਹਰਿ ਸਾਚਾ ਆਪ ਸੁਹਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਨੌਜਵਾਨ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਜੋਤੀ ਜੋਤ ਡਗਮਗਾਇੰਦਾ । ਪਾਰਬ੍ਰਹਮ ਹੋ ਪਰਧਾਨ, ਆਪ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਇੰਦਾ । ਅਗੰਮ ਅਗੰਮੜਾ ਪੁਰਖ ਅਕਾਲਾ, ਆਦਿ ਜੁਗਾਦਿ ਵੱਡੀ ਵਡਿਆਈਆ । ਸਚਖੰਡ ਨਿਵਾਸੀ ਵਸੇ ਸਚ ਸੱਚੀ ਧਰਮਸਾਲਾ, ਥਿਰ ਦਰਬਾਰਾ ਸੋਭਾ ਪਾਈਆ । ਜੁਗਾ ਜੁਗੰਤਰ ਅਵੱਲੜੀ ਚਾਲਾ, ਆਪ ਆਪਣੀ ਆਪ ਰਖਾਈਆ । ਸੰਗ ਰਖਾਏ ਕਾਲ ਮਹਾਂਕਾਲਾ, ਦੀਨ ਦਿਆਲਾ ਬੇਪਰਵਾਹੀਆ । ਆਪਣਾ ਫਲ ਲਗਾਏ ਆਪਣੇ ਡਾਲ੍ਹਾ, ਪਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮੜੀ ਕਾਰ ਆਪ ਕਮਾਈਆ । ਅਗੰਮੜੀ ਕਾਰ ਕਰਾਵਣਹਾਰਾ, ਆਪਣੀ ਖੇਲ ਖਿਲਾਇੰਦਾ । ਸਚਖੰਡ ਖੋਲ੍ਹ ਦਵਾਰਾ, ਘਰ ਸਾਚੇ ਆਸਣ ਲਾਇੰਦਾ । ਸਾਚੀ ਸੇਜਾ ਕਰ ਤਿਆਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਮੇਲ ਮਿਲਾਵਾ ਕੰਤ ਭਤਾਰਾ, ਘਰ ਸਾਚਾ ਸਗਨ ਮਨਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਰੂਪ ਧਰਾਇੰਦਾ । ਆਪੇ ਮਾਤ ਪਿਤ ਬਣ ਵਣਜਾਰਾ, ਸਾਚੀ ਵਸਤ ਆਪਣੇ ਹੱਟ ਟਿਕਾਇੰਦਾ । ਆਪੇ ਪਰਗਟ ਹੋਏ ਸੁੱਤ ਦੁਲਾਰਾ, ਸ਼ਬਦੀ ਨਾਉਂ ਧਰਾਇੰਦਾ । ਆਪੇ ਸ਼ਾਹੋ ਭੂਪ ਬਣ ਸਿਕਦਾਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਆਪੇ ਨਿਉਂ ਨਿਉਂ ਕਰੇ ਨਿਮਸਕਾਰਾ, ਸੀਸ ਜਗਦੀਸ਼ ਆਪ ਝੁਕਾਇੰਦਾ । ਆਪੇ ਬੇਐਬ ਹੋਏ ਪਰਵਰਦਿਗਾਰਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪਣਾ ਆਪ ਕਰਾਇੰਦਾ । ਸੁੱਤ ਦੁਲਾਰਾ ਕਰ ਤਿਆਰ, ਹਰਿ ਸਾਚਾ ਸਚ ਸਮਝਾਇੰਦਾ । ਤੇਰਾ ਰੂਪ ਮੇਰੀ ਧਾਰ, ਤੇਰਾ ਰੰਗ ਸਰਬ ਸਮਾਇੰਦਾ । ਤੇਰਾ ਮਰਦੰਗ ਸੁਣੇ ਸਚ ਸਰਕਾਰ, ਸਤਿ ਪੁਰਖ ਨਿਰੰਜਣ ਘਰ ਸਾਚੇ ਆਪ ਸੁਣਾਇੰਦਾ । ਤੇਰਾ ਅੰਗ ਕਰੇ ਅੰਗੀਕਾਰ,

ਆਪ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁੱਤ ਦੁਲਾਰੇ ਇਹ ਸਮਝਾਇੰਦਾ । ਸ਼ਬਦ ਸੁੱਤ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਆਪ ਆਪਣੀ ਦਇਆ ਕਮਾਇੰਦਾ । ਚਰਨ ਕਵਲ ਵਖਾਏ ਇਕ ਧਿਆਨ, ਦੂਸਰ ਓਟ ਨਾ ਕੋਇ ਰਖਾਇੰਦਾ । ਮੇਰਾ ਹੁਕਮ ਤੇਰਾ ਫ਼ਰਮਾਣ, ਦਰ ਦਰਬਾਨ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੀ ਸਿਖਿਆ ਸੁਣ ਲਾ ਕੰਨ, ਹਰਿ ਸਾਚਾ ਸਚ ਸਮਝਾਇੰਦਾ । ਪੁਰਖ ਅਕਾਲ ਤੇਰਾ ਬਣਿਆ ਜਨਨੀ ਜਨ, ਮਾਤ ਪਿਤ ਨਾ ਕੋਇ ਵਖਾਇੰਦਾ । ਪੰਜ ਤਤ ਨਾ ਦਿਸੇ ਤਨ, ਤ੍ਰੈਗੁਣ ਨਾ ਵੰਡ ਵੰਡਾਇੰਦਾ । ਦੂਸਰ ਕੋਇ ਨਾ ਦੇਵੇ ਡੰਨ, ਨਾ ਕੋਈ ਘੜੇ ਭੰਨ ਵਖਾਇੰਦਾ । ਕਦੇ ਵਸੇਰਾ ਨਾ ਹੋਵੇ ਛੱਪਰ ਛੰਨ, ਮੰਦਰ ਅੰਦਰ ਬੰਦ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਪਾਰਬ੍ਰਹਮ, ਏਕਾ ਝੋਲੀ ਪਾਈਆ । ਸ਼ਬਦ ਸ਼ਬਦੀ ਨਾ ਮਰੇ ਨਾ ਪਏ ਜੰਮ, ਜੂਨ ਅਜੂਨੀ ਨਾ ਕੋਇ ਫਿਰਾਈਆ । ਨਾ ਖ਼ੁਸ਼ੀ ਨਾ ਕੋਇ ਗ਼ਮ, ਚਿੰਤਾ ਸੋਗ ਨਾ ਕੋਇ ਵਖਾਈਆ । ਤੇਰਾ ਜਾਣੇ ਤੇਰਾ ਕੰਮ, ਤੇਰੇ ਹੱਥ ਰੱਖੀ ਵਡਿਆਈਆ । ਲੋਆਂ ਪੁਰੀਆਂ ਬੇੜਾ ਬੰਨ੍ਹ, ਰਵ ਸਸ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਅੱਖਰ ਦਏ ਪੜ੍ਹਾਈਆ । ਸਾਚੀ ਸਿਖਿਆ ਸੁਣ ਸੁੱਤ ਦੁਲਾਰਾ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਤੇਰਾ ਧਾਮ ਨਿਆਰਾ, ਨਿਰਾਕਾਰਾ ਵੇਖ ਵਖਾਇੰਦਾ । ਲੋਆਂ ਪੁਰੀਆਂ ਬਣੇ ਮੁਨਾਰਾ, ਮੰਡਲ ਮੰਡਪ ਆਪ ਉਪਜਾਇੰਦਾ । ਰਵ ਸਸ ਉਪਜਾਏ ਚੰਨ ਸਤਾਰਾ, ਆਕਾਸ਼ ਪਰਕਾਸ਼ ਆਪ ਰਖਾਇੰਦਾ । ਆਪੇ ਵਣਜ ਕਰੇ ਵਣਜਾਰਾ, ਆਪ ਆਪਣਾ ਹੱਟ ਖੁਲ੍ਹਾਇੰਦਾ । ਆਪੇ ਵਿਸ਼ਵ ਪਾਏ ਸਾਰਾ, ਵਿਸ਼ਨੂੰ ਆਪਣੀ ਕਲ ਧਰਾਇੰਦਾ । ਆਪੇ ਅੰਮ੍ਰਿਤ ਜਲ ਜਲ ਧਾਰਾ, ਨਾਭੀ ਬੰਦ ਵਖਾਇੰਦਾ । ਆਪੇ ਪਰਗਟ ਹੋ ਆਏ ਬਾਹਰਾ, ਕਵਲ ਕਵਲਾ ਰੂਪ ਵਟਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਬ੍ਰਹਮ ਆਪਣਾ ਨਾਉਂ ਧਰਾਇੰਦਾ । ਆਪੇ ਸ਼ੰਕਰ ਦਏ ਹੁਲਾਰਾ, ਸੁੰਨ ਅਗੰਮ ਆਪ ਸਮਾਇੰਦਾ । ਆਪੇ ਤਿੰਨਾਂ ਵਸੇ ਬਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਖੋਲ੍ਹਿਆ, ਸ਼ਬਦ ਸੁੱਤ ਨੌਜਵਾਨ । ਵਿਸ਼ਨੂੰ ਅੰਦਰ ਵੜ ਵੜ ਬੋਲਿਆ, ਬ੍ਰਹਮੇ ਦੇਵੇ ਇਕ ਗਿਆਨ । ਸ਼ੰਕਰ ਆਪਣੇ ਕੰਡੇ ਤੋਲਿਆ, ਤੋਲਣਹਾਰ ਸ੍ਰੀ ਭਗਵਾਨ । ਨਿਰਗੁਣ ਨਿਰਗੁਣ ਬਦਲੇ ਚੋਲਿਆ, ਦਿਸੇ ਨਾ ਕੋਇ ਨਿਸ਼ਾਨ । ਇਕ ਸੁਣਾਏ ਸਾਚਾ ਢੋਲਿਆ, ਸੋ ਪੁਰਖ ਨਿਰੰਜਣ ਵਡ ਮਿਹਰਵਾਨ । ਹੰ ਰੂਪ ਆਪੇ ਮੌਲਿਆ, ਅੰਸ ਬੰਸ ਕਰ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਏ ਆਪਣੀ ਆਣ । ਤ੍ਰੈ ਤ੍ਰੈ ਮੀਤਾ ਇਕ ਅਤੀਤਾ, ਤ੍ਰੈ ਤ੍ਰੈ ਧਾਰ ਬੰਧਾਈਆ । ਦਰਗਹਿ ਸਾਚੀ ਬੈਠਾ ਠਾਂਡਾ ਸੀਤਾ, ਸਾਂਤਕ ਸਤਿ ਰੂਪ ਵਟਾਈਆ । ਸਾਰ ਸ਼ਬਦ ਚਲਾਈ ਆਪਣੀ ਰੀਤਾ, ਪਤਿਤ ਪੁਨੀਤਾ ਬੇਪਰਵਾਹੀਆ । ਆਪੇ ਬਣਿਆ ਸਾਚਾ ਮੀਤਾ, ਕਰੇ ਖੇਲ ਰਥ ਰਥਵਾਹੀਆ । ਚਲਾਏ ਸ਼ਬਦ ਨਾਮ ਅਨਡੀਠਾ, ਰੂਪ ਰੰਗ ਨਾ ਕੋਇ ਵਖਾਈਆ । ਆਪਣਾ ਰੰਗ ਆਪਣਾ ਰੂਪ ਆਪਣਾ ਭੇਖ ਆਪੇ ਕੀਤਾ, ਵੇਸ ਅਵੱਲੜਾ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਲਏ ਉਪਜਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਸ਼ਬਦ ਸ਼ਬਦੀ ਹੁਕਮ ਸੁਣਾਇੰਦਾ । ਅਗੰਮ ਅਗੰਮੜਾ ਭੇਵ ਨਿਆਰ, ਹੱਡ ਮਾਸ ਨਾੜੀ ਚਮੜਾ ਨਾ ਕੋਇ ਵਖਾਇੰਦਾ । ਅੰਮੀ ਅੰਮੜਾ ਨਾ ਕੋਇ ਵਿਚ ਸੰਸਾਰ, ਮਾਤ ਪਿਤ ਨਾ ਕੋਇ ਬਣਾਇੰਦਾ । ਦਮੜੀ ਦਮੜਾ ਨਾ ਕਰੇ ਪਿਆਰ, ਮਾਇਆ ਰੂਪ ਨਾ ਕੋਇ ਵਟਾਇੰਦਾ । ਅਗੰਮੜੀ ਕਰੇ ਅਗੰਮੜਾ ਕਾਰ, ਆਪ ਆਪਣਾ ਹੁਕਮ ਸੁਣਾਇੰਦਾ । ਆਪਣਾ ਖੋਲ੍ਹ ਸਚ ਭੰਡਾਰ, ਸਤਿ ਸਤਿਵਾਦੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਭਿਛਿਆ, ਭਿਖਕ ਭਿਛਿਆ ਇਕ ਵਖਾਇੰਦਾ । ਸਾਚੀ ਭਿਛਿਆ ਹਰਿ ਕਰਤਾਰ, ਆਪਣੀ ਆਪ ਉਪਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਤ੍ਰੈ ਤ੍ਰੈ ਵੰਡ ਵੰਡਾਈਆ । ਸਤੋ ਕਰੇ ਸਤਿ ਸ਼ਿੰਗਾਰ, ਵਿਸ਼ਨੂੰ ਅੰਗ ਲਗਾਈਆ । ਰਜੋ ਦੇਵੇ ਇਕ ਆਧਾਰ, ਬ੍ਰਹਮੇ ਝੋਲੀ ਪਾਈਆ । ਤਮੋ ਤਤ ਇਕ ਵਿਚਾਰ, ਸ਼ੰਕਰ ਰੰਗ ਰੰਗਾਈਆ । ਤਿੰਨਾਂ ਮੇਲਾ ਹਰਿ ਨਿਰੰਕਾਰ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਸ਼ਬਦ ਸੁੱਤ ਬੋਲ ਜੈਕਾਰ, ਏਕਾ ਨਾਅਰਾ ਦਏ ਸੁਣਾਈਆ । ਤਿੰਨਾਂ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਵਖਾਈਆ । ਸਾਚੀ ਸੇਵਾ ਸੇਵਕ ਕਰੇ ਵਿਚਾਰ, ਚਾਕਰ ਚਾਕਰੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਕਰਤਾ ਇਕ ਅਖਵਾਈਆ । ਆਦਿ ਕਰਤਾ ਕਰਨੇ ਜੋਗ, ਨਿਰਾਕਾਰ ਹਰਿ ਅਖਵਾਇੰਦਾ । ਆਪਣਾ ਕਰੇ ਆਪੇ ਭੋਗ, ਆਪ ਆਪਣਾ ਸੰਗ ਰਖਾਇੰਦਾ । ਆਪੇ ਕਰਨਹਾਰ ਸੰਜੋਗ, ਦਰ ਘਰ ਸਾਚਾ ਆਪ ਸੁਹਾਇੰਦਾ । ਆਪ ਉਪਜਾਏ ਆਪਣਾ ਸਚ ਸਲੋਕ, ਆਪ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਨਾਮ ਇਕ ਵਖਾਇੰਦਾ । ਸਾਚਾ ਨਾਮ ਅਨਮੋਲ, ਹਰਿ ਸਾਚੇ ਆਪ ਉਪਜਾਇਆ । ਆਪਣੇ ਕੰਡੇ ਆਪੇ ਤੋਲ, ਵਿਸ਼ਨੂੰ ਝੋਲੀ ਪਾਇਆ । ਵਿਸ਼ਨੂੰ ਰਹਿਣਾ ਸਦਾ ਅਡੋਲ, ਪੁਰਖ ਅਬਿਨਾਸ਼ੀ ਸੀਸ ਹੱਥ ਟਿਕਾਇਆ । ਮੇਰੀ ਵਸਤ ਤੇਰੇ ਕੋਲ, ਦਰ ਤੇਰਾ ਬੰਦ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਵੇਖ ਵਖਾਇਆ । ਬ੍ਰਹਮੇ ਵੇਖ ਕਰ ਧਿਆਨ, ਹਰਿ ਸਾਚਾ ਸਚ ਸਮਝਾਇੰਦਾ । ਮੇਰਾ ਨਾਮ ਤੇਰੀ ਦੁਕਾਨ, ਸਾਚਾ ਹੱਟ ਖੁਲ੍ਹਾਇੰਦਾ । ਮੇਰਾ ਰੂਪ ਤੇਰਾ ਨਿਸ਼ਾਨ, ਦੋ ਜਹਾਨ ਆਪ ਝੁਲਾਇੰਦਾ । ਮੇਰਾ ਨਾਦ ਤੇਰੀ ਧੁਨਕਾਨ, ਧੁਨ ਧੁਨ ਵਿਚ ਰਖਾਇੰਦਾ । ਮੇਰਾ ਦਰ ਤੇਰਾ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਹੁਕਮ ਜਣਾਇੰਦਾ । ਸ਼ੰਕਰ ਸੁਣ ਲੈ ਅੰਗੜਾਈ, ਹਰਿ ਸਾਚੇ ਸਚ ਜਣਾਇਆ । ਹਰਿ ਸ਼ਬਦ ਕਰੀ ਕੁੜਮਾਈ, ਏਕਾ ਬੰਧਨ ਬੰਧ ਬੰਧਾਇਆ । ਤੇਰੀ ਸੇਵਾ ਸੇਵ ਲਗਾਈ, ਸੇਵਕ ਸੇਵਾ ਦਏ ਸਮਝਾਇਆ । ਵੇਖਣਹਾਰਾ ਸਭਨੀਂ ਥਾਈਂ, ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸੁਣਾਇਆ । ਵਿਸ਼ਨ ਬ੍ਰਹਮਾ ਸ਼ੰਕਰ ਹਰਿ ਮਿਹਰਵਾਨਾ, ਏਕਾ ਸ਼ਬਦ ਕਰੇ ਜਣਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਮਹਿਮਾ ਗਣਤ ਗਣੀ ਨਾ ਜਾਈਆ । ਸ਼ਾਹੋ ਭੂਪ ਵਡ ਸੁਲਤਾਨਾ, ਤਖ਼ਤ ਤਾਜ ਰਿਹਾ ਸੁਹਾਈਆ । ਤ੍ਰੈਗੁਣ ਮਾਇਆ ਕਰ ਪਰਧਾਨਾ, ਤ੍ਰੈ ਤ੍ਰੈ ਅੰਗ ਲਗਾਈਆ । ਏਕਾ ਬੱਧਾ ਸਾਚਾ ਗਾਨਾ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਬੈਠਾ ਹੁਕਮ ਸੁਣਾਈਆ । ਸਚਖੰਡ ਦਵਾਰਾ ਵਸਿਆ, ਹਰਿ ਸਾਚਾ ਆਪ ਵਸਾਇੰਦਾ । ਆਪਣੇ ਮੰਦਰ ਬਹਿ ਬਹਿ

ਹੱਸਿਆ, ਆਪ ਆਪਣਾ ਵੇਖ ਵਖਾਇੰਦਾ । ਆਪਣੇ ਰਸ ਆਪੇ ਹੋਏ ਰਸਿਆ, ਰਸਨਾ ਰਸ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਵੱਡੀ ਵਡਿਆਈ, ਸੋ ਪੁਰਖ ਨਿਰੰਜਣ ਸੋਭਾ ਪਾਇੰਦਾ । ਸ਼ਬਦ ਸੁੱਤ ਵੱਜੀ ਵਧਾਈ, ਘਰ ਸਾਚੇ ਮੰਗਲ ਗਾਇੰਦਾ । ਵਿਸ਼ਨੂੰ ਵਿਸ਼ਵ ਰਿਹਾ ਸਮਝਾਈ, ਨਾਮ ਭੰਡਾਰਾ ਝੋਲੀ ਪਾਇੰਦਾ । ਜਗਤ ਵਣਜਾਰਾ ਬਣ ਸਭਨੀਂ ਥਾਈਂ, ਘਰ ਘਰ ਰਿਜ਼ਕ ਪੁਚਾਇੰਦਾ । ਬ੍ਰਹਮੇ ਫੜ ਉਠਾਏ ਬਾਹੀਂ, ਸਚ ਹਲੂਣਾ ਏਕਾ ਲਾਇੰਦਾ । ਏਕਾ ਵਿਦਿਆ ਰਿਹਾ ਸਿਖਾਈ, ਚਾਰੇ ਵੇਦਾਂ ਮੁਖ ਸਾਲਾਹਿੰਦਾ । ਤੇਰੇ ਹੱਥ ਦੇਵੇ ਵਡਿਆਈ, ਬ੍ਰਹਮ ਰੂਪ ਪਾਰਬ੍ਰਹਮ ਤੇਰੀ ਝੋਲੀ ਪਾਇੰਦਾ । ਲੱਖ ਚੁਰਾਸੀ ਰਚਨ ਰਚਾਈ, ਰਚ ਰਚਨਾ ਵੇਖ ਵਖਾਇੰਦਾ । ਕਾਇਆ ਮਾਟੀ ਕੱਚ ਬਣਾਈ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਤੇਰੀ ਝੋਲੀ ਪਾਇੰਦਾ । ਮਨ ਮਤ ਬੁੱਧ ਵਿਚ ਧਰਾਈ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਨੌਂ ਦਵਾਰੇ ਖੋਲ੍ਹ ਵਖਾਈ, ਦਸਵਾਂ ਬੰਦ ਰਖਾਇੰਦਾ । ਬ੍ਰਹਮ ਅਣਸ ਨਾ ਰੂਪ ਜਣਾਈ, ਆਤਮ ਆਪਣਾ ਰੰਗ ਰੰਗਾਇੰਦਾ । ਪਰਮ ਆਤਮ ਸੰਗ ਨਿਭਾਈ, ਈਸ਼ ਜੀਵ ਵੇਖ ਵਖਾਇੰਦਾ । ਮੰਨਣਾ ਹੁਕਮ ਇਕ ਗੋਸਾਈਂ, ਗਹਿਰ ਗੰਭੀਰ ਆਪ ਸਮਝਾਇੰਦਾ । ਲੱਖ ਚੁਰਾਸੀ ਵੇਖੀਂ ਚਾਈਂ ਚਾਈਂ, ਚਾਰ ਕੁੰਟ ਦਹਿ ਦਿਸ਼ਾ ਵੰਡ ਵੰਡਾਇੰਦਾ । ਸ਼ੰਕਰ ਸੋਇਆ ਰਹਿਣ ਨਾ ਪਾਈ, ਪਾਰਬ੍ਰਹਮ ਆਪ ਜਗਾਇੰਦਾ । ਜੋ ਘੜਿਆ ਸੋ ਭੰਨ ਵਖਾਈਂ, ਥਿਰ ਦਿਸ ਕੋਇ ਨਾ ਆਇੰਦਾ । ਚਾਕਰ ਬਣ ਕੇ ਸੇਵ ਕਮਾਈਂ, ਸਾਚੀ ਸਿਖਿਆ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਰਚਾਏ ਸੱਚ, ਸਚ ਸੱਚਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਨਿਆ ਭਾਣਾ, ਦੋਏ ਜੋੜ ਕਰਨ ਨਿਮਸਕਾਰਿਆ । ਤੂੰ ਸਾਹਿਬ ਸੁਲਤਾਨ ਪਾਤਸ਼ਾਹ ਸ਼ਾਹ ਸੱਚਾ ਰਾਣਾ, ਹਉਂ ਤੇਰੇ ਦਰਬਾਰ ਦਰਬਾਨਿਆਂ । ਤੇਰੀ ਮੰਨੀਏ ਸਦਾ ਆਣਾ, ਤੇਰਾ ਹੁਕਮ ਧੁਰ ਫ਼ਰਮਾਨਿਆਂ । ਤੂੰ ਰੱਖਣਾ ਚਰਨ ਦਵਾਰੇ ਸਾਚਾ ਮਾਣਾਂ, ਹਉਂ ਬਾਲਕ ਬਾਲ ਨਿਧਾਨਿਆਂ । ਤੇਰਾ ਨਾਮ ਮਿਲੇ ਏਕਾ ਗਾਣਾ, ਦੂਸਰ ਦਿਸੇ ਨਾ ਰਾਗ ਤਰਾਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦੇਵੇ ਧੁਰ ਫ਼ਰਮਾਨਿਆਂ । ਧੁਰ ਫ਼ਰਮਾਣਾ ਸਾਚਾ ਬੋਲ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਵਜਾਏ ਏਕਾ ਢੋਲ, ਏਕੰਕਾਰਾ ਤਾਲ ਵਖਾਈਆ । ਆਦਿ ਨਿਰੰਜਣ ਪਰਦਾ ਆਪਣਾ ਦੇਵੇ ਖੋਲ੍ਹ, ਸ੍ਰੀ ਭਗਵਾਨ ਵੇਖ ਵਖਾਈਆ । ਅਬਿਨਾਸ਼ੀ ਕਰਤਾ ਕਰੇ ਸਦਾ ਚੋਲ੍ਹ, ਪਾਰਬ੍ਰਹਮ ਹੋਏ ਕੁੜਮਾਈਆ । ਬ੍ਰਹਮ ਰਹਿਣਾ ਮਾਤ ਅਡੋਲ, ਨਾ ਕੋਈ ਡੋਲੇ ਡੋਲ ਡੁਲਾਈਆ । ਅਗੰਮ ਅਗੰਮੜਾ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਵਿਸ਼ਨੂੰ ਅੰਦਰ ਆਪੇ ਮੌਲ, ਕਵਲ ਤੇਰੀ ਨਾਭ ਖੁਲ੍ਹਾਈਆ । ਤੇਰੀ ਰਚਨਾ ਰਚੇ ਉਪਰ ਧਵਲ, ਜਲ ਬਿੰਬ ਆਪ ਟਿਕਾਈਆ । ਆਪਣੀ ਇਛਿਆ ਜਾਏ ਮਵਲ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਰਿਹਾ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਦੋਏ ਜੋੜ ਦਰ ਮੰਗਣ ਬਣ ਭਿਖਾਰਿਆ । ਪਾਰਬ੍ਰਹਮ ਤੇਰੀ ਸਾਚੀ ਲੋੜ, ਤੇਰਾ ਦਰ ਹਉਂ ਵਣਜ ਵਣਜਾਰਿਆ । ਕਵਣ ਸੁ ਵੇਲਾ ਸਾਡੀ ਮਿਟੇ ਔੜ, ਅੰਮ੍ਰਿਤ ਝਿਰਨਾ ਤੇਰਾ ਝਿਰੇ ਅਗੰਮ ਅਪਾਰਿਆ । ਕਵਣ ਰੂਪ ਜਾਏ ਬੌਹੜ, ਲੋਕਮਾਤ ਵਿਚ ਸੰਸਾਰਿਆ । ਕਵਣ ਰੰਗ ਵੇਖੇ ਦੌੜ ਦੌੜ, ਅਜੂਨੀ ਰਹਿਤ ਬੇਐਬ ਪਰਵਰਦਿਗਾਰਿਆ । ਕਵਣ ਮੰਡਲ ਲਾਏ ਪੌੜ, ਗਗਨ ਗਗਨੰਤਰ ਦਏ ਸਹਾਰਿਆ । ਕਵਣ

ਤੰਦ ਬੰਧੇ ਡੋਰ, ਖਿਚੀ ਆਏ ਚਰਨ ਦਵਾਰਿਆ । ਕਵਣ ਰਾਜ ਕਵਣ ਦਿਸੇ ਜ਼ੋਰ, ਕਵਣ ਜੁਗਤ ਨਰ ਨਿਰੰਕਾਰਿਆ । ਕਵਣ ਰੂਪ ਕਰੇਂ ਪਰਕਾਸ਼ ਅੰਧ ਘੋਰ, ਲੇਖਾ ਵੇਖੇਂ ਸੂਰਜ ਚੰਨ ਸਿਤਾਰਿਆ । ਕਵਣ ਸੰਗ ਲੱਖ ਚੁਰਾਸੀ ਨਿਰਗੁਣ ਸਰਗੁਣ ਦੇਵੇਂ ਤੋੜ, ਕਵਣ ਬੇੜਾ ਪਾਰ ਕਰਾਏ ਜਗਤ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਢਹਿ ਪਏ ਤੇਰੇ ਦਵਾਰਿਆ । ਪੁਰਖ ਅਬਿਨਾਸ਼ੀ ਸਾਚਾ ਮੀਤਾ, ਏਕਾ ਸ਼ਬਦ ਸੁਣਾਇੰਦਾ । ਵਿਸ਼ਨੂੰ ਰਹਿਣਾ ਸਦਾ ਅਤੀਤਾ, ਹਰਿ ਸਾਚਾ ਵੇਖ ਵਖਾਇੰਦਾ । ਬ੍ਰਹਮੇ ਤੇਰੀ ਬ੍ਰਹਮ ਰੀਤਾ, ਪਾਰਬ੍ਰਹਮ ਆਪ ਚਲਾਇੰਦਾ । ਸ਼ੰਕਰ ਤੇਰਾ ਜਗਤ ਅੰਗੀਠਾ, ਆਪਣੇ ਤਤ ਆਪ ਤਪਾਇੰਦਾ । ਲੱਖ ਚੁਰਾਸੀ ਹਸਤ ਕੀਟਾ, ਜੂਨ ਅਜੂਨੀ ਆਪ ਉਪਜਾਇੰਦਾ । ਘਰ ਵਿਚ ਧਾਮ ਬਣਾਇਆ ਇਕ ਅਨਡੀਠਾ, ਸਾਚਾ ਮੰਦਰ ਆਪ ਸੁਹਾਇੰਦਾ । ਗੁਰੂਦਵਾਰ ਨਾ ਮੰਦਰ ਮਸੀਤਾ, ਸ਼ਿਵਦੁਆਲਾ ਮੱਠ ਨਾ ਕੋਇ ਰਖਾਇੰਦਾ । ਕੰਚਨ ਗੜ੍ਹ ਆਪੇ ਕੀਤਾ, ਦਸਮ ਦੁਆਰੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੂਪ ਆਪ ਸੁਹਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਹਰਿ ਸਮਝਾਇਆ, ਅੰਤਰ ਇਕ ਗਿਆਨ ਦ੍ਰਿੜਾਈਆ । ਨਿਰਗੁਣ ਆਪਣਾ ਰੂਪ ਧਰਾਇਆ, ਸਾਰ ਸ਼ਬਦ ਵੱਜੇ ਵਧਾਈਆ । ਸਚਖੰਡ ਦਵਾਰਾ ਬੰਕ ਬਣਾਇਆ, ਥਿਰ ਘਰ ਬੈਠਾ ਆਸਣ ਲਾਈਆ । ਤਖ਼ਤ ਤਾਜ ਆਪ ਵਡਿਆਇਆ, ਸ਼ਹਿਨਸ਼ਾਹ ਕਰੇ ਸੱਚੀ ਪਾਤਸ਼ਾਹੀਆ । ਸੀਸ ਤਾਜ ਇਕ ਟਿਕਾਇਆ, ਪੰਚਮ ਮੁਖੀ ਬੇਪਰਵਾਹੀਆ । ਸਤ ਰੰਗ ਨਿਸ਼ਾਨਾ ਰਿਹਾ ਝੁਲਾਇਆ, ਦਰਗਹਿ ਸਾਚੀ ਵੱਜੇ ਵਧਾਈਆ । ਧੁਰ ਫ਼ਰਮਾਣਾ ਹੁਕਮ ਸੁਣਾਇਆ, ਹੁਕਮੀ ਹੁਕਮ ਕਰੇ ਖੇਲ ਬੇਪਰਵਾਹੀਆ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਰੂਪ ਵਟਾਇਆ, ਅੰਸ ਬੰਸ ਵੱਡੀ ਵਡਿਆਈਆ । ਲੱਖ ਚੁਰਾਸੀ ਗੋਦ ਬਹਾਇਆ, ਲੋਕਮਾਤ ਵੇਖ ਵਖਾਈਆ । ਚੌਦਾਂ ਲੋਕ ਹੱਟ ਖੁਲ੍ਹਾਇਆ, ਤ੍ਰੈਭਵਣ ਆਪ ਸਮਾਈਆ । ਨਾਮ ਨਗਾਰਾ ਡੰਕ ਵਜਾਇਆ, ਏਕਾ ਨਾਦ ਹਰਿ ਅਲਾਈਆ । ਬੋਧ ਅਗਾਧ ਭੇਵ ਖੁਲ੍ਹਾਇਆ, ਬ੍ਰਹਮੇ ਕਰੇ ਪੜ੍ਹਾਈਆ । ਚਾਰੇ ਵੇਦਾਂ ਚਾਰੇ ਮੁਖ ਸਾਲਾਹਿਆ, ਚਾਰੇ ਕੁੰਟ ਫੇਰਾ ਪਾਈਆ । ਚਾਰੇ ਜੁਗ ਗੇੜ ਦਵਾਇਆ, ਚਾਰ ਵਰਨਾਂ ਵੇਖ ਵਖਾਇਆ, ਚਾਰੇ ਬਾਣੀ ਰੂਪ ਵਟਾਈਆ । ਚਾਰੇ ਖਾਣੀ ਵਿਚ ਸਮਾਇਆ, ਚਾਰੇ ਯਾਰੀ ਬੰਧਨ ਪਾਇਆ, ਪਰਮਾਨੰਦਨ ਆਪ ਦਸਾਈਆ । ਸਚ ਸੁਹਾਗੀ ਛੰਦਨ ਗਾਇਆ, ਬੱਤੀ ਦੰਦਨ ਨਾ ਤਾਲ ਵਜਾਇਆ, ਰਸਨਾ ਜਿਹਵਾ ਨਾ ਕੋਇ ਜਣਾਈਆ । ਸ਼ਬਦ ਅਗੰਮੀ ਤਾਰ ਹਲਾਇਆ, ਸਚ ਸਿਤਾਰ ਆਪ ਵਜਾਇਆ, ਜਗਤ ਸਾਰੰਗ ਨਾ ਹੱਥ ਉਠਾਈਆ । ਪੁਰਖ ਅਕਾਲ ਵੇਖ ਵਖਾਇਆ, ਦੀਨ ਦਿਆਲ ਦਇਆ ਕਮਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਵੱਖਰ ਬ੍ਰਹਮ ਪੜ੍ਹਨਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਸਾਚੇ ਪੌੜੇ ਏਕਾ ਚੜ੍ਹਨਾ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਸਚਖੰਡ ਦਵਾਰੇ ਸਾਚੇ ਵੜਨਾ, ਸਚ ਦਵਾਰਾ ਆਪ ਜਣਾਇੰਦਾ । ਸ੍ਰੀ ਭਗਵਾਨ ਲੜ ਏਕਾ ਫੜਨਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਵੰਡ ਵੰਡਾਇੰਦਾ । ਸਾਚੀ ਵੰਡ ਹਰਿ ਨਿਰੰਕਾਰ, ਆਪਣੀ ਆਪ ਵੰਡਾਈਆ । ਬ੍ਰਹਮੇ ਵਿਦਿਆ ਦਿਤੀ ਵੇਦ ਚਾਰ, ਵੇਦ ਵੇਦਾਂਤ ਮੁਖ ਸਾਲਾਹੀਆ । ਆਪਣਾ ਭੇਵ ਰੱਖੇ ਨਿਆਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਦੇਵੇ ਹੁਕਮ ਸੱਚੀ ਸਰਕਾਰ, ਸਿਰ ਸਿਰ ਮੰਨਣਾ ਸਭਨੀਂ ਥਾਈਆ । ਨੌ ਨੌ ਚਾਰ ਚੌਕੜੀ

ਖੇਲ ਵਿਚ ਸੰਸਾਰ, ਮਨ ਮਨਵੰਤ ਦੇਣ ਗਵਾਹੀਆ । ਏਕਾ ਸਾਤਾ ਕਰੇ ਪਿਆਰ, ਏਕਮ ਆਪਣੀ ਕਲ ਵਰਤਾਈਆ । ਚਾਰ ਚਾਰ ਚਾਰ ਜੁਗ ਉਤਰਨ ਪਾਰ, ਚਾਰ ਚਾਰ ਵੇਖ ਵਖਾਈਆ । ਲੱਖ ਚੁਰਾਸੀ ਪਸਰ ਪਸਾਰ, ਅਲੱਖ ਅਲੱਖਣਾ ਖੇਲ ਖਿਲਾਈਆ । ਆਵੇ ਜਾਵੇ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਈਆ । ਨਿਰਗੁਣ ਸਰਗੁਣ ਖੇਲ ਅਪਾਰਾ, ਹਰਿ ਸਾਚਾ ਸਚ ਸੁਹਾਇੰਦਾ । ਪਾਰਬ੍ਰਹਮ ਪ੍ਰਭ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਗੁਰ ਗੁਰ ਰੂਪ ਵਰਤੇ ਵਿਚ ਸੰਸਾਰਾ, ਸਤਿਗੁਰ ਆਪਣਾ ਰੂਪ ਦਰਸਾਇੰਦਾ । ਸੰਤਨ ਦੇਵੇ ਨਾਮ ਭੰਡਾਰਾ, ਸਾਚੀ ਵਸਤ ਝੋਲੀ ਪਾਇੰਦਾ । ਭਗਤ ਵਖਾਏ ਇਕ ਦਵਾਰਾ, ਸਚ ਦਵਾਰਾ ਆਪ ਖੁਲ੍ਹਾਇੰਦਾ । ਗੁਰਮੁਖਾਂ ਦੇਵੇ ਹਰਿ ਹੁਲਾਰਾ, ਹਰੀ ਹਰਿ ਹਰਿ ਮੇਲ ਮਿਲਾਇੰਦਾ । ਗੁਰਸਿਖਾਂ ਕਰੇ ਸਚ ਪਿਆਰਾ, ਆਤਮ ਸਾਚੀ ਸੇਜ ਹੰਢਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਅੰਧ ਅੰਧੇਰ ਮਿਟਾਇੰਦਾ । ਸ਼ਬਦ ਸੁਣਾਏ ਸੱਚੀ ਧੁਨਕਾਰਾ, ਅਨਹਦ ਨਾਦ ਵਜਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਭਰ ਪਿਆਲਾ ਜਾਮ ਪਿਆਇੰਦਾ । ਕਾਗ ਉਡਾਏ ਹੰਸ ਡਾਰਾ, ਕਾਗੋਂ ਹੰਸ ਰੂਪ ਵਟਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜਾ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਪੰਜ ਤਤ ਵਿਕਾਰਾ ਅਗਨੀ ਹਾੜਾ, ਆਸਾ ਤ੍ਰਿਸ਼ਨਾ ਆਪ ਮਿਟਾਇੰਦਾ । ਦਸਮ ਦੁਆਰੀ ਕਰ ਪਿਆਰਾ, ਹਰਿ ਆਪਣਾ ਖੇਲ ਖਿਲਾਇੰਦਾ । ਸੁਰਤ ਸਵਾਣੀ ਪਾਵੇ ਸਾਰਾ, ਸ਼ਬਦ ਹਾਣੀ ਮੇਲ ਮਿਲਾਇੰਦਾ । ਨਾਰੀ ਕੰਤ ਸੋਹਿਣ ਇਕ ਦਵਾਰਾ, ਏਕਾ ਸੇਜ ਹੰਢਾਇੰਦਾ । ਏਕਾ ਮੀਤ ਇਕ ਮੁਰਾਰਾ, ਏਕਾ ਸਖੀਆਂ ਮੰਗਲ ਗਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਤੇਰੀ ਸੁਣੇ ਅੰਤ ਪੁਕਾਰਾ, ਆਪਣਾ ਕੀਤਾ ਕੌਲ ਆਪ ਨਿਭਾਇੰਦਾ । ਚਾਰ ਜੁਗ ਕਰੇ ਆਰ ਪਾਰਾ, ਨੌ ਨੌ ਚਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਚਾਰ ਚੌਕੜੀ ਜੁਗ, ਆਪਣਾ ਗੇੜਾ ਆਪ ਦਵਾਇੰਦਾ । ਜੁਗ ਜੁਗ ਗੇੜਾ ਆਪ ਦਵੌਣਾ, ਹਰਿ ਸਾਚੇ ਕਲ ਵਰਤਾਈਆ । ਗੁਰ ਪੀਰ ਅਵਤਾਰ ਆਪ ਅਖਵੌਣਾ, ਨਿਰਗੁਣ ਸਰਗੁਣ ਰੂਪ ਵਟਾਈਆ । ਸ਼ਬਦੀ ਸ਼ਬਦ ਨਾਮ ਧਰੌਣਾ, ਸ਼ਬਦੀ ਸ਼ਬਦ ਕਰੇ ਜਣਾਈਆ । ਸਤਿ ਪੁਰਖ ਨਿਰੰਜਣ ਡੰਕ ਵਜੌਣਾ, ਉਚੀ ਕੂਕੇ ਦਏ ਦੁਹਾਈਆ । ਸਚ ਸਲੋਕ ਏਕਾ ਗੌਣਾ, ਸੋ ਪੁਰਖ ਨਿਰੰਜਣ ਬਣਤ ਬਣਾਈਆ । ਹੰ ਰੂਪ ਸਰਬ ਦਰਸੌਣਾ, ਬ੍ਰਹਮ ਈਸ਼ ਜੀਵ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਸਮਰਥ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਅਬਿਨਾਸ਼ੀ ਕਰਤਾ ਚਲਾਏ ਆਪਣਾ ਰਥ, ਰਥ ਰਥਵਾਹੀ ਵੇਸ ਵਟਾਇੰਦਾ । ਦੇਵਣਹਾਰਾ ਸਾਚੀ ਵਥ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਦਏ ਮਥ, ਕਲਜੁਗ ਵੇਲਾ ਅੰਤਮ ਆਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਏ ਨੱਥ, ਗਗਨ ਪਾਤਾਲਾਂ ਵੇਖ ਵਖਾਇੰਦਾ । ਅੰਡਜ ਜੇਰਜ ਕਰੇ ਭੱਠ, ਉਤਭੁਜ ਸੇਤਜ ਫੋਲ ਫੁਲਾਇੰਦਾ । ਆਪੇ ਜਾਣੇ ਆਪਣਾ ਘਾਟ, ਆਪਣਾ ਬੇੜਾ ਆਪ ਚਲਾਇੰਦਾ । ਪਾਂਧੀ ਪਾਹੀ ਆਪਣੀ ਜਾਣੇ ਵਾਟ, ਆਪਣਾ ਪੈਂਡਾ ਆਪ ਮੁਕਾਇੰਦਾ । ਚੌਦਾਂ ਤਬਕਾਂ ਵੇਖੇ ਹਾਟ, ਚੌਦਾਂ ਲੋਕਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਾਰ ਕਰੇ ਕਰਤਾਰਾ, ਕਾਦਰ ਕਰਤਾ ਕਰੀਮ ਆਪਣਾ ਨਾਉਂ ਧਰਾਈਆ । ਲੋਕਮਾਤ ਲੈ ਅਵਤਾਰਾ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਦਏ ਹੁਲਾਰਾ, ਚਾਰੇ

ਵਰਨਾਂ ਵੇਖ ਵਖਾਈਆ । ਚਾਰੇ ਕੂਟਾਂ ਪਾਵੇ ਸਾਰਾ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਧੁਰ ਦਰਗਾਹ, ਦਰ ਦਰਵੇਸ਼ਾ ਆਪ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਬਣਿਆ ਆਪ ਮਲਾਹ, ਜਗਤ ਨੱਯਾ ਆਪ ਚਲਾਇੰਦਾ । ਬਾਵਣ ਰਾਮਾ ਰੂਪ ਵਟਾ, ਕਾਹਨਾ ਕ੍ਰਿਸ਼ਨਾ ਖੇਲ ਖਿਲਾਇੰਦਾ । ਤੀਰ ਕਮਾਨਾ ਹੱਥ ਉਠਾ, ਰਥ ਰਥਵਾਹੀ ਰਥ ਚਲਾਇੰਦਾ । ਅੰਤਮ ਲੇਖਾ ਗਿਆ ਮੁਕਾ, ਲਹਿਣਾ ਲਹਿਣੇ ਝੋਲੀ ਪਾਇੰਦਾ । ਭਗਤ ਭਗਵੰਤ ਲਏ ਮਿਲਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਵੱਛ ਸਰੂਪੀ ਦਰਸ ਦਿਖਾ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਨੇਤਰ ਗਿਆਨ ਇਕ ਖੁਲ੍ਹਾ, ਨਿਜ ਨੇਤਰ ਆਪਣਾ ਰੂਪ ਦਰਸਾਇੰਦਾ । ਸਾਚੇ ਪੌੜੇ ਦਏ ਚੜ੍ਹਾ, ਚੌਥੇ ਪਦ ਸਮਾਇੰਦਾ । ਪੰਚਮ ਧੁਨ ਰਾਗ ਅਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਜੁਗ ਜੁਗ ਕਾਰ ਕਰਨ ਕਾਰਨ ਕਰਤਾਰ, ਕਲਜੁਗ ਆਪਣਾ ਖੇਲ ਖਿਲਾਈਆ । ਈਸਾ ਮੂਸਾ ਕਰ ਤਿਆਰ, ਸੰਗ ਮੁਹੰਮਦ ਚਾਰ ਯਾਰ ਏਕਾ ਘਰ ਕਰੀ ਕੁੜਮਾਈਆ । ਅੰਜੀਲ ਕੁਰਾਨਾਂ ਦਏ ਆਧਾਰ, ਕਲਮਾ ਅਮਾਮ ਆਪ ਪੜ੍ਹਾਈਆ । ਨਬੀ ਰਸੂਲਾਂ ਕਰ ਉਰਧਾਰ, ਨੂਰ ਨੁਰਾਨਾ ਨੂਰ ਦਰਸਾਈਆ । ਹੱਕ ਹਕੀਕਤ ਵਖਾਏ ਸਾਂਝਾ ਯਾਰ, ਬੇਐਬ ਪਰਵਰਦਿਗਾਰ ਆਪਣਾ ਨਾਉਂ ਧਰਾਈਆ । ਦੋ ਜਹਾਨਾਂ ਪਾਵੇ ਸਾਰ, ਹੱਕ ਹਕੀਕਤ ਵੇਖੇ ਥਾਉਂ ਥਾਈਂਆ । ਸਾਲਸ ਬਣੇ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਏਕੰਕਾਰ ਵੇਸ ਅਵੱਲੜਾ, ਆਦਿ ਜੁਗਾਦਿ ਕਰਾਇੰਦਾ । ਗੁਰਮੁਖਾਂ ਕਰੇ ਭਾਰੀ ਪਲੜਾ, ਬੇਮੁਖ ਹੌਲੇ ਭਾਰ ਰਖਾਇੰਦਾ । ਆਪਣਾ ਮਾਰਗ ਦੱਸੇ ਸੁਖੱਲੜਾ, ਸਾਚੇ ਮਾਰਗ ਆਪ ਚਲਾਇੰਦਾ । ਨੇਹਚਲ ਧਾਮ ਵਖਾਏ ਅਟੱਲੜਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਆਪਣੀ ਜੋਤੀ ਆਪੇ ਰਲੜਾ, ਸ਼ਬਦ ਸ਼ਬਦੀ ਢੋਲਾ ਗਾਇੰਦਾ । ਆਪੇ ਹੋਏ ਅਛਲ ਅਛਲੜਾ, ਵਲ ਛਲ ਧਾਰੀ ਆਪਣਾ ਖੇਲ ਖਿਲਾਇੰਦਾ । ਆਪੇ ਨਿਰਗੁਣ ਸਰਗੁਣ ਅੰਦਰ ਸਚ ਸਿੰਘਾਸਣ ਮਲੜਾ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ, ਆਦਿ ਜੁਗਾਦੀ ਇਕ ਅਵਤਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਹਰਿ ਅਵਤਾਰਾ ਖੇਲ ਅਪਾਰਾ, ਨਿਰਗੁਣ ਧਾਰਾ ਨਰ ਹਰਿ ਆਪਣੀ ਆਪ ਚਲਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਰੂਪ ਅਨੂਪ ਸੱਚੀ ਸਰਕਾਰਾ, ਰੇਖ ਭੇਖ ਨਾ ਕੋਇ ਵਖਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਆਪੇ ਬੰਨ੍ਹੇ ਆਪਣੀ ਧਾਰਾ, ਪੰਜ ਤਤ ਕਰ ਪਿਆਰਾ, ਦੀਵਾ ਬਾਤੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਵਖਾਇੰਦਾ । ਘਰ ਸੱਚੇ ਸਾਹਿਬ ਸੁਲਤਾਨ, ਸਤਿ ਪੁਰਖ ਨਿਰੰਜਣ ਏਕਾ ਵਸਿਆ । ਸਤਿਗੁਰ ਪੂਰਾ ਹੋ ਮਿਹਰਵਾਨ, ਲੋਕਮਾਤ ਫਿਰੇ ਨੱਸਿਆ । ਧੁਰਦਰਗਾਹੀ ਸਚ ਨਿਸ਼ਾਨ, ਹਰਿਜਨ ਸਾਚੇ ਏਕਾ ਦੱਸਿਆ । ਸ਼ਬਦ ਸੁਣਾਏ ਸਾਚੇ ਕਾਨ, ਮੇਟੇ ਰੈਣ ਅੰਧੇਰੀ ਮੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਰਵ ਸਸਿਆ । ਲੇਖਾ ਜਾਨਣਹਾਰਾ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਜਣਾਇੰਦਾ । ਲੋਕਮਾਤ ਖੇਲ ਅਪਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਨਾਮ ਸਤਿ ਬੋਲ ਜੈਕਾਰ, ਨਾਨਕ ਆਪਣਾ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਵਸਿਆ ਬਾਹਰ, ਆਪ ਆਪਣੀ ਕਲ ਵਰਤਾਇੰਦਾ ।

੭੩੫

੭੩੬

ਚਾਰ ਵਰਨਾਂ ਕਰੇ ਪਿਆਰ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਇ ਵਖਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਦੇਵੇ ਇਕ ਗਿਆਨ, ਅੰਜੀਲ ਕੁਰਾਨ ਏਕਾ ਸਬਕ ਪੜ੍ਹਾਇੰਦਾ । ਪੰਡਤ ਪਾਂਧੇ ਵੇਖੇ ਮਾਰ ਧਿਆਨ, ਨਿਗਹਵਾਨ ਆਪਣਾ ਨਾਉਂ ਧਰਾਇੰਦਾ । ਨਾਤਾ ਤੋੜੇ ਪੰਜ ਸ਼ੈਤਾਨ, ਜੋ ਜਨ ਸਰਨਾਈ ਆਇੰਦਾ । ਇਕ ਉਪਜਾਏ ਬ੍ਰਹਮ ਗਿਆਨ, ਆਤਮ ਵਿਦਿਆ ਇਕ ਪੜ੍ਹਾਇੰਦਾ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਵਤਾਰ ਰੂਪ ਅਨੂਪ ਆਪ ਵਟਾਇੰਦਾ । ਨਾਨਕ ਸਤਿਗੁਰ ਸਰਬ ਜੀਅ ਦਾਤਾ, ਲੋਕਮਾਤ ਵੇਖ ਵਖਾਈਆ । ਚੌਥੇ ਜੁਗ ਸਤਿ ਨਿਸ਼ਾਨ ਝੁਲਾਤਾ, ਬੋਧ ਅਗਾਧ ਵੱਡੀ ਵਡਿਆਈਆ । ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਚੰਦ ਇਕ ਚੜ੍ਹਾਈਆ । ਸਤਿਨਾਮ ਸਾਚੀ ਗਾਥਾ, ਊਚਾਂ ਨੀਚਾਂ ਕਰੇ ਪੜ੍ਹਾਈਆ । ਸਰਬ ਜੀਆਂ ਦਾ ਏਕੋ ਪਿਤਾ ਮਾਤਾ, ਪੁਰਖ ਅਕਾਲ ਰਿਹਾ ਸਮਝਾਈਆ । ਬਿਨ ਸਤਿਗੁਰ ਪੂਰੇ ਵੇਲੇ ਅੰਤ ਨਾ ਪੁੱਛੇ ਕੋਈ ਵਾਤਾ, ਰਾਏ ਧਰਮ ਦਏ ਸਜ਼ਾਈਆ । ਮਾਨਸ ਜਨਮ ਪੂਰਾ ਕਰੇ ਨਾ ਕੋਈ ਘਾਟਾ, ਕਲਜੁਗ ਜੂਏ ਜਨਮ ਗਿਆ ਹਰਾਈਆ । ਲੇਖਾ ਚੁਕੇ ਤੀਰਥ ਤਾਟਾ, ਜਿਸ ਸਤਿਗੁਰ ਮਿਲਿਆ ਬੇਪਰਵਾਹੀਆ । ਜੋਤ ਜਗਾਏ ਕਾਇਆ ਮਾਟਾ, ਦਿਵਸ ਰੈਣ ਹੋਏ ਰੁਸ਼ਨਾਈਆ । ਲੇਖ ਜਾਣੇ ਮਸਤਕ ਲਿਲਾਟਾ, ਲੇਖਾ ਲਿਖਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਏਕਾ ਆਪਣੀ ਕਲ ਵਰਤਾਈਆ । ਕਲਜੁਗ ਕਲ ਨਾਨਕ ਧਾਰ, ਨਿਰਗੁਣ ਸਰਗੁਣ ਆਪ ਚਲਾਇੰਦਾ । ਸ੍ਰਿਸ਼ਟ ਸਬਾਈ ਕਰ ਪਿਆਰ, ਨੌ ਖੰਡ ਪ੍ਰਿਥਮੀ ਗਲੇ ਲਗਾਇੰਦਾ । ਸੱਤਾਂ ਦੀਪਾਂ ਹੋ ਉਜਿਆਰ, ਸਤਿ ਸਤਿਵਾਦੀ ਹੁਕਮ ਸੁਣਾਇੰਦਾ । ਹਰਿ ਕਾ ਸ਼ਬਦ ਸੱਚਾ ਪਿਆਰ, ਸਾਚਾ ਸ਼ਬਦੀ ਮਾਤ ਲਗਾਇੰਦਾ । ਹਰਿ ਕਾ ਨਾਉਂ ਮੀਤ ਮੁਰਾਰ, ਸਗਲਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਕਲ ਵਰਤਾਇੰਦਾ । ਸਤਿਗੁਰ ਨਾਨਕ ਚਾਰ ਵਰਨ ਜਣਾਇਆ, ਊਚ ਨੀਚ ਰਹਿਣ ਨਾ ਪਾਈਆ । ਜੋ ਘੜਿਆ ਸੋ ਭੰਨ ਵਖਾਇਆ, ਥਿਰ ਕੋਇ ਦਿਸ ਨਾ ਆਈਆ । ਹੰਕਾਰੀਆਂ ਗੜ੍ਹ ਦਏ ਤੁੜਾਇਆ, ਨਾਮ ਖੰਡਾ ਏਕਾ ਚਮਕਾਈਆ । ਬ੍ਰਹਿਮੰਡਾਂ ਖੰਡਾਂ ਖੋਜ ਖੋਜਾਇਆ, ਜੇਰਜ ਅੰਡਾਂ ਫੋਲ ਫੋਲਾਈਆ । ਸਦ ਬਖ਼ਸ਼ੰਦ ਆਪਣਾ ਨਾਉਂ ਧਰਾਇਆ, ਗੁਣੀ ਗਹਿੰਦਾ ਬੇਪਰਵਾਹੀਆ । ਮਨਮੁਖ ਜੀਵਾਂ ਨਿੰਦਿਆ ਰਿਹਾ ਕਰਾਇਆ, ਨਿੰਦਕ ਨਿੰਦਿਆ ਮੁਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪ ਆਪਣੀ ਬੂਝ ਬੁਝਾਈਆ । ਨਾਨਕ ਹਰਿ ਹਰਿ ਜਾਣਿਆ, ਸਚਖੰਡ ਨਿਵਾਸੀ ਗਹਿਰ ਗੰਭੀਰ । ਆਪਣਾ ਮੂਲ ਆਪ ਪਛਾਣਿਆ, ਸਤਿ ਹੋਇਆ ਸਾਂਤ ਸਰੀਰ । ਆਪੇ ਚਲੇ ਹਰਿ ਹਰਿ ਭਾਣਿਆ, ਚੋਟੀ ਬੈਠਾ ਚੜ੍ਹ ਅਖ਼ੀਰ । ਪਾਇਆ ਪੁਰਖ ਇਕ ਸੁਲਤਾਨਿਆ, ਵਡ ਜੋਧਾ ਸੂਰਬੀਰ । ਸਾਚੇ ਘਰ ਹੋਇਆ ਪਰਵਾਨਿਆ, ਅੰਮ੍ਰਿਤ ਮਿਲਿਆ ਠੰਡਾ ਸੀਰ । ਗੁਣਵੰਤਾ ਗੁਣ ਨਿਧਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਲੇਖਾ ਜਾਣੇ ਪੀਰਨ ਪੀਰ । ਏਕਾ ਜੋਤ ਜੋਤ ਅਕਾਲਾ, ਅਕਲ ਕਲਾ ਅਖਵਾਈਆ । ਏਕਾ ਜੋਤ ਦਸ ਦਸ ਮਾਲਾ, ਮੂੰਡ ਮੁੰਨਿਆਂ ਆਪ ਲਟਕਾਈਆ । ਏਕਾ ਜੋਤ ਤ੍ਰੈ ਤ੍ਰੈ ਕਾਲਾ, ਤ੍ਰੈ ਦਰਸੀ ਖੇਲ ਖਿਲਾਈਆ । ਏਕਾ ਜੋਤ ਸੱਚੀ ਧਰਮਸਾਲਾ, ਸਚਖੰਡ ਵਸੇ ਬੇਪਰਵਾਹੀਆ । ਏਕਾ ਜੋਤ ਕਾਲ ਮਹਾਂਕਾਲਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਖੇਲ ਅਪਾਰਾ, ਨਾਨਕ ਗੋਬਿੰਦ ਸਾਚੀ ਧਾਰਾ, ਸਿੰਘ ਆਪਣਾ ਰੂਪ ਵਟਾਈਆ । ਨਾਨਕ ਗੋਬਿੰਦ ਹਰਿ ਕਰਤਾਰ, ਮਾਟੀ ਤਤ ਭੇਵ ਨਾ ਰਾਇਆ । ਸ਼ਬਦ ਡੰਕਾ ਅਪਰ ਅਪਾਰ, ਬਾਜ਼ੀਗਰ ਨਾਟੀ ਖੇਲ ਖਿਲਾਇਆ । ਕਲਜੁਗ ਹਾਟੀ ਵਣਜ ਵਪਾਰ, ਤੀਰਥ ਤਾਟੀ ਵੇਖ ਵਖਾਇਆ । ਔਖੀ ਘਾਟੀ ਚੜ੍ਹਨੇਹਾਰ, ਆਪਣਾ ਪੈਂਡਾ ਰਿਹਾ ਮੁਕਾਇਆ । ਉਚੀ ਕੂਕ ਕਰੇ ਪੁਕਾਰ, ਸ੍ਰਿਸ਼ਟ ਸਬਾਈ ਦਏ ਸਮਝਾਇਆ । ਕਲਜੁਗ ਅੰਤਮ ਪਾਵੇ ਸਾਰ, ਵਡ ਦਾਤਾ ਬੇਪਰਵਾਹਿਆ । ਨਿਹਕਲੰਕ ਲਏ ਅਵਤਾਰ, ਨਾਨਕ ਨਿਰਗੁਣ ਇਕ ਜਣਾਇਆ । ਗੋਬਿੰਦ ਸੱਚਾ ਸ਼ਾਹ ਅਸਵਾਰ, ਸਾਚਾ ਘੋੜਾ ਰਿਹਾ ਦੌੜਾਇਆ । ਲੋਆਂ ਪੁਰੀਆਂ ਆਰ ਪਾਰ, ਆਪਣੇ ਚਰਨਾਂ ਹੇਠ ਰਖਾਇਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਸ਼ਬਦ ਮਿਲਾਇਆ । ਪੰਚਮ ਮੀਤਾ ਮੀਤ ਮੁਰਾਰ, ਭਰ ਪਿਆਲਾ ਜਾਮ ਪਿਆਇਆ । ਆਪੇ ਢਹਿ ਢਹਿ ਪਏ ਦਵਾਰ, ਆਪਣੀ ਝੋਲੀ ਅੱਗੇ ਡਾਹਿਆ । ਜੀਵ ਜੰਤ ਨਾ ਪਾਏ ਸਾਰ, ਪੁਰਖ ਅਕਾਲ ਖੇਲ ਰਚਾਇਆ । ਕਲਜੁਗ ਅੰਤਮ ਆਏ ਵਾਰ, ਗੁਰ ਗੋਬਿੰਦ ਆਪਣਾ ਤਨ ਲਏ ਛੁਪਾਇਆ । ਗੁਰਸਿਖਾਂ ਅੰਦਰ ਕਰੇ ਜੋਤ ਆਕਾਰ, ਨਿਰਗੁਣ ਨੂਰ ਹੋਏ ਰੁਸ਼ਨਾਇਆ । ਉਚੀ ਕੂਕੇ ਸ਼ਬਦ ਜੈਕਾਰ, ਸਾਚਾ ਨਾਅਰਾ ਦਏ ਸੁਣਾਇਆ । ਕਲ ਕਲਕੀ ਲੈ ਅਵਤਾਰ, ਕਲ ਕਲਕਾ ਰੂਪ ਵਟਾਇਆ । ਸੰਬਲ ਨਗਰੀ ਧਾਮ ਨਿਆਰ, ਘਰ ਸਾਚੇ ਡੇਰਾ ਲਾਇਆ । ਜੋਤ ਇਕਗਰੀ ਜਗੇ ਵਿਚ ਸੰਸਾਰ, ਤੇਲ ਬਾਤੀ ਨਾ ਕੋਇ ਰਖਾਇਆ । ਕਮਲਾਪਾਤੀ ਬਣੇ ਸਾਂਝਾ ਯਾਰ, ਸਗਲਾ ਸੰਗ ਇਕ ਰਖਾਇਆ । ਅੰਧੇਰੀ ਰਾਤੀ ਹੋਏ ਧੂੰਆਂਧਾਰ, ਰਵ ਸਸ ਮੁਖ ਸ਼ਰਮਾਇਆ । ਰਾਜ ਰਾਜਾਨ ਸ਼ਾਹ ਸੁਲਤਾਨ ਜਾਇਣ ਹਾਰ, ਕਲਜੁਗ ਅੰਤਮ ਕੂਕੇ ਦਏ ਦੁਹਾਇਆ । ਚਾਰ ਵਰਨ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇਆ । ਧਰਤੀ ਕੂਕੇ ਕਰੇ ਪੁਕਾਰ, ਕਾਲ ਖੁਲ੍ਹੜੇ ਕੇਸ ਵਖਾਇਆ । ਪੀਰ ਫ਼ਕੀਰ ਨਾ ਕੋਇ ਸਹਾਰ, ਅੱਲਾ ਰਾਣੀ ਨੈਣ ਮਟਕਾਇਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਜੋਤੀ ਜਾਮਾ ਭੇਖ ਵਟਾਇਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੇਖ ਵਖਾਇਆ । ਸਾਚੇ ਸੰਤਾਂ ਕਰੇ ਪਿਆਰ, ਕਾਇਆ ਮੰਦਰ ਖੋਜ ਖੋਜਾਇਆ । ਭਗਤਾਂ ਦੇਵੇ ਭਗਤੀ ਆਧਾਰ, ਭਗਵਨ ਆਪਣਾ ਮੇਲ ਮਿਲਾਇਆ । ਗੁਰਮੁਖਾਂ ਕਰੇ ਤਨ ਸ਼ੰਗਾਰ, ਨਾਮ ਬਸਤਰ ਏਕਾ ਪਾਇਆ । ਗੁਰਸਿਖਾਂ ਅੰਮ੍ਰਿਤ ਦੇਵੇ ਠੰਡਾ ਠਾਰ, ਨਾਮ ਨਿਧਾਨਾ ਜਾਮ ਪਿਆਇਆ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਆਪ ਆਪਣੀ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਇਆ । ਰੰਗ ਰਤੜਾ ਪਾਰਬ੍ਰਹਮ, ਆਦਿ ਨਿਰੰਜਣ ਵਡ ਵਡਿਆਈਆ । ਪੁਰਖ ਅਬਿਨਾਸ਼ੀ ਨਾ ਮਰੇ ਨਾ ਪਏ ਜੰਮ, ਸ੍ਰੀ ਭਗਵਾਨ ਮਾਤ ਗਰਭ ਨਾ ਡੇਰਾ ਲਾਈਆ । ਸੋ ਪੁਰਖ ਨਿਰੰਜਣ ਨਾ ਖ਼ੁਸ਼ੀ ਨਾ ਕੋਈ ਗ਼ਮ, ਹਰਿ ਪੁਰਖ ਨਿਰੰਜਣ ਆਲਸ ਨਿੰਦਰਾ ਵਿਚ ਨਾ ਆਈਆ । ਪਾਰਬ੍ਰਹਮ ਪਵਣ ਸਵਾਸੀ ਲਏ ਨਾ ਦਮ, ਰਸਨਾ ਜਿਹਵਾ ਨਾ ਕੋਇ ਹਲਾਈਆ । ਆਪੇ ਕਰੇ ਆਪਣਾ ਕੰਮ, ਲੱਖ ਚੁਰਾਸੀ ਵੇਖ ਵਖਾਈਆ । ਲੇਖਾ ਜਾਣੇ ਛੱਪਰੀ ਛੰਨ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਜਲ ਥਲ ਮਹੀਅਲ ਬੇੜਾ ਦੇਵੇ ਬੰਨ੍ਹ, ਸਮੁੰਦ ਸਾਗਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਜੁਗ ਜੁਗ ਵਡਿਆਈ ਹੱਥ

ਕਰਤਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇੰਦਾ । ਹੁਕਮੇ ਅੰਦਰ ਗੁਰ ਪੀਰ ਅਵਤਾਰ, ਸਾਧ ਸੰਤ ਫੇਰੀ ਪਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਭਾਂਡੇ ਆਪ ਬਣਾਇੰਦਾ । ਏਕਾ ਵਸਤ ਰੱਖੇ ਹਰਿ ਥਾਰ, ਦਰ ਘਰ ਸਾਚੇ ਆਪ ਟਿਕਾਇੰਦਾ । ਪਾਰਬ੍ਰਹਮ ਬ੍ਰਹਮ ਕਰ ਉਜਿਆਰ, ਈਸ਼ ਜੀਵ ਬਣਤ ਬਣਾਇੰਦਾ । ਆਪੇ ਘੜੇ ਭੰਨੇ ਬਣ ਠਠਿਆਰ, ਕੋਲੂ ਚੱਕੀ ਚੱਕ ਆਪ ਭਵਾਇੰਦਾ । ਆਪੇ ਰੱਖੇ ਤਿਖੀ ਧਾਰ, ਆਪੇ ਆਪਣਾ ਮੁਖ ਭਵਾਇੰਦਾ । ਆਪੇ ਸੁੱਖ ਜਾਣੇ ਸੰਸਾਰ, ਆਪੇ ਦੁੱਖੀ ਦੁੱਖ ਫਿਰਾਇੰਦਾ । ਆਪੇ ਮਾਣਸ ਮਾਨੁਖ ਲਏ ਉਭਾਰ, ਆਪੇ ਖ਼ਾਕੀ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਅਪਾਰਾ, ਆਵੇ ਜਾਵੇ ਵਾਰੋ ਵਾਰਾ, ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਸਾਚੇ ਮੰਦਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ ਦਿਸ ਕਿਸੇ ਨਾ ਆਇੰਦਾ ।

### ❊ ੩ ਹਾੜ ੨੦੧੭ ਬਿਕ੍ਰਮੀ ਸੁਰੈਣ ਸਿੰਘ ਦੇ ਘਰ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❊

ਗੁਰਸਿਖ ਜੋਬਨ ਵੰਤ, ਜੋਬਨ ਹਰਿ ਹਰਿ ਨਾਮ ਵਡਿਆਈਆ । ਗੁਰਮੁਖ ਸੋਭਾਵੰਤ, ਘਰ ਸਚ ਸ਼ੰਗਾਰ ਕਰਾਈਆ । ਗੁਰਮੁਖ ਵਰ ਮੰਗੇ ਸਾਚਾ ਕੰਤ, ਸਤਿ ਪੁਰਖ ਨਿਰੰਜਣ ਇਕ ਰਘੁਰਾਈਆ । ਗੁਰਮੁਖ ਆਸਾ ਮਨਸਾ ਪੂਰ ਕਰੰਤ, ਪਾਰਬ੍ਰਹਮ ਵਡ ਵਡਿਆਈਆ । ਗੁਰਮੁਖ ਇਕ ਵਖਾਣੇ ਮਣੀਆ ਮੰਤ, ਜਿਹਵਾ ਰਸਨਾ ਹਰਿ ਹਰਿ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਜੋਬਨ ਵੇਖ ਵਖਾਈਆ । ਗੁਰਸਿਖ ਜੋਬਨ ਰਤੜਾ, ਲਾਲ ਗੁਲਾਲਾ ਰੰਗ ਅਪਾਰ । ਦਰ ਘਰ ਸਾਚੇ ਬੈਠਾ ਵੱਖਰਾ, ਆਪ ਆਪਣੀ ਕਰ ਵਿਚਾਰ । ਸਗਲ ਵਿਸੂਰਾ ਜਗਤ ਲਬੜਾ, ਚਿੰਤਾ ਸੋਗ ਨਾ ਕੋਇ ਪਿਆਰ । ਲਾਲ ਰੰਗੀਲਾ ਰੰਗ ਚੜ੍ਹਾਏ ਹਥੜਾ, ਜਗਤ ਮੈਂਹਦੀ ਹੋਏ ਖ਼ਵਾਰ । ਮੇਲ ਮਿਲਾਵਾ ਕਮਲਾਪਤੜਾ, ਪਤ ਪਤਿਵੰਤਾ ਹਰਿ ਕਰਤਾਰ । ਇਕ ਚੜ੍ਹਾਏ ਸਾਚੇ ਰਥੜਾ, ਰਥ ਰਥਵਾਹੀ ਸੱਚਾ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜੋਬਨ ਦਏ ਹੁਲਾਰ । ਹਰਿਜਨ ਜੋਬਨ ਜਗਤ ਜਵਾਨੀ, ਸਤਿਗੁਰ ਸੱਚੀ ਸਰਨਾਈਆ । ਸ਼ਬਦ ਮਿਲਾਵਾ ਏਕਾ ਹਾਣੀ, ਹਰਿ ਹਰਿ ਕੰਤ ਮਨਾਈਆ । ਘਰ ਅੰਦਰ ਅੰਮ੍ਰਿਤ ਠੰਡਾ ਪਾਣੀ, ਨੀਰ ਸੀਰ ਵਹਾਈਆ । ਬੰਕ ਦਵਾਰਾ ਅਨਹਦ ਬਾਣੀ, ਦਿਵਸ ਰੈਣ ਆਪ ਜਣਾਈਆ । ਸਚ ਮਕਾਨਾ ਪਦ ਨਿਰਬਾਨੀ, ਪਾਰਬ੍ਰਹਮ ਆਪ ਵਖਾਈਆ । ਅਕਥ ਕਥ ਸੁਣਾਏ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਗੁਰਮੁਖ ਬਣਾਏ ਸਾਚੀ ਰਾਣੀ, ਸਚ ਮਹੱਲ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜੋਬਨ ਦਏ ਵਡਿਆਈਆ । ਹਰਿਜਨ ਜੋਬਨ ਸਾਚਾ ਸੁਖ, ਸੁਖ ਸਾਗਰ ਰੂਪ ਸਮਾਇੰਦਾ । ਸਤਿਗੁਰ ਮੇਟੇ ਹਉਮੇ ਦੁੱਖ, ਘਰ ਪੀਆ ਪ੍ਰੀਤਮ ਮੇਲ ਮਿਲਾਇੰਦਾ । ਦਰਸ ਦਿਖਾਏ ਪੜਦਾ ਚੁਕ, ਨੇਤਰ ਨੈਣ ਮਟਕਾਇੰਦਾ । ਬਾਲ ਅਵਸਥਾ ਜੋ ਰਿਹਾ ਲੁੱਕ, ਆਪ ਆਪਣਾ ਭੇਵ ਖੁਲ੍ਹਾਇੰਦਾ । ਵੇਖਣਹਾਰਾ ਝੁਕ ਝੁਕ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਬਨ ਰੰਗ ਇਕ ਚੜ੍ਹਾਇੰਦਾ । ਗੁਰਮੁਖ ਜੋਬਨ ਰੰਗ ਕਰਤਾਰ,

੭੩੮

ਸਤਿਗੁਰ ਸਾਚਾ ਆਪ ਰੰਗਾਈਆ । ਲੋਕਮਾਤ ਲੈ ਅਵਤਾਰ, ਹਰਿਜਨ ਸਾਚੇ ਵੇਖ ਵਖਾਈਆ । ਸ਼ਬਦ ਵਿਚੋਲਾ ਬਣੇ ਵਿਚ ਸੰਸਾਰ, ਦਿਸ ਕਿਸੇ ਨਾ ਆਈਆ । ਗੋਲਾ ਬਣੇ ਦਰ ਪਨਹਾਰ, ਪੱਖਾ ਫੇਰ ਸੇਵ ਕਮਾਈਆ । ਸਚ ਕਰਾਏ ਤਨ ਸ਼ੰਗਾਰ, ਏਕਾ ਅਲਫ਼ੀ ਹੱਥ ਉਠਾਈਆ । ਅੰਦਰ ਬਾਹਰ ਏਕਾ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੋਬਨ ਵੇਖੇ ਸ਼ਹਿਨਸ਼ਾਹੀਆ । ਗੁਰਮੁਖ ਜੋਬਨ ਪਾਇਆ, ਸਤਿਗੁਰ ਚਰਨ ਦਵਾਰ । ਸਤਿਗੁਰ ਪੂਰਾ ਦਇਆ ਕਮਾਇਆ, ਏਕਾ ਭਰੇ ਸਚ ਭੰਡਾਰ । ਸਚ ਭੰਡਾਰਾ ਆਪ ਵਰਤਾਇਆ, ਅਸਥਲ ਸੋਹਣ ਘਰ ਚੁਬਾਰ । ਘਰ ਚੁਬਾਰੇ ਫੇਰਾ ਪਾਇਆ, ਆਪ ਆਪਣੀ ਕਿਰਪਾ ਧਾਰ । ਕਿਰਪਾ ਨਿਧ ਨਾਉਂ ਰਖਾਇਆ, ਦਿਸ ਨਾ ਆਏ ਵਿਚ ਸੰਸਾਰ । ਸੰਸਾਰ ਸਾਗਰ ਵਰੋਲ ਵਖਾਇਆ, ਨਾਮ ਨਿਧਾਨਾ ਦਏ ਹੁਲਾਰ । ਨਾਮ ਨਿਧਾਨਾ ਏਕਾ ਪਾਇਆ, ਪੇਖਣਹਾਰ ਸੱਚੀ ਸਰਕਾਰ । ਸਾਚੇ ਸ਼ਾਹੋ ਰੂਪ ਵਟਾਇਆ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਭੇਵ ਨਾ ਰਾਇਆ, ਹਰਿਜਨ ਵੇਖੇ ਸਚ ਦੁਲਾਰ । ਹਰਿਜਨ ਆਪਣੇ ਅੰਗ ਲਗਾਇਆ, ਗੁਰਮੁਖ ਕਰੇ ਮਾਤ ਉਜਿਆਰ । ਗੁਰਮੁਖ ਸਾਚਾ ਰੰਗ ਚੜ੍ਹਾਇਆ, ਉਤਰ ਨਾ ਜਾਏ ਦੂਜੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਹਰਿਜਨ ਜੋਬਨ ਰੰਗ ਅਪਾਰਾ, ਦਿਸ ਕਿਸੇ ਨਾ ਆਇੰਦਾ । ਰੰਗਣਹਾਰਾ ਆਪ ਨਿਰੰਕਾਰਾ, ਨਿਰਾਕਾਰ ਸੇਵ ਕਮਾਇੰਦਾ । ਆਦਿ ਜੁਗਾਦੀ ਬਣਿਆ ਰਹੇ ਲਲਾਰਾ, ਜਗਤ ਵਣਜਾਰਾ ਫੇਰੀ ਪਾਇੰਦਾ । ਲੇਖਾ ਜਾਣੇ ਆਰ ਪਾਰਾ, ਸਚ ਕਿਨਾਰਾ ਡੇਰਾ ਲਾਇੰਦਾ । ਤਤਵ ਤਤ ਕਰਾਏ ਇਕ ਸ਼ੰਗਾਰਾ, ਬ੍ਰਹਮ ਮਤ ਭੂਸ਼ਨ ਇਕ ਵਖਾਇੰਦਾ । ਏਕਾ ਸੀਸ ਜਗਦੀਸ ਦਸਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਜੋਬਨ ਮਾਣਿਆ, ਹਰਿ ਮਿਲਿਆ ਸੱਚਾ ਸ਼ਾਹੋ । ਪਾਇਆ ਪਦ ਇਕ ਨਿਰਬਾਣਿਆ, ਮਿਲਿਆ ਮੇਲ ਅਗੰਮ ਅਥਾਹੋ । ਆਪਣਾ ਘਰ ਆਪ ਪਛਾਣਿਆ, ਆਪੇ ਚਲਿਆ ਸੱਚੇ ਰਾਹੋ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹਰਿਜਨ ਬਣੇ ਸਚ ਮਲਾਹੋ । ਸਚ ਮਲਾਹ ਪੁਰਖ ਅਕਾਲ, ਕਾਲ ਜੰਜਾਲ ਤੁੜਾਈਆ । ਭਗਤ ਭਗਵੰਤ ਆਪੇ ਭਾਲ, ਦੀਨ ਦਿਆਲ ਦਇਆ ਕਮਾਈਆ । ਸਾਧ ਸੰਤ ਬਣੇ ਰਖਵਾਲ, ਆਦਿ ਅੰਤ ਬੇਪਰਵਾਹੀਆ । ਜੀਵ ਜੰਤ ਕਰੇ ਸੰਭਾਲ, ਜੋ ਜਨ ਰਹੇ ਸਰਨਾਈਆ । ਹੰ ਬ੍ਰਹਮ ਵੇਖੇ ਧਰਮਸਾਲ, ਕਾਇਆ ਬੰਕ ਆਪ ਸੁਹਾਈਆ । ਗੁਰਮੁਖ ਬਣਾਏ ਸਾਚੇ ਲਾਲ, ਹਰਿਜਨ ਆਪਣਾ ਸੰਗ ਰਖਾਈਆ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੁਗਤ ਇਕ ਜਣਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਜੋਬਨ ਜੋਗ ਕਮਾਈਆ । ਗੁਰਮੁਖ ਜੋਬਨ ਧੁਰ ਸੰਜੋਗ, ਹਰਿ ਸਾਚਾ ਮੇਲ ਮਿਲਾਇਆ । ਅੰਤਰ ਆਤਮ ਰਸੀਆ ਭੋਗੇ ਭੋਗ, ਭਸਮੜ ਆਪਣਾ ਖੇਲ ਖਿਲਾਇਆ । ਜਗਤ ਵਿਛੋੜਾ ਕੱਟੇ ਵਿਜੋਗ, ਹਉਮੇ ਰੋਗ ਦਏ ਮਿਟਾਇਆ । ਅਨਹਦ ਅਨਾਹਤ ਸੁਣਾਏ ਸਚ ਸਲੋਕ, ਅੱਖਰ ਵੱਖਰ ਆਪ ਪੜ੍ਹਾਇਆ । ਚਰਨ ਦਾਸੀ ਕਰਾਏ ਮੁਕਤ ਮੋਖ, ਸਿਰ ਆਪਣਾ ਹੱਥ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾ ਹਰਖ਼ ਨਾ ਕੋਇ ਸੋਗ, ਗੁਰਮੁਖਾਂ ਚੁਗਾਏ ਏਕਾ ਚੋਗ, ਆਤਮ ਤ੍ਰਿਸਨਾ ਭੁੱਖ ਮਿਟਾਇਆ । ਆਤਮ ਤ੍ਰਿਸਨਾ ਹੋਏ ਦੂਰ, ਗੁਰ ਸਤਿਗੁਰ ਦਇਆ ਕਮਾਇੰਦਾ । ਘਰ ਮੰਦਰ ਵਸੇ ਸਦਾ ਹਜ਼ੂਰ, ਹਰਿ ਮੰਦਰ ਹਰਿ ਕੀ ਪੌੜੀ ਆਪੇ ਲਾਇੰਦਾ ।

ਨਿਰਗੁਣ ਦੀਪਕ ਜੋਤ ਜਗਾਏ ਨੂਰ, ਜ਼ਾਹਰ ਜ਼ਹੂਰ ਖੇਲ ਖਿਲਾਇੰਦਾ । ਆਸਾ ਮਨਸਾ ਸਦਾ ਸਦ ਪੂਰ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਜਗਤ ਜੋਬਨ ਦਿਸੇ ਕੂੜ, ਹਰਿਜਨ ਜੋਬਨ ਸਚ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਾਚੀ ਧੂੜ, ਮਸਤਕ ਟਿੱਕਾ ਨਾਮ ਲਗਾਇੰਦਾ । ਸਾਚੀ ਧੂੜ ਮਸਤਕ ਮਾਥ, ਬ੍ਰਹਮ ਮਤ ਦ੍ਰਿੜਾਈਆ । ਜੋਬਨ ਜਵਾਨੀ ਏਕਾ ਸਾਥ, ਗ੍ਰਿਹ ਮੰਦਰ ਵੇਖ ਵਖਾਈਆ । ਲਾਲ ਰੰਗਣ ਵੇਖੇ ਹਾਥ, ਨੇਤਰ ਨੈਣ ਆਪ ਖੁਲ੍ਹਾਈਆ । ਬੰਕ ਦਵਾਰੇ ਬਹਿ ਬਹਿ ਗਾਏ ਗਾਥ, ਨਾਥ ਅਨਾਥਾਂ ਵੇਖ ਵਖਾਈਆ । ਹਵਨ ਘਿਰਤ ਵੇਖੇ ਪੂਜਾ ਪਾਠ, ਪਾਠਸ਼ਾਲਾ ਤਨ ਸੁਹਾਈਆ । ਸਰੋਵਰ ਸਹਾਏ ਤੀਰਥ ਤਾਟ, ਅੰਮ੍ਰਿਤ ਜਲ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਬਨ ਰੰਗ ਅਵੱਲਾ ਆਪਣੇ ਹੱਥ ਰਖਾਈਆ । ਚਾਰ ਜੁਗ ਜਗਤ ਜੋਬਨ, ਸਰਗੁਣ ਸਰਗੁਣ ਨਾਲ ਹੰਢਾਇਆ । ਸਾਧ ਸੰਤ ਏਕ ਨਾਮ ਬੀਜ ਸਾਚਾ ਬੋਵਣ, ਪੱਤ ਡਾਲ੍ਹੀ ਫੁਲ ਮਹਿਕਾਇਆ । ਆਤਮ ਸੇਜਾ ਚੜ੍ਹ ਚੜ੍ਹ ਸਾਚੀ ਸੋਵਣ, ਸਾਚਾ ਪੌੜਾ ਨਾਮ ਲਗਾਇਆ । ਦੁਰਮਤ ਮੈਲ ਮਲ ਮਲ ਧੋਵਣ, ਮਾਇਆ ਮਮਤਾ ਮੋਹ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਚਾਰ ਜੁਗ ਜਗਤ ਜੋਬਨ ਹੋਏ ਖ਼ਵਾਰ, ਕਾਚੀ ਮਾਟੀ ਰਹਿਣ ਨਾ ਪਾਈਆ । ਫ਼ਰੀਦ ਕੂਕੇ ਕਰੇ ਪੁਕਾਰ, ਕਾਗ ਨੈਣ ਮੁਖ ਲਗਾਈਆ । ਸ੍ਰਿਸ਼ਟ ਸਬਾਈ ਜਾਏ ਹਾਰ, ਹਰਿ ਕਾ ਰੂਪ ਦਿਸ ਨਾ ਆਈਆ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਚੜ੍ਹੇ ਮਹੱਲ ਅੱਟਲ ਮੁਨਾਰ, ਦੂਈ ਦਵੈਤੀ ਪੜਦਾ ਦੇਵੇ ਲਾਹੀਆ । ਕੂੜੀ ਕਿਰਿਆ ਕਰਮ ਤਜੇ ਸ਼ੰਗਾਰ, ਸਾਚੀ ਅਲਫ਼ੀ ਇਕ ਹੰਢਾਈਆ । ਨਾਮ ਨਿਧਾਨਾ ਪਾਏ ਕੱਜਲ ਧਾਰ, ਨੇਤਰ ਨੈਣ ਇਕ ਖੁਲ੍ਹਾਈਆ । ਸੋਲਾਂ ਕਲੀਆਂ ਸਚ ਪਿਆਰ, ਸੋਲਾਂ ਇਛਿਆ ਪੂਰ ਵਖਾਈਆ । ਜੋਬਨ ਹੰਢਾਏ ਨਾਰ ਮੁਟਿਆਰ, ਗੁਰਮੁਖ ਘਰ ਸਾਚੇ ਸੋਭਾ ਪਾਈਆ । ਕੰਤ ਭਤਾਰਾ ਹਰਿ ਨਿਰੰਕਾਰ, ਦੂਲ੍ਹੋ ਦੂਲ੍ਹ ਕਰੇ ਪਿਆਰ ਪਾਰਬ੍ਰਹਮ ਬੇਪਰਵਾਹੀਆ । ਸਾਚੀ ਸੇਜਾ ਫੂਲਨ ਬਰਸੇ ਬਰਖਾ ਧਾਰ, ਸਚ ਸੋਗੰਧੀ ਇਕ ਮਹਿਕਾਈਆ । ਰਵ ਸਸ ਨਾ ਕੋਇ ਹੋਏ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬਰਖੇ ਠੰਡਾ ਠਾਰ, ਘਰ ਸਾਚੇ ਸਗਨ ਮਨਾਈਆ । ਨਿਰਗੁਣ ਰੂਪ ਸੱਚੀ ਸਰਕਾਰ, ਸਾਚਾ ਤਖ਼ਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਬਨ ਵੇਖ ਵਖਾਈਆ । ਸਰਗੁਣ ਜੋਬਨ ਸਰਗੁਣ ਮੇਲਾ, ਸਰਗੁਣ ਸੰਗ ਰਖਾਇਆ । ਸਰਗੁਣ ਗੁਰੂ ਸਰਗੁਣ ਚੇਲਾ, ਚਾਰ ਜੁਗ ਖੇਲ ਖਿਲਾਇਆ । ਸਰਗੁਣ ਸੱਜਣ ਸਰਗੁਣ ਸੁਹੇਲਾ, ਸਰਗੁਣ ਸਰਗੁਣ ਵੇਖ ਵਖਾਇਆ । ਨਿਰਗੁਣ ਵਸਿਆ ਇਕ ਇਕੇਲਾ, ਦਿਸ ਕਿਸੇ ਨਾ ਆਇਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਆਪਣਾ ਖੇਲਾ, ਕਲਜੁਗ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇਆ । ਨਿਰਗੁਣ ਹਰਿ ਨਿਰੰਕਾਰ, ਨਿਰਗੁਣ ਆਤਮ ਬ੍ਰਹਮ ਜਣਾਈਆ । ਨਿਰਗੁਣ ਕੰਤ ਹਰਿ ਭਤਾਰ, ਨਿਰਗੁਣ ਸੁਰਤੀ ਲਏ ਪਰਨਾਈਆ । ਨਿਰਗੁਣ ਸ਼ਬਦ ਸਚ ਜੈਕਾਰ, ਨਿਰਗੁਣ ਨਾਮ ਮਰਦੰਗ ਵਜਾਈਆ । ਨਿਰਗੁਣ ਜੋਬਨ ਲਏ ਹੁਲਾਰ, ਰੂਪ ਰੰਗ ਬੇਪਰਵਾਹੀਆ । ਨਿਰਗੁਣ ਮੰਦਰ ਕਰ ਤਿਆਰ, ਘਰ ਘਰ ਵਿਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਨਿਰਗੁਣ ਜੋਬਨ ਦਿਸ ਨਾ ਆਏ, ਗੁਰਮੁਖਾਂ ਰੰਗ ਰੰਗਾਇੰਦਾ । ਕਲਜੁਗ

ਹਿੱਸਾ ਆਪ ਵੰਡਾਏ, ਆਪਣੀ ਵੰਡਣ ਵੰਡ ਵਖਾਇੰਦਾ । ਦਹਿ ਦਿਸ਼ਾ ਉਠ ਉਠ ਫੇਰੀ ਪਾਏ, ਦੋ ਜਹਾਨਾਂ ਪੰਧ ਮੁਕਾਇੰਦਾ । ਗੁਰਮੁਖ ਸਾਚੇ ਮੇਲ ਮਿਲਾਏ, ਗੋਬਿੰਦ ਸਗਲਾ ਸੰਗ ਨਿਭਾਇੰਦਾ । ਲਾਲ ਗੁਲਾਲਾ ਰੰਗ ਚੜ੍ਹਾਏ, ਆਪਣਾ ਜੋਬਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਨਿਰਗੁਣ ਜੋਬਨ ਅਪਰ ਅਪਾਰਾ, ਨਿਰਗੁਣ ਈਸ਼ ਜੀਵ ਰੰਗਾਈਆ । ਨਿਰਗੁਣ ਤਤ ਨਾ ਕੋਇ ਧਾਰਾ, ਨਿਰਗੁਣ ਹਰਿ ਹਰਿ ਰੂਪ ਸਮਾਈਆ । ਨਿਰਗੁਣ ਰੰਗ ਨਾ ਦਿਸੇ ਵਿਚ ਸੰਸਾਰਾ, ਨਿਰਗੁਣ ਸਗਲਾ ਸੰਗ ਨਿਭਾਈਆ । ਕਲਜੁਗ ਅੰਤਮ ਖੇਲ ਨਿਆਰਾ, ਸਰਗੁਣ ਰੂਪ ਨਾ ਕੋਇ ਦਰਸਾਈਆ । ਅੰਦਰ ਮੰਦਰ ਕਰੇ ਪਿਆਰਾ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਰੰਗ ਚੜ੍ਹਾਏ ਅਗੰਮ ਅਪਾਰਾ, ਰੰਗਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਬਨ ਵੇਖ ਵਖਾਈਆ । ਗੁਰਸਿਖ ਅੰਦਰ ਸਾਚਾ ਜੋਬਨ, ਹਰਿ ਸਾਚੇ ਨਾਮ ਰਖਾਇਆ । ਰੰਗ ਰੰਲੀਆਂ ਮਾਨਣ ਏਕਾ ਸੇਜੇ ਸੋਵਣ, ਸੁਰਤੀ ਸ਼ਬਦੀ ਖੇਲ ਖਿਲਾਇਆ । ਆਪਣੇ ਅੱਗੇ ਆਪੇ ਹੋਵਣ, ਦੂਜਾ ਰੂਪ ਨਾ ਕੋਇ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਪੜਦਾ ਲਾਹਿਆ । ਸੁਰਤੀ ਜੋਬਨ ਸਚ ਘਰ, ਆਪਣਾ ਵੇਖ ਵਖਾਈਆ । ਗੁਰ ਸ਼ਬਦ ਮਿਲਿਆ ਸਾਚਾ ਵਰ, ਘਰ ਵਜਦੀ ਰਹੇ ਵਧਾਈਆ । ਮੇਲ ਮਿਲਾਵਾ ਨਾਰੀ ਨਰ, ਨਰ ਹਰਿ ਏਕਾ ਧਾਮ ਬਹਾਈਆ । ਨਿਰਭੈ ਚੁਕਾਇਆ ਜਗਤ ਡਰ, ਭੈ ਆਪਣਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗਣ ਵੇਖ ਵਖਾਈਆ । ਸੁਰਤੀ ਰੰਗ ਸ਼ਬਦ ਲਲਾਰਾ, ਹਰਿ ਕਰਤਾ ਆਪ ਰੰਗਾਇੰਦਾ । ਦਸਮ ਦਵਾਰੀ ਦਏ ਹੁਲਾਰਾ, ਸਾਚਾ ਜੋਬਨ ਵੇਖ ਵਖਾਇੰਦਾ । ਸੇਜ ਸੁਹੰਜਣੀ ਸੋਏ ਕੰਤ ਭਤਾਰਾ, ਜੋਤ ਨਿਰੰਜਣ ਡਗਮਗਾਇੰਦਾ । ਦਰਦ ਦੁੱਖ ਭੈ ਭੰਜਨ ਕਰੇ ਖੇਲ ਆਪਣੀ ਵਾਰਾ, ਚੌਥਾ ਜੁਗ ਮੁਖ ਸਾਲਾਹਿੰਦਾ । ਨਿਰਗੁਣ ਰੂਪ ਲਏ ਅਵਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਨਿਰਗੁਣ ਆਤਮ ਪਾਵੇ ਸਾਰਾ, ਪਰਮ ਆਤਮ ਵੇਖ ਵਖਾਇੰਦਾ । ਨਿਰਗੁਣ ਧਾਮ ਕਰ ਤਿਆਰਾ, ਘਰ ਘਰ ਵਿਚ ਡੇਰਾ ਲਾਇੰਦਾ । ਨਿਰਗੁਣ ਜੋਬਨ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਮੁਖ ਮਿਲਿਆ ਹਰਿ ਸਰਨਾਈ, ਮਿਟੇ ਜਗਤ ਅੰਦੇਸਾ । ਪੁਰਖ ਅਬਿਨਾਸ਼ੀ ਦਇਆ ਕਮਾਈ, ਕਲਜੁਗ ਅੰਤਮ ਦੇਵੇ ਸਚ ਸੰਦੇਸ਼ਾ । ਨਿਹਕਲੰਕਾ ਜਾਮਾ ਪਾਈ, ਪਰਗਟ ਹੋਏ ਮਾਝੇ ਦੇਸਾ । ਸੰਬਲ ਨਗਰੀ ਇਕ ਸੁਹਾਈ, ਤਖ਼ਤ ਸੁਹਾਇਆ ਨਰ ਨਰੇਸ਼ਾ । ਹਰਿ ਮੰਦਰ ਸਾਚੀ ਜੋਤ ਜਗਾਈ, ਦਰ ਮੰਗਣ ਬ੍ਰਹਮਾ ਵਿਸ਼ਨੂੰ ਸ਼ਿਵ ਬਣ ਦਰਵੇਸ਼ਾ । ਆਪਣੀ ਕਲ ਆਪ ਵਰਤਾਈ, ਰੂਪ ਰੰਗ ਨਾ ਕੋਇ ਜਣਾਈ, ਦਿਸ ਨਾ ਆਏ ਮੁੱਛ ਦਾੜ੍ਹੀ ਕੇਸਾ । ਜੋਤੀ ਜੋਤ ਕਰ ਰੁਸ਼ਨਾਈ, ਲੋਕਮਾਤ ਖ਼ੁਸ਼ੀ ਮਨਾਈ, ਜੂਨੀ ਰਹਿਤ ਧਾਰੇ ਭੇਸਾ । ਪੁਰਖ ਅਕਾਲ ਵੱਜੀ ਵਧਾਈ, ਨਿਰਗੁਣ ਢੋਲਾ ਗਾਏ ਚਾਈਂ ਚਾਈਂ, ਆਪ ਚੁਕਾਏ ਆਪਣਾ ਲੇਖਾ । ਗੁਰਮੁਖ ਉਠਾਏ ਫੜ ਫੜ ਬਾਂਹੀਂ, ਕਰੇ ਕਰਾਏ ਸਚ ਨਿਆਈਂ, ਲੋਕਮਾਤ ਕੋਇ ਨਾ ਚਲੇ ਕਿਸੇ ਦੀ ਪੇਸ਼ਾ । ਸਿਰ ਦੇਵਣ ਆਇਆ ਠੰਡੀਆਂ ਛਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਆਪਣੇ ਦੇਸਾ । ਦੇਸ ਦਸੰਤਰ ਸੁਹਾਵਣਾ, ਹਰਿ ਸਾਚਾ ਸਚ ਸੁਹਾਇੰਦਾ । ਨਿਰਗੁਣ ਨਿਰਗੁਣ ਮੇਲ ਮਿਲਾਵਣਾ, ਸਰਗੁਣ ਸਰਗੁਣ ਪੰਧ ਮੁਕਾਇੰਦਾ । ਨਿਰਗੁਣ ਨਿਰਗੁਣ ਖੇਲ ਖਲਾਵਣਾ, ਸੁਰਤੀ ਸ਼ਬਦੀ

ਜੋੜ ਜੁੜਾਇੰਦਾ । ਨਿਰਗੁਣ ਨਿਰਗੁਣ ਜੋਗ ਕਮਾਵਣਾ, ਜਗਤ ਹਠ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਆਪਣੇ ਘਰ, ਘਰ ਜੋਬਨ ਇਕ ਵਖਾਇੰਦਾ । ਘਰ ਜੋਬਨ ਜੋਗ ਜੁਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਘਰ ਭੋਗੀ ਭੋਗ ਕਰੇ ਆਪਣੀ ਭੁਗਤ, ਭਗਵਨ ਭਗਤਨ ਸੰਗ ਰਖਾਈਆ । ਲੋਕ ਪਰਲੋਕ ਦੋ ਜਹਾਨ, ਬਣਾਏ ਆਪਣੀ ਯੁਗਤ ਜੁਗ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਲਗਾਏ ਆਪਣੇ ਲੜ, ਨਿਰਗੁਣ ਨਿਰਗੁਣ ਸੰਗ ਰਖਾਈਆ । ਨਿਰਗੁਣ ਸੁਰਤੀ ਸ਼ਬਦ ਪਿਆਰੀ, ਸੰਤ ਕੰਤ ਮੇਲ ਮਿਲੰਨਿਆ । ਗੁਰਮੁਖ ਘਰ ਸ਼ਾਹੋ ਪਾਇਆ ਸੱਚਾ ਸਿਕਦਾਰੀ, ਗ੍ਰਿਹ ਮੰਦਰ ਬਹਿ ਬਹਿ ਮੰਨਿਆ । ਦਰ ਘਰ ਸਾਚੇ ਲੱਗੀ ਯਾਰੀ, ਪੁਰਖ ਅਕਾਲ ਏਕਾ ਮੰਨਿਆ । ਜੋਬਨ ਵੇਖੇ ਤਨ ਸ਼ੰਗਾਰੀ, ਕਰਵਟ ਲਏ ਨੌਜਵੰਨਿਆ । ਗੁਰਮੁਖ ਸਾਚੇ ਲਏ ਉਭਾਰੀ, ਲੋਕਮਾਤ ਵੇਖ ਵਖੰਨਿਆ । ਉਚੀ ਕੂਕ ਕਰੇ ਪੁਕਾਰੀ, ਆਪ ਆਪਣਾ ਰਾਗ ਸੁਣੰਨਿਆ । ਚਰਨ ਕਵਲ ਲੇਖਾ ਧੁਰ ਦਰਬਾਰੀ, ਸਚਖੰਡ ਦਵਾਰਾ ਖੇਲ ਖਲੰਨਿਆ । ਕਲਜੁਗ ਆਈ ਅੰਤਮ ਵਾਰੀ, ਸਾਚਾ ਤਖ਼ਤ ਨਾ ਕੋਇ ਸੁਹੰਨਿਆ । ਸ਼ਾਹ ਸੁਲਤਾਨਾ ਆਏ ਹਾਰੀ, ਹਰਿ ਕਾ ਰੂਪ ਕਿਸੇ ਨਾ ਮੰਨਿਆ । ਗੁਰਮੁਖ ਹੋਇਆ ਸ਼ਾਹ ਅਸਵਾਰੀ, ਸਾਚੇ ਘੋੜੇ ਚਰਨ ਰਕਾਬ ਟਿਕੰਨਿਆ । ਅਬਿਨਾਸ਼ੀ ਕਰਤਾ ਪਾਵੇ ਸਾਰੀ, ਲੇਖਾ ਜਾਣੇ ਦੋ ਜਹੰਨਿਆ । ਗੁਰਮੁਖ ਨਾਰ ਨਾ ਰਹੇ ਕਵਾਰੀ, ਘਰ ਕੰਤ ਕੰਤੂਹਲਾ ਫਿਰੇ ਭੰਨਿਆ । ਜੋਬਨ ਹੰਢਾਏ ਆਪਣੀ ਵਾਰੀ, ਪਾਵੇ ਸਾਰੀ ਛੱਪਰ ਛੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਮਾਤ ਪਿਤ ਨਾ ਕਿਸੇ ਜਣਿਆ । ਮਾਤ ਪਿਤ ਨਾ ਕੋਈ ਦਾਦਾ, ਬੰਸ ਸਰਬੰਸ ਨਾ ਕੋਈ ਜਣਾਈਆ । ਕਰੇ ਖੇਲ ਆਦਿ ਜੁਗਾਦਾ, ਇਕ ਅਕੱਲਾ ਵਡ ਵਡਿਆਈਆ । ਲੇਖਾ ਜਾਣੇ ਬੋਧ ਅਗਾਧਾ, ਸ਼ਬਦ ਸ਼ਬਦੀ ਰੂਪ ਸਮਾਈਆ । ਆਪਣਾ ਮੰਦਰ ਆਪੇ ਲਾਧਾ, ਸਚਖੰਡ ਦਵਾਰਾ ਆਪ ਸੁਹਾਈਆ । ਆਪ ਵਜਾਏ ਆਪਣਾ ਨਾਦਾ, ਤੁਰੀਆ ਨਾਦ ਆਪ ਵਖਾਈਆ । ਆਪੇ ਹੋਏ ਰਹੇ ਵਿਸਮਾਦਾ, ਵਿਸਮਾਦੀ ਆਪਣਾ ਨਾਉਂ ਧਰਾਈਆ । ਆਪ ਲਡਾਏ ਆਪਣਾ ਲਾਡਾ, ਜੁਗ ਜੁਗ ਆਪਣੀ ਖੇਲ ਖਿਲਾਈਆ । ਆਪੇ ਲੇਖਾ ਜਾਣੇ ਸੰਤਨ ਸਾਧਾ, ਸਤਿਗੁਰ ਆਪਣਾ ਨਾਉਂ ਧਰਾਈਆ । ਆਪੇ ਗੁਰਮੁਖ ਸਾਜਣ ਸਾਚੇ ਲਾਧਾ, ਲੱਖ ਚੁਰਾਸੀ ਖੋਜ ਖੋਜਾਈਆ । ਆਪ ਵਜਾਏ ਆਪਣਾ ਅਨਹਦ ਵਾਜਾ, ਤਾਰ ਸਤਾਰ ਨਾ ਕੋਈ ਹਿਲਾਈਆ । ਆਪੇ ਸਵਾਰੇ ਗੁਰਮੁਖਾਂ ਕਾਜਾ, ਗੁਰ ਸਤਿਗੁਰ ਵਡ ਵਡਿਆਈਆ । ਆਪੇ ਰੱਖਣਹਾਰਾ ਲਾਜਾ, ਸਮਰਥ ਪੁਰਖ ਆਪ ਅਖਵਾਈਆ । ਆਪੇ ਸ਼ਾਹੋ ਭੂਪ ਬਣ ਵਡ ਰਾਜਨ ਰਾਜਾ, ਤਖ਼ਤ ਤਾਜ ਇਕ ਸੁਹਾਈਆ । ਆਪੇ ਚਲਾਏ ਸਚ ਜਹਾਜਾ, ਸਾਚਾ ਬੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਆਪ ਬਣਾਈਆ । ਆਪਣੀ ਬਣਤ ਹਰਿ ਬਨਵਾਰੀ, ਦਰਗਹ ਸਾਚੀ ਆਪ ਬਣਾਇੰਦਾ । ਨਿਰਗੁਣ ਜੋਤ ਨਿਰਾਕਾਰੀ, ਨਿਰਾਧਾਰੀ ਵੇਖ ਵਖਾਇੰਦਾ । ਕਲਜੁਗ ਅੰਤਮ ਲੈ ਅਵਤਾਰੀ, ਸਾਚੀ ਧਾਰੀ ਮਾਤ ਬੰਧਾਇੰਦਾ । ਗੁਰਮੁਖ ਜੋਬਨ ਵੇਖੇ ਏਕਾ ਵਾਰੀ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵਖਾਏ ਸਚ ਨਿਸ਼ਾਨ, ਘਰ ਘਰ ਦਰ ਦਰ ਹਰਿ ਹਰਿ ਆਪ ਉਠਾਇੰਦਾ ।

## ✻ ੭ ਹਾੜ ੨੦੧੭ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਘਰ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻



ਸੋ ਪੁਰਖ ਨਿਰੰਜਨ ਸਾਹਿਬ ਸੁਲਤਾਨ, ਅਗੰਮ ਅਥਾਹ ਬੇਪਰਵਾਹ ਅਖਵਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਕਾਰ ਕਮਾਇੰਦਾ । ਏਕੰਕਾਰਾ ਖੇਲ ਮਹਾਨ, ਅਕਲ ਕਲ ਧਾਰੀ ਭੇਵ ਕੋਈ ਨਾ ਪਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਅਜੂਨੀ ਰਹਿਤ ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਭੇਵ ਅਭੇਦਾ ਅਛਲ ਅਛੇਦਾ ਦਿਸ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਮੂਰਤ ਅਕਾਲ ਰੂਪ ਅਨੂਪ ਵਟਾਇੰਦਾ । ਪਾਰਬ੍ਰਹਮ ਖੇਲੇ ਖੇਲ ਦੋ ਜਹਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰ ਵਸਣਹਾਰਾ ਗੁਣ ਨਿਧਾਨ, ਗੁਣਵੰਤਾ ਗੁਣ ਆਪ ਜਣਾਇੰਦਾ । ਘਰ ਵਿਚ ਘਰ ਹਰਿ ਮਕਾਨ, ਥਿਰ ਦਰਬਾਰਾ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਵਡ ਰਾਜਾਨ, ਸਤਿ ਸਤਿਵਾਦੀ ਸਤਿ ਸਤਿ ਆਸਣ ਲਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਨਾਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ, ਆਦਿ ਜੁਗਾਦੀ ਖੇਲ ਅਪਾਰਾ, ਨਿਰਗੁਣ ਜਾਣੇ ਨਿਰਗੁਣ ਧਾਰਾ, ਦੂਸਰ ਰੂਪ ਨਾ ਕੋਈ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਹਰਿ ਮੀਤਾ, ਏਕਾ ਰੰਗ ਸਮਾਇੰਦਾ । ਹਰਿ ਪੁਰਖ ਨਿਰੰਜਣ ਠਾਂਡਾ ਸੀਤਾ, ਦਰਗਹ ਸਾਚੀ ਆਸਣ ਲਾਇੰਦਾ । ਏਕੰਕਾਰ ਪਤਤ ਪੁਨੀਤਾ, ਪਤਤ ਪਾਵਣ ਨਾਉਂ ਧਰਾਇੰਦਾ । ਆਦਿ ਨਿਰੰਜਣ ਸਦਾ ਅਨਡੀਠਾ, ਨੇਤਰ ਲੋਚਣ ਨੈਣ ਦਿਸ ਨਾ ਆਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣੀ ਰੀਤਾ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਆਪੇ ਬਣੇ ਆਪਣਾ ਮੀਤਾ, ਦੂਸਰ ਸੰਗ ਨਾ ਕੋਈ ਰਖਾਇੰਦਾ । ਪਾਰਬ੍ਰਹਮ ਏਕਾ ਰੰਗ ਸਮਾਏ ਹਸਤ ਕੀਟਾ, ਊਚ ਨੀਚ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਅਗੰਮ ਅਪਾਰ, ਥਿਰ ਘਰ ਬੈਠ ਸੱਚੇ ਦਰਬਾਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਆਪ ਸੁਹਾਈਆ । ਏਕੰਕਾਰਾ ਨਰ ਹਰਿ ਕੰਤ, ਨਰ ਨਰਾਇਣ ਸਚ ਸੁਹੰਜਣੀ ਸੇਜ ਸੁਹਾਈਆ । ਸੋ ਪੁਰਖ ਨਿਰੰਜਣ ਏਕਾ ਰੰਗ ਚੜ੍ਹਾਏ ਬਸੰਤ, ਆਦਿ ਅੰਤ ਉਤਰ ਨਾ ਜਾਈਆ । ਏਕਾ ਗੀਤ ਗਾਏ ਸੁਹਾਗੀ ਛੰਤ, ਘਰ ਮੰਦਰ ਬੇਪਰਵਾਹੀਆ । ਆਪਣਾ ਲੇਖਾ ਜਾਣੇ ਆਦਿ ਅੰਤ, ਦੂਸਰ ਹੱਥ ਨਾ ਕੋਈ ਵਡਿਆਈਆ । ਪੁਰਖ ਪੁਰਖੋਤਮ ਮਹਿਮਾ ਅਗਣਤ, ਅਲੱਖ ਅਗੋਚਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਅਕਾਲਾ ਦੀਨ ਦਿਆਲਾ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਥਿਰ ਦਰਬਾਰਾ, ਹਰਿ ਸਾਚੇ ਆਪ ਉਪਾਇਆ । ਨਿਰਗੁਣ ਜੋਤ ਕਰ ਉਜਿਆਰਾ, ਹਰੀ ਹਰਿ ਬੈਠਾ ਖੇਲ ਖਿਲਾਇਆ । ਚਾਰ ਕੁੰਟ ਨਾ ਕੋਈ ਕਿਵਾੜਾ, ਦਹਿ ਦਿਸ਼ਾ ਨਾ ਕੋਈ ਵਖਾਇਆ । ਕਰੇ ਖੇਲ ਏਕੰਕਾਰਾ, ਨਿਰਾਕਾਰਾ ਏਕਾ ਰੂਪ ਵਟਾਇਆ । ਸਾਚੀ ਧੁਨ ਸੱਚੀ ਧੁਨਕਾਰਾ, ਸ਼ਬਦ ਅਗੰਮੀ ਨਾਦ ਵਜਾਇਆ । ਰਾਗ ਰਾਗਨੀ ਨਾ ਪਾਵੇ ਸਾਰਾ, ਲੇਖਾ ਲੇਖ ਨਾ ਕੋਈ ਗਿਣਾਇਆ । ਅਲੱਖ ਨਿਰੰਜਣ ਆਪ ਆਪਣਾ ਬੋਲ ਜੈਕਾਰਾ, ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਚ ਮਹੱਲਾ, ਪੁਰਖ ਅਬਿਨਾਸ਼ੀ ਇਕ ਅਕੱਲਾ, ਸਚ ਸਿੰਘਾਸਣ ਸੋਭਾ ਪਾਇਆ । ਸਚ ਸਿੰਘਾਸਣ ਸ੍ਰੀ ਭਗਵਾਨ, ਏਕਾ ਆਸਣ ਲਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਨਰ ਹਰਿ ਆਪਣਾ ਰੂਪ

ਵਟਾਇੰਦਾ । ਸਤਿ ਸੰਤੋਖੀ ਸਤਿ ਨਿਸ਼ਾਨ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਦੋ ਜਹਾਨਾਂ ਏਕਾ ਮਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਹੁਕਮ ਸੁਣਾਇੰਦਾ । ਏਕਾ ਸ਼ਬਦ ਇਕ ਧੁਨਕਾਨ, ਪੁਰਖ ਅਬਿਨਾਸ਼ੀ ਬੈਠ ਸਚ ਮਕਾਨ, ਸਚਖੰਡ ਦਵਾਰੇ ਆਪੇ ਗਾਇੰਦਾ । ਸੁਰ ਤਾਲ ਨਾ ਕੋਈ ਵਖਾਨਾ ਗਣ ਗੰਧਰਬ ਨਾ ਕੋਈ ਪਛਾਨ, ਕਰੋੜ ਤੇਤੀਸ ਨਾ ਮੁਖ ਸਲਾਹਿੰਦਾ । ਸੁਰਪਤ ਨਾ ਕਰੇ ਕੋਈ ਧਿਆਨ, ਸ਼ੰਕਰ ਸੁਣੇ ਨਾ ਲਾ ਲਾ ਕਾਨ, ਬ੍ਰਹਮਾ ਵੇਖੇ ਨਾ ਮਾਰ ਧਿਆਨ, ਵਿਸ਼ਨੂੰ ਕੋਈ ਨਾ ਖੇਲ ਖਿਲਾਇੰਦਾ । ਲੱਖ ਚੁਰਾਸੀ ਨਾ ਕੋਈ ਪਰਧਾਨ, ਪੰਜ ਤਤ ਨਾ ਕੋਈ ਮਾਣ, ਮਨ ਮਤ ਬੁਧ ਨਾ ਕੋਈ ਗਿਆਨ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਪਾਣੀ ਪਵਣ ਨਾ ਕੋਈ ਨਿਸ਼ਾਨ, ਅਗਨੀ ਹਵਨ ਨਾ ਮਾਰੇ ਬਾਣ, ਤਤਵ ਤਤ ਨਾ ਕੋਈ ਉਪਜਾਇੰਦਾ । ਚਾਰ ਵੇਦ ਨਾ ਕੋਈ ਪੁਰਾਨ, ਚਾਰੇ ਖਾਣੀ ਨਾ ਕੋਈ ਕਲਿਆਣ, ਚਾਰੇ ਬਾਣੀ ਨਾ ਕੋਈ ਗਾਣ, ਚਾਰੇ ਜੁਗ ਨਾ ਕੋਈ ਨਿਸ਼ਾਨ, ਚਾਰ ਵਰਨ ਨਾ ਕੋਈ ਵਖਾਇੰਦਾ । ਇਕ ਅਕੱਲਾ ਹਰਿ ਭਗਵਾਨ, ਥਿਰ ਘਰ ਵਸੇ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਇੰਦਾ । ਕਰਤਾ ਪੁਰਖ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਦਰਗਹ ਸਾਚੀ ਸੋਭਾਵੰਤ, ਸਚਖੰਡ ਨਿਵਾਸੀ ਬੇਪਰਵਾਹੀਆ । ਥਿਰ ਦਰਬਾਰੇ ਮੇਲ ਮਿਲਾਵਾ ਨਾਰੀ ਕੰਤ, ਨਰ ਹਰਿ ਵੱਡੀ ਵਡਿਆਈਆ । ਏਕਾ ਨਾਮ ਜਣਾਏ ਮਣੀਆ ਮੰਤ, ਨਰ ਨਿਰੰਕਾਰਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਗੰਮੀ ਹਰਿ ਹਰਿ ਧਾਰ, ਜੋਤੀ ਜੋਤ ਕਰੇ ਉਜਿਆਰ, ਕੋਟਨ ਕੋਟੀ ਰੂਪ ਅਪਾਰ, ਰੇਖ ਰੰਗ ਨਾ ਕੋਈ ਵਖਾਈਆ । ਰੇਖ ਰੰਗ ਨਾ ਕੋਇ ਰੂਪ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਪੁਰਖ ਨਿਰੰਜਣ ਆਪਣਾ ਨਾਉਂ ਰਖਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਹਰਿ ਸੁਹਾਏ, ਕਮਲਾਪਾਤੀ ਦੀਪ ਜਗਾਏ, ਤੇਲ ਬਾਤੀ ਨਾ ਕੋਇ ਰਖਾਇੰਦਾ । ਤੇਲ ਬਾਤੀ ਨਾ ਕੋਇ ਪਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਥਿਰ ਘਰ ਸਾਚੇ ਕਰੇ ਰੁਸ਼ਨਾਈਆ । ਰਵ ਸਸ ਨਾ ਕੋਇ ਉਜਿਆਰ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਮੰਡਲ ਮੰਡਪ ਪਾਵੇ ਸਾਰ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਈਆ । ਦਰ ਘਰ ਸਾਚਾ ਹਰਿ ਵਡਿਆਇਆ, ਸਚਖੰਡ ਦਵਾਰ ਸੋਭਾ ਪਾਇੰਦਾ । ਘਰ ਘਰ ਵਿਚ ਆਪ ਟਿਕਾਇਆ, ਥਿਰ ਘਰ ਸਾਚਾ ਨਾਉਂ ਧਰਾਇੰਦਾ । ਸਚ ਸਿੰਘਾਸਣ ਇਕ ਵਿਛਾਇਆ, ਪਾਵਾ ਚੂਲ ਨਾ ਕੋਇ ਬਣਾਇੰਦਾ । ਸੋਲਾਂ ਕਲੀਆਂ ਆਸਣ ਪਾਇਆ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਨੂਰ ਕਰ ਰੁਸ਼ਨਾਇਆ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨਾ ਆਪਣਾ ਨਾਉਂ ਧਰਾਇਆ, ਸਚ ਸਿੰਘਾਸਣ ਚਰਨ ਟਿਕਾਇੰਦਾ । ਦਰ ਦਰਬਾਨ ਦਰ ਦਰਵੇਸ਼ ਆਪ ਅਖਵਾਇਆ, ਨਿਰਗੁਣ ਆਪਣੀ ਅਲਫ਼ੀ ਏਕਾ ਆਪਣੇ ਅੰਗ ਲਗਾਇੰਦਾ । ਆਪੇ ਨਿਉਂ ਨਿਉਂ ਸੀਸ ਝੁਕਾਇਆ, ਆਪੇ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਉਚ ਅਟੱਲਾ, ਪੁਰਖ ਅਬਿਨਾਸ਼ੀ ਆਪੇ ਮੱਲਾ, ਆਪ ਆਪਣਾ ਬੰਕ ਸੁਹਾਇੰਦਾ । ਬੰਕ ਸੁਹਾਏ ਸਾਚਾ ਘਰ, ਘਰ ਸਾਚੇ

੭੪੫

ਵੱਜੀ ਵਧਾਈਆ । ਨਾ ਕੋਈ ਨਾਰੀ ਨਾ ਕੋਈ ਨਰ, ਨਰ ਨਰਾਇਣ ਆਪਣੀ ਰਚਨ ਰਚਾਈਆ । ਆਪਣਾ ਭੋਗ ਆਪੇ ਕਰ, ਆਪਣੀ ਸੇਜ ਹੰਢਾਈਆ । ਆਪੇ ਉਤਪਤ ਬਣ ਬਣ ਦੇਵੇ ਵਰ, ਆਪੇ ਆਪਣੀ ਗੋਦ ਸੁਹਾਈਆ । ਆਪੇ ਸੁੱਤ ਦੁਲਾਰਾ ਲਾਏ ਲੜ, ਅੰਗੀਕਾਰ ਆਪ ਕਰਾਈਆ । ਨਿਰਗੁਣ ਨਿਰਗੁਣ ਘਾੜਨ ਘੜ, ਨਿਰਗੁਣ ਨਿਰਗੁਣ ਝੋਲੀ ਪਾਈਆ । ਨਿਰਗੁਣ ਨਿਰਗੁਣ ਲਾਏ ਜੜ, ਨਾ ਸਕੇ ਕੋਇ ਉਖੜਾਈਆ । ਨਾ ਕੋਈ ਸੀਸ ਨਾ ਕੋਈ ਧੜ, ਰਕਤ ਬੂੰਦ ਨਾ ਮੇਲ ਮਿਲਾਈਆ । ਅੱਖਰ ਵਿਦਿਆ ਨਾ ਜਾਏ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਆਪਣੇ ਮੰਦਰ ਆਪੇ ਖੜ, ਸਵੱਛ ਸਰੂਪੀ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕੰਕਾਰਾ ਨਿਰਾਕਾਰਾ ਨਿਰਾਧਾਰਾ ਆਪ ਹੋ ਜਾਈਆ । ਨਿਰਾਕਾਰ ਨਿਰਗੁਣ ਦਾਤਾ, ਨਿਰਵੈਰ ਆਪਣਾ ਨਾਉਂ ਧਰਾਇੰਦਾ । ਆਦਿ ਜੁਗਾਦੀ ਪੁਰਖ ਬਿਧਾਤਾ, ਆਪਣਾ ਬਿਰਦ ਆਪ ਰਖਾਇੰਦਾ । ਆਪੇ ਪਿਤਾ ਆਪੇ ਮਾਤਾ, ਆਪੇ ਬਾਲਕ ਰੂਪ ਵਟਾਇੰਦਾ । ਆਪੇ ਦੇਵੇ ਆਪਣੀ ਸਾਚੀ ਦਾਤਾ, ਆਪੇ ਭਿੱਖਕ ਆਪਣੀ ਝੋਲੀ ਅੱਗੇ ਡਾਹਿੰਦਾ । ਆਪੇ ਜਾਣੇ ਜਣਾਏ ਆਪਣੀ ਗਾਥਾ, ਆਪੇ ਆਪਣਾ ਸ਼ਬਦ ਅਲਾਇੰਦਾ । ਆਪੇ ਚਲਾਏ ਆਪਣਾ ਰਾਥਾ, ਰਬ ਰਬਵਾਹੀ ਆਪ ਅਖਵਾਇੰਦਾ । ਆਪੇ ਨਿਭਾਏ ਆਪਣਾ ਸਾਥਾ, ਸਗਲਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਏਕਾ ਬੋਲ, ਸਚਖੰਡ ਦਵਾਰਾ ਦੇਵੇ ਖੋਲ੍ਹ, ਆਪਣਾ ਭੇਵ ਆਪ ਜਣਾਇੰਦਾ । ਭੇਵ ਅਭੇਦਾ ਹਰਿ ਜਣਾਇਆ, ਆਪਣੀ ਇਛਿਆ ਪੂਰ ਕਰਾਈਆ । ਸਤਿ ਸਤਿਵਾਦੀ ਸੇਵ ਕਮਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਵੇਸ ਵਟਾਇਆ, ਆਪ ਆਪਣੀ ਕਲ ਵਖਾਈਆ । ਆਪ ਆਪਣਾ ਰੂਪ ਵਟਾਇਆ, ਨਿਰਗੁਣ ਨਿਰਗੁਣ ਲਏ ਅੰਗੜਾਈਆ । ਵਿਸ਼ਵ ਆਪਣੀ ਗੋਦ ਬਹਾਇਆ, ਵਿਸ਼ਨੂੰ ਮੇਲਾ ਸਹਿਜ ਸੁਭਾਈਆ । ਘਰ ਅੰਮ੍ਰਿਤ ਨਾਭ ਚਵਾਇਆ, ਕਵਲ ਕਵਲਾ ਲਏ ਉਪਜਾਈਆ । ਆਪਣੀ ਡਾਲ੍ਹੀ ਫਲ ਲਗਾਇਆ, ਪੱਤ ਪੰਖੜੀਆਂ ਵੇਖ ਵਖਾਈਆ । ਆਪਣਾ ਰੂਪ ਆਪ ਵਟਾਇਆ, ਪਾਰਬ੍ਰਹਮ ਬ੍ਰਹਮ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਉਪਜਿਆ ਪੂਤ ਬ੍ਰਹਮਾ ਸੁੱਤ, ਵਿਸ਼ਨੂੰ ਕਵਲ ਮੁਖ ਖੁਲ੍ਹਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪਣਾ ਲੇਖਾ ਦਏ ਸਮਝਾਇਆ । ਵਾਰ ਥਿਤ ਨਾ ਕੋਈ ਰੁੱਤ, ਦਿਵਸ ਮਾਸ ਬਰਖ ਨਾ ਕੋਇ ਜਣਾਇਆ । ਪੰਜ ਤਤ ਨਾ ਕੋਈ ਬੁੱਤ, ਤ੍ਰੈਗੁਣ ਮਾਇਆ ਨਾ ਬੰਧਨ ਪਾਇਆ । ਨਿਰਗੁਣ ਧਰੀ ਨਿਰਗੁਣ ਜੋਤ, ਜੋਤੀ ਜੋਤ ਕਰ ਰੁਸ਼ਨਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਵੰਡਣ ਵੰਡ ਨਾ ਕੋਇ ਵੰਡਾਇਆ । ਨਾ ਕੋਈ ਤ੍ਰਿਸਨਾ ਨਾ ਕੋਈ ਖੋਟ, ਮਾਇਆ ਮਮਤਾ ਨਾ ਕੋਇ ਤਪਾਇਆ । ਹਉਮੇ ਹੰਗਤਾ ਨਾ ਲਾਏ ਕੋਈ ਚੋਟ, ਜੂਠ ਝੂਠ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਰੂਪ ਕਰ, ਆਪ ਆਪਣਾ ਬੰਸ ਸੁਹਾਇਆ । ਵਿਸ਼ਨੂੰ ਅੰਸ ਬ੍ਰਹਮ ਦੁਲਾਰਾ, ਬ੍ਰਹਮਾ ਬੰਸ ਸਰਬੰਸ ਵਡਿਆਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਆਪਣੀ ਮਹਿਮਾ ਆਪ ਕਰਾਈਆ । ਆਪਣੀ ਇਛਿਆ ਬਣ ਵਰਤਾਰਾ, ਸਾਚੀ ਭਿਛਿਆ ਤ੍ਰੈਗੁਣ ਰੂਪ ਦਰਸਾਈਆ । ਤ੍ਰੈਗੁਣ ਦੇਵੇ ਇਕ ਹੁਲਾਰਾ, ਤ੍ਰੈ ਲੋਕਾਂ ਕਰੇ ਕੁੜਮਾਈਆ । ਤ੍ਰੈ ਤ੍ਰੈ ਸੇਵਕ ਲਾਏ ਸੇਵਾਦਾਰਾ, ਸ਼ੰਕਰ ਆਪਣੀ ਬੂਝ ਬੁਝਾਈਆ । ਏਕਾ ਵਸਤ ਵਸਤ ਹਰਿ ਥਾਰਾ, ਥਿਰ ਆਪਣੇ ਹੱਥ ਰਖਾਈਆ । ਲੋਆਂ ਪੁਰੀਆਂ ਬਣਾਇਆ

ਮਹੱਲ ਮੁਨਾਰਾ, ਇੱਟ ਗਾਰਾ ਨਾ ਕੋਇ ਲਗਾਈਆ । ਬੰਧਨ ਪਾਇਆ ਸੂਰਜ ਚੰਨ ਸਿਤਾਰਾ, ਆਕਾਸ਼ ਪਰਕਾਸ਼ ਆਪ ਟਿਕਾਈਆ । ਆਪੇ ਵਸਿਆ ਸਭ ਤੋਂ ਬਾਹਰਾ, ਬੇਅੰਤ ਬੇਪਰਵਾਹ ਹਰਿ ਵੱਡਾ ਵਡ ਵਡਿਆਈਆ । ਕਰੇ ਖੇਲ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਸ਼ਹਿਨਸ਼ਾਹੀਆ । ਜੋਤੀ ਨੂਰ ਕਰ ਉਜਿਆਰਾ, ਆਪਣੀ ਧਾਰਾ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਆਪ ਆਪਣੀ ਦਇਆ ਕਮਾਈਆ । ਵਰ ਦਾਤਾ ਹਰਿ ਭੰਡਾਰੀ, ਤ੍ਰੈ ਤ੍ਰੈ ਵਸਤ ਆਪ ਵਰਤਾਇੰਦਾ । ਕਰੇ ਖੇਲ ਏਕੰਕਾਰੀ, ਓਅੰਕਾਰਾ ਆਪਣਾ ਨਾਉਂ ਦਰਸਾਇੰਦਾ । ਏਕਾ ਵਣਜ ਇਕ ਵਪਾਰੀ, ਏਕਾ ਹੱਟ ਖੁਲ੍ਹਾਇੰਦਾ । ਏਕਾ ਦਰ ਦਰਵੇਸ਼ ਬਣੇ ਭਿਖਾਰੀ, ਦਰ ਦਰ ਆਪਣੀ ਅਲਖ ਜਗਾਇੰਦਾ । ਏਕਾ ਇਸ਼ਟ ਗੁਰ ਵਡ ਪਨਹਾਰੀ, ਹਰਿ ਆਪਣਾ ਨਾਉਂ ਰਖਾਇੰਦਾ । ਏਕਾ ਪੂਜਾ ਇਕ ਪੁਜਾਰੀ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਸ਼ਾਹ ਸੱਚਾ ਸੁਲਤਾਨ ਕਰੇ ਸਿਕਦਾਰੀ, ਏਕਾ ਹੁਕਮੀ ਹੁਕਮ ਫਿਰਾਇੰਦਾ । ਏਕਾ ਵਸੇ ਮਹੱਲ ਅਟੱਲ ਉਚ ਮੁਨਾਰੀ, ਸਚਖੰਡ ਦਵਾਰੇ ਸੋਭਾ ਪਾਇੰਦਾ । ਏਕਾ ਤ੍ਰੈਗੁਣ ਮਾਇਆ ਦਏ ਆਧਾਰੀ, ਵਿਸ਼ਨ ਬ੍ਰਹਮਾ ਸ਼ਿਵ ਨਾਲ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਹਰਿ ਭਗਵਾਨ, ਬ੍ਰਹਮੇ ਵਿਸ਼ਨ ਸ਼ਿਵ ਆਪ ਸੁਣਾਇੰਦਾ । ਆਦਿ ਉਪਜਾਇਆ ਹਰਿ ਨਿਸ਼ਾਨ, ਆਦਿ ਆਦੀ ਆਪ ਅਖਵਾਇੰਦਾ । ਜਗਤ ਜੁਗਤ ਪਾਏ ਆਪਣੀ ਆਣ, ਜਾਗਰਤ ਜੋਤ ਇਕ ਟਿਕਾਇੰਦਾ । ਧੁਰਦਰਗਾਹੀ ਧੁਰ ਫ਼ਰਮਾਨ, ਦੋ ਜਹਾਨ ਆਪ ਚਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰੱਖੀ ਆਣ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਜੀਵ ਜੰਤ ਰੂਪ ਵਟਾਇੰਦਾ । ਚਾਰੇ ਖਾਣੀ ਕਰ ਪਛਾਣ, ਅੰਡਜ ਜੇਰਜ ਉਤਭੁਜ ਸੇਤਜ ਮੇਲ ਮਿਲਾਇੰਦਾ । ਨੌ ਨੌ ਚਾਰ ਚੌਕੜੀ ਜੁਗ ਇਕ ਗਿਆਨ, ਚਾਰ ਜੁਗ ਆਪਣਾ ਗੇੜ ਰਖਾਇੰਦਾ । ਬ੍ਰਹਮਾ ਸੁਣੇ ਲਾ ਲਾ ਕਾਨ, ਹਰਿ ਕਾ ਹੁਕਮ ਨਾ ਕੋਇ ਭਵਾਇੰਦਾ । ਵਿਸ਼ਨੂੰ ਕਰੇ ਚਰਨ ਧਿਆਨ, ਨੇਤਰ ਨੈਣਾਂ ਨੀਰ ਵਹਾਇੰਦਾ । ਸ਼ੰਕਰ ਵੇਖ ਹੋਇਆ ਹੈਰਾਨ, ਭੈ ਭਿਆਨਕ ਰੂਪ ਹਰਿ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਇਕੇਲਾ, ਲੱਖ ਚੁਰਾਸੀ ਸੱਜਣ ਸੁਹੇਲਾ, ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਰਖਾਇੰਦਾ । ਥਿਤ ਵਾਰ ਨਾ ਦਿਵਸ ਮਾਸ, ਵਦੀ ਸੁਦੀ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਦਰਗਾਹ ਸਾਚੀ ਆਪ ਖਲਾਈਆ । ਸਚਖੰਡ ਦਵਾਰੇ ਪਾਵੇ ਸਾਚੀ ਰਾਸ, ਸਾਚਾ ਤਖ਼ਤ ਆਪ ਸੁਹਾਈਆ । ਆਦਿ ਜੁਗਾਦੀ ਕਰ ਪਰਕਾਸ਼, ਪਰਮ ਪੁਰਖ ਆਪ ਅਖਵਾਈਆ । ਆਪਣੀ ਕਰੇ ਆਪੇ ਪੂਰੀ ਆਸ, ਬੇਆਸ ਨਾ ਹੋਏ ਖ਼ੁਦਾਈਆ । ਸਾਲਸ ਬਣੇ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨਾ ਭੁੱਲ ਨਾ ਜਾਈਆ । ਲੱਖ ਚੁਰਾਸੀ ਕਰ ਕਰ ਵਾਸ, ਪਵਣ ਸਵਾਸੀ ਦਏ ਸਲਾਹੀਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਮਤ ਏਕਾ ਤਤ ਰਿਹਾ ਸਮਝਾਈਆ । ਬ੍ਰਹਮ ਮਤ ਇਕ ਗਿਆਨ, ਹਰਿ ਸ਼ਬਦੀ ਸ਼ਬਦ ਜਣਾਇਆ । ਪੁਰਖ ਅਬਿਨਾਸ਼ੀ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇਆ । ਏਕਾ ਹੁਕਮ ਇਕ ਫ਼ਰਮਾਣ, ਏਕਾ ਨਾਦੀ ਨਾਦ ਵਜਾਇਆ । ਏਕਾ ਰੂਪ ਸ੍ਰੀ ਭਗਵਾਨ, ਰੂਪ ਅਨੂਪਾ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ

੭੪੬ ੦੯

ਲੇਖਾ ਆਪ ਚੁਕਾਇਆ । ਸਾਚਾ ਲੇਖਾ ਜਗਤ ਧਾਰ, ਪਾਰਬ੍ਰਹਮ ਬ੍ਰਹਮੇ ਝੋਲੀ ਪਾਈਆ । ਸ਼ਬਦ ਜਣਾਈ ਵੇਦ ਚਾਰ, ਚਾਰੇ ਜੁਗ ਕਰੇ ਕੁੜਮਾਈਆ । ਚਾਰੇ ਖਾਣੀ ਕਰ ਤਿਆਰ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰ ਜੁਗ ਕਰ ਵਰਤਾਰ, ਚਾਰ ਵਰਨ ਵੇਖ ਵਖਾਈਆ । ਚਾਰ ਯਾਰੀ ਪਾਵੇ ਸਾਰ, ਸਾਰ ਪਾਸ਼ਾ ਖੇਲ ਖਿਲਾਈਆ । ਅੰਤਮ ਬਾਜ਼ੀ ਜਾਏ ਹਾਰ, ਥਿਰ ਕੋਇ ਰਹਿਣ ਨਾ ਪਾਈਆ । ਨੌਂ ਨੌਂ ਚਾਰ ਚੌਕੜ ਜੁਗ ਕਰ ਖ਼ਵਾਰ, ਗੁਰ ਪੀਰ ਅਵਤਾਰ ਸਾਧ ਸੰਤ ਸੇਵਾ ਲਾਈਆ । ਪੰਡਤ ਪਾਂਧੇ ਉਚੀ ਕੂਕਣ ਕਰਨ ਪੁਕਾਰ, ਵੇਦ ਸਿਮਰਤ ਸ਼ਾਸਤਰ ਦੇਣ ਦੁਹਾਈਆ । ਮੁੱਲਾਂ ਸ਼ੇਖ਼ ਮਸਾਇਕ ਪੀਰ ਰੋਵਣ ਜ਼ਾਰੋ ਜ਼ਾਰ, ਦਸਤਗੀਰ ਰਹੇ ਕੁਰਲਾਈਆ । ਹਰਿ ਕਾ ਖੇਲ ਅਪਰ ਅਪਾਰ, ਅੰਜੀਲ ਕੁਰਾਨ ਨਾ ਸਕੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਚਾਰ ਜੁਗ ਜਗਤ ਗੇੜਾ, ਹਰਿ ਸਾਚਾ ਆਪ ਦਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚੁੱਕਿਆ ਝੇੜਾ, ਕਲਜੁਗ ਵੇਲਾ ਅੰਤਮ ਆਇੰਦਾ । ਹੱਕ ਹਕੀਕਤ ਲਾਸ਼ਰੀਕ ਕਰੇ ਹੱਕ ਨਬੇੜਾ, ਬੇਐਬ ਐਬ ਸਰਬ ਵੇਖ ਵਖਾਇੰਦਾ । ਜਨ ਭਗਤਾਂ ਬੰਨ੍ਹੇ ਆਪੇ ਬੇੜਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਧਰਤ ਮਾਤ ਦਾ ਖੁਲ੍ਹਾ ਕਰੇ ਵੇਹੜਾ, ਪ੍ਰਿਥਮੀ ਆਕਾਸ਼ ਆਪ ਆਪਣੀ ਰਚਨ ਰਚਾਇੰਦਾ । ਲੱਖ ਚੁਰਾਸੀ ਮਨਮਤ ਉਲਟਾ ਦੇਵੇ ਗੇੜਾ, ਬੁਧ ਬਿਬੇਕ ਨਾ ਕੋਇ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕਾਇਆ ਨਗਰ ਵਸੇ ਖੇੜਾ, ਹਰਿ ਕਾ ਨਾਮ ਨਾ ਕੋਇ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਏ ਹੁਲਾਰਾ, ਆਪੇ ਜਾਣੇ ਆਰ ਪਾਰ ਕਿਨਾਰਾ, ਦੂਰ ਦੁਰਾਡਾ ਵੇਖ ਵਖਾਇੰਦਾ । ਕਲਜੁਗ ਅੰਤਮ ਆਈ ਵਾਰ, ਧਰਤੀ ਕੂਕੇ ਦਏ ਦੁਹਾਈਆ । ਮਾਣਸ ਮਾਨੁਖ ਆਪ ਆਪਣਾ ਗਏ ਹਾਰ, ਧੀਰਜ ਜਤ ਸਤਿ ਸੰਤੋਖ ਨਾ ਕੋਇ ਰਖਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਸਾਚਾ ਕੰਤ ਨਾ ਕੋਇ ਹੰਢਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਕੂੜੀ ਕਿਰਿਆ ਕਰਮ ਕੁੜਮਾਈਆ । ਹਰਿ ਮਿਲਿਆ ਨਾ ਕੰਤ ਭਤਾਰ, ਆਤਮ ਸੇਜ ਨਾ ਕੋਇ ਸੁਹਾਈਆ । ਘਰ ਮੰਦਰ ਨਾ ਹੋਏ ਉਜਿਆਰ, ਦੀਵਾ ਬਾਤੀ ਨਾ ਕੋਇ ਜਗਾਈਆ । ਸੁਰਤ ਸਵਾਣੀ ਰੋਵੇ ਜ਼ਾਰੋ ਜ਼ਾਰ, ਬੇਆਬ ਮਰੇ ਤਿਹਾਈਆ । ਅੰਮ੍ਰਿਤ ਝਿਰਨਾ ਝਿਰੇ ਨਾ ਠੰਡਾ ਠਾਰ, ਭਰ ਪਿਆਲਾ ਜਾਮ ਨਾ ਕੋਇ ਪਿਆਈਆ । ਅਠਸਠ ਤੀਰਥ ਗਏ ਹਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਸਾਧ ਸੰਤ ਸਾਚਾ ਕਰੇ ਨਾ ਕੋਇ ਸ਼ੰਗਾਰ, ਤਨ ਝੂਠੀ ਭਿਬੂਤ ਰਹੇ ਰਮਾਈਆ । ਮਿਲੇ ਮੇਲ ਨਾ ਪੀਆ ਪਰੀਤਮ ਯਾਰ, ਤਿਰੀਆ ਤ੍ਰਿਖਾ ਨਾ ਕੋਇ ਬੁਝਾਈਆ । ਤ੍ਰੈਗੁਣ ਮਾਇਆ ਜਗਤ ਭੰਡਾਰ, ਪੰਚ ਵਿਕਾਰਾ ਵੰਡ ਵੰਡਾਈਆ । ਆਸਾ ਤ੍ਰਿਸ਼ਨਾ ਕਰੇ ਖ਼ਵਾਰ, ਘਰ ਘਰ ਜੋਬਨ ਰਹੀ ਵਖਾਈਆ । ਮਨਮੁਖ ਜੀਵ ਨਾ ਪਾਏ ਸਾਰ, ਹਰਿ ਕਾ ਰੂਪ ਨਾ ਕੋਇ ਦਰਸਾਈਆ । ਗੁਰਮੁਖ ਵਿਰਲਾ ਉਤਰੇ ਪਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਬੰਦ ਕਿਵਾੜੀ ਖੋਲ੍ਹ ਕਿਵਾੜ, ਪੰਚਮ ਧਾੜ ਦਏ ਮਿਟਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਸਰਗੁਣ ਲਏ ਮਿਲਾਈਆ । ਏਕਾ ਨੈਣ ਦਏ ਉਘਾੜ, ਦੋਏ ਲੋਚਨ ਬੰਦ ਵਖਾਈਆ । ਵਾ ਨਾ ਲੱਗੇ ਤੱਤੀ ਹਾੜ, ਬਖ਼ਸ਼ੇ ਸਤਿਗੁਰ ਚਰਨ ਸੱਚੀ ਸਰਨਾਈਆ । ਸਾਚੇ ਪੌੜੇ ਦੇਵੇ ਚਾੜ੍ਹ, ਚੌਥੇ ਪਦ ਮੇਲ ਮਿਲਾਈਆ । ਪੰਚਮ ਨਾਦ ਸ਼ਬਦ ਧੁਨਕਾਰ, ਘਰ ਮੰਦਰ ਦਏ ਸੁਣਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਕਾਗਦ ਕਲਮ ਨਾ ਲਿਖੇ ਸ਼ਾਹੀਆ । ਬ੍ਰਹਮਾ ਵੇਤਾ ਨਾ ਪਾਵੇ ਸਾਰ, ਚਾਰ

ਵੇਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਲੋਕਮਾਤੀ ਲੈ ਅਵਤਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੁਗਾ ਜੁਗੰਤਰ ਇਕ ਅਵਤਾਰਾ, ਸੋ ਪੁਰਖ ਨਿਰੰਜਣ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਖ਼ਾਲਕ ਖ਼ਲਕ ਵਿਚ ਕਰਾਇੰਦਾ । ਏਕੰਕਾਰਾ ਹੋ ਉਜਿਆਰਾ, ਆਦਿ ਨਿਰੰਜਣ ਜੋਤ ਜਗਾਇੰਦਾ । ਸ੍ਰੀ ਭਗਵਾਨ ਪਾਵੇ ਸਾਰਾ, ਅਬਿਨਾਸ਼ੀ ਕਰਤਾ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਦਏ ਹੁਲਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਰਗੁਣ ਰੂਪ ਵਿਚ ਸੰਸਾਰਾ, ਪੰਜ ਤਤ ਨਾਤਾ ਜੋੜ ਜੁੜਾਇੰਦਾ । ਗੁਰਮੁਖ ਸਾਜਣ ਕਰ ਪਿਆਰਾ, ਤ੍ਰੈਗੁਣ ਮਾਇਆ ਫੰਦ ਕਟਾਇੰਦਾ । ਜੋਤ ਨਿਰੰਜਣ ਦੀਪਕ ਕਰ ਉਜਿਆਰਾ, ਅਗਿਆਨ ਅੰਧੇਰ ਗਵਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰਾ, ਪੰਚਮ ਮਿਲ ਸਖੀਆਂ ਮੰਗਲ ਗਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਹਰਿ ਪਰਵੇਸ਼, ਜੋਤੀ ਜਾਮਾ ਭੇਖ ਵਟਾਇੰਦਾ । ਆਪੇ ਨਰ ਆਪ ਨਰੇਸ਼, ਆਪੇ ਸੇਵਕ ਸੇਵ ਕਮਾਇੰਦਾ । ਆਪੇ ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰ ਆਪੇ ਅਲੱਖ ਜਗਾਇੰਦਾ । ਆਪੇ ਵੇਖਣਹਾਰਾ ਮੁੱਛ ਦਾੜ੍ਹੀ ਕੇਸ, ਆਪੇ ਆਪਣਾ ਮੂੰਡ ਮੁੰਡਾਇੰਦਾ । ਆਪੇ ਬਹਿ ਬਹਿ ਲਿਖਣਹਾਰਾ ਲੇਖ, ਲਿਖਿਆ ਲੇਖਾ ਆਪ ਮਿਟਾਇੰਦਾ । ਆਪੇ ਚਾਰ ਜੁਗ ਕਰ ਪਰਵੇਸ਼, ਆਪਣੀ ਚੌਕੜੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਖੇਲ ਆਪ ਖਲਾਇੰਦਾ । ਕਲਜੁਗ ਅੰਤਮ ਖੇਲ ਕਰਤਾਰ, ਆਪਣੀ ਆਪ ਕਰਾਈਆ । ਨਿਹਕਲੰਕਾ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਵਿਚ ਸੰਸਾਰ, ਚਾਰੋਂ ਕੁੰਟ ਦਏ ਸੁਣਾਈਆ । ਨੌ ਖੰਡ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਬ੍ਰਹਿਮੰਡ ਮਾਰਨਹਾਰਾ ਮਾਰ, ਚੌਦਾਂ ਲੋਕ ਦਏ ਹਿਲਾਈਆ । ਚੌਦਾਂ ਤਬਕਾਂ ਕਰ ਖ਼ਵਾਰ, ਸਦੀ ਚੌਧਵੀਂ ਵੇਖ ਵਖਾਈਆ । ਚੌਦਸ ਚੰਨ ਨਾ ਹੋਏ ਉਜਿਆਰ, ਅਮਾਵਸ ਰੈਣ ਸਰਬ ਲੋਕਾਈਆ । ਬਿਨ ਸਤਿਗੁਰ ਪੂਰੇ ਨਾ ਪਾਵੇ ਕੋਇ ਸਾਰ, ਭਵ ਸਾਗਰ ਪਾਰ ਨਾ ਕੋਇ ਕਰਾਈਆ । ਰਾਏ ਧਰਮ ਕਰੇ ਖ਼ਵਾਰ, ਚਿਤਰ ਗੁਪਤ ਦਏ ਗਵਾਹੀਆ । ਲਾੜੀ ਮੌਤ ਕਰ ਸ਼ੰਗਾਰ, ਕਲਜੁਗ ਜੀਵਾਂ ਲਏ ਪਰਨਾਈਆ । ਹਰਿਜਨ ਸਾਚੇ ਉਤਰਨ ਪਾਰ, ਜਿਸ ਜਨ ਮਿਲਿਆ ਹਰਿ ਸੱਚਾ ਪਾਤਸ਼ਾਹੀਆ । ਏਕਾ ਨਾਮ ਦਏ ਆਧਾਰ, ਹਰਿ ਹਿਰਦੇ ਵਿਚ ਟਿਕਾਈਆ । ਅਜੱਪਾ ਜਾਪ ਕਰ ਤਿਆਰ, ਕੰਠ ਮਾਲਾ ਆਪ ਪਹਿਨਾਈਆ । ਰਸਨਾ ਜਿਹਵਾ ਨਾ ਕੋਇ ਵਿਚਾਰ, ਸਵਾਸ ਸਵਾਸ ਵਿਚ ਸਮਾਈਆ । ਬੱਤੀ ਦੰਦ ਨਾ ਕਰੇ ਪੁਕਾਰ, ਉਚੀ ਕੂਕ ਨਾ ਕੋਇ ਸੁਣਾਈਆ । ਹਰਿ ਕਾ ਛੰਦ ਸੁਹਾਗੀ ਨਿਝਰ ਧਾਰ, ਧੁਨ ਆਤਮਕ ਆਪ ਅਲਾਈਆ । ਬ੍ਰਹਮ ਆਤਮ ਕਰੇ ਪਿਆਰ, ਈਸ਼ ਜੀਵ ਕਰ ਕੁੜਮਾਈਆ । ਜਗਤ ਜਗਦੀਸ਼ ਪਾਵੇ ਸਾਰ, ਜੁਗਤ ਜਗਤ ਜੁਗ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਕਰੇ ਪਾਰ, ਜਮ ਕੀ ਫਾਸੀ ਦਏ ਤੁੜਾਈਆ । ਘਨਕਪੁਰ ਵਾਸੀ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੀਆ ਏਕਾ ਬਾਤੀ, ਆਪ ਜਗਾਏ ਕਮਲਾਪਾਤੀ, ਮੇਟੇ ਰੈਣ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਸਤਿਜੁਗ ਸਾਚਾ ਚੰਦ ਚੜ੍ਹੌਣਾ, ਪਾਰਬ੍ਰਹਮ ਬ੍ਰਹਮ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਦੀਪਕ ਆਪ ਜਗੌਣਾ, ਤਨ ਮੰਦਰ ਆਪ ਸੁਹਾਇੰਦਾ । ਅੰਮ੍ਰਿਤ ਜਾਮ ਪਿਆਲਾ ਇਕ

ਪਿਔਣਾ, ਨਿਝਰ ਝਿਰਨਾ ਇਕ ਝਿਰਾਇੰਦਾ । ਅਨਹਦ ਨਾਦ ਇਕ ਵਜੌਣਾ, ਕਾਇਆ ਬੰਕ ਆਪ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹੌਣਾ, ਦੂਈ ਦਵੈਤੀ ਪੜਦਾ ਆਪ ਉਠਾਇੰਦਾ । ਬੋਧ ਅਗਾਧ ਸ਼ਬਦ ਜਣੌਣਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਵਾਦ ਵਿਵਾਦ ਸਰਬ ਮਿਟੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਕਰ, ਘਰ ਆਪਣਾ ਮੇਲ ਮਿਲਾਇੰਦਾ । ਘਰ ਮੇਲਾ ਅੰਤਮ ਧਾਰ, ਕਾਇਆ ਕੰਚਨ ਗੜ੍ਹ ਸੁਹਾਇਆ । ਸਤਿਗੁਰ ਪੂਰਾ ਕਰ ਪਿਆਰ, ਤਨ ਮੰਦਰ ਵੇਖ ਵਖਾਇਆ । ਡੂੰਘੀ ਕੰਦਰ ਕਰ ਪਿਆਰ, ਹੰਕਾਰੀ ਜੰਦਰ ਤੋੜ ਤੁੜਾਇਆ । ਮਨ ਬੰਦਰ ਫੜ ਹੰਕਾਰ, ਗੁਰ ਸ਼ਬਦੀ ਬੰਧਨ ਪਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚਵਾਇਆ । ਦੁਰਮਤ ਮੈਲ ਦਏ ਉਤਾਰ, ਜੋ ਜਨ ਸਰਨਾਈ ਆਇਆ । ਕਾਦਰ ਕੁਦਰਤ ਕਰੇ ਪਿਆਰ, ਕੁਦਰਤ ਕਾਦਰ ਵੇਖ ਵਖਾਇਆ । ਹਰਿਜਨ ਸਾਚੇ ਕਰ ਪਿਆਰ, ਸਤਿਜੁਗ ਸਾਚਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਝੋਲੀ ਪਾਇਆ । ਸਚ ਸਮਗਰੀ ਨਾਮ ਧਨ ਰਾਸ, ਗੁਰਮੁਖਾਂ ਝੋਲੀ ਪਾਇੰਦਾ । ਨਿਜ ਘਰ ਆਤਮ ਕਰ ਕਰ ਵਾਸ, ਬੰਦ ਖ਼ੁਲਾਸੀ ਆਪ ਕਰਾਇੰਦਾ । ਅੰਧੇਰੀ ਕੰਦਰ ਕਰ ਪਰਕਾਸ਼, ਕੋਟਨ ਕੋਟ ਰਵ ਸਸ ਆਪ ਚੜ੍ਹਾਇੰਦਾ । ਸਤਿ ਸੰਤੋਖ ਧੀਰਜ ਜਤ ਦਏ ਧਰਵਾਸ, ਧਰਮ ਦਇਆ ਇਕ ਵਖਾਇੰਦਾ । ਗੁਰਸਿਖਾਂ ਪੂਰੀ ਕਰੇ ਆਸ, ਪੂਰਬ ਜਨਮ ਲੇਖੇ ਲਾਇੰਦਾ । ਹਰਿਜਨ ਹੋਏ ਨਾ ਮਾਤ ਉਦਾਸ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਲੇਖਾ ਕੱਟੇ ਦਸ ਦਸ ਮਾਸ, ਮਾਤ ਗਰਭ ਨਾ ਅਗਨ ਤਪਾਇੰਦਾ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਸੋਹੰ ਰਸਨਾ ਗਾਇੰਦਾ । ਪਾਰ ਕਰਾਏ ਪ੍ਰਿਥਮੀ ਆਕਾਸ਼, ਸਚਖੰਡ ਦਵਾਰੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਣੇ ਮੀਤ ਮੁਰਾਰ, ਆਦਿ ਜੁਗਾਦੀ ਲੈ ਅਵਤਾਰ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਗੁਰ ਚੇਲਾ ਗੁਰ ਸਾਖਿਆਤ, ਗੁਰ ਗਹਿਰ ਗੰਭੀਰ ਸਮਾਇੰਦਾ । ਗੁਰਸਿਖ ਸੱਜਣ ਬਣਾਏ ਪਾਰ ਜ਼ਾਤ, ਗੁਰ ਗੁਰਮੁਖ ਸੇਵ ਕਮਾਇੰਦਾ । ਗੁਰ ਹਰਿਜਨ ਮੇਟੇ ਅੰਧੇਰੀ ਰਾਤ, ਗੁਰ ਸਤਿ ਸਤਿ ਸਤਿ ਸਾਚਾ ਚੰਦ ਚੜ੍ਹਾਇੰਦਾ । ਗੁਰ ਗਹਿਰ ਗੰਭੀਰਾ ਪੁੱਛੇ ਵਾਤ, ਆਦਿ ਅੰਤ ਸੰਗ ਨਿਭਾਇੰਦਾ । ਗੁਰ ਕੱਢੇ ਹਉਮੇ ਪੀੜਾ, ਅੰਮ੍ਰਿਤ ਸੀਰਾ ਮੁਖ ਚੁਆਇੰਦਾ । ਗੁਰ ਤੋੜੇ ਜਗਤ ਜ਼ੰਜੀਰਾ, ਨਾਮ ਡੋਰੀ ਆਪ ਬੰਧਾਇੰਦਾ । ਗੁਰ ਚੋਟੀ ਚਾੜ੍ਹੇ ਫੜ ਅਖ਼ੀਰਾ, ਚੌਥੇ ਘਰ ਆਪ ਬਹਾਇੰਦਾ । ਗੁਰ ਲੇਖਾ ਜਾਣੇ ਸ਼ਾਹ ਹਕੀਰਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਇਸ਼ਟ ਦੇਵ ਨਮੋ ਵਾਸਤਕ ਰੂਪ, ਵਿਸ਼ਵ ਆਪਣਾ ਨਾਉਂ ਧਰਾਇੰਦਾ । ਗੁਰ ਵਿਸ਼ਵ ਚਾਰ ਵਰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖ ਵਖਾਈਆ । ਗੁਰ ਸਤਿਗੁਰ ਪੂਰਾ ਬਖ਼ਸ਼ੇ ਏਕਾ ਸਰਨ, ਚਰਨ ਕਵਲ ਵੱਡੀ ਵਡਿਆਈਆ । ਸਤਿਗੁਰ ਪੂਰਾ ਲੇਖਾ ਚੁਕਾਏ ਮਰਨ ਡਰਨ, ਤਰਨੀ ਤਰਨ ਆਪ ਅਖਵਾਈਆ । ਗੁਰ ਗੁਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਤਾਰਿਆ, ਸਿਰ ਹੱਥ ਰੱਖ ਕਰਤਾਰ । ਆਵਣ ਜਾਵਣ ਗੇੜ ਨਵਾਰਿਆ, ਲੱਖ ਚੁਰਾਸੀ ਉਤਰੇ ਪਾਰ । ਏਕਾ ਬਖ਼ਸ਼ੇ ਚਰਨ ਪਿਆਰਿਆ, ਘਨਕ ਪੁਰ ਵਾਸੀ ਹੋ ਉਜਿਆਰ । ਪਿਛਲਾ ਲੇਖਾ ਆਪਣੀ ਹੱਥੀਂ ਪਾੜਿਆ, ਲੇਖਾ

ਚੁੱਕਿਆ ਧਰਮ ਦਵਾਰ । ਪਾਇਆ ਦਰਸ ਹਰਿ ਨਿਰੰਕਾਰਿਆ, ਦਰਸ ਦੇਵੇ ਆਪ ਕਰਤਾਰ । ਮਾਣਸ ਜਨਮ ਨਾ ਜੂਏ ਹਾਰਿਆ, ਮਿਲਿਆ ਮੇਲ ਮੀਤ ਮੁਰਾਰ । ਘਰ ਸੋਹੇ ਬੰਕ ਦਵਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਮੇਲਾ ਗੁਰੂ ਗੁਰ ਚੇਲਾ ਨਾਰੀ ਕੰਤ ਭਤਾਰ । ਕੰਤ ਭਤਾਰ ਸਰਬ ਸੁਖ ਸਵਾਮੀ, ਗਹਿਰ ਗੰਭੀਰ ਅਖਵਾਇੰਦਾ । ਨੇਹਕਰਮ ਕਰੇ ਨੇਹਕਾਮੀ, ਨਿਰਧਨ ਸਰਧਨ ਆਪਣੇ ਲੇਖੇ ਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ ਅੰਤਰਜਾਮੀ, ਅੰਤਰਗਤ ਆਪੇ ਵੇਖ ਵਖਾਇੰਦਾ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਭਰ ਪਿਆਲਾ ਜਾਮ ਪਿਆਇੰਦਾ । ਅਗੰਮ ਅਗੰਮੜਾ ਸੁਣਾਏ ਅਗੰਮੀ ਬਾਣੀ, ਨਾਦ ਅਨਾਦ ਆਪਣਾ ਆਪ ਵਜਾਇੰਦਾ । ਗੁਰਮੁਖ ਗੁਰਸਿਖ ਪਾਇਆ ਪਦ ਪਦ ਨਿਰਬਾਣੀ, ਸਚ ਨਿਸ਼ਾਨੀ, ਇਕ ਵਖਾਇੰਦਾ । ਚਾਰ ਵਰਨ ਚਾਰ ਜੁਗ ਹਰਿਜਨ ਗਾਏ ਅਕਥ ਕਹਾਣੀ, ਕਥ ਕਥਾ ਕਥ ਆਪ ਸੁਣਾਇੰਦਾ । ਗੁਰਸਿਖ ਧੁਰਦਰਗਾਹੇ ਬਣੀ ਸਾਚੀ ਰਾਣੀ, ਦਰਗਹ ਸਾਚੀ ਸਚ ਮਹੱਲ ਉਚ ਅੱਟਲ ਮੁਨਾਰ ਆਪ ਬਹਾਇੰਦਾ । ਸਤਿਗੁਰ ਸੱਚਾ ਸਾਹਿਬ ਸੁਲਤਾਨ ਆਦਿ ਜੁਗਾਦਿ ਜੁਗਾ ਜੁਗੰਤ ਕਰੇ ਸਦਾ ਪ੍ਰਿਤਪਾਲੀ, ਪ੍ਰਿਤਪਾਲਕ ਆਪਣਾ ਨਾਉਂ ਰਖਾਇੰਦਾ । ਕਲਜੁਗ ਅੰਤਮ ਬਣਿਆ ਵਾਲੀ, ਗੁਰਮੁਖਾਂ ਭੰਡਾਰੇ ਭਰੇ ਖਾਲੀ, ਖਾਲੀ ਆਪਣੇ ਹੱਥ ਰਖਾਇੰਦਾ । ਨਿਰਗੁਣ ਚਲੀ ਅਵੱਲੜੀ ਚਾਲੀ, ਸਰਗੁਣ ਭੇਵ ਨਾ ਕੋਇ ਪਾਇੰਦਾ । ਗ਼ਰੀਬ ਨਿਮਾਣਿਆਂ ਕਰੇ ਆਪ ਦਲਾਲੀ, ਸ਼ਬਦ ਵਿਚੋਲਾ ਨਾਉਂ ਧਰਾਇੰਦਾ । ਕਾਇਆ ਮੰਦਰ ਅੰਦਰ ਵਸੇ ਸੱਚੀ ਧਰਮਸਾਲੀ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਬਣਾਇੰਦਾ । ਘਰ ਘਰ ਅੰਦਰ ਨਿਰਗੁਣ ਜੋਤ ਜਗੇ ਅਕਾਲੀ, ਪੁਰਖ ਅਕਾਲ ਆਪ ਜਗਾਇੰਦਾ । ਹਰਿ ਸੰਗਤ ਬੂਟਾ ਲਾਇਆ ਮਾਲੀ, ਕੁਲ ਮਾਲਕ ਖ਼ਾਲਕ ਆਪਣੀ ਖ਼ਲਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਆਪੇ ਕਰ, ਗੁਰਮੁਖ ਸੱਜਣ ਲਏ ਵਰ, ਘਰ ਆਪਣਾ ਮੇਲ ਮਿਲਾਇੰਦਾ । ਘਰ ਮੇਲਾ ਭਗਵੰਤ, ਘਰ ਘਰ ਵਿਚ ਵਧਾਈਆ । ਘਰ ਮੇਲਾ ਗੁਰੂ ਗੁਰ ਸੰਤ, ਘਰ ਘਰ ਵਿਚ ਖ਼ੁਸ਼ੀ ਵਖਾਈਆ । ਘਰ ਸ਼ਬਦ ਨਾਦ ਧੁਨ ਮੰਤ, ਘਰ ਅਨਹਦ ਰਾਗ ਅਲਾਈਆ । ਘਰ ਮਾਇਆ ਪਾਏ ਬੇਅੰਤ, ਘਰ ਘਰ ਵਿਚ ਗੂੜ੍ਹੀ ਨੀਂਦ ਸਵਾਈਆ । ਘਰ ਘਰ ਵਿਚ ਉਠਾਏ ਹਰਿਜਨ ਸਾਚਾ ਸੰਤ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਨਾਰੀ ਕੰਤ, ਮੇਲ ਮਿਲਾਵਾ ਹਰਿ ਭਗਵੰਤ, ਆਦਿ ਜੁਗਾਦੀ ਮਹਿਮਾ ਅਗਣਤ, ਸਾਧ ਸੰਤ ਵੇਦ ਪੁਰਾਨ ਸ਼ਾਸਤਰ ਸਿਮਰਤ ਰਹੇ ਜਸ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਾਕਾਰ ਨਿਰਗੁਣ ਏਕਾ ਰੂਪ ਸਮਾਈਆ ।

## ✻ ੧੭ ਹਾੜ ੨੦੧੭ ਬਿਕ੍ਰਮੀ ਪਿੰਡ ਜੇਠੂਵਾਲ ਦਰਬਾਰ ਵਿਚ ਸ਼ਬਦ ਧਾਰ ✻

ਸਤਿ ਪੁਰਖ ਨਿਰੰਜਣ ਨਿਰਗੁਣ ਗੁਣ ਨਿਧਾਨ, ਗੁਣਵੰਤਾ ਵਡ ਵਡਿਆਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਸਚਖੰਡ ਦਵਾਰੇ ਵਸੇ ਧਾਮ ਮਕਾਨ, ਥਿਰ ਘਰ ਸਾਚੇ ਆਸਣ ਲਾਈਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਧੁਰ

ਦਰਬਾਰੇ ਆਪ ਸੁਣਾਈਆ । ਆਦਿ ਜੁਗਾਦੀ ਖੇਲ ਮਹਾਨ, ਅਗੰਮ ਅਗੰਮੜਾ ਖੇਲ ਖਿਲਾਈਆ । ਸਤਿ ਸਰੂਪੀ ਨੌਜਵਾਨ, ਨਾ ਮਰੇ ਨਾ ਜਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਆਪਣੀ ਕਲ ਵਰਤਾਈਆ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਦੇਵਣਹਾਰ ਬੇਪਰਵਾਹੀਆ । ਏਕੰਕਾਰਾ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਬਣਾਈਆ । ਆਦਿ ਨਿਰੰਜਣ ਨੂਰ ਮਹਾਨ, ਨੂਰ ਨੁਰਾਨਾ ਜੋਤ ਜਗਾਈਆ । ਅਬਿਨਾਸ਼ੀ ਕਰਤਾ ਆਪ ਆਪਣੀ ਕਰ ਪਛਾਨ, ਨਿਰਗੁਣ ਨਿਰਗੁਣ ਵੇਖ ਵਖਾਈਆ । ਸ੍ਰੀ ਭਗਵਾਨ ਕਰੇ ਖੇਲ ਮਹਾਨ, ਘਰ ਮੰਦਰ ਸੋਭਾ ਪਾਈਆ । ਪਾਰਬ੍ਰਹਮ ਆਪ ਆਪਣੀ ਰੱਖੇ ਆਣ, ਦੂਸਰ ਹੁਕਮ ਨਾ ਕੋਇ ਫਿਰਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹੋ ਭੂਪ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸੇ ਨਿਰਗੁਣ ਘਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਹਰਿ ਹਰਿ ਵਸਿਆ, ਸਾਚੇ ਤਖ਼ਤ ਸਚ ਸੁਲਤਾਨ । ਭੇਵ ਅਭੇਦ ਕਿਸੇ ਨਾ ਦੱਸਿਆ, ਜੁਗਾ ਜੁਗੰਤਰ ਖੇਲ ਮਹਾਨ । ਆਪਣੀ ਸੇਜਾ ਆਪੇ ਬਹਿ ਬਹਿ ਹੱਸਿਆ, ਆਪੇ ਜਾਣੇ ਧੁਰ ਫ਼ਰਮਾਣ । ਆਪੇ ਰਸ ਮਾਣੇ ਬਣ ਬਣ ਰਸੀਆ, ਆਪੇ ਵੇਖੇ ਮਾਰ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਸਰਬ ਗੁਣਵੰਤਾ, ਗੁਣ ਅਵਗੁਣ ਕਹਿਣ ਨਾ ਜਾਈਆ । ਆਪੇ ਆਦਿ ਆਪੇ ਅੰਤਾ, ਮਧ ਆਪਣੀ ਰਚਨ ਰਚਾਈਆ । ਆਪੇ ਲੇਖਾ ਜਾਣੇ ਜੁਗਾ ਜੁਗੰਤਾ, ਜਾਗਰਤ ਜੋਤ ਆਪ ਵਖਾਈਆ । ਆਪੇ ਧਾਮ ਖੰਡ ਸਚ ਸੁਹੰਤਾ, ਆਪੇ ਥਿਰ ਘਰ ਕਰੇ ਰੁਸ਼ਨਾਈਆ । ਆਪੇ ਮਹੱਲ ਅਟੱਲ ਰਚਨ ਰਚੰਤਾ, ਉਚ ਮਿਨਾਰ ਵੇਖ ਵਖਾਈਆ । ਆਪੇ ਜੋਬਨ ਰੂਪ ਹਢੰਤਾ, ਆਪੇ ਨੂਰ ਨੂਰ ਦਰਸਾਈਆ । ਆਪੇ ਨਾਰੀ ਆਪੇ ਕੰਤਾ, ਆਪੇ ਫੂਲਨ ਬਰਖਾ ਲਾਈਆ । ਆਪੇ ਦਰ ਦਰਵੇਸ਼ ਬਣੇ ਮੰਗਤਾ, ਆਪ ਆਪਣੀ ਅਲਖ ਜਗਾਈਆ । ਆਪੇ ਸਾਲਸ ਚੋਲੀ ਰੰਗਨ ਰੰਗਤਾ, ਨਿਰਗੁਣ ਰੰਗੀਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਥਾਹੀਆ । ਅਗੰਮ ਅਥਾਹ ਬੇਪਰਵਾਹ, ਪਰਵਰਦਿਗਾਰ ਅਖਵਾਇੰਦਾ । ਨੂਰ ਨੁਰਾਨਾ ਸਿਫ਼ਤ ਸਲਾਹ, ਸਿਫ਼ਤੀ ਸਿਫ਼ਤ ਵਿਚ ਨਾ ਆਇੰਦਾ । ਦੋ ਜਹਾਨਾਂ ਧੁਰ ਮਲਾਹ, ਸਾਚਾ ਬੇੜਾ ਆਪ ਉਠਾਇੰਦਾ । ਏਕਾ ਆਪਣਾ ਨਾਉਂ ਧਰਾ, ਏਕਾ ਅਲਫੀ ਤਨ ਹੰਢਾਇੰਦਾ । ਏਕਾ ਬਸਤੀ ਦਏ ਵਖਾ, ਏਕਾ ਨਗਰ ਗਰਾਮ ਸੁਹਾਇੰਦਾ । ਏਕਾ ਮੀਤ ਘੋੜਾ ਲਏ ਦੌੜਾ, ਸ਼ਾਹ ਅਸਵਾਰ ਇਕ ਬਣਾਇੰਦਾ । ਏਕਾ ਪੌੜਾ ਲਏ ਚੜ੍ਹਾ, ਦਰਗਹ ਸਾਚੀ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲੇ ਖੇਲ ਪੁਰਖ ਸਮਰਥ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਚਲਾਏ ਰਥ, ਮਹਿਮਾ ਅਕਥ ਕਥੀ ਨਾ ਜਾਈਆ । ਏਕੰਕਾਰਾ ਆਪਣੀ ਝੋਲੀ ਪਾਵੇ ਵੱਥ, ਆਪਣੀ ਵਸਤ ਆਪ ਵੰਡਾਈਆ । ਆਦਿ ਨਿਰੰਜਣ ਨਿਰਗੁਣ ਨੂਰ ਘਤ, ਸਾਚਾ ਦੀਪ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਆਪੇ ਵੇਖੇ ਆਪਣੀ ਪਤ, ਪਤਿਪਰਮੇਸ਼ਵਰ ਨਾਉਂ ਧਰਾਈਆ । ਅਬਿਨਾਸ਼ੀ ਕਰਤਾ ਆਪ ਆਪਣਾ ਕਰ ਉਤਪਤ, ਆਪੇ ਲੇਖਾ ਲਏ ਲਖਾਈਆ । ਪਾਰਬ੍ਰਹਮ ਆਪੇ ਵੇਖੇ ਜਾਣੇ ਆਪਣਾ ਹੱਟ, ਦੂਸਰ ਦਰ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਉਪਾਈਆ । ਨਿਰਗੁਣ ਪੁਰਖ ਅਕਾਲ, ਆਪਣੀ ਕਲ ਵਰਤਾਇੰਦਾ । ਨਿਰਗੁਣ ਪੁਰਖ ਦਿਆਲ, ਦੀਨ ਦਿਆਲ ਆਪ ਹੋ ਜਾਇੰਦਾ । ਨਿਰਗੁਣ ਰੂਪ ਮਹਾਂਕਾਲ,

੭੫੨

ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਦਿਸ ਨਾ ਆਇੰਦਾ । ਨਿਰਗੁਣ ਪਾਏ ਆਪਣਾ ਆਪ ਜੰਜਾਲ, ਕਾਲ ਰੂਪ ਆਪ ਵਟਾਇੰਦਾ । ਨਿਰਗੁਣ ਵਸੇ ਸਚ ਸੱਚੀ ਧਰਮਸਾਲ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਅਛਲ ਅਛੇਦਾ ਆਪ ਆਪਣਾ ਭੇਵ ਖੁਲ੍ਹਾਇੰਦਾ । ਸਚਖੰਡ ਵਸੇ ਆਪ ਨਿਰੰਕਾਰ, ਨਿਰਗੁਣ ਨੂਰ ਆਪ ਰੁਸ਼ਨਾਈਆ । ਦੂਸਰ ਦਿਸੇ ਨਾ ਕੋਇ ਧਾਰ, ਕੁਦਰਤ ਕਰਤਾ ਨਾ ਕੋਇ ਬਣਾਈਆ । ਰਵ ਸਸ ਨਾ ਕੋਇ ਉਜਿਆਰ, ਗਗਨ ਮੰਡਲ ਨਾ ਕੋਇ ਵਡਿਆਈਆ । ਧਰਤ ਧਵਲ ਨਾ ਕੋਇ ਸਹਾਰ, ਜ਼ਿਮੀਂ ਅਸਮਾਨ ਨਾ ਕੋਇ ਬਣਾਈਆ । ਜੰਗਲ ਜੂਹ ਨਾ ਕੋਇ ਪਹਾੜ, ਸਮੁੰਦ ਸਾਗਰ ਨਾ ਕੋਇ ਵਖਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਜਾਣੇ ਨਾ ਕੋਇ ਛਾਹੀਆ । ਪੰਜ ਤਤ ਨਾ ਕੋਇ ਵਰਤਾਰ, ਤ੍ਰੈਗੁਣ ਰੰਗ ਨਾ ਕੋਇ ਰੰਗਾਈਆ । ਮਨਮਤ ਬੁਧ ਨਾ ਕੋਇ ਵਿਚਾਰ, ਚਤੁਰ ਸੁਘੜ ਨਾ ਕੋਇ ਵਖਾਈਆ । ਮਨਮੁਖ ਮੂੜ੍ਹੇ ਨਾ ਕੋਇ ਗਵਾਰ, ਹਉਮੇ ਹੰਗਤਾ ਨਾ ਕੋਇ ਵਰਤਾਈਆ । ਭੁੱਖਾ ਨੰਗਤਾ ਨਾ ਦਿਸੇ ਕੋਇ ਦਰਬਾਰ, ਸ਼ਾਹ ਸੁਲਤਾਨ ਨਾ ਸੀਸ ਤਾਜ ਟਿਕਾਈਆ । ਖੜਗ ਖੰਡਾ ਨਾ ਦਿਸੇ ਕਟਾਰ, ਸ਼ਸਤਰ ਬਸਤਰ ਨਾ ਕੋਇ ਸਜ਼ਾਈਆ । ਜੋਰੂ ਜ਼ਰ ਨਾ ਕੋਇ ਭਤਾਰ, ਤੀਰ ਕਮਾਨ ਨਾ ਹੱਥ ਉਠਾਈਆ । ਸ਼ਾਹੀ ਲਸ਼ਕਰ ਨਾ ਸ਼ਾਹ ਅਸਵਾਰ, ਅਸਵ ਘੋੜਾ ਨਾ ਕੋਇ ਦੌੜਾਈਆ । ਤੀਰ ਤੁਫ਼ੰਗ ਨਾ ਮਾਰੇ ਮਾਰ, ਕਾਲ ਰੂਪ ਨਾ ਕੋਇ ਵਟਾਈਆ । ਲਾੜੀ ਮੌਤ ਨਾ ਕਰੇ ਸ਼ੰਗਾਰ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਨਾ ਕਰੇ ਵਿਚਾਰ, ਲੇਖਾ ਲਿਖੇ ਨਾ ਥਾਉਂ ਥਾਈਂਆ । ਲੱਖ ਚੁਰਾਸੀ ਨਾ ਕੋਇ ਪਸਾਰ, ਚਾਰੇ ਖਾਣੀ ਨਾ ਵੇਖ ਵਖਾਈਆ । ਚਾਰੇ ਬਾਣੀ ਨਾ ਕੋਇ ਸ਼ਬਦ ਨਗਾਰ, ਚਾਰੇ ਵੇਦ ਨਾ ਕੋਇ ਪੜ੍ਹਾਈਆ । ਚਾਰੇ ਮੁਖ ਨਾ ਕੋਇ ਪੁਕਾਰ, ਚਾਰੋਂ ਕੁੰਟ ਨਾ ਕੋਇ ਸੁਣਾਈਆ । ਚਾਰ ਜੁਗ ਨਾ ਕੋਇ ਕਲਿਆਣ, ਚਾਰ ਚਾਰ ਨਾ ਵੱਜੇ ਵਧਾਈਆ । ਨੌ ਖੰਡ ਨਾ ਕੋਇ ਨਿਸ਼ਾਨ, ਸੱਤ ਦੀਪ ਨਾ ਰੂਪ ਦਰਸਾਈਆ । ਬ੍ਰਹਿਮੰਡ ਖੰਡ ਨਾ ਕੋਇ ਪਰਧਾਨ, ਬ੍ਰਹਮਾ ਵਿਸ਼ਨ ਸ਼ਿਵ ਨਾ ਹੁਕਮ ਜਣਾਈਆ । ਇਸ਼ਟ ਦੇਵ ਨਾ ਪੂਜਾ ਗਿਆਨ, ਸਿਮਰਤ ਰੂਪ ਨਾ ਕੋਇ ਵਖਾਈਆ । ਦ੍ਰਿਸ਼ਟ ਵਸ਼ਿਸ਼ਟ ਰਾਮ ਨਾ ਦੇਵੇ ਕੋਇ ਮਾਣ, ਕਾਹਨਾ ਬੰਸਰੀ ਨਾ ਕੋਇ ਉਠਾਈਆ । ਨਿਰਗੁਣ ਖੇਲ ਸ੍ਰੀ ਭਗਵਾਨ, ਨਰ ਹਰਿ ਆਪਣਾ ਆਪ ਕਰਾਈਆ । ਸਚਖੰਡ ਨਿਵਾਸੀ ਵਸੇ ਸਚ ਮਕਾਨ, ਆਪ ਆਪਣਾ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਸਚ ਦਵਾਰ, ਇਕ ਇਕੱਲਾ ਏਕੰਕਾਰ, ਨਿਰਗੁਣ ਰੂਪ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਸਚਖੰਡ ਦਵਾਰ ਹਰਿ ਨਿਰੰਕਾਰ, ਏਕਾ ਏਕ ਵਸਾਇੰਦਾ । ਨਿਰਗੁਣ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਸਚ ਸਿੰਘਾਸਣ ਕਰ ਤਿਆਰ, ਪੁਰਖ ਅਬਿਨਾਸ਼ਨ ਆਸਣ ਲਾਇੰਦਾ । ਉਪਰ ਬੈਠ ਸੱਚੀ ਸਰਕਾਰ, ਸੋ ਪੁਰਖ ਨਿਰੰਜਣ ਏਕਾ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਬਣੇ ਚੋਬਦਾਰ, ਦਰ ਦਰਬਾਨ ਅਲੱਖ ਜਗਾਇੰਦਾ । ਏਕੰਕਾਰਾ ਬੋਲ ਜੈਕਾਰ, ਉਚੀ ਨਾਅਰਾ ਇਕ ਅਲਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਘਰ ਦੀਪਕ ਡਗਮਗਾਇੰਦਾ । ਸ੍ਰੀ ਭਗਵਾਨ ਬਣ ਪਨਹਾਰ, ਦਰ ਸਾਚੀ ਸੇਵ ਕਮਾਇੰਦਾ । ਅਬਿਨਾਸ਼ੀ ਕਰਤਾ ਕਰੇ ਸਚ ਵਿਹਾਰ, ਘਰ ਸਾਚੇ ਸਚ ਕਮਾਇੰਦਾ । ਪਾਰਬ੍ਰਹਮ ਢਹਿ ਢਹਿ ਪਏ ਚਰਨ ਦਵਾਰ, ਆਪ ਆਪਣਾ ਸੀਸ ਝੁਕਾਇੰਦਾ । ਸਤਿ ਪੁਰਖ ਨਿਰੰਜਣ ਸਚ ਵਿਚਾਰ, ਆਦਿ ਪੁਰਖ ਆਦਿ ਜੁਗਾਦੀ ਖੇਲ ਅਪਾਰ,

ਆਪਣੀ ਧਾਰ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵੇਸ ਵਟਾਇੰਦਾ । ਇਕ ਅਕੱਲਾ ਅਕਲ ਧਾਰ, ਆਪ ਆਪਣੀ ਕਲ ਵਰਤਾਇੰਦਾ । ਸਚਖੰਡ ਦਵਾਰ ਖੋਲ੍ਹ ਕਿਵਾੜ, ਆਪ ਆਪਣਾ ਆਸਣ ਲਾਇੰਦਾ । ਆਪੇ ਬਣੇ ਸੱਚੀ ਸਰਕਾਰ, ਸਾਚੇ ਤਖ਼ਤ ਆਪ ਸੁਹਾਇੰਦਾ । ਆਪਣੀ ਕਰਨੀ ਕਰ ਵਿਚਾਰ, ਕਰਤਾ ਪੁਰਖ ਆਪ ਅਖਵਾਇੰਦਾ । ਆਪਣੀ ਸਰਨੀ ਪੜ ਮੰਗੇ ਮੰਗ ਬਣ ਭਿਖਾਰ, ਆਪਣੀ ਝੋਲੀ ਅੱਗੇ ਡਾਹਿੰਦਾ । ਆਪੇ ਵਰ ਦੇਵੇ ਦੇਵਣਹਾਰ, ਦਾਤਾ ਦਾਨੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਏਕੰਕਾਰਾ ਨਿਰਾਧਾਰਾ ਨਿਰਵੈਰ ਆਪਣਾ ਨਾਉਂ ਰਖਾਇੰਦਾ । ਨਿਰਵੈਰ ਅਕਾਲ ਮੂਰਤ, ਅਜੂਨੀ ਰਹਿਤ ਭੇਵ ਨਾ ਆਇੰਦਾ । ਪੁਰਖ ਅਬਿਨਾਸ਼ੀ ਸਾਚੀ ਸੂਰਤ, ਸਚਖੰਡ ਦਵਾਰੇ ਆਪ ਬਣਾਇੰਦਾ । ਆਪਣੀ ਮਨਸਾ ਆਪੇ ਪੂਰਤ, ਏਕਾ ਰੰਗ ਰੰਗਾਇੰਦਾ । ਨਾ ਕੋਈ ਨੇੜ ਨਾ ਕੋਈ ਦੂਰਤ, ਘਰ ਘਰ ਵਿਚ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਵਿਚ ਕਰ ਤਿਆਰ, ਆਪੇ ਵੇਖੇ ਵੇਖਣਹਾਰ, ਆਦਿ ਜੁਗਾਦੀ ਸਾਚੀ ਕਾਰ, ਹਰਿ ਸਾਚਾ ਆਪ ਕਰਾਇੰਦਾ । ਘਰ ਵਿਚ ਘਰ ਘਰ ਨਿਆਰ, ਹਰਿ ਸਾਚੇ ਖੇਲ ਖਿਲਾਇਆ । ਸਚਖੰਡ ਨਿਵਾਸੀ ਨਿਰਾਕਾਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਥਿਰ ਘਰ ਪਾਏ ਆਪੇ ਸਾਰ, ਆਪ ਆਪਣਾ ਬੰਕ ਵਖਾਇਆ । ਊਚੋ ਊਚ ਬੇਐਬ ਪਰਵਰਦਿਗਾਰ, ਜਲਵਾ ਨੂਰ ਨੂਰ ਟਿਕਾਇਆ । ਤਖ਼ਤ ਨਿਵਾਸੀ ਸ਼ਾਹੋ ਸ਼ਬਾਸ਼ੀ ਭੇਵ ਨਿਆਰ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਕ ਆਪ ਵਡਿਆਇਆ । ਸਾਚਾ ਬੰਕ ਸੋਹੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੁਰਖ ਅਬਿਨਾਸ਼ੀ ਹਰੀ ਹਰਿ, ਹਰੀ ਹਰਿ ਆਪਣਾ ਰੂਪ ਵਟਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਿਲਾਈਆ । ਏਕੰਕਾਰਾ ਏਕਾ ਹਰਿ, ਨਿਰੰਕਾਰਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚੁਕਾਇਆ ਆਪਣਾ ਡਰ, ਨਿਰਭੈ ਆਪਣਾ ਨਾਉਂ ਰਖਾਈਆ । ਨਿਰਭੈ ਹੋਇਆ ਸ਼ਾਹੋ ਭੂਪ, ਸ਼ਾਹ ਸੁਲਤਾਨਾ ਆਪ ਅਖਵਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਰੂਪ ਰੰਗ ਨਾ ਕੋਈ ਰਖਾਇੰਦਾ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਨਾ ਕੋਈ ਵੰਡਨ ਵੰਡ ਵੰਡਾਇੰਦਾ । ਨਾ ਕੋਈ ਸਚ ਨਾ ਕੋਈ ਝੂਠ, ਨਾ ਕੋਈ ਵਣਜੀ ਵਣਜ ਵਖਾਇੰਦਾ । ਨਾ ਕੋਈ ਠੱਗ ਚੋਰ ਯਾਰ ਸਕੇ ਲੂਟ, ਚੋਗ ਨਖੁੱਟ ਨਾ ਕੋਈ ਵਖਾਇੰਦਾ । ਪੁਰਖ ਅਕਾਲ ਨਿਰਗੁਣ ਸ਼ਾਹੋ ਭੂਪ, ਮੂਰਤ ਅਕਾਲ ਆਪਣਾ ਨਾਉਂ ਧਰਾਇੰਦਾ । ਏਕਾ ਖੇਲ ਬਾਰ ਅਨਕ ਕੋਟਨ ਕੋਟ ਕੋਟ ਰੂਪ, ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਚ ਦਵਾਰ, ਏਕਾ ਵਸੇ ਵਸਣਹਾਰ, ਦੂਸਰ ਕੋਇ ਨਾ ਸੰਗ ਰਖਾਇੰਦਾ । ਨਾ ਕੋਈ ਸੰਗ ਸਗਲਾ ਸਾਥਾ, ਨਾ ਕੋਈ ਮੇਲ ਮਿਲੰਨਿਆ । ਨਾ ਕੋਈ ਬਹਿ ਬਹਿ ਗਾਏ ਗਾਥਾ, ਵੇਦ ਪੁਰਾਨ ਨਾ ਕੋਈ ਪੜ੍ਹੰਨਿਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਮੰਦਰ ਮਸਜਿਦ ਚਾਰ ਦਿਵਾਰ ਨਾ ਕੋਈ ਰਖੰਨਿਆ । ਅੰਮ੍ਰਿਤ ਰਸ ਨਾ ਮਾਰੇ ਠਾਠਾ, ਸਰ ਸਰੋਵਰ ਨਾ ਕੋਈ ਨੁਹੰਨਿਆ । ਨਾ ਕੋਈ ਪਵਣ ਪਵਣੀ ਨਾ ਕੋਈ ਜੋਤ ਲਿਲਾਟਾ, ਅਗਨੀ ਲਾਟਾ ਨਾ ਕੋਈ ਰਖੰਨਿਆ । ਨਾ ਕੋਈ ਪੰਜ ਤਤ ਵਸੇ ਕਾਇਆ ਮਾਟਾ, ਨਾ ਕੋਈ ਨਿਉਂ ਨਿਉਂ ਸੀਸ ਝੁਕੰਨਿਆ । ਚੌਦਾਂ ਲੋਕ ਨਾ ਦਿਸੇ ਚੌਦਾਂ ਤਬਕ ਵਿਛਾਈ ਖਾਟਾ, ਨਾ ਕੋਈ ਸੇਜ ਹਢੰਨਿਆ । ਕਰੇ ਖੇਲ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੭੫੩
੦੯

੭੫੪
੦੯

ਕਰ, ਸਚਖੰਡ ਦਵਾਰ ਇਕ ਸੁਹੰਨਿਆ । ਸਚਖੰਡ ਦਵਾਰ ਸੋਭਾਵੰਤ, ਨਿਰਗੁਣ ਸਾਚਾ ਇਕ ਸੁਹਾਇੰਦਾ । ਪੁਰਖ ਅਬਿਨਾਸ਼ੀ ਸਾਚਾ ਕੰਤ, ਹਰਿ ਹਰਿ ਨਾਰੀ ਨਰ ਨਰਾਇਣ ਆਪ ਪਰਨਾਇੰਦਾ । ਆਪ ਆਪਣੀ ਬਣਾਏ ਬਣਤ, ਵਾਹ ਵਾਹ ਅਪਣਾ ਖੇਲ ਖਿਲਾਇੰਦਾ । ਆਦਿ ਜੁਗਾਦਿ ਜੁਗਾਂ ਜੁਗੰਤਰ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਪੀਰ ਅਵਤਾਰ ਨਾ ਕੋਈ ਅਖਵਾਇੰਦਾ । ਨਾ ਕੋਈ ਰਸਨਾ ਜਿਹਵਾ ਮਣੀਆ ਮੰਤ, ਮਨ ਮਤ ਬੁਧ ਨਾ ਕੋਈ ਧਰਾਇੰਦਾ । ਨਾ ਕੋਈ ਹਉਮੇ ਨਾ ਕੋਈ ਹੰਗਤ, ਨਾ ਕੋਈ ਗੜ੍ਹ ਹੰਕਾਰ ਵਖਾਇੰਦਾ । ਨਾ ਕੋਈ ਵਰਨ ਬਰਨ ਏਕਾ ਰੂਪ ਨਾ ਦਿਸੇ ਕੋਈ ਸੰਗਤ, ਤਤਵ ਤਤ ਨਾ ਕੋਈ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਕਾਦਰ ਆਪਣੀ ਖੇਲ ਖਿਲਾਇੰਦਾ । ਕਾਦਰ ਕਰੀਮ ਬੇਐਬ ਪਰਵਰਦਿਗਾਰ, ਨੂਰੋ ਨੂਰ ਜਲਵਾ ਅਲਾਹੀਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਪੁਰਖ ਅਬਿਨਾਸ਼ੀ ਦਿਸ ਨਾ ਆਈਆ । ਸ੍ਰੀ ਭਗਵਾਨ ਹੋ ਤਿਆਰ, ਆਪ ਆਪਣਾ ਘਰ ਵਸਾਈਆ । ਸਾਚੇ ਤਖ਼ਤ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਰਾਜ ਜੋਗ ਇਕ ਨਿਰੰਕਾਰ, ਨਿਰਗੁਣ ਆਪਣਾ ਰੂਪ ਦਰਸਾਈਆ । ਹੁਕਮੀ ਹੁਕਮ ਕਰ ਵਿਚਾਰ, ਹੁਕਮੀ ਹੁਕਮ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਵਖਾਈਆ । ਬਣਤ ਬਣਾਏ ਹਰਿ ਭਗਵਾਨ, ਸਚਖੰਡ ਦਵਾਰ ਸੁਹਾਇੰਦਾ । ਨਿਰਗੁਣ ਨਿਰਗੁਣ ਹੋ ਮਿਹਰਵਾਨ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਗੋਪੀ ਬਣ ਬਣ ਕਾਹਨ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਸਤਿ ਬਣ ਸੰਤਾਨ, ਨਿਰਗੁਣ ਅਪਣਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਸੁਹਾਇੰਦਾ । ਸਚਖੰਡ ਦਵਾਰ ਵਡ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਪੁਰਖ ਅਬਿਨਾਸ਼ੀ ਕਰੀ ਕੁੜਮਾਈ, ਨਿਰਗੁਣ ਨਿਰਗੁਣ ਆਪਣਾ ਆਪ ਪਰਨਾਇੰਦਾ । ਸੋ ਪੁਰਖ ਨਿਰੰਜਣ ਘਰ ਵੱਜੇ ਵਧਾਈ, ਹਰਿ ਪੁਰਖ ਨਿਰੰਜਣ ਗੀਤ ਸੁਹਾਗੀ ਆਪੇ ਗਾਇੰਦਾ । ਏਕੰਕਾਰਾ ਵੇਖੇ ਚਾਈਂ ਚਾਈਂ, ਆਦਿ ਨਿਰੰਜਣ ਨਾਲ ਰਲਾਇੰਦਾ । ਸ੍ਰੀ ਭਗਵਾਨ ਪਕੜੇ ਬਾਂਹੀ, ਅਬਿਨਾਸ਼ੀ ਕਰਤਾ ਆਪ ਉਠਾਇੰਦਾ । ਪਾਰਬ੍ਰਹਮ ਆਪਣੀ ਸੇਵਾ ਰਿਹਾ ਕਮਾਈ, ਸੇਵਕ ਸੇਵਾਦਾਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਆਪ ਸੁਹਾਏ ਕਰੇ ਖੇਲ ਬੇਪਰਵਾਹੇ, ਬੇਪਰਵਾਹ ਆਪਣੀ ਕਲ ਵਰਤਾਇੰਦਾ । ਸਚਖੰਡ ਦਵਾਰ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ । ਜੋਤ ਜਗਾਏ ਆਦਿ ਨਿਰੰਜਣਾ, ਆਦਿ ਅੰਤ ਵੇਖ ਵਖਾਇੰਦਾ । ਦਾਤਾ ਬਣ ਦਰਦ ਦੁੱਖ ਭੈ ਭੰਜਨਾ, ਨਿਰਭੈ ਆਪਣਾ ਨਾਉਂ ਧਰਾਇੰਦਾ । ਨਿਰਮਲ ਨਿਰਵੈਰ ਕਰ ਕਰ ਮਜਨਾ, ਅੰਮ੍ਰਿਤ ਸਾਚਾ ਤਾਲ ਸੁਹਾਇੰਦਾ । ਸਦਾ ਸੁਹੇਲਾ ਬਣ ਬਣ ਸੱਜਣਾ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਏਕੰਕਾਰਾ, ਆਪੇ ਜਾਣੇ ਆਪਣਾ ਆਪ ਪਸਾਰਾ, ਦੂਸਰ ਹੋਰ ਨਾ ਕੋਈ ਵਖਾਇੰਦਾ । ਏਕੰਕਾਰਾ ਪੁਰਖ ਅਗੰਮ, ਅਲੱਖ ਅਗੋਚਰ ਭੇਵ ਨਾ ਰਾਇਆ । ਆਪਣੀ ਗੋਦੀ ਆਪੇ ਪਿਆ ਜੰਮ, ਮਾਤ ਪਿਤ ਨਾ ਕੋਈ ਬਣਾਇਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਇਆ । ਆਪੇ ਵਸਿਆ ਆਪਣੀ ਛੱਪਰ ਛੰਨ, ਸਚਖੰਡ ਦਵਾਰਾ ਆਪ ਸੁਹਾਇਆ । ਆਪ ਰਾਗ ਸੁਣਾਏ ਆਪਣੇ ਕੰਨ, ਨਾਦ ਅਨਾਦੀ ਆਪ ਵਜਾਇਆ । ਆਪ ਆਪਣੇ ਮੰਦਰ

ਬਹਿ ਬਹਿ ਗਿਆ ਮੰਨ, ਆਪ ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਭੇਵ ਖੁਲ੍ਹਾਏ ਸਚਖੰਡ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਪਹਿਲੀ ਵੰਡੀ ਆਪਣੀ ਵੰਡ, ਸੋ ਪੁਰਖ ਨਿਰੰਜਣ ਨਾਉਂ ਧਰਾਈਆ । ਦੂਜੀ ਖੋਲ੍ਹੀ ਨਿਰਗੁਣ ਗੰਢ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਤੀਜੇ ਹੋਇਆ ਆਪ ਬਖ਼ਸ਼ੰਦ, ਏਕੰਕਾਰਾ ਨਾਉਂ ਉਪਜਾਈਆ । ਚੌਥੇ ਆਪੇ ਜਾਣੇ ਆਪਣਾ ਪੰਧ, ਆਦਿ ਨਿਰੰਜਣ ਕਰ ਰੁਸ਼ਨਾਈਆ । ਪੰਜਵੇਂ ਮੇਲ ਗੁਣੀ ਗਹਿੰਦ, ਅਬਿਨਾਸ਼ੀ ਕਰਤਾ ਸੰਗ ਰਖਾਈਆ । ਛੇਵੇਂ ਘਰ ਦਰ ਵਰ ਹਰਿ ਨਰ ਏਕਾ ਬਿੰਦ, ਸ੍ਰੀ ਭਗਵਾਨ ਲਏ ਉਪਜਾਈਆ । ਸੱਤਵੇਂ ਦਰ ਗੁਣੀ ਗਹਿੰਦ, ਪਾਰਬ੍ਰਹਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਬੁਝਾਈਆ । ਪਹਿਲਾ ਲੇਖਾ ਹਰਿ ਕਰਤਾਰ, ਸੋ ਪੁਰਖ ਨਿਰੰਜਣ ਨਾਉਂ ਧਰਾਇਆ । ਦੂਜਾ ਲੇਖਾ ਧੁਰ ਦਰਬਾਰ, ਹਰਿ ਪੁਰਖ ਨਿਰੰਜਣ ਵੇਸ ਵਟਾਇਆ । ਤੀਜਾ ਦਰ ਖੋਲ੍ਹ ਕਿਵਾੜ, ਏਕੰਕਾਰਾ ਅੰਗ ਲਗਾਇਆ । ਚੌਥਾ ਅੰਦਰ ਕਰ ਤਿਆਰ, ਆਦਿ ਨਿਰੰਜਣ ਜੋਤ ਜਗਾਇਆ । ਪੰਚਮ ਮੇਲਾ ਮੇਲਣਹਾਰ, ਅਬਿਨਾਸ਼ੀ ਕਰਤਾ ਵੇਖ ਵਖਾਇਆ । ਪੰਚਮ ਮੇਲਾ ਧੁਰ ਦਰਬਾਰ, ਨਿਰਗੁਣ ਨਿਰਗੁਣ ਆਪ ਕਰਾਇਆ । ਸਾਚਾ ਤਖ਼ਤ ਕਰ ਤਿਆਰ, ਸਚ ਸਿੰਘਾਸਣ ਆਸਣ ਲਾਇਆ । ਪੰਚਮ ਪੰਚਮ ਕਰ ਪਿਆਰ, ਪੰਚਮ ਵੇਖੇ ਥਾਉਂ ਥਾਇਆ । ਪੰਚਮ ਏਕਾ ਦਏ ਆਧਾਰ, ਪੰਚਮ ਏਕਾ ਰੂਪ ਸਮਾਇਆ । ਪੰਚਮ ਇਕ ਕਰ ਸਿਕਦਾਰ, ਪੰਚਮ ਏਕਾ ਤਾਜ ਵਖਾਇਆ । ਪੰਚਮ ਵਖਾਇਆ ਇਕ ਦਰਬਾਰ, ਪੰਚਮ ਏਕਾ ਹੁਕਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਆਪਣੀ ਕਲ ਵਰਤਾਇਆ । ਸੋ ਪੁਰਖ ਨਿਰੰਜਣ ਹਰਿ ਪੁਰਖ ਨਿਰੰਜਣ ਪਾਇਆ, ਆਦਿ ਨਿਰੰਜਣ ਵੱਜੀ ਵਧਾਈਆ । ਅਬਿਨਾਸ਼ੀ ਕਰਤਾ ਮੰਗਲ ਗਾਇਆ, ਆਪ ਆਪਣਾ ਗੀਤ ਅਲਾਈਆ । ਸਾਚਾ ਬੰਕ ਆਪ ਸੁਹਾਇਆ, ਘਰ ਸਾਚਾ ਸਿਫ਼ਤ ਸਾਲਾਹੀਆ । ਸ਼ਾਹੋ ਭੂਪ ਇਕ ਧਰਾਇਆ, ਸ਼ਾਹ ਸੁਲਤਾਨਾ ਵੇਖ ਵਖਾਈਆ । ਪੰਚਮ ਮੁਖ ਮੁਖ ਸਾਲਾਹਿਆ, ਪੰਚਮ ਦੇਵੇ ਆਪ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਣਾ ਆਪ ਬਣਾਈਆ । ਸਾਚਾ ਰਾਣਾ ਹਰਿ ਸੁਲਤਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਪੰਚਮ ਪੰਚ ਕਰ ਪਰਵਾਨ, ਪੰਚਮ ਪੰਚ ਪਰਧਾਨ ਆਪ ਬਣਾਇੰਦਾ । ਪੰਚਮ ਦੇਵੇ ਸਚ ਨਿਸ਼ਾਨ, ਪੰਚਮ ਤਾਜ ਮੁਖ ਸਾਲਾਹਿੰਦਾ । ਪੰਚਮ ਜਾਣੇ ਇਕ ਗਿਆਨ, ਪੰਚਮ ਇਕ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਭੂਪ, ਹਰਿ ਸਾਚਾ ਆਪ ਅਖਵਾਇੰਦਾ । ਪੰਚ ਮੁਖ ਪੰਚ ਨਿਸ਼ਾਨਾ, ਹਰਿ ਸਾਚੇ ਸਚ ਉਪਾਇਆ । ਨਿਰਗੁਣ ਬਣ ਬਣ ਰਾਜ ਰਾਜਾਨਾ, ਰਾਜਨ ਰਾਜ ਆਪ ਅਖਵਾਇਆ । ਸਤਿ ਸੰਤੋਖੀ ਬੱਧਾ ਗਾਨਾਂ, ਸਤਿ ਸਤਿ ਅਪਣਾ ਸਗਨ ਮਨਾਇਆ । ਗਤ ਮਿਤ ਜਾਣੇ ਆਪ ਭਗਵਾਨਾ, ਭਗਵਨ ਆਪਣੀ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਤਾਜ ਸੋਭਾਵੰਤ, ਆਪ ਸੁਹਾਏ ਸ੍ਰੀ ਭਗਵੰਤ, ਆਦਿ ਅੰਤ ਆਪ ਸੁਹਾਇਆ । ਪੰਚਮ ਤਾਜ ਕਰ ਤਿਆਰ, ਪੰਚਮ ਮੁਖ ਮੁਖ ਸਾਲਾਹੀਆ । ਤਖ਼ਤ ਨਿਵਾਸੀ ਬੈਠ ਤਖ਼ਤ ਸਰਕਾਰ, ਨਿਰਗੁਣ ਆਪਣੇ ਸੀਸ ਟਿਕਾਈਆ । ਸਚਖੰਡ ਨਿਵਾਸੀ ਆਪ ਪਰਵਰਦਿਗਾਰ, ਜਲਵਾ ਜਲਵਾ ਵਿਚ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਸੱਚਾ

੭੫੫
੦੯

ਤਾਜ, ਆਪ ਰਖਾਏ ਸੀਸ ਗ਼ਰੀਬ ਨਿਵਾਜ਼, ਦੂਸਰ ਹੋਰ ਨਾ ਕੋਇ ਵਡਿਆਈਆ । ਸੀਸ ਰੱਖ ਤਾਜ ਨਿਰੰਕਾਰ, ਨਿਰਗੁਣ ਸੱਚੀ ਖੇਲ ਖਿਲਾਇੰਦਾ । ਦੂਜੀ ਬੰਨ੍ਹੇ ਸਾਚੀ ਧਾਰ, ਸ੍ਰੀ ਭਗਵਾਨ ਸੇਵ ਲਗਾਇੰਦਾ । ਪਾਰਬ੍ਰਹਮ ਕਰੇ ਖ਼ਬਰਦਾਰ, ਆਪ ਆਪਣਾ ਹੁਕਮ ਸੁਣਾਇੰਦਾ । ਸਤਿ ਸਰੂਪੀ ਸਤਿ ਵਰਤਾਰ, ਘਰ ਸਾਚੇ ਆਪ ਵਰਤਾਇੰਦਾ । ਨਿਰਗੁਣ ਜੋਤ ਹੋਏ ਉਜਿਆਰ, ਆਪ ਆਪਣਾ ਰੰਗ ਵਟਾਇੰਦਾ । ਸੁਤੇ ਪਰਕਾਸ਼ ਕਰ ਨਿਰੰਕਾਰ, ਨਿਰਾਕਾਰ ਖੇਲ ਖਿਲਾਇੰਦਾ । ਲਾਲ ਗੁਲਾਲਾ ਰੰਗ ਚਾੜ੍ਹ, ਕੰਚਨ ਆਪਣਾ ਰੂਪ ਵਟਾਇੰਦਾ । ਸੂਹਾ ਵੇਸ ਹਰਿ ਆਪ ਸਰਕਾਰ, ਚਿੱਟੀ ਧਾਰ ਮੇਲ ਮਿਲਾਇੰਦਾ । ਪੀਲਾ ਮੇਲ ਅਗੰਮ ਅਪਾਰ, ਨੀਲਾ ਨੀਲੀ ਧਾਰ ਪਾਰ ਕਰਾਇੰਦਾ । ਕਾਲਾ ਵੇਸ ਕਰੇ ਅਨੇਕ ਅਨਕ ਕਲ ਕਲ ਵਿਚਾਰ, ਆਪ ਆਪਣੀ ਕਲ ਵਰਤਾਇੰਦਾ । ਏਕਾ ਜੋਤ ਖੇਲ ਨਿਆਰ, ਘਰ ਘਰ ਵਿਚ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਇਕ ਝਮਕਾਰ, ਆਪੇ ਵੇਖੇ ਖੋਲ੍ਹ ਆਪਣੀ ਅੱਖ, ਆਪਣਾ ਨੈਣ ਆਪ ਖੁਲ੍ਹਾਇੰਦਾ । ਏਕਾ ਜੋਤੀ ਸਾਚੀ ਧਾਰ, ਸਤ ਸਤ ਰੰਗ ਸਮਾਈਆ । ਸਚਖੰਡ ਦਵਾਰੇ ਕਰ ਉਜਿਆਰ, ਥਿਰ ਘਰ ਸਾਚੇ ਦਏ ਬਹਾਈਆ । ਥਿਰ ਘਰ ਸਾਚੇ ਆਪੇ ਵਾੜ, ਆਪਣਾ ਕੁੰਡਾ ਆਪਣੀ ਹੱਥੀਂ ਲਾਹੀਆ । ਸਚਖੰਡ ਦਵਾਰੇ ਕਰ ਉਜਿਆਰ, ਥਿਰ ਘਰ ਸਾਚੇ ਦਏ ਬਹਾਈਆ । ਨਾ ਕੋਈ ਪੁਰਖ ਨਾ ਦਿਸੇ ਨਾਰ, ਨਿਰਗੁਣ ਖੇਲ ਕਰੇ ਬੇਪਰਵਾਹੀਆ । ਸੋਲਾਂ ਕਰੇ ਨਾ ਕੋਈ ਸ਼ੰਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਏਕਾ ਜੋਤੀ ਸਤ ਰੰਗ, ਸਤਿ ਸਤਿਵਾਦੀ ਆਪ ਵਟਾਇੰਦਾ । ਆਪੇ ਲਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇੰਦਾ । ਆਪ ਵਖਾਏ ਆਪਣਾ ਇਸ਼ਟ ਇਸ਼ਟ ਵਿਚ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਘਰ, ਘਰ ਸਾਚਾ ਆਪ ਵਖਾਇੰਦਾ । ਸਾਚੇ ਘਰ ਖੇਲ ਅਪਾਰ, ਸਾਚੀ ਜੋਤ ਜੋਤ ਰੁਸ਼ਨਾਈਆ । ਰੰਗੇ ਰੰਗ ਨਿਰਗੁਣ ਨਿਰਗੁਣ ਧਾਰ, ਏਕਾ ਰੰਗ ਚੜ੍ਹਾਈਆ । ਵੰਡੇ ਵੰਡ ਸੱਚੀ ਸਰਕਾਰ, ਵੰਡਣਹਾਰਾ ਦਿਸ ਨਾ ਆਈਆ । ਏਕੰਕਾਰਾ ਖੇਲ ਅਪਾਰ, ਨਿਰਾਧਾਰ ਸੱਚੀ ਸਰਕਾਰ, ਸ਼ਾਹੋ ਭੂਪ ਆਪ ਅਖਵਾਈਆ । ਸਾਚੇ ਤਖ਼ਤ ਬੈਠ ਕਰੇ ਵਿਚਾਰ, ਸਾਚੇ ਹੱਥ ਸੱਚੀ ਵਡਿਆਈਆ । ਆਦਿ ਜੁਗਾਦੀ ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਉਚਾ ਮੰਦਰ ਹੋ ਉਜਿਆਰ, ਸਚਖੰਡ ਵਸੇ, ਵਸਣਹਾਰ ਆਪ ਅਖਵਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਬਿਨਾਸ਼ੀ ਸਰਬ ਘਟ ਵਾਸੀ ਆਪਣਾ ਮਾਰਗ ਆਪੇ ਦੱਸੇ, ਦੂਸਰ ਮਾਰਗ ਕੋਈ ਨਾ ਲਾਈਆ । ਸਾਚੇ ਮੰਦਰ ਆਪੇ ਵਸੇ, ਥਿਰ ਘਰ ਸਾਚਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਸਚ ਪਸਾਰਾ, ਕਰੇ ਕਰਾਏ ਹਰਿ ਕਰਤਾਰਾ, ਸਚ ਸਿੰਘਾਸਣ ਖੇਲ ਅਪਾਰਾ, ਪੰਚਮ ਤਾਜ ਸੀਸ ਦਸਤਾਰਾ, ਸਤਿ ਪੁਰਖ ਨਿਰੰਜਣ ਆਪ ਸਜਾਈਆ । ਪੁਰਖ ਨਿਰੰਜਣ ਸਾਜਣ ਸਾਜਿਆ, ਸੁਹਾਏ ਸਾਚਾ ਘਰ । ਪੁਰਖ ਅਬਿਨਾਸ਼ੀ ਗ਼ਰੀਬ ਨਿਵਾਜਿਆ, ਆਪੇ ਦੇਵਣਹਾਰਾ ਵਰ । ਆਪੇ ਰੱਖੇ ਸੀਸ ਤਾਜਿਆ, ਆਪੇ ਦਰ ਦਰਵੇਸ਼ ਬਣੇ ਦਰ । ਆਪੇ ਰਚਿਆ ਆਪਣਾ ਕਾਜਿਆ, ਆਪੇ ਘਾੜਨ ਲਏ ਘੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ । ਸਾਚਾ ਹਰਿ ਹਰਿ ਸੁਲਤਾਨਾ, ਹਰਿ ਸੱਜਣ ਬੇਪਰਵਾਹ ਅਖਵਾਇੰਦਾ । ਪੰਚਮ ਤਾਜ ਤਾਜ ਮਹਾਨਾ, ਤਖ਼ਤ ਨਿਵਾਸੀ ਸੀਸ ਟਿਕਾਇੰਦਾ । ਛੇਵੇਂ ਘਰ ਘਰ ਫ਼ਰਮਾਨਾ, ਦਰ ਦਰ ਆਪ ਸਮਝਾਇੰਦਾ ।

ਸੱਤਵੇਂ ਸਤਿ ਪੁਰਖ ਨਿਰੰਜਣ ਗੁਣ ਨਿਧਾਨਾ, ਆਪਣਾ ਗੁਣ ਆਪ ਵਖਾਇੰਦਾ । ਸੱਤ ਰੰਗ ਨਿਸ਼ਾਨਾ ਦੋ ਜਹਾਨਾਂ, ਹਰਿ ਭਗਵਾਨਾ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਇੰਦਾ । ਸੱਤ ਰੰਗ ਨਿਸ਼ਾਨਾ ਦੇਵੇ ਚਾੜ੍ਹ, ਸਚਖੰਡ ਵੱਜੀ ਵਧਾਈਆ । ਆਪੇ ਬੰਨ੍ਹੇ ਆਪਣੀ ਧਾਰ, ਹਾਰ ਜਿਤ ਨਾ ਕੋਇ ਵਖਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਦੂਤੀ ਦੁਸ਼ਮਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੇਲ ਕਰੇ ਹਰਿ, ਹਰਿ ਕੀ ਗਤ ਨਾ ਕੋਇ ਜਣਾਈਆ । ਸੱਤ ਰੰਗ ਨਿਸ਼ਾਨਾ ਸਚ ਦਵਾਰੇ, ਹਰਿ ਸਾਚਾ ਸਚ ਚੜ੍ਹਾਇੰਦਾ । ਸੋ ਪੁਰਖ ਨਿਰੰਜਣ ਕਰ ਵਿਚਾਰੇ, ਹਰਿ ਪੁਰਖ ਨਿਰੰਜਣ ਆਖ ਸੁਣਾਇੰਦਾ । ਏਕੰਕਾਰੇ ਤੇਰੀ ਕਾਰੇ, ਕਾਰ ਕਰਤਾ ਆਪ ਕਮਾਇੰਦਾ । ਆਦਿ ਨਿਰੰਜਣ ਹੋ ਉਜਿਆਰੇ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰੇ, ਲੈ ਅਵਤਾਰੇ ਖੇਲ ਖਿਲਾਇੰਦਾ । ਪਾਰਬ੍ਰਹਮ ਭੇਵ ਨਿਆਰੇ, ਆਪ ਆਪਣੀ ਕਲ ਵਰਤਾਇੰਦਾ । ਸਾਚੇ ਮੰਦਰ ਅਸਥਲ ਬੈਠ ਚੁਬਾਰੇ, ਆਪ ਆਪਣਾ ਮਤਾ ਪਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਾਚਾ ਮਤਾ ਹਰਿ ਪਕਾਇਆ, ਸਚਖੰਡ ਵੱਜੀ ਵਧਾਈਆ । ਸੱਤ ਰੰਗ ਨਿਸ਼ਾਨਾ ਇਕ ਚੜ੍ਹਾਇਆ, ਆਦਿ ਜੁਗਾਦਿ ਝੁਲਾਈਆ । ਪੰਚਮ ਮੁਖ ਤਾਜ ਪਹਿਨਾਇਆ, ਪੰਚਮ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੇ ਵਿਚ ਰਖਾਈਆ । ਆਪਣੀ ਇਛਿਆ ਆਪਣੇ ਅੰਦਰ ਧਰ, ਆਪੇ ਬਾਹਰ ਕਢਾਇੰਦਾ । ਆਪੇ ਦੇਵਣਹਾਰਾ ਵਰ, ਵਰ ਦਾਤਾ ਨਾਉਂ ਰਖਾਇੰਦਾ । ਆਪੇ ਆਪਣੀ ਕਿਰਪਾ ਕਰ, ਕਰ ਕਿਰਪਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਇੰਦਾ । ਕਿਰਪਾ ਕਰ ਸ੍ਰੀ ਭਗਵਾਨ, ਆਪਣੀ ਇਛਿਆ ਪੂਰ ਕਰਾਈਆ । ਕਰੇ ਖੇਲ ਵਾਲੀ ਦੋ ਜਹਾਨ, ਦੋ ਦੋ ਧਾਰ ਆਪ ਚਲਾਈਆ । ਆਪੇ ਨਿਰਗੁਣ ਨੂਰ ਮਹਾਨ, ਆਪੇ ਆਦਿ ਆਦਿ ਵਡਿਆਈਆ । ਆਪੇ ਸ਼ਕਤ ਹੋਏ ਪਰਧਾਨ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਘਰ ਆਪਣੀ ਰਚਨਾ ਵੇਖ ਵਖਾਈਆ । ਘਰ ਵਿਚ ਘਰ ਰਚਨ ਰਚਾਇਆ, ਰਚ ਰਚਨਾ ਵੇਖ ਵਖਾਈਆ । ਸਾਚੇ ਮੰਦਰ ਹੋ ਉਜਿਆਰ ਆਪ ਆਪਣਾ ਰੰਗ ਰੰਗਾਇਆ, ਹਰਿ ਸਾਚਾ ਮੇਲ ਮਿਲਾਈਆ । ਨਾਤਾ ਬਿਧਾਤਾ ਜੋੜ ਜੁੜਾਇਆ, ਇਕ ਇਕਾਂਤਾ ਖੇਲ ਖਿਲਾਈਆ । ਦਿਵਸ ਰਾਤਾ ਨਾ ਖੇਲ ਖਿਲਾਇਆ, ਦਾਈ ਦਾਇਆ ਨਾ ਸੇਵ ਕਮਾਈਆ । ਜੋਤੀ ਜਾਤਾ ਆਪ ਹਰਿ ਜਾਇਆ, ਜਾਗਰਤ ਜੋਤ ਇਕ ਜਣਾਈਆ । ਆਪਣਾ ਨੂਰ ਨੂਰ ਦਰਸਾਇਆ, ਨੂਰ ਨੁਰਾਨਾ ਨੂਰੋ ਨੂਰ ਡਗਮਗਾਈਆ । ਆਪ ਆਪਣਾ ਵੇਲਾ ਵਕ਼ਤ ਸੁਹਾਇਆ, ਥਿਤ ਵਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੀਜ ਬਜਾਈਆ । ਬੋਇਆ ਬੀਜ ਆਪਣੇ ਖੇਤਰ, ਆਪੇ ਹਲ ਚਲਾਇੰਦਾ । ਆਪੇ ਵੇਖੇ ਆਪਣੇ ਨੇਤਰ, ਆਪਣੀ ਦ੍ਰਿਸ਼ਟੀ ਆਪ ਖੁਲ੍ਹਾਇੰਦਾ । ਆਪੇ ਰੁੱਤ ਜਾਣੇ ਆਪਣੀ ਬਸੰਤ ਬਸੰਤੀ ਚੇਤਰ, ਆਪੇ ਮੇਲ ਮਿਲਾਇੰਦਾ । ਆਪੇ ਕਰੇ ਸਾਚਾ ਹੇਤੜ, ਨਿਤ ਨਵਿਤ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਪੜਦਾ ਲਾਹਿੰਦਾ । ਹਰਿ ਪੜਦਾ ਆਪ ਚੁਕਾਇਆ, ਆਪ ਆਪਣੀ ਕਿਰਪਾ ਧਾਰ । ਸਚਖੰਡ ਦਵਾਰ ਸਚ ਵਸਾਇਆ, ਨਿਰੰਕਾਰ ਨਿਰੰਕਾਰ ਨਿਰਾਕਾਰ ।

ਜੋਤੀ ਜੋਤ ਮੇਲ ਮਿਲਾਇਆ, ਘਰ ਘਰ ਵਿਚ ਭਰਿਆ ਭੰਡਾਰ । ਘਰ ਘਰ ਵਿਚ ਕਰ ਰੁਸ਼ਨਾਇਆ, ਘਰ ਘਰ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣਿਆ ਨਾਰੀ ਕੰਤ ਭਤਾਰ । ਨਾਰੀ ਕੰਤ ਬਣਿਆ ਹਰਿ ਹਰਿ, ਹਰਿ ਸੱਚਾ ਬੇਪਰਵਾਹਿਆ । ਆਪਣੀ ਜੋਤ ਆਪਣੇ ਅੰਦਰ ਧਰ ਧਰ, ਆਪ ਆਪਣਾ ਮੇਲ ਮਿਲਾਇਆ । ਆਪਣੇ ਮੰਦਰ ਆਪੇ ਖੜ ਖੜ, ਆਪ ਆਪਣਾ ਦਰਸ ਦਿਖਾਇਆ । ਆਪਣੇ ਪੌੜੇ ਆਪੇ ਚੜ੍ਹ ਚੜ੍ਹ, ਆਪ ਆਪਣਾ ਕੁੰਡਾ ਲਾਹਿਆ । ਆਪ ਆਪਣਾ ਨੂਰ ਆਪੇ ਧਰ ਧਰ, ਆਪ ਆਪਣਾ ਅੰਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਆਪਣਾ ਲੇਖਾ ਦਏ ਸਮਝਾਇਆ । ਸੋ ਪੁਰਖ ਨਿਰੰਜਣ ਇਛਿਆ ਧਾਰ, ਆਪਣੀ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਕਰ ਪਿਆਰ, ਆਪਣੀ ਗੋਦ ਬਹਾਇੰਦਾ । ਏਕੰਕਾਰਾ ਅੰਦਰ ਦੇਵੇ ਵਾੜ, ਅੰਤਰ ਆਪਣਾ ਬੀਜ ਬਜਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਕਰ ਤਿਆਰ, ਆਪ ਆਪਣਾ ਮੇਲ ਮਿਲਾਇੰਦਾ । ਅਬਿਨਾਸ਼ੀ ਕਰਤਾ ਆਪੇ ਅੰਦਰ ਆਪੇ ਬਾਹਰ, ਰਸੀਆ ਭੋਗੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸੰਜੋਗੀ ਆਪਣਾ ਨਾਉਂ ਧਰਾਇੰਦਾ । ਸਚਖੰਡ ਦਵਾਰੇ ਭੋਗੇ ਭੋਗ, ਭਸਮੜ ਆਪਣਾ ਰੂਪ ਵਟਾਇਆ । ਏਕਾ ਏਕ ਨਿਰਗੁਣ ਜੋਤ, ਆਪ ਆਪਣਾ ਖੇਲ ਖਿਲਾਇਆ । ਨਾ ਕੋਈ ਕਿਲਾ ਨਾ ਕੋਈ ਕੋਟ, ਨਾ ਕੋਈ ਦਰ ਸਹਾਇਆ । ਨਾ ਕੋਈ ਨਗਾਰਾ ਨਾ ਕੋਈ ਚੋਟ, ਤਾਲ ਤਲਵਾੜਾ ਨਾ ਕੋਈ ਵਜਾਇਆ । ਕਿਸੇ ਰੱਖੇ ਨਾ ਕੋਈ ਓਟ, ਆਪ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਇਆ । ਕਰਤਾ ਪੁਰਖ ਨਾਉਂ ਰੱਖ, ਆਪ ਆਪਣੀ ਕਲ ਵਰਤਾਇੰਦਾ । ਸਚਖੰਡ ਦਵਾਰੇ ਹੋ ਪਰਤੱਖ, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਸਾਚੇ ਮੰਦਰ ਆਪੇ ਵਸ, ਆਪ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸੋਭਾ ਪਾਇਆ । ਸਤਿ ਪੁਰਖ ਨਿਰੰਜਣ ਧਰਿਆ ਭੇਸ, ਹਰਿ ਪੁਰਖ ਨਿਰੰਜਣ ਆਪ ਵਟਾਇੰਦਾ । ਏਕੰਕਾਰਾ ਤੇਰੇ ਲਿਖੇ ਲੇਖ, ਆਦਿ ਨਿਰੰਜਣ ਨਾਲ ਰਲਾਇੰਦਾ । ਸ੍ਰੀ ਭਗਵਾਨ ਕਰੇ ਆਦੇਸ, ਦੇਸ ਆਪਣਾ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਨਰ ਨਰੇਸ਼, ਆਪਣੀ ਅਲਫੀ ਆਪ ਹੰਢਾਇੰਦਾ । ਪਾਰਬ੍ਰਹਮ ਆਪ ਆਪਣਾ ਰਿਹਾ ਵੇਖ, ਸ਼ਾਹੋ ਭੂਪ ਸਚਖੰਡ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇੰਦਾ । ਏਕਾ ਵਸਿਆ ਸਚਖੰਡ ਨਿਰੰਕਾਰਾ, ਆਪ ਆਪਣੀ ਜੋਤ ਜਗਾਇਆ । ਇਕ ਸੁਹਾਏ ਸਚ ਦਵਾਰਾ, ਸਾਚਾ ਤਖ਼ਤ ਸੁਹਾਇਆ । ਸ਼ਾਹੋ ਭੂਪ ਸੱਚੀ ਸਰਕਾਰਾ, ਸਚਖੰਡ ਆਪਣਾ ਆਸਣ ਲਾਇਆ । ਸਤ ਰੰਗ ਨਿਸ਼ਾਨਾ ਕਰ ਤਿਆਰਾ, ਦੋ ਜਹਾਨਾਂ ਆਪ ਚੜ੍ਹਾਇਆ । ਸਤਿ ਪੁਰਖ ਨਿਰੰਜਣ ਸਾਚੀ ਧਾਰਾ, ਧੁਰ ਦੀ ਧਾਰ ਆਪ ਸੁਹਾਇਆ । ਸਤਿ ਪੁਰਖ ਨਿਰੰਜਣ ਬੋਲ ਜੈਕਾਰਾ, ਏਕਾ ਆਪਣੀ ਅਲੱਖ ਜਗਾਇਆ । ਥਿਰ ਘਰ ਵਸਿਆ ਵਸਣਹਾਰਾ, ਬੰਦ ਕਿਵਾੜਾ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇਆ । ਸਤਿ ਦਵਾਰਾ ਖੋਲ੍ਹਿਆ, ਖੋਲਣਹਾਰ ਆਪ ਨਿਰੰਕਾਰ । ਆਪਣਾ ਵਜੂਦ ਨਿਰਗੁਣ ਨਿਰਗੁਣ ਆਪੇ ਤੋਲਿਆ, ਤੋਲਣਹਾਰਾ ਬੋਲੇ ਏਕਾ ਧਾਰ । ਆਦਿ ਜੁਗਾਦਿ ਰਹੇ ਅਡੋਲਿਆ, ਨਾ ਡੋਲੇ ਡੋਲਣਹਾਰ ।

੭੫੮

ਸਚਖੰਡ ਨਿਵਾਸੀ ਸਚ ਦਵਾਰਾ ਏਕਾ ਖੋਲ੍ਹਿਆ, ਅਤੋਟ ਅਤੁਟ ਰੱਖੇ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰ । ਆਦਿ ਜੁਗਾਦੀ ਏਕਾ ਹਰਿ ਸੱਚਾ ਪਾਤਸ਼ਾਹ, ਸਾਚੇ ਤਖ਼ਤ ਹੋਏ ਤੁਠਿਆ । ਧੁਰਦਰਗਾਹੀ ਇਕ ਮਲਾਹ, ਜੁਗਾ ਜੁਗੰਤਰ ਕਦੇ ਨਾ ਰੁੱਠਿਆ । ਦੇਵਣਹਾਰਾ ਸਚ ਸਲਾਹ, ਲੁਕਿਆ ਬੈਠਾ ਏਕਾ ਗੁੱਠਿਆ । ਸਚਖੰਡ ਦਵਾਰੇ ਮੁਖ ਛੁਪਾ, ਕਿਸੇ ਕੋਲੋਂ ਜਾਵੇ ਨਾ ਕਦੇ ਲੁੱਟਿਆ । ਠੱਗ ਚੋਰ ਨਾ ਲਏ ਚੁਰਾ, ਹਰਿ ਕਾ ਚੋਗ ਨਾ ਕਦੇ ਨਖੁਟਿਆ । ਭੰਡਾਰਾ ਆਪਣਾ ਰਿਹਾ ਵਰਤਾ, ਪੁਰਖ ਅਬਿਨਾਸ਼ੀ ਬੂਟਾ ਕਦੇ ਨਾ ਜਾਵੇ ਪੁੱਟਿਆ । ਲੱਖ ਚੁਰਾਸੀ ਰਿਹਾ ਲਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਦਿ ਆਪੇ ਸਮਝਾ । ਆਦਿ ਪੁਰਖ ਆਪ ਉਪਾਇਆ, ਆਪਣੀ ਦਇਆ ਕਮਾਈਆ । ਆਪਣੀ ਵੰਡ ਰਿਹਾ ਵੰਡਾਇਆ, ਆਪ ਆਪਣੀ ਸੇਵ ਲਗਾਈਆ । ਸਚ ਦਵਾਰਾ ਆਪ ਉਪਜਾਇਆ, ਵਸਤ ਅਤੋਟ ਅਤੁਟ ਝੋਲੀ ਪਾਈਆ । ਆਪਣੀ ਲੱਜਿਆ ਆਪ ਰਖਾਇਆ, ਆਪੇ ਦੇਦਾਂ ਰਹੇ ਵਧਾਈਆ । ਆਪਣਾ ਮੰਦਰ ਆਪ ਸੁਹਾਇਆ, ਆਪਣੀ ਜੋਤ ਕਰ ਰੁਸ਼ਨਾਈਆ । ਆਪਣਾ ਮੰਗਲ ਆਪੇ ਗਾਇਆ, ਸੁਰ ਤਾਲ ਨਾ ਕੋਈ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਪਾਰਬ੍ਰਹਮ ਆਪਣੀ ਕਲ ਵਰਤਾਈਆ । ਕੁਲਵੰਤਾ ਕਾਲ ਦਿਆਲ, ਆਪਣੀ ਕਲ ਵਰਤਾਇੰਦਾ । ਸਰ ਸਰੋਵਰ ਇਕ ਉਛਾਲ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਆਪਣੀ ਕਰੇ ਆਪ ਸੰਭਾਲ, ਆਪ ਆਪਣਾ ਵੇਖ ਵਖਾਇੰਦਾ । ਆਪਣਾ ਤੋੜ ਆਪ ਜੰਜਾਲ, ਆਪ ਆਪਣੀ ਚਾਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਬੰਕ ਇਕ ਸੁਹਾਇੰਦਾ । ਘਰ ਬੰਕ ਹਰਿ ਸੁਹਾਵਣਾ, ਸੁਹਾਏ ਹਰਿ ਕਰਤਾਰ । ਪੁਰਖ ਅਬਿਨਾਸ਼ੀ ਭੇਵ ਖੁਲਾਵਣਾ, ਘਰ ਮੰਦਰ ਬੈਠ ਸੱਚੀ ਸਰਕਾਰ । ਏਕਾ ਸੁੱਤ ਸੁੱਤ ਉਪਜਾਵਣਾ, ਅਬਿਨਾਸ਼ੀ ਅਚੁੱਤ ਖੇਲ ਅਪਾਰ । ਪੰਜ ਤਤ ਨਾ ਤਤ ਬਣਾਵਣਾ, ਰਕਤ ਬੂੰਦ ਨਾ ਕੋਈ ਪਿਆਰ । ਬ੍ਰਹਮ ਜੋਤ ਨਾ ਕੋਇ ਜਗਾਵਣਾ, ਮਨਮਤ ਨਾ ਦਏ ਅਧਾਰ । ਕਾਇਆ ਬੰਕ ਨਾ ਕੋਈ ਵਸਾਵਣਾ, ਕਰੇ ਖੇਲ ਅਗੰਮ ਅਪਾਰ । ਆਪ ਆਪਣੀ ਗੋਦ ਧਰਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਦੇਵਣਹਾਰ । ਸੋ ਪੁਰਖ ਨਿਰੰਜਣ ਵਰ ਘਰ ਪਾਇਆ, ਵਡ ਦਾਤਾ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਖ਼ੁਸ਼ੀ ਮਨਾਇਆ, ਘਰ ਵੱਜਦੀ ਰਹੇ ਵਧਾਈਆ । ਏਕੰਕਾਰਾ ਗਾਵਣ ਆਇਆ, ਆਪ ਆਪਣਾ ਰੂਪ ਵਟਾਈਆ । ਜੋਤ ਨਿਰੰਜਣ ਕਰ ਰੁਸ਼ਨਾਇਆ, ਆਦਿ ਨਿਰੰਜਣ ਖੇਲ ਖਿਲਾਈਆ । ਸ੍ਰੀ ਭਗਵਾਨ ਬਣੇ ਮਲਾਹਿਆ, ਆਪਣਾ ਬੇੜਾ ਰਿਹਾ ਚਲਾਈਆ । ਅਬਿਨਾਸ਼ੀ ਕਰਤਾ ਚੱਪੂ ਲਾਇਆ, ਆਪ ਆਪਣਾ ਬਲ ਧਰਾਈਆ । ਪਾਰਬ੍ਰਹਮ ਬ੍ਰਹਮ ਸਲਾਹਿਆ, ਘਰ ਸਾਚੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਈਆ । ਸੋ ਪੁਰਖ ਨਿਰੰਜਣ ਵਸਤ ਅਮੋਲ, ਆਪਣੀ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਤੋਲੇ ਤੋਲ, ਏਕਾ ਕੰਡਾ ਹੱਥ ਰਖਾਇੰਦਾ । ਏਕੰਕਾਰਾ ਧਾਰਨ ਬੋਲ, ਸਚ ਜੈਕਾਰਾ ਏਕਾ ਲਾਇੰਦਾ । ਆਦਿ ਨਿਰੰਜਣ ਮੰਦਰ ਖੋਲ੍ਹ, ਆਪਣੇ ਅੰਦਰ ਆਪ ਟਿਕਾਇੰਦਾ । ਅਬਿਨਾਸ਼ੀ ਕਰਤਾ ਜਾਏ ਮੌਲ, ਮੌਲਾ ਆਪਣਾ ਨਾਉਂ ਰਖਾਇੰਦਾ । ਸ੍ਰੀ ਭਗਵਾਨ ਪੂਰਾ ਕਰੇ ਕੌਲ, ਕੀਤਾ ਕੌਲ ਆਪ ਨਿਭਾਇੰਦਾ । ਪਾਰਬ੍ਰਹਮ ਨਾ ਕੋਈ ਰੂਪ ਸਾਵਲ ਸੌਲ, ਅਲੱਖ ਅਭੇਦ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਇੰਦਾ । ਸੋ ਪੁਰਖ ਨਿਰੰਜਣ ਸਚ ਪਿਆਰ, ਹਰਿ ਪੁਰਖ ਨਿਰੰਜਣ ਨਾਲ ਕਰਾਇੰਦਾ । ਏਕੰਕਾਰਾ ਸਾਚੀ ਸੇਜ ਕਰ ਤਿਆਰ, ਘਰ ਸਾਚੇ ਆਪ ਸੁਹਾਇੰਦਾ । ਆਦਿ ਨਿਰੰਜਣ ਫਿਰੇ ਚਾਰੋਂ ਤਰਫ਼ ਏਕਾ ਵਾਰ, ਚਾਰੋਂ ਕੁੰਟ ਫੇਰਾ ਪਾਇੰਦਾ । ਅਬਿਨਾਸ਼ੀ ਕਰਤਾ ਅੰਦਰੇ ਅੰਦਰ ਭੁੰਚ ਭੰਡਾਰ, ਸਚ ਭੰਡਾਰ ਆਪ ਵਰਤਾਇੰਦਾ । ਸ੍ਰੀ ਭਗਵਾਨ ਆਏ ਬਾਹਰ, ਆਪ ਆਪਣੀ ਕਲ ਵਰਤਾਇੰਦਾ । ਪਾਰਬ੍ਰਹਮ ਹੋ ਉਜਿਆਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਸਮਾਇੰਦਾ । ਜੋਤ ਉਜਾਲਾ ਹਰਿ ਗੋਪਾਲਾ, ਜੋਤੀ ਜੋਤ ਕਰੀ ਰੁਸ਼ਨਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਦਇਆ ਨਿਧ ਵੱਡੀ ਵਡਿਆਈਆ । ਸਚਖੰਡ ਵਸਾਏ ਸੱਚੀ ਧਰਮਸਾਲਾ, ਥਿਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵੇਸ ਵਟਾਈਆ । ਨਿਰਗੁਣ ਰੂਪ ਸ੍ਰੀ ਭਗਵਾਨਾ, ਆਪਣੀ ਖੇਲ ਖਿਲਾਇੰਦਾ । ਨਿਰਗੁਣ ਮਾਤ ਪਿਤ ਬਣੇ ਬਾਲ ਨਿਧਾਨਾ, ਬਾਲੀ ਬਾਲਾ ਆਪ ਅਖਵਾਇੰਦਾ । ਨਿਰਗੁਣ ਵਿਸ਼ਨੂੰ ਬਣ ਅਞਾਣਾ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਸਾਚਾ ਮਾਣਾ, ਆਪ ਆਪਣਾ ਮਾਣ ਰਖਾਇੰਦਾ । ਆਪੇ ਵਸਿਆ ਨਿਰਾਕਾਰ, ਨਿਰਗੁਣ ਨੂਰ ਨੂਰ ਉਪਾਇਆ । ਆਪ ਆਪਣਾ ਭਰ ਭੰਡਾਰ, ਆਪੇ ਦਏ ਵਰਤਾਇਆ । ਆਪੇ ਅੰਤਮ ਕਰੇ ਪਿਆਰ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵਿਚ ਟਿਕਾਇਆ । ਆਪੇ ਅੰਦਰ ਹਰਿ ਕਰਤਾਰ, ਆਪੇ ਕਲ ਵਰਤਾਇੰਦਾ । ਆਪੇ ਅੰਮ੍ਰਿਤ ਭਰ ਭੰਡਾਰ, ਨਾਭੀ ਆਪ ਉਲਟਾਇੰਦਾ । ਆਪੇ ਨੂਰ

੭੬੦

ਕਰ ਉਜਿਆਰ, ਆਪੇ ਬਾਹਰ ਵਖਾਇੰਦਾ । ਆਪੇ ਪਾਰਬ੍ਰਹਮ ਪਾਵੇ ਸਾਰ, ਬ੍ਰਹਮ ਆਪਣਾ ਆਪ ਉਪਾਇੰਦਾ । ਆਪੇ ਫੁਲ ਖਿੜੀ ਗੁਲਜ਼ਾਰ, ਆਪੇ ਪੰਖੜੀਆਂ ਮੁਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਪਾਰਬ੍ਰਹਮ ਵੇਖ ਵਖਾਇੰਦਾ । ਕਰੇ ਕੰਮ ਸੱਚੀ ਸਰਕਾਰ, ਨੇਹਕਰਮੀ ਕਰਮ ਕਮਾਇੰਦਾ । ਮਾਨਸ ਜਨਮ ਆਪਣੇ ਹੱਥ ਵੰਡੇ ਕਰਤਾਰ, ਆਪਣਾ ਭਾਣਾ ਆਪ ਸਮਝਾਇੰਦਾ । ਵਰਨ ਬਰਨ ਨਾ ਕੋਇ ਪਿਆਰ, ਸਾਚੀ ਸਰਨ ਇਕ ਰਖਾਇੰਦਾ । ਚਰਨ ਸਰਨ ਸਰਨ ਚਰਨ ਇਕ ਸਰਕਾਰ, ਸੱਚੀ ਸਰਨ ਇਕ ਵਖਾਇੰਦਾ । ਤਰਨੀ ਤਰਨ ਤਾਰਨਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਇੰਦਾ । ਬ੍ਰਹਮਾ ਵੇਤਾ ਪਾਰਬ੍ਰਹਮ, ਬ੍ਰਹਮ ਬ੍ਰਹਮ ਕਰੀ ਕੁੜਮਾਈਆ । ਵਿਸ਼ਨੂੰ ਅੰਦਰ ਆਪੇ ਜੰਮ, ਆਪ ਆਪਣਾ ਰੂਪ ਵਟਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਖੇਲ ਖਿਲਾਈਆ । ਆਪੇ ਸ਼ੰਕਰ ਚਾੜ੍ਹੇ ਚੰਨ, ਧੂੰਆਂਧਾਰ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਵਿਚੋਂ ਬਾਹਰ ਕਢਾਇਆ । ਬ੍ਰਹਮਾ ਵਿਸ਼ਨ ਕਰ ਤਿਆਰ, ਹਰਿ ਆਪਣਾ ਖੇਲ ਖਿਲਾਇਆ । ਦਰਗਹ ਸਾਚੀ ਸਚ ਦਰਬਾਰ, ਤਖ਼ਤ ਨਿਵਾਸੀ ਹੁਕਮ ਸੁਣਾਇਆ । ਸ਼ਬਦ ਅਨਾਦੀ ਧੁਰ ਜੈਕਾਰ, ਅਨਾਦੀ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਏਕਾ ਅੱਖਰ ਆਪ ਪੜ੍ਹਾਇਆ । ਏਕਾ ਵਾਰ ਏਕਾ ਅੱਖਰ ਆਪ ਪੜ੍ਹਾਏ, ਪਾਰਬ੍ਰਹਮ ਬ੍ਰਹਮ ਸਮਝਾਇੰਦਾ । ਵਿਸ਼ਨੂੰ ਤੇਰਾ ਲੇਖਾ ਪ੍ਰਭ ਆਪਣੇ ਹੱਥ ਰਖਾਏ, ਤੇਰੀ ਸੇਵਾ ਆਪ ਕਮਾਇੰਦਾ । ਸ਼ੰਕਰ ਤੇਰਾ ਜ਼ੋਰ ਤੇਰਾ ਬਲ ਧਰਾਏ, ਤੇਰਾ ਤੇਰੀ ਝੋਲੀ ਪਾਇੰਦਾ । ਤਿੰਨਾ ਵਿਚੋਲਾ ਆਪ ਰਘੁਰਾਏ, ਤ੍ਰੈ ਤ੍ਰੈ ਸਾਚਾ

ਵੇਸ ਵਟਾਇੰਦਾ । ਆਪਣੀ ਵਸਤ ਦਏ ਵਰਤਾਏ, ਤ੍ਰੈਗੁਣ ਤਤ ਉਪਜਾਇੰਦਾ । ਰਜੋ ਤਮੋ ਸਤੋ ਅੰਗ ਲਗਾਏ, ਆਪ ਆਪਣੀ ਕਲ ਵਖਾਇੰਦਾ । ਤਿੰਨਾ ਤ੍ਰੈ ਤ੍ਰੈ ਰੰਗ ਚੜ੍ਹਾਏ, ਰੰਗਣਹਾਰਾ ਰੰਗ ਰੰਗਾਇੰਦਾ । ਸੂਰਾ ਸਰਬੰਗ ਆਪ ਅਖਵਾਏ, ਆਪਣਾ ਅੰਗ ਨਾ ਭੰਗ ਕਰਾਇੰਦਾ । ਸਤਿ ਸਰੂਪ ਸਰਬ ਸਮਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਇੰਦਾ । ਸਾਚੀ ਰਚਨਾ ਰਚ ਕਰਤਾਰ, ਤ੍ਰੈਗੁਣ ਤ੍ਰੈ ਤ੍ਰੈ ਮੇਲ ਮਿਲਾਇਆ । ਏਕਾ ਹੁਕਮ ਧੁਰ ਦਰਬਾਰ, ਧੁਰ ਫ਼ਰਮਾਣਾ ਆਪ ਜਣਾਇਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸ਼ਬਦ ਗੁਰ ਆਪ ਵਖਾਇਆ । ਸ਼ਬਦ ਨੂਰ ਨੂਰ ਉਜਿਆਰ, ਸ਼ਬਦ ਸ਼ਬਦ ਪਰਕਾਸ਼ ਵਖਾਇਆ । ਸ਼ਬਦ ਲੋਆਂ ਪੁਰੀਆਂ ਲਏ ਉਸਾਰ, ਸ਼ਬਦ ਬ੍ਰਹਿਮੰਡ ਖੰਡ ਬਣਤ ਬਣਾਇਆ । ਸ਼ਬਦ ਸੂਰਜ ਚੰਨ ਕਰੇ ਉਜਿਆਰ, ਮੰਡਲ ਮੰਡਪ ਵੇਖ ਵਖਾਇਆ । ਸ਼ਬਦ ਵਣਜ ਸ਼ਬਦ ਵਾਪਾਰ, ਸ਼ਬਦ ਹੱਟੋ ਹੱਟ ਵਿਕਾਇਆ । ਸ਼ਬਦ ਮਹੱਲ ਸ਼ਬਦ ਅਟਾਰ, ਸ਼ਬਦ ਸਾਚੀ ਸੇਜ ਹੰਢਾਇਆ । ਸ਼ਬਦ ਨਾਰੀ ਸ਼ਬਦ ਕੰਤ ਭਤਾਰ, ਸ਼ਬਦ ਅੰਗੀ ਅੰਗੀਕਾਰ ਕਰਾਇਆ । ਸ਼ਬਦ ਸੁੱਤ ਹੋਏ ਦੁਲਾਰ, ਸ਼ਬਦ ਗੋਦੀ ਗੋਦ ਸੁਹਾਇਆ । ਸ਼ਬਦ ਜੋਧਾ ਸੂਰਬੀਰ ਬਲਕਾਰ, ਸ਼ਬਦ ਖੜਗ ਖੰਡਾ ਤੇਜ਼ ਚਮਕਾਇਆ । ਸ਼ਬਦ ਗੁਰ ਪੀਰ ਹੋਏ ਅਵਤਾਰ, ਸ਼ਬਦ ਸਾਧ ਸੰਤ ਰੂਪ ਵਟਾਇਆ । ਸ਼ਬਦ ਵਿਸ਼ਨੂੰ ਭਰੇ ਭੰਡਾਰ, ਸਾਚੀ ਵਸਤ ਝੋਲੀ ਪਾਇਆ । ਸ਼ਬਦ ਬ੍ਰਹਮਾ ਕਰੇ ਪਿਆਰ, ਆਪਣਾ ਲੇਖਾ ਆਪ ਸਮਝਾਇਆ । ਸ਼ਬਦ ਵਿਸ਼ਨੂੰ ਕਰੇ ਸ਼ੰਗਾਰ, ਸਚ ਅਲਫੀ ਇਕ ਰਖਾਇਆ । ਸ਼ਬਦ ਅੰਦਰ ਆਪ ਨਿਰੰਕਾਰ, ਦੂਸਰ ਹੱਟ ਨਾ ਕੋਈ ਵਖਾਇਆ । ਸ਼ਬਦੀ ਸ਼ਬਦ ਕਰੇ ਪਰਉਪਕਾਰ, ਉਪਕਾਰ ਆਪਣਾ ਇਕ ਕਮਾਇਆ । ਸ਼ਬਦ ਜਿਤ ਸ਼ਬਦ ਹਾਰ, ਸ਼ਬਦ ਝੰਡਾ ਇਕ ਲਹਿਰਾਇਆ । ਸ਼ਬਦ ਖੰਡ ਬ੍ਰਹਿਮੰਡ ਜੇਰਜ ਅੰਡ ਹੋਏ ਉਜਿਆਰ, ਲੋਕ ਪਰਲੋਕ ਹੋਏ ਸਹਾਇਆ । ਸ਼ਬਦ ਕਰੇ ਖੰਡ ਖੰਡ ਸ਼ਬਦ ਨਾਰ ਦੁਹਾਗਣ ਰੰਡ, ਸ਼ਬਦ ਸਾਚਾ ਕੰਤ ਹੰਢਾਇਆ । ਸ਼ਬਦ ਭੇਖ ਸ਼ਬਦ ਪਖੰਡ, ਸ਼ਬਦ ਸਚ ਸਚ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਸਮਝਾਇਆ । ਏਕਾ ਸ਼ਬਦ ਸਾਚੀ ਵਸਤ ਅਨਮੋਲ, ਵਿਸ਼ਨੂੰ ਹਰਿ ਸਮਝਾਇੰਦਾ । ਆਪੇ ਤੇਰਾ ਤੋਲੇ ਤੋਲ, ਹਰਿ ਸ਼ਬਦੀ ਖੰਡਾ ਹੱਥ ਉਠਾਇੰਦਾ । ਸ਼ੰਕਰ ਤੇਰਾ ਤੈਨੂੰ ਰੱਖੇ ਅਡੋਲ, ਤੇਰੀ ਧਾਰਨ ਆਪ ਚਲਾਇੰਦਾ । ਸ਼ਬਦ ਅਗੰਮੀ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਇਕ ਸਮਝਾਇੰਦਾ । ਸਾਚਾ ਸ਼ਬਦ ਹਰਿ ਨਿਰੰਕਾਰ, ਵਿਸ਼ਨੂੰ ਆਪ ਦਰਸਾਇਆ । ਸ਼ਬਦ ਵਸੇ ਸਚਖੰਡ ਦਵਾਰ, ਏਕਾ ਗੂੰਜ ਗੂੰਜ ਵਿਚ ਟਿਕਾਇਆ । ਸ਼ਬਦ ਸੁਣਾਏ ਏਕਾ ਧਾਰ, ਧੁਰ ਫ਼ਰਮਾਣਾ ਇਕ ਸੁਣਾਇਆ । ਵਿਸ਼ਨੂੰ ਚਾਰੇ ਕੁੰਟ ਕਰੇ ਵਿਚਾਰ, ਹਰਿ ਕਾ ਸ਼ਬਦ ਦਿਸ ਨਾ ਆਇਆ । ਦੋਏ ਜੋੜ ਕਰੇ ਨਿਮਸਕਾਰ, ਪੁਰਖ ਅਬਿਨਾਸ਼ੀ ਤੇਰੀ ਦਾਸੀ ਸੇਵ ਕਮਾਇਆ । ਸੇਵਕ ਬਣ ਸੇਵਾਦਾਰ, ਚਰਨ ਧੂੜੀ ਮਸਤਕ ਖਾਕ ਰਮਾਇਆ । ਤੇਰੀ ਵਸਤ ਮੇਰਾ ਆਧਾਰ, ਮੇਰਾ ਅਧਾਰ ਤੇਰੀ ਸਹਾਇਆ । ਤੂੰ ਪਿਤਾ ਹਉਂ ਸੁੱਤ ਦੁਲਾਰ, ਕਿਉਂ ਬੈਠਾ ਮੁਖ ਛੁਪਾਇਆ । ਹਉ ਭਿੱਖਕ ਮੰਗੇ ਬਣ ਭਿਖਾਰ, ਵਿਸ਼ਨੂੰ ਅੱਗੇ ਝੋਲੀ ਡਾਹਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸ਼ਬਦ ਅਗੰਮੀ ਹੁਕਮ ਸੁਣਾਇਆ । ਵਿਸ਼ਨੂੰ ਵੰਸੀ ਕਰ ਉਜਿਆਰ, ਤੇਰਾ ਮੇਰਾ ਰੂਪ ਵਟਾਇਆ । ਮੇਰਾ ਹੁਕਮ ਤੇਰੀ ਨਿਮਸਕਾਰ, ਮੇਰੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਇਆ । ਵਿਸ਼ਨੂੰ ਸੁਣ ਕਰ ਧਿਆਨ, ਹਰਿ

੭੬੧
੦੯

ਸਾਚਾ ਆਪ ਸਮਝਾਇੰਦਾ । ਪਹਿਲਾਂ ਬਣਾਇਆ ਤੇਰਾ ਮਕਾਨ, ਆਪਣਾ ਆਸਣ ਵਿਚ ਲਗਾਇੰਦਾ । ਦੂਸਰ ਨਾ ਦਿਸੇ ਕੋਈ ਨਿਸ਼ਾਨ, ਰੂਪ ਰੰਗ ਨਾ ਕੋਇ ਵਖਾਇੰਦਾ । ਨਾ ਕੋਈ ਸਖੀ ਨਾ ਕੋਈ ਕਾਹਨ, ਨਾ ਕੋਈ ਨਾਰੀ ਕੰਤ ਹੰਢਾਇੰਦਾ । ਕਿਸੇ ਹੱਟ ਨਾ ਦਿਸੇ ਦੁਕਾਨ, ਨਾ ਕੋਈ ਵਣਜ ਵਣਜਾਰਾ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਵਿਸ਼ਨੂੰ ਸੁਣਿਆ ਧੁਰ ਫ਼ਰਮਾਣ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਸ਼ਾਹ ਪਾਤਸ਼ਾਹ ਸਚ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਹਉਂ ਦਰ ਦਰਵੇਸ਼ਾ ਬਣੇ ਦਰਬਾਨ, ਤੇਰੀ ਅਲਫੀ ਗਲ ਵਿਚ ਪਾਈਆ । ਤੇਰਾ ਮੰਦਰ ਇਕ ਮਕਾਨ, ਤੂੰ ਵਸੇ ਬੇਪਰਵਾਹੀਆ । ਹਉਂ ਮੰਗਣ ਆਏ ਦਾਨ, ਦਾਤਾ ਦਾਨੀ ਏਕਾ ਭਿਛਿਆ ਝੋਲੀ ਪਾਈਆ । ਤੂੰ ਮੇਰਾ ਜਾਣੀ ਜਾਣ, ਮੈਂ ਤੇਰੀ ਅੰਸ ਅਖਵਾਈਆ । ਤੂੰ ਮੇਰਾ ਨਿਗਹਵਾਨ, ਮੈਂ ਤੇਰੀ ਓਟ ਤਕਾਈਆ । ਤੂੰ ਮੇਰਾ ਸਚ ਨਿਸ਼ਾਨ, ਹਉਂ ਮੰਗਾਂ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਿਸ਼ਨੂੰ ਦਏ ਸਮਝਾਈਆ । ਵਿਸ਼ਨੂੰ ਤੈਨੂੰ ਆਦਿ ਉਪਾਇਆ, ਤੇਰਾ ਪਿਤਾ ਆਪ ਨਿਰੰਕਾਰ । ਤੇਰਾ ਬੂਟਾ ਆਪ ਲਗਾਇਆ, ਮਾਲੀ ਬਣਿਆ ਸਿਰਜਨਹਾਰ । ਸਾਚਾ ਅੰਮ੍ਰਿਤ ਆਪ ਚਵਾਇਆ, ਆਪਣੀ ਬਰਖੇ ਨਿਝਰ ਧਾਰ । ਕਰੋੜ ਛਿਆਨਵੇ ਮੇਘ ਨਾ ਕੋਇ ਵਖਾਇਆ, ਨਾ ਕੋਈ ਸੇਵਾ ਕਰੇ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਲ੍ਹੇ ਭੇਵ ਆਪ ਨਿਰੰਕਾਰ । ਵਿਸ਼ਨੂੰ ਤੇਰਾ ਮਾਣ ਰਖਾਵਣਾ, ਹਰਿ ਸਾਚੇ ਸਚ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਮੁਖ ਨਾ ਕਿਸੇ ਦਿਸਾਵਣਾ, ਚਾਰ ਚਾਰ ਜੁਗ ਚੌਕੜੀ ਗੇੜਾ ਦਏ ਗਿੜਾਈਆ । ਤੇਰਾ ਭੰਡਾਰਾ ਆਪ ਵਰਤਾਵਣਾ, ਤੇਰੀ ਵਸਤ ਹੱਥ ਰੱਖੀ ਰਘੁਰਾਈਆ । ਤੇਰਾ ਅੰਤਮ ਖੇਲ ਖਿਲਾਵਣਾ, ਸਿਰ ਆਪਣਾ ਹੱਥ ਰਖਾਈਆ । ਅੰਤ ਤੇਰਾ ਚੋਲਾ ਆਪ ਵਟਾਵਣਾ, ਕਾਇਆ ਚੋਲੀ ਭੇਵ ਨਾ ਰਾਈਆ । ਤੇਰਾ ਗੋਲਾ ਹਰਿ ਅਖਵਾਵਣਾ, ਤੇਰਾ ਤੋਲਾ ਬਣੇ ਸਹਾਈਆ । ਤੇਰਾ ਡੋਲਾ ਆਪਣੇ ਕੰਧ ਉਠਾਵਣਾ, ਹੋਏ ਕਹਾਰ ਸੱਚਾ ਸ਼ਹਿਨਸ਼ਾਹੀਆ । ਤੇਰਾ ਮੁਖ ਨਾ ਕਿਸੇ ਵਖਾਵਣਾ, ਘੁੰਘਟ ਏਕਾ ਲਏ ਕਢਾਈਆ । ਆਪਣਾ ਪੜਦਾ ਆਪ ਉਠਾਵਣਾ, ਆਪਣੀ ਨਾਰ ਆਪਣੇ ਅੰਗ ਲਗਾਈਆ । ਦੂਸਰ ਹੱਥ ਨਾ ਕਿਸੇ ਲਗਾਵਣਾ, ਲੋਕਮਾਤ ਤੇਰੀ ਕੋਇ ਨਾ ਕਰੀ ਕੁੜਮਾਈਆ । ਤੇਰੀ ਜੋਤ ਆਪਣੇ ਵਿਚ ਟਿਕਾਵਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਵਰਨ ਗੋਤ ਵਿਚ ਨਾ ਆਵਣਾ, ਕੋਟਨ ਕੋਟ ਜਨਮ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਏਕਾ ਅੱਖਰ ਦਏ ਸਮਝਾਈਆ । ਵਿਸ਼ਨੂੰ ਸੁਣਿਆ ਸਚ ਸੰਦੇਸ਼, ਪੁਰਖ ਅਬਿਨਾਸ਼ੀ ਆਪ ਸੁਣਾਇਆ । ਨਿਉਂ ਨਿਉਂ ਕਰੇ ਚਰਨ ਕਵਲ ਅਦੇਸ਼, ਮਸਤਕ ਧੂੜੀ ਟਿੱਕਾ ਲਾਇਆ । ਕਵਣ ਰੂਪ ਮਿਲੇ ਨਰ ਨਰੇਸ਼, ਤੇਰਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਨਿਰਗੁਣ ਰੂਪ ਦਏ ਦਰਸਾਇਆ । ਵਿਸ਼ਨੂੰ ਹਰਿ ਸੁਣਾਇੰਦਾ, ਉਠ ਸੁੱਤ ਬਾਲ ਨਾਦਾਨ । ਤੇਰਾ ਨੇਤਰ ਇਕ ਖੁਲ੍ਹਾਇੰਦਾ, ਸਚਖੰਡ ਵੇਖ ਸੱਚਾ ਮਕਾਨ । ਪੁਰਖ ਅਬਿਨਾਸ਼ੀ ਆਸਣ ਲਾਇੰਦਾ, ਸਤ ਰੰਗ ਝੁਲਾਏ ਇਕ ਨਿਸ਼ਾਨ । ਪੰਚਮ ਮੁਖ ਸੀਸ ਤਾਜ ਟਿਕਾਇੰਦਾ, ਨਿਰਗੁਣ ਜੋਤ ਸ੍ਰੀ ਭਗਵਾਨ । ਤੇਰਾ ਵੇਲਾ ਅੰਤਮ ਸੁਹਾਇੰਦਾ, ਲੋਕਮਾਤ ਕਰੇ ਖੇਲ ਮਹਾਨ । ਜੋਤੀ ਜਾਮਾ ਰੂਪ ਵਟਾਇੰਦਾ, ਤੇਰਾ ਲੇਖਾ ਚੁਕਾਏ ਆਣ । ਨਿਰਗੁਣ ਸਰਗੁਣ ਖੇਲ ਖਿਲਾਇੰਦਾ, ਖੇਲੇ ਖੇਲ ਖੇਲਣਹਾਰ । ਜੋਤੀ ਜੋਤ ਸਰੂਪ

੭੬੨ ੦੯

ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਇੰਦਾ । ਵਿਸ਼ਨੂੰ ਵੇਲਾ ਅੰਤਮ ਆਵਣਾ, ਹਰਿ ਸਾਚਾ ਦਏ ਸਮਝਾਈਆ । ਆਪ ਆਪਣਾ ਰੂਪ ਵਟਾਵਣਾ, ਆਪ ਆਪਣਾ ਖੇਲ ਖਿਲਾਈਆ । ਤੇਰਾ ਨਾਮ ਵਡਿਆਵਣਾ, ਆਪ ਆਪਣੀ ਕਰ ਕੁੜਮਾਈਆ । ਨਿਰਗੁਣ ਤੇਰਾ ਮੇਲ ਮਿਲਾਵਣਾ, ਨਿਰਗੁਣ ਵੱਜਦੀ ਰਹੇ ਵਧਾਈਆ । ਸਾਚੀ ਸੇਜਾ ਆਪ ਸੁਹਾਵਣਾ, ਸੁੰਞੀ ਸੇਜ ਸਰਬ ਵਖਾਈਆ । ਨਿਰਗੁਣ ਨਿਰਗੁਣ ਮੇਲ ਮਿਲਾਵਣਾ, ਨੌ ਨੌ ਚਾਰ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਖ਼ਤ ਸੁਹਾਈਆ । ਸਾਚਾ ਸਗਨ ਬੰਨੇ ਡੋਰ, ਹਰਿ ਸਾਚੇ ਸਚ ਕਮਾਇਆ । ਆਪ ਆਪਣੇ ਨਾਲ ਲਏ ਤੋਰ, ਆਪ ਆਪਣੇ ਭਾਣੇ ਵਿਚ ਰਖਾਇਆ । ਜੁਗ ਜੁਗ ਚਲਣ ਨਾ ਦੇਵੇ ਦਿਸੇ ਦਾ ਜ਼ੋਰੂ ਜ਼ੋਰ, ਬਲ ਬਾਵਨ ਆਪਣੀ ਖੇਲ ਖਿਲਾਇਆ । ਹਰਿ ਬਿਨ ਅਵਰ ਨਾ ਦਿਸੇ ਕੋਈ ਹੋਰ, ਰੂਪ ਅਨੂਪ ਨਾ ਕੋਈ ਵਟਾਇਆ । ਲੇਖਾ ਜਾਣੇ ਅੰਧ ਘੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਇਆ । ਵਿਸ਼ਨੂੰ ਲੇਖਾ ਜਾਨਿਆ, ਹਰਿ ਸੱਚੇ ਸ਼ਹਿਨਸ਼ਾਹ । ਤੇਰਾ ਹੁਕਮ ਧੁਰ ਫਰਮਾਨਿਆ, ਮੇਰਾ ਬਣੇ ਜਗਤ ਮਲਾਹ । ਤੂੰ ਸਾਹਿਬ ਸੱਚਾ ਰਾਨਿਆ, ਤੂੰ ਸਿਫ਼ਤੀ ਸਿਫ਼ਤ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਆਪਣਾ ਨਾਂ । ਵਿਸ਼ਨੂੰ ਮੰਗੇ ਨਾਮ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਰ ਕਲਿਆਣ, ਤੇਰੀ ਕਲ ਵੱਡੀ ਵਡਿਆਈਆ । ਕਵਣ ਰੂਪ ਤੇਰਾ ਧਿਆਨ, ਨਿਰਗੁਣ ਨਿਰਗੁਣ ਲਏ ਮਿਲਾਈਆ । ਪੁਰਖ ਅਬਿਨਾਸ਼ੀ ਆਪਣਾ ਦੇਵੇ ਆਪ ਬਿਆਨ, ਦੂਸਰ ਕੋਈ ਨਾ ਗਵਾਹ ਰਖਾਈਆ । ਸੋ ਰੂਪ ਸ੍ਰੀ ਭਗਵਾਨ, ਹੰ ਤੇਰੀ ਕਰੇ ਕੁੜਮਾਈਆ । ਤੂੰ ਅੰਸ ਮੇਰਾ ਨਿਸ਼ਾਨ, ਸਰਬੰਸ ਤੇਰਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਈਆ । ਵਿਸ਼ਨੂੰ ਸੋਹੰ ਗਾਇਆ, ਪਾਇਆ ਹਰਿ ਭਗਵਾਨ । ਦੂਸਰ ਕੋਇ ਨਜ਼ਰ ਨਾ ਆਇਆ, ਏਕਾ ਦੱਸਿਆ ਸਚ ਨਿਸ਼ਾਨ । ਘਰ ਮੰਦਰ ਇਕ ਦਿਸਾਇਆ, ਉਚ ਅਟੱਲ ਮਕਾਨ । ਗੀਤ ਗੋਬਿੰਦ ਇਕ ਅਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਜਾਣੀ ਜਾਣ । ਜਾਣੀ ਜਾਣ ਪਾਰਬ੍ਰਹਮ, ਏਕਾ ਆਪਣੇ ਹੱਥ ਰੱਖੇ ਵਡਿਆਈਆ । ਬ੍ਰਹਮ ਉਪਜਾਏ ਆਪਣੀ ਧੁਨ, ਧੁਨ ਧੁਨ ਵਿਚ ਸਮਾਈਆ । ਆਪ ਬੁਝਾਏ ਆਪਣਾ ਗੁਣ, ਗੁਣਵੰਤਾ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਈਆ । ਬ੍ਰਹਮੇ ਹਰਿ ਸਮਝਾਇੰਦਾ, ਪਾਰਬ੍ਰਹਮ ਹਰਿ ਕਰਤਾਰ । ਏਕਾ ਸ਼ਬਦੀ ਸ਼ਬਦ ਅਲਾਇੰਦਾ, ਅਲਾਹੀ ਨੂਰ ਆਪ ਨਿਰੰਕਾਰ । ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿੰਦਾ, ਸਿਫ਼ਤ ਸਲਾਹੀ ਪਰਵਰਦਿਗਾਰ । ਉਲਫਤ ਆਪਣੀ ਆਪ ਕਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅਲਫ ਕਰ ਉਜਿਆਰ । ਸ਼ਬਦ ਉਚਾਰਨ ਕਰ ਭਗਵਾਨ, ਏਕਾ ਅੱਖਰ ਆਪ ਪੜ੍ਹਾਇਆ । ਏਕਾ ਬਖ਼ਸ਼ੇ ਚਰਨ ਧਿਆਨ, ਦੂਸਰ ਸੱਥ ਨਾ ਕੋਈ ਵਿਛਾਇਆ । ਬਖ਼ਸ਼ਣਹਾਰਾ ਦਾਨੀ ਦਾਨ, ਦਾਤਾ ਦਾਨੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਵਿਚ ਰਖਾਇਆ । ਆਪਣੀ ਕਲ ਅੰਦਰ ਧਾਰ, ਧਰਮ ਦਇਆ ਆਪ ਕਮਾਈਆ । ਸੂਤਕ ਸੂਤਕ ਕਰ ਵਿਚਾਰ, ਪਰਸੂਤਕ ਵੇਖ ਵਖਾਈਆ । ਦਰ ਘਰ ਸਾਚੇ ਖੇਲ ਅਪਾਰ, ਹਰਿ ਸਾਚਾ ਆਪ ਕਰਾਈਆ । ਉਲਟਾ

੭੬੪


ਰੁਖ ਨਾ ਕੋਈ ਵਿਚਾਰ, ਏਕਾ ਮੁਖ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਹਝ ਗੋਹਝ ਦਏ ਖੁਲ੍ਹਾਈਆ । ਗੋਹਝ ਗਿਆਨ ਧਿਆਨ ਪ੍ਰਭ ਦੇਵੇ ਬ੍ਰਹਮ ਵਿਚਾਰ, ਏਕਾ ਅੱਖਰ ਨਾਮ ਪੜ੍ਹਾਇਆ । ਚੇਤਨ ਚਿਤ ਹਰਿ ਨਿਰੰਕਾਰ, ਸਾਚਾ ਗੇੜਾ ਆਪ ਵਖਾਇਆ । ਗੇੜਾ ਗੇੜੇ ਗੇੜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਕਰਨੇਹਾਰ । ਏਕਾ ਗੇੜਾ ਸ਼ਬਦ ਨਾਦ, ਨਾਦ ਅਨਾਦੀ ਆਪ ਵਜਾਈਆ । ਬ੍ਰਹਮੇ ਬ੍ਰਹਮ ਵਖਾਏ ਬ੍ਰਹਿਮਾਦਿ, ਬ੍ਰਹਮ ਬ੍ਰਹਮ ਵੱਜੀ ਵਧਾਈਆ । ਰੂਪ ਵਖਾਏ ਆਦਿ ਜੁਗਾਦਿ, ਆਦਿ ਅੰਤ ਬੇਪਰਵਾਹੀਆ । ਏਕਾ ਨਾਰੀ ਮਿਲੇ ਕੰਤ ਸੁਹਾਗ, ਸੁਹਾਗੀ ਕੰਤ ਇਕ ਅਖਵਾਈਆ । ਏਕਾ ਨੇਤਰ ਖੋਲ੍ਹੇ ਜਾਗ, ਨੈਣਾਂ ਏਕਾ ਰੂਪ ਦਰਸਾਈਆ । ਏਕਾ ਘਰ ਲਾਏ ਭਾਗ, ਸ੍ਰੀ ਭਗਵਾਨ ਆਪਣੀ ਦਇਆ ਕਮਾਈਆ । ਏਕਾ ਇਕ ਉਪਜਾਏ ਵੈਰਾਗ, ਵੈਰਾਗੀ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਅੰਦਰ ਧਰ, ਧਰ ਧਰ ਵੇਖ ਵਖਾਈਆ । ਅੰਦਰ ਧਰਿਆ ਧਾਮ ਅਪਾਰਾ, ਨੂਰੋ ਨੂਰ ਨੂਰ ਉਜਿਆਰਿਆ । ਪੁਰਖ ਅਬਿਨਾਸ਼ੀ ਭਰਿਆ ਸਚ ਭੰਡਾਰਾ, ਕਰਾਏ ਵਣਜ ਵਣਜ ਵਣਜਾਰਿਆ । ਆਪੇ ਬਣੇ ਹਰਿ ਵਰਤਾਰਾ, ਵਰਤਾਵਣਹਾਰ ਅਗੰਮ ਅਪਾਰਿਆ । ਲੇਖਾ ਜਾਣੇ ਲਿਖਣਹਾਰਾ, ਲੇਖਾ ਲਿਖ ਨਾ ਪਾਵੇ ਕੋਈ ਸਾਰਿਆ । ਚਾਰੇ ਵੇਦਾਂ ਖੋਲ੍ਹ ਕਿਵਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਲਗਾਏ ਏਕਾ ਨਾਅਰਿਆ । ਆਪਣਾ ਨਾਅਰਾ ਸਚ ਜੈਕਾਰ, ਓਅੰ ਰੂਪ ਆਪ ਲਗਾਇਆ । ਸੋਹੰ ਰੂਪ ਸਾਚੀ ਧਾਰ, ਬ੍ਰਹਮ ਪਾਰਬ੍ਰਹਮ ਚਲਾਇਆ । ਦੋਇਮ ਰੰਗ ਰੰਗੇ ਸੱਚੀ ਸਰਕਾਰ, ਘਰ ਸਾਚੇ ਰੰਗ ਚੜ੍ਹਾਇਆ । ਸ਼ਬਦ ਮਰਦੰਗ ਵੱਜੇ ਸੱਚੀ ਧੁਨਕਾਰ, ਨਾਦ ਅਨਾਦੀ ਆਪ ਸੁਣਾਇਆ । ਬੋਧ ਅਗਾਧੀ ਸ਼ਬਦ ਜੈਕਾਰ, ਭੇਵ ਅਭੇਦਾ ਆਪ ਸੁਣਾਇਆ । ਚਾਰੇ ਵੇਦਾ ਬਣ ਲਿਖਾਰ, ਚਾਰੇ ਖਾਣੀ ਮੇਲ ਮਿਲਾਇਆ । ਚਾਰੇ ਬਾਣੀ ਕਰ ਪਿਆਰ, ਚਾਰੇ ਜੁਗ ਗੇੜ ਗਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਬ੍ਰਹਮੇ ਮਿਲਿਆ ਸਚ ਦਰਬਾਰ, ਹਰਿ ਸਾਚੇ ਤਖ਼ਤ ਸੁਹਾਇਆ । ਉਪਰ ਬੈਠ ਸੱਚੀ ਸਰਕਾਰ, ਆਪ ਆਪਣਾ ਰੂਪ ਦਰਸਾਇਆ । ਨਿਉਂ ਨਿਉਂ ਕਰੇ ਨਿਮਸਕਾਰ, ਨੇਤਰ ਨੈਣ ਨੈਣ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇਆ । ਬ੍ਰਹਮਾ ਨੈਣ ਨੀਰ ਵਰੋਲੇ, ਨੇਤਰ ਨੈਣ ਨਾ ਧੀਰ ਧਰਾਈਆ । ਪੁਰਖ ਅਬਿਨਾਸ਼ੀ ਤਖ਼ਤ ਨਿਵਾਸੀ ਬੈਠਾ ਅਡੋਲ ਨਾ ਬੋਲੇ, ਸ਼ਬਦੀ ਸ਼ਬਦ ਜਣਾਈਆ । ਆਪ ਸੁਣਾਏ ਆਪਣੇ ਸੋਹਲੇ, ਗੀਤ ਗਿਆਨ ਵਿਚ ਟਿਕਾਈਆ । ਆਪੇ ਵਸਿਆ ਆਪਣੇ ਓਹਲੇ, ਆਪਣਾ ਪਰਦਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਬ੍ਰਹਮ ਰੱਖੇ ਸਰਨਾਈਆ । ਪਾਰਬ੍ਰਹਮ ਬ੍ਰਹਮ ਉਪਾਇਆ, ਘਰ ਮੰਦਰ ਇਕ ਸੁਹਾਇੰਦਾ । ਪੁਰੀ ਬ੍ਰਹਮ ਵੇਖ ਵਖਾਇਆ, ਚਰਨਾਂ ਆਪਣਿਆਂ ਹੇਠ ਦਬਾਇੰਦਾ । ਉਪਰ ਆਪਣਾ ਭਾਰ ਟਿਕਾਇਆ, ਬ੍ਰਹਮਾ ਭਾਰ ਨਾ ਸੀਸ ਉਠਾਇੰਦਾ । ਚਾਰੇ ਮੁਖ ਰੌਲਾ ਪਾਇਆ, ਚਾਰੋਂ ਕੁੰਟ ਕੂਕ ਸੁਣਾਇੰਦਾ । ਨਿਉਂ ਨਿਉਂ ਸੀਸ ਦਏ ਝੁਕਾਇਆ, ਸਚ ਹਦੀਸ ਇਕ ਪੜ੍ਹਾਇੰਦਾ । ਆਪ ਆਪਣਾ ਹੁਕਮ ਚਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਇੰਦਾ । ਭੇਵ ਚੁਕਾਇਆ ਹਰਿ ਭਗਵੰਤ, ਬ੍ਰਹਮੇ ਬ੍ਰਹਮ ਜਣਾਇਆ । ਤੇਰੀ ਬਣਾਈ ਆਪ ਬਣਤ, ਤੇਰਾ ਰੂਪ ਵਟਾਇਆ । ਤੂੰ ਨਾਰੀ ਹਰਿ ਸਾਚਾ ਕੰਤ, ਤੇਰੀ

ਸੇਜ ਹੰਢਾਇਆ । ਤੇਰਾ ਲੇਖਾ ਆਦਿ ਅੰਤ, ਹਰਿ ਆਪਣੇ ਹੱਥ ਰਖਾਇਆ । ਤੇਰੀ ਮਹਿਮਾ ਨਾਮ ਮੰਤ, ਸਾਚਾ ਮੰਤਰ ਸੁਣਾਇਆ । ਹਰਿ ਕੀ ਮਹਿਮਾ ਸਦਾ ਬੇਅੰਤ, ਤੇਰੇ ਮੁਖ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਘਰ ਵਖਾਇਆ । ਬ੍ਰਹਮੇ ਪਾਇਆ ਹਰਿ ਕਾ ਭਾਓ, ਭੇਵ ਅਭੇਦ ਮਿਟਾਇਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਮੰਗਨ ਦਰ ਦਰਵਾਜੇ ਤੇਰੇ ਆਇਆ । ਪੁਰਖ ਅਬਿਨਾਸ਼ੀ ਪਕੜੀ ਬਾਂਹੋਂ, ਹਉਂ ਸੇਵਕ ਸੇਵ ਕਮਾਇਆ । ਤੂੰਹੀ ਪਿਤਾ ਤੂੰਹੀ ਮਾਉਂ, ਹਉਂ ਬਾਲਕ ਰੂਪ ਰਖਾਇਆ । ਤੇਰਾ ਨਾਉਂ ਹੰਸ ਹਉਂ ਕਾਉਂ, ਹੰਸ ਮੁਖ ਚੋਗ ਚੁਗਾਇਆ । ਸਦਾ ਦੇਣੀ ਠੰਡੀ ਛਾਉਂ, ਸਿਰ ਮੇਰੇ ਹੱਥ ਰਖਾਇਆ । ਮੇਰਾ ਨਗਰ ਤੇਰਾ ਗਾਉਂ, ਤੇਰਾ ਖੇੜਾ ਤੂਹੀ ਦਈਂ ਵਸਾਇਆ । ਤੇਰੇ ਚਰਨਾਂ ਬਲ ਬਲ ਜਾਓ, ਚਰਨ ਧੂੜ ਮਸਤਕ ਟਿੱਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਏ ਬੁਝਾਇਆ । ਬ੍ਰਹਮੇ ਦਿਤੀ ਏਕਾ ਬੂਝ, ਪਾਰਬ੍ਰਹਮ ਸਮਝਾਇੰਦਾ । ਤੇਰਾ ਬ੍ਰਹਮ ਨਾ ਕੋਈ ਦੂਜ, ਮੇਰੀ ਅੰਸ ਅਖਵਾਇੰਦਾ । ਤੇਰੀ ਅੰਸ ਮੇਰੇ ਚਰਨ ਕਵਲਾਂ ਜਾਏ ਜੂਝ, ਚਰਨ ਚਰਨ ਕਵਲਾਂ ਵਿਚ ਟਿਕਾਇੰਦਾ । ਏਕਾ ਭੇਵ ਰੱਖੇ ਗੁਝ, ਤੇਰੀ ਝੋਲੀ ਨਾ ਕੋਈ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ । ਸੁਣਿਆ ਹੁਕਮ ਬ੍ਰਹਮ ਧਾਰ, ਧੀਰਜ ਧੀਰ ਨਾ ਕੋਈ ਧਰਾਈਆ । ਪੁਰਖ ਅਬਿਨਾਸ਼ੀ ਤੇਰੀ ਧਾਰ, ਤੇਰੇ ਵਿਚ ਸਮਾਈਆ । ਹਉਂ ਮੂਰਖ ਮੁਗਧ ਕੀ ਜਾਣਾ ਗਵਾਰ, ਤੂੰ ਬੇਅੰਤ ਬੇਪਰਵਾਹੀਆ । ਹਉਂ ਬਾਲਕ ਮੰਗਾਂ ਬਣ ਭਿਖਾਰ, ਤੂੰ ਸਮਰਥ ਦਾਤਾਰ, ਦੇਵਣਹਾਰ ਅਖਵਾਈਆ । ਹਉਂ ਮੂਰਖ ਲੌਣਾ ਆਪਣੀ ਕਾਰ, ਸੇਵਕ ਸੇਵਾ ਲਏ ਕਮਾਈਆ । ਤੇਰੇ ਦਰ ਬਣਿਆ ਰਹਾਂ ਭਿਖਾਰ, ਤੇਰੀ ਭਿਛਿਆ ਮੋਹੇ ਭਾਈਆ । ਤੇਰਾ ਮੰਗਦਾ ਰਹਾਂ ਦਵਾਰ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਹੱਥ ਅਡੋਲ, ਦਸਤਗੀਰ ਬਣਿਆ ਸਾਚਾ ਮਾਹੀਆ । ਦਸਤਗੀਰ ਹਰਿ ਆਪ ਸੁਣਾਇਆ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਬ੍ਰਹਮੇ ਸੀਰ ਇਕ ਪਿਆਇਆ, ਅੰਮ੍ਰਿਤ ਆਪ ਚੁਆਇੰਦਾ । ਸਚ ਜੰਜੀਰ ਇਕ ਬੰਧਾਇਆ, ਆਪਣਾ ਬੰਧਨ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਇੰਦਾ । ਲੇਖਾ ਬ੍ਰਹਮੇ ਬ੍ਰਹਮ ਧਾਰ, ਪਾਰਬ੍ਰਹਮ ਜਣਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਰਹੇ ਪਸਾਰ, ਲੋਕਮਾਤ ਵੇਖ ਵਖਾਇਆ । ਲੱਖ ਚੁਰਾਸੀ ਤੇਰਾ ਕਰੇ ਜੈ ਜੈਕਾਰ, ਤੇਰਾ ਰੰਗ ਰੰਗਾਇਆ । ਅੰਤਮ ਅੰਤ ਪ੍ਰਭ ਕਰਿਆ ਖੇਲ ਆਪਣੀ ਵਾਰ, ਆਪ ਆਪਣੀ ਕਲ ਵਰਤਾਇਆ । ਚਾਰੇ ਵੇਦ ਨਾ ਪਾਵਨ ਸਾਰ, ਤੇਰੀ ਵਿਦਿਆ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇਆ । ਸੁਣਿਆ ਭੇਵ ਹਰਿ ਭਗਵਾਨ, ਬ੍ਰਹਮਾ ਖ਼ੁਸ਼ੀ ਮਨਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਤੇਰਾ ਝੁਲਾਏ ਆਪ ਨਿਸ਼ਾਨ, ਜੁਗਾ ਜੁਗੰਤਰ ਆਪ ਝੁਲਾਇੰਦਾ । ਤੂੰ ਮਿਹਰਬਾਨਾ ਮਿਹਰਵਾਨ, ਮਿਹਰ ਆਪਣੀ ਇਕ ਰਖਾਇੰਦਾ । ਤੇਰਾ ਪ੍ਰੇਮ ਨਿਰਾਲਾ ਬਾਣ, ਹਉਂ ਆਪਣੇ ਵਿਚ ਲਗਾਇੰਦਾ । ਤੇਰੇ ਚਰਨ ਮੇਰਾ ਮਾਣ, ਨਿਮਾਣਿਆ ਮਾਣ ਆਪ ਰਖਾਇੰਦਾ । ਤੇਰਾ ਹੁਕਮ ਧੁਰ ਫ਼ਰਮਾਣ, ਤੇਰੀ ਆਣ ਸਰਬ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਦਇਆ ਨਿਧ ਸਹਿਜ ਗੁਣ ਪੂਰਾ, ਆਪਣੀ ਦਇਆ ਕਮਾਇੰਦਾ । ਬ੍ਰਹਮੇ ਤੇਰਾ ਅੰਤ ਕਰੇ ਪੂਰਾ, ਵਕਤ

ਆਪਣੇ ਹੱਥ ਰਖਾਇੰਦਾ । ਲੋਕਮਾਤ ਪਰਗਟ ਹੋਏ ਹਾਜ਼ਰ ਹਜ਼ੂਰਾ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਆਪਣਾ ਸ਼ਬਦ ਨਾਦ ਵਜਾਏ ਤੂਰਾ, ਤੁਰੀਆ ਰਾਗ ਆਪ ਅਲਾਇੰਦਾ । ਨਾਤਾ ਤੋੜੇ ਕੂੜੋ ਕੂੜਾ, ਕੂੜੀ ਕਿਰਿਆ ਆਪ ਮਿਟਾਇੰਦਾ । ਤੇਰੇ ਮਸਤਕ ਲਾਏ ਆਪਣੀ ਧੂੜਾ, ਤੇਰਾ ਲੇਖਾ ਲੇਖੇ ਪਾਇੰਦਾ । ਕਰਿਆ ਕੌਲ ਕਰੇ ਪੂਰਾ, ਭੁੱਲ ਕਦੇ ਨਾ ਜਾਇੰਦਾ । ਅਬਿਨਾਸ਼ੀ ਕਰਤਾ ਸਤਿਗੁਰ ਸੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਸੁਣਾਇੰਦਾ । ਬ੍ਰਹਮੇ ਵੇਲਾ ਅੰਤਮ ਔਣਾ, ਹਰਿ ਸਾਚਾ ਦਏ ਜਣਾਈਆ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਦਿਸ ਕਿਸੇ ਨਾ ਆਈਆ । ਵਿਸ਼ਨੂੰ ਆਪਣੇ ਅੰਗ ਲਗੌਣਾ, ਤੇਰਾ ਲੇਖਾ ਦਏ ਮੁਕਾਈਆ । ਤੇਰੀ ਜੋਤ ਆਪਣੇ ਵਿਚ ਟਿਕੌਣਾ, ਜੋਤੀ ਜੋਤ ਲਏ ਮਿਲਾਈਆ । ਆਪਣਾ ਕਿਲਾ ਕੋਟ ਫੇਰ ਵਸੌਣਾ, ਤੇਰੀ ਪੁਰੀ ਨਾ ਕੋਈ ਦਰਸਾਈਆ । ਆਪਣਾ ਡੰਕ ਆਪ ਵਜੌਣਾ, ਚਾਰੇ ਵੇਦ ਦਏ ਖਪਾਈਆ । ਸਾਚਾ ਭੇਵ ਕਿਸੇ ਨਾ ਪੌਣਾ, ਨੌ ਸੌ ਚੁਰਾਨਵੇ ਚੌਕੜੀ ਜੁਗ ਦਏ ਦੁਹਾਈਆ । ਉਚੀ ਕੂਕ ਸ਼ਬਦ ਸੁਣੌਣਾ, ਵਾਹ ਵਾਹ ਤੇਰੀ ਕੁਦਰਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਬ੍ਰਹਮੇ ਸੁਣਿਆ ਲਾ ਕਰ ਕੰਨ, ਪ੍ਰਭ ਤੇਰਾ ਭੇਵ ਨਿਆਰਾ । ਤੇਰੇ ਦਰ ਸੋਹੇ ਸੂਰਜ ਚੰਨ, ਕੋਟੀ ਕੋਟ ਕਰਨ ਨਿਮਸਕਾਰਾ । ਹਉਂ ਜਣਿਆ ਤੂੰ ਬਣ ਕੇ ਜਨਨੀ ਜਨ, ਉਪਜਿਆ ਸੁੱਤ ਦੁਲਾਰਾ । ਤੂੰ ਬੇੜਾ ਦਿਤਾ ਬੰਨ, ਹਉਂ ਖੜਾ ਅਧਵਿਚਕਾਰਾ । ਤੇਰਾ ਹੁਕਮ ਲਿਆ ਮੰਨ, ਦੋਏ ਦੋਏ ਜੋੜ ਕਰਾਂ ਨਿਮਸਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਪਿਆਰ । ਬ੍ਰਹਮੇ ਤੇਰਾ ਸਚ ਪਿਆਰ, ਹਰਿ ਸਾਚੇ ਅੰਤ ਕਮਾਵਣਾ । ਤੇਰਾ ਲਹਿਣਾ ਦੇਣਾ ਦਏ ਉਤਾਰ, ਆਪ ਆਪਣਾ ਕਰਜ਼ਾ ਲਾਹਵਣਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਜੋਤੀ ਜਾਮਾ ਭੇਖ ਵਟਾਵਣਾ । ਸ਼ਾਹ ਸੁਲਤਾਨਾ ਨਾਉਂ ਧਰ ਪੰਚਮ ਮੁਖ ਸੀਸ ਰੱਖ ਦਸਤਾਰ, ਲੋਕਮਾਤ ਵੇਖ ਵਖਾਵਣਾ । ਆਪਣੀ ਅੰਸ ਕਰ ਉਜਿਆਰ, ਸਾਚਾ ਰਥ ਫੇਰ ਚਲਾਵਣਾ । ਤੇਰੀ ਪੁਰੀ ਕਰ ਖਵਾਰ, ਆਪਣਾ ਧਾਮ ਆਪ ਵਸਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਆਪੇ ਕਰੇ ਪੂਰਾ ਕੌਲ, ਭੁੱਲ ਕਦੇ ਨਾ ਜਾਵਣਾ । ਲੇਖਾ ਜਾਣੇ ਧਰਤੀ ਧਰਤ ਧਵਲ ਧੌਲ, ਆਕਾਸ਼ ਆਕਾਸ਼ਾ ਵੇਖ ਵਖਾਈਆ । ਆਪੇ ਘਟ ਘਟ ਰਿਹਾ ਮੌਲ, ਆਪ ਆਪਣੀ ਕਲ ਵਰਤਾਈਆ । ਆਪੇ ਅੰਮ੍ਰਿਤ ਭਰਿਆ ਨਾਭ ਕਵਲ, ਆਪੇ ਭਰਿਆ ਦਏ ਡੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸ਼ੰਕਰ ਧੂੰਆਂਧਾਰ, ਰੂਪ ਅਨੂਪ ਦਰਸਾਈਆ । ਏਕਾ ਰੂਪ ਸੱਚੀ ਸਰਕਾਰ, ਜੋਤੀ ਜੋਤ ਜਗਾਇੰਦਾ । ਏਕਾ ਵਸੇ ਉਚ ਮੁਨਾਰ, ਮਹੱਲ ਅਟੱਲ ਇਕ ਸੁਹਾਇੰਦਾ । ਸ਼ੰਕਰ ਕਰ ਆਪ ਪਿਆਰ, ਆਪ ਆਪਣੀ ਅੰਸ ਸੁਹਾਇੰਦਾ । ਬਾਸ਼ਕ ਤਸ਼ਕਾ ਕਰ ਤਿਆਰ, ਕੰਠ ਮਾਲਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਤ੍ਰਿਸੂਲ ਹੱਥ ਫੜਾਇੰਦਾ । ਸ਼ੰਕਰ ਮੰਗੀ ਚਰਨ ਧੂੜੀ, ਹਰਿ ਸਾਚਾ ਦਇਆ ਕਮਾਇੰਦਾ । ਏਕਾ ਰੰਗਨ ਚਾੜ੍ਹੇ ਗੂੜ੍ਹੀ, ਇਕ ਭਿਬੂਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਇੰਦਾ । ਚਰਨ ਧੂੜੀ ਮਿਲਿਆ ਦਾਨ, ਸ਼ੰਕਰ ਖ਼ੁਸ਼ੀ ਮਨਾਈਆ । ਇਕ ਝੁਲਾਏ ਸਚ ਨਿਸ਼ਾਨ, ਆਪਣਾ ਬਲ ਧਰਾਈਆ । ਪੁਰਖ ਅਬਿਨਾਸ਼ੀ ਮਿਲਿਆ ਸਾਚਾ ਕਾਹਨ, ਨਾਰੀ ਕੰਤ ਮੇਲ ਮਿਲਾਈਆ । ਵਾਹ ਵਾਹ ਵਸਿਆ

ਘਰ ਮਕਾਨ, ਪੀਆ ਪ੍ਰੀਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਏਕਾ ਵਸਤ ਆਪ ਵਰਤਾਈਆ । ਸ਼ੰਕਰ ਮੰਗੇ ਵਸਤ ਅਪਾਰ, ਪੁਰਖ ਅਬਿਨਾਸ਼ੀ ਆਪ ਵਰਤਾਇੰਦਾ । ਮੇਰਾ ਦਰਸ ਨੂਰ ਅਪਾਰ, ਏਕਾ ਆਪਣੀ ਮੰਗ ਵਖਾਇੰਦਾ । ਤੇਰੀ ਲੱਗੀ ਰਹੇ ਪਿਆਸ, ਨਾਤਾ ਕੋਇ ਨਾ ਤੋੜ ਤੁੜਾਇੰਦਾ । ਤੇਰੇ ਨੈਣ ਮੇਰਾ ਸ਼ਿੰਗਾਰ, ਮੇਰਾ ਸੰਗ ਤੇਰੀ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਰੱਖਿਆ ਹੱਥ ਸਿਰ ਹਰਿ ਕਰਤਾਰ, ਸਮਰਥ ਸਮਰਥ ਦਇਆ ਕਮਾਇੰਦਾ । ਪਾਏ ਨੱਥ ਆਪ ਨਿਰੰਕਾਰ, ਆਪਣੀ ਡੋਰੀ ਨਾਲ ਬੰਧਾਇੰਦਾ । ਬ੍ਰਹਮਾ ਵਿਸ਼ਨ ਕਰ ਪਿਆਰ, ਏਕਾ ਸ਼ੰਕਰ ਸੰਗ ਨਿਭਾਇੰਦਾ । ਥਿਰ ਰਹੇ ਨਾ ਕੋਈ ਵਿਚ ਸੰਸਾਰ, ਜੋ ਘੜਿਆ ਸੋ ਭੰਨ ਵਖਾਇੰਦਾ । ਤਿੰਨਾਂ ਲੋਕਾਂ ਪਾਵੇ ਸਾਰ, ਤ੍ਰੈਗੁਣ ਤੇਰੇ ਨਾਲ ਪਰਨਾਇੰਦਾ । ਤੇਰਾ ਤਤ ਕਰੇ ਵਿਚਾਰ, ਆਪ ਆਪਣੀ ਰੱਤ ਵਖਾਇੰਦਾ । ਸਚ ਸਚ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲ ਮਿਲਾਇੰਦਾ । ਸ਼ਿਵ ਸ਼ੰਕਰ ਮੰਗੀ ਸਚ ਬਿਭੂਤੀ, ਪ੍ਰਭ ਚਰਨ ਧੂੜ ਲਗਾਇਆ । ਪੁਰਖ ਅਬਿਨਾਸ਼ੀ ਤੇਰੀ ਇਕ ਅਹੂਤੀ, ਜਗਤ ਹਵਨ ਤਪਾਇਆ । ਲੱਖ ਚੁਰਾਸੀ ਵੇਖਾਂ ਚਾਰੇ ਕੂਟੀ, ਜੋ ਘੜਿਆ ਸੋ ਭੰਨ ਵਖਾਇਆ । ਤੇਰੀ ਭੁੱਲੇ ਨਾ ਕਦੇ ਅਕਾਲ ਮੂਰਤੀ, ਮੂਰਤ ਅਕਾਲ ਦਇਆ ਕਮਾਇਆ । ਤੇਰਾ ਵੱਜਦਾ ਰਹੇ ਨਾਦ ਤੂਰਤੀ, ਤੂਰਤ ਤੁਰੀਆ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਆਪਣਾ ਵਰ, ਆਪਣਾ ਲੇਖਾ ਦਏ ਸਮਝਾਇਆ । ਸ਼ੰਕਰ ਤੇਰਾ ਸਾਚਾ ਨਾਤਾ, ਹਰਿ ਸਾਚਾ ਜੋੜ ਜੁੜਾਇੰਦਾ । ਤੇਰੀ ਗਾਏ ਆਪੇ ਗਾਥਾ, ਤੇਰਾ ਹੁਕਮ ਸੁਣਾਇੰਦਾ । ਤੇਰੀ ਧੂੜ ਲਾਏ ਮਾਥਾ, ਤੇਰਾ ਮਸਤਕ ਆਪ ਚਮਕਾਇੰਦਾ । ਜਟਾ ਜੂਟ ਤੇਰੀ ਹਰਿ ਪੂਜਾ ਪਾਠਾ, ਤੇਰਾ ਸਾਚਾ ਮੱਠ ਖੁਲ੍ਹਾਇੰਦਾ । ਤੇਰੇ ਅੰਦਰ ਭਰਿਆ ਏਕਾ ਬਾਟਾ, ਅੱਖਰ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਦਇਆਨਿਧ ਗਹਿਰ ਗੁਣ ਸਾਗਰ, ਸ਼ੰਕਰ ਇਹ ਸਮਝਾਇਆ । ਆਪੇ ਵੇਖਣਹਾਰਾ ਗਾਗਰ, ਆਪ ਆਪਣਾ ਰੂਪ ਵਟਾਇਆ । ਤੇਰਾ ਸਿੰਧ ਤੇਰਾ ਸਾਗਰ, ਤੇਰੀ ਲਹਿਰ ਲਹਿਰ ਵਿਚ ਸਮਾਇਆ । ਤੇਰਾ ਕਰਮ ਕਰੇ ਉਜਾਗਰ, ਨੇਹਕਰਮੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇਆ । ਸ਼ੰਕਰ ਸੁਣ ਗੋਬਿੰਦ ਗੀਤ, ਹਰਿ ਸਾਚਾ ਆਪ ਸੁਣਾਈਆ । ਆਦਿ ਬੰਧਾਈ ਤੇਰੀ ਰੀਤ, ਤੇਰਾ ਭੇਵ ਦਏ ਖੁਲ੍ਹਾਈਆ । ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਨਾ ਕੋਈ ਵਖਾਈਆ । ਏਕਾ ਏਕ ਪਤਤ ਪੁਨੀਤ, ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪਣੇ ਹੱਥ ਰਖਾਈਆ । ਵਿਸ਼ਨੂੰ ਸੁਣਿਆ ਅੰਤਮ ਲੇਖਾ, ਲਿਖਿਆ ਹਰਿ ਭਗਵਾਨ । ਆਪ ਮੇਟੇ ਆਪਣਾ ਭਰਮ ਭੁਲੇਖਾ, ਸਤਿਵਾਦੀ ਸਤਿ ਦਿਸੇ ਇਕ ਨਿਸ਼ਾਨ । ਨਿਰਗੁਣ ਰੂਪ ਦਰਸਾਇਆ ਮੁੱਛ ਦਾੜ੍ਹੀ ਨਾ ਦਿਸੇ ਕੇਸਾ, ਮੂੰਡ ਮੁੰਡਾਏ ਨਾ ਕੋਈ ਜਹਾਨ । ਭੇਵ ਅਭੇਦ ਕਰੇ ਅਵੱਲੜਾ ਵੇਸਾ, ਲੇਖਾ ਲਿਖੇ ਨਾ ਕੋਈ ਮਹਾਨ । ਸ਼ੰਕਰ ਨਿਉਂ ਨਿਉਂ ਕਰ ਅਦੇਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਫ਼ਰਮਾਣ । ਧੁਰ ਫ਼ਰਮਾਣਾ ਸ਼ਬਦ ਜਣਾਈ, ਹਰਿ ਸਾਚੇ ਸਚ ਜਣਾਇਆ । ਸ਼ੰਕਰ ਤੇਰੀ ਬਣਤ ਬਣਾਈ, ਬਨਾਵਣਹਾਰਾ ਆਪ ਅਖਵਾਇਆ । ਅੰਤਮ ਲਹਿਣਾ ਦੇਣ ਚੁਕਾਈ, ਨੌ ਨੌ ਚਾਰ ਪੰਧ ਮੁਕਾਇਆ ।

ਤੇਰਾ ਬੰਕ ਆਪ ਸੁਹਾਈ, ਆਪ ਆਪਣਾ ਖੇਲ ਖਿਲਾਇਆ । ਤੇਰੀ ਜੋਤੀ ਜੋਤ ਮਿਲਾਈ, ਜੋਤੀ ਜੋਤ ਲਏ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ । ਵਿਸ਼ਨੂੰ ਅੰਤਮ ਜਾਣਿਆ, ਹਰਿ ਕਾ ਖੇਲ ਅਪਾਰ । ਪੁਰਖ ਅਬਿਨਾਸ਼ੀ ਤੇਰਾ ਸੱਚਾ ਭਾਣਿਆ, ਹਉਂ ਮੰਨਾਂ ਮੰਨਣਹਾਰ । ਤੂੰ ਦਾਨੀ ਦੇਵਣਹਾਰ ਦਾਨਿਆ, ਹਉਂ ਭਿੱਖਕ ਮੰਗਦੇ ਰਹੇ ਭਿਖਾਰ । ਤੇਰਾ ਵੇਲਾ ਵਕ਼ਤ ਨਾ ਕਿਸੇ ਜਾਣਿਆ, ਕਵਣ ਰੂਪ ਹੋਏ ਉਜਿਆਰ । ਹਉਂ ਗਾਵਾਂ ਤੇਰਾ ਗਾਨਿਆ, ਲਿਵ ਅੰਤਰ ਕਰ ਪਿਆਰ । ਤੇਰੀ ਬਸੰਤਰ ਜਗੇ ਦੋ ਜਹਾਨਿਆ, ਮੰਤਰ ਫਿਰੇ ਵਿਚ ਸੰਸਾਰ । ਤੇਰਾ ਮੰਤਰ ਗੁਣ ਨਿਧਾਨਿਆ, ਤਤਵ ਤਤ ਕਰੇ ਖਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਲਿਖਣਹਾਰ । ਲੇਖਾ ਲਿਖਣਹਾਰ ਗੋਪਾਲਾ, ਏਕਾ ਖੇਲ ਖਿਲਾਇੰਦਾ । ਸ਼ੰਕਰ ਤੇਰਾ ਤੋੜ ਜੰਜਾਲਾ, ਤੇਰੀ ਜੋਤੀ ਜੋਤ ਮਿਲਾਇੰਦਾ । ਅੰਤ ਆਦਿ ਹੋਏ ਰਖਵਾਲਾ, ਆਪ ਆਪਣੀ ਸੇਵ ਕਮਾਇੰਦਾ । ਆਪਣੇ ਗਲ ਪਾਵੇ ਤੇਰੀ ਮਾਲਾ, ਮੂੰਡ ਮਣਕੇ ਆਪ ਬਣਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਹਰਿ ਮਿਹਰਵਾਨਾ, ਬ੍ਰਹਮਾ ਵਿਸ਼ਨੂੰ ਸ਼ਿਵ ਸੁਣਾਇਆ । ਲੱਖ ਚੁਰਾਸੀ ਕਰ ਪਰਧਾਨਾ, ਜੀਵ ਈਸ਼ ਮੇਲ ਮਿਲਾਇਆ । ਪੰਜ ਤਤ ਤਤ ਮਕਾਨਾ, ਹਰਿ ਹਰਿਜਨ ਬ੍ਰਹਮ ਮਤ ਵਿਚ ਟਿਕਾਇਆ । ਬੂੰਦ ਰਕਤ ਇਕ ਨਿਸ਼ਾਨਾ, ਲੋਕਮਾਤ ਇਕ ਵਖਾਇਆ । ਸ਼ਬਦ ਸ਼ਬਦੀ ਧੁਰ ਫ਼ਰਮਾਣਾ, ਘਰ ਘਰ ਵਿਚ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਦਏ ਪੜ੍ਹਾਇਆ । ਏਕਾ ਅੱਖਰ ਸਚ ਪੜ੍ਹਾਈ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਕਰੀ ਕੁੜਮਾਈ, ਤਿੰਨਾਂ ਮੇਲਾ ਮੇਲ ਮਿਲਾਇੰਦਾ । ਸਾਚੇ ਦਰ ਵੱਜੇ ਵਧਾਈ, ਦਰ ਦਵਾਰ ਆਪ ਸੁਹਾਇੰਦਾ । ਕਰੇ ਖੇਲ ਬੇਪਰਵਾਹੀ, ਬੇਪਰਵਾਹ ਆਪਣੀ ਬਣਤ ਬਣਾਇੰਦਾ । ਕਲ ਵਰਤੰਤਾ ਗਹਿਰ ਗੰਭੀਰ, ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਧੀਰ, ਸਾਚੀ ਸਿਖਿਆ ਇਕ ਸਮਝਾਇੰਦਾ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਅਵਰ ਹੱਥ ਕਿਸੇ ਨਾ ਆਇੰਦਾ । ਬ੍ਰਹਿਮੰਡ ਖੇਲੇ ਖੇਲ ਅਖ਼ੀਰ, ਆਪਣਾ ਬੇੜਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜੀ ਕਾਰ ਕਮਾਇੰਦਾ । ਤਿੰਨਾ ਸ਼ਬਦ ਇਕ ਹੁਲਾਰਾ, ਹਰਿ ਸਾਚੇ ਆਪ ਸੁਣਾਇਆ । ਲੱਖ ਚੁਰਾਸੀ ਕਰ ਪਸਾਰਾ, ਲੋਕਮਾਤ ਵੇਸ ਵਟਾਇਆ । ਰਵ ਸਸ ਕਰ ਉਜਿਆਰਾ, ਸੂਰਜ ਚੰਨ ਮੰਡਲ ਮੰਡਪ ਆਪ ਸੁਹਾਇਆ । ਜ਼ਿਮੀਂ ਅਸਮਾਨਾ ਲਾਏ ਪੌੜਾ, ਆਪ ਆਪਣੀ ਕਲ ਵਰਤਾਇਆ । ਧਰਤ ਧਵਲ ਵੇਖ ਵਖਾਇਆ, ਜਲ ਬਿੰਬ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇਆ । ਸਾਚਾ ਭੇਵ ਹਰਿ ਕਰਤਾਰ, ਅਭੇਦ ਭੇਦ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਆਪ ਉਪਾਇਆ, ਆਪ ਆਪਣੀ ਧਾਰ ਬੰਧਾਇੰਦਾ । ਸ਼ੰਕਰ ਤੇਰੀ ਸੇਵ ਕਮਾਇਆ, ਵਿਸ਼ਨੂੰ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹਿਆ, ਥਿਰ ਘਰ ਬੈਠਾ ਵੇਖ ਵਖਾਇੰਦਾ । ਸਚਖੰਡ ਨਿਵਾਸੀ ਸਚ ਦਵਾਰਾ ਇਕ ਸੁਹਾਇਆ, ਜੋਤੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਚੜ੍ਹਾਇੰਦਾ । ਚੜ੍ਹਿਆ ਰੰਗ ਤ੍ਰੈਗੁਣ ਤਤ, ਹਰਿ ਸਾਚਾ ਆਪ ਚੜ੍ਹਾਇੰਦਾ । ਆਪ ਆਪਣੀ ਉਪਜਾਏ ਮੱਤ, ਬ੍ਰਹਮ ਮੱਤ ਭੇਵ ਖੁਲਾਇੰਦਾ ।

ਆਪੇ ਬੀਜੇ ਆਪਣੇ ਵੱਤ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਵਿਸ਼ਨ ਸ਼ਿਵ ਆਪ ਸਮਝਾਇਆ । ਬ੍ਰਹਮੇ ਵਿਸ਼ਨ ਸ਼ਿਵ ਸ਼ਾਹ ਸੁਲਤਾਨ, ਹਰਿ ਸਾਚਾ ਆਪ ਸਮਝਾਇੰਦਾ । ਤਿੰਨਾਂ ਮੇਲਾ ਆਪ ਜਹਾਨ, ਦੋ ਜਹਾਨਾਂ ਵਾਲੀ ਹਰਿ ਕਰਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਸਚ ਨਿਸ਼ਾਨ ਆਪ ਝੁਲਾਇੰਦਾ । ਚਾਰੇ ਜੁਗ ਕਰੇ ਕਲਿਆਨ, ਚਾਰੇ ਵੇਦਾਂ ਆਪ ਪੜ੍ਹਾਇੰਦਾ । ਸਾਧ ਸੰਤ ਦੇਵੇ ਮਾਣ, ਗੁਰ ਪੀਰ ਅਵਤਾਰ ਆਪ ਉਪਾਇੰਦਾ । ਸ਼ਬਦ ਜਣਾਏ ਧੁਰ ਫ਼ਰਮਾਣ, ਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਛੁਪਾਇੰਦਾ । ਭੇਵ ਛੁਪੌਣਾ ਸਾਹਿਬ ਜਨ ਮੀਤ, ਅਭੇਦ ਅਭੇਦ ਅਖਵਾਇੰਦਾ । ਚਾਰੇ ਜੁਗ ਬੋਧ ਅਗਾਧ ਗਾਏ ਗੀਤ, ਗੁਰ ਪੀਰ ਅਵਤਾਰ ਆਪ ਆਪਣਾ ਰਾਗ ਅਲਾਇੰਦਾ । ਆਪੇ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਸਦਾ ਸੁਹੇਲਾ ਵਸੇ ਮੰਦਰ ਮਸੀਤ, ਸਾਂਤਕ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਚਲਾਏ ਆਪਣੀ ਰੀਤ, ਜੁਗ ਚੌਕੜੀ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਬੰਨੇ ਧਾਰ ਲੋਕਮਾਤ, ਤ੍ਰੈਗੁਣ ਜੋੜ ਜੁੜਾਇਆ । ਪੰਜ ਤਤ ਜਗਤ ਕਰਾਮਾਤ, ਕਰਮ ਕਰਮੀ ਬੰਧਨ ਪਾਇਆ । ਅਗੰਮ ਅਗੰਮੜੀ ਅੰਦਰ ਧਰ ਸੁਗਾਤ, ਸਾਚਾ ਸੰਗ ਰਖਾਇਆ । ਨੌਂ ਦਵਾਰੇ ਵੇਖੇ ਮਾਰ ਝਾਤ, ਵਾਸਨਾ ਵਾਸਨਾ ਵਿਚ ਟਿਕਾਇਆ । ਆਪੇ ਅੰਦਰ ਵੇਖੇ ਡੂੰਘਾ ਖਾਤ, ਦਰ ਘਰ ਸਾਚੇ ਡੇਰਾ ਲਾਇਆ । ਆਪੇ ਵੇਖੇ ਆਪਣਾ ਖਾਤ, ਆਪਣਾ ਲੇਖਾ ਆਪ ਜਣਾਇਆ । ਆਪੇ ਵਿਕਾਏ ਆਪਣੇ ਹਾਟ, ਦੂਸਰ ਹੱਟ ਨਾ ਕੋਈ ਵਖਾਇਆ । ਆਪੇ ਖੋਲ੍ਹੇ ਚੌਦਾਂ ਹਾਟ, ਚੌਦਾਂ ਤਬਕਾਂ ਵੰਡ ਵੰਡਾਇਆ । ਆਪੇ ਹੋਏ ਆਤਮ ਪਰਮਾਤਮ ਸੱਚਾ ਸਾਕ, ਸੱਜਣ ਸੈਣ ਨਾਉਂ ਧਰਾਇਆ । ਆਪੇ ਈਸ਼ ਜੀਵ ਹੋਏ ਪਾਕੀ ਪਾਕ, ਜਗਦੀਸਰ ਜਗਦੀਸ ਸੇਵ ਕਮਾਇਆ । ਆਪੇ ਅਸਵ ਸ਼ਬਦ ਘੋੜੇ ਚੜ੍ਹੇ ਮਾਰ ਪਲਾਕ, ਆਪੇ ਆਪਣਾ ਆਸਣ ਲਾਇਆ । ਆਪੇ ਬੋਧ ਅਗਾਧ ਬੋਲੇ ਸ਼ਬਦ ਭਵਿਖਤ ਵਾਕ, ਆਪੇ ਖਾਣੀ ਬਾਣੀ ਲਏ ਸਮਝਾਇਆ । ਆਪੇ ਹੋਏ ਸਭ ਤੋਂ ਆਕ, ਆਪੇ ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਲਏ ਸਮਝਾਇਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸਮਝਾਇਆ, ਭੁੱਲ ਰਹੇ ਨਾ ਰਾਈਆ । ਨੌਂ ਸੌ ਚੁਰਾਨਵੇ ਚੌਕੜੀ ਆਪਣਾ ਗੇੜ ਬਣਾਇਆ, ਗੇੜਾ ਗੇੜਾ ਦਏ ਗਵਾਈਆ । ਜੁਗ ਜੁਗ ਆਪਣਾ ਪੰਧ ਮੁਕਾਇਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜੁਗ ਜੁਗ ਰਾਮਾ ਕ੍ਰਿਸ਼ਨ ਬਾਵਨ ਭੇਖ ਵਟਾਇਆ, ਈਸਾ ਮੂਸਾ ਸੰਗ ਮੁਹੰਮਦ ਦਏ ਸਲਾਹੀਆ । ਜੁਗ ਜੁਗ ਨਾਨਕ ਗੋਬਿੰਦ ਭੇਖ ਵਟਾਇਆ, ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਨਿਰਗੁਣ ਰੂਪ ਨਾ ਕਿਸੇ ਦਰਸਾਇਆ, ਨਿਹਕਲੰਕ ਨਾ ਨਾਉਂ ਧਰਾਈਆ । ਬ੍ਰਹਮੇ ਵਿਸ਼ਨ ਸ਼ਿਵ ਪੁਰਖ ਅਬਿਨਾਸ਼ੀ ਫੜ ਕੇ ਆਪ ਉਠਾਇਆ, ਫੜ ਬਾਂਹੋਂ ਲਏ ਮਿਲਾਈਆ । ਮੇਰਾ ਹੁਕਮ ਭੁੱਲ ਨਾ ਜਾਇਆ, ਵੇਦ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ ਦੇਣ ਗਵਾਹੀਆ । ਗੁਰ ਪੀਰ ਅਵਤਾਰ ਸਾਧ ਸੰਤ ਚਾਰ ਕੁੰਟ ਲੋਕਮਾਤ ਜੋ ਉਪਜਾਇਆ, ਅੰਤਮ ਆਪਣੇ ਵਿਚ ਮਿਲਾਈਆ । ਉਚੀ ਕੂਕ ਨਾ ਕੋਇ ਦੇਵੇ ਦੁਹਾਇਆ, ਹਉਂ ਭਾਣਾ ਦੇਣਾ ਉਲਟਾਈਆ । ਸ਼ਾਹ ਪਾਤਸ਼ਾਹ ਆਪ ਅਖਵਾਇਆ, ਵਿਸ਼ਨੂੰ ਤੇਰਾ ਸੰਗ ਨਿਭਾਈਆ । ਬ੍ਰਹਮੇ ਤੇਰਾ ਪੰਧ ਦਏ ਮੁਕਾਇਆ, ਤੇਰੀ ਪੁਰੀ ਆਪਣੇ ਚਰਨਾਂ ਹੇਠ ਦਬਾਈਆ ।

ਚਾਰ ਚੌਕੜੀ ਨੌ ਸੌ ਚੁਰਾਨਵੇ ਜੁਗ ਗੇੜਾ ਦਏ ਮੁਕਾਇਆ, ਕੋਹਲੂ ਚੱਕੀ ਚੱਕ ਆਪ ਭਵਾਈਆ । ਨਾਨਕ ਨਿਰਗੁਣ ਸੇਵਾਦਾਰ ਬਣਕੇ ਆਇਆ, ਉਚੀ ਕੂਕੇ ਦਏ ਦੁਹਾਈਆ । ਛੱਤੀ ਜੁਗ ਭੇਵ ਖੁਲ੍ਹਾਇਆ, ਕੋਇ ਹਰਿ ਕਾ ਭੇਵ ਨਾ ਪਾਈਆ । ਨਿਰਗੁਣ ਆਪੇ ਆਪ ਆਪਣਾ ਪੜਦਾ ਪਾਇਆ, ਨਾ ਸਕੇ ਕੋਈ ਲਾਹੀਆ । ਸਚਖੰਡ ਬੈਠਾ ਆਪੇ ਆਸਣ ਲਾਇਆ, ਦੋ ਜਹਾਨਾਂ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਲੇਖਾ ਦਏ ਜਣਾਇਆ, ਤੇਰਾ ਜਨਮ ਆਪਣੇ ਹੱਥ ਰਖਾਈਆ । ਤੇਰਾ ਜਨਮ ਆਪਣੇ ਵਿਚ ਟਿਕਾਇਆ, ਤੇਰਾ ਵਰਨ ਨਾ ਕੋਈ ਬਣਾਈਆ । ਕਰਨੀ ਕਰਤਾ ਆਪ ਅਖਵਾਇਆ, ਕਰਤਾ ਪੁਰਖ ਸੱਚੀ ਸਰਨਾਈਆ । ਧਰਨੀ ਧਰਤ ਧਵਲ ਦਏ ਵਡਿਆਇਆ, ਆਕਾਸ਼ ਪਰਕਾਸ਼ ਕਰੇ ਰੁਸ਼ਨਾਈਆ । ਰਵ ਸਸ ਸੂਰਜ ਚੰਨ ਚਰਨਾਂ ਹੇਠ ਲਏ ਦਬਾਇਆ, ਆਪ ਆਪਣਾ ਭਾਰ ਟਿਕਾਈਆ । ਨਿਰਗੁਣ ਜੋਤ ਕਰੇ ਰੁਸ਼ਨਾਇਆ, ਇਕ ਅਕੱਲਾ ਫੇਰੀ ਪਾਈਆ । ਦੂਸਰ ਅੱਗੇ ਨਾ ਸੀਸ ਝੁਕਾਇਆ, ਆਪ ਆਪਣਾ ਬਲ ਧਰਾਈਆ । ਜੋ ਘੜੇ ਸੋ ਭੰਨ ਵਖਾਇਆ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਦੇਵੇ ਸਾਚਾ ਵਰ, ਵਿਸ਼ਨ ਸ਼ਿਵ ਅੱਗੇ ਖੜ, ਸ਼ੰਕਰ ਲੇਖਾ ਚੁੱਕੇ ਸੀਸ ਧੜ, ਤਨ ਖ਼ਾਕੀ ਖ਼ਾਕ ਨਾ ਕੋਈ ਰਮਾਈਆ । ਤਿੰਨਾਂ ਸੁਣਿਆ ਹਰਿ ਕਾ ਹਰਿ ਸੰਦੇਸ਼, ਤ੍ਰੈ ਚੇਲੇ ਨਿਉਂ ਨਿਉਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤੇਰੇ ਅੱਗੇ ਚਲੇ ਨਾ ਕੋਈ ਪੇਸ਼, ਤੇਰਾ ਵੇਸ ਅਵੱਲੜਾ ਦਿਸ ਨਾ ਆਇਆ । ਕੋਟਨ ਕੋਟ ਜਨਮ ਅਜਨਮ ਧਾਰੇ ਵੇਸ, ਬ੍ਰਹਮਾ ਵਿਸ਼ਨ ਮਹੇਸ਼ ਤੇਰੀ ਸੇਵਕ ਸੇਵ ਕਮਾਇਆ । ਤੂੰ ਆਦਿ ਜੁਗਾਦੀ ਰਹੇ ਹਮੇਸ਼, ਜੁਗ ਜੁਗ ਤੇਰੀ ਸਾਚੀ ਸਾਇਆ । ਹਉਂ ਭਾਣਾ ਤੇਰਾ ਲਏ ਵੇਖ, ਜੋਤੀ ਜੋਤ ਸਰੂਪ ਹਰਿ, ਆਪ
੭੭੦ ਆਪਣੀ ਕਿਰਪਾ ਕਰ, ਏਕਾ ਏਕ ਏਕ ਦਏ ਜਣਾਇਆ । ਅੰਤਮ ਭਾਣਾ ਹਰਿ ਵਖਾਵਨਾ, ਕਰਿਆ ਕੌਲ ਇਕਰਾਰ । ਪੁਰਖ ਅਬਿਨਾਸ਼ੀ ਜਾਮਾ ੭੭੦
੦੯ ਪਾਵਣਾ, ਨਿਰਗੁਣ ਨੂਰ ਹੋਏ ਉਜਿਆਰ । ਸ਼ਬਦ ਡੰਕਾ ਇਕ ਵਜਾਵਣਾ, ਸ਼ਬਦ ਅਗੰਮੀ ਏਕਾ ਤਾਰ । ਪੰਜ ਤਤ ਨਾ ਕੋਈ ਰਖਾਵਣਾ, ਤ੍ਰੈਗੁਣ ੦੯
ਵੇਸ ਨਾ ਵਿਚ ਸੰਸਾਰ । ਦੀਪਕ ਦੀਆ ਇਕ ਜਗਾਵਣਾ, ਵਿਸ਼ਨੂੰ ਨੂਰ ਉਜਿਆਰ । ਬ੍ਰਹਮ ਪਾਰਬ੍ਰਹਮ ਮਿਲਾਵਣਾ, ਪਾਰਬ੍ਰਹਮ ਕਰੇ ਪਿਆਰ । ਬ੍ਰਹਮ ਤੇਰਾ ਰੂਪ ਪਾਰਬ੍ਰਹਮ ਮਿਲਾਵਣਾ, ਪਾਰਬ੍ਰਹਮ ਕਰੇ ਪਿਆਰ । ਸ਼ੰਕਰ ਤੇਰਾ ਠੂਠਾ ਆਪਣੇ ਹੱਥ ਰਖਾਵਣਾ, ਨਿਰਗੁਣ ਚਾਰੋਂ ਕੁੰਟ ਬਣੇ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਖੇਲਣਹਾਰ । ਵਿਸ਼ਨੂੰ ਸ਼ਿਵ ਕਰਨ ਪੁਕਾਰ, ਸ਼ੰਕਰ ਨਾਲ ਰਲਾਇਆ । ਕਵਣ ਰੂਪ ਲਏ ਅਵਤਾਰ, ਲੋਕਮਾਤ ਹੋਏ ਰੁਸ਼ਨਾਇਆ । ਕਵਣ ਜਨ ਲਏ ਅਧਾਰ, ਜਨ ਜਨਨੀ ਲੇਖੇ ਲਾਇਆ । ਕਵਣ ਮਨ ਲਏ ਸਵਾਰ, ਮਨ ਮਨਕਾ ਦਏ ਫਿਰਾਇਆ । ਕਵਣ ਤਨ ਕਰੇ ਅਧਾਰ, ਤਨ ਤਨ ਕਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਦਏ ਸਮਝਾਇਆ । ਅੰਤਮ ਅੰਤ ਖੇਲ ਖਿਲਾਵਣਾ, ਭੇਵ ਅਭੇਦ ਹੱਥ ਰਖਾਇੰਦਾ । ਨਿਰਗੁਣ ਨਿਰਗੁਣ ਜਾਮਾ ਪਾਵਣਾ, ਨਿਰਗੁਣ ਨਿਰਗੁਣ ਵੰਡ ਵੰਡਾਇੰਦਾ । ਵਿਸ਼ਨੂੰ ਤੇਰਾ ਸੰਗ ਨਿਭਾਵਣਾ, ਸਗਲਾ ਸੰਗ ਨਿਭਾਇੰਦਾ । ਸ਼ਬਦ ਗੁਰ ਇਕ ਉਪਜਾਵਣਾ, ਗੁਰ ਗੁਰ ਮੇਲ ਮਿਲਾਇੰਦਾ । ਚਾਰ ਜੁਗ ਆਪਣੇ ਹੱਥ ਰਖਾਵਣਾ, ਸੰਤ ਸਾਜਨ ਮੇਲ ਮਿਲਾਇੰਦਾ । ਭਗਤਾਂ ਭਗਤੀ ਲੇਖੇ ਲਾਵਣਾ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਚਾਰ ਜੁਗ ਹਰਿ ਕਰੇ ਧਿਆਨਾ, ਪਾਰਬ੍ਰਹਮ ਵੱਡੀ ਵਡਿਆਈਆ ।

ਗੁਰਮੁਖ ਸਾਚੇ ਚਤੁਰ ਸੁਘੜ ਮੇਲ ਮਿਲਾਣਾ, ਮੇਲ ਮਿਲਾਏ ਸਹਿਜ ਸੁਭਾਈਆ । ਗੁਰਸਿਖਾਂ ਅੰਤਮ ਦੇਵੇ ਇਕ ਦਰਬਾਨਾ, ਏਕਾ ਰੂਪ ਦਰਸਾਈਆ । ਹਰਿ ਭਗਤਨ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਮੇਲ ਮਿਲਾਈਆ । ਸੰਤਨ ਹੱਥੀਂ ਬੰਨੇ ਗਾਨਾ, ਸਾਚਾ ਸਗਨ ਆਪ ਕਰਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਅੰਤਮ ਜੁਗ ਲੋਕਮਾਤ ਹੋਏ ਪਰਧਾਨਾ, ਨਿਹਕਲੰਕ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਲਏ ਉਪਜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਵੇਲਾ ਅੰਤਮ ਔਣਾ, ਅੰਤ ਅੰਤ ਖੇਲ ਖਿਲਾਇੰਦਾ । ਗੁਰਮੁਖ ਸਾਚੇ ਸ਼ਬਦ ਜਗੌਣਾ, ਸਤਿਗੁਰ ਸਾਚਾ ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰਮੁਖ ਸਾਚਾ ਬੇੜਾ ਉਠੌਣਾ, ਦਿਵਸ ਰੈਣ ਸੇਵ ਕਮਾਇੰਦਾ । ਏਕਾ ਏਕ ਮੇਲ ਮਿਲੌਣਾ, ਦੂਈ ਦਵੈਤੀ ਹਰਿ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ ।

ਕਲਜੁਗ ਵੇਲਾ ਅੰਤਮ ਆਇਆ, ਹਰਿ ਸਾਚਾ ਦਇਆ ਕਮਾਇੰਦਾ । ਚੌਥੇ ਜੁਗ ਫੇਰਾ ਪਾਇਆ, ਨਿਹਕਲੰਕਾ ਨਾਉਂ ਰਖਾਇੰਦਾ । ਜੁਗ ਜੁਗ ਵਿਛੜੇ ਮੇਲ ਮਿਲਾਇਆ, ਪੂਰਬ ਲਹਿਣਾ ਮੂਲ ਚੁਕਾਇੰਦਾ । ਆਪ ਆਪਣਾ ਸੰਗ ਨਿਭਾਇਆ, ਸਗਲਾ ਸੰਗ ਰਖਾਇੰਦਾ । ਰਾਮ ਕ੍ਰਿਸ਼ਨਾ ਰੂਪ ਵਟਾਇਆ, ਰਾਮ ਰਾਮਾ ਆਪ ਹੋ ਜਾਇੰਦਾ । ਈਸਾ ਮੂਸਾ ਅੰਗ ਲਗਾਇਆ, ਸੰਗ ਮੁਹੰਮਦ ਜੋਤ ਜਗਾਇੰਦਾ । ਨਾਨਕ ਨਿਰਗੁਣ ਨਾਉਂ ਧਰਾਇਆ, ਮੰਤਰ ਸਤਿਨਾਮ ਦ੍ਰਿੜਾਇੰਦਾ । ਗੋਬਿੰਦ ਜੋਤ ਆਪ ਜਗਾਇਆ, ਵਾਹਿਗੁਰੂ ਫਤਿਹ ਆਪ ਗਜਾਇੰਦਾ । ਨਿਰਗੁਣ ਨਿਰਗੁਣ ਖੇਲ ਖਿਲਾਇਆ, ਖੇਲਣਹਾਰਾ ਦਿਸ ਨਾ ਆਇੰਦਾ । ਆਪਣੀ ਚੌਕੜ ਫੇਰਾ ਪਾਇਆ, ਚੌਥੇ ਜੁਗ ਮੁਖ ਭਵਾਇੰਦਾ । ਗੁਰਮੁਖਾਂ ਔਕੜ ਕੱਟਣ ਆਇਆ, ਆਪ ਆਪਣਾ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਕੱਟਣ ਆਇਆ ਧੁਰ ਦੀ ਫਾਸੀ, ਜਮ ਕੀ ਫਾਸੀ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਕਲੀਆਂ ਚੋਲੀ ਪਾਈ ਚੁਰਾਸੀ, ਗੁਰਸਿਖ ਚੁਰਾਸੀ ਵਿਚ ਕੋਈ ਨਾ ਆਈਆ । ਪਰਗਟ ਹੋਇਆ ਘਨਕਪੁਰ ਵਾਸੀ, ਸ਼ਾਹੋ ਸ਼ਬਾਸ਼ੀ ਨਾਉਂ ਧਰਾਈਆ । ਅੰਦਰ ਵੜ ਵੜ ਆਪਣੇ ਮੰਦਰ ਕਰੇ ਵਾਸੀ, ਵਾਸ ਨਿਵਾਸਾ ਆਪ ਵਖਾਈਆ । ਭੇਵ ਨਾ ਪਾਇਣ ਪੰਡਤ ਕਾਸੀ, ਗਿਆਨੀ ਧਿਆਨੀ ਦਿਸ ਨਾ ਆਈਆ । ਹਰਿਜਨ ਮਾਨਸ ਜਨਮ ਕਰੇ ਰਹਿਰਾਸੀ, ਘਰ ਮੰਡਲ ਰਾਸ ਰਚਾਈਆ । ਸੋਹੰ ਸ਼ਬਦ ਪਵਣ ਸਵਾਸੀ, ਸੋ ਪੁਰਖ ਨਿਰੰਜਣ ਆਪ ਜਪਾਈਆ । ਜੁਗ ਜੁਗ ਕਰਦਾ ਆਇਆ ਪੂਰਨ ਆਸੀ, ਪੂਰਨ ਪਤਿਪਰਮੇਸ਼ਵਰ ਨਾਉਂ ਧਰਾਈਆ । ਕਲਜੁਗ ਅੰਤਮ ਨਿਰਗੁਣ ਜੋਤ ਹੋਏ ਪਰਕਾਸ਼ੀ, ਸੰਬਲ ਨਗਰੀ ਧਾਮ ਸੁਹਾਈਆ । ਜਨ ਭਗਤਾਂ ਬਣਿਆ ਦਾਸਨ ਦਾਸੀ, ਸੇਵਕ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇਲੇ ਖੇਲ ਬੇਪਰਵਾਹੀਆ । ਗੁਰਸਿਖਾਂ ਫਾਸੀ ਕੱਟਣ ਆਇਆ, ਹਰਿਜਨ ਬਣ ਜਗਤ ਮਲਾਹ । ਸਵਾਸ ਸਵਾਸੀ ਗੁਰਸਿਖਾਂ ਦਾ ਨਾਮ ਜਪਣ ਆਇਆ, ਆਪਣਾ ਤਨ ਕਰ ਸਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਲੇਖਾ ਦਏ ਲਿਖਾ । ਹਰਿ ਸੰਗਤ ਲੇਖਾ ਆਪ ਲਿਖਾਵਣਾ, ਲਿਖਣਹਾਰ ਆਪ ਅਖਵਾਇਆ । ਸੰਮਤ ਸਤਾਰਾਂ ਹਾੜ ਸਤਾਰਾਂ ਦਿਵਸ ਵਡਿਆਵਣਾ, ਵਡ ਵੱਡਾ ਵੇਖ ਵਖਾਇਆ । ਸੋ ਪੁਰਖ ਨਿਰੰਜਣ ਦਰਸ਼ਨ ਪਾਵਣਾ, ਦਰਦੀਆਂ ਦਰਦ ਦਏ ਮਿਟਾਇਆ । ਚੌਥੇ ਜੁਗ ਹਰਿ ਸੰਗਤ ਤੇਰੀ ਚਰਨ ਧੂੜੀ ਮਸਤਕ ਤਿਲਕ ਆਪ ਲਗਾਵਣਾ, ਤੇਰੀ ਲਿਲਾਟ ਜੋਤ

ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਵਾ ਰੱਤੀ ਏਕਾ ਕੇਸਰ ਜੁਗ ਜੁਗ ਆਪਣੇ ਹੱਥ ਰਖਾਇਆ । ਸਵਾ ਰੱਤੀ ਕੇਸਰ ਜਗਤ ਜਲਾਲ, ਲਾਲੋ ਲਾਲ ਰੰਗ ਚੜ੍ਹਾਇੰਦਾ । ਗੁਰਸਿਖ ਨੇੜ ਨਾ ਆਏ ਕਾਲ, ਮਹਾਂਕਾਲ ਸੀਸ ਝੁਕਾਇੰਦਾ । ਹਰਿਜਨ ਮੇਲਾ ਦੀਨ ਦਿਆਲ, ਸਤਿਗੁਰ ਪੂਰਾ ਆਪ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣਾ ਤੋਲ ਤੁਲਾਇੰਦਾ । ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤਤ ਕਾਇਆ ਵੇਖ ਵਖਾਇੰਦਾ । ਜਨਮ ਜਨਮ ਘਾਲਨ ਜੋ ਰਹੇ ਘਾਲ, ਕੀਤੀ ਘਾਲ ਲੇਖੇ ਲਾਇੰਦਾ । ਸਚ ਸੁਹਾਏ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜਾਨਾ ਇਕ ਵਖਾਇੰਦਾ । ਆਪੇ ਬਣਿਆ ਰਹੇ ਕੰਗਾਲ, ਗੁਰਸਿਖ ਆਪਣੇ ਸ਼ਾਹ ਬਣਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਸਾਚਾ ਲੇਖਾ, ਲਿਖਣਹਾਰ ਦਸ ਦਸਮੇਸਾ, ਦਰ ਘਰ ਸਾਚੇ ਆਪ ਲਿਖਾਇੰਦਾ । ਕੇਸਰ ਸਵਾ ਰੱਤੀ, ਗੁਰ ਗੋਬਿੰਦ ਲੋਕਮਾਤ ਵੰਡ ਵੰਡਾਈਆ । ਗੁਰਮੁਖਾਂ ਵਾ ਨਾ ਲੱਗੇ ਤੱਤੀ, ਅਗਨੀ ਤਪੇ ਸ੍ਰਿਸ਼ਟ ਸਬਾਈਆ । ਪੁਰਖ ਅਬਿਨਾਸ਼ੀ ਦੇਵੇ ਏਕਾ ਮਤੀ, ਏਕਾ ਬ੍ਰਹਮ ਚਾਰ ਵਰਨ ਜਣਾਈਆ । ਗੁਰ ਚਰਨ ਦਵਾਰਾ ਸਾਚੀ ਹੱਟੀ, ਦੂਸਰ ਹੱਟ ਨਾ ਕੋਈ ਵਖਾਈਆ । ਗੁਰਮੁਖ ਲਾਹਾ ਰਹੇ ਖੱਟੀ, ਮਨਮੁਖ ਗੂੜ੍ਹੀ ਨੀਂਦ ਸਵਾਈਆ । ਕੂੜ ਕੁੜਿਆਰਾ ਜੜ ਰਿਹਾ ਪੁੱਟੀ, ਝੂਠਾ ਬੂਟਾ ਕੋਈ ਰਹਿਣ ਨਾ ਪਾਈਆ । ਸਤਿਜੁਗ ਸਾਚੀ ਪੌਹ ਆਪੇ ਫੁੱਟੀ, ਸਤਿਗੁਰ ਨੂਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨ ਜੁਗ ਦਾ ਸਾਚਾ ਲੇਖਾ, ਰਾਮ ਭਰਤ ਜਿਉਂ ਆਪੇ ਵੇਖਾ, ਸ਼ਤਰੂਘਨ ਮੇਲ ਮਿਲਾਈਆ । ਭਰਤ ਭਾਰਤ ਭਵਨ ਭੈ ਕਰ, ਭੈ ਭਿਆਨਕ ਖੇਲ ਖਿਲਾਇੰਦਾ । ਗੁਰ ਗੁਰ ਚਰਨ ਸੀਸ ਧਰ, ਧੁਰ ਮਸਤਕ ਟਿੱਕਾ ਲਾਇੰਦਾ । ਰਾਮ ਨਾਮ ਏਕਾ ਹਰਿ, ਹਰਿ ਹਰਿ ਰੂਪ ਸਮਾਇੰਦਾ । ਰਾਜ ਤਿਲਕ ਮਿਲਿਆ ਸੱਚੇ ਘਰ, ਪਿਤਾ ਪੂਤ ਨਾ ਕੋਈ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਕਰ, ਆਪੇ ਹੁਕਮ ਸੁਣਾਇੰਦਾ । ਹੁਕਮ ਸੁਣਨਾ ਸਿੰਘ ਪਰਗਟ, ਪਰਗਟ ਹੋ ਹਰਿ ਜਣਾਈਆ । ਪੁਰਖ ਅਬਿਨਾਸ਼ੀ ਵਸਣਹਾਰਾ ਘਟ ਘਟ, ਘਟ ਘਟ ਜੋਤ ਕਰੇ ਰੁਸ਼ਨਾਈਆ । ਸਵਾ ਰੱਤੀ ਕੇਸਰ ਲਿਔਣਾ ਝੱਟ, ਪਹਿਲੀ ਚੇਤ ਜੋ ਮੰਗ ਮੰਗਾਈਆ । ਤਿਲਕ ਜੋਤ ਲਗਾਏ ਲਲਾਟ, ਆਪਣੀ ਲਿਲਾਟ ਗੁਰਸਿਖਾਂ ਵਿਚ ਟਿਕਾਈਆ । ਦੂਈ ਦਵੈਤੀ ਮਿਟੇ ਫੱਟ, ਫੱਟੜ ਗੁਰਸਿਖ ਕੋਈ ਦਿਸ ਨਾ ਆਈਆ । ਸਤਿਗੁਰ ਪੂਰਾ ਤੋਲੇ ਆਪਣੇ ਤੱਕੜ, ਆਪਣਾ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲੱਖ ਲੇਖਾ ਫੇਰ ਦਏ ਸਮਝਾਈਆ ।

ਚੌਥੇ ਜੁਗ ਖੇਲ ਅਪਾਰਾ, ਚਾਰ ਵਰਨਾਂ ਆਪ ਕਰਾਇੰਦਾ । ਨਿਰਗੁਣ ਨਰ ਨਰਾਇਣ ਲਏ ਅਵਤਾਰਾ, ਨਰ ਹਰਿ ਆਪਣਾ ਰੂਪ ਵਟਾਇੰਦਾ । ਜੁਗਾ ਜੁਗੰਤਰ ਵੇਖਣਹਾਰਾ, ਜੁਗ ਜੁਗ ਆਪਣੀ ਕਲ ਵਰਤਾਇੰਦਾ । ਸੰਤਨ ਦਏ ਨਾਮ ਹੁਲਾਰਾ, ਰਾਮ ਨਾਮ ਇਕ ਵਡਿਆਇੰਦਾ । ਭਗਤਨ ਮੇਲਾ ਧੁਰ ਦਰਬਾਰਾ, ਹਰਿ ਗਿਰਧਾਰਾ ਆਪ ਕਰਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਗੁਰਸਿਖ ਮੇਲਾ

ਵਿਚ ਸੰਸਾਰਾ, ਚੇਲਾ ਗੁਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਵੰਡਨ ਵੰਡ ਵੰਡਾਇੰਦਾ । ਵੰਡੀ ਵੰਡ ਸਤਿਗੁਰ ਪੂਰੇ, ਸਾਚਾ ਹਿੱਸਾ ਆਪਣੇ ਹੱਥ ਰਖਾਈਆ । ਕਲਜੁਗ ਨਾਤੇ ਦਿਸਨ ਕੂੜੇ, ਕੂੜੋ ਕੂੜ ਜਗਤ ਵਡਿਆਈਆ । ਮਨਮੁਖ ਜੀਵ ਮਾਇਆ ਮਮਤਾ ਮੂੜੇ, ਹਉਮੇ ਹੰਗਤਾ ਘਰ ਹਲਕਾਈਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧੂੜੇ, ਚਰਨ ਕਵਲ ਸੱਚੀ ਸਰਨਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹੇ, ਸਿਰ ਆਪਣਾ ਹੱਥ ਰਖਾਈਆ । ਕਾਇਆ ਰੰਗਨ ਰੰਗ ਚੜ੍ਹਾਏ ਗੂੜ੍ਹੇ, ਉਤਰ ਕਦੇ ਨਾ ਜਾਈਆ । ਦਰਸ਼ਨ ਪਾ ਉਤਰਨ ਸਗਲ ਵਿਸੂਰੇ, ਵਿਖ ਆਤਮ ਰਹੇ ਨਾ ਰਾਈਆ । ਸ਼ਬਦ ਸਰੂਪੀ ਦੇਵੇ ਤਤ, ਰੱਤੀ ਰੱਤ ਵਿਚ ਟਿਕਾਇੰਦਾ । ਸਤਿ ਸੰਤੋਖੀ ਧੀਰਜ ਜਤ, ਹਠ ਤਪ ਆਪ ਸਿਖਾਇੰਦਾ । ਏਕਾ ਬੀਜ ਆਤਮ ਘਤ, ਫੁਲ ਫੁਲਵਾੜੀ ਮਾਤ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਬੂਟਾ ਮਾਤ ਲਗਾਇੰਦਾ । ਨੌ ਜਨਮ ਮਾਨੁਸ ਮਾਨੁਖ, ਮਨ ਮਮਤਾ ਵਿਚ ਭਵਾਈਆ । ਮਾਤ ਗਰਭ ਆਏ ਉਲਟਾ ਰੁੱਖ, ਅਗਨ ਕੁੰਡ ਆਪ ਤਪਾਈਆ । ਦਿਵਸ ਰੈਣ ਸੁਖਣਾ ਸੁਖ, ਨੌ ਅਠਾਰਾਂ ਪੰਧ ਮੁਕਾਈਆ । ਸੁਫ਼ਲ ਕਰਾਏ ਮਾਤ ਕੁੱਖ, ਮੁਖ ਆਪਣਾ ਬਾਹਰ ਰਖਾਈਆ । ਦਰਸ ਦੇਵੇ ਜੀਓ ਅੰਦਰ ਲੁਕ, ਬੈਠਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਦਏ ਸਮਝਾਈਆ । ਨੌ ਜਨਮ ਨੌ ਵਾਰ, ਮਾਨਸ ਮਾਨਸ ਆਪ ਉਪਾਇੰਦਾ । ਆਪ ਆਪਣਾ ਦਏ ਆਧਾਰ, ਆਪ ਆਪਣਾ ਨਾਮ ਦ੍ਰਿੜ੍ਹਾਇੰਦਾ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਮੇਲ ਮਿਲਾਇੰਦਾ । ਨੌ ਜਨਮ ਜਪ ਤਪ ਕਰੇ ਸੰਸਾਰ, ਹਠ ਮਠ ਆਪ ਰਖਾਇੰਦਾ । ਤੀਰਥ ਤਟ ਕਰੇ ਖਵਾਰ, ਤਟ
੭੭੩ ਕਿਨਾਰੇ ਆਪ ਫਿਰਾਇੰਦਾ । ਗੁਰ ਦਰ ਮੰਦਰ ਮੱਠ ਕਰੇ ਪੁਕਾਰ, ਸ਼ਿਵਦਵਾਲੇ ਰਾਹ ਤਕਾਇੰਦਾ । ਜੋਤ ਜਵਾਲਾ ਲਟ ਲਟ ਕਰੇ ਉਜਿਆਰ, ਘਰ ੭੭੩
੦੯ ਘਰ ਦੀਪਕ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇੰਦਾ । ਨੌ ਜਨਮ ਲੋਕਮਾਤ, ੦੯
ਮਾਨਸ ਰੂਪ ਵਟਾਈਆ । ਦੇਵਣਹਾਰਾ ਸਾਚੀ ਦਾਤ, ਸਾਚੀ ਵਸਤ ਝੋਲੀ ਪਾਈਆ । ਏਕਾ ਅੱਖਰ ਵਡ ਕਰਾਮਾਤ, ਹਰਿ ਹਰਿ ਕੀ ਕਰੇ ਪੜ੍ਹਾਈਆ । ਉਤਮ ਰੱਖੇ ਗੁਰਮੁਖ ਜ਼ਾਤ, ਵਰਨ ਬਰਨ ਨਾ ਕੋਈ ਰਖਾਈਆ । ਇਕ ਰੰਗ ਰੰਗਾਏ ਦਿਵਸ ਰਾਤ, ਰੈਣ ਅੰਧੇਰੀ ਨਾ ਕੋਈ ਵਖਾਈਆ । ਆਪੇ ਵੇਖੇ ਮਾਰ ਝਾਤ, ਆਪ ਆਪਣਾ ਪੜਦਾ ਲਾਹੀਆ । ਖੋਲ੍ਹਣਹਾਰਾ ਬੰਦ ਤਾਕ, ਬੰਦ ਕਿਵਾੜ ਆਪ ਤੁੜਾਈਆ । ਪੁੱਛਣਹਾਰ ਉਤਮ ਜ਼ਾਤ, ਪੁਰਖ ਅਬਿਨਾਸ਼ੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਸਮਝਾਈਆ । ਪਹਿਲਾ ਜਨਮ ਮਾਨਸ ਪਾ, ਆਪਣੀ ਬੂਝ ਨਾ ਕੋਈ ਰਖਾਇੰਦਾ । ਬਾਲ ਜਵਾਨੀ ਲਏ ਗਵਾ, ਹਰਿ ਕਾ ਨਾਮ ਨਾ ਕੋਈ ਧਿਆਇੰਦਾ । ਅੰਤਮ ਵੇਲਾ ਰਾਹ ਤਕਾ, ਨਿਉਂ ਨਿਉਂ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਆਪ ਆਪਣਾ ਹੱਥ ਰਖਾਇੰਦਾ । ਮਾਨਸ ਜਨਮ ਦਏ ਦਵਾ, ਦੂਜੀ ਵਾਰ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਆਪ ਸਮਝਾਇੰਦਾ । ਦੂਜੀ ਵਾਰ ਮਾਨਸ ਜੋਤ, ਤਨ ਮਾਟੀ ਆਪ ਮਹਿਕਾਈਆ । ਆਪ ਬੰਧਾਏ ਵਿਚ ਵਰਨ ਗੋਤ, ਬ੍ਰਹਮ ਰੂਪ ਨਾ ਕੋਈ ਜਣਾਈਆ । ਤਨ ਨਾ ਲੱਗੇ ਸ਼ਬਦ ਚੋਟ, ਮਨ ਮਨਕਾ ਨਾ ਕੋਈ ਭਵਾਈਆ । ਵਾਸਨਾ ਕੱਢੇ ਨਾ ਕੋਈ ਖੋਟ, ਨਿਰਵੈਰ ਨਾ ਕੋਈ ਦਰਸਾਈਆ । ਪੁਰਖ ਅਕਾਲ ਨਾ ਦਿਸੇ ਓਟ, ਏਕਾ ਇਸ਼ਟ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਵੇਲਾ ਅੰਤਮ ਬਿਰਧ ਅਵਸਥ, ਜਨਮੀ ਜਨਮ ਸਵਾਰਦਾ । ਆਪ ਜਣਾਏ ਆਪਣਾ ਅਸਤ, ਆਪੇ ਪੈਜ ਸਵਾਰਦਾ । ਲੇਖਾ ਜਾਣੇ ਕੀਟ ਹਸਤ, ਖੇਲੇ ਖੇਲ ਸਚ ਸਰਕਾਰ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਧੁਰ ਦਰਬਾਰ ਦਾ । ਅੰਤ ਬੁੜ੍ਹੇਪਾ ਸੰਤਨ ਸੰਗ, ਹਰਿਜਨ ਆਪ ਕਰਾਈਆ । ਕਰ ਦਰਸ ਨਾ ਕੋਈ ਸਕੇ ਮੰਗੇ ਮੰਗ, ਨੇਤਰ ਨੈਣ ਰਹੇ ਸ਼ਰਮਾਈਆ । ਮਾਨਸ ਜਨਮ ਨਾ ਹੋਏ ਭੰਗ, ਲੇਖਾ ਲੇਖੇ ਲਏ ਲਗਾਈਆ । ਤੀਜੇ ਚੋਲੇ ਚਾੜ੍ਹੇ ਰੰਗ, ਮਾਨਸ ਜਨਮ ਦਏ ਉਪਾਈਆ । ਆਪ ਫਿਰਾਏ ਤੀਰਥ ਤਟ ਜਮਨਾ ਸੁਰਸਤੀ ਗੰਗ, ਚਾਰੋਂ ਕੁੰਟ ਫੇਰਾ ਪਾਈਆ । ਹਰਿ ਕਾ ਨਾਮ ਨਾ ਲਾਏ ਅੰਗ, ਦੁਰਮਤ ਮੈਲ ਨਾ ਕੋਈ ਧਵਾਈਆ । ਬਣ ਬਣ ਸੰਤ ਭਿਛਿਆ ਰਿਹਾ ਮੰਗ, ਸਾਚੀ ਭਿਛਿਆ ਨਾ ਕੋਈ ਵਖਾਈਆ । ਸ੍ਰਿਸ਼ਟ ਸਬਾਈ ਦਰ ਦਰਵਾਜ਼ਾ ਰਿਹਾ ਲੰਘ, ਆਪਣਾ ਕੁੰਡਾ ਨਾ ਕੋਈ ਖੁਲ੍ਹਾਈਆ । ਅੰਤ ਬੁੜ੍ਹੇਪਾ ਆਏ ਪੰਧ, ਜਮ ਕੀ ਫਾਸੀ ਨਾ ਕੋਈ ਕਟਾਈਆ । ਸਾਚੇ ਭਗਤ ਮੇਲ ਮਿਲਾਏ ਕਰੇ ਵਿਛੋੜਾ ਬੰਦੀ ਬੰਦ, ਏਕਾ ਬੰਦਨਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਲੇਖਾ ਦਏ ਵਖਾਈਆ । ਚੌਥਾ ਜਨਮ ਲੋਕਮਾਤ, ਮਾਨਸ ਮਨੁਖ ਆਪ ਧਰਾਇਆ । ਬਿਰਧ ਜਵਾਨਾ ਨਾ ਪੁੱਛੇ ਵਾਤ, ਵੇਲਾ ਗਿਆ ਹੱਥ ਨਾ ਆਇਆ । ਹਰਿ ਹਰਿ ਨਾਉਂ ਨਾ ਗਾਏ ਗਾਥ, ਹਿਰਦੇ ਹਰਿ ਨਾ ਕੋਈ ਵਸਾਇਆ । ਮਨ ਮਤ ਫਿਰੇ ਹਾਟੋ ਹਾਟ, ਸਾਚੇ ਹੱਟ ਨਾ ਕੋਈ ਵਿਕਾਇਆ । ਅੰਤਮ ਕਾਇਆ ਚੋਲਾ ਜਾਏ ਪਾਟ, ਥਿਰ ਕੋਈ ਰਹਿਣ ਨਾ ਪਾਇਆ । ਆਤਮ ਹਿਰਦੇ ਰੱਖੇ ਵਾਸ, ਹਰਿ ਕਾ ਨਾਮ ਨਾ ਮਾਤ ਧਿਆਇਆ । ਪੁਰਖ ਅਬਿਨਾਸ਼ੀ ਕਰ ਪਰਕਾਸ਼, ਆਪਣੀ ਦਇਆ ਕਮਾਇਆ । ਪੰਚਮ ਜਾਮਾ ਦਏ ਧਰਵਾਸ, ਪੂਤ ਸਪੂਤਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਪੰਚਮ ਜਾਮਾ ਮਾਤ ਧਰ, ਧਰਤ ਧਵਲ ਸੁਹਾਇੰਦਾ । ਜਵਾਨੀ ਅਵਸਥਾ ਮਿਲੇ ਵਰ, ਆਪ ਆਪਣਾ ਮੁਲ ਪੁਆਇੰਦਾ । ਸੰਤ ਸਾਜਨ ਲੱਭੇ ਘਰ ਘਰ, ਦਰ ਦਰ ਫੇਰੀ ਪਾਇੰਦਾ । ਵਕ਼ਤ ਲੰਘਾਏ ਡਰ ਡਰ, ਭੈ ਭਿਆਨਕ ਇਕ ਜਣਾਇੰਦਾ । ਹਰਿ ਕੇ ਪੌੜੇ ਨਾ ਸਕੇ ਚੜ੍ਹ, ਡੰਡਾ ਹੱਥ ਨਾ ਕੋਈ ਫੜਾਇੰਦਾ । ਮਾਇਆ ਮਮਤਾ ਬੈਠੇ ਅੜ, ਦੂਸਰ ਭਾਰ ਨਾ ਕੋਈ ਵੰਡਾਇੰਦਾ । ਕਾਚੇ ਪੱਤਰ ਜਾਇਣ ਝੜ, ਸਾਚਾ ਫਲ ਨਾ ਕੋਈ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇੰਦਾ । ਜਵਾਨ ਅਵਸਥਾ ਜੋਬਨ ਜਵਾਨੀ, ਜੁਗ ਜੁਗ ਹੰਢਾਈਆ । ਹਰਿ ਕਾ ਨਾਮ ਨਾਮ ਨਿਸ਼ਾਨੀ, ਲੱਭਦੇ ਫਿਰਦੇ ਥਾਉਂ ਥਾਈਆ । ਤੀਰ ਨਿਸ਼ਾਨਾ ਨਾ ਵੱਜੇ ਕਾਨੀ, ਤੀਰ ਅਨਿਆਲਾ ਨਾ ਕੋਈ ਚਲਾਈਆ । ਅੰਮ੍ਰਿਤ ਹੱਥ ਨਾ ਆਏ ਠੰਡਾ ਪਾਣੀ, ਸਰ ਸਰੋਵਰ ਫੇਰੀ ਪਾਈਆ । ਵੇਲੇ ਅੰਤਮ ਗਾਏ ਹਰਿ ਕੀ ਬਾਣੀ, ਅੰਤਮ ਹਰਿ ਹਰਿ ਲਿਵ ਲਾਈਆ । ਪੁਰਖ ਅਬਿਨਾਸ਼ੀ ਜਾਣ ਜਾਣੀ, ਜਾਣਣਹਾਰ ਦਇਆ ਕਮਾਈਆ । ਛੇਵਾਂ ਜਾਮਾ ਦੇਵੇ ਦੋ ਜਹਾਨੀ, ਲੋਕਮਾਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸਵਾਣੀ ਲਏ ਉਠਾਈਆ । ਸੁਰਤ ਸਵਾਣੀ ਆਪ ਜਗਾਏ, ਆਪਣੀ ਦਇਆ ਕਮਾਇੰਦਾ । ਜੋਬਨ ਅਵਸਥਾ ਰੰਗ ਰੰਗਾਏ, ਏਕਾ ਤਤ ਸਮਝਾਇੰਦਾ । ਜਗਤ ਵਿਦਿਆ ਆਪ ਪੜ੍ਹਾਏ, ਗੁਰ ਗੁਰਮੁਖਾਂ ਗਿਣ ਗਿਣ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੇਵਾਂ ਰੂਪ ਆਪ ਦਰਸਾਇੰਦਾ ਛੇਵਾਂ

ਜਾਮਾ ਛੇ ਛੇ ਧਾਰ, ਛੇ ਘਰ ਆਪ ਲਗਾਈਆ । ਜੋਬਨ ਜਵਾਨੀ ਪਾਏ ਸਾਰ, ਮਸਤ ਮਸਤਾਨੀ ਰਹੇ ਨਾ ਰਾਈਆ । ਲੱਭੇ ਹਾਣੀ ਵਿਚ ਸੰਸਾਰ, ਸੁਰਤ ਸਵਾਣੀ ਦਏ ਦੁਹਾਈਆ । ਉਚੀ ਕੂਕੇ ਕਰੇ ਪੁਕਾਰ, ਚਾਰੋਂ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਆਸਾ ਵਿਚ ਸਮਾਈਆ । ਅੰਤਮ ਆਸਾ ਪ੍ਰਭ ਮਿਲਣ ਕਾ ਚਾਓ, ਚਾਓ ਘਨੇਰਾ ਇਕ ਰਖਾਇੰਦਾ । ਆਦਿ ਜੁਗਾਦੀ ਕਰੇ ਪਸਾਓ, ਆਪ ਆਪਣਾ ਖੇਲ ਖਿਲਾਇੰਦਾ । ਵੇਖਣਹਾਰਾ ਥਾਈਂ ਥਾਉਂ, ਥਾਨ ਥਨੰਤਰ ਆਪ ਸੁਹਾਇੰਦਾ । ਕਾਇਆ ਖੇੜਾ ਵੇਖੇ ਨਗਰ ਗਰਾਉਂ, ਆਪਣਾ ਭੇਵ ਖੁਲ੍ਹਾਇੰਦਾ । ਆਪੇ ਮਾਰਗ ਪਾਏ ਫੜ ਫੜ ਬਾਂਹੋਂ, ਪਾਰ ਕਿਨਾਰਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਆਪਣਾ ਰੂਪ ਵਟਾਇੰਦਾ । ਸੱਤਵਾਂ ਜਾਮਾ ਲੋਕਮਾਤ ਦੇ, ਏਕਾ ਮਤ ਸਮਝਾਇੰਦਾ । ਸਤਿਗੁਰ ਲੱਗੇ ਸਾਚਾ ਨੇਹ, ਬਿਨ ਸਤਿਗੁਰ ਕੋਇ ਨਾ ਪਾਰ ਕਰਾਇੰਦਾ । ਅੰਮ੍ਰਿਤ ਬਰਖੇ ਨਾ ਕੋਈ ਮੇਂਹ, ਮੇਘ ਰੂਪ ਨਾ ਕੋਈ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਅੱਠਵੇਂ ਜਾਮੇ ਸੁਰਤ ਪਿਆਸੀ, ਆਤਮ ਅੰਤਰ ਰਹੀ ਬਿਲਲਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੇ ਬਣ ਬਣ ਦਾਸੀ, ਕੋਈ ਸੰਤ ਲਏ ਮਿਲਾਈਆ । ਕਵਣ ਰੂਪ ਨਿਝ ਘਰ ਕਰੇ ਵਾਸੀ, ਸਵਾਸੀ ਸਵਾਸ ਕਵਣ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਿਧ ਆਪਣੇ ਹੱਥ ਰਖਾਈਆ । ਅੱਠਵੇਂ ਜਾਮੇ ਹਰਿ ਬਿਲਲਾਏ, ਸਾਂਤਕ ਸਤਿ ਸਤਿ ਨਾ ਕੋਈ ਕਰਾਇੰਦਾ । ਬਾਲ ਜਵਾਨੀ ਬਿਰਧ ਅਵਸਥਾ ਹਰੀ ਗੁਣ ਗਾਏ, ਗੁਣ ਗਾ ਗਾ ਸੇਵ ਕਮਾਇੰਦਾ । ਅੱਠੇ ਪਹਿਰ ਏਕ ਲਿਵ ਲਾਏ, ਨੇਤਰ ਨੈਣ ਨਾ ਕੋਈ ਖੁਲ੍ਹਾਇੰਦਾ । ਵਿਕਾਰ ਹੰਕਾਰ ਸਰਬ ਗਵਾਏ, ਪਿਆਰ ਅਧਾਰ ਇਕ ਰਖਾਇੰਦਾ । ਕਵਣ ਯਾਰ ਮੇਲ ਮਿਲਾਏ, ਸੁੰਞੀ ਸੇਜ ਕਵਣ ਹੰਢਾਇੰਦਾ । ਕਵਣ ਨਾਰ ਕੰਤ ਰਲਾਏ, ਦੋ ਜਹਾਨਾਂ ਪੰਧ ਮੁਕਾਇੰਦਾ । ਕਵਣ ਨੈਣ ਸ਼ੰਗਾਰ ਕਰਾਏ, ਸੋਲਾਂ ਇਛਿਆ ਪੂਰ ਕਰਾਇੰਦਾ । ਕਵਣ ਕੰਗਨ ਤਨ ਪਹਿਨਾਏ, ਠੱਗ ਚੋਰ ਯਾਰ ਕਵਣ ਵਖਾਇੰਦਾ । ਕਵਣ ਸੁਰਤ ਮਿਸ਼ਰਾਣੀ ਲਏ ਮਨਾਏ, ਕਵਣ ਬ੍ਰਹਿਮਣ ਰੂਪ ਵਟਾਇੰਦਾ । ਕਵਣ ਗੰਗਾ ਤੀਰਥ ਯਾਤਰਾ ਲਏ ਕਰਾਏ, ਰਾਮ ਨਾਮ ਕਵਣ ਸੁਣਾਇੰਦਾ । ਕਵਣ ਅੱਠਾਂ ਤੱਤਾਂ ਲੇਖਾ ਦਏ ਮੁਕਾਏ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸਮਝਾਇੰਦਾ । ਕਵਣ ਮਾਨਸ ਜਨਮ ਰਾਸ ਕਰਾਏ, ਕਵਣ ਜਮ ਕੀ ਫਾਸੀ ਫੰਦ ਕਟਾਇੰਦਾ । ਕਵਣ ਚੌਥੇ ਪਦ ਲਏ ਮਿਲਾਏ, ਚੌਥੇ ਘਰ ਕਵਣ ਬਹਾਇੰਦਾ । ਕਵਣ ਬ੍ਰਹਮ ਨਦ ਵਜਾਏ, ਰਾਗ ਅਨਾਦੀ ਸੁਣਾਇੰਦਾ । ਕਵਣ ਸਾਚੀ ਹੱਦ ਟਪਾਏ, ਆਦਿ ਜੁਗਾਦੀ ਖੇਲ ਖਿਲਾਇੰਦਾ । ਧੁਰ ਦੀ ਵਾਦੀ ਕਵਣ ਰਖਾਏ, ਏਕਾ ਸ਼ਬਦ ਬੋਲ ਸੁਣਾਇੰਦਾ । ਪੁਰਖ ਅਬਿਨਾਸ਼ੀ ਹਰਿ ਰਘੁਰਾਏ, ਹਰਿਜਨ ਸਾਚੇ ਮੇਲ ਮਿਲਾਇੰਦਾ । ਸੰਤ ਸਾਜਣ ਦਏ ਸਮਝਾਏ, ਭਰਮ ਭੁਲੇਖਾ ਸਰਬ ਕਢਾਇੰਦਾ । ਵੇਲੇ ਅੰਤ ਹਰਿ ਭਗਵੰਤ ਜੋ ਜਨ ਲਿਵ ਅੰਤਰ ਲਾਏ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਵਾਂ ਜਾਮਾ ਫੇਰ ਦਵਾਇੰਦਾ । ਨੌਵਾਂ ਜਾਮਾ ਮਾਨੁਸ ਧਾਰ, ਲੋਕਮਾਤ ਲਏ ਅੰਗੜਾਈਆ । ਗੁਰਸਿਖ ਬਣੇ ਵਿਚ ਸੰਸਾਰ, ਸਤਿਗੁਰ ਪੂਰਾ ਲਏ ਬਣਾਈਆ । ਪੁਰਖ ਅਬਿਨਾਸ਼ੀ ਲਏ ਅਵਤਾਰ, ਆਪ ਆਪਣਾ ਮੇਲ ਮਿਲਾਈਆ । ਸਿਰ ਰੱਖ ਹੱਥ ਸਮਰਥ ਕਰਤਾਰ, ਪਿਛਲਾ ਲਹਿਣਾ ਝੋਲੀ ਪਾਈਆ । ਚੜ੍ਹੇ ਰਥ ਸੱਚੀ ਸਰਕਾਰ, ਰਥ ਰਥਵਾਹੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਗੁਰਸਿਖ ਤੇਰਾ ਜਨਮ ਦਏ ਸਮਝਾਈਆ । ਨੌਵੇਂ ਜਾਮੇ ਜਨਮ ਰੱਖ, ਸਤਿਗੁਰ ਸੱਚੇ ਮੇਲ ਮਿਲਾਇਆ । ਜੁਗਾਂ ਜੁਗੰਤਰ ਹੋ ਪਰਤੱਖ, ਗੁਰਮੁਖ ਸਾਚੇ ਗੋਦ ਬਹਾਇਆ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਨੌ ਦਵਾਰੇ ਨਾ ਕੋਈ ਫਿਰਾਇਆ । ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਦਏ ਬਣਾਇਆ । ਦਰਸ ਦਿਖਾਏ ਹੋ ਪਰਤੱਖ, ਜੋਤੀ ਨੂਰ ਨੂਰ ਰੁਸ਼ਨਾਇਆ । ਕਲਜੁਗ ਵਿਚੋਂ ਅੰਤਮ ਲਏ ਰੱਖ, ਸਿਰ ਆਪਣਾ ਹੱਥ ਟਿਕਾਇਆ । ਮਾਨਸ ਜਨਮ ਨਾ ਹੋਏ ਭੱਠ, ਕਲਜੁਗ ਭਠਿਆਲੇ ਨਾ ਕੋਈ ਤਮਾਇਆ । ਨਾ ਕੋਈ ਪੂਜਾ ਨਾ ਕੋਈ ਪਾਠ, ਪਿਛਲਾ ਲੇਖਾ ਆਪਣੇ ਹੱਥ ਰਖਾਇਆ । ਨਾ ਕੋਈ ਧੂਣੀ ਲਾਏ ਫੜ ਫੜ ਕਾਠ, ਅਗਨੀ ਹਵਨ ਨਾ ਕੋਈ ਕਰਾਇਆ । ਨਾ ਕੋਈ ਜਾਏ ਤੀਰਥ ਤਾਟ, ਸਰ ਸਰੋਵਰ ਨਾ ਕੋਈ ਨਹਾਇਆ । ਨਾ ਕੋਈ ਮੰਦਰ ਮਸਜਿਦ ਮੱਠ, ਸ਼ਿਵਦਵਾਲਾ ਨਾ ਕੋਈ ਵਖਾਇਆ । ਏਕਾ ਚਰਨ ਦਵਾਰੇ ਕਰ ਅਕੱਠ, ਆਪ ਆਪਣੇ ਗਲੇ ਲਗਾਇਆ । ਗੁਰਮੁਖ ਤੇਰਾ ਖੋਲ੍ਹਿਆ ਸਾਚਾ ਹੱਟ, ਸਤਿਗੁਰ ਵਣਜਾਰਾ ਬਣ ਕੇ ਆਇਆ । ਤੇਰੀ ਸੇਜਾ ਸੁੱਤਾ ਸਾਚੇ ਪਟ, ਆਪ ਆਪਣਾ ਆਸਣ ਲਾਇਆ । ਤੂੰ ਆਪਣੀ ਕਰਵਟ ਆਪੇ ਲਈ ਵੱਟ, ਵੇਲਾ ਅੰਤਮ ਦਏ ਦੁਹਾਇਆ । ਬਿਨ ਨਿਹਕਲੰਕ ਕਿਸੇ ਨਾ ਮੇਟਣਾ ਲੱਗਾ ਫਟ, ਕੋਟਨ ਕੋਟ ਸਾਧ ਸੰਤ ਦੇਣ ਦੁਹਾਇਆ । ਸਾਵਣ ਰਸ ਹਰਿ ਚਰਨ ਰਹੇ ਚੱਟ, ਦਿਵਸ ਰੈਣ ਇਕ ਧਿਆਨ ਲਗਾਇਆ । ਗੁਰਸਿਖ ਤੇਰੀ ਨੇੜੇ ਵਾਟ, ਪਿਛਲਾ ਦੂਰ ਦੁਰਾਡਾ ਪੰਧ ਮੁਕਾਇਆ । ਅੰਤਮ ਉਤਰਨਾ ਆਪਣੇ ਘਾਟ, ਅਧਵਿਚਕਾਰ ਨਾ ਕੋਈ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੌ ਨੌ ਲੇਖਾ ਦਏ ਮੁਕਾਇਆ । ਨੌ ਜਨਮ ਦਰ ਚੁਕਿਆ ਭਾਰ, ਨੌ ਨੌ ਚੁਰਾਸੀ ਗੇੜੇ ਆਪ ਭਵਾਈਆ । ਨੌ ਚਾਰ ਵਾਸ਼ਨਾ ਕਰ ਖਵਾਰ, ਨੌ ਨੌ ਕਰੇ ਹਲਕਾਈਆ । ਨੌ ਦਵਾਰੇ ਰੋ ਰੋ ਜ਼ਾਰ, ਨੌ ਨੌ ਦਏ ਦੁਹਾਈਆ । ਕਲਜੁਗ ਆਈ ਅੰਤਮ ਵਾਰ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਹਰਿਜਨ ਸਾਚੇ ਲਏ ਉਭਾਰ, ਜਿਉਂ ਬਾਲਕ ਮਾਤਾ ਗੋਦ ਬਿਠਾਈਆ । ਸਾਲਸ ਬਣੇ ਆਪ ਨਿਰੰਕਾਰ, ਹੱਕ ਹਕੀਕਤ ਦਏ ਵਖਾਈਆ । ਖਾਲਸ ਕਰੇ ਸਰਬ ਸੰਸਾਰ, ਚਾਰ ਵਰਨ ਇਕ ਪੜ੍ਹਾਈਆ । ਬਾਲਕ ਬਿਰਧ ਨਾ ਕਰੇ ਵਿਚਾਰ, ਜੋ ਜਨ ਜਗਤ ਨਾ ਦਏ ਵਡਿਆਈਆ । ਗੁਰਮੁਖ ਸੱਜਣ ਕਰ ਪਿਆਰ, ਚਰਨ ਧੂੜੀ ਮਜਨ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਤਾਰਿਆ, ਗੁਰਸਿਖ ਗੋਬਿੰਦ ਜ਼ਾਤ । ਕਰ ਕਿਰਪਾ ਪਾਰ ਉਤਾਰਿਆ, ਵੇਲੇ ਅੰਤਮ ਪੁੱਛੀ ਵਾਤ । ਝੂਠਾ ਖੇਲ ਨਾ ਕੋਈ ਖਿਲਾਰਿਆ, ਜਿਉਂ ਲਿਖਿਆ ਲੇਖ ਸੁਲਖਣੀ ਸਚ ਦਵਾਤ । ਆਪੇ ਆਪਾ ਉਤੋਂ ਵਾਰਿਆ, ਕਲਜੁਗ ਮਿਟੀ ਅੰਧੇਰੀ ਰਾਤ । ਗੁਰਸਿਖ ਤੇਰੀ ਪੈਜ ਸਵਾਰਿਆ, ਅੰਦਰ ਬਹਿ ਬਹਿ ਰਿਹਾ ਝਾਤ । ਤੇਰਾ ਝੂਠਾ ਮੰਦਰ ਪਾੜਿਆ, ਆਪ ਵਖਾਇਆ ਆਪਣਾ ਘਾਟ । ਦਿਵਸ ਸੁਹਾਇਆ ਸਤਾਰਾਂ ਹਾੜਿਆ, ਸਤਿਗੁਰ ਪੂਰਾ ਪੁੱਛੇ ਵਾਤ । ਗੁਰਸਿਖ ਸਾਚੇ ਲਾੜਿਆ, ਤੇਰੀ ਚੜ੍ਹੀ ਸਚ ਬਰਾਤ । ਸਚਖੰਡ ਦਵਾਰੇ ਤੇਰੀ ਜੋਤੀ ਮਾਤਾ ਤੇਰੇ ਉਤੋਂ ਪਾਣੀ ਵਾਰਿਆ, ਨਿਰਗੁਣ ਬੱਧਾ ਸਾਚਾ ਨਾਤ । ਤੇਰੀ ਸੁਰਤ ਨਾ ਰਹੇ ਕਵਾਰਿਆ, ਨਾਮ ਮਿਲੇ ਸੋਹੰ ਸੱਚੀ ਦਾਤ । ਤੇਰਾ ਵੱਜਦਾ ਰਹੇ ਨਗਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਵਾਟ । ਗੁਰਸਿਖ ਸੋਹਣੇ ਸੱਜਣ, ਉਠ ਮੀਤ ਪਿਆਰੇ ਮੀਤ । ਕਲਜੁਗ ਕਾਇਆ ਭਾਂਡੇ ਭੱਜਣ, ਨਾ ਦਿਸਨ ਦੇਹੁਰੇ ਮਸੀਤ । ਸ਼ਾਹ ਸੁਲਤਾਨ ਰਾਜ ਰਾਜਾਨ ਘਰ ਤਜਣ, ਸੁਹਾਗੀ ਗਾਏ ਨਾ ਕੋਈ ਗੀਤ । ਮੱਕਾ ਕਾਅਬਾ ਹਾਜੀ ਨਾ ਹਜਨ,

ਮੁੱਲਾ ਸ਼ੇਖ਼ ਨਾ ਦਿਸੇ ਮਸੀਤ । ਗੁਰਸਿਖ ਗੁਰ ਚਰਨ ਦਵਾਰੇ ਬਹਿ ਬਹਿ ਸਜਣ, ਲੋਕਮਾਤ ਹੋਏ ਪਤਤ ਪੁਨੀਤ । ਮਦਿਰਾ ਮਾਸ ਜੋ ਜਨ ਤਜਣ, ਅੰਤਮ ਮਿੱਟੀ ਨਾ ਹੋਏ ਪਲੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗਾਏ ਹਸਤ ਕੀਟ । ਗੁਰਸਿਖ ਸੱਚੇ ਦੂਲ੍ਹਿਆ, ਤੇਰੀ ਦੂਲ੍ਹਨ ਹਰਿ ਨਿਰੰਕਾਰ । ਤੇਰੇ ਗਲ ਅਦ੍ਰਿਸ਼ ਫੂਲਿਆ, ਫੁਲ ਫੁਲਵਾੜੀ ਹੋਈ ਉਜਿਆਰ । ਪੁਰਖ ਅਬਿਨਾਸ਼ੀ ਚੁਕਾਏ ਮੂਲਿਆ, ਬਣ ਮਾਲਣ ਪਾਏ ਹਾਰ । ਤੇਰੀ ਸੂਲੀ ਹੋਈ ਸੂਲਿਆ, ਸਤਿਗੁਰ ਪੂਰੇ ਚੁਕਿਆ ਭਾਰ । ਗੁਰਸਿਖ ਬੂਟਾ ਕਦੇ ਨਾ ਹੁੱਲਿਆ, ਲੋਕਮਾਤ ਖਿੜੀ ਗੁਲਜ਼ਾਰ । ਆਏ ਦਰ ਜੋ ਫਿਰੇ ਭੁੱਲਿਆ, ਦੂਜੇ ਘਰ ਨਾ ਕੋਈ ਵਾਪਾਰ । ਕਿਸੇ ਅੱਗ ਨਾ ਮਿਲਣੀ ਚੁੱਲਿਆ, ਨਾਰੀ ਕੰਤ ਨਾ ਕਰੇ ਪਿਆਰ । ਕਲਜੁਗ ਮਾਇਆ ਮਮਤਾ ਅੰਦਰ ਰੁਲਿਆ, ਫਲ ਦਿਸੇ ਨਾ ਕਿਸੇ ਡਾਲ । ਗੁਰਸਿਖ ਤੇਰਾ ਸਤਿਗੁਰ ਪੂਰਾ ਪਾਏ ਮੁੱਲਿਆ, ਕੀਮਤ ਕਰਤਾ ਦਰ ਵਿਚਾਰ । ਲਾਲ ਅਨਮੁਲੜਾ ਕਦੇ ਨਾ ਰੁਲਿਆ, ਲਾਲ ਲਾਲਾਂ ਵਿਚ ਕਰੇ ਸ਼ੰਗਾਰ । ਜੋ ਜਨ ਦਰ ਦਰ ਆਏ ਭੁਲਿਆ, ਚਰਨ ਸਰਨ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਗੁਰਸਿਖ ਹਰਿਜਨ ਹਰਿਭਗਤ ਕਰ ਕਿਰਪਾ ਜਾਏ ਤਾਰ ।

### ✻ ੧੮ ਹਾੜ ੨੦੧੭ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✻

੭੭੭

੦੯

ਸਚਖੰਡ ਨਿਵਾਸੀ ਹਰਿ ਨਿਰੰਕਾਰ, ਘਰ ਸਾਚਾ ਸਚ ਸੁਹਾਇੰਦਾ । ਪੁਰਖ ਅਬਿਨਾਸ਼ੀ ਨਿਰਾਕਾਰ, ਨਿਰਵੈਰ ਆਪਣਾ ਨਾਉਂ ਧਰਾਇੰਦਾ । ਜੋਤ ਪਰਕਾਸ਼ੀ ਅਗੰਮ ਅਪਾਰ, ਖੰਡ ਬ੍ਰਹਿਮੰਡ ਸੁਹਾਇੰਦਾ । ਸਰਬ ਨਿਵਾਸੀ ਸਿਰਜਣਹਾਰ, ਆਦਿ ਅੰਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸਚ ਦਵਾਰਾ ਆਪ ਸੁਹਾਇੰਦਾ । ਸਚ ਦਵਾਰ ਸੁਹੰਜਣਾ, ਪਰਮ ਪੁਰਖ ਕਰਤਾਰ । ਜੋਤ ਜਗਾਏ ਆਦਿ ਨਿਰੰਜਣਾ, ਇਕ ਅਕੱਲਾ ਏਕੰਕਾਰ । ਸਾਚੇ ਮੰਦਰ ਬਹਿ ਬਹਿ ਸਜਣਾ, ਆਪ ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਕਰਾਏ ਸਾਚੀ ਕਾਰ । ਕਾਰ ਕਰਦੰੜਾ ਪੁਰਖ ਅਕਾਲ, ਪਾਰਬ੍ਰਹਮ ਵੱਡੀ ਵਡਿਆਈਆ । ਜੁਗਾ ਜੁਗੰਤਰ ਖੇਲ ਨਿਆਰ, ਖੇਲਣਹਾਰ ਆਪ ਖਿਲਾਈਆ । ਲੱਖ ਚੁਰਾਸੀ ਫਲ ਵੇਖੇ ਡਾਲ, ਪੱਤ ਡਾਲ੍ਹੀ ਫੋਲ ਫੋਲਾਈਆ । ਹੱਟ ਵਿਕਾਏ ਕਾਲ ਦਿਆਲ, ਨਿਰਗੁਣ ਨਿਰਗੁਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਵੇਖ ਵਖਾਈਆ । ਆਪਣੀ ਰਚਨਾ ਲੱਖ ਚੁਰਾਸੀ ਵੇਖਣਹਾਰ, ਤ੍ਰੈ ਤ੍ਰੈ ਆਪਣੀ ਖੇਲ ਖਿਲਾਇੰਦਾ । ਨਿਰਗੁਣ ਦੀਆ ਕਰ ਉਜਿਆਰ, ਸਾਚਾ ਮੰਦਰ ਆਪ ਸੁਹਾਇੰਦਾ । ਕਵਲ ਨੈਣ ਮੀਤ ਮੁਰਾਰ, ਆਪ ਆਪਣੀ ਕਲ ਵਰਤਾਇੰਦਾ । ਸ਼ਬਦ ਅਗੰਮੀ ਸਚ ਜੈਕਾਰ, ਧੁਰ ਦਰਬਾਰਾ ਆਪ ਸੁਣਾਇੰਦਾ । ਘਟ ਘਟ ਅੰਦਰ ਕਰ ਪਸਾਰ, ਆਪ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਆਪ ਮਨਾਇੰਦਾ । ਲੱਖ ਚੁਰਾਸੀ ਰਚਨ ਰਚਾ, ਹਰਿ ਸਾਚਾ ਖੇਲ ਖਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾ, ਸਾਚਾ ਹੁਕਮ ਜਣਾਇੰਦਾ । ਧੁਰ ਫ਼ਰਮਾਣਾ ਇਕ ਸੁਣਾ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਆਪਣਾ ਤਾਣਾ ਆਪ ਤਣਾ, ਆਪਣਾ ਪੇਟਾ ਆਪ ਵਖਾਇੰਦਾ । ਸਾਚਾ ਰਾਣਾ ਬਣ ਧੁਰ ਦਰਗਹਿ, ਬੇਪਰਵਾਹ ਆਪਣਾ ਨਾਉਂ ਵਟਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰਤੜਾ ਪਾਰਬ੍ਰਹਮ ਬੇਅੰਤ, ਮਹਿਮਾ ਅਗਣਤ ਗਣੀ ਨਾ ਜਾਈਆ । ਲੇਖਾ ਲਿਖੇ ਜੁਗਾ ਜੁਗੰਤ, ਜੁਗ ਜੁਗ ਵੱਡੀ ਵਡਿਆਈਆ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਦਏ ਸਮਝਾਈਆ । ਏਕਾ ਲੇਖਾ ਹਰਿ ਸਮਝਾਇਆ, ਬ੍ਰਹਮਾ ਵਿਸ਼ਨ ਸ਼ਿਵ ਉਠਾਇੰਦਾ । ਸਾਚੀ ਸੇਵਾ ਸੇਵਾਦਾਰ ਕਰਾਇਆ, ਭੇਵ ਅਭੇਦਾ ਆਪ ਖੁਲਾਇੰਦਾ । ਦੇਵੀ ਦੇਵਾ ਆਪ ਅਖਵਾਇਆ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵਸਤ ਆਪਣੇ ਹੱਥ ਰਖਾਇੰਦਾ । ਸਾਚੀ ਵਸਤ ਲਾਲ ਗੁਲਾਲ, ਹਰਿ ਆਪਣੇ ਹੱਥ ਰਖਾਈਆ । ਦੋ ਜਹਾਨਾਂ ਬਣੇ ਦਲਾਲ, ਦਰ ਘਰ ਸਾਚੇ ਦਏ ਵਡਿਆਈਆ । ਲੇਖਾ ਚੁਕਾਏ ਕਾਲ ਮਹਾਂਕਾਲ, ਦੀਨ ਦਿਆਲ ਹੋਏ ਸਹਾਈਆ । ਵਸਾਏ ਧਰਮ ਸੱਚੀ ਧਰਮਸਾਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਆਪ ਹੋ ਜਾਈਆ । ਆਪਣੇ ਫਲ ਲਗਾਏ ਡਾਲ, ਬ੍ਰਹਮਾ ਵਿਸ਼ਨ ਸ਼ਿਵ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵਸਤ ਆਪਣੇ ਸੰਗ ਨਿਭਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਧਿਆਨ, ਚਰਨ ਕਵਲ ਚਿਤ ਲਾਇਆ । ਪੁਰਖ ਅਬਿਨਾਸ਼ੀ ਬਖ਼ਸ਼ੇ ਦਾਨ, ਤੇਰਾ ਦਾਨ ਜੀਆਂ ਰਿਜ਼ਕ ਸਬਾਇਆ । ਹਉਂ ਸਖੀ ਮੰਗੇ ਬਣ ਬਣ ਕਾਹਨ, ਕਾਹਨਾ ਤੇਰਾ ਰੂਪ ਸਮਾਇਆ । ਹਰਿ ਰੱਖਣਾ ਏਕਾ ਮਾਣ, ਮਾਣ ਨਿਮਾਣਿਆਂ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਦਏ ਸਮਝਾਇਆ । ਸਾਚੀ ਧਾਰ ਹਰਿ ਨਿਰੰਕਾਰ, ਤ੍ਰੈ ਤ੍ਰੈ ਆਪ ਸਮਝਾਇੰਦਾ । ੭੭੮
ਮੇਰਾ ਰੂਪ ਥਿਰ ਦਰਬਾਰ, ਸਚਖੰਡ ਦਵਾਰ ਵੇਸ ਵਟਾਇੰਦਾ । ਅੰਸ ਬੰਸ ਖੇਲ ਨਿਆਰ, ਪੂਤ ਸਪੂਤਾ ਵੇਖ ਵਖਾਇੰਦਾ । ਸਾਚਾ ਸਚ ਦਏ ਹੁਲਾਰ, ਸਚ ਸਾਚੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇੰਦਾ । ਮੇਲ ਮਿਲਾਵਣਹਾਰ ਗੋਪਾਲ, ਮਹਿਮਾ ਅਕਥ ਕਥੀ ਨਾ ਜਾਈਆ । ਵਿਸ਼ਨੂੰ ਉਠਾਇਆ ਆਪਣਾ ਲਾਲ, ਬ੍ਰਹਮੇ ਆਪਣੀ ਗੋਦ ਸੁਹਾਈਆ । ਸ਼ੰਕਰ ਬਣਿਆ ਆਪ ਦਲਾਲ, ਸਚ ਵਿਚੋਲਾ ਬੇਪਰਵਾਹੀਆ । ਚਰਨ ਪ੍ਰੀਤ ਨਿਭਾਏ ਲੱਗੀ ਨਿਭੇ ਨਾਲ ਨਾਲ, ਸਾਚੀ ਜੋੜੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੀਤ ਇਕ ਵਖਾਈਆ । ਸਾਚੀ ਰੀਤੀ ਹਰਿ ਨਿੰਰਕਾਰ, ਆਪਣੀ ਆਪ ਚਲਾਇੰਦਾ । ਤਿੰਨਾਂ ਕਰੇ ਇਕ ਪਿਆਰ, ਦਇਆ ਨਾਥ ਦਇਆ ਕਮਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਚਰਨ ਕਵਲ ਬਾਹਰ ਕਢਾਇੰਦਾ । ਆਪਣਾ ਰਸ ਆਪੇ ਕਰ ਤਿਆਰ, ਅੰਮ੍ਰਿਤ ਨਾਉਂ ਰਖਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਨਿਰਗੁਣ ਨਿਰਗੁਣ ਆਪ ਖਿਲਾਇੰਦਾ । ਵਿਸ਼ਨੂੰ ਫੜਿਆ ਨਿਰਾਕਾਰ, ਅਕਾਰ ਅਕਾਰ ਅਕਾਰਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਅੰਮ੍ਰਿਤ ਸਾਚਾ ਸਤਿਗੁਰ ਸਾਹਿਬ ਸੁਲਤਾਨ, ਸਚਖੰਡ ਦਵਾਰੇ ਹੱਥ ਰਖਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਤਖ਼ਤ ਨਿਵਾਸੀ ਆਪ ਕਰਾਇੰਦਾ । ਵਿਸ਼ਨੂੰ ਸ਼ਿਵ ਬ੍ਰਹਮਾ ਕਰ ਪਰਧਾਨ, ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਸਾਚਾ ਅੰਮ੍ਰਿਤ ਹਰਿ ਭੰਡਾਰ, ਪੁਰਖ ਅਕਾਲ ਭਰਾਇਆ । ਵਿਸ਼ਨੂੰ ਕਰੇ ਸਚ ਪਿਆਰ, ਪੂਤ ਸਪੂਤਾ ਗਲੇ ਲਗਾਇਆ । ਆਪਣੀ ਰੱਤ ਕੱਢੇ ਬਾਹਰ,

ਲਾਲ ਰੰਗਣ ਰੰਗ ਰੰਗਾਇਆ । ਬ੍ਰਹਮ ਤਤ ਕਰ ਤਿਆਰ, ਏਕਾ ਮਤ ਦਏ ਸਮਝਾਇਆ । ਸਾਚਾ ਸਤਿ ਵਿਚ ਸੰਸਾਰ, ਨਿਰਗੁਣ ਧਾਰ ਬੰਧਨ ਪਾਇਆ । ਸ਼ੰਕਰ ਮੇਲਾ ਸਚ ਦਵਾਰ, ਘਟ ਘਟ ਵਾਸੀ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਸ ਆਪ ਚਵਾਇਆ । ਵਿਸ਼ਨੂੰ ਰੱਤ ਅੰਮ੍ਰਿਤ ਰਸ, ਹਰਿ ਅਮਰ ਅਮਰ ਵਖਾਇਆ । ਪੁਰਖ ਅਬਿਨਾਸ਼ੀ ਕਰਿਆ ਖੇਲ ਹੱਸ ਹੱਸ, ਨਿਰਗੁਣ ਆਪਣਾ ਰੂਪ ਵਟਾਇਆ । ਪੁਰਖ ਅਗੰਮੜਾ ਆਪਣਾ ਮਾਰਗ ਸਾਚਾ ਦੱਸ, ਸਾਚਾ ਰਾਹ ਇਕ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਗੁਲਾਲਾ ਰੰਗ ਚੜ੍ਹਾਇਆ । ਏਕਾ ਅੰਮ੍ਰਿਤ ਹਰਿ ਕਰਤਾਰਾ, ਸਾਚਾ ਸਚ ਵਖਾਇੰਦਾ । ਦੂਜੀ ਵਿਸ਼ਨੂੰ ਰਤੜੀ ਧਾਰਾ, ਰੱਤੀ ਰੱਤ ਰੰਗਾਇੰਦਾ । ਦੋਹਾਂ ਮੇਲਾ ਅਪਰ ਅਪਾਰਾ, ਪੁਰਖ ਕਰਤਾਰ ਆਪ ਕਰਾਇੰਦਾ । ਨਾ ਜਲ ਨਾ ਰੱਤ ਪਸਾਰਾ, ਦੋਹਾਂ ਮੇਲ ਮਿਲਾਇੰਦਾ । ਆਪਣਾ ਰੰਗ ਆਪੇ ਚਾੜ੍ਹਾ, ਰੰਗ ਰੰਗੀਲਾ ਵੇਖ ਵਖਾਇੰਦਾ । ਲਹੂ ਮਿਝ ਨਾ ਦਿਸੇ ਗਾਰਾ, ਹੱਡ ਮਾਸ ਨਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲਾਇੰਦਾ । ਅੰਮ੍ਰਿਤ ਰੱਤ ਤਤ ਕਰ ਤਿਆਰ, ਹਰਿ ਸਾਚੇ ਬਣਤ ਬਣਾਈਆ । ਬ੍ਰਹਮਾ ਵਿਸ਼ਨ ਸ਼ਿਵ ਬਹਾਏ ਉਠਾਲ, ਦੇ ਮਤ ਆਪ ਸਮਝਾਈਆ । ਸਚਖੰਡ ਨਿਵਾਸੀ ਵਸੇ ਤ੍ਰੈ ਤ੍ਰੈਕਾਲ, ਤ੍ਰੈਕਾਲ ਦਰਸੀ ਭੇਵ ਨਾ ਰਾਈਆ । ਆਪਣਾ ਰੱਖੇ ਅੱਗੇ ਇਕ ਸਵਾਲ, ਸਵਾਲ ਸਵਾਮੀ ਦਏ ਸਮਝਾਈਆ । ਕਵਣ ਰੂਪ ਹੋਏ ਮਹਾਂਕਾਲ, ਕਵਣ ਦਵਾਰੇ ਕਾਲ ਵਖਾਈਆ । ਕਵਣ ਤੋੜੇ ਤੋੜਣਹਾਰ ਜੰਜਾਲ, ਜਾਗਰਤ ਜੋਤ ਕਵਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਧਾਈਆ । ਸਾਚੇ ਮੰਦਰ ਘੋਲਨ ਘੋਲਿਆ, ਅੰਮ੍ਰਿਤ ਰੱਤ ਕਰ ਤਿਆਰ । ਪੁਰਖ ਅਬਿਨਾਸ਼ੀ ਏਕਾ ਬੋਲਿਆ, ਵਿਸ਼ਨੂੰ ਸੁਣ ਤੇਰੀ ਪੁਕਾਰ । ਆਦਿ ਜੁਗਾਦੀ ਰਹੇ ਅਡੋਲਿਆ, ਬ੍ਰਹਮਾ ਤੇਰੀ ਪਾਵੇ ਸਾਰ । ਸ਼ੰਕਰ ਤੇਰਾ ਲਾਹੇ ਚੋਲਿਆ, ਚੋਲੀ ਰੰਗੇ ਆਪ ਨਿਰੰਕਾਰ । ਆਪੇ ਖੇਲਣਹਾਰਾ ਸਾਚੀ ਹੋਲਿਆ, ਲਾਲ ਗੁਲਾਲਾ ਰੰਗ ਚਾੜ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਸਚ ਵਿਹਾਰ । ਸਚ ਵਿਹਾਰਾ ਹਰਿ ਨਿਰੰਕਾਰਾ, ਧੁਰ ਦਰਬਾਰਾ ਆਪ ਕਰਾਇੰਦਾ । ਆਦਿ ਆਦਿ ਖੇਲ ਅਪਾਰਾ, ਦਿਸ ਕਿਸੇ ਨਾ ਆਇੰਦਾ । ਅੰਮ੍ਰਿਤ ਰਸ ਰੱਤ ਰਤੜੀ ਧਾਰਾ, ਰੱਤੀ ਰੱਤ ਰੱਤ ਰੰਗਾਇੰਦਾ । ਸਾਚਾ ਤਿਲਕ ਕਰ ਤਿਆਰਾ, ਪੁਰਖ ਅਬਿਨਾਸ਼ੀ ਆਪਣੇ ਹੱਥ ਟਿਕਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਗਾਏ ਵਾਰੋ ਵਾਰਾ, ਤਿੰਨਾਂ ਆਪਣੇ ਵਿਚ ਬੰਦ ਕਰਾਇੰਦਾ । ਉਚੀ ਕੂਕ ਬੋਲ ਜੈਕਾਰਾ, ਏਕਾ ਹੁਕਮ ਸੁਣਾਇੰਦਾ । ਲੱਖ ਚੁਰਾਸੀ ਵਰਤੇ ਵਰਤਾਰਾ, ਅਜੂਨ ਅਜੂਨੀ ਗੇੜ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਤ ਆਪ ਰਖਾਇੰਦਾ । ਲੱਖ ਚੁਰਾਸੀ ਭਰੇ ਭੰਡਾਰ, ਵਡ ਭੰਡਾਰੀ ਆਪ ਅਖਵਾਇੰਦਾ । ਜੀਵਾਂ ਜੰਤਾਂ ਦਏ ਅਧਾਰਾ, ਜੀਵਣ ਆਪਣਾ ਨਾਉਂ ਧਰਾਇੰਦਾ । ਨਾਰੀ ਕੰਤ ਕਰੇ ਸ਼ੰਗਾਰਾ, ਸਾਚੀ ਸੇਜ ਹੰਢਾਇੰਦਾ । ਬਣਾਏ ਬਣਤ ਅਗੰਮ ਅਪਾਰਾ, ਅਗੰਮ ਅਗੰਮੜਾ ਮੇਲ ਮਿਲਾਇੰਦਾ । ਹੱਡ ਮਾਸ ਨਾੜੀ ਚਮੜੇ ਵਸੇ ਬਾਹਰਾ, ਅੰਮੜਾ ਅੰਮੜੀ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਅਲਾਇੰਦਾ । ਧੁਰ ਫ਼ਰਮਾਣਾ ਸ਼ਬਦ ਜਣਾਇਆ, ਪੁਰਖ ਅਕਾਲ ਵੱਡੀ ਵਡਿਆਈਆ । ਲੱਖ ਚੁਰਾਸੀ ਗੇੜ ਬਣਾਇਆ, ਜੂਨ ਅਜੂਨੀ ਵੇਖ ਵਖਾਈਆ । ਚਾਰੇ ਜੁਗਾਂ ਬੰਧਨ ਪਾਇਆ, ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਅੰਕ ਲਗਾਈਆ । ਬ੍ਰਹਮ ਬ੍ਰਹਮ ਵੇਤਾ ਬ੍ਰਹਮ ਵਟਾਇਆ, ਰੂਪ ਅਨੂਪ ਆਪ ਦਰਸਾਈਆ । ਖੇਵਟ ਖੇਟਾ ਨਾਉਂ ਧਰਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਮਾਤ ਪਿਤਾ ਜਨਨੀ ਜਨ ਜਨ ਜਾਇਆ, ਧੰਨ ਧੰਨ ਜਣੇਦੀ ਮਾਈਆ । ਕਾਗਦ ਕਲਮ ਲਿਖ ਲਿਖ ਥੱਕੀ ਸ਼ਾਹਿਆ, ਚਾਰੇ ਵੇਦ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਿਲਕ ਲਏ ਲਗਾਈਆ । ਮਸਤਕ ਲੱਗਾ ਤਿਲਕ ਲਿਲਾਟ, ਵਿਸ਼ਨੂੰ ਕੂਕ ਕੂਕ ਪੁਕਾਰਿਆ । ਪੁਰਖ ਅਬਿਨਾਸ਼ੀ ਤੇਰਾ ਕਵਣ ਕਿਨਾਰਾ ਪਾਰ ਘਾਟ, ਕਵਣ ਦਵਾਰੇ ਬੈਠ ਕਰੇ ਖੇਲ ਨਿਰੰਕਾਰਿਆ । ਕਵਣ ਘਰ ਤੇਰਾ ਖੁਲ੍ਹੇ ਹਾਟ, ਕਵਣ ਵਣਜ ਹੋਏ ਵਣਜਾਰਿਆ । ਕਵਣ ਨੂਰ ਤੇਰਾ ਜੋਤ ਲਿਲਾਟ, ਕਵਣ ਨੂਰੋ ਨੂਰ ਉਜਿਆਰਿਆ । ਕਵਣ ਲੇਖਾ ਚੁਕਾਏ ਆਨ ਬਾਟ, ਲੱਖ ਚੁਰਾਸੀ ਪਾਵੇ ਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਲ੍ਹੇ ਭੇਵ ਅਗੰਮ ਅਪਾਰਿਆ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾਇਆ, ਵਿਸ਼ਨੂੰ ਏਕਾ ਇਕ ਸੁਣਾਇੰਦਾ । ਆਦਿ ਜੁਗਾਦੀ ਇਕ ਰਘੁਰਾਇਆ, ਦੂਸਰ ਹੋਰ ਨਾ ਕੋਈ ਦਸਾਇੰਦਾ । ਆਪਣਾ ਗੇੜਾ ਰਿਹਾ ਚਲਾਇਆ, ਗੇੜਾ ਆਪਣੇ ਹੱਥ ਰਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਏਕਾ ਬੰਧਨ ਪਾਇਆ, ਦੂਸਰ ਬੰਧ ਨਾ ਕੋਈ ਰਖਾਇੰਦਾ । ਆਪਣਾ ਤੰਦਨ ਤੰਦ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਵਣ ਧਾਰ, ਪ੍ਰਭ ਸਾਚੇ ਸਚ ਵਰਤਾਵਨੀ । ਕਵਣ ਰੂਪ ਆਵੇ ਵਿਚ ਸੰਸਾਰ, ਪੂਰਨ ਕਰੇ ਭਾਵਨੀ । ਕਵਣ ਸੋਹੇ ਬੰਕ ਦਵਾਰ, ਕਵਣ ਮੇਟੇ ਰੈਣ ਅੰਧੇਰੀ ਸ਼ਾਮਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਭੇਖ ਵੇਖ ਵਗੇ ਬਾਵਨੀ । ਪੁਰਖ ਅਬਿਨਾਸ਼ੀ ਆਪ ਅਲਾਇਆ, ਨਿਰਗੁਣ ਨਿਰਾਕਾਰ ਅਡੋਲ । ਵਿਸ਼ਨੂੰ ਤੇਰਾ ਲੇਖਾ ਦਏ ਵਖਾਇਆ, ਸ਼ਬਦ ਅਗੰਮੀ ਅਨਾਦੀ ਬੋਲ । ਜੁਗ ਜੁਗ ਪੰਧ ਦਏ ਮੁਕਾਇਆ, ਚੌਕੜੀ ਜੁਗ ਹੱਟ ਵਰੋਲੇ ਖੋਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਅੰਤ ਹਰਿ ਭਗਵੰਤ ਤੇਰੀ ਮੂਰਤ ਜਾਏ ਮੌਲ । ਸਾਚੀ ਮੂਰਤੀ ਮੂਰਤ ਅਕਾਲ ਅਕਾਲ, ਮੂਰਤੀ ਵਡ ਵਡਿਆਈਆ । ਪੁਰਖ ਅਬਿਨਾਸ਼ੀ ਆਪ ਆਪਣੇ ਲਏ ਭਾਲ, ਦੋ ਜਹਾਨਾਂ ਵੇਖ ਵਖਾਈਆ । ਆਪੇ ਬਣੇ ਸਾਲਸ ਸਾਲ, ਸਚ ਸਾਲਸੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਈਆ । ਚੌਕੜੀ ਜੁਗ ਅੰਤ ਕਰਾਵਣਾ, ਨੌਂ ਨੌਂ ਚਾਰ ਰਹਿਣ ਨਾ ਪਾਈਆ । ਵਿਸ਼ਨੂੰ ਭਗਵਾਨ ਮੇਲਾ ਆਪ ਮਿਲਾਵਣਾ, ਆਪ ਆਪਣਾ ਰੂਪ ਅਨੂਪ ਦਰਸਾਈਆ । ਆਪਣਾ ਤਿਲਕ ਹੱਥੀਂ ਫੇਰ ਲਗਾਵਣਾ, ਤੇਰੀ ਲਿਲਾਟ ਵਿਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਜੁਗ ਗੇੜਾ ਤਿਲਕ ਲਿਲਾਟੀ ਆਪ ਵਖਾਈਆ । ਬ੍ਰਹਮੇ ਤਿਲਕ ਲਿਲਾਟ ਲਗਾਇਆ, ਆਤਮ ਬ੍ਰਹਮ ਹੋਈ ਜਣਾਈਆ । ਪੜਦਾ ਉਹਲਾ ਆਪ ਹਟਾਇਆ, ਸਾਚੀ ਹਾਟ ਵੱਜੀ ਵਧਾਈਆ । ਆਤਮ ਖਾਟ ਸਾਚੀ ਸੇਜ ਨਰ ਹਰਿ ਪਾਇਆ, ਨਾਰੀ ਕੰਤ ਖੁਸ਼ੀ ਮਨਾਈਆ । ਨੇੜੇ ਵਾਟੀ ਪੰਧ ਮੁਕਾਇਆ, ਔਖੀ ਘਾਟੀ ਆਪ ਚੜ੍ਹਾਈਆ । ਦੀਵਾ ਬਾਤੀ ਮੰਦਰ ਸੁਹਾਇਆ, ਕਮਲਾਪਾਤੀ ਮੇਲ ਮਿਲਾਈਆ । ਗਾਈ ਗਾਥੀ ਸ਼ਬਦ ਅਲਾਇਆ, ਚਾਰ ਵੇਦਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਿਲਕ ਲਏ ਲਗਾਈਆ । ਤਿਲਕ ਤਿਲਕ ਲੋਕਮਾਤ ਧਰ, ਧਰਨ ਧਵਲ ਸੁਹਾਇਆ । ਸਾਧ ਸੰਤ ਮੰਗਾਂ ਮੰਗਦੇ ਰਹੇ ਦਰ, ਪੁਰਖ ਅਬਿਨਾਸ਼ੀ

ਭਿਛਿਆ ਪਾਇਆ । ਬਾਵਨ ਰੂਪ ਅੱਗੇ ਖੜ, ਬਲ ਦਵਾਰਾ ਮੰਗ ਮੰਗਾਇਆ । ਪਹਿਲੀ ਵਾਰ ਮਸਤਕ ਲਾਇਆ ਹਰਿ, ਨਿਰਗੁਣ ਸਰਗੁਣ ਵੇਸ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਬਾਵਨ ਤੇਰੀ ਸਾਚੀ ਧਾਰ, ਰੱਤ ਰੱਤ ਵਿਚ ਟਿਕਾਈਆ । ਤੇਰੀ ਆਸਾ ਜਗਤ ਪਿਆਰ, ਤ੍ਰਿਸ਼ਨਾ ਤ੍ਰਿਸ਼ਨਾ ਵੇਖ ਵਖਾਈਆ । ਤੇਰਾ ਫਲ ਸੱਚੀ ਗੁਲਜ਼ਾਰ, ਪੱਤ ਡਾਲ਼ੀ ਆਪ ਮਹਿਕਾਈਆ । ਤੇਰਾ ਬੂਟਾ ਹੋਇਆ ਉਜਿਆਰ, ਕਲੀ ਕਲੀ ਆਪ ਮਹਿਕਾਈਆ । ਨਾਮ ਧਰ ਵਿਚ ਸੰਸਾਰ, ਏਕਾ ਕੇਸਰ ਨਾਉਂ ਰਖਾਈਆ । ਨਾ ਕੋਈ ਜਾਣੇ ਜੀਵ ਜੰਤ ਗਵਾਰ, ਭੇਵ ਅਭੇਦਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਵਨ ਤੇਰੀ ਰੱਤੀ ਰੱਤ, ਅੰਦਰ ਪਾਈ ਬ੍ਰਹਮ ਮਤ, ਪੁਰਖ ਅਬਿਨਾਸ਼ੀ ਏਕਾ ਤਤ, ਧਰਨੀ ਧਰਤ ਧਵਲ ਦਏ ਸਮਝਾਈਆ । ਸਾਚਾ ਕੇਸਰ ਕਰ ਤਿਆਰ, ਚਾਰ ਜੁਗ ਆਪ ਸਮਝਾਇਆ । ਜਗਤ ਜਗਦੀਸ਼ ਖੇਲ ਅਪਾਰ, ਪੰਡਤ ਪਾਧਾਂ ਵੇਖ ਵਖਾਇਆ । ਥੱਕਾ ਮਾਂਦਾ ਜੀਵ ਗਵਾਰ, ਹਰਿ ਕਾ ਰੂਪ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇਆ । ਸਤਿਜੁਗ ਸਾਚਾ ਰਾਹ ਚਲਾਇਆ, ਹਰਿ ਸਾਚੇ ਵੱਡੀ ਵਡਿਆਈਆ । ਨਿਰਗੁਣ ਸਰਗੁਣ ਵੇਸ ਵਟਾਇਆ, ਵਰਨ ਗੋਤ ਨਾ ਕੋਈ ਜਣਾਈਆ । ਬ੍ਰਹਮੇ ਸੁੱਤ ਆਪ ਉਪਜਾਇਆ, ਏਕਾ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਖਿਲਾਈਆ । ਬਾਵਨ ਧਰਿਆ ਬਾਵਨ ਰੂਪਾ, ਭੇਖ ਅਵਲੱੜਾ ਇਕ ਰਖਾਇੰਦਾ । ਵਸਣਹਾਰਾ ਚਾਰੇ ਕੂਟਾ ਦਹਿ ਦਿਸ਼ਾ ਫੇਰੀ ਪਾਇੰਦਾ । ਇਕ ਲਗਾਇਆ ਸਾਚਾ ਬੂਟਾ, ਰਤਨ ਅਮੋਲਕ ਆਪ ਕਢਾਇੰਦਾ । ਆਪੇ ਦੇਵੇ ਸਾਚਾ ਝੂਟਾ, ਸਚ ਹੁਲਾਰਾ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਬ੍ਰਹਮੇ ਸੇਤਜ ਤੇਰੀ ਜੂਨੀ, ਬਾਵਨ ਆਪਣਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਪੁਕਾਰ ਸੁਣੀ, ਸੁਣ ਦਾਤਾਰ ਵੇਸ ਵਟਾਇਆ । ਲੇਖਾ ਜਾਣੇ ਗੁਣ ਅਵਗੁਣੀ, ਗੁਣਵੰਤਾ ਬੇਪਰਵਾਹਿਆ । ਆਪਣੀ ਰੱਤ ਆਪੇ ਛਾਣ ਪੁਣੀ, ਪੁਣ ਛਾਣ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਫਲ ਦਏ ਖੁਆਇਆ । ਸਾਚਾ ਕੇਸਰ ਕਰ ਤਿਆਰ, ਚਾਰ ਜੁਗ ਆਪ ਸਮਝਾਇੰਦਾ । ਸਤਿਜੁਗ ਤ੍ਰੇਤਾ ਉਤਰੇ ਪਾਰ ਕਿਨਾਰ, ਦੁਆਪਰ ਆਪਣਾ ਮੁਖ ਛੁਪਾਇੰਦਾ । ਤ੍ਰੇਤਾ ਪਹਿਲੋਂ ਆਏ ਵਾਰ, ਤ੍ਰਿਆ ਵੇਖ ਵਖਾਇੰਦਾ । ਗੌਤਮ ਅਹੱਲਿਆ ਕਰ ਖਵਾਰ, ਏਕਾ ਹੁਕਮ ਸੁਣਾਇੰਦਾ । ਵਲੀਆ ਛਲੀਆ ਆਪ ਨਿਰੰਕਾਰ, ਅਛਲ ਅਛੱਲ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇੰਦਾ । ਰੂਪ ਵਟਾਏ ਪੁਰਖ ਕਰਤਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਤ੍ਰੀਆ ਤ੍ਰੇਤਾ ਕਰ ਪਸਾਰ, ਰਾਮ ਰਾਮਾਂ ਨਾਉਂ ਧਰਾਈਆ । ਦਸਰਥ ਹੋਏ ਸੁੱਤ ਦੁਲਾਰ, ਜਗਤ ਅਯੁਧਿਆ ਭਾਗ ਲਗਾਈਆ । ਵਸ਼ਿਸ਼ਟ ਗੁਰੂ ਕਰ ਪਿਆਰ, ਏਕਾ ਰੰਗ ਰੰਗਾਈਆ । ਸ੍ਰਿਸ਼ਟ ਸਬਾਈ ਬਣ ਵਣਜਾਰ, ਸਾਚਾ ਵਣਜ ਇਕ ਕਰਾਈਆ । ਘਰ ਮੰਦਰ ਤਜ ਗੜ ਦਵਾਰ, ਬਨ ਧਾਰ ਫੇਰੀ ਪਾਈਆ । ਸਾਚੀ ਸੀਤਾ ਕਰ ਪਿਆਰ, ਜਨਕ ਸਪੁਤਰੀ ਆਪ ਪਰਨਾਈਆ । ਧਨੁੱਖ ਚਿੱਲਾ ਕਰ ਉਜਿਆਰ, ਉਚੀ ਕੂਕੇ ਦਏ ਦੁਹਾਈਆ । ਫਿਰੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਭਰਤ ਭਈਆ ਕਰ ਸਿਕਦਾਰ, ਸਾਚੀ ਸਿਖਿਆ ਇਕ ਸਮਝਾਈਆ ।

ਏਕਾ ਲਾਇਆ ਅੰਗੀਕਾਰ, ਲਛਮਣ ਆਪਣੇ ਅੰਗ ਲਗਾਈਆ । ਸ਼ਤਰੂਘਨ ਸੋਹੇ ਦਵਾਰ, ਛਤਰ ਏਕਾ ਹੱਥ ਉਠਾਈਆ । ਭਰਤ ਮੰਗੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਕਿਰਪਾ ਕਰੇ ਰਾਮ ਅਵਤਾਰ, ਏਕਾ ਕੇਸਰ ਰੱਤੀ ਹੱਥ ਫੜਾਈਆ । ਸਵਾ ਰੱਤੀ ਤੇਰਾ ਹੋਏ ਵਣਜ ਵਣਜਾਰ, ਚਾਰ ਜੁਗ ਲੇਖਾ ਤੇਰਾ ਸਕੇ ਨਾ ਕੋਈ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਆਦਿ ਜੁਗਾਦਿ ਵੱਡੀ ਵਡਿਆਈਆ । ਸਾਚੀ ਵਸਤ ਝੋਲੀ ਪਾ, ਭਰਤ ਖ਼ੁਸ਼ੀ ਮਨਾਇੰਦਾ । ਸਾਹਿਬ ਸੱਚੇ ਤੇਰੀ ਸਰਨਾ, ਸਿਦਕ ਸਬੂਰੀ ਨਾਲ ਹੰਢਾਇੰਦਾ । ਸਚ ਦੀਪ ਇਕ ਜਗਾ, ਤੇਰਾ ਹਵਨ ਵੇਖ ਵਖਾਇੰਦਾ । ਤੇਰੇ ਦਰ ਦਰ ਸੀਸ ਝੁਕਾ, ਆਪਣਾ ਬਿਰਧ ਰਖਾਇੰਦਾ । ਤੂੰ ਕਮਲਾਪਾਤੀ ਹਓ ਨਿਰਗੁਣ ਸ੍ਰਿਸ਼ਟ ਸਬਾਈ ਜਾਣੇ ਭਰਾ, ਹਉਂ ਸੇਵਕ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਾਮ ਰਾਮਾ ਆਪ ਸਮਝਾਇੰਦਾ । ਰਾਮ ਰਾਮ ਆਪ ਸਮਝਾਇਆ, ਭਰਤ ਆਪਣੀ ਵੰਡ ਵੰਡਾਈਆ । ਤੇਰੀ ਝੋਲੀ ਏਕਾ ਰੱਤੀ ਕੇਸਰ ਪਾਇਆ, ਲੋਕਮਾਤ ਵੱਜੀ ਵਧਾਈਆ । ਲੱਖ ਚੁਰਾਸੀ ਸੇਸਰ ਬਣਕੇ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਵਸਤ ਅਨਮੋਲ, ਸਾਚੇ ਕੰਡੇ ਆਪੇ ਤੋਲ, ਸਾਚੇ ਤੱਕੜ ਆਪੇ ਪਾਈਆ । ਸਾਚੇ ਤੱਕੜ ਆਪੇ ਤੋਲਿਆ, ਤੋਲ ਤੋਲੇ ਆਪੇ ਗਿਰਵਰ ਗਿਰਧਾਰ । ਰਾਮ ਰਾਮ ਅੱਖਰ ਬੋਲਿਆ, ਰਾਮ ਰੂਪ ਆਪ ਕਰਤਾਰ । ਆਪ ਚੁਕਾਏ ਪੜਦਾ ਉਹਲਿਆ, ਦਿਸ ਨਾ ਆਏ ਵਿਚ ਸੰਸਾਰ । ਜਗਤ ਕਾਇਆ ਬਦਲੇ ਚੋਲਿਆ, ਨਿਰਗੁਣ ਸਰਗੁਣ ਕਰ ਪਿਆਰ । ਸ਼ਬਦ ਅਗੰਮੀ ਬੋਲੇ ਢੋਲਿਆ, ਏਕਾ ਬੋਲੇ ਸਚ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਆਪਣੀ ਕਾਰ । ਸਾਚੀ ਵਸਤ ਸਾਚੇ ਘਰ, ਹਰਿ ਸਾਚਾ ਆਪ ਟਿਕਾਈਆ । ਪੁਰਖ ਅਬਿਨਾਸ਼ੀ ਦਿਤਾ ਵਰ, ਏਕਾ ਕੰਡਾ ਦਏ ਫੜਾਈਆ । ਤ੍ਰੇਤਾ ਤੇਰਾ ਚੁੱਕੇ ਡਰ, ਗੜ ਹੰਕਾਰ ਦਏ ਤੁੜਾਈਆ । ਹਨਵੰਤਾ ਅੰਦਰ ਆਪੇ ਵੜ, ਬਲਵੰਤਾ ਬਲ ਧਰਾਈਆ । ਸੁਗਰੀਵ ਬਾਲੀ ਲਏ ਫੜ, ਅੰਗਦ ਅੰਗ ਵਖਾਈਆ । ਜਾਮਾਵੰਤ ਮੰਗੇ ਮੰਗ, ਦੇਵਣਹਾਰਾ ਬੇਪਰਵਾਹੀਆ । ਤੋੜਣਹਾਰਾ ਲੰਕਾ ਗੜ੍ਹ, ਏਕਾ ਇਕ ਕਰੇ ਚੜ੍ਹਾਈਆ । ਤੀਰ ਕਮਾਨਾ ਹੱਥੀਂ ਫੜ, ਸ਼ਾਹ ਸੁਲਤਾਨਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਸਾਚੀ ਰੱਤੀ ਕਰ ਤਿਆਰ, ਲੋਕਮਾਤ ਵੇਸ ਵਟਾਇਆ । ਤ੍ਰੇਤਾ ਤੇਰਾ ਪਾਰ ਕਿਨਾਰ, ਦੁਆਪਰ ਵੇਲਾ ਦਏ ਸੁਹਾਇਆ । ਸੋਲਾਂ ਕਲੀਆਂ ਕਰ ਸ਼ੰਗਾਰ, ਸੋਲਾਂ ਕਲ ਰੂਪ ਵਟਾਇਆ । ਸੋਹੇ ਸੀਸ ਮੁਕਟ ਸੱਚੀ ਦਸਤਾਰ, ਸਾਚੀ ਸਖੀਆਂ ਮੰਗਲ ਗਾਇਆ । ਬਣ ਗੁਰੂ ਵਿਚ ਸੰਸਾਰ, ਬਣ ਖੰਡ ਆਪਣਾ ਫੇਰਾ ਪਾਇਆ । ਮਥਰਾ ਗੋਕਲ ਬੰਨੇ ਧਾਰ, ਬਿੰਦਰਾਬਨ ਆਪ ਸੁਹਾਇਆ । ਜਮਨਾ ਕਿਨਾਰਾ ਆਰ ਪਾਰ ਮੰਝ ਧਾਰ, ਕਾਲੀ ਨਾਗ ਫੰਦਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਹੱਥ ਟਿਕਾਇਆ । ਸਾਚੀ ਵਸਤ ਨਾਮ ਰੱਤੀ, ਰੱਤੀ ਰੱਤ ਰੰਗਾਇੰਦਾ । ਸਰਬ ਜੀਆਂ ਦਾ ਕਮਲਾਪਤੀ, ਕਵਲ ਨੈਣ ਨੈਣ ਮਟਕਾਇੰਦਾ । ਆਪਣੀ ਲਿਖੇ ਆਪੇ ਪੱਟੀ, ਆਪਣਾ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਸਾਚੀ ਰੱਤੀ ਕਰ ਤਿਆਰ, ਕੇਸਰ ਆਪਣੇ ਹੱਥ ਉਠਾਈਆ ।

ਰਬ ਰਬਵਾਹੀ ਖੇਲ ਅਪਾਰ, ਖੇਲ ਅਵੱਲੜੀ ਆਪ ਚੁਕਾਈਆ । ਜਗਤ ਬਨੇਸਰ ਕਰ ਵਿਚਾਰ, ਭੂਮ ਭੂਮਕਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੱਤੀ ਸਚ ਲਿਲਾਟ, ਪੰਚਮ ਅਧਾਰੇ ਆਪਣੇ ਘਾਟ, ਮਸਤਕ ਟਿੱਕਾ ਦਏ ਲਗਾਈਆ । ਸਾਚੀ ਰੱਤੀ ਤਿਲਕ ਲਗਾਇਆ, ਕੇਸਰ ਆਪਣਾ ਨਾਉਂ ਧਰਾਇੰਦਾ । ਜਗਤ ਥਾਨੇਸਰ ਪਾਇਆ, ਸ੍ਰਿਸ਼ਟ ਸਬਾਈ ਆਪ ਖਪਾਇੰਦਾ । ਆਪਣਾ ਵੇਸ ਆਪ ਵਟਾਇਆ, ਨਿਰਗੁਣ ਨਿਰਗੁਣ ਜੋਤ ਜਗਾਇੰਦਾ । ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇਆ, ਚਰਨ ਕਵਲ ਆਪ ਰਖਾਇੰਦਾ । ਬੱਧਕ ਹੋ ਹੋ ਬਾਣ ਚਲਾਇਆ, ਤੀਰ ਨਿਸ਼ਾਨਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਰਖਾਇੰਦਾ । ਬੱਧਕ ਮਾਰਿਆ ਤੀਰ ਨਿਰਾਲਾ, ਚਰਨ ਕਵਲ ਕਵਲ ਛੁਹਾਈਆ । ਲਏ ਅੰਗੜਾਈ ਕ੍ਰਿਸ਼ਨਾ ਕਾਹਨਾ, ਕਾਹਨਾ ਆਪਣਾ ਰੂਪ ਵਟਾਈਆ । ਆਪੇ ਵੇਖੇ ਮਾਰ ਧਿਆਨਾ, ਪਿਛਲਾ ਲੇਖਾ ਰਿਹਾ ਮੁਕਾਈਆ । ਆਪੇ ਜਾਣੇ ਸਾਚਾ ਭਾਣਾ, ਹਰਿ ਭਾਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਰੱਤੀ ਦਏ ਵਡਿਆਈਆ । ਏਕਾ ਰੱਤੀ ਨਾਲ ਨਾਲ ਪਿਆਰ, ਕਾਹਨ ਘਨਈਆ ਆਪ ਕਰਾਇੰਦਾ । ਚਰਨ ਕਵਲ ਰੱਤ ਆਈ ਬਾਹਰ, ਏਕਾ ਹਿੱਸਾ ਵੰਡ ਵੰਡਾਇੰਦਾ । ਚੌਥਾ ਹਿੱਸਾ ਕਰ ਤਿਆਰ, ਚੌਥੇ ਜੁਗ ਤੇਰੀ ਝੋਲੀ ਪਾਇੰਦਾ । ਆਪਣੀ ਰਸਨਾ ਕਹੇ ਪੁਕਾਰ, ਸਵਾ ਰੱਤੀ ਨਾਉਂ ਰਖਾਇੰਦਾ । ਅਠਾਰਾਂ ਭਾਰ ਨਾ ਤੁਲੇ ਕੋਈ ਭਾਰ, ਬਨਾਸਪਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕੇਸਰ ਇਕ ਉਪਜਾਇੰਦਾ । ਸਵਾ ਰੱਤੀ ਵਰ ਦਾਤਾਰ, ਏਕਾ ਏਕ ਰਖਾਇਆ । ਦੁਆਪਰ ਕਰਿਆ ਪਾਰ ਕਿਨਾਰ, ਕਲਜੁਗ ਲੋਕਮਾਤ ਫੇਰਾ ਪਾਇਆ । ਜੀਵ ਜੰਤ ਵਣਜ ਵਾਪਾਰ, ਬੇਅੰਤ ਆਪ ਵਖਾਇਆ । ਸਾਧ ਸੰਤ ਕਰਨ ਸ਼ੰਗਾਰ, ਜਗਤ ਬਿਭੂਤ ਰਹੇ ਹੰਢਾਇਆ । ਚਾਰੇ ਕੂਟ ਕਰਨ ਪੁਕਾਰ, ਲਾਲ ਰੰਗ ਨਾ ਕੋਇ ਚੜ੍ਹਾਇਆ । ਜੂਠ ਝੂਠ ਹੋਏ ਹਾਹਾਕਾਰ, ਆਸਾ ਤ੍ਰਿਸਨਾ ਮਨ ਲੁਭਾਇਆ । ਪੰਜ ਤਤ ਤਤ ਵਿਕਾਰ, ਰੱਤੀ ਰੱਤੀ ਨਾ ਕੋਈ ਦਸਾਇਆ । ਚੌਦਾਂ ਹੱਟ ਹੋਏ ਖੁਆਰ, ਚੌਦਾਂ ਤਬਕ ਰਹੇ ਕੁਰਲਾਇਆ । ਈਸਾ ਮੂਸਾ ਰੋ ਰੋ ਗਏ ਜ਼ਾਰੋ ਜ਼ਾਰ, ਸਾਚਾ ਕੇਸਰ ਹੱਥ ਨਾ ਆਇਆ । ਸੰਗ ਮੁਹੰਮਦ ਆਹੀਂ ਰਿਹਾ ਮਾਰ, ਅੱਲਾ ਰਾਣੀ ਨੈਣ ਸ਼ਰਮਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪਣੀ ਵਸਤ ਆਪਣੇ ਹੱਥ ਰਖਾਇਆ । ਨਿਰਗੁਣ ਸਰਗੁਣ ਲਏ ਅਵਤਾਰ, ਪੰਜ ਤਤ ਦਏ ਵਡਿਆਇਆ । ਜਗੀ ਜੋਤ ਅਗੰਮ ਅਪਾਰ, ਨਾਨਕ ਆਪਣਾ ਨਾਉਂ ਧਰਾਇਆ । ਏਕਾ ਕੇਸਰ ਕਰ ਤਿਆਰ, ਆਪਣੇ ਅੰਮ੍ਰਿਤ ਵਿਚ ਮਿਲਾਇਆ । ਸਾਚਾ ਅੰਮ੍ਰਿਤ ਕਰ ਤਿਆਰ, ਆਪਣੇ ਮੁਖ ਚੁਆਇਆ । ਲਹਿਣਾ ਉਤਰਿਆ ਪਾਰ ਕਿਨਾਰ, ਦੇਣਾ ਕੋਇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕੇਸਰ ਦਏ ਸਮਝਾਇਆ । ਸਾਚਾ ਕੇਸਰ ਹਰਿ ਕਰਤਾਰ, ਏਕਾ ਵੇਖ ਵਖਾਇੰਦਾ । ਏਕਾ ਬੂਟਾ ਕਰ ਉਜਿਆਰ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਰੁਤੀ ਬਸੰਤ ਰੁਤ ਪਿਆਰ, ਅਮਰ ਅਮਰ ਫਲ ਲਗਾਇੰਦਾ । ਅੰਮ੍ਰਿਤ ਫਲ ਹੋਇਆ ਤਿਆਰ, ਰਾਮਦਾਸ ਆਪ ਅਖਵਾਇੰਦਾ । ਰਸ ਵੇਖੇ ਅਰਜਨ ਧਾਰ, ਪੱਕਾ ਬੂਟਾ ਵੱਢ ਵਖਾਇੰਦਾ । ਸਚ ਅਹੂਤੀ ਦੇਵੇ ਚਾੜ੍ਹ, ਲੋਹਾਂ ਉਪਰ ਬਹਾਇੰਦਾ । ਲੇਖਾ ਜਾਣੇ ਆਪਣੀ ਵਾਰ, ਹਰਿ ਸਾਚਾ ਆਪ ਕਰਾਇੰਦਾ । ਗੁਰ ਤੇਗ ਬਹਾਦਰ ਸਾਚੀ ਭੱਠੀ ਦੇਵੇ ਚਾੜ੍ਹ, ਉਪਰ ਆਪਣਾ ਘੋਲ ਘੁਮਾਇੰਦਾ । ਰੰਗ ਰੱਤੇ ਰੰਗ ਕਰ ਤਿਆਰ,

੭੮੪ ੦੯

ਸਚ ਲਿਲਾਰੀ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਕਰੇ ਕਰਾਏ ਕਰਨੇਹਾਰ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕੇਸਰ ਇਕ ਉਪਜਾਇੰਦਾ । ਸਾਚਾ ਕੇਸਰ ਕੇਸਰ ਰੱਤੀ, ਰੱਤੀ ਰੱਤ ਵਿਚ ਮਿਲਾਈਆ । ਦੁਸ਼ਟ ਦਮਨ ਉਪਜਾਇਆ ਜਤੀ ਸਤੀ, ਸਤਿ ਸਤਿ ਨਾਉਂ ਧਰਾਈਆ । ਸਾਚੀ ਨਾਰੀ ਮਿਲਿਆ ਏਕਾ ਪਤੀ, ਪਤ ਪਤਵੰਤਾ ਵਡ ਵਡਿਆਈਆ । ਘਰ ਜਗਾਏ ਬੈਠਾ ਨਿਰਗੁਣ ਬੱਤੀ, ਬੱਤੀ ਤੇਲ ਨਾ ਕੋਈ ਵਖਾਈਆ । ਸਚਖੰਡ ਦਵਾਰ ਵਖਾਏ ਏਕਾ ਹੱਟੀ, ਚੌਦਾਂ ਲੋਕ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੂਟਾ ਦਏ ਲਗਾਈਆ । ਸਾਚਾ ਬੂਟਾ ਕੇਸਰ ਕਰ ਤਿਆਰ, ਅਰਜਨ ਭੇਟ ਚੜ੍ਹਾਇਆ । ਆਪੇ ਵੱਢੇ ਆਪਣੀ ਵਾਰ, ਸਚ ਕਿਰਸਾਨਾ ਹਰਿ ਅਖਵਾਇਆ । ਸਾਚੀ ਭੱਠੀ ਦੇਵੇ ਚਾੜ੍ਹ, ਤੇਗ ਬਹਾਦਰ ਜੋਤੀ ਲੰਬੂ ਅਗਨੀ ਲਾਇਆ । ਸਚ ਲਿਲਾਰੀ ਰੰਗ ਕਰਤਾਰ, ਗੋਬਿੰਦ ਚੇਲਾ ਇਕ ਬਣਾਇਆ । ਸਚਖੰਡ ਖੇਲ ਅਪਾਰ, ਲੋਕਮਾਤ ਵੇਖਣ ਆਇਆ । ਕੇਸ ਗੜ੍ਹ ਹੋ ਤਿਆਰ, ਸੀਸ ਧੜ ਆਪ ਰੰਗਾਇਆ । ਉਪਰ ਚੜ੍ਹ ਬੋਲੇ ਕੂਕ ਕਰੇ ਪੁਕਾਰ, ਗੁਰਮੁਖਾਂ ਇਹ ਸਮਝਾਇਆ । ਆਪੇ ਖੰਡਾ ਖਿਚ ਕਟਾਰ, ਆਪਣੇ ਹੱਥ ਰਿਹਾ ਚਮਕਾਇਆ । ਕੋਈ ਆਏ ਪਹਿਲੀ ਵਾਰ, ਗੁਰ ਗੁਰ ਕਾ ਰੂਪ ਸਮਾਇਆ । ਸਿੰਘ ਦਇਆ ਕਰ ਪਿਆਰ, ਉਠ ਉਠ ਆਪਣਾ ਸੀਸ ਨਿਵਾਇਆ । ਸਤਿਗੁਰ ਪੂਰਾ ਜਾਏ ਚਰਨ ਬਲਹਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਆਪਣਾ ਖੰਡਾ ਆਪਣੀ ਗਰਦਨ ਆਪੇ ਮਾਰ, ਆਰ ਪਾਰ ਆਪ ਕਰਾਇਆ । ਗੁਰਸਿਖਾਂ ਕਰ ਪਿਆਰ, ਸਾਚੇ ਸੁੱਤ ਗੋਦ ਬਹਾਇਆ । ਆਪਣੀ ਰੰਗੀ ਲਹੂ ਧਾਰ, ਗੁਰਸਿਖ ਰੰਗ ਨਾ ਕੋਈ ਚੜ੍ਹਾਇਆ । ਗੁਰ ਤੇਗ ਬਹਾਦਰ ਤੇਰਾ ਪਿਆਰ, ਗੁਰ ਗੋਬਿੰਦ ਆਪਣੀ ਤੇਗ ਚੜ੍ਹਾਇਆ । ਜਗਤ ਜ਼ੁਲਮ ਕਰੇ ਖਵਾਰ, ਮਜ਼ਲੂਮਾਂ ਲਏ ਬਚਾਇਆ । ਪੰਚ ਪਿਆਰੇ ਕਰ ਤਿਆਰ, ਸਾਚਾ ਬਸਤਰ ਤਨ ਸਜਾਇਆ । ਆਪ ਆਪਣਾ ਕਰੇ ਖੇਲ ਕਰਤਾਰ, ਖੇਲਣਹਾਰਾ ਦਿਸ ਨਾ ਆਇਆ । ਸਾਚਾ ਰੰਗ ਕਰ ਤਿਆਰ, ਲਾਲ ਗੁਲਾਲਾ ਰੰਗ ਚੜ੍ਹਾਇਆ । ਸਤਿਜੁਗ ਕੂਕੇ ਉਠੇ ਕਰੇ ਪੁਕਾਰ, ਗੁਰ ਗੋਬਿੰਦ ਅੱਗੇ ਆਇਆ । ਤੇਰੀ ਜੋਤੀ ਜਗੀ ਅਪਾਰ, ਤੇਰੇ ਦਰਸ ਹਰਿ ਦਰ ਪਾਇਆ । ਤ੍ਰੇਤਾ ਆਇਆ ਆਪਣੀ ਵਾਰ, ਕੀਤਾ ਕੌਲ ਦਏ ਸਮਝਾਇਆ । ਦਰ ਦੁਆਪਰ ਰੋਵੇ ਜ਼ਾਰੋ ਜ਼ਾਰ, ਪੰਚਾਂ ਪ੍ਰੀਤੀ ਭੁੱਲ ਨਾ ਜਾਇਆ । ਯੁਧਿਸ਼ਟਰ ਢਹਿ ਢਹਿ ਪਏ ਚਰਨ ਦਵਾਰ, ਚਰਨ ਚਰਨੋਦਕ ਮੁਖ ਚਵਾਇਆ । ਕਲਜੁਗ ਆਈ ਅੰਤਮ ਵਾਰ, ਨਾਨਕ ਬੂਟਾ ਇਕ ਵਖਾਇਆ । ਗੁਰ ਅਰਜਨ ਆਪਾ ਉਤੋਂ ਵਾਰ, ਸਾਚਾ ਮੇਵਾ ਫਲ ਲਗਾਇਆ । ਗੁਰ ਤੇਗ ਬਹਾਦਰ ਕਰ ਤਿਆਰ, ਆਪਣਾ ਸੀਸ ਵਿਚ ਰਖਾਇਆ । ਸੱਚਾ ਵਖਾਏ ਜਗਤ ਵਿਹਾਰ, ਗੁਰ ਗੋਬਿੰਦ ਆਪਣਾ ਭੇਵ ਨਾ ਕਿਸੇ ਜਣਾਇਆ । ਸਾਚਾ ਅੰਮ੍ਰਿਤ ਬਾਟਾ ਕਰ ਤਿਆਰ, ਆਪਣੀ ਰੀਤੀ ਰਿਹਾ ਚਲਾਇਆ । ਜਗਤ ਪਤਾਸੇ ਪਾਏ ਕਰੇ ਮਿਠਾ ਖਾਰ, ਮਿਠਾ ਰਸ ਰਸ ਵਿਚ ਟਿਕਾਇਆ । ਸਾਚੀ ਰੱਤ ਵਿਚ ਕਰੇ ਅੰਮ੍ਰਿਤ ਰਾਸ, ਸਾਚਾ ਸਚ ਪਿਆਲਾ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਾਚੇ ਦਏ ਸਮਝਾਇਆ । ਸਤਿਜੁਗ ਤ੍ਰੇਤੇ ਦੁਆਪਰ ਕਲਜੁਗ, ਗੁਰ ਗੋਬਿੰਦ ਇਹ ਸਮਝਾਇੰਦਾ । ਜੁਗ ਜੁਗ ਔਧ ਜਾਏ ਲੰਘ, ਥਿਰ ਕੋਈ ਰਹਿਣ ਨਾ ਪਾਇੰਦਾ । ਹਰਿ ਕਾ ਭੇਵ ਨਾ ਰਹੇ ਗੁਝ, ਲੋਕਮਾਤ ਆਪ ਪਰਗਟਾਇੰਦਾ । ਆਪਣਾ ਭਾਣਾ ਆਪੇ ਰਿਹਾ ਸੁਝ, ਆਪਣੇ ਭਾਣੇ ਵਿਚ ਆਪ ਰਹਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਇਹ ਸਮਝਾਇੰਦਾ । ਸਤਿਜੁਗ ਉਠ ਨੌਜਵਾਨ, ਤੇਰਾ ਲੇਖਾ ਦਏ ਮੁਕਾਈਆ । ਸਾਚਾ ਸੁੱਤ ਮੇਰਾ ਬਲਵਾਨ, ਸਿੰਘ ਅਜੀਤ ਤੇਰੀ ਝੋਲੀ ਪਾਈਆ । ਮਸਤਕ ਟਿੱਕਾ ਲਾਏ ਇਕ ਨਿਸ਼ਾਨ, ਨਿਰਗੁਣ ਆਪ ਹੋਏ ਰੁਸ਼ਨਾਈਆ । ਤ੍ਰੇਤਾ ਤੇਰੇ ਵੇਖੇ ਮਕਾਨ, ਜੁਝਾਰ ਝੂਜ ਝੂਜ ਸਮਾਈਆ । ਦੁਆਪਰ ਤੇਰੀ ਮਿਟੇ ਆਣ, ਜ਼ੋਰਾਵਰ ਆਪਣਾ ਬਲ ਧਰਾਈਆ । ਕਲਜੁਗ ਸਕੇ ਨਾ ਕੋਈ ਪਛਾਣ, ਫਤਿਹ ਡੰਕਾ ਫਤਿਹ ਰਿਹਾ ਵਜਾਈਆ । ਚੌਹਾਂ ਲੇਖਾ ਚੁੱਕੇ ਵਿਚ ਜਹਾਨ, ਗੁਰ ਗੋਬਿੰਦ ਦਏ ਮੁਕਾਈਆ । ਕੋਇ ਜੀਵ ਜੰਤ ਨਾ ਸਕੇ ਕਰ ਪਛਾਨ, ਭੇਵ ਅਭੇਦਾ ਗਿਆ ਨਾ ਕਿਸੇ ਸਮਝਾਈਆ । ਏਕਾ ਵਸਿਆ ਸਚ ਨਿਸ਼ਾਨ, ਪੁਰਖ ਅਕਾਲ ਇਕ ਮਨਾਈਆ । ਗੁਰੂ ਗ੍ਰੰਥ ਗੁਰੂ ਗੁਰ ਆਣ, ਗੁਰ ਮੰਤਰ ਨਾਮ ਪੜ੍ਹਾਈਆ । ਪੁਰਖ ਅਬਿਨਾਸ਼ੀ ਸਦ ਮਿਹਰਵਾਨ, ਜੁਗ ਜੁਗ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾ ਰੱਤੀ ਸਾਚਾ ਕੇਸਰ, ਗੁਰ ਗੋਬਿੰਦ ਆਪਣੀ ਝੋਲੀ ਪਾਈਆ । ਸਵਾ ਰੱਤੀ ਕੇਸਰ ਪੱਲੇ ਬੰਨੀ ਗੰਢ, ਸਤਿਗੁਰ ਪੂਰਾ ਖ਼ੁਸ਼ੀ ਮਨਾਇੰਦਾ । ਗੁਰਸਿਖਾਂ ਅੰਦਰ ਪਾਏ ਠੰਡ, ਅੰਮ੍ਰਿਤ ਆਤਮ ਮੁਖ ਚੁਆਇੰਦਾ । ਲੱਖ ਚੁਰਾਸੀ ਦੇਵੇ ਵੰਡਾਂ ਵੰਡ, ਆਪਣਾ ਹਿੱਸਾ ਆਪ ਕਰਾਇੰਦਾ । ਆਪੇ ਸੁੱਤਾ ਦੇ ਕਰ ਕੰਢ, ਕਰਵਟ ਆਪਣੀ ਨਾ ਬਦਲਾਇੰਦਾ । ਕਲਜੁਗ ਵੇਲਾ ਜਾਏ ਹੰਢ, ਮਾਛੂਵਾੜੇ ਇਹ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਇਕ ਮਨਾਇੰਦਾ । ਪੁਰਖ ਅਕਾਲ ਹਰਿ ਹਰਿ ਮੰਨਿਆ, ਗੁਰ ਗੋਬਿੰਦ ਵੱਜੀ ਵਧਾਈਆ । ਚਾਰ ਸੁੱਤ ਚਾਰ ਜੁਗ ਚਾੜ੍ਹੇ ਚੰਨਿਆ, ਚਾਰ ਜੁਗ ਹੋਏ ਰੁਸ਼ਨਾਈਆ । ਕਲਜੁਗ ਬੇੜਾ ਤੇਰਾ ਬੰਨਿਆ, ਡੂੰਘੀ ਧਾਰ ਨਾ ਕੋਈ ਵਹਾਈਆ । ਗੁਰਸਿਖਾਂ ਦਵਾਰੇ ਫਿਰੇ ਭੰਨਿਆ, ਗੁਰਸਿਖਾਂ ਸੇਵ ਕਮਾਈਆ । ਗੁਰਸਿਖ ਆਪਣੀ ਕੁੱਖੋਂ ਜੰਮਿਆ, ਤਿਖੀ ਧਾਰ ਕਟਾਰ ਮਿਲਾਈਆ । ਤੇਰੀ ਤਾਬ ਸਕੇ ਨਾ ਕੋਈ ਝੱਲਿਆ, ਮਨ ਮਨਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਲਿਖਾਈਆ । ਗੁਰ ਗੋਬਿੰਦ ਸਚ ਦਵਾਰ, ਏਕਾ ਏਕ ਸੁਹਾਇੰਦਾ । ਪੁਰਖ ਅਕਾਲ ਕਰੇ ਪਿਆਰ, ਘਰ ਸਾਚੇ ਮੇਲ ਮਿਲਾਇੰਦਾ । ਦੋਹਾਂ ਰੰਗ ਏਕਾ ਧਾਰ, ਬ੍ਰਹਿਮੰਡ ਰੂਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਇੰਦਾ । ਸਾਚਾ ਲੇਖਾ ਹਰਿ ਨਿਰੰਕਾਰ, ਗੁਰ ਗੋਬਿੰਦ ਆਪ ਸਮਝਾਇਆ । ਤੇਰੀ ਰੱਤ ਕਰੇ ਪਿਆਰ, ਅੰਤਰ ਕੋਈ ਰਹਿਣ ਨਾ ਪਾਇਆ । ਤੇਰਾ ਬੀਜ ਬੀਜੇ ਸਾਚੇ ਵਤ ਵਿਚ ਸੰਸਾਰ, ਚਾਰ ਵਰਨ ਦਏ ਮਿਟਾਇਆ । ਏਕਾ ਮਤ ਕਰੇ ਕਰਤਾਰ, ਨੌ ਖੰਡ ਪ੍ਰਿਥਮੀ ਫੇਰਾ ਪਾਇਆ । ਏਕਾ ਹੱਟ ਖੋਲ੍ਹੇ ਦਵਾਰ, ਦੂਸਰ ਹੱਟ ਨਾ ਕੋਈ ਜਣਾਇਆ । ਤੀਰਥ ਤਟ ਮਾਰੇ ਮਾਰ, ਅਠਸਠ ਲੇਖਾ ਦਏ ਚੁਕਾਇਆ । ਤੇਰੀ ਖੋਲ੍ਹੇ ਗੱਠ ਆਪ ਨਿਰੰਕਾਰ, ਜੋ ਪੱਲੇ ਬੰਨ ਲਿਆਇਆ । ਪਰਗਟ ਹੋਏ ਵਿਚ ਸੰਸਾਰ, ਨਿਹਕਲੰਕ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਸਮਝਾਇਆ । ਸੁਣਿਆ ਭਾਣਾ ਹਰਿ ਭਗਵਾਨ, ਗੁਰ ਗੋਬਿੰਦ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਤੇਰਾ ਕਵਣ ਮਕਾਨ, ਕਵਣ ਦਵਾਰੇ ਡੇਰਾ ਲਾਇੰਦਾ । ਕਵਣ ਵਖਾਏ ਮਾਤ ਨਿਸ਼ਾਨ, ਕਵਣ ਰੂਪ ਦਰਸਾਇੰਦਾ । ਕਵਣ ਹੋਏ ਤੇਰਾ ਮਕਾਨ, ਕਵਣ ਢੋਲਾ ਨਾਮ ਅਲਾਇੰਦਾ । ਕਵਣ ਮਾਰੇ ਨਿਰਾਲਾ ਬਾਣ, ਚਿੱਲਾ ਤੀਰ ਕਮਾਨ, ਕਵਣ ਉਠਾਇੰਦਾ । ਕਵਣ ਸਕੇ ਤੇਰਾ ਰੂਪ ਪਛਾਣ, ਕਵਣ ਵਿਚੋਲਾ ਮੇਲ ਮਿਲਾਇੰਦਾ । ਅਬਿਨਾਸ਼ੀ ਕਰਤਾ ਜਾਣੀ ਜਾਣ,


੭੮੫

ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਇੰਦਾ । ਗੋਬਿੰਦ ਵਿਚੋਲਾ ਲੋਕਮਾਤ, ਮਾਤਲੋਕ ਕਰੇ ਕੁੜਮਾਈਆ । ਸ਼ਬਦ ਢੋਲਾ ਤੇਰੀ ਦਾਤ, ਦੋ ਜਹਾਨਾਂ ਵੱਜੇ ਵਧਾਈਆ । ਤੇਰਾ ਨਾਮ ਸੱਚੀ ਕਰਾਮਾਤ, ਲੋਆਂ ਪੁਰੀਆਂ ਦਏ ਵਡਿਆਈਆ । ਤੇਰੇ ਮੰਦਰ ਖੋਲ੍ਹੇ ਤਾਕ, ਆਪਣਾ ਨੂਰ ਕਰੇ ਰੁਸ਼ਨਾਈਆ । ਤੇਰਾ ਹੱਟ ਵੇਖੇ ਸਾਚਾ ਹਾਟ, ਚੌਦਾਂ ਚੌਦਾਂ ਵੇਖ ਵਖਾਈਆ । ਤੇਰੀ ਸੇਜਾ ਸੋਹੇ ਸਾਚੀ ਖਾਟ, ਦੂਸਰ ਆਸਣ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਘਰ ਸਾਚਾ ਇਕ ਰਖਾਈਆ । ਗੋਬਿੰਦ ਹਰਿ ਹਰਿ ਜਾਣਿਆ, ਏਕਾ ਨਾਉਂ ਕਰਤਾਰ । ਤੇਰਾ ਖੇਲ ਸ੍ਰੀ ਭਗਵਾਨਿਆ, ਵਰਤੇ ਵਿਚ ਸੰਸਾਰ । ਆਪਾ ਆਪ ਕਰੇ ਕੁਰਬਾਨਿਆ, ਪੰਜ ਤਤ ਨਾ ਕੋਇ ਅਕਾਰ । ਏਕਾ ਘਰ ਸੋਹੇ ਮਿਹਰਵਾਨਿਆ, ਸੰਬਲ ਨਗਰੀ ਧਾਮ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਪਣੀ ਵਾਰ । ਸੰਬਲ ਨਗਰੀ ਸਚ ਦਵਾਰ, ਹਰਿ ਸਾਚੇ ਸਚ ਸਮਝਾਇਆ । ਪਰਗਟ ਹੋਏ ਆਪ ਨਿਰੰਕਾਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਸ਼ਬਦ ਸ਼ਬਦੀ ਵਾਜ ਲਏ ਮਾਰ, ਉਚੀ ਕੂਕੇ ਦਏ ਸੁਣਾਇਆ । ਚਾਰ ਵਰਨਾਂ ਕਰੇ ਪਿਆਰ, ਚੌਥਾ ਜੁਗ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇਆ । ਕਲਜੁਗ ਵੇਲਾ ਅੰਤਮ ਆਵਣਾ, ਹਰਿ ਸਾਚਾ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਜਾਮਾ ਪਾਵਣਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਬਵੰਜਾ ਅੱਖਰ ਵੇਖ ਵਖਾਵਣਾ, ਬਾਵਨ ਆਪਣੀ ਕਲ ਵਰਤਾਇੰਦਾ । ਪੈਂਤੀਸ ਅੱਖਰ ਰੰਗ ਰੰਗਾਵਣਾ, ਸਤਾਰਾਂ ਅੱਖਰ ਆਪਣੀ ਝੋਲੀ ਪਾਇੰਦਾ । ਦੋਏ ਰੂਪ ਇਕ ਕਰਾਵਣਾ, ਦੋਆ ਅੱਖਰ ਇਕ ਵਖਾਇੰਦਾ । ਤਿੰਨਾਂ ਲੋਕਾਂ ਸਿਫਰ ਸਿਫਰ ਸਿਫਰ ਆਪ ਕਰਾਵਨਾ, ਬੀਸ ਬੀਸ ਆਪਣਾ ਖੇਲ ਖਿਲਾਇੰਦਾ । ਬੀਸ ਸੌ ਆਪਣਾ ਰੰਗ ਚੜ੍ਹਾਵਣਾ, ਰੰਗ ਹੋਰ ਨਾ ਕੋਈ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਵੀਹ ਸੌ ਬਿਕ੍ਰਮੀ ਖੇਲ ਅਪਾਰਾ, ਆਪਣੀ ਰੱਤ ਦਏ ਜਲਾਈਆ । ਰੱਤੀ ਰੱਤ ਕਰ ਉਜਿਆਰਾ, ਅਗਨ ਲਾਟ ਇਕ ਵਖਾਈਆ । ਅਗਨ ਲਾਟ ਭਰ ਭੰਡਾਰਾ, ਅਸਮਾਨਾ ਧੂੰਆਂਧਾਰ ਬਣਾਈਆ । ਧੂੰਆਂਧਾਰ ਕਰੇ ਉਜਿਆਰਾ, ਜੋਤੀ ਜੋਤ ਕਰ ਰੁਸ਼ਨਾਈਆ । ਗੋਬਿੰਦ ਸਚ ਕਰੇ ਪਿਆਰਾ, ਬੰਕ ਦਵਾਰਾ ਇਕ ਵਖਾਈਆ । ਸਾਚੇ ਮੰਦਰ ਕਰ ਪਸਾਰਾ, ਸੰਬਲ ਆਪਣਾ ਗੜ੍ਹ ਵਸਾਈਆ । ਸ਼ਬਦ ਬੋਲ ਸਤਿ ਜੈਕਾਰਾ, ਗੋਬਿੰਦ ਤੇਰਾ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਵੇਖਣਹਾਰਾ, ਏਕਾ ਏਕ ਅਖਵਾਇਆ । ਕਲਜੁਗ ਆਈ ਅੰਤਮ ਵਾਰਾ, ਬ੍ਰਹਮਾ ਵਿਸ਼ਨੂੰ ਸ਼ਿਵ ਲਏ ਅੰਗੜਾਇਆ । ਪੁਰਖ ਅਬਿਨਾਸ਼ੀ ਜੋਤ ਜਗਾਈ ਲੋਕਮਾਤ ਹੋਇਆ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੰਨੇ ਆਪਣੀ ਧਾਰਾ । ਏਕਾ ਜੋਤੀ ਏਕਾ ਧਾਰ, ਦੂਜੇ ਆਪਣੀ ਖੇਲ ਖਿਲਾਈਆ । ਤੀਜੇ ਬਰਸ ਹੋ ਤਿਆਰ, ਚੌਥੇ ਸ੍ਰਿਸ਼ਟੀ ਵੰਡ ਵੰਡਾਈਆ । ਪੰਚਮ ਪੰਚਾਂ ਪਾਵੇ ਸਾਰ, ਛੇਵੇਂ ਛੇਵੇਂ ਘਰ ਵੱਜੇ ਵਧਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ, ਅੱਠਾਂ ਤੱਤਾਂ ਆਪ ਵਖਾਈਆ । ਨੌਵੇ ਦਰ ਖੇਲ ਕਰੇ ਆਪ ਕਰਤਾਰ, ਦਸਵੇਂ ਆਪਣਾ ਲੇਖਾ ਦਏ ਗਣਾਈਆ । ਸਾਚਾ ਬਾਲਾ ਕਰ ਤਿਆਰ, ਜੋਤ ਜਵਾਲਾ ਦਏ ਬੁਝਾਈਆ । ਸ਼ਾਹ ਕੰਗਾਲਾਂ ਪਾਵੇ ਸਾਰ, ਪ੍ਰਿਤਪਾਲਕ ਵਡ ਵਡਿਆਈਆ । ਜੋਤੀ ਜੋਤ ਸਰੂਪ

੭੮੬
੦੯

ਹਰਿ, ਆਪ ਆਪਣੀ ਕਿਰਪਾ ਕਰ, ਰੱਤੀ ਰੱਤ ਰਹਿਣ ਨਾ ਪਾਈਆ । ਰੱਤੀ ਰੱਤ ਪਾਈ ਹਵਨ, ਆਹੂਤੀ ਆਪ ਵਖਾਇੰਦਾ । ਲੇਖਾ ਚੁਕਾਏ ਅਵਣ ਗਵਣ, ਪਵਣ ਪਵਣਾਂ ਵਿਚ ਸਮਾਇੰਦਾ । ਅੰਮ੍ਰਿਤ ਮੇਘ ਬਰਸੇ ਸਵਣ, ਸਾਵਣ ਆਪਣਾ ਰੂਪ ਵਟਾਇੰਦਾ । ਲੇਖਾ ਜਾਣੇ ਪੌਣ ਪਵਣ, ਵਲ ਛਲਧਾਰੀ ਖੇਲ ਖਿਲਾਇੰਦਾ । ਤੋੜੇ ਹੰਕਾਰੀ ਗੜ੍ਹ ਰਾਵਣ, ਰਾਮ ਰਾਮਾ ਬਾਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ । ਹੁਕਮ ਸੁਣਾਇਆ ਧੁਰ ਫ਼ਰਮਾਣ, ਹਰਿ ਸਾਚਾ ਸ਼ਬਦ ਜਣਾਇੰਦਾ । ਸ਼ਬਦ ਫਟ ਹੋਏ ਕੁਰਬਾਨ, ਸਿਖ ਸ਼ੂਰਾ ਸੋ ਅਖਵਾਇੰਦਾ । ਹੱਥ ਫੜਾਏ ਨਾ ਕੋਈ ਕ੍ਰਿਪਾਨ, ਜਗਤ ਮਿਆਨ ਨਾ ਕੋਈ ਬਣਾਇੰਦਾ । ਨਿਰਗੁਣ ਰੂਪ ਨਿਗਹਬਾਨ, ਨਿਰਗੁਣ ਆਪਣਾ ਤੀਰ ਚਲਾਇੰਦਾ । ਸਤਿਗੁਰ ਜੋਧਾ ਨੌਜਵਾਨ, ਇਕ ਅਤੀਤਾ ਆਪ ਉਠਾਇੰਦਾ । ਪਤਤ ਪੁਨੀਤਾ ਕਰੇ ਪੁਣ ਛਾਣ, ਸਾਚੀ ਰੀਤਾ ਆਪ ਵਖਾਇੰਦਾ । ਰੱਤੀ ਰੱਤ ਗੁਣ ਨਿਧਾਨ, ਤਤ ਨੱਤ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰਖਾਇੰਦਾ । ਸਾਚਾ ਰੰਗ ਚਾੜ੍ਹਨਹਾਰਾ, ਦਸ ਇਕ ਕਰੇ ਕੁੜਮਾਈਆ । ਸਾਚਾ ਬਣੇ ਮਾਤ ਮੁਨਾਰਾ, ਸਾਢੇ ਤਿੰਨ ਹੱਥ ਵੇਖ ਵਖਾਈਆ । ਦਸਮ ਦਵਾਰੀ ਪਾਰ ਕਿਨਾਰਾ, ਵੀਹ ਸੌ ਦਸ ਬਿਕ੍ਰਮੀ ਨਾਲ ਰਲਾਈਆ । ਸੋਲਾਂ ਮੱਘਰ ਕਰ ਸ਼ੰਗਾਰਾ, ਸਾਚੀ ਚੋਲੀ ਆਪ ਰੰਗਾਈਆ । ਆਪੇ ਖਿਚੇ ਚਰਨ ਦਵਾਰਾ, ਸਚਖੰਡ ਦਵਾਰਾ ਇਕ ਵਡਿਆਈਆ । ਆਪੇ ਦੇਵੇ ਸਚ ਸਹਾਰਾ, ਸਾਚਾ ਸਾਚੀ ਕਰੇ ਖੇਲ ਰਘੁਰਾਈਆ । ਅੰਦਰ ਮੰਦਰ ਸੋਹੇ ਅੰਦਰ ਧਾਰਾ, ਸ਼ਬਦ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲਾਲ ਗੁਲਾਲਾ ਰੰਗ ਚੜ੍ਹਾਈਆ । ਲਾਲ ਗੁਲਾਲਾ ਰੰਗ ਅਨਡਿਠਾ, ਰੰਗ ਰੰਗੇ ਰੰਗਣਹਾਰ । ਖੇਲੇ ਖੇਲ ਅਬਿਨਾਸ਼ੀ ਅਚੁੱਤਾ, ਆਦਿ ਜੁਗਾਦੀ ਸਾਚੀ ਧਾਰ । ਆਲਸ ਨਿੰਦਰਾ ਵਿਚ ਕਦੇ ਨਾ ਸੁੱਤਾ, ਸੁੱਤਾ ਰਹੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਆਪਣੀ ਰੀਤਾ, ਕਰੇ ਖੇਲ ਅਗੰਮ ਅਪਾਰ । ਸਾਚੀ ਰੁੱਤ ਸੁਹਾਵਣੀ ਹਰਿ ਸਾਚਾ ਆਪ ਸੁਹਾਇੰਦਾ । ਗੁਰ ਗੋਬਿੰਦ ਤੇਰੀ ਪੂਰ ਕਰਾਏ ਭਾਵਨੀ, ਭਾਣਾ ਆਪਣੇ ਹੱਥ ਰਖਾਇੰਦਾ । ਤੇਰੀ ਪੱਕੀ ਹਾੜੀ ਸਾਵਣੀ, ਫਲ ਬੂਟਾ ਵੇਖ ਵਖਾਇੰਦਾ । ਆਪਣੀ ਹੱਥੀਂ ਆਪੇ ਗਾਹਵਣੀ, ਦੂਸਰ ਨਾਲ ਨਾ ਕੋਈ ਰਲਾਇੰਦਾ । ਤੇਰੀ ਰੱਖੇ ਵਿਚ ਜ਼ਾਮਨੀ, ਜ਼ਾਮਨ ਇਕ ਗੁਰ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਅੰਗ ਇਕ ਵਖਾਇੰਦਾ । ਸਾਚੀ ਰੱਤ ਸਵਾ ਰੱਤੀ ਕੇਸਰ ਹਰਿ ਨਿਰੰਕਾਰ, ਸਾਚੀ ਸਚ ਕਰੇ ਜਣਾਈਆ । ਵੀਹ ਸੌ ਗਿਆਰਾਂ ਕਰਿਆ ਖ਼ਬਰਦਾਰ, ਪੰਜਾਂ ਪਿਆਰਿਆਂ ਲਏ ਉਠਾਈਆ । ਸਾਚੀ ਸਚ ਕਰੇ ਕਰਤਾਰ, ਕਰਨੀ ਕਰਤਾ ਆਪ ਕਰਾਈਆ । ਲਾਲ ਕਿਲਾ ਵੇਖ ਵਿਚਾਰ, ਦਿੱਲੀ ਫੇਰਾ ਪਾਈਆ । ਆਪਣਾ ਪੜਦਾ ਉਤੋਂ ਉਤਾਰ, ਗੁਰਸਿਖਾਂ ਹੇਠ ਵਿਛਾਈਆ । ਸੇਵਾ ਕਰਾਏ ਕਰਨੇਹਾਰ, ਸਾਚੀ ਸੇਵਕ ਸੇਵ ਕਮਾਈਆ । ਮੌਲੀ ਤੰਦ ਬਨੇ ਤੰਦ ਸ਼ੰਗਾਰ, ਸਾਚਾ ਸਗਨ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਬਿਕ੍ਰਮੀ ਗਿਆਰਾ ਦਸ ਦੋ ਵਾਰ ਪਾਰ ਕਿਨਾਰਾ, ਏਕਾ ਮਿਲਿਆ ਸਾਚਾ ਯਾਰਾ, ਯਾਰੀ ਯਾਰਾਂ ਨਾਲ ਨਿਭਾਈਆ । ਦਸਮ ਦਵਾਰੀ ਨਾਤਾ ਗਿਆ ਤੁੱਟ, ਪੁਰਖ ਅਕਾਲ ਪ੍ਰਭ ਪਾਇਆ । ਕਾਇਆ ਮੰਦਰ ਲੇਖਾ ਗਿਆ ਛੁੱਟ, ਸਚਖੰਡ ਦਵਾਰੇ ਆਪੇ ਬਹਾਇਆ । ਲੋਕਮਾਤ ਤ੍ਰੈਗੁਣ

ਮਾਇਆ ਲੁੱਟ, ਗੁਰਸਿਖ ਖਾਲੀ ਹੱਥ ਰਖਾਇਆ । ਧਰਮ ਰਾਏ ਦਵਾਰਿਉਂ ਕੱਢਿਆ ਕੁੱਟ, ਚਿਤਰ ਗੁਪਤ ਨੇੜ ਨਾ ਆਇਆ । ਲਾੜੀ ਮੌਤ ਗੁਤ ਸੁੱਟੀ ਪੁੱਟ, ਦਰ ਦਵਾਰ ਨਾ ਫੇਰਾ ਪਾਇਆ । ਆਵਣ ਜਾਵਣ ਗੁਰਸਿਖਾਂ ਗਿਆ ਛੁੱਟ, ਜਿਸ ਜਨ ਆਪਣੀ ਗੋਦ ਬਹਾਇਆ । ਲੱਖ ਚੁਰਾਸੀ ਵਿਚੋਂ ਲੱਭੀ ਏਕਾ ਮੁੱਠ, ਨੌ ਖੰਡ ਪ੍ਰਿਥਮੀ ਫੋਲ ਫੋਲਾਇਆ । ਅਬਿਨਾਸ਼ੀ ਕਰਤਾ ਗਿਆ ਤੁੱਠ, ਗੁਰ ਗੋਬਿੰਦ ਦਏ ਸਲਾਹਿਆ । ਭਰ ਪਿਆਲਾ ਜਾਮ ਪਿਆਇਆ ਏਕਾ ਘੁਟ, ਨਸ਼ਾ ਉਤਰ ਕਦੇ ਨਾ ਜਾਇਆ । ਵਿਚੋਂ ਕੱਢੇ ਵਾਸਨਾ ਖੋਟ, ਸ਼ਬਦ ਚੋਟ ਇਕ ਲਗਾਇਆ । ਆਪ ਉਠਾਏ ਆਲ੍ਹਣਿਉਂ ਡਿਗੇ ਬੋਟ, ਆਪ ਆਪਣੇ ਅੰਗ ਲਗਾਇਆ । ਦੇਵੇ ਨਾਮ ਭੰਡਾਰਾ ਅਤੋਟ, ਸੋਹੰ ਅੱਖਰ ਇਕ ਪੜ੍ਹਾਇਆ । ਗੁਰਸਿਖਾਂ ਉਪਰ ਸਤਿਗੁਰ ਪੂਰਾ ਤੁਠ, ਘਰ ਘਰ ਆਪਣਾ ਆਪਣਾ ਤਾਣ ਗੁਰਸਿਖਾਂ ਵਿਚ ਟਿਕਾਇਆ । ਗੁਰਸਿਖਾਂ ਦੀ ਰੱਖੀ ਸਦਾ ਓਟ, ਗੁਰਸਿਖ ਆਪਣਾ ਸੀਸ ਤਾਜ ਸੁਹਾਇਆ । ਗੁਰਸਿਖਾਂ ਨਗਾਰਾ ਘਰ ਘਰ ਵੱਜੇ ਚੋਟ, ਸਤਿਗੁਰ ਪੂਰਾ ਡੰਕਾ ਆਪ ਲਗਾਇਆ । ਲੱਭਦੇ ਫਿਰਦੇ ਕੋਟੀ ਕੋਟ, ਦਿਸ ਕਿਸੇ ਨਾ ਆਇਆ । ਕਲਜੁਗ ਜੀਆਂ ਮਾਇਆ ਮਮਤਾ ਭਰੀ ਨਾ ਪੋਟ, ਆਸਾ ਤ੍ਰਿਸ਼ਨਾ ਨਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਕਿਲੇ ਦਿਤਾ ਵਰ, ਨਾਨਕ ਲੇਖਾ ਨਾਲ ਮਿਲਾਇਆ । ਨਾਨਕ ਲੇਖਾ ਅਗੰਮ ਅਥਾਹ, ਮਹਿਮਾ ਅਕਥ ਕਥੀ ਨਾ ਜਾਈਆ । ਸ਼ਬਦ ਗੁਰੂ ਇਕ ਮਲਾਹ, ਚਾਰ ਵਰਨਾਂ ਗਿਆ ਸਮਝਾਈਆ । ਹਿੰਦੂ ਮੁਸਲਮ ਸਿਖ ਈਸਾਈ ਭੈਣ ਭਰਾ, ਊਚ ਨੀਚ ਨਾ ਕੋਈ ਵਖਾਈਆ । ਸਤਿਗੁਰ ਪੂਰਾ ਸਦਾ ਮਲਾਹ, ਸਭ ਦਾ ਬੇੜਾ ਰਿਹਾ ਤਰਾਈਆ । ਨਿਮਾਣਿਆਂ ਗਲੇ ਲਏ ਲਗਾ, ਗ਼ਰੀਬ ਨਿਮਾਣੇ ਗੋਦ ਸੁਹਾਈਆ । ਜਰਵਾਣਿਆਂ ਦਰ ਦਏ ਦੁਰਕਾ, ਵਡ ਦਾਤਾ ਬੇਪਰਵਾਹੀਆ । ਲਾਲੋ ਤੇਰਾ ਲੇਖਾ ਦਏ ਮੁਕਾ, ਕਾਇਆ ਕਿਲਾ ਵੇਖ ਵਖਾਈਆ । ਲਾਲ ਕਿਲੇ ਚਰਨ ਛੁਹਾ, ਲਾਲ ਰੰਗ ਗੁਰ ਨਾਨਕ ਦਏ ਚੜ੍ਹਾਈਆ । ਦੋਹਾਂ ਵਿਚੋਲਾ ਬਣ ਮਲਾਹ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਅੰਗੀਕਾਰ ਲਏ ਕਰਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੰਮਤੀ ਸਚ ਵਿਹਾਰਾ, ਹਰਿ ਸਾਚਾ ਆਪ ਵਖਾਈਆ । ਸੰਮਤ ਗਿਆਰਾ ਸਚ ਵਿਹਾਰਾ, ਹਰਿ ਸਾਚੇ ਸਚ ਕਰਾਇਆ । ਲੇਖਾ ਲਿਖਿਆ ਅਪਰ ਅਪਾਰਾ, ਨਾ ਕੋਈ ਮੇਟ ਮਿਟਾਇਆ । ਸੰਮਤ ਸਤਾਰਾਂ ਸਤਾਰਾਂ ਹਾੜਾ, ਨੌ ਮਹੀਨੇ ਅਠਾਰਾਂ ਦਿਨ ਮਾਤ ਗਰਭ ਫੰਦ ਦਏ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਗਾਇਆ । ਸੰਮਤ ਬਾਰਾਂ ਸਚ ਦਿਹਾੜਾ, ਹਾੜ ਸਤਾਰਾਂ ਵੱਜੀ ਵਧਾਈਆ । ਸੰਮਤ ਤੇਰਾਂ ਕਰਿਆ ਸਚ ਵਿਹਾਰਾ, ਲੋਕਮਾਤ ਰਿਹਾ ਚਲਾਈਆ । ਨਾ ਕੋਈ ਗੁਰ ਨਾ ਅਵਤਾਰਾ, ਗੁਰਸਿਖਾਂ ਦਏ ਵਡਿਆਈਆ । ਏਕਾ ਭਰੇ ਸਚ ਭੰਡਾਰਾ, ਸਚ ਅਵਤਾਰਾ ਆਪ ਅਖਵਾਈਆ । ਊਚਾਂ ਨੀਚਾਂ ਕਰਿਆ ਪਾਰ ਕਿਨਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਗੋਦ ਰਖਾਈਆ । ਅਠਾਰਾਂ ਬਰਨ ਨਾ ਕੋਈ ਵਣਜਾਰਾ, ਏਕਾ ਰੰਗਨ ਰੰਗ ਚੜ੍ਹਾਈਆ । ਏਕਾ ਸ਼ਬਦ ਇਕ ਜੈਕਾਰਾ, ਸੋਹੰ ਸੋ ਕਰੇ ਪੜ੍ਹਾਈਆ । ਏਕਾ ਮੰਦਰ ਇਕ ਦਵਾਰਾ, ਗੁਰ ਸਰਨ ਇਕ ਸਰਨਾਈਆ । ਏਕਾ ਰੱਖੇ ਰੱਖਣਹਾਰਾ, ਜੁਗ ਜੁਗ ਹਰਿਜਨ ਪੈਜ ਰਖਾਈਆ । ਭਗਤ ਵਛਲ ਹਰਿ ਗਿਰਧਾਰਾ, ਹਰਿ ਭਗਤ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸੰਮਤ ਤੇਰਾਂ ਤੇਰੀ ਧਾਰ, ਤ੍ਰੈਲੋਕਾਂ ਆਪ ਚਲਾਇੰਦਾ । ਕਲਜੁਗ

੭੮੮ ੦੯

ਸੰਤਾਂ ਮਾਰੇ ਮਾਰ, ਸਾਚੇ ਸੰਤਾਂ ਮੇਲ ਮਿਲਾਇੰਦਾ । ਚੌਥੇ ਜੁਗ ਮਾਰੇ ਮਾਰ, ਖ਼ਾਕੀ ਬੰਦੇ ਖ਼ਾਕ ਮਿਲਾਇੰਦਾ । ਸ਼ਾਹ ਸੁਲਤਾਨਾਂ ਕਰ ਖ਼ਵਾਰ, ਤਖ਼ਤ ਤਾਜ ਮਿਟਾਇੰਦਾ । ਗੁਰਮੁਖ ਸਾਚੇ ਕਰ ਪਿਆਰ, ਸਾਚੇ ਦਰ ਸੁਹਾਇੰਦਾ । ਵਾਲੀ ਹਿੰਦ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਕਲਜੁਗ ਆਈ ਅੰਤਮ ਵਾਰ, ਦਰ ਘਰ ਸੰਗ ਨਾ ਕੋਈ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਸਚ ਵਿਹਾਰ, ਏਕਾ ਇਕੀ ਪਾਵੇ ਵਿਚ ਸੰਸਾਰ, ਸਾਚੀ ਸਿਖੀ ਆਪ ਉਪਾਇੰਦਾ । ਸਾਚੀ ਸਿਖੀ ਏਕਾ ਰੰਗ, ਹਰਿ ਹਰਿ ਆਪ ਰੰਗਾਇਆ । ਸਤਿਗੁਰ ਪੂਰਾ ਸੂਰਾ ਸਰਬੰਗ, ਸਿਰ ਆਪਣਾ ਹੱਥ ਟਿਕਾਇਆ । ਨਾਮ ਵਜਾਏ ਇਕ ਮਰਦੰਗ, ਧੁਨ ਅਨਾਦੀ ਨਾਦ ਸੁਣਾਇਆ । ਆਤਮ ਸੇਜਾ ਸਚ ਪਲੰਘ, ਆਤਮ ਸੇਜਾ ਡੇਰਾ ਲਾਇਆ । ਗੁਰਮੁਖਾਂ ਭਿਛਿਆ ਰਿਹਾ ਮੰਗ, ਏਕਾ ਝੋਲੀ ਅੱਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਦਾਂ ਹੱਟਾਂ ਵੇਖ ਵਖਾਇਆ । ਚੌਦਾਂ ਹੱਟਾਂ ਪਾਰ ਕਿਨਾਰਾ, ਪੰਦਰਾਂ ਪੰਦਰਾਂ ਵੇਖ ਵਖਾਈਆ । ਤੀਰਥ ਤੱਟਾਂ ਪਾਰ ਕਿਨਾਰਾ, ਤਟ ਕਿਨਾਰਾ ਨਾ ਕੋਈ ਸੁਹਾਈਆ । ਗੁਰਮੁਖ ਸਾਚੇ ਕਰ ਤਿਆਰਾ, ਚਾਰ ਕੁੰਟ ਆਪ ਫਿਰਾਈਆ । ਏਕਾ ਸ਼ਬਦ ਸ਼ਬਦ ਜੈਕਾਰਾ, ਸ੍ਰਿਸ਼ਟ ਸਬਾਈ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਖੇਲ ਖਿਲਾਈਆ । ਕਿਰਪਾ ਕਰ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਵਟਾਈਆ । ਸੰਮਤ ਸੋਲਾਂ ਵੇਸ ਵਟਾਇੰਦਾ, ਬਾਲਕ ਬਿਰਧ ਨਾ ਕੋਈ ਰਖਾਈਆ । ਸ਼ਾਹੋ ਭੂਪ ਨਾਉਂ ਧਰਾਇੰਦਾ, ਸਤਿ ਸਰੂਪ ਅਨ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਸਾਚਾ ਵਰ, ਹਰਿ ਸਾਚਾ ਪੂਰ ਕਰਾਈਆ ।

੭੮੯
੦੯
ਸੰਮਤ ਸੋਲਾਂ ਸੋਲਾਂ ਧਾਰ, ਸੋਲਾਂ ਸੋਲਾਂ ਵਿਚ ਟਿਕਾਈਆ । ਚਾਰ ਜੁਗ ਦਾ ਭਰਿਆ ਭੰਡਾਰ, ਕਲਜੁਗ ਅੰਤਮ ਦਏ ਵਰਤਾਈਆ । ਏਕਾ ਗੁਰ ਗੁਰੂ ਦਵਾਰ, ਗੁਰਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ ਸਚ ਦਵਾਰ, ਹਰਿ ਸਾਚਾ ਸਚ ਸੁਹਾਈਆ । ਪੈਂਤੀ ਅੱਖਰ ਵਸਿਆ ਬਾਹਰ, ਭੇਖ ਕੋਈ ਨਾ ਪਾਇੰਦਾ । ਬ੍ਰਹਮ ਵੇਤਾ ਨਾ ਕਰੇ ਵਿਚਾਰ, ਵੇਦ ਕਤੇਬ ਨਾ ਕੋਈ ਗਾਇੰਦਾ । ਸਤਾਰਾਂ ਅੱਖਰ ਨਿਰਗੁਣ ਧਾਰ, ਸਾਲ ਸਤਾਰਾਂ ਆਪ ਰਖਾਇੰਦਾ । ਸਾਲ ਸਤਾਰਵੇਂ ਹੋ ਉਜਿਆਰ, ਆਪ ਆਪਣੀ ਕਲ ਵਰਤਾਇੰਦਾ । ਪੰਚਮ ਸੀਸ ਤਾਜ ਕਰ ਉਜਿਆਰ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਲੋਆਂ ਪੁਰੀਆਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਕਲ ਵਰਤੰਤਾ ਹਰਿ ਭਗਵਾਨ, ਅੰਤਮ ਖੇਲ ਖਿਲਾਇੰਦਾ । ਇਕ ਵਖਾਏ ਸਚ ਨਿਸ਼ਾਨ, ਸਤਿਜੁਗ ਸਾਚਾ ਆਪ ਉਠਾਇੰਦਾ । ਸੰਮਤ ਸਤਾਰਾਂ ਹੋ ਪਰਧਾਨ, ਮਨ ਕਾ ਭਰਮ ਮਿਟਾਇੰਦਾ । ਸਚ ਸਖੀਆਂ ਮੇਲੇ ਸਾਚਾ ਕਾਹਨ, ਮਿਲ ਸਖੀਆਂ ਮੰਗਲ ਗਾਇੰਦਾ । ਸਾਚਾ ਮੇਲਾ ਸੁਰਤੀ ਰਾਮ, ਰਾਮ ਸੁਰਤੀ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰਾਹ ਵਖਾਇੰਦਾ । ਸੰਮਤ ਸਤਾਰਾਂ ਸਚ ਵਿਹਾਰਾ, ਹਰਿ ਸਾਚੇ ਸਚ ਕਰਾਇਆ । ਕਲਜੁਗ ਤੇਰਾ ਪਾਰ ਕਿਨਾਰਾ, ਸਤਿਜੁਗ ਸਾਚਾ ਰੰਗ ਚੜ੍ਹਾਇਆ । ਰੱਤੀ ਕੇਸਰ ਕਰ ਤਿਆਰਾ, ਸਿੰਘ ਪਰਗਟ ਹੱਥ ਫੜਾਇਆ । ਨਾਲ ਰਲਾਇਆ ਪ੍ਰੀਤਮ ਸਿੰਘ ਦੁਲਾਰਾ, ਭਰਤ ਸ਼ਤਰੂਘਨ ਮੇਲ ਮਿਲਾਇਆ । ਕਰੇ ਕਰਾਏ ਆਪਣੀ ਕਾਰਾ, ਕਲ ਆਪਣੀ ਆਪ ਵਰਤਾਇਆ । ਆਇਆ ਅੰਤਮ ਸਚ ਦਿਹਾੜਾ,

ਹਾੜ ਸਤਾਰਾਂ ਖ਼ੁਸ਼ੀ ਮਨਾਇਆ । ਗੁਰਸਿਖ ਤੇਰਾ ਸਚ ਪਿਆਰਾ, ਹਰਿ ਸਾਚੇ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਮ੍ਰਿਤ ਆਪ ਵਖਾਇਆ । ਹਰਿ ਸੰਗਤ ਤੇਰਾ ਸਤਿ ਪਿਆਰ, ਹਰਿ ਅੰਮ੍ਰਿਤ ਰੂਪ ਵਟਾਇੰਦਾ । ਰੱਤੀ ਕੇਸਰ ਕਰ ਤਿਆਰ, ਸਵਾ ਰੱਤੀ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਤ੍ਰੈਗੁਣ ਰੂਪ ਨਾ ਕੋਈ ਦਰਸਾਇੰਦਾ । ਰੰਗ ਰੰਗੀਲਾ ਮੋਹਣ ਸਾਚਾ ਯਾਰ, ਸਾਚੀ ਸੇਜ ਹੰਢਾਇੰਦਾ । ਪਤਤ ਪੁਨੀਤਾ ਕਰੇ ਇਕ ਵਿਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਸਾਚੀ ਰੱਤੀ ਗੁਰਸਿਖਾਂ ਰੱਤ, ਹਰਿ ਅੰਮ੍ਰਿਤ ਵਿਚ ਸਮਾਈਆ । ਏਕਾ ਦੇਵਣਹਾਰਾ ਬ੍ਰਹਮ ਮਤ, ਪਾਰਬ੍ਰਹਮ ਵੱਡੀ ਵਡਿਆਈਆ । ਹਰਿ ਸੰਗਤ ਤੇਰਾ ਏਕਾ ਨੱਤ, ਤਤਵ ਤਤ ਨਾ ਕੋਈ ਰਖਾਈਆ । ਰੱਖੇ ਹੱਥ ਸਿਰ ਸਮਰਥ, ਸਮਰਥ ਪੁਰਖ ਵੱਡੀ ਵਡਿਆਈਆ । ਸੋਹੰ ਸੋ ਪੂਜਾ ਪਾਠ, ਪੂਜਸ ਪੂਜਸ ਪੂਜ ਪੁਜਾਈਆ । ਆਪ ਉਤਾਰੇ ਔਖੇ ਘਾਟ, ਕਲਜੁਗ ਬੇੜਾ ਰਿਹਾ ਚਲਾਈਆ । ਅੱਗੇ ਨੇੜੇ ਰੱਖੇ ਵਾਟ, ਪਿਛਲਾ ਪੰਧ ਮੁਕਾਈਆ । ਘਰ ਘਰ ਜੋਤ ਜੋਤ ਜਗੇ ਲਲਾਟ, ਗੁਰਸਿਖ ਤੇਰਾ ਮਸਤਕ ਟਿੱਕਾ ਆਪ ਛੁਹਾਈਆ । ਤੇਰੀ ਸੇਜਾ ਸੋਏ ਖਾਟ, ਆਪਣਾ ਆਸਣ ਆਪ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਵਡ ਵਡਿਆਈਆ । ਹਰਿਜਨ ਵਡ ਵਡਿਆਈ ਦੇਵਣਹਾਰਾ, ਵਡ ਵੱਡਾ ਆਪ ਅਖਵਾਇੰਦਾ । ਪੰਜਾਂ ਮੇਲਾ ਮੇਲ ਮਿਲਾਵਣਹਾਰਾ, ਆਪ ਆਪਣਾ ਮੇਲ ਕਰਾਇੰਦਾ । ਏਕਾ ਕੇਸਰ ਫੜਕੇ ਵਿਚ ਸੰਸਾਰਾ, ਹਰਿ ਸੰਗਤ ਰੰਗ ਰੰਗਾਇੰਦਾ । ਭੁੱਖ ਨੰਗ ਨਾ ਰਹੇ ਦਵਾਰਾ, ਕਾਲ ਮਹਾਂਕਾਲ ਦਰ ਦੁਰਕਾਇੰਦਾ । ਸਾਚਾ ਸੰਗ ਸੱਚੀ ਸਰਕਾਰਾ, ਸਤਿਗੁਰ ਪੂਰਾ ਆਪ ਨਿਭਾਇੰਦਾ । ਆਤਮ ਅੰਧ ਚੁਕੇ ਅੰਧੇਰਾ, ਸੰਝ ਸਵੇਰ ਇਕ ਵਖਾਇੰਦਾ । ਭਰਮ ਗਵਾਏ ਹੇਰਾ ਫੇਰਾ, ਭਰਮ ਗੜ੍ਹ ਰਹਿਣ ਨਾ ਪਾਈਆ । ਲੇਖਾ ਚੁਕੇ ਤੇਰਾ ਮੇਰਾ, ਮੇਰਾ ਤੇਰਾ ਰੂਪ ਵਟਾਈਆ । ਪਰਗਟ ਹੋਇਆ ਸਿੰਘ ਸ਼ੇਰ ਦਲੇਰਾ, ਸਿੰਘ ਰੂਪ ਗੁਰਸਿਖ ਸਰਬ ਵਖਾਈਆ । ਹਰਿ ਸ਼ਬਦ ਮਨ ਚਾਓ ਘਨੇਰਾ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਈਆ । ਗੁਰਸਿਖ ਵਸਦਾ ਰਹੇ ਘਰ ਤੇਰਾ, ਸਤਿਗੁਰ ਪੂਰਾ ਆਪ ਵਸਾਈਆ । ਭਾਗ ਲਗਾਏ ਕਾਇਆ ਖੇੜਾ, ਘਰ ਰੁੱਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਹਰਿ ਸੰਗਤ ਵਿਚ ਟਿਕਾਈਆ । ਸਾਚਾ ਕੇਸਰ ਚਰਨ ਕਵਲ, ਗੁਰ ਸੰਗਤ ਪਿਆਰ ਸਮਾਇੰਦਾ । ਦੇਵੇ ਵਡਿਆਈ ਉਪਰ ਧਵਲ, ਧਰਤੀ ਧਰਤ ਧਵਲ ਭਾਰ ਮਿਟਾਇੰਦਾ । ਤੇਰਾ ਕਰਜ਼ਾ ਲਾਹਿਆ ਕ੍ਰਿਸ਼ਨਾ ਸਾਵਲ ਸਵਲ, ਬੱਧਕ ਬਾਣ ਨਾ ਕੋਈ ਚਲਾਇੰਦਾ । ਗੁਰਸਿਖਾਂ ਅੰਦਰ ਆਪੇ ਮਵਲ, ਆਪਣਾ ਰੰਗ ਰੰਗਾਇੰਦਾ । ਗੁਰ ਗੋਬਿੰਦ ਛਕਾਈ ਏਕਾ ਪਵਲ, ਅੰਮ੍ਰਿਤ ਜਾਮ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਲਾਹਿੰਦਾ । ਸਵਾ ਰੱਤੀ ਕੇਸਰ ਕਿਰਪਾਨਿਧ, ਕਰਮ ਕਾਂਡ ਮੇਟ ਮਿਟਾਈਆ । ਗੁਰਸਿਖ ਤੇਰਾ ਕਾਰਜ ਕਰੇ ਸਿਧ, ਨੌ ਨਿਧ ਤੇਰੇ ਚਰਨਾਂ ਸੇਵ ਕਮਾਈਆ । ਆਪ ਬਣਾਈ ਆਪਣੀ ਬਿਧ, ਗੁਰਮੁਖ ਸਾਚੇ ਲਏ ਮਿਲਾਈਆ । ਤੀਰ ਨਿਰਾਲਾ ਗਿਆ ਵਿਧ, ਤਿਖੀ ਮੁਖੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾ ਰੱਤੀ ਸਾਚਾ ਕੇਸਰ ਤੇਰਾ ਅੰਤ ਵਿਹਾਰਾ ਵਿਚ ਸੰਸਾਰ, ਸੰਮਤ ਸਤਾਰਾਂ ਹਾੜ ਸਤਾਰਾਂ ਦਏ ਕਰਾਈਆ । ਚਾਰ ਜੁਗ ਲੇਖਾ ਪੂਰ ਕਰਾਇਆ, ਸੰਮਤ ਸਤਾਰਾਂ ਵੱਜੀ ਵਧਾਈਆ । ਸਾਚੀ ਸੰਗਤ ਰੰਗ ਚੜ੍ਹਾਇਆ,

ਦੂਸਰ ਰੰਗ ਕਿਸੇ ਰਹਿਣ ਨਾ ਪਾਈਆ । ਹਰਿ ਕਾ ਰੂਪ ਵਿਚ ਸੰਸਾਰ ਦਿਸ ਨਾ ਆਇਆ, ਵਿਭਚਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗਨ ਇਕ ਰੰਗਾਈਆ । ਲਾਲ ਰੰਗ ਗਿਆ ਚੜ੍ਹ, ਸਤਿਗੁਰ ਸਾਚੇ ਆਪ ਚੜ੍ਹਾਇਆ । ਗੁਰਸਿਖ ਸਾਜਨ ਲਏ ਫੜ, ਚਰਨ ਦਵਾਰ ਆਪ ਬਹਾਇਆ । ਆਪ ਬੰਧਾਏ ਆਪਣੇ ਲੜ, ਏਕਾ ਪੱਲੂ ਹੱਥ ਰਖਾਇਆ । ਕਿਲਾ ਕੋਟ ਹੰਕਾਰੀ ਤੋੜ ਗੜ੍ਹ, ਆਪ ਆਪਣਾ ਦਰ ਵਖਾਇਆ । ਏਕਾ ਅੱਖਰ ਵਿਦਿਆ ਪੜ੍ਹ, ਹੰ ਬ੍ਰਹਮ ਰਿਹਾ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਆਪ ਸੁਹਾਇਆ । ਸੰਮਤ ਸਤਾਰਾਂ ਲਾਲ ਰੰਗ, ਹਰਿ ਸੰਗਤ ਆਪ ਚੜ੍ਹਾਈਆ । ਸ੍ਰਿਸ਼ਟ ਸਬਾਈ ਹੋਏ ਨੰਗ, ਚਾਰੋਂ ਕੁੰਟ ਦਏ ਦੁਹਾਈਆ । ਪੰਜ ਤਤ ਤੁਟੇ ਕਾਚੀ ਵੰਗ, ਕਲਜੁਗ ਅੰਤਮ ਭੰਨ ਵਖਾਈਆ । ਮਾਨੁਸ ਮਾਨਖ ਹੋਏ ਭੰਗ, ਥਿਰ ਕੋਇ ਰਹਿਣ ਨਾ ਪਾਈਆ । ਅਕਾਸ਼ ਨਾ ਡੋਰੀ ਉਡੇ ਪਤੰਗ, ਗੁਡੀਆ ਲੋਕਮਾਤ ਕੁਰਲਾਈਆ । ਜੋ ਜਨ ਨਰ ਨਿਰੰਕਾਰ ਸਚ ਦਵਾਰ ਨੌ ਦਰ ਆਏ ਲੰਘ, ਮਿਲੇ ਮੇਲ ਸਾਚੇ ਮਾਹੀਆ । ਦੋ ਜਹਾਨਾਂ ਮਿਟੇ ਪੰਧ, ਜਮ ਕੀ ਫਾਸੀ ਤੁਟੇ ਫੰਦ, ਤੰਦਨ ਤੰਦ ਆਪ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕੇਸਰ ਹਰਿ ਸੰਗਤ ਰੂਪ ਬਟਾਇਆ ਥਨੇਸਰ, ਥਿਰ ਘਰ ਸਾਚਾ ਇਕ ਵਸਾਈਆ । ਥਿਰ ਘਰ ਵਸਿਆ ਹਰਿ ਕਰਤਾਰ, ਹਰਿ ਸੰਗਤ ਆਪ ਵਖਾਇੰਦਾ । ਉਚ ਬਣਾਏ ਇਕ ਦਰਬਾਰ, ਲੋਕਮਾਤ ਵੇਸ ਵਟਾਇੰਦਾ । ਏਕਾ ਰੰਗ ਰੰਗੇ ਰੰਗਣਹਾਰ, ਲਾਲ ਗੁਲਾਲਾ ਰੰਗ ਚੜ੍ਹਾਇੰਦਾ । ਸਵਾ ਰੱਤੀ ਕੇਸਰ ਕਰ ਤਿਆਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅੰਤਮ ਧਾਰ ਆਪ ਵਖਾਇੰਦਾ । ਅੰਤਮ ਧਾਰ ਹਰਿ ਹਰਿ ਕਰਿਆ, ਕਿਸੇ ਤੋਟ ਰਹਿਣ ਨਾ ਪਾਈਆ । ਚਾਰ ਜੁਗ ਚਾਰ ਵੇਦ ਚਾਰ ਵਰਨ ਚਾਰ ਬਾਣੀ ਚਾਰ ਖਾਣੀ ਆਸਾ ਪੂਰ ਕਰਿਆ, ਨਿਰਾਸਾ ਰਹਿਣ ਕੋਈ ਨਾ ਪਾਈਆ । ਗੁਰਸਿਖਾਂ ਅੰਦਰ ਵਾਸਾ ਰੱਖੇ ਹਰਿਆ, ਚਰਨ ਭਰਵਾਸਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਰੱਤੀ ਰੱਤ ਆਪ ਖਿਚਾਈਆ । ਰੱਤੀ ਰੱਤ ਖਿਚੀ ਡੋਰ, ਗੁਰ ਸੰਗਤ ਮੇਲ ਮਿਲਾਇੰਦਾ । ਅਰਸ਼ ਫਰਸ਼ ਰਿਹਾ ਹੋੜ, ਅੰਧ ਘੋਰ ਫੋਲ ਫੋਲਾਇੰਦਾ । ਲੇਖਾ ਚੁਕਾਏ ਤੋਰ ਮੋਰ, ਮਨਮੁਖ ਦਰ ਤੋਂ ਹੋੜ ਆਪ ਦੁਰਕਾਇੰਦਾ । ਗੁਰਸਿਖ ਚੜ੍ਹਾਏ ਆਪਣੇ ਘੋੜ, ਸਾਚਾ ਰਾਕੀ ਨਾਮ ਦੌੜਾਇੰਦਾ । ਹਰਿਜਨ ਆਪਣੇ ਆਪੇ ਲੋੜ, ਲੁੜੀਂਦੜਾ ਸਾਜਨ ਮੇਲ ਮਿਲਾਇੰਦਾ । ਪੁਰਖ ਨਿਰੰਜਣ ਆਪੇ ਬੌਹੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਲੀ ਸ਼ਾਹੀ ਆਪ ਮਿਟਾਇੰਦਾ । ਕਾਲਖ ਸ਼ਾਹੀ ਮਿਟਿਆ ਦਾਗ਼, ਸੰਮਤ ਸਤਾਰਾਂ ਵੱਜੀ ਵਧਾਈਆ । ਹਾੜ ਸਤਾਰਾਂ ਜਗੇ ਚਿਰਾਗ਼, ਗੁਰਸਿਖ ਘਰ ਹੋਏ ਰੁਸ਼ਨਾਈਆ । ਫੜ ਬਣਾਇਆ ਹੰਸ ਕਾਗ, ਸੋਹੰ ਮੋਤੀ ਚੋਗ ਚੁਗਾਈਆ । ਸੋਈ ਸੁਰਤੀ ਗਈ ਜਾਗ, ਜਾਗਰਤ ਜੋਤ ਇਕ ਵਖਾਈਆ । ਤ੍ਰੈਗੁਣ ਬੁਝੀ ਆਗ, ਤਤਵ ਤਤ ਵਿਚ ਸਮਾਈਆ । ਹਰਿ ਸੰਗਤ ਹੋਇਆ ਵਡ ਵਡ ਭਾਗ, ਵਡਭਾਗੀ ਖ਼ੁਸ਼ੀ ਮਨਾਈਆ । ਆਪ ਕਰਾਇਆ ਮਜਨ ਮਾਘ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਜੋ ਜਨ ਸਰਨਾਈ ਗਿਆ ਲਾਗ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਏਕਾ ਕੇਸਰ ਤੇਰੀ ਰੱਤੀ ਰੱਤ ਬਣਾਈਆ । ਤੇਰੀ ਰੱਤ ਸਚ ਉਛਾਲ, ਲੋਕਮਾਤ ਕਰਾਇਆ ।

੭੯੨

ਕਰੇ ਖੇਲ ਹਰਿ ਤਤ ਕਾਲ, ਤ੍ਰੈਗੁਣ ਤਤ ਆਪ ਤਪਾਇਆ । ਦਿਵਸ ਰੈਣ ਹੋਏ ਰਖਵਾਲ, ਗੁਰਸਿਖਾਂ ਸਾਚੇ ਲਏ ਬਚਾਇਆ । ਫਲ ਲਗਾਏ ਕਾਇਆ ਡਾਲ, ਅੰਮ੍ਰਿਤ ਫਲ ਆਪ ਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਖਾਇਆ । ਸਾਚਾ ਮੰਦਰ ਸੁਹਾਵਣਾ, ਸੁਹਾਏ ਆਪ ਨਿਰੰਕਾਰ । ਕਲਜੁਗ ਅੰਤਮ ਰੰਗ ਰੰਗਾਵਣਾ, ਚਾੜ੍ਹੇ ਰੰਗ ਸੱਚੀ ਸਰਕਾਰ । ਪੰਜ ਪਿਆਰੇ ਜੋਤ ਜਗਾਵਣਾ, ਇਕੀ ਇਕੀ ਇਕੀਆਂ ਉਤੋਂ ਵਾਰ । ਏਕਾ ਸਿਖੀ ਸਿਖ ਬਣਾਵਣਾ, ਚਾਰ ਵਰਨ ਕਰ ਖਵਾਰ । ਤੇਰੀ ਤਿਖੀ ਧਾਰ ਰਖਾਵਣਾ, ਵਾਲੋਂ ਨਿੱਕੀ ਵਿਚ ਸੰਸਾਰ । ਨੇਤਰ ਪੇਖ ਪੇਖ ਰੂਪ ਦਰਸਾਵਣਾ, ਦੀਨਾਂ ਅਨਾਥਾਂ ਦਏ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲਾਏ ਪਾਰ । ਹਰਿ ਸੰਗਤ ਬੇੜਾ ਚੁਕਿਆ, ਕਰ ਕਿਰਪਾ ਦੀਨ ਦਿਆਲ । ਗੁਰਸਿਖ ਬੂਟਾ ਕਦੇ ਨਾ ਸੁੱਕਿਆ, ਹੋਏ ਸਹਾਈ ਆਪ ਕਿਰਪਾਲ । ਕਲਜੁਗ ਵੇਲਾ ਅੰਤਮ ਢੁਕਿਆ, ਫਲ ਦਿਸੇ ਨਾ ਕਿਸੇ ਡਾਲ । ਲੱਖ ਚੁਰਾਸੀ ਚੋਗ ਨਿਖੁਟਿਆ, ਘਰ ਘਰ ਵੇਸ ਕਰਾਏ ਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਇਆ ਮਿਹਰਵਾਨ । ਪੁਰਖ ਅਬਿਨਾਸ਼ੀ ਆਪਣਾ ਖੇਲ ਆਪੇ ਖੇਲਿਆ, ਦੇਵਣ ਆਇਆ ਦਾਨੀ ਦਾਨ । ਲੱਖ ਚੁਰਾਸੀ ਕੱਟੇ ਜੇਲਿਆ, ਬਖ਼ਸ਼ੇ ਚਰਨ ਧੂੜ ਅਸ਼ਨਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨੀ ਦਾਨ । ਦਾਨ ਅਵਲੱੜਾ ਪੁਰਖ ਅਕਾਲਾ, ਏਕਾ ਸੋਹੰ ਜਾਪ ਜਪਾਇੰਦਾ । ਅਜਪਾ ਜਾਪ ਪਾਏ ਗਲ ਮਾਲਾ, ਭਗਤ ਭਗਤੀ ਭਗਤਾਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੀ ਵੰਡ ਵੰਡਾਇੰਦਾ । ਗੁਰਮੁਖ ਵੰਡੀ ਵੰਡ ਅਪਾਰ, ਸਤਿਗੁਰ ਪੂਰਾ ਆਪ ਵੰਡਾਈਆ । ਸੰਮਤ ਸਤਾਰਾਂ ਹਾੜ ਸਤਾਰਾਂ ਦਿਵਸ ਵਿਚਾਰ, ਦਿਵਸ ਰੈਣ ਵੇਖ ਵਖਾਈਆ । ਕਾਲਖ ਕਾਲ ਮੇਟੇ ਧਾਰ, ਲਾਲ ਲਾਲ ਲਾਲ ਰੰਗਾਈਆ । ਏਕਾ ਕੇਸਰ ਕਰੇ ਪਿਆਰ, ਸਵਾ ਰੱਤੀ ਰੱਤ ਸਮਾਈਆ । ਪਰਮੇਸ਼ਵਰ ਮੇਲਾ ਵਿਚ ਸੰਸਾਰ, ਪਰਮ ਪੁਰਖ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਸਾਚਾ ਅੰਮ੍ਰਿਤ ਭਰਿਆ ਭੰਡਾਰ, ਕੇਸਰ ਰੱਤੀ ਨਾਲ ਰੰਗ ਰੰਗਾਇਆ । ਸਿੰਘ ਬਿਸ਼ਨ ਬਣੇ ਇਕ ਵਰਤਾਰ, ਹਰਿ ਸੰਗਤ ਦਏ ਵਰਤਾਇਆ । ਰੋਗ ਸੋਗ ਚਿੰਤਾ ਦੁੱਖ ਲੱਥੇ ਦੁਖੜਾ ਭਾਰ, ਜੋ ਜਨ ਚਰਨ ਧਿਆਨ ਲਗਾਇਆ । ਉਜਲ ਮੁਖੜਾ ਹੋਏ ਵਿਚ ਸੰਸਾਰ, ਉਲਟਾ ਰੁਖੜਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਾ ਵਿਸ਼ਨ ਸ਼ਿਵ ਦੇਵਣ ਆਇਆ ਦਾਨ, ਨੌਂ ਸੌ ਚੁਰਾਨਵੀਂ ਚੌਕੜੀ ਜੁਗ ਕਰੇ ਕਲਿਆਣ, ਹਰਿ ਸਿਖਾਂ ਵੇਖੇ ਮਾਰ ਧਿਆਨ, ਗੁਰਸਿਖਾਂ ਮੇਲ ਮਿਲਾਇਆ । ਹਰਿਸਿਖ ਹਰਿ ਹਰਿ ਵੇਖਣ ਆਇਆ, ਹਰਿ ਜੋਤੀ ਜੋਤ ਜਗਾ । ਗੁਰਸਿਖ ਗੁਰ ਗੁਰ ਗੋਦ ਬਹਾਇਆ, ਗੁਰ ਗੋਬਿੰਦ ਗਿਆ ਸਮਝਾ । ਮਾਣਕ ਮੋਤੀ ਚੋਗ ਚੁਗਾਇਆ, ਸੁਰਤੀ ਸੋਤੀ ਲਏ ਉਠਾ । ਵਰਨ ਗੋਤੀ ਪੰਧ ਮੁਕਾਇਆ, ਏਕਾ ਚੋਟੀ ਦਏ ਚੜ੍ਹਾ । ਪਾਂਧਾ ਪੋਥੀ ਨਾ ਕੋਈ ਪੜ੍ਹਾਇਆ, ਮੁੱਲਾਂ ਮਸੀਤੀ ਨਾ ਦਏ ਸੁਣਾ । ਗ੍ਰੰਥੀ ਪੰਥੀ ਨਾ ਰਾਹ ਤਕਾਇਆ, ਨਾ ਕੋਈ ਬਣੇ ਜਗਤ ਮਲਾਹ । ਸਤਿਗੁਰ ਪੂਰਾ ਆਪੇ ਆਪਣੇ ਵੇਖਣ ਆਇਆ, ਕਲਜੁਗ ਅੰਤਮ ਲਾਇਆ ਆਪਣਾ ਦਾਅ । ਨਿਰਗੁਣ ਸਰਗੁਣ ਵਿਚ ਸਮਾਇਆ, ਏਕਾ ਪੜਦਾ ਉਪਰ ਪਾ । ਗੁਰ ਨਾਨਕ ਢਾਕਨ ਕੋ ਪਤ ਏਕਾ

ਸ਼ਬਦ ਗਾ ਉਚੀ ਕੂਕ ਗਿਆ ਸੁਣਾਇਆ, ਇਕ ਉਤਰੇ ਨਿਹਕਲੰਕ ਕਲਜੁਗ ਅੰਤਮ ਫੇਰੀ ਜਾਏ ਪਾ । ਪ੍ਰੇਮ ਪਟੋਲਾ ਗੁਰਸਿਖ ਤੇਰਾ ਰੂਪ ਵਖਾਇਆ, ਗਜਾਂ ਫੀਤੀਆਂ ਨਾਲ ਲਏ ਮਿਣਾ । ਸਿਰ ਆਪਣੇ ਉਤੇ ਲਏ ਟਿਕਾਇਆ, ਸਿਰ ਰੱਖੇ ਠੰਡੀ ਛਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਲਏ ਤਰਾ । ਤਾਰਨਹਾਰਾ ਆ ਗਿਆ, ਨਿਰਗੁਣ ਰੂਪ ਪੁਰਖ ਅਕਾਲ । ਦੀਵਾ ਬਾਤੀ ਜੋਤ ਜਗਾ ਗਿਆ, ਕਾਇਆ ਬੈਠ ਧਰਮ ਸੱਚੀ ਧਰਮਸਾਲ । ਗੁਰਸਿਖ ਉਪਜੇ ਮਨ ਵੈਰਾਗਿਆ, ਕੋਟਨ ਕੋਟੀ ਕੋਟ ਨਾ ਸਕੇ ਭਾਲ । ਘਰ ਜਗੇ ਜੋਤ ਚਰਾਗਿਆ, ਮੁਰਸ਼ਦ ਮੁਰੀਦਾਂ ਆਪੇ ਰਿਹਾ ਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਰਗਾਹੀ ਬਣਿਆ ਮਾਤ ਦਲਾਲ । ਜਗਤ ਦਲਾਲ ਬਣਕੇ ਆਇਆ, ਨਿਰਗੁਣ ਆਪਣਾ ਰੂਪ ਵਟਾਇੰਦਾ । ਕਾਲ ਮਹਾਂਕਾਲਾ ਆਪਣੇ ਸੱਜੇ ਹੱਥ ਫੜਕੇ ਆਇਆ, ਆਪ ਆਪਣਾ ਸੰਗ ਨਿਭਾਇੰਦਾ । ਕਾਲ ਚਰਨਾ ਹੇਠ ਦੱਬਕੇ ਆਇਆ, ਉਪਰ ਆਪਣਾ ਭਾਰ ਰਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪਣੀ ਉਂਗਲੀ ਲਾ, ਚਰਨ ਦਵਾਰਾ ਇਕ ਦਰਸਾ, ਏਕਾ ਅੱਖਰ ਆਪ ਪੜ੍ਹਾ, ਸ੍ਰਿਸ਼ਟ ਸਬਾਈ ਪੜ੍ਹਾਵਨ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸਤਾਰਾਂ ਹਾੜ ਸਤਾਰਾਂ ਕਰੇ ਕਰਾਏ ਸਚ ਵਿਹਾਰ, ਗੁਰਮੁਖਾਂ ਕਰੇ ਇਕ ਪਿਆਰ, ਏਕਾ ਆਪਣੇ ਅੰਗ ਲਗਾਈਆ । ਗੁਰਸਿਖ ਸੱਜਣ ਜਿਸ ਆਪ ਜਗਾਇਆ, ਜਗਵਾਣਹਾਰ ਸਦਾ ਅਤੀਤ । ਸ੍ਰਿਸ਼ਟ ਸਬਾਈ ਰਿਹਾ ਸੁਆਇਆ, ਹਰਿ ਕਾ ਭੇਵ ਕਿਸੇ ਨਾ ਪਾਇਆ, ਲੱਖ ਚੁਰਾਸੀ ਰਹੀ ਬੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਸਾਚਾ ਵਰ, ਅੰਮ੍ਰਿਤ ਦੇਵੇ ਠੰਡਾ ਸੀਤ । ਧੁਰਦਰਗਾਹੀ ਸਾਚਾ ਮਾਣ, ਹਰਿ ਸੰਗਤ ਮੇਲ ਮਿਲਾਇੰਦਾ । ਕਲਜੁਗ ਅੰਤਮ ਕਰੇ ਪਛਾਨ, ਗੁਰਸਿਖ ਤੇਰੇ ਢੋਲੇ ਗਾਇੰਦਾ । ਆਪੇ ਬੈਠ ਸਚ ਮਕਾਨ, ਦੋ ਜਹਾਨਾਂ ਤੇਰਾ ਰਾਹ ਤਕਾਇੰਦਾ । ਸ਼ਬਦ ਸਰੂਪੀ ਲਏ ਬਿਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਖੇਲ ਦੇਵੇ ਕਰ, ਖੇਲਣਹਾਰਾ ਆਪ ਅਖਵਾਇੰਦਾ । ਸੰਮਤ ਸਤਾਰਾ ਜਾਏ ਲੰਘ, ਸਤਿਗੁਰ ਪੂਰਾ ਦਇਆ ਕਮਾਇੰਦਾ । ਗੁਰਸਿਖ ਤੇਰੀ ਮਾਣੇ ਸੇਜ ਪਲੰਘ, ਆਪਣਾ ਆਸਣ ਆਪ ਵਿਛਾਇੰਦਾ । ਪੰਜਾਂ ਪਿਆਰਿਆ ਚਾੜ੍ਹੇ ਰੰਗ, ਗੁਰ ਗੋਬਿੰਦ ਗੋਦ ਸੁਹਾਇੰਦਾ । ਇਕੀਆਂ ਮੰਗੀ ਏਕਾ ਮੰਗ, ਏਕਾ ਸਿਖੀ ਰੂਪ ਵਟਾਇੰਦਾ । ਏਕਾ ਡੋਰੀ ਹਰਿ ਸੰਗਤ ਪਤੰਗ, ਦੋ ਜਹਾਨਾਂ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਉਤੋਂ ਆਪ ਆਪਣਾ ਕਰ ਕੁਰਬਾਨ, ਦੇਵਣ ਆਇਆ ਦਾਨੀ ਦਾਨ, ਗੁਰ ਆਪਣੀ ਰੱਤ ਗੁਰਸਿਖਾਂ ਬ੍ਰਹਮ ਮਤ ਸਮਝਾਇੰਦਾ ।

### ❊ ੨੩ ਹਾੜ ੨੦੧੭ ਬਿਕ੍ਰਮੀ ਰੇਛਮ ਸਿੰਘ ਦੇ ਘਰ ਪਿੰਡ ਖਹਿਰਾ ਜ਼ਿਲਾ ਜਲੰਧਰ ❊

ਸਤਿ ਪੁਰਖ ਨਿਰੰਜਣ ਨਿਰਗੁਣ ਧਾਰ, ਆਦਿ ਜੁਗਾਦਿ ਰਖਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਜੁਗਾ ਜੁਗੰਤ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦਾ ਭੇਵ ਨਾ ਆਇੰਦਾ । ਏਕੰਕਾਰਾ ਨੂਰ ਉਜਿਆਰ, ਆਦਿ ਨਿਰੰਜਣ ਜੋਤ ਜਗਾਇੰਦਾ ।

ਅਬਿਨਾਸ਼ੀ ਕਰਤਾ ਵਸਣਹਾਰਾ ਸਚਖੰਡ ਦਵਾਰ, ਥਿਰ ਘਰ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਪੁਰਖ ਆਪ ਅਖਵਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਜੂਨੀ ਰਹਿਤ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ ਏਕੰਕਾਰਾ, ਆਦਿ ਜੁਗਾਦਿ ਵਟਾਈਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਨੂਰ ਡਗਮਗਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰੇ ਵਸਣਹਾਰਾ, ਥਿਰ ਘਰ ਬੈਠਾ ਸੇਜ ਹੰਢਾਈਆ । ਮਹੱਲ ਅਟੱਲ ਉਚ ਮੁਨਾਰਾ, ਹਰਿ ਮੰਦਰ ਆਪ ਸੁਹਾਈਆ । ਸ਼ਾਹੋ ਭੂਪ ਸੱਚਾ ਸਿਕਦਾਰਾ, ਰਾਜ ਰਾਜਾਨਾਂ ਹੁਕਮ ਸੁਣਾਈਆ । ਧੁਰ ਫ਼ਰਮਾਣਾ ਇਕ ਜੈਕਾਰਾ, ਸ਼ਬਦ ਅਨਾਦੀ ਨਾਦ ਵਜਾਈਆ । ਦਰ ਦਰਵੇਸ਼ ਬਣ ਭਿਖਾਰਾ, ਨਰ ਨਰੇਸ਼ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਆਪ ਆਪਣਾ ਖੇਲ ਖਿਲਾਈਆ । ਸਚਖੰਡ ਦਵਾਰਾ ਸਚ ਮਹੱਲਾ, ਸਤਿ ਪੁਰਖ ਨਿਰੰਜਣ ਆਪ ਵਸਾਇੰਦਾ । ਸੋ ਪੁਰਖ ਨਿਰੰਜਣ ਇਕ ਇਕੱਲਾ, ਆਦਿਨ ਅੰਤਾ ਆਸਣ ਲਾਇੰਦਾ । ਹਰਿ ਪੁਰਖ ਨਿਰੰਜਣ ਅਛਲ ਅਛੱਲਾ, ਵਲ ਛਲ ਆਪਣਾ ਆਪ ਵਖਾਇੰਦਾ । ਏਕੰਕਾਰਾ ਆਪਣੇ ਦੀਪਕ ਆਪੇ ਬਲਾ, ਆਦਿ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਆਪਣੀ ਜੋਤੀ ਆਪੇ ਰੱਲਾ, ਦੂਸਰ ਸੰਗ ਨਾ ਕੋਇ ਵਖਾਇੰਦਾ । ਅਬਿਨਾਸ਼ੀ ਕਰਤਾ ਕਰੇ ਖੇਲ ਜਲਾਂ ਥਲਾਂ, ਜਲ ਥਲ ਮਹੀਅਲ ਡੇਰਾ ਲਾਇੰਦਾ । ਪਾਰਬ੍ਰਹਮ ਸਚ ਸਿੰਘਾਸਣ ਏਕਾ ਮੱਲਾ, ਸਾਚੀ ਸੇਜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਥਾਹ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਆਦਿ ਜੁਗਾਦੀ ਬੇਪਰਵਾਹ, ਜੁਗ ਜੁਗ ਆਪਣੀ ਰਚਨ ਰਚਾਈਆ । ਨਿਰਗੁਣ ਬਣੇ ਨਿਰਗੁਣ ਮਲਾਹ, ਨਿਰਗੁਣ ਖੇਵਟ ਖੇਟਾ ਬੇੜਾ ਆਪ ਚਲਾਈਆ । ਨਿਰਗੁਣ ਸਿਫ਼ਤੀ ਸਿਫ਼ਤ ਸਾਲਾਹ, ਬੇਐਬ ਪਰਵਰਦਿਗਾਰ ਆਪਣਾ ਨਾਉਂ ਧਰਾਈਆ । ਨਿਰਗੁਣ ਵਸੇ ਸਚਖੰਡ ਦਵਾਰੇ ਸਾਚੇ ਥਾਂ, ਥਿਰ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ, ਅਕਾਲ ਮੂਰਤ ਖੇਲ ਅਪਾਰ, ਅਜੂਨੀ ਰਹਿਤ ਵਡ ਵਡਿਆਈਆ । ਅਜੂਨੀ ਰਹਿਤ ਪੁਰਖ ਅਕਾਲਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਦੀਨ ਦਿਆਲਾ, ਦਇਆਨਿਧ ਆਪਣਾ ਨਾਉਂ ਰਖਾਇੰਦਾ । ਏਕਾ ਵਸੇ ਸਚਖੰਡ ਸੱਚੀ ਧਰਮਸਾਲਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਸਚ ਦਵਾਰਾ, ਨਿਰਮਲ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਕਮਲਾਪਾਤੀ ਹਰਿ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਸਦਾ ਸੁਹੇਲਾ ਸਦ ਮਿਹਰਵਾਨ, ਅਨਭਵ ਪਰਕਾਸ਼ ਸਮਾਈਆ । ਜੁਗਾ ਜੁਗੰਤਰ ਖੇਲ ਮਹਾਨ, ਚਾਰੋਂ ਕੁੰਟ ਜੋਤ ਕਰੇ ਰੁਸ਼ਨਾਈਆ । ਇਕ ਵਖਾਏ ਸਚ ਨਿਸ਼ਾਨ, ਸ਼ਬਦ ਨਿਸ਼ਾਨਾ ਹੱਥ ਉਠਾਈਆ । ਪਾਵੇ ਸਾਰ ਦੋ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਏਕਾ ਨਾਉਂ ਕਰ ਉਜਿਆਰ, ਸ੍ਰਿਸ਼ਟ ਸਬਾਈ ਹਰਿ ਕਰਤਾਰ ਦਏ ਸੁਣਾਈਆ । ਆਪਣੇ ਘਰ ਹੋ ਪਰਧਾਨ, ਆਪਣੀ ਬਾਣੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਚ ਮਹੱਲਾ, ਪੁਰਖ ਅਬਿਨਾਸ਼ੀ ਇਕ ਇਕੱਲਾ,

ਏਕੰਕਾਰਾ ਏਕਾ ਜੋਤ ਰੁਸ਼ਨਾਈਆ । ਇਕ ਅਕੱਲਾ ਕਰ ਪਸਾਰਾ, ਏਕੰਕਾਰਾ ਆਦਿ ਆਦਿ ਆਪਣਾ ਆਪ ਪ੍ਰਭ ਸਾਚਾ ਆਪ ਉਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਚਲਾਇੰਦਾ । ਸਚ ਸਿੰਘਾਸਣ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤੰਤਾ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਰੂਪ ਸ੍ਰੀ ਭਗਵੰਤਾ, ਸਾਰੰਗ ਧਰ ਆਪ ਅਖਵਾਈਆ । ਜੁਗਾ ਜੁਗੰਤਰ ਵੇਸ ਵਟੰਤਾ, ਰੂਪ ਰੇਖ ਨਾ ਕੋਇ ਵਖਾਈਆ । ਸ਼ਬਦ ਅਨਾਦੀ ਨਾਦ ਵਜੰਤਾ, ਸੁਰ ਤਾਲ ਨਾ ਕੋਇ ਜਣਾਈਆ । ਥਿਰ ਘਰ ਸਾਚਾ ਧਾਮ ਸੁਹੰਤਾ, ਸਚਖੰਡ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ ।

ਤਿੰਨਾਂ ਲੇਖਾ ਆਪਣੇ ਹੱਥ ਰਖਾਇਆ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਚਖੰਡ ਨਿਵਾਸੀ ਸਾਚੇ ਤਖ਼ਤ ਆਸਣ ਲਾਇਆ, ਸ਼ਾਹੋ ਭੂਪ ਆਪਣਾ ਹੁਕਮ ਚਲਾਇੰਦਾ । ਪੰਚਮ ਤਾਜ ਸੀਸ ਟਿਕਾਇਆ, ਪੰਚਮ ਮੁਖ ਸਾਲਾਹਿੰਦਾ । ਤਿੰਨਾਂ ਲੋਕਾਂ ਤਿੰਨਾਂ ਏਕਾ ਰੰਗ ਰੰਗਾਇਆ, ਚੌਥਾ ਗੁਣ ਆਪ ਸਮਝਾਇੰਦਾ । ਚਾਰੇ ਮੁਖ ਦਏ ਖੁਲ੍ਹਾਇਆ, ਚਾਰੇ ਵੇਦਾਂ ਆਪ ਪੜ੍ਹਾਇੰਦਾ । ਚਾਰੇ ਜੁਗ ਵੰਡ ਵੰਡਾਇਆ, ਚਾਰੇ ਖਾਣੀ ਆਪ ਉਪਜਾਇੰਦਾ । ਚਾਰੇ ਬਾਣੀ ਧੁਨ ਅਨਾਦਿ ਵਜਾਇਆ, ਸ਼ਬਦ ਅਨਾਦੀ ਇਕ ਰਖਾਇੰਦਾ । ਚਾਰੇ ਵਰਨਾਂ ਵੇਸ ਵਟਾਇਆ, ਚਾਰ ਯਾਰੀ ਮੇਲ ਮਿਲਾਇੰਦਾ । ਚਾਰੋਂ ਕੁੰਟ ਵੇਖ ਵਖਾਇਆ, ਆਪ ਆਪਣਾ ਮੁਖ ਛੁਪਾਇੰਦਾ । ਵਿਸ਼ਨੂੰ ਤੇਰੀ ਸੇਵਾ ਲਾਇਆ, ਸੇਵਕ ਤੇਰਾ ਨਾਉਂ ਧਰਾਇੰਦਾ । ਤੇਰਾ ਰੂਪ ਆਪ ਵਟਾਇਆ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਬ੍ਰਹਮਾ ਵੇਤਾ ਬ੍ਰਹਮ ਧਰਾਇਆ, ਪਾਰਬ੍ਰਹਮ ਬ੍ਰਹਮ ਆਪਣਾ ਅੰਗ ਕਟਾਇੰਦਾ । ਏਕਾ ਅੱਖਰ ਸ਼ਬਦ ਪੜ੍ਹਾਇਆ, ਨਾਮ ਨਾਮਾ ਹੱਟ ਚਲਾਇੰਦਾ । ਸ਼ੰਕਰ ਸੰਸਾ ਦਏ ਚੁਕਾਇਆ, ਨਿਰਗੁਣ ਆਪਣਾ ਰੂਪ ਦਰਸਾਇੰਦਾ । ਜੋ ਘੜਿਆ ਸੋ ਭੰਨ ਵਖਾਇਆ, ਥਿਰ ਕੋਇ ਰਹਿਣ ਨਾ ਪਾਇੰਦਾ । ਆਦਿ ਜੁਗਾਦੀ ਹਰਿ ਰਘੁਰਾਇਆ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇਆ, ਆਪ ਆਪਣਾ ਸੰਗ ਨਿਭਾਇੰਦਾ । ਉਤਭੁਜ ਸੇਤਜ ਜੇਰਜ ਅੰਡ ਪੰਜ ਤਤ ਤੇਰੀ ਝੋਲੀ ਪਾਇਆ, ਤ੍ਰੈਗੁਣ ਸਾਚਾ ਜੋੜ ਜੁੜਾਇੰਦਾ । ਲੱਖ ਚੁਰਾਸੀ ਵੰਡ ਵੰਡਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਨਾਮ ਅਨਮੋਲ, ਹਰਿ ਵਿਸ਼ਨੂੰ ਝੋਲੀ ਪਾਈਆ । ਪੁਰਖ ਅਬਿਨਾਸ਼ੀ ਵਸੇ ਤੇਰੇ ਕੋਲ, ਜੀਆਂ ਦਾਤਾ ਰਿਜ਼ਕ ਸਬਾਈਆ । ਤ੍ਰੈਗੁਣ ਤੇਰਾ ਵਜਾਏ ਢੋਲ, ਰਾਜਸ ਤੇਰਾ ਰੂਪ ਦਰਸਾਈਆ । ਸਾਂਤਕ ਸਤਿ ਸਰੂਪੀ ਜਾਏ ਮੌਲ, ਕਿਰਪਾ ਕਰੇ ਬੇਪਰਵਾਹੀਆ । ਤਮੋ ਤਤ ਜਾਏ ਖੋਲ੍ਹ, ਅਗਨੀ ਤਤ ਇਕ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਣਜ ਇਕ ਵਣਜਾਰਾ, ਏਕਾ ਖੋਲ੍ਹੇ ਹੱਟ ਦਵਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹਿਆ, ਕਰ ਕਿਰਪਾ ਆਪ ਕਰਤਾਰ । ਨਿਰਗੁਣ ਵਿਸ਼ਨੂੰ ਅੰਦਰ ਬੋਲਿਆ, ਏਕਾ ਸ਼ਬਦ ਰਾਗ ਜੈਕਾਰ । ਅਬਿਨਾਸ਼ੀ ਕਰਤਾ ਸੁਣਾਏ ਸਾਚਾ ਢੋਲਿਆ, ਤੇਰਾ ਰੂਪ ਅਗੰਮ ਅਪਾਰ । ਨਿਰਗੁਣ ਸਰਗੁਣ ਬਦਲੇ ਚੋਲਿਆ, ਸੋਹੰ ਸ਼ਬਦ ਭਰੇ ਭੰਡਾਰ । ਤੇਰੀ ਆਤਮ ਅੰਤਰ

ਮੌਲਿਆ, ਅੰਮ੍ਰਿਤ ਖਿੜੀ ਸੱਚੀ ਗੁਲਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਇਕ ਅਪਾਰ । ਵਿਸ਼ਨੂੰ ਵਸਤ ਏਕਾ ਪਾ, ਪੁਰਖ ਅਬਿਨਾਸ਼ੀ ਸੀਸ ਝੁਕਾਇੰਦਾ । ਤੂੰ ਪਾਤਸ਼ਾਹ ਸੱਚਾ ਪਾਤਸ਼ਾਹ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਤੇਰਾ ਦਰ ਤੇਰਾ ਘਰ ਮੈਂ ਮੰਗਦਾ ਰਹਿਵਾਂ, ਸਦਾ ਸਦ ਏਕਾ ਵਰ ਦਰ ਘਰ ਸਾਚਾ ਇਕ ਸੁਹਾਇੰਦਾ । ਤੂੰ ਪਿਤਾ ਤੂੰ ਮੇਰੀ ਮਾਂ, ਬਾਲਕ ਤੇਰਾ ਨਾਉਂ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਚਰਨ ਤੇਰਾ ਕਵਲ ਤੇਰਾ ਰੂਪ ਦਰਸਾਇੰਦਾ । ਪੁਰਖ ਅਬਿਨਾਸ਼ੀ ਵਰ ਘਰ ਦੀਆ, ਵਿਸ਼ਨੂੰ ਦੇਵੇ ਵਡ ਵਡਿਆਈਆ । ਕਰਤਾ ਪੁਰਖ ਕਰ ਨਿਰਮਲ ਜੀਆ, ਜੀਆਂ ਜੋਤ ਕਰ ਰੁਸ਼ਨਾਈਆ । ਚਾਰੇ ਜੁਗ ਸੇਵਾ ਕਰਨੀ ਕਰ ਕਰ ਹੀਆ, ਨੌ ਸੌ ਚੁਰਾਨਵੇ ਚੌਕੜੀ ਜੁਗ ਦਏ ਭਵਾਈਆ । ਤੇਰਾ ਬੀਜ ਆਪੇ ਬੀਆ, ਫੁਲ ਫੁਲਵਾੜੀ ਵੇਖੇ ਸਾਚਾ ਮਾਹੀਆ । ਕਲਜੁਗ ਅੰਤਮ ਤੇਰੀ ਵੰਡ ਵੰਡਾ ਸਾਢੇ ਤਿੰਨ ਹੱਥ ਸੀਆਂ, ਧਰਤ ਧਵਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਨੌ ਸੌ ਚੁਰਾਨਵੇ ਚੌਕੜੀ ਜੁਗ ਸੇਵਕ ਤੇਰੀ ਸੇਵਾ ਧਰ, ਅੰਤ ਧਰਨੀ ਧਰਤ ਧਵਲ ਸੁਹਾਈਆ । ਵਿਸ਼ਨੂੰ ਵਰ ਹਰਿ ਏਕਾ ਪਾਇਆ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਨਿਉਂ ਨਿਉਂ ਸੀਸ ਦਰ ਝੁਕਾਇਆ, ਸੀਸ ਆਪਣਾ ਭਾਰ ਆਪ ਉਠਾਇੰਦਾ । ਹਰਿ ਜਗਦੀਸ ਨਜ਼ਰੀ ਆਇਆ, ਜਾਗਰਤ ਜੋਤ ਇਕ ਜਗਾਇੰਦਾ । ਛਤਰ ਸੀਸ ਇਕ ਝੁਲਾਇਆ, ਪੰਚਮ ਮੁਖ ਤਾਜ ਬਣਾਇੰਦਾ । ਛੇਵੇਂ ਘਰ ਡੇਰਾ ਪਾਰ ਕਰਾਇਆ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸੱਤਵੇਂ ਸੱਤ ਰੰਗ ਨਿਸ਼ਾਨਾ ਇਕ ਚੜ੍ਹਾਇਆ, ਸੁੱਤੇ ਪਰਕਾਸ਼ ਵਖਾਇੰਦਾ । ਸੋ ਪੁਰਖ ਨਿਰੰਜਣ ਹੱਥ ਉਠਾਇਆ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਸਗਨ ਮਨਾਇਆ, ਆਦਿ ਨਿਰੰਜਣ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਵੇਖਣ ਆਇਆ, ਸ੍ਰੀ ਭਗਵਾਨ ਆਪਣੇ ਹੱਥ ਉਠਾਇੰਦਾ । ਪਾਰਬ੍ਰਹਮ ਪ੍ਰਭ ਦਏ ਝੁਲਾਇਆ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਸਾਚੀ ਧਾਰ ਆਪ ਚਲਾਏ ਅਗੰਮ ਅਪਾਰ, ਲੇਖਾ ਲੇਖ ਨਾ ਕੋਇ ਲਿਖਾਇਆ । ਲੇਖਾ ਕਿਸੇ ਨਾ ਲਿਖਿਆ, ਹਰਿ ਸਾਹਿਬ ਸੱਚਾ ਬੇਅੰਤ । ਨੇਤਰ ਨੈਣ ਕਿਸੇ ਨਾ ਦਿਸਿਆ, ਆਦਿ ਜੁਗਾਦੀ ਸਾਚਾ ਕੰਤ । ਬ੍ਰਹਮਾ ਵਿਸ਼ਨ ਵੰਡਾਇਆ ਆਪਣਾ ਹਿਸਿਆ, ਨਾਮ ਮਿਲਿਆ ਮਣੀਆ ਮੰਤ । ਪੁਰਖ ਅਬਿਨਾਸ਼ ਦੇਵੇ ਸਾਚੀ ਸਿਖਿਆ, ਵਡ ਦਾਤਾ ਗੁਣੀ ਵੰਤ । ਧੁਰਦਰਗਾਹੀ ਪਾਏ ਭਿਛਿਆ, ਲੱਖ ਚੁਰਾਸੀ ਉਪੌਣਾ ਜੀਵ ਜੰਤ । ਅੰਮ੍ਰਿਤ ਝਿਰਨਾ ਏਕਾ ਰਿਸਿਆ, ਅੰਮ੍ਰਿਤ ਬਖ਼ਸ਼ੇ ਸਾਚਾ ਕੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਦਰ ਬਣਾਏ ਸਾਚੀ ਬਣਤ । ਪਾਰਬ੍ਰਹਮ ਬ੍ਰਹਮ ਉਪਜਾਇਆ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਆਪਣੀ ਅੰਸ ਆਪ ਉਪਜਾਇਆ, ਰੂਪ ਅਨੂਪ ਸਤਿ ਸਰੂਪ ਸਾਹਿਬ ਸੱਚੀ ਸਰਕਾਰ । ਪਾਤੀ ਪਾਤੀ ਆਪ ਮਹਿਕਾਇਆ, ਕਮਲਾਪਾਤੀ ਮੀਤ ਮੁਰਾਰ । ਸਾਚੇ ਸਾਕੀ ਜਾਮ ਪਿਆਇਆ, ਅੰਮ੍ਰਿਤ ਭਰਿਆ ਸਚ ਭੰਡਾਰ । ਸਾਚੀ ਤਾਕੀ ਖੋਲ੍ਹ ਵਖਾਇਆ, ਆਪਣਾ ਖੋਲ੍ਹਿਆ ਆਪ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬ੍ਰਹਮ ਕਰੇ ਉਜਿਆਰ । ਪਾਰਬ੍ਰਹਮ ਬ੍ਰਹਮ ਉਪਜਾਇਆ, ਨਿਰਗੁਣ ਕਰਿਆ ਖੇਲ ਅਪਾਰਾ । ਆਪਣੀ ਕਲ ਆਪ ਵਰਤਾਇਆ, ਨਿਰਗੁਣ ਵਰਤੇ ਸਚ ਵਰਤਾਰਾ । ਜੋਤੀ ਜੋਤ ਜੋਤ ਜਗਾਇਆ, ਦੀਪਕ ਦੀਆ ਕਰ ਪਿਆਰਾ । ਮਾਤ ਪਿਤ ਨਾ ਕੋਇ

ਬਣਾਇਆ, ਰਕਤ ਬੂੰਦ ਨਾ ਲਾਇਆ ਗਾਰਾ । ਹੱਡ ਮਾਸ ਨਾੜੀ ਨਾ ਜੋੜ ਜੁੜਾਇਆ, ਤ੍ਰੈਗੁਣ ਭਰਿਆ ਨਾ ਕੋਇ ਭੰਡਾਰਾ । ਮਨ ਮਤ ਬੁਧ ਨਾ ਵਿਚ ਟਿਕਾਇਆ, ਆਸਾ ਤ੍ਰਿਸਨਾ ਨਾ ਕੋਇ ਵਿਚਾਰਾ । ਆਪ ਆਪਣਾ ਅੰਗ ਕਟਾਇਆ, ਖੇਲੇ ਖੇਲ ਸੂਰਾ ਸਰਬੰਗ ਨਿਰੰਕਾਰਾ । ਘਰ ਸਾਚਾ ਸ਼ਬਦ ਵਜਾਇਆ, ਨਿਰਗੁਣ ਨਾਦ ਧੁਨ ਜੈਕਾਰਾ । ਏਕਾ ਵਿਦਿਆ ਅੱਖਰ ਪੜ੍ਹਾਇਆ, ਨਿਸ਼ਅੱਖਰ ਨਾ ਪਾਵੇ ਕੋਈ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਇਕ ਹੁਲਾਰਾ । ਬ੍ਰਹਮਾ ਉਤਪਤ ਕਮਲਾਪਾਤ, ਪਤ ਡਾਲ੍ਹੀ ਆਪ ਮਹਿਕਾਈਆ । ਨਾ ਕੋਈ ਵਰਨ ਗੋਤ ਨਾ ਦੀਸੇ ਜ਼ਾਤ, ਬਰਨ ਬਰਨ ਵਿਚ ਨਾ ਕੋਇ ਲਗਾਈਆ । ਨਾ ਕੋਈ ਭੈਣ ਨਾ ਭਰਾਤ, ਸਾਕ ਸੈਣ ਨਾ ਕੋਇ ਅਖਵਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਇਸ਼ਟ ਦੇਵ ਨਾ ਕੋਇ ਵਖਾਈਆ । ਨਾ ਕੋਈ ਤੀਰਥ ਨਾ ਕੋਈ ਘਾਟ, ਅਠਸਠ ਨਾ ਕੋਇ ਨੁਹਾਈਆ । ਨਾ ਕੋਈ ਸੇਜਾ ਨਾ ਕੋਈ ਖਾਟ, ਆਸਣ ਸਿੰਘਾਸਣ ਨਾ ਕੋਇ ਵਛਾਈਆ । ਨਾ ਕੋਈ ਚੌਦਾਂ ਲੋਕ ਦਿਸੇ ਹਾਟ, ਤ੍ਰੈਭਵਣ ਨਾ ਰਚਨ ਰਚਾਈਆ । ਨਾ ਕੋਈ ਲੇਖਾ ਜਾਣੇ ਆਨ ਬਾਟ, ਮਾਤ ਗਰਭ ਨਾ ਅਗਨ ਤਪਾਈਆ । ਨਾ ਕੋਈ ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਸਵਾਂਗ ਨਾ ਕੋਇ ਵਖਾਈਆ । ਨਾ ਕੋਈ ਬਜਰ ਨਾ ਕਪਾਟ, ਤੁਰੀਆ ਨਾਦ ਨਾ ਕੋਇ ਵਜਾਈਆ । ਨਾ ਕੋਈ ਜੋਤ ਨਾ ਲਲਾਟ, ਨੂਰ ਨੂਰ ਨਾ ਕੋਇ ਦਰਸਾਈਆ । ਪੁਰਖ ਅਬਿਨਾਸ਼ੀ ਆਪ ਉਤਾਰਿਆ ਆਪਣੇ ਘਾਟ, ਪਾਰਬ੍ਰਹਮ ਬ੍ਰਹਮ ਬ੍ਰਹਮ ਲਏ ਉਪਜਾਈਆ । ਆਪੇ ਜਾਣੇ ਆਪਣੀ ਵਾਟ, ਦੂਸਰ ਪੰਧ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁੱਤ ਕੀਆ ਉਤਪਤ ਆਪੇ ਦੇਵੇ ਬ੍ਰਹਮ ਮਤ, ਦੂਜਾ ਸੁੱਤ ਨਾ ਕੋਇ ਜਣਾਈਆ । ਬ੍ਰਹਮਾ ਵੇਤਾ ਆਪੇ ਜਾਇਆ, ਆਪ ਆਪਣੀ ਗੋਦੀ ਗੋਦ ਸੁਹਾਈਆ । ਦਾਈ ਦਾਇਆ ਨਾਉਂ ਧਰਾਇਆ, ਸੇਵਕ ਸੇਵਾ ਸੇਵ ਕਮਾਈਆ । ਆਪਣੀ ਗੋਦੀ ਆਪ ਉਠਾਇਆ, ਨਿਰਗੁਣ ਦਿਸ ਕਿਸੇ ਨਾ ਆਈਆ । ਸਾਚੇ ਸਾਕੀ ਸਾਚਾ ਜਾਮ ਪਿਆਇਆ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਅਲੱਖਣਾ ਲਾਖੀ ਅਲੱਖ ਆਪਣਾ ਖੇਲ ਖਿਲਾਇਆ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਨਿਜ ਘਰ ਵਾਸੀ ਡੇਰਾ ਲਾਈਆ । ਪਵਣ ਸਵਾਸ ਨਾ ਕੋਇ ਚਲਾਇਆ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵੇਤਾ ਸੁੱਤ ਦੁਲਾਰਾ, ਆਪ ਉਪਾਏ ਹਰਿ ਨਿਰੰਕਾਰਾ, ਵਿਸ਼ਨੂੰ ਸਾਚਾ ਸੰਗ ਮਿਲਾਈਆ । ਬ੍ਰਹਮਾ ਸੁੱਤ ਕਰ ਪਿਆਰ, ਨਿਰਗੁਣ ਆਪਣੀ ਦਇਆ ਕਮਾਇੰਦਾ । ਸ਼ਬਦ ਅਨਾਦੀ ਦਏ ਧੁਨਕਾਰ, ਸਾਚਾ ਨਾਦ ਵਜਾਇੰਦਾ । ਸੁਣੇ ਸੁਣਾਏ ਸੁਣਨੇਹਾਰ, ਘਰ ਮੰਦਰ ਸੋਭਾ ਪਾਇੰਦਾ । ਹਰਿ ਮੰਦਰ ਸਾਚੇ ਮੀਤ ਮੁਰਾਰ, ਆਪਣਾ ਰੂਪ ਦਰਸਾਇੰਦਾ । ਠਾਂਡਾ ਸੀਤਾ ਧੁਰ ਦਰਬਾਰ, ਦਰ ਸਾਚਾ ਘਰ ਆਪ ਵਡਿਆਇੰਦਾ । ਅਨਡੀਠਾ ਵਖਾਏ ਧਾਮ ਨਿਆਰ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਬ੍ਰਹਮੇ ਸੁਣਨਾ ਕਰ ਧਿਆਨ, ਹਰਿ ਸਾਚਾ ਸ਼ਬਦ ਸੁਣਾਇੰਦਾ । ਤੇਰਾ ਨਾਉਂ ਹੋਇਆ ਪਰਧਾਨ, ਪਾਰਬ੍ਰਹਮ ਤੇਰਾ ਰੰਗ ਆਪ ਰੰਗਾਇੰਦਾ । ਤੇਰੇ ਹੱਥ ਰਖਾਏ ਨਿਸ਼ਾਨ, ਸਚ ਨਿਸ਼ਾਨ ਆਪ ਝੁਲਾਇੰਦਾ । ਤੇਰੀ ਝੋਲੀ ਪਾਏ ਇਕ ਗਿਆਨ, ਆਪਣੀ ਭਿਛਿਆ ਵੰਡ ਵੰਡਾਇੰਦਾ । ਆਦਿ ਜੁਗਾਦਿ

੭੯੭

ਰਹੇ ਨਿਗਹਵਾਨ, ਜੁਗ ਜੁਗ ਵੇਖ ਵਖਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਰੱਖੇ ਆਪਣੀ ਆਣ, ਹੁਕਮੀ ਹੁਕਮ ਆਪ ਫਿਰਾਇੰਦਾ । ਸਿਰ ਸਿਰ ਮੰਨਣਾ ਪਏ ਭਾਣ, ਹਰਿ ਭਾਣਾ ਵਡ ਧਰਾਇੰਦਾ । ਦੋ ਜਹਾਨਾਂ ਏਕਾ ਆਣ, ਏਕਾ ਆਪਣੀ ਕਲ ਵਰਤਾਇੰਦਾ । ਤੇਰੀ ਵਸਤ ਚਾਰ ਖਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਵੰਡਣ ਆਪ ਵੰਡਾਇੰਦਾ । ਸਾਚੀ ਵੰਡਣ ਵੰਡਣਹਾਰਾ, ਪੁਰਖ ਅਕਾਲ ਅਖਵਾਇੰਦਾ । ਬ੍ਰਹਮੇ ਦੇਵੇ ਨਾਮ ਭੰਡਾਰਾ, ਆਤਮ ਅੰਤਰ ਆਪ ਟਿਕਾਇੰਦਾ । ਘਰ ਮੰਦਰ ਦੀਆ ਕਰ ਉਜਿਆਰ, ਨਿਰਗੁਣ ਜੋਤ ਜੋਤ ਜਗਾਇੰਦਾ । ਸ਼ਬਦ ਅਨਾਦਿ ਨਾਦ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਚਾਰ ਕੁੰਟ ਹੋ ਉਜਿਅਰਾ, ਦਹਿ ਦਿਸ਼ਾ ਡਗਮਗਾਇੰਦਾ । ਚਾਰ ਵੇਦਾਂ ਬਣ ਲਿਖਾਰਾ, ਚਾਰ ਯੁਗਾਂ ਝੋਲੀ ਪਾਇੰਦਾ । ਚਾਰ ਵਰਨ ਕਰ ਵਣਜਾਰਾ, ਅਠਾਰਾਂ ਬਰਨ ਵੇਖ ਵਖਾਇੰਦਾ । ਚਾਰੇ ਬਾਣੀ ਬੋਲ ਜੈਕਾਰਾ, ਚੌਥਾ ਪਦ ਆਪ ਸੁਹਾਇੰਦਾ । ਲੇਖਾ ਚੁੱਕੇ ਚਾਰ ਯਾਰਾ, ਪੰਚਮ ਜੋਤੀ ਜੋਤ ਡਗਮਗਾਇੰਦਾ । ਲੇਖਾ ਜਾਣੇ ਏਕੰਕਾਰਾ, ਆਪ ਆਪਣੀ ਕਲ ਵਰਤਾਇੰਦਾ । ਨੌ ਨੌ ਚਾਰ ਹੋਏ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਮਨਵੰਤਰ ਇਕੱਤਰ ਨਾ ਕੋਇ ਸਹਾਰਾ, ਜੁਗ ਚੌਕੜੀ ਨਾ ਕੋਇ ਵਖਾਇੰਦਾ । ਤੇਰਾ ਵੇਦ ਨਾ ਪਾਏ ਸਾਰਾ, ਆਪ ਆਪਣਾ ਆਪ ਛੁਪਾਇੰਦਾ । ਆਪੇ ਜਾਣੇ ਆਪਣੀ ਅੰਤਮ ਵਾਰਾ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਤੇਰਾ ਕਰੇ ਪਾਰ ਕਿਨਾਰਾ, ਤੇਰਾ ਲੇਖਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਏਕਾ ਤਤ ਸਮਝਾਇੰਦਾ । ਬ੍ਰਹਮੇ ਅੰਤ ਹਰਿ ਬੂਝਿਆ, ਪ੍ਰਭ ਸਾਚੇ ਦਇਆ ਕਮਾਈਆ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾਇਆ ੭੯੮
੭੯੮ ਗੁਝਿਆ, ਭੇਵ ਰਹੇ ਨਾ ਰਾਈਆ । ਲੇਖਾ ਚੁਕੇ ਏਕਾ ਦੂਜਿਆ, ਤੀਜੇ ਨੈਣ ਹੋਏ ਰੁਸ਼ਨਾਈਆ । ਚੌਥੇ ਪਦ ਹਰਿ ਦਰਸ ਕਰ ਕਰ ਲੂਝਿਆ, ਪੰਚਮ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਦਰ ਦਏ ਸੁਹਾਈਆ । ਮੰਦਰ ਸੁਹਾਇਆ ਹਰਿ ਭਗਵਾਨ, ਨਿਰਗੁਣ ਜੋਤ ਕਰ ਰੁਸ਼ਨਾਈਆ । ਬ੍ਰਹਮੇ ਦੀਆ ਏਕਾ ਦਾਨ, ਜੀਆ ਦਾਤਾ ਆਪ ਅਖਵਾਈਆ । ਤ੍ਰੈਗੁਣ ਮਾਇਆ ਸਤਿ ਨਿਸ਼ਾਨ, ਸਤਿ ਸਤਿਵਾਦੀ ਝੋਲੀ ਪਾਈਆ । ਪੰਜ ਤਤ ਕਰ ਪਰਧਾਨ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮੇਲ ਮਿਲਾਈਆ । ਲੱਖ ਚੁਰਾਸੀ ਤੇਰੀ ਸੰਤਾਨ, ਤੇਰੀ ਅੰਸ ਆਪ ਵਖਾਈਆ । ਮਨ ਮਤ ਬੁਧ ਇਕ ਨਿਸ਼ਾਨ, ਨਿਰਗੁਣ ਆਪਣੀ ਵੰਡ ਵੰਡਾਈਆ । ਬ੍ਰਹਮ ਮਤ ਹੋਏ ਪਰਧਾਨ, ਈਸ਼ ਜੀਵ ਕਰੇ ਕੁੜਮਾਈਆ । ਨੌ ਦਵਾਰੇ ਜਗਤ ਦੁਕਾਨ, ਆਸਾ ਤ੍ਰਿਸਨਾ ਵਿਚ ਟਿਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਸ਼ੈਤਾਨ, ਪੰਚਮ ਮੇਲਾ ਲਏ ਮਿਲਾਈਆ । ਪੰਚਮ ਸ਼ਬਦ ਨਾਦ ਧੁਨਕਾਨ, ਘਰ ਘਰ ਵਿਚ ਦਏ ਵਜਾਈਆ । ਅਨਹਦ ਨਾਦ ਸੱਚੀ ਧੁਨਕਾਨ, ਹਰਿ ਮੰਦਰ ਦਏ ਸੁਣਾਈਆ । ਸੁਖਮਨ ਟੇਢੀ ਬੰਕ ਨਿਸ਼ਾਨ, ਈੜਾ ਪਿੰਗਲ ਸੰਗ ਨਿਭਾਈਆ । ਸਰ ਸਰੋਵਰ ਇਕ ਮਹਾਨ, ਅੰਮ੍ਰਿਤ ਆਤਮ ਜਲ ਭਰਾਈਆ । ਬਜਰ ਕਪਾਟੀ ਘਟ ਦੁਕਾਨ, ਆਪਣੀ ਹੱਥੀਂ ਬੰਦ ਕਰਾਈਆ । ਸ਼ਬਦ ਵਖਾਏ ਸਚ ਨਿਸ਼ਾਨ, ਘਰ ਸਾਚੇ ਆਪ ਝੁਲਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਕਾਇਆ ਬੰਕ ਗੜ੍ਹ ਆਪ ਸੁਹਾਈਆ । ਨਿਰਗੁਣ ਜੋਤ ਜਗੇ ਮਹਾਨ, ਜੋਤ ਨਿਰੰਜਣ ਡਗਮਗਾਈਆ । ਆਤਮ ਸੇਜਾ ਹੋਏ ਪਰਧਾਨ, ਦਸਮ ਦਵਾਰੀ ਦਰ ਖੁਲ੍ਹਾਈਆ । ਸੁਰਤ ਸਖੀ ਮਿਲੇ ਸਾਚਾ ਕਾਹਨ, ਘਰ ਵੱਜਦੀ ਰਹੇ ਵਧਾਈਆ । ਪੀਆ ਪ੍ਰੀਤਮ ਏਕਾ ਜਾਣ, ਪ੍ਰੇਮ ਪਿਆਲਾ ਦਏ

ਪਿਆਈਆ । ਆਤਮ ਅੰਤਰ ਇਕ ਗਿਆਨ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਬੋਧ ਅਗਾਧਾ ਹਰਿ ਭਗਵਾਨ, ਸ਼ਬਦ ਅਨਾਦਾ ਨਾਦ ਵਜਾਈਆ । ਬ੍ਰਹਮੇ ਪੰਜ ਤਤ ਮਾਣਸ ਮਾਨੁਖ ਰੱਖੇ ਤੇਰਾ ਜਗਤ ਨਿਸ਼ਾਨ, ਹਰਿ ਦਾਤਾ ਬੇਪਰਵਾਹੀਆ । ਨਿਰਗੁਣ ਸਰਗੁਣ ਖੇਲ ਕਰੇ ਮਹਾਨ, ਆਪਣਾ ਰੂਪ ਆਪ ਵਟਾਈਆ । ਲੱਖ ਚੁਰਾਸੀ ਕਰੇ ਪੁਣ ਛਾਣ, ਆਪਣੀ ਵੰਡਣ ਵੰਡ ਵੰਡਾਈਆ । ਆਪੇ ਜੋਤੀ ਦੀਪ ਜਗੇ ਮਹਾਨ, ਆਪ ਆਪਣੀ ਕਲ ਧਰਾਈਆ । ਆਪੇ ਸ਼ਕਤੀ ਰੂਪ ਹੋਵੇ ਨੌਜਵਾਨ, ਆਦਿ ਸ਼ਕਤ ਆਪਣਾ ਜੋਬਨ ਆਪ ਹੰਢਾਈਆ । ਆਪੇ ਗੁਰ ਪੀਰ ਦੇਵੇ ਦਾਨ, ਸਾਚੀ ਵਸਤ ਝੋਲੀ ਪਾਈਆ । ਆਪੇ ਪਰਗਟ ਹੋਵੇ ਵਾਲੀ ਦੋ ਜਹਾਨ, ਚਤੁਰਭੁਜ ਆਪਣਾ ਰੂਪ ਆਪ ਵਟਾਈਆ । ਆਪੇ ਗਾਏ ਸਾਚਾ ਗਾਣ, ਧੁਰ ਫ਼ਰਮਾਣਾ ਆਪ ਸੁਣਾਈਆ । ਆਪੇ ਪਵਣ ਪਾਣੀ ਮਸਾਣ, ਸਵਾਸ ਸਵਾਸ ਆਪ ਚਲਾਈਆ । ਆਪੇ ਖਾਣੀ ਬਾਣੀ ਪਾਏ ਆਣ, ਉਤਭੁਜ ਸੇਤਜ ਜੇਰਜ ਅੰਡ ਪਰਾ ਪਸਤੀ ਮਧਮ ਬੈਖਰੀ ਆਪਣੀ ਧਾਰ ਬੰਧਾਈਆ । ਆਪੇ ਚਾਰ ਜੁਗ ਵੰਡਣ ਵੰਡੇ ਵੰਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਅੰਗ ਲਗਾਈਆ । ਆਪੇ ਪਾਏ ਸਾਰ ਹਰਿ ਹਰਿ ਬ੍ਰਹਿਮੰਡ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਈਆ । ਆਪੇ ਰਵ ਸਸ ਸੂਰਜ ਚੰਨ ਤਾਰਾ ਮੰਡਲ ਦੇਵੇ ਡੰਨ, ਜੋ ਘੜਿਆ ਸੋ ਭੰਨ ਵਖਾਈਆ । ਆਪੇ ਹੋਏ ਨਾਰ ਦੁਹਾਗਣ ਰੰਡ, ਆਪੇ ਸਾਚਾ ਕੰਤ ਹੰਢਾਈਆ । ਆਪੇ ਵੇਸ ਵਟਾਏ ਭੇਖ ਪਖੰਡ, ਆਪੇ ਸਚ ਸੁੱਚ ਦਏ ਦ੍ਰਿੜਾਈਆ । ਆਪੇ ਹੋਏ ਪਰਮਾਨੰਦ, ਨਿਜਾਨੰਦ ਆਪਣਾ ਡੇਰਾ ਲਾਈਆ । ਆਪੇ ਦੂਈ ਦਵੈਤੀ ਢਾਏ ਆਪਣੀ ਕੰਧ, ਆਪੇ ਹਉਮੇ ਗੜ੍ਹ ਵਸਾਈਆ । ਆਪੇ ਸੋਵੇ ਦੇ ਕਰ ਕੰਡ, ਆਪਣੀ ਕਰਵਟ ਨਾ ਦਏ ਬਦਲਾਈਆ । ਆਪੇ ਆਪਣਾ ਆਪ ਲਾਏ ਆਪਣੇ ਅੰਗ, ਬ੍ਰਹਮ ਪਾਰਬ੍ਰਹਮ ਮੇਲ ਮਿਲਾਈਆ । ਆਪੇ ਸੁਣਾਏ ਸੁਹਾਗੀ ਛੰਦ, ਜੁਗ ਜੁਗ ਢੋਲਾ ਆਪਣਾ ਆਪੇ ਗਾਈਆ । ਆਪੇ ਬ੍ਰਹਮਾ ਤੇਰਾ ਮੁਕਾਏ ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ, ਗੇੜਾ ਆਪਣੇ ਹੱਥ ਰਖਾਈਆ । ਆਪੇ ਵਸਣਹਾਰਾ ਸੱਚੇ ਸਚਖੰਡ, ਆਪੇ ਧਰਤ ਧਵਲ ਨਿਰਗੁਣ ਸਰਗੁਣ ਰੂਪ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਸਾਚੀ ਸਿਖਿਆ ਦਏ ਸਮਝਾਈਆ । ਬ੍ਰਹਮੇ ਸੁਣਿਆ ਹਰਿ ਸੰਦੇਸ਼, ਦੋਏ ਜੋੜ ਕਰੇ ਨਿਮਸਕਾਰਾ । ਤੂੰ ਸਾਹਿਬ ਸੱਚਾ ਨਰੇਸ਼, ਬੇਐਬ ਪਰਵਰਦਿਗਾਰਾ । ਹਉਂ ਠਾਕਰ ਕਰਾਂ ਆਦੇਸ਼, ਮੰਗਾਂ ਮੰਗ ਬਣ ਭਿਖਾਰਾ । ਆਦਿ ਜੁਗਾਦੀ ਤੇਰਾ ਵੇਸ, ਜੁਗਾ ਜੁਗੰਤਰ ਗੁਰ ਪੀਰ ਅਵਤਾਰਾ । ਮੇਰੀ ਕੋਈ ਨਾ ਚਲੇ ਤੇਰੇ ਅੱਗੇ ਪੇਸ਼, ਹਉਂ ਸੇਵਕ ਸੇਵਾਦਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਿਲੇ ਸਾਚਾ ਹਰਿ, ਛੁੱਟ ਜਾਏ ਨਾ ਤੇਰਾ ਦਵਾਰਾ । ਪੁਰਖ ਅਬਿਨਾਸ਼ੀ ਹੁਕਮ ਜਣਾਇਆ, ਬ੍ਰਹਮਾ ਸੁਣ ਲਏ ਅੰਗੜਾਈਆ । ਚਾਰੇ ਵੇਦ ਤੇਰੀ ਧਾਰ ਬੰਧਾਇਆ, ਚਾਰ ਜੁਗ ਕਰੇ ਕੁੜਮਾਈਆ । ਲੱਖ ਚੁਰਾਸੀ ਤੇਰੀ ਝੋਲੀ ਪਾਇਆ, ਘੜ ਭਾਂਡੇ ਆਪ ਵਖਾਈਆ । ਅੰਤਮ ਵੇਲਾ ਆਪਣੇ ਹੱਥ ਰਖਾਇਆ, ਕੋਈ ਲਿਖ ਨਾ ਸਕੇ ਰਾਈਆ । ਚੌਕੜੀ ਜੁਗ ਗੇੜਾ ਰਿਹਾ ਦਵਾਇਆ, ਤਰਤਾਲੀ ਲੱਖ ਬੀਸ ਹਜ਼ਾਰ ਏਕਾ ਰੰਗ ਵਖਾਈਆ । ਸਾਚੀ ਵੰਡਨ ਆਪ ਵੰਡਾਇਆ, ਆਪੇ ਵੇਖਣਹਾਰ ਹੋਏ ਬੇਪਰਵਾਹੀਆ । ਲੋਆਂ ਪੁਰੀਆਂ ਧਰਤ ਧਵਲ ਜੇਰਜ ਅੰਡ ਆਪਣਾ ਖੇੜਾ ਲਵਾਂ ਵਸਾਇਆ, ਵਸਦਾ ਖੇੜਾ ਲਵਾਂ ਉਜੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਵਰ ਦਾਤਾ ਆਪ ਅਖਵਾਈਆ । ਬ੍ਰਹਮੇ ਮੰਨਿਆ ਹਰਿ ਕਾ ਭਾਣਾ, ਨੇਤਰ ਨੀਰ ਵਹਾਇਆ । ਪੁਰਖ ਅਬਿਨਾਸ਼ੀ ਸਾਚਾ ਰਾਣਾ,

ਸਾਚੇ ਤਖ਼ਤ ਸੁਹਾਇਆ । ਸਚਖੰਡ ਨਿਵਾਸੀ ਬੇਮੁਹਾਨਾ, ਹਰਿ ਕਿਸੇ ਨਾ ਪਾਇਆ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਦਿਸ ਨਾ ਆਇਆ । ਜੋ ਘੜਿਆ ਸੋ ਭੰਨ ਵਖਾਣਾ, ਥਿਰ ਕੋਇ ਰਹਿਣ ਨਾ ਪਾਇਆ । ਆਪੇ ਜਾਣੇ ਆਪਣਾ ਭਾਣਾ, ਹਰਿ ਭਾਣੇ ਸਦ ਸਮਾਇਆ । ਮੇਰਾ ਖੇਲ ਆਵਣ ਜਾਣਾ, ਜਾਵਣ ਆਣ ਰਚਨ ਰਚਾਇਆ । ਲੱਖ ਚੁਰਾਸੀ ਪੇਟਾ ਤਾਣਾ, ਤਾਣਾ ਪੇਟਾ ਆਪੇ ਪਾਇਆ । ਘਟ ਘਟ ਅੰਦਰ ਗਾਏ ਗਾਣਾ, ਸ਼ਬਦ ਅਨਾਦੀ ਨਾਦ ਸੁਣਾਇਆ । ਲੱਖ ਚੁਰਾਸੀ ਦੇਵੇ ਪੀਣਾ ਖਾਣਾ, ਸ੍ਰਿਸ਼ਟ ਸਬਾਈ ਰਿਜ਼ਕ ਸਬਾਇਆ । ਦਰ ਦਵਾਰੇ ਬਖ਼ਸ਼ੇ ਮਾਣਾ, ਸਚ ਸਰਨਾਈ ਇਕ ਵਖਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਚੌਥੇ ਆਏ ਹਾਣਾ, ਵੇਲਾ ਅੰਤ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣਾ ਵੇਸ, ਕਰੇ ਕਰਾਏ ਨਰ ਨਰੇਸ਼, ਨਰ ਹਰਿ ਆਪਣਾ ਖੇਲ ਖਿਲਾਇਆ । ਨਰ ਹਰਿ ਖੇਲ ਖਲੰਦੜਾ, ਜੋਧਾ ਸੂਰਬੀਰ ਬਲਵਾਨ । ਸਚਖੰਡ ਦਵਾਰਾ ਆਪ ਵਸੰਦੜਾ, ਸੱਤ ਰੰਗ ਝੁਲਾਏ ਇਕ ਨਿਸ਼ਾਨ । ਤਖ਼ਤ ਤਾਜ ਇਕ ਵਖੰਦੜਾ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਏਕਾ ਹੁਕਮ ਆਪ ਸੁਣੰਦੜਾ, ਜੁਗਾ ਜੁਗੰਤਰ ਧੁਰ ਫ਼ਰਮਾਨ । ਬ੍ਰਹਮਾ ਏਕਾ ਮਾਰਗ ਆਪ ਚਲੰਦੜਾ, ਚਾਰ ਜੁਗ ਕਰ ਪਰਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਾਏ ਸਾਚੀ ਆਣ । ਸਾਚੀ ਆਣ ਸ਼ਬਦ ਜਣਾਇਆ, ਬ੍ਰਹਮੇ ਭੁੱਲ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਈਆ । ਤ੍ਰੈ ਤ੍ਰੈ ਚੇਲੇ ਰੂਪ ਵਟਾਇਆ, ਏਕਾ ਮਾਤ ਗੋਦ ਬਹਾਈਆ । ਸਿਰ ਸਮਰਥ ਹੱਥ ਟਿਕਾਇਆ, ਅਨਾਥ ਅਨਾਥਾਂ ਆਪ ਹੋ ਜਾਈਆ । ਏਕਾ ਮੰਤਰ ਗਾਥ ਪੜ੍ਹਾਇਆ, ਇਸ਼ਟ ਦੇਵ ਇਕ ਜਣਾਈਆ । ਏਕਾ ਦ੍ਰਿਸ਼ਟ ਦਏ ਖੁਲ੍ਹਾਇਆ, ਸ੍ਰਿਸ਼ਟ ਸਬਾਈ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਏਕਾ ਵਰ, ਅੰਤਮ ਲੇਖਾ ਦਏ ਚੁਕਾਈਆ । ਅੰਤਮ ਲੇਖਾ ਹਰਿ ਚੁਕਾਵਣਾ, ਪਾਰਬ੍ਰਹਮ ਬ੍ਰਹਮ ਸਮਝਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਵਣਾ, ਹੁਕਮੀ ਹੁਕਮ ਆਪ ਫਿਰਾਇੰਦਾ । ਲੱਖ ਚੁਰਾਸੀ ਭਾਂਡਾ ਭੰਨ ਵਖਾਵਣਾ, ਘੜਿਆ ਕੋਇ ਰਹਿਣ ਨਾ ਪਾਇੰਦਾ । ਬ੍ਰਹਮ ਤੇਰਾ ਪੰਧ ਮੁਕਾਵਣਾ, ਜੋਤੀ ਜੋਤ ਮੇਲ ਮਿਲਾਇੰਦਾ । ਰਵ ਸਸ ਮੁਖ ਸ਼ਰਮਾਵਣਾ, ਜਗਤ ਅੰਧੇਰਾ ਪੜਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਧੁਰ ਦਰਬਾਰ, ਵਿਸ਼ਨ ਬ੍ਰਹਮੇ ਆਪ ਸਮਝਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਿਰਪਨ ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਖੇਲ ਅਪਾਰ, ਸਰਗੁਣ ਨਿਰਗੁਣ ਵੇਖ ਵਖਾਈਆ । ਦੋਹਾਂ ਵਿਚੋਲਾ ਆਪ ਕਰਤਾਰ, ਸ਼ਬਦ ਮੇਲਾ ਸਹਿਜ ਸੁਭਾਈਆ । ਗਾਵੇ ਢੋਲਾ ਵਿਚ ਸੰਸਾਰ, ਏਕਾ ਅੱਖਰ ਕਰੇ ਪੜ੍ਹਾਈਆ । ਬਦਲੇ ਚੋਲਾ ਅਗੰਮ ਅਪਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਕਲਾ ਸੋਲਾਂ ਨਾ ਕੋਇ ਅਵਤਾਰ, ਚੌਦਾਂ ਲੋਕ ਨਾ ਹੁਕਮ ਚਲਾਈਆ । ਅਕਲ ਕਲਾ ਕਲ ਆਪੇ ਧਾਰ, ਆਪ ਆਪਣਾ ਖੇਲ ਵਰਤਾਈਆ । ਕੂੜੀ ਕਿਰਿਆ ਪਾਵੇ ਸਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਆਪਣਾ ਲੇਖਾ ਆਪਣੇ ਹੱਥ ਰਖੌਣਾ, ਹਰਿ ਸਾਚਾ ਲੇਖ ਲਿਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰੌਣਾ, ਕਲਜੁਗ ਅੰਤਮ ਵੇਖ ਵਖਾਇੰਦਾ । ਰਾਮਾ ਕ੍ਰਿਸ਼ਨਾ ਵੇਸ ਵਟੌਣਾ, ਰਾਵਣ ਲੰਕਾ ਗੜ੍ਹ ਤੁੜਾਇੰਦਾ । ਗ਼ਰੀਬ ਨਿਮਾਣਿਆਂ ਗਲੇ

੮੦੦ ੦੯

ਲਗੌਣਾ, ਬਿਦਰ ਸੁਦਾਮਾ ਆਪ ਤਰਾਇੰਦਾ । ਈਸਾ ਮੂਸਾ ਸੰਗ ਨਿਭੌਣਾ, ਕਾਲਾ ਸੂਸਾ ਤਨ ਛੁਹਾਇੰਦਾ । ਕਲਮਾ ਅਮਾਮ ਆਪ ਪੜ੍ਹੌਣਾ, ਕਾਇਨਾਤ ਆਪ ਜਗਾਇੰਦਾ । ਸ਼ਰਅ ਸ਼ਰੀਅਤ ਇਕ ਵਖੌਣਾ, ਲਾਸ਼ਰੀਕ ਖੇਲ ਖਿਲਾਇੰਦਾ । ਬੇਐਬ ਪਰਵਰਦਿਗਾਰ ਰੂਪ ਵਟੌਣਾ, ਨੂਰੋ ਨੂਰ ਡਗਮਗਾਇੰਦਾ । ਉਚੀ ਕੂਕ ਨਾਅਰਾ ਇਕ ਸੁਣੌਣਾ, ਹੱਕ ਬਹੱਕ ਵੇਖ ਵਖਾਇੰਦਾ । ਐਨਲਹਕ ਮੇਲ ਮਿਲੌਣਾ, ਹੱਕ ਹਕੀਕਤ ਜੋੜ ਜੁੜਾਇੰਦਾ । ਜਗ ਤਾਰੀਕੀ ਇਕ ਗਵੌਣਾ, ਏਕਾ ਨੂਰ ਡਗਮਗਾਇੰਦਾ । ਤੁਲਬਾ ਤਾਲਬ ਇਕ ਅਖਵੌਣਾ, ਏਕਾ ਸਬਕ ਸੁਖ਼ਨ ਜਣਾਇੰਦਾ । ਰਹਿਮਤ ਰਹਿਮਾਨ ਨਾਉਂ ਧਰੌਣਾ, ਅਜ਼ਮਤ ਆਪਣੇ ਹੱਥ ਰਖਾਇੰਦਾ । ਸੰਗ ਮੁਹੰਮਦ ਮੇਲ ਮਿਲੌਣਾ, ਚਾਰ ਯਾਰੀ ਜੋੜ ਜੁੜਾਇੰਦਾ । ਮੱਕਾ ਕਾਅਬਾ ਫੇਰਾ ਪੌਣਾ, ਦੋ ਦੋ ਆਬਾ ਵੇਖ ਵਖਾਇੰਦਾ । ਸ਼ਾਹ ਨਵਾਬਾ ਨਾਉਂ ਧਰੌਣਾ, ਸ਼ਾਹ ਸਵਾਰ ਅਸਵ ਘੋੜਾ ਆਪ ਦੌੜਾਇੰਦਾ । ਆਬ ਹਯਾਤਾ ਜਾਮ ਪਿਔਣਾ, ਬੇਆਬ ਨਾ ਕੋਇ ਤੜਫਾਇੰਦਾ । ਸਾਬਤ ਈਮਾਨ ਇਕ ਰਖੌਣਾ, ਅੰਜੀਲ ਕੁਰਾਨ ਆਪੇ ਗਾਇੰਦਾ । ਤੀਸ ਬਤੀਸ ਆਪ ਸੁਣੌਣਾ, ਬੀਸ ਬੀਸਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਚਾ ਵੇਖ ਵਖਾਇੰਦਾ । ਕਲਜੁਗ ਸਾਚਾ ਵੇਖਣਹਾਰਾ, ਏਕਾ ਏਕੰਕਾਰ । ਕਰੇ ਖੇਲ ਅਗੰਮ ਅਪਾਰਾ, ਲੋਕਮਾਤ ਲੈ ਅਵਤਾਰ । ਨਾਨਕ ਨਿਰਗੁਣ ਦੀਪਕ ਜੋਤ ਕਰ ਉਜਿਆਰਾ, ਲੱਖ ਚੁਰਾਸੀ ਪਾਵੇ ਸਾਰ । ਸਚਖੰਡ ਦਵਾਰੇ ਪਾਰ ਕਿਨਾਰਾ, ਦੋ ਜਹਾਨਾਂ ਇਕ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਭਰੇ ਭੰਡਾਰ । ਸਾਚੀ ਵਸਤ ਨਾਮ ਭੰਡਾਰ, ਹਰਿ ਸਾਚੇ ਹੱਥ ਰਖਾਈਆ । ਨਾਨਕ ਨਿਰਗੁਣ ਕਰਿਆ ਇਕ ਪਿਆਰ, ਵਸਤ ਅਮੋਲਕ ਝੋਲੀ ਪਾਈਆ । ਨਾਮ ਸਤਿ ਵਣਜ ਵਪਾਰ, ਨਿਰਗੁਣ ਸਰਗੁਣ ਦਏ ਕਰਾਈਆ । ਚਾਰ ਵਰਨਾਂ ਦਏ ਆਧਾਰ, ਊਚਾਂ ਨੀਚਾਂ ਮੇਲ ਮਿਲਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਖ਼ਾਲਕ ਖ਼ਲਕ ਰੂਪ ਵਟਾਈਆ । ਮਿਲਿਆ ਮੇਲ ਮੀਤ ਮੁਰਾਰ, ਇਕ ਤੌਫ਼ੀਕ ਸ਼ਹਿਨਸ਼ਾਹੀਆ । ਸਚ ਰਫ਼ੀਕ ਹਰਿ ਨਿਰੰਕਾਰ, ਬੇਐਬ ਇਕ ਅਖਵਾਈਆ । ਮਹਿਬੂਬ ਮਿਲਿਆ ਕਰ ਪਿਆਰ, ਮੈਖ਼ਾਨਾ ਇਕ ਪਰਗਟਾਈਆ । ਕਾਇਆ ਕਾਅਬਾ ਕਰ ਤਿਆਰ, ਸਚ ਮਹਿਰਾਬੇ ਬੈਠਾ ਆਸਣ ਲਾਈਆ । ਉਚੀ ਕੂਕ ਕਰੇ ਪੁਕਾਰ, ਮੁਕਾਮੇ ਹੱਕ ਇਕ ਖ਼ੁਦਾਈਆ । ਨੂਰੋ ਨੂਰ ਜਲਵਾ ਸੱਚੀ ਸਰਕਾਰ, ਸਾਖਿਆਤ ਰੂਪ ਵਟਾਈਆ । ਹਿੰਦੂ ਮੁਸਲਮ ਕਰੇ ਪਿਆਰ, ਨਾਨਕ ਨਿਰਗੁਣ ਏਕਾ ਤਤ ਸਮਝਾਈਆ । ਵਰਨ ਗੋਤ ਤੋਂ ਵਸਿਆ ਬਾਹਰ, ਕਲਮਾ ਕਲਮੀ ਸਿਫ਼ਤ ਸਾਲਾਹੀਆ । ਖਾਣੀ ਬਾਣੀ ਕਰੇ ਪੁਕਾਰ, ਹਰਿ ਹਰਿ ਸਾਚੀ ਮਹਿਮਾ ਰਹੀ ਗਾਈਆ । ਅੱਖਰ ਲਿਖਣ ਪੜ੍ਹਨ ਵਿਚ ਨਾ ਕਰੇ ਕੋਇ ਵਿਚਾਰ, ਹਰਿ ਕਾ ਨਾਉਂ ਦਿਸ ਨਾ ਆਈਆ । ਚਾਰੇ ਵੇਦ ਲਿਖ ਲਿਖ ਗਏ ਹਾਰ, ਪੁਰਾਨ ਅਠਾਰਾਂ ਦੇਣ ਗਵਾਹੀਆ । ਵੇਦ ਵਿਆਸਾ ਕਰੇ ਪੁਕਾਰ, ਚਾਰ ਲੱਖ ਸਤਾਰਾਂ ਹਜ਼ਾਰ, ਸਲੋਕ ਗਿਆ ਗਣਾਈਆ । ਸ਼ਾਸਤਰ ਸਿਮਰਤ ਬਣ ਭਿਖਾਰ, ਮੰਗਣ ਭਿਖਿਆ ਬੇਪਰਵਾਹੀਆ । ਹਰਿ ਕਾ ਨਾਮ ਅਗੰਮ ਅਪਾਰ, ਬਿਨ ਸਤਿਗੁਰ ਪੂਰੇ ਹੱਥ ਕਿਸੇ ਨਾ ਆਈਆ । ਪੰਡਤ ਕੂਕਣ ਕਰਨ ਪੁਕਾਰ, ਵਾਚਕ ਵਿਦਿਆ ਰਹੇ ਗਾਈਆ । ਯਾਚਕ ਗੁਰਮੁਖ ਮੰਗੇ ਦਾਨ, ਦੇਵਣਹਾਰਾ ਇਕ ਰਘੁਰਾਈਆ । ਨਾਮ ਸਤਿ ਕਰ ਪਰਧਾਨ, ਨਾਨਕ ਸਿਖਿਆ ਸਿਖ ਸਮਝਾਈਆ । ਏਕਾ ਬਾਣੀ ਸ਼ਬਦ ਨਿਸ਼ਾਨ, ਧੁਰ ਫ਼ਰਮਾਨਾ ਆਖ ਸੁਣਾਈਆ । ਜੁਗਾ ਜੁਗੰਤਰ ਖੇਲ ਮਹਾਨ, ਸ੍ਰੀ ਭਗਵਾਨ ਆਪ ਕਰਾਈਆ । ਅੰਤਮ ਕਲਜੁਗ ਪਰਗਟ ਹੋਵੇ ਵਾਲੀ ਦੋ ਜਹਾਨ, ਨਿਹਕਲੰਕ

ਆਪਣਾ ਨਾਉਂ ਧਰਾਈਆ । ਚਾਰ ਕੁੰਟ ਵਾਜੇ ਸ਼ਬਦ ਨਿਸ਼ਾਨ, ਸਚ ਨਗਾਰੇ ਚੋਟ ਲਗਾਈਆ । ਚਾਰੇ ਵਰਨ ਹੋਣ ਹੈਰਾਨ, ਅਠਾਰਾਂ ਬਰਨ ਮੁਖ ਸ਼ਰਮਾਈਆ । ਬ੍ਰਹਿਮੰਡ ਖੰਡ ਬ੍ਰਹਮਾ ਵਿਸ਼ਨ ਸ਼ਿਵ ਰਾਹ ਤਕਾਣ, ਕਰੋੜ ਤੇਤੀਸਾ ਰਾਜਾ ਸੁਰਪਤ ਇੰਦ ਮੰਗੇ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਏਕਾ ਜੋਤ ਬਲੀ ਬਲਵਾਨ, ਨਿਰਗੁਣ ਨਿਰਗੁਣ ਲਏ ਉਪਜਾਈਆ । ਦਸ ਰੂਪ ਵਿਚ ਜਹਾਨ, ਗੋਬਿੰਦ ਆਪਣੀ ਖੇਲ ਖਿਲਾਈਆ । ਸਾਚਾ ਖੰਡਾ ਨਾਮ ਕਿਰਪਾਨ, ਤਿਖੀ ਧਾਰ ਆਪ ਉਠਾਈਆ । ਪੰਚਮ ਮੀਤਾ ਪੰਚਮ ਕਰ ਪਰਧਾਨ, ਪੰਚਮ ਅੰਮ੍ਰਿਤ ਜਾਮ ਪਿਆਈਆ । ਪੰਚਮ ਦੇਵੇ ਧੁਰ ਫ਼ਰਮਾਨ, ਸ਼ਬਦ ਸੰਦੇਸ਼ ਇਕ ਸੁਣਾਈਆ । ਕਲਜੁਗ ਮਿਟੇ ਕੂੜ ਨਿਸ਼ਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਚੌਦਾਂ ਤਬਕ ਹੋਣ ਵੈਰਾਨ, ਅਲਫ਼ੀ ਅਲਫ਼ ਨਾ ਕੋਇ ਹੰਢਾਈਆ । ਮਾਇਆ ਮੰਦਰ ਨਾ ਦਿਸੇ ਨਿਸ਼ਾਨ, ਡੂੰਘੀ ਕੰਦਰ ਵੇਖ ਵਖਾਈਆ । ਕੱਟੇ ਜੰਦਰ ਪੰਜ ਸ਼ੈਤਾਨ, ਹਉਮੇ ਗੜ੍ਹ ਦਏ ਤੁੜਾਈਆ । ਪਰਗਟ ਹੋਵੇ ਵਾਲੀ ਦੋ ਜਹਾਨ, ਸ਼ਾਹੋ ਭੂਪ ਆਪਣਾ ਬਲ ਧਰਾਈਆ । ਸੰਬਲ ਨਗਰੀ ਸਚ ਮਕਾਨ, ਸਾਚਾ ਤਖ਼ਤ ਦਏ ਸੁਹਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਏਕਾ ਖੰਡਾ ਹੱਥ ਰਖਾਈਆ । ਲੋਆਂ ਪੁਰੀਆਂ ਪਾਵੇ ਆਣ, ਨੌ ਖੰਡ ਪ੍ਰਿਥਮੀ ਏਕਾ ਹੁਕਮ ਚਲਾਈਆ । ਸੱਤਾਂ ਦੀਪਾਂ ਕਰੇ ਪਛਾਣ, ਸੱਤ ਸਮੁੰਦ ਸਾਗਰ ਏਕਾ ਗੇੜਾ ਦਏ ਦਵਾਈਆ । ਪਰਗਟ ਪਰਗਟਾਏ ਗੁਰਮੁਖ ਚਤੁਰ ਸੁਜਾਨ, ਆਪ ਆਪਣੀ ਬੂਝ ਬੁਝਾਈਆ । ਏਕਾ ਰਾਗ ਸੁਣਾਏ ਕਾਨ, ਦਿਵਸ ਰੈਣ ਨਾਦ ਧੁਨ ਸ਼ਨਵਾਈਆ । ਮਿਲੇ ਮੇਲ ਸ੍ਰੀ ਭਗਵਾਨ, ਸੰਸਾ ਰੋਗ ਰਹੇ ਨਾ ਰਾਈਆ । ਘਰ ਮੰਦਰ ਵਸਾਏ ਇਕ ਮਕਾਨ, ਆਤਮ ਸੇਜਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੮੦੨

ਕਰ, ਕਲਜੁਗ ਅੰਤਮ ਆਪਣਾ ਖੇਲ ਆਪ ਖਲਾਈਆ । ਕਲਜੁਗ ਅੰਤਮ ਖੇਲ ਖੇਲਣਾ, ਨਿਰਗੁਣ ਨੂਰ ਹਰਿ ਨਿਰੰਕਾਰ । ਭਗਤ ਭਗਵੰਤ ਆਪ ਆਪਣਾ ਮੇਲ ਮੇਲਣਾ, ਲੱਖ ਚੁਰਾਸੀ ਕਰ ਵਿਚਾਰ । ਆਪੇ ਜਾਣੇ ਆਪਣਾ ਵਕ਼ਤ ਵੇਲਨਾ, ਥਿਤ ਵਾਰ ਨਾ ਪਾਵੇ ਸਾਰ । ਲੇਖਾ ਜਾਣੇ ਗੁਰੂ ਚੇਲਨਾ, ਚੇਲਾ ਗੁਰ ਹਰਿ ਅਵਤਾਰ । ਆਪੇ ਵਸੇ ਰੰਗ ਨਵੇਲਨਾ, ਸਚਖੰਡ ਨਿਵਾਸੀ ਥਿਰ ਦਰਬਾਰ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਣਾ, ਕਲਜੁਗ ਤੇਰੀ ਅੰਤਮ ਵਾਰ । ਗੁਰਮੁਖਾਂ ਕੱਟੇ ਧਰਮ ਰਾਏ ਦੀ ਜੇਲਣਾ, ਰਾਏ ਧਰਮ ਨਾ ਮਾਰੇ ਮਾਰ । ਜੋਤ ਨਿਰੰਜਣ ਚਾੜ੍ਹੇ ਤੇਲਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਸਚ ਉਭਾਰਿਆ, ਕਰ ਕਿਰਪਾ ਹਰਿ ਗੋਬਿੰਦ । ਦੇਵੇ ਦਰਸ ਅਗੰਮ ਅਪਾਰਿਆ, ਮੇਟੇ ਸਗਲੀ ਚਿੰਦ । ਕਾਇਆ ਕਪੜ ਆਪੇ ਠਾਰਿਆ, ਅੰਮ੍ਰਿਤ ਪਿਆਏ ਸਾਗਰ ਸਿੰਧ । ਆਵਣ ਜਾਵਣ ਗੇੜ ਨਵਾਰਿਆ, ਮੇਲ ਮਿਲਾਇਆ ਗੁਣੀ ਗਹਿੰਦ । ਲੱਖ ਚੁਰਾਸੀ ਪਾਰ ਕਿਨਾਰਿਆ, ਹਰਿ ਮਿਲਿਆ ਸਦ ਬਖ਼ਸ਼ਿੰਦ । ਘਰ ਮੰਦਰ ਸੋਹੇ ਦਵਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਟੇ ਸਗਲੀ ਚਿੰਦ । ਹਰਿਜਨ ਚਿੰਤਾ ਚਿਖਾ ਟੁਟਾ ਨਾਤਾ, ਰੋਗ ਸੋਗ ਰਹਿਣ ਨਾ ਪਾਈਆ । ਮਿਲਿਆ ਮੇਲ ਪੁਰਖ ਬਿਧਾਤਾ, ਆਤਮ ਅੰਤਰ ਵੱਜੀ ਵਧਾਈਆ । ਮਿਟੀ ਰੈਣ ਅੰਧੇਰੀ ਰਾਤਾ, ਸਚ ਸੁੱਚ ਕਰੇ ਰੁਸ਼ਨਾਈਆ । ਹਰਿਜਨ ਸੁਣਾਏ ਹਰਿ ਹਰਿ ਸਾਚੀ ਗਾਥਾ, ਏਕਾ ਅੱਖਰ ਕਰੇ ਪੜ੍ਹਾਈਆ । ਲੇਖ ਚੁਕਾਏ ਮਸਤਕ ਮਾਥਾ, ਧੁਰ ਮਸਤਕ ਵੇਖ ਵਖਾਈਆ । ਆਪ ਚੜ੍ਹਾਏ ਆਪਣੇ ਰਾਥਾ, ਸਤਿਗੁਰ ਪੂਰਾ ਸੇਵ ਕਮਾਈਆ । ਗੁਰਸਿਖ ਨਾ ਵਿਕੇ ਕਿਸੇ ਹਾਟਾ, ਚੌਦਾਂ ਲੋਕ ਚਰਨਾਂ ਹੇਠ ਦਬਾਈਆ । ਚਾਰ ਜੁਗ

ਦਾ ਪੂਰਾ ਕਰੇ ਘਾਟਾ, ਜੋ ਜਨ ਆਏ ਸਰਨਾਈਆ । ਅੱਗੇ ਨੇੜੇ ਰੱਖੇ ਵਾਟਾ, ਪਿਛਲਾ ਪੰਧ ਮੁਕਾਈਆ । ਅੰਮ੍ਰਿਤ ਪਿਆਏ ਕਾਇਆ ਬਾਟਾ, ਸਰ ਸਰੋਵਰ ਦਏ ਨੁਹਾਈਆ । ਦੋ ਜਹਾਨਾਂ ਰੱਖੇ ਸਾਥਾ, ਸਗਲਾ ਸੰਗ ਆਪ ਨਿਭਾਈਆ । ਲਹਿਣਾ ਦੇਣਾ ਚੁਕਿਆ ਤੀਰਥ ਅਠਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਗੁਰਸਿਖ ਤੇਰੇ ਚਰਨ ਵਹਾਈਆ । ਮਸਤਕ ਜੋਤ ਜਗੇ ਲਲਾਟਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਸਚ ਭੰਡਾਰਾ ਨਾਮ ਵਰਤਾਈਆ । ਗੁਰਸਿਖ ਸੋਵੇ ਸਾਚੀ ਖਾਟਾ, ਸਤਿਗੁਰ ਪੂਰੇ ਆਪ ਵਿਛਾਈਆ । ਦੇਵਣਹਾਰਾ ਸਾਚੀ ਦਾਤਾ, ਦਾਤਾ ਦਾਨੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਤਾਰਿਆ, ਕਰ ਕਿਰਪਾ ਆਪ ਕਰਤਾਰ । ਜੁਗ ਜੁਗ ਦਾ ਕਰਮ ਨਿਵਾਰਿਆ, ਨੇਹਕਰਮੀ ਕਰਮ ਵਿਚਾਰ । ਮਾਣਸ ਜਨਮ ਆਪ ਸੁਆਰਿਆ, ਫਿਰ ਆਏ ਨਾ ਦੂਜੀ ਵਾਰ । ਸਾਚੇ ਪੌੜੇ ਆਪੇ ਚਾੜ੍ਹਿਆ, ਦਸਮ ਦਵਾਰਿਉਂ ਕੱਢਿਆ ਬਾਹਰ । ਸ਼ਬਦ ਘੋੜੇ ਸ਼ਾਹ ਅਸਵਾਰਿਆ, ਆਪੇ ਬੰਨ੍ਹੇ ਆਪਣੀ ਧਾਰ । ਸਚਖੰਡ ਦਵਾਰੇ ਆਪੇ ਵਾੜਿਆ, ਥਿਰ ਘਰ ਖੋਲ੍ਹ ਆਪ ਕਿਵਾੜ । ਜੋਤੀ ਜੋਤ ਮੇਲ ਮਿਲਾ ਰਿਹਾ, ਪੰਜ ਤਤ ਨਾ ਕੋਇ ਪਿਆਰ । ਵਾਸਨਾ ਖੋਟੀ ਸਰਬ ਕਢਾ ਰਿਹਾ, ਆਤਮ ਜੋਤੀ ਕਰ ਉਜਿਆਰ । ਕੋਟਨ ਕੋਟੀ ਦਰ ਦੁਰਕਾ ਰਿਹਾ, ਗੁਰਮੁਖ ਸਾਚੇ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੈ ਅਵਤਾਰ । ਕਲਜੁਗ ਅੰਤਮ ਹਰਿ ਹਰਿ ਜਾਮਾ, ਨਿਰਗੁਣ ਜੋਤ ਜਗਾਈਆ । ਲੇਖਾ ਜਾਣੇ ਸੀਆ ਰਾਮਾ, ਰਾਧਾ ਕ੍ਰਿਸ਼ਨਾ ਵੇਖ ਵਖਾਈਆ । ਈਸਾ ਮੂਸਾ ਪਹਿਰੇ ਬਾਣਾ, ਸੰਗ ਮੁਹੰਮਦ ਕਰੇ ਰੁਸ਼ਨਾਈਆ । ਨਾਨਕ ਗੋਬਿੰਦ

੮੦੩ ਕਰ ਪਰਧਾਨਾ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਪਰਗਟ ਹੋਵੇ ਵਾਲੀ ਦੋ ਜਹਾਨਾਂ, ਨਿਹਕਲੰਕਾ ਨਾਉਂ ਧਰਾਈਆ । ਹੱਥ ਰਖਾਏ ਸਚ ਨਿਸ਼ਾਨਾ, ਨੌ ਖੰਡ ਪ੍ਰਿਥਮੀ ਦਏ ਝੁਲਾਈਆ । ਮੇਟ ਮਿਟਾਏ ਸ਼ਾਹ ਸੁਲਤਾਨਾ, ਸੀਸ ਤਾਜ ਨਾ ਕੋਇ ਹੰਢਾਈਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਲਾੜੀ ਮੌਤ ਲਏ ਪਰਨਾਈਆ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਜਿਸ ਜਨ ਆਪਣੀ ਬੂਝ ਬੁਝਾਈਆ । ਗੋਬਿੰਦ ਰੂਪ ਖੇਲੇ ਖੇਲ ਸ੍ਰੀ ਭਗਵਾਨਾ, ਗੋਬਿੰਦ ਆਪਣਾ ਰੂਪ ਵਟਾਈਆ । ਕਾਲ ਮਹਾਂਕਾਲ ਰਖਾਏ ਚਰਨ ਧਿਆਨਾ, ਆਦਿ ਸ਼ਕਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੁਗ ਵਿਛੜੇ ਮੇਲ ਮਿਲਾਈਆ । ਕਲਜੁਗ ਵੇਲਾ ਅੰਤਮ ਆਇਆ, ਚਾਰ ਕੁੰਟ ਕੂਕੇ ਦਏ ਦੁਹਾਈਆ । ਬ੍ਰਹਮੇ ਆਪਣਾ ਨੈਣ ਉਠਾਇਆ, ਚਾਰੇ ਕੂਟਾਂ ਵੇਖ ਵਖਾਈਆ । ਚਾਰੇ ਵੇਦਾਂ ਮੁਖ ਸ਼ਰਮਾਇਆ, ਅਥਰਬਣ ਸੰਗ ਨਾ ਕੋਇ ਨਿਭਾਈਆ । ਚਾਰੇ ਖਾਣੀ ਭੇਵ ਨਾ ਰਾਇਆ, ਤੁਰੀਆ ਨਾਦ ਨਾ ਕੋਇ ਵਜਾਈਆ । ਚਾਰੇ ਵਰਨਾਂ ਨਾਤਾ ਦਏ ਤੁੜਾਇਆ, ਸਗਲਾ ਸੰਗ ਨਾ ਕੋਇ ਨਿਭਾਈਆ । ਚੌਥੇ ਜੁਗ ਧੀਰ ਨਾ ਕੋਇ ਵਖਾਇਆ, ਚਾਰ ਯਾਰੀ ਨੇਤਰ ਨੈਣਾਂ ਨੀਰ ਰਹੇ ਵਹਾਈਆ । ਅੱਲਾ ਰਾਣੀ ਮੁਖ ਕੁਮਲਾਇਆ, ਝੂਠਾ ਘੁੰਗਟ ਰਹੀ ਵਖਾਈਆ । ਧਰਤ ਮਾਤ ਦਏ ਦੁਹਾਇਆ, ਧੀਰਜ ਜਤ ਸਤਿ ਨਾ ਕੋਇ ਧਰਾਈਆ । ਮਾਵਾਂ ਪੁਤਰਾਂ ਨੇਂਹ ਲਗਾਇਆ, ਭੈਣਾਂ ਭੱਯਾ ਸੰਗ ਰਖਾਈਆ । ਪਿਤਾ ਪੂਤ ਨਾ ਕੋਇ ਸੁਹਾਇਆ, ਲੇਖਾ ਚੁਕਿਆ ਸਰਬ ਲੋਕਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸਾਧ ਸੰਤ ਕੋਈ ਦਿਸ ਨਾ ਆਇਆ, ਕਾਇਆ ਬੰਕ ਨਾ ਕੋਇ ਵਡਿਆਈਆ । ਧੀਆਂ ਭੈਣਾਂ ਰਹੇ ਤਕਾਇਆ, ਅਠਸਠ ਤੀਰਥ ਫੇਰਾ ਪਾਈਆ । ਮਨ

ਕਾ ਮਣਕਾ ਨਾ ਕਿਸੇ ਫਿਰਾਇਆ, ਮਾਲਾ ਅਠੋਤਰੀ ਰਹੇ ਚਲਾਈਆ । ਜਨ ਜਨਕਾ ਮੇਲ ਨਾ ਕਿਸੇ ਮਿਲਾਇਆ, ਸੀਤਾ ਰਾਮ ਨਾ ਕੋਇ ਕੁੜਮਾਈਆ । ਰਾਧਾ ਕ੍ਰਿਸ਼ਨ ਨਾ ਮੇਲ ਮਿਲਾਇਆ, ਨਾਮ ਬੰਸਰੀ ਨਾ ਕੋਇ ਵਜਾਈਆ । ਸਤਿ ਨਾਮ ਨਾ ਨਜ਼ਰੀ ਆਇਆ, ਨਿਰਗੁਣ ਨਿਰਾਕਾਰ ਨਾਨਕ ਨਾਮ ਨਾ ਕਿਸੇ ਦ੍ਰਿੜਾਈਆ । ਪੰਜਾਂ ਡੇਰਾ ਕਿਸੇ ਨਾ ਢਾਇਆ, ਗੁਰਦਰ ਮੰਦਰ ਪਈ ਲੜਾਈਆ । ਹਰਿ ਕਾ ਮੰਦਰ ਦਿਸ ਨਾ ਆਇਆ, ਕਲਜੁਗ ਪੜਦਾ ਰਿਹਾ ਪਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਕਲਜੁਗ ਅੰਤਮ ਵੇਸ ਵਟਾਈਆ । ਨਿਹਕਲੰਕੀ ਜਾਮਾ ਪਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੋਬਿੰਦ ਡੰਕਾ ਇਕ ਵਜਾਇਆ, ਸੰਬਲ ਨਗਰੀ ਧਾਮ ਸੁਹਾਈਆ । ਰਾਓ ਰੰਕਾਂ ਆਪ ਉਠਾਇਆ, ਸੋਇਆ ਕੋਇ ਰਹਿਣ ਨਾ ਪਾਈਆ । ਸਭ ਦਾ ਸ਼ੰਕਾ ਦਏ ਮਿਟਾਇਆ, ਸੰਮਤ ਵੀਹ ਸੌ ਸਤਾਰਾਂ ਦਏ ਗਵਾਹੀਆ । ਵਾਸੀ ਪੁਰੀ ਘਨਕਾ ਆਪ ਅਖਵਾਇਆ, ਵਾਰ ਅਨਕਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਲਏ ਉਠਾਈਆ । ਗੁਰਮੁਖ ਸਾਚਾ ਜਾਗਿਆ, ਕਲਜੁਗ ਤੇਰੀ ਅੰਤਮ ਵਾਰ । ਹਰਿ ਹਰਿ ਪਾਇਆ ਕੰਤ ਸੁਹਾਗਿਆ, ਮੇਲ ਮਿਲਾਵਾ ਕੰਤ ਭਤਾਰ । ਸੁਨ ਉਪਜੇ ਇਕ ਵੈਰਾਗਿਆ, ਦਰ ਭਗਤਨ ਹੋਏ ਖਵਾਰ । ਜੋ ਜਨ ਸਰਨਾਈ ਲਾਗਿਆ, ਸਤਿਗੁਰ ਪੂਰਾ ਖੋਲ੍ਹੇ ਬੰਦ ਕਿਵਾੜ । ਤ੍ਰੈਗੁਣ ਮਾਇਆ ਡੱਸੇ ਨਾ ਡੱਸਣੀ ਨਾਗਿਆ, ਪੰਚ ਵਿਕਾਰਾ ਦੇਵੇ ਦਰ ਦੁਰਕਾਰ । ਫੜ ਫੜ ਹੰਸ ਬਣਾਇਆ ਕਾਗਿਆ, ਸੋਹੰ ਮੋਤੀ ਚੁਗੇ ਚੋਗ ਅਪਾਰ । ਦੁਰਮਤ ਮੈਲ ਧੋਵੇ ਦਾਗ਼ਿਆ, ਨਿਰਮਲ ਅੰਮ੍ਰਿਤ ਉਪਰ ਡਾਰ । ਮਾਇਆ ਮਮਤਾ ਬੁਝੇ ਆਗਿਆ, ਕਾਇਆ ਹੋਏ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਪਾਰ ਉਤਾਰਿਆ, ਕਰ ਕਿਰਪਾ ਹਰਿ ਭਗਵਾਨ । ਅੰਤਮ ਮੇਲ ਵਿਚ ਸੰਸਾਰਿਆ, ਸ਼ਬਦ ਵਖਾਏ ਧੁਰ ਨਿਸ਼ਾਨ । ਆਵਣ ਜਾਵਣ ਗੇੜ ਨਿਵਾਰਿਆ, ਲੱਖ ਚੁਰਾਸੀ ਫੰਦ ਕਟਾਨ । ਪਾਇਆ ਪੁਰਖ ਇਕ ਕਰਤਾਰਿਆ, ਵਡ ਦਾਤਾ ਗੁਣੀ ਨਿਧਾਨ । ਮਾਣਸ ਜਨਮ ਜਨਮ ਪੈਜ ਸੁਆਰਿਆ, ਸਾਚੀ ਸਖੀ ਮਿਲਿਆ ਹਰਿ ਹਰਿ ਏਕਾ ਕਾਹਨ । ਸਚਖੰਡ ਦਵਾਰੇ ਆਪੇ ਵਾੜਿਆ, ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਕਰੇ ਪਰਵਾਨ । ਗੁਰਸਿਖ ਹੋਏ ਪਰਵਾਨਿਆ, ਦਰਗਹ ਸਾਚੀ ਮੇਲ ਮਿਲਾਏ । ਅੰਤਮ ਦੇਵੇ ਸ਼ਬਦ ਬਬਾਨਿਆ, ਸਤਿਗੁਰ ਪੂਰਾ ਆਪ ਚੜ੍ਹਾਏ । ਰਾਏ ਧਰਮ ਮੁਖ ਸ਼ਰਮਾਨਿਆ, ਚਿਤਰ ਗੁਪਤ ਨਾ ਲੇਖ ਵਖਾਏ । ਬ੍ਰਹਮਾ ਨਿਉਂ ਨਿਉਂ ਸੀਸ ਝੁਕਾਨਿਆ, ਜਿਸ ਮਾਰਗ ਗੁਰਸਿਖ ਜਾਏ । ਵਿਸ਼ਨੂੰ ਦੋਏ ਜੋੜ ਕਰੇ ਧਿਆਨਿਆ, ਵਾਹ ਵਾ ਰਸਨਾ ਹਰਿ ਗੁਣ ਗਾਏ । ਪੁਰਖ ਅਬਿਨਾਸ਼ੀ ਸਦ ਮਿਹਰਵਾਨਿਆ, ਹਰਿਜਨ ਸਾਚੇ ਗੋਦ ਬਹਾਏ । ਦਰਗਹ ਸਾਚੀ ਧਾਮ ਵਖਾਨਿਆ, ਸਚਖੰਡ ਦਵਾਰਾ ਸੋਭਾ ਪਾਏ । ਤਖ਼ਤ ਨਿਵਾਸੀ ਖੇਲ ਮਹਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਧਾਮ ਵਸਾਏ । ਹਰਿ ਕਾ ਧਾਮ ਅਵਲੱੜਾ, ਸਚਖੰਡ ਦਵਾਰਾ ਸੋਭਾਵੰਤ । ਪੁਰਖ ਅਬਿਨਾਸ਼ੀ ਵਸੇ ਇਕ ਇਕੱਲੜਾ, ਖੇਲੇ ਖੇਲ ਆਦਿ ਜੁਗਾਦੀ ਜੁਗਾ ਜੁਗੰਤ । ਹਰਿਜਨ ਫੜਾਏ ਸਾਚਾ ਪਲੜਾ, ਮੇਲ ਮਿਲਾਏ ਸਾਚੇ ਸੰਤ । ਜੋਤੀ ਸ਼ਬਦੀ ਆਪੇ ਰਲੜਾ, ਆਪੇ ਮਹਿਮਾ ਜਾਣੇ ਬੇਅੰਤ । ਗੁਰਸਿਖ ਸਾਚੇ ਸਚ ਫੜਾਇਆ ਪਲੜਾ, ਲੇਖਾ ਚੁਕਾਏ ਆਦਿ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਮੇਲ ਮਿਲਾਵਾ ਨਾਰੀ ਕੰਤ । ਨਾਰੀ ਕੰਤ ਹਰਿ



੮੦੪ ੦੯

ਪਾਇਆ, ਕੰਤ ਕੰਤੂਹਲ ਨੌਜਵਾਨ । ਸਾਚੀ ਸੇਜਾ ਇਕ ਹੰਢਾਇਆ, ਮਿਲਿਆ ਮੇਲ ਸ੍ਰੀ ਭਗਵਾਨ । ਸੰਸਾ ਰੋਗ ਰਹੇ ਨਾ ਰਾਇਆ, ਘਰ ਵਸਿਆ ਸਚ ਮਕਾਨ । ਸਤਿ ਸੰਤੋਖੀ ਏਕਾ ਪਾਇਆ, ਸਤਿ ਸਤਿਵਾਦੀ ਵਡ ਮਿਹਰਵਾਨ । ਧੁਰ ਸੰਜੋਗੀ ਮੇਲ ਮਿਲਾਇਆ, ਵਿਛੜ ਨਾ ਜਾਏ ਦੋ ਜਹਾਨ । ਹਉਂ ਰੋਗੀ ਰੋਗ ਚੁਕਾਇਆ, ਅੰਗੀਕਾਰ ਕਰ ਆਪ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਪਛਾਣ । ਗੁਰਸਿਖ ਰੇਸ਼ਮ ਸਾਚਾ ਪਟ, ਪੁਰਖ ਅਬਿਨਾਸ਼ਾ ਤੰਦ ਤੰਦ ਉਣਾਇਆ । ਸਚਖੰਡ ਦਵਾਰਾ ਖੋਲ੍ਹ ਹੱਟ, ਸਾਚੇ ਹੱਟ ਵਿਕਾਇਆ । ਬ੍ਰਹਮਾ ਵਿਸ਼ਨ ਸ਼ਿਵ ਲਾਹਾ ਰਹੇ ਖੱਟ, ਗੁਰਸਿਖ ਤੇਰਾ ਦਰਸ਼ਨ ਪਾਇਆ । ਤੇਰਾ ਕਿਨਾਰਾ ਏਕਾ ਤੀਰਥ ਤਟ, ਸਚਖੰਡ ਦਵਾਰਾ ਆਪ ਬਣਾਇਆ । ਤੇਰੀ ਜੋਤ ਜਗੇ ਲਟ ਲਟ, ਆਦਿ ਸ਼ਕਤ ਭਵਾਨੀ ਤੇਰਾ ਰੂਪ ਵਟਾਇਆ । ਤੇਰੀ ਕਾਇਆ ਸਾਚਾ ਮਟ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਤੇਰਾ ਲਹਿਣਾ ਦੇਣਾ ਚੁਕਿਆ ਪੂਜਾ ਪਾਠ, ਏਕਾ ਨੇਤਰ ਹਰਿ ਹਰਿ ਦਰਸ਼ਨ ਪਾਇਆ । ਤੇਰਾ ਬੇੜਾ ਉਤਰਿਆ ਪਾਰ ਘਾਟ, ਮੰਝਧਾਰ ਨਾ ਕੋਇ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੇਸ਼ਮ ਤਾਣਾ ਪੇਟਾ, ਹਰਿ ਹਰਿ ਬਣਿਆ ਖੇਵਟ ਖੇਟਾ, ਮਾਤ ਪਿਤ ਲੇਖਾ ਜਾਣੇ ਬੇਟੀ ਬੇਟਾ, ਬਾਲ ਬਾਲਾ ਲਏ ਤਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਰੂਪ ਦੋ ਜਹਾਨ, ਸਰਗੁਣ ਨਿਰਗੁਣ ਆਪਣਾ ਖੇਲ ਖਿਲਾਇਆ । ਸੋ ਪੁਰਖ ਨਿਰੰਜਣ ਨਿਰਾਕਾਰ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰਾ ਹੋ ਤਿਆਰ, ਆਦਿ ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਸਚ ਦਰਬਾਰ, ਸਚ ਸਿੰਘਾਸਣ ਆਸਣ ਲਾਇੰਦਾ । ਸ੍ਰੀ ਭਗਵਾਨ ਬਣ ਭਿਖਾਰ, ਦਰ ਦਰਵੇਸ਼ ਅਲੱਖ ਜਗਾਇੰਦਾ । ਪਾਰਬ੍ਰਹਮ ਇਕ ਭੰਡਾਰ, ਆਪਣੀ ਝੋਲੀ ਆਪੇ ਪਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਚਖੰਡ ਦਵਾਰੇ ਆਪ ਕਰਾਇੰਦਾ । ਘਰ ਵਿਚ ਘਰ ਖੋਲ੍ਹ ਕਿਵਾੜ, ਥਿਰ ਘਰ ਆਪਣਾ ਵੇਖ ਵਖਾਇੰਦਾ । ਆਪਣੇ ਮੰਦਰ ਹੋ ਤਿਆਰ, ਆਸਣ ਸਿੰਘਾਸਣ ਆਪ ਸੁਹਾਇੰਦਾ । ਆਪਣੀ ਸੇਜਾ ਕਰ ਵਿਚਾਰ, ਸੇਜ ਸੁਹੰਜਣੀ ਆਪ ਸੁਹਾਇੰਦਾ । ਆਪੇ ਨਾਰ ਕੰਤ ਭਤਾਰ, ਨਰ ਨਰਾਇਣ ਆਪ ਅਖਵਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਲੱਖ ਚੁਰਾਸੀ ਰਚਨ ਰਚਾਇੰਦਾ । ਆਪੇ ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਜੋੜ ਜੁੜਾਇੰਦਾ । ਆਪੇ ਅੰਤਮ ਮਾਰੇ ਮਾਰ, ਚਾਰੇ ਖਾਣੀ ਵੇਖ ਵਖਾਇੰਦਾ । ਆਪੇ ਲੇਖਾ ਜਾਣੇ ਸਰਬ ਸੰਸਾਰ, ਲੇਖਾ ਲੇਖੇ ਆਪੇ ਪਾਇੰਦਾ । ਆਪੇ ਜੁਗ ਜੁਗ ਗੇੜਾ ਗੇੜਨਹਾਰ, ਕੋਹਲੂ ਚਰਖ਼ਾ ਚੱਕੀ ਚੱਕ ਆਪ ਭਵਾਇੰਦਾ । ਆਪੇ ਰੱਖੇ ਰੱਖਣਹਾਰ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਲੱਖ ਚੁਰਾਸੀ ਕਰੇ ਆਰ ਪਾਰ, ਜੋ ਘੜਿਆ ਸੋ ਭੰਨ ਵਖਾਇੰਦਾ । ਕਲਜੁਗ ਅੰਤਮ ਹੋਏ ਖ਼ਵਾਰ, ਧੀਰਜ ਧਰਮ ਨਾ ਕੋਇ ਧਰਾਇੰਦਾ । ਨਿਹਕਲੰਕਾ ਨਰ ਹਰਿ ਨਰਾਇਣ ਇਕ ਅਵਤਾਰ, ਲੋਕਮਾਤ ਜੋਤ ਜਗਾਇੰਦਾ । ਨੌ ਖੰਡ ਪ੍ਰਿਥਮੀ ਬਣੇ ਸੱਚਾ ਸਿਕਦਾਰ, ਸੱਤਾਂ ਦੀਪਾਂ ਇਕ ਨਿਸ਼ਾਨ ਝੁਲਾਇੰਦਾ । ਸ਼ਾਹ ਸੁਲਤਾਨਾ ਕਰ ਖ਼ਵਾਰ, ਰਾਜ ਰਾਜਾਨਾਂ ਦਰ ਦਰ ਫਿਰਾਇੰਦਾ । ਬੀਸ ਬੀਸਾ ਮਾਰੇ ਮਾਰ, ਜਗਤ ਜਗਦੀਸਾ ਆਪ ਅਖਵਾਇੰਦਾ । ਰਾਗ ਛਤੀਸਾ ਪਾਏ ਸਾਰ, ਜਗਤ ਹਦੀਸਾ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਏਕਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ ।

## ੨੪ ਹਾੜ ੨੦੧੭ ਬਿਕ੍ਰਮੀ ਗੁਰਬਚਨ ਸਿੰਘ ਦੇ ਘਰ ਐਹਮਦ ਪੁਰਾ ਦਇਆ ਹੋਈ ਜ਼ਿਲਾ ਕਪੂਰਥਲਾ

ਸਤਿ ਪੁਰਖ ਨਿਰੰਜਣ ਦੀਨ ਦਿਆਲਾ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਜੋਤ ਅਕਾਲਾ, ਅਕਲ ਕਲ ਕਲਧਾਰੀ ਨਾਉਂ ਰਖਾਇੰਦਾ । ਆਦਿ ਸ਼ਕਤੀ ਨੂਰ ਜਵਾਲਾ, ਜਾਗਰਤ ਜੋਤ ਡਗਮਗਾਇੰਦਾ । ਨਿਰਗੁਣ ਰੂਪ ਅਨੂਪ ਹਰਿ ਮਹਾਂਕਾਲਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਧੁਰ ਦਰਬਾਰ ਵਸਾਏ ਸੱਚੀ ਧਰਮਸਾਲਾ, ਦਰ ਦਰਬਾਰਾ ਆਪ ਸੁਹਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇੰਦਾ । ਸ਼ਬਦ ਅਗੰਮੀ ਬਣ ਦਲਾਲਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਨਾਮ ਨਿਧਾਨਾ ਏਕਾ ਮਾਲਾ, ਲੱਖ ਚੁਰਾਸੀ ਫੋਲ ਹੰਢਾਇੰਦਾ । ਸਚ ਸਿੰਘਾਸਣ ਸੋਹੇ ਸਾਚੀ ਸ਼ਾਲਾ, ਸ਼ਾਹ ਸੁਲਤਾਨਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਹਰਿ ਵਰਤਾਏ, ਮਹਿਮਾ ਅਕਥ ਕਥੀ ਨਾ ਜਾਈਆ । ਜੁਗਾ ਜੁਗੰਤਰ ਵੇਸ ਵਟਾਏ, ਲੋਕਮਾਤ ਵੱਜੇ ਵਧਾਈਆ । ਸਤਿਗੁਰ ਸਾਚਾ ਨਾਉਂ ਧਰਾਏ, ਗੁਰ ਗੁਰ ਏਕਾ ਬੂਝ ਬੁਝਾਈਆ । ਸੰਤਨ ਮੇਲਾ ਸਹਿਜ ਸੁਭਾਏ, ਘਰ ਸਾਚੇ ਲਏ ਮਿਲਾਈਆ । ਹਰਿਜਨ ਸਾਚੇ ਲਏ ਉਠਾਏ, ਏਕਾ ਅੱਖਰ ਲਏ ਪੜ੍ਹਾਈਆ । ਨਾਮ ਨਿਧਾਨਾ ਝੋਲੀ ਪਾਏ, ਬਜਰ ਕਪਾਟੀ ਦਏ ਤੁੜਾਈਆ । ਦਿਵਸ ਰੈਣ ਕਰੇ ਪ੍ਰਿਤਪਾਲੇ, ਦੇਵੀ ਦੇਵ ਸੇਵ ਕਮਾਈਆ । ਸੇਵਕ ਸੇਵਾਦਾਰ ਆਪ ਅਖਵਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਆਪ ਸਾਲਾਹੀਆ । ਹਰਿ ਘਰ ਸਾਚਾ ਵਸਿਆ, ਪਾਰਬ੍ਰਹਮ ਕਰਤਾਰ । ਦੋ ਜਹਾਨਾਂ ਫਿਰੇ ਨੱਸਿਆ, ਨਿਤ ਨਵਿਤਾ ਸਾਚੀ ਕਾਰ । ਸਾਚੇ ਮੰਦਰ ਬਹਿ ਬਹਿ ਹੱਸਿਆ, ਹਰਿਜਨ ਵੇਖੇ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਭਾਰ । ਗੁਰਮੁਖ ਸਾਚਾ ਜਾਣਿਆ, ਗੁਰ ਗੁਰ ਕਿਰਪਾ ਧਾਰ । ਆਪ ਚਲਾਏ ਆਪਣੇ ਭਾਣਿਆ, ਦੇਵੇ ਰਾਮ ਨਾਮ ਉਰਧਾਰ । ਲੇਖਾ ਜਾਣੇ ਦੋ ਜਹਾਨਿਆ, ਲੋਕਮਾਤ ਖੇਲ ਨਿਆਰ । ਹਰਿਜਨ ਸਾਚਾ ਸੁਘੜ ਸਿਆਣਿਆ, ਗੁਰਮੁਖ ਵਿਰਲਾ ਉਤਰੇ ਪਾਰ । ਲੱਖ ਚੁਰਾਸੀ ਬਾਲ ਨਾਦਾਨਿਆ, ਆਤਮ ਬ੍ਰਹਮ ਨਾ ਕੋਇ ਵਿਚਾਰ । ਹਰਿ ਕਾ ਰੰਗ ਹਰਿਜਨ ਸਾਚੇ ਮਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਕਰਤਾ ਖੇਲ ਕਰੰਦੜਾ, ਹਰਿ ਸੱਚਾ ਸਾਹਿਬ ਸੁਲਤਾਨ । ਗੁਰਮੁਖ ਵੇਖ ਵਖੰਦੜਾ, ਸਾਚੇ ਭਗਤ ਵਡ ਮਿਹਰਵਾਨ । ਏਕਾ ਰਚਨਾ ਰਾਮ ਰਚੰਦੜਾ, ਰਚ ਰਚ ਵੇਖੇ ਆਪ ਭਗਵਾਨ । ਸਾਚਾ ਛਤਰ ਸੀਸ ਸੁਹੰਦੜਾ, ਕਰੋੜ ਤੇਤੀਸਾ ਦੇਵੇ ਦਾਨ । ਇੰਦਰ ਮੇਘ ਆਪ ਵਸੰਦੜਾ, ਗੁਰਸਿਖ ਤ੍ਰਿਖਾ ਮਿਟੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਹੋਏ ਪਰਧਾਨ । ਦਰ ਘਰ ਸਾਚਾ ਸੋਹਿਆ, ਸਤਿਗੁਰ ਪੂਰਾ ਆਪ ਸੁਹਾਇੰਦਾ । ਗੁਰਮੁਖ ਕਰੇ ਨਵਾਂ ਨਰੋਆ, ਨਿਰਮਲ ਅੰਮ੍ਰਿਤ ਜਾਮ ਪਿਆਇੰਦਾ । ਏਕਾ ਬੀਜ ਸਾਚਾ ਬੋਇਆ, ਫਲ ਸਾਚਾ ਆਪ ਖਵਾਇੰਦਾ । ਧੁਰ ਦਰਗਾਹੀ ਲੈ ਕੇ ਆਇਆ ਢੋਆ, ਹਰਿਜਨ ਸਾਚੇ ਤਨ ਪਹਿਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਏ । ਗੁਰਮੁਖ ਸਾਚਾ ਉਠਿਆ, ਮਿਲਿਆ ਹਰਿ ਗੋਬਿੰਦ । ਗੋਬਿੰਦ ਸੂਰਾ ਤੁੱਠਿਆ, ਮਿਟਾਏ ਸਗਲੀ ਚਿੰਦ । ਭਾਗ ਲਗਾਏ ਬੁੱਤਿਆ, ਅੰਮ੍ਰਿਤ ਬਖ਼ਸ਼ੇ ਸਾਗਰ ਸਿੰਧ । ਆਪ ਸੁਹਾਏ ਆਪਣੀ ਰੁੱਤਿਆ, ਵਡ ਦਾਤਾ ਗੁਣੀ ਗਹਿੰਦ ।

ਨਾਮ ਚੜ੍ਹਾਏ ਸਾਚੀ ਚੋਟੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸੁਰਪਤ ਇੰਦ । ਆਪ ਬਣਾਏ ਸਾਚਾ ਰਾਣਿਆ, ਗੁਰਮੁਖ ਮਾਤ ਪਛਾਣ । ਆਪ ਚਲਾਏ ਆਪਣੇ ਭਾਣਿਆ, ਦੇਵੇ ਨਾਮ ਨਿਧਾਨ । ਲੇਖਾ ਲਿਖੇ ਸੁਘੜ ਸਿਆਣਿਆ, ਬਿਰਹੋਂ ਮਾਰੇ ਨਿਰਾਲਾ ਬਾਣ । ਏਕਾ ਅੱਖਰ ਕਰ ਪਰਧਾਨਿਆ, ਦੋ ਜਹਾਨ ਜਪਾਏ ਸਾਚਾ ਨਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਵੇਖੇ ਇਕ ਨਿਸ਼ਾਨ । ਸਚ ਨਿਸ਼ਾਨਾ ਗੁਰਸਿਖ ਧਾਰ, ਗੁਰ ਸਤਿਗੁਰ ਵੇਖ ਵਖਾਈਆ । ਜਨਮ ਜਨਮ ਦੀ ਬੁਝੇ ਪਿਆਸ, ਚਾਤ੍ਰਕ ਚਿਤ ਨਾ ਫਿਰ ਬਿਲਲਾਈਆ । ਸਤਿਗੁਰ ਪੂਰਾ ਪੂਰੀ ਕਰੇ ਆਸ, ਦੇ ਦਰਸ ਤ੍ਰਿਪਤ ਕਰਾਈਆ । ਨਿਜ ਘਰ ਨਿਜ ਆਤਮ ਕਰੇ ਵਾਸ, ਘਰ ਮੰਦਰ ਸੋਭਾ ਪਾਈਆ । ਸਾਚੀ ਜੋਤ ਜੋਤ ਪਰਕਾਸ਼, ਪਰਮ ਪੁਰਖ ਵੱਡੀ ਵਡਿਆਈਆ । ਹਰਿਜਨ ਪੂਰੀ ਕਰੇ ਆਸ, ਆਸ ਨਿਰਾਸਾ ਨਾ ਕੋਇ ਵਖਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਪੁਰੀਆਂ ਲੋਆਂ ਖੋਜ ਖੋਜਾਈਆ । ਤਖ਼ਤ ਨਿਵਾਸੀ ਸਾਚੇ ਤਖਤ ਬਹਿ ਬਹਿ ਪਾਏ ਆਪਣੀ ਰਾਸ, ਆਪਣੀ ਖੇਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਬੁਝੀ ਪਿਆਸ ਮਨ ਤ੍ਰਿਪਤਾਇਆ, ਗੁਰ ਸਤਿਗੁਰ ਦਇਆ ਕਮਾਈਆ । ਜਨਮ ਜਨਮ ਦਾ ਲੇਖ ਚੁਕਾਇਆ, ਘਰ ਮਿਲਿਆ ਸਾਚਾ ਮਾਹੀਆ । ਆਵਣ ਜਾਵਣ ਫੰਦ ਕਟਾਇਆ, ਭੈ ਭਿਆਨਕ ਹੋਏ ਸਹਾਈਆ । ਅਚਨ ਅਚਾਨਕ ਖੇਲ ਵਰਤਾਇਆ, ਪੂਰਬ ਲਹਿਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਅਜਨਮਾ ਦਏ ਸਮਝਾਈਆ । ਪੂਰਬ ਲਹਿਣਾ ਵੇਖਿਆ, ਕਰ ਕਿਰਪਾ ਹਰਿ ਨਿਰੰਕਾਰ । ਆਪੇ ਜੁਗ ਜੁਗ ਲਿਖਿਆ ਲੇਖਿਆ, ਆਪੇ ਕਰਜ਼ਾ ਦਏ ਉਤਾਰ । ਆਪੇ ਦੁਆਪਰ ਧਾਰੇ ਭੇਖਿਆ, ਕਾਹਨਾ ਕ੍ਰਿਸ਼ਨਾ ਰੂਪ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਗੋਵਰਧਨ ਲਏ ਉਭਾਰ । ਆਪ ਗੋਵਰਧਨ ਧਾਰੀ ਹਰਿ, ਹਰਿ ਵੱਡਾ ਵਡ ਵਡਿਆਈਆ । ਆਪੇ ਗਵਾਲ ਬਾਲਾ ਬਣ ਬਣ ਦੇਵੇ ਵਰ, ਗੋਕਲ ਮਥਰਾ ਹੋਏ ਸਹਾਈਆ । ਆਪੇ ਬਿੰਦਰਾਬਨ ਵੇਖੇ ਖੜ, ਆਪਣੀ ਸੇਵ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਨੰਦ ਮੇਹਰ ਦਏ ਵਡਿਆਈਆ । ਆਪੇ ਨੰਦ ਨੰਦ ਪਿਆਰਾ, ਭਾਈ ਭੱਯਾ ਸੰਗ ਰਖਾਇੰਦਾ । ਆਪੇ ਲੱਭਿਆ ਸੁੱਤ ਦੁਲਾਰਾ, ਆਪੇ ਸੱਯਾ ਮੇਲ ਮਿਲਾਇੰਦਾ । ਆਪੇ ਮੰਗੇ ਬਣ ਭਿਖਾਰਾ, ਦੋਏ ਦੋਏ ਚਰਨੀ ਸੀਸ ਝੁਕਾਇੰਦਾ । ਕਵਣ ਰੂਪ ਦਿਸੇ ਗਿਰਵਰ ਗਿਰਧਾਰਾ, ਗੋਵਰਧਨ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਛਹਿਬਰ ਆਪਣਾ ਮੇਘ ਆਪਣੇ ਹੁਕਮ ਚਲਾਇੰਦਾ । ਸਾਚਾ ਮੇਘ ਸਾਚੀ ਧਾਰ, ਹਰਿ ਕ੍ਰਿਸ਼ਨਾ ਕ੍ਰਿਸ਼ਨ ਜਣਾਈਆ । ਬਾਲ ਬਾਲੇ ਉਤਰੇ ਪਾਰ, ਚੌਥੇ ਜੁਗ ਵੱਜੇ ਵਧਾਈਆ । ਤੇਰਾ ਜਨਮ ਜਨਮ ਹੋਏ ਸੰਸਾਰ, ਲੋਕਮਾਤ ਦਏ ਹਰਿ ਵਡਿਆਈਆ । ਪੁਰਖ ਅਬਿਨਾਸ਼ੀ ਕਰੇ ਖੇਲ ਅਪਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਰਨ ਕਵਲ ਕਰਾਏ ਸਚ ਪਿਆਰ, ਨਾਤਾ ਬਿਧਾਤਾ ਜੋੜ ਜੁੜਾਈਆ । ਕਲਜੁਗ ਅਗਨੀ ਤਪੇ ਹਾੜ, ਚਾਰੋਂ ਕੁੰਟ ਰਹੀ ਜਲਾਈਆ । ਸਤਿਗੁਰ ਪੂਰਾ ਹੋ ਤਿਆਰ, ਸਤਿ ਸਤਿਵਾਦੀ ਖੇਲ ਖਿਲਾਈਆ । ਗੁਰਮੁਖ ਕਰੇ ਸਚ ਪਿਆਰ, ਘਰ ਮੰਦਰ ਖੋਜ ਖੋਜਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਾ ਲਹਿਣਾ ਮੂਲ ਚੁਕਾਈਆ । ਦੇਵੇ ਦਰਸ ਦਰ ਘਰ ਆਣ, ਆਪ ਆਪਣੀ ਦਇਆ ਕਮਾਈਆ । ਦੁਆਪਰ

੮੦੮

੦੯

ਕਰੇ ਕਲ ਪਛਾਣ, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੇਘ ਏਕਾ ਧਾਰ, ਏਕਾ ਛਹਿਬਰ ਸੱਚੇ ਘਰ ਬਾਰ, ਦਰ ਘਰ ਸਾਚੇ ਆਪ ਵਖਾਈਆ । ਦਰ ਘਰ ਸਚ ਸੁਹਾਵਣਾ, ਹੋਈ ਰੁੱਤ ਬਸੰਤ । ਗੁਰਮੁਖ ਗੁਰ ਗੁਰ ਏਕਾ ਰੰਗ ਰੰਗਾਵਣਾ, ਏਕਾ ਜਿਹਵਾ ਮਣੀਆ ਮੰਤ । ਏਕਾ ਸ਼ਬਦੀ ਨਾਦ ਵਜਾਵਣਾ, ਧੰਨ ਵਡਿਆਈ ਸਾਚੇ ਸੰਤ । ਦਰ ਮੰਦਰ ਆਪ ਸੁਹਾਵਣਾ, ਪਾਰਬ੍ਰਹਮ ਪ੍ਰਭ ਬੇਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਮੇਲ ਮਿਲਾਵਾ ਸਾਚੀ ਸੰਗਤ । ਸੰਗਤ ਸੰਗ ਨਿਭਾਇਆ, ਕਰ ਕਿਰਪਾ ਗੁਣ ਨਿਧਾਨ । ਗੁਰਸਿਖ ਗੁਰ ਗੁਰ ਲੇਖੇ ਲਾਇਆ, ਲੇਖਾ ਮਿਟਿਆ ਦੋ ਜਹਾਨ । ਨੇਤਰ ਪੇਖ ਪੇਖ ਦਰਸ਼ਨ ਪਾਇਆ, ਦਰਦੀਆਂ ਦਰਦ ਮਿਟਾਏ ਆਣ । ਨਰ ਨਰੇਸ਼ਾ ਵੇਸ ਵਟਾਇਆ, ਦਰ ਦਰਵੇਸ਼ਾ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਗੁਰਮੁਖ ਸਾਚੇ ਚਤੁਰ ਸੁਜਾਨ । ਗੁਰਬਚਨ ਬਚਨ ਗੁਰ ਮੰਨਿਆ, ਦੁਆਪਰ ਚੁੱਕੀ ਕਾਣ । ਕਲਜੁਗ ਭਾਂਡਾ ਭੰਨਿਆ, ਭਰਮੀ ਮਿਟੇ ਕੂੜ ਨਿਸ਼ਾਨ । ਸਤਿਜੁਗ ਸਾਚਾ ਚੜ੍ਹੇ ਚੰਨਿਆ, ਜੋਤ ਜਗੇ ਦੋ ਜਹਾਨ । ਦੇਵੇ ਨਾਮ ਸੱਚਾ ਧੰਨ ਧਨਿਆ, ਸਚ ਖ਼ਜ਼ੀਨਾ ਆਪ ਪਛਾਣ । ਏਕਾ ਰਾਗ ਸੁਣਾਏ ਕੰਨਿਆ, ਸੋਹੰ ਸ਼ਬਦ ਸ੍ਰੀ ਭਗਵਾਨ । ਲੱਖ ਚੁਰਾਸੀ ਦੇਵੇ ਡੰਨਿਆ, ਨੌ ਖੰਡ ਹੋਏ ਵੈਰਾਨ । ਜੋ ਘੜਿਆ ਸੋ ਭੰਨਿਆ, ਪੰਜ ਤਤ ਦਿਸੇ ਨਾ ਕੋਇ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਕਰੇ ਪਛਾਣ । ਗੁਰਬਚਨ ਗੁਰ ਏਕ ਹੈ, ਏਕ ਟੇਕ ਰਘੁਨਾਥ । ਤ੍ਰੈਗੁਣ ਮਾਇਆ ਨਾ ਲਾਏ ਸੇਕ ਹੈ, ਪੁਰਖ ਅਬਿਨਾਸ਼ੀ ਸਗਲਾ ਸਾਥ । ਕਲਜੁਗ ਅੰਤਮ ਰਿਹਾ ਵੇਖ ਹੈ, ਆਪ ਪੜ੍ਹਾਏ ਆਪਣੀ ਗਾਥ । ਲੇਖਾ ਜਾਣੇ ਮਸਤਕ ਰੇਖ ਹੈ, ਲਹਿਣਾ ਚੁੱਕੇ ਲਲਾਟੀ ਮਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਚੁਕਾਏ ਜਗਤ ਡਰ, ਇਕ ਵਖਾਏ ਸਾਚਾ ਘਰ, ਸਗਲ ਵਿਸੂਰੇ ਜਾਇਣ ਲਾਥ । ਸਗਲ ਵਿਸੂਰਾ ਚੁੱਕਿਆ, ਪਾਇਆ ਪਾਰਬ੍ਰਹਮ ਗੁਰ ਕਰਤਾਰ । ਹਰਿਜਨ ਬੂਟਾ ਕਦੇ ਨਾ ਸੁੱਕਿਆ, ਹਰਿਆ ਹੋਏ ਵਿਚ ਸੰਸਾਰ । ਗੁਰਮੁਖ ਕਦੇ ਨਾ ਰਹੇ ਲੁੱਕਿਆ, ਪਰਗਟ ਕਰੇ ਆਪ ਨਿਰੰਕਾਰ । ਜੋ ਜਨ ਸਰਨ ਸਰਨਾਈ ਝੁਕਿਆ, ਫੜ ਫੜ ਬਾਂਹੋਂ ਆਪੇ ਕਰੇ ਪਾਰ । ਉਲਟਾ ਮਾਤ ਗਰਭ ਨਾ ਰੁੱਖਿਆ, ਦਸ ਦਸ ਮਾਸ ਨਾ ਹੋਏ ਖ਼ਵਾਰ । ਉਜਲ ਕਰੇ ਮਾਤ ਮੁੱਖਿਆ ਮਾਣਸ ਜਨਮ ਪੈਜ ਸੁਆਰ । ਗੁਰਸਿਖਾਂ ਭਾਰ ਸਤਿਗੁਰ ਪੂਰੇ ਆਪੇ ਚੁੱਕਿਆ, ਗੁਰਸਿਖ ਰੱਖੇ ਹੌਲੇ ਭਾਰ । ਚਿਤਰ ਗੁਪਤ ਲੇਖਾ ਲੈਣ ਕਦੇ ਨਾ ਢੁਕਿਆ, ਰਾਏ ਧਰਮ ਨਾ ਕਰੇ ਖ਼ਵਾਰ । ਕਲਜੁਗ ਵੇਲਾ ਅੰਤਮ ਢੁੱਕਿਆ, ਚਾਰੋਂ ਕੁੰਟ ਅੱਗ ਅੰਗਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਸਾਚੇ ਪੇਖਿਆ, ਪਰਮ ਪੁਰਖ ਕਰਤਾਰ । ਪੂਰਬ ਜਨਮ ਜਨਮ ਦੀ ਮੇਟੇ ਰੇਖਿਆ, ਲੇਖਾ ਲਿਖਣਹਾਰ ਅਗੰਮ ਅਪਾਰ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਹਰਿ ਨਿਰੰਕਾਰ । ਆਪਣਾ ਰੂਪ ਆਪੇ ਵੇਖਿਆ, ਆਪੇ ਵੇਖਣਹਾਰ । ਹੁਕਮੇ ਅੰਦਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਤ੍ਰੈਗੁਣ ਮਾਇਆ ਕਰੇ ਸ਼ਿੰਗਾਰ । ਆਦਿ ਜੁਗਾਦੀ ਧਾਰੇ ਭੇਖਿਆ, ਨਿਰਗੁਣ ਸਰਗੁਣ ਲੈ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਸਚ ਦਰਬਾਰ । ਸਚ ਦਵਾਰਾ ਸੋਭਾਵੰਤ, ਗੁਰ ਚਰਨ ਸੱਚੀ ਸਰਨਾਈਆ । ਗੁਰ ਗੁਰ ਮਿਲਾਵਾ ਹਰਿ ਹਰਿ ਕੰਤ, ਨਾਰੀ

ਕੰਤ ਸੇਜ ਹੰਢਾਈਆ । ਕਾਇਆ ਚੋਲੀ ਚੜ੍ਹਾਏ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਅੱਖਰ ਏਕਾ ਨਾਉਂ ਮਣੀਆ ਮੰਤ, ਮਨ ਮਨਸਾ ਦਏ ਮਿਟਾਈਆ । ਹਰਿਜਨ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਤ੍ਰੈਗੁਣ ਆਪਣਾ ਤਾਲ ਵਜਾਈਆ । ਕਲਜੁਗ ਅੰਤਮ ਹਉਮੇ ਹੰਗਤ, ਮਾਇਆ ਮਮਤਾ ਗੜ੍ਹ ਸੁਹਾਈਆ । ਚਾਰੋਂ ਕੁੰਟ ਭੁੱਖ ਨੰਗਤ, ਹਰਿ ਕਾ ਨਾਮ ਨਾ ਕੋਇ ਧਿਆਈਆ । ਗੁਰਸਿਖ ਵਿਰਲਾ ਮਿਲੇ ਸਾਚੀ ਸੰਗਤ, ਜਿਸ ਜਨ ਸਤਿਗੁਰ ਪੂਰਾ ਆਪ ਮਿਲਾਈਆ । ਮੇਲ ਮਿਲਾਵਾ ਸਾਚੀ ਸੰਗਤ, ਦਰਗਹਿ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਲੱਖ ਚੁਰਾਸੀ ਫੋਲ ਫੋਲਾਈਆ । ਲੱਖ ਚੁਰਾਸੀ ਫੋਲਣ ਫੋਲਿਆ, ਕਾਇਆ ਗੜ੍ਹ ਹੰਕਾਰ । ਪੁਰਖ ਅਬਿਨਾਸ਼ੀ ਤੋਲੇ ਤੋਲਿਆ, ਤੋਲਣਹਾਰਾ ਏਕੰਕਾਰ । ਆਦਿ ਜੁਗਾਦੀ ਬਦਲੇ ਚੋਲਿਆ, ਨਿਰਗੁਣ ਸਰਗੁਣ ਲੈ ਅਵਤਾਰ । ਸ਼ਬਦ ਅਨਾਦ ਸੁਣਾਏ ਢੋਲਿਆ, ਉਚੀ ਕੂਕ ਕਰੇ ਪੁਕਾਰ । ਕਲਜੁਗ ਅੰਤਮ ਖੇਲੇ ਹੋਲਿਆ, ਸ੍ਰਿਸ਼ਟ ਸਬਾਈ ਜਾਏ ਹਾਰ । ਗੁਰਮੁਖ ਵਿਰਲੇ ਉਲਟਾ ਕਰੇ ਨਾਭ ਕੌਲਿਆ, ਝਿਰਨਾ ਝਿਰੇ ਅੰਮ੍ਰਿਤ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਜਣ ਕਰੇ ਸ਼ੰਗਾਰ । ਗੁਰਸਿਖ ਤਨ ਸ਼ੰਗਾਰਿਆ, ਤਨ ਬਸਤਰ ਨਾਮ ਨਿਧਾਨ । ਆਪ ਬਿਠਾਏ ਸਚ ਦਵਾਰਿਆ, ਸਚਖੰਡ ਨਿਵਾਸੀ ਵਡ ਮਿਹਰਵਾਨ । ਸਾਚਾ ਕਾਜ ਆਪ ਸੁਆਰਿਆ, ਦੋ ਜਹਾਨਾਂ ਬਣ ਨਿਗਹਬਾਨ । ਰੱਖੇ ਲਾਜ ਵਿਚ ਸੰਸਾਰਿਆ, ਆਦਿ ਅੰਤ ਕਰ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਫੜ, ਆਤਮ ਅੰਤਰ ਕਰ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਕਰੇ ਖੇਲ ਮਾਤ ਪਿਤ ਜਿਉਂ ਬਾਲ ਅਵਾਣ ।



### ✻ ੨੪ ਹਾੜ ੨੦੧੭ ਬਿਕ੍ਰਮੀ ਜਸਵੰਤ ਸਿੰਘ ਦੇ ਘਰ ਕਰਤਾਰ ਪੁਰ ਜ਼ਿਲਾ ਜਲੰਧਰ ✻

ਹਰਿ ਤਖ਼ਤ ਨਿਵਾਸੀ ਸਿਰ ਸੋਹੇ ਤਾਜ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਦੋ ਜਹਾਨਾਂ ਸਾਚਾ ਰਾਜ, ਰਾਜ ਰਾਜਾਨ ਸ਼ਾਹ ਸੁਲਤਾਨ ਸ਼ਹਿਨਸ਼ਾਹ ਆਪ ਕਮਾਈਆ । ਆਦਿ ਜੁਗਾਦੀ ਗ਼ਰੀਬ ਨਿਵਾਜ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸ਼ਬਦ ਅਗੰਮੀ ਇਕ ਅਵਾਜ, ਸ੍ਰੀ ਭਗਵਾਨ ਆਪ ਲਗਾਈਆ । ਕਰਤਾ ਪੁਰਖ ਰਚ ਰਚ ਕਾਜ, ਕਾਦਰ ਕਰੀਮ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਸਾਜਣ ਸਾਜ, ਲੱਖ ਚੁਰਾਸੀ ਬਣਤ ਬਣਾਈਆ । ਤ੍ਰੈਗੁਣ ਮਾਇਆ ਦੇਵੇ ਦਾਜ, ਪੰਚਮ ਵਸਤ ਝੋਲੀ ਪਾਈਆ । ਆਦਿ ਜੁਗਾਦੀ ਰੱਖੇ ਲਾਜ, ਸਮਰਥ ਪੁਰਖ ਬੇਪਰਵਾਹੀਆ । ਲੱਖ ਚੁਰਾਸੀ ਚਲਾਏ ਜਹਾਜ਼, ਏਕਾ ਚੱਪੂ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸ਼ਾਹਾ ਸ਼ਾਹ ਆਪ ਹੋ ਜਾਈਆ । ਸੀਸ ਤਾਜ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਆਪ ਟਿਕਾਇੰਦਾ । ਸੋ ਪੁਰਖ ਨਿਰੰਜਣ ਖੇਲ ਮਹਾਨ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਏਕੰਕਾਰਾ ਧੁਰ ਫ਼ਰਮਾਣ, ਸਚਖੰਡ ਦਵਾਰੇ ਆਪ ਅਲਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਨਿਰਗੁਣ ਜੋਤ ਡਗਮਗਾਇੰਦਾ । ਸਾਚੇ ਤਖ਼ਤ ਹੋ ਪਰਧਾਨ, ਆਸਣ ਸਿੰਘਾਸਣ ਆਪ ਸੁਹਾਇੰਦਾ । ਏਕਾ ਦੇਵੇ ਧੁਰ ਫ਼ਰਮਾਨ, ਧੁਰ ਫ਼ਰਮਾਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਸ਼ਾਹ ਪਾਤਸ਼ਾਹ ਸ਼ਾਹ ਸੁਲਤਾਨਾ, ਹਰਿ ਸਾਚਾ ਵਡ ਵਡਿਆਈਆ । ਮੰਦਰ ਵਸੇ ਸਚ ਮਕਾਨਾ, ਥਿਰ ਘਰ ਸਾਚੇ ਸੋਭਾ ਪਾਈਆ । ਸਚਖੰਡ ਮਹੱਲ ਉਚ ਟਿਕਾਣਾ, ਨਿਰਗੁਣ ਬੈਠਾ ਜੋਤ ਜਗਾਈਆ । ਸ਼ਬਦ ਅਨਾਦੀ ਗਾਏ ਤਰਾਨਾ, ਤੁਰੀਆ ਨਾਦ ਇਕ ਵਜਾਈਆ । ਆਪੇ ਜਾਣੇ ਪਦ ਨਿਰਬਾਨਾ, ਪਰਮ ਪੁਰਖ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਘਰ ਸਾਚਾ ਹਰਿ ਸੁਹੰਜਣਾ, ਨਿਰਭੈ ਰੂਪ ਹਰਿ ਨਿਰੰਕਾਰ । ਜੋਤ ਜਗਾਏ ਇਕ ਨਿਰੰਜਣਾ, ਨੂਰੋ ਨੂਰ ਹੋਏ ਉਜਿਆਰ । ਦਰਗਹਿ ਸਾਚੀ ਸਾਚਾ ਸੱਜਣਾ, ਸਤਿ ਪੁਰਖ ਨਿਰੰਜਣ ਮੀਤ ਮੁਰਾਰ । ਨਾ ਘੜਿਆ ਨਾ ਭੱਜਣਾ, ਮਰੇ ਨਾ ਜੰਮੇ ਵਿਚ ਸੰਸਾਰ । ਆਪਣਾ ਪੜਦਾ ਆਪੇ ਕੱਜਣਾ, ਨਿਰਗੁਣ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹੋ ਭੂਪ ਸੱਚੀ ਸਰਕਾਰ । ਸਚ ਸਰਕਾਰ ਸ਼ਾਹੋ ਭੂਪ, ਸਤਿਗੁਰ ਸਾਚਾ ਨਾਉਂ ਧਰਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਭੇਖ ਨਾ ਕੋਇ ਦਸਾਇੰਦਾ । ਨਾ ਕੋਈ ਤਾਗਾ ਨਾ ਕੋਈ ਸੂਤ, ਤਾਣਾ ਪੇਟਾ ਨਾ ਕੋਇ ਪਾਇੰਦਾ । ਨਾ ਕੋਈ ਮਾਸ ਬਰਸ ਨਾ ਕੋਈ ਦਿਸੇ ਰੁੱਤ, ਬਸੰਤ ਬਹਾਰ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਅਬਿਨਾਸ਼ੀ ਅਚੁੱਤ, ਆਪ ਆਪਣਾ ਖੇਲ ਖਿਲਾਇੰਦਾ । ਆਪ ਪਿਤਾ ਆਪੇ ਬਣੇ ਸੁੱਤ, ਸਾਚੀ ਗੋਦ ਆਪ ਸੁਹਾਇੰਦਾ । ਆਪੇ ਨਿਰਮਲ ਨੂਰ ਉਜਾਲਾ ਜਗੇ ਜੋਤ, ਦਰ ਘਰ ਸਾਚੇ ਡਗਮਗਾਇੰਦਾ । ਆਪੇ ਰੂਪ ਵਟਾਏ ਕੋਟੀ ਕੋਟ, ਆਪੇ ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੇ ਸਾਚੇ ਘਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਇੰਦਾ । ਸ਼ਾਹ ਪਾਤਸ਼ਾਹ ਹਰਿ ਰਾਜਨ ਰਾਜ, ਰਾਜ ਜੋਗ ਇਕ ਹੰਢਾਈਆ । ਦੋ ਜਹਾਨਾਂ ਸਾਜਣ ਸਾਜ, ਲੋਆਂ ਪੁਰੀਆਂ ਵੇਖ ਵਖਾਈਆ । ਆਪੇ ਜਾਣੇ ਆਪਣਾ ਕਾਜ, ਕਰਨੀ ਕਰਤਾ ਕਿਰਤ ਕਮਾਈਆ । ਖੇਲੇ ਖੇਲ ਸ਼ਾਹ ਨਵਾਬ, ਦਰ ਦਰਵੇਸ਼ ਨਰ ਨਰੇਸ਼ ਏਕਾ ਅਲਫ਼ੀ ਗਲ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਕਾਰ, ਕਰੇ ਕਰਾਏ ਕਰਨੇਹਾਰ, ਆਪਣੀ ਕਲ ਆਪ ਵਰਤਾਈਆ । ਕਲ ਵਰਤੰਤਾ ਹਰਿ ਮਿਹਰਵਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿ ਸਰੂਪੀ ਨੌਜਵਾਨਾ, ਬਿਰਧ ਬਾਲ ਨਾ ਰੂਪ ਵਖਾਇੰਦਾ । ਏਕਾ ਬੰਨ੍ਹੇ ਸਾਚਾ ਗਾਨਾ, ਥਿਰ ਘਰ ਸਾਚੇ ਸਗਨ ਮਨਾਇੰਦਾ । ਸ਼ਬਦ ਅਨਾਦੀ ਬੋਲ ਤਰਾਨਾ, ਅਨਹਦ ਏਕਾ ਤਾਲ ਵਜਾਇੰਦਾ । ਪਾਵੇ ਸਾਰ ਰਵ ਸਸ ਸੂਰਜ ਚੰਨ ਕੋਟਨ ਭਾਨਾ, ਆਕਾਸ਼ ਪਰਕਾਸ਼ ਡਗਮਗਾਇੰਦਾ । ਧਰਤ ਧਵਲ ਵੇਖੇ ਇਕ ਨਿਸ਼ਾਨਾ, ਆਪ ਆਪਣਾ ਕਰਮ ਕਮਾਇੰਦਾ । ਨਿਰਗੁਣ ਨਿਰਵੈਰ ਨਰ ਹਰਿ ਪਹਿਰੇ ਆਪਣਾ ਬਾਣਾ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰੀ ਭਗਵਾਨਾ, ਦਿਸ ਕਿਸੇ ਨਾ ਆਇੰਦਾ । ਹਰਿ ਸਾਚਾ ਖੇਲ ਖਲੰਦੜਾ, ਖੇਲਣਹਾਰ ਬੇਪਰਵਾਹ । ਦਰਗਹਿ ਸਾਚੀ ਧਾਮ ਸੁਹੰਦੜਾ, ਆਦਿ ਜੁਗਾਦੀ ਜਗਤ ਮਲਾਹ । ਧੁਰ ਫ਼ਰਮਾਣਾ ਹੁਕਮ ਜਣੰਦੜਾ, ਦੋ ਜਹਾਨਾਂ ਮਾਰਗ ਲਾ । ਤ੍ਰੈ ਤ੍ਰੈ ਚੇਲੇ ਰੰਗ ਰਗੰਦੜਾ, ਏਕਾ ਅੱਖਰ ਵਿਦਿਆ ਦਏ ਪੜ੍ਹਾ । ਸ਼ਬਦ ਨਿਰਾਲਾ ਤੀਰ ਚਲੰਦੜਾ, ਆਪਣੇ ਹੱਥ ਉਠਾ । ਸਚ ਨਿਸ਼ਾਨਾ ਇਕ ਲਗੰਦੜਾ, ਆਰ ਪਾਰ ਦਏ ਕਰਾ । ਸਾਚਾ ਤਖ਼ਤ ਆਪ ਸੁਹੰਦੜਾ, ਤਖ਼ਤ ਨਿਵਾਸੀ ਸ਼ਹਿਨਸ਼ਾਹ । ਸੀਸ ਤਾਜ ਇਕ ਟਿਕੰਦੜਾ, ਪੰਚਮ ਮੁਖੀ ਮੁਖ ਭਵਾ । ਚਾਰੇ ਵੇਦਾਂ ਭੇਵ ਖੁਲੰਦੜਾ, ਚਾਰੇ

ਜੁਗ ਵੰਡਣ ਪਾ । ਚਾਰੇ ਖਾਣੀ ਖੋਜ ਖੋਜਦੰਙਾ, ਚਾਰ ਵਰਨਾਂ ਦਏ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਾਚੇ ਥਾਂ । ਥਾਨ ਥਨੰਤਰ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਇਆ । ਪੁਰਖ ਅਬਿਨਾਸ਼ੀ ਹਰਿ ਹਰਿ ਹਰਿਜੂ ਹਰਿ ਮੰਦਰ ਬੈਠਾ ਏਕਾ ਕੰਤ, ਦੂਲ੍ਹੇ ਦੂਲ੍ਹਾ ਨਾਮ ਧਰਾਇਆ । ਲਾਲ ਗੁਲਾਲਾ ਰੰਗ ਚਾੜ੍ਹੇ ਏਕਾ ਰੁੱਤ ਵਖਾਏ ਬਸੰਤ, ਆਪਣੀ ਮਹਿਕ ਆਪ ਮਹਿਕਾਇਆ । ਲੇਖਾ ਜਾਣੇ ਆਦਿ ਅੰਤ, ਮਦਿ ਆਪਣਾ ਭੇਵ ਛੁਪਾਇਆ । ਲੱਖ ਚੁਰਾਸੀ ਜੀਵ ਜੰਤ, ਜੂਨ ਅਜੂਨੀ ਆਪ ਭਵਾਇਆ । ਆਪੇ ਵੇਖੇ ਗੜ੍ਹ ਹਉਮੇ ਹੰਗਤ, ਆਪੇ ਕਾਮ ਕਰੋਧ ਲੋਭ ਮੋਹ ਹੰਕਾਰ ਝੋਲੀ ਪਾਇਆ । ਆਪੇ ਲੇਖਾ ਜਾਣੇ ਸਾਚੀ ਸੰਗਤ, ਸਤਿਗੁਰ ਸਾਚਾ ਸੰਗ ਨਿਭਾਇਆ । ਆਪੇ ਨਾਮ ਭਿਛਿਆ ਮੰਗੇ ਮੰਗਤ, ਦਰ ਦਰ ਆਪਣੀ ਅਲਖ ਜਗਾਇਆ । ਆਪੇ ਹਰਿਜਨ ਲਾਏ ਆਪਣੇ ਅੰਗ ਅੰਗਦ, ਅੰਗੀਕਾਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਵਡਿਆਇਆ । ਸਾਚਾ ਤਖ਼ਤ ਸਚਖੰਡ ਦਵਾਰਾ, ਸ਼ਾਹ ਪਾਤਸ਼ਾਹ ਆਪ ਸੁਹਾਈਆ । ਆਸਣ ਲਾਏ ਏਕੰਕਾਰਾ, ਓਅੰਕਾਰਾ ਰੂਪ ਵਟਾਈਆ । ਮੰਦਰ ਸੋਹੇ ਬੰਕ ਦਵਾਰਾ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਨਾਦ ਧੁਨ ਉਪਜੇ ਸੱਚੀ ਧੁਨਕਾਰਾ, ਅਨਾਦੀ ਨਾਦ ਆਪ ਸੁਣਾਈਆ । ਬ੍ਰਹਮ ਬ੍ਰਹਿਮਾਦਿ ਪਾਵੇ ਸਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਅਗਾਧ ਬੋਧ ਇਕ ਜੈਕਾਰਾ, ਜੈ ਜੈਕਾਰ ਆਪ ਕਰਾਈਆ । ਸਾਚੇ ਮੰਦਰ ਖੋਲ੍ਹ ਕਿਵਾੜਾ, ਆਪਣਾ ਪੜਦਾ ਦਏ ਚੁਕਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਈਆ । ਕਰਾਏ ਵਣਜ ਸੱਚਾ ਵਣਜਾਰਾ, ਏਕਾ ਹੱਟ ਚਲਾਈਆ । ਏਕਾ ਖੋਲ੍ਹ ਨਾਮ ਭੰਡਾਰਾ, ਪੁਰਖ ਅਬਿਨਾਸ਼ੀ ਦਏ ਵਰਤਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰਾ, ਆਦਿ ਜੁਗਾਦਿ ਸੇਵ ਕਮਾਈਆ । ਰਵ ਸਸ ਕਰ ਉਜਿਆਰਾ, ਮੰਡਲ ਮੰਡਪ ਵੇਖ ਵਖਾਈਆ । ਜ਼ਿਮੀਂ ਅਸਮਾਨ ਬੰਨ੍ਹੇ ਧਾਰਾ, ਧਰਤ ਧਵਲ ਜਲ ਬਿੰਬ ਆਪ ਟਿਕਾਈਆ । ਸ਼ਬਦ ਅਗੰਮੀ ਖੇਲ ਨਿਆਰਾ, ਬਿਨ ਥੰਮੀ ਗਗਨ ਰਹਾਈਆ । ਅਗਨੀ ਹਵਨ ਕਰ ਉਜਿਆਰਾ, ਪਵਣ ਪਵਣੀ ਦਏ ਟਿਕਾਈਆ । ਕਰਨੀ ਕਰੇ ਆਪ ਨਿਰੰਕਾਰਾ, ਆਪ ਆਪਣੀ ਖੇਲ ਖਿਲਾਈਆ । ਵਰਤੇ ਵਰਤਾਵੇ ਵਿਚ ਸੰਸਾਰਾ, ਵਾਸਤਕ ਆਪਣਾ ਰੂਪ ਵਟਾਈਆ । ਵਿਸ਼ਵ ਨਾਮ ਇਕ ਵਰਤਾਰਾ, ਵਾਸਦੇਵ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਸ਼ਾਹ ਪਾਤਸ਼ਾਹ ਆਪ ਸੁਹਾਈਆ । ਤਖ਼ਤ ਸੁਹਾਇਆ ਧੁਰ ਦਰਬਾਰ, ਤਖ਼ਤ ਨਿਵਾਸੀ ਚਰਨ ਟਿਕਾਇੰਦਾ । ਜੋਤ ਪਰਕਾਸ਼ੀ ਏਕੰਕਾਰ, ਨਿਰਗੁਣ ਆਪਣੀ ਕਲ ਵਰਤਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਦਿ ਜੁਗਾਦੀ ਵੇਸ ਵਟਾਇੰਦਾ । ਬੰਦ ਖੁਲਾਸੀ ਕਰੇ ਸਰਬ ਸੰਸਾਰ, ਜਮ ਕੀ ਫਾਸੀ ਆਪ ਲਟਕਾਇੰਦਾ । ਪਵਣ ਸਵਾਮੀ ਦਏ ਆਧਾਰ, ਨਿਜ ਘਰ ਵਾਸੀ ਮੇਲ ਮਿਲਾਇੰਦਾ । ਮੰਡਲ ਰਾਸ ਗਿਰਵਰ ਗਿਰਧਾਰ, ਗ੍ਰਿਹਿ ਆਪਣਾ ਵੇਖ ਵਖਾਇੰਦਾ । ਸਾਚਾ ਸਾਕੀ ਬਣ ਨਿਰੰਕਾਰ, ਨਿਰਮਲ ਅੰਮ੍ਰਿਤ ਆਤਮ ਸਚ ਪਿਆਲਾ ਜਾਮ ਪਿਆਇੰਦਾ । ਖੋਲ੍ਹੇ ਤਾਕੀ ਬੰਦ ਕਿਵਾੜ, ਆਪਣਾ ਪੜਦਾ ਆਪ ਉਠਾਇੰਦਾ । ਲਹਿਣਾ ਦੇਣਾ ਬਾਕੀ ਚੁੱਕੇ ਵਿਚ ਸੰਸਾਰ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਗੁਰਮੁਖ ਸਾਚੇ ਮੇਲ ਮਿਲਾਇੰਦਾ । ਸਤਿਗੁਰ ਸੱਚਾ ਸ਼ਬਦ ਗੁਰਦੇਵ, ਦੇਵ ਦੇਵਾ ਵਡ ਵਡਿਆਈਆ । ਆਦਿ ਜੁਗਾਦੀ ਅਲੱਖ ਅਭੇਵ, ਅਲੱਖ ਅਲੱਖਣਾ ਲੱਖਿਆ ਨਾ ਜਾਈਆ । ਜਨ ਭਗਤਾਂ ਕਰੇ ਸਾਚੀ ਸੇਵ, ਨਿਰਗੁਣ

੮੧੨

ਸਰਗੁਣ ਸਾਚੀ ਸੇਵ ਕਮਾਈਆ । ਨਾ ਰਸਨਾ ਨਾ ਗਾਏ ਜਿਹਵ, ਬੱਤੀ ਦੰਦ ਨਾ ਕੋਇ ਹਲਾਈਆ । ਗੁਰਮੁਖਾਂ ਵਖਾਏ ਅੰਮ੍ਰਿਤ ਆਤਮ ਏਕਾ ਮੇਵ, ਸਾਚਾ ਫਲ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨ ਵਸਾਏ ਏਕਾ ਘਰ, ਘਰ ਸੱਚਾ ਸਹਿਜ ਸੁਖਦਾਈਆ । ਦੋ ਜਹਾਨਾਂ ਵਸਿਆ, ਹਰਿ ਸੱਚਾ ਪਰਵਰਦਿਗਾਰ । ਆਦਿ ਜੁਗਾਦੀ ਫਿਰੇ ਨੱਸਿਆ, ਜੁਗਾ ਜੁਗੰਤਰ ਸਾਚੀ ਕਾਰ । ਜੁਗ ਜੁਗ ਮੇਟੇ ਰੈਣ ਅੰਧੇਰੀ ਮੱਸਿਆ, ਲੋਕਮਾਤ ਲੈ ਅਵਤਾਰ । ਗੁਰਮੁਖ ਵਿਰਲੇ ਮਾਰਗ ਦੱਸਿਆ, ਆਪ ਆਪਣਾ ਕਰ ਪਿਆਰ । ਘਰ ਮੰਦਰ ਬਹਿ ਬਹਿ ਹੱਸਿਆ, ਬੰਦ ਤਾਕੀ ਖੋਲ੍ਹ ਕਿਵਾੜ । ਕਰੇ ਪਰਕਾਸ਼ ਕੋਟਨ ਰਵ ਸੱਸਿਆ, ਮੇਟ ਮਿਟਾਏ ਅੰਧ ਅੰਧਿਆਰ । ਹਰਿਜਨ ਹਿਰਦੇ ਅੰਦਰ ਆਪੇ ਵਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸੋਹੇ ਸੱਚੀ ਸਰਕਾਰ । ਸਚ ਸਰਕਾਰ ਸਚ ਸੁਲਤਾਨਾ, ਸੂਤਰਧਾਰੀ ਭੇਵ ਨਾ ਆਇੰਦਾ । ਜੋਧਾ ਸੂਰ ਬਲੀ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਗੁਣਵੰਤਾ ਗੁਣ ਨਿਧਾਨਾ, ਨਾਮ ਨਿਸ਼ਾਨਾ ਹੱਥ ਉਠਾਇੰਦਾ । ਸਾਚਾ ਚਿੱਲਾ ਤੀਰ ਕਮਾਨਾ, ਦੋ ਜਹਾਨਾਂ ਆਪ ਵਖਾਇੰਦਾ । ਜਨ ਭਗਤਾਂ ਦੇਵੇ ਸਾਚਾ ਮਾਣਾ, ਮਾਣ ਨਿਮਾਣਿਆਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਸ਼ਾਹ ਪਾਤਸ਼ਾਹ ਪ੍ਰਭ ਵੇਸ ਵਟਾਏ, ਜੁਗ ਜੁਗ ਕਾਰ ਕਮਾਇੰਦਾ । ਭਗਤ ਭਗਵੰਤ ਲਏ ਉਠਾਏ, ਸਾਚੇ ਸੰਤ ਆਪ ਜਗਾਇੰਦਾ । ਗੁਰਮੁਖ ਸਾਜਣ ਸੰਗ ਰਲਾਏ, ਆਪ ਆਪਣੀ ਗੋਦ ਬਹਾਇੰਦਾ । ਗੁਰਮੁਖਾਂ ਅੰਦਰ ਨਾਮ ਮਰਦੰਗ ਵਜਾਏ, ਦਿਵਸ ਰੈਣ ਸੇਵ ਕਮਾਇੰਦਾ । ਕਾਇਆ ਚੋਲੀ ਰੰਗ ਚੜ੍ਹਾਏ, ਉਤਰ ਕਦੇ ਨਾ ਜਾਇੰਦਾ । ਧੁਰ ਦੀਬਾਣ ਨਿਰਗੁਣ ਸਰਗੁਣ ਭਿਛਿਆ ਮੰਗਣ ਆਪੇ ਆਏ, ਰੂਪ ਅਨੂਪ ਆਪ ਵਟਾਇੰਦਾ । ਦਹਿ ਦਿਸ਼ਾ ਚਾਰ ਕੁੰਟ ਫੇਰੀ ਪਾਏ, ਨਵ ਨਵ ਆਪਣੀ ਕਲ ਵਰਤਾਇੰਦਾ । ਹਰਿਜਨ ਸਾਚੇ ਲਏ ਜਗਾਏ, ਜਾਗਰਤ ਜੋਤ ਇਕ ਡਗਮਗਾਇੰਦਾ । ਸਵੱਛ ਸਰੂਪੀ ਦਰਸ ਦਿਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਲ ਵਰਤਾਇੰਦਾ । ਗੁਰਮੁਖ ਸੱਜਣ ਦਰਸ ਦਿਖਾਇਆ, ਦੀਨਾਂ ਨਾਥ ਦਰਦ ਦੁੱਖ ਭੈ ਭੰਜਨ । ਆਪ ਆਪਣਾ ਤਰਸ ਕਮਾਇਆ, ਗੁਰ ਚੇਲਾ ਮਿਲਿਆ ਸਾਚਾ ਸੱਜਣ । ਅੰਮ੍ਰਿਤ ਮੇਘ ਬਰਸ ਵਖਾਇਆ, ਚਰਨ ਧੂੜ ਕਰਾਇਆ ਏਕਾ ਮਜਨ । ਹਉਮੇ ਹੰਗਤਾ ਰੋਗ ਗਵਾਇਆ, ਗੜ੍ਹ ਹੰਕਾਰੀ ਭਾਂਡੇ ਭੱਜਣ । ਲੱਗੀ ਪ੍ਰੀਤ ਤੋੜ ਨਿਭਾਇਆ, ਅੰਤਮ ਆਇਆ ਪੜਦੇ ਕੱਜਣ । ਜਗਤ ਵਿਛੋੜਾ ਦਏ ਕਟਾਇਆ, ਦਰਗਹਿ ਸਾਚੀ ਹਰਿਜਨ ਸਾਚੇ ਬਹਿ ਬਹਿ ਸਜਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਪਾਏ ਏਕਾ ਅੰਜਨ । ਏਕਾ ਅੰਜਨ ਨਾਮ ਗੁਰ ਮੰਤਰ, ਮਦਨ ਮੂਰਤ ਦਏ ਦਰਸਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਤ੍ਰੈਗੁਣ ਭੇਵ ਨਾ ਭਰਮ ਭੁਲਾਈਆ । ਆਦਿ ਜੁਗਾਦਿ ਬਣਾਏ ਬਣਤਰ, ਲੱਖ ਚੁਰਾਸੀ ਭਾਂਡਾ ਘੜ ਘਰ ਘਰ ਵਿਚ ਦਏ ਟਿਕਾਈਆ । ਪਾਏ ਸਾਰ ਗਗਨ ਗਗਨੰਤਰ, ਗਹਿਰ ਗੰਭੀਰ ਆਪ ਅਖਵਾਈਆ । ਤਤ ਵਿਕਾਰ ਲਗਾਏ ਬਸੰਤਰ, ਅਗਨੀ ਹਵਨ ਆਪ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਿਆ ਚਰਨ ਦਵਾਰ, ਚਰਨ ਚਰਨੋਦਕ ਮੁਖ ਚਵਾਇਆ । ਕੋਟਨ ਕੋਟ ਪਾਪ ਦਏ ਉਤਾਰ, ਪਤਤ ਪਾਪੀ ਲਏ ਤਰਾਇਆ । ਵਡ ਪਰਤਾਪੀ ਬਣ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਵੇਖਣ ਆਇਆ, ਨਿਰਗੁਣ ਰੂਪ ਸੱਚੀ ਸਰਕਾਰ । ਲੱਖ ਚੁਰਾਸੀ ਫੋਲ ਫੋਲਾਇਆ, ਨੌ ਖੰਡ ਪ੍ਰਿਥਮੀ ਪਾਵੇ ਸਾਰ । ਸੱਤਾਂ ਦੀਪਾਂ ਢੋਲਾ ਗਾਇਆ, ਏਕਾ ਸ਼ਬਦ ਧੁਨ ਜੈਕਾਰ । ਆਪਣਾ ਚੋਲਾ ਆਪ ਬਦਲਾਇਆ, ਸਰਗੁਣ ਨਿਰਗੁਣ ਲੈ ਅਵਤਾਰ । ਪੜਦਾ ਓਹਲਾ ਇਕ ਰਖਾਇਆ, ਦਿਸ ਨਾ ਆਏ ਜੀਵ ਗਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਕਰੇ ਪਿਆਰ । ਸਚ ਪਿਆਰ ਕਰੰਦੜਾ, ਘਰ ਸਾਚੇ ਧੁਰ ਸੰਜੋਗ । ਗੁਰਮੁਖ ਸੱਜਣ ਮੇਲ ਮਿਲੰਦੜਾ, ਹਉਮੇ ਚੁੱਕੇ ਰੋਗ । ਘਰ ਮੰਦਰ ਆਪ ਸੁਹੰਦੜਾ, ਦਰ ਦਰਸ ਵਖਾਏ ਅਮੋਘ । ਆਵਣ ਜਾਵਣ ਫੰਦ ਕਟੰਦੜਾ, ਪਾਰ ਕਰਾਏ ਚੌਦਾਂ ਲੋਕ । ਏਕਾ ਸਾਚੇ ਧਾਮ ਬਹੰਦੜਾ, ਜੋ ਜਨ ਸੋਹੰ ਗਾਏ ਸਚ ਸਲੋਕ । ਪੁਰਖ ਅਬਿਨਾਸ਼ੀ ਮੇਲ ਮਿਲਦੰੜਾ, ਅਧਵਿਚਕਾਰ ਨਾ ਸਕੇ ਕੋਈ ਰੋਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਮੋਖ । ਸਾਚੀ ਮੋਖ ਮੁਕਤ ਗੁਰ ਚਰਨ ਦਾਸੀ, ਗੁਰਮੁਖ ਤੇਰੀ ਸੇਵ ਰਹੀ ਕਮਾਈਆ । ਪਰਗਟ ਹੋਇਆ ਸ਼ਾਹੋ ਸ਼ਾਬਾਸ਼ੀ, ਜਗਤ ਜੁਗਤ ਇਕ ਬਣਾਈਆ । ਵੇਸ ਵਟਾਇਆ ਘਨਕਪੁਰ ਵਾਸੀ, ਸਾਚੀ ਸ਼ਕਤ ਇਕ ਧਰਾਈਆ । ਗੁਰਮੁਖਾਂ ਪੂਰੀ ਕਰੇ ਆਸੀ, ਨੇਤਰ ਨੈਣਾਂ ਦਰਸ ਦਿਖਾਈਆ । ਨਿਜ ਆਤਮ ਨਿਰਗੁਣ ਜੋਤ ਇਕ ਪਰਕਾਸੀ, ਪਰਮ ਪੁਰਖ ਵੇਖ ਵਖਾਈਆ । ਪਾਰ ਕਰਾਏ ਪਵਣ ਸਵਾਸੀ, ਰਸਨਾ ਜਿਹਵਾ ਜੋ ਜਨ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦੀਨ ਦਿਆਲ, ਹਰਿਜਨ ਉਠਾਏ ਆਪਣੇ ਲਾਲ, ਲਾਲਨ ਲਾਲ ਗੋਦ ਸੁਹਾਈਆ । ਗੁਰਮੁਖ ਲਾਲ ਉਠਾਇਆ, ਲੱਖ ਚੁਰਾਸੀ ਵਿਚੋਂ ਭਾਲ । ਆਪ ਆਪਣੀ ਗੋਦ ਬਹਾਇਆ, ਕਰ ਕਿਰਪਾ ਦੀਨ ਦਿਆਲ । ਤਖ਼ਤ ਨਿਵਾਸੀ ਤਖ਼ਤ ਵਖਾਇਆ, ਸਚਖੰਡ ਦਵਾਰ ਸੱਚੀ ਧਰਮਸਾਲ । ਪੁਰਖ ਅਬਿਨਾਸ਼ੀ ਆਸਣ ਲਾਇਆ, ਉਪਰ ਬੈਠ ਸ਼ਾਹ ਕੰਗਾਲ । ਜੋਤ ਪਰਕਾਸ਼ੀ ਜੋਤ ਜਗਾਇਆ, ਆਪ ਆਪਣਾ ਦੀਪਕ ਬਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦਿਵਸ ਰੈਣ ਕਰੇ ਪ੍ਰਿਤਪਾਲ । ਪ੍ਰਿਤਪਾਲਕ ਪ੍ਰਭ ਪ੍ਰਿਤਪਾਲਦਾ, ਦਿਵਸ ਰੈਣ ਪਰਭਾਤ । ਹਰਿਜਨ ਸਾਚੇ ਤੇਰੀ ਸੁਰਤ ਸੰਭਾਲਦਾ, ਮੇਟ ਮਿਟਾਏ ਅੰਧੇਰੀ ਰਾਤ । ਕਰੇ ਖੇਲ ਸ਼ਾਹ ਕੰਗਾਲ ਦਾ, ਲੇਖਾ ਜਾਣੇ ਊਚ ਨੀਚ ਜ਼ਾਤ ਪਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਦੇਵੇ ਸਾਚੀ ਦਾਤ । ਸਚ ਦਾਤ ਨਾਮ ਵਡਿਆਈ, ਗੁਰ ਸਤਿਗੁਰ ਹੱਟ ਵਿਕਾਇੰਦਾ । ਗੁਰਮੁਖ ਮੰਗਣ ਚਾਈਂ ਚਾਈਂ, ਗੁਰ ਪੂਰਾ ਝੋਲੀ ਪਾਇੰਦਾ । ਦੇਵਣਹਾਰਾ ਸਭਨੀ ਥਾਈਂ, ਅਤੋਟ ਅਤੁਟ ਵਰਤਾਇੰਦਾ । ਜੁਗ ਜੁਗ ਕਰੇ ਸਚ ਨਿਆਈਂ, ਸਾਚਾ ਸਾਲਸ ਆਪ ਅਖਵਾਇੰਦਾ । ਹਰਿਜਨ ਪਾਰ ਕਰਾਏ ਫੜ ਫੜ ਬਾਂਹੀਂ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਸਿਰ ਰੱਖੇ ਠੰਡੀਆਂ ਛਾਈਂ, ਸਮਰਥ ਪੁਰਖ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ, ਪਾਰ ਕਿਨਾਰਾ ਇਕ ਵਖਾਇੰਦਾ । ਪਾਰ ਕਿਨਾਰਾ ਲੋਕਮਾਤ, ਲੋਕ ਪਰਲੋਕ ਹੋਏ ਸਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਜ ਘਰ ਆਤਮ ਵੇਖੇ ਮਾਰ ਝਾਤ, ਕਾਇਆ ਝਰੋਖਾ ਇਕ ਖੁਲ੍ਹਾਈਆ । ਚਰਨ ਕਵਲ ਉਪਰ ਧਵਲ ਆਪ ਬੰਧਾਏ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਾਚੀ ਸਖੀ ਨਰ ਨਰਾਇਣ ਮਿਲਿਆ ਮੇਲਾ ਹਰਿ ਹਰਿ ਕਮਲਾਪਾਤ, ਵਿਛੜ ਕਦੇ ਨਾ ਜਾਈਆ । ਬੋਧ ਅਗਾਧ ਸ਼ਬਦ ਅਨਾਦਾ ਸੁਣਾਏ ਸਾਚੀ ਗਾਥ, ਨਾਮ

੮੧੩ ੦੯

ਵੱਖਰ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁਕਿਆ ਪੂਜਾ ਪਾਠ, ਪਾਰਬ੍ਰਹਮ ਪ੍ਰਭ ਮਿਲੀ ਸਚ ਸਰਨਾਈਆ । ਗੁਰਸਿਖ ਉਤਰਿਆ ਆਪਣੇ ਘਾਟ, ਸੱਚਾ ਬੇੜਾ ਬੰਨੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਪਾਤਸ਼ਾਹ ਦੇਵੇ ਵਰ, ਸਾਚੇ ਤਖ਼ਤ ਉਪਰ ਚੜ੍ਹ, ਕਿਲਾ ਕੋਟ ਨਾ ਦਿਸੇ ਗੜ੍ਹ, ਚਾਰ ਦੀਵਾਰ ਛੱਪਰ ਛੰਨ ਨਾ ਕੋਇ ਵਖਾਈਆ । ਛੱਪਰ ਛੰਨ ਨਾ ਕੋਇ ਦਰਵਾਜਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਕਰੇ ਖੇਲ ਗ਼ਰੀਬ ਨਿਵਾਜਾ, ਮਾਣ ਨਿਮਾਣਿਆਂ ਵੇਖ ਵਖਾਇੰਦਾ । ਅਸਵ ਘੋੜਾ ਰੱਖੇ ਤਾਜਾ, ਸ਼ਬਦ ਸ਼ਬਦੀ ਆਪ ਦੌੜਾਇੰਦਾ । ਅਨਹਦ ਵਜਾਏ ਆਪਣਾ ਵਾਜਾ, ਅਨਹਦ ਸਾਚੀ ਤਾਰ ਹਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਭਾਜਾ, ਗਗਨ ਪਾਤਾਲ ਫੇਰੀ ਪਾਇੰਦਾ । ਦੋ ਜਹਾਨਾਂ ਸਾਚਾ ਰਾਜਾ, ਸ਼ਾਹੋ ਭੂਪ ਮਸਤਕ ਟਿੱਕਾ ਤਿਲਕ ਲਲਾਟੀ ਜੋਤ ਜਗਾਇੰਦਾ । ਅੰਤਮ ਕਲਜੁਗ ਪਰਗਟ ਹੋਏ ਦੇਸ ਮਾਝਾ, ਮਾਤ ਪਿਤ ਨਾ ਕੋਇ ਵਖਾਇੰਦਾ । ਸੰਬਲ ਨਗਰੀ ਸ਼ਾਹ ਨਵਾਬਾ, ਤਨ ਰਬਾਬਾ ਸਤਾਰ ਹਲਾਇੰਦਾ । ਕਾਇਆ ਗੜ੍ਹ ਮੱਕਾ ਕਾਅਬਾ, ਹੁਜਰਾ ਹਾਜ਼ੀ ਵੇਖ ਵਖਾਇੰਦਾ । ਗੁਰਮੁਖਾਂ ਪਿਆਏ ਹਯਾਤ ਆਬਾ, ਬੇਆਬ ਨਾ ਕੋਇ ਤੜਫਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੁਹਾਏ ਦਰ, ਦਰ ਘਰ ਸਾਚਾ ਆਪ ਵਖਾਇੰਦਾ । ਦਰ ਘਰ ਸਾਚਾ ਖੋਲਿਆ, ਕਰ ਕਿਰਪਾ ਗੁਣ ਨਿਧਾਨ । ਸੋਹੰ ਅੱਖਰ ਏਕਾ ਬੋਲਿਆ, ਸਤਿਜੁਗ ਸਚ ਕਰੇ ਪਰਧਾਨ । ਅਬਿਨਾਸ਼ੀ ਕਰਤੇ ਏਕਾ ਕੰਡੇ ਤੋਲਿਆ, ਤੋਲਾ ਬਣ ਸ੍ਰੀ ਭਗਵਾਨ । ਆਪਣਾ ਪੜਦਾ ਆਪੇ ਫੋਲਿਆ, ਵੇਖ ਵਖਾਏ ਦੋ ਜਹਾਨ । ਸਾਚੀ ਵਸਤ ਰੱਖੇ ਕੋਲਿਆ, ਗੁਰਮੁਖਾਂ ਦੇਵੇ ਆਣ । ਨਿਜ ਆਤਮ ਨਿਜ ਘਰ ਨਿਜ ਰੂਪ ਹੋ ਹੋ ਮੌਲਿਆ, ਜੀਵ ਜੰਤ ਨਾ ਸਕੇ ਪਛਾਣ । ਉਲਟਾ ਕਰੇ ਨਾਭ ਕੌਲਿਆ, ਅੰਮ੍ਰਿਤ ਝਿਰਨਾ ਝਿਰੇ ਮਹਾਨ । ਦੇਵੇ ਵਡਿਆਈ ਉਪਰ ਧੌਲਿਆ, ਧਰਤ ਧਵਲ ਕਰ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਆਪਣੇ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

### ❊ ੨੭ ਹਾੜ ੨੦੧੭ ਬਿਕ੍ਰਮੀ ਗੁਰਦਿਆਲ ਸਿੰਘ ਦੇ ਘਰ ਪਿੰਡ ਮੈਹਣੀਆਂ ਜ਼ਿਲਾ ਅੰਮ੍ਰਿਤਸਰ ❊

ਸੋ ਪੁਰਖ ਨਿਰੰਜਣ ਠਾਂਡਾ ਸੀਤ, ਆਦਿ ਜੁਗਾਦੀ ਹਰਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਇਕ ਅਤੀਤ, ਸਚਖੰਡ ਦਵਾਰੇ ਸੋਭਾ ਪਾਇੰਦਾ । ਏਕੰਕਾਰਾ ਆਪ ਚਲਾਏ ਆਪਣੀ ਰੀਤ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਆਦਿ ਨਿਰੰਜਣ ਸਾਚਾ ਮੀਤ, ਸਗਲਾ ਸਾਥੀ ਸਗਲਾ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਵਸੇ ਧਾਮ ਅਨਡੀਠ, ਸਚਖੰਡ ਦਵਾਰੇ ਸੋਭਾ ਪਾਇੰਦਾ । ਸ੍ਰੀ ਭਗਵਾਨ ਗਾਏ ਆਪਣਾ ਸੁਹਾਗੀ ਗੀਤ, ਆਪਣਾ ਢੋਲਾ ਆਪ ਅਲਾਇੰਦਾ । ਪਾਰਬ੍ਰਹਮ ਪ੍ਰਭ ਪਤਤ ਪੁਨੀਤ, ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਸਰਬ ਗੁਣ ਦਾਤਾ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਆਪ ਬੰਧਾਏ ਆਪਣਾ ਨਾਤਾ, ਆਪ ਆਪਣਾ ਮੇਲ ਮਿਲਾਈਆ । ਏਕੰਕਾਰਾ ਚਲਾਏ ਸਾਚਾ ਰਾਥਾ, ਰਥ ਰਥਵਾਹੀ ਦਿਸ ਨਾ ਆਈਆ । ਆਦਿ ਨਿਰੰਜਣ ਜੋਤੀ ਨੂਰ ਲਲਾਟਾ, ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਵਾਟਾ, ਆਪ ਆਪਣਾ ਪੰਧ ਮੁਕਾਈਆ । ਸ੍ਰੀ ਭਗਵਾਨ

ਆਪ ਚਲਾਏ ਸਾਚਾ ਰਾਥਾ, ਜੁਗਾ ਜੁਗੰਤਰ ਸੇਵ ਕਮਾਈਆ । ਪਾਰਬ੍ਰਹਮ ਆਪਣਾ ਚੁਕਾਏ ਲਹਿਣਾ ਦੇਣਾ ਮਸਤਕ ਮਾਥਾ, ਲੇਖਾ ਲੇਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਸੋ ਪੁਰਖ ਨਿਰੰਜਣ ਨੂਰ ਨੁਰਾਨਾ, ਰੂਪ ਰੰਗ ਨਾ ਕੋਇ ਵਖਾਇੰਦਾ । ਹਰਿ ਪੁਰਖ ਨਿਰੰਜਣ ਖੇਲ ਮਹਾਨਾ, ਸਤਿ ਸਤਿਵਾਦੀ ਆਪ ਕਰਾਇੰਦਾ । ਏਕੰਕਾਰਾ ਗੁਣ ਨਿਧਾਨਾ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਆਦਿ ਨਿਰੰਜਣ ਜੋਤ ਮਹਾਨਾ, ਜੁਗਾ ਜੁਗੰਤਰ ਡਗਮਗਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਆਵਣ ਜਾਣਾ, ਆਵਣ ਜਾਵਣ ਆਪਣੀ ਰਚਨ ਰਚਾਇੰਦਾ । ਅਬਿਨਾਸ਼ੀ ਕਰਤਾ ਖੇਲੇ ਖੇਲ ਦੋ ਜਹਾਨਾਂ, ਦੋ ਜਹਾਨਾਂ ਵਾਲੀ ਆਪ ਅਖਵਾਇੰਦਾ । ਪਾਰਬ੍ਰਹਮ ਸਾਚੇ ਮੰਦਰ ਹੋ ਪਰਧਾਨਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਥਿਰ ਘਰ ਵੇਖੇ ਇਕ ਟਿਕਾਣਾ, ਨਿਰਗੁਣ ਆਪਣਾ ਆਪ ਸੁਹਾਇੰਦਾ । ਸਾਚਾ ਤਖ਼ਤ ਸ਼ਾਹ ਸੁਲਤਾਨਾ, ਤਖ਼ਤ ਨਿਵਾਸੀ ਇਕ ਵਖਾਇੰਦਾ । ਭੂਪ ਸਤਿ ਸਰੂਪ ਬਣ ਰਾਜ ਰਜਾਨਾ, ਆਸਣ ਸਿੰਘਾਸਣ ਆਪੇ ਲਾਇੰਦਾ । ਅਨਾਦੀ ਨਾਦ ਧੁਰ ਫ਼ਰਮਾਨਾ, ਸ਼ਬਦ ਸ਼ਬਦੀ ਆਪ ਅਲਾਇੰਦਾ । ਆਪੇ ਹੋਏ ਦਰ ਦਰਬਾਨਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਅਲੱਖ ਅਗੋਚਰ ਭੇਵ ਨਿਆਰਾ, ਸੋ ਪੁਰਖ ਨਿਰੰਜਣ ਵਡ ਦਾਤਾ ਬੇਪਰਵਾਹੀਆ । ਜੁਗਾ ਜੁਗੰਤਰ ਸਾਚੀ ਕਾਰਾ, ਹਰਿ ਪੁਰਖ ਨਿਰੰਜਣ ਆਪ ਕਰਾਈਆ । ਥਿਰ ਘਰ ਵਸਾਏ ਸਚ ਦਵਾਰਾ, ਏਕੰਕਾਰਾ ਆਪਣੀ ਕਲ ਵਰਤਾਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਨੂਰ ਨੁਰਾਨਾ ਡਗਮਗਾਈਆ । ਆਦਿ ਨਿਰੰਜਣ ਦੀਪਕ ਹੋ ਉਜਿਆਰਾ, ਦੀਵਾ ਬਾਤੀ ਨਾ ਕੋਇ ਟਿਕਾਈਆ । ਰਵ ਸਸ ਨਾ ਕੋਇ ਸਤਾਰਾ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਮੰਡਲ ਮੰਡਪ ਨਾ ਕੋਇ ਉਜਿਆਰਾ, ਦੂਸਰ ਰੰਗ ਨਾ ਕੋਇ ਰੰਗਾਈਆ । ਗਗਨ ਗਗਨੰਤਰ ਨਾ ਕੋਈ ਪਾਵੇ ਸਾਰਾ, ਮੰਡਲ ਮੰਡਪ ਨਾ ਵੇਖ ਵਖਾਈਆ । ਜ਼ਿਮੀ ਅਸਮਾਨ ਨਾ ਬੰਨ੍ਹੇ ਧਾਰਾ, ਚੌਦਾਂ ਲੋਕ ਨਾ ਹੱਟ ਖੁਲ੍ਹਾਈਆ । ਲੋਆਂ ਪੁਰੀਆਂ ਨਾ ਕੋਇ ਅਖਾੜਾ, ਬ੍ਰਹਮਾ ਵਿਸ਼ਨ ਸ਼ਿਵ ਨਾ ਰਚਨ ਰਚਾਈਆ । ਸੁਰਪਤ ਰਾਜਾ ਇੰਦ ਨਾ ਕੋਈ ਪਿਆਰਾ, ਕਰੋੜ ਤੇਤੀਸਾ ਨਾ ਮੇਲ ਮਿਲਾਈਆ । ਗਣ ਗੰਧਰਬ ਨਾ ਬੋਲੇ ਕੋਇ ਜੈਕਾਰਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਤ੍ਰੈਗੁਣ ਮਾਇਆ ਨਾ ਕੋਇ ਭੰਡਾਰਾ, ਪੰਜ ਤਤ ਨਾ ਕੋਇ ਕੁੜਮਾਈਆ । ਲੱਖ ਚੁਰਾਸੀ ਨਾ ਦਿਸੇ ਖੇਲ ਗੁਪਤ ਜ਼ਾਹਰਾ, ਅੰਦਰ ਬਾਹਰ ਨਾ ਵੇਖ ਵਖਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਕੰਤ ਸੇਜ ਹੰਢਾਈਆ । ਪੁੱਤਰ ਧੀਆਂ ਨਾ ਕਰੇ ਕੋਇ ਵਣਜਾਰਾ, ਮਾਤ ਪਿਤ ਨਾ ਕੋਇ ਬਣਾਈਆ । ਸਾਕ ਸੈਣ ਨਾ ਦਿਸੇ ਸੰਸਾਰਾ, ਸੱਜਣ ਠੱਗ ਨਾ ਕੋਇ ਰਖਾਈਆ । ਨਾਦ ਸ਼ਬਦ ਧੁਨ ਨਾ ਕੋਇ ਜੈਕਾਰਾ, ਬੱਤੀ ਦੰਦ ਨਾ ਕੋਇ ਹਲਾਈਆ । ਮੰਦਰ ਮਸਜਿਦ ਨਾ ਕੋਇ ਗੁਰਦਵਾਰਾ, ਸ਼ਿਵਦਵਾਲਾ ਮੱਠ ਨਾ ਕੋਇ ਸੁਹਾਈਆ । ਅਠਸਠ ਤੀਰਥ ਨਾ ਕੋਇ ਕਿਨਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਧਾਰ ਵਹਾਈਆ । ਗੁਰ ਪੀਰ ਨਾ ਕੋਇ ਅਵਤਾਰਾ, ਸਾਧ ਸੰਤ ਨਾ ਰੂਪ ਵਟਾਈਆ । ਪੰਜ ਤਤ ਨਾ ਕੋਇ ਹੰਕਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਵੇਸ ਵਟਾਈਆ । ਮਨ ਮਤ ਬੁਧ ਨਾ ਕੋਇ ਸਹਾਰਾ, ਆਸਾ ਤ੍ਰਿਸ਼ਨਾ ਨਾ ਸੰਗ ਮਿਲਾਈਆ । ਆਦਿ ਜੁਗਾਦੀ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਸ੍ਰੀ ਭਗਵਾਨ ਖੇਲ ਨਿਆਰਾ, ਨਿਰਗੁਣ ਆਪਣੇ ਵਿਚ ਛੁਪਾਈਆ । ਪਾਰਬ੍ਰਹਮ ਪ੍ਰਭ ਸਾਂਝਾ

੮੧੫

ਯਾਰਾ, ਦਰ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਨੀ ਰਹਿਤ ਪੁਰਖ ਅਕਾਲਾ, ਘਰ ਸਾਚੇ ਬੈਠਾ ਸਾਚਾ ਮਾਹੀਆ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਨਿਰਗੁਣ ਮੇਲਾ ਮੇਲ ਮਿਲਾਇੰਦਾ । ਏਕੰਕਾਰਾ ਬਣਾਏ ਬਣਤ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਆਪਣੀ ਮਹਿਮਾ ਆਪੇ ਜਾਣੇ ਅਗਣਤ, ਵੇਦ ਕਤੇਬ ਭੇਵ ਨਾ ਪਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਆਦਿ ਅੰਤ, ਮਦਿ ਆਪਣੀ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਮੰਗੇ ਮੰਗਤ, ਦਰ ਆਪਣੇ ਆਪਣੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਨਿਰਗੁਣ ਲਾਏ ਇਕ ਅਖਾੜਾ, ਗੋਪੀ ਕਾਹਨ ਆਪ ਨਚਾਇੰਦਾ । ਗੋਪੀ ਕਾਹਨ ਹਰਿ ਭਗਵਾਨਾ, ਦੂਸਰ ਅਵਰ ਨਾ ਕੋਇ ਜਣਾਈਆ । ਸਚਖੰਡ ਵਸੇ ਸਚ ਮਕਾਨਾ, ਥਿਰ ਘਰ ਬੈਠਾ ਜੋਤ ਜਗਾਈਆ । ਸ਼ਾਹੋ ਭੂਪ ਸ਼ਾਹ ਸੁਲਤਾਨਾ, ਰਾਜ ਰਾਜਾਨਾ ਬੇਪਰਵਾਹੀਆ । ਨੂਰੋ ਨੂਰ ਨੂਰੀ ਨੂਰ ਨੁਰਾਨਾ, ਪਰਵਰਦਿਗਾਰ ਨਾਉਂ ਧਰਾਈਆ । ਏਕਾ ਗਾਵੇ ਸਚ ਤਰਾਨਾ, ਸ਼ਬਦ ਅਨਾਦੀ ਨਾਦ ਸੁਣਾਈਆ । ਦੋ ਜਹਾਨਾ ਦੇਵਣਹਾਰਾ ਸਾਚਾ ਧੁਰ ਫ਼ਰਮਾਣਾ, ਆਪਣੀ ਇਛਿਆ ਦਏ ਵਖਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਦਰਗਹਿ ਸਾਚੀ ਸਾਚੇ ਧਾਮ ਦਏ ਵਡਿਆਈਆ । ਨਾ ਕੋਈ ਚਿੱਲਾ ਤੀਰ ਕਮਾਨਾ, ਖੜਗ ਖੰਡਾ ਨਾ ਹੱਥ ਉਠਾਈਆ । ਏਕਾ ਹੁਕਮੀ ਹੁਕਮ ਫ਼ਰਮਾਨਾ, ਲੇਖੇ ਵਿਚ ਸਰਬ ਭਵਾਈਆ । ਖੇਲੇ ਖੇਲ ਦੋ ਜਹਾਨਾਂ, ਤ੍ਰੈ

੮੧੬ ਤ੍ਰੈ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਈਆ । ਪੁਰਖ ਅਬਿਨਾਸ਼ੀ ਖੇਲ ਅਵੱਲਾ, ਭੇਵ ਕੋਇ ਨਾ ਪਾਇੰਦਾ । ਸਤਿ ਪੁਰਖ ਨਿਰੰਜਣ ਇਕ ਇਕੱਲਾ, ਨਿਰਗੁਣ ਆਪਣੀ ਕਲ ਵਰਤਾਇੰਦਾ । ੮੧੬

੦੯ ਸਚਖੰਡ ਦਵਾਰੇ ਵਸੇ ਸਚ ਮਹੱਲਾ, ਉਚ ਅਟੱਲਾ ਆਪ ਵਸਾਇੰਦਾ । ਆਪਣੀ ਜੋਤੀ ਦੀਪਕ ਆਪੇ ਬੱਲਾ, ਨੂਰੋ ਨੂਰ ਡਗਮਗਾਇੰਦਾ । ਆਪਣੀ ੦੯ ਸ਼ਕਤੀ ਆਪੇ ਰੱਲਾ, ਆਦਿ ਸ਼ਕਤ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਜੋਤ ਜਗਾਏ ਆਦਿ ਨਿਰੰਜਣਾ, ਨੂਰ ਨੁਰਾਨਾ ਆਪ ਅਖਵਾਇੰਦਾ । ਨੂਰ ਨੁਰਾਨਾ ਪਾਰਬ੍ਰਹਮ, ਹਰਿ ਸੱਚਾ ਵਡ ਵਡਿਆਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਪਵਣ ਸਵਾਸ ਨਾ ਲਏ ਦਮ, ਪੰਜ ਤਤ ਨਾ ਕਰੇ ਕੁੜਮਾਈਆ । ਨਾ ਕੋਈ ਜਨਨੀ ਜਣੇ ਜਨ, ਬਾਲਕ ਗੋਦ ਨਾ ਕੋਇ ਸਖਾਈਆ । ਨਾ ਕੋਈ ਬੇੜਾ ਦੇਵੇ ਬੰਨ੍ਹ, ਸੀਸ ਭਾਰ ਨਾ ਕੋਇ ਚੁਕਾਈਆ । ਕਿਸੇ ਨਾ ਵਸਿਆ ਛੱਪਰ ਛੰਨ, ਚਾਰ ਦੀਵਾਰ ਨਾ ਬੰਦ ਵਖਾਈਆ । ਆਦਿ ਜੁਗਾਦਿ ਨਾ ਦੇਵੇ ਕੋਇ ਡੰਨ, ਜੁਗ ਜੁਗ ਆਪਣੀ ਖੇਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ ਥਿਰ ਘਰ ਸਾਚੇ ਦਏ ਵਡਿਆਈਆ । ਥਿਰ ਘਰ ਸਾਚਾ ਹਰਿ ਵਡਿਆਇਆ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਘਰ ਵਿਚ ਘਰ ਦਏ ਉਪਜਾਇਆ, ਸਚਖੰਡ ਦਵਾਰਾ ਨਾਉਂ ਧਰਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਆਪ ਟਿਕਾਇਆ, ਆਪਣੀ ਸੇਵਾ ਆਪ ਕਮਾਇੰਦਾ । ਆਪਣਾ ਨਾਤੀ ਪੁਰਖ ਬਿਧਾਤਾ ਆਪ ਅਖਵਾਇਆ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਆਪਣਾ ਸਾਕੀ ਬਣ ਬਣ ਜਾਮ ਪਿਆਇਆ, ਸਚ ਪਿਆਲਾ ਹੱਥ ਉਠਾਇੰਦਾ । ਆਪਣਾ ਰਾਮ ਬਣ ਬਣ ਦਰਸ ਦਿਖਾਇਆ, ਰਾਮ ਰੂਪ ਆਪ

ਹੋ ਜਾਇੰਦਾ । ਆਪਣਾ ਲੇਖਾ ਆਪ ਲਿਖਾਇਆ, ਲੇਖਾ ਆਪਣੇ ਹੱਥ ਰਖਾਇੰਦਾ । ਆਪਣਾ ਭਰਮ ਭੁਲੇਖਾ ਆਪ ਕਢਾਇਆ, ਭਰਮ ਗੜ੍ਹ ਆਪ ਤੁੜਾਇੰਦਾ । ਆਪਣੇ ਅੰਦਰ ਵੜ ਆਪਣਾ ਆਸਣ ਆਪ ਸੁਹਾਇਆ, ਸਚ ਸਿੰਘਾਸਣ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ ਨਾਉਂ ਧਰਾਇਆ, ਜਨਮ ਮਰਨ ਵਿਚ ਨਾ ਆਇੰਦਾ । ਸਾਚੀ ਮੰਡਲ ਰਾਸ ਆਪ ਰਚਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ ਸਚਖੰਡ ਦਵਾਰਾ ਸੋਭਾਵੰਤ, ਹਰਿ ਹਰਿ ਵਸੇ ਏਕਾ ਕੰਤ, ਕੰਤ ਕੰਤੂਹਲ ਆਪ ਅਖਵਾਇੰਦਾ । ਕੰਤ ਕੰਤੂਹਲ ਲਾਲ ਗੋਪਾਲ, ਹਰਿ ਸੱਚਾ ਬੇਪਰਵਾਹੀਆ । ਸਤਿਗੁਰ ਸੱਚਾ ਦੀਨ ਦਿਆਲ, ਘਰ ਸਾਚੇ ਸੋਭਾ ਪਾਈਆ । ਚਰਨ ਭਿਖਾਰ ਬਣਾਏ ਮਹਾਂਕਾਲ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਨਿਆਰਾ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਨੂਰਾਨਿਆ । ਮੁਕਾਮੇ ਹੱਕ ਏਕਾ ਯਾਰ, ਲਾਸ਼ਰੀਕ ਦੋ ਜਹਾਨਿਆ । ਮਹਿਬਾਨ ਬੀਦੋ ਖੇਲ ਨਿਆਰ, ਰਹਿਮਤ ਰਹਿਮਾਨ ਸ੍ਰੀ ਭਗਵਾਨਿਆ । ਨੂਰੀ ਜਲਵਾ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਨਿਆ । ਤਾਲਬ ਤਲਬ ਤਾਲਬਗਾਰ, ਹੱਕ ਹਕੀਕਤ ਖੇਲ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰਗਹਿ ਸਾਚੀ ਨੌਜਵਾਨਿਆ । ਦਰਗਹਿ ਸਾਚੀ ਸਚ ਨਿਵਾਸਾ, ਹਰਿ ਸਾਚਾ ਸਚ ਸੁਹਾਈਆ । ਨਿਰਗੁਣ ਕਰੇ ਖੇਲ ਤਮਾਸ਼ਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਨਿਰਗੁਣ ਅੰਦਰ ਕਰਿਆ ਨਿਰਗੁਣ ਵਾਸਾ, ਨਿਰਗੁਣ ਨਿਰਗੁਣ ਗੋਦ ਬਹਾਈਆ । ਨਿਰਗੁਣ ਨੂਰ ਜੋਤ ਪਰਕਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੮੧੭

੮੧੭

ਕਰ, ਵਸਣਹਾਰਾ ਸਾਚੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹਿਆ, ਸਚਖੰਡ ਨਿਵਾਸੀ ਏਕੰਕਾਰ । ਨਿਸ਼ਅੱਖਰ ਆਪਣਾ ਆਪੇ ਬੋਲਿਆ, ਆਪ ਆਪਣੀ ਕਰ ਪੁਕਾਰ । ਆਪਣਾ ਲੇਖਾ ਆਪੇ ਤੋਲਿਆ, ਤੋਲਣਹਾਰ ਸੱਚੀ ਸਰਕਾਰ । ਆਪੇ ਬਣੇ ਹਰਿ ਵਿਚੋਲਿਆ, ਲੇਖਾ ਜਾਣੇ ਧੁਰ ਦਰਬਾਰ । ਸਚਖੰਡ ਨਾ ਕੋਈ ਪੜਦਾ ਨਾ ਕੋਈ ਉਹਲਿਆ, ਏਕਾ ਨੂਰ ਹੋਏ ਉਜਿਆਰ । ਸਾਹਿਬ ਸੁਲਤਾਨ ਨਾ ਕੋਈ ਕਲ ਦਿਸੇ ਸੋਲਿਆ, ਅਕਲ ਕਲ ਆਪ ਕਰਤਾਰ । ਏਕਾ ਨਾਮ ਸ਼ਬਦ ਅਨਮੋਲਿਆ, ਆਪ ਆਪਣਾ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਣਜ ਕਰੇ ਵਪਾਰ । ਸਚ ਵਣਜਾਰਾ ਹਰਿ ਨਿਰੰਕਾਰਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਏਕਾ ਹੱਟ ਖੋਲ੍ਹ ਕਿਵਾੜਾ, ਸਾਚੀ ਵਸਤ ਵਿਚ ਟਿਕਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਦਰ ਦਰਬਾਨ ਅਲਖ ਜਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚਾ ਹੁਕਮੀ ਹੁਕਮ ਆਪ ਅਲਾਇੰਦਾ । ਏਕਾ ਦੇਵਣਹਾਰ ਹਰਿ ਭੰਡਾਰਾ, ਸਾਚੀ ਵਸਤ ਝੋਲੀ ਪਾਇੰਦਾ । ਆਪਣਾ ਨਾਉਂ ਰੱਖ ਨਿਰੰਕਾਰਾ, ਆਪੇ ਵੇਖ ਵਖਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਵੇਦ ਕਤੇਬਾਂ ਵਸੇ ਬਾਹਰਾ, ਸ਼ਾਸਤਰ ਸਿਮਰਤ ਭੇਵ ਨਾ ਪਾਇੰਦਾ । ਖਾਣੀ ਬਾਣੀ ਨਾ ਕਰੇ ਵਿਚਾਰਾ, ਤ੍ਰੈਗੁਣ ਮੇਲ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇੰਦਾ । ਆਪਣਾ ਨਾਉਂ ਹਰਿ ਹਰਿ ਰੱਖ, ਆਪਣੀ ਦਇਆ ਕਮਾਇੰਦਾ । ਸਾਚੇ ਮੰਦਰ ਹੋ ਪਰਤੱਖ, ਸਚਖੰਡ ਦਵਾਰੇ ਜੋਤ ਜਗਾਇੰਦਾ । ਆਪ ਆਪਣਾ ਕੀਤਾ ਵੱਖ, ਆਪ ਆਪਣਾ ਅੰਗ ਕਟਾਇੰਦਾ । ਆਪੇ ਹੋਏ ਅਲੱਖਣਾ ਅਲੱਖ, ਲੇਖਾ ਲੇਖ ਨਾ ਕੋਇ ਜਣਾਇੰਦਾ । ਆਪਣਾ ਮਾਰਗ ਆਪੇ ਦੱਸ,

ਆਪੇ ਰਾਹ ਚਲਾਇੰਦਾ । ਆਪਣੇ ਅੱਗੇ ਆਪੇ ਹੋਇਆ ਵਸ, ਆਪ ਆਪਣਾ ਸੀਸ ਝੁਕਾਇੰਦਾ । ਆਪੇ ਰਸੀਆ ਭੋਗੇ ਰਸ, ਰਸ ਰਸ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਨਿਰਗੁਣ ਵੜ, ਨਾ ਕੋਈ ਸੀਸ ਨਾ ਕੋਈ ਧੜ, ਸਾਚੇ ਪੌੜੇ ਬੈਠਾ ਚੜ੍ਹ, ਥਿਰ ਘਰ ਸਾਚਾ ਆਪ ਸੁਹਾਇੰਦਾ । ਸਾਚੇ ਪੌੜੇ ਹਰਿ ਹਰਿ ਚੜ੍ਹਿਆ, ਆਦਿ ਆਦਿ ਵੱਡੀ ਵਡਿਆਈਆ । ਆਪਣਾ ਅੱਖਰ ਆਪੇ ਪੜ੍ਹਿਆ, ਆਪ ਆਪਣੇ ਵਿਚ ਸਮਾਈਆ । ਆਪਣਾ ਘਾੜਨ ਆਪੇ ਘੜਿਆ, ਨਾ ਕੋਈ ਭੰਨੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਈਆ । ਰੂਪ ਅਪਾਰਾ ਹਰਿ ਨਿਰੰਕਾਰਾ, ਆਪਣਾ ਆਪ ਵਟਾਇੰਦਾ । ਜੋਤੀ ਜੋਤ ਕਰ ਪਸਾਰਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਨਾਰੀ ਕੰਤ ਭਤਾਰਾ, ਸਾਚੀ ਸੇਜ ਹੰਢਾਇੰਦਾ । ਏਕਾ ਉਪਜੇ ਸੁੱਤ ਦੁਲਾਰਾ, ਸ਼ਬਦ ਸ਼ਬਦੀ ਨਾਉਂ ਰਖਾਇੰਦਾ । ਸ਼ਬਦੀ ਸ਼ਬਦ ਭਰੇ ਭੰਡਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰੱਖ ਆਪਣੇ ਹੱਥ, ਸਮਰਥ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਹਰਿ ਸਮਰਥ, ਸਾਖਿਆਤ ਜੋਤ ਜਗਾਈਆ । ਏਕੰਕਾਰਾ ਚਲਾਏ ਰਥ, ਆਦਿ ਜੁਗਾਦਿ ਵੱਡੀ ਵਡਿਆਈਆ । ਏਕੰਕਾਰਾ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਆਦਿ ਨਿਰੰਜਣ ਆਪਣੀ ਦੇਵੇ ਏਕਾ ਵੱਥ, ਜੋਤ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨਿਭਾਏ ਸਗਲਾ ਸਾਥ, ਸਾਚਾ ਸੰਗ ਇਕ ਖ਼ੁਦਾਈਆ । ਸ੍ਰੀ ਭਗਵਾਨ ਆਪੇ ਵਸਿਆ ਆਪਣੇ ਘਾਟ, ਦਰ ਘਰ ਸਾਚਾ ਆਪ ਸੁਹਾਈਆ । ਪਾਰਬ੍ਰਹਮ ਏਕਾ ਨਾਤਾ ਬੰਧਾਏ ਆਪਣੇ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਈਆ । ਨਿਰਗੁਣ ਮੇਲ ਮਿਲਾਇਆ, ਨਿਰਗੁਣ ਨਾਰੀ ਕੰਤ ਭਤਾਰ । ਨਿਰਗੁਣ ਸੇਜ ਹੰਢਾਇਆ, ਸੋਹੇ ਸਚਖੰਡ ਦਵਾਰ । ਥਿਰ ਘਰ ਸਾਚਾ ਵੇਖ ਵਖਾਇਆ, ਕਮਲਾਪਾਤੀ ਮੀਤ ਮੁਰਾਰ । ਸਤਿ ਪੁਰਖ ਨਿਰੰਜਣ ਦਇਆ ਕਮਾਇਆ, ਦੀਨ ਦਿਆਲਾ ਸਾਂਝਾ ਯਾਰ । ਜੋਤੀ ਜੋਤ ਜੋਤ ਰੁਸ਼ਨਾਇਆ, ਪੂਤ ਸਪੂਤਾ ਕਰ ਪਿਆਰ । ਸ਼ਬਦ ਸ਼ਬਦੀ ਨਾਉਂ ਧਰਾਇਆ, ਨਾਦ ਵਜਾਇਆ ਏਕੰਕਾਰ । ਆਪ ਆਪਣੀ ਗੋਦ ਬਹਾਇਆ, ਸਮਰਥ ਪੁਰਖ ਪ੍ਰਭ ਕਿਰਪਾ ਧਾਰ । ਸਿਰ ਆਪਣਾ ਹੱਥ ਰਖਾਇਆ, ਵਰ ਦਏ ਸੱਚੀ ਸਰਕਾਰ । ਤੇਰੀ ਸਾਚੀ ਸੇਵ ਲਗਾਇਆ, ਸੇਵਕ ਬਣਨਾ ਖ਼ਬਰਦਾਰ । ਆਲਸ ਨਿੰਦਰਾ ਵਿਚ ਨਾ ਆਇਆ, ਤ੍ਰੈਗੁਣ ਨਾ ਕੋਇ ਪਿਆਰ । ਆਪਣੀ ਕੁੱਖੋਂ ਆਪੇ ਜਾਇਆ, ਰਕਤ ਬੂੰਦ ਨਾ ਕੋਇ ਆਧਾਰ । ਮਾਣਸ ਮਾਨੁਖ ਨਾ ਰੂਪ ਵਟਾਇਆ, ਨਿਰਗੁਣ ਨਿਰਗੁਣ ਖੇਲ ਅਪਾਰ । ਸੰਸਾ ਦੁਖ ਨਾ ਕੋਇ ਜਣਾਇਆ, ਰੋਗ ਸੋਗ ਨਾ ਕੋਇ ਧਾਰ । ਦਰਸ ਅਮੋਘ ਇਕ ਕਰਾਇਆ, ਆਪ ਆਪਣਾ ਕਰ ਪਿਆਰ । ਪੁਰਖ ਅਬਿਨਾਸ਼ੀ ਅੰਮ੍ਰਿਤ ਏਕਾ ਚੋਗ ਚੁਗਾਇਆ, ਚਰਨ ਕਵਲ ਠੰਡੀ ਠਾਰ । ਸਚਖੰਡ ਦਵਾਰੇ ਸਚ ਸੰਜੋਗ ਵਖਾਇਆ, ਹੋਏ ਵਿਜੋਗ ਨਾ ਅੰਤਮ ਵਾਰ । ਏਕਾ ਆਪਣਾ ਸਲੋਕ ਸੁਣਾਇਆ, ਸੋਹੰ ਰੂਪ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਜੀ ਬੰਨ੍ਹੇ ਧਾਰ । ਏਕਾ ਏਕੰਕਾਰ ਹੈ, ਦੂਜੀ ਖੇਲ ਖਿਲਾਈਆ । ਏਕਾ ਪੁਰਖ ਅਕਾਲਾ ਮੀਤ ਮੁਰਾਰ ਹੈ, ਦੂਜੇ ਘਰ ਵੱਜੇ ਵਧਾਈਆ । ਏਕਾ ਮਾਤ ਪਿਤ ਹੋਏ ਉਜਿਆਰ ਹੈ, ਦੂਜੇ ਸੁੱਤ ਦੁਲਾਰਾ ਜਾਈਆ । ਦੋਹਾਂ ਵਿਚੋਲਾ ਆਪ ਕਰਤਾਰ ਹੈ, ਸ਼ਬਦੀ ਸ਼ਬਦ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰਾ ਵੇਖੇ


੮੧੮ ੦੯

ਸੁੱਤ, ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪਣੀ ਰੁੱਤ ਆਪ ਸੁਹਾਈਆ । ਸਾਚੀ ਰੁੱਤੜੀ ਹਰਿ ਸੁਹਾਇਆ, ਸਚਖੰਡ ਵੱਜੀ ਵਧਾਈਆ । ਸੁੱਤ ਦੁਲਾਰਾ ਇਕ ਉਪਜਾਇਆ, ਸ਼ਬਦ ਦਾਤਾ ਬੇਪਰਵਾਹੀਆ । ਆਪ ਆਪਣੀ ਗੋਦ ਬਹਾਇਆ, ਬਾਲ ਨਿਧਾਨਾ ਗਲੇ ਲਗਾਈਆ । ਧੁਰ ਫ਼ਰਮਾਨਾ ਇਕ ਜਣਾਇਆ, ਤੇਰੀ ਸੇਵਾ ਸਚ ਲਗਾਈਆ । ਤੇਰਾ ਨਿਰਗੁਣ ਨੂਰ ਨੂਰ ਨੁਰਾਇਆ, ਨਿਰਾਕਾਰ ਆਪ ਅਖਵਾਈਆ । ਤੇਰਾ ਵੇਸ ਆਪ ਵਟਾਇਆ, ਸ਼ਾਹ ਪਾਤਸ਼ਾਹ ਸ਼ਾਹ ਕਰੇ ਸ਼ਹਿਨਸ਼ਾਹੀਆ । ਆਪਣਾ ਖੇਲ ਦਏ ਵਖਾਇਆ, ਨਿਰਗੁਣ ਨਿਰਾਕਾਰ ਆਕਾਰ ਹੋ ਜਾਈਆ । ਆਪਣਾ ਨਾਉਂ ਲਏ ਰਖਾਇਆ, ਪਰਤੱਖ ਰੂਪ ਗੋਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਕਰ, ਸੁੱਤ ਦੁਲਾਰੇ ਦਏ ਸਮਝਾਈਆ । ਸ਼ਬਦ ਸੁੱਤ ਹਰਿ ਸਮਝਾਇਆ, ਏਕਾ ਏਕ ਕਰੇ ਪੜ੍ਹਾਈਆ । ਤੇਰਾ ਮੇਰਾ ਭੇਵ ਨਾ ਰਾਇਆ, ਤੇਰਾ ਰੂਪ ਮੇਰੀ ਸ਼ਨਵਾਈਆ । ਤੇਰਾ ਤੇਰੀ ਸੇਵ ਕਮਾਇਆ, ਤੇਰਾ ਲੇਖਾ ਦਏ ਮੁਕਾਈਆ । ਬੋਧ ਅਗਾਧ ਭੇਵ ਅਭੇਦ ਅਲੱਖ ਨਿਰੰਜਣ ਖੇਲ ਖਿਲਾਇਆ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਦਇਆ ਕਮਾਇਆ, ਦਰਗਹਿ ਸਾਚੀ ਬੈਠਾ ਆਸਣ ਲਾਈਆ । ਆਪਣਾ ਅੰਗ ਲਏ ਕਟਾਇਆ, ਤੇਰਾ ਸੰਗ ਸੰਗ ਨਿਭਾਈਆ । ਵਿਸ਼ਨੂੰ ਰੂਪ ਆਪ ਧਰਾਇਆ, ਵਿਸ਼ਵ ਲੇਖਾ ਰਿਹਾ ਗਣਾਈਆ । ਨਾਭੀ ਕਵਲੀ ਫੁਲ ਉਪਜਾਇਆ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਸਾਚਾ ਫਲ ਆਪ ਲਗਾਇਆ, ਪੱਤ ਪੰਖੜੀਆਂ ਵੇਖ ਵਖਾਈਆ । ਗੁਲ ਗੁੰਚਾ ਆਪ ਖਿਲਾਇਆ, ਨਿਰਗੁਣ ਨੂਰ ਰੂਪ ਮਹਿਕਾਈਆ । ਬ੍ਰਹਮਾ ਵੇਤਾ ਆਪ ਜਾਇਆ, ਪਾਰਬ੍ਰਹਮ ਸੱਚੀ ਸਰਨਾਈਆ । ਸਾਚਾ ਲੇਖਾ ਆਪ ਸਮਝਾਇਆ, ਏਕਾ ਵਿਦਿਆ ਅੱਖਰ ਪੜ੍ਹਾਈਆ । ਚਾਰੇ ਕੂਟਾਂ ਰਾਹ ਤਕਾਇਆ, ਚਾਰੇ ਮੁਖ ਦਏ ਖੁਲ੍ਹਾਈਆ । ਚਾਰੇ ਵੇਦਾਂ ਭੇਵ ਚੁਕਾਇਆ, ਚਾਰੇ ਬਾਣੀ ਦਏ ਜਣਾਈਆ । ਚਾਰੇ ਖਾਣੀ ਲੇਖ ਸਮਝਾਇਆ, ਚਾਰ ਜੁਗ ਵੱਜੇ ਵਧਾਈਆ । ਚਾਰ ਵਰਨਾਂ ਰੰਗ ਰੰਗਾਇਆ, ਚਾਰ ਯਾਰੀ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖੇ ਸਾਚਾ ਹਰਿ, ਲਿਖਣਹਾਰਾ ਦਿਸ ਨਾ ਆਈਆ । ਲੇਖਾ ਹਰਿ ਹਰਿ ਲਿਖਿਆ, ਥਿਰ ਘਰ ਬੈਠ ਸੱਚੇ ਦਰਬਾਰ । ਬ੍ਰਹਮੇ ਦੇਵੇ ਸਾਚੀ ਸਿਖਿਆ, ਨਿਰਗੁਣ ਸ਼ਬਦ ਧੁਨ ਸੁਣਾਏ ਸੱਚੀ ਧੁਨਕਾਰ । ਜੋ ਉਪਜੇ ਸੋ ਮਿਥਿਆ, ਥਿਰ ਰਹੇ ਨਾ ਵਿਚ ਸੰਸਾਰ । ਪੁਰਖ ਅਕਾਲ ਏਕਾ ਵਸੇ ਧਾਮ ਅਨਡਿਠਿਆ, ਧਾਮ ਅਵੱਲੜਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਾਚਾ ਰਾਣਾ, ਆਪ ਸੁਣਾਏ ਆਪਣੀ ਵਾਰ । ਬ੍ਰਹਮੇ ਸੁਣਿਆ ਸਚ ਸੰਦੇਸ਼, ਦੋਏ ਜੋੜ ਕਰੇ ਨਿਮਸਕਾਰਾ । ਪਾਰਬ੍ਰਹਮ ਪ੍ਰਭ ਸਦਾ ਆਦੇਸ਼, ਹਉਂ ਸੇਵਕ ਸੇਵਾਦਾਰਾ । ਤੇਰਾ ਰੂਪ ਨਾ ਜਾਣਾਂ ਅਵਲੜਾ ਵੇਸ, ਤੂੰ ਸਾਹਿਬ ਸੱਚੀ ਸਰਕਾਰਾ ਤੂੰ ਵਸੇ ਸਾਚੇ ਦੇਸ, ਤੇਰਾ ਵਸਦਾ ਰਹੇ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਚ ਭੰਡਾਰਾ । ਸਚ ਭੰਡਾਰਾ ਬ੍ਰਹਮੇ ਮੰਗਿਆ, ਪ੍ਰਭ ਅੱਗੇ ਝੋਲੀ ਡਾਹ । ਦਰਗਹਿ ਸਾਚੀ ਮੂਲ ਨਾ ਸੰਗਿਆ, ਨੇਤਰ ਨੈਣਾਂ ਨੀਰ ਵਹਾ । ਪੁਰਖ ਅਕਾਲ ਸੂਰਾ ਸਰਬੰਗਿਆ, ਏਕਾ ਦੇਵੇ ਸਚ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਚੁਕਾ । ਪੁਰਖ ਅਬਿਨਾਸ਼ੀ ਪੜਦਾ ਚੁਕਿਆ, ਬ੍ਰਹਮੇ ਪਾਇਆ ਦਰਸ ਕਰਤਾਰ । ਆਸਾ ਮਨਸਾ ਸੰਸਾ ਮੁੱਕਿਆ, ਮਿਲਿਆ ਪੁਰਖ ਦੀਨ ਦਿਆਲ । ਦੋਏ ਜੋੜ ਚਰਨਾਂ ਉਤੇ ਝੁਕਿਆ, ਚਰਨ ਸੇਵਕ

ਤੇਰਾ ਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਉਠਾਇਆ ਛੋਟਾ ਬਾਲ । ਛੋਟਾ ਬਾਲ ਬਾਲ ਨਿਧਾਨਾ, ਸੋ ਪੁਰਖ ਨਿਰੰਜਣ ਆਪ ਉਠਾਈਆ । ਹਰਿ ਪੁਰਖ ਨਿਰੰਜਣ ਦੇਵੇ ਮਾਣਾ, ਸਿਰ ਆਪਣਾ ਹੱਥ ਟਿਕਾਈਆ । ਏਕੰਕਾਰਾ ਕਰ ਧਿਆਨਾ, ਏਕਾ ਇਸ਼ਟ ਦਏ ਵਖਾਈਆ । ਜੋਤ ਨਿਰੰਜਣ ਜਗਾਏ ਜੋਤ ਮਹਾਨਾ, ਆਦਿ ਨਿਰੰਜਣ ਦਇਆ ਕਮਾਈਆ । ਅਬਿਨਾਸ਼ੀ ਕਰਤਾ ਹੋ ਮਿਹਰਵਾਨਾ, ਆਪਣੀ ਵੰਡਣ ਲਏ ਵੰਡਾਈਆ । ਸ੍ਰੀ ਭਗਵਾਨ ਧੁਰ ਫ਼ਰਮਾਨਾ, ਧੁਰ ਦੀਬਾਣ ਦਏ ਸਮਝਾਈਆ । ਪਾਰਬ੍ਰਹਮ ਬ੍ਰਹਮ ਕਰੇ ਪਛਾਨਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਬ੍ਰਹਮੇ ਤੇਰਾ ਹਰਿ ਨਿਸ਼ਾਨਾ, ਨਿਰਗੁਣ ਨਿਰਗੁਣ ਲਏ ਉਪਜਾਈਆ । ਏਕਾ ਦੇਵੇ ਦਾਤਾ ਦਾਨੀ ਦਾਨਾ, ਤੇਰੀ ਝੋਲੀ ਆਪ ਭਰਾਈਆ । ਤ੍ਰੈਗੁਣ ਮਾਇਆ ਤਤ ਵਖਾਨਾ, ਤਤਵ ਤਤ ਵਿਚ ਟਿਕਾਈਆ । ਬ੍ਰਹਮ ਰੱਤ ਰੰਗ ਰੰਗੇ ਦੋ ਜਹਾਨਾਂ, ਕਮਲਾਪਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਝੋਲੀ ਦਏ ਭਰਾਈਆ । ਬ੍ਰਹਮੇ ਸੁਣਿਆ ਧੁਰ ਫ਼ਰਮਾਣਾ, ਪਾਰਬ੍ਰਹਮ ਪ੍ਰਭ ਆਪ ਜਣਾਇਆ । ਸਾਚੇ ਤਖ਼ਤ ਵੇਖਿਆ ਸਾਚਾ ਰਾਣਾ, ਨਿਰਗੁਣ ਨਿਰਗੁਣ ਨਜ਼ਰੀ ਆਇਆ । ਜੁਗ ਜੁਗ ਮੰਨਣਾ ਪਏ ਭਾਣਾ, ਭਾਣੇ ਵਿਚ ਸਦ ਰਹਾਇਆ । ਏਕਾ ਦੇਵਣਹਾਰਾ ਮਾਣਾ, ਮਾਣ ਨਿਮਾਣਿਆਂ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਰ ਦਏ ਸਮਝਾਇਆ । ਵਰ ਸਮਝਾਇਆ ਹਰਿ ਕਰਤਾਰ, ਬ੍ਰਹਮੇ ਭੁੱਲ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਤੇਰੀ ਝੋਲੀ ਆਪ ਵਖਾਈਆ । ਵਿਸ਼ਨੂੰ ਕਰੇ ਸੇਵਕ ਸੇਵਾਦਾਰ, ਸਗਲਾ ਸੰਗ ਨਿਭਾਈਆ । ਸੁੰਨ ਅਗੰਮੀ ਧੂੰਆਂਧਾਰ, ਸ਼ੰਕਰ ਨੂਰ ਰੁਸ਼ਨਾਈਆ । ਤਿੰਨਾਂ ਮੇਲਾ ਸਿਰਜਣਹਾਰ, ਸਿਰ ਸਿਰ ਦੇਵੇ ਰਿਜ਼ਕ ਸਬਾਈਆ । ਤਾਣਾ ਤਣਿਆ ਆਪ ਕਰਤਾਰ, ਤ੍ਰੈਗੁਣ ਆਪਣੇ ਹੱਥੀਂ ਤੰਦ ਵਟਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਪਿਆਰ, ਪੰਜ ਤਤ ਰੂਪ ਵਟਾਈਆ । ਲੱਖ ਚੁਰਾਸੀ ਤੇਰਾ ਹੋਏ ਵਣਜਾਰ, ਘੜ ਭਾਂਡੇ ਆਪ ਵਖਾਈਆ । ਘਾੜਨ ਘੜੇ ਸੱਚਾ ਠਠਿਆਰ, ਨਾਮ ਕੁਠਾਲੀ ਏਕਾ ਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਲੰਬੂ ਅਗਨੀ ਲਾਈਆ । ਲੱਖ ਚੁਰਾਸੀ ਭਾਂਡਾ ਘੜਨਾ, ਜੂਨ ਅਜੂਨੀ ਆਪ ਸਮਝਾਇੰਦਾ । ਪੁਰਖ ਅਬਿਨਾਸ਼ੀ ਅੰਦਰ ਵੜਨਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਆਪਣਾ ਖੇਲ ਆਪੇ ਕਰਨਾ, ਨੌ ਦਵਾਰੇ ਖੋਲ੍ਹ ਵਖਾਇੰਦਾ । ਘਰ ਵਿਚ ਘਰ ਆਪੇ ਧਰਨਾ, ਘਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਹਰਿ ਭਗਵਾਨ, ਬ੍ਰਹਮੇ ਵਿਸ਼ਨ ਸ਼ਿਵ ਸਮਝਾਈਆ । ਖੋਲ੍ਹਣਹਾਰਾ ਹਰਿ ਦੁਕਾਨ, ਦੋ ਜਹਾਨਾਂ ਵੇਸ ਵਟਾਈਆ । ਚੌਦਾਂ ਲੋਕ ਕਰ ਪਰਧਾਨ, ਰਵ ਸਸ ਕਰੇ ਰੁਸ਼ਨਾਈਆ । ਮੰਡਲ ਮੰਡਪ ਖੇਲ ਮਹਾਨ, ਬ੍ਰਹਿਮੰਡ ਖੰਡ ਵੇਸ ਵਟਾਈਆ । ਜੇਰਜ ਅੰਡ ਹੋਏ ਪਰਧਾਨ, ਉਤਭੁਜ ਸੇਤਜ ਅੰਗ ਲਗਾਈਆ । ਪੰਜ ਤਤ ਕਾਇਆ ਵੇਖ ਮਕਾਨ, ਕਾਇਆ ਬੰਕ ਦਏ ਸੁਹਾਈਆ । ਤਖ਼ਤ ਨਿਵਾਸੀ ਹੋ ਮਿਹਰਵਾਨ, ਘਰ ਘਰ ਵਿਚ ਦਏ ਵਡਿਆਈਆ । ਆਤਮ ਸੇਜਾ ਹੋ ਪਰਧਾਨ, ਆਪਣਾ ਨੂਰ ਲਏ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਈਆ । ਬ੍ਰਹਮੇ ਵਿਸ਼ਨ ਸ਼ਿਵ ਕਰ ਸਲਾਹ, ਤਿੰਨਾਂ ਹਰਿ ਹਰਿ ਇਕ ਮਨਾਇਆ । ਪੁਰਖ ਅਬਿਨਾਸ਼ੀ ਤੇਰਾ ਪੰਥ ਮਾਰਗ ਸੱਚਾ ਰਾਹ, ਲੋਕਮਾਤ ਵੇਖ ਵਖਾਇਆ ।

ਘਟ ਘਟ ਅੰਦਰ ਬ੍ਰਹਮੇ ਤੇਰਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇਆ । ਥਾਨ ਥਨੰਤਰ ਵਸੇ ਸਾਚੇ ਥਾਂ, ਥਿਰ ਦਰਬਾਰਾ ਆਪ ਖੁਲ੍ਹਾਇਆ । ਤੂੰ ਸ੍ਰਿਸ਼ਟ ਸਬਾਈ ਪਿਤਾ ਮਾਂ, ਹਉਂ ਸੇਵਕ ਸੇਵ ਕਮਾਇਆ । ਕਵਣ ਵੇਲਾ ਕਰੇਂ ਸਚ ਨਿਆਂ, ਲੱਖ ਚੁਰਾਸੀ ਲਹਿਣਾ ਦੇਣਾ ਦਏ ਚੁਕਾਇਆ । ਕਵਣ ਵਕ਼ਤ ਪਕੜੇ ਬਾਂਹ, ਹਉਂ ਨਿਮਾਣੇ ਨਿਉਂ ਨਿਉਂ ਬੈਠੇ ਸੀਸ ਝੁਕਾਇਆ । ਤੂੰ ਸਾਹਿਬ ਸਦਾ ਸੁਹੇਲਾ ਰੱਖਣੀ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਅੰਤਮ ਕਰਨਾ ਸਚ ਨਿਆਂ, ਅਭੁੱਲ ਅਭੁੱਲ ਆਪ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦਏ ਸਮਝਾਇਆ । ਹਰਿ ਸਮਝਾਏ ਦਇਆ ਕਰ, ਆਦਿ ਪੁਰਖ ਵੱਡੀ ਵਡਿਆਈਆ । ਬ੍ਰਹਮੇ ਵਿਸ਼ਨ ਸ਼ਿਵ ਸੇਵਾ ਕਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਵੰਡ ਵੰਡਾਈਆ । ਜੁਗਾ ਜੁਗੰਤਰ ਜੋਤ ਧਰ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਪੰਜ ਤਤ ਕਾਇਆ ਚੋਲਾ ਲਏ ਵਰ, ਘਰ ਮੰਦਰ ਬੇਪਰਵਾਹੀਆ । ਸਾਚੇ ਪੌੜੇ ਆਪੇ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਮਾਣਸ ਮਾਨੁਖ ਆਪੇ ਫੜ, ਆਪ ਆਪਣੀ ਬੂਝ ਬੁਝਾਈਆ । ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ੍ਹ ਨਾ ਕੋਇ ਵਖਾਈਆ । ਨਾ ਕੋਈ ਵਿਦਿਆ ਰਿਹਾ ਪੜ੍ਹ, ਬ੍ਰਹਮੇ ਵਿਸ਼ਨ ਸ਼ਿਵ ਕਰੇ ਪੜ੍ਹਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕਦੇ ਦਬਾਈਆ । ਹੱਥੋ ਹੱਥ ਨਾ ਸਕੇ ਕੋਈ ਫੜ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਲੱਖ ਚੁਰਾਸੀ ਭਾਂਡੇ ਰਿਹਾ ਘੜ, ਘੜਨਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤਮ ਦਏ ਸਮਝਾਈਆ । ਲੱਖ ਚੁਰਾਸੀ ਵੇਲਾ ਅੰਤਮ ਔਣਾ, ਹਰਿ ਸਾਚੇ ਸਚ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪ ਦਵੌਣਾ, ਚਾਰ ਜੁਗ ਗੇੜ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਧਰੌਣਾ, ਨਾਮ ਨਾਮਾ ਆਪ ਉਪਜਾਈਆ । ਚਾਰੇ ਵੇਦਾਂ ਸੰਗ ਰਲੌਂਦਾ, ਚਾਰੇ ਖਾਣੀ ਵੇਖ ਵਖਾਈਆ । ਉਤਭੁਜ ਸੇਤਜ ਜੇਰਜ ਅੰਡ ਡੇਰਾ ਲੌਣਾ, ਆਪ ਆਪਣੀ ਰਚਨ ਰਚਾਈਆ । ਪਰਾ ਪਸੰਤੀ ਮਧਮ ਬੈਖਰੀ ਆਪੇ ਗੌਣਾ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰ ਵਰਨਾਂ ਰੂਪ ਵਟੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਰੰਗਾਈਆ । ਜੁਗ ਜੁਗ ਆਪਣਾ ਵੇਸ ਧਰੌਣਾ, ਨਿਰਗੁਣ ਸਰਗੁਣ ਕਲ ਵਰਤਾਈਆ । ਬਲ ਬਾਵਣ ਹਰਿ ਭੇਵ ਖੁਲ੍ਹੌਣਾ, ਰਾਮ ਰਾਮਾ ਵੱਜੇ ਵਧਾਈਆ । ਲੰਕਾ ਗੜ੍ਹ ਗੜ੍ਹ ਤੁੜੌਣਾ, ਦਹਿਸਿਰ ਦੇਵੇ ਘਾਈਆ । ਭਗਤ ਭਗਵੰਤ ਮੇਲ ਮਿਲੌਣਾ, ਆਤਮ ਬ੍ਰਹਮ ਗਿਆਨ ਦ੍ਰਿੜਾਈਆ । ਸਾਚੇ ਸੰਤਾਂ ਸੰਗ ਰਖੌਣਾ, ਵਿਛੜ ਕਦੇ ਨਾ ਜਾਈਆ । ਗ਼ਰੀਬ ਨਿਮਾਣਿਆਂ ਗਲੇ ਲਗੌਣਾ, ਧੁਰ ਦੀ ਬਾਣੀ ਇਕ ਵਖਾਈਆ । ਜੁਗ ਜੁਗ ਦਾ ਪੰਧ ਮੁਕੌਣਾ, ਆਪਣਾ ਗੇੜਾ ਆਪ ਭਵਾਈਆ । ਹੱਕ ਨਬੇੜਾ ਆਪ ਕਰੌਣਾ, ਆਪ ਆਪਣੀ ਕਲ ਵਰਤਾਈਆ । ਕਾਹਨਾ ਕ੍ਰਿਸ਼ਨਾ ਰੂਪ ਵਟੌਣਾ, ਕਵਲ ਨੈਣ ਨੈਣ ਮਟਕਾਈਆ । ਸੀਸ ਤਾਜ ਇਕ ਸੁਹੌਣਾ, ਸੀਸ ਆਪਣੇ ਆਪ ਉਠਾਈਆ । ਸਾਚੀ ਸਖੀਆਂ ਮੰਗਲ ਗੌਣਾ, ਪੀਆ ਪ੍ਰੀਤਮ ਇਕ ਮਨਾਈਆ । ਰਥ ਰਥਵਾਹੀ ਫੇਰਾ ਪੌਣਾ, ਖੇਵਟ ਖੇਟ ਬਣੇ ਮਲਾਹੀਆ । ਗ਼ਰੀਬ ਨਿਮਾਣੇ ਭਗਤ ਭਗਵੰਤ ਗੋਦ ਬਹੌਣਾ, ਬਿਪਰ ਸੁਦਾਮਾ ਲਏ ਤਰਾਈਆ । ਦਰੋਪਦ ਲਜਿਆ ਆਪ ਰਖੌਣਾ, ਪੰਚਮ ਦੇਵੇ ਮਾਣ ਵਡਿਆਈਆ । ਕਲਜੁਗ ਆਪਣਾ ਗੇੜ ਗੜੌਣਾ, ਈਸਾ ਮੂਸਾ ਬਖ਼ਸ਼ੇ ਸ਼ਹਿਨਸ਼ਾਹੀਆ । ਕਾਲਾ ਸੂਸਾ ਰੰਗ ਰੰਗੌਣਾ, ਏਕਾ ਅਲਫ਼ੀ ਆਪ ਹੰਢਾਈਆ । ਸਚ ਹਦੀਸਾ ਇਕ ਪੜ੍ਹੌਣਾ, ਕਾਇਨਾਤ ਕਰੇ ਪੜ੍ਹਾਈਆ । ਆਬ ਹਯਾਤ ਜਾਮ ਪਿਔਣਾ, ਮਿਲੇ ਮਹਿਬੂਬ ਸਾਚਾ

ਮਾਹੀਆ । ਅਜ਼ਮਤੇ ਕਸਮਤੇ ਅਜਿਬਵਾ ਅਤਿਲਹੇ ਭੇਵ ਖੁਲ੍ਹੌਣਾ, ਮਹਿਬਾਨ ਬੀਦੋ ਲੇਖਾ ਜਾਣੇ ਧੁਰ ਦਰਗਾਹੀਆ । ਕਲਮਾ ਕਲਮੀ ਆਪ ਪੜ੍ਹੌਣਾ, ਲੇਖਾ ਲਿਖ ਨਾ ਸਕੇ ਕਲਮ ਸ਼ਾਹੀਆ । ਸੰਗ ਮੁਹੰਮਦ ਇਕ ਨਿਭੌਣਾ, ਮੁਖ ਨਕ਼ਾਬ ਦਏ ਚੁਕਾਈਆ । ਅਹਿਬਾਬ ਰਬਾਬ ਇਕ ਵਜੌਣਾ, ਸ਼ਾਹ ਨਵਾਬ ਦਏ ਸਮਝਾਈਆ । ਮੱਕਾ ਕਾਅਬਾ ਭੇਵ ਖੁਲੌਣਾ, ਏਕਾ ਮਕਤਬ ਕਰੇ ਪੜ੍ਹਾਈਆ । ਹੱਕ ਹਕੀਕਤ ਲੇਖ ਲਿਖੌਣਾ, ਲਾਸ਼ਰੀਕ ਇਕ ਖ਼ੁਦਾਈਆ । ਸਾਲਸ ਬਣ ਬਣ ਫੇਰਾ ਪੌਣਾ, ਨੂਰੋ ਨੂਰ ਜਲਵਾ ਇਲਾਹੀਆ । ਆਪਣੀ ਕਲ ਆਪ ਵਰਤੌਣਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਜੋਤ ਜਗੌਣਾ, ਨਾਨਕ ਨਿਰਗੁਣ ਸਰਗੁਣ ਮੇਲ ਮਿਲਾਈਆ । ਸਚਖੰਡ ਦਵਾਰਾ ਇਕ ਸੁਹੌਣਾ, ਨਾਰੀ ਕੰਤ ਵੱਜੀ ਵਧਾਈਆ । ਆਪਣਾ ਘੁੰਘਟ ਆਪ ਉਠੌਣਾ, ਮੁਖ ਨੈਣ ਨੈਣ ਸ਼ਰਮਾਈਆ । ਨੇਤਰ ਲੋਚਨ ਨੈਣਾਂ ਦਰਸ਼ਣ ਪੌਣਾ, ਦਰਸ ਤਰਸ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਜੋਤੀ ਨੂਰ ਨਿਰੰਕਾਰ, ਨਿਰਗੁਣ ਨਾਨਕ ਨਾਉਂ ਧਰਾਇਆ । ਨਾਮ ਸਤਿ ਸਤਿ ਵਪਾਰ, ਸਾਚਾ ਵਣਜ ਕਰਾਇਆ । ਬ੍ਰਹਮ ਮਤ ਪਾਵੇ ਸਾਰ, ਤ੍ਰੈਗੁਣ ਤਤ ਮੇਟ ਮਿਟਾਇਆ । ਧੀਰਜ ਜਤ ਵਿਚ ਸੰਸਾਰ, ਸਤਿ ਸੰਤੋਖ ਦਏ ਦ੍ਰਿੜਾਇਆ । ਮਿਤਗਤ ਜਾਣੇ ਆਪ ਕਰਤਾਰ, ਕਰਤਾ ਪੁਰਖ ਵੇਖ ਵਖਾਇਆ । ਏਕਾ ਜੋਤੀ ਦਸ ਦਸ ਧਾਰ, ਗੋਬਿੰਦ ਸਾਚਾ ਗੜ੍ਹ ਸੁਹਾਇਆ । ਨਾਨਕ ਲੇਖਾ ਲਿਖੇ ਅਪਾਰ, ਨਾ ਕੋਈ ਸਕੇ ਮੇਟ ਮਿਟਾਇਆ । ਗੁਰ ਗੁਰ ਬਾਣੀ ਸ਼ਬਦ ਆਧਾਰ, ਗੁਰ ਕਾ ਰੂਪ ਆਪ ਦਰਸਾਇਆ । ਅੰਮ੍ਰਿਤ ਭਰ ਭਰ ਠੰਡੀ ਠਾਰ, ਭਰ ਪਿਆਲਾ ਜਾਮ ਪਿਆਇਆ । ਗੋਬਿੰਦ ਬੋਲ ਸਚ ਜੈਕਾਰ, ਵਾਹਿਗੁਰੂ ਫ਼ਤਹਿ ਇਕ ਗਜਾਇਆ । ਪੰਚਮ ਮੀਤਾ ਪੰਚਮ ਪਿਆਰ, ਪੰਚਮ ਲੇਖਾ ਦਏ ਸਮਝਾਇਆ । ਪੁਰਖ ਅਬਿਨਾਸ਼ੀ ਸੁੱਤ ਦੁਲਾਰ, ਨਿਰਾਕਾਰ ਇਕ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਲੇਖਾ ਰਹੇ ਨਾ ਰਾਇਆ । ਕਲਜੁਗ ਵੇਲਾ ਅੰਤਮ ਔਣਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਦਏ ਭਵਾਈਆ । ਨਾਨਕ ਗੋਬਿੰਦ ਜੋਤ ਜਗੌਣਾ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਲੇਖਾ ਆਪ ਸਮਝੌਣਾ, ਲੇਖਾ ਲੇਖੇ ਲਵੇ ਪਾਈਆ । ਲੱਖ ਚੁਰਾਸੀ ਤੇਰਾ ਪੰਧ ਮੁਕੌਣਾ, ਜੋ ਘੜਿਆ ਭੰਨ ਵਖਾਈਆ । ਰਾਏ ਧਰਮ ਆਪ ਉਠੌਣਾ, ਚਿਤਰ ਗੁਪਤ ਸੋਇਆ ਰਹਿਣ ਨਾ ਪਾਈਆ । ਲਾੜੀ ਮੌਤ ਹੁਕਮ ਸੁਣੌਣਾ, ਧੁਰ ਦੀ ਬਾਣ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਇਸ਼ਟ ਦਏ ਸਮਝਾਈਆ । ਬ੍ਰਹਮੇ ਵਿਸ਼ਨ ਸ਼ਿਵ ਹਰਿ ਇਸ਼ਟ ਸਮਝਾਇਆ, ਨਿਰਗੁਣ ਇਕ ਇਸ਼ਟ ਅਖਵਾਇੰਦਾ । ਆਦਿ ਪੁਰਖ ਆਪ ਆਪਣਾ ਆਪ ਉਪਜਾਇਆ, ਦੂਜੀ ਕੁਦਰਤ ਵੇਖ ਵਖਾਇੰਦਾ । ਤੀਜਾ ਨੇਤਰ ਇਕ ਖੁਲ੍ਹਾਇਆ, ਚੌਥੇ ਪਦ ਮੇਲ ਮਿਲਾਇੰਦਾ । ਪੰਚਮ ਢੋਲਾ ਸਾਚਾ ਗਾਇਆ, ਘਰ ਘਰ ਸ਼ਬਦ ਅਨਾਦ ਸੁਣਾਇੰਦਾ । ਛੇਵੇਂ ਛਪਰ ਛੰਨ ਨਾ ਕੋਇ ਵਖਾਇਆ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਤਿ ਪੁਰਖ ਨਿਰੰਜਣ ਨਾਉਂ ਧਰਾਇਆ, ਆਦਿ ਜੁਗਾਦੀ ਵੇਸ ਵਟਾਇੰਦਾ । ਅੱਠਾਂ ਤੱਤਾਂ ਵਿਚ ਕਦੇ ਨਾ ਆਇਆ, ਨੌ ਦਵਾਰੇ ਖੋਜ ਖੋਜਾਇੰਦਾ । ਦਸਮ ਦਵਾਰੀ ਲੋਕਮਾਤ ਵੰਡ ਵੰਡਾਇਆ, ਅਧਵਿਚਕਾਰੇ ਡੇਰਾ ਲਾਇੰਦਾ । ਬ੍ਰਹਮ ਰੂਪ ਸ਼ਾਹੋ ਭੂਪ ਕਰੇ ਰੁਸ਼ਨਾਇਆ, ਈਸ਼ ਜੀਵ ਆਪ ਅਖਵਾਇੰਦਾ । ਜਗਤ ਜਗਦੀਸ ਭੇਵ ਨਾ ਆਇਆ, ਛਤਰ ਸੀਸ ਇਕ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ

ਸ਼ਿਵ ਦੇਵੇ ਏਕਾ ਵਰ, ਆਪਣਾ ਲੇਖਾ ਆਪ ਲਖਾਇੰਦਾ । ਬ੍ਰਹਮੇ ਕਰੇ ਸ਼ਬਦ ਜਣਾਈ, ਤ੍ਰੈ ਤ੍ਰੈ ਆਪ ਸਮਝਾਇਆ । ਜੁਗਾ ਜੁਗੰਤਰ ਪੰਧ ਮੁਕਾਈ, ਗੇੜਾ ਗੇੜਾ ਦਏ ਭਵਾਇਆ । ਗੁਰ ਪੀਰ ਅਵਤਾਰ ਸਾਧ ਸੰਤ ਸੇਵਾ ਲਾਈ, ਧੁਰ ਫ਼ਰਮਾਣਾ ਦਏ ਜਣਾਇਆ । ਭਗਤ ਭਗਵੰਤ ਕਰੇ ਕੁੜਮਾਈ, ਆਪ ਆਪਣਾ ਬੰਧਨ ਪਾਇਆ । ਸੰਤ ਕੰਤ ਮਿਲੇ ਚਾਈਂ ਚਾਈਂ, ਸਾਚੀ ਨਾਰੀ ਸੇਜ ਹੰਢਾਇਆ । ਗੁਰਮੁਖ ਵੇਖੇ ਥਾਉਂ ਥਾਈਂ, ਨੌਂ ਖੰਡ ਪ੍ਰਿਥਮੀ ਫੋਲ ਫੋਲਾਇਆ । ਗੁਰਸਿਖਾਂ ਪਕੜ ਉਠਾਏ ਬਾਂਹੀਂ, ਜੋ ਜਨ ਅੰਤਰ ਆਤਮ ਰਹੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਲਾ ਦਏ ਸਮਝਾਇਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਹਕਲੰਕਾ ਨਾਉਂ ਧਰੌਣਾ, ਮਾਤ ਪਿਤ ਨਾ ਕੋਇ ਬਣਾਇੰਦਾ । ਸਾਕ ਸੈਣ ਨਾ ਨਜ਼ਰੀ ਔਣਾ, ਭਾਈ ਭੈਣ ਨਾ ਕੋਇ ਵਖਾਇੰਦਾ । ਮੰਦਰ ਮਸਜਿਦ ਮੱਠ ਨਾ ਡੇਰਾ ਲੌਣਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸੰਬਲ ਨਗਰੀ ਧਾਮ ਸੁਹੌਣਾ, ਗੁਰ ਗੋਬਿੰਦ ਵੇਖ ਵਖਾਇੰਦਾ । ਸਾਢੇ ਤਿੰਨ ਹੱਥ ਬਣਤ ਬਣੌਣਾ, ਸਾਢੇ ਤਿੰਨ ਤਿੰਨ ਮੂਲ ਚੁਕਾਇੰਦਾ । ਰਵਿਦਾਸ ਚੁਮਾਰਾ ਨਾਲ ਰਲੌਣਾ, ਸਾਚੀ ਸੀਆਂ ਵੰਡ ਵਖਾਇੰਦਾ । ਸ਼ਬਦ ਅਨਾਦੀ ਢੋਲਾ ਏਕਾ ਗੌਣਾ, ਚਾਰ ਵਰਨਾਂ ਇਹ ਸਮਝਾਇੰਦਾ । ਪੁਰਖ ਅਕਾਲ ਇਸ਼ਟ ਇਕ ਮਨੌਣਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਕਲਜੁਗ ਕੂੜਾ ਪੰਧ ਮੁਕੌਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ ਸਾਚਾ ਸੁਹਾਗੀ ਛੰਦ ਸੁਣੌਣਾ, ਸੋਹੰ ਢੋਲਾ ਏਕਾ ਗਾਇੰਦਾ । ਗੁਰਮੁਖਾਂ ਪਰਮਾਨੰਦ ਵਖੌਣਾ, ਨਿਜ ਆਤਮ ਮੇਲ ਮਿਲਾਇੰਦਾ । ਅੰਮ੍ਰਿਤ ਜਾਮ ਭਰ ਪਿਔਣਾ, ਕਾਇਆ ਸਰੋਵਰ ਇਕ ਨੁਹਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਗਵੌਣਾ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਡੂੰਘੀ ਕੰਦਰ ਸਚ ਪਰਕਾਸ਼ ਕਰੌਣਾ, ਜੋਤ ਨਿਰੰਜਣ ਆਪ ਜਗਾਇੰਦਾ । ਅਨਹਦ ਸ਼ਬਦ ਤਾਲ ਵਜੌਣਾ, ਤਲਵਾੜਾ ਆਪਣੇ ਹੱਥ ਰਖਾਇੰਦਾ । ਸਾਚੀ ਸਖੀਆਂ ਬਹਿ ਬਹਿ ਮੰਗਲ ਗੌਣਾ, ਗੀਤ ਸੁਹਾਗੀ ਆਪ ਅਲਾਇੰਦਾ । ਬਜਰ ਕਪਾਟੀ ਤੋੜ ਤੁੜੌਣਾ, ਦੂਈ ਦਵੈਤੀ ਪੜਦਾ ਲਾਹਿੰਦਾ । ਸੁਖਮਨ ਅੰਧੇਰ ਆਪ ਗਵੌਣਾ, ਆਪ ਆਪਣਾ ਰੂਪ ਦਰਸਾਇੰਦਾ । ਈੜਾ ਪਿੰਗਲ ਮੁਖ ਸ਼ਰਮੌਣਾ, ਸਤਿਗੁਰ ਪੂਰਾ ਵੇਖ ਵਖਾਇੰਦਾ । ਗੁਰਸਿਖਾਂ ਆਪਣਾ ਪੱਲਾ ਆਪ ਫੜੌਣਾ, ਦੋ ਜਹਾਨਾਂ ਨਾ ਕੋਇ ਤੁੜਾਇੰਦਾ । ਸਾਚੇ ਪੌੜੇ ਆਪ ਚੜ੍ਹੌਣਾ, ਦਸਮ ਦਵਾਰੀ ਕੁੰਡਾ ਲਾਹਿੰਦਾ । ਆਤਮ ਸੇਜਾ ਜੋਤ ਜਗੌਣਾ, ਨੂਰ ਨੁਰਾਨਾ ਡਗਮਗਾਇੰਦਾ । ਨਾਰੀ ਕੰਤ ਇਕ ਮਨੌਣਾ, ਵਿਭਚਾਰ ਨਾ ਕੋਇ ਵਖਾਇੰਦਾ । ਸਚ ਸਵਾਣੀ ਸਾਚੇ ਧਾਮ ਬਹੌਣਾ, ਧੁਰ ਦੀ ਰਾਣੀ ਵੇਖ ਵਖਾਇੰਦਾ । ਸ਼ਬਦ ਹਾਣੀ ਮੇਲ ਮਿਲੌਣਾ, ਵਿਛੜ ਕਦੇ ਨਾ ਜਾਇੰਦਾ । ਧੁਰ ਦੀ ਬਾਣੀ ਸ਼ਬਦ ਸੁਣੌਣਾ, ਬੋਧ ਅਗਾਧ ਅਲਾਇੰਦਾ । ਨਿਜ ਆਤਮ ਨਿਜ ਘਰ ਨਿਜ ਵੇਸ ਕਰੌਣਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਕਲਜੁਗ ਵੇਲਾ ਅੰਤ ਸੁਹਾਵਣਾ, ਬ੍ਰਹਮੇ ਵਿਸ਼ਨ ਸ਼ਿਵ ਸਮਝਾਇਆ । ਨਿਹਕਲੰਕ ਜਾਮਾ ਪਾਵਣਾ, ਵੇਦ ਵਿਆਸਾ ਰਿਹਾ ਲਿਖਾਇਆ । ਈਸਾ ਏਕਾ ਅੱਖਰ ਪੜ੍ਹਾਵਣਾ, ਨੂਰੋ ਨੂਰ ਕਰੇ ਰੁਸ਼ਨਾਇਆ । ਨਾਨਕ ਏਕਾ ਰਾਹ ਤਕਾਵਣਾ, ਨਿਹਕਲੰਕੀ ਫੇਰਾ ਪਾਇਆ । ਗੋਬਿੰਦ ਆਪਣੀ ਕਲ ਵਰਤਾਵਣਾ, ਕਲ ਕਲਕੀ ਵੇਸ ਵਟਾਇਆ । ਸੰਬਲ ਨਗਰੀ ਧਾਮ ਸੁਹਾਵਣਾ, ਪੁਰੀ ਘਨਕੀ ਜੋਤ ਜਗਾਇਆ । ਏਕਾ ਡੰਕ ਸ਼ਬਦ ਵਜਾਵਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਸੁਣਾਇਆ ।

੮੨੩
੦੯

੮੨੪

੦੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਕਲਜੁਗ ਅੰਤਮ ਬਣੇ ਮਲਾਹ, ਸਤਿਜੁਗ ਬੇੜਾ ਦਏ ਚਲਾ, ਏਕਾ ਚੱਪੂ ਨਾਮ ਲਗਾਇਆ । ਸਤਿਜੁਗ ਬੇੜਾ ਆਪ ਚਲਾਵਣਾ, ਸਤਿਗੁਰ ਸਾਚੇ ਹੱਥ ਵਡਿਆਈਆ । ਕਲਜੁਗ ਕੂੜਾ ਕੂੜ ਮਿਟਾਵਣਾ, ਰੈਣ ਅੰਧੇਰੀ ਰਹਿਣ ਨਾ ਪਾਈਆ । ਸਤਿਜੁਗ ਸਾਚਾ ਚੰਦ ਚੜ੍ਹਾਵਣਾ, ਚਾਰ ਕੁੰਟ ਹੋਏ ਰੁਸ਼ਨਾਈਆ । ਕਲਜੁਗ ਕੂੜਾ ਪੰਧ ਮੁਕਾਵਣਾ, ਵੇਲਾ ਅੰਤ ਦਏ ਦੁਹਾਈਆ । ਸਤਿਜੁਗ ਸਾਚਾ ਛੰਦ ਸੁਣਾਵਣਾ, ਸੋਹੰ ਅੱਖਰ ਇਕ ਪੜ੍ਹਾਈਆ । ਕਲਜੁਗ ਭਰਮਾਂ ਕੰਧ ਢਾਹਵਣਾ, ਦੂਈ ਦਵੈਤੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸ਼ਾਹ ਪਾਤਸ਼ਾਹ ਗੁਰ ਸ਼ਬਦ ਇਕ ਬਣਾਈਆ । ਹਰਿ ਪਾਤਸ਼ਾਹ ਸ਼ਾਹ ਸੁਲਤਾਨ, ਤਖ਼ਤ ਨਿਵਾਸੀ ਆਪ ਅਖਵਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਕਮਾਤ ਵੇਸ ਵਟਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਆਪਣਾ ਹੁਕਮ ਜਣਾਇੰਦਾ । ਲੇਖਾ ਜਾਣੇ ਸ੍ਰੀ ਭਗਵਾਨ, ਭਗਵਨ ਭਗਤਨ ਆਪਣੇ ਰਾਹ ਚਲਾਇੰਦਾ । ਦਾਤਾ ਦੇਵੇ ਦਾਨੀ ਦਾਨ, ਚਰਨ ਧੂੜ ਇਕ ਅਸ਼ਨਾਨ, ਆਤਮ ਅੰਤਰ ਬ੍ਰਹਮ ਗਿਆਨ, ਮਾਇਆ ਮਮਤਾ ਮੋਹ ਚੁਕਾਇੰਦਾ । ਧਰਮ ਵਖਾਏ ਸਚ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚਖੰਡ ਨਿਵਾਸੀ ਖੋਲ੍ਹ ਦਰ, ਦਰ ਘਰ ਸਾਚਾ ਇਕ ਵਖਾਇੰਦਾ । ਦਰ ਘਰ ਸਾਚਾ ਥਿਰ ਦਰਬਾਰਾ, ਹਰਿ ਸਾਚਾ ਸਚ ਸੁਹਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਫੇਰੀ ਪਾਇੰਦਾ । ਕਲਜੁਗ ਆਈ ਅੰਤਮ ਵਾਰਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਾਧ ਸੰਤ ਰੋਵਣ ਜ਼ਾਰੋ ਜ਼ਾਰਾ, ਨੇਤਰ ਨੀਰ ਸਰਬ ਵਹਾਇੰਦਾ । ਹਰਿ ਮਿਲੇ ਨਾ ਸਾਚਾ ਕੰਤ ਭਤਾਰਾ, ਸੁੰਞੀ ਸੇਜ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪਣੇ ਹੱਥ ਰਖਾਇੰਦਾ । ਕਲਜੁਗ ਲੇਖਾ ਮੁੱਕਣਾ, ਆਈ ਅੰਤਮ ਵਾਰ । ਲੱਖ ਚੁਰਾਸੀ ਬੂਟਾ ਸੁੱਕਣਾ, ਹਰਿਆ ਹੋਏ ਨਾ ਵਿਚ ਸੰਸਾਰ । ਸ਼ਾਹ ਸੁਲਤਾਨਾਂ ਜੰਗਲ ਜੂਹ ਉਜਾੜ ਬਹਿ ਬਹਿ ਲੁਕਣਾ, ਤਖ਼ਤ ਤਾਜ ਨਾ ਕੋਇ ਸਿਕਦਾਰ । ਉਜਲ ਹੋਏ ਨਾ ਮਾਤ ਮੁਖਣਾ, ਨੌ ਖੰਡ ਹੋਏ ਖ਼ਵਾਰ । ਨਾ ਕੋਈ ਪੂਜਾ ਨਾ ਕੋਈ ਸੁਖਣਾ, ਨਾ ਕੋਈ ਦਿਸੇ ਤਟ ਕਿਨਾਰ । ਸਿੰਘ ਸ਼ੇਰ ਸ਼ਬਦ ਏਕਾ ਬੁੱਕਣਾ, ਆਦਿ ਜੁਗਾਦੀ ਗੁਰ ਅਵਤਾਰ । ਨੌ ਖੰਡ ਪ੍ਰਿਥਮੀ ਪੁਰਖ ਅਬਿਨਾਸ਼ੀ ਅੱਗੇ ਝੁਕਣਾ, ਨਾ ਕੋਈ ਝੱਲੇ ਪਹਿਲਾ ਵਾਰ । ਡੂੰਘੀ ਕੰਦਰ ਕਿਸੇ ਨਾ ਲੁਕਣਾ, ਸਮੁੰਦ ਸਾਗਰ ਪਾਵੇ ਸਾਰ । ਹਰਿ ਕਾ ਤੀਰ ਕਦੇ ਨਾ ਉਕਣਾ, ਨਿਸ਼ਾਨਾ ਮਾਰੇ ਆਪਣੀ ਵਾਰ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਪੈਂਡਾ ਮੁੱਕਣਾ, ਨੌ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਲੈ ਕਲ ਕਲਕੀ ਅਵਤਾਰ । ਨਿਰਗੁਣ ਸ਼ਬਦ ਅਪਾਰ ਹੈ, ਗੁਰ ਗੁਰ ਰੂਪ ਸਮਾਇਆ । ਜੁਗਾ ਜੁਗੰਤਰ ਸਾਚੀ ਕਾਰ ਹੈ, ਲੋਕਮਾਤ ਵੇਸ ਵਟਾਇਆ । ਗੁਰ ਪੀਰ ਬਣ ਅਵਤਾਰ ਹੈ, ਲੱਖ ਚੁਰਾਸੀ ਦਏ ਸਮਝਾਇਆ । ਸ਼ਬਦ ਅਨਾਦੀ ਬੋਲ ਜੈਕਾਰ ਹੈ, ਬਾਣੀ ਬਾਣ ਦਏ ਲਗਾਇਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ ਹੈ, ਆਦਿ ਜੁਗਾਦੀ ਰਚਨ ਰਚਾਇਆ । ਬੋਧ ਅਗਾਧੀ ਨਾਮ ਧੁਨ ਧੁਨ ਜੈਕਾਰ ਹੈ, ਧੁਰ ਤਰਾਨਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਸ਼ਬਦ ਵਜਾਇਆ ।

ਡੰਕਾ ਸ਼ਬਦ ਵੱਜਿਆ, ਲੋਆਂ ਪੁਰੀਆਂ ਹੋਇਆ ਜੈਕਾਰ । ਬ੍ਰਹਮਾ ਵਿਸ਼ਨ ਸ਼ਿਵ ਉਠ ਉਠ ਭੱਜਿਆ, ਸੋਇਆ ਦਿਸੇ ਨਾ ਵਿਚ ਸੰਸਾਰ । ਕਵਣ ਕੂਟੇ ਨਿਰਗੁਣ ਰੂਪ ਹੋ ਹੋ ਗੱਜਿਆ, ਨਿਹਕਲੰਕਾ ਲੈ ਅਵਤਾਰ । ਕਵਣ ਮੰਦਰ ਬਹਿ ਬਹਿ ਸਜਿਆ, ਨਿਰਗੁਣ ਜੋਤ ਕਰ ਉਜਿਆਰ । ਕਾਲ ਨਗਾਰਾ ਸਭ ਦੇ ਸਿਰ ਤੇ ਵੱਜਿਆ, ਰਾਏ ਧਰਮ ਉਚੀ ਕੂਕ ਕਰੇ ਪੁਕਾਰ । ਜੋ ਘੜਿਆ ਸੋ ਭੱਜਿਆ, ਥਿਰ ਰਹੇ ਨਾ ਵਿਚ ਸੰਸਾਰ । ਜਨ ਭਗਤਾਂ ਰੱਖੇ ਹਰਿ ਜੂ ਲੱਜਿਆ, ਵੇਲੇ ਅੰਤ ਕਰੇ ਸੰਭਾਲ । ਦੋ ਜਹਾਨਾਂ ਫਿਰੇ ਭੱਜਿਆ, ਚਤੁਰਭੁਜ ਅਸਵ ਅਸਵਾਰ । ਗੁਰਮੁਖਾਂ ਪੜਦਾ ਅੰਤਮ ਕੱਜਿਆ, ਸ਼ਬਦ ਦੋਸ਼ਾਲਾ ਏਕਾ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰਾ ਖੇਲ ਨਿਆਰਾ, ਨਿਰਗੁਣ ਤਤ ਨਾ ਕੋਇ ਵਖਾਇੰਦਾ । ਅਲੱਖ ਅਗੋਚਰ ਸਾਚੀ ਧਾਰਾ, ਧਰਤ ਧਵਲ ਆਪ ਟਿਕਾਇੰਦਾ । ਅਲੱਖ ਨਿਰੰਜਣ ਬੋਲ ਜੈਕਾਰਾ, ਆਪਣੀ ਅਲਖ ਆਪ ਜਗਾਇੰਦਾ । ਸਚਖੰਡ ਸਚ ਸਾਚੀ ਪਾਵੇ ਸਾਰਾ, ਸਾਚੀ ਵਸਤ ਆਪ ਉਠਾਇੰਦਾ । ਥਿਰ ਘਰ ਖੋਲ੍ਹੇ ਬੰਦ ਕਿਵਾੜਾ, ਆਪਣਾ ਪੜਦਾ ਆਪੇ ਲਾਹਿੰਦਾ । ਸੁੰਨ ਅਗੰਮੀ ਪਾਰ ਕਿਨਾਰਾ, ਧੂੰਆਂਧਾਰ ਨਾ ਕੋਇ ਵਖਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਦਸਮ ਦਵਾਰਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮੂਰਤ ਅਕਾਲ ਅਕਾਲ ਮੂਰਤ, ਨਾਦ ਵਜਾਏ ਸਾਚੀ ਤੂਰਤ, ਤੁਰੀਆ ਰਾਗ ਆਪ ਅਲਾਇੰਦਾ । ਤੁਰੀਆ ਰਾਗ ਹਰਿ ਤਰਾਨਾ, ਲਿਖਣ ਪੜ੍ਹਣ ਵਿਚ ਨਾ ਆਈਆ । ਤੁਰੀਆ ਰਾਗ ਅਗੰਮੀ ਗਾਣਾ, ਪੁਰਖ ਅਬਿਨਾਸ਼ੀ ਆਪੇ ਗਾਈਆ । ਤੁਰੀਆ ਰਾਗ ਵਸੇ ਸਚ ਮਕਾਨਾ, ਥਿਰ ਘਰ ਸਾਚੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਵਰ, ਘਰ ਮੰਦਰ ਮੇਲ ਮਿਲਾਈਆ । ਘਰ ਮੰਦਰ ਹਰਿ ਗੁਰਸਿਖ ਮੇਲਣਾ, ਕਲਜੁਗ ਤੇਰੀ ਅੰਤਮ ਵਾਰ । ਲੇਖਾ ਚੁੱਕੇ ਗੁਰੂ ਗੁਰ ਚੇਲਣਾ, ਗੁਰ ਚੇਲਾ ਇਕ ਦਵਾਰ । ਪ੍ਰਭ ਮਿਲੇ ਸੱਜਣ ਸੁਹੇਲਣਾ, ਸੰਸਾ ਮੁੱਕੇ ਵਿਚ ਸੰਸਾਰ । ਸਤਿਗੁਰ ਪੂਰਾ ਚਾੜ੍ਹੇ ਤੇਲਨਾ, ਸਗਨ ਮਨਾਏ ਆਪਣੀ ਵਾਰ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਣਾ, ਚਾਰੇ ਵੇਦ ਨਾ ਪਾਇਣ ਸਾਰ । ਗੁਰਸਿਖਾਂ ਗੁਰਮੁਖਾਂ ਲੱਖ ਚੁਰਾਸੀ ਧਰਮ ਰਾਏ ਦੀ ਕੱਟੇ ਜੇਲਣਾ, ਆਵਣ ਜਾਵਣ ਗੇੜ ਨਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਸਾਚਾ ਪਾਰ ਉਤਾਰਨਾ, ਬੇੜਾ ਆਪਣੇ ਕੰਧ ਉਠਾਈਆ । ਮਾਣਸ ਜਨਮ ਪੈਜ ਸੁਆਰਨਾ, ਵੇਲੇ ਅੰਤ ਹੋਏ ਸਹਾਈਆ । ਕਾਗੋਂ ਹੰਸ ਆਪ ਬਣਾਵਣਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦਰਗਹਿ ਸਾਚੀ ਆਪ ਬਹਾਵਣਾ, ਆਪ ਆਪਣੀ ਗੋਦ ਉਠਾਈਆ । ਪਤਤ ਪਾਪੀ ਆਪ ਤਰਾਵਣਾ, ਜੋ ਚਲ ਆਏ ਸਰਨਾਈਆ । ਪੂਰਬ ਲਹਿਣਾ ਆਪ ਚੁਕਾਵਣਾ, ਪਿਛਲਾ ਲੇਖਾ ਰਹਿਣ ਨਾ ਪਾਈਆ । ਅੱਗੇ ਮਾਰਗ ਇਕ ਵਖਾਵਣਾ, ਚਾਰ ਵਰਨ ਬਣਾਏ ਭੈਣਾਂ ਭਾਈਆ । ਅਠਾਰਾਂ ਬਰਨਾਂ ਪੰਧ ਮੁਕਾਵਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਖ਼ਾਕ ਮਿਲਾਵਣਾ, ਸੀਸ ਤਾਜ ਨਾ ਕੋਇ ਟਿਕਾਈਆ । ਊਚਾਂ ਨੀਚਾਂ ਏਕਾ ਧਾਮ ਬਹਾਵਣਾ, ਰਾਓ ਰੰਕਾਂ ਮੇਲ ਮਿਲਾਈਆ । ਸੋਹੰ ਢੋਲਾ ਸ੍ਰਿਸ਼ਟ ਸਬਾਈ ਗਾਵਣਾ, ਬੀਸ ਬੀਸਾ ਕੂਕੇ ਦਏ ਦੁਹਾਈਆ । ਜਗਤ ਜਗਦੀਸਾ ਇਕ ਮਨਾਵਣਾ, ਪੁਰਖ ਅਕਾਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ

ਅੰਤਮ ਵਰ, ਜੁਗ ਜੁਗ ਵਿਛੜੇ ਲਏ ਮਿਲਾਈਆ । ਜੁਗ ਜੁਗ ਵਛੋੜਾ ਕੱਟਿਆ, ਕਲਜੁਗ ਤੇਰੀ ਅੰਤਮ ਵਾਰ । ਗੁਰਮੁਖ ਮੇਟੇ ਦੂਈ ਦਵੈਤੀ ਫੱਟਿਆ, ਅੰਮ੍ਰਿਤ ਆਤਮ ਉਪਰ ਡਾਰ । ਚੌਦਾਂ ਲੋਕ ਵਖਾਏ ਏਕਾ ਹੱਟਿਆ, ਗੁਰ ਚਰਨ ਦਵਾਰ ਭਿਖਾਰ । ਲੇਖਾ ਚੁੱਕੇ ਤੀਰਥ ਤਟਿਆ, ਪਾਇਆ ਪੁਰਖ ਇਕ ਨਿਰੰਕਾਰ । ਗੁਰਮੁਖ ਵਿਰਲੇ ਲਾਹਾ, ਖਟਿਆ, ਸ੍ਰਿਸ਼ਟ ਸਬਾਈ ਸੁੱਤੀ ਪੈਰ ਪਸਾਰ । ਕਲਜੁਗ ਸੀਸ ਪਾਵੇ ਘੱਟਿਆ, ਧ੍ਰਿਗ ਜੀਵਣ ਦੱਸੇ ਕਰੇ ਧ੍ਰਿਗ ਧ੍ਰਿਗ ਧ੍ਰਿਗ ਕਾਰ । ਗੁਰਮੁਖ ਦਵਾਰੇ ਆਏ ਨੱਠਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਨਿਰਗੁਣ ਸਰਗੁਣ ਜੋਤ ਧਰ, ਜੋਤੀ ਜਾਮਾ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇਵੇ ਇਕ ਆਧਾਰ ।

## ✻ ਪਹਿਲੀ ਸਾਵਣ ੨੦੧੭ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✻



ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਨਿਰਗੁਣ ਨਿਰਾਕਾਰ ਅਖਵਾਇੰਦਾ । ਹਰਿ ਪੁਰਖ ਨਿਰੰਜਣ ਮਿਹਰਵਾਨ, ਬੇਐਬ ਪਰਵਰਦਿਗਾਰ ਨਾਉਂ ਧਰਾਇੰਦਾ । ਏਕੰਕਾਰਾ ਖੇਲ ਮਹਾਨ, ਆਦਿ ਜੁਗਾਦੀ ਵੇਸ ਵਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤ ਉਜਾਲਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਗੁਣ ਨਿਧਾਨ, ਭੇਵ ਅਭੇਦਾ ਭੇਵ ਛੁਪਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇੰਦਾ । ਪਾਰਬ੍ਰਹਮ ਏਕਾ ਰੱਖੇ ਆਣ, ਦੂਸਰ ਹੁਕਮ ਨਾ ਕੋਇ ਵਖਾਇੰਦਾ । ਸਚਖੰਡ ਦਵਾਰੇ ਵਸੇ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਥਿਰ ਘਰ ਸਾਚਾ ਕਰ ਪਛਾਣ, ਸ਼ਾਹ ਸੁਲਤਾਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਪੁਰਖ ਅਕਾਲ, ਅਨਭਵ ਪਰਕਾਸ਼ ਕਰਾਇੰਦਾ । ਸੋ ਪੁਰਖ ਨਿਰਜੰਣ ਹਰਿ ਹਰਿ ਨਰਾਇਣ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਸਾਕ ਸੈਣ, ਦਰ ਘਰ ਸਾਚੇ ਸੋਭਾ ਪਾਈਆ । ਏਕੰਕਾਰਾ ਆਪ ਚੁਕਾਏ ਆਪਣਾ ਲਹਿਣ ਦੇਣ, ਸਗਲਾ ਸੰਗ ਆਪ ਨਿਭਾਈਆ । ਆਦਿ ਨਿਰੰਜਣ ਆਪੇ ਵੇਖੇ ਆਪਣੇ ਨੈਣ, ਨਿਰਗੁਣ ਆਪਣਾ ਨਾਉਂ ਧਰਾਈਆ । ਅਬਿਨਾਸ਼ੀ ਕਰਤਾ ਦਰ ਦਰਵੇਸ਼ਾ ਨਰ ਨਰੇਸ਼ਾ ਧੁਰ ਦਰਬਾਰਾ ਖੋਲ੍ਹ ਕਿਵਾੜਾ ਅਗੰਮ ਅਪਾਰਾ ਏਕੰਕਾਰਾ ਆਪਣਾ ਨਾਉਂ ਆਪੇ ਕਹਿਣ, ਆਪ ਆਪਣਾ ਬਲ ਧਰਾਈਆ । ਸ੍ਰੀ ਭਗਵਾਨ ਹਰਿ ਮਿਹਰਵਾਨ, ਆਪੇ ਜਾਣੇ ਆਪਣਾ ਲਹਿਣ ਦੇਣ, ਦੂਸਰ ਹੋਰ ਨਾ ਸੰਗ ਰਖਾਈਆ । ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚੇ ਘਰ, ਘਰ ਸਾਚਾ ਇਕ ਵਡਿਆਈਆ । ਘਰ ਸਾਚਾ ਹਰਿ ਸੁਹਾਇਆ, ਸੋਭਾਵੰਤ ਬੇਪਰਵਾਹ । ਪੁਰਖ ਅਬਿਨਾਸ਼ੀ ਡੇਰਾ ਲਾਇਆ, ਨਿਰਗੁਣ ਦੀਪਕ ਜੋਤ ਜਗਾ । ਹਰਿ ਮੰਦਰ ਆਪ ਸੁਹਾਇਆ, ਅਗੰਮ ਅਗੰਮੜੀ ਖੇਲ ਕਰਾ । ਅਲੱਖ ਅਗੋਚਰ ਅਗੰਮ ਅਥਾਹ ਆਪਣੀ ਅਲੱਖ ਆਪ ਜਗਾਇਆ, ਸ਼ਬਦ ਅਗੰਮੀ ਨਾਅਰਾ ਲਾ । ਆਪਣੀ ਮੰਗਣ ਮੰਗ ਮੰਗਾਇਆ, ਇਛਿਆ ਭਿਛਿਆ ਝੋਲੀ ਪਾ । ਸਾਚਾ ਮਰਦੰਗਨ ਤਾਲ ਵਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਅਪਾਰਾ, ਆਪੇ ਖੇਲੇ ਖੇਲਣਹਾਰਾ, ਰੂਪ ਰੰਗ ਨਾ ਕੋਇ ਵਖਾ । ਰੂਪ ਰੰਗ ਨਾ ਕੋਈ ਰੇਖ, ਆਦਿਨ ਅੰਤਾ ਦਿਸ ਨਾ ਆਇੰਦਾ । ਸਚਖੰਡ ਦਵਾਰੇ ਆਪੇ ਕਰੇ ਆਪਣਾ ਵੇਸ, ਵੇਸ ਅਨੇਕਾ ਆਪ ਵਟਾਇੰਦਾ । ਮੁੱਛ ਦਾੜ੍ਹੀ ਨਾ ਦੀਸੇ ਕੇਸ, ਸੀਸ ਜਗਦੀਸ ਨਾ ਕੋਇ ਧਰਾਇੰਦਾ ।

੮੨੯

ਨਾ ਕੋਈ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰਵੇਸ ਨਾ ਬੁਝਾਇੰਦਾ । ਨਾ ਕੋਈ ਕਰੇ ਆਦੇਸ, ਨਿਉਂ ਨਿਉਂ ਸੀਸ ਨਾ ਕੋਇ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਾਚੇ ਘਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰਾ ਖੇਲ ਅਵੱਲਾ, ਹਰਿ ਸਾਚਾ ਸਚ ਕਰਾਇੰਦਾ । ਸੋ ਪੁਰਖ ਨਿਰੰਜਣ ਵਸਿਆ ਇਕ ਇਕੱਲਾ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਆਪ ਫੜਾਏ ਆਪਣਾ ਪੱਲਾ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤੇ ਸਚ ਸਿੰਘਾਸਣ ਏਕਾ ਮੱਲਾ, ਸ੍ਰੀ ਭਗਵਾਨ ਡੇਰਾ ਲਾਇੰਦਾ । ਪਾਰਬ੍ਰਹਮ ਲੇਖਾ ਜਾਣੇ ਨੇਹਚਲ ਧਾਮ ਅਟੱਲਾ, ਉਚ ਮਹੱਲਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਖੋਲ੍ਹ ਦਵਾਰਾ, ਥਿਰ ਘਰ ਕਰੇ ਆਪ ਪਸਾਰਾ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਥਿਰ ਘਰ ਸਾਚੇ ਸਚ ਦਰਵਾਜ਼ਾ, ਦਰਗਹਿ ਸਾਚੀ ਆਪ ਖੁਲ੍ਹਾਈਆ । ਏਕਾ ਵਸੇ ਗ਼ਰੀਬ ਨਿਵਾਜ਼ਾ, ਰੂਪ ਰੰਗ ਨਾ ਕੋਇ ਰਖਾਈਆ । ਆਪੇ ਰਚੇ ਆਪਣਾ ਕਾਜਾ, ਕਰਤਾ ਪੁਰਖ ਨਾਉਂ ਧਰਾਈਆ । ਆਪੇ ਮਾਰੇ ਆਪਣੀ ਵਾਜਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਆਪੇ ਰੱਖੇ ਆਪਣੀ ਲਾਜਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਾਚਾ ਖੋਲ੍ਹ, ਆਪ ਵਜਾਏ ਅਗੰਮੀ ਢੋਲ, ਤਾਲ ਤਲਵਾੜਾ ਨਾ ਕੋਇ ਰਖਾਇੰਦਾ । ਸਚਖੰਡ ਦਵਾਰਾ ਹਰਿ ਨਿਰੰਕਾਰਾ, ਆਪਣਾ ਆਪ ਸੁਹਾਇੰਦਾ । ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਵੇਸ ਵਟਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਆਦਿ ਜੁਗਾਦੀ ਕਰੇ ਆਪਣੀ ਕਾਰਾ, ਕਰਨੀ ਕਰਤਾ ਕਿਰਤ ਕਮਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਦਿਸ ਨਾ ਆਇੰਦਾ । ਦਰ ਦਰਵੇਸ ਬਣ ਭਿਖਾਰਾ, ਆਪਣੀ ਭਿਛਿਆ ਮੰਗ ਮੰਗਾਇੰਦਾ । ਅਲਫ਼ੀ ਪਾਏ ਚੋਬਦਾਰਾ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਅਪਾਰਾ, ਖ਼ਾਲਕ ਆਪਣਾ ਖੇਲ ਖਿਲਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਸਚ ਸੁਹਾਇੰਦਾ । ਨਿਰਗੁਣ ਮੇਲਾ ਨਾਰੀ ਕੰਤ, ਨਰ ਨਰਾਇਣ ਵੇਖ ਵਖਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਕਲ ਵਰਤਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਪੀਰ ਅਵਤਾਰ ਨਾ ਕੋਇ ਰਖਾਇੰਦਾ । ਨਾ ਕੋਈ ਰਸਨਾ ਜਿਹਵਾ ਮਣੀਆ ਮੰਤ, ਸ਼ਬਦ ਨਾਦ ਨਾ ਕੋਇ ਵਜਾਇੰਦਾ । ਆਪਣੀ ਮਹਿਮਾ ਆਪੇ ਜਾਣੇ ਬੇਅੰਤ, ਬੇਅੰਤ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹੰਜਣਾ, ਪੁਰਖ ਅਬਿਨਾਸ਼ੀ ਆਪ ਸੁਹਾਇਆ । ਦੀਪ ਜਗਾਇਆ ਇਕ ਆਦਿ ਨਿਰੰਜਣਾ, ਨੂਰੋ ਨੂਰ ਨੂਰ ਰੁਸ਼ਨਾਇਆ । ਆਪੇ ਬਣਿਆ ਸਾਕ ਸੈਣ ਸੱਜਣਾ, ਮਾਤ ਪਿਤ ਭਾਈ ਭੈਣ ਆਪ ਹੋ ਜਾਇਆ । ਨਾ ਘੜਿਆ ਨਾ ਭੱਜਣਾ, ਮੜ੍ਹੀ ਗੋਰ ਨਾ ਕੋਇ ਦਬਾਇਆ । ਆਪਣੇ ਸਰੋਵਰ ਆਪੇ ਕਰੇ ਮਜਨਾ, ਆਪਣਾ ਤਾਲ ਆਪ ਸੁਹਾਇਆ । ਆਪਣੇ ਨਗਾਰੇ ਆਪੇ ਵਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਵਸ, ਆਪੇ ਰਸੀਆ ਆਪਣਾ ਜਾਣੇ ਰਸ, ਆਪੇ ਭੋਗੀ ਭੋਗ ਵਖਾਇਆ । ਸਚਖੰਡ ਦਵਾਰੇ ਸਾਚਾ ਭੋਗ, ਨਿਰਗੁਣ ਨਿਰਗੁਣ ਆਪ ਕਰਾਈਆ । ਦਰਗਹਿ ਸਾਚੀ ਧੁਰ ਸੰਜੋਗ, ਪੁਰਖ ਅਕਾਲ

ਮੇਲ ਮਿਲਾਈਆ । ਮੂਰਤ ਅਕਾਲ ਦਰਸ ਅਮੋਘ, ਜੂਨੀ ਰਹਿਤ ਆਪ ਕਰਾਈਆ । ਆਪਣਾ ਬੋਲ ਸਚ ਸਲੋਕ, ਆਪ ਆਪਣਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਅੰਦਰ ਵੜ, ਬੈਠਾ ਸੇਜ ਸੁਹਾਈਆ । ਸਚਖੰਡ ਦਵਾਰੇ ਹਰਿ ਜੂ ਵੜਿਆ, ਨਿਰਗੁਣ ਆਪਣਾ ਥਾਨ ਸੁਹਾਇਆ । ਸਾਚੇ ਪੌੜੇ ਆਪੇ ਚੜ੍ਹਿਆ, ਆਪ ਆਪਣਾ ਮਹੱਲ ਅਟੱਲ ਵੇਖ ਵਖਾਇਆ । ਆਪਣਾ ਅੱਖਰ ਆਪਣੀ ਵਿਦਿਆ ਆਪਣਾ ਨਾਉਂ ਆਪੇ ਪੜ੍ਹਿਆ, ਆਪ ਆਪਣਾ ਬਲ ਧਰਾਇਆ । ਆਪਣਾ ਪੱਲੂ ਪਰਵਰਦਿਗਾਰ ਨੂਰ ਇਲਾਹੀ ਆਪੇ ਫੜਿਆ, ਬਿਸਮਲ ਰੂਪ ਹੋ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੜਿਆ ਸਾਚੇ ਘਰ, ਸਚਖੰਡ ਦਵਾਰਾ ਇਕ ਖੁਲ੍ਹਾਇਆ । ਸਚਖੰਡ ਦਵਾਰ ਸੱਚੀ ਸਰਕਾਰ, ਸਾਚੇ ਤਖ਼ਤ ਸੁਹਾਈਆ । ਸ਼ਾਹ ਪਾਤਸ਼ਾਹ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪ ਅਖਵਾਈਆ । ਆਪੇ ਜਾਣੇ ਆਪਣੀ ਕਾਰ, ਕਰਨਹਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਆਪੇ ਵੜ, ਆਪ ਆਪਣਾ ਵੇਖ ਵਖਾਈਆ । ਆਪਣਾ ਆਪ ਹਰਿ ਹਰਿ ਵੇਖਿਆ, ਨਿਰਗੁਣ ਨਿਰਗੁਣ ਹੋ ਉਜਿਆਰ । ਆਪੇ ਵਸਿਆ ਆਪਣੇ ਦੇਸਿਆ, ਮਹੱਲ ਅੱਟਲ ਉਚ ਮੁਨਾਰ । ਆਪਣੀ ਜੋਤ ਆਪ ਪਰਵੇਸਿਆ, ਜੋਤੀ ਜੋਤ ਹੋ ਉਜਿਆਰ । ਆਪੇ ਧਰ ਧਰ ਆਪਣਾ ਵੇਸਿਆ, ਆਪ ਆਪਣਾ ਕਰੇ ਪਿਆਰ । ਆਪੇ ਲਿਖਣਹਾਰਾ ਲੇਖਿਆ, ਬੈਠਾ ਦਰਗਹਿ ਸਾਚੀ ਧੁਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣਾ ਭਰੇ ਭੰਡਾਰ । ਸਚ ਭੰਡਾਰਾ ਆਪਣਾ ਭਰਿਆ, ਆਪਣੀ ਭਿਛਿਆ ਇਛਿਆ ਝੋਲੀ ਪਾਈਆ । ਆਪਣੀ ਕਰਨੀ ਆਪੇ ਕਰਿਆ, ਆਪ ਆਪਣਾ ਖੇਲ ਖਿਲਾਈਆ । ਆਪਣੀ ਨਾਰੀ ਆਪੇ ਵਰਿਆ, ਕੰਤ ਸੁਹਾਗ ਆਪ ਹੰਢਾਈਆ । ਆਪਣੀ ਸੇਜ ਆਪੇ ਚੜ੍ਹਿਆ, ਸਚਖੰਡ ਬੈਠਾ ਆਸਣ ਲਾਈਆ । ਆਪਣੇ ਅੰਦਰ ਆਪੇ ਵੜਿਆ, ਆਪੇ ਆਪਣਾ ਸੰਗ ਰਖਾਈਆ । ਆਪਣਾ ਘਾੜਨ ਆਪੇ ਘੜਿਆ, ਤਤਵ ਤਤ ਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਲਏ ਉਪਜਾਈਆ । ਨਿਰਗੁਣ ਨਿਰਗੁਣ ਉਪਜਾਇਆ, ਆਪ ਆਪਣੀ ਕਲ ਧਾਰ । ਪੂਤ ਸਪੂਤਾ ਨਾਉਂ ਧਰਾਇਆ, ਸ਼ਬਦੀ ਸ਼ਬਦ ਕਰ ਪੁਕਾਰ । ਨਾਉਂ ਨਿਰੰਕਾਰਾ ਆਪ ਅਖਵਾਇਆ, ਨਿਰਗੁਣ ਨੂਰ ਜੋਤ ਉਜਿਅਰ । ਸਚਖੰਡ ਦਵਾਰਾ ਆਪ ਸੁਹਾਇਆ, ਥਿਰ ਘਰ ਵਸਿਆ ਸਿਰਜਣਹਾਰ । ਤਖ਼ਤ ਨਿਵਾਸੀ ਡੇਰਾ ਲਾਇਆ, ਅਬਿਨਾਸ਼ੀ ਕਰਤਾ ਖੇਲ ਅਪਾਰ । ਪਵਣ ਸਵਾਸੀ ਨਾ ਕੋਇ ਚਲਾਇਆ, ਲੱਖ ਚੁਰਾਸੀ ਨਾ ਕੋਇ ਪਿਆਰ । ਜੋਤ ਪਰਕਾਸ਼ੀ ਜੋਤ ਜਗਾਇਆ, ਜੋਤੀ ਜੋਤ ਹੋਏ ਆਧਾਰ । ਸੂਰਜ ਚੰਨ ਨਾ ਕੋਇ ਚੜ੍ਹਾਇਆ, ਰਵ ਸਸ ਨਾ ਕੋਇ ਸਤਾਰ । ਧਰਤ ਧਵਲ ਨਾ ਕੋਇ ਵਡਿਆਇਆ, ਜਲ ਬਿੰਬ ਨਾ ਪਾਵੇ ਸਾਰ । ਆਕਾਸ਼ ਪਰਕਾਸ਼ ਨਾ ਕੋਇ ਟਿਕਾਇਆ, ਲੋਆਂ ਪੁਰੀਆਂ ਨਾ ਕੋਇ ਵਿਚਾਰ । ਬ੍ਰਹਿਮੰਡ ਖੰਡ ਨਾ ਵੇਖ ਵਖਾਇਆ, ਗਗਨ ਗਗਨੰਤਰ ਨਾ ਕੋਇ ਆਧਾਰ । ਜੇਰਜ ਅੰਡ ਨਾ ਰੰਗ ਰੰਗਾਇਆ, ਉਤਭੁਜ ਸੇਤਜ ਨਾ ਲਏ ਉਭਾਰ । ਚਾਰੇ ਬਾਣੀ ਨਾ ਕੋਇ ਪੜ੍ਹਾਇਆ, ਵਿਦਿਆ ਵਿਖਮ ਨਾ ਕੋਇ ਪਾਵੇ ਸਾਰ । ਤ੍ਰੈਗੁਣ ਰੂਪ ਨਾ ਕੋਇ ਦਰਸਾਇਆ, ਪੰਜ ਤਤ ਨਾ ਤਤ ਜੈਕਾਰ । ਸਚਖੰਡ ਸਾਚੇ ਆਸਣ ਲਾਇਆ, ਨਿਰਗੁਣ ਬੈਠ ਨਿਰਾਕਾਰ । ਸਾਕਾਰ ਰੂਪ ਨਾ ਕੋਇ ਵਖਾਇਆ, ਰੇਖ ਭੇਖ ਅਗੰਮ ਅਪਾਰ । ਆਪ ਆਪਣਾ ਦੇਸ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੮੨੮ ੦੯

ਕਰ, ਲੇਖਾ ਜਾਣੇ ਆਪਣੀ ਵਾਰ । ਸਚਖੰਡ ਦਵਾਰ ਵਸਾਇਆ, ਕਰ ਕਿਰਪਾ ਆਪ ਕਰਤਾਰ । ਸਾਚੇ ਤਖ਼ਤ ਆਸਣ ਲਾਇਆ, ਸਤਿ ਸੁਲਤਾਨਾ ਬਣ ਸਿਕਦਾਰ । ਸੀਸ ਤਾਜ ਇਕ ਟਿਕਾਇਆ, ਪੰਚਮ ਮੁਖ ਕਰ ਵਿਚਾਰ । ਸੱਤ ਰੰਗ ਨਿਸ਼ਾਨਾ ਇਕ ਚੜ੍ਹਾਇਆ, ਸਤਿ ਪੁਰਖ ਨਿਰੰਜਣ ਹੋ ਉਜਿਆਰ । ਦਰਗਹਿ ਸਾਚੀ ਧਾਮ ਸੁਹਾਇਆ, ਉਚ ਅਟੱਲ ਅਗੰਮ ਅਪਾਰ । ਆਪ ਆਪਣਾ ਹੁਕਮ ਸੁਣਾਇਆ, ਹੁਕਮੀ ਹੁਕਮ ਕਰੇ ਕਰਾਏ ਸਾਚੀ ਕਾਰ । ਨਿਰਗੁਣ ਸਰਗੁਣ ਰੂਪ ਲਏ ਵਟਾਇਆ, ਸ਼ਬਦੀ ਸ਼ਬਦ ਹੋਏ ਆਧਾਰ । ਸ਼ਬਦ ਵਿਚੋਲਾ ਇਕ ਬਣਾਇਆ, ਪੂਤ ਸਪੂਤਾ ਕਰ ਪਿਆਰ । ਨਾਰੀ ਕੰਤ ਖ਼ੁਸ਼ੀ ਮਨਾਇਆ, ਆਦਿ ਨਿਰੰਜਣ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਵਸਣਹਾਰ । ਵਸਣਹਾਰਾ ਵਸਿਆ, ਥਿਰ ਘਰ ਖੋਲ੍ਹ ਕਿਵਾੜਾ । ਆਪਣਾ ਮਾਰਗ ਆਪੇ ਦੱਸਿਆ, ਨਿਰਗੁਣ ਨਿਰਗੁਣ ਕਰ ਪਸਾਰਾ । ਨਿਰਗੁਣ ਅੰਦਰ ਮੰਦਰ ਬਹਿ ਬਹਿ ਹੱਸਿਆ, ਨਾ ਕੋਈ ਨਾਰੀ ਕੰਤ ਭਤਾਰਾ । ਨਿਰਗੁਣ ਮੇਟੇ ਰੈਣ ਅੰਧੇਰੀ ਮਸਿਆ, ਜੁਗਾ ਜੁਗੰਤਜਰ ਖੇਲ ਅਪਾਰਾ । ਨਿਰਗੁਣ ਸ਼ਬਦ ਨਿਰਾਲਾ ਤੀਰ ਕਸਿਆ, ਆਦਿ ਜੁਗਾਦੀ ਮਾਰੇ ਮਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰੇ ਆਪ ਪਸਾਰਾ । ਆਪਣਾ ਪਸਾਰਾ ਆਪੇ ਕਰ, ਹਰਿ ਆਪਣੀ ਕਲ ਵਰਤਾਇੰਦਾ । ਨਿਰਗੁਣ ਅੰਦਰ ਨਿਰਗੁਣ ਧਰ, ਨਿਰਗੁਣ ਜੋੜ ਜੁੜਾਇੰਦਾ । ਨਿਰਗੁਣ ਜਨਨੀ ਜਨ ਆਪਣੀ ਗੋਦੀ ਧਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਸਤਿ ਸਤਿਵਾਦੀ ਦੇਵੇ ਵਰ, ਪਾਰਬ੍ਰਹਮ ਬ੍ਰਹਮ ਬ੍ਰਹਿਮਾਦੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਪਿਆਰ ਸਚ ਦਵਾਰੇ, ਘਰ ਘਰ ਮੰਗਲ ਗਾਇਆ । ਨਿਰਗੁਣ ਗੁਪਤ ਨਿਰਗੁਣ ਜ਼ਾਹਰੇ, ਨਿਰਗੁਣ ਆਪਣਾ ਵੇਸ ਵਟਾਇਆ । ਨਿਰਗੁਣ ਮਾਤ ਪਿਤ ਉਪਜਾਏ ਸੁੱਤ ਦੁਲਾਰੇ, ਨਿਰਗੁਣ ਗੋਦ ਸੁਹਾਇਆ । ਨਿਰਗੁਣ ਜਨਨੀ ਜਨ ਜਣੇ ਅਪਾਰੇ, ਅਗੰਮ ਅਗੰਮੜਾ ਵੇਖ ਵਖਾਇਆ । ਨਿਰਗੁਣ ਭਰੇ ਨਿਰਵੈਰ ਭੰਡਾਰੇ, ਨਰ ਹਰਿ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਡਿਆਇਆ । ਵਡਿ ਵਡਿਆਈ ਸਚਖੰਡ, ਹਰਿ ਸਾਚਾ ਸਚ ਸੁਹਾਇੰਦਾ । ਆਪੇ ਵੰਡੀ ਆਪਣੀ ਵੰਡ, ਵੰਡਣਹਾਰਾ ਖੇਲ ਖਿਲਾਇੰਦਾ । ਆਪਣੇ ਅੰਦਰ ਆਪੇ ਦਿਤੀ ਗੰਢ, ਆਪੇ ਖੋਲ੍ਹ ਖੁਲ੍ਹਾਇੰਦਾ । ਨਾ ਕੋਈ ਜੇਰਜ ਨਾ ਕੋਈ ਅੰਡ, ਉਤਭੁਜ ਸੇਤਜ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੱਖੇ ਆਪਣੀ ਕੁੱਖ, ਆਪੇ ਕਰੇ ਉਜਲ ਮੁਖ, ਆਪ ਆਪਣਾ ਨੂਰ ਦਰਸਾਇੰਦਾ । ਆਪਣੀ ਕੁੱਖ ਆਪੇ ਜਾਇਆ, ਪੁਰਖ ਅਕਾਲ ਵੱਡੀ ਵਡਿਆਈਆ । ਨਿਰਗੁਣ ਨਿਰਵੈਰ ਬਣਿਆ ਪਿਤ ਮਾਇਆ, ਦਾਈ ਦਾਇਆ ਨਾ ਕੋਇ ਲਗਾਈਆ । ਆਪਣਾ ਖੇਲ ਆਪ ਰਚਾਇਆ, ਰਚ ਰਚ ਵੇਖੇ ਬੇਪਰਵਾਹੀਆ । ਵਿਸ਼ਨੂੰ ਆਪਣੀ ਗੋਦ ਬਹਾਇਆ, ਵਿਸ਼ਵ ਵਾਸਤਕ ਦਏ ਸਮਝਾਈਆ । ਅੰਮ੍ਰਿਤ ਆਤਮ ਜਲ ਭਰਾਇਆ, ਚਰਨ ਚਰਨੋਦਕ ਇਕ ਚੁਆਈਆ । ਸਾਚਾ ਬੀਜ ਆਪ ਬਜਾਇਆ, ਕਵਲ ਕਵਲਾ ਲਏ ਖਲਾਈਆ । ਫੁਲ ਪੰਖੜੀਆਂ ਆਪ ਲਗਾਇਆ, ਗੁੰਚਾ ਆਪੇ ਫੋਲ ਫੋਲਾਈਆ । ਭਵਰੀ ਭਵਰਾ ਵਿਚ ਸਮਾਇਆ, ਗੂੰਜ ਗੂੰਜੇ ਬੇਪਰਵਾਹੀਆ । ਪਾਰਬ੍ਰਹਮ ਰੂਪ ਵਟਾਇਆ, ਬ੍ਰਹਮ ਆਪਣੀ ਅੰਸ ਉਪਾਈਆ । ਆਪ ਆਪਣੇ ਰੰਗ ਰੰਗਾਇਆ, ਰੰਗ ਰੰਗੀਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਲੇਖਾ ਦਏ


੮੨੯
੦੯

ਸਮਝਾਈਆ । ਪਾਰਬ੍ਰਹਮ ਬ੍ਰਹਮ ਉਪਜਾਇਆ, ਕਵਲ ਕਵਲਾ ਕਰ ਉਜਿਆਰ । ਆਪਣੀ ਵਾਸਨਾ ਵਿਚ ਟਿਕਾਇਆ, ਤ੍ਰਿਸਨਾ ਭੁੱਖ ਨਾ ਕੋਇ ਵਿਚਾਰ । ਆਸਾ ਆਸਾ ਪੂਰ ਕਰਾਇਆ, ਮਨਸਾ ਮਨ ਨਾ ਪਾਏ ਪਿਆਰ । ਦਾਸੀ ਦਾਸਾ ਆਪ ਬਣਾਇਆ, ਸੇਵਕ ਸੇਵਾ ਦਏ ਆਧਾਰ । ਸ਼ਬਦ ਸਵਾਂਗ ਵਿਚ ਟਿਕਾਇਆ, ਮੰਡਲ ਰਾਸਾ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸੁੱਤ ਦੁਲਾਰ । ਬ੍ਰਹਮਾ ਸੁੱਤ ਉਪਨਿਆ, ਪਾਰਬ੍ਰਹਮ ਉਪਜਾਇਆ । ਵੇਖਣਹਾਰਾ ਸਾਚੀ ਜਨਨੀ ਏਕਾ ਜਨ ਜਨਿਆ, ਨਿਰਗੁਣ ਨੂਰ ਹੋਏ ਉਜਿਆਰਾ । ਏਕਾ ਭਾਣਾ ਹਰਿ ਹਰਿ ਮੰਨਿਆ, ਹਰਿ ਭਾਣੇ ਸਰਬ ਵਰਤਾਰਾ । ਕਿਸੇ ਦਿਸੇ ਨਾ ਛੱਪਰ ਛੰਨਿਆ, ਮਹੱਲ ਅਟੱਲ ਨਾ ਕੋਇ ਮੁਨਾਰਾ । ਪੁਰਖ ਅਬਿਨਾਸ਼ੀ ਬੇੜਾ ਬੰਨ੍ਹਿਆ, ਦੇਵਣਹਾਰ ਆਪ ਸਹਾਰਾ । ਏਕਾ ਰਾਗ ਸੁਣਾਏ ਕੰਨਿਆ, ਧੁਰ ਦਾ ਸ਼ਬਦ ਬੋਲ ਜੈਕਾਰਾ । ਆਦਿ ਜੁਗਾਦਿ ਨਾ ਜਾਏ ਡੰਨਿਆ, ਜਿਸ ਮਿਲਿਆ ਹਰਿ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਖੋਲ੍ਹੇ ਬੰਦ ਕਿਵਾੜਾ । ਬ੍ਰਹਮੇ ਖੋਲ੍ਹਿਆ ਬੰਦ ਕਿਵਾੜ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਅੰਦਰ ਰੱਖੀ ਆਪਣੀ ਧਾਰ, ਸਾਚੇ ਮੰਦਰ ਵੱਜੀ ਵਧਾਈਆ । ਨਿਰਗੁਣ ਜੋਤ ਕਰ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਬ੍ਰਹਮ ਲੇਖਾ ਦਏ ਸਮਝਾਈਆ । ਪਾਰਬ੍ਰਹਮ ਬ੍ਰਹਮ ਸਮਝਾਇੰਦਾ, ਆਪ ਆਪਣੀ ਕਿਰਪਾ ਧਾਰ । ਤੇਰਾ ਰੂਪ ਅਨੂਪ ਵਟਾਇੰਦਾ, ਨਿਰਗੁਣ ਨੂਰ ਜੋਤ ਉਜਿਆਰ । ਅੰਸ ਬੰਸ ਆਪ ਸੁਹਾਇੰਦਾ, ਸਹੰਸ ਸਹੰਸਾ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਇਕ ਵਿਚਾਰ । ਬ੍ਰਹਮੇ ਦੇਵੇ ਬ੍ਰਹਮ ਮਤ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਜਾਨਣਾ ਏਕਾ ਤਤ, ਰੱਤੀ ਰੱਤ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਸਾਚਾ ਪਿਤ, ਪੀਤ ਪੀਤੰਬਰ ਸੀਸ ਸੁਹਾਈਆ । ਤੇਰੀ ਜਾਣੇ ਮਿਤ ਗਤਿ, ਗਤਿ ਮਿਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਲੇਖਾ ਦਏ ਜਣਾਈਆ । ਬ੍ਰਹਮੇ ਮੰਨਿਆ ਹਰਿ ਕਾ ਭਾਣਾ, ਨੇਤਰ ਨੈਣ ਨੀਰ ਵਹਾਇਆ । ਤੂੰ ਸ਼ਾਹ ਪਾਤਸ਼ਾਹ ਹਰਿ ਸਾਚਾ ਰਾਣਾ, ਹਉਂ ਸੇਵਕ ਸੇਵ ਕਮਾਇਆ । ਤੇਰੀ ਸਤਾਰ ਤੇਰਾ ਗਾਣਾ, ਤੂਹੀ ਤੂਹੀ ਰਾਗ ਅਲਾਇਆ । ਹਉਂ ਗ਼ਰੀਬ ਦਰ ਭਿਖਾਰੀ ਬਣੇ ਨਿਮਾਣਾ, ਨਿਵਣ ਸੋ ਨਿਵਣ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਤੇਰੇ ਲੇਖੇ ਵਿਚ ਰਖਾਇਆ । ਪੁਰਖ ਅਬਿਨਾਸ਼ੀ ਸਾਚਾ ਬੋਲ, ਏਕਾ ਏਕ ਸੁਣਾਇੰਦਾ । ਬ੍ਰਹਮੇ ਤੇਰਾ ਤੋਲਣਾ ਤੋਲ, ਕੰਡਾ ਆਪਣੇ ਹੱਥ ਵਖਾਇੰਦਾ । ਆਦਿ ਜੁਗਾਦੀ ਬੈਠਾ ਰਹੇ ਅਡੋਲ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਾਚੀ ਵਸਤ ਸਦ ਰੱਖੇ ਕੋਲ, ਵਿਸ਼ਨ ਬ੍ਰਹਮੇ ਆਪ ਵਰਤਾਇੰਦਾ । ਭੋਲਾ ਨਾਥ ਆਪ ਉਪਜਾਏ ਅਨਭੋਲ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਆਪਣਾ ਆਪ ਲਏ ਵਰੋਲ, ਆਪਣਾ ਮਧਾਣਾ ਆਪ ਚਲਾਇੰਦਾ । ਆਪਣਾ ਪੜਦਾ ਆਪੇ ਫੋਲ, ਆਪਣੀ ਵਸਤ ਬਾਹਰ ਕਢਾਇੰਦਾ । ਪੁਰਖ ਅਬਿਨਾਸ਼ੀ ਦਰ ਦਰਵਾਜ਼ਾ ਸਾਚਾ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਆਪੇ ਰਚ, ਹਰਿ ਸਾਚੇ ਖੇਲ ਖਿਲਾਇਆ । ਬ੍ਰਹਮੇ ਸ਼ਿਵ ਵਿਸ਼ਨ ਵਖਾਇਆ ਏਕਾ ਸੱਚ, ਸੱਚੋ ਸਚ ਸਚ ਦ੍ਰਿੜਾਇਆ । ਹਰ ਘਟ ਅੰਦਰ ਰਿਹਾ ਰਚ, ਤਿੰਨਾਂ ਮੇਲਾ ਮੇਲ ਮਿਲਾਇਆ । ਏਕਾ ਸ਼ਬਦ ਲੈਣਾ ਵਾਚ, ਆਪ

ਆਪਣਾ ਦਏ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇਆ । ਸਾਚੀ ਸਿਖਿਆ ਹਰਿ ਸਮਝਾਏ, ਬ੍ਰਹਮੇ ਵਿਸ਼ਨ ਸ਼ਿਵ ਜਗਾਈਆ । ਨਿਰਗੁਣ ਮੇਲਾ ਮੇਲ ਮਿਲਾਏ, ਮੇਲਣਹਾਰਾ ਇਕ ਅਖਵਾਈਆ । ਸੱਜਣ ਸੁਹੇਲਾ ਸਾਚੇ ਧਾਮ ਬਹਾਏ, ਧਾਮ ਅਵੱਲੜਾ ਵਡ ਵਡਿਆਈਆ । ਏਕਾ ਅੱਖਰ ਦਏ ਪੜ੍ਹਾਏ, ਆਪਣਾ ਨਾਉਂ ਆਪ ਜਪਾਈਆ । ਸਾਚਾ ਪਲੜਾ ਦਏ ਫੜਾਏ, ਛੁੱਟ ਕਦੇ ਨਾ ਜਾਈਆ । ਸਚ ਦਵਾਰਾ ਏਕਾ ਮਲੜਾ, ਪੁਰਖ ਅਬਿਨਾਸ਼ੀ ਰੁਠ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਏਕਾ ਰੰਗ ਰੰਗਾਈਆ । ਏਕਾ ਰੰਗ ਰੰਗਾਇਆ ਚਲੂਲ, ਉਤਰ ਕਦੇ ਨਾ ਜਾਇੰਦਾ । ਅਬਿਨਾਸ਼ੀ ਕਰਤਾ ਨਾ ਜਾਣਾ ਭੂਲ, ਅਭੁੱਲ ਅਭੁੱਲ ਆਪ ਅਖਵਾਇੰਦਾ । ਜੁਗਾ ਜੁਗੰਤਰ ਪਾਵੇ ਮੁੱਲ, ਕਰਤਾ ਕੀਮਤ ਆਪਣੇ ਹੱਥ ਰਖਾਇੰਦਾ । ਸਾਚੇ ਕੰਡੇ ਜਾਣਾ ਤੁਲ, ਤੋਲਣਹਾਰਾ ਤੋਲ ਤੁਲਾਇੰਦਾ । ਇਕ ਦਵਾਰਾ ਜਾਣਾ ਖੁਲ੍ਹ, ਸਾਚਾ ਹੱਟ ਇਕ ਉਪਾਇੰਦਾ । ਵਿਸ਼ਨੂੰ ਤੇਰਾ ਕਵਲ ਫੁਲ, ਬ੍ਰਹਮ ਰੂਪ ਦਰਸਾਇੰਦਾ । ਬ੍ਰਹਮੇ ਤੇਰੀ ਆਸਾ ਪੁਨ, ਸ਼ੰਕਰ ਸੰਗ ਨਿਭਾਇੰਦਾ । ਸ਼ੰਕਰ ਸ਼ੰਕਰ ਆਪੇ ਚੁਣ, ਸ਼ਾਕਰ ਆਪਣਾ ਮੇਲ ਮਿਲਾਇੰਦਾ । ਤਿੰਨਾਂ ਜਣਾਏ ਏਕਾ ਗੁਣ, ਏਕਾ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਰੂਪ ਨਿਰਾਕਾਰ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਖਲਾਇੰਦਾ । ਏਕੰਕਾਰਾ ਅਕਲ ਕਲ ਧਰਾ, ਆਪ ਆਪਣੀ ਕਲ ਵਰਤਾਇੰਦਾ । ਆਦਿ ਨਿਰੰਜਣ ਡਗਮਗਾ, ਨੂਰ ਨੁਰਾਨਾ ਨੂਰ ਵਖਾਇੰਦਾ । ਅਬਿਨਾਸ਼ੀ ਕਰਤਾ ੮੩੧
ਡੇਰਾ ਲਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਸ੍ਰੀ ਭਗਵਾਨ ਬਣੇ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਪਾਰਬ੍ਰਹਮ ਬਣੇ ਪਿਤਾ ਮਾਂ, ਬ੍ਰਹਮਾ ਵਿਸ਼ਨ ਸ਼ਿਵ ਆਪ ਉਪਜਾਇੰਦਾ । ਆਪਣਾ ਨਾਉਂ ਦਏ ਸੁਣਾ, ਆਪ ਆਪਣੀ ਖੇਲ ਖਿਲਾਇੰਦਾ । ਏਕਾ ਦੂਜਾ ਰੂਪ ਧਰਾ, ਤਿੰਨਾਂ ਜੋੜਾ ਜੋੜ ਜੁੜਾਇੰਦਾ । ਸਾਚਾ ਘੋੜਾ ਦਏ ਵਖਾ, ਸ਼ਬਦ ਅਗੰਮੀ ਆਪ ਉਪਾਇੰਦਾ । ਧੁਰ ਦਾ ਪੌੜਾ ਦਏ ਲਗਾ, ਏਕਾ ਡੰਡਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਇੰਦਾ । ਨਿਰਗੁਣ ਰੂਪ ਹਰਿ ਦਰਸਾਇਆ, ਲਾਲਨ ਲਾਲ ਲਾਲ ਸਮਾਈਆ । ਸੁਤੇ ਪਰਕਾਸ਼ ਆਪ ਕਰਾਇਆ, ਸੁੱਤ ਜਨਨੀ ਕੋਇ ਨਾ ਜਾਈਆ । ਕੰਚਨ ਰੂਪ ਆਪ ਵਟਾਇਆ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਸੂਹਾ ਵੇਸ ਜੋਤ ਰਘੁਰਾਇਆ, ਥਿਰ ਘਰ ਵੇਖੇ ਬੇਪਰਵਾਹੀਆ । ਸਾਚੀ ਧਾਰ ਆਪ ਬੰਧਾਇਆ, ਸੱਤ ਸਫ਼ੈਦੀ ਗਿਆ ਸਮਾਈਆ । ਪੀਆ ਪ੍ਰੀਤਮ ਵੇਸ ਵਟਾਇਆ, ਪੀਲਾ ਰੰਗਣ ਰੰਗ ਰੰਗਾਈਆ । ਨੀਲਾ ਰੂਪ ਆਪ ਦਰਸਾਇਆ, ਨਿਰਗੁਣ ਆਪਣੀ ਜੋਤ ਜੋਤ ਰੁਸ਼ਨਾਈਆ । ਕਾਲਾ ਕਾਲੀ ਧਾਰ ਇਕ ਸਮਝਾਇਆ, ਕਾਲ ਮਹਾਂਕਾਲ ਪਾਏ ਫਾਹੀਆ । ਦੀਨ ਦਿਆਲ ਆਪਣਾ ਨਾਉਂ ਰਖਾਇਆ, ਦੋ ਜਹਾਨਾਂ ਬਣੇ ਮਲਾਹੀਆ । ਸ਼ਹਿਨਸ਼ਾਹ ਪਾਤਸ਼ਾਹ ਬੇਪਰਵਾਹ ਸੀਸ ਆਪਣੇ ਤਾਜ ਟਿਕਾਇਆ, ਪੰਚਮ ਪੰਚਮ ਦਏ ਵਡਿਆਈਆ । ਸੱਤ ਰੰਗ ਜੋਤੀ ਰੰਗ ਰੰਗਾਇਆ, ਦਰ ਘਰ ਸਾਚੇ ਕਰ ਰੁਸ਼ਨਾਈਆ । ਏਕਾ ਝਲਕ ਫ਼ਲਕ ਵਖਾਇਆ, ਬੇਐਬ ਐਬ ਖ਼ੁਦਾਈਆ । ਸਾਲਸ ਆਪਣਾ ਬਣ ਕੇ ਆਪੇ ਆਇਆ, ਨਾ ਦੇਵੇ ਕੋਇ ਸਲਾਹੀਆ । ਆਲਸ ਨਿੰਦਰਾ ਨਾ ਕੋਇ ਰਖਾਇਆ, ਸੇਜ ਸੁਹਾਵੀ ਨਾ ਕੋਇ ਹੰਢਾਈਆ । ਹਾਣੀ ਹਾਣ ਨਾ ਕੋਇ ਮਿਲਾਇਆ, ਗਲਵਕੜੀ

੦੯

ਨਾ ਕੋਇ ਰਖਾਈਆ । ਜਲ ਪਾਣੀ ਪਾਨ ਨਾ ਕੋਇ ਕਰਾਇਆ, ਬਾਣੀ ਬਾਣ ਨਾ ਕੋਇ ਪੜ੍ਹਾਈਆ । ਨਿਰਬਾਣ ਏਕਾ ਪਦ ਆਪ ਸੁਹਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਸਦ ਧੁਨ ਉਪਜਾਇਆ, ਨਾਦ ਅਨਾਦਿ ਆਪ ਸੁਣਾਈਆ । ਬੋਧ ਅਗਾਧ ਖੇਲ ਰਚਾਇਆ, ਅਗਾਧ ਅਬੋਧਾ ਇਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਲਏ ਸਮਝਾਈਆ । ਬ੍ਰਹਮੇ ਵਿਸ਼ਨ ਸ਼ਿਵ ਧਿਆਨ ਲਗੌਣਾ, ਹਰਿ ਸਾਚਾ ਸਚ ਸਮਝਾਇੰਦਾ । ਤੇਰਾ ਬੂਟਾ ਆਪ ਲਗੌਣਾ, ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਵਿਸ਼ਨੂੰ ਆਪਣੇ ਅੰਗ ਲਗੌਣਾ, ਅੰਗੀਕਾਰ ਆਪ ਹੋ ਜਾਇੰਦਾ । ਬ੍ਰਹਮਾ ਚਰਨਾਂ ਹੇਠ ਬਹੌਣਾ, ਚਰਨ ਚਰਨੋਦਕ ਉਪਰ ਪਾਇੰਦਾ । ਸ਼ੰਕਰ ਅਧਵਿਚਕਾਰ ਟਿਕੌਣਾ, ਹੱਥ ਤ੍ਰਿਸੂਲ ਫੜਾਇੰਦਾ । ਤਿੰਨਾਂ ਲੋਕਾਂ ਤਿਲਕ ਲਗੌਣਾ, ਇਕ ਤ੍ਰਿਲੋਕੀ ਵੰਡ ਵੰਡਾਇੰਦਾ । ਇਕ ਸਲੋਕ ਹਰਿ ਸੁਣੌਣਾ, ਹਰਿ ਹਰਿ ਕਾ ਨਾਮ ਪੜ੍ਹਾਇੰਦਾ । ਓਅੰ ਰੂਪ ਆਪ ਦਰਸੌਣਾ, ਸੋਇਮ ਆਪਣਾ ਰੂਪ ਦਰਸਾਇੰਦਾ । ਦੋਇਮ ਦਰ ਆਪ ਖੁਲ੍ਹੌਣਾ, ਦਰ ਦਰਵੇਸ ਵੇਸ ਵਟਾਇੰਦਾ । ਨਿਰਗੁਣ ਸਰਗੁਣ ਚੋਲਾ ਪੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਧਰਾਇੰਦਾ । ਨਿਰਗੁਣ ਸਰਗੁਣ ਭੇਖ ਵਟਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਪਜਾਇਆ, ਛੈਲ ਛਬੀਲਾ ਬੇਪਰਵਾਹੀਆ । ਤ੍ਰੈ ਤ੍ਰੈ ਵੇਸਾ ਵੇਸ ਕਰਾਇਆ, ਵਿਸ਼ਵ ਆਪਣੀ ਧਾਰ ਬੰਧਾਈਆ । ਵਾਸਤਕ ਰੂਪ ਵਿਚ ਸਮਾਇਆ, ਵਾਸਨਾ ਹੋਰ ਨਾ ਕੋਇ ਰਖਾਈਆ । ਏਕਾ ਆਪਣਾ ਨਾਉਂ ਦ੍ਰਿੜਾਇਆ, ਅੱਖਰ ਵੱਖਰ ਕਰੇ ਪੜ੍ਹਾਈਆ । ਵਿਸ਼ਨੂੰ ਧੁਨ ਨਾਦ ਸੁਣਾਇਆ, ਬ੍ਰਹਮੇ ਅਨਹਦ ਤਾਲ ਵਜਾਈਆ । ਸ਼ੰਕਰ ਦੀਪਕ ਜੋਤ ਜਗਾਇਆ, ਦੀਵਾ ਬਾਤੀ ਆਪ ਟਿਕਾਈਆ । ਧੁਰ ਸੰਜੋਗੀ ਮੇਲ ਮਿਲਾਇਆ, ਘਰ ਸਾਚੇ ਵੱਜੀ ਵਧਾਈਆ । ਸਚ ਸਲੋਕ ਏਕਾ ਗਾਇਆ, ਸੋਹੰ ਸ਼ਬਦ ਦਏ ਪੜ੍ਹਾਈਆ । ਸੋ ਪੁਰਖ ਨਿਰੰਜਣ ਆਪ ਅਖਵਾਇਆ, ਹੰ ਬ੍ਰਹਮਾ ਵਿਸ਼ਨ ਸ਼ਿਵ ਲਏ ਉਪਜਾਈਆ । ਦੋਹਾਂ ਵਿਚੋਲਾ ਬਣ ਕੇ ਆਇਆ, ਬਣਿਆ ਤੋਲਾ ਸ਼ਹਿਨਸ਼ਾਹੀਆ । ਏਕਾ ਢੋਲਾ ਆਪਣਾ ਆਪੇ ਗਾਇਆ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਭੇਵ ਦਏ ਖੁਲ੍ਹਾਈਆ । ਹੰ ਹੰ ਹੰ ਭੇਵ ਨਿਆਰਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਤ੍ਰੈ ਤ੍ਰੈ ਲੋਕਾਂ ਵਸਿਆ ਬਾਹਰਾ, ਤ੍ਰੈ ਤ੍ਰੈ ਮੇਲ ਨਾ ਕੋਇ ਮਿਲਾਇੰਦਾ । ਤ੍ਰੈ ਤ੍ਰੈ ਰੰਗ ਨਾ ਕੋਇ ਵਿਚਾਰਾ, ਤ੍ਰੈ ਤ੍ਰੈ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਆਪਣਾ ਰੂਪ ਦਰਸਾਇੰਦਾ । ਵਿਸ਼ਨੂੰ ਸੁਣਨਾ ਕਰ ਧਿਆਨ, ਹਰਿ ਸਾਚੇ ਆਪ ਜਣਾਇਆ । ਹੰ ਰੂਪ ਸ੍ਰੀ ਭਗਵਾਨ, ਪਾਰਬ੍ਰਹਮ ਬ੍ਰਹਮ ਆਪਣੀ ਅੰਸ ਉਪਜਾਇਆ । ਬ੍ਰਹਮੇ ਦੇਵੇ ਇਕ ਗਿਆਨ, ਏਕਾ ਨੇਤਰ ਨੈਣ ਖੁਲ੍ਹਾਇਆ । ਸੋ ਪੁਰਖ ਨਿਰੰਜਣ ਇਕ ਵਖਾਏ ਸਚ ਨਿਸ਼ਾਨ, ਬ੍ਰਹਮ ਬ੍ਰਹਿਮਾਦਿ ਆਪ ਝੁਲਾਇਆ । ਤੇਰਾ ਖੇਤ ਹੋਏ ਪਰਧਾਨ, ਰੁੱਤ ਬਸੰਤੀ ਵਡ ਵਡਿਆਇਆ । ਸ਼ੰਕਰ ਤੇਰੀ ਕਰੇ ਕਲਿਆਣ, ਕਲ ਕਾਤੀ ਵੇਸ ਵਟਾਇਆ । ਇਕ ਜਮਾਤੀ ਇਕ ਫ਼ਰਮਾਣ, ਕਲਮ ਦਵਾਤੀ ਨਾ ਲੇਖ ਲਿਖਾਇਆ । ਹੰ ਬ੍ਰਹਮ ਕਰ ਪਰਧਾਨ, ਪਾਰਬ੍ਰਹਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਨਰ ਨਰੇਸ਼ ਨਿਰਗੁਣ ਆਪਣਾ ਆਪ ਸਮਝਾਇਆ । ਸਚ ਸੰਦੇਸ਼ਾ ਧੁਰ ਫ਼ਰਮਾਣਾ, ਵਿਸ਼ਨ ਬ੍ਰਹਮੇ ਸ਼ਿਵ ਆਪ ਸਮਝਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਨਾ, ਤ੍ਰੈ ਤ੍ਰੈ ਸਾਚੀ ਵੰਡ ਵੰਡਾਇੰਦਾ । ਆਦਿ ਅੰਤ ਮੰਨਣਾ ਪਏ ਭਾਣਾ, ਹਰਿ

ਭਾਣਾ ਵਡ ਵਖਾਇੰਦਾ । ਏਕਾ ਅੱਖਰ ਗੌਣਾ ਗਾਣਾ, ਸੋਹੰ ਸ਼ਬਦ ਆਪ ਪੜ੍ਹਾਇੰਦਾ । ਲੱਖ ਚੁਰਾਸੀ ਤਣਨਾ ਤਾਣਾ, ਪੰਜ ਤਤ ਵਸਤੂ ਝੋਲੀ ਪਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਸੰਗ ਨਿਭਾਣਾ, ਸਗਲਾ ਸੰਗ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵਖਾਏ ਏਕਾ ਘਰ, ਘਰ ਸਾਚਾ ਆਪ ਦਰਸਾਇੰਦਾ । ਦਰ ਘਰ ਸਾਚਾ ਸੋਹਿਆ, ਸੁਹਾਏ ਆਪ ਨਿਰੰਕਾਰ । ਏਕਾ ਬੀਜ ਸਾਚਾ ਬੋਇਆ, ਨਿਰਗੁਣ ਆਪਣੀ ਕਿਰਪਾ ਧਾਰ । ਆਪਣੇ ਜੇਹਾ ਆਪੇ ਹੋਇਆ, ਆਪੇ ਵੇਖੇ ਫੁਲ ਫੁਲਵਾੜ । ਆਪੇ ਲੈ ਕੇ ਆਏ ਢੋਇਆ, ਮਾਲਣ ਬਣ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਖੇਲਿਆ, ਆਪਣੀ ਵੰਡਣ ਆਪ ਵੰਡਾਇੰਦਾ । ਤ੍ਰੈਗੁਣ ਘਰ ਸਾਚੇ ਮੇਲ ਮੇਲਿਆ, ਰਜੋ ਤਮੋ ਸਤੋ ਵੇਖ ਵਖਾਇੰਦਾ । ਆਪੇ ਵਸੇ ਧਾਮ ਨਵੇਲਿਆ, ਧਾਮ ਅਵੱਲੜਾ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਦੇਵਣਹਾਰਾ ਏਕਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਵਰ ਦਾਤਾ ਬੇਪਰਵਾਹ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿਆ । ਤਿੰਨਾਂ ਦੱਸਿਆ ਏਕਾ ਰਾਹ, ਤ੍ਰੈਗੁਣ ਮੇਲਾ ਮੇਲ ਮਿਲਾਇਆ । ਲੱਖ ਚੁਰਾਸੀ ਬਣੇ ਮਲਾਹ, ਬੇੜਾ ਬੇੜਾ ਲਏ ਚਲਾਇਆ । ਨਿਰਗੁਣ ਸਰਗੁਣ ਰੂਪ ਲਏ ਵਟਾ, ਨਿਰਾਕਾਰ ਸਾਕਾਰ ਆਪ ਅਖਵਾਇਆ । ਬ੍ਰਹਮੇ ਵਿਦਿਆ ਲਏ ਪੜ੍ਹਾ, ਚਾਰੇ ਵੇਦਾਂ ਮੁਖ ਸਾਲਾਹਿਆ । ਚਾਰੇ ਮੁਖ ਲਏ ਖੁਲ੍ਹਾ, ਆਪ ਆਪਣੀ ਬੂਝ ਬੁਝਾਇਆ । ਸਾਚੀ ਵੰਡਣ ਲਏ ਵੰਡਾ, ਚਾਰ ਜੁਗ ਰੰਗ ਰੰਗਾਇਆ । ਚਾਰੇ ਬਾਣੀ ਲਏ ਜਣਾ, ਚਾਰੇ ਖਾਣੀ ਸੰਗ ਰਖਾਇਆ । ਚਾਰੇ ਵਰਨਾਂ ਮਾਣ ਦਵਾ, ਮਾਣ ਅਭਿਮਾਨਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਸੰਗ ਨਿਭਾਇਆ । ਬ੍ਰਹਮੇ ਵਿਸ਼ਨ ਤੇਰਾ ਸੰਗ, ਹਰਿ ਸਾਚੇ ਸਚ ਨਿਭਾਵਣਾ । ਸਤਿਜੁਗ ਤ੍ਰੇਤਾ ਦੁਆਪਰ ਵੱਜੇ ਮਰਦੰਗ, ਕਲਜੁਗ ਤੇਰਾ ਰਾਗ ਅਲਾਵਣਾ । ਜੁਗਾ ਜੁਗੰਤਰ ਖੇਲੇ ਖੇਲ ਸੂਰਾ ਸਰਬੰਗ, ਸਾਰੰਗ ਧਰ ਆਪ ਅਖਵਾਵਣਾ । ਏਕਾ ਵਸਤ ਏਕਾ ਵਾਰ ਲੈਣੀ ਮੰਗ, ਅਤੋਟ ਅਤੁਟ ਭੰਡਾਰ ਆਪ ਵਰਤਾਵਣਾ । ਤ੍ਰੈਗੁਣ ਮਾਇਆ ਨਾ ਹੋਏ ਨੰਗ, ਸਿਰ ਆਪਣਾ ਹੱਥ ਰਖਾਵਣਾ । ਲੇਖਾ ਜਾਣੇ ਵਿਚ ਵਰਭੰਡ, ਬ੍ਰਹਿਮੰਡ ਖੇਲ ਖਲਾਵਣਾ । ਏਕਾ ਗੌਣਾ ਸੁਹਾਗੀ ਛੰਦ, ਸੋਹੰ ਅੱਖਰ ਜਾਪ ਜਪਾਵਣਾ । ਆਦਿ ਜੁਗਾਦੀ ਦੇਵੇ ਪਰਮਾਨੰਦ, ਨਿਜਾਨੰਦ ਇਕ ਵਰਤਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਗੇੜ ਦਵਾਵਣਾ । ਸੋਹੰ ਸ਼ਬਦ ਹਰਿ ਘਰ ਪਾਇਆ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਇੰਦਾ । ਤੂੰ ਸਾਹਿਬ ਠਾਕਰ ਵਡ ਰਘੁਰਾਇਆ, ਦਰ ਤੇਰਾ ਮੋਹੇ ਭਾਇੰਦਾ । ਹਉਂ ਸੇਵਕ ਚਾਕਰ ਸੇਵ ਕਮਾਇਆ, ਘੋਲੀ ਘੋਲ ਘੋਲ ਘੁਮਾਇੰਦਾ । ਤੇਰੀ ਚਰਨ ਧੂੜ ਮਸਤਕ ਖ਼ਾਕ ਰਮਾਇਆ, ਖ਼ਾਕੀ ਖ਼ਾਕ ਰੂਪ ਵਟਾਇੰਦਾ । ਪਾਕੀ ਪਾਕ ਤੇਰਾ ਜਲਵਾ ਨੂਰ ਇਕ ਦਰਸਾਇਆ, ਮੁਕਾਮੇ ਹੱਕ ਹੱਕ ਸਾਲਾਹਿੰਦਾ । ਏਕਾ ਨਗ਼ਮਾ ਆਪੇ ਗਾਇਆ, ਤਾਰ ਸਤਾਰ ਨਾ ਕੋਇ ਵਜਾਇੰਦਾ । ਸਾਚਾ ਚਸ਼ਮਾ ਆਪ ਵਹਾਇਆ, ਆਬ ਹਯਾਤ ਆਪ ਪਿਆਇਆ, ਏਕਾ ਕਲਮਾ ਆਪ ਪੜ੍ਹਾਇੰਦਾ । ਕਾਤਬ ਲਿਖ ਨਾ ਸਕੇ ਕੋਈ ਰਾਇਆ, ਸਚ ਮਹਿਰਾਬੇ ਆਪ ਬਹਾਇੰਦਾ । ਸ਼ਾਹ ਨਵਾਬਾ ਦਇਆ ਕਮਾਇਆ, ਆਦਿ ਜੁਗਾਦੀ ਖੇਲ ਖਿਲਾਇੰਦਾ । ਖ਼ਾਲਕ ਖ਼ਲਕ ਰੂਪ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਸਮਝਾਇਆ ।

ਵਿਸ਼ਨ ਬ੍ਰਹਮਾ ਸ਼ੰਕਰ ਉਠ ਬਲ ਧਾਰ, ਦੋਏ ਜੋੜ ਕਰਨ ਨਿਮਸਕਾਰਿਆ । ਪੁਰਖ ਅਬਿਨਾਸ਼ੀ ਤੇਰਾ ਰੂਪ ਅਗੰਮ ਅਪਾਰ, ਤੇਰਾ ਭੇਵ ਕੋਇ ਨਾ ਆ ਰਿਹਾ । ਕੋਟਨ ਕੋਟ ਵਾਰ ਪਏ ਜੰਮ, ਤੇਰੀ ਗੋਦ ਭਾਗ ਲਗਾ ਲਿਆ । ਆਦਿ ਅੰਤ ਬੇੜਾ ਰਿਹਾ ਬੰਨ੍ਹ, ਬੰਨ੍ਹਣਹਾਰ ਸਰਬ ਸੰਸਾਰਿਆ । ਤੇਰੀ ਵਿਦਿਆ ਸੁਣੀ ਆਪਣੇ ਕੰਨ, ਭਰਮ ਗੜ੍ਹ ਨਾ ਕੋਇ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੋਹੰ ਰੂਪ ਕਵਣ ਰਖਾ ਲਿਆ । ਕਵਣ ਰੂਪ ਸੋਹੰ ਧਾਰ, ਵਿਸ਼ਨ ਬ੍ਰਹਮਾ ਸ਼ਿਵ ਆਪ ਪੁਛਾਇੰਦਾ । ਨਿਰਗੁਣ ਰੂਪ ਤੇਰਾ ਕਰਤਾਰ, ਤ੍ਰੈ ਤ੍ਰੈ ਲੋਕਾਂ ਦਿਸ ਨਾ ਆਇੰਦਾ । ਤ੍ਰੈਗੁਣ ਮਾਇਆ ਹੋਏ ਪਨਹਾਰ, ਲੋਕਮਾਤ ਪਨਘਾਟ ਇਕ ਵਖਾਇੰਦਾ । ਸੂਰਜ ਚੰਨ ਲਏ ਅਵਤਾਰ, ਤੇਰੀ ਕਿਰਨੀ ਕਿਰਨ ਡਗਮਗਾਇੰਦਾ । ਇਕ ਨਾਲ ਇਕ ਕਰੇ ਪਿਆਰ, ਇਕ ਏਕਾ ਮੇਲ ਮਿਲਾਇੰਦਾ । ਜੁਗਾ ਜੁਗੰਤਰ ਮੇਰੀ ਕਾਰ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਪਾਇੰਦਾ । ਕਵਣ ਰੂਪ ਵਰਤੇ ਵਿਚ ਸੰਸਾਰ, ਲੱਖ ਚੁਰਾਸੀ ਕਵਣ ਖੇਲ ਖਿਲਾਇੰਦਾ । ਕਵਣ ਬ੍ਰਹਮ ਕਰੇ ਪਿਆਰ, ਕਵਣ ਪਾਰਬ੍ਰਹਮ ਅਖਵਾਇੰਦਾ । ਕਵਣ ਧਰਨੀ ਧਰਤ ਧਵਲ ਦਏ ਸਹਾਰ, ਧੀਰਜ ਧੀਰ ਕਵਣ ਧਰਾਇੰਦਾ । ਕਵਣ ਨਾਰ ਹੋਏ ਭਤਾਰ, ਕਵਣ ਕੰਤ ਬਸੰਤ ਰੁੱਤ ਹੰਢਾਇੰਦਾ । ਕਵਣ ਜੀਵ ਜੰਤ ਪਾਵੇ ਸਾਰ, ਬੇਅੰਤ ਕਵਣ ਅਖਵਾਇੰਦਾ । ਕਵਣ ਮਣੀਆ ਹੋਏ ਮੰਤ, ਕਵਣ ਸ਼ਬਦ ਜੈਕਾਰ ਲਗਾਇੰਦਾ । ਕਵਣ ਲੇਖਾ ਜਾਣੇ ਸਾਧ ਸੰਤ, ਭਗਤ ਭਗਵੰਤ ਕਵਣ ਮਿਲਾਇੰਦਾ । ਕਵਣ ਬਣਾਏ ਹਰਿ ਹਰਿ ਬਣਤ, ਹਰਿ ਕੀ ਪੌੜੀ ਕਵਣ ਚੜ੍ਹਾਇੰਦਾ । ਕਵਣ ਜਾਣੇ ਆਦਿ ਅੰਤ, ਮਦਿ ਕਵਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਮੰਗ ਮੰਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਮੰਗੇ ਮੰਗ, ਦਰ ਖੜੇ ਬਣ ਦਰਬਾਨਿਆ । ਸੋ ਪੁਰਖ ਨਿਰੰਜਣ ਤੇਰਾ ਕਵਣ ਰੰਗ, ਆਦਿ ਜੁਗਾਦਿ ਚੜ੍ਹੇ ਦੋ ਜਹਾਨਿਆ । ਹਰਿ ਪੁਰਖ ਨਿਰੰਜਣ ਕਵਣ ਰੂਪ ਵਜਾਏ ਮਰਦੰਗ, ਸੁਣਾਏ ਰਾਗ ਸਚ ਤਰਾਨਿਆ । ਏਕੰਕਾਰਾ ਗਾਏ ਕਵਣ ਛੰਦ, ਸੁਹਾਗੀ ਗੀਤ ਇਕ ਭਗਵਾਨਿਆ । ਆਦਿ ਨਿਰੰਜਣ ਜੋਤ ਉਜਾਲਾ ਚਾੜ੍ਹੇ ਕਵਣ ਚੰਦ, ਨੂਰੋ ਨੂਰ ਨੂਰ ਧਰਾਨਿਆ । ਅਬਿਨਾਸ਼ੀ ਕਰਤਾ ਹੋਏ ਕਦ ਬਖ਼ਸ਼ੰਦ, ਮਿਹਰਵਾਨ ਮਿਹਰਵਾਨ ਮਿਹਰਵਾਨ ਕਵਣ ਅਖਵਾਨਿਆ । ਪਾਰਬ੍ਰਹਮ ਬ੍ਰਹਮ ਕਵਣ ਮਿਟਾਏ ਪੰਧ, ਜੁਗ ਜੁਗ ਗੇੜਾ ਕਵਣ ਦਵਾਨਿਆ । ਲੱਖ ਚੁਰਾਸੀ ਕਵਣ ਪਾਏ ਫੰਦ, ਬੰਦੀ ਬੰਧਨ ਕਵਣ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਚਰਨ ਕਵਲ ਕਰਨ ਧਿਆਨਿਆ । ਬ੍ਰਹਮਾ ਵਿਸ਼ਨ ਸ਼ਿਵ ਚਰਨ ਕਵਲ ਧਿਆਨ, ਨੇਤਰ ਨੈਣ ਨੈਣ ਬਿਗਸਾਈਆ । ਪੁਰਖ ਅਬਿਨਾਸ਼ੀ ਨਿਮਾਣਿਆ ਦੇਣਾ ਮਾਣ, ਢਹਿ ਪਏ ਤੇਰੀ ਸਰਨਾਈਆ । ਤੂੰ ਦਾਤਾ ਸ੍ਰੀ ਭਗਵਾਨ, ਦੇਵਣਹਾਰਾ ਰਿਜ਼ਕ ਸਬਾਈਆ । ਤੂੰ ਸਰਬ ਸਖੀਆਂ ਸਾਚਾ ਕਾਹਨ, ਮੰਡਲ ਰਾਸ ਇਕ ਰਚਾਈਆ । ਤੂੰ ਸਾਹਿਬ ਸ਼ਬਦ ਦੀ ਬਾਣ, ਨਾਮ ਬਬਾਣ ਇਕ ਉਡਾਈਆ । ਤੇਰਾ ਨਾਮ ਸਾਚੀ ਆਣ, ਦੋ ਜਹਾਨ ਤੇਰੀ ਸ਼ਹਿਨਸ਼ਾਹੀਆ । ਚਤੁਰਭੁਜ ਰੂਪ ਮਹਾਨ, ਆਦਿ ਸ਼ਕਤ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਸਾਚਾ ਰਾਮ, ਰਹਿਮਤ ਰਹੀਮ ਰਹਿਮਾਨ ਇਕ ਅਖਵਾਈਆ । ਤੂੰ ਸਾਬਤ ਸਚ ਈਮਾਨ, ਤੇਰਾ ਇਸ਼ਟ ਬੇਪਰਵਾਹੀਆ । ਹਉਂ ਭਿਖਕ ਮੰਗਦੇ ਦਾਨ, ਭਿਛਿਆ ਝੋਲੀ ਦੇਣੀ ਪਾਈਆ । ਕਵਣ ਰੂਪ ਪਰਗਟ ਹੋਵੇ ਵਿਚ ਜਹਾਨ, ਲੱਖ ਚੁਰਾਸੀ ਵੇਖ ਵਖਾਈਆ । ਕਵਣ ਰੂਪ ਕਰੇਂ ਖੇਲ ਗੁਣ ਨਿਧਾਨ, ਤੇਰਾ ਖੇਲ ਦਿਸ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਹਰਿ ਸਾਚਾ ਭੇਵ ਖੁਲ੍ਹਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਜਣਾਈਆ । ਸਚ ਸਿੰਘਾਸਣ ਆਸਣ ਲਾਇੰਦਾ, ਸਚਖੰਡ ਵਡ ਵਡਿਆਈਆ । ਜੋਤੀ ਜੋਤ ਡਗਮਗਾਇੰਦਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮਾਤ ਪਿਤ ਨਾ ਕੋਇ ਬਣਾਇੰਦਾ, ਸਫ਼ਲ ਕੁੱਖ ਨਾ ਕੋਇ ਵਖਾਈਆ । ਆਪਣਾ ਮੁਖ ਆਪ ਵਖਾਇੰਦਾ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਪੜਦਾ ਲਾਹੀਆ । ਵਿਸ਼ਨੂੰ ਹਰਿ ਭੇਵ ਖੁਲ੍ਹਾਇਆ, ਘਰ ਸਾਚੇ ਸਚ ਦ੍ਰਿੜਾਇੰਦਾ । ਤੇਰਾ ਲਹਿਣਾ ਆਪਣੀ ਝੋਲੀ ਪਾਇਆ, ਆਪਣਾ ਨਾਉਂ ਤੇਰਾ ਰੂਪ ਧਰਾਇੰਦਾ । ਤੇਰਾ ਗਹਿਣਾ ਤਨ ਹੰਢਾਇਆ, ਬਸਤਰ ਭੂਸ਼ਨ ਆਪ ਸੁਹਾਇੰਦਾ । ਤੇਰੇ ਨੈਣਾਂ ਨੈਣ ਮਿਲਾਇਆ, ਕਵਲ ਨੈਣ ਆਪ ਹੋ ਜਾਇੰਦਾ । ਤੇਰਾ ਅੰਮ੍ਰਿਤ ਤਾਲ ਭਰਾਇਆ, ਤਾਲ ਸੁਹਾਵਾ ਆਪ ਸੁਹਾਇੰਦਾ । ਉਪਰ ਬੂਟਾ ਏਕਾ ਲਾਇਆ, ਕਵਲ ਨਾਭੀ ਫੁੱਲ ਖਿਲ੍ਹਾਇੰਦਾ । ਬ੍ਰਹਮਾ ਵੇਤਾ ਬਾਹਰ ਕਢਾਇਆ, ਪਾਰਬ੍ਰਹਮ ਸਮਝਾਇੰਦਾ । ਚਾਰੇ ਵੇਦਾਂ ਲਏ ਗਣਾਇਆ, ਚਾਰ ਚਾਰ ਵੰਡ ਵੰਡਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਏਕਾ ਆਪਣਾ ਅੰਕ ਰਖਾਇਆ, ਅੱਗੇ ਧਾਰ ਨਾ ਕੋਇ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਬ੍ਰਹਮੇ ਸੁਣਨਾ ਸਾਚੀ ਕਾਰ, ਲੱਖ ਚੁਰਾਸੀ ਤੇਰੀ ਝੋਲੀ ਪਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਘਰ ਵਿਚ ਘਰ ਕਰ ਤਿਆਰ, ਕਾਇਆ ਮੰਦਰ ਆਸਣ ਲਾਈਆ । ਮਾਣਸ ਮਾਨੁਖ ਕਰ ਉਜਿਆਰ, ਲੱਖ ਚੁਰਾਸੀ ਦਏ ਵਡਿਆਈਆ । ਜਮ ਕੀ ਫਾਸੀ ਪਾਏ ਹਾਰ, ਰਾਏ ਧਰਮ ਸੇਵਾ ਲਾਈਆ । ਚਿਤਰ ਗੁਪਤ ਬਣੇ ਲਖਾਰ, ਆਪਣੀ ਵਸਤ ਹੱਥ ਫੜਾਈ ਸ਼ਾਹੀਆ । ਲਾੜੀ ਮੌਤ ਕਰ ਸ਼ੰਗਾਰ, ਧਰਮ ਰਾਏ ਦੀ ਸਚ ਸਪੁੱਤਰੀ ਕਵਾਰੀ ਕੰਨਿਆ ਲਏ ਉਠਾਈਆ । ਲੱਖ ਚੁਰਾਸੀ ਵੇਖੇ ਵਾਰੋ ਵਾਰ, ਚਾਰੋਂ ਕੁੰਟ ਫੇਰਾ ਪਾਈਆ । ਦਹਿ ਦਿਸ਼ਾਂ ਦਏ ਹੁਲਾਰ, ਸ੍ਰਿਸ਼ਟ ਸਬਾਈ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਖੇਲ ਅਪਾਰ, ਜੁਗ ਜੁਗ ਕਰੇ ਆਪ ਕਰਤਾਰ, ਆਪ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਬੂਟਾ ਲਾਵਣਾ, ਨਿਰਗੁਣ ਸਰਗੁਣ ਕਰ ਪਿਆਰ । ਵਿਸ਼ਨੂੰ ਰਿਜ਼ਕ ਇਕ ਪੁਚਾਵਣਾ, ਘਰ ਘਰ ਮੰਦਰ ਖੋਲ੍ਹ ਕਿਵਾੜ । ਸ਼ੰਕਰ ਅੰਤਮ ਜੋ ਘੜ੍ਹਿਆ ਭੰਨ ਵਖਾਵਣਾ, ਦਿਸ ਨਾ ਆਏ ਵਿਚ ਸੰਸਾਰ । ਆਦਿ ਜੁਗਾਦੀ ਵੇਸ ਵਟਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਲੈ ਅਵਤਾਰ । ਨਿਰਗੁਣ ਰੂਪ ਵਟਾਵਣਾ, ਸਰਗੁਣ ਖੇਲ ਅਪਾਰਾ । ਪੰਜ ਤਤ ਜੋਤੀ ਜੋਤ ਜਗਾਵਣਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਦਏ ਆਧਾਰਾ । ਮਨ ਮਤ ਬੁਧ ਪੰਧ ਮੁਕਾਵਣਾ, ਸ਼ਬਦੀ ਸ਼ਬਦ ਬੋਲ ਜੈਕਾਰਾ । ਨੌ ਦਵਾਰੇ ਪਾਰ ਕਰਾਵਣਾ, ਬੰਦ ਕਿਵਾੜੀ ਖੋਲ੍ਹ ਕਿਵਾੜਾ । ਆਤਮ ਸੇਜਾ ਇਕ ਸੁਹਾਵਣਾ, ਦਸਮ ਦਵਾਰੀ ਮੇਲ ਕੰਤ ਭਤਾਰਾ । ਡੂੰਘੀ ਕੰਦਰ ਵੇਖ ਵਖਾਵਣਾ, ਟੇਢੀ ਬੰਕ ਆਰ ਪਾਰਾ । ਸ਼ਬਦ ਢੋਲਾ ਏਕਾ ਗਾਵਣਾ, ਸ਼ਬਦ ਸੁਣਾਏ ਆਪਣੀ ਵਾਰਾ । ਆਪਣਾ ਚੋਲਾ ਆਪ ਬਦਲਾਵਣਾ, ਨਿਰਗੁਣ ਲੈ ਮਾਤ ਅਵਤਾਰਾ । ਸਤਿਜੁਗ ਸਾਚਾ ਵੇਸ ਕਰਾਵਣਾ, ਸਤਿ ਸਤਿ ਵਰਤੇ ਵਰਤਾਰਾ । ਸਤਿ ਸਤਿਵਾਦੀ ਆਪ ਅਖਵਾਵਣਾ, ਬ੍ਰਹਮ ਬ੍ਰਹਿਮਾਦੀ ਭਰ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਅਪਾਰਾ । ਸਤਿਜੁਗ ਖੇਲ ਖਲਾਵਣਾ, ਨਿਰਗੁਣ ਸਰਗੁਣ ਰੂਪ

੮੩੫
੦੯

ਵਟਾਈਆ । ਗੁਰ ਪੀਰ ਅਵਤਾਰ ਆਪ ਅਖਵਾਵਣਾ, ਭਗਤ ਭਗਵੰਤ ਦਏ ਸਾਲਾਹੀਆ । ਮੂਰਖ ਮੁਗਧ ਅੰਞਾਣ ਆਪ ਹੋ ਜਾਵਣਾ, ਬਲ ਬਾਵਣ ਭੇਖ ਵਟਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸੀਸ ਤਾਜ ਟਿਕਾਵਣਾ, ਦਰ ਦਰਵੇਸ ਦਰ ਦਰ ਫਿਰੇ ਫੇਰੀ ਪਾਈਆ । ਨਾਮ ਨਾਮਾ ਏਕਾ ਗਾਵਣਾ, ਓਅੰ ਰੂਪ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਬੇੜਾ ਪਾਰ ਕਰ, ਤ੍ਰੇਤਾ ਮਾਤ ਲਏ ਪਰਗਟਾਈਆ । ਤ੍ਰੇਤਾ ਹਰਿ ਪਰਗਟਾਇਆ, ਤ੍ਰੈਗੁਣ ਤਤ ਰਖਾਇੰਦਾ । ਰਾਮ ਰਾਮਾ ਰੂਪ ਵਟਾਇਆ, ਰਾਵਣ ਹੰਕਾਰੀ ਮੇਟ ਮਿਟਾਇੰਦਾ । ਹੰਕਾਰੀ ਗੜ੍ਹ ਆਪ ਤੁੜਾਇਆ, ਗੜ੍ਹ ਹੰਕਾਰ ਰਹਿਣ ਨਾ ਪਾਇੰਦਾ । ਸਾਚਾ ਚਿੱਲਾ ਹੱਥ ਉਠਾਇਆ, ਤੀਰ ਕਮਾਨ ਇਕ ਸੁਹਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾਇਆ, ਸਿਰ ਆਪਣਾ ਹੱਥ ਰਖਾਇੰਦਾ । ਦੋਏ ਦੋਏ ਆਪਣਾ ਵੇਸ ਧਰਾਇਆ, ਨਿਰਗੁਣ ਸਰਗੁਣ ਸਾਕੀ ਜਾਮ ਪਿਆਇੰਦਾ । ਸਾਚਾ ਰਾਕੀ ਆਪ ਦੌੜ੍ਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਾਚਾ ਲੇਖਾ ਆਪ ਸਮਝਾਇੰਦਾ । ਤ੍ਰੇਤਾ ਉਤਰਿਆ ਸਾਚੇ ਘਾਟ, ਦਵਾਪਰ ਲੋਕਮਾਤ ਵਡਿਆਈਆ । ਵੇਖਣਹਾਰਾ ਏਕਾ ਹਾਟ, ਚੌਦਾਂ ਲੋਕਾਂ ਫੋਲ ਫੋਲਾਈਆ । ਸੋਲਾਂ ਇਛਿਆ ਸੁੱਤਾ ਖਾਟ, ਸੋਲਾਂ ਕਲ ਆਪ ਵਰਤਾਈਆ । ਸਵਾਂਗੀ ਸਵਾਂਗ ਕਰੇ ਬਾਜ਼ੀਗਰ ਨਾਟ, ਨਟ ਨਟੂਆ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਲੇਖਾ ਲਿਖਣਹਾਰ ਦਾਤਾਰਾ, ਲੇਖਾ ਲੇਖੇ ਵਿਚ ਨਾ ਆਇੰਦਾ । ਚਾਰ ਵੇਦ ਕਰਨ ਪੁਕਾਰਾ, ਬ੍ਰਹਮਾ ਉਚੀ ਕੂਕੇ ਕੂਕ ਸੁਣਾਇੰਦਾ । ਸ਼ਾਸਤਰ ਸਿਮਰਤ ਕਰਨ ਹਾਹਾਕਾਰਾ, ਪੁਰਾਨ ਅਠਾਰਾਂ ਸਰਬ ਕੁਰਲਾਇੰਦਾ । ਵੇਦ ਵਿਆਸ ਮਾਰੇ ਨਾਅਰਾ, ਉਚੀ ਕੂਕ ਇਕ ਸੁਣਾਇੰਦਾ । ਕਾਹਨਾ ਕ੍ਰਿਸ਼ਨਾ ਦਏ ਆਧਾਰਾ, ਅਰਜਨ ਗੀਤਾ ਇਕ ਦ੍ਰਿੜਾਇੰਦਾ । ਰਥ ਰਥਵਾਹੀ ਸ਼ਾਹ ਅਸਵਾਰਾ, ਮਹਾਂਸਾਰਥੀ ਭੇਵ ਨਾ ਆਇੰਦਾ । ਭਗਤਾਂ ਦੇਵੇ ਭਗਤੀ ਭੰਡਾਰਾ, ਸਾਚੀ ਵਸਤ ਝੋਲੀ ਪਾਇੰਦਾ । ਬਿਦਰ ਸੁਦਾਮਾ ਪਾਰ ਕਿਨਾਰਾ, ਦਰੋਪਦ ਸੁੱਤ ਲਾਜ ਰਖਾਇੰਦਾ । ਪੰਚਮ ਦੇਵੇ ਨਾਮ ਆਧਾਰਾ, ਮਸਤਕ ਟਿੱਕਾ ਇਕ ਵਖਾਇੰਦਾ । ਕਲਜੁਗ ਆਏ ਵਿਚ ਸੰਸਾਰਾ, ਧਰਨੀ ਧਰਤ ਧਵਲ ਸਰਬ ਕੁਰਲਾਇੰਦਾ । ਏਕਾ ਰੂਪ ਹੋ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਹੱਕ ਹਕੀਕਤ ਪਾਵੇ ਸਾਰਾ, ਲਾਸ਼ਰੀਕ ਇਕ ਅਖਵਾਇੰਦਾ । ਸਾਚਾ ਕਲਮਾ ਬੋਲ ਨਾਅਰਾ, ਕਾਇਨਾਤ ਆਪ ਸੁਣਾਇੰਦਾ । ਸਚ ਹਦੀਸ ਕਰੇ ਪੁਕਾਰਾ, ਤੀਸ ਬਤੀਸਾ ਆਪੇ ਗਾਇੰਦਾ । ਈਸਾ ਮੂਸਾ ਖੇਲ ਨਿਆਰਾ, ਕਾਲਾ ਸੂਸਾ ਤਨ ਛੁਹਾਇੰਦਾ । ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਪੜਦਾ ਲਾਹਿੰਦਾ । ਨੇਤਰ ਰੋਵੇ ਨਾਰ ਮੁਟਿਆਰਾ, ਨੇਤਰ ਨੀਰ ਸਰਬ ਵਖਾਇੰਦਾ । ਹਰਿ ਹਰਿ ਮਿਲਿਆ ਨਾ ਕੰਤ ਭਤਾਰਾ, ਸਾਚੀ ਸੇਜ ਨਾ ਕੋਇ ਹੰਢਾਇੰਦਾ । ਰਾਹ ਤੱਕੇ ਪਰਵਰਦਿਗਾਰਾ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਇੰਦਾ । ਮੁਹੰਮਦ ਬੈਠਾ ਅਧਵਿਚਕਾਰਾ, ਆਪਣੀ ਖ਼ਾਹਸ਼ ਆਪਣੀ ਇਛਿਆ ਅੱਲਾ ਰਾਣੀ ਨਾਉਂ ਰਖਾਇੰਦਾ । ਪਾਵੇ ਭਿਛਿਆ ਸੱਚੀ ਸਰਕਾਰਾ, ਦਿਵਸ ਰੈਣ ਰਾਹ ਤਕਾਇੰਦਾ । ਇਜਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਨਿਉਂ ਨਿਉਂ ਕਰਨ ਨਿਮਸਕਾਰਾ, ਚਾਰ ਯਾਰੀ ਵੇਖ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਅੰਜੀਲ ਕੁਰਾਨਾ ਆਪ ਪੜ੍ਹਾਇੰਦਾ । ਮੁਕਾਮੇ ਹੱਕ ਏਕਾ ਨਾਅਰਾ, ਹਰਿ ਜੂ ਹਰਿ ਹਰਿ ਸਾਚਾ ਲਾਇੰਦਾ । ਦਰਗਹਿ ਵਸੇ ਧਾਮ ਨਿਆਰਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਕਲਜੁਗ ਵਰਤੇ ਤੇਰਾ ਵਰਤਾਰਾ, ਤ੍ਰੈਗੁਣ ਮੇਲਾ

ਮੇਲ ਮਿਲਾਇੰਦਾ । ਕਾਲਾ ਸੂਸਾ ਤਨ ਸ਼ੰਗਾਰਾ, ਕਾਲੀ ਧਾਰ ਆਪ ਚਲਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰਾ, ਆਦਿ ਜੁਗਾਦਿ ਆਪਣੀ ਖੇਲ ਖਿਲਾਇੰਦਾ । ਸ਼ਾਸਤਰ ਸਿਮਰਤ ਨਾ ਪਾਵਣ ਸਾਰਾ, ਵੇਦ ਕਤੇਬ ਕੁਰਾਨ ਅੰਜੀਲ ਸਰਬ ਕੁਰਲਾਇੰਦਾ । ਸਾਧ ਸੰਤ ਕਰਨ ਪੁਕਾਰਾ, ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ, ਉਚੀ ਕੂਕ ਸਰਬ ਸੁਣਾਇੰਦਾ । ਪੁਰਖ ਅਬਿਨਾਸ਼ੀ ਪਾਈ ਇਕ ਜ਼ੰਜੀਰ, ਤੌਫ਼ੀਕ ਖ਼ੁਦਾਏ ਇਕ ਰਖਾਇੰਦਾ । ਆਪੇ ਚੜ੍ਹਿਆ ਚੋਟੀ ਅਖ਼ੀਰ, ਦਿਸ ਕਿਸੇ ਨਾ ਆਇੰਦਾ । ਵਸਣਹਾਰਾ ਸ਼ਾਹ ਹਕੀਰ, ਘਟ ਘਟ ਆਪਣੀ ਜੋਤ ਜਗਾਇੰਦਾ । ਬੇਆਬ ਤੜਫੇ ਆਪੇ ਬਿਨ ਬਿਨ ਨੀਰ, ਨੀਰ ਸੀਰ ਆਪਣਾ ਆਪ ਚੁਆਇੰਦਾ । ਆਪੇ ਬਣੇ ਤਕਦੀਰ ਤਦਬੀਰ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੇੜਾ ਆਪਣੇ ਹੱਥ ਰਖਾਇੰਦਾ । ਆਪਣਾ ਗੇੜਾ ਆਪ ਦਵੌਣਾ, ਹਰਿ ਸਾਚਾ ਸਚ ਦ੍ਰਿੜਾਇੰਦਾ । ਵਿਸ਼ਨੂੰ ਇਕ ਧਿਆਨ ਰਖੌਣਾ, ਚਰਨ ਕਵਲ ਆਪ ਸਮਝਾਇੰਦਾ । ਬ੍ਰਹਮੇ ਅੰਮ੍ਰਿਤ ਮੁਖ ਚੁਔਣਾ, ਅੰਮ੍ਰਿਤ ਆਤਮ ਆਪ ਧਰਾਇੰਦਾ । ਸ਼ੰਕਰ ਸੀਸ ਭੇਟ ਚੜ੍ਹੌਣਾ, ਬਾਸ਼ਕ ਤਸ਼ਕਾ ਗਲ ਸੁਹਾਇੰਦਾ । ਕੰਠ ਮਾਲਾ ਇਕ ਪਹਿਨੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਆਪ ਆਪ ਸਮਝਾਇੰਦਾ । ਕਲਜੁਗ ਕਰੇ ਖੇਲ ਅਵੱਲਾ, ਕੁਦਰਤ ਕਾਦਰ ਵੇਖ ਵਖਾਈਆ । ਨਿਰਗੁਣ ਵਸੇ ਸਚ ਮਹੱਲਾ, ਬੇਐਬ ਬੇਪਰਵਾਹੀਆ । ਲੇਖਾ ਜਾਣੇ ਰਾਣੀ ਅੱਲਾ, ਐਨਲਹੱਕ ਖੋਜ ਖੋਜਾਈਆ । ਆਪੇ ਕਰੇ ਵਲ ਛੱਲਾ, ਅਛਲ ਅਛਲ ਭੇਵ ਨਾ ਰਾਈਆ । ਆਪਣਾ ਸੰਦੇਸ ਧੁਰ ਫ਼ਰਮਾਣਾ ਆਪੇ ਘੱਲਾ, ਆਪ ਆਪਣੀ ਕਰੇ ਪੜ੍ਹਾਈਆ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਸਰਗੁਣ ਵੇਖ ਵਖਾਈਆ ।



੮੩੭

ਵਸਣਹਾਰਾ ਸਚ ਧਾਮ ਉਚ ਅਟੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਈਆ । ਕਲ ਵਰਤੇ ਹਰਿ ਭਗਵਾਨਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਨਿਰਗੁਣ ਪਹਿਰੇ ਜੋਤੀ ਜਾਮਾ, ਪੰਜ ਤਤ ਚੋਲਾ ਆਪ ਹੰਢਾਇੰਦਾ । ਨਾਨਕ ਰੱਖੇ ਨਾਮ ਵਿਚ ਜਹਾਨਾਂ, ਨਿਰਾਕਾਰ ਖੇਲ ਖਿਲਾਇੰਦਾ । ਆਪਣੇ ਦਰ ਕਰੇ ਪਰਵਾਨਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਨਾਮ ਸਤਿ ਸੁਣਾਏ ਏਕਾ ਗਾਣਾ, ਧੁਰ ਤਰਾਨਾ ਆਪ ਅਲਾਇੰਦਾ । ਆਪ ਵਖਾਏ ਆਪਣਾ ਬਾਣਾ, ਜੋਤੀ ਜੋਤ ਜੋਤ ਜਗਾਇੰਦਾ । ਵਰਨ ਗੋਤ ਨਾ ਕੋਇ ਪਛਾਨਾ, ਚਾਰ ਵਰਨ ਇਕ ਰਖਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਮਾਣਾ, ਮਾਣ ਨਿਮਾਣਿਆਂ ਆਪ ਹੋ ਜਾਇੰਦਾ । ਚਾਰੋਂ ਕੁੰਟ ਤਣਿਆ ਤਾਣਾ, ਤਾਣਾ ਪੇਟਾ ਇਕ ਵਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸੁਣਾਏ ਗਾਣਾ, ਮੰਤਰ ਨਾਮ ਸਤਿ ਦ੍ਰਿੜਾਇੰਦਾ । ਕਲਮਾ ਅਮਾਮ ਜਿਸ ਪਹਿਚਾਨਾ, ਮਾਣ ਮੋਹ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਨਾਨਕ ਨਿਰਗੁਣ ਜਾਮਾ ਪਾਇਆ, ਪੰਜ ਤਤ ਵੱਜੀ ਵਧਾਈਆ । ਸਤਿਨਾਮ ਮੰਤਰ ਦ੍ਰਿੜਾਇਆ, ਪੁਰੀਆਂ ਲੋਆਂ ਹੋਈ ਰੁਸ਼ਨਾਈਆ । ਬ੍ਰਹਿਮੰਡ ਖੰਡ ਵੇਖ ਵਖਾਇਆ, ਜੇਰਜ ਅੰਡ ਮਾਣ ਧਰਾਈਆ । ਭੇਖ ਪਖੰਡ ਸਰਬ ਮਿਟਾਇਆ, ਨਿਰਗੁਣ ਚੰਦ ਇਕ ਚੜ੍ਹਾਈਆ । ਪਰਮਾਨੰਦ ਵਿਚ ਸਮਾਇਆ, ਨਿਜਾਨੰਦ ਸਰਬ ਦਰਸਾਈਆ । ਭਰਮਾਂ ਕੰਧ ਡੇਰਾ ਢਾਇਆ, ਹਉਮੇ ਹੰਗਤਾ ਗੜ੍ਹ ਤੁੜਾਈਆ । ਏਥੇ ਉਥੇ ਪੰਧ ਮੁਕਾਇਆ, ਜੋ ਜਨ ਆਇਆ ਸਰਨਾਈਆ । ਏਕਾ ਜੋਤੀ ਚੰਦ ਚੜ੍ਹਾਇਆ, ਲੋਕਮਾਤ ਹੋਈ ਰੁਸ਼ਨਾਈਆ । ਦਸ ਦਸ ਜਾਮੇ ਭੇਸ ਵਟਾਇਆ, ਗੁਰ ਗੋਬਿੰਦ ਕਰੀ ਕੁੜਮਾਈਆ ।

੮੩੮

੦੯

ਪੂਤ ਸਪੂਤਾ ਆਪੇ ਜਾਇਆ, ਜਨਨੀ ਜਨ ਆਪ ਅਖਵਾਈਆ । ਸੁੱਤ ਦੁਲਾਰਾ ਨਾਉਂ ਧਰਾਇਆ, ਸ਼ਬਦ ਸ਼ਬਦੀ ਮੇਲ ਮਿਲਾਈਆ । ਸਾਚਾ ਧੌਂਸਾ ਨਾਮ ਵਜਾਇਆ, ਰਣਜੀਤ ਨਗਾਰਾ ਇਕ ਵਖਾਈਆ । ਸਾਚਾ ਅੰਮ੍ਰਿਤ ਜਾਮ ਪਿਆਇਆ, ਭਰ ਪਿਆਲਾ ਦਏ ਵਰਤਾਈਆ । ਸਾਚਾ ਸਾਕੀ ਬਣ ਕੇ ਆਇਆ, ਧੁਰਦਰਗਾਹੀ ਲੈ ਕੇ ਸਚ ਸੁਰਾਹੀਆ । ਇਕ ਪੈਮਾਨਾ ਹੱਥ ਉਠਾਇਆ, ਮਿਹਰਵਾਨਾ ਆਪ ਵਰਤਾਈਆ । ਪੰਜ ਸ਼ੈਤਾਨਾ ਦਏ ਮਿਟਾਇਆ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਨੌਜਵਾਨਾ ਦਏ ਬਣਾਇਆ, ਬਿਰਧ ਬਾਲ ਏਕਾ ਰੰਗ ਵਖਾਈਆ । ਜਾਮ ਹਕੀਕੀ ਇਕ ਪਿਆਇਆ, ਬੰਦ ਤਾਕੀ ਦਏ ਖੁਲ੍ਹਾਈਆ । ਸਾਚੇ ਰਾਕੀ ਆਪ ਚੜ੍ਹਾਇਆ, ਸੋਲਾਂ ਕਲੀਆਂ ਆਸਣ ਪਾਈਆ । ਪਾਕੀ ਪਾਕ ਇਕ ਖ਼ੁਦਾਇਆ, ਖ਼ਲਕ ਖ਼ਾਲਕ ਦਏ ਸਮਝਾਈਆ । ਆਕੀ ਕੋਇ ਰਹਿਣ ਨਾ ਪਾਇਆ, ਜਲਵਾ ਤੱਕੇ ਨਾ ਸਾਚੇ ਮਾਹੀਆ । ਲਹਿਣਾ ਦੇਣਾ ਬਾਕੀ ਦਏ ਚੁਕਾਇਆ, ਏਕਾ ਓਟ ਅਕਾਲ ਰਖਾਈਆ । ਵਰਨ ਗੋਤ ਦਏ ਮਿਟਾਇਆ, ਭੇਵ ਕੋਇ ਰਹਿਣ ਨਾ ਪਾਈਆ । ਕੋਟਨ ਕੋਟੀ ਵਾਰ ਰੂਪ ਵਟਾਇਆ, ਆਦਿ ਜੁਗਾਦਿ ਵੱਡੀ ਵਡਿਆਈਆ । ਬ੍ਰਹਮੇ ਵਿਸ਼ਨ ਸ਼ਿਵ ਦਏ ਸਮਝਾਇਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਸਾਚੀ ਸੇਵਾ ਸੇਵ ਲਗਾਇਆ, ਭੁੱਲ ਰਹੇ ਨਾ ਰਾਈਆ । ਇਕ ਚੌਕੜੀ ਚਾਰ ਜੁਗ ਬਣਾਇਆ, ਗੁਰ ਪੀਰ ਅਵਤਾਰ ਲਏ ਉਪਜਾਈਆ । ਨੌ ਸੌ ਚੁਰਾਨਵੇ ਚੌਕੜੀ ਗੇੜਾ ਗੇੜੇ ਲਏ ਲਗਾਇਆ, ਕੋਹਲੂ ਚੱਕੀ ਚੱਕ ਆਪ ਭਵਾਈਆ । ਆਪਣਾ ਲੇਖਾ ਲਏ ਮੁਕਾਇਆ, ਭੁੱਲ ਨਾ ਜਾਏ ਬੇਪਰਵਾਹੀਆ । ਬ੍ਰਹਮੇ ਤੇਰਾ ਲੱਖ ਚੁਰਾਸੀ ਰਚਿਆ ਮੰਦਰ ਦੇਵੇ ਢਾਇਆ, ਘੜ ਭਾਂਡੇ ਆਪ ਭੰਨਾਈਆ । ਨੌ ਸੌ ਚੁਰਾਨਵੇ ਜੁਗ ਵੇਲਾ ਅੰਤਮ ਦਏ ਵਖਾਇਆ, ਆਪਣਾ ਨੂਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਥਾਉਂ ਥਾਈਂਆ । ਮੇਲ ਮਿਲੌਣਾ ਥਾਉਂ ਥਾਈਂ, ਭੁੱਲ ਕਦੇ ਨਾ ਜਾਇੰਦਾ । ਵਿਸ਼ਨੂੰ ਉਠਾਏ ਫੜ ਫੜ ਬਾਂਹੀਂ, ਆਪ ਆਪਣੇ ਗਲੇ ਲਗਾਇੰਦਾ । ਬ੍ਰਹਮੇ ਮਿਲਣਾ ਚਾਈਂ ਚਾਈਂ, ਤੇਰਾ ਅੰਤਮ ਪੰਧ ਮੁਕਾਇੰਦਾ । ਸ਼ੰਕਰ ਕਰੇ ਸਚ ਨਿਆਈ, ਸਹਿੰਸਾ ਰੋਗ ਨਾ ਕੋਇ ਵਖਾਇੰਦਾ । ਆਪੇ ਕਰੇ ਸਚ ਨਿਆਈਂ, ਸੱਚਾ ਸ਼ਹਿਨਸ਼ਾਹ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪੇ ਲਾਹਿੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਅੰਤਮ ਔਣਾ, ਹਰਿ ਸਾਚਾ ਦਏ ਸਮਝਾਈਆ । ਬ੍ਰਹਮੇ ਤੇਰੇ ਚਾਰੇ ਵੇਦਾਂ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਵਾਰ ਅਠਾਰਾਂ ਜੋਤ ਜਗੌਣਾ, ਤ੍ਰੇਤਾ ਦੋ ਦੋ ਨੂਰ ਕਰੇ ਰੁਸ਼ਨਾਈਆ । ਦੁਆਪਰ ਵੇਦ ਵਿਆਸਾ ਭੇਵ ਖੁਲ੍ਹੌਣਾ, ਪੁਰਾਨ ਅਠਾਰਾਂ ਦਏ ਲਿਖਾਈਆ । ਅਠਾਰਾਂ ਧਿਆਏ ਗੀਤਾ ਗਿਆਨ ਦ੍ਰਿੜੌਣਾ, ਅਠ ਦਸ ਕਰੇ ਲੜਾਈਆ । ਕਲਜੁਗ ਕਲਮਾ ਨਬੀ ਆਪ ਪੜ੍ਹੌਣਾ, ਰਸੂਲ ਰਸੂਲਾਂ ਦਏ ਸਮਝਾਈਆ । ਸ਼ਰਅ ਸ਼ਰੀਅਤ ਇਕ ਵਖੌਣਾ, ਅੰਜੀਲ ਕੁਰਾਨਾਂ ਕਰੇ ਪੜ੍ਹਾਈਆ । ਮੰਤਰ ਸਤਿ ਇਕ ਦ੍ਰਿੜੌਣਾ, ਨਾਨਕ ਨਿਰਗੁਣ ਬੂਝ ਬੁਝਾਈਆ । ਵਾਹਿਗੁਰੂ ਫਤਿਹ ਇਕ ਗਜੌਣਾ, ਵਾਹ ਵਾ ਗੁਰੂ ਵੱਡੀ ਵਡਿਆਈਆ । ਸਤਿਗੁਰ ਸਾਚੇ ਵੇਸ ਵਟੌਣਾ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਸੌ ਚੁਰਾਨਵੇ ਚੌਕੜੀ ਅੰਤਮ ਧਾਰ, ਵੇਦ ਵਿਆਸੇ ਦਏ ਹੁਲਾਰ, ਸਚ ਹੁਲਾਰਾ ਇਕ ਲਗਾਈਆ । ਵੇਦ ਵਿਆਸ ਹਰਿ ਜਣਾਇਆ, ਵੇਲਾ ਅੰਤਮ ਆਇੰਦਾ । ਦੁਆਪਰ ਲੇਖਾ ਦਏ ਲਿਖਾਇਆ, ਨਿਹਕਲੰਕ ਕਲ ਆਪਣੀ ਆਪ ਵਰਤਾਇੰਦਾ । ਮਹਾਂਕਾਲ

ਹਰਿ ਬਣ ਕੇ ਆਇਆ, ਕਾਲ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਕਲਜੁਗ ਅੰਤਮ ਕਰ ਵਿਚਾਰ, ਨਿਰਗੁਣ ਨਾਨਕ ਕਰੇ ਜਣਾਈਆ । ਪਰਗਟ ਹੋਵੇ ਹਰਿ ਨਿਰੰਕਾਰ, ਅੰਤਮ ਵੇਲਾ ਦਏ ਸੁਹਾਈਆ । ਨਿਹਕਲੰਕਾ ਲੈ ਅਵਤਾਰ, ਮਾਤ ਪਿਤ ਨਾ ਕੋਇ ਵਖਾਈਆ । ਗੋਬਿੰਦ ਲੇਖਾ ਲਿਖੇ ਅਪਾਰ, ਸੰਗ ਰਲਾਏ ਕਲਮ ਸ਼ਾਹੀਆ । ਪਰਗਟ ਹੋਵੇ ਹਰਿ ਗਿਰਧਾਰ, ਨੂਰੀ ਜਲਵਾ ਨੂਰ ਰੁਸ਼ਨਾਈਆ । ਸੰਬਲ ਨਗਰੀ ਧਾਮ ਨਿਆਰ, ਸਚ ਸਿੰਘਾਸਣ ਲਏ ਵਛਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਪੁਰਖ ਪੁਰਖੋਤਮ ਆਪ ਕਰਾਈਆ । ਕਲ ਕਲਕੀ ਲਏ ਅਵਤਾਰ, ਕਲਜੁਗ ਕੂੜਾ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਹੋਏ ਨਾਰ ਵਿਭਚਾਰ, ਸਾਚਾ ਕੰਤ ਨਾ ਕੋਇ ਹੰਢਾਈਆ । ਪਿਤਾ ਪੂਤ ਨਾ ਕੋਇ ਪਿਆਰ, ਭੈਯਾ ਭੈਣਾਂ ਰਹੇ ਤਕਾਈਆ । ਸਾਚਾ ਸੱਯਾ ਮਿਲੇ ਨਾ ਹਰਿ ਨਿਰੰਕਾਰ, ਖ਼ਾਲੀ ਬਹੀਆ ਰਹੇ ਵਖਾਈਆ । ਹੱਥ ਕੰਗਣ ਨਾ ਕਰੇ ਕੋਇ ਸ਼ੰਗਾਰ, ਨੇਤਰ ਨੈਣ ਕੱਜਲ ਨਾ ਕੋਇ ਪਾਈਆ । ਸਾਚੀ ਸੇਜ ਨਾ ਬਰਖੇ ਫੂਲਨ ਧਾਰ, ਫੂਲ ਮਾਲਾ ਕੰਠ ਨਾ ਕੋਇ ਪਹਿਨਾਈਆ । ਅੰਮ੍ਰਿਤ ਮਿਲੇ ਨਾ ਠੰਡੀ ਠਾਰ, ਸੁਰਤ ਸਵਾਣੀ ਦਏ ਦੁਹਾਈਆ । ਘਰ ਮੰਦਰ ਰੋਵੇ ਜ਼ਾਰੋ ਜ਼ਾਰ, ਗ੍ਰਹਿ ਬੰਕ ਨਾ ਕੋਇ ਵਡਿਆਈਆ । ਆਤਮ ਸੇਜਾ ਸੋਏ ਨਾ ਕੋਇ ਪੈਰ ਪਸਾਰ, ਆਪਣੀ ਕਰਵਟ ਲਏ ਨਾ ਕੋਇ ਬਦਲਾਈਆ । ਸ੍ਰਿਸ਼ਟ ਸਬਾਈ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸਾਧ ਸੰਤ ਜਾਇਣ ਹਾਰ, ਹਰਿ ਕਾ ਪੌੜਾ ਨਾ ਕੋਇ ਵਖਾਈਆ । ਅਠਸਠ ਤੀਰਥ ਪਵੇ ਮਾਰ, ਉਚੀ ਕੂਕਣ ਦੇਣ ਦੁਹਾਈਆ । ਗੰਗਾ ਜਮਨਾ ਸੁਰਸਤੀ ਰੋਵੇ ਜ਼ਾਰੋ ਜ਼ਾਰ, ਗੋਦਾਵਰੀ ਖੁਲ੍ਹੜੇ ਕੇਸ ਗਲ ਵਖਾਈਆ । ਦਸ ਦਸਮੇਸ ਨਾ ਕਰੇ ਕੋਇ ਪਿਆਰ, ਕੰਢਾ ਘਾਟ ਨਾ ਕੋਇ ਸੁਹਾਈਆ । ਗੁਰ ਦਰ ਮੰਦਰ ਮਸਜਿਦ ਮੱਠ ਹੋਏ ਖ਼ਵਾਰ, ਹੱਟੋ ਹੱਟ ਜਗਤ ਵਿਕਾਈਆ । ਘਟ ਘਟ ਵਸੇ ਆਪ ਨਿਰੰਕਾਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਪਰਗਟ ਹੋਵੇ ਚਵੀਆਂ ਅਵਤਾਰ, ਨਿਹਕਲੰਕ ਨਾਉਂ ਧਰਾਈਆ । ਗੁਰ ਗੋਬਿੰਦ ਸਿੰਘ ਸਿੰਘ ਕਰੇ ਮੀਤ ਮੁਰਾਰ, ਸਿੰਘ ਸ਼ੇਰ ਵੱਜੇ ਵਧਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਫ਼ਤਵਾ ਕਿਸੇ ਉਪਰ ਨਾ ਲਾਈਆ । ਮੁੱਲਾਂ ਸ਼ੇਖਾਂ ਮਾਰੇ ਮਾਰ, ਪੰਡਤ ਪਾਂਧਿਆ ਦਏ ਸਜ਼ਾਈਆ । ਜਿਨ੍ਹਾਂ ਭੁਲਿਆ ਹਰਿ ਨਿਰੰਕਾਰ, ਕਲਜੁਗ ਅੰਤਮ ਵੇਖੇ ਥਾਉਂ ਥਾਈਂਆ । ਪਰਗਟ ਹੋ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦਿਤਾ ਵਰ, ਵੇਲੇ ਅੰਤ ਲਏ ਮਿਲਾਈਆ । ਵੇਲੇ ਅੰਤ ਹਰਿ ਮਿਲੌਣਾ, ਨਿਹਕਲੰਕਾ ਜਾਮਾ ਪਾਇੰਦਾ । ਸ਼ਬਦ ਡੰਕ ਇਕ ਵਜੌਣਾ, ਲੋਆਂ ਪੁਰੀਆਂ ਆਪ ਉਠਾਇੰਦਾ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹੌਣਾ, ਊਚ ਨੀਚ ਨਾ ਕੋਇ ਵਖਾਇੰਦਾ । ਤਖ਼ਤ ਤਾਜ ਸਰਬ ਮਿਟੌਣਾ, ਸੀਸ ਤਾਜ ਨਾ ਕੋਇ ਧਰਾਇੰਦਾ । ਵਰਨ ਬਰਨ ਕੋਇ ਰਹਿਣ ਨਾ ਪੌਣਾ, ਜ਼ਾਤ ਪਾਤ ਨਾ ਕੋਇ ਜਣਾਇੰਦਾ । ਅੰਧੇਰੀ ਰਾਤ ਪੰਧ ਮੁਕੌਣਾ, ਕਲਜੁਗ ਕੂੜਾ ਕੂੜ ਗਵਾਇੰਦਾ । ਸਤਿਜੁਗ ਸਾਚਾ ਚੰਦ ਚੜ੍ਹੌਣਾ, ਜਾਗਰਤ ਜੋਤ ਇਕ ਜਗਾਇੰਦਾ । ਲੱਖ ਚੁਰਾਸੀ ਫੋਲ ਫੁਲੌਣਾ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਗੁਰਮੁਖ ਸਾਚੇ ਮੇਲ ਮਿਲੌਣਾ, ਹਰਿਜਨ ਆਪਣੇ ਰੰਗ ਰੰਗਾਇੰਦਾ । ਭਗਤਾਂ ਭਗਤੀ ਮਾਰਗ ਲੌਣਾ, ਗੁਰਸਿਖ ਆਪਣੀ ਗੋਦ ਬਹਾਇੰਦਾ । ਕਲਜੁਗ ਵੇਲਾ ਅੰਤ ਸੁਹੌਣਾ, ਗੁਰ ਪੀਰ ਨਾ ਕੋਇ ਅਖਵਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਰੂਪ ਆਪ ਵਟੌਣਾ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ


੮੩੯ ੦੯

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਕਲਜੁਗ ਵੇਲਾ ਅੰਤ ਆਏ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰੀ ਘਾਲ ਲੇਖੇ ਲਾਏ, ਘਾਲੀ ਘਾਲ ਜੋ ਸੇਵ ਕਮਾਈਆ । ਧੁਰ ਦਾ ਮਾਲੀ ਫੇਰਾ ਪਾਏ, ਜਗਤ ਦਲਾਲੀ ਆਪ ਕਮਾਈਆ । ਜੋਤ ਅਕਾਲੀ ਇਕ ਜਗਾਏ, ਪੁਰਖ ਅਕਾਲ ਵੱਡੀ ਵਡਿਆਈਆ । ਸਚ ਧਰਮਸਾਲ ਨੌ ਖੰਡ ਪ੍ਰਿਥਮੀ ਇਕ ਬਣਾਏ, ਸੱਤਾਂ ਦੀਪਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਅੰਕ ਦਏ ਸਮਝਾਈਆ । ਓਅੰਕਾਰਾ ਏਕਾ ਅੰਕ ਏਕੰਕਾਰਾ ਨਾਉਂ ਰਖਾਇੰਦਾ । ਸ਼ਬਦ ਅਗੰਮੀ ਵੱਜੇ ਡੰਕ, ਧੁਨ ਅਨਾਦੀ ਨਾਦ ਵਜਾਇੰਦਾ । ਲੇਖਾ ਜਾਣੇ ਰਾਓ ਰੰਕ, ਭਰਮ ਭੁਲੇਖਾ ਨਾ ਕੋਇ ਪਾਇੰਦਾ । ਸਾਧਾਂ ਸੰਤਾਂ ਕੱਢੇ ਸ਼ੰਕ, ਜੋ ਜਨ ਸਰਨਾਈ ਆਇੰਦਾ । ਗੁਰਮੁਖਾਂ ਲਾਏ ਜੋਤੀ ਤਨਕ, ਆਪ ਆਪਣਾ ਮੇਲ ਮਿਲਾਇੰਦਾ । ਨਾਉਂ ਰਖਾਏ ਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਆਪ ਹੋ ਜਾਇੰਦਾ । ਲੇਖ ਚੁਕਾਏ ਬ੍ਰਹਮਾ ਸੁੱਤ ਸਨਕ, ਸੰਤ ਕੁਮਾਰ ਪੰਧ ਮੁਕਾਇੰਦਾ । ਲੇਖਾ ਜਾਣੇ ਵਾਰ ਅਨਕ, ਵਾਰ ਅਨਕ ਆਪਣੀ ਕਲ ਵਰਤਾਇੰਦਾ । ਕਲਜੁਗ ਕੂੜਾ ਤੋੜੇ ਧਨਸ਼, ਰਾਮ ਰਾਮਾ ਵੇਸ ਵਟਾਇੰਦਾ । ਯਾਦਵ ਵੇਖਣ ਆਇਆ ਬੰਸ, ਨਾਮ ਬੰਸਰੀ ਇਕ ਵਜਾਇੰਦਾ । ਬਾਸ਼ਕ ਸੇਜਾ ਸੁੱਤਾ ਸੁਣੇ ਨਾਦ ਰਸਨਾ ਜਿਹਵਾ ਦੋ ਸਹੰਸ, ਮੁਖ ਸਹੰਸਰ ਆਪ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵੇਲਾ ਆਪ ਸੁਹਾਇੰਦਾ । ਸਾਚਾ ਵੇਲਾ ਹਰਿ ਸੁਹੰਜਣਾ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਦੀਪ ਜਗਾਇਆ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਈਆ । ਪੁਰਖ ਅਬਿਨਾਸ਼ੀ ਸਾਚਾ ਸੱਜਣਾ, ਵਿਛੜ ਕਦੇ ਨਾ ਜਾਈਆ । ਗੁਰਸਿਖਾਂ ਅੰਤ ਕਰਾਏ ਚਰਨ ਧੂੜੀ ਸਾਚਾ ਮਜਨਾ, ਦੁਰਮਤ ਮੈਲ ਗਵਾਈਆ । ਇਕ ਵਖਾਏ ਮੱਕਾ ਕਾਅਬਾ ਹਾਜ਼ੀ ਹੱਜਣਾ, ਕਾਇਆ ਕਾਅਬਾ ਆਪ ਖੁਲ੍ਹਾਈਆ । ਤਾਲ ਨਗਾਰਾ, ਅਨਹਦ ਤਾਲ ਏਕਾ ਵੱਜਣਾ, ਨੌਬਤ ਨਵ ਨੌ ਆਪ ਵਜਾਈਆ । ਜੋ ਘੜਿਆ ਸੋ ਭੱਜਣਾ, ਬ੍ਰਹਮੇ ਵਿਸ਼ਨ ਸ਼ਿਵ ਆਪ ਸਮਝਾਈਆ । ਜਗਤ ਸਿੰਘਾਸਣ ਸਭ ਨੇ ਤਜਣਾ, ਤ੍ਰੈਲੋਕ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਏਕਾ ਪੜਦਾ ਕੱਜਣਾ, ਵੇਲੇ ਅੰਤ ਹੋਏ ਸਹਾਈਆ । ਸੋ ਪੁਰਖ ਨਿਰੰਜਣ ਆਪੇ ਮਾਰੇ ਆਪਣੀ ਵਾਜਣਾ, ਧੁਨ ਧੁਨ ਵਿਚ ਟਿਕਾਈਆ । ਕਲਜੁਗ ਰਚੇ ਸਾਚਾ ਕਾਜਣਾ, ਕਾਲਖ ਟਿੱਕਾ ਮੇਟੇ ਸ਼ਾਹੀਆ । ਚੜ੍ਹੇ ਅਸਵ ਸਾਚੇ ਤਾਜਣਾ, ਧੁਰਦਰਗਾਹੀ ਸੱਚਾ ਸ਼ਹਿਨਸ਼ਾਹੀਆ । ਗੁਰਸਿਖਾਂ ਰੱਖੇ ਲਾਜਣਾ, ਸਿਰ ਆਪਣਾ ਹੱਥ ਟਿਕਾਈਆ । ਮਨਮੁਖਾਂ ਖੋਲ੍ਹੇ ਪਾਜਣਾ, ਗੁਰ ਗੋਬਿੰਦ ਦਏ ਗਵਾਹੀਆ । ਸਤਿਜੁਗ ਸਾਚਾ ਸਾਜਣ ਸਾਜਣਾ, ਚਾਰ ਵਰਨ ਇਕ ਪੜ੍ਹਾਈਆ । ਗਾਇਤਰੀ ਮੰਤਰ ਨਾ ਕੋਇ ਪੜ੍ਹੇ ਨਮਾਜ਼ਨਾ, ਜੰਞੂ ਤਿਲਕ ਨਾ ਕੋਇ ਲਗਾਈਆ । ਸ਼ਾਹ ਸੁਲਤਾਨ ਨਾ ਦਿਸੇ ਕੋਇ ਰਾਜਣਾ, ਰੱਯਤ ਮੁਖ ਨਾ ਹੁਕਮ ਚਲਾਈਆ । ਪੁਰਖ ਅਬਿਨਾਸ਼ੀ ਗ਼ਰੀਬ ਨਿਵਾਜਣਾ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਇਕ ਚਲਾਏ ਸਚ ਜਹਾਜ਼ਣਾ, ਖੇਵਟ ਖੇਟਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਸ਼ਿਵ ਬ੍ਰਹਮੇ ਦਿਤਾ ਏਕਾ ਵਰ, ਵੇਲੇ ਅੰਤ ਲਏ ਮਿਲਾਈਆ । ਵੇਲਾ ਅੰਤਮ ਆ ਗਿਆ, ਕਲਜੁਗ ਤੇਰੀ ਕਾਲੀ ਧਾਰ । ਹਰਿ ਜੋਤੀ ਜੋਤ ਜਗਾ ਗਿਆ, ਨਿਹਕਲੰਕਾ ਲੈ ਅਵਤਾਰ । ਨਾਮ ਡੰਕਾ ਇਕ ਵਜਾ ਲਿਆ, ਸ਼ਾਹ ਸੁਲਤਾਨਾਂ ਕਰਿਆ ਖ਼ਬਰਦਾਰ । ਦਵਾਰ ਬੰਕਾ ਇਕ ਸੁਹਾ ਲਿਆ, ਸੰਬਲ ਨਗਰ ਕਰ ਵਿਚਾਰ । ਗੁਰ ਗੋਬਿੰਦ

ਮੇਲ ਮਿਲਾ ਲਿਆ, ਸਿੰਘ ਰੂਪ ਆਪ ਨਿਰੰਕਾਰ । ਸ਼ੇਰ ਦਲੇਰ ਆਪ ਅਖਵਾ ਰਿਹਾ, ਸ੍ਰਿਸ਼ਟ ਸਬਾਈ ਮਾਰੇ ਮਾਰ । ਏਕਾ ਘੇਰਾ ਨਾਮ ਪਾ ਲਿਆ, ਸ਼ਾਹੀ ਫੌਜ ਸੰਗ ਰੱਖੇ ਨਾ ਕੋਇ ਅਸਵਾਰ । ਨਾਮ ਚੰਡੀ ਇਕ ਚਮਕਾ ਲਿਆ, ਚੰਡੀ ਢਹਿ ਢਹਿ ਡਿਗੇ ਦਵਾਰ । ਭੇਖ ਪਖੰਡੀ ਸਰਬ ਤਕਾ ਲਿਆ, ਟੇਢੀ ਡੰਡੀ ਨਾ ਦਿਸੇ ਵਿਚ ਸੰਸਾਰ । ਨਾਰ ਦੁਹਾਗਣ ਰੰਡੀ ਧਰਮ ਰਾਏ ਦੇ ਘਰ ਬਹਾ ਲਿਆ, ਨੌ ਖੰਡ ਪ੍ਰਿਥਮੀ ਕਰ ਖ਼ਵਾਰ । ਗੀਤ ਸੁਹਾਗੀ ਛੰਦ ਇਕ ਸੁਣਾ ਲਿਆ, ਨਿਰਗੁਣ ਸਰਗੁਣ ਬੰਨ੍ਹੇ ਧਾਰ । ਸ੍ਰਿਸ਼ਟ ਸਬਾਈ ਅੰਧੀ ਭੇਵ ਨਾ ਪਾ ਲਿਆ, ਗੂੜ੍ਹੀ ਨੀਂਦ ਸੁੱਤੇ ਪੈਰ ਪਸਾਰ । ਕੱਲਰ ਕੰਧ ਢਹਿੰਦੀ ਨਾ ਕੋਇ ਬਚਾ ਲਿਆ, ਸ਼ੌਹ ਦਰਯਾਏ ਦਏ ਹੁਲਾਰ । ਦਿਸ਼ਾ ਲਹਿੰਦੀ ਫੇਰਾ ਪਾ ਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਕਲਜੁਗ ਵੇਲਾ ਅੰਤਮ ਆਇਆ, ਤ੍ਰੈਗੁਣ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਫੇਰਾ ਪਾਇਆ, ਮਾਇਆ ਮਮਤਾ ਦਏ ਦੁਹਾਈਆ । ਨਿਰਗੁਣ ਜੋਤੀ ਜਾਮਾ ਭੇਖ ਵਟਾਇਆ, ਆਸਾ ਤ੍ਰਿਸਨਾ ਹੋਈ ਹਲਕਾਈਆ । ਸ਼ਬਦ ਖੰਡਾ ਹੱਥ ਉਠਾਇਆ, ਕਾਮ ਕਰੋਧ ਲੋਭ ਮੋਹ ਹੰਕਾਰ ਭੱਜੇ ਵਾਹੋ ਦਾਹੀਆ । ਚੰਦ ਨੌਚੰਦਾ ਗੁਰਮੁਖ ਚੜ੍ਹਾਇਆ, ਸੂਰਜ ਚੰਨ ਮੁਖ ਸ਼ਰਮਾਈਆ । ਵਿਸ਼ਨੂੰ ਤੇਰਾ ਪੰਧ ਆਪ ਮੁਕਾਇਆ, ਪਾਂਧੀ ਬਣਿਆ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਪੂਰਾ ਲਏ ਕਰਾਈਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚੇ ਸਚ ਦ੍ਰਿੜਾਇਆ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਨਿਹਕਲੰਕਾ ਨਾਉਂ ਰਖਾਇਆ । ਗੋਬਿੰਦ ਡੰਕਾ ਇਕ ਵਜੌਣਾ, ਗੁਰ ਗੋਬਿੰਦ ਹੋਏ ਸਹਾਇਆ । ਚਾਰ ਵਰਨ ਏਕਾ ਧਾਮ ਬਹੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵਖਾਇਆ । ਚਾਰੇ ਬਾਣੀ ਮੇਲ ਮਿਲੌਣਾ, ਪਰਾ ਪਸੰਤੀ ਮਧਮ ਬੈਖਰੀ ਏਕਾ ਧੁਨ ਸੁਣਾਇਆ । ਤੁਰੀਆ ਨਾਦ ਇਕ ਵਜੌਣਾ, ਘਰ ਘਰ ਆਪ ਅਲਾਇਆ । ਬੋਧ ਅਗਾਧ ਸ਼ਬਦ ਜਣੌਣਾ, ਲੇਖਾ ਲੇਖ ਨਾ ਕਿਸੇ ਸੁਣਾਇਆ । ਸੋਹੰ ਸ਼ਬਦ ਇਕ ਪੜ੍ਹੌਣਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਹੰ ਬ੍ਰਹਮ ਪਾਰਬ੍ਰਹਮ ਵਿਚ ਟਿਕੌਣਾ, ਆਪਣੀ ਵਸਤ ਆਪਣੀ ਝੋਲੀ ਆਪ ਭਰਾਇਆ । ਵਿਸ਼ਨ ਜੋਤੀ ਜੋਤ ਮਿਲੌਣਾ, ਜੋਤੀ ਜੋਤ ਕਰ ਰੁਸ਼ਨਾਇਆ । ਬ੍ਰਹਮੇ ਤੇਰਾ ਬੇੜਾ ਪਾਰ ਕਰੌਣਾ, ਲੇਖਾ ਲੇਖੇ ਲਏ ਲਗਾਇਆ । ਤੇਰਾ ਨਗਰ ਖੇੜਾ ਆਪ ਵਸੌਣਾ, ਗੁਰਮੁਖ ਸਾਚੇ ਦਏ ਵਡਿਆਇਆ । ਸ਼ਿਵ ਸ਼ੰਕਰ ਏਕਾ ਗੋਦ ਬਹੌਣਾ, ਬਾਲ ਬਾਲਾ ਸੀਰ ਪਿਆਇਆ । ਸੁੱਤ ਦੁਲਾਰਾ ਏਕਾ ਧਾਮ ਵਸੌਣਾ, ਗੋਬਿੰਦ ਰੱਤ ਰੱਤ ਸੰਚਾਇਆ । ਸੁਰਪਤ ਰਾਜਾ ਇੰਦ ਤਖ਼ਤੋਂ ਲੌਹਣਾ, ਕਰੋੜ ਤੇਤੀਸਾ ਨਾ ਹੁਕਮ ਸੁਣਾਇਆ । ਛੋਟਾ ਬਾਲਾ ਆਪ ਸੁਹੌਣਾ, ਸਾਚੇ ਤਖ਼ਤ ਤਖ਼ਤ ਸਜ਼ਾਇਆ । ਵੇਲਾ ਵਕ਼ਤ ਆਪਣੇ ਹੱਥ ਰਖੌਣਾ, ਭੇਵ ਅਭੇਦਾ ਕੋਇ ਨਾ ਸਕੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਮਿਲਾਇਆ । ਹਰਿਜਨ ਮਿਲਾਇਆ ਕਿਰਪਾ ਧਾਰ, ਧਰਨੀ ਧਰਤ ਧਵਲ ਸੁਹਾਇੰਦਾ । ਬਖ਼ਸ਼ਸ਼ ਬਖ਼ਸ਼ੇ ਚਰਨ ਪਿਆਰ, ਬਖ਼ਸ਼ਸ਼ ਹਰਿਜਨ ਝੋਲੀ ਪਾਇੰਦਾ । ਰਖਸ਼ਸ਼ ਹੋਏ ਵਿਚ ਸੰਸਾਰ, ਕਲਜੁਗ ਸਾਗਰ ਪਾਰ ਕਰਾਇੰਦਾ । ਨਿਰਮਲ ਕਰਮ ਕਰੇ ਉਜਾਗਰ ਹਰਿ ਨਿਰੰਕਾਰ, ਜੋ ਜਨ ਸਰਨਾਈ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਚੇਲੇ ਗੁਰੂ ਗੁਰ ਚੇਲੇ ਆਪ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਵਾ ਗੁਰ ਗੋਬਿੰਦ, ਚਿੰਤਾ ਚਿਖਾ ਰਹਿਣ ਨਾ ਪਾਇਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਗਹਿਰ


੮੪੧
੦੯

ਗੰਭੀਰ ਵੱਡੀ ਵਡਿਆਈਆ । ਗੁਰਮੁਖ ਬਣਾਏ ਆਪਣੀ ਬਿੰਦ, ਨਾਦੀ ਸੁੱਤ ਬਿੰਦ ਉਪਜਾਈਆ । ਦਾਤਾ ਦਾਨੀ ਗੁਣੀ ਗਹਿੰਦ, ਹਰਿਜਨ ਵੇਖੇ ਥਾਉਂ ਥਾਈਆ । ਮਾਣ ਗਵਾਏ ਸੁਰਪਤ ਰਾਜਾ ਇੰਦ, ਸ਼ਿਵ ਸ਼ੰਕਰ ਰਹਿਣ ਨਾ ਪਾਈਆ । ਬ੍ਰਹਮੇ ਮੇਟੇ ਸਗਲੀ ਚਿੰਤ, ਅੰਤਮ ਅੰਤ ਦਏ ਸਮਝਾਈਆ । ਵਿਸ਼ਨੂੰ ਮੇਲਾ ਹਰਿ ਹਰਿ ਕੰਤ, ਨਾਰ ਸੁਹਾਗਣ ਖ਼ੁਸ਼ੀ ਮਨਾਈਆ । ਘਰ ਰੁੱਤੜੀ ਖਿੜੇ ਬਸੰਤ, ਫੁਲ ਫੁਲਵਾੜੀ ਆਪ ਮਹਿਕਾਈਆ । ਲੇਖ ਚੁਕਾਏ ਜੀਵ ਜੰਤ, ਕੰਤ ਭਗਵੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਤੇਰਾ ਵਸਿਆ ਖੇੜਾ, ਕਾਇਆ ਨਗਰ ਗਰਾਮ ਆਪ ਵਸਾਇੰਦਾ । ਪੰਜਾਂ ਚੋਰਾਂ ਚੁੱਕਿਆ ਝੇੜਾ, ਪੰਚ ਵਿਕਾਰ ਨਾ ਕੋਇ ਸਤਾਇੰਦਾ । ਮਨ ਮਤ ਬੁਧ ਦੇਓ ਉਲਟਾ ਗੇੜਾ, ਗੇੜਾ ਆਪਣੇ ਹੱਥ ਰਖਾਇੰਦਾ । ਕਾਇਆ ਮੰਦਰ ਕਰੇ ਵੇਹੜਾ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੱਟਣਹਾਰਾ ਜਮ ਕਾ ਜੇੜਾ, ਰਾਏ ਧਰਮ ਫੰਦ ਕੱਟਾਇੰਦਾ । ਰਾਏ ਧਰਮ ਕੱਟਿਆ ਫੰਦ, ਸਤਿਗੁਰ ਪੂਰੇ ਦਇਆ ਕਮਾਈਆ । ਜਿਸ ਜਨ ਗਾਇਆ ਬੱਤੀ ਦੰਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਦੋ ਜਹਾਨ ਆਪ ਵਖਾਈਆ । ਮਦਿਰਾ ਮਾਸ ਤਜਾਇਆ ਰਸਨਾ ਗੰਦ, ਗੁਰ ਗੋਬਿੰਦ ਲਏ ਮਿਲਾਈਆ । ਜਗਤ ਤ੍ਰਿਸਨਾ ਮੇਟੇ ਚਿੰਦ, ਚਿੰਤਾ ਚਿਖਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸਾਚਾ ਤਾਰਿਆ, ਕਲ ਕਲਕੀ ਲੈ ਅਵਤਾਰ । ਜੁਗ ਜੁਗ ਦਾ ਗੇੜ ਨਵਾਰਿਆ, ਲੱਖ ਚੁਰਾਸੀ ਉਤਰੇ ਪਾਰ । ਰਾਏ ਧਰਮ ਨਾ ਕਰੇ ਖਵਾਰਿਆ, ਵੇਲੇ ਅੰਤ ਨਾ ਮਾਰੇ ਮਾਰ । ਲਾੜੀ ਮੌਤ ਨਾ ਕਰੇ ਸ਼ੰਗਾਰਿਆ, ਆਏ ਚਲ ਨਾ ਸਿਖ ਦਵਾਰ । ਸਤਿਗੁਰ ਪੂਰਾ ਦੇਵੇ ਦਰ ਦੁਰਕਾਰਿਆ, ਸ਼ਬਦ ਅਗੰਮੀ ਮਾਰੇ ਮਾਰ । ਵੇਲੇ ਅੰਤਮ ਪੈਜ ਸੁਆਰਿਆ, ਆਪ ਆਪਣਾ ਕਰੇ ਪਿਆਰ । ਆਪਣੀ ਗੋਦ ਆਪ ਬਹਾ ਲਿਆ, ਸ਼ਬਦ ਬਬਾਣੇ ਲੇਵੇ ਚਾੜ੍ਹ । ਦਰਗਹਿ ਸਾਚੀ ਆਪੇ ਵਾੜਿਆ, ਸਚਖੰਡ ਦਵਾਰਾ ਧਾਮ ਨਿਆਰ । ਅੰਤਮ ਜੋਤੀ ਜੋਤ ਮੇਲ ਮਿਲਾ ਲਿਆ, ਵਾਸਨਾ ਰਹੇ ਨਾ ਵਿਚ ਸੰਸਾਰ । ਸਤਿਗੁਰ ਪੂਰਾ ਦਇਆ ਕਮਾ ਰਿਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਜੀਆ ਦਾਨ, ਦਾਤਾ ਦਾਨੀ ਇਕ ਅਖਵਾ ਰਿਹਾ ।



## ✻ ਪਹਿਲੀ ਭਾਦਰੋਂ ੨੦੧੭ ਬਿਕ੍ਰਮੀ ਦਰਬਾਰ ਵਿਚ ਦਇਆ ਹੋਈ ਜੇਠੂਵਾਲ ✻

ਸੋ ਪੁਰਖ ਨਿਰੰਜਣ ਸਤਿਗੁਰ ਪੂਰਾ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਹਾਜ਼ਰ ਹਜ਼ੂਰਾ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਵਸਣਹਾਰਾ ਨੇਰਨ ਦੂਰਾ, ਦਰ ਘਰ ਸਾਚਾ ਇਕ ਸੁਹਾਈਆ । ਆਦਿ ਨਿਰੰਜਣ ਨੂਰਨ ਨੂਰਾ, ਜੋਤ ਉਜਾਲਾ ਦੀਪ ਜਗਾਈਆ । ਅਬਿਨਾਸ਼ੀ ਕਰਤਾ ਸਰਬ ਕਲ ਭਰਪੂਰਾ, ਨਾ ਮਰੇ ਨਾ ਜਾਈਆ । ਸ੍ਰੀ ਭਗਵਾਨ ਨਾਤਾ ਤੋੜੇ ਕੂੜੋ ਕੂੜਾ, ਸਚ ਸੁੱਚ ਵੱਡੀ ਵਡਿਆਈਆ । ਪਾਰਬ੍ਰਹਮ ਆਸਾ ਮਨਸਾ ਕਰੇ ਪੂਰਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਗਹਿਰ ਗੰਭੀਰਾ, ਮਿਹਰਵਾਨ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਚੋਟੀ ਚਾੜ੍ਹੇ

ਇਕ ਅਖ਼ੀਰਾ, ਮਹੱਲ ਅਟੱਲ ਨਾ ਕੋਇ ਦਸਾਈਆ । ਏਕੰਕਾਰਾ ਵਡ ਪੀਰਨ ਪੀਰਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਆਦਿ ਨਿਰੰਜਣ ਏਕਾ ਰਸ ਅੰਮ੍ਰਿਤ ਸੀਰਾ, ਹਰਿ ਮੰਦਰ ਆਪ ਭਰਾਈਆ । ਸ੍ਰੀ ਭਗਵਾਨ ਦੇਵਣਹਾਰ ਧੀਰਾ, ਧੀਰਜ ਧੀਰ ਨਾ ਕੋਇ ਵਡਿਆਈਆ । ਅਬਿਨਾਸ਼ੀ ਕਰਤਾ ਸ਼ਾਹ ਹਕੀਰਾ, ਊਚ ਨੀਚ ਨਾ ਰੂਪ ਧਰਾਈਆ । ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਵਖਾਈਆ । ਸੋ ਪੁਰਖ ਨਿਰੰਜਣ ਵਡ ਬਲਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਖੇਲ ਅਪਾਰਾ, ਇਕ ਇਕੱਲਾ ਆਪ ਕਰਾਈਆ । ਏਕੰਕਾਰਾ ਵਸਣਹਾਰਾ ਸਚ ਦਵਾਰਾ, ਸਚਚੰਡ ਸਾਚਾ ਆਪ ਸੁਹਾਈਆ । ਆਦਿ ਨਿਰੰਜਣ ਬੇਐਬ ਪਰਵਰਦਿਗਾਰਾ, ਨੂਰੀ ਜਲਵਾ ਨੂਰ ਇਲਾਹੀਆ । ਸ੍ਰੀ ਭਗਵਾਨ ਸਾਂਝਾ ਯਾਰਾ, ਦੂਸਰ ਵੰਡ ਨਾ ਕੋਇ ਵੰਡਾਈਆ । ਅਬਿਨਾਸ਼ੀ ਕਰਤਾ ਨਿਰਗੁਣ ਧਾਰਾ, ਨਿਰਗੁਣ ਆਪਣੀ ਆਪ ਚਲਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਆਪਣੀ ਰਚਨਾ ਵੇਖ ਵਖਾਈਆ । ਆਪੇ ਵਸੇ ਸਭ ਤੋਂ ਬਾਹਰਾ, ਭੇਵ ਅਭੇਦਾ ਭੇਵ ਛੁਪਾਈਆ । ਰੂਪ ਰੰਗ ਨਾ ਕਿਸੇ ਵਿਚਾਰਾ, ਰੇਖ ਭੇਖ ਨਾ ਕੋਇ ਦਰਸਾਈਆ । ਪੰਜ ਤਤ ਨਾ ਕੋਇ ਆਕਾਰਾ, ਰੱਤੀ ਰੱਤ ਨਾ ਕੋਇ ਵਡਿਆਈਆ । ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਈਆ । ਵਸਣਹਾਰਾ ਠਾਂਡੇ ਦਰਬਾਰਾ, ਥਿਰ ਘਰ ਸਾਚਾ ਇਕ ਉਪਾਈਆ । ਨਾ ਪੁਰਖ ਨਾ ਦਿਸੇ ਨਾਰਾ, ਨਰ ਹਰਿ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਆਪ ਆਪੇ ਬਣੇ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਖੇਵਟ ਖੇਟਾ ਹਰਿ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਆਪੇ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਜ਼ਿਮੀਂ ਨਾ ਕੋਇ ਅਸਮਾਨ, ਗਗਨ ਮੰਡਲ ਨਾ ਕੋਇ ਸੁਹਾਈਆ । ਸੂਰਜ ਚੰਨ ਨਾ ਕੋਇ ਭਾਨ, ਤੇਜ਼ ਪਰਕਾਸ਼ ਨਾ ਕੋਇ ਚਮਕਾਈਆ । ਸ਼ਬਦ ਰਾਗ ਨਾ ਕੋਇ ਗਾਨ, ਤਾਰ ਸਤਾਰ ਨਾ ਕੋਇ ਹਲਾਈਆ । ਪਵਣ ਪਾਣੀ ਨਾ ਕੋਇ ਮਸਾਣ, ਤਤਵ ਤਤ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਈਆ । ਅਲੱਖ ਅਗੋਚਰ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਆਪਣੀ ਮਹਿਮਾ ਜਾਣੇ ਬੇਅੰਤ, ਲੇਖਾ ਲੇਖ ਨਾ ਕੋਇ ਵਖਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਸਚ ਦਵਾਰਾ ਆਪ ਉਪਾਏ ਹਰਿ ਨਿਰੰਕਾਰਾ, ਨਿਰਗੁਣ ਆਪਣਾ ਧਾਮ ਆਪ ਸੁਹਾਇੰਦਾ । ਨਿਰਗੁਣ ਧਾਮ ਅਵੱਲੜਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਇਕ ਇਕੱਲੜਾ, ਏਕੰਕਾਰਾ ਆਸਣ ਲਾਈਆ । ਆਦਿ ਨਿਰੰਜਣ ਦੀਪਕ ਬਲੜਾ, ਨਿਜ ਘਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਏਕਾ ਮਲੜਾ, ਸਾਚੇ ਤਖ਼ਤ ਬੈਠਾ ਬੇਪਰਵਾਹੀਆ । ਸ੍ਰੀ ਭਗਵਾਨ ਫੜਾਏ ਪਲੜਾ, ਏਕਾ ਪੱਲੂ ਆਪਣਾ ਆਪ ਵਖਾਈਆ । ਪਾਰਬ੍ਰਹਮ ਸਚ ਸੰਦੇਸ਼ ਏਕਾ ਘਲੜਾ, ਧੁਰ ਫ਼ਰਮਾਨਾ ਹਰਿ ਜਣਾਈਆ । ਸੁਹਾਏ ਧਾਮ ਨੇਹਚਲ ਅਟੱਲ ਅਟੱਲੜਾ, ਉਚ ਦਵਾਰਾ ਵੇਖ ਵਖਾਈਆ । ਆਪਣੀ ਜੋਤੀ ਆਪੇ ਰਲੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਨਿਰਾਕਾਰ ਮੂਰਤ ਅਕਾਲ ਬੇਐਬ ਪਰਵਰਦਿਗਾਰ ਦਰ ਘਰ ਸਾਚੇ ਆਪ ਸੁਹਾਈਆ । ਦਰ ਘਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ

ਸੁਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਆਪ ਤਰਾਈਆ । ਦੀਨ ਦਿਆਲ ਦਇਆ ਨਿਧ ਸਾਗਰ ਗਹਿਰ ਗੰਭੀਰ ਏਕਾ ਪਾਏ ਆਪਣਾ ਅੰਞਣਾ, ਨੇਤਰ ਨੈਣ ਇਕ ਦਰਸਾਈਆ । ਦੋ ਜਹਾਨਾਂ ਖੇਲ ਮਹਾਨਾਂ ਪਾਰਬ੍ਰਹਮ ਅਬਿਨਾਸ਼ੀ ਕਰਤਾ ਸਾਕ ਸੈਣ ਸੱਜਣਾ, ਸਗਲਾ ਸੰਗ ਆਪ ਨਿਭਾਈਆ । ਨਾ ਘੜਿਆ ਨਾ ਭੱਜਣਾ, ਜਨਮ ਮਰਨ ਨਾ ਕੋਇ ਵਡਿਆਈਆ । ਆਪ ਚਲਾਏ ਆਪਣਾ ਸਚ ਜਹਾਜ਼ਨਾ, ਨਿਰਗੁਣ ਬੇੜਾ ਆਪ ਤਰਾਈਆ । ਸਚਖੰਡ ਨਿਵਾਸੀ ਆਪ ਰਚਾਏ ਆਪਣਾ ਕਾਜਣਾ, ਨਾ ਕੋਈ ਦੂਸਰ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚੇ ਵੜ, ਆਪਣੀ ਇਛਿਆ ਆਪੇ ਪੂਰ ਕਰਾਈਆ । ਥਿਰ ਘਰ ਸਾਚੇ ਹਰਿ ਹਰਿ ਵੜਿਆ, ਰੂਪ ਰੰਗ ਨਾ ਕੋਇ ਜਣਾਇਆ । ਸਚਖੰਡ ਦਵਾਰੇ ਸਾਚੇ ਪੌੜੇ ਆਪੇ ਚੜ੍ਹਿਆ, ਮਹੱਲ ਅਟੱਲ ਆਪ ਸੁਹਾਇਆ । ਆਪਣੇ ਮੰਦਰ ਆਪੇ ਖੜਿਆ, ਆਪ ਆਪਣਾ ਵੇਖ ਵਖਾਇਆ । ਨਾ ਕੋਈ ਸੀਸ ਨਾ ਕੋਈ ਧੜਿਆ, ਤਤਵ ਤਤ ਨਾ ਕੋਇ ਧਰਾਇਆ । ਅੱਖਰ ਵਿਦਿਆ ਕੋਇ ਨਾ ਪੜ੍ਹਿਆ, ਰਾਗ ਰਾਗਨੀ ਨਾ ਕੋਇ ਸਾਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਸਚ ਦਵਾਰਾ, ਪੁਰਖ ਅਬਿਨਾਸ਼ੀ ਖੇਲ ਅਪਾਰਾ, ਦਰ ਘਰ ਸਾਚੇ ਆਪ ਕਰਾਇੰਦਾ । ਦਰ ਘਰ ਸਾਚਾ ਹਰਿ ਸੁਹਾਵਣਾ, ਨਿਰਗੁਣ ਜੋਤ ਨੂਰ ਉਜਿਆਰ । ਦੀਪਕ ਜੋਤ ਇਕ ਜਗਾਵਣਾ, ਤੇਲ ਬਾਤੀ ਨਾ ਕੋਇ ਪਿਆਰ । ਰਵ ਸਸ ਨਾ ਕੋਇ ਚੜ੍ਹਾਵਣਾ, ਮੰਡਲ ਮੰਡਪ ਨਾ ਕੋਇ ਸਤਾਰ । ਗਗਨ ਗਗਨੰਤਰ ਨਾ ਕੋਇ ਵਖਾਵਣਾ, ਜਲ ਬਿੰਬ ਨਾ ਕੋਇ ਧਾਰ । ਧਰਤ ਧਵਲ ਨਾ ਕੋਇ ਉਪਾਵਣਾ, ਆਕਾਸ਼ ਪਰਕਾਸ਼ ਨਾ ਹੋਏ ਉਜਿਆਰ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਵਖਾਵਣਾ, ਤ੍ਰੈਗੁਣ ਤਤ ਨਾ ਕੋਇ ਭੰਡਾਰ । ਬ੍ਰਹਮ ਵੰਡ ਨਾ ਕੋਇ ਵੰਡਾਵਣਾ, ਲੱਖ ਚੁਰਾਸੀ ਨਾ ਕੋਇ ਪਸਾਰ । ਜੰਗਲ ਜੂਹ ਉਜਾੜ ਪਹਾੜ ਨਾ ਕੋਇ ਵਖਾਵਣਾ, ਸਮੁੰਦ ਸਾਗਰ ਨਾ ਕੋਇ ਜਾਣੇ ਪਾਰ ਕਿਨਾਰ । ਕਾਇਆ ਗਾਗਰ ਨਾ ਕੋਇ ਰਖਾਵਣਾ, ਮਨ ਮਤ ਬੁਧ ਨਾ ਕੋਇ ਪਿਆਰ । ਜਾਗਰਤ ਜੋਤ ਇਕ ਜਗਾਵਣਾ, ਦਰ ਘਰ ਸਾਚੇ ਆਪ ਕਰਤਾਰ । ਗੁਰ ਪੀਰ ਅਵਤਾਰ ਨਾ ਕੋਇ ਵਖਾਵਣਾ, ਸਾਧ ਸੰਤ ਨਾ ਪਾਵੇ ਸਾਰ । ਨਿਰਗੁਣ ਆਪਣਾ ਰੂਪ ਆਪ ਵਟਾਵਣਾ, ਸਾਚੇ ਤਖ਼ਤ ਬੈਠ ਸੱਚਾ ਸਿਕਦਾਰ । ਸ਼ਾਹੋ ਭੂਪ ਆਪ ਅਖਵਾਵਣਾ, ਦੋ ਜਹਾਨਾਂ ਖੇਲ ਅਪਾਰ । ਤਖ਼ਤ ਨਿਵਾਸੀ ਏਕਾ ਤਖ਼ਤ ਹੰਢਾਵਣਾ, ਦੂਸਰ ਕੋਇ ਨਾ ਚੋਬਦਾਰ । ਲੋਆਂ ਪੁਰੀਆਂ ਨਾ ਕੋਇ ਬਣਾਵਣਾ, ਕਰੋੜ ਤੇਤੀਸ ਨਾ ਕੋਇ ਸ਼ੰਗਾਰ । ਗਣ ਗੰਧਰਬ ਨਾ ਨਾਚ ਨਚਾਵਣਾ, ਯਸ ਅਪੱਛਰਾਂ ਨਾ ਗਾਏ ਆਪਣੀ ਵਾਰ । ਪੁਰਖ ਅਬਿਨਾਸ਼ੀ ਆਪਣੀ ਕਲ ਆਪ ਵਰਤਾਵਣਾ, ਕਾਗਦ ਕਲਮ ਨਾ ਲਿਖਣਹਾਰ । ਬ੍ਰਹਮਾ ਵੇਦ ਲਿਖ ਨਾ ਗਾਏ ਚਾਰ ਚਾਰ ਜੁਗ ਨਾ ਕੋਇ ਧਰਾਵਣਾ, ਚਾਰੇ ਖਾਣੀ ਨਾ ਕੋਇ ਪਸਾਰ । ਚਾਰੇ ਬਾਣੀ ਨਾ ਕੋਇ ਅਲਾਵਣਾ, ਚਾਰ ਵਰਨ ਨਾ ਕੋਇ ਪਸਾਰ । ਚਾਰ ਯਾਰੀ ਨਾ ਮੇਲ ਮਿਲਾਵਣਾ, ਇਕ ਇਕੱਲਾ ਏਕੰਕਾਰ । ਦਰਗਹਿ ਸਾਚੀ ਧਾਮ ਸੁਹਾਵਣਾ, ਨਿਰਗੁਣ ਜੋਤ ਕਰ ਉਜਿਆਰ । ਘਰ ਮੰਦਰ ਡੇਰਾ ਲਾਵਣਾ, ਸਚਖੰਡ ਦਵਾਰੇ ਪਾਏ ਸਾਰ । ਸਤਿ ਸਤਿ ਸਤਿ ਆਪਣਾ ਰੂਪ ਧਰਾਵਣਾ, ਬ੍ਰਹਮ ਮਤ ਨਾ ਕੋਇ ਵਿਚਾਰ । ਤਤਵ ਤਤ ਨਾ ਕੋਇ ਰਖਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਖੇਲ ਅਪਾਰਾ ਕਰੇ ਕਰਾਏ ਕਰਨੇਹਾਰਾ, ਨਾ ਕੋਈ ਵੇਖੇ ਜੀਵ ਸੰਸਾਰਾ, ਏਕਾ ਇਕ ਬੇਪਰਵਾਹੀਆ । ਇਕ ਇਕੱਲਾ ਬੇਪਰਵਾਹ, ਆਦਿ

ਜੁਗਾਦਿ ਸਮਾਇਆ । ਸਤਿ ਪੁਰਖ ਨਿਰੰਜਣ ਨਾਉਂ ਧਰਾ, ਆਪਣੀ ਕਲ ਵਰਤਾਇਆ । ਅਗੰਮ ਅਗੰਮੜਾ ਥਾਨ ਸੁਹਾ, ਥਾਨ ਥਨੰਤਰ ਆਪ ਸੁਹਾਇਆ । ਅਲੱਖ ਅਲੱਖਣਾ ਅਲੱਖ ਜਗਾ, ਅਲੱਖ ਅਲੱਖਣਾ ਆਪਣੀ ਮੰਗ ਆਪ ਮੰਗਾਇਆ । ਸੁੰਨ ਸਮਾਧੀ ਰਿਹਾ ਸਮਾ, ਮੋਨ ਰੂਪ ਆਪ ਵਟਾਇਆ । ਗੁਣ ਅਵਗੁਣ ਨਾ ਸਕੇ ਕੋਇ ਜਣਾ, ਨਿਰਗੁਣ ਆਪਣੀ ਧਾਰ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਏਕਾ ਘਰ, ਘਰ ਮੰਦਰ ਆਪ ਸੁਹਾਇਆ । ਘਰ ਮੰਦਰ ਹਰਿ ਸੁਹਾਇੰਦਾ, ਚਾਰ ਦੀਵਾਰ ਨਾ ਕੋਇ ਬਣਾਈਆ । ਮੂਰਤ ਅਕਾਲ ਵਿਚ ਟਿਕਾਇੰਦਾ, ਦੂਸਰ ਇਸ਼ਟ ਨਾ ਕੋਇ ਮਨਾਈਆ । ਰਸਨਾ ਜਿਹਵਾ ਨਾ ਕੋਇ ਹਲਾਇੰਦਾ, ਧੁਨ ਨਾਦ ਨਾ ਕੋਇ ਵਜਾਈਆ । ਅੱਖਰ ਵਿਦਿਆ ਨਾ ਕੋਇ ਪੜ੍ਹਾਇੰਦਾ । ਕਾਗਦ ਕਲਮ ਨਾ ਲਿਖੇ ਸ਼ਾਹੀਆ । ਮਾਤ ਪਿਤ ਨਾ ਕੋਇ ਬਣਾਇੰਦਾ, ਨਾਤਾ ਦਿਸੇ ਨਾ ਭੈਣਾਂ ਭਾਈਆ । ਜ਼ਾਤ ਪਾਤ ਨਾ ਕੋਇ ਰਖਾਇੰਦਾ, ਵਰਨ ਗੋਤ ਨਾ ਕੋਇ ਰਖਾਈਆ । ਏਕਾ ਆਪਣਾ ਥਾਨ ਸੁਹਾਇੰਦਾ, ਦਰਗਹਿ ਸਾਚੀ ਵੱਡੀ ਵਡਿਆਈਆ । ਸਾਚੀ ਸੇਜ ਆਪ ਹੰਢਾਇੰਦਾ, ਆਪ ਆਪਣਾ ਮੇਲ ਮਿਲਾਈਆ । ਨਾਰੀ ਕੰਤ ਆਪ ਪਰਨਾਇੰਦਾ, ਨਾਰ ਭਤਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਾਚਾ ਘਰ, ਆਪੇ ਵਸੇ ਏਕਾ ਹਰਿ, ਦੂਜਾ ਦਰ ਨਾ ਕੋਇ ਸੁਹਾਇੰਦਾ । ਸਾਚਾ ਦਰ ਸੁਹਾਵਣਾ, ਪੁਰਖ ਅਬਿਨਾਸ਼ੀ ਆਪ ਸੁਹਾਇਆ । ਸੋ ਪੁਰਖ ਨਿਰੰਜਣ ਏਕਾ ਪਾਵਣਾ, ਹਰਿ ਪੁਰਖ ਨਿਰੰਜਣ ਮੇਲ ਮਿਲਾਇਆ । ਏਕੰਕਾਰਾ ਨਜ਼ਰੀ ਆਵਣਾ, ਆਦਿ ਨਿਰੰਜਣ ਦਏ ਦਰਸਾਇਆ । ਸ੍ਰੀ ਭਗਵਾਨ ਸਗਨ ਮਨਾਵਣਾ, ਅਬਿਨਾਸ਼ੀ ਕਰਤਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਝੋਲੀ ਪਾਵਣਾ, ਸਾਚੀ ਵਸਤ ਅਮੋਲਕ ਆਪਣੀ ਆਪ ਵਰਤਾਇਆ । ਸਚਖੰਡ ਦਵਾਰ ਬਣਾਏ ਸਾਚੀ ਗੋਲਕ, ਆਪਣਾ ਕੁੰਡਾ ਆਪੇ ਲਾਹਿਆ । ਆਪੇ ਜਾਣੇ ਆਪਣੀ ਖੇਲ ਅਨ ਬੋਲਤ, ਬੋਲਤ ਬੋਲਤ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵੇਖੇ ਸਾਚਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਦਰ ਦਰਵਾਜ਼ਾ ਸਾਹਿਬ ਬੇਐਬ ਪਰਵਰਦਿਗਾਰ, ਆਪਣਾ ਖੇਲ ਆਪ ਖਲਾਈਆ । ਮੁਕਾਮੇ ਹੱਕ ਹੱਕ ਹੋ ਤਿਆਰ, ਹੱਕ ਹੱਕ ਵਿਚ ਟਿਕਾਈਆ । ਆਪਣੀ ਲਜਿਆ ਆਪੇ ਰੱਖ, ਆਪਣਾ ਹੋਏ ਆਪ ਸਹਾਈਆ । ਆਪਣਾ ਪੜਦਾ ਆਪੇ ਢਕ, ਆਪੇ ਪੱਲੂ ਰਿਹਾ ਪਾਈਆ । ਆਪੇ ਲੇਖਾ ਜਾਣੇ ਪੁਰਖ ਸਮਰਥ, ਸਮਰਥ ਪੁਰਖ ਭੇਵ ਨਾ ਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਮਹਿਮਾ ਗਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਨਿਰਗੁਣ ਚਲਾਏ ਆਪਣਾ ਰਥ, ਆਪਣੀ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪਣੀ ਵੰਡਨ ਆਪ ਵੰਡਾਈਆ । ਸਾਚੀ ਵੰਡਣ ਹਰਿ ਕਰਤਾਰ, ਸਚਖੰਡ ਦਵਾਰੇ ਆਪ ਵੰਡਾਇੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰ, ਨਿਰਗੁਣ ਭਿੱਖਕ ਨਿਰਗੁਣ ਭਿਛਿਆ ਝੋਲੀ ਪਾਇੰਦਾ । ਨਿਰਗੁਣ ਵਣਜ ਨਿਰਗੁਣ ਵਪਾਰ, ਨਿਰਗੁਣ ਹੱਟ ਪਸਾਰਾ ਆਪ ਵਖਾਇੰਦਾ । ਨਿਰਗੁਣ ਮੀਤ ਨਿਰਗੁਣ ਮੁਰਾਰ, ਨਿਰਗੁਣ ਕੰਤ ਨਿਰਗੁਣ ਨਾਰ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਪੂਤ ਸੁੱਤ ਦੁਲਾਰ, ਨਿਰਗੁਣ ਮਾਤ ਪਿਤ ਕਰੇ ਪਿਆਰ, ਰੂਪ ਰੰਗ ਨਾ ਕੋਇ ਵਖਾਇੰਦਾ । ਨਿਰਗੁਣ ਸਤਿ ਸਤਿ ਦਏ ਹੁਲਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਦਰ ਆਪੇ ਵੜ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਆਪੇ


੮੪੫ ੦੯

ਧਾਰ, ਆਪਣੀ ਕਰਨੀ ਆਪ ਕਮਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਨਿਰਗੁਣ ਨਿਰਗੁਣ ਲਏ ਉਪਜਾਈਆ । ਨਿਰਗੁਣ ਕਰੇ ਸਤਿ ਵਰਤਾਰ, ਨਿਰਗੁਣ ਸਾਂਤਕ ਸਹਿਜ ਸੁਖਦਾਈਆ । ਨਿਰਗੁਣ ਰਾਜ ਨਿਰਗੁਣ ਜੋਗ ਸੱਚਾ ਸਿਕਦਾਰ, ਨਿਰਗੁਣ ਸ਼ਾਹ ਸੱਚਾ ਪਾਤਸ਼ਾਹ ਨਿਰਗੁਣ ਦਰ ਦਰਵੇਸ਼ ਬਣੇ ਭਿਖਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪੇ ਰਿਹਾ ਚਲਾਈਆ । ਕਲ ਕਲਵੰਤਾ ਮਹਾਂਕਾਲ, ਭੇਵ ਅਭੇਦ ਛੁਪਾਇੰਦਾ । ਸਤਿ ਸਰੂਪ ਦੀਨ ਦਿਆਲ, ਦਇਆ ਨਿਧ ਆਪ ਅਖਵਾਇੰਦਾ । ਸ਼ਾਹੋ ਭੂਪ ਆਪਣਾ ਕਾਰਜ ਕਰੇ ਸਿਧ, ਸਾਚਾ ਮਾਰਗ ਆਪੇ ਲਾਇੰਦਾ । ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣੀ ਬਿਧ, ਆਪਣੀ ਧਾਰ ਆਪ ਬੰਧਾਇੰਦਾ । ਨਾ ਕੋਈ ਦਿਸੇ ਨਵ ਨਿਧ, ਅਠਾਰਾਂ ਸਿਧ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਚ ਪਸਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪਣੀ ਖੇਲ ਖਿਲਾਇੰਦਾ । ਕਰਤਾ ਪੁਰਖ ਸੱਚਾ ਸੁਲਤਾਨ, ਕਾਦਰ ਕਰੀਮ ਆਪ ਅਖਵਾਇੰਦਾ । ਸਚ ਦਵਾਰੇ ਸਚ ਨਿਸ਼ਾਨ, ਸਚਖੰਡ ਨਿਵਾਸੀ ਆਪ ਝੁਲਾਇੰਦਾ । ਸਾਚੇ ਤਖ਼ਤ ਸ੍ਰੀ ਭਗਵਾਨ, ਸਚ ਸਿੰਘਾਸਣ ਆਸਣ ਲਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨ, ਆਪਣੀ ਇਛਿਆ ਆਪ ਉਪਾਇੰਦਾ । ਸ਼ਬਦੀ ਸ਼ਬਦ ਦੇਵੇ ਮਾਣ, ਪੂਤ ਸਪੂਤਾ ਏਕਾ ਜਾਇੰਦਾ । ਆਪੇ ਗੋਪੀ ਆਪੇ ਕਾਹਨ, ਆਪੇ ਆਪਣੀ ਰਾਸ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਸਾਚੇ ਘਰ, ਦਰ ਦਰਵਾਜ਼ਾ ਦਰ ਦਰਬਾਰਾ ਇਕ ਸੁਹਾਇੰਦਾ । ਦਰ ਦਰਬਾਰਾ ਹਰਿ ਸੁਹਾਇਆ, ਸਚਖੰਡ ਵੱਜੀ ਵਧਾਈਆ । ਪੁਰਖ ਅਗੰਮੜੇ ਅਗੰਮੜਾ ਹੁਕਮ ਚਲਾਇਆ, ਲੇਖਾ ਲਿਖਣ ਵਿਚ ਨਾ ਆਈਆ । ਆਪਣਾ ਨਾਮਾ ਆਪਣਾ ਸ਼ਬਦ ਆਪੇ ਗਾਇਆ, ਆਪੇ ਕਰੇ ਸ਼ਨਵਾਈਆ । ਆਪਣਾ ਮਰਦੰਗ ਸਾਰੰਗ ਆਪ ਵਜਾਇਆ, ਦੂਸਰ ਹੱਥ ਨਾ ਕੋਇ ਵਡਿਆਈਆ । ਆਪਣਾ ਮਰਦੰਗ ਆਪ ਉਠਾਇਆ, ਆਪਣੀ ਸੇਵਾ ਆਪ ਕਮਾਈਆ । ਆਪਣਾ ਰੰਗ ਆਪ ਚੜ੍ਹਾਇਆ, ਉਤਰ ਕਦੇ ਨਾ ਜਾਈਆ । ਆਪਣਾ ਸੰਗ ਆਪ ਨਿਭਾਇਆ, ਸਗਲਾ ਸਾਥੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਨਰ ਨਰੇਸ਼ ਸਾਚੇ ਤਖ਼ਤ ਆਪ ਸੁਣਾਈਆ । ਸ਼ਬਦ ਸੰਦੇਸਾ ਸਚ ਵਰਤਾਰਾ, ਹਰਿ ਸਾਚੇ ਸਚ ਜਣਾਇਆ । ਪੂਤ ਸਪੂਤਾ ਕਰ ਉਜਿਆਰਾ, ਏਕਾ ਸ਼ਬਦ ਉਠਾਇਆ । ਨਿਰਗੁਣ ਨਿਰਗੁਣ ਖੇਲ ਅਪਾਰਾ, ਨਿਰਗੁਣ ਨਿਰਗੁਣ ਲਏ ਕਰਾਇਆ । ਨਿਰਗੁਣ ਹੁਕਮ ਨਿਰਗੁਣ ਵਰਤਾਰਾ, ਨਿਰਗੁਣ ਹੁਕਮੀ ਹੁਕਮ ਸੁਣਾਇਆ । ਨਿਰਗੁਣ ਘਰ ਨਿਰਗੁਣ ਮੰਦਰ ਨਿਰਗੁਣ ਦਵਾਰਾ, ਨਿਰਗੁਣ ਦਰ ਦਰ ਅਲਖ ਜਗਾਇਆ । ਨਿਰਗੁਣ ਵਣਜ ਨਿਰਗੁਣ ਵਪਾਰਾ, ਨਿਰਗੁਣ ਝੋਲੀ ਆਪ ਭਰਾਇਆ । ਨਿਰਗੁਣ ਸ਼ਾਹ ਸਿਕਦਾਰਾ, ਨਿਰਗੁਣ ਆਪਣੀ ਝੋਲੀ ਅੱਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇਆ । ਧੁਰ ਫ਼ਰਮਾਣਾ ਹਰਿ ਸਮਝਾਇੰਦਾ, ਸ਼ਬਦ ਸੁੱਤ ਕਰ ਤਿਆਰ । ਆਪਣਾ ਖੇਲ ਆਪ ਖਿਲਾਇੰਦਾ, ਖੇਲਣਹਾਰ ਆਪ ਨਿਰੰਕਾਰ । ਰੂਪ ਰੰਗ ਨਾ ਕੋਇ ਵਖਾਇੰਦਾ, ਰੰਗ ਰਤੜਾ ਸਾਚਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਕਰੇ ਵਰਤਾਰ । ਹਰਿ ਹੁਕਮ ਵਰਤਾਇਆ, ਸ਼ਬਦੀ ਸ਼ਬਦ ਜਣਾਈਆ । ਸਾਚਾ ਭਾਣਾ ਆਪ ਸੁਣਾਇਆ, ਹਰਿ ਭਾਣੇ ਰਿਹਾ ਸਮਾਈਆ । ਰਾਜਾ ਰਾਣਾ ਆਪ ਅਖਵਾਇਆ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅਦਲ

ਅਦਾਲਤ ਇਕ ਵਖਾਇਆ, ਸਾਖਿਆਤ ਨੂਰ ਰੁਸ਼ਨਾਈਆ । ਆਪਣਾ ਲੇਖਾ ਆਪੇ ਰਿਹਾ ਪੜ੍ਹਾਇਆ, ਆਪ ਆਪਣੀ ਦਇਆ ਕਮਾਈਆ । ਆਪਣੀ ਵੰਡਣ ਰਿਹਾ ਵੰਡਾਇਆ, ਵੰਡ ਵੰਡ ਵੇਖੇ ਥਾਉਂ ਥਾਈਂਆ । ਏਕਾ ਸ਼ਬਦ ਸੇਵਾ ਲਾਇਆ, ਸਤਿਗੁਰ ਸਾਚਾ ਸੇਵ ਕਮਾਈਆ । ਸਚਖੰਡ ਦਵਾਰਾ ਵੇਖ ਵਖਾਇਆ, ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੁਲਾਰਾ ਇਕ ਉਠਾਈਆ । ਸ਼ਬਦ ਦੁਲਾਰਾ ਜਾਗਿਆ, ਕਿਰਪਾ ਕਰੀ ਆਪ ਕਰਤਾਰ । ਸਰਨ ਸਰਨਾਈ ਸਾਚੀ ਲਾਗਿਆ, ਨਿਉਂ ਨਿਉਂ ਕਰੇ ਨਿਮਸਕਾਰ । ਧੰਨ ਧੰਨ ਸੁਭਾਗ ਮੇਰੇ ਵਡਭਾਗਿਆ, ਪ੍ਰਭ ਪਾਇਆ ਏਕਾ ਵਾਰ । ਆਦਿ ਜੁਗਾਦਿ ਮੰਨਾਂ ਤੇਰੀ ਆਗਿਆ, ਤੇਰਾ ਹੁਕਮ ਮੇਰਾ ਸਿਕਦਾਰ । ਤੇਰੇ ਹੁਕਮੇ ਅੰਦਰ ਫਿਰਾਂ ਭਾਗਿਆ, ਕਰਾਂ ਕਰਾਵਾਂ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਵਸਤ ਇਕ ਅਪਾਰ । ਸ਼ਬਦ ਸੁੱਤ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਸਤਿਗੁਰ ਦਾਤੇ ਚਾੜ੍ਹ ਰੰਗ, ਸਤਿ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਏਕਾ ਵਾਰ ਮੇਰਾ ਕੱਜਣਾ ਨੰਗ, ਪੜਦਾ ਉਤਰ ਕਦੇ ਨਾ ਜਾਈਆ । ਤੇਰਾ ਨਾਉਂ ਮੇਰਾ ਮਰਦੰਗ, ਵੱਜਦਾ ਰਹੇ ਸਭਨੀ ਥਾਈਂਆ । ਤੂੰ ਦਾਤਾ ਸੂਰਾ ਸਰਬੰਗ, ਹਉਂ ਸੇਵਕ ਸੇਵ ਕਮਾਈਆ । ਤੇਰੀ ਗੋਦ ਮੇਰਾ ਅੰਗ, ਅੰਗੀਕਾਰ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਦੁਲਾਰਾ ਢਹਿ ਢਹਿ ਪਏ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦਇਆ ਕਮਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਆਪਣੇ ਅੰਗ ਲਗਾਇੰਦਾ । ਪਿਤਾ ਪੂਤ ਇਕ ਪਿਆਰ, ਸਾਚਾ ਨਾਤਾ ਜੋੜ ਜੁੜਾਇੰਦਾ । ਸਾਚੇ ਦੂਤ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਵਖਾਇੰਦਾ । ਤੇਰਾ ਹੁਕਮ ਵਰਤੇ ਕੂਟ ਚਾਰ, ਦਹਿ ਦਿਸ਼ਾ ਤੇਰੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਆਪ ਸਮਝਾਇੰਦਾ । ਹਰਿ ਸ਼ਬਦੀ ਸ਼ਬਦ ਸਮਝਾਇਆ, ਆਪ ਆਪਣਾ ਪੜਦਾ ਲਾਹ । ਏਕਾ ਮਾਰਗ ਸਚ ਵਖਾਇਆ, ਪੁਰਖ ਅਬਿਨਾਸ਼ੀ ਬਣੇ ਮਲਾਹ । ਤੇਰੀ ਸੇਵਾ ਇਕ ਵਖਾਇਆ, ਨਿਰਗੁਣ ਆਪਣਾ ਭੇਵ ਦਏ ਖੁਲ੍ਹਾ । ਤੇਰੀ ਰਚਨਾ ਆਪ ਰਚਾਇਆ, ਰਚ ਰਚ ਵੇਖੇ ਸਰਬ ਰਜ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਿਤਾ ਸੁਣਾ । ਸ਼ਬਦ ਸੁਣਾਇਆ ਹਰਿ ਨਿਰੰਕਾਰ, ਸੁੱਤ ਦੁਲਾਰਾ ਮਾਣ ਰਖਾਈਆ । ਏਕੰਕਾਰਾ ਕਰੇ ਪਿਆਰ, ਨਿਰਾਕਾਰ ਸਹਿਜ ਸੁਖਦਾਈਆ । ਜੋਤੀ ਦੇਵੇ ਸਾਚੀ ਧਾਰ, ਜੋਤ ਸ਼ਬਦ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਅਗੰਮ ਅਪਾਰ, ਅਗੰਮੜੀ ਕਾਰ ਆਪ ਕਮਾਈਆ । ਵਰਤੇ ਵਰਤਾਵੇ ਆਪਣਾ ਵਰਤਾਰ, ਵਰਤੰਤ ਭਗਵੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਹਰਿ ਖੁਲ੍ਹਾਇਆ ਆਪਣਾ ਭੇਵ, ਆਪਣਾ ਪੜਦਾ ਆਪੇ ਲਾਹਿੰਦਾ । ਪੁਰਖ ਅਬਿਨਾਸ਼ੀ ਅਲੱਖ ਅਭੇਵ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਸਾਚੇ ਸ਼ਬਦ ਤੇਰੀ ਸਾਚੀ ਸੇਵ, ਸਾਚਾ ਕਰਮੀ ਕਰਮ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸ਼ ਅਲਾਇਆ, ਕਰ ਕਿਰਪਾ ਆਪ ਨਿਰੰਕਾਰ । ਆਪ ਆਪਣਾ ਹੁਕਮ ਜਣਾਇਆ, ਆਪੇ ਖੋਲ੍ਹਿਆ ਬੰਦ ਕਿਵਾੜ । ਆਪਣੀ ਰਚਨਾ ਆਪ ਵਖਾਇਆ, ਨਿਰਗੁਣ ਨਿਰਗੁਣ ਕਰ ਪਸਾਰ । ਸੁੱਤ ਦੁਲਾਰਾ ਆਪ ਉਠਾਇਆ, ਸਿਰ ਰੱਖ ਹੱਥ ਸਮਰਥ ਕਰਤਾਰ । ਮਹਿਮਾ

ਅਕਥ ਆਪ ਜਣਾਇਆ, ਏਕਾ ਲਿਵ ਇਕ ਗੁਫ਼ਤਾਰ । ਤਾਰ ਸਤਾਰ ਨਾ ਕੋਇ ਹਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਭੇਵ ਜਣਾਇਆ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਦਇਆ ਕਮਾਇੰਦਾ । ਸ਼ਬਦ ਦੁਲਾਰੇ ਤੇਰਾ ਖੇਲ ਤਮਾਸ਼, ਤੇਰੀ ਮੰਡਲ ਰਾਸ ਰਚਾਇੰਦਾ । ਤੇਰਾ ਗਗਨ ਹੋਏ ਪਰਕਾਸ਼, ਲੋਆਂ ਪੁਰੀਆਂ ਤੇਰਾ ਰੂਪ ਧਰਾਇੰਦਾ । ਬ੍ਰਹਿਮੰਡ ਖੰਡ ਹੋਏ ਤੇਰਾ ਨਿਵਾਸ, ਤੇਰੀ ਡੋਰੀ ਬੰਧਨ ਪਾਇੰਦਾ । ਤੇਰਾ ਰੰਗ ਪ੍ਰਿਥਮੀ ਆਕਾਸ਼, ਰੰਗ ਰੰਗੀਲਾ ਆਪ ਚੜ੍ਹਾਇੰਦਾ । ਤੇਰਾ ਨੇਤਰ ਰਵ ਸਸ ਕਰੇ ਪਰਕਾਸ਼, ਨਿਜ ਨੇਤਰ ਸੇਵਾ ਆਪ ਕਰਾਇੰਦਾ । ਇਕ ਕਿਰਨ ਹੋਏ ਦਾਸੀ ਦਾਸ, ਇਕ ਇਕ ਇਕ ਨਾਲ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਝੋਲੀ ਪਾਇੰਦਾ । ਸ਼ਬਦ ਸੁੱਤ ਵਰ ਹਰਿ ਸਾਚਾ ਪਾਇਆ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਗਗਨ ਮੰਡਲ ਰਚਨ ਰਚਾਇਆ, ਰਵ ਸਸ ਤਾਰ ਸਤਾਰ ਆਪ ਲਟਕਾਇੰਦਾ । ਬਹਿਮੰਡ ਖੰਡ ਰੂਪ ਵਟਾਇਆ, ਆਪ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਆਪ ਲਗਾਇੰਦਾ । ਸੇਵ ਲਗਾਇਆ ਸੇਵਾਦਾਰ, ਸੇਵਕ ਸੇਵਾ ਸੇਵ ਕਮਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਸਾਚੇ ਸ਼ਬਦ ਬਖ਼ਸ਼ੀ ਇਕ ਸਰਨਾਈਆ । ਤੇਰਾ ਮਹੱਲ ਅਟੱਲ ਮੁਨਾਰ, ਉਚ ਦਵਾਰ ਹਰਿ ਵੇਖ ਵਖਾਈਆ । ਆਦਿ ਆਦਿ ਬੰਨ੍ਹ ਆਪੇ ਧਾਰ, ਆਦਿ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣਾ ਮੇਲਾ ਮੇਲ ਮਿਲਾਈਆ । ਮੇਲ ਮਿਲਾਵਾ ਹਰਿ ਹਰਿ ਕੰਤ, ਕੰਤ ਕੰਤੂਹਲ ਆਪ ਹੰਢਾਈਆ । ਆਪੇ ਆਦਿ ਆਪੇ ਅੰਤ, ਆਪੇ ਮਧ ਰਿਹਾ ਸਮਾਇਆ । ਆਪੇ ਜਾਣੇ ਆਪਣੀ ਬਣਤ, ਆਪ ਆਪਣੀ ਰਚਨ ਰਚਾਈਆ । ਆਪੇ ਨਾਮ ਆਪੇ ਮੰਤ, ਆਪ ਆਪਣਾ ਰਿਹਾ ਦ੍ਰਿੜਾਈਆ । ਆਪੇ ਪੂਰਨ ਜੋਤ ਸ੍ਰੀ ਭਗਵੰਤ, ਪਾਰਬ੍ਰਹਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਾਹਿਬ ਸ਼ਬਦ ਸੁਲਤਾਨ ਏਕਾ ਏਕ ਵਖਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਰਚਨ ਰਚਾਇਆ, ਹਰਿ ਸ਼ਬਦੀ ਖੇਲ ਖਿਲਾਇੰਦਾ । ਆਪਣਾ ਅੰਗ ਸੂਰਾ ਸਰਬੰਗ ਭੰਗ ਕਰਾਇਆ, ਆਪਣੀ ਵੰਡਣ ਆਪਣੇ ਹੱਥ ਰਖਾਇੰਦਾ । ਆਪਣਾ ਅਨੰਦ ਆਪਣੇ ਵਿਚ ਟਿਕਾਇਆ, ਦੂਸਰ ਰਸ ਨਾ ਕੋਇ ਸੁਹਾਇੰਦਾ । ਆਪਣਾ ਬੰਦ ਆਪ ਖੁਲ੍ਹਾਇਆ, ਆਪ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸ਼ਬਦ ਖੇਲ ਪਸਾਰ, ਆਪੇ ਸ਼ਬਦ ਵਰਤੇ ਵਰਤਾਰ, ਗੁਪਤ ਜ਼ਾਹਰ ਆਪ ਹੋ ਆਇੰਦਾ । ਗੁਪਤ ਜ਼ਾਹਰ ਹਰਿ ਖੇਲ ਅਪਾਰਾ, ਸਾਚੇ ਸ਼ਬਦ ਦਏ ਵਡਿਆਈਆ । ਨਿਰਗੁਣ ਅੰਦਰ ਨਿਰਗੁਣ ਧਾਰਾ, ਨਿਰਗੁਣ ਨਿਰਗੁਣ ਦਏ ਟਿਕਾਈਆ । ਨਿਰਗੁਣ ਬੀਜ ਨਿਰਗੁਣ ਫਲ ਕਿਆਰਾ, ਨਿਰਗੁਣ ਪਤ ਡਾਲ੍ਹੀ ਆਪ ਮਹਿਕਾਈਆ । ਨਿਰਗੁਣ ਭਵਰਾ ਗੂੰਜੇ ਅਪਰ ਅਪਾਰਾ, ਨਿਰਗੁਣ ਰਸ ਰਸੀਆ ਸਾਚਾ ਮਾਹੀਆ । ਨਿਰਗੁਣ ਭੋਗੀ ਨਿਰਗੁਣ ਵਿਯੋਗੀ ਨਿਰਗੁਣ ਸੰਜੋਗੀ ਕਰੇ ਖੇਲ ਆਪ ਕਰਤਾਰਾ, ਆਪਣੀ ਕਰਨੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੇ ਵਿਚ ਸਮਾਈਆ । ਆਪਣੀ ਇਛਿਆ ਆਪਣੇ ਅੰਦਰ ਧਰ, ਆਪਣਾ ਬੀਜ ਆਪ ਬਿਜਾਇੰਦਾ । ਨਾ ਕੋਈ ਪੁਰਖ ਨਾਰੀ ਨਰ, ਨਰ ਨਰਾਇਣ ਆਪਣਾ ਮੇਲ ਆਪ ਮਿਲਾਇੰਦਾ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਅਧਵਿਚਕਾਰ

ਨਾ ਕੋਇ ਸੁਹਾਇੰਦਾ । ਆਪਣੇ ਅੰਦਰ ਆਪੇ ਵੜ, ਆਪਣਾ ਬੂਟਾ ਆਪੇ ਲਾਇੰਦਾ । ਆਪੇ ਵੇਖੇ ਅੱਗੇ ਖੜ, ਆਪ ਆਪਣਾ ਰੂਪ ਵਟਾਇੰਦਾ । ਆਪਣਾ ਘਾੜਨ ਆਪੇ ਘੜ, ਘੜਨ ਭੰਨਣਹਾਰ ਆਪਣੀ ਖੇਲ ਖਿਲਾਇੰਦਾ । ਆਪਣਾ ਲੜ ਆਪੇ ਫੜ, ਆਪਣਾ ਪੱਲੂ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸੁਹਾਵਣਾ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਪੁਰਖ ਅਬਿਨਾਸ਼ੀ ਵੇਸ ਵਟਾਵਣਾ, ਸ਼ਬਦੀ ਸ਼ਬਦ ਦਏ ਸਲਾਹੀਆ । ਆਪਣਾ ਨਾਉਂ ਆਪ ਪਰਗਟਾਵਣਾ, ਪਰਮ ਪੁਰਖ ਬੇਪਰਵਾਹੀਆ । ਆਪਣੀ ਕਲ ਆਪ ਵਰਤਾਵਣਾ, ਅਕਲ ਕਲ ਆਪ ਧਰਾਈਆ । ਆਪਣੀ ਅੰਸ ਆਪ ਉਪਜਾਵਣਾ, ਆਪਣਾ ਬੰਸ ਆਪ ਅਖਵਾਈਆ । ਵਿਸ਼ਵ ਆਪਣਾ ਨਾਉਂ ਧਰਾਵਣਾ, ਵਿਸ਼ਨੂੰ ਖੇਲ ਕਰੇ ਸ਼ਹਿਨਸ਼ਾਹੀਆ । ਸ਼ਬਦੀ ਮੇਲਾ ਮੇਲ ਮਿਲਾਵਣਾ, ਵਿਛੜ ਕਦੇ ਨਾ ਜਾਈਆ । ਸਾਚਾ ਮੰਦਰ ਆਪ ਸੁਹਾਵਣਾ, ਦੀਵਾ ਬਾਤੀ ਕਰ ਰੁਸ਼ਨਾਈਆ । ਆਪ ਆਪਣਾ ਵੇਖ ਵਖਾਵਣਾ, ਨੇਤਰ ਨੈਣ ਆਪ ਖੁਲ੍ਹਾਈਆ । ਆਪਣਾ ਰਾਗ ਆਪੇ ਗਾਵਣਾ, ਗਾਵਣਹਾਰਾ ਦਿਸ ਨਾ ਆਈਆ । ਵਿਸ਼ਨੂੰ ਆਪਣਾ ਮੇਲ ਮਿਲਾਵਣਾ, ਵਾਸਤਕ ਰੂਪ ਆਪ ਸਮਾਈਆ । ਮਾਤ ਪਿਤ ਨਾ ਕੋਇ ਬਣਾਵਣਾ, ਰਕਤ ਬੂੰਦ ਨਾ ਕੋਇ ਵਖਾਈਆ । ਦਸ ਦਸ ਮਾਸ ਨਾ ਗਰਭ ਤਪਾਵਣਾ, ਹਵਨ ਕੁੰਡ ਨਾ ਅਗਨ ਜਲਾਈਆ । ਆਪਣੀ ਇਛਿਆ ਆਪ ਪਰਗਟਾਵਣਾ, ਆਪੇ ਬਣੇ ਪਿਤਾ ਮਾਈਆ । ਸੁਰਤ ਸੀਰ ਇਕ ਪਿਆਵਣਾ, ਚਰਨ ਚਰਨੋਦਕ ਮੁਖ ਚੁਆਈਆ । ਸਾਚੀ ਧਾਰ ਵਿਚ ਟਿਕਾਵਣਾ, ਕਵਲ ਕਵਲ ਰੂਪ ਵਟਾਈਆ । ਕਵਲ ਆਪਣੀ ਨਾਭ ਸੁਹਾਵਣਾ, ਨਾਭੀ ਰੂਪ ਬੇਪਰਵਾਹੀਆ । ਬੇਆਬੀ ਖੇਲ ਖਲਾਵਣਾ, ਆਬ ਹਯਾਤ ਲਏ ਪਰਗਟਾਈਆ । ਬੇਆਫ਼ਤਾਬੀ ਆਫ਼ਤਾਬ ਚਮਕਾਵਣਾ, ਕਰ ਕਿਰਪਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਈਆ । ਵਿਸ਼ਨ ਹਰਿ ਉਪਜਾਇਆ, ਕਰ ਕਿਰਪਾ ਮਿਹਰਵਾਨ । ਆਪਣੀ ਬੂਝ ਆਪ ਬੁਝਾਇਆ, ਆਪੇ ਦੇਵਣਹਾਰਾ ਦਾਨ । ਆਪਣਾ ਭੇਵ ਆਪ ਖੁਲ੍ਹਾਇਆ, ਪਰਗਟ ਹੋ ਸ੍ਰੀ ਭਗਵਾਨ । ਆਪਣਾ ਸੰਜੋਗ ਆਪ ਜਣਾਇਆ, ਆਦਿ ਜੁਗਾਦੀ ਖੇਲ ਮਹਾਨ । ਆਪਣਾ ਭੋਗ ਆਪ ਭੋਗਾਇਆ, ਭਸਮੜ ਹੋਏ ਨਾ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇਆ । ਸੋ ਪੁਰਖ ਨਿਰੰਜਣ ਰੂਪ ਵਟਾਏ, ਹੰ ਵਿਸ਼ਨੂੰ ਰੂਪ ਸਮਾਈਆ । ਓਅੰਕਾਰਾ ਏਕੰਕਾਰਾ ਨਿਰਾਕਾਰ ਖੇਲ ਖਲਾਏ, ਸਾਕਾਰ ਨਾ ਕੋਇ ਵਡਿਆਈਆ । ਪੁਰਖ ਅਕਾਲ ਆਪਣੀ ਮੂਰਤ ਆਪ ਪਰਗਟਾਏ, ਅਨਭਵ ਪਰਕਾਸ਼ ਟਿਕਾਈਆ । ਨੇਹਚਲ ਧਾਮ ਇਕ ਵਖਾਏ, ਅਸਥਲ ਬੈਠਾ ਸਾਚਾ ਮਾਹੀਆ । ਅੰਮ੍ਰਿਤ ਜਾਮ ਇਕ ਪਿਆਏ, ਅਮਰ ਅਮਰ ਅਮਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਵੰਸ ਆਪ ਸੁਹਾਈਆ । ਵਿਸ਼ਨੂੰ ਉਠਿਆ ਜਾਗਿਆ, ਨੇਤਰ ਨੈਣ ਖੁਲ੍ਹਾਇਆ । ਅੰਤਰ ਉਪਜਿਆ ਇਕ ਵੈਰਾਗਿਆ, ਪੁਰਖ ਅਬਿਨਾਸ਼ੀ ਭੇਵ ਨਾ ਪਾਇਆ । ਕਵਣ ਕੰਤ ਕਵਣ ਨਾਰੀ ਮਿਲੇ ਸਚ ਸੁਹਾਗਿਆ, ਨਾ ਮਰੇ ਨਾ ਜਾਇਆ । ਕਵਣ ਸੇਵਕ ਰਹੇ ਸਦਾ ਵਿਚ ਆਗਿਆ, ਧੁਰ ਫ਼ਰਮਾਣਾ ਸੀਸ ਉਠਾਇਆ । ਕਵਣ ਭਿਖਾਰੀ ਫਿਰੇ ਭਾਗਿਆ, ਦਰ ਦਰ ਘਰ ਘਰ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗੇ ਸਾਚਾ ਵਰ, ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਇਆ । ਵਿਸ਼ਨੂੰ ਸੀਸ ਝੁਕਾਇੰਦਾ, ਪ੍ਰਭ ਚਰਨ ਕਵਲ ਧਿਆਨ । ਨੇਤਰ ਰੋ ਰੋ

ਨੀਰ ਵਹਾਇੰਦਾ, ਖ਼ਾਲੀ ਝੋਲੀ ਮੰਗੇ ਦਾਨ । ਆਪਣਾ ਗੁਣ ਨਾ ਕੋਇ ਵਖਾਇੰਦਾ, ਨੇਤਰ ਨੈਣ ਸਰਬ ਸ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗੇ ਸਾਚਾ ਵਰ, ਆਦਿ ਜੁਗਾਦੀ ਤੇਰੀ ਆਣ । ਵਿਸ਼ਨੂੰ ਮੰਗਿਆ ਘਰ ਅਪਾਰਾ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਮੇਰਾ ਨਾਮ ਤੇਰਾ ਜੈਕਾਰਾ, ਵਿਸ਼ਨੂੰ ਤੇਰੀ ਚੋਲੀ ਆਪ ਹੰਢਾਇੰਦਾ । ਮੇਰਾ ਸ਼ਬਦ ਤੇਰਾ ਆਧਾਰਾ, ਤੇਰਾ ਆਧਾਰ ਮੋਹੇ ਰਖਾਇੰਦਾ । ਮੇਰਾ ਭੰਡਾਰ ਤੇਰਾ ਵਰਤਾਰਾ, ਤੇਰੀ ਵਸਤ ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਪੜਦਾ ਆਪੇ ਲਾਹਿੰਦਾ । ਪੁਰਖ ਅਬਿਨਾਸ਼ੀ ਪੜਦਾ ਲਾਹ, ਵਿਸ਼ਨ ਆਪ ਸਮਝਾਈਆ । ਵਿਸ਼ਨੂੰ ਤੇਰਾ ਬਣਾਂ ਮਲਾਹ, ਮੇਰੇ ਹੱਥ ਤੇਰੀ ਵਡਿਆਈਆ । ਤੇਰੇ ਅੰਦਰ ਆਪਣੀ ਵਸਤ ਟਿਕਾ, ਆਪਣੀ ਵੰਡਣ ਲਵਾਂ ਵੰਡਾਈਆ । ਕਵਲ ਨੈਣ ਕਵਲ ਆਪ ਉਗਾ, ਕਵਲ ਕਵਲ ਵਿਚ ਸਮਾਈਆ । ਕਵਲ ਬਣਿਆ ਆਪ ਸ਼ਹਿਨਸ਼ਾਹ, ਪੱਤ ਡਾਲ੍ਹੀ ਨਾ ਕੋਇ ਵਖਾਈਆ । ਆਪਣਾ ਮੁਖ ਆਪ ਖੁਲ੍ਹਾ, ਆਪੇ ਵੇਖਣਹਾਰਾ ਵੇਖੇ ਆਪਣੀ ਥਾਈਆ । ਆਪਣੀ ਅੰਸ ਆਪ ਬਣਾ, ਬ੍ਰਹਮ ਬ੍ਰਹਮ ਬ੍ਰਹਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਏਕਾ ਰਾਹ ਦਸਾਈਆ । ਸਾਚਾ ਮਾਰਗ ਹਰਿ ਦਰਸਾਇਆ, ਵਿਸ਼ਵ ਵਿਸ਼ਨੂੰ ਕਰ ਪਿਆਰ । ਏਕਾ ਆਪਣਾ ਭੇਵ ਖੁਲ੍ਹਾਇਆ, ਆਪ ਆਪਣੀ ਕਿਰਪਾ ਧਾਰ । ਤੇਰੀ ਸਾਚੀ ਸੇਵ ਲਗਾਇਆ, ਸੇਵਕ ਕਰ ਅਪਰ ਅਪਾਰ । ਤੇਰਾ ਲੇਖਾ ਆਪਣੇ ਹੱਥ ਰਖਾਇਆ, ਦੂਸਰ ਕੋਇ ਨਾ ਲਿਖਣੇਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸੱਚੀ ਸਰਕਾਰ । ਵਿਸ਼ਨੂੰ ਦਰ ਦਰਬਾਰ ਖੜ, ਆਪਣੀ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਪਕੜੌਣਾ ਲੜ, ਛੁੱਟ ਕਦੇ ਨਾ ਜਾਈਆ । ਆਦਿ ਜੁਗਾਦਿ ਚੁਕੌਣਾ ਡਰ, ਨਿਰਭੌ ਆਪਣਾ ਭੈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ, ਸ਼ਾਹ ਸੁਲਤਾਨ ਆਪ ਅਖਵਾਈਆ । ਵਰ ਦੀਆ ਜੀਆ ਹਰਿ ਭਗਵਾਨਾ, ਦਇਆਨਿਧ ਦਇਆ ਕਮਾਈਆ । ਅੰਮ੍ਰਿਤ ਪੀਆ ਕਰ ਕਰ ਹੀਆ ਹੋਇਆ ਨੌਜਵਾਨਾ, ਬਲ ਆਪਣਾ ਆਪ ਵਖਾਈਆ । ਬੀਜ ਬੀਆ ਮਿਲਿਆ ਪੀਆ ਸ੍ਰੀ ਭਗਵਾਨਾ, ਸਿਰ ਸਿਰ ਆਪਣਾ ਰਿਜ਼ਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਚੜ੍ਹਾਈਆ । ਵਿਸ਼ਨੂੰ ਚੜ੍ਹਿਆ ਰੰਗ ਚਲੂਲ, ਸਚ ਲਲਾਰੀ ਆਪ ਚੜ੍ਹਾਇੰਦਾ । ਆਦਿ ਜੁਗਾਦਿ ਨਾ ਜਾਏ ਭੂਲ, ਅਭੁੱਲ ਆਪਣੀ ਖੇਲ ਖਿਲਾਇੰਦਾ । ਆਪ ਚੁਕਾਏ ਆਪਣਾ ਮੂਲ, ਲਹਿਣਾ ਹੋਰ ਨਾ ਕੋਇ ਜਣਾਇੰਦਾ । ਸਾਹਿਬ ਸੱਚਾ ਕੰਤ ਕੰਤੂਹਲ ਘਰ ਸਾਚਾ ਆਪ ਸੁਹਾਇੰਦਾ । ਆਪੇ ਨਾਭੀ ਆਪੇ ਫੂਲ, ਆਪੇ ਬ੍ਰਹਮ ਰੂਪ ਪਰਗਟਾਇੰਦਾ । ਆਪੇ ਲਾਏ ਆਪਣੀ ਧੂਲ, ਆਪੇ ਮਸਤਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਖਾਇੰਦਾ । ਸਾਚੀ ਵਸਤ ਹਰਿ ਨਰਾਇਣ, ਆਪਣੀ ਆਪ ਬੁਝਾਈਆ । ਵਿਸ਼ਨੂੰ ਵੇਖੇ ਆਪਣੇ ਨੈਣ, ਕਵਲ ਨੈਣ ਨੈਣ ਖੁਲ੍ਹਾਈਆ । ਪੀਆ ਪ੍ਰੀਤਮ ਸਾਕ ਸੈਣ, ਸੱਜਣ ਸੱਚਾ ਇਕ ਅਖਵਾਈਆ । ਮੰਗੇ ਦਰ ਸਾਚਾ ਘਰ ਨੇਤਰ ਪਾਵੇ ਵੈਣ, ਨੇਤਰ ਨੈਣਾਂ ਧਾਰ ਬੰਧਾਈਆ । ਆਪ ਚੁਕੌਣਾ ਮੇਰਾ ਲਹਿਣ ਦੇਣ, ਜੁਗ ਜੁਗ ਤੇਰੀ ਸੇਵ ਕਮਾਈਆ । ਹਉਂ ਮੰਨਾਂ ਸਦਾ ਤੇਰਾ ਕਹਿਣ, ਤੇਰਾ ਹੁਕਮ ਮੇਰੀ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਅੰਤਮ ਵਰ, ਕਵਣ

ਖੇਲ ਰਿਹਾ ਖਲਾਈਆ । ਹਰਿ ਆਪਣੀ ਖੇਲ ਜਣਾਇੰਦਾ, ਵਿਸ਼ਨੂੰ ਖੋਲ੍ਹ ਕਿਵਾੜ । ਬ੍ਰਹਮਾ ਤੇਰੀ ਧਾਰ ਬੰਧਾਇੰਦਾ, ਤੇਰੇ ਅੰਦਰ ਵਾੜ । ਵਿਸ਼ਨੂੰ ਆਪਣਾ ਅੰਗ ਰੰਗਾਇੰਦਾ, ਸ਼ੰਕਰ ਕਰੇ ਆਪ ਪਿਆਰ । ਧੁੰਆਂਧਾਰ ਆਪ ਸਮਾਇੰਦਾ, ਸੁੰਨ ਅਗੰਮੀ ਆਪ ਉਜਿਆਰ । ਤਖ਼ਤ ਤਾਜ ਆਪ ਸੁਹਾਇੰਦਾ, ਆਪੇ ਬਣੇ ਸੱਚਾ ਸਿਕਦਾਰ । ਹੱਥ ਤ੍ਰਿਸੂਲ ਆਪ ਉਠਾਇੰਦਾ, ਕਰਨੀ ਕਰੇ ਆਪ ਵਿਚਾਰ । ਤਿੰਨਾਂ ਮੇਲਾ ਮੇਲ ਮਿਲਾਇੰਦਾ, ਦਰ ਵਖਾਏ ਚਰਨ ਦਵਾਰ । ਮਸਤਕ ਟਿੱਕਾ ਏਕਾ ਲਾਇੰਦਾ, ਧੂੜੀ ਧੂੜ ਕਰੇ ਸ਼ੰਗਾਰ । ਸਾਚਾ ਸਿੱਕਾ ਆਪ ਚਲਾਇੰਦਾ, ਭਾਣਾ ਵਰਤੇ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਸਾਚਾ ਵਰ, ਬ੍ਰਹਮਾ ਫੜੇ ਏਕਾ ਲੜ, ਸ਼ੰਕਰ ਪੌੜੇ ਜਾਏ ਚੜ੍ਹ ਆਪਣਾ ਪੌੜਾ ਆਪ ਵਖਾਇੰਦਾ । ਸਾਚਾ ਪੌੜਾ, ਹਰਿ ਬਲਵਾਨ, ਆਪਣੇ ਹੱਥ ਰਖਾਈਆ । ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਇ ਵਡਿਆਈਆ । ਖੇਲੇ ਖੇਲ ਦੋ ਜਹਾਨ, ਤ੍ਰਿਲੋਕੀ ਰਚਨ ਨਾ ਕੋਇ ਰਚਾਈਆ । ਚੌਦਾਂ ਲੋਕ ਨਾ ਕੋਇ ਮਕਾਨ, ਹੱਟੋ ਹੱਟ ਨਾ ਕੋਇ ਵਿਕਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਆਪਣੀ ਦਇਆ ਆਪ ਕਮਾਈਆ । ਵਿਸ਼ਨ ਵਖਾਇਆ ਇਕ ਨਿਸ਼ਾਨ, ਸਚ ਦਵਾਰੇ ਰਿਹਾ ਝੁਲਾਈਆ । ਬ੍ਰਹਮਾ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਉਠਾਈਆ । ਸ਼ੰਕਰ ਮੰਗੇ ਮੰਗਣਹਾਰਾ ਦਾਨ, ਦਰ ਆਪਣੀ ਅਲਫ਼ੀ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਦੇਵੇ ਏਕਾ ਵਰ, ਏਕਾ ਰੂਪ ਰਿਹਾ ਦਰਸਾਈਆ । ਤ੍ਰੈ ਸਮਝਾਏ ਆਪ ਪ੍ਰਭ, ਤ੍ਰੈ ਤ੍ਰੈ ਆਪਣਾ ਰੂਪ ਵਟਾਇੰਦਾ । ਆਪਣਾ ਰੂਪ ਆਪੇ ਲੱਭ, ਆਪੇ ਵੇਖ ਵਖਾਇੰਦਾ । ਆਪਣਾ ਅੰਮ੍ਰਿਤ ਆਪਣੀ ਨਭ, ਆਪਣੇ ਕਵਲ ਚੁਆਇੰਦਾ । ਆਪਣਾ ਰਸ ਆਪਣੀ ਮਦਿ, ਆਪਣਾ ਸਰਵਰ ਆਪ ਰਖਾਇੰਦਾ । ਆਪੇ ਕਰੇ ਆਪਣੀ ਪਾਰ ਹੱਦ, ਆਪ ਆਪਣਾ ਵੇਸ ਵਟਾਇੰਦਾ । ਆਪ ਉਪਜਾਏ ਆਪਣੀ ਯੱਦ, ਯੱਦ ਆਪਣੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਘਾੜਨ ਘੜ, ਆਪਣੇ ਲੜ ਆਪ ਬੰਧਾਇੰਦਾ । ਘਾੜਨ ਘੜਿਆ ਹਰਿ ਅਪਾਰਾ, ਬ੍ਰਹਮਾ ਵਿਸ਼ਨ ਸ਼ਿਵ ਉਪਜਾਈਆ । ਅੰਦਰ ਰੱਖ ਨਿਰਗੁਣ ਧਾਰਾ, ਆਪਣੀ ਬੂਝ ਬੁਝਾਈਆ । ਸ਼ਬਦੀ ਹੁਕਮ ਵਰਤੇ ਵਰਤਾਰਾ, ਹੁਕਮ ਹਾਕਮ ਇਕ ਸੁਣਾਈਆ । ਮਾਰਗ ਪੰਥ ਵਖਾਏ ਆਪ ਨਿਰੰਕਾਰਾ, ਆਪਣੇ ਮਾਰਗ ਆਪੇ ਲਾਈਆ । ਵਿਸ਼ਨੂੰ ਹੋਏ ਸੇਵਾਦਾਰਾ, ਘਰ ਘਰ ਸਾਚੀ ਸੇਵ ਕਮਾਈਆ । ਬ੍ਰਹਮਾ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਸ਼ੰਕਰ ਤੇਰੀ ਸਾਚੀ ਧਾਰਾ, ਹਰਿ ਸਾਚੇ ਆਪ ਬੰਧਾਈਆ । ਜੋ ਉਪਜੇ ਸੋ ਪਾਰ ਕਿਨਾਰਾ, ਜੋ ਘੜਿਆ ਭੰਨ ਵਖਾਈਆ । ਤਿੰਨਾਂ ਵਿਚੋਲਾ ਬਣੇ ਨਿਰੰਕਾਰਾ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਰਿਹਾ ਸਮਝਾਈਆ । ਏਕਾ ਏਕ ਹਰਿ ਸਮਝਾਇਆ, ਇਕ ਇਕ ਨਾਲ ਜੋੜ ਜੁੜਾਇੰਦਾ । ਏਕਾ ਇਕ ਇਕ ਰਘੁਰਾਇਆ, ਇਕ ਏਕਾ ਵੇਖ ਵਖਾਇੰਦਾ । ਏਕਾ ਇਕ ਸਹਿਜ ਸੁਖਦਾਇਆ, ਏਕ ਏਕਾ ਮੇਲ ਮਿਲਾਇੰਦਾ । ਏਕਾ ਗੀਤ ਏਕਾ ਗਾਇਆ, ਸ਼ਬਦ ਸਾਚਾ ਨਾਉਂ ਧਰਾਇੰਦਾ । ਵਿਸ਼ਨੂੰ ਤੇਰੇ ਅੰਗ ਲਗਾਇਆ, ਬ੍ਰਹਮਾ ਆਪਣਾ ਬੰਧ ਵਖਾਇੰਦਾ । ਸ਼ੰਕਰ ਆਪਣੇ ਕੰਠ ਸੁਹਾਇਆ, ਕੰਠ ਮਾਲਾ ਆਪ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਇਕ ਵਖਾਇੰਦਾ । ਸਾਚੀ ਸੇਵ ਕਮਾਵਣੀ, ਤ੍ਰੈ ਤ੍ਰੈ ਲੇਖਾ ਹਰਿ ਸਮਝਾਇਆ । ਪੁਰਖ ਅਬਿਨਾਸ਼ੀ ਪੂਰੀ ਕਰੇ ਭਾਵਣੀ, ਤ੍ਰੈਗੁਣ

ਮੇਲਾ ਮੇਲ ਮਿਲਾਇਆ । ਦੇਵੇ ਧੁਰਦਰਗਾਹੀ ਸਾਚੀ ਜ਼ਾਮਨੀ, ਜੁਗ ਜੁਗ ਆਪਣਾ ਵੇਸ ਵਟਾਇਆ । ਸਾਚਾ ਨਗਰ ਖੇੜਾ ਗਰਾਮਨੀ, ਹਰਿ ਮੰਦਰ ਦਏ ਸੁਹਾਇਆ । ਸਾਂਤਕ ਰਾਜਸ ਵੇਖੇ ਤਮੋ ਤਾਮਨੀ, ਤਾਮਸ ਆਪਣੀ ਧਾਰ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਖੜ, ਆਪ ਆਪਣਾ ਹੁਕਮ ਸੁਣਾਇਆ । ਸੁਣਿਆ ਹੁਕਮ ਧੁਰ ਫ਼ਰਮਾਨ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਤੂੰ ਦਾਤਾ ਸ੍ਰੀ ਭਗਵਾਨ, ਤੇਰਾ ਭੇਵ ਕੋਇ ਨਾ ਪਾਇੰਦਾ । ਤੂੰ ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਹਉਂ ਚਾਕਰ ਸੇਵ ਕਮਾਇੰਦਾ । ਆਦਿ ਜੁਗਾਦੀ ਤੇਰੀ ਰਹੇ ਆਣ, ਸੀਸ ਅੱਗੇ ਨਾ ਕੋਇ ਉਠਾਇੰਦਾ । ਹਉਂ ਸਖੀਆਂ ਤੂੰ ਸਾਚਾ ਕਾਹਨ, ਤੇਰੀ ਮੰਡਲ ਤੇਰੀ ਰਾਸ ਤੇਰੀ ਸਮਗਰੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਦਵਾਰਾ ਮੇਲ ਕੰਤ ਭਤਾਰਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਕਵਣ ਵੇਲਾ ਮੁੱਕੇ ਪੰਧ, ਬ੍ਰਹਮਾ ਵਿਸ਼ਨ ਸ਼ਿਵ ਰਹੇ ਕੁਰਲਾਇਆ । ਤੇਰਾ ਭੇਵ ਨਾ ਪਾਵਣ ਸੂਰਜ ਚੰਨ, ਮੰਡਲ ਮੰਡਪ ਤੇਰੇ ਹੁਕਮ ਰਿਹਾ ਫਿਰਾਇਆ । ਕਵਣ ਗਾਏ ਸੁਹਾਗੀ ਛੰਦ, ਤਾਰ ਸਤਾਰ ਨਾ ਕੋਇ ਹਲਾਇਆ । ਕਵਣ ਰੂਪ ਖ਼ੁਸ਼ੀ ਕਰੇ ਬੰਦ ਬੰਦ, ਬੰਦੀ ਛੋੜ ਬੇਪਰਵਾਹੀਆ । ਕਵਣ ਰੂਪ ਹੋਏ ਬਖ਼ਸ਼ੰਦ, ਬਖ਼ਸ਼ਣਹਾਰ ਤੂੰ ਅਖਵਾਇਆ । ਕਵਣ ਰੂਪ ਦੇਵੇ ਦੰਡ, ਤੇਰਾ ਦੰਡ ਕੋਈ ਸਹਿ ਨਾ ਸਕੇ ਰਾਇਆ । ਕਵਣ ਰੂਪ ਵੇਖੇ ਭੇਖ ਪਖੰਡ, ਤੇਰਾ ਭੇਖ ਨਾ ਕਿਸੇ ਜਣਾਇਆ । ਕਵਣ ਰੂਪ ਵੇਖੇ ਨਾਰ ਦੁਹਾਗਣ ਰੰਡ, ਕਵਣ ਰੂਪ ਸਾਚਾ ਕੰਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਅੱਗੇ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਦਇਆ ਕਮਾਏ, ਦੀਨਾਂ ਨਾਥ ਆਪ ਅਖਵਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਸੇਵਾ ਲਾਏ, ਤ੍ਰੈਗੁਣ ਤੇਰੀ ਝੋਲੀ ਪਾਇੰਦਾ । ਲੱਖ ਚੁਰਾਸੀ ਭਾਂਡਾ ਆਪ ਘੜਾਏ, ਪੰਜ ਤਤ ਮੇਲ ਮਿਲਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਖੇਲ ਖਲਾਏ, ਮਨ ਮਤ ਬੁਧ ਆਪ ਧਰਾਇੰਦਾ । ਘਟ ਘਟ ਅੰਦਰ ਡੇਰਾ ਲਾਏ, ਸਿੰਘਾਸਣ ਆਸਣ ਲਾਇੰਦਾ । ਦੀਵਾ ਬਾਤੀ ਜੋਤ ਜਗਾਏ, ਜੋਤ ਨਿਰੰਜਣ ਡਗਮਗਾਇੰਦਾ । ਧੁਨ ਅਨਾਦਿ ਅਨਹਦ ਸ਼ਬਦ ਵਜਾਏ, ਸੁਰ ਤਾਲ ਨਾ ਕੋਇ ਰਖਾਇੰਦਾ । ਆਪੇ ਬਹਿ ਬਹਿ ਮੰਗਲ ਗਾਏ, ਬੋਧ ਅਗਾਧਾ ਆਪ ਸੁਣਾਇੰਦਾ । ਸਾਚੀ ਵੰਡਣ ਵੰਡ ਵੰਡਾਏ, ਆਪਣਾ ਸ਼ਬਦ ਆਪ ਅਲਾਇੰਦਾ । ਚਾਰੇ ਵੇਦਾਂ ਲਏ ਲਿਖਾਏ, ਚਾਰੇ ਜੁਗ ਖੇਲ ਕਰਾਇੰਦਾ । ਨਿਰਗੁਣ ਸਰਗੁਣ ਰੂਪ ਪਰਗਟਾਏ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਭੇਵ ਅਭੇਦਾ ਭੇਵ ਖੁਲ੍ਹਾਏ, ਕਾਇਆ ਚੋਲਾ ਆਪ ਬਦਲਾਇੰਦਾ । ਗੁਰ ਪੀਰ ਸਾਧ ਸੰਤ ਆਪ ਮੇਲ ਮਿਲਾਏ, ਗੁਰਮੁਖ ਗੁਰਸਿਖ ਸਾਚੇ ਮੇਲ ਮਿਲਾਇੰਦਾ । ਜੁਗ ਚੌਕੜੀ ਜੁਗ ਜੁਗ ਖੇਲ ਖਿਲਾਏ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬੰਧਨ ਪਾਇੰਦਾ । ਚਾਰੇ ਬਾਣੀ ਆਪ ਅਲਾਏ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਚਾਰੇ ਵਰਨ ਆਪ ਬਣਾਏ ਸ਼ਾਸਤਰ ਸਿਮਰਤ ਵੇਦ ਪੁਰਾਨ ਆਪ ਲਿਖਾਇੰਦਾ । ਆਪਣਾ ਰੂਪ ਆਪ ਪਰਗਟਾਏ, ਕੋਟਨ ਕੋਟੀ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਉਪਦੇਸ਼ ਇਕ ਸੁਣਾਇੰਦਾ । ਸਚ ਉਪਦੇਸ਼ ਸੁਣਨਾ ਕਰ ਧਿਆਨ, ਭੁੱਲ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਪਰਗਟ ਹੋਵੇ ਵਿਚ ਜਹਾਨ, ਲੋਕਮਾਤ ਕਰੇ ਰੁਸ਼ਨਾਈਆ । ਜੁਗਾ ਜੁਗੰਤਰ ਦੇਵੇ ਦਾਨ, ਆਪਣੀ ਭਿਛਿਆ ਆਪ ਵਰਤਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ

ਖੇਲ ਮਹਾਨ, ਬ੍ਰਹਮੇ ਵਿਸ਼ਨ ਸ਼ਿਵ ਤੇਰੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਲ ਛਲ ਆਪਣੀ ਧਾਰ ਚਲਾਈਆ । ਅਛਲ ਅਛਲ ਹਰਿ ਅਛੇਦਾ, ਵਲ ਛਲ ਧਾਰੀ ਖੇਲ ਕਰਾਇੰਦਾ । ਭੇਵ ਨਾ ਪਾਇਣ ਚਾਰੇ ਵੇਦਾ, ਬ੍ਰਹਮਾ ਲਿਖ ਲਿਖ ਮੁਖ ਸਾਲਾਹਿੰਦਾ । ਅੰਤ ਨਾ ਜਾਣੇ ਰਸਨਾ ਜਿਹਵਾ, ਬੱਤੀ ਦੰਦ ਨਾ ਕੋਇ ਗਾਇੰਦਾ । ਭੇਵ ਨਾ ਪਾਏ ਜਗਤ ਕਤੇਬਾ, ਕਾਦਰ ਕੁਦਰਤ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪਣਾ ਵਕ਼ਤ ਆਪਣੇ ਹੱਥ ਰਖਾਇੰਦਾ । ਵੇਲਾ ਵਕ਼ਤ ਵਾਰ ਥਿਤ, ਹਰਿ ਆਪਣੇ ਹੱਥ ਰਖਾਈਆ । ਜੁਗ ਜੁਗ ਜਨ ਭਗਤਾਂ ਕਰੇ ਸਾਚਾ ਹਿਤ, ਨਿਤ ਨਵਿਤ ਜੋਤ ਪਰਗਟਾਈਆ । ਆਪੇ ਮਾਤ ਆਪੇ ਪਿਤ, ਬਾਲ ਅਵਾਣੇ ਗੋਦ ਉਠਾਈਆ । ਅੰਮ੍ਰਿਤ ਆਤਮ ਦੇਵੇ ਸਿਤ, ਕਾਇਆ ਕੰਚਨ ਗੜ੍ਹ ਸੁਹਾਈਆ । ਮਨ ਮਨੂਆਂ ਮਨ ਲਏ ਜਿਤ, ਮਨ ਕੀ ਮਨਸਾ ਦਏ ਮਿਟਾਈਆ । ਇਕ ਵਖਾਏ ਧਾਮ ਅਨਡਿਠ, ਛੱਪਰ ਛੰਨ ਨਾ ਕੋਇ ਬਣਾਈਆ । ਆਪਣੀ ਰੱਖੇ ਸਾਇਆ ਹੇਠ, ਸਮਰਥ ਪੁਰਖ ਵੱਡੀ ਵਡਿਆਈਆ । ਜੁਗ ਜੁਗ ਭੰਨੇ ਕੌੜੇ ਰੇਠ, ਰੀਠਾ ਕੌੜਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਲੇਖਾ ਹਰਿ ਸਮਝਾਇਆ, ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰ ਵਿਚਾਰ । ਬ੍ਰਹਮੇ ਵਿਸ਼ਨ ਸ਼ਿਵ ਇਹ ਵਖਾਇਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਘਟ ਘਟ ਅੰਦਰ ਵਿਸ਼ਨੂੰ ਤੇਰਾ ਡੇਰਾ ਲਾਇਆ, ਬ੍ਰਹਮ ਮੇਲਾ ਕੰਤ ਭਤਾਰ । ਸ਼ੰਕਰ ਆਪਣਾ ਮੁਖ ਛੁਪਾਇਆ, ਵਸਣਹਾਰਾ ਧੂੰਆਂਧਾਰ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਦੇਵੇ ਪੰਧ ਮੁਕਾਇਆ, ਜੁਗਾ ਜੁਗੰਤਰ ਸਾਚੀ ਕਾਰ । ਲੱਗੀ ਬਸੰਤਰ ਦਏ ਬੁਝਾਇਆ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਸ੍ਰਿਸ਼ਟ ਸਬਾਈ ਵੇਖ ਵਖਾਇਆ, ਲੱਖ ਚੁਰਾਸੀ ਪਾਵੇ ਸਾਰ । ਸੁਰ ਅਸੁਰ ਆਪ ਤਰਾਇਆ, ਕਰੇ ਕਰਾਏ ਆਪਣੀ ਕਾਰ । ਗੁਰ ਸਤਿਗੁਰ ਨਾਉਂ ਆਪ ਧਰਾਇਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਧੁਰ ਦਾ ਲੇਖਾ ਦਏ ਸਮਝਾਇਆ, ਕਲਜੁਗ ਆਏ ਅੰਤਮ ਵਾਰ । ਲੱਖ ਚੁਰਾਸੀ ਫੋਲ ਫੋਲਾਇਆ, ਨੌਂ ਸੌ ਚੁਰਾਨਵੇ ਚੌਕੜੀ ਕਰੇ ਖ਼ਵਾਰ । ਗੁਰਮੁਖ ਸਾਚੇ ਲਏ ਜਗਾਇਆ, ਬਖ਼ਸ਼ੇ ਸਾਚਾ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਤੇਰਾ ਕਰਜ਼ਾ ਦਏ ਉਤਾਰ । ਤ੍ਰੈ ਤ੍ਰੈ ਤੇਰਾ ਕਰਜ਼ਾ ਲੌਹਣਾ, ਤ੍ਰੈਗੁਣ ਮਾਤ ਰਹਿਣ ਨਾ ਪਾਈਆ । ਕਲਜੁਗ ਵੇਲਾ ਅੰਤਮ ਔਣਾ, ਚੌਥੇ ਜੁਗ ਦਏ ਦੁਹਾਈਆ । ਨਿਰਗੁਣ ਨਿਰਗੁਣ ਜੋਤੀ ਜੋਤ ਜਗੌਣਾ, ਨੂਰੋ ਨੂਰ ਨੂਰ ਰੁਸ਼ਨਾਈਆ । ਨਿਹਕਲੰਕੀ ਜਾਮਾ ਪੌਣਾ, ਮਾਤ ਪਿਤ ਨਾ ਕੋਈ ਭੈਣ ਭਾਈਆ । ਸੱਜਣ ਸਾਕ ਸੈਣ ਨਾ ਕੋਇ ਅਖਵੌਣਾ, ਜਗਤ ਬੰਧਨ ਨਾ ਕੋਇ ਰਖਾਈਆ । ਪੰਜ ਤਤ ਨਾ ਕੋਇ ਉਪਜੌਣਾ, ਰਕਤ ਬੂੰਦ ਨਾ ਮੇਲ ਮਿਲਾਈਆ । ਮਨ ਮਤ ਬੁਧ ਨਾ ਕੋਇ ਧਰੌਣਾ, ਨੌਂ ਦਵਾਰ ਨਾ ਖੋਜ ਖੋਜਾਈਆ । ਏਕਾ ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਆਪਣਾ ਰੂਪ ਆਪ ਪਰਗਟੌਣਾ, ਪਰਗਟ ਹੋਵੇ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਗੁਰ ਸ਼ਬਦ ਉਪਜੌਣਾ, ਗੁਰ ਗੋਬਿੰਦ ਮਰੇ ਨਾ ਜਾਈਆ । ਵਿਸ਼ਨੂੰ ਤੇਰਾ ਸੀਸ ਝੁਕੌਣਾ, ਆਪਣਾ ਚਰਨ ਕਵਲ ਵਖਾਈਆ । ਬ੍ਰਹਮੇ ਤੇਰਾ ਪੰਧ ਮੁਕੌਣਾ, ਤੇਰੀ ਜੋਤ ਜੋਤ ਵਿਚ ਟਿਕਾਈਆ । ਆਪਣੀ ਜੋਤ ਫੇਰ ਪਰਗਟੌਣਾ, ਗੁਰਮੁਖ ਦੇਵੇ ਮਾਣ ਵਡਿਆਈਆ । ਸ਼ੰਕਰ ਤੇਰਾ ਬਾਸ਼ਕ ਤਸ਼ਕਾ ਗਲੋਂ ਲੌਹਣਾ, ਹੱਥ ਤ੍ਰਿਸੂਲ ਨਾ ਕੋਇ ਰਖਾਈਆ । ਅੰਤਮ ਆਪਣੇ ਪੇਟੇ ਪੌਣਾ, ਤੇਰਾ ਪੇਟ ਨਾ ਭਰਿਆ ਲੱਖ ਚੁਰਾਸੀ ਖਾ ਖਾ ਖ਼ਲਕ ਖ਼ੁਦਾਈਆ ।

੮੫੪
੦੯

ਤੇਰੇ ਦਰ ਸਾਚਾ ਬਾਲਾ ਆਪ ਬਹੌਣਾ, ਨਿਰਗੁਣ ਨਿਰਗੁਣ ਰੂਪ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਅੱਖਰ ਕਰੇ ਪੜ੍ਹਾਈਆ । ਨਿਰਗੁਣ ਅੱਖਰ ਜਣਾਇਆ, ਨਿਸ਼ਅੱਖਰ ਆਪ ਉਪਾਇੰਦਾ । ਵਿਸ਼ਨੂੰ ਅੱਖਰ ਇਕ ਪੜ੍ਹਾਇਆ, ਸੋਇਮ ਰੂਪ ਨਜ਼ਰੀ ਆਇੰਦਾ । ਬ੍ਰਹਮਾ ਪਾਰਬ੍ਰਹਮ ਵੇਖ ਵਖਾਇਆ, ਬੇਅੰਤ ਬੇਅੰਤ ਬੇਅੰਤ ਰਸਨਾ ਗਾਇੰਦਾ । ਸ਼ੰਕਰ ਆਪਣਾ ਬਲ ਧਰਾਇਆ, ਬਲਧਾਰੀ ਆਪਣਾ ਹੁਕਮ ਸੁਣਾਇੰਦਾ । ਤਿੰਨਾਂ ਅੰਤਮ ਵੇਖ ਵਖਾਇਆ, ਲੋਕਮਾਤ ਵੇਸ ਵਟਾਇੰਦਾ । ਜੋਤੀ ਨੂਰ ਕਰੇ ਰੁਸ਼ਨਾਇਆ, ਦੀਪਕ ਦੀਆ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਪੂਰ ਕਰਾਇੰਦਾ । ਹਰਿ ਲੇਖਾ ਪੂਰ ਕਰਾਵਣਾ, ਭੁੱਲ ਰਹੇ ਨਾ ਰਾਈਆ । ਬ੍ਰਹਮਾ ਵਿਸ਼ਨ ਸ਼ਿਵ ਆਪਣੇ ਵਿਚ ਮਿਲਾਵਣਾ, ਤ੍ਰੈਗੁਣ ਮਾਇਆ ਆਪਣਾ ਤਤ ਵਖਾਈਆ । ਏਕਾ ਜੋਤੀ ਲੰਬੂ ਲਾਵਣਾ, ਸ੍ਰਿਸ਼ਟ ਸਬਾਈ ਏਕਾ ਹਵਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਆਪ ਅਖਵਾਈਆ । ਨਰ ਹਰਿ ਆਪ ਅਖਵਾਇਆ, ਸਤਿਗੁਰ ਦਾਤਾ ਦੀਨਾਂ ਨਾਥ । ਆਪਣਾ ਮੰਦਰ ਆਪ ਸੁਹਾਇਆ, ਆਪੇ ਗਾਏ ਆਪਣੀ ਗਾਥ । ਦੂਸਰ ਇਸ਼ਟ ਨਾ ਕੋਇ ਮਨਾਇਆ, ਨਾ ਕੋਈ ਪੂਜਾ ਨਾ ਕੋਈ ਪਾਠ । ਸੋਹੰ ਮੰਤਰ ਇਕ ਦ੍ਰਿੜਾਇਆ, ਆਪ ਉਤਾਰੇ ਆਪਣੇ ਘਾਟ । ਹੰ ਬ੍ਰਹਮ ਪਾਰਬ੍ਰਹਮ ਵਿਚ ਟਿਕਾਇਆ, ਕੋਈ ਸਾੜੇ ਨਾ ਅਗਨੀ ਕਾਠ । ਮੜ੍ਹੀ ਗੋਰ ਨਾ ਕਿਸੇ ਦਬਾਇਆ, ਨਾ ਕੋਈ ਸੁੱਟੇ ਡੂੰਘੇ ਖਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਪੁੱਛਣਹਾਰਾ ਵਾਤ । ਨਿਰਗੁਣ ਵਕਤ ਪਛਾਣਿਆ, ਕਲ ਕਲਕੀ ਲੈ ਅਵਤਾਰ । ਸ੍ਰਿਸ਼ਟ ਸਬਾਈ ਗਾਏ ਗਾਣਿਆ, ਦਿਸ ਨਾ ਆਏ ਹਰਿ ਨਿਰੰਕਾਰ । ਜਗਤ ਮਧਾਣਾ ਪਾਣੀ ਛਾਣਿਆ, ਸੀਰ ਦਿਸੇ ਨਾ ਵਿਚ ਸੰਸਾਰ । ਕੋਇ ਚਲੇ ਨਾ ਹਰਿ ਹਰਿ ਭਾਣਿਆ, ਮੂਰਖ ਮੂੜ੍ਹ ਹੋਏ ਗਵਾਰ । ਤਖ਼ਤੋਂ ਲਾਹੇ ਰਾਜੇ ਰਾਣਿਆਂ ਦਰ ਦਰ ਮੰਗਣ ਫਿਰਨ ਭਿਖਾਰ । ਗੁਰਮੁਖ ਵਿਰਲਾ ਆਪ ਪਛਾਣਿਆ, ਮੇਲ ਮਿਲਾਏ ਵਿਚ ਸੰਸਾਰ । ਮੇਲ ਮਿਲਾਵਾ ਸਾਚੇ ਹਾਣੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਲਏ ਅਵਤਾਰ । ਨਿਹਕਲੰਕ ਹਰਿ ਅਵਤਾਰਾ, ਦਰਗਹਿ ਸਾਚੀ ਆਪ ਸੁਹਾਇੰਦਾ । ਸਚਖੰਡ ਨਿਵਾਸੀ ਸਚ ਘਰ ਬਾਰਾ, ਸਚਖੰਡ ਸਾਚਾ ਆਪ ਵਸਾਇੰਦਾ । ਥਿਰ ਘਰ ਵਾਸੀ ਖੋਲ੍ਹ ਕਿਵਾੜਾ, ਘਰ ਮੰਦਰ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਹੋ ਉਜਿਆਰਾ, ਲੋਕਮਾਤ ਜੋਤ ਜਗਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰਾ, ਜੀਵ ਜੰਤ ਸਾਧ ਸੰਤ ਆਪ ਉਠਾਇੰਦਾ । ਕਰੇ ਖੇਲ ਅਗੰਮ ਅਪਾਰਾ, ਕਲਜੁਗ ਆਪਣੀ ਕਲ ਵਰਤਾਇੰਦਾ । ਚਾਰੋਂ ਕੁੰਟ ਦਏ ਲਲਕਾਰਾ, ਸ਼ਬਦ ਹੁਲਾਰਾ ਇਕ ਲਗਾਇੰਦਾ । ਦੋ ਜਹਾਨਾਂ ਸਚ ਜੈਕਾਰਾ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਆਪ ਸੁਣਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਕਲਜੁਗ ਕਲ ਵਰਤੇ ਕਲਕੀ ਅਵਤਾਰਾ, ਕਾਲ ਦਿਆਲ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਖੇਲ ਖਿਲਾਇੰਦਾ । ਨਰ ਹਰਿ ਖੇਲ ਖਿਲਾਇਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜਾਮਾ ਭੇਖ ਵਟਾਇਆ, ਸ਼ਬਦ ਸੁਣਾਏ ਸਾਚੀ ਵਾਰ । ਬੋਧ ਅਗਾਧਾ ਆਪ

ਅਖਵਾਇਆ, ਵਿਦਿਆ ਪੜ੍ਹੇ ਨਾ ਕੋਇ ਸੰਸਾਰ । ਚੌਦਾਂ ਵਿਦਿਆ ਚਰਨਾਂ ਹੇਠ ਦਬਾਇਆ, ਪੁਰਖ ਅਬਿਨਾਸ਼ੀ ਖੇਲ ਨਿਆਰ । ਗੁਰਮੁਖ ਸਾਚੇ ਲਏ ਉਠਾਇਆ, ਉਠਿਆ ਜੋਧਾ ਸੂਰਬੀਰ ਬਲਕਾਰ । ਨਿਰਗੁਣ ਸਰਗੁਣ ਉਪਰ ਤੁਠਿਆ, ਤ੍ਰੈਗੁਣ ਮਾਇਆ ਕੱਟ ਜੰਜਾਲ । ਪੰਚ ਵਿਕਾਰਾ ਫੜ ਫੜ ਕੁਠਿਆ, ਲੁਟਿਆ ਜਾਏ ਨਾ ਸੱਚਾ ਧਨ ਮਾਲ । ਗੁਰਮੁਖ ਵਿਰਲਾ ਸਿਖੇ ਸਾਚੀ ਸਿਖਿਆ, ਕਾਇਆ ਮੰਦਰ ਵੇਖੇ ਸੱਚੀ ਧਰਮਸਾਲ । ਸਤਿਗੁਰ ਬੈਠਾ ਅੰਦਰ ਲੁਕਿਆ, ਨਾ ਸ਼ਾਹ ਨਾ ਦਿਸੇ ਕੰਗਾਲ । ਆਦਿ ਜੁਗਾਦਿ ਏਕਾ ਸ਼ਬਦ ਬੁੱਕਿਆ, ਉਪਰ ਪਹਿਨੇ ਬੁਰਕਾ ਖਾਲ । ਕਲਜੁਗ ਵੇਲਾ ਅੰਤਮ ਢੁਕਿਆ, ਆਪਣਾ ਜਲਵਾ ਦਏ ਵਖਾਲ । ਜੀਵਾਂ ਜੰਤਾਂ ਭਾਗ ਨਿਖੁਟਿਆ, ਸਾਚੀ ਵਸਤ ਨਾ ਸਕੇ ਸੰਭਾਲ । ਕਲਜੁਗ ਦਿਨ ਦਿਹਾੜੇ ਰਿਹਾ ਪੁੱਟਿਆ, ਫਲ ਰਹਿਣ ਨਾ ਦੇਵੇ ਕਿਸੇ ਡਾਲ । ਜਗਤ ਵਿਦਿਆ ਬੂਟਾ ਪੁੱਟਿਆ, ਗੁਰਮੁਖ ਵਿਰਲੇ ਘਾਲਣ ਰਹੇ ਘਾਲ । ਸਤਿਗੁਰ ਦਵਾਰੇ ਲਾਹਾ ਏਕਾ ਲੁੱਟਿਆ, ਨਾਤਾ ਤੁਟਾ ਜਗਤ ਜੰਜਾਲ । ਅੰਮ੍ਰਿਤ ਪੀਤਾ ਏਕਾ ਘੁੱਟਿਆ, ਸਤਿ ਪੁਰਖ ਨਿਰੰਜਣ ਦਏ ਪਿਆਲ । ਆਵਣ ਜਾਵਣ ਨਾਤਾ ਛੁੱਟਿਆ, ਰਾਏ ਧਰਮ ਨਾ ਕਰੇ ਬੇਹਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਭਾਲ । ਗੁਰਸਿਖ ਸਾਚਾ ਭਾਲਿਆ ਗੁਰ ਗੋਬਿੰਦ ਕਰ ਪਿਆਰ । ਸਾਚੀ ਨਗਰੀ ਆਪ ਬਹਾ ਲਿਆ, ਸੰਬਲ ਦੇਸ ਕਰ ਉਜਿਆਰ । ਹਰਿ ਮੰਦਰ ਆਪ ਸੁਹਾਲਿਆ, ਨਿਰਗੁਣ ਜੋਤ ਕਰ ਉਜਿਆਰ । ਬੋਧ ਅਗਾਧ ਸ਼ਬਦ ਸੁਣਾ ਲਿਆ, ਲਿਖੇ ਪੜ੍ਹੇ ਨਾ ਵਿਚ ਸੰਸਾਰ । ਸਾਚੇ ਪੌੜੇ ਆਪ ਚੜ੍ਹਾ ਲਿਆ, ਲੇਖਾ ਜਾਣੇ ਪਾਰ ਕਿਨਾਰ । ਬ੍ਰਹਿਮਣ ਗੌੜੇ ਆਪ ਉਠਾ ਲਿਆ, ਪੂਤ ਸਪੂਤਾ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਲਗਾਏ ਆਪਣੇ ਲੜ, ਲੱਖ ਚੁਰਾਸੀ ਵਿਚੋਂ ਫੜ, ਕਿਲ੍ਹਾ ਤੋੜ ਹੰਕਾਰੀ ਗੜ੍ਹ, ਬਜਰ ਕਪਾਟ ਨਾ ਕੋਇ ਰਖਾ ਲਿਆ । ਬਜਰ ਕਪਾਟ ਤੁੜਾਇਆ, ਕਰ ਕਿਰਪਾ ਸਤਿਗੁਰ ਬਲਵਾਨ । ਰਾਤੀਂ ਸੁਤਿਆਂ ਦਰਸ ਦਿਖਾਇਆ, ਫੜ ਸੱਚਾ ਹੱਥ ਨਿਸ਼ਾਨ । ਸਚਖੰਡ ਦਵਾਰੇ ਆਪ ਝੁਲਾਇਆ, ਅੰਤਮ ਵੇਖੇ ਜ਼ਿਮੀਂ ਅਸਮਾਨ । ਸਾਧਾ ਸੰਤਾਂ ਉਚੀ ਕੂਕ ਕੂਕ ਸੁਣਾਇਆ, ਚਾਰੇ ਜੁਗ ਕਰਨ ਗਾਨ । ਨਾਨਕ ਨਾਮ ਇਕ ਅਲਾਇਆ, ਮੰਤਰ ਸਤਿ ਕਰ ਪਰਧਾਨ । ਗੋਬਿੰਦ ਪੁਰਖ ਇਕ ਮਨਾਇਆ, ਪੁਰਖ ਅਕਾਲ ਸ੍ਰੀ ਭਗਵਾਨ । ਸਾਚਾ ਸੁੱਤ ਆਪ ਅਖਵਾਇਆ, ਜੋਧਾ ਸੂਰਬੀਰ ਬਲੀ ਬਲਵਾਨ । ਅੰਤਮ ਲੇਖਾ ਗਿਆ ਸਮਝਾਇਆ, ਨਾਤਾ ਛੁਟਾ ਵਿਚ ਜਹਾਨ । ਸੰਬਲ ਨਗਰੀ ਧਾਮ ਵਖਾਇਆ, ਧਾਮ ਅਵਲੱੜਾ ਬੇਪਹਿਚਾਨ । ਰਵਦਾਸ ਚੁਮਾਰਾ ਲੇਖ ਲਿਖਾਇਆ, ਸਾਢੇ ਤਿੰਨ ਹੱਥ ਮੰਦਰ ਮਕਾਨ । ਗਣਪਤ ਗਣੇਸ਼ ਨਾ ਕੋਇ ਮਨਾਇਆ, ਇਸ਼ਟ ਦੇਵ ਨਾ ਕੋਇ ਵਖਾਨ । ਨਿਰਗੁਨ ਨਿਰਾਕਾਰ ਨਿਰਵੈਰ ਏਕਾ ਨਜ਼ਰੀ ਆਇਆ, ਮੂਰਤ ਅਕਾਲ ਚਤਰ ਸੁਜਾਨ । ਚਿਤ ਵਿਤ ਠਗੌਰੀ ਕੋਇ ਨਾ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਦੇਵੇ ਸਾਚਾ ਮਾਣ । ਮਾਣ ਨਿਮਾਣਿਆਂ ਆਪ ਹਰਿ, ਜੁਗ ਜੁਗ ਸੇਵ ਕਮਾਇੰਦਾ । ਨਿਰਗੁਣ ਸਰਗੁਣ ਰੂਪ ਧਰ, ਧਰਨੀ ਧਰਤ ਧਵਲ ਸੁਹਾਇੰਦਾ । ਹੰਕਾਰੀਆਂ ਤੋੜੇ ਹੰਕਾਰੀ ਗੜ੍ਹ, ਦੂਤਾਂ ਦੁਸ਼ਟਾਂ ਆਪ ਮਿਟਾਇੰਦਾ । ਜਨ ਭਗਤਾਂ ਵਖਾਏ ਸਾਚਾ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਪ ਖੁਲ੍ਹਾਇੰਦਾ । ਆਪ ਨੁਹਾਏ ਸਾਚੇ ਸਰ, ਸਰ ਸਰੋਵਰ ਆਪਣਾ ਤਾਲ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ

ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋ ਘੜਿਆ ਸੋ ਭੰਨ ਵਖਾਇੰਦਾ । ਜੋ ਘੜਿਆ ਸੋ ਭੰਨਣਾ, ਕਲਜੁਗ ਤੇਰੀ ਅੰਤਮ ਵਾਰ । ਲੱਖ ਚੁਰਾਸੀ ਦੇਵੇ ਡੰਨਣਾ, ਉਤਭੁਜ ਸੇਤਜ ਜੇਰਜ ਅੰਡ ਨਾ ਕੋਇ ਵਿਚਾਰ । ਗੁਰਮੁਖ ਵਿਰਲਾ ਜਨਣੀ ਜਨਣਾ, ਜਿਸ ਮੇਲਾ ਹਰਿ ਕਰਤਾਰ । ਅੰਤਮ ਬੇੜਾ ਆਪਣਾ ਬੰਨ੍ਹਣਾ, ਭਵ ਸਾਗਰ ਡੁੱਬੇ ਨਾ ਵਿਚ ਮੰਝਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸੰਤ ਕੰਤ ਆਪ ਵਸਾਏ ਸਚ ਘਰ ਸਚ ਸੱਚੇ ਦਰਬਾਰ ।

ਰਸਨਾ ਕਹਿਣਾ ਰਾਮ ਰਾਮ, ਰਾਮ ਰਾਮ ਨਜ਼ਰ ਨਾ ਆਈਆ । ਰਸਨਾ ਕਹਿਣਾ ਜਾਮ ਜਾਮ, ਜਾਮ ਮਦਿ ਨਾ ਕੋਇ ਪਿਆਈਆ । ਰਸਨਾ ਕਹਿਣਾ ਸ਼ਾਮ ਸ਼ਾਮ, ਸ਼ਾਮ ਬੰਸਰੀ ਨਾ ਕੋਇ ਵਜਾਈਆ । ਰਸਨਾ ਕਹਿਣਾ ਭਾਨ ਭਾਨ, ਭਾਨ ਪਰਕਾਸ਼ ਨਾ ਕੋਇ ਵਖਾਈਆ । ਰਸਨਾ ਕਹਿਣਾ ਗਾਨ ਗਾਨ, ਗਾ ਗੀਤ ਨਾ ਕੋਇ ਸੁਣਾਈਆ । ਰਸਨਾ ਕਹਿਣਾ ਦਾਨ ਦਾਨ, ਜੀਅ ਦਾਨ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰ ਕਰੀ ਇਕ ਪੜ੍ਹਾਈਆ । ਕਬੀਰ ਕੀਆ ਜੀਆ ਦਾਨ, ਜੀਅ ਜਗਤ ਰਹਿਣ ਨਾ ਪਾਇਆ । ਕਬੀਰ ਹੀਆ ਕੀਆ ਗਾਇਆ ਰਾਮ, ਰਸਨਾ ਜਿਹਵਾ ਨਾ ਕੋਇ ਹਲਾਈਆ । ਕਬੀਰ ਨਗਰ ਖੇੜਾ ਵਸਾਇਆ ਸਾਢੇ ਤਿੰਨ ਹੱਥ ਗਰਾਮ, ਛੱਪਰ ਛੰਨ ਨਾ ਕੋਇ ਛੁਹਾਇਆ । ਕਬੀਰ ਭੇਖ ਰਖਾਇਆ ਮਾਟੀ ਚਾਮ, ਮਾਟੀ ਅੰਦਰ ਰਾਮ ਆਪਣਾ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਮ ਆਪੇ ਦਏ ਵਖਾਇਆ । ਆਪੇ ਕਬੀਰ ਆਪੇ ਰਾਮਾ, ਆਪੇ ਰਾਮਾ ਨੰਦ ਗੋਸਾਈਂਆ । ਆਪੇ ਪਹਿਰੇ ਆਪਣਾ ਜਾਮਾ, ਆਪੇ ਚੋਲਾ ਪੰਜ ਤਤ ਹੰਢਾਈਆ । ਆਪੇ ਰੈਣ ਅੰਧੇਰੀ ਹੋਏ ਸ਼ਾਮਾ, ਆਪੇ ਪ੍ਰਕਾਸ਼ ਪ੍ਰਕਾਸ਼ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸਨਾ ਰਾਮ ਦਏ ਸਮਝਾਈਆ । ਰਸਨਾ ਗਾਏ ਰਾਮ ਜਗਤ, ਗਾ ਗਾ ਥੱਕੀ ਸਰਬ ਲੋਕਾਈਆ । ਰਾਮ ਗਾਏ ਏਕਾ ਭਗਤ, ਬੱਤੀ ਦੰਦ ਨਾ ਦੇਣ ਸਾਲਾਹੀਆ । ਅੱਠੇ ਪਹਿਰ ਨਾ ਕੋਈ ਵੇਲਾ ਨਾ ਕੋਈ ਵਕਤ, ਸੰਝ ਸਵੇਰ ਨਾ ਕੋਇ ਬਣਾਈਆ । ਜਗਤ ਔਕੜ ਨਾ ਸਕੇ ਕੋਈ ਹਟਕ, ਜੋ ਕਬੀਰਾ ਰਾਮ ਰਿਹਾ ਗਾਈਆ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਮਨ ਦੇ ਫੱਟੇ ਉਤੇ ਰਹੀ ਲਟਕ, ਰਾਮ ਨਾਮ ਡੋਰੀ ਗਲ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰਾ ਏਕਾ ਰਾਮ ਸਮਝਾਈਆ । ਕਬੀਰ ਗਾਇਆ ਰਾਮ ਅਵਲੜਾ, ਰੂਪ ਰੇਖ ਨਾ ਕੋਇ ਜਣਾਇੰਦਾ । ਧਾਮ ਵਸਾਇਆ ਇਕ ਅਵੱਲੜਾ, ਦਰ ਦਰਵਾਜ਼ਾ ਨਾ ਕੋਇ ਖੁਲ੍ਹਾਇੰਦਾ । ਆਪਣੇ ਰਾਮ ਅੰਦਰ ਆਪੇ ਰਲੜਾ, ਕਬੀਰ ਰਾਮ ਰਾਮ ਕਬੀਰ ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਮੰਦਰ ਮਸਜਿਦ ਕਰ ਕਰ ਜਾਏ ਹਲੜਾ, ਚਾਰ ਦੀਵਾਰੀ ਅੰਦਰ ਰਾਮ ਹੱਥ ਕਿਸੇ ਨਾ ਆਇੰਦਾ । ਉਚੀ ਕੂਕਣ ਗਲ ਪਾਇਣ ਪਲੜਾ, ਮੱਥੇ ਤਿਲਕ ਸਰਬ ਵਖਾਇੰਦਾ । ਰਾਮ ਚਰਨ ਸ਼ਰਨ ਕੋਇ ਨਾ ਰਲੜਾ, ਚਰਨ ਕਵਲ ਕਵਲ ਚਰਨ ਧਿਆਨ ਨਾ ਕੋਇ ਰਖਾਇੰਦਾ । ਕਬੀਰ ਏਕਾ ਰਾਮ ਫੜ੍ਹਿਆ ਪੱਲੜਾ, ਲੋਕਾਈ ਕਹਿਣ ਕਬੀਰ ਸ਼ਰਮਾਇੰਦਾ । ਕਬੀਰ ਰਸਨਾ ਨਾ ਸਕੇ ਕਹਿ, ਜੋ ਰਾਮ ਰਾਮਾ ਪਾਇਆ । ਏਕਾ ਮੰਦਰ ਬੈਠਾ ਰਹੇ, ਘਰ ਏਕਾ ਬੰਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰ ਕਾ ਰਾਮ ਕਹਿਣ

ਵਿਚ ਨਾ ਆਇਆ । ਕਬੀਰ ਰਾਮ ਕਿਸੇ ਨਾ ਜਾਨਿਆ, ਰਵਿਆ ਅੰਤਰ ਮੀਤ । ਕਬੀਰ ਏਕਾ ਰਾਮ ਪਛਾਨਿਆ, ਨਾ ਠੰਡਾ ਨਾ ਸੀਤ । ਕਬੀਰ ਏਕਾ ਰੰਗ ਮਾਨਿਆ, ਆਦਿ ਜੁਗਾਦੀ ਗਾਏ ਏਕਾ ਗੀਤ । ਆਪ ਸੁਣਾਏ ਆਪਣੀ ਅਕਥ ਕਹਾਣੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਵਸਤ ਅਨਡੀਠ । ਲੋਗੋ ਰਾਮ ਪਛਾਣੋ, ਕਬੀਰ ਕੂਕੇ ਦਏ ਦੁਹਾਈਆ । ਆਪਣੇ ਅੰਦਰ ਆਪਣਾ ਰਾਮ ਜਾਣੋ, ਬਾਹਿਰ ਲੱਭੇ ਨਾ ਕਿਸੇ ਥਾਈਆ । ਏਕਾ ਸਤਿਗੁਰ ਸਾਚਾ ਚਰਨ ਕਵਲ ਧਿਆਨੋ, ਧਰਤ ਧਵਲ ਦਏ ਵਡਿਆਈਆ । ਗੁਰ ਕਾ ਸ਼ਬਦ ਮਿਲੇ ਬਬਾਣੋ, ਸਾਚੇ ਰਾਮ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰ ਦਿਤਾ ਏਕਾ ਵਰ, ਏਕਾ ਰਾਮ ਰਾਜਾ ਰਾਮ ਆਪ ਦਰਸਾਈਆ ।

### ❋ ੨ ਭਾਦਰੋਂ ੨੦੧੭ ਬਿਕ੍ਰਮੀ ਨਰੈਣ ਸਿੰਘ ਦੇ ਘਰ ਨਜਾਮ ਪੁਰਾ ਜਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਖੇਲ ਤਮਾਸ਼ਾ, ਪੁਰਖ ਅਕਾਲ ਆਪ ਕਰਾਈਆ । ਏਕੰਕਾਰਾ ਆਦਿ ਜੁਗਾਦੀ ਪਾਏ ਰਾਸਾ, ਨਿਰਗੁਣ ਦਾਤਾ ਬੇਪਰਵਾਹੀਆ । ਆਦਿ ਨਿਰੰਜਣ ਜੋਤੀ ਨੂਰ ਨੂਰ ਪ੍ਰਕਾਸ਼ਾ, ਪਰਮ ਪੁਰਖ ਸਿਫ਼ਤ ਸਾਲਾਹੀਆ । ਸ੍ਰੀ ਭਗਵਾਨ ਘਟ ਘਟ ਵਾਸਾ, ਜੂਨੀ ਰਹਿਤ ਨਜ਼ਰ ਨਾ ਆਈਆ । ਅਬਿਨਾਸ਼ੀ ਕਰਤਾ ਪ੍ਰਿਥਮੀ ਆਕਾਸ਼ਾ, ਆਪਣੀ ਰਚਨਾ ਆਪ ਰਚਾਈਆ ।
 ਪਾਰਬ੍ਰਹਮ ਪ੍ਰਭ ਦਾਸੀ ਦਾਸਾ, ਜੁਗਾ ਜੁਗੰਤਰ ਸੇਵ ਕਮਾਈਆ । ਸਚਖੰਡ ਦਵਾਰਾ ਨਰ ਹਰਿ ਨਿਰੰਕਾਰਾ ਕਰੇ ਨਿਵਾਸਾ, ਸਚ ਸਿੰਘਾਸਣ ਆਸਣ ੬੫੭
ਲਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਆਪਣੀ ਧਾਰ ਵਿਚ ਟਿਕਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਤਾਜ ਇਕ ਵਖਾਈਆ ।
 ਮਹੱਲ ਅਟੱਲ ਉਚ ਮੁਨਾਰਾ, ਬੇਐਬ ਪਰਵਰਦਿਗਾਰ ਆਪ ਬਣਾਈਆ । ਨਾ ਕੋਈ ਦਿਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ੦੯
ਰਵ ਸਸ ਨਾ ਕੋਇ ਸਿਤਾਰਾ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਪਸਾਰਾ, ਤ੍ਰੈਗੁਣ ਰੂਪ ਨਾ ਕੋਇ ਵਟਾਈਆ । ਪੰਜ ਤਤ ਨਾ ਖੇਲ ਨਿਆਰਾ, ਸਰਗੁਣ ਰੰਗ ਨਾ ਕੋਇ ਚੜ੍ਹਾਈਆ । ਨੌ ਸਤ ਨਾ ਕੋਇ ਹੁਲਾਰਾ, ਰੱਤੀ ਰੱਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪ ਅਖਵਾਈਆ । ਕਰਤਾ ਪੁਰਖ ਸਾਹਿਬ ਸੁਲਤਾਨ, ਦਰ ਘਰ ਸਾਚਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਆਪਣੀ ਕਲ ਆਪ ਵਰਤਾਇੰਦਾ । ਹਰਿ ਪੁਰਖ ਨਿਰੰਜਣ ਖੇਲ ਮਹਾਨ, ਭੇਵ ਅਭੇਦਾ ਭੇਵ ਛੁਪਾਇੰਦਾ । ਏਕੰਕਾਰਾ ਦਾਨੀ ਦਾਨ, ਦਰਦ ਦੁਖ ਭੈ ਭੰਜਨ ਨਾਉਂ ਰਖਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤ ਉਜਾਲਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਖੇਲੇ ਖੇਲ ਦੋ ਜਹਾਨ, ਆਵਣ ਜਾਵਣ ਆਪਣੀ ਰਚਨ ਰਚਾਇੰਦਾ । ਪਾਰਬ੍ਰਹਮ ਵਖਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਸਚਖੰਡ ਦਵਾਰਾ ਸਚ ਮਕਾਨ, ਨਿਰਭੌ ਸਾਚਾ ਧਾਮ ਸੁਹਾਇੰਦਾ । ਨਾ ਕੋਈ ਰਾਗ ਨਾ ਕੋਈ ਗਾਨ, ਧੁਨ ਨਾਦ ਨਾ ਕੋਇ ਵਜਾਇੰਦਾ । ਨਾ ਕੋਈ ਸੀਤਾ ਨਾ ਕੋਈ ਰਾਮ, ਨਾ ਕੋਈ ਬੰਸਰੀ ਕਾਹਨ ਸੁਣਾਇੰਦਾ । ਨਾ ਕੋਈ ਨਗਰ ਨਾ ਗਰਾਮ, ਨਾ ਕੋਈ ਖੇੜਾ ਗੜ੍ਹ ਵਖਾਇੰਦਾ । ਨਾ ਕੋਈ ਮਾਟੀ ਨਾ

੮੫੮
੦੯

ਕੋਈ ਚਾਮ, ਭਰ ਪਿਆਲਾ ਜਾਮ ਨਾ ਕੋਇ ਪਿਆਇੰਦਾ । ਨਾ ਕੋਈ ਤੀਰ ਨਾ ਕੋਈ ਬਾਣ, ਹੱਥ ਕਮਾਨ ਨਾ ਕੋਇ ਰਖਾਇੰਦਾ । ਨਾ ਕੋਈ ਹੁਕਮ ਨਾ ਫ਼ਰਮਾਨ, ਨਿਉਂ ਨਿਉਂ ਸੀਸ ਨਾ ਕੋਇ ਝੁਕਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਸਚਖੰਡ ਦਵਾਰੇ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਆਪਣੀ ਕਲ ਆਪ ਵਰਤਾਇੰਦਾ । ਵਰਤੇ ਕਲ ਸ੍ਰੀ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਸਚ ਸਿੰਘਾਸਣ ਆਸਣ ਲਾਈਆ । ਏਕਾ ਹੁਕਮ ਇਕ ਫ਼ਰਮਾਨ, ਧੁਰ ਦੀਬਾਣ ਆਪ ਜਣਾਈਆ । ਏਕਾ ਦਾਤਾ ਏਕਾ ਦਾਨ, ਏਕਾ ਝੋਲੀ ਰਿਹਾ ਭਰਾਈਆ । ਇਕ ਭਿਖਾਰੀ ਇਕ ਦਰਬਾਨ, ਏਕਾ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਨਿਆਰਾ, ਕਰੇ ਕਰਾਏ ਏਕੰਕਾਰਾ, ਕਰਨੀ ਕਰਤਾ ਆਪ ਕਰਾਇੰਦਾ । ਕਰਨੀ ਕਰਤਾ ਕਰਨੇਹਾਰਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਬਾਤੀ ਜੋਤੀ ਇਕ ਵਖਾਇੰਦਾ । ਥਾਨ ਥਨੰਤਰ ਵੇਖੇ ਆਪ ਘਰ ਬਾਰਾ, ਬੰਦ ਕਿਵਾੜਾ ਆਪ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲ੍ਹੇ ਖੇਲ੍ਹ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਥਾਹ, ਪਾਰਬ੍ਰਹਮ ਵੱਡੀ ਵਡਿਆਈਆ । ਸਮਰਥ ਪੁਰਖ ਖੇਲ ਕਰੇ ਕਰਾਏ ਥਾਉਂ ਥਾਂ, ਦਰ ਘਰ ਸਾਚੇ ਸੋਭਾ ਪਾਈਆ । ਅਬਿਨਾਸ਼ੀ ਕਰਤਾ ਨਾਉਂ ਧਰਾ, ਆਦਿ ਜੁਗਾਦਿ ਵੇਸ ਵਟਾਈਆ । ਸ੍ਰੀ ਭਗਵਾਨ ਕਰੇ ਕਰਾਏ ਸਚ ਨਿਆਂ, ਅਦਲ ਅਦਾਲਤ ਇਕ ਵਖਾਈਆ । ਆਦਿ ਨਿਰੰਜਣ ਪਕੜੇ ਬਾਂਹ, ਅਭੁੱਲ ਅਭੁੱਲ ਅਭੁੱਲ ਰੂਪ ਰੰਗ ਨਾ ਕੋਇ ਵਖਾਈਆ । ਏਕੰਕਾਰਾ ਦਏ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਹਰਿ ਪੁਰਖ ਨਿਰੰਜਣ ਵਸਣਹਾਰਾ ਸਾਚੇ ਖੇੜੇ ਇਕ ਗਰਾਂ, ਸਚਖੰਡ ਦਵਾਰੇ ਸੋਭਾ ਪਾਈਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਆਦਿ ਅੰਤ ਇਕ ਰਘੁਰਾਈਆ । ਇਕ ਵਖਾਏ ਸਚ ਨਿਸ਼ਾਨ, ਅਗੰਮ ਅਗੰਮੜਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਖੇਲ ਅਪਾਰਾ, ਨਿਰਗੁਣ ਧਾਰਾ ਆਪ ਚਲਾਈਆ । ਨਿਰਗੁਣ ਧਾਰਾ ਹਰਿ ਭਗਵਾਨ, ਆਪਣੀ ਆਪ ਚਲਾਇੰਦਾ । ਦੂਸਰ ਹੋਰ ਨਾ ਕੋਇ ਨਿਸ਼ਾਨ, ਸਗਲਾ ਸੰਗ ਨਾ ਕੋਇ ਧਰਾਇੰਦਾ । ਕਰੇ ਕਰਾਏ ਖੇਲ ਮਹਾਨ, ਮਹਿਮਾ ਅਗਣਤ ਨਾ ਕੋਇ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਭਿਛਿਆ, ਆਪਣਾ ਲੇਖਾ ਆਪ ਲਿਖਾਇੰਦਾ । ਲੇਖਾ ਲਿਖਣਹਾਰ ਗੋਪਾਲ, ਆਦਿ ਜੁਗਾਦਿ ਵੱਡੀ ਵਡਿਆਈਆ । ਸਚਖੰਡ ਦਵਾਰ ਵਸੇ ਸੱਚੀ ਧਰਮਸਾਲ, ਦੂਸਰ ਦਰ ਨਾ ਕੋਇ ਰਖਾਈਆ । ਅਨਾਦ ਅਨਾਦੀ ਵੱਜੇ ਤਾਲ, ਤਾਲ ਤਲਵਾੜਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਕਰ, ਆਪੇ ਵੇਖੇ ਬੇਪਰਵਾਹੀਆ । ਅਲੱਖ ਅਗੋਚਰ ਖੇਲ ਅਪਾਰਾ, ਅਗੰਮ ਅਗੰਮੜਾ ਆਪ ਕਰਾਇੰਦਾ । ਨਿਰਗੁਣ ਨੂਰ ਨੂਰ ਉਜਿਆਰਾ, ਆਦਿ ਜੁਗਾਦੀ ਡਗਮਗਾਇੰਦਾ । ਏਕਾ ਵਸੇ ਧਾਮ ਨਿਆਰਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਥਿਰ ਘਰ ਸਾਚੇ ਪਾਵੇ ਸਾਰਾ, ਆਪ ਆਪਣਾ ਰੰਗ ਰੰਗਾਇੰਦਾ । ਸਤਿ ਸਰੂਪੀ ਠਾਂਡਾ ਠਾਰਾ, ਤਤਵ ਤਤ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਅਵੱਲਾ, ਲੇਖਾ ਲੇਖ ਨਾ ਕੋਇ ਜਣਾਈਆ । ਏਕੰਕਾਰਾ

ਇਕ ਇਕੱਲਾ, ਅਕਲ ਕਲ ਆਪ ਅਖਵਾਈਆ । ਆਪੇ ਵਸੇ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਈਆ । ਆਪਣੀ ਜੋਤ ਆਪੇ ਰੱਲਾ, ਮਾਤ ਪਿਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਅਕਲ ਕਲ ਧਾਰਾ ਏਕੰਕਾਰਾ, ਆਦਿ ਜੁਗਾਦਿ ਸਮਾਇਆ । ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਨਿਰਗੁਣ ਨਿਰਵੈਰ ਕਰ ਪਸਾਰਾ, ਅਚੱਲ ਮੂਰਤ ਵੇਸ ਵਟਾਇਆ । ਆਪਣੀ ਕਰਨੀ ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪ ਅਖਵਾਇਆ । ਵੇਸ ਅਵਲੜਾ ਸਿਰਜਣਹਾਰਾ, ਸਤਿ ਪੁਰਖ ਨਿਰੰਜਣ ਆਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪੇ ਖੋਲ੍ਹ, ਆਪਣੇ ਮੰਦਰ ਆਪੇ ਬੋਲ, ਆਪਣਾ ਨਾਮ ਆਪ ਅਲ੍ਹਾਇੰਦਾ । ਸਚਖੰਡ ਦਵਾਰਾ ਖੋਲ੍ਹਿਆ, ਕਰ ਕਿਰਪਾ ਆਪ ਨਿਰੰਕਾਰ । ਨਿਰਗੁਣ ਅੰਦਰ ਵੜ ਵੜ ਬੋਲ੍ਹਿਆ, ਦਿਸ ਨਾ ਆਏ ਅਗੰਮ ਅਪਾਰ । ਨਾ ਕੋਈ ਤਨ ਨਾ ਕੋਈ ਚੋਲਿਆ, ਨਾ ਕੋਈ ਤਤਵ ਤਤ ਆਕਾਰ । ਆਪਣੀ ਸ਼ਕਤੀ ਆਪੇ ਮੌਲਿਆ, ਆਪੇ ਪਾਵੇ ਆਪਣੀ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਸਚ ਪਸਾਰ । ਸਚ ਪਸਾਰਾ ਹਰਿ ਕਰਤਾਰਾ, ਆਪਣਾ ਆਪ ਕਰਾਇੰਦਾ । ਆਪੇ ਅੰਦਰ ਆਪੇ ਬਾਹਿਰਾ, ਗੁਪਤ ਜ਼ਾਹਰਾ ਵੇਸ ਵਟਾਇੰਦਾ । ਆਪੇ ਨਾਰੀ ਕੰਤ ਭਤਾਰਾ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਪੂਤ ਸਪੂਤਾ ਸੁਤ ਦੁਲਾਰਾ, ਆਪੇ ਆਪਣੀ ਗੋਦ ਸੁਹਾਇੰਦਾ । ਆਪੇ ਸ਼ਬਦ ਨਾਦ ਧੁਨ ਜੈਕਾਰਾ, ਅਨਬੋਲਤ ਆਪਣਾ ਰੂਪ ਦਰਸਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਆਪ ਆਪਣਾ ਭਾਣਾ ਆਪਣੇ ਵਿਚ ਟਿਕਾਇੰਦਾ । ਆਪੇ ਰਾਜ ਰਾਜਾਣ ਬਣ ਸਿਕਦਾਰਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪੇ ਆਪਣਾ ਕਰ ਪਸਾਰਾ, ਆਪਣੀ ਇਛਿਆ ਆਪਣੀ ਭਿਛਿਆ ਆਪਣੀ ਝੋਲੀ ਆਪੇ ਪਾਇੰਦਾ । ਆਪੇ ਵਣਜ ਆਪ ਵਣਜਾਰਾ, ਆਪੇ ਆਪਣਾ ਹਟ ਖੁਲ੍ਹਾਇੰਦਾ । ਆਪੇ ਨਿਰਗੁਣ ਨੂਰ ਨੂਰ ਨੂਰ ਕਰ ਉਜਿਆਰਾ, ਆਪ ਆਪਣਾ ਸੰਗ ਨਿਭਾਇੰਦਾ । ਆਪੇ ਵਿਸ਼ਨੂੰ ਆਪੇ ਕਵਲ ਕਵਲ ਉਜਿਆਰਾ, ਆਪੇ ਬ੍ਰਹਮ ਬ੍ਰਹਮ ਸਮਾਇੰਦਾ । ਆਪੇ ਸ਼ੰਕਰ ਪਾਵੇ ਸਾਰਾ, ਸਾਚੀ ਆਪਣੀ ਧਾਰ ਬੰਧਾਇੰਦਾ । ਆਪੇ ਤਿੰਨਾਂ ਵਸੇ ਬਾਹਿਰਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਹਰਿ ਸਾਚਾ ਰਚਨ ਰਚਾਇੰਦਾ । ਏਕਾ ਜੋਤ ਨੂਰ ਉਜਿਆਰ, ਘਰ ਮੰਦਰ ਆਪ ਟਿਕਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਘਰ ਸਾਚੇ ਆਪ ਕਰਾਇੰਦਾ । ਅਲੱਖ ਅਲੱਖਣਾ ਬੋਲ ਜੈਕਾਰ, ਆਪਣਾ ਨਾਅਰਾ ਆਪੇ ਲਾਇੰਦਾ । ਬ੍ਰਹਮ ਬ੍ਰਹਿਮਾਦੀ ਖੇਲ ਅਪਾਰ, ਆਦਿ ਜੁਗਾਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਰਖਾਇੰਦਾ । ਸਾਚੀ ਧਾਰ ਹਰਿ ਨਰਾਇਣ, ਆਪਣੀ ਆਪ ਚਲਾਈਆ । ਨਾ ਕੋਈ ਮਹਿਮਾ ਰਸਨਾ ਜਿਹਵਾ ਕਹਿਣ, ਸਾਚਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮੰਦਰ ਆਪੇ ਵੜ, ਸਾਚਾ ਮੰਦਰ ਆਪ ਸੁਹਾਈਆ । ਸਾਚਾ ਮੰਦਰ ਸੋਭਾਵੰਤ, ਪੁਰਖ ਅਬਿਨਾਸ਼ੀ ਆਪ ਸੁਹਾਇਆ । ਨਰ ਹਰਿ ਨਰਾਇਣ ਹਰਿ ਹਰਿ ਕੰਤ, ਘਰ ਸੁਹੰਜਣਾ ਸੇਜ ਹੰਢਾਇਆ । ਨਿਰਗੁਣ ਨੂਰ ਰੂਪ ਬਸੰਤ, ਲਾਲ ਗੁਲਾਲਾ ਰੰਗ ਚੜ੍ਹਾਇਆ । ਆਪਣੀ ਮਹਿਮਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਏਕਾ ਵਸਤ ਝੋਲੀ ਪਾਈਆ । ਏਕਾ

ਵਸਤ ਸੱਚੀ ਸਰਕਾਰ, ਦਰਗਹਿ ਸਾਚੀ ਆਪ ਵਰਤਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਤ੍ਰੈ ਤ੍ਰੈ ਲੇਖਾ ਦਏ ਸਮਝਾਈਆ । ਲੱਖ ਚੁਰਾਸੀ ਕਰ ਪਸਾਰ, ਰਕਤ ਬੂੰਦ ਮੇਲ ਅਪਾਰ, ਦਰ ਦਵਾਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਸਰਗੁਣ ਸਾਚਾ ਵੇਸ ਵਟਾਈਆ । ਨਿਰਗੁਣ ਸਰਗੁਣ ਧਾਰ ਹਰਿ, ਆਪਣੀ ਆਪ ਚਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਲੱਖ ਚੁਰਾਸੀ ਭਾਂਡਾ ਘੜ, ਘਟ ਘਟ ਆਪਣੀ ਜੋਤ ਜਗਾਇੰਦਾ । ਡੂੰਘੀ ਕੰਦਰ ਆਪੇ ਵੜ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਇੰਦਾ । ਜੁਗ ਕਰਤਾ ਹਰਿ ਕਰਤਾਰ, ਕਰਤਾ ਪੁਰਖ ਖੇਲ ਖਿਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਨੌਂ ਦਵਾਰ ਵੇਖ ਵਖਾਇੰਦਾ । ਘਰ ਵਿਚ ਘਰ ਕਰ ਤਿਆਰ, ਕਾਇਆ ਮੰਦਰ ਆਪ ਸੁਹਾਇੰਦਾ । ਅੰਮ੍ਰਿਤ ਆਤਮ ਜਲ ਠਾਂਡੀ ਠਾਰ, ਸਰ ਸਰੋਵਰ ਇਕ ਧਰਾਇੰਦਾ । ਨਿਰਮਲ ਦੀਆ ਕਰ ਉਜਿਆਰ, ਜੋਤ ਨਿਰੰਜਣ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਆਪ ਜਣਾਇੰਦਾ । ਜੋਤੀ ਜਾਤਾ ਹਰਿ ਮਿਹਰਵਾਨਾ, ਜਾਤ ਪਾਤ ਨਾ ਕੋਇ ਰਖਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਬ੍ਰਹਮ ਆਪਣੀ ਅੰਸ ਉਪਜਾਈਆ । ਈਸ਼ ਜੀਵ ਇਕ ਤਰਾਨਾ, ਈਸ਼ਵਰ ਆਪਣਾ ਰਾਗ ਸੁਣਾਈਆ । ਸਚ ਹਦੀਸ ਧੁਰ ਫ਼ਰਮਾਨਾ, ਏਕਾ ਅੱਖਰ ਵੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਬ੍ਰਹਮ ਬ੍ਰਹਮ ਬ੍ਰਹਮ ਆਪ ਸਮਝਾਈਆ । ਬ੍ਰਹਮੇ ਹਰਿ ਹਰਿ ਜਾਨਣਾ, ਹਰਿ ਸਾਚਾ ਆਪ ਜਣਾਇੰਦਾ । ਹਰਿ ਰੰਗ ਏਕਾ ਮਾਨਣਾ, ਦੂਸਰ ਰੰਗ ਨਾ ਕੋਇ ਵਖਾਇੰਦਾ । ਦੇਵਣਹਾਰਾ ਸਾਚਾ ਦਾਨਣਾ, ਦਾਤਾ ਦਾਨੀ ਵੇਸ ਵਟਾਇੰਦਾ । ਦੋ ਜਹਾਨਾ ਦੇਵੇ ਦਾਨਣਾ, ਅਭਿਮਾਨ ਵਿਚ ਨਾ ਕੋਇ ਜਣਾਇੰਦਾ । ਹੱਥ ਫੜਾਏ ਸਚ ਨਿਸ਼ਾਨਣਾ, ਲੋਆਂ ਪੁਰੀਆਂ ਆਪ ਝੁਲਾਇੰਦਾ । ਆਪਣਾ ਤਤ ਬੰਨ੍ਹੇ ਗਾਨਾ, ਬ੍ਰਹਮ ਮਤ ਆਪ ਵਖਾਇੰਦਾ । ਲੱਖ ਚੁਰਾਸੀ ਕਰ ਪਰਧਾਨਾ, ਕਾਇਆ ਹਟ ਆਪ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਬ੍ਰਹਮ ਮਤ ਇਕ ਵਖਾਇੰਦਾ । ਬ੍ਰਹਮੇ ਹਰਿ ਸਮਝਾਇਆ, ਕਰ ਕਿਰਪਾ ਆਪ ਨਿਰੰਕਾਰ । ਤੇਰੀ ਸੇਵਾ ਸਚ ਲਗਾਇਆ, ਜੁਗਾ ਜੁਗੰਤਰ ਖੇਲ ਨਿਆਰ । ਘੜ ਭਾਂਡੇ ਆਪ ਬਣਾਇਆ, ਦਿਸ ਨਾ ਆਏ ਸਚ ਠਠਿਆਰ । ਆਪਣੀ ਵਸਤੂ ਵਿਚ ਟਿਕਾਇਆ, ਰੂਪ ਜਣਾਏ ਨਿਰਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਦਏ ਸੰਭਾਲ । ਸਾਚੀ ਵਸਤ ਸਾਚੇ ਘਰ, ਹਰਿ ਸਾਚਾ ਆਪ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਤਿੰਨਾਂ ਏਕਾ ਮੇਲ ਮਿਲਾਇੰਦਾ । ਅਨਭਵ ਰਖਾਏ ਆਪਣਾ ਡਰ, ਭੈ ਭਿਆਨਕ ਨਾ ਕੋਇ ਜਣਾਇੰਦਾ । ਆਪਣੀ ਮੂਰਤ ਆਪ ਘੜ, ਅਕਾਲ ਆਪਣਾ ਵੇਸ ਵਟਾਇੰਦਾ । ਤ੍ਰੈਗੁਣ ਮਾਇਆ ਵੇਖੇ ਗੜ, ਆਪ ਆਪਣੀ ਕਲ ਧਰਾਇੰਦਾ । ਨਾ ਕੋਈ ਚੋਟੀ ਨਾ ਕੋਈ ਜੜ, ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਬੈਠਾ ਰਹੇ ਇਕ ਇਕਾਂਤਾ, ਕਲ ਧਾਰੀ ਆਪ ਹੋ ਜਾਇੰਦਾ । ਕਲਧਾਰੀ ਕਲ ਖੇਲਿਆ, ਖੇਲ ਅਗੰਮ ਅਪਾਰ । ਨਿਰਗੁਣ ਸਰਗੁਣ ਮਿਲਿਆ ਮੇਲਿਆ, ਮੇਲ ਮਿਲਾਵਾ ਵਿਚ ਸੰਸਾਰ । ਰੂਪ ਵਟਾਏ ਗੁਰੂ ਗੁਰ ਚੇਲਿਆ, ਗੁਰ ਸ਼ਬਦ ਧੁਨ ਜੈਕਾਰ । ਲੇਖਾ ਜਾਣੇ ਸੱਜਣ ਸੁਹੇਲਿਆ, ਦਰਗਹਿ

ਸਾਚੀ ਵੇਖ ਵਿਚਾਰ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਲੇਖਾ ਲਿਖਣ ਨਾ ਵੇਦ ਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਖ ਚੁਰਾਸੀ ਪਾਵੇ ਸਾਰ । ਲੱਖ ਚੁਰਾਸੀ ਵੇਖਣਹਾਰਾ, ਘਟ ਘਟ ਰਿਹਾ ਸਮਾਈਆ । ਘਰ ਦੀਪਕ ਜੋਤੀ ਕਰ ਉਜਿਆਰਾ, ਦਿਵਸ ਰੈਣ ਰਿਹਾ ਡਗਮਗਾਈਆ । ਸ਼ਬਦ ਅਨਾਦਿ ਸੁਣਾਏ ਸੱਚੀ ਧੁਨਕਾਰਾ, ਆਤਮ ਅੰਤਰ ਆਪ ਵਜਾਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਸਚ ਪਿਆਲਾ ਜਾਮ ਆਪ ਪਿਆਈਆ । ਮੇਟਣਹਾਰਾ ਅੰਧ ਅੰਧਿਆਰਾ, ਸਤਿ ਪ੍ਰਕਾਸ਼ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵੰਡ ਇਕ ਵੰਡਾਈਆ । ਬ੍ਰਹਮੇ ਵੰਡ ਆਪਣੀ ਵੰਡ, ਹਰਿ ਸਾਚਾ ਸਚ ਦ੍ਰਿੜਾਇੰਦਾ । ਉਤਭੁਜ ਸੇਤਜ ਜੇਰਜ ਅੰਡ, ਚਾਰੇ ਖਾਣੀ ਤੇਰੀ ਝੋਲੀ ਪਾਇੰਦਾ । ਵਿਸ਼ਨੂੰ ਤੇਰਾ ਦੇਸ਼ ਬ੍ਰਹਿਮੰਡ, ਲੋਆਂ ਪੁਰੀਆਂ ਆਪ ਸੁਹਾਇੰਦਾ । ਸ਼ੰਕਰ ਫੜ ਏਕਾ ਖੰਡ, ਹੱਥ ਤ੍ਰਿਸ਼ੂਲ ਉਠਾਇੰਦਾ । ਲੱਖ ਚੁਰਾਸੀ ਦੇਣਾ ਡੰਨ, ਜੋ ਘੜਿਆ ਸੋ ਭੰਨ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਸੁੱਤਾ ਦੇ ਕਰ ਕੰਡ, ਕਰਵਟ ਕੋਇ ਨਾ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੰਡਣਹਾਰਾ ਸਾਚੀ ਵੰਡ, ਆਪਣਾ ਹਿੱਸਾ ਆਪ ਕਰਾਇੰਦਾ । ਬ੍ਰਹਮਾ ਵੰਡ ਵੰਡਾ ਸੁਣਿਆ ਧੁਰ ਫ਼ਰਮਾਣਾ, ਮਹਾਂਕਾਲ ਹੁਕਮ ਜਣਾਇੰਦਾ । ਕਾਲ ਹੋਏ ਹੋਏ ਚਰਨ ਨਿਮਾਣਾ, ਥਿਰ ਘਰ ਵਾਸੀ ਖੇਲ ਖਿਲਾਇੰਦਾ । ਤਖ਼ਤ ਨਿਵਾਸੀ ਸ਼ਾਹ ਸੁਲਤਾਨਾ, ਵਿਸ਼ਨੂੰ ਨਿਉਂ ਨਿਉਂ ਸੀਸ ਝੁਕਾਇੰਦਾ । ਖ਼ਾਲੀ ਝੋਲੀ ਮੰਗੇ ਦਾਨਾ, ਪੁਰਖ ਅਬਿਨਾਸ਼ੀ ਏਕਾ ਵਸਤ ਝੋਲੀ ਪਾਇੰਦਾ । ਚਰਨ ਕਵਲ ਬਖ਼ਸ਼ੇ ਸਚ ਧਿਆਨਾ, ਸਾਚਾ ਮਾਰਗ ਇਕ ਵਖਾਇੰਦਾ । ਬ੍ਰਹਮਾ ਮੇਲ ਸ੍ਰੀ ਭਗਵਾਨਾ, ਬਿਨ ਥੰਮਾਂ ਗਗਨ ਰਹਾਇੰਦਾ । ਆਪੇ ਜਾਣੇ ਆਪਣਾ ਭਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਵਖਾਇੰਦਾ । ਵਿਸ਼ਨ ਬ੍ਰਹਮਾ ਦੋਏ ਜੋੜ ਵੇਖਣ ਨੇਤਾ, ਨੇਤਨ ਨੇਤ ਆਪ ਅਖਵਾਈਆ । ਏਕਾ ਮਾਤਾ ਏਕਾ ਪਿਤਾ, ਗੁਰ ਗੋਬਿੰਦ ਰਿਹਾ ਮਨਾਈਆ । ਏਕਾ ਪੁਤ ਏਕਾ ਹਿਤਾ, ਏਕਾ ਸੂਤ ਤੰਦ ਬੰਧਾਈਆ । ਏਕਾ ਗੁਰ ਏਕਾ ਪਿਤਾ, ਏਕਾ ਬੰਕ ਸੁਹਾਈਆ । ਏਕਾ ਖੇਲ ਕਰੇ ਨਿਤ ਨਵਿਤਾ, ਜੁਗ ਦਾਤਾ ਬੇਪਰਵਾਹੀਆ । ਏਕਾ ਸਤਿਗੁਰ ਸਾਚਾ ਡਿੱਠਾ, ਨਾ ਮਰੇ ਨਾ ਜਾਈਆ । ਏਕਾ ਮਿੱਠਾ ਕਰੇ ਕੌੜਾ ਰੀਠਾ, ਅੰਮ੍ਰਿਤ ਫਲ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਜਗਤ ਸੁਤ ਪੁਤ ਦੁਲਾਰੇ, ਗੁਰ ਗੋਬਿੰਦ ਵੇਖ ਵਖਾਇੰਦਾ । ਮਾਤਾ ਗੁਜਰੀ ਨਾ ਕੋਇ ਪਿਆਰੇ, ਤਨ ਬੰਧਨ ਨਾ ਕੋਇ ਵਖਾਇੰਦਾ । ਸਤਿਜੁਗ ਬਣਿਆ ਜੀਤ ਜੁਝਾਰੇ, ਤ੍ਰੇਤਾ ਦਵਾਪਰ ਫ਼ਤਹਿ ਡੰਕਾ ਆਪ ਵਜਾਇੰਦਾ । ਕਲਜੁਗ ਜ਼ੋਰਾਵਰ ਬਲ ਆਪਣਾ ਆਪ ਵਿਚਾਰੇ, ਬਾਹੂ ਬਲ ਆਪ ਵਖਾਇੰਦਾ । ਆਪੇ ਖੰਡਾ ਖੜ੍ਹਗ ਤੇਜ਼ ਕਟਾਰੇ, ਤਿਖੀ ਧਾਰ ਆਪ ਵਖਾਇੰਦਾ । ਆਪੇ ਆਰ ਆਪੇ ਪਾਰੇ, ਆਪੇ ਆਪਣਾ ਵਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸੇਵਾ ਸਾਚੀ ਸਚ ਵਖਾਇੰਦਾ । ਗੋਬਿੰਦ ਗੁਰ ਸੁੱਤ ਦੁਲਾਰਾ, ਪੁਰਖ ਅਕਾਲ ਉਪਾਇਆ । ਘਰ ਮੰਦਰ ਕਰ ਇਕ ਉਜਿਆਰਾ, ਦੀਪਕ ਆਪਣਾ ਆਪ ਜਗਾਇਆ । ਆਪ ਸੁਹਾਏ ਸੁਹਾਵਣਾ ਊਚ ਮੁਨਾਰਾ, ਮਹੱਲ ਅਟੱਲ ਦਏ ਵਡਿਆਇਆ । ਚਾਰੇ ਕੁੰਟ ਚਾਰ ਮੁਨਾਰਾ, ਚਾਰ ਸੁਤ ਦਏ ਵਖਾਇਆ । ਜੀਤ ਜੁਝਾਰ ਫ਼ਤਹਿ ਜੋਰਾ, ਜ਼ੋਰ ਏਕਾ ਰੰਗ ਰੰਗਾਇਆ । ਕਲਜੁਗ ਆਏ ਅੰਤਮ ਵਾਰਾ, ਅੰਧ ਅੰਧੇਰ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਪੰਜ ਤਤ ਨਾਤਾ ਨਾ ਕੋਇ ਵਖਾਇਆ । ਪੰਜ ਤਤ ਨਾਤਾ ਕਦੇ ਨਾ ਤੁਟਿਆ, ਜਿਸ ਜਨ ਦਯਾ ਕਮਾਇਆ । ਗੁਰਮੁਖ ਲਾਲ ਨਾ ਜਾਏ ਕੱਦੇ ਲੁਟਿਆ, ਤੇਜ ਕਟਾਰ ਨਾ ਕੋਇ ਘਾਇਆ । ਚਾਰ ਵਰਨਾਂ ਮੇਟੇ ਫੁੱਟਿਆ, ਲਾਲ ਰੰਗ ਇਕ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਾਚੇ ਲਾਲ ਆਪ ਉਪਾਇਆ । ਸਾਚੇ ਲਾਲ ਉਠ ਉਠ ਸੁਤ, ਹਰਿ ਸਾਚਾ ਆਪ ਉਠਾਈਆ । ਕਿਰਪਾ ਕਰੀ ਅਬਿਨਾਸ਼ੀ ਅਚੁਤ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਸੁਆਰੇ ਤੇਰੀ ਰੁੱਤ, ਰੁੱਤੀ ਰੁੱਤ ਵੇਖ ਵਖਾਈਆ । ਘਰ ਮੰਦਰ ਨਾ ਪਾਏ ਕੋਇ ਲੁੱਟ, ਠੱਗ ਚੋਰ ਯਾਰ ਰਹਿਣ ਨਾ ਪਾਈਆ । ਅੰਮ੍ਰਿਤ ਪਿਆਏ ਜਾਮ ਘੁੱਟ, ਉਤਰ ਕਦੇ ਨਾ ਜਾਈਆ । ਮਾਤਾ ਗੁਜਰੀ ਸੁਫਲ ਕੁੱਖ, ਧੰਨ ਜਣੇਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਤਾ ਗੁਜਰੀ ਇਕ ਸਮਝਾਈਆ । ਲੱਖ ਚੁਰਾਸੀ ਜੀਵ ਅੰਞਾਣ, ਖ਼ਾਕੀ ਖ਼ਾਕ ਸਰਬ ਛਾਣਦਾ । ਸਾਚਾ ਸੀਰ ਭਰ ਪਿਆਲਾ, ਸੁਤ ਦੁਲਾਰੇ ਆਪੇ ਪਿਆਲ ਦਾ । ਨਾਤਾ ਤੋੜੇ ਕਾਲ ਮਹਾਂਕਾਲਾ, ਚਾਰੇ ਸੁਤ ਆਪਣੀ ਗੋਦ ਬਹਾਈਆ । ਸ਼ਸਤਰ ਬਸਤਰ ਤੀਰ ਕਮਾਨ, ਨਾ ਕਿਸੇ ਦੂਸਰ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਸ਼ਸਤਰ ਹੱਥ ਫੜਾਈਆ । ਸਾਚਾ ਸ਼ਸਤਰ ਹੱਥ ਤਲਵਾਰ, ਏਕਾ ਏਕ ਫੜਾਈਆ । ਕਲਜੁਗ ਅੰਤਮ ਕਰੇ ਪਾਰ ਕਿਨਾਰ, ਦੂਤਾਂ ਦੁਸ਼ਟਾਂ ਦਏ ਮਿਟਾਈਆ । ਜੋਤੀ ਮਾਤਾ ਪਾਣੀ ਦੇਵੇ ਆਪਣੀ ਵਾਰ, ਜਗਤ ਜਲ ਨਾ ਮੁਖ ਛੁਹਾਈਆ । ਏਕਾ ਪਿਤਾ ਇਕ ਪਿਆਰ, ਏਕਾ ਘਰ ਬੈਠੇ ਚਾਈਂ ਚਾਈਆ । ਏਕਾ ਨਾਮ ਇਕ ਆਧਾਰ, ਏਕਾ ਰੂਪ ਦਏ ਦਰਸਾਈਆ । ਮਾਤ ਪਿਤ ਭਾਈ ਭੈਣ ਸਾਕ ਸੈਣ ਨਾ ਕੋਇ ਪਿਆਰ, ਨਾ ਕੋਇ ਲਾਡ ਲਡਾਇਆ । ਗੋਦੀ ਗੋਦ ਨਾ ਕੋਇ ਹੁਲਾਰ, ਕੁੱਖੀ ਕੁੱਖ ਨਾ ਕੋਇ ਰਖਾਇਆ । ਪੰਜ ਤਤ ਨਾ ਕੋਇ ਧਾਰ, ਮਾਣਸ ਮਨੁੱਖੀ ਨਾ ਵੇਸ ਵਟਾਇਆ । ਮਨ ਮਤ ਬੁਧ ਨਾ ਕੋਇ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇਆ । ਚਾਰੇ ਲਾਲ ਲਾਲ ਗੁਲਾਲਾ, ਹਰਿ ਹਰਿ ਸਾਚਾ ਰੰਗ ਰੰਗਾਈਆ । ਗੁਰਸਿਖਾਂ ਉਪਰ ਪਾਏ ਦੋਸ਼ਾਲਾ, ਚਾਰ ਕੰਨੀਆਂ ਰਿਹਾ ਫੜ੍ਹਾਈਆ । ਆਪਣੀ ਜਪਾਏ ਆਪੇ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਏਕਾ ਦੱਸਿਆ ਰਾਹ ਸੁਖਾਲਾ, ਗੁਰ ਚਰਨ ਸਰਨ ਸਾਚੀ ਸਰਨਾਈਆ । ਜੋ ਜਨ ਝੂਝੇ ਵਿਚ ਮੈਦਾਨਾ, ਮਰ ਜੀਵਤ ਮਰੇ ਨਾ ਰਾਈਆ । ਏਕੰਕਾਰਾ ਦਰ ਸਾਚਾ ਸੂਝੇ, ਨਾਨਕ ਸਤਿਗੁਰ ਮਿਲੇ ਸ਼ਾਹ ਪਾਤਸ਼ਾਹੀਆ । ਭੇਵ ਚੁਕਾਏ ਏਕਾ ਦੂਜੇ, ਦਵੈਤ ਦੁੱਖ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਏਕਾ ਰੂਪ ਦਰਸਾਈਆ । ਨੀਹਾਂ ਹੇਠ ਰਖਾਈ ਖ਼ਾਕ, ਸਤਿਗੁਰ ਪੂਰੇ ਖੇਲ ਖਿਲਾਇਆ । ਉਪਰ ਚੜ੍ਹਿਆ ਪਾਕੀ ਪਾਕ, ਪਤਿਤ ਪਾਪੀ ਲਏ ਤਰਾਈਆ । ਆਪ ਸੁਣਾਏ ਭਵਿਖਤ ਵਾਕ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਆਪੇ ਚੜੇ ਸਾਚੇ ਰਾਕ, ਸ਼ਬਦ ਘੋੜਾ ਲੈ ਦੌੜਾਇਆ । ਮੇਰਾ ਪੂਰਾ ਕਰੇ ਭਵਿਖਤ ਵਾਕ, ਕਲਜੁਗ ਅੰਤਮ ਸਾਢੇ ਤਿੰਨ ਹੱਥ ਸੀਆਂ ਲਏ ਸੁਹਾਇਆ । ਅੱਗੇ ਕੋਇ ਨਾ ਦਿਸੇ ਆਕ, ਨੌ ਖੰਡ ਪ੍ਰਿਥਮੀ ਲਏ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਆਪਣੇ ਹੱਥ ਰਖਾਇਆ । ਸਚ ਸਮਗਰੀ ਧਰਨੀ ਧਰ, ਨੀਹਾਂ ਹੇਠ ਆਪ ਦਬਾਈਆ । ਪੁਰਖ ਅਬਿਨਾਸ਼ੀ ਖੇਲ ਕਰ, ਗੋਬਿੰਦ ਮੇਲਾ ਚਾਈਂ ਚਾਈਆ । ਆਪਣਾ ਗੇੜ

ਗੇੜ ਹਰਿ, ਗੇੜਾ ਗੇੜੇ ਵਿਚ ਟਿਕਾਈਆ । ਅੰਤਮ ਕਰੇ ਹੱਕ ਨਬੇੜ, ਹਕ ਹਕਿਕਤ ਵੇਖ ਵਖਾਈਆ । ਬਾਲ ਅਵਾਣੇ ਛੇੜਾਂ ਗਏ ਛੇੜ, ਡੂੰਘੀ ਕੰਦਰ ਆਪਣਾ ਆਸਣ ਲਾਈਆ । ਹੇਠਾਂ ਸੁਤੇ ਕਲਜੁਗ ਜੜ੍ਹ ਰਹੇ ਉਖੇੜ, ਗੁਰ ਗੋਬਿੰਦ ਏਕਾ ਬੂਟਾ ਪੁਟਿਆ ਕਾਹੀਆ । ਨਾ ਕੋਈ ਨਗਰ ਨਾ ਕੋਈ ਖੇੜ, ਸ਼ਹਿਰ ਗਰਾਂ ਨਾ ਕੋਇ ਦਸਾਈਆ । ਧਰਤ ਮਾਤ ਦਾ ਖੁਲ੍ਹਾ ਕਰੇ ਵੇਹੜ, ਨੌ ਖੰਡ ਪ੍ਰਿਥਮੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੀਤੀ ਆਪਣੇ ਹੱਥ ਰਖਾਈਆ । ਸਾਚੀ ਰੀਤੀ ਹਰਿ ਭਗਵਾਨ, ਜੁਗ ਜੁਗ ਆਪ ਚਲਾਇੰਦਾ । ਚਾਰੇ ਸੁੱਤ ਚਾਰੇ ਜੁਗ ਝੁਲਦੇ ਰਹੇ ਨਿਸ਼ਾਨ, ਕਲਜੁਗ ਅੰਤਮ ਮੇਲ ਮਿਲਾਇੰਦਾ । ਸਤਿ ਸਤਿਵਾਦੀ ਸਦ ਮਿਹਰਵਾਨ, ਭੁੱਲ ਕਦੇ ਨਾ ਜਾਇੰਦਾ । ਸਤਿਜੁਗ ਪ੍ਰਗਟਾਏ ਵਾਲੀ ਦੋ ਜਹਾਨ, ਚਾਰ ਵਰਨਾਂ ਏਕਾ ਘਰ ਬਹਾਇੰਦਾ । ਊਚਾ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਪਾਏ ਏਕਾ ਆਣ, ਏਕਾ ਹੁਕਮ ਸੁਣਾਇੰਦਾ । ਸਿੰਘ ਸੂਰਬੀਰ ਹੋਏ ਬਲਵਾਨ, ਬਲ ਬਾਵਨ ਰੂਪ ਧਰਾਇੰਦਾ । ਘਰ ਘਰ ਵੇਖੇ ਸੁਰਤੀ ਕਾਹਨ, ਸੀਤਾ ਸੁਰਤੀ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਸ ਅਵੱਲਾ ਕਰੇ ਕਰਾਏ ਇਕ ਇਕੱਲਾ, ਆਪਣੀ ਕਲ ਧਰਾਇੰਦਾ । ਗੋਬਿੰਦ ਸੂਰ ਵਡ ਬਲਕਾਰ, ਆਪਣਾ ਖੇਲ ਖਿਲਾਇਆ । ਗੜ੍ਹੀ ਚਮਕੌਰ ਹੋ ਤਿਆਰ, ਸਾਚੇ ਸੁੱਤ ਲਏ ਲੜਾਇਆ । ਸਾਚੇ ਸਿੱਖਾ ਕਰ ਪਿਆਰ, ਰਣ ਭੂਮੀ ਰੰਗ ਰੰਗਾਇਆ । ਖੇਲੇ ਖੇਲ ਸੂਰਾ ਸਰਬੰਗ, ਹਰਿ ਹਰਿ ਭਾਣਾ ਵਡ ਵਡਿਆਇਆ । ਜੋਤੀ ਜੋਤ ਸਰੂਪ
੮੬੩ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਵਿਚ ਰਖਾਇਆ । ਆਪਣਾ ਭੇਵ ਗੁਰ ਗੋਬਿੰਦ, ਆਪਣੇ ਵਿਚ ਰਖਾਇਆ । ਗੁਰਮੁਖਾਂ ੮੬੩
੦੯ ਮੇਟ ਸਗਲੀ ਚਿੰਦ, ਸੁਤ ਦੁਲਾਰੇ ਭੇਟ ਚੜ੍ਹਾਈਆ । ਕਿਰਪਾ ਕਰ ਗੁਣੀ ਗਹਿੰਦ, ਗੁਰ ਸਾਚੇ ਮਾਣ ਦਵਾਈਆ । ਜੋਤੀ ਜੋਤ ਸਰੂਪ ਹਰਿ, ੦੯
ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਦਏ ਵਡਿਆਈਆ । ਗੁਰਮੁਖਾਂ ਦਿਤਾ ਨਿਜਾਨੰਦ, ਨਿਝ ਆਤਮ ਵੱਜੀ ਵਧਾਈਆ । ਜਗਤ ਤਜਾਇਆ ਰਸਨਾ ਗੰਦ, ਆਤਮ ਰਸ ਇਕ ਵਖਾਈਆ । ਕਲਜੁਗ ਅੰਤਮ ਚਾੜ੍ਹੇ ਸਾਚੇ ਚੰਦ, ਸੂਰਜ ਚੰਨ ਡਗਮਗਾਈਆ । ਗੁਰ ਗੋਬਿੰਦ ਖੇਲ ਕਰ, ਤੇਗ ਬਹਾਦਰ ਦਏ ਵਡਿਆਈਆ । ਨਾਨਕ ਮੇਲਾ ਸਾਚੇ ਘਰ, ਅੰਗਦ ਅੰਗ ਸਮਾਈਆ । ਅਮਰਦਾਸ ਅਮਰ ਪਦ, ਏਕਾ ਘਰ ਵਖਾਈਆ । ਰਾਮਦਾਸ ਵਜਾਇਆ ਨਦ, ਗੁਰ ਅਰਜਣ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਹੇਲੇ ਏਕਾ ਘਰ ਬਹਾਈਆ । ਸ਼ਬਦ ਨਾਦ ਧੁਨ ਵੱਜਿਆ, ਘਰ ਮੰਦਰ ਸੋਭਾਵੰਤ । ਰਾਮਦਾਸ ਗੁਰ ਸਤਿਗੁਰ ਸਾਚਾ ਗੁਝਿਆ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤ । ਜਗਤ ਵਿਕਾਰਾ ਦਰ ਤੋਂ ਭੱਜਿਆ, ਰਸਨਾ ਜੇਹਵਾ ਏਕਾ ਨਾਮ ਮਣੀਆ ਮੰਤ । ਪੁਰਖ ਅਬਿਨਾਸ਼ੀ ਪਰਦਾ ਕੱਜਿਆ, ਮੇਲ ਮਿਲਾਵਾ ਨਾਰੀ ਕੰਤ । ਸਾਚੀ ਸੇਜ ਬਹਿ ਬਹਿ ਸਜਿਆ, ਰੂਪ ਚੜ੍ਹਾਏ ਸ੍ਰੀ ਭਗਵੰਤ । ਨਿਰਗੁਣ ਹਵਨ ਕਦੇ ਨਾ ਦਝਿਆ, ਲੇਖਾ ਜਾਣੇ ਨਾ ਜੀਵ ਜੰਤ । ਗ਼ਰੀਬ ਨਿਮਾਣਿਆਂ ਪਰਦਾ ਕਿਸੇ ਨਾ ਕੱਜਿਆ, ਸਤਿਗੁਰ ਪੂਰਾ ਹੋਏ ਸਹਾਈ ਆਦਿ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਮਣੀਆਂ ਮੰਤ । ਏਕਾ ਸ਼ਬਦ ਸਤਿ ਧਾਰ, ਸਤਿਗੁਰ ਸਾਚੇ ਵਿਚ ਟਿਕਾਈਆ । ਅਰਜਨ ਗਾਏ ਆਪ ਨਿਰੰਕਾਰ, ਨਾਨਕ ਸਤਾਰ ਹਿਲਾਈਆ । ਚੌਥੇ ਪਦ ਉਤਰੇ ਪਾਰ, ਦੂਜਾ ਹੁਕਮ ਨਾ ਕੋਈ ਜਣਾਈਆ । ਬੋਧ ਅਗਾਧੀ ਸ਼ਬਦ ਜੈਕਾਰ, ਦਿਵਸ ਰੈਣ ਆਪ ਸੁਣਾਈਆ । ਸੰਤ ਭਗਤ ਭਗਵੰਤ ਕਰ ਵਿਚਾਰ,

ਏਕਾ ਰੰਗ ਰੰਗਾਈਆ । ਚਾਰ ਵਰਨਾਂ ਦਏ ਸਹਾਰ, ਏਕਾ ਨਾਮ ਵਡਿਆਈਆ । ਮਨਮੁਖ ਜੀਵ ਨਾ ਪਾਇਣ ਸਾਰ, ਭਰਮੇ ਭੁੱਲੀ ਭਰਮ ਲੁਕਾਈਆ । ਕਲਜੁਗ ਅਗਨੀ ਤਪੇ ਨਾ ਕੋਈ ਠੰਡੀ ਠਾਰ, ਚਾਰ ਕੁੰਟ ਨਜ਼ਰ ਕੋਈ ਨਾ ਆਈਆ । ਸਤਿਗੁਰ ਪੂਰਾ ਹੋ ਤਿਆਰ, ਆਪਣੀ ਸੇਵਾ ਆਪ ਕਮਾਈਆ । ਉਬਲੇ ਦੇਗ ਨਾ ਅਗਨੀ ਸਕੇ ਸਾੜ, ਤੇਗ ਤਲਵਾਰ ਨਾ ਸੀਸ ਕਟਾਈਆ । ਆਪਣੇ ਭਾਣੇ ਨਿਭ ਸੱਚੀ ਸਰਕਾਰ, ਆਪਣਾ ਸ਼ੁਕਰ ਰਿਹਾ ਮਨਾਈਆ । ਕਿਆ ਕੋਈ ਮੇਹਣਾ ਦੇਵੇ ਵਿਚ ਸੰਸਾਰ, ਆਪਣੀ ਗਤ ਮਿਤ ਨਾ ਵੇਖ ਵਖਾਈਆ । ਕਲਜੁਗ ਅੰਤਮ ਖੇਲ ਕਰਿਆ ਅਪਾਰ, ਨਿਹਕਲੰਕ ਜਾਮਾ ਪਾਈਆ । ਪੰਜ ਤਤ ਨਾ ਕੋਈ ਅਕਾਰ, ਫੜ ਸਕੇ ਨਾ ਕੋਈ ਸ਼ਾਹੀਆ । ਫੱਟੇ ਫ਼ਾਸੀ ਨਾ ਦੇਵੇ ਕੋਈ ਹੁਲਾਰ, ਉਚੇ ਪਰਬਤ ਨਾ ਸਕੇ ਰੁੜ੍ਹਾਈਆ । ਡੂੰਘੀ ਸੁੱਟੇ ਨਾ ਕੋਈ ਗਾਰ, ਅਗਨੀ ਅਗਨ ਨਾ ਕੋਈ ਤਪਾਈਆ । ਨਿਰਗੁਣ ਰੂਪ ਕਰ ਕਰਤਾਰ, ਕਲਜੁਗ ਅੰਤਮ ਵੇਸ ਵਟਾਈਆ । ਗੁਰਮੁਖਾਂ ਆਪੇ ਪਾਵੇ ਸਾਰ, ਮਹਾਂ ਪੁਰਖ ਮਹਾਂ ਮੂਰਖ ਵੇਖ ਵਖਾਈਆ । ਦੇਵਤ ਦੇਵਾ ਸਿਰ ਦਏ ਆਧਾਰ, ਸਾਧਕ ਸਿਧ ਲਏ ਤਰਾਈਆ । ਆਪੇ ਗੋਬਿੰਦ ਮਾਤਾ ਗੁਜਰੀ ਕਰੇ ਪਿਆਰ, ਆਪੇ ਸੁੱਤ ਦੁਲਾਰੇ ਲਏ ਪ੍ਰਨਾਈਆ । ਲਾੜੀ ਮੌਤ ਨਾ ਕਰੇ ਕੋਈ ਸ਼ੰਗਾਰ, ਵੇਲੇ ਅੰਤ ਮਹਿੰਦੀ ਲਾਲ ਨਾ ਕੋਈ ਰੰਗਾਈਆ । ਸ੍ਰਿਸ਼ਟ ਸਬਾਈ ਨਾ ਪਾਵੇ ਕੋਈ ਸਾਰ, ਪੁਰਖ ਅਬਿਨਾਸ਼ੀ ਆਪਣਾ ਸਗਨ ਆਪ ਮਨਾਈਆ । ਪਾਇਆ ਕੰਗਨ ਹੱਥ ਕਰਤਾਰ, ਰੰਗਣ ਰੰਗ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਲਾਲ ਲਏ ਵਰ, ਆਪ ਆਪਣਾ ਦਰ ਸੁਹਾਈਆ ।

੮੬੪ ✲ ੩ ਭਾਦਰੋਂ ੨੦੧੭ ਬਿਕ੍ਰਮੀ ਕੇਹਰ ਸਿੰਘ ਦੇ ਘਰ ਰਜੀ ਵਾਲਾ ਜ਼ਿਲਾ ਫਿਰੋਜ਼ ਪੁਰ ✲ ੮੬੪

੦੯

ਸੋ ਪੁਰਖ ਨਿਰੰਜਣ ਖੇਲ ਅਪਾਰਾ, ਆਦਿਨ ਅੰਤਾ ਆਪ ਕਰਾਈਆ । ਹਰਿ ਪੁਰਖ ਨਿਰੰਜਣ ਕਰੇ ਵਿਚਾਰਾ, ਆਪਣੀ ਇਛਿਆ ਆਪਣੇ ਵਿਚ ਟਿਕਾਈਆ । ਏਕੰਕਾਰਾ ਪਾਵੇ ਸਾਰਾ, ਆਪਣਾ ਲੇਖਾ ਜਾਣੇ ਸਹਿਜ ਸੁਭਾਈਆ । ਆਦਿ ਨਿਰੰਜਣ ਹੋ ਉਜਿਆਰਾ, ਆਪਣਾ ਪਰਦਾ ਦਏ ਚੁਕਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਹਰਿ ਮੰਦਰ ਦਏ ਸੁਹਾਈਆ । ਸ੍ਰੀ ਭਗਵਾਨ ਠਾਂਡਾ ਦਰਬਾਰਾ, ਹਰਿ ਘਰ ਸਾਚਾ ਇਕ ਵਖਾਈਆ । ਪਾਰਬ੍ਰਹਮ ਬ੍ਰਹਮ ਪ੍ਰਭ ਬੈਠ ਨਿਆਰਾ, ਨਿਰਗੁਣ ਆਪਣੀ ਕਲ ਵਰਤਾਈਆ । ਤਖ਼ਤ ਨਿਵਾਸੀ ਬਣ ਸਿਕਦਾਰਾ, ਸ਼ਾਹੋ ਭੂਪ ਆਪਣੇ ਹੱਥ ਰੱਖੇ ਵਡਿਆਈਆ । ਆਸਣ ਸਿੰਘਾਸਣ ਖੇਲ ਨਿਆਰਾ, ਪੁਰਖ ਅਬਿਨਾਸ਼ਨ, ਆਪ ਕਰਾਈਆ । ਸਚਖੰਡ ਸੁਹਾਏ ਅਸਥਲ ਚੁਬਾਰਾ, ਮਹੱਲ ਅਟੱਲ ਸੱਚਾ ਸ਼ਹਿਨਸ਼ਾਹੀਆ । ਦਰ ਦਰਬਾਨ ਬਣੇ ਭਿਖਾਰਾ, ਦਰ ਦਰਵੇਸ਼ ਅਲੱਖ ਨਿਰੰਜਣ ਆਪਣੀ ਅਲੱਖ ਜਗਾਈਆ । ਅਗੰਮ ਅਗੰਮੜਾ ਭਰੇ ਭੰਡਾਰਾ, ਅਗੰਮੜੀ ਵਸਤ ਆਪ ਉਪਜਾਈਆ । ਥਿਰ ਘਰ ਸਾਚੇ ਹੋ ਉਜਿਆਰਾ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਹਿਬ ਸੁਲਤਾਨ ਇਕ ਅਖਵਾਈਆ । ਸਾਹਿਬ ਸੁਲਤਾਨ ਹਰਿ ਕਰਤਾਰਾ, ਇਕ ਇਕੱਲਾ ਖੇਲ ਖਿਲਾਇੰਦਾ । ਸਚਖੰਡ ਸੁਹਾਏ ਸਚ ਦਵਾਰਾ, ਥਿਰ ਘਰ ਸਾਚੇ ਆਪ ਉਪਾਇੰਦਾ । ਹੁਕਮੇ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਭੇਵ ਅਭੇਦ ਖੁਲ੍ਹਾਇਆ, ਸੋ ਪੁਰਖ ਨਿਰੰਜਣ ਕਿਰਪਾ ਧਾਰ । ਆਪਣਾ ਰੂਪ ਆਪ ਪ੍ਰਗਟਾਇਆ, ਹਰਿ ਪੁਰਖ ਨਿਰੰਜਣ ਹੋ ਉਜਿਆਰ । ਏਕੰਕਾਰਾ ਨਾਉਂ ਧਰਾਇਆ, ਨਿਰਗੁਣ ਬੰਨ੍ਹੇ ਸਾਚੀ ਧਾਰ । ਆਦਿ ਨਿਰੰਜਣ ਡਗਮਗਾਇਆ,

ਰੂਪ ਅਨੂਪਾ ਸ਼ਾਹ ਅਸਵਾਰ । ਸ੍ਰੀ ਭਗਵਾਨ ਸੰਗ ਰਖਾਇਆ, ਸਗਲਾ ਸੰਗ ਅਗੰਮ ਅਪਾਰ । ਅਬਿਨਾਸ਼ੀ ਕਰਤਾ ਵੇਖ ਵਖਾਇਆ, ਵੇਖਣਹਾਰਾ ਬੇਐਬ ਪਰਵਰਦਿਗਾਰ । ਪਾਰਬ੍ਰਹਮ ਪ੍ਰਭ ਮੇਲ ਮਿਲਾਇਆ, ਘਰ ਮੇਲਾ ਕੰਤ ਭਤਾਰ । ਸਚ ਸੁਹੰਜਣੀ ਸੇਜ ਸੁਹਾਇਆ, ਦਰਗਹਿ ਸਾਚੀ ਖੋਲ੍ਹ ਕਿਵਾੜ । ਨਿਰਗੁਣ ਨਰ ਨਰਾਇਣ ਹਰਿ ਨਰ ਆਪਣਾ ਆਸਣ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਕਾਰ ਕਰਾਏ ਹਰਿ ਨਿਰੰਕਾਰਾ, ਨਿਰਗੁਣ ਭੇਵ ਕੋਇ ਨਾ ਪਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਕਲਧਾਰੀ ਕਲ ਵਰਤਾਇੰਦਾ । ਸਾਚੇ ਮੰਦਰ ਖੇਲ ਨਿਆਰਾ, ਥਿਰ ਘਰ ਵਾਸੀ ਆਪ ਕਰਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਦੀਪਕ ਆਪਣਾ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਵਖਾਇੰਦਾ । ਆਪਣਾ ਬਲ ਆਪੇ ਧਰ, ਆਪ ਆਪਣੇ ਵਿਚ ਸਮਾਈਆ । ਆਪਣਾ ਭੰਡਾਰਾ ਆਪੇ ਭਰ, ਆਪੇ ਵੇਖੇ ਬੇਪਰਵਾਹੀਆ । ਆਪੇ ਨਾਰੀ ਆਪੇ ਨਰ, ਨਾਰ ਕੰਤ ਆਪ ਹੰਢਾਈਆ । ਹਰਿ ਮੰਦਰ ਸੁਹਾਏ ਸਾਚਾ ਘਰ, ਸਚਖੰਡ ਦਵਾਰ ਸੱਚੀ ਵਡਿਆਈਆ । ਆਪੇ ਚੋਟੀ ਬੈਠਾ ਚੜ੍ਹ, ਦੂਰ ਦੁਰਾਡਾ ਸਾਚਾ ਮਾਹੀਆ । ਆਪੇ ਨਿਰਗੁਣ ਆਪਣਾ ਘਾੜਨ ਘੜ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਆਪ ਫੜ੍ਹਾਏ ਆਪਣਾ ਲੜ, ਆਦਿ ਜੁਗਾਦਿ ਵੱਡੀ ਵਡਿਆਈਆ । ਜੁਗਾ ਜੁਗੰਤਰ ਲਾਏ ਜੜ, ਜੁਗ ਕਰਤਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਮਹਿਮਾ ਅਗਣਤ ਗਣੀ ਨਾ ਜਾਈਆ । ਮਹਿਮਾ ਅਗਣਤ ਅਗੰਮ ਅਥਾਹ, ਲੇਖਾ ਲੇਖ ਨਾ ਕੋਇ ਜਣਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਬੇਐਬ ਆਪਣਾ ਨਾਉਂ ਧਰਾਇੰਦਾ । ਜੁਗਾ ਜੁਗੰਤਰ ਬਣੇ ਮਲਾਹ, ਖੇਵਟ ਖੇਟਾ ਆਪਣਾ ਰੂਪ ਵਟਾਇੰਦਾ । ਏਕਾ ਸ਼ਬਦ ਜਣਾਏ ਸਾਚਾ ਨਾਂ, ਗੁਰ ਮੰਤਰ ਇਕ ਵਖਾਇੰਦਾ । ਏਕਾ ਵੇਖਣਹਾਰਾ ਥਾਉਂ ਥਾਂ, ਗਗਨ ਮੰਡਲ ਫੋਲ ਫੋਲਾਇੰਦਾ । ਏਕਾ ਪਕੜਨਹਾਰਾ ਬਾਂਹ, ਆਪ ਆਪਣੀ ਸੇਵ ਕਮਾਇੰਦਾ । ਇਕ ਇਕੱਲਾ ਕਰੇ ਸਚ ਨਿਆਂ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਕਲ ਵਰਤਾਇੰਦਾ । ਅਲੱਖ ਅਗੋਚਰ ਹਰਿ ਬੇਅੰਤ, ਲੇਖਾ ਲਿਖ ਨਾ ਸਕੇ ਰਾਈਆ । ਸਚਖੰਡ ਨਿਵਾਸੀ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਪਾਈਆ । ਲੇਖਾ ਜਾਣੇ ਜੀਵ ਜੰਤ, ਸਾਧ ਸੰਤ ਦਏ ਵਡਿਆਈਆ । ਰਸ ਜਣਾਏ ਮਣਿਆ ਮੰਤ, ਰਸ ਆਤਮ ਇਕ ਭਰਾਈਆ । ਪੂਰਨ ਜੋਤ ਸ੍ਰੀ ਭਗਵੰਤ, ਪਾਰਬ੍ਰਹਮ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਅਛੱਲ ਅਛੇਦਾ ਵਲ ਛਲ ਧਾਰੀ ਆਪਣੀ ਖੇਲ ਆਪ ਕਰਾਈਆ । ਖੇਲ ਅਵੱਲਾ ਇਕ ਇਕੱਲਾ, ਏਕੰਕਾਰਾ ਆਪ ਕਰਾਇੰਦਾ । ਸਚਖੰਡ ਦਵਾਰ ਮੱਲਿਆ ਸਚ ਮਹੱਲਾ, ਊਚ ਅਟੱਲਾ ਆਪ ਸੁਹਾਇੰਦਾ । ਆਪਣੀ ਜੋਤੀ ਆਪੇ ਰੱਲਾ, ਮਾਤ ਪਿਤ ਨਾ ਕੋਈ ਬਣਾਇੰਦਾ । ਆਪਣਾ ਫੜਿਆ ਆਪੇ ਪੱਲਾ, ਆਪਣਾ ਸੰਗ ਆਪ ਨਿਭਾਇੰਦਾ । ਆਪਣਾ ਸਿੰਘਾਸਣ ਆਪੇ ਮੱਲਾ, ਸ਼ਾਹ ਸੁਲਤਾਨ ਸਾਚਾ ਚਰਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ, ਆਪ ਆਪਣੀ ਧਾਰ ਵਹਾਇੰਦਾ । ਧਾਰ ਵਹਾਏ ਹਰਿ ਕਰਤਾਰਾ, ਧਰਤ ਧਵਲ ਨਾ ਕੋਇ ਵਡਿਆਈਆ । ਜਲ ਬਿੰਬ ਨਾ ਕੋਇ ਪਸਾਰਾ, ਪਵਣ ਹਵਣ ਨਾ ਕੋਇ ਕਰਾਈਆ । ਤ੍ਰੈਗੁਣ ਮਾਇਆ ਨਾ ਕੋਇ ਭੰਡਾਰਾ, ਬ੍ਰਹਮਾ

ਵਿਸ਼ਨ ਸ਼ਿਵ ਨਾ ਕੋਇ ਵਰਤਾਈਆ । ਗੁਰ ਪੀਰ ਨਾ ਕੋਇ ਅਵਤਾਰਾ, ਸਾਧ ਸੰਤ ਨਾ ਕੋਇ ਵਖਾਈਆ । ਲਖ ਚੁਰਾਸੀ ਨਾ ਕੋਇ ਪਸਾਰਾ, ਪੰਚਮ ਨਾਤਾ ਨਾ ਕੋਇ ਜੁੜਾਈਆ । ਕਾਮ ਕ੍ਰੋਧ ਲੋਭ ਮੋਹ ਨਾ ਕੋਇ ਹੰਕਾਰਾ, ਆਸਾ ਤ੍ਰਿਸ਼ਨਾ ਨਾ ਮੇਲ ਮਿਲਾਈਆ । ਨਾਦ ਧੁਨ ਸ਼ਬਦ ਨਾ ਕੋਇ ਜੈਕਾਰਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਨਾਰ ਕੰਤ ਨਾ ਕਰੇ ਪਿਆਰਾ, ਜਗਤ ਸੇਜ ਨਾ ਕੋਇ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਆਪ ਸੁਹਾਏ ਹਰਿ ਹਰਿ ਕੰਤ, ਦਰ ਘਰ ਬੈਠਾ ਆਸਣ ਲਾਈਆ । ਦਰ ਸੁਹਾਇਆ ਹਰਿ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਜੁਗਾ ਜੁਗੰਤਰ ਭੇਵ ਨਿਆਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਆਪਣੀ ਇਛਿਆ ਵਿਚ ਟਿਕਾਇੰਦਾ । ਸੁਨ ਸਮਾਧ ਕਰੇ ਪਾਰ, ਸ਼ਬਦ ਨਾਦ ਇਕ ਵਜਾਇੰਦਾ । ਲੋਆਂ ਪੁਰੀਆਂ ਖੰਡ ਬ੍ਰਹਿਮੰਡ ਮਹੱਲ ਉਸਾਰ, ਆਪਣੀ ਰਚਨਾ ਵੇਖ ਵਖਾਇੰਦਾ । ਰਵ ਸਸ ਕਰ ਉਜਿਆਰ, ਮੰਡਲ ਮੰਡਪ ਆਪ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਏਕਾ ਵਸਤ ਅਗੰਮ ਅਪਾਰ, ਆਪਣੀ ਆਪ ਆਪ ਵਰਤਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲੇਖ ਨਾ ਕੋਇ ਵਖਾਇੰਦਾ । ਬ੍ਰਹਮਾ ਲਿਖੇ ਵੇਦ ਚਾਰ, ਹਰਿ ਕਾ ਭੇਵ ਨਾ ਕੋਇ ਜਣਾਇੰਦਾ । ਨੇਤਰ ਰੋਵੇ ਜ਼ਾਰੋ ਜ਼ਾਰ, ਨੈਣ ਨੈਣਾ ਨੀਰ ਬਰਸਾਇੰਦਾ । ਵਿਸ਼ਨੂੰ ਕਰੇ ਵਿਸ਼ਵ ਪੁਕਾਰ, ਵਾਸਤਕ ਰੂਪ ਨਾ ਕੋਇ ਦਰਸਾਇੰਦਾ । ਸ਼ੰਕਰ ਖੇਲ ਧੁਰ ਦਰਬਾਰ, ਸੰਸਾ ਰੋਗ ਨਾ ਕੋਇ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਆਪ ਸੁਹਾਇੰਦਾ । ਹਰਿ ਮੰਦਰ ਹਰਿ ਹਰਿ ਉਪਾਇਆ, ਦੂਸਰ ਹੋਰ ਨਾ ਕੋਇ ਬਣਾਈਆ । ਸਾਚਾ ਦੀਪਕ ਆਪ ਜਗਾਇਆ, ਨਿਰਗੁਣ ਜੋਤ ਕਰ ਰੁਸ਼ਨਾਈਆ । ਗੀਤ ਸੁਹਾਗੀ ਏਕਾ ਗਾਇਆ, ਸ਼ਬਦ ਨਾਦ ਧੁਨ ਸੁਣਾਈਆ । ਕੰਤ ਸੁਹਾਗੀ ਇਕ ਹੰਢਾਇਆ, ਨਾ ਮਰੇ ਨਾ ਜਾਈਆ । ਪ੍ਰੀਤ ਲਾਗੀ ਨਾ ਕੋਈ ਦਏ ਤੁੜਾਇਆ, ਏਕਾ ਰੰਗਣ ਆਪ ਰੰਗਾਈਆ । ਅੰਦਰ ਵੜ ਆਪ ਆਪਣਾ ਆਸਣ ਲਾਇਆ, ਸਚ ਮਹੱਲਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਵੇਖ ਵਖਾਈਆ । ਸਚ ਦਵਾਰਾ ਸਚਖੰਡ, ਹਰਿ ਸਾਚਾ ਆਪ ਸੁਹਾਇੰਦਾ । ਆਪ ਵੰਡਾਏ ਆਪਣੀ ਵੰਡ, ਬ੍ਰਹਿਮੰਡ ਆਪਣੀ ਰਚਨ ਰਚਾਇੰਦਾ । ਆਪੇ ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਆਪੇ ਖੇਲ ਖਿਲਾਇੰਦਾ । ਆਪੇ ਗਾਏ ਸੁਹਾਗੀ ਛੰਦ, ਆਪਣਾ ਨਾਉਂ ਆਪ ਧਰਾਇੰਦਾ । ਆਪੇ ਦੋ ਜਹਾਨਾਂ ਮੇਟੇ ਪੰਧ, ਜੁਗਾ ਜੁਗੰਤਰ ਵੇਸ ਵਟਾਇੰਦਾ । ਆਪੇ ਭਰਮਾਂ ਤੋੜਨਹਾਰਾ ਕੰਧ, ਭਾਂਡਾ ਭਰਮ ਭੌ ਆਪ ਭੰਨਾਇੰਦਾ । ਆਪੇ ਰਸੀਆ ਸਮਾਏ ਪਰਮਾਨੰਦ, ਨਿਜਾਨੰਦ ਆਪਣੀ ਧਾਰ ਵਖਾਇੰਦਾ । ਆਪੇ ਦਾਤਾ ਦਾਨੀ ਹੋਏ ਬਖ਼ਸ਼ੰਦ, ਗਹਿਰ ਗੰਭੀਰ ਆਪਣੀ ਦਇਆ ਆਪ ਕਰਾਇੰਦਾ । ਆਪੇ ਕਰਨਹਾਰਾ ਖੰਡ ਖੰਡ, ਖੜਗ ਖੰਡਾ ਇਕ ਚਮਕਾਇੰਦਾ । ਆਪੇ ਨਾਰ ਦੁਹਾਗਣ ਹੋਏ ਰੰਡ, ਸਾਚਾ ਕੰਤ ਆਪ ਹੰਢਾਇੰਦਾ । ਆਪੇ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਆਪ ਬਦਲਾਇੰਦਾ । ਲੇਖਾ ਜਾਣੇ ਸੂਰਜ ਚੰਦ, ਰਵ ਸਸ ਹੁਕਮੀ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਹਰਿ ਦਵਾਰ, ਆਪੇ ਵਸੇ ਏਕੰਕਾਰ, ਨਿਰਗੁਣ ਨਿਰਾਕਾਰ ਆਪਣੀ ਕਲ ਆਪ ਵਰਤਾਇੰਦਾ । ਕਲ ਵਰਤਾਏ ਹਰਿ ਭਗਵਾਨਾ, ਦਿਸ ਕਿਸੇ ਨਾ ਆਇੰਦਾ । ਜੋਧਾ ਸੂਰ ਬਲੀ ਬਲਵਾਨਾ, ਬਲ ਆਪਣਾ

ਆਪ ਧਰਾਇੰਦਾ । ਮੰਦਰ ਵੇਖ ਸਚ ਮਕਾਨਾ, ਸਚ ਸਿੰਘਾਸਣ ਆਪ ਸੁਹਾਇੰਦਾ । ਸ਼ਾਹੋ ਭੂਪ ਰਾਜ ਰਾਜਾਨਾ, ਤਖਤ ਤਾਜ ਆਪ ਹੰਢਾਇੰਦਾ । ਨਿਰਗੁਣ ਚੜ੍ਹਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਸਾਚਾ ਰੰਗ ਰੰਗਾਇੰਦਾ । ਆਪਣਾ ਰੱਖੇ ਆਪੇ ਮਾਣਾ, ਜੋਤੀ ਜੋਤ ਸਰੂਪ ਹਰਿ ਆਪ ਅਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਸਾਚੀ ਰਾਸ, ਪੁਰਖ ਅਬਿਨਾਸ਼ੀ ਰੱਖੇ ਪਾਸ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਸਾਚੀ ਵਸਤ ਹਰਿ ਮਿਹਰਵਾਨ, ਆਪਣੇ ਹੱਥ ਰਖਾਈਆ । ਸ਼ਬਦੀ ਸ਼ਬਦ ਦੇਵੇ ਦਾਨ, ਸ਼ਬਦੀ ਸ਼ਬਦ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ੇ ਇਕ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਨਾ ਕੋਇ ਵਖਾਈਆ । ਏਕਾ ਨੈਣ ਨੈਣ ਮਹਾਨ, ਨੈਨਣ ਨੈਣ ਦਏ ਖੁਲਾਈਆ । ਏਕਾ ਗੋਪੀ ਏਕਾ ਕਾਹਨ, ਏਕਾ ਰਾਮਾ ਰਾਮ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਸੱਚਖੰਡ ਦਵਾਰਾ ਸਾਚਾ ਘਰ, ਏਕੰਕਾਰਾ ਵੇਖੇ ਖੜ, ਨਿਰਗੁਣ ਆਪਣਾ ਰੂਪ ਆਪ ਪਰਗਟਾਈਆ । ਨਿਰਗੁਣ ਵੇਸ ਅਵੱਲੜਾ, ਰੂਪ ਰੇਖ ਰੰਗ ਨਾ ਕੋਇ ਜਣਾਇੰਦਾ । ਆਦਿ ਜੁਗਾਦੀ ਇਕ ਇਕੱਲੜਾ, ਦਰਗਹਿ ਸਾਚੀ ਸੋਭਾ ਪਾਇੰਦਾ । ਸਚ ਸਿੰਘਾਸਣ ਏਕਾ ਮਲੜਾ, ਸੀਸ ਆਪਣਾ ਤਾਜ ਟਿਕਾਇੰਦਾ । ਸਚ ਸੰਦੇਸ਼ ਨਰ ਨਰੇਸ਼ ਏਕਾ ਘੱਲੜਾ, ਹੁਕਮੀ ਹੁਕਮ ਆਪ ਵਰਤਾਇੰਦਾ । ਆਪਣੇ ਦੀਪਕ ਜੋਤੀ ਆਪੇ ਬਲੜਾ, ਆਦਿ ਅੰਤ ਨਾ ਕੋਇ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਇਆ, ਸਾਹਿਬ ਸੁਲਤਾਨ ਸਤਿਗੁਰ ਵੱਡੀ ਵਡਿਆਈਆ । ਏਕਾ ਵਸਤ ਆਪ ਵਰਤਾਇਆ, ਬ੍ਰਹਮਾ ਵਿਸ਼ਨ ਸ਼ਿਵ ਉਠਾਈਆ । ਤ੍ਰੈਗੁਣ ਨਾਤਾ ਜੋੜ ਜੁੜਾਇਆ, ਤ੍ਰੈ ਤ੍ਰੈ ਲੇਖਾ ਜਾਣੇ ਸ਼ਹਿਨਸ਼ਾਹੀਆ । ਏਕਾ ਏਕ ਦਏ ਸਮਝਾਇਆ, ਇਕ ਇਕੱਲਾ ਜਲਵਾ ਨੂਰ ਇਲਾਹੀਆ । ਏਕਾ ਅਲਫੀ ਗਲ ਹੰਢਾਇਆ, ਰੰਗ ਰੰਗੇ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਆਪ ਉਪਜਾਈਆ । ਸਾਚਾ ਘਰ ਉਪਜਾਇਆ, ਆਪ ਆਪਣੀ ਕਿਰਪਾ ਧਾਰ । ਬਾਢੀ ਬਣਤ ਨਾ ਕੋਇ ਬਣਾਇਆ, ਨਾ ਕੋਈ ਦਿਸੇ ਚਾਰ ਦੀਵਾਰ । ਦੀਪਕ ਦੀਵਾ ਨਾ ਕੋਇ ਜਗਾਇਆ, ਤੇਲ ਬਾਤੀ ਨਾ ਕੋਇ ਪਸਾਰ । ਸੂਰਜ ਚੰਨ ਨਾ ਕੋਇ ਚੜ੍ਹਾਇਆ, ਮੰਡਲ ਮੰਡਪ ਨਾ ਕੋਇ ਸਹਾਰ । ਆਪਣੀ ਕਲ ਆਪ ਵਰਤਾਇਆ, ਨਿਰਗੁਣ ਕਰੇ ਖੇਲ ਅਪਾਰ । ਰੂਪ ਅਨੂਪ ਆਪ ਪਰਗਟਾਇਆ, ਪੁਰਖ ਅਬਿਨਾਸ਼ੀ ਹੋ ਤਿਆਰ । ਦਰ ਘਰ ਸਾਚਾ ਆਪ ਸੁਹਾਇਆ, ਸੁਹਾਵਣਹਾਰਾ ਬੰਕ ਦਵਾਰ । ਜੋਤ ਉਜਾਲਾ ਹਰਿ ਗੋਪਾਲਾ ਨਜਰੀ ਆਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਏਕਾ ਵਸਤ ਕਰੇ ਵਰਤਾਰ । ਸਾਚੀ ਵਸਤ ਹਰਿ ਵਰਤਾਏ, ਆਪਣੀ ਸੇਵਾ ਆਪ ਕਮਾਈਆ । ਏਕਾ ਮੰਤਰ ਨਾਮ ਦ੍ਰਿੜਾਏ, ਸੋ ਪੁਰਖ ਨਿਰੰਜਣ ਸਹਿਜ ਸੁਖਦਾਈਆ । ਹਰਿ ਪੁਰਖ ਨਿਰੰਜਣ ਰਿਹਾ ਸਮਝਾਏ, ਭੁੱਲ ਰਹੇ ਨਾ ਰਾਈਆ । ਏਕੰਕਾਰਾ ਉਚੀ ਕੂਕੇ ਕੂਕ ਕੂਕ ਸੁਣਾਏ, ਆਪ ਆਪਣਾ ਰਾਗ ਅਲਾਈਆ । ਆਦਿ ਨਿਰੰਜਣ ਕਰ ਪ੍ਰਕਾਸ਼ ਆਪਣਾ ਮੰਦਰ ਵੇਖਣ ਆਏ, ਆਪ ਅਪਣਾ ਪਰਦਾ ਪਾਈਆ । ਅਬਿਨਾਸ਼ੀ ਕਰਤਾ ਦਰ ਘਰ ਬੈਠਾ ਸਗਨ ਮਨਾਏ, ਘਰ ਘਰ ਵਿਚ ਵੱਜੇ ਵਧਾਈਆ । ਸ੍ਰੀ ਭਗਵਾਨ ਮਿਲ ਮਿਲ ਮੰਗਲ ਗਾਏ, ਨਿਰਗੁਣ ਦਾਤਾ ਵਡ ਵਡਿਆਈਆ । ਪਾਰਬ੍ਰਹਮ ਪ੍ਰਭ ਨਿਉਂ ਨਿਉਂ ਸੀਸ ਝੁਕਾਏ, ਨਿਵਣ ਸੋ ਅੱਖਰ ਇਕ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਹਰਿ ਦਰਸ਼ਨ

ਪਾਏ, ਚਰਨ ਕਵਲ, ਧਿਆਨ ਲਗਾਈਆ । ਤ੍ਰੈਗੁਣ ਮਾਇਆ ਝੋਲੀ ਦਏ ਭਰਾਏ, ਸਾਤਕ ਰਾਜਸ ਤਾਮਸ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਆਪੇ ਖੜ, ਥਿਰ ਘਰ ਸਾਚਾ ਆਪ ਸੁਹਾਈਆ । ਥਿਰ ਘਰ ਸਾਚਾ ਸਚ ਦਵਾਰਾ, ਹਰਿ ਸਾਚਾ ਆਪ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਵੇ ਸਾਰਾ, ਤਿੰਨਾਂ ਮੇਲਾ ਮੇਲ ਮਿਲਾਇੰਦਾ । ਏਕਾ ਬੰਨ੍ਹਣਹਾਰਾ ਧਾਰਾ, ਧੁਰ ਦੀ ਬਾਣ ਆਪਣੇ ਹੱਥ ਰਖਾਇੰਦਾ । ਏਕਾ ਹੁਕਮ ਧੁਰ ਫ਼ਰਮਾਣਾ, ਸ਼ਬਦ ਨਿਰਬਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭੇਵ ਖੁਲਾਇਆ, ਪ੍ਰਭ ਸਾਚੇ ਸ਼ਬਦ ਜਣਾਈਆ । ਤਿੰਨਾ ਸੇਵਾ ਇਕ ਵਖਾਇਆ, ਨੇਤਰ ਨੈਣ ਆਪ ਦਰਸਾਈਆ । ਲੁਕ ਲੁਕ ਆਪਣਾ ਪਰਦਾ ਲਾਹਿਆ, ਸਵਛ ਸਰੂਪੀ ਰੂਪ ਵਟਾਈਆ । ਫੜ ਫੜ ਬਾਹੋਂ ਆਪ ਜਗਾਇਆ, ਆਲਸ ਨਿੰਦਰਾ ਰਹੇ ਨਾ ਰਾਈਆ । ਵਿਸ਼ਨੂੰ ਦਾਤਾ ਆਪ ਬਣਾਇਆ, ਦੇਵਣਹਾਰਾ ਰਿਜ਼ਕ ਸਬਾਈਆ । ਬ੍ਰਹਮੇ ਘਾੜਤ ਘੜ ਵਖਾਇਆ, ਲੱਖ ਚੁਰਾਸੀ ਭਾਂਡੇ ਲਏ ਘੜਾਈਆ । ਸ਼ੰਕਰ ਤੇਰੀ ਸੇਵਾ ਇਕ ਵਖਾਇਆ, ਜੋ ਘੜਿਆ ਭੰਨ ਵਖਾਈਆ । ਤਿੰਨਾਂ ਮੇਲਾ ਮੇਲ ਮਿਲਾਇਆ, ਡੋਰੀ ਬੰਧਨ ਏਕਾ ਪਾਈਆ । ਸ਼ਬਦ ਵਿਚੋਲਾ ਵਿਚ ਧਰਾਇਆ, ਪੁਰਖ ਅਬਿਨਾਸ਼ੀ ਖੇਲ੍ਹ ਖਲ੍ਹਾਈਆ । ਸਾਚਾ ਢੋਲਾ ਏਕਾ ਗਾਇਆ, ਸੋ ਪੁਰਖ ਨਿਰੰਜਣ ਆਪਣੀ ਧੁਨ ਆਪ ਜਣਾਈਆ । ਹੰ ਰੂਪ ਸਰਬ ਦ੍ਰਿਸ਼ਟਾਇਆ, ਲੱਖ ਚੁਰਾਸੀ ਜੀਵ ਆਤਮ ਆਪਣੀ ਵੰਡ ਵੰਡਾਈਆ । ਬ੍ਰਹਮ ਪਾਰਬ੍ਰਹਮ ਏਕਾ ਰੂਪ ਬਣੇ ਪਰਮ ਆਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਅੱਖਰ ਖੋਲ੍ਹ ਅੱਖ, ਆਪਣੀ ਕਲ ਆਪ ਵਰਤਾਇੰਦਾ । ਨਿਰਗੁਣ ਸਰਗੁਣ ਕਰ ਪਰਤੱਖ, ਦੋਏ ਧਾਰਾ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਸਾਹਿਬ ਸਮਰਥ, ਹੰ ਆਪਣਾ ਅੰਗ ਕਟਾਇੰਦਾ । ਆਪਣੀ ਵਸਤ ਆਪਣੇ ਅੰਦਰ ਆਪੇ ਘੱਤ, ਆਪੇ ਬਾਹਿਰ ਕਢਾਇੰਦਾ । ਆਪੇ ਵਸਣਹਾਰਾ ਘਟ ਘਟ, ਘਰ ਘਰ ਮੰਦਰ ਆਪ ਸੁਹਾਇੰਦਾ । ਆਪੇ ਖੋਲ੍ਹੇ ਸਾਚਾ ਹੱਟ, ਵਣਜ ਵਣਜਾਰਾ ਇਕ ਵਖਾਇੰਦਾ । ਆਪੇ ਜੋਤੀ ਨੂਰ ਉਜਾਲਾ ਬਲੇ ਲਟ ਲਟ, ਅਗਿਆਨ ਅੰਧੇਰ ਆਪ ਚੁਕਾਇੰਦਾ । ਆਪੇ ਸੋਇਆ ਆਪਣੀ ਸਾਚੀ ਸੇਜਾ ਖਾਟ, ਆਸਣ ਸਿੰਘਾਸਣ ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇੰਦਾ । ਤ੍ਰੈ ਤ੍ਰੈ ਭੇਵ ਆਪ ਖੁਲ੍ਹਾਇਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਤਿੰਨਾਂ ਸੇਵਾ ਇਕ ਵਖਾਇਆ, ਤ੍ਰੈ ਲੋਕਾਂ ਬਣਤ ਬਣਾਈਆ । ਸ਼ਬਦ ਸਲੋਕੀ ਏਕਾ ਗਾਇਆ, ਸੋਹੰ ਆਪਣਾ ਨਿਰਗੁਣ ਸਰਗੁਣ ਰੂਪ ਧਰਾਈਆ । ਆਦਿ ਆਦਿ ਆਪਣੀ ਧਾਰ ਬੰਧਾਇਆ, ਗੁਰ ਪੀਰ ਅਵਤਾਰ ਨਾ ਕੋਇ ਵਖਾਈਆ । ਲੱਖ ਚਰਾਸੀ ਰਚਨ ਰਚਾਇਆ, ਘੜ ਭਾਂਡੇ ਵੇਖੇ ਥਾਉਂ ਥਾਈਆ । ਮਨ ਮਤ ਬੁਧ ਵਿਚ ਟਿਕਾਇਆ, ਨਿਰਗੁਣ ਨਿਰਗੁਣ ਆਪਣਾ ਅੰਗ ਕਟਾਈਆ । ਪਾਰਬ੍ਰਹਮ ਬ੍ਰਹਮ ਆਪਣੀ ਅੰਸ ਉਪਜਾਇਆ, ਬੰਸ ਸਰਬੰਸਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਧਾਰ, ਸੋ ਪੁਰਖ ਨਿਰੰਜਣ ਕਰ ਉਜਿਆਰ, ਹੰ ਮੇਲਾ ਸਹਿਜ ਸੁਭਾਈਆ । ਹੰ ਬ੍ਰਹਮ ਜੁੜਿਆ ਨਾਤਾ, ਪੁਰਖ ਅਬਿਨਾਸ਼ੀ ਆਪ ਜੁੜਾਇਆ । ਕਰੇ ਖੇਲ ਇਕ ਇਕਾਂਤਾ, ਦਿਸ ਕਿਸੇ ਨਾ ਆਇਆ । ਆਪੇ ਗਾਏ ਆਪਣੀ ਗਾਥਾ, ਆਪਣਾ ਮੰਤਰ ਨਾਮ ਆਪ ਦ੍ਰਿੜਾਇਆ । ਆਪ ਚਲਾਏ

ਆਪਣਾ ਰਾਥਾ, ਰਥ ਰਥਵਾਹੀ ਬੇਪਰਵਾਹਿਆ । ਆਪੇ ਪੂਜਾ ਆਪੇ ਪਾਠਾ, ਇਸ਼ਟ ਦੇਵ ਆਪ ਮਨਾਇਆ । ਆਪੇ ਜੋਤ ਲਲਾਟੀ ਹੋਏ ਲਲਾਟਾ,
ਆਦਿ ਨਿਰੰਜਣ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦਿਤਾ ਏਕਾ ਵਰ, ਸੋਹੰ ਸਾਚਾ
ਮੰਤਰ ਨਾਮ ਦ੍ਰਿੜਾਇਆ । ਸੋਹੰ ਮੰਤਰ ਤ੍ਰੈਗੁਣ ਗਾ, ਤ੍ਰੈਗੁਣ ਭਿਨ ਨਜ਼ਰ ਨਾ ਆਈਆ । ਇਕ ਅਤੀਤਾ ਬੈਠਾ ਬੇਪਰਵਾਹ, ਠਾਂਡਾ ਸੀਤਾ ਨਜ਼ਰ
ਨਾ ਆਈਆ । ਪਤਿਤ ਪੁਨੀਤਾ ਵਸੇ ਏਕਾ ਥਾਂ, ਦਰਗਹਿ ਸਾਚੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਏਕਾ ਸ਼ਬਦ ਆਪਣਾ ਆਪਣੇ ਅੱਗੇ ਧਰ, ਆਪੇ ਵੇਖ ਵਖਾਈਆ । ਸੋਹੰ ਸ਼ਬਦ ਕਰ ਪਸਾਰਾ, ਬ੍ਰਹਮ ਪਾਰਬ੍ਰਹਮ ਉਪਜਾਇਆ । ਲੱਖ ਚੁਰਾਸੀ
ਕਰ ਪਸਾਰਾ, ਘਟ ਘਟ ਅੰਦਰ ਆਸਣ ਲਾਇਆ । ਨੌਂ ਦਵਾਰੇ ਖੋਲ੍ਹ ਕਿਵਾੜਾ, ਜਗਤ ਵਾਸਨਾ ਵੇਖ ਵਖਾਇਆ । ਘਰ ਵਿਚ ਘਰ ਕਰ ਤਿਆਰਾ,
ਆਪਣਾ ਮੰਦਰ ਆਪਣਾ ਦੀਪ ਜਗਾਇਆ । ਬੋਧ ਅਗਾਧ ਬੋਲ ਜੈਕਾਰਾ, ਧੁਨ ਆਤਮਕ ਰਾਗ ਸੁਣਾਇਆ । ਲਿਖਣ ਪੜ੍ਹਨ ਵਿਚ ਨਾ ਆਏ
ਲੇਖਾ ਲਿਖੇ ਨਾ ਕੋਈ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇਆ । ਹਰਿ ਹਰਿ ਮਾਰਗ
ਸਾਚਾ ਲਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹੰ ਬ੍ਰਹਮ ਸ੍ਰਿਸ਼ਟ ਉਪਾ, ਲੱਖ ਚੁਰਾਸੀ ਵੇਖ ਵਖਾਇੰਦਾ । ਆਪਣਾ ਨਾਉਂ ਆਪ ਉਪਜਾ,
ਮੰਤਰ ਅੰਤਰ ਆਪ ਪੜ੍ਹਾਇੰਦਾ । ਬ੍ਰਹਮਾ ਵਿਸ਼ਨੂੰ ਸ਼ਿਵ ਵੇਖੇ ਥਾਉਂ ਥਾਂ, ਥਾਨ ਥਨੰਤਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਰੂਪ ਸਤਿ ਸਰੂਪ, ਦੋਏ ਦੋਏ ਧਾਰ ਆਪ ਬੰਧਾਇੰਦਾ । ਏਕਾ ਧਾਰ ਏਕੰਕਾਰ, ਆਪਣੀ ਆਪ ਚਲਾਈਆ । ਦੂਜੀ ਕੁਦਰਤ
ਵੇਖ ਸੰਸਾਰ, ਸ੍ਰਿਸ਼ਟ ਸਬਾਈ ਬੈਠਾ ਆਸਣ ਲਾਈਆ । ਤੀਜਾ ਨੇਤਰ ਖੋਲ੍ਹ ਕਿਵਾੜ, ਘਰ ਮੰਦਰ ਆਪਣਾ ਪਰਦਾ ਦਏ ਚੁਕਾਈਆ । ਚੌਥੇ
ਘਰ ਚੌਥਾ ਪਦ ਮੇਲ ਮਿਲਾਵਾ ਸੱਚੀ ਸਰਕਾਰ, ਮਿਲਿਆ ਮੇਲ ਵਿਛੜ ਨਾ ਜਾਈਆ । ਪੰਚਮ ਨਾਦ ਸ਼ਬਦ ਧੁਨਕਾਰ, ਧੁਨੀ ਧੁਨੀ ਵਿਚ ਟਿਕਾਈਆ ।
ਛੱਪਰ ਛੰਨਾਂ ਵਸਿਆ ਬਾਹਿਰ, ਛੇਵੇਂ ਘਰ ਵੱਡੀ ਵਡਿਆਈਆ । ਸਤਿ ਸਤਿਵਾਦੀ ਖੇਲ੍ਹ ਅਪਾਰ, ਸਤਿ ਸਰੂਪੀ ਆਪ ਕਰਾਈਆ । ਅੱਠਾਂ ਤੱਤਾਂ
ਕਰੇ ਪਾਰ ਕਿਨਾਰ, ਪੰਜ ਤਤ ਵੇਖੇ ਥਾਉਂ ਥਾਈਆ । ਨੌਂ ਦਵਾਰੇ ਦਏ ਹੁਲਾਰ, ਨੱਯਾ ਨੌਕਾ ਆਪ ਚਲਾਈਆ । ਦਸਮ ਦਵਾਰੀ ਖੇਲ ਅਪਾਰ,
ਆਤਮ ਸੇਜਾ ਆਪ ਖੁਲ੍ਹਾਈਆ । ਏਕਾ ਬ੍ਰਹਮ ਕਰ ਉਜਿਆਰ, ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਈਸ਼ ਜੀਵ ਕੰਤ ਭਤਾਰ, ਘਰ ਸਾਚੇ
ਰੰਗ ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਸੋਹੰ ਸ਼ਬਦ ਦਿਤੀ ਦਾਦ, ਬ੍ਰਹਮਾ ਵਿਸ਼ਨ
ਸ਼ਿਵ ਕਰ ਫ਼ਰਯਾਦ, ਨੇਤਰ ਰੋ ਰੋ ਨੀਰ ਵਹਾਈਆ । ਬ੍ਰਹਮਾ ਵਿਸ਼ਨ ਸ਼ਿਵ ਕੁਰਲਾਇਆ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੇਰਾ ਹੁਕਮੀ ਹੁਕਮ
ਵਰਤਾਇਆ, ਆਦਿ ਜੁਗਾਦਿ ਸਮਾਇੰਦਾ । ਹਉਂ ਸੇਵਕ ਬਣ ਬਣ ਸੇਵ ਕਮਾਇਆ, ਸੇਵਕ ਸੇਵਾ ਲੇਖੇ ਲੇਖੇ ਕਵਣ ਲਗਾਇੰਦਾ । ਦਰ ਭਿਖਾਰੀ
ਮੰਗਣ ਆਇਆ, ਵਿਸ਼ਨੂੰ ਅੱਗੇ ਝੋਲੀ ਡਾਹਿੰਦਾ । ਕਵਣ ਰੂਪ ਸ਼ਾਹੋ ਭੂਪ ਤੇਰੀ ਰਚਨਾ ਵੇਖ ਵਖਾਇਆ, ਲੋਕਮਾਤ ਜੋਤ ਪ੍ਰਗਟਾਇੰਦਾ । ਚੌਦਾਂ
ਹੱਟ ਕਵਣ ਖੁਲ੍ਹਾਇਆ, ਚੌਦਾਂ ਤਬਕਾਂ ਕਵਣ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਆਦਿ ਅੰਤ ਤੇਰਾ ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਸਿਰ ਆਪਣਾ ਹੱਥ ਰਖਾਈਆ । ਵਿਸ਼ਨੂੰ ਤੇਰਾ ਪੰਧ ਮੁਕਾਏ,

ਨੌ ਨੌ ਚਾਰ ਪਾਰ ਕਰਾਈਆ । ਬ੍ਰਹਮੇ ਤੇਰਾ ਬ੍ਰਹਮ ਵੇਖ ਵਖਾਏ, ਲੱਖ ਚੁਰਾਸੀ ਫੋਲ ਫੁਲਾਈਆ । ਸ਼ੰਕਰ ਤੇਰੀ ਤ੍ਰੈਸ਼ੂਲ ਹੱਥੋਂ ਦਏ ਸੁਟਾਏ, ਬਾਸ਼ਕ ਤਸਕਾਂ ਗਲੋਂ ਲਾਹੀਆ । ਜੁਗ ਚੌਕੜੀ ਆਪਣਾ ਗੇੜਾ ਆਪ ਦਵਾਏ, ਜੁਗ ਜੁਗ ਆਪਣੀ ਖੇਲ ਖਿਲਾਈਆ । ਨਿਰਗੁਣ ਸਰਗੁਣ ਵੇਸ ਧਰ ਧਰ ਆਏ, ਪੰਜ ਤਤ ਵੱਜੇ ਵਧਾਈਆ । ਸਾਧ ਸੰਤ ਲਏ ਮਿਲਾਏ, ਭਗਤ ਭਗਵੰਤ ਵੇਖ ਵਖਾਈਆ । ਗ਼ਰੀਬ ਨਿਮਾਣੇ ਲਏ ਉਠਾਏ, ਹੰਕਾਰੀਆਂ ਗੜ੍ਹ ਤੁੜਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਏ, ਕਲਿਜੁਗ ਅੰਤਮ ਵੇਖੇ ਚਾਈਂ ਚਾਈਆ । ਨਿਰਾਕਾਰ ਨਿਰਾਕਾਰ ਨਿਰਗੁਣ ਨਿਰਵੈਰ ਮੂਰਤ ਅਕਾਲ ਜੂਨੀ ਰਹਿਤ ਆਪਣੀ ਜੋਤ ਆਪ ਪ੍ਰਗਟਾਏ, ਲੋਕਮਾਤ ਕਰੇ ਰੁਸ਼ਨਾਈਆ । ਨਿਹਕਲੰਕਾ ਨਾਉਂ ਧਰਾਏ, ਲੱਖ ਚੁਰਾਸੀ ਵੇਖ ਵਖਾਈਆ । ਸਾਚਾ ਡੰਕਾ ਇਕ ਵਜਾਏ, ਸੋਹੰ ਢੋਲਾ ਏਕਾ ਗਾਈਆ । ਰਾਓ ਰੰਕਾਂ ਆਪ ਉਠਾਏ, ਜਗਤ ਵਿਚੋਲਾ ਬਣੇ ਸ਼ਹਿਨਸ਼ਾਹੀਆ । ਏਕਾ ਬੋਲਾ ਕੂਕ ਸੁਣਾਏ, ਨੌ ਖੰਡ ਪ੍ਰਿਥਮੀ ਪਏ ਦੁਹਾਈਆ । ਪਰਦਾ ਉਹਲਾ ਦਏ ਚੁਕਾਏ, ਨੂਰ ਨੂਰਾਨਾ ਏਕਾ ਨਜ਼ਰੀ ਆਈਆ । ਏਕਾ ਮਾਰਗ ਦਏ ਵਖਾਏ, ਚਾਰ ਵਰਨ ਬਖ਼ਸ਼ੇ ਸਚ ਸੱਚੀ ਸ਼ਰਨਾਈਆ । ਊਚਾਂ ਨੀਚਾਂ ਰਾਓ ਰੰਕਾਂ ਏਕਾ ਥਾਨ ਬਹਾਏ, ਧਾਮ ਅਵੱਲੜਾ ਇਕ ਦਰਸਾਈਆ । ਸਾਚਾ ਪਲੜਾ ਹਰਿ ਕਾ ਨਾਮ ਫੜਾਏ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਰਾਹ ਸੁਖਲੜਾ ਇਕ ਚਲਾਏ, ਕੂੜੀ ਕਿਰਿਆ ਦਏ ਮਿਟਾਈਆ । ਸਚ ਸੁਚ ਮਾਰਗ ਏਕਾ ਲਾਏ, ਜੂਠ ਝੂਠ ਰਹਿਣ ਨਾ ਪਾਈਆ । ਚਾਰੇ ਕੁੰਟ ਏਕਾ ਰੂਪ ਨਜ਼ਰੀ ਆਏ, ਪਾਰਬ੍ਰਹਮ ਬ੍ਰਹਮ ਵੇਖਿਆ ਚਾਈਂ ਚਾਈਂਆ । ਸੋਹੰ ਰੂਪ ਸਰਬ ਦਰਸਾਏ, ਓਅੰਕਾਰਾ ਆਪਣਾ ਮੇਲ ਮਿਲਾਏ, ਏਕੰਕਾਰਾ ਵੇਖ ਵਖਾਈਆ । ਭਗਤ ਦੁਲਾਰਾ ਆਪ ਜਗਾਏ, ਜਾਗਰਤ ਜੋਤ ਕਰ ਰੁਸ਼ਨਾਈਆ ।

੮੭੦ ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਏ, ਨੇਤਰ ਸਕੇ ਨਾ ਕੋਇ ਖੁਲ੍ਹਾਈਆ । ਤ੍ਰੈਗੁਣ ਮਾਇਆ ਪਰਦਾ ਪਾਏ, ਪਾਪਾਂ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਵਟਾਇੰਦਾ, ਸਤਿਗੁਰ ਸਾਚਾ ਦੀਨ ਦਿਆਲ । ਨਿਰਗੁਣ ਸਰਗੁਣ ਜੋਤ ਜਗਾਇੰਦਾ, ਲੇਖਾ ਜਾਣੇ ਕਾਲ ਮਹਾਂਕਾਲ । ਗੁਰਮੁਖ ਸਾਚੇ ਆਪ ਉਠਾਇੰਦਾ, ਲੱਖ ਚੁਰਾਸੀ ਵਿਚੋਂ ਭਾਲ । ਸਾਚੇ ਸੰਤਾਂ ਮੇਲ ਮਿਲਾਇੰਦਾ, ਸ਼ਬਦ ਸਰੂਪੀ ਬਣ ਦਲਾਲ । ਭਗਤ ਭਗਵੰਤ ਰੰਗ ਰੰਗਾਇੰਦਾ, ਨਾਤਾ ਤੋੜ ਜਗਤ ਜੰਜਾਲ । ਗੁਰਸਿਖ ਆਪਣੇ ਚਰਨ ਬਹਾਇੰਦਾ, ਸਚ ਦਵਾਰ ਵਖਾਏ ਸੱਚੀ ਧਰਮਸਾਲ । ੮੭੦

੦੯ ਹਰਿਜਨ ਕਾਇਆ ਕੰਚਨ ਸੋਨਾ ਆਪੇ ਢਾਲਦਾ, ਨਾਮ ਕੁਠਾਲੀ ਪਾਏ ਹਰਿ ਗੋਪਾਲ । ਲੇਖ ਚੁਕਾਏ ਤ੍ਰੈਦਰਸੀ ਤ੍ਰੈਕਾਲ ਦਾ, ਤ੍ਰੈਗੁਣ ਮਾਇਆ ਨੇੜ ਨਾ ਆਏ । ਨਾਤਾ ਤੋੜੇ ਰਾਏ ਧਰਮ ਪੰਜ ਸ਼ੈਤਾਨ ਦਾ, ਚਿਤਰ ਗੁਪਤ ਨਾ ਲੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਆਪ ਆਪਣੀ ਬੂਝ ਬੁਝਾਏ । ਬੂਝ ਬੁਝਾਏ ਹਰਿਜਨ, ਸਤਿਗੁਰ ਪੂਰਾ ਦਇਆ ਕਮਾਈਆ । ਕਲਜੁਗ ਅੰਤਮ ਚਾੜ੍ਹੇ ਚੰਨ, ਗੁਰਸਿਖ ਸਾਚੀ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਬੇੜਾ ਦੇਵੇ ਬੰਨ੍ਹ, ਮੰਝਧਾਰ ਨਾ ਕੋਇ ਡੁਬਾਈਆ । ਏਕਾ ਵਸਤ ਦੇਵੇ ਨਾਮ ਧਨ, ਸਚ ਖ਼ਜ਼ੀਨਾ ਇਕ ਭਰਾਈਆ । ਏਕਾ ਰਾਗ ਸੁਣਾਏ ਕੰਨ, ਅਨਹਦ ਧੁਨ ਨਾਦ ਵਜਾਈਆ । ਗੁਰਸਿਖ ਆਤਮ ਜਾਏ ਮੰਨ, ਮਨ ਮਨਕਾ ਭੌ ਰਹਿਣ ਨਾ ਪਾਈਆ । ਭਾਗ ਲਗਾਏ ਕਾਇਆ ਤਨ, ਜਿਸ ਜਨ ਚਰਨ ਸ਼ਰਨ ਬਖ਼ਸ਼ੇ ਸਚ ਸ਼ਰਨਾਈਆ । ਰਾਏ ਧਰਮ ਨਾ ਦੇਵੇ ਡੰਨ, ਲਾੜੀ ਮੌਤ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ ।

ਥਾਨ ਥਨੰਤਰ ਫੋਲਿਆ, ਬ੍ਰਹਿਮੰਡ ਖੰਡ ਕਰ ਵਿਚਾਰ । ਸਤਿਗੁਰ ਪੂਰਾ ਬਣਿਆ ਸਾਚਾ ਤੋਲਿਆ, ਲੇਖਾ ਜਾਣੇ ਅਠਾਰਾਂ ਭਾਰ । ਜੁਗਾ ਜੁਗੰਤ
ਰਹੇ ਅਡੋਲਿਆ, ਅਡੋਲ ਅਡੁੱਲ ਆਪ ਕਰਤਾਰ । ਕਲਜੁਗ ਅੰਤਮ ਵਿਸ਼ਨੂੰ ਰੂਪ ਹੋ ਹੋ ਮੌਲਿਆ, ਸੋਹੰ ਸ਼ਬਦ ਸਾਚੀ ਜੈਕਾਰ । ਬ੍ਰਹਮੇ ਬ੍ਰਹਮ
ਰੂਪ ਹਰਿ ਮੌਲਿਆ, ਕਵਲਾ ਕਵਲ ਖਿਲੇ ਗੁਲਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ ।
ਹਰਿਜਨ ਆਪ ਸੰਭਾਲਦਾ, ਜੁਗਾ ਜੁਗੰਤਰ ਸਾਚੀ ਕਾਰ । ਦਿਵਸ ਰੈਣ ਸਦਾ ਪ੍ਰਿਤਪਾਲਦਾ, ਪ੍ਰਿਤਪਾਲਕ ਆਪ ਨਿਰੰਕਾਰ । ਦਰ ਦਰ ਘਰ ਘਰ
ਪੈਜ ਸਵਾਰਦਾ, ਜੋ ਜਨ ਸਤਿਗੁਰ ਚਰਨ ਕਰੇ ਨਿਮਸਕਾਰ । ਲੇਖਾ ਚੁਕਾਏ ਸ਼ਾਹ ਕੰਗਾਲ ਦਾ, ਏਕਾ ਰੰਗ ਰੰਗੇ ਸੰਸਾਰ । ਕਲਜੁਗ ਅੰਤਮ
ਵੇਸ ਕਰਿਆ ਆਪ ਦਲਾਲ ਦਾ, ਦਿਸ ਨਾ ਆਏ ਜੀਵ ਗਵਾਰ । ਭੌ ਚੁਕਾਵੇ ਕਾਲ ਮਹਾਂਕਾਲ ਦਾ, ਦੀਨ ਦਿਆਲ ਕਰੇ ਪਿਆਰ । ਗੁਰਸਿਖ
ਸਾਚੇ ਆਪੇ ਭਾਲਦਾ, ਲੱਖ ਚੁਰਾਸੀ ਵਿਚੋਂ ਲਏ ਨਿਕਾਲ । ਮਨ ਕਾ ਮਣਕਾ ਵੇਖੇ ਆਪਣੇ ਹਾਰ ਦਾ, ਆਪਣੀ ਹੱਥੀਂ ਲਏ ਉਠਾਲ । ਕਲਜੁਗ
ਅੰਤਮ ਆਪ ਸ਼ਿੰਗਾਰਦਾ, ਵੇਖਣਹਾਰਾ ਫੁਲ ਫੁਲਵਾੜੀ ਪਤ ਡਾਲ੍ਹ । ਕਦੇ ਨਾ ਆਵੇ ਪਾਸਾ ਹਾਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਹਰਿਜਨ ਉਠਾਏ ਸਾਚੇ ਲਾਲ, ਲਾਲ ਅਨਮੁਲੜਾ ਮਾਣਕ ਮੋਤੀ, ਰਤਨ ਜਵਾਹਰ ਗੁਰਮੁਖ ਇਕ ਵਖਾਈਆ । ਆਦਿ ਜੁਗਾਦਿ ਜਗਦੀ
ਰਹੇ ਨਿਰਮਲ ਜੋਤੀ, ਜਗਤ ਜੁਗਤ ਨਾ ਸਕੇ ਕੋਇ ਬੁਝਾਈਆ । ਲੱਭਦੇ ਫਿਰਦੇ ਕੋਟਨ ਕੋਟੀ, ਹਰਿ ਹਰਿ ਨਜ਼ਰ ਕਿਸੇ ਨਾ ਆਈਆ । ਤੀਰਥ
ਤਟਾਂ ਫਿਰਦੇ ਬੰਨ੍ਹ ਲੰਗੋਟੀ, ਤਨ ਬੋਟੀ ਬੋਟੀ ਰਹੇ ਕਟਾਈਆ । ਕੋਟਨ ਕੋਟੀ ਮੁੰਨੀ ਬੈਠੇ ਚੋਟੀ, ਤਨ ਬੈਠੇ ਖ਼ਾਕ ਰਮਾਈਆ । ਕੋਟਨ ਕੋਟੀ
ਭੰਗ ਬੈਠੇ ਘੋਟੀ, ਧਤੂਰਾ ਸੁਰਾ ਪਾਨ ਰਸਨਾ ਜਿਹਵਾ ਕਰੀ ਹਲਕਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਕੱਢੇ ਵਾਸਨਾ ਖੋਟੀ, ਗੁਰੂ ਗੁਰ ਸਤਿਗੁਰ
ਨਾਨਕ ਦਏ ਗਵਾਹੀਆ । ਬਿਨ ਹਰਿ ਭਗਤ ਨਾ ਚੜ੍ਹੇ ਕੋਇ ਚੋਟੀ, ਕਬੀਰਾ ਕੂਕ ਕੂਕ ਰਿਹਾ ਸੁਣਾਈਆ । ਕਲਜੁਗ ਅੰਤਮ ਗੁਰਸਿਖਾਂ ਉਠਾਏ
ਆਤਮਾ ਸੋਤੀ, ਸ਼ਬਦ ਸੋਟੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ
ਲੇਖਾ ਆਪਣੇ ਲੇਖੇ ਲਾਈਆ । ਗੁਰਸਿਖ ਲੇਖਾ ਲਾਵਣਾ, ਆਪਣੇ ਘਰ ਕਰਤਾਰ । ਪੂਰਬ ਲਹਿਣਾ ਆਪ ਚੁਕਾਵਣਾ, ਮਾਣਸ ਜਨਮ ਸੁਆਰ ।
ਪਤਿਤ ਪਵਿਤ ਆਪ ਕਰਾਵਣਾ, ਪਤਿਤ ਪਾਪੀ ਜਾਏ ਤਾਰ । ਸਾਚਾ ਹਿਤ ਇਕ ਕਰਾਵਣਾ, ਨਿਤ ਨਵਿਤ ਸਾਚੀ ਕਾਰ । ਅੰਮ੍ਰਿਤ ਸਿੰਚ ਹਰਾ ਕਰਾਵਣਾ,
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਸੰਭਾਲ । ਗੁਰਸਿਖ ਆਪ ਸੰਭਾਲਦਾ, ਹਰਿ ਸਤਿਗੁਰ ਸੱਚਾ ਮੀਤ । ਆਪਣੀ
ਗੋਦੀ ਆਪ ਉਠਾਲ ਦਾ, ਆਦਿ ਜੁਗਾਦੀ ਸਾਚੀ ਰੀਤ । ਲੇਖਾ ਜਾਣੇ ਗਗਨ ਮਸਤਕ ਥਾਲ ਦਾ, ਪਤਿ ਪਰਮੇਸ਼ਵਰ ਠਾਂਡਾ ਸੀਤ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਿਖਾਏ ਇਕ ਪ੍ਰੀਤ । ਸਚ ਪ੍ਰੀਤ ਚਰਨ ਗੁਰ ਦੇਵਾ, ਗੁਰ ਗੁਰ ਇਸ਼ਟ ਜਣਾਈਆ । ਪੁਰਖ
ਅਬਿਨਾਸ਼ੀ ਸਾਚੀ ਸੇਵਾ, ਏਕਾ ਏਕ ਇਕ ਲਿਵ ਲਾਈਆ । ਪਾਰਬ੍ਰਹਮ ਪ੍ਰਭ ਅਲੱਖ ਅਭੇਦਾ, ਅਲੱਖ ਅਗੋਚਰ ਅਗੰਮ ਅਥਾਹ, ਆਪਣਾ ਮਾਰਗ
ਦਏ ਵਖਾਈਆ । ਏਕਾ ਨਾਉਂ ਗੌਣਾ ਰਸਨਾ ਜਿਹਵਾ, ਅੱਠ ਪਹਿਰ ਇਕ ਲਿਵ ਲਾਈਆ । ਅੰਮ੍ਰਿਤ ਆਤਮ ਸਾਚਾ ਮੇਵਾ, ਪੁਰਖ ਅਬਿਨਾਸ਼ੀ
ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਮੇਲ ਮਿਲਾਇਆ ਮਿਲਣ ਯੋਗ, ਮਿਲਿਆ

ਮੇਲ ਵਿਛੜ ਨਾ ਜਾਈਆ । ਦਰ ਘਰ ਸਾਚੇ ਹੋਇਆ ਸਚ ਸੰਜੋਗ, ਏਕਾ ਪੱਲੂ ਨਾਮ ਫੜ੍ਹਾਈਆ । ਜਗਤ ਜੁਗ ਕੱਟਿਆ ਵਿਜੋਗ, ਲੋਕ ਪਰਲੋਕ ਵੱਜੀ ਵਧਾਈਆ । ਚਰਨ ਭਿਖਾਰੀ ਕਰੇ ਮੁਕਤ ਮੋਕਸ਼ ਮੋਖ, ਗੁਰਸਿਖ ਤੇਰੇ ਚਰਨਾਂ ਹੇਠ ਦਬਾਈਆ । ਤੇਰਾ ਨਾਉਂ ਗਾਇਣ ਚੌਦਾਂ ਲੋਕ, ਬ੍ਰਹਮਾ ਵਿਸ਼ਨ ਸ਼ਿਵ ਰਹੇ ਜਸ ਸੁਣਾਈਆ । ਤੇਰਾ ਢੋਲਾ ਸਚ ਸਲੋਕ, ਸੋਹੰ ਬੋਲਾ ਵਡ ਵਡਿਆਇਆ । ਹਰਿ ਕਾ ਭਾਣਾ ਕੋਈ ਨਾ ਸਕੇ ਰੋਕ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਲੱਖ ਚੁਰਾਸੀ ਦੇਵੇ ਝੋਕ, ਜੋ ਘੜਿਆ ਭੰਨ ਵਖਾਈਆ । ਇਕ ਨਗਾਰੇ ਲਾਏ ਚੋਟ, ਲੋਆਂ ਪੁਰੀਆ ਆਪ ਸੁਣਾਈਆ । ਜੀਵ ਜੰਤ ਆਹਲਣਿਉਂ ਡਿਗੇ ਬੋਟ, ਨਾ ਸਕੇ ਕੋਇ ਉਠਾਈਆ । ਕਲਜੁਗ ਮਾਇਆ ਮਮਤਾ ਆਸ਼ਾ ਤ੍ਰਿਸ਼ਨਾ ਭਰੀ ਨਾ ਪੇਟ, ਦਿਵਸ ਰੈਣ ਰਸਨਾ ਜਿਹਵਾ ਹੋਈ ਹਲਕਾਈਆ । ਗੁਰਸਿਖਾਂ ਅੰਦਰੋਂ ਕੱਢੇ ਵਿਕਾਰੀ ਖੋਟ, ਚਰਨ ਧਿਆਨ ਇਕ ਵਖਾਈਆ । ਵਿਸ਼ਨੂੰ ਵੇਖੇ ਆਪਣਾ ਓਤ ਪੋਤ, ਬ੍ਰਹਮਾ ਬ੍ਰਹਮ ਜੋਤ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਸਾਏ ਆਪਣੇ ਘਰ, ਹਰੀ ਹਰਿ ਹਰਿ ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਰੂਪ ਆਦਿ ਜੁਗਾਦਿ ਸ਼ਾਹੋ ਭੂਪ ਨਾ ਮਰੇ ਨਾ ਜਾਈਆ ।


੮੭੨
੦੯

## ✻ ੪ ਭਾਦਰੋਂ ੨੦੧੭ ਬਿਕ੍ਰਮੀ ਮਲ ਸਿੰਘ ਦੇ ਘਰ ਰਜੀ ਵਾਲਾ ਜ਼ਿਲਾ ਫਿਰੋਜ਼ਪੁਰ ✻

ਭੈਰੋਂ ਭਵਰੀ ਦੇਵੇ ਸੁੱਟ, ਭਾਵੀ ਆਪਣੇ ਹੱਥ ਰਖਾਇੰਦਾ । ਦਰ ਦਵਾਰਿਉਂ ਕੱਢੇ ਕੁੱਟ, ਘਰ ਸਾਚੇ ਰਹਿਣ ਨਾ ਪਾਇੰਦਾ । ਫੜ ਫੜ ਬਾਂਹੋਂ ਲਏ ਲੁੱਟ, ਖ਼ਾਲੀ ਹੱਥ ਫਿਰਾਇੰਦਾ । ਔਣਾ ਜਾਣਾ ਜਾਏ ਛੁੱਟ, ਦਰ ਘਰ ਮੁਖ ਨਾ ਫੇਰ ਫਿਰਾਇੰਦਾ । ਗੁਰ ਸ਼ਬਦ ਕਮਾਏ ਏਕਾ ਓਟਿ, ਓਤ ਪੋਤ ਵੇਖ ਵਖਾਇੰਦਾ । ਕਿਰਪਾ ਨਿਧ ਨਿਰਮਲ ਜੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਜ ਬਲ ਆਪ ਚੁਕਾਇੰਦਾ । ਤੇਜ ਬਲ ਚੁਕੇ ਭੌ, ਭਿਆਨਕ ਰੂਪ ਨਜ਼ਰ ਨਾ ਆਈਆ । ਆਪਣੀ ਸੇਜੇ ਜਾਏ ਸੌਂ, ਨੇਤਰ ਨੈਣ ਨਾ ਕੋਇ ਉਠਾਈਆ । ਨਾਤਾ ਤੁਟੇ ਗ੍ਰਹਿ ਗ੍ਰਾਉਂ, ਸਤਿਗੁਰ ਪੂਰਾ ਆਪ ਛੁਡਾਈਆ । ਗੁਰਸਿਖ ਮਨ ਸਦਾ ਚਾਓ, ਚਾਓ ਘਨੇਰਾ ਹਰਿ ਹਰਿ ਦਰਸ਼ਨ ਪਾਈਆ । ਨਿਰਧਨ ਨਿਰਗੁਣ ਕਰੇ ਨਿਆਉਂ, ਨਿਗਹਵਾਨ ਹਰ ਘਟ ਥਾਈਆ । ਪਕੜ ਉਠਾਏ ਡਿਗੇ ਬਾਹੋਂ, ਆਪ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਕਰੇ ਸਫਾਈਆ । ਗ੍ਰਹਿ ਮੰਦਰ ਹੋਇਆ ਸਾਫ, ਸੁਥਰਾ ਤਾਲ ਨਾ ਕੋਇ ਵਜਾਇੰਦਾ । ਹਰਿਜਨ ਬੂਝੇ ਆਪਣਾ ਆਪ, ਆਪ ਆਪਾ ਵਿਚੋਂ ਮੋਹ ਚੁਕਾਇੰਦਾ । ਸਾਚੀ ਥਾਪਣ ਜਾਏ ਥਾਪ, ਹੁਕਮੀ ਹੁਕਮ ਆਪ ਵਰਤਾਇੰਦਾ । ਤ੍ਰੈਗੁਣ ਮਾਇਆ ਕੰਬੇ ਤਾਪ, ਤਿੰਨੋਂ ਤਾਪ ਮੇਟ ਮਿਟਾਇੰਦਾ । ਦੁੱਖਾਂ ਮਿਟੇ ਅੰਧੇਰੀ ਰਾਤ, ਸੁਖ ਸਹਿਜ ਸਹਿਜ ਸਮਾਇੰਦਾ । ਰੋਗ ਸੋਗ ਦੁੱਖੜਾ ਕਾਟ, ਤੀਰ ਕਟਾਕਸ਼ ਏਕਾ ਲਾਇੰਦਾ । ਸਵਾਮੀ ਸੁੰਦਰ ਆਪਣਾ ਜਾਪ, ਤਨ ਮੰਦਰ ਆਪ ਕਰਾਇੰਦਾ । ਸੱਜਣ ਸੁਹੇਲਾ ਮਾਈ ਬਾਪ, ਪਿਤਾ ਪੂਤ ਮੇਲ ਮਿਲਾਇੰਦਾ । ਜਗਤ ਪਰਦਾ ਜਾਏ ਪਾਟ, ਦੂਈ ਦਵੈਤੀ ਪਰੇ ਹਟਾਇੰਦਾ । ਭੈਰੋਂ ਖੇਲ ਨਾ ਨਟੂਆ ਨਾਟ, ਕਾਲਾ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਾਤ ਏਕਾ ਵਸਤ ਝੋਲੀ ਪਾਇੰਦਾ ।

✻ ४ ਭਾਦਰੋਂ ੨੦੧੭ ਬਿਕ੍ਰਮੀ ਮੁਖ਼ਤਿਆਰ ਸਿੰਘ ਦੇ ਘਰ ਪਿੰਡ ਰਾਮੂ ਵਾਲਾ (ਨਵਾਂ) ਜ਼ਿਲਾ ਫ਼ਿਰੋਜ਼ਪੁਰ ✻

ਪੁਰਖ ਅਕਾਲ ਅਕਲ ਕਲ ਧਾਰ, ਅਨਭਵ ਆਪਣਾ ਰੂਪ ਪ੍ਰਗਟਾਈਆ । ਨਿਰਗੁਣ ਨਿਰਵੈਰ ਖੇਲ ਅਪਾਰ, ਜੂਨੀ ਰਹਿਤ ਆਪ ਖੁਲ੍ਹਾਈਆ । ਥਿਰ ਘਰ ਸਾਚੇ ਹੋ ਤਿਆਰ, ਸਚਖੰਡ ਨਿਵਾਸੀ ਆਪਣੀ ਧਾਰ ਬੰਧਾਈਆ । ਸਚ ਸਿੰਘਾਸਣ ਬਣ ਸਿਕਦਾਰ, ਤਖ਼ਤ ਨਿਵਾਸੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਸੁਲਤਾਨ, ਸਤਿ ਸਤਿਵਾਦੀ ਰੂਪ ਵਟਾਇੰਦਾ । ਸਚਖੰਡ ਦਵਾਰਾ ਖੇਲ ਮਹਾਨ, ਦਰਗਹਿ ਸਾਚੀ ਆਪ ਕਰਾਇੰਦਾ । ਏਕਾ ਮੰਦਰ ਇਕ ਮਕਾਨ, ਧੁਰ ਦਰਬਾਰਾ ਆਪ ਸੁਹਾਇੰਦਾ । ਏਕਾ ਨੂਰ ਸ੍ਰੀ ਭਗਵਾਨ, ਏਕਾ ਸ਼ਬਦ ਨਾਦ ਵਜਾਇੰਦਾ । ਏਕਾ ਰਾਗ ਏਕਾ ਗਾਣ, ਏਕਾ ਗੀਤ ਗੋਬਿੰਦ ਅਲਾਇੰਦਾ । ਏਕਾ ਹੁਕਮ ਇਕ ਫ਼ਰਮਾਣ, ਸ਼ਬਦੀ ਸ਼ਬਦ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਦਰਸਾਇੰਦਾ । ਰੂਪ ਅਵੱਲਾ ਹਰਿ ਕਰਤਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਥਿਰ ਘਰ ਵੇਖੇ ਇਕ ਦਵਾਰਾ, ਗ਼ਰੀਬ ਨਿਵਾਜਾ ਸਿਫ਼ਤ ਸਾਲਾਹੀਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਲਖਿਆ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਾਰ ਆਪ ਕਰਾਈਆ । ਆਪਣੀ ਕਾਰ ਆਪੇ ਕਰ, ਹਰਿ ਜੂ ਸਾਚੀ ਬਣਤ ਬਣਾਇੰਦਾ । ਆਪਣੀ ਇਛਿਆ ਭੰਡਾਰਾ ਆਪੇ ਭਰ, ਆਦਿ ਜੁਗਾਦੀ ਆਪ ਵਰਤਾਇੰਦਾ । ਆਪਣੀ ਸਿਖ਼ਿਆ ਵਿਦਿਆ ਆਪੇ ਪੜ੍ਹ, ਆਪਣਾ ਨਾਮ ਆਪ ਦ੍ਰਿੜਾਇੰਦਾ । ਆਪਣੇ ਮੰਦਰ ਅੰਦਰ ਆਪੇ ਵੜ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣਾ ਦਰਸ ਦਿਖਾਏ ਆਪੇ ਖੜ, ਰੂਪ ਅਨੂਪਾ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਆਪ ਸੁਹਾਇੰਦਾ । ਸਚ ਮਹੱਲਾ ਉਚ ਮੁਨਾਰਾ, ਅਚਰਜ ਹਰਿ ਹਰਿ ਬਣਤ ਬਣਾਈਆ । ਇਕ ਅਕੱਲਾ ਸ਼ਾਹ ਸਿਕਦਾਰਾ, ਹਰਿ ਸੁਲਤਾਨਾ ਆਸਣ ਲਾਈਆ । ਖੇਲ ਖਲਾਏ ਅਗੰਮ ਅਪਾਰਾ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪ ਜਣਾਈਆ । ਆਪਣੀ ਮਹਿਮਾ ਆਪੇ ਜਾਣ, ਆਪਣਾ ਭੇਵ ਆਪ ਖੁਲ੍ਹਾਇੰਦਾ । ਸ਼ਾਹ ਪਾਤਸ਼ਾਹ ਹਰਿ ਬਣ ਰਾਜਾਨ, ਰਾਜ ਜੋਗ ਆਪ ਕਮਾਇੰਦਾ । ਆਦਿਨ ਅੰਤ ਜੁਗਾ ਜੁਗੰਤਾ ਦੇਵਣਹਾਰਾ ਦਾਨੀ ਦਾਨ, ਦਾਤਾ ਦਾਨੀ ਨਾਉਂ ਰਖਾਇੰਦਾ । ਲੇਖਾ ਜਾਣੇ ਮੰਦਰ ਮਕਾਨ, ਥਿਰ ਘਰ ਸਾਚਾ ਵੇਖ ਵਖਾਇੰਦਾ । ਰਾਗ ਅਨਾਦੀ ਏਕਾ ਗਾਣ, ਗ੍ਰਿਹਿ ਆਪਣੇ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕੰਕਾਰ, ਆਪਣੀ ਧਾਰਾ ਆਪ ਚਲਾਇੰਦਾ । ਆਪਣੀ ਧਾਰਾ ਹਰਿ ਨਿਰੰਕਾਰ, ਸਤਿਗੁਰ ਸਾਚਾ ਕਰਮ ਕਮਾਈਆ । ਗੁਰ ਗੁਰ ਰੂਪ ਖੇਲ ਅਪਾਰ, ਸ਼ਬਦੀ ਸ਼ਬਦ ਨਾਦ ਵਜਾਈਆ । ਭਗਤਨ ਭਗਵੰਤ ਕਰੇ ਪਿਆਰ, ਵੇਖਣਹਾਰਾ ਥਾਉਂ ਥਾਈਆ । ਸੰਤਨ ਦੇਵੇ ਸਾਚਾ ਨਾਮ ਆਧਾਰ, ਲਿਵ ਅੰਤਰ ਬੂਝ ਬੁਝਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਅਗਿਆਨ ਅੰਧੇਰ ਦਏ ਮਿਟਾਈਆ । ਗੁਰਸਿਖ ਸਾਚੇ ਘੋੜ੍ਹੇ ਚਾੜ੍ਹ, ਦੋ ਜਹਾਨਾਂ ਪੰਧ ਮੁਕਾਈਆ । ਇਕ ਵਖਾਏ ਸਚ ਅਖਾੜ, ਸਾਚੀ ਮੰਡਲ ਰਾਸ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖਲ੍ਹਾਈਆ । ਹਰਿ ਸਤਿਗੁਰ ਸੂਰਾ ਵਡ ਬਲਵਾਨ, ਆਦਿ ਜੁਗਾਦੀ ਵੇਸ ਵਟਾਇੰਦਾ । ਗੁਰ ਗੁਰ ਰੂਪ ਸ੍ਰੀ

ਭਗਵਾਨ, ਲੋਕਮਾਤ ਜੋਤ ਜਗਾਇੰਦਾ । ਭਗਤਾਂ ਦੇਵੇ ਭਗਤੀ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਸੰਤਨ ਦੇਵੇ ਨਾਮ ਨਿਧਾਨ, ਕਾਇਆ ਗੋਲਕ ਆਪ ਟਿਕਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਚਤਰਭੁਜ ਦਯਾ ਕਮਾਇੰਦਾ । ਗੁਰਸਿਖ ਸਾਚੇ ਕਰ ਪਛਾਣ, ਆਪ ਆਪਣੇ ਅੰਗ ਲਗਾਇੰਦਾ । ਆਦਿ ਜੁਗਾਦਿ ਖੇਲ ਮਹਾਨ, ਜੁਗ ਕਰਤਾ ਆਪ ਕਰਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿਗੁਰ ਪੂਰਾ ਹੱਥ ਉਠਾਇੰਦਾ । ਗੁਰ ਗੁਰ ਰੂਪ ਹੋਏ ਮਿਹਰਵਾਨ, ਦਯਾ ਨਿਧ ਆਪਣੀ ਕਲ ਆਪ ਵਰਤਾਇੰਦਾ । ਭਗਤਨ ਵੇਖੇ ਜਗਤ ਜਹਾਨ, ਜਾਗਰਤ ਜੋਤ ਸਰਬ ਜਗਾਇੰਦਾ । ਸੰਤਨ ਰਾਗ ਸੁਣਾਏ ਕਾਨ, ਧੁਨ ਆਤਮਕ ਆਪ ਅਲਾਇੰਦਾ । ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਬ੍ਰਹਮ ਆਪਣਾ ਮੇਲ ਮਿਲਾਇੰਦਾ । ਗੁਰਸਿਖ ਸਾਚੇ ਚਤਰ ਸੁਜਾਨ, ਹਰਿ ਮੰਦਰ ਆਪ ਸੁਹਾਇੰਦਾ । ਸ਼ਾਹੋ ਭੂਪ ਹਰਿ ਵਡ ਰਾਜਾਨ, ਤਖ਼ਤ ਤਾਜ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਸਤਿਗੁਰ ਪੂਰਾ ਹਰਿ ਸੂਰਬੀਰ, ਦਰਗਹਿ ਸਾਚੀ ਧਾਮ ਸੁਹਾਈਆ । ਗੁਰ ਗੁਰ ਰੂਪ ਮੇਲ ਮਿਲਾਵਾ ਪੰਜ ਤਤ ਸ਼ਰੀਰ, ਮਨ ਮਤ ਬੁਧ ਨਾ ਕੋਈ ਲੜਾਈਆ । ਭਗਤਨ ਚੋਟੀ ਚਾੜ੍ਹੇ ਅਖ਼ੀਰ, ਏਕਾ ਅੱਖਰ ਨਾਮ ਪੜ੍ਹਾਈਆ । ਸੰਤਨ ਕੱਟੇ ਜਗਤ ਜੰਜੀਰ, ਨਾਮ ਡੋਰੀ ਬੰਧਨ ਪਾਈਆ । ਗੁਰਮੁਖਾਂ ਕੱਢੇ ਹਉਮੇ ਪੀੜ, ਬਿਰਹੋਂ ਅਗਨੀ ਨਾ ਕੋਈ ਜਲਾਈਆ । ਗੁਰਮੁਖਾਂ ਬਖ਼ਸ਼ੇ ਅੰਮ੍ਰਿਤ ਸੀਰ, ਭਰ ਪਿਆਲਾ ਜਾਮ ਪਿਆਈਆ । ਅੱਥਰ ਵਰੋਲੇ ਆਪਣਾ ਨੀਰ, ਨੇਤਰ ਨੈਣ ਨਾ ਕੋਈ ਦਰਸਾਈਆ । ਲੇਖਾ ਜਾਣੇ ਸ਼ਾਹ ਫ਼ਕੀਰ, ਪੀਰਨ ਪੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਹਰਿ ਗੋਪਾਲਾ, ਜੁਗ ਜੁਗ ਚਲੇ ਅਵਲੜੀ ਚਾਲਾ, ਲੇਖਾ ਲੇਖ ਨਾ ਕੋਈ ਵਖਾਈਆ । ਸਤਿਗੁਰ ਪੂਰਾ ਸੱਚਾ ਦਾਤਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਗੁਰ ਗੁਰ ਰੂਪ ਨਾ ਕਿਸੇ ਪਛਾਤਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤਨ ਦਰਸਨ ਦੇਵੇ ਇਕ ਅਕਾਂਤਾ, ਦੂਈ ਦਵੈਤੀ ਪਰਦਾ ਲਾਹਿੰਦਾ । ਸੰਤਨ ਮੇਲਾ ਜੋਤੀ ਜਾਤਾ, ਵਰਨ ਗੋਤ ਨਾ ਕੋਇ ਰਖਾਇੰਦਾ । ਗੁਰਮੁਖਾਂ ਚਰਨ ਕਵਲ ਬੰਧਾਏ ਸਾਚਾ ਨਾਤਾ, ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਗੁਰਮੁਖਾਂ ਵਿਖਾਏ ਏਕਾ ਪੂਜਾ ਪਾਠਾ, ਇਸ਼ਟ ਦੇਵ ਆਪ ਹੋ ਜਾਇੰਦਾ । ਲੇਖਾ ਜਾਣੇ ਤੀਰਥ ਤਾਟਾ, ਤਟ ਸਰੋਵਰ ਖੋਜ ਖੁਜਾਇੰਦਾ । ਭੇਵ ਚੁਕਾਏ ਚੌਦਾ ਹਾਟਾਂ, ਲੋਕ ਪ੍ਰਲੋਕ ਫੇਰਾ ਪਾਇੰਦਾ । ਆਪੇ ਸੋਇਆ ਆਪਣੀ ਖਾਟਾ, ਸਾਚਾ ਭੂਸ਼ਨ ਆਪ ਵਛਾਇੰਦਾ । ਆਪੇ ਜੋਤੀ ਨੂਰ ਲਿਲਾਟਾ, ਨਿਰਗੁਣ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇੰਦਾ । ਪੁਰਖ ਅਬਿਨਾਸ਼ਾ ਸਤਿਗੁਰ ਮੀਤ, ਸਾਂਤਕ ਸਤਿ ਸਤਿ ਵਰਤਾਈਆ । ਜੁਗਾ ਜੁਗੰਤਰ ਠਾਂਡਾ ਸੀਤ, ਗੁਰ ਗੁਰ ਸ਼ਬਦੀ ਨਾਉਂ ਧਰਾਈਆ । ਭਗਤਨ ਆਪੇ ਆਪੇ ਚੀਤ, ਮਨ ਚਿਤ ਠਗੌਰੀ ਕੋਇ ਨਾ ਪਾਈਆ । ਸੰਤਨ ਬਖ਼ਸ਼ੇ ਇਕ ਪ੍ਰੀਤ, ਪੀਆ ਪ੍ਰੀਤਮ ਮੇਲ ਮਿਲਾਈਆ । ਗੁਰਮੁਖਾਂ ਏਕਾ ਰੰਗ ਵਖਾਏ ਹਸਤ ਕੀਟ, ਊਚ ਨੀਚ ਨਾ ਕੋਈ ਵਡਿਆਈਆ । ਗੁਰਮੁਖਾਂ ਧਾਮ ਵਿਖਾਏ ਇਕ ਅਨਡੀਠ, ਠਾਂਡਾ ਦਰ ਸੱਚਾ ਬੈਠਾ ਪਾਤਸ਼ਾਹੀਆ । ਜੁਗਾ ਜੁਗੰਤਰ ਗਾਏ ਆਪਣਾ ਗੀਤ, ਦੂਸਰ ਸੰਗ ਨਾ ਕੋਇ ਰਖਾਈਆ । ਨਾ ਕੋਈ ਮੰਦਰ ਨਾ ਮਸੀਤ, ਗੁਰਦਵਾਰਾ ਸ਼ਿਵਦਵਾਲਾ ਮੱਠ ਨਾ ਕੋਇ ਜਣਾਈਆ । ਬੈਠਾ ਰਹੇ ਇਕ ਅਤੀਤ, ਤ੍ਰੈਗੁਣ ਬੰਧਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ

੮੭੫ ੦੯

ਸੱਚਾ ਦੀਨ ਦਿਆਲਾ, ਲੇਖਾ ਜਾਣੇ ਕਾਲ ਮਹਾਂਕਾਲਾ, ਆਪਣੇ ਹੱਥ ਰੱਖੇ ਵਡਿਆਈਆ । ਸਤਿਗੁਰ ਪੂਰਾ ਉਚ ਅਗੰਮ, ਏਕਾ ਏਕੰਕਾਰੀਆ । ਗੁਰ ਗੁਰ ਰੂਪ ਨਾ ਮਰੇ ਨਾ ਪਏ ਜੰਮ, ਨਿਰਗੁਣ ਸਰਗੁਣ ਲਏ ਅਵਤਾਰਿਆ । ਭਗਤ ਲਗਾਏ ਆਪਣਾ ਕੰਮ, ਸਾਚੀ ਕਿਰਤ ਇਕ ਵਿਖਾ ਰਿਹਾ । ਸੰਤਾ ਨਾਮ ਜਪਾਏ ਦਮਾ ਦਮ, ਪਵਣ ਸਵਾਸ ਆਪ ਹਿਲਾ ਰਿਹਾ । ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਜੁਗ ਜੁਗ ਖੇਵਟ ਖੇਟਾ ਏਕਾ ਚੱਪੂ ਨਾਮ ਲਗਾ ਰਿਹਾ । ਗੁਰਮੁਖ ਚੜ੍ਹਾਏ ਸਾਚੇ ਚੰਨ, ਸੀਤਲ ਧਾਰਾ ਆਪ ਸੁਹਾ ਰਿਹਾ । ਆਦਿ ਜੁਗਾਦੀ ਬੇੜਾ ਬੰਨ੍ਹ, ਭਵ ਸਾਗਰ ਆਪ ਤਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਖੇ ਸਾਚੇ ਘਰ, ਦਰ ਘਰ ਸਾਚਾ ਇਕ ਵਡਿਆ ਰਿਹਾ । ਸਤਿਗੁਰ ਪੂਰਾ ਦਯਾ ਨਿਧ ਸਾਗਰ, ਗਹਿਰ ਗੰਭੀਰ ਅਖਵਾਇੰਦਾ । ਗੁਰਸਿਖ ਕਰੇ ਕਰਾਏ ਸਚ ਸੁਦਾਗਰ, ਨਾਮ ਵਣਜਾਰਾ ਹੱਟ ਖੁਲ੍ਹਾਇੰਦਾ । ਭਗਤਨ ਦੇਵੇ ਨਾਮ ਰੱਤੀ ਰਤਨਾਗਰ, ਰਤਨ ਅਮੋਲਕ ਇਕ ਵਖਾਇੰਦਾ । ਸੰਤਨ ਭਾਗ ਲਗਾਏ ਕਾਇਆ ਗਾਗਰ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਗੁਰਮੁਖਾਂ ਚਰਨ ਦਵਾਰੇ ਕਰੇ ਆਦਰ, ਆਪ ਆਪਣੇ ਦਰ ਬਹਾਇੰਦਾ । ਗੁਰਸਿਖ ਮਿਲਾਏ ਦੱਯਾ ਕਮਾਏ ਕਰਤਾ ਕਾਦਰ, ਕਰੀਮ ਰਹੀਮ ਆਪਣਾ ਮੇਲ ਮਿਲਾਇੰਦਾ । ਸ਼ਬਦ ਦੋਸ਼ਾਲਾ ਦੇਵੇ ਚਾਦਰ, ਚਾਤ੍ਰਿਕ ਚਿਤ ਨਾ ਕੋਈ ਬਿਲਾਇੰਦਾ । ਆਪੇ ਸ਼ਾਹ ਆਪੇ ਕਾਦਰ, ਆਪਣਾ ਹੁਕਮ ਆਪ ਵਰਤਾਇੰਦਾ । ਆਪੇ ਸੂਰਾ ਆਪ ਬਹਾਦਰ, ਸ਼ਾਹ ਸੁਲਤਾਨ ਆਪਣਾ ਖੇਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜੂਨੀ ਰਹਿਤ ਅਨਭਵ ਪ੍ਰਕਾਸ਼ਾ, ਕਰੇ ਕਰਾਏ ਪੁਰਖ ਅਬਿਨਾਸ਼ਾ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਸਤਿਗੁਰ ਸੱਚਾ ਦੀਨ ਦਿਆਲਾ, ਪਾਰਬ੍ਰਹਮ ਵੱਡੀ ਵਡਿਆਈਆ । ਗੁਰ ਗੁਰ ਰੂਪ ਵਸੇ ਸੱਚੀ ਧਰਮਸਾਲਾ, ਦਰ ਘਰ ਸਾਚਾ ਆਪ ਸੁਹਾਈਆ । ਭਗਤਨ ਦੱਸੇ ਰਾਹ ਸੁਖਾਲਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਸੰਤਨ ਤੋੜ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਫਲ ਲਗਾਏ ਕਾਇਆ ਡਾਲ੍ਹਾ, ਕਾਲ ਗਰਾਸ ਨਾ ਕੋਈ ਕਰਾਈਆ । ਗੁਰਸਿਖ ਜਪਾਏ ਏਕਾ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਸਰ ਸਰੋਵਰ ਵਖਾਏ ਸਾਚਾ ਤਾਲਾ, ਅੰਮ੍ਰਿਤ ਆਤਮ ਜਾਮ ਭਰਾਈਆ । ਸ਼ਬਦ ਸਰੂਪੀ ਬਣ ਦਲਾਲਾ, ਜੁਗਾ ਜੁਗੰਤਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਤਿਗੁਰ ਪੂਰਾ ਆਦਿ ਨਿਰੰਜਣ, ਨਰ ਹਰਿ ਨਿਰਵੈਰ ਆਪ ਅਖਵਾਇੰਦਾ । ਗੁਰ ਗੁਰ ਰੂਪ ਦਰਦ ਦੁਖ ਭੈ ਭੰਜਨ, ਭਾਵੀ ਭਵ ਸਾਗਰ ਆਪ ਤਰਾਇੰਦਾ । ਜਨ ਭਗਤਾਂ ਦੇਵੇ ਨਾਮ ਅੰਜਨ, ਨੇਤਰ ਨੈਣ ਆਪ ਮਟਕਾਇੰਦਾ । ਸੰਤਨ ਬਖ਼ਸ਼ੇ ਚਰਨ ਧੂੜੀ ਮਜਨ, ਦੁਰਮਤ ਮੈਲ ਆਪ ਧੁਆਇੰਦਾ । ਗੁਰਮੁਖਾਂ ਆਏ ਪਰਦੇ ਕੱਜਣ, ਸਚ ਦੋਸ਼ਾਲਾ ਉਪਰ ਪਾਇੰਦਾ । ਗੁਰਸਿਖ ਤਾਲ ਨਗਾਰੇ ਏਕਾ ਵੱਜਣ, ਅੰਦਰ ਮੰਦਰ ਆਪ ਵਜਾਇੰਦਾ । ਆਪ ਚਲਾਏ. ਸਚ ਜਹਾਜਨ, ਆਪਣਾ ਬੇੜਾ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਗਰਤ ਜੋਤ ਇਕ ਪ੍ਰਗਟਾਇੰਦਾ । ਸਤਿਗੁਰ ਪੂਰਾ ਸਰਬ ਗੁਣਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਗੁਰ ਗੁਰ ਰੂਪ ਨਾਰੀ ਕੰਤ, ਨਿਰਗੁਣ ਸਰਗੁਣ ਮੇਲ ਮਿਲਾਈਆ । ਦਰਸ ਦਿਖਾਏ ਪੂਰਨ ਭਗਵੰਤ, ਭਗਤਨ ਵੇਖੇ ਚਾਈਂ ਚਾਈਂਆ । ਸੰਤਨ ਲੇਖਾ ਆਦਿ ਅੰਤ, ਜੁਗਾ ਜੁਗੰਤ ਰਿਹਾ ਸਮਝਾਈਆ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਗੁਰਮੁਖਾਂ ਗੜ੍ਹ ਤੋੜੇ

ਹਉਮੇ ਹੰਗਤ, ਮਾਇਆ ਮਮਤਾ ਆਸਾ ਤ੍ਰਿਸ਼ਨਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਇਕ ਸੁਹਾਈਆ । ਦਰਗਹਿ ਸਾਚੀ ਸਤਿਗੁਰ ਪੂਰਾ ਥਾਨ ਸੁਹਾਇੰਦਾ । ਧਰਤ ਧਵਲ ਨਾ ਕੋਈ ਪਿਆਰ, ਗੁਰ ਗੁਰ ਆਪਣਾ ਰੂਪ ਵਟਾਇੰਦਾ । ਲੋਕਮਾਤ ਲੈ ਅਵਤਾਰ, ਭਗਤਨ ਲੇਖਾ ਆਪ ਸਮਝਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਨੈਨਣ ਨੈਣ ਦਰਸ ਦਰਸਾਇੰਦਾ । ਆਤਮ ਤ੍ਰਿਖਾ ਦਏ ਨਿਵਾਰ, ਗੁਰਸਿਖ ਏਕਾ ਰੰਗ ਰੰਗਾਇੰਦਾ । ਰੰਗ ਰੰਗੀਲਾ ਕਰ ਪਿਆਰ, ਗੁਰਸਿਖ ਸੋਏ ਆਪ ਜਗਾਇੰਦਾ । ਸੁਰਤ ਸਵਾਣੀ ਦਏ ਹੁਲਾਰ, ਆਲਸ ਨਿੰਦਰਾ ਆਪ ਚੁਕਾਇੰਦਾ । ਭੱਠ ਖੇੜਾ ਦਿਸੇ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਸਤਿਗੁਰ ਪੂਰਾ ਪਾਰਬ੍ਰਹਮ, ਪੁਰਖ ਅਬਿਨਾਸ਼ ਵੱਡੀ ਵਡਿਆਈਆ । ਗੁਰੂ ਗੁਰ ਜਾਣੇ ਆਪਣਾ ਕੰਮ, ਕਰਤਾ ਪੁਰਖ ਆਪਣੀ ਕਾਰ ਆਪ ਕਮਾਈਆ । ਭਗਤ ਭਗਵੰਤ ਆਦਿ ਅੰਤ ਬੇੜਾ ਦੇਵੇ ਬੰਨ, ਸਿਰ ਆਪਣਾ ਹੱਥ ਟਿਕਾਈਆ । ਸੰਤ ਕੰਤ ਆਪ ਵਸਾਏ ਬਿਨ ਛੱਪਰ ਛੰਨ, ਮਹੱਲ ਅਟੱਲ ਉਚ ਮੁਨਾਰ ਦਰ ਘਰ ਸਾਚਾ ਇਕ ਵਖਾਈਆ । ਗੁਰਮੁਖ ਕਹੇ ਧੰਨ ਧੰਨ ਜਨਣੀ ਜਣਿਆ ਏਕਾ ਜਨ, ਜਨ ਜਨਣੀ ਲੇਖੇ ਲਾਈਆ । ਗੁਰਸਿਖ ਰਾਗ ਸੁਣੇ ਸਾਚਾ ਕੰਨ, ਪੰਚ ਵਿਕਾਰਾ ਹੋਏ ਖਨ ਖਨ, ਏਕਾ ਮੰਤਰ ਅੰਤਰ ਨਾਮ ਦ੍ਰਿੜਾਈਆ । ਦੂਸਰ ਕੋਇ ਨਾ ਦੇਵੇ ਡੰਨ, ਰਾਏ ਧਰਮ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਸਤਿਗੁਰ ਪੂਰਾ ਦਇਆ ਕਮਾਇੰਦਾ, ਸ੍ਰੀ ਭਗਵਾਨ ਸੱਚਾ ਸਿਕਦਾਰ । ਗੁਰ ਗੁਰ ਆਪਣਾ ਨਾਉਂ ਧਰਾਇੰਦਾ, ਸਰਗੁਣ ਜੋਤ ਕਰ ਉਜਿਆਰ । ਸ਼ਬਦੀ ਡੰਕਾ ਇਕ ਵਜਾਇੰਦਾ, ਆਪ ਸੁਣਾਏ ਸੁਨਣੇਹਾਰ । ਲੋਆਂ ਪੁਰੀਆਂ ਵੇਖ ਵਖਾਇੰਦਾ, ਬ੍ਰਹਿਮੰਡ ਖੰਡ ਕਰੇ ਵਿਚਾਰ । ਬ੍ਰਹਮਾ ਵਿਸ਼ਨ ਸ਼ਿਵ ਸਮਝਾਇੰਦਾ, ਏਕਾ ਹੁਕਮ ਸੱਚੀ ਸਰਕਾਰ । ਕਰੋੜ ਤੇਤੀਸਾ ਆਪ ਉਠਾਇੰਦਾ, ਸੁਰਪਤ ਰਾਜਾ ਇੰਦ ਦਏ ਹੁਲਾਰ । ਗਣ ਗੰਧਰਬ ਵੇਖ ਵਿਖਾਇੰਦਾ, ਘਰ ਮੰਦਰ ਬੈਠਾ ਖੋਲ੍ਹ ਕਿਵਾੜ । ਲੱਖ ਚੁਰਾਸੀ ਅੰਦਰ ਫੋਲ ਫੁਲਾਇੰਦਾ, ਕਰੇ ਖੇਲ ਗੁਪਤ ਜਾਹਿਰ । ਜੁਗ ਜੁਗ ਆਪਣਾ ਰੂਪ ਵਟਾਇੰਦਾ, ਪੁਰਖ ਅਬਿਨਾਸ਼ੀ ਹੋ ਤਿਆਰ । ਘਟ ਘਟ ਵਾਸੀ ਨਿਰਗੁਣ ਜੋਤ ਜਗਾਇੰਦਾ, ਪ੍ਰਿਥਮੀ ਆਕਾਸ਼ ਪਾਵੇ ਸਾਰ । ਬੰਦ ਖੁਲਾਸੀ ਆਪ ਕਰਾਇੰਦਾ, ਬੰਦੀ ਤੋੜ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਵਸੇ ਵਸਣਹਾਰ । ਸਤਿਗੁਰ ਪੂਰਾ ਏਕਾ ਏਕ, ਦੂਜਾ ਅਵਰ ਨਾ ਕੋਈ ਜਣਾਈਆ । ਗੁਰ ਗੁਰ ਰੱਖੇ ਸਾਚੀ ਟੇਕ, ਇਸ਼ਟ ਦੇਵ ਨਾ ਕੋਈ ਰਖਾਈਆ । ਭਗਤ ਭਗਵੰਤ ਲਿਖੇ ਆਪੇ ਲੇਖ, ਬ੍ਰਹਮਾ ਵੇਦ ਨਾ ਕੋਈ ਪੜ੍ਹਾਈਆ । ਸੰਤਨ ਲਾਏ ਮਸਤਕ ਰੇਖ, ਬਿਧਨਾ ਲੇਖ ਨਾ ਕੋਈ ਵਖਾਈਆ । ਗੁਰਮੁਖਾਂ ਆਪੇ ਲਏ ਪੇਖ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਗੁਰਮੁਖਾਂ ਵਖਾਏ ਸਾਚਾ ਦੇਸ਼, ਘਰ ਮੰਦਰ ਆਪ ਸੁਹਾਈਆ । ਲੇਖਾ ਜਾਣੇ ਗਣਪਤ ਗਣੇਸ਼, ਸਿਲ ਪੂਜਸ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੋਲ੍ਹਣਹਾਰਾ ਸਾਚਾ ਦਰ, ਦਰ ਦਰਵਾਜ਼ਾ ਆਪ ਖਲ੍ਹਾਈਆ । ਸਤਿਗੁਰ ਪੂਰਾ ਦਰ ਦਰਵਾਜ਼ਾ ਖੋਲ੍ਹ ਕਿਵਾੜ, ਬੇਐਬ ਪਰਵਰਦਿਗਾਰ ਆਪਣੀ ਕਲ ਵਰਤਾਇੰਦਾ । ਗੁਰ ਗੁਰ ਰੂਪ ਹੋ ਤਿਆਰ, ਸ਼ਬਦੀ ਢੋਲਾ ਆਪੇ ਗਾਇੰਦਾ । ਭਗਵਨ ਤੋਲਾ ਬਣ ਨਿਰੰਕਾਰ, ਸਾਚਾ ਸੋਹਲਾ ਆਪ ਸੁਣਾਇੰਦਾ । ਸੰਤਨ ਤੋਲਾ ਬਣੇ ਸਿਰਜਣਹਾਰ, ਨਾਮ ਕੰਡਾ ਹੱਥ ਉਠਾਇੰਦਾ । ਗੁਰਮੁਖਾਂ ਪਰਦਾ ਉਹਲਾ ਚੁਕਾਏ ਵਿਚ ਸੰਸਾਰ, ਬਜਰ

ਕਪਾਟੀ ਤੋੜ ਤੁੜਾਇੰਦਾ । ਗੁਰਸਿਖਾਂ ਉਲਟਾ ਕਵਲ ਕਰੇ ਉਜਿਆਰ, ਅੰਮ੍ਰਿਤ ਨਾਭੀ ਮੁਖ ਚੁਆਇੰਦਾ । ਧਰਤੀ ਧਰਤ ਧਵਲ ਪਾਵੇ ਸਾਰ, ਸੁੰਦਰ ਸਾਵਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਅਕੱਲਾ ਆਪ ਵਸਾਏ ਸਚ ਮਹੱਲਾ, ਉਚ ਅਟੱਲਾ ਆਪ ਸੁਹਾਇੰਦਾ । ਸਤਿਗੁਰ ਸਾਚਾ ਚਤਰ ਸੁਜਾਨ, ਸਤਿ ਸਰੂਪ ਆਪਣਾ ਰੂਪ ਦਰਸਾਈਆ । ਗੁਰ ਗੁਰ ਵੇਖੇ ਇਕ ਨਿਸ਼ਾਨ, ਦੋ ਜਹਾਨਾਂ ਹੱਥ ਉਠਾਈਆ । ਭਗਤਨ ਮੇਲਾ ਗੋਪੀ ਕਾਹਨ, ਸੀਤਾ ਸੁਰਤੀ ਰਾਮ ਪਰਨਾਈਆ । ਸੰਤਨ ਬਖ਼ਸ਼ੇ ਸਾਚਾ ਮਾਣ, ਜਗਤ ਅਭਿਮਾਨ ਰਹਿਣ ਨਾ ਪਾਈਆ । ਗੁਰਮੁਖਾਂ ਏਕਾ ਰਾਗ ਸੁਣਾਏ ਕਾਨ, ਘਰ ਵੱਜਦੀ ਰਹੇ ਵਧਾਈਆ । ਗੁਰਸਿਖ ਕਰੇ ਪ੍ਰਕਾਸ਼ ਕੋਟਨ ਭਾਨ, ਸੂਰਜ ਚੰਨ ਬੈਠੇ ਮੁਖ ਛੁਪਾਈਆ । ਏਕਾ ਮੰਦਰ ਇਕ ਮਕਾਨ, ਏਕਾ ਘਰ ਦਏ ਵਖਾਈਆ । ਏਕਾ ਸ਼ਰਅ ਇਕ ਈਮਾਨ, ਏਕਾ ਕਲਮਾ ਇਕ ਪੜ੍ਹਾਈਆ । ਏਕਾ ਇਸ਼ਟ ਦੇਵ ਕਰੇ ਪਰਨਾਮ, ਏਕਾ ਨਿਉਂ ਨਿਉਂ ਸੀਸ ਝੁਕਾਈਆ । ਏਕਾ ਰਾਮ ਰਾਮ ਹੋਏ ਗੁਣ ਨਿਧਾਨ, ਕਥਨੀ ਕਥ ਨਾ ਸਕੇ ਰਾਈਆ । ਏਕਾ ਨਾਮ ਕਰੇ ਪੜ੍ਹਾਈ, ਸਤਿ ਸਤਿਵਾਦੀ ਬੇਪਰਵਹੀਆ । ਬੋਧ ਅਗਾਧੀ ਧੁਰ ਫ਼ਰਮਾਣ, ਜੁਗਾ ਜੁਗੰਤਰ ਆਪ ਸੁਣਾਈਆ । ਬ੍ਰਹਮਾ ਵੇਤਾ ਹੋਏ ਹੈਰਾਨ, ਚਾਰ ਵੇਦ ਭੇਵ ਨਾ ਰਾਈਆ । ਸ਼ੰਕਰ ਸੁਣੇ ਲਾ ਲਾ ਕਾਨ, ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨੂੰ ਮੰਗੇ ਏਕਾ ਦਾਨ, ਪੁਰਖ ਅਬਿਨਾਸ਼ੀ ਅੱਗੇ ਝੋਲੀ ਡਾਹੀਆ । ਸਭ ਦਾ ਦਾਤਾ ਸ੍ਰੀ ਭਗਵਾਨ, ਦੇਵਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਆਪਣਾ ਆਪ ਉਪਾਈਆ । ਸਤਿਗੁਰ ਪੂਰਾ ਤਖ਼ਤ ਤਾਜ, ਸਚਖੰਡ ਦਵਾਰੇ ਆਪ ਸੁਹਾਇੰਦਾ । ਗੁਰ ਗੁਰ ਰੂਪ ਕਰੇ ਹਰਿ ਕਾਜ, ਪੰਜ ਤਤ ਕਾਇਆ ਚੋਲਾ ਆਪ ਹੰਢਾਇੰਦਾ । ਹਰਿ ਭਗਤ ਬਣਾਏ ਸਚ ਸਮਾਜ, ਸਾਚੀ ਸਿਖਿਆ ਇਕ ਸਮਝਾਇੰਦਾ । ਸੰਤਨ ਮਾਰੇ ਸ਼ਬਦ ਆਵਾਜ਼, ਅਗੰਮ ਅਗੰਮੜੀ ਤਾਰ ਹਲਾਇੰਦਾ । ਗੁਰਮੁਖਾਂ ਦੇਵੇ ਸਾਚਾ ਰਾਜ, ਰਾਜ ਜੋਗ ਇਕ ਵਖਾਇੰਦਾ । ਗੁਰਸਿਖ ਆਦਿ ਅੰਤ ਤੇਰੀ ਰੱਖੇ ਲਾਜ, ਸਿਰ ਆਪਣਾ ਹੱਥ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਗਲਾ ਸੰਗ ਆਪ ਰਖਾਇੰਦਾ । ਸਤਿਗੁਰ ਪੂਰਾ ਸਗਲਾ ਸੰਗ, ਸਤਿ ਪੁਰਖ ਨਿਰੰਜਣ ਆਪ ਨਿਭਾਈਆ । ਗੁਰ ਗੁਰ ਚਾੜ੍ਹੇ ਏਕਾ ਰੰਗ, ਰੰਗਣ ਰੰਗ ਨਾਮ ਰੰਗਾਈਆ । ਭਗਤਨ ਡੋਰੀ ਨਾਮ ਪਤੰਗ, ਸੁਰਤੀ ਸ਼ਬਦ ਜੋੜ ਜੁੜਾਈਆ । ਸੰਤਨ ਲਾਏ ਆਪਣੇ ਅੰਗ, ਸਾਚੀ ਗੋਦ ਆਪ ਸੁਹਾਈਆ । ਗੁਰਮੁਖਾਂ ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭੌ ਭਨਾਈਆ । ਗੁਰਮੁਖਾਂ ਮੁਕਾਏ ਚੁਰਾਸੀ ਪੰਧ, ਜੂਨੀ ਜੂਨ ਨਾ ਕੋਇ ਭਵਾਈਆ । ਇਕ ਸੁਣਾਏ ਸੁਹਾਗੀ ਛੰਦ, ਜੁਗਾ ਜੁਗੰਤਰ ਆਪੇ ਗਾਈਆ । ਸ੍ਰਿਸ਼ਟ ਸਬਾਈ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਇਕ ਜਣਾਏ ਪਰਮਾਨੰਦ, ਨਿਜਾਨੰਦ ਨਿਜ ਰਸ ਮੁਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਆ । ਸਤਿਗੁਰ ਪੂਰਾ ਥਾਨ ਥਨੰਤਰ, ਹਰੀ ਹਰਿ ਆਪਣਾ ਆਪ ਜਣਾਇੰਦਾ । ਗੁਰ ਗੁਰ ਸੁਣਾਏ ਏਕਾ ਮੰਤਰ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਭਗਤਾਂ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਸੰਤਾਂ ਬਣਾਏ ਸਾਚੀ ਬਣਤਰ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਗੁਰਮੁਖਾਂ ਲੇਖਾ ਚੁਕਾਏ ਗਗਨ ਗਗਨੰਤਰ, ਲੋਆਂ ਪੁਰੀਆਂ ਪਾਰ ਕਰਾਇੰਦਾ । ਗੁਰਸਿਖ ਲੇਖ ਚੁਕਾਏ ਜੁਗਾ ਜੁਗੰਤਰ, ਜੁਗ ਕਰਤਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਲੇਖਾ ਆਪਣੇ ਹੱਥ ਰਖਾਇੰਦਾ । ਸਤਿਗੁਰ ਪੂਰਾ ਹਰਿ ਭਗਵੰਤ, ਲੇਖਾ ਆਪਣੇ ਹੱਥ ਰਖਾਈਆ । ਗੁਰ ਗੁਰ ਵੇਸ ਨਰ ਹਰਿ ਨਰਾਇਣ ਕੰਤ, ਨਿਰਗੁਣ ਸਰਗੁਣ ਰੂਪ ਧਰਾਈਆ । ਭਗਤਨ ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਸਹਿਜ ਸੁਖਦਾਈਆ । ਸੰਤ ਰੂਪ ਦਰਸਾਏ ਦਇਆ ਕਮਾਏ ਬੇਅੰਤ, ਬੇਐਬ ਪਰਵਰਦਿਗਾਰ ਆਪਣੀ ਖੇਲ ਖਿਲਾਈਆ । ਗੁਰਮੁਖ ਨਾਤਾ ਤੋੜੇ ਜੀਵ ਜੰਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਗੁਰਸਿਖ ਪੜ੍ਹੇ ਨਾਮ ਮੰਤ, ਰਸਨਾ ਜਿਹਵਾ ਸੇਵ ਕਮਾਈਆ । ਤੋੜੇ ਗੜ੍ਹ ਹਉਮੇ ਹੰਗਤ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਧੁਰ ਦਰਗਾਹੀਆ । ਸਤਿਗੁਰ ਸਾਚਾ ਧੁਰ ਦਰਗਹਿ, ਦਇਆਵਾਨ ਦਇਆ ਕਮਾਇੰਦਾ । ਗੁਰ ਗੁਰ ਰੂਪ ਬਣ ਮਲਾਹ, ਜਗਤ ਸਾਗਰ ਬੇੜਾ ਆਪ ਤਰਾਇੰਦਾ । ਭਗਤਨ ਦੇਵੇ ਇਕ ਸਲਾਹ, ਸਿਫ਼ਤ ਸਲਾਹੀ ਰੂਪ ਵਟਾਇੰਦਾ । ਸੰਤਨ ਪਕੜੇ ਆਪੇ ਬਾਂਹ, ਦਰ ਘਰ ਸਾਚੇ ਮੇਲ ਮਿਲਾਇੰਦਾ । ਗੁਰਮੁਖਾਂ ਦੇਵੇ ਸਾਚਾ ਥਾਂ, ਚਰਨ ਦਵਾਰਾ ਇਕ ਸਮਝਾਇੰਦਾ । ਗੁਰਸਿਖ ਬਾਲ ਅਵਾਣੇ ਉਠਾਏ ਜਿਉਂ ਪਿਤਾ ਮਾਂ, ਸਾਚੀ ਗੋਦੀ ਆਪ ਬਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਂਗੋਂ ਹੰਸ ਆਪ ਉਡਾਇੰਦਾ । ਨਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਸੁਹਾਇੰਦਾ । ਫੜ ਫੜ ਬਾਂਹੋ ਜਾਏ ਤਰਾ, ਤ੍ਰੈਗੁਣ ਮਾਇਆ ਵਿਚ ਨਾ ਆਇੰਦਾ । ਲੱਖ ਚੁਰਾਸੀ ਫੰਦ ਕਟਾ, ਜਮ ਕੀ ਫ਼ਾਸੀ ਆਪ ਕਟਾਇੰਦਾ । ਪਵਣ ਸਵਾਸੀ ਆਪ ਚਲਾ, ਮੰਡਲ ਰਾਸੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਉਠਿਆ, ਪੁਰਖ ਅਬਿਨਾਸ਼ੀ ਦੀਨ ਦਿਆਲ । ਗੁਰ ਗੁਰ ਰੂਪ ਅਨੂਪਾ ਤੁੱਠਿਆ, ਭਾਗ ਲਗਾਏ ਸੱਚੀ ਧਰਮਸਾਲ । ਭਗਤਨ ਅੰਮ੍ਰਿਤ ਦੇਵੇ ਘੁਟਿਆ, ਭਰ ਪਿਆਲਾ ਜਾਮ ਬਣੇ ਦਲਾਲ । ਸੰਤਨ ਹਰਿ ਘਰ ਨਾ ਜਾਏ ਲੁੱਟਿਆ, ਬਖ਼ਸ਼ੇ ਨਾਮ ਧਨ ਸੱਚਾ ਧਨ ਮਾਲ । ਗੁਰਮੁਖ ਭਾਗ ਨਾ ਕਦੇ ਨਿਖੁਟਿਆ, ਹਰਿ ਹਰਿ ਘਾਲਣ ਰਹੇ ਘਾਲ । ਗੁਰਸਿਖ ਦਏ ਭੰਡਾਰ ਅਤੁਟਿਆ, ਫਲ ਲਗਾਏ ਸਾਚੇ ਡਾਲ੍ਹ । ਲੱਖ ਚੁਰਾਸੀ ਬੰਨ੍ਹੇ ਏਕਾ ਮੁੱਠਿਆ, ਦੂਸਰ ਵੱਜੇ ਨਾ ਕੋਇ ਤਾਲ । ਜਗਤ ਵਿਕਾਰਾ ਫੜ ਫੜ ਕੁਠਿਆ, ਪੰਜ ਤਤ ਕਰੇ ਬੇਹਾਲ । ਕੂੜ ਕੁੜਿਆਰ ਬੂਟਾ ਪੁੱਟਿਆ, ਫਲ ਲੱਗੇ ਨਾ ਕਿਸੇ ਡਾਲ੍ਹ । ਆਪ ਸੁਹਾਏ ਆਪਣੀ ਰੁੱਤਿਆ, ਸਤਿਗੁਰ ਪੂਰਾ ਦੀਨ ਦਿਆਲ । ਗੁਰ ਗੁਰ ਮੇਲ ਅਬਿਨਾਸ਼ੀ ਅਚੁਤਿਆ, ਜੁਗਾ ਜੁਗੰਤਰ ਅਵੱਲੜੀ ਚਾਲ । ਭਗਤ ਉਠਾਏ ਆਪੇ ਸੁਤਿਆ, ਸੁਰਤੀ ਸੁਰਤ ਸੰਭਾਲ । ਸੰਤਨ ਪੈਂਡਾ ਅੰਤਮ ਮੁਕਿਆ, ਪਾਂਧੀ ਪੰਧ ਮੁਕਾਏ ਕਾਲ । ਗੁਰਮੁਖ ਲੋਕਮਾਤ ਰਹੇ ਨਾ ਲੁਕਿਆ, ਜਗਤ ਚਲੇ ਅਵੱਲੜੀ ਚਾਲ । ਗੁਰਸਿਖ ਜੋਧਾ ਸੂਰਬੀਰ ਹੋ ਹੋ ਬੁੱਕਿਆ, ਨਾਤਾ ਤੁਟਾ ਜਗਤ ਜੰਜਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਸਤਿਗੁਰ ਪੂਰਾ ਜਾਗਿਆ, ਆਲਸ ਨਿੰਦਰਾ ਨਾ ਕੋਇ ਰਖਾਈਆ । ਗੁਰ ਗੁਰ ਸੂਰਾ ਫਿਰੇ ਭਾਗਿਆ, ਦੋ ਜਹਾਨਾਂ ਫੇਰੀ ਪਾਇਆ । ਭਗਤਾਂ ਜਗੇ ਜੋਤ ਚਿਰਾਗਿਆ, ਅੰਧ ਅੰਧੇਰ ਰਹਿਣ ਨਾ ਪਾਈਆ । ਸੰਤਨ ਹੋਏ ਵਡ ਵਡ ਭਾਗਿਆ, ਪ੍ਰਭ ਮਿਲਿਆ ਸਹਿਜ ਸੁਖਦਾਈਆ । ਗੁਰਮੁਖ ਚਰਨ ਸਰਨ ਸਰਨਾਈ ਏਕਾ ਲਾਗਿਆ, ਲੋਕ ਲਜਿਆ ਮਾਤ ਤਜਾਈਆ । ਗੁਰਸਿਖ ਮੰਨੇ ਗੁਰ ਗੁਰ ਆਗਿਆ, ਹਰਿ ਭਾਣਾ ਸ਼ਬਦ ਰਜ਼ਾਈਆ । ਧੰਨ ਪਾਇਆ ਕੰਤ ਸੁਹਾਗਿਆ, ਗ੍ਰਿਹ ਮੰਦਰ ਵੱਜੇ ਵਧਾਈਆ । ਹਰਿਜਨ ਹਰਿ ਲੱਖ ਚੁਰਾਸੀ ਵਿਚੋਂ ਕਾਢਿਆ, ਨੇਹਕਰਮੀ ਕਰਮ ਕਮਾਈਆ । ਕਰੇ ਕਰਾਏ ਸਾਚਾ

ਲਾਡਿਆ, ਆਪ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਸਤਿਗੁਰ ਪੂਰਾ ਵੇਖ ਵਖਾਇੰਦਾ, ਵੇਖਣਹਾਰਾ ਹਰਿ ਗੋਪਾਲ । ਗੁਰ ਗੁਰ ਆਪਣੀ ਧਾਰ ਚਲਾਇੰਦਾ, ਧਰਨੀ ਧਰਤ ਧਵਲ ਵੇਖ ਸੱਚੀ ਧਰਮਸਾਲ । ਭਗਤਨ ਲੇਖਾ ਆਪ ਚੁਕਾਇੰਦਾ, ਲੇਖਾ ਮੁਕੇ ਸ਼ਾਹ ਕੰਗਾਲ । ਸੰਤਨ ਮਸਤਕ ਟਿੱਕਾ ਇਕ ਲਗਾਇੰਦਾ, ਜੋਤੀ ਬਾਤੀ ਵੇਖੇ ਗਗਨ ਥਾਲ । ਗੁਰਮੁਖ ਨਿਕਾ ਵੱਡਾ ਨਾ ਕੋਇ ਰਖਾਇੰਦਾ, ਆਦਿ ਜੁਗਾਦੀ ਰਿਹਾ ਸੁਰਤ ਸੰਭਾਲ । ਗੁਰਸਿਖ ਫਿਕਾ ਰਸ ਨਾ ਕੋਇ ਚਖਾਇੰਦਾ, ਅੰਮ੍ਰਿਤ ਫਲ ਲਗਾਏ ਸਾਚੇ ਡਾਲ੍ਹ । ਦਹਿ ਦਿਸ਼ਾ ਵੇਖ ਵਖਾਇੰਦਾ, ਚਾਰੇ ਕੁੰਟ ਅਵੱਲੜੀ ਚਾਲ । ਜੁਗ ਜੁਗ ਆਪਣਾ ਹਿੱਸਾ ਆਪ ਵੰਡਾਇੰਦਾ, ਭੁੱਲ ਨਾ ਜਾਏ ਹਰਿ ਭਗਵਾਨ । ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਇੰਦਾ, ਮੇਟ ਮਿਟਾਏ ਜਗਤ ਨਿਸ਼ਾਨ । ਕਲਜੁਗ ਵੇਲਾ ਅੰਤਮ ਆਇੰਦਾ, ਪਰਗਟ ਹੋਏ ਸ੍ਰੀ ਭਗਵਾਨ । ਸਤਿਗੁਰ ਪੂਰਾ ਆਪ ਅਖਵਾਇੰਦਾ, ਸੂਰਬੀਰ ਬਲੀ ਬਲਵਾਨ । ਗੁਰ ਗੁਰ ਏਕਾ ਸ਼ਬਦ ਸੁਣਾਇੰਦਾ, ਰਾਗ ਧੁਨ ਸੱਚੀ ਧੁਨਕਾਨ । ਭਗਤਨ ਸਾਚੇ ਦਰ ਬਹਾਇੰਦਾ, ਕਾਇਆ ਕਪੜ ਇਕ ਮਕਾਨ । ਸੰਤਨ ਏਕਾ ਮੇਲ ਮਿਲਾਇੰਦਾ, ਨਾਤਾ ਛੁੱਟੇ ਆਵਣ ਜਾਣ । ਗੁਰਮੁਖ ਸਾਚੇ ਰੰਗ ਰੰਗਾਇੰਦਾ, ਚੋਲੀ ਰੰਗੇ ਪੁਰਖ ਸੁਜਾਨ । ਗੁਰਸਿਖ ਏਕਾ ਮੰਗ ਮੰਗਾਇੰਦਾ, ਚਰਨ ਕਵਲ ਕਰ ਧਿਆਨ । ਸਾਚੇ ਘੋੜੇ ਤੰਗ ਕਸਾਇੰਦਾ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਸੋਲਾਂ ਕਲੀਆਂ ਆਸਣ ਪਾਇੰਦਾ, ਨੌ ਖੰਡ ਸੱਤਾਂ ਦੀਪਾਂ ਪਾਏ ਆਣ । ਚਤਰਭੁਜ ਆਪਣਾ ਚਰਨ ਟਿਕਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਏਕਾ ਸ਼ਸਤਰ ਹੱਥ ਉਠਾਇੰਦਾ, ਸੋਹੰ ਚਿੱਲਾ ਤੀਰ ਕਮਾਨ । ਦੋ ਜਾਹਾਨਾ ਵੇਖ ਵਖਾਇੰਦਾ, ਲੋਆਂ ਪੁਰੀਆਂ ਕਰੇ ਪਛਾਣ । ਬ੍ਰਹਮਾ ਵਿਸ਼ਨ ਸ਼ਿਵ ਆਪ ਹਲਾਇੰਦਾ, ਸੋਇਆ ਰਹੇ ਨਾ ਕੋਇ ਨਾਦਾਨ । ਕਰੋੜ ਤੇਤੀਸਾ ਆਪ ਜਗਾਇੰਦਾ, ਲੇਖਾ ਜਾਣੇ ਜੀਵ ਸ਼ੈਤਾਨ । ਲੱਖ ਚੁਰਾਸੀ ਆਪ ਉਠਾਇੰਦਾ, ਧਰਨੀ ਵੇਖੇ ਸੁੰਞ ਮਸਾਣ । ਜ਼ਿਮੀ ਅਸਮਾਨਾਂ ਫੇਰਾ ਪਾਇੰਦਾ, ਵੇਖੇ ਪਰਕਾਸ਼ ਰਵ ਸਸ ਭਾਨ । ਏਕਾ ਆਪਣਾ ਹੁਕਮ ਚਲਾਇੰਦਾ, ਸ਼ਾਹੋ ਭੂਪ ਸੱਚਾ ਸੁਲਤਾਨ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਮਾ ਵੇਸ ਮਹਾਨ । ਕਾਗਦ ਕਲਮ ਨਾ ਲੇਖ ਲਖਾਇੰਦਾ, ਜਗਤ ਲਿਖਾਰੀ ਹੋਏ ਹੈਰਾਨ । ਚਾਰੇ ਵੇਦ ਮੁਖ ਸ਼ਰਮਾਇੰਦਾ, ਪੁਰਾਨ ਅਠਾਰਾਂ ਮੁਖ ਸ਼ਰਮਾਨ । ਅੰਜੀਲ ਕੁਰਾਨ ਨੈਣ ਨਾ ਕੋਇ ਉਠਾਇੰਦਾ, ਤੀਸ ਬਤੀਸਾ ਨਾ ਕੋਇ ਗਾਨ । ਖਾਣੀ ਬਾਣੀ ਬੇਅੰਤ ਸਮਝਾਇੰਦਾ, ਅੰਤ ਨਾ ਪਾਵੇ ਕੋਇ ਸ੍ਰੀ ਭਗਵਾਨ । ਜੁਗ ਜੁਗ ਆਪਣਾ ਵੇਸ ਵਟਾਇੰਦਾ, ਕਰਨੀ ਕਰਤਾ ਕਰੇ ਆਪ ਨਿਗਹਬਾਨ । ਨਿਹਕਲੰਕਾ ਆਪਣਾ ਨਾਉਂ ਧਰਾਇੰਦਾ, ਫ਼ਤਿਹ ਡੰਕਾ ਦੋ ਜਹਾਨ । ਸ੍ਰਿਸ਼ਟ ਸਬਾਈ ਵੇਖ ਵਖਾਇੰਦਾ, ਤਖ਼ਤੋਂ ਲਾਹੇ ਰਾਜ ਰਾਜਾਨ । ਗੁਰਮੁਖ ਸਾਚੇ ਆਪ ਜਗਾਇੰਦਾ, ਦਰਸ ਦਿਖਾਏ ਦਰ ਘਰ ਆਣ । ਜੀਵ ਜੰਤ ਗੂੜ੍ਹੀ ਨੀਂਦ ਸਵਾਇੰਦਾ, ਹਰਿ ਕਾ ਰੂਪ ਸਕੇ ਨਾ ਕੋਈ ਪਛਾਣ । ਮਾਇਆ ਮਮਤਾ ਮੋਹ ਵਧਾਇੰਦਾ, ਕੂੜੀ ਕਿਰਿਆ ਕਰ ਪਰਧਾਨ । ਭੈਣਾ ਭੱਯਾ ਨਾਤਾ ਜੋੜ ਜੁੜਾਇੰਦਾ, ਧੀਆਂ ਪੁੱਤਰ ਵੇਖੇ ਇਕ ਨਿਸ਼ਾਨ । ਸਾਢੇ ਤਿੰਨ ਤਿੰਨ ਹੱਥ ਸੀਆਂ ਵੰਡ ਵੰਡਾਇੰਦਾ, ਖ਼ਾਲੀ ਦਿਸਣ ਮੰਦਰ ਮਕਾਨ । ਬਿਨ ਸਤਿਗੁਰ ਪੂਰੇ ਕੋਇ ਨਾ ਪਾਰ ਲੰਘਾਇੰਦਾ, ਵੇਲੇ ਅੰਤ ਸਰਬ ਪਛਤਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਆਪ ਆਪਣੇ ਲਏ ਪਛਾਣ । ਹਰਿਜਨ ਆਪ ਪਛਾਣਿਆ, ਕਰ ਕਿਰਪਾ ਸਤਿਗੁਰ ਮੀਤ । ਏਕਾ ਬਖ਼ਸ਼ੇ ਚਰਨ ਧਿਆਨਿਆ, ਆਦਿ ਜੁਗਾਦੀ ਸਾਚੀ ਰੀਤ ।

ਏਕਾ ਨਾਮ ਧੁਰ ਫ਼ਰਮਾਨਿਆ, ਆਪ ਜਣਾਏ ਹਰਿ ਅਨਡੀਠ । ਰਾਗ ਸੁਣਾਏ ਸਚ ਤਰਾਨਿਆ, ਤ੍ਰੈਗੁਣ ਮਾਇਆ ਰਹੇ ਅਤੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਾਇਆ ਕਰੇ ਠੰਡੀ ਸੀਤ । ਕਾਇਆ ਠੰਡੀ ਸੀਤ ਉਜਲ ਮੁਖੜਾ, ਮੋਹ ਮਮਤਾ ਰਹਿਣ ਨਾ ਪਾਈਆ । ਗੁਰਸਿਖ ਮਾਤ ਗਰਭ ਨਾ ਹੋਵੇ ਉਲਟਾ ਰੁਖੜਾ, ਦਸ ਦਸ ਮਾਸ ਨਾ ਅਗਨ ਤਪਾਈਆ । ਆਵਣ ਜਾਵਣ ਮਿਟੇ ਦੁਖੜਾ, ਦੁਖ ਦਰਦ ਨਾ ਕੋਇ ਵਖਾਈਆ । ਸਫਲ ਕਰਾਏ ਮਾਤ ਕੁਖੜਾ, ਜੋ ਜਨ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸਾਚੇ ਲਏ ਪਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ ।

❊ ੫ ਭਾਦਰੋਂ ੨੦੧੭ ਬਿਕ੍ਰਮੀ ਬਿਕਰ ਸਿੰਘ ਪਿੰਡ ਰਾਮੂ ਵਾਲਾ ਦੇ ਗ੍ਰਹਿ ਫਿਰੋਜ਼ ਪੁਰ ❊

ਸਤਿਗੁਰ ਪੂਰਾ ਧੁਰ ਸੰਜੋਗ, ਸਤਿ ਸਤਿਵਾਦੀ ਸਤਿ ਕਰਾਇੰਦਾ । ਗੁਰ ਗੁਰ ਦੇਵੇ ਦਰਸ ਅਮੋਘ, ਹਰਿ ਹਰਿ ਮੰਤਰ ਨਾਮ ਦ੍ਰਿੜ੍ਹਾਇੰਦਾ । ਭਗਤਨ ਭਗਤੀ ਆਤਮ ਚੋਗ, ਨਾਉਂ ਨਿਰੰਕਾਰ ਮੁਖ ਲਗਾਇੰਦਾ । ਹਰਿ ਸੰਤ ਸੁਣਾਏ ਸਚ ਸਲੋਕ, ਬੋਧ ਅਗਾਧ ਸ਼ਬਦ ਅਲਾਇੰਦਾ । ਗੁਰਮੁਖਾਂ ਕੱਟੇ ਹਉਮੇ ਰੋਗ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਗੁਰਸਿਖਾਂ ਮੇਟੇ ਹਰਖ ਸੋਗ, ਚਿੰਤਾ ਦੁਖ ਨਾ ਕੋਇ ਵਖਾਇੰਦਾ । ਲੇਖਾ ਜਾਣੇ ਚੌਦਾਂ ਲੋਕ, ਪੁਰੀਆਂ ਲੋਆਂ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਸਤਿਗੁਰ ਪੂਰਾ ਸਾਖ਼ਯਾਤ, ਨਿਰਗੁਣ ਦਾਤਾ ਬੇਪਰਵਾਹੀਆ । ਗੁਰ ਗੁਰ ਰੂਪ ਪੁਰਖ ਅਬਿਨਾਸ਼, ਕਰਤਾ ਕਰਨੀ ਆਪਣੀ ਆਪ ਕਮਾਈਆ । ਭਗਤਨ ਅੰਦਰ ਕਰ ਕਰ ਵਾਸ, ਅੰਤਰ ਆਤਮ ਕਰੇ ਪੜ੍ਹਾਈਆ । ਸੰਤਨ ਪੂਰੀ ਕਰੇ ਆਸ, ਸਾਂਤਕ ਸਤਿ ਆਪ ਵਰਤਾਈਆ । ਗੁਰਮੁਖਾਂ ਹੋਏ ਸਹਾਈ ਪ੍ਰਿਥਮੀ ਆਕਾਸ਼, ਜੁਗਾ ਜੁਗੰਤਰ ਸੇਵ ਕਮਾਈਆ । ਗੁਰਸਿਖ ਨਾ ਹੋਏ ਕੋਇ ਨਿਰਾਸ, ਜਿਸ ਮਿਲਿਆ ਹਰਿ ਹਰਿ ਮਾਹੀਆ । ਜੁਗਾ ਜੁਗੰਤਰ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਏਕਾ ਜੋਤ ਨੂਰ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਏਕਾ ਸ਼ਬਦ ਇਕ ਧਰਵਾਸ, ਧੀਰਜ ਧੀਰ ਇਕ ਵਖਾਈਆ । ਏਕਾ ਪਵਣ ਇਕ ਸਵਾਸ, ਏਕਾ ਰੂਪ ਅਨੂਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਖਾਈਆ । ਸਤਿਗੁਰ ਪੂਰਾ ਅਗੰਮ ਅਪਾਰਾ, ਅਲੱਖ ਅਗੋਚਰ ਕਹਿਣ ਨਾ ਜਾਈਆ । ਗੁਰ ਗੁਰ ਰੂਪ ਵਿਚ ਸੰਸਾਰਾ, ਲੋਕਮਾਤ ਵੇਸ ਵਟਾਈਆ । ਭਗਤਨ ਬਖ਼ਸ਼ੇ ਇਕ ਦਵਾਰਾ, ਦਰ ਦਰਵਾਜ਼ਾ ਖੋਲ੍ਹ ਖੁਲਾਈਆ । ਸੰਤਨ ਦੇਵੇ ਸਚ ਹੁਲਾਰਾ, ਸਾਚਾ ਝੂਲਾ ਨਾਮ ਝੁਲਾਈਆ । ਗੁਰਮੁਖਾਂ ਬੇੜਾ ਕਰਾਏ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਗੁਰਸਿਖਾਂ ਦੇਵੇ ਸਚ ਸਹਾਰਾ, ਆਪ ਆਪਣੇ ਅੰਗ ਲਗਾਈਆ । ਜਾਗਰਤ ਜੋਤ ਜੋਤ ਕਰ ਉਜਿਆਰਾ, ਅੰਧ ਅੰਧਿਆਰਾ, ਦਏ ਮਿਟਾਈਆ । ਵਰਤੇ ਵਰਤਾਵੇ ਵਿਚ ਸੰਸਾਰਾ, ਵਾਸਤਕ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸਤਿਗੁਰ ਬੇਪਰਵਾਹ ਨੂਰ ਅੱਲਾ, ਆਲਮਗੀਰ ਖੇਲ ਖਿਲਾਇੰਦਾ । ਗੁਰ ਗੁਰ ਰੂਪ ਵਸੇ ਸਚ ਮਹੱਲਾ, ਮੁਕਾਮੇ ਹੱਕ ਡੇਰਾ ਲਾਇੰਦਾ । ਭਗਤਨ ਭਾਵ ਵਖਾਏ ਇਕ ਬਿਸਮਿਲਾ, ਬਿਸਮਲ ਆਪਣਾ ਨਾਉਂ ਕਰਾਇੰਦਾ ।

੮੮੦
੦੯

ਸੰਤਨ ਫੜਾਏ ਸਾਚਾ ਪੱਲਾ, ਹਕ ਹਕੀਕਤ ਫੋਲ ਫੁਲਾਇੰਦਾ । ਗੁਰਮੁਖ ਸਚ ਸੰਦੇਸ਼ ਏਕਾ ਘੱਲਾ, ਕਲਮਾ ਅਮਾਮ ਆਪ ਪੜ੍ਹਾਇੰਦਾ । ਗੁਰਸਿਖ ਦਰ ਦਵਾਰੇ ਆਪੇ ਖੱਲਾ, ਨੂਰੋ ਨੂਰ ਡਗਮਗਾਇੰਦਾ । ਆਦਿ ਜੁਗਾਦਿ ਵਲਾ ਛਲਾ, ਅਛਲ ਛਲਧਾਰੀ ਆਪ ਕਰਾਇੰਦਾ । ਆਪੇ ਇਸਮੀ ਨੂਰੀ ਨੂਰ ਅੱਲਾ, ਇਲਾਹੀ ਨੂਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪ ਗਣਾਇੰਦਾ । ਸਤਿਗੁਰ ਸਾਜਣ ਸੱਖਾ ਸੁਹੇਲਾ, ਗੁਣਵੰਤਾ ਬੇਪਰਵਾਹੀਆ । ਗੁਰ ਗੁਰ ਰੂਪ ਗੁਰੂ ਗੁਰ ਚੇਲਾ, ਲੇਖਾ ਜਾਣੇ ਧੁਰਦਰਗਾਹੀਆ । ਭਗਤ ਭਗਵੰਤ ਸਾਚਾ ਮੇਲਾ, ਘਰ ਮੰਦਰ ਸੋਭਾ ਪਾਈਆ । ਸੰਤਨ ਵਖਾਏ ਧਾਮ ਨਵੇਲਾ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਕੱਟੇ ਲੱਖ ਚੁਰਾਸੀ ਧਰਮ ਰਾਏ ਦੀ ਜੇਲਾ, ਜੈ ਜੈ ਜੈਕਾਰਾ ਇਕ ਕਰਾਈਆ । ਗੁਰਸਿਖਾਂ ਜਾਣੇ ਵਕਤ ਵੇਲਾ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਆਪਣਾ ਖੇਲ ਅਬਿਨਾਸ਼ੀ ਕਰਤੇ ਪਾਰਬ੍ਰਹਮ ਪ੍ਰਭ ਆਪੇ ਖੇਲਾ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਵਣ ਦਾਤਾ ਵਡ ਵਡਿਆਈਆ । ਸਤਿਗੁਰ ਪੂਰਾ ਜੀਵਣ ਦਾਤਾ, ਜੀਆ ਦਾਨ ਝੋਲੀ ਪਾਇੰਦਾ । ਗੁਰ ਗੁਰ ਰੂਪ ਪਿਤਾ ਮਾਤਾ, ਸਾਚੀ ਸੇਵਕ ਸੇਵ ਕਮਾਇੰਦਾ । ਭਗਤ ਸੁਣਾਏ ਸਾਚੀ ਗਾਥਾ, ਗੋਬਿੰਦ ਆਪਣਾ ਨਾਉਂ ਅਲਾਇੰਦਾ । ਸੰਤਨ ਰੱਖੇ ਉਤਮ ਜਾਤਾ, ਵਰਨ ਗੋਤ ਨਾ ਕੋਇ ਬਣਾਇੰਦਾ । ਗੁਰਮੁਖਾਂ ਮੇਟੇ ਅੰਧੇਰੀ ਰਾਤਾ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਗੁਰਸਿਖਾਂ ਪੂਰਾ ਕਰੇ ਘਾਟਾ, ਪੂਰਬ ਲਹਿਣਾ ਝੋਲੀ ਪਾਇੰਦਾ । ਲਹਿਣਾ ਜਾਣੇ ਮਸਤਕ ਮਾਥਾ, ਤਿਲਕ ਲਲਾਟੀ ਖੋਜ ਖੁਜਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਪਿਛਲਾ ਘਾਟਾ ਵੇਖ ਵਖਾਇੰਦਾ । ਇਕ ਵਖਾਏ ਤੀਰਥ ਤਾਟਾ, ਸਰ ਸਰੋਵਰ ਆਪ ਨੁਹਾਇੰਦਾ । ਅੱਗੇ ਨੇੜੇ ਦਿਸੇ ਵਾਟਾ, ਕੂੜ ਕੁੜਿਆਰਾ ਪੰਧ ਮੁਕਾਇੰਦਾ । ਸਤਿ ਸਤਿਵਾਦੀ ਸਚ ਖੁਲ੍ਹਾਏ ਹਾਟਾ, ਸਾਚੇ ਮੰਦਰ ਸੋਭਾ ਪਾਇੰਦਾ । ਲੇਖਾ ਜਾਣੇ ਆਦਿ ਜੁਗਾਦਾ, ਜੁਗ ਜੁਗ ਆਪਣਾ ਰੂਪ ਧਰਾਇੰਦਾ । ਪਰਗਟ ਹੋਏ ਬ੍ਰਹਮ ਬ੍ਰਹਿਮਾਦਾ, ਪਾਰਬ੍ਰਹਮ ਆਪਣੀ ਖੇਲ ਖਿਲਾਇੰਦਾ । ਸ਼ਬਦ ਵਜਾਏ ਤੁਰੀਆ ਰਾਗਾ, ਰਾਗ ਰਾਗਨੀ ਨਾ ਕੋਇ ਸੁਣਾਇੰਦਾ । ਪੁਰਖ ਅਬਿਨਾਸ਼ੀ ਮਾਧਵ ਮਾਧਾ, ਮੋਹਣ ਆਪਣਾ ਰੂਪ ਧਰਾਇੰਦਾ । ਗੁਰਮੁਖ ਸੱਜਣ ਵਿਰਲਾ ਲਾਧਾ, ਲਾਲਨ ਆਪਣਾ ਰੰਗ ਰੰਗਾਇੰਦਾ । ਲੇਖਾ ਜਾਣੇ ਸੰਤਨ ਸਾਧਾ, ਸਿਦਕ ਸਬੂਰੀ ਆਪ ਹੰਢਾਇੰਦਾ । ਭੇਵ ਖੁਲਾਏ ਬੋਧ ਅਗਾਧਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੁਣੇ ਫ਼ਰਯਾਦਾ, ਦਰ ਦਰਬਾਰਾ ਆਪ ਸੁਹਾਇੰਦਾ । ਲਖ ਚੁਰਾਸੀ ਵੇਖੇ ਡੂੰਘਾ ਖਾਤਾ, ਪੁਰਖ ਬਿਧਾਤਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਆਪਣੀ ਕਲ ਆਪ ਧਰਾਇੰਦਾ । ਸਤਿਗੁਰ ਪੂਰਾ ਅਕਲ ਕਲ ਧਾਰ, ਕਾਲ ਫਾਸ ਨਾ ਕੋਇ ਦਸਾਈਆ । ਗੁਰ ਗੁਰ ਖੇਲ ਅਪਰ ਅਪਾਰ, ਕੀਮਤ ਕਰਤਾ ਆਪੇ ਪਾਈਆ । ਭਗਤਨ ਜੋਤ ਕਰ ਉਜਿਆਰ, ਦੀਵਾ ਬਾਤੀ ਇਕ ਵਖਾਈਆ । ਸੰਤਨ ਖੋਲ੍ਹੇ ਬੰਦ ਕਿਵਾੜ, ਨਿਜ ਮੰਦਰ ਕਰੇ ਰਸਾਈਆ । ਗੁਰਮੁਖ ਸਾਚੇ ਪੌੜੇ ਦੇਵੇ ਚਾੜ੍ਹ, ਚੌਥੇ ਪਦ ਆਪ ਬਹਾਈਆ । ਗੁਰਸਿਖਾਂ ਤੀਜਾ ਨੈਣ ਦਏ ਉਘਾੜ, ਜਗਤ ਨੇਤਰ ਲੇਖੇ ਲਾਈਆ । ਤ੍ਰੈਗੁਣ ਅਗਨੀ ਦੇਵੇ ਸਾੜ, ਤਤਵ ਤਤ ਨਾ ਕੋਇ ਵਖਾਈਆ । ਕਰੇ ਪਰਕਾਸ਼ ਬਹੱਤਰ ਨਾੜ, ਨੂਰੋ ਨੂਰ ਨੂਰ ਦਰਸਾਈਆ । ਪੰਚ ਵਿਕਾਰਾ ਦੇਵੇ ਝਾੜ, ਮਨ ਮਤ ਨਾ ਹੋਏ ਹਲਕਾਈਆ । ਬੁਧ ਮਤ ਘੜੇ ਘਾੜ, ਬਣ ਠਠਿਆਰਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਸਤਿਗੁਰ ਪੂਰਾ ਲੇਖਾ ਲਿਖਣਹਾਰਾ, ਲੇਖਾ ਲੇਖੇ ਵਿਚ ਨਾ ਆਇੰਦਾ । ਗੁਰ ਗੁਰ ਰੂਪ ਕਰ ਪਸਾਰਾ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਭਗਤਨ ਬਣੇ ਮੀਤ ਮੁਰਾਰਾ, ਆਪਣਾ ਬੰਧਨ ਆਪੇ ਪਾਇੰਦਾ । ਸੰਤਨ ਮੇਲਾ ਪੁਰਖ ਨਾਰਾ, ਕੰਤ ਕੰਤੂਹਲਾ ਸੇਜ ਹੰਢਾਇੰਦਾ । ਗੁਰਮੁਖਾਂ ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਨਿਝਰ ਝਿਰਨਾ ਆਪ ਝਰਾਇੰਦਾ । ਗੁਰਸਿਖਾਂ ਵਿਖਾਏ ਇਕ ਦਵਾਰਾ, ਚਰਨ ਕਵਲ ਉਪਰ ਧਵਲ ਧਿਆਨ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦੀ ਛੋੜ ਆਪ ਅਖਵਾਇੰਦਾ । ਬੰਧਨ ਤੋੜੇ ਬੰਧਨ ਪਾ, ਬੰਦੀਖਾਨਾ ਰਹਿਣ ਨਾ ਪਾਈਆ । ਸਾਚੇ ਘੋੜੇ ਚੜ੍ਹੇ ਬੇਪਰਵਾਹ, ਸ਼ਬਦੀ ਘੋੜਾ ਇਕ ਦੌੜਾਈਆ । ਜੁਗ ਜੁਗ ਬੌਹੜੇ ਘਟ ਘਟ ਥਾਂ, ਥਾਨ ਥਨੰਥਰ ਵੇਖ ਵਖਾਈਆ । ਆਦਿ ਜੁਗਾਦੀ ਕਰੇ ਸਚ ਨਿਆਂ, ਪਾਤਸ਼ਾਹ ਸ਼ਾਹ ਸ਼ਹਿਨਸ਼ਾਹ ਆਪ ਅਖਵਾਈਆ । ਲਖ ਚੁਰਾਸੀ ਕਾਇਆ ਖੇੜਾ ਵੇਖੇ ਨਗਰ ਗਰਾਂ, ਜਗਤ ਭੂਮਕਾ ਫੋਲ ਫੁਲਾਈਆ । ਨਵ ਨਵ ਸਤ ਸਤ ਜਾਣੇ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰਾ ਸਹਿਜ ਸੁਖਦਾਈਆ । ਵਖ ਵਖ ਕਰੇ ਹੰਸ ਕਾਂ, ਕਾਗ ਹੰਸ ਸੰਗ ਨਾ ਕੋਇ ਨਿਭਾਈਆ । ਨਿਮਾਣਿਆਂ ਦੇਵੇ ਸਾਚਾ ਥਾਂ, ਨਿਥਾਵਿਆਂ ਆਪਣੇ ਗਲੇ ਲਗਾਈਆ । ਹੰਕਾਰੀਆਂ ਦੇਵੇ ਖ਼ਾਕ ਰਲਾ, ਖ਼ਾਕੀ ਖ਼ਾਕ ਛਾਰ ਸੀਸ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਬਣਾਏ ਬਣਤਰ, ਆਪਣਾ ਬੇੜਾ ਆਪ ਚਲਾਈਆ । ਸਤਿਗੁਰ ਪੂਰਾ ਬੇੜਾ ਬੰਨ੍ਹਦਾ, ਸਚਖੰਡ ਦਵਾਰੇ ਕਰ ਵਿਚਾਰ । ਗੁਰ ਗੁਰ ਰੂਪ ਪੁਰਖ ਅਕਾਲ ਦਾ, ਜੋਤੀ ਜਾਮਾ ਅਗੰਮ ਅਪਾਰ । ਕਰੇ ਖੇਲ ਦੀਨ ਦਿਆਲ ਦਾ, ਭਗਤ ਵਛਲ ਭਗਤਨ ਜਾਏ ਤਾਰ । ਨਾਤਾ ਤੋੜੇ ਕਾਲ ਮਹਾਂਕਾਲ ਦਾ, ਸਾਚੇ ਸੰਤਨ ਲਏ ਉਭਾਰ । ਕੰਚਨ ਸੋਨਾ ਸਚ ਕੁਠਾਲੀ ਆਪੇ ਗਾਲਦਾ, ਗੁਰਮੁਖ ਚਾੜ੍ਹੇ ਰੰਗ ਅਪਾਰ । ਗੁਰਸਿਖ ਬਾਲ ਅੰਞਾਣੇ ਗੋਦ ਬਹਾਲ ਦਾ, ਜਿਉਂ ਬਾਲ ਮਾਤ ਕਰੇ ਪਿਆਰ । ਸਾਚਾ ਮੰਤਰ ਇਕ ਸਿਖਾਲ ਦਾ, ਹੰ ਬ੍ਰਹਮ ਹੋਏ ਉਜਿਆਰ । ਸੋ ਪੁਰਖ ਨਿਰੰਜਣ ਆਪਣਾ ਕੀਤਾ ਆਪੇ ਜਾਣਦਾ, ਦੂਸਰ ਕੋਇ ਨਾ ਕਰੇ ਵਿਚਾਰ । ਕਲਜੁਗ ਜੀਵ ਨਾ ਕੋਇ ਪਛਾਣਦਾ, ਮਾਇਆ ਮਮਤਾ ਕਰੇ ਖ਼ਵਾਰ । ਲਖ ਚੁਰਾਸੀ ਪੁਣ ਛਾਣਦਾ, ਅਠਸਠ ਨੀਰ ਵਰੋਲੇ ਵਿਚ ਸੰਸਾਰ । ਵੇਲਾ ਅੰਤਮ ਆਇਆ ਹਾਣ ਦਾ, ਚਾਰ ਕੁੰਟ ਹੋਏ ਹਾਹਾਕਾਰ । ਗੁਰਮੁਖ ਵਿਰਲਾ ਹਰਿ ਰੰਗ ਮਾਣਦਾ, ਜਿਸ ਮਿਲਿਆ ਸਤਿਗੁਰ ਪੂਰਾ ਮਿਹਰਵਾਨ । ਆਪਣਾ ਆਪ ਲੋਕਮਾਤ ਪਛਾਣਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੋ ਜਹਾਨ ਦਾ । ਸਤਿਗੁਰ ਪੂਰਾ ਵਾਲੀ ਦੋ ਜਹਾਨ, ਦੋਏ ਦੋਏ ਲੋਚਨ ਨਾ ਕੋਇ ਜਣਾਈਆ । ਗੁਰ ਗੁਰ ਹੱਥ ਉਠਾਏ ਸਚ ਨਿਸ਼ਾਨ, ਸਤਿ ਸਤਿ ਏਕਾ ਰੂਪ ਦਰਸਾਈਆ । ਭਗਤਨ ਦੇਵੇ ਇਕ ਗਿਆਨ, ਏਕਾ ਬ੍ਰਹਮ ਬ੍ਰਹਮ ਵਡਿਆਈਆ । ਸੰਤਨ ਵਖਾਏ ਸਚ ਮਕਾਨ, ਉਤਰ ਪੂਰਬ ਪਛਮ ਦੱਖਣ ਚਾਰ ਕੁੰਟ ਨਾ ਕੋਇ ਭਵਾਈਆ । ਗੁਰਮੁਖਾਂ ਏਕਾ ਰਾਗ ਸੁਣਾਏ ਕਾਨ, ਛੱਤੀ ਰਾਗ ਦੇਣ ਗਵਾਹੀਆ । ਗੁਰਸਿਖਾਂ ਏਕਾ ਬਖ਼ਸ਼ੇ ਮਾਣ, ਚਰਨ ਕਵਲ ਸੱਚੀ ਸਰਨਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਸਾਚਾ ਢੋਲਾ ਏਕਾ ਗਾਣ, ਪੁਰਖ ਅਬਿਨਾਸ਼ੀ ਸਿਫ਼ਤ ਸਾਲਾਹੀਆ । ਨਾਤਾ ਤੁੱਟੇ ਜੀਵ ਜਹਾਨ, ਸਾਕ ਸੈਣ ਮਾਤ ਪਿਤ ਭਾਈ ਭੈਣ ਬੰਧਪ ਬੰਧਨ ਨਾ ਕੋਇ ਪਾਈਆ । ਲਾੜੀ ਮੌਤ ਨਾ ਖਾਏ ਡਾਇਣ, ਜਮ ਕਾ ਭੌ ਨਾ ਕੋਇ ਜਣਾਈਆ । ਚਿਤਰ ਗੁਪਤ ਨਾ ਲੇਖਾ ਵਖਾਏ ਲੈਣ ਦੇਣ, ਰਾਏ ਧਰਮ ਦਏ ਨਾ ਕੋਇ

ਸਜ਼ਾਈਆ । ਸਤਿਗੁਰ ਪੂਰਾ ਦਰਸ ਦਿਖਾਏ ਏਕਾ ਨੈਣ ਨੈਨਣ ਨੈਣ ਆਪ ਖੁਲ੍ਹਾਈਆ । ਤਨ ਬਸਤਰ ਪਾਏ ਸਾਚਾ ਗਹਿਣ, ਸ਼ਬਦ ਦੋਸ਼ਾਲਾ ਹੱਥ ਉਠਾਈਆ । ਗੁਰਮੁਖ ਵਹੇ ਨਾ ਝੂਠੇ ਵਹਿਣ, ਵਾਹ ਵਾ ਪੂਰੇ ਗੁਰ ਵੱਡੀ ਵਡਿਆਈਆ । ਆਪ ਚੁਕਾਏ ਲਹਿਣ ਦੇਣ, ਮਕਰੂਜ਼ ਬਣੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਖੇਲ ਕਰ, ਜਗ ਜੀਵਣ ਦਾਤਾ ਆਪ ਅਖਵਾਈਆ । ਜਗ ਜੀਵਣ ਦਾਤਾ ਜਾਗਿਆ, ਸਤਿਗੁਰ ਸੱਚਾ ਪਾਤਸ਼ਾਹ । ਗੁਰ ਗੁਰ ਰੂਪ ਫਿਰੇ ਭਾਗਿਆ, ਸ਼ਬਦ ਗੁਰ ਬਣ ਮਲਾਹ । ਭਗਤਨ ਮੇਲ ਕੰਤ ਸੁਹਾਗਿਆ, ਗੀਤ ਸੁਹਾਗੀ ਰਿਹਾ ਗਾ । ਸੱਚਾ ਜਗਿਆ ਇਕ ਚਿਰਾਗਿਆ, ਦੀਪਕ ਜੋਤ ਡਗਮਗਾ । ਗੁਰਮੁਖ ਉਪਜੇ ਮਨ ਵੈਰਾਗਿਆ, ਮਨ ਕੀ ਮਨਸਾ ਦਏ ਮਿਟਾ । ਗੁਰਸਿਖ ਸਰਨ ਸਰਨਾਈ ਸਾਚੀ ਲਾਗਿਆ, ਨਾਤਾ ਸਕੇ ਨਾ ਕੋਇ ਤੁੜਾ । ਫੜ ਫੜ ਹੰਸ ਬਣਾਏ ਕਾਗਿਆ, ਅੰਮ੍ਰਿਤ ਆਤਮ ਜਾਮ ਪਿਆ । ਦੁਰਮਤ ਮੈਲ ਧੋਵੇ ਦਾਗਿਆ, ਕਾਲਖ ਟਿੱਕਾ ਦੇਵੇ ਲਾਹ । ਤ੍ਰੈ ਗੁਣ ਮਾਇਆ ਡੱਸੇ ਨਾ ਡੱਸਣੀ ਨਾਗਿਆ, ਨਾਗਣ ਦੇਵੇ ਦਰ ਦੁਰਕਾ । ਲੱਖ ਚੁਰਾਸੀ ਵਿਚੋਂ ਫੜ ਫੜ ਕਾਢਿਆ, ਜਿਨ ਭੂਤ ਭਰੇਤ ਖ਼ਬੀਸ ਨਾ ਸਕੇ ਕੋਇ ਦਬਾ । ਜਗਤ ਵਿਕਾਰਾ ਫੜ ਫੜ ਵਾਢਿਆ, ਨਾਮ ਕਟਾਰਾ ਇਕ ਚਲਾ । ਡੂੰਘੇ ਖਾਤੇ ਆਪੇ ਗਾਡਿਆ, ਨਾ ਕੋਈ ਸਕੇ ਬਾਹਰ ਕਢਾ । ਨਾਤਾ ਤੁੱਟਾ ਮਾਸ ਨਾੜੀ ਚੰਮ ਹੱਡੀ ਹਾਡਿਆ, ਜੋੜੀ ਜੋੜ ਨਾ ਸਕੇ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਹੋਏ ਸਹਾ । ਸਦਾ ਸਹਾਇਕ ਆਦਿ ਜੁਗਾਦਿ, ਸਤਿਗੁਰ ਪੂਰੇ ਹੱਥ ਵਡਿਆਈਆ । ਗੁਰ ਗੁਰ ਵਜਾਏ ਸਾਚਾ ਨਾਦ, ਨਾਮ ਫੁੰਕਾਰਾ ਏਕਾ ਲਾਈਆ । ਭਗਤਨ ਦੇਵਣਹਾਰਾ ਦਾਦ, ਦਰਦੀ ਦੁੱਖ ਰਿਹਾ ਵੰਡਾਈਆ । ਸੰਤ ਸੁਹੇਲੇ ਸਾਚੇ ਲਾਧ, ਸਹਿਜ ਜੋਗ ਇਕ ਸਮਝਾਈਆ । ਗੁਰਮੁਖਾਂ ਲਡਾਏ ਆਪਣਾ ਲਾਡ, ਆਪ ਆਪਣੀ ਗੋਦ ਬਹਾਈਆ । ਗੁਰਸਿਖ ਦਿਵਸ ਰੈਣ ਰੱਖੇ ਯਾਦ, ਰਸਨਾ ਜਿਹਵਾ ਹਰਿ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾਂ ਨਾਥ ਦਰਦ ਦੁਖ ਭੈ ਭੰਜਣ, ਗੁਰਮੁਖ ਵੇਖੇ ਸਾਚੇ ਸੱਜਣ, ਸਗਲਾ ਸੰਗ ਆਪ ਨਿਭਾਈਆ । ਸਗਲਾ ਸੰਗ ਪੁਰਖ ਸਮਰਥ, ਜੁਗਾ ਜੁਗੰਤਰ ਆਪ ਨਿਭਾਇੰਦਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਲੇਖਾ ਜਾਣੇ ਮਹਿਮਾ ਅਕਥ, ਕਥਨੀ ਕਥ ਨਾ ਕੋਇ ਅਲਾਇੰਦਾ । ਵਸਣਹਾਰਾ ਘਟ ਘਟ, ਲਖ ਚੁਰਾਸੀ ਡੇਰਾ ਲਾਇੰਦਾ । ਸ਼ਬਦ ਜਣਾਈ ਪੂਜਾ ਪਾਠ, ਵਾਹ ਵਾ ਗੁਰ ਗੁਰ ਇਸ਼ਟ ਮਨਾਇੰਦਾ । ਇਕ ਖੁਲਾਏ ਸਾਚਾ ਹਾਟ, ਚੌਦਾਂ ਚੌਦਾਂ ਰੂਪ ਵਟਾਇੰਦਾ । ਜੋਤੀ ਨੂਰ ਤ੍ਰੈਲੋਕੀ ਨਾਥ, ਤ੍ਰੈਗੁਣ ਮਾਇਆ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਿਆਰਾ ਨੂਰ ਉਜਿਆਰ, ਹਰਿ ਗੋਪਾਲਾ ਖੇਲ ਅਪਾਰ, ਦੀਨ ਦਿਆਲਾ ਏਕੰਕਾਰ, ਅਕਲ ਕਲ ਆਪ ਵਰਤਾਇੰਦਾ । ਅਕਲ ਕਲ ਵਰਤਾਇਆ, ਮਹਿਮਾ ਸ਼ਬਦ ਅਨੂਪ । ਸਾਚੇ ਤਖ਼ਤ ਸੁਹਾਇਆ, ਹਰਿ ਸਤਿਗੁਰ ਸੱਚਾ ਭੂਪ । ਗੁਰ ਗੁਰ ਸਾਚਾ ਦੂਤ ਦੜਾਇਆ, ਵੇਖਣਹਾਰਾ ਚਾਰੇ ਕੂਟ । ਜੁਗਾ ਜੁਗੰਤਰ ਵੇਸ ਵਟਾਈਆ, ਪੰਜ ਤਤ ਨਾ ਕੋਇ ਕਲਬੂਤ । ਕਾਗਦ ਕਲਮ ਨਾ ਲੇਖ ਲਿਖਾਈਆ, ਆਪਣਾ ਦੇਵੇ ਆਪ ਸਬੂਤ । ਔਂਦਾ ਜਾਂਦਾ ਦਿਸ ਨਾ ਆਇਆ, ਤਾਣਾ ਪੇਟਾ ਦਿਸੇ ਨਾ ਕੋਇ ਸੂਤ । ਆਪਣਾ ਖੇਲ ਆਪ ਖਲਾਇਆ, ਪਾਰਬ੍ਰਹਮ ਅਬਿਨਾਸ਼ੀ ਅਚੁਤ । ਜੁਗਾ ਜੁਗੰਤਰ ਵੇਸ ਵਟਾਇਆ, ਆਪ ਸੁਹਾਏ ਸੁਹੰਜਣੀ ਰੁੱਤ । ਕਾਦਰ ਕਰੀਮ ਵੇਖ ਵਖਾਇਆ, ਗੁਰਮੁਖ ਸੱਜਣ ਸਾਚੇ ਸੁਤ । ਦੂਈ

੮੮੩ ੦੯

ਦਵੈਤੀ ਪਰਦਾ ਲਾਹਿਆ, ਪੰਜ ਵਿਕਾਰਾ ਕੱਢੇ ਕੁੱਟ । ਏਕਾ ਅੰਮ੍ਰਿਤ ਜਾਮ ਪਿਆਇਆ, ਭਰ ਪਿਆਲਾ ਹਰਿ ਹਰਿ ਘੁੱਟ । ਸਾਚੇ ਮੰਦਰ ਆਪ ਬਹਾਇਆ, ਆਵਣ ਜਾਵਣ ਜਾਏ ਛੁੱਟ । ਏਕਾ ਮੰਤਰ ਨਾਮ ਦ੍ਰਿੜਾਇਆ । ਫੜ ਝੜਾਏ ਉਚੀ ਚੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਲੇਖਾ ਜਾਣੇ ਓਤ ਪੋਤ । ਪੋਤ ਓਤ ਬੰਸ ਬੰਸਾਵਲੀ, ਬ੍ਰਹਮਾ ਵਿਸ਼ਨ ਸ਼ਿਵ ਰੂਪ ਦਰਸਾਇਆ । ਪੁਰਖ ਅਬਿਨਾਸ਼ੀ ਖੇਲ ਕਰਾਵਣੀ, ਕਰਨ ਕਰਾਵਣਹਾਰ ਆਪ ਹੋ ਜਾਇਆ । ਆਪੇ ਪਕੜੇ ਆਪਣੀ ਦਾਮਨੀ, ਦਾਮਨਗੀਰ ਦਰਦ ਦੁੱਖ ਵੰਡਾਇਆ । ਆਪੇ ਮੇਟੇ ਰੈਣ ਅੰਧੇਰੀ ਸ਼ਾਮਨੀ, ਸ਼ਮਾ ਦੀਪਕ ਇਕ ਜਗਾਇਆ । ਆਪੇ ਕਰੇ ਪ੍ਰਕਾਸ਼ ਕੋਟਨ ਭਾਨਨੀ, ਅਨਭਵ ਆਪਣਾ ਰੂਪ ਦਰਸਾਇਆ । ਆਪੇ ਚਮਕੇ ਏਕਾ ਦਾਮਨੀ, ਦਮਕ ਆਪਣੇ ਵਿਚ ਰਖਾਇਆ । ਆਪੇ ਪੂਰੀ ਕਰੇ ਭਾਵਨੀ, ਭਾਵਨੀ ਭੈ ਨਾ ਕੋਇ ਵਧਾਇਆ । ਆਪੇ ਕਾਮਨ ਆਪੇ ਕਾਮਨੀ, ਆਪੇ ਸਤਿ ਸੰਤੋਖ ਸਮਾਇਆ । ਆਪੇ ਨਿਰਗੁਣ ਜੋਤ ਇਕ ਵਖਾਵਣੀ, ਪੁਰਖ ਅਕਾਲ ਆਪਣਾ ਰੂਪ ਧਰਾਇਆ । ਆਪੇ ਅੰਮ੍ਰਿਤ ਮੇਘ ਬਰਸੇ ਸਾਵਣੀ, ਆਪੇ ਚਾਰ ਕੁੰਟ ਰਿਹਾ ਤਰਸਾਇਆ । ਆਪੇ ਨਗਰ ਖੇੜਾ ਵਸੇ ਗਰਾਮਣੀ, ਆਪੇ ਢਹਿ ਢਹਿ ਢੇਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਧੁਰ ਸੰਦੇਸ਼ਾ ਆਪ ਸੁਣਾਇਆ । ਸਤਿਗੁਰ ਪੂਰਾ ਸਤਿ ਸੰਦੇਸ਼, ਸਚਖੰਡ ਨਿਵਾਸੀ ਆਪ ਸੁਣਾਈਆ । ਗੁਰ ਗੁਰ ਦਾਤਾ ਨਰ ਨਰੇਸ਼, ਸ਼ਬਦ ਵਿਧਾਤਾ ਵਡ ਵਡਿਆਈਆ । ਭਗਤਨ ਦੇਵੇ ਇਕ ਆਦੇਸ਼, ਆਦਿ ਜੁਗਾਦਿ ਬੇਪਰਵਾਹੀਆ । ਸੰਤਨ ਮੇਲਾ ਕਰ ਕਰ ਵੇਸ, ਵੇਸ ਅਨੇਕਾ ਆਪ ਧਰਾਈਆ । ਗੁਰਮੁਖਾਂ ਰਖਾਏ ਏਕਾ ਟੇਕ, ਬੁਧ ਬਿਬੇਕ ਕਰੇ ਸਫਾਈਆ । ਗੁਰਸਿਖਾਂ ਲਿਖੇ ਸਾਚਾ ਲੇਖ, ਹੱਥ ਰੱਖੇ ਨਾ ਕੋਇ ਕਲਮ ਸ਼ਾਹੀਆ । ਸਾਚੇ ਮੰਦਰ ਬੈਠਾ ਰਿਹਾ ਵੇਖ, ਵੇਖਣਹਾਰ ਦਿਸ ਨਾ ਆਈਆ । ਜੁਗਾ ਜੁਗੰਤਰ ਕਰੇ ਭੇਖ, ਨਿਹਕਲੰਕ ਨਿਰਗੁਣ ਜੋਤੀ ਜਾਮਾ ਪਾਈਆ । ਲੇਖਾ ਚੁਕਾਏ ਮੁਲਾ ਸ਼ੇਖ, ਕੁਤਬ ਗੌਸ ਪੀਰ ਦਸਤਗੀਰ ਵੇਖ ਵਖਾਈਆ । ਜਗਤ ਜਹਾਨਾ ਮਿਟੇ ਰੇਖ, ਰਿਖੀ ਮੁਨੀ ਰਹੇ ਕੁਰਲਾਈਆ । ਮੰਗੇ ਮੰਗ ਸਹੰਸਰ ਮੁਖ ਸ਼ੇਸ਼, ਵਿਸ਼ਨੂੰ ਵਿਸ਼ਵ ਨਾਲ ਰਲਾਈਆ । ਬ੍ਰਹਮਾ ਖੁਲੜੇ ਕਰ ਕਰ ਕੇਸ, ਨਿਉਂ ਨਿਉਂ ਬੈਠਾ ਸੀਸ ਝੁਕਾਈਆ । ਸ਼ੰਕਰ ਮੰਗੇ ਇਕ ਅਦੇਸ, ਸਿਰ ਰੱਖ ਹੱਥ ਸਮਰਥ ਪੁਰਖ ਬੇਪਰਵਾਹੀਆ । ਤੇਰਾ ਮੇਲਾ ਤ੍ਰੈ ਤ੍ਰੈ ਦੇਸ਼, ਤ੍ਰੈਗੁਣ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਲੇਖਾ ਹਰਿ ਸਮਝਾਇੰਦਾ, ਸਤਿਗੁਰ ਪੁਰਖ ਸੁਜਾਨ । ਗੁਰ ਗੁਰ ਨਾਉਂ ਧਰਾਇੰਦਾ, ਵਾਲੀ ਦੋ ਜਹਾਨ । ਭਗਤਨ ਮੇਲ ਮਿਲਾਇੰਦਾ, ਘਰ ਮੰਦਰ ਸਚ ਮਕਾਨ । ਸੰਤਨ ਆਪ ਉਠਾਇੰਦਾ, ਦੇਵੇ ਬ੍ਰਹਮ ਗਿਆਨ । ਗੁਰਮੁਖ ਲੇਖੇ ਲਾਇੰਦਾ, ਜਿਨ ਸੱਜਣ ਲਏ ਪਛਾਣ । ਗੁਰਸਿਖ ਮਾਰਗ ਪਾਇੰਦਾ, ਏਕਾ ਹੁਕਮ ਧੁਰ ਫ਼ਰਮਾਣ । ਆਦਿ ਜੁਗਾਦੀ ਆਪਣਾ ਢੋਲਾ ਆਪੇ ਗਾਇੰਦਾ, ਜੁਗਾ ਜੁਗੰਤਰ ਖੇਲ ਮਹਾਨ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਅੰਤਮ ਵੇਖੇ ਆਣ । ਨਿਹਕਲੰਕਾ ਜਾਮਾ ਪਾਇੰਦਾ, ਸ਼ਬਦ ਖੰਡਾ ਤੀਰ ਕਮਾਨ । ਵਾਸੀ ਪੁਰੀ ਘਨਕ ਆਪ ਅਖਵਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਸਾਚਾ ਡੰਕਾ ਆਪ ਵਜਾਇੰਦਾ, ਵੇਖ ਵਖਾਏ ਰਾਜ ਰਾਜਾਨ । ਸਾਚਾ ਬੰਕਾ ਆਪ ਸੁਹਾਇੰਦਾ, ਬੰਕ ਦਵਾਰੀ ਸ੍ਰੀ ਭਗਵਾਨ । ਮਨ ਮਨਕਾ ਆਪ ਫਿਰਾਇੰਦਾ, ਜੋ ਜਨ ਚਰਨੀ ਡਿਗੇ ਆਣ । ਹਉਮੇ ਸ਼ੰਕਾ ਰੋਗ ਗਵਾਇੰਦਾ, ਏਕਾ ਸਚ ਨਾਮ ਨਿਧਾਨ । ਜਨ ਜਨਕਾ ਵੇਖ

ਵਖਾਇੰਦਾ, ਗੁਰਮੁਖ ਸਾਚੇ ਚਤਰ ਸੁਜਾਨ । ਧਨ ਧਨ ਝੋਲੀ ਪਾਇੰਦਾ, ਦੇਵਣਹਾਰਾ ਮਾਲ ਧਨ ਸੱਚਾ ਖਜ਼ਾਨ । ਰਾਓ ਰੰਕਾਂ ਖੇਲ ਖਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਸਾਚਾ ਮਾਣ । ਹਰਿਜਨ ਸਾਚੇ ਮਾਣ ਚਰਨ ਦਵਾਰੇ, ਸਤਿਗੁਰ ਸੇਵਾ ਆਪ ਵਿਖਾਈਆ । ਗੁਰ ਗੁਰ ਰੂਪ ਲਏ ਅਵਤਾਰੇ, ਗੋਬਿੰਦ ਮੇਲਾ ਸਚ ਮਿਲਾਈਆ । ਅਸਥਿਲ ਸੋਹਨ ਵਸਦੇ ਰਹਿਣ ਚੁਬਾਰੇ, ਭਗਤ ਭਗਵੰਤ ਦਏ ਸਲਾਹੀਆ । ਸੰਤਨ ਚਾੜ੍ਹੇ ਰੰਗ ਅਪਾਰੇ, ਰੰਗ ਮਜੀਠੀ ਉਤਰ ਨਾ ਜਾਈਆ । ਗੁਰਮੁਖ ਕੂਕੇ ਕਰੇ ਪੁਕਾਰੇ, ਹਰਿ ਹਰਿ ਏਕਾ ਰਸਨਾ ਗਾਈਆ । ਗੁਰਮੁਖ ਢਹਿ ਢਹਿ ਪਏ ਦੁਆਰੇ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਤਿਗੁਰ ਪੂਰਾ ਗੁਰਮੁਖਾਂ ਉਤੋਂ ਆਪ ਆਪਣਾ ਆਪੇ ਵਾਰੇ, ਆਪਣੀ ਭੇਟਾ ਆਪ ਚੜ੍ਹਾਈਆ । ਚਾਰੇ ਜੁਗ ਸੁਤ ਦੁਲਾਰੇ, ਪਿਤਾ ਪੂਤ ਵੇਖ ਵਖਾਈਆ । ਲੇਖਾ ਜਾਣੇ ਅਜੀਤ ਜੁਝਾਰੇ, ਭੁੱਲ ਰਹੇ ਨਾ ਰਾਈਆ । ਫ਼ਤਿਹ ਜ਼ੋਰਾਵਰ ਮਾਰ ਲਲਕਾਰੇ, ਲਹਿਣਾ ਦੇਣਾ ਦਏ ਚੁਕਾਈਆ । ਨੀਲੇ ਘੋੜੇ ਹੋ ਅਸਵਾਰੇ, ਨੀਲੇ ਵਾਲਾ ਫੇਰੀ ਪਾਈਆ । ਨੌ ਖੰਡ ਪ੍ਰਿਥਮੀ ਲੱਗਾ ਵੇਖੇ ਇਕ ਅਖਾੜੇ, ਸ਼ਾਹ ਪਾਤਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖ ਉਠਾਏ ਸਾਚੇ ਲਾੜੇ, ਰੰਗ ਬਸੰਤੀ ਇਕ ਰੰਗਾਈਆ । ਦਿਵਸ ਸੁਹਾਏ ਸਤਾਰਾਂ ਹਾੜ੍ਹੇ, ਜੋ ਚੜ੍ਹਿਆ ਉਤਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਫੜ, ਵੇਖਣਹਾਰਾ ਥਾਉਂ ਥਾਈਆ । ਥਾਨ ਥਨੰਤਰ ਵੇਖਦਾ, ਵੇਖਣਹਾਰ ਕਰਤਾਰ । ਧਾਰੇ ਰੂਪ ਦਸ ਦਸਮੇਸ ਦਾ, ਗੁਰ ਸ਼ਬਦੀ ਲਏ ਅਵਤਾਰ । ਕਲਜੁਗ ਵੇਲਾ ਅੰਤਮ ਠੇਸਦਾ, ਧਰਨੀ ਧਰਤ ਨਾ ਚੁੱਕੇ ਭਾਰ । ਬ੍ਰਹਮਾ ਵਿਸ਼ਨ ਸ਼ਿਵ ਸਤਿਗੁਰ ਚਰਨ ਦਵਾਰੇ ਲੇਟਦਾ, ਧੂੜੀ ਮੰਗੇ ਖਾਕ ਅਪਾਰ । ਪੁਰਖ ਅਬਿਨਾਸ਼ੀ ਆਪਣੇ ਅੰਦਰ ਆਪੇ ਲਪੇਟਦਾ, ਦਿਸ ਨਾ ਆਏ ਵਿਚ ਸੰਸਾਰ । ਕਰੇ ਖੇਲ ਖੇਵਟ ਖੇਟ ਦਾ, ਬੇੜਾ ਚਲਾਏ ਵਿਚ ਮੰਝਧਾਰ । ਲਿਆ ਜਨਮ ਮਹੀਨਾ ਜੇਠ ਦਾ, ਜੇਠਾ ਪੁਤ ਹਰਿ ਕਰਤਾਰ । ਗੁਰਮੁਖਾਂ ਅੰਦਰ ਵੜ ਵੜ ਵੇਖਦਾ, ਖੇਲੇ ਖੇਲ ਅਗੰਮ ਅਪਾਰ । ਮਨਮੁਖਾਂ ਨਾਲ ਕਰੇ ਸੰਗ ਝੇਡ ਦਾ, ਝਿੜਕ ਝਿੜਕ ਦਰ ਦਵਾਰਿਉਂ ਦਏ ਦੁਰਕਾਰ । ਗੁਰ ਗੋਬਿੰਦ ਵੇਲਾ ਹੱਕ ਨਿਬੇੜਦਾ, ਨਿਬੇੜਾ ਕਰੇ ਆਪ ਨਿਰੰਕਾਰ । ਉਲਟਾ ਗੇੜਾ ਆਪੇ ਗੇੜਦਾ, ਚਾਰੋਂ ਕੁੰਟ ਦਏ ਹੁਲਾਰ । ਕਲਜੁਗ ਕੂੜ ਕੂੜ ਕੁੜਿਆਰਾ ਛੇੜਾਂ ਛੇੜਦਾ, ਉਚੀ ਕੂਕੇ ਕਰੇ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਾਏ ਪਾਰ । ਸਤਿਗੁਰ ਪੂਰਾ ਤਾੜਦਾ, ਦੀਨਾਂ ਨਾਥ ਦਿਆਲ । ਮਾਨਸ ਜਨਮ ਪੈਜ ਸਵਾਰਦਾ, ਦਿਵਸ ਰੈਣ ਕਰੇ ਪ੍ਰਿਤਪਾਲ । ਕਲਜੁਗ ਸੁਤਿਆਂ ਵਾਜਾਂ ਮਾਰਦਾ, ਸ਼ਬਦ ਧੁਨ ਲਏ ਉਠਾਲ । ਗੜ੍ਹ ਤੋੜੇ ਗੜ੍ਹ ਹੰਕਾਰ ਦਾ, ਸ਼ਬਦ ਖੰਡਾ ਫੜ ਫੜ ਢਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖਣਹਾਰਾ ਸਾਚੇ ਲਾਲ । ਲਾਲ ਅਣਮੁਲੜਾ ਮਾਣਕ ਮੋਤੀ, ਗੁਰਸਿਖ ਮਹਿਮਾ ਕਹਿਣ ਨਾ ਜਾਈਆ । ਘਰ ਮੰਦਰ ਜਗਦੀ ਰਹੇ ਜੋਤੀ, ਦਿਵਸ ਰੈਣ ਨਾ ਕੋਈ ਬੁਝਾਈਆ । ਸੁਰਤ ਸਵਾਣੀ ਰਹੇ ਨਾ ਸੋਤੀ, ਸੁਤਿਆਂ ਰੈਣ ਨਾ ਕੋਈ ਵਿਹਾਈਆ । ਸਤਿਗੁਰ ਪੂਰਾ ਕੱਢੇ ਵਾਸਨਾ ਖੋਟੀ, ਜਗਤ ਬਨਬਾਸ ਦਏ ਗਵਾਈਆ । ਫੜ ਚੜ੍ਹਾਏ ਸਾਚੀ ਚੋਟੀ, ਚਿਤਵਤ ਠਗੋਰੀ ਕੋਇ ਨਾ ਪਾਈਆ । ਹੱਥ ਫੜਾਏ ਨਾਮ ਸੋਟੀ, ਡੂੰਘੀ ਕੰਦਰ ਪਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਖ ਦਰਦ ਦਏ ਗਵਾਈਆ । ਦੁਖ ਦਰਦ ਦਰ ਛੁੱਟਿਆ, ਨਿਰਮਲ ਹੋਇਆ ਸ਼ਰੀਰ । ਆਪ ਸੁਹਾਈ ਸਾਚੀ

ਰੁਤਿਆ, ਕੱਢੇ ਹਉਮੇ ਪੀੜ । ਦੀਨ ਦਿਆਲਾ ਏਕਾ ਤੁਠਿਆ, ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ । ਨਾਤਾ ਤੋੜੇ ਜੂਠਾ ਝੂਠਿਆ, ਵਡ ਦਾਤਾ ਗੁਣੀ ਗਹੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਾਚਾ ਨੀਰ । ਨਿਰਮਲ ਨੀਰ ਆਤਮ ਜੀਆ, ਬਿਰਹੋਂ ਅਗਨ ਮਿਟਾਈਆ । ਗੁਰਮੁਖ ਵਿਰਲੇ ਮਾਤ ਪੀਆ, ਨਾਮ ਖੁਮਾਰੀ ਇਕ ਵਖਾਈਆ । ਨਾਤਾ ਤੋੜੇ ਸਾਢੇ ਤਿੰਨ ਹੱਥ ਸੀਆਂ, ਦਰ ਘਰ ਸਾਚੇ ਵੱਜੀ ਵਧਾਈਆ । ਸਤਿਗੁਰ ਮਿਲਿਆ ਸਾਚਾ ਪੀਆ, ਪੀਤ ਪੀਤੰਬਰ ਸੀਸ ਸੁਹਾਈਆ । ਗੁਰ ਗੁਰ ਕਰੇ ਆਪਣਾ ਹੀਆ, ਗੁਰਮੁਖ ਵਡ ਵਡਿਆਈਆ । ਭਗਤਨ ਅੰਦਰ ਆਪੇ ਥੀਆ, ਥਿਰ ਘਰ ਵਾਸੀ ਭੇਵ ਨਾ ਰਾਈਆ । ਸੰਤਨ ਅੰਦਰ ਬੀਜੀਆ ਬੀਆ, ਰਕਤ ਬੂੰਦ ਨਾ ਕੋਇ ਟਿਕਾਈਆ । ਗੁਰਮੁਖਾਂ ਕਰਾਏ ਸਾਚਾ ਹੀਆ, ਹਰਿ ਕੇ ਪੌੜੇ ਆਪ ਚੜ੍ਹਾਈਆ । ਗੁਰਸਿਖ ਤੇਰੀ ਡੂੰਘੀ ਰਖਾਈ ਨੀਆਂ, ਨੀਆਂ ਹੇਠ ਨਿਉਂ ਨਿਉਂ ਆਪਣਾ ਆਪ ਦਬਾਈਆ । ਜੋਤ ਅਕਾਲਣ ਬਣੀ ਤ੍ਰੀਆ, ਪੁਰਖ ਅਕਾਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਦੁਖ ਦਲਿਦਰ ਨਾਸਿਆ, ਮਿਟਿਆ ਜਗਤ ਅੰਧੇਰਾ । ਏਕਾ ਰਸਨਾ ਪੂਜਾ ਪਾਠਿਆ, ਮਨ ਅੰਤਰ ਚਾਓ ਘਨੇਰਾ । ਜਗਤ ਵਿਕਾਰਾ ਵਿਚੋਂ ਕਾਟਿਆ, ਪੰਚਮ ਪੰਚਮ ਢਹਿ ਢਹਿ ਹੋਏ ਢੇਰਾ । ਪੰਧ ਮੁਕਾਇਆ ਔਖੀ ਘਾਟਿਆ, ਸੁਖ ਉਪਜੇ ਨੇਰਨ ਨੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਬੰਨਣਹਾਰਾ ਬੇੜਾ । ਬੇੜਾ ਬੰਨ੍ਹੇ ਸਤਿਗੁਰ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਗੁਰੂ ਗੁਰ ਮੰਤਰ ਨਾਮ ਦ੍ਰਿੜਾਏ ਸਾਚਾ ਗੀਤ, ਗ੍ਰਿਹ ਗ੍ਰਿਹ ਵੇਖ ਵਖਾਈਆ । ਪੰਜ ਤਤ ਤਨ ਕਰੇ ਠੰਡਾ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਇਕ ਵਖਾਏ ਸਾਚੀ ਰੀਤ, ਪਤਿਤ ਪੁਨੀਤ ਬੇਪਰਵਾਹੀਆ । ਕਾਇਆ ਮੰਦਰ ਦੇਹੁਰਾ ਮਸੀਤ, ਘਰ ਠਾਕਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਪੇ ਦਏ ਬੁਝਾਈਆ । ਏਕਾ ਠਾਕਰ ਏਕਾ ਸਵਾਮੀ, ਏਕਾ ਸਤਿਗੁਰ ਨਾਉਂ ਧਰਾਇੰਦਾ । ਏਕਾ ਕਰਮ ਕਰੇ ਉਜਾਗਰ ਹੋਏ ਨੇਹਕਾਮੀ, ਨੇਹਕਰਮੀ ਆਪਣੀ ਕਲ ਵਰਤਾਇੰਦਾ । ਏਕਾ ਨਗਰ ਖੇੜਾ ਵਸੇ ਗਰਾਮੀ, ਸਚ ਸਿੰਘਾਸਣ ਏਕਾ ਲਾਇੰਦਾ । ਏਕਾ ਸ਼ਬਦ ਨਾਦ ਏਕਾ ਗਾਏ ਬਾਣੀ, ਬਾਵਨ ਆਪਣਾ ਰੂਪ ਧਰਾਇੰਦਾ । ਏਕਾ ਅੰਮ੍ਰਿਤ ਠੰਡਾ ਪਾਣੀ, ਆਦਿ ਜੁਗਾਦਿ ਆਪ ਵਰਤਾਇੰਦਾ । ਏਕਾ ਮਹਿਮਾ ਅਕਥ ਕਹਾਣੀ, ਜੁਗ ਜੁਗ ਆਪ ਸੁਣਾਇੰਦਾ । ਏਕਾ ਰਾਜਾ ਏਕਾ ਰਾਣੀ, ਏਕਾ ਤਖ਼ਤ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਪ ਕਮਾਇੰਦਾ । ਸਤਿਗੁਰ ਪੂਰਾ ਸੇਵਾ ਕਰ, ਸੇਵਾਦਾਰ ਅਖਵਾਈਆ । ਗੁਰ ਗੁਰ ਰੂਪ ਮਾਤ ਧਰ, ਧਰਤ ਧਵਲ ਦਏ ਵਡਿਆਈਆ । ਭਗਤ ਫੜਾਏ ਆਪਣਾ ਲੜ, ਛੁੱਟ ਕਦੇ ਨਾ ਜਾਈਆ । ਸੰਤਨ ਅੰਦਰ ਆਪੇ ਵੜ, ਵਰਨ ਗੋਤ ਦਏ ਗਵਾਈਆ । ਗੁਰਮੁਖਾਂ ਘਰ ਵਿਚ ਵਖਾਏ ਘਰ, ਘਰ ਘਰ ਦੀਪ ਜੋਤ ਰੁਸ਼ਨਾਈਆ । ਗੁਰਮੁਖਾਂ ਚੁਕਾਏ ਝੂਠਾ ਡਰ, ਭਾਂਡਾ ਭਰਮ ਭੌ ਭਨਾਈਆ । ਸਾਚਾ ਘਾੜਨ ਆਪੇ ਘੜ, ਐਹਰਨ ਮਤ ਵੇਖ ਵਿਖਾਈਆ । ਜਤ ਪਹਾਰਾ ਵੇਖੇ ਦਰ, ਆਪਣੀ ਪਵਣ ਪਵਣ ਹਿਲਾਈਆ । ਧੀਰਜ ਸੁਨਿਆਰਾ ਆਪੇ ਬਣ, ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਈਆ । ਨਾ ਕੋਈ ਵੇਦ ਦਿਸੇ ਹਥਿਆਰ, ਆਪਣਾ ਘਾੜਨ ਆਪ ਘੜਾਇੰਦਾ । ਜਤ ਪਹਾਰਾ ਨਾ ਕੋਈ ਸੁਨਿਆਰ, ਅਗਨੀ ਤਤ ਨਾ ਕੋਈ ਮਿਲਾਇੰਦਾ । ਐਹਰਨ

ਮਤ ਨਾ ਕੋਇ ਉਜਿਆਰ, ਹਠ ਮਠ ਨਾ ਕੋਇ ਠਗਾਇੰਦਾ । ਠਾਂਡੇ ਘਰ ਬੈਠ ਸੱਚੀ ਸਰਕਾਰ, ਸਾਚੀ ਖੇਲ ਆਪ ਖਿਲਾਇੰਦਾ । ਏਕਾ ਮੰਤਰ ਕਰ ਤਿਆਰ, ਆਪਣਾ ਫੁਰਨਾ ਬਾਹਿਰ ਕਢਾਇੰਦਾ । ਆਦਿ ਜੁਗਾਦੀ ਪਾਵੇ ਸਾਰ, ਜੁਗ ਜੁਗ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸਰ ਕਦੇ ਨਾ ਜਾਇੰਦਾ ।

## ✻ ੫ ਭਾਦਰੋਂ ੨੦੧੭ ਬਿਕਰਮੀ ਗੁਰਦਿਆਲ ਸਿੰਘ ਦੇ ਘਰ ਰਾਮੂਵਾਲਾ ਜ਼ਿਲਾ ਫਿਰੋਜ਼ਪੁਰ ✻

ਪੁਰਖ ਅਗੰਮੜਾ ਬੇਪਰਵਾਹ, ਅਲੱਖ ਅਭੇਵ ਭੇਵ ਨਾ ਰਾਈਆ । ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸਚਖੰਡ ਨਿਵਾਸੀ ਸਚ ਮਲਾਹ, ਸਾਚਾ ਬੇੜਾ ਰਿਹਾ ਚਲਾਈਆ । ਜੁਗਾ ਜੁਗੰਤਰ ਚਲਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਕਰੇ ਕਰਾਏ ਸਚ ਨਿਆ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਆਪ ਅਖਵਾਈਆ । ਜੂਨੀ ਰਹਿਤ ਪੁਰਖ ਅਕਾਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਸ਼ਾਹੋ ਭੂਪ ਦੀਨ ਦਿਆਲਾ, ਦੀਨਾਂ ਨਾਥ ਆਪ ਅਖਵਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇੰਦਾ । ਵਸਣਹਾਰਾ ਸੱਚਖੰਡ ਸੱਚੀ ਧਰਮਸਾਲਾ, ਹਰਿ ਮੰਦਰ ਸੋਭਾ ਪਾਇੰਦਾ । ਤਖ਼ਤ ਨਿਵਾਸੀ ਤਖ਼ਤ ਨਿਰਾਲਾ, ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਆਪਣਾ ਰੂਪ ਵਟਾਇੰਦਾ । ਅਨਭਵ ਰੂਪ ਸ੍ਰੀ ਭਗਵਾਨ, ਰੂਪ ਰੇਖ ਨਾ ਕੋਇ ਜਣਾਈਆ । ਸਾਚੇ ਤਖ਼ਤ ਸਚ ਰਾਜਾਨ, ਰਾਜ ਰਾਜਾਨਾ ਸੋਭਾ ਪਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿਗੁਰ ਸਾਚਾ ਆਪ ਝੁਲਾਈਆ । ਏਕੰਕਾਰਾ ਇਕ ਇਕੱਲਾ ਦੇਵਣਹਾਰਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਚਲਾਈਆ । ਪਾਵੇ ਸਾਰ ਦੋ ਜਹਾਨ, ਪੁਰੀਆਂ ਲੋਆਂ ਵੇਖ ਵਖਾਈਆ । ਬ੍ਰਹਿਮੰਡ ਖੰਡ ਹੋਏ ਪਰਧਾਨ, ਅਲੱਖ ਅਗੋਚਰ ਅਗੰਮ ਅਥਾਹ, ਦਿਸ ਨਾ ਆਈਆ । ਲੱਖ ਚੁਰਾਸੀ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਵੇਸ ਅਵੱਲੜਾ ਗੁਣ ਨਿਧਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਗੁਰ ਗੁਰ ਰੂਪ ਹੋਏ ਆਪ ਮਿਹਰਵਾਨ, ਸ਼ਬਦੀ ਡੰਕਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਸਾਚੀ ਸੇਜ ਆਪ ਸੁਹਾਈਆ । ਗੁਰ ਗੁਰ ਖੇਲ ਅਗੰਮ ਅਪਾਰ, ਨਿਰਗੁਣ ਸਰਗੁਣ ਆਪ ਕਰਾਇੰਦਾ । ਲੋਕਮਾਤੀ ਲੈ ਅਵਤਾਰ, ਪੰਜ ਤਤ ਕਾਇਆ ਚੋਲਾ ਆਪ ਹੰਢਾਇੰਦਾ । ਏਕਾ ਬ੍ਰਹਮ ਕਰੇ ਵਿਚਾਰ, ਪਾਰਬ੍ਰਹਮ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਏਕੰਕਾਰਾ ਕੰਤ ਭਤਾਰ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਗੁਪਤ ਜ਼ਾਹਰ, ਸ੍ਰੀ ਭਗਵਾਨ ਭੇਵ ਖੁਲਾਇੰਦਾ । ਪਾਰਬ੍ਰਹਮ ਨਿਰਾਕਾਰ ਸਾਕਾਰ, ਆਪਣੀ ਕਲ ਧਰਾਇੰਦਾ । ਸ਼ਬਦ ਵਿਚੋਲਾ ਬਣ ਸੰਸਾਰ, ਸਾਚਾ ਢੋਲਾ ਆਪੇ ਗਾਇੰਦਾ । ਤੋਲਾ ਬਣੇ ਤੋਲਣਹਾਰ, ਏਕਾ ਕੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪ ਵਖਾਇੰਦਾ । ਗੁਰ ਗੁਰ ਹਰਿ ਹਰਿ ਖੇਲ ਅਪਾਰਾ, ਕੁਦਰਤ ਕਾਦਰ ਆਪ ਕਰਾਈਆ । ਨੂਰ ਇਲਾਹੀ ਹੋ ਉਜਿਆਰਾ, ਏਕਾ ਕਲਮਾ ਆਪ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ

ਪੁਰਾਨਾਂ ਵਸੇ ਬਾਹਿਰਾ, ਭੇਵ ਅਭੇਦਾ ਭੇਵ ਛੁਪਾਈਆ । ਸਾਧ ਸੰਤ ਰਹੇ ਪੁਕਾਰਾ, ਆਦਿ ਜੁਗਾਦਿ ਇਕ ਲਿਵ ਲਾਈਆ । ਸਰਗੁਣ ਨਿਰਗੁਣ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਈਆ । ਆਦਿ ਜੁਗਾਦੀ ਇਕ ਵਰਤਾਰਾ, ਸਤਿਗੁਰ ਸੱਚਾ ਆਪ ਅਖਵਾਈਆ । ਗੁਰ ਗੁਰ ਕਰੇ ਸਾਚੀ ਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਬੇਐਬ ਆਪ ਅਖਵਾਈਆ । ਗੁਰ ਗੁਰ ਸੂਰਾ ਸੂਰਬੀਰ, ਸਾਚੇ ਤਖ਼ਤ ਸੁਹਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਰਾਓ ਰੰਕ ਰਾਜ ਰਾਜਾਨ ਵੇਖ ਵਖਾਇੰਦਾ । ਏਕਾ ਬਖ਼ਸ਼ੇ ਅੰਮ੍ਰਿਤ ਆਤਮ ਠੰਡਾ ਸੀਰ, ਆਦਿ ਜੁਗਾਦੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਲੇਖਾ ਜਾਣੇ ਆਪਣਾ ਧੁਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਗੁਰ ਗੁਰ ਹੱਥ ਵਡਿਆਈਆ, ਹਰਿ ਸਾਚਾ ਸ਼ਬਦ ਜਣਾਇੰਦਾ । ਲੱਖ ਚੁਰਾਸੀ ਆਪ ਸਮਝਾਈਆ, ਭਰਮ ਭੁਲੇਖਾ ਭਰਮ ਮਿਟਾਇੰਦਾ । ਬ੍ਰਹਮ ਗਿਆਨ ਇਕ ਦ੍ਰਿੜਾਈਆ, ਬ੍ਰਹਮ ਮੇਲਾ ਆਪ ਕਰਾਇੰਦਾ । ਨੇਤਰ ਨੈਣ ਇਕ ਖੁਲਾਈਆ, ਅਗਿਆਨ ਅੰਧੇਰ ਚੁਕਾਇੰਦਾ । ਸ਼ਬਦ ਨਾਦ ਧੁੰਨ ਵਜਾਈਆ, ਅਨਹਦ ਸਾਚੀ ਸੇਵਾ ਲਾਇੰਦਾ । ਆਤਮ ਸੇਜਾ ਇਕ ਸੁਹਾਈਆ, ਘਰ ਮੰਦਰ ਸੋਭਾ ਪਾਇੰਦਾ । ਜੋਤ ਨਿਰੰਜਣ ਕਰ ਰੁਸ਼ਨਾਈਆ, ਦਿਵਸ ਰੈਣ ਡਗਮਗਾਇੰਦਾ । ਸਤਿਗੁਰ ਪੂਰਾ ਸੱਚਾ ਸ਼ਹਿਨਸ਼ਾਹੀਆ, ਆਪ ਆਪਣਾ ਹੁਕਮ ਸੁਣਾਇੰਦਾ । ਵੇਖਣਹਾਰਾ ਥਾਉਂ ਥਾਈਆ, ਨਵ ਨਵ ਆਪੇ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਨਾਉਂ ਵਟਾਇੰਦਾ । ਗੁਰ ਮੰਤਰ ਹਰਿ ਨਾਮ ਦ੍ਰਿੜਾਇਆ, ਏਕਾ ਬੂਝ ਬੁਝਾਈਆ । ਨਿਸ਼ਅੱਖਰ ਵੱਖਰ ਆਪ ਪੜ੍ਹਾਇਆ, ਕਲਮ ਦਵਾਤ ਨਾ ਲਿਖੇ ਸ਼ਾਹੀਆ । ਬਸੁਧਾ ਕਾਗਜ਼ ਨਾ ਕੋਇ ਬਣਾਇਆ, ਸਤ ਸਮੁੰਦ ਮਸ ਵਰੋਲੇ ਨਾ ਰਾਈਆ । ਬੋਧ ਅਗਾਧਾ ਸ਼ਬਦ ਜਣਾਇਆ, ਘਰ ਸਾਚੇ ਵੱਜੇ ਵਧਾਈਆ । ਆਦਿ ਜੁਗਾਦੀ ਨਾਉਂ ਧਰਾਇਆ, ਨਾ ਮਰੇ ਨਾ ਜਾਈਆ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇਆ, ਘਟ ਘਟ ਆਪਣੀ ਸੇਜ ਹੰਢਾਈਆ । ਚੌਦਾਂ ਲੋਕਾਂ ਵੇਸ ਵਟਾਇਆ, ਚੌਦਾਂ ਤਬਕਾਂ ਦਏ ਸਲਾਹੀਆ । ਤ੍ਰੈਗੁਣ ਮਾਇਆ ਤੋੜ ਤੁੜਾਇਆ, ਬੰਦੀ ਬੰਦ ਨਾ ਕੋਇ ਰਖਾਈਆ । ਪੰਚਮ ਮੇਲਾ ਸਹਿਜ ਸੁਭਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣੀ ਖੇਲ ਖਿਲਾਈਆ । ਗੁਰੂ ਗੁਰੂ ਗੁਰ ਗੁਰ ਸੂਰਾ ਸੂਰਬੀਰ, ਸਾਹਿਬ ਸੁਲਤਾਨ ਸੱਚਾ ਪਾਤਸ਼ਾਹੀਆ । ਜਨ ਭਗਤਾਂ ਕੱਟੇ ਜਗਤ ਜੰਜੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਸਾਂਤਕ ਸਤਿ ਸਤਿ ਵਰਤਾਈਆ । ਭਰ ਪਿਆਲਾ ਪਿਆਏ ਸਾਚਾ ਨੀਰ, ਬਿਰਹੋਂ ਅੱਗ ਨਾ ਕੋਇ ਤਪਾਈਆ । ਬਜਰ ਕਪਾਟੀ ਦੇਵੇ ਚੀਰ, ਦੂਈ ਦਵੈਤੀ ਪਰਦਾ ਲਾਹੀਆ । ਹਉਮੇ ਹੰਗਤਾ ਕੱਢੇ ਪੀੜ, ਮਾਇਆ ਮਮਤਾ ਰਹੇ ਨਾ ਰਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਕਬੀਰ ਜੋਲਾਹਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਕਬੀਰ ਕਬੀਰਾ ਪਾਇਆ, ਕਾਇਆ ਕੰਚਨ ਗੜ੍ਹ ਅਪਾਰ । ਚੜ੍ਹ ਅਖ਼ੀਰਾ ਦਰਸ਼ਨ ਪਾਇਆ, ਮਹੱਲ ਅਟੱਲ ਉਚ ਮੁਨਾਰ । ਨੇਰਨ ਨੇਰਾ ਨਜ਼ਰੀ ਆਇਆ, ਦੂਰ ਦੁਰਾਡਾ ਪੰਧ ਕਰਿਆ ਪਾਰ । ਪੀਰਨ ਪੀਰਾ ਦਰਸ ਦਿਖਾਇਆ, ਸ਼ਾਹ ਹਕੀਰਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਇਕ ਆਧਾਰ । ਭਗਤ ਉਧਾਰੀਅਨ ਆਪ ਹਰਿ, ਚਾਰ ਵੇਦ ਰਹੇ ਜਸ ਗਾਈਆ । ਏਕਾ ਜੋਤ ਏਕਾ ਸ਼ਬਦ ਅੰਦਰ ਧਰ, ਧਰਤ ਧਵਲ ਦਏ ਵਡਿਆਈਆ ।

ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਨਿਰਵੈਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਇਕ ਅਤੀਤਾ, ਆਦਿ ਜੁਗਾਦੀ ਠੰਡਾ ਸੀਤਾ, ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਪੀ ਆਪ ਤਰਾਈਆ । ਭਗਤਨ ਮੇਲਾ ਹਰਿ ਭਗਵੰਤ, ਪਾਰਬ੍ਰਹਮ ਸ਼ਰਨਾਇਆ । ਨਾਤਾ ਤੁੱਟੇ ਲਖ ਚੁਰਾਸੀ ਜੀਵ ਜੰਤ, ਹਰਿ ਹਰਿ ਸੱਜਣ ਏਕਾ ਪਾਇਆ । ਰਸਨਾ ਜਿਹਵਾ ਮਣੀਆ ਮੰਤ, ਮਨ ਅੰਤਰ ਨਾਮ ਦ੍ਰਿੜਾਇਆ । ਮੇਲ ਮਿਲਾਵਾ ਸਾਚੇ ਕੰਤ, ਆਤਮ ਸੇਜਾ ਆਪ ਸੁਹਾਇਆ । ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਮਹਿਮਾ ਗਾਏ ਅਕਥ ਕਹਾਣੀ ਬੇਅੰਤ, ਅਗਣਤ ਰਸਨਾ ਜਿਹਵਾ ਨਾ ਕੋਇ ਹਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਵੇਖੇ ਸਹਿਜ ਸੁਭਾਇਆ । ਭਗਤਨ ਮੇਲ ਮਿਲੰਦੜਾ, ਕਰ ਕਿਰਪਾ ਗੁਣ ਨਿਧਾਨ । ਦੀਪਕ ਜੋਤੀ ਇਕ ਜਗੰਦੜਾ, ਘਰ ਵਖਾਏ ਸਚ ਨਿਸ਼ਾਨ । ਸ਼ਬਦ ਨਾਦ ਇਕ ਵਜੰਦੜਾ, ਅਨਹਦ ਧੁਨ ਸੱਚੀ ਧੁੰਨਕਾਨ । ਅੰਮ੍ਰਿਤ ਜਾਮ ਪਲੰਦੜਾ, ਏਕਾ ਘਰ ਸੱਚਾ ਬੇਨਾਮ । ਅੰਧ ਅੰਧੇਰ ਆਪ ਮਿਟੰਦੜਾ, ਜੋਤ ਨਿਰੰਜਣ ਕਰ ਪਰਧਾਨ । ਗੀਤ ਸੁਹਾਗੀ ਇਕ ਸੁਣੰਦੜਾ, ਸੋ ਪੁਰਖ ਵਡ ਮਿਹਰਵਾਨ । ਹੰ ਬ੍ਰਹਮ ਮੇਲ ਮਿਲੰਦੜਾ, ਨਾਤਾ ਤੁੱਟੇ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਭਗਤੀ ਦਾਨ । ਭਗਤ ਭਗਵੰਤ ਘਰ ਸੁਹਾਇਆ, ਦਿਵਸ ਰੈਣ ਪਰਭਾਤ । ਸਤਿਗੁਰ ਸਾਚਾ ਰੰਗ ਰੰਗਾਇਆ, ਬੈਠਾ ਰਹੇ ਇਕ ਇਕਾਂਤ । ਗੁਰ ਗੁਰ ਆਪਣਾ ਰੂਪ ਵਟਾਇਆ, ਦੇਵਣਹਾਰਾ ਸਾਚੀ ਦਾਤ । ਹਰਿ ਭਗਤ ਆਪਣੇ ਲੇਖੇ ਲਏ ਲਗਾਇਆ, ਆਦਿ ਅੰਤ ਪੁਛੇ ਵਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਬੰਧਾਏ ਨਾਤ । ਚਰਨ ਕਵਲ ਜਨ ਨਾਤਾ ਜੋੜਿਆ, ਘਰ ਪਾਇਆ ਬੇਪਰਵਾਹ । ਸ਼ਬਦ ਮਿਲਾਏ ਗੁਰੂ ਗੁਰ ਘੋੜਿਆ, ਵੇਖ ਵਖਾਏ ਸ਼ਹਿਨਸ਼ਾਹ । ਭਗਤਾਂ ਅੰਤਮ ਆਪੇ ਬੌਹੜਿਆ, ਲੋਕਮਾਤ ਹੋਏ ਸਹਾ । ਜੁਗਾ ਜੁਗੰਤਰ ਫਿਰੇ ਦੌੜਿਆ, ਵਸਣਹਾਰਾ ਸਾਚੇ ਥਾਂ । ਚੌਥੇ ਘਰ ਲਾਇਆ ਪੌੜਿਆ, ਆਪ ਆਪਣਾ ਪੰਧ ਮੁਕਾ । ਰਸ ਵੇਖੇ ਮਿੱਠਾ ਕੌੜਿਆ, ਆਪਣਾ ਰਸ ਆਪ ਵਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਪਕੜਨਹਾਰਾ ਬਾਂਹ । ਭਗਤਨ ਪੈਜ ਸਵਾਰਿਅਨ, ਜੁਗਾ ਜੁਗੰਤਰ ਸਾਚੀ ਕਾਰ । ਸੰਤਾਂ ਦੇਵੇ ਨਾਮ ਆਧਾਰਿਅਨ, ਆਪ ਆਪਣਾ ਕਰ ਪਿਆਰ । ਨਿਰਗੁਣ ਜੋਤੀ ਕਰ ਉਜਿਆਰਿਅਨ, ਨਿਰਗੁਣ ਨੂਰ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਵਸਾਏ ਸਾਚੇ ਘਰ, ਆਪ ਵਖਾਏ ਸਚ ਦਵਾਰ । ਸੰਤ ਦਵਾਰਾ ਸਚਖੰਡ, ਸਤਿਗੁਰ ਸਾਚੀ ਵੰਡ ਵੰਡਾਈਆ । ਗੁਰ ਗੁਰ ਦਰਸ ਮੰਗਣ ਮੰਗ, ਰਸਨਾ ਜਿਹਵਾ ਨੇਤਰ ਨੈਣ ਜਗਤ ਜਗਦੀਸ਼ ਸੀਸ ਝੁਕਾਈਆ । ਸੂਰਾ ਸੁਰਬੰਗ ਲਾਏ ਅੰਗ, ਵਜਾਏ ਨਾਮ ਮਰਦੰਗ ਕਰੇ ਸ਼ਨਵਾਈਆ । ਆਤਮ ਸੇਜ ਪਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਮੇਲ ਮਿਲਾਈਆ । ਸੰਤਨ ਮੇਲ ਮਲੰਦੜਾ, ਕਰ ਕਿਰਪਾ ਗੁਣ ਨਿਧਾਨ । ਲੋਕਮਾਤ ਵੇਖ ਵਖੰਦੜਾ, ਲੱਖ ਚੁਰਾਸੀ ਕਰ ਪਛਾਣ । ਆਪ ਆਪਣੇ ਆਪ ਉਠੰਦੜਾ, ਦੇਵਣਹਾਰਾ ਧੁਰ ਫ਼ਰਮਾਣ । ਸ਼ਬਦ ਅਨਾਦੀ ਰਾਗ ਸੁਣੰਦੜਾ ,ਆਪ ਸੁਣਾਏ ਆਪਣੇ ਕਾਨ । ਘਰ ਮੰਦਰ ਜੋਤ ਜਗੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਬਖ਼ਸ਼ੇ ਚਰਨ ਧਿਆਨ । ਸੰਤ ਮਿਲਾਵਾ ਏਕਾ ਹਰਿ, ਹਰਿ ਜੂ ਵੇਖ ਵਖਾਈਆ । ਨਾਤਾ ਤੋੜੇ ਨਵ ਦਰ,


੮੮੯ ੦੯

ਜਗਤ ਵਾਸਨਾ ਰਹੇ ਨਾ ਰਾਈਆ । ਆਸ਼ਾ ਤ੍ਰਿਸ਼ਨਾ ਜਾਏ ਮਰ, ਮਾਇਆ ਮਮਤਾ ਨਾ ਕੋਇ ਸਤਾਈਆ । ਵਰ ਘਰ ਪਾਏ ਏਕਾ ਨਰ, ਨਰ ਨਰਾਇਣ ਇਕ ਹੰਢਾਈਆ । ਨਿਰਭੌ ਚੁਕਾਏ ਜਗਤ ਡਰ, ਭੈ ਭਿਆਨਕ ਹੋਏ ਸਹਾਈਆ । ਇਕ ਨੁਹਾਏ ਸਾਚੇ ਸਰ, ਅੰਮ੍ਰਿਤ ਸਰੋਵਰ ਆਪ ਭਰਾਈਆ । ਦਰਸ ਦਿਖਾਏ ਅੱਗੇ ਖੜ, ਨਿਰਗੁਣ ਸਰਗੁਣ ਰੂਪ ਵਟਾਈਆ । ਆਪਣੀ ਵਿਦਿਆ ਆਪੇ ਪੜ੍ਹ, ਸਾਚੇ ਸੰਤਾਂ ਕਰੇ ਪੜ੍ਹਾਈਆ । ਨਾ ਕੋਈ ਚੋਟੀ ਨਾ ਕੋਈ ਜੜ, ਸਚਖੰਡ ਦਵਾਰੇ ਬੈਠਾ ਆਸਣ ਲਾਈਆ । ਨਾ ਕੋਈ ਸਕੇ ਘਾੜਨ ਘੜ, ਨੇਤਰ ਨੈਣ ਨਾ ਕੋਇ ਵਖਾਈਆ । ਆਪਣੇ ਮੰਦਰ ਬੈਠਾ ਵੜ, ਪਾਰਬ੍ਰਹਮ ਵੱਡੀ ਵਡਿਆਈਆ । ਸੰਤਨ ਫੜਾਏ ਆਪਣਾ ਲੜ, ਜੁਗ ਜੁਗ ਆਪਣੀ ਖੇਲ ਖਿਲਾਈਆ । ਆਪੇ ਤੋੜੇ ਹੰਕਾਰੀ ਗੜ, ਨਿਵਣ ਸੋ ਅੱਖਰ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸਤਿ ਸਤਿ ਵਰਤਾਈਆ । ਸਤਿ ਸਤਿਵਾਦੀ ਸਤਿ ਭੰਡਾਰਾ, ਹਰਿ ਸੰਤਨ ਆਪ ਵਰਤਾਇੰਦਾ । ਸੋ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਆਪਣਾ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਸਾਂਝਾ ਯਾਰਾ, ਸਗਲਾ ਸੰਗ ਵਖਾਇੰਦਾ । ਏਕੰਕਾਰਾ ਪਾਵੇ ਸਾਰਾ, ਆਪਣੀ ਧਾਰਾ ਆਪ ਬੰਧਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਘਰ ਦੀਪਕ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਲਾਏ ਨਾਅਰਾ, ਉਚੀ ਕੂਕ ਆਪ ਸੁਣਾਇੰਦਾ । ਸ੍ਰੀ ਭਗਵਾਨ ਬੋਲ ਜੈਕਾਰਾ, ਆਪਣੀ ਕਲ ਆਪ ਵਰਤਾਇੰਦਾ । ਪਾਰਬ੍ਰਹਮ ਪ੍ਰਭ ਆਪਣਾ ਕਰ ਪਸਾਰਾ, ਆਪਣੀ ਰਚਨਾ ਵੇਖ ਵਖਾਇੰਦਾ । ਤ੍ਰੈਗੁਣ ਤਤ ਆਪ ਵਿਚਾਰਾ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਨਿਆਰਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਰੂਪ ਆਪ ਸਮਝਾਇੰਦਾ । ਵਿਸ਼ਨ ਵਟਾਇਆ ਰੂਪ ਹਰਿ, ਬ੍ਰਹਮੇ ਬ੍ਰਹਮ ਜੋਤ ਜਗਾਈਆ । ਸ਼ੰਕਰ ਆਪਣੇ ਅੱਗੇ ਧਰ, ਵੇਖੇ ਸ਼ਹਿਨਸ਼ਾਹੀਆ । ਤਿੰਨਾਂ ਫੜਾਇਆ ਏਕਾ ਲੜ, ਛੁੱਟ ਕਦੇ ਨਾ ਜਾਈਆ । ਆਪਣਾ ਘਾੜਨ ਆਪੇ ਘੜ, ਆਪੇ ਭਾਂਡੇ ਬੰਦ ਕਰਾਈਆ । ਆਪਣੇ ਅੰਦਰ ਆਪੇ ਵੜ, ਆਪੇ ਆਸਣ ਲਾਈਆ । ਅਗਨੀ ਹਵਨ ਨਾ ਜਾਏ ਸੜ, ਨਾ ਮਰੇ ਨਾ ਜਾਈਆ । ਆਪਣੀ ਕਿਰਪਾ ਆਪੇ ਕਰ, ਆਪਣੀ ਵਸਤ ਝੋਲੀ ਰਿਹਾ ਪਾਈਆ । ਬ੍ਰਹਮੇ ਦੇਵਣਹਾਰਾ ਵਰ, ਲੱਖ ਚੁਰਾਸੀ ਰਚਨ ਰਚਾਈਆ । ਈਸ਼ ਜੀਵ ਏਕਾ ਘਰ, ਬੈਠਾ ਸੇਜ ਹੰਢਾਈਆ । ਧਰਨੀ ਧਰਤ ਧਵਲ ਧਰਨਾਪਤ, ਧਰ ਧਰ ਆਪਣੀ ਧੀਰ ਧਰਾਈਆ । ਰਕਤ ਬੂੰਦ ਨਾ ਦਿਸੇ ਰਤ, ਰਤੀ ਰਤ ਨਾ ਜੋੜ ਜੁੜਾਈਆ । ਰੂਪ ਆਕਾਰਾ ਨਾ ਕੋਇ ਪੰਜ ਤਤ, ਸਾਕਾਰ ਨਾ ਕੋਇ ਵਡਿਆਈਆ । ਖੇਲੇ ਖੇਲ ਹਰਿ ਕਮਲਾਪਤ, ਨਾਰੀ ਸੇਜ ਨਾ ਕੋਇ ਹੰਢਾਈਆ । ਆਪਣੀ ਵਸਤ ਆਪਣੇ ਅੰਦਰ ਰੱਖ, ਆਪੇ ਵੇਖੇ ਵੇਖਣਹਾਰਾ ਦਿਸ ਨਾ ਆਈਆ । ਸਰਬ ਕਲ ਆਪੇ ਸਮਰਥ, ਸਮਰਥ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਭਾਂਡਾ ਘੜਿਆ, ਨਿਰਗੁਣ ਸਰਗੁਣ ਅੰਦਰ ਵੜਿਆ, ਆਪਣੀ ਵਿਦਿਆ ਆਪੇ ਪੜ੍ਹਿਆ, ਬ੍ਰਹਮਾ ਮੁਖ ਚਾਰ ਸਾਲਾਹੀਆ । ਚਾਰ ਮੁਖ ਸਲਾਹਿਣ, ਚਾਰ ਜੁਗ ਰਚਨ ਰਚਾਈਆ । ਆਪਣੀ ਜਿਹਵਾ ਆਪੇ ਗਾਇਣ, ਚਾਰ ਵੇਦ ਕਰੇ ਪੜ੍ਹਾਈਆ । ਚਾਰ ਬਾਣੀ ਰੰਗ ਰੰਗਾਇਣ, ਚਾਰੇ ਖਾਣੀ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪਣੇ ਹੱਥ ਰਖਾਈਆ । ਲਖ ਚੁਰਾਸੀ ਕਰ ਪਸਾਰ, ਪੰਜ ਤਤ ਚੋਲਾ ਆਪ ਹੰਢਾਇੰਦਾ । ਘਰ ਵਿਚ ਘਰ ਕਰ ਤਿਆਰ,

ਘਰ ਆਸਣ ਸੇਜ ਸੁਹਾਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵੇਖਾਇੰਦਾ । ਬੂੰਦ ਸਵਾਤੀ ਠੰਡੀ ਠਾਰ, ਕਵਲਾ ਮੁਖ ਆਪ ਭਰਾਇੰਦਾ । ਸਾਚਾ ਸਾਕੀ ਹੋ ਤਿਆਰ, ਭਰ ਪਿਆਲਾ ਜਾਮ ਪਿਆਇੰਦਾ । ਬੰਦ ਤਾਕੀ ਖੋਲ੍ਹ ਕਿਵਾੜ, ਅਨਹਦ ਤਾਲ ਵਜਾਇੰਦਾ । ਅੰਦਰ ਬੈਠਾ ਮਾਰੇ ਝਾਕੀ ਸਿਰਜਣਹਾਰ, ਮੁਖ ਆਪਣਾ ਪਰਦਾ ਪਾਇੰਦਾ । ਆਪਣੀ ਪੁਛੇ ਆਪੇ ਵਾਤੀ ਪਰਗਟ ਹੋਵੇ ਵਿਚ ਸੰਸਾਰ, ਭਗਵਨ ਸੰਤਨ ਆਪਣਾ ਰੂਪ ਦਰਸਾਇੰਦਾ । ਫੜ ਫੜ ਬਾਹੋਂ ਜਾਏ ਤਾਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਅੱਠੇ ਪਹਿਰ ਇਕ ਗੁਫਤਾਰ, ਗੁਫਤਮ ਆਪਣੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਵਸਤ, ਆਪਣੀ ਕਿਰਨ ਇਕ ਇਕ ਨਾਲ ਵੰਡ ਵੰਡਆਇੰਦਾ । ਇਕ ਕਿਰਨ ਰਚ ਬ੍ਰਹਿਮੰਡ, ਇਕ ਇਕ ਵਿਚ ਟਿਕਾਈਆ । ਇਕ ਇਕ ਇਕ ਕਰੇ ਖੰਡ ਖੰਡ, ਇਕ ਇਕ ਲੇਖਾ ਲਿਖ ਨਾ ਪਾਈਆ । ਇਕ ਇਕ ਆਪਣੀ ਵੰਡਣ ਸਾਚੀ ਵੰਡ, ਇਕ ਏਕਾ ਇਕ ਆਪੇ ਦਏ ਮਿਲਾਈਆ । ਬ੍ਰਹਮ ਮੰਗੇ ਸਾਚੀ ਮੰਗ, ਆਪਣੇ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਸੂਰਬੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਸੰਤਨ ਅੰਤਰ ਆਪਣੀ ਬੂਝ ਬੁਝਾਈਆ । ਸੰਤਨ ਅੰਤਰ ਕਿਰਨ ਕਟਾਕਸ, ਤੀਰ ਨਿਰਾਲਾ ਆਪ ਲਗਾਇੰਦਾ । ਮਨ ਵਿਕਾਰ ਮਾਰੇ ਰਾਕਸ਼, ਰਕਸ਼ਸ਼ ਆਪਣੇ ਹੱਥ ਰਖਾਇੰਦਾ । ਆਪਣੀ ਕਰਾਏ ਆਪ ਸ਼ਨਾਖ਼ਤ, ਆਪਣਾ ਪਰਦਾ ਆਪੇ ਲਾਹਿੰਦਾ । ਆਪਣੀ ਬਖ਼ਸ਼ੇ ਆਪ ਵਰਾਸਤ, ਆਪਣਾ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵਖਾਏ ਸਾਚਾ ਘਰ, ਘਰ ਸਾਚਾ ਆਪ ਸੁਹਾਇੰਦਾ । ਸੰਤਨ ਪਰਦਾ ਲਾਹਿੰਦਾ, ਦੂਈ ਦਵੈਤੀ ਦਏ ਉਤਾਰ । ਏਕਾ ਅੰਮ੍ਰਿਤ ਜਾਮ ਪਿਆਇੰਦਾ, ਕਾਇਆ ਕਰੇ ਠੰਡੀ ਠਾਰ । ਸਾਚਾ ਮੰਤਰ ਇਕ ਦ੍ਰਿੜਾਇੰਦਾ, ਸੋ ਪੁਰਖ ਨਿਰੰਜਣ ਕਿਰਪਾ ਧਾਰ । ਹੰ ਬ੍ਰਹਮ ਮੇਲ ਮਿਲਾਇੰਦਾ, ਮੇਲ ਮਿਲਾਵਾ ਅਗੰਮ ਅਪਾਰ । ਹੱਡ ਮਾਸ ਨਾੜੀ ਚੰਮ ਪੰਜ ਤਤ ਵੇਖ ਵਖਾਇੰਦਾ, ਮਨ ਮਤ ਬੁਧ ਪਾਏ ਸਾਰ । ਖ਼ੁਸ਼ੀ ਗਮ ਨਾ ਕੋਇ ਜਣਾਇੰਦਾ, ਹਰਖ ਸੋਗ ਵਸਿਆ ਬਾਹਿਰ । ਸਾਚੀ ਚੋਗ ਇਕ ਚੁਗਾਇੰਦਾ, ਮਾਣਕ ਮੋਤੀ ਕਰ ਤਿਆਰ । ਸੁਰਤੀ ਸੋਤੀ ਆਪ ਉਠਾਇੰਦਾ, ਸ਼ਬਦ ਸੋਟੀ ਫੜ ਹਥਿਆਰ । ਕੋਟਨ ਕੋਟੀ ਪਾਪੀ ਤਰਾਇੰਦਾ, ਕਰ ਕਿਰਪਾ ਆਪ ਨਿਰੰਕਾਰ । ਵਾਸਨਾ ਖੋਟੀ ਬਾਹਿਰ ਕਢਾਇੰਦਾ, ਤਿਰਿਆ ਵੇਸ ਨਾ ਕਰੇ ਕਬੁੱਧੀ ਨਾਰ । ਨਿਰਮਲ ਦੀਆ ਜੋਤ ਜਗਾਇੰਦਾ, ਦਿਵਸ ਰੈਣ ਹੋਏ ਉਜਿਆਰ । ਸਾਚਾ ਨਾਦ ਸ਼ਬਦ ਵਜਾਇੰਦਾ, ਧੁਨ ਆਤਮਕ ਸੱਚੀ ਧੁਨਕਾਰ । ਸੰਤਨ ਪਰਦਾ ਆਪੇ ਲਾਹਿੰਦਾ, ਸ਼ਬਦ ਵਿਚੋਲਾ ਬਣ ਸੰਸਾਰ । ਆਪਣਾ ਲੇਖਾ ਆਪ ਜਣਾਇੰਦਾ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਭਰਮ ਭੁਲੇਖਾ ਸਰਬ ਕਢਾਇੰਦਾ, ਹਉਮੇ ਹੰਗਤਾ ਰੋਗ ਨਿਵਾਰ । ਏਕਾ ਅੱਖਰ ਆਪ ਸਿਖਾਇੰਦਾ, ਨਿਸ਼ਅੱਖਰ ਦਏ ਆਧਾਰ । ਸਾਚੇ ਸੰਤਾਂ ਸਵਾਲ ਆਪੇ ਹੱਲ ਕਰਾਇੰਦਾ । ਦੂਸਰ ਪੱਟੀ ਕੋਇ ਨਾ ਕਰੇ ਤਿਆਰ । ਹੋਰ ਤਾਪਾ ਨਾ ਕੋਇ ਵਖਾਇੰਦਾ, ਪੂਰਨ ਗੁਰ ਇਕ ਅਵਤਾਰ । ਪੂਰਬ ਲਿਖਿਆ ਲੇਖਾ ਜਣਾਇੰਦਾ, ਆਪ ਆਪਣੀ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਬਖ਼ਸ਼ੇ ਚਰਨ ਪਿਆਰ । ਸੰਤਨ ਹਰਿ ਰੰਗ ਮਾਣਿਆ, ਦੇਵਣਹਾਰਾ ਦੀਨ ਦਿਆਲਾ । ਆਪਣਾ ਆਪ ਲੋਕਮਾਤ ਪਛਾਣਿਆ, ਨਾਤਾ ਤੁੱਟਾ ਸ਼ਾਹ ਕੰਗਾਲਾ । ਪਾਇਆ ਪੁਰਖ ਸ੍ਰੀ ਭਗਵਾਨਿਆ, ਸਤਿਗੁਰ ਪੂਰਾ ਗੁਰ ਗੋਪਾਲਾ । ਚਲੇ ਚਲਾਏ ਸਾਚੇ ਭਾਣਿਆ, ਜੁਗਾ ਜੁਗੰਤਰ ਖੇਲ

ਨਿਰਾਲਾ । ਤਖ਼ਤੋਂ ਲਾਹੇ ਰਾਜੇ ਰਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਸਾਚੇ ਘਰ, ਘਰ ਸਾਚਾ ਏਕਾ ਜਾਣਿਆ । ਘਰ ਸਾਚਾ ਸਚ ਗੁਰ ਦਰ, ਘਰ ਸਾਚੇ ਸੋਭਾ ਪਾਈਆ । ਸੰਤਨ ਮਿਲਿਆ ਏਕਾ ਵਰ, ਵਰ ਦਾਤਾ ਝੋਲੀ ਪਾਈਆ । ਸਚ ਭੰਡਾਰਾ ਦੇਵੇ ਭਰ, ਅਤੋਟ ਅਤੁਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਕੰਤ ਏਕਾ ਰੰਗ ਰੰਗਾਈਆ । ਸੰਤ ਕੰਤ ਸੇਜ ਸੁਹਾਇੰਦਾ, ਆਤਮ ਅੰਤਰ ਕਰ ਪਿਆਰ । ਪਲੰਘ ਰੰਗੀਲਾ ਇਕ ਵਿਛਾਇੰਦਾ, ਛੈਲ ਛਬੀਲਾ ਸਤਿ ਕਰਤਾਰ । ਆਪਣੀ ਦਿਸ਼ਾ ਵੇਖ ਵਖਾਇੰਦਾ, ਕਰ ਕਰ ਹੀਲਾ ਏਕੰਕਾਰ । ਆਪਣਾ ਕਬੀਲਾ ਆਪ ਬਣਾਇੰਦਾ, ਸੰਤ ਭਗਤ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਅਗੰਮ ਅਪਾਰ । ਸੰਤਨ ਵਸਤ ਅਮੋਲਕ, ਝੋਲੀ ਪਾਈਆ । ਸ਼ਬਦ ਅਨਾਦੀ ਵੱਜੇ ਢੋਲਕ, ਦਰ ਘਰ ਮੰਦਰ ਆਪ ਵਜਾਈਆ । ਹਰਿ ਕਾ ਨਾਉਂ ਰਖਾਏ ਕਾਇਆ ਗੋਲਕ, ਤ੍ਰੈਗੁਣ ਆਪਣਾ ਕੁੰਡਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਸੰਤ ਵਜਾਏ ਸਚ ਨਗਾਰਾ, ਮਰਦੰਗਾ ਆਪਣੇ ਹੱਥ ਉਠਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਜੁਗ ਕਰਤਾ ਆਪ ਕਰਾਇੰਦਾ । ਜੁਗਾ ਜੁਗੰਤਰ ਲਏ ਅਵਤਾਰਾ, ਲੋਕਮਾਤ ਵੇਸ ਵਟਾਇੰਦਾ । ਭਗਤ ਮਿਲਾਏ ਸਚ ਦਵਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਸੰਤਨ ਮੇਲਾ ਵਿਚ ਸੰਸਾਰਾ, ਸਾਖ਼ਯਾਤ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਵਾਲੀ ਵੇਖ ਵਖਾਇੰਦਾ । ਜਗਤ ਸਵਾਲੀ, ਜਗਤ ਜਗ ਜਗ ਮਾਇਆ ਬੰਧਨ ਪਾਇੰਦਾ । ਦੋਹਾਂ ਹੱਥਾਂ ਰੱਖੇ ਖ਼ਾਲੀ, ਸ੍ਰਿਸ਼ਟ ਸਬਾਈ ਆਪ ਭਵਾਇੰਦਾ । ਕਲਜੁਗ ਰੈਣ ਅੰਧੇਰੀ ਕਾਲੀ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਕਾਮ ਕਰੋਧ ਕਰੇ ਦਲਾਲੀ, ਜੂਠ ਝੂਠ ਵਣਜ ਵਖਾਇੰਦਾ । ਆਪਣੀ ਹੱਥੀਂ ਬੂਟਾ ਪੁੱਟੇ ਮਾਲੀ, ਹਰੀ ਸਿੰਚ ਕਿਆਰੀ ਨਾ ਕੋਇ ਕਰਾਇੰਦਾ । ਫਲ ਨਾ ਦਿਸੇ ਕਿਸੇ ਡਾਲ੍ਹੀ, ਸਿਮਲ ਰੂਪ ਸਰਬ ਲਹਿਰਾਇੰਦਾ । ਜਗਤ ਨਾ ਦਿਸੇ ਕੋਇ ਪਾਲੀ, ਪ੍ਰਿਤਪਾਲਕ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਇਕ ਸਵਾਲੀ, ਰਸਨਾ ਜਿਹਵਾ ਆਪ ਸਮਝਾਇੰਦਾ । ਭਗਤ ਸਵਾਲ ਭਗਤੀ ਦਾਨ, ਭਗਵਨ ਵੇਖ ਵਖਾਈਆ । ਸੰਤਨ ਮੰਗੇ ਹਰਿ ਹਰਿ ਨਾਮ, ਹਰਿ ਹਰਿ ਜੂ ਝੋਲੀ ਪਾਈਆ । ਜੁਗਾ ਜੁਗੰਤਰ ਪੂਰਾ ਕਰੇ ਕਾਮ, ਕਾਮ ਕਾਮਨੀ ਦਏ ਮਿਟਾਈਆ । ਵੇਖਣਹਾਰਾ ਨਗਰ ਖੇੜਾ ਸਚ ਗਰਾਮ, ਕਾਇਆ ਮਾਟੀ ਚਾਮ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸੰਤ ਸਵਾਲ ਸੁਣਾਇਆ, ਮਨ ਮਤ ਬੁਧ ਕਰ ਵਿਚਾਰ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਤ੍ਰੈਗੁਣ ਮਾਇਆ ਵਸੇ ਬਾਹਿਰ । ਆਪਣਾ ਤਤ ਨਾ ਕੋਇ ਰਖਾਇਆ, ਤੱਤਵ ਤਤ ਲਏ ਉਭਾਰ । ਲੱਖ ਚੁਰਾਸੀ ਰਿਹਾ ਸਮਾਇਆ, ਨਿਰਗੁਣ ਜੋਤ ਕਰ ਉਜਿਆਰ । ਸਰਗੁਣ ਸਾਚਾ ਸੰਗ ਨਿਭਾਇਆ, ਮੇਲ ਮਿਲਾਏ ਵਿਚ ਸੰਸਾਰ । ਗੁਰਸਿਖ ਸਾਚੀ ਮੰਗ ਮੰਗਾਇਆ, ਗੁਰਮੁਖ ਬਣੇ ਦਰ ਭਿਖਾਰ । ਸਿੰਘ ਤਾਰਾ ਕਿਉਂ ਰਿਹਾ ਕੁਰਲਾਇਆ, ਪ੍ਰਭ ਭਰੇ ਵਸਤ ਭੰਡਾਰ । ਦੂਜਾ ਸਵਾਲ ਨਾ ਕੋਇ ਜਣਾਇਆ, ਨੇਹਕਰਮੀ ਕਰਮ ਰਿਹਾ ਵਿਚਾਰ । ਪਹਿਲਾ ਲੇਖਾ ਜੋ ਲਿਆ ਲਿਖਾਇਆ, ਕਲਜੁਗ ਅੰਤਮ ਲਾਹੇ ਭਾਰ । ਵੇਸ ਅਨੇਕਾ ਆਪ ਕਰਾਇਆ, ਦਾੜ੍ਹੀ ਮੁਛ ਦਿਸੇ ਨਾ ਸਿਰਜਣਹਾਰ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਲਏ ਵਿਚਾਰ । ਗੁਰਸਿਖ ਅੱਖਰ ਇਕ ਇਕ ਬੋਲਿਆ, ਹਰਿ ਸਾਚਾ ਸਚ ਵਿਚਾਰ । ਘਟ ਮੰਦਰ ਬੈਠਾ ਬਣਕੇ ਤੋਲਿਆ, ਸਾਚਾ ਕੰਡਾ ਲਏ ਹੁਲਾਰ । ਪਿਛਲਾ ਫੋਲਣ ਗੁਰਸਿਖ ਤੇਰਾ ਕਦੇ ਨਾ ਫੋਲਿਆ, ਅਵਗੁਣ ਪਾਪੀ ਲਏ ਤਾਰ । ਕਲਰ ਕਵਲ ਆਪੇ ਮੌਲਿਆ, ਖਿੜੀ ਰਹੇ ਸਦਾ ਗੁਲਜ਼ਾਰ । ਦਰਸ ਦਿਖਾਇਆ ਉਪਰ ਧਵਲਿਆ, ਨਿਹਕਲੰਕਾ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੁਧ ਕੁਲਖਣੀ ਦੇਵੇ ਮਾਰ । ਕਬੁਧ ਕਲੱਖਣੀ ਡੂਮਨੀ, ਨਾਰ ਦੁਹਾਗਨ ਰੰਗ । ਜੁਗ ਜੁਗ ਰਹੀ ਸੂਮਨੀ, ਸਿਰ ਚੁਕਿਆ ਭਾਰ ਗੰਢ । ਥਾਨ ਨਾ ਸੋਹੇ ਭੁਮਕਾ ਭੂਮਨੀ, ਜਿਸ ਘਰ ਬੈਠੀ ਦੁਹਾਗਣ ਆਪਣੀ ਆਪਣੀ ਵੰਡਣ ਵੰਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਰਬ ਬ੍ਰਹਿਮੰਡ । ਸਵਾਲੀਆਂ ਹਲ ਸਵਾਲ ਕਰਾਇੰਦਾ, ਸਦਾ ਹੱਥ ਸਮਰਥ ਮਹਿਮਾ ਕਥੀ ਨਾ ਜਾਈਆ । ਘੜੀ ਪਲ ਮਾਨਸ ਜਨਮ ਲੇਖੇ ਲਾਇੰਦਾ, ਵਲ ਛਲ ਖੇਲ ਕਰਾਈਆ । ਨੌ ਜਾਮਾ ਮਾਨਸ ਜਨਮ ਦਵਾਇੰਦਾ, ਗੁਰਸਿਖ ਸਿੱਖ ਫੇਰ ਬਣਾਈਆ । ਇਕ ਸੌ ਇਕ ਵਾਰ ਦਰਸ ਦਿਖਾਇੰਦਾ, ਇਕ ਇਕੱਲੜਾ ਆਪ ਹੋ ਜਾਈਆ । ਬਾਲ ਨਾਦਾਨਾ ਤਾਰਾ ਸਿੰਘ ਕਿਉਂ ਘਬਰਾਇੰਦਾ, ਹਰਿ ਜੂ ਹਰਿ ਮੰਦਰ ਬੈਠਾ ਭੁਲ ਨਾ ਜਾਈਆ । ਗੁਰਮੁਖਾਂ ਦੀ ਖ਼ਾਕ ਫਿਰੇ ਛਾਣਦਾ, ਆਪਣੀ ਹੱਥੀਂ ਭਾਰ ਉਠਾਈਆ । ਆਪਣੀ ਕੁਰੀਤੀ ਕਰਤਾ ਪੁਰਖ ਆਪੇ ਜਾਣਦਾ, ਗੁਰ ਪੀਰ ਦੇਣ ਗਵਾਹੀਆ । ਸੰਤ ਸਾਚੇ ਘਰ ਮਿਲ ਸਤਿਗੁਰ ਹਰਿ ਰੰਗ ਮਾਣਦਾ, ਰੰਗ ਰੰਗ ਵਿਚ ਟਿਕਾਈਆ । ਵੇਲਾ ਚੁਕਿਆ ਪੁਛ ਪਛਾਣਦਾ, ਪੁਛਣਹਾਰਾ ਅੰਦਰ ਬੈਠਾ ਤਾੜੀ ਲਾਈਆ । ਨਾਤਾ ਤੁਟਿਆ ਜਗਤ ਹਾਣ ਦਾ, ਹਾਣੀ ਮਿਲਿਆ ਸ਼ਹਿਨਸ਼ਾਹੀਆ । ਭੇਵ ਚੁਕਿਆ ਜਗਤ ਮਕਾਨ ਦਾ, ਹਰਿ ਜੂ ਹਰਿ ਮੰਦਰ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪ ਪਛਾਣਦਾ, ਭੁੱਲ ਰਹੇ ਨਾ ਰਾਈਆ । ਬੰਧਨ ਪਾਏ ਨਾਮ ਡੋਰ, ਅਡੋਲ ਅਡੁੱਲ ਦੱਯਾ ਕਮਾਇੰਦਾ । ਬੰਨ੍ਹਣਹਾਰਾ ਪੰਜੇ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਗਵਾਇੰਦਾ । ਵੇਖਣਹਾਰਾ ਅੰਧ ਘੋਰ, ਜੋਤ ਨਿਰੰਜਣ ਦੀਪ ਜਗਾਇੰਦਾ । ਸ਼ਬਦ ਸੁਣਾਏ ਸੱਚੀ ਘਨਘੋਰ, ਆਪ ਆਪਣਾ ਬੋਲ ਅਲਾਇੰਦਾ । ਲੇਖਾ ਚੁੱਕੇ ਤੋਰ ਮੋਰ, ਤੇਰਾ ਤੇਰਾ ਨਾ ਕੋਇ ਵਖਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਵਾਗਾਂ ਆਪਣੇ ਘਰ ਰਖਾਇੰਦਾ । ਲੱਗੀ ਪ੍ਰੀਤ ਨਿਭੇ ਤੋੜ, ਅਧਵਿਚਕਾਰ ਨਾ ਕੋਈ ਤੁੜਾਇੰਦਾ । ਹਰਿਜਨ ਸਾਚੇ ਲਏ ਜੋੜ, ਆਪ ਆਪਣਾ ਮੇਲ ਮਿਲਾਇੰਦਾ । ਮਨਮੁਖ ਦਰ ਤੋਂ ਦੇਵੇ ਹੋੜ । ਹਰਿ ਕਾ ਰੂਪ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਨੁਹਾਏ ਸਾਚੇ ਸਰ, ਦੁਰਮਤ ਮੈਲ ਆਪ ਧੁਆਇੰਦਾ । ਦੁਰਮਤ ਮੈਲ ਦੇਵੇ ਕੱਟ, ਸਤਿਗੁਰ ਹੱਥ ਵੱਡੀ ਵਡਿਆਈਆ । ਦਾਤਾ ਦਾਨੀ ਮੇਟੇ ਫੱਟ, ਏਕਾ ਰੰਗਣ ਨਾਮ ਰੰਗਾਈਆ । ਅੰਮ੍ਰਿਤ ਆਤਮ ਦੇਵੇ ਝਟ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਨਗਾਰੇ ਮਾਰੇ ਸੱਟ, ਅਨਹਦ ਤਾਲ ਆਪ ਵਜਾਈਆ । ਆਤਮ ਸੇਜ ਸੁਹਾਏ ਖਾਟ, ਸ੍ਰੀ ਭਗਵਾਨ ਆਪਣਾ ਆਸਣ ਲਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਵਰਨ ਬਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਇਕ ਗੋਸਾਈਆ ।

## ✻ ੫ ਭਾਦਰੋਂ ੨੦੧੭ ਬਿਕ੍ਰਮੀ ਉਜਾਗਰ ਸਿੰਘ ਦੇ ਘਰ ਰਾਮੂ ਵਾਲਾ (ਨਵਾਂ) ਜ਼ਿਲਾ ਫ਼ਿਰੋਜ਼ਪੁਰ ✻

ਸੋ ਪੁਰਖ ਨਿਰੰਜਣ ਠਾਂਡਾ ਦਰਬਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਨਿਰਗੁਣ ਧਾਰਾ, ਆਪ ਆਪਣੀ ਵਿਚ ਰਖਾਇੰਦਾ । ਏਕੰਕਾਰਾ ਕਰ ਪਸਾਰਾ, ਆਪ ਆਪਣੀ ਕਲ ਵਰਤਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਸਚ ਸਿਕਦਾਰਾ, ਸਾਚਾ ਤਖ਼ਤ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਪਾਰਬ੍ਰਹਮ ਵਰਤੇ ਵਰਤਾਵੇ ਸਚ ਭੰਡਾਰਾ, ਵਡ ਭੰਡਾਰੀ ਨਾਉਂ ਧਰਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਅਗੰਮੀ ਸੁੱਤ ਦੁਲਾਰਾ, ਹਰਿ ਨਿਰੰਕਾਰਾ ਆਪ ਉਪਜਾਇੰਦਾ । ਏਕਾ ਰੰਗ ਰੰਗੇ ਕਰਤਾਰਾ, ਸਾਚੀ ਰੰਗਣ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਆਪਣੇ ਹੱਥ ਰਖਾਇੰਦਾ । ਸਾਚਾ ਸ਼ਬਦ ਹਰਿ ਮਿਹਰਵਾਨ, ਨਿਰਗੁਣ ਆਪਣਾ ਆਪ ਉਪਾਈਆ । ਆਪਣੇ ਮੰਦਰ ਬੈਠ ਮਕਾਨ, ਥਿਰ ਦਰਬਾਰੇ ਵੇਖ ਵਖਾਈਆ । ਸਾਚੇ ਤਖ਼ਤ ਰਾਜ ਰਾਜਾਨ, ਆਸਣ ਸਿੰਘਾਸਣ ਸੋਭਾ ਪਾਈਆ । ਦਰ ਦਰਵੇਸ਼ ਬਣ ਦਰਬਾਨ, ਦਰ ਭਿਖਾਰੀ ਮੰਗ ਮੰਗਾਈਆ । ਵਸਤ ਅਮੋਲਕ ਇਕ ਮਹਾਨ, ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਈਆ । ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਜੋਤੀ ਖੇਲ ਪੁਰਖ ਅਕਾਲਾ, ਨਿਰਗੁਣ ਨੂਰ ਡਗਮਗਾਇੰਦਾ । ਸਚਖੰਡ ਵਸੇ ਸੱਚੀ ਧਰਮਸਾਲਾ, ਬ੍ਰਹਿਮੰਡ ਸੋਭਾ ਪਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਜਾਗਰਤ ਜੋਤ ਆਪ ਜਗਾਇੰਦਾ । ਆਪਣਾ ਮਾਰਗ ਇਕ ਸੁਖਾਲਾ, ਸਤਿ ਸਤਿਵਾਦੀ ਆਪ ਲਗਾਇੰਦਾ । ਲੇਖਾ ਜਾਣੇ ਕਾਲ ਮਹਾਂਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਸੁਹਾਇੰਦਾ । ਮਹਿਮਾ ਅਗਣਤ ਅਨੂਪ, ਹਰਿ ਮੰਦਰ ਬਹਿ ਬਹਿ ਆਸਣ ਲਾਇੰਦਾ । ਆਦਿ ਜੁਗਾਦੀ ਸਤਿ ਸਰੂਪ, ਦੀਵਾ ਬਾਤੀ ਇਕ ਜਗਾਇੰਦਾ । ਏਕਾ ਦੇਵਣਹਾਰਾ ਧੂਪ, ਸ਼ਬਦ ਅਨਾਦੀ ਤਾਲ ਵਜਾਇੰਦਾ । ਆਪ ਸੁਣਾਏ ਦਹਿ ਦਿਸ਼ਾ ਚਾਰੇ ਕੂਟ, ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ । ਆਪਣੇ ਉਪਰ ਆਪੇ ਤੁਠ, ਥਿਰ ਘਰ ਸਾਚੇ ਸੋਭਾ ਪਾਇੰਦਾ । ਆਪੇ ਚੜ੍ਹਿਆ ਸਾਚੀ ਚੋਟ, ਸਾਚਾ ਤਖ਼ਤ ਆਪ ਸੁਹਾਇੰਦਾ । ਦੋ ਜਹਾਨਾਂ ਆਪਣੀ ਰੱਖੇ ਆਪੇ ਓਟ, ਆਪਣੇ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਗਾਰੇ ਲਾਏ ਚੋਟ । ਸਚ ਨਗਾਰਾ ਹਰਿ ਨਿਰੰਕਾਰ, ਦਰਗਹਿ ਸਾਚੀ ਆਪ ਰਖਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰ, ਹਰਿ ਮੰਦਰ ਆਪ ਵਜਾਈਆ । ਸੁਣੇ ਸੁਣਾਏ ਸੁਨਣੇਹਾਰ, ਗਹਿਰ ਗੰਭੀਰ ਬੇਪਰਵਾਹੀਆ । ਗਾਵਤ ਗਾਏ ਅਗੰਮ ਅਪਾਰ, ਰਾਗ ਰਾਗਨੀ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਏ ਵਡਿਆਈਆ । ਸ਼ਬਦ ਵਡਾ ਹਰਿ ਵਡਿਆਇੰਦਾ, ਵਡ ਦਾਤਾ ਬੇਪਰਵਾਹ । ਸ਼ਬਦ ਆਪਣਾ ਰੂਪ ਪਰਗਟਾਇੰਦਾ, ਜੋਤੀ ਜੋਤ ਜੋਤ ਜਗਾ । ਸ਼ਬਦ ਸਾਚਾ ਮਾਰਗ ਲਾਇੰਦਾ, ਲੋਆਂ ਪੁਰੀਆਂ ਮਹੱਲ ਵਸਾ । ਸ਼ਬਦ ਏਕਾ ਰੰਗ ਰੰਗਾਇੰਦਾ, ਬ੍ਰਹਿਮੰਡ ਖੰਡ ਰਚਨ ਰਚਾਏ ਥਾਉਂ ਥਾਂ । ਸ਼ਬਦ ਏਕਾ ਹੁਕਮ ਸੁਣਾਇੰਦਾ, ਨਿਰਗੁਣ ਸਰਗੁਣ ਰੂਪ ਲਏ ਵਟਾ । ਸ਼ਬਦ ਏਕਾ ਵੇਖ ਵਖਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਪਕੜੇ ਬਾਂਹ । ਸ਼ਬਦ ਤ੍ਰੈਗੁਣ ਪੰਧ ਚੁਕਾਇੰਦਾ, ਰਜੋ

੮੯੪ ੦੯

ਤਮੋ ਸਤੋ ਪਕੜਨਹਾਰਾ ਬਾਂਹ । ਸ਼ਬਦ ਏਕਾ ਗੁਣ ਜਣਾਇੰਦਾ, ਪੰਜ ਤਤ ਸਾਚੀ ਗੋਦੀ ਲਏ ਬਹਾ । ਸ਼ਬਦ ਏਕਾ ਨਾਦ ਵਜਾਇੰਦਾ, ਬੋਧ ਅਗਾਧਾ ਭੇਵ ਖੁਲ੍ਹਾ । ਸ਼ਬਦ ਏਕਾ ਹੁਕਮ ਜਣਾਇੰਦਾ, ਬ੍ਰਹਮਾ ਚਾਰੇ ਵੇਦਾਂ ਦਏ ਲਿਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਸ਼ਬਦ ਉਪਜਾਇੰਦਾ । ਸ਼ਬਦ ਸੰਦੇਸ਼ਾ ਹਰਿ ਨਿਰੰਕਾਰ, ਆਪਣਾ ਆਪ ਸੁਣਾਈਆ । ਸ਼ਬਦ ਨਰੇਸ਼ਾ ਵਡ ਸੰਸਾਰ, ਸਿਕਦਾਰ ਸੱਚਾ ਪਾਤਸ਼ਾਹੀਆ । ਸ਼ਬਦੀ ਕਰੇ ਕਰਾਏ ਸਾਚੀ ਕਾਰ, ਕਰਤਾ ਪੁਰਖ ਆਪਣੀ ਖੇਲ ਕਰਾਈਆ । ਸ਼ਬਦ ਸ਼ਬਦੀ ਸ਼ਬਦ ਦਵਾਰ, ਸ਼ਬਦ ਇਸ਼ਟ ਦੇਵ ਰੂਪ ਵਟਾਈਆ । ਸ਼ਬਦ ਕੰਤ ਸ਼ਬਦ ਭਤਾਰ, ਸ਼ਬਦ ਨਾਰੀ ਸੇਜ ਵਿਛਾਈਆ । ਸ਼ਬਦ ਗੀਤ ਗੋਬਿੰਦ ਗਾਏ ਮੰਗਲਾਚਾਰ, ਸ਼ਬਦ ਅੰਮ੍ਰਿਤ ਮੇਘ ਬਰਸਾਈਆ । ਸ਼ਬਦ ਵਖਾਏ ਠਾਂਡਾ ਦਰ ਦਰਬਾਰ, ਥਿਰ ਘਰ ਸਾਚਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸ਼ਬਦ ਸੱਚੀ ਸਰਨਾਈਆ । ਸ਼ਬਦ ਸੂਰਾ ਹਰਿ ਬਲਵਾਨ, ਮਹਿਮਾ ਗਣਤ ਗਣੀ ਨਾ ਜਾਈਆ । ਸੋ ਪੁਰਖ ਨਿਰੰਜਣ ਦੇਵੇ ਮਾਣ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਏਕੰਕਾਰਾ ਵਡ ਦਾਤਾ ਦਾਨੀ ਦਾਨ, ਸਾਚੀ ਵਸਤ ਅਮੋਲਕ ਏਕਾ ਝੋਲੀ ਪਾਈਆ । ਆਦਿ ਨਿਰੰਜਣ ਖੇਲ ਮਹਾਨ, ਜੋਤੀ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਖ਼ਸ਼ੇ ਇਕ ਧਿਆਨ, ਦੂਜਾ ਦਰ ਨਾ ਕੋਇ ਵਖਾਈਆ । ਸ੍ਰੀ ਭਗਵਾਨ ਨਜ਼ਰੀ ਆਏ ਏਕਾ ਕਾਹਨ, ਏਕਾ ਮੰਡਲ ਸਾਚੀ ਸਖੀਆਂ ਨਾਚ ਨਚਾਈਆ । ਪਾਰਬ੍ਰਹਮ ਹੋਏ ਨਿਗਹਬਾਨ, ਨਿਜ ਨੇਤਰ ਇਕ ਦਰਸਾਈਆ । ਸ਼ਬਦ ਗੁਰ ਆਦਿ ਜੁਗਾਦਿ ਰੱਖੇ ਆਪਣੀ ਆਣ, ਨਾ ਮਰੇ ਨਾ ਜਾਈਆ । ਜੁਗਾ ਜੁਗੰਤਰ ਹੋਏ ਬੇਪਹਿਚਾਨ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਦਾਤਾ ਪੁਰਖ ਬਿਧਾਤਾ, ਪਾਰਬ੍ਰਹਮ ਅਖਵਾਇੰਦਾ । ਸ਼ਬਦ ਪਿਤਾ ਸ਼ਬਦ ਮਾਤਾ, ਸ਼ਬਦ ਰੂਪ ਅਨੂਪ ਧਰਾਇੰਦਾ । ਸ਼ਬਦ ਦਿਵਸ ਸ਼ਬਦ ਰਾਤਾ, ਰਵ ਸਸ ਸੂਰਜ ਚੰਨ ਆਪ ਚੜ੍ਹਾਇੰਦਾ । ਸ਼ਬਦ ਪੂਜਾ ਸ਼ਬਦ ਪਾਠਾ, ਸ਼ਬਦ ਮੰਤਰ ਨਾਮ ਦ੍ਰਿੜ੍ਹਾਇੰਦਾ । ਸ਼ਬਦ ਸਰੋਵਰ ਤੀਰਥ ਤਾਟਾ, ਘਰ ਘਰ ਤਾਲ ਸੁਹਾਇੰਦਾ । ਸ਼ਬਦ ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਸ਼ਬਦ ਸੋਇਆ ਆਤਮ ਸੇਜਾ ਸਾਚੀ ਖਾਟਾ, ਕਾਇਆ ਮੰਦਰ ਅੰਦਰ ਆਸਣ ਲਾਇੰਦਾ । ਸ਼ਬਦ ਖੋਲ੍ਹੇ ਚੌਦਾਂ ਹਾਟਾ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਸ਼ਬਦ ਚਲਾਏ ਜੁਗਾ ਜੁਗੰਤਰ ਆਪਣੀ ਗਾਥਾ, ਏਕਾ ਅੱਖਰ ਆਪ ਪੜ੍ਹਾਇੰਦਾ । ਸ਼ਬਦ ਰੂਪ ਵਟਾਏ ਤ੍ਰਲੋਕੀ ਨਾਥਾ, ਭੇਵ ਅਭੇਦਾ ਭੇਵ ਰਖਾਇੰਦਾ । ਸ਼ਬਦ ਗੁਰ ਸਰਬ ਕਲਾ ਸਮਰਾਥਾ, ਅਕਲ ਕਲਧਾਰੀ ਆਪਣਾ ਨਾਉਂ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਹਰਿ, ਏਕਾ ਗੁਰ ਗੁਰ ਬੰਧਨ ਪਾਇੰਦਾ । ਏਕਾ ਸ਼ਬਦ ਗੁਰਦੇਵ ਇਸ਼ਟ, ਆਦਿ ਜੁਗਾਦਿ ਸਮਾਇਆ । ਏਕਾ ਰੂਪ ਦਰਸਾਏ ਸਰਬ ਸ੍ਰਿਸ਼ਟ, ਵੇਸ ਅਨੇਕਾ ਆਪ ਧਰਾਇਆ । ਲੇਖਾ ਜਾਣੇ ਜਗਤ ਪਰਵਿਸ਼ਟ, ਘੜੀ ਪਲ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ ਨਿਰਗੁਣ ਆਪਣਾ ਖੇਲ ਖਿਲਾਈਆ । ਨਿਰਗੁਣ ਸ਼ਬਦੀ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਨਿਰਗੁਣ ਜੋਤ ਨਿਰਾਕਾਰ, ਨਿਰਵੈਰ ਰੂਪ ਵਟਾਈਆ । ਨਿਰਗੁਣ ਕੋਟ ਕਰ ਤਿਆਰ, ਮਹੱਲ ਅਟੱਲ ਸੋਭਾ ਪਾਈਆ । ਨਿਰਗੁਣ ਭੂਪ ਬਣ ਸਿਕਦਾਰ, ਤਖ਼ਤ ਤਾਜ ਰਿਹਾ ਹੰਢਾਈਆ । ਨਿਰਗੁਣ ਚਾਰੋਂ ਕੂਟ ਹੋਇਆ ਖ਼ਬਰਦਾਰ, ਆਲਸ ਨਿੰਦਰਾ


੬੯੫
੦੯

ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸ਼ਬਦ ਸੂਰਾ ਸਰਬੰਗ, ਜੁਗ ਜੁਗ ਵਜਾਏ ਇਕ ਮਰਦੰਗ, ਤੁਰੀਆ ਨਾਦ ਹੱਥ ਉਠਾਈਆ । ਤੁਰੀਆ ਰਾਗ ਹਰਿ ਤਰਾਨਾ, ਪੁਰਖ ਅਬਿਨਾਸ਼ੀ ਆਪੇ ਗਾਇੰਦਾ । ਸਾਚੇ ਮੰਦਰ ਹੋ ਪਰਧਾਨਾ, ਆਪ ਆਪਣਾ ਤਾਲ ਵਜਾਇੰਦਾ । ਸਚਖੰਡ ਦਵਾਰ ਝੁਲਾਏ ਇਕ ਨਿਸ਼ਾਨਾ, ਨਾਮ ਨਿਸ਼ਾਨਾ ਹੱਥ ਉਠਾਇੰਦਾ । ਪੁਰਖ ਪੁਰਖੋਤਮ ਵਡ ਮਿਹਰਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਤੁਰੀਆ ਰਾਗ, ਤ੍ਰੈਗੁਣ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਗਾਏ ਆਦਿ ਜੁਗਾਦਿ, ਸੁਰ ਤਾਲ ਨਾ ਕੋਇ ਰਖਾਇਆ । ਨਿਸ਼ਅੱਖਰ ਵੇਖੇ ਬੋਧ ਅਗਾਧ, ਰੂਪ ਰੇਖ ਨਾ ਕੋਇ ਦਰਸਾਇਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦਿ, ਭੇਵ ਅਭੇਦਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇਆ । ਤੁਰੀਆ ਰਾਗ ਸ਼ਬਦ ਤੁਰੰਗ, ਤ੍ਰੈਕਾਲ ਦਰਸੀ ਆਪ ਦੌੜਾਈਆ । ਨਿਰਵੈਰ ਵਜਾਏ ਇਕ ਮਰਦੰਗ, ਮੂਰਤ ਅਕਾਲ ਸੇਵ ਕਮਾਈਆ । ਪੁਰਖ ਅਕਾਲ ਨਿਭਾਏ ਸਾਚਾ ਸੰਗ, ਕਰਨੀ ਕਰਤਾ ਕਰਤਾ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਸਾਚੇ ਮੰਦਰ ਆਪੇ ਲੰਘ, ਸ੍ਰੀ ਭਗਵਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਏਕਾ ਨਾਦ, ਆਪ ਵਜਾਏ ਆਦਿ ਜੁਗਾਦਿ, ਜੁਗ ਜੁਗ ਤਾਰ ਸਤਾਰ ਆਪ ਹਲਾਈਆ । ਤੁਰੀਆ ਰਾਗ ਸੁਣਾਇੰਦਾ, ਹਰਿ ਸਤਿਗੁਰ ਸੱਚਾ ਸ਼ਹਿਨਸ਼ਾਹ । ਗੁਰ ਗੁਰ ਆਪੇ ਮੇਲ ਮਿਲਾਇੰਦਾ, ਸਤਿਗੁਰ ਪੂਰਾ ਬੇਪਰਵਾਹ । ਭਗਤਨ ਭੌ ਇਕ ਚੁਕਾਇੰਦਾ, ਨਿਰਭੌ ਆਪਣਾ ਨਾਉਂ ਧਰਾ । ਸੰਤਨ ਸਿਖਿਆ ਇਕ ਸਮਝਾਇੰਦਾ, ਸਾਖ਼ਯਾਤ ਜੋਤ ਦਏ ਜਗਾ । ਗੁਰਮੁਖ ਆਪਣੇ ਲੜ ਬੰਧਾਇੰਦਾ, ਸ਼ਬਦ ਸਰੂਪੀ ਬੰਧਨ ਪਾ । ਗੁਰਸਿਖ ਸੋਏ ਮਾਤ ਉਠਾਇੰਦਾ, ਲਖ ਚੁਰਾਸੀ ਫੰਦਨ ਪਰਦਾ ਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਬਣੇ ਮਲਾਹ । ਹਰਿ ਸ਼ਬਦ ਖੇਵਟ ਖੇਟਿਆ, ਆਦਿ ਜੁਗਾਦਿ ਸਮਾਏ । ਪੁਰਖ ਅਬਿਨਾਸ਼ੀ ਉਪਜਾਇਆ ਬੇਟਿਆ, ਜੁਗਾ ਜੁਗੰਤਰ ਸੇਵ ਕਮਾਏ । ਸਚਖੰਡ ਦਵਾਰੇ ਆਪੇ ਲੇਟਿਆ, ਦਰਗਹਿ ਸਾਚੀ ਧਾਮ ਸੁਹਾਏ । ਆਪਣਾ ਮੰਦਰ ਆਪਣੇ ਨੇਤਰ ਆਪੇ ਪੇਖਿਆ, ਆਪੇ ਬੈਠਾ ਆਸਣ ਲਾਏ । ਆਪੇ ਭੂਪ ਨਰ ਨਰੇਸ਼ਿਆ, ਹੁਕਮੀ ਹੁਕਮ ਰਿਹਾ ਵਰਤਾਏ । ਆਪੇ ਬਣੇ ਭਿਖਾਰੀ ਦਰ ਦਰਵੇਸ਼ਿਆ, ਅਲਖ ਅਲਖਣਾ ਅਲਖ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਏ । ਸ਼ਬਦ ਸੁਲਤਾਨਾ ਸ੍ਰੀ ਭਗਵਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਰਾਗ ਤਰਾਨਾ ਏਕਾ ਗਾਣਾ, ਤੁਰਤ ਤੁਰੀਆ ਨਾਦ ਵਜਾਇੰਦਾ । ਕਰੇ ਪ੍ਰਕਾਸ਼ ਰਵ ਸਸ ਭਾਨਾ, ਸੂਰਜ ਚੰਨ ਆਪ ਚਮਕਾਇੰਦਾ । ਮੰਡਲ ਮੰਡਪ ਆਪ ਸੁਹਾਨਾ, ਸ਼ਬਦ ਸ਼ਬਦੀ ਵੇਖ ਵਖਾਇੰਦਾ । ਆਪਣੀ ਹੱਥੀਂ ਬੰਨ੍ਹੇ ਆਪੇ ਗਾਨਾਂ, ਆਪ ਆਪਣਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੰਦਰ ਆਪ ਸੁਹਾਇੰਦਾ । ਸਾਚਾ ਗਾਨਾਂ ਹੱਥ ਕਰਤਾਰ, ਆਪਣੀ ਇਛਿਆ ਪੂਰ ਕਰਾਈਆ । ਸ਼ਬਦੀ ਸ਼ਬਦ ਕਰੇ ਵਰਤਾਰ, ਸ਼ਹਿਨਸ਼ਾਹ ਸਿਫ਼ਤ ਸਾਲਾਹੀਆ । ਜੋਤੀ ਸ਼ਬਦੀ ਇਕ ਪਿਆਰ, ਏਕਾ ਘਰ ਦਏ ਵਡਿਆਈਆ । ਸਾਚੀ ਚੋਟੀ ਚੜ੍ਹ ਮਹੱਲ ਮੁਨਾਰ, ਉਚਾ ਟਿੱਲਾ ਵੇਖੇ ਚਾਈਂ ਚਾਈਆ । ਵਰਨ ਗੋਤੀ ਵਸਿਆ ਬਾਹਿਰ, ਨਿਰਮਲ ਜੋਤ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਹਰਿ ਅਵਤਾਰਾ, ਗੁਰ ਗੁਰ

ਰੂਪ ਵਿਚ ਸੰਸਾਰਾ, ਭਗਤਨ ਦੇਵੇ ਨਾਮ ਅਧਾਰਾ, ਨਾਮ ਆਪਣੀ ਝੋਲੀ ਪਾਈਆ । ਨਾਮ ਆਧਾਰਾ ਹਰਿ ਨਿਰੰਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਸ਼ਾਹੋ ਭੂਪ ਵਡ ਸਿਕਦਾਰਾ, ਮੀਤ ਮੁਰਾਰਾ ਧੁਰ ਦਰਬਾਰਾ ਵੇਖ ਵਖਾਈਆ । ਆਦਿ ਜੁਗਾਦੀ ਕਰ ਪਸਾਰਾ, ਏਕੰਕਾਰ ਆਪਣੀ ਕਲ ਆਪ ਵਰਤਾਈਆ । ਸ਼ਬਦ ਭੰਡਾਰਾ ਹਰਿ ਵਰਤਾਰਾ, ਦੋ ਜਹਾਨਾਂ ਪਾਵੇ ਸਾਰਾ, ਲੋਆਂ ਪੁਰੀਆਂ ਫੋਲ ਫੋਲਾਈਆ । ਲਖ ਚੁਰਾਸੀ ਕਰ ਤਿਆਰਾ, ਅੰਦਰ ਬਾਹਿਰ ਗੁਪਤ ਜ਼ਾਹਰ ਆਪਣੀ ਸੇਜਾ ਆਪ ਹੰਢਾਈਆ । ਗੁਰ ਪੀਰ ਲਏ ਅਵਤਾਰਾ, ਸਾਧਾਂ ਸੰਤਾ ਕਰੇ ਪਿਆਰਾ, ਅੰਤਰ ਮੰਤਰ ਨਾਮ ਦ੍ਰਿੜਾਈਆ । ਜੋਤੀ ਬਾਤੀ ਕਰ ਉਜਿਆਰਾ, ਕਮਲਾਪਾਤੀ ਦਏ ਸਹਾਰਾ, ਦਿਵਸ ਰਾਤੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਰੂਪ ਆਪ ਵਟਾਈਆ । ਸ਼ਬਦੀ ਰੂਪ ਵਟਾਇੰਦਾ, ਪਾਰਬ੍ਰਹਮ ਕਰਤਾਰ । ਆਪਣੇ ਮੰਦਰ ਬਹਿ ਬਹਿ, ਆਪਣਾ ਲੇਖਾ ਆਪ ਸਮਝਾਇੰਦਾ । ਗੁਣਵੰਤਾ ਗੁਣ ਵਿਚਾਰ । ਕਾਗਦ ਕਲਮ ਨਾ ਕੋਇ ਰਖਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਵਰਤੇ ਸ਼ਬਦ ਵਰਤਾਰ । ਸ਼ਬਦ ਵਰਤਾਇਆ ਹਰਿ ਨਿਰੰਕਾਰ, ਆਪਣੀ ਵਸਤੂ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਕਰ ਤਿਆਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਲੱਖ ਚੁਰਾਸੀ ਭਰ ਭੰਡਾਰ, ਘਟ ਘਟ ਵਾਸੀ ਡੇਰਾ ਲਾਇੰਦਾ । ਜੋਤ ਪ੍ਰਕਾਸ਼ੀ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦੇਵੇ ਸਾਚਾ ਵਰ, ਵਰ ਦਾਤਾ ਦਰ ਘਰ ਆਪੇ ਪਾਇੰਦਾ । ਸ਼ਬਦ ਦਾਤਾ ਦਾਤਾਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਲੋਕਮਾਤ ਫੇਰਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਸਾਧਾਂ ਸੰਤਾਂ ਦੇਵੇ ਇਕ ਆਧਾਰ, ਭਗਤਾਂ ਭਗਤੀ ਵੇਖ ਵਖਾਇੰਦਾ । ਗੁਰ ਗੁਰ ਰੂਪ ਪਰਗਟ ਹੋਏ ਗੁਪਤ ਜ਼ਾਹਰ, ਆਪ ਆਪਣੀ ਕਲ ਧਰਾਇੰਦਾ । ਉਚੀ ਕੂਕ ਕਰੇ ਪੁਕਾਰ, ਆਪਣਾ ਢੋਲਾ ਆਪੇ ਗਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਹੰ ਬ੍ਰਹਮ ਆਪਣੀ ਅੰਸ ਬਣਾਇੰਦਾ । ਜਗਤ ਵਿਚੋਲਾ ਬਣ ਗਿਰਧਾਰ, ਸ਼ਬਦ ਸੋਹਲਾ ਆਪ ਸੁਣਾਇੰਦਾ । ਸਾਚਾ ਤੋਲਾ ਬਣੇ ਤੋਲਣਹਾਰ, ਤੇਰਾਂ ਤੇਰਾਂ ਧਾਰ ਚਲਾਇੰਦਾ । ਚੋਲਾ ਬਦਲੇ ਵਾਰੋ ਵਾਰ, ਏਕਾ ਜੋਤੀ ਡਗਮਗਾਇੰਦਾ । ਪਰਦਾ ਉਹਲਾ ਵੇਖੇ ਵਿਚ ਸੰਸਾਰ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਅਖਵਾਇੰਦਾ । ਏਕਾ ਸ਼ਬਦ ਏਕਾ ਗੁਰ, ਸਤਿਗੁਰ ਸਾਚਾ ਆਪ ਉਪਜਾਈਆ । ਏਕਾ ਤਾਲ ਏਕਾ ਸੁਰ, ਏਕਾ ਨਾਦ ਵਜਾਈਆ । ਏਕਾ ਚੜ੍ਹੇ ਸਾਚੇ ਘੋੜ, ਚਾਰੋਂ ਕੁੰਟ ਫੇਰੀ ਪਾਈਆ । ਇਕ ਇਕੱਲਾ ਰਿਹਾ ਦੌੜ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਸ਼ਬਦ ਅਗੰਮੀ ਲਾਏ ਪੌੜ, ਚੌਥਾ ਡੰਡਾ ਹੱਥ ਉਠਾਈਆ । ਲੱਖ ਚੁਰਾਸੀ ਵੇਖੇ ਜੀਵ ਜੰਤ ਮਿੱਠਾ ਕੌੜ, ਲੁਕਿਆ ਕੋਈ ਰਹਿਣ ਨਾ ਪਾਈਆ । ਜਨ ਭਗਤਾਂ ਬੁਝਾਏ ਲੱਗੀ ਔੜ, ਸਤਿਗੁਰ ਸ਼ਬਦ ਅੰਮ੍ਰਿਤ ਜਾਮ ਪਿਆਲਾ ਹੱਥ ਉਠਾਈਆ । ਆਦਿ ਜੁਗਾਦੀ ਬੁਝਾਏ ਔੜ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਸਮਝਾਈਆ । ਗੁਰ ਸ਼ਬਦ ਸੱਚਾ ਪਾਤਸ਼ਾਹ, ਮਾਤ ਪਿਤ ਨਾ ਕੋਇ ਰਖਾਇੰਦਾ । ਆਦਿਨ ਅੰਤਾ ਬੇਪਰਵਾਹ, ਨਿਰਗੁਣ ਨਿਰਧਨ ਆਪ ਅਖਵਾਇੰਦਾ । ਹੁਕਮੀ ਹੁਕਮ ਦਏ ਸਲਾਹ, ਸ਼ਬਦ ਸ਼ਬਦੀ ਨਾਉਂ ਪਰਗਟਾਇੰਦਾ । ਜਨ ਭਗਤਾਂ ਬਣੇ ਪਿਤਾ ਮਾਂ, ਆਪ ਆਪਣੀ ਗੋਦ ਬਹਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ,

ਦਰਗਹਿ ਸਾਚੀ ਆਪ ਸੁਹਾਇੰਦਾ । ਕਾਗ ਹੰਸ ਲਏ ਬਣਾ, ਮਾਣਕ ਮੋਤੀ ਚੋਗ ਆਪ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਭੰਡਾਰਾ ਹਰਿ ਨਿਰੰਕਾਰਾ, ਜੁਗਾ ਜੁਗੰਤਰ ਲੈ ਅਵਤਾਰਾ, ਏਕਾ ਗੁਰ ਸਮਝਾਇੰਦਾ । ਏਕਾ ਗੁਰ ਇਕ ਅਵਤਾਰ, ਸ਼ਬਦੀ ਸ਼ਬਦ ਵੱਜੇ ਵਧਾਈਆ । ਏਕਾ ਮੰਦਰ ਇਕ ਦਰਬਾਰ, ਏਕਾ ਘਰ ਰਿਹਾ ਦਿਸਾਈਆ । ਏਕਾ ਅੰਦਰ ਕਰ ਪਿਆਰ, ਸਾਚੀ ਸੇਜ ਰਿਹਾ ਹੰਢਾਈਆ । ਏਕਾ ਖੰਡਾ ਤੇਜ਼ ਕਟਾਰ, ਏਕਾ ਸ਼ਸਤਰ ਹੱਥ ਚਮਕਾਈਆ । ਏਕਾ ਬ੍ਰਹਿਮੰਡਾਂ ਪਾਵੇ ਸਾਰ, ਜੇਰਜ ਅੰਡਾਂ ਫੋਲ ਫੁਲਾਈਆ । ਏਕਾ ਪਾਰ ਕੰਢਾ ਜਾਣੇ ਕਿਨਾਰ, ਸਤਿਜੁਗ ਤ੍ਰੇਤਾ ਦੁਆਪਰ ਆਪੇ ਪੰਧ ਮੁਕਾਈਆ । ਏਕਾ ਵੇਖੇ ਉਚੇ ਟਿੱਲੇ ਚੜ੍ਹ ਮਿਨਾਰ, ਚੋਟੀ ਪਰਬਤ ਆਪਣਾ ਆਸਣ ਲਾਈਆ । ਏਕਾ ਢਹਿ ਢਹਿ ਪਏ ਚਰਨ ਦਵਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਏਕਾ ਦਰ ਦਰ ਬਣੇ ਭਿਖਾਰ, ਏਕਾ ਅਲਫ਼ੀ ਗਲ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਵਸੇ ਏਕਾ ਘਰ, ਘਟ ਮੰਦਰ ਆਪ ਸੁਹਾਈਆ । ਘਟ ਮੰਦਰ ਹਰਿ ਸੁਹਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਧਰਮਸਾਲਾ ਇਕ ਵਖਾਇੰਦਾ, ਧਰਮ ਧਰਮੀ ਕਰ ਵਿਚਾਰ । ਦੀਪਕ ਜੋਤ ਜਗਾਇੰਦਾ, ਨਿਰਗੁਣ ਦੀਪਕ ਇਕ ਉਜਿਆਰ । ਸ਼ਬਦ ਰਾਗ ਇਕ ਸੁਣਾਇੰਦਾ, ਅਨਹਦ ਬੋਲ ਧੁਨ ਜੈਕਾਰ । ਅੰਮ੍ਰਿਤ ਜਾਮ ਇਕ ਪਿਆਇੰਦਾ, ਭਰ ਪਿਆਲਾ ਠੰਡਾ ਠਾਰ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਏਥੇ ਉਥੇ ਪਾਵੇ ਸਾਰ । ਸ਼ਬਦ ਗੁਰ ਇਕ ਸਮਝਾਇੰਦਾ, ਹਰਿ ਮੂਰਤ ਅਕਾਲ । ਕਾਲ ਵਿਚ ਕਦੇ ਨਾ ਆਇੰਦਾ, ਮਹਾਂਕਾਲ ਕਰੇ ਨਾ ਕੋਈ ਸਵਾਲ । ਆਪਣਾ ਭਾਣਾ ਆਪ ਵਰਤਾਇੰਦਾ, ਜੁਗਾ ਜੁਗੰਤਰ ਅਵੱਲੜੀ ਚਾਲ । ਕਲਜੁਗ ਅੰਤਮ ਵੇਖ ਵਖਾਇੰਦਾ, ਸਤਿਗੁਰ ਪੂਰਾ ਦੀਨ ਦਿਆਲ । ਜੋਤੀ ਜਾਮਾ ਭੇਖ ਵਟਾਇੰਦਾ, ਆਪੇ ਚਲੇ ਅਵੱਲੜੀ ਚਾਲ । ਸ਼ਬਦ ਸ਼ਬਦੀ ਨਾਦ ਵਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਗਲ ਆਪੇ ਗਾਇੰਦਾ । ਸ਼ਬਦ ਗਾਏ ਸੁਹਾਗੀ ਗੀਤ, ਸੋਭਾਵੰਤ ਬੇਪਰਵਾਹੀਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਬੈਠਾ ਰਹੇ ਅਤੀਤ ਠਾਂਡਾ ਸੀਤ, ਦਰ ਦਰਬਾਰਾ ਆਪ ਸੁਹਾਈਆ । ਆਦਿ ਜੁਗਾਦੀ ਪਤਿਤ ਪੁਨੀਤ, ਗੁਰ ਸ਼ਬਦ ਚਲਾਏ ਸਾਚੀ ਰੀਤ, ਮੰਦਰ ਮਸੀਤ ਵੇਖ ਵਿਖਾਈਆ । ਚਾਰ ਕੁੰਟ ਏਕਾ ਰੰਗ ਰੰਗਾਏ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਉਠਾਇਆ ਹਰਿ ਬਲਵਾਨ, ਲੱਖ ਚੁਰਾਸੀ ਲਏ ਨਚਾਈਆ । ਹੱਥ ਫੜਾਇਆ ਹਰਿ ਨਿਸ਼ਾਨ, ਲੋਆਂ ਪੁਰੀਆਂ ਆਪ ਝੁਲਾਈਆ । ਏਕਾ ਦੇਵੇ ਧੁਰ ਫ਼ਰਮਾਣ, ਦਰ ਘਰ ਸਾਚੇ ਹੁਕਮ ਸੁਣਾਈਆ । ਨੌ ਖੰਡ ਪ੍ਰਿਥਮੀ ਹੋਏ ਹੈਰਾਨ, ਨੌ ਸਤ ਭੇਵ ਨਾ ਰਾਈਆ । ਮਨ ਮਤ ਬੁਧ ਨਾ ਸਕੇ ਪਛਾਣ, ਗੁਰਮਤ ਹੱਥ ਕਿਸੇ ਨਾ ਆਈਆ । ਚਾਰੇ ਵੇਦ ਜਗਤ ਕੁਰਲਾਨ, ਪੁਰਾਨ ਅਠਾਰਾਂ ਦੇਣ ਦੁਹਾਈਆ । ਗੀਤਾ ਗਾਏ ਆਪਣਾ ਗਾਣ, ਅੱਠ ਦਸ ਵੱਜੇ ਵਧਾਈਆ । ਅੰਜੀਲ ਕੁਰਾਨ ਸਰਬ ਕੁਰਲਾਨ, ਹਰਿ ਦਾ ਮਸਲਾ ਹਲ ਨਾ ਕੋਇ ਕਰਾਈਆ । ਖਾਣੀ ਬਾਣੀ ਪੜ੍ਹਨ ਵਿਦਵਾਨ, ਜਗਤ ਵਿਦਿਆ ਮਾਤ ਵਡਿਆਈਆ । ਹਰਿ ਕਾ ਰੂਪ ਲਏ ਪਛਾਣ, ਪਰਾ ਪਸੰਤੀ ਰਹੀ ਗਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਨਿਰਗੁਣ ਆਪਣਾ ਬਲ ਧਰਾਈਆ । ਪਰਗਟ ਹੋਵੇ ਵਾਲੀ ਦੋ ਜਹਾਨ, ਦੋਏ ਦੋਏ ਆਪਣਾ ਨਾਮ ਧਰਾਈਆ । ਗੋਬਿੰਦ ਕਰੇ ਪਛਾਣ, ਲੇਖਾ ਲਿਖਿਆ ਧੁਰ ਆਪ ਸਮਝਾਈਆ । ਅਨੰਦ ਪੁਰ ਸਚ ਮਕਾਨ, ਸਾਢੇ ਤਿੰਨ ਹੱਥ ਸੰਬਲ

੮੯੮
੦੯

ਨਗਰ ਆਪ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਆਪਣਾ ਆਪ ਦਰਸਾਈਆ । ਸ਼ਬਦ ਉਪਾਇਆ ਆਪ ਹਰਿ, ਆਦਿ ਜੁਗਾਦੀ ਕਾਰ । ਆਪਣਾ ਨੂਰ ਆਪੇ ਧਰ, ਵੇਖ ਵਖਾਏ ਸਰਬ ਸੰਸਾਰ । ਲਖ ਚੁਰਾਸੀ ਭਾਂਡੇ ਘੜ, ਆਪੇ ਬਣੇ ਠਠਿਆਰ । ਗੁਰਮੁਖ ਸੱਜਣ ਲਏ ਫੜ, ਜੁਗਾ ਜੁਗੰਤਰ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦੇਵੇ ਸਾਚਾ ਵਰ, ਘਰ ਸਾਚੇ ਸਚ ਦਰਬਾਰ । ਦਰ ਦਰਬਾਰਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਸ਼ਬਦ ਅਮੋਲਾ ਆਪੇ ਬੋਲਿਆ, ਨਿਰਗੁਣ ਸਰਗੁਣ ਕਰ ਪਛਾਣ । ਕਾਇਆ ਪਰਦਾ ਲਾਹੇ ਚੋਲਿਆ, ਤ੍ਰੈ ਤ੍ਰੈ ਵੇਖੇ ਜਗਤ ਦੁਕਾਨ । ਲਖ ਚੁਰਾਸੀ ਚੁੱਕੇ ਡੋਲਿਆ, ਚਾਰ ਕੁੰਟ ਹੋਏ ਹੈਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਤਿਗੁਰ ਸ਼ਬਦ ਹੋਏ ਬਲਵਾਨ । ਸਤਿਗੁਰ ਸ਼ਬਦ ਸਾਖ਼ਯਾਤ, ਗੁਣਵੰਤਾ ਗਹਿਰ ਗੰਭੀਰਿਆ । ਕਲਜੁਗ ਮਿਟੇ ਅੰਧੇਰੀ ਰਾਤ, ਕਾਲਾ ਬਸਤਰ ਲਾਹੇ ਚੀਰਿਆ । ਚਾਰ ਵਰਨ ਬਣਾਏ ਏਕਾ ਜਾਤ, ਅੰਮ੍ਰਿਤ ਜਾਮ ਪਿਆਏ ਸਾਚਾ ਸੀਰਿਆ । ਚਰਨ ਕਵਲ ਬੰਧਾਏ ਏਕਾ ਨਾਤ, ਊਚ ਨੀਚ ਸ਼ਾਹ ਹਕੀਰਿਆ । ਇਕ ਵਖਾਏ ਪੂਜਾ ਪਾਠ, ਤੀਰਥ ਤਟ ਬਖ਼ਸ਼ੇ ਅੰਮ੍ਰਿਤ ਸੀਰਿਆ । ਇਕ ਖੁਲ੍ਹਾਏ ਸਾਚਾ ਹਾਟ, ਚੌਦਾਂ ਲੋਕ ਹੋਏ ਫਕੀਰਿਆ । ਪਾਰ ਕਰਾਏ ਅੰਤਮ ਘਾਟ, ਦੋ ਜਹਾਨਾਂ ਪੰਧ ਚੀਰਿਆ । ਕਲਜੁਗ ਅੰਤਮ ਨੇੜੇ ਵਾਟ, ਕੋਈ ਨਾ ਬੰਨ੍ਹੇ ਕਿਸੇ ਧੀਰਿਆ । ਘਰ ਘਰ ਸਵਾਂਗੀ ਸਵਾਂਗ ਕਰੇ ਨਟੂਆ ਨਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਤੋੜੇ ਜਗਤ ਜੰਜੀਰਿਆ । ਜਗਤ ਜੰਜੀਰ ਸਤਿਗੁਰ ਤੋੜ, ਗੁਰਮੁਖਾਂ ਪੰਧ ਮੁਕਾਈਆ । ਸ਼ਬਦ ਚੜ੍ਹਾਏ ਏਕਾ ਘੋੜ, ਲੋਆਂ ਪੁਰੀਆਂ ਪਾਰ ਕਰਾਈਆ । ਨਿਰਗੁਣ ਸਰਗੁਣ ਜਾਏ ਬੌਹੜ, ਜੁਗਾ ਜੁਗੰਤਰ ਮੇਲ ਮਿਲਾਈਆ । ਕਲਜੁਗ ਅੰਤਮ ਬੁਝਾਏ ਔੜ, ਪ੍ਰੇਮ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਸੱਜਣ ਵੇਖ ਵਖਾਈਆ । ਹਰਿ ਸੱਜਣ ਗੁਰਸਿਖ ਮਿਠੜਾ, ਬਿਰਹੋਂ ਰੋਗ ਨਾ ਕੋਈ ਵਖਾਇੰਦਾ । ਮੇਲ ਮਿਲਾਏ ਧਾਮ ਅਨਡਿਠੜਾ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਲੇਖ ਚੁਕਾਏ ਮਾਤ ਗਰਭ ਉਲਟਾ ਰੁੱਖੜਾ, ਦਸ ਦਸ ਮਾਸ ਨਾ ਕੋਇ ਤਪਾਇੰਦਾ । ਉਜਲ ਕਰੇ ਮਾਤ ਮੁਖੜਾ, ਜੋ ਜਨ ਹਰਿ ਹਰਿ ਰਸਨਾ ਗਾਇੰਦਾ । ਤਨ ਵਜੂਦ ਲੱਥਾ ਦੁਖੜਾ, ਦੁਖ ਦਰਦ ਨਾ ਕੋਈ ਮਿਟਾਇੰਦਾ । ਗੁਰਸਿਖ ਦਰਸ ਪਿਆਸਾ ਰਹੇ ਭੁਖੜਾ, ਤ੍ਰਿਸ਼ਨਾ ਭੁੱਖ ਜਗਤ ਆਪ ਗਵਾਇੰਦਾ । ਸੁਫਲ ਕਰਾਏ ਮਾਤ ਕੁੱਖੜਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਸਾਚਾ ਤਾਰਿਆ, ਦੁਖ ਦਲਿਦਰ ਦਏ ਨਿਵਾਰ । ਕਰ ਕਿਰਪਾ ਪਾਰ ਉਤਾਰਿਆ, ਛਲ ਛਿਦਰ ਨਾ ਮਾਰੇ ਮਾਰ । ਘਰ ਮੰਦਰ ਪੈਜ ਸਵਾਰਿਆ, ਦੁਖੀ ਦੁਖੜਾ ਛੁੱਟਾ ਵਿਚ ਸੰਸਾਰ । ਇਕ ਸੁਣਾਏ ਸ਼ਬਦ ਜੈਕਾਰਿਆ, ਸੋਹੰ ਢੋਲਾ ਅਗੰਮ ਅਪਾਰ । ਬਦਲੇ ਚੋਲਾ ਆਪ ਨਿਰੰਕਾਰਿਆ, ਕਲਜੁਗ ਤੇਰੀ ਅੰਤਮ ਵਾਰ । ਦਰ ਦਰ ਗੋਲਾ ਬਣੇ ਭਿਖਾਰਿਆ, ਗੁਰਮੁਖ ਸੱਜਣ ਲਏ ਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰ ਬਣਾਏ ਦਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤ ਭਗਤ ਭਗਵੰਤ ਸਾਚੇ ਸੰਤ ਕਰੇ ਕਰਾਏ ਸਦਾ ਪ੍ਰਿਤਪਾਲ ।

✱ ੬ ਭਾਦਰੋਂ ੨੦੧੭ ਬਿਕ੍ਰਮੀ ਹਰਬੰਸ ਸਿੰਘ ਦੇ ਘਰ ਪਿੰਡ ਚੂਹੜ ਚੱਕ ਜ਼ਿਲਾ ਫਿਰੋਜ਼ ਪੁਰ ✱

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਆਦਿ ਜੁਗਾਦਿ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਖੇਲ ਮਹਾਨਾ, ਰੂਪ ਰੰਗ ਨਾ ਕੋਈ ਵਖਾਈਆ । ਏਕੰਕਾਰਾ ਵਸਣਹਾਰਾ ਸਚ ਮਕਾਨਾ, ਦਰ ਘਰ ਸਾਚਾ ਆਪ ਸੁਹਾਈਆ । ਆਦਿ ਨਿਰੰਜਣ ਜੋਤ ਮਹਾਨਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਨੌਜਵਾਨਾ, ਬਿਰਧ ਬਾਲ ਨਾ ਕੋਇ ਅਖਵਾਈਆ । ਅਬਿਨਾਸ਼ੀ ਕਰਤਾ ਦੇਵਣਹਾਰਾ ਦਾਨਾ, ਸਾਚੀ ਵਸਤ ਹੱਥ ਰਖਾਈਆ । ਪਾਰਬ੍ਰਹਮ ਉਠਾਏ ਇਕ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਈਆ । ਇਕ ਅਕੱਲਾ ਰਾਜ ਰਾਜਾਨਾ, ਤਖ਼ਤ ਨਿਵਾਸੀ ਸ਼ਹਿਨਸ਼ਾਹੀਆ । ਦਰ ਦੁਆਰ ਬਣੇ ਦਰਬਾਨਾ, ਆਪ ਆਪਣੀ ਸੇਵ ਕਮਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜੀ ਕਾਰ ਕਮਾਈਆ । ਅਗੰਮ ਅਗੰਮੜਾ ਹਰਿ ਨਿਰੰਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਏਕਾ ਵਸੇ ਧਾਮ ਨਿਆਰਾ, ਸਚ ਮਹੱਲਾ ਆਪ ਵਸਾਈਆ । ਸਚਖੰਡ ਨਿਵਾਸੀ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਈਆ । ਸਚ ਨਿਸ਼ਾਨਾ ਕਰ ਉਜਿਆਰਾ, ਸ੍ਰੀ ਭਗਵਾਨ ਆਪ ਝੁਲਾਈਆ । ਦੋ ਜਹਾਨਾਂ ਪਾਵੇ ਸਾਰਾ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਥਿਰ ਘਰ ਬੈਠਾ ਆਸਣ ਲਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਵਖਾਇੰਦਾ । ਆਪੇ ਨਾਰੀ ਆਪੇ ਕੰਤ, ਕੰਤ ਕੰਤੂਲ ਸਾਚੀ ਸੇਜ ਆਪ ਹੰਢਾਇੰਦਾ । ਆਪ ਬਣਾਏ ਆਪਣੀ ਬਣਤ, ਦੂਸਰ ਕੋਇ ਨਾ ਸੰਗ ਰਖਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਨਿਰਗੁਣ ਜੋਤੀ ਨਿਰਾਕਾਰ, ਸਾਕਾਰ ਨਾ ਰੂਪ ਵਟਾਇੰਦਾ । ਏਕੰਕਾਰਾ ਖੇਲ ਅਪਾਰਾ, ਆਦਿ ਜੁਗਾਦਿ ਵੱਡੀ ਵਡਿਆਈਆ । ਸਾਚੇ ਧਾਮ ਵਸੇ ਵਸਣਹਾਰਾ, ਨੇਹਚਲ ਧਾਮ ਮਹੱਲ ਅਟੱਲ ਆਪ ਸੁਹਾਈਆ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਨੀ ਰਹਿਤ ਪੁਰਖ ਅਕਾਲਾ, ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਈਆ । ਚਾਲ ਨਿਰਾਲੀ ਹਰਿ ਭਗਵੰਤ, ਆਪਣੀ ਆਪ ਰਖਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਸ਼ਬਦ ਨਾਦ ਵਜਾਏ ਸਾਚਾ ਤੁਰੀਆ ਨਾਦ ਸੁਣਾਏ ਤੁਰੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਖੇਲ ਅਪਾਰਾ, ਨਿਰਗੁਣ ਨਿਰਾਕਾਰ ਆਪ ਕਰਾਇੰਦਾ । ਸਚਖੰਡ ਦਵਾਰਾ ਖੋਲ੍ਹਿਆ, ਹਰਿ ਆਪਣੀ ਕਿਰਪਾ ਧਾਰ । ਸੋ ਪੁਰਖ ਨਿਰੰਜਣ ਏਕਾ ਬੋਲਿਆ, ਆਪ ਆਪਣੀ ਇਛਿਆ ਭਰ ਭੰਡਾਰ । ਹਰਿ ਪੁਰਖ ਨਿਰੰਜਣ ਵਸੇ ਕੋਲਿਆ, ਰੂਪ ਰੇਖ ਰੰਗ ਨਾ ਕੋਇ ਵਿਚਾਰ । ਏਕੰਕਾਰਾ ਰਹੇ ਅਡੋਲਿਆ, ਅਡੋਲ ਅਡੁਲ ਵਡ ਬੇਪਰਵਾਹ ਪਰਵਰਦਿਗਾਰ । ਆਦਿ ਨਿਰੰਜਣ ਆਪਣੀ ਜੋਤੀ ਆਪੇ ਮੌਲਿਆ, ਨੂਰੋ ਨੂਰ ਨੂਰ ਉਜਿਆਰ । ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਸਾਚੀ ਕਾਰ ਕਰਾਇੰਦਾ, ਹਰਿ ਪੁਰਖ ਹਰਿ ਨਿਰੰਕਾਰਾ । ਅਨਭਵ ਪ੍ਰਕਾਸ਼ ਆਪ ਵਖਾਇੰਦਾ, ਜੂਨੀ ਰਹਿਤ ਖੇਲ

ਨਿਆਰਾ । ਪੁਰਖ ਅਕਾਲ ਨਾਉਂ ਧਰਾਇੰਦਾ, ਅਕਲ ਕਲ ਵਰਤੇ ਵਰਤਨਹਾਰਾ । ਆਪਣਾ ਭੇਵ ਆਪ ਜਣਾਇੰਦਾ, ਨਿਰਭੈ ਵਸੇ ਧਾਮ ਨਿਆਰਾ । ਅਟੱਲ ਮਹੱਲ ਆਪ ਸੁਹਾਇੰਦਾ, ਸਚਖੰਡ ਨਵਾਸੀ ਸਚ ਦਵਾਰਾ । ਸਚ ਸਿੰਘਾਸਣ ਇਕ ਸੁਹਾਇੰਦਾ, ਪੁਰਖ ਅਬਿਨਾਸ਼ਨ ਹੋ ਉਜਿਆਰਾ । ਸੀਸ ਤਾਜ ਇਕ ਟਿਕਾਇੰਦਾ, ਪੰਚਮ ਰੂਪ ਅਗੰਮ ਅਪਾਰਾ । ਛੱਪਰ ਛੰਨ ਨਾ ਕੋਇ ਜਣਾਇੰਦਾ, ਦਰ ਘਰ ਸਾਚੇ ਖੇਲ ਅਪਾਰਾ । ਸਤ ਰੰਗ ਨਿਸ਼ਾਨਾ ਆਪ ਚੜ੍ਹਾਇੰਦਾ, ਏਕਾ ਜੋਤੀ ਸਾਚੀ ਧਾਰਾ । ਨਿਰਗੁਣ ਆਪਣਾ ਰੂਪ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਕ ਸੁਹਾਇੰਦਾ । ਬੰਕ ਸੁਹਾਏ ਹਰਿ ਭਗਵਾਨਾ, ਏਕਾ ਏਕ ਵੱਡੀ ਵਡਿਆਈਆ । ਸਤਿ ਸਰੂਪ ਸਤਿ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਇਕ ਦੁਆਰ ਸੁਹਾਈਆ । ਏਕਾ ਦੇਵੇ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਆਪਣੀ ਦਇਆ ਆਪ ਕਮਾਈਆ । ਹਰਿ ਪੁਰਖ ਨਿਰੰਜਣ ਕਰੇ ਧਿਆਨਾ, ਆਪ ਆਪਣਾ ਵੇਖ ਵਖਾਈਆ । ਏਕੰਕਾਰਾ ਆਪਣੇ ਆਪ ਪਛਾਣਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਆਦਿ ਨਿਰੰਜਣ ਜੋਤ ਜਗਾਏ ਇਕ ਮਹਾਨਾ, ਆਦਿ ਜੁਗਾਦਿ ਡਗਮਗਾਈਆ । ਸ੍ਰੀ ਭਗਵਾਨ ਹੋ ਪਰਧਾਨਾ, ਘਰ ਦਰ ਸਾਚਾ ਆਪ ਸੁਹਾਈਆ । ਅਬਿਨਾਸ਼ੀ ਕਰਤਾ ਗਾਏ ਇਕ ਤਰਾਨਾ, ਤੁਰੀਆ ਰਾਗ ਆਪ ਅਲਾਈਆ । ਪਾਰਬ੍ਰਹਮ ਵੇਖੇ ਪਦ ਨਿਰਬਾਨਾ, ਘਰ ਸਾਚੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਰਾਜਾਨ ਸ਼ਾਹ ਸੁਲਤਾਨ ਆਪ ਅਖਵਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਆਪ ਸੁਹਾਇੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰਾ, ਨਿਰਗੁਣ ਆਪਣੀ ਭਿਛਿਆ ਇਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਭੇਵ ਖੁਲਾਏ ਪਾਰਬ੍ਰਹਮ, ਆਪਣਾ ਪਰਦਾ ਆਪੇ ਲਾਹੀਆ । ਆਪਣੇ ਮੰਦਰ ਆਪੇ ਪਏ ਜੰਮ, ਮਾਤ ਪਿਤ ਨਾ ਕੋਇ ਬਣਾਈਆ । ਆਪ ਸੁਆਰੇ ਆਪਣਾ ਕੰਮ, ਕਰਨੀ ਕਰਤਾ ਕਿਰਤ ਆਪ ਕਮਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਹਰਖ ਸੋਗ ਨਾ ਕੋਇ ਵਡਿਆਈਆ । ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਹਰਖ ਸੋਗ ਨਾ ਕੋਈ ਜਣਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਇ ਤਮ, ਆਲਸ ਨਿੰਦਰਾ ਨਾ ਕੋਈ ਜਣਾਈਆ । ਨਾ ਕੋਈ ਘੜੇ ਨਾ ਦੇਵੇ ਭੰਨ, ਘੜਨ ਭਨਣਹਾਰ ਭੇਵ ਨਾ ਆਈਆ । ਨਾ ਕੋਈ ਜਨਨੀ ਨਾ ਕੋਈ ਜਨ, ਪੂਤ ਸਪੂਤ ਨਾ ਕੋਈ ਅਖਵਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਮੰਦਰ ਮਸਜਿਦ ਗੁਰਦਵਾਰ ਨਾ ਕੋਈ ਬਣਾਈਆ । ਨਾ ਕੋਈ ਤਤ ਨਾ ਕੋਈ ਤਨ, ਮਾਟੀ ਖਾਕ ਨਾ ਕੋਈ ਸਮਾਈਆ । ਨਾ ਕੋਈ ਦੇਵਣਹਾਰਾ ਡੰਨ, ਰਾਏ ਧਰਮ ਨਾ ਕੋਇ ਜਣਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਮੰਦਰ ਮਸਜਿਦ ਗੁਰੂਦਵਾਰ ਨਾ ਕੋਈ ਜਣਾਈਆ । ਇਕ ਇਕੱਲਾ ਏਕ ਓਅੰਕਾਰ, ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਆਪਣਾ ਰੂਪ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਖੇਲ ਅਪਾਰਾ, ਨਿਰੰਕਾਰਾ ਆਪ ਕਰਾਈਆ । ਸਾਚੀ ਖੇਲ ਕਰਾਵਣਹਾਰਾ, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਹੋ ਤਿਆਰਾ, ਨਿਰਗੁਣ ਆਪਣਾ ਨਾਉਂ ਰਖਾਇਆ । ਹਰਿ ਪੁਰਖ ਨਿਰੰਜਣ ਬਣ ਵਣਜਾਰਾ, ਸਾਚਾ ਹੱਟ ਇਕ ਸਮਝਾਇਆ । ਏਕੰਕਾਰਾ ਵਸਤ ਰੱਖੇ ਥਾਰਾ, ਦੇਵਣਹਾਰਾ ਹਰਿ ਸਬਾਇਆ । ਆਦਿ ਨਿਰੰਜਣ ਹੋ

ਉਜਿਆਰਾ, ਏਕਾ ਨੂਰ ਕਰੇ ਰੁਸ਼ਨਾਇਆ । ਸ੍ਰੀ ਭਗਵਾਨ ਪਾਵੇ ਸਾਰਾ, ਆਪਣਾ ਭੇਵ ਆਪ ਖੁਲ੍ਹਾਇਆ । ਅਬਿਨਾਸ਼ੀ ਕਰਤਾ ਬਣ ਵਰਤਾਰਾ, ਸਾਚਾ ਏਕਾ ਤੋਲ ਤੁਲਾਇਆ । ਪਾਰਬ੍ਰਹਮ ਪ੍ਰਭ ਬਣੇ ਭਿਖਾਰਾ, ਆਪਣੀ ਅੱਗੇ ਝੋਲੀ ਡਾਹਿਆ । ਸਤਿ ਪੁਰਖ ਨਿਰੰਜਣ ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਵਿਚ ਟਿਕਾਇਆ । ਆਪੇ ਕੰਤ ਆਪੇ ਨਾਰਾ, ਨਾਰੀ ਨਰ ਨਰਾਇਣ ਆਪ ਪਰਨਾਇਆ । ਆਪ ਉਪਜਾਏ ਸੁਤ ਦੁਲਾਰਾ, ਹਰਿ ਸ਼ਬਦੀ ਨਾਉਂ ਧਰਾਇਆ । ਸਚਖੰਡ ਸੁਹਾਏ ਉਚ ਮੁਨਾਰਾ, ਥਿਰ ਘਰ ਆਪਣਾ ਆਸਣ ਲਾਇਆ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਨਾ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁੱਤ ਦਿਤਾ ਵਰ, ਭੁੱਲ ਕਦੇ ਨਾ ਜਾਇਆ । ਸ਼ਬਦ ਸੁੱਤ ਕਰੇ ਖ਼ਬਰਦਾਰ, ਏਕਾ ਹੁਕਮ ਜਣਾਈਆ । ਥਿਰ ਘਰ ਸਾਚੇ ਹੋ ਤਿਆਰ, ਆਪ ਆਪਣੀ ਧਾਰ ਬੰਧਾਈਆ । ਪੁਰਖ ਅਬਿਨਾਸ਼ੀ ਤੇਰਾ ਹੁਕਮ ਸੱਚੀ ਸਰਕਾਰ, ਨਿਉਂ ਨਿਉਂ ਸੀਸ ਝੁਕਾਈਆ । ਹਉਂ ਸੇਵਕ ਸੇਵਾਦਾਰ ਹੋਏ ਦੋ ਜਹਾਨਾ, ਆਦਿ ਜੁਗਾਦਿ ਤੇਰੀ ਸੇਵ ਕਮਾਈਆ । ਤੇਰਾ ਰਾਗ ਤੇਰਾ ਤਰਾਨਾ, ਤੇਰੀ ਧੁਨ ਤੇਰੀ ਸ਼ਨਵਾਈਆ । ਸਚ ਸੁਲਤਾਨ ਤੂੰ ਸਾਹਿਬ ਗੁਣ ਨਿਧਾਨ ਬੀਨਾ ਦਾਨਾ, ਹਉਂ ਭਿਖਕ ਭਿਖਿਆ ਦਰ ਦੁਆਰੇ ਮੰਗੇ ਏਕਾ ਮੰਗਣ ਰਿਹਾ ਮੰਗਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਸਚਖੰਡ ਦਵਾਰੇ ਆਪ ਕਰਾਈਆ । ਸੁੱਤ ਦੁਲਾਰਾ ਕਰ ਪਰਵਾਨਾ, ਏਕਾ ਹੁਕਮੀ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਖੇਲ ਕਰੇ ਅਗੰਮ ਅਪਾਰ, ਭੇਵ ਅਭੇਦ ਆਪ ਜਣਾਈਆ । ਸ਼ਬਦ ਸੁੱਤ ਉਠ ਨੌਜਵਾਨ, ਹਰਿ ਸਾਚਾ ਆਪ ਜਗਾਇੰਦਾ । ਤੇਰਾ ਮੇਰਾ ਇਕ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਮੇਰਾ ਤੇਰਾ ਇਕ ਨਿਸ਼ਾਨ, ਏਕਾ ਏਕ ਵਖਾਇੰਦਾ । ਤੇਰਾ ਮੇਰਾ ਏਕਾ ਮਾਣ, ਮਾਣ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਸੁਹੰਜਣਾ ਹਰਿ ਹਰਿ ਸੋਭਾ ਪਾਇੰਦਾ । ਸੁੱਤ ਦੁਲਾਰਾ ਉਠਿਆ, ਦੋਏ ਜੋੜ ਕਰੇ ਅਰਦਾਸ । ਪੁਰਖ ਅਕਾਲ ਸਾਹਿਬ ਸਾਚਾ ਤੁਠਿਆ, ਸਦ ਵਸੇ ਤੇਰੇ ਪਾਸ । ਲੇਖਾ ਜਾਣੇ ਚਾਰੇ ਕੂਟ ਗੁਠਿਆ, ਦਹਿ ਦਿਸ਼ਾ ਵੇਖੇ ਵੇਖਣਹਾਰ ਪੂਰੀ ਕਰੇ ਆਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਧਰਵਾਸ । ਸਚ ਧਰਵਾਸਾ ਸਤਿਗੁਰ ਮੀਤ, ਹਰਿ ਸ਼ਬਦੀ ਸ਼ਬਦ ਜਣਾਈਆ । ਪੁਰਖ ਅਬਿਨਾਸ਼ੀ ਚਲਾਏ ਆਪਣੀ ਰੀਤ, ਆਪ ਆਪਣਾ ਬਲ ਧਰਾਈਆ । ਮੇਰਾ ਨਾਦ ਤੇਰਾ ਗੀਤ, ਗਹਿਰ ਗੰਭੀਰ ਵਡ ਵਡਿਆਈਆ । ਤੇਰਾ ਮੰਦਰ ਇਕ ਅਤੀਤ, ਥਿਰ ਦਰਬਾਰਾ ਆਪ ਵਖਾਈਆ । ਆਦਿ ਜੁਗਾਦੀ ਠੰਡਾ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਮੇਲਾ ਆਪ ਮਿਲਾਈਆ । ਸ਼ਬਦ ਮਿਲਾਇਆ ਸਾਚਾ ਮੇਲਾ, ਨਿਰਗੁਣ ਜੋਤ ਜੋਤ ਜਗਾਇੰਦਾ । ਆਪੇ ਗੁਰੂ ਆਪੇ ਚੇਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਆਦਿ ਜੁਗਾਦੀ ਵਸੇ ਇਕ ਇਕੇਲਾ, ਅਕਲ ਕਲਧਾਰੀ ਆਪਣੀ ਖੇਲ ਖਿਲਾਇੰਦਾ । ਨਾ ਕੋਈ ਵਕਤ ਨਾ ਕੋਈ ਵੇਲਾ, ਥਿਤ ਵਾਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁੱਤ ਆਪ ਸਮਝਾਇੰਦਾ । ਸ਼ਬਦ ਦੁਲਾਰਾ ਜਾਗਿਆ, ਨਿਰਗੁਣ ਆਪਣੀ ਲਏ ਅੰਗੜਾਈਆ । ਏਕਾ ਉਪਜੇ ਹਰਿ ਵੈਰਾਗਿਆ, ਦੂਸਰ ਹੋਰ ਨਾ ਵੰਡ ਵੰਡਾਈਆ । ਸਰਨ ਸਰਨਾਈ ਸਾਚੀ ਲਾਗਿਆ, ਨਾ ਮਰੇ

ਨਾ ਜਾਈਆ । ਸਚਖੰਡ ਦਵਾਰੇ ਫਿਰੇ ਭਾਗਿਆ, ਮਿਲਿਆ ਮੇਲ ਸੱਚੇ ਸ਼ਹਿਨਸ਼ਾਹੀਆ । ਨਾ ਕੋਈ ਮੈਲ ਨਾ ਕੋਈ ਦਾਗਿਆ, ਨਿਰਮਲ ਨੂਰ ਇਕ ਦਰਸਾਈਆ । ਦੀਵਾ ਬਾਤੀ ਨਾ ਜਗੇ ਚਿਰਾਗਿਆ, ਏਕਾ ਜੋਤੀ ਜੋਤ ਡਗਮਗਾਈਆ । ਪੀਆ ਪ੍ਰੀਤਮ ਕੰਤ ਸੁਹਾਗਿਆ, ਵਰ ਪਾਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਆਪ ਬੁਝਾਈਆ । ਹਰਿ ਸਾਚਾ ਬੂਝ ਬੁਝਾਇੰਦਾ, ਸ਼ਬਦੀ ਸ਼ਬਦ ਕਰ ਤਿਆਰ । ਆਪਣਾ ਭੇਵ ਆਪ ਖੁਲ੍ਹਾਇੰਦਾ, ਨਿਰਗੁਣ ਨਿਰਗੁਣ ਕਰ ਪਿਆਰ । ਸਾਚੇ ਤਖ਼ਤ ਆਪ ਸੁਹਾਇੰਦਾ, ਸ਼ਾਹੋ ਭੂਪ ਸੱਚੀ ਸਰਕਾਰ । ਧੁਰ ਫ਼ਰਮਾਣਾ ਆਪ ਅਲਾਇੰਦਾ, ਸੋ ਪੁਰਖ ਨਿਰੰਜਣ ਹੋ ਉਜਿਆਰ । ਹਰਿ ਪੁਰਖ ਨਿਰੰਜਣ ਢੋਲਾ ਗਾਇੰਦਾ, ਏਕੰਕਾਰਾ ਸੁਣਨੇਹਾਰ । ਆਦਿ ਨਿਰੰਜਣ ਸੰਗ ਨਿਭਾਇੰਦਾ, ਸ੍ਰੀ ਭਗਵਾਨ ਵਜਾਏ ਤਾਲ । ਅਬਿਨਾਸ਼ੀ ਕਰਤਾ ਵੇਖ ਵਖਾਇੰਦਾ, ਪਾਰਬ੍ਰਹਮ ਪ੍ਰਭ ਚਲੇ ਨਾਲ ਨਾਲ । ਸ਼ਬਦ ਦੁਲਾਰਾ ਸੀਸ ਝੁਕਾਇੰਦਾ, ਸਤਿ ਪੁਰਖ ਨਿਰੰਜਣ ਕਰਨੀ ਸਦਾ ਪ੍ਰਿਤਪਾਲ । ਦਰ ਤੇਰਾ ਇਕ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵੇ ਵਸਤ ਸੱਚਾ ਧੰਨ ਮਾਲ । ਦੇਵਣਹਾਰਾ ਹਰਿ ਨਿਰੰਕਾਰਾ, ਸ਼ਬਦ ਕਰੇ ਜਣਾਈਆ । ਅਤੋਟ ਅਤੁਟ ਹਰਿ ਭੰਡਾਰਾ, ਤੇਰੇ ਹੱਥ ਫੜਾਈਆ । ਆਪਣੀ ਕਲ ਵਰਤੇ ਵਰਤਾਰਾ, ਤੇਰਾ ਰੂਪ ਬੇਪਰਵਾਹੀਆ । ਤੇਰਾ ਰੰਗ ਅਗੰਮ ਅਪਾਰਾ, ਅਲੱਖ ਅਗੋਚਰ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦੀ ਸ਼ਬਦ ਦਏ ਵਡਿਆਈਆ । ਸ਼ਬਦ ਸੁੱਤ ਉਠ ਦੁਲਾਰੇ, ਹਰਿ ਸਾਚਾ ਸਚ ਜਣਾਇੰਦਾ । ਤੇਰੀ ਸੇਵਾ ਅਪਰ ਅਪਾਰੇ, ਨਿਰਗੁਣ ਨਿਰੰਕਾਰਾ ਆਪ ਲਗਾਇੰਦਾ । ਬ੍ਰਹਿਮੰਡ ਖੰਡ ਕਰ ਪਸਾਰੇ, ਲੋਆਂ ਪੁਰੀਆਂ ਤੇਰੀ ਰਚਨ ਵਖਾਇੰਦਾ । ਰਵ ਸਸ ਕਰ ਉਜਿਆਰੇ, ਮੰਡਲ ਮੰਡਪ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰੇ, ਤੇਰਾ ਬੰਧਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਿਤਾ ਵਰ, ਏਕਾ ਦਰ ਬੁਝਾਇੰਦਾ । ਸ਼ਬਦ ਦਾਤਾ ਬੋਲਿਆ, ਏਕਾ ਸਚ ਜੈਕਾਰ । ਪੁਰਖ ਅਬਿਨਾਸ਼ੀ ਤੇਰਾ ਤੋਲਣ ਤੋਲਿਆ, ਤੇਰਾ ਤੇਰੀ ਜਾਣੇ ਧਾਰ । ਤੇਰਾ ਰੂਪ ਮੇਰਾ ਵਿਚੋਲਿਆ, ਦੋ ਜਹਾਨਾਂ ਸਚ ਪਿਆਰ । ਸਚ ਭੰਡਾਰਾ ਏਕਾ ਖੋਲ੍ਹਿਆ, ਕਰਿਆ ਵਣਜ ਵਣਜ ਵਪਾਰ । ਤੂੰ ਬਦਲਣਹਾਰਾ ਆਪਣਾ ਚੋਲਿਆ, ਹਉਂ ਸੇਵਕ ਸੇਵਾਦਾਰ । ਦਰ ਭਿਖਾਰੀ ਬੈਠਾ ਗੋਲਿਆ, ਗ੍ਰਹਿ ਮੰਦਰ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਲਏ ਵਿਚਾਰ । ਪੁਰਖ ਅਬਿਨਾਸ਼ੀ ਜਾਣਿਆ, ਭੇਵ ਅਭੇਦਾ ਭੇਵ । ਆਪਣਾ ਰੂਪ ਆਪ ਪਛਾਣਿਆ, ਏਕੰਕਾਰ ਬਣ ਨੇਹਕੇਵ । ਆਪਣਾ ਮੰਦਰ ਆਪ ਸੁਹਾਨਿਆ, ਆਪੇ ਕਰੇ ਸਾਚੀ ਸੇਵ । ਆਪੇ ਵਰਤੇ ਆਪਣੇ ਭਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਲੱਖ ਅਭੇਵ । ਅਲੱਖ ਅਭੇਵ ਅਗੰਮ ਅਥਾਹ, ਆਪਣੀ ਰਚਨਾ ਰਚਾਇੰਦਾ । ਸ਼ਬਦੀ ਸ਼ਬਦ ਬਣ ਮਲਾਹ, ਸਾਚਾ ਬੇੜਾ ਆਪ ਤਰਾਇੰਦਾ । ਹੁਕਮੀ ਹੁਕਮ ਹੁਕਮ ਸਲਾਹ, ਧੁਰ ਫ਼ਰਮਾਣਾ ਆਪ ਜਣਾਇੰਦਾ । ਆਪਣਾ ਨਾਉਂ ਆਪ ਪਰਗਟਾ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਆਪਣਾ ਮੰਦਰ ਆਪ ਸੁਹਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਥਿਰ ਘਰ ਸਾਚੇ ਜੋਤ ਜਗਾ, ਰੂਪ ਅਨੂਪ ਆਪ ਹੋ ਜਾਇੰਦਾ । ਸਾਚੇ ਸ਼ਬਦ ਮੇਲ ਮਿਲਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਣਾ ਇਕ

ਅਲਾਇੰਦਾ । ਧੁਰ ਫ਼ਰਮਾਣ ਅਲਾਇਆ, ਨਿਰਗੁਣ ਆਪਣੀ ਕਰ ਵਿਚਾਰ । ਸਾਚੇ ਸ਼ਾਹ ਹੁਕਮ ਸੁਣਾਇਆ, ਬੈਠ ਤਖ਼ਤ ਸਾਚੇ ਦਰਬਾਰ । ਦਰਗਹਿ ਸਾਚੀ ਧਾਮ ਸੁਹਾਇਆ, ਆਪ ਆਪਣੀ ਕਿਰਪਾ ਧਾਰ । ਦੂਸਰ ਸੰਗ ਨਾ ਕੋਇ ਰਲਾਇਆ, ਨਾ ਕੋਈ ਮੀਤ ਮੁਰਾਰ । ਗੁਰ ਪੀਰ ਅਵਤਾਰ ਨਾ ਕੋਇ ਅਖਵਾਇਆ, ਨਾ ਕੋਈ ਸਾਧ ਸੰਤ ਕਰੇ ਪਿਆਰ । ਭਗਤ ਭਗਵੰਤ ਨਾ ਕੋਇ ਗਾਇਆ, ਨਾ ਕੋਇ ਸਿੱਖ ਸੱਜਣ ਸੋਹੇ ਬੰਕ ਦਵਾਰ । ਗੁਰਮੁਖ ਰੰਗ ਨਾ ਕੋਇ ਰੰਗਾਇਆ, ਰੰਗੇ ਰੰਗ ਨਾ ਰੰਗਣਹਾਰ । ਲੱਖ ਚੁਰਾਸੀ ਨਾ ਖੇਲ ਖਿਲਾਈਆ, ਨਿਰਗੁਣ ਸਰਗੁਣ ਨਾ ਬੰਨ੍ਹੇ ਧਾਰ । ਧਰਤ ਧਵਲ ਨਾ ਕੋਇ ਸੁਹਾਇਆ, ਜਲ ਬਿੰਬ ਨਾ ਕੋਇ ਪਸਾਰ । ਜੰਗਲ ਜੂਹ ਉਜਾੜ ਪਹਾੜ ਨਾ ਡੇਰਾ ਲਾਇਆ, ਸਮੁੰਦ ਸਾਗਰ ਨਾ ਵਸੇ ਡੂੰਘੀ ਗਾਰ । ਜਲ ਥਲ ਮਹੀਅਲ ਨਾ ਕੋਇ ਰਖਾਇਆ, ਉਚੇ ਟਿੱਲੇ ਨਾ ਦਏ ਹੁਲਾਰ । ਰਾਗ ਨਾਦ ਨਾ ਕੋਇ ਸੁਣਾਇਆ, ਨਾ ਕੋਇ ਗਾਏ ਆਪਣੀ ਵਾਰ । ਬ੍ਰਹਮ ਬ੍ਰਹਿਮਾਦੀ ਨਾ ਕੋਇ ਦਸਾਇਆ, ਗਗਨ ਮੰਡਲ ਮੰਡਪ ਨਾ ਕੋਇ ਵਿਚਾਰ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਰਖਾਇਆ, ਤ੍ਰੈਗੁਣ ਮਾਇਆ ਨਾ ਕੋਇ ਵਰਤਾਰ । ਇਕ ਇਕੱਲਾ ਸਚ ਸਿੰਘਾਸਣ ਬੈਠਾ ਆਸਣ ਲਾਇਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਸਾਚਾ ਸ਼ਬਦ ਆਪ ਉਪਜਾਇਆ, ਆਪਣੀ ਇਛਿਆ ਕਰ ਭਰ ਭੰਡਾਰ । ਆਪਣਾ ਵਰ ਝੋਲੀ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸ਼ਬਦ ਦੇਵੇ ਵਰ, ਏਕਾ ਸਿਖਿਆ ਸਚ ਸਮਝਾਇਆ । ਸਾਚੀ ਸਿਖਿਆ ਹਰਿ ਸਮਝਾਇੰਦਾ, ਸ਼ਬਦੀ ਸ਼ਬਦ ਅਗੰਮੀ ਬੋਲ । ਸੁੱਤ ਦੁਲਾਰਾ ਆਪ ਉਠਾਇੰਦਾ, ਆਪੇ ਵਸਣਹਾਰਾ ਕੋਲ । ਤੇਰੀ ਸੇਵਾ ਸਚ ਕਰਾਇੰਦਾ, ਪੂਰਾ ਕਰੇ ਤੇਰਾ ਕੌਲ । ਲੋਆਂ ਪੁਰੀਆਂ ਤੇਰੀ ਰਚਨ ਵਖਾਇੰਦਾ, ਬ੍ਰਹਿਮੰਡ ਖੰਡ ਵੱਜੇ ਤੇਰਾ ਢੋਲ । ਰਵ ਸਸ ਤੇਰੀ ਅੰਸ ਬਣਾਇੰਦਾ, ਗਗਨ ਗਗਨੰਤਰ ਤੋਲੇ ਤੇਰੇ ਤੋਲ । ਜਲ ਬਿੰਬ ਤੇਰੇ ਚਰਨ ਸੁਹਾਇੰਦਾ, ਧਰਤ ਧਵਲ ਜਾਏ ਮੌਲ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਗੋਦ ਬਹਾਇੰਦਾ, ਤੂੰ ਦੇਵਣਹਾਰਾ ਸਾਚੀ ਪੌਹਲ । ਤ੍ਰੈਗੁਣ ਤੇਰਾ ਰੰਗ ਰੰਗਾਇੰਦਾ, ਆਦਿ ਜੁਗਾਦੀ ਰੱਖੇ ਅਡੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦਾਤਾ ਪੁਰਖ ਬਿਧਾਤਾ, ਏਕਾ ਇਕ ਆਪ ਅਖਵਾਇੰਦਾ । ਹਰਿ ਸੱਚਾ ਸਚ ਜਣਾਈਆ, ਸੁਣ ਲਾਲ ਅਮੁਲੜੇ ਲਾਲ । ਲੱਖ ਚੁਰਾਸੀ ਤੇਰੀ ਵੰਡ ਵੰਡਾਈਆ, ਤੇਰੇ ਚਰਨ ਬਹਾਏ ਕਾਲ ਮਹਾਂਕਾਲ । ਵਿਸ਼ਨੂੰ ਤੇਰਾ ਰੰਗ ਰੰਗਾਈਆ, ਆਪੇ ਬਣੇ ਦਲਾਲ । ਘਰ ਮੰਦਰ ਵੇਖ ਵਖਾਈਆ, ਨਾਭੀ ਕਵਲ ਲਏ ਉਛਾਲ । ਸਾਚਾ ਫੁਲ ਇਕ ਖਿਲਾਈਆ, ਰੰਗ ਚਾੜ੍ਹੇ ਲਾਲ ਗੁਲਾਲ । ਅੰਦਰ ਬਾਹਿਰ ਆਪ ਸਮਾਈਆ, ਵੇਖਣਹਾਰਾ ਪਤ ਡਾਲ੍ਹ । ਪਾਰਬ੍ਰਹਮ ਬ੍ਰਹਮ ਆਪਣਾ ਰੂਪ ਵਟਾਈਆ, ਹੱਡ ਮਾਸ ਨਾੜੀ ਨਾ ਦਿਸੇ ਖਾਲ । ਰਕਤ ਬੂੰਦ ਨਾ ਕੋਇ ਮਿਲਾਈਆ, ਦਸ ਦਸ ਮਾਸ ਨਾ ਕੋਇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਹੁਲਾਰਾ ਸਾਚੇ ਸੁਤ, ਹਰਿ ਸਾਚਾ ਆਪ ਦੁਆਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਭੇਵ ਕੋਇ ਨਾ ਪਾਇੰਦਾ । ਆਪ ਸੁਹਾਈ ਆਪਣੀ ਰੁੱਤ, ਵਾਰ ਥਿਤ ਨਾ ਕੋਇ ਵਖਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਆਪਣਾ ਬੰਧਨ ਆਪ ਰਖਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਾ ਕੋਈ ਨਗਾਰਾ ਨਾ ਕੋਈ ਚੋਟ, ਨਾ ਤਾਲ ਕੋਈ ਵਜਾਇੰਦਾ । ਪੁਰਖ ਅਕਾਲ ਏਕਾ ਓਟ, ਹਰਿ ਸ਼ਬਦੀ ਸ਼ਬਦ ਸਮਝਾਇੰਦਾ । ਆਦਿ ਜੁਗਾਦ ਭੰਡਾਰਾ ਦਏ ਇਕ ਅਤੋਟ, ਨਿਖੁਟ ਕਦੇ


੯੦੪ ੦੯

ਨਾ ਜਾਇੰਦਾ । ਵੇਸ ਵਟਾਏ ਕੋਟਨ ਕੋਟ, ਤੇਰੀ ਧਾਰ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਏਕਾ ਰੰਗ ਰੰਗਾਇੰਦਾ । ਰੰਗੇ ਰੰਗ ਰੰਗਣਹਾਰਾ, ਰੰਗ ਰੰਗ ਵਿਚ ਚੜ੍ਹਾਈਆ । ਦੇਵੇ ਸਚ ਸਚ ਹੁਲਾਰਾ, ਹਰਿ ਹਰਿ ਮਹਿਮਾ ਕਹਿਣ ਨਾ ਜਾਈਆ । ਕਰੇ ਖੇਲ ਅਪਰ ਅਪਾਰਾ, ਦਰ ਘਰ ਸਾਚੇ ਸੋਭਾ ਪਾਈਆ । ਆਪੇ ਵਣਜ ਆਪ ਵਣਜਾਰਾ, ਆਪੇ ਸਾਚਾ ਹੱਟ ਖੁਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਤ੍ਰੈਗੁਣ ਮਾਇਆ ਝੋਲੀ ਪਾਈਆ । ਪੰਜ ਤਤ ਤਤ ਕਰ ਪਿਆਰਾ, ਘਰ ਘਰ ਬੈਠਾ ਸੋਭਾ ਪਾਈਆ । ਆਪੇ ਗਾਏ ਆਪਣੀ ਵਾਰਾ, ਬੋਧ ਅਗਾਧ ਵੱਡੀ ਵਡਿਆਈਆ । ਕਰੇ ਖੇਲ ਸੱਚੀ ਸਰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵੰਡਣ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਵੰਡੀ ਵੰਡ, ਹਰਿ ਸ਼ਬਦੀ ਝੋਲੀ ਪਾਇੰਦਾ । ਲੇਖਾ ਜਾਣੇ ਖੰਡ ਬ੍ਰਹਿਮੰਡ, ਚੌਦਾਂ ਲੋਕ ਵੇਸ ਵਟਾਇੰਦਾ । ਆਪੇ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਬਣਤ ਬਣਾਇੰਦਾ । ਸ਼ਬਦ ਸੁਤ ਸਾਚੇ ਪੌੜੇ ਚੜ੍ਹਿਆ, ਹਰਿ ਹਰਿ ਦਰਸ਼ਨ ਪਾਇਆ । ਸ਼ਾਹ ਪਾਤਸ਼ਾਹ ਮੇਰਾ ਘਾੜਨ ਘੜਿਆ, ਬੇਪਰਵਾਹ ਦਏ ਸਲਾਹਿਆ । ਆਦਿ ਜੁਗਾਦ ਕਦੇ ਨਾ ਮਰਿਆ, ਤੇਰੇ ਤੇਰੇ ਵਿਚ ਰਖਾਇਆ । ਥਿਰ ਦਰਬਾਰਾ ਸਾਚਾ ਘਰਿਆ, ਘਰ ਮੇਰਾ ਇਕ ਵਸਾਇਆ । ਏਕਾ ਲੜ ਤੇਰਾ ਫੜਿਆ, ਛੁੱਟ ਕਦੇ ਨਾ ਜਾਇਆ । ਲੱਖ ਚੁਰਾਸੀ ਭਾਂਡਾ ਘੜਿਆ, ਘਟ ਘਟ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਵਣ ਸੋ ਵੇਲਾ ਮੇਲਾ ਹੋਏ ਸਾਚੇ ਘਰ, ਘਰ ਸਾਚਾ ਲਏ ਸੁਹਾਇਆ । ਪੁਰਖ ਅਬਿਨਾਸ਼ੀ ਬੋਲ ਸੁਣਾਇਆ, ਸ਼ਬਦ ਸੁੱਤ ਤੇਰੀ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੇਵਾ ਲਾਇਆ, ਲੋਕਮਾਤ ਕਰੇ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਨਾਲ ਰਲਾਇਆ, ਹੁਕਮੀ ਹੁਕਮ ਲਏ ਫਿਰਾਈਆ । ਲੱਖ ਚੁਰਾਸੀ ਵੰਡ ਵੰਡਾਇਆ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਤੇਰਾ ਨਾਦ ਇਕ ਵਜਾਇਆ, ਚਾਰੇ ਬਾਣੀ ਰੂਪ ਵਟਾਈਆ । ਚਾਰੇ ਜੁਗ ਰਚਨ ਰਚਾਇਆ, ਚਾਰੇ ਮੁਖ ਰਿਹਾ ਚਾਰੇ ਵੇਦ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਵੇਖੇ ਥਾਉਂ ਥਾਈਆ । ਲੱਖ ਚੁਰਾਸੀ ਰਚਿਆ ਕਾਜ, ਹਰਿ ਸਤਿਗੁਰ ਹੁਕਮ ਸੁਣਾਇਆ । ਸ਼ਬਦ ਅਗੰਮੀ ਸਾਜਣ ਸਾਜ, ਤ੍ਰੈਗੁਣ ਮੇਲ ਮਿਲਾਇਆ । ਪੰਚਮ ਮਾਰੀ ਇਕ ਆਵਾਜ਼, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲਏ ਰਲਾਇਆ । ਮਨ ਮਤ ਬੁਧ ਦੇਵੇ ਦਾਜ, ਨਿਰਗੁਣ ਆਪਣੀ ਵੰਡ ਵੰਡਾਇਆ । ਤਨ ਮਾਟੀ ਚਲਾਏ ਇਕ ਜਹਾਜ, ਹੱਡ ਮਾਸ ਨਾੜੀ ਜੋੜ ਜੁੜਾਇਆ । ਨਿਰਗੁਣ ਬਣਿਆ ਆਪ ਮੁਹਤਾਜ, ਘਰ ਘਰ ਵਿਚ ਦਏ ਉਪਾਇਆ । ਆਪ ਹੋਏ ਗ਼ਰੀਬ ਨਿਵਾਜ਼, ਨਿਜ ਘਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਆਪਣਾ ਵੇਸ ਵਟਾਇਆ । ਵੇਸ ਵਟੰਦੜਾ ਹਰਿ ਭਗਵੰਤਾ, ਭਗਵਨ ਆਪਣੀ ਧਾਰ ਚਲਾਈਆ । ਲੋਕਮਾਤ ਆਪਣੀ ਖੇਲ ਖਿਲੰਤਾ, ਵਰਭੰਡੀ ਖੋਜ ਖੁਜਾਈਆ । ਏਕਾ ਨਾਉਂ ਨਿਧਾਨਾ ਨਾਦ ਸੁਣੰਤਾ, ਸੋ ਪੁਰਖ ਨਿਰੰਜਣ ਆਪੇ ਗਾਈਆ । ਹੰ ਬ੍ਰਹਮ ਪ੍ਰਭ ਵੇਖ ਵਖੰਤਾ, ਆਪ ਆਪਣਾ ਨੈਣ ਖੁਲਾਈਆ । ਨਿਰਗੁਣ ਬਣਾਏ ਨਿਰਗੁਣ ਬਣਤਾ, ਨਿਰਗੁਣ ਚੋਲਾ ਤਨ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸ਼ਬਦੀ ਸ਼ਬਦ ਵੇਖ ਵਖਾਈਆ । ਸ਼ਬਦ ਸ਼ਬਦੀ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਕਵਣ ਸੋ ਵੇਲਾ ਕਵਣ ਕਰੇ ਵਿਚਾਰ, ਆਪਣਾ ਮੇਲਾ ਮੇਲ ਮਿਲਾਇਆ । ਜੋ ਉਪਜਿਆ ਸੋ ਭੰਨੇ ਕਰੇ ਖਵਾਰ, ਘੜਨ ਭੰਨਣਹਾਰ ਤੂੰ ਬੇਪਰਵਾਹਿਆ । ਜੁਗ ਜੁਗ ਵਰਤੇ ਤੇਰਾ ਵਰਤਾਰ, ਤੇਰੇ ਭਾਣੇ ਸਦ ਰਹਾਇਆ । ਤੂੰ ਖੇਲੇਂ ਖੇਲ ਖੇਲਣਹਾਰ, ਖ਼ਾਲਕ ਖ਼ਲਕ ਰੂਪ ਵਟਾਇਆ । ਤੂੰ ਨੂਰ ਇਲਾਹੀ ਬੇਐਬ ਪਰਵਰਦਿਗਾਰ, ਜਲਵਾ ਜਲਵਾ ਆਪ ਧਰਾਇਆ । ਮੁਕਾਮੇ ਹਕ ਹੋ ਤਿਆਰ, ਦਰ ਘਰ ਸਾਚਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਲੱਖ ਚੁਰਾਸੀ ਲਿਆ ਘੜ, ਕਵਣ ਵੇਲੇ ਭੰਨ ਵਖਾਇਆ । ਪੁਰਖ ਅਬਿਨਾਸ਼ੀ ਇਕ ਜਣਾਈ, ਹਰਿ ਹਰਿ ਸਾਚਾ ਆਪ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਆਪ ਭਵਾਈ, ਚਾਰ ਚਾਰ ਕਰੇ ਕੁੜਮਾਈਆ । ਚਾਰ ਵੇਦ ਨਾ ਸਕੇ ਗਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਆਪਣਾ ਭਾਣਾ ਆਪਣੇ ਹੱਥ ਰਖਾਇਆ, ਜੁਗਾ ਜੁਗੰਤਰ ਆਪਣੀ ਵੰਡ ਵੰਡਾਈਆ । ਸਤਿਜੁਗ ਸਾਚਾ ਮਾਰਗ ਲਾਇਆ, ਏਕਾ ਬ੍ਰਹਮ ਦਏ ਦਰਸਾਈਆ । ਦੂਸਰ ਤਤ ਨਾ ਕੋਇ ਰਖਾਇਆ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਾਗਰਤ ਜੋਤ ਕਰੇ ਰੁਸ਼ਨਾਇਆ, ਨੂਰ ਨੁਰਾਨਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਲੱਖ ਚੁਰਾਸੀ ਪੰਧ ਮੁਕੌਣਾ, ਨੌਂ ਨੌਂ ਚਾਰ ਗੇੜ ਦੁਆਇੰਦਾ । ਸ਼ਬਦ ਸੁਤ ਤੇਰੀ ਆਸਾ ਮਨਸਾ ਪੂਰ ਕਰੌਣਾ, ਆਸ ਨਿਰਾਸ ਨਾ ਕੋਇ ਵਖਾਇੰਦਾ । ਸਾਲਸ ਬਣ ਬਣ ਆਪੇ ਔਣਾ, ਲੋਕਮਾਤ ਵੇਖ ਵਖਾਇੰਦਾ । ਆਲਸ ਨਿੰਦਰਾ ਵਿਚ ਨਾ ਸੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਆਪਣਾ ਖੇਲ ਖਿਲਾਇੰਦਾ । ਸਤਿਜੁਗ ਸਾਚਾ ਮਾਰਗ ਲਾ, ਲੋਕਮਾਤ ਦਏ ਵਡਿਆਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਹੰ ਬ੍ਰਹਮ ਲਏ ਸਮਝਾਈਆ । ਏਕਾ ਮੰਤਰ ਨਾਮ ਦ੍ਰਿੜਾ, ਤਨ ਮੰਦਰ ਦਏ ਸੁਹਾਈਆ । ਨਿਰਗੁਣ ਬਾਤੀ ਜੋਤ ਜਗਾ, ਅੰਧ ਅੰਧੇਰਾ ਦਏ ਗਵਾਈਆ । ਅੰਮ੍ਰਿਤ ਆਤਮ ਜਾਮ ਪਿਆ, ਸਰ ਸਰੋਵਰ ਏਕਾ ਰੰਗ ਵਿਖਾਈਆ । ਬਜਰ ਕਪਾਟੀ ਤੋੜ ਤੁੜਾ, ਦੂਈ ਦਵੈਤੀ ਪਰਦਾ ਲਾਹੀਆ । ਆਤਮ ਸੇਜਾ ਆਪ ਸੁਹਾ, ਸਚ ਸਿੰਘਾਸਣ ਸੋਭਾ ਪਾਈਆ । ਸ਼ਬਦ ਅਨਾਦੀ ਏਕਾ ਨਾਦ ਵਜਾ, ਅਨਹਦ ਰਾਗ ਅਲਾਈਆ । ਪੰਚਮ ਸਖੀਆਂ ਮਿਲੇ ਏਕਾ ਥਾਂ, ਥਾਨ ਥਨੰਤਰ ਦਏ ਵਡਿਆਈਆ । ਮੇਲ ਮਿਲਾਵਾ ਸਹਿਜ ਸੁਭਾ, ਆਪ ਆਪਣੇ ਹੱਥ ਰੱਖੇ ਵਡਿਆਈਆ । ਕਾਗਦ ਕਲਮ ਕੋਈ ਲਿਖੇ ਨਾ, ਸੱਤ ਸਮੁੰਦਰ ਮਸ ਰੋ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਵੇਸ ਵਟਾਈਆ । ਸਤਿਜੁਗ ਵੇਸ ਵਟੰਦੜਾ, ਪਾਰਬ੍ਰਹਮ ਕਰਤਾਰ । ਆਪਣੇ ਖੇਲ ਆਪ ਖਿਲੰਦੜਾ, ਖੇਲੇ ਖੇਲ ਅਗੰਮ ਅਪਾਰ । ਭਗਤਨ ਸਾਚਾ ਮੇਲ ਮਿਲੰਦੜਾ, ਕਾਇਆ ਮੰਦਰ ਹੋ ਤਿਆਰ । ਸੰਤਨ ਸਾਚਾ ਰਾਹ ਵਖੰਦੜਾ, ਥਿਰ ਘਰ ਵਾਸੀ ਏਕਾ ਧਾਰ । ਏਕਾ ਹਰਿ ਹਰਿ ਜਾਪ ਜਪੰਦੜਾ, ਸੋ ਪੁਰਖ ਨਿਰੰਜਣ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬੰਨ੍ਹੇ ਆਪਣੀ ਧਾਰ । ਜੁਗ ਜੁਗ ਧਾਰ ਬੰਧਾਇੰਦਾ, ਧਰਤ ਧਵਲ ਹੋ ਉਜਿਆਰ । ਸਾਚਾ ਮਾਰਗ ਆਪੇ ਲਾਇੰਦਾ, ਆਪੇ ਵੇਖੇ ਵੇਖਣਹਾਰ । ਲੱਖ ਚੁਰਾਸੀ ਆਪ ਸਮਝਾਇੰਦਾ, ਸਾਚੇ ਸੰਤਨ ਕਰ ਪਿਆਰ । ਕਾਇਆ ਚੋਲਾ ਆਪ ਬਦਲਾਇੰਦਾ, ਜੋਤੀ ਜਾਮਾ ਭੇਖ ਨਿਆਰ । ਵਰਨ ਗੋਤੀ ਨਾ ਕੋਇ ਬਣਾਇੰਦਾ, ਜਾਤਾਂ ਪਾਤਾਂ ਵਸਿਆ ਬਾਹਿਰ । ਏਕਾ ਡੰਕਾ ਨਾਮ ਰਖਾਇੰਦਾ, ਆਪ ਵਜਾਏ ਵਜਾਵਣਹਾਰ ।

ਰਾਓ ਰੰਕਾਂ ਆਪ ਉਠਾਇੰਦਾ, ਦਰ ਘਰ ਸਾਚਾ ਸੋਹੇ ਦਰਬਾਰ । ਦਰਬਾਰ ਬੰਕਾ ਆਪ ਸੁਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਕਰੇ ਕਾਰ ਆਦਿ ਨਿਰੰਜਣ, ਆਪਣੀ ਕਲ ਆਪ ਵਰਤਾਇੰਦਾ । ਦਾਤਾ ਦਾਨੀ ਦਰਦ ਦੁਰਖ ਭੈ ਭੰਜਣ, ਭਵ ਸਾਗਰ ਬੇੜਾ ਆਪ ਤਰਾਇੰਦਾ । ਗੁਰਮੁਖਾਂ ਪਾਏ ਨੇਤਰ ਨਾਮ ਅੰਜਣ, ਅਗਿਆਨ ਅੰਧੇਰ ਚੁਕਾਇੰਦਾ । ਧੁਰ ਦਰਗਾਹੀ ਮਿਲੇ ਸਾਚਾ ਸੱਜਣ, ਘਰ ਦਰ ਸਾਚੇ ਆਪਣਾ ਮੇਲ ਮਿਲਾਇੰਦਾ । ਨਾ ਘੜਿਆ ਨਾ ਭੱਜਣ, ਘੜਨ ਭੰਨਣਹਾਰ ਆਪ ਅਖਵਾਇੰਦਾ । ਲਖ ਚੁਰਾਸੀ ਜੀਵ ਜੰਤ ਸਾਧ ਸੰਤ ਆਦਿ ਜੁਗਾਦਿ ਪਰਦੇ ਕੱਜਣ, ਨਾਮ ਦੋਸ਼ਾਲਾ ਹੱਥ ਉਠਾਇੰਦਾ । ਜੁਗ ਜੁਗ ਰੱਖੇ ਆਪ ਆਪਣੀ ਲੱਜਣ, ਦੂਸਰ ਹੱਕ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ, ਕਰੇ ਕਰਾਏ ਕਰਨੇਹਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖ ਵਖਾਵਣਾ, ਪੰਜ ਤਤ ਰਹੇ ਕੁਰਲਾਈਆ । ਪੁਰਖ ਅਬਾਨਾਸ਼ੀ ਖੇਲ ਖਿਲਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਭਾਂਡਾ ਵੇਖ ਵਖਾਵਣਾ, ਜਗਤ ਬੈਠਾ ਸੇਜ ਵਿਛਾਈਆ । ਅੰਧ ਅੰਧੇਰ ਆਪ ਮਿਟਾਵਣਾ, ਕੂੜ ਕੁੜਿਆਰਾ ਮੇਟੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦਸ ਅਵਤਾਰ, ਏਕਾ ਸ਼ਬਦ ਸ਼ਾਹ ਸੱਚਾ ਸਿਕਦਾਰ, ਸਤਿਗੁਰ ਸਾਚਾ ਆਪ ਅਖਵਾਈਆ । ਗੋਬਿੰਦ ਸਿੰਘ ਸਤਿਗੁਰ ਪੂਰਾ, ਪੁਰਖ ਅਕਾਲ ਮਨਾਇਆ । ਆਦਿ ਜੁਗਾਦੀ ਹਾਜਰ ਹਜੂਰਾ, ਨਾ ਮਰੇ ਨਾ ਜਾਇਆ । ਆਸਾ ਮਨਸਾ ਆਪੇ ਕਰੇ ਪੂਰਾ, ਦੂਸਰ ਦਰ ਨਾ ਮੰਗਣ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਪੜ੍ਹਾਇਆ । ਏਕਾ ਅੱਖਰ ਆਪ ਪੜ੍ਹਾਇੰਦਾ, ਆਪ ਆਪਣਾ ਪਰਦਾ ਖੋਲ੍ਹ, ਪੁਰਖ ਅਕਾਲ ਦਇਆ ਕਮਾਇੰਦਾ । ਸੁਤ ਦੁਲਾਰੇ ਵਸੇ ਕੋਲ, ਏਕਾ ਵਸਤ ਵਿਚ ਟਿਕਾਇੰਦਾ, ਆਪ ਆਪਣਾ ਨਾਮ ਅਡੋਲ । ਚਿੰਤਾ ਫਿਕਰ ਨਾ ਕੋਈ ਰਖਾਇੰਦਾ, ਬ੍ਰਹਿਮੰਡ ਖੰਡ ਤੋਲੇ ਆਪਣਾ ਤੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਅੰਦਰ ਆਪੇ ਜਾਏ ਮੌਲ । ਆਪਣੇ ਅੰਦਰ ਮੌਲਣਹਾਰਾ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਆਪੇ ਗੁਰ ਗੁਰ ਰੂਪ ਕਰ ਪਸਾਰਾ, ਲੋਕਮਾਤ ਵੇਖ ਵਿਖਾਇੰਦਾ । ਦਰ ਦਰਬਾਰ ਖੋਲ੍ਹ ਦਵਾਰਾ, ਠਾਂਡਾ ਘਰ ਆਪ ਵਸਾਇੰਦਾ । ਆਪੇ ਫੜ ਤੇਜ ਕਟਾਰਾ, ਆਪਣੇ ਹੱਥ ਚਮਕਾਇੰਦਾ । ਆਪੇ ਸ਼ਬਦ ਬੋਲ ਜੈਕਾਰਾ, ਵਾਹ ਵਾਹ ਗੁਰੂ ਆਪ ਹੋ ਜਾਇੰਦਾ । ਆਪੇ ਅੰਮ੍ਰਿਤ ਕਰ ਤਿਆਰਾ, ਭਰ ਪਿਆਲਾ, ਜਾਮ ਪਿਆਇੰਦਾ । ਆਪੇ ਕਰੇ ਸਚ ਪਿਆਰਾ, ਚਤਰ ਸੁਘੜ ਆਪ ਬਣਾਇੰਦਾ । ਆਪੇ ਰੱਖੇ ਤਿਖੀ ਧਾਰਾ, ਆਰ ਪਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਵਖਾਈਆ । ਖੇਲੇ ਖੇਲ ਪੁਰਖ ਅਕਾਲ, ਮਹਿਮਾ ਗਣਤ ਗਣੀ ਨਾ ਜਾਈਆ । ਆਪਣੀ ਕਰੇ ਆਪ ਪ੍ਰਿਤਪਾਲ, ਆਪੇ ਵੇਖੇ ਥਾਉਂ ਥਾਈਆ । ਆਪਣਾ ਪਾਏ ਆਪ ਜੰਜਾਲ, ਆਪੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਏਕਾ ਰੰਗ ਸ੍ਰੀ ਭਗਵਾਨ, ਆਪਣਾ ਆਪ ਜਣਾਇਆ । ਸੂਰਬੀਰ ਵਡ ਬਲਵਾਨ, ਏਕਾ ਏਕ ਅਖਵਾਇਆ । ਸਤਿ ਸਰੂਪੀ ਲੈ ਨਿਸ਼ਾਨ, ਲੋਕਮਾਤ ਉਠ ਧਾਇਆ । ਗੁਰ ਗੋਬਿੰਦ ਸਿੰਘ ਨੌਜਵਾਨ, ਨਾ ਮਰੇ ਨਾ ਜਾਇਆ । ਸਾਚਾ ਚਿਲਾ ਤੀਰ ਕਮਾਨ, ਏਕਾ ਹੱਥ ਉਠਾਇਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਚਾਰੇ ਕੂਟਾਂ ਫੋਲ ਫੁਲਾਇਆ ।

ਸ੍ਰਿਸ਼ਟ ਸਬਾਈ ਦਏ ਗਿਆਨ, ਗੁਰੂ ਗ੍ਰੰਥ ਇਕ ਵਡਿਆਇਆ । ਜੀਵ ਜੰਤ ਹੋਵਣ ਬੇਈਮਾਨ, ਸਾਧ ਸੰਤ ਧੀਰਜ ਧੀਰ ਨਾ ਕੋਇ ਧਰਾਇਆ । ਨਾਰੀ ਕੰਤ ਨਾ ਕੋਈ ਖੇਲੇ ਖੇਲ ਮਹਾਨ, ਕੁੰਟ ਚਾਰ ਸ੍ਰਿਸ਼ਟ ਸਬਾਈ ਹੋਏ ਹਲਕਾਇਆ । ਅਠਸਠ ਤੀਰਥ ਨਾ ਕੋਈ ਅਸ਼ਨਾਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਕੋਈ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਏ ਸਮਝਾਇਆ । ਬਾਈ ਸੋ ਕੋਸ ਵੇਖ ਖੜ, ਆਪਣਾ ਨੈਣ ਖੁਲਾਇੰਦਾ । ਧਰਨੀ ਧਰਤ ਧਵਲ ਦਇਆ ਕਰ, ਹਰਿ ਸਾਚਾ ਆਪ ਸਮਝਾਇੰਦਾ । ਪੁਤ ਸਪੂਤਾ ਦੇਵੇ ਵਰ, ਸਤਿ ਸੰਤੋਖ ਝੋਲੀ ਪਾਇੰਦਾ । ਗਿਆਨ ਧਿਆਨ ਅੱਗੇ ਧਰ, ਏਕਾ ਮੁਖ ਸਲਾਹਿੰਦਾ । ਭੈ ਭਿਆਨਕ ਚੁੱਕੇ ਡਰ, ਨਿਰਭੌ ਭੈ ਵਖਾਇੰਦਾ । ਸਾਚੀ ਤਰਨੀ ਜਾਣਾ ਤਰ, ਸਰ ਸਰੋਵਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਇੰਦਾ । ਆਪਣਾ ਵੇਲਾ ਸੁਹਾਵਣ ਆਏ, ਪਾਰਬ੍ਰਹਮ ਵੱਡੀ ਵਡਿਆਈਆ । ਧਵਲਾ ਤੇਰਾ ਭਾਰ ਚੁਕਾਏ, ਹੌਲਾ ਭਾਰ ਇਕ ਵਖਾਈਆ । ਦੁਸ਼ਟ ਹੰਕਾਰੀ ਮੇਟ ਮਿਟਾਏ, ਲੋਕਮਾਤ ਰਹਿਣ ਨਾ ਪਾਈਆ । ਏਕਾ ਖੰਡਾ ਹੱਥ ਚਮਕਾਏ, ਦੁਸ਼ਟ ਦਮਨ ਆਪਣਾ ਆਪ ਚਮਕਾਈਆ । ਬ੍ਰਹਿਮੰਡਾਂ ਖੰਡਾਂ ਖੋਜ ਖੁਜਾਏ, ਤ੍ਰੈ ਭਵਨ ਫੇਰਾ ਪਾਈਆ । ਅਵਣ ਗਵਣ ਡੇਰਾ ਢਾਏ, ਕਲਜੁਗ ਵੇਖੇ ਝੂਠੀ ਸ਼ਾਹੀਆ । ਨਿਹਕਲੰਕਾ ਨਾਉਂ ਧਰਾਏ, ਤੇਰਾ ਸ਼ੰਕਾ ਦਏ ਮਿਟਾਈਆ । ਸਨਕ ਸਨੰਦਨ ਸਨਾਤਨ ਸੰਗ ਰਲਾਏ, ਸੰਤ ਕੁਮਾਰਾ ਢਹਿ ਪਏ ਸਰਨਾਈਆ । ਬਰਾਹ ਯਗੈ ਰੂਪ ਵਟਾਏ, ਹਾਵ ਗ਼ਰੀਬ ਸੱਚੀ ਸਰਨਾਈਆ । ਨਰ ਨਰਾਇਣ ਸੀਸ ਝੁਕਾਏ, ਕਪਲਮੁਨ ਰਿਹਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੌਲਾ ਭਾਰ ਕਰਾਈਆ । ਹੌਲਾ ਭਾਰ ਕਰਾਵਣ ਆਏ        , ਦਤਾ ਤ੍ਰੈ ਸੀਸ ਝੁਕਾਇੰਦਾ । ਰਿਖਵ ਦੇਵ ਭੇਵ ਨਿਆਰ, ਆਪਣਾ ਰੰਗ ਰੰਗਾਇੰਦਾ । ਪ੍ਰਿਥੂ ਧਰਨੀ ਪਾਵੇ ਸਾਰ, ਅੰਨ ਧਾਰ ਵਖਾਇੰਦਾ । ਮਤਸਯ ਮੇਲਾ ਅਪਾਰ, ਕੱਛਪ ਏਕਾ ਭਾਰ ਉਠਾਇੰਦਾ । ਧਨੰਤਰ ਔਖਦ ਕਰ ਤਿਆਰ, ਮੋਹਣ ਮਾਧਵ ਮੋਹਣੀ ਰੂਪ ਵਟਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਹੋ ਤਿਆਰ, ਆਪ ਆਪਣੀ ਜੋਤ ਆਦਿ ਜੁਗਾਦਿ ਜਗਾਇੰਦਾ । ਹੰਸਾ ਚੋਗ ਆਪ ਚੁਗਾਏ, ਮਾਣਕ ਮੋਤੀ ਵੇਖ ਵਖਾਇੰਦਾ । ਨਰ ਸਿੰਘ ਰੂਪ ਰੂਪ ਵਖਾਏ, ਭਗਤ ਪ੍ਰਹਿਲਾਦ ਗੋਦ ਬਹਾਇੰਦਾ । ਨਰ ਨਰਾਇਣ ਆਪ ਹੋ ਜਾਏ, ਬਾਲੀ ਬੁਧ ਧਰੂ ਸਮਝਾਇੰਦਾ । ਨਰ ਹਰਿ ਆਪਣੀ ਖੇਲ ਖਲਾਏ, ਗਜ ਫੰਦਨ ਫੰਦ ਕਟਾਇੰਦਾ । ਸ਼ੱਤਰੀ ਖੱਤਰੀ ਵੇਖ ਵਖਾਏ, ਪਾਰਸ ਪਰਸ ਰੂਪ ਧਰਾਇੰਦਾ । ਲੰਕਾ ਗੜ੍ਹ ਹੰਕਾਰ ਤੁੜਾਏ, ਰਾਮਾ ਹੱਥ ਚੱਕਰ ਰਖਾਇੰਦਾ । ਸੀਤਾ ਸਵਾਣੀ ਆਪ ਪਰਨਾਏ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਤਿ ਸਰੋਵਰ ਵੇਖ ਵਖਾਏ, ਜਗਤ ਭੀਲਣੀ ਮੇਲ ਮਿਲਾਇੰਦਾ । ਆਪਣਾ ਬੇੜਾ ਆਪ ਚਲਾਏ, ਰੂਪ ਅਨੂਪਾ ਨਾਉਂ ਧਰਾਇੰਦਾ । ਵੇਦ ਵਿਆਸਾ ਲੇਖ ਲਿਖਾਏ, ਕਵਾਰੀ ਕੰਨਿਆ ਭਾਗ ਲਗਾਇੰਦਾ । ਅਠਾਰਾਂ ਪੁਰਾਨ ਆਪ ਜਣਾਏ, ਬ੍ਰਹਮਾ ਨਾਰਦ ਸੰਗ ਰਲਾਇੰਦਾ । ਬਾਰਾਂ ਅਕਸ਼ਰ ਧਾਰ ਬੰਧਾਏ, ਵਿਸਮਾਦ ਆਪਣਾ ਰੂਪ ਧਰਾਇੰਦਾ । ਕਾਹਨਾ ਕੰਸ ਮੇਟ ਮਿਟਾਏ, ਨਾਮ ਬੰਸਰੀ ਇਕ ਸੁਣਾਇੰਦਾ । ਮੋਰ ਮੁਕਟ ਸੀਸ ਟਿਕਾਏ, ਮੁਕੰਦ ਮਨੋਹਰ ਲੱਖਮੀ ਨਰਾਇਣ ਨਾਉਂ ਉਪਜਾਇੰਦਾ । ਪੰਚਮ ਪਾਂਡੋ ਮੇਲ ਮਿਲਾਏ, ਦਰੋਪਦ ਲੱਜਿਆ ਆਪ ਰਖਾਇੰਦਾ । ਗੀਤਾ ਗਿਆਨ ਇਕ ਦ੍ਰਿੜਾਏ, ਅਠਾਰਾਂ ਧਿਆਏ ਭੇਵ ਖੁਲਾਇੰਦਾ । ਅਰਜਨ ਸ਼ਬਦ ਇਕ ਸਮਝਾਏ, ਏਕਾ ਬੂਝ ਆਪ ਬੁਝਾਇੰਦਾ । ਬਿਦਰ ਸੁਦਾਮਾ ਪਾਰ ਕਰਾਏ,

ਘਰ ਅਲੂਣੇ ਸਾਗ ਭੋਗ ਲਗਾਇੰਦਾ । ਏਕਾ ਤੰਦਲ ਮੁੱਠ ਵਖਾਏ, ਯਾਰ ਯਾਰੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਅਪਾਰਾ, ਜੁਗਾ ਜੁਗੰਤਰ ਲੈ ਅਵਤਾਰਾ, ਧਰਤ ਕਰਾਏ ਹੌਲਾ ਭਾਰਾ, ਰਥ ਰਥਵਾਹੀ ਸੇਵ ਕਮਾਇੰਦਾ । ਸੇਵ ਕਮਾਏ ਹਰਿ ਕਰਤਾਰ, ਜੁਗ ਜੁਗ ਵੇਸ ਵਟਾਇੰਦਾ । ਬੁਧ ਬਿਬੇਕ ਕਰ ਤਿਆਰ, ਕਲਜੁਗ ਵੇਖ ਵਖਾਇੰਦਾ । ਏਕਾ ਬ੍ਰਹਮ ਮਤ ਪਾਵੇ ਸਾਰ, ਏਕਾ ਤਤ ਵਖਾਇੰਦਾ । ਏਕਾ ਜੋਤ ਕਰ ਉਜਿਆਰ, ਘਰ ਘਰ ਦੀਪਕ ਆਪ ਜਗਾਇੰਦਾ । ਏਕਾ ਰਤ ਭਰੇ ਭੰਡਾਰ, ਅਤੋਟ ਅਤੁਟ ਵਖਾਇੰਦਾ । ਏਕਾ ਨਬੀ ਏਕਾ ਰਸੂਲ ਏਕਾ ਬੇਐਬ ਪਰਵਰਦਿਗਾਰ, ਏਕਾ ਆਪਣਾ ਨਾਉਂ ਵਟਾਇੰਦਾ । ਏਕਾ ਈਸਾ ਏਕਾ ਮੂਸਾ ਕਰ ਤਿਆਰ, ਸੰਗ ਮੁਹੰਮਦ ਚਾਰ ਯਾਰ ਆਪਣਾ ਕਲਮਾ ਆਪ ਪੜ੍ਹਾਇੰਦਾ । ਏਕਾ ਨਬੀ ਉਮਤ ਰਸੂਲ, ਸ਼ਰਅ ਸ਼ਰੀਅਤ ਇਕ ਵਖਾਈਆ । ਏਕਾ ਉਮਤ ਕਰੇ ਕਬੂਲ, ਏਕਾ ਆਪਣਾ ਹੁਕਮ ਵਰਤਾਈਆ । ਏਕਾ ਕੰਤ ਇਕ ਕੰਤੂਲ, ਏਕਾ ਵੇਖੇ ਥਾਉਂ ਥਾਈਆ । ਆਦਿ ਜੁਗਾਦਿ ਨਾ ਜਾਏ ਭੂਲ, ਆਪਣੀ ਕਾਰ ਆਪ ਕਮਾਈਆ । ਧਰਤ ਧਵਲ ਚੁਕਾਏ ਤੇਰਾ ਮੂਲ, ਹੌਲਾ ਭਾਰ ਕਰਾਈਆ । ਆਪਣਾ ਜਾਣੇ ਆਪ ਅਸੂਲ, ਅੰਜੀਲ ਕੁਰਾਨ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਆਪ ਖੁਲਾਣਾ, ਆਪਣੀ ਬੂਝ ਬੁਝਾਇੰਦਾ । ਆਪੇ ਵਰਤੇ ਆਪਣਾ ਭਾਣਾ, ਆਪਣੇ ਭਾਣੇ ਸਦ ਰਹਾਇੰਦਾ । ਆਪੇ ਚਾਰ ਯਾਰੀ ਸੁਣਾਏ ਇਕ ਤਰਾਨਾ, ਹਕ ਹਕ ਆਪ ਸਮਝਾਇੰਦਾ । ਆਪੇ ਵਰਤੇ ਵਰਤਾਵੇ ਦੋ ਜਹਾਨਾ, ਦੋਜ਼ਖ ਬਹਿਸ਼ਤ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਧਰਨੀ ਤੇਰਾ ਭਾਰ ਵੰਡਾਇੰਦਾ । ਤੇਰਾ ਭਾਰ ਵੰਡਾਵਨ ਆਇਆ, ਨਾਨਕ ਨਿਰਗੁਣ ਜਾਮਾ ਧਾਰ । ਚਾਰ ਵਰਨਾਂ ਆਪ ਸਮਝਾਵਨ ਆਇਆ, ਸਤਿਨਾਮ ਕਰ ਉਜਿਆਰ । ਪੰਡਤ ਪਾਂਧੇ ਆਪ ਸਮਝਾਵਣ ਆਇਆ, ਬ੍ਰਹਮ ਮਤ ਕਰ ਉਜਿਆਰ । ਮੁਲਾਂ ਸ਼ੇਖ ਮੁਸਾਇਕ ਪੀਰ ਮਾਰਗ ਲਾਵਨ ਆਇਆ, ਦਸਤਗੀਰਾਂ ਦਰਸ ਦਿਖਾਏ ਗੁਪਤ ਜ਼ਾਹਿਰ । ਸੱਤਾ ਦੀਪਾਂ ਏਕਾ ਰੰਗ ਰੰਗਾਵਣ ਆਇਆ, ਵਡ ਪੀਰਨ ਗੁਰ ਅਵਤਾਰ । ਏਕਾ ਜੋਤੀ ਜਾਮਾ ਵੇਸ ਵਟਾਵਣ ਆਇਆ, ਦਸ ਦਸ ਮੇਲਾ ਗੁਣੀ ਗਹੀਰ । ਆਪਣੀ ਕਲ ਆਪ ਵਰਤਾਵਨ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਚੋਲਾ ਬਦਲੇ ਚੀਰ । ਕਾਇਆ ਬਦਲਿਆ ਹਰਿ ਹਰਿ ਚੋਲਾ, ਚੋਲੀ ਰੰਗਣ ਰੰਗ ਰੰਗਾਈਆ । ਜੁਗਾ ਜੁਗੰਤਰ ਬਣਿਆ ਗੋਲਾ, ਲੋਕਮਾਤ ਸੇਵ ਕਮਾਈਆ । ਸਤਿ ਸਤਿਵਾਦੀ ਏਕਾ ਤੋਲਾ, ਤ੍ਰੈਗੁਣ ਮਾਇਆ ਤੋਲ ਤੁਲਾਈਆ । ਕਲਜੁਗ ਅੰਤਮ ਪਾਏ ਰੌਲਾ, ਗੁਰ ਗੋਬਿੰਦ ਵੇਖ ਵਖਾਈਆ । ਜਨ ਭਗਤਾਂ ਗ਼ਰੀਬ ਨਿਮਾਣਿਆਂ ਅੰਮ੍ਰਿਤ ਭਰਾਏ ਆਤਮ ਕਵਲਾ, ਸਚ ਪਿਆਲਾ ਜਾਮ ਪਿਆਈਆ । ਮਿਲੇ ਵਡਿਆਈ ਉਪਰ ਧਵਲਾ, ਧਰਤ ਧਵਲ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਮੇਟੇ ਝੂਠੀ ਸ਼ਾਹੀਆ । ਕਲਜੁਗ ਅੰਤਮ ਹੌਲਾ ਭਾਰ, ਗੁਰ ਗੋਬਿੰਦ ਆਪ ਕਰਾਈਆ । ਚਾਰੇ ਸੁੱਤ ਦੁਲਾਰੇ ਵਾਰ, ਮਾਤ ਪਿਤ ਭੇਟ ਚੜ੍ਹਾਈਆ । ਸਤਿਜੁਗ ਰੰਗ ਚੜ੍ਹੇ ਅਜੀਤ ਤ੍ਰੇਤਾ ਤੇਰਾ ਰੂਪ ਜੁਝਾਰ, ਝੂਝ ਝੂਝ ਖ਼ੁਸ਼ੀ ਮਨਾਈਆ । ਦੁਆਪਰ ਫਤਿਹ ਡੰਕਾ ਵੱਜੇ ਅਪਾਰ, ਵਜਾਵਣਹਾਰਾ ਇਕ ਵਜਾਈਆ । ਕਲਜੁਗ ਜੋਰਾਵਰ ਜ਼ੋਰ ਧਰੇ ਵਿਚ ਸੰਸਾਰ, ਬਲ ਆਪਣਾ ਆਪ ਵਖਾਈਆ । ਸਤਿਜੁਗ ਸਾਚੀ ਨੀਆਂ ਗਏ ਉਸਾਰ, ਕਲਜੁਗ ਕੂੜਾ ਕੂੜੀ ਜੜ

ਉਖੜਾਈਆ । ਸਾਚਾ ਬੂਟਾ ਕਰ ਤਿਆਰ, ਲੋਕਮਾਤ ਗੁਰ ਲਗਾਈਆ । ਫੁਲ ਫੁਲਵਾੜੀ ਕਰੇ ਤਿਆਰ, ਸਾਚੀ ਹਾੜ੍ਹੀ ਵੇਖ ਵਖਾਈਆ । ਕਲਜੁਗ ਅੰਤਮ ਵਾਰੀ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਨੌ ਖੰਡ ਪ੍ਰਿਥਮੀ ਵੇਖ ਵਿਖਾਈਆ । ਧਰਤ ਧਵਲ ਤੇਰਾ ਹੌਲਾ ਕਰੇ ਭਾਰ, ਸਾਵਲ ਸੁੰਦਰ ਮੀਤ ਮੁਰਾਰ, ਰਾਮ ਰਮਈਆ ਆਪ ਨਿਰੰਕਾਰ, ਈਸਾ ਮੂਸਾ ਖੇਲ ਕਰੇ ਸੰਸਾਰ, ਨਿਰਗੁਣ ਆਪਣਾ ਵਰਨ ਨਾ ਕੋਈ ਰਖਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਨਿਹਕਲੰਕ ਹਰਿ ਆਪ ਅਖਵਾਇੰਦਾ । ਥਿਰ ਘਰ ਸਾਚੇ ਨਿਰਮਲ ਜੋਤ, ਜੋਤੀ ਜਾਤਾ ਜੋਤ ਜਗਾਇੰਦਾ । ਆਦਿ ਜੁਗਾਦੀ ਏਕਾ ਓਟ, ਪੁਰਖ ਅਕਾਲ ਆਪ ਰਖਾਇੰਦਾ । ਜੁਗਾ ਜੁਗੰਤਰ ਸ਼ਬਦ ਨਗਾਰੇ ਲਾਏ ਚੋਟ, ਗੁਰ ਅਵਤਾਰ ਆਪ ਉਪਜਾਇੰਦਾ । ਅੰਤਮ ਕੱਢੇ ਲੱਖ ਚੁਰਾਸੀ ਵਾਸਨਾ ਖੋਟ, ਜਗਤ ਜੁਗ ਮਨਵੰਤਰ ਗੇੜਾ ਆਪ ਦਵਾਇੰਦਾ । ਆਪੇ ਜਾਣੇ ਆਪਣਾ ਓਤ ਪੋਤ, ਬੰਸ ਸਰਬੰਸਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਪਾਰ ਕਰਾਵਣਾ, ਕਰ ਕਿਰਪਾ ਹਰਿ ਕਰਤਾਰ । ਘਰ ਮੰਦਰ ਇਕ ਸੁਹਾਵਣਾ, ਮੇਲ ਮਿਲਾਏ ਹਰਿ ਹਰਿ ਮੀਤ ਮੁਰਾਰ । ਲੱਖ ਚੁਰਾਸੀ ਫੰਦ ਕਟਾਵਣਾ, ਮਾਨਸ ਜਨਮ ਪੈਜ ਸਵਾਰ । ਮਾਤ ਗਰਭ ਫੇਰ ਨਾ ਆਵਣਾ, ਜਿਸ ਜਨ ਦਰਸਨ ਪਾਇਆ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਉਭਾਰ । ਗੁਰਮੁਖ ਸੱਜਣ ਸਚ ਘਰ, ਹਰਿ ਸਾਚਾ ਸਚ ਸੁਹਾਇੰਦਾ । ਧਰਨੀ ਦੇਵੇ ਏਕਾ ਵਰ, ਹੁਕਮੀ ਹੁਕਮ ਸੁਣਾਇੰਦਾ । ਗੁਰਮੁਖਾਂ ਲੜ ਆਪਣਾ ਫੜ, ਸਤਿਗੁਰ ਪੂਰਾ ਆਪ ਫੜਾਇੰਦਾ । ਤੇਰਾ ਭਾਰ ਹੌਲਾ ਦੇਣਾ ਕਰ, ਵੇਲੇ ਅੰਤ ਵੰਡ ਵੰਡਾਇੰਦਾ । ਦਿਵਸ ਰੈਣ ਅੱਠੇ ਪਹਿਰ ਏਕਾ ਜਪਣ ਹਰੀ ਹਰਿ, ਹਰਿ ਬਿਨ ਅਵਰ ਨਾ ਕੋਈ ਭਾਇੰਦਾ । ਸਾਚੀ ਤਰਨੀ ਜਾਇਣ ਤਰ, ਸਤਿਗੁਰ ਪੂਰਾ ਆਪ ਤਰਾਇੰਦਾ । ਕੂੜ ਕੁੜਿਆਰਾ ਚੁੱਕੇ ਡਰ, ਭੈ ਭਿਆਨਕ ਨਾ ਕੋਈ ਵਖਾਇੰਦਾ । ਸਤਿ ਦਵਾਰੇ ਜਾਣਾ ਵੜ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਭਾਣਾ ਹਰਿ ਹਰਿ ਰਾਣਾ, ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਏਕਾ ਗਾਣਾ, ਰਾਗ ਨਾਦ ਇਕ ਵਜਾਇੰਦਾ ।



ਹਰਿ ਕਾ ਨਾਮ ਸਾਚਾ ਗੁਰ ਮੰਤਰ, ਪੁਰਖ ਅਬਿਨਾਸ਼ੀ ਆਪ ਉਪਾਇੰਦਾ । ਜੁਗਾ ਜੁਗੰਤਰ ਬੁਝਾਏ ਬਸੰਤਰ, ਤ੍ਰੈਗੁਣ ਮਾਇਆ ਤਤ ਗਵਾਇੰਦਾ । ਨਿਰਗੁਣ ਸਰਗੁਣ ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰ ਆਤਮ ਵੇਖ ਵਿਖਾਇੰਦਾ । ਲੋਕਮਾਤ ਬਣਾਏ ਆਪਣੀ ਬਣਤਰ, ਨਿਰਗੁਣ ਸਰਗੁਣ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਉਪਾਇੰਦਾ । ਹਰਿ ਕਾ ਨਾਉਂ ਅਗੰਮ ਅਪਾਰ, ਹਰਿ ਸਾਚਾ ਆਪ ਉਪਾਈਆ । ਥਿਰ ਘਰ ਵਾਸੀ ਖੋਲ੍ਹ ਕਿਵਾੜ, ਸਚਖੰਡ ਦਵਾਰਾ ਆਪ ਸੁਹਾਈਆ । ਸੁੰਨ ਅਗੰਮੀ ਕੱਢੇ ਬਾਹਿਰ, ਅਲੱਖ ਅਲੱਖਣਾ ਭੇਵ ਨਾ ਰਾਈਆ । ਲੱਖ ਚੁਰਾਸੀ ਕਰ ਪਸਾਰ, ਘਰ ਘਰ ਵਿਚ ਆਪ ਟਿਕਾਈਆ । ਆਪੇ ਕਰੇ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਈਆ । ਨੇਤਰ ਨੈਣ ਦਿਸ ਨਾ ਆਏ ਵਿਚ ਸੰਸਾਰ, ਲੱਖ ਚੁਰਾਸੀ ਬੈਠੀ ਰਾਹ ਤਕਾਈਆ । ਸਾਚੇ ਮੰਦਰ ਭਰ ਭੰਡਾਰ, ਪੁਰਖ ਅਬਿਨਾਸ਼ੀ

ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਈਆ । ਆਪਣਾ ਨਾਉਂ ਅੰਦਰ ਧਰ, ਆਪੇ ਵੇਖ ਵਖਾਇੰਦਾ । ਆਪਣੀ ਕਿਰਪਾ ਆਪੇ ਕਰ, ਆਪੇ ਮੇਲ ਮਿਲਾਇੰਦਾ । ਆਪੇ ਦੇਵਣਹਾਰਾ ਵਰ, ਵਰ ਘਰ ਸਾਚਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਜਗਤ ਵੱਖਰ, ਆਪਣਾ ਨਾਉਂ ਆਪ ਦ੍ਰਿੜਾਇੰਦਾ । ਹਰਿ ਕਾ ਨਾਮ ਨਾਮ ਅਮੋਲਾ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਸ਼ਬਦ ਵਿਚੋਲਾ, ਗੁਰ ਗੁਰ ਰੂਪ ਵਟਾਇੰਦਾ । ਲੱਖ ਚੁਰਾਸੀ ਬਣੇ ਤੋਲਾ, ਜੀਵ ਜੰਤ ਆਪ ਤੁਲਾਇੰਦਾ । ਆਪੇ ਬੋਲੇ ਆਪਣਾ ਬੋਲਾ, ਅੱਖਰ ਵੱਖਰ ਨਾਮ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਅੱਖਰ ਵੱਖਰ ਨਿਰਗੁਣ ਸਾਚਾ ਉਪਾਇੰਦਾ । ਨਾਮ ਵਸਤ ਅਮੋਲਕ, ਪੁਰਖ ਅਬਿਨਾਸ਼ੀ ਆਪ ਉਪਜਾਈਆ । ਆਪੇ ਰੱਖੇ ਆਪਣੀ ਗੋਲਕ, ਆਪ ਆਪਣੇ ਵਿਚ ਟਿਕਾਈਆ । ਸੇਵਾ ਕਮਾਏ ਨਾਦ ਵਜਾਏ ਅਨਹਦ ਢੋਲਕ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਹਰਿ ਨੇਹਕੇਵ, ਆਪੇ ਆਪ ਸਮਝਾਈਆ । ਹਰਿ ਹਰਿ ਆਪ ਬੁਝਾਇੰਦਾ, ਕਰ ਕਿਰਪਾ ਆਪ ਨਿਰੰਕਾਰ । ਨਿਰਗੁਣ ਸਰਗੁਣ ਰੂਪ ਵਟਾਇੰਦਾ, ਗੁਰ ਗੁਰ ਲਏ ਮਾਤ ਅਵਤਾਰ । ਜੋਤੀ ਜੋਤ ਜੋਤ ਜਗਾਇੰਦਾ, ਨੂਰ ਨੁਰਾਨਾ ਹੋ ਉਜਿਆਰ । ਧੁਰ ਫ਼ਰਮਾਣਾ ਆਪ ਸੁਣਾਇੰਦਾ, ਏਕਾ ਸ਼ਬਦ ਨਾਦ ਜੈਕਾਰ । ਸਾਚੀ ਸੇਵਾ ਆਪ ਕਮਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਭਗਤ ਭਗਵੰਤ ਵੇਖ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸਚ ਪਿਆਰ । ਗੁਰ ਗੁਰ ਸਦਾ ਸਲਾਹੀਏ, ਲੋਕਮਾਤ ਲਏ ਅਵਤਾਰ । ਏਕਾ ਮੰਤਰ ਨਾਮ ਦ੍ਰਿੜਾਈਏ, ਸਤਿਗੁਰ ਰਸਨਾ ਦਏ ਉਚਾਰ । ਗੁਰ ਚਰਨ ਧਿਆਨ ਲਗਾਈਏ, ਭਵਜਲ ਉਤਰੇ ਪਾਰ । ਗੁਰ ਸਤਿਗੁਰ ਦਰਸਨ ਪਾਈਏ, ਮਿਟੇ ਅੰਧ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਨਾਮ ਅਧਾਰ । ਸ਼ਬਦ ਭੰਡਾਰੀ ਆਪ ਹਰਿ, ਗੁਰ ਗੁਰ ਰੂਪ ਸਮਾਇੰਦਾ । ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣੀ ਬੂਝ ਬੁਝਾਇੰਦਾ । ਪੰਚ ਵਿਕਾਰਾ ਜਾਏ ਹਰ, ਹਰਿ ਕਾ ਸ਼ਬਦ ਧੁਨ ਉਪਜਾਇੰਦਾ । ਆਪ ਨੁਹਾਏ ਸਾਚੇ ਸਰ, ਸਤਿਗੁਰ ਪੂਰਾ ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਗੁਰਸਿਖ ਗ਼ਰੀਬ ਨਿਮਾਣੇ ਸ਼ਬਦ ਸਰੂਪੀ ਲਏ ਫੜ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਮਾਇਆ ਮਮਤਾ ਮੋਹ ਚੁਕਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖਾਂ ਆਪ ਪੜ੍ਹਾਇੰਦਾ । ਕਾਇਆ ਮੰਦਰ ਬੈਠਾ ਵੜ, ਆਪਣਾ ਪਰਦਾ ਆਪੇ ਲਾਹਿੰਦਾ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਆਪਣਾ ਖੇਲ ਖਿਲਾਇੰਦਾ । ਸਤਿਗੁਰ ਸਾਚਾ ਸੇਵਣਾ, ਅਲੱਖ ਅਗੋਚਰ ਅਗੰਮ ਅਪਾਰ । ਗੁਰ ਗੁਰ ਰੂਪ ਨੇਤਰ ਪੇਖਣਾ, ਨਿਜ ਨੇਤਰ ਨੈਣ ਉਘਾੜ । ਮੁਛ ਦਾੜ੍ਹੀ ਨਾ ਦਿਸੇ ਕੇਸਣਾ, ਮੂੰਡ ਮੰਡਾਏ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਵਖਾਏ ਸਾਚੀ ਧਾਰ । ਨਾਮ ਧਾਰ ਧਾਰ ਨਿਰਾਲੀ, ਪੁਰਖ ਅਕਾਲ ਆਪ ਚਲਾਈਆ । ਸੇਵਾ ਕਰੇ ਜੋਤ ਅਕਾਲੀ, ਜੁਗ ਜੁਗ ਵੇਸ ਵਟਾਈਆ । ਗੁਰ ਗੁਰ ਸ਼ਬਦ ਬਣੇ ਦਲਾਲੀ, ਜਗਤ ਦਲਾਲ ਆਪ ਅਖਵਾਈਆ । ਜੋ ਜਨ ਘਾਲਣ ਰਹੇ ਘਾਲੀ, ਹਰਿ ਹਰਿ ਘਾਲ ਥਾਏਂ ਪਾਈਆ । ਫਲ ਲਗਾਏ ਕਾਇਆ

੯੧੧ ੦੯

ਡਾਲ੍ਹੀ, ਫੁਲ ਫਲਵਾੜੀ ਆਪ ਮਹਿਕਾਈਆ । ਜੁਗ ਜੁਗ ਚਲੇ ਅਵੱਲੜੀ ਚਾਲੀ, ਆਪਣਾ ਨਾਉਂ ਆਪ ਉਪਜਾਈਆ । ਲੇਖਾ ਜਾਣੇ ਧੁਰ ਦਾ ਵਾਲੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਧੁਰ ਦਰਗਾਹੀ ਸਾਚਾ ਮਾਲੀ, ਨਾਮ ਬੂਟਾ ਮਾਤ ਲਗਾਈਆ । ਮਨਮੁਖ ਜੀਵ ਰਹਿਣ ਖ਼ਾਲੀ, ਫਲ ਅੰਮ੍ਰਿਤ ਨਾ ਕੋਇ ਵਖਾਈਆ । ਸਤਿਗੁਰ ਦਵਾਰੇ ਜੋ ਬਣੇ ਸਵਾਲੀ, ਨਾਮ ਭਿਛਿਆ ਝੋਲੀ ਪਾਈਆ । ਸੁਰਤ ਸਵਾਣੀ ਨਾ ਹੋਏ ਬੇਹਾਲੀ, ਮਨ ਮਨੂਆ ਨਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਏਕਾ ਮਾਰਗ ਲਾਈਆ । ਜੁਗ ਜੁਗ ਮਾਰਗ ਲਾਇੰਦਾ, ਗੁਰ ਸਤਿਗੁਰ ਲੈ ਅਵਤਾਰ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਸ਼ਬਦ ਅਗੰਮੀ ਬੋਲ ਜੈਕਾਰ । ਗੁਰਮੁਖ ਸਾਚੇ ਆਪ ਉਠਾਇੰਦਾ, ਬਖ਼ਸ਼ੇ ਚਰਨ ਕਵਲ ਪਿਆਰ । ਦੁਰਮਤ ਮੈਲ ਆਪ ਧੁਆਇੰਦਾ, ਪਤਿਤ ਪਾਪੀ ਦੇਵੇ ਤਾਰ । ਨੌ ਦਵਾਰੇ ਖੋਜ ਖੋਜਾਇੰਦਾ, ਸੁਖਮਨ ਨਾੜੀ ਪਾਵੇ ਸਾਰ । ਟੇਢੀ ਬੰਕ ਪਾਰ ਕਰਾਇੰਦਾ, ਤ੍ਰਬੈਣੀ ਨੈਣੀ ਦਏ ਹੁਲਾਰ । ਅੰਮ੍ਰਿਤ ਸਾਚਾ ਜਾਮ ਪਿਆਇੰਦਾ, ਨਿਝਰ ਝਿਰਨਾ ਖੋਲ੍ਹ ਕਿਵਾੜ । ਕਾਗੋਂ ਹੰਸ ਆਪ ਉਡਾਇੰਦਾ, ਮਾਣਕ ਮੋਤੀ ਚੋਗ ਚੁਗਾਏ ਅਗੰਮ ਅਪਾਰ । ਸਾਚੀ ਸੋਟੀ ਹੱਥ ਫੜਾਇੰਦਾ, ਗੁਰ ਮੰਤਰ ਸ਼ਬਦ ਆਧਾਰ । ਹਰਿ ਕਾ ਮੰਤਰ ਲਿਖਣ ਪੜ੍ਹਣ ਵਿਚ ਨਾ ਆਇੰਦਾ, ਵੇਦ ਸ਼ਾਸਤਰ ਸਿਮਰਤ ਖਾਣੀ ਬਾਣੀ ਅੰਜੀਲ ਕੁਰਾਨ ਕਰਨ ਪੁਕਾਰ । ਨਿਸ਼ਅੱਖਰ ਆਪ ਰਖਾਇੰਦਾ, ਬੋਧ ਅਗਾਧਾ ਖੇਲ ਅਪਾਰ । ਕਾਗਦ ਕਲਮ ਮੁਖ ਸ਼ਰਮਾਇੰਦਾ, ਲੇਖਾ ਲਿਖ ਨਾ ਸਕੇ ਕੋਈ ਜੀਵ ਸੰਸਾਰ । ਸਤਿਗੁਰ ਪੂਰਾ ਏਕਾ ਮੰਤਰ ਗੁਰਮੁਖ ਸਾਚੇ ਆਪ ਬੁਝਾਇੰਦਾ, ਆਪ ਆਪਣੀ ਕਿਰਪਾ ਧਾਰ । ਬਜਰ ਕਪਾਟੀ ਤੋੜ ਤੁੜਾਇੰਦਾ, ਸ਼ਬਦ ਖੰਡਾ ਏਕਾ ਮਾਰ । ਦਸਮ ਦਵਾਰੀ ਪਰਦਾ ਲਾਹਿੰਦਾ, ਨਿਰਗੁਣ ਨੂਰ ਕਰ ਉਜਿਆਰ । ਆਤਮ ਸੇਜਾ ਆਪ ਸੁਹਾਇੰਦਾ, ਆਪ ਆਪਣਾ ਕਰ ਪਿਆਰ । ਸਾਚੇ ਮੰਦਰ ਸੋਭਾ ਪਾਇੰਦਾ, ਸੋਭਾਵੰਤ ਪੁਰਖ ਭਤਾਰ । ਗੁਰਸਿਖ ਵਿਛੜ ਕਦੇ ਨਾ ਜਾਇੰਦਾ, ਜਿਸ ਮਿਲਿਆ ਗੁਰ ਕਰਤਾਰ । ਸਾਚਾ ਮਾਰਗ ਇਕ ਵਖਾਇੰਦਾ, ਸਤਿਗੁਰ ਪੂਰੇ ਚਰਨ ਦਵਾਰ । ਰਸਨਾ ਜਿਹਵਾ ਆਪ ਸੁਹਾਇੰਦਾ, ਬੱਤੀ ਦੰਦ ਕਰੇ ਵਿਚਾਰ । ਆਤਮ ਅੰਤਰ ਅਜਪਾ ਜਾਪ ਆਪ ਕਰਾਇੰਦਾ, ਸੁਰਤੀ ਲਿਵ ਗਾਏ ਗੁਫ਼ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚਾ ਮੰਤਰ, ਏਕਾ ਆਪਣਾ ਆਪ ਬੁਝਾਇੰਦਾ । ਲੱਖ ਚੁਰਾਸੀ ਜੀਵ ਜੰਤ, ਜੁਗ ਜੁਗ ਕੁਰਲਾਈਆ । ਭੇਵ ਖੁਲਾਏ ਵਿਰਲੇ ਸੰਤ, ਜਿਸ ਜਨ ਆਪਣੀ ਦਇਆ ਕਮਾਈਆ । ਮੇਲ ਮਿਲਾਵਾ ਨਾਰੀ ਕੰਤ, ਘਰ ਸੁਹੰਜਣੀ ਸੇਜ ਹੰਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਗੁਰ ਏਕਾ ਮੰਤ, ਇਸ਼ਟ ਦੇਵ ਇਕ ਅਖਵਾਈਆ । ਲੇਖਾ ਜਾਣੇ ਪੂਰਨ ਭਗਤ, ਪਾਰਬ੍ਰਹਮ ਪਾਰਬ੍ਰਹਮ ਬੇਪਰਵਾਹੀਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਪਰਦਾ ਕੋਈ ਨਾ ਲਾਹੀਆ । ਗੜ੍ਹ ਬਣਾਏ ਹਉਮੇ ਹੰਗਤ, ਪੰਜ ਤਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰ ਵਖਾਈਆ । ਸ਼ਬਦ ਗੁਰ ਸੂਰਬੀਰ ਸੁਲਤਾਨਾ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਏਕਾ ਸ਼ਬਦ ਧੁਰ ਫ਼ਰਮਾਣਾ, ਧੁਰ ਦੀ ਬਾਣੀ ਆਪ ਅਲਾਇੰਦਾ । ਆਤਮ ਅੰਤਰ ਇਕ ਬ੍ਰਹਮ ਗਿਆਨਾ, ਪਾਰਬ੍ਰਹਮ ਆਪ ਸਮਝਾਇੰਦਾ । ਸਾਚਾ ਮੰਦਰ ਸਚ ਮਕਾਨਾ, ਨਿਰਗੁਣ ਦੀਆ ਬਾਤੀ ਆਪ ਟਿਕਾਇੰਦਾ । ਅਨਹਦ ਰਾਗ ਸੁਣਾਏ ਗਾਣਾ, ਛੱਤੀ ਰਾਗ ਨਾ ਕੋਇ ਅਲਾਇੰਦਾ । ਆਪ ਵਖਾਏ ਆਪਣਾ ਸਚ ਟਿਕਾਣਾ, ਸਚ

ਬਬਾਣ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਸ਼ਬਦ ਆਪ ਉਪਜਾਇੰਦਾ । ਸ਼ਬਦ ਚਲਾਏ ਆਪ ਹਰਿ, ਨਿਰਗੁਣ ਸਰਗੁਣ ਲੈ ਅਵਤਾਰਾ । ਗੁਰਮੁਖ ਵਖਾਏ ਇਕ ਦਰ, ਲੱਖ ਚੁਰਾਸੀ ਕਰੇ ਖਵਾਰਾ । ਨਿਰਭੌ ਚੁਕਾਏ ਜਗਤ ਡਰ, ਪੰਜ ਤਤ ਮਾਰੇ ਮਾਰ ਵਿਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਰਾਹ ਸੁਖਾਲਾ । ਜੁਗ ਜੁਗ ਰਾਹ ਚਲਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਾਰ । ਓਅੰ ਸੋਹੰ ਰੂਪ ਆਪ ਹੋ ਜਾਇੰਦਾ, ਨਿਰਗੁਣ ਸਰਗੁਣ ਖੇਲ ਅਪਾਰ । ਓਅੰਕਾਰਾ ਆਪਣਾ ਰੂਪ ਵਟਾਇੰਦਾ, ਦੂਸਰ ਹੋਏ ਨਾ ਕੋਇ ਸੰਸਾਰ । ਬ੍ਰਹਮ ਪਾਰਬ੍ਰਹਮ ਉਪਜਾਇੰਦਾ, ਕਰੇ ਖੇਲ ਅਪਰ ਅਪਾਰ । ਏਕਾ ਅੱਖਰ ਆਪ ਬੁਝਾਇੰਦਾ, ਬਾਵਣ ਅੱਖਰ ਕਰ ਤਿਆਰ । ਬਾਵਨ ਰੂਪ ਆਪ ਵਟਾਇੰਦਾ, ਪੁਰਖ ਅਬਿਨਾਸ਼ੀ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕ ਇਕੱਲਾ ਏਕੰਕਾਰਾ, ਸਚ ਮਹੱਲਾ ਆਪ ਵਖਾਇੰਦਾ । ਸਤਿਜੁਗ ਸਤਿ ਮਹੱਲ ਵਸਾਇੰਦਾ, ਕਰ ਕਿਰਪਾ ਹਰਿ ਨਿਰੰਕਾਰ । ਏਕਾ ਆਪਣਾ ਨਾਮ ਦ੍ਰਿੜਾਇੰਦਾ, ਸੋ ਪੁਰਖ ਨਿਰੰਜਣ ਅਲੱਖ ਅਗੰਮ ਅਪਾਰ । ਹੰ ਬ੍ਰਹਮ ਮੇਲ ਮਿਲਾਇੰਦਾ, ਨਾਤਾ ਤੋੜ ਸਰਬ ਸੰਸਾਰ । ਆਪਣੀ ਧਾਰ ਬੰਧਾਇੰਦਾ, ਏਕਾ ਰਾਗ ਸੱਚੀ ਧੁਨਕਾਰ । ਹਰਿ ਸ਼ਬਦ ਨਾਦ ਸੁਣਾਇੰਦਾ, ਦਿਵਸ ਰੈਣ ਰਹੇ ਧੁਨਕਾਰ । ਠਾਂਡਾ ਜਲ ਆਪ ਪਿਆਇੰਦਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਜਿਸ ਸਿਰ ਆਪਣਾ ਹੱਥ ਟਿਕਾਇੰਦਾ, ਕਰ ਕਿਰਪਾ ਜਾਏ ਤਾਰ । ਪੂਜਾ ਪਾਠ ਨਾ ਕੋਇ ਵਖਾਇੰਦਾ, ਏਕਾ ਦਰਸ ਸਤਿਗੁਰ ਸੱਚਾ ਦੀਦਾਰ । ਅੰਦਰ ਮੰਦਰ ਖੋਜ ਖੁਜਾਇੰਦਾ, ਜੰਗਲ ਜੂਹ ਉਜਾੜ ਪਹਾੜ ਪਾਏ ਸਾਰ । ਉਚੇ ਟਿੱਲੇ ਆਪ ਬਹਾਇੰਦਾ, ਰੋਗ ਸੋਗ ਚਿੰਤਾ ਦੁੱਖ ਦਏ ਨਿਵਾਰ । ਮਾਇਆ ਮਮਤਾ ਮੋਹ ਚੁਕਾਇੰਦਾ, ਆਸਾ ਤ੍ਰਿਸ਼ਨਾ ਕਰੇ ਖ਼ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚਾ ਦਰ, ਆਪਣੇ ਘਰ ਆਪ ਵਖਾਇੰਦਾ । ਨਾਮ ਦ੍ਰਿੜਾਏ ਦਇਆ ਕਮਾਏ, ਰਸਨਾ ਜਿਹਵਾ ਆਪ ਹਿਲਾਈਆ । ਭਗਤ ਭਗਵੰਤ ਭਗਤੀ ਲਾਏ, ਭਾਵਨਾ ਭਾਵਨਾ ਵਿਚ ਟਿਕਾਈਆ । ਸੰਤ ਕੰਤ ਜੀਵ ਜੰਤ ਹਰਿ ਆਪ ਸਮਝਾਏ, ਗੁਰ ਮੰਤਰ ਨਾਮ ਪੜ੍ਹਾਈਆ । ਰਾਮ ਰਾਮਾ ਰੂਪ ਵਟਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੱਖਰ ਹਰਿ ਨਾਉਂ ਵਡਿਆਈਆ । ਜਗਤ ਅੱਖਰ ਸਰਗੁਣ ਧਾਰ, ਨਿਰਗੁਣ ਨਾਮ ਸਾਲਾਹਿੰਦਾ । ਨਿਰਗੁਣ ਦਾਤਾ ਖੇਲ ਕਰੇ ਅਪਾਰ, ਦਿਸ ਕਿਸੇ ਨਾ ਆਇੰਦਾ । ਸ਼ਬਦ ਵਿਚੋਲਾ ਬਣ ਸੰਸਾਰ, ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖ ਵਖਾਇੰਦਾ । ਆਪਣਾ ਢੋਲਾ ਗਾਏ ਆਪਣੀ ਵਾਰ, ਆਪ ਆਪਣਾ ਰਾਗ ਅਲ੍ਹ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਪੰਥ ਆਪ ਰਖਾਇੰਦਾ । ਸਾਚਾ ਮਾਰਗ ਸਵੱਛ ਸਰੂਪ, ਏਕਾ ਏਕਾ ਆਪ ਲਗਾਈਆ । ਧੁਰ ਦਰਗਾਹੀ ਸਾਚਾ ਭੂਪ, ਸਿੰਘਾਸਣ ਆਸਣ ਬੈਠਾ ਸੋਭਾ ਪਾਈਆ । ਏਕਾ ਨਾਮ ਚਲਾਏ ਚਾਰੇ ਕੂਟ, ਦਹਿ ਦਿਸ਼ਾ ਇਕ ਵਡਿਆਈਆ । ਸਤਿਗੁਰ ਪੂਰਾ ਆਪੇ ਤੁਠ, ਗੁਰ ਗੁਰ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚਾ ਹਰਿ, ਹਰਿਜਨ ਸਾਚੇ ਲਏ ਮਿਲਾਈਆ । ਗੁਰ ਗੁਰ ਦੇਹ ਬੁਝਾਇੰਦਾ, ਤੱਤਵ ਤਤ ਕਰ ਵਿਚਾਰ । ਏਕਾ ਸ਼ਬਦ ਨਾਮ ਸੁਣਾਇੰਦਾ, ਅਗੰਮ ਅਗੰਮੜਾ ਅਗੰਮੜੀ ਕਾਰ । ਅ ਲ ੱ ਖ ਅਲੱਖਨਾ ਪਾਰਬ੍ਰਹਮ ਕਰਤਾਰ । ਪਰਤੱਖ ਆਪਣਾ ਰੂਪ ਵਟਾਇੰਦਾ, ਨਿਰਗੁਣ ਸਰਗੁਣ ਹੋ ਉਜਿਆਰ । ਸਮਰਥ ਪੁਰਖ ਆਪਣਾ ਬੇੜਾ ਆਪ ਚਲਾਇੰਦਾ,

ਨਾਮ ਮੁਹਾਣਾ ਕਰ ਤਿਆਰ । ਜਗਤ ਸਾਗਰ ਵੇਖ ਵਖਾਇੰਦਾ, ਡੂੰਘੀ ਭਵਰੀ ਕਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਆਧਾਰ । ਨਾਮ ਅਪਾਰਾ ਹਰਿ ਨਿਰੰਕਾਰਾ, ਸਤਿਗੁਰ ਹੱਥ ਫੜਾਈਆ । ਸਤਿਗੁਰ ਬਣੇ ਆਪ ਵਰਤਾਰਾ, ਗੁਰ ਗੁਰ ਝੋਲੀ ਦਏ ਭਰਾਈਆ । ਗੁਰ ਗੁਰ ਹੋਏ ਸੇਵਾਦਾਰਾ, ਭਗਤਾਂ ਸੇਵ ਕਮਾਈਆ । ਭਗਤ ਵਖਾਏ ਇਕ ਦਵਾਰਾ, ਸੰਤਨ ਮੇਲਾ ਸਹਿਜ ਸੁਭਾਈਆ । ਸੰਤਨ ਖੋਲ੍ਹੇ ਬੰਦ ਕਿਵਾੜਾ, ਗੁਰਮੁਖਾਂ ਏਹ ਸਮਝਾਈਆ । ਗੁਰਮੁਖਾਂ ਕਰਾਏ ਵਣਜ ਵਪਾਰਾ, ਸਚ ਵਣਜਾਰਾ ਹੱਟ ਖੁਲ੍ਹਾਈਆ । ਸਾਚਾ ਹੱਟ ਖੋਲ੍ਹ ਦਵਾਰਾ, ਗੁਰਸਿਖਾਂ ਦਏ ਲੁਟਾਈਆ । ਮਨਮੁਖ ਨਾ ਪਾਏ ਕੋਈ ਸਾਰਾ, ਜੁਗ ਜੁਗ ਬੈਠੇ ਮੁਖ ਛੁਪਾਈਆ । ਜਿਸ ਜਨ ਮਿਲਿਆ ਗੁਰ ਕਰਤਾਰਾ, ਏਕਾ ਰੂਪ ਦਏ ਦਰਸਾਈਆ । ਪਤ ਪਰਮੇਸ਼ਵਰ ਸਚ ਸਵਾਮੀ ਮੇਲ ਮਿਲਾਏ ਕੰਤ ਭਤਾਰਾ, ਸੁਰਤ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰੇ ਦਏ ਵਡਿਆਈਆ । ਸਤਿਗੁਰ ਪੂਰਾ ਸਾਖ਼ਯਾਤ, ਜੁਗ ਜੁਗ ਦਇਆ ਕਮਾਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਇੰਦਾ । ਗੁਰਸਿਖਾਂ ਨਾਤਾ ਚਰਨ ਕਵਲ ਬੰਧਾਏ ਨਾਤ, ਆਪ ਆਪਣਾ ਬੰਧਨ ਪਾਇੰਦਾ । ਸ਼ਬਦ ਸੁਣਾਏ ਆਪਣੀ ਗਾਥ, ਰਸਨਾ ਜਿਹਵਾ ਨਾ ਕੋਈ ਹਲਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਕਰਮਾਂ ਵੇਖ ਵਖਾਇੰਦਾ । ਦਿਵਸ ਰੈਣ ਏਕਾ ਪਾਠ, ਸ਼ਬਦ ਅਨਾਦ ਧੁਨ ਵਜਾਇੰਦਾ । ਘਰ ਮੰਦਰ ਸਰੋਵਰ ਮਾਰੇ ਠਾਠ, ਅੰਮ੍ਰਿਤ ਆਤਮ ਜਲ ਭਰਾਇੰਦਾ । ਇਕ ਵਖਾਏ ਸਾਚਾ ਘਾਟ, ਤੀਰਥ ਤਟ ਨਾ ਕੋਇ ਜਣਾਇੰਦਾ । ਆਪੇ ਖੋਲ੍ਹੇ ਬਜਰ ਕਪਾਟ, ਤੀਜਾ ਲੋਇਣ ਆਪ ਪਰਗਟਾਇੰਦਾ । ਪੰਧ ਮੁਕਾਏ ਚੌਥੇ ਪਦ ਵਾਟ, ਸਾਚੇ ਪੌੜੇ ਆਪ ਚੜ੍ਹਾਇੰਦਾ । ਸਤਿਗੁਰ ਪੂਰਾ ਖੇਵਟ ਖੇਟ, ਗੁਰਸਿਖ ਬੇੜਾ ਆਪ ਤਰਾਇੰਦਾ । ਸ਼ਬਦ ਦੋਸ਼ਾਲੇ ਲਏ ਲਪੇਟ, ਆਪ ਆਪਣੀ ਗੋਦ ਬਹਾਇੰਦਾ । ਲੱਭਦੇ ਫਿਰਦੇ ਕੋਟੀ ਕੋਟ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਜੀਵ ਜੰਤ ਸਰਬ ਕੁਰਲਾਇੰਦਾ । ਗੁਰਮੁਖ ਵਿਰਲਾ ਦਇਆ ਕਮਾਏ, ਦਰਸ ਵਿਖਾਏ ਨੇਤਨ ਨੇਤ, ਨਿਤ ਨਵਿਤ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਰੇ ਸਾਚਾ ਹੇਤ, ਹਿਤਕਾਰੀ ਆਪ ਹੋ ਜਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਵੇਖ, ਗੁਰ ਸਤਿਗੁਰ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਭਿਆਸ ਇਕ ਦ੍ਰਿੜਾਇੰਦਾ । ਸਚ ਅਭਿਆਸ ਗੁਰ ਚਰਨ ਧਿਆਨਾ, ਨੇਤਰ ਨੈਣ ਨੈਣ ਸ਼ਰਮਾਈਆ । ਸਚ ਅਭਿਮਾਸ ਗੁਰ ਮੰਨਣਾ ਭਾਣਾ, ਹਰਿਜਨ ਭਾਣੇ ਸਦ ਸਮਾਈਆ । ਸਚ ਅਭਿਆਸ ਗੁਰ ਸ਼ਬਦ ਗਾਣਾ, ਸਚ ਤਰਾਨਾ ਇਕ ਸੁਣਾਈਆ । ਸਚ ਅਭਿਆਸ ਮਨ ਕਾ ਮਣਕਾ ਫਿਰਾਣਾ, ਮਨ ਚਿੰਦਿਆ ਰਹਿਣ ਨਾ ਪਾਈਆ । ਸਚ ਅਭਿਆਸ ਸਤਿਗੁਰ ਪੂਰਾ ਏਕਾ ਦਏ ਸ਼ਬਦ ਬਬਾਣਾ, ਗੁਰਸਿਖ ਸਾਚੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਮੇਲ ਮਿਲਾਈਆ । ਕਲਜੁਗ ਜੀਵ ਭੁਲਿਆ, ਪੰਜ ਤਤ ਦਏ ਦੁਹਾਈਆ । ਤ੍ਰੈਗੁਣ ਮਾਇਆ ਅੰਦਰ ਰੁਲਿਆ, ਮਾਇਆ ਮਮਤਾ ਹੋਈ ਹਲਕਾਈਆ । ਮਿਲਿਆ ਨਾਮ ਜਗਤ ਅਨਮੁਲਿਆ, ਨਾਮ ਅਮੋਲਕ ਹੀਰਾ ਬੈਠੇ ਗਵਾਈਆ । ਸਤਿਗੁਰ ਨਾਨਕ ਭੰਡਾਰਾ ਏਕਾ ਖੋਲ੍ਹਿਆ, ਨਾਮ ਸਤਿ ਗਿਆ ਵਰਤਾਈਆ । ਚਰਨ ਪ੍ਰੀਤੀ ਜੋ ਜਨ ਘੋਲੀ ਘੋਲਿਆ, ਘੋਲ ਘੁਮਾਈ ਲੇਖੇ ਲਾਈਆ । ਆਠ ਪਹਿਰ ਦਿਵਸ ਰੈਣ ਕਦੇ ਨਾ ਭੁੱਲਿਆ, ਸਾਚਾ ਮਾਰਗ ਇਕ ਵਖਾਈਆ । ਅੰਮ੍ਰਿਤ ਆਤਮ ਗੁਰਸਿਖ ਕਦੇ ਨਾ ਡੁਲਿਆ, ਮੂਧਾ ਕਵਲ

੬੧੪ ੦੯

ਆਪ ਭਰਾਈਆ । ਜੋ ਜਨ ਸਾਚੇ ਕੰਡੇ ਗੁਰ ਗੁਰ ਪੂਰੇ ਤੋਲ ਤੁਲਿਆ, ਤੇਰਾ ਤੇਰਾ ਤੇਰੀ ਧਾਰ ਚਲਾਈਆ । ਲੋਕਮਾਤ ਫਲਿਆ ਫੁਲਿਆ, ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਿਧ ਦਏ ਬਤਾਈਆ । ਹਰਿ ਕਾ ਨਾਮ ਸਾਚੀ ਬਿਧ, ਗੁਰ ਸਤਿਗੁਰ ਆਪ ਸਮਝਾਇੰਦਾ । ਚਰਨ ਦਾਸੀ ਕਰੇ ਨੌ ਨਿਧ, ਅਠਾਰਾਂ ਸਿਧ ਸੇਵ ਕਮਾਇੰਦਾ । ਗੁਰਸਿਖ ਉਪਜਾਏ ਆਪਣੀ ਬਿੰਦ, ਨਾਦੀ ਸੁੱਤ ਨਾਮ ਧਰਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗੁਰ ਸਤਿਗੁਰ ਆਪਣਾ ਰੂਪ ਵਟਾਇੰਦਾ । ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਮਨਮੁਖ ਲਗਾਏ ਆਪਣੀ ਨਿੰਦ, ਗੁਰਮੁਖ ਰਸਨਾ ਜਿਹਵਾ ਆਪਣਾ ਨਾਮ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਹ ਵਾ ਗੁਰੂ ਰੂਪ ਵਟਾਇੰਦਾ । ਵਾਹ ਵਾ ਗੁਰੂ ਗੁਰ ਗੁਰ ਕਰਤਾਰ, ਗੁਰ ਗੋਬਿੰਦ ਸ਼ਬਦ ਜਣਾਇੰਦਾ । ਚਰਨ ਕਵਲ ਕਵਲ ਚਰਨ ਸਚ ਪਿਆਰ, ਧਰਤ ਧਵਲ ਵੇਖ ਵਖਾਇੰਦਾ । ਆਤਮ ਮਵਲ ਪਵਣ ਹੁਲਾਰ, ਉਣੰਜਾ ਪਵਣ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਆਪ ਲਗਾਇੰਦਾ । ਸਾਚਾ ਮਾਰਗ ਸਤਿਗੁਰ ਲਾਇਆ, ਲੋਕਮਾਤ ਵੱਜੀ ਵਧਾਈਆ । ਗੁਰਸਿਖ ਮਨਮਤ ਦਏ ਤਜਾਇਆ, ਮਨਮਤ ਰਹਿਣ ਨਾ ਪਾਇਆ, ਗੁਰਮਤ ਸਾਚੀ ਲਏ ਪਰਨਾਇਆ । ਗੁਰ ਇਸ਼ਟ ਦੇਵ ਇਕ ਮਨਾਇਆ, ਸ਼ਬਦ ਗੁਰੂ ਗੁਰ ਜਗਤ ਅਖਵਾਇਆ, ਜੁਗ ਜੁਗ ਆਪਣੀ ਧੀਰ ਧਰਾਈਆ । ਅਲੱਖ ਅਭੇਵ ਆਦਿ ਨਿਰੰਜਣ ਜੋਤ ਜਗਾਇਆ, ਨਾ ਮਰੇ ਨਾ ਜਾਈਆ । ਚਾਰੇ ਬਾਣੀ ਰਹੀ ਜਸ ਗਾਇਆ, ਪਰਾ ਪਸੰਤੀ ਮਧਮ ਬੈਖਰੀ ਆਪਣੀ ਵਾਰ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੰਥ ਇਕ ਚਲਾਈਆ । ਸਾਚਾ ਪੰਥ ਮਾਰਗ ਅਵੱਲਾ, ਗੁਰ ਗੁਰ ਬੰਸ ਚਲਾਇਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਨਿਰਗੁਣ ਸਰਗੁਣ ਰੂਪ ਧਰਾਇਆ । ਗੁਰਮੁਖਾਂ ਅੰਦਰ ਸਚ ਸਿੰਘਾਸਣ ਮੱਲਾ, ਆਪ ਆਪਣੀ ਸੇਜ ਹੰਢਾਇਆ । ਮਨਮੁਖ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਭੇਵ ਨਾ ਆਇਆ । ਪੰਚ ਵਿਕਾਰਾ ਬੋਲੇ ਹੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਕੂਕ ਕੂਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਛੜੀ ਸੁਰਤ ਅਕਾਲ ਮੂਰਤ, ਆਪਣੀ ਅੰਸ ਆਪਣੇ ਬੰਸ ਲਏ ਮਿਲਾਇਆ । ਸੁਰਤ ਸਵਾਣੀ ਜਗਤ ਕੁਰਲਾਏ, ਨਰ ਹਰਿ ਸਾਚਾ ਨਜ਼ਰ ਨਾ ਆਈਆ । ਏਕਾ ਸਤਿਗੁਰ ਵੇਖ ਵਖਾਏ, ਘਰ ਮੰਦਰ ਬੈਠਾ ਆਸਣ ਲਾਈਆ । ਜਗਤ ਦੁਹਾਗਣ ਲਏ ਤਰਾਏ, ਸਚ ਸੁਹਾਗਣ ਆਪ ਕਰਾਈਆ । ਮਨ ਵੈਰਾਗਣ ਇਕ ਉਪਜਾਏ, ਆਪਣਾ ਤੀਰ ਲਗਾਈਆ । ਵਿਕਾਰ ਤਿਆਗਣ ਮੇਲ ਮਿਲਾਏ, ਆਪ ਆਪਣੇ ਅੰਗਣ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਏ ਸਮਝਾਈਆ । ਸ਼ਬਦ ਗੁਰ ਗੁਰੂ ਗੁਰ ਬਲਵਾਨਾ, ਗੁਰ ਗੁਰ ਏਕਾ ਰੰਗ ਸਮਾਇਆ । ਗੁਰਮੁਖਾਂ ਬੰਨ੍ਹੇ ਸਾਚਾ ਗਾਨਾ, ਜੁਗ ਜੁਗ ਆਪਣਾ ਸਗਨ ਮਨਾਇਆ । ਕਲਜੁਗ ਅੰਤਮ ਹੋ ਪਰਧਾਨਾ, ਨਾਨਕ ਨਿਰਗੁਣ ਜਾਮਾ ਪਾਇਆ । ਸਤਿਨਾਮ ਧੁਰ ਫ਼ਰਮਾਣਾ, ਲੋਕਮਾਤ ਆਪ ਸੁਣਾਇਆ । ਏਕਾ ਮਾਰਗ ਇਕ ਟਿਕਾਣਾ, ਇਸ਼ਟ ਦੇਵ ਇਕ ਵਖਾਇਆ । ਚਾਰ ਵਰਨਾਂ ਇਕ ਧਿਆਨਾ, ਊਚ ਨੀਚ ਨਾ ਕੋਇ ਬਣਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਸਣ ਇਕ ਮਕਾਨਾ, ਦੂਈ ਦਵੈਤ ਰਹਿਣ ਨਾ ਪਾਇਆ । ਗੁਰਮੁਖ ਚਲੇ ਹਰਿ ਹਰਿ ਭਾਣਾ, ਹਰਿ ਭਾਣਾ ਵਡ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ

ਵਿਛੜੇ ਮੇਲ ਮਿਲਾਇਆ । ਈਸ਼ ਜੀਵ ਹਰਿ ਹਰਿ ਮੇਲਾ, ਘਰ ਮੰਦਰ ਆਪ ਕਰਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਖ ਵਖਾਇੰਦਾ । ਸੂਰਾ ਸਰਬੰਗ ਸੱਜਣ ਸੁਹੇਲਾ, ਨਾਮ ਮਰਦੰਗ ਇਕ ਵਜਾਇੰਦਾ । ਜਗਤ ਵਿਕਾਰਾ ਕਰੇ ਭੰਗ, ਇਕ ਇਕੱਲਾ ਖੇਲ ਖਿਲਾਇੰਦਾ । ਅਸਵ ਘੋੜੇ ਕਸੇ ਤੰਗ, ਲੋਆਂ ਪੁਰੀਆਂ ਪਾਰ ਕਰਾਇੰਦਾ । ਗੁਰਮੁਖਾਂ ਦਵਾਰਾ ਆਪੇ ਲੰਘ, ਆਪਣੀ ਝੋਲੀ ਅੱਗੇ ਡਾਹਿੰਦਾ । ਹਰਿਜਨ ਨਾ ਹੋਏ ਕਦੇ ਨੰਗ, ਖਿਮਾ ਗ਼ਰੀਬੀ ਆਪ ਹੰਢਾਇੰਦਾ । ਸਤਿਗੁਰ ਪੂਰਾ ਵਸੇ ਸਦਾ ਸੰਗ, ਵਿਛੜ ਕਦੇ ਨਾ ਜਾਇੰਦਾ । ਦੂਰ ਦੁਰਾਡਾ ਮੁਕਾਏ ਪੰਧ, ਸ਼ਬਦ ਬਿਬਾਣੇ ਆਪ ਬਿਠਾਇੰਦਾ । ਜਗਤ ਮਿਟਾਏ ਅੰਧੇਰਾ ਅੰਧ, ਗਿਆਨ ਭਾਨ ਇਕ ਵਖਾਇੰਦਾ । ਸ਼ਬਦ ਸੁਣਾਏ ਸੁਹਾਗੀ ਛੰਦ, ਆਪਣਾ ਰਾਗ ਆਪ ਅਲਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਤੋੜ ਦਇਆ ਕਮਾਇੰਦਾ । ਘਰ ਮੰਦਰ ਚਾੜ੍ਹੇ ਸਾਚਾ ਚੰਦ, ਜੋਤ ਨਿਰੰਜਣ ਆਪ ਜਗਾਇੰਦਾ । ਦੂਈ ਦਵੈਤ ਭਰਮਾਂ ਮੇਟੇ ਕੰਧ, ਢਾਹ ਢਾਹ ਢੇਰੀ ਆਪ ਕਰਾਇੰਦਾ । ਇਕ ਉਪਜਾਏ ਪਰਮਾਨੰਦ, ਨਿਝ ਆਤਮ ਵੇਖ ਵਿਖਾਇੰਦਾ । ਹਰਿਜਨ ਰਸਨਾ ਲਾਏ ਨਾ ਮਦਿਰਾ ਮਾਸ ਗੰਦ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਸ਼ਬਦ ਅਨਾਦਿ ਬੱਤੀ ਦੰਦ, ਧੁਨ ਸਤਾਰ ਆਪ ਵਜਾਇੰਦਾ । ਜਗਤ ਜਗਦੀਸ਼ਰ ਜੁਗ ਜੁਗ ਆਪਣੀ ਵੰਡਣ ਆਪੇ ਵੰਡ, ਗੁਰਮੁਖਾਂ ਝੋਲੀ ਪਾਇੰਦਾ । ਨਾਤਾ ਤੋੜੇ ਭੇਖ ਪਖੰਡ, ਗੁਰਮਤ ਸਾਚੀ ਇਕ ਸਮਝਾਇੰਦਾ । ਗੁਰਸਿਖ ਨਾਰ ਨਾ ਹੋਏ ਰੰਡ, ਜੋ ਜਨ ਹਰਿ ਹਰਿ ਕੰਤ ਮਨਾਇੰਦਾ । ਲੇਖਾ ਚੁਕਾਏ ਜੇਰਜ ਅੰਡ, ਲੱਖ ਚੁਰਾਸੀ ਪੰਧ ਮੁਕਾਇੰਦਾ । ਗੁਰਸਿਖਾਂ ਭਾਰ ਸਤਿਗੁਰ ਪੂਰਾ ਆਪਣੇ ਸਿਰ ਚੁੱਕੇ ਪੰਡ, ਗੁਰ ਗੋਬਿੰਦ ਸਾਚਾ ਮਾਰਗ ਮਾਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵਿਛੜੇ ਆਪ ਮਿਲਾਇੰਦਾ । ਸਤਿਗੁਰ ਪੂਰੇ ਰਾਖੋ ਟੇਕ, ਦੂਸਰ ਅਵਰ ਨਾ ਕੋਇ ਸਰਨਾਈਆ । ਬੁਧ ਸਵਾਣੀ ਕਰੇ ਬਬੇਕ, ਨਾਮ ਬਬੇਕ ਨਾਲ ਮਿਲਾਈਆ । ਮਤ ਮਤਵਾਲੀ ਲਏ ਵੇਖ, ਦਰ ਦਵਾਰਾ ਫੋਲ ਫੁਲਾਈਆ । ਮਨ ਮਨੂਆਂ ਨਾ ਕਰੇ ਭੇਖ, ਦਹਿ ਦਿਸ਼ਾਂ ਨਾ ਫੇਰੀ ਪਾਈਆ । ਮੇਟਣਹਾਰਾ ਬਿਧਨਾ ਲੇਖ, ਆਪਣੀ ਬਿਧ ਦਏ ਜਣਾਈਆ । ਨੇਤਰ ਲੋਚਣ ਨੈਣਾ ਦਰਸਨ ਲੈਣਾ ਪੇਖ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੂਜਾ ਪਾਠ ਕਰੇ ਪੜ੍ਹਾਈਆ । ਸਾਚੀ ਪੂਜਾ ਪਾਠ ਕਾਇਆ ਘਰ, ਹਰਿ ਮੰਦਰ ਆਪ ਸੁਹਾਇੰਦਾ । ਗੁਰਮੁਖ ਅੱਖਰ ਲੈਣਾ ਪੜ੍ਹ, ਜਗਤ ਵਿਦਿਆ ਮੋਹ ਚੁਕਾਇੰਦਾ । ਸਾਚੀ ਕਿਰਪਾ ਆਪੇ ਕਰ, ਅਕਿਰਤਘਨ ਆਪ ਤਰਾਇੰਦਾ । ਆਲਸ ਨਿੰਦਰਾ ਦੇਵੇ ਹਰਿ, ਸੁਫ਼ਨ ਸਖੋਪਤ ਵੇਖ ਵਖਾਇੰਦਾ । ਜਾਗਰਤ ਫੜਾਏ ਆਪਣਾ ਲੜ, ਤੁਰੀਆ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਮੇਲ ਮਿਲਾਇੰਦਾ । ਸਤਿਗੁਰ ਪੂਰਾ ਦੀਨ ਦਿਆਲ, ਗੁਰਸਿਖਾਂ ਆਪ ਤਰਾਈਆ । ਏਕਾ ਵਸਤ ਦੇਵੇ ਨਾਮ ਸੱਚਾ ਧੰਨ ਮਾਲ, ਚੋਰ ਯਾਰ ਲੁੱਟ ਕੋਇ ਨਾ ਜਾਈਆ । ਰਾਮ ਕ੍ਰਿਸ਼ਨ ਨਾਮ ਸਤਿ ਵਾਹਿਗੁਰੂ ਅੱਖਰ ਇਕ ਸਖਾਲ, ਮਨ ਸੁਖ ਏਕਾ ਰੰਗ ਰੰਗਾਈਆ । ਐਨਲਹਕ ਬਣ ਦਲਾਲ, ਕਲਮਾ ਅਮਾਮ ਨਬੀ ਰਸੂਲ ਆਪ ਪੜ੍ਹਾਈਆ । ਦੋ ਜਹਾਨਾਂ ਰਿਹਾ ਰਾਹ ਤੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਮ ਰੱਖੇ ਵਡਿਆਈਆ । ਹਰਿ ਨਾਮ ਵਡਿਆਈ ਵਡ, ਵਡ ਵੱਡਾ ਆਪ ਉਪਾਇੰਦਾ । ਜੁਗ ਜੁਗ ਨਿਸ਼ਾਨਾ ਮਾਤ ਗੱਡ, ਲੋਕਮਾਤ ਆਪ ਝੁਲਾਇੰਦਾ । ਗੁਰਮੁਖ ਗੁਰਸਿਖ ਲਖ ਚੁਰਾਸੀ ਵਿਚੋਂ ਕੱਢ, ਆਪ ਆਪਣਾ

ਲਾਡ ਲਡਾਇੰਦਾ । ਲੇਖਾ ਜਾਣੇ ਅੰਧੇਰੀ ਖੱਡ, ਡੂੰਘੀ ਕੰਦਰ ਫੋਲ ਫੁਲਾਇੰਦਾ । ਜਿਸ ਜਨ ਅੰਮ੍ਰਿਤ ਜਾਮ ਪਿਆਏ ਮਦਿ, ਅੱਠੇ ਪਹਿਰ ਖ਼ੁਮਾਰ ਵਖਾਇੰਦਾ । ਨਾਮ ਵਜਾਏ ਧੁਨ ਨਾਦ, ਸਾਚਾ ਅਨਹਦ ਆਪ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਸ਼ਟ ਰੂਪ ਦ੍ਰਿੜਾਇੰਦਾ । ਏਕਾ ਇਸ਼ਟ ਪੁਰਖ ਅਕਾਲ, ਨਿਰਗੁਣ ਦਾਤਾ ਬੇਪਰਵਾਹੀਆ । ਕਲਜੁਗ ਚਲੇ ਅਵੱਲੜੀ ਚਾਲ, ਬੇਹੰਗਮ ਇਕ ਰਖਾਈਆ । ਨਾਲ ਰਖਾਏ ਕਾਲ ਮਹਾਂਕਾਲ, ਦੋ ਜਹਾਨਾਂ ਫੇਰਾ ਪਾਈਆ । ਲੋਆਂ ਪੁਰੀਆਂ ਬਣ ਦਲਾਲ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਆ । ਲੱਖ ਚੁਰਾਸੀ ਆਦਿ ਜੁਗਾਦਿ ਕਰੇ ਪ੍ਰਿਤਪਾਲ, ਸ਼ਬਦ ਸਰੂਪੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਹ ਦਏ ਵਖਾਈਆ । ਸਤਿਗੁਰ ਸੱਚਾ ਰਾਹ, ਲੋਕਮਾਤ ਚਲਾਇੰਦਾ । ਗੁਰਮੁਖਾਂ ਦੇਵੇ ਸਚ ਸਲਾਹ, ਜਗਤ ਹੰਕਾਰ ਵਿਕਾਰ ਮਿਟਾਇੰਦਾ । ਸ੍ਰਿਸ਼ਟ ਸਬਾਈ ਜਾਨਣਾ ਭੈਣ ਭਰਾ, ਪਿਤਾ ਮਾਂ ਸਰਬ ਰੂਪ ਵਟਾਇੰਦਾ । ਏਕਾ ਨਾਰੀ ਅੰਗ ਲਗਾ, ਕੰਤ ਸੁਹਾਗੀ ਸੇਜ ਸੁਹਾਇੰਦਾ । ਏਕਾ ਇਸ਼ਟ ਗੁਰਦੇਵ ਮਨਾ, ਘਰ ਏਕਾ ਸੀਸ ਝੁਕਾਇੰਦਾ । ਸਾਧ ਸੰਤ ਏਕਾ ਮੰਤ ਰਹੇ ਜਪਾ, ਜਪਤ ਜਪਤ ਜਪਤ ਸੁਖ ਪਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਪਕੜੇ ਬਾਂਹ, ਬੇੜਾ ਪਾਰ ਨਾ ਕੋਇ ਕਰਾਇੰਦਾ । ਕੋਟੀ ਕੋਟ ਸਹੰਸਰ ਮੁਖ ਸ਼ੇਸ਼ ਗਾਏ ਨਾਂ, ਦੋ ਸਹੰਸਰ ਜਿਹਵਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਵਖਾਇੰਦਾ । ਜੁਗ ਜੁਗ ਨਾਉਂ ਵਖਾਣਦਾ, ਬੇਅੰਤ ਬੇਪਰਵਾਹ । ਸੰਤ ਸੁਹੇਲੇ ਆਪੇ ਜਾਣਦਾ, ਆਪ ਆਪਣੀ ਦਇਆ ਕਮਾ । ਨਾਤਾ ਤੋੜੇ ਜੀਵ ਜਹਾਨ ਦਾ, ਜੀਵਣ ਜੁਗਤ ਇਕ ਜਣਾ । ਮੇਲ ਮਿਲਾਏ ਸ੍ਰੀ ਭਗਵਾਨ ਦਾ, ਜੋ ਜਨ ਚਰਨੀ ਡਿਗੇ ਆ । ਪੰਧ ਮੁੱਕੇ ਮਨ ਸ਼ੈਤਾਨ ਦਾ, ਪੰਚਮ ਚੋਟ ਨਾ ਸਕੇ ਲਾ । ਪਰਕਾਸ਼ ਵਖਾਏ ਸਚ ਮਕਾਨ ਦਾ, ਨਿਰਗੁਣ ਦੀਪ ਜੋਤ ਜਗਾ । ਰਾਗ ਸੁਣਾਏ ਸ਼ਬਦ ਧੁਨਕਾਨ ਦਾ, ਘਰ ਅਨਹਦ ਸ਼ਬਦ ਵਜਾ । ਪੰਧ ਮੁਕਾਏ ਦੋ ਜਹਾਨ ਦਾ, ਫੜ ਬਾਹੋਂ ਗਲੇ ਲਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਦਏ ਸਮਝਾ । ਏਕਾ ਮਾਰਗ ਸਤਿਗੁਰ ਚਰਨ, ਦੂਸਰ ਓਟ ਨਾ ਕੋਇ ਰਖਾਈਆ । ਸਤਿਗੁਰ ਪੂਰਾ ਖੋਲ੍ਹੇ ਹਰਨ ਫਰਨ, ਨਿਜ ਨੇਤਰ ਕਰ ਰੁਸ਼ਨਾਈਆ । ਰਾਏ ਧਰਮ ਚੁੱਕੇ ਡਰਨ, ਲਾੜੀ ਮੌਤ ਨਾ ਕਰੇ ਕੁੜਮਾਈਆ । ਆਪਣੀ ਵਰਨੀ ਆਪੇ ਵਰੇ, ਵਰਨ ਗੋਤ ਨਾ ਕੋਇ ਵਖਾਈਆ । ਆਪਣੀ ਕਿਰਪਾ ਆਪੇ ਕਰੇ ਹਰਿ ਹਰੇ, ਆਪਣੀ ਸੇਵ ਆਪ ਲਗਾਈਆ । ਗੁਰਸਿਖ ਵਿਰਲਾ ਮਾਤ ਨਾ ਡਰੇ, ਧਰਮ ਰਾਏ ਨਾ ਦਏ ਸਜ਼ਾਈਆ । ਚਿਤਰ ਗੁਪਤ ਨਾ ਹੱਥ ਲੇਖਾ ਫੜੇ, ਹਿਸਾਬ ਕਿਤਾਬ ਨਾ ਕੋਇ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਫੇਰ ਘਾੜਨ ਘੜੇ, ਘੜ ਭਾਂਡੇ ਨਾ ਕੋਇ ਭੰਨਾਈਆ । ਸਤਿਗੁਰ ਪੂਰਾ ਆਪ ਬੰਧਾਏ ਆਪਣੇ ਲੜੇ, ਨਾਮ ਪੱਲੂ ਇਕ ਰਖਾਈਆ । ਉਚ ਮਹੱਲੇ ਲੈ ਕੇ ਚੜ੍ਹੇ, ਦਿਸ ਕਿਸੇ ਨਾ ਆਈਆ । ਆਪ ਵਸਾਏ ਆਪਣੇ ਘਰੇ, ਸਚਖੰਡ ਦਵਾਰਾ ਸੋਭਾ ਪਾਈਆ । ਜੋਤੀ ਜੋਤ ਆਪੇ ਰਲੇ, ਜੋਤੀ ਜੋਤ ਜੋਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਤਾਰਨਹਾਰਾ ਇਕ ਗੁਰਦੇਵ, ਸ਼ਬਦੀ ਸ਼ਬਦ ਸੁਣਾਇੰਦਾ । ਅੰਦਰ ਮੰਦਰ ਸਾਚੀ ਸੇਵ, ਦਿਵਸ ਰੈਣ ਕਰਾਇੰਦਾ । ਦੁਖ ਨਿਵਾਰਨ ਅਲੱਖ ਅਭੇਵ, ਸੁਖ ਸਹਿਜ ਸਹਿਜ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਸਚ ਸਲਾਹ, ਸਤਿਗੁਰ ਪੂਰਾ ਬਣੇ ਮਲਾਹ, ਇਕ ਜਪਾਏ ਸਾਚਾ ਨਾਂ, ਨਾਮ

ਨਿਧਾਨਾ ਸ੍ਰੀ ਭਗਵਾਨਾ ਆਦਿ ਜੁਗਾਦਿ ਵਿਚ ਬ੍ਰਿਮਾਦ, ਬ੍ਰਹਮ ਪਾਰਬ੍ਰਹਮ ਈਸ਼ ਜੀਵ ਜਗਤ ਜਗਦੀਸ਼ਰ ਸਰਬ ਜੀਆਂ ਬਣ ਏਕਾ ਈਸ਼ਰ, ਏਕ ਦੇਵ ਦੇਵ ਆਤਮਾ ਆਪ ਸਮਝਾਇੰਦਾ । ਜੀਵ ਜੰਤ, ਸਤਿਗੁਰ ਪੂਰਾ ਸ਼ਬਦ ਚਲਾਇੰਦਾ । ਜੁਗ ਜੁਗ ਮਹਿਮਾ ਗਣਤ ਅਗਣਤ, ਆਪਣਾ ਲੇਖਾ ਆਪ ਲਿਖਾਇੰਦਾ । ਕਰੇ ਖੇਲ ਆਦਿ ਅੰਤ, ਅਕਲ ਕਲਧਾਰੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕੀ ਬਾਣੀ ਹਰਿ ਹਰਿ ਆਪ ਅਲਾਇੰਦਾ । ਹਰਿ ਕੀ ਬਾਣੀ ਹਰਿ ਕਾ ਰੂਪ, ਜੀਵ ਜੰਤ ਸਕੇ ਨਾ ਕੋਇ ਜਣਾਈਆ । ਮਨ ਮਤ ਬੁਧ ਦਰ ਦਵਾਰ ਖਲੋਤੀ ਮੰਗੇ ਮੰਗ, ਪੁਰਖ ਅਬਿਨਾਸ਼ੀ ਸਾਚੀ ਵਸਤ ਨਾ ਝੋਲੀ ਪਾਈਆ । ਦਰਗਹਿ ਸਾਚੀ ਵੱਜੇ ਇਕ ਮਰਦੰਗ, ਸੂਰਾ ਸਰਬੰਗ ਆਪ ਹੋ ਵਜਾਈਆ । ਸਾਚੇ ਪੌੜ੍ਹੇ ਸਚਖੰਡ ਦਵਾਰ ਸੁਹਾਏ ਲੰਘ, ਆਪਣਾ ਆਸਣ ਪੁਰਖ ਅਬਿਨਾਸ਼ਨ ਆਪੇ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਕਰ, ਸ਼ਬਦੀ ਆਪਣਾ ਨਾਉਂ ਧਰਾਈਆ । ਸ਼ਬਦੀ ਬੋਲੇ ਆਪਣਾ ਬੋਲ, ਬੋਲ ਜੈਕਾਰਾ ਇਕ ਰਖਾਇੰਦਾ । ਏਕਾ ਕੰਡਾ ਏਕਾ ਤੋਲ, ਤੋਲਣਹਾਰਾ ਇਕ ਅਖਵਾਇੰਦਾ । ਏਕਾ ਹੱਟ ਵਣਜਾਰਾ ਖੋਲ੍ਹ, ਸਾਚੀ ਵਸਤ ਆਪ ਧਰਾਇੰਦਾ । ਆਦਿ ਜੁਗਾਦੀ ਰਹੇ ਅਡੋਲ, ਸ੍ਰਿਸ਼ਟ ਸਬਾਈ ਆਪ ਡੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਦ ਹਰਿ ਬ੍ਰਿਮਾਦ, ਆਦਿ ਜੁਗਾਦਿ ਵਜਾਇੰਦਾ ।



੯੧੮

### ✻ ੭ ਭਾਦਰੋਂ ੨੦੧੭ ਬਿਕ੍ਰਮੀ ਬੂੜ ਸਿੰਘ ਦੇ ਘਰ ਨਾਥੇਵਾਲ ਜ਼ਿਲਾ ਫਿਰੋਜ਼ਪੁਰ ✻

੦੯ ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਦਰ ਘਰ ਸਾਚੇ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਗੁਣ ਨਿਧਾਨਾ, ਨਿਰਗੁਣ ਨਿਰਵੈਰ ਆਪਣਾ ਨਾਉਂ ਰਖਾਈਆ । ਏਕੰਕਾਰਾ ਖੇਲ ਮਹਾਨਾ, ਅਕਲ ਕਲ ਆਪਣੀ ਆਪ ਉਪਜਾਈਆ । ਆਦਿ ਨਿਰੰਜਣ ਜੋਤ ਮਹਾਨਾ, ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਜੋਧਾ ਸੂਰ ਬਲੀ ਬਲਵਾਨਾ, ਬਲਧਾਰੀ ਭੇਵ ਨਾ ਰਾਈਆ । ਸ੍ਰੀ ਭਗਵਾਨ ਸਚ ਨਿਸ਼ਾਨਾ, ਦਰਗਹਿ ਸਾਚੀ ਆਪ ਝੁਲਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਲੋਕਮਾਤ ਵੇਸ ਵਟਾਈਆ । ਏਕਾ ਬ੍ਰਹਮ ਲੱਖ ਚੁਰਾਸੀ ਵੰਡ ਵੰਡਾਨਾ, ਘੜ ਭਾਂਡੇ ਆਪ ਟਿਕਾਈਆ । ਜੁਗਾ ਜੁਗੰਤਰ ਵੇਖ ਵਖਾਨਾ, ਨਿਰਗੁਣ ਸਰਗੁਣ ਰੂਪ ਵਟਾਈਆ । ਨਾਮ ਸੁਣਾਏ ਸਚ ਤਰਾਨਾ, ਸ਼ਬਦ ਅਨਾਦੀ ਨਾਦ ਵਜਾਈਆ । ਜੁਗਾ ਜੁਗੰਤਰ ਵੇਖ ਵਖਾਨਾ, ਜੁਗ ਕਰਤਾ ਸ਼ਹਿਨਸ਼ਾਹੀਆ । ਜਨ ਭਗਤਾਂ ਬੰਨ੍ਹੇ ਸਾਚਾ ਗਾਨਾਂ, ਨਾਮ ਡੋਰੀ ਤੰਦਨ ਪਾਈਆ । ਹਰਿ ਸੰਤਾਂ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਵੱਡੀ ਵਡਿਆਈਆ । ਗੁਰਮੁਖਾਂ ਰਾਗ ਸੁਣਾਏ ਕਾਨਾ, ਸਾਚਾ ਰਾਗ ਇਕ ਸਮਝਾਈਆ । ਗੁਰਸਿਖ ਵਖਾਏ ਸਚ ਨਿਸ਼ਾਨਾ, ਦਰ ਘਰ ਸਾਚੇ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਹਿਮਾ ਆਪਣੇ ਹੱਥ ਰਖਾਈਆ । ਹਰਿ ਮਹਿਮਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਈਆ । ਲਖ ਚੁਰਾਸੀ ਬੈਠਾ ਕਾਇਆ ਮੱਠ, ਸਾਚੇ ਮੰਦਰ ਸੋਭਾ ਪਾਈਆ । ਜੁਗ ਜੁਗ ਖੁਲ੍ਹਾਏ ਏਕਾ ਹੱਟ, ਨਾਮ ਵਸਤ ਇਕ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਸੋ ਪੁਰਖ ਨਿਰੰਜਣ ਗਹਿਰ ਗੰਭੀਰਾ ਗੁਣਵੰਤ, ਗੋਬਿੰਦ ਆਪਣੀ ਧਾਰ ਰਖਾਇੰਦਾ । ਆਦਿ ਜੁਗਾਦਿ ਸ੍ਰੀ ਭਗਵੰਤ, ਪੁਰਖ ਅਕਾਲ ਇਸ਼ਟ ਵਖਾਇੰਦਾ । ਵਸਣਹਾਰਾ ਸਾਚੇ ਧਾਮ ਆਪਣਾ ਗੁਣ ਵਖਾਏ ਬੇਅੰਤ, ਲੇਖਾ ਲਿਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇੰਦਾ । ਵੇਸ ਧਰਾਏ ਹਰਿ ਭਗਵਾਨਾ, ਪਾਰਬ੍ਰਹਮ ਵੱਡੀ ਵਡਿਆਈਆ । ਸਤਿ ਪੁਰਖ ਨਿਰੰਜਣ ਖੇਲ ਮਹਾਨਾ, ਸਤਿ ਸਤਿਵਾਦੀ ਆਪ ਕਰਾਈਆ । ਸੋ ਪੁਰਖ ਨਿਰੰਜਣ ਧੁਰ ਫ਼ਰਮਾਣਾ, ਹਰਿ ਪੁਰਖ ਨਿਰੰਜਣ ਦਏ ਸੁਣਾਈਆ । ਆਦਿ ਨਿਰੰਜਣ ਮੰਗੇ ਦਾਨਾ, ਸ੍ਰੀ ਭਗਵਾਨ ਝੋਲੀ ਪਾਈਆ । ਅਬਿਨਾਸ਼ੀ ਕਰਤਾ ਕਰੇ ਪਰਵਾਨਾ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਵੇਖੇ ਸਚ ਟਿਕਾਣਾ, ਸਰਗੁਣ ਸਾਚੀ ਸੇਜ ਹੰਢਾਈਆ । ਆਸਾ ਤ੍ਰਿਸ਼ਨਾ ਲੇਖਾ ਜਾਣੇ ਗੁਣ ਨਿਧਾਨਾ, ਗੁਣ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਖੁਲੰਦੜਾ ਵਡ ਮਿਹਰਵਾਨਾ, ਆਪਣੀ ਦਇਆ ਆਪ ਕਮਾਇੰਦਾ । ਆਪੇ ਯਾਚਕ ਬਣ ਬਣ ਮੰਗੇ ਦਾਨਾ, ਜਗਤ ਭਿਖਾਰੀ ਰੂਪ ਵਟਾਇੰਦਾ । ਆਪੇ ਸਾਹਿਬ ਸੁਲਤਾਨ ਸਤਿਗੁਰ ਬਣ ਬਣ ਦੇਵੇ ਮਾਣਾ, ਚਰਨ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਹਰਿ ਹਰਿ ਭੇਵ ਜਣਾਈਆ, ਜਾਗਰਤ ਜੋਤ ਇਕ ਜਗਾ । ਲੋਕਮਾਤ ਵੇਸ ਵਟਾਈਆ, ਇਕ ਇਕੱਲਾ ਜਾਮਾ ਪਾ । ਲੱਖ ਚੁਰਾਸੀ ਵੇਖ ਵਖਾਈਆ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾ । ਗੁਰਮੁਖਾਂ ਗੁਰਸਿਖਾਂ ਏਕਾ ਅੱਖਰ ਕਰੇ ਪੜ੍ਹਾਈਆ, ਇਕ ਜਪਾਏ ਆਪਣਾ ਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾ । ਹਰਿ ਮਿਲਾਇੰਦਾ, ਮੇਲਣਹਾਰਾ ਆਪ ਨਿਰੰਕਾਰ । ਨੌਂ ਨੌਂ ਜਾਮੇ ਮਾਣਸ ਧਰਾਇੰਦਾ, ਇਕ ਸੌ ਇਕ ਕਰੇ ਆਧਾਰ । ਇਕ ਘਰ ਆਪਣਾ ਰੂਪ ਵਖਾਇੰਦਾ, ਇਕ ਇਕੱਲਾ ਖੋਲ੍ਹ ਕਿਵਾੜ । ਸਚ ਮਹੱਲਾ ਆਪ ਵਸਾਇੰਦਾ, ਕਰੇ ਕਰਾਏ ਸਚ ਪਿਆਰ । ਸਚ ਸਿੰਘਾਸਣ ਸੋਭਾ ਪਾਇੰਦਾ, ਤਖ਼ਤ ਨਿਵਾਸੀ ਮੀਤ ਮੁਰਾਰ । ਜੋਤੀ ਜਾਮਾ ਭੇਖ ਵਟਾਇੰਦਾ, ਗੁਰਮੁਖ ਸੱਜਣ ਲਾਏ ਪਾਰ । ਦਹਿ ਦਿਸ਼ਾਂ ਫੇਰੀ ਪਾਇੰਦਾ, ਚਾਰੋਂ ਕੁੰਟ ਕਰ ਵਿਚਾਰ । ਗਗਨ ਮੰਡਲ ਫੋਲ ਫੁਲਾਇੰਦਾ, ਲੋਆਂ ਪੁਰੀਆਂ ਪਰਦਾ ਦਏ ਉਤਾਰ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ, ਕਰੋੜ ਤੇਤੀਸ ਦਏ ਹੁਲਾਰ । ਨਿਰਗੁਣ ਨਿਰਗੁਣ ਵੇਖ ਵਖਾਇੰਦਾ, ਸਰਗੁਣ ਦਿਸੇ ਨਾ ਵਿਚ ਸੰਸਾਰ । ਨੌਂ ਨੌਂ ਜਾਮੇ ਗੁਰਸਿਖ ਆਪ ਭੁਗਤਾਇੰਦਾ, ਨੌਂ ਨੌਂ ਦਵਾਰੇ ਕਰੇ ਪਾਰ । ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਕਲਜੁਗ ਅੰਤਮ ਆਇੰਦਾ, ਕਰੇ ਖੇਲ ਸ੍ਰੀ ਭਗਵਾਨ । ਹਰਿਜਨ ਸਾਚੇ ਵੇਖ ਵਖਾਇੰਦਾ, ਪਰਗਟ ਹੋਏ ਦੋ ਜਹਾਨ । ਏਕਾ ਅੰਕ ਨਾਮ ਦ੍ਰਿੜਾਇੰਦਾ, ਸ਼ਬਦ ਧੁਨ ਨਾਦ ਮਹਾਨ । ਆਪਣਾ ਸੰਸਾ ਆਪ ਚੁਕਾਇੰਦਾ, ਸੰਸੇ ਭਰਿਆ ਜੀਵ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਆਣ । ਨੌਂ ਨੌਂ ਵੇਸ ਅਵੱਲੜਾ, ਏਕੰਕਾਰ ਵੇਖ ਵਖਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਪ ਫੜਾਏ ਆਪਣਾ ਪੱਲੜਾ, ਏਕਾ ਪੱਲੂ ਹੱਥ ਫੜਾਈਆ । ਸਚ ਸੰਦੇਸ਼ ਨਰ ਨਰੇਸ਼ ਸਚ ਦਵਾਰੇ ਏਕਾ ਘੱਲੜਾ, ਹੁਕਮੀ ਹੁਕਮ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਨੌਂ ਲੇਖਾ ਦਏ ਮੁਕਾਈਆ । ਨੌਂ ਨੌਂ ਲੇਖ ਮੁਕਾਵਣਾ, ਜਨਮ ਮਰਣ ਨਾ ਕੋਇ ਵਿਚਾਰ । ਹਰਿਜਨ

ਸਾਚੇ ਆਪ ਉਠਾਵਣਾ, ਕਲਜੁਗ ਤੇਰੀ ਅੰਤਮ ਵਾਰ । ਸਾਚਾ ਮੰਤਰ ਇਕ ਦ੍ਰਿੜਾਵਣਾ, ਸੋਹੰ ਸ਼ਬਦ ਨਾਮ ਜੈਕਾਰ । ਰਸਨਾ ਜਿਹਵਾ ਹਰਿ ਗੁਣ ਗਾਵਣਾ, ਦਿਵਸ ਰੈਣ ਰਹੇ ਖ਼ਮਾਰ । ਸਾਚਾ ਭਾਂਡਾ ਆਪ ਸੁਹਾਵਣਾ, ਰੱਖੇ ਵਸਤ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਵਿਹਾਰ । ਸਚ ਵਿਹਾਰਾ ਕਰਨੇ ਆਇਆ, ਕਾਦਰ ਕੁਦਰਤ ਵੇਖ ਵਖਾਈਆ । ਗੁਰਮੁਖ ਸਾਚੇ ਵਰਨੇ ਆਇਆ, ਵਰ ਦਾਤਾ ਬੇਪਰਵਾਹੀਆ । ਡੁੱਬਦੇ ਸਾਗਰ ਲਏ ਤਰਾਇਆ, ਸਿਰ ਆਪਣਾ ਹੱਥ ਰਖਾਈਆ । ਕਾਇਆ ਗਾਗਰ ਭੇਵ ਚੁਕਾਇਆ, ਨਾਮ ਰੱਤੀ ਰੱਤ ਏਕਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਈਆ । ਹਰਿ ਹਰਿ ਭੇਵ ਖੁਲ੍ਹਣਾ, ਨੌ ਨੌ ਉਤਰੇ ਪਾਰ । ਪੁਰਖ ਅਬਿਨਾਸ਼ੀ ਕਦੇ ਨਾ ਭੁੱਲਣਾ, ਵਰਤੇ ਵਰਤਾਵੇ ਵਿਚ ਸੰਸਾਰ । ਸਾਚਾ ਨਿਸ਼ਾਨ ਏਕਾ ਝੁਲਣਾ, ਆਪ ਝੁਲਾਏ ਏਕੰਕਾਰ । ਨਾ ਕੋਈ ਕੀਮਤ ਨਾ ਕੋਈ ਮੁਲਣਾ, ਨਾ ਕੋਈ ਵਣਜ ਨਾ ਵਪਾਰ । ਜਿਸ ਜਨ ਸਾਚੇ ਕੰਡੇ ਤੁਲਣਾ, ਦੋਵੇਂ ਛਾਬੇ ਦਏ ਹੁਲਾਰ । ਕਲਜੁਗ ਅੰਤਮ ਆਤਮ ਡੁਲਣਾ, ਰੋਵੇ ਜ਼ਾਰੋ ਜ਼ਾਰ । ਗੁਰਮੁਖ ਕਰ ਦਰਸ ਚਰਨ ਪ੍ਰੀਤੀ ਘੋਲ ਘੁਲਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਰੇ ਵਿਚਾਰ । ਸਚ ਵਿਹਾਰ ਸਚ ਵਿਚਾਰ ਸਰਬ ਦੁਖ ਦੀਨਨ, ਦੀਨਾਂ ਨਾਥਾ ਦਇਆ ਕਮਾਈਆ । ਗੁਰਸਿਖ ਨਾਤਾ ਜੋੜੇ ਜਿਉਂ ਜਲ ਮੀਨਨ, ਥਲ ਮਾਰੂ ਨਾ ਕੋਇ ਤਪਾਈਆ । ਕਾਇਆ ਚੋਲੀ ਰੰਗ ਚੜ੍ਹਾਏ ਭੀਨਨ, ਭਿੰਨੜੀ ਰੈਣ ਦਏ ਸਾਲਾਹੀਆ । ਜਨ ਭਗਤਾਂ ਕਰੇ ਠਾਂਡਾ ਸੀਨਨ, ਸਿਖ਼ਿਆ ਆਪਣੇ ਹੱਥ ਰਖਾਈਆ । ਕਰੇ ਪ੍ਰਕਾਸ਼ ਲੋਕ ਤੀਨਨ, ਤ੍ਰੈਗੁਣ ਪੈਂਡਾ ਪੰਧ ਮੁਕਾਈਆ । ਮਨਮੁਖਾਂ ਤੋੜੇ ਹੰਕਾਰੀ ਬੀਨਨ, ਏਕਾ ਖੰਡਾ ਹੱਥ ਚਮਕਾਈਆ । ਲੇਖ ਚੁਕਾਏ ਚੌਦਾਂ ਲੋਕ ਚੌਦਾਂ ਹੱਟ ਭੀਨਨ, ਲਾਸ਼ਰੀਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਹਰਿ ਹਰਿ ਛੇੜਾਂ ਛੇੜਦਾ, ਨੌ ਖੰਡ ਪ੍ਰਿਥਮੀ ਖੇਲ ਅਪਾਰ । ਰਾਸ਼ਟਰ ਰਾਜਾਨਾ ਆਪੇ ਭੇੜਦਾ, ਮੁਲਾਂ ਸ਼ੇਖ ਮੁਸਾਇਕ ਅੰਤਮ ਪਾਇਣ ਸਾਰ । ਅੰਤਮ ਸਾਚਾ ਵੇਲਾ ਹਕ ਨਬੇੜਦਾ, ਨਾਤਾ ਛੁੱਟੇ ਵਿਚ ਸੰਸਾਰ । ਸਤਿਗੁਰ ਪੂਰਾ ਆਪਣੇ ਸ਼ਬਦ ਲਪੇਟਦਾ, ਤਨ ਤਨ ਦਏ ਆਧਾਰ । ਕਰੇ ਖੇਲ ਖੇਵਟ ਖੇਟਦਾ, ਫੜ ਫੜ ਬਾਂਹੋ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੱਸੇ ਸਚ ਪਿਆਰ । ਚਾਰ ਵਰਨ ਸਚ ਪਿਆਰ, ਹਰਿ ਸਤਿਗੁਰ ਆਪ ਸਮਝਾਇੰਦਾ । ਵੇਦ ਵਿਆਸਾ ਲਿਖਿਆ ਲੇਖ ਅਪਾਰ, ਲੇਖਾ ਆਪਣਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਾਣੀ ਸਾਚੇ ਹਾਣੀ, ਦਰ ਘਰ ਸਾਚੇ ਆਪ ਸੁਣਾਇੰਦਾ । ਸ਼ਬਦ ਹਾਣੀ ਦਰ ਪਰਵਾਨ, ਪਾਰਬ੍ਰਹਮ ਪ੍ਰਭ ਮੁਖ ਸਾਲਾਹਿੰਦਾ । ਪੂਰਬ ਕਰਮਾਂ ਚੁੱਕੇ ਆਣ, ਲਹਿਣਾ ਦੇਣ ਨਾ ਕੋਇ ਵਖਾਇੰਦਾ । ਸਰਬ ਜੀਆਂ ਹੋਏ ਜਾਣੀ ਜਾਣ, ਜਾਣਨਹਾਰਾ ਭੁੱਲ ਨਾ ਜਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਬਾਵਨ ਰੂਪ ਵਟਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਆਪਣਾ ਲੇਖਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਏਕਾ ਮੰਤਰ ਅੰਤਰ ਨਾਮ ਦ੍ਰਿੜਾਇੰਦਾ । ਅੰਤਰ ਨਾਮ ਆਤਮ ਰਸ, ਰਸਕ ਰਸੀਆ ਵੇਖ ਵਖਾਇੰਦਾ । ਆਪ ਬੁਝਾਏ ਲੱਗੀ ਬਸੰਤਰ, ਅਗਨੀ ਤਤ ਨਾ ਕੋਇ ਰਖਾਇੰਦਾ । ਏਕਾ ਨਾਮ ਸ਼ਬਦ ਗੁਰ ਮੰਤਰ, ਸ੍ਰਿਸ਼ਟ ਸਬਾਈ ਆਪ ਪੜ੍ਹਾਇੰਦਾ । ਸਾਚਾ ਮਾਰਗ ਦੱਸੇ ਸੁਤੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਪਣੀ ਲੀਲਾ ਆਪ ਰਚਾਇੰਦਾ । ਸਤਿਜੁਗ ਤੇਰਾ ਵੇਖ ਪਸਾਰਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਖ਼ਾਲੀ ਛੱਡੇ ਸਰਬ ਪਰਵਾਰਾ, ਮਾਇਆ ਮਮਤਾ ਨਾ ਕੋਇ ਰਖਾਇੰਦਾ । ਹਠੀਆ ਹਠ ਕਰੇ ਅਪਾਰ, ਤੀਰਥ ਤਟ ਨਾ ਕੋਇ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚਾ ਆਪ ਜਗਾਇਆ, ਕਲਜੁਗ ਅੰਤਮ ਵਾਰ ਵੇਖ ਵਖਾਈਆ । ਰਕਤ ਬੂੰਦ ਲੇਖੇ ਲਾਇਆ, ਚਾਰ ਜੁਗ ਵੱਡੀ ਵਡਿਆਈਆ । ਕਲਜੁਗ ਅੰਤਮ ਵੇਖ ਵਖਾਇਆ, ਰੂਪ ਅਨੂਪ ਆਪ ਦਰਸਾਈਆ । ਸ਼ਾਹੋ ਭੂਪ ਨਾਉਂ ਧਰਾਇਆ, ਰਾਜ ਰਾਜਾਨਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਗੁਰਮੁਖ ਵੇਖਣਾ, ਪੀਆ ਪ੍ਰੀਤਮ ਸਾਚਾ ਯਾਰ । ਏਕਾ ਲਿਖਣਹਾਰਾ ਲੇਖਣਾ, ਲੇਖਾ ਹੱਥ ਰੱਖੇ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਹੋਏ ਵਰਤਾਰ । ਨਾਮ ਵਰਤਾਏ ਏਕਾ ਹਰਿ ਹਰਿ, ਨਾਮ ਨਾਮਾ ਝੋਲੀ ਪਾਈਆ । ਭਗਤ ਜਗਾਏ ਕਿਰਪਾ ਕਰ ਕਰ, ਕਰ ਕਿਰਪਾ ਹੋਏ ਸਹਾਈਆ । ਦੋਹਾਂ ਵਿਚੋਲਾ ਆਪੇ ਬਣ ਬਣ, ਲੋਕਮਾਤ ਵੇਖ ਵਖਾਈਆ । ਜਨ ਭਗਤਾਂ ਲੇਖਾ ਚੁਕਾਏ ਗਿਣ ਗਿਣ, ਆਪਣਾ ਪੱਲੂ ਸਾਫ ਕਰਾਈਆ । ਲੱਖ ਚੁਰਾਸੀ ਜੀਵ ਜੰਤ ਸਾਢੇ ਤਿੰਨ ਹੱਥ ਸੀਵਾਂ ਦੇਵਾਂ ਮਿਣ ਮਿਣ, ਖ਼ਾਲੀ ਦਸਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜ੍ਹ ਪੁਸਤਕ ਵਾਦ ਵਧਾਈਆ । ਗੁਰਸਿਖ ਪੁਸਤਕ ਪੜ੍ਹਿਆ ਹਰਿ ਹਰਿ ਗੀਤ, ਰਸਨਾ ਜਿਹਵਾ ਨਾ ਕੋਇ ਹਲਾਈਆ । ਘਰ ਮੰਦਰ ਨਾ ਕੋਇ ਮਸੀਤ, ਇਸ਼ਟ ਦੇਵ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵੇਖੇ ਥਾਉਂ ਥਾਈਂਆ । ਗੁਰਸਿਖ ਸਾਚਾ ਵੇਖਿਆ, ਗੁਰ ਸੱਜਣ ਮੀਤ ਮੁਰਾਰ । ਜਗਤ ਸੰਸਾ ਚੁੱਕੇ ਭੁਲੇਖਿਆ, ਭਰਮੀ ਭਰਮ ਨਾ ਕੋਇ ਵਿਚਾਰ । ਸਤਿਗੁਰ ਪੂਰਾ ਲਿਖਣਹਾਰਾ ਲੇਖਿਆ, ਗੋਬਿੰਦ ਲੇਖਾ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਏ ਪਾਰ । ਗੁਰਮੁਖ ਪਾਰ ਉਤਾਰਦਾ, ਪੁਰਖ ਅਬਿਨਾਸ਼ੀ ਹਰਿ ਕਰਤਾਰ । ਕਰੇ ਖੇਲ ਸੱਚੀ ਸਰਕਾਰ ਦਾ, ਆਪ ਆਪਣੀ ਬੰਨ੍ਹ ਧਾਰ । ਨਿਉਂ ਨਿਉਂ ਸੀਸ ਸਰਬ ਝੁਕਾਇੰਦਾ, ਘਰ ਠਾਂਡਾ ਦਿਸੇ ਦਰਬਾਰ । ਚਾਰੇ ਵਰਨਾਂ ਰੰਗ ਰੰਗਾਇੰਦਾ, ਆਪ ਆਪਣੀ ਕਿਰਪਾ ਧਾਰ । ਦੂਸਰ ਦਰ ਨਾ ਕੋਇ ਵਖਾਇੰਦਾ, ਖ਼ਾਲੀ ਭਰੇ ਦਿਸਣ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਏ ਸਾਰ । ਹਰਿਜਨ ਹਰਿ ਹਰਿ ਏਕ ਹੈ, ਦੋਐਂ ਦੂਸਰ ਨਾ ਕੋਇ ਹੋਏ । ਮਨ ਮਤ ਬੁਧ ਆਪ ਬਿਬੇਕ ਹੈ, ਨਿਰਮਲ ਅੰਮ੍ਰਿਤ ਆਤਮ ਆਪੇ ਚੋਏ । ਉਲਟੀ ਕਰੇ ਨਾਭ ਕਵਲ ਹੈ, ਅੰਮ੍ਰਿਤ ਰਸ ਇਕ ਭਰੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੇ ਢੋਏ । ਸਾਚਾ ਢੋਆ ਲੈ ਕੇ ਆਇਆ, ਕਲਜੁਗ ਤੇਰੀ ਅੰਤਮ ਵਾਰ । ਆਪਣਾ ਮਾਰਗ ਕਹਿ ਕੇ ਆਇਆ, ਭੁੱਲ ਨਾ ਜਾਏ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬਖ਼ਸ਼ੇ ਚਰਨ ਦਵਾਰ । ਚਰਨ ਦਵਾਰਾ ਸਚ ਘਰ ਬਾਰਾ, ਹਰਿ ਕਰਤਾਰਾ ਆਪ ਵਡਿਆਈਆ । ਨਾਮ ਨਗਾਰਾ ਜੋਤ ਉਜਿਆਰਾ, ਨਾਦ ਅਨਾਦੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪ ਲਿਖਾਈਆ । ਹਰਿਜਨ ਲੇਖਾ ਲਿਖਿਆ, ਲਿਖਣਹਾਰ ਗੋਪਾਲ । ਚਾਰੇ ਕੁੰਟ ਏਕਾ ਰੰਗ ਵਸੇ ਦਹਿ ਦਿਸ਼ਿਆ, ਸ਼ਬਦ ਪੰਘੂੜਾ

ਲੈਣਾ ਝੂਲ । ਦੂਈ ਦਵੈਤੀ ਮੇਟੇ ਵਿਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਦਲੀਲ, ਸਚ ਦਲੀਲ ਜਗਤ ਭਰਵਾਸਾ, ਭਰਮੀ ਭਰਮ ਰਹਿਣ ਨਾ ਪਾਈਆ । ਸਾਚੇ ਸੰਤ ਇਕ ਧਰਵਾਸਾ, ਧੀਰਜ ਜਤ ਦਏ ਵਖਾਈਆ । ਕਰੇ ਖੇਲ ਮੰਡਲ ਮੰਡਪ ਆਪਣੀ ਰਾਸਾ, ਗੋਪੀ ਕਾਹਨ ਆਪ ਨਚਾਈਆ । ਆਪੇ ਰਾਮ ਰਾਵਣ ਪੂਰੀ ਕਰੇ ਆਸਾ, ਆਪਣੇ ਬਾਣਾ ਆਪੇ ਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿਜਨ ਲਏ ਮਿਲਾਈਆ । ਸਤਿਗੁਰ ਮੇਲ ਮਿਲੰਦੜਾ, ਦੀਨਾਂ ਅਨਾਥਾਂ ਨਾਥ । ਦਰ ਘਰ ਸਾਚੇ ਆਪ ਸੁਹੰਦੜਾ, ਸਦਾ ਸੁਹੇਲਾ ਰੱਖੇ ਏਕਾ ਸਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖਾਂ ਲਾਹੇ ਤੀਨੋ ਤਾਪ । ਤ੍ਰੈਗੁਣ ਤਾਪ ਮਿਟਾਇੰਦਾ, ਹਰਿ ਪੁਰਖ ਨਿਰੰਜਣ ਏਕੰਕਾਰ । ਗੀਤ ਸੁਹਾਗੀ ਇਕ ਸੁਣਾਇੰਦਾ, ਸੋਹੰ ਸ਼ਬਦ ਇਕ ਪੁਕਾਰ । ਸੱਜਣ ਸਾਚੇ ਮੇਲ ਮਿਲਾਇੰਦਾ, ਮੇਲਾ ਮਿਲਿਆ ਰਹੇ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਇਕ ਆਧਾਰ । ਇਕ ਆਧਾਰਾ ਸਤਿਗੁਰ ਚਰਨ, ਧਰਤ ਧਵਲ ਵਡਿਆਈਆ । ਸਵਛ ਸਰੂਪੀ ਰੂਪ ਦਰਸਾਏ ਆਪਣੇ ਨੈਣ ਕਵਲ, ਕਵਲ ਕਵਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਇਕ ਦਏ ਬੁਝਾਈਆ । ਇਕ ਦੇਹ ਇਕ ਦੇਹ, ਦੇਹ ਦਾਤਾ ਆਪ ਹੋ ਜਾਈਆ । ਏਕਾ ਘਰ ਲਗਾ ਨੇਹ, ਪਿਤਾ ਪੂਤ ਵੇਖ ਵਖਾਈਆ । ਕਰ ਕਿਰਪਾ ਬਰਖੇ ਅੰਮ੍ਰਿਤ ਮੇਹ, ਸਾਚਾ ਝਿਰਨਾ ਦਏ ਝਿਰਾਈਆ । ਲੱਗਾ ਤੁਟ ਨਾ ਜਾਏ ਨੇਹ, ਨਿਹਕਲੰਕਾ ਆਪ ਲਗਾਈਆ । ਲੱਖ ਚੁਰਾਸੀ ਭਾਂਡਾ ਫੁੱਟੇ ਹੋਵੇ ਖ਼ਾਕੀ ਦੇਹ, ਖ਼ਾਕ ਖ਼ਾਕ ਆਪਣੇ ਚਰਨਾ ਹੇਠ ਦਬਾਈਆ । ਅੰਮ੍ਰਿਤ ਧਾਰਾ ਬਰਸੇ ਮੇਹ, ਸਾਵਲ ਸੁੰਦਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਥਾਨ ਥਨੰਤਰ ਫੋਲਿਆ, ਕਰ ਕਿਰਪਾ ਹਰਿ ਨਿਰੰਕਾਰ । ਲੱਖ ਚੁਰਾਸੀ ਖ਼ਾਕ ਵਿਰੋਲਿਆ, ਘਰ ਘਰ ਦਿਸੇ ਛਾਰ । ਉਚਾ ਕੂਕ ਆਪੇ ਬੋਲਿਆ, ਪੁਰਖ ਅਬਿਨਾਸ਼ੀ ਬੇਐਬ ਪਰਵਰਦਿਗਾਰ । ਧੁਰ ਦਰਗਾਹੀ ਲੈ ਕੇ ਆਇਆ ਢੋਲਿਆ, ਸੋਹੰ ਸ਼ਬਦ ਸਚ ਜੈਕਾਰ । ਆਸਾ ਮਨਸਾ ਆਪੇ ਮੌਲਿਆ, ਨਿਰਗੁਣ ਸਰਗੁਣ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲ ਕਲਕੀ ਲੈ ਅਵਤਾਰ । ਕਲ ਕਲਕੀ ਹਰਿ ਸੀਸ ਧਰ, ਧਰਨੀ ਧਰਤ ਧਵਲ ਸੁਹਾਇੰਦਾ । ਗੁਰਮੁਖਾਂ ਦੇਵੇ ਏਕਾ ਵਰ, ਏਕਾ ਵਸਤ ਝੋਲੀ ਪਾਇੰਦਾ । ਆਵਣ ਜਾਵਣ ਚੁੱਕੇ ਡਰ, ਜਮ ਕੀ ਫ਼ਾਸੀ ਆਪ ਤੁੜਾਇੰਦਾ । ਆਪਣੀ ਕਿਰਪਾ ਆਪੇ ਕਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਾਚੀ ਵਸਤ ਅੰਦਰ ਧਰ, ਧਰਨਾਪਤ ਸਾਚਾ ਮੰਦਰ ਆਪ ਸੁਹਾਇੰਦਾ । ਦਰਸ ਦਿਖਾਏ ਅੱਗੇ ਖੜ, ਰੂਪ ਅਨੂਪਾ ਰੂਪ ਵਟਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਸਾਚੀ ਵਿਦਿਆ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਜਗਤ ਵਿਛੋੜਾ ਪੰਧ ਮੁਕਾਇੰਦਾ । ਮੁਕਾਏ ਪੰਧ ਦੋ ਜਹਾਨਾ, ਨੇਰਨ ਨੇਰਨ ਵੇਖ ਵਖਾਈਆ । ਸ਼ਬਦ ਸਰੂਪੀ ਬੰਨ੍ਹੇ ਗਾਨਾਂ ਚੌਦਾਂ ਚੌਦਸ ਕਰੇ ਮੱਸਿਆ, ਰੈਣ ਅੰਧੇਰ ਏਕਾ ਛਾਈਆ । ਗੁਰਸਿਖ ਅੰਮ੍ਰਿਤ ਆਤਮ ਸਾਚੀ ਪੌਹਲ ਛਕੇ, ਪਲ ਪਲ ਵਿਸਰ ਨਾ ਜਾਈਆ । ਆਪਣੀ ਇਛਿਆ ਆਪੇ ਪਲੇ, ਆਪੇ ਦਾਤਾ ਰਿਜ਼ਕ ਸਬਾਈਆ । ਸਚ ਸੁਨੇਹੜਾ ਆਪੇ ਘੱਲੇ, ਰਸਨਾ ਜਿਹਵਾ ਬੱਤੀ ਦੰਦ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ

ਘਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਮੁੱਕਿਆ, ਆਈ ਅੰਤਮ ਵਾਰ । ਸਤਿਗੁਰ ਪੂਰਾ ਸ਼ੇਰ ਦਲੇਰਾ ਹੋ ਹੋ ਬੁਕਿਆ, ਸਿੰਘ ਸਰੂਪੀ ਲੈ ਅਵਤਾਰ । ਲੱਖ ਚੁਰਾਸੀ ਜੀਵ ਜੰਤ ਕਲਜੁਗ ਸੰਗ ਦਿਨ ਦਿਹਾੜੇ ਜਾਏ ਲੁੱਟਿਆ, ਖ਼ਾਲੀ ਭਰੇ ਰਹਿਣ ਭੰਡਾਰ । ਮਾਣਸ ਜੀਵਾਂ ਚੋਗ ਨਿਖੁਟਿਆ, ਮਿਲੇ ਮੇਲ ਨਾ ਹਰਿ ਕਰਤਾਰ । ਦੂਤੀ ਦੁਸ਼ਮਣ ਬੂਟਾ ਪੁੱਟਿਆ, ਫਲ ਲੱਗੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਜਗਤ ਨੁਹਾਰ । ਜਗਤ ਨੁਹਾਰੀ ਨੂਰ ਉਜਾਲਾ, ਨਿਰਗੁਣ ਆਪਣਾ ਵੇਖ ਵਖਾਈਆ । ਸ਼ਬਦ ਜਣਾਈ ਕਾਲ ਮਹਾਂਕਾਲਾ, ਕਾਲਖ ਟਿੱਕਾ ਦਏ ਵਖਾਈਆ । ਇਕ ਵਖਾਏ ਸਚਖੰਡ ਸਾਚੀ ਧਰਮਸਾਲਾ, ਥਿਰ ਦਰਬਾਰਾ ਆਪ ਖੁਲ੍ਹਾਈਆ । ਸਚਖੰਡ ਦਵਾਰੇ ਕਰਿਆ ਖੇਲ ਨਿਰਾਲਾ, ਹਾਲੀ ਸਾਚਾ ਹਲ ਚਲਾਈਆ । ਆਪੇ ਤਿੱਖਾ ਰਖਿਆ ਫਾਲਾ, ਮਨਮੁਖਾਂ ਜੜ ਉਖੜਾਈਆ । ਫਲ ਲੱਗੇ ਸਾਚੇ ਡਾਲ੍ਹਾ, ਡਾਲ੍ਹੀ ਪਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਚਲੇ ਅਵੱਲੜੀ ਚਾਲਾ, ਸਚ ਸੰਦੇਸ਼ ਨਰ ਨਰੇਸ਼ ਇਕ ਸੁਣਾਈਆ । ਸਚ ਸੰਦੇਸ਼ ਮਨ ਚਾਓ ਘਨੇਰਾ, ਗੁਰਸਿਖ ਖ਼ੁਸ਼ੀ ਮਨਾਈਆ । ਸਤਿਗੁਰ ਨਜ਼ਰੀ ਆਏ ਨੇਰਨ ਨੇਰਾ, ਨਿਰਗੁਣ ਆਪਣੀ ਜੋਤ ਜਗਾਈਆ । ਬ੍ਰਹਿਮੰਡ ਖੰਡ ਨਾ ਪਾਏ ਫੇਰਾ, ਅਵਣ ਗਵਣ ਨਾ ਕੋਇ ਜਣਾਈਆ । ਆਪੇ ਦੇਵਣਹਾਰਾ ਗੇੜਾ, ਗੇੜਾ ਆਪਣੇ ਹੱਥ ਰਖਾਈਆ । ਦਿਵਸ ਰੈਣ ਕਰੇ ਝੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਆਪ ਤਰਾਈਆ । ਸਾਚਾ ਬੇੜਾ ਤਾਰਨਾ, ਗੁਰਮੁਖ ਕਰਮ ਵਿਚਾਰ । ਮਾਣਸ ਮਾਨੁਖ ਜਨਮ ਸਵਾਰਨਾ, ਲੇਖਾ ਜਾਣੇ ਧੁਰ ਦਰਬਾਰ । ਹਰਖ ਸੋਗ ਨਾ ਕੋਇ ਵਖਾਵਣਾ, ਨੇਤਰ ਰੋਵੇ ਨਾ ਜ਼ਾਰੋ ਜ਼ਾਰ । ਸੁੱਤ ਦੁਲਾਰਾ ਖ਼ਾਕੀ ਖ਼ਾਕ ਨਾ ਕੋਇ ਦਬਾਵਣਾ, ਅਗਨੀ ਤਤ ਕਰੇ ਭੰਡਾਰ । ਪੁਰਖ ਅਬਿਨਾਸ਼ੀ ਬੂਝ ਬੁਝਾਵਣਾ, ਭੁੱਲ ਰਹੇ ਨਾ ਵਿਚ ਸੰਸਾਰ । ਕਲਜੁਗ ਅੰਤਮ ਸੰਗ ਨਿਭਾਵਣਾ, ਨਿਹਕਲੰਕ ਕਲ ਕਲਕੀ ਲਏ ਅਵਤਾਰ । ਸਾਚਾ ਛਤਰ ਸੀਸ ਝੁਲੌਣਾ, ਝੁਲੌਂਦਾ ਰਹੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਦਵਾਰ । ਚਰਨ ਦਵਾਰਾ ਭੇਟਿਆ, ਮਿਲਿਆ ਹਰਿ ਹਰਿ ਰਾਏ । ਦਰ ਘਰ ਸਾਚੇ ਬਣੇ ਖੇਵਟ ਖੇਟਿਆ, ਏਕਾ ਬੇੜਾ ਲਏ ਉਠਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਆਪੇ ਪਾਏ । ਕਲਜੁਗ ਅੰਤਮ ਬੰਧਨ ਪਾਇਆ, ਲੇਖਾ ਲਿਖੇ ਨਾ ਕੋਈ ਰਾਈਆ । ਸੋਹੰ ਸ਼ਬਦ ਸੁਹਾਗੀ ਛੰਦਨ ਏਕਾ ਗਾਇਆ, ਏਕਾ ਦਏ ਸਮਝਾਈਆ । ਦੀਨ ਦਿਆਲਾ ਸਰਬ ਬਖ਼ਸ਼ੰਦਨ, ਗੁਰਮੁਖ ਸਾਚੇ ਵੇਖ ਵਖਾਈਆ । ਗ਼ਰੀਬ ਨਿਮਾਣੇ ਗਲੇ ਲਗਾਏ ਜਿਉਂ ਸੁਦਾਮਾ ਚੱਬੇ ਤੰਦਨ, ਆਪਣੀ ਮੁੱਠੀ ਆਪ ਭਰਾਈਆ । ਗੁਰਮੁਖਾਂ ਤੋੜੇ ਖ਼ਾਨਾ ਬੰਦਨ, ਬੰਦੀ ਛੋੜ ਆਪ ਹੋ ਜਾਈਆ । ਮਸਤਕ ਟਿੱਕਾ ਲਾਏ ਏਕਾ ਚੰਦਨ, ਨਿਮ ਵਾਸ ਸੰਗ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਣਾਏ ਸੁਹਾਗੀ ਛੰਦਨ, ਗੀਤ ਗੋਬਿੰਦ ਆਪ ਅਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਸਾਚਾ ਤੰਦਨ, ਗੁਰਮੁਖ ਆਪਣੀ ਵੰਡ ਵੰਡਾਈਆ ।

੬੨੩

✻ ੮ ਭਾਦਰੋਂ ੨੦੧੭ ਬਿਕ੍ਰਮੀ ਇੰਦਰ ਸਿੰਘ ਦੇ ਘਰ ਨਾਥੇਵਾਲ ਫਿਰੋਜ਼ਪੁਰ ✻

ਸਤਿਗੁਰ ਪੂਰਾ ਸਰਬ ਗੁਣ ਠਾਕਰ, ਪੁਰਖ ਅਕਾਲ ਨਾਉਂ ਧਰਾਇੰਦਾ । ਜੁਗ ਜੁਗ ਵੇਖੇ ਜਗਤ ਸਾਗਰ, ਕਲਜੁਗ ਅੰਤਮ ਫੇਰਾ ਪਾਇੰਦਾ । ਵਸਤ ਅਮੋਲਕ ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਮੇਟ ਮਿਟਾਇੰਦਾ । ਗੁਰਮੁਖ ਬਣਾਏ ਸਾਚੇ ਸੌਦਾਗਰ, ਦਰ ਘਰ ਸਾਚਾ ਹੱਟ ਇਕ ਖੁਲਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਦੀਨਾ ਨਾਥ ਸਰਬ ਗੁਣਵੰਤਾ, ਦੀਨਨ ਦਇਆ ਆਪ ਕਮਾਈਆ । ਜੁਗਾ ਜੁਗੰਤਰ ਵੇਸ ਵਟੰਤਾ, ਕਲਜੁਗ ਅੰਤਮ ਫੇਰਾ ਪਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਵੇਖੇ ਸੰਸਥਾ, ਜਗਤ ਸਮਾਜ ਫੋਲ ਫੁਲਾਈਆ । ਵਰਨਾਂ ਬਰਨਾਂ ਬਣਿਆ ਬੰਸਾ, ਸਾਚਾ ਬੰਸ ਨਾ ਕੋਇ ਸੁਹਾਈਆ । ਤ੍ਰੈਗੁਣ ਮਾਈ ਬਣੀ ਅੰਸਾ, ਪਿਆਰ ਆਧਾਰ ਇਕ ਵਖਾਈਆ । ਮਨ ਹੰਕਾਰੀ ਬਣਿਆ ਕੰਸਾ, ਜੂਠਾ ਝੂਠਾ ਖੰਡਾ ਹੱਥ ਚਮਕਾਈਆ । ਜੀਵ ਵਿਕਾਰੀ ਹੋਏ ਸਹੰਸਾ, ਸਹੰਸਰ ਗੁਣ ਨਾ ਕੋਇ ਗਾਈਆ । ਕਾਇਆ ਮੇਲਾ ਮਾਇਆ ਮੋਹ ਜਗਤ ਅਹਿੰਸਾ, ਸਗਲਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਕਰੇ ਬੇਪਰਵਾਹੀਆ । ਪੁਰਖ ਅਬਿਨਾਸ਼ੀ ਦੀਨ ਦਿਆਲਣ, ਦਇਆ ਨਿਧ ਠਾਕਰ ਗਹਿਰ ਗੰਭੀਰਿਆ । ਆਦਿ ਜੁਗਾਦੀ ਖੇਲ ਨਿਰਾਲਣ, ਜੋਤ ਅਕਾਲਣ ਲੋਕਮਾਤ ਲਏ ਅਵਤਾਰਿਆ । ਚਲੇ ਚਲਾਏ ਅਵੱਲੜੀ ਚਾਲਣ, ਵੇਦ ਕਤੇਬ ਭੇਵ ਨਾ ਪਾ ਰਿਹਾ । ਖੇਲੇ ਖੇਲ ਦੋ ਜਹਾਨਣ, ਦੋ ਜਹਾਨਾਂ ਵਾਲੀ ਆਪਣਾ ਨਾਉਂ ਧਰਾ ਰਿਹਾ । ਜਨ ਭਗਤਾਂ ਕਰੇ ਹਰਿ ਹਰਿ ਪਾਲਣ, ਹਰਿ ਜੂ ਮੰਦਰ ਆਪ ਸੁਹਾ ਰਿਹਾ । ਸੰਤਨ ਮੇਟੇ ਅੰਧੇਰੀ ਸ਼ਾਮਨ, ਸ਼ਮਾ ਦੀਪਕ ਇਕ ਜਗਾ ਰਿਹਾ । ਗੁਰਮੁਖਾਂ ਬਖ਼ਸ਼ੇ ਨਾਮ ਨਿਧਾਨਨ, ਸਚ ਮੰਤਰ ਆਪ ਦ੍ਰਿੜ੍ਹਾ ਰਿਹਾ । ਗੁਰਸਿਖਾਂ ਕਰੇ ਪ੍ਰਕਾਸ਼ ਕੋਟਨ ਭਾਨਨ, ਭਾਵੀ ਭਰਮ ਭੌ ਚੁਕਾ ਰਿਹਾ । ਏਕਾ ਸ਼ਬਦ ਫੜਾਏ ਸਾਚਾ ਦਾਮਨ, ਦਾਮਨਗੀਰ ਆਪਣੀ ਸੇਵ ਕਮਾ ਰਿਹਾ । ਨੇੜ ਨਾ ਆਏ ਕਾਮਨੀ ਕਾਮਨ, ਕਾਦਰ ਕਰਤਾ ਆਪਣੀ ਕਿਰਤ ਆਪ ਕਮਾ ਰਿਹਾ । ਦੋ ਜਹਾਨਾ ਬਣੇ ਜ਼ਾਮਨ, ਲੋਕਮਾਤ ਵੇਖ ਵਖਾ ਰਿਹਾ । ਨਾ ਕੋਈ ਸ਼ੱਤਰੀ ਨਾ ਕੋਈ ਬ੍ਰਹਿਮਣ, ਸ਼ੂਦਰ ਵੈਸ਼ ਨਾ ਕੋਇ ਉਪਾ ਲਿਆ । ਨਿਰਗੁਣ ਰੂਪ ਸਰਬ ਘਟ ਚਾਨਣ, ਗ੍ਰਹਿ ਮੰਦਰ ਘਰ ਘਰ ਡੇਰਾ ਲਾ ਲਿਆ । ਤਾਣਾ ਪੇਟਾ ਤਣਿਆ ਤਾਨਣ, ਤ੍ਰੈਗੁਣ ਮਾਇਆ ਤੰਦ ਉਣਾ ਲਿਆ । ਕਰੇ ਖੇਲ ਸ੍ਰੀ ਭਗਵਾਨਨ, ਭੇਵ ਅਭੇਦਾ ਆਪ ਚਲਾ ਰਿਹਾ । ਜੁਗਾ ਜੁਗੰਤਰ ਬਣੇ ਦਲਾਲਣ, ਜਗਤ ਦਲੀਲ ਵੇਖ ਵਖਾ ਰਿਹਾ । ਭਗਤ ਭਿਖਾਰੀ ਹੋਏ ਸਵਾਲਣ, ਇਛਿਆ ਭਿਛਿਆ ਮੰਗ ਮੰਗਾ ਰਿਹਾ । ਮੰਗੇ ਵਸਤ ਨਾਮ ਧਨ ਮਾਲਣ, ਧਨ ਧਨਾਡੀ ਆਪ ਅਖਵਾ ਰਿਹਾ । ਪੰਜ ਤਤ ਵਿਕਾਰਾ ਕਲਜੁਗ ਅਗਨੀ ਜਾਲੇ ਬਾਲਣ, ਧੁਆਂਧਾਰ ਸਰਬ ਸਮਾ ਲਿਆ । ਹਰਿ ਕਾ ਰੂਪ ਨਾ ਕੋਇ ਪਛਾਨਣ, ਹਰਿ ਕੇ ਪੌੜੇ ਨਾ ਕੋਇ ਚੜ੍ਹਾ ਰਿਹਾ । ਅਨਹਦ ਸ਼ਬਦ ਨਾ ਕੋਇ ਗਾਨਣ, ਰਸਨਾ ਜਿਹਵਾ ਸਰਬ ਹਿਲਾ ਰਿਹਾ । ਤੁੱਟੇ ਮਾਣ ਨਾ ਜਗਤ ਅਭਿਮਾਨਣ, ਹਉਮੇ ਹੰਗਤਾ ਗੜ੍ਹ ਸੁਹਾ ਲਿਆ । ਗੁਰ ਚਰਨ ਧੂੜ ਕਰਿਆ ਨਾ ਸਚ ਅਸਨਾਨਣ, ਅਠਸਠ ਭੌਂ ਭੌਂ ਵਕਤ ਲੰਘਾ ਲਿਆ । ਆਤਮ ਉਪਜਿਆ ਨਾ ਬ੍ਰਹਮ ਗਿਆਨਣ, ਪੜ੍ਹ ਪੜ੍ਹ ਰਸਨਾ ਜਗਤ ਸੁਣਾ ਲਿਆ । ਵੱਜਾ ਤੀਰ ਨਾ ਸਚ ਨਿਸ਼ਾਨਣ, ਝੂਠਾ ਖੰਡਾ ਹੱਥ ਵਖਾ ਲਿਆ । ਮਿਲਿਆ ਮੇਲ ਨਾ ਗੁਣ ਨਿਧਾਨਣ, ਕੋਟ ਕੋਟੀ ਰੂਪ ਵਟਾ

ਲਿਆ । ਕਲਜੁਗ ਅੰਤਮ ਰੈਣ ਅੰਧੇਰੀ ਵੇਖੇ ਕਾਲਣ, ਪੁਰਖ ਅਬਿਨਾਸ਼ੀ ਆਪਣਾ ਨੈਣ ਖੁਲ੍ਹਾ ਲਿਆ । ਨਿਰਗੁਣ ਸਰਗੁਣ ਚੜ੍ਹਿਆ ਭਾਲਣ, ਲੋਕਮਾਤ ਫੇਰਾ ਪਾ ਲਿਆ । ਸੁਰਤੀ ਸੋਈ ਆਇਆ ਉਠਾਲਣ, ਸ਼ਬਦ ਡੰਡਾ ਹੱਥ ਰਖਾ ਲਿਆ । ਸਵਛ ਸਰੂਪੀ ਆਇਆ ਦਰਸ ਦਿਖਾਲਣ, ਨਿਰਵੈਰ ਆਪਣਾ ਨਾਉਂ ਉਪਜਾ ਲਿਆ । ਧੁਰ ਦਰਗਾਹੀ ਸਾਚਾ ਮਾਹੀ ਆਪੇ ਆਇਆ ਬਣ ਕੇ ਮਾਲਣ, ਸਾਚੀ ਖਾਰੀ ਫੂਲਨ ਸੀਸ ਉਠਾ ਲਿਆ । ਗੁਰਮੁਖ ਵੇਖੇ ਸਾਚੇ ਲਾਲਣ, ਰਤਨ ਅਮੋਲਕ ਹੀਰਾ ਲਾਲ ਲਖ ਚੁਰਾਸੀ ਵਿਚੋਂ ਆਪ ਉਠਾ ਲਿਆ । ਏਕਾ ਗਲ ਪਾਏ ਸੋਹੰ ਸਾਚੀ ਮਾਲਨ, ਬ੍ਰਹਮ ਪਾਰਬ੍ਰਹਮ ਸਗਨ ਮਨਾ ਲਿਆ । ਚੌਥੇ ਜੁਗ ਆਪਣੇ ਨਾਉਂ ਪੂਰਾ ਕਰੇ ਸਵਾਲਣ, ਯੋਗ ਅਭਿਆਸ ਨਾ ਕੋਈ ਵਖਾ ਰਿਹਾ । ਚਰਨ ਕਵਲ ਇਕ ਧਿਆਨਣ, ਚਰਨ ਚਰਨੋਦਕ ਮੁਖ ਚਵਾ ਰਿਹਾ । ਫਲ ਲਗਾਏ ਸਾਚੇ ਡਾਲਣ, ਪਤ ਡਾਲ੍ਹੀ ਆਪ ਮਹਿਕਾ ਰਿਹਾ । ਗੁਰਮੁਖਾਂ ਦੱਸੇ ਰਾਹ ਸੁਖਾਲਣ, ਸੁਖ ਸਾਗਰ ਆਪਣਾ ਰੂਪ ਵਟਾ ਲਿਆ । ਕਲਜੁਗ ਜੀਵ ਡਿਗੇ ਪੰਛੀ ਆਹਲਣ, ਫੜ ਬਾਹੋਂ ਨਾ ਕੋਇ ਟਿਕਾ ਲਿਆ । ਲਾੜੀ ਮੌਤ ਪਾਏ ਧਮਾਲਣ, ਘਰ ਘਰ ਆਪਣਾ ਨਾਚ ਨਚਾ ਲਿਆ । ਵੇਖਣਹਾਰੀ ਜੋਤ ਅਕਾਲਣ, ਕਲਜੁਗ ਅੰਤਮ ਵੇਸ ਵਟਾ ਲਿਆ । ਵਿਸ਼ਨੂੰ ਭੰਡਾਰਾ ਕਰੇ ਖਾਲਣ, ਖਾਲਕ ਖਲਕ ਸਰਬ ਤੜਫਾ ਰਿਹਾ । ਬ੍ਰਹਮਾ ਬ੍ਰਹਮ ਤੁੱਟੇ ਮਾਨਣ, ਵੇਲਾ ਅੰਤਮ ਇਕ ਜਣਾ ਲਿਆ । ਸ਼ੰਕਰ ਪੂਰੀ ਕਰੇ ਘਾਲਣ, ਕੀਤੀ ਘਾਲ ਲੇਖੇ ਲਾ ਰਿਹਾ । ਚਿਤਰ ਗੁਪਤ ਵੇਖੇ ਖੋਲ੍ਹ ਦੁਕਾਨਣ, ਲਖ ਚੁਰਾਸੀ ਲੇਖਾ ਜਗਤ ਹਿਸਾਬ ਆਪ ਗਿਣਾ ਲਿਆ । ਰਾਏ ਧਰਮ ਉਠਿਆ ਨੌਜਵਾਨਣ, ਪੁਰਖ ਅਬਿਨਾਸ਼ੀ ਹੁਕਮ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਆਪਣੇ ਖਾਤੇ ਪਾ ਲਿਆ । ਹਰਿ ਜੂ ਰੱਖੇ ਆਪਣਾ ਖਾਤਾ, ਦੂਸਰ ਹੱਥ ਨਾ ਕੋਇ ਵਡਿਆਈਆ । ਜੁਗ ਜੁਗ ਵਰਤਾਵੇ ਆਪਣੀ ਦਾਤਾ, ਦਾਤਾ ਦਾਨੀ ਨਾਉਂ ਧਰਾਈਆ । ਆਪਣੇ ਅੰਦਰੋਂ ਆਪਣੀ ਵਸਤ ਆਪੇ ਕੱਢੇ ਬਹੁ ਬਹੁ ਭਾਂਤਾ, ਭੇਵ ਅਭੇਦਾ ਭੇਵ ਨਾ ਰਾਈਆ । ਆਪੇ ਗਾਏ ਸੁਣਾਏ ਸਾਚੀ ਗਾਥਾ, ਸੱਚਖੰਡ ਦਵਾਰ ਵੱਜੇ ਵਧਾਈਆ । ਖੇਲੇ ਖੇਲ ਤ੍ਰੈਲੋਕੀ ਨਾਥਾ, ਤ੍ਰੈ ਤ੍ਰੈ ਵੇਸ ਅਨੇਕ ਵਟਾਈਆ । ਏਕਾ ਮੰਤਰ ਪੂਜਾ ਪਾਠਾ, ਜੁਗਾ ਜੁਗੰਤਰ ਜਗਤ ਪੜ੍ਹਾਈਆ । ਏਕਾ ਖੋਲ੍ਹਣਹਾਰਾ ਹਾਟਾ, ਏਕਾ ਵਸਤ ਨਾਮ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਅਨਮੋਲਾ ਪੁਰਖ ਅਬਿਨਾਸ਼ੀ ਬਣਿਆ ਤੋਲਾ, ਏਕਾ ਕੰਡਾ ਹੱਥ ਉਠਾਈਆ । ਸਾਚਾ ਕੰਡਾ ਹਰਿ ਨਿਰੰਕਾਰ, ਆਪਣੇ ਹੱਥ ਰਖਾਇੰਦਾ । ਨਾਮ ਵਸਤ ਅਗੰਮ ਅਪਾਰ, ਅਤੋਲ ਅਤੁਲ ਆਪਣੇ ਛਾਬੇ ਆਪੇ ਪਾਇੰਦਾ । ਆਦਿ ਜੁਗਾਦਿ ਰੱਖੇ ਅਡੋਲ, ਜੁਗ ਜੁਗ ਨਾ ਕੋਇ ਡੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਾਮ ਵਸਤ ਅਪਾਰ, ਦੇਵਣਹਾਰ ਹਰਿ ਦਾਤਾਰ, ਦਰ ਘਰ ਸਾਚੇ ਆਪ ਵਰਤਾਇੰਦਾ । ਨਾਮ ਵਰਤੰਦੜਾ ਹਰਿ ਭਗਵੰਤਾ, ਦੀਨ ਦਿਆਲਾ ਦਇਆ ਕਮਾਇੰਦਾ । ਜੁਗ ਜੁਗ ਮੇਲਾ ਸਾਚੇ ਸੰਤਾ, ਸੰਤ ਸਾਜਣ ਵੇਖ ਵਖਾਇੰਦਾ । ਤੋੜੇ ਗੜ ਹਉਮੇ ਹੰਗਤਾ, ਮਾਇਆ ਮਮਤਾ ਮੋਹ ਚੁਕਾਇੰਦਾ । ਦਰ ਭਿਖਾਰੀ ਬਣਾਏ ਮੰਗਤਾ, ਦਰ ਦਰਵੇਸ਼ਾ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਮ ਵਡਿਆਇੰਦਾ । ਜਗਤ ਵਡਿਆਈ ਹਰਿ ਹਰਿ ਨਾਉਂ, ਵੇਦ ਪੁਰਾਨ ਰਹੇ ਜਸ ਗਾਈਆ । ਆਦਿ ਜੁਗਾਦਿ ਜੁਗਾ ਜੁਗੰਤ ਜਨ ਭਗਤਾਂ ਦੱਸੇ ਸਾਚਾ ਥਾਉਂ, ਥਾਨ ਥਨੰਤਰ ਇਕ ਸੁਹਾਈਆ । ਸੰਤਨ ਮੇਲਾ ਅਗੰਮ ਅਥਾਹੋ, ਅਲੱਖ ਅਗੋਚਰ

ਬੇਪਰਵਾਹ ਵੇਖ ਵਖਾਈਆ । ਗੁਰਮੁਖਾਂ ਪਕੜੇ ਆਪੇ ਬਾਹੋਂ, ਮੇਲ ਮਿਲਾਏ ਸਹਿਜ ਸੁਭਾਈਆ । ਗੁਰਸਿਖ ਬਣਾਏ ਹੰਸ ਕਾਉਂ, ਕਾਗੋਂ ਹੰਸ ਆਪ ਉਡਾਈਆ । ਸਤਿਗੁਰ ਪੂਰਾ ਸਦਾ ਸਦਾ ਸਦ ਰੱਖੇ ਚਾਓ, ਹਰਿਜਨ ਵੇਖੇ ਆਪਣਾ ਨੈਣ ਉਠਾਈਆ । ਆਪੇ ਫੜ ਫੜ ਪਾਏ ਰਾਹੋ, ਰਾਹ ਖੇੜਾ ਆਪ ਜਣਾਈਆ । ਜੁਗ ਜੁਗ ਕਰੇ ਸਚ ਨਿਆਉਂ, ਕਲਜੁਗ ਅੰਤਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਹਰਿ ਮੰਦਰ ਬੈਠਾ ਸੋਭਾ ਪਾਈਆ । ਕਲਜੁਗ ਅੰਤਮ ਆਇਆ, ਵੇਲਾ ਵਕਤ ਵਿਚਾਰ । ਗੁਰਮੁਖ ਲਏ ਜਗਾਇਆ, ਕਰ ਕਿਰਪਾ ਆਪ ਨਿਰੰਕਾਰ । ਲੱਖ ਚੁਰਾਸੀ ਦਏ ਮਿਟਾਇਆ, ਫੰਦਨ ਤੋੜ ਸੱਚੀ ਸਰਕਾਰ । ਬੰਦ ਖੁਲਾਸੀ ਆਪ ਕਰਾਇਆ, ਜਮ ਕੀ ਫ਼ਾਸੀ ਦਏ ਉਤਾਰ । ਪਵਣ ਸਵਾਸੀ ਸ਼ਬਦ ਚਲਾਇਆ, ਦਿਵਸ ਰੈਣ ਰਹੇ ਧੁਨਕਾਰ । ਸਾਚਾ ਮੰਦਰ ਆਪ ਸੁਹਾਇਆ, ਹਰਿਮੰਦਰ ਕਾਇਆ ਸੱਚਾ ਘਰ ਬਾਰ । ਦੀਆ ਦੀਪਕ ਜੋਤੀ ਇਕ ਟਿਕਾਇਆ, ਜੋਤ ਨਿਰੰਜਣ ਰਹੇ ਉਜਿਆਰ । ਆਤਮ ਸੇਜਾ ਇਕ ਸੁਹਾਇਆ, ਸ਼ਬਦ ਵਿਛੋੜਾ ਅਪਰ ਅਪਾਰ । ਸਤਿ ਸਰੂਪੀ ਆਸਣ ਲਾਇਆ, ਆਪੇ ਸੁੱਤਾ ਪੈਰ ਪਸਾਰ, ਦਿਵਸ ਰੈਣ ਜਨ ਭਗਤਾਂ ਰਾਹ ਰਿਹਾ ਤਕਾਇਆ, ਆਪ ਆਪਣਾ ਨੈਣ ਉਘਾੜ । ਕਲਜੁਗ ਅੰਤਮ ਵੇਖ ਵਖਾਇਆ, ਗੁਰਮੁਖ ਗੁਰਸਿਖ ਗ਼ਰੀਬ ਨਿਮਾਣੇ ਸਾਚੇ ਲਾੜ । ਸਾਚੇ ਘੋੜੇ ਲਏ ਚੜ੍ਹਾਇਆ, ਸ਼ਬਦ ਅਗੰਮੀ ਕਰ ਤਿਆਰ । ਹੰ ਬ੍ਰਹਮ ਆਪ ਸਮਝਾਇਆ, ਸੋ ਪੁਰਖ ਨਿਰੰਜਣ ਕਿਰਪਾ ਧਾਰ । ਜੋਤੀ ਜਾਮਾ ਮੇਲ ਮਿਲਾਇਆ, ਮੇਲ ਮਿਲਾਵਾ ਕੰਤ ਭਤਾਰ । ਸੁਰਤ ਸਵਾਣੀ ਪਕੜ ਉਠਾਇਆ, ਸੋਈ ਰਹੇ ਨਾ ਨਾਰ ਵਿਭਚਾਰ । ਏਕਾ ਕੱਜਲ ਨੈਣ ਪਵਾਇਆ, ਤਿਖੀ ਰੱਖੀ ਆਪੇ ਧਾਰ । ਸਾਚਾ ਭੂਸ਼ਨ ਤਨ ਸੁਹਾਇਆ, ਰੰਗੇ ਰੰਗ ਲਾਲ ਗੁਲਾਲ । ਏਕਾ ਪੀਹੜਾ ਰੰਗੀਲ ਵਛਾਇਆ, ਬਾਢੀ ਬਣ ਆਪ ਕਰਤਾਰ । ਸਾਚੇ ਡੋਲੇ ਆਪੇ ਪਾਇਆ, ਬਨਿਆ ਰਹੇ ਆਪ ਕਹਾਰ । ਸਾਢੇ ਤਿੰਨ ਹੱਥ ਲੰਮਾਂ ਆਪ ਰਖਾਇਆ, ਅੰਦਰ ਲੁਕਿਆ ਲੁਕਣਹਾਰ । ਆਪਣੇ ਕੰਧ ਆਪ ਟਿਕਾਇਆ, ਆਪੇ ਚੁੱਕੇ ਸੱਚਾ ਭਾਰ । ਆਪਣੇ ਰਾਹ ਆਪ ਚਲਾਇਆ, ਡੂੰਘੀ ਗਾਰੋਂ ਕੱਢਿਆ ਬਾਹਿਰ । ਪੰਜ ਤਤ ਤ੍ਰੈਗੁਣ ਅੱਗਨੀ ਦਏ ਬੁਝਾਇਆ, ਅੰਮ੍ਰਿਤ ਪਿਆਇਆ ਠੰਡਾ ਠਾਰ । ਸੁਰਤ ਸਵਾਣੀ ਨੈਣ ਖੁਲਾਇਆ, ਇਕ ਵਖਾਇਆ ਸਚ ਦਰਬਾਰ । ਗੁਰ ਸ਼ਬਦੀ ਮਾਤ ਪਰਨਾਵਣ ਆਇਆ, ਆਪ ਆਪਣਾ ਸਗਨ ਵਿਚਾਰ । ਏਕਾ ਪੱਲੂ ਹੱਥ ਫੜਾਇਆ, ਚੌਥੇ ਜੁਗ ਲਾਵਾਂ ਲਏ ਚਾਰ । ਉਲਟਾ ਗੇੜਾ ਆਪ ਗੜਾਇਆ, ਕਾਇਆ ਕਵਰੀ ਕੱਢੇ ਬਾਹਿਰ । ਸੌਹਰੇ ਪੇਇਏ ਵੇਖ ਵਖਾਇਆ, ਪਿਆ ਪ੍ਰੀਤਮ ਮੀਤ ਮੁਰਾਰ । ਸਾਚੀ ਜੋਤੀ ਆਪ ਜਗਾਇਆ, ਥਿਰ ਘਰ ਬੈਠ ਸੱਚੇ ਦਰਬਾਰ । ਸਾਚਾ ਸਗਨ ਇਕ ਵਖਾਇਆ, ਅੰਮ੍ਰਿਤ ਏਕਾ ਉਤੋਂ ਵਾਰ । ਸਚ ਸਵਾਣੀ ਪਰਦਾ ਦਏ ਉਠਾਇਆ, ਮੁਖ ਘੁੰਗਟ ਦਏ ਉਤਾਰ । ਸਾਚੀ ਸੇਜ ਇਕ ਸੁਹਾਇਆ, ਬੇਐਬ ਪਰਵਰਦਿਗਾਰ । ਮਹਿੰਦੀ ਰੰਗਣ ਰੰਗ ਰੰਗਾਇਆ, ਉਤਰ ਨਾ ਜਾਏ ਦੂਜੀ ਵਾਰ । ਸਾਚਾ ਸਾਲੂ ਸੀਸ ਟਿਕਾਇਆ, ਮੇਂਡੀ ਗੁੰਦੇ ਸਿਰਜਣਹਾਰ । ਮਸਤਕ ਟਿੱਕਾ ਇਕ ਲਗਾਇਆ, ਜੋਤ ਨਿਰੰਜਣ ਕਰ ਉਜਿਆਰ । ਛੋਟਾ ਬਾਲਾ ਗੋਦ ਬਹਾਇਆ, ਦੇਵਰ ਭਾਬੀ ਕਰੇ ਪਿਆਰ । ਸਾਚਾ ਮੇਲਾ ਮੇਲ ਮਿਲਾਇਆ, ਕਰੇ ਖੇਲ ਆਪ ਕਰਤਾਰ । ਆਪਣੀ ਹੱਥੀਂ ਦੀਪ ਜਗਾਇਆ, ਘਰ ਮੰਦਰ ਹੋਏ ਉਜਿਆਰ । ਤੇਲ ਬਾਤੀ ਨਾ ਕੋਇ ਟਿਕਾਇਆ, ਨਾ ਕੋਈ ਮਾਰੇ ਫੂਕ ਫੁਕਾਰ । ਚਾਰੇ ਕੁੰਟ ਉਤਰ ਪੂਰਬ ਪੱਛਮ ਦੱਖਣ ਆਪਣਾ ਦਰਵਾਜ਼ਾ ਆਪੇ ਬੰਦ ਕਰਾਇਆ, ਨਾ ਕੋਈ ਖੋਲ੍ਹੇ ਬੰਦ ਕਿਵਾੜ । ਲਾੜੀ

ਲਾੜਾ ਏਕਾ ਰੰਗ ਸਮਾਇਆ, ਕਰੇ ਖੇਲ ਖੇਲਣਹਾਰ । ਗੁਰਸਿਖ ਤੇਰਾ ਕਾਇਆ ਖੇੜਾ ਆਪ ਵਸਾਇਆ, ਆਪੇ ਬਣਿਆ ਚੋਬਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਕਰਜ਼ਾ ਦਏ ਉਤਾਰ । ਗੁਰਸਿਖ ਤੇਰਾ ਕਰਜ਼ ਉਤਾਰਨਾ, ਮਕਰੂਜ਼ ਹਰਿ ਕਰਤਾਰ । ਤੇਰੀ ਗਰਜ਼ ਪੂਰ ਕਰਾਵਣਾ, ਫ਼ਰਜ਼ ਪੂਰਾ ਕਰੇ ਸੰਸਾਰ । ਤੇਰੀ ਝੂਠੀ ਮਰਜ਼ ਮਿਟਾਵਨਾ, ਤਰਜ਼ ਸੁਣਾਏ ਸ਼ਬਦ ਧੁਨਕਾਰ । ਤੇਰਾ ਹਰਜ਼ ਨਾ ਕੋਇ ਵਖਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਾਏ ਪਾਰ । ਗੁਰਸਿਖ ਸਾਚਾ ਪਾਰ ਉਤਾਰਨਾ, ਕਲਜੁਗ ਡੂੰਘਾ ਸਾਗਰ ਗਾਰ । ਏਕਾ ਚੱਪੂ ਨਾਮ ਲਗਾਵਣਾ, ਵੇਖ ਵਖਾਏ ਵਹਿਦੀ ਧਾਰ । ਸਾਚੇ ਬੇੜੇ ਆਪ ਚੜ੍ਹਾਵਣਾ, ਨਿਰਗੁਣ ਨੱਯਾ ਕਰ ਤਿਆਰ । ਸਾਚਾ ਸੱਯਾ ਸੰਗ ਨਿਭਾਵਣਾ, ਛੁੱਟ ਨਾ ਜਾਏ ਅੰਤਮ ਵਾਰ । ਫੜ ਫੜ ਬਹੀਆ ਮੇਲ ਮਿਲਾਵਣਾ, ਭੈਣਾ ਭਇਆ ਇਕ ਆਧਾਰ । ਧਰਮ ਰਾਏ ਵਹੀਆ ਕੱਢ ਨਾ ਕੋਇ ਵਖਾਵਣਾ, ਲੇਖਾ ਮੰਗੇ ਨਾ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਧਾਮ ਲਏ ਬਹਾਲ । ਧਾਮ ਅਵੱਲੜਾ ਪੁਰਖ ਅਕਾਲਾ, ਗੁਰਮੁਖਾਂ ਗੁਰ ਗੁਰ ਆਪ ਸਮਝਾਈਆ । ਆਦਿ ਜੁਗਾਦੀ ਖੇਲ ਨਿਰਾਲਾ, ਸ਼ਬਦ ਸਰੂਪੀ ਬਣੇ ਦਲਾਲਾ, ਲੱਖ ਚੁਰਾਸੀ ਵੇਖ ਵਖਾਈਆ । ਲੇਖਾ ਜਾਣੇ ਕਾਲ ਮਹਾਂਕਾਲਾ, ਤ੍ਰੈਗੁਣ ਤੋੜੇ ਤਤ ਜੰਜਾਲਾ, ਏਕਾ ਮੰਤਰ ਅੰਤਰ ਨਾਮ ਦ੍ਰਿੜਾਈਆ । ਦਿਵਸ ਰੈਣ ਕਰੇ ਪ੍ਰਿਤਪਾਲਾ, ਗਲ ਪਾਏ ਸੋਹੰ ਸਾਚੀ ਮਾਲਾ, ਅਠ ਤਤ ਅਠੋਤਰੀ ਨਾ ਕੋਇ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਅਕੋਤਰੀ ਆਪਣੀ ਹੱਥੀਂ ਆਪੇ ਪਾਈਆ । ਏਕਾ ਸਿਫ਼ਰਾ ਏਕਾ ਲਿਖ, ਇਕ ਇਕ ਨਾਲ ਮਿਲਾਇੰਦਾ । ਏਕਾ ਦੇਵਣਹਾਰਾ ਭਿੱਖ, ਏਕਾ ਝੋਲੀ ਡਾਹਿੰਦਾ । ਏਕਾ ਮੇਟੇ ਤ੍ਰਿਸ਼ਨਾ ਤ੍ਰਿਖ, ਏਕਾ ਅੰਮ੍ਰਿਤ ਜਾਮ ਪਿਆਇੰਦਾ । ਏਕਾ ਧਾਰੇ ਆਪਣਾ ਭੇਖ, ਏਕਾ ਰੂਪ ਵੇਸ ਅਨੇਕ ਕਰਾਇੰਦਾ । ਏਕਾ ਦਾਤਾ ਇਕ ਨਰੇਸ਼, ਏਕਾ ਨਿਰਧਨ ਨਾਉਂ ਧਰਾਇੰਦਾ । ਏਕਾ ਬ੍ਰਹਮਾ ਵਿਸ਼ਨ ਮਹੇਸ਼, ਏਕਾ ਤ੍ਰੈਗੁਣ ਝੋਲੀ ਪਾਇੰਦਾ । ਏਕਾ ਆਦਿ ਜੁਗਾਦਿ ਕਰੇ ਆਦੇਸ਼, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਸੁੱਤਾ ਬਾਸ਼ਕ ਸੇਜ, ਏਕਾ ਦੋਏ ਸਹੰਸਰ ਜਿਹਵਾ ਆਪ ਹਿਲਾਇੰਦਾ । ਏਕਾ ਬ੍ਰਹਮ ਕਰੇ ਪਰਵੇਸ਼, ਏਕਾ ਪਾਰਬ੍ਰਹਮ ਰੂਪ ਵਟਾਇੰਦਾ । ਏਕਾ ਸ਼ੰਕਰ ਬਿਭੂਤੀ ਧਾਰੇ ਭੇਸ, ਖ਼ਾਕੀ ਖ਼ਾਕ ਰਮਾਇੰਦਾ । ਏਕਾ ਕਰੋੜ ਤੇਤੀਸਾ ਰਿਹਾ ਵੇਖ, ਏਕਾ ਆਪਣਾ ਨੈਣ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੋਤਰ ਆਪਣਾ ਨਾਉਂ ਧਰਾਇੰਦਾ । ਇਕ ਇਕੋਤਰ ਕੱਲਾ ਯਾਰ, ਇਕ ਇਕ ਨਾਲ ਦੋ ਜੁੜਾਇੰਦਾ । ਦੋ ਜਹਾਨਾਂ ਹੋ ਉਜਿਆਰ, ਅਧਵਿਚਕਾਰ ਨਾ ਕੋਇ ਉਪਾਇੰਦਾ । ਆਪੇ ਨਿਰਗੁਣ ਆਪੇ ਸਰਗੁਣ ਆਪੇ ਦੋਹਾਂ ਤੋਂ ਵਸੇ ਬਾਹਿਰ, ਦੋਹਾਂ ਵਿਚ ਆਪ ਸਮਾਇੰਦਾ । ਆਪੇ ਖੇਲ ਕਰੇ ਅਗੰਮ ਅਪਾਰ, ਆਪੇ ਪਰਗਟ ਹੋ ਹੋ ਰੂਪ ਵਟਾਇੰਦਾ । ਆਪੇ ਤਖ਼ਤ ਨਿਵਾਸੀ ਬੈਠੇ ਸੱਚੀ ਸਰਕਾਰ, ਆਪੇ ਦਰ ਦਰ ਮੰਗਣ ਭਿਖਿਆ ਜਾਇੰਦਾ । ਆਪੇ ਆਪਣੀ ਅਲਫੀ ਕਰੇ ਤਨ ਸ਼ਿੰਗਾਰ, ਆਪੇ ਲੱਖ ਚੁਰਾਸੀ ਕਾਇਆ ਚੋਲਾ ਹੰਢਾਇੰਦਾ । ਆਪੇ ਆਪਣੀ ਬਰਸੀ ਮਨਾਏ ਜੁਗ ਜੁਗ ਏਕਾ ਵਾਰ, ਚਾਰ ਜੁਗ ਏਕਾ ਬਰਸੀ ਨਾਉਂ ਧਰਾਇੰਦਾ । ਨੌਂ ਨੌਂ ਇਕ ਇਕ ਜੋੜਾ ਜੋੜੇ ਆਪ ਕਰਤਾਰ, ਜੋੜਨਹਾਰਾ ਦਿਸ ਨਾ ਆਇੰਦਾ । ਨੌਂ ਇਕ ਦਸ ਵਰਤੇ ਵਰਤਾਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਦਸ ਦਸ ਮੇਲਾ ਦਸਮ ਦਵਾਰ, ਦਹਿ ਦਿਸ਼ਾ ਫੇਰੀ


੬੨੭ ੦੯

ਪਾਇੰਦਾ । ਏਕਾ ਏਕਾ ਕਰ ਤਿਆਰ, ਦਸ ਅੱਗੇ ਆਪ ਲਗਾਇੰਦਾ । ਇਕ ਅਕੋਤਰ ਹੋਇਆ ਖ਼ਬਰਦਾਰ, ਜੋਜਨ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ ਕਰੇ ਕਰਾਏ ਕਰਨੇਹਾਰ । ਕਰਤਾ ਪੁਰਖ ਦੀਨ ਦਿਆਲਾ, ਗੁਰਮੁਖ ਵੇਖੇ ਸਾਚੇ ਲਾਲਾ, ਲਾਲਣ ਆਪਣੇ ਰੰਗ ਰੰਗਾਇੰਦਾ । ਰੰਗ ਰਤੜਾ ਪਾਰਬ੍ਰਹਮ ਪੁਰਖ ਬਿਧਾਤਾ, ਬੇਅੰਤ ਅੰਤ ਆਪ ਹੋ ਜਾਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼ਾ, ਸਾਧ ਸੰਤ ਜੀਵ ਜੰਤ ਆਤਮ ਅੰਤਰ ਖੋਜ ਖੁਜਾਈਆ । ਗੁਰਮੁਖ ਗੁਰਸਿਖ ਬਣਾਏ ਸਾਚੀ ਬਣਤ, ਆਪਣਾ ਭਾਂਡਾ ਆਪੇ ਘੜ ਵਖਾਈਆ । ਸ਼ਬਦ ਜਣਾਈ ਮਣੀਆ ਮੰਤ, ਮਨ ਦਾ ਸੰਸਾ ਦਏ ਗਵਾਈਆ । ਸੋਹੰ ਸੋ ਮੇਲਾ ਹਰਿ ਹਰਿ ਕੰਤ, ਏਕਾ ਸਿਫ਼ਰਾ ਏਕਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਆਪ ਤਰਾਈਆ । ਤਾਰਨਹਾਰਾ ਗ਼ਰੀਬ ਨਿਵਾਜ਼ਾ, ਗੁਰਮੁਖ ਸਾਚੇ ਆਪ ਨਿਵਾਜ਼ਦਾ । ਧੁਰ ਦਰਗਾਹੀ ਸਾਚਾ ਰਾਜਾ, ਹਰਿਜਨ ਸਾਚੇ ਵਾਜਾਂ ਮਾਰਦਾ । ਸਾਚੇ ਅਸਵ ਚੜ੍ਹੇ ਤਾਜਾ, ਕਰੇ ਖੇਲ ਸ਼ਾਹ ਅਸਵਾਰ ਦਾ । ਪਰਗਟ ਹੋਏ ਦੇਸ ਮਾਝਾ, ਕਲਜੁਗ ਰੂਪ ਅਨੂਪ ਸੱਚੀ ਸਰਕਾਰ ਦਾ । ਗੁਰਮੁਖਾਂ ਰੱਖੇ ਅੰਤਮ ਲਾਜਾ, ਫੜ ਫੜ ਬਾਂਹੋ ਪਾਰ ਉਤਾਰਦਾ । ਸੋ ਪੁਰਖ ਨਿਰੰਜਣ ਵਖਾਏ ਇਕ ਜਹਾਜਾ, ਬੇੜਾ ਚਲੇ ਪਰਵਰਦਿਗਾਰ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਰ ਪਾਰ ਦਾ ।



੯੨੮

੦੯

### ✳ ੮ ਭਾਦਰੋਂ ੨੦੧੭ ਬਿਕ੍ਰਮੀ ਗੁਰਦਿਆਲ ਸਿੰਘ ਸੌਦਾਗਰ ਸਿੰਘ ਨਾਜ਼ਰ ਸਿੰਘ ਪੂਰਨ ਸਿੰਘ ਦੇ ਘਰ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ✳

ਅਗੰਮ ਸਰੂਪ ਅਨਭਵ ਪ੍ਰਕਾਸ਼, ਅਲੱਖ ਅਗੋਚਰ ਕਥਨ ਨਾ ਜਾਈਆ । ਅਚਲ ਮੂਰਤ ਸਰਬ ਘਟ ਨਿਵਾਸ, ਨੂਰ ਜ਼ਹੂਰ ਇਕ ਦਰਸਾਈਆ । ਮਹੱਲ ਅਟੱਲ ਸਰਬ ਪਰਭਾਸ, ਪ੍ਰਿਥਮੀ ਆਕਾਸ਼ ਸੋਭਾ ਪਾਈਆ । ਜਲ ਥਲ ਮੰਡਲ ਰਾਸ, ਸਮੁੰਦ ਸਾਗਰ ਸੇਜ ਵਿਛਾਈਆ । ਪੁਰੀਆਂ ਲੋਆਂ ਖੇਲ ਤਮਾਸ਼, ਬ੍ਰਹਿਮੰਡ ਖੰਡ ਖੋਜ ਖੁਜਾਈਆ । ਸਚਖੰਡ ਨਿਵਾਸੀ ਥਿਰ ਘਰ ਸਾਚੇ ਪੂਰੀ ਕਰੇ ਆਸ, ਸੁੰਨ ਸਮਾਧ ਰੂਪ ਸਮਾਈਆ । ਜੋਤੀ ਸ਼ਬਦੀ ਕਰ ਕਰ ਦਾਸ, ਸੇਵਕ ਸੇਵਾ ਕਮਾਈਆ । ਬ੍ਰਹਮਾ ਵਿਸ਼ਨ ਸ਼ਿਵ ਉਪਾਏ ਬਿਨ ਬਿਨ ਸਵਾਸ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਤ੍ਰੈਗੁਣ ਮਾਇਆ ਨਾ ਹੋਏ ਵਿਨਾਸ, ਤ੍ਰੈ ਤ੍ਰੈ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣੀ ਧਾਰ ਚਲਾਈਆ । ਸਤਿ ਪੁਰਖ ਨਿਰੰਜਣ ਅਨਭਵ ਧਾਰ, ਪਾਰਬ੍ਰਹਮ ਪ੍ਰਭ ਆਪ ਚਲਾਇੰਦਾ । ਨਿਰਗੁਣ ਨਰਾਇਣ ਖੇਲ ਅਪਾਰ, ਨੇਤਰ ਨੈਣ ਆਪ ਖੁਲ੍ਹਾਇੰਦਾ । ਜੂਨੀ ਰਹਿਤ ਖੇਲ ਅਪਾਰ, ਅਕਲ ਕਲ ਧਾਰ ਆਪ ਵਖਾਇੰਦਾ । ਪੁਰਖ ਅਕਾਲ ਹੋ ਤਿਆਰ, ਰੂਪ ਅਨੂਪ ਆਪ ਵਟਾਇੰਦਾ । ਭੌ ਨਾ ਰੱਖੇ ਕੋਇ ਗਿਰਧਾਰ, ਭੈ ਆਪਣਾ ਸਰਬ ਵਖਾਇੰਦਾ । ਪੰਜ ਤਤ ਕਾਇਆ ਕਰ ਪਿਆਰ, ਸਾਚਾ ਮੰਦਰ ਬੰਕ ਸੁਹਾਇੰਦਾ । ਪੰਜ ਤਤ ਪਾਏ ਸਾਰ, ਰੱਤੀ ਰੱਤ ਜੋੜ ਜੁੜਾਇੰਦਾ । ਅੰਦਰ ਬਾਹਰ ਹਰਿ ਕਰਤਾਰ, ਨਿਰਗੁਣ ਧਾਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਅਨਭਵ ਆਪਣਾ ਰੂਪ ਵਟਾਇੰਦਾ । ਅਨਭਵ ਰੂਪ ਪੁਰਖ ਅਕਾਲਾ, ਆਪਣਾ ਆਪ ਆਪ ਦ੍ਰਿੜਾਈਆ । ਜੋਤੀ ਨੂਰ ਬੇਮਿਸਾਲਾ, ਨੇਤਰ ਨੈਣ ਨਾ ਕੋਈ ਰਖਾਈਆ । ਆਪੇ ਵਸੇ ਸਚ ਸੱਚੀ ਧਰਮਸਾਲਾ, ਆਪੇ ਮੰਦਰ ਰਿਹਾ ਸੁਹਾਈਆ । ਆਪੇ ਬਣੇ ਸਦ ਰਖਵਾਲਾ, ਆਦਿ ਜੁਗਾਦਿ ਸੇਵ ਕਮਾਈਆ । ਆਪੇ ਬਣੇ ਸਚ ਦਲਾਲਾ, ਜੁਗਾ ਜੁਗੰਤਰ ਵੇਸ ਵਟਾਈਆ । ਆਪੇ ਨੂਰ ਉਪਾਏ ਮਹਾਂਕਾਲਾ, ਕਾਲ ਦਿਆਲ ਆਪ ਹੋ ਜਾਈਆ । ਆਪੇ ਮਾਰਗ ਲਾਏ ਇਕ ਸੁਖਾਲਾ, ਥਿਰ ਘਰ ਸਾਚੇ ਬੈਠਾ ਕਰੇ ਸਲਾਹੀਆ । ਆਪੇ ਚਲੇ ਅਵਲੜੀ ਚਾਲਾ, ਨਿਰਗੁਣ ਸਰਗੁਣ ਲਏ ਉਪਜਾਈਆ । ਆਪ ਵਜਾਏ ਸ਼ਬਦੀ ਤਾਲਾ, ਜੋਤੀ ਸ਼ਬਦ ਸ਼ਬਦ ਅਲਾਈਆ । ਆਪੇ ਕਰੇ ਖੇਲ ਨਿਰਾਲਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣੀ ਧਾਰ ਬੰਧਾਈਆ । ਅਨਭਵ ਆਪਣੀ ਧਾਰ ਬੰਧਾਇੰਦਾ, ਰੂਪ ਰੇਖ ਨਾ ਕੋਈ ਜਣਾਈਆ । ਪ੍ਰਕਾਸ਼ ਪ੍ਰਕਾਸ਼ ਵਿਚ ਟਿਕਾਇੰਦਾ, ਪਰਮ ਪੁਰਖ ਵੱਡੀ ਵਡਿਆਈਆ । ਅਕਾਸ਼ ਅਕਾਸ਼ ਆਪਣੇ ਰੰਗ ਰੰਗਾਇੰਦਾ, ਰੰਗ ਰੰਗੀਲਾ ਬੇਪਰਵਾਹੀਆ । ਦਾਸੀ ਦਾਸ ਸੇਵ ਕਮਾਇੰਦਾ, ਸੇਵਕ ਸੇਵਾਦਾਰ ਸਹਿਜ ਸੁਖਦਾਈਆ । ਨਿਰਗੁਣ ਸਰਗੁਣ ਆਪਣਾ ਨਾਉਂ ਧਰਾਇੰਦਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਮ ਰੂਪ ਆਪ ਹੋ ਜਾਈਆ । ਓਮ ਰੂਪ ਸ੍ਰੀ ਭਗਵਾਨਾ, ਬ੍ਰਹਮੇ ਵਿਸ਼ਨ ਸ਼ਿਵ ਦਰਸ਼ਨ ਪਾਇਆ । ਜੋ ਤ੍ਰੈਗੁਣ ਦੇਵੇ ਮਾਨਾ, ਆਪ ਆਪਣਾ ਰੰਗ ਰੰਗਾਇਆ । ਖੇਲੇ ਖੇਲ ਦੋ ਜਹਾਨਾ, ਦੋ ਜਹਾਨੀ ਵੇਸ ਵਟਾਇਆ । ਸਚਖੰਡ ਦਵਾਰੇ ਗਾਏ ਹਰਿ ਰਘਰਾਏ ਸਚ ਤਰਾਨਾ, ਨਿਰਗੁਣ ਆਪਣਾ ਰਾਗ ਅਲਾਇਆ । ਵਿਸ਼ਨੂੰ ਕਹੇ ਗੁਣ ਨਿਧਾਨਾ, ਗੁਣਵੰਤਾ ਭੇਵ ਨਾ ਰਾਇਆ । ਬ੍ਰਹਮਾ ਜੈ ਜੈ ਜੈਕਾਰ ਕਰ ਧਿਆਨਾ, ਚਾਰੇ ਮੁਖ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣੀ ਧਾਰ ਚਲਾਨਾ । ਅਨਭਵ ਧਾਰ ਕਹਿਣ ਨਾ ਜਾਈ, ਸੋ ਪੁਰਖ ਨਿਰੰਜਣ ਰੂਪ ਅਨੂਪ ਸਮਾਇਆ । ਹਰਿ ਪੁਰਖ ਨਿਰੰਜਣ ਗਹਿਰ ਗੰਭੀਰ ਵਡ ਵਡਿਆਈ, ਵਡ ਵਡਾ ਸਿਫ਼ਤ ਸਲਾਹਿਆ । ਏਕੰਕਾਰਾ ਦਿਸੇ ਸਭਨੀ ਥਾਈਂ, ਨਾ ਮਰੇ ਨਾ ਜਾਇਆ । ਆਦਿ ਨਿਰੰਜਣ ਜੋਤ ਜਗਾਏ ਅਗੰਮ ਅਥਾਹੀ, ਜੁਗਾ ਜੁਗੰਤਰ ਡਗਮਗਾਇਆ । ਸ੍ਰੀ ਭਗਵਾਨ ਸਚ ਗੋਸਾਈਂ, ਨਿਝ ਘਰ ਬੈਠਾ ਸੇਜ ਹੰਢਾਇਆ । ਅਬਿਨਾਸ਼ੀ ਕਰਤਾ ਵੇਖੇ ਵਿਗਸੇ ਚਾਈਂ ਚਾਈਂ, ਚਾਰ ਜੁਗ ਆਪਣੀ ਧਾਰ ਬੰਧਾਇਆ । ਪਾਰਬ੍ਰਹਮ ਪ੍ਰਭ ਦੇਵੇ ਸਚ ਸਲਾਹੀ, ਸਾਲਸ ਸਾਚਾ ਰੂਪ ਵਟਾਇਆ । ਬ੍ਰਹਮ ਬ੍ਰਹਮ ਵੇਖੇ ਥਾਉਂ ਥਾਈਂ, ਲੱਖ ਚੁਰਾਸੀ ਫੋਲ ਫੁਲਾਇਆ । ਘਟ ਘਟ ਦੀਪਕ ਰਿਹਾ ਜਗਾਈ, ਨਿਰਗੁਣ ਜੋਤੀ ਨੂਰ ਰੁਸ਼ਨਾਇਆ । ਸਰਗੁਣ ਅੰਦਰ ਵੜ ਪਕੜੇ ਬਾਂਹੀ, ਔਂਦਾ ਜਾਂਦਾ ਦਿਸ ਨਾ ਆਇਆ । ਅਨਭਵ ਪ੍ਰਕਾਸ਼ ਸਰਬ ਘਟ ਰਿਹਾ ਸਮਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਨਾਉਂ ਧਰਾਇਆ । ਅਨਭਵ ਹਰਿ ਕਾ ਰੂਪ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਆਪਣੇ ਉਪਰ ਆਪੇ ਤੁਠ, ਆਪ ਆਪਣੀ ਸੇਵ ਕਮਾਇੰਦਾ । ਆਪੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਥਿਰ ਘਰ ਵਾਸੀ ਸਚਖੰਡ ਦਵਾਰੇ ਬਹੇ ਲੁਕ, ਆਪੇ ਲੱਖ ਚੁਰਾਸੀ ਵੇਖ ਵਖਾਇੰਦਾ । ਆਪੇ ਸ਼ਬਦ ਦੁਲਾਰਾ ਚੁੱਕੇ ਆਪਣੀ ਕੁੱਖ, ਆਪੇ ਉਜਲ ਮੁਖ ਵਖਾਇੰਦਾ । ਆਪੇ ਨਿਰਭੈ ਚੁਕਾਏ ਜਗਤ ਦੁਖ, ਸੁਖ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ

੯੨੯
੦੯

ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਬੰਧਨ ਪਾਇੰਦਾ । ਅਨਭਵ ਹਰਿ ਹਰਿ ਬੰਧਨ, ਆਦਿ ਜੁਗਾਦੀ ਪਾਇਆ । ਰੂਪ ਵਟਾਏ ਵਿਚ ਬ੍ਰਹਿਮੰਡਨ, ਬ੍ਰਹਿਮੰਡ ਖੰਡ ਆਪਣਾ ਵੇਸ ਵਟਾਇਆ । ਲੇਖਾ ਜਾਣੇ ਜੇਰਜ ਅੰਡਨ, ਉਤਭੁਜ ਸੇਤਜ ਵੇਖ ਵਖਾਇਆ । ਸ਼ਬਦ ਸੁਣਾਏ ਸੁਹਾਗੀ ਛੰਦਨ, ਸ਼ਰਅ ਸ਼ਰੀਅਤ ਨਾ ਕੋਈ ਬਣਾਇਆ । ਭਗਤਨ ਰਸ ਵਖਾਏ ਪਰਮਾਨੰਦਨ, ਰਸਕ ਬੈਰਾਗੀ ਆਪ ਹੋ ਜਾਇਆ । ਸੰਤਾਂ ਲਾਏ ਮਸਤਕ ਚੰਦਨ, ਨਿਮ ਵਾਸ ਆਪ ਮਹਿਕਾਇਆ । ਗੁਰਮੁਖਾਂ ਕਰੇ ਦੋਏ ਬੰਦਨ, ਦੋਏ ਦੋਏ ਲੋਚਨ ਵੇਖ ਵਖਾਇਆ । ਗੁਰਸਿਖ ਮੰਗ ਏਕਾ ਮੰਗਣ, ਮਨ ਇਛਿਆ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਘਰ ਘਰ ਡੇਰਾ ਲਾਇਆ । ਅਨਭਵ ਘਰ ਘਰ ਵਸਿਆ, ਪਾਰਬ੍ਰਹਮ ਕਰਤਾਰ । ਆਪਣਾ ਰੂਪ ਰਵ ਸਸ ਨਿਰਗੁਣ ਜੋਤ ਦੱਸਿਆ, ਸੀਸ ਧੜ ਕਰ ਪਰਕਾਸ਼ । ਤ੍ਰੈ ਤ੍ਰੈ ਦੇਸਾਂ ਫਿਰੇ ਨੱਸਿਆ, ਜੁਗਾ ਜੁਗੰਤਰ ਪਾਵੇ ਸਾਚੀ ਰਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਖੁਲ੍ਹਾਏ ਅਨਭਵ ਪਰਕਾਸ਼ । ਅਨਭਵ ਹਰਿ ਖੇਲ ਨਿਆਰਾ, ਜੁਗਾ ਜੁਗੰਤਰ ਆਪ ਕਰਾਈਆ । ਨਿਰਗੁਣ ਸਰਗੁਣ ਲਏ ਅਵਤਾਰਾ, ਪੰਜ ਤਤ ਕਰੇ ਕੁੜਮਾਈਆ । ਆਪਣਾ ਨੂਰ ਆਪਣਾ ਜ਼ਹੂਰ ਕਰੇ ਬੰਦ ਕਿਵਾੜਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਈਆ । ਅਨਭਵ ਰੂਪ ਸਤਿਗੁਰ ਖੇਲ, ਗੁਰ ਗੁਰ ਆਪ ਕਰਾਈਆ । ਨਾ ਕੋਈ ਵਕਤ ਨਾ ਕੋਈ ਵੇਲ, ਥਿਤ ਵਾਰ ਨਾ ਕੋਈ ਜਣਾਈਆ । ਅਬਿਨਾਸ਼ੀ ਕਰਤਾ ਸੱਜਣ ਸਹੇਲ, ਜੁਗ ਜੁਗ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਆਪਣੇ ਵਿਚ ਟਿਕਾਈਆ । ਆਪਣੇ ਮੰਦਰ ਆਪੇ ਵੜਿਆ, ਅਨਭਵ ਨਜ਼ਰ ਨਾ ਆਇਆ । ਆਪਣਾ ਘਾੜਨ ਆਪੇ ਘੜਿਆ, ਬਾਢੀ ਕੋਇ ਨਾ ਬਣਤ ਬਣਾਇਆ । ਆਪਣੇ ਦਵਾਰੇ ਆਪ ਖੜਿਆ, ਆਪ ਆਪਣਾ ਰੂਪ ਵਟਾਇਆ । ਆਪਣਾ ਅੱਖਰ ਆਪੇ ਪੜ੍ਹਿਆ, ਨਿਸ਼ਅੱਖਰ ਨਾਉਂ ਧਰਾਇਆ । ਆਪਣਾ ਪੱਲੂ ਆਪੇ ਫੜਿਆ, ਆਪ ਆਪਣਾ ਬੰਧਨ ਪਾਇਆ । ਆਪਣਾ ਖੇਲ ਆਪੇ ਕਰਿਆ, ਹਰਿ ਆਪੇ ਵੇਖ ਵਖਾਇਆ । ਆਪੇ ਨਾਰੀ ਆਪੇ ਨਰਿਆ, ਨਰ ਨਰਾਇਣ ਆਪ ਹੋ ਜਾਇਆ । ਆਪਣਾ ਵਰ ਆਪੇ ਵਰਿਆ, ਆਪ ਆਪਣਾ ਮੇਲ ਮਿਲਾਇਆ । ਆਪਣੀ ਧਰਨੀ ਆਪਣਾ ਆਪ ਆਪੇ ਧਰਿਆ, ਧਰਤ ਧਵਲ ਦਏ ਸੁਹਾਇਆ । ਨਿਰਭੌ ਆਪ ਚੁਕਾਏ ਆਪਣਾ ਡਰਿਆ, ਨਿਰਭੈ ਆਪਣੀ ਖੇਲ ਖਿਲਾਇਆ । ਆਪਣਾ ਵਸਿਆ ਆਪੇ ਘਰਿਆ, ਘਰ ਬੰਕ ਆਪ ਸੁਹਾਇਆ । ਆਪਣੀ ਤਰਨੀ ਆਪੇ ਤਰਿਆ, ਤਾਰਨਹਾਰ ਸ੍ਰਿਸ਼ਟ ਸਬਾਇਆ । ਆਪਣਾ ਘਾੜਨ ਆਪੇ ਘੜਿਆ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਨਿਰਗੁਣ ਸਰਗੁਣ ਅਗੰਮ ਅਪਰਿਆ, ਨਾ ਮਰੇ ਨਾ ਜਾਇਆ । ਪੰਜ ਤਤ ਅਨਭਵ ਸਰੂਪ ਆਪਣਾ ਆਪੇ ਅੰਦਰ ਧਰਿਆ, ਗੁਰ ਗੁਰ ਨਾਉਂ ਜਗਤ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਸਮਾਇਆ । ਅਨਭਵ ਰੂਪ ਪਾਰਬ੍ਰਹਮ, ਅਵਰ ਨਾ ਕੋਇ ਜਣਾਈਆ । ਪੰਜ ਤਤ ਕਾਇਆ ਮੰਦਰ ਗੁਰ ਗੁਰ ਰੂਪ ਪਏ ਜੰਮ, ਮਾਤ ਪਿਤ ਨਾ ਕੋਈ ਬਣਾਈਆ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਨੇਤਰ ਨੈਣ ਨਾ ਨੀਰ ਵਹਾਈਆ । ਲਾਟ ਨਾ ਰੱਖੇ ਸੂਰਜ ਚੰਨ, ਦਿਵਸ ਰੈਣ ਸਦਾ ਰੁਸ਼ਨਾਈਆ । ਆਪਣਾ ਬੇੜਾ ਆਪੇ ਬੰਨ੍ਹ, ਖੇਵਟ ਖੇਟਾ ਲਏ ਚਲਾਈਆ । ਆਪਣੀ ਵਸਤ ਨਾਮ ਅਮੋਲਕ ਵੇਖੇ ਧਨ, ਘਰ ਖ਼ਜ਼ੀਨਾ ਆਪ ਭਰਾਈਆ । ਭਾਗ ਲਗਾਏ ਕਾਇਆ ਤਨ,

ਸਤਿਗੁਰ ਗੁਰ ਗੁਰ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਨਜ਼ਰ ਕਿਸੇ ਨਾ ਆਈਆ । ਅਨਭਵ ਹਰਿ ਹਰਿ ਧਾਰ ਅਵੱਲੀ, ਆਦਿ ਜੁਗਾਦਿ ਚਲਾਇੰਦਾ । ਕਰੇ ਖੇਲ ਨਿਰਗੁਣ ਜੋਤ ਇਕੱਲੀ, ਦੂਸਰ ਸੰਗ ਨਾ ਕੋਇ ਵਖਾਇੰਦਾ । ਗੁਰ ਗੁਰ ਮੰਦਰ ਬੈਠੀ ਮੱਲੀ, ਪੰਜ ਤਤ ਕਿਲਾ ਕੋਟ ਬਣਾਇੰਦਾ । ਕਰੇ ਖੇਲ ਵਲ ਛਲੀ, ਅਛਲ ਛਲ ਧਾਰੀ ਦਿਸ ਨਾ ਆਇੰਦਾ । ਧਾਮ ਵਸਾਏ ਨੇਹਚਲ ਅਟੱਲੀ, ਉਚ ਮੁਨਾਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸੂਰਾ ਆਪੇ ਬਲੀ, ਬਲ ਬਲਵਾਨ ਆਪ ਅਖਵਾਇੰਦਾ । ਅਨਭਵ ਰੂਪ ਸ੍ਰੀ ਭਗਵਾਨਾ, ਘਰ ਸਹਿਜੇ ਸਹਿਜ ਸਮਾਇਆ । ਕਰੇ ਖੇਲ ਦੋ ਜਹਾਨਾ, ਦੋਏ ਦੋਏ ਆਪਣੀ ਧਾਰ ਚਲਾਇਆ । ਨਿਰਗੁਣ ਸਰਗੁਣ ਕਰ ਪਰਵਾਨਾ, ਧੁਰ ਫਰਮਾਣਾ ਦਏ ਸੁਣਾਇਆ । ਘਰ ਨਾਦ ਘਰ ਸਤਾਰ ਘਰ ਉਪਜਾਏ ਇਕ ਤਰਾਨਾ, ਘਰ ਤੁਰੀਆ ਰਾਗ ਅਲਾਇਆ । ਘਰ ਮੰਦਰ ਘਰ ਮਕਾਨਾ, ਘਰ ਮਿਲੇ ਹਰਿ ਪੁਰਖ ਸੁਜਾਨਾ, ਸੋਭਾਵੰਤ ਆਪ ਆਪਣੀ ਦਇਆ ਕਮਾਇਆ । ਘਰ ਯਾਚਕ ਘਰ ਮੰਗੇ ਦਾਨਾ, ਘਰ ਭਿਖਾਰੀ ਘਰ ਭਿਖਕ, ਭਿਛਿਆ ਝੋਲੀ ਪਾਇਆ । ਘਰ ਮਰਦ ਘਰ ਮਰਦਾਨਾ, ਘਰ ਸੂਰਾ ਸਰਬੰਗ ਘਰ ਸ਼ਾਹ ਸੁਲਤਾਨਾ, ਘਰ ਸਾਚੀ ਸੇਜ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਅਨਭਵ ਰੂਪ ਸੋ ਪੁਰਖ ਨਿਰੰਜਣ, ਨਰ ਹਰਿ ਮਹਿਮਾ ਕਥਨ ਨਾ ਜਾਈਆ । ਨਾ ਕੋਈ ਨੇਤਰ ਨਾ ਕੋਈ ਅੰਜਨ, ਕਜਲ ਧਾਰ ਨਾ ਕੋਇ ਬੰਧਾਈਆ । ਨਾ ਕੋਈ ਸਖਾ ਨਾ ਕੋਈ ਸੱਜਣ, ਸਖੀ ਸੀਸ ਨਾ ਕੋਇ ਗੁੰਦਾਈਆ । ਨਾ ਕੋਈ ਸਰੋਵਰ ਨਾ ਕੋਈ ਮਜਨ, ਤੀਰਥ ਤਟ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਏਕੰਕਾਰ ਖੇਲ ਅਪਾਰ, ਆਪੇ ਰੱਖੇ ਆਪਣੀ ਲੱਜਣ, ਅਨਭਵ ਆਪਣਾ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪੇ ਵੇਖ ਵਖਾਇਆ । ਅਨਭਵ ਅਮ ਅਮ ਵੇਖਦਾ, ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ । ਜੋ ਤ੍ਰੈਗੁਣ ਲੇਖਾ ਲਿਖੇ ਲੇਖ ਦਾ, ਲੇਖਾ ਹੱਥ ਕਿਸੇ ਨਾ ਆਇਆ । ਦੂਰ ਦੁਰਾਡਾ ਧੁਰ ਦਰਗਾਹੀ ਸਾਚਾ ਮਾਹੀ ਅਨਭਵ ਰੂਪ ਆਪੇ ਵੇਖਦਾ, ਆਪਣਾ ਨੈਣ ਆਪ ਖੁਲਾਇਆ । ਕਰੇ ਖੇਲ ਸਚ ਨਰੇਸ਼ ਦਾ, ਤਖ਼ਤ ਨਿਵਾਸੀ ਤਖ਼ਤ ਸੁਹਾਇਆ । ਮਾਣ ਰਖਾਏ ਆਪਣੇ ਭੇਖ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਇੰਦਾ । ਅਨਭਵ ਖੇਲ ਖਿਲਾਇਆ, ਜੁਗਾ ਜੁਗੰਤਰ ਕਾਰ । ਗੁਰ ਸਤਿਗੁਰ ਮਾਤ ਪਰਗਟਾਇਆ, ਸਰਗੁਣ ਨਿਰਗੁਣ ਲੈ ਅਵਤਾਰ । ਭਗਤ ਭਗਵੰਤ ਵੇਖ ਵਖਾਇਆ, ਕਾਇਆ ਮੰਦਰ ਡੂੰਘੀ ਗਾਰ । ਸੰਤ ਕੰਤ ਲਏ ਮਿਲਾਇਆ, ਲੇਖਾ ਜਾਣੇ ਸੁਹਾਗਣ ਨਾਰ । ਗੁਰਮੁਖ ਸਾਚੇ ਲਏ ਉਠਾਇਆ, ਸ਼ਬਦ ਸੁਣਾਏ ਸੱਚੀ ਧੁਨਕਾਰ । ਗੁਰਸਿਖ ਆਪਣੀ ਗੋਦ ਬਹਾਇਆ, ਆਪਣੀਆਂ ਭੁਜਾਂ ਮਾਤ ਉਭਾਰ । ਸਤਿਜੁਗ ਤ੍ਰੇਤਾ ਵੇਖ ਵਖਾਇਆ, ਦਵਾਪਰ ਕਰੀ ਸਾਚੀ ਕਾਰ । ਕਲਜੁਗ ਆਪਣਾ ਨਾਉਂ ਪਰਗਟਾਇਆ, ਨਿਰਗੁਣ ਸਰਗੁਣ ਕਰ ਵਿਚਾਰ । ਸਚ ਦੁਲਾਰਾ ਏਕਾ ਜਾਇਆ, ਗੋਬਿੰਦ ਰੂਪ ਅਗੰਮ ਅਪਾਰ । ਤ੍ਰੈ ਤ੍ਰੈ ਅੱਖਰ ਨਾਉਂ ਧਰਾਇਆ, ਗੋਰ ਮੜੀ ਵਸਿਆ ਬਾਹਰ । ਬਿੰਦ ਆਪਣੀ ਆਪ ਉਪਜਾਇਆ, ਮਾਤ ਪਿਤਾ ਕਰ ਪਿਆਰ । ਦਸ ਦਸ ਮਾਸ ਨਾ ਡੇਰਾ ਲਾਇਆ, ਅੰਦਰ ਵੜਿਆ ਨਾ ਹਰਿ ਕਰਤਾਰ । ਮਾਤਾ ਗੁਜਰੀ ਬਾਲਕ ਜਾਇਆ, ਬ੍ਰਹਮ ਸੁਤ ਕਰ ਪਿਆਰ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਬ੍ਰਹਮ ਪਾਰਬ੍ਰਹਮ ਕਰੇ ਪਸਾਰ । ਆਪਣਾ ਰੂਪ ਕਾਇਆ ਮੰਦਰ ਆਪ ਟਿਕਾਇਆ,

੯੩੧
੦੯

ਕਰੇ ਖੇਲ ਅਗੰਮ ਅਪਾਰ । ਚੇਲਾ ਬ੍ਰਹਮ ਨਾਲ ਮਿਲਾਇਆ, ਸਤਿਗੁਰ ਮਿਲਿਆ ਹਰਿ ਕਰਤਾਰ । ਦੋਹਾਂ ਵਿਚੋਲਾ ਭੇਵ ਖੁਲਾਇਆ, ਅਨਭਵ ਰੂਪ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਆਪਣੀ ਕਾਰ । ਅਨਭਵ ਹਰਿ ਪਰਕਾਸਿਆ, ਗੁਰ ਗੋਬਿੰਦ ਕਰ ਪਿਆਰ । ਸਾਚੇ ਮੰਦਰ ਕਰੇ ਨਿਵਾਸਿਆ, ਨਿਰਗੁਣ ਜੋਤੀ ਜਾਮਾ ਧਾਰ । ਸਾਚੇ ਮੰਡਲ ਪਾਵੇ ਰਾਸਿਆ, ਆਠ ਪਹਿਰ ਮੰਗਲਾਚਾਰ । ਬ੍ਰਹਮਾ ਵਿਸ਼ਨ ਸ਼ਿਵ ਦਰ ਮੰਗਣ ਭਿਖਕ ਹੋਏ ਦਾਸੀ ਦਾਸਿਆ, ਨਿਉਂ ਨਿਉਂ ਕਰਨ ਨਿਮਸਕਾਰ । ਕਰੇ ਸ਼ਬਦ ਸਰਬ ਗੁਣ ਤਾਸਿਆ, ਤ੍ਰੈਗੁਣ ਮਾਇਆ ਜਗਤ ਵਿਹਾਰ । ਜੈ ਜੈਕਾਰ ਹੋਏ ਪਰਭਾਸਿਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਵਿਚਾਰ । ਆਪਣਾ ਹਰਿ ਵਿਚਾਰਿਆ, ਕਿਰਪਾ ਨਿਧ ਗੁਣਵੰਤ । ਅਨਭਵ ਰੂਪ ਕਰ ਉਜਿਆਰਿਆ, ਲੇਖਾ ਜਾਣੇ ਸਾਚੇ ਸੰਤ । ਗ੍ਰਿਹ ਮੰਦਰ ਕਰ ਪਸਾਰਿਆ, ਰੁਤ ਸੁਹਾਏ ਇਕ ਬਸੰਤ । ਆਪ ਲਗਾਏ ਸਚ ਫੁਲਵਾੜਿਆ, ਅਬਿਨਾਸ਼ੀ ਕਰਤਾ ਮਹਿਮਾ ਅਗਣਤ । ਜੋਤੀ ਜੋਤ ਕਰ ਪਸਾਰਿਆ, ਵੇਖਣਹਾਰ ਸ੍ਰੀ ਭਗਵੰਤ । ਨਾਦ ਸ਼ਬਦ ਧੁਨ ਜੈਕਾਰਿਆ, ਆਪ ਵਜਾਏ ਆਦਿ ਅੰਤ । ਗੋਬਿੰਦ ਸੂਰਾ ਇਕ ਲਲਕਾਰਿਆ, ਗੜ੍ਹ ਤੋੜੇ ਹਉਮੇ ਹੰਗਤ । ਕਲਜੁਗ ਅੰਤਮ ਪਾਵੇ ਸਾਰਿਆ, ਨੌ ਖੰਡ ਪ੍ਰਿਥਮੀ ਏਕਾ ਰੰਗ ਰੰਗਾਏ ਆਤਮ ਬੋਧ ਹੋਏ ਪੰਡਤ । ਮੁਲਾਂ ਸ਼ੇਖ਼ ਕਰੇ ਵਿਚਾਰਿਆ, ਸ਼ਰਅ ਸ਼ਰੀਅਤ ਲਾਸ਼ਰੀਕ ਮੰਗਣ ਭੇਖ ਬਣ ਬਣ ਮੰਗਤ । ਏਕਾ ਨਾਮ ਕਰੇ ਜੈਕਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਏਕਾ ਰੂਪ ਪਸਾਰਿਆ । ਅਨਭਵ ਖੇਲ ਖਿਲਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ, ਸਤਿਗੁਰ ਸੱਚਾ ਸ਼ਹਿਨਸ਼ਾਹ । ਸਚਖੰਡ ਦਵਾਰਾ ਆਪ ਖੁਲ੍ਹਾਇੰਦਾ, ਦਰ ਦਰਵਾਜ਼ਾ ਦਏ ਤੁੜਾ । ਥਿਰ ਘਰ ਸਾਚਾ ਰਾਹ ਵਖਾਇੰਦਾ, ਪੁਰਖ ਅਗੰਮਾ ਬਣ ਮਲਾਹ । ਕਲਜੁਗ ਅੰਤਮ ਵੇਸ ਵਟਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਦਏ ਸਲਾਹ । ਗੋਬਿੰਦ ਸਾਚਾ ਸੰਗ ਨਿਭਾਇੰਦਾ, ਹਰਿ ਜੂ ਪੱਲੂ ਲਏ ਫੜਾ । ਅਨਭਵ ਆਪਣਾ ਮੇਲ ਮਿਲਾਇੰਦਾ, ਪੁਰੀਆਂ ਲੋਆਂ ਜਲਾਂ ਥਲਾਂ ਰਿਹਾ ਸਮਾ । ਉਚੀ ਕੂਕ ਏਕਾ ਨਾਅਰਾ ਲਾਇੰਦਾ, ਵਾਹਿਗੁਰੂ ਅੱਲਾ ਰਾਮ ਵੇਖੇ ਆਪ ਖ਼ੁਦਾ । ਨਾਮ ਸਤਿ ਆਪ ਜਣਾਇੰਦਾ, ਸਭ ਦੀ ਜਣੇਂਦੀ ਜੋਤੀ ਏਕਾ ਮਾਂ । ਪੁਰਖ ਅਕਾਲ ਪਿਤਾ ਆਪ ਅਖਵਾਇੰਦਾ, ਜੁਗ ਜੁਗ ਦੇਵੇ ਠੰਡੀ ਛਾਂ । ਕਲਜੁਗ ਅੰਤਮ ਵੇਖ ਵਖਾਇੰਦਾ, ਨੌ ਖੰਡ ਪ੍ਰਿਥਮੀ ਥਾਂ ਥਾਂ । ਲੱਖ ਚੁਰਾਸੀ ਘਟ ਘਟ ਡੇਰਾ ਲਾਇੰਦਾ, ਆਪ ਆਪਣਾ ਮੁਖ ਛੁਪਾ । ਗੁਰਮੁਖ ਸਾਚੇ ਪਕੜ ਉਠਾਇੰਦਾ, ਦਿਵਸ ਰੈਣ ਸੇਵ ਕਮਾ । ਚਾਰੇ ਕੂਟਾਂ ਫੇਰੀ ਪਾਇੰਦਾ, ਹਿੰਦੂ ਮੁਸਲਮ ਸਿੱਖ ਇਸਾਈ ਨਾ ਕੋਈ ਰਿਹਾ ਵੰਡ ਵੰਡਾ । ਚਾਰੇ ਵਰਨਾਂ ਏਕਾ ਰੰਗ ਰੰਗਾਇੰਦਾ, ਜੋ ਰਸਨਾ ਜਿਹਵਾ ਰਹੇ ਧਿਆ । ਕਾਲੀ ਚੋਲੀ ਏਕਾ ਰੰਗ ਚੜ੍ਹਾਇੰਦਾ, ਦੁਰਮਤ ਮੈਲ ਦਏ ਧਵਾ । ਸਾਚੀ ਅਲਫ਼ੀ ਗਲ ਹੰਢਾਇੰਦਾ, ਜਗਤ ਆਰਫ਼ ਦਏ ਸਮਝਾ । ਉਲਫ਼ਤ ਵਿਚ ਕਦੇ ਨਾ ਆਇੰਦਾ, ਸਾਚੀ ਮਾਰਫ਼ਤ ਮਾਰਗ ਦਏ ਵਖਾ । ਕਲਜੁਗ ਰੁਸਤਮ ਆਪੇ ਢਾਇੰਦਾ, ਸ਼ਬਦ ਸਰੂਪੀ ਗੁਰਜ ਉਠਾ । ਲੰਕਾ ਗੜ੍ਹ ਆਪ ਤੁੜਾਇੰਦਾ, ਮਨ ਹੰਕਾਰੀ ਮੁਰਛਾ ਦਏ ਕਰਾ । ਸ਼ਬਦ ਖੰਡਾ ਇਕ ਚਮਕਾਇੰਦਾ, ਜੋਧਾ ਸੂਰਬੀਰ ਆਪਣਾ ਨਾਉਂ ਧਰਾ । ਏਕਾ ਡੰਕਾ ਨਾਮ ਵਜਾਇੰਦਾ, ਸ਼ਬਦ ਸ਼ਬਦੀ ਚੋਟ ਲਗਾ । ਅਨਭਵ ਆਪਣਾ ਰੂਪ ਆਪ ਪਰਗਟਾਇੰਦਾ, ਆਪੇ ਵੇਖਣਹਾਰ ਹੋਏ ਮਿਹਰਵਾਂ । ਨੌ ਖੰਡ ਪ੍ਰਿਥਮੀ ਫੇਰਾ ਪਾਇੰਦਾ, ਸੱਤਾਂ ਦੀਪਾਂ ਦੀਪ ਜਗਾ । ਗ਼ਰੀਬ ਨਿਮਾਣੇ

੯੩੨

ਗਲੇ ਲਗਾਇੰਦਾ, ਹੰਸ ਬਣਾਏ ਫੜ ਫੜ ਕਾਂ । ਮਾਣਕ ਮੋਤੀ ਚੋਗ ਚੁਗਾਇੰਦਾ, ਸੋਹੰ ਸ਼ਬਦ ਸਾਚਾ ਨਾਂ । ਕਲਜੁਗ ਦੁਖੜੇ ਅੰਤ ਮਿਟਾਇੰਦਾ, ਮੁਖੜੇ ਉਜਲ ਦਏ ਕਰਾ । ਸੁੱਕੇ ਰੁਖੜੇ ਹਰੇ ਕਰਾਇੰਦਾ, ਅੰਮ੍ਰਿਤ ਸਿੰਚੇ ਕਰੇ ਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਅਨਭਵ ਰੂਪ ਅਕਲ ਕਲ ਧਾਰ, ਤ੍ਰੈਗੁਣ ਮਾਇਆ ਬੰਧਨ ਤੋੜ ਤੁੜਾਈਆ । ਸਗਲ ਸਮਗਰੀ ਵੇਖੇ ਸਗਲ ਪਸਾਰ, ਜੋਤ ਇਕਗਰੀ ਬੇਪਰਵਾਹੀਆ । ਕਲਜੁਗ ਨਗਰੀ ਪਾਵੇ ਸਾਰ, ਰੂਪ ਅਨੂਪ ਸਤਿ ਸਰੂਪ ਆਪਣਾ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਨਾਉਂ ਧਰਾਈਆ । ਅਨਭਵ ਨਾਉਂ ਆਪਣਾ ਰੱਖ, ਦਿਸ ਕਿਸੇ ਨਾ ਆਇੰਦਾ । ਸਰਗੁਣ ਅੰਦਰ ਹੋ ਪਰਤਖ, ਨਿਰਗੁਣ ਆਪਣੀ ਜੋਤ ਜਗਾਇੰਦਾ । ਗੁਰਮੁਖ ਵਿਰਲੇ ਮਾਰਗ ਦੱਸ, ਆਪ ਆਪਣਾ ਮੇਲ ਮਿਲਾਇੰਦਾ । ਤੀਰ ਨਿਰਾਲਾ ਮਾਰੇ ਕਸ, ਸ਼ਬਦ ਕਮਾਨ ਹੱਥ ਉਠਾਇੰਦਾ । ਦੋ ਜਹਾਨਾਂ ਰਿਹਾ ਨੱਸ, ਕਲਜੁਗ ਅੰਤਮ ਪੰਧ ਮੁਕਾਇੰਦਾ । ਪੰਚ ਵਿਕਾਰਾ ਦੇਵੇ ਝੱਸ, ਗੁਰਮੁਖਾਂ ਮਾਇਆ ਮਮਤਾ ਮੋਹ ਚੁਕਾਇੰਦਾ । ਮੇਲ ਮਿਲਾਵਾ ਹੱਸ ਹੱਸ, ਹੰਸ ਮੁਖ ਆਪ ਸਾਲਾਹਿੰਦਾ । ਆਤਮ ਰਸੀਆ ਅੰਤਰ ਆਤਮ ਰਸ ਰਸ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਪਰਦਾ ਲਾਹਿੰਦਾ । ਅਨਭਵ ਆਪਣਾ ਪਰਦਾ ਲਾਹਿਆ, ਕਲਜੁਗ ਅੰਤਮ ਵੱਜੀ ਵਧਾਈਆ । ਸਰਗੁਣ ਨਿਰਗੁਣ ਬਣ ਕੇ ਆਇਆ, ਨਿਰਗੁਣ ਸਰਗੁਣ ਲਏ ਉਠਾਈਆ । ਪੂਤ ਸਪੂਤਾ ਜਨਨੀ ਬਣ ਕੇ ਜਣਕੇ ਆਇਆ, ਗੋਬਿੰਦ ਸੂਰਾ ਨਾਉਂ ਧਰਾਈਆ । ਆਪਣਾ ਭਾਣਾ ਆਪੇ ਮੰਨ ਕੇ ਆਇਆ, ਸ੍ਰਿਸ਼ਟ ਸਬਾਈ ਦਏ ਮਨਾਈਆ । ਗੁਰਸਿਖਾਂ ਅੰਦਰ ਰਲ ਕੇ ਆਇਆ, ਜੋਤੀ ਜੋਤ ਰਿਹਾ ਸਮਾਈਆ । ਆਪਣਾ ਨੇਹਚਲ ਧਾਮ ਅਟੱਲ ਛੱਡ ਕੇ ਆਇਆ, ਗੁਰਸਿਖ ਵਛੋੜਾ ਛੱਡਿਆ ਨਾ ਜਾਈਆ । ਨਿਰਵੈਰ ਘੋੜੇ ਚੜ੍ਹ ਕੇ ਆਇਆ, ਕਲਜੁਗ ਕਹਿਰ ਵੇਖੇ ਖ਼ਲਕ ਖ਼ੁਦਾਈਆ । ਫ਼ਲਕ ਆਫ਼ਤਾਬ ਰੂਪ ਬਣ ਕੇ ਆਇਆ, ਜਗਤ ਮਹਿਤਾਬ ਕਰੇ ਰੁਸ਼ਨਾਈਆ । ਮੁਖ ਨਕਾਬ ਏਕਾ ਪੱਲੂ ਧਰ ਕੇ ਆਇਆ, ਤ੍ਰੈਗੁਣ ਮਾਇਆ ਪਰਦਾ ਪਾਈਆ । ਆਬ ਹਯਾਤ ਪਿਆਲਾ ਫੜ ਕੇ ਆਇਆ, ਸਚ ਮਹਿਬੂਬ ਸੱਚਾ ਹਰਿ ਮਾਹੀਆ । ਏਕਾ ਹਰੂਫ਼ ਪੜ੍ਹ ਕੇ ਆਇਆ, ਏਕਾ ਅਲਫ਼ ਦਏ ਵਖਾਈਆ । ਏਕਾ ਨੁਕਤਾ ਅਗੇ ਰੱਖ ਤੇ ਆਇਆ, ਕਲਜੁਗ ਨੁਕਤਾ ਦਏ ਮਿਟਾਈਆ । ਸਾਚਾ ਮੁਕਤਾ ਬਣ ਕੇ ਆਇਆ, ਮੁਕਤੀ ਗੁਰਸਿਖਾਂ ਪੈਰਾਂ ਹੇਠ ਝਸਾਈਆ । ਸਾਚਾ ਬਕਤਾ ਬਣ ਕੇ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਖੇਲ ਖਿਲਾਈਆ । ਅਨਭਵ ਖੇਲ ਖਿਲਾਇੰਦਾ, ਖੇਲਣਹਾਰ ਪੁਰਖ ਕਰਤਾਰ । ਜੋਤੀ ਜਾਮਾ ਭੇਖ ਵਟਾਇੰਦਾ, ਲੋਕਮਾਤ ਲੈ ਅਵਤਾਰ । ਤ੍ਰੈ ਤ੍ਰੈ ਲੇਖਾ ਇਕ ਸਮਝਾਇੰਦਾ, ਸਿਫ਼ਰਾ ਰੂਪ ਸਰਬ ਸੰਸਾਰ । ਏਕਾ ਆਪਣਾ ਨਾਉਂ ਅੱਗੇ ਲਾਇੰਦਾ, ਅੱਗੇ ਪਿਛੇ ਖੇਲ ਕਰੇ ਖੇਲਣਹਾਰ । ਦੋਏ ਦੋਏ ਧਾਰਾ ਆਪ ਬੰਧਾਇੰਦਾ, ਅਲੱਖ ਅਗੰਮ ਅਗੋਚਰ ਕਰੇ ਸਾਚੀ ਕਾਰ । ਨੌ ਨੌ ਲੇਖਾ ਆਪ ਸਮਝਾਇੰਦਾ, ਨਵ ਨਵ ਬੈਠਾ ਮੀਤ ਮੁਰਾਰ । ਸਤ ਸਤ ਬੰਧਨ ਆਪੇ ਪਾਇੰਦਾ, ਸਤਿ ਸਤਿਵਾਦੀ ਹੋ ਉਜਿਆਰ । ਬੋਧ ਅਗਾਧੀ ਸ਼ਬਦ ਚਲਾਇੰਦਾ, ਭੇਵ ਅਭੇਦਾ ਖੇਲ ਨਿਆਰ । ਸਾਚਾ ਹਾਜੀ ਏਕਾ ਹੱਜ ਕਰਾਇੰਦਾ, ਇਕ ਵਖਾਏ ਪਰਵਰਦਿਗਾਰ । ਏਕਾ ਪੰਡਤ ਗਿਆਨ ਦ੍ਰਿੜਾਇੰਦਾ, ਏਕਾ ਰਾਮ ਰੂਪ ਅਵਤਾਰ । ਏਕਾ ਸਖ਼ੀਆਂ ਮੰਗਲ ਗਾਇੰਦਾ, ਏਕਾ ਨਾਮ ਬੰਸਰੀ

ਵਜਾਏ ਮਧੁਰ ਸੁਰ ਤਾਲ ਕਰੇ ਵਿਚਾਰ । ਏਕਾ ਉਚੀ ਕੂਕ ਨਾਅਰਾ ਲਾਇੰਦਾ, ਹਕ ਹਕ ਕਹੇ ਪੁਕਾਰ । ਏਕਾ ਸਤਿ ਨਾਮ ਦ੍ਰਿੜਾਇੰਦਾ, ਸਤਿ ਸਤਿਵਾਦੀ ਸਾਚੀ ਕਾਰ । ਏਕਾ ਵਾਹਿਗੁਰੂ ਫ਼ਤਹਿ ਗਜਾਇੰਦਾ, ਰਸਨਾ ਜਿਹਵਾ ਗੁਣ ਵਿਚਾਰ । ਏਕਾ ਨਿਰਗੁਣ ਅਨਭਵ ਆਪਣਾ ਰੂਪ ਵਖਾਇੰਦਾ, ਰੇਖ ਰੰਗ ਦਿਸੇ ਨਾ ਵਿਚ ਸੰਸਾਰ । ਗੁਰੂਆਂ ਪੀਰਾਂ ਸ਼ਬਦ ਸੁਣਾਇੰਦਾ, ਜੁਗ ਜੁਗ ਕਰੇ ਕਰਾਏ ਸਚ ਗੁਫ਼ਤਾਰ । ਅੱਖਰ ਵੱਖਰ ਆਪ ਪੜ੍ਹਾਇੰਦਾ, ਐਨ ਗ਼ੈਨ ਨਾ ਕੋਈ ਰਹੀ ਮੁਖ ਉਘਾੜ । ਨੁਕਤਾ ਨੂਨ ਨਾ ਕੋਈ ਸਮਝਾਇੰਦਾ, ਮੀਮ ਮੁਖ ਮੋੜੇ ਨਾ ਕੋਇ ਦਰਬਾਰ । ਹਮਜ਼ਾ ਅੰਗ ਨਾ ਕੋਇ ਭਵਾਇੰਦਾ, ਵਾਵਾਸਤਾ ਪਾਏ ਨਾ ਕੋਈ ਅਵਗੁਣ ਹਾਰ । ਬਸਤਾ ਬੰਨ੍ਹ ਨਾ ਮਕਤਬ ਜਾਇੰਦਾ, ਬੇ ਬਲ ਨਾ ਸਕੇ ਕੋਈ ਧਾਰ । ਪੇ ਪੁਸਤਕ ਨਾ ਕੋਇ ਪੜ੍ਹਾਇੰਦਾ, ਤੇ ਤਲਬ ਨਾ ਮੰਗੇ ਤਲਬਗਾਰ । ਸੇ ਸਾਬਤ ਰੂਪ ਨਾ ਕੋਇ ਜਣਾਇੰਦਾ, ਸਖ਼ੀ ਸਕਵਰ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਇੰਦਾ । ਕਰੇ ਖੇਲ ਓਅੰਕਾਰ, ਏਕੰਕਾਰ ਆਪਣੀ ਕਲ ਵਰਤਾਈਆ । ਏਕਾ ਊੜਾ ਕਰ ਤਿਆਰ, ਤ੍ਰੈ ਤ੍ਰੈ ਮੰਦਰ ਦਏ ਸੁਹਾਈਆ । ਤਿੰਨਾਂ ਬਣਾਏ ਆਪ ਸਿਕਦਾਰ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਐੜਾ ਅੱਖ ਲਏ ਉਘਾੜ, ਨੇਤਰ ਲੋਚਣ ਆਪ ਖੁਲ੍ਹਾਈਆ । ਸੱਸਾ ਕਿਲਾ ਕਰ ਤਿਆਰ, ਸਤਿਗੁਰ ਆਪਣਾ ਆਸਣ ਲਾਈਆ । ਈੜੀ ਇਸ਼ਟ ਇਕ ਕਰਤਾਰ, ਦੂਸਰ ਰੂਪ ਨਾ ਕੋਇ ਦਰਸਾਈਆ । ਹਾਹਾ ਹਰਿ ਕਾ ਪੌੜਾ ਕਰ ਤਿਆਰ, ਹਰਿ ਮੰਦਰ ਆਪ ਸੁਹਾਈਆ । ਕੱਕਾ ਕਾਗਦ ਕਲਮ ਲਿਖਣਹਾਰ, ਖੱਖਾ ਖੋਲ੍ਹ ਦੁਕਾਨ ਨਾ ਕੋਇ ਵਖਾਈਆ । ਗੱਗਾ ਗੋਬਿੰਦ ਜਾਣੇ ਆਪਣੀ ਧਾਰ, ਘੱਘਾ ਘੋੜਾ ਨਾ ਕੋਇ ਦੌੜਾਈਆ । ਨਨਾ ਨਿਗਹਬਾਨ ਕਰੇ ਆਪ ਆਪਣੇ ਸੱਚੇ ਦਰਬਾਰ, ਨਿਰਗੁਣ ਨਿਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪੰਡਤ ਆਪੇ ਪਾਂਧਾ, ਆਪਣੀ ਪਾਠਸ਼ਾਲਾ ਆਪ ਸੁਹਾਈਆ । ਸਾਚੀ ਸ਼ਾਲਾ ਸਾਚਾ ਪਾਠ, ਸਾਚਾ ਮਕਤਬ ਆਪ ਸੁਹਾਇੰਦਾ । ਸਾਚਾ ਤੀਰਥ ਸਾਚਾ ਘਾਟ, ਸਚ ਮਹੱਲਾ ਆਪ ਵਸਾਇੰਦਾ । ਸਾਚਾ ਬਸਤਰ ਸਾਚੀ ਖਾਟ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਦਰ ਇਕ ਆਕਾਰ, ਏਕਾ ਅੱਖਰ ਇਕ ਵਿਚਾਰ, ਏਕਾ ਅਲਫ਼ ਇਕ ਪਿਆਰ, ਆਪਣਾ ਭੇਵ ਆਪਣੇ ਵਿਚ ਟਿਕਾਇੰਦਾ । ਆਪਣਾ ਭੇਵ ਅਭੇਦ ਰਖਾਇਆ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਧਾਰ ਆਪ ਵਹਾਇਆ, ਆਪ ਆਪਣਾ ਲਏ ਪਰਗਟਾਈਆ । ਏਕਾ ਨੂਰ ਨੂਰ ਜਣਾਇਆ, ਨੂਰੋ ਨੂਰ ਨੂਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਪਰਕਾਸ਼ ਆਪਣੇ ਵਿਚ ਟਿਕਾਈਆ । ਸਚ ਪਰਕਾਸ਼ ਪੁਰਖ ਅਬਿਨਾਸ਼, ਆਪਣੇ ਵਿਚ ਰਖਾਇੰਦਾ । ਦਾਸੀ ਦਾਸ ਸ਼ਾਹੋ ਸ਼ਾਬਾਸ, ਆਪਣੀ ਆਸ ਆਪੇ ਪੂਰ ਕਰਾਇੰਦਾ । ਮੰਡਲ ਰਾਸ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਇੰਦਾ । ਲੱਖ ਚੁਰਾਸੀ ਵਾਸ ਵਸੇ ਜਲ ਥਲ ਪਰਭਾਸ, ਘਟ ਘਟ ਵਾਸ ਆਪ ਕਰਾਇੰਦਾ । ਗੁਰ ਸਤਿਗੁਰ ਪੂਰੀ ਕਰੇ ਆਸ, ਦੇਵੇ ਸ਼ਬਦ ਸਚ ਧਰਵਾਸ, ਧਰਤ ਧਵਲ ਆਪ ਵਡਿਆਇੰਦਾ । ਜਨ ਭਗਤਾਂ ਵਸੇ ਪਾਸ, ਲੇਖ ਚੁਕਾਏ ਦਸ ਦਸ ਮਾਸ, ਦਹਿ ਦਿਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਖੇਲ ਅਗੰਮ ਅਪਾਰਾ, ਆਪ ਕਰਾਏ ਕਰਨੇਹਾਰਾ, ਕਾਦਰ ਕੁਦਰਤ ਵਿਚ ਸਮਾਇੰਦਾ । ਕੁਦਰਤ ਕਾਦਰ ਵੇਖਣਹਾਰਾ, ਘਟ ਘਟ ਜੋਤ ਜਗਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਰੂਪ ਅਨੂਪ ਆਪ

੬੩੪
੦੯

੬੩੫
੦੯

ਧਰਾਇੰਦਾ । ਨੀਲੇ ਬਸਤਰ ਕਰ ਸ਼ਿੰਗਾਰ, ਨਾਮ ਮਹਿੰਦੀ ਰੰਗ ਰੰਗਾਇੰਦਾ । ਸਿਰ ਅਮਾਮਾ ਪਰਵਰਦਿਗਾਰਾ, ਸ਼ਬਦ ਦਮਾਮਾ ਇਕ ਵਜਾਇੰਦਾ । ਕਰੇ ਕਾਇਆ ਰੂਪ ਸੰਸਾਰਾ, ਸੰਸਾ ਰੋਗ ਨਾ ਕੋਇ ਜਣਾਇੰਦਾ । ਗੜ੍ਹ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰਾ, ਉਚੇ ਟਿਲੇ ਪਰਬਤ ਚੜ੍ਹ ਚੜ੍ਹ ਫੇਰਾ ਪਾਇੰਦਾ । ਲੇਖਾ ਵੇਖੇ ਸਿਰਜਣਹਾਰਾ, ਮੁਲਾ ਸ਼ੇਖ਼ ਮਸਾਇਕ ਪੀਰ ਦਸਤਗੀਰ ਫੋਲ ਫੁਲਾਇੰਦਾ । ਹਾਜ਼ਰ ਹਜ਼ੂਰ ਗੁਪਤ ਜ਼ਾਹਰਾ, ਹਜ਼ਰਤ ਹਰਿ ਜੂ ਆਪਣਾ ਨਾਉਂ ਧਰਾਇੰਦਾ । ਕਲਜੁਗ ਅੰਤਮ ਕਰਨ ਆਇਆ ਜਗਤ ਮੁਸ਼ਾਅਰਾ, ਗੁਰਮੁਖ ਸਾਚੇ ਸੰਗ ਰਲਾਇੰਦਾ । ਸਵਾ ਪਹਿਰ ਏਕਾ ਕਹਿਰਾ, ਲਹਿਰ ਬਹਿਰ ਆਪਣੀ ਆਪ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਕਰੇ ਸੈਰਾ, ਸੈਰਗਾਹ ਲੋਕਮਾਤ ਉਪਾਇੰਦਾ । ਕਲਜੁਗ ਸਾਗਰ ਦਿਸੇ ਗਹਿਰਾ, ਬੇੜਾ ਪਾਰ ਨਾ ਕੋਇ ਕਰਾਇੰਦਾ । ਨਵ ਨਵ ਤੇਰਾ ਢਾਏ ਡੇਰਾ, ਸ਼ਬਦ ਘੇਰਾ ਇਕ ਵਖਾਇੰਦਾ । ਗੋਬਿੰਦ ਉਠਿਆ ਸੁਤ ਦਲੇਰਾ, ਸਿੰਘ ਸ਼ੇਰਾ ਨਾਲ ਰਲਾਇੰਦਾ । ਲੱਖ ਚੁਰਾਸੀ ਚੁੱਕੇ ਮੇਰਾ ਤੇਰਾ, ਤੂੰ ਮੈਂ ਨਾ ਕੋਇ ਵਖਾਇੰਦਾ । ਗੁਰਸਿਖ ਵਸੇ ਤੇਰਾ ਏਕਾ ਖੇੜਾ, ਦੂਜਾ ਨਗਰ ਕੋਇ ਨਾ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਹੱਥ ਵਿਚ ਫੜਿਆ ਏਕਾ ਜੇਵੜਾ, ਲੱਖ ਚੁਰਾਸੀ ਬੰਧਨ ਪਾਇੰਦਾ । ਧਰਤ ਮਾਤ ਦਾ ਕਰੇ ਖੁਲ੍ਹਾ ਵੇਹੜਾ, ਲਾੜੀ ਮੌਤ ਨਾਚ ਨਚਾਇੰਦਾ । ਅੰਤਮ ਕਰੇ ਹਕ ਨਬੇੜਾ, ਖ਼ਾਲਕ ਖ਼ਲਕ ਮਖ਼ਲੂਕ ਆਪ ਸਮਝਾਇੰਦਾ । ਆਵਣ ਜਾਵਣ ਚੁੱਕੇ ਝੇੜਾ, ਕਲਜੁਗ ਆਫ਼ਤਾਬ ਤਲੂਅ ਗ਼ਰੂਬ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਪਾਰ, ਅਨਭਵ ਆਪਣਾ ਬੰਧਨ ਪਾਇੰਦਾ । ਅਨਭਵ ਰੂਪ ਸ਼ਬਦ ਜਣਾਇਆ, ਗੁਰ ਗੋਬਿੰਦ ਰਸਨ ਉਚਾਰਿਆ । ਜਾਪੁ ਸਾਹਿਬ ਜਪੁ ਸਾਹਿਬ ਉਪਜਾਇਆ, ਜੀਵ ਜੰਤ ਨਾ ਕਰੇ ਵਿਚਾਰਿਆ । ਇਕ ਨੌਂ ਨੌਂ ਛੰਦ ਬੰਦ ਸੁਣਾਇਆ, ਬੰਦੀ ਬੰਦ ਨਾ ਕੋਇ ਅਪਾਰਿਆ । ਅਮਿਤੋਜ ਆਪਣੇ ਵਿਚ ਟਿਕਾਇਆ, ਕਹਿ ਕਹਿ ਢੋਲਾ ਏਕਾ ਗਾ ਲਿਆ । ਜੈ ਜੈਕਾਰ ਸ੍ਰਿਸ਼ਟ ਸਬਾਇਆ, ਕਲਜੁਗ ਵੇਲਾ ਅੰਤ ਸੁਹਾ ਲਿਆ । ਨਿਰਗੁਣ ਆਪਣਾ ਰੂਪ ਆਪ ਪਰਗਟਾਇਆ, ਅਨਭਵ ਨਜ਼ਰ ਕਿਸੇ ਨਾ ਆ ਰਿਹਾ । ਗੁਰਮੁਖ ਵਿਰਲੇ ਮੇਲ ਮਿਲਾਇਆ, ਪੂਰਬ ਲਹਿਣਾ ਵੇਖ ਵਖਾ ਰਿਹਾ । ਮਾਣਸ ਜਨਮ ਲਏ ਤਰਾਇਆ, ਤ੍ਰੈਗੁਣ ਮਾਇਆ ਫੰਦ ਕਟਾ ਲਿਆ । ਆਪਣੇ ਨੇਤਰ ਆਪਣੇ ਨੈਣ ਆਪਣੇ ਲੋਚਣ ਵੇਖਣ ਆਇਆ, ਦੋ ਜਹਾਨਾਂ ਪੰਧ ਮੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਫੜ, ਆਪਣਾ ਪਰਦਾ ਆਪ ਉਠਾ ਲਿਆ । ਗੁਰਸਿਖ ਪਰਦਾ ਉਠਿਆ, ਚੁਕਿਆ ਜਮ ਕਾ ਭੌ । ਸਤਿਗੁਰ ਪੂਰਾ ਤੁਠਿਆ, ਘਰ ਘਰ ਪਕੜੇ ਆਏ ਬਾਹੋਂ । ਗੁਰਮੁਖ ਕਦੇ ਨਾ ਜਾਏ ਲੁੱਟਿਆ, ਸਤਿਗੁਰ ਪੂਰਾ ਸਿਰ ਰੱਖੇ ਠੰਡੀ ਛਾਉਂ । ਅੰਮ੍ਰਿਤ ਆਤਮ ਦੇਵੇ ਘੁੱਟਿਆ, ਹੰਸ ਬਣਾਏ ਕਾਉਂ । ਅੰਤਮ ਭਾਗ ਨਾ ਕੋਇ ਨਿਖੁਟਿਆ, ਲੇਖੇ ਲਾਏ ਪਿਤਾ ਮਾਉਂ । ਗੁਰਮੁਖ ਸਾਚਾ ਸੂਰਯਾ ਲੋਕਮਾਤ ਫੁੱਟਿਆ, ਦਿਵਸ ਰੈਣ ਕਰੇ ਰੁਸ਼ਨਾਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਥਾਈਂ ਥਾਉਂ । ਥਾਨ ਥਨੰਤਰ ਸੁਹਾਵਣਾ, ਹਰਿ ਸੰਗਤ ਮੇਲ ਅਪਾਰ । ਸਤਿਗੁਰ ਦਰਦੀ ਦਰਦ ਵੰਡਾਵਣਾ, ਦੀਨਾਂ ਨਾਥਾਂ ਕਰੇ ਪਿਆਰ । ਗੁਰਸਿਖ ਆਤਮ ਜਗਤ ਮਰਦੀ ਆਪ ਬਚਾਵਣਾ, ਹਿਕਮਤ ਕਰੇ ਅਪਰ ਅਪਾਰ । ਗਰਮੀ ਸਰਦੀ ਪੰਧ ਮੁਕਾਵਣਾ, ਏਕਾ ਰੰਗ ਰੰਗੇ ਕਰਤਾਰ । ਬੇੜੀ ਰੁੜ੍ਹਦੀ ਪਾਰ ਕਰਾਵਣਾ, ਵੰਜ ਮੁਹਾਣਾ ਕਰ ਤਿਆਰ । ਕਾਇਆ ਸੜਦੀ ਅਗਨ ਬੁਝਾਵਣਾ, ਅੰਮ੍ਰਿਤ ਪਾਏ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਮਿਤਰ ਪਿਆਰਾ ਮੀਤੜਾ, ਪਿਆ ਪ੍ਰੀਤਮ ਇਕ ਭਗਵੰਤ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠੜਾ, ਪੁਰਖ ਅਬਿਨਾਸ਼ੀ ਸਾਚਾ ਕੰਤ । ਆਪ ਜਣਾਏ ਆਪਣੀ ਰੀਤੜਾ, ਲੇਖਾ ਜਾਣੇ ਜੁਗਾ ਜੁਗੰਤ । ਪਤਿਤ ਪਾਪੀ ਆਪ ਪੁਨੀਤੜਾ, ਖੇਲੇ ਖੇਲ ਆਪ ਬੇਅੰਤ । ਕਲਜੁਗ ਸਤਿਜੁਗ ਆਪ ਚਲਾਏ ਰੀਤੜਾ, ਲੇਖਾ ਜਾਣੇ ਜੀਵ ਜੰਤ । ਗੁਰਸਿਖਾਂ ਧਾਮ ਵਖਾਏ ਇਕ ਅਨਡੀਠੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬਣਾਏ ਸਾਚੀ ਬਣਤ । ਸਾਚੀ ਬਣਤ ਬਣਾਇੰਦਾ, ਸਾਚੀ ਦਰਗਹਿ ਸਚ ਨਿਵਾਸ । ਸਾਚੇ ਸੰਤ ਮਿਲਾਇੰਦਾ, ਕਲਜੁਗ ਜੰਗਲ ਜੂਹ ਵੇਖ ਪ੍ਰਭਾਸ । ਏਕਾ ਮੰਤ ਕੰਤ ਪੜ੍ਹਾਇੰਦਾ, ਹੰ ਬ੍ਰਹਮ ਕਰੇ ਪਰਕਾਸ਼ । ਸਾਚਾ ਮੰਦਰ ਇਕ ਵਖਾਇੰਦਾ, ਅਨਭਵ ਸਤਿ ਪੁਰਖ ਅਬਿਨਾਸ਼ । ਸੀਸ ਚਵਰ ਨਾ ਕੋਇ ਝੁਲਾਇੰਦਾ, ਨਾ ਕੋਈ ਚੇਲਾ ਨਾ ਦਾਸੀ ਦਾਸ । ਗੁਰ ਪੀਰ ਕੋਇ ਨਜ਼ਰ ਨਾ ਆਇੰਦਾ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ । ਆਪਣੀ ਜੋਤ ਡਗਮਗਾਇੰਦਾ, ਦਿਵਸ ਰੈਣ ਨਾ ਕੋਇ ਰਾਤ । ਸੋ ਪੁਰਖ ਨਿਰੰਜਣ ਆਪ ਅਖਵਾਇੰਦਾ, ਸਚਖੰਡ ਦਵਾਰੇ ਕਰੇ ਸਚ ਨਵਾਸ । ਜੁਗ ਜੁਗ ਹਰਿਜਨ ਸਾਚੇ ਮੇਲ ਮਿਲਾਇੰਦਾ, ਜਨ ਭਗਤਾਂ ਪੂਰੀ ਕਰੇ ਆਸ । ਗੁਰਮੁਖਾਂ ਬੰਧਨ ਤੋੜ ਤੁੜਾਇੰਦਾ, ਗੁਰਸਿਖਾਂ ਲੇਖੇ ਲਾਏ ਰਸਨ ਸਵਾਸ । ਕਲਜੁਗ ਵੇਲਾ ਆਪ ਸੁਹਾਇੰਦਾ, ਨਿਰਗੁਣ ਸਰਗੁਣ ਵਸੇ ਪਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਰੰਗ ਨਾ ਦਿਸੇ ਰੇਖ, ਮੇਲ ਮਿਲਾਵਾ ਦਸ ਦਸਮੇਸ, ਰੂਪ ਵਟਾਏ ਅਨਭਵ ਪਰਕਾਸ਼ ।

 ੯੩੬

੦੯ ✵ ੯ ਭਾਦਰੋਂ ੨੦੧੭ ਬਿਕ੍ਰਮੀ ਸੌਦਾਗਰ ਸਿੰਘ ਦੇ ਗ੍ਰਿਹ ਨਾਥੇਵਾਲ ਜ਼ਿਲਾ ਫ਼ਿਰੋਜ਼ ਪੁਰ ✵

ਸੋ ਪੁਰਖ ਨਿਰੰਜਣ ਸਤਿ ਸਤਿਵਾਦ, ਹਰਿ ਹਰਿ ਸਾਚਾ ਤਖ਼ਤ ਸੁਹਾਇੰਦਾ । ਹਰਿ ਪੁਰਖ ਨਿਰੰਜਣ ਆਦਿ ਆਦਿ, ਅਨਭਵ ਪਰਕਾਸ਼ ਕਰਾਇੰਦਾ । ਏਕੰਕਾਰਾ ਜੁਗਾ ਜੁਗਾਦਿ, ਆਪਣੀ ਵੰਡ ਵੰਡਾਇੰਦਾ । ਆਦਿ ਨਿਰੰਜਣ ਆਪਣੀ ਵਸਤ ਆਪੇ ਲਾਧ, ਆਪਣੇ ਘਰ ਟਿਕਾਇੰਦਾ । ਸ੍ਰੀ ਭਗਵਾਨ ਮਾਧਵ ਮਾਧ, ਰੂਪ ਰੰਗ ਨਾ ਕੋਇ ਵਖਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਸਾਚੀ ਦਾਦ, ਸਾਚੀ ਵੰਡਨ ਵੰਡ ਵੰਡਾਇੰਦਾ । ਪਾਰਬ੍ਰਹਮ ਆਪਣਾ ਗੁਣ ਆਪੇ ਰਿਹਾ ਅਰਾਧ, ਅਵਗੁਣ ਕੋਇ ਨਾ ਵੇਖ ਵਖਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦਿ, ਆਪਣੀ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਤਖ਼ਤ ਆਪ ਸੁਹਾਇੰਦਾ । ਤਖ਼ਤ ਨਿਵਾਸੀ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਵੱਡੀ ਵਡਿਆਈਆ । ਜੋਤੀ ਨੂਰ ਸ੍ਰੀ ਭਗਵਾਨਾ, ਅਨਭਵ ਪਰਕਾਸ਼ ਕਰਾਈਆ । ਵਸਣਹਾਰਾ ਸਚ ਮਕਾਨਾ, ਸਚਖੰਡ ਬੈਠਾ ਜੋਤ ਜਗਾਈਆ । ਥਿਰ ਘਰ ਖੋਲ੍ਹੇ ਇਕ ਦੁਕਾਨਾ, ਘਰ ਘਰ ਵਿਚ ਆਪ ਟਿਕਾਈਆ । ਆਪੇ ਮਰਦ ਆਪ ਮਰਦਾਨਾ, ਰੂਪ ਅਨੂਪ ਆਪ ਦਰਸਾਈਆ । ਆਪੇ ਰਾਜ ਆਪ ਰਾਜਾਨਾ, ਆਪੇ ਰੱਯਤ ਰੂਪ ਵਟਾਈਆ । ਆਪੇ ਹੁਕਮੀ ਹੁਕਮ ਦੇਵੇ ਧੁਰ ਫ਼ਰਮਾਣਾ, ਧੁਰ ਫ਼ਰਮਾਣਾ ਆਪ ਸੁਣਾਈਆ । ਆਪੇ ਸਤਿ ਸਰੂਪੀ ਬੰਨ੍ਹੇ ਗਾਨਾ, ਸਤਿ ਸਤਿਵਾਦੀ ਸਾਚਾ ਮਾਹੀਆ । ਆਪੇ ਰਾਗ ਗਾਏ ਧੁਨ ਤਰਾਨਾ, ਆਪਣਾ ਨਾਦ ਆਪ ਵਜਾਈਆ । ਆਪੇ ਹੋਏ ਹਰਿ ਪਰਧਾਨਾ, ਆਪਣੇ ਭਾਣੇ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਤਖ਼ਤ ਨਿਵਾਸੀ, ਇਕ ਇਕੱਲਾ ਪੁਰਖ ਅਬਿਨਾਸ਼ੀ,

ਆਸਣ ਸਿੰਘਾਸਣ ਆਪ ਸੁਹਾਈਆ । ਆਸਣ ਸਿੰਘਾਸਣ ਸੋਭਾਵੰਤ, ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਨਿਰਗੁਣ ਨਰਾਇਣ ਹਰਿ ਹਰਿ ਕੰਤ, ਹਰਿ ਹਰਿ ਆਪਣੀ ਜੋਤ ਜਗਾਇੰਦਾ । ਪਤਿ ਪਰਮੇਸ਼ਵਰ ਪੂਰਨ ਜੋਤ ਏਕਾ ਰੰਗ ਰੰਗਾਏ ਬਸੰਤ, ਆਪਣੀ ਰੰਗਣ ਆਪ ਚੜ੍ਹਾਇੰਦਾ । ਸਾਚੇ ਧਾਮ ਮਹਿਮਾ ਅਗਣਤ, ਲੇਖਾ ਲਿਖ ਨਾ ਕੋਇ ਵਖਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਅਵਤਾਰ ਨਾ ਕੋਇ ਬਣਾਇੰਦਾ । ਨਾ ਕੋਈ ਜੀਵ ਨਾ ਕੋਈ ਜੰਤ, ਈਸ਼ ਜੀਵ ਨਾ ਵੰਡ ਵੰਡਾਇੰਦਾ । ਆਪੇ ਆਦਿ ਆਪੇ ਅੰਤ, ਆਪ ਆਪਣਾ ਧਾਮ ਸੁਹਾਇੰਦਾ । ਆਪੇ ਹੋਏ ਹਰਿ ਬੇਅੰਤ, ਆਪਣੀ ਮਹਿਮਾ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸੁਹਾਇੰਦਾ । ਸਚ ਸਿੰਘਾਸਣ ਅਨਭਵ ਪਰਕਾਸ਼, ਸ਼ਾਹੋ ਭੂਪ ਸਤਿਗੁਰ ਸੱਚਾ ਆਸਣ ਲਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਅਗੰਮ ਅਗੰਮੜਾ ਆਪੇ ਤੁਠ, ਆਪ ਆਪਣੀ ਰਚਨ ਰਚਾਈਆ । ਆਪੇ ਚੜ੍ਹਿਆ ਸਾਚੀ ਚੋਟ, ਮਹੱਲ ਅਟੱਲ ਉਚ ਮਨਾਰ ਬੈਠਾ ਸੇਜ ਵਛਾਈਆ । ਆਪ ਉਪਾਏ ਨਿਰਮਲ ਜੋਤ, ਬਿਮਲ ਆਪਣਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ, ਏਕਾ ਏਕ ਸੁਹਾਈਆ । ਏਕਾ ਏਕ ਸੁਹਾਇੰਦਾ, ਘਰ ਸੱਚਾ ਸਚ ਦਰਬਾਰ । ਪੁਰਖ ਅਕਾਲਾ ਆਸਣ ਲਾਇੰਦਾ, ਆਦਿ ਜੁਗਾਦਿ ਏਕੰਕਾਰ । ਅਲੱਖ ਅਗੋਚਰ ਅਗੰਮ ਆਪ ਅਖਵਾਇੰਦਾ, ਮਰੇ ਨਾ ਜੰਮੇ ਵਿਚ ਸੰਸਾਰ । ਸਾਚੇ ਤਖ਼ਤ ਚਰਨ ਟਿਕਾਇੰਦਾ, ਜੋਧਾ ਸੂਰਬੀਰ ਬਲੀ ਬਲਕਾਰ । ਦੀਪਕ ਜੋਤੀ ਇਕ ਜਗਾਇੰਦਾ, ਆਦਿ ਜੁਗਾਦਿ ਰਹੇ ਉਜਿਆਰ । ਸਾਚਾ ਮੰਦਰ ਆਪ ਸੁਹਾਇੰਦਾ, ਸੋਭਾਵੰਤ ਪੁਰਖ ਕਰਤਾਰ । ਆਪਣਾ ਬਲ ਆਪ ਧਰਾਇੰਦਾ, ਮੰਗੇ ਭਿਖ ਨਾ ਕਿਸੇ ਦਵਾਰ । ਆਪਣਾ ਸ਼ਾਹ ਆਪ ਹੋ ਜਾਇੰਦਾ, ਸ਼ਹਿਨਸ਼ਾਹ ਸੱਚੀ ਸਰਕਾਰ । ਆਪਣੀ ਸੇਵਾ ਆਪ ਕਰਾਇੰਦਾ, ਘਾੜਨ ਘੜੇ ਅਪਰ ਅਪਾਰ । ਸੋ ਪੁਰਖ ਨਿਰੰਜਣ ਸਚ ਸੁਨਿਆਰਾ ਆਪਣਾ ਨਾਉਂ ਧਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਸਚ ਸੁਨਿਆਰ ਸਚ ਕੁਠਾਲੀ, ਸਾਚੀ ਵਸਤ ਵਿਚ ਟਿਕਾਈਆ । ਲੇਖਾ ਜਾਣੇ ਜੋਤ ਅਕਾਲੀ, ਅਕਲ ਕਲ ਬੇਪਰਵਾਹੀਆ । ਆਪਣੀ ਦਾਤ ਆਪ ਸੰਭਾਲੀ, ਆਪਣੇ ਹੱਥ ਆਪ ਰਖਾਈਆ । ਆਪਣੀ ਚਲੇ ਚਾਲ ਨਿਰਾਲੀ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸੱਚਾ ਸ਼ਾਹ ਆਪ ਅਖਵਾਈਆ । ਸੱਚਾ ਸ਼ਾਹੋ ਹਰਿ ਮਿਹਰਵਾਨ, ਮਹਿਮਾ ਅਗਣਤ ਗਣੀ ਨਾ ਜਾਈਆ । ਸਚਖੰਡ ਦਵਾਰਾ ਖੋਲ੍ਹ ਦੁਕਾਨ, ਏਕਾ ਵਸਤ ਵਿਚ ਰਖਾਈਆ । ਬਣ ਸੁਨਿਆਰ ਸ੍ਰੀ ਭਗਵਾਨ, ਸਾਚਾ ਕੰਚਨ ਹੱਥ ਉਠਾਈਆ । ਰੂਪ ਰੰਗ ਨਾ ਕੋਇ ਨਿਸ਼ਾਨ, ਆਕਾਰ ਨਾ ਕੋਇ ਵਖਾਈਆ । ਆਪੇ ਘੜੇ ਕਰ ਧਿਆਨ, ਆਪੇ ਵੇਖੇ ਨੈਣ ਉਠਾਈਆ । ਆਪਣਾ ਲਹਿਣਾ ਆਪੇ ਜਾਣੇ ਜਾਣੀ ਜਾਣ, ਜਾਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਰਾਜਾਨ ਇਕ ਅਖਵਾਈਆ । ਰਾਜ ਰਾਜਾਨਾ ਹਰਿ ਨਿਰੰਕਾਰਾ, ਭੇਵ ਅਭੇਦ ਛਪਾਇੰਦਾ । ਸਚਖੰਡ ਵਸੇ ਸਚ ਦਵਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਅਕਾਲ ਮੂਰਤ ਹੋ ਉਜਿਆਰਾ, ਜੂਨੀ ਰਹਿਤ ਡਗਮਗਾਇੰਦਾ । ਅਨਭਵ ਪਰਕਾਸ਼ ਅਪਰ ਅਪਾਰਾ, ਅਪਰ ਅਪਰੰਪਰ ਆਪ ਕਰਾਇੰਦਾ । ਸਾਚਾ ਸੀਸ ਜਗਦੀਸ ਆਪ ਆਪਣਾ ਕਰ ਪਿਆਰਾ, ਆਪੇ ਵੇਖ ਵਖਾਇੰਦਾ । ਸਤਿ ਸਰੂਪੀ ਬੰਨ੍ਹੇ ਦਸਤਾਰਾ, ਸਾਚਾ ਸਗਨ ਮਨਾਇੰਦਾ । ਨਿਰਗੁਣ

ਦਰ ਨਿਰਗੁਣ ਭਿਖਾਰਾ, ਨਿਰਗੁਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਪ ਸੁਹਾਇੰਦਾ । ਗ੍ਰਿਹ ਮੰਦਰ ਹਰਿ ਸੁਹਾਇਆ, ਨਿਰਗੁਣ ਜੋਤ ਕਰ ਉਜਿਆਰ । ਤਖਤ ਨਿਵਾਸੀ ਸਾਚੇ ਤਖ਼ਤ ਡੇਰਾ ਲਾਇਆ, ਆਪ ਆਪਣੀ ਕਿਰਪਾ ਧਾਰ । ਆਪ ਆਪਣਾ ਸੀਸ ਸੁਹਾਇਆ, ਸਿਰ ਰੱਖ ਸੱਚੀ ਦਸਤਾਰ । ਸਾਚਾ ਬਸਤਰ ਇਕ ਵਖਾਇਆ, ਨੂਰ ਨੁਰਾਨੀ ਨੂਰ ਪਿਆਰ । ਨੂਰੋ ਨੂਰ ਵੇਖ ਵਖਾਇਆ, ਜੋਤੀ ਜੋਤ ਦਏ ਆਧਾਰ । ਜੋਤੀ ਜਾਤਾ ਆਪ ਅਖਵਾਇਆ, ਇਕ ਇਕੱਲਾ ਏਕੰਕਾਰ । ਆਪਣਾ ਸਾਥ ਆਪ ਨਿਭਾਇਆ, ਸਾਚੇ ਮੰਦਰ ਖੇਲ ਅਪਾਰ । ਸਾਚਾ ਤਾਜ ਹੱਥ ਉਠਾਇਆ, ਨਿਰਗੁਣ ਨਿਰਗੁਣ ਪਾਵੇ ਸਾਰ । ਆਪਣੇ ਮਸਤਕ ਆਪ ਛੁਹਾਇਆ, ਆਪੇ ਬਣਿਆ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸਾ ਪੁਰਖ ਅਬਿਨਾਸ਼ਾ, ਖੇਲੇ ਖੇਲ ਪਰਵਰਦਿਗਾਰ । ਸੀਸ ਤਾਜ ਸੁਹਾਇੰਦਾ, ਸਚਖੰਡ ਵੱਜੇ ਵਧਾਈਆ । ਆਦਿ ਪੁਰਖ ਆਪਣੀ ਰਚਨ ਰਚਾਇੰਦਾ, ਜੁਗਾਦਿ ਰੂਪ ਨਾ ਕੋਇ ਦਰਸਾਈਆ । ਸਤਿ ਨਾਮ ਨਾ ਕੋਇ ਉਪਾਇੰਦਾ, ਸ਼ਬਦ ਨਾਦ ਨਾ ਕੋਇ ਵਜਾਈਆ । ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ, ਗੀਤ ਗੋਬਿੰਦ ਨਾ ਕੋਇ ਅਲਾਈਆ । ਤਾਲ ਤਲਵਾੜਾ ਨਾ ਕੋਇ ਵਜਾਇੰਦਾ, ਭਰ ਪਿਆਲਾ ਜਾਮ ਨਾ ਕੋਇ ਪਿਆਈਆ । ਅਪੱਛਰਾਂ ਨਾਚ ਨਾ ਕੋਇ ਨਚਾਇੰਦਾ, ਰੂਪ ਰੰਗ ਨਾ ਕੋਇ ਵਖਾਈਆ । ਦਰ ਦਰਬਾਨ ਨਾ ਕੋਇ ਬਹਾਇੰਦਾ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ । ਸੀਸ ਚਵਰ ਨਾ ਕੋਇ ਝੁਲਾਇੰਦਾ, ਉਚੀ ਕਰੇ ਨਾ ਕੋਇ ਬਾਂਹੀਆਂ । ਇਕ ਇਕੱਲਾ ਸਾਚੇ ਤਖ਼ਤ ਆਸਣ ਲਾਇੰਦਾ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਸਾਚਾ ਤਾਜ ਸੀਸ ਟਿਕਾਇੰਦਾ, ਨਿਰਗੁਣ ਆਪਣਾ ਆਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਇਕ ਵਡਿਆਈਆ । ਘਰ ਸੁਹੰਜਣਾ ਹਰਿ ਸੁਹਾਇਆ, ਸਾਂਤਕ ਸਤਿ ਸਤਿ ਵਰਤਾਇੰਦਾ । ਆਦਿ ਨਿਰੰਜਣ ਵੇਖ ਵਖਾਇਆ, ਅਨਭਵ ਆਪਣਾ ਰੂਪ ਵਟਾਇੰਦਾ । ਪਰਕਾਸ਼ ਪਰਕਾਸ਼ ਆਪ ਸਮਾਇਆ, ਰੇਖ ਰੰਗ ਨਾ ਕੋਇ ਜਣਾਇੰਦਾ । ਆਦੇਸ਼ ਆਦੇਸ਼ ਆਪਣਾ ਢੋਲਾ ਗਾਇਆ, ਰਾਗ ਨਾਦ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਖ਼ਤ ਏਕਾ ਤਾਜ, ਏਕਾ ਹਰਿ ਗ਼ਰੀਬ ਨਿਵਾਜ਼, ਆਦਿ ਆਦਿ ਆਦਿ ਆਪ ਆਪਣਾ ਸਾਜਣ ਸਾਜ, ਸਾਜਣਹਾਰਾ ਵੇਸ ਵਟਾਇੰਦਾ । ਹਰਿ ਜੂ ਹਰਿ ਹਰਿ ਸਾਜਿਆ, ਹਰਿ ਮੰਦਰ ਖੇਲ ਅਪਾਰ । ਵੇਖੇ ਖੇਲ ਗ਼ਰੀਬ ਨਿਵਾਜ਼ਿਆ, ਗ੍ਰਿਹ ਅੰਦਰ ਹੋ ਉਜਿਆਰ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ, ਸੀਸ ਰਖਾਏ ਸਾਚਾ ਤਾਜਿਆ, ਹੁਕਮੀ ਹੁਕਮ ਵਰਤੇ ਵਰਤਾਰ । ਧੁਰ ਫ਼ਰਮਾਣਾ ਮਾਰੇ ਵਾਜਿਆ, ਅਗੰਮ ਅਗੰਮੜਾ ਅਗੰਮੜੀ ਕਾਰ । ਆਪਣੇ ਮੰਡਲ ਆਪੇ ਫਿਰੇ ਭਾਜਿਆ, ਦੂਸਰ ਸੰਗ ਨਾ ਕੋਇ ਪਿਆਰ । ਨਿਰਗੁਣ ਰਚਿਆ ਆਪਣਾ ਕਾਜਿਆ, ਕਰੇ ਖੇਲ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਜਗਦੀਸ ਏਕ ਸੀਸ ਏਕਾ ਰਾਜ ਏਕਾ ਕਾਜ ਏਕਾ ਤਾਜ ਹਰਿ ਕਰਤਾਰ । ਹਰਿ ਕਰਤਾਰ ਸੀਸ ਸੁਹਾਇੰਦਾ, ਜਗਤ ਜਗਦੀਸ ਕਰ ਪਿਆਰ । ਆਪਣੀ ਬਣਤ ਆਪ ਬਣਾਇੰਦਾ, ਬਣਾਵਣਹਾਰ ਅਗੰਮ ਅਪਾਰ । ਸਚ ਸੁਨਿਆਰ ਰੂਪ ਵਟਾਇੰਦਾ, ਨਿਰਗੁਣ ਨਿਰਗੁਣ ਕਰ ਪਿਆਰ । ਆਪਣੀ ਕੁਠਾਲੀ ਆਪੇ ਪਾਇੰਦਾ, ਅਗਨੀ ਜੋਤ ਇਛਿਆ ਫੂੰਕਾਰ ਦੇਵੇ ਮਾਰ । ਆਪ ਆਪਣਾ ਆਪੇ ਸੋਧ, ਘਾੜਨ ਘੜੇ ਅਪਰ ਅਪਾਰ । ਚਾਰੇ ਮੁਖ ਕਰੇ ਬੋਧ, ਅਗਾਧ ਬੋਧ ਏਕੰਕਾਰ ।

ਪੰਚਮ ਮੁਖ ਸੁਣਾਏ ਆਪਣਾ ਸਚ ਸਲੋਕ, ਅੱਖਰ ਵੱਖਰ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਆਪ ਸੁਹਾਇਆ, ਆਪਣੀ ਕਿਰਪਾ ਧਾਰ । ਪੰਚਮ ਮੁਖ ਹਰਿ ਹਰਿ ਤਾਜਾ, ਤਾਜਦਾਰ ਆਪ ਅਖਵਾਇੰਦਾ । ਸ਼ਾਹੋ ਭੂਪ ਬਣ ਬਣ ਰਾਜਾ, ਰਯੱਤ ਆਪਣਾ ਵੇਸ ਵਟਾਇੰਦਾ । ਸਚਖੰਡ ਦਵਾਰੇ ਰਚ ਰਚ ਕਾਜਾ, ਸਖ਼ਸੀਅਤ ਆਪਣਾ ਬਲ ਵਖਾਇੰਦਾ । ਆਦਿ ਆਦਿ ਰਚਿਆ ਕਾਜਾ, ਕਰਤਾ ਪੁਰਖ ਆਪਣੀ ਨੱਯਾ ਆਪ ਚਲਾਇੰਦਾ । ਅਗੰਮ ਅਗੰਮੜੀ ਮਾਰੇ ਵਾਜਾ, ਸਾਚਾ ਸੱਯਾ ਹੁਕਮ ਸੁਣਾਇੰਦਾ । ਸ਼ਾਹੋ ਭੂਪ ਬਣ ਨਵਾਬਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਸਾਚਾ ਤਾਜ ਕਰ ਤਿਆਰ, ਸਚਖੰਡ ਦਵਾਰੇ ਮਤਾ ਪਕਾਇੰਦਾ । ਇਕ ਜਗਦੀਸ਼ ਇਕ ਸਰਕਾਰ, ਆਪਣੀ ਵੰਡਣ ਆਪ ਵੰਡਾਇੰਦਾ । ਏਕਾ ਹੁਕਮ ਏਕ ਵਰਤਾਰ, ਹੁਕਮੀ ਹੁਕਮ ਆਪ ਚਲਾਇੰਦਾ । ਏਕਾ ਵਸਤ ਇਕ ਭੰਡਾਰ, ਏਕਾ ਏਕ ਝੋਲੀ ਪਾਇੰਦਾ । ਏਕਾ ਨਾਮ ਇਕ ਜੈਕਾਰ, ਜੈ ਜੈਕਾਰ ਇਕ ਕਰਾਇੰਦਾ । ਏਕਾ ਦਰ ਇਕ ਦਰਬਾਰ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਖੜਗ ਇਕ ਕਟਾਰ, ਏਕਾ ਖੰਡਾ ਆਪ ਚਮਕਾਇੰਦਾ । ਏਕਾ ਤਰਕਸ਼ ਤੀਰ ਕਮਾਨ, ਏਕਾ ਤੁਰੰਗ ਤੁਫ਼ੰਗ ਹੱਥ ਰਖਾਇੰਦਾ । ਏਕਾ ਬਖ਼ਸ਼ਸ਼ ਕਰੇ ਆਪ ਨਿਰੰਕਾਰ, ਬਖਸ਼ਣਹਾਰਾ ਦਿਸ ਨਾ ਆਇੰਦਾ । ਏਕਾ ਅਕਸ਼ਰ ਕਰ ਤਿਆਰ, ਨਿਸ਼ਅੱਖਰ ਨਾਉਂ ਧਰਾਇੰਦਾ । ਏਕਾ ਵੱਖਰ ਵਸਤ ਅਪਾਰ, ਸ਼ਬਦ ਸ਼ਬਦੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਸਦ ਰਹਾਇੰਦਾ । ਏਕਾ ਤਾਜ ਤਖ਼ਤ ਨਿਵਾਸਾ, ਰਾਜ ਰਾਜਾਨਾਂ ਇਕ ਅਖਵਾਈਆ । ਏਕਾ ਭੂਪ ਪੁਰਖ ਅਬਿਨਾਸ਼ਾ, ਤਾਗਾ ਸੂਤਾ ਤਾਣਾ ਪੇਟਾ ਏਕਾ ਪਾਈਆ । ਏਕਾ ਪੂਰਨ ਪੁਰਖ ਪੂਰੀ ਕਰੇ ਆਸਾ, ਪੂਰਨ ਪਰਮੇਸ਼ਵਰ ਇਕ ਅਖਵਾਈਆ । ਏਕਾ ਖੇਲੇ ਖੇਲ ਤਮਾਸ਼ਾ, ਏਕਾ ਬੈਠਾ ਮੁਖ ਛੁਪਾਈਆ । ਏਕਾ ਮੰਡਲ ਪਾਏ ਰਾਸਾ, ਏਕਾ ਜੋਤੀ ਜੋਤ ਰੁਸ਼ਨਾਈਆ । ਏਕਾ ਸਾਚੇ ਘਰ ਕਰੇ ਨਿਵਾਸਾ, ਨਿਰਗੁਣ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਸੁਹੰਦਾ ਸਾਚੇ ਥਾਨ ਦਏ ਵਡਿਆਈਆ । ਸਾਚੇ ਥਾਨ ਸੁਹਾਇਆ ਤਾਜ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਆਪੇ ਗੁਰੂ ਗ਼ਰੀਬ ਨਿਵਾਜ਼, ਗੋਬਿੰਦ ਆਪਣੇ ਹੱਥ ਰੱਖੇ ਵਡਿਆਈਆ । ਧੁਰ ਦਰਗਾਹੀ ਸਚ ਮਲਾਹੀ ਸ਼ਬਦ ਸਰੂਪੀ ਏਕਾ ਕਾਜ, ਅਨ ਰੰਗ ਰੂਪੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਘਾੜਨ ਘੜ, ਨਿਰਗੁਣ ਨਿਰਗੁਣ ਲਏ ਮਨਾਈਆ । ਨਿਰਗੁਣ ਘਾੜਨ ਘੜਿਆ ਅਪਾਰ, ਰੂਪ ਰੇਖ ਨਾ ਕੋਇ ਜਣਾਇਆ । ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਆਪਣਾ ਹੁਕਮ ਆਪ ਸੁਣਾਇਆ । ਏਕਾ ਹੁਕਮ ਵਰਤੇ ਵਰਤਾਰ, ਹੁਕਮੀ ਹੁਕਮ ਖੇਲ ਖਿਲਾਇਆ । ਏਕਾ ਸੁਤ ਉਪਜੇ ਦੁਲਾਰ, ਸ਼ਬਦ ਸਪੂਤਾ ਨਾਉਂ ਰਖਾਇਆ । ਦਰ ਦਵਾਰ ਬਣੇ ਦਰਬਾਨ, ਦਰ ਦਰਵੇਸ਼ ਦਏ ਸਲਾਹਿਆ । ਆਦਿ ਜੁਗਾਦਿ ਮੰਨੇ ਆਣ, ਨਿਉਂ ਨਿਉਂ ਜੁਗ ਜੁਗ ਸੀਸ ਝੁਕਾਇਆ । ਸੁਣੇ ਸੁਣਾਏ ਏਕਾ ਕਾਨ, ਨਾਦ ਅਨਾਦੀ ਨਾਦ ਵਜਾਇਆ । ਪਿਤਾ ਪੂਤ ਮੇਲਾ ਸ੍ਰੀ ਭਗਵਾਨ, ਸਾਚਾ ਦੂਤ ਇਕ ਦੌੜਾਇਆ । ਆਪ ਉਪਾਏ ਆਪਣਾ ਇਕ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇਆ । ਏਕਾ ਬਖ਼ਸ਼ੇ ਚਰਨ ਧਿਆਨ, ਧੁਰ ਦੀਬਾਣ ਬਾਣ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਬਲਕਾਰ ਧੁਰ ਦਰਬਾਰਾ ਆਪ ਸਮਝਾਇਆ । ਸ਼ਬਦ ਬਲਕਾਰੀ ਕਰ ਧਿਆਨ, ਪ੍ਰਭ ਅੱਗੇ ਸੀਸ ਝੁਕਾਈਆ । ਤੇਰਾ ਹੁਕਮ

ਸੱਚਾ ਫ਼ਰਮਾਣ, ਹਉਂ ਸੇਵਕ ਸੇਵ ਕਮਾਈਆ । ਤੇਰਾ ਮੰਦਰ ਮੇਰਾ ਮਕਾਨ, ਤੇਰਾ ਮਕਾਨ ਮੇਰੀ ਪਾਤਸ਼ਾਹੀਆ । ਤੇਰਾ ਦਰ ਹਉਂ ਦਰਬਾਨ, ਦਰ ਦਰਵੇਸ਼ ਸੋਭਾ ਪਾਈਆ । ਤੂੰ ਸ਼ਾਹੋ ਮੇਰਾ ਰਾਜਾਨ, ਹਉਂ ਰੱਯਤ ਰੂਪ ਵਟਾਈਆ । ਤੂੰ ਸਤਿਗੁਰ ਸੱਚਾ ਕਾਹਨ, ਹਉਂ ਗੋਪੀ ਸੇਵ ਕਮਾਈਆ । ਤੂੰ ਦਾਤਾ ਗੁਣ ਨਿਧਾਨ, ਹਉਂ ਅਵਗੁਣ ਰਿਹਾ ਸਮਝਾਈਆ । ਚਰਨ ਕਵਲ ਬਖ਼ਸ਼ਣਾ ਏਕਾ ਮਾਣ, ਅਭੁੱਲ ਭੁੱਲ ਕਦੇ ਨਾ ਜਾਈਆ । ਸੁੱਤ ਦੁਲਾਰਾ ਢਹਿ ਢਹਿ ਪਏ ਬਾਲ ਨਾਦਾਨ, ਬਾਲੀ ਬੁਧ ਰਿਹਾ ਸੁਣਾਈਆ । ਬਾਲੀ ਬੁਧ ਰਿਹਾ ਕੁਰਲਾ, ਪਿਤਾ ਪੂਤ ਵੇਖ ਵਖਾਇੰਦਾ । ਸ੍ਰੀ ਭਗਵਾਨ ਤੇਰੀ ਸਰਨਾ, ਸਰਨਗਤ ਨਾ ਕੋਇ ਜਣਾਇੰਦਾ । ਨਿਰਭੌ ਚੁਕਾ ਮੇਰਾ ਡਰਨਾ, ਭੈ ਭਿਆਨਕ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਯਾਚਕ ਮੰਗ ਮੰਗਾਇੰਦਾ । ਯਾਚਕ ਮੰਗੇ ਦਾਨ, ਸ਼ਬਦ ਸੁਤ ਸੱਚੀ ਸਰਨਾਈਆ । ਕਿਰਪਾ ਕਰ ਸ੍ਰੀ ਭਗਵਾਨ, ਸੇਵਕ ਸੇਵਾ ਲੇਖੇ ਲਏ ਲਗਾਈਆ । ਏਕਾ ਮੰਗਾਂ ਸਾਚਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਤੇਰਾ ਖੇਲ ਦੋ ਜਹਾਨ, ਹਉਂ ਵੇਖਾਂ ਥਾਉਂ ਥਾਈਆ । ਲੋਆਂ ਪੁਰੀਆਂ ਬਣ ਤੇਰਾ ਮਕਾਨ, ਬ੍ਰਹਿਮੰਡ ਖੰਡ ਤੇਰੀ ਸੇਜ ਸੁਹਾਈਆ । ਬ੍ਰਹਮਾ ਵਿਸ਼ਨ ਸ਼ਿਵ ਉਪਜੇ ਤੇਰਾ ਨਿਸ਼ਾਨ, ਤ੍ਰੈਗੁਣ ਝੂਲਾ ਦਏ ਝੁਲਾਈਆ । ਪੰਜ ਤਤ ਹੋਏ ਪਰਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰੀ ਵੰਡ ਵੰਡਾਈਆ । ਮਨ ਮਤ ਬੁਧ ਕਰੇ ਵਖਿਆਨ, ਤਤਵ ਤਤ ਤਤ ਸਮਾਈਆ । ਘਰ ਵਿਚ ਘਰ ਉਪਜੇ ਮਹਾਨ, ਤੇਰਾ ਬੰਕ ਸੁਹਾਈਆ । ਤੇਰਾ ਰੂਪ ਬ੍ਰਹਮ ਗੁਣ ਨਿਧਾਨ, ਨਾ ਮਰੇ ਨਾ ਜਾਈਆ । ਲੱਖ ਚੁਰਾਸੀ ਤੇਰੀ ਖਾਣ, ਸ਼ਬਦ ਭੰਡਾਰੀ ਆਪ ਭਰਾਈਆ । ਜੁਗ ਜੁਗ ਕਰੇ ਵੇਸ ਮਹਾਨ, ਕੋਟਨ ਕੋਟ ਰੂਪ ਧਰਾਈਆ । ਇਕ ਇਕੱਲਾ ਪਾਵੇ ਆਣ, ਹੁਕਮੀ ਹੁਕਮ ਚਲੇ ਰਜ਼ਾਈਆ । ਤਖ਼ਤ ਨਿਵਾਸੀ ਨੌਜਵਾਨ, ਤੇਰਾ ਭੈ ਸਰਬ ਵਖਾਈਆ । ਹਉਂ ਸੇਵਕ ਬਾਲ ਬਾਲਾ ਨਾਦਾਨ, ਜੋਬਨ ਤੇਰਾ ਪ੍ਰੇਮ ਹੰਢਾਈਆ । ਆਦਿ ਜੁਗਾਦਿ ਰਹਿਣਾ ਨਿਗਹਬਾਨ, ਨੇਤਰ ਨੈਣ ਨਾ ਕੋਇ ਭਵਾਈਆ । ਲੋਕਮਾਤ ਝੁਲਾਵਾਂ ਤੇਰਾ ਸਚ ਨਿਸ਼ਾਨ, ਜੁਗ ਜੁਗ ਆਪਣੇ ਹੱਥ ਉਠਾਈਆ । ਕਵਣ ਗੁਣ ਪੁਕਾਰ ਸੁਣ ਕਰ ਪੀਆ ਪਰਵਾਨ, ਵੇਲੇ ਅੰਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਮੰਗੇ ਵਰ, ਅੱਗੇ ਬੈਠਾ ਸੀਸ ਝੁਕਾਈਆ । ਸੀਸ ਝੁਕਾਇਆ ਗਿਆ ਝੁਕ, ਨੇਤਰ ਨੈਣ ਨਾ ਕੋਇ ਉਠਾਇਆ । ਹਰਿ ਜੂ ਤੇਰਾ ਭਾਣਾ ਨਾ ਜਾਏ ਰੁਕ, ਆਦਿ ਜੁਗਾਦਿ ਤੂੰ ਹੀ ਵਰਤਾਇਆ । ਹਉਂ ਚਰਨ ਦਵਾਰੇ ਬੈਠਾ ਝੁਕ, ਦਰ ਦਰਵੇਸ਼ਾ ਮੰਗਣ ਆਇਆ । ਕਵਣ ਰੂਪ ਬਹਿ ਲੁਕ, ਲੋਕਮਾਤ ਨਜ਼ਰ ਨਾ ਆਇਆ । ਕਵਣ ਵੇਸ ਗੋਦੀ ਲਏ ਚੁੱਕ, ਜਗਤ ਵਿਛੋੜਾ ਪੰਧ ਮੁਕਾਇਆ । ਕਵਣ ਧਾਰ ਮੇਟੇ ਦੁੱਖ, ਤੇਰਾ ਵਿਛੋੜਾ ਝਲਿਆ ਨਾ ਜਾਇਆ । ਕਵਣ ਰੰਗ ਚਾੜ੍ਹੇ ਆਪਣੀ ਕੁੱਖ, ਮਾਤ ਜੋਤੀ ਜਾਤਾ ਵਿਚ ਰਖਾਇਆ । ਕਵਣ ਮੁਖ ਸੁਖਣਾ ਲਵਾਂ ਸੁੱਖ, ਤੇਰਾ ਇਸ਼ਟ ਦੇਵ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੀਤਾ ਕੌਲ ਭੁੱਲ ਨਾ ਜਾਈਆ । ਸ੍ਰੀ ਭਗਵਾਨ ਸ਼ਬਦ ਅਗੰਮੀ ਬੋਲਿਆ, ਸ਼ਬਦੀ ਸ਼ਬਦ ਕਰ ਪਿਆਰ । ਤੇਰਾ ਬਦਲੇ ਹਰਿ ਜੀ ਚੋਲਿਆ, ਬ੍ਰਹਮਾ ਵਿਸ਼ਨ ਸ਼ਿਵ ਕਰ ਪਸਾਰ । ਲੱਖ ਚੁਰਾਸੀ ਬਣੇ ਤੇਰਾ ਡੋਲਿਆ, ਨਾਰੀ ਰੂਪ ਅੰਦਰ ਵੜੇ ਆਪ ਕਰਤਾਰ । ਚਾਰ ਜੁਗ ਨੌਂ ਸੌ ਚੁਰਾਨਵੇਂ ਚੌਕੜੀ ਫਿਰੇ ਆਲਾ ਭੋਲਿਆ, ਖ਼ਬਰ ਨਾ ਪਾਏ ਵਿਚ ਸੰਸਾਰ । ਕਲਜੁਗ ਅੰਤਮ ਆਏ ਨਿਰਗੁਣ ਪੂਰਾ ਕਰੇ ਕੌਲਿਆ, ਜੋਤੀ ਜਾਮਾ ਲੈ ਅਵਤਾਰ । ਪਰਗਟ

ਹੋਏ ਉਪਰ ਧਵਲਿਆ, ਨਿਹਕਲੰਕ ਨਾਉਂ ਧਰਾਏ ਅਗੰਮ ਅਪਾਰ । ਰੂਪ ਵਖਾਏ ਨਾ ਸਾਵਲ ਸਵਲਿਆ, ਪੰਜ ਤਤ ਨਾ ਕੋਇ ਵਿਚਾਰ । ਤੇਰਾ ਕਰੇ ਭਾਰ ਹੌਲਿਆ, ਸਿਰ ਆਪਣੇ ਚੁੱਕੇ ਭਾਰ । ਆਦਿ ਜੁਗਾਦਿ ਕਦੇ ਨਾ ਡੋਲਿਆ, ਅਡੋਲ ਅਡੁਲ ਇਕ ਨਿਰੰਕਾਰ । ਸਾਚੇ ਕੰਡੇ ਤੋਲ ਦੇਵੇ ਤੋਲਿਆ, ਤੋਲਾ ਬਣੇ ਵਿਚ ਸੰਸਾਰ । ਬਲ ਨਾ ਜਾਣੇ ਕਲਾ ਸੋਲਿਆ, ਅਕਲ ਕਲ ਵਰਤੇ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤਮ ਪਾਵੇ ਸਾਰ । ਸ਼ਬਦ ਭਰਵਾਸਾ ਰੱਖਣਾ, ਸ਼ਹਿਨਸ਼ਾਹ ਸੱਚਾ ਦ੍ਰਿੜਾਇੰਦਾ । ਕਲਜੁਗ ਅੰਤਮ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਭਾਂਡਾ ਹੋਵੇ ਸੱਖਣਾ, ਤੇਰਾ ਬੀਜ ਨਾ ਕੋਇ ਬਜਾਇੰਦਾ । ਤੇਰਾ ਰੂਪ ਕਿਸੇ ਨਾ ਲਖਣਾ, ਸਾਧ ਸੰਤ ਸਰਬ ਕੁਰਲਾਇੰਦਾ । ਤੇਰੀ ਕੀਮਤ ਕੋਇ ਨਾ ਪਾਵੇ ਕੱਖਣਾ, ਲੱਖ ਕਰੋੜੀ ਮਾਇਆ ਮਮਤਾ ਮੋਹ ਵਧਾਇੰਦਾ । ਤੇਰਾ ਰੂਪ ਵਰੋਲੇ ਨਾ ਕੋਈ ਮੱਖਣਾ, ਸ੍ਰਿਸ਼ਟ ਸਬਾਈ ਛਾਛ ਵਖਾਇੰਦਾ । ਨਜ਼ਰ ਨਾ ਆਏ ਉਤਰ ਪੂਰਬ ਪੱਛਮ ਦੱਖਣਾ, ਚਾਰੋਂ ਕੁੰਟ ਖ਼ਾਲੀ ਹੱਟ ਵਖਾਇੰਦਾ । ਤੇਰਾ ਪਰਦਾ ਕਿਸੇ ਨਾ ਢਕਣਾ, ਨੰਗਾ ਦੋਜ਼ਖ਼ ਸਰਬ ਫਿਰਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹੋ ਸ਼ਾਬਾਸ਼ੀ ਹੋਏ ਪਰਤੱਖਣਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਪੰਚਮ ਮੁਖੀ ਤਾਜ ਆਪਣੇ ਸੀਸ ਰੱਖਣਾ, ਨਿਰਗੁਣ ਸਰਗੁਣ ਧਾਰ ਵਖਾਇੰਦਾ । ਦੋ ਜਹਾਨਾਂ ਮਿਲੇ ਜਸਨਾ, ਜਸ ਆਪਣਾ ਇਕ ਸੁਣਾਇੰਦਾ । ਘਰ ਮੰਦਰ ਬਹਿ ਬਹਿ ਹੱਸਣਾ, ਸਤਿਗੁਰ ਪੂਰਾ ਮੇਲ ਮਿਲਾਇੰਦਾ । ਗੁਰਮੁਖਾਂ ਮਾਰਗ ਏਕਾ ਦੱਸਣਾ, ਮਨਮੁਖ ਦਰ ਦੁਰਕਾਇੰਦਾ । ਤ੍ਰੈਗੁਣ ਮਾਇਆ ਲੱਥੇ ਵਿਸਣਾ, ਜੋ ਜਨ ਤੇਰਾ ਸੰਗ ਨਿਭਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਦੀਨ ਦਿਆਲਾ, ਪੁਰਖ ਅਕਾਲਾ ਏਕਾ ਦਿਸਣਾ, ਨਿਰਗੁਣ ਦਾਤਾ ਜੋਤ ਜਗਾਇੰਦਾ । ਸਚਖੰਡ ਦਵਾਰੇ ਸਾਚੇ ਵਸਣਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦਿਤਾ ਵਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਵੰਡ ਵੰਡਾਇੰਦਾ । ਨਿਰਗੁਣ ਵਸਤ ਨਿਰਗੁਣ ਵਰਤਾਰੀ, ਨਿਰਗੁਣ ਝੋਲੀ ਪਾਇੰਦਾ । ਨਿਰਗੁਣ ਹਸਤ ਨਿਰਗੁਣ ਅਸਵਾਰੀ, ਨਿਰਗੁਣ ਚਰਨ ਰਕਾਬ ਟਿਕਾਇੰਦਾ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ ਨਿਰਗੁਣ ਸਿਕਦਾਰੀ, ਨਿਰਗੁਣ ਹੁਕਮ ਸੁਣਾਇੰਦਾ । ਨਿਰਗੁਣ ਜੋਤ ਨਿਰਗੁਣ ਸ਼ਬਦ ਨਿਰਗੁਣ ਕੂਕੇ ਵਾਰੋ ਵਾਰੀ, ਆਪਣੀ ਕੂਕ ਆਪ ਅਲਾਇੰਦਾ । ਨਿਰਗੁਣ ਤਾਜ ਨਿਰਗੁਣ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆ ਪਾਵੇ ਸਾਰੀ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਨਿਰਗੁਣ ਖੰਡਾ ਨਿਰਗੁਣ ਕਟਾਰੀ, ਨਿਰਗੁਣ ਰੱਖੇ ਤਿਖੀ ਧਾਰੀ, ਆਰ ਪਾਰ ਆਪ ਵਖਾਇੰਦਾ । ਨਿਰਗੁਣ ਸਰਗੁਣ ਪੈਜ ਰਿਹਾ ਸੁਆਰੀ, ਸਰਬ ਘਟ ਦਾਤਾ ਆਪਣੀ ਦਇਆ ਕਮਾਇੰਦਾ । ਕਾਗਦ ਕਲਮ ਨਾ ਲਿਖਣਹਾਰੀ, ਬ੍ਰਹਮਾ ਵੇਦ ਨਾ ਕੋਇ ਸਾਲਾਹਿੰਦਾ । ਵਾਹ ਵਾ ਗੁਰੂ ਗੁਰ ਗੁਰ ਸ਼ਬਦ ਸੱਚੀ ਯਾਰੀ, ਯਾਰ ਯਾਰੀ ਤੋੜ ਨਿਭਾਇੰਦਾ । ਵਾਹ ਵਾ ਕੰਤ ਵਾਹ ਵਾ ਨਾਰੀ, ਵਾਹ ਵਾ ਰੰਗ ਰੰਗੀਲੀ ਸੇਜ ਹੰਢਾਇੰਦਾ । ਵਾਹ ਵਾ ਪਤ ਪਤਵੰਤ ਸਾਚੀ ਪਤਨੀ ਕਰੇ ਪਿਆਰੀ, ਪੀਤ ਪੀਤੰਬਰ ਸੀਸ ਸੁਹਾਇੰਦਾ । ਵਾਹ ਵਾ ਸਗਨੀ ਸਗਨ ਮਨਾਏ ਆਪਣੀ ਵਾਰੀ, ਜੋਤੀ ਜੋਤ ਨਾ ਰਹੇ ਕਵਾਰੀ, ਜੋਤੀ ਜੋਤ ਆਪ ਪਰਨਾਇੰਦਾ । ਵਾਹ ਵਾ ਰੂਪ ਵਾਹ ਵਾ ਸ਼ੰਗਾਰੀ, ਵਾਹ ਵਾ ਨੇਤਰ ਨੈਣ ਆਪ ਮਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚੋਲਾ ਆਪੇ ਬਣ ਆਪ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਵਾ ਅਗੰਮ ਅਥਾਹ, ਥਿਰ ਘਰ ਸਾਚੇ ਵੇਖ ਵਖਾਈਆ । ਆਦਿ ਪੁਰਖ ਦਿਤੀ ਆਦਿ


੯੪੧

ਸਲਾਹ, ਜੁਗਾਦਿ ਵੇਖੇ ਖੇਲ ਬੇਪਰਵਾਹੀਆ । ਏਕਾ ਨਾਦ ਦਿਤਾ ਵਜਾ, ਬ੍ਰਹਮ ਬ੍ਰਹਿਮਾਦਿ ਰਿਹਾ ਸੁਣਾਈਆ । ਏਕਾ ਤਾਜ ਸੀਸ ਲਿਆ ਟਿਕਾ, ਜਗਤ ਜਗਦੀਸ ਵੱਡੀ ਵਡਿਆਈਆ । ਸਾਚਾ ਕਾਜ ਲਿਆ ਰਚਾ, ਰਚ ਰਚ ਵੇਖੇ ਵੇਖਣਹਾਰਾ ਦਿਸ ਨਾ ਆਈਆ । ਭਗਤਨ ਭਗਤੀ ਰਿਹਾ ਸਮਝਾ, ਭਗਵਨ ਭਾਵੀ ਭਗਤ ਭਗਵਤ ਭਗੌਤੀ ਆਪਣੇ ਹੱਥ ਰਖਾਈਆ । ਸਾਚੀ ਸਖ਼ਾਵਤ ਸਖ਼ੀ ਆਪਣਾ ਆਪ ਕਰੇ ਫ਼ਿਦਾ, ਫ਼ਿਤਰਤ ਹੋਰ ਨਾ ਕੋਇ ਜਣਾਈਆ । ਇਸਮੇ ਆਜ਼ਮ ਅਜ਼ਮੁਲ ਆਪਣਾ ਆਪ ਕਰੇ ਜੁਦਾ, ਰਹਿਮਤ ਰਹਿਮਾਨ ਆਪ ਕਮਾਈਆ । ਅਜ਼ਮਤੋ ਕਸਮਤੋ ਅਜਿਬਵਾ ਅਤਿਲਹੇ ਆਪਣੀ ਸੇਵਾ ਲਏ ਲਗਾ, ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਰਹੇ ਸਰਨਾਈਆ । ਹੁਕਮੀ ਹੁਕਮ ਦਏ ਵਰਤਾ, ਸ੍ਰਿਸ਼ਟ ਸਬਾਈ ਏਕਾ ਫ਼ਤਵਾ ਦੇਵੇ ਲਾ, ਵੇਲੇ ਅੰਤ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਮਤਾ ਰਿਹਾ ਪਕਾ, ਮਤ ਬੁਧ ਨਾ ਦੇਵੇ ਕੋਇ ਸਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਗੁਰ ਸ਼ਬਦ ਧੁਰ ਬ੍ਰਹਿਮਾਦਿ, ਸੁਰ ਬ੍ਰਹਮਾ ਆਪਣਾ ਤਾਲ ਵਜਾਈਆ ।

### ੯ ਭਾਦਰੋਂ ੨੦੧੭ ਬਿਕ੍ਰਮੀ ਮਾਹਲਾ ਸਿੰਘ ਦੇ ਘਰ ਦਇਆ ਹੋਈ, ਪਿੰਡ ਸ਼ਮਾਲ ਸਰ ਜ਼ਿਲਾ ਫਿਰੋਜ਼ ਪੁਰ



ਸੋ ਪੁਰਖ ਨਿਰੰਜਣ ਸਰਬ ਵਿਆਪਿਆ, ਜੂਨੀ ਰਹਿਤ ਪੁਰਖ ਅਕਾਲ । ਹਰਿ ਪੁਰਖ ਨਿਰੰਜਣ ਵਡ ਪਰਤਾਪਿਆ, ਆਦਿ ਜੁਗਾਦੀ ਦੀਨ ਦਿਆਲ । ਏਕੰਕਾਰਾ ਖੇਲ ਤਮਾਸਿਆ, ਖੇਲੇ ਖੇਲ ਦੋ ਜਹਾਨ । ਆਦਿ ਨਿਰੰਜਣ ਨੂਰ ਪਰਕਾਸਿਆ, ਜੋਤੀ ਨੂਰ ਜਲਵਾ ਜਲਾਲ । ਸ੍ਰੀ ਭਗਵਾਨ ਸ਼ਾਹੋ ਸ਼ਾਬਾਸਿਆ, ਤਖ਼ਤ ਨਿਵਾਸੀ ਵਡ ਮਿਹਰਵਾਨ । ਅਬਿਨਾਸ਼ੀ ਕਰਤਾ ਦਾਸਨ ਦਾਸਿਆ, ਸੇਵਕ ਸੇਵਾ ਕਰੇ ਮਹਾਨ । ਪਾਰਬ੍ਰਹਮ ਪ੍ਰਭ ਪਾਏ ਮੰਡਲ ਰਾਸਿਆ, ਆਦਿ ਜੁਗਾਦੀ ਸਾਚਾ ਕਾਹਨ । ਸਚਖੰਡ ਦਵਾਰਾ ਇਕ ਸੁਹਾਸਿਆ, ਸੋਭਾਵੰਤ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਨੌਜਵਾਨ । ਇਕ ਇਕੱਲਾ ਏਕੰਕਾਰਾ, ਆਦਿ ਜੁਗਾਦਿ ਸਮਾਇਆ । ਜੁਗਾ ਜੁਗੰਤਰ ਖੇਲ ਅਪਾਰਾ, ਨਿਰਭੌ ਆਪਣਾ ਆਪ ਕਰਾਇਆ । ਅਨਭਵ ਪਰਕਾਸ਼ ਹੋ ਉਜਿਆਰਾ, ਰੂਪ ਅਨੂਪ ਆਪ ਵਟਾਇਆ । ਸਤਿ ਸਰੂਪ ਸਿਰਜਣਹਾਰਾ, ਸਤਿ ਸਤਿਵਾਦੀ ਵੇਸ ਵਟਾਇਆ । ਅਲੱਖ ਅਗੋਚਰ ਅਗੰਮ ਅਪਾਰਾ, ਅਗੰਮ ਅਗੰਮੜਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਇਆ । ਹਰਿ ਹਰਿ ਖੇਲ ਖਿਲਾਇੰਦਾ, ਨਿਰਗੁਣ ਰੂਪ ਅਗੰਮ ਅਪਾਰ । ਸੋ ਪੁਰਖ ਨਿਰੰਜਣ ਆਪਣਾ ਰੂਪ ਵਟਾਇੰਦਾ, ਹਰਿ ਪੁਰਖ ਨਿਰੰਜਣ ਸਾਚੀ ਕਾਰ । ਏਕੰਕਾਰਾ ਨਾਉਂ ਧਰਾਇੰਦਾ, ਜੂਨੀ ਰਹਿਤ ਆਦਿ ਨਿਰੰਜਣ ਹੋ ਤਿਆਰ । ਅਬਿਨਾਸ਼ੀ ਕਰਤਾ ਧਾਮ ਸੁਹਾਇੰਦਾ, ਸ੍ਰੀ ਭਗਵਾਨ ਸਾਚਾ ਮੀਤ ਮੁਰਾਰ । ਪਾਰਬ੍ਰਹਮ ਪ੍ਰਭ ਪਰਦਾ ਲਾਹਿੰਦਾ, ਆਪ ਆਪਣੀ ਕਿਰਪਾ ਧਾਰ । ਸਚ ਸਿੰਘਾਸਣ ਇਕ ਸੁਹਾਇੰਦਾ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਸਚਖੰਡ ਦਵਾਰਾ ਆਪ ਖੁਲਾਇੰਦਾ, ਆਪੇ ਖੋਲ੍ਹੇ ਬੰਦ ਕਿਵਾੜ । ਦੀਵਾ ਬਾਤੀ ਆਪ ਜਗਾਇੰਦਾ, ਆਪਣੀ ਜੋਤੀ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰ । ਸਚ ਸਿੰਘਾਸਣ ਹਰਿ ਸੁਹਾਇੰਦਾ, ਮਹਿਮਾ

੯੪੩


ਗਣਤ ਅਗਣਤ । ਆਪਣੇ ਮੰਦਰ ਡੇਰਾ ਲਾਇੰਦਾ, ਆਪੇ ਜਾਣੇ ਆਪਣੀ ਬਣਤ । ਆਪਣਾ ਤਖ਼ਤ ਆਪ ਸੁਹਾਇੰਦਾ, ਪੁਰਖ ਅਬਿਨਾਸ਼ੀ ਸੋਭਾਵੰਤ । ਸਾਚਾ ਸੀਸ ਤਾਜ ਟਿਕਾਇੰਦਾ, ਨਰ ਨਰਾਇਣ ਹਰਿ ਹਰਿ ਕੰਤ । ਸਚ ਨਿਸ਼ਾਨਾ ਆਪ ਝੁਲਾਇੰਦਾ, ਦਰਗਹਿ ਸਾਚੀ ਧਾਮ ਸੁਹੰਤ । ਹੁਕਮੀ ਹੁਕਮ ਆਪ ਵਰਤਾਇੰਦਾ, ਪੂਰਨ ਜੋਤ ਸ੍ਰੀ ਭਗਵੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਅਪਾਰਾ, ਏਕੰਕਾਰਾ ਆਪ ਕਰਾਇੰਦਾ । ਸਚਖੰਡ ਦਵਾਰਾ ਸੁਹਾਵਣਾ, ਹਰਿ ਸਾਚਾ ਆਪ ਸੁਹਾਈਆ । ਸੋ ਪੁਰਖ ਨਿਰੰਜਣ ਰੂਪ ਵਟਾਵਣਾ, ਏਕੰਕਾਰਾ ਵੇਖੇ ਚਾਈਂ ਚਾਈਆ । ਹਰਿ ਪੁਰਖ ਨਿਰੰਜਣ ਸਗਨ ਮਨਾਵਣਾ, ਆਦਿ ਨਿਰੰਜਣ ਦਏ ਵਧਾਈਆ । ਅਬਿਨਾਸ਼ੀ ਕਰਤਾ ਅੰਗ ਲਗਾਵਣਾ, ਸ੍ਰੀ ਭਗਵਾਨ ਗੋਦ ਸੁਹਾਈਆ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਵਣਾ, ਅਨਭਵ ਆਪਣਾ ਰੂਪ ਪਰਗਟਾਈਆ । ਰੂਪ ਰੇਖ ਨਾ ਕੋਇ ਰਖਾਵਣਾ, ਨਿਰਗੁਣ ਆਪਣੀ ਧਾਰ ਵਖਾਈਆ । ਅਕਲ ਕਲ ਆਪਣਾ ਨਾਉਂ ਧਰਾਵਣਾ, ਕਾਲ ਮਹਾਂਕਾਲ ਨਾ ਕੋਇ ਵਡਿਆਈਆ । ਸਾਚੀ ਧਰਮਸਾਲ ਇਕ ਵਖਾਵਣਾ, ਸਚਖੰਡ ਦਵਾਰਾ ਆਪ ਸੁਹਾਈਆ । ਥਿਰ ਘਰ ਵਾਸੀ ਆਪਣਾ ਪਰਦਾ ਆਪੇ ਲਾਹਵਣਾ, ਆਪ ਆਪਣਾ ਨੂਰ ਕਰ ਰੁਸ਼ਨਾਈਆ । ਸਾਚੇ ਤਖ਼ਤ ਬਹਿ ਬਹਿ ਹੁਕਮ ਸੁਣਾਵਣਾ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਰਾਜ ਰਾਜਾਨਾ ਆਪ ਅਖਵਾਵਣਾ, ਰਾਓ ਰੰਕ ਨਾ ਕੋਇ ਵਡਿਆਈਆ । ਏਕਾ ਡੰਕਾ ਨਾਮ ਵਜਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਰੇ ਖੇਲ ਅਵੱਲਾ, ਦਰਗਹਿ ਸਾਚੀ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਵਸਿਆ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਆਪ ਆਪਣੀ ਸੇਜ ਹੰਢਾਇੰਦਾ । ਆਪਣੀ ਜੋਤੀ ਆਪੇ ਰੱਲਾ, ਆਪ ਆਪਣਾ ਮੇਲ ਮਿਲਾਇੰਦਾ । ਵਸੇ ਨੇਹਚਲ ਧਾਮ ਅਟੱਲਾ, ਉਚ ਮੰਦਰ ਆਪ ਸੁਹਾਇੰਦਾ । ਸਚ ਸੰਦੇਸ਼ਾ ਏਕਾ ਘੱਲਾ, ਘਰ ਸ਼ਬਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਹੁਕਮ ਸੁਣਾਇੰਦਾ । ਸਾਚਾ ਹੁਕਮ ਸਾਚਾ ਰਾਣਾ, ਹਰਿ ਹਰਿ ਆਪ ਜਣਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨਾ, ਘਰ ਘਰ ਬੈਠਾ ਜੋਤ ਜਗਾਈਆ । ਦਰ ਦਰਵੇਸ਼ ਬਣ ਦਰਬਾਨਾ, ਏਕਾ ਅਲਫ਼ੀ ਗਲ ਹੰਢਾਈਆ । ਸਾਲਸ ਬਣੇ ਦੋ ਜਹਾਨਾਂ, ਸ਼ਬਦ ਪਰਵਾਨਾ ਹੱਥ ਉਠਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਕਲ ਵਰਤਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਹਰਿ ਸੁਹਾਵਣਾ, ਸੋਭਾਵੰਤ ਕਰਤਾਰ । ਹੁਕਮੀ ਹੁਕਮ ਇਕ ਵਰਤਾਵਣਾ, ਸ਼ਬਦੀ ਸ਼ਬਦ ਨਾਦ ਧੁਨਕਾਰ । ਸਾਚੀ ਰਚਨਾ ਆਪ ਰਚਾਵਣਾ, ਆਪਣੀ ਇਛਿਆ ਭਰ ਭੰਡਾਰ । ਸਾਚੀ ਭਿਛਿਆ ਝੋਲੀ ਪਾਵਣਾ, ਦੇਵਣਹਾਰ ਹਰਿ ਨਿਰੰਕਾਰ । ਆਪਣਾ ਲੇਖਾ ਆਪ ਲਿਖਾਵਣਾ, ਕਾਗਦ ਕਲਮ ਨਾ ਪਾਵੇ ਸਾਰ । ਬੋਧ ਅਗਾਧਾ ਆਪ ਅਖਵਾਵਣਾ, ਆਦਿ ਜੁਗਾਦੀ ਸਾਚੀ ਕਾਰ । ਸਚਖੰਡ ਦਵਾਰੇ ਸਾਚਾ ਨਾਮ ਆਪ ਉਪਾਵਣਾ, ਨਾਮ ਉਪਾਏ ਏਕੰਕਾਰ । ਆਪਣਾ ਮੰਤਰ ਆਪ ਦ੍ਰਿੜਾਵਣਾ, ਏਕਾ ਇਸ਼ਟ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਧਾਮ ਨਿਆਰ । ਧਾਮ ਨਿਆਰਾ ਸਚਖੰਡ, ਹਰਿ ਸਾਚਾ ਸਚ ਸੁਹਾਇੰਦਾ । ਪੁਰਖ ਅਕਾਲ ਵੰਡੇ ਵੰਡ, ਦੂਸਰ ਸੰਗ ਨਾ ਕੋਇ ਜਣਾਇੰਦਾ । ਨਾ ਕੋਈ ਰੂਪ ਨਾ ਕੋਈ ਰੰਗ, ਰੇਖ ਭੇਖ ਨਾ ਕੋਇ

ਵਖਾਇੰਦਾ । ਜੂਨੀ ਰਹਿਤ ਵਸੇ ਸੰਗ, ਅਨਭਵ ਆਪਣਾ ਰੂਪ ਧਰਾਇੰਦਾ । ਸ਼ਬਦ ਅਨਾਦ ਵਜਾਏ ਮਰਦੰਗ, ਸੁਰ ਤਾਲ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਏ, ਸਚਖੰਡ ਵੱਜੇ ਵਧਾਈਆ । ਨਿਰਗੁਣ ਨਿਰਗੁਣ ਵੇਖ ਵਖਾਏ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਚੇਲਾ ਸੀਸ ਝੁਕਾਏ, ਨਿਉਂ ਨਿਉਂ ਆਪਣਾ ਆਪ ਵੇਖ ਵਖਾਈਆ । ਨਿਰਗੁਣ ਮੇਲਾ ਆਪ ਮਿਲਾਏ, ਮਿਲਿਆ ਮੇਲ ਵਿਛੜ ਨਾ ਜਾਈਆ । ਨਿਰਗੁਣ ਸੱਜਣ ਸੁਹੇਲਾ ਆਪ ਬਣ ਜਾਏ, ਇਕ ਇਕੇਲਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਲਏ ਉਪਜਾਈਆ । ਨਿਰਗੁਣ ਉਪਜਾਏ ਨਿਰਗੁਣ ਸੁਤ, ਅਬਿਨਾਸ਼ੀ ਅਚੁਤ ਖੇਲ ਖਿਲਾਇੰਦਾ । ਵਾਰ ਥਿਤ ਨਾ ਕੋਇ ਰੁਤ, ਮਾਸ ਬਰਖ ਨਾ ਵੇਖ ਵਖਾਇੰਦਾ । ਆਪੇ ਜਾਣੇ ਆਪਣੀ ਜੁਗਤ, ਜਾਗਰਤ ਜੋਤ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਨਾਉਂ ਧਰਾਇੰਦਾ । ਸ਼ਬਦ ਉਪਾਇਆ ਹਰਿ ਹਰਿ ਪਿਆਰਾ, ਪਰਮ ਪੁਰਖ ਵਡ ਵਡਿਆਈਆ । ਏਕਾ ਦਰ ਏਕਾ ਭਿਖਾਰਾ, ਏਕਾ ਵਸਤ ਆਪ ਵਰਤਾਈਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਹੁਕਮੀ ਹੁਕਮ ਸੁਣਾਈਆ । ਏਕਾ ਤਖ਼ਤ ਇਕ ਸਿਕਦਾਰਾ, ਸ਼ਹਿਨਸ਼ਾਹ ਇਕ ਹੋ ਜਾਈਆ । ਏਕਾ ਏਕ ਵਰਤੇ ਵਰਤਾਰਾ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸੱਚਾ ਪਾਤਸ਼ਾਹੀਆ । ਆਪਣਾ ਵਰ ਆਪਣੀ ਝੋਲੀ ਪਾ, ਆਪੇ ਦਇਆ ਕਮਾਇੰਦਾ । ਆਪੇ ਜੋਤ ਡਗਮਗਾ, ਸ਼ਬਦੀ ਧਾਰ ਆਪ ਚਲਾਇੰਦਾ । ਆਪੇ ਪਿਤਾ ਆਪੇ ਮਾਂ, ਨਾਦੀ ਸੁਤ ਆਪ ਅਖਵਾਇੰਦਾ । ਆਪੇ ਸਚਖੰਡ ਦਵਾਰੇ ਵਸੇ ਸਾਚੇ ਥਾਂ, ਥਾਨ ਥਨੰਤਰ ਵੇਖ ਵਖਾਇੰਦਾ । ਆਪੇ ਥਿਰ ਘਰ ਕੁੰਡਾ ਦੇਵੇ ਲਾਹ, ਆਪ ਆਪਣਾ ਪਰਦਾ ਲਾਹਿੰਦਾ । ਆਪੇ ਹੁਕਮੀ ਹੁਕਮ ਦਏ ਸੁਣਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਆਪੇ ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਖੰਡ ਆਪਣੀ ਸੇਵ ਕਮਾਇੰਦਾ । ਆਪੇ ਰਵ ਸਸ ਸੂਰਜ ਚੰਨ ਮੰਡਲ ਮੰਡਪ ਕਰ ਰੁਸ਼ਨਾ, ਆਪ ਆਪਣੀ ਜੋਤ ਟਿਕਾਇੰਦਾ । ਆਪੇ ਧਰਤ ਧਵਲ ਜਲ ਬਿੰਬ ਟਿਕਾ, ਜਲ ਥਲ ਮਹੀਅਲ ਆਪਣਾ ਰੂਪ ਸਮਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਨਾਉਂ ਧਰਾ, ਆਪਣੀ ਧਾਰਾ ਆਪ ਵਖਾਇੰਦਾ । ਆਪੇ ਤ੍ਰੈਗੁਣ ਮਾਇਆ ਰਚਨ ਰਚਾ, ਤ੍ਰੈ ਤ੍ਰੈ ਬੰਧਨ ਆਪੇ ਪਾਇੰਦਾ । ਆਪੇ ਪੰਚਮ ਲੇਖਾ ਜਾਣੇ ਸਹਿਜ ਸੁਭਾ, ਪੰਚਮ ਪੰਚਮ ਮੇਲ ਮਿਲਾਇੰਦਾ । ਆਪੇ ਘਰ ਵਿਚ ਘਰ ਰਿਹਾ ਉਪਾ, ਹਰਿ ਮੰਦਰ ਨਾਉਂ ਧਰਾਇੰਦਾ । ਈਸ਼ ਜੀਵ ਹਰਿ ਰੂਪ ਵਟਾ, ਜਗਤ ਜਗਦੀਸਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਨਾਉਂ ਧਰਾ, ਆਪ ਆਪਣੀ ਵੰਡ ਵੰਡਾਇੰਦਾ । ਲੱਖ ਚੁਰਾਸੀ ਘਟ ਘਟ ਅੰਦਰ ਡੇਰਾ ਲਾ, ਆਪ ਆਪਣਾ ਮੁਖ ਛੁਪਾਇੰਦਾ । ਆਦਿ ਨਿਰੰਜਣ ਡਗਮਗਾ, ਜੋਤੀ ਨੂਰ ਇਕ ਚਮਕਾਇੰਦਾ । ਅਨਹਦ ਸ਼ਬਦ ਨਾਦ ਵਜਾ, ਤਾਲ ਤਲਵਾੜਾ ਆਪ ਸੁਣਾਇੰਦਾ । ਅੰਮ੍ਰਿਤ ਸਰੋਵਰ ਕਵਲ ਨਾਭੀ ਆਪ ਭਰਾ, ਸਾਚਾ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਵੇਸ ਅਨੇਕਾ ਆਪ ਕਰਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਤ੍ਰੈਗੁਣ ਨਾਤਾ ਜੋੜ ਜੁੜਾਇੰਦਾ । ਪੰਜ ਤਤ ਬੋਲ ਜੈਕਾਰਾ, ਸਚ ਵਰਤਾਰਾ ਆਪ ਵਰਤਾਇੰਦਾ । ਮਨ ਮਤ ਬੁਧ ਭਰ ਭੰਡਾਰਾ, ਕਾਇਆ ਮੰਦਰ ਆਪ ਸੁਹਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਦੀਵਾ ਬਾਤੀ ਆਪ ਟਿਕਾਇੰਦਾ । ਆਦਿ ਆਪਣੀ ਰਚਨ ਰਚਾਇੰਦਾ । ਵਿਸ਼ਨੂੰ ਬ੍ਰਹਮਾ ਸੇਵਾਦਾਰਾ,

ਚਾਰ ਵੇਦ ਮੁਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲਾਇੰਦਾ । ਹਰਿ ਭੇਵ ਅਵੱਲੜਾ, ਕਥਨੀ ਕਥ ਨਾ ਸਕੇ ਰਾਈਆ । ਆਦਿ ਜੁਗਾਦੀ ਇਕ ਇਕੱਲੜਾ, ਸਚਖੰਡ ਬੈਠਾ ਆਸਣ ਲਾਈਆ । ਸਚ ਦਵਾਰਾ ਏਕਾ ਮਲੜਾ, ਦੂਸਰ ਧਾਮ ਨਾ ਕੋਇ ਵਡਿਆਈਆ । ਆਪੇ ਫੜਿਆ ਆਪਣਾ ਪਲੜਾ, ਆਪ ਆਪਣਾ ਮੇਲ ਮਿਲਾਈਆ । ਸ਼ਬਦ ਸੰਦੇਸ਼ ਨਰ ਨਰੇਸ਼ ਏਕਾ ਏਕ ਏਕਾ ਘਲੜਾ, ਧੁਰ ਫ਼ਰਮਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਵਿਸ਼ਨੂੰ ਵਿਸ਼ਵ ਆਪ ਉਠਾਇੰਦਾ, ਵਾਸਤਕ ਰੂਪ ਹਰਿ ਕਰਤਾਰ । ਨਮੋ ਦੇਵ ਇਸ਼ਟ ਵਖਾਇੰਦਾ, ਦੇਵ ਦੇਵਾ ਸੱਚੀ ਸਰਕਾਰ । ਘਰ ਮੰਦਰ ਆਪ ਸੁਹਾਇੰਦਾ, ਆਪ ਆਪਣਾ ਖੋਲ੍ਹ ਕਿਵਾੜ । ਸਚ ਭੰਡਾਰਾ ਇਕ ਵਰਤਾਇੰਦਾ, ਬਖ਼ਸ਼ਸ਼ ਕਰੇ ਬਖ਼ਸ਼ਣਹਾਰ । ਧੁਰ ਫ਼ਰਮਾਣਾ ਹੁਕਮ ਸੁਣਾਇੰਦਾ, ਵਿਸ਼ਨੂੰ ਹੋਣਾ ਖ਼ਬਰਦਾਰ । ਚਰਨ ਧਿਆਨ ਇਕ ਰਖਾਇੰਦਾ, ਦੂਸਰ ਹੋਰ ਨਾ ਕੋਇ ਦਵਾਰ । ਤੇਰੀ ਸੇਵਾ ਮਾਤ ਲਗਾਇੰਦਾ, ਜੁਗ ਜੁਗ ਕਰਨੀ ਸਾਚੀ ਕਾਰ । ਪੁਰਖ ਅਬਿਨਾਸ਼ੀ ਵੇਖ ਵਖਾਇੰਦਾ, ਮਰੇ ਨਾ ਜੰਮੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮ ਵਰਤੇ ਵਰਤਾਰ । ਹੁਕਮੀ ਹੁਕਮ ਵਰਤਾਇੰਦਾ, ਪਾਰਬ੍ਰਹਮ ਪੁਰਖ ਅਬਿਨਾਸ਼ । ਬ੍ਰਹਮਾ ਵੇਤਾ ਆਪ ਸਮਝਾਇੰਦਾ, ਸਾਹਿਬ ਸਤਿਗੁਰ ਸ਼ਾਹੋ ਸ਼ਾਬਾਸ । ਆਪਣਾ ਭੇਵ ਆਪ ਖੁਲ੍ਹਾਇੰਦਾ, ਆਪੇ ਪੂਰੀ ਕਰੇ ਆਸ । ਬ੍ਰਹਮੇ ਤੇਰੀ ਵੰਡ ਵੰਡਾਇੰਦਾ, ਬ੍ਰਹਮ ਜੋਤ ਸਰਬ ਪਰਕਾਸ਼ । ਤੇਰਾ ਅੰਦਰ ਮੰਦਰ ਆਪ ਸੁਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਹੋ ਸ਼ਾਬਾਸ । ਬ੍ਰਹਮਾ ਹਰਿ ਸਮਝਾਇੰਦਾ, ਕਰ ਕਿਰਪਾ ਗੁਣ ਨਿਧਾਨ । ਤੇਰੀ ਸੇਵਾ ਸਚ ਲਗਾਇੰਦਾ, ਲੱਖ ਚੁਰਾਸੀ ਹੋ ਪਰਧਾਨ । ਜੁਗ ਜੁਗ ਤੇਰੀ ਜੋਤ ਜਗਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਤੇਰਾ ਰੂਪ ਆਪ ਪਰਗਟਾਇੰਦਾ, ਆਦਿ ਜੁਗਾਦੀ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਧੁਰ ਫ਼ਰਮਾਣ । ਧੁਰ ਫ਼ਰਮਾਣ ਸ਼ਬਦ ਜਣਾਇਆ, ਪਾਰਬ੍ਰਹਮ ਬ੍ਰਹਮ ਦਇਆ ਕਮਾਈਆ । ਬ੍ਰਹਮ ਆਪਣਾ ਭੇਵ ਖੁਲ੍ਹਾਇਆ, ਪਾਰਬ੍ਰਹਮ ਸੱਚੀ ਸਰਨਾਈਆ । ਪਾਰਬ੍ਰਹਮ ਢੋਲਾ ਏਕਾ ਗਾਇਆ, ਬ੍ਰਹਮ ਸੁਣੇ ਚਾਈਂ ਚਾਈਆ । ਬ੍ਰਹਮ ਨਿਉਂ ਨਿਉਂ ਸੀਸ ਝੁਕਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਪੁਰਖ ਅਬਿਨਾਸ਼ੀ ਆਪਣਾ ਵਿਚੋਲਾ ਆਪ ਪਰਗਟਾਇਆ, ਏਕਾ ਸ਼ਬਦ ਨਾਉਂ ਧਰਾਈਆ । ਸਾਚਾ ਸੋਹਲਾ ਆਪ ਸੁਣਾਇਆ, ਲਿਖਣ ਪੜ੍ਹਣ ਵਿਚ ਨਾ ਆਈਆ । ਸਾਚਾ ਤੋਲਾ ਤੋਲ ਤੁਲਾਇਆ, ਏਕਾ ਕੰਡਾ ਹੱਥ ਉਠਾਈਆ । ਆਪਣਾ ਪਰਦਾ ਉਹਲਾ ਦਏ ਉਠਾਇਆ, ਬ੍ਰਹਮ ਪਾਰਬ੍ਰਹਮ ਮਿਲਾਈਆ । ਆਪਣਾ ਬੋਲਾ ਆਪ ਜਣਾਇਆ, ਉਚੀ ਕੂਕ ਕੂਕ ਸੁਣਾਈਆ । ਆਪਣਾ ਕਵਲ ਆਪ ਉਲਟਾਇਆ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਾਦ ਧੁਨ ਵਜਾਈਆ । ਸ਼ਬਦ ਅਨਾਦੀ ਧੁਨ ਬ੍ਰਿਮਾਦੀ, ਹਰਿ ਸਾਚਾ ਸਚ ਵਜਾਇੰਦਾ । ਬੋਧ ਅਗਾਧੀ ਦੇਵੇ ਦਾਦੀ, ਭੇਵ ਅਭੇਦਾ ਭੇਵ ਖੁਲਾਇੰਦਾ । ਕਰੇ ਖੇਲ ਆਦਿ ਜੁਗਾਦੀ, ਆਪਣੀ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧੁਨ ਇਕ ਧੁਨਕਾਰ, ਆਪ ਸੁਣਾਏ ਸੁਣਨੇਹਾਰ, ਬ੍ਰਹਮਾ ਵੇਤਾ ਕਰ ਪਿਆਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਬ੍ਰਹਮ ਪਿਆਰਾ ਪਾਰਬ੍ਰਹਮ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ ।

ਆਪਣੇ ਮੰਦਰ ਆਪੇ ਜੰਮ, ਆਪ ਆਪਣਾ ਰੂਪ ਪਰਗਟਾਇੰਦਾ । ਆਪ ਉਪਜਾਏ ਆਪਣਾ ਨਾਮ, ਨਾਮ ਨਿਧਾਨ ਆਪ ਅਖਵਾਇੰਦਾ । ਆਪ ਵਖਾਏ ਆਪਣਾ ਸਚ ਨਿਸ਼ਾਨ, ਸਚ ਨਿਸ਼ਾਨਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਇੰਦਾ । ਭੇਵ ਖੁਲਾਏ ਹਰਿ ਭਗਵਾਨ, ਬ੍ਰਹਮੇ ਬ੍ਰਹਮ ਸਮਝਾਇਆ । ਜੁਗਾ ਜੁਗੰਤਰ ਇਕ ਧਿਆਨ, ਲਿਵ ਅੰਤਰ ਚਰਨ ਵਖਾਇਆ । ਸਾਚਾ ਮੰਦਰ ਇਕ ਮਕਾਨ, ਸਚ ਦਵਾਰੇ ਸੋਭਾ ਪਾਇਆ । ਪੁਰਖ ਅਬਿਨਾਸ਼ੀ ਦੇਵੇ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇਆ । ਨਾ ਕੋਈ ਸੁਰਤੀ ਨਾ ਕੋਈ ਕਾਹਨ, ਮੂਰਤ ਅਕਾਲ ਵੇਖ ਵਖਾਇਆ । ਨਾਦ ਤੂਰਤ ਬੇਪਛਾਣ, ਤੁਰਿਆ ਰਾਗ ਆਪ ਅਲਾਇਆ । ਬ੍ਰਹਮਾ ਬ੍ਰਹਮ ਕਰ ਪਰਵਾਨ, ਪ੍ਰਭ ਆਪਣੇ ਲੇਖੇ ਲਏ ਲਗਾਇਆ । ਸ਼ਬਦ ਜਣਾਏ ਸਚ ਫ਼ਰਮਾਣ, ਭੇਵ ਅਭੇਦਾ ਭੇਵ ਖੁਲਾਇਆ । ਚਾਰੇ ਵੇਦਾਂ ਖੋਲ੍ਹ ਦੁਕਾਨ, ਚਾਰੇ ਜੁਗ ਵੰਡ ਵੰਡਾਇਆ । ਚਾਰੇ ਖਾਣੀ ਵੇਖ ਨਿਸ਼ਾਨ, ਉਤਭੁਜ ਸੇਤਜ ਜੇਰਜ ਅੰਡ ਰੰਗ ਰੰਗਾਇਆ । ਚਾਰੇ ਬਾਣੀ ਬੋਲ ਜ਼ਬਾਨ, ਚਾਰ ਵਰਨਾਂ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸ਼ਬਦ ਉਪਜਾਇਆ । ਸ਼ਬਦ ਉਪਜਾਏ ਆਦਿ ਆਦਿ, ਪਾਰਬ੍ਰਹਮ ਬ੍ਰਹਮ ਕਰੇ ਪੜ੍ਹਾਈਆ । ਘਰ ਮੰਦਰ ਵੱਜਿਆ ਸਾਚਾ ਨਾਦ, ਗ੍ਰਿਹਿ ਸਾਚੇ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤਾ ਦੇਵੇ ਦਾਦ, ਆਪਣੀ ਵਸਤ ਆਪ ਵਰਤਾਈਆ । ਨਾਮ ਨਿਧਾਨਾ ਬੋਧ ਅਗਾਧ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਚਾਰੇ ਵੇਦਾਂ ਏਕਾ ਰਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਚਾਰੇ ਵੇਦ ਝੋਲੀ ਪਾ, ਸਿਰ ਬ੍ਰਹਮੇ ਹੱਥ ਟਿਕਾਇਆ । ਪੁਰਖ ਅਬਿਨਾਸ਼ੀ ਬੇਪਰਵਾਹ, ਆਪਣਾ ਹੁਕਮ ਸੁਣਾਇਆ । ਚਾਰੇ ਜੁਗ ਜਗਤ ਮਲਾਹ, ਤੇਰਾ ਮਾਰਗ ਦਏ ਵਖਾਇਆ । ਚਾਰੇ ਕੂਟਾਂ ਵੰਡ ਵੰਡਾ, ਦਹਿ ਦਿਸ਼ਾ ਫੋਲ ਫੁਲਾਇਆ । ਕਾਇਆ ਮਾਟੀ ਭਾਂਡਾ ਪੰਜ ਤਤ ਘੜਾ, ਲੱਖ ਚੁਰਾਸੀ ਬਣਤ ਬਣਾਇਆ । ਤੇਰਾ ਮੰਦਰ ਦਏ ਸੁਹਾ, ਬ੍ਰਹਮ ਤੇਰਾ ਰੂਪ ਵਟਾਇਆ । ਤੇਰੀ ਜੋਤੀ ਦਏ ਜਗਾ, ਜੋਤ ਨਿਰੰਜਣ ਸੇਵ ਲਗਾਇਆ । ਤੇਰਾ ਸ਼ਬਦ ਦਏ ਸੁਣਾ, ਅਨਹਦ ਰਾਗ ਅਲਾਇਆ । ਤੇਰਾ ਜਾਮ ਦਏ ਪਿਆ, ਅੰਮ੍ਰਿਤ ਆਤਮ ਤਾਲ ਸੁਹਾਇਆ, ਤੇਰਾ ਪੜਦਾ ਦਏ ਉਠਾ, ਬਜਰ ਕਪਾਟੀ ਤੋੜ ਤੁੜਾਇਆ, ਤੇਰਾ ਆਸਣ ਦਏ ਸੁਹਾ, ਆਤਮ ਸੇਜਾ ਆਪ ਹੰਢਾਇਆ । ਤੇਰਾ ਮੇਲਾ ਲਏ ਮਿਲਾ, ਆਪ ਆਪਣੀ ਦਇਆ ਕਮਾਇਆ । ਏਕਾ ਰੰਗ ਲਏ ਰੰਗਾ, ਲਾਲ ਗੁਲਾਲਾ ਆਪ ਚੜ੍ਹਾਇਆ । ਸਾਚੇ ਤਖ਼ਤ ਲਏ ਬਹਾ, ਤਖ਼ਤ ਨਿਵਾਸੀ ਸ਼ਾਹ ਸੁਲਤਾਨਾ ਆਪ ਅਖਵਾਇਆ । ਜੁਗ ਜੁਗ ਬਣੇ ਤੇਰਾ ਮਲਾਹ, ਨਿਰਗੁਣ ਸਰਗੁਣ ਮੇਲ ਮਿਲਾਇਆ । ਗੁਰ ਪੀਰ ਆਪ ਅਖਵਾ, ਆਪ ਆਪਣਾ ਨੂਰ ਕਰੇ ਰੁਸ਼ਨਾਇਆ । ਤੇਰੀ ਵਿਦਿਆ ਵੇਖੇ ਥਾਉਂ ਥਾਂ, ਮੂਲ ਮੰਤਰ ਆਪ ਪੜ੍ਹਾਇਆ । ਆਪਣੀ ਸਿਖਿਆ ਦਏ ਸਮਝਾ, ਆਦਿ ਜੁਗਾਦੀ ਵੇਸ ਧਰਾਇਆ । ਧੁਰ ਦਾ ਲੇਖਾ ਦਏ ਵਖਾ, ਏਕਾ ਪੱਟੀ ਨਾਮ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਚਾਰੇ ਵੇਦ ਝੋਲੀ ਪਾਇਆ । ਚਾਰੇ ਵੇਦ ਮਿਲੀ ਦਾਤ, ਚਰਨ ਕਵਲ ਸੱਚੀ ਸਰਨਾਈਆ । ਪੁਰਖ ਅਬਿਨਾਸ਼ੀ ਕਮਲਾਪਾਤ, ਕਵਲ ਨੈਣ ਸਾਚਾ ਮਾਹੀਆ । ਸ਼ਬਦ ਸੁਣਾਨੇ ਸਾਚੀ ਗਾਥ, ਭੇਵ ਅਭੇਦਾ ਆਪ ਖੁਲਾਈਆ । ਆਪ ਰਖਾਏ ਸਗਲਾ ਸਾਥ, ਆਦਿ ਜੁਗਾਦਿ ਵਿਛੜ ਨਾ ਜਾਈਆ । ਲੇਖਾ ਜਾਣੇ ਆਰ ਪਾਰ ਘਾਟ, ਮੰਝਧਾਰ ਰਿਹਾ ਸਮਾਈਆ । ਪਰਦਾ ਲਾਹੇ ਚੌਦਾਂ ਹਾਟ, ਚੌਦਾਂ ਲੋਕ ਵੇਖ


੯੪੬ ੦੯

ਵਖਾਈਆ । ਨਿਰਗੁਣ ਸਰਗੁਣ ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਭੇਵ ਚੁਕਾਏ ਤੀਰਥ ਤਾਟ, ਸਰ ਸਰੋਵਰ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬ੍ਰਹਮ ਪਾਰਬ੍ਰਹਮ ਲੱਖ ਚੁਰਾਸੀ ਵੰਡ ਵੰਡਾਈਆ । ਲੱਖ ਚੁਰਾਸੀ ਵੰਡਣਹਾਰਾ, ਏਕਾ ਰੂਪ ਸਮਾਇੰਦਾ । ਸ਼ਾਸਤਰ ਸਿਮਰਤ ਵੇਦ ਪੜ੍ਹਨਹਾਰਾ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਚਾਰੇ ਮੁਖ ਚਾਰੇ ਕੁੰਟ ਅੱਠੇ ਨੇਤਰ ਖੋਲ੍ਹਣਹਾਰਾ, ਆਪਣਾ ਨੈਣ ਆਪ ਮਟਕਾਇੰਦਾ । ਆਦਿ ਜੁਗਾਦੀ ਸ਼ਬਦ ਬ੍ਰਿਹਮਾਦੀ, ਏਕਾ ਤੋਲਾ ਤੋਲਣਹਾਰਾ, ਸ੍ਰਿਸ਼ਟ ਸਬਾਈ ਆਪ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਦੇਵੇ ਏਕਾ ਵਰ, ਵਰ ਵਰ ਦਾਤਾ ਆਪ ਹੋ ਜਾਇੰਦਾ । ਵਰ ਦਾਤਾ ਸ੍ਰੀ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਚਰਨ ਧੂੜ ਸੱਚਾ ਅਸ਼ਨਾਨ, ਏਕਾ ਏਕ ਏਕ ਅਖਵਾਈਆ । ਬਣ ਕੇ ਬੈਠਾ ਸਾਚਾ ਕਾਹਨ, ਸਚਖੰਡ ਸਾਚਾ ਸਚ ਸੁਹਾਈਆ । ਖੇਲੇ ਖੇਲ ਦੋ ਜਹਾਨ, ਲੋਆਂ ਪੁਰੀਆਂ ਵੇਖ ਵਖਾਈਆ । ਇਕ ਜਣਾਏ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਮਾ ਵਿਸ਼ਨ ਸ਼ਿਵ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬ੍ਰਹਮ ਪਾਰਬ੍ਰਹਮ ਲੇਖਾ ਲਿਖਣਹਾਰਾ ਆਪ ਅਖਵਾਈਆ । ਬ੍ਰਹਮੇ ਸੁਣ ਕਰ ਧਿਆਨ, ਹਰਿ ਸਾਚਾ ਸਚ ਸੁਣਾਇੰਦਾ । ਮੇਰਾ ਹੁਕਮ ਧੁਰ ਫ਼ਰਮਾਣ, ਤੇਰੀ ਧਾਰ ਬੰਧਾਇੰਦਾ । ਤੂੰ ਬਾਲਕ ਜਗਤ ਅੰਜਾਣ, ਤੇਰੀ ਸਾਰ ਆਪੇ ਪਾਇੰਦਾ । ਹਉਂ ਦਾਨਾ ਬੀਨਾ ਚਤਰ ਸੁਜਾਨ, ਮੂਰਖ ਮੁਗਧ ਕਾਰੇ ਧੰਦੇ ਆਪੇ ਲਾਇੰਦਾ । ਤੇਰੀ ਖੋਲ੍ਹੇ ਆਪ ਦੁਕਾਨ, ਲੱਖ ਚੁਰਾਸੀ ਤੇਰੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਸੁਣਾਇੰਦਾ । ਬ੍ਰਹਮੇ ਸੁਣ ਗੁਣਵੰਤ, ਗੁਣ ਗਹਿਰ ਗੰਭੀਰ ਸੁਣਾਇਆ । ਲੱਖ ਚੁਰਾਸੀ ਬਣਾਏ ਤੇਰੀ ਬਣਤ, ਵਿਸ਼ਨੂੰ ਤੇਰਾ ਸੰਗ ਨਿਭਾਇਆ । ਤੇਰਾ ਰੂਪ ਜੀਵ ਜੰਤ, ਜਾਗਰਤ ਜੋਤ ਹਰਿ ਜਗਾਇਆ । ਤੇਰੀ ਮਹਿਮਾ ਹੋਏ ਅਗਣਤ, ਪੁਰਖ ਅਬਿਨਾਸ਼ੀ ਵਾਕ ਸੁਣਾਇਆ । ਤੇਰਾ ਰੂਪ ਪਰਗਟਾਏ ਸਾਧ ਸੰਤ, ਭਗਤ ਭਗਵੰਤ ਤੇਰਾ ਨਾਉਂ ਧਰਾਇਆ । ਤੇਰਾ ਲੇਖਾ ਜਾਣੇ ਆਦਿ ਅੰਤ, ਮਧ ਤੇਰਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਏਕਾ ਵਰ, ਲੱਖ ਚੁਰਾਸੀ ਭਾਂਡਾ ਘੜ, ਨਿਰਗੁਣ ਸਰਗੁਣ ਅੰਦਰ ਵੜ, ਸਾਚੇ ਪੌੜੇ ਆਪੇ ਚੜ੍ਹ, ਸਚ ਸਿੰਘਾਸਣ ਆਪ ਸੁਹਾਇਆ । ਬ੍ਰਹਮੇ ਵਰ ਹਰਿ ਪਾਇਆ, ਦੋਏ ਜੋੜ ਕਰੇ ਨਿਮਸਕਾਰ । ਪੁਰਖ ਅਬਿਨਾਸ਼ੀ ਬੇਪਰਵਾਹਿਆ, ਸਤਿਗੁਰ ਸਾਹਿਬ ਸੱਚਾ ਦਾਤਾਰ । ਹਉਂ ਸੇਵਕ ਸਾਚੀ ਸੇਵ ਕਮਾਇਆ, ਜੁਗ ਜੁਗ ਤੇਰਾ ਹੁਕਮ ਵਰਤੇ ਵਰਤਾਰ । ਲੱਖ ਚੁਰਾਸੀ ਭਾਂਡਾ ਘੜ ਵਖਾਇਆ, ਘੜਨਹਾਰ ਇਕ ਠਠਿਆਰ । ਕਵਣ ਵਸਤ ਵਿਚ ਟਿਕਾਇਆ, ਸਰਗੁਣ ਦਏ ਆਧਾਰ । ਏਕਾ ਭਿਛਿਆ ਮੰਗ ਮੰਗਾਇਆ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੰਗ ਮੰਗੇ ਭਿਖਾਰ । ਦਰ ਭਿਖਾਰੀ ਮੰਗਦਾ, ਬ੍ਰਹਮਾ ਆਪਣਾ ਸੀਸ ਝੁਕਾ । ਕਰੇ ਖੇਲ ਸੂਰੇ ਸਰਬੰਗ ਦਾ, ਤੂੰ ਦਾਤਾ ਬੇਪਰਵਾਹ । ਲੱਖ ਚੁਰਾਸੀ ਚੋਲੀ ਰੰਗਦਾ, ਰੰਗਣ ਰੰਗ ਇਕ ਚੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਪਾ । ਏਕਾ ਵਸਤ ਕਿਰਪਾ ਕਰਦੇ ਹਰਿ, ਬ੍ਰਹਮਾ ਸਾਚੀ ਮੰਗ ਮੰਗਾਇੰਦਾ । ਨਿਰਗੁਣ ਜੋਤੀ ਅੰਦਰ ਧਰ, ਘਰ ਘਰ ਦੀਪ ਜਗਾਇੰਦਾ । ਨਿਰਭੌ ਚੁੱਕੇ ਤੇਰਾ ਡਰ, ਸ੍ਰਿਸ਼ਟ ਸਬਾਈ ਭੈ ਵਖਾਇੰਦਾ । ਈਸ਼ ਜੀਵ ਆਪੇ ਬਣ, ਜਗਤ ਜਗਦੀਸ਼

ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਸੁਣਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਵੇਦ ਸ਼ਾਸਤਰ ਨਾ ਕਿਸੇ ਲਿਖਾਇਆ, ਬ੍ਰਹਮੇ ਗਿਆਨ ਨਾ ਕੋਇ ਦ੍ਰਿੜਾਈਆ । ਆਪਣਾ ਲੇਖਾ ਆਪਣੇ ਹੱਥ ਰਖਾਇਆ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਏਕਾ ਵਰ, ਆਪਣੀ ਅੰਸ ਸ੍ਰਿਸ਼ਟ ਸਰਬੰਸ, ਏਕਾ ਆਪ ਪਰਗਟਾਈਆ । ਏਕਾ ਜੋਤ ਜੋਤ ਉਜਾਲਾ, ਪੁਰਖ ਅਬਿਨਾਸ਼ੀ ਰੂਪ ਵਟਾਇੰਦਾ । ਏਕਾ ਗੁਰ ਗੁਰ ਗੋਪਾਲਾ, ਏਕਾ ਗੁਰ ਸਮਾਇੰਦਾ । ਏਕਾ ਮੰਦਰ ਇਕ ਧਰਮਸਾਲਾ, ਏਕਾ ਕੰਤ ਸੋਭਾ ਪਾਇੰਦਾ । ਏਕਾ ਸ਼ਬਦ ਏਕਾ ਤਾਲਾ, ਏਕਾ ਨਾਦ ਵਜਾਇੰਦਾ । ਏਕਾ ਮਾਰਗ ਦੱਸੇ ਸੁਖ਼ਾਲਾ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਆਦਿ ਨਿਰੰਜਣ ਜੋਤ ਅਕਾਲਾ, ਨਿਰਗੁਣ ਆਪਣਾ ਨਾਉਂ ਵਟਾਇੰਦਾ । ਲੱਖ ਚੁਰਾਸੀ ਫਲ ਲਗਾਏ ਡਾਲ੍ਹਾ, ਜੁਗ ਜੁਗ ਆਪਣਾ ਗੇੜ ਭਵਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਕਰੇ ਖੇਲ ਨਿਰਾਲਾ, ਬ੍ਰਹਮੇ ਤੇਰੀ ਸੇਵਾ ਆਪ ਲਗਾਇੰਦਾ । ਅੰਤਮ ਲਹਿਣਾ ਚੁਕਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਕਵਣ ਰੂਪ ਹਰਿ ਲੇਖ ਚੁਕੌਣਾ, ਬ੍ਰਹਮ ਪਾਰਬ੍ਰਹਮ ਮੰਗ ਮੰਗਾਇੰਦਾ । ਕਵਣ ਰੂਪ ਹਰਿ ਖੇਲ ਖਲੌਣਾ, ਲੋਕਮਾਤ ਵੇਸ ਵਟਾਇੰਦਾ । ਕਵਣ ਰੂਪ ਹਰਿ ਰੰਗ ਚੜ੍ਹੌਣਾ, ਉਤਰ ਕਦੇ ਨਾ ਜਾਇੰਦਾ । ਕਵਣ ਰੂਪ ਹਰਿ ਮਰਦੰਗ ਵਜੌਣਾ, ਦੋ ਜਹਾਨਾਂ ਆਪ ਸੁਣਾਇੰਦਾ । ਕਵਣ ਰੂਪ ਨਵ ਖੰਡ ਖੰਡ ਖੰਡ ਕਰੌਣਾ, ਬ੍ਰਹਿਮੰਡ ਕਵਣ ਵੇਖ ਵਖਾਇੰਦਾ । ਕਵਣ ਰੂਪ ਚੰਡ ਪਰਚੰਡ ਚਮਕੌਣਾ, ਕਵਣ ਚਿਲਾ ਤੀਰ ਕਮਾਨ ਉਠਾਇੰਦਾ । ਕਵਣ ਰੂਪ ਹਰਿ ਖ਼ੁਸ਼ੀ ਬੰਦ ਬੰਦ ਕਰੌਣਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਕਵਣ ਰੂਪ ਨਿਜਾਨੰਦ ਸਮੌਣਾ, ਨਿਜ ਆਤਮ ਰਸ ਚਖਾਇੰਦਾ । ਕਵਣ ਰੂਪ ਲੱਖ ਚੁਰਾਸੀ ਡੇਰਾ ਢੌਣਾ, ਕਵਣ ਭਾਂਡੇ ਘੜ ਭੰਨ ਵਖਾਇੰਦਾ । ਕਵਣ ਰੂਪ ਆਪਣਾ ਖੇਲ ਵਰਤੌਣਾ, ਚਾਰ ਵੇਦਾਂ ਕਵਣ ਰੂਪ ਮੁਕਾਇੰਦਾ । ਕਵਣ ਰੂਪ ਆਪਣਾ ਨਾਮ ਪਰਗਟੌਣਾ, ਏਕਾ ਢੋਲਾ ਆਪ ਸੁਣਾਇੰਦਾ । ਕਵਣ ਰੂਪ ਤੋਲਾ ਅਖਵੌਣਾ, ਸਾਚਾ ਕੰਡਾ ਹੱਥ ਉਠਾਇੰਦਾ । ਕਵਣ ਰੂਪ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬੌਣਾ, ਕਵਣ ਬ੍ਰਹਮ ਭਾਰ ਟਿਕਾਇੰਦਾ । ਕਵਣ ਰੂਪ ਵਿਸ਼ਨੂੰ ਮੇਲ ਮਿਲੌਣਾ, ਕਵਣ ਭੰਡਾਰਾ ਹੱਥ ਉਠਾਇੰਦਾ । ਕਵਣ ਰੂਪ ਬ੍ਰਹਮ ਲੇਖੇ ਲੌਣਾ, ਬ੍ਰਹਮ ਰੋ ਰੋ ਨੀਰ ਵਹਾਇੰਦਾ । ਕਵਣ ਰੂਪ ਸ਼ੰਕਰ ਵੇਖ ਵਖੌਣਾ, ਬਾਸ਼ਕ ਤਸ਼ਕਾ ਕਵਣ ਸੁਹਾਇੰਦਾ । ਕਵਣ ਸਰੂਪ ਕਰੋੜ ਤੇਤੀਸਾ ਮਾਤ ਵਖੌਣਾ, ਕਵਣ ਸਰੂਪ ਪੰਧ ਮੁਕਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੇਰਾ ਪੌਣਾ, ਏਕਾ ਹੁਕਮ ਕਵਣ ਸੁਣਾਇੰਦਾ । ਕਵਣ ਰੂਪ ਅਵਣ ਗਵਣ ਤ੍ਰੈਭਵਨ ਡੰਕ ਵਜੌਣਾ, ਕਵਣ ਰੂਪ ਰਵ ਸਸ ਸੂਰਜ ਚੰਨ ਆਪਣੇ ਵਿਚ ਸਮਾਇੰਦਾ । ਕਵਣ ਰੂਪ ਮੰਡਲ ਮੰਡਪ ਆਣ ਹਲੌਣਾ, ਕਵਣ ਰੂਪ ਧਰਤ ਧਵਲ ਜਲ ਬਿੰਬ ਵਿਚ ਟਿਕਾਇੰਦਾ । ਕਵਣ ਰੂਪ ਏਕਾ ਇਸ਼ਟ ਲੱਖ ਚੁਰਾਸੀ ਆਪ ਦਰਸੌਣਾ, ਚਾਰੇ ਵੇਦ ਮਾਣ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਲਾ ਕੇਹੜਾ, ਹਰਿ ਜਗ ਵਿਛੜੇ ਮੇਲ ਮਿਲੌਣਾ । ਹਰਿ ਜੂ ਹਰਿ ਹਰਿ ਬੋਲਿਆ, ਕਰ ਕਿਰਪਾ ਆਪ ਨਿਰੰਕਾਰ । ਆਪਣਾ ਦਵਾਰਾ ਆਪੇ ਖੋਲਿਆ, ਪਰਗਟ ਹੋਏ ਆਪ ਨਿਰੰਕਾਰ । ਨੌ ਨੌ ਚਾਰ ਬਣੇ ਤੋਲਿਆ, ਤੋਲ ਤੋਲੇ ਤੋਲਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਸਾਚੀ ਕਾਰ । ਜੁਗ ਜੁਗ

ਚੌਕੜੀ ਜਗ ਖੇਲ ਖਲਾਵਣਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖ ਵਖਾਈਆ । ਗੁਰ ਅਵਤਾਰ ਆਪ ਅਖਵੌਣਾ, ਸੰਤ ਭਗਵੰਤ ਰੂਪ ਵਟਾਈਆ । ਗੁਰਮੁਖ ਆਪਣੇ ਰੰਗ ਰੰਗੌਣਾ, ਗੁਰਸਿਖ ਏਕਾ ਦਏ ਬੁਝਾਈਆ । ਜੁਗ ਜੁਗ ਆਪਣਾ ਨਾਮ ਚਲਾਵਣਾ, ਪੀਰ ਦਸਤਗੀਰ ਸ਼ਾਹ ਹਕੀਰ ਆਪ ਹੋ ਜਾਈਆ । ਜੁਗ ਜੁਗ ਆਪਣਾ ਨਾਉਂ ਪਰਗਟਾਵਣਾ, ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਣੀ ਬਾਣੀ ਦੇਵੇ ਵਰ, ਬ੍ਰਹਮੇ ਬ੍ਰਹਮ ਮਤ ਇਕ ਸਮਝਾਈਆ । ਬ੍ਰਹਮੇ ਚਾਰ ਜੁਗ ਉਤਰੇ ਪਾਰ, ਚਵੀ ਅਵਤਾਰ ਸੇਵ ਕਮਾਈਆ । ਨੌ ਨੌ ਚਾਰ ਚੌਕੜੀ ਖੇਲ ਕਰੇ ਅਪਾਰ, ਮਨਵੰਤਰ ਗੇੜਾ ਗੇੜਾ ਦਏ ਲਗਾਈਆ । ਏਕਾ ਮੰਤਰ ਫੁਰੇ ਸੱਚੀ ਸਰਕਾਰ, ਲੋਆਂ ਪੁਰੀਆਂ ਦਏ ਦੁਹਾਈਆ । ਲੱਗੇ ਬਸੰਤਰ ਸਰਬ ਸੰਸਾਰ, ਆਤਮ ਅੰਤਰ ਨਾ ਕੋਇ ਬੁਝਾਈਆ । ਬਣਾਏ ਬਣਤਰ ਆਪ ਨਿਰੰਕਾਰ, ਆਪਣਾ ਭੇਵ ਦਏ ਖੁਲਾਈਆ । ਨੌ ਨੌ ਚਾਰ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਅੰਤਮ ਖੇਲ ਕਰੇ ਅਪਾਰ, ਨਿਰਗੁਣ ਜੋਤ ਰੁਸ਼ਨਾਈਆ । ਸ਼ਬਦ ਨਾਦ ਸੱਚੀ ਧੁਨਕਾਨ, ਧੁਰ ਦੀ ਬਾਣੀ ਆਪ ਸੁਣਾਈਆ । ਪੰਜ ਤਤ ਨਾ ਕਰੇ ਕੋਈ ਆਕਾਰ, ਸਾਕਾਰ ਨਾ ਰੂਪ ਵਟਾਈਆ । ਨਿਰਗੁਣ ਖੇਲ ਅਗੰਮ ਅਪਾਰ, ਕਲਜੁਗ ਅੰਤਮ ਆਪ ਵਖਾਈਆ । ਬ੍ਰਹਮੇ ਤੇਰੀ ਪਾਵੇ ਸਾਰ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਵਿਸ਼ਨੂੰ ਮੇਲਾ ਕੰਤ ਭਤਾਰ, ਹਰਿ ਜੂ ਸਾਚੀ ਸੇਜ ਹੰਢਾਈਆ । ਸ਼ੰਕਰ ਕਰੇ ਇਕ ਪਿਆਰ, ਹੱਥ ਤ੍ਰਿਸ਼ੂਲ ਨਾ ਕੋਇ ਫੜਾਈਆ । ਸ਼ਬਦ ਵਚੋਲਾ ਬਣੇ ਆਪ ਕਰਤਾਰ, ਬ੍ਰਹਮ ਵੇਖੇ ਥਾਉਂ ਥਾਈਆ । ਚਾਰੇ ਵੇਦਾਂ ਪਾਵੇ ਸਾਰ, ਸ਼ਾਮ ਰਿਗ ਯੁਜਰ ਅਥਰਬਣ ਭੁੱਲ ਰਹੇ ਨਾ ਰਾਈਆ । ਚਾਰੇ ਖਾਣੀ ਕਰੇ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਆਪੇ ਸਭ ਤੋਂ ਵਸੇ ਬਾਹਰ, ਦਿਸ ਕਿਸੇ ਨਾ ਆਈਆ । ਪਰਗਟ ਹੋਵੇ ਵਿਚ ਸੰਸਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਰੱਖੇ ਨਾਉਂ ਨਿਹਕਲੰਕ ਸੱਚੀ ਸਰਕਾਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਤੇਰੀ ਆਪੇ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਤੇਰਾ ਕਰਜ਼ਾ ਦਏ ਉਤਾਰ, ਲੱਖ ਚੁਰਾਸੀ ਆਪਣੀ ਝੋਲੀ ਪਾਈਆ । ਆਪਣਾ ਘਾੜਨ ਘੜੇ ਆਪ ਨਿਰੰਕਾਰ, ਆਪਣੀ ਰਚਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਹਰਿ ਹਰਿ ਕਰੇ ਪੜ੍ਹਾਈਆ । ਏਕਾ ਬ੍ਰਹਮ ਪਾਰਬ੍ਰਹਮ ਸਮਾਵਣਾ, ਨਿਰਗੁਣ ਜੋਤੀ ਜੋਤ ਮਿਲਾ । ਪੁਰਖ ਅਬਿਨਾਸ਼ੀ ਖੇਲ ਖਿਲਾਵਣਾ, ਜੋਤੀ ਜਾਮਾ ਭੇਖ ਵਟਾ । ਸ਼ਬਦ ਵਿਚੋਲਾ ਇਕ ਬਣਾਵਣਾ, ਦੋ ਜਹਾਨਾਂ ਫੇਰਾ ਪਾ । ਨਿਰਗੁਣ ਨਿਰਗੁਣ ਵੇਖ ਵਖਾਵਣਾ, ਸਰਗੁਣ ਪਕੜਨਹਾਰਾ ਬਾਂਹ । ਆਪਣੀ ਵਿਦਿਆ ਆਪ ਪੜ੍ਹਾਵਣਾ, ਆਪਣਾ ਲੇਖਾ ਦਏ ਸਮਝਾ । ਸਾਚੀ ਸਿਖ਼ਿਆ ਇਕ ਸਿਖਾਵਣਾ, ਚਾਰ ਵਰਨਾਂ ਨਾਤਾ ਤੁੱਟੇ ਏਕਾ ਰੰਗ ਰੰਗਾਏ ਏਕਾ ਭੂਮਕਾ ਦਏ ਵਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਮੇਲਾ ਪਾਰਬ੍ਰਹਮ ਜਿਉਂ ਬਾਲਕ ਪਿਤਾ ਮਾਂ । ਬ੍ਰਹਮ ਪਾਰਬ੍ਰਹਮ ਹਰਿ ਮੇਲ ਮਿਲਾਇਆ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਸਗਨ ਮਨਾਇਆ, ਚਾਰ ਕੁੰਟ ਹੋਏ ਰੁਸ਼ਨਾਈਆ । ਏਕਾ ਮਰਦੰਗਨ ਹੱਥ ਉਠਾਇਆ, ਤ੍ਰੈ ਤ੍ਰੈ ਲੋਕਾਂ ਰਿਹਾ ਸੁਣਾਈਆ । ਚੌਦਾਂ ਤਬਕਾਂ ਜਾਗ ਖੁਲ੍ਹਾਇਆ, ਨੇਤਰ ਨੈਣ ਨਾ ਬੰਦ ਕਰਾਈਆ । ਬ੍ਰਹਮੇ ਭਵਿਖਤ ਵਾਕ ਆਪ ਸੁਣਾਇਆ, ਆਦਿ ਆਦਿ ਆਪ ਅਖਵਾਈਆ । ਚਾਰ ਚੌਕੜ

ਪੰਧ ਮੁਕਾਇਆ, ਅੰਤਮ ਓਕੜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਮੇਲਾ ਸਾਚੇ ਘਰ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਵੇਖਣ ਆਇਆ, ਨਿਰਗੁਣ ਜੋਤੀ ਜਾਮਾ ਧਾਰ । ਵਿਸ਼ਨੂੰ ਸੇਵਾਦਾਰ ਨਾਲ ਰਲਾਇਆ, ਸੋ ਪੁਰਖ ਨਿਰੰਜਣ ਕਿਰਪਾ ਧਾਰ । ਲੱਖ ਚੁਰਾਸੀ ਫੋਲ ਫੁਲਾਇਆ, ਬ੍ਰਹਮ ਬ੍ਰਹਮ ਕਰੇ ਵਿਚਾਰ । ਹੰ ਹੰ ਹੰ ਸਰਬ ਕੁਰਲਾਇਆ, ਕਲਜੁਗ ਕੂਕੇ ਕਰੇ ਪੁਕਾਰ । ਪੁਰਖ ਅਬਿਨਾਸ਼ੀ ਮਰਦੰਗ ਇਕ ਵਜਾਇਆ, ਧੁਨ ਨਾਦ ਸੱਚੀ ਧੁਨਕਾਰ । ਸੂਰਾ ਸਰਬੰਗ ਉਠ ਉਠ ਵੇਖਣ ਆਇਆ, ਪਰਗਟ ਹੋ ਹਰਿ ਕਰਤਾਰ । ਆਪਣੇ ਅਸਵ ਤੰਗ ਕਸਾਇਆ, ਪੁਰਖ ਅਬਿਨਾਸ਼ੀ ਸ਼ਾਹ ਅਸਵਾਰ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੈਂਡਾ ਆਪ ਮੁਕਾਇਆ, ਲੋਕਮਾਤ ਪਾਵੇ ਸਾਰ । ਜੇਰਜ ਅੰਡਾਂ ਫੋਲ ਫੁਲਾਇਆ, ਦੂਈ ਦਵੈਤੀ ਪਰਦਾ ਦਏ ਉਤਾਰ । ਸਾਚਾ ਖੰਡਾ ਹੱਥ ਚਮਕਾਇਆ, ਭੇਖ ਪਖੰਡਾ ਜਗਤ ਨਿਵਾਰ । ਪਾਰਬ੍ਰਹਮ ਪ੍ਰਭ ਦਏ ਸਲਾਹਿਆ, ਸਾਚੀ ਸਿਖਿਆ ਇਕ ਵਿਚਾਰ । ਧੁਰ ਦਾ ਲੇਖਾ ਦਏ ਮਿਟਾਇਆ, ਪੂਰਬ ਪੂਰਬ ਵੇਖੇ ਵਿਗਸੇ ਵੇਖੇ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਨਿਰਗੁਣ ਲਏ ਅਵਤਾਰ । ਨਿਰਗੁਣ ਨਰਾਇਣ ਹਰਿ ਹਰਿ, ਮਹਿਮਾ ਅਕਥ ਕਥੀ ਨਾ ਜਾਈਆ । ਲੋਕਮਾਤ ਹਰਿ ਜੋਤ ਧਰ, ਧਰਤੀ ਧਵਲ ਧਰਤ ਸੁਹਾਈਆ । ਬ੍ਰਹਮ ਪਾਰਬ੍ਰਹਮ ਮਿਲਾਏ ਫੜ ਫੜ, ਭੇਵ ਅਭੇਦ ਭੇਵ ਚੁਕਾਈਆ । ਆਪ ਬਨਾਏ ਆਪਣੇ ਲੜ, ਲੜ ਆਪਣਾ ਪੱਲੂ ਇਕ ਫੜਾਈਆ । ਸਾਚੇ ਪੌੜੇ ਆਪੇ ਚੜ੍ਹ ਚੜ੍ਹ, ਗੁਰਮੁਖ ਸੁਰਤੀ ਆਪ ਜਗਾਈਆ । ਕਿਲਾ ਤੋੜ ਹੰਕਾਰੀ ਗੜ੍ਹ ਗੜ੍ਹ, ਹਉਮੇਂ ਹੰਗਤਾ ਦਏ ਮਿਟਾਈਆ । ਕਰੇ ਪਰਕਾਸ਼ ਬਹੱਤਰ ਨੜ ਨੜ, ਅੰਧ ਅੰਧੇਰ ਦਏ ਗਵਾਈਆ । ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਹਰਿਜਨ ਸਾਚੇ ਲਏ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਆਪੇ ਵਰ ਵਰ, ਨਾਰੀ ਕੰਤ ਰੂਪ ਵਟਾਈਆ । ਆਪਣੀ ਸੇਜਾ ਆਪੇ ਖੜ ਖੜ, ਸਵਛ ਸਰੂਪੀ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮੇ ਪਾਰਬ੍ਰਹਮ ਪ੍ਰਭ ਮੇਲਾ, ਲੇਖਾ ਚੁਕਿਆ ਗੁਰੂ ਗੁਰ ਚੇਲਾ, ਹਰਿ ਸਤਿਗੁਰ ਸੱਜਣ ਆਪ ਚੁਕਾਈਆ । ਸਤਿਗੁਰ ਸੱਜਣ ਸੱਚਾ ਪਾਤਸ਼ਾਹ, ਇਕ ਅਕੱਲਾ ਏਕੰਕਾਰ । ਬੇਐਬ ਪਰਵਰਦਿਗਾਰ ਸਿਫ਼ਤ ਸਾਲਾਹ, ਸਿਫ਼ਤੀ ਸਿਫ਼ਤ ਨਾ ਕੋਈ ਵਿਚਾਰ । ਜੁਗਾ ਜੁਗੰਤਰ ਬਣੇ ਮਲਾਹ, ਨਿਰਗੁਣ ਸਰਗੁਣ ਲਏ ਉਭਾਰ । ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ ਅਵਤਾਰ ਆਪਣਾ ਨਾਉਂ ਧਰਾ, ਧਰਤੀ ਧਰਤ ਧਵਲ ਕਰੇ ਹੌਲਾ ਭਾਰ । ਨੌ ਖੰਡ ਪ੍ਰਿਥਮੀ ਵੇਖ ਵਖਾਏ ਥਾਉਂ ਥਾਂ, ਲੱਖ ਚੁਰਾਸੀ ਕਰੇ ਖ਼ਵਾਰ । ਗੁਰਸਿਖਾਂ ਉਠਾਏ ਫੜ ਫੜ ਬਾਂਹ, ਆਪ ਕਰਾਏ ਸਚ ਪਿਆਰ । ਦੋ ਜਹਾਨਾਂ ਕਰੇ ਸਚ ਨਿਆਂ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਬ੍ਰਹਮੇ ਵੇਤਾ ਆਪੇ ਫੜ, ਦਰਸ ਦਿਖਾਏ ਅਗੇ ਖੜ, ਸੁਹਾਏ ਬੰਕ ਦਵਾਰ । ਬੰਕ ਦਵਾਰ ਸੁਹਾਵਣਾ, ਹਰਿ ਹਰਿ ਮੇਲਾ ਪਾਰਬ੍ਰਹਮ । ਜੋਤੀ ਜੋਤ ਜੋਤ ਮਿਲਾਵਣਾ, ਨਾ ਮਰੇ ਨਾ ਪਏ ਜੰਮ । ਸਾਚੇ ਧਾਮ ਆਪ ਸੁਹਾਵਣਾ, ਸਤਿ ਸਤਿਵਾਦੀ ਬੇੜਾ ਬੰਨ੍ਹ । ਲੱਖ ਚੁਰਾਸੀ ਫੇਰਾ ਨਾ ਪਾਵਨਾ, ਮਾਤ ਗਰਭ ਨਾ ਕੋਈ ਡੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪੇ ਜਨਨੀ ਆਪੇ ਜਨ । ਆਪੇ ਜਨਨੀ ਜਨ ਜਾਇਆ, ਜੋਤੀ ਮਾਤਾ ਸੁਤ ਦੁਲਾਰ । ਆਪੇ ਧਨ ਧਨ ਧਨ ਝੋਲੀ ਪਾਇਆ, ਕਰਾਇਆ ਸਾਚਾ ਵਣਜ ਵਪਾਰ । ਆਪੇ ਧੁਨ ਧੁਨ ਰਾਗ ਸੁਣਾਇਆ,

ਧੁਨ ਧੁਨ ਬੋਲ ਸ਼ਬਦ ਜੈਕਾਰ । ਆਪੇ ਗੁਰਸਿਖ ਗੁਰਸਿਖ ਚੁਣ ਚੁਣ ਮੇਲ ਮਿਲਾਇਆ, ਮੇਲ ਮਿਲਾਵਾ ਧੁਰ ਦਰਬਾਰ । ਆਪੇ ਹਰਿ ਹਰਿ ਘਰ ਘਰ ਮੰਗਲ ਗਾਇਆ, ਗੀਤ ਸੁਹਾਗੀ ਸ਼ਬਦ ਉਚਾਰ । ਵਡਭਾਗੀ ਹਰਿ ਸਤਿਗੁਰ ਦਰਸਨ ਪਾਇਆ, ਮਿਟਿਆ ਸਹਿਸਾ ਸਰਬ ਸੰਸਾਰ । ਗੁਰਸਿਖ ਵੈਰਾਗੀ ਦਰਸ ਦਵਾਰੇ ਆਇਆ, ਜਿਸ ਜਨ ਕਿਰਪਾ ਕਰੇ ਆਪ ਕਰਤਾਰ । ਚਰਨ ਧੂੜੀ ਮਾਘੀ ਸਚ ਨੁਹਾਵਣ ਆਪ ਨੁਹਾਇਆ, ਦੁਰਮਤ ਮੈਲ ਦਏ ਉਤਾਰ । ਫੜ ਫੜ ਕਾਗੀ ਹੰਸ ਬਣਾਇਆ, ਸੋਹੰ ਮਾਣਕ ਮੋਤੀ ਚੁਗੇ ਅਪਾਰ । ਜ਼ਾਤ ਪਾਤੀ ਮੇਟ ਮਿਟਾਇਆ, ਊਚ ਨੀਚ ਨਾ ਕੋਈ ਵਿਚਾਰ । ਅੰਧੇਰੀ ਰਾਤੀ ਦਏ ਗਵਾਇਆ, ਸਾਚਾ ਭਾਨ ਹੋਏ ਉਜਿਆਰ । ਬ੍ਰਹਮ ਪਾਰਬ੍ਰਹਮ ਵੇਖ ਵਖਾਇਆ, ਘਰ ਮੰਦਰ ਖੋਲ੍ਹ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਸ ਧਰ, ਬ੍ਰਹਮ ਪਾਰਬ੍ਰਹਮ ਏਕਾ ਰੰਗ ਰਵੇ ਕਰਤਾਰ ।

### ❊ ੧੦ ਭਾਦਰੋਂ ੨੦੧੭ ਬਿਕ੍ਰਮੀ ਜਗੀਰ ਦਾਸ ਦੇ ਗ੍ਰਿਹ ਖਿਆਲੀ ਵਾਲਾ ਜ਼ਿਲਾ ਬਠਿੰਡਾ ❊

ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਅਕਲ ਕਲ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਜਣਾਈਆ । ਏਕੰਕਾਰਾ ਆਦਿ ਅੰਤ, ਅਨਭਵ ਆਪਣਾ ਰੂਪ ਦਰਸਾਈਆ । ਆਦਿ ਨਿਰੰਜਣ ਜੁਗਾ ਜਗੰਤ, ਜੋਤ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਖੇਲ ਇਕ ਬੇਅੰਤ, ਬੇਅੰਤ ਆਪ ਅਖਵਾਈਆ । ਸ੍ਰੀ ਭਗਵਾਨ ਮੇਲ ਮਿਲਾਵਾ ਸਾਚੇ ਸੰਤ, ਨਿਰਗੁਣ ਨਿਰਗੁਣ ਵੇਖ ਵਖਾਈਆ । ਪਾਰਬ੍ਰਹਮ ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ, ਸ਼ਬਦ ਅਨਾਦ ਨਾਦ ਵਜਾਈਆ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਇਕ ਅਕੱਲਾ ਆਪ ਚਲਾਇੰਦਾ । ਸਚਖੰਡ ਦਵਾਰੇ ਖੇਲ ਅਪਾਰ, ਨਿਰਗੁਣ ਨਰਾਇਣ ਆਪ ਕਰਾਇੰਦਾ । ਮਹੱਲ ਅਟੱਲ ਅਚੱਲ ਸੋਹੇ ਦਰਬਾਰ, ਸਚ ਸੁਲਤਾਨਾ ਆਪ ਸੁਹਾਇੰਦਾ । ਸਤਿ ਸਰੂਪ ਭੂਪ ਬਣ ਸਿਕਦਾਰ, ਮਹਿਮਾ ਅਨੂਪ ਆਪ ਦਰਸਾਇੰਦਾ । ਤਖ਼ਤ ਨਿਵਾਸੀ ਹੋ ਤਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਆਦਿ ਜੁਗਾਦੀ ਲਏ ਅਵਤਾਰ, ਹੁਕਮੀ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਏਕੰਕਾਰਾ, ਧਾਮ ਸੁਹੰਜਣਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸਚ ਟਿਕਾਣਾ, ਹਰਿ ਸਾਚਾ ਸਚ ਸੁਹਾਈਆ । ਇਕ ਅਕੱਲਾ ਸ੍ਰੀ ਭਗਵਾਨਾ, ਅਬਿਨਾਸ਼ੀ ਕਰਤਾ ਬੈਠਾ ਆਸਣ ਲਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸ਼ਬਦ ਅਗੰਮੀ ਧੁਰ ਫ਼ਰਮਾਣਾ, ਧੁਰ ਦੀ ਬਾਣੀ ਆਪ ਸੁਣਾਈਆ । ਜੁਗਾ ਜੁਗੰਤਰ ਖੇਲ ਮਹਾਨਾ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਲੇਖਾ ਜਾਣੇ ਦੋ ਜਹਾਨਾ, ਆਪ ਆਪਣਾ ਬਲ ਧਰਾਈਆ । ਨਿਰਗੁਣ ਨਰਾਇਣ ਆਪ ਆਪਣਾ ਵੇਖੇ ਮਾਰ ਧਿਆਨਾ, ਭੇਵ ਅਭੇਦ ਆਪ ਖੁਲ੍ਹਾਈਆ । ਆਪੇ ਮਰਦ ਆਪ ਮਰਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਈਆ । ਸਤਿ ਸਰੂਪ ਸਰਬ ਗੁਣ ਦਾਤਾ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦੀ ਪੁਰਖ ਬਿਧਾਤਾ, ਜੁਗ ਕਰਤਾ ਵਡ ਵਡਿਆਈਆ । ਆਪੇ ਜਾਣੇ ਆਪਣੀ ਗਾਥਾ, ਬੋਧ ਅਗਾਧਾ ਬੇਪਰਵਾਹੀਆ ।

ਸ਼ਬਦ ਚਲਾਏ ਏਕਾ ਰਾਥਾ, ਰਥ ਰਥਵਾਹੀ ਸੇਵ ਕਮਾਈਆ । ਸਚਖੰਡ ਦਵਾਰੇ ਆਪ ਨਿਭਾਏ ਆਪਣਾ ਸਾਥਾ, ਥਿਰ ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜੂਨੀ ਰਹਿਤ ਪੁਰਖ ਅਕਾਲ, ਦੀਨਾ ਬੰਧਪ ਦੀਨ ਦਿਆਲ ਦਇਆਨਿਧ ਆਪ ਹੋ ਜਾਈਆ । ਦੀਨ ਦਿਆਲਾ ਹਰਿ ਗੋਪਾਲਾ, ਇਕ ਅਕੱਲਾ ਖੇਲ ਖਿਲਾਇੰਦਾ । ਆਦਿ ਜੁਗਾਦੀ ਖੇਲ ਨਿਰਾਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੁਗਾਂ ਜੁਗੰਤਰ ਚਲੇ ਅਵੱਲੜੀ ਚਾਲਾ, ਭੇਵ ਅਭੇਦ ਆਪ ਆਪਣੇ ਵਿਚ ਛੁਪਾਇੰਦਾ । ਸਚਖੰਡ ਦਵਾਰਾ ਵਸੇ ਸੱਚੀ ਧਰਮਸਾਲਾ, ਥਿਰ ਦਰਬਾਰਾ ਆਪ ਸੁਹਾਇੰਦਾ । ਆਪੇ ਜਾਣੇ ਆਪਣਾ ਸਚ ਜੰਜਾਲਾ ਆਪ ਆਪਣੀ ਕਲ ਧਰਾਇੰਦਾ । ਆਪੇ ਕਰੇ ਕਰਾਏ ਸਦਾ ਪ੍ਰਿਤਪਾਲਾ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਹਰਿ ਵਸਾਇੰਦਾ, ਪਾਰਬ੍ਰਹਮ ਬੇਅੰਤ । ਦਰ ਘਰ ਸਾਚੇ ਸੋਭਾ ਪਾਇੰਦਾ, ਪੁਰਖ ਅਬਿਨਾਸ਼ੀ ਹਰਿ ਹਰਿ ਬੇਅੰਤ । ਦੀਵਾ ਬਾਤੀ ਇਕ ਜਗਾਇੰਦਾ, ਦਾਨਾ ਬੀਨਾ ਸੋਭਾਵੰਤ । ਘਰ ਮੰਗਲ ਏਕਾ ਗਾਇੰਦਾ, ਮਹਿਮਾ ਗਾਏ ਆਪ ਬੇਅੰਤ ਬੇਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਅੰਤ । ਆਦਿ ਅੰਤ ਹਰਿ ਸਮਾਇਆ, ਆਪਣਾ ਲੇਖਾ ਆਪਣੇ ਵਿਚ ਟਿਕਾਈਆ । ਸੁਤੇ ਪਰਕਾਸ਼ ਆਪ ਕਰਾਇਆ, ਅਚੱਲ ਮੂਰਤ ਬੇਪਰਵਾਹੀਆ । ਅਜੂਨੀ ਰਹਿਤ ਨਾਉਂ ਧਰਾਇਆ, ਮਰੇ ਨਾ ਜੰਮੇ ਸੱਚਾ ਸ਼ਹਿਨਸ਼ਾਹੀਆ । ਥਿਰ ਘਰ ਘਰ ਆਸਣ ਲਾਇਆ, ਸੱਚਖੰਡ ਦਵਾਰਾ ਦਵਾਰਾ ਰਿਹਾ ਆਪ ਸੁਹਾਈਆ । ਸ਼ਾਹੋ ਭੂਪ ਆਪਣਾ ਨਾਉਂ ਧਰਾਇਆ, ਰਾਜ ਰਾਜਾਨਾਂ ਇਕ ਅਖਵਾਈਆ । ਆਪਣਾ ਹੁਕਮ ਆਪ ਚਲਾਇਆ, ਆਪੇ ਵੇਖੇ ਥਾਉਂ ਥਾਈਆ । ਦਰ ਦਰਬਾਨਾ ਸੇਵ ਕਮਾਇਆ, ਦਰ ਦਰਵੇਸ਼ ਏਕਾ ਆਪਣੀ ਕਲ ਰਖਾਈਆ । ਨਰ ਨਰੇਸ਼ਾ ਵੇਸ ਵਟਾਇਆ, ਨਰ ਨਰਾਇਣ ਆਪ ਅਖਵਾਈਆ । ਬ੍ਰਹਮਾ ਵਿਸ਼ਨ ਸ਼ਿਵ ਲਏ ਉਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੱਟ ਆਪ ਖੁਲ੍ਹਾਈਆ । ਆਪਣਾ ਪਰਦਾ ਦਏ ਚੁੱਕਾ, ਆਪਣੀ ਦਇਆ ਕਮਾਇੰਦਾ । ਕਰੇ ਖੇਲ ਬੇਪਰਵਾਹ, ਆਪਣਾ ਨਾਉਂ ਆਪ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਏ ਉਪਾ, ਤ੍ਰੈ ਤ੍ਰੈ ਮੇਲ ਮਿਲਾਇੰਦਾ । ਆਪਣੀ ਵਸਤ ਆਪਣੇ ਅੰਦਰ ਲਏ ਭਰਾ, ਸਚ ਭੰਡਾਰਾ ਆਪ ਵਰਤਾਇੰਦਾ । ਨਿਰਗੁਣ ਸਰਗੁਣ ਰੂਪ ਧਰਾ, ਜੋਤੀ ਜਾਤਾ ਆਪ ਅਖਵਾਇੰਦਾ । ਸਰਬ ਕਲਾ ਆਪੇ ਸਮਰਥ, ਸਗਲ ਸਮਗਰੀ ਆਪ ਵਰਤਾਇੰਦਾ । ਆਪੇ ਪੂਜਾ ਆਪੇ ਪਾਠ, ਆਪਣਾ ਮੰਤਰ ਨਾਮ ਦ੍ਰਿੜਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤ, ਬ੍ਰਹਮਾ ਵਿਸ਼ਨ ਸ਼ਿਵ ਦੋਏ ਜੋੜ ਸੀਸ ਝੁਕਾਇੰਦਾ । ਆਪ ਸੁਣਾਏ ਆਪਣੀ ਸ਼ਬਦ ਅਗੰਮੀ ਗਾਥ, ਸਚ ਨਾਅਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦੇਵੇ ਨਾਮ ਵਸਤ ਅਨਮੋਲ, ਪੁਰਖ ਅਬਿਨਾਸ਼ੀ ਆਪਣੇ ਕੰਡੇ ਤੋਲ, ਬ੍ਰਹਮਾ ਵਿਸ਼ਨ ਸ਼ਿਵ ਆਪ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਭੰਡਾਰ ਹਰਿ ਭਰਿਆ, ਆਪਣੇ ਹੱਥ ਰੱਖੇ ਵਡਿਆਈਆ । ਏਕਾ ਹੁਕਮ ਦਰ ਦਵਾਰੇ ਆਪੇ ਕਰਿਆ, ਸਾਚੀ ਸੇਵਾ ਸਚ ਲਗਾਈਆ । ਆਪਣੀ ਤਰਨੀ ਆਪੇ ਤਰਿਆ, ਤਾਰਨਹਾਰ ਆਪ ਹੋ ਜਾਈਆ । ਆਪਣੀ ਕਰਨੀ ਆਪੇ ਕਰਿਆ ਕਰਤਾ ਪੁਰਖ ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਆਪ ਰਚਾਈਆ । ਆਪਣੀ ਰਚਨਾ ਰਚਨਹਾਰਾ, ਆਪ ਆਪਣੀ ਖੇਲ



੬੫੨ ੦੯

ਖਿਲਾਇੰਦਾ । ਬ੍ਰਹਮਾ ਵੇਤਾ ਕਰ ਤਿਆਰਾ, ਨਾਭੀ ਫੁਲ ਆਪ ਖਿਲਾਇੰਦਾ । ਵਿਸ਼ਨੂੰ ਤੇਰਾ ਇਕ ਸਹਾਰਾ, ਦੋਏ ਦੋਏ ਧਾਰ ਆਪ ਚਲਾਇੰਦਾ । ਅੰਮ੍ਰਿਤ ਕਵਲ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਅੰਸ ਆਪਣਾ ਬੰਸ ਆਪ ਸੁਹਾਇੰਦਾ । ਆਪਣੀ ਅੰਸ ਪਾਰਬ੍ਰਹਮ, ਆਪ ਆਪਣਾ ਰੂਪ ਵਟਾਇੰਦਾ । ਆਪਣੀ ਕੁੱਖੋਂ ਆਪੇ ਜੰਮ, ਮਾਤ ਪਿਤ ਨਾ ਕੋਈ ਵਖਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਦੋ ਜਹਾਨਾਂ ਆਪ ਚਲਾਇੰਦਾ । ਦਰਗਹਿ ਸਾਚੀ ਧਾਮ ਅਵੱਲਾ ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਨਾ ਕੋਈ ਘੜੇ ਨਾ ਕੋਈ ਲਏ ਭੰਨ, ਘੜਨ ਭੰਨਣਹਾਰ ਪੁਰਖ ਸਮਰਥ ਆਪਣੀ ਖੇਲ ਆਪ ਖਿਲਾਇੰਦਾ । ਨਾ ਕੋਈ ਦੇਵਣਹਾਰਾ ਡੰਨ, ਜੂਨੀ ਜੂਨ ਨਾ ਕੋਈ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਸਾਚੀ ਸਿਖ਼ਿਆ ਇਕ ਸਮਝਾਇੰਦਾ । ਬ੍ਰਹਮੇ ਸੁਣ ਕਰ ਧਿਆਨ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਮੇਰਾ ਹੁਕਮ ਸੱਚਾ ਫ਼ਰਮਾਣ, ਤੇਰੀ ਦਰ ਦਰ ਸੇਵ ਲਗਾਇੰਦਾ । ਮੇਰਾ ਰਾਗ ਤੇਰੀ ਧੁਨਕਾਨ, ਤੇਰੇ ਮੰਦਰ ਤਾਲ ਵਜਾਇੰਦਾ । ਮੇਰਾ ਸ਼ਬਦ ਤੇਰਾ ਬਿਆਨ, ਨਿਗਹਬਾਨ ਆਪ ਅਖਵਾਇੰਦਾ । ਮੇਰਾ ਚਰਨ ਤੇਰਾ ਮਾਣ, ਕਵਲ ਨੈਣ ਨੈਣ ਮਿਲਾਇੰਦਾ । ਮੇਰਾ ਨਾਦ ਤੇਰਾ ਗਾਣ, ਸ਼ਬਦ ਸ਼ਬਦੀ ਇਕ ਸੁਣਾਇੰਦਾ । ਮੇਰਾ ਤੇਜ ਤੇਰਾ ਭਾਨ, ਨੂਰੋ ਨੂਰ ਡਗਮਗਾਇੰਦਾ । ਮੇਰਾ ਘਰ ਤੇਰਾ ਮਕਾਨ, ਦਰ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਹੁਕਮ ਜਣਾਇਆ ਹਰਿ ਨਿਰੰਕਾਰਾ, ਬ੍ਰਹਮਾ ਸੁਣ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਹਰਿ ਹਰਿ ਆਪਣੀ ਵੰਡ ਵੰਡਾਈਆ । ਤ੍ਰੈਗੁਣ ਮਾਇਆ ਕਰ ਤਿਆਰਾ, ਤ੍ਰੈ ਤ੍ਰੈ ਲੇਖਾ ਦਏ ਲਿਖਾਈਆ । ਪੰਜ ਤਤ ਹੋਏ ਸਹਾਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੰਗ ਨਿਭਾਈਆ । ਆਪੇ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆਈਆ । ਸੇਵਕ ਸੇਵਾ ਕਰੇ ਬਣ ਭਿਖਾਰਾ, ਜੁਗ ਜੁਗ ਆਪਣੀ ਕਾਰ ਕਰਾਈਆ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਸਕੇ ਸ਼ਾਹੀਆ । ਮੇਰਾ ਸ਼ਬਦ ਸੱਚੀ ਧੁਨਕਾਰਾ, ਬ੍ਰਹਮੇ ਚਾਰੇ ਵੇਦ ਤੇਰੀ ਪੜ੍ਹਾਈਆ । ਤੇਰਾ ਰੂਪ ਵਰਤੇ ਵਿਚ ਸੰਸਾਰਾ, ਲੱਖ ਚੁਰਾਸੀ ਤੇਰੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਈਆ । ਸਾਚੀ ਭਿਛਿਆ ਝੋਲੀ ਪਾ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਲੱਖ ਚੁਰਾਸੀ ਘਾੜਨ ਲਿਆ ਘੜਾ, ਘਟ ਘਟ ਆਪਣੀ ਜੋਤ ਜਗਾਇੰਦਾ । ਨਿਰਗੁਣ ਬਾਤੀ ਇਕ ਟਿਕਾ, ਸਰਗੁਣ ਕਮਲਾਪਾਤੀ ਵੇਖ ਵਖਾਇੰਦਾ । ਸ਼ਬਦ ਦਾਤੀ ਬੇਪਰਵਾਹ, ਅਨਹਦ ਰਾਗੀ ਰਾਗ ਸੁਣਾਇੰਦਾ । ਸਾਜਨ ਸਾਜੀ ਅਗੰਮ ਅਥਾਹ, ਕਾਇਆ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਅੰਦਰ ਆਪੇ ਵੜ, ਆਪ ਆਪਣਾ ਮੁਖ ਛੁਪਾਇੰਦਾ । ਲੱਖ ਚੁਰਾਸੀ ਹਰਿ ਪਸਾਰਾ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਲੋਕਮਾਤ ਖੇਲ ਨਿਆਰਾ, ਬ੍ਰਹਿਮੰਡ ਖੰਡ ਰਚਨ ਰਚਾਇੰਦਾ । ਲੋਆਂ ਪੁਰੀਆਂ ਇਕ ਸਹਾਰਾ, ਗਗਨ ਪਤਾਲਾ ਸੋਭਾ ਪਾਇੰਦਾ । ਰਵ ਸਸ ਕਰ ਉਜਿਆਰਾ, ਮੰਡਲ ਮੰਡਪ ਡੇਰਾ ਲਾਇੰਦਾ । ਜਲ ਬਿੰਬ ਹੋ ਨਿਆਰਾ, ਧਰਤ ਧਵਲ ਆਪ ਉਪਜਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਫੋਲ ਫੁਲਾਇੰਦਾ । ਚੌਦਾਂ ਲੋਕਾਂ ਇਕ

ਅਖਾੜਾ, ਤ੍ਰੈ ਤ੍ਰੈ ਵਾਸੀ ਵੇਸ ਵਟਾਇੰਦਾ । ਏਕਾ ਸ਼ਬਦ ਨਾਮ ਜੈਕਾਰਾ, ਪੁਰਖ ਅਬਿਨਾਸ਼ੀ ਆਪ ਅਲਾਇੰਦਾ । ਬ੍ਰਹਮਾ ਸੁਣੇ ਸੁਣਨੇਹਾਰਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਇਕ ਵਡਿਆਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਹਰਿ ਬ੍ਰਹਮੇ ਸ਼ਬਦ ਜਣਾਇਆ । ਧੁਰ ਦਰਗਾਹੀ ਏਕਾ ਰਾਣਾ, ਹਰਿ ਜੂ ਸਾਚੇ ਤਖ਼ਤ ਆਪਣਾ ਆਸਣ ਲਾਇਆ । ਸਾਚਾ ਮੰਦਰ ਸਚ ਮਕਾਨਾ, ਥਿਰ ਘਰ ਆਪਣਾ ਘਰ ਵਖਾਇਆ । ਏਕਾ ਰੂਪ ਏਕਾ ਗਾਣਾ, ਏਕਾ ਤੁਰੀਆ ਨਾਦ ਵਜਾਇਆ । ਏਕਾ ਜੋਤ ਸ੍ਰੀ ਭਗਵਾਨਾ, ਆਦਿ ਜੁਗਾਦੀ ਡਗਮਗਾਇਆ । ਏਕਾ ਸਤਿ ਸਰੂਪੀ ਸਤਿ ਨਿਸ਼ਾਨਾ, ਸਤਿ ਸਤਿ ਸਤਿ ਆਪ ਚੜ੍ਹਾਇਆ । ਏਕਾ ਤਖ਼ਤ ਤਾਜ ਵਿਖਾਨਾ, ਸੱਚਾ ਤਾਜ ਆਪ ਵਖਾਇਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਵਖਾਇਆ । ਬ੍ਰਹਮਾ ਵੇਖੇ ਮਾਰ ਧਿਆਨਾ, ਅੱਠੇ ਨੇਤਰ ਨੈਣ ਰਖਾਇਆ । ਅਬਿਨਾਸ਼ੀ ਕਰਤਾ ਸੁਣਾਏ ਇਕ ਫ਼ਰਮਾਣਾ, ਸਾਚਾ ਹੁਕਮ ਆਪ ਜਣਾਇਆ । ਲੋਕਮਾਤ ਜੁਗਾ ਜੁਗੰਤਰ ਸੁਣਾਏ ਆਪਣਾ ਭਾਣਾ, ਹਰਿ ਭਾਣੇ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਸਮਝਾਇਆ । ਬ੍ਰਹਮਾ ਉਠਿਆ ਨੇਤਰ ਖੋਲ੍ਹ, ਪ੍ਰਭ ਅੱਗੇ ਸੀਸ ਝੁਕਾਇੰਦਾ । ਨਾਦ ਅਨਾਦੀ ਬੋਲੇ ਬੋਲ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇਆ । ਕਵਣ ਕੰਡੇ ਤੋਲੇ ਤੋਲ, ਲੱਖ ਚੁਰਾਸੀ ਕਵਣ ਵੰਡ ਵੰਡਾਇੰਦਾ । ਕਵਣ ਮਾਇਆ ਮਮਤਾ ਦਏ ਵਰੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਸਾਚਾ ਦੱਸ, ਕਵਣ ਧਾਮ ਕਵਣ ਰਾਮ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਭੇਵ ਖੁਲੰਦੜਾ, ਬ੍ਰਹਮ ਪਾਰਬ੍ਰਹਮ ਕਰ ਪਿਆਰ । ਲੱਖ ਚੁਰਾਸੀ ਜੋਤ ਜਗੰਦੜਾ, ਘਰ ਘਰ ਦੀਪ ਹੋਏ ਉਜਿਆਰ । ਨਿਰਗੁਣ ਸਰਗੁਣ ਵੇਖ ਵਖੰਦੜਾ, ਇਕ ਅਕੱਲਾ ਏਕੰਕਾਰ । ਜੁਗ ਜੁਗ ਆਪਣੀ ਧਾਰ ਚਲੰਦੜਾ, ਚਾਲ ਨਿਰਾਲੀ ਸਿਰਜਣਹਾਰ । ਬ੍ਰਹਮਾ ਏਕਾ ਦਰ ਸੁਹੰਦੜਾ, ਘਰ ਮੰਦਰ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਏ ਮਾਤ ਅਵਤਾਰ । ਜੁਗ ਜੁਗ ਅਵਤਾਰ ਮਾਤ ਧਰੌਣਾ, ਹਰਿ ਸਾਚਾ ਸਚ ਜਣਾਇੰਦਾ । ਸਾਚੇ ਸੰਤਾਂ ਆਪ ਉਠੌਣਾ, ਸ਼ਬਦ ਸ਼ਬਦੀ ਵੇਖ ਵਖਾਇੰਦਾ । ਅੰਮ੍ਰਿਤ ਮੇਘ ਇਕ ਵਰਸੌਣਾ, ਅਗਨੀ ਤਤ ਆਪ ਬੁਝਾਇੰਦਾ । ਅਨਹਦ ਸ਼ਬਦ ਰਾਗ ਅਲੌਣਾ, ਧੁਨੀ ਨਾਦ ਆਪ ਵਜਾਇੰਦਾ । ਅੰਮ੍ਰਿਤ ਸਾਚਾ ਜਾਮ ਪਿਔਣਾ, ਨਾਮ ਪਿਆਲਾ ਹੱਥ ਉਠਾਇੰਦਾ । ਜੁਗ ਜੁਗ ਆਪਣਾ ਵੇਸ ਵਟੌਣਾ, ਹਰਿਜਨ ਸਾਚੇ ਵੇਖ ਵਖਾਇੰਦਾ । ਏਕਾ ਅੱਖਰ ਨਾਮ ਪੜ੍ਹੌਣਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਕਾਇਆ ਮੰਦਰ ਬਹਿ ਬਹਿ ਗੌਣਾ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਆਪ ਉਠਾਇੰਦਾ । ਸੰਤਨ ਮੀਤਾ ਹਰਿ ਭਗਵਾਨਾ, ਆਦਿ ਜੁਗਾਦਿ ਸਮਾਇਆ । ਜੁਗਾ ਜੁਗੰਤਰ ਧੁਰ ਫ਼ਰਮਾਣਾ, ਸ਼ਬਦ ਸ਼ਬਦੀ ਮਾਤ ਸੁਣਾਇਆ । ਦੋ ਜਹਾਨਾਂ ਬਖ਼ਸ਼ੇ ਮਾਣਾ, ਆਵਣ ਜਾਵਣ ਪੰਧ ਚੁਕਾਇਆ । ਸਤਿ ਸੰਤੋਖੀ ਬੰਨ੍ਹੇ ਗਾਨਾਂ, ਏਕਾ ਹੁਕਮ ਮਨਾਇਆ । ਹਰਿ ਮੰਦਰ ਵਿਖਾਏ ਹਰਿ ਮਕਾਨਾ, ਬਜਰ ਕਪਾਟੀ ਕੁੰਡਾ ਲਾਹਿਆ । ਦੀਪਕ ਜੋਤੀ ਇਕ ਜਗਾਣਾ, ਆਦਿ ਨਿਰੰਜਣ ਸੇਵ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਹਰਿ ਸੰਤਨ ਵੇਖ ਵਖਾਇਆ । ਸੰਤਨ ਲੇਖਾ ਲਿਖਿਆ ਧੁਰ, ਧੁਰ ਦੀ ਬਾਣੀ ਬਾਣ ਲਗਾਈਆ । ਪਾਰਬ੍ਰਹਮ ਪ੍ਰਭ ਚੜ੍ਹਿਆ ਘੋੜ,

੬੫੫ ੦੯

ਸ਼ਬਦੀ ਘੋੜਾ ਇਕ ਦੌੜਾਈਆ । ਦੋ ਜਹਾਨਾਂ ਲਾਇਆ ਏਕਾ ਪੌੜ, ਏਕਾ ਡੰਡਾ ਹੱਥ ਰਖਾਈਆ । ਲੱਖ ਚੁਰਾਸੀ ਵੇਖੇ ਪਰਖੇ ਜੀਵ ਜੰਤ ਮਿਠਾ ਕੌੜ, ਘਟ ਘਟ ਆਪਣਾ ਆਸਣ ਲਾਈਆ । ਏਥੇ ਓਥੇ ਦੋ ਜਹਾਨਾਂ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਰਿਹਾ ਦੌੜ, ਔਂਦਾ ਜਾਂਦਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਰਾਈਆ । ਜੁਗ ਜੁਗ ਕਾਰ ਕਮਾਇੰਦਾ, ਸਤਿਗੁਰ ਸੱਚਾ ਪਾਤਸ਼ਾਹ । ਸਾਚਾ ਬੇੜਾ ਆਪ ਚਲਾਇੰਦਾ, ਨਿਰਗੁਣ ਸਰਗੁਣ ਬਣ ਮਲਾਹ । ਏਕਾ ਚੱਪੂ ਨਾਉਂ ਲਗਾਇੰਦਾ, ਨਾਉਂ ਨਿਰੰਕਾਰਾ ਆਪ ਅਖਵਾ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਲੱਖ ਚੁਰਾਸੀ ਵਿਚੋਂ ਲਏ ਉਠਾ । ਆਪ ਆਪਣਾ ਮੰਤਰ ਨਾਮ ਦ੍ਰਿੜਾਇੰਦਾ, ਏਕਾ ਅੱਖਰ ਲਏ ਪੜ੍ਹਾ । ਸਤਿਜੁਗ ਸਾਚੇ ਫੇਰੀ ਪਾਇੰਦਾ, ਇਕ ਅਕੱਲਾ ਬੇਪਰਵਾਹ । ਜਨ ਭਗਤਾਂ ਮਹੱਲਾ ਆਪ ਵਸਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਰਾਹੇ ਦੇਵੇ ਪਾ । ਹਰਿਜਨ ਪਾਰ ਉਤਾਰਦਾ, ਆਪ ਆਪਣੀ ਕਿਰਪਾ ਧਾਰ । ਜੁਗ ਜੁਗ ਪੈਜ ਸਵਾਰਦਾ, ਦੇਵੇ ਨਾਮ ਸ਼ਬਦ ਅਧਾਰ । ਜੋਤੀ ਸ਼ਬਦੀ ਬਣ ਮਲਾਹ, ਸਾਚੇ ਘੋੜੇ ਆਪੇ ਚਾੜ੍ਹਦਾ, ਸ਼ਹਿਨਸ਼ਾਹ ਸੱਚਾ ਅਸਵਾਰ । ਤੋੜੇ ਗੜ੍ਹ ਜਗਤ ਹੰਕਾਰ ਦਾ, ਨਾਮ ਖੰਡਾ ਏਕਾ ਮਾਰ । ਗੁਰਮੁਖ ਸਾਚੇ ਆਪ ਸ਼ੰਗਾਰਦਾ, ਜੁਗਾ ਜੁਗੰਤਰ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਮਾਰੇ ਵਾਜ । ਸ਼ਬਦ ਅਗੰਮੀ ਸਚ ਤਰਾਨਾ, ਤੁਰੀਆ ਰਾਗ ਅਲਾਇੰਦਾ । ਸੰਤਨ ਮੇਲਾ ਦੋ ਜਹਾਨਾਂ ਲੋਕਮਾਤ ਵੇਖ ਵਖਾਇੰਦਾ । ਏਕਾ ਰਾਗ ਸੁਣਾਏ ਕਾਨਾ, ਧੁਨ ਆਤਮਕ ਆਪ ਅਲਾਇੰਦਾ । ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਨਾ ਕੋਈ ਰਖਾਇੰਦਾ । ਚਰਨ ਕਵਲ ਬਖ਼ਸ਼ੇ ਸਚ ਧਿਆਨਾ, ਚਰਨ ਚਰਨੋਦਕ ਮੁਖ ਚੁਆਇੰਦਾ । ਸਤਿ ਸੰਤੋਖੀ ਬੰਨ੍ਹੇ ਗਾਨਾ, ਸਤਿਗੁਰ ਸਾਚੇ ਘਰ ਸਗਨ ਮਨਾਇੰਦਾ । ਸਰਬ ਜੀਆਂ ਹੋਏ ਜਾਣੀ ਜਾਣਾ, ਜਾਣਨਹਾਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਿਲਾਵਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਸੰਤਨ ਹਰਿ ਹਰਿ ਪਾਇਆ, ਆਤਮ ਵੱਜੇ ਵਧਾਈਆ । ਜੁਗਾਂ ਜੁਗੰਤਰ ਖੇਲ ਖਿਲਾਇਆ, ਸਤਿਜੁਗ ਤ੍ਰੇਤਾ ਵੇਖੇ ਚਾਈਂ ਚਾਈਆ । ਦੁਆਪਰ ਆਪਣੇ ਅੰਗ ਲਗਾਇਆ, ਲੋਕਮਾਤ ਵੱਜੇ ਵਧਾਈਆ । ਕਲਜੁਗ ਅੰਤਮ ਵੇਖ ਵਖਾਇਆ, ਨੌਂ ਖੰਡ ਪ੍ਰਿਥਮੀ ਫੋਲ ਫੁਲਾਈਆ । ਹਰਿਜਨ ਸਾਚੇ ਲਏ ਜਗਾਇਆ, ਆਪ ਆਪਣਾ ਮੇਲ ਮਿਲਾਈਆ । ਦੂਈ ਦਵੈਤੀ ਪਰਦਾ ਦਏ ਉਠਾਇਆ, ਦੁਰਮਤ ਮੈਲ ਧੋਵੇ ਝੂਠੀ ਸ਼ਾਹੀਆ । ਆਤਮ ਅੰਤਰ ਏਕਾ ਸ਼ਬਦ ਸੁਣਾਇਆ, ਦਿਵਸ ਰੈਣ ਨਾ ਕੋਈ ਰਖਾਈਆ । ਕਮਲਾਪਾਤੀ ਮੇਲ ਮਿਲਾਇਆ, ਬੂੰਦ ਸਵਾਂਤੀ ਅੰਮ੍ਰਿਤ ਜਾਮ ਪਿਆਈਆ । ਬਜਰ ਕਪਾਟੀ ਸਾਚੀ ਹਾਟੀ ਨਜ਼ਰੀ ਆਇਆ, ਚੌਦਾਂ ਲੋਕ ਰਹੇ ਮੁਖ ਸ਼ਰਮਾਈਆ । ਸਾਚੇ ਸੰਤ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸਾਚਾ ਸਾਥੀ ਇਕ ਬਣਾਇਆ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਘਰ ਸੱਜਣ ਇਕ ਸੁਹਾਈਆ । ਨਿਰਗੁਣ ਨਿਰਾਕਾਰ, ਹਰਿ ਸੋਭਾਵੰਤ ਆਪ ਸੁਹਾਇੰਦਾ । ਸੰਤ ਸਾਜਣ ਮੀਤ ਮੁਰਾਰ, ਪੀਆ ਪ੍ਰੀਤਮ ਵੇਖ ਵਖਾਇੰਦਾ । ਨਾਰੀ ਕੰਤ ਮੇਲਾ ਭਤਾਰ, ਘਰ ਸਾਚੀ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸੰਗ ਨਿਭਾਇੰਦਾ । ਸੰਤਾਂ ਸੰਗ ਨਿਭਾਵਣਹਾਰਾ, ਇਕ ਅਕੱਲਾ ਵੇਸ ਵਟਾਇੰਦਾ । ਆਦਿ ਜੁਗਾਦੀ ਲਏ ਅਵਤਾਰਾ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਸ਼ਬਦ ਅਨਾਦ

ਬੋਲ ਜੈਕਾਰਾ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਵਰਨਾਂ ਬਰਨਾਂ ਵਸੇ ਬਾਹਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਰੂਪ ਵਟਾਇੰਦਾ । ਇਕ ਸੁਹਾਏ ਧਾਮ ਨਿਆਰਾ, ਸਚਖੰਡ ਦਵਾਰ ਆਪ ਸੁਹਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਹੰਕਾਰੀਆਂ ਹੰਕਾਰ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਹਰਿ ਹਰਿ ਵੇਖਣਹਾਰਾ, ਜੁਗਾਂ ਜੁਗੰਤਰ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਿਨਾਰਾ, ਕਲਜੁਗ ਅੰਤਮ ਵੇਸ ਵਟਾਇੰਦਾ । ਚਾਰੇ ਵੇਦਾਂ ਪਾਵੇ ਸਾਰਾ, ਪੁਰਾਨ ਅਠਾਰਾਂ ਖੋਜ ਖੁਜਾਇੰਦਾ । ਖਾਣੀ ਬਾਣੀ ਦਏ ਹੁਲਾਰਾ, ਅੰਜੀਲ ਕੁਰਾਨਾਂ ਪਰਦਾ ਲਾਹਿੰਦਾ । ਏਕਾ ਨਾਮ ਸਤਿ ਵਰਤਾਰਾ, ਸਤਿ ਸਤਿ ਆਪ ਕਰਾਇੰਦਾ । ਏਕਾ ਸਤਿਗੁਰ ਏਕਾ ਗੁਰ ਗੁਰ ਅਵਤਾਰਾ, ਏਕਾ ਧੁਰ ਦਾ ਲੇਖ ਲਖਾਇੰਦਾ । ਏਕਾ ਸ਼ਬਦ ਨਾਮ ਸਚ ਕਟਾਰਾ, ਦੋ ਜਹਾਨ ਆਪ ਚਮਕਾਇੰਦਾ । ਏਕਾ ਮੰਦਰ ਏਕਾ ਗੁਰੂਦਵਾਰਾ, ਏਕਾ ਹਰਿ ਹਰਿ ਸੋਭਾ ਪਾਇੰਦਾ । ਏਕਾ ਠਾਕਰ ਬਣੇ ਪੁਜਾਰਾ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਰਾਮ ਰੂਪ ਵਰਤੇ ਵਿਚ ਸੰਸਾਰਾ, ਏਕਾ ਬੰਸਰੀ ਨਾਮ ਵਜਾਇੰਦਾ । ਏਕਾ ਐਨਲਹੱਕ ਬੋਲੇ ਨਾਅਰਾ, ਹਕ ਹਕੀਕਤ ਇਕ ਸਲਾਹਿੰਦਾ । ਲਾਸ਼ਰੀਕ ਇਕ ਪਰਵਰਦਿਗਾਰਾ, ਬੇਐਬ ਆਪਣਾ ਨਾਉਂ ਧਰਾਇੰਦਾ । ਇਕ ਅਕੱਲਾ ਏਕਾ ਵਰਤੇ ਆਪਣਾ ਸਚ ਵਰਤਾਰਾ, ਏਕਾ ਏਕੰਕਾਰਾ ਆਪਣਾ ਰੂਪ ਵਟਾਇੰਦਾ । ਆਪੇ ਸਤਿਨਾਮ ਕਰੇ ਪਿਆਰਾ, ਚਾਰ ਵਰਨਾਂ ਇਕ ਗਿਆਨ ਦ੍ਰਿੜਾਇੰਦਾ । ਆਪੇ ਵਾਹਿਗੁਰੂ ਫ਼ਤਹਿ ਬੋਲ ਜੈਕਾਰਾ, ਊਚਾਂ ਨੀਚਾਂ ਗਲੇ ਲਗਾਇੰਦਾ । ਆਪੇ ਸ਼ਬਦ ਗੁਰੂ ਬਣ ਸੰਸਾਰਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜਾਗਰਤ ਜੋਤ ਹੋਏ ਉਜਿਆਰਾ, ਅੰਧ ਅੰਧੇਰ ਸਰਬ ਗਵਾਇੰਦਾ । ਸਤਿ ਸਤਿ ਵਰਤੇ ਵਰਤਾਰਾ, ਤ੍ਰੈਗੁਣ ਅਗਨੀ ਤਤ ਬੁਝਾਇੰਦਾ । ਸੰਤਾਂ ਸੁਹਾਏ ਸਚ ਦੁਆਰਾ, ਠਾਂਡਾ ਦਰਬਾਰਾ ਇਕ ਵਖਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਕਰਨ ਪੁਕਾਰਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਨਰ ਹਰਿ ਨਰਾਇਣ ਆਪ ਕਰਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਸਾਚੇ ਮੰਦਰ ਸੋਭਾ ਪਾਇੰਦਾ । ਸੰਬਲ ਨਗਰ ਪੁਰਖ ਅਕਾਲ ਦੀਨ ਦਿਆਲ ਇਕ ਵਿਚਾਰਾ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਸਚ ਨਗਾਰਾ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਕ੍ਰੋੜ ਤੇਤੀਸਾ ਆਪ ਉਠਾਇੰਦਾ । ਸੁਰਪਤ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਰਾਏ ਧਰਮ ਮੰਗੇ ਬਣ ਭਿਖਾਰਾ, ਗਲ ਆਪਣੇ ਪੱਲੂ ਪਾਇੰਦਾ । ਚਿਤਰ ਗੁਪਤ ਲੇਖਾ ਲਿਖਿਆ ਆਪਣੀ ਕਰੇ ਵਿਚਾਰਾ, ਵਿਚਾਰ ਵਿਚ ਨਾ ਕੋਈ ਆਇੰਦਾ । ਲਾੜੀ ਮੌਤ ਕਰੇ ਸ਼ੰਗਾਰਾ, ਲਾਲ ਸ਼ਬਦੀ ਹੱਥ ਰਖਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸੰਤਨ ਕਰੇ ਸਚ ਪਿਆਰਾ, ਸਾਚੀ ਸੇਜਾ ਆਪ ਹੰਢਾਇੰਦਾ । ਆਪਣਾ ਵਣਜ ਇਕ ਵਪਾਰਾ, ਏਕਾ ਹਟ ਵਖਾਇੰਦਾ । ਏਕਾ ਜਗਤ ਇਕ ਭੰਡਾਰਾ, ਏਕਾ ਭਗਵੰਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹਾਗੀ ਹਰਿ ਹਰਿ ਕੰਤ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਰੰਗ ਬਸੰਤੀ ਏਕਾ ਚਾੜ੍ਹ, ਕਾਇਆ ਕੰਚਨ ਗੜ੍ਹ ਸੁਹਾਈਆ । ਦਰ ਘਰ ਸਾਚੇ ਦੇਵੇ ਵਾੜ, ਮਹੱਲ ਅਟੱਲ ਇਕ ਵਖਾਈਆ । ਗੁਰਮੁਖ ਬਣਾਏ ਧੁਰਦਰਗਾਹੀ ਲਾੜ, ਸੀਸ ਜਗਦੀਸ ਵੱਡੀ ਵਡਿਆਈਆ । ਕਰੇ ਪਰਕਾਸ਼ ਬਹੱਤਰ ਨਾੜ, ਦੋਏ ਲੋਚਣ ਹੋਏ ਰੁਸ਼ਨਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਵੇਖ ਵਖਾਈਆ । ਤ੍ਰੈਗੁਣ

ਮਾਇਆ ਨਾ ਸਕੇ ਸਾੜ, ਅੱਗਨੀ ਤਤ ਨਾ ਕੋਈ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਸੰਤ ਸਤਿਗੁਰ ਪਾਇਆ, ਪਾਰਬ੍ਰਹਮ ਗੁਰ ਕਰਤਾਰ । ਗੁਰ ਸਿਖੀ ਬਹਿ ਬਹਿ ਮੰਗਲ ਗਾਇਆ, ਸਚ ਸੁਹੰਜਣੀ ਗਾਈ ਵਾਰ । ਨੇਤਰ ਅੰਜਨ ਇਕ ਵਖਾਇਆ, ਨਿਝ ਨੇਤਰ ਨੈਣ ਉਘਾੜ । ਤਨ ਬਸਤਰ ਇਕ ਛੁਹਾਇਆ, ਸ਼ਬਦ ਸਰੂਪੀ ਕਰ ਪਿਆਰ । ਸ਼ਾਹੋ ਭੂਪੀ ਨਜ਼ਰੀ ਆਇਆ, ਨਿਰਗੁਣ ਦਾਤਾ ਬੇਐਬ ਪਰਵਰਦਿਗਾਰ । ਚਾਰੇ ਕੂਟਾਂ ਹੋਏ ਸਹਾਇਆ, ਦਹਿ ਦਿਸ਼ਾ ਹੋਏ ਸਹਾਰ । ਅੰਡਜ ਜੇਰਜ ਆਪਣੀ ਗੋਦ ਬਹਾਇਆ, ਉਤਭੁਜ ਸੇਤਜ ਰਿਹਾ ਉਠਾਲ । ਚਾਰੇ ਬਾਣੀ ਆਪ ਪੜ੍ਹਾਇਆ, ਪਰਾ ਪਸੰਤੀ ਮਧਮ ਬੈਖਰੀ ਘਾਲੇ ਘਾਲ । ਚਾਰੇ ਖਾਣੀ ਵੰਡ ਵੰਡਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖੇ ਸ਼ਾਹ ਕੰਗਾਲ । ਸ੍ਰਿਸ਼ਟ ਸਬਾਈ ਰੰਡ ਆਪ ਕਰਾਇਆ, ਚਾਰੋਂ ਕੁੰਟ ਦਿਸੇ ਦੁਹਾਗਣ ਨਾਰ । ਕਲਜੁਗ ਕੂਕੇ ਦਏ ਦੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਲਏ ਉਠਾਲ । ਸੰਤ ਉਠਾਏ ਆਪ ਪ੍ਰਭ, ਲੱਖ ਚੁਰਾਸੀ ਪੁਣ ਛਾਣ । ਲੱਖ ਚੁਰਾਸੀ ਵਿਚੋਂ ਲੱਭ, ਆਪ ਉਪਜਾਏ ਆਪਣੇ ਲਾਲ । ਝਿਰਨਾ ਝਿਰਾਏ ਕਵਲ ਨਭ, ਅੰਮ੍ਰਿਤ ਆਤਮ ਸਾਚਾ ਡਾਲ੍ਹ । ਸਤਿ ਸੰਤੋਖੀ ਪਿਆਏ ਮਦਿ, ਨੇੜ ਨਾ ਆਏ ਕਾਲ ਮਹਾਂਕਾਲ । ਸਚ ਨਿਸ਼ਾਨਾ ਫੜਾਏ ਹੱਥ, ਦੋ ਜਹਾਨਾਂ ਤੋੜ ਜੰਜਾਲ । ਲੱਖ ਚੁਰਾਸੀ ਵਿਚੋਂ ਕੱਢ, ਸਚਖੰਡ ਬਹਾਏ ਸੱਚੀ ਧਰਮਸਾਲ । ਜੁਗਾ ਜੁਗੰਤਰ ਲਡਾਏ ਲਡ, ਆਦਿ ਜੁਗਾਦਿ ਕਰੇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਹਰਿਜਨ ਹਰਿ ਸੰਭਾਲਦਾ, ਜੁਗਾ ਜੁਗੰਤਰ ਸਾਚੀ ਕਾਰ । ਨਿਰਗੁਣ ਸਰਗੁਣ ਆਪੇ ਪਾਲਦਾ, ਦੇਵਣਹਾਰ ਅਪਰ ਅਪਾਰ । ਮਾਰਗ ਦੱਸੇ ਇਕ ਨਿਗਹਬਾਨ ਦਾ, ਨਿਰਵੈਰ ਰੂਪ ਮੂਰਤ ਅਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਾਜਨ ਆਪੇ ਭਾਲ । ਸੰਤ ਸਤਿਗੁਰ ਇਕ ਘਰ, ਅੰਤ ਅੰਤ ਸਮਾਇਆ । ਜੁਗਾ ਜੁਗੰਤਰ ਦੇਵੇ ਵਰ, ਦਰ ਦਰਵੇਸ਼ਾ ਫੇਰੀ ਪਾਇਆ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਭੇਵ ਨਾ ਰਾਇਆ । ਨਿਰਭੈ ਚੁਕਾਏ ਜਗਤ ਡਰ, ਭੈ ਆਪਣਾ ਸਰਬ ਵਖਾਇਆ । ਧਰਨੀ ਧਰਤ ਧਵਲ ਉਪਰ ਆਪ ਆਪਣੀ ਜੋਤ ਧਰ, ਧੁਰ ਦੀ ਧਾਰ ਆਪ ਚਲਾਇਆ । ਘਟ ਘਟ ਅੰਦਰ ਆਸਣ ਲਾ ਸਾਚੀ ਸੇਜ ਬੈਠਾ ਚੜ੍ਹ, ਸਚ ਸਿੰਘਾਸਣ ਆਪ ਸੁਹਾਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਵਿਦਿਆ ਅੱਖਰ ਗਾਇਆ ਪੜ੍ਹ, ਆਪ ਆਪਣਾ ਸ਼ਬਦ ਸੁਣਾਇਆ । ਨਾ ਜਨਮੇ ਨਾ ਜਾਏ ਮਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਆ । ਥਾਨ ਥਨੰਤਰ ਪੇਖਿਆ, ਨਿਰਗੁਣ ਸਰਗੁਣ ਕਰ ਪਿਆਰ । ਗੁਰਸਿਖ ਗੁਰਮੁਖ ਆਪੇ ਵੇਖਿਆ, ਆਪ ਆਪਣਾ ਨੈਣ ਉਘਾੜ । ਸੰਤਾਂ ਚੁੱਕੇ ਧੁਰ ਦਾ ਲੇਖਿਆ, ਮੇਲ ਮਿਲਾਵਾ ਕੰਤ ਭਤਾਰ । ਭਗਤਾਂ ਮੇਟੇ ਪਿਛਲੀ ਰੇਖਿਆ, ਅੱਗੇ ਲੇਖਾ ਦਏ ਵਖਾਲ । ਕਲਜੁਗ ਅੰਤਮ ਧਾਰੇ ਭੇਖਿਆ, ਭੇਵ ਅਵੱਲਾ ਹਰਿ ਨਿਰੰਕਾਰ । ਮੁਛ ਦਾੜ੍ਹੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਵਿਚ ਸੰਸਾਰ । ਜੋਤ ਜਗਾਏ ਦਸ ਦਸਮੇਸਿਆ, ਦਹਿ ਦਿਸ਼ਾ ਹੋਏ ਉਜਿਆਰ । ਲੇਖਾ ਜਾਣੇ ਗਣਪਤ ਗਣੇਸ਼ ਬ੍ਰਹਮਾ ਵਿਸ਼ਨ ਮਹੇਸ਼ਿਆ, ਸ਼ਿਵ ਸ਼ੰਕਰ ਪਾਵੇ ਸਾਰ । ਸਾਚੇ ਸੰਤ ਕਰੇ ਅਦੇਸਿਆ, ਜਿਸ ਮਿਲਿਆ ਹਰਿ ਕਰਤਾਰ । ਲੱਖ ਚੁਰਾਸੀ ਕੂੜਾ ਭੇਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰ ਅਲੱਖ ਅਗੋਚਰ ਅਗੰਮ ਅਥਾਹ, ਪਾਰਬ੍ਰਹਮ

ਅਬਿਨਾਸ਼ੀ ਕਰਤਾ ਵਡ ਵਡ ਵਡਿਆਈਆ । ਕਲਜੁਗ ਅੰਤਮ ਨਿਰਗੁਣ ਨਿਰਵੈਰ ਬਣੇ ਸਚ ਮਲਾਹ, ਪੁਰਖ ਅਬਿਨਾਸ਼ੀ ਆਪਣਾ ਬੇੜਾ ਆਪ ਚਲਾਈਆ । ਮੂਰਤ ਅਕਾਲ ਦੀਨ ਦਿਆਲ ਦੇਵਣਹਾਰਾ ਸਚ ਸਲਾਹ, ਸਾਖ਼ਯਾਤ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਨੌ ਨੌ ਸਤ ਸਤ ਦਏ ਸਮਝਾ, ਬ੍ਰਹਮ ਮਤ ਇਕ ਪੜ੍ਹਾਈਆ । ਮਨ ਮਤ ਦਏ ਤਜਾ, ਗੁਰਮਤ ਇਕ ਸਿਖਾਈਆ । ਚਾਰ ਵਰਨਾਂ ਆਪਣਾ ਰੂਪ ਧਰਾ, ਬੰਦ ਖ਼ੁਲਾਸੀ ਦਏ ਕਰਾਈਆ । ਜਨ ਹਰਿ ਰਸਨਾ ਰਹੇ ਗਾ, ਰਾਏ ਧਰਮ ਨਾ ਦਏ ਸਜਾਈਆ । ਸਾਚਾ ਮੇਲਾ ਦਏ ਮਿਲਾ, ਗੁਰ ਚੇਲਾ ਏਕਾ ਥਾਉਂ ਬਹਾ, ਗੁਰ ਗੁਰ ਵੇਖੇ ਥਾਉਂ ਥਾਈਆ । ਉਚੀ ਕੂਕ ਦਏ ਸੁਣਾ, ਸ਼ਬਦ ਅਗੰਮੀ ਨਾਅਰਾ ਲਾ, ਸੋ ਪੁਰਖ ਨਿਰੰਜਣ ਬੇਪਰਵਾਹ, ਜਗਤ ਬਹਿ ਕਰੇ ਕੁੜਮਾਈਆ । ਤ੍ਰੈਗੁਣ ਨਾਤਾ ਤੋੜ ਤੁੜਾ, ਪੰਚਮ ਆਪਣੀ ਝੋਲੀ ਪਾ, ਹਰਿ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜਾ, ਅੰਤਰ ਆਤਮ ਬ੍ਰਹਮ ਡੋਰੀ ਏਕਾ ਪਾਈਆ । ਬ੍ਰਹਮ ਡੋਰੀ ਪੁਰਖ ਸੁਜਾਨ, ਨਿਰਗੁਣ ਆਪਣੇ ਹੱਥ ਰਖਾਇੰਦਾ । ਜੁਗ ਜੁਗ ਤਿੰਨਾਂ ਪਾਏ ਆਣ, ਆਪਣਾ ਬੰਧਨ ਇਕ ਵਖਾਇੰਦਾ । ਸੰਤਨ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਚਾਤ੍ਰਿਕ ਤ੍ਰਿਖਾ ਆਪ ਬੁਝਾਇੰਦਾ । ਗੁਰਮੁਖ ਰਾਗ ਸੁਣਾਏ ਕਾਨ, ਨਾਦ ਅਨਾਦੀ ਨਾਦ ਅਲਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਸ਼ਬਦ ਭਗੌਤੀ ਹੱਥ ਉਠਾਇੰਦਾ । ਭਗਤ ਰੂਪ ਸਰਬ ਜਹਾਨ, ਵਾਸਤਕ ਆਪਣੀ ਧਾਰ ਬੰਧਾਇੰਦਾ । ਆਸਤਕ ਖੇਲ ਦੋ ਜਹਾਨ, ਨਾਸਤਕ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸਾਜਣ ਵੇਖ ਵਖਾਇੰਦਾ । ਸੰਤ ਸਤਿਗੁਰ ਤੁੱਠਿਆ, ਵਡ ਦਾਤਾ ਹਰਿ ਮਿਹਰਵਾਨ । ਅੰਮ੍ਰਿਤ ਜਾਮ ਪਿਆਏ ਘੁੱਟਿਆ, ਮੇਲ ਮਿਲਾਵਾ ਸ੍ਰੀ ਭਗਵਾਨ । ਜਗਤ ਵਿਕਾਰਾ ਤਨ ਤਨ ਛੁੱਟਿਆ, ਹਰਿ ਚਰਨ ਇਕ ਧਿਆਨ । ਨਾਮ ਧਨ ਨਾ ਜਾਏ ਲੁੱਟਿਆ, ਨੇੜ ਨਾ ਆਏ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਏਕਾ ਦਾਨ । ਗੁਰਮੁਖ ਦਾਨ ਅਵੱਲੜਾ, ਗੁਰਮਤ ਗੁਰ ਝੋਲੀ ਪਾਇੰਦਾ । ਆਪ ਫੜਾਏ ਆਪਣਾ ਪਲੜਾ, ਜੁਗ ਜੁਗ ਆਪਣਾ ਸੰਗ ਨਿਭਾਇੰਦਾ । ਦਰ ਦਵਾਰ ਆਪੇ ਖਲੜਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸੁਹਾਏ ਬੰਕ ਨੇਹਚਲ ਧਾਮ ਅਟੱਲੜਾ, ਸਚਖੰਡ ਦਵਾਰਾ ਆਪ ਵਡਿਆਇੰਦਾ । ਸਚ ਸਿੰਘਾਸਣ ਏਕਾ ਮਲੜਾ, ਸ਼ਾਹੋ ਭੂਪ ਰਾਜ ਰਾਜਾਨ ਸੀਸ ਤਾਜ ਇਕ ਸੁਹਾਇੰਦਾ । ਸ਼ਬਦ ਸਨੇਹੜਾ ਲੋਕਮਾਤ ਜੁਗਾ ਜੁਗੰਤਰ ਏਕਾ ਘਲੜਾ, ਜੁਗ ਜੁਗ ਗੁਰ ਪੀਰ ਅਵਤਾਰ ਆਪ ਸਮਝਾਇੰਦਾ । ਆਪਣੀ ਜੋਤੀ ਆਪੇ ਰਲੜਾ, ਆਪੇ ਸ਼ਬਦੀ ਸ਼ਬਦ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਬੈਰਾਗਨ ਆਪ ਅਖਵਾਇੰਦਾ । ਸੰਤ ਵੈਰਾਗੀ ਸਚ ਵੈਰਾਗੀਆ, ਨਾਮ ਵੈਰਾਗ ਇਕ ਜਣਾਈਆ । ਸੰਤ ਤਿਆਗ ਜਗਤ ਤਿਆਗੀਆ, ਤ੍ਰੈਗੁਣ ਮਾਇਆ ਨਾਤਾ ਤੋੜ ਤੁੜਾਈਆ । ਸੰਤ ਸੁਹਾਗ ਸੰਤ ਸੁਹਾਗੀਆ, ਕੰਤ ਕੰਤੂਲ ਪੁਰਖ ਅਕਾਲ ਇਕ ਹੰਢਾਈਆ । ਸੰਤ ਜਾਗ ਖੁਲਾਏ ਆਪ ਸਦਾ ਜਾਗੀਆ, ਆਲਸ ਨਿੰਦਰਾ ਵਿਚ ਨਾ ਆਈਆ । ਆਪ ਬਣਾਏ ਫੜ ਫੜ ਹੰਸ ਕਾਗਿਆ, ਮਾਣਕ ਮੋਤੀ ਚੋਗ ਚੁਗਾਈਆ । ਜੋ ਜਨ ਸਤਿਗੁਰ ਸਰਨ ਸਰਨਾਈ ਸਾਚੀ ਲਾਗਿਆ, ਸਹਿਸਾ ਰੋਗ ਰਹੇ ਨਾ ਰਾਈਆ । ਫੜ ਬਾਹੋਂ ਸ਼ੌਹ ਦਰਯਾਏ ਆਪੇ ਕਾਢੀਆ, ਨਾਮ ਨਈਆ ਲਏ ਚੜ੍ਹਾਈਆ । ਕਿਰਪਾ ਕਰੇ ਗ਼ਰੀਬ ਨਿਵਾਜਿਆ, ਗ਼ਰੀਬ ਨਿਮਾਣੇ ਗੋਦ ਬਹਾਈਆ ।

ਕਲਜੁਗ ਅੰਤਮ ਸਾਜਣ ਸਾਜਿਆ, ਕੁਦਰਤ ਕਾਦਰ ਵੇਖ ਵਖਾਈਆ । ਨਿਰਭੈ ਹੋ ਹੋ ਲੋਕਮਾਤ ਗਾਜਿਆ, ਸ਼ਾਹ ਸੁਲਤਾਨਾਂ ਦਏ ਉਠਾਈਆ । ਨਾ ਕੋਈ ਦਿਸੇ ਜਗਤ ਨਵਾਬਿਆ, ਸੀਸ ਤਾਜ ਨਾ ਕੋਈ ਟਿਕਾਈਆ । ਨਾ ਕੋਈ ਹਾਜੀ ਨਾ ਕੋਈ ਹਾਜਿਆ, ਹਜ਼ਰਤ ਮੇਲ ਨਾ ਕੋਈ ਕਰਾਈਆ । ਉਚੀ ਕੂਕ ਮੁਕਾਮੇ ਹਕ ਨਾ ਮਾਰੇ ਕੋਈ ਵਾਜਿਆ, ਹਕ ਬਹੱਕ ਨਾ ਕੋਈ ਜਣਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਇਕ ਅਕੱਲਾ ਏਕੰਕਾਰਾ ਆਪ ਚੜ੍ਹਿਆ ਸਾਚੇ ਤਾਜਿਆ, ਸਚਖੰਡ ਦਵਾਰਾ ਆਪ ਖੁਲਾਈਆ । ਥਿਰ ਘਰ ਵਾਸੀ ਭੂਪਨ ਰਾਜਿਆ, ਰਾਜ ਜੋਗ ਇਕ ਵਖਾਈਆ । ਜਨ ਭਗਤਾਂ ਰੱਖੇ ਲਾਜਿਆ, ਜੁਗ ਜੁਗ ਆਪਣਾ ਰੂਪ ਧਰਾਈਆ । ਗੁਰਸਿਖ ਵਿਰਲਾ ਲੱਖ ਚੁਰਾਸੀ ਵਿਚੋਂ ਲਾਧਿਆ, ਘਰ ਘਰ ਭਾਂਡਾ ਫੋਲ ਫੁਲਾਈਆ । ਡੂੰਘੀ ਭਵਰੀ ਆਪੇ ਕਾਇਆ, ਸੁਖਮਨ ਬੇੜਾ ਪਾਰ ਕਰਾਈਆ । ਤ੍ਰਬੈਣੀ ਦਵਾਰ ਲਡਾਏ ਲਾਡਿਆ, ਸੰਗਮ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਹੇਲਾ ਇਕ ਅਕੇਲਾ, ਗੁਰ ਚੇਲਾ ਵੇਖੇ ਥਾਉਂ ਥਾਈਆ । ਚੇਲਾ ਗੁਰ ਏਕਾ ਰੰਗ, ਸਤਿਗੁਰ ਪੁਰਖ ਆਪ ਰੰਗਾਇੰਦਾ । ਘਰ ਘਰ ਵਜਾਏ ਨਾਮ ਮਰਦੰਗ, ਮਰਦ ਮਰਦਾਨਾ ਸੇਵ ਕਮਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਇੰਦਾ । ਲੇਖਾ ਜਾਣੇ ਹਰਿ ਜੂ ਹਰਿ ਬ੍ਰਹਿਮੰਡ, ਬ੍ਰਹਮ ਬ੍ਰਹਿਮਾਦਿ ਵੇਖ ਵਖਾਇੰਦਾ । ਨਾਦ ਵਜਾਏ ਸੁਹਾਗੀ ਛੰਦ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਇੰਦਾ । ਭੇਵ ਨਾ ਪਾਇਣ ਰਸਨਾ ਜਿਹਵਾ ਬੱਤੀ ਦੰਦ, ਬੋਲ ਬੋਲ ਨਾ ਕੋਈ ਸੁਣਾਇੰਦਾ । ਗੁਰਮੁਖ ਵਿਰਲਾ ਜਾਣੇ ਪਰਮਾਨੰਦ, ਪਰਮ ਪੁਰਖ ਜਿਸ ਆਪ ਵਖਾਇੰਦਾ । ਨਿਝ ਨਿਝਰ ਦੇਵੇ ਨਿਜਾਨੰਦ, ਨਿਝ ਘਰ ਆਪਣਾ ਰਸ ਚਖਾਇੰਦਾ । ਸਗਲ ਸੰਸਾਰੀ ਮੇਟੇ ਚਿੰਦ, ਚਿੰਤਾ ਚਿਖਾ ਨਾ ਕੋਈ ਰਖਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਗੁਰਮੁਖ ਆਪਣੇ ਨਾਲ ਮਿਲਾਇੰਦਾ । ਆਪ ਬਣਾਏ ਨਾਦੀ ਬਿੰਦ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਜਲ ਥਲ ਮਹੀਅਲ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਵਸਾਏ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਸੰਤਨ ਦਰ ਸੁਹਾਇਆ, ਗ੍ਰਿਹ ਮੰਦਰ ਹਰਿ ਨਿਰੰਕਾਰ । ਘਰ ਦੀਪਕ ਜੋਤ ਜਗਾਇਆ, ਦਿਵਸ ਰੈਣ ਹੋਏ ਉਜਿਆਰ । ਅਨਹਦ ਸਾਚਾ ਸ਼ਬਦ ਅਲਾਇਆ, ਨਿਰਗੁਣ ਵੱਜਦੀ ਰਹੇ ਸਤਾਰ । ਮਿਲ ਮਿਲ ਸਖ਼ੀਆਂ ਘਰ ਘਰ ਮੰਗਲ ਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਦੇਵੇ ਨਾਮ ਅਧਾਰ । ਨਾਮ ਅਧਾਰ ਅਤੁਟ ਭੰਡਾਰਾ, ਗੁਰ ਸਤਿਗੁਰ ਆਪ ਵਰਤਾਈਆ । ਜੁਗਾ ਜੁਗੰਤਰ ਲਏ ਅਵਤਾਰਾ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਸਾਜਨ ਪਾਵੇ ਸਾਰਾ, ਸਾਰਿੰਗ ਧਰ ਆਪਣੀ ਦਇਆ ਕਮਾਈਆ । ਸੰਤਨ ਦੇਵੇ ਇਕ ਹੁਲਾਰਾ, ਸਿਮਲ ਰੁਖ ਫੁਲ ਲਗਾਈਆ । ਭਗਤਨ ਭਗਵਨ ਹੋ ਉਜਿਆਰਾ, ਆਪ ਆਪਣਾ ਲਏ ਪਰਗਟਾਈਆ । ਲੇਖਾ ਚੁਕਾਏ ਅੰਤਮ ਵਾਰਾ, ਜੋਤੀ ਜੋਤ ਮੇਲ ਮਿਲਾਈਆ । ਲੱਖ ਚੁਰਾਸੀ ਨਾ ਹੋਏ ਖ਼ਵਾਰਾ, ਜੂਨੀ ਅਜੂਨ ਨਾ ਕੋਈ ਭਵਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ ਕਿਨਾਰਾ, ਭਗਤ ਭਗਵੰਤ ਵੇਖੇ ਥਾਉਂ ਥਾਈਆ । ਕਲਜੁਗ ਅੰਤਮ ਚਾਰੋਂ ਕੁੰਟ ਉਚੀ ਕੂਕ ਬੋਲੇ ਜੈਕਾਰਾ, ਸ੍ਰਿਸ਼ਟ ਸਬਾਈ ਰਿਹਾ ਸੁਣਾਈਆ । ਨੌਂ ਸਤ ਹੋਇਆ ਅੰਧਿਆਰਾ, ਸਾਚਾ ਦੀਪ ਨਾ ਕੋਈ ਜਗਾਈਆ । ਘਰ ਘਰ ਵਿਚ ਮੇਲਾ ਜੂਠ ਝੂਠ ਲੋਭ ਮੋਹ ਹੰਕਾਰਾ, ਕਾਮ ਕ੍ਰੋਧ ਦਏ ਦੁਹਾਈਆ । ਆਸਾ ਤ੍ਰਿਸ਼ਨਾ ਕਰ ਸ਼ੰਗਾਰਾ, ਹਉਮੇ ਹੰਗਤਾ ਨਾਲ ਰਲਾਈਆ ।

ਨਾਤਾ ਤੁਟਾ ਪੁਰਖ ਨਾਰਾ, ਵਿਭਚਾਰ ਸਰਬ ਲੁਕਾਈਆ । ਪੁੱਤਰ ਧੀਆਂ ਨਾ ਕੋਈ ਵਿਚਾਰਾ, ਮਾਤ ਪੂਤ ਸੇਜ ਹੰਢਾਈਆ । ਸਾਕ ਸੱਜਣ ਸੈਣ ਨਾ ਪਾਵੇ ਕੋਈ ਸਾਰਾ, ਬੰਦਨ ਬੰਧਪ ਗਏ ਛੁਡਾਈਆ । ਘਰ ਘਰ ਵਸੇ ਧੂਆਂਧਾਰਾ, ਸਾਚੀ ਜੋਤ ਨਾ ਕੋਈ ਰੁਸ਼ਨਾਈਆ । ਰਸਨਾ ਜਿਹਵਾ ਇਕ ਵਿਕਾਰਾ, ਵਿਸ਼ਵ ਸ਼ਾਨਤੀ ਨਾ ਕੋਈ ਕਰਾਈਆ । ਦੁਰਜਨ ਹੋਇਆ ਸਰਬ ਸੰਸਾਰਾ, ਨਿੰਦਕ ਨਿਦਿਆ ਮੁਖ ਭਵਾਈਆ । ਹਰਿ ਕਾ ਨਾਉਂ ਭੁੱਲਿਆ ਜੀਵ ਗਵਾਰਾ, ਕਾਇਆ ਮੰਦਰ ਸੋਭਾ ਕੋਇ ਪਾਈਆ । ਮਿਲਿਆ ਮੇਲ ਨਾ ਪ੍ਰੀਤਮ ਪਿਆਰਾ, ਪ੍ਰੇਮ ਰੰਗ ਨਾ ਕੋਈ ਰੰਗਾਈਆ । ਕਾਇਆ ਤੁੱਟਾ ਨਾ ਗੜ੍ਹ ਹੰਕਾਰਾ, ਮਨ ਰਾਵਣ ਨਾ ਕੋਈ ਢਾਈਆ । ਸੀਤਾ ਸੁਰਤੀ ਨਾ ਕਰੇ ਕੋਈ ਪਿਆਰਾ, ਸੀਤਾ ਰਾਮ ਨਾ ਕੋਈ ਅਖਵਾਈਆ । ਗੀਤਾ ਗਾਏ ਨਾ ਕੋਈ ਆਪਣੀ ਵਾਰਾ, ਬੰਸਰੀ ਕ੍ਰਿਸ਼ਨ ਨਾ ਕੋਈ ਵਜਾਈਆ । ਪਨਘਟ ਦਿਸੇ ਨਾ ਕੋਈ ਪਨਹਾਰਾ, ਅਠਸਠ ਦਰ ਦਰ ਦੇਣ ਦੁਹਾਈਆ । ਗੰਗਾ ਗੋਦਾਵਰੀ ਮਾਰੇ ਨਾਅਰਾ, ਜਮਨਾ ਸੁਰਸਤੀ ਖੁਲੜੇ ਕੇਸ ਰਹੀ ਵਖਾਈਆ । ਅੰਮ੍ਰਿਤ ਜਲ ਨਾ ਮਿਲੇ ਠੰਡੀ ਠਾਰਾ, ਕਲਜੁਗ ਅਗਨੀ ਰਹੀ ਤਪਾਈਆ । ਸਰ ਸਰੋਵਰ ਰਿਹਾ ਨਾ ਸਚ ਭੰਡਾਰਾ, ਕਲਜੁਗ ਜੀਵ ਨਾਰੀ ਪੁਰਸ਼ ਨੰਗੇ ਰਹੇ ਤਾਰੀਆਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਸੰਤ ਲਏ ਪਰਨਾਈਆ । ਹਰਿ ਜੋਤ ਪਰਨਾਇੰਦਾ, ਨਿਰਗੁਣ ਰੂਪ ਅਨੂਪ ਸੱਚੀ ਸਰਕਾਰ । ਦਰ ਘਰ ਸਾਚੇ ਸਗਨ ਮਨਾਇੰਦਾ, ਸਚਖੰਡ ਨਿਵਾਸੀ ਹੋ ਤਿਆਰ । ਏਕਾ ਤੰਦਨ ਹੱਥ ਉਠਾਇੰਦਾ, ਨਾਮ ਡੋਰੀ ਅਗੰਮ ਅਪਾਰ । ਲੋਕਮਾਤ ਫੇਰੀ ਪਾਇੰਦਾ, ਗੁਰਮੁਖ ਸਾਚੇ ਲਏ ਵਿਚਾਰ । ਆਪਣੀ ਹੱਥੀਂ ਬੰਨ੍ਹ ਵਖਾਇੰਦਾ, ਨਾ ਕੋਈ ਤੋੜੇ ਅੰਤਮ ਵਾਰ । ਸਾਚੇ ਘੋੜੇ ਆਪ ਚੜ੍ਹਾਇੰਦਾ, ਆਪ ਆਪਣੀ ਕਿਰਪਾ ਧਾਰ । ਸਾਚੇ ਡੋਲੇ ਆਪ ਬਹਾਇੰਦਾ, ਪੁਰਖ ਅਬਿਨਾਸ਼ੀ ਖੇਲ ਨਿਆਰ । ਨਿਰਗੁਣ ਕਹਾਰ ਆਪ ਹੋ ਜਾਇੰਦਾ, ਚਾਰੇ ਕੂਟਾਂ ਵੇਖ ਵਿਚਾਰ । ਗੁਰਮੁਖ ਤੇਰਾ ਭਾਰ ਆਪ ਉਠਾਇੰਦਾ, ਸਿਰ ਚੁੱਕੇ ਆਪਣਾ ਭਾਰ । ਲੋਆਂ ਪੁਰੀਆਂ ਪਾਰ ਕਰਾਇੰਦਾ, ਬ੍ਰਹਿਮੰਡ ਖੰਡ ਚਰਨਾ ਹੇਠ ਦਏ ਲਤਾੜ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਰਾਹ ਤਕਾਇੰਦਾ, ਨਿਉਂ ਨਿਉਂ ਕਰੇ ਨਿਮਸਕਾਰ । ਸਤਿਗੁਰ ਸਾਚੇ ਧਾਮ ਬਹਾਇੰਦਾ, ਥਿਰ ਘਰ ਖੋਲ੍ਹੇ ਬੰਦ ਕਿਵਾੜ । ਸਚਖੰਡ ਦਵਾਰਾ ਆਪ ਸਜਾਇੰਦਾ, ਸੰਤ ਸਹੇਲੇ ਆਪੇ ਵਾੜ । ਆਪਣੀ ਜੋਤੀ ਆਪ ਜਗਾਇੰਦਾ, ਜੋਤੀ ਜੋਤ ਆਪ ਨਿਰੰਕਾਰ । ਵਰਨ ਗੋਤ ਨਾ ਕੋਈ ਰਖਾਇੰਦਾ, ਊਚ ਨੀਚ ਨਾ ਕੋਇ ਧਾਰ । ਜੋ ਜਨ ਹਰਿ ਹਰਿ ਰਸਨਾ ਗਾਇੰਦਾ, ਵੇਲੇ ਅੰਤਮ ਲਏ ਉਭਾਰ । ਕਲਜੁਗ ਅੰਤਮ ਵੇਸ ਵਟਾਇੰਦਾ, ਨਿਹਕਲੰਕਾ ਲਏ ਅਵਤਾਰ । ਹਰਿਜਨ ਸਾਚੇ ਮੇਲ ਮਿਲਾਇੰਦਾ, ਮੇਲ ਮਿਲਾਵਾ ਵਿਚ ਸੰਸਾਰ । ਜਗਤ ਜਗਿਆਸੂ ਪੰਧ ਮੁਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲਾ ਨਿਤ ਨਵਿਤ ਭਗਤਨ ਕਰੇ ਸਾਚਾ ਹਿਤ, ਵਾਰ ਥਿਤ ਨਾ ਕੋਈ ਰਖਾਇੰਦਾ । ਵਾਰ ਥਿਤ ਨਾ ਦਿਵਸ ਮਾਸ, ਬਰਸ ਬਰਖ ਨਾ ਖੇਲ ਖਿਲਾਇੰਦਾ । ਜੁਗ ਜੁਗ ਜਨ ਭਗਤਾਂ ਉਤੇ ਕਰੇ ਤਰਸ, ਆਪ ਆਪਣਾ ਵੇਸ ਵਟਾਇੰਦਾ । ਜਗਤ ਤ੍ਰਿਸ਼ਨਾ ਮੇਟੇ ਹਰਸ, ਸਹਿੰਸਾ ਰੋਗ ਸਰਬ ਚੁਕਾਇੰਦਾ । ਅੰਮ੍ਰਿਤ ਮੇਘ ਏਕਾ ਬਰਸ, ਸਾਂਤਕ ਸਤਿ ਸਤਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸ਼ਬਦ ਜਗਾਇਆ, ਕਰ ਕਿਰਪਾ ਗੁਣ ਨਿਧਾਨ । ਸਤਿ ਸਤਿ ਮੇਲ ਮਿਲਾਇਆ, ਪੰਜ ਤਤ ਹੋਇਆ ਨਿਗਹਵਾਨ । ਧੁਰ ਦੀ ਬਾਣੀ

ਬਾਣ ਲਗਾਇਆ, ਨਾਤਾ ਤੋੜ ਪੰਜ ਸ਼ੈਤਾਨ । ਪੰਚਮ ਸ਼ਬਦ ਇਕ ਸੁਣਾਇਆ, ਘਰ ਮੰਦਰ ਹੋਏ ਧੁਨਕਾਨ । ਅਨਹਦ ਸਾਚਾ ਤਾਲ ਵਜਾਇਆ, ਆਪ ਵਜਾਏ ਗੁਣ ਨਿਧਾਨ । ਬੰਕ ਦਵਾਰੀ ਬੰਕ ਸੁਹਾਇਆ, ਨਿਰਗੁਣ ਸਰਗੁਣ ਹੋ ਪਰਧਾਨ । ਆਪ ਆਪਣਾ ਭੇਵ ਖੁਲਾਇਆ, ਇਕ ਵਖਾਏ ਪਦ ਨਿਰਬਾਨ । ਇਕ ਅਕੱਲਾ ਏਕੰਕਾਰਾ ਆਪਣੀ ਕਲ ਵਰਤਾਇਆ, ਦੂਜੀ ਕੁਦਰਤ ਵੇਖੇ ਜੀਵ ਜਹਾਨ । ਤੀਜਾ ਲੋਚਣ ਆਪ ਖੁਲ੍ਹਾਇਆ, ਚੌਥੇ ਪਦ ਦੇਵੇ ਮਾਣ । ਪੰਚਮ ਰਾਗ ਇਕ ਸੁਣਾਇਆ, ਛੇਵੇਂ ਛੱਪਰ ਛੰਨ ਨਾ ਕੋਈ ਮਕਾਨ । ਸਤਵੇਂ ਸਤਿ ਸਤਿਵਾਦੀ ਸਤਿ ਸਤਿ ਵਰਤਾਇਆ, ਨਾ ਜ਼ਿਮੀ ਨਾ ਅਸਮਾਨ । ਚਾਰ ਦਿਵਾਰ ਨਾ ਬਣਤ ਬਣਾਇਆ, ਛੱਪਰ ਛੰਨ ਨਾ ਕੋਈ ਨਿਸ਼ਾਨ । ਸਚ ਸਿੰਘਾਸਣ ਇਕ ਵਿਛਾਇਆ, ਉਪਰ ਬੈਠ ਸ੍ਰੀ ਭਗਵਾਨ । ਆਪ ਆਪਣਾ ਹੁਕਮ ਅਲਾਇਆ, ਨੂਰ ਅਲਾਹੀ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਲਏ ਜਗਾਇਆ । ਜਾਗਰਤ ਜੋਤ ਹਰਿ ਜਗਾ, ਗੁਰਮੁਖ ਸੱਜਣ ਆਪ ਜਗਾਈਆ । ਮਾਇਆ ਫੰਦਨ ਬੰਦ ਕਟਾ, ਪਤਿਤ ਪੁਨੀਤ ਕਰੇ ਬੇਪਰਵਾਹੀਆ । ਸਾਂਤਕ ਸਤਿ ਤਨ ਵਰਤਾ, ਮਨ ਪੰਖੀ ਉਡ ਨਾ ਦਹਿ ਦਿਸ ਜਾਈਆ । ਮਤ ਮਤਵਾਲੀ ਦਏ ਸਮਝਾ, ਬੁਧ ਬਿਬੇਕੀ ਆਪ ਕਰਾਈਆ । ਸ਼ਰਅ ਸ਼ਰਿਅਤ ਇਕ ਵਖਾ, ਕਲਮਾ ਅਮਾਮ ਆਪ ਪੜ੍ਹਾਈਆ । ਨਬੀ ਰਸੂਲਾਂ ਰਾਹੇ ਪਾ, ਮੁਲਾਂ ਮੁਸ਼ਾਇਕ ਸ਼ੇਖ਼ ਪੀਰ ਦਸਤਗੀਰ ਆਪ ਉਪਾਈਆ । ਨੂਰੋ ਨੂਰ ਜਲਵਾ ਆਪ ਖ਼ੁਦਾ, ਨੂਰ ਨੁਰਾਨਾ ਡਗਮਗਾਈਆ । ਆਫਤਾਬ ਆਪ ਰਿਹਾ ਚਮਕਾ, ਜ਼ਾਹਰ ਜ਼ਹੂਰ ਖੇਲ ਖਿਲਾਈਆ । ਨੇਰਨ ਦੂਰ ਵਸੇ ਸਾਚੇ ਥਾਂ, ਦੂਰ ਨੇੜ ਆਪਣਾ ਪੰਧ ਮੁਕਾਈਆ । ਆਸਾ ਪੂਰ ਜਨ ਭਗਤਾਂ ਪਕੜੇ ਬਾਂਹ, ਮਨਸਾ ਮਨਸਾ ਵਿਚ ਟਿਕਾਈਆ । ਜਗਤ ਵਿਕਾਰਾ ਕਰੇ ਦੂਰ ਸਚ ਨਿਆਂ, ਸਾਲਸ ਆਪਣਾ ਨਾਉਂ ਰਖਾਈਆ । ਨਿਰਗੁਣ ਨਿਰਵੈਰ ਜੋਤੀ ਜਾਮਾ ਪਾ, ਹਰਿ ਹਰਿ ਆਪਣਾ ਬਲ ਆਪ ਧਰਾਈਆ । ਸੰਤ ਸਤਿਗੁਰ ਲੇਖੇ ਲਏ ਲਾ, ਪੂਰਬ ਲੇਖਾ ਲੇਖੇ ਪਾਈਆ । ਭਰਮ ਭੁਲੇਖਾ ਰਹੇ ਨਾ ਰਾ, ਭੁੱਲ ਅਭੁੱਲ ਬੇਪਰਵਾਹ, ਅਭੁੱਲ ਮਾਰਗ ਇਕ ਚਲਾਈਆ । ਸੁਲਾਹਕੁਲ ਦੋ ਜਹਾਂ, ਆਲਮ ਇਲਮ ਇਕ ਪੜ੍ਹਾਈਆ । ਏਕਾ ਮਾਰਗ ਦਏ ਵਖਾ, ਕਾਇਨਾਤ ਕਾਇਆ ਸ਼ਰਅ ਆਪ ਜਣਾਈਆ । ਆਬੇਹਯਾਤ ਜਾਮ ਪਿਆ, ਮਹਵ ਮਹਿਬੂਬ ਦਏ ਮਿਲਾਈਆ । ਏਕੰਕਾਰਾ ਆਪਣਾ ਵੇਸ ਵਟਾ, ਨਾਨਕ ਨਿਰਗੁਣ ਦਏ ਸਲਾਹੀਆ । ਏਕਾ ਮੰਤਰ ਸਚ ਪੜ੍ਹਾ, ਇਸ਼ਟ ਦ੍ਰਿਸ਼ਟ ਸ੍ਰਿਸ਼ਟ ਇਕ ਵਖਾਈਆ । ਏਕਾ ਜੋਤੀ ਜੋਤ ਡਗਮਗਾ, ਪੂਤ ਸਪੂਤਾ ਸੁਤ ਦੁਲਾਰਾ ਏਕਾ ਜਾਈਆ । ਗੋਬਿੰਦ ਸੂਰਾ ਨਾਉਂ ਧਰਾ, ਪੁਰਖ ਅਕਾਲ ਰਿਹਾ ਧਿਆਈਆ । ਧਰਨੀ ਧਰਤ ਧਵਲ ਤੇਰੀ ਪੈਜ ਲਏ ਰਖਾ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਸਾਚੀ ਸਿਖ਼ਿਆ ਇਕ ਸਮਝਾਈਆ । ਸਾਚੀ ਸਿਖ਼ਿਆ ਸ਼ਬਦ ਗੁਰਦੇਵ, ਦੇਵ ਆਤਮਾ ਸਰਬ ਜਗਾਇੰਦਾ । ਪੁਰਖ ਅਬਿਨਾਸ਼ੀ ਅਲੱਖ ਅਭੇਵ, ਅਨਭਵ ਆਪਣਾ ਰੂਪ ਵਟਾਇੰਦਾ । ਜਨ ਭਗਤਾਂ ਦੇਵੇ ਸਾਚਾ ਮੇਵ, ਅੰਮ੍ਰਿਤ ਆਤਮ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਆਪਣੇ ਘਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਬੰਕ ਸੁਹਾਇਆ, ਹਰਿ ਸੰਗਤ ਕਰ ਪਿਆਰ । ਸਤਿ ਸਤਿਵੰਤਾ ਮੇਲ ਮਿਲਾਇਆ, ਪਤਿ ਪਤਿਵੰਤਾ ਕਰੇ ਪਿਆਰ । ਭੁਖਾ ਨੰਗਤਾ ਫੇਰੀ ਪਾਇਆ, ਮੰਗਦਾ ਫਿਰੇ ਦਰ ਦਵਾਰ । ਪੁਰਖ ਅਬਿਨਾਸ਼ੀ ਜਗਤ ਭਿਖਾਰੀ

ਆਪ ਹੋ ਜਾਇਆ । ਗੁਰਸਿਖ ਲੱਭਦਾ ਦਵਾਰ ਆਪਣੀ ਅਲਫੀ ਇਕ ਹੰਢਾਇਆ, ਦੂਜਾ ਬਸਤਰ ਨਾ ਕੋਇ ਪਿਆਰ । ਸਾਚਾ ਸ਼ਸਤਰ ਇਕ ਚਮਕਾਇਆ, ਨਾਮ ਖੰਡਾ ਤੇਜ ਕਟਾਰ । ਲੋਹਾਰ ਤਰਖਾਨ ਨਾ ਕਿਸੇ ਘੜਾਇਆ, ਐਹਰਨ ਤਤ ਨਾ ਮਾਰੇ ਮਾਰ । ਜਗਤ ਕੁਠਾਲੀ ਕਿਸੇ ਨਾ ਪਾਇਆ, ਅੱਗਨੀ ਅਗ ਨਾ ਦੇਵੇ ਸਾੜ । ਗੁਰਸਿਖ ਤੇਰੇ ਰੰਗ ਰੰਗਾਇਆ, ਸਾਚਾ ਖੰਡਾ ਤਿਖੀ ਧਾਰ । ਜੋਰਾਵਰ ਹੱਥ ਉਠਾਇਆ, ਕਲਜੁਗ ਆਈ ਅੰਤਮ ਵਾਰ । ਰਵਦਾਸ ਚੁਮਾਰਾ ਢੋਰਾਂ ਢੋਏ ਸੁੱਟਣ ਲਾਇਆ, ਲੇਖਾ ਲਿਖੇ ਸਰਬ ਸੰਸਾਰ । ਸਾਢੇ ਤਿੰਨ ਹੱਥ ਵੰਡ ਵੰਡਾਇਆ, ਸ਼ਾਹ ਸੁਲਤਾਨਾਂ ਮਾਰੇ ਮਾਰ । ਬ੍ਰਹਿਮੰਡ ਖੰਡ ਡੇਰਾ ਢਾਇਆ, ਬ੍ਰਹਮਾ ਵਿਸ਼ਨ ਸ਼ਿਵ ਕਰੇ ਪੁਕਾਰ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹਿਆ, ਹੱਥ ਤ੍ਰਸੂਲ ਸੁਟੀ ਨੇਤਰ ਨੀਰ ਵਹਾਏ ਵਾਰੋ ਵਾਰ । ਬ੍ਰਹਮਾ ਚਾਰੇ ਮੁਖ ਉਠਾਇਆ, ਅੱਠੇ ਨੇਤਰ ਰਿਹਾ ਉਘਾੜ । ਵਿਸ਼ਨੂੰ ਬਾਸ਼ਕ ਤਸ਼ਕਾ ਸਾਂਗੋ ਪਾਂਗ ਸੇਜ ਤਜਾਇਆ, ਚਰਨ ਦਵਾਰ ਬਣੇ ਭਿਖਾਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹੋ ਸ਼ਾਬਾਸੀ ਕਲਜੁਗ ਅੰਤਮ ਜੋਤ ਜਗਾਇਆ, ਪਰਗਟ ਹੋਏ ਵਿਚ ਸੰਸਾਰ । ਨਿਹਕਲੰਕ ਨਾਉਂ ਧਰਾਇਆ, ਚੌਥਾ ਜੁਗ ਵੇਖ ਵਖਾਇਆ, ਨੌਂ ਸੌ ਨੜਿਨਵੇਂ ਚੌਕੜੀ ਜੁਗ ਕਰੇ ਖ਼ਵਾਰ । ਸਮਰਥ ਪੁਰਖ ਆਪ ਅਖਵਾਇਆ, ਸ੍ਰਿਸ਼ਟ ਸਬਾਈ ਹਠ ਗਵਾਇਆ, ਗੁਰ ਦਰ ਮੰਦਰ ਮਸਜਿਦ ਮਠ ਵੇਖ ਵਖਾਇਆ, ਸ਼ਿਵਦਵਾਲਾ ਪਾਵੇ ਸਾਰ । ਤੀਰਥ ਤਟ ਫੋਲ ਫੁਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਕਰੇ ਪਾਰ ਕਿਨਾਰ । ਕਲਜੁਗ ਤੇਰਾ ਪਾਰ ਕਿਨਾਰਾ, ਕਰਤਾ ਪੁਰਖ ਆਪ ਕਰਾਈਆ । ਸੰਮਤ ਸੰਮਤੀ ਮਾਰੇ ਮਾਰਾ, ਲੇਖਾ ਆਪਣੇ ਹੱਥ ਰਖਾਈਆ । ਵੇਦ ਵਿਆਸਾ ਵਿਸ਼ਵ ਲਿਖਾਰਾ, ਆਪਣਾ ਲੇਖਾ ਗਿਆ ਸਮਝਾਈਆ । ਨਾਨਕ ਨਿਰਗੁਣ ਤਿਖੀ ਧਾਰਾ, ਤ੍ਰਲੋਕੀ ਰਿਹਾ ਜਣਾਈਆ । ਗੋਬਿੰਦ ਸੂਰਬੀਰ ਬਲਕਾਰਾ, ਖੜਗ ਖੰਡਾ ਇਕ ਚਮਕਾਈਆ । ਚਾਰੋ ਕੁੰਟ ਧੁਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਚਾਰੋ ਕੁੰਟ ਆਏ ਪਾਸਾ ਹਾਰਾ, ਸਾਰ ਪਾਸ ਖੇਲ ਖਿਲਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਬਲ ਨਗਰੀ ਧਾਮ ਸੁਹਾਈਆ । ਜੋਤੀ ਸ਼ਬਦੀ ਏਕਾ ਰੰਗ ਰਵੇ ਨਿਰੰਕਾਰਾ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਕਲ ਮਿਟਾਈਆ । ਕਲਜੁਗ ਤੇਰਾ ਕਲ ਕਲੇਸ਼, ਕਲ ਕਲਕੀ ਆਪ ਮਿਟਾਵਨਾ । ਤੇਰੀ ਅਲਫੀ ਦਰ ਦਰਵੇਸ਼, ਦਰ ਦਰ ਭਿਖਾਰੀ ਮੰਗ ਮੰਗਾਵਣਾ । ਤੇਰੀ ਕੋਇ ਨਾ ਚਲੇ ਪੇਸ਼, ਪੁਰਖ ਅਬਿਨਾਸ਼ੀ ਆਪਣਾ ਭਾਣਾ ਆਪ ਵਰਤਾਵਨਾ । ਦਰ ਮੰਗਣ ਮੰਗ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਵੇਲਾ ਅੰਤ ਨਾ ਕਿਸੇ ਬਚਾਵਨਾ । ਧਰਤ ਧਵਲ ਵਖਾਏ ਖੁਲੜੇ ਕੇਸ, ਨੇਤਰ ਰੋ ਰੋ ਨੀਰ ਵਹਾਵਨਾ । ਗੁਰਮੁਖ ਰਾਹ ਤੱਕਨ ਦਸ ਦਸਮੇਸ, ਨੀਲਾ ਨੀਲੀ ਧਾਰੋਂ ਪਾਰ ਕਰਾਵਨਾ । ਵਿਸ਼ਨ ਬ੍ਰਹਮਾ ਸ਼ਿਵ ਬਾਸ਼ਕ ਸ਼ੇਸ਼, ਸਹੰਸਰ ਮੁਖ ਆਪ ਸਲਾਹਵਣਾ । ਕਲਜੁਗ ਅੰਤਮ ਪਾਰਬ੍ਰਹਮ ਅਬਿਨਾਸ਼ੀ ਕਰਤਾ ਜਨ ਭਗਤਾ ਕਰੇ ਇਕ ਆਦੇਸ, ਜਿਸ ਬਹਿ ਬਹਿ ਰਸਨਾ ਗਾਵਣਾ । ਸੂਰਬੀਰ ਬਲਵਾਨਾ ਨਰ ਨਰੇਸ਼, ਨਰ ਹਰਿ ਨਰਾਇਣ ਆਪਣਾ ਰੂਪ ਆਪ ਪਰਗਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਰੱਖੇ ਸਾਚੀ ਟੇਕ, ਇਸ਼ਟ ਰੂਪ ਇਕ ਅਖਵਾਵਣਾ । ਚਾਰ ਵਰਨਾਂ ਏਕਾ ਟੇਕ, ਸ੍ਰਿਸ਼ਟ ਸਬਾਈ ਹਰਿ ਰਖਾਇੰਦਾ । ਸ਼ਬਦੀ ਸ਼ਬਦ ਬੁਧ ਬਿਬੇਕ, ਮਤ ਮਤਵਾਲੀ ਆਪ ਸਮਝਾਇੰਦਾ । ਸਵਛ ਸਰੂਪੀ ਆਪ ਆਪਣੇ ਲਏ ਵੇਖ, ਪੂਰਬ ਲਹਿਣਾ ਆਪਣੇ

ਹੱਥ ਰਖਾਇੰਦਾ । ਕਲਜੁਗ ਅੰਤਮ ਉਖੜੇ ਮੇਖ, ਥਿਰ ਕੋਈ ਰਹਿਣ ਨਾ ਪਾਇੰਦਾ । ਲੇਖਾ ਜਾਣੇ ਰਿਖੀ ਕੇਸ, ਗਵਰਧਨ ਆਪਣੇ ਹੱਥ ਉਠਾਇੰਦਾ । ਖੰਡਾ ਵੇਖੇ ਦਸ ਦਸਮੇਸ, ਸ੍ਰੀ ਭਗੌਤੀ ਭਗਵਤ ਆਪ ਚਮਕਾਇੰਦਾ । ਗੁਰਮੁਖ ਸੱਜਣ ਸਤਿਗੁਰ ਸ਼ਾਹ ਸੁਲਤਾਨ ਆਪਣੇ ਨੇਤਰ ਲਏ ਪੇਖ, ਜਗਤ ਨੇਤਰ ਲੋਚਣ ਨੈਣ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੰਤ ਰਸਨਾ ਜਿਹਵਾ ਮਣੀਆ ਮੰਤ, ਮਨ ਮਨਕਾ ਆਪ ਭਵਾਇੰਦਾ । ਮਨਕਾ ਮਨਕਾ ਆਪ ਭਵਾਏ, ਮਨ ਵਾਸਨਾ ਰਹਿਣ ਨਾ ਪਾਈਆ । ਤੁਨਕਾ ਤਨ ਆਪ ਲਗਾਏ, ਜੋਤੀ ਤਿਲਕ ਇਕ ਰਖਾਈਆ । ਸ਼ਬਦ ਡੰਕਾ ਇਕ ਵਜਾਏ, ਅਨਹਦ ਸਾਚਾ ਤਾਲ ਵਜਾਈਆ । ਵਾਸੀ ਪੁਰੀ ਘਨਕਾ ਦਇਆ ਕਮਾਏ, ਘਨਕ ਪੁਰ ਵਾਸੀ ਸੱਚਾ ਸ਼ਹਿਨਸ਼ਾਹੀਆ । ਬਾਰ ਅਨੇਕਾ ਜੋਤ ਜਗਾਏ, ਅਕਲ ਕਲ ਆਪ ਅਖਵਾਈਆ । ਨਾਮ ਧਨੁਸ਼ ਹੱਥ ਟਿਕਾਏ, ਕਲਜੁਗ ਰਾਵਣ ਲਏ ਖਪਾਈਆ । ਕੂੜਾ ਕੰਸ ਆਪ ਮਿਟਾਏ, ਬਲ ਕ੍ਰਿਸ਼ਨਾ ਆਪ ਰਖਾਈਆ । ਈਸਾ ਮੂਸਾ ਸੰਸਾ ਦਏ ਚੁਕਾਏ, ਸੰਗ ਮੁਹੰਮਦ ਚਾਰ ਯਾਰ ਦਏ ਸਲਾਹੀਆ । ਅੱਲਾ ਰਾਣੀ ਅੰਕਾ ਅੰਗ ਲਗਾਏ, ਅੰਗੀਕਾਰ ਆਪ ਹੋ ਜਾਈਆ । ਸਾਚਾ ਬੰਕਾ ਆਪ ਸੁਹਾਏ, ਗੁਰਮੁਖ ਬੰਕ ਦਵਾਰੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਵੇਖੇ ਕਾਇਆ ਗੜ੍ਹ, ਜੋਤ ਸਰੂਪੀ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਆਪਣਾ ਧਾਮ ਆਪ ਸੁਹਾਈਆ । ਕਾਇਆ ਮੰਦਰ ਧਾਮ ਨਿਆਰਾ, ਗੁਰ ਸਤਿਗੁਰ ਆਪ ਸੁਹਾਇੰਦਾ । ਨੌਂ ਦਵਾਰੇ ਪਾਰ ਕਿਨਾਰਾ, ਪੰਚ ਵਿਕਾਰਾ ਮੇਟ ਮਿਟਾਇੰਦਾ । ਸੁਖਮਨ ਨਾੜੀ ਅੰਧ ਅੰਧਿਆਰਾ, ਟੇਡੀ ਬੰਕ ਪਾਰ ਕਰਾਇੰਦਾ । ਈੜਾ ਪਿੰਗਲ ਦਏ ਸਹਾਰਾ, ਆਪ ਆਪਣੀ ਉਂਗਲ ਲਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰਾ, ਭਰ ਪਿਆਲਾ ਮਦਿ ਪਿਆਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇੰਦਾ । ਸ਼ਬਦ ਅਨਾਦੀ ਮੰਗਲਚਾਰਾ, ਵਾਹ ਵਾਹ ਗੀਤ ਗੋਬਿੰਦ ਅਲਾਇੰਦਾ । ਪੰਚਮ ਰਾਜ ਜੋਗ ਸਿਕਦਾਰਾ, ਸਾਚਾ ਹੁਕਮ ਆਪ ਸੁਣਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜਾ, ਸਾਚਾ ਮੰਦਰ ਵੇਖ ਵਖਾਇੰਦਾ । ਦਸਮ ਦਵਾਰੀ ਖੇਲ ਨਿਆਰਾ, ਹਰਿ ਨਿਰੰਕਾਰਾ ਜੋਤ ਜਗਾਇੰਦਾ । ਆਤਮ ਸੇਜਾ ਕਰ ਸ਼ੰਗਾਰਾ, ਆਪ ਆਪਣਾ ਆਸਣ ਲਾਇੰਦਾ । ਆਪੇ ਸੁਤਾ ਪੈਰ ਪਸਾਰਾ, ਕਰਵਟ ਆਪਣੀ ਨਾ ਕੋਇ ਬਦਲਾਇੰਦਾ । ਗੁਰਮੁਖ ਵਿਰਲਾ ਚੜ੍ਹੇ ਦਵਾਰਾ, ਮੰਜ਼ਲ ਆਪਣਾ ਪੰਧ ਮੁਕਾਇੰਦਾ । ਏਕਾ ਦੂਜਾ ਪਾਰ ਉਤਾਰਾ, ਤੀਜਾ ਨੈਣ ਆਪ ਪਰਗਟਾਇੰਦਾ । ਚੌਥੇ ਪਦ ਸਚ ਸਹਾਰਾ, ਪੰਚਮ ਮੇਲਾ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਸੁਰਤੀ ਸ਼ਬਦੀ ਕਰ ਪਿਆਰਾ, ਨਾਰੀ ਕੰਤ ਮੇਲ ਮਿਲਾਇੰਦਾ । ਈਸ਼ ਜੀਵ ਮੇਲਾ ਇਕ ਦਵਾਰਾ, ਘਰ ਘਰ ਸਾਚੇ ਆਪ ਕਰਾਇੰਦਾ । ਜਗਤ ਜਗਦੀਸ਼ ਦਏ ਸਹਾਰਾ, ਜਗਤੇਸ਼ਵਰ ਆਪਣਾ ਭੇਵ ਖੁਲ੍ਹਾਇੰਦਾ । ਸੰਤਨ ਸੋਹੇ ਇਕ ਮੁਨਾਰਾ, ਘਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਅੰਦਰ ਆਪੇ ਵੜ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਿੰਘਾਸਣ ਸੋਭਾਵੰਤ, ਗੁਰਮੁਖ ਆਤਮ ਸੇਜ ਸੁਹਾਈਆ । ਪੁਰਖ ਅਬਿਨਾਸ਼ੀ ਏਕਾ ਕੰਤ, ਨਿਝ ਘਰ ਬੈਠਾ ਖ਼ੁਸ਼ੀ ਮਨਾਈਆ । ਏਕਾ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਮਣੀਆ ਏਕਾ ਮੰਤ, ਏਕਾ ਸ਼ਬਦ ਨਾਮ ਦ੍ਰਿੜਾਈਆ । ਏਕਾ ਸਾਧ ਏਕਾ ਸੰਤ, ਏਕਾ ਸਤਿਗੁਰ ਰੂਪ ਵਟਾਈਆ । ਏਕਾ ਲੇਖਾ ਜਾਣੇ ਜੀਵ ਜੰਤ, ਏਕਾ ਲੱਖ ਚੁਰਾਸੀ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੯੬੩
੦੯

ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ, ਸੁੰਨ ਸਮਾਧ ਹਰਿ ਸੰਤਨ ਦਏ ਬੁਝਾਈਆ । ਸੁੰਨ ਸਮਾਧ ਪਿੰਡ ਬ੍ਰਹਿਮੰਡ, ਹਰਿ ਸਾਚਾ ਖੋਜ ਖਜਾਇੰਦਾ । ਲੱਖ ਚੁਰਾਸੀ ਵੰਡਨ ਵੰਡ, ਹਰਿ ਆਪ ਆਪਣੀ ਝੋਲੀ ਪਾਇੰਦਾ । ਕਲਜੁਗ ਅੰਤਮ ਸ਼ਬਦ ਸੁਣਾਏ ਸੁਹਾਗੀ ਛੰਦ, ਸੋ ਪੁਰਖ ਨਿਰੰਜਣ ਢੋਲਾ ਗਾਇੰਦਾ । ਹੰ ਬ੍ਰਹਮ ਇਕ ਵਖਾਏ ਪਰਮਾਨੰਦ, ਪੀਆ ਪ੍ਰੀਤਮ ਮੇਲ ਮਿਲਾਇੰਦਾ । ਲੱਖ ਚੁਰਾਸੀ ਗਾ ਗਾ ਥੱਕੀ ਬੱਤੀ ਦੰਦ, ਕਲਜੁਗ ਬੰਧਨ ਨਾ ਕੋਈ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਹੇਲੇ ਗੁਰੂ ਗੁਰ ਚੇਲੇ ਮੇਲੇ ਆਪਣੇ ਘਰ ਘਰ ਬੰਦ ਦਵਾਰ, ਸੋਭਾਵੰਤ ਹੋਏ ਵਿਚ ਸੰਸਾਰ, ਹਰਿਜਨ ਸਾਚਾ ਆਪ ਸੁਹਾਇੰਦਾ । ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਜੋਤ ਜੋਤ ਉਜਿਆਰ, ਰੂਪ ਰੰਗ ਰੇਖ ਨਾ ਕੋਈ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਹੋਏ ਪਰਧਾਨ, ਕਲਜੁਗ ਅੰਤਮ ਪੰਧ ਮੁਕਾਇੰਦਾ ।

## ❊ ੧੧ ਭਾਦਰੋਂ ੨੦੧੭ ਬਿਕ੍ਰਮੀ ਮਕੰਦ ਸਿੰਘ ਦੇ ਗ੍ਰਿਹ ਪਿੰਡ ਮਹਰਾਜ ਜ਼ਿਲਾ ਬਠਿੰਡਾ ❊

ਪੁਰਖ ਅਕਾਲ ਸਰਬ ਗੁਣਵੰਤਾ, ਸਤਿ ਸਤਿ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਜੁਗਾ ਜੁਗੰਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਰਿ ਪੁਰਖ ਨਿਰੰਜਣ ਸਾਚਾ ਧਾਮ ਸਹੰਤਾ, ਨਿਰਗੁਣ ਦਾਤਾ ਬੇਪਰਵਾਹੀਆ । ਏਕੰਕਾਰਾ ਏਕਾ ਧਾਮ ਵਸੰਤਾ, ਥਿਰ ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਜੋਤੀ ਨੂਰ ਵਖੰਤਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਬੇਅੰਤ ਬੇਅੰਤਾ, ਮਹਿਮਾ ਅਕਥ ਕਥੀ ਨਾ ਜਾਈਆ । ਸ੍ਰੀ ਭਗਵਾਨ ਆਪ ਆਪਣਾ ਅੰਗੀਕਾਰ ਕਰੇ ਲਾਏ ਅੰਗ ਅੰਗਦਾ, ਮੇਲ ਮਿਲਾਵਾ ਸਹਿਜ ਸੁਭਾਈਆ । ਪਾਰਬ੍ਰਹਮ ਦਰ ਦਰਬਾਨ ਦਰ ਦਰਵੇਸ਼ ਬਣੇ ਮੰਗਤਾ, ਆਪਣੀ ਭਿਖਿਆ ਆਪੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪ ਪਰਗਟਾਈਆ । ਆਪੇ ਜੋਤ ਆਪੇ ਜਾਤਾ, ਜੋਤੀ ਜੋਤ ਆਪ ਜਗਾਇੰਦਾ । ਆਪੇ ਪੁਰਖ ਆਪ ਬਿਧਾਤਾ, ਆਪਣੀ ਬੁਧ ਆਪ ਰਖਾਇੰਦਾ । ਆਪੇ ਪਿਤਾ ਆਪੇ ਮਾਤਾ, ਆਪੇ ਬਾਲਕ ਗੋਦ ਸੁਹਾਇੰਦਾ । ਆਪੇ ਦੇਵਣਹਾਰਾ ਸਾਚੀ ਦਾਤਾ, ਦਾਤਾ ਦਾਨੀ ਆਪ ਅਖਵਾਇੰਦਾ । ਆਪੇ ਨਿਰਗੁਣ ਰੱਖੇ ਨਿਰਗੁਣ ਸਾਥਾ, ਆਦਿ ਜੁਗਾਦਿ ਸੰਗ ਨਿਭਾਇੰਦਾ । ਤ੍ਰੈ ਤ੍ਰੈ ਭਵਨ ਚਲਾਏ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਆਪੇ ਸ਼ਬਦ ਅਨਾਦੀ ਗਾਏ ਗਾਥਾ, ਨਾਉਂ ਨਿਰੰਕਾਰਾ ਆਪ ਅਲਾਇੰਦਾ । ਆਪੇ ਖੇਲੇ ਖੇਲ ਤਮਾਸ਼ਾ, ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਰਵ ਸਸ ਕਰੇ ਪਰਕਾਸ਼ਾ, ਸੂਰਜ ਚੰਨ ਆਪ ਚੜ੍ਹਾਇੰਦਾ । ਆਪੇ ਦਿਵਸ ਆਪੇ ਰਾਤਾ, ਘੜੀ ਪਲ ਆਪਣੀ ਵੰਡ ਵੰਡਾਇੰਦਾ । ਆਪੇ ਪੂਜਾ ਆਪੇ ਪਾਠਾ, ਇਸ਼ਟ ਗੁਰਦੇਵ ਆਪ ਹੋ ਜਾਇੰਦਾ । ਆਪੇ ਸਰੋਵਰ ਮਾਰੇ ਠਾਠਾ, ਅੰਮ੍ਰਿਤ ਤਾਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਧਰਾਇੰਦਾ । ਆਪੇ ਆਪਣੀ ਕਲ ਧਾਰ, ਆਪਣੀ ਮਹਿਮਾ ਆਪ ਜਣਾਈਆ । ਆਪੇ ਰੂਪ ਅਨੂਪ ਸੱਚੀ ਸਰਕਾਰ, ਸਾਚੇ ਤਖ਼ਤ ਆਪ ਸੁਹਾਈਆ । ਆਪੇ ਅਬਿਨਾਸ਼ੀ ਕਰਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਆਪੇ ਵਸੇ ਸਚਖੰਡ ਸੱਚੇ ਦਰਬਾਰ, ਸਚ ਸਿੰਘਾਸਣ ਸੋਭਾ ਪਾਈਆ । ਆਪੇ ਰਾਜਨ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪ ਹੋ ਜਾਈਆ । ਆਪੇ ਹੁਕਮੀ ਹੁਕਮ ਵਰਤੇ ਵਰਤਾਰ, ਆਪੇ ਭਾਣੇ ਰਿਹਾ ਸਮਾਈਆ । ਆਪੇ

ਸੀਸ ਬੰਨ੍ਹ ਦਸਤਾਰ, ਸਾਚਾ ਤਾਜ ਆਪ ਉਠਾਈਆ । ਆਪੇ ਸਤਿ ਸਤਿਵਾਦੀ ਨਿਸ਼ਾਨਾ ਦੇਵੇ ਚਾੜ੍ਹ, ਦਰਗਹਿ ਸਾਚੀ ਵੱਜੇ ਵਧਾਈਆ । ਆਪੇ ਬਣੇ ਸਾਚਾ ਲਾੜ, ਨਿਰਗੁਣ ਨਰਾਇਣ ਵਡ ਵਡਿਆਈਆ । ਆਪੇ ਘੜੇ ਆਪਣਾ ਘਾੜ, ਘੜਨ ਭੰਨਣਹਾਰ ਆਪ ਹੋ ਜਾਈਆ । ਆਪੇ ਗੁਪਤ ਆਪੇ ਜ਼ਾਹਿਰ, ਜ਼ਾਹਿਰ ਜ਼ਹੂਰ ਆਪਣੀ ਖੇਲ ਖਿਲਾਈਆ । ਆਪੇ ਸ਼ਬਦ ਨਾਦ ਤੂਰ ਵਜਾਏ ਸਤਾਰ, ਸ਼ਬਦ ਜੈਕਾਰਾ ਆਪ ਕਰਾਈਆ । ਆਪੇ ਥਿਰ ਘਰ ਖੋਲ੍ਹੇ ਬੰਦ ਕਿਵਾੜ, ਥਿਰ ਘਰ ਵਾਸੀ ਆਪਣੀ ਮਹਿਮਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਇਕ ਅਕੱਲਾ, ਕਰੇ ਖੇਲ ਉਚ ਮਹੱਲਾ, ਨੇਹਚਲ ਅਟੱਲਾ ਆਪ ਸੁਹਾਈਆ । ਆਪੇ ਮਹੱਲ ਆਪ ਅਟਾਰ, ਨਿਰਗੁਣ ਨਿਰੰਕਾਰ ਆਪ ਅਖਵਾਇੰਦਾ । ਆਪੇ ਜੋਤੀ ਜੋਤ ਹੋ ਉਜਿਆਰ, ਨੂਰੋ ਨੂਰ ਨੂਰ ਸਮਾਇੰਦਾ । ਆਪੇ ਸ਼ਬਦ ਸ਼ਬਦ ਜੈਕਾਰ, ਆਪੇ ਧੁਨ ਧੁਨ ਉਪਜਾਇੰਦਾ । ਆਪੇ ਸਤਿ ਸਤਿ ਵਰਤੇ ਵਰਤਾਰ, ਸਤਿ ਸਤਿਵਾਦੀ ਆਪ ਅਖਵਾਇੰਦਾ । ਅਗੰਮ ਅਗੰਮੜੀ ਕਰੇ ਕਾਰ, ਅਗੰਮ ਅਥਾਹ ਭੇਵ ਨਾ ਆਇੰਦਾ । ਆਪੇ ਅਲੱਖ ਅਲੱਖਣਾ ਉਚੀ ਕੂਕ ਕਰੇ ਪੁਕਾਰ, ਆਪਣੀ ਅਲੱਖ ਆਪ ਜਗਾਇੰਦਾ । ਆਪੇ ਸਚ ਮਹੱਲਾ ਪੈਜ ਸਵਾਰ, ਆਪੇ ਆਪਣੀ ਬਣਤ ਬਣਾਇੰਦਾ । ਆਪੇ ਜਲਾਂ ਥਲਾਂ ਕਰੇ ਵਿਚਾਰ, ਮਹੀਅਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਆਦਿ ਨਿਰੰਜਣ ਇਕ ਵਖਾਇੰਦਾ । ਆਪੇ ਦਾਤਾ ਧੁਰ ਸੰਜੋਗੀ, ਜੁਗਤ ਆਪਣੇ ਹੱਥ ਰਖਾਇੰਦਾ । ਆਪੇ ਰਸੀਆ ਰਸ ਰਸ ਭੋਗੀ, ਭਸਮੜ ਰੂਪ ਨਾ ਕੋਈ ਵਟਾਇੰਦਾ । ਆਪੇ ਦੇਵੇ ਦਰਸ ਅਮੋਘੀ, ਸਵਛ ਸਰੂਪ ਆਪ ਪਰਗਟਾਇੰਦਾ । ਆਪੇ ਹੋਏ ਅਗਾਧ ਬੋਧੀ,
੯੬੫ ਬੋਧ ਅਗਾਧਾ ਸ਼ਬਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਦਰ ਦਰਵਾਜਾ ਆਪ ਖੁਲ੍ਹਾਇੰਦਾ । ੯੬੫
੦੯ ਆਪੇ ਦਰ ਆਪ ਦਰਵਾਜਾ, ਖੋਲ੍ਹਣਹਾਰ ਆਪ ਹੋ ਜਾਈਆ । ਆਪੇ ਹੋਏ ਗ਼ਰੀਬ ਨਿਵਾਜਾ, ਗਹਿਰ ਗੰਭੀਰ ਵੱਡੀ ਵਡਿਆਈਆ । ਆਪਣਾ ੦੯
ਸਾਜਣ ਆਪੇ ਸਾਜਾ, ਤਖ਼ਤ ਨਿਵਾਸੀ ਸੱਚਾ ਪਾਤਸ਼ਾਹੀਆ । ਆਪੇ ਭੂਪ ਆਪੇ ਰਾਜਾ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਦਰ ਦਰਵੇਸ਼ ਬਣ ਬਣ ਮਾਰੇ ਵਾਜਾ, ਸਚਖੰਡ ਦਵਾਰੇ ਸੇਵ ਕਮਾਈਆ । ਆਪੇ ਰੱਖੇ ਆਪਣੀ ਲਾਜਾ, ਆਦਿ ਜੁਗਾਦਿ ਵੱਡੀ ਵਡਿਆਈਆ । ਆਪੇ ਅਸਵ ਚੜ੍ਹੇ ਤਾਜਾ, ਸਾਚਾ ਘੋੜਾ ਆਪ ਦੌੜਾਈਆ । ਆਪੇ ਚਲਾਏ ਨਾਮ ਜਹਾਜਾ, ਏਕਾ ਚੱਪੂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕੰਕਾਰ, ਕਰੇ ਖੇਲ ਅਪਰ ਅਪਾਰ, ਅਲੱਖ ਅਗੋਚਰ ਭੇਵ ਨਾ ਆਈਆ । ਆਪੇ ਰਾਜ ਜੋਗ ਸਿਕਦਾਰ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਆਪੇ ਰਈਯਤ ਕਰੇ ਪਿਆਰ, ਰਾਮ ਰੂਪ ਆਪ ਵਟਾਇੰਦਾ । ਆਪੇ ਵਿਸ਼ਨੂੰ ਵਿਸ਼ਵ ਕਰ ਅਕਾਰ, ਨਿਰਾਕਾਰ ਸਾਕਾਰ ਖੇਲ ਖਿਲਾਇੰਦਾ । ਆਪੇ ਕਵਲਾ ਬੰਨ੍ਹੇ ਧਾਰ, ਅੰਮ੍ਰਿਤ ਨਾਭੀ ਆਪ ਟਿਕਾਇੰਦਾ । ਆਪੇ ਫੂਲ ਫੂਲਨ ਹੋਏ ਉਜਿਆਰ, ਸਾਚੀ ਮਾਲਨ ਆਪ ਹੋ ਜਾਇੰਦਾ । ਆਪੇ ਪਤ ਡਾਲ੍ਹੀ ਪਾਏ ਸਾਰ, ਸਾਚੀ ਖਾਰੀ ਸੀਸ ਉਠਾਇੰਦਾ । ਸ਼ਬਦ ਦਲਾਲਣ ਬਣ ਵਣਜਾਰ, ਵਿਸ਼ਨੂੰ ਅੰਦਰ ਫੇਰਾ ਪਾਇੰਦਾ । ਜੋਤ ਅਕਾਲਣ ਸੇਵਾਦਾਰ, ਰੂਪ ਰੰਗ ਨਾ ਕੋਈ ਵਖਾਇੰਦਾ । ਆਪੇ ਸ਼ਾਹੋ ਭੂਪ ਹਰਿ ਨਿਰੰਕਾਰ, ਸਾਚੇ ਮੰਦਰ ਸੋਭਾ ਪਾਇੰਦਾ । ਆਪੇ ਪੰਖੜੀਆਂ ਆਪੇ ਗੁਲਜ਼ਾਰ, ਆਪੇ ਗੁੰਚਾ ਮੁਖ ਖੁਲ੍ਹਾਇੰਦਾ । ਆਪੇ ਭਵਰਾ ਗੁੰਜੇ ਦਰ ਦਵਾਰ, ਅਜੂਨੀ ਰਹਿਤ ਅਨਭਵ ਪਰਕਾਸ਼ ਆਪ ਕਰਾਇੰਦਾ ।

ਆਪੇ ਬ੍ਰਹਮਾ ਪਾਰਬ੍ਰਹਮ ਕਰੇ ਨਿਆਰ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਆਪੇ ਸਾਜਣ ਸਾਚੇ ਕਰੇ ਪਿਆਰ, ਸਾਚੇ ਮੇਲਾ ਆਪ ਮਿਲਾਇੰਦਾ । ਆਪੇ ਤਾਕੀ ਖੋਲ੍ਹੇ ਬੰਦ ਕਿਵਾੜ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਆਪੇ ਚਾਰੇ ਮੁਖ ਲਏ ਉਘਾੜ, ਰਸਨਾ ਜਿਹਵਾ ਆਪ ਹਿਲਾਇੰਦਾ । ਆਪੇ ਨਿਸ਼ਅੱਖਰ ਵੱਖਰ ਦੇਵੇ ਧਾਰ, ਆਪਣੀ ਮਹਿਮਾ ਆਪ ਸੁਣਾਇੰਦਾ । ਆਪੇ ਚਾਰੇਂ ਵੇਦਾਂ ਭਰ ਭੰਡਾਰ, ਵਿਦਤ ਆਪਣੇ ਵਿਚ ਟਿਕਾਇੰਦਾ । ਆਪੇ ਖੇਲ ਕਰੇ ਨਿਰੰਕਾਰ, ਖੇਲ ਖਿਲਾੜੀ ਵੇਸ ਵਟਾਇੰਦਾ । ਨਿਰਗੁਣ ਨਿਰਗੁਣ ਪਾਵੇ ਸਾਰ, ਰੂਪ ਰੰਗ ਰੇਖ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਿਸ਼ਨ ਆਪੇ ਬ੍ਰਹਮਾ, ਆਪਣੇ ਮੰਦਰ ਆਪੇ ਜੰਮਾ, ਮਾਤ ਪਿਤ ਨਾ ਕੋਈ ਰਖਾਇੰਦਾ । ਆਪੇ ਵਿਸ਼ਨੂੰ ਕਰੇ ਪਿਆਰ, ਸੋ ਪੁਰਖ ਨਿਰੰਜਣ ਏਕਾ ਮੰਤਰ ਨਾਮ ਦ੍ਰਿੜਾਈਆ । ਹਉਮੇ ਹੰਗਤਾ ਬ੍ਰਹਮ ਕਰ ਪਸਾਰ, ਪਾਰਬ੍ਰਹਮ ਆਪਣੀ ਵੰਡ ਵੰਡਾਈਆ । ਆਪੇ ਸ਼ੰਕਰ ਦੇਵੇ ਧਾਰ, ਧੁਆਂਧਾਰ ਆਪ ਸਮਾਈਆ । ਆਪੇ ਸੁੰਨ ਸਮਾਧੀ ਹੋਏ ਉਜਿਆਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਆਪੇ ਅੰਦਰ ਬਾਹਰ ਗੁਪਤ ਜ਼ਾਹਿਰ, ਚਾਰੇ ਕੂਟਾਂ ਵੇਖ ਵਖਾਈਆ । ਆਪੇ ਦਹਿ ਦਿਸ਼ਾ ਦਏ ਹੁਲਾਰ, ਲੋਆਂ ਪੁਰੀਆਂ ਖੋਜ ਖੁਜਾਈਆ । ਆਪੇ ਬ੍ਰਹਿਮੰਡ ਖੰਡ ਵਰਤੇ ਵਰਤਾਰ, ਗਗਨ ਪਤਾਲਾਂ ਆਪ ਸਮਾਈਆ । ਆਪੇ ਨਿਰਗੁਣ ਸਰਗੁਣ ਕਰੇ ਖੇਲ ਅਗੰਮ ਅਪਾਰ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਹਰਿ ਜੂ ਹਰਿ ਮੰਦਰ ਰਿਹਾ ਸਮਾਈਆ । ਹਰਿ ਮੰਦਰ ਹਰਿ ਸੁਹਾਇੰਦਾ, ਆਪ ਆਪਣੀ ਕਿਰਪਾ ਧਾਰ । ਨਿਰਗੁਣ ਦੀਵਾ ਬਾਤੀ ਇਕ ਜਗਾਇੰਦਾ, ਪੁਰਖ ਅਕਾਲ ਹੋ ਉਜਿਆਰ । ਦੀਨ ਦਿਆਲਾ ਦਇਆ ਕਮਾਇੰਦਾ, ਸਤਿ ਸਰੂਪੀ ਸਾਚੀ ਧਾਰ । ਸਚ ਸਿੰਘਾਸਣ ਇਕ ਸੁਹਾਇੰਦਾ, ਨਿਰਗੁਣ ਰਾਜਾ ਬਣ ਸਿਕਦਾਰ । ਸਾਚਾ ਛਤਰ ਆਪ ਝੁਲਾਇੰਦਾ, ਉਣੰਜਾ ਪਵਣ ਨਾ ਕੋਈ ਹੁਲਾਰ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ, ਤ੍ਰੈ ਤ੍ਰੈ ਮੀਤਾ ਕਰਨ ਚਰਨ ਨਿਮਸਕਾਰ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਸੋਹੰ ਸ਼ਬਦ ਸੱਚੀ ਜੈਕਾਰ । ਪਾਰਬ੍ਰਹਮ ਆਪਣਾ ਰੂਪ ਆਪ ਪਰਗਟਾਇੰਦਾ, ਏਕਾ ਬ੍ਰਹਮ ਕਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰ । ਆਪੇ ਤ੍ਰੈਗੁਣ ਦਾਤਾ ਹਰਿ ਨਿਰੰਕਾਰ, ਕਰਤਾ ਪੁਰਖ ਵਡ ਵਡਿਆਈਆ । ਆਪੇ ਤ੍ਰੈਗੁਣ ਮਾਇਆ ਕਰੇ ਪਸਾਰ, ਰਜੋ ਤਮੋ ਸਤੋ ਆਪ ਪਰਗਟਾਈਆ । ਆਪੇ ਪੰਜ ਤਤ ਕਰੇ ਅਕਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਆਪ ਉਪਾਈਆ । ਆਪੇ ਲੱਖ ਚੁਰਾਸੀ ਭਾਂਡੇ ਘੜੇ ਵਿਚ ਸੰਸਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਆਪੇ ਰਕਤ ਬੂੰਦ ਕਰੇ ਪਿਆਰ, ਨਾਰੀ ਕੰਤ ਆਪ ਸੁਹਾਈਆ । ਆਪੇ ਮਨ ਮਤ ਬੁਧ ਦਏ ਅਧਾਰ, ਆਸਾ ਤ੍ਰਿਸ਼ਨਾ ਆਪ ਭਰਾਈਆ । ਆਪੇ ਕਾਮ ਕ੍ਰੋਧ ਮੋਹ ਲੋਭ ਹੰਕਾਰ, ਆਪੇ ਹੰਗਤਾ ਗੜ੍ਹ ਵਸਾਈਆ । ਆਪੇ ਵਸਿਆ ਅੰਧ ਅੰਧ ਅੰਧਿਆਰ, ਡੂੰਘੀ ਕੰਦਰ ਡੇਰਾ ਲਾਈਆ । ਆਪੇ ਜੋਤੀ ਜੋਤ ਕਰੇ ਉਜਿਆਰ, ਆਦਿ ਨਿਰੰਜਣ ਸੇਵ ਕਮਾਈਆ । ਆਪੇ ਸੁਖਮਨ ਟੇਡੀ ਗਾਰ, ਈੜਾ ਪਿੰਗਲ ਆਪਣਾ ਰਾਹ ਵਖਾਈਆ । ਆਪੇ ਅੰਮ੍ਰਿਤ ਠੰਡੀ ਠਾਰ, ਕਾਇਆ ਮੰਦਰ ਆਪ ਟਿਕਾਈਆ । ਆਪੇ ਸ਼ਬਦ ਧੁਨ ਸਚ ਜੈਕਾਰ, ਅਨਹਦ ਤਾਲ ਆਪ ਵਜਾਈਆ । ਆਪੇ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਆਪੇ ਗਾਈਆ । ਆਪੇ ਬਜਰ ਕਪਾਟੀ ਲਾਏ ਪਾੜ, ਦੂਈ ਦਵੈਤੀ ਦਏ ਚੁਕਾਈਆ । ਆਪੇ ਆਤਮ ਸੇਜਾ ਹੋ ਉਜਿਆਰ, ਨਿਜ ਘਰ ਸਾਚਾ ਆਪ

ਸੁਹਾਈਆ । ਆਪੇ ਬ੍ਰਹਮ ਪਾਰਬ੍ਰਹਮ ਹੋ ਪਾਵੇ ਸਾਰ, ਈਸ਼ ਜੀਵ ਵੇਖ ਵਖਾਈਆ । ਆਪੇ ਜਗਦੀਸ਼ ਸੱਚੀ ਸਰਕਾਰ, ਜਗਤ ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਾਤਾ ਦਾਨੀ ਦਰਦ ਭੰਡਾਰੀ, ਆਪਣੀ ਵੰਡਨ ਆਪ ਵੰਡਾਈਆ । ਆਪੇ ਭੰਡਾਰੀ ਆਪੇ ਦਾਤਾ, ਦੇਵਣਹਾਰ ਆਪ ਅਖਵਾਇੰਦਾ । ਆਪੇ ਸੰਸਾਰੀ ਆਪੇ ਗਿਆਤਾ, ਗਿਆਨ ਧਿਆਨ ਆਪ ਜਣਾਇੰਦਾ । ਆਪੇ ਸ਼ਬਦ ਆਪੇ ਰਾਥਾ, ਆਪੇ ਜੁਗ ਜੁਗ ਸੇਵ ਕਮਾਇੰਦਾ । ਆਪੇ ਜੋਤੀ ਨੂਰ ਲਿਲਾਟਾ, ਨੂਰ ਨੁਰਾਨਾ ਡਗਮਗਾਇੰਦਾ । ਆਪੇ ਜਾਣੇ ਆਦਿ ਜੁਗਾਦੀ ਵਾਟਾ, ਆਪਣਾ ਪੰਧ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚੇ ਘਰ, ਦਰ ਦਰ ਘਰ ਘਰ ਆਪ ਸੁਹਾਇੰਦਾ । ਆਪੇ ਦਰ ਆਪ ਦਰਵੇਸ਼, ਦੀਨਾ ਨਾਥ ਵੱਡੀ ਵਡਿਆਈਆ । ਆਪੇ ਨਰ ਆਪ ਨਰੇਸ਼, ਨਰ ਨਰਾਇਣ ਆਪ ਅਖਵਾਈਆ । ਆਪੇ ਵਿਸ਼ਨ ਬ੍ਰਹਮਾ ਬਣੇ ਮਹੇਸ਼, ਆਪਣੀ ਕਲ ਆਪ ਧਰਾਈਆ । ਆਪੇ ਤ੍ਰੈਗੁਣ ਮਾਇਆ ਧਾਰੇ ਭੇਖ, ਪੰਚਮ ਆਪਣਾ ਰੰਗ ਰੰਗਾਈਆ । ਆਪੇ ਬਾਸ਼ਕ ਸੁਤਾ ਸੇਜ, ਸਾਂਗੋ ਪਾਂਗ ਆਪ ਹੰਢਾਈਆ । ਆਪੇ ਬ੍ਰਹਮਾ ਨੇਤਰ ਰਿਹਾ ਪੇਖ, ਆਪਣਾ ਨੈਣ ਆਪ ਖੁਲ੍ਹਾਈਆ । ਆਪੇ ਪੂਜਾ ਗਣਪਤ ਗਣੇਸ਼, ਬਾਸ਼ਕ ਤਸ਼ਕਾ ਗਲ ਹੰਢਾਈਆ । ਆਪੇ ਦੋ ਜਹਾਨਾਂ ਧਾਰੇ ਭੇਖ, ਗੁਰ ਪੀਰ ਅਵਤਾਰ ਆਪਣਾ ਨਾਉਂ ਧਰਾਈਆ । ਆਪੇ ਭਗਤਾਂ ਦੇਵੇ ਭਗਤੀ ਟੇਕ, ਭਗਵਨ ਭਾਵਨੀ ਆਪ ਪੂਰ ਕਰਾਈਆ । ਆਪੇ ਸੰਤਨ ਕਰੇ ਬੁਧ ਬਿਬੇਕ, ਦੁਰਮਤ ਮੈਲ ਆਪ ਧੁਆਈਆ । ਆਪੇ ਗੁਰਮੁਖਾਂ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਆਪੇ ਗੁਰਮੁਖ ਸੱਜਣ ਲਏ ਪੇਖ, ਜੁਗ ਜੁਗ ਆਪਣਾ ਮੇਲ ਮਿਲਾਈਆ । ਆਪੇ ਮੇਟਣਹਾਰਾ ਜਗਤ ਲੱਗੀ ਮੇਖ, ਲੱਖ ਚੁਰਾਸੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਹੋਏ ਸਹਾਈਆ । ਆਪ ਸਹਾਇਕ ਸਰਬ ਗੁਣਵੰਤਾ, ਆਪੇ ਰਛਕ ਰਿਛਿਆ ਭਗਤ ਕਰਾਇੰਦਾ । ਆਪੇ ਮੇਲ ਮਿਲਾਵਾ ਸਾਚੇ ਸੰਤਾ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਆਪੇ ਸ਼ਬਦ ਮਣੀਆ ਮੰਤਾ, ਰਸਨਾ ਜਿਹਵਾ ਆਪ ਸੁਣਾਇੰਦਾ । ਆਪੇ ਤੋੜੇ ਗੜ੍ਹ ਹਉਮੇ ਹੰਗਤਾ, ਨਿਵਣ ਸੁ ਅੱਖਰ ਆਪ ਪੜ੍ਹਾਇੰਦਾ । ਆਪੇ ਦਰ ਦਰਵੇਸ਼ ਬਣੇ ਮੰਗਤਾ, ਜੁਗ ਜੁਗ ਜਨ ਭਗਤ ਦੁਆਰੇ ਆਇੰਦਾ । ਆਪੇ ਕਾਇਆ ਚੋਲੀ ਸਾਚੀ ਰੰਗਦਾ, ਨਾਮ ਮਜੀਠੀ ਇਕ ਚੜ੍ਹਾਇੰਦਾ । ਆਪੇ ਲੋਆਂ ਪੁਰੀਆਂ ਲੰਘਦਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਇੰਦਾ । ਆਪੇ ਕਰੇ ਖੇਲ ਸੂਰੇ ਸਰਬੰਗ ਦਾ, ਸਤਿਗੁਰ ਪੂਰਾ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੇਲ ਆਪ ਮਿਲਾਇੰਦਾ । ਆਪੇ ਪਾਰਬ੍ਰਹਮ ਬਲ ਬਾਵਨ ਭੇਖਾ ਧਾਰ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਦਰ ਦਰ ਮੰਗੇ ਮੰਗ ਕਰਤਾਰ, ਕਿਰਤੀ ਆਪਣੀ ਕਿਰਤ ਕਮਾਈਆ । ਆਪੇ ਧਰਤ ਧਵਲ ਕਰ ਉਜਿਆਰ, ਜਲ ਬਿੰਬ ਆਪ ਟਿਕਾਈਆ । ਆਪੇ ਸੇਵਕ ਕਰੇ ਸੇਵਾਦਾਰ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਖਾਈਆ । ਆਪੇ ਭਾਣਾ ਆਪੇ ਰਾਣਾ, ਆਪੇ ਹੁਕਮ ਚਲਾਇੰਦਾ । ਆਪੇ ਚਤਰ ਸੁਘੜ ਸਿਆਣਾ, ਮੂਰਖ ਮੂੜ ਆਪ ਅਖਵਾਇੰਦਾ । ਆਪੇ ਰਾਗ ਆਪੇ ਗਾਣਾ, ਨਾਦ ਧੁਨ ਆਪ ਵਜਾਇੰਦਾ । ਆਪੇ ਪਵਣ ਆਪੇ ਮਸਾਣਾ, ਪਵਣ ਪਵਣੀ ਆਪ ਸਮਾਇੰਦਾ । ਆਪੇ ਪੀਣਾ ਆਪੇ ਖਾਣਾ, ਆਪੇ ਘਰ ਘਰ ਰਿਜ਼ਕ ਪੁਚਾਇੰਦਾ । ਆਪੇ ਦਾਨਾ ਆਪੇ ਬੀਨਾ, ਬੀਨਾ ਦਾਨਾ ਆਪ ਹੋ ਆਇੰਦਾ । ਆਪੇ ਜਲ

੯੬੭
੦੯

ਆਪੇ ਮੀਨਾ, ਆਪੇ ਬਾਲੂ ਤਤ ਤਪਾਇੰਦਾ । ਆਪੇ ਅੰਮ੍ਰਿਤ ਆਤਮ ਠੰਡਾ ਸੀਤਾ, ਸਰ ਸਰੋਵਰ ਆਪ ਅਖਵਾਇੰਦਾ । ਆਪੇ ਲੇਖਾ ਜਾਣੇ ਲੋਕਾਂ ਤੀਨਾਂ, ਚੌਦਾਂ ਹੱਟ ਫੋਲ ਫੁਲਾਇੰਦਾ । ਆਪੇ ਆਪਣੇ ਰੰਗ ਹੋਏ ਭੀਨਾ, ਭਿੰਨੜੀ ਰੈਣ ਆਪ ਸੁਹਾਇੰਦਾ । ਆਪੇ ਮਰਨਾ ਆਪੇ ਜੀਣਾ, ਲੱਖ ਚੁਰਾਸੀ ਆਪ ਭਵਾਇੰਦਾ । ਆਪੇ ਪਾਟਾ ਆਪੇ ਸੀਣਾ, ਆਪੇ ਦੋਏ ਦੋਏ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਰੰਗ ਰੰਗੀਲਾ, ਛੈਲ ਛਬੀਲਾ ਸਾਚਾ ਮਾਹੀਆ । ਆਪੇ ਕਰੇ ਆਪਣਾ ਹੀਲਾ, ਹਲਤ ਪਲਤ ਆਪ ਸਮਾਈਆ । ਆਪੇ ਰੂਪ ਵਟਾਏ ਲਾਲ ਕੰਚਨ ਸੂਹਾ ਪੀਲਾ, ਚਿੱਟੀ ਧਾਰ ਆਪ ਸਮਾਈਆ । ਆਪੇ ਕਾਲਾ ਰੰਗ ਹੋਏ ਅਧੀਨਾ, ਆਪੇ ਨੀਲੀ ਧਾਰ ਪਾਰ ਕਰਾਈਆ । ਆਪੇ ਭੰਨੇ ਹੰਕਾਰੀ ਬੀਨਾ, ਗੜ੍ਹ ਹੰਕਾਰ ਆਪ ਤੁੜਾਈਆ । ਆਪੇ ਮਜ਼੍ਹਬ ਆਪੇ ਦੀਨਾ, ਸ਼ਰਅ ਸ਼ਰੀਯਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪੇ ਬੇਐਬ ਪਰਵਰਦਿਗਾਰ, ਆਪੇ ਨੂਰੋ ਨੂਰ ਅਖਵਾਇੰਦਾ । ਆਪੇ ਮੁਕਾਮੇ ਹੱਕ ਵਸੇ ਸਾਚਾ ਯਾਰ, ਸਾਂਝਾ ਯਾਰ ਨਾਉਂ ਵਡਿਆਇੰਦਾ । ਆਪੇ ਹੱਕ ਹਕੀਕਤ ਰਾਹ ਰਿਹਾ ਤੱਕ, ਆਪਣੀ ਤਦਬੀਰ ਆਪ ਬਣਾਇੰਦਾ । ਆਪੇ ਵੇਖੇ ਖ਼ਲਕ ਖ਼ੁਦਾਈ ਹੋ ਪਰਗਟ, ਨੂਰੋ ਨੂਰ ਡਗਮਗਾਇੰਦਾ । ਆਪੇ ਚੌਦਾਂ ਤਬਕਾਂ ਖੋਲ੍ਹੇ ਹੱਟ, ਜ਼ਿਮੀ ਅਸਮਾਨਾ ਡੇਰਾ ਢਾਹਿੰਦਾ । ਆਪੇ ਪੀਰ ਫ਼ਕੀਰ ਦਸਤਗੀਰ ਸ਼ਾਹ ਹਕੀਰ ਖੇਲ ਬਾਜ਼ੀਗਰ ਨਟ, ਸਵਾਂਗੀ ਸਵਾਂਗ ਆਪਣਾ ਆਪ ਵਖਾਇੰਦਾ । ਆਪੇ ਕੁਤਬ ਗੌਸ਼ ਮੁਲਾਂ ਸ਼ੇਖ਼ ਨਟੂਆ ਨਟ, ਤਸਬੀ ਮਾਲਾ ਆਪ ਲਟਕਾਇੰਦਾ । ਆਪੇ ਅੰਜੀਲ ਕੁਰਾਨਾਂ ਏਕਾ ਮਸਲਾ ਰਿਹਾ ਰਟ, ਕਾਇਨਾਤ ਆਪ ਸੁਣਾਇੰਦਾ । ਏਕਾ ਆਬੇਹਯਾਤ ਪੀਏ ਗਟ ਗਟ, ਸਤਿ ਪਿਆਲਾ ਹੱਥ ਰਖਾਇੰਦਾ । ਏਕਾ ਮੱਕਾ ਕਾਅਬਾ ਬੈਠਾ ਡਟ, ਸਚ ਮਹਿਰਾਬੇ ਆਸਣ ਲਾਇੰਦਾ । ਏਕਾ ਦੂਈ ਦਵੈਤੀ ਲਾਏ ਫਟ, ਏਕਾ ਕਲਮਾ ਨਬੀ ਆਪ ਸਿਖਾਇੰਦਾ । ਏਕਾ ਅਹਿਬਾਬ ਰਬਾਬ ਵਜਾਏ ਸੱਟ, ਸਤਿ ਸਤਾਰ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਆਪਣੀ ਕਲ ਵਰਤਾਇੰਦਾ । ਆਪੇ ਜਲਵਾ ਨੂਰ ਜਲਾਲ, ਬਿਸਮਲ ਆਪਣਾ ਨਾਉਂ ਧਰਾਈਆ । ਆਪੇ ਫ਼ਲਕ ਆਪੇ ਖ਼ਲਕ ਆਪੇ ਅਰਸ਼ ਆਪੇ ਕੁਰਸ਼ ਆਪੇ ਧਮਾਲ, ਮਲੰਗ ਆਪਣਾ ਅੰਗ ਆਪ ਪਰਗਟਾਈਆ । ਆਪੇ ਪਤ ਡਾਲ੍ਹੀ ਡਾਲ੍ਹ, ਫੁਲ ਫਲਵਾੜੀ ਆਪ ਮਹਿਕਾਈਆ । ਆਪੇ ਸੰਗ ਮੁਹੰਮਦ ਚਾਰ ਯਾਰ ਚਲੇ ਨਾਲ ਨਾਲ, ਹਕ ਹਕੀਕਤ ਦਏ ਗਵਾਹੀਆ । ਆਪੇ ਅੱਲਾ ਰਾਣੀ ਬਣੇ ਦਲਾਲ, ਮੁਖ ਘੁੰਘਟ ਮਾਤ ਉਠਾਈਆ । ਆਪੇ ਕਾਲ ਆਪੇ ਮਹਾਂਕਾਲ, ਦੀਨ ਦਿਆਲ ਆਪ ਅਖਵਾਈਆ । ਆਪੇ ਰਾਏ ਧਰਮ ਲਏ ਉਠਾਲ, ਅਠਾਈ ਕੁੰਡਾ ਆਪ ਖੁਲਾਈਆ । ਆਪੇ ਚਿਤਰ ਗੁਪਤ ਦਏ ਵਿਖਾਲ, ਲੱਖ ਚੁਰਾਸੀ ਭੁੱਲ ਨਾ ਰਾਈਆ । ਆਪੇ ਲਾੜੀ ਮੌਤ ਸਿਰ ਚੁਨੀ ਰੰਗੇ ਲਾਲ, ਹੱਥੀਂ ਮਹਿੰਦੀ ਮਾਤ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਜੁਗ ਜੁਗ ਆਪਣੀ ਕਾਰ ਕਮਾਈਆ । ਜੁਗ ਜੁਗ ਕਾਰ ਕਰਾਇੰਦਾ, ਇਕ ਅਕੱਲਾ ਏਕੰਕਾਰ । ਆਪਣੇ ਮਾਰਗ ਆਪੇ ਪਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣਾ ਸ਼ਬਦ ਆਪ ਅਲ੍ਹਾਇੰਦਾ, ਨਾਮ ਨਿਧਾਨਾ ਬੋਲ ਜੈਕਾਰ । ਆਪਣਾ ਰੂਪ ਆਪ ਪਰਗਟਾਇੰਦਾ, ਗੁਰ ਸਤਿਗੁਰ ਲਏ ਅਵਤਾਰ । ਭਗਤ ਭਗਵੰਤ ਵੇਖ ਵਖਾਇੰਦਾ, ਸੰਤਨ ਮੇਲਾ ਕੰਤ ਭਤਾਰ । ਗੁਰਮੁਖ ਚੋਲੀ ਰੰਗ ਰੰਗਾਇੰਦਾ, ਗੁਰਸਿਖ ਸੋਹੇ

੯੬੮

ਬੰਕ ਦਵਾਰ । ਸਤਿਜੁਗ ਤ੍ਰੇਤਾ ਖੇਲ ਖਿਲਾਇੰਦਾ, ਤ੍ਰੈਗੁਣ ਮਾਇਆ ਵਸਿਆ ਬਾਹਰ । ਰਾਮ ਰਾਮਾ ਨਾਉਂ ਧਰਾਇੰਦਾ, ਲੰਕਾ ਗੜ੍ਹ ਤੋੜ ਹੰਕਾਰ । ਰਾਵਣ ਆਪਣੇ ਲੇਖੇ ਪਾਇੰਦਾ, ਨਾਤਾ ਤੁਟੇ ਸਰਬ ਸੰਸਾਰ । ਸਾਚਾ ਚਿਲਾ ਹੱਥ ਉਠਾਇੰਦਾ, ਧਨੁਸ਼ ਧਨਾਡੀ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰਾਮਾ ਆਪੇ ਰਾਮ, ਆਪੇ ਜਾਣੇ ਆਪਣਾ ਕਾਮ, ਆਪੇ ਸੀਤਾ ਸੁਰਤੀ ਕਰੇ ਪਰਨਾਮ, ਆਪੇ ਜੰਗਲ ਜੂਹ ਉਜਾੜ ਪਹਾੜ ਬਨਬਾਸ ਫੇਰਾ ਪਾਇੰਦਾ । ਆਪੇ ਬਨ ਆਪੇ ਬਨਬਾਸ, ਆਪੇ ਦਰ ਦਰ ਅਲੱਖ ਜਗਾਈਆ । ਆਪੇ ਪ੍ਰਿਥਮੀ ਆਪੇ ਅਕਾਸ਼, ਆਪੇ ਗਗਨ ਗਗਨੰਤਰ ਰਿਹਾ ਸਮਾਈਆ । ਆਪੇ ਮੰਡਲ ਆਪੇ ਰਾਸ, ਆਪੇ ਗੋਪੀ ਕਾਹਨ ਨਚਾਈਆ । ਆਪੇ ਪਵਣ ਆਪ ਸਵਾਸ, ਸਵਾਸ ਸਵਾਸਾ ਆਪ ਸਮਾਈਆ । ਆਪੇ ਜੁਗ ਜੁਗ ਪੂਰੀ ਕਰੇ ਆਸ, ਆਪਣੀ ਇਛਿਆ ਆਪ ਭਰਾਈਆ । ਆਪੇ ਦਾਤਾ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਆਪੇ ਪੁਰਖ ਪੁਰਖ ਅਬਿਨਾਸ਼ੀ, ਨਾ ਮਰੇ ਨਾ ਜਾਈਆ । ਆਪੇ ਤ੍ਰੇਤਾ ਤ੍ਰੀਆ ਕਰਿਆ ਵਾਸੀ, ਆਪਣਾ ਲੇਖਾ ਦਏ ਚੁਕਾਈਆ । ਆਪੇ ਦੁਆਪਰ ਕਰੇ ਬੰਦ ਖ਼ੁਲਾਸੀ, ਵੇਦ ਵਿਆਸਾ ਆਪ ਪੜ੍ਹਾਈਆ । ਆਪੇ ਪੁਰਾਨ ਅਠਾਰਾਂ ਕਰ ਪਰਕਾਸ਼ੀ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਣਾਈਆ । ਆਪੇ ਗ਼ਰੀਬ ਨਿਮਾਣਿਆਂ ਕਰੇ ਬੰਦ ਖ਼ੁਲਾਸੀ, ਆਪਣਾ ਪਰਦਾ ਆਪੇ ਪਾਈਆ । ਆਪੇ ਰਥ ਰਥਵਾਹੀ ਬਣੇ ਦਾਸ ਦਾਸੀ, ਸੇਵਕ ਸੇਵਾ ਆਪ ਕਰਾਈਆ । ਆਪੇ ਭਗਤ ਭਗਵੰਤ ਪੂਰੀ ਕਰੇ ਆਸੀ, ਅਰਜਨ ਗੀਤਾ ਇਕ ਪੜ੍ਹਾਈਆ । ਆਪੇ ਲੱਖ ਚੁਰਾਸੀ ਕਰੇ ਵਾਸੀ, ਆਪੇ ਘੜ੍ਹੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜੁਗਾ ਜੁਗੰਤਰ, ਆਪ ਬੁਝਾਏ ਲੱਗੀ ਬਸੰਤਰ, ਏਕਾ ਨਾਮ ਚਲਾਏ ਸਾਚਾ ਮੰਤਰ, ਮਤ ਮਤਵਾਲੀ ਭੇਵ ਨਾ ਪਾਈਆ । ਮਤ ਮਤਵਾਲੀ ਨਾ ਪਾਵੇ ਭੇਵ, ਗਹਿਰ ਗੰਭੀਰ ਹਰਿ ਅਖਵਾਇੰਦਾ । ਪੁਰਖ ਅਬਿਨਾਸ਼ੀ ਅਲੱਖ ਅਭੇਵ, ਗੁਣਵੰਤਾ ਨਾਉਂ ਧਰਾਇੰਦਾ । ਬੁਧ ਨਿਮਾਣੀ ਕਰੇ ਸੇਵ, ਜਗਤ ਬਿਬੇਕ ਨਾ ਕੋਈ ਰਖਾਇੰਦਾ । ਇਕ ਅਕੱਲਾ ਵਡ ਦੇਵੀ ਦੇਵ, ਦੇਵ ਆਤਮਾ ਆਪਣਾ ਨਾਉਂ ਧਰਾਇੰਦਾ । ਪਰਮ ਆਤਮਾ ਸਦਾ ਨੇਹਕੇਵ, ਨੇਹਚਲ ਆਪਣਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪੂਜਾ ਆਪ ਪੁਜਾਰੀ, ਆਪੇ ਇਸ਼ਟ ਗੁਰ ਅਵਤਾਰੀ, ਆਪੇ ਨਿਉਂ ਨਿਉਂ ਕਰੇ ਨਿਮਸਕਾਰੀ, ਸੀਸ ਜਗਦੀਸ ਆਪ ਝੁਕਾਇੰਦਾ । ਆਪ ਜਗਦੀਸ ਹਰਿ ਜੂ ਹਰਿ, ਪਾਰਬ੍ਰਹਮ ਵੱਡੀ ਵਡਿਆਈਆ । ਆਪਣੀ ਜੋਤ ਆਪੇ ਧਰ, ਨਿਰਗੁਣ ਨਿਰਗੁਣ ਕਰੇ ਰੁਸ਼ਨਾਈਆ । ਸਾਚੇ ਮੰਦਰ ਆਪੇ ਵੜ, ਪੰਜ ਤਤ ਕਾਇਆ ਬੰਕ ਵਡਿਆਈਆ । ਸ਼ਬਦ ਅਗੰਮੀ ਅੱਖਰ ਪੜ੍ਹ, ਨਿਸ਼ਅੱਖਰ ਆਪ ਸੁਣਾਈਆ । ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ ਨਾ ਕੋਇ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਬੰਧਾਇਆ ਆਪਣੇ ਲੜ, ਆਪਣਾ ਬੇੜਾ ਆਪ ਚਲਾਈਆ । ਜੁਗ ਜੁਗ ਕਰਤਾ ਕਰਨੀ ਰਿਹਾ ਕਰ, ਕਰਨਹਾਰ ਇਕ ਅਖਵਾਈਆ । ਨਿਰਭੌ ਚੁਕਾਇਆ ਆਪਣਾ ਡਰ, ਨਿਰਭੈ ਵਖਾਏ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਵੰਡ ਵੰਡਾਈਆ । ਆਪੇ ਸਤਿਜੁਗ ਆਪੇ ਤ੍ਰੇਤਾ, ਆਪੇ ਦੁਆਪਰ ਪਾਰ ਕਰਾਇੰਦਾ । ਆਪੇ ਬਣੇ ਸਾਚਾ ਨੇਤਾ, ਆਪੇ ਹੁਕਮੀ ਹੁਕਮ ਸੁਣਾਇੰਦਾ । ਆਪੇ ਲੇਖਾ ਜਾਣੇ ਬ੍ਰਹਮਾ ਵੇਤਾ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਆਪੇ ਬੰਧਨ ਪਾਏ ਕ੍ਰੋੜ ਤੇਤੀਸਾ ਦੇਵੀ ਦੇਵਤਾ, ਗਣ ਗੰਧਰਬ ਆਪਣੇ ਅੰਦਰ ਆਪੇ ਬੰਦ ਕਰਾਇੰਦਾ । ਆਪੇ ਨੌ ਖੰਡ ਪ੍ਰਿਥਮੀ

੬੭੦

੦੯

ਵੇਖੇ ਝੁਕ ਝੁਕ, ਸਚ ਕਿਰਸਾਨਾ ਆਪਣਾ ਰੂਪ ਵਟਾਇੰਦਾ । ਆਪੇ ਸੱਤਾਂ ਦੀਪਾਂ ਰੂਪ ਪਰਗਟਾਏ ਚੁਣ ਚੁਣ, ਚਿਤਵਤ ਠਗੌਰੀ ਕੋਇ ਨਾ ਪਾਇੰਦਾ । ਆਪੇ ਖੇਵਟ ਆਪੇ ਖੇਟਾ, ਸਚ ਮਲਾਹ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਰੂਪ ਪਰਗਟਾਇੰਦਾ । ਆਪੇ ਕਾਲਾ ਤਨ ਸ਼ੰਗਾਰ ਸੂਸਾ, ਆਪਣੀ ਰੰਗਨ ਆਪ ਰੰਗਾਈਆ । ਆਪੇ ਮੂਸਾ ਆਪੇ ਈਸਾ, ਈਸ ਅਸੱਲਾ ਹਰਿ ਆਪਣੀ ਰਹਿਮਤ ਵਿਚ ਟਿਕਾਈਆ । ਆਪੇ ਸ਼ਬਦ ਆਪ ਹਦੀਸਾ, ਆਪੇ ਅਲਫ ਉਲਫਤ ਫੇਰ ਕਰਾਈਆ । ਆਪੇ ਜਗਤ ਆਪ ਜਗਦੀਸਾ, ਆਪੇ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਆਪੇ ਅੰਜੀਲ ਆਪੇ ਕੁਰਾਨ, ਆਲਮ ਇਲਮੀ ਆਪ ਅਖਵਾਇੰਦਾ । ਆਪੇ ਮਸਜਿਦ ਕਾਅਬਾ ਦੋ ਦੋ ਆਬਾ ਕਰੇ ਪਹਿਚਾਣ, ਆਪੇ ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਆਪੇ ਸ਼ਰਅ ਆਪੇ ਈਮਾਨ, ਆਪੇ ਉਮਤ ਵੇਖ ਵਖਾਇੰਦਾ । ਆਪੇ ਆਸ਼ਕ ਆਪੇ ਮਾਸ਼ੂਕ ਆਪੇ ਅਬਾ ਆਪੇ ਹੈਵਾਨ, ਮਹਿਬਾਨ ਬੀਦੋ ਆਪ ਅਖਵਾਇੰਦਾ । ਆਪੇ ਮਜਲਸ ਆਪੇ ਮਹਿਮਾਨ, ਆਪੇ ਆਪਣੀ ਆਣ ਜਣਾਇੰਦਾ । ਆਪੇ ਤੀਸ ਬਤੀਸਾ ਗਾਏ ਗਾਣ, ਆਪਣੀ ਤਸਬੀ ਆਪ ਫਰਾਇੰਦਾ । ਆਪੇ ਮੁਲਾ ਸ਼ੇਖ਼ ਮਸਾਇਕ ਪੀਰ ਦਸਤਗੀਰ ਹੋਏ ਪਰਧਾਨ, ਅਮਾਮ ਅਮਾਮਾ ਆਪ ਹੋ ਜਾਇੰਦਾ । ਆਪੇ ਸੰਗ ਮੁਹੰਮਦ ਚਾਰ ਯਾਰੀ ਦੇਵੇ ਮਾਣ, ਚੌਦਾਂ ਤਬਕਾਂ ਆਪ ਹਿਲਾਇੰਦਾ । ਆਪੇ ਚੌਦਾਂ ਸਦੀ ਕਰੇ ਪਰਵਾਨ, ਲੋਕਮਾਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੂਪ ਹਰਿ ਰਘਰਾਏ, ਬਿਸਮਲ ਆਪਣਾ ਨਾਉਂ ਧਰਾਏ, ਧਰਨੀ ਧਰਤ ਧਵਲ ਦਏ ਵਡਿਆਈਆ । ਆਪੇ ਨਿਰਗੁਣ ਧਾਰ, ਸਰਗੁਣ ਆਪਣਾ ਨਾਉਂ ਧਰਾਇੰਦਾ । ਆਪੇ ਨਾਨਕ ਗੁਰ ਲੈ ਅਵਤਾਰ, ਲੋਕਮਾਤ ਫੇਰਾ ਪਾਇੰਦਾ । ਆਪੇ ਵਸੇ ਸਚਖੰਡ ਦਵਾਰ, ਸਚਖੰਡ ਸਿੰਘਾਸਣ ਸੋਭਾ ਪਾਇੰਦਾ । ਆਪੇ ਖਿਚੇ ਚਰਨ ਦਵਾਰ, ਨਾਮ ਡੋਰੀ ਹੱਥ ਰਖਾਇੰਦਾ । ਆਪੇ ਦਰਸ ਵਖਾਏ ਅਗੰਮ ਅਪਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਾਨਕ ਪਾਇਆ ਸਤਿਗੁਰ ਏਕਾ ਘਰ ਬਾਰ, ਦਰ ਘਰ ਮੰਦਰ ਆਪ ਸੁਹਾਇੰਦਾ । ਜਗੇ ਜੋਤ ਸੱਚੀ ਸਰਕਾਰ, ਤਖ਼ਤ ਸ਼ਬਦ ਆਪ ਸੁਹਾਇੰਦਾ । ਉਚੀ ਕੂਕ ਕਰੇ ਪੁਕਾਰ, ਹਉਂ ਸੇਵਕ ਠਾਕਰ ਅਬਿਨਾਸ਼ ਦਰ ਦਵਾਰੇ ਮੰਗਣ ਆਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚੀ ਵਸਤ ਨਾਮ ਅਮੋਲਕ ਝੋਲੀ ਪਾਇੰਦਾ । ਨਾਮ ਸਤਿ ਜਗਤ ਵਰਤਾਰ, ਸਾਚੀ ਸਿਖ਼ਿਆ ਇਕ ਸਮਝਾਇੰਦਾ । ਤੇਰਾ ਮੇਰਾ ਰੂਪ ਅਪਾਰ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਮੇਰਾ ਨਾਉਂ ਤੇਰੀ ਧਾਰ, ਨਿਰਗੁਣ ਨਾਨਕ ਆਪ ਪੜ੍ਹਾਇੰਦਾ । ਸੋਹੰ ਸ਼ਬਦ ਸੱਚਾ ਜੈਕਾਰਾ, ਦਰ ਘਰ ਸਾਚੇ ਆਪ ਸੁਣਾਇੰਦਾ । ਮਿਲੀ ਵਸਤ ਅਪਰ ਅਪਾਰ, ਚੋਰ ਯਾਰ ਠੱਗ ਕੋਇ ਲੁਟ ਨਾ ਜਾਇੰਦਾ । ਨਾਨਕ ਸਤਿਗੁਰ ਹੋ ਤਿਆਰ, ਲੋਕਮਾਤ ਫੇਰਾ ਪਾਇੰਦਾ । ਚਾਰ ਵਰਨਾਂ ਕਰੇ ਪਿਆਰ, ਊਚਾਂ ਨੀਚਾਂ ਰਾਓ ਰੰਕਾਂ, ਰਾਜ ਰਾਜਾਨਾ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਫੜ ਫੜ ਬਾਂਹੋ ਦੇਵੇ ਤਾਰ, ਤਾਰਨਹਾਰਾ ਆਪ ਹੋ ਜਾਇੰਦਾ । ਗ਼ਰੀਬ ਨਿਮਾਣੇ ਬਣਾਏ ਗਲ ਦਾ ਹਾਰ, ਖਿਮਾਂ ਗ਼ਰੀਬੀ ਆਪ ਹੰਢਾਇੰਦਾ । ਹੰਕਾਰੀਆਂ ਤੋੜ ਗੜ੍ਹ ਹੰਕਾਰ, ਸਾਚੀ ਵਿਦਿਆ ਆਤਮ ਅੰਤਰ ਆਪ ਪੜ੍ਹਾਇੰਦਾ । ਸਤਿ ਨਾਮ ਸਚ ਜੈਕਾਰ, ਵਾਹ ਵਾਹ ਸਤਿਗੁਰ ਆਪ ਸੁਣਾਇੰਦਾ । ਹਠੀਆਂ ਤਪੀਆਂ ਪਾਵੇ ਸਾਰ, ਜਪੀ ਤਪੀ ਹਠੀ ਸਤੀ ਵੇਖ ਵਖਾਇੰਦਾ । ਆਤਮ ਬ੍ਰਹਮ ਜੋਤ ਉਜਿਆਰ, ਦੀਵਾ ਬਾਤੀ ਡਗਮਗਾਇੰਦਾ । ਕਮਲਾਪਾਤੀ ਮੀਤ ਮੁਰਾਰ, ਹਰਿ ਨਿਰੰਕਾਰ

ਘਰ ਸਾਚੇ ਸੋਭਾ ਪਾਇੰਦਾ । ਗੁਰਮੁਖ ਹੋਏ ਸੁਹਾਗਣ ਨਾਰ, ਸਾਚੀ ਮੇਢੀ ਸੀਸ ਗੁੰਦਾਇੰਦਾ । ਨੇਤਰ ਨੈਣਾਂ ਕਜਲ ਧਾਰ, ਨਾਮ ਨਿਧਾਨਾ ਆਪ
ਮਟਕਾਇੰਦਾ । ਹੱਥੀਂ ਮਹਿੰਦੀ ਰੰਗ ਚਾੜ੍ਹੇ ਅਪਾਰ, ਚਰਨ ਕਵਲ ਸੇਵ ਕਮਾਇੰਦਾ । ਤਨ ਬਸਤਰ ਵਖਾਏ ਇਕ ਸ਼ੰਗਾਰ, ਸੋਲਾਂ ਇਛਿਆ ਪੂਰ
ਕਰਾਇੰਦਾ । ਹੱਥ ਕੰਗਨ ਗਹਿਣਾ ਪਾਏ ਕਰਤਾਰ, ਆਪਣੇ ਅੰਗਨ ਗੋਦ ਬਹਾਇੰਦਾ । ਸੇਜ ਸੁਹਾਵੀ ਕਰੇ ਪਿਆਰ, ਆਪਣਾ ਮੇਲਾ ਆਪ ਮਿਲਾਇੰਦਾ ।
ਗੁਰ ਚੇਲਾ ਸੋਹਨ ਇਕ ਦਵਾਰ, ਲੱਖ ਚੁਰਾਸੀ ਫੰਦ ਕਟਾਇੰਦਾ । ਧਰਮ ਰਾਏ ਨਾ ਮਾਰੇ ਮਾਰ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਲਾੜੀ
ਮੌਤ ਦੇਵੇ ਦੁਰਕਾਰ, ਨਾਮ ਖੰਡਾ ਹੱਥ ਚਮਕਾਇੰਦਾ । ਗੁਰਮੁਖ ਸਾਚੇ ਕਰੇ ਪਿਆਰ, ਸਾਚੀ ਸੇਜਾ ਆਪ ਹੰਢਾਇੰਦਾ । ਸਾਚੀ ਸੇਜਾ ਸੁਤੇ ਪੈਰ
ਪਸਾਰ, ਆਪਣੀ ਕਰਵਟ ਆਪ ਬਦਲਾਇੰਦਾ । ਨਾਨਕ ਨਿਰਗੁਣ ਸਰਗੁਣ ਕਰੇ ਪਿਆਰ, ਮਹੱਲ ਅਟੱਲ ਉਚ ਮਨਾਰ ਹਰਿ ਮੰਦਰ ਹਰਿ ਦਵਾਰ
ਆਪ ਵਡਿਆਇੰਦਾ । ਮਿਲਿਆ ਮੇਲ ਏਕਾ ਵਾਰ, ਮਿਲਿਆ ਮੇਲ ਵਿਛੜ ਨਾ ਜਾਇੰਦਾ । ਦੂਜੀ ਕੁਦਰਤ ਪਾਵੇ ਸਾਰ, ਤੀਜੇ ਬ੍ਰਹਮਾ ਵਿਸ਼ਨ
ਸ਼ਿਵ ਆਪ ਜਗਾਇੰਦਾ । ਚੌਥੇ ਪਦ ਹੋ ਤਿਆਰ, ਚੌਥੇ ਘਰ ਸੋਭਾ ਪਾਇੰਦਾ । ਪੰਚਮ ਨਾਦ ਸ਼ਬਦ ਧੁਨਕਾਰ, ਸਾਚੀ ਸਖੀਆਂ ਮਿਲ ਬਹਿ ਬਹਿ
ਮੰਗਲ ਗਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਉਸਾਰ, ਮੰਦਰ ਗੁਰਦਵਾਰ ਨਾ ਕੋਇ ਵਖਾਇੰਦਾ । ਸਤਵੇਂ ਸਤਿ ਸਤਿਵਾਦੀ ਸਾਚੀ ਕਾਰ, ਸਚਖੰਡ
ਦਵਾਰੇ ਆਪ ਕਰਾਇੰਦਾ । ਅੱਠਾਂ ਤੱਤਾਂ ਵਸਿਆ ਬਾਹਰ, ਮਨ ਮਤ ਬੁਧ ਬੰਧਨ ਕੋਇ ਨਾ ਪਾਇੰਦਾ । ਨੌਂ ਦਰ ਨਾ ਕਰੇ ਕੋਇ ਖ਼ਵਾਰ, ਜਗਤ
੯੭੧ ਵਾਸਨਾ ਨਾ ਕੋਇ ਵਖਾਇੰਦਾ । ਨਾਤਾ ਤੁੱਟੇ ਕਾਮ ਕ੍ਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਹਉਮੇ ਹੰਗਤਾ ਆਸਾ ਤ੍ਰਿਸ਼ਨਾ ਅਗਨੀ ਜੋਤ ਆਪ ੯੭੧
ਜਲਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਪੁਰਖ ਅਬਿਨਾਸ਼ੀ ਕਿਰਪਾ ਧਾਰ, ਨਰ ਨਰਾਇਣ ਪੈਜ ਸਵਾਰ, ਆਤਮ ਬ੍ਰਹਮ ਕਰ ਪਿਆਰ, ਪਾਰਬ੍ਰਹਮ
੦੯ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਜਾਇਆ, ਆਪਣੀ ਗੋਦ ਸੁਹਾ । ਸਾਚਾ ਸੁਤ ਉਪਜਾਇਆ, ਬ੍ਰਹਮ ਮਤ ਇਕ ਪੜ੍ਹਾ । ਸਾਚੇ ਮੰਦਰ ਆਪ ੦੯
ਟਿਕਾਇਆ, ਪੰਜ ਤਤ ਕਾਇਆ ਜੜਤ ਜੜਾ । ਏਕਾ ਦੀਪਕ ਹੱਥ ਫੜਾਇਆ, ਜੋਤ ਨਿਰੰਜਣ ਕਰ ਰੁਸ਼ਨਾ । ਸ਼ਬਦ ਅਨਾਦੀ ਨਾਦ ਸੁਣਾਇਆ,
ਧੁਨ ਆਤਮਕ ਰਾਗ ਅਲਾ । ਸ੍ਰਿਸ਼ਟ ਸਬਾਈ ਦਏ ਜਣਾਇਆ, ਨਾਨਕ ਸਤਿਗੁਰ ਬੇਪਰਵਾਹ । ਚੌਥਾ ਜੁਗ ਦਏ ਦੁਹਾਇਆ, ਕਲਜੁਗ ਕੂਕੇ
ਥਾਉਂ ਥਾਂ । ਦਹਿ ਦਿਸ਼ਾ ਅੰਧੇਰਾ ਛਾਇਆ, ਰਵ ਸਸ ਰਹੇ ਸ਼ਰਮਾ । ਸਾਧਾ ਸੰਤਾਂ ਮੁਖ ਭਵਾਇਆ, ਨਾਤਾ ਤੁਟਾ ਪਿਤਾ ਮਾਂ । ਪਿਤਾ ਪੂਤ
ਨਾ ਗੋਦ ਸੁਹਾਇਆ, ਨਾਰੀ ਕੰਤ ਨਾ ਲਏ ਹੰਢਾ । ਜਗਤ ਦੁਹਾਗਣ ਨਾਰ ਸ੍ਰਿਸ਼ਟ ਸਬਾਇਆ, ਵਿਭਚਾਰ ਰਹੀ ਕਮਾ । ਚਾਰੇ ਵੇਦ ਨਾ ਕਰਨ
ਸਹਾਇਆ, ਪੁਰਾਨ ਅਠਾਰਾਂ ਬੈਠਣ ਮੁਖ ਛੁਪਾ । ਗੀਤਾ ਗਿਆਨ ਨਾ ਕੋਈ ਦ੍ਰਿੜਾਇਆ, ਨੌਂ ਅਠਾਰਾਂ ਪੰਧ ਨਾ ਸਕੇ ਕੋਈ ਮੁਕਾ । ਬਹੱਤਰ
ਨਾੜ ਨਾ ਹੋਏ ਰੁਸ਼ਨਾਇਆ, ਤਿੰਨ ਸੌ ਸੱਠ ਹਾਡੀ ਲੇਖਾ ਸਕੇ ਨਾ ਕੋਈ ਗਿਣਾ । ਵੇਦ ਸ਼ਾਸਤਰ ਸਾਚੀ ਸਿਖ਼ਿਆ ਨਾ ਕੋਈ ਪੜ੍ਹਾਇਆ, ਧੁਰ
ਦਾ ਲੇਖਾ ਨਾ ਦਏ ਮੁਕਾ । ਅੰਜੀਲ ਕੁਰਾਨਾ ਰੋ ਰੋ ਨਾਅਰਾ ਏਕਾ ਲਾਇਆ, ਈਸਾ ਮੂਸਾ ਸੰਗ ਮੁਹੰਮਦ ਕੂਕ ਰਹੀ ਸੁਣਾ । ਵੇਲੇ ਅੰਤ ਰੱਛਿਆ
ਨਾ ਕੋਈ ਕਰਾਇਆ, ਨਾਤਾ ਜੋੜੇ ਨਾ ਨਾਲ ਖ਼ੁਦਾ । ਖ਼ਾਲਕ ਖ਼ੁਦੀ ਰੂਪ ਵਟਾਇਆ, ਖ਼ਲਕ ਵੇਖੇ ਬੇਪਰਵਾਹ । ਸਾਲਸ ਆਪਣਾ ਨਾਉਂ ਧਰਾਇਆ,
ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਂ । ਨਾਨਕ ਅੱਖਰ ਏਕਾ ਗਾਇਆ, ਨੌਂ ਖੰਡ ਪ੍ਰਿਥਮੀ ਕਰ ਰੁਸ਼ਨਾ । ਕਲਜੁਗ ਵੇਲਾ ਅੰਤ ਦਏ ਸਹਾਇਆ, ਪੁਰਖ

ਅਬਿਨਾਸ਼ੀ ਬੇਪਰਵਾਹ । ਨਿਹਕਲੰਕਾ ਜਾਮਾ ਪਾਇਆ, ਜੋਤੀ ਜੋਤ ਲਏ ਜਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਲਏ ਖਲਾਇਆ । ਆਪੇ ਨਾਨਕ ਨਿਰਗੁਣ ਧਾਰ, ਸਤਿਨਾਮ ਆਪ ਪੜ੍ਹਾਈਆ । ਆਪੇ ਜੋਤੀ ਗੁਰ ਅਵਤਾਰ, ਅੰਗਦ ਅਮਰਦਾਸ ਸਹਾਈਆ । ਆਪੇ ਰਾਮਦਾਸ ਕਰ ਪਿਆਰ, ਸਰ ਸਰੋਵਰ ਇਕ ਸੁਹਾਈਆ । ਆਪੇ ਅਰਜਨ ਖੋਲ੍ਹ ਕਿਵਾੜ, ਸ਼ਬਦ ਨਾਦ ਧੁਨ ਵਜਾਈਆ । ਆਪੇ ਗੁਰੂ ਗ੍ਰੰਥ ਗੁਰ ਕਰ ਤਿਆਰ, ਗੁਰਮੁਖਾਂ ਏਹ ਸਮਝਾਈਆ । ਆਪੇ ਹਰਿ ਗੋਬਿੰਦ ਹੋ ਅਸਵਾਰ, ਦੋਏ ਧਾਰਾ ਰੂਪ ਵਟਾਈਆ । ਆਪੇ ਹਰਿਰਾਏ ਸੱਚੀ ਸਰਕਾਰ, ਆਪੇ ਬਾਲੀ ਬੁਧ ਹਰਿਕ੍ਰਿਸ਼ਨ ਲੇਖੇ ਲਾਈਆ । ਆਪੇ ਤੇਗ ਬਹਾਦਰ ਹੋ ਉਜਿਆਰ, ਹਿੰਦ ਚਾਦਰ ਰੂਪ ਵਟਾਈਆ । ਆਪੇ ਕਰਤਾ ਕਾਦਰ ਕਰੇ ਕਾਰ, ਅਜ਼ਮਤ ਆਪਣੇ ਹੱਥ ਰਖਾਈਆ । ਆਪੇ ਸੁਤ ਦੁਲਾਰਾ ਹੋ ਉਜਿਆਰ, ਗੁਰ ਗੋਬਿੰਦ ਨਾਉਂ ਪਰਗਟਾਈਆ । ਆਪੇ ਪੁਰਖ ਅਕਾਲ ਪਾਵੇ ਸਾਰ, ਦੀਨ ਦਿਆਲ ਦਇਆ ਕਮਾਈਆ । ਆਪੇ ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਭਰ ਪਿਆਲਾ ਜਾਮ ਪਿਆਈਆ । ਆਪੇ ਖੜਗ ਖੰਡਾ ਚੰਡ ਪਰਚੰਡ ਤੇਜ਼ ਕਟਾਰ, ਆਪੇ ਨੈਣਾਂ ਹਵਨ ਕਰਾਈਆ । ਆਪੇ ਪੰਜਾਂ ਕਰੇ ਇਕ ਪਿਆਰ, ਇਕ ਨਾਲ ਇਕ ਸੀਸ ਗੁੰਦਾਈਆ । ਆਪੇ ਨਿਉਂ ਨਿਉਂ ਪਏ ਚਰਨ ਦਵਾਰ, ਆਪੇ ਢਹਿ ਢਹਿ ਮੰਗੇ ਸਚ ਸਰਨਾਈਆ । ਆਪੇ ਚਾਰ ਚਾਰੇ ਜੁਗ ਕਰੇ ਪਾਰ, ਚਾਰ ਦੁਲਾਰੇ ਸੇਵ ਕਮਾਈਆ । ਆਪੇ ਜਾਣੇ ਸਰਸਾ ਧਾਰ, ਸਤਿਗੁਰ ਆਪਣਾ ਇਸ਼ਟ ਵਿਚ ਰਖਾਈਆ । ਆਪੇ ਭਗਤ ਭਵਿਖਤੀ ਰਖੇ ਕਰ ਪਿਆਰ, ਚਰਨ ਕਵਲ ਸੱਚੀ ਸਰਨਾਈਆ । ਆਪੇ ਜੁਗਤ ਜਗਤ ਕਰੇ ਵਿਚਾਰ, ਆਪੇ ਸੱਥਰ ਸੂਲਾਂ ਸੇਜ ਹੰਢਾਈਆ । ਆਪੇ ਸਨੇਹੜਾ ਦੇਵੇ ਮੀਤ ਮੁਰਾਰ, ਆਪਣਾ ਢੋਲਾ ਆਪੇ ਗਾਈਆ । ਆਪੇ ਪੁਰਖ ਪੁਰਖੋਤਮ ਪਾਵੇ ਸਾਰ, ਪਰਮ ਪੁਰਖ ਬੇਪਰਵਾਹੀਆ । ਆਪੇ ਗੋਬਿੰਦ ਹਰਿ ਹਰਿ ਕਰੇ ਪਿਆਰ, ਸਿੰਘ ਰੂਪ ਸਹਿਜ ਸੁਖਦਾਈਆ । ਆਪੇ ਖੋਲ੍ਹੇ ਆਪਣਾ ਭੇਵ ਨਿਆਰ, ਭੇਵ ਅਭੇਦ ਭੇਵ ਜਣਾਈਆ । ਸੁਤ ਦੁਲਾਰਾ ਸਚ ਵਿਹਾਰ, ਸੱਚੀ ਸਰਕਾਰ ਆਪ ਕਰਾਈਆ । ਨਾਤਾ ਛੁਟਣਾ ਸਰਬ ਸੰਸਾਰ, ਪੰਜ ਤਤ ਰਹਿਣ ਨਾ ਪਾਈਆ । ਏਕਾ ਜੋਤੀ ਦਸ ਅਵਤਾਰ, ਗੁਰੂ ਗ੍ਰੰਥ ਦਏ ਵਡਿਆਈਆ । ਕਲਜੁਗ ਆਵੇ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਪੁਰਖ ਅਬਿਨਾਸ਼ੀ ਲਏ ਅਵਤਾਰ, ਨਿਹਕਲੰਕਾ ਨਾਉਂ ਧਰਾਈਆ । ਗੋਬਿੰਦ ਸੂਰਾ ਵਡ ਬਲਕਾਰ, ਗੁਰ ਚੇਲਾ ਵੇਖ ਵਖਾਈਆ । ਕਲਗੀ ਤੋੜਾ ਸੀਸ ਦਸਤਾਰ, ਤੀਰ ਕਮਾਨ ਹੱਥ ਉਠਾਈਆ । ਏਕਾ ਚਿਲਾ ਵੇਖ ਨਿਸ਼ਾਨ, ਸਚ ਨਿਸ਼ਾਨਾ ਇਕ ਲਗਾਈਆ । ਵਲੀਆ ਛਲੀਆ ਹਰਿ ਭਗਵਾਨ, ਉਚ ਅਟਲੀਆ ਸਾਚੇ ਮਹੱਲੇ ਡੇਰਾ ਲਾਈਆ । ਸੰਬਲ ਨਗਰੀ ਕਰੇ ਮੁਕਾਮ, ਜਗਤ ਕਿਆਮਤ ਦਏ ਵਖਾਈਆ । ਲੇਖਾ ਜਾਣੇ ਰਮਈਆ ਕਾਹਨ, ਕ੍ਰਿਸ਼ਨਾ ਬੰਸਰੀ ਆਪ ਵਜਾਈਆ । ਈਸਾ ਮੂਸਾ ਦਏ ਪੈਗ਼ਾਮ, ਜਬਰਾਈਲ ਮਕਾਈਲ ਅਸਰਾਫੀਲ ਅਸਰਾਈਲ ਆਪ ਵਡਿਆਈਆ । ਪੂਰਨ ਕਰੇ ਆਪਣਾ ਕਾਮ, ਪੂਰਨ ਪਰਮੇਸ਼ਵਰ ਬੇਪਰਵਾਹੀਆ । ਆਪ ਉਠਾਏ ਆਪਣਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਨੌ ਦਵਾਰੇ ਖੋਜ ਖੁਜਾਈਆ । ਚਾਰੇ ਵੇਦਾਂ ਕਰੇ ਪਰਵਾਨ, ਆਪ ਆਪਣੇ ਵਿਚ ਟਿਕਾਈਆ । ਚਾਰੇ ਖਾਣੀ ਦਏ ਗਿਆਨ, ਚਾਰੇ ਬਾਣੀ ਦਏ ਪੜ੍ਹਾਈਆ । ਚਾਰੇ ਜੁਗ ਬਣ ਨਾਦਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਾਲ ਬਾਲਾ ਰੂਪ ਵਟਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਚੋਲਾ ਲਏ ਬਦਲਾਈਆ । ਏਕਾ ਢੋਲਾ ਗਾਏ ਦੋ ਜਹਾਨ, ਸੋ ਪੁਰਖ ਨਿਰੰਜਣ ਬੇਪਰਵਾਹੀਆ ।

੬੭੨ ੦੯

ਹੰ ਬ੍ਰਹਮ ਕਰੇ ਪਛਾਣ, ਸੋਹੰ ਲਾਲ ਮੰਤਰ ਇਕ ਸਮਝਾਈਆ । ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਏਕਾ ਰੂਪ ਸ੍ਰੀ ਭਗਵਾਨ, ਵਾਹ ਵਾ ਸਿਫ਼ਤੀ ਕਰਨ ਸਿਫ਼ਤ ਸਲਾਹੀਆ । ਅਬਿਨਾਸ਼ੀ ਕਰਤਾ ਇਕਓਂਕਾਰ ਆਪ ਪਕੜਾਏ ਆਪਣਾ ਦਾਮਨ, ਦਾਮਨਗੀਰ ਸ੍ਰਿਸ਼ਟ ਸਬਾਈਆ । ਲੇਖਾ ਜਾਣੇ ਹੱਡ ਮਾਸ ਨਾੜੀ ਚਾਮ, ਤਤਵ ਤਤ ਵੇਖ ਵਖਾਈਆ । ਪੰਜ ਤਤ ਕਾਇਆ ਖੇੜਾ ਨਗਰ ਗਰਾਮ, ਘਰ ਬੈਠਾ ਸਾਚਾ ਮਾਹੀਆ । ਜਨ ਭਗਤਾਂ ਭਰ ਪਿਆਲਾ ਪਿਆਏ ਜਾਮ, ਅੱਠੇ ਪਹਿਰ ਖ਼ੁਮਾਰ ਇਕ ਵਖਾਈਆ । ਮਨਮੁਖ ਜੀਵ ਸਰਬ ਪਛਤਾਨ, ਜੁਗ ਜੁਗ ਵੇਲਾ ਗਿਆ ਹੱਥ ਨਾ ਆਈਆ । ਮਾਨਸ ਮਾਨੁਖ ਹੋਣ ਹੈਰਾਨ, ਮਨ ਮਤ ਕੂਕ ਰਹੀ ਕੁਰਲਾਈਆ । ਕਲਜੁਗ ਅੰਤਮ ਅੰਤ ਹਰਿ ਭਗਵੰਤ ਸਾਚੇ ਸੰਤ ਲਏ ਪਛਾਣ, ਲੋਕਮਾਤ ਵੇਸ ਵਟਾਈਆ । ਨਿਹਕਲੰਕ ਬਲੀ ਬਲਵਾਨ, ਨਿਰਗੁਣ ਆਪਣਾ ਬਲ ਧਰਾਈਆ । ਕਲਜੁਗ ਮੇਟੇ ਝੂਠ ਦੁਕਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਹੰਕਾਰੀਆਂ ਤੋੜੇ ਮਾਣ ਅਭਿਮਾਣ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਗੁਰਸਿਖ ਵੇਖੇ ਚਤਰ ਸੁਜਾਨ, ਜਿਸ ਜਨ ਆਤਮ ਅੰਤਰ ਇਕ ਲਿਵ ਲਾਈਆ । ਚਾਰ ਵਰਨਾਂ ਦੇਵੇ ਮਾਣ, ਊਚ ਨੀਚ ਨਾ ਕੋਇ ਵਖਾਈਆ । ਚਾਰ ਵੇਦ ਸਦਾ ਜਸ ਗਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਆਪਣੀ ਕਰਨੀ ਕਰੇ ਆਪ ਭਗਵਾਨ, ਭਗਵਨ ਸਾਚੀ ਖੇਲ ਖਿਲਾਈਆ । ਸਤਿਜੁਗ ਦੇਵੇ ਸਾਚੇ ਦਾਨ, ਜੀਆ ਦਾਨ ਝੋਲੀ ਪਾਈਆ । ਆਪੇ ਵੇਖੇ ਭਿੰਨੜੀ ਰੈਣ ਆਣ, ਗੁਰਸਿਖਾਂ ਸੰਗ ਸਮਾਈਆ । ਦੋਏ ਦੋਏ ਲੋਚਣ ਨੈਣ ਉਠ ਉਠ ਵੇਖੇ ਮਾਰ ਧਿਆਨ, ਕਵਣ ਕੂਟੇ ਹਰਿ ਪਰਗਟਿਆ ਪਾਰਬ੍ਰਹਮ ਇਕ ਰਘਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਆਪ ਅਖਵਾਈਆ । ਆਪੇ ਨਿਹਕਲੰਕ ਨਿਰੰਕਾਰ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਆਪੇ ਸ਼ਬਦ ਡੰਕਾ ਅਗੰਮ ਅਪਾਰ, ਲੋਆਂ ਪੁਰੀਆਂ ਬ੍ਰਹਿਮੰਡ ਖੰਡ ਆਪ ਸੁਣਾਇੰਦਾ । ਆਪੇ ਬਾਰ ਅਨੇਕਾ ਕਰੇ ਖੇਲ ਕਰਤਾਰ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਆਪੇ ਹਰਿਜਨ ਜਨਕਾ ਜਾਏ ਤਾਰ, ਜਨਕ ਸਪੁਤਰੀ ਸੀਤਾ ਸੁਰਤੀ ਆਪ ਪਰਨਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਨਾਮ ਬੰਸਰੀ ਵਜਾਏ ਸਤ ਸਤਾਰ, ਮੁਕੰਦ ਮਨੋਹਰ ਲਖ਼ਮੀ ਨਰਾਇਣ ਸੀਸ ਮੁਕਟ ਆਪਣੇ ਆਪ ਸੁਹਾਇੰਦਾ । ਆਪੇ ਕਾਲਾ ਸੂਸਾ ਕਰ ਸ਼ੰਗਾਰ, ਚੁਰਾਸੀ ਕਲੀਆਂ ਵੇਖ ਵਖਾਇੰਦਾ । ਆਪੇ ਅਸਵ ਸ਼ਾਹ ਹੋ ਅਸਵਾਰ, ਚਾਰ ਕੁੰਟ ਫੇਰਾ ਪਾਇੰਦਾ । ਆਪੇ ਨਾਮ ਨਾਮਾ ਬੋਲ ਜੈਕਾਰ, ਜੈ ਜੈਕਾਰ ਆਪ ਕਰਾਇੰਦਾ । ਆਪੇ ਸ੍ਰਿਸ਼ਟ ਸਬਾਈ ਕਰੇ ਖਵਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਆਪੇ ਕਲਜੁਗ ਪਾਸਾ ਕਰੇ ਹਾਰ, ਹਾਰ ਜਿਤ ਆਪਣੇ ਹੱਥ ਰਖਾਈਆ । ਆਪੇ ਸ਼ਬਦ ਖੰਡਾ ਫੜ ਤੇਜ ਕਟਾਰ, ਲੋਕ ਪਰਲੋਕ ਵੇਖ ਵਖਾਇੰਦਾ । ਆਪੇ ਬ੍ਰਹਿਮੰਡ ਖੰਡ ਜੇਰਜ ਅੰਡ ਲਏ ਵਿਚਾਰ, ਉਤਭੁਜ ਸੇਤਜ ਆਪੇ ਪੰਧ ਮੁਕਾਇੰਦਾ । ਆਪੇ ਸਤਿਜੁਗ ਸਾਚੇ ਕਰੇ ਪਿਆਰ, ਸਤਿਜੁਗ ਆਪੇ ਦਇਆ ਕਮਾਇੰਦਾ । ਆਪੇ ਲੱਖ ਚੁਰਾਸੀ ਵਿਚੋਂ ਗੁਰਸਿਖ ਸਾਚੇ ਲਏ ਉਭਾਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਆਪੇ ਆਪਣੇ ਗਲ ਪਾਏ ਫੂਲਨ ਹਾਰ, ਗੁਰਸਿਖ ਕਲੀ ਕਲੀ ਆਪ ਮਹਿਕਾਇੰਦਾ । ਆਪੇ ਤਾਗਾ ਸੂਤ ਦੇਵੇ ਡਾਰ, ਨਾਮ ਸੋਟੀ ਹੱਥ ਉਠਾਇੰਦਾ । ਆਪੇ ਮਾਲਣ ਬਣੇ ਨਰ ਨਿਰੰਕਾਰ, ਜਗਤ ਬਾਗੀਚਾ ਵੇਖ ਵਖਾਇੰਦਾ । ਜੋਤ ਅਕਾਲਣ ਸੇਵਾਦਾਰ, ਸਾਚੀ ਸੇਵਾ ਆਪ ਕਰਾਇੰਦਾ । ਘਾਲਣ ਘਾਲੀ ਦਰ ਦਰਬਾਰ, ਧੁਰ ਦੀ ਘਾਲ ਲੇਖੇ ਲਾਇੰਦਾ । ਪਾਲੀ ਬਨਿਆ ਆਪ ਗਿਰਧਾਰ, ਆਦਿ ਜੁਗਾਦਿ ਖੇਲ ਕਰਾਇੰਦਾ । ਕਲਜੁਗ ਸਵਾਲੀ ਰੋਵੇ ਜ਼ਾਰੋ ਜ਼ਾਰ, ਵੇਲਾ ਅੰਤ ਸਰਬ ਪਛਤਾਇੰਦਾ ।

ਨਾਤਾ ਤੁਟਾ ਸਾਕ ਸੱਜਣ ਸੈਣ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਕਾਇਆ ਕੰਤੀ ਹੋਈ ਦੁਖਿਆਰ, ਦਰਦੀ ਦੁੱਖ ਨਾ ਕੋਇ ਵੰਡਾਇੰਦਾ । ਆਪਣਾ ਹਲਫ਼ੀਆ ਦਏ ਬਿਆਨ, ਸਾਚਾ ਕਰਮ ਨਾ ਕੋਇ ਗਣਾਇੰਦਾ । ਵਰਨ ਬਰਨ ਭੁਲਾਇਆ ਜੀਵ ਜਹਾਨ, ਚਾਰ ਵਰਨ ਅਠਾਰਾਂ ਬਰਨ ਧੀਰਜ ਧੀਰ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਏਕਾ ਏਕ ਕਰਨੀ ਕਰਨ, ਕਰਤਾ ਪੁਰਖ ਨਾਉਂ ਧਰਾਇੰਦਾ । ਜਿਸ ਜਨ ਬਖ਼ਸ਼ੇ ਆਪਣੀ ਸਰਨ, ਜਨਮ ਮਰਨ ਫੰਦ ਕਟਾਇੰਦਾ । ਨੇਤਰ ਖੋਲ੍ਹੇ ਹਰਨ ਫਰਨ, ਗੁਰ ਗੋਬਿੰਦ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਬੇੜਾ ਆਪ ਚਲਾਇੰਦਾ । ਜੁਗ ਜੁਗ ਬੇੜਾ ਆਪ ਚਲਾਇਆ, ਸਤਿਗੁਰ ਸਾਚਾ ਵਡ ਵਡਿਆਈਆ । ਕਲਜੁਗ ਖੇਵਟ ਬਣ ਕੇ ਆਇਆ, ਖੇਲੇ ਖੇਲ ਖ਼ਲਕ ਖੁਦਾਈਆ । ਆਲਸ ਨਿੰਦਰਾ ਤਜ ਕੇ ਆਇਆ, ਦਿਵਸ ਰੈਣ ਏਕਾ ਰੰਗ ਸਮਾਈਆ । ਬਨ ਬਿੰਦਰਾ ਗੋਪੀ ਕਾਹਨ ਬਣ ਕੇ ਆਇਆ, ਗੋਕਲ ਮਥਰਾ ਰਾਸ ਰਚਾਈਆ । ਸਾਚੀ ਸਖੀਆਂ ਰਲ ਕੇ ਆਇਆ, ਗੁਰਮੁਖ ਸਾਚੇ ਨਾਲ ਪਰਗਟਾਈਆ । ਸੋਲਾਂ ਹਜ਼ਾਰ ਕੰਨਿਆਂ ਵਰ ਕੇ ਆਇਆ, ਸੰਮਤ ਸੋਲਾਂ ਬੀਸ ਬੀਸਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਆਪਣੇ ਹੱਥ ਰੱਖੇ ਵਡਿਆਈਆ । ਈਸਾ ਮੂਸਾ ਬਣ ਕੇ ਆਇਆ, ਰਾਮ ਰਾਮਾ ਆਪ ਅਖਵਾਇੰਦਾ । ਸਾਚਾ ਤਾਣਾ ਤਣ ਕੇ ਆਇਆ, ਤਾਣਾ ਪੇਟਾ ਆਪੇ ਪਾਇੰਦਾ । ਸਾਚਾ ਰਾਜਾ ਬਣ ਕੇ ਆਇਆ, ਕਲਜੁਗ ਅੰਤਮ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਲ ਛਲਧਾਰੀ ਆਪ ਅਖਵਾਇੰਦਾ । ਸਾਚਾ ਬਣਿਆ ਮਹੰਮਦ ਮਲਾਹ, ਚਾਰ ਯਾਰੀ ਮਤਾ ਪਕਾਈਆ । ਅੱਲਾ ਰਾਣੀ ਦਏ ਸਲਾਹ, ਸਲਾਹਗੀਰ ਇਕ ਖ਼ੁਦਾਈਆ । ਖ਼ਾਲਕ ਖ਼ਲਕ ਵੇਖੇ ਆਪ ਖ਼ੁਦਾ, ਅਜਮਤੇ ਕਸਮਤੇ ਮਿਹਰਬਾਨ ਮਿਹਬਾਂ ਨੂਰ ਜਲਵਾ ਆਪ ਅਲਾਹੀਆ । ਉਚੀ ਕੂਕ ਦਏ ਸਦਾ, ਆਪਣਾ ਕਰੇ ਫਰਜ਼ ਅਦਾ, ਸਾਚੇ ਹੁਜਰੇ ਆਪੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲਾਈਆ । ਨਾਨਕ ਨਿਰਗੁਣ ਬਣ ਕੇ ਆਇਆ, ਜਨਣੀ ਜਨ ਗੋਦ ਬਹਾਈਆ । ਪੁਰਖ ਅਕਾਲ ਦੀਨ ਦਿਆਲ ਪਿਤਾ ਬਣ ਕੇ ਆਇਆ, ਪਿਤਾ ਪੂਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖਣ ਆਇਆ, ਨਿਹਕਲੰਕ ਬਲੀ ਬਲਕਾਰ । ਫਲ ਰੇਖਾ ਮੇਟਣ ਆਇਆ, ਨਾਤਾ ਤੋੜ ਸਰਬ ਸੰਸਾਰ । ਜੂਠ ਝੂਠ ਮਾਇਆ ਮਮਤਾ ਹਉਮੇ ਹੰਗਤਾ ਭੇਖ ਪੇਖਣ ਆਇਆ, ਨੇਤਰ ਨੈਣ ਆਪ ਉਘਾੜ । ਮੁਲਾਂ ਸ਼ੇਖ਼ ਮਸਾਇਕ ਪੀਰ ਕੁਤਬ ਗੌਸ ਮੇਟਣ ਆਇਆ, ਚੌਦਾਂ ਤਬਕਾਂ ਤੋੜ ਜੰਜੀਰ । ਬ੍ਰਹਮਾ ਵਿਸ਼ਨ ਸ਼ਿਵ ਲੇਖਾ ਮੰਗਣ ਆਪ ਲਗਾਇਆ, ਚਾਰੇ ਵੇਦਾਂ ਕਰੇ ਅਖ਼ੀਰ । ਪੰਡਤ ਪਾਂਧੇ ਆਪ ਪੜ੍ਹਾਵਨ ਆਇਆ, ਚੌਦਾਂ ਵਿਦਿਆ ਕੱਟੇ ਭੀੜ । ਗੁਰਮੁਖ ਸਾਚੇ ਆਪ ਸੁਹਾਵਣ ਆਇਆ, ਵਡ ਦਾਤਾ ਗਹਿਰ ਗੰਭੀਰ । ਸਾਚਾ ਮਾਰਗ ਇਕ ਵਖਾਇਆ, ਠਾਂਡਾ ਘਰ ਅੰਮ੍ਰਿਤ ਠਾਂਡਾ ਸੀਰ । ਗੁਰਮੁਖ ਵਿਰਲੇ ਮੁਖ ਚਵਾਇਆ, ਦੂਈ ਦਵੈਤੀ ਕੱਢੀ ਪੀੜ । ਸਾਚੇ ਮੰਦਰ ਆਪ ਬਹਾਇਆ, ਚੋਟੀ ਚਾੜ੍ਹ ਇਕ ਅਖ਼ੀਰ । ਨਿਰਮਲ ਦੀਪਕ ਆਪ ਜਗਾਇਆ, ਮੇਲ ਮਿਲਾਵਾ ਪੀਰਨ ਪੀਰ । ਪੀਤ ਪਤੰਬਰ ਸੀਸ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਕੱਟੇ ਭੀੜ । ਜਨ ਭਗਤਾਂ ਸੁਰਤ ਸੰਭਾਲਦਾ, ਜੁਗਾ ਜੁਗੰਤਰ ਸਾਚੀ ਕਾਰ । ਸਤਿਜੁਗ

੬੭੪
੦੯

੯੭੫

ਤ੍ਰੇਤਾ ਦਵਾਪਰ ਆਪਣੇ ਚਰਨਾਂ ਹੇਠ ਲਤਾੜਦਾ, ਕਲਜੁਗ ਆਈ ਅੰਤਮ ਵਾਰ । ਲੇਖਾ ਜਾਣੇ ਅਗਨੀ ਤਤ ਹਾੜ ਦਾ, ਤ੍ਰੈਗੁਣ ਤਪੇ ਮਾਤ ਅੰਗਿਆਰ । ਗੁਰਮੁਖ ਸਾਚੇ ਲੱਖ ਚੁਰਾਸੀ ਵਿਚੋਂ ਕੱਢ ਦਰਗਹਿ ਸਾਚੀ ਆਪੇ ਵਾੜਦਾ, ਆਪ ਆਪਣਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਪੈਜ ਸਵਾਰੀਅਨ, ਕਲਜੁਗ ਤੇਰੀ ਅੰਤਮ ਵਾਰ । ਏਕਾ ਦੇਵੇ ਨਾਮ ਅਧਾਰੀਅਨ, ਚਰਨ ਕਵਲ ਸਚ ਪਿਆਰ । ਆਪੇ ਖੋਲ੍ਹੇ ਬੰਦ ਕਿਵਾੜੀਅਨ, ਨਾਤਾ ਤੁਟੇ ਜਗਤ ਵਿਕਾਰ । ਪੰਚ ਵਿਕਾਰਾ ਆਪ ਪਛਾੜੀਅਨ, ਆਪੇ ਮਾਰਨ ਹਾਰਾ ਮਾਰ । ਆਪੇ ਗੁਰਮੁਖਾਂ ਫਿਰੇ ਪਿਛੇ ਅਗਾੜੀਅਨ, ਏਥੇ ਓਥੇ ਪਾਵੇ ਸਾਰ । ਆਪੇ ਲਹਿਣਾ ਚੁਕਾਏ ਚਰਨ ਛੁਹਾਈ ਦਾੜ੍ਹੀਅਨ, ਨਾਰੀ ਪੁਰਖ ਪੁਰਸ਼ ਏਕਾ ਧਾਰ । ਬਿਰਧ ਬਾਲ ਪਾਰ ਉਤਾਰੀਅਨ, ਮੰਝਧਾਰ ਨਾ ਡੋਬੇ ਕੋਈ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਪਾਵੇ ਸਾਚੀ ਸਾਰ । ਨਰ ਹਰਿ ਬਨਵਾਰੀ ਨਮੋ ਸਤਿ, ਨਮੋ ਦੇਵ ਵਾਸਤਕ ਰੂਪ ਸਰਬ ਸਮਾਈਆ । ਏਕਾ ਜੋਤ ਨਿਰੰਕਾਰੀ ਆਸਤਕ, ਵਿਸ਼ਵ ਧਾਰ ਇਕ ਬੰਧਾਈਆ । ਸਤਿਜੁਗ ਸਾਚੀ ਕਰੇ ਕਾਰੀ, ਚਾਰ ਵਰਨਾਂ ਇਕ ਆਧਾਰੀ, ਦਰ ਦਰਬਾਰਾ ਇਕ ਵਖਾਈਆ । ਸੋਹੰ ਸ਼ਬਦ ਜੈਕਾਰੀ, ਗੁਰ ਗੁਰ ਚੇਲਾ ਲਾਵਣ ਵਾਹੋ ਦਾਹੀਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰੀ, ਜਗਤ ਜਗਦੀਸ਼ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਹੋਏ ਪਨਹਾਰੀ, ਕਾਗਦ ਕਲਮ ਨਾ ਲਿਖਣਹਾਰੀ, ਨੇਤਰ ਰੋਵੇ ਧਰਤ ਬਸੁਧਾ, ਸਤਿ ਸਰੋਵਰ ਲੇਖਾ ਚੁੱਕੇ ਨਾ ਜਗਤ ਛਾਹੀਆ । ਭਗਤ ਕਬੀਰ ਵਾਜਾਂ ਰਿਹਾ ਮਾਰੀ, ਸਚ ਮਹੱਲੇ ਬੈਠ ਅਟਾਰੀ, ਗੁਰਸਿਖਾਂ ਰਾਹ ਤਕਾਈਆ । ਕਲਜੁਗ ਤੇਰੀ ਆਈ ਅੰਤਮ ਵਾਰੀ, ਸਤਿਗੁਰ ਪੂਰਾ ਜਾਏ ਪੈਜ ਸਵਾਰੀ, ਗੁਰਮੁਖ ਸਾਚੇ ਪੌੜੇ ਗਿਆ ਚਾੜ੍ਹੀ, ਉੱਚਾ ਡੰਡਾ ਵਿਚ ਬ੍ਰਹਿਮੰਡਾ ਹਰਿ ਸਾਚਾ ਆਪ ਲਗਾਈਆ । ਗੁਰਮੁਖ ਸੁਰਤੀ ਰਹੇ ਨਾ ਕਵਾਰੀ, ਮਿਲਿਆ ਮੇਲ ਹਰਿ ਕੰਤ ਭਤਾਰੀ, ਦਰਗਹਿ ਵਸੇ ਸਚ ਅਟਾਰੀ, ਜੋਤੀ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਸੱਜਣ ਲਏ ਫੜ, ਫੜਨਹਾਰਾ ਦਿਸ ਨਾ ਆਈਆ । ਗੁਰਮੁਖ ਫੜਿਆ ਕਿਰਪਾ ਨਿਧ, ਕਰ ਕਿਰਪਾ ਮੇਲ ਮਿਲਾਇਆ । ਅੰਤਮ ਕਾਰਜ ਕਰੇ ਸਿਧ, ਸਿਦਕ ਸਬੂਰੀ ਇਕ ਵਖਾਇਆ । ਚਰਨ ਦਾਸ ਕਰਾਏ ਨੌ ਨਿਧ, ਅਠਾਰਾਂ ਸਿਧ ਫਿਰੇ ਹਲਕਾਇਆ । ਆਪ ਜਣਾਏ ਆਪਣੀ ਬਿਧ, ਆਪਣਾ ਮੰਤਰ ਆਪ ਪੜ੍ਹਾਇਆ । ਮਨ ਮਤ ਅੰਤਰ ਆਤਮ ਜਾਏ ਵਿਧ, ਤੀਰ ਨਿਰਾਲਾ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਂਇਆ । ਥਾਨ ਥਨੰਤਰ ਸੁਹਾਇਆ, ਕਰ ਕਿਰਪਾ ਆਪ ਨਿਰੰਕਾਰ । ਗੁਰਸਿਖ ਬੰਕ ਵੇਖ ਵਖਾਇਆ, ਲੋਕਮਾਤ ਲੈ ਅਵਤਾਰ । ਆਪਣੇ ਅੰਕ ਆਪ ਲਗਾਇਆ, ਅੰਗੀਕਾਰ ਕਰੇ ਨਿਰੰਕਾਰ । ਧੁਰ ਦਾ ਸਾਚਾ ਸੰਗ ਨਿਭਾਇਆ, ਜੁਗ ਜੁਗ ਵਿਛੜਿਆ ਮਿਲਿਆ ਸਾਚਾ ਯਾਰ । ਬਿਰਹੋਂ ਵਿਛੋੜਾ ਆਪ ਕਟਾਇਆ, ਅੱਠੇ ਪਹਿਰ ਦਰਸ ਦੀਦਾਰ । ਨਿਝ ਆਤਮ ਸਾਚੀ ਸੇਜਾ ਡੇਰਾ ਲਾਇਆ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਆਪਣਾ ਗੇੜਾ ਆਪ ਦਵਾਇਆ, ਚਾਰੋਂ ਕੁੰਟ ਗੇੜਨਹਾਰ । ਹਰਿਜਨ ਖੇੜਾ ਆਪ ਵਸਾਇਆ, ਕਾਇਆ ਮੰਦਰ ਖੋਲ੍ਹ ਕਿਵਾੜ । ਧੁੰਧੂਕਾਰ ਅੰਧੇਰ ਆਪ ਮਿਟਾਇਆ, ਦੀਪ ਜੋਤੀ ਬਾਤੀ ਕਰ ਉਜਿਆਰ । ਕਮਲਾਪਾਤੀ ਰੂਪ ਪਰਗਟਾਇਆ,

ਅੰਮ੍ਰਿਤ ਬੂੰਦ ਸਵਾਂਤੀ ਪਿਆਏ ਠੰਡੀ ਠਾਰ । ਰਾਤੀਂ ਸੁਤਿਆ ਲਏ ਉਠਾਇਆ, ਸੁਫਨ ਸਖੋਪਤ ਜਾਗਤ ਤੁਰੀਆ ਏਕਾ ਧਾਰ । ਆਪਣਾ ਮੇਲਾ ਲਏ ਮਿਲਾਇਆ, ਹਰਿ ਸੰਗਤ ਬਖ਼ਸ਼ੇ ਚਰਨ ਪਿਆਰ । ਗੁਰ ਚੇਲਾ ਏਕਾ ਧਾਮ ਸੁਹਾਇਆ, ਸੰਬਲ ਨਗਰੀ ਕਰ ਵਿਚਾਰ । ਰਵਦਾਸ ਚੁਮਿਆਰ ਲੇਖ ਲਿਖਾਇਆ, ਸਾਢੇ ਤਿੰਨ ਹੱਥ ਮੰਦਰ ਮੁਨਾਰ । ਜਗਤ ਬਾਢੀ ਨਾ ਕਿਸੇ ਬਣਾਇਆ, ਘਾੜਨ ਘੜੇ ਨਾ ਕੋਈ ਵਿਚ ਸੰਸਾਰ । ਰਕਤ ਬੂੰਦ ਮੇਲ ਮਿਲਾਇਆ, ਸੇਵਾ ਕਰੇ ਸੇਵਾਦਾਰ । ਗੁਰ ਗੋਬਿੰਦ ਵਿਚ ਵਸਾਇਆ, ਸ਼ਬਦ ਗੁਰ ਵਡ ਬਲਕਾਰ । ਪੁਰਖ ਅਕਾਲ ਆਪ ਅਖਵਾਇਆ, ਜੋਤੀ ਜਾਮਾ ਭੇਖ ਅਪਾਰ । ਏਕਾ ਸੋਟੀ ਹੱਥ ਰਖਾਇਆ, ਸ਼ਬਦ ਖੰਡਾ ਨਾਮ ਕਟਾਰ । ਕੋਟੀ ਕੋਟ ਜੀਵ ਜਗਾਇਆ, ਜਗਤ ਜੁਗਤ ਕਰ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਖੇੜੇ ਦੇਵੇ ਵਰ, ਗੁਰਸਿਖ ਬੰਧਾਏ ਆਪਣੇ ਲੜ, ਏਕਾ ਪੱਲੂ ਹੱਥ ਵਖਾਇਆ । ਏਕਾ ਪੱਲੂ ਸਾਚੀ ਡੋਰ, ਨਾਮ ਨਾਮਾ ਹੱਥ ਫੜਾਇੰਦਾ । ਲੇਖਾ ਜਾਣੇ ਪੰਜ ਚੋਰ, ਤਤਵ ਤਤ ਮੇਟ ਮਿਟਾਇੰਦਾ । ਪਾਵੇ ਸਾਰ ਅੰਧਘੋਰ, ਅਗਿਆਨ ਅੰਧੇਰ ਗਵਾਇੰਦਾ । ਜਗਤ ਵਿਕਾਰਾ ਦੇਵੇ ਹੋੜ, ਮਾਇਆ ਮਮਤਾ ਮੋਹ ਮਿਟਾਇੰਦਾ । ਆਪਣੇ ਮਾਰਗ ਦੇਵੇ ਤੋਰ, ਸਾਚਾ ਮਾਰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇਆ । ਗੁਰਮੁਖ ਮੇਲ ਮਿਲਾਇਆ, ਕਰ ਕਿਰਪਾ ਆਪ ਨਿਰੰਕਾਰ । ਪੂਰਬ ਲਹਿਣਾ ਝੋਲੀ ਪਾਇਆ, ਮਾਨਸ ਜਨਮ ਕਰ ਵਿਚਾਰ । ਨੇਤਰ ਨੈਣਾਂ ਦਰਸ ਦਿਖਾਇਆ, ਜੋਤੀ ਜਾਮਾ ਭੇਖ ਅਪਾਰ । ਸਾਕ ਸੱਜਣ ਸੈਣ ਇਕ ਅਖਵਾਇਆ, ਮਾਤ ਪਿਤ ਭਾਈ ਭੈਣ ਆਪ ਨਿਰੰਕਾਰ । ਪਿਤਾ ਪੂਤ ਗੁਰਮੁਖ ਜੋੜ ਜੁੜਾਇਆ, ਨਾਤਾ ਤੋੜ ਸਰਬ ਸੰਸਾਰ । ਵਰਨ ਗੋਤੀ ਪੰਧ ਮੁਕਾਇਆ, ਜ਼ਾਤ ਪਾਤ ਨਾ ਕੋਈ ਵਿਚਾਰ । ਵਾਸਨਾ ਖੇਟੀ ਆਪ ਕਢਾਇਆ, ਏਕਾ ਰੰਗ ਰੰਗਾਏ ਸੱਚੀ ਸਰਕਾਰ । ਜੋਤੀ ਜੋਤ ਜਗਾਇਆ, ਜੀਵਣ ਮਰਨ ਦਏ ਅਧਾਰ । ਓਤ ਪੋਤ ਆਪ ਬਣਾਇਆ, ਵਿਸ਼ਨੂੰ ਵੰਸੀ ਖੇਲ ਅਪਾਰ । ਬੰਸ ਸਰਬੰਸਾ ਆਪ ਸੁਹਾਇਆ, ਸਹੰਸ ਸਹੰਸਾ ਰੂਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖ਼ਿਆ ਕਰ ਵਿਚਾਰ । ਸਿਖ਼ਿਆ ਸਿੱਖ ਵਿਚਾਰ, ਸ਼ਬਦ ਜਣਾਇੰਦਾ । ਧੁਰ ਦਰਗਾਹੀ ਧਾਰ, ਧਰਮ ਵਖਾਇੰਦਾ । ਨੇਹਕਰਮੀ ਕਰਮ ਵਿਚਾਰ, ਪਾਰ ਕਰਾਇੰਦਾ । ਵਰਨੀ ਬਰਨੀ ਵਸਿਆ ਬਾਹਰ, ਏਕਾ ਰੰਗ ਸਮਾਇੰਦਾ । ਹਰਨ ਫਰਨ ਖੋਲ੍ਹ ਕਿਵਾੜ, ਨੇਤਰ ਨੈਣ ਦਰਸ ਕਰਾਇੰਦਾ । ਸਾਚੇ ਘੋੜੇ ਦੇਵੇ ਚਾੜ੍ਹ, ਵਾਗਾਂ ਆਪਣੇ ਹੱਥ ਰਖਾਇੰਦਾ । ਗੁਰਮੁਖ ਗੁਰਸਿਖ ਹਰਿਭਗਤ ਹਰਿਜਨ ਆਪਣੇ ਮੰਦਰ ਦੇਵੇ ਵਾੜ, ਹਰਿ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬਹਾਏ ਆਪਣੇ ਦਰ, ਦਰ ਦਰਵਾਜ਼ਾ ਆਪ ਸੁਹਾਇੰਦਾ ।

### ❊ ੧੨ ਭਾਦਰੋਂ ੨੦੧੭ ਬਿਕ੍ਰਮੀ ਵਧਾਵਾ ਸਿੰਘ ਦੇ ਗ੍ਰਿਹ ਪਿੰਡ ਮਹਰਾਜ ਜ਼ਿਲਾ ਬਠਿੰਡਾ ❊

ਇਕ ਅਕੱਲਾ ਗੁਣ ਨਿਧਾਨ, ਅਕਲ ਕਲ ਹਰਿ ਅਖਵਾਇੰਦਾ । ਇਕ ਅਕੱਲਾ ਸ੍ਰੀ ਭਗਵਾਨ, ਨਿਰਗੁਣ ਦੀਪ ਜੋਤ ਜਗਾਇੰਦਾ । ਇਕ ਅਕੱਲਾ ਜੋਧਾ ਸੂਰਬੀਰ ਬਲਵਾਨ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਇਕ ਅਕੱਲਾ ਸਚਖੰਡ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਈ

ਛੁਹਾਇੰਦਾ । ਇਕ ਅਕੱਲਾ ਵਡ ਮਿਹਰਵਾਨ, ਆਪਣੀ ਦਇਆ ਆਪ ਕਮਾਇੰਦਾ । ਇਕ ਅਕੱਲਾ ਨੌਜਵਾਨ, ਰੂਪ ਰੰਗ ਰੇਖ ਨਾ ਕੋਈ ਵਖਾਇੰਦਾ । ਇਕ ਅਕੱਲਾ ਸ਼ਾਹੋ ਭੂਪ ਬਣ ਰਾਜ ਰਾਜਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਇਕ ਅਕੱਲਾ ਆਪ ਵਖਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਇਕ ਅਕੱਲਾ ਵਡ ਦਾਨੀ ਦਾਨ, ਦੇਵਣਹਾਰਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਇਕ ਅਕੱਲਾ ਸ੍ਰੀ ਭਗਵਾਨ, ਭੇਵ ਅਭੇਦ ਆਪ ਛੁਪਾਇੰਦਾ । ਇਕ ਅਕੱਲਾ ਸ਼ਾਹ ਸੁਲਤਾਨ, ਤਖ਼ਤ ਨਿਵਾਸੀ ਖੇਲ ਖਿਲਾਇੰਦਾ । ਇਕ ਅਕੱਲਾ ਰਾਜ ਰਾਜਾਨ, ਸੀਸ ਆਪਣੇ ਤਾਜ ਟਿਕਾਇੰਦਾ । ਇਕ ਅਕੱਲਾ ਜੋਤੀ ਨੂਰ ਜੋਤ ਮਹਾਨ, ਅਨਭਵ ਪਰਕਾਸ਼ ਸਮਾਇੰਦਾ । ਇਕ ਅਕੱਲਾ ਦੇਵਣਹਾਰਾ ਧੁਰ ਫ਼ਰਮਾਣ, ਸ਼ਬਦ ਅਗੰਮੀ ਨਾਦ ਵਜਾਇੰਦਾ । ਇਕ ਅਕੱਲਾ ਦਰ ਦਰਵੇਸ਼ ਬਣੇ ਦਰਬਾਨ, ਦਰ ਘਰ ਸਾਚੇ ਆਪਣਾ ਹੁਕਮ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਇੰਦਾ । ਇਕ ਅਕੱਲਾ ਸ਼ਾਹੋ ਭੂਪ, ਆਦਿ ਜੁਗਾਦਿ ਵੱਡੀ ਵਡਿਆਈਆ । ਇਕ ਅਕੱਲਾ ਸਤਿ ਸਰੂਪ, ਸਤਿ ਸਤਿਵਾਦੀ ਬੇਪਰਵਾਹੀਆ । ਇਕ ਅਕੱਲਾ ਮਹਿਮਾ ਅਨੂਪ, ਨਾ ਮਰੇ ਨਾ ਜਾਈਆ । ਏਕਾ ਵਸੇ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਏਕਾ ਆਪ ਆਪਣੇ ਉਪਰ ਜਾਏ ਤੁਠ, ਆਪਣਾ ਭੇਵ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਧਾਮ ਸੁਹਾਈਆ । ਏਕਾ ਏਕ ਸ਼ਾਹ ਸੁਲਤਾਨਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਏਕਾ ਏਕ ਜੀਆ ਦਾਨਾ, ਜੀਵਨ ਜੁਗਤ ਆਪ ਬਣਾਇੰਦਾ । ਏਕਾ ਏਕ ਪੀਣਾ ਖਾਣਾ, ਅੰਮ੍ਰਿਤ ਏਕਾ ਧਾਰ ਵਹਾਇੰਦਾ । ਏਕਾ ਏਕ ਸ਼ਬਦ ਬਬਾਣਾ, ਪੁਰਖ ਅਕਾਲ ਆਪ ਉਡਾਇੰਦਾ । ਏਕਾ ਏਕ ਵੇਖੇ ਮਾਰ ਧਿਆਨਾ, ਨਿਰਗੁਣ ਆਪਣਾ ਨੇਤਰ ਆਪ ਖੁਲ੍ਹਾਇੰਦਾ । ਏਕਾ ਏਕ ਚਤਰ ਸੁਘੜ ਸਿਆਣਾ, ਮਨ ਮਤ ਬੁਧ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਇਕ ਅਕੱਲਾ ਖੇਲ ਖਿਲਾਏ, ਮਹਿਮਾ ਅਗਣਤ ਗਣੀ ਨਾ ਜਾਈਆ । ਸਚਖੰਡ ਦਵਾਰੇ ਸੋਭਾ ਪਾਏ, ਦਰਗਹਿ ਸਾਚੀ ਜੋਤ ਜਗਾਈਆ । ਥਿਰ ਘਰ ਸਾਚਾ ਆਪ ਖੁਲ੍ਹਾਏ, ਦਰ ਦਰਵਾਜ਼ਾ ਬੇਪਰਵਾਹੀਆ । ਆਪਣਾ ਕਾਜਾ ਆਪ ਰਚਾਏ, ਸਾਚਾ ਸਗਨ ਆਪ ਮਨਾਈਆ । ਆਪਣਾ ਤਾਜਾ ਆਪ ਸੁਹਾਏ, ਤਖਤ ਨਾਮ ਵੱਡੀ ਵਡਿਆਈਆ । ਆਪਣਾ ਰਾਜਾ ਆਪ ਅਖਵਾਏ, ਰਈਅਤ ਆਪਣਾ ਰੂਪ ਵਟਾਈਆ । ਆਪਣਾ ਤਾਜਾ ਆਪ ਦੌੜਾਏ, ਸ਼ਾਹ ਅਸਵਾਰ ਸ਼ਹਿਨਸ਼ਾਹੀਆ । ਆਪਣਾ ਰਾਗਾ ਆਪ ਅਲ੍ਹਾਏ, ਤੁਰੀਆ ਰਾਗ ਆਪ ਸੁਣਾਈਆ । ਆਪਣੀ ਰਬਾਬਾ ਆਪ ਵਜਾਏ, ਸੁਰ ਤਾਲ ਨਾ ਕੋਇ ਰਖਾਈਆ । ਆਪਣਾ ਰਹਿਬਾਬਾ ਆਪ ਅਖਵਾਏ, ਮਹਿਬੂਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਅਪਾਰਾ, ਕਰੇ ਕਰਾਏ ਹਰਿ ਨਿਰਾਕਾਰਾ, ਨਿਰਗੁਣ ਨਿਰਵੈਰ ਆਪਣਾ ਬਲ ਧਰਾਈਆ । ਆਪਣਾ ਬਲ ਆਪੇ ਰੱਖ, ਆਪਣਾ ਵੇਸ ਵਟਾਇੰਦਾ । ਨਿਰਗੁਣ ਅੰਦਰ ਨਿਰਗੁਣ ਹੋ ਪਰਤੱਖ, ਨਿਰਗੁਣ ਦੀਵਾ ਬਾਤੀ ਕਮਲਾਪਾਤੀ ਆਪ ਜਗਾਇੰਦਾ । ਨਿਰਗੁਣ ਨਿਰਗੁਣ ਵਿਚੋਂ ਹੋਏ ਵਖ, ਆਪਣਾ ਆਪ ਪਰਗਟਾਇੰਦਾ । ਨਿਰਗੁਣ ਨਿਰਗੁਣ ਹੋਏ ਸਰਬ ਕਲ ਸਮਰਥ, ਆਪਣੀ ਕਥਾ ਅਕਥ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਬੰਧਾਇੰਦਾ । ਇਕ ਅਕੱਲਾ ਏਕਾ ਧਾਰ, ਏਕੰਕਾਰਾ

ਆਪ ਚਲਾਈਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਅਲੱਖ ਅਗੋਚਰ ਭੇਵ ਕੋਇ ਨਾ ਪਾਈਆ । ਸ੍ਰੀ ਭਗਵਾਨ ਹੋ ਉਜਿਆਰ, ਆਦਿ ਨਿਰੰਜਣ ਡਗਮਗਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਧਾਮ ਨਿਆਰ, ਨਿਹਚਲ ਧਾਮ ਅਟੱਲ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਖ਼ਬਰਦਾਰ, ਜਨਮ ਮਰਨ ਵਿਚ ਨਾ ਆਈਆ । ਸ੍ਰੀ ਭਗਵਾਨ ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣ ਆਪਣੇ ਹੱਥ ਰਖਾਈਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਮੇਲ ਮਿਲਾਵਾ ਸਹਿਜ ਸੁਖਦਾਈਆ । ਕਰੇ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਬੇਪਰਵਾਹ ਆਪ ਅਖਵਾਈਆ । ਨਿਰਗੁਣ ਬਣੇ ਨਿਰਗੁਣ ਮਲਾਹ, ਨਿਰਗੁਣ ਬੇੜਾ ਆਪ ਚਲਾਈਆ । ਨਿਰਗੁਣ ਦੇਵੇ ਸੱਚੀ ਸਲਾਹ, ਸਿਫ਼ਤ ਸਲਾਹ ਆਪਣਾ ਨਾਉਂ ਧਰਾਈਆ । ਬੋਧ ਅਗਾਧਾ ਸ਼ਬਦ ਸੁਣਾ, ਘਰ ਮੰਦਰ ਨਾਦ ਵਜਾਈਆ । ਸਚਖੰਡ ਦਵਾਰਾ ਵੇਖ ਵਖਾ, ਵੇਖਣਹਾਰਾ ਦਿਸ ਨਾ ਆਈਆ । ਤਖ਼ਤ ਨਿਵਾਸੀ ਸੱਚਾ ਪਾਤਸ਼ਾਹ, ਹੁਕਮੀ ਹੁਕਮ ਆਪ ਚਲਾਈਆ । ਆਪਣੀ ਵਸਤ ਆਪੇ ਝੋਲੀ ਪਾ, ਆਪਣੀ ਹੱਥੀਂ ਭਿਖਿਆ ਮੰਗ ਮੰਗਾਈਆ । ਆਪ ਆਪਣੀ ਰਛਿਆ ਕਰੇ ਸਭਨੀ ਥਾਂ, ਸਿਰ ਆਪਣਾ ਹੱਥ ਆਪ ਟਿਕਾਈਆ । ਅਜੂਨੀ ਰਹਿਤ ਪੁਰਖ ਅਕਾਲ ਦੀਨ ਦਿਆਲ ਅਨਭਵ ਪਰਕਾਸ਼ ਆਪ ਕਰਾ, ਮੂਰਤ ਅਕਾਲ ਵੱਡੀ ਵਡਿਆਈਆ । ਥਿਰ ਘਰ ਸਾਚਾ ਮੰਦਰ ਦਏ ਸੁਹਾ, ਧੁਰ ਦਰਬਾਰ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਖੋਲ੍ਹ, ਸ਼ਬਦ ਅਨਾਦੀ ਆਪੇ ਬੋਲ, ਆਪਣਾ ਨਾਮ ਆਪ ਜਣਾਈਆ । ਇਕ ਅਕੱਲਾ ਏਕਾ ਨਾਉਂ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਇਕ ਮਹੱਲਾ ਇਕ ਗਰਾਉਂ, ਸਚ ਸਿੰਘਾਸਣ ਸੋਭਾ ਪਾਇੰਦਾ । ਏਕਾ ਪਿਤਾ ਏਕਾ ਮਾਉਂ, ਏਕਾ ਬਾਲਕ ਰੂਪ ਵਟਾਇੰਦਾ । ਏਕਾ ਰੱਖੇ ਠੰਡੀ ਛਾਂ, ਸਮਰਥ ਪੁਰਖ ਇਕ ਅਖਵਾਇੰਦਾ । ਏਕਾ ਕਰੇ ਸਚ ਨਿਆਉਂ, ਅਦਲ ਆਦਲ ਆਪ ਹੋ ਜਾਇੰਦਾ । ਏਕਾ ਹੰਸ ਬਣਾਏ ਕਾਉਂ, ਕਾਗ ਹੰਸ ਆਪ ਉਡਾਇੰਦਾ । ਏਕਾ ਪਕੜਨਹਾਰਾ ਬਾਹੋਂ, ਇਕ ਅਕੱਲਾ ਆਪਣੀ ਸੇਵ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਆਪਣੀ ਕਲ ਆਪ ਧਰਾਇੰਦਾ । ਅਕਲ ਕਲਧਾਰਾ ਹਰਿ ਨਿਰੰਕਾਰਾ, ਮਹਿਮਾ ਕਥ ਕਥੀ ਨਾ ਜਾਈਆ । ਨਿਰਗੁਣ ਨਰਾਇਣ ਨਿਰਭੈ ਹੋ ਉਜਿਆਰਾ, ਦਰ ਘਰ ਸਾਚੇ ਜੋਤੀ ਜੋਤ ਕਰੀ ਰੁਸ਼ਨਾਈਆ । ਇਕ ਵਸਾਏ ਠਾਂਡਾ ਦਰਬਾਰਾ, ਅਗਨੀ ਤਤ ਨਾ ਕੋਇ ਤਪਾਈਆ । ਸੂਰਜ ਚੰਨ ਨਾ ਕੋਇ ਉਜਿਆਰਾ, ਮੰਡਲ ਰਾਸ ਨਾ ਕੋਇ ਵਖਾਈਆ । ਗਗਨ ਮੰਡਲ ਨਾ ਕੋਇ ਅਧਾਰਾ, ਪੁਰੀਆਂ ਲੋਆਂ ਨਾ ਬੰਧਨ ਪਾਈਆ । ਜ਼ਿਮੀ ਅਸਮਾਨ ਨਾ ਕੋਈ ਪਾੜਾ, ਧਰਤ ਧਵਲ ਨਾ ਕੋਇ ਵਖਾਈਆ । ਜਲ ਬਿੰਬ ਨਾ ਕੋਇ ਧਾਰਾ, ਸਿੰਧ ਸਾਗਰ ਨਾ ਫੇਰਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਪਸਾਰਾ, ਤ੍ਰੈਗੁਣ ਮਾਇਆ ਵੰਡਨ ਨਾ ਕੋਇ ਵੰਡਾਈਆ । ਬ੍ਰਹਮਾ ਵੇਦ ਨਾ ਕੋਇ ਲਿਖਾਰਾ, ਚਾਰੇ ਬਾਣੀ ਨਾ ਕੋਇ ਸੁਣਾਈਆ । ਚਾਰੇ ਖਾਣੀ ਨਾ ਕੋਇ ਵਣਜਾਰਾ, ਉਤਭੁਜ ਸੇਤਜ ਜੇਰਜ ਅੰਡ ਨੌ ਖੰਡ ਵੰਡ ਨਾ ਕੋਇ ਵਖਾਈਆ । ਲੱਖ ਚੁਰਾਸੀ ਨਾ ਕੋਇ ਪਸਾਰਾ, ਕਾਇਆ ਖੇਤ ਨਾ ਕੋਇ ਵਖਾਈਆ । ਅਠਸਠ ਸਰੋਵਰ ਨਾ ਕੋਇ ਠੰਡੀ ਠਾਰਾ, ਤੀਰਥ ਤਟ ਨਾ ਕੋਇ ਉਪਾਈਆ । ਮੰਦਰ ਮਸਜਿਦ ਮਠ ਸ਼ਿਵਦਵਾਲਾ ਨਾ ਕੋਇ ਗੁਰੂਦਵਾਰਾ, ਗੁਰ ਪੀਰ ਅਵਤਾਰ ਸਾਧ ਸੰਤ ਕੋਇ ਨਾ ਨਜ਼ਰੀ ਆਈਆ । ਆਦਿ ਆਦਿ ਪੁਰਖ ਅਗੰਮ ਅਲੱਖ ਅਗੋਚਰ ਅਗੰਮ ਅਪਾਰਾ, ਆਪ ਆਪਣਾ ਰੂਪ ਆਪ ਵਖਾਈਆ । ਸਚਖੰਡ

ਸੁਹਾਏ ਇਕ ਮਨਾਰਾ, ਨਿਹਚਲ ਬੈਠਾ ਆਸਣ ਲਾਈਆ । ਧਾਮ ਅਵੱਲੜਾ ਕਰ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਨਾਉਂ ਆਪ ਉਪਜਾਈਆ । ਆਪਣਾ ਨਾਉਂ ਰੱਖ ਨਿਰੰਕਾਰ, ਨਿਰਗੁਣ ਆਪਣਾ ਬਲ ਧਰਾਇਆ । ਆਪੇ ਵਣਜ ਆਪ ਵਣਜਾਰ, ਆਪੇ ਆਪਣਾ ਹੱਟ ਖੁਲ੍ਹਾਇਆ । ਆਪੇ ਵਸੇ ਰੱਖੇ ਹਰ ਥਾਂ, ਥਿਰ ਘਰ ਸਾਚੇ ਆਪ ਵਰਤਾਇਆ । ਆਪੇ ਜੋਤੀ ਜਾਤਾ ਕਰੇ ਪਿਆਰ, ਜਾਗਰਤ ਜੋਤ ਕਰ ਰੁਸ਼ਨਾਇਆ । ਆਪੇ ਪੁਰਖ ਬਿਧਾਤਾ ਬਣੇ ਨਾਰ, ਨਰ ਨਰਾਇਣ ਕੰਤ ਆਪ ਅਖਵਾਇਆ । ਆਪੇ ਦੋਹਾਂ ਵਿਚੋਲਾ ਸਿਰਜਣਹਾਰ, ਰੂਪ ਰੰਗ ਨਾ ਕੋਇ ਪਰਗਟਾਇਆ । ਆਪੇ ਆਪਣਾ ਚੇਲਾ ਜਾਣੇ ਗਿਰਵਰ ਗਿਰਧਾਰ, ਗਹਿਰ ਗੰਭੀਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਦਰ ਏਕਾ ਘਰ, ਏਕਾ ਵਸੇ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਖਾਇਆ । ਨਾ ਕੋਈ ਦੂਸਰਾ ਸੰਗ, ਮੀਤ ਸੱਜਣ ਨਾ ਕੋਇ ਅਖਵਾਈਆ । ਪੁਰਖ ਅਬਿਨਾਸ਼ੀ ਬੈਠਾ ਸਚ ਪਲੰਘ, ਨੂਰ ਨੁਰਾਨੀ ਸੇਜ ਹੰਢਾਈਆ । ਇਕ ਵਜਾਏ ਨਾਮ ਮਰਦੰਗ, ਨਾਮ ਨਿਧਾਨਾ ਇਕ ਸਤਾਰ ਹਿਲਾਈਆ । ਆਪਣੇ ਮੰਦਰ ਆਪੇ ਲੰਘ, ਆਪੇ ਵੇਖੇ ਆਪਣਾ ਪਰਦਾ ਲਾਹੀਆ । ਆਪਣੀ ਭਿਛਿਆ ਆਪੇ ਮੰਗ, ਆਪੇ ਝੋਲੀ ਰਿਹਾ ਭਰਾਈਆ । ਆਪੇ ਭੁੱਖ ਆਪੇ ਨੰਗ, ਸ਼ਾਹ ਪਾਤਸ਼ਾਹ ਆਪ ਹੋ ਜਾਈਆ । ਆਪੇ ਸੂਰਾ ਸਰਬੰਗ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਅਸਵ ਘੋੜੇ ਕਸੇ ਤੰਗ, ਆਪੇ ਚਾਰੇ ਕੁੰਟ ਰਿਹਾ ਦੌੜਾਈਆ । ਆਪੇ ਆਪਣਾ ਕਰੇ ਖੰਡ ਖੰਡ, ਆਪੇ ਜੋੜੀ ਜੋੜਾ ਜੋੜ ਜੁੜਾਈਆ । ਆਪੇ ਮੇਟੇ ਅੰਧੇਰਾ ਅੰਧ, ਸਤਿ ਪਰਕਾਸ਼ ਆਪ ਕਰਾਈਆ । ਆਪੇ ਗਾਏ ਸੁਹਾਗੀ ਛੰਦ, ਆਪਣੀ ਮਹਿਮਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਈਆ । ਸਚ ਮਹੱਲ ਸੁਹੰਜਣਾ, ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਦੀਪ ਜਗਾਏ ਇਕ ਨਿਰੰਜਣਾ, ਨਰ ਨਰਾਇਣ ਵੇਖ ਵਖਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਨਿਰਭਉ ਆਪਣਾ ਖੇਲ ਕਰਾਇੰਦਾ । ਸਚਖੰਡ ਨਿਵਾਸੀ ਸਾਚਾ ਸੱਜਣਾ, ਘਰ ਸਾਚੇ ਸੋਭਾ ਪਾਇੰਦਾ । ਨਾ ਘੜਿਆ ਨਾ ਭੱਜਣਾ, ਘੜਨ ਭਨਣਹਾਰ ਆਪ ਅਖਵਾਇੰਦਾ । ਆਪਣਾ ਮੰਦਰ ਆਪੇ ਤਜਣਾ, ਆਪਣਾ ਰੂਪ ਆਪ ਧਰਾਇੰਦਾ । ਆਪ ਚਲਾਏ ਆਪਣਾ ਸਚ ਜਹਾਜਨਾ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਹੋਏ ਗ਼ਰੀਬ ਨਿਵਾਜਨਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਰੱਖਣਹਾਰਾ ਲਾਜਨਾ, ਏਕਾ ਪਰਦਾ ਹੱਥ ਉਠਾਇੰਦਾ । ਆਪੇ ਦੋ ਜਹਾਨਾਂ ਮਾਰੇ ਵਾਜਨਾ, ਬੋਧ ਅਗਾਧ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਸੱਚਾ ਸ਼ਹਿਨਸ਼ਾਹ, ਆਪਣਾ ਬਣੇ ਆਪ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਨਿਰਗੁਣ ਨਿਰਗੁਣ ਬਣ ਮਲਾਹ, ਘਰ ਮੰਦਰ ਸੋਭਾ ਪਾਈਆ । ਨਿਰਗੁਣ ਅੰਦਰ ਨਿਰਗੁਣ ਆਸਣ ਲਾ, ਨਿਰਗੁਣ ਵੇਖੇ ਸਹਿਜ ਸੁਭਾਈਆ । ਨਿਰਗੁਣ ਪਿਤਾ ਨਿਰਗੁਣ ਮਾਂ, ਨਿਰਗੁਣ ਪੂਤ ਸਪੂਤਾ ਬਾਲ ਏਕਾ ਸ਼ਬਦ ਜਾਈਆ । ਨਿਰਗੁਣ ਧੁਰ ਫ਼ਰਮਾਣਾ ਦਏ ਸੁਣਾ, ਸਾਚੇ ਬਾਲ ਸਚ ਵਖਾਈਆ । ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਖੰਡ ਤੇਰੀ ਵੰਡ ਵੰਡਾਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਝੋਲੀ ਦਿਤਾ ਪਾ, ਵਿਸ਼ਵ ਤੇਰਾ ਰੂਪ ਸਮਾਈਆ । ਵਾਸਤਕ ਏਕਾ ਰੰਗ ਦਏ ਰੰਗਾ, ਰੰਗਣਹਾਰਾ ਬੇਪਰਵਾਹੀਆ । ਆਪਣਾ ਅੰਗ ਆਪ ਕਟਾ, ਨਿਰਗੁਣ ਵੰਡ ਏਕਾ ਦਏ ਵਖਾਈਆ । ਵਿਸ਼ਨੂੰ ਵਿਸ਼ਨੂੰ ਨਾਉਂ ਧਰਾ, ਵਿਸ਼ਨੂੰ ਮਹਿਮਾ ਕਥੀ ਨਾ ਜਾਈਆ । ਅੰਮ੍ਰਿਤ

ਪਿਆਲਾ ਸਾਚਾ ਜਾਮ ਪਿਆ, ਘਰ ਕਵਲਾ ਕਵਲ ਖੁਲ੍ਹਾਈਆ । ਬ੍ਰਹਮਾ ਵੇਤਾ ਨਾਉਂ ਧਰਾ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਏਕਾ ਅੱਖਰ ਆਪ ਸੁਣਾ, ਨਿਝ ਅੱਖਰ ਦਏ ਵਖਾਈਆ । ਇਕ ਅਕੱਲਾ ਦੇਵੇ ਸਚ ਸਲਾਹ, ਧੁਆਂਧਾਰ ਸੁੰਨ ਅਗੰਮ ਕਰਤਾ ਪੁਰਖ ਆਪੇ ਜਨਮ ਆਪਣਾ ਰੂਪ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਿਸ਼ਨ ਬ੍ਰਹਮਾ ਕਰ ਪਿਆਰ, ਆਪੇ ਸ਼ੰਕਰ ਅੰਦਰੋਂ ਕੱਢੇ ਬਾਹਰ, ਰੂਪ ਅਨੂਪ ਆਪ ਦਰਸਾਈਆ । ਆਪੇ ਸ਼ਬਦ ਆਪ ਵਰਤਾਰਾ, ਆਪੇ ਝੋਲੀ ਹਰਿ ਭਰਾਇੰਦਾ । ਆਪੇ ਵਿਸ਼ਨੂੰ ਕਰ ਉਜਿਆਰਾ, ਜੋਤੀ ਜੋਤ ਜਗਾਇੰਦਾ । ਆਪੇ ਬ੍ਰਹਮਾ ਕਰ ਪਸਾਰਾ, ਪਾਰਬ੍ਰਹਮ ਵੇਖ ਵਖਾਇੰਦਾ । ਆਪੇ ਸ਼ੰਕਰ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮਸਤਕ ਟਿੱਕਾ ਏਕਾ ਲਾਇੰਦਾ । ਆਪੇ ਤੱਤਾਂ ਵਸੇ ਬਾਹਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਆਪੇ ਹੋਏ ਸਚ ਭੰਡਾਰਾ, ਸਾਚੀ ਵਸਤ ਵਿਸ਼ਨੂੰ ਝੋਲੀ ਪਾਇੰਦਾ । ਆਪੇ ਬ੍ਰਹਮਾ ਬਣਾਏ ਸੁਤ ਦੁਲਾਰਾ, ਸਾਚਾ ਹੁਕਮੀ ਹੁਕਮ ਸੁਣਾਇੰਦਾ । ਲੱਖ ਚੁਰਾਸੀ ਕਰ ਤਿਆਰਾ, ਘੜ ਭਾਂਡੇ ਵੇਖ ਵਖਾਇੰਦਾ । ਆਪੇ ਸ਼ੰਕਰ ਦਏ ਹੁਲਾਰਾ, ਹੱਥ ਤ੍ਰਸ਼ੂਲ ਵਖਾਇੰਦਾ । ਬਾਸ਼ਕ ਤਸ਼ਕਾ ਗਲ ਸ਼ੰਗਾਰਾ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਸ਼ਾਂਗੋ ਪਾਂਗ ਲਏ ਹੁਲਾਰਾ, ਸਾਚੀ ਸੇਜ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਆਪੇ ਪਾ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਜੋਤ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕੰਕਾਰਾ ਬਣ ਮਲਾਹ, ਆਪਣਾ ਬੇੜਾ ਆਪ ਚਲਾਈਆ । ਆਦਿ ਨਿਰੰਜਣ ਦੀਪਕ ਜਗਾ, ਸਾਚੇ ਮਾਰਗ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਗਲਾ ਸੰਗ ਰਖਾ, ਸਗਲਾ ਸਾਥੀ ਫਿਰੇ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਸੇਵਕ ਸੇਵ ਰਿਹਾ ਕਮਾ, ਸੇਵਕ ਸੇਵਾ ਸੱਚੀ ਬਣ ਆਈਆ । ਪਾਰਬ੍ਰਹਮ ਆਪਣੀ ਵੰਡ ਵੰਡਾ, ਬ੍ਰਹਮ ਬ੍ਰਹਮ ਬ੍ਰਹਮ ਆਪਣਾ ਰੂਪ ਧਰਾਈਆ । ਏਕਾ ਵਸਤ ਆਪਣੇ ਹੱਥ ਲਗਾ, ਤ੍ਰੈਗੁਣ ਮਾਇਆ ਖੇਲ ਖਿਲਾ, ਤਿੰਨਾ ਮੇਲਾ ਸਹਿਜ ਸੁਭਾ, ਵਿਚੋਲਾ ਬਣੇ ਬੇਪਰਵਾਹੀਆ । ਇਕ ਅਕੱਲਾ ਖੇਲ ਖਿਲਾ, ਖ਼ਾਲਕ ਖ਼ਲਕ ਰੂਪ ਵਟਾਈਆ । ਲੱਖ ਚੁਰਾਸੀ ਭਾਂਡਾ ਘਾੜਨ ਲਿਆ ਘੜਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਨੌਂ ਦਵਾਰੇ ਆਪ ਖੁਲਾ, ਜਗਤ ਵਾਸਨਾ ਵਿਚ ਟਿਕਾਈਆ । ਕਾਮ ਕ੍ਰੋਧ ਲੋਭ ਮੋਹ ਹੰਕਾਰ ਰਲਾ, ਤਤਵ ਤਤ ਇਕ ਸਮਝਾਈਆ । ਆਸਾ ਤ੍ਰਿਸ਼ਨਾ ਝੋਲੀ ਪਾ, ਮਾਇਆ ਮਮਤਾ ਕਰੀ ਕੁੜਮਾਈਆ । ਪੰਜ ਦਸ ਮੇਲਾ ਏਕਾ ਥਾਂ, ਪੰਜੀ ਵੇਖੇ ਥਾਉਂ ਥਾਈਆ । ਨਿਰਗੁਣ ਆਪਣਾ ਸਚ ਆਪ ਛੁਪਾ, ਆਪੇ ਬੈਠਾ ਮੁਖ ਛੁਪਾਈਆ । ਸੁਖਮਨ ਨਾੜੀ ਟੇਢਾ ਬੰਕ ਬਣਾ, ਡੂੰਘੀ ਗਾਰ ਆਪ ਰਖਾਈਆ । ਈੜਾ ਪਿੰਗਲਾ ਅੱਗੇ ਰਖਾ, ਆਪਣਾ ਦਰਵਾਜ਼ਾ ਬੰਦ ਕਰਾਈਆ । ਸਰ ਸਰੋਵਰ ਆਤਮ ਅੰਮ੍ਰਿਤ ਜਲ ਭਰਾ, ਉਲਟੀ ਨਾਭੀ ਕਵਲ ਭਵਾਈਆ । ਸ਼ਬਦ ਅਨਾਦ ਧੁਨ ਵੱਜੇ ਸਹਿਜ ਸਭਾ, ਦਿਵਸ ਰੈਣ ਏਕਾ ਰਾਗ ਸੁਣਾਈਆ । ਬਜਰ ਕਪਾਟੀ ਪਰਦਾ ਲਾਹ, ਬੰਦ ਕਿਵਾੜਾ ਆਪ ਖੁਲ੍ਹਾਈਆ । ਦਸਮ ਦਵਾਰੀ ਸਚ ਵਖਾ, ਸਚ ਸਿੰਘਾਸਣ ਸੋਭਾ ਪਾਈਆ । ਨਿਰਮਲ ਜੋਤੀ ਜੋਤ ਡਗਮਗਾ, ਏਕਾ ਨੂਰ ਕਰੇ ਰੁਸ਼ਨਾਈਆ । ਹਰਿ ਹਰਿ ਰੂਪ ਆਪ ਪਰਗਟਾ, ਘਰ ਘਰ ਵਿਚ ਰਿਹਾ ਸਮਾਈਆ । ਰਵ ਸਸ ਰਹੇ ਸ਼ਰਮਾ, ਨੇਤਰ ਲੋਚਣ ਨੈਣ ਨਾ ਸਕੇ ਕੋਈ ਉਠਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਘਟ ਘਟ ਆਪਣੀ ਜੋਤ ਰਿਹਾ ਜਗਾਈਆ । ਜੋਤ ਨਿਰੰਜਣ ਡਗਮਗਾ, ਦਿਵਸ ਰੈਣ ਕਰੇ ਰੁਸ਼ਨਾਈਆ । ਸਾਚਾ

੬੮੦
੦੯

ਮੰਦਰ ਆਪ ਸੁਹਾ, ਹਰਿ ਮੰਦਰ ਦੇਵੇ ਮਾਣ ਵਡਿਆਈਆ । ਧੁਆਂਧਾਰ ਪਰੇ ਹਟਾ, ਸੁੰਨ ਅਗੰਮ ਪੰਧ ਮੁਕਾਈਆ । ਸਚਖੰਡ ਦਵਾਰੇ ਜੋਤ ਜਗਾ, ਨੂਰੋ ਨੂਰ ਨੂਰ ਰੁਸ਼ਨਾਈਆ । ਅਲੱਖ ਅਲੱਖਣਾ ਆਪਣੀ ਅਲੱਖ ਦਏ ਸੁਣਾ, ਅਲੱਖ ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਸਤਿ ਸਤਿਵਾਦੀ ਆਪਣਾ ਥਾਨ ਰਿਹਾ ਸੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਨਿਆਰਾ, ਆਦਿ ਜੁਗਾਦੀ ਕਰ ਪਸਾਰਾ, ਬ੍ਰਹਮਾ ਵਿਸ਼ਨ ਸ਼ਿਵ ਦਏ ਭੰਡਾਰਾ, ਆਪਣੀ ਵਸਤ ਆਪ ਵਰਤਾਈਆ । ਸਾਚੀ ਵਸਤ ਹਰਿ ਅਨਮੋਲ, ਆਪਣੇ ਹੱਥ ਰਖਾਇੰਦਾ । ਨਿਰਗੁਣ ਨਿਰਵੈਰ ਤੋਲੇ ਤੋਲ, ਏਕਾ ਖੰਡਾ ਹੱਥ ਉਠਾਇੰਦਾ । ਲੱਖ ਚੁਰਾਸੀ ਲਏ ਵਰੋਲ, ਕਾਇਆ ਖੇੜਾ ਵੇਖ ਵਖਾਇੰਦਾ । ਲੇਖਾ ਜਾਣੇ ਧਰਤ ਧੌਲ, ਧਵਲ ਧਰਨੀ ਆਪਣੇ ਲੇਖੇ ਪਾਇੰਦਾ । ਅੰਮ੍ਰਿਤ ਵੇਖੇ ਭਰਿਆ ਕੌਲ, ਕਵਲਾ ਆਪਣਾ ਮੁਖ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਖਿਲਾਇੰਦਾ । ਇਕ ਅਕੱਲਾ ਖੇਲ ਅਪਾਰਾ, ਹਰਿ ਨਿਰੰਕਾਰਾ ਨਿਰਗੁਣ ਨਿਰਾਧਾਰ ਆਪ ਚਲਾਈਆ । ਲੱਖ ਚੁਰਾਸੀ ਕਰ ਪਸਾਰਾ, ਵੇਖਣਹਾਰਾ ਘਟ ਘਟ ਬੈਠਾ ਆਸਣ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰਾ, ਸੇਵਾਦਾਰ ਦਿਵਸ ਰੈਣ ਸੇਵ ਕਮਾਈਆ । ਕਾਇਆ ਮੰਦਰ ਬੰਕ ਦਵਾਰਾ ਅੰਮ੍ਰਿਤ ਠਾਂਡਾ ਠਾਰਾ ਸਚ ਪਿਆਲਾ ਇਕ ਵਖਾਈਆ । ਸ਼ਬਦ ਅਨਾਦੀ ਨਾਦ ਧੁਨਕਾਰਾ, ਅਨਹਦ ਕੂਕੇ ਬੋਲੇ ਬੋਲ ਸੁਣਾਏ ਇਕ ਜੈਕਾਰਾ, ਜੈ ਜੈਕਾਰ ਆਪ ਕਰਾਈਆ । ਖੇਲ ਖੇਲ ਅਗੰਮ ਅਪਾਰਾ, ਨਿਰਗੁਣ ਸਰਗੁਣ ਲਏ ਅਵਤਾਰਾ, ਲੋਕਮਾਤ ਕਰੇ ਕੁੜਮਾਈਆ । ਬ੍ਰਹਮ ਪਾਰਬ੍ਰਹਮ ਮੇਲਾ ਨਾਰੀ ਕੰਤ ਭਤਾਰਾ, ਗੁਰ ਸਤਿਗੁਰ ਆਪਣਾ ਰੂਪ ਵਟਾਈਆ । ਸਾਧਾਂ ਦੇਵੇ ਇਕ ਅਧਾਰਾ, ਸੰਤਨ ਏਕਾ ਬੂਝ ਬੁਝਾਈਆ । ਭਗਤਨ ਵਖਾਏ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਚਰਨ ਕਵਲ ਸੱਚੀ ਸਰਨਾਈਆ । ਸਿੱਖ ਸਿਖ਼ਿਆ ਗੁਰ ਗੁਰ ਧਾਰਾ, ਧਾਰਨ ਗੁਰ ਆਪ ਬੰਧਾਈਆ । ਏਕਾ ਸ਼ਬਦ ਗੁਰ ਅਵਤਾਰਾ, ਜੁਗਾ ਜੁਗੰਤਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਅਪਾਰਾ, ਜੁਗਾ ਜੁਗੰਤਰ ਲਏ ਅਵਤਾਰਾ, ਲੋਕਮਾਤ ਹੋਏ ਉਜਿਆਰਾ, ਸ੍ਰਿਸ਼ਟ ਸਬਾਈ ਪਾਏ ਸਾਰਾ, ਨੌਂ ਨੌਂ ਸਤ ਸਤ ਵੇਖ ਵਖਾਈਆ । ਸ਼ਬਦ ਗੁਰ ਵਡ ਬਲਵਾਨਾ, ਸਤਿ ਸਤਿ ਆਪ ਉਪਾਇਆ । ਸੋ ਪੁਰਖ ਨਿਰੰਜਣ ਹਰਿ ਮਿਹਰਵਾਨਾ, ਸਾਚਾ ਹੁਕਮੀ ਹੁਕਮ ਸੁਣਾਇਆ । ਹਰਿ ਪੁਰਖ ਨਿਰੰਜਣ ਧੁਰ ਫ਼ਰਮਾਣਾ, ਧੁਰ ਦੀ ਦਾਤ ਵੰਡ ਵੰਡਾਇਆ । ਏਕੰਕਾਰਾ ਗਾਏ ਤਰਾਨਾ, ਆਪਣਾ ਨਾਮ ਆਪ ਸੁਣਾਇਆ । ਆਦਿ ਨਿਰੰਜਣ ਕਰੇ ਖੇਲ ਮਹਾਨਾ, ਘਰ ਘਰ ਕਰੇ ਰੁਸ਼ਨਾਇਆ । ਸਰਬ ਜੀਆਂ ਦਾਨਾ ਬੀਨਾ, ਬੀਨਾ ਦਾਨਾ ਭੇਵ ਨਾ ਰਾਇਆ । ਅਬਿਨਾਸ਼ੀ ਕਰਤਾ ਲੇਖਾ ਪਾਵੇ ਤ੍ਰੈਗੁਣ ਤੀਨਾ, ਤੀਨਾ ਮਾਰਗ ਇਕ ਵਖਾਇਆ । ਪਾਰਬ੍ਰਹਮ ਲੇਖਾ ਜਾਣੇ ਮਰਨਾ ਜੀਣਾ, ਜਗਤ ਜੁਗਤ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਇਕ ਵਰਤਾਰ, ਏਕਾ ਨਾਮ ਵਣਜ ਵਪਾਰ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਸ੍ਰਿਸ਼ਟ ਸਬਾਈ ਏਕਾ ਵਸਿਆ, ਪਾਰਬ੍ਰਹਮ ਗੁਰ ਕਰਤਾਰ । ਜੁਗਾ ਜੁਗੰਤਰ ਫਿਰੇ ਨੱਸਿਆ, ਨਿਰਗੁਣ ਸਰਗੁਣ ਲਏ ਅਵਤਾਰ । ਮਿਟੇ ਰੈਣ ਅੰਧੇਰੀ ਮੱਸਿਆ, ਸਾਚਾ ਚੰਨ ਕਰ ਉਜਿਆਰ । ਜਨ ਭਗਤਾਂ ਮਾਰਗ ਏਕਾ ਦੱਸਿਆ, ਦੂਈ ਦਵੈਤੀ ਕਰ ਖ਼ਵਾਰ । ਆਤਮ ਰਸ ਮਾਣੇ ਰਸੀਆ, ਰਸ ਆਤਮ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਾਣੇ ਆਪਣੀ

ਕਾਰ । ਜੁਗ ਜੁਗ ਕਾਰ ਕਮਾਇੰਦਾ, ਇਕ ਅਕੱਲਾ ਏਕੰਕਾਰ । ਸਚਖੰਡ ਸਾਚੀ ਵੰਡ ਵੰਡਾਇੰਦਾ, ਆਪ ਆਪਣੀ ਕਰ ਵਿਚਾਰ । ਵਿਸ਼ਨੂੰ ਵਿਸ਼ਵ ਲੇਖਾ ਆਪ ਸਮਝਾਇੰਦਾ, ਸ੍ਰਿਸ਼ਟ ਸਬਾਈ ਭਰੇ ਭੰਡਾਰ । ਬ੍ਰਹਮੇ ਬ੍ਰਹਮ ਰੂਪ ਪਰਗਟਾਇੰਦਾ, ਲੱਖ ਚੁਰਾਸੀ ਕਰ ਪਸਾਰ । ਸ਼ੰਕਰ ਅੰਤਮ ਮੇਟ ਮਿਟਾਇੰਦਾ, ਸੇਵਾ ਕਰੇ ਅਪਾਰ ਅਪਾਰ । ਚਾਰੇ ਵੇਦ ਮੁਖ ਸਲਾਹਿੰਦਾ, ਦੇਵੇ ਨਾਮ ਧਨ ਨਿਰੰਕਾਰ । ਚਾਰੇ ਜੁਗ ਵੰਡ ਵੰਡਾਇੰਦਾ, ਚਾਰੇ ਖਾਣੀ ਕਰ ਪਿਆਰ । ਚਾਰੇ ਬਾਣੀ ਧਾਰ ਬੰਧਾਇੰਦਾ, ਪਰਾ ਪਸੰਤੀ ਮਧਮ ਬੈਖਰੀ ਕਰ ਉਜਿਆਰ । ਸਤਿਜੁਗ ਸਾਚਾ ਨਾਮ ਧਰਾਇੰਦਾ, ਧਰਨੀ ਧਰਤ ਧਵਲ ਦਏ ਸਹਾਰ । ਭਗਤ ਭਗਵੰਤ ਮੇਲ ਮਿਲਾਇੰਦਾ, ਨਿਤ ਨਵਿਤ ਖੇਲ ਅਪਾਰ । ਤ੍ਰੇਤਾ ਆਪਣਾ ਬੰਧਨ ਪਾਇੰਦਾ, ਤ੍ਰੈ ਤ੍ਰੈ ਲੇਖਾ ਕਰੇ ਖ਼ਵਾਰ । ਤੁਰੀਆ ਵੇਸ ਆਪ ਕਰਾਇੰਦਾ, ਰਾਮ ਰਾਮਾ ਕੰਤ ਭਤਾਰ । ਹੰਕਾਰੀ ਗੜ੍ਹ ਆਪ ਤੁੜਾਇੰਦਾ, ਦੁਸ਼ਟ ਰਾਵਨ ਦੇਵੇ ਮਾਰ । ਦਵਾਪਰ ਆਪਣਾ ਵੇਸ ਵਟਾਇੰਦਾ, ਕਾਹਨਾ ਕ੍ਰਿਸ਼ਨਾ ਮੀਤ ਮੁਰਾਰ । ਨਾਮ ਬੰਸਰੀ ਇਕ ਵਜਾਇੰਦਾ, ਸਖ਼ੀਆਂ ਗਾਏ ਮੰਗਲਾਚਾਰ । ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪ ਅਖਵਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰੇ ਖੇਲ ਅਪਾਰ । ਇਕ ਅਕੱਲਾ ਖੇਲ ਖਿਲਾਇੰਦਾ, ਚਾਰ ਵੇਦ ਭੇਵ ਨਾ ਰਾਈਆ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਕਲਜੁਗ ਨੂਰ ਕਰੇ ਰੁਸ਼ਨਾਈਆ । ਜਲਵਾ ਆਪਣਾ ਆਪ ਪਰਗਟਾਇੰਦਾ, ਬੇਤਾਬ ਸਾਚਾ ਮਾਹੀਆ । ਆਬੇ ਹਯਾਤ ਹੱਥ ਰਖਾਇੰਦਾ, ਏਕਾ ਫੜੀ ਨਾਮ ਸੁਰਾਹੀਆ । ਭਰ ਪਿਆਲਾ ਜਾਮ ਪਿਆਇੰਦਾ, ਸਚ ਸਰੂਰ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਏਕਾ ਕਾਰ ਕਰਾਈਆ । ਇਕ ਅਕੱਲਾ ਪਰਵਰਦਿਗਾਰ, ਬੇਐਬ ਆਪਣਾ ਨਾਉਂ ਧਰਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਾਲਸ ਆਪਣਾ ਪਰਦਾ ਆਪੇ ਲਾਹਿੰਦਾ । ਲੋਕਮਾਤ ਪਾਵੇ ਸਾਰ, ਕਾਇਨਾਤ ਵੇਖ ਵਖਾਇੰਦਾ । ਆਲਮ ਉਲਮਾ ਲਏ ਵਿਚਾਰ, ਜਗਤ ਤੁਲਬਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰਾ, ਕਰੇ ਖੇਲ ਵਿਚ ਸੰਸਾਰਾ, ਸਤਿਗੁਰ ਆਪਣਾ ਰੂਪ ਵਟਾਇੰਦਾ । ਆਪੇ ਸਤਿਗੁਰ ਸਾਚਾ ਦੀਨ, ਦਇਆਨਿਧ ਆਪ ਅਖਵਾਇੰਦਾ । ਆਪੇ ਜਲ ਆਪੇ ਮੀਨ, ਆਪੇ ਥਲ ਵਿਚ ਤੜਫਾਇੰਦਾ । ਏਕਾ ਲੇਖਾ ਜਾਣੇ ਤ੍ਰੈ ਤੀਨ, ਤ੍ਰੈਗੁਣ ਆਪਣੀ ਵੰਡ ਵੰਡਾਇੰਦਾ । ਆਪੇ ਹੋਏ ਨੇਤਰਹੀਣ, ਨੈਣ ਮੁੰਦ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰਤਾ ਪੁਰਖ ਆਪ ਕਰਾਇੰਦਾ । ਕਰਤਾ ਪੁਰਖ ਕਰਨੇ ਯੋਗ, ਕਾਦਰ ਕੁਦਰਤ ਵੇਖ ਵਖਾਈਆ । ਲੇਖਾ ਜਾਣੇ ਧੁਰ ਸੰਜੋਗ, ਧੁਰ ਦਾ ਮੇਲ ਸਹਿਜ ਸਬਾਈਆ । ਜੁਗ ਜੁਗ ਕੱਟੇ ਮਾਇਆ ਮਮਤਾ ਹਉਮੇ ਹੰਗਤਾ ਰੋਗ, ਸਾਚੀ ਸਿਖ਼ਿਆ ਇਕ ਪੜ੍ਹਾਈਆ । ਨਾਤਾ ਤੋੜੇ ਚੌਦਾਂ ਲੋਕ, ਚੌਦਾਂ ਤਬਕਾਂ ਵੇਖ ਵਖਾਈਆ । ਇਕ ਅਕੱਲਾ ਇਕ ਸੁਣਾਏ ਸਚ ਸਲੋਕ, ਢੋਲਾ ਗਾਏ ਬੇਪਰਵਾਹੀਆ । ਪ੍ਰਭ ਕਾ ਭਾਣਾ ਸਕੇ ਕੋਈ ਨਾ ਰੋਕ, ਸਤਿਜੁਗ ਤ੍ਰੇਤਾ ਦੁਆਪਰ ਗਏ ਮੁਖ ਸ਼ਰਮਾਈਆ । ਲੱਖ ਚੁਰਾਸੀ ਦੇਵੇ ਝੋਕ, ਜੋਤੀ ਸ਼ਬਦੀ ਅਗਨੀ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪਣਾ ਵੇਸ ਵਟਾਈਆ । ਗੁਰ ਸਤਿਗੁਰ ਮੀਤ ਹਰਿ ਕਰਤਾਰਾ, ਕਾਦਰ ਕੁਦਰਤ ਵਿਚ ਸਮਾਇੰਦਾ । ਰਾਮ ਰੂਪ ਹੋ ਉਜਿਆਰਾ, ਏਕਾ ਡੰਕਾ ਨਾਮ ਵਜਾਇੰਦਾ । ਨੀਲ ਬਸਤਰ ਕਰ ਸ਼ੰਗਾਰਾ, ਬਨ ਬਨਵਾਰੀ ਫੇਰਾ ਪਾਇੰਦਾ । ਹਕ ਹਕੀਕਤ ਖੋਲ੍ਹ ਕਿਵਾੜਾ, ਲਾਸ਼ਰੀਕ ਦਰ ਸੁਹਾਇੰਦਾ ।

੯੮੨

ਏਕਾ ਜੋਤੀ ਜੋਤ ਉਜਿਆਰਾ, ਪੰਜ ਤਤ ਕਾਇਆ ਚੋਲੀ ਆਪ ਹੰਢਾਇੰਦਾ । ਨਾਨਕ ਨਿਰਵੈਰ ਪਾਵੇ ਸਾਰਾ, ਗੋਬਿੰਦ ਸਾਚਾ ਮੇਲ ਮਿਲਾਇੰਦਾ । ਕਰੇ ਖੇਲ ਅਗੰਮ ਅਪਾਰਾ, ਪੁਰਖ ਅਕਾਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾਂ ਜੁਗੰਤਰ ਜੁਗ ਪੈਂਡਾ ਆਪ ਮੁਕਾਇੰਦਾ । ਸਤਿਜੁਗ ਤ੍ਰੇਤਾ ਪੰਧ ਚੁਕਾਇਆ, ਦਵਾਪਰ ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਵੇਖੇ ਥਾਉਂ ਥਾਇਆ, ਥਾਨ ਥਨੰਤਰ ਖੋਜ ਖੁਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਆਪਣੀ ਮਹਿਮਾ ਆਪੇ ਲਾਇਆ, ਗੁਰ ਪੀਰ ਅਵਤਾਰ ਸਾਧ ਸੰਤ ਰਹੇ ਜਸ ਗਾਈਆ । ਬੇਅੰਤ ਬੇਅੰਤ ਆਪ ਅਖਵਾਇਆ, ਇਕ ਅਕੱਲਾ ਸੱਚਾ ਸ਼ਹਿਨਸ਼ਾਹੀਆ, ਜਲਾਂ ਥਲਾਂ ਡੇਰਾ ਲਾਇਆ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਲੱਖ ਚੁਰਾਸੀ ਫੋਲ ਫੁਲਾਇਆ, ਕਾਇਆ ਮੰਦਰ ਝੂਠਾ ਜੂਠਾ ਡੇਰਾ ਢਾਹੀਆ । ਮਨ ਪੰਖੀ ਦਹਿ ਦਿਸ਼ਾਂ ਉਡਦਾ ਫੜ ਵਖਾਇਆ, ਨਾਮ ਡੋਰੀ ਹੱਥ ਰਖਾਈਆ । ਮਤ ਮਤਵਾਲੀ ਨੈਣ ਸ਼ਰਮਾਇਆ, ਨੇਤਰ ਨੀਰ ਰਹੀ ਵਹਾਈਆ । ਬੁਧੀ ਭੇਵ ਨਾ ਹਰਿ ਹਰਿ ਪਾਇਆ, ਹਰਿ ਹਰਿ ਰੂਪ ਦਿਸ ਨਾ ਆਈਆ । ਘਰ ਘਰ ਦਰ ਦਰ ਮੰਦਰ ਬਹਿ ਬਹਿ ਸਭ ਨੇ ਗਾਇਆ, ਰਸਨਾ ਜਿਹਵਾ ਜਗਤ ਹਿਲਾਈਆ । ਅੰਦਰ ਵੜ ਦਰਸ ਕਿਸੇ ਨਾ ਪਾਇਆ, ਕਲਜੁਗ ਭੁੱਲੀ ਸਰਬ ਲੋਕਾਈਆ । ਜੂਠਾ ਝੂਠਾ ਮੋਹ ਵਧਾਇਆ, ਨਾਤਾ ਜੁੜਿਆ ਮਾਤ ਪਿਤ ਭੈਣਾ ਭਾਈਆ । ਸਾਕ ਸੱਜਣ ਸੈਣ ਸੰਗ ਰਖਾਇਆ, ਨਾਰੀ ਕੰਤ ਸੇਜ ਸੁਹਾਈਆ । ਪੀਆ ਪ੍ਰੀਤਮ ਪਰਮ ਪੁਰਖ ਦਿਆਲਾ ਦੀਨਾਂ ਨਾਥਾ ਦਰਦ ਦੁਖ ਭੈ ਭੰਜਨ ਦਿਸ ਕਿਸੇ ਨਾ ਆਇਆ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਮ ਨੇਤਰ ਗਿਆਨ ਅੰਜਨ ਕਿਸੇ ਨਾ ਪਾਇਆ, ਕਲਜੁਗ ਕਜਲ ਧਾਰ ਵੇਖੇ ਕਾਲੀ ਸ਼ਾਹੀਆ । ਮਸਤਕ ਚੰਦਨ ਪੰਡਤ ਪਾਂਧੇ ਰਹੇ ਲਗਾਇਆ, । ਜੋਤ ਲਿਲਾਟ ਨਾ ਕੋਈ ਜਗਾਈਆ । ਬਾਰਾ ਅੱਖਰ ਰਹੇ ਸੁਣਾਇਆ, ਵੇਦ ਵਿਆਸਾ ਰੂਪ ਵਟਾਈਆ । ਅਠਸਠ ਤੀਰਥ ਰਹੇ ਨੁਹਾਇਆ, ਹਰਿ ਕਾ ਪੌੜਾ ਨਾ ਕੋਈ ਚੜ੍ਹਾਈਆ । ਗੁਰ ਦਰ ਮੰਦਰ ਫੇਰਾ ਪਾਇਆ, ਹਰਿ ਮੰਦਰ ਪਰਦਾ ਕੋਈ ਨਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਖੇਲ ਅਪਾਰਾ, ਕਲਜੁਗ ਕਰੇ ਅੰਤਮ ਵਾਰਾ, ਨਿਰਗੁਣ ਆਪਣਾ ਨਾਉਂ ਪਰਗਟਾਈਆ । ਕਲਜੁਗ ਕਾਲੀ ਵੇਖੀ ਧਾਰ, ਪੁਰਖ ਅਬਿਨਾਸ਼ੀ ਜੋਤ ਜਗਾਇੰਦਾ । ਰਵ ਸਸ ਹੋਏ ਸ਼ਰਮਸਾਰ, ਜੂਠਾ ਝੂਠਾ ਨਾਤਾ ਤੋੜ ਤੁੜਾਇੰਦਾ । ਸਚ ਸੁਚ ਕਰੇ ਵਰਤਾਰ, ਚਾਰ ਵਰਨਾਂ ਏਕਾ ਧਾਮ ਬਹਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਵਿਚਾਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਗੁਰ ਇਕ ਅਵਤਾਰ, ਏਕਾ ਵਿਦਿਆ ਆਪ ਪੜ੍ਹਾਇੰਦਾ । ਚੌਦਾਂ ਵਿਦਿਆ ਮਾਰੇ ਮਾਰ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਚੌਦਾਂ ਲੋਕਾਂ ਪਾਵੇ ਸਾਰ, ਚੌਦਸ ਚੰਦ ਆਪ ਚੜ੍ਹਾਇੰਦਾ । ਸਦੀ ਚੌਦਵੀਂ ਆਏ ਹਾਰ, ਈਦ ਦੀਦ ਆਪ ਮਨਾਇੰਦਾ । ਬਈਦ ਪਰਵਰਦਿਗਾਰ, ਸਾਚਾ ਸਜਦਾ ਸੀਸ ਝੁਕਾਇੰਦਾ । ਜਗਤ ਮਸੱਲਾ ਧਰਤ ਧਵਲ ਕਰੇ ਵਿਚਾਰ, ਏਕਾ ਕੂਜ਼ਾ ਹੱਥ ਉਠਾਇੰਦਾ । ਰੋਜ਼ਾ ਬਾਂਗ ਪਾਵੇ ਸਾਰ, ਨਿਮਾਜ਼ ਨਿਮਾਜ਼ੀ ਆਪ ਹੋ ਜਾਇੰਦਾ । ਮੱਕੇ ਕਾਅਬੇ ਹੱਜ ਰਿਹਾ ਗੁਜਾਰ, ਏਕਾ ਏਕ ਕੂਕ ਬਾਂਗ ਸੁਣਾਇੰਦਾ । ਸਚ ਮਹਿਰਾਬੇ ਸਾਚਾ ਯਾਰ, ਮੁਖ ਨਕਾਬ ਆਪ ਉਠਾਇੰਦਾ । ਆਪਣਾ ਪਰਦਾ ਦਏ ਉਤਾਰ, ਆਲਮ ਉਲਮਾ ਵੇਖ ਵਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਸਾਚੀ ਅਲਫ਼ ਇਕ ਸਿਖਾਇੰਦਾ । ਆਰਫ ਜਗਤ ਜਾਇਣ ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਕਰੇ ਖੇਲ ਨਿਆਰ, ਖੇਲ ਨਿਆਰਾ ਹਰਿ ਕਰਾਇੰਦਾ ।

ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਆਪ ਜਗਾਇੰਦਾ । ਸ੍ਰਿਸ਼ਟ ਸਬਾਈ
ਦਏ ਹੁਲਾਰ, ਮਨ ਮਤ ਆਪ ਦੁਰਕਾਇੰਦਾ । ਦਰ ਦਵਾਰਿਉਂ ਕੱਢੇ ਬਾਹਰ, ਕਲਜੁਗ ਕੂੜ ਕੁੜਿਆਰਾ ਸਰਬ ਕੁਰਲਾਇੰਦਾ । ਨੇਤਰ ਰੋਵੇ ਜ਼ਾਰੋ
ਜ਼ਾਰ, ਕਾਮ ਕ੍ਰੋਧ ਲੋਭ ਮੋਹ ਹੰਕਾਰ ਘਰ ਘਰ ਸਰਬ ਤੜਫਾਇੰਦਾ । ਜੀਵ ਜੰਤ ਪਾਸਾ ਗਏ ਹਾਰ, ਸਾਧ ਸੰਤ ਉਠ ਉਠ ਰਾਹ ਤਕਾਇੰਦਾ ।
ਕੌਣ ਕੂਟ ਹਰਿ ਸਾਚਾ ਲਏ ਅਵਤਾਰ, ਗੋਬਿੰਦ ਲੇਖਾ ਇਕ ਸਮਝਾਇੰਦਾ । ਲਿਖਿਆ ਲੇਖ ਅਪਰ ਅਪਾਰ, ਵੇਦ ਵਿਆਸਾ ਮੇਲ ਮਿਲਾਇੰਦਾ ।
ਪੂਤ ਸਪੂਤਾ ਬ੍ਰਹਿਮਣ ਗੌੜਾ ਕਰ ਵਿਚਾਰ, ਉਚੇ ਟਿਲੇ ਪਰਬਤ ਜੋਤ ਜਗਾਇੰਦਾ । ਆਦਿ ਸ਼ਕਤ ਨੂਰ ਉਜਿਆਰ, ਹਰਨ ਫਰਨ ਆਪ ਸਮਾਇੰਦਾ ।
ਸਚ ਸਮਗਰੀ ਇਕ ਦਾਤਾਰ, ਜੋਤ ਅਕਗਰੀ ਡਗਮਗਾਇੰਦਾ । ਤ੍ਰੈਗੁਣ ਵਸਿਆ ਸਦਾ ਬਾਹਰ, ਜੂਨੀ ਰਹਿਤ ਆਪਣਾ ਨਾਉਂ ਧਰਾਇੰਦਾ । ਪੁਰਖ
ਅਕਾਲ ਸੱਚੀ ਸਰਕਾਰ, ਸਾਚੀ ਨਗਰੀ ਆਪ ਵਡਿਆਇੰਦਾ । ਨਿਰਮਲ ਦੀਆ ਧਰ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਜੁਗ ਜੁਗ ਆਪਣਾ ਰੂਪ ਪਰਗਟਾਇੰਦਾ । ਜੁਗ ਜੁਗ ਖੇਲ ਅਵੱਲੜਾ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਜਨ ਭਗਤਾਂ ਫੜਾਏ
ਨਾਮ ਪੱਲੜਾ, ਜਗਤ ਨਾਤਾ ਦਏ ਤੁੜਾਈਆ । ਏਕਾ ਮਾਰਗ ਦਿਸੇ ਸੁਖੱਲੜਾ, ਚਰਨ ਕਵਲ ਸੱਚੀ ਸਰਨਾਈਆ । ਪੰਚ ਵਿਕਾਰ ਨਾ ਕਰੇ ਹਲੜਾ,
ਹੌਲਾ ਭਾਰ ਆਪ ਰਖਾਈਆ । ਬ੍ਰਹਮ ਪਾਰਬ੍ਰਹਮ ਹਰਿ ਨਿਰਗੁਣ ਸਰਗੁਣ ਰਲੜਾ, ਈਸ਼ ਜੀਵ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ,
੯੮੪ ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਨੂਰ ਉਜਾਲਾ ਹਰਿ ਗੋਪਾਲਾ, ਹਰਿ ਗੋਬਿੰਦ ਵੇਸ ੯੮੪
੦੯ ਵਟਾਇਆ । ਵਸੇ ਸਚਖੰਡ ਸੱਚੀ ਧਰਮਸਾਲਾ, ਦੀਨ ਦਿਆਲਾ ਦਇਆਨਿਧ ਨਾਮ ਧਰਾਇਆ । ਸੰਗ ਰਖਾਏ ਕਾਲ ਮਹਾਂਕਾਲਾ, ਅਵੱਲੜੀ ਚਾਲਾ ੦੯
ਲੋਕਮਾਤ ਵੇਖ ਵਖਾਇਆ । ਗੁਰਮੁਖ ਵੇਖੇ ਸਾਚੇ ਲਾਲਾ, ਰੰਗ ਚੜ੍ਹਾਏ ਇਕ ਗੁਲਾਲਾ, ਰੰਗ ਰੰਗੀਲਾ ਦਇਆ ਕਮਾਇਆ । ਲੇਖਾ ਚੁੱਕੇ ਸ਼ਾਹ
ਕੰਗਾਲਾ, ਬਖ਼ਸ਼ਣਹਾਰਾ ਨਾਮ ਸੱਚਾ ਧਨ ਮਾਲਾ, ਧਨ ਧਨਾਡ ਆਪ ਵਰਤਾਇਆ । ਗੁਰਮੁਖਾਂ ਫਲ ਲਗਾਏ ਕਾਇਆ ਡਾਲ੍ਹਾ, ਭਗਤੀ ਮੇਵਾ
ਨਾਮ ਖਵਾਇਆ । ਸੰਤ ਸਾਜਨ ਸਾਚੀ ਘਾਲ ਰਹੇ ਘਾਲਾ, ਦਿਵਸ ਰੈਣ ਹਰਿ ਹਰਿ ਨਾਉਂ ਰਸਨਾ ਜਿਹਵਾ ਗਾਇਆ । ਲੱਖ ਚੁਰਾਸੀ ਤੋੜ ਜੰਜਾਲਾ,
ਰਾਏ ਧਰਮ ਫੰਦ ਰਹਿਣ ਨਾ ਪਾਇਆ । ਏਕਾ ਗਲ ਪਾਏ ਸੋਹੰ ਸਾਚੀ ਮਾਲਾ, ਹੰ ਬ੍ਰਹਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਅਕੱਲਾ ਵੇਸ ਵਟਾਇਆ । ਇਕ ਅਕੱਲਾ ਨਿਹਕਲੰਕ,
ਨਿਰਗੁਣ ਨਿਰਵੈਰ ਆਪਣੀ ਖੇਲ ਖਿਲਾਇੰਦਾ । ਇਕ ਅਕੱਲਾ ਵਜਾਏ ਡੰਕ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਸ੍ਰਿਸ਼ਟ ਸਬਾਈ ਆਪ ਸੁਣਾਇੰਦਾ ।
ਪਰਗਟ ਹੋਇਆ ਵਾਸੀ ਪੁਰੀ ਘਨਕ, ਬਾਰ ਅਨਕ ਆਪਣੀ ਕਲ ਵਰਤਾਇੰਦਾ । ਗੁਰਮੁਖ ਲੇਖੇ ਲਾਏ ਜਿਉਂ ਜਨ ਜਨਕ, ਜਨ ਜਨਨੀ ਵੇਖ ਵਖਾਇੰਦਾ ।
ਨੌ ਖੰਡ ਪ੍ਰਿਥਮੀ ਕੱਢੇ ਸ਼ੰਕ, ਸ਼ੰਕਰ ਬ੍ਰਹਮਾ ਵਿਸ਼ਨ ਆਪਣੀ ਸੇਵਾ ਲਾਇੰਦਾ । ਇਕ ਸੁਹਾਏ ਦਵਾਰ ਬੰਕ, ਬੰਕ ਦਵਾਰੀ ਵੇਖ ਵਖਾਇੰਦਾ । ਲੇਖਾ
ਚੁੱਕੇ ਕਾਮਨੀ ਕਨਕ, ਪੁਰਖ ਅਬਿਨਾਸ਼ੀ ਆਪ ਚੁਕਾਇੰਦਾ । ਸਾਚਾ ਉਠਾਏ ਏਕਾ ਧੁਨਸ਼, ਧਨਖ ਆਪਣੇ ਹੱਥ ਰਖਾਇੰਦਾ । ਪਾਵੇ ਸਾਰ ਮਾਨਸ
ਮਾਨੁਖ, ਮਾਤ ਕੁੱਖ ਫੋਲ ਫੁਲਾਇੰਦਾ । ਲੇਖਾ ਜਾਣੇ ਉਲਟਾ ਰੁਖ, ਦਸ ਦਸ ਮਾਸ ਅਗਨ ਤਪਾਇੰਦਾ । ਕਲਜੁਗ ਵੇਲਾ ਅੰਤਮ ਗਿਆ ਢੁਕ,

ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਇੰਦਾ । ਪੁਰਖ ਅਬਿਨਾਸ਼ੀ ਸਤਿ ਸਰੂਪਾ ਸ਼ਾਹੋ ਭੂਪਾ ਅਨਰੰਗ ਰੂਪਾ ਏਕਾ ਰਿਹਾ ਬੁੱਕ, ਚਾਰੋਂ ਕੁੰਟ ਆਵਾਜ਼ ਸੁਣਾਇੰਦਾ । ਅੰਦਰ ਵੜ ਬਹੇ ਨਾ ਲੁਕ, ਪਰਬਤ ਟਿੱਲੇ ਫੋਲ ਫੁਲਾਇੰਦਾ । ਵਿਸ਼ਨੂੰ ਭੰਡਾਰਾ ਰਿਹਾ ਮੁੱਕ, ਰਾਜ਼ਕ ਰਿਜਕ ਨਾ ਕੋਇ ਪੁਚਾਇੰਦਾ । ਬ੍ਰਹਮਾ ਮੋੜਨਹਾਰਾ ਮੁਖ, ਬ੍ਰਹਮ ਪਾਰਬ੍ਰਹਮ ਝੋਲੀ ਪਾਇੰਦਾ । ਸ਼ੰਕਰ ਸੁਖਨਾ ਰਿਹਾ ਸੁਖ, ਕੌਣ ਵੇਲਾ ਹਰਿ ਜੂ ਮੇਲ ਮਿਲਾਇੰਦਾ । ਰਾਏ ਧਰਮ ਨਿਊਂ ਨਿਊਂ ਨਿਮਸਕਾਰ ਕਰੇ ਝੁਕ, ਏਕਾ ਭਿਛਿਆ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਪਾਰ ਕਰਾਉਂਣਾ, ਪਾਂਧੀ ਆਪਣਾ ਪੰਧ ਮੁਕਾਇੰਦਾ । ਨੌ ਨੌ ਚਾਰ ਲੇਖਾ ਰਹਿਣ ਨਾ ਪਾਉਣਾ, ਨੌ ਨੌ ਆਪਣਾ ਮੂਲ ਵਖਾਇੰਦਾ । ਦਹਿ ਦਿਸ਼ ਧਾਰ ਇਕ ਬੰਧੌਣਾ, ਦਰ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰਾ ਇਕ ਵਡਿਆਉਣਾ, ਥਿਰ ਘਰ ਸਾਚੇ ਮੇਲ ਮਿਲਾਇੰਦਾ । ਸੋਇਆ ਸੁਤ ਆਪ ਉਠੌਣਾ, ਚੌਥੇ ਜੁਗ ਵੇਖ ਵਖਾਇੰਦਾ । ਧਰਤ ਮਾਤ ਦੀ ਗੋਦ ਬਹੌਣਾ, ਸਿਰ ਆਪਣਾ ਹੱਥ ਧਰਾਇੰਦਾ । ਪੂਤ ਸਪੂਤਾ ਇਕ ਉਪਜੌਣਾ, ਸਤਿਜੁਗ ਨਾਉਂ ਰਖਾਇੰਦਾ । ਸਾਧਾਂ ਸੰਤਾਂ ਸੰਗ ਨਿਭੌਣਾ, ਮਨਮੁਖਾਂ ਮੇਟ ਮਿਟਾਇੰਦਾ । ਚਾਰ ਵਰਨਾਂ ਏਕਾ ਰੰਗ ਚੜ੍ਹਾਉਣਾ, ਊਚ ਨੀਚ ਏਕਾ ਧਾਮ ਬਹਾਇੰਦਾ । ਅੰਮ੍ਰਿਤ ਏਕਾ ਜਾਮ ਪਿਆਉਣਾ, ਦੁਰਮਤ ਮੈਲ ਆਪ ਧਵਾਇੰਦਾ । ਸੋਹੰ ਸੋ ਸਾਚਾ ਜਾਪ ਜਪੌਣਾ, ਅਜੱਪਾ ਜਾਪ ਆਪ ਵਖਾਇੰਦਾ । ਤੀਨੋ ਤਾਪ ਮਗਰੋਂ ਲਾਹੁਣਾ, ਤ੍ਰੈਗਣ ਅੱਗ ਨਾ ਕੋਇ ਤਪਾਇੰਦਾ । ਕਾਗ ਹੰਸ ਆਪ ਬਣਾਉਣਾ, ਸੋਹੰ ਹੰਸਾ ਸਾਚੀ ਚੋਗ ਚੁਗਾਇੰਦਾ । ਆਤਮ ਜੋਤੀ ਚਰਾਗ ਆਪ ਜਗੌਣਾ, ਤੇਲ ਬਾਤੀ ਨਾ ਕੋਇ ਰਖਾਇੰਦਾ । ਸ਼ਬਦ ਨਾਦ ਧੁਨ ਆਪ ਉਪਜੌਣਾ, ਘਰ ਅਨਹਦ ਰਾਗ ਸੁਣਾਇੰਦਾ । ਸਰ ਅੰਮ੍ਰਿਤ ਆਤਮ ਆਪ ਨਹਾਉਣਾ, ਕਾਇਆ ਮੰਦਰ ਸੋਭਾ ਪਾਇੰਦਾ । ਦਰ ਘਰ ਸਾਚੇ ਮੇਲ ਮਿਲੌਣਾ, ਆਪ ਆਪਣੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਜਗਾਇੰਦਾ । ਕਲਜੁਗ ਜੀਵ ਉਠ ਉਠ ਜਾਗ, ਚਾਰੋਂ ਕੁੰਟ ਅੰਧੇਰਾ ਛਾਇਆ । ਸਤਿ ਸੰਤੋਖੀ ਬੁਝਿਆ ਚਿਰਾਗ, ਧੀਰਜ ਜਤ ਤੇਲ ਕੋਇ ਨਾ ਪਾਇਆ । ਮਨਮੁਖ ਜੀਵ ਹੋਏ ਕਾਗ, ਜੂਠ ਝੂਠ ਵਿਸ਼ਟਾ ਮੁਖ ਰਖਾਇਆ । ਬਿਨ ਸਤਿਗੁਰ ਪੂਰੇ ਕੋਇ ਨਾ ਪਕੜੇ ਵਾਗ, ਵੇਦ ਕਤੇਬ ਰਹੇ ਸੁਣਾਇਆ । ਸਚ ਸਰਨਾਈ ਏਕਾ ਲਾਗ, ਪੁਰਖ ਅਕਾਲ ਇਕ ਮਨਾਇਆ । ਜਨਮ ਜਨਮ ਦਾ ਧੋਵੇ ਦਾਗ, ਜੋ ਜਨ ਸਰਨਾਈ ਆਇਆ । ਲੱਖ ਚੁਰਾਸੀ ਵਿਚੋਂ ਲਏ ਕਾਢ, ਰਾਏ ਧਰਮ ਨਾ ਦਏ ਸਜਾਇਆ । ਸਾਚੀ ਗੋਦ ਲਡਾਏ ਲਾਡ, ਜਿਉਂ ਮਾਤ ਪਿਤਾ ਗੋਦ ਪੂਤ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖਣ ਆਇਆ । ਵੇਖਣਹਾਰਾ ਗੁਰ ਗੋਬਿੰਦ, ਕਲਜੁਗ ਅੰਤਮ ਵੇਸ ਵਟਾਇੰਦਾ । ਗੁਰਮੁਖਾਂ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਇੰਦਾ । ਆਪ ਉਪਜਾਏ ਆਪਣੀ ਬਿੰਦ, ਆਪ ਆਪਣੇ ਗਲੇ ਲਗਾਇੰਦਾ । ਅੰਮ੍ਰਿਤ ਦੇਵੇ ਸਾਗਰ ਸਿੰਧ, ਅਤੋਟ ਅਤੁਟ ਆਪ ਰਖਾਇੰਦਾ । ਗਹਿਰ ਗੰਭੀਰ ਗੁਣੀ ਗਹਿੰਦ, ਗੁਰ ਸਾਗਰ ਆਪ ਹੋ ਜਾਇੰਦਾ । ਮਨਮੁਖ ਲਗਾਏ ਆਪਣੀ ਨਿੰਦ, ਨਿੰਦਕ ਮੁਖ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬੇੜਾ ਪਾਰ ਕਰਾਇੰਦਾ । ਜੁਗ ਜੁਗ ਬੇੜਾ ਪਾਰ ਉਤਾਰਨਹਾਰਾ, ਤ੍ਰੈਗੁਣ ਵਿਚ

ਕਦੇ ਨਾ ਆਇਆ । ਇਕ ਅਕੱਲਾ ਸ਼ਾਹ ਸਿਕਦਾਰਾ, ਸਾਚੇ ਤਖਤ ਆਪ ਸੁਹਾਇਆ । ਸੀਸ ਰੱਖ ਜਗਦੀਸ ਦਸਤਾਰਾ, ਤਖ਼ਤ ਤਾਜ ਦਏ ਵਡਿਆਇਆ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਖੇਲ ਖਿਲਾਇਆ । ਕੂੜਾ ਮੇਟੇ ਧੁੰਧੂਕਾਰਾ, ਧਰੂ ਪ੍ਰਹਿਲਾਦ ਆਪ ਉਠਾਇਆ । ਕਲਜੁਗ ਕਰੇ ਖੇਲ ਅਪਾਰਾ, ਗ਼ਰੀਬ ਨਿਮਾਣੇ ਗਲੇ ਲਗਾਇਆ । ਏਕਾ ਬਖ਼ਸ਼ੇ ਚਰਨ ਪਿਆਰਾ, ਚਾਤ੍ਰਿਕ ਤ੍ਰਿਖਾ ਦਏ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਬਨ ਬਨਵਾਰੀ, ਭਗਤ ਭਗਵੰਤ ਸੰਤ ਕੰਤ ਰਿਹਾ ਤਾਰੀ, ਗੁਰਮੁਖਾਂ ਪੈਜ ਸਵਾਰੀ, ਗੁਰਮੁਖ ਆਪਣੇ ਲੇਖੇ ਲਾਈਆ । ਗੁਰਸਿਖ ਲੇਖੇ ਲਾਵਣਾ, ਪੂਰਬ ਕਰਮਾਂ ਆਪ ਵਿਚਾਰ । ਜੁਗ ਜੁਗ ਵਿਛੜੇ ਮੇਲ ਮਿਲਾਵਣਾ, ਜਗਤ ਵਿਛੋੜਾ ਕਰ ਖਵਾਰ । ਸਾਚੇ ਘੋੜੇ ਆਪ ਚੜ੍ਹਾਵਣਾ, ਸ਼ਬਦੀ ਘੋੜਾ ਕਰ ਤਿਆਰ । ਜੋਤੀ ਜੋੜੇ ਮੇਲ ਮਿਲਾਵਣਾ, ਸੁਰਤ ਸਵਾਣੀ ਨਾ ਹੋਏ ਖ਼ਵਾਰ । ਸ਼ਬਦ ਹਾਣੀ ਗਲੇ ਲਗਾਵਣਾ, ਦਿਵਸ ਰੈਣ ਕਰੇ ਪਿਆਰ । ਠੰਡਾ ਪਾਣੀ ਆਪ ਪਿਆਵਣਾ, ਅੰਮ੍ਰਿਤ ਆਤਮ ਇਕ ਉਛਾਲ । ਧੁਰ ਦੀ ਬਾਣੀ ਆਪ ਸੁਣਾਵਣਾ, ਲੇਖਾ ਲਿਖਿਆ ਪੜ੍ਹੇ ਨਾ ਵਿਚ ਸੰਸਾਰ । ਪੁਰਖ ਅਬਿਨਾਸ਼ੀ ਦਰਸ ਵਖਾਵਣਾ, ਸਵਛ ਸਰੂਪੀ ਹੋ ਤਿਆਰ । ਘਰ ਘਰ ਸੋਏ ਆਪ ਜਗਾਵਨਾ, ਆਲਸ ਨਿੰਦਰਾ ਦਏ ਉਤਾਰ । ਆਤਮ ਸੁਹਾਵੀ ਸੇਜ ਸੁਹਾਵਣਾ, ਫੂਲਨ ਬਰਖਾ ਕਰੇ ਆਪ ਕਰਤਾਰ । ਸਚ ਸੋਗੰਧੀ ਆਪ ਮਹਿਕਾਵਣਾ, ਭਵਰਾ ਗੂੰਜੇ ਆਪਣੀ ਧਾਰ । ਪਰਮਾਨੰਦੀ ਨੰਦ ਸਮਾਵਨਾ, ਨੰਦ ਚੰਦ ਸੁਤ ਦੁਲਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਭਾਰ । ਭਗਤ ਅਧਾਰੀਅਨ ਸਹਿਜ ਸੁਖ ਪਿਆਰ, ਪੀਆ ਪ੍ਰੀਤਮ ਵੇਖ ਵਖਾਇੰਦਾ । ਪੈਜ ਸਵਾਰੀਅਨ ਵਿਚ ਸੰਸਾਰ, ਨਿਤ ਨਵਿਤ ਸੇਵ ਕਮਾਇੰਦਾ । ਸ਼ਬਦ ਅਧਾਰੀਅਨ ਨਾਦ ਧੁਨਕਾਰ, ਧੁਨ ਆਤਮਕ ਆਪ ਅਲਾਇੰਦਾ । ਏਕਾ ਜੋਗ ਜਗਤ ਵਿਚਾਰੀਅਨ, ਦੇਵਣਹਾਰਾ ਦਾਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਏ ਸਾਚੇ ਘਰ, ਕਲਜੁਗ ਤੇਰੀ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਰੂਪ ਸਤਿ ਸਰੂਪ, ਤਖ਼ਤ ਨਿਵਾਸੀ ਸ਼ਾਹੋ ਭੂਪ, ਇਕ ਅਕੱਲਾ ਸਚ ਮਹੱਲਾ, ਧਾਮ ਨਿਆਰਾ ਕਰ ਪਸਾਰਾ ਏਕੰਕਾਰਾ ਮੂਰਤ ਅਕਾਲ ਦੀਨ ਦਿਆਲ ਜਲਵਾ ਜਲਾਲ ਨੂਰ ਅਲਾਹੀ ਜਗਤ ਮਲਾਹੀ ਸ਼ਬਦ ਸਲਾਹੀ ਦੀਨਾ ਨਾਥ, ਸਗਲਾ ਸਾਥ ਘਟ ਘਟ ਵਾਸ, ਪੁਰਖ ਅਬਿਨਾਸ਼ੀ ਪ੍ਰਿਥਮੀ ਅਕਾਸ਼ ਮੰਡਲ ਰਾਸ, ਹਰਿਜਨ ਸਾਚੇ ਸਦਾ ਵਸੇ ਪਾਸ, ਗੁਰਸਿਖ ਤੇਰਾ ਸੰਗ ਆਪ ਨਿਭਾਈਆ । ਐਥੇ ਉਥੇ ਰੱਖੇ ਸੰਗ, ਦੋ ਜਹਾਨਾ ਵੇਖ ਵਖਾਇੰਦਾ । ਜਗਤ ਜੁਗਤ ਜੁਗ ਗਏ ਕੇਤ ਲੰਘ, ਮਾਇਆ ਮਮਤਾ ਆਸਾ ਤ੍ਰਿਸ਼ਨਾ ਹਉਮੇ ਹੰਗਤਾ ਭੁਖਾ ਨੰਗਤਾ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਾਜਨ ਸਾਚੇ ਮੀਤ, ਆਦਿ ਜੁਗਾਦਿ ਰੱਖੇ ਅਤੀਤ, ਕਾਇਆ ਅੰਤਰ ਆਤਮ ਠਾਂਡਾ ਸੀਤ, ਸੀਤਲ ਧਾਰ ਨਰ ਨਿਰੰਕਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਆਪ ਚਲਾਈਆ । ਸਾਚੀ ਧਾਰਾ ਹਰਿ ਕਰਤਾਰਾ, ਅਗੰਮ ਅਪਾਰਾ ਹੋ ਉਜਿਆਰਾ, ਲੋਕਮਾਤ ਚਲਾਇੰਦਾ । ਵਿਸ਼ਨ ਭੰਡਾਰਾ ਹਰਿ ਹਰਿ ਦਾਤਾਰਾ, ਸ਼ੰਕਰ ਸੰਘਾਰਾ ਦੇਵਤ ਪੁਕਾਰਾ, ਗਣ ਗੰਧਰਬ ਧੁਨਕਾਰਾ, ਨੌ ਖੰਡ ਹੁਲਾਰਾ ਦਹਿ ਦਿਸ਼ਾ ਪਸਾਰਾ, ਚਾਰ ਕੂਟਾਂ ਵੇਖ ਵਖਾਇੰਦਾ । ਵਰਭੰਡ ਸਿਕਦਾਰਾ ਬ੍ਰਹਿਮੰਡ ਪਸਾਰਾ, ਜੇਰਜ ਅੰਡ ਅਧਾਰਾ, ਉਤਭੁਜ ਸੇਤਜ ਮੇਲ ਮਿਲਾਇੰਦਾ । ਰਾਓ

੯੮੬ ੦੯

ਰੰਕ ਹੰਕਾਰਾ, ਜੀਵ ਜੰਤ ਵਿਭਚਾਰਾ, ਸਾਧ ਸੰਤ ਖਵਾਰਾ, ਭਗਤ ਭਗਵੰਤ ਮੇਲ ਨਾ ਕੋਇ ਮਿਲਾਇੰਦਾ । ਦਹਿ ਦਿਸ਼ਾ ਧੁਆਂਧਾਰਾ, ਧਰਨੀ ਧਰਤ ਧਵਲ ਕਰੇ ਪੁਕਾਰਾ, ਖੁਲੜੇ ਕੇਸ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਪੁਰਖ ਅਬਿਨਾਸ਼ੀ ਲੈ ਅਵਤਾਰਾ, ਕਰੇ ਖੇਲ ਅਗੰਮ ਅਪਾਰਾ, ਸ਼ਬਦ ਅਗੰਮੀ ਬੋਲ ਜੈਕਾਰਾ, ਗੁਰਮੁਖ ਸਾਚੇ ਪਾਵੇ ਸਾਰਾ, ਦਰਸ ਵਖਾਏ ਗੁਪਤ ਜ਼ਾਹਰਾ, ਸ੍ਰਿਸ਼ਟ ਸਬਾਈ ਦਿਸ ਨਾ ਆਇੰਦਾ । ਚਰਨ ਕਵਲ ਉਪਰ ਧਵਲ ਵਖਾਏ ਸੱਚਾ ਦਰਬਾਰਾ, ਆਵਣ ਜਾਵਣ ਨਾਤਾ ਛੁੱਟੇ ਸਰਬ ਸੰਸਾਰਾ, ਜੂਨੀ ਜੂਨ ਨਾ ਕੋਇ ਭਵਾਇੰਦਾ । ਆਪ ਸੁਹਾਏ ਬੰਕ ਦਵਾਰਾ, ਦਰ ਘਰ ਆਏ ਸੇਵਾਦਾਰਾ, ਸੇਵਕ ਚਾਕਰ ਪਾਕੀ ਪਾਕ ਖ਼ਾਕੀ ਖ਼ਾਕ ਆਪ ਅਖਵਾਇੰਦਾ । ਰਾਮ ਕ੍ਰਿਸ਼ਨ ਹੋਏ ਉਜਿਆਰ, ਈਸਾ ਮੂਸਾ ਸੰਗ ਮੁਹੰਮਦ ਲਾਏ ਨਾਅਰਾ, ਨਾਨਕ ਗੋਬਿੰਦ ਬੰਨ੍ਹੇ ਧਾਰਾ, ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕ ਆਪਣਾ ਡੰਕ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ, ਮੇਟੇ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਆਪ ਚੜ੍ਹਾਇੰਦਾ । ਸਤਿਜੁਗ ਸਾਚਾ ਚੜ੍ਹੇ ਚੰਦ, ਬੀਸ ਬੀਸਾ ਰਾਹ ਤਕਾਈਆ । ਗੁਰਸਿਖਾਂ ਖ਼ੁਸ਼ੀ ਕਰਾਏ ਬੰਦ ਬੰਦ, ਸ੍ਰਿਸ਼ਟ ਸਬਾਈ ਅਗਨੀ ਤਤ ਤਪਾਈਆ । ਲੇਖਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਪੁਰਖ ਅਕਾਲ ਕਰੇ ਪ੍ਰਿਤਪਾਲ ਇਕ ਸੁਣਾਏ ਸੁਹਾਗੀ ਛੰਦ, ਸੋਹੰ ਸ਼ਬਦ ਕਰੇ ਪੜ੍ਹਾਈਆ । ਚਰਨ ਬਹਾਏ ਕਾਲ ਮਹਾਂਕਾਲ, ਦੋ ਜਹਾਨਾ ਬਣੇ ਦਯਾਲ, ਦੀਨਾਂ ਨਾਥ ਦੀਨਨ ਹੋਏ ਆਪ ਸਹਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਸਰ ਸਰੋਵਰ ਨਾ ਕੋਈ ਮਾਰੇ ਠਾਠ, ਇਕ ਜੈਕਾਰਾ ਹਰਿ ਨਿਰੰਕਾਰਾ, ਆਪਣਾ ਨਾਉਂ ਵਡਿਆਈਆ । ਵਰਨਾ ਬਰਨਾ ਵਸੇ ਬਾਹਰਾ, ਮਾਰਗ ਦੱਸੇ ਇਕ ਸੰਸਾਰਾ, ਹਿੰਦੂ ਮੁਸਲਮ ਸਿੱਖ ਈਸਾਈ ਏਕਾ ਮਾਰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਾਕਾਰ ਸਰਗੁਣ ਸਾਕਾਰ, ਦੋਹਾਂ ਵਿਚੋਲਾ ਬਣ ਕਰਤਾਰ, ਕੁਦਰਤ ਕਾਦਰ ਕਾਦਰ ਕੁਦਰਤ ਦੀਨ ਦੁਨੀ ਦੋਵੇਂ ਏਕਾ ਰੰਗ ਵਖਾਈਆ ।

## ❊ ੧੩ ਭਾਦਰੋਂ ੨੦੧੭ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹ ਪਿੰਡ ਕਬੜੀਖ਼ਾਨਾ ਜ਼ਿਲਾ ਬਠਿੰਡਾ ❊

ਸੋ ਪੁਰਖ ਨਿਰੰਜਣ ਅਨਭਵ ਪਰਕਾਸ਼, ਆਦਿ ਆਦਿ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਖੇਲ ਤਮਾਸ਼, ਅਜੂਨੀ ਰਹਿਤ ਆਪ ਕਰਾਈਆ । ਏਕੰਕਾਰਾ ਸਰਬ ਗੁਣਤਾਸ, ਪੁਰਖ ਅਕਾਲ ਬੇਪਰਵਾਹੀਆ । ਆਦਿ ਨਿਰੰਜਣ ਸ਼ਾਹੋ ਸ਼ਾਬਾਸ, ਜੋਤ ਨੂਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਸਚ ਮਹੱਲੇ ਰੱਖੇ ਵਾਸ, ਉਚ ਅਟੱਲ ਮਨਾਰ ਆਪ ਸੁਹਾਈਆ । ਸ੍ਰੀ ਭਗਵਾਨ ਪਾਵੇ ਰਾਸ, ਸਚਖੰਡ ਦਵਾਰਾ ਵੱਜੇ ਵਧਾਈਆ । ਪਾਰਬ੍ਰਹਮ ਆਪ ਆਪਣੀ ਪੂਰੀ ਕਰੇ ਆਸ, ਇਛਿਆ ਆਪਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲੱਖ ਅਗੋਚਰ ਅਗੰਮ ਅਥਾਹ, ਇਕ ਅਕੱਲਾ ਖੇਲ ਖਿਲਾਇੰਦਾ । ਆਦਿ ਜੁਗਾਦੀ ਬੇਪਰਵਾਹ, ਦਰਗਹਿ ਸਾਚੀ ਧਾਮ ਸੁਹਾਇੰਦਾ । ਨਿਰਗੁਣ ਦੀਪਕ ਜੋਤ ਜਗਾ, ਨੂਰ ਨੁਰਾਨਾ ਡਗਮਗਾਇੰਦਾ । ਸਾਚਾ ਧਾਮ ਆਪ ਸੁਹਾ, ਰੂਪ ਅਨੂਪ ਆਪ ਪਰਗਟਾਇੰਦਾ । ਸਚ ਸਿੰਘਾਸਣ ਆਪ ਵਛਾ, ਥਿਰ ਦਰਬਾਰਾ ਵੇਖ ਵਖਾਇੰਦਾ । ਸ਼ਾਹੋ ਭੂਪ ਰਾਜ ਰਾਜਾਨ ਆਪਣਾ ਨਾਉਂ ਧਰਾ, ਨਰ ਨਰਾਇਣ ਆਪਣੀ ਖੇਲ ਖਿਲਾਇੰਦਾ । ਸਤਿ ਸਤਿਵਾਦੀ ਸੀਸ

੬੮੭
੦੯

ਤਾਜ ਟਿਕਾ, ਤਖ਼ਤ ਤਾਜ ਆਪ ਸੁਹਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਭੇਵ ਅਭੇਦਾ ਭੇਵ ਖੁਲਾਇੰਦਾ । ਦਰ ਦਰਬਾਨਾ ਸੀਸ ਝੁਕਾ, ਦਰ ਦਰਵੇਸ਼ ਸੇਵ ਕਮਾਇੰਦਾ । ਇਕ ਅਕੱਲਾ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਇਕ ਅਕੱਲਾ ਨਾਰੀ ਕੰਤ, ਕੰਤ ਕੰਤੂਲ ਸਾਚੀ ਸੇਜ ਹੰਢਾਈਆ । ਇਕ ਅਕੱਲਾ ਮਣੀਆ ਮੰਤ, ਸ਼ਬਦ ਅਨਾਦੀ ਤੂਰ ਚਲਾਈਆ । ਇਕ ਅਕੱਲਾ ਆਦਿ ਅੰਤ, ਜੁਗ ਜੁਗ ਆਪਣੀ ਰਚਨ ਰਚਾਈਆ । ਇਕ ਅਕੱਲਾ ਬਣਾਏ ਬਣਤ, ਦੂਸਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਖੁਲ੍ਹਾਈਆ । ਦਰ ਘਰ ਸਾਚਾ ਹਰਿ ਖੁਲ੍ਹਾ ਇਕ ਅਕੱਲਾ ਏਕੰਕਾਰ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਇੰਦਾ । ਜੋਤੀ ਜੋਤ ਨੂਰ ਉਜਿਆਰ, ਅਲੱਖ ਅਲੱਖਣਾ ਅਲੱਖ ਅਲਾਇੰਦਾ । ਆਪ ਆਪਣਾ ਬੋਲ ਜੈਕਾਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਨਾ ਕੋਇ ਦੀਸੇ ਨੌ ਦਵਾਰ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਰਵ ਸਸ ਨਾ ਕੋਇ ਸਤਾਰ, ਪੁਰਖ ਅਬਿਨਾਸ਼ੀ ਆਪਣਾ ਖੇਲ ਆਪ ਖਲਾਇੰਦਾ । ਜੂਨੀ ਰਹਿਤ ਪਰਵਰਦਿਗਾਰ, ਰਾਮ ਰਾਮਾ ਆਪਣਾ ਬਲ ਆਪ ਧਰਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਸਾਚੇ ਤਖ਼ਤ ਆਪ ਸੁਹਾਇੰਦਾ । ਤਖ਼ਤ ਨਿਵਾਸੀ ਸੱਚੀ ਸਰਕਾਰ, ਹੁਕਮੀ ਹੁਕਮ ਹੁਕਮ ਵਰਤਾਇੰਦਾ । ਧੁਰ ਫ਼ਰਮਾਣਾ ਸਾਚੀ ਧਾਰ, ਸ਼ਬਦ ਅਨਾਦੀ ਸੁਤ ਪਰਗਟਾਇੰਦਾ । ਜੋਤੀ ਜਾਤਾ ਕਰ ਉਜਿਆਰ, ਮਾਤ ਪਿਤ ਆਪ ਹੋ ਜਾਇੰਦਾ । ਪੂਤ ਸਪੂਤਾ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇੰਦਾ । ਪੁਰਖ ਅਬਿਨਾਸ਼ ਖੇਲ ਅਗੰਮ, ਅਲੱਖ ਅਗੋਚਰ ਮਹਿਮਾ ਅਕਥ ਕਥੀ ਨਾ ਜਾਈਆ । ਨਾ ਮਰੇ ਨਾ ਪਏ ਜਮ, ਆਦਿ ਜੁਗਾਦੀ ਵੇਸ ਵਟਾਈਆ । ਨਿਰਗੁਣ ਨਿਰਾਕਾਰ ਨਰ ਨਰਾਇਣ ਆਪੇ ਜਾਣੇ ਆਪਣਾ ਕੰਮ, ਕਰਤਾ ਕਰਨੀ ਕਿਰਤ ਆਪ ਕਰਾਈਆ । ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਇ ਹਲਾਈਆ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਦਰਗਹਿ ਸਾਚੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਚ ਮਹੱਲਾ, ਆਪ ਵਸਾਏ ਇਕ ਅਕੱਲਾ, ਏਕੰਕਾਰਾ ਬੈਠਾ ਆਸਣ ਲਾਈਆ । ਏਕੰਕਾਰ ਸ੍ਰੀ ਭਗਵਾਨ, ਦਰ ਘਰ ਸਾਚਾ ਆਪ ਸੁਹਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਸਾਚੇ ਤਖ਼ਤ ਬੈਠ ਰਾਜ ਰਾਜਾਨ, ਸ਼ਾਹ ਪਾਤਸ਼ਾਹ ਵੇਖ ਵਖਾਇੰਦਾ । ਆਪਣਾ ਭਾਣਾ ਸਾਚਾ ਰਾਣਾ ਦਏ ਸਮਝਾ, ਹੁਕਮੀ ਹੁਕਮ ਆਪ ਉਠਾਇੰਦਾ । ਸੁਤ ਦੁਲਾਰਾ ਸੇਵਾ ਲਾ, ਸਚ ਭੰਡਾਰਾ ਆਪ ਵਰਤਾਇੰਦਾ । ਸਚ ਕਟਾਰਾ ਤਨ ਛੁਹਾ, ਆਪਣਾ ਨਾਮ ਸ਼ਸਤਰ ਬਸਤਰ ਇਕ ਵਖਾਇੰਦਾ । ਸੀਸ ਸਮਰਥ ਹੱਥ ਟਿਕਾ, ਕਥਨੀ ਕਥ ਕਥਾ ਆਪ ਅਲਾਇੰਦਾ । ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਖੰਡ ਤੇਰੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪੇ ਖੋਲ੍ਹ, ਪੁਰਖ ਅਗੰਮਾ ਰਿਹਾ ਬੋਲ, ਤਤਵ ਤਤ ਨਾ ਕੋਈ ਰਖਾਇੰਦਾ । ਨਾ ਕੋਈ ਤੱਤਵ ਨਾ ਕੋਈ ਤਤ, ਤ੍ਰੈਗੁਣ ਮਾਇਆ ਨਾ ਕੋਈ ਬਣਾਈਆ । ਨਾ ਕੋਈ ਵਿਸ਼ਨੂੰ ਕਰੇ ਉਤਪਤ, ਬ੍ਰਹਮਾ ਰਤ ਨਾ ਕੋਈ ਵਖਾਈਆ । ਨਾ ਕੋਈ ਸ਼ੰਕਰ

ਦੇਵੇ ਮਤ, ਕ੍ਰੋੜ ਤੇਤੀਸਾ ਨਾ ਕੋਈ ਵਡਿਆਈਆ । ਇਕ ਅਕੱਲਾ ਪੁਰਖ ਸਮਰਥ, ਸਚਖੰਡ ਬੈਠਾ ਆਸਣ ਲਾਈਆ । ਨਾ ਕੋਈ ਬੁਧ ਨਾ ਕੋਈ ਮਤ, ਮਨ ਵਾਸਨਾ ਨਾ ਕੋਈ ਰਖਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਇਸ਼ਟ ਦੇਵ ਨਾ ਕੋਈ ਮਨਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਸਰ ਸਰੋਵਰ ਨਾ ਕੋਈ ਨੁਹਾਈਆ । ਨਾ ਕੋਈ ਬਸਤਰ ਨਾ ਕੋਈ ਸੇਜਾ ਦਿਸੇ ਖਾਟ, ਕਾਇਆ ਓੜ ਨਾ ਕੋਈ ਰਖਾਈਆ । ਨਾ ਕੋਈ ਖੋਲ੍ਹੇ ਚੌਦਾਂ ਹਾਟ, ਚੌਦਾਂ ਤਬਕ ਨਾ ਅੰਗ ਲਗਾਈਆ । ਨਾ ਕੋਈ ਜ਼ਿਮੀ ਅਸਮਾਨ ਵੇਖੇ ਵਾਟ, ਗਗਨ ਮੰਡਲ ਨਾ ਕੋਈ ਵਡਿਆਈਆ । ਇਕ ਅਕੱਲਾ ਪੁਰਖ ਅਬਿਨਾਸ਼, ਥਿਰ ਘਰ ਸਾਚੇ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਥਿਰ ਦਰਬਾਰਾ ਆਪ ਸੁਹਾਈਆ । ਥਿਰ ਘਰ ਸਾਚਾ ਹਰਿ ਸੁਹਾਇੰਦਾ, ਘਰ ਘਰ ਵਿਚ ਕਰ ਤਿਆਰ । ਸਚਖੰਡ ਵਾਸੀ ਸਾਚੀ ਜੋਤ ਜਗਾਇੰਦਾ, ਨਿਰਗੁਣ ਦੀਆ ਬਾਤੀ ਇਕ ਨਿਰੰਕਾਰ । ਸਾਚੇ ਮੰਦਰ ਸੋਭਾ ਪਾਇੰਦਾ, ਸਵਛ ਸਰੂਪੀ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਬੈਠਾ ਚੜ੍ਹ, ਸਚ ਸਿੰਘਾਸਣ ਆਪ ਸੁਹਾਇੰਦਾ । ਸਾਚੇ ਮੰਦਰ ਆਪੇ ਚੜ੍ਹਿਆ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਦਰ ਦਰਵਾਜ਼ੇ ਆਪੇ ਖੜਿਆ, ਰੂਪ ਅਨੂਪ ਆਪ ਪਰਟਗਾਇੰਦਾ । ਸਤਿ ਸਰੂਪ ਨਾ ਕੋਈ ਸੀਸ ਧੜਿਆ, ਸਤਿ ਸਤਿਵਾਦੀ ਸਾਚਾ ਰੰਗ ਆਪ ਰੰਗਾਇੰਦਾ । ਬਾਢੀ ਘਾੜਤ ਕੋਈ ਨਾ ਘੜਿਆ, ਘੜਨ ਭੰਨਣਹਾਰ ਖੇਲ ਖਿਲਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਆਪਣਾ ਪੱਲੂ ਆਪੇ ਫੜਿਆ, ਸਗਲਾ ਸੰਗ ਰਖਾਇੰਦਾ । ਆਪਣਾ ਕੰਤ ਆਪੇ ਵਰਿਆ, ਆਪਣੀ ਨਾਰੀ ਸੇਜ ਹੰਢਾਇੰਦਾ । ਨਿਰਭੌ ਚੁਕਾਏ ਆਪਣਾ ਡਰਿਆ, ਭੈ ਭਉ ਨਾ ਕੋਈ ਰਖਾਇੰਦਾ । ਆਪਣੇ ਤੀਰਥ ਨਹਾਵੇ ਸਰਿਆ, ਅੰਮ੍ਰਿਤ ਸਾਚਾ ਨਾਲ ਲਿਆਇੰਦਾ । ਆਪਣੇ ਅੱਗੇ ਆਪੇ ਖੜਿਆ, ਸ਼ਾਹ ਪਾਤਸ਼ਾਹ ਆਪਣਾ ਹੁਕਮ ਆਪ ਅਲਾਇੰਦਾ । ਆਪੇ ਨਿਉਂ ਨਿਉਂ ਕਰੇ ਨਿਮਸਕਰਿਆ, ਚਰਨ ਕਵਲ ਧਿਆਨ ਲਗਾਇੰਦਾ । ਥਿਰ ਘਰ ਵਾਸਾ ਪੁਰਖ ਅਬਿਨਾਸ਼ਾ ਆਪਣੀ ਵਿਦਿਆ ਆਪੇ ਪੜ੍ਹਿਆ, ਨਿਸ਼ਅੱਖਰ ਆਪ ਪੜ੍ਹਾਇੰਦਾ । ਕਾਗਦ ਕਲਮ ਸ਼ਾਹੀ ਲਿਖ ਲਿਖ ਅੱਗੇ ਕਿਸੇ ਨਾ ਧਰਿਆ, ਰੂਪ ਰੇਖ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਵੇਖੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਪਰਵਰਦਿਗਾਰ, ਏਕਾ ਏਕ ਖੁਲ੍ਹਾਈਆ । ਮੁਕਾਮੇ ਹੱਕ ਖੇਲ ਮਹਾਨ, ਖ਼ਾਲਕ ਆਪਣਾ ਰੂਪ ਵਟਾਈਆ । ਜੋਧਾ ਸੂਰ ਬਲੀ ਬਲਵਾਨ, ਤੇਜ ਬਲ ਆਪਣਾ ਆਪ ਧਰਾਈਆ । ਸਾਕ ਸੱਜਣ ਸੈਣ ਨਾ ਰੱਖੇ ਕੋਈ ਗੁਣ ਨਿਧਾਨ, ਆਪਣੇ ਗੁਣ ਦਏ ਵਡਿਆਈਆ । ਮੰਦਰ ਮਸਜਿਦ ਨਾ ਕੋਈ ਦਿਸੇ ਜਗਤ ਮਕਾਨ, ਛੱਪਰ ਛੰਨ ਨਾ ਕੋਈ ਛੁਹਾਈਆ । ਇਕ ਇਕੱਲਾ ਸ੍ਰੀ ਭਗਵਾਨ, ਸਾਚੇ ਤਖ਼ਤ ਬੈਠਾ ਸਾਚਾ ਮਾਹੀਆ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਅਪਾਰਾ, ਥਿਰ ਘਰ ਖੋਲ੍ਹੇ ਆਪ ਕਿਵਾੜਾ, ਆਪਣਾ ਬੰਧਨ ਆਪ ਤੁੜਾਈਆ । ਆਪਣਾ ਬੰਧਨ ਆਪੇ ਤੋੜ, ਹਰਿ ਹਰਿ ਆਪਣੀ ਦਇਆ ਕਮਾਇੰਦਾ । ਹਰਿ ਹਰਿ ਚੜ੍ਹੇ ਆਪਣੇ ਘੋੜ, ਸ਼ਬਦ ਘੋੜਾ ਇਕ ਵਖਾਇੰਦਾ । ਆਪਣੇ ਮੰਦਰ ਆਪਣੇ ਹੱਥ ਰੱਖੇ ਡੋਰ, ਡੋਰੀ ਆਪਣੇ ਨਾਲ ਬੰਧਾਇੰਦਾ । ਆਪਣਾ ਵਰਤੇ ਆਪੇ ਜ਼ੋਰ, ਜ਼ੋਰ ਜ਼ਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ


੯੮੯
੦੯

ਅਕੱਲਾ ਸਾਚਾ ਹਰਿ, ਸਚਖੰਡ ਦਵਾਰਾ ਖੇਲ ਅਪਾਰਾ ਹਰਿ ਨਿਰੰਕਾਰਾ ਆਪ ਕਰਾਇੰਦਾ । ਥਿਰ ਘਰ ਵਾਸਾ ਪੁਰਖ ਅਬਿਨਾਸ਼ਾ, ਆਦਿ ਪੁਰਖ ਵੱਡੀ ਵਡਿਆਈਆ । ਅਲੱਖ ਅਗੋਚਰ ਅਗੰਮ ਅਥਾਹ ਪਾਏ ਰਾਸਾ, ਜੋਤੀ ਜੋਤ ਕਰ ਰੁਸ਼ਨਾਈਆ । ਦੀਨ ਦਿਆਲ ਸਦਾ ਕਿਰਪਾਲ ਵੇਖਣਹਾਰਾ ਤਮਾਸ਼ਾ, ਆਪਣਾ ਨੈਣ ਲੋਚਣ ਲਏ ਖੁਲ੍ਹਾਈਆ । ਸ਼ਬਦ ਸੁਤ ਦੇਵੇ ਸਚ ਭਰਵਾਸਾ, ਭਾਵੀ ਭਗਵਾਨ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚਖੰਡ ਦਵਾਰ ਵੱਡੀ ਵਡਿਆਈਆ । ਸਚਖੰਡ ਦਵਾਰ ਸੁਹਾਵਣਾ, ਪੁਰਖ ਅਬਿਨਾਸ਼ੀ ਆਪ ਸੁਹਾਈਆ । ਆਪਣੀ ਪੂਰੀ ਕਰੇ ਆਪੇ ਭਾਵਨਾ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਆਪ ਪਕੜਾਏ ਆਪਣਾ ਦਾਮਨਾ, ਦਾਮਨਗੀਰ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਗੁਣ ਹੋਏ ਜ਼ਾਮਨਾ, ਜ਼ਾਹਰ ਜ਼ਹੂਰ ਵੱਡੀ ਵਡਿਆਈਆ । ਥਿਰ ਘਰ ਵਸੇ ਨਗਰ ਗਰਾਮਨਾ, ਸਾਚਾ ਖੇੜਾ ਆਪ ਸੁਹਾਈਆ । ਆਪੇ ਪਰਕਾਸ਼ ਆਪੇ ਅੰਧੇਰੀ ਸ਼ਾਮਨਾ, ਨੂਰ ਨੂਰ ਆਪ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਲਏ ਉਪਜਾਈਆ । ਸ਼ਬਦ ਉਪਜਾਇਆ ਸਾਚਾ ਸੁਤ, ਜੁਗ ਜੁਗ ਆਪ ਉਪਜਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਮਹਿਮਾ ਅਕਥ ਕਥੀ ਨਾ ਜਾਈਆ । ਨਾ ਕੋਈ ਵਾਰ ਥਿਤ ਜਾਣੇ ਰੁਤ, ਰੁਤੜੀ ਆਪਣੀ ਆਪ ਸੁਹਾਈਆ । ਆਪਣੇ ਅੰਦਰੋਂ ਆਪੇ ਫੁੱਟ, ਆਪਣਾ ਬੂਟਾ ਆਪੇ ਲਾਈਆ । ਆਪੇ ਅੰਮ੍ਰਿਤ ਬਖ਼ਸ਼ੇ ਘੁੱਟ, ਸਾਚਾ ਜਾਮ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਭੰਡਾਰਾ ਅਤੁਟ, ਅਤੋਟ ਅਤੁਟ ਵਰਤਾਈਆ । ਸ਼ਬਦ ਦੁਲਾਰਾ ਉਠਿਆ, ਹਰਿ ਸਾਚਾ ਆਪ ਉਠਾਇੰਦਾ । ਪਾਰਬ੍ਰਹਮ ਮੀਤ ਮੁਰਾਰ ਏਕਾ ਤੁੱਠਿਆ, ਫੜ ਬਾਂਹੋ ਗਲੇ ਲਗਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟਿਆ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਦਿ ਜੁਗਾਦਿ ਨਾ ਜਾਏ ਲੁੱਟਿਆ, ਸਾਚਾ ਦਾਮਨ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੰਕਾਰਾ ਹਰਿ ਨਿਰੰਕਾਰਾ, ਏਕਾ ਦਰ ਸੁਹਾਇੰਦਾ । ਏਕਾ ਦਰ ਦਰਦ ਦੁਖ ਭੰਜਨ, ਆਪ ਆਪਣੀ ਬੂਝ ਬੁਝਾਈਆ । ਦੋ ਜਹਾਨਾਂ ਬਣੇ ਸੱਜਣ, ਤ੍ਰੈਭਵਣ ਵੇਖ ਵਖਾਈਆ । ਆਦਿ ਜੁਗਾਦੀ ਬਣੇ ਪਰਦਾ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਸ਼ਬਦੀ ਸ਼ਬਦ ਰੱਖੇ ਤੇਰੀ ਲੱਜਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਵਿਸ਼ਨੂੰ ਝੋਲੀ ਡਾਹ ਡਾਹ ਮੰਗਣ, ਨੇਤਰ ਨੈਣ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਅਮੋਲਕ ਆਪਣੀ ਆਪ ਵਰਤਾਈਆ । ਸਾਚੀ ਵਸਤ ਨਾਮ ਅਨਮੋਲ, ਸਤਿ ਪੁਰਖ ਨਿਰੰਜਣ ਆਪ ਉਪਾਇੰਦਾ । ਆਪਣੇ ਕੰਡੇ ਤੋਲਿਆ ਤੋਲ, ਤੋਲਣਹਾਰਾ ਦਿਸ ਨਾ ਆਇੰਦਾ । ਆਪਣਾ ਅੱਖਰ ਆਪੇ ਬੋਲ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਪਾਰਬ੍ਰਹਮ ਪ੍ਰਭ ਬਦਲੇ ਚੋਲ, ਹੰ ਆਪਣਾ ਰੂਪ ਵਟਾਇੰਦਾ । ਤ੍ਰੈਗੁਣ ਭੰਡਾਰਾ ਦੇਵੇ ਖੋਲ੍ਹ, ਸ਼ੰਕਰ ਮੇਲਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪ ਜਣਾਇੰਦਾ । ਹਰਿ ਭਾਣਾ ਬਲਵਾਨ, ਭੇਵ ਕੋਇ ਨਾ ਪਾਇੰਦਾ । ਸੋ ਪੁਰਖ ਨਿਰੰਜਣ ਖੇਲ ਮਹਾਨ, ਦਰ ਘਰ ਸਾਚੇ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕੰਕਾਰਾ ਸਤਿ ਸਤਿਵਾਦੀ ਖੋਲ੍ਹ ਦੁਕਾਨ, ਸਾਚਾ ਹੱਟ ਇਕ ਸੁਹਾਇੰਦਾ । ਆਦਿ ਨਿਰੰਜਣ ਦੀਪ ਮਹਾਨ, ਘਰ ਮੰਦਰ ਆਪ ਟਿਕਾਇੰਦਾ । ਅਬਿਨਾਸ਼ੀ ਕਰਤਾ ਕਰ ਪਰਵਾਨ, ਬਹਿ ਬਹਿ ਮੰਗਲ ਗਾਇੰਦਾ । ਸ੍ਰੀ ਭਗਵਾਨ ਦੇਵੇ ਦਾਨ,

੯੯੧
੦੯

ਦਾਤਾ ਦਾਨੀ ਦਇਆ ਕਮਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਰਵਾਨ, ਆਪਣਾ ਲੇਖਾ ਲੇਖ ਸਮਝਾਇੰਦਾ । ਸ਼ਬਦੀ ਸ਼ਬਦ ਨੌਜਵਾਨ, ਸਾਚੇ ਮਾਰਗ ਆਪੇ ਪਾਇੰਦਾ । ਵਿਸ਼ਨੂੰ ਰੱਖੇ ਏਕਾ ਆਣ, ਵਿਸ਼ਵ ਵਾਸਤਕ ਰੂਪ ਸਰਬ ਸਮਾਇੰਦਾ । ਬ੍ਰਹਮੇ ਬਖ਼ਸ਼ੇ ਇਕ ਧਿਆਨ, ਚਰਨ ਕਵਲ ਆਪ ਬਹਾਇੰਦਾ । ਸ਼ੰਕਰ ਮੇਲਾ ਗੁਣ ਨਿਧਾਨ, ਗੁਣਵੰਤਾ ਵੇਖ ਵਖਾਇੰਦਾ । ਤਿੰਨਾਂ ਵਿਚੋਲਾ ਬਣ ਭਗਵਾਨ, ਧੁਰ ਫਰਮਾਣਾ ਆਪ ਸੁਣਾਇੰਦਾ । ਲੋਕਮਾਤ ਵੇਖਣਾ ਜਗਤ ਸ਼ੈਤਾਨ, ਲੱਖ ਚੁਰਾਸੀ ਵੰਡ ਵੰਡਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਜ ਤਤ ਜੋੜ ਜੁੜਾਇੰਦਾ । ਰਜੋ ਤਮੋ ਸਤੋ ਰੱਖੇ ਆਣ, ਆਪ ਆਪਣਾ ਮੇਲ ਮਿਲਾਇੰਦਾ । ਘਟ ਘਟ ਅੰਦਰ ਜੋਤ ਮਹਾਨ, ਨਿਰਗੁਣ ਆਪਣਾ ਰੂਪ ਆਪ ਪਰਗਟਾਇੰਦਾ । ਮਨ ਮਤ ਬੁਧ ਕਰੇ ਪਰਕਾਸ਼, ਆਪਣੇ ਭਾਣੇ ਤਤਵ ਤਤ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਦੇਵੇ ਏਕਾ ਵਰ, ਲੱਖ ਚੁਰਾਸੀ ਭਾਂਡਾ ਆਪਣਾ ਘੜ, ਵਸਤ ਅਮੋਲਕ ਇਕ ਵਰਤਾਇੰਦਾ । ਲੱਖ ਚੁਰਾਸੀ ਭਾਂਡਾ ਘੜਿਆ, ਪੁਰਖ ਅਬਿਨਾਸ਼ੀ ਹੁਕਮ ਸੁਣਾਇੰਦਾ । ਪਾਰਬ੍ਰਹਮ ਪ੍ਰਭ ਆਪੇ ਦਾਨਾ, ਨਾਰੀ ਕੰਤ ਰੂਪ ਵਟਾਇੰਦਾ । ਆਪ ਸੁਹਾਏ ਆਪਣਾ ਦਰਨਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਆਪਣੇ ਗੜ੍ਹ ਆਪੇ ਵੜਨਾ, ਘਰ ਘਰ ਵਿਚ ਬਣਤ ਬਣਾਇੰਦਾ । ਉਚੇ ਟਿੱਲੇ ਆਪੇ ਚੜ੍ਹਨਾ, ਬਜਰ ਕਪਾਟੀ ਆਪ ਖੁਲਾਇੰਦਾ । ਸ਼ਬਦ ਧੁਨ ਆਪੇ ਪੜ੍ਹਨਾ, ਅਨਹਦ ਧੁਨ ਧੁਨ ਉਪਾਇੰਦਾ । ਜੋਤ ਪਰਕਾਸ਼ ਨਿਰਗੁਣ ਕਰਨਾ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਬ੍ਰਹਮ ਰੂਪ ਪਏ ਸਾਚੀ ਸਰਨਾ, ਪਾਰਬ੍ਰਹਮ ਸਾਚੀ ਸੇਜ ਹੰਢਾਇੰਦਾ । ਕੋਟੀ ਕੋਟ ਨਾ ਕੋਈ ਦਾਨਾ, ਬਰਨ ਰੂਪ ਨਾ ਕੋਇ ਧਰਾਇੰਦਾ । ਨਾ ਕੋਈ ਭੈ ਨਾ ਕੋਈ ਡਰਨਾ, ਭੈ ਭਿਆਨਕ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇੰਦਾ । ਬ੍ਰਹਮਾ ਵਿਸ਼ਨ ਹਰਿ ਸਮਝਾਇਆ, ਤ੍ਰੈਗੁਣ ਲੇਖਾ ਵੇਖ ਵਖਾਈਆ । ਜੁਗ ਜੁਗ ਸਾਚੀ ਸੇਵ ਲਗਾਇਆ, ਲੱਖ ਚੁਰਾਸੀ ਮੇਲ ਮਿਲਾਈਆ । ਆਪਣਾ ਹੁਕਮ ਆਪ ਵਰਤਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਆਪਣਾ ਰੂਪ ਆਪ ਵਟਾਇਆ, ਮਹਾਂਕਾਲ ਵੱਡੀ ਵਡਿਆਈਆ । ਦਰ ਦਵਾਰਾ ਆਪ ਤਜਾਇਆ, ਨਿਰਗੁਣ ਖੇਲੇ ਖੇਲ ਬੇਪਰਵਾਹੀਆ । ਆਪਣੇ ਭਾਣੇ ਆਪ ਸਮਾਇਆ, ਧਾਰ ਧਾਰ ਵਿਚੋਂ ਪਰਗਟਾਈਆ । ਧੁੰਦਕਾਰਾ ਵੇਖ ਵਖਾਇਆ, ਸੁੰਨ ਅਗੰਮੀ ਫੇਰਾ ਪਾਈਆ । ਕਾਲ ਰੂਪ ਆਪ ਵਟਾਇਆ, ਨਿਰਗੁਣ ਨੂਰ ਨਜ਼ਰ ਨਾ ਆਈਆ । ਵਿਸ਼ਨੂੰ ਤੇਰੀ ਵੰਡ ਵੰਡਾਇਆ, ਦੇਵੇ ਰਿਜ਼ਕ ਸ੍ਰਿਸ਼ਟ ਸਬਾਈਆ । ਬ੍ਰਹਮੇ ਤੇਰਾ ਬ੍ਰਹਮ ਰੂਪ ਇਕ ਦਰਸਾਇਆ, ਏਕਾ ਜੋਤ ਜੋਤ ਰੁਸ਼ਨਾਈਆ । ਸ਼ੰਕਰ ਹੱਥ ਤ੍ਰਸ਼ੂਲ ਰਖਾਇਆ, ਜੋ ਘੜਿਆ ਭੰਨ ਵਖਾਈਆ । ਕਾਲ ਦਿਆਲ ਮੇਲ ਮਿਲਾਇਆ, ਸਗਲਾ ਸੰਗ ਆਪ ਨਿਭਾਈਆ । ਅਵੱਲੜੀ ਚਾਲ ਆਪ ਚਲਾਇਆ, ਚਿਤਵਤ ਆਪਣਾ ਚਿਤਰ ਗੁਪਤ ਰੂਪ ਵਟਾਈਆ । ਧਰਮ ਰਾਏ ਧਰਮ ਕਮਾਇਆ, ਧੁਰ ਦੀਬਾਨ ਆਪ ਰਖਾਈਆ । ਦਰ ਦਵਾਰੇ ਮਾਣ ਧਰਾਇਆ, ਹੁਕਮੀ ਹੁਕਮ ਸ਼ਬਦ ਸੁਣਾਈਆ । ਸੁਤ ਦੁਲਾਰਾ ਨਾਲ ਰਲਾਇਆ, ਅਬਿਨਾਸ਼ੀ ਅਚੁਤ ਵੇਖ ਵਖਾਈਆ । ਕਵਾਰੀ ਕੰਨਿਆ ਆਪ ਉਠਾਇਆ, ਜੋਬਨ ਵੇਖੇ ਸ਼ਹਿਨਸ਼ਾਹੀਆ । ਲਾੜੀ ਮੌਤ ਨਾਉਂ ਧਰਾਇਆ, ਦਿਸ ਕਿਸੇ ਨਾ ਆਈਆ । ਸ਼ੰਕਰ ਤੇਰੀ ਗੋਦੜੀ ਰਹੀ ਉਠਾਇਆ, ਤੇਰੀ ਧੂੜੀ ਖ਼ਾਕ ਰਮਾਈਆ । ਲੱਖ ਚੁਰਾਸੀ ਵੇਖੇ ਥਾਉਂ ਥਾਇਆ, ਆਦਿ ਜੁਗਾਦੀ ਫੇਰਾ ਪਾਈਆ । ਲਾੜੀ ਮੌਤ ਮੰਗੇ ਵਰ, ਉਚੀ ਕੂਕ ਦਏ ਦੁਹਾਈਆ । ਜੀਵ ਜੰਤ ਨੇਤਰ ਲੋਚਣ ਵੇਖ ਵੇਖ, ਆਪਣਾ ਮਨ

ਰਹੀ ਤੜਫਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਦੀਨ ਦਿਆਲ ਹੋ ਕਿਰਪਾਲ ਦੇਣੀ ਇਕ ਆਦੇਸ, ਕਾਲ ਰੂਪ ਹੋ ਪਰਵੇਸ਼, ਨੌਂ ਖੰਡ ਪ੍ਰਿਥਮੀ ਫਿਰੀ ਦੇਸ ਪਰਦੇਸ, ਸੱਤਾਂ ਦੀਪਾਂ ਫੇਰੀਆਂ ਪਾਈਆ । ਵਰਭੰਡੀ ਤੇਰਾ ਮੇਟ ਕਲੇਸ਼ ਜੇਰਜ ਅੰਡੀ ਧਾਰੇ ਭੇਖ, ਉਤਭੁਜ ਸੇਤਜ ਫੇਲ ਫੁਲਾਈਆ । ਤਖ਼ਤੋਂ ਲਾਹਵਾਂ ਨਰ ਨਰੇਸ਼, ਆਪਣਾ ਮਾਰਗ ਆਪੇ ਵੇਖ, ਜੋ ਘੜਿਆ ਭੰਨ ਵਖਾਈਆ । ਜੁਗ ਜੁਗ ਰੱਖਾਂ ਖੁਲ੍ਹੜੇ ਕੇਸ, ਦਰ ਦਰ ਮੰਗਾ ਬਣ ਦਰਵੇਸ਼, ਏਕਾ ਅਲਫੀ ਗਲ ਹੰਢਾਈਆ । ਵਿਸ਼ਨ ਬ੍ਰਹਮਾ ਸ਼ਿਵ ਲੈਣ ਵੇਖ, ਚਿਤਰ ਗੁਪਤ ਲਿਖੇ ਲੇਖ, ਧਰਮ ਰਾਏ ਵੇਖੇ ਆਪਣਾ ਖੇਲ, ਕਾਲ ਕਰੇ ਏਕ ਹੇਤ, ਲਾੜੀ ਮੌਤ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਵਸਿਆ ਹਰਿ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਰਚਨਹਾਰਾ, ਆਪੇ ਰਚ ਰਚ ਵੇਖ ਵਖਾਇੰਦਾ । ਆਪੇ ਵਸੇ ਸਚਖੰਡ ਦਵਾਰਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਆਪੇ ਗਗਨ ਮੰਡਲ ਪਾਵੇ ਸਾਰਾ, ਮੰਡਲ ਮੰਡਪ ਆਪ ਉਪਾਇੰਦਾ । ਆਪੇ ਰਵ ਸਸ ਸੂਰਜ ਚੰਨ ਕਰ ਉਜਿਆਰਾ, ਪਰਕਾਸ਼ ਪਰਕਾਸ਼ ਆਪ ਟਿਕਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਦਏ ਹਲਾਰਾ, ਆਪਣੀ ਗੋਦੀ ਆਪ ਸੁਹਾਇੰਦਾ । ਆਪੇ ਸ਼ਬਦ ਨਾਦ ਧੁਨ ਜੈਕਾਰਾ, ਬ੍ਰਹਮ ਬ੍ਰਹਿਮਾਦਿ ਆਪ ਸੁਣਾਇੰਦਾ । ਆਪੇ ਬੋਧ ਅਗਾਧ ਬਣ ਲਿਖਾਰਾ, ਚਾਰੇ ਵੇਦਾਂ ਭੇਦ ਖੁਲ੍ਹਾਇੰਦਾ । ਆਪੇ ਤੁਰੀਆ ਰਾਗ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਵਸਿਆ ਏਕਾ ਹਰਿ, ਹਰਿ ਜੂ ਆਪਣਾ ਮੰਦਰ ਆਪ ਸੁਹਾਇੰਦਾ । ਹਰਿ ਜੂ ਹਰਿ ਮੰਦਰ ਸੋਭਾਵੰਤ, ਲੇਖਾ ਲਿਖਤ ਵਿਚ ਨਾ ਆਈਆ । ਏਕਾ ਵਸਿਆ ਪਾਰਬ੍ਰਹਮ ਅਬਿਨਾਸ਼ੀ ਕਰਤਾ ਸਾਚਾ ਕੰਤ, ਕੰਤ ਕੰਤੂਲ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦਿਤਾ ਏਕਾ ਵਰ, ਲੱਖ ਚੁਰਾਸੀ ਤੇਰੀ ਵੰਡ ਵੰਡਾਈਆ । ਬ੍ਰਹਮਾ ਵਿਸ਼ਨ ਸ਼ਿਵ ਉਠ ਕਰਨ ਧਿਆਨ, ਪ੍ਰਭ ਅਗੇ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਹਉਂ ਸੇਵਕ ਸੇਵ ਕਮਾਈਆ । ਤੂੰ ਦਾਤਾ ਸ੍ਰੀ ਭਗਵਾਨ, ਹਉਂ ਭਿਖਕ ਝੋਲੀ ਰਹੇ ਡਾਹੀਆ । ਏਕਾ ਦਰਸ ਤੇਰੇ ਚਰਨ ਕਵਲ ਧਿਆਨ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਔਰ ਨਾ ਕੋਇ ਵਸਾਈਆ । ਸਾਚਾ ਵਰ ਹਰਿ ਝੋਲੀ ਪਾਵਨਾ, ਆਏ ਦਰ ਭਿਖਾਰ । ਕਵਣ ਰੂਪ ਲੋਕਮਾਤ ਪਰਗਟਾਵਨਾ, ਪਰਗਟ ਹੋਏ ਵਿਚ ਸੰਸਾਰ । ਕਵਣ ਰੰਗ ਆਪ ਚਮਕਾਵਣਾ, ਲਾਲ ਗੁਲਾਲਾ ਕਰ ਤਿਆਰ । ਕਵਣ ਕੰਚਨ ਕਚ ਵਖਾਵਣਾ, ਕੌਣ ਸੁਹਦਾ ਵੇਸ ਕਰੇ ਪਰਵਾਨ । ਕੌਣ ਚਿਟੀ ਧਾਰੀ ਧਾਰ ਬੰਨ੍ਹਾਵਣਾ, ਸੁਤ ਸ਼ਬਦੀ ਰੰਗ ਅਪਾਰ । ਕਵਣ ਪੀਲਾ ਬਸਤਰ ਤਨ ਸਜਾਵਣਾ, ਪੰਜ ਤਤ ਕਰ ਅਕਾਰ । ਕਵਣ ਨੀਲੀ ਧਾਰੋਂ ਡੇਰਾ ਪਾਰ ਰਖਾਵਣਾ, ਨਿਰਗੁਣ ਸਰਗੁਣ ਲੈ ਅਵਤਾਰ । ਕਾਲਾ ਸੂਸਾ ਕਵਣ ਰੂਪ ਗਲੋਂ ਲਾਹਵਣਾ, ਕੂੜ ਕੁੜਿਆਰਾ ਵੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਕਰੇ ਪਿਆਰ ।

ਨਿਰਗੁਣ ਸਰਗੁਣ ਬਣੇ ਮਲਾਹ, ਲੋਕਮਾਤ ਵੇਸ ਵਟਾਇੰਦਾ । ਭਗਤ ਭਗਵੰਤ ਲਏ ਜਗਾ, ਆਤਮ ਅੰਤਰ ਵੇਖ ਵਖਾਇੰਦਾ । ਸੰਤ ਕੰਤ ਲਏ ਮਿਲਾ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਗੁਰਮੁਖ ਸਾਚੇ ਆਪ ਉਠਾ, ਆਪ ਆਪਣੀ ਗੋਦ ਬਹਾਇੰਦਾ । ਗੁਰਸਿਖ ਸਾਚੇ ਰੰਗ ਰੰਗਾ, ਦੁਰਮਤ ਮੈਲ ਸਰਬ ਧਵਾਇੰਦਾ । ਜੁਗ ਜੁਗ ਆਪਣਾ

ਨਾਉਂ ਧਰਾ, ਅੱਖਰ ਵੱਖਰ ਜਾਪ ਜਪਾਇੰਦਾ । ਸਤਿਜੁਗ ਸਾਚਾ ਖੇਲ ਖਿਲਾ, ਰੂਪ ਅਨੂਪ ਆਪ ਧਰਾਇੰਦਾ । ਤ੍ਰੇਤਾ ਪੰਧ ਦਏ ਮੁਕਾ, ਤਿਰੀਆ ਲੇਖਾ ਲੇਖੇ ਪਾਇੰਦਾ । ਕਲਜੁਗ ਪਸਾਰਾ ਦਏ ਢਾਹ, ਸ਼ਬਦ ਖੰਡਾ ਹੱਥ ਚਮਕਾਇੰਦਾ । ਕਲਜੁਗ ਕਾਲਾ ਸੂਸਾ ਵੇਖੇ ਥਾਉਂ ਥਾਂ, ਸ੍ਰਿਸ਼ਟ ਸਬਾਈ ਫੋਲ ਫੁਲਾਇੰਦਾ । ਇਕ ਅਕੱਲਾ ਏਕੰਕਾਰਾ ਕੂੜ ਕੁੜਿਆਰਾ ਵੇਖੇ ਥਾਉਂ ਥਾਂ, ਲੱਖ ਚੁਰਾਸੀ ਜੀਵ ਜੰਤ ਕਾਇਆ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੋਲ੍ਹ, ਸ਼ਬਦ ਅਗੰਮੀ ਏਕਾ ਬੋਲ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਹਰਿ ਕਾ ਸ਼ਬਦ ਨਾ ਲੇਖਾ ਕੋਇ, ਬ੍ਰਹਮਾ ਵਿਸ਼ਨ ਸ਼ਿਵ ਧਿਆਨ ਲਗਾਇਆ । ਆਦਿ ਜੁਗਾਦੀ ਆਪ ਹੋਏ, ਨਿਰਗੁਣ ਸਰਗੁਣ ਰੂਪ ਵਟਾਇਆ । ਲੇਖਾ ਜਾਣੇ ਤ੍ਰੈ ਤ੍ਰੈ ਲੋਏ, ਲੋਆਂ ਪੁਰੀਆਂ ਰਿਹਾ ਸੁਹਾਇਆ । ਸ਼ਬਦ ਅਗੰਮੀ ਨਿਰਗੁਣ ਲੈ ਕੇ ਆਵੇ ਢੋਏ, ਲੋਕਮਾਤ ਨਾਉਂ ਪਰਗਟਾਇਆ । ਜਨ ਭਗਤਾਂ ਆਤਮ ਅੰਤਰ ਬੂੰਦ ਸਵਾਂਤੀ ਕਵਲ ਨਾਭੀ ਆਪੇ ਚੋਏ, ਦਿਸ ਕਿਸੇ ਨਾ ਆਇਆ । ਸੰਤ ਸੁਹੇਲੇ ਆਪ ਉਠਾਏ ਸੋਏ, ਸ਼ਬਦ ਹੁਲਾਰਾ ਇਕ ਲਗਾਇਆ । ਗੁਰਮੁਖਾਂ ਦੁਰਮਤ ਮੈਲ ਪਾਪਾਂ ਧੋਏ, ਪਤਿਤ ਪਾਪੀ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਆਪ ਖਲਾਇਆ । ਜੁਗ ਜੁਗ ਖੇਲ ਕਰਨਹਾਰ ਕਰਤਾਰਾ, ਕਾਦਰ ਕੁਦਰਤ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਰਾਮਾ ਕ੍ਰਿਸ਼ਨਾ ਆਪਣਾ ਰੂਪ ਵਟਾਈਆ । ਕਲਜੁਗ ਅੰਤਮ ਖੇਲ ਨਿਆਰਾ, ਈਸਾ ਮੂਸਾ ਮੁਹੰਮਦ ਚਾਰ ਯਾਰ ਕਰੇ ਪੜ੍ਹਾਈਆ । ਨਾਨਕ ਗੋਬਿੰਦ ਬਣ ਸਹਾਰਾ, ਚਾਰ ਵਰਨ ਬਖ਼ਸ਼ੇ ਇਕ ਸਰਨਾਈਆ । ਊਚਾਂ ਨੀਚਾਂ ਪਾਰ ਕਿਨਾਰਾ, ਰਾਓ ਰੰਕਾਂ ਰਾਜ ਰਾਜਾਨਾਂ ਏਕਾ ਧਾਮ ਵਖਾਈਆ ।
੯੯੩ ਖੜਗ ਖੰਡਾ ਨਾਮ ਕਟਾਰਾ, ਤੇਜ ਪਰਚੰਡ ਆਪ ਚਮਕਾਈਆ । ਮੇਟ ਮਿਟਾਏ ਕੂੜ ਕੁੜਿਆਰਾ, ਅੰਧ ਅੰਧੇਰਾ ਰਹਿਣ ਨਾ ਪਾਈਆ । ਨਾਮ ੯੯੩
੦੯ ਸਤਿ ਸਤਿ ਵਰਤਾਰਾ, ਵਾਹ ਵਾਹ ਗੁਰੂ ਇਕ ਜੈਕਾਰਾ, ਫ਼ਤਹਿ ਡੰਕਾ ਨਾਮ ਸੁਣਾਈਆ । ਨਾਨਕ ਨਿਰਗੁਣ ਬਣ ਲਿਖਾਰਾ, ਮੰਗੇ ਮੰਗ ਏਕਾ ਵਾਰਾ, ਕਲਜੁਗ ਕਰੇ ਪਾਰ ਕਿਨਾਰਾ, ਨਿਹਕਲੰਕ ਨਿਰਗੁਣ ਜੋਤ ਕਰ ਰੁਸ਼ਨਾਈਆ । ਗੋਬਿੰਦ ਬਣ ਸੱਚਾ ਸਿਕਦਾਰਾ, ਜੋਧਾ ਸੂਰਬੀਰ ਬਲੀ ਬਲਕਾਰਾ, ਵੇਖੇ ਵਿਗਸੇ ਕਰੇ ਵਿਚਾਰਾ, ਪੁਰਖ ਅਕਾਲ ਇਕ ਮਨਾਈਆ । ਕਲਜੁਗ ਆਏ ਅੰਤਮ ਵਾਰਾ, ਪਰਗਟ ਹੋਏ ਹਰਿ ਨਿਰੰਕਾਰਾ, ਸੰਬਲ ਨਗਰੀ ਧਾਮ ਨਿਆਰਾ, ਸਾਢੇ ਤਿੰਨ ਹੱਥ ਮਹੱਲ ਆਪ ਸੁਹਾਈਆ । ਵੇਦ ਵਿਆਸਾ ਬਣੇ ਲਿਖਾਰਾ, ਪੁਰਾਨ ਅਠਾਰਾਂ ਕਰੇ ਵਿਚਾਰਾ, ਪੂਤ ਸਪੂਤਾ ਬ੍ਰਹਿਮਣ ਗੌੜਾ ਬੰਨ੍ਹੇ ਧਾਰਾ, ਉਚੇ ਟਿੱਲੇ ਪਰਬਤ ਜੋਤੀ ਜੋਤ ਦਏ ਵਡਿਆਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ, ਆਦਿ ਜੁਗਾਦੀ ਏਕੰਕਾਰਾ, ਤ੍ਰੈਗੁਣ ਮਾਇਆ ਭਿਨ ਵਸੇ ਬਾਹਰਾ, ਕਰੇ ਖੇਲ ਵਿਚ ਸੰਸਾਰਾ, ਜੋਤੀ ਜਾਮਾ ਵੇਸ ਵਟਾਈਆ । ਕਾਗਦ ਕਲਮ ਨਾ ਲਿਖਣਹਾਰਾ, ਚਾਰੇ ਵੇਦ ਕਰਨ ਪੁਕਾਰਾ, ਸ਼ਾਸਤਰ ਸਿਮਰਤ ਕਰਨ ਹਾਹਾਕਾਰਾ, ਹਰਿ ਕਾ ਲੇਖ ਸਮਝ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਬਦ ਬ੍ਰਿਹਿਮਾਦਿ, ਗੁਰ ਅਵਤਾਰ ਆਪ ਹੋ ਜਾਈਆ । ਆਪੇ ਗੁਰ ਆਪ ਅਵਤਾਰ, ਸੰਤ ਭਗਤ ਆਪ ਅਖਵਾਇੰਦਾ । ਆਪੇ ਗੁਰਮੁਖ ਗੁਰਸਿਖ ਦਏ ਹੁਲਾਰ, ਆਪੇ ਮਨਮੁਖ ਦਰ ਦੁਰਕਾਇੰਦਾ । ਆਪੇ ਆਸਾ ਤ੍ਰਿਸ਼ਨਾ ਕਰੇ ਖ਼ਵਾਰ, ਆਪੇ ਹਉਮੈਂ ਹੰਗਤਾ ਗੜ੍ਹ ਬਣਾਇੰਦਾ । ਆਪ ਸ਼ਬਦ ਨਾਦ ਧੁਨਕਾਰਾ, ਧੁਨੀ ਨਾਦ ਆਪ ਵਜਾਇੰਦਾ । ਆਪੇ ਲੇਖਾ ਜਾਣੇ ਨੌ ਦਵਾਰਾ, ਆਪੇ ਸੁਖਮਨ ਟੇਢੀ ਬੰਕ ਡੇਰਾ ਲਾਇੰਦਾ । ਆਪੇ

ਤ੍ਰਿਬੈਣੀ ਨੈਣੀ ਜਾਣੇ ਪਾਰ ਕਿਨਾਰਾ, ਆਪੇ ਅੰਮ੍ਰਿਤ ਆਤਮ ਕਵਲ ਨਾਭੀ ਤਾਲ ਭਰਾਇੰਦਾ । ਆਪੇ ਕਾਗ ਹੋਏ ਉਡਾਰਾ, ਆਪੇ ਹੰਸਾ ਰੂਪ ਵਟਾਇੰਦਾ । ਆਪੇ ਸ਼ਬਦ ਅਨਹਦ ਗਾਏ ਆਪਣੀ ਵਾਰਾ, ਪੰਚਮ ਤਾਲ ਆਪ ਵਜਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਆਪਣਾ ਕੁੰਡਾ ਆਪੇ ਲਾਹਿੰਦਾ । ਆਪੇ ਆਤਮ ਸੇਜਾ ਕਰ ਪਸਾਰਾ, ਸਾਚੀ ਸੇਜ ਆਪ ਸੁਹਾਇੰਦਾ । ਆਪੇ ਵਸਿਆ ਦਸਮ ਦਵਾਰਾ, ਥਿਰ ਘਰ ਆਪੇ ਵੇਖ ਵਖਾਇੰਦਾ । ਆਪੇ ਨਾਰੀ ਕੰਤ ਭਤਾਰਾ, ਆਪਣਾ ਮੇਲਾ ਆਪ ਮਿਲਾਇੰਦਾ । ਆਪੇ ਬ੍ਰਹਮ ਪਾਰਬ੍ਰਹਮ ਕਰੇ ਪਿਆਰਾ, ਸ਼ਬਦ ਵਿਚੋਲਾ ਇਕ ਰਖਾਇੰਦਾ । ਆਪੇ ਦੀਵਾ ਬਾਤੀ ਹੋ ਉਜਿਆਰਾ, ਕਮਲਾਪਾਤੀ ਖੇਲ ਖਿਲਾਇੰਦਾ । ਆਪੇ ਨਿਰਗੁਣ ਸਰਗੁਣ ਵਸੇ ਬਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਪਾਇੰਦਾ । ਜੁਗ ਜੁਗ ਬੰਧਨ ਪਾਏ ਪਰਵਰਦਿਗਾਰ, ਬੇਐਬ ਨਾਮ ਖ਼ੁਦਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਰਹਿਮਤ ਰਹਿਮਾਨ ਇਕ ਵਖਾਇਆ । ਚੌਦਾਂ ਤਬਕ ਖੋਲ੍ਹ ਦੁਕਾਨ, ਜ਼ਿਮੀ ਅਸਮਾਨ ਦਏ ਸਹਾਇਆ । ਅਮਾਮ ਅਮਾਮਾ ਹੋ ਸਿਰ ਬਲਵਾਨ, ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਏਕਾ ਕਲਮਾ ਦਏ ਪੜ੍ਹਾਇਆ । ਕਾਇਨਾਤ ਇਕ ਨਿਸ਼ਾਨ, ਨਿਗਹਬਾਨ ਵੇਖ ਵਖਾਇਆ । ਦੇਵਣਹਾਰਾ ਧੁਰ ਫ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਪਰਗਟਾਇਆ । ਨਿਰਗੁਣ ਸਰਗੁਣ ਆਪ ਨਿਰੰਕਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਲੱਖ ਚੁਰਾਸੀ ਜੀਵ ਜੰਤ ਸਰਬ ਕੁਰਲਾਇੰਦਾ । ਧੀਰਜ ਧੀਰ ਕਰੇ ਨਾ ਕੋਈ ਪਿਆਰ, ਆਤਮ ਬ੍ਰਹਮ ਨਾ ਕੋਈ ਵਖਾਇੰਦਾ । ਜਗਤ ਰਹੀ ਵਿਦਿਆ ਵਿਚਾਰ, ਚਾਰ ਵਰਨ ਰੰਗ ਨਾ ਕੋਈ ਰੰਗਾਇੰਦਾ । ਖੰਡਾ ਖੜਕੇ ਦੋ ਦੋ ਧਾਰ, ਭੁੱਖ ਨੰਗ ਨਾ ਕੋਈ ਕਟਾਇੰਦਾ । ਸ਼ਾਹ ਸੁਲਤਾਨ ਰਹੇ ਝੱਖ ਮਾਰ, ਸਚ ਮਰਦੰਗ ਨਾ ਕੋਈ ਵਜਾਇੰਦਾ । ਨਾਮ ਧੌਸਾ ਅਗੰਮ ਅਪਾਰ, ਹੰਸਾ ਰੂਪ ਨਾ ਕੋਈ ਵਟਾਇੰਦਾ । ਕਲਜੁਗ ਜੀਵ ਰਲੇ ਕਾਗਾਂ ਡਾਰ, ਮਾਣਕ ਮੋਤੀ ਚੋਗ ਨਾ ਕੋਈ ਚੁਗਾਇੰਦਾ । ਸੀਸ ਪਾਈ ਬੈਠੇ ਛਾਰ, ਆਤਮ ਜੋਤ ਨਾ ਕੋਈ ਜਗਾਇੰਦਾ । ਦਿਵਸ ਰੈਣ ਰਹੇ ਅੰਧਿਆਰ, ਸਾਚਾ ਇਸ਼ਟ ਨਾ ਕੋਈ ਮਨਾਇੰਦਾ । ਪੁਰਖ ਨਾਰੀ ਹੋਏ ਵਿਭਚਾਰ, ਘਰ ਘਰ ਮੰਦਰ ਸੋਭਾ ਕੋਇ ਨਾ ਪਾਇੰਦਾ । ਏਕਾ ਵਿਸਰਿਆ ਕਰਤਾਰ, ਪਿਤਾ ਪੂਤ ਨਾ ਸੀਸ ਝੁਕਾਇੰਦਾ । ਮਾਤ ਪਿਤ ਨਾ ਕਰੇ ਪਿਆਰ, ਭਈਆਂ ਭੈਣਾਂ ਸੇਜ ਹੰਢਾਇੰਦਾ । ਨਾਰੀ ਕੰਤ ਨਾ ਕੋਈ ਅਧਾਰ, ਸਤਿਗੁਰ ਪੂਰਾ ਨਜ਼ਰ ਕਿਸੇ ਨਾ ਆਇੰਦਾ । ਰਾਮ ਕ੍ਰਿਸ਼ਨ ਵਾਹਿਗੁਰੂ ਅੱਲਾ ਕੂਕ ਕੂਕ ਕਰਨ ਪੁਕਾਰ, ਪੁਰਖ ਅਬਿਨਾਸ਼ੀ ਨਿਰਗੁਣ ਰੂਪ ਸਤਿ ਸਰੂਪ ਆਪਣਾ ਬਲ ਆਪ ਧਰਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਾਮਾ ਭੇਖ ਵਟਾਇੰਦਾ । ਜਾਗਰਤ ਜੋਤ ਕਰ ਉਜਿਆਰ, ਸਾਚਾ ਖੰਡਾ ਨਾਮ ਚਮਕਾਇੰਦਾ । ਦੋ ਜਹਾਨਾ ਮਾਰੇ ਮਾਰ, ਕਲਜੁਗ ਅੰਤਮ ਪੰਧ ਮੁਕਾਇੰਦਾ । ਥਿਰ ਰਹੇ ਨਾ ਵਿਚ ਸੰਸਾਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਧਰਤ ਮਾਤ ਪੈਜ ਸਵਾਰ, ਬੀਸ ਬੀਸਾ ਰਾਹ ਤਕਾਇੰਦਾ । ਜਗਤ ਜਗਦੀਸਾ ਹੋਏ ਉਜਿਆਰ, ਗੁਰਮੁਖ ਸਾਚੇ ਆਪ ਉਠਾਇੰਦਾ । ਆਤਮ ਅੰਤਰ ਕਰ ਪਿਆਰ, ਕਾਇਆ ਅੰਗੀਠਾ ਤਤ ਬੁਝਾਇੰਦਾ । ਸਾਂਤਕ ਸਤਿ ਵਰਤੇ ਵਰਤਾਰ, ਮਨਮਤ ਆਪ ਸਮਝਾਇੰਦਾ । ਚਾਰ ਵਰਨ ਇਕ ਸਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾਂ ਜੁਗੰਤਰ ਖੇਲ ਕਰ, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਹਰੀ ਹਰਿ ਲਏ ਉਭਾਰ ।

## ✻ ੧੩ ਭਾਦਰੋਂ ੨੦੧੭ ਬਿਕ੍ਰਮੀ ਗੁਲਜ਼ਾਰ ਸਿੰਘ ਦੇ ਗ੍ਰਿਹ ਪਿੰਡ ਸ਼ਾਹੋਕੇ ਜ਼ਿਲਾ ਫਿਰੋਜ਼ ਪੁਰ ✻

ਸਤਿ ਪੁਰਖ ਨਿਰੰਜਣ ਵਡ ਮਿਹਰਵਾਨ, ਅਕਲ ਕਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਰੂਪ ਮਹਾਨ, ਜੋਤੀ ਜੋਤ ਨੂਰ ਰੁਸ਼ਨਾਈਆ । ਹਰਿ ਪੁਰਖ ਨਿਰੰਜਣ ਗੁਣ ਨਿਧਾਨ, ਗੁਣਵੰਤਾ ਭੇਵ ਨਾ ਰਾਈਆ । ਏਕੰਕਾਰਾ ਖੇਲੇ ਖੇਲ ਮਹਾਨ, ਕੁਲ ਆਪਣੀ ਆਪ ਉਪਜਾਈਆ । ਸ੍ਰੀ ਭਗਵਾਨ ਵਸੇ ਸਚ ਮਕਾਨ, ਸਚਖੰਡ ਦਵਾਰਾ ਆਪ ਸੁਹਾਈਆ । ਅਬਿਨਾਸ਼ੀ ਕਰਤਾ ਹੋ ਮਿਹਰਵਾਨ, ਥਿਰ ਘਰ ਸਾਚੀ ਸੇਜ ਸੁਹਾਈਆ । ਪਾਰਬ੍ਰਹਮ ਆਪਣਾ ਘਰ ਪਛਾਣ, ਆਪਣਾ ਪਰਦਾ ਦਏ ਚੁਕਾਈਆ । ਇਕ ਅਕੱਲਾ ਜੋਧਾ ਸੂਰਬੀਰ ਬਲਵਾਨ, ਸ਼ਾਹ ਸੁਲਤਾਨ ਆਪ ਅਖਵਾਈਆ । ਦੋ ਜਹਾਨਾਂ ਰਾਜ ਰਾਜਾਨ, ਸਚ ਸਿੰਘਾਸਣ ਸੋਭਾ ਪਾਈਆ । ਤਖ਼ਤ ਤਾਜ ਇਕ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਧਰਾਈਆ । ਨਿਰਗੁਣ ਦਾਤਾ ਹਰਿ ਨਿਰੰਕਾਰ, ਨਿਰਵੈਰ ਆਪਣੀ ਖੇਲ ਖਿਲਾਇੰਦਾ । ਪੁਰਖ ਬਿਧਾਤਾ ਸ਼ਾਹ ਸਿਕਦਾਰ, ਘਰ ਸਾਚਾ ਤਖ਼ਤ ਸੁਹਾਇੰਦਾ । ਉਤਮ ਗ਼ਾਤਾ ਗਿਰਵਰ ਗਿਰਧਾਰ, ਕਮਲਾਪਾਤਾ ਨੂਰ ਨੂਰ ਵਿਚ ਟਿਕਾਇੰਦਾ । ਨਾਦੀ ਗਾਥਾ ਧੁਰ ਜੈਕਾਰ, ਸ਼ਬਦ ਸ਼ਬਦੀ ਰਾਗ ਅਲਾਇੰਦਾ । ਪੁਰਖ ਸਮਰਥਾ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਖੇਲ ਖਿਲਾਇੰਦਾ । ਚਲਾਏ ਰਾਥਾ ਬੇਐਬ ਪਰਵਰਦਿਗਾਰ, ਸਾਚੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਵੇਸ ਵਟਾਇੰਦਾ । ਇਕ ਅਕੱਲਾ ਏਕੰਕਾਰ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਵਸੇ ਸਚ ਦਵਾਰ, ਸਤਿ ਸਤਿਵਾਦੀ ਬੇਪਰਵਾਹੀਆ । ਥਿਰ ਘਰ ਖੋਲ੍ਹ ਇਕ ਕਿਵਾੜ, ਨਿਝ ਘਰ ਬੈਠਾ ਜੋਤ ਜਗਾਈਆ । ਤਖ਼ਤ ਨਿਵਾਸੀ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਅਲਾਹੀਆ । ਸ਼ਾਹੋ ਭੂਪ ਬਣ ਸਿਕਦਾਰ, ਹੁਕਮੀ ਹੁਕਮ ਆਪ ਸੁਣਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਰੱਖ ਕਰਤਾਰ, ਆਪਣੀ ਖੇਲ ਆਪ ਖਲਾਇੰਦਾ । ਨਿਰਗੁਣ ਰੂਪ ਹੋ ਉਜਿਆਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਕੰਤ ਨਿਰਗੁਣ ਭਤਾਰ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਮੀਤ ਨਿਰਗੁਣ ਮੁਰਾਰ, ਨਿਰਗੁਣ ਸਾਚਾ ਸੰਗ ਨਿਭਾਇੰਦਾ । ਨਿਰਗੁਣ ਦਰ ਘਰ ਸਾਚੇ ਵਸੇ ਵਸਣਹਾਰ, ਤਖ਼ਤ ਸੁਹੰਜਣਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਰਖਾਇੰਦਾ । ਆਪਣਾ ਬਲ ਰੱਖਣਹਾਰਾ, ਆਦਿ ਜੁਗਾਦਿ ਸਮਾਇਆ । ਇਕ ਅਕੱਲਾ ਏਕੰਕਾਰਾ, ਆਪਣੀ ਕਰਨੀ ਆਪ ਕਮਾਇਆ । ਸਚਖੰਡ ਵਸੇ ਸਚ ਦਵਾਰਾ, ਮਹੱਲ ਅਟੱਲ ਆਪ ਸੁਹਾਇਆ । ਛੱਪਰ ਛੰਨ ਨਾ ਕੋਈ ਸਹਾਰਾ, ਚਾਰ ਦਿਵਾਰ ਨਾ ਕੋਈ ਬਣਾਇਆ । ਨਾ ਕੋਈ ਰਾਗੀ ਨਾਦੀ ਗਾਏ ਵਾਰਾ, ਤਾਲ ਤਲਵਾੜਾ ਨਾ ਕੋਈ ਵਜਾਇਆ । ਨਾ ਕੋਈ ਖਾਣੀ ਬਾਣੀ ਕਰੇ ਪੁਕਾਰਾ, ਉਚੀ ਕੂਕ ਨਾ ਕੋਈ ਸੁਣਾਇਆ । ਨਾ ਕੋਈ ਬ੍ਰਹਮਾ ਵਿਸ਼ਨ ਸ਼ਿਵ ਵੰਡੇ ਭੰਡਾਰਾ, ਤ੍ਰੈਗੁਣ ਮੂਲ ਨਾ ਕੋਈ ਰਖਾਇਆ । ਪੰਜ ਤਤ ਨਾ ਕਰੇ ਕੋਈ ਅਕਾਰਾ, ਸਰਗੁਣ ਰੂਪ ਨਾ ਕੋਈ ਵਟਾਇਆ । ਸਾਧ ਸੰਤ ਨਾ ਕੋਈ ਦੁਲਾਰਾ, ਭਗਤ ਭਗਵੰਤ ਨਾ ਕੋਈ ਉਠਾਇਆ । ਗੁਰ ਪੀਰ ਨਾ ਕੋਇ ਅਵਤਾਰਾ, ਰੂਪ ਰੇਖ ਨਾ ਕੋਇ ਪਰਗਟਾਇਆ । ਇਕ ਅਕੱਲਾ ਖੇਲ ਨਿਆਰਾ, ਨਿਰਗੁਣ ਨਰ ਹਰਿ ਨਰਾਇਣ ਆਪਣਾ ਆਪ ਕਰਾਇਆ । ਸ਼ਾਹੋ ਭੂਪ ਬਣ

ਵਣਜਾਰਾ, ਪੁਰਖ ਅਬਿਨਾਸ਼ੀ ਆਪਣਾ ਵਣਜ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਪਰਗਟਾਇਆ । ਆਪਣਾ ਰੂਪ ਅਨਭਵ ਪਰਕਾਸ਼, ਪੁਰਖ ਅਬਿਨਾਸ਼ੀ ਆਪ ਉਪਜਾਈਆ । ਆਦਿ ਜੁਗਾਦਿ ਰਹੇ ਅਬਿਨਾਸ਼, ਨਿਹਚਲ ਧਾਮ ਡੇਰਾ ਲਾਈਆ । ਦਰਗਹਿ ਸਾਚੀ ਰੱਖੇ ਵਾਸ, ਘਰ ਆਪਣੇ ਜੋਤ ਜਗਾਈਆ । ਆਪ ਆਪਣੀ ਪੂਰੀ ਕਰੇ ਆਸ, ਆਸਾ ਮਨਸਾ ਨਾ ਕੋਇ ਬਣਾਈਆ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਗਗਨ ਮੰਡਲ ਨਾ ਕੋਇ ਉਪਾਈਆ । ਨਾ ਕੋਈ ਗੋਪੀ ਕਾਹਨ ਪਾਏ ਰਾਸ, ਸਗਲਾ ਯਾਰ ਨਾ ਕੋਇ ਵਖਾਈਆ । ਨਾ ਕੋਈ ਪਵਣ ਨਾ ਸਵਾਸ, ਪਵਣ ਪਵਣ ਨਾ ਕੋਈ ਸਮਾਈਆ । ਨਾ ਕੋਈ ਸੇਵਕ ਨਾ ਕੋਈ ਦਾਸ, ਦਾਸੀ ਰੂਪ ਨਾ ਕੋਇ ਵਟਾਈਆ । ਨਾ ਕੋਈ ਕਰੇ ਬੰਦ ਖ਼ਲਾਸ, ਲੱਖ ਚੁਰਾਸੀ ਨਾ ਕੋਇ ਭਵਾਈਆ । ਨਾ ਕੋਈ ਲੇਖਾ ਦਸ ਦਸ ਮਾਸ, ਮਾਤ ਗਰਭ ਨਾ ਡੇਰਾ ਲਾਈਆ । ਪਾਰਬ੍ਰਹਮ ਆਪਣੇ ਘਰ ਖੇਲੇ ਖੇਲ ਤਮਾਸ਼, ਨਿਰਗੁਣ ਦਾਤਾ ਬੇਪਰਵਾਹੀਆ । ਆਪਣੀ ਜੋਤੀ ਜੋਤ ਪਰਕਾਸ਼, ਜੋਤੀ ਜਾਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਚ ਮਹੱਲਾ, ਨਿਰਗੁਣ ਨਿਰਵੈਰ ਨਿਰਾਕਾਰ ਵਸਿਆ ਇਕ ਅਕੱਲਾ, ਆਪਣਾ ਬੰਕ ਆਪ ਸੁਹਾਈਆ । ਅਬਿਨਾਸ਼ ਸੁਹਾਏ ਸੋਭਾਵੰਤ ਹਰਿ ਕਰਤਾਰ, ਜੂਨੀ ਰਹਿਤ ਰੂਪ ਵਟਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਮੂਰਤ ਅਕਾਲ ਆਪ ਪਰਗਟਾਇੰਦਾ । ਆਪ ਉਪਜਾਏ ਆਪਣੀ ਧਾਰ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਮਰੇ ਨਾ ਜੰਮੇ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸੁਹਾਏ ਸਚ ਦਵਾਰ । ਸਚਖੰਡ ਦਵਾਰਾ ਭੇਵ ਅਵੱਲਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਆਪ ਵਸਾਏ ਆਪਣਾ ਸਚ ਮਹੱਲਾ, ਦੀਵਾ ਬਾਤੀ ਕਰ ਰੁਸ਼ਨਾਈਆ । ਸਚ ਸਿੰਘਾਸਣ ਏਕਾ ਮੱਲਾ, ਸ਼ਾਹੋ ਭੂਪ ਬਣ ਵਡ ਵਡਿਆਈਆ । ਆਪਣਾ ਸੰਦੇਸ਼ ਨਰ ਨਰੇਸ਼ ਆਪੇ ਘੱਲਾ, ਧੁਰ ਦੀ ਬਾਣੀ ਬਾਣ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਏ ਵਡਿਆਈਆ । ਸਚਖੰਡ ਉਪਾਇਆ ਆਪ ਹਰਿ, ਆਪਣੀ ਸੇਵਾ ਆਪ ਕਮਾਇੰਦਾ । ਚਾਰ ਦੀਵਾਰੀ ਨਾ ਦਿਸੇ ਘਰ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਇਕ ਅਕੱਲਾ ਅੰਦਰ ਬੈਠਾ ਵੜ, ਰੂਪ ਰੰਗ ਨਾ ਕੋਇ ਵਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਚੇਤਨ ਜੜ ਨਾ ਰੂਪ ਧਰਾਇੰਦਾ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਧੁਰ ਦਰਬਾਰ ਹਰਿ ਨਿਰੰਕਾਰ ਸਚ ਦਵਾਰੇ ਆਪੇ ਖੜ੍ਹ, ਆਪ ਆਪਣੀ ਅਲੱਖ ਜਗਾਇੰਦਾ । ਸਾਚੇ ਪੌੜੇ ਆਪੇ ਚੜ੍ਹ, ਸਾਚੇ ਮੰਦਰ ਸੋਭਾ ਪਾਇੰਦਾ । ਆਪਣਾ ਘਾੜਨ ਆਪੇ ਘੜ, ਹਰਿ ਜੂ ਹਰਿ ਮੰਦਰ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕੰਕਾਰਾ ਆਪਣਾ ਦਵਾਰਾ ਆਪ ਸੁਹਾਇੰਦਾ । ਸਾਚੀ ਸੇਜਾ ਸੁਤਾ ਹਰਿ ਹਰਿ ਕੰਤ, ਆਪਣੀ ਸੇਜ ਆਪ ਹੰਢਾਇੰਦਾ । ਆਪੇ ਰੰਗ ਰੰਗੀਲਾ ਰੰਗ ਰੰਗਾਏ ਇਕ ਬਸੰਤ, ਉਤਰ ਕਦੇ ਨਾ ਜਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਸਚਖੰਡ ਦਵਾਰਾ ਵਡ ਵਡਿਆਈ, ਪੁਰਖ ਅਕਾਲ ਆਪ ਵਡਿਆਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਕਰ ਰੁਸ਼ਨਾਈ, ਦੀਪ ਉਜਾਲਾ ਇਕ ਵਖਾਇੰਦਾ । ਆਪਣੇ ਮੰਦਰ ਆਪਣੇ ਘਰ ਹਰਿ ਹਰਿ ਕਰੇ ਆਪ ਕੁੜਮਾਈ, ਸਾਚਾ ਸਗਨ ਆਪ ਮਨਾਇੰਦਾ । ਜੋਤੀ ਜੋਤ ਸਰੂਪ

੯੯੭

ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਦੇਵੇ ਵਰ, ਸਚਖੰਡ ਦਰਵਾਜ਼ਾ ਆਪ ਸੁਹਾਇੰਦਾ । ਸਚਖੰਡ ਸਚ ਦਰਵਾਜਾ, ਹਰਿ ਹਰਿ ਆਪ ਖੁਲ੍ਹਾਇੰਦਾ । ਅੰਦਰ ਵੜ ਗ਼ਰੀਬ ਨਵਾਜਾ, ਆਪਣਾ ਪਰਦਾ ਆਪੇ ਲਾਹਿੰਦਾ । ਆਪੇ ਸ਼ਾਹੋ ਭੂਪ ਬਣ ਰਾਜਨ ਰਾਜਾ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਇੰਦਾ । ਆਪੇ ਚਲਾਏ ਆਪਣਾ ਜਹਾਜਾ, ਆਪਣਾ ਬੇੜਾ ਆਪ ਤਰਾਇੰਦਾ । ਆਪੇ ਰੱਖੇ ਆਪਣੀ ਲਾਜਾ, ਲਾਜਾਵੰਤ ਆਪ ਹੋ ਜਾਇੰਦਾ । ਆਪੇ ਆਦਿ ਜੁਗਾਦਿ ਫਿਰੇ ਭਾਜਾ, ਨਿਰਗੁਣ ਨਿਰਗੁਣ ਸੇਵ ਕਮਾਇੰਦਾ । ਸਚਖੰਡ ਦਵਾਰੇ ਰਚਿਆ ਕਾਜਾ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਉਪਾਇੰਦਾ । ਸਚਖੰਡ ਦਵਾਰਾ ਪਾਇਆ, ਸਾਚਾ ਹਰਿ ਬੇਅੰਤ । ਆਪਣਾ ਰੂਪ ਆਪ ਪਰਗਟਾਇਆ, ਦਰ ਘਰ ਸਾਚੇ ਸੋਭਾਵੰਤ । ਸ਼ਬਦ ਅਗੰਮੀ ਇਕ ਚਲਾਇਆ, ਤੁਰੀਆ ਰਾਗ ਨਾਦ ਸੁਨੰਤ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਮਹਿਮਾ ਗਾਏ ਹਰਿ ਬੇਅੰਤ । ਵੇਦ ਕਤੇਬ ਭੇਵ ਨਾ ਰਾਇਆ, ਰਾਹ ਤੱਕਣ ਸਾਧ ਸੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੋਲ੍ਹਿਆ, ਏਕੰਕਾਰਾ ਆਪੇ ਬੋਲਿਆ, ਆਪੇ ਮਣੀਆ ਆਪੇ ਮਣਤ । ਸਚਖੰਡ ਦਵਾਰਾ ਹਰਿ ਸੁਹੰਜਣਾ, ਨਰ ਹਰਿ ਨਰਾਇਣ ਆਪ ਸੁਹਾਈਆ । ਦੀਪਕ ਜੋਤ ਜਗੇ ਇਕ ਨਿਰੰਜਣਾ, ਆਦਿ ਨਿਰੰਜਣ ਆਪ ਜਗਾਈਆ । ਸਾਚੇ ਤਖ਼ਤ ਬੈਠਾ ਦਰਦ ਦੁਖ ਭੈ ਭੰਜਨਾ, ਭੈ ਭੌ ਆਪਣੇ ਹੱਥ ਰਖਾਈਆ । ਨਾ ਘੜਿਆ ਨਾ ਭੱਜਣਾ, ਮਰਨ ਜਨਮ ਵਿਚ ਨਾ ਆਈਆ । ਆਦਿ ਜੁਗਾਦੀ ਸਾਚਾ ਸੱਜਣਾ, ਸਚਖੰਡ ਬੈਠਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਆਪੇ ਚਲੇ ਆਪਣੀ ਚਾਲਾ, ਧੁਰ ਦੀ ਚਾਲ ਇਕ ਰਖਾਈਆ । ਪੁਰਖ ਅਕਾਲ ਦੀਨ ਦਿਆਲ, ਦਇਆਨਿਧ ਹਰਿ ਅਖਵਾਇੰਦਾ । ਸਚਖੰਡ ਸੱਚੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਇੰਦਾ । ਏਕਾ ਜੋਤੀ ਏਕਾ ਬਾਲ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਆਪਣੀ ਘਾਲੇ ਆਪੇ ਘਾਲ, ਘਾਲ ਘਾਲੀ ਆਪੇ ਲੇਖੇ ਪਾਇੰਦਾ । ਨਿਰਗੁਣ ਨਿਰਗੁਣ ਬਣ ਦਲਾਲ, ਨਿਰਗੁਣ ਸਾਚੀ ਸੇਵ ਕਮਾਇੰਦਾ । ਨਿਰਗੁਣ ਮਾਤ ਨਿਰਗੁਣ ਪਿਤਾ ਨਿਰਗੁਣ ਉਪਜੇ ਆਪਣਾ ਲਾਲ, ਸ਼ਬਦ ਦੁਲਾਰਾ ਨਾਉਂ ਪਰਗਟਾਇੰਦਾ । ਦੇਵੇ ਸਚ ਸੱਚਾ ਧਨ ਮਾਲ, ਆਪ ਆਪਣੀ ਝੋਲੀ ਵਿਚ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰਾ ਸ੍ਰੀ ਭਗਵਾਨ, ਸਾਚਾ ਤਖ਼ਤ ਸੁਹਾਈਆ । ਸਤਿ ਸਰੂਪੀ ਸਤਿ ਨਿਸ਼ਾਨ, ਨੌਜਵਾਨ ਆਪ ਝੁਲਾਈਆ । ਦੋ ਜਹਾਨਾਂ ਰੱਖੇ ਆਣ, ਹੁਕਮੀ ਹੁਕਮ ਹੁਕਮ ਸੁਣਾਈਆ । ਆਦਿ ਜੁਗਾਦਿ ਆਪਣੀ ਕਰੇ ਆਪ ਪਛਾਣ, ਬੇਪਛਾਣ ਬੇਪਰਵਾਹੀਆ । ਸ਼ਬਦੀ ਸ਼ਬਦ ਦੇਵੇ ਦਾਨ, ਸਾਚੀ ਵਸਤ ਵੰਡ ਵੰਡਾਈਆ । ਘਰ ਵਿਚ ਘਰ ਸਚ ਮਕਾਨ, ਥਿਰ ਘਰ ਸਾਚਾ ਲਏ ਓਪਾਈਆ । ਅੰਦਰ ਵੜ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਆਪੇ ਵਸੇ ਵਸਣਹਾਰਾ, ਦਿਸ ਨਾ ਆਈਆ । ਸੁਤ ਦੁਲਾਰਾ ਇਕ ਉਠਾਵਣਾ, ਸ਼ਬਦ ਨਾਦ ਧੁਨ ਜੈਕਾਰ । ਆਪਣੇ ਮਾਰਗ ਆਪੇ ਪਾਵਣਾ, ਪੁਰਖ ਅਗੰਮਾ ਕਰੇ ਕਰਾਏ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਆਪ ਦਰਬਾਰ । ਕਰੇ ਖੇਲ ਪੁਰਖ ਕਰਤਾਰ, ਕਰਤਾ ਕੀਮਤ ਆਪਣੀ ਆਪੇ ਪਾਈਆ । ਵੇਖੇ ਵਿਗਸੇ ਕਰੇ ਵਿਚਾਰ, ਨੇਤਰ ਲੋਚਣ ਨੈਣ ਆਪ ਖੁਲਾਈਆ । ਆਪੇ ਬਣੇ ਵਡ ਸਿਕਦਾਰ, ਦਰ

ਦਰਵੇਸ਼ ਆਪੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਏਕਾ ਦਰ, ਦਰ ਦਵਾਰਾ ਸੋਭਾ ਪਾਈਆ । ਥਿਰ ਘਰ ਅੰਮ੍ਰਿਤ ਰਸ, ਹਰਿ ਸਾਚੇ ਚਰਨ ਟਿਕਾਇਆ । ਪੁਰਖ ਅਬਿਨਾਸ਼ੀ ਹੋ ਪਰਤਖ, ਆਪਣਾ ਪਿਆਲਾ ਹੱਥ ਉਠਾਇਆ । ਆਪਣੇ ਮੰਦਰ ਆਪੇ ਰੱਖ, ਆਪੇ ਵੇਖ ਵਖਾਇਆ । ਸਰਬ ਕਲਾ ਆਪ ਸਮਰਥ, ਸਮਰਥ ਪੁਰਖ ਨਾਉਂ ਧਰਾਇਆ । ਆਪਣੀ ਬਾਣੀ ਗਾਏ ਅਕਥ, ਅਕਥ ਕਥਾ ਆਪ ਅਲਾਇਆ । ਥਿਰ ਘਰ ਦਵਾਰਾ ਆਦਿ ਜੁਗਾਦਿ ਨਾ ਜਾਏ ਢੱਠ, ਪਾਰਬ੍ਰਹਮ ਪ੍ਰਭ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਦਰ ਆਪਣਾ ਵੇਖ ਵਖਾਇਆ । ਥਿਰ ਘਰ ਸਾਚਾ ਉਚ ਮਹੱਲ ਅਟੱਲ ਮਨਾਰਾ, ਘਰ ਘਰ ਵਿਚ ਆਪ ਸੁਹਾਇੰਦਾ । ਸਚਖੰਡ ਵੇਖੇ ਚਾਰ ਦੀਵਾਰਾ, ਚਾਰੋਂ ਕੁੰਟ ਆਪ ਸੁਹਾਇੰਦਾ । ਆਪੇ ਵਸੇ ਡੂੰਘੀ ਗਾਰਾ, ਆਪਣਾ ਮੁਖ ਆਪ ਛੁਪਾਇੰਦਾ । ਆਪੇ ਹੋਏ ਆਪ ਉਜਿਆਰਾ, ਨੇਤਰ ਨੈਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਆਪੇ ਵੜ, ਥਿਰ ਘਰ ਵੇਖੇ ਹਰਿ ਹਰਿ ਖੜ, ਆਪਣਾ ਭੇਵ ਆਪ ਖੁਲਾਇੰਦਾ । ਇਕ ਅਕੱਲਾ ਕਰੇ ਕਰਾਏ ਸਾਚੀ ਸੇਵ, ਸੇਵਕ ਸੇਵਾਦਾਰ ਆਪ ਹੋ ਜਾਈਆ । ਨਿਰਗੁਣ ਨਿਰਵੈਰ ਨਿਰੰਕਾਰ, ਨਿਰਾਕਾਰ ਅਜੂਨੀ ਰਹਿਤ ਪੁਰਖ ਅਕਾਲ ਆਪਣੇ ਹੱਥ ਰੱਖੇ ਵਡਿਆਈਆ । ਸ਼ਬਦੀ ਸ਼ਬਦ ਭੰਡਾਰਾ ਦਾਤਾ ਦਾਨੀ ਬਣੇ ਦਾਤਾਰ, ਸਾਚੀ ਵੰਡ ਆਪ ਵੰਡਾਈਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਡਜ ਜੇਰਜ ਉਤਭੁਜ ਸੇਤਜ ਬ੍ਰਹਮਾ ਵਿਸ਼ਨ ਸ਼ਿਵ ਝੋਲੀ ਪਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਪੰਜ ਤਤ ਦਏ ਅਧਾਰ, ਮਨ ਮਤ ਬੁਧ ਕਰੇ ਕੁੜਮਾਈਆ । ਪਾਰਬ੍ਰਹਮ ਪ੍ਰਭ ਪਾਏ ਸਾਰ, ਸ਼ਬਦ ਸ਼ਬਦੀ ਹੋ ਤਿਆਰ, ਲੋਕਮਾਤ ਲੈ ਅਵਤਾਰ, ਸਤਿਗੁਰ ਆਪਣੀ ਖੇਲ ਖਿਲਾਈਆ । ਗੁਰ ਗੁਰ ਨਾਉਂ ਬੋਲ ਜੈਕਾਰ, ਸ੍ਰਿਸ਼ਟ ਸਬਾਈ ਪਾਵੇ ਸਾਰ, ਨੌਂ ਖੰਡ ਦਏ ਹਲਾਰ, ਸਤ ਸਤਿ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ, ਨਾਦ ਅਨਾਦੀ ਆਪ ਵਜਾਈਆ । ਸ਼ਬਦ ਅਨਾਦੀ ਸਚ ਤਰਾਨਾ, ਪਾਰਬ੍ਰਹਮ ਪ੍ਰਭ ਆਪ ਸੁਣਾਇੰਦਾ । ਸਚ ਮਹੱਲਾ ਏਕਾ ਗਾਣਾ, ਸੁਰ ਤਾਲ ਇਕ ਵਖਾਇੰਦਾ । ਏਕਾ ਮਰਦ ਇਕ ਮਰਦਾਨਾ, ਰੂਪ ਅਨੂਪ ਇਕ ਵਟਾਇੰਦਾ । ਏਕਾ ਵਰਤੇ ਆਪਣਾ ਭਾਣਾ, ਭਾਣੇ ਵਿਚ ਆਪ ਸਮਾਇੰਦਾ । ਏਕਾ ਰਾਜ ਏਕਾ ਰਾਜਾਨਾ, ਸ਼ਾਹ ਸੁਲਤਾਨ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਸ ਕਰ, ਗੁਰ ਸਤਿਗੁਰ ਆਪਣਾ ਰੂਪ ਪਰਗਟਾਇੰਦਾ । ਸਤਿਗੁਰ ਸੱਚਾ ਪਾਤਸ਼ਾਹ, ਪਾਰਬ੍ਰਹਮ ਕਰਤਾਰ । ਗੁਰ ਗੁਰ ਬਣੇ ਜਗਤ ਮਲਾਹ, ਲੋਕਮਾਤ ਲੈ ਅਵਤਾਰ । ਭਗਤਾਂ ਦੇਵੇ ਸਚ ਸਲਾਹ, ਹਰਿ ਸਿਫ਼ਤੀ ਨਾਮ ਭੰਡਾਰ । ਸੰਤਾਂ ਪਕੜੇ ਆਪੇ ਬਾਂਹ, ਨਿਰਗੁਣ ਸਰਗੁਣ ਕਰ ਪਿਆਰ । ਗੁਰਮੁਖ ਵੇਖੇ ਥਾਉਂ ਥਾਂ, ਜੁਗਾਂ ਜੁਗੰਤਰ ਸਾਚੀ ਕਾਰ । ਗੁਰਸਿਖ ਗੋਦ ਬਹਾਏ ਜਿਉਂ ਬਾਲਕ ਪਿਤਾ ਮਾਂ, ਸਿਰ ਰੱਖ ਹੱਥ ਸਮਰਥ ਪੁਰਖ ਨਿਰੰਕਾਰ । ਦੋ ਜਹਾਨਾਂ ਦੇਵੇ ਠੰਡੀ ਛਾਂ, ਨਾਤਾ ਤੋੜ ਜਗਤ ਸੰਸਾਰ । ਫੜ ਫੜ ਹੰਸ ਬਣਾਏ ਕਾਂ, ਕਾਗ ਹੰਸ ਉਡਾਏ ਏਕਾ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਪਾਵੇ ਸਾਰ । ਨਿਰਗੁਣ ਰੂਪ ਪੁਰਖ ਅਕਾਲ, ਸ਼ਬਦ ਗੁਰ ਮਾਤ ਵਡਿਆਈਆ । ਸ਼ਬਦ ਰੂਪ ਹਰਿ ਮਹਾਂਕਾਲ, ਭੂਪਤ ਭੂਪ ਆਪ ਅਖਵਾਈਆ । ਸੁਤ ਦੁਲਾਰਾ ਵੇਖੇ

ਲਾਲ, ਲਾਲ ਲਾਲਨ ਰੰਗ ਰੰਗਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਜੁਗ ਕਰਤਾ ਬੇਪਰਵਾਹੀਆ । ਲੱਖ ਚੁਰਾਸੀ ਬਣ ਦਲਾਲ, ਲੋਕਮਾਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਫਲ ਲੱਗਾ ਵੇਖੇ ਕਾਇਆ ਡਾਲ੍ਹ, ਪਤ ਡਾਲ੍ਹੀ ਫੋਲ ਫੁਲਾਈਆ । ਗੁਰਮੁਖ ਸੱਜਣ ਸਾਚੇ ਲਾਲ, ਆਪ ਆਪਣਾ ਮੇਲ ਮਿਲਾਈਆ । ਜੁਗ ਜੁਗ ਚਲਿਆ ਆਇਆ ਨਾਲ, ਨਾ ਮਰੇ ਨਾ ਜਾਈਆ । ਅੰਤ ਕੰਤ ਨਾ ਖਾਏ ਕਾਲ, ਜਮ ਕਾ ਭੈ ਨਾ ਕੋਇ ਡਰਾਈਆ । ਸੁਰਤੀ ਸ਼ਬਦ ਕਰੇ ਸੰਭਾਲ, ਨਾਰੀ ਕੰਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰ ਸ਼ਬਦ ਵਡਿਆਈਆ । ਸ਼ਬਦ ਗੁਰ ਸੂਰਬੀਰ, ਜੋਧਾ ਜੋਧ ਬਲ ਬਲਕਾਰਿਆ । ਜੁਗਾ ਜੁਗੰਤਰ ਸੰਗਤੀ ਆਏ ਵੇਰ ਲੋਕਮਾਤ ਖੇਲੇ ਖੇਲ ਅਪਰ ਅਪਾਰਿਆ । ਦੋ ਜਹਾਨਾਂ ਪਾਂਧੀ ਪੰਧ ਦਏ ਚੀਰ, ਲੋਆਂ ਪੁਰੀਆਂ ਚਰਨਾਂ ਹੇਠ ਲਤਾੜਿਆ । ਗੁਰਮੁਖਾਂ ਮਿਟਾਏ ਹਉਮੇ ਹੰਗਤ ਦੂਈ ਦਵੈਤੀ ਲੱਗੀ ਪੀੜ, ਏਕਾ ਮੰਤਰ ਨਾਮ ਦ੍ਰਿੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਰਖਾ ਰਿਹਾ । ਜੁਗ ਜੁਗ ਸਤਿਗੁਰ ਖੇਲ ਖਿਲਾਇੰਦਾ, ਅਲੱਖ ਅਗੋਚਰ ਅਗੰਮ ਅਥਾਹ । ਗੁਰ ਗੁਰ ਆਪਣਾ ਨਾਉਂ ਧਰਾਇੰਦਾ, ਪਿਤਾ ਪੂਤ ਦਏ ਸਚ ਸਲਾਹ । ਸਾਚਾ ਮਾਰਗ ਏਕਾ ਲਾਇੰਦਾ, ਏਕਾ ਅੱਖਰ ਦਏ ਪੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਵਖਾ । ਆਪਣਾ ਬਲ ਆਪੇ ਧਾਰ, ਗੁਰ ਸ਼ਬਦ ਲਏ ਅੰਗੜਾਈਆ । ਪਰਗਟ ਹੋਵੇ ਵਿਚ ਸੰਸਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਕਰੇ ਖੇਲ ਅਗੰਮ ਅਪਾਰ, ਮਹਿਮਾ ਅਕਥ ਕਥੀ ਨਾ ਜਾਈਆ । ਕਾਗਦ ਕਲਮ ਨਾ ਲਿਖਣਹਾਰ, ਲਖ ਲਖ ਲਿਖਤ ਜਗਤ ਸ਼ਾਹੀਆ । ਸਤਿਗੁਰ ਪੂਰਾ ਆਪ ਆਪਣੀ ਪਾਵੇ ਸਾਰ, ਦੂਸਰ ਭੇਵ ਕੋਇ ਨਾ ਰਾਈਆ । ਜੁਗਾਂ ਜੁਗੰਤਰ ਹੋ ਤਿਆਰ, ਹਰਿਜਨ ਸਾਚੇ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਅੰਤਮ ਦਏ ਦੁਹਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨਾਤਾ ਤੁਟਾ ਕੰਤ ਭਤਾਰ ਵਿਭਚਾਰ, ਤਿੰਨਾਂ ਲੋਕਾਂ ਮਾਇਆ ਮਮਤਾ ਕਰਨ ਅਹਾਰ, ਆਸਾ ਤ੍ਰਿਸ਼ਨਾ ਜਗਤ ਵਧਾਈਆ । ਨਾਤਾ ਜੁੜਿਆ ਕਾਮ ਕ੍ਰੋਧ ਲੋਭ ਮੋਹ ਹੰਕਾਰ, ਹਉਮੇ ਹੰਗਤਾ ਗੜ੍ਹ ਬਣਾਈਆ । ਜੂਠਾ ਝੂਠਾ ਵਣਜ ਵਾਪਾਰ, ਮਨ ਸਿਕਦਾਰ ਰਿਹਾ ਕਰਾਈਆ । ਮਤ ਮਤਵਾਲੀ ਹੋ ਖ਼ਵਾਰ, ਦਰ ਦਰ ਕੂਕੇ ਦਏ ਦੁਹਾਈਆ । ਬੁਧ ਕਤੂਮਨੀ ਗਈ ਹਾਰ, ਕਲਜੁਗ ਮਿਲਿਆ ਡੂਮ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਆਪਣਾ ਰੂਪ ਵਟਾਈਆ । ਆਪੇ ਗੁਰ ਆਪ ਅਵਤਾਰਾ, ਆਪ ਆਪਣਾ ਬਲ ਧਰਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਦਏ ਸਹਾਰਾ, ਆਪੇ ਆਪਣੀ ਸੇਵਾ ਲਾਇੰਦਾ । ਆਪੇ ਤ੍ਰੈਗੁਣ ਵਸੇ ਬਾਹਰਾ, ਆਪੇ ਤਤਵ ਤਤ ਰਖਾਇੰਦਾ । ਆਪੇ ਖੜਗ ਖੰਡਾ ਤੇਜ ਕਟਾਰਾ, ਚੰਡ ਪਰਚੰਡ ਆਪ ਚਮਕਾਇੰਦਾ । ਆਪੇ ਨਿਰਗੁਣ ਸਰਗੁਣ ਦਏ ਅਧਾਰਾ, ਆਪੇ ਸਰਗੁਣ ਨਿਰਗੁਣ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਏਕਾ ਸ਼ਬਦ ਚਲਾਇੰਦਾ । ਏਕਾ ਸ਼ਬਦ ਗੁਰ ਸਾਚਾ ਪੀਰ, ਪੀਰਨ ਪੀਰਾਂ ਆਪ ਅਖਵਾਈਆ । ਆਪੇ ਸ਼ਾਹ ਸੁਲਤਾਨਾ ਦਸਤਗੀਰ, ਦਸਤਬਰਦਾਰ ਕਰੇ ਸਰਬ ਲੋਕਾਈਆ । ਆਪੇ ਚੋਟੀ ਚੜ੍ਹੇ ਅਖ਼ੀਰ, ਮੁਕਾਮੇ ਹਕ ਨੂਰ ਅਲਾਹੀਆ । ਆਪੇ ਲੱਖ ਚੁਰਾਸੀ ਪਾਏ ਜੰਜੀਰ, ਆਪੇ ਬੰਧਨ ਤੋੜ ਤੁੜਾਈਆ । ਆਪੇ ਕੱਟਣਹਾਰਾ ਪੀੜ, ਜਮ ਕੀ ਫ਼ਾਸੀ ਰਿਹਾ ਲਟਕਾਈਆ । ਆਪੇ ਅੰਮ੍ਰਿਤ


੯੯੯ ੦੯

ਸਿੰਚ ਠਾਂਡਾ ਸੀਰ, ਆਪੇ ਅੱਗਨੀ ਤਤ ਤਪਾਈਆ । ਆਪੇ ਸ਼ਾਹ ਆਪ ਹਕੀਰ, ਆਪੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੁਰ ਸਤਿਗੁਰ ਆਪਣਾ ਨਾਉਂ ਧਰਾਈਆ । ਸਤਿਗੁਰ ਸਚ ਸੁਲਤਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਆਪੇ ਗੁਰ ਗੁਰ ਰੂਪ ਸ੍ਰੀ ਭਗਵਾਨਾ, ਲੋਕਮਾਤ ਵੇਸ ਧਰਾਇੰਦਾ । ਆਪੇ ਭਗਤਾਂ ਕਰੇ ਪਛਾਣ, ਭਗਵੰਤ ਭਗਤੀ ਲੇਖੇ ਲਾਇੰਦਾ । ਆਪੇ ਸੰਤਨ ਦੇਵੇ ਬ੍ਰਹਮ ਗਿਆਨ, ਆਤਮ ਬ੍ਰਹਮ ਇਕ ਜਣਾਇੰਦਾ । ਆਪੇ ਗੁਰਮੁਖਾਂ ਬਖ਼ਸ਼ੇ ਸਚ ਅਸ਼ਨਾਨ, ਦੁਰਮਤ ਮੈਲ ਮਾਤ ਧਵਾਇੰਦਾ । ਆਪੇ ਗੁਰਸਿਖਾਂ ਮੇਲ ਮਿਲਾਏ ਸਾਚੇ ਕਾਹਨ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਆਪੇ ਜਾਣੇ ਆਪਣੀ ਸਚ ਕਲਾਮ, ਕਾਇਨਾਤ ਆਪ ਪੜ੍ਹਾਇੰਦਾ । ਆਪੇ ਬਿਦਰ ਸੁਦਾਮਾ ਹੋਏ ਅਮਾਮ, ਆਪਣੀ ਰੰਗਣ ਆਪ ਰੰਗਾਇੰਦਾ । ਆਪੇ ਦਰ ਦਰਵੇਸ਼ ਬਣੇ ਗੁਲਾਮ, ਆਪਣਾ ਬੰਧਨ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਗੁਰ ਸਤਿਗੁਰ ਨਾਉਂ ਧਰਾਇੰਦਾ । ਸਤਿਗੁਰ ਆਪਣਾ ਨਾਉਂ ਰੱਖ, ਹਰਿ ਸਾਚਾ ਵੇਸ ਵਟਾਇੰਦਾ । ਗੁਰ ਗੁਰ ਰੂਪ ਹੋ ਪਰਤੱਖ, ਲੋਕਮਾਤ ਫੇਰੀ ਪਾਇੰਦਾ । ਭਗਤ ਭਗਵੰਤ ਲਏ ਰੱਖ, ਆਪ ਆਪਣਾ ਮੇਲ ਮਿਲਾਇੰਦਾ । ਸੰਤਨ ਮਾਰਗ ਏਕਾ ਦੱਸ, ਸਾਚੇ ਮਾਰਗ ਆਪ ਚਲਾਇੰਦਾ । ਗੁਰਮੁਖਾਂ ਹਿਰਦੇ ਅੰਦਰ ਵਸ, ਜਗਤ ਤ੍ਰਿਸ਼ਨਾ ਹਿਰਸ ਮਿਟਾਇੰਦਾ । ਗੁਰਸਿਖਾਂ ਕਰੇ ਪਰਕਾਸ਼ ਕੋਟਨ ਰਵ ਸਸ, ਦੀਪਕ ਜੋਤੀ ਆਪ ਜਗਾਇੰਦਾ । ਜਗਤ ਵਿਕਾਰਾ ਦੇਵੇ ਮਥ, ਹਰਿ ਖੰਡਾ ਹੱਥ ਚਮਕਾਇੰਦਾ । ਨਿਰਗੁਣ ਸਰਗੁਣ ਮੇਲ ਮਿਲਾਏ ਨੱਸ ਨੱਸ, ਹਰਿ ਜੂ ਹਰਿ ਮੰਦਰ ਸੋਭਾ ਪਾਇੰਦਾ । ਭਗਤਨ ਭਗਵਨ ਹੋਇਆ ਵਸ, ਸ਼ਬਦ ਡੋਰੀ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਗੁਰ ਸ਼ਬਦੀ ਆਪਣਾ ਨਾਉਂ ਉਪਜਾਇੰਦਾ । ਸ਼ਬਦ ਗੁਰ ਸ਼ਬਦ ਦਾਤਾਰ, ਸ਼ਬਦ ਸਿਖ਼ਿਆ ਸਚ ਸਿਖਾਇੰਦਾ । ਸ਼ਬਦ ਚਰਨ ਸ਼ਬਦ ਦਵਾਰ, ਸ਼ਬਦ ਕਵਲਾ ਵਿਚ ਰਖਾਇੰਦਾ । ਸ਼ਬਦ ਨਾਮ ਸ਼ਬਦ ਜੈਕਾਰ, ਸ਼ਬਦ ਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ । ਬਾਸ਼ਕ ਤਸ਼ਕਾ ਸ਼ੰਕਰ ਗਲੋਂ ਲਾਹਿਆ, ਹੱਥ ਤ੍ਰਸ਼ੂਲ ਲਏ ਏਕਾ ਵਾਰ । ਵਿਸ਼ਨੂੰ ਸਾਂਗੋਂ ਪਾਂਗ ਸੇਜ ਬੈਠਾ ਰਾਹ ਤੱਕੇ ਸਾਚੇ ਯਾਰ । ਸਤਿਗੁਰ ਪੂਰਾ ਸ਼ਬਦ ਮਿਹਰਵਾਨ, ਸਤਿ ਦਵਾਰੇ ਸੋਭਾ ਪਾਇੰਦਾ । ਆਦਿ ਜੁਗਾਦੀ ਬਣਾਇਆ ਹੱਟ, ਹੱਟ ਵੇਖ ਵਖਾਇੰਦਾ । ਇਕ ਨਿਸ਼ਾਨਾ ਸਤਿ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਬੰਧਾਇੰਦਾ । ਆਪੇ ਦਾਤਾ ਦੇਵੇ ਦਾਨ, ਦਾਨੀ ਆਪ ਅਖਵਾਇੰਦਾ । ਆਪੇ ਨਿਰਗੁਣ ਸਰਗੁਣ ਹੋ ਪਰਧਾਨ, ਪਾਰਬ੍ਰਹਮ ਪ੍ਰਭ ਆਪਣਾ ਆਪ ਧਰਾਇੰਦਾ । ਆਪੇ ਕਾਇਆ ਮੰਦਰ ਵਸੇ ਪੰਜ ਤਤ ਮਕਾਨ, ਘਰ ਘਰ ਵਿਚ ਸੋਭਾ ਪਾਇੰਦਾ । ਆਪੇ ਚੌਦਾਂ ਲੋਕਾਂ ਖੋਲ੍ਹ ਦੁਕਾਨ, ਚੌਦਾਂ ਹੱਟ ਆਪਣਾ ਵਣਜ ਕਰਾਇੰਦਾ । ਚੌਦਾਂ ਤਬਕਾਂ ਪਾਏ ਆਣ, ਏਕਾ ਹੁਕਮੀ ਹੁਕਮ ਸੁਣਾਇੰਦਾ । ਕਲਜੁਗ ਅੰਤਮ ਕਰੇ ਪਛਾਣ, ਲੇਖਾ ਲੇਖ ਨਾ ਕੋਇ ਰਖਾਇੰਦਾ । ਨਾਤਾ ਤੋੜੇ ਜੀਵ ਸ਼ੈਤਾਨ, ਪੰਚਮ ਤਤ ਮੇਟ ਮਿਟਾਇੰਦਾ । ਤੀਰ ਨਿਰਾਲਾ ਮਾਰੇ ਬਾਣ, ਸ਼ਬਦੀ ਚਿਲਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਗੁਰ ਏਕਾ ਰੂਪ ਪਰਗਟਾਇੰਦਾ । ਪਰਗਟਿਓ ਰੂਪ ਹਰਿ ਗੋਬਿੰਦ, ਅਨਭਵ ਪਰਕਾਸ਼ ਸਮਾਇਆ । ਸਗਲ ਸ੍ਰਿਸ਼ਟੀ ਮੇਟੇ

ਚਿੰਦ, ਚਿੰਤਾ ਚਿਖਾ ਵੇਖ ਵਖਾਇਆ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਸਮੁੰਦ ਸਾਗਰ ਨਾਮ ਮਧਾਣੇ ਵਰੋਲ ਵਖਾਇਆ । ਜਨ ਭਗਤ ਉਭਾਰੇ ਆਪਣੀ ਬਿੰਦ, ਆਪ ਆਪਣਾ ਮੇਲ ਮਿਲਾਇਆ । ਮਨਮੁਖ ਲਗਾਏ ਜਗਤ ਨਿੰਦ, ਨਿੰਦਕ ਨਿੰਦਿਆ ਮੁਖ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਵੈਰ ਨਰ ਹਰਿ, ਆਪਣਾ ਰੂਪ ਆਪ ਪਰਗਟਾਇਆ । ਰੂਪ ਪਰਗਟਾਏ ਨਿਹਕਲੰਕ, ਪਾਰਬ੍ਰਹਮ ਵੱਡੀ ਵਡਿਆਈਆ । ਸਤਿ ਸਰੂਪ ਵਜਾਏ ਡੰਕ, ਏਕਾ ਡੌਰੂ ਨਾਮ ਵਜਾਈਆ । ਆਪ ਉਠਾਏ ਰਾਓ ਰੰਕ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਹਲਾਈਆ । ਵੇਸ ਵਟਾਏ ਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਅਧਾਰੇ ਜਿਉਂ ਜਨ ਜਨਕ, ਜਨ ਜਨਣੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੇ ਨੂਰ ਕਰੇ ਰੁਸ਼ਨਾਈਆ । ਹਰਿ ਕਾ ਨੂਰ ਨੂਰ ਉਜਿਆਰਾ, ਨੂਰੋ ਨੂਰ ਸਮਾਇਆ । ਬ੍ਰਹਮਾ ਚਾਰੇ ਵੇਦਾਂ ਪਾਵੇ ਸਾਰਾ, ਅਠਾਰਾਂ ਪੁਰਾਨ ਰਹੇ ਜਸ ਗਾਇਆ । ਗੀਤਾ ਗਿਆਨ ਕਰੇ ਨਿਮਸਕਾਰਾ, ਪਾਰਬ੍ਰਹਮ ਪ੍ਰਭ ਸਿਫ਼ਤ ਸਲਾਹਿਆ । ਅਗੰਮ ਅਥਾਹ ਬੇਪਰਵਾਹ, ਵਸਣਹਾਰਾ ਧਾਮ ਨਿਆਰਾ, ਧਾਮ ਅਵੱਲੜਾ ਇਕ ਉਪਾਇਆ, ਜੁਗਾਂ ਜੁਗੰਤਰ ਜਾਣੇ ਆਪਣੀ ਕਾਰਾ । ਦੂਸਰ ਭੇਵ ਨਾ ਕੋਇ ਖੁਲ੍ਹਾਇਆ, ਪੁਰਖ ਅਕਾਲ ਖੇਲ ਨਿਆਰਾ । ਨਿਰਗੁਣ ਆਪਣਾ ਆਪ ਲਏ ਪਰਗਟਾਇਆ, ਸੰਬਲ ਨਗਰੀ ਵੇਖੇ ਧਾਮ ਨਿਆਰਾ, ਸਾਢੇ ਤਿੰਨ ਤਿੰਨ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਵੇਖੇ ਅੰਤਮ ਅੰਤਰਜਾਮੀ, ਅੰਤਸਕਰਣ ਵੇਖ ਵਖਾਈਆ । ਨਿਰਗੁਣ ਨਿਰਵੈਰ ਸਦਾ ਨਿਹਕਾਮੀ, ਨਿਹਕਰਮੀ ਵਡ ਵਡਿਆਈਆ । ਸ਼ਬਦੀ ਸ਼ਬਦ ਬਣਿਆ ਬਾਨੀ, ਦਾਤਾ ਦਾਨੀ ਸਹਿਜ ਸੁਖਦਾਈਆ । ਕਲਜੁਗ ਤੇਰੀ ਵੇਖੇ ਜਗਤ ਕਹਾਣੀ, ਰਸਨਾ ਜਿਹਵਾ ਖੋਜ ਖੁਜਾਈਆ । ਕਵਣ ਗੁਰਮੁਖ ਗਾਏ ਅੰਮ੍ਰਿਤ ਬਾਣੀ, ਚੌਥੇ ਪਦ ਰਿਹਾ ਸਮਾਈਆ । ਕਵਣ ਹਰਿ ਮੇਲ ਮਿਲਾਏ ਸਾਚੇ ਹਾਣੀ, ਜਗਤ ਵਿਛੋੜਾ ਦਏ ਕਟਾਈਆ । ਕਵਣ ਅੰਮ੍ਰਿਤ ਆਤਮ ਪੀਵੇ ਠੰਡਾ ਪਾਣੀ, ਅਠਸਠ ਤੀਰਥ ਭੁੱਲ ਨਾ ਜਾਈਆ । ਕੌਣ ਸੁਰਤ ਹੋਏ ਸਚ ਸਵਾਣੀ, ਘਰ ਸਾਚਾ ਕੰਤ ਲਏ ਮਿਲਾਈਆ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਜਗਤ ਦੁਹਾਗਣ ਆਪਣਾ ਆਪ ਨਾ ਸਕੀ ਪਛਾਣੀ, ਮਾਇਆ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਹਿਰਦਾ ਆਪ ਬਣਾਈਆ । ਗੁਰਮੁਖ ਹਿਰਦਾ ਸੇਵਕ ਸੇਵਾਦਾਰ, ਚਾਕਰ ਚਾਕ ਅਖਵਾਇੰਦਾ । ਸਤਿਗੁਰ ਪੂਰਾ ਕਰੇ ਪਿਆਰ, ਆਪਣੇ ਦਰ ਆਪ ਬਹਾਇੰਦਾ । ਗੁਰ ਗੁਰ ਖੋਲ੍ਹੇ ਬੰਦ ਕਿਵਾੜ, ਨਿਜ ਨੇਤਰ ਪਰਦਾ ਲਾਹਿੰਦਾ । ਡੂੰਘੀ ਭਵਰੀ ਕੱਢੇ ਬਾਹਰ, ਸਾਚੇ ਧਾਮ ਆਪ ਸੁਹਾਇੰਦਾ । ਬੰਸ ਹੰਸ ਰਲਾਏ ਹੰਸਾ ਡਾਰ, ਸੋਹੰ ਮਾਣਕ ਮੋਤੀ ਚੋਗ ਚੁਗਾਇੰਦਾ । ਝਿਰਨਾ ਝਿਰੇ ਠੰਡਾ ਠਾਰ, ਅੰਮ੍ਰਿਤ ਮੇਵਾ ਰਸਨ ਆਪ ਖੁਆਇੰਦਾ । ਦੁਰਮਤ ਮੈਲ ਆਪ ਉਤਾਰ, ਨਿਰਮਲ ਨਿਰਵੈਰ ਆਪ ਕਰਾਇੰਦਾ । ਬਜਰ ਕਪਾਟੀ ਪਰਦਾ ਆਪੇ ਪਾੜ, ਆਪਣਾ ਓਹਲਾ ਆਪ ਹਟਾਇੰਦਾ । ਆਤਮ ਸੇਜਾ ਕਰ ਸ਼ੰਗਾਰ, ਸੇਜ ਸੁਹੰਜਣੀ ਸਚ ਸੁਹਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਪਾਰਬ੍ਰਹਮ ਬ੍ਰਹਮ ਪਾਵੇ ਸਾਰ, ਗੁਰ ਚੇਲਾ ਏਕਾ ਰੰਗ ਰੰਗਾਇੰਦਾ । ਸੱਜਣ ਸੁਹੇਲਾ ਹਰਿ ਨਿਰੰਕਾਰ, ਸਾਚਾ ਸਾਕੀ ਸਾਚਾ ਜਾਮ ਪਿਆਇੰਦਾ । ਇਕ ਅਕੱਲਾ ਏਕੰਕਾਰ,

ਕਲਜੁਗ ਅੰਤਮ ਵੇਖ ਵਖਾਇੰਦਾ । ਗੁਰਮੁਖ ਮੇਲਾ ਨਾਰੀ ਕੰਤ ਭਤਾਰ, ਕੰਤ ਕੰਤੂਲ ਸਾਚੀ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਪੁਰਖ ਅਕਾਲ ਆਪ ਅਖਵਾਇੰਦਾ । ਨਿਹਕਲੰਕ ਸ੍ਰੀ ਭਗਵੰਤ, ਦੂਸਰ ਅਵਰ ਨਾ ਕੋਇ ਜਣਾਈਆ । ਖੇਲੇ ਖੇਲ ਜੁਗਾ ਜੁਗੰਤ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਮੇਲ ਮਿਲਾਵਾ ਸਾਚੇ ਸੰਤ, ਸਤਿ ਸਤਿਵਾਦੀ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵਿਛੜੇ ਮੇਲੇ ਹਰਿ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਸਾਚਾ ਆਪ ਜਗਾਇਆ, ਜਾਗਰਤ ਜੋਤ ਇਕ ਜਗਾਏ । ਸਵਛ ਸਰੂਪੀ ਦਰਸ ਵਿਖਾਇਆ, ਅੰਧ ਅੰਧੇਰ ਮਿਟਾਏ । ਚਾਰੇ ਕੂਟ ਨਜ਼ਰੀ ਆਇਆ, ਇਕ ਅਕੱਲਾ ਹਰਿ ਰਘੁਰਾਏ । ਜੂਠਾ ਝੂਠਾ ਨਾਤਾ ਤੋੜ ਤੁੜਾਇਆ, ਬਖ਼ਸ਼ੀ ਚਰਨ ਸੱਚੀ ਸਰਨਾਏ । ਜੁਗ ਜੁਗ ਰੁਠਾ ਆਪ ਮਨਾਇਆ, ਸਿਰ ਆਪਣਾ ਹੱਥ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਏ । ਗੁਰਮੁਖ ਸਾਚਾ ਜਾਗਿਆ, ਕਲਜੁਗ ਤੇਰੀ ਅੰਤਮ ਵਾਰ । ਸਤਿਗੁਰ ਸਰਨਾਈ ਸਾਚੀ ਲਾਗਿਆ, ਏਕਾ ਸ਼ਬਦ ਗੁਰ ਕਰ ਪਿਆਰ । ਦਿਵਸ ਰੈਣ ਰਹੇ ਵੈਰਾਗਿਆ, ਇਕ ਵੈਰਾਗ ਸਿਰਜਣਹਾਰ । ਲੋਕਮਾਤ ਵਡ ਵਡ ਭਾਗਿਆ, ਪਾਇਆ ਪੁਰਖ ਪੁਰਖ ਕਰਤਾਰ । ਦੁਰਮਤ ਮੈਲ ਧੋਵੇ ਦਾਗਿਆ, ਪਤਿਤ ਪਾਪੀ ਲਏ ਉਭਾਰ । ਚਰਨ ਧੂੜ ਕਰਾਏ ਸਾਚਾ ਮਜਨ ਮਾਘਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਕਰ ਪਿਆਰ । ਗੁਰਮੁਖ ਸਾਚਾ ਮੀਤੜਾ, ਮੇਲ ਮਿਲਾਇਆ ਹਰਿ ਭਗਵਾਨ । ਅੰਤਮ ਰੱਖੇ ਕਾਇਆ ਚੋਲੀ ਚੀਥੜਾ, ਦੇਵੇ ਨਾਮ ਸਚ ਨਿਸ਼ਾਨ । ਮਿੱਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਰਸ ਭਰ ਸ੍ਰੀ ਭਗਵਾਨ । ਇਕ ਸੁਣਾਏ ਸੁਹਾਗੀ ਗੀਤੜਾ, ਸੋਹੰ ਸ਼ਬਦ ਗੁਣ ਨਿਧਾਨ । ਧਾਮ ਵਖਾਏ ਇਕ ਅਨਡੀਠੜਾ, ਸਤਿਗੁਰ ਏਕਾ ਰਾਜ ਰਾਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸਾਚੇ ਲਏ ਪਛਾਨ । ਗੁਰਸਿਖ ਪਛਾਨਿਆ ਸਾਚੇ ਘਰ, ਲੋਕਮਾਤ ਵੱਜੀ ਵਧਾਈਆ । ਕਿਰਪਾ ਕਰ ਹਰੀ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਸ਼ਬਦ ਬੰਧਾਏ ਨਾਮ ਲੜ, ਸਾਚੀ ਡੋਰੀ ਹੱਥ ਉਠਾਈਆ । ਕਲਜੁਗ ਕਿਲਾ ਕੋਟ ਤੋੜ ਹੰਕਾਰੀ ਗੜ੍ਹ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਚਾਰ ਵਰਨਾਂ ਲੜ ਰਿਹਾ ਫੜ, ਊਚ ਨੀਚ ਨਾ ਕੋਇ ਵਡਿਆਈਆ । ਘਟ ਘਟ ਅੰਦਰ ਆਪੇ ਵੜ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਪਰਗਟਾਈਆ । ਮਾਇਆ ਭੁੱਲੇ ਨਾਰੀ ਨਰ, ਨਰ ਨਰਾਇਣ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਮੇਲੇ ਚਾਈਂ ਚਾਈਆ । ਗੁਰਸਿਖ ਮਨ ਚਾਓ ਘਨੇਰਾ, ਗੁਰ ਸਤਿਗੁਰ ਦਰਸਨ ਪਾਇਆ । ਸਤਿਗੁਰ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇਆ । ਹਰਿਜਨ ਵੇਖ ਕਾਇਆ ਖੇੜਾ, ਬੰਕ ਦਵਾਰਾ ਆਪ ਖੁਲਾਇਆ । ਕਲਜੁਗ ਅੰਤਮ ਬੰਨ੍ਹੇ ਬੇੜਾ, ਸ਼ੌਹ ਦਰਯਾਏ ਨਾ ਕੋਇ ਰੁੜਾਇਆ । ਕਰੇ ਕਰਾਏ ਹਕ ਨਬੇੜਾ, ਅੰਤ ਕੰਤ ਭਗਵੰਤ ਹਰਿਜਨ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਦਰ, ਦਰ ਭਿਖਾਰੀ ਆਪਣਾ ਮੇਲ ਮਿਲਾਇਆ ।

## ੧੪ ਭਾਦਰੋਂ ੨੦੧੭ ਬਿਕ੍ਰਮੀ ਰਾਜ ਸਿੰਘ ਦੇ ਗ੍ਰਿਹਿ ਫਰੀਦ ਕੋਟ ਜ਼ਿਲਾ ਫਿਰੋਜ਼ ਪੁਰ

ਜੀਓ ਪਿੰਡ ਜਨ ਪਰਤੀਤ, ਜੀਵਨ ਜਗਤ ਜੁਗਤ ਹਰਿਜਨ ਜਸ ਗਾਈਆ । ਕਾਇਆ ਬ੍ਰਹਿਮੰਡ ਬੈਠਾ ਰਹੇ ਅਤੀਤ, ਤ੍ਰੈਗੁਣ ਭਿਨ ਅਨਡਿਠ ਰੂਪ ਸਮਾਈਆ । ਤਤਵ ਤਤ ਕਰਾਏ ਠੰਡਾਂ ਸੀਤ, ਚਰਨ ਪ੍ਰੀਤ ਇਕ ਸਮਝਾਈਆ । ਅਗੰਮੀ ਢੋਲਾ ਗਾਏ ਸੁਣਾਏ ਸੁਹਾਗੀ ਗੀਤ, ਧੁਨ ਅਨਹਦ ਆਪ ਉਪਜਾਈਆ । ਨਾਤਾ ਤੋੜ ਜਗਤ ਬੇਪ੍ਰੀਤ, ਮਨ ਬਿਪਰ ਲਏ ਸਮਝਾਈਆ । ਆਦਿ ਜੁਗਾਦਿ ਭਗਤ ਭਗਵੰਤ ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖੇ ਸਰਬ ਘਟ ਥਾਈਆ । ਹੱਥ ਵਖਾਏ ਸੀਸ ਟਿਕਾਏ ਪਤੰਮਬਰ ਪੀਤ, ਪਤਿ ਪਰਮੇਸ਼ਵਰ ਵਡੀ ਵਡਿਆਈਆ । ਚੇਤਨ ਵਸੇ ਸਦਾ ਚੀਤ, ਚਾਤ੍ਰਿਕ ਰੂਪ ਸਦਾ ਬਿਲਲਾਈਆ । ਤਨ ਕਪੜ ਕਰੇ ਪਤਿਤ ਪੁਨੀਤ, ਦੁਰਮਤ ਮੈਲ ਆਪ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਓ ਪਿੰਡ ਵੇਖ ਵਖਾਈਆ । ਜੀਓ ਪਿੰਡ ਜਗਤ ਜੁਗ ਰਾਸ, ਜੋਤੀ ਜਾਤਾ ਵੇਖ ਵਖਾਇੰਦਾ । ਬ੍ਰਹਮ ਦਾਤਾ ਪਾਰਬ੍ਰਹਮ ਪੁਰਖ ਅਬਿਨਾਸ਼, ਪੁਰਖ ਬਿਧਾਤਾ ਖੇਲ ਖਿਲਾਇੰਦਾ । ਉਤਮ ਜਾਤਾ ਸਰਬ ਗੁਣਤਾਸ, ਆਪਣਾ ਰਾਥਾ ਆਪ ਚਲਾਇੰਦਾ । ਸੁਣਾਏ ਗਾਥਾ ਘਟ ਘਟ ਵਾਸ, ਸ਼ਬਦ ਅਨਾਦੀ ਧੁਨ ਵਜਾਇੰਦਾ । ਸਗਲਾ ਸਾਥਾ ਜੋਤ ਪਰਕਾਸ਼, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਤ੍ਰੈ ਤ੍ਰੈ ਪੂਰੀ ਕਰੇ ਆਸ, ਚੌਥਾ ਗੇੜਾ ਆਪ ਰਖਾਇੰਦਾ । ਭਗਵੰਤ ਭਿਖਾਰੀ ਭਗਤ ਰਹੇ ਉਦਾਸ, ਦਿਵਸ ਰੈਣ ਰਾਹ ਤਕਾਇੰਦਾ । ਗਹਿਰ ਗੰਭੀਰਾ ਕਾਇਆ ਸਰੀਰਾ ਵਸੇ ਆਸ ਪਾਸ, ਆਸਨ ਸਿੰਘਾਸਣ ਸੋਭਾ ਪਾਇੰਦਾ । ਜੀਓ ਪਿੰਡ ਜਗਤ ਦਾਤਾ ਦਾਸ, ਸੇਵਕ ਸਾਚੀ ਸੇਵ ਕਮਾਇੰਦਾ । ਭਗਤੀ ਭਾਵ ਪੂਰੀ ਕਰੇ ਆਸ, ਭਗਵਨ ਆਪਣੀ ਵਸਤ ਝੋਲੀ ਪਾਇੰਦਾ । ਲੋਕਮਾਤ ਬੁਝਾਏ ਲੱਗੀ ਪਿਆਸ, ਅਗਨ ਤਤ ਨਾ ਕੋਇ ਤਪਾਇੰਦਾ । ਭਗਤ ਵਿਛੋੜਾ ਕਰੇ ਨਾਸ, ਆਸਤਕ ਆਪਣੇ ਅੰਗ ਲਗਾਇੰਦਾ । ਦੋ ਜਹਾਨਾਂ ਕਰੇ ਬੰਦ ਖ਼ਲਾਸ, ਬੰਧਨ ਬੰਦੀ ਤੋੜ ਦਇਆ ਕਮਾਇੰਦਾ । ਲੇਖਾ ਜਾਣੇ ਇਕ ਇਕ ਸਾਸ, ਸਾਲਸ ਬੈਠਾ ਲੇਖ ਲਿਖਾਇੰਦਾ । ਆਦਿ ਜੁਗਾਦਿ ਨਾ ਹੋਏ ਵਿਨਾਸ, ਅਬਿਨਾਸ਼ੀ ਆਪਣਾ ਨਾਉਂ ਧਰਾਇੰਦਾ । ਜੀਓ ਪਿੰਡ ਸਦ ਰੱਖੇ ਵਾਸ, ਘਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਜੀਓ ਪਿੰਡ ਅੰਧੇਰਾ ਘੁਪ, ਰਵ ਸਸ ਨਾ ਕੋਇ ਰੁਸ਼ਨਾਈਆ । ਨਿਰਗੁਣ ਨਰਾਇਣ ਨਰ ਹਰਿ ਅੰਦਰ ਬੈਠਾ ਛੁਪ, ਮੁਖ ਆਪਣਾ ਪਰਦਾ ਪਾਈਆ । ਨਾ ਕੋਈ ਛਾਂ ਨਾ ਕੋਈ ਧੁੱਪ, ਦਿਵਸ ਰੈਣ ਨਾ ਕੋਇ ਵਖਾਈਆ । ਨਾ ਕੋਈ ਮਾਤ ਨਾ ਕੋਈ ਪਿਤ, ਪਿਤਾ ਗੋਦ ਨਾ ਕੋਇ ਸੁਹਾਈਆ । ਨਾ ਕੋਈ ਥਿਤ ਵਾਰ ਦਿਸੇ ਰੁਤ, ਘੜੀ ਪਲ ਨਾ ਵੰਡ ਵੰਡਾਈਆ । ਨਾ ਕੋਈ ਅੰਮ੍ਰਿਤ ਜਾਮ ਪਿਆਏ ਘੁੱਟ, ਪਿਆਲਾ ਸੁਰਾਹੀ ਨਾ ਹੱਥ ਉਠਾਈਆ । ਨਾ ਕੋਈ ਧਨ ਦੌਲਤ ਰਿਹਾ ਲੁੱਟ, ਠੱਗ ਚੋਰ ਯਾਰ ਦਿਸ ਕੋਇ ਨਾ ਆਈਆ । ਨਾ ਕੋਈ ਮੀਤ ਮੁਰਾਰ ਬਣ ਬਣ ਬਹੇ ਰੁੱਠ, ਨਾ ਕੋਈ ਰੁਠੜਾ ਰਿਹਾ ਮਨਾਈਆ । ਇਕ ਅਕੱਲਾ ਜੀਓ ਪਿੰਡ ਬ੍ਰਹਮ ਪਾਰਬ੍ਰਹਮ ਜਾਏ ਤੁਠ, ਆਪ ਆਪਣਾ ਲਏ ਮਿਲਾਈਆ । ਆਪਣੀ ਗੋਦੀ ਆਪੇ ਚੁੱਕ, ਆਪਣੀਆਂ ਭੁਜਾਂ ਆਪ ਸੁਹਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਈਆ । ਜੀਓ ਪਿੰਡ ਜਗ ਜੀਵਨ ਦਾਤਾ, ਜੀਵਨ ਮੁਕਤ ਆਪ ਅਖਵਾਇੰਦਾ । ਆਠੇ ਪਹਿਰ ਏਕਾ ਗਾਥਾ, ਗਹਿਰ ਗੰਭੀਰ ਆਪ ਸੁਣਾਇੰਦਾ । ਜੁਗਾ

੧੦੦੩

ਜੁਗੰਤਰ ਸਗਲਾ ਸਾਥਾ, ਸਗਲਾ ਸੰਗ ਆਪ ਨਿਭਾਇੰਦਾ । ਦੀਪਕ ਜੋਤੀ ਜੋਤ ਪਰਕਾਸ਼ਾ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਦੀਨਾ ਨਾਥ ਅਨਾਥ ਅਨਾਥਾ, ਮਾਣ ਨਿਮਾਣਿਆਂ ਆਪ ਰਖਾਇੰਦਾ । ਚਰਨ ਕਵਲ ਕਵਲ ਭਰਵਾਸਾ, ਧਰਤ ਧਵਲ ਧਵਲ ਸੁਹਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਫੋਲ ਫੁਲਾਇੰਦਾ । ਅਪ ਤੇਜ ਵਾਏ ਰੱਖੇ ਵਾਸਾ, ਆਪਣਾ ਤਤ ਆਪ ਉਪਾਇੰਦਾ । ਜੀਓ ਪਿੰਡ ਕਰੇ ਖੇਲ ਤਮਾਸ਼ਾ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੰਦਰ ਆਪ ਸੁਹਾਇੰਦਾ । ਜੀਓ ਪਿੰਡ ਹਰੀ ਹਰਿ ਮੰਦਰ, ਹਰਿ ਕੰਚਨ ਗੜ੍ਹ ਸੁਹਾਈਆ । ਨਿਰਗੁਣ ਨਿਰਵੈਰ ਵੜਿਆ ਅੰਦਰ, ਮੂਰਤ ਅਕਾਲ ਕਰ ਰੁਸ਼ਨਾਈਆ । ਆਪਣਾ ਲਾਏ ਆਪੇ ਜਿੰਦਰ, ਨਾ ਕੋਇ ਤੋੜੇ ਤੋੜ ਤੁੜਾਈਆ । ਮਨ ਮਨੂਆ ਨੌਂ ਦਵਾਰੇ ਫਿਰੇ ਬੰਦਰ, ਦਹਿ ਦਿਸ਼ਾ ਫੇਰੀ ਪਾਈਆ । ਜਗਤ ਵਾਸਨਾ ਬਣ ਕਲੰਦਰ, ਚਾਰੋਂ ਕੁੰਟ ਰਹੀ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਓ ਪਿੰਡ ਆਪਣਾ ਆਪ ਧਰ, ਧੁਰ ਧਾਮ ਵੇਖ ਵਖਾਈਆ । ਜੀਓ ਪਿੰਡ ਹਰਿ ਮਹੱਲਾ ਹਰਿ, ਹਰਿ ਜੂ ਆਪ ਵਸਾਇੰਦਾ । ਏਕੰਕਾਰਾ ਬੈਠ ਅਕੱਲਾ, ਅਕਲ ਕਲ ਆਪਣੀ ਆਪ ਧਰਾਇੰਦਾ । ਅਨਭਵ ਪਰਕਾਸ਼ ਅਛੱਲ ਅਛੱਲਾ, ਵਲ ਛਲਧਾਰੀ ਖੇਲ ਖਿਲਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਆਤਮ ਸੇਜਾ ਸੇਜ ਸੁਹਾਇੰਦਾ । ਸੁਰਤ ਸਵਾਣੀ ਫੜਾਏ ਪੱਲਾ, ਸ਼ਬਦ ਗੁਰ ਹਾਣੀ ਵੇਖ ਵਖਾਇੰਦਾ । ਅੰਮ੍ਰਿਤ ਆਤਮ ਠੰਡਾ ਪਾਣੀ ਪਿਆਏ ਜਲਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਜੀਓ ਪਿੰਡ ਹਰਿ ਰੰਗ ਰੰਗੀਲਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਪਾਰਬ੍ਰਹਮ ਪ੍ਰਭ ਛੈਲ ਛਬੀਲਾ, ਆਪਣਾ ਜੋਬਨ ਆਪ ਹੰਢਾਈਆ । ਆਪਣੀ ਸੇਜੇ ਆਪੇ ਸੁਤਾ ਕਰ ਕਰ ਹੀਲਾ, ਆਪਣੀ ਕਰਵਟ ਆਪ ਬਦਲਾਈਆ । ਆਪਣਾ ਬਣਾਏ ਆਪ ਕਬੀਲਾ, ਨਾਰੀ ਕੰਤ ਆਪ ਅਖਵਾਈਆ । ਆਪਣੀ ਕਰੇ ਆਪ ਦਲੀਲਾ, ਇਛਿਆ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਓ ਪਿੰਡ ਆਪਣਾ ਜੋਬਨ ਵੇਖ ਵਖਾਈਆ । ਜੀਓ ਪਿੰਡ ਹਰਿ ਜੋਬਨ ਜਵਾਨੀ, ਸ਼ਬਦੀ ਸ਼ਬਦ ਸ਼ਬਦ ਹੰਢਾਇੰਦਾ । ਇਕ ਅਕੱਲਾ ਏਕੰਕਾਰਾ ਦਿਸੇ ਸਚ ਨਿਧਾਨੀ, ਆਪਣਾ ਪਰਦਾ ਆਪੇ ਲਾਹਿੰਦਾ । ਧੁਰ ਦੀ ਧਾਰ ਅਗੰਮੀ ਬਾਣੀ, ਦੋ ਜਹਾਨਾ ਆਪ ਸੁਣਾਇੰਦਾ । ਆਪਣਾ ਆਪ ਆਪਣੇ ਉਤੋਂ ਕਰ ਕੁਰਬਾਨੀ, ਕਾਇਆ ਕੁਰਾ ਵੇਖ ਵਖਾਇੰਦਾ । ਸਚ ਦਵਾਰਾ ਪਦ ਨਿਰਬਾਨੀ, ਪਰਮ ਪੁਰਖ ਪ੍ਰਭ ਆਸਣ ਲਾਇੰਦਾ । ਨਿਰਧਨ ਸਰਧਨ ਬਣੇ ਦਾਨੀ, ਨਾਮ ਦਾਨ ਆਪ ਵਰਤਾਇੰਦਾ । ਜੋਤ ਜਗਾਏ ਪੁਰਖ ਸੁਲਤਾਨੀ, ਅੰਧ ਅੰਧੇਰ ਗਵਾਇੰਦਾ । ਆਪਣੀ ਗਾਏ ਅਕਥ ਕਹਾਣੀ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਕ ਆਪ ਸੁਹਾਇੰਦਾ । ਜੀਓ ਪਿੰਡ ਬੰਕ ਸੁਹਾਵਣਾ, ਹੱਡ ਮਾਸ ਨਾੜੀ ਰਤ ਪੰਜ ਤਤ ਜੋੜ ਜੁੜਾਈਆ । ਤਖ਼ਤ ਨਿਵਾਸੀ ਤਖ਼ਤ ਸੁਹਾਵਣਾ, ਆਤਮ ਸੇਜਾ ਪਾਰਬ੍ਰਹਮ ਵਡਿਆਈਆ । ਗਾਇਣ ਗੀਤ ਗੋਬਿੰਦ ਏਕਾ ਗਾਵਣਾ, ਨੇਤਰ ਲੋਚਣ ਨੈਣ ਨਿਜ ਆਪਣੇ ਦਰਸਨ ਪਾਈਆ । ਮੁਖ ਆਪਣਾ ਪਰਦਾ ਆਪੇ ਲਾਹਵਣਾ, ਸਵਛ ਸਰੂਪੀ ਰੂਪ ਪਰਗਟਾਈਆ । ਹਰਿਜਨ ਸਾਚੇ ਮੇਲ ਮਿਲਾਵਣਾ, ਵਰਨਾਂ ਬਰਨਾਂ ਕੱਟੇ ਫਾਹੀਆ । ਅੰਗੀਕਾਰ ਆਪ ਅਖਵਾਵਣਾ, ਆਪਣਾ ਅੰਗਨ ਲਏ ਸੁਹਾਈਆ ।

ਉਚ ਨੀਚ ਭੇਵ ਚੁਕਾਵਣਾ, ਭੇਵ ਖੁਲ੍ਹਾਏ ਬੇਪਰਵਾਹੀਆ । ਦੀਨਾਂ ਨਾਥਾ ਦਰਦ ਵੰਡਾਵਣਾ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਨਿਮਾਣ ਨਿਮਾਣਿਆਂ ਗਲੇ ਲਗਾਵਣਾ, ਨਿਤਾਣ ਨਿਤਾਣਿਆਂ ਹੋਏ ਸਹਾਈਆ । ਆਪ ਫੜਾਏ ਆਪਣਾ ਦਾਮਨਾ, ਦਾਮਨਗੀਰ ਸੱਚਾ ਸ਼ਹਿਨਸ਼ਾਹੀਆ । ਜੀਓ ਪਿੰਡ ਹਰਿਜਨ ਪੂਰੀ ਕਰੇ ਭਾਵਣਾ, ਭਾਵੀ ਭੇਵ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੇਲਾ ਏਕਾ ਘਰ, ਹਰਿਜਨ ਹਰਿ ਹਰਿ ਮਿਲਿਆ ਵਰ, ਵਰ ਨਰ ਕੰਤ ਕੰਤੂਲ ਆਤਮ ਸੇਜਾ ਸੁਹਾਏ ਬਰਖੇ ਸਾਚੇ ਫੂਲ, ਪਵਣ ਪਵਣੀ ਸੇਵਾ ਆਪ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ, ਦੇਵਣਹਾਰ ਸ੍ਰਿਸ਼ਟ ਸਬਾਈਆ ।

✻ ੧੪ ਭਾਦਰੋਂ ੨੦੧੭ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਪਿੰਡ ਪਿਪਲੀ ਜ਼ਿਲਾ ਫਿਰੋਜ਼ ਪੁਰ ✻

ਸਤਿ ਪੁਰਖ ਨਿਰੰਜਣ ਰਾਜਨ ਰਾਜ, ਇਕ ਅਕੱਲਾ ਖੇਲ ਖਿਲਾਇੰਦਾ । ਸਚਖੰਡ ਦਵਾਰੇ ਸਾਜਨ ਸਾਜ, ਆਪਣੀ ਬਣਤ ਆਪ ਬਣਾਇੰਦਾ , ਅਗੰਮ ਅਗੰਮੜਾ ਰਚ ਰਚ ਕਾਜ, ਅਨਭਵ ਆਪਣਾ ਵੇਖ ਵਖਾਇੰਦਾ । ਆਦਿ ਜੁਗਾਦੀ ਸਤਿ ਜਹਾਜ, ਪੁਰਖ ਅਕਾਲ ਆਪ ਚਲਾਇੰਦਾ । ਸ਼ਬਦ ਅਗੰਮੀ ਦੇਵੇ ਦਾਤ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਥਿਰ ਘਰ ਬੈਠਾ ਥਿਰ ਘਰ ਨਿਵਾਸੀ ਆਪੇ ਪੁਛੇ ਵਾਤ, ਸਮਰਥ ਪੁਰਖ ਆਪਣਾ ਬਲ ਧਰਾਇੰਦਾ । ਨਿਰਗੁਣ ਨਰਾਇਣ ਨਰ ਹਰਿ ਜੋਤੀ ਸ਼ਬਦ ਬੰਧਾਏ ਨਾਤ, ਜੋੜੀ ਜੋੜਾ ਜੋੜ ਜੁੜਾਇੰਦਾ । ਬੋਧ ਅਗਾਧੀ ਏਕਾ ਗਾਥ, ਅਲੱਖ ਅਲੱਖਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਭੂਪ ਰੂਪ ਵਟਾਇੰਦਾ । ਸਾਚਾ ਭੂਪ ਹਰਿ ਸੁਲਤਾਨਾ, ਸਤਿ ਸਤਿਵਾਦੀ ਬੇਪਰਵਾਹੀਆ । ਦਰਗਹਿ ਸਾਚੀ ਵਸੇ ਸਚ ਮਕਾਨਾ, ਦਰ ਦਵਾਰਾ ਆਪ ਸੁਹਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰਾ ਆਪ ਸੁਹਾਣਾ, ਸੋਭਾਵੰਤ ਸਹਿਜ ਸੁਖਦਾਈਆ । ਥਿਰ ਘਰ ਸਾਚਾ ਦਰ ਪਰਵਾਨਾ, ਸਚ ਸਿੰਘਾਸਣ ਰਿਹਾ ਸੁਹਾਈਆ । ਤਖ਼ਤ ਨਿਵਾਸੀ ਬਣ ਬਣ ਸਾਚਾ ਕਾਹਨਾ, ਹਰਿ ਮੰਦਰ ਸੋਭਾ ਪਾਈਆ । ਦੀਪਕ ਜੋਤ ਜਗਾਏ ਮਹਾਨਾ, ਤੇਲ ਬਾਤੀ ਨਾ ਕੋਇ ਟਿਕਾਈਆ । ਤੁਰੀਆ ਰਾਗ ਗਾਏ ਏਕਾ ਗਾਣਾ, ਆਪ ਆਪਣੀ ਧੁਨ ਉਪਜਾਈਆ । ਸਤਿ ਸਰੂਪੀ ਸਤਿ ਸਤਿਵਾਦੀ ਇਕ ਝੁਲਾਏ ਸਚ ਨਿਸ਼ਾਨਾ, ਆਪ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਜਣਾਈਆ । ਸਤਿ ਸਤਿਵਾਦੀ ਸਾਚੀ ਕਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਆਪ ਆਪਣਾ ਰੂਪ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਸਗਲਾ ਸੰਗ ਆਪ ਰਖਾਇੰਦਾ । ਏਕੰਕਾਰਾ ਕਰੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਧਾਰ ਚਲਾਇੰਦਾ । ਆਦਿ ਨਿਰੰਜਣ ਦੀਪਕ ਜੋਤੀ ਕਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਹੋ ਤਿਆਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਸ੍ਰੀ ਭਗਵਾਨ ਅੰਦਰ ਬਾਹਰ ਗੁਪਤ ਜ਼ਾਹਰ, ਆਪਣੀ ਕਲ ਧਰਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਆਪਣਾ ਮੇਲਾ ਮੇਲ ਮਿਲਾਇੰਦਾ । ਸਚਖੰਡ ਦਵਾਰਾ ਹਰਿ ਨਿਰੰਕਾਰ, ਆਪ ਆਪਣਾ ਕਰ ਪਸਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ ।



੧੦੦੫ ੦੯

ਨਿਰਵੈਰ ਨਿਰਾਕਾਰ ਹੋ ਤਿਆਰ, ਅਜੂਨੀ ਰਹਿਤ ਆਪਣਾ ਖੇਲ ਖਿਲਾਇੰਦਾ । ਅਨਭਵ ਪਰਕਾਸ਼ ਕਰ ਪਸਾਰ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਆਪੇ ਹੁਕਮ ਆਪ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਆਪੇ ਸੇਵਕ ਚੋਬਦਾਰ, ਦਰ ਦਰਵੇਸ਼ ਆਪ ਅਖਵਾਇੰਦਾ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਆਪਣਾ ਸੀਸ ਆਪ ਝੁਕਾਇੰਦਾ । ਆਪੇ ਸ਼ਾਹ ਸ਼ਾਹਾਨਾ ਬਣ ਸਿਕਦਾਰ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਆਪੇ ਰਾਜ ਰਾਜਾਨਾ ਹੋ ਉਜਿਆਰ, ਸੀਸ ਤਾਜ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਸਤਿ ਸਤਿਵਾਦ ਸਾਚੀ ਧਾਰਾ ਆਪ ਬੰਧਾਇੰਦਾ । ਸਾਚੀ ਧਾਰ ਬੰਨਣਹਾਰਾ, ਏਕਾ ਰੰਗ ਸਮਾਈਆ । ਵਸਣਹਾਰਾ ਊਚ ਅਟੱਲ ਮਨਾਰਾ, ਨਿਹਚਲ ਧਾਮ ਇਕ ਵਡਿਆਈਆ । ਨਿਰਗੁਣ ਦੀਆ ਨਿਰਗੁਣ ਬਾਤੀ ਕਮਲਾਪਾਤੀ ਕਰ ਉਜਿਆਰਾ, ਘਰ ਸਾਚੇ ਸੋਭਾ ਪਾਈਆ । ਨਿਰਗੁਣ ਨਰਾਇਣ ਨਾਰੀ ਨਰ ਕੰਤ ਭਤਾਰਾ, ਆਪਣੀ ਸੇਜ ਆਪ ਸੁਹਾਈਆ । ਨਿਰਗੁਣ ਵਣਜ ਨਿਰਗੁਣ ਵਣਜਾਰਾ, ਨਿਰਗੁਣ ਵਸਤ ਅਮੋਲਕ ਆਪ ਵਰਤਾਈਆ । ਨਿਰਗੁਣ ਸ਼ਬਦ ਨਿਰਗੁਣ ਭੰਡਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਈਆ । ਸਚਖੰਡ ਦਵਾਰ ਸੁਹਾਵਣਾ, ਪਾਰਬ੍ਰਹਮ ਆਪ ਸੁਹਾਇੰਦਾ । ਆਪਣਾ ਬਲ ਆਪ ਰਖਾਵਣਾ, ਸ੍ਰੀ ਭਗਵਾਨ ਮੇਲ ਮਿਲਾਇੰਦਾ । ਆਪਣਾ ਰਾਜ ਆਪ ਕਮਾਵਣਾ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਆਪਣਾ ਨੂਰ ਆਪ ਪਰਗਟਾਵਣਾ, ਆਦਿ ਨਿਰੰਜਣ ਜੋਤ ਜਗਾਇੰਦਾ । ਆਪਣਾ ਹੁਕਮ ਆਪ ਸੁਣਾਵਣਾ, ਏਕੰਕਾਰਾ ਆਪਣਾ ਨਾਉਂ ਧਰਾਇੰਦਾ । ਆਪਣਾ ਤਖ਼ਤ ਆਪ ਵਡਿਆਵਣਾ, ਹਰਿ ਪੁਰਖ ਨਿਰੰਜਣ ਚਰਨ ਟਿਕਾਇੰਦਾ । ਆਪਣਾ ਪਾਤਸ਼ਾਹ ਆਪ ਬਣ ਜਾਵਣਾ, ਆਪ ਆਪਣਾ ਸੀਸ ਜਗਦੀਸ ਸੀਸ ਟਿਕਾਇੰਦਾ । ਸਤਿ ਪੁਰਖ ਨਿਰੰਜਣ ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਬੇੜਾ ਆਪ ਚਲਾਵਣਾ, ਚਲਾਵਣਹਾਰ ਇਕ ਅਖਵਾਈਆ । ਸਾਚਾ ਮੰਦਰ ਆਪ ਸੁਹਾਵਣਾ, ਸਚਖੰਡ ਦਵਾਰੇ ਵੱਜੇ ਵਧਾਈਆ । ਥਿਰ ਦਰਬਾਰਾ ਦਰ ਦਰਵਾਜ਼ਾ ਆਪ ਖੁਲ੍ਹਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਸੋ ਪੁਰਖ ਨਿਰੰਜਣ ਕਲ ਵਰਤੰਤਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਏਕਾ ਨੂਰ ਸ੍ਰੀ ਭਗਵੰਤਾ, ਨੂਰ ਨੁਰਾਨਾ ਡਗਮਗਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਆਪ ਬਣਾਏ ਆਪਣੀ ਬਣਤਾ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਪੇ ਆਦਿ ਆਪੇ ਅੰਤਾ, ਮਧ ਆਪਣਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਾਚਾ ਖੋਲ੍ਹ, ਸ਼ਬਦ ਅਨਾਦੀ ਏਕਾ ਬੋਲ, ਆਪਣਾ ਨਾਉਂ ਆਪ ਪਰਗਟਾਇੰਦਾ । ਸਚਖੰਡ ਦਵਾਰਾ ਖੋਲ੍ਹਿਆ, ਪੁਰਖ ਅਗੰਮ ਕਿਰਪਾ ਧਾਰ । ਤਖ਼ਤ ਨਿਵਾਸੀ ਦਰ ਘਰ ਸਾਚੇ ਹਰਿ ਹਰਿ ਮੰਦਰ ਆਪੇ ਬੋਲਿਆ, ਆਪ ਆਪਣਾ ਤੋਲੇ ਤੋਲ । ਨਿਰਗੁਣ ਨਰ ਹਰਿ ਨਿਰਗੁਣ ਬਦਲੇ ਚੋਲਿਆ, ਆਦਿ ਜੁਗਾਦਿ ਰਹੇ ਅਡੋਲ । ਆਪਣੀ ਜੋਤ ਆਪੇ ਬੋਲਿਆ, ਆਪੇ ਕਰੇ ਆਪਣਾ ਕੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਖੇਲ ਨਿਆਰਾ, ਏਕੰਕਾਰਾ ਰਿਹਾ ਖੋਲ੍ਹ । ਸਚਖੰਡ ਦਵਾਰਾ ਸਚ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਪੁਰਖ ਅਬਿਨਾਸ਼ੀ ਬਣਤ ਬਣਾਈ, ਸਾਚਾ ਪਾਂਧੀ ਆਪ ਹੋ ਜਾਇੰਦਾ । ਸ੍ਰੀ ਭਗਵਾਨ ਸਾਚੀ ਛੱਪਰ ਛੰਨ ਆਪ ਸੁਹਾਈ, ਅਸਥਲ ਆਪਣਾ ਨਾਉਂ ਧਰਾਇੰਦਾ । ਪਾਰਬ੍ਰਹਮ ਨਿਰਗੁਣ ਨਿਰਵੈਰ ਅਜੂਨੀ ਰਹਿਤ ਆਦਿ ਨਿਰੰਜਣ ਆਪਣੀ ਜੋਤ ਆਪ

੧੦੦੬

ਟਿਕਾਈ, ਨੂਰ ਨੁਰਾਨਾ ਡਗਮਗਾਇੰਦਾ । ਚਾਰ ਕੁੰਟ ਦਹਿ ਦਿਸ਼ਾ ਨਾ ਕੋਈ ਵੰਡ ਵੰਡਾਈ, ਵੰਡਣਹਾਰਾ ਦੂਸਰ ਕੋਇ ਦਿਸ ਨਾ ਆਇੰਦਾ । ਇਕ ਅਕੱਲਾ ਬੈਠਾ ਸਚ ਮਹੱਲਾ ਆਸਣ ਲਾਈ, ਪੁਰਖ ਅਬਿਨਾਸ਼ੀ ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਵਸੇ ਹਰਿ, ਹਰਿ ਜੂ ਮੰਦਰ ਹਰਿ ਆਪ ਸੁਹਾਇੰਦਾ । ਹਰਿ ਜੂ ਮੰਦਰ ਹਰਿ ਜੂ ਹਰਿ ਜੂ ਸੋਭਾ ਪਾਇੰਦਾ । ਹਰਿ ਜੂ ਅੰਦਰ ਹਰਿ ਜੂ ਬਾਹਰ, ਹਰਿ ਜੂ ਗੁਪਤ ਜ਼ਾਹਰ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਆਪ ਕਰਾਇੰਦਾ । ਦੀਨ ਦਿਆਲਾ ਗਹਿਰ ਗੰਭੀਰ, ਭੇਵ ਅਭੇਦਾ ਭੇਵ ਛੁਪਾਈਆ । ਸ਼ਾਹ ਸੁਲਤਾਨ ਹਕੀਰ ਫ਼ਕੀਰ, ਏਕੰਕਾਰਾ ਏਕਾ ਬੈਠਾ ਆਸਣ ਲਾਈਆ । ਪਰਵਰਦਿਗਾਰ ਪੀਰਨ ਪੀਰ, ਦਸਤਗੀਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਆਪ ਸੁਹਾਏ ਹਰਿ ਹਰਿ ਕੰਤ, ਕੰਤ ਕੰਤੂਲ ਵੱਡੀ ਵਡਿਆਈਆ । ਕੰਤ ਕੰਤੂਲ ਸ੍ਰੀ ਭਗਵਾਨਾ, ਭੇਵ ਅਭੇਦਾ ਭੇਵ ਛੁਪਾਇੰਦਾ । ਆਦਿ ਜੁਗਾਦੀ ਨੌਜਵਾਨਾ, ਏਕਾ ਰੰਗ ਸਮਾਇੰਦਾ । ਸਾਚੇ ਤਖ਼ਤ ਬੈਠ ਸੁਲਤਾਨਾ, ਸਾਚਾ ਹੁਕਮ ਆਪ ਵਰਤਾਇੰਦਾ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਸਦ ਸਮਾਇੰਦਾ । ਆਪੇ ਮੰਦਰ ਵੇਖੇ ਸਚ ਟਿਕਾਨਾ, ਉਚ ਅਟੱਲਾ ਆਪ ਬਣਾਇੰਦਾ । ਆਪੇ ਚਾਰ ਕੁੰਟ ਵੇਖੇ ਮਾਰ ਧਿਆਨਾ, ਆਪਣਾ ਲੋਚਣ ਨੈਣ ਨੇਤਰ ਆਪ ਖੁਲ੍ਹਾਇੰਦਾ । ਆਪੇ ਗਾਏ ਆਪਣਾ ਗਾਣਾ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਆਪੇ ਜਾਣੇ ਪਦ ਨਿਰਬਾਣਾ, ਆਪਣੇ ਪਦ ਆਪ ਸਮਾਇੰਦਾ । ਸਚਖੰਡ ਦਵਾਰਾ ਹਰਿ ਨਿਰੰਕਾਰਾ ਇਕ ਵਖਾਏ ਸਚ ਟਿਕਾਣਾ, ਸਚ ਘਰਾਨਾ ਆਪ ਬਣਾਇੰਦਾ । ਸਾਚਾ ਘਰ ਠਾਂਡਾ ਦਰਬਾਰ, ਪੁਰਖ ਅਕਾਲ ਆਪ ਉਪਾਈਆ । ਸਤਿ ਸਰੂਪੀ ਦੀਨ ਦਿਆਲ, ਦਇਆਨਿਧ ਬੈਠਾ ਜੋਤ ਜਗਾਈਆ । ਆਦਿ ਜੁਗਾਦਿ ਇਕ ਧਰਮਸਾਲ, ਧੁਰ ਦੀ ਧਾਰ ਆਪ ਬੰਧਾਈਆ । ਕਰੇ ਖੇਲ ਸ਼ਾਹ ਕੰਗਾਲ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹੀਆ । ਆਪਣੀ ਚਲੇ ਅਵੱਲੜੀ ਚਾਲ, ਆਪਣੀ ਇਛਿਆ ਆਪੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣੀ ਖੇਲ ਆਪ ਖਲਾਈਆ । ਆਪਣੀ ਖੇਲ ਖਿਲਾਵਣਹਾਰਾ, ਏਕਾ ਰੰਗ ਸਮਾਇਆ । ਨਿਰਗੁਣ ਨਿਰਗੁਣ ਹੋ ਉਜਿਆਰਾ, ਨਿਰਗੁਣ ਨਿਰਗੁਣ ਰੂਪ ਪਰਗਟਾਇਆ । ਆਪਣਾ ਖੋਲ੍ਹ ਬੰਦ ਕਿਵਾੜਾ, ਆਪ ਆਪਣਾ ਪਰਦਾ ਲਾਹਿਆ । ਆਪੇ ਮੇਲਾ ਮੇਲ ਮਿਲਾਏ ਆਪੇ ਰੰਗ ਰੰਗਾਏ ਅਪਰ ਅਪਾਰਾ, ਰੰਗ ਰੇਖ ਆਪ ਅਖਵਾਇਆ । ਆਪੇ ਨਾਰੀ ਕੰਤ ਭਤਾਰਾ, ਸੁਤ ਦੁਲਾਰਾ ਸ਼ਬਦੀ ਆਪੇ ਜਾਇਆ । ਆਪੇ ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਰਾਜ, ਦੋ ਜਹਾਨਾਂ ਆਪ ਚਲਾਈਆ । ਦੋ ਜਹਾਨਾਂ ਸਾਚਾ ਰਾਜਾ, ਰਾਓ ਰੰਕ ਨਾ ਕੋਇ ਰਖਾਈਆ । ਇਕ ਅਕੱਲਾ ਗ਼ਰੀਬ ਨਿਵਾਜ਼ਾ, ਆਪਣੀ ਲਾਜ ਆਪ ਧਰਾਈਆ । ਸ਼ਬਦੀ ਸ਼ਬਦ ਰਚਿਆ ਕਾਜਾ, ਸ਼ਬਦ ਸੁਤ ਆਪ ਪਰਗਟਾਈਆ । ਆਪ ਚੜ੍ਹਾਏ ਸਚ ਜਹਾਜਾ, ਆਪਣੀ ਸੇਵਾ ਆਪ ਕਰਾਈਆ । ਏਕਾ ਦੇਵੇ ਸਾਚਾ ਦਾਜਾ, ਆਪਣੀ ਇਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਸਾਚੀ ਖੇਲ ਖਿਲਾਈਆ । ਸੁਤ ਦੁਲਾਰਾ ਜਾਗਿਆ, ਨਿਰਗੁਣ ਨਿਰਗੁਣ ਨਿਰਾਕਾਰ । ਪਾਰਬ੍ਰਹਮ ਅਬਿਨਾਸ਼ੀ ਕਰਤਾ ਮਿਲਿਆ ਮੇਲ ਕੰਤ ਸੁਹਾਗਿਆ, ਵਿਛੜ

ਨਾ ਜਾਏ ਹਰਿ ਕਰਤਾਰ । ਆਦਿ ਜੁਗਾਦਿ ਰਹਾਂ ਵਿਚ ਆਗਿਆ, ਜੁਗ ਜੁਗ ਸੇਵਾ ਕਰਾਂ ਬਣ ਬਣ ਸੇਵਾਦਾਰ । ਦਰ ਦਰਵੇਸ਼ ਫਿਰਾਂ ਭਾਗਿਆ, ਨਰ ਨਰੇਸ਼ ਹੁਕਮੀ ਹੁਕਮ ਵਰਤੇ ਸੱਚੀ ਸਰਕਾਰ । ਨਿਉਂ ਨਿਉਂ ਸਦਾ ਕਰਾਂ ਆਦੇਸਿਆ, ਹਰਿ ਪੁਰਖ ਚਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪਣੇ ਵਰਤੇ ਆਪ ਵਰਤਾਰ । ਸੁਤ ਦੁਲਾਰਾ ਹਰਿ ਸਮਝਾਇਆ, ਸਿਰ ਰੱਖ ਹੱਥ ਕਰਤਾਰ । ਏਕਾ ਸਿਖ਼ਿਆ ਸਾਹਿਬ ਸੁਣਾਇਆ, ਅਭੁੱਲ ਗੁਰ ਆਪ ਨਿਰੰਕਾਰ । ਤੇਰੀ ਸੇਵਕ ਸੇਵਾ ਇਕ ਜਣਾਇਆ, ਭੁੱਲ ਨਾ ਜਾਣਾ ਬਣ ਗਵਾਰ । ਲੋਆਂ ਪੁਰੀਆਂ ਰਚਨ ਰਚਾਇਆ, ਬ੍ਰਹਿਮੰਡ ਖੰਡ ਹੋਏ ਤੇਰਾ ਅਧਾਰ । ਸੂਰਜ ਚੰਨ ਤੇਰੀ ਜੋਤ ਟਿਕਾਇਆ, ਇਕ ਕਿਰਨ ਅਪਰ ਅਪਾਰ । ਇਕ ਇਕ ਇਕ ਨਾਲ ਮੇਲ ਮਿਲਾਇਆ, ਤਿੰਨਾਂ ਵਿਚੋਲਾ ਆਪ ਨਿਰੰਕਾਰ । ਸਚਖੰਡ ਦਵਾਰ ਪੱਲੋਂ ਹਰਿ ਕਢਾਇਆ, ਥਿਰ ਘਰ ਖੋਲ੍ਹ ਆਪ ਕਿਵਾੜ । ਸੁੰਨ ਅਗੰਮੀ ਪੰਧ ਮੁਕਾਇਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਦੀਨਾਂ ਨਾਥ ਦਇਆਨਿਧ ਗਹਿਰ ਗੰਭੀਰ ਸਿਰ ਆਪਣਾ ਹੱਥ ਰਖਾਇਆ, ਲੇਖਾ ਜਾਣੇ ਆਰ ਪਾਰ । ਆਪਣਾ ਹੁਕਮ ਆਪ ਜਣਾਇਆ, ਧੁਰ ਫ਼ਰਮਾਣਾ ਦੱਸੇ ਸੱਚੀ ਸਰਕਾਰ । ਪਾਰਬ੍ਰਹਮ ਆਪਣੀ ਵੰਡ ਤੇਰੀ ਝੋਲੀ ਪਾਇਆ, ਵਸਤ ਅਮੋਲਕ ਦਏ ਦਾਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਸ਼ਬਦ ਕਰੇ ਪਿਆਰ । ਸ਼ਬਦ ਸੁਣਿਆ ਹਰਿ ਸੰਦੇਸ਼, ਨਿਉਂ ਨਿਉਂ ਸੀਸ ਝੁਕਾਇਆ । ਲੋਆਂ ਪੁਰੀਆਂ ਕਰਾਂ ਤੇਰਾ ਵੇਸ, ਤੇਰਾ ਬੰਧਨ ਏਕਾ ਪਾਇਆ । ਤੂੰ ਸਾਹਿਬ ਸੁਲਤਾਨ ਨਰ ਨਰੇਸ਼, ਤੇਰਾ ਹੁਕਮ ਆਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਭਾਣੇ ਬਲ ਰਖਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸ਼ਬਦ ਗੁਰ ਆਪ ਜਗਾਈਆ । ਤੇਰਾ ਰੂਪ ਅਗੰਮ ਅਪਾਰ, ਹਰਿ ਹਰਿ ਸਾਚਾ ਵੇਖ ਵਖਾਈਆ । ਨਿਰਗੁਣ ਨਿਰਾਕਾਰ ਤੇਰਾ ਖੇਲ ਕਰੇ ਸਾਕਾਰ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰ ਤਿਆਰ, ਅੰਸਾ ਬੰਸਾ ਆਪ ਅਖਵਾਈਆ । ਨਿਰਗੁਣ ਮਾਤ ਪਿਤ ਕਰੇ ਖੇਲ ਅਪਾਰ, ਪੂਤ ਸਪੂਤਾ ਦਏ ਵਧਾਈਆ । ਅੰਮ੍ਰਿਤ ਬੂੰਦ ਕਰੇ ਕਰਤਾਰ, ਦਰਗਹਿ ਸਾਚੀ ਧਾਮ ਸੁਹਾਈਆ । ਆਪਣਾ ਰੰਗ ਸੂਰਾ ਸਰਬੰਗ ਮੁਕਟ ਕਰੇ ਤਿਆਰ, ਨਿਰਗੁਣ ਦਿਸ ਕਿਸੇ ਨਾ ਆਈਆ । ਆਪੇ ਵਿਸ਼ਵ ਵਰਤੇ ਧਾਰ, ਵਿਸ਼ਨੂੰ ਆਪਣਾ ਬਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਅੰਦਰ ਵੜ, ਸ਼ਬਦੀ ਸ਼ਬਦ ਲਏ ਉਪਜਾਈਆ । ਨਿਰਗੁਣ ਅੰਦਰ ਨਿਰਗੁਣ ਵੜਿਆ, ਆਪ ਆਪਣੀ ਕਲ ਧਾਰ । ਨਿਰਗੁਣ ਅੱਗੇ ਨਿਰਗੁਣ ਖੜਿਆ, ਰੂਪ ਅਗੰਮ ਅਪਾਰ । ਨਿਰਗੁਣ ਅੱਖਰ ਨਿਰਗੁਣ ਪੜ੍ਹਿਆ, ਲੇਖਾ ਲਿਖੇ ਨਾ ਕੋਈ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟੇ ਨਿਰਾਕਾਰ ਨਿਰਾਕਾਰ ਅਕਾਰ । ਨਿਰਾਕਾਰ ਰੂਪ ਵਟਾਇਆ, ਭੇਵ ਅਭੇਦਾ ਅਭੇਦ । ਸੁਤ ਦੁਲਾਰਾ ਸੇਵ ਲਗਾਇਆ, ਕਰੇ ਖੇਲ ਅਛੱਲ ਅਛੇਦ । ਵਿਸ਼ਨੂੰ ਆਪਣਾ ਨਾਉਂ ਰਖਾਇਆ, ਆਪੇ ਖੇਡਾਂ ਰਿਹਾ ਖੇਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਭੇਵ । ਭੇਵ ਅਵੱਲਾ ਹਰਿ ਕਰਤਾਰਾ, ਆਪਣੇ ਵਿਚ ਰਖਾਈਆ । ਇਕ ਅਕੱਲਾ ਹੋ ਉਜਿਆਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵਿਸ਼ਨੂੰ ਫੜਾਇਆ ਆਪਣਾ ਪੱਲਾ, ਆਪਣਾ ਬੰਧਨ ਆਪੇ ਪਾਈਆ । ਆਪਣੀ ਜੋਤੀ ਆਪੇ ਰਲਾ, ਆਪੇ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਅੰਦਰ ਆਪੇ ਵੜ, ਆਪੇ ਆਪਣਾ

੧੦੦੮
੦੯

ਰੂਪ ਪਰਗਟਾਈਆ । ਵਿਸ਼ਨ ਅੰਦਰ ਹਰਿ ਹਰਿ ਧਾਰ, ਆਪਣੀ ਆਪ ਰਖਾਇੰਦਾ । ਆਪਣਾ ਪਿਆਰ ਅੰਮ੍ਰਿਤ ਵਿਚਾਰ, ਰਸ ਏਕਾ ਏਕ ਆਪ ਵਹਾਇੰਦਾ । ਆਪਣੀ ਇਛਿਆ ਬਣ ਦਾਤਾਰ, ਪਾਰਬ੍ਰਹਮ ਹਰਿ ਆਪਣਾ ਖੇਲ ਖਿਲਾਇੰਦਾ । ਆਪੇ ਕਵਲਾ ਹੋ ਉਜਿਆਰ, ਆਪੇ ਨਾਭੀ ਫੁੱਲ ਖਿਲਾਇੰਦਾ । ਆਪੇ ਪੰਖੜੀਆਂ ਪਾਵੇ ਸਾਰ, ਆਪੇ ਭਵਰਾ ਗੂੰਜ ਗੁੰਜਾਇੰਦਾ । ਆਪੇ ਬ੍ਰਹਮ ਰੂਪ ਹੋਏ ਉਜਿਆਰ, ਸ਼ਬਦੀ ਧਾਰਾ ਆਪ ਪਰਗਟਾਇੰਦਾ । ਕਰੇ ਖੇਲ ਸਿਰਜਣਹਾਰ, ਏਕਾ ਆਪਣੇ ਹੱਥ ਰਖਾਇੰਦਾ । ਏਕਾ ਹੁਕਮ ਕਰੇ ਵਰਤਾਰ, ਹੁਕਮੀ ਹੁਕਮ ਸਰਬ ਭਵਾਇੰਦਾ । ਸ਼ਬਦ ਨਾਦ ਧੁਨ ਸੱਚੀ ਸਰਕਾਰ, ਬ੍ਰਹਮ ਪਾਰਬ੍ਰਹਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਿਸ਼ਨ ਆਪੇ ਬ੍ਰਹਮ, ਬ੍ਰਹਮ ਆਪਣਾ ਨਾਉਂ ਧਰਾਇੰਦਾ । ਵਿਸ਼ਨ ਬ੍ਰਹਮਾ ਹਰਿ ਨਾਉਂ ਧਰਾਇਆ, ਨਿਰਗੁਣ ਆਪਣੀ ਵੰਡ ਵੰਡਾਈਆ । ਆਪਣਾ ਰੂਪ ਆਪ ਪਰਗਟਾਇਆ, ਸੁੰਨ ਅਗੰਮ ਵੇਖ ਵਖਾਈਆ । ਧੁਰ ਦੀ ਧਾਰ ਪਰਦਾ ਲਾਹਿਆ, ਆਪਣੀ ਕਰਵਟ ਲਏ ਬਦਲਾਈਆ । ਆਪਣਾ ਫੁੱਲ ਆਪ ਉਪਾਇਆ, ਸ਼ੰਕਰ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਸ਼ਬਦ ਬਣਾਇਆ, ਵੇਖਣਹਾਰਾ ਥਾਉਂ ਥਾਈਆ । ਸੱਜਣ ਸਹੇਲਾ ਆਪ ਅਖਵਾਇਆ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣੀ ਉਤਪਤ ਆਪੇ ਰਿਹਾ ਕਰਾਇਆ । ਆਪੇ ਨਿਰਗੁਣ ਨਿਰਾਕਾਰਾ, ਹਰਿ ਨਿਰੰਕਾਰ ਆਪੇ ਜੋਤੀ ਜੋਤ ਜਗਾਇੰਦਾ । ਆਪੇ ਸ਼ਬਦੀ ਸ਼ਬਦ ਨਾਦ ਧੁਨਕਾਰਾ, ਆਪੇ ਆਪਣਾ ਨਾਉਂ ਪਰਗਾਇੰਦਾ । ਆਪੇ ਨਿਰਾਕਾਰ ਹੋਏ ਸਾਕਾਰਾ, ਵਿਸ਼ਨੂੰ ਆਪਣਾ ਖੇਲ ਖਿਲਾਇੰਦਾ । ਆਪੇ ਕਵਲ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਪ੍ਰਭ ਆਪਣੀ ਵੰਡ ਵੰਡਾਇੰਦਾ । ਆਪੇ ਸ਼ੰਕਰ ਕਰੇ ਧੂਆਂਧਾਰਾ, ਆਪਣਾ ਬੰਧਨ ਆਪੇ ਪਾਇੰਦਾ । ਆਪੇ ਵਸੇ ਸਚਖੰਡ ਦਵਾਰਾ, ਸਾਚੇ ਤਖ਼ਤ ਆਪ ਸੁਹਾਇੰਦਾ । ਆਪੇ ਰਾਜ ਜੋਗ ਕਰੇ ਸੱਚਾ ਸਿਕਦਾਰ, ਸੀਸ ਤਾਜ ਆਪ ਟਿਕਾਇੰਦਾ । ਲੇਖਾ ਲਿਖੇ ਅਗੰਮ ਅਪਾਰਾ, ਮੋਰ ਮੁਕਟ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਨਿਰਗੁਣ ਤਾਜ, ਨਿਰਗੁਣ ਰਾਜ ਨਿਰਗੁਣ ਹੁਕਮੀ ਹੁਕਮ ਸੁਣਾਇੰਦਾ । ਨਿਰਗੁਣ ਸ਼ਾਹ ਨਿਰਗੁਣ ਸੁਲਤਾਨ, ਨਿਰਗੁਣ ਤਖ਼ਤ ਸੁਹਾਈਆ । ਨਿਰਗੁਣ ਦਰਵੇਸ਼ ਨਿਰਗੁਣ ਦਰਬਾਨ, ਨਿਰਗੁਣ ਦੋ ਜਹਾਨ ਅਲੱਖ ਜਗਾਈਆ । ਨਿਰਗੁਣ ਰਚਿਆ ਆਪਣਾ ਕਾਜ, ਨਿਰਗੁਣ ਵੇਖੇ ਬਣ ਮਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਤਾਜ, ਆਪ ਬਣਾਏ ਗ਼ਰੀਬ ਨਿਵਾਜ਼, ਦੂਸਰ ਸੰਗ ਨਾ ਕੋਈ ਰਖਾਈਆ । ਸਾਚਾ ਘਾੜਨ ਹਰਿ ਹਰਿ ਘੜਦਾ, ਏਕੰਕਾਰਾ ਆਪਣੀ ਦਇਆ ਕਮਾਈਆ । ਸਾਚਾ ਖੇਲ ਆਪੇ ਕਰਦਾ, ਆਪਣੀ ਸੇਵਾ ਆਪਣੇ ਹੱਥ ਰਖਾਈਆ । ਆਪਣੀ ਕੁਠਾਲੀ ਆਪੇ ਧਰਦਾ, ਜੋਤ ਅਗਨੀ ਆਪ ਜਗਾਈਆ । ਆਪਣੇ ਪਾਸੇ ਆਪੇ ਢਲਦਾ, ਆਪੇ ਖੇਲ ਕਰੇ ਬੇਪਰਵਾਹੀਆ । ਚਾਰੇ ਮੁਖ ਆਪੇ ਬਣਦਾ, ਆਪੇ ਬਕਤਾ ਹੋਏ ਸੱਚਾ ਸ਼ਹਿਨਸ਼ਾਹੀਆ । ਆਪੇ ਪੰਚਮ ਮੁਖ ਉਪਰ ਰਖਾਏ ਹਰੀ ਹਰਿ ਦਾ, ਹਰਿ ਕਾ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਾਜ ਦਏ ਵਡਿਆਈਆ । ਸਾਚਾ ਤਾਜ ਚਾਰ ਮੁਖ, ਨਰ ਨਰਾਇਣ ਆਪ ਘੜਾਇਆ । ਪੰਚਮ ਰੂਪ ਆਪੇ ਚੁੱਕ, ਆਪ ਆਪਣੇ ਹੱਥ ਟਿਕਾਇਆ । ਆਪੇ ਨਿਮਸਕਾਰ ਕਰੇ ਨਿਉਂ ਨਿਉਂ ਝੁਕ, ਆਪੇ ਸਜਦਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਖੇਲ ਖਿਲਾਇਆ । ਚਾਰੇ ਮੁਖ ਹਰਿ ਹੁਲਾਰਾ, ਹਰਿ

ਸਾਚਾ ਆਪ ਦਵਾਈਆ । ਵਿਸ਼ਨੂੰ ਕਰੇ ਸਚ ਪਿਆਰਾ, ਵਿਸ਼ਨੂੰ ਰੂਪ ਆਪ ਪਰਗਟਾਈਆ । ਆਪੇ ਖੋਲ੍ਹੇ ਬ੍ਰਹਮ ਕਿਵਾੜਾ, ਪਾਰਬ੍ਰਹਮ ਵੱਡੀ ਵਡਿਆਈਆ । ਚਾਰੇ ਮੁਖ ਇਕ ਸਹਾਰਾ, ਨਿਸ਼ਅੱਖਰ ਕਰੇ ਪੜ੍ਹਾਈਆ । ਚਾਰੇ ਵੇਦਾਂ ਬਣ ਲਿਖਾਰਾ, ਚਾਰੇ ਜੁਗ ਵੰਡ ਵੰਡਾਈਆ । ਚਾਰੇ ਖਾਣੀ ਕਰ ਪਸਾਰਾ, ਉਤਭੁਜ ਸੇਤਜ ਜੇਰਜ ਅੰਡ ਨਾਲ ਰਲਾਈਆ । ਚਾਰੇ ਬਾਣੀ ਬੋਲ ਜੈਕਾਰਾ, ਉਚੀ ਕੂਕ ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਵਰਨਾਂ ਦਏ ਹੁਲਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਆਪੇ ਵਸੇ ਸਭ ਤੋਂ ਬਾਹਰਾ, ਆਪੇ ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਈਆ । ਵਿਸ਼ਨ ਵਿਸ਼ਵ ਧਾਰ, ਹਰਿ ਹਰਿ ਸਮਝਾਇੰਦਾ । ਬ੍ਰਹਮੇ ਕਰ ਪਿਆਰ, ਪਾਰਬ੍ਰਹਮ ਮੇਲ ਮਿਲਾਇੰਦਾ । ਸ਼ੰਕਰ ਕਰ ਸ਼ੰਗਾਰ, ਤਨ ਸੁਹਾਇੰਦਾ । ਦੋਹਾਂ ਵਿਚੋਲਾ ਮੀਤ ਮੁਰਾਰ, ਵੇਖ ਵਖਾਇੰਦਾ । ਵਿਸ਼ਨੂੰ ਸਚ ਭੰਡਾਰ, ਰਿਜ਼ਕ ਸਭਾਇੰਦਾ । ਬ੍ਰਹਮਾ ਲੱਖ ਚੁਰਾਸੀ ਕਰ ਪਸਾਰ, ਬ੍ਰਹਮ ਜੋਤ ਸਰਬ ਟਿਕਾਇੰਦਾ । ਸ਼ੰਕਰ ਅੰਤਮ ਦਏ ਸੰਘਾਰ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ ਵਿਚੋਲਾ ਆਪ ਨਿਰੰਕਾਰ, ਸਚਖੰਡ ਸੋਭਾ ਪਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਸੁਤ ਦੁਲਾਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵਿਚੋਲਾ ਆਪੇ ਬਣ, ਆਪੇ ਜਨਨੀ ਜਨ ਜਣੇ ਜਨ, ਜਨ ਜਣੇਂਦੀ ਆਪ ਹੋ ਜਾਇੰਦਾ । ਆਪੇ ਜਨ ਜਣੇਂਦੀ ਮਾਈ, ਆਪਣੀ ਬਣਤ ਆਪ ਬਣਾਇੰਦਾ । ਆਪੇ ਤ੍ਰੈਗੁਣ ਰਿਹਾ ਉਪਾਈ, ਰਜੋ ਤਮੋ ਸਤੋ ਵੇਖ ਵਖਾਇੰਦਾ । ਆਪੇ ਵਿਸ਼ਨੂੰ ਰਿਹਾ ਉਠਾਈ, ਨੇਤਰ ਨੈਣ ਇਕ ਖੁਲ੍ਹਾਇੰਦਾ । ਆਪੇ ਬ੍ਰਹਮੇ ਕਰੇ ਪੜ੍ਹਾਈ, ਚਾਰੇ ਵੇਦ ਆਪ ਸੁਣਾਇੰਦਾ । ਆਪੇ ਸ਼ੰਕਰ ਸੇਵ ਲਗਾਈ, ਹੱਥ ਤ੍ਰਿਸ਼ੂਲ ਵਖਾਇੰਦਾ । ਆਪੇ ਚਲੇ ਆਪਣੀ ਰਜ਼ਾਈ, ਆਪੇ ਆਪਣਾ ਹੁਕਮ ਵਰਤਾਇੰਦਾ । ਆਪੇ ਸ਼ਬਦ ਕਰੇ ਕੁੜਮਾਈ, ਗੀਤ ਸੁਹਾਗੀ ਆਪੇ ਗਾਇੰਦਾ । ਆਪੇ ਵਿਸ਼ਨੂੰ ਸਾਂਗੋ ਪਾਂਗ ਸੇਜ ਰਿਹਾ ਸੁਹਾਈ, ਕਵਲ ਨੈਣ ਆਪ ਮਟਕਾਇੰਦਾ । ਆਪੇ ਬ੍ਰਹਮੇ ਪਾਰਬ੍ਰਹਮ ਬ੍ਰਹਮ ਵੰਡ ਵੰਡਾਈ, ਲੱਖ ਚੁਰਾਸੀ ਡੇਰਾ ਲਾਇੰਦਾ । ਆਪੇ ਸ਼ੰਕਰ ਬਾਸ਼ਕ ਤਸ਼ਕਾ ਗਲ ਹੰਢਾਈ, ਕੰਠ ਮਾਲਾ ਸੋਭਾ ਪਾਇੰਦਾ । ਆਪੇ ਵਸੇ ਆਪਣੀ ਥਾਈਂ, ਥਾਨ ਥਨੰਤਰ ਆਪ ਸੁਹਾਇੰਦਾ । ਆਪੇ ਬਣੇ ਸਾਚੀ ਮਾਈ, ਤਿੰਨ ਚੇਲੇ ਆਪਣੀ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕੰਕਾਰ, ਆਦਿ ਜੁਗਾਦੀ ਖੇਲ ਅਪਾਰ, ਸਚਖੰਡ ਨਿਵਾਸੀ ਹੋ ਤਿਆਰ, ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਿਮੰਡ ਖੰਡ ਸੋਭਾ ਪਾਇੰਦਾ । ਸਚਖੰਡ ਸੁਹਾਵਣਹਾਰਾ, ਸਚਖੰਡ ਦਵਾਰਾ ਵੇਖ ਵਖਾਈਆ । ਰਵ ਸਸ ਕਰ ਉਜਿਆਰਾ, ਨਿਰਗੁਣ ਨੂਰ ਨੂਰ ਕਰੇ ਰੁਸ਼ਨਾਈਆ । ਮੰਡਲ ਮੰਡਪ ਦਏ ਸਹਾਰਾ, ਆਪ ਆਪਣਾ ਬੰਧਨ ਪਾਈਆ । ਆਪਣਾ ਵਰਤੇ ਆਪ ਵਰਤਾਰਾ, ਆਪਣੀ ਵਾਰਤਾ ਆਪ ਸੁਣਾਈਆ । ਆਪੇ ਸ਼ਬਦ ਬੋਲ ਜੈਕਾਰਾ, ਬੋਧ ਅਗਾਧ ਕਰੇ ਪੜ੍ਹਾਈਆ । ਨਿਰਗੁਣ ਰੂਪ ਨਿਰਾਕਾਰਾ, ਨਿਰਵੈਰ ਆਪਣੀ ਰਚਨਾ ਆਪ ਰਚਾਈਆ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਜਾਣੇ ਨਾ ਕੋਈ ਛਾਹੀਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਸਾਚੇ ਘਰ ਖੇਲ ਅਪਾਰਾ, ਸ਼ਾਹ ਪਾਤਸ਼ਾਹ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਵਖਾਈਆ । ਸ਼ਬਦ ਭੰਡਾਰੀ ਆਪ ਹਰਿ, ਮਹਿਮਾ ਅਕਥ ਕਥੀ ਨਾ ਜਾਈਆ । ਸ਼ਬਦ ਸੰਸਾਰੀ ਆਪ ਹਰਿ, ਆਪਣਾ ਰਥ ਆਪ


੧੦੧੦

ਚਲਾਈਆ । ਸ਼ਬਦ ਸ਼ੰਘਾਰੀ ਆਪ ਹਰਿ, ਥਿਰ ਕੋਈ ਰਹਿਣ ਨਾ ਪਾਈਆ । ਤਿੰਨਾਂ ਪੁਜਾਰੀ ਆਪ ਹਰਿ, ਇਸ਼ਟ ਦੇਵ ਆਪ ਅਖਵਾਈਆ । ਤਿੰਨਾਂ ਸਿਕਦਾਰੀ ਆਪ ਹਰਿ, ਸਾਚਾ ਰਾਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਾਚਾ ਦਰ, ਦਰ ਦਵਾਰ ਵੱਜੇ ਵਧਾਈਆ । ਵੱਜੇ ਵਧਾਈ ਸਚਖੰਡ, ਹਰਿ ਸਾਚਾ ਸਗਨ ਮਨਾਇੰਦਾ । ਰਚਨ ਰਚਾਏ ਪੁਰੀ ਲੋਆਂ ਬ੍ਰਹਿਮੰਡ, ਸੁਤ ਦੁਲਾਰਾ ਸੇਵ ਕਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਗਾਇਆ ਅੰਗ, ਸੂਰਾ ਸਰਬੰਗ ਦਇਆ ਕਮਾਇੰਦਾ । ਨਾਦ ਧੁਨ ਵਜਾਇਆ ਮਰਦੰਗ, ਧੁਰ ਦੀ ਬਾਣੀ ਸ਼ਬਦ ਸੁਣਾਇੰਦਾ । ਪਰਕਾਸ਼ ਕਰਾਇਆ ਸੂਰਜ ਚੰਦ, ਮੰਡਲ ਮੰਡਪ ਆਪ ਸੁਹਾਇੰਦਾ । ਤ੍ਰੈਗੁਣ ਮਾਇਆ ਵੰਡਣ ਵੰਡ, ਤਿੰਨਾਂ ਝੋਲੀ ਪਾਇੰਦਾ । ਨਿਰਗੁਣ ਨਿਰਵੈਰ ਸੁਣਾਏ ਸੁਹਾਗੀ ਛੰਦ, ਆਪਣਾ ਪਰਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਖੁਲ੍ਹਾਇੰਦਾ । ਆਦਿ ਪੁਰਖ ਹਰਿ ਭੇਵ ਖੁਲ੍ਹਾਏ, ਆਪਣਾ ਪਰਦਾ ਆਪ ਚੁਕਾਈਆ । ਜੋਤੀ ਜੋਤ ਜੋਤ ਰੁਸ਼ਨਾਏ, ਆਪਣੀ ਧਾਰਾ ਧਾਰ ਵਹਾਏ, ਸ਼ਬਦੀ ਸ਼ਬਦ ਦਏ ਵਡਿਆਈਆ । ਸ਼ਬਦੀ ਸ਼ਬਦ ਹੁਕਮ ਜਣਾਏ, ਧੁਰ ਫ਼ਰਮਾਣਾ ਬੇਪਰਵਾਹੀਆ । ਧੁਰ ਦਾ ਰਾਣਾ ਖੇਲ ਖਿਲਾਏ, ਅਕਲ ਕਲ ਆਪ ਵਰਤਾਈਆ । ਆਪਣੀ ਕਲ ਆਪ ਧਰਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣਾ ਰੰਗ ਰੰਗਾਈਆ । ਆਦਿ ਆਦਿ ਹਰਿ ਭਗਵਾਨਾ, ਆਪਣੀ ਖੇਲ ਖਿਲਾਇੰਦਾ । ਸਚਖੰਡ ਸੁਹਾਏ ਸਚ ਮਕਾਨਾ, ਥਿਰ ਘਰ ਸਾਚੇ ਆਸਣ ਲਾਇੰਦਾ । ਨਾਦ ਅਨਾਦੀ ਧੁਰ ਤਰਾਨਾ, ਤੁਰੀਆ ਰਾਗ ਆਪ ਸੁਣਾਇੰਦਾ । ਸ਼ਬਦ ਸਰੂਪੀ ਵਡ ਬਲਵਾਨਾ, ਆਪਣਾ ਬਲ ਆਪ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨਾ, ਅਪਣੀ ਸੇਵਾ ਆਪ ਕਮਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਨਾ, ਸਾਚੀ ਝੋਲੀ ਆਪ ਭਰਾਇੰਦਾ । ਇਕ ਅਕੱਲਾ ਖੇਲੇ ਖੇਲ ਦੋ ਜਹਾਨਾ, ਆਪ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੰਧਨ ਆਪੇ ਪਾਇੰਦਾ । ਬੰਧਨ ਪਾਏ ਨਾਮ ਕਰਤਾਰ, ਨਾ ਕੋਈ ਤੋੜੇ ਤੋੜ ਤੁੜਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਿਆ ਖ਼ਬਰਦਾਰ, ਆਲਸ ਨਿੰਦਰਾ ਨਾ ਕੋਈ ਰਖਾਈਆ । ਏਕਾ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਤ੍ਰੈਗੁਣ ਮਾਇਆ ਹਰਿ ਕਾ ਤਤ ਵਰਤਾਰ, ਤ੍ਰੈ ਤ੍ਰੈ ਮੇਲਾ ਸਹਿਜ ਸਬਾਈਆ । ਲੱਖ ਚੁਰਾਸੀ ਕਰ ਤਿਆਰ, ਘੜ ਭਾਂਡੇ ਵੇਖ ਵਖਾਈਆ । ਪੰਜ ਤਤ ਤਤ ਪਸਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੀ ਗੋਦ ਸੁਹਾਈਆ । ਵਿਸ਼ਨੂੰ ਤੇਰੀ ਸੇਵਾ ਅਪਾਰ, ਘਰ ਘਰ ਦੇਣਾ ਰਿਜ਼ਕ ਸਬਾਈਆ । ਬ੍ਰਹਮੇ ਤੇਰਾ ਰੂਪ ਨਿਰਾਕਾਰ, ਬ੍ਰਹਮ ਆਪਣਾ ਰੂਪ ਪਰਗਟਾਈਆ । ਸ਼ੰਕਰ ਅੰਤਮ ਲੈਣਾ ਸੰਘਾਰ, ਥਿਰ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਏਕਾ ਤਤ ਰਿਹਾ ਸਮਝਾਈਆ । ਤਿੰਨਾਂ ਕਰੀ ਇਕ ਸਲਾਹ, ਪ੍ਰਭ ਅੱਗੇ ਸੀਸ ਝੁਕਾਇਆ । ਤੂੰ ਸਾਹਿਬ ਸੁਲਤਾਨ ਬਣਨਾ ਸਚ ਮਲਾਹ, ਬੇੜਾ ਤੇਰੇ ਹੱਥ ਰਖਾਇਆ । ਤੂੰ ਪਿਤਾ ਤੂੰ ਮਾਂ, ਹਉਂ ਬਾਲਕ ਹਰਿ ਰਘੁਰਾਇਆ । ਹੋਏ ਸਹਾਈ ਸਬਨੀ ਥਾਂ, ਸਿਰ ਆਪਣਾ ਹੱਥ ਟਿਕਾਇਆ । ਲੱਖ ਚੁਰਾਸੀ ਬਣਤ ਲਏ ਬਣਾ, ਘੜ ਭਾਂਡੇ ਦਏ ਵਖਾਇਆ । ਕਵਣ ਵਸਤ ਆਪਣੇ ਅੰਦਰ ਦਏ ਟਿਕਾ, ਪੰਜ ਤਤ ਖੇੜਾ ਆਪ ਸੁਹਾਇਆ । ਨਿਰਗੁਣ ਨਿਰਗੁਣ ਰਿਹਾ ਸਮਝਾ, ਆਪ ਆਪਣਾ ਮੇਲ ਮਿਲਾਇਆ । ਜੀਵ ਆਤਮ ਆਪਣਾ ਨਾਉਂ ਰਖਾ, ਪਰਮ ਆਤਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਦਿ ਆਦਿ ਆਪਣੀ ਧਾਰ ਆਪ ਵਖਾਇਆ । ਲੱਖ ਚੁਰਾਸੀ ਭਾਂਡਾ ਘੜਨਾ, ਤੇਰੀ ਮਹਿਮਾ ਗਣਤ ਗਣੀ ਨਾ ਜਾਈਆ । ਨਿਰਗੁਣ ਹੋ ਕੇ ਅੰਦਰ ਵੜਨਾ, ਸਰਗੁਣ ਸਾਚਾ ਵੇਖ ਵਖਾਈਆ । ਆਪਣੇ ਦਵਾਰੇ ਆਪੇ ਚੜ੍ਹਨਾ, ਆਪਣਾ ਪੌੜਾ ਆਪੇ ਲਾਈਆ । ਆਪੇ ਮੰਦਰ ਆਪੇ ਖੜਨਾ, ਆਪਣਾ ਰੂਪ ਆਪ ਪਰਗਟਾਈਆ । ਨਾ ਕੋਈ ਸੀਸ ਨਾ ਕੋਈ ਧੜਨਾ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਆਪਣਾ ਖੇਲ ਆਪੇ ਕਰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪ ਜਣਾਈਆ । ਬ੍ਰਹਮਾ ਵਿਸ਼ਨ ਸ਼ਿਵ ਦੋਏ ਜੋੜ ਕਰਨ ਪਰਨਾਮ, ਪ੍ਰਭ ਤੇਰੀ ਵਡ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਤੇਰਾ ਉਪਜੇ ਨਾਮ, ਤੇਰੇ ਨਾਮ ਵੱਜੇ ਵਧਾਈਆ । ਲੋਕਮਾਤ ਰਚਿਆ ਤੇਰਾ ਗਰਾਮ, ਜਗਤ ਖੇੜਾ ਆਪ ਸੁਹਾਈਆ । ਆਪਣਾ ਪੂਰਾ ਕਰੇ ਆਪੇ ਕਾਮ, ਅਭੁੱਲ ਦਾਤਾ ਇਕ ਬੇਪਰਵਾਹੀਆ । ਵਕਤ ਸੁਹੰਣਾ ਦਿਵਸ ਰੈਣ ਸ਼ਾਮ, ਘੜੀ ਪਲ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣੀ ਖੇਲ ਖਿਲਾਈਆ । ਆਦਿ ਆਦਿ ਤੇਰਾ ਖੇਲ ਖਿਲਾਉਣਾ, ਲੱਖ ਚੁਰਾਸੀ ਰਚਨ ਰਚਾਈਆ । ਕਵਣ ਵੇਲਾ ਕਵਣ ਵਕਤ ਹਰਿ ਮੇਲ ਮਿਲੌਣਾ, ਬ੍ਰਹਮਾ ਵਿਸ਼ਨ ਸ਼ਿਵ ਰਹੇ ਸੁਣਾਈਆ । ਤੇਰਾ ਵਿਛੋੜਾ ਸਦਾ ਨਾ ਭੌਣਾ, ਤੇਰੇ ਭਾਣੇ ਸਦ ਸਮਾਈਆ । ਕਵਣ ਰੂਪ ਹਰਿ ਨਜ਼ਰੀ ਔਣਾ, ਸਵਛ ਸਰੂਪ ਰੂਪ ਪਰਗਟਾਈਆ । ਕਵਣ ਧਾਮ ਮਾਤ ਸਹੌਣਾ, ਤਿੰਨਾਂ ਲੇਖਾ ਦਏ ਮੁਕਾਈਆ । ਕਵਣ ਸੇਜੇ ਆਪ ਸੁਔਣਾ, ਫੂਲਨ ਬਰਖਾ ਏਕਾ ਲਾਈਆ । ਕਵਣ ਖੇੜਾ ਗਰਾਮ

੧੦੧੨ ਵਸੌਣਾ, ਕਵਣ ਨਗਰ ਦੇਵੇ ਢਾਈਆ । ਕਵਣ ਜਗ ਜੋਤ ਜਗੌਣਾ, ਕਵਣ ਚੌਕੜੀ ਦਏ ਭਵਾਈਆ । ਕਵਣ ਲੋਕ ਵੇਸ ਵਟੌਣਾ, ਚੌਦਾਂ ਲੋਕ ੧੦੧੨

ਕਵਣ ਰੁਸ਼ਨਾਈਆ । ਕਵਣ ਰੰਗ ਵਿਸ਼ਨ ਆਪ ਰੰਗੌਣਾ, ਸ੍ਰੀ ਭਗਵਾਨ ਮੇਲ ਮਿਲਾਈਆ । ਕਵਣ ਰੂਪ ਬ੍ਰਹਮੇ ਪੰਧ ਮਕੌਣਾ, ਜੁਗ ਚੌਕੜੀ ਖੇਲ ਖਿਲਾਈਆ । ਕਵਣ ਰੂਪ ਸ਼ੰਕਰ ਜੋਤ ਮਲੌਣਾ, ਅੰਤਮ ਲੇਖਾ ਦਏ ਮੁਕਾਈਆ । ਕਵਣ ਰੂਪ ਸੁਰਪਤ ਤਖ਼ਤੋਂ ਲੌਹਣਾ, ਕਵਣ ਰੂਪ ਕ੍ਰੋੜ ਤੇਤੀਸਾ ਮਾਣ ਦੇਣ ਗਵਾਈਆ । ਕਵਣ ਰੂਪ ਗਣ ਗੰਧਰਬ ਕਿਨਰ ਯਛਪ ਵਕਤ ਸੁਹੌਣਾ, ਰਾਗ ਨਾਦ ਨਾ ਕੋਈ ਸੁਣਾਈਆ । ਕਵਣ ਰੂਪ ਸ੍ਰਿਸ਼ਟ ਹਰਿ ਫੇਰਾ ਪੌਣਾ, ਲੱਖ ਚੁਰਾਸੀ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਹੁਕਮ ਜਣਾਇਆ, ਭੁੱਲ ਰਹੇ ਨਾ ਰਾਈਆ । ਨਿਰਗੁਣ ਆਪਣਾ ਖੇਲ ਖਿਲਾਇਆ, ਸਰਗੁਣ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵੰਡ ਵੰਡਾਇਆ, ਇਕ ਅਕੱਲਾ ਬੇਪਰਵਾਹੀਆ । ਬ੍ਰਹਿਮੰਡ ਖੰਡ ਗਗਨ ਪਤਾਲ ਰਿਹਾ ਸੁਹਾਇਆ, ਧਰਤ ਧਵਲ ਸਮੁੰਦ ਸਾਗਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਲੇਖਾ ਰਿਹਾ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸਮਝਾਏ, ਆਪਣੀ ਦਇਆ ਕਮਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਸੇਵਾ ਲਾਏ, ਮਨਵੰਤਰ ਜਗਤ ਵੰਡ ਵੰਡਾਇੰਦਾ । ਗੁਰ ਪੀਰ ਅਵਤਾਰ ਆਪਣਾ ਰੂਪ ਵਟਾਏ, ਨਿਰਗੁਣ ਸਰਗੁਣ ਜੋਤ ਜਗਾਇੰਦਾ । ਭਗਤਨ ਭਗਤੀ ਮਾਰਗ ਲਾਏ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸੰਤਨ ਸਾਚੀ ਸੇਜ ਹੰਢਾਏ, ਨਾਰੀ ਕੰਤ ਵੇਖ ਵਖਾਇੰਦਾ । ਗੁਰਮੁਖ ਚੋਲੀ ਰੰਗ ਰੰਗਾਏ, ਰੰਗ ਚਲੂਲ ਇਕ ਰੰਗਾਈਆ । ਗੁਰਮੁਖ ਸਾਜਣ ਲਏ ਮਿਲਾਏ, ਲੱਖ ਚੁਰਾਸੀ ਫੰਦ ਕਟਾਇੰਦਾ । ਨੌ ਦਰਵਾਜੇ ਖੋਜ ਖੁਜਾਏ, ਜਗਤ ਵਾਸਨਾ ਬੰਦ ਕਰਾਇੰਦਾ । ਨੌ ਖੰਡ ੍ਰਿਥਮੀ ਫੇਰਾ ਪਾਏ,

ਨੌ ਨੌ ਆਪਣਾ ਰੰਗ ਰੰਗਾਇੰਦਾ । ਚਾਰ ਜੁਗ ਵੇਸ ਵਟਾਏ, ਚਾਰ ਚੌਕੜ ਮੇਲ ਮਿਲਾਇੰਦਾ । ਏਕਾ ਛੀਕਾ ਜੋੜ ਜੁੜਾਏ, ਚਾਰ ਵੇਦ ਛੇ ਸ਼ਾਸਤਰ ਫੋਲ ਫੁਲਾਇੰਦਾ । ਪੁਰਾਨ ਅਠਾਰਾਂ ਆਪੇ ਗਾਏ, ਆਪਣੀ ਸੇਵਾ ਆਪ ਕਮਾਇੰਦਾ । ਗੀਤਾ ਗਿਆਨ ਆਪ ਦ੍ਰਿੜਾਏ, ਆਪਣੀ ਮਹਿਮਾ ਆਪ ਸੁਣਾਇੰਦਾ । ਅੰਜੀਲ ਕੁਰਾਨਾ ਆਪ ਲਿਖਾਏ, ਬਾਈਬਲ ਆਪਣੀ ਮਤ ਰਖਾਇੰਦਾ । ਖਾਣੀ ਬਾਣੀ ਆਪ ਪੜ੍ਹਾਏ, ਚਾਰੇ ਵਰਨਾਂ ਵੇਖ ਵਖਾਇੰਦਾ । ਨਿਰਗੁਣ ਸਰਗੁਣ ਕਰ ਰੁਸ਼ਨਾਏ, ਸਤਿਜੁਗ ਤ੍ਰੇਤਾ ਦੁਆਪਰ ਫੇਰੀ ਪਾਇੰਦਾ । ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੇ, ਸੀਸ ਆਪਣੇ ਤਾਜ ਰਖਾਇੰਦਾ । ਸੱਤ ਰੰਗ ਨਿਸ਼ਾਨਾ ਇਕ ਝੁਲਾਏ, ਸੱਤਾਂ ਦੀਪਾਂ ਆਪ ਉਠਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਆਪ ਦਵਾਏ, ਚਵੀਆਂ ਅਵਤਾਰ ਸੇਵ ਕਮਾਇੰਦਾ । ਦਸ ਦਸ ਗੁਰ ਮੇਲ ਮਿਲਾਏ, ਏਕਾ ਜੋਤੀ ਜੋਤ ਡਗਮਗਾਇੰਦਾ । ਮੁਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਆਪ ਹੋ ਜਾਏ, ਸੰਗ ਮੁਹੰਮਦ ਚਾਰ ਯਾਰ ਵੇਖ ਵਖਾਇੰਦਾ । ਈਸਾ ਮੂਸਾ ਕਾਲਾ ਸੂਸਾ ਆਪ ਰੰਗਾਏ, ਏਕਾ ਅਲਫ਼ੀ ਆਪ ਹੰਢਾਇੰਦਾ । ਸਚ ਹਦੀਸਾ ਆਪ ਪੜ੍ਹਾਏ, ਸ਼ਰਅ ਸ਼ਰੀਯਤ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਆਪ ਸਮਝਾਇੰਦਾ । ਹਰਿ ਸਮਝਾਉਂਦਾ ਹਰਿ ਨਿਰੰਕਾਰ, ਭੇਵ ਰਹੇ ਨਾ ਰਾਈਆ । ਜੁਗਾਂ ਜੁਗੰਤਰ ਹਰਿ ਅਵਤਾਰ, ਜੁਗ ਚੌਕੜੀ ਖੇਲ ਖਿਲਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਅਗੰਮ ਅਗੰਮੜਾ ਭੇਵ ਨਾ ਰਾਈਆ । ਹੱਡ ਮਾਸ ਨਾੜੀ ਚਮੜੇ ਵਸੇ ਬਾਹਰ, ਮਨ ਮਤ ਬੁਧ ਨਾ ਕੋਇ ਧਰਾਈਆ । ਬ੍ਰਹਮ ਬ੍ਰਹਮ ਬ੍ਰਹਮ ਦਏ ਅਧਾਰ, ਪਾਰਬ੍ਰਹਮ ਆਪਣੇ ਅੰਗ ਲਗਾਈਆ । ਵਿਸ਼ਨੂੰ ਤੇਰਾ ਵਿਸ਼ਵ ਭੰਡਾਰ, ਨੌ ਖੰਡ ਪ੍ਰਿਥਮੀ ਆਪ ਵਰਤਾਈਆ । ਆਪੇ ਤੇਰਾ ਬ੍ਰਹਮ ਪਸਾਰ, ਲੱਖ ਚੁਰਾਸੀ ਵੇਖੇ ਜਗਤ ਲੋਕਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਜਲਵਾ ਨੂਰ ਨੂਰ ਅਲਾਹੀਆ । ਮੁਕਾਮੇ ਹੱਕ ਸਾਂਝਾ ਯਾਰ, ਸ਼ਾਹ ਨਵਾਬ ਬੈਠਾ ਤਖ਼ਤ ਸੁਹਾਈਆ । ਐਨਲਹਕ ਲਾਏ ਨਾਅਰ, ਹੱਕ ਹਕੀਕਤ ਵੇਖ ਵਖਾਈਆ । ਅਹਿਬਾਬ ਰਬਾਬ ਵਜਾਏ ਸਤਾਰ, ਆਪਣਾ ਤਾਰ ਸਤਾਰ ਆਪ ਹਿਲਾਈਆ । ਚੌਦਾਂ ਤਬਕਾਂ ਵਸੇ ਬਾਹਰ, ਆਲਮ ਉਲਮਾ ਭੇਵ ਨਾ ਰਾਈਆ । ਨਾ ਕੋਈ ਕਾਤਬ ਬਣੇ ਲਿਖਾਰ, ਮਕਤਬ ਕਰੇ ਨਾ ਕੋਈ ਪੜ੍ਹਾਈਆ । ਖ਼ਲਕ ਖ਼ੁਦਾਈ ਵੇਖਣਹਾਰ, ਖ਼ਾਲਕ ਆਪਣਾ ਰੂਪ ਵਟਾਈਆ । ਅੱਲਾ ਰਾਣੀ ਵੇਖੇ ਵੇਖਣਹਾਰ, ਆਪਣੀ ਇਛਿਆ ਆਪੇ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਈਆ । ਬ੍ਰਹਮੇ ਸ਼ਿਵ ਰੱਖਣਾ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਵੇਖੇ ਏਕਾ ਕਾਹਨ, ਨਿਰਗੁਣ ਆਪਣਾ ਨੂਰ ਆਪ ਪਰਗਟਾਇੰਦਾ । ਸਰਗੁਣ ਮੇਲਾ ਵਿਚ ਜਹਾਨ, ਪੰਜ ਤਤ ਚੋਲਾ ਆਪ ਹੰਢਾਇੰਦਾ । ਨਾਨਕ ਨਾਮ ਕਰ ਪਰਧਾਨ, ਏਕਾ ਬੂਝ ਬੁਝਾਇੰਦਾ । ਸਚਖੰਡ ਦਵਾਰੇ ਕਰ ਪਰਵਾਨ, ਸਾਚੀ ਵਸਤ ਅਮੋਲਕ ਝੋਲੀ ਪਾਇੰਦਾ । ਨਾਮ ਸਤਿ ਏਕਾ ਦਾਨ, ਚਾਰ ਵਰਨਾਂ ਵੰਡ ਵੰਡਾਇੰਦਾ । ਅਠਸਠ ਤੀਰਥ ਵੇਖੇ ਮਾਰ ਧਿਆਨ, ਆਪਣਾ ਨੇਤਰ ਇਕ ਉਠਾਇੰਦਾ । ਮਾਣ ਤੁੜਾਏ ਰਾਜ ਰਾਜਾਨ, ਸ਼ਾਹ ਸੁਲਤਾਨ ਖ਼ਾਕ ਮਿਲਾਇੰਦਾ । ਏਕਾ ਹੁਕਮ ਧੁਰ ਫ਼ਰਮਾਣ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਕਲਜੁਗ ਕੂੜਾ ਹੋਏ ਪ੍ਰਧਾਨ, ਅੰਧ ਅੰਧੇਰ ਨਾ ਕੋਈ ਮਿਟਾਇੰਦਾ । ਲੱਖ ਚੁਰਾਸੀ ਜੀਵ ਸ਼ੈਤਾਨ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾ ਕੋਈ ਵਖਾਇੰਦਾ । ਆਸਾ ਤ੍ਰਿਸ਼ਨਾ ਪੀਣ ਖਾਣ, ਸਤਿ ਸੰਤੋਖ ਨਾ ਕੋਈ ਜਣਾਇੰਦਾ । ਪੰਡਤ ਪਾਂਧੇ ਖੋਲ੍ਹ ਝੂਠ ਦੁਕਾਨ, ਹਰਿ ਕਾ ਨਾਮ ਸਾਚੇ ਹੱਟ ਨਾ ਕੋਈ ਵਕਾਇੰਦਾ । ਰਸਨਾ ਬਹਿ

ਬਹਿ ਗਾਣ, ਨੇਤਰ ਲੋਚਣ ਦਰਸਨ ਕੋਈ ਨਾ ਪਾਇੰਦਾ । ਚਾਰ ਦਿਵਾਰੀ ਮਸਜਿਦ ਮਠ ਮੰਦਰ ਪੂਜਾ ਕਰਨ ਜੀਵ ਨਿਧਾਨ, ਕਾਇਆ ਮੰਦਰ ਹਰਿ ਜੂ ਹਰਿ ਨਾ ਕੋਈ ਬਹਾਇੰਦਾ । ਪਰਗਟ ਹੋਵੇ ਹਰਿ ਮਿਹਰਵਾਨ, ਨਿਹਕਲੰਕ ਆਪਣਾ ਨਾਉਂ ਧਰਾਇੰਦਾ । ਮਾਤ ਪਿਤ ਨਾ ਕੋਈ ਨਿਸ਼ਾਨ, ਗੋਦੀ ਗੋਦ ਨਾ ਕੋਈ ਸੁਹਾਇੰਦਾ । ਸ਼ਬਦ ਅਗੰਮੀ ਗਾਏ ਗਾਨ, ਲੋਆਂ ਪੁਰੀਆਂ ਫੋਲ ਫੁਲਾਇੰਦਾ । ਵਿਸ਼ਨੂੰ ਤੇਰੀ ਸਾਰ ਪਾਏ ਆਣ, ਬ੍ਰਹਮਾ ਤੇਰਾ ਪੰਧ ਮੁਕਾਇੰਦਾ । ਸ਼ੰਕਰ ਤੇਰਾ ਵੇਖੇ ਥਾਨ, ਆਪ ਆਪਣਾ ਚਰਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਵਸਤ ਇਕ ਵਰਤਾਇੰਦਾ । ਵਿਸ਼ਨ ਸਚ ਧਿਆਨ ਲਗੌਣਾ, ਹਰਿ ਸਾਚਾ ਸਚ ਜਣਾਇੰਦਾ । ਏਕਾ ਜੋਤੀ ਜੋਤ ਜਗੌਣਾ, ਦਸ ਦਸ ਰੂਪ ਵਟਾਇੰਦਾ । ਗੋਬਿੰਦ ਗੁਰ ਗੁਰ ਨਾਉਂ ਰਖਾਉਣਾ, ਸਿੰਘ ਆਪਣਾ ਬਲ ਧਰਾਇੰਦਾ । ਪੁਰਖ ਅਕਾਲ ਇਕ ਮਨੌਣਾ, ਪਿਤਾ ਪੂਤ ਗੋਦ ਸੁਹਾਇੰਦਾ । ਏਕਾ ਖੰਡਾ ਆਪ ਚਮਕੌਣਾ, ਚੰਡ ਪਰਚੰਡ ਆਪ ਚਮਕਾਇੰਦਾ । ਦੋ ਜਹਾਨਾਂ ਵੇਸ ਧਰੌਣਾ, ਧਰਨੀ ਧਵਲ ਚਰਨ ਟਿਕਾਇੰਦਾ । ਅੰਤਮ ਲੇਖਾ ਲੇਖ ਲਿਖੌਣਾ, ਆਪ ਆਪਣਾ ਬੰਦ ਰਖਾਇੰਦਾ । ਸਚ ਸੰਦੇਸ਼ਾ ਇਕ ਸੁਣੌਣਾ, ਲੱਖ ਚੁਰਾਸੀ ਜੀਵ ਜਗਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਮਾਵਾਂ ਪੁਤਰਾਂ ਸੰਗ ਰਖੌਣਾ, ਭੈਣਾ ਭਈਆ ਨਾ ਕੋਈ ਵੇਖ ਵਖਾਇੰਦਾ । ਨਾਰੀ ਕੰਤ ਨਾ ਕਿਸੇ ਹੰਢੌਣਾ, ਵਿਭਚਾਰ ਸਰਬ ਕਮਾਇੰਦਾ । ਸਾਧ ਸੰਤ ਸਾਚੇ ਅੰਦਰ ਬਹਿ ਹਰਿ ਕਾ ਦਰਸ ਕਿਸੇ ਨਾ ਪੌਣਾ, ਨੌ ਦਵਾਰੇ ਸਰਬ ਫਿਰਾਇੰਦਾ । ਉਚੀ ਕਹਿ ਕਹਿ ਜਗਤ ਸਣੌਣਾ, ਰਸਨਾ ਜਿਹਵਾ ਸਰਬ ਹਿਲਾਇੰਦਾ । ਦੇਵੀ ਦੇਵਾ ਦਿਸ ਨਾ ਔਣਾ, ਦੇਵ ਆਤਮਾ ਮੇਲ ਨਾ ਕੋਈ ਮਿਲਾਇੰਦਾ ।



ਅਲੱਖ ਅਭੇਵ ਆਪਣਾ ਵੇਸ ਵਟੌਣਾ, ਰੂਪ ਰੰਗ ਨਾ ਕੋਈ ਜਣਾਇੰਦਾ । ਸਾਚਾ ਖੇੜਾ ਆਪ ਵਸੌਣਾ, ਸੰਬਲ ਏਕਾ ਗਰਾਉਂ ਜਣਾਇੰਦਾ । ਨਿਹਕਲੰਕਾ ਡੰਕ ਵਜੌਣਾ, ਬ੍ਰਹਿਮੰਡਾਂ ਖੰਡਾਂ ਆਪ ਉਠਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਲੌਹਣਾ, ਤਖ਼ਤ ਨਿਵਾਸੀ ਸੀਸ ਆਪਣੇ ਤਾਜ ਟਿਕਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕੌਣਾ, ਵੇਲਾ ਅੰਤਮ ਆਪਣੇ ਹੱਥ ਰਖਾਇੰਦਾ । ਰਾਮਾ ਕ੍ਰਿਸ਼ਨਾ ਮੇਲ ਮਿਲੌਣਾ, ਸੀਤਾ ਸੁਰਤੀ ਆਪ ਪਰਨਾਇੰਦਾ । ਰਾਧਾ ਬੰਸਰੀ ਇਕ ਸਣੌਣਾ, ਗੀਤ ਗੋਬਿੰਦ ਮੁਕੰਦ ਮਨੋਹਰ ਲਖਮੀ ਨਰਾਇਣ ਆਪੇ ਗਾਇੰਦਾ । ਚਾਰ ਵੇਦਾਂ ਆਪ ਜਣੌਣਾ, ਅੱਖਰ ਅੱਖਰ ਆਪ ਸੁਣਾਇੰਦਾ । ਨਾਰਦ ਸੁਰਸਤੀ ਭਾਰ ਲੌਹਣਾ, ਛੱਤੀ ਰਾਗਾਂ ਫੋਲ ਫੁਲਾਇੰਦਾ । ਧੁਰ ਦਾ ਰਾਗ ਇਕ ਸੁਨੌਣਾ ਵੇਦ ਕਤੇਬ ਭੇਵ ਨਾ ਪਾਇੰਦਾ । ਗਾਇਤ੍ਰੀ ਮੰਤਰ ਨਾ ਕਿਸੇ ਦ੍ਰਿੜੌਣਾ, ਬਾਰਾਂ ਅੱਖਰ ਨਾ ਕੋਈ ਵਖਾਇੰਦਾ । ਚਾਰ ਚਾਰ ਨਾ ਪਾਠ ਕਰੌਣਾ, ਚੌਥੇ ਜੁਗ ਪੰਧ ਮੁਕਾਇੰਦਾ । ਨਿਰਗੁਣ ਸਰਗੁਣ ਮੇਲ ਮਿਲੌਣਾ, ਹੰ ਬ੍ਰਹਮ ਪਾਰਬ੍ਰਹਮ ਸਮਾਇੰਦਾ । ਸਤਿਜੁਗ ਸਾਚਾ ਮਾਤ ਧਰੌਣਾ, ਏਕਾ ਮਾਰਗ ਆਪ ਵਖਾਇੰਦਾ । ਚਾਰ ਵਰਨ ਏਕਾ ਰੰਗ ਰੰਗੌਣਾ, ਚਾਰ ਯਾਰੀ ਖ਼ਾਕ ਮਿਲਾਇੰਦਾ । ਪੰਚਮ ਤਾਜ ਪੰਚਮ ਮੁਖ ਪੰਚਮ ਮੀਤਾ ਸੀਸ ਪਹਿਨੌਣਾ, ਪੰਚਮ ਰਾਜ ਜੋਗ ਕਮਾਇੰਦਾ । ਸ਼ਬਦ ਅਨਾਦੀ ਢੋਲਾ ਏਕਾ ਗੌਣਾ, ਕਲਜੁਗ ਚੋਲਾ ਆਪ ਬਦਲਾਇੰਦਾ । ਸਾਚਾ ਤੋਲਾ ਏਕਾ ਧਾਰ ਸਣੌਣਾ, ਤੇਰਾਂ ਆਪਣੀ ਧਾਰ ਚਲਾਇੰਦਾ । ਗੋਬਿੰਦ ਮੇਲਾ ਮੇਲ ਮਿਲੌਣਾ, ਸ਼ਬਦ ਗੁਰ ਇਕ ਅਖਵਾਇੰਦਾ । ਨਿਹਕਲੰਕਾ ਨਾਉਂ ਧਰੌਣਾ, ਨਿਰਵੈਰ ਨਿਰਾਕਾਰ ਆਪਣਾ ਬਲ ਆਪ ਉਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਕੀਤਾ ਕੌਲ ਪੂਰ ਕਰੌਣਾ, ਆਦਿ ਅੰਤ ਹਰਿ ਭਗਵੰਤ, ਜੁਗਾ ਜੁਗੰਤਰ ਆਪੇ ਆਪਣਾ ਪਾਏ ਬੰਧਨ, ਆਪੇ ਤੋੜਨਹਾਰਾ ਤੰਦਨ,

ਆਪਣਾ ਖੇਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਹਰਿ ਸੰਤ ਸਾਚੇ ਲਏ ਫੜ, ਅੰਦਰ ਮੰਦਰ ਡੂੰਘੀ ਕੰਦਰ ਕਾਇਆ ਖੋਜ ਖੁਜਾਇੰਦਾ । ਕਾਇਆ ਅੰਦਰ ਡੂੰਘੀ ਗਾਰ, ਸਤਿਗੁਰ ਪੂਰਾ ਵੇਖ ਵਖਾਈਆ । ਗੁਰ ਗੁਰ ਕਰੇ ਸਚ ਪਿਆਰ, ਹਰਿਜਨ ਵੇਖੇ ਥਾਉਂ ਥਾਈਆ । ਨਾਤਾ ਤੋੜ ਨੌਂ ਦਵਾਰ, ਜਗਤ ਵਾਸਨਾ ਦਏ ਮੁਕਾਈਆ । ਏਕਾ ਬਖ਼ਸ਼ ਚਰਨ ਪਿਆਰ, ਚਰਨ ਚਰਨੋਦਕ ਦਏ ਪਿਆਈਆ । ਸੁਖਮਨ ਕਰੇ ਆਰ ਪਾਰ, ਟੇਢੀ ਬੰਕ ਆਪ ਸੁਹਾਈਆ । ਈੜਾ ਪਿੰਗਲ ਕਰ ਖ਼ਵਾਰ, ਆਪਣੇ ਮਾਰਗ ਆਪੇ ਲਾਈਆ । ਜੋਤ ਨਿਰੰਜਣ ਕਰ ਉਜਿਆਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਸ਼ਬਦ ਸੁਣਾਏ ਸੱਚੀ ਧੁਨਕਾਰ, ਅਨਹਦ ਸਾਚੀ ਸੇਵ ਕਮਾਈਆ । ਪੰਚਮ ਸਖ਼ੀਆਂ ਮੰਗਲਚਾਰ, ਦਿਵਸ ਰੈਣ ਨਾ ਕੋਈ ਵਖਾਈਆ । ਘਰ ਮੰਦਰ ਸੋਹੇ ਬੰਕ ਦਵਾਰ, ਵੱਜਦੀ ਰਹੇ ਵਧਾਈਆ । ਦੂਈ ਦਵੈਤੀ ਪਰਦਾ ਦੇਵੇ ਪਾੜ, ਬਜਰ ਕਪਾਟੀ ਆਪ ਤੁੜਾਈਆ । ਸਾਚੀ ਹਾਟੀ ਵਣਜ ਵਾਪਾਰ, ਆਤਮ ਸੇਜਾ ਵੇਖ ਵਖਾਈਆ । ਦਸਮ ਦਵਾਰੀ ਚਿੱਟੀ ਧਾਰ, ਏਕਾ ਆਪ ਲਏ ਪਰਗਟਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰ ਪਸਾਰ, ਸੂਰਜ ਚੰਨ ਮੁਖ ਸ਼ਰਮਾਈਆ । ਸੁਰਤੀ ਸੁਰਤ ਕਰੇ ਪਿਆਰ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਅਕਾਲ ਮੂਰਤ ਦਏ ਅਧਾਰ, ਜੀਵ ਮੂਰਤ ਵੇਖ ਵਖਾਈਆ । ਈਸ਼ ਜੀਵ ਇਕ ਅਧਾਰ, ਜਗਤ ਜਗਦੀਸ਼ ਵਡ ਵਡਿਆਈਆ । ਗੁਰਮੁਖ ਬਣੇ ਸੋਭਾਵੰਤੀ ਨਾਰ, ਘਰ ਮਿਲਿਆ ਮੇਲ ਪ੍ਰੀਤਮ ਪੀਆ ਸੱਚਾ ਮਾਹੀਆ । ਸਤਿ ਸਤਿ ਕਰਾਏ ਸਚ ਸ਼ੰਗਾਰ, ਨੇਤਰ ਕਜਲਾ ਨਾਮ ਪਾਈਆ । ਬਸਤਰ ਭੂਸ਼ਨ ਕਰ ਤਿਆਰ, ਸ਼ਬਦੀ ਚੋਲੀ ਆਪ ਰੰਗਾਈਆ । ਅਗੰਮੀ ਡੋਲੀ ਕਰ ਤਿਆਰ, ਗੁਰਮੁਖ ਸਾਚੇ ਵਿਚ ਬਹਾਈਆ । ਦਸਮ ਦਆਰੀਉਂ ਕੱਢੇ ਬਾਹਰ, ਧੂਆਂਧਾਰ ਰਹਿਣ ਨਾ ਪਾਈਆ । ਸੁੰਨ ਅਗੰਮੀ ਆਰ ਪਾਰ, ਸਤਿਗੁਰ ਪੂਰਾ ਆਪਣੀ ਗੋਦ ਉਠਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਆਪਣਾ ਮੰਦਰ ਦਏ ਵਖਾਈਆ । ਚੌਥੇ ਪੌੜੇ ਆਪੇ ਚਾੜ੍ਹ, ਚੌਥੇ ਪਦ ਰਿਹਾ ਸਮਾਈਆ । ਤਤਵ ਤਤ ਨਾ ਕੋਈ ਵਿਚਾਰ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਸਾਚੇ ਸੰਤ ਕਰ ਪਿਆਰ, ਸਤਿ ਸਤਿਵਾਦੀ ਸਚਖੰਡ ਦਵਾਰਾ ਆਪ ਖੁਲ੍ਹਾਈਆ । ਅਲੱਖ ਅਲੱਖਣਾ ਬੋਲ ਜੈਕਾਰ, ਆਪਣਾ ਨਾਅਰਾ ਦਏ ਸੁਣਾਈਆ । ਸੋਹੰ ਰੂਪ ਆਪ ਨਿਰੰਕਾਰ, ਨਿਰਗੁਣ ਮੇਲਾ ਏਕਾ ਥਾਈਆ । ਸਚਖੰਡ ਦਵਾਰਿਉਂ ਕੱਢੇ ਬਾਹਰ, ਆਪਣੀ ਉਂਗਲ ਆਪੇ ਲਾਈਆ । ਅਗੰਮ ਅਥਾਹ ਕਰੇ ਖੇਲ ਨਿਆਰ, ਸਾਚਾ ਧਾਮ ਆਪ ਸੁਹਾਈਆ । ਧਾਮ ਅਵੱਲੜਾ ਏਕੰਕਾਰ, ਸਾਚੇ ਤਖ਼ਤ ਬੈਠਾ ਆਸਣ ਲਾਈਆ । ਪੰਚਮ ਮੁਖ ਸੀਸ ਤਾਜ ਦਸਤਾਰ, ਸ਼ਾਹ ਪਾਤਸ਼ਾਹ ਆਪ ਸੁਹਾਈਆ । ਸੰਤ ਕੰਤ ਭਗਵੰਤ ਚਰਨ ਕਵਲ ਕਰੇ ਪਨਹਾਰ, ਸਵਛ ਸਰੂਪ ਅਨਰੰਗ ਰੂਪ ਆਪਣਾ ਦਰਸ ਦਿਖਾਈਆ । ਮਹਾਂਕਾਲ ਨਾ ਦਿਸੇ ਚਾਰੇ ਕੂਟ, ਬੈਠਾ ਮੁਖ ਸ਼ਰਮਾਈਆ । ਜਿਸ ਜਨ ਉਪਰ ਸਾਹਿਬ ਸਤਿਗੁਰ ਸੱਚਾ ਜਾਏ ਤੁਠ, ਜੁਗ ਜੁਗ ਵਿਛੜੇ ਆਪਣਾ ਮੇਲ ਮਿਲਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਪੈਣੀ ਲੁੱਟ, ਨਾ ਸਕੇ ਕੋਈ ਬਚਾਈਆ । ਮਨਮੁਖਾਂ ਭਾਗ ਗਿਆ ਨਿਖੁਟ, ਪੰਖੀ ਪੰਛੀ ਤਰਵਰ ਸਰਵਰ ਰਹੇ ਡੁਲਾਈਆ । ਕਿਸੇ ਨਾ ਪੀਆ ਅੰਮ੍ਰਿਤ ਘੁੱਟ, ਅਠਸਠ ਤੀਰਥ ਰਹੇ ਕੁਰਲਾਈਆ । ਸਾਚੇ ਮੰਦਰ ਨਾ ਚੜ੍ਹਿਆ ਕੋਈ ਚੋਟ, ਮੰਦਰ ਮਸਜਿਦ ਮਠ ਸ਼ਿਵਦਵਾਲੇ ਮੁਲਾ ਸ਼ੇਖ਼ ਪੀਰ ਪੰਡਤ ਪਾਂਧੇ ਰਹੇ ਟੱਲ ਖੜਕਾਈਆ । ਗੋਬਿੰਦ ਸੂਰਾ ਜ਼ਾਹਿਰ ਜ਼ਹੂਰਾ ਸ਼ਬਦ ਨਿਰਾਲਾ ਮਾਰੇ ਤੀਰ, ਏਕਾ ਚਿਲਾ ਹੱਥ ਉਠਾਈਆ । ਤੀਰ ਕਮਾਨਾ ਤੋੜ ਜੰਜੀਰ, ਪੀਰਨ ਪੀਰ ਸ਼ਾਹ ਫਕੀਰ ਵੇਖੇ ਥਾਉਂ

੧੦੧੯

ਬਾਈਆ । ਗੁਰਮੁਖਾਂ ਬਖ਼ਸ਼ੇ ਅੰਮ੍ਰਿਤ ਆਤਮ ਠਾਂਡਾ ਸੀਰ, ਜੋ ਜਨ ਅੰਤਰ ਆਤਮ ਇਕ ਲਿਵ ਲਾਈਆ । ਬੀਸ ਇਕੀਸਾ ਲਏ ਫੜ ਸਿਰ ਆਪਣਾ ਹੱਥ ਟਿਕਾਈਆ । ਲਾੜੀ ਮੌਤ ਘਰ ਘਰ ਜਾ ਜਾ ਲਾਹੇ ਚੀਰ, ਸ੍ਰਿਸ਼ਟ ਸਬਾਈ ਨਗਨ ਫਿਰਾਈਆ । ਨਾਰੀ ਪੁਰਖ ਕੋਈ ਨਾ ਵੰਡੇ ਕਿਸੇ ਦੀ ਪੀੜ, ਦਰ ਦਰ ਘਰ ਘਰ ਕੂਕਣ ਦੇਣ ਦੁਹਾਈਆ । ਰਾਏ ਧਰਮ ਹੱਥ ਫੜ ਜ਼ੰਜ਼ੀਰ, ਦੂਰ ਦੁਰਾਡਾ ਰਾਹ ਤੱਕੇ ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਵੇਖੇ ਝੂਠੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਲਏ ਫੜ, ਸੋਇਆ ਕੋਇ ਰਹਿਣ ਨਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸਾਚੇ ਫੜਨਾ, ਕਲਜੁਗ ਵੇਲਾ ਅੰਤਮ ਆਇਆ । ਆਪਣੇ ਪੌੜੇ ਆਪੇ ਚੜ੍ਹਨਾ, ਚੜ੍ਹਨਹਾਰ ਦਿਸ ਨਾ ਆਇਆ । ਚੌਦਾਂ ਲੋਕ ਤ੍ਰੈਭਵਨ ਅਵਣ ਗਵਣ ਨੌਂ ਸੱਤ ਸ਼ਾਹ ਸੁਲਤਾਨ ਕਿਸੇ ਨਾ ਅੜਨਾ, ਜੋ ਘੜਿਆ ਭੰਨ ਵਖਾਈਆ । ਕਲਜੁਗ ਫਲ ਅੰਤਮ ਝੜਨਾ, ਕਲਜੁਗ ਅੰਧੇਰ ਰਿਹਾ ਝੁਲਾਈਆ । ਮਾਇਆ ਮਮਤਾ ਹਉਮੇ ਹੰਗਤਾ ਸ਼ੌਹ ਦਰਯਾਏ ਹੜਨਾ, ਸਾਚਾ ਹੜ ਇਕ ਵਖਾਈਆ । ਤ੍ਰੈਗੁਣ ਮਾਇਆ ਤੇਰੀ ਅਗਨੀ ਪੰਜ ਤਤ ਜੀਵ ਜੰਤ ਸੜਨਾ, ਸਾਂਤਕ ਸਤਿ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਈਆ । ਬ੍ਰਹਮੇ ਵਿਸ਼ਨ ਸ਼ਿਵ ਉਠਨਾ ਜਾਗ, ਹਰਿ ਸਾਚਾ ਸਚ ਸੁਣਾਇੰਦਾ । ਲੱਖ ਚੁਰਾਸੀ ਹੋਈ ਕਾਗ, ਹੰਸ ਰੂਪ ਨਾ ਕੋਈ ਵਟਾਇੰਦਾ । ਸਾਧ ਸੰਤਾਂ ਲੱਗਾ ਦਾਗ, ਦੁਰਮਤ ਮੈਲ ਨਾ ਕੋਈ ਧੁਆਇੰਦਾ । ਦੀਪਕ ਜੋਤ ਨਾ ਜਗੇ ਕੋਈ ਚਿਰਾਗ, ਘੁਪ ਅੰਧੇਰਾ ਛਾਇੰਦਾ । ਮਾਇਆ ਡਸਨੀ ਡੱਸੇ ਨਾਗ, ਗੁਰ ਪੀਰ ਨਾ ਕੋਈ ਮਨਾਇੰਦਾ । ਨਾ ਕੋਈ ਸੱਜਣ ਨਾ ਕੋਈ ਸਾਕ, ਭੈਣ ਭਾਈ ਨਾ ਕੋਈ ਅਖਵਾਇੰਦਾ । ਧੀਆਂ ਭੈਣਾਂ ਰਹੇ ਤਾਕ, ਗੁਰ ਦਰ ਮੰਦਰ ਮਸਜਿਦ ਸਰਬ ਕੁਰਲਾਇੰਦਾ । ਅਠਸਠ ਤੀਰਥ ਰਿਹਾ ਨਾ ਪਾਕ, ਨਾਰੀ ਪੁਰਸ਼ ਨੰਗਾਂ ਤਾਰੀਆਂ ਲਾਇੰਦਾ । ਗ਼ਰੀਬ ਨਿਮਾਣੇ ਰੁਲੇ ਖ਼ਾਕ, ਫੜ ਬਾਂਹੋ ਗਲੇ ਨਾ ਕੋਈ ਲਗਾਇੰਦਾ । ਪਰਗਟ ਹੋਏ ਪਾਰਬ੍ਰਹਮ ਅਬਿਨਾਸ਼ੀ ਕਰਤਾ ਗੋਬਿੰਦ ਤੇਰਾ ਪੂਰਾ ਕਰੇ ਭਵਿਖਤ ਵਾਕ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਕਿਸੇ ਹੱਥ ਨਾ ਆਏ ਵਰਨ ਜ਼ਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਉਚੇ ਟਿੱਲੇ ਚੜ੍ਹ ਚੜ੍ਹ ਸਰਬ ਕੁਰਲਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚਰਨ ਧੂੜ ਮੰਗੇ ਖ਼ਾਕ, ਪੁਰਖ ਅਬਿਨਾਸ਼ੀ ਏਕਾ ਧੂੜ ਨਾ ਮਸਤਕ ਲਾਇੰਦਾ । ਤ੍ਰੈਗੁਣ ਅਗਨੀ ਲੱਗੀ ਆਗ, ਮਿਲੇ ਮਜਨ ਨਾ ਸਾਚਾ ਮਾਘ, ਆਤਮ ਉਪਜੇ ਨਾ ਇਕ ਵੈਰਾਗ, ਮਨ ਬਾਂਧ ਨਾ ਕੋਈ ਵਖਾਇੰਦਾ । ਗੁਰਮੁਖ ਵਿਰਲੇ ਮੇਲਾ ਹਰਿ ਹਰਿ ਕੰਤ ਸੁਹਾਗ, ਦਿਵਸ ਰੈਣ ਦੀਆ ਬਾਤੀ ਇਕ ਜਗਾਏ ਚਰਾਗ, ਆਪਣਾ ਮੰਦਰ ਸੋਭਾਵੰਤ ਆਪ ਸੁਹਾਏ ਸਾਚਾ ਕੰਤ, ਲੇਖਾ ਜਾਣੇ ਜੁਗ ਜੁਗ ਸੰਤ, ਭਗਤ ਭਗਵੰਤ ਆਪਣੇ ਲੇਖੇ ਪਾਇੰਦਾ ।

### ✻ ੧੫ ਭਾਦਰੋਂ ੨੦੧੭ ਬਿਕ੍ਰਮੀ ਧਰਮ ਸਿੰਘ ਦੇ ਗ੍ਰਿਹ ਪਿੰਡ ਪਿਪਲੀ ਜ਼ਿਲਾ ਫਿਰੋਜ਼ ਪੁਰ ✻

ਸਤਿ ਪੁਰਖ ਨਿਰੰਜਣ ਬੇਪਰਵਾਹ, ਇਕ ਇਕੱਲਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸਾਚੇ ਤਖ਼ਤ ਸਿੰਘਾਸਣ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਅਗੰਮ ਅਥਾਹ, ਅਲੱਖ ਅਗੋਚਰ ਭੇਵ ਨਾ ਰਾਈਆ । ਏਕੰਕਾਰਾ ਵਸੇ ਸਾਚੇ ਥਾਂ, ਸਚਖੰਡ ਦਵਾਰਾ ਆਪ

ਸੁਹਾਈਆ । ਆਦਿ ਨਿਰੰਜਣ ਨੂਰ ਨੁਰਾਨਾ ਡਗਮਗਾ, ਅਨਭਵ ਪਰਕਾਸ਼ ਆਪ ਕਰਾਈਆ । ਅਬਿਨਾਸ਼ੀ ਕਰਤਾ ਸਾਚਾ ਮੰਦਰ ਰਿਹਾ ਸੁਹਾ, ਥਿਰ ਦਰਬਾਰਾ ਵੇਖ ਵਖਾਈਆ । ਸ੍ਰੀ ਭਗਵਾਨ ਨਾ ਕੋਈ ਪਿਤਾ ਨਾ ਕੋਈ ਮਾਂ, ਗੋਦੀ ਗੋਦ ਨਾ ਕੋਇ ਸੁਹਾਈਆ । ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਧਰਾਈਆ । ਆਦਿ ਜੁਗਾਦੀ ਕਰੇ ਸਚ ਨਿਆਂ, ਸ਼ਾਹੋ ਭੂਪ ਵੱਡੀ ਵਡਿਆਈਆ । ਆਪਣੇ ਭਾਣੇ ਸੋਹਿਆ , ਦੂਸਰ ਹੋਰ ਨਾ ਹੁਕਮ ਜਣਾਈਆ । ਜੂਨੀ ਰਹਿਤ ਨਾਉਂ ਧਰਾ, ਦੀਪਕ ਜੋਤ ਕਰੇ ਰੁਸ਼ਨਾਈਆ । ਪੁਰਖ ਅਕਾਲ ਆਪ ਅਖਵਾ, ਆਪਣਾ ਬਲ ਆਪ ਰਖਾਈਆ । ਕਰਤਾ ਪੁਰਖ ਵੇਸ ਵਟਾ, ਆਪਣੀ ਕਰਨੀ ਕਰੇ ਦਿਸ ਨਾ ਆਈਆ । ਆਦਿ ਜੁਗਾਦੀ ਇਕ ਮਲਾਹ, ਨਿਰਗੁਣ ਬੇੜਾ ਰਿਹਾ ਚਲਾਈਆ । ਵੰਜ ਮੁਹਾਣਾ ਇਕ ਰਖਾ, ਏਕਾ ਚੱਪੂ ਹੱਥ ਉਠਾਈਆ । ਨਾਮ ਸਹਾਰਾ ਦਏ ਲਗਾ, ਸ਼ਬਦ ਅਨਾਦੀ ਆਪ ਪਰਗਟਾਈਆ । ਬੋਧ ਅਗਾਧੀ ਭੇਵ ਖੁਲ੍ਹਾ, ਆਪਣਾ ਰਾਗ ਆਪ ਸੁਣਾਈਆ । ਆਪਣਾ ਮੰਤਰ ਆਪ ਦ੍ਰਿੜ੍ਹਾ, ਆਪਣੀ ਬੂਝ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਸੁਹਾਈਆ । ਸਤਿ ਪੁਰਖ ਨਿਰੰਜਣ ਊਚ ਅਪਾਰਾ, ਬੇਅੰਤ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਰਾਇਣ ਨਿਰਵੈਰ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਸੁਹਾਏ ਇਕ ਮੁਨਾਰਾ, ਅਸਥਲ ਚੁਬਾਰਾ ਆਪ ਬਣਾਇੰਦਾ । ਏਕੰਕਾਰਾ ਆਪੇ ਬਣੇ ਸ਼ਾਹੋ ਭੂਪ ਸੱਚਾ ਸਿਕਦਾਰਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਆਦਿ ਨਿਰੰਜਣ ਕਰ ਪਸਾਰਾ, ਜੋਤ ਉਜਾਲਾ ਜੋਤ ਕਰਾਇੰਦਾ । ਸ੍ਰੀ ਭਗਵਾਨ ਵੇਖੇ ਸਚ ਅਖਾੜਾ, ਦਰਗਹਿ ਸਾਚੀ ਆਪ ਲਗਾਇੰਦਾ । ਅਬਿਨਾਸ਼ੀ ਕਰਤਾ ਏਕਾ ਲਾੜਾ, ਆਪਣਾ ਜੋਬਨ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰਾ, ਆਪਣਾ ਸੰਗ ਆਪ ਨਿਭਾਇੰਦਾ । ਆਦਿ ਜੁਗਾਦੀ ਸਾਚੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਨਾਦ ਅਨਾਦੀ ਬੋਲ ਜੈਕਾਰਾ, ਸ਼ਬਦ ਸ਼ਬਦੀ ਡੰਕ ਵਜਾਇੰਦਾ । ਸ਼ਬਦ ਸ਼ਬਦੀ ਕਰ ਪਿਆਰਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਦਰ ਘਰ ਸਾਚੇ ਬਣ ਵਣਜਾਰਾ, ਵਣਜ ਵਪਾਰ ਇਕ ਕਰਾਇੰਦਾ । ਵਣਜ ਵਪਾਰੀ ਪਰਵਰਦਿਗਾਰਾ, ਗਹਿਰ ਗੰਭੀਰ ਆਪ ਅਖਵਾਇੰਦਾ । ਗਹਿਰ ਗੰਭੀਰ ਸਭ ਤੋਂ ਵਸੇ ਨਿਆਰਾ, ਨਿਰਾਕਾਰ ਦਿਸ ਨਾ ਆਇੰਦਾ । ਨਿਰਾਕਾਰ ਕਰ ਪਸਾਰਾ, ਆਪਣੀ ਧਾਰਾ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਵਡਿਆਇੰਦਾ । ਸਤਿ ਪੁਰਖ ਨਿਰੰਜਣ ਪਰਵਰਦਿਗਾਰ, ਬੇਐਬ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਸਾਂਝਾ ਯਾਰ, ਦਰ ਘਰ ਸਾਚੇ ਡੇਰਾ ਲਾਇੰਦਾ । ਹਰਿ ਪੁਰਖ ਨਿਰੰਜਣ ਕਰੇ ਖੇਲ ਅਪਰ ਅਪਾਰ, ਅਪਰ ਅਪਰੰਪਰ ਆਪਣਾ ਮੁਖ ਛੁਪਾਇੰਦਾ । ਆਦਿ ਨਿਰੰਜਣ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਦਿਸ ਨਾ ਆਇੰਦਾ । ਸ੍ਰੀ ਭਗਵਾਨ ਰੂਪ ਰੰਗ ਤੋਂ ਵਸਿਆ ਬਾਹਰ, ਰੇਖ ਭੇਖ ਨਾ ਕੋਇ ਬਣਾਇੰਦਾ । ਅਬਿਨਾਸ਼ੀ ਕਰਤਾ ਖੜਗ ਖੰਡਾ ਨਾ ਕੋਇ ਕਟਾਰ, ਬਸਤਰ ਸ਼ਸਤਰ ਨਾ ਕੋਇ ਉਠਾਇੰਦਾ । ਪਾਰਬ੍ਰਹਮ ਜੋਧਾ ਸੂਰਬੀਰ ਬਲੀ ਬਲਕਾਰ, ਬਲਧਾਰੀ ਆਪ ਹੋ ਜਾਇੰਦਾ । ਅਛਲ ਅਛੱਲ ਕਰੇ ਕਰਾਏ ਆਪਣੀ ਕਾਰ, ਆਪਣੀ ਕਲ ਆਪ ਵਰਤਾਇੰਦਾ । ਅਕਲ ਕਲਾ ਹੋ ਉਜਿਆਰ, ਹੁਕਮੀ ਹੁਕਮ ਆਪ ਵਰਤਾਇੰਦਾ । ਹੁਕਮੀ ਹੁਕਮ ਕਰ ਪਸਾਰ, ਇਕ ਇਕੱਲਾ ਵੇਖ ਵਖਾਇੰਦਾ । ਧੁਰ ਦਰਗਾਹੀ ਦਰ ਦਰਬਾਰ, ਸਾਚਾ ਤਖ਼ਤ ਆਪ ਸੁਹਾਇੰਦਾ । ਰਾਜ ਰਾਜਾਨਾ ਹੋ ਤਿਆਰ, ਸ਼ਾਹ ਸੁਲਤਾਨਾ ਆਸਣ ਲਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨਾ

ਦੇਵੇ ਚਾੜ੍ਹ, ਨਾਮ ਡੋਰੀ ਇਕ ਰਖਾਇੰਦਾ । ਪੰਚਮ ਮੁਖ ਤਾਜ ਸੀਸ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣੀ ਕਾਰ ਆਪ ਕਮਾਇੰਦਾ । ਕਾਰ ਕਰਾਵਣਹਾਰਾ ਏਕੰਕਾਰ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦਵਾਰਾ ਕਰ ਪਸਾਰ, ਨਿਰਗੁਣ ਬੈਠਾ ਜੋਤ ਜਗਾਈਆ । ਨਾ ਕੋਈ ਸਾਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਵਖਾਈਆ । ਨਾ ਕੋਈ ਗੁਰ ਪੀਰ ਅਵਤਾਰ, ਸਾਧ ਸੰਤ ਨਾ ਰੂਪ ਵਟਾਈਆ । ਨਾ ਕੋਈ ਭਗਤ ਕਰੇ ਜੈ ਜੈਕਾਰ, ਭਗਵਨ ਮੇਲ ਨਾ ਕੋਇ ਮਿਲਾਈਆ । ਰਾਮ ਨਾਮ ਨਾ ਕੋਇ ਪਿਆਰ, ਕਾਹਨਾ ਬੰਸਰੀ ਨਾ ਕੋਇ ਵਜਾਈਆ । ਐਨਲਹੱਕ ਨਾ ਕੋਇ ਨਾਅਰ, ਮੁਕਾਮੇ ਹਕ ਨਾ ਕੋਇ ਖ਼ੁਦਾਈਆ । ਨਾਮ ਸਤਿ ਨਾ ਕੋਇ ਪਿਆਰ, ਫ਼ਤਿਹ ਵਾਹਿਗੁਰੂ ਨਾ ਕੋਇ ਬੁਲਾਈਆ । ਨਾਨਕ ਗੋਬਿੰਦ ਨਾ ਕੋਇ ਧਾਰ, ਪੰਜ ਤਤ ਨਾ ਕੋਇ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕਰੇ ਕੋਇ ਪੁਕਾਰ, ਤ੍ਰੈਗੁਣ ਵੰਡ ਨਾ ਕੋਇ ਵੰਡਾਈਆ । ਇਕ ਇਕੱਲਾ ਏਕੰਕਾਰ, ਕਰੇ ਕਰਾਏ ਖੇਲ ਅਪਾਰ, ਬਲਧਾਰੀ ਆਪ ਹੋ ਜਾਈਆ । ਇਕ ਇਕੱਲਾ ਸ੍ਰੀ ਭਗਵਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਨਾ ਕੋਇ ਦ੍ਰਿੜਾਇੰਦਾ । ਨਾ ਕੋਈ ਅੰਜੀਲ ਨਾ ਕੁਰਾਨ, ਤੀਸ ਬਤੀਸ ਨਾ ਕੋਇ ਗਾਇੰਦਾ । ਖਾਣੀ ਬਾਣੀ ਨਾ ਗਾਏ ਗਾਨ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਅਠਸਠ ਨਾ ਪਾਣੀ ਕੋਈ ਰਿਹਾ ਛਾਣ, ਸਰ ਸਰੋਵਰ ਨਾ ਕੋਇ ਉਪਾਇੰਦਾ । ਚਾਰ ਜੁਗ ਨਾ ਕੋਇ ਨਿਸ਼ਾਨ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਰੂਪ ਨਾ ਕੋਇ ਵਟਾਇੰਦਾ । ਚਾਰੇ ਮੁਖ ਨਾ ਕੋਇ ਪਰਧਾਨ, ਚਾਰੇ ਕੁੰਟ ਬ੍ਰਹਮਾ ਰਾਗ ਨਾ ਕੋਇ ਅਲਾਇੰਦਾ । ਸਾਂਗੋ ਪਾਂਗ ਨਾ ਕੋਇ ਸੁਹਾਨ, ਵਿਸ਼ਨੂੰ ਸੇਜ ਨਾ ਕੋਇ ਹੰਢਾਇੰਦਾ । ਬਾਸ਼ਕ ਤਸ਼ਕਾ ਨਾ ਕੋਇ ਕਲਿਆਣ, ਸ਼ੰਕਰ ਗਲ ਨਾ ਕੋਇ ਲਟਕਾਇੰਦਾ । ਅੱਖਰ ਵੱਖਰ ਨਾ ਜਾਣੇ ਕੋਈ ਕਲਾਮ, ਗਾਇਤਰੀ ਮੰਤਰ ਨਾ ਕੋਇ ਪੜ੍ਹਾਇੰਦਾ । ਨਿਉਂ ਨਿਉਂ ਕਰੇ ਨਾ ਕੋਈ ਪਰਨਾਮ, ਸੀਸ ਜਗਦੀਸ ਨਾ ਕੋਇ ਝੁਕਾਇੰਦਾ । ਨਾ ਕੋਈ ਰਸਨਾ ਕਹੇ ਰਾਮ ਰਾਮ, ਜਨਕ ਸਪੁਤਰੀ ਸੀਤਾ ਨਾ ਕੋਇ ਪਰਨਾਇੰਦਾ । ਨਾ ਕੋਈ ਬਣ ਨਾ ਬਨਬਾਸ, ਜੰਗਲ ਜੂਹ ਉਜਾੜ ਪਹਾੜ ਫੇਰੀ ਕੋਇ ਨਾ ਪਾਇੰਦਾ । ਨਾ ਕੋਈ ਨਗਰ ਨਾ ਗਰਾਮ, ਬੰਕ ਦਵਾਰ ਨਾ ਕੋਇ ਵਖਾਇੰਦਾ । ਨਾ ਕੋਈ ਸੁਬਾਹ ਨਾ ਕੋਈ ਸ਼ਾਮ, ਦਿਵਸ ਰੈਣ ਨਾ ਵੰਡ ਵੰਡਾਇੰਦਾ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਾਮ, ਆਲਸ ਨਿੰਦਰਾ ਨਾ ਕੋਇ ਬਣਾਇੰਦਾ । ਨਾ ਕੋਈ ਮਦਿ ਨਾ ਕੋਈ ਜਾਮ, ਨਾ ਕੋਈ ਸਾਕੀ ਬਣ ਪਿਆਇੰਦਾ । ਨਾ ਕੋਈ ਪੱਲੂ ਨਾ ਕੋਈ ਦਾਮ, ਦਾਮਨਗੀਰ ਨਾ ਕੋਇ ਅਖਵਾਇੰਦਾ । ਨਾ ਕੋਈ ਚਿਲਾ ਤੀਰ ਕਮਾਨ, ਧਨੁਸ਼ ਹੱਥ ਨਾ ਕੋਇ ਰਖਾਇੰਦਾ । ਨਾ ਕੋਈ ਰਥ ਰਥਵਾਹੀ ਕਰੇ ਕਲਿਆਣ, ਮਹਾਂਸਾਰਥੀ ਨਾ ਕੋਇ ਅਖਵਾਇੰਦਾ । ਇਕ ਇਕੱਲਾ ਸ੍ਰੀ ਭਗਵਾਨ, ਅਕਾਲ ਪੁਰਖ ਖੇਲ ਮਹਾਨ, ਸਚਖੰਡ ਦਵਾਰੇ ਆਪੇ ਸੋਭਾ ਪਾਇੰਦਾ । ਨਾ ਕੋਈ ਧਰਤ ਧਵਲ ਆਕਾਸ਼, ਪ੍ਰਿਥਵੀ ਰੂਪ ਨਾ ਕੋਇ ਵਟਾਈਆ । ਨਾ ਕੋਈ ਦਿਸੇ ਜਗਤ ਬਨਾਸਪਤ ਬਨਾਸ, ਫੁਲ ਫੁਲਵਾੜੀ ਨਾ ਕੋਇ ਮਹਿਕਾਈਆ । ਨਾ ਕੋਈ ਨੰਦਨ ਨਾ ਕੋਈ ਰਾਸ, ਗੋਪੀ ਕਾਹਨ ਨਾ ਕੋਇ ਨਚਾਈਆ । ਨਾ ਕੋਈ ਸੇਵਕ ਦਾਸੀ ਦਾਸ, ਦਰ ਦਰਬਾਨ ਨਾ ਕੋਇ ਅਖਵਾਈਆ । ਨਾ ਕੋਈ ਕਰੇ ਬੰਦ ਖ਼ਲਾਸ, ਲੱਖ ਚੁਰਾਸੀ ਨਾ ਕੋਇ ਭਵਾਈਆ । ਨਾ ਕੋਈ ਰਾਏ ਧਰਮ ਪਾਏ ਗਲ ਫਾਸ ਚਿਤਰ ਗੁਪਤ ਹਿਸਾਬ ਨਾ ਕੋਈ ਵਖਾਈਆ । ਨਾ ਕੋਈ ਬਰਸ ਨਾ ਕੋਈ ਮਾਸ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸੂਰਜ

ਚੰਦ ਕਰੇ ਪਰਕਾਸ਼, ਕਿਰਨ ਕਿਰਨ ਨਾ ਕੋਇ ਚਮਕਾਈਆ । ਨਾ ਕੋਈ ਥਲ ਨਾ ਅਸਗਾਹ, ਜਲ ਜਲ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਸਚਖੰਡ ਵਸੇ ਧਾਮ ਨਿਆਰ, ਨਿਰਗੁਣ ਆਪਣਾ ਨੂਰ ਧਰਾਈਆ । ਨਿਰਗੁਣ ਨੂਰ ਉਜਾਲਾ ਹਰਿ ਗੋਪਾਲਾ, ਪਾਰਬ੍ਰਹਮ ਭੇਵ ਨਾ ਆਇੰਦਾ । ਆਦਿ ਜੁਗਾਦੀ ਖੇਲ ਨਿਰਾਲਾ, ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇੰਦਾ । ਸਚਖੰਡ ਦਵਾਰ ਵਸੇ ਸੱਚੀ ਧਰਮਸਾਲਾ, ਜੋਤੀ ਨੂਰ ਰੰਗ ਗੁਲਾਲਾ, ਨੂਰੋ ਨੂਰ ਡਗਮਗਾਇੰਦਾ । ਇਕ ਇਕੱਲਾ ਬਣ ਰਖਵਾਲਾ, ਜੁਗ ਜੁਗ ਕਰੇ ਸੱਚੀ ਪ੍ਰਿਤਪਾਲਾ, ਪ੍ਰਿਤਪਾਲਕ ਆਪਣਾ ਨਾਉਂ ਧਰਾਇੰਦਾ । ਅਬਿਨਾਸ਼ੀ ਆਪਣਾ ਨਾਉਂ ਆਪੇ ਮਾਲਾ, ਆਪ ਆਪਣੀ ਸੇਵ ਕਮਾਇੰਦਾ । ਆਪੇ ਮਾਤ ਪਿਤ ਕਰੇ ਹਿਤ, ਆਪੇ ਸੁਤ ਦੁਲਾਰ ਬਣੇ ਲਾਲਾ, ਬਾਲਕ ਬਾਲ ਆਪਣਾ ਰੂਪ ਵਟਾਇੰਦਾ । ਆਪੇ ਕਾਲ ਆਪੇ ਮਹਾਂਕਾਲਾ, ਆਪੇ ਘਾਲੇ ਆਪਣੀ ਘਾਲਾ, ਘਾਲੀ ਘਾਲ ਆਪੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਾਸਾ ਪੁਰਖ ਅਬਿਨਾਸ਼ਾ, ਖੇਲ ਤਮਾਸ਼ਾ ਪੁਰਖ ਬਿਧਾਤਾ ਆਪ ਕਰਾਈਆ । ਪੁਰਖ ਬਿਧਾਤਾ ਇਕ ਅਕੱਲੜਾ, ਏਕਾ ਰੰਗ ਸਮਾਇਆ । ਸਚਖੰਡ ਦਵਾਰਾ ਸਾਚਾ ਮਲੜਾ, ਥਿਰ ਘਰ ਸਾਚੇ ਸੋਭਾ ਪਾਇਆ । ਆਪ ਵਸਾਏ ਨੇਹਚਲ ਧਾਮ ਅਟੱਲੜਾ, ਉਚ ਮਹੱਲ ਅਟੱਲ ਆਪ ਵਖਾਇਆ । ਆਪਣੇ ਨੂਰ ਆਪੇ ਬਲੜਾ, ਜੋਤੀ ਜੋਤ ਆਪ ਜਗਾਇਆ । ਨਿਰਗੁਣ ਨਿਰਵੈਰ ਨਰ ਹਰਿ ਆਪਣਾ ਫੜੇ ਆਪੇ ਪੱਲੜਾ, ਆਪਣਾ ਬੰਧਨ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਹਰਿ ਹਰਿ ਸੋਹੇ ਏਕਾ ਕੰਤ, ਹਰਿ ਮੰਦਰ ਆਪ ਉਪਾਇਆ । ਹਰਿ ਮੰਦਰ ਹਰਿ ਉਪਾਇੰਦਾ, ਸੋਭਾਵੰਤ ਸੱਚਾ ਪਾਤਸ਼ਾਹ । ਨਿਰਾਕਾਰ ਆਸਣ ਲਾਇੰਦਾ, ਬੇਐਬ ਨਾਉਂ ਖ਼ੁਦਾ । ਆਪਣਾ ਨੂਰ ਆਪ ਪਰਗਟਾਇੰਦਾ, ਆਪੇ ਮੇਲ ਮਿਲਾਏ ਆਪੇ ਹੋਏ ਜੁਦਾ । ਸਚ ਸਿੰਘਾਸਣ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮ ਆਪਣਾ ਖੇਲ ਖਿਲਾਇੰਦਾ । ਅਗੰਮ ਪੁਰਖ ਵਡਿਆਈ ਵਡ, ਵਡਾ ਆਪ ਸਲਾਹਿਆ । ਆਪਣੇ ਵਿਚੋਂ ਆਪਣਾ ਆਪ ਕੱਢ, ਹਰਿ ਆਪੇ ਵੇਖ ਵਖਾਇਆ । ਆਪ ਲਡਾਏ ਆਪਣਾ ਲਡ, ਸਮਰਥ ਪੁਰਖ ਆਪਣਾ ਨਾਉਂ ਧਰਾਇਆ । ਸਤਿ ਨਿਸ਼ਾਨਾ ਆਪੇ ਗੱਡ, ਸਤਿ ਸਤਿਵਾਦੀ ਆਪੇ ਰਿਹਾ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਆਪ ਅਖਵਾਇਆ । ਅਗੰਮ ਪੁਰਖ ਭੇਵ ਅਵੱਲਾ, ਸਚਖੰਡ ਦਵਾਰਾ ਰਿਹਾ ਤਕਾਈਆ । ਆਪਣੇ ਸਿੰਘਾਸਣ ਬੈਠਾ ਇਕ ਅਕੱਲਾ, ਅਕਲ ਕਲ ਆਪਣਾ ਬਲ ਧਰਾਈਆ । ਆਪੇ ਹੋਏ ਅਛਲ ਅਛੱਲਾ, ਵਲ ਛਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਆਪਣਾ ਵੇਸ ਵਟਾਈਆ । ਅਗੰਮ ਧਾਮ ਧਾਮ ਨਿਆਰਾ, ਨਿਰਗੁਣ ਨਿਰਵੈਰ ਆਪ ਉਪਾਇੰਦਾ । ਚਾਰ ਕੁੰਟ ਨਾ ਕੋਈ ਸਹਾਰਾ, ਛੱਪਰ ਛੰਨ ਦਾ ਕੋਈ ਉਪਾਇੰਦਾ । ਕਮਲਾਪਾਤੀ ਏਕਾ ਏਕ ਹੋ ਉਜਿਆਰਾ, ਏਕ ਏਕੰਕਾਰਾ ਖੇਲ ਖਿਲਾਇੰਦਾ । ਆਪ ਆਪਣਾ ਕਰ ਪਸਾਰਾ, ਆਪਣੀ ਰਚਨਾ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਆਪਣਾ ਲੇਖਾ ਆਪਣੇ ਰੱਖ ਹੱਥ, ਦਰਗਹਿ ਸਾਚੀ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਸਾਹਿਬ ਸਮਰਥ, ਮਹਿਮਾ ਅਕਥ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਸਾਚੇ ਧਾਮ ਵਸੇ ਨਾ ਜਾਏ ਢੱਠ, ਘਾੜਨ ਘੜਤ ਨਾ ਕੋਈ ਘੜਾਇੰਦਾ ।

੧੦੧੯ ੦੯

੧੦੨੦ ੦੯

ਏਕੰਕਾਰਾ ਏਕ ਉਤਪਤ, ਆਪਣੀ ਪਤ ਆਪ (ਰਖਾਇੰਦਾ) । ਆਦਿ ਨਿਰੰਜਣ ਆਪਣੇ ਬੈਠ ਆਪੇ ਰਥ, ਸਾਚਾ ਦਰ ਆਪ ਸੁਹਾਇੰਦਾ । ਸ੍ਰੀ ਭਗਵਾਨ ਆਪਣੀ ਵੇਖੇ ਆਪੇ ਵਥ, ਸਚ ਸਮਗਰੀ ਆਪ ਉਪਾਇੰਦਾ । ਅਬਿਨਾਸ਼ੀ ਕਰਤਾ ਆਪਣਾ ਪੰਧ ਮੁਕਾਏ ਨੱਠ ਨੱਠ, ਆਪਣੀ ਕਾਰ ਆਪ ਕਰਾਇੰਦਾ । ਪਾਰਬ੍ਰਹਮ ਪਤਿ ਪਰਮੇਸ਼ਵਰ ਇਕ ਅਕੱਲਾ ਵਸੇ ਸਚ ਮਹੱਲਾ ਸਚ ਸੁਲਤਾਨਾ ਗ਼ਰੀਬ ਨਿਮਾਣਾ ਆਪਣੇ ਦੁਆਰੇ ਆਪੇ ਜਾਏ ਢੱਠ, ਆਪਣੀ ਭਿਖਿਆ ਮੰਗ ਮੰਗਾਇੰਦਾ । ਨਿਰਗੁਣ ਨਿਰਾਕਾਰ ਆਪਣਾ ਮਾਰਗ ਆਪੇ ਦੱਸ, ਆਪਣਾ ਰਾਹ ਆਪ ਚਲਾਇੰਦਾ । ਆਪਣਾ ਮੇਲ ਮਿਲਾਵਾ ਕਰੇ ਹੱਸ ਹੱਸ, ਹਰਿ ਮੰਦਰ ਸੋਭਾ ਪਾਇੰਦਾ । ਆਪਣਾ ਮਾਣੇ ਆਪੇ ਰਸ, ਰਸਕ ਬੈਰਾਗੀ ਆਪ ਹੋ ਜਾਇੰਦਾ । ਆਪਣੇ ਤਖ਼ਤ ਆਪੇ ਬਹਿ ਸਜ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣੇ ਨਗਾਰੇ ਆਪੇ ਜਾਏ ਵੱਜ, ਏਕਾ ਧੌਂਸਾਂ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਏ ਸਾਚਾ ਦਰ, ਦਰ ਦਰਵਾਜਾ ਆਪ ਸੁਹਾਇੰਦਾ । ਦਰ ਦਵਾਰ ਸੁਹਾਵਣਾ, ਹਰਿ ਠਾਂਡਾ ਦਰਬਾਰ । ਪੁਰਖ ਅਬਿਨਾਸ਼ੀ ਡੇਰਾ ਲਾਵਣਾ, ਇਕ ਅਕੱਲਾ ਕਰ ਪਸਾਰ । ਤਖ਼ਤ ਤਾਜ ਸੀਸ ਟਿਕਾਵਣਾ, ਰਾਜ ਰਾਜਾਨਾ ਹਰਿ ਨਿਰੰਕਾਰ । ਵਡ ਭਾਣਾ ਹੁਕਮੀ ਹੁਕਮ ਸੁਣਾਵਣਾ, ਸ਼ਬਦ ਅਗੰਮੀ ਬੋਲ ਜੈਕਾਰ । ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਸੀਸ ਆਪ ਝੁਕਾਵਣਾ, ਰਾਜ ਰਾਜਾਨਾ ਹਰਿ ਨਿਰੰਕਾਰ । ਧੁਰ ਫ਼ਰਮਾਣਾ ਆਪਣੀ ਝੋਲੀ ਆਪੇ ਪਾਵਣਾ, ਆਪੇ ਵਰਤੇ ਵਰਤਾਵੇ ਸਾਚੀ ਕਾਰ । ਸਾਚਾ ਸ਼ਬਦ ਆਪ ਵਡਿਆਵਣਾ, ਵਡ ਵਡਾ ਕਰ ਪਸਾਰ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਰਚਨ ਰਚਾਵਣਾ, ਅਕਾਸ਼ ਪਰਕਾਸ਼ ਦਏ ਸਹਾਰ । ਵਿਸ਼ਨ ਬ੍ਰਹਮਾ ਸ਼ਿਵ ਅੰਸ ਬਣਾਵਣਾ, ਤ੍ਰੈਗੁਣ ਮਾਇਆ ਭਰ ਭੰਡਾਰ । ਪ੍ਰਿਥਮੀ ਪ੍ਰਕਾਸ਼ ਆਪ ਕਰਾਵਣਾ, ਜਲ ਬਿੰਬ ਦਏ ਅਧਾਰ । ਬ੍ਰਹਮ ਆਪਣਾ ਨਾਉਂ ਧਰਾਵਣਾ, ਪਾਰਬ੍ਰਹਮ ਕਰੇ ਖੇਲ ਨਿਆਰ । ਲੋਕਮਾਤ ਜੋਤ ਜਗਾਵਣਾ, ਲੱਖ ਚੁਰਾਸੀ ਹੋ ਉਜਿਆਰ । ਚਾਰ ਜੁਗ ਵੰਡ ਵੰਡਾਵਣਾ, ਨੌ ਖੰਡ ਪ੍ਰਿਥਮੀ ਬੰਨੇ ਧਾਰ । ਸੱਤਾਂ ਦੀਪਾਂ ਰੰਗ ਚੜ੍ਹਾਵਣਾ, ਰਾਜਸ ਵਰਤੇ ਆਪਣੀ ਕਾਰ । ਸਾਂਤਕ ਸਤਿ ਸਰੂਪ ਭੇਵ ਨਾ ਆਵਣਾ, ਸਤਿ ਸਤਿਵਾਦੀ ਖੇਲ ਨਿਆਰ । ਤਾਮਸ ਆਪਣਾ ਤਤ ਤਪਾਵਣਾ, ਲੇਖਾ ਜਾਣੇ ਜਾਣਨਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰੇ ਆਪ ਪਸਾਰ । ਜੁਗ ਪਸਾਰਾ ਜਗਤ ਜੋਗ, ਹਰਿ ਸਾਚਾ ਰਚਨ ਰਚਾਇੰਦਾ । ਆਪੇ ਭੋਗੇ ਸਾਚਾ ਭੋਗ, ਬ੍ਰਹਮਾ ਵਿਸ਼ਨ ਸ਼ਿਵ ਆਪ ਉਪਜਾਇੰਦਾ । ਆਪੇ ਲੱਖ ਚੁਰਾਸੀ ਦੇਵੇ ਚੋਗ, ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਲੇਖਾ ਜਾਣੇ ਚੌਦਾਂ ਲੋਕ, ਲੋਕ ਪਰਲੋਕ ਆਪ ਸੁਹਾਇੰਦਾ । ਆਪ ਸੁਣਾਏ ਸਚ ਸਲੋਕ, ਸ਼ਬਦ ਨਾਦ ਆਪ ਵਜਾਇੰਦਾ । ਆਪੇ ਬਖ਼ਸ਼ਣਹਾਰਾ ਮੋਖ, ਆਪੇ ਗੇੜਾ ਗੇੜ ਦਵਾਇੰਦਾ । ਆਪੇ ਲੱਖ ਚੁਰਾਸੀ ਦੇਵੇ ਝੋਕ, ਆਪੇ ਜੋਤੀ ਜੋਤ ਮਿਲਾਇੰਦਾ । ਆਪੇ ਨਾਤਾ ਜੋੜੇ ਹਰਖ ਸੋਗ, ਆਪੇ ਹਉਮੇਂ ਰੋਗ ਵਖਾਇੰਦਾ । ਆਪੇ ਰੂਪ ਪਰਗਟਾਏ ਕੋਟਨ ਕੋਟ, ਕੋਟਨ ਕੋਟੀ ਆਪਣਾ ਰੰਗ ਰੰਗਾਇੰਦਾ । ਆਪੇ ਤਨ ਨਗਾਰੇ ਲਾਏ ਸ਼ਬਦ ਚੋਟ, ਅਨਹਦ ਸਾਚਾ ਤਾਲ ਵਜਾਇੰਦਾ । ਆਪੇ ਵਾਸਨਾ ਕੱਢੇ ਝੂਠੀ ਖੋਟ, ਆਪੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਹਲਕਾਇੰਦਾ । ਆਪੇ ਖੋਲ੍ਹਣਹਾਰਾ ਬੰਦ ਸੋਤ, ਆਪੇ ਦੂਈ ਦਵੈਤੀ ਪਰਦਾ ਪਾਇੰਦਾ । ਆਪੇ ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਆਪ ਰਖਾਇੰਦਾ । ਆਪੇ ਬੰਧਨ ਪਾਏ ਵਰਨ ਗੋਤ, ਦੀਨ ਮਜ਼੍ਹਬ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ, ਆਦਿ ਜੁਗਾਦੀ ਖੇਲੇ ਖੇਲ ਵਿਚ

ਸੰਸਾਰਾ, ਵਡ ਸੰਸਾਰੀ ਆਪ ਹੋ ਜਾਇੰਦਾ । ਵਡ ਸੰਸਾਰੀ ਖੇਲ ਕਰੰਦੜਾ, ਖ਼ਾਲਕ ਖ਼ਲਕ ਰਿਹਾ ਸਮਾਏ । ਜੁਗ ਜੁਗ ਆਪਣਾ ਵੇਸ ਵਟੰਦੜਾ, ਜੋਤੀ ਜੋਤ ਕਰੇ ਰੁਸ਼ਨਾਏ । ਗੁਰ ਸਤਿਗੁਰ ਨਾਉਂ ਰਖੰਦੜਾ, ਪੰਜ ਤਤ ਚੋਲਾ ਆਪ ਹੰਢਾਏ । ਸ਼ਬਦ ਗਿਆਨ ਇਕ ਦ੍ਰਿੜ੍ਹੰਦੜਾ, ਧੁਰ ਦੀ ਬਾਣੀ ਬਾਣ ਲਗਾਏ । ਹਰਿ ਭਗਵਨ ਮੇਲ ਮਿਲੰਦੜਾ, ਹਰਿ ਸੰਤਨ ਲਏ ਜਗਾਏ । ਗੁਰਮੁਖ ਏਕਾ ਧਾਮ ਸੁਹੰਦੜਾ, ਚਰਨ ਕਵਲ ਸੱਚੀ ਸਰਨਾਏ । ਗੁਰਸਿਖ ਸਾਚੇ ਧੰਦੇ ਆਪ ਲਗੰਦੜਾ, ਏਕਾ ਮਾਰਗ ਦਏ ਵਖਾਏ । ਜੁਗਾ ਜੁਗੰਤਰ ਵੇਸ ਵਟੰਦੜਾ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਸਚ ਨਿਆਂਏ । ਜੁਗ ਜੁਗ ਜੋਤ ਜਗਾਇੰਦਾ, ਜੋਤੀ ਜਾਤਾ ਆਪ ਨਿਰੰਕਾਰ । ਲੱਖ ਚੁਰਾਸੀ ਵੇਖ ਵਖਾਇੰਦਾ, ਨੌ ਨੌ ਸਤ ਸਤ ਪਾਵੇ ਸਾਰ । ਦਰ ਦਰ ਆਪਣੀ ਅਲੱਖ ਜਗਾਇੰਦਾ, ਊਚੀ ਕੂਕ ਕਰੇ ਪੁਕਾਰ । ਆਪਣਾ ਢੋਲਾ ਆਪੇ ਗਾਇੰਦਾ, ਆਪਣਾ ਅੱਖਰ ਆਪ ਵਿਚਾਰ । ਆਪਣਾ ਸੋਹਲਾ ਆਪ ਸੁਣਾਇੰਦਾ, ਸ੍ਰਿਸ਼ਟ ਸਬਾਈ ਕਰ ਪਿਆਰ । ਸਾਚਾ ਤੋਲਾ ਆਪ ਹੋ ਜਾਇੰਦਾ, ਨਾਮ ਕੰਡਾ ਫੜ ਦਾਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰੇ ਅਵੱਲੜੀ ਕਾਰ । ਜੁਗ ਜੁਗ ਕਾਰ ਕਮਾਇੰਦਾ, ਕਰਤਾ ਪੁਰਖ ਕਰਨੇਯੋਗ । ਸਤਿਜੁਗ ਆਪਣਾ ਰੂਪ ਵਟਾਇੰਦਾ, ਬਾਵਨ ਭੋਗੇ ਆਪਣਾ ਭੋਗ । ਆਪਣੀ ਸੇਜਾ ਆਪ ਹੰਢਾਇੰਦਾ, ਆਪ ਉਸਾਰੇ ਆਪਣਾ ਕਿਲਾ ਕੋਟ । ਆਪਣਾ ਖੇਲ ਆਪ ਕਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ
੧੦੨੧ ਬੰਧਨ ਪਾਇੰਦਾ । ਹਰਿ ਹਰਿ ਬੰਧਨ ਆਪਣਾ ਪਾ, ਜੁਗ ਜੁਗ ਬੰਦੀ ਤੋੜ ਤੁੜਾਈਆ । ਲੱਖ ਚੁਰਾਸੀ ਵੇਖੇ ਥਾਉਂ ਥਾਂ, ਥਾਨ ਥਨੰਤਰ ਫੋਲ ੧੦੨੧
ਫੁਲਾਈਆ । ਲੱਗੀ ਬਸੰਤਰ ਦਏ ਬੁਝਾ, ਗੁਰਮੁਖ ਹਰਿ ਭਗਤ ਅੰਮ੍ਰਿਤ ਮੇਘ ਬਰਸਾਈਆ । ਸਾਚਾ ਸਗਨ ਲਏ ਮਨਾ, ਨਿਰਗੁਣ ਸਰਗੁਣ ਵੇਖ ਵਖਾਈਆ । ਆਪਣਾ ਚੋਲਾ ਲਏ ਬਦਲਾ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਮਾਰਗ ਆਪ ਵਖਾਈਆ । ਸਤਿਜੁਗ ਆਪਣਾ ਮਾਰਗ ਲਾਇਆ, ਸਚ ਸਚ ਵਰਤਾਇੰਦਾ । ਭਗਤ ਭਗਵੰਤ ਵੇਖ ਵਖਾਇਆ, ਦੁਰਬਾਸ਼ਾ ਦਰ ਦੁਰਕਾਇੰਦਾ । ਭਗਤ ਲੇਖਾ ਲੇਖੇ ਲਾਇਆ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਹਰਿ ਕੇ ਪੌੜੇ ਲਏ ਚੜ੍ਹਾਇਆ, ਸਾਚਾ ਮੰਦਰ ਆਪ ਸੁਹਾਇੰਦਾ । ਰੂਪ ਅਨੂਪ ਆਪ ਪਰਗਟਾਇਆ, ਦਸ ਅੱਠ ਖੇਲ ਖਿਲਾਇੰਦਾ । ਅਠ ਦਸ ਮਾਤ ਪਿਤ ਕਿਸੇ ਨਾ ਜਾਇਆ, ਗੋਦੀ ਗੋਦ ਨਾ ਕੋਈ ਵਖਾਇੰਦਾ । ਆਲਮ ਇਲਮ ਨਾ ਕਿਸੇ ਪੜ੍ਹਾਇਆ, ਪੰਡਤ ਪਾਂਧਾ ਗਿਆਨ ਨਾ ਕੋਈ ਦ੍ਰਿੜ੍ਹਾਇੰਦਾ । ਮਸਤਕ ਤਿਲਕ ਨਾ ਕੋਈ ਲਗਾਇਆ, ਜੋਤੀ ਜੋਤ ਡਗਮਗਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਆਪਣਾ ਰਥ ਰਿਹਾ ਚਲਾਇਆ, ਆਪਣੀ ਸੇਵਾ ਆਪ ਕਮਾਇੰਦਾ । ਆਪਣੀ ਮਹਿਮਾ ਅਕਥ ਕਹਾਣੀ ਆਪੇ ਰਿਹਾ ਗਾਇਆ, ਚਾਰ ਵੇਦ ਭੇਦ ਨਾ ਰਾਇਆ । ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਰਹੇ ਸੀਸ ਝੁਕਾ, ਚਰਨ ਕਵਲ ਧਿਆਨ ਰਖਾਇਆ । ਜੁਗਾ ਜੁਗੰਤਰ ਆਪਣੀ ਬਣਤ ਬਣਾ, ਲੋਕਮਾਤ ਫੇਰਾ ਪਾਇਆ । ਤ੍ਰੇਤਾ ਤੇਰਾ ਤਖ਼ਤ ਸੁਹਾ, ਤਖ਼ਤ ਨਿਵਾਸੀ ਚਰਨ ਟਿਕਾਇਆ । ਆਪਣਾ ਲੇਖਾ ਆਪ ਗਿਣਾ, ਆਪਣੀ ਝੋਲੀ ਆਪੇ ਪਾਇਆ । ਆਪਣਾ ਮਾਣ ਆਪ ਧਰਾ, ਅਭਿਮਾਨ ਆਪੇ ਮੇਟ ਮਿਟਾਇਆ । ਆਪਣਾ ਚਿਲਾ ਆਪ ਉਠਾ, ਆਪਣਾ ਨਿਸ਼ਾਨ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣੀ ਵੰਡ ਵੰਡਾਇਆ ।

ਜੁਗ ਜੁਗ ਪਾਰ ਕਰਾਇੰਦਾ, ਸਤਿਜੁਗ ਤ੍ਰੇਤਾ ਪਾਰ ਕਿਨਾਰ । ਦੁਆਪਰ ਲੇਖਾ ਵੇਖ ਵਖਾਇੰਦਾ, ਮੋਹਣ ਰੂਪ ਕਰ ਕਰਤਾਰ । ਕਾਹਨਾ ਕ੍ਰਿਸ਼ਨਾ ਵੇਸ ਵਟਾਇੰਦਾ, ਰਥ ਰਥਵਾਹੀ ਤਨ ਸ਼ੰਗਾਰ । ਗੀਤਾ ਗਿਆਨ ਇਕ ਦ੍ਰਿੜਾਇੰਦਾ, ਵਿਸ਼ਵ ਵੈਰਾਟੀ ਹੋ ਤਿਆਰ । ਆਪਣਾ ਕਾਲ ਆਪ ਵਰਤਾਇੰਦਾ, ਆਪੇ ਮਾਰਨਹਾਰਾ ਮਾਰ । ਅਠ ਦਸ ਆਪ ਖਪਾਇੰਦਾ, ਅਠ ਦਸ ਕਰ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਕਰੇ ਕਰਾਏ ਸਾਚੀ ਕਾਰ । ਸਾਚੀ ਕਾਰ ਕਰੰਦੜਾ, ਪਾਰਬ੍ਰਹਮ ਬੇਪਰਵਾਹ । ਦੁਆਪਰ ਪੰਧ ਮੁਕੰਦੜਾ, ਲੇਖਾ ਲੇਖੇ ਲਏ ਪਾ । ਕਲਜੁਗ ਲੋਕਮਾਤ ਉਠੰਦੜਾ, ਏਕ ਦੇਵੇ ਜਗਤ ਸਲਾਹ । ਜੂਠਾ ਝੂਠਾ ਰੰਗ ਰੰਗਦੜਾ, ਮਾਇਆ ਮਮਤਾ ਚੋਲੀ ਲਏ ਹੰਢਾ । ਮਨ ਮਤ ਮੇਲ ਮਿਲੰਦੜਾ, ਬੁਧ ਨਿਮਾਣੀ ਰਹੀ ਸ਼ਰਮਾ । ਮਨ ਰਾਜ ਜੋਗ ਕਮੰਦੜਾ, ਉਚੀ ਕੂਕ ਰਿਹਾ ਗਾ । ਸ੍ਰਿਸ਼ਟ ਸਬਾਈ ਆਪ ਹਿਲੰਦੜਾ, ਉਲਟਾ ਗੇੜਾ ਦਏ ਗਿੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਰਿਹਾ ਖਲਾ । ਜੁਗ ਜੁਗ ਖੇਲ ਅਵੱਲਾ, ਹਰਿ ਸਾਚਾ ਆਪ ਕਰਾਇੰਦਾ । ਆਪੇ ਰੂਪ ਪਰਗਟਾਏ ਰਾਣੀ ਅੱਲਾ, ਬਿਸਮਲ ਆਪਣਾ ਨਾਉਂ ਧਰਾਇੰਦਾ । ਆਪੇ ਹੋਏ ਵਲ ਛਲਾ, ਜਲ ਥਲ ਮਹੀਅਲ ਆਪ ਸਮਾਇੰਦਾ । ਆਪ ਫੜਾਏ ਆਪਣਾ ਪੱਲਾ, ਚਾਰੋਂ ਕੁੰਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਫੜਾਏ ਆਪਣਾ ਆਪੇ ਪੱਲਾ, ਆਪਣਾ ਸੰਗ ਆਪ ਨਿਭਾਇੰਦਾ । ਕਲਜੁਗ ਅੰਤਮ ਪੱਲੂ ਆਪ ਫੜੌਣਾ, ਨਿਰਗੁਣ ਨਿਰਵੈਰ ਖੇਲ ਕਰਾਈਆ । ਪੁਰਖ ਅਕਾਲ ਵੇਖ ਵਖੌਣਾ, ਵਾਹ ਵਾਹ ਵਜਦੀ ਰਹੇ ਵਧਾਈਆ । ਏਕਾ ਮੰਤਰ ਨਾਮ ਦ੍ਰਿੜੌਣਾ, ਵਾਹ ਵਾਹ ਸਤਿ ਸਤਿ ਰਸਨਾ ਜਿਹਵਾ ਗਾਈਆ । ਨਾਨਕ ਵਿਚੋਲਾ ਇਕ ਰਖੌਣਾ, ਗੋਬਿੰਦ ਵੇਖੇ ਥਾਉਂ ਥਾਈਆ । ਅੰਤਮ ਚੋਲਾ ਆਪ ਬਦਲੌਣਾ, ਜੋਤੀ ਜਾਮਾ ਭੇਖ ਵਟਾਈਆ । ਪੁਰਖ ਅਬਿਨਾਸ਼ੀ ਖੇਲ ਖਿਲੌਣਾ, ਨਰ ਨਰਾਇਣ ਬੇਪਰਵਾਹੀਆ । ਸਾਲਸ ਬਣਕੇ ਆਪੇ ਔਣਾ, ਕੂੜੀ ਕਿਰਿਆ ਦਏ ਮੁਕਾਈਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਖ਼ਾਲਸ ਰੂਪ ਆਪ ਪਰਗਟੌਣਾ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤ ਹਰਿ ਉਜਾਗਰ, ਜਾਗਰਤ ਜੋਤੀ ਜੋਤ ਡਗਮਗਾਇੰਦਾ । ਏਕਾ ਨਾਮ ਰਤੀ ਰਤਨਾਗਰ, ਰਤੀ ਰਤ ਵਿਚ ਸਮਾਇੰਦਾ । ਏਕਾ ਸ਼ਬਦ ਸੱਚਾ ਸੁਦਾਗਰ, ਵਣਜ ਵਣਜਾਰਾ ਹਟ ਖੁਲਾਇੰਦਾ । ਏਕਾ ਭਾਂਡਾ ਕਾਇਆ ਗਾਗਰ, ਪੰਜ ਤਤ ਆਪ ਘੜਾਇੰਦਾ । ਕਰਤਾ ਪੁਰਖ ਦੇਵੇ ਆਦਰ, ਘਰ ਘਰ ਵਿਚ ਡੇਰਾ ਲਾਇੰਦਾ । ਮੇਲ ਮਿਲਾਵਾ ਕਰੀਮ ਕਾਦਰ, ਰਹਿਮਤ ਰਹਿਮਾਨ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਆਪ ਧਰਾਇੰਦਾ । ਵੇਸ ਵਟੰਦੜਾ ਹਰਿ ਭਗਵੰਤ, ਭੇਵ ਕੋਇ ਨਾ ਪਾਇੰਦਾ । ਕਲਜੁਗ ਵੇਖੇ ਵੇਲਾ ਅੰਤ, ਅੰਤਮ ਆਪਣੀ ਧਾਰ ਚਲਾਇੰਦਾ । ਗੁਰਮੁਖ ਵਿਰਲਾ ਉਠਾਏ ਸੰਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੀਆਂ ਜੰਤਾਂ ਸਾਧਾਂ ਸੰਤਾਂ ਮਾਇਆ ਪਾਏ ਬੇਅੰਤ, ਕਾਇਆ ਗੋਦੜੀ ਫੋਲ ਨਾ ਕੋਈ ਵਖਾਇੰਦਾ । ਨਰ ਨਰਾਇਣ ਨਜ਼ਰ ਨਾ ਆਏ ਸਾਚਾ ਕੰਤ, ਜਗਤ ਦੁਹਾਗਣ ਸਰਬ ਕੁਰਲਾਇੰਦਾ । ਚੋਲੀ ਨਾ ਚੜ੍ਹੇ ਰੰਗ ਬਸੰਤ, ਨਾਮ ਭੱਠੀ ਨਾ ਕੋਈ ਤਪਾਇੰਦਾ । ਮਾਨਸ ਜਨਮ ਨਾ ਬਣੇ ਬਣਤ, ਲੱਖ ਚੁਰਾਸੀ ਫੰਦ ਨਾ ਕੋਈ ਕਟਾਇੰਦਾ । ਕਲਜੁਗ ਕੂੜ ਕੁੜਿਆਰਾ ਗੜ੍ਹ ਬਣਿਆ ਹਉਮੇ ਹੰਗਤ, ਹੰਕਾਰੀ ਬੁਰਜ ਕੋਈ ਨਾ ਢਾਇੰਦਾ । ਦਰ ਦਰ ਮੰਗਣ ਰਾਜ

ਰਾਜਾਨ ਹੋਏ ਮੰਗਤ, ਸਾਚੀ ਭਿਛਿਆ ਝੋਲੀ ਕੋਈ ਨਾ ਪਾਇੰਦਾ । ਚਾਰ ਵਰਨ ਕਿਸੇ ਹੱਥ ਨਾ ਆਏ ਸਾਚੀ ਸੰਗਤ, ਚਾਰ ਕੁੰਟ ਸਰਬ ਕੁਰਲਾਇੰਦਾ । ਪਾਟਾ ਚੀਥੜਾ ਦਿਸੇ ਨੰਗਤ, ਕਲਜੁਗ ਪਰਦਾ ਨਾ ਕੋਈ ਰਖਾਇੰਦਾ । ਰਸਨਾ ਜਿਹਵਾ ਹੋਈ ਗੰਦਤ, ਗੀਤ ਗੋਬਿੰਦ ਨਾ ਕੋਈ ਅਲਾਇੰਦਾ । ਕਾਇਆ ਮੰਦਰ ਅੰਦਰ ਕਵਲ ਫੁਲ ਨਾ ਦਿਸੇ ਸਚ ਸੁਗੰਧਤ, ਕਾਗ ਵਿਸ਼ਟਾ ਸਰਬ ਫੁਲਾਇੰਦਾ । ਸਤਿਗੁਰ ਪੂਰਾ ਕਿਸੇ ਨਾ ਲਾਏ ਅੰਗਤ, ਅੰਗੀਕਾਰ ਨਾ ਕੋਇ ਕਰਾਇੰਦਾ । ਮਾਨਸ ਜਨਮ ਨਾ ਹੋਏ ਭੰਗਤ, ਮਨਮੁਖ ਜੀਵ ਲੇਖਾ ਲੇਖ ਨਾ ਕੋਈ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਪਰਗਟਾਇੰਦਾ । ਕਲਜੁਗ ਅੰਤਮ ਵੇਖਣ ਆਇਆ, ਨਿਹਕਲੰਕਾ ਜਾਮਾ ਧਾਰ । ਜੋਤੀ ਜਾਮਾ ਭੇਖ ਵਟਾਇਆ, ਪੁਰਖ ਅਬਿਨਾਸ਼ੀ ਹੋ ਤਿਆਰ । ਸਾਚੇ ਅਸਵ ਤੰਗ ਕਸਾਇਆ, ਸੋਲਾਂ ਕਲੀਆਂ ਕਰ ਸ਼ੰਗਾਰ । ਸੋਲਾਂ ਇਛਿਆ ਝੋਲੀ ਪਾਇਆ, ਦਾਤਾ ਦਾਨੀ ਦੇਵੇ ਵਡ ਭੰਡਾਰ । ਸਰਬ ਰੱਛਿਆ ਆਪ ਕਰਾਇਆ, ਰਖ਼ਸ਼ਕ ਹੋਏ ਆਪ ਨਿਰੰਕਾਰ । ਸਾਚੀ ਸਿਖ਼ਿਆ ਦਏ ਸਮਝਾਇਆ, ਕਲਜੁਗ ਤੇਰੀ ਅੰਤਮ ਵਾਰ । ਧੁਰ ਦਾ ਲੇਖਾ ਸਕੇ ਨਾ ਕੋਈ ਮਿਟਾਇਆ, ਚੌਥੇ ਜੁਗ ਆਈ ਹਾਰ । ਕਲਜੁਗ ਰੁੱਠਿਆ ਨਾ ਕਿਸੇ ਮਨਾਇਆ, ਨੇਤਰ ਰੋਵੇ ਜ਼ਾਰੋ ਜ਼ਾਰ । ਧਨ ਮਾਲ ਲੁੱਟਿਆ ਨਾ ਕੋਇ ਸਹਾਇਆ, ਨਾਤਾ ਜੁੜਿਆ ਠੱਗ ਚੋਰ ਯਾਰ । ਗੁਰਮੁਖ ਬੈਠੇ ਮੁਖ ਛੁਪਾਇਆ, ਉਪਰ ਆਪਣਾ ਪਰਦਾ ਡਾਰ । ਕਲਜੁਗ ਜੀਵ ਦੇਣ ਦੁਹਾਇਆ, ਤਾਨਾ ਰਹੇ ਮਾਰ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਵੇਲੇ ਅੰਤਮ ਹੋਏ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਲਏ ਅਵਤਾਰ । ਕਲਜੁਗ ਕੂੜਾ ਰਿਹਾ ਕੁਰਲਾ, ਕੂਕ ਕੂਕ ਸੁਣਾਈਆ । ਨਾਤਾ

 ਤੁਟਾ ਭੈਣ ਭਰਾ, ਸੱਜਣ ਸਾਕ ਸੈਣ ਦਿਸ ਨਾ ਆਈਆ । ਚਾਰ ਯਾਰੀ ਬੈਠੀ ਮੁਖ ਭਵਾ, ਨਾ ਕੋਈ ਦੇਵੇ ਜਗਤ ਸਲਾਹੀਆ । ਮਦਿ ਪਿਆਲਾ ੧੦੨੩

ਰਿਹਾ ਰੁੜਾ, ਭਰ ਜਾਮ ਨਾ ਕੋਈ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਦਏ ਸਜਾਈਆ । ਲੱਖ ਚੁਰਾਸੀ ਵੇਖਣਹਾਰਾ, ਘਟ ਘਟ ਆਸਣ ਲਾਇੰਦਾ । ਜੁਗਾ ਜੁਗੰਤਰ ਇਕ ਅਵਤਾਰਾ, ਗੁਰ ਗੁਰ ਰੂਪ ਵਟਾਇੰਦਾ । ਕਲਜੁਗ ਵੇਖੇ ਪਾਰ ਕਿਨਾਰਾ, ਰੁਤੜੀ ਰੁਤ ਸੁਹਾਇੰਦਾ । ਫਲ ਫੁਲਵਾੜੀ ਵੇਖੇ ਜਗਤ ਕਿਆਰਾ, ਪਤ ਟਹਿਣੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਤੇਰਾ ਅੰਤਮ ਲੇਖਾ, ਹਰਿ ਸਾਚਾ ਵੇਖ ਵਖਾਈਆ । ਅੰਤਮ ਮਿਟਦੀ ਜਾਏ ਰੇਖਾ, ਜਗਤ ਚਿੰਨ ਰਹਿਣ ਨਾ ਪਾਈਆ । ਦਰ ਮੰਗਣ ਦਰ ਦਰਵੇਸ਼ਾ, ਬ੍ਰਹਮਾ ਵਿਸ਼ਨ ਮਹੇਸ਼ਾ ਦਰ ਬੈਠੇ ਨਿਉਂ ਨਿਉਂ ਸੀਸ ਝੁਕਾਈਆ । ਧਰਤ ਮਾਤ ਕਰੇ ਅਦੇਸਾ, ਰੋ ਰੋ ਨੇਤਰ ਨੀਰ ਵਹਾਈਆ । ਗੁਰਮਤ ਰੋਵੇ ਵਿਖਾਏ ਖੁਲੜੇ ਕੇਸਾ, ਸਾਚਾ ਸੀਸ ਨਾ ਕੋਈ ਗੁੰਦਾਈਆ । ਰਾਹ ਤਕੇ ਦਸ ਦਸਮੇਸਾ, ਦਹਿਸਿਰ ਰਾਵਣ ਕਲਜੁਗ ਰਿਹਾ ਘਾਈਆ । ਦੋ ਸਹੰਸਰ ਜਿਹਵਾ ਕੰਮ ਨਾ ਕਰੇ ਸ਼ੇਸ਼ਾ, ਸਹੰਸਰ ਮੁਖ ਬੈਠਾ ਬੰਦ ਕਰਾਈਆ । ਪਾਰਬ੍ਰਹਮ ਆਪਣਾ ਪੱਖ ਆਪੇ ਵੇਖਾ, ਕਿਸ਼ਨਾ ਸੁਖਲਾ ਨਾ ਕੋਈ ਦ੍ਰਿੜਾਈਆ । ਪਰਗਟ ਹੋਏ ਨਰ ਨਰੇਸ਼ਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਕਰੇ ਪਰਕਾਸ਼ ਦੇਸ ਪਰਦੇਸਾ, ਦਹਿ ਦਿਸ਼ਾ ਫੇਰੀ ਪਾਈਆ । ਆਦਿ ਜੁਗਾਦੀ ਏਕੋ ਏਕਾ, ਦੂਸਰ ਨਜ਼ਰ ਨਾ ਕੋਈ ਆਈਆ । ਸ੍ਰਿਸ਼ਟ ਸਬਾਈ ਦੇਵੇ ਟੇਕਾ, ਗਿਆਨ ਧਿਆਨ ਇਕ ਦ੍ਰਿੜਾਈਆ । ਤ੍ਰੈਗੁਣ ਮਾਇਆ ਚੁਕਾਏ ਲੇਖਾ, ਲਿਖਣਹਾਰਾ ਬੇਪਰਵਾਹੀਆ । ਕਲਜੁਗ

੧੦੨੪

ਮਤ ਕਬੁਧ ਡੂਮਨੀ ਕਮਾਇਆ ਪੈਸਾ, ਨਾਰ ਵੇਸਵਾ ਰੂਪ ਵਟਾਈਆ । ਨਰ ਨਰਾਇਣ ਆਪਣੇ ਨੇਤਰ ਪੇਖਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਝੋਲੀ ਪਾਈਆ । ਕਲਜੁਗ ਤੇਰਾ ਜਗਤ ਲਹਿਣਾ, ਹਰਿ ਸਾਚਾ ਆਪ ਚੁਕਾਇੰਦਾ । ਕਾਮ ਕ੍ਰੋਧ ਤੇਰੇ ਨੈਣਾਂ, ਕਜਲ ਧਾਰ ਵਖਾਇੰਦਾ । ਜੂਠ ਝੂਠ ਝੂਠੀ ਸੇਜੇ ਬਹਿਣਾ, ਮਾਇਆ ਮਮਤਾ ਭੋਗ ਬਿਲਾਸ ਕਰਾਇੰਦਾ । ਲੋਕਮਾਤ ਅੰਤ ਨਾ ਰਹਿਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਵਰਨ ਬਰਨ ਤੇਰਾ ਮੰਨਿਆ ਕਹਿਣਾ, ਦੂਈ ਦਵੈਤੀ ਜੜ ਉਖੜਾਇੰਦਾ । ਹਰਿ ਕਾ ਭਾਣਾ ਸਹਿਣਾ ਪੈਣਾ, ਗੁਰ ਪੀਰ ਅਵਤਾਰ ਸਾਧ ਸੰਤ ਨਾ ਕੋਈ ਬਚਾਇੰਦਾ । ਹਉਮੇ ਹੰਗਤਾ ਬੁਰਜ ਅੰਤਮ ਢਹਿਣਾ, ਕੱਲਰ ਕੰਧ ਆਪ ਵਖਾਇੰਦਾ । ਸਤਿਗੁਰ ਪੂਰੇ ਦਾ ਮੰਨਣਾ ਕਹਿਣਾ, ਵੇਲਾ ਗਿਆ ਹੱਥ ਨਾ ਆਇੰਦਾ । ਬਾਕੀ ਰਹੇ ਨਾ ਕਿਸੇ ਦਾ ਦੇਣਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਕਰੇ ਸ਼ੰਗਾਰ ਲਾੜੀ ਮੌਤ ਡੈਣਾ, ਰਾਏ ਧਰਮ ਹੁਕਮ ਸੁਣਾਇੰਦਾ । ਚਿਤਰ ਗੁਪਤ ਲੇਖਾ ਕੱਢ ਕੱਢ ਅੱਗੇ ਬਹਿਣਾ, ਸੰਮਤ ਸਤਾਰਾਂ ਵਕਤ ਲਿਆਇੰਦਾ । ਮਹੱਲ ਅਟੱਲ ਰਾਜ ਰਾਜਾਨ ਸ਼ਾਹ ਸੁਲਤਾਨ ਦਿਸੇ ਨਾ ਬਹਿਣਾ, ਖ਼ਾਕੀ ਖ਼ਾਕ ਸਰਬ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੰਧਨ ਆਪੇ ਪਾਇੰਦਾ । ਕਲਜੁਗ ਮਿਟੇ ਕੂੜ ਪਸਾਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਚਾਰੋਂ ਕੁੰਟ ਇਕ ਜੈਕਾਰਾ, ਚਾਰ ਵਰਨ ਦਏ ਸੁਣਾਈਆ । ਚਾਰੇ ਜੁਗ ਕਰਨ ਪੁਕਾਰਾ, ਕਲਜੁਗ ਅੰਤਮ ਰਿਹਾ ਕੁਰਲਾਈਆ । ਪਰਗਟ ਹੋਏ ਹਰਿ ਕਰਤਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਸ਼ਬਦ ਅਸਵ ਹੋ ਅਸਵਾਰਾ, ਲੋਆਂ ਪੁਰੀਆਂ ਫੇਰਾ ਪਾਈਆ । ਬ੍ਰਹਿਮੰਡਾਂ ਖੰਡਾਂ ਦਏ ਹੁਲਾਰਾ, ਸੂਰਜ ਚੰਨ ਆਪ ਜਗਾਈਆ । ਬ੍ਰਹਮਾ ਵਿਸ਼ਨ ਸ਼ਿਵ ਨੇਤਰ ਇਕ ਉਘਾੜਾ, ਏਕਾ ਹੁਕਮ ਦਏ ਸੁਣਾਈਆ । ਤ੍ਰੈਗੁਣ ਮਾਇਆ ਜਗਤ ਅਖਾੜਾ, ਪੰਜ ਤਤ ਕਰੇ ਲੜਾਈਆ । ਮੇਲ ਮਿਲਾਏ ਰਕਤ ਬੂੰਦ ਗਾਰਾ, ਹੱਡ ਮਾਸ ਨਾੜੀ ਵੇਖ ਵਖਾਈਆ । ਮਨ ਮਤ ਰੋਵੇਂ ਜ਼ਾਰੋ ਜ਼ਾਰਾ, ਨੇਤਰ ਨੈਣਾ ਨੀਰ ਵਹਾਈਆ । ਚਾਰ ਵਰਨ ਨਾ ਕੋਈ ਸਹਾਰਾ, ਘਰ ਘਰ ਜੀਵ ਜੰਤ ਕਰੇ ਲੜਾਈਆ । ਸਾਧ ਸੰਤ ਕਿਸੇ ਨਾ ਮਿਲਿਆ ਮੀਤ ਮੁਰਾਰਾ, ਪਾਂਧੀ ਭੁੱਲੇ ਆਪਣਾ ਰਾਹੀਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਨਿਰਗੁਣ ਨਿਰਵੈਰ ਏਕਾ ਜੋਤ ਕਰੇ ਰੁਸ਼ਨਾਈਆ । ਸ਼ਬਦ ਵਜਾਏ ਸਚ ਨਗਾਰਾ, ਤਾਲ ਤਲਵਾੜਾ ਹੱਥ ਉਠਾਈਆ । ਗੁਰਮੁਖ ਸਾਚੇ ਪਾਏ ਸਾਰਾ, ਘਰ ਘਰ ਦਰ ਦਰ ਮੰਦਰ ਫੋਲ ਫੁਲਾਈਆ । ਲੱਖ ਚੁਰਾਸੀ ਵਿਚੋਂ ਕਰ ਪਿਆਰਾ, ਆਪ ਆਪਣਾ ਮੇਲ ਮਿਲਾਈਆ । ਕਲਜੁਗ ਮਿਟੇ ਧੂਆਂਧਾਰਾ, ਧੁੰਧੂਕਾਰ ਰਹਿਣ ਨਾ ਪਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰਾ, ਚਰਨ ਚਰਨੋਦਕ ਆਪ ਪਿਆਈਆ । ਏਕਾ ਵਣਜ ਕਰਾਏ ਸਚ ਵਣਜਾਰਾ, ਸੋਹੰ ਸ਼ਬਦ ਕਰੇ ਪੜ੍ਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਹਾਏ ਇਕ ਦਰਬਾਰਾ, ਹੰ ਪਾਰਬ੍ਰਹਮ ਆਪ ਸਮਝਾਈਆ । ਪੰਚਮ ਮੇਲਾ ਕੰਤ ਭਤਾਰਾ, ਆਤਮ ਸੇਜਾ ਦਏ ਵਡਿਆਈਆ । ਸਾਰੰਗੀ ਸਾਰੰਗ ਵਿਚ ਸੰਸਾਰਾ, ਵਜਾਵਣਹਾਰ ਆਪ ਵਜਾਈਆ । ਗਾਵਣਹਾਰਾ ਗਾਏ ਆਪਣੀ ਵਾਰਾ, ਧੁਨ ਆਤਮਕ ਧੁਨ ਸੁਣਾਈਆ । ਕਲਜੁਗ ਅੰਤਮ ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਕੋਈ ਬਣਾਈਆ । ਮਾਤ ਪਿਤ ਨਾ ਕੀਆ ਪਿਆਰਾ, ਪੁਤਰ ਧੀ ਨਾ ਕੋਈ ਵਡਿਆਈਆ । ਗੁਰਮੁਖਾਂ ਦਰ ਮੰਗੇ ਬਣ ਭਿਖਾਰਾ, ਅਗੇ ਆਪਣੀ ਝੋਲੀ ਡਾਹੀਆ । ਆਪਣਾ ਕਰੇ ਖੇਲ ਕਰਤਾਰਾ, ਕਰਤਾ ਕੀਮਤ ਆਪੇ ਪਾਈਆ । ਗੁਰਮੁਖ ਤੇਰਾ ਉਚ

ਮੁਨਾਰਾ, ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਰਿਹਾ ਸੁਹਾਈਆ । ਬਣੇ ਦਰਵੇਸ਼ ਦਰ ਦਰਬਾਨ ਜੁਗਾ ਜੁਗੰਤਰ ਸਾਚੀ ਕਾਰਾ, ਕਲਜੁਗ ਅੰਤਮ ਵੇਸ ਵਟਾਈਆ । ਖਾਲੀ ਹੱਥ ਰੱਖੇ ਗਿਰਵਰ ਗਿਰਧਾਰਾ, ਗੁਰਮੁਖਾਂ ਨਾਮ ਭੰਡਾਰਾ ਝੋਲੀ ਪਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਜਮ ਕੀ ਫਾਸੀ ਦਏ ਕਟਾਈਆ । ਗੁਰਸਿਖ ਤੇਰੇ ਚਰਨ ਰਾਏ ਧਰਮ ਕਰੇ ਨਿਮਸਕਾਰਾ, ਚਿਤਰ ਗੁਪਤ ਮੰਗਣ ਹਿਸਾਬ ਕੋਈ ਨਾ ਆਈਆ । ਸਤਿਗੁਰ ਪੂਰੇ ਏਕਾ ਸ਼ਬਦ ਸੀਸ ਧਰਿਆ ਦਸਤਾਰਾ, ਜਗਦੀਸ਼ ਆਪਣੇ ਹੱਥ ਰੱਖੇ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਤੇਰਾ ਪਾਰ ਕਿਨਾਰਾ, ਤੇਰਾ ਧਾਮ ਅਵੱਲੜਾ ਇਕ ਵਖਾਈਆ । ਸ਼ਾਹ ਪਾਤਸ਼ਾਹ ਬੈਠਾ ਹਰਿ ਸੱਚਾ ਸਿਕਦਾਰਾ, ਸਾਚੇ ਤਖ਼ਤ ਆਸਣ ਲਾਈਆ । ਗੁਰਸਿਖ ਗੁਰਮੁਖ ਹਰਿਭਗਤ ਹਰਿਜਨ ਸਾਚੇ ਸੰਤ ਸੋਹਿਣ ਇਕ ਦਵਾਰਾ, ਸਚਖੰਡ ਸਾਚਾ ਸੋਭਾ ਪਾਈਆ । ਕਲਜੁਗ ਅੰਤਮ ਪੂਰਬ ਕਰਜਾ ਲਾਹੇ ਸਿਰ ਰੱਖੇ ਨਾ ਕੋਈ ਅਧਾਰਾ, ਮਕਰੂਜ਼ ਆਪਣਾ ਕਰਜ਼ਾ ਪੂਰਾ ਦਏ ਕਰਾਈਆ । ਨਾਤਾ ਤੋੜ ਸਰਬ ਸੰਸਾਰਾ, ਆਪਣੇ ਚਰਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਲਏ ਜਗਾਈਆ । ਗੁਰਮੁਖ ਸੱਜਣ ਮੀਤ ਪਿਆਰਾ ਉਠਿਆ, ਕਿਰਪਾ ਕਰੀ ਗੁਣ ਨਿਧਾਨ । ਸਾਹਿਬ ਸੁਲਤਾਨ ਗੁਰ ਪੂਰਾ ਤੁਠਿਆ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਅੰਮ੍ਰਿਤ ਜਾਮ ਪਿਆਏ ਘੁੱਟਿਆ, ਧੁਰ ਧਾਮ ਵਖਾਏ ਇਕ ਨਿਸ਼ਾਨ । ਦੇਵੇ ਨਾਮ ਖ਼ਜ਼ਾਨਾ ਅਤੁਟਿਆ, ਮੁਕ ਨਾ ਜਾਏ ਵਿਚ ਜਹਾਨ । ਚੋਰ ਯਾਰ ਕਿਸੇ ਨਾ ਲੁੱਟਿਆ, ਜੋ ਜਨ ਚਰਨੀ ਡਿਗੇ ਆਣ । ਮਾਨਸ ਜਨਮ ਨਾ ਭਾਗ ਨਖੁਟਿਆ, ਸਤਿਗੁਰ ਪੂਰਾ ਕਰੇ ਪਛਾਣ । ਵਿਚੋਂ ਭੁੱਲੇ ਕੋਟਨ ਕੋਟਿਆ, ਆਪ ਆਪਣਾ ਦੇਵੇ ਦਾਨ । ਹਉਮੇ ਕੱਢੇ ਵਾਸਨਾ ਖੋਟੀਆ, ਆਤਮ ਉਪਜਾਏ ਬ੍ਰਹਮ ਗਿਆਨ । ਬਾਹੋਂ ਪਕੜ ਚੜ੍ਹਾਏ ਚੋਟੀਆ, ਲੇਖਾ ਮੰਗੇ ਨਾ ਕੋਈ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਗੁਰਮੁਖ ਉਠਾਏ ਬਾਲ ਅੰਞਾਣ । ਗੁਰਸਿਖ ਅੰਞਾਣਾ ਬਾਲਾ, ਬਾਲੀ ਬੁਧ ਭੇਵ ਨਾ ਆਇੰਦਾ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਪੂਰਬ ਲਹਿਣਾ ਵੇਖ ਵਖਾਇੰਦਾ । ਨਿਰਗੁਣ ਅੰਦਰ ਪਾਏ ਮਾਲਾ, ਬ੍ਰਹਮ ਪਾਰਬ੍ਰਹਮ ਜਪਾਇੰਦਾ । ਕਾਇਆ ਮੰਦਰ ਵੇਖ ਧਰਮਸਾਲਾ, ਸਚ ਦਰਵਾਜ਼ਾ ਆਪ ਖੁਲਾਇੰਦਾ । ਅੰਮ੍ਰਿਤ ਠਾਠ ਮਾਰੇ ਉਛਾਲਾ, ਨਿਝਰ ਝਿਰਨਾ ਆਪ ਝਿਰਾਇੰਦਾ । ਸ਼ਬਦ ਦਮਾਮਾ ਵੱਜੇ ਤਾਲਾ, ਤਾਲ ਤਲਵਾੜਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿ ਭਗਤ ਸ਼ਬਦ ਜੋੜੀ ਜੋੜ ਜੁੜਾਇੰਦਾ । ਸੁਰਤ ਸ਼ਬਦ ਹਰਿ ਹਰਿ ਜੋੜ, ਸੁਰਤ ਸ਼ਬਦ ਸੰਗ ਰਖਾਈਆ । ਪੰਚਮ ਵਿਕਾਰਾ ਹੋਏ ਖਵਾਰ, ਪੰਚਮ ਮੋਹ ਰਹੇ ਨਾ ਰਾਈਆ । ਪੰਚਮ ਸ਼ਬਦ ਸੁਣਾਏ ਅਨਹਦ ਸੱਚੀ ਘਨਘੋਰ, ਪੰਚਮ ਨਾਦ ਆਪ ਵਜਾਈਆ । ਪੰਚਮ ਆਪਣੇ ਹੱਥ ਰੱਖੇ ਡੋਰ, ਪੰਚਮ ਚਾਰ ਕੁੰਟ ਭਵਾਈਆ । ਪੰਚਮ ਡੂੰਘੀ ਕੰਦਰ ਪਾਵਣ ਸ਼ੋਰ, ਦਿਵਸ ਰੈਣ ਰਹੇ ਕੁਰਲਾਈਆ । ਪੰਚਮ ਠੱਗ ਚੋਰ ਹਰਾਮ ਖੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਲੇਖੇ ਪਾਈਆ । ਹਰਿਜਨ ਲੇਖ ਅਪਾਰੜਾ, ਵੇਦ ਕਤੇਬ ਭੇਵ ਨਾ ਆਇਆ । ਗੁਰਮੁਖ ਵਸੇ ਧਾਮ ਨਿਆਰੜਾ, ਨਿਰਗੁਣ ਸਾਚੇ ਆਪ ਸੁਹਾਇਆ । ਮਿਲਿਆ ਮੇਲ ਮਿਤਰ ਪਿਆਰੜਾ, ਯਾਰ ਸੱਥਰ ਰਿਹਾ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਹਰਿਜਨ ਸਾਚੇ ਵੇਖ ਵਖਾਇਆ ।

੧੦੨੫

ਹਰਿਜਨ ਗੁਰਸਿਖ ਸਾਚਾ ਮੀਤ, ਪੀਆ ਪ੍ਰੀਤਮ ਵੇਖ ਵਖਾਈਆ । ਕਾਇਆ ਕਰੇ ਠੰਡੀ ਸੀਤ, ਸਤਿ ਸੰਤੋਖ ਨਾਮ ਦ੍ਰਿੜਾਈਆ । ਚਾਰ ਵਰਨ ਕਰਾਏ ਅਤੀਤ, ਤ੍ਰੈ ਤ੍ਰੈ ਅਗਨ ਨਾ ਕੋਈ ਤਪਾਈਆ । ਏਕਾ ਇਸ਼ਟ ਗੁਰਦੇਵ ਸਚ ਪ੍ਰੀਤ, ਏਕਾ ਮੰਦਰ ਦਏ ਵਸਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਈ ਵਡਿਆਈਆ । ਗੁਰਸਿਖ ਧਾਮ ਰਖਾਏ ਇਕ ਅਨਡੀਠ, ਜਗਤ ਨੇਤਰ ਦਿਸ ਨਾ ਆਈਆ । ਪਾਰ ਕਰਾਏ ਦਇਆ ਕਮਾਏ ਪਤਿਤ ਪੁਨੀਤ, ਪਤਿਤ ਪਾਵਨ ਰੂਪ ਪਰਗਟਾਈਆ । ਲੱਖ ਚੁਰਾਸੀ ਪਰਖੇ ਨੀਤ, ਘਰ ਘਰ ਲੇਖਾ ਰਿਹਾ ਗਿਣਾਈਆ । ਸਤਿਜੁਗ ਚਲਾਏ ਸਾਚੀ ਰੀਤ, ਸਤਿਜੁਗ ਸਾਚੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਮੇਲ ਮਿਲਾਈਆ । ਗੁਰਸਿਖ ਸੱਜਣ ਸਹੇਲਿਆ, ਜਗਤ ਵਿਛੋੜਾ ਕੱਟ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ, ਸ਼ਬਦ ਲਗਾਈ ਸਾਚੀ ਸੱਟ । ਧਾਮ ਰਖਾਇਆ ਇਕ ਨਵੇਲਿਆ, ਨਿਰਗੁਣ ਸਰਗੁਣ ਹੋ ਪਰਗਟ । ਆਦਿ ਨਿਰੰਜਣ ਚਾੜ੍ਹੇ ਤੇਲਿਆ, ਜੋਤ ਨਿਰੰਜਣ ਮੇਲਾ ਘਟ ਘਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਰੱਖ । ਰੱਖਣਹਾਰਾ ਦੀਨਾਂ ਨਾਥ ਦਰਦ ਦੁਖ ਭੈ ਭੰਜਣ, ਭਵ ਸਾਗਰ ਆਪ ਤਰਾਈਆ । ਨੇਤਰ ਪਾਏ ਗਿਆਨ ਨਾਮ ਅੰਜਨ, ਅੰਧ ਅੰਧੇਰ ਰਹਿਣ ਨਾ ਪਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਕੱਟ ਵਖਾਈਆ । ਅੰਤਮ ਆਇਆ ਪਰਦੇ ਕੱਜਣ, ਨਿਹਕਲੰਕ ਨਰਾਇਣ ਨਰ ਆਪਣਾ ਰੂਪ ਆਪ ਪਰਗਟਾਈਆ । ਲੱਖ ਚੁਰਾਸੀ ਭਾਂਡੇ ਭੱਜਨ, ਜੋ ਘੜਿਆ ਭੰਨ ਵਖਾਈਆ । ਗੁਰਸਿਖ ਸਤਿਗੁਰ ਦਵਾਰੇ ਬਹਿ ਬਹਿ ਸਜਣ, ਸਤਿਗੁਰ ਪੂਰਾ ਸਿਰ ਆਪਣਾ ਹੱਥ ਟਿਕਾਇੰਦਾ । ਅੰਮ੍ਰਿਤ ਜਾਮ ਪੀ ਪੀ ਰੱਜਣ, ਸਚ ਪਿਆਲਾ ਇਕ ਵਖਾਈਆ । ਨਾਮ ਚੜ੍ਹਾਏ ਇਕ ਜਹਾਜ਼ਨ, ਪਾਰ ਕਿਨਾਰਾ ਦਏ ਜਣਾਈਆ । ਸ਼ਬਦ ਅਗੰਮੀ ਮਾਰੇ ਵਾਜਣ, ਸੁਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਰੰਗ ਨਾ ਕੋਈ ਨਿਸ਼ਾਨ, ਜੀਵ ਜੰਤ ਨਾ ਸਕੇ ਕੋਈ ਪਛਾਣ, ਦਾਤਾ ਦਾਨੀ ਆਪ ਅਖਵਾਈਆ ।

### ✲ ੧੬ ਭਾਦਰੋਂ ੨੦੧੭ ਬਿਕ੍ਰਮੀ ਕਿਰਪਾਲ ਸਿੰਘ ਦੇ ਗ੍ਰਿਹ ਪਿੰਡ ਗੋਲੇ ਵਾਲਾ ਜ਼ਿਲਾ ਫਿਰੋਜ਼ ਪੁਰ ✲

ਸਤਿ ਪੁਰਖ ਨਿਰੰਜਣ ਅਗੰਮ ਅਥਾਹ, ਇਕ ਅਕੱਲਾ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਆਪ ਆਪਣਾ ਰੂਪ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਵਸੇ ਸਾਚੇ ਥਾਂ, ਅਗੰਮ ਅਗੰਮੜਾ ਧਾਮ ਸੁਹਾਇੰਦਾ । ਏਕੰਕਾਰਾ ਆਪਣਾ ਨਾਉਂ ਧਰਾ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਆਦਿ ਨਿਰੰਜਣ ਆਪਣਾ ਆਪ ਕਰ ਰੁਸ਼ਨਾ, ਜੋਤੀ ਜੋਤ ਜੋਤ ਪਰਗਟਾਇੰਦਾ । ਸ੍ਰੀ ਭਗਵਾਨ ਕਰੇ ਸਚ ਨਿਆਂ, ਆਪ ਆਪਣਾ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਪਾਰਬ੍ਰਹਮ ਬਣਿਆ ਪਿਤਾ ਮਾਂ, ਪੂਤ ਸਪੂਤਾ ਆਪੇ ਜਾਇੰਦਾ । ਸ਼ਬਦ ਅਨਾਦੀ ਨਾਉਂ ਧਰਾ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਕਰਤਾ ਪੁਰਖ ਖੇਲ ਖਿਲਾ, ਸਾਚਾ ਕਾਮ ਆਪ ਕਰਾਇੰਦਾ । ਮੂਰਤ ਅਕਾਲ ਅਨਭਵ ਪਰਕਾਸ਼ ਕਰਾ, ਅਨਭਵ ਆਪਣਾ ਰੂਪ ਵਸਾਇੰਦਾ । ਅਜੂਨੀ ਰਹਿਤ ਨਾ ਕੋਈ ਨਿਸ਼ਾਨ, ਰੂਪ ਰੰਗ ਰੇਖ ਨਾ ਕੋਈ ਵਖਾਇੰਦਾ । ਜੋਤੀ ਜੋਤ

੧੦੨੭

੦੯

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣੀ ਕਲ ਆਪ ਵਰਤਾਇੰਦਾ । ਸਤਿ ਪੁਰਖ ਨਿਰੰਜਣ ਸਰਬ ਗੁਣਵੰਤਾ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਆਦਿਨ ਅੰਤਾ, ਏਕਾ ਰੰਗ ਰਿਹਾ ਸਮਾਈਆ । ਹਰਿ ਪੁਰਖ ਨਿਰੰਜਣ ਬਣਾਏ ਬਣਤਾ, ਨਿਰਗੁਣ ਆਪਣਾ ਘਾੜਨ ਆਪ ਘੜਾਈਆ । ਆਦਿ ਨਿਰੰਜਣ ਧਾਮ ਸੁਹੰਤਾ, ਦੀਪਕ ਨੂਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵੇਸ ਵਟੰਤਾ, ਰੂਪ ਅਨੂਪ ਆਪ ਦਰਸਾਈਆ । ਸ੍ਰੀ ਭਗਵਾਨ ਸਾਚਾ ਘਰ ਸੁਹੰਤਾ, ਥਿਰ ਦਰਬਾਰ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਬਣੇ ਮੰਗਤਾ, ਆਪੇ ਆਪਣੀ ਝੋਲੀ ਡਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਆਪ ਲਗਾਏ ਆਪਣੇ ਅੰਗਤਾ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਘਰ ਆਪ ਸੁਹਾਈਆ । ਸਤਿ ਪੁਰਖ ਨਿਰੰਜਣ ਸਤਿ ਵਸੇਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਸੋ ਪੁਰਖ ਨਿਰੰਜਣ ਗਹਿਰ ਗੰਭੀਰਾ, ਲੇਖਾ ਲੇਖ ਨਾ ਕੋਈ ਜਣਾਇੰਦਾ । ਹਰਿ ਪੁਰਖ ਨਿਰੰਜਣ ਚੋਟੀ ਚੜ੍ਹੇ ਇਕ ਅਖ਼ੀਰਾ, ਮਹੱਲ ਅਟੱਲ ਆਪ ਉਪਾਇੰਦਾ । ਏਕੰਕਾਰਾ ਨਾ ਕੋਈ ਬਸਤਰ ਨਾ ਕੋਈ ਚੀਰਾ, ਆਪਣਾ ਰੂਪ ਆਪ ਸੁਹਾਇੰਦਾ । ਆਦਿ ਨਿਰੰਜਣ ਵਡ ਪੀਰਨ ਪੀਰਾ, ਸ਼ਾਹ ਪਾਤਸ਼ਾਹ ਰੂਪ ਪਰਗਟਾਇੰਦਾ । ਅਬਿਨਾਸ਼ੀ ਕਰਤਾ ਆਪਣਾ ਮੰਗੇ ਆਪੇ ਸੀਰਾ, ਅੰਮ੍ਰਿਤ ਆਪਣਾ ਆਪ ਉਪਾਇੰਦਾ । ਸ੍ਰੀ ਭਗਵਾਨ ਬਣ ਹਕੀਰਾ, ਆਪਣੀ ਭਿਛਿਆ ਝੋਲੀ ਪਾਇੰਦਾ । ਪਾਰਬ੍ਰਹਮ ਆਪੇ ਬਖ਼ਸ਼ੇ ਆਪਣੀ ਧੀਰਾ, ਧੀਰਜ ਆਪਣੀ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸੋ ਪੁਰਖ ਨਿਰੰਜਣ ਬਣ ਦਲਾਲਾ, ਦੋ ਜਹਾਨਾ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਵਸੇ ਸੱਚੀ ਧਰਮਸਾਲਾ, ਸਚਖੰਡ ਦਵਾਰੇ ਸੋਭਾ ਪਾਈਆ । ਏਕੰਕਾਰਾ ਹਰਿ ਗੋਪਾਲਾ, ਥਿਰ ਘਰ ਬੈਠਾ ਸੇਜ ਹੰਢਾਈਆ । ਆਦਿ ਨਿਰੰਜਣ ਜੋਤ ਉਜਾਲਾ, ਨੂਰੋ ਨੂਰ ਡਗਮਗਾਈਆ । ਅਬਿਨਾਸ਼ੀ ਕਰਤਾ ਰੂਪ ਪਰਗਟਾਏ ਮਹਾਂਕਾਲਾਂ, ਬਲ ਆਪਣਾ ਆਪ ਵਖਾਈਆ । ਸ੍ਰੀ ਭਗਵਾਨ ਮਾਰੇ ਇਕ ਉਛਾਲਾ, ਸਰ ਸਰੋਵਰ ਧਾਰ ਵਹਾਈਆ । ਪਾਰਬ੍ਰਹਮ ਕਰੇ ਖੇਲ ਨਿਰਾਲਾ, ਨਿਰਗੁਣ ਨਿਰਵੈਰ ਆਪਣੀ ਕਲ ਵਰਤਾਈਆ । ਸ਼ਬਦ ਸੁਤ ਨਿਧਾਨਾ ਬਾਲਾ, ਪੂਤ ਸਪੂਤਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਅਲੱਖ ਅਗੋਚਰ ਭੇਵ ਨਾ ਰਾਇਆ, ਬ੍ਰਹਮ ਰੂਪ ਨਾ ਕੋਈ ਦਿਸਾਇੰਦਾ । ਆਦਿ ਆਦਿ ਆਪਣਾ ਨਾਉਂ ਧਰਾਇਆ, ਧਰਨੀ ਧਰਤ ਧਵਲ ਨਾ ਕੋਈ ਸੁਹਾਇੰਦਾ । ਬ੍ਰਹਮ ਬ੍ਰਹਿਮਾਦਿ ਨਾ ਕੋਈ ਰਚਾਇਆ, ਬ੍ਰਹਿਮੰਡ ਨਾ ਰਾਸ ਰਚਾਇੰਦਾ । ਵਿਸ਼ਨ ਸ਼ਿਵ ਨਾ ਕੋਈ ਜਗਾਇਆ, ਬ੍ਰਹਮਾ ਨਾਉਂ ਨਾ ਕੋਈ ਰਖਾਇੰਦਾ । ਰਵ ਸਸ ਨਾ ਕੋਈ ਚਮਕਾਇਆ, ਦਿਵਸ ਰੈਣ ਨਾ ਕੋਈ ਬਣਾਇੰਦਾ । ਇਕ ਅਕੱਲਾ ਸਤਿ ਪੁਰਖ ਨਿਰੰਜਣ ਦਰ ਘਰ ਸਾਚਾ ਆਪ ਸਜਾਇਆ, ਸਚ ਦਵਾਰਾ ਵਡ ਵਡਿਆਇੰਦਾ । ਸੋ ਪੁਰਖ ਨਿਰੰਜਣ ਆਪਣੀ ਕਲ ਆਪ ਧਰਾਇਆ, ਅਕਲ ਕਲ ਆਪਣੀ ਖੇਲ ਆਪ ਖਿਲਾਇੰਦਾ । ਹਰਿ ਪੁਰਖ ਨਿਰੰਜਣ ਸੇਵਾ ਲਾਇਆ, ਸੇਵਕ ਚਾਕਰ ਆਪ ਬਣ ਜਾਇੰਦਾ । ਏਕੰਕਾਰਾ ਰਾਹ ਤਕਾਇਆ, ਸਚ ਮਲਾਹ ਰੂਪ ਪਰਗਟਾਇੰਦਾ । ਆਦਿ ਨਿਰੰਜਣ ਕਰੇ ਖੇਲ ਦਾਈ ਦਾਇਆ, ਦੂਸਰ ਹੋਰ ਨਾ ਕੋਈ ਦਿਸਾਇੰਦਾ । ਅਬਿਨਾਸ਼ੀ ਕਰਤਾ ਸਾਚਾ ਤਖ਼ਤ ਰਿਹਾ ਸੁਹਾਇਆ, ਸਚ ਸਿੰਘਾਸਣ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਰਾਜ ਰਾਜਾਨ ਸਚ ਨਿਸ਼ਾਨ ਰਿਹਾ ਝੁਲਾਇਆ, ਸਤਿ ਦਵਾਰੇ ਆਪ ਉਠਾਇੰਦਾ ।

ਪਾਰਬ੍ਰਹਮ ਨਿਉਂ ਨਿਉਂ ਰਿਹਾ ਸੀਸ ਝੁਕਾਇਆ, ਦੋਏ ਜੋੜ ਚਰਨ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲਾ ਕਰ ਤਿਆਰ, ਏਕਾ ਵਸੇ ਏਕੰਕਾਰ, ਨਿਰਗੁਣ ਨਿਰਵੈਰ ਅਜੂਨੀ ਰਹਿਤ ਅਨਭਵ ਪਰਕਾਸ਼ ਆਪ ਕਰਾਇੰਦਾ । ਅਨਭਵ ਪਰਕਾਸ਼ ਸਮਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਅਬਿਨਾਸ਼ੀ ਕਰਤਾ ਵੇਖ ਵਖਾਇਆ, ਸ੍ਰੀ ਭਗਵਾਨ ਵੱਜੀ ਵਧਾਈਆ । ਆਦਿ ਨਿਰੰਜਣ ਸੰਗ ਨਿਭਾਇਆ, ਏਕੰਕਾਰਾ ਅੰਗ ਸਮਾਈਆ । ਹਰਿ ਪੁਰਖ ਨਿਰੰਜਣ ਰੰਗ ਰੰਗਾਇਆ, ਸੋ ਪੁਰਖ ਨਿਰੰਜਣ ਵੇਖੇ ਚਾਈਂ ਚਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ ਆਪਣੀ ਰਚਨਾ ਆਪ ਰਚਾਇਆ, ਦੂਸਰ ਵੰਡ ਨਾ ਕੋਈ ਵੰਡਾਈਆ । ਸਚਖੰਡ ਦਵਾਰਾ ਆਪ ਸੁਹਾਇਆ, ਨਿਰਮਲ ਜੋਤ ਕਰ ਰੁਸ਼ਨਾਈਆ । ਸਾਚੇ ਤਖ਼ਤ ਸ਼ਾਹ ਸੁਲਤਾਨਾ ਡੇਰਾ ਲਾਇਆ, ਤਖ਼ਤ ਤਾਜ ਇਕ ਵਡਿਆਈਆ । ਹੁਕਮੀ ਹੁਕਮ ਆਪ ਵਰਤਾਇਆ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪਣੀ ਕਾਰ ਆਪ ਕਮਾਇਆ, ਕਰਤਾ ਆਪੇ ਵੇਖ ਵਖਾਈਆ । ਥਿਰ ਘਰ ਸਾਚੇ ਰੂਪ ਪਰਗਟਾਇਆ, ਛੱਪਰ ਛੰਨ ਨਾ ਕੋਈ ਛੁਹਾਈਆ । ਚਾਰ ਦਿਵਾਰ ਨਾ ਕੋਈ ਵਖਾਇਆ, ਨਾ ਕੋਈ ਬਾਢੀ ਬਣਤ ਬਣਾਈਆ । ਗੁਰ ਪੀਰ ਅਵਤਾਰ ਸਾਧ ਸੰਤ ਨਾ ਕੋਈ ਨਜ਼ਰੀ ਆਇਆ, ਆਦਿ ਪੁਰਖ ਆਪਣੀ ਜੋਤ ਆਪ ਜਗਾਈਆ । ਸਾਚਾ ਮੰਦਰ ਰਿਹਾ ਸੁਹਾਇਆ, ਹਰਿ ਜੂ ਹਰਿ ਮੰਦਰ ਡੇਰਾ ਲਾਈਆ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਨਾ ਵੇਖ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਕਰ ਪਸਾਰਾ, ਆਪੇ ਵੇਖੇ ਵੇਖਣਹਾਰਾ ਦਿਸ ਕਿਸੇ ਨਾ ਆਇਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਦਰ ਘਰ ਸਾਚਾ ਆਪ ਸੁਹਾਇੰਦਾ । ਖੇਲੇ ਖੇਲ ਆਦਿ ਜੁਗਾਦਿ, ਜੁਗ ਕਰਤਾ ਨਾਉਂ ਧਰਾਇੰਦਾ । ਸ਼ਬਦ ਅਗੰਮੀ ਏਕਾ ਨਾਦ, ਧੁਨ ਤਰਾਨਾ ਆਪ ਸੁਣਾਇੰਦਾ । ਸ਼ਬਦ ਦੁਲਾਰਾ ਆਪੇ ਲਾਧ, ਪੂਤ ਸਪੂਤ ਸੇਵਾ ਲਾਇੰਦਾ । ਨਾਮ ਜਣਾਏ ਬੋਧ ਅਗਾਧ, ਨਿਸ਼ ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਹਿਮਾ ਆਪ ਅਲਾਇੰਦਾ । ਆਪਣੀ ਮਹਿਮਾ ਆਪ ਜਣਾ, ਆਪੇ ਭੇਵ ਖੁਲ੍ਹਾਈਆ । ਆਪਣਾ ਤਖ਼ਤ ਆਪ ਸੁਹਾ, ਆਪੇ ਬੈਠਾ ਆਸਣ ਲਾਈਆ । ਆਪਣਾ ਰਾਜ ਆਪ ਕਮਾ, ਆਪੇ ਰਈਯਤ ਵੇਖ ਵਖਾਈਆ । ਆਪਣਾ ਹੁਕਮ ਆਪ ਚਲਾ, ਹੁਕਮੀ ਹੁਕਮ ਦਏ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਝੋਲੀ ਪਾਈਆ । ਤ੍ਰੈਗੁਣ ਮਾਇਆ ਹੱਥ ਉਠਾ, ਏਕਾ ਕੰਗਨ ਤਨ ਪਹਿਨਾਈਆ । ਪੰਜ ਤਤ ਘਾੜਨ ਆਪ ਘੜਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਦਏ ਵਡਿਆਈਆ । ਲੱਖ ਚੁਰਾਸੀ ਰਚਨ ਰਚਾ, ਘਟ ਘਟ ਜੋਤ ਕਰੇ ਰੁਸ਼ਨਾਈਆ । ਆਪਣੀ ਵਿਦਿਆ ਆਪ ਪੜ੍ਹਾ, ਚਾਰੇ ਵੇਦਾਂ ਕਰੇ ਸੁਣਾਈਆ । ਚਾਰੇ ਜੁਗ ਵੰਡ ਵੰਡਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਚਾਰੇ ਬਾਣੀ ਆਪ ਅਲਾ, ਚਾਰੇ ਖਾਣੀ ਆਪ ਸਮਝਾਈਆ । ਲੱਖ ਚੁਰਾਸੀ ਡੇਰਾ ਲਾ, ਕਾਇਆ ਖੇੜਾ ਆਪ ਵਸਾਈਆ । ਨਿਰਗੁਣ ਨਿਬੇੜਾ ਦਏ ਕਰਾ, ਪੰਚਮ ਝੇੜਾ ਵੇਖੇ ਥਾਉਂ ਥਾਈਆ । ਸਾਚਾ ਬੇੜਾ ਰਿਹਾ ਚਲਾ, ਜੁਗ ਜੁਗ ਦਾਤਾ ਬੇਪਰਵਾਹੀਆ । ਆਪਣਾ ਗੇੜਾ ਰਿਹਾ ਦਵਾ, ਗੇੜਨਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਆਦਿ ਜੁਗਾਦੀ ਸਾਚੀ ਕਾਰ, ਜੁਗ ਕਰਤਾ ਆਪ ਕਰਾਈਆ । ਸਾਚੀ ਕਾਰ ਕਮਾਇੰਦਾ, ਪਾਰਬ੍ਰਹਮ ਗੁਰ ਕਰਤਾਰ । ਨਿਰਗੁਣ ਸਰਗੁਣ ਰੂਪ ਪਰਗਟਾਇੰਦਾ, ਲੋਕਮਾਤ ਲੈ

ਅਵਤਾਰ । ਭਗਤਨ ਭਗਤੀ ਮੇਲ ਮਿਲਾਇੰਦਾ, ਆਤਮ ਅੰਤਰ ਕਰ ਪਿਆਰ । ਸਾਚੇ ਸੰਤਨ ਰੰਗ ਰੰਗਾਇੰਦਾ, ਉਤਰ ਨਾ ਜਾਏ ਵਿਚ ਸੰਸਾਰ । ਗੁਰਮੁਖ ਆਪਣੀ ਗੋਦ ਬਹਾਇੰਦਾ, ਦਰ ਘਰ ਸਾਚੇ ਕਰ ਪਿਆਰ । ਗੁਰਸਿਖ ਸਾਚੇ ਏਕਾ ਨੈਣ ਖੁਲਾਇੰਦਾ, ਨੇਤਰ ਲੋਚਣ ਕਰ ਉਜਿਆਰ । ਮਾਇਆ ਮਮਤਾ ਪਰਦਾ ਲਾਹਿੰਦਾ, ਹਉਮੇ ਹੰਗਤਾ ਕਰ ਖ਼ਵਾਰ । ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ, ਦੇਵੇ ਸ਼ਬਦ ਨਾਮ ਭੰਡਾਰ । ਪੰਚ ਵਿਕਾਰਾ ਆਪ ਖਪਾਇੰਦਾ, ਕਾਗਦ ਕਲਮ ਨਾ ਲਿਖਣਹਾਰ । ਪੰਚਮ ਧੁਨ ਆਪ ਉਪਜਾਇੰਦਾ, ਅਨਹਦ ਸ਼ਬਦ ਸੱਚੀ ਧੁਨਕਾਰ । ਅੰਮ੍ਰਿਤ ਜਾਮ ਆਪ ਪਿਆਇੰਦਾ, ਨਿਝਰ ਝਿਰਨਾ ਠੰਡਾ ਠਾਰ । ਬਜਰ ਕਪਾਟੀ ਪਰਦਾ ਲਾਹਿੰਦਾ, ਕਿਰਪਾ ਕਰ ਆਪ ਕਰਤਾਰ । ਗੁਰ ਸ਼ਬਦੀ ਮੇਲ ਮਿਲਾਇੰਦਾ, ਨਾਤਾ ਤੋੜ ਸਰਬ ਸੰਸਾਰ । ਸਾਚੇ ਮੰਦਰ ਆਪ ਬਹਾਇੰਦਾ, ਹਰਿ ਸੰਤਨ ਕਰੇ ਪਿਆਰ । ਆਤਮ ਸੇਜਾ ਸੋਭਾ ਪਾਇੰਦਾ, ਘਰ ਘਰ ਵਿਚ ਕਰ ਤਿਆਰ । ਨਿਰਗੁਣ ਸਰਗੁਣ ਮੇਲ ਮਿਲਾਇੰਦਾ, ਜੀਵ ਆਤਮ ਪਾਏ ਸਾਰ । ਪਰਮ ਆਤਮ ਵੇਖ ਵਖਾਇੰਦਾ, ਬ੍ਰਹਮ ਪਾਰਬ੍ਰਹਮ ਨਾਰੀ ਕੰਤ ਭਤਾਰ । ਦੋਹਾਂ ਵਿਚੋਲਾ ਸ਼ਬਦ ਜਣਾਇੰਦਾ, ਜੁਗਾਂ ਜੁਗੰਤਰ ਸਾਚੀ ਕਾਰ । ਆਪਣਾ ਢੋਲਾ ਆਪ ਸੁਣਾਇੰਦਾ, ਨਿਰਗੁਣ ਬੋਲ ਨਾਮ ਜੈਕਾਰ । ਆਪਣਾ ਚੋਲਾ ਆਪ ਬਦਲਾਇੰਦਾ, ਮਰੇ ਨਾ ਜੰਮੇ ਵਿਚ ਸੰਸਾਰ । ਸਾਚਾ ਤੋਲਾ ਇਕ ਅਖਵਾਇੰਦਾ, ਤ੍ਰੈਗੁਣ ਮਾਇਆ ਤੋਲਣਹਾਰਾ ਆਪਣਾ ਤਤ ਤੋਲੇ ਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਅਪਰ ਅਪਾਰ । ਸਾਚਾ ਖੇਲ ਖਿਲੰਦੜਾ, ਪਾਰਬ੍ਰਹਮ ਬੇਅੰਤ । ਜੁਗ ਜੁਗ ਵੇਸ ਵਟੰਦੜਾ, ਲੇਖਾ ਜਾਣੇ ਸਾਚੇ ਸੰਤ । ਸਾਚਾ ਧਾਮ ਇਕ ਸੁਹੰਦੜਾ, ਪੁਰਖ ਅਬਿਨਾਸ਼ੀ ਮਹਿਮਾ ਅਗਣਤ । ਆਪਣਾ ਭੇਵ ਆਪ ਖੁਲੰਦੜਾ, ਗੁਰਮੁਖ ਮੇਲਾ ਨਾਰੀ ਕੰਤ । ਗੀਤ ਸੁਹਾਗੀ ਆਪ ਸੁਣੰਦੜਾ, ਆਪੇ ਮਣੀਆ ਆਪੇ ਮੰਤ । ਦੀਪਕ ਜੋਤ ਇਕ ਜਗੰਦੜਾ, ਅੰਧ ਅੰਧੇਰਾ ਕਰੇ ਖੰਡਤ । ਸਾਚਾ ਅੱਖਰ ਆਪ ਪੜ੍ਹੰਦੜਾ, ਭੇਵ ਨਾ ਜਾਣੇ ਪਾਂਧਾ ਪੰਡਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਕਰਨੇਹਾਰ, ਦੂਸਰ ਦਰ ਨਾ ਜਾਏ ਮੰਗਤ । ਦੂਸਰ ਦਰ ਨਾ ਮੰਗਦਾ, ਬੇਐਬ ਪਰਵਰਦਿਗਾਰ । ਕਰੇ ਖੇਲ ਸੂਰੇ ਸਰਬੰਗਦਾ, ਨਿਰਗੁਣ ਨਿਰਵੈਰ ਨਿਰਾਕਾਰ । ਆਪਣਾ ਦਾਮਨ ਆਪੇ ਰੰਗਦਾ, ਰੰਗਣਹਾਰ ਆਪ ਕਰਤਾਰ । ਆਪਣੇ ਅਸਵ ਆਪੇ ਤੰਗ ਕਸਦਾ, ਆਪੇ ਹੋਏ ਅਸਵ ਅਸਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਖੇਲੇ ਖੇਲ ਸ੍ਰੀ ਭਗਵੰਤ, ਆਪਣਾ ਰੂਪ ਕਰੇ ਅਪਾਰ । ਰੂਪ ਅਪਾਰਾ ਹਰਿ ਨਿਰੰਕਾਰਾ, ਵੇਦ ਕਤੇਬ ਕਹਿਣ ਨਾ ਜਾਈਆ । ਵਿਸ਼ਨੂੰ ਕਰੇ ਨਿਉਂ ਨਿਉਂ ਨਿਮਸਕਾਰਾ, ਚਰਨ ਕਵਲ ਧਿਆਨ ਲਗਾਈਆ । ਬ੍ਰਹਮਾ ਦਰ ਬਣੇ ਭਿਖਾਰਾ, ਖ਼ਾਲੀ ਝੋਲੀ ਰਿਹਾ ਭਰਾਈਆ । ਸ਼ੰਕਰ ਵੇਖੇ ਇਕ ਦਵਾਰਾ, ਪਾਰਬ੍ਰਹਮ ਸੱਚੀ ਸਰਨਾਈਆ । ਤਿੰਨਾਂ ਵਿਚੋਲਾ ਬਣ ਸੱਚੀ ਸਰਕਾਰਾ, ਸਾਚਾ ਹੁਕਮ ਆਪ ਸੁਣਾਈਆ । ਏਕਾ ਢੋਲਾ ਸ਼ਬਦ ਜੈਕਾਰਾ, ਨਿਰਗੁਣ ਨਿਰਗੁਣ ਲਏ ਉਪਜਾਈਆ । ਸਰਗੁਣ ਸਾਚਾ ਕਰ ਤਿਆਰਾ, ਮਹੱਲ ਮੁਨਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪ ਬੁਝਾਏ ਲੱਗੀ ਬਸੰਤਰ, ਤ੍ਰੈਗੁਣ ਤਤ ਵੇਖ ਵਖਾਈਆ । ਆਦਿ ਜੁਗਾਦਿ ਹੋਏ ਪਰਗਟ, ਆਦਿ ਬੈਠਾ ਵੇਸ ਵਟਾਈਆ । ਸ਼ਬਦ ਨਾਦ ਵਜਾਏ ਸੱਟ, ਧੁਨ ਅਨਹਦ ਤਾਲ ਰਲਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਫੋਲ ਫੁਲਾਈਆ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦਵਾਪਰ ਆਪਣੇ ਲੇਖੇ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਉਤਾਰਿਆ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਸਰਗੁਣ ਲਏ ਅਵਤਾਰਾ, ਭਗਤ ਭਗਵੰਤ ਕਰ ਪਛਾਣ । ਗ਼ਰੀਬ ਨਿਮਾਣਿਆਂ ਦੇਵੇ ਸਹਾਰਿਆ, ਹੰਕਾਰੀਆਂ ਮੇਟੇ ਜਗਤ ਨਿਸ਼ਾਨ । ਏਕਾ ਵਣਜ ਕਰੇ ਵਾਪਾਰਿਆ, ਵਡ ਦਾਤਾ ਬੇਪਰਵਾਹਿਆ ਗੁਣ ਨਿਧਾਨ । ਏਕਾ ਰਾਮ ਨਾਮ ਜੈਕਾਰਿਆ, ਇਕ ਝੁਲਾਏ ਸਚ ਨਿਸ਼ਾਨ । ਏਕਾ ਲੇਖਾ ਜਾਣੇ ਆਰ ਪਾਰ ਕਿਨਾਰਿਆ, ਏਕਾ ਬੇੜਾ ਚਲਾਏ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਖੇਲ ਮਹਾਨ । ਖੇਲ ਮਹਾਨਾ ਸ੍ਰੀ ਭਗਵਾਨਾ, ਆਪਣਾ ਆਪ ਕਰਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨਾ, ਲੋਕਮਾਤ ਆਪ ਚਲਾਇੰਦਾ । ਗੁਰਮੁਖ ਅੰਦਰ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਗੁਰਮੁਖਾਂ ਇਕ ਸੁਣਾਏ ਧੁਨ ਤਰਾਨਾ, ਅਨਹਦ ਸਾਚੀ ਤਾਰ ਹਿਲਾਇੰਦਾ । ਏਕਾ ਬਖ਼ਸ਼ੇ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਸਰਬ ਮਿਟਾਇੰਦਾ । ਇਕ ਵਖਾਏ ਪਦ ਨਿਰਬਾਨਾ, ਮਹੱਲ ਅਟੱਲ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਖਿਲਾਵਣਹਾਰਾ, ਏਕਾ ਏਕ ਏਕੰਕਾਰ । ਤ੍ਰੈ ਤ੍ਰੈ ਕਰਿਆ ਪਾਰ ਕਿਨਾਰਾ, ਚੌਥੇ ਜੁਗ ਆਈ ਵਾਰ । ਚਾਰੇ ਵੇਦਾਂ ਪਾਵੇ ਸਾਰਾ, ਪੁਰਾਨ ਅਠਾਰਾਂ ਖੋਲ੍ਹ ਕਿਵਾੜ । ਸ਼ਾਸਤਰ ਸਿਮਰਤ ਦਏ ਹੁਲਾਰਾ, ਲੇਖਾ ਜਾਣੇ ਅੰਦਰ ਬਾਹਰ । ਜਗਤ ਗਿਆਨ ਇਕ ਅਧਾਰਾ, ਦੇਵਣਹਾਰ ਸ੍ਰੀ ਭਗਵਾਨ । ਅੰਜੀਲਾ ਕੁਰਾਨਾਂ ਕਰੇ ਕਿਨਾਰਾ, ਸ਼ਰਅ ਸ਼ਰੀਅਤ ਵੇਖੇ ਵਿਚ ਜਹਾਨ । ਖਾਣੀ ਬਾਣੀ ਬਣ ਵਰਤਾਰਾ, ਦਾਤਾ ਦਾਨੀ ਗੁਣ ਨਿਧਾਨ । ਕਲਜੁਗ ਅੰਤਮ ਰੋਵੇ ਜ਼ਾਰੋ ਜ਼ਾਰਾ, ਦਿਵਸ ਰੈਣ ਸਕੇ ਨਾ ਕੋਈ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪ ਉਠਾਏ ਆਪਣਾ ਬਾਣ । ਜੁਗ ਜੁਗ ਬਾਣ ਉਠਾਇੰਦਾ, ਹਰਿ ਸਤਿਗੁਰ ਸੱਚਾ ਪਾਤਸ਼ਾਹ । ਗੜ੍ਹ ਹੰਕਾਰੀ ਆਪ ਤੁੜਾਇੰਦਾ, ਸ਼ਬਦ ਨਿਸ਼ਾਨਾ ਏਕਾ ਲਾ । ਗੁਰ ਪੀਰ ਆਪ ਅਖਵਾਇੰਦਾ, ਕਲਧਾਰੀ ਬੇਪਰਵਾਹ । ਖੜਗ ਖੰਡਾ ਇਕ ਚਮਕਾਇੰਦਾ, ਚੰਡ ਪਰਚੰਡ ਹੱਥ ਉਠਾ । ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ, ਤ੍ਰੈਭਵਨ ਫੇਰਾ ਪਾ । ਲੋਆਂ ਪੁਰੀਆਂ ਫੇਰਾ ਪਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਦਏ ਜਗਾ । ਕ੍ਰੋੜ ਤਤੀਸਾ ਰਹਿਣ ਨਾ ਪਾਇੰਦਾ, ਸੁਰਪਤ ਰੋਵੇ ਮਾਰੇ ਧਾ । ਸ਼ਾਹ ਸੁਲਤਾਨਾਂ ਹਰਿ ਭਗਵਾਨਾ ਆਪਣਾ ਬਲ ਆਪ ਧਰਾਇੰਦਾ, ਆਪਣੀਆਂ ਭੁਜਾਂ ਰਿਹਾ ਉਠਾ । ਦੋ ਜਹਾਨਾ ਵੇਖ ਵਖਾਇੰਦਾ, ਤ੍ਰਲੋਕੀ ਚਰਨਾਂ ਹੇਠ ਦਬਾ । ਚੌਦਾਂ ਲੋਕਾਂ ਕੁੰਡਾ ਲਾਹਿੰਦਾ, ਚੌਦਾਂ ਤਬਕਾਂ ਪੰਧ ਮੁਕਾ । ਰਵ ਸਸ ਮੁਖ ਸ਼ਰਮਾਇੰਦਾ, ਨੇਤਰ ਨੀਰ ਰਿਹਾ ਵਹਾ । ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ, ਕਲਜੁਗ ਵੇਲਾ ਅੰਤਮ ਗਿਆ ਆ । ਵੇਦ ਕਤੇਬ ਭੇਵ ਨਾ ਪਾਇੰਦਾ, ਗੁਰ ਪੀਰ ਦੇ ਦੇ ਥੱਕੇ ਸਲਾਹ । ਵੇਦ ਵਿਆਸਾ ਲੇਖ ਲਿਖਾਇੰਦਾ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਫੇਰਾ ਜਾਏ ਪਾ । ਨਾਨਕ ਨਿਰਗੁਣ ਵੇਖ ਵਖਾਇੰਦਾ, ਜੋਤੀ ਜੋਤ ਜੋਤ ਜਗਾ । ਹਰਿ ਹਰਿ ਆਪਣਾ ਰੂਪ ਪਰਗਟਾਇੰਦਾ, ਕਲਜੁਗ ਵੇਖੇ ਥਾਉਂ ਥਾਂ । ਜ਼ਿਮੀ ਅਸਮਾਨਾਂ ਫੇਰੀ ਪਾਇੰਦਾ, ਜੁਗਾਂ ਜੁਗੰਤਰ ਛੱਡੇ ਨਾ ਕੋਈ ਥਾਂ । ਸੱਤਾਂ ਦੀਪਾਂ ਡੇਰਾ ਢਾਇੰਦਾ, ਨੌਂ ਖੰਡ ਪ੍ਰਿਥਮੀ ਦਏ ਹਿਲਾ । ਨੌਂ ਦਵਾਰੇ ਖੋਜ ਖੁਜਾਇੰਦਾ, ਲੱਖ ਚੁਰਾਸੀ ਮੰਦਰ ਵੇਖੇ ਆ । ਮਾਤ ਪਿਤਾ ਨਾ ਕੋਈ ਬਣਾਇੰਦਾ, ਜਨਣੀ ਕੁਖੋਂ ਨਾ ਲਏ ਜਾ । ਮਹਾਂਬਲੀ ਆਪ ਅਖਵਾਇੰਦਾ, ਸੂਰਬੀਰ ਬੇਪਰਵਾਹ । ਨਿਹਕਲੰਕ ਨਾਉਂ ਧਰਾਇੰਦਾ, ਜੋਤੀ ਜਾਮਾ ਭੇਖ ਵਟਾ । ਏਕਾ ਜੋਤੀ

੧੦੩੦ ੦੯

ਡਗਮਗਾਇੰਦਾ, ਵੇਖ ਵਖਾ । ਪੁਰਖ ਅਕਾਲ ਇਕ ਮਨਾਇੰਦਾ, ਦੋ ਜਹਾਨਾ ਪਿਤਾ ਮਾਂ । ਦੂਸਰ ਇਸ਼ਟ ਨਾ ਕੋਈ ਜਣਾਇੰਦਾ, ਚਾਰ ਵਰਨਾਂ ਰਿਹਾ ਸਮਝਾ । ਕਲਜੁਗ ਜੀਵ ਭੇਵ ਨਾ ਪਾਇੰਦਾ, ਭਰਮੇ ਭੁੱਲਾ ਸਰਬ ਜਹਾਂ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਚਾ ਕਰਮ ਨਾ ਕੋਈ ਕਮਾਇੰਦਾ, ਨੇਹਕਰਮੀ ਕਰੇ ਖੇਲ ਬੇਪਰਵਾਹ । ਵਰਨ ਬਰਨ ਆਪ ਮਿਟਾਇੰਦਾ, ਊਚਾਂ ਨੀਚਾਂ ਲਏ ਮਿਲਾ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਥਾਂ ਬਹਾਇੰਦਾ, ਰਾਜੇ ਰਾਣੇ ਤਖਤੋਂ ਦੇਵੇ ਲਾਹ । ਵੇਲੇ ਅੰਤਮ ਆਪ ਸੁਹਾਇੰਦਾ, ਕਲਜੁਗ ਰੈਣ ਅੰਧੇਰੀ ਮੇਟੇ ਛਾਂ । ਸਾਚਾ ਖੰਡਾ ਹੱਥ ਚਮਕਾਇੰਦਾ, ਸ਼ਬਦ ਅਗੰਮੀ ਘਾੜਤ ਲਏ ਘੜਾ । ਲੁਹਾਰ ਤਰਖਾਨ ਨਾ ਕੋਈ ਬਣਾਇੰਦਾ, ਕਲਜੁਗ ਮੁੱਠੀ ਨਾ ਦੇਵੇ ਲਾ । ਜਗਤ ਗਿਆਨ ਨਾ ਕੋਈ ਰਖਾਇੰਦਾ, ਤ੍ਰੈਗੁਣ ਮਾਇਆ ਨਾ ਸਕੇ ਛੁਪਾ । ਪੁਰਖ ਅਬਿਨਾਸ਼ੀ ਆਪਣਾ ਖੇਲ ਆਪ ਖਲਾਇੰਦਾ, ਆਪ ਆਪਣੀ ਕਲ ਵਰਤਾ । ਨਿਹਕਲੰਕ ਨਾਉਂ ਧਰਾਇੰਦਾ, ਧਰਤੀ ਧਵਲ ਭਾਗ ਲਗਾ । ਸਾਚਾ ਖੰਡਾ ਆਪ ਚਮਕਾਇੰਦਾ, ਬ੍ਰਹਿਮੰਡਾਂ ਦਏ ਡਰਾ । ਜੇਰਜ ਅੰਡਾਂ ਵੇਖ ਵਖਾਇੰਦਾ, ਉਤਭੁਜ ਸੇਤਜ ਦਏ ਹਿਲਾ । ਸੱਤ ਸਮੁੰਦਰ ਫੋਲ ਫੁਲਾਇੰਦਾ, ਸਾਗਰ ਰਿੜਕੇ ਆਪਣੀ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਪਰਗਟਾਇੰਦਾ । ਆਪਣਾ ਨਾਉਂ ਆਪ ਪਰਗਟੌਣਾ, ਹਰਿ ਵੱਡਾ ਵਡ ਵਡਿਆਈਆ । ਸਤਿ ਪੁਰਖ ਨਿਰੰਜਣ ਵੇਸ ਵਟੌਣਾ, ਅਲੱਖ ਅਲੱਖਣਾ ਏਕਾ ਅਲੱਖ ਦਏ ਜਗਾਈਆ । ਅਗੰਮ ਅਗੰਮੜਾ ਧਾਮ ਸੁਹੌਣਾ, ਧਾਮ ਅਵੱਲਾ ਇਕ ਬਣਾਈਆ । ਸੰਬਲ ਨਗਰੀ ਨਾਉਂ ਰਖੌਣਾ, ਆਪਣੇ ਹੱਥ ਰੱਖੇ ਵਡਿਆਈਆ । ਇਟ ਗਾਰਾ ਨਾ ਕੋਈ ਲਗੌਣਾ, ਛੱਪਰ ਛੰਨ ਨਾ ਕੋਈ ਛੁਹਾਈਆ । ਨੌਂ ਖੰਡ ਪ੍ਰਿਥਮੀ ਵਿਚ ਫਿਰੌਣਾ, ਸਤਿ ਸਤਿ ਡੇਰਾ ਰਿਹਾ ਢਾਈਆ । ਚਾਰ ਵਰਨ ਚਾਰ ਜੁਗ ਚਾਰ ਖਾਣੀ ਚਾਰ ਬਾਣੀ ਰਾਹ ਤਕੌਣਾ, ਚਾਰ ਵਰਨ ਧਿਆਨ ਲਗਾਈਆ । ਉਚ ਮਹੱਲ ਅਟੱਲ ਇਕ ਵਸੌਣਾ, ਥਿਰ ਦਰਬਾਰਾ ਆਪ ਬਣਾਈਆ । ਰਾਗ ਅਨਾਦੀ ਏਕਾ ਗੌਣਾ, ਛੱਤੀ ਰਾਗ ਭੇਵ ਨਾ ਰਾਈਆ । ਨਾਰਦ ਸੁਰਸਤੀ ਮੁਖ ਸ਼ਰਮੌਣਾ, ਨੇਤਰ ਨੈਣਾਂ ਨੀਰ ਰਿਹਾ ਵਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਆਪਣਾ ਖੇਲ ਖਿਲੌਣਾ, ਖ਼ਾਲਕ ਖ਼ਲਕ ਵੇਖੇ ਬੇਪਰਵਾਹੀਆ । ਏਕਾ ਕਲਮਾ ਆਪ ਪੜ੍ਹੌਣਾ, ਸ਼ਰਅ ਸ਼ਰੀਯਤ ਇਕ ਜਣਾਈਆ । ਆਲਮ ਉਲਮਾ ਆਪ ਸਮਝੌਣਾ, ਤਾਲਬ ਤੁਲਬਾ ਆਪ ਸਮਝਾਈਆ । ਨੂਨ ਨੁਕਤਾ ਮੇਟ ਮਿਟੌਣਾ, ਪਾਰਬ੍ਰਹਮ ਆਪਣੇ ਹੱਥ ਰੱਖੇ ਵਡਿਆਈਆ । ਸਾਬਤ ਈਮਾਨ ਇਕ ਜਣੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਲੇਖਾ ਹੱਥ ਕਰਤਾਰ, ਕਾਗਦ ਕਲਮ ਨਾ ਲਿਖੇ ਸ਼ਾਹੀਆ । ਬ੍ਰਹਮਾ ਵੇਦ ਨਾ ਪਾਵੇ ਸਾਰ, ਚਾਰੇ ਮੁਖ ਦਏ ਦੁਹਾਈਆ । ਪੁਰਾਨ ਅਠਾਰਾਂ ਕਰਨ ਪੁਕਾਰ, ਵੇਦ ਸੰਗ ਰਲਾਈਆ । ਸ਼ਾਸਤਰ ਸਿਮਰਤ ਹੋਏ ਲਾਚਾਰ, ਜੀਵ ਜੰਤ ਕਰਨ ਪੜ੍ਹਾਈਆ । ਗੀਤਾ ਗੋਝ ਇਕ ਗਿਆਨ ਗਿਆਨ ਵਿਚ ਟਿਕਾ ਬੀਸ ਬੀਸਾ ਅੰਜੀਲ ਕੁਰਾਨ, ਰਸਨਾ ਜਿਹਵਾ ਰਹੇ ਗਾਈਆ । ਖਾਣੀ ਬਾਣੀ ਗੁਣ ਨਿਧਾਨ, ਗੁਣਵੰਤ ਕਹਿਣ ਨਾ ਜਾਈਆ । ਕਲਜੁਗ ਨਿਹਕਲੰਕ ਨਾ ਸਕੇ ਕੋਈ ਪਛਾਣ, ਚਾਰੋਂ ਕੁੰਟ ਅੰਧੇਰਾ ਛਾਈਆ । ਸਚ ਧਰਮ ਨਾ ਕੋਈ ਨਿਸ਼ਾਨ, ਜੂਠ ਝੂਠ ਵੱਜੇ ਵਧਾਈਆ । ਹਰਿ ਕਾ ਨਾਉਂ ਰਸਨਾ ਗਾਨ, ਹਿਰਦੇ ਹਰਿ ਨਾ ਕੋਈ ਵਸਾਈਆ । ਅਠਸਠ ਤੀਰਥ ਕਰਨ ਅਸ਼ਨਾਨ, ਆਤਮ ਸਰੋਵਰ ਨਾ ਕੋਈ ਨਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ ।

ਕਲਜੁਗ ਅੰਤਮ ਵੇਖਣਹਾਰਾ, ਨਿਰਗੁਣ ਰੂਪ ਸਮਾਇੰਦਾ । ਲੱਖ ਚੁਰਾਸੀ ਵੇਖੇ ਕਾਇਆ ਮਹੱਲ ਮੁਨਾਰਾ, ਘਰ ਘਰ ਆਪਣੀ ਜੋਤ ਜਗਾਇੰਦਾ । ਅੰਦਰ ਮੰਦਰ ਡੂੰਘੀ ਗਾਰਾ, ਅੰਧ ਅੰਧੇਰ ਆਪ ਸਮਾਇੰਦਾ । ਪਾਵੇ ਸਾਰ ਗੜ੍ਹ ਹੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਨਿਰਗੁਣ ਖੇਲ ਸਰਗੁਣ ਧਾਰ, ਗੁਰ ਸਤਿਗੁਰ ਨਾਉਂ ਧਰਾਇੰਦਾ । ਇਕ ਅਕੱਲਾ ਏਕੰਕਾਰ, ਅਕਲ ਕਲ ਰੂਪ ਪਰਗਟਾਇੰਦਾ । ਜੁਗਾ ਜੁਗੰਤਰ ਹੋ ਤਿਆਰ, ਲੋਕਮਾਤ ਵੇਖ ਵਖਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਕੂੜ ਕੁੜਿਆਰਾ ਕਰੇ ਖ਼ਵਾਰ, ਸਚ ਸੁੱਚ ਮਾਰਗ ਏਕਾ ਲਾਇੰਦਾ । ਕਲਜੁਗ ਦੁਹਾਗਣ ਦਿਸੇ ਨਾਰ, ਕੰਤ ਸੁਹਾਗ ਨਾ ਕੋਈ ਹੰਢਾਇੰਦਾ । ਮਨ ਬੈਰਾਗਣ ਕਵਣ ਮਿਲੇ ਯਾਰ, ਪੀਆ ਪ੍ਰੀਤਮ ਕਵਣ ਸੇਜ ਸੁਹਾਇੰਦਾ । ਕਵਣ ਬਾਣੀ ਬੋਲ ਕਰੇ ਜੈਕਾਰ, ਕਵਣ ਨਾਦ ਧੁਨ ਵਜਾਇੰਦਾ । ਕਵਣ ਪਾਣੀ ਮਿਲੇ ਠੰਡਾ ਠਾਰ, ਨਿਰਗੁਣ ਤਤ ਕਵਣ ਬੁਝਾਇੰਦਾ । ਕਵਣ ਮੰਦਰ ਸੋਹੇ ਗੁਰੂਦਵਾਰ, ਜਿਸ ਦਵਾਰੇ ਸਤਿਗੁਰ ਵੇਸ ਵਟਾਇੰਦਾ । ਕਲਜੁਗ ਜੀਵ ਹੋਏ ਗਵਾਰ, ਮਨਮਤ ਸਰਬ ਪਰਨਾਇੰਦਾ । ਮਨਮਤ ਨਾ ਕਰੇ ਕੋਈ ਪਿਆਰ, ਕਾਮ ਕ੍ਰੋਧ ਲੋਭ ਮੋਹ ਹੰਕਾਰ ਸਰਬ ਤੜਪਾਇੰਦਾ । ਜਾਗਰਤ ਜੋਤ ਨਾ ਜਗੇ ਹੋਏ ਉਜਿਆਰ, ਗੋਬਿੰਦ ਮੇਲ ਨਾ ਕੋਈ ਮਿਲਾਇੰਦਾ । ਸੁਰਤ ਸਵਾਣੀ ਸੁਤੀ ਪੈਰ ਪਸਾਰ, ਆਲਸ ਨਿੰਦਰਾ ਨਾ ਕੋਈ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ ।

੧੦੩੨ ਕਲਜੁਗ ਤੇਰਾ ਕੂੜ ਪਸਾਰਾ, ਤੇਰਾ ਰੰਗ ਰਿਹਾ ਰੰਗਾਈਆ । ਚਾਰੋਂ ਕੁੰਟ ਹਾਹਾਕਾਰਾ, ਸਤਿ ਸੰਤੋਖ ਨਾ ਕੋਈ ਦਸਾਈਆ । ਸਾਚਾ ਦਿਸੇ ਨਾ ਕੋਈ ਦਰਬਾਰਾ, ਠਾਂਡਾ ਦਰ ਨਾ ਕੋਈ ਵਖਾਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਮਸਾਇਕ ਉਚੀ ਕੂਕਨ ਕਰਨ ਪੁਕਾਰਾ, ਰਸਨਾ ਜਿਹਵਾ ਕਾਗ ਵਾਂਗ ਕੁਰਲਾਈਆ । ਮਿਲਿਆ ਮੇਲ ਨਾ ਸਾਂਝੇ ਯਾਰਾ, ਖ਼ੁਦੀ ਖ਼ੁਦ ਨਾ ਕੋਈ ਗਵਾਈਆ । ਨਾਤਾ ਤੁੱਟੇ ਨਾ ਜਗਤ ਸੰਸਾਰਾ, ਸਾਚੀ ਸਿਖ਼ਿਆ ਨਾ ਕੋਈ ਸਮਝਾਈਆ । ਨੌ ਖੰਡ ਪ੍ਰਿਥਮੀ ਬਣਿਆ ਜਗਤ ਅਖਾੜਾ, ਸਿਆਸਤ ਵਰਾਸਤ ਦਏ ਦੁਹਾਈਆ । ਕਲਜੁਗ ਅੰਤਮ ਪਰਗਟ ਹੋਏ ਪਾਰਬ੍ਰਹਮ ਅਬਿਨਾਸ਼ੀ ਕਰਤਾ ਧੁਰ ਦਰਬਾਰਾ ਸਾਚਾ ਲਾੜਾ, ਨਰ ਹਰਿ ਆਪਣਾ ਰੂਪ ਪਰਗਟਾਈਆ । ਚਾਰੋਂ ਕੁੰਟ ਕਰੇ ਖਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭਗਤਨ ਮੇਲ ਮਿਲਾਈਆ । ਜਗੇ ਜੋਤ ਜੋਤ ਨਿਰੰਕਾਰਾ, ਕਲਜੁਗ ਅੰਤਮ ਅੰਤ ਸੁਹਾਇੰਦਾ । ਮਿਲੇ ਮੇਲ ਭਗਤ ਭਗਵੰਤ ਧੁਰ ਦਰਬਾਰ, ਦਰ ਦਰਵਾਜ਼ਾ ਆਪ ਖੁਲਾਇੰਦਾ । ਲੋਕਮਾਤ ਪਾਵੇ ਸਾਰਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਦਰ ਦਰ ਬਣੇ ਆਪ ਭਿਖਾਰਾ, ਦਰ ਦਰਵੇਸ਼ ਵੇਸ ਵਟਾਇੰਦਾ । ਏਕਾ ਅਲਫ਼ੀ ਹਰਿ ਸ਼ੰਗਾਰਾ, ਚੁਰਾਸੀ ਕਲੀਆਂ ਰੰਗ ਰੰਗਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਹੰਕਾਰੀਆਂ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਘਰ ਸਾਚਾ ਆਪ ਸੁਹਾਇੰਦਾ । ਹਰਿਜਨ ਸਾਚਾ ਮੇਲਣਹਾਰਾ, ਪਾਰਬ੍ਰਹਮ ਇਕ ਅਖਵਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਜੁਗ ਵਿਛੜੇ ਵੇਖ ਵਖਾਇੰਦਾ । ਘਰ ਦੀਪਕ ਜੋਤੀ ਕਰ ਉਜਿਆਰਾ, ਅੰਧ ਅੰਧੇਰ ਮਿਟਾਇੰਦਾ । ਸ਼ਬਦ ਸੁਣਾਏ ਸੱਚੀ ਧੁਨਕਾਰਾ, ਅਨਹਦ ਸਾਚਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵਿਰੋਲੇ ਛਾਛ, ਲੇਖਾ ਜਾਣੇ ਪ੍ਰਿਥਮੀ ਅਕਾਸ਼, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਮੁਖ ਸੱਜਣ

ਮੀਤ, ਸਤਿਗੁਰ ਸਾਚਾ ਮੀਤ ਮੇਲ ਮਿਲਾਈਆ । ਆਦਿ ਜੁਗਾਦੀ ਧੁਰ ਦੀ ਰੀਤ, ਨਾ ਕੋਇ ਮੇਟੇ ਮੇਟ ਮਿਟਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਦਏ ਇਕ ਵਡਿਆਈਆ । ਧਾਮ ਵਖਾਏ ਇਕ ਅਨਡੀਠ, ਜਗਤ ਨੇਤਰ ਦਿਸ ਨਾ ਆਈਆ । ਗੁਰਸਿਖ ਕਰੇ ਪਤਿਤ ਪੁਨੀਤ, ਪਤਿਤ ਪਾਵਨ ਦਇਆ ਕਮਾਈਆ । ਕਾਇਆ ਕਰੇ ਠੰਡੀ ਸੀਤ, ਬਿਰਹੋਂ ਵਿਛੋੜਾ ਸਰਗੁਣ ਦਏ ਕਟਾਈਆ । ਮਾਨਸ ਜਨਮ ਜਨ ਜਾਏ ਜਗ ਜੀਤ, ਜਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਲੇਖਾ ਲੇਖੇ ਲਾਈਆ । ਗੁਰਸਿਖ ਵੇਖਣਹਾਰਾ ਗੋਪਾਲਾ, ਗੋਬਿੰਦ ਮਹਿਮਾ ਕਹਿਣ ਨਾ ਜਾਈਆ । ਜੁਗਾ ਜੁਗੰਤਰ ਤੋੜੇ ਜਗਤ ਜੰਜਾਲਾ, ਅਗਨ ਬਸੰਤਰ ਦਏ ਬੁਝਾਈਆ । ਏਥੇ ਓਥੇ ਹੋਏ ਰਖਵਾਲਾ, ਸਿਰ ਸਮਰਥ ਹੱਥ ਟਿਕਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਰਾਏ ਧਰਮ ਨਾ ਦਏ ਸਜਾਈਆ । ਧਾਮ ਵਖਾਏ ਸਚਖੰਡ ਸਾਚੀ ਧਰਮਸਾਲਾ, ਇਕ ਅਕੱਲਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਮਾਨਸ ਮਾਨਸ ਲਏ ਮਿਲਾਈਆ । ਮਾਨਸ ਉਪਜਿਆ ਮਾਨਸ ਜਾਤ, ਪੁਰਖ ਅਕਾਲ ਦਇਆ ਕਮਾਇੰਦਾ । ਲੱਖ ਚੁਰਾਸੀ ਨਾ ਕੋਈ ਨਾਤ, ਜੂਨੀ ਜੂਨ ਨਾ ਕੋਈ ਫਿਰਾਇੰਦਾ । ਜੀਵ ਆਤਮ ਨਾ ਹੋਏ ਘਾਤ, ਪਰਮ ਆਤਮ ਮੇਲ ਮਿਲਾਇੰਦਾ । ਨਾ ਕੋਈ ਵਰਨ ਨਾ ਕੋਈ ਜ਼ਾਤ, ਜ਼ਾਤ ਅਜ਼ਾਤੀ ਆਪ ਅਖਵਾਇੰਦਾ । ਇਕ ਅਕੱਲਾ ਏਕੰਕਾਰਾ ਪਿਤਾ ਮਾਤ, ਆਪ ਆਪਣੀ ਗੋਦ ਬਹਾਇੰਦਾ । ਜੁਗ ਜੁਗ ਵੇਸ ਕਰੇ ਬਿਧ ਨਾਤ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜਨ ਭਗਤਾਂ ਨਿਭਾਏ ਆਪਣੇ ਸਾਥ, ਏਕਾ ਸੰਗ ਆਪ ਰਖਾਇੰਦਾ । ਜਿਉਂ ਦੁਆਪਰ ਮੇਲਾ ਗੋਪੀ ਨਾਥ, ਕਾਹਨਾ ਕ੍ਰਿਸ਼ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਇੰਦਾ । ਜੁਗ ਜੁਗ ਲੇਖਾ ਜਾਨਣਹਾਰਾ, ਸਚਖੰਡ ਨਿਵਾਸੀ ਆਪ ਅਖਵਾਈਆ । ਗੁਰਮੁਖ ਸਾਜਨ ਸਾਚੇ ਕਰ ਪਸਾਰਾ, ਲੋਕਮਾਤ ਵੇਖ ਵਖਾਈਆ । ਮਾਨਸ ਮਾਨਸ ਦਏ ਸਹਾਰਾ, ਮਾਨੁਖ ਆਪਣਾ ਰੂਪ ਪਰਗਟਾਈਆ । ਪਿਤਾ ਪੂਤ ਕਰੇ ਪਿਆਰਾ, ਗੋਦੀ ਮਾਤ ਆਪ ਸੁਹਾਈਆ । ਆਪੇ ਵਣਜ ਆਪ ਵਣਜਾਰਾ, ਆਪੇ ਖੇਵਟ ਖੇਟਾ ਬੇੜਾ ਰਿਹਾ ਚਲਾਈਆ । ਆਪੇ ਪਾਵਣਹਾਰਾ ਸਾਰਾ, ਮਹਾਂਸਾਰਥੀ ਸ਼ਹਿਨਸ਼ਾਹੀਆ । ਦੁਆਪਰ ਤੇਰਾ ਖੇਲ ਨਿਆਰਾ, ਰਥ ਚਲਾਏ ਬਣ ਰਥਵਾਹੀਆ । ਤੀਰ ਕਮਾਨ ਨਾ ਕੋਈ ਸਹਾਰਾ, ਅਰਜਨ ਬਲ ਨਾ ਕੋਈ ਵਖਾਈਆ । ਪੁਤਰ ਧੀ ਨਾ ਕੋਈ ਸਹਾਰਾ, ਭੈਣ ਭਾਈ ਨਾ ਲਾਡ ਲਡਾਈਆ । ਨਾ ਕੋਈ ਪੁਰਖ ਨਾ ਦਿਸੇ ਨਾਰਾ, ਰੂਪ ਅਨੂਪ ਖੇਲ ਖਿਲਾਈਆ । ਸੀਸ ਪਗ ਨਾ ਕੋਈ ਦਸਤਾਰਾ, ਚੂੰਡੀ ਗੁੰਦ ਨਾ ਕੋਈ ਵਖਾਈਆ । ਵੇਖਣ ਵੇਖੇ ਜਗਤ ਅਠਾਰਾਂ ਅਕਸ਼ੂਣੀਆਂ ਧਿਆਨ ਲਗਾਈਆ । ਅਠਾਈ ਲੱਖ ਦਏ ਹੁਲਾਰਾ, ਏਕਾ ਨੈਣ ਨੈਣ ਖੁਲ੍ਹਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਆਪਣੀ ਧਾਰਾ ਧਾਰ ਵਿਚ ਟਿਕਾਈਆ । ਦੇਵੇ ਹੁਕਮ ਗੁਪਤ ਜ਼ਾਹਰਾ, ਗੁਪਤ ਗੁਪਤੀ ਆਪ ਅਖਵਾਈਆ । ਤੇਰਾ ਮੇਰਾ ਇਕ ਪਿਆਰਾ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਤਤ ਰਿਹਾ ਸਮਝਾਈਆ । ਦੁਆਪਰ ਨਾਤਾ ਤੁੱਟਣਾ, ਰਹੇ ਨਾ ਵਿਚ ਸੰਸਾਰ । ਕਲਜੁਗ ਲੋਕਮਾਤ ਬੁੱਕਣਾ, ਕਾਲਾ ਸੂਸਾ ਕਰ ਸ਼ੰਗਾਰ । ਨੌਂ ਖੰਡ ਪ੍ਰਿਥਮੀ ਬੂਟਾ ਸੁੱਕਣਾ, ਹਰਿਆ ਹੋਏ ਨਾ ਪਤ ਡਾਲ੍ਹ । ਸਰੋਵਰ ਅਠਸਠ ਪਾਣੀ ਮੁੱਕਣਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਦਏ ਉਛਾਲ । ਸਤਿ ਧਰਮ ਪੈਂਡਾ ਮੁਕਣਾ,

ਨਾ ਕੋਈ ਦਿਸੇ ਰਾਹ ਸੁਖ਼ਾਲ । ਸਾਧਾਂ ਸੰਤਾਂ ਕਾਇਆ ਝੂਠੇ ਗੜ੍ਹ ਵਿਚ ਲੁਕਣਾ, ਮਾਇਆ ਪਰਦਾ ਉਪਰ ਡਾਲ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਰੂਪ ਹੋ ਹੋ ਬੁੱਕਣਾ, ਲੋਕਮਾਤ ਲਏ ਅਵਤਾਰ । ਬ੍ਰਹਮਾ ਵਿਸ਼ਨ ਸ਼ਿਵ ਦਰ ਦਵਾਰੇ ਸੀਸ ਝੁਕਨਾ, ਰਵ ਸਸ ਕਰਨ ਨਿਮਸਕਾਰ । ਧਰਤ ਮਾਤ ਦੀ ਸੁਫ਼ਲ ਕਰਾਏ ਕੁੱਖਣਾ, ਦੁਖੀ ਦੁੱਖ ਦਏ ਨਿਵਾਰ । ਜਨ ਭਗਤਾਂ ਭਾਰ ਆਪਣੇ ਸੀਸ ਚੁੱਕਣਾ, ਨਿਹਕਲੰਕ ਲਏ ਅਵਤਾਰ । ਮਨਮੁਖਾਂ ਮੁਖ ਪੈਣਾ ਥੁੱਕਨਾ, ਚਾਰੋਂ ਕੁੰਟ ਹੋਇਣ ਖ਼ਵਾਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਰੋਕੇ ਵਿਚ ਸੰਸਾਰ । ਕੰਢੀ ਬੂਟਾ ਤੇਰਾ ਸੁੱਕਣਾ, ਫਲ ਦਿਸੇ ਨਾ ਕਿਸੇ ਡਾਲ । ਸਿਮਲ ਸਮੇਰੂ ਦਿਸੇ ਰੁਖਨਾ, ਊਚੀ ਕੂਕ ਕਰੇ ਪੁਕਾਰ । ਪ੍ਰਭ ਤੇਰੇ ਦਰਸ ਇਕ ਭੁੱਖਣਾ, ਨੇਤਰ ਨੈਣਾਂ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਆਪ ਕਰਤਾਰ । ਪੂਰਬ ਲੇਖਾ ਝੋਲੀ ਪਾਇਆ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਵੇਖ ਵਖਾਇਆ, ਮਾਨਸ ਮਾਨਸ ਰੂਪ ਵਟਾਈਆ । ਨਪੁੰਸਕ ਰੰਗ ਨਾ ਕੋਇ ਰੰਗਾਇਆ, ਰੰਗ ਰੰਗੀਲਾ ਬੇਪਰਵਾਹੀਆ । ਕਾਇਆ ਚੋਲੀ ਰੰਗ ਦਏ ਰੰਗਾਇਆ, ਜਗਤ ਵਾਸਨਾ ਦਏ ਮਿਟਾਈਆ । ਨਿਰਮਲ ਨਿਰਵੈਰ ਆਪ ਕਰਾਇਆ, ਵਡ ਦਾਤਾ ਸ਼ਹਿਨਸ਼ਾਹੀਆ । ਸਚ ਭੰਡਾਰਾ ਖੋਲ੍ਹ ਵਖਾਇਆ, ਵਰਤਾਵਣਹਾਰ ਇਕ ਅਖਵਾਈਆ । ਬ੍ਰਹਮਾ ਵਿਸ਼ਨ ਸ਼ਿਵ ਝੋਲੀ ਰਿਹਾ ਭਰਾਇਆ, ਲੱਖ ਚੁਰਾਸੀ ਜੂਨ ਧਰਾਈਆ । ਪੰਜ ਤਤ ਘਾੜਨ ਦਏ ਘੜਾਇਆ, ਰਕਤ ਬੂੰਦ ਮੇਲ ਮਿਲਾਈਆ । ਆਤਮ ਬ੍ਰਹਮ ਆਪਣੀ ਅੰਸ ਉਪਾਇਆ, ਨਿਰਗੁਣ ਆਪਣੀ ਵੰਡ ਵੰਡਾਈਆ । ਸਰਬੰਸ ਬੰਸ ਆਪ ਸੁਹਾਇਆ, ਸਹੰਸ ਸਹੰਸਾ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਦਏ ਚੁਕਾਈਆ । ਪਹਿਲਾ ਪੂਰਬ ਲੇਖ ਚੁਕਾਵਨਾ, ਕਰਮ ਕੁਕਰਮਾਂ ਕਰ ਵਿਚਾਰ । ਦੂਜਾ ਆਪਣਾ ਨਾਮ ਜਪਾਵਣਾ, ਕਰ ਕਿਰਪਾ ਆਪ ਨਿਰੰਕਾਰ । ਤੀਜਾ ਨੇਤਰ ਨੈਣ ਖੁਲ੍ਹਾਵਣਾ, ਨੈਣ ਵਖਾਏ ਅਗੰਮ ਅਪਾਰ । ਚੌਥਾ ਪਦ ਇਕ ਵਖਾਵਣਾ, ਘਰ ਸਚ ਸੱਚਾ ਘਰ ਬਾਰ । ਪੰਚਮ ਮੇਲਾ ਸਹਿਜ ਸੁਭਾਵਣਾ, ਮੇਲ ਮਿਲਾਏ ਗੁਰ ਕਰਤਾਰ । ਛੇਵੇਂ ਛੱਪਰ ਛੰਨ ਰੰਗ ਰੰਗਾਵਣਾ, ਰੰਗ ਰੰਗੇ ਅਪਰ ਅਪਾਰ । ਸੱਤਵੇਂ ਸਤਿ ਸਤਿਵਾਦੀ ਦਇਆ ਕਮਾਵਣਾ, ਆਪ ਆਪਣੀ ਕਿਰਪਾ ਧਾਰ । ਅਠਵੇਂ ਅੱਠਾ ਤੱਤਾਂ ਖੋਜ ਖੁਜਾਵਣਾ, ਅੰਦਰ ਬਾਹਰ ਪਾਵੇ ਸਾਰ । ਨੌਂਵੇ ਨੌਂ ਦਰ ਵਾਸਨਾ ਬਾਹਰ ਕਢਾਵਣਾ, ਦਸਵੇਂ ਦਸਮ ਦਵਾਰੀ ਕਰ ਪਿਆਰ । ਗੁਰਮੁਖ ਆਤਮ ਸੇਜਾ ਡੇਰਾ ਲਾਵਣਾ, ਘਰ ਮੰਦਰ ਜੋਤ ਕਰ ਉਜਿਆਰ । ਸੋ ਪੁਰਖ ਨਿਰੰਜਣ ਏਕਾ ਨਾਮ ਜਪਾਵਣਾ, ਹੋ ਬ੍ਰਹਮ ਕਰ ਪਿਆਰ । ਹੰ ਝੋਲੀ ਆਪ ਭਰਾਵਣਾ, ਘਰ ਘਰ ਵਿਚ ਕਰ ਤਿਆਰ । ਦਰ ਦਰਵਾਜ਼ਾ ਆਪ ਖੁਲਾਵਣਾ, ਨਾਭੀ ਕਵਲੀ ਪਾਵੇ ਸਾਰ । ਪਤ ਪਰਮੇਸ਼ਵਰ ਰੂਪ ਵਟਾਵਣਾ, ਆਪ ਆਪਣਾ ਕਰ ਵਿਚਾਰ । ਸੁਖਲਾ ਪੱਖ ਆਪ ਸੁਹਾਵਣਾ, ਕਿਸ਼ਨਾ ਮਾਰੇ ਮਾਰ । ਬੂੰਦ ਰਕਤ ਲੇਖੇ ਲਾਵਣਾ, ਨਾਤਾ ਜੁੜੇ ਵਿਚ ਸੰਸਾਰ । ਸਾਚੀ ਵਸਤ ਏਕਾ ਵੰਡ ਵੰਡਾਵਣਾ, ਨਿਖੁਟ ਨਾ ਜਾਏ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰ ਪਿਆਰ । ਸਚ ਪਿਆਰਾ ਨਾਮ ਵਸਤ ਅਨਮੋਲ, ਹਰਿਜਨ ਹਰਿ ਹਰਿ ਝੋਲੀ ਪਾਇੰਦਾ । ਪਹਿਲਾਂ ਆਪਣੇ ਕੰਡੇ ਦੇਵੇ ਤੋਲ, ਦੂਜੀ ਧਾਰ ਵਹਾਇੰਦਾ । ਤੀਜਾ ਨੇਤਰ ਖੋਲ੍ਹ ਵਸੇ ਕੋਲ, ਮਰਦੰਗ ਢੋਲ ਆਪ ਵਜਾਇੰਦਾ । ਚੌਥੇ ਪਦ ਪਏ ਬੋਲ, ਪੰਜ ਤਤ ਨਾ ਕੋਈ ਹੱਡ ਮਾਸ ਨਾੜੀ ਰਤ ਨਾ ਕੋਈ ਰਖਾਇੰਦਾ ।

ਪੰਚਮ ਪੂਰ ਕਰੇ ਕੀਤਾ ਕੌਲ, ਦੇਵੇ ਵਡਿਆਈ ਉਪਰ ਧੌਲ, ਧਰਨੀ ਬੂਟਾ ਆਪੇ ਲਾਇੰਦਾ । ਫੁਲ ਫੁਲਵਾੜੀ ਜਾਏ ਮੌਲ, ਰੁਤ ਬਸੰਤੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਫੁਲ ਫੁਲਵਾੜੀ ਲਾਏ ਬੂਟਾ, ਕਵਲ ਕਵਲਾ ਆਪ ਉਪਜਾਈਆ । ਲੋਕਮਾਤ ਹੁਲਾਰਾ ਦੇਵੇ ਸਾਚਾ ਝੂਟਾ, ਮਾਤ ਪਿਤ ਖ਼ੁਸ਼ੀ ਮਨਾਈਆ । ਰਸ ਵਖਾਏ ਇਕ ਅਨੂਠਾ, ਰਸਨਾ ਜੇਹਵਾ ਚਖ ਨਾ ਪਾਈਆ । ਜਿਸ ਜਨ ਉਪਰ ਸਤਿਗੁਰ ਪੂਰਾ ਤੁਠਾ, ਦੇਵੇ ਵਸਤ ਸਹਿਜ ਸਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਦੁਆਪਰ ਨਾਤਾ ਤੁਟਾ, ਕਲਜੁਗ ਲਏ ਮਿਲਾਈਆ । ਕਲਜੁਗ ਆਪ ਮਿਲਾਵਣਹਾਰਾ, ਸ਼ਬਦ ਸ਼ਬਦੀ ਖੇਲ ਖਿਲਾਇੰਦਾ । ਪੂਤ ਸਪੂਤਾ ਸੁਤ ਦੁਲਾਰਾ, ਹਰਿ ਨਿਰੰਕਾਰਾ ਝੋਲੀ ਪਾਇੰਦਾ । ਵਸਦਾ ਰਹੇ ਜਗਤ ਦਵਾਰਾ, ਸਾਚਾ ਖੇੜਾ ਆਪ ਸੁਹਾਇੰਦਾ । ਭੁੱਲ ਨਾ ਜਾਏ ਵਿਚ ਸੰਸਾਰਾ, ਅਭੁੱਲ ਗੁਰ ਭੁੱਲ ਕਦੇ ਨਾ ਜਾਇੰਦਾ । ਗੁਰਮੁਖਾਂ ਕਰੇ ਜਗਤ ਪਿਆਰਾ, ਜਾਗਰਤ ਜੋਤ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਦਾਤਾ ਏਕਾ ਏਕ ਰੰਗ ਰੰਗਾਇੰਦਾ । ਏਕਾ ਰੰਗ ਰੰਗੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਚਾਤ੍ਰਿਕ ਜੀਵ ਨਾ ਕੋਈ ਬਿਲਲਾਈਆ । ਬੂੰਦ ਸਵਾਂਤੀ ਦੇਵੇ ਠੰਡੀ ਠਾਰਾ, ਘਰ ਪਿਆਲਾ ਅੰਮ੍ਰਿਤ ਬੂੰਦ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਤੇਰਾ ਲੇਖਾ ਲੇਖੇ ਪਾਈਆ । ਲੇਖਾ ਲੇਖੇ ਪਾਵਨਾ, ਲਿਖਿਆ ਧੁਰ ਦਰਬਾਰ । ਵੇਲਾ ਵਕਤ ਆਪ ਸੁਹਾਵਣਾ, ਸੋਹੇ ਬੰਕ ਦੁਆਰ । ਫਲ ਫੁਲ ਆਪ ਮਹਿਕਾਵਣਾ, ਫੁਲ ਫੁਲਵਾੜੀ ਖਿੜੇ ਸਚ ਗੁਲਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਿਸ਼ ਕਰੇ ਆਪ ਨਿਰੰਕਾਰ ।

੧੦੩੫ ੦੯

### ✻ ੧੭ ਭਾਦੋਂ ੨੦੧੭ ਬਿਕ੍ਰਮੀ ਹਜੂਰਾ ਸਿੰਘ ਦੇ ਗ੍ਰਿਹਿ ਪਿੰਡ ਗੋਲੇ ਵਾਲਾ ਜ਼ਿਲਾ ਫਿਰੋਜ਼ ਪੁਰ ✻

ਸਤਿਗੁਰ ਪੂਰਾ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇੰਦਾ । ਗੁਰ ਗੁਰ ਰੂਪ ਵਿਚ ਸੰਸਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਭਗਤਨ ਦੇਵੇ ਨਾਮ ਭੰਡਾਰਾ, ਸਾਚੀ ਭਗਤੀ ਝੋਲੀ ਪਾਇੰਦਾ । ਸੰਤਨ ਵਖਾਏ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਗੁਰਮੁਖਾਂ ਲੇਖਾ ਲਿਖੇ ਅਪਰ ਅਪਾਰਾ, ਪੂਰਬ ਲਹਿਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਰੂਪ ਧਰਾਇੰਦਾ । ਸਤਿਗੁਰ ਸੱਚਾ ਸ਼ਾਹ ਸੁਲਤਾਨ, ਪਾਰਬ੍ਰਹਮ ਵੱਡੀ ਵਡਿਆਈਆ । ਗੁਰ ਗੁਰ ਰੂਪ ਪਰਗਟ ਹੋਏ ਵਿਚ ਜਹਾਨ, ਲੋਕਮਾਤ ਕਰ ਰੁਸ਼ਨਾਈਆ । ਭਗਤਨ ਦੇਵੇ ਬ੍ਰਹਮ ਗਿਆਨ, ਆਤਮ ਬ੍ਰਹਮ ਇਕ ਵਡਿਆਈਆ । ਸੰਤਨ ਵਿਖਾਏ ਇਕ ਨਿਸ਼ਾਨ, ਦਰ ਘਰ ਸਾਚੇ ਆਪ ਸਲਾਹੀਆ । ਗੁਰਮੁਖਾਂ ਰੱਖੇ ਏਕਾ ਮਾਣ, ਆਪ ਆਪਣੇ ਅੰਗ ਲਗਾਈਆ । ਗੁਰਮੁਖ ਵੇਖੇ ਬਾਲ ਨਿਧਾਨ, ਬਾਲੀ ਬੁਧ ਬੁਧ ਸਮਝਾਈਆ । ਗੁਰਮੁਖ ਬਣਾਏ ਚਤਰ ਸੁਜਾਣ, ਤਤਵ ਤਤ ਇਕ ਰਖਾਈਆ । ਗੁਰਮੁਖਾਂ ਪਾਏ ਆਪਣੀ ਆਣ, ਹੁਕਮੀ ਹੁਕਮ ਆਪ ਸੁਣਾਈਆ । ਸੰਤਨ ਰਾਗ ਸੁਣਾਏ ਸਾਚਾ ਕਾਨ, ਅਨਹਦ ਧੁਨ ਆਪ ਵਜਾਈਆ । ਭਗਤਾਂ ਆਤਮ ਜਗੇ ਮਹਾਨ,

ਜੋਤ ਨਿਰੰਜਣ ਕਰ ਰੁਸ਼ਨਾਈਆ । ਗੁਰ ਗੁਰ ਰੂਪ ਸ੍ਰੀ ਭਗਵਾਨ, ਪੰਜ ਤਤ ਚੋਲਾ ਆਪ ਹੰਢਾਈਆ । ਸਤਿਗੁਰ ਪੂਰਾ ਦੇਵਣਹਾਰਾ ਦਾਨੀ ਦਾਨ, ਪੁਰਖ ਅਕਾਲ ਇਕ ਅਖਵਾਈਆ । ਪੁਰਖ ਅਕਾਲ ਦੀਨ ਦਿਆਲ, ਦਇਆਨਿਧ ਭੇਵ ਨਾ ਰਾਈਆ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲ, ਗੁਰ ਮੂਰਤ ਰੂਪ ਪਰਗਟਾਈਆ । ਸੰਤਾਂ ਦੱਸੇ ਰਾਹ ਸੁਖ਼ਾਲ, ਸਾਚੇ ਮੰਦਰ ਆਪ ਸੁਹਾਈਆ । ਸੰਤਨ ਤੋੜ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਬਖ਼ਸ਼ੇ ਪੀਣ ਖਾਣ, ਅੰਮ੍ਰਿਤ ਆਤਮ ਸਚ ਪਿਆਲਾ ਜਾਮ ਪਿਆਈਆ । ਗੁਰਸਿੱਖਾਂ ਦੇਵੇ ਇਕ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਖੇਲੇ ਖੇਲ ਦੋ ਜਹਾਨ, ਗੁਰਮੁਖ ਸਾਚੇ ਲਏ ਮਿਲਾਈਆ । ਸੰਤਨ ਮੇਲਾ ਸਾਚੇ ਕਾਹਨ, ਸੁਰਤ ਸ਼ਬਦ ਕਰੇ ਕੁੜਮਾਈਆ । ਭਗਤਨ ਵਖਾਏ ਇਕ ਦੁਕਾਨ, ਦਰ ਦਰਵਾਜ਼ਾ ਆਪੇ ਲਾਹੀਆ । ਗੁਰ ਗੁਰ ਰੂਪ ਨੌਜਵਾਨ, ਨਾ ਮਰੇ ਨਾ ਜਾਈਆ । ਸਤਿਗੁਰ ਪੂਰਾ ਸਦ ਮਿਹਰਵਾਨ, ਇਕ ਇਕੱਲਾ ਆਦਿ ਜੁਗਾਦਿ ਆਪਣਾ ਖੇਲ ਰਿਹਾ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੰਕ ਆਪ ਸੁਹਾਈਆ । ਸਤਿਗੁਰ ਪੂਰਾ ਸੋਭਾਵੰਤ, ਬੰਕ ਦਵਾਰੀ ਆਪ ਅਖਵਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਆਪਣੀ ਸੇਜ ਹੰਢਾਇੰਦਾ । ਆਪੇ ਰੂਪ ਪਰਗਟਾਏ ਸ੍ਰੀ ਭਗਵੰਤ, ਗੁਰ ਗੁਰ ਮਾਤ ਵੇਖ ਵਖਾਇੰਦਾ । ਗੁਰ ਗੁਰ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਪਾਇੰਦਾ । ਭਗਤਨ ਵਡਿਆਈ ਜੀਵ ਜੰਤ, ਆਪ ਆਪਣਾ ਘਰ ਸੁਹਾਇੰਦਾ । ਲੇਖਾ ਜਾਣੇ ਆਦਿ ਅੰਤ, ਜੁਗ ਕਰਤਾ ਵੇਖ ਵਖਾਇੰਦਾ । ਸੰਤਨ ਦੇਵੇ ਮਣੀਆ ਮੰਤ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਆਪ ਬਣਾਏ ਸਾਚੀ ਬਣਤ, ਦੂਸਰ ਘਾੜਨ ਨਾ ਕੋਇ ਘੜਾਇੰਦਾ । ਗੁਰਮੁਖਾਂ ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਨਾਤਾ ਤੋੜੇ ਭੁੱਖ ਨੰਗਤ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗਤ, ਨਾਮ ਮਜੀਠੀ ਰੰਗ ਰੰਗਾਇੰਦਾ । ਦੂਜੇ ਦਰ ਨਾ ਜਾਏ ਮੰਗਤ, ਸ਼ਬਦ ਭੰਡਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਇੰਦਾ । ਸਤਿਗੁਰ ਪੂਰਾ ਸ਼ਾਹ ਪਾਤਸ਼ਾਹ, ਪਾਰਬ੍ਰਹਮ ਵੱਡੀ ਵਡਿਆਈਆ । ਸਚ ਸਿੰਘਾਸਣ ਰਿਹਾ ਸੁਹਾ, ਸਚਖੰਡ ਵੱਜੇ ਵਧਾਈਆ । ਧੁਰ ਫ਼ਰਮਾਣਾ ਰਿਹਾ ਸੁਣਾ, ਹੁਕਮੀ ਹੁਕਮ ਆਪੇ ਵਰਤਾਈਆ । ਸ਼ਬਦ ਗੁਰ ਜੋਤ ਜਗਾ, ਲੋਕਮਾਤ ਲਏ ਅੰਗੜਾਈਆ । ਵਰਨ ਗੋਤ ਨਾ ਕੋਇ ਵਖਾ, ਬਰਨੀ ਬਰਨ ਨਾ ਵਡ ਵਡਿਆਈਆ । ਕਿਲਾ ਕੋਟ ਆਪ ਸੁਹਾ, ਪੰਜ ਤਤ ਡੇਰਾ ਰਿਹਾ ਲਗਾਈਆ । ਭਗਤਨ ਮੀਤਾ ਭਗਤ ਲਏ ਜਗਾ, ਸ਼ਬਦ ਨਾਦ ਧੁਨ ਸੁਣਾਈਆ । ਸਾਚੀ ਰੀਤਾ ਦਏ ਵਖਾ, ਮੰਦਰ ਮਸੀਤ ਨਾ ਕੋਇ ਬਣਾਈਆ । ਧਾਮ ਅਨਡੀਠਾ ਸੋਭਾ ਰਿਹਾ ਪਾ, ਦੀਵਾ ਬਾਤੀ ਨਾ ਕੋਇ ਜਗਾਈਆ । ਸੰਤਨ ਮੇਲਾ ਮੇਲ ਮਿਲਾ, ਮਿਲ ਮਿਲ ਆਪਣੇ ਰੰਗ ਰੰਗਾਈਆ । ਗੁਰ ਚੇਲਾ ਏਕਾ ਰੂਪ ਵਖਾ, ਦੂਈ ਦਵੈਤੀ ਮੇਟ ਮਿਟਾਈਆ । ਸੱਜਣ ਸੁਹੇਲਾ ਪਕੜੇ ਬਾਂਹ, ਜੁਗ ਜੁਗ ਆਪਣੀ ਸੇਵਾ ਆਪ ਕਰਾਈਆ । ਗੁਰਮੁਖਾਂ ਬਣੇ ਪਿਤਾ ਮਾਂ, ਪੂਤ ਸਪੂਤਾ ਗੋਦ ਸੁਹਾਈਆ । ਇਕ ਜਪਾਏ ਆਪਣਾ ਨਾਂ, ਨਾਮ ਨਿਧਾਨਾ ਝੋਲੀ ਪਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਆਪ ਉਡਾਈਆ । ਗੁਰਸਿਖ ਨਿਮਾਣਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਇਕ ਸੁਹਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਮਦਿ ਪਿਆਲਾ ਹੱਥ ਉਠਾਈਆ । ਏਕਾ ਮਾਰਗ ਦੇਵੇ ਲਾ, ਪੂਰਬ ਲਹਿਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

੧੦੩੯

ਬਲ ਆਪ ਧਰਾਈਆ । ਸਤਿਗੁਰ ਸੱਚਾ ਅਲੱਖ ਅਭੇਵ, ਅਗੰਮ ਅਗੋਚਰ ਭੇਵ ਨਾ ਆਇੰਦਾ । ਸਚਖੰਡ ਨਿਵਾਸੀ ਕਰੇ ਸਾਚੀ ਸੇਵ, ਸਾਚਾ ਹੁਕਮ ਆਪ ਮਨਾਇੰਦਾ । ਦਾਤਾ ਦਾਨੀ ਵਡ ਦੇਵੀ ਦੇਵ, ਦੇਵ ਆਤਮਾ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸਦਾ ਨੇਹਕੇਵ, ਨੇਹਚਲ ਧਾਮ ਸੋਭਾ ਪਾਇੰਦਾ । ਗੁਰ ਗੁਰ ਰੂਪ ਸੂਰਾ ਸਰਬੰਗ, ਨਿਰਗੁਣ ਨਿਰਵੈਰ ਆਪ ਅਖਵਾਈਆ । ਸ਼ਬਦ ਨਾਦ ਵਜਾਏ ਮਰਦੰਗ, ਦੋ ਜਹਾਨਾ ਰਿਹਾ ਸੁਣਾਈਆ । ਆਪਣਾ ਦਵਾਰਾ ਆਪੇ ਲੰਘ, ਆਪੇ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਅਸਵ ਕਸੇ ਤੰਗ, ਸ਼ਾਹ ਅਸਵਾਰ ਆਪ ਹੋ ਜਾਈਆ । ਭਗਤਨ ਮੀਤਾ ਹਰਿ ਭਗਵਾਨਾ, ਭੇਵ ਅਭੇਦਾ ਆਪ ਖੁਲਾਇੰਦਾ । ਸਾਚੀ ਰੀਤਾ ਵਿਚ ਜਹਾਨਾ, ਨਾਮ ਗੀਤਾ ਇਕ ਪੜ੍ਹਾਇੰਦਾ । ਇਕ ਅਤੀਤਾ ਨਿਗਹਬਾਨਾ, ਦਿਸ ਕਿਸੇ ਨਾ ਆਇੰਦਾ । ਠਾਂਡਾ ਸੀਤਾ ਏਕਾ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਆਪ ਸਮਝਾਇੰਦਾ । ਸੰਤਨ ਮੇਲਾ ਹਰਿ ਭਗਵਾਨਾ, ਭਾਵੀ ਭੈ ਨਾ ਕੋਇ ਵਖਾਇੰਦਾ । ਅੰਤਰ ਆਤਮ ਇਕ ਨਿਸ਼ਾਨਾ, ਧੁਰ ਦਾ ਬਾਣ ਲਗਾਇੰਦਾ । ਨਾ ਕੋਈ ਤੀਰ ਨਾ ਕਮਾਨਾ, ਮੁਖੀ ਤਿਖੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਨਾਦੀ ਮਾਰੇ ਇਕ ਨਿਸ਼ਾਨਾ, ਬ੍ਰਹਮ ਬ੍ਰਹਿਮਾਦਿ ਖੋਜ ਖੁਜਾਇੰਦਾ । ਗੁਰਮੁਖਾਂ ਰੰਗ ਰੰਗਾਇੰਦਾ, ਰੰਗ ਅਮੋਲ ਅਮੁਲ । ਕਾਇਆ ਚੋਲੀ ਵੇਖ ਵਖਾਇੰਦਾ, ਤੋਲਣਹਾਰਾ ਸਾਚਾ ਤੋਲ । ਏਕਾ ਅੱਖਰ ਨਾਮ ਪੜ੍ਹਾਇੰਦਾ, ਨਿਜ ਅੱਖਰ ਵੱਖਰ ਆਪੇ ਬੋਲ । ਏਕਾ ਰੂਪ ਅਨੂਪ ਦਰਸਾਇੰਦਾ, ਕਾਇਆ ਮਾਟੀ ਪੰਜ ਤਤ ਫੋਲ । ਗੁਰਮੁਖ ਸਾਚੇ ਆਪ ਜਗਾਇੰਦਾ, ਦਿਵਸ ਰੈਣ ਵਸੇ ਕੋਲ । ਘਰ ਨਾਦ ਧੁਨ ਸੁਣਾਇੰਦਾ, ਅਨਹਦ ਵਜਾਏ ਢੋਲ । ਬਜਰ ਕਪਾਟੀ ਖੋਲ੍ਹ ਵਖਾਇੰਦਾ, ਸੁਰਤੀ ਸ਼ਬਦੀ ਰਿਹਾ ਮੌਲ । ਕੀਤਾ ਕੌਲ ਪੂਰ ਕਰਾਇੰਦਾ, ਭੁੱਲ ਨਾ ਜਾਏ ਉਪਰ ਧੌਲ । ਧਰਤ ਧਵਲ ਆਪ ਸੁਹਾਇੰਦਾ, ਆਦਿ ਜੁਗਾਦੀ ਰਹੇ ਅਡੋਲ । ਸਚ ਸਿੰਘਾਸਣ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਪਣੀ ਸੇਵਾ ਕਰ, ਆਪੇ ਆਪ ਆਪਣਾ ਘੋਲੀ ਰਿਹਾ ਘੋਲ । ਸਤਿਗੁਰ ਪੂਰਾ ਗਹਿਰ ਗੰਭੀਰਾ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਸਚਖੰਡ ਦਵਾਰਾ ਉਚ ਮੁਨਾਰਾ ਸਚ ਸਿੰਘਾਸਣ ਬੈਠਾ ਪੀਰਨ ਪੀਰਾ, ਸ਼ਾਹ ਹਕੀਰਾ ਨਾਉਂ ਧਰਾਇੰਦਾ । ਸੀਸ ਤਾਜ ਸਾਚਾ ਚੀਰਾ, ਪੰਚਮ ਰਾਜ ਜੋਗ ਕਮਾਇੰਦਾ । ਲੇਖਾ ਜਾਣੇ ਅੰਤ ਅਖ਼ੀਰਾ, ਆਦਿ ਆਪਣੀ ਕਲ ਵਰਤਾਇੰਦਾ । ਆਪਣਾ ਚੁੱਕੇ ਆਪੇ ਬੀੜਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਰੂਪ ਲੋਕਮਾਤ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਇਕ ਇਕੱਲਾ ਵੇਖੇ ਮਾਰ ਝਾਤ, ਘਰ ਮੰਦਰ ਸੋਭਾ ਪਾਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕ, ਦੀਵਾ ਬਾਤੀ ਆਪ ਜਗਾਇੰਦਾ । ਬੋਧ ਅਗਾਧੀ ਭਵਿਖਤ ਵਾਕ, ਸ਼ਬਦ ਅਨਾਦੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪਤ ਆਪੇ ਰਾਖ, ਢਾਕਣ ਕੋ ਪਤ ਆਪ ਹੋ ਜਾਇੰਦਾ । ਭਗਤ ਮੇਲਾ ਸਾਚੇ ਘਰ, ਘਰ ਸੁਹੰਜਣਾ ਇੱਕ ਸੁਹਾਇੰਦਾ । ਪਾਰਬ੍ਰਹਮ ਪ੍ਰਭ ਮਿਲੇ ਵਰ, ਨਾਰੀ ਕੰਤ ਅੰਤ ਪ੍ਰਨਾਇੰਦਾ । ਇਕ ਖੁਲ੍ਹਾਏ ਸਾਚਾ ਦਰ, ਦਰਗਾਹ ਸਾਚੀ ਧਾਮ ਸੁਹਾਇੰਦਾ । ਲੇਖਾ ਚੁੱਕੇ ਨਾਰੀ ਨਰ, ਨਰ ਨਰਾਇਣ ਮੇਲ ਮਿਲਾਇੰਦਾ । ਆਪ ਬੰਧਾਏ ਆਪਣੇ ਲੜ, ਏਕਾ ਬੰਧਨ ਹੱਥ ਰਖਾਇੰਦਾ । ਸੰਤ ਸਾਜਨ ਮੀਤੜਾ, ਪਾਰਬ੍ਰਹਮ ਗੁਰ ਕਰਤਾਰ । ਏਕਾ ਸ਼ਬਦ ਜਣਾਏ ਮੀਠੜਾ, ਰਸ ਰਸਕ ਝਿਰਨਾ ਝਿਰੇ ਅਪਾਰ । ਸ਼ਬਦ ਸੁਣਾਏ ਸੁਹਾਗੀ

੧੦੩੭ ੦੯

ਗੀਤੜਾ, ਪੰਚਮ ਗਾਈਣ ਵਾਰੋ ਵਾਰ । ਕਰੇ ਕਰਾਏ ਠੰਡਾ ਸੀਤੜਾ, ਅਗਨੀ ਤਤ ਦਏ ਨਿਵਾਰ । ਮੀਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਰਸ ਭਰੇ ਭੰਡਾਰ । ਗੁਰਮੁਖ ਸਾਚਾ ਸੋਭਾਵੰਤ, ਹਰਿ ਸੱਜਣ ਆਪ ਮਿਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਵੇਦ ਕਤੇਬ ਸਰਬ ਜਸ ਗਾਇੰਦਾ । ਏਕਾ ਮਣੀਆ ਏਕਾ ਮੰਤ, ਏਕਾ ਮੰਤਰ ਸ਼ਬਦ ਦ੍ਰਿੜਾਇੰਦਾ । ਏਕਾ ਆਦਿ ਏਕਾ ਅੰਤ, ਮਧ ਏਕਾ ਖੇਲ ਖਿਲਾਇੰਦਾ । ਏਕਾ ਬਣਾਵਣਹਾਰਾ ਬਣਤ, ਘੜਨ ਭੰਨਣਹਾਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਲਗਾਏ ਆਪਣੇ ਅੰਗ, ਅੰਗੀਕਾਰ ਆਪ ਹੋ ਜਾਇੰਦਾ । ਸਿਖ ਗੁਰਸਿਖ ਸਿਖ ਸਾਖਿਆਤ, ਗੁਰ ਗੁਰ ਦਰਸਨ ਪਾਇੰਦਾ । ਗੁਰ ਗੁਰ ਮੇਲਾ ਪਾਰਜਾਤ, ਜਾਤ ਅਜਾਤੀ ਮੇਟ ਮਿਟਾਇੰਦਾ । ਨਾਤਾ ਤੁਟੇ ਅੰਧੇਰੀ ਰਾਤ, ਸਾਚਾ ਚੰਦ ਆਪ ਵਖਾਇੰਦਾ । ਸ਼ਬਦ ਅਗੰਮੀ ਜਣਾਏ ਗਾਥ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਦੁਰਮਤ ਮੈਲ ਦੇਵੇ ਕਾਟ, ਪਤਿਤ ਪਾਪੀ ਆਪ ਤਰਾਇੰਦਾ । ਜੁਗਾਂ ਜੁਗੰਤਰ ਖੋਲ੍ਹੇ ਹਾਟ, ਹਟ ਹਟਵਾਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਦੇਵੇ ਵਰ, ਗੁਰ ਗੁਰ ਜੋਤ ਮਾਤ ਧਰ, ਭਗਤ ਭਗਵੰਤ ਲਏ ਫੜ, ਸੰਤ ਲਗਾਏ ਆਪਣੇ ਲੜ, ਗੁਰਮੁਖਾਂ ਅੰਦਰ ਆਪੇ ਚੜ੍ਹ, ਗੁਰਸਿਖ ਸਰਨ ਸਰਨਾਈ ਜਾਏ ਪੜ, ਜਿਸ ਜਨ ਆਪਣੀ ਦਇਆ ਕਮਾਇੰਦਾ । ਗੁਰਸਿਖ ਸੋਇਆ ਜਾਗਿਆ, ਹਰਿ ਸਾਚਾ ਆਪ ਜਗਾਇੰਦਾ । ਗੁਰਮੁਖ ਉਪਜੇ ਮਨ ਵੈਰਾਗਿਆ, ਨਰ ਹਰਿ ਆਪ ਉਪਜਾਇੰਦਾ । ਸੰਤਨ ਮਿਲੇ ਕੰਤ ਸੁਹਾਗਿਆ, ਸਚ ਸੁਹੰਜਣੀ ਸੇਜ ਹੰਢਾਇੰਦਾ । ਭਗਤਨ ਬਹਿ ਬਹਿ ਮਾਰੇ ਵਾਜਿਆ, ਦਿਵਸ ਰੈਣ ਏਕਾ ਰੰਗ ਰੰਗਾਇੰਦਾ । ਗੁਰ ਗੁਰ ਫਿਰੇ ਭਾਜਿਆ, ਚਾਰ ਕੁੰਟ ਦਹਿ ਦਿਸ਼ਾ ਲੋਆਂ ਪੁਰੀਆਂ ਵੇਖ ਵਖਾਇੰਦਾ । ਸਤਿਗੁਰ ਪੂਰੇ ਰਚਿਆ ਕਾਜਿਆ, ਅਨਭਵ ਪਰਕਾਸ਼ ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਜੁਗਾਦੀ ਗ਼ਰੀਬ ਨਿਵਾਜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਸਤਿਗੁਰ ਪੂਰਾ ਸੂਰਬੀਰ, ਸ਼ਹਿਨਸ਼ਾਹ ਵਡਾ ਪਾਤਸ਼ਾਹੀਆ । ਗੁਰ ਗੁਰ ਫੜਾਏ ਏਕਾ ਤੀਰ, ਦੋ ਜਹਾਨਾ ਰਿਹਾ ਚਲਾਈਆ । ਭਗਤਨ ਪੈਂਡਾ ਦੇਵੇ ਚੀਰ, ਪਾਂਧੀ ਆਪਣਾ ਪੰਧ ਮੁਕਾਈਆ । ਸੰਤਨ ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਗੁਰਮੁਖਾਂ ਕੱਢੇ ਹਉਮੇ ਪੀੜ, ਬਿਰਹੋਂ ਰੋਗ ਰਹਿਣ ਨਾ ਪਾਈਆ । ਗੁਰਸਿਖਾਂ ਲੱਖ ਚੁਰਾਸੀ ਕੱਟੇ ਜੰਜੀਰ, ਰਾਏ ਧਰਮ ਨਾ ਦਏ ਸਜਾਈਆ । ਜੁਗਾ ਜੁਗੰਤਰ ਘਤਦਾ ਰਿਹਾ ਵਹੀਰ, ਆਉਂਦਾ ਜਾਂਦਾ ਦਿਸ ਨਾ ਆਈਆ । ਲੇਖਾ ਜਾਣੇ ਸ਼ਾਹ ਫਕੀਰ, ਦਸਤਗੀਰ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕਰਤਾ ਕਾਦਰ ਬੇਐਬ ਪਰਵਰਦਿਗਾਰ, ਨੂਰੀ ਜਲਵਾ ਨੂਰ ਇਲਾਹੀਆ । ਸਤਿਗੁਰ ਸੱਚਾ ਸਰਬ ਗੁਣ ਦਾਤਾ, ਗੁਣਵੰਤਾ ਗੁਣ ਨਿਧਾਨਿਆ । ਗੁਰ ਗੁਰ ਬਣੇ ਪਿਤਾ ਮਾਤਾ, ਪੂਤ ਸਪੂਤਾ ਵੇਖੇ ਸ੍ਰੀ ਭਗਵਾਨਿਆ । ਭਗਤਾਂ ਦੇਵੇ ਸਾਚੀ ਦਾਤਾ, ਵਸਤ ਅਮੋਲਕ ਇਕ ਵਖਾਨਿਆ । ਸੰਤਨ ਬੰਨੇ ਏਕਾ ਨਾਤਾ, ਨਾ ਕੋਈ ਤੋੜਨ ਤੋੜ ਤੁੜਾਨਿਆ । ਗੁਰਮੁਖਾਂ ਸੁਣਾਏ ਆਪਣੀ ਗਾਥਾ, ਬੋਧ ਅਗਾਧ ਸ਼ਬਦ ਨਾਦ ਤਰਾਨਿਆ । ਗੁਰਸਿਖਾਂ ਲਹਿਣਾ ਦੇਣਾ ਚੁਕਾਏ ਤੀਰਥ ਅਠ ਸਾਠਾ, ਚਰਨ ਕਵਲ ਧੂੜ ਬਖ਼ਸ਼ੇ ਸਚ ਅਸ਼ਨਾਨਿਆ । ਪੰਧ ਮੁਕਾਏ ਚੌਦਾਂ ਹਾਟਾ, ਚੌਦਾਂ ਲੋਕਾਂ ਵੇਖਣਹਾਰਾ ਉਚ ਨਿਸ਼ਾਨਿਆ, ਆਪੇ ਸੋਇਆ ਸਾਚੀ ਖਾਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਬੀਨਾ ਦਾਨਿਆ ।

੧੦੩੯

ਬੀਨਾ ਦਾਨਾ ਸਤਿਗੁਰ ਸਾਹਿਬ ਸੁਲਤਾਨ, ਇਕ ਇਕੱਲਾ ਖੇਲ ਖਿਲਾਇੰਦਾ । ਲੋਕਾਂ ਤੀਨਾਂ ਦੇਵੇ ਦਾਨ, ਵਡ ਪਰਧਾਨ ਭੇਵ ਨਾ ਆਇੰਦਾ । ਭਗਵਨ ਮੇਲਾ ਗੋਪੀ ਕਾਹਨ, ਸੰਤਨ ਸੁਰਤੀ ਸੀਤਾ ਰਾਮ ਪਰਨਾਇੰਦਾ । ਗੁਰਮੁਖਾਂ ਵਸਾਏ ਨਗਰ ਗਰਾਮ, ਗੁਰਸਿਖਾਂ ਖੇੜਾ ਆਪ ਸੁਹਾਇੰਦਾ । ਜੁਗਾ ਜੁਗੰਤਰ ਕਰੇ ਖੇਲ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪਣੀ ਧਾਰ ਚਲਾਇੰਦਾ । ਬ੍ਰਹਮ ਬ੍ਰਹਿਮਾਦੀ ਹੋ ਤਿਆਰ, ਆਦਿ ਜੁਗਾਦੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਰੰਗ ਰੰਗਾਇੰਦਾ । ਏਕਾ ਧਾਰ ਸਤਿਗੁਰ, ਦੂਜੀ ਗੁਰ ਗੁਰ ਵਿਚ ਸਮਾਈਆ । ਤੀਜੇ ਭਗਤ ਚੜ੍ਹਾਏ ਆਪਣੇ ਘੋੜ, ਚੌਥੇ ਸੰਤ ਵੱਜੇ ਵਧਾਈਆ । ਪੰਚਮ ਗੁਰਮੁਖਾਂ ਆਪੇ ਜਾਏ ਬੌਹੜ, ਛੇਵੇਂ ਗੁਰਸਿਖ ਆਪੇ ਲਏ ਤਰਾਈਆ । ਸਤਵੇਂ ਸਤਿ ਸਤਿਵਾਦੀ ਜੁਗਾਂ ਜੁਗਾਂ ਦੀ ਲੱਗੀ ਬੁਝਾਏ ਔੜ, ਅੰਮ੍ਰਿਤ ਮੇਘ ਆਪ ਬਰਸਾਈਆ । ਲੱਖ ਚੁਰਾਸੀ ਰੀਠਾ ਕਰਾਏ ਮਿਠਾ ਕੌੜ, ਪਤ ਡਾਲ੍ਹੀ ਫੋਲ ਫੁਲਾਈਆ । ਦੋ ਜਹਾਨਾਂ ਲਾਏ ਏਕਾ ਪੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਗੁਰੂ ਗੁਰਦੇਵ, ਭਗਤ ਭਗਵਾਨ ਸੰਤ ਕੰਤ ਲਾਏ ਏਕਾ ਸੇਵ, ਗੁਰਮੁਖ ਗੁਰਸਿਖ ਕਰੇ ਜਣਾਈਆ । ਸਤਿਗੁਰ ਪੂਰਾ ਉਠਿਆ, ਕਲਜੁਗ ਤੇਰੀ ਅੰਤਮ ਵਾਰ । ਤੇਰਾ ਵਕਾਰਾ ਫੜ ਫੜ ਕੁਠਿਆ, ਤ੍ਰੈਗੁਣ ਮਾਰਨਹਾਰਾ ਮਾਰ । ਜੂਠਾ ਝੂਠਾ ਧਨ ਜਾਏ ਲੁੱਟਿਆ, ਨਾ ਕੋਈ ਰਹੇ ਹੱਟ ਬਾਜ਼ਾਰ । ਸ਼ਾਹ ਸੁਲਤਾਨ ਹੱਥ ਫੜਾਏ ਖ਼ਾਲੀ ਠੂਠਿਆ, ਘਰ ਘਰ ਮੰਗਣ ਭਿੱਖ ਭਿਖਾਰ । ਸਤਿਗੁਰ ਸੂਰਾ ਏਕਾ ਰੁਠਿਆ, ਕੋਈ ਨਾ ਪਾਵੇ ਕਿਸੇ ਸਾਰ । ਜਗਤ ਜੀਵ ਦਿਨ ਦਿਹਾੜੇ ਜਾਏ ਲੁੱਟਿਆ, ਕਲਜੁਗ ਮਾਰੇ ਅੰਤਮ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਹਿਬ ਹੋਏ ਤਿਆਰ । ਸਤਿਗੁਰ ਸਾਚਾ ਗੁਣ ਨਿਧਾਨਾ, ਆਪਣੀ ਕਰਵਟ ਆਪ ਬਦਲਾਇੰਦਾ । ਜੁਗਾਂ ਜੁਗੰਤਰ ਖੇਲੇ ਖੇਲ ਮਹਾਨਾ, ਸਤਿਜੁਗ ਤ੍ਰੇਤਾ ਦਵਾਪਰ ਪੰਧ ਚੁਕਾਇੰਦਾ । ਕਲਜੁਗ ਅੰਤਮ ਵੇਖੇ ਕੂੜ ਪਰਧਾਨਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸਚ ਸੁੱਚ ਨਾ ਕੋਇ ਨਿਸ਼ਾਨਾ, ਗੁਰ ਪੀਰ ਨਾ ਕੋਇ ਮਨਾਇੰਦਾ । ਸਤਿਗੁਰ ਭੁੱਲਿਆ ਜੀਵ ਨਾਦਾਨਾ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਝਾਇੰਦਾ । ਮਾਇਆ ਮਮਤਾ ਬੱਧਾ ਗਾਨਾ, ਆਸਾ ਤ੍ਰਿਸ਼ਨਾ ਸਗਨ ਮਨਾਇੰਦਾ । ਹਉਮੇ ਹੰਗਤਾ ਬਣਿਆ ਜਗਤ ਮਕਾਨਾ, ਕੰਚਨ ਗੜ੍ਹ ਨਾ ਕੋਇ ਵਡਿਆਇੰਦਾ । ਏਕਾ ਮਿਲੇ ਨਾ ਨਾਮ ਸ੍ਰੀ ਭਗਵਾਨਾ, ਰਸਨਾ ਜਿਹਵਾ ਸਰਬ ਹਲਾਇੰਦਾ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ, ਸ਼ਾਸਤਰ ਸਿਮਰਤ ਭੇਵ ਨਾ ਆਇੰਦਾ । ਗੀਤਾ ਅਠਾਰਾਂ ਧਿਆਏ ਕਰ ਗਿਆਨਾ, ਅੱਠ ਦਸ ਪੰਧ ਨਾ ਕੋਇ ਮੁਕਾਇੰਦਾ । ਅੰਜੀਲ ਕੁਰਾਨ ਸੁਣਾਇਣ ਤਰਾਨਾ, ਬੀਸ ਤੀਸ ਬਤੀਸ ਸਰਬ ਅਲਾਇੰਦਾ । ਨੂਰ ਇਲਾਹੀ ਨਾ ਮਿਲਿਆ ਇਕ ਨਿਸ਼ਾਨਾ, ਜਲਵਾ ਜਲਾਲ ਨਾ ਕੋਇ ਰਖਾਇੰਦਾ । ਪੜ੍ਹ ਪੜ੍ਹ ਬਾਣੀ ਬਾਣ ਲਾਣ ਪੰਜ ਸ਼ੈਤਾਨਾ, ਘਾਇਲ ਕਰ ਨਾ ਕੋਇ ਵਖਾਇੰਦਾ । ਅਠਸਠ ਤੀਰਥ ਕਰ ਅਸ਼ਨਾਨਾ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਪੂਜਾ ਕਰ ਕਰ ਥੱਕੇ ਸੀਤਾ ਰਾਮਾ, ਰਾਮ ਇਸ਼ਟ ਨਾ ਨਜ਼ਰੀ ਆਇੰਦਾ । ਪਾ ਪਾ ਰਾਸ ਮੰਡਲ ਥੱਕੇ ਕ੍ਰਿਸ਼ਨਾ ਕਾਹਨਾ, ਨਾਮ ਬੰਸਰੀ ਨਾ ਕੋਇ ਵਜਾਇੰਦਾ । ਉਚੀ ਕੂਕ ਸੁਣਾਇਣ ਬਾਂਗਾਂ, ਸਚ ਮਹਿਰਾਬ ਏਕਾ ਹੁਜਰੇ ਸਯਦਾ ਨਬੀ ਨਾ ਕੋਇ ਕਰਾਇੰਦਾ । ਪੀਰ ਫ਼ਕੀਰ ਪੜ੍ਹਨ ਕਲਾਮਾਂ, ਇਲਾਹੀ ਕਲਾਮ ਨਾ ਕੋਇ ਸੁਣਾਇੰਦਾ । ਛੱਤੀ ਰਾਗ ਗਾਇਣ ਗਾਣਾ, ਧੁਨ ਨਾਦ ਨਾ ਕੋਇ ਵਜਾਇੰਦਾ । ਰੂਪ ਨਜ਼ਰ ਨਾ ਆਏ ਹਰਿ ਭਗਵਾਨਾ, ਹਰਿ ਕੀ ਪੌੜੀ ਚੜ੍ਹ ਚੜ੍ਹ ਜੀਵ ਜੰਤ ਸਭ ਤਾਰੀਆਂ ਲਾਇੰਦਾ । ਮਨਮੁਖ ਜੀਵ ਹੋਇਆ ਅਵਾਣਾ, ਕਲਜੁਗ ਕੂੜਾ ਕਪੜ

ਤਨ ਸੁਹਾਇੰਦਾ । ਮਾਇਆ ਮਮਤਾ ਮਨ ਲੋਭਾਨਾ, ਕਾਮ ਕਰੋਧ ਲੋਭ ਮੋਹ ਹੰਕਾਰ ਸਾਚਾ ਮੇਲਾ ਮੇਲ ਮਿਲਾਇੰਦਾ । ਅੰਗੀਕਾਰ ਕਰੇ ਪੰਜ ਸ਼ੈਤਾਨਾ, ਪੰਚਮ ਸ਼ਬਦ ਨਾ ਕੋਇ ਸੁਣਾਇੰਦਾ । ਲਾੜੀ ਮੌਤ ਬੱਧਾ ਗਾਨਾਂ, ਸਤਿਗੁਰ ਪੂਰਾ ਨਜ਼ਰ ਨਾ ਆਇੰਦਾ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਹੋਏ ਵੈਰਾਨਾ, ਕਲਜੁਗ ਆਪਣਾ ਡੌਰੂ ਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਧਰ, ਲੋਕਮਾਤ ਫੇਰੀ ਪਾਇੰਦਾ । ਲੋਕਮਾਤ ਹਰਿ ਜੁਗ ਜੁਗ ਆਏ, ਜੁਗਾ ਜੁਗੰਤਰ ਸੇਵ ਕਮਾਈਆ । ਭਗਤ ਭਗਵੰਤ ਲਏ ਤਰਾਏ, ਭਾਵੀ ਭਗਤ ਨੇੜ ਨਾ ਆਈਆ । ਸੰਤ ਸਾਜਣ ਲਏ ਮਿਲਾਏ, ਸਤਿਗੁਰ ਪੂਰੇ ਹੱਥ ਵਡਿਆਈਆ । ਗੁਰਮੁਖ ਗੁਰ ਗੁਰ ਲਏ ਉਠਾਏ, ਗੁਰ ਸ਼ਬਦੀ ਸ਼ਬਦ ਸੁਣਾਈਆ । ਗੁਰਸਿਖ ਸਾਚੇ ਮਾਰਗ ਆਪੇ ਪਾਏ, ਪਿਛਲਾ ਪੈਂਡਾ ਦਏ ਮੁਕਾਈਆ । ਕਲਜੁਗ ਅੰਤਮ ਖੇਲ ਰਚਾਏ, ਨਿਰਗੁਣ ਨਿਰਵੈਰ ਆਪਣੀ ਕਲ ਧਰਾਈਆ । ਜੂਨੀ ਰਹਿਤ ਰੂਪ ਪਰਗਟਾਏ, ਪੁਰਖ ਅਕਾਲ ਨਜ਼ਰ ਨਾ ਆਈਆ । ਕਰਤਾ ਕਰਨੀ ਕਿਰਤ ਕਮਾਏ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਹਕਲੰਕਾ ਨਾਉਂ ਧਰਾਏ, ਸ਼ਬਦ ਡੰਕਾ ਇਕ ਵਜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਹਲਾਏ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਸਰਪਤ ਰਾਜਾ ਇੰਦ ਰਹਿਣ ਨਾ ਪਾਈਆ । ਏਕਾ ਖੰਡਾ ਹੱਥ ਚਮਕਾਏ, ਬ੍ਰਹਿਮੰਡਾਂ ਦੇਵਣਹਾਰ ਸਜਾਏ, ਲੱਖ ਚੁਰਾਸੀ ਡੇਰਾ ਢਾਹੀਆ । ਜੇਰਜ ਅੰਡਾਂ ਫੋਲ ਫੁਲਾਏ, ਉਤਭੁਜ ਸੇਤਜ ਵੇਖੇ ਥਾਉਂ ਥਾਏਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਸਮੁੰਦ ਸਾਗਰ ਫੋਲ ਫੁਲਾਈਆ । ਕਲਜੁਗ ਅੰਤਮ ਪੰਜ ਤਤ ਕਾਇਆ ਵੇਖੇ ਮੰਦਰ, ਹਟ ਵਣਜਾਰਾ ਫੇਰੀ ਪਾਈਆ । ਕੂੜੀ ਕਿਰਿਆ ਤੋੜੇ ਜੰਦਰ, ਨਾਮ ਹਥੌੜਾ ਏਕਾ ਲਾਈਆ । ਸ੍ਰਿਸ਼ਟ ਸਬਾਈ ਕਰੇ ਖੰਡਰ, ਖੰਡ ਖੰਡ ਆਪਣੀ ਵੰਡ ਵੰਡਾਈਆ । ਗੁਰਸਿਖਾਂ ਮੇਲ ਮਿਲਾਏ ਅੰਦਰੇ ਅੰਦਰ, ਸੁਰਤ ਸ਼ਬਦ ਕਰ ਕੁੜਮਾਈਆ । ਮਨੂਆ ਮਨ ਨਾ ਭਵੇ ਬੰਦਰ, ਦਹਿ ਦਿਸ਼ਾਂ ਨਾ ਉਠ ਉਠ ਧਾਈਆ । ਪਾਏ ਡੋਰੀ ਡੂੰਘੀ ਕੰਦਰ, ਆਪਣੇ ਹੱਥ ਰੱਖੇ ਵਡਿਆਈਆ । ਉਚੇ ਟਿੱਲੇ ਲਾਹੇ ਗ਼ੋਰਖ ਮਛੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸਾਚਾ ਤਾਰਿਆ, ਤਾਰਨਹਾਰ ਨਿਰੰਕਾਰ । ਗੁਰ ਗੁਰ ਪੈਜ ਮਾਤ ਸੁਆਰਿਆ, ਭਵਜਲ ਕਰੇ ਪਾਰ । ਮਾਣਸ ਜਨਮ ਨਾ ਆਏ ਹਾਰਿਆ, ਜਿਸ ਪਾਇਆ ਧੁਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਚੇ ਲਏ ਉਭਾਰ । ਗੁਰਮੁਖ ਸੱਜਣ ਸਰਬ ਗੁਣਵੰਤ, ਸਤਿਗੁਰ ਪੂਰਾ ਆਪ ਬਣਾਇੰਦਾ । ਨਾਰੀ ਨਰ ਏਕਾ ਰੰਗ ਚੜ੍ਹਾਏ ਬਸੰਤ, ਨਾਰੀ ਪੁਰਸ਼ ਵੰਡ ਨਾ ਕੋਇ ਵੰਡਾਇੰਦਾ । ਸਤਿਗੁਰ ਦਵਾਰੇ ਏਕਾ ਸੰਗਤ, ਦੂਜਾ ਰੂਪ ਨਾ ਕੋਈ ਵਖਾਇੰਦਾ । ਏਕਾ ਭਿਖਿਆ ਮੰਗੇ ਮੰਗਤ, ਨਾਮ ਭਿਛਿਆ ਝੋਲੀ ਪਾਇੰਦਾ । ਲੇਖਾ ਜਾਣੇ ਜਿਉਂ ਗੁਰ ਨਾਨਕ ਅੰਗਦ, ਅੰਗੀਕਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖਾਂ ਦੁਖ ਨਿਵਾਰ, ਦੁਖ ਸੁਖ ਵਿਚ ਸਮਾਈਆ । ਕਿਰਪਾ ਕਰ ਆਪ ਕਰਤਾਰ, ਕੂੜੀ ਕਿਰਿਆ ਦਏ ਉਠਾਈਆ । ਸਫਾ ਉਠੇ ਮਲੇਛ ਵਿਚ ਸੰਸਾਰ, ਮਾਇਆ ਮਮਤਾ ਰਹਿਣ ਨਾ ਪਾਈਆ । ਗਣਪਤ ਗਣੇਸ਼ ਨਾ ਕੋਈ ਅਧਾਰ, ਬ੍ਰਹਮਾ ਵਿਸ਼ਨ ਸ਼ਿਵ ਕੋਇ ਨਾ ਸੀਸ ਝੁਕਾਈਆ । ਦਰ ਖੋਲ੍ਹੇ ਇਕ ਨਿਰੰਕਾਰ, ਚਾਰ ਵਰਨਾਂ ਕਰੇ ਪੜ੍ਹਾਈਆ । ਉਚਾਂ ਨੀਚਾਂ ਇਕ ਘਰ ਬਾਰ, ਸਚਖੰਡ ਦਵਾਰਾ ਇਕ ਸੁਹਾਈਆ । ਪੁਰਖ ਅਕਾਲ ਕਰੇ ਪਿਆਰ, ਸ੍ਰਿਸ਼ਟ ਸਬਾਈ

ਪਿਤਾ ਮਾਈਆ । ਗੁਰਸਿਖ ਸੱਜਣ ਸੋਹਨ ਸਚ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਦੇਵੇ ਸਾਚਾ ਵਰ, ਜਗਤ ਦਲਿਦਰ ਦੇਵੇ ਕੱਟ, ਦੂਈ ਦਵੈਤੀ ਮੇਟੇ ਫੱਟ, ਰਤੀ ਰਤ ਆਪ ਰੰਗਾਈਆ । ਰਤੀ ਰਤ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਇਆ । ਚਤਰ ਸੁਘੜ ਬਣਾਏ ਮੂਰਖ ਮੂੜ, ਜਿਸ ਸਿਰ ਆਪਣਾ ਹੱਥ ਟਿਕਾਇਆ । ਹਰਿਜਨ ਬਖ਼ਸ਼ੇ ਏਕਾ ਧੂੜ, ਚਰਨ ਚਰਨੋਦਕ ਤਿਲਕ ਲਗਾਇਆ । ਨਾਤਾ ਤੋੜੇ ਕੂੜੋ ਕੂੜ, ਸਚ ਸਮਗਰੀ, ਇਕ ਇਕ ਵਖਾਇਆ । ਆਸਾ ਮਨਸਾ ਕਰੇ ਪੂਰ, ਜੋ ਜਨ ਸਰਨਾਈ ਆਇਆ । ਮਨਮੁਖਾਂ ਤੋਂ ਵਸੇ ਦੂਰ, ਮੁਖ ਆਪਣਾ ਪੜਦਾ ਪਾਇਆ । ਗੁਰਮੁਖਾਂ ਅੱਗੇ ਹਾਜ਼ਰ ਹਜ਼ੂਰ, ਜੁਗ ਜੁਗ ਰੂਪ ਅਨੂਪ ਵਟਾਇਆ । ਸਰਬ ਕਲਾ ਆਪੇ ਭਰਪੂਰ, ਸਮਰਥ ਪੁਰਖ ਆਪਣਾ ਨਾਉਂ ਧਰਾਇਆ । ਜਗਤ ਵਿਕਾਰਾ ਕਰੇ ਚੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੀ ਸੇਜ ਸੁਹਾਇਆ । ਗੁਰਸਿਖ ਸੇਜ ਸੁਹਾਵਣੀ ਰੰਗੀਲਾ ਪਲੰਘ, ਲੁਹਾਰ ਤਰਖਾਨ ਨਾ ਕੋਈ ਬਣਾਈਆ । ਪਾਰਬ੍ਰਹਮ ਪ੍ਰਭ ਚਾੜ੍ਹੇ ਆਪਣਾ ਰੰਗ, ਰੰਗਣਹਾਰ ਏਕਾ ਮਾਹੀਆ । ਉਪਰ ਬੈਠ ਸੂਰਾ ਸਰਬੰਗ, ਆਪਣੀ ਸੇਜਾ ਆਪ ਸੁਹਾਈਆ । ਸ਼ਬਦ ਅਗੰਮੀ ਇਕ ਮਰਦੰਗ, ਨਿਰਗੁਣ ਆਪਣਾ ਆਪ ਵਜਾਈਆ । ਗੁਰਮੁਖਾਂ ਕੋਲੋਂ ਮੰਗੇ ਮੰਗ, ਸਚ ਪ੍ਰੀਤੀ ਵਡ ਵਡਿਆਈਆ । ਹੋ ਨਿਧੜਕ ਦਸਮ ਦੁਆਰੀ ਲੰਘ, ਅਧਵਿਚਕਾਰ ਨਾ ਕੋਈ ਲਟਕਾਈਆ । ਤ੍ਰੈਗੁਣ ਮਾਇਆ ਨਾ ਮਾਰੇ ਡੰਗ, ਪੰਜ ਚੋਰ ਨਾ ਕਰਨ ਲੜਾਈਆ । ਸੁਖਮਨ ਨਾੜੀ ਨਾ ਅੰਧੇਰਾ ਅੰਧ, ਈੜਾ ਪਿੰਗਲ ਨਾ ਮੁਖ ਭਵਾਈਆ । ਸਤਿਗੁਰ ਪੂਰਾ ਗੁਰਸਿਖ ਤੇਰਾ ਆਪ ਮੁਕਾਏ ਪੰਧ, ਔਣਾ ਜਾਣਾ ਲੇਖੇ ਲਾਈਆ । ਮਦਿਰਾ ਮਾਸ ਤਜਾਇਆ ਰਸਨਾ ਗੰਦ, ਘਰ ਮੇਲਾ ਸਹਿਜ ਸੁਭਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਸੂਰਜ ਚੰਨ ਮੁਖ ਸ਼ਰਮਾਈਆ । ਅੱਠੇ ਪਹਿਰ ਪਰਮਾਨੰਦ, ਨਿਝ ਰਸ ਆਪਣਾ ਆਪ ਵਖਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਸਾਚੇ ਘੋੜ ਲਏ ਚੜ੍ਹਾਈਆ । ਰਸਨਾ ਗਾਈਣ ਬੱਤੀ ਦੰਦ, ਜਿਹਵਾ ਰਸਨਾ ਰਸ ਧਿਆਈਆ । ਆਪੇ ਢਾਹੇ ਭਰਮਾਂ ਕੰਧ, ਦੂਈ ਦਵੈਤੀ ਰਹਿਣ ਨਾ ਪਾਈਆ । ਜਿਸ ਜਨ ਗਾਇਆ ਸੋਹੰ ਸੁਹਾਗੀ ਛੰਦ, ਜਨਮ ਮਰਨ ਵਿਚ ਨਾ ਆਈਆ । ਤਖ਼ਤ ਸੁਲਤਾਨ ਸ੍ਰੀ ਭਗਵਾਨ ਹੋ ਮਿਹਰਵਾਨ ਆਪ ਸੁਹਾਏ ਆਪਣਾ ਪਖ, ਆਸਣ ਸਿੰਘਾਸਣ ਖੇਲ ਤਮਾਸ਼ਣ ਪ੍ਰਿਥਮੀ ਆਕਾਸ਼ਨ ਸੋਭਾ ਪਾਈਆ । ਗੁਰਮੁਖਾਂ ਕੱਟੇ ਭੁੱਖ ਨੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਨਮ ਜੁਗ ਧਰਾਏ, ਕਲਜੁਗ ਅੰਤਮ ਲਏ ਮਿਲਾਈਆ ।



✳ ੧੭ ਭਾਦਰੋਂ ੨੦੧੭ ਬਿਕ੍ਰਮੀ ਸੂਬੇਦਾਰ ਰਾਮ ਸਿੰਘ ਦੇ ਗ੍ਰਹਿ ਗਵਾਲ ਟੋਲੀ ਮਕਾਨ ਨੰ੦ ੩੮੬ ਫਿਰੋਜ਼ ਪੁਰ ਛਾਉਣੀ ✳

ਸੋ ਪੁਰਖ ਨਿਰੰਜਣ ਗੁਣ ਨਿਧਾਨ, ਹਰਿ ਵਡ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵਾਲੀ ਦੋ ਜਹਾਨ, ਅਗੰਮ ਅਗੰਮੜਾ ਖੇਲ ਕਰਾਈਆ । ਏਕੰਕਾਰਾ ਰਖਾਏ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਆਪ ਸੁਹਾਏ ਸਚ ਮਕਾਨ, ਸਚਖੰਡ ਦਵਾਰਾ ਸੋਭਾ ਪਾਈਆ । ਸ੍ਰੀ ਭਗਵਾਨ ਵਡ ਦਾਨਾ ਦਾਨੀ ਦਾਨ, ਦੇਵਣਹਾਰ ਇਕ ਅਖਵਾਈਆ ।

ਪਾਰਬ੍ਰਹਮ ਸੁਣੇ ਸੁਣਾਏ ਧੁਰ ਫ਼ਰਮਾਣ, ਹੁਕਮੀ ਹੁਕਮ ਆਪ ਜਣਾਈਆ । ਕਰੇ ਖੇਲ ਹੋਏ ਨਿਗਹਬਾਨ, ਨਿਰਵੈਰ ਆਪਣਾ ਬਲ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕ ਵਡਿਆਈਆ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਤਖ਼ਤ ਤਾਜ ਆਪ ਸੁਹਾਇੰਦਾ । ਸਚਖੰਡ ਦਵਾਰ ਵਸੇ ਸਚ ਮਕਾਨਾ, ਦਰਗਹਿ ਸਾਚੀ ਆਸਣ ਲਾਇੰਦਾ । ਰੂਪ ਰੰਗ ਨਾ ਰੇਖ ਕੋਈ ਵਖਾਨਾ, ਅਨਭਵ ਪਰਕਾਸ਼ ਆਪ ਕਰਾਇੰਦਾ । ਹੁਕਮੀ ਹੁਕਮ ਸੁਣਾਏ ਸਚ ਤਰਾਨਾ, ਧੁਰ ਤਰਾਨਾ ਆਪ ਜਣਾਇੰਦਾ । ਏਕਾ ਰਾਗ ਏਕਾ ਗਾਣਾ, ਰਾਗ ਅਨਾਦੀ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਉਪਾਇੰਦਾ । ਦਰ ਘਰ ਸਾਚਾ ਆਪ ਉਪਾਇਆ, ਆਪੇ ਆਪਣਾ ਆਸਣ ਲਾਈਆ । ਇਕ ਇਕੱਲਾ ਖੇਲ ਖਿਲਾਇਆ, ਖੇਲਣਹਾਰ ਦਿਸ ਨਾ ਆਈਆ । ਨਿਰਗੁਣ ਆਪਣਾ ਨਾਉਂ ਧਰਾਇਆ, ਨਾ ਮਰੇ ਨਾ ਜਾਈਆ । ਥਿਰ ਦਰਬਾਰ ਆਪ ਖੁਲ੍ਹਾਇਆ, ਮਹੱਲ ਅਟੱਲ ਅਚੱਲ ਸੋਭਾ ਪਾਈਆ । ਕਮਲਾਪਾਤੀ ਦੀਪਕ ਇਕ ਰਿਹਾ ਜਗਾਇਆ, ਤੇਲ ਬਾਤੀ ਨਾ ਕੋਈ ਰਖਾਈਆ । ਸਾਚੀ ਹਾਟੀ ਇਕ ਖੁਲ੍ਹਾਇਆ, ਵਸਤ ਅਮੋਲਕ ਇਕ ਵਰਤਾਈਆ । ਸਰਬ ਕਲਾ ਸਮਰਥ ਆਪ ਅਖਵਾਇਆ, ਅਕਲ ਕਲ ਹਰਿ ਰਘਰਾਈਆ । ਆਪਣੀ ਖਾਣੀ ਆਪਣਾ ਭੰਡਾਰਾ ਆਪ ਵਖਾਇਆ, ਆਪੇ ਮੰਦਰ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਡੇਰਾ ਲਾਈਆ । ਹਰਿ ਮੰਦਰ ਹਰਿ ਸੁਹਾਵਨਾ, ਪਾਰਬ੍ਰਹਮ ਬੇਅੰਤ । ਆਪਣੀ ਕੀਮਤ ਕਰਤਾ ਆਪੇ ਪਾਵਨਾ ਆਦਿ ਜੁਗਾਦਿ ਮਹਿਮਾ ਅਗਣਤ । ਆਪਣਾ ਥਾਨ ਆਪ ਸੁਹਾਵਨਾ, ਆਪੇ ਹੋਏ ਸੋਭਾਵੰਤ । ਆਪਣਾ ਰੂਪ ਆਪ ਪਰਗਟਾਵਨਾ, ਆਪੇ ਖੇਲੇ ਖੇਲ ਨਾਰੀ ਕੰਤ । ਆਪੇ ਸਾਚੀ ਸੇਜ ਹੰਢਾਵਨਾ, ਆਪੇ ਚਾੜ੍ਹੇ ਰੰਗ ਬਸੰਤ । ਆਪੇ ਸਗਲਾ ਸੰਗ ਨਿਭਾਵਨਾ, ਆਪੇ ਲੇਖਾ ਜਾਣੇ ਆਦਿ ਅੰਤ । ਆਪੇ ਜੁਗ ਜੁਗ ਰੂਪ ਧਰਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਸਾਏ ਸਾਚਾ ਘਰ, ਦਰ ਘਰ ਸਾਚਾ ਇਕ ਸੁਹੰਤ । ਦਰ ਘਰ ਸਾਚਾ ਹਰਿ ਸੁਹਾਇੰਦਾ, ਸੋਭਾਵੰਤ ਗਹਿਰ ਗੰਭੀਰ । ਸਤਿ ਪੁਰਖ ਸਤਿ ਸਤਿਵਾਦੀ ਆਪਣਾ ਆਸਣ ਲਾਇੰਦਾ, ਆਦਿ ਜੁਗਾਦੀ ਠਾਂਡਾ ਸੀਰ । ਤਤਵ ਤਤ ਨਾ ਕੋਈ ਵਖਾਇੰਦਾ, ਨਾ ਕੋਈ ਬਸਤਰ ਪਹਿਨੇ ਚੀਰ । ਨਿਰਗੁਣ ਜੋਤ ਇਕ ਜਗਾਇੰਦਾ, ਚੋਟੀ ਚੜ੍ਹਿਆ ਇਕ ਅਖ਼ੀਰ । ਸ਼ਬਦ ਨਾਦ ਧੁਨ ਅਲਾਇੰਦਾ ਤੁਰੀਆ ਰਾਗ ਸੁਣਾਏ ਪੀਰਨ ਪੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪੇ ਖੋਲ੍ਹ, ਪੁਰਖ ਅਗੰਮਾ ਆਪੇ ਬੋਲ, ਆਦਿ ਜੁਗਾਦਿ ਨਾ ਜਾਏ ਡੋਲ, ਅਡੁਲ ਆਪਣਾ ਨਾਉਂ ਧਰਾਇੰਦਾ । ਸਚਖੰਡ ਦਵਾਰਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਅੰਦਰ ਵੜ ਵੜ ਬੋਲਿਆ, ਜੋਧਾ ਸੂਰਬੀਰ ਬਲੀ ਬਲਵਾਨ । ਆਪੇ ਬਣਿਆ ਸਾਚਾ ਤੋਲਿਆ, ਤੋਲਣਹਾਰ ਦੋ ਜਹਾਨ । ਆਪੇ ਬਣੇ ਸਚ ਵਿਚੋਲਿਆ, ਨਿਰਗੁਣ ਨਿਰਗੁਣ ਹੋ ਪਰਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਆਪ ਸੁਹਾਏ ਹਰਿ ਹਰਿ ਕੰਤ, ਦੂਸਰ ਅਵਰ ਨਾ ਕੋਈ ਜਣਾਈਆ । ਸਚਖੰਡ ਦਵਾਰ ਸੁਹਾਇੰਦਾ, ਪਾਰਬ੍ਰਹਮ ਪ੍ਰਭ ਬੇਪਰਵਾਹ । ਨਿਰਗੁਣ ਆਪਣਾ ਆਸਣ ਲਾਇੰਦਾ, ਦੀਪਕ ਜੋਤੀ ਜੋਤ ਜਗਾ । ਨੂਰੋ ਨੂਰ ਡਗਮਗਾਇੰਦਾ, ਨਿਰਵੈਰ ਖੇਲ ਰਿਹਾ ਖਿਲਾ । ਅਕਾਲ ਮੂਰਤ ਆਪ ਪਰਗਟਾਇੰਦਾ, ਰੂਪ ਰੇਖ ਨਾ ਰਿਹਾ ਜਣਾ । ਸਾਚੇ ਤਖ਼ਤ ਚਰਨ ਟਿਕਾਇੰਦਾ, ਸ਼ਾਹੋ ਭੂਪ ਬਣੇ ਸੱਚਾ ਪਾਤਸ਼ਾਹ । ਸਤਿ ਪੁਰਖ

ਨਿਰੰਜਣ ਸਾਚੀ ਕਾਰ ਕਮਾਇੰਦਾ, ਅਲੱਖ ਅਗੋਚਰ ਅਗੰਮ ਅਥਾਹ । ਸਚ ਨਿਸ਼ਾਨਾ ਆਪ ਝੁਲਾਇੰਦਾ, ਅਗੰਮ ਅਗੰਮੜਾ ਆਪਣੇ ਹੱਥ ਟਿਕਾ । ਆਪਣੀ ਵੰਡਣ ਆਪ ਵੰਡਾਇੰਦਾ, ਆਪੇ ਕਰੇ ਸਚ ਨਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਬੇਪਰਵਾਹ ਹਰਿ ਨਿਰੰਕਾਰਾ, ਨਿਰਵੈਰ ਆਪਣਾ ਖੇਲ ਖਿਲਾਇੰਦਾ । ਸਾਚੇ ਤਖ਼ਤ ਬੈਠਾ ਸੱਚੀ ਸਰਕਾਰਾ, ਤਖ਼ਤ ਤਾਜ ਆਪ ਸੁਹਾਇੰਦਾ । ਰਚਿਆ ਕਾਜ ਪਰਵਰਦਿਗਾਰਾ, ਨੂਰ ਅਲਾਹੀ ਨੂਰ ਸਮਾਇੰਦਾ । ਮੁਕਾਮੇ ਹਕ ਹਕ ਕਰੇ ਪਿਆਰਾ, ਲਾਸ਼ਰੀਕ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਆਪ ਵਡਿਆਇੰਦਾ । ਥਿਰ ਘਰ ਵਡਾ ਵਡ ਵਡਿਆਏ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਆਸਣ ਲਾਏ, ਹਰਿ ਪੁਰਖ ਨਿਰੰਜਣ ਸੋਭਾ ਪਾਈਆ । ਏਕੰਕਾਰਾ ਵੇਖ ਵਖਾਏ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਸ੍ਰੀ ਭਗਵਾਨਾ ਪਰਦਾ ਲਾਹੇ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਪਏ ਸਰਨਾਏ, ਆਪਣਾ ਸੀਸ ਜਗਦੀਸ ਆਪ ਝੁਕਾਈਆ । ਰੂਪ ਰੰਗ ਨਾ ਕੋਈ ਵਖਾਏ, ਰੇਖ ਭੇਖ ਨਾ ਕੋਈ ਵਟਾਈਆ । ਸਚਖੰਡ ਦਵਾਰਾ ਇਕ ਸੁਹਾਏ, ਛੱਪਰ ਛੰਨ ਨਾ ਕੋਈ ਬਣਾਈਆ । ਦੀਵਾ ਬਾਤੀ ਇਕ ਜਗਾਏ, ਕੰਤ ਕੰਤੂਲ ਡਗਮਗਾਈਆ । ਸਾਚੀ ਹਾਟੀ ਇਕ ਖੁਲ੍ਹਾਏ, ਵਣਜ ਵਣਜਾਰਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰਾ, ਕਰੇ ਖੇਲ ਅਗੰਮ ਅਪਾਰਾ, ਨਿਰਗੁਣ ਨਿਰਵੈਰ ਉਪਜਾਏ ਸਾਚੀ ਧਾਰਾ, ਧਾਰ ਧਾਰ ਵਿਚ ਸਮਾਈਆ । ਆਪਣੀ ਧਾਰ ਸਮਾਲੀਅਨ, ਪਾਰਬ੍ਰਹਮ ਬੇਅੰਤ । ਆਪੇ ਖੇਲੇ ਖੇਲ ਨਰਾਇਣ, ਸ੍ਰੀ ਭਗਵਾਨ ਸਾਹਿਬ ਗੁਣਵੰਤ । ਆਪੇ ਜੋਤ ਜਗਾਏ ਇਕ ਅਕਾਲੀਅਨ, ਅਬਿਨਾਸ਼ੀ ਕਰਤਾ ਮਹਿਮਾ ਅਗਣਤ । ਆਪਣਾ ਦੀਪ ਪਰਗਟਾਏ ਇਕ ਜਵਾਲੀਅਨ, ਆਦਿ ਨਿਰੰਜਣ ਸਾਚਾ ਕੰਤ । ਆਪੇ ਸਾਚਾ ਧਾਮ ਸੁਹਾਲੀਅਨ, ਏਕਾ ਏਕੰਕਾਰਾ ਆਦਿ ਅੰਤ । ਆਪੇ ਲੇਖਾ ਜਾਣੇ ਦੋ ਜਹਾਨੀਅਨ, ਹਰਿ ਪੁਰਖ ਨਿਰੰਜਣ ਸਰਬ ਗੁਣਵੰਤ । ਆਪੇ ਦਰਗਹਿ ਸਾਚੀ ਧਾਮ ਸੁਹਾਲੀਅਨ, ਸੋ ਪੁਰਖ ਨਿਰੰਜਣ ਆਦਿ ਅੰਤ । ਸਤਿ ਪੁਰਖ ਨਿਰੰਜਣ ਆਪਣੀ ਆਪ ਕਰੇ ਪ੍ਰਿਤਪਾਲੀਅਨ, ਆਪੇ ਕਰੇ ਆਪਣੀ ਮੰਤ । ਸੋ ਪੁਰਖ ਨਿਰੰਜਣ ਦਰ ਸੁਹਾਵਣਾ, ਦੀਨਾ ਨਾਥ ਵੱਡੀ ਵਡਿਆਈਆ । ਸਚਖੰਡ ਦਵਾਰਾ ਸੋਭਾ ਪਾਵਣਾ, ਸੋ ਪੁਰਖ ਨਿਰੰਜਣ ਜੋਤ ਜਗਾਈਆ । ਥਿਰ ਘਰ ਸਾਚਾ ਏਕਾ ਰੰਗ ਰੰਗਾਵਣਾ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਏਕੰਕਾਰਾ ਨਾਦ ਅਨਾਦੀ ਇਕ ਵਜਾਵਣਾ, ਤੁਰੀਆ ਰਾਗ ਆਪ ਸੁਣਾਈਆ । ਆਦਿ ਨਿਰੰਜਣ ਡਗਮਗਾਵਣਾ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਅਬਿਨਾਸ਼ੀ ਕਰਤਾ ਰੂਪ ਵਟਾਵਣਾ, ਨਿਰਭੌ ਆਪਣਾ ਨਾਉਂ ਧਰਾਈਆ । ਸ੍ਰੀ ਭਗਵਾਨ ਸੰਗ ਨਿਭਾਵਣਾ, ਨਾ ਮਰੇ ਨਾ ਜਾਈਆ । ਪਾਰਬ੍ਰਹਮ ਪ੍ਰਭ ਆਪਣਾ ਖੇਲ ਖਿਲਾਵਣਾ, ਮਾਤ ਪਿਤ ਨਾ ਕੋਈ ਭੈਣ ਭਾਈਆ । ਇਕ ਇਕੱਲਾ ਵਸੇ ਸਚ ਮਹੱਲਾ ਉਚ ਅਟੱਲਾ ਆਪ ਸੁਹਾਵਣਾ, ਆਪੇ ਬੈਠਾ ਸੇਜ ਵਿਛਾਈਆ । ਸ਼ਾਹ ਪਾਤਸ਼ਾਹ ਬੇਪਰਵਾਹ ਆਪ ਅਖਵਾਵਣਾ, ਸ਼ਹਿਨਸ਼ਾਹ ਕਰੇ ਸੱਚੀ ਪਾਤਸ਼ਾਹੀਆ । ਨਿਰਗੁਣ ਰੂਪ ਮਲਾਹ ਆਪ ਬਣਾਵਣਾ, ਸਤਿ ਪੁਰਖ ਸਹਿਜ ਸੁਖਦਾਈਆ । ਆਪਣੀ ਦਿਸ਼ਾ ਆਪਣੀ ਕੂਟ ਵੇਖ ਵਖਾਵਣਾ, ਚਾਰ ਕੁੰਟ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਸੁਹੰਜਣਾ, ਜੋਤ ਜਗਾਏ ਆਦਿ ਨਿਰੰਜਣਾ, ਆਦਿ ਪੁਰਖ ਵੱਡੀ ਵਡਿਆਈਆ । ਆਦਿ ਪੁਰਖ ਨਾਦ ਅਨਾਦ, ਏਕਾ ਰੰਗ ਸਮਾਇੰਦਾ ।

੧੦੪੩

ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਵੇਸ ਧਰਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਆਪਣਾ ਸੀਸ ਸੁਹਾਇੰਦਾ । ਸ਼ਬਦ ਜਣਾਈ ਬੋਧ ਅਗਾਧ, ਥਿਰ ਘਰ ਸਾਚੇ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਵਡਿਆਇੰਦਾ । ਸਚਖੰਡ ਦਵਾਰਾ ਖੇਲ ਅਪਾਰਾ, ਪਰਮ ਪੁਰਖ ਆਪ ਕਰਾਈਆ । ਨਿਰਗੁਣ ਦੀਆ ਕਰ ਉਜਿਆਰਾ, ਕਮਲਾਪਾਤੀ ਜੋਤ ਜਗਾਈਆ । ਰਵ ਸਸ ਨਾ ਕੋਈ ਸਤਾਰਾ, ਮੰਡਲ ਮੰਡਪ ਨਾ ਕੋਈ ਰੁਸ਼ਨਾਈਆ । ਗਗਨ ਗਗਨੰਤਰ ਨਾ ਕੋਈ ਅਖਾੜਾ, ਲੋਆਂ ਪੁਰੀਆਂ ਰਚਨ ਰਚਾਈਆ । ਵਿਸ਼ਨੂੰ ਸੇਜ ਨਾ ਸਾਂਗੋ ਪਾਂਗ ਕੋਈ ਹੁਲਾਰ, ਸਹੰਸਰ ਮੁਖ ਬਾਸ਼ਕ ਰਸਨਾ ਕੋਈ ਨਾ ਗਾਈਆ । ਬ੍ਰਹਮ ਬ੍ਰਹਮ ਨਾ ਕਰੇ ਪਸਾਰਾ, ਚਾਰ ਵੇਦ ਨਾ ਕੋਈ ਪੜ੍ਹਾਈਆ । ਸ਼ੰਕਰ ਹੱਥ ਤ੍ਰਸ਼ੂਲ ਨਾ ਫੜੇ ਕਟਾਰਾ, ਬਾਸ਼ਕ ਤਸ਼ਕਾ ਨਾ ਗਲ ਲਟਕਾਈਆ । ਕ੍ਰੋੜ ਤੇਤੀਸਾ ਨਾ ਕੋਈ ਅਖਾੜਾ, ਸੁਰਪਤ ਰਾਜਾ ਇੰਦ ਨਾ ਸੋਭਾ ਪਾਈਆ । ਗਣ ਗੰਧਰਬ ਨਾ ਗਾਏ ਵਾਰਾ, ਕਿੰਨਰ ਯਛਪ ਨਾ ਨਾਚ ਨਚਾਈਆ । ਜ਼ਿਮੀ ਅਸਮਾਨ ਨਾ ਕੋਈ ਅਧਾਰਾ, ਧਰਤ ਧਵਲ ਨਾ ਕੋਇ ਉਪਾਈਆ । ਜਲ ਬਿੰਬ ਨਾ ਕੋਇ ਅਧਾਰਾ, ਸਮੁੰਦ ਸਾਗਰ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਨਾ ਕੋਇ ਭੰਡਾਰਾ, ਲੋਕਮਾਤ ਨਾ ਕੋਇ ਵਰਤਾਈਆ । ਪੰਜ ਤਤ ਨਾ ਕੋਈ ਉਜਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਜੋੜ ਨਾ ਕੋਈ ਜੁੜਾਈਆ । ਨਾ ਕੋਈ ਮਾਤ ਪੁਤ ਸੁਤ ਦੁਲਾਰਾ, ਭੈਣ ਭਾਈ ਸਾਕ ਸੈਣ ਨਾ ਕੋਈ ਅਖਵਾਈਆ । ਨਾ ਕੋਈ ਸ਼ਾਹ ਸੁਲਤਾਨ ਦਿਸੇ ਦਾਰਾ, ਰਾਜ ਰਾਜਾਨ ਨਾ ਕੋਈ ਬਣਾਈਆ । ਸੀਸ ਤਾਜ ਨਾ ਕੋਈ ਦਸਤਾਰਾ, ਹੁਕਮੀ ਹੁਕਮ ਨਾ ਕੋਈ ਵਰਤਾਈਆ । ਗੁਰ ਪੀਰ ਨਾ ਕੋਈ ਅਵਤਾਰਾ, ਕੰਚਨ ਗੜ੍ਹ ਨਾ ਕੋਈ ਵਖਾਈਆ । ਰਸਨਾ ਜਿਹਵਾ ਨਾ ਕੋਈ ਹੁਲਾਰਾ, ਬੱਤੀ ਦੰਦ ਨਾ ਕੋਈ ਹਿਲਾਈਆ । ਮਨ ਮਤ ਬੁਧ ਨਾ ਕੋਈ ਦਵਾਰਾ, ਨਿਰਗੁਣ ਵੰਡ ਨਾ ਕੋਈ ਵੰਡਾਈਆ । ਲੱਖ ਚੁਰਾਸੀ ਨਾ ਕੋਇ ਪਸਾਰਾ, ਉਤਭੁਜ ਸੇਤਜ ਜੇਰਜ ਅੰਡ ਨਾ ਰੂਪ ਪਰਗਟਾਈਆ । ਚਾਰ ਖਾਣੀ ਨਾ ਕੋਇ ਹੁਲਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਚਾਰ ਬਾਣੀ ਨਾ ਕੋਇ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਉਚੀ ਕੂਕ ਨਾ ਕੋਇ ਸੁਣਾਈਆ । ਚਾਰ ਜੁਗ ਨਾ ਕੋਇ ਅਖਾੜਾ, ਸ਼ਸਤਰ ਬਸਤਰ ਨਾ ਕੋਇ ਸੁਹਾਈਆ । ਤੀਰ ਤਲਵਾਰ ਤੁਫ਼ੰਗ ਨਾ ਰੱਖੇ ਕੋਇ ਤਿਖੀ ਧਾਰਾ, ਚੰਡ ਪਰਚੰਡ ਨਾ ਕੋਇ ਚਮਕਾਈਆ । ਚਤਰਭੁਜ ਨਾ ਕੋਇ ਨਿਰਾਕਾਰਾ, ਆਦਿ ਸ਼ਕਤ ਨਾ ਰੂਪ ਵਟਾਈਆ । ਅਸ਼ਟਭੁਜ ਨਾ ਕਰੇ ਪੁਕਾਰਾ, ਸਿੰਘ ਅਸਵਾਰ ਨਾ ਕੋਇ ਬਣਾਈਆ । ਰਾਮ ਕ੍ਰਿਸ਼ਨ ਨਾ ਕੋਈ ਅਵਤਾਰਾ, ਜਨਕ ਸਪੁਤਰੀ ਨਾ ਕੋਇ ਵਿਆਹੀਆ । ਸਖ਼ੀਆ ਮੰਗਲਚਾਰ ਨਾ ਕੋਇ ਸੰਸਾਰਾ, ਮੁਕੰਦ ਮਨੋਹਰ ਰੂਪ ਨਾ ਕੋਇ. ਵਟਾਈਆ । ਈਸਾ ਮੂਸਾ ਨਾ ਕੋਇ ਹੁਲਾਰਾ, ਕਾਲਾ ਸੂਸਾ ਨਾ ਕੋਇ ਰੰਗਾਈਆ । ਨਾਨਕ ਗੋਬਿੰਦ ਨਾ ਕਰੇ ਕੋਇ ਪੁਕਾਰਾ, ਪੁਰਖ ਅਕਾਲ ਕੂਕ ਕੂਕ ਨਾ ਕੋਇ ਸੁਣਾਈਆ । ਆਦਿ ਜੁਗਾਦੀ ਇਕ ਇਕੱਲਾ ਏਕੰਕਾਰਾ, ਸਚਖੰਡ ਦਵਾਰੇ ਬੈਠਾ ਸੋਭਾ ਪਾਈਆ । ਆਪੇ ਪਾਏ ਆਪਣੀ ਸਾਰਾ, ਦੂਜਾ ਸੰਗ ਨਾ ਕੋਇ ਵਖਾਈਆ । ਤੀਜਾ ਖੋਲ੍ਹੇ ਨਾ ਕੋਇ ਕਿਵਾੜਾ, ਚੌਥੇ ਪਦ ਨਾ ਕੋਇ ਬਹਾਈਆ । ਪੰਚਮ ਮਿਲੇ ਨਾ ਮੀਤ ਮੁਰਾਰਾ, ਛੇਵੇਂ ਘਰ ਨਾ ਦਏ ਸਲਾਹੀਆ । ਸਤਵੇਂ ਸਤਿ ਸਤਿਵਾਦੀ ਨਾ ਕਰੇ ਕੋਇ ਪੁਕਾਰਾ, ਅਠ ਤਤ ਨਾ ਰੰਗ ਰੰਗਾਈਆ । ਨੌ ਦਰ ਨਾ ਹੋਏ ਖ਼ਵਾਰਾ, ਲੱਖ ਚੁਰਾਸੀ ਜੀਵ ਵਾਸਨਾ ਨਾ ਵਿਚ ਭਰਾਈਆ । ਆਤਮ ਅੰਤਰ ਨਾ ਕਰੇ ਕੋਈ ਵਿਚਾਰਾ, ਬ੍ਰਹਮ ਰੂਪ ਨਾ ਕੋਈ ਪਰਗਟਾਈਆ । ਅਨਹਦ


੧੦੪੪ ੦੯

੧੦੪੫

੦੯

ਸ਼ਬਦ ਨਾ ਕੋਇ ਧੁਨਕਾਰਾ, ਧੁਨ ਆਤਮਕ ਨਾ ਕੋਇ ਸੁਣਾਈਆ । ਅੰਮ੍ਰਿਤ ਜਾਮ ਨਾ ਠੰਡਾ ਠਾਰਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਸੁਖ਼ਮਨ ਟੇਢੀ ਨਾ ਦਿਸੇ ਗਾਰਾ, ਈੜਾ ਪਿੰਗਲ ਨਾ ਬੈਠਾ ਤਾੜੀ ਲਾਈਆ । ਮੇਰੂ ਡੰਡ ਨਾ ਕਰੇ ਪੁਕਾਰਾ, ਹੱਡ ਮਾਸ ਨਾੜੀ ਰਤ ਨਾ ਕੋਈ ਮੇਲਾ ਮੇਲ ਮਿਲਾਈਆ । ਬੂੰਦ ਰਕਤ ਨਾ ਕੋਇ ਆਧਾਰਾ, ਨਾਰੀ ਕੰਤ ਨਾ ਸੰਗ ਰਖਾਈਆ । ਪਿਤਾ ਪੂਤ ਨਾ ਕੋਇ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਇਕੱਲਾ ਆਪੇ ਵਸੇ ਸਚ ਮਹੱਲਾ, ਸਚਖੰਡ ਦਵਾਰੇ ਜੋਤ ਜਗਾਈਆ । ਜੋਤ ਉਜਾਲਾ ਹਰਿ ਗੋਪਾਲਾ, ਗੋਬਿੰਦ ਆਪਣਾ ਨਾਉਂ ਧਰਾਇੰਦਾ । ਦੀਨਾ ਨਾਥ ਦੀਨ ਦਿਆਲਾ, ਆਪਣਾ ਖੇਲ ਕਰੇ ਨਿਰਾਲਾ, ਨਿਰਗੁਣ ਧਾਰਾ ਆਪ ਚਲਾਇੰਦਾ । ਆਪੇ ਪਤ ਆਪੇ ਡਾਲ੍ਹਾ, ਆਪ ਫੁਲ ਫੁਲਵਾੜੀ ਵੇਖੇ ਦੋ ਜਹਾਨਾ, ਦੋ ਜਹਾਨਾਂ ਵਾਲੀ ਆਪ ਅਖਵਾਇੰਦਾ । ਆਪੇ ਵਸੇ ਸਚਖੰਡ ਸੱਚੀ ਧਰਮਸਾਲਾ, ਆਪੇ ਸ਼ਾਹ ਆਪੇ ਕੰਗਾਲਾ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਭੇਵ ਖੁਲਾਇੰਦਾ । ਸਚਖੰਡ ਦਵਾਰਾ ਭੇਵ ਖੁਲੌਣਾ, ਪੁਰਖ ਅਗੰਮੜਾ ਅਗੰਮੜੀ ਕਾਰ ਕਰਾਈਆ । ਸਤਿ ਸਤਿਵਾਦੀ ਆਪਣਾ ਰੰਗ ਆਪ ਰੰਗੌਣਾ, ਰੰਗ ਰੰਗੀਲਾ ਏਕਾ ਮਾਹੀਆ । ਚਾਰੋਂ ਕੁੰਟ ਬੰਦ ਕਰੌਣਾ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਨਾ ਕੋਇ ਗਣਾਈਆ । ਚਾਰ ਦੀਵਾਰ ਨਾ ਕੋਇ ਬਣੌਣਾ, ਉਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਨਾ ਕੋਇ ਟਿਕੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕ ਇਕਾਂਤੀ ਆਪਣਾ ਆਸਣ ਲੌਣਾ, ਆਪਣੇ ਹੱਥ ਰੱਖੇ ਵਡਿਆਈਆ । ਤਖ਼ਤ ਤਾਜ ਪ੍ਰਭ ਆਪ ਸੁਹੌਣਾ, ਆਪਣੀ ਬਣਤ ਆਪ ਬਣਾਈਆ । ਸਾਚਾ ਘਾੜਨ ਘੜ ਆਪ ਆਪਣਾ ਵੇਖ ਵਖੌਣਾ, ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਈਆ । ਸਾਚੇ ਤਖ਼ਤ ਬੈਠ ਭਗਵਾਨ, ਆਪਣੀ ਵੰਡ ਵੰਡਾਇੰਦਾ । ਸੁਤੇ ਪਰਕਾਸ਼ ਜੋਤ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਸਤਿ ਪੁਰਖ ਨਿਰੰਜਣ ਵੇਖੇ ਮਾਰ ਧਿਆਨ, ਆਪਣੀ ਰਚਨਾ ਆਪ ਰਚਾਇੰਦਾ । ਆਪਣਾ ਰੰਗ ਰੂਪ ਮਹਾਨ, ਮਿਹਰਵਾਨ ਆਪ ਵਟਾਇੰਦਾ । ਲਾਲ ਗੁਲਾਲਾ ਖੇਲੇ ਕਰ ਧਿਆਨ, ਕੰਚਨ ਆਪਣਾ ਮੇਲ ਮਿਲਾਇੰਦਾ । ਸੂਹਾ ਰੰਗ ਕਰੇ ਪਰਧਾਨ, ਚਿੱਟੀ ਧਾਰ ਧਾਰ ਬੰਨ੍ਹਾਇੰਦਾ । ਪੀਲਾ ਰੰਗ ਇਕ ਨਿਸ਼ਾਨ, ਨੀਲੀ ਧਾਰੋਂ ਧਾਰ ਕਰਾਇੰਦਾ । ਕਾਲਾ ਅਕਲ ਕਲਾ ਭਗਵਾਨ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਸੱਤਾਂ ਮੇਲਾ ਸਚ ਜਹਾਨ, ਦਰਗਹਿ ਸਾਚੀ ਆਪ ਸੁਹਾਇੰਦਾ । ਸੱਤ ਰੰਗ ਨਿਸ਼ਾਨਾ ਗੁਣ ਨਿਧਾਨ, ਸਚਖੰਡ ਦਵਾਰੇ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਆਸਣ ਸੋਭਾ ਪਾਇੰਦਾ । ਭੂਪਨ ਭੂਪ ਵਡ ਵਡ ਰਾਜਾ, ਪਾਰਬ੍ਰਹਮ ਇਕ ਅਖਵਾਇੰਦਾ । ਸਤਿ ਸਰੂਪ ਰਚਿਆ ਕਾਜਾ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਸ਼ਬਦ ਅਗੰਮੀ ਮਾਰੇ ਵਾਜਾ, ਦਰ ਦਰਬਾਨ ਆਪ ਅਖਵਾਇੰਦਾ । ਆਪੇ ਆਪਣਾ ਸਾਜਣ ਸਾਜਾ, ਆਪੇ ਹੁਕਮ ਚਲਾਇੰਦਾ । ਆਪੇ ਅੰਦਰ ਬਾਹਰ ਫਿਰੇ ਭਾਜਾ, ਗੁਪਤ ਜ਼ਾਹਰ ਖੇਲ ਖਿਲਾਇੰਦਾ । ਆਪੇ ਸ਼ਾਹ ਆਪੇ ਨਵਾਬਾ, ਆਪੇ ਰੱਯਤ ਰੂਪ ਵਟਾਇੰਦਾ । ਆਪੇ ਅਸਵ ਆਪੇ ਆਸਣ ਆਪੇ ਚਰਨ ਟਿਕਾਏ ਵਿਚ ਰਕਾਬਾ, ਸ਼ਾਹਅਸਵਾਰ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਕਰਤਾਰ, ਆਪਣਾ ਆਪ ਸੁਣਾਈਆ । ਪੰਚਮ ਮੁਖ ਤਾਜ ਕਰਨਾ ਤਿਆਰ, ਦਰਗਹਿ

ਸਾਚੀ ਘਾੜਤ ਆਪ ਘੜਾਈਆ । ਚਾਰੇ ਮੁਖ ਚਾਰ ਦੀਵਾਰ, ਚਾਰੋਂ ਕੁੰਟ ਬੰਦ ਕਰਾਈਆ । ਪੰਜਵਾਂ ਮੁਖ ਆਪ ਕਰਤਾਰ, ਨਿਰਗੁਣ ਆਪਣਾ ਲਏ ਖੁਲ੍ਹਾਈਆ । ਤਖ਼ਤ ਨਿਵਾਸੀ ਬਣ ਸਿਕਦਾਰ, ਸੋ ਪੁਰਖ ਨਿਰੰਜਣ ਕਰੇ ਸਚ ਸੱਚੀ ਸ਼ਹਿਨਸ਼ਾਹੀਆ । ਚਾਰੋਂ ਕੁੰਟ ਦਏ ਹੁਲਾਰ, ਚਾਰੇ ਮੁਖ ਮੁਖ ਸਾਲਾਹੀਆ । ਚਾਰੇ ਅੰਦਰ ਕਰ ਪਿਆਰ, ਸਾਚਾ ਮੰਦਰ ਵੇਖ ਵਖਾਈਆ । ਸੋ ਪੁਰਖ ਨਿਰੰਜਣ ਖੇਲ ਨਿਆਰ, ਆਪਣੀ ਕਲ ਆਪ ਵਰਤਾਈਆ । ਆਪਣੀ ਵੰਡ ਵੰਡੇ ਅਪਰ ਅਪਾਰ, ਵੰਡਣਹਾਰਾ ਦਿਸ ਨਾ ਆਈਆ । ਨਿਰਾਕਾਰ ਰੂਪ ਕਰੇ ਸਾਕਾਰ, ਨਿਰਗੁਣ ਸਰਗੁਣ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਈਆ । ਖੇਲ ਖਲਾਏ ਹਰਿ ਭਗਵੰਤ, ਆਪਣਾ ਰੂਪ ਆਪ ਪਰਗਟਾਇੰਦਾ । ਆਪਣੀ ਮਹਿਮਾ ਜਾਣੇ ਆਦਿ ਅੰਤ, ਦੂਸਰ ਭੇਵ ਕੋਇ ਨਾ ਪਾਇੰਦਾ । ਦਰਗਹਿ ਸਾਚੀ ਧਾਮ ਸੁਹੰਤਾ ਇਕ ਬਸੰਤ, ਸੋਭਾਵੰਤ ਚਰਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਆਪ ਸਾਲਾਹਿੰਦਾ । ਪੰਚਮ ਮੁਖ ਬਣਤ ਬਣਾਏ, ਸਤਿਗੁਰ ਪੂਰਾ ਬੇਪਰਵਾਹਿਆ । ਚਾਰੇ ਮੁਖ ਆਪ ਲਗਾਏ, ਚਾਰੇ ਬਾਣੀ ਰਾਗ ਅਲਾਇਆ । ਚਾਰੇ ਵੇਦਾਂ ਦਏ ਲਿਖਾਏ, ਬ੍ਰਹਮ ਪਾਰਬ੍ਰਹਮ ਪੜ੍ਹਾਇਆ । ਚਾਰੇ ਜੁਗ ਵੰਡ ਵੰਡਾਏ, ਚਾਰ ਵਰਨ ਰਹੇ ਸਰਨਾਇਆ । ਚਾਰ ਯਾਰੀ ਮੂਲ ਚੁਕਾਏ, ਲੇਖਾ ਮਾਤ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁਖ ਤਾਜ ਆਪ ਬਣਾਇਆ । ਪੰਚਮ ਮੁਖ ਘੜਿਆ ਘਾੜ, ਪੁਰਖ ਅਬਿਨਾਸ਼ੀ ਸੇਵ ਕਮਾਇੰਦਾ । ਸਾਚੇ ਤਖ਼ਤ ਸੋਹੇ ਸਾਚਾ ਲਾੜ, ਦਰਗਹਿ ਸਾਚੀ ਸੋਭਾ ਪਾਇੰਦਾ । ਸੇਵਕ ਸੇਵਾ ਕਰੇ ਆਪ ਕਰਤਾਰ, ਦਰ ਦਰਵੇਸ਼ ਦਰਬਾਨ ਅਖਵਾਇੰਦਾ । ਭੂਪ ਸ਼ਾਹ ਬਣੇ ਨਰੇਸ਼, ਨਿਰਵੈਰ ਆਪਣਾ ਨਾਉਂ ਰਖਾਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਇੰਦਾ । ਇਕ ਇਕੱਲੜਾ ਕਰੇ ਅਵੱਲੜਾ ਵੇਸ, ਵੇਸ ਅਨੇਕਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਪੰਚਮ ਮੁਖ ਕਰ ਤਿਆਰ, ਹਰਿ ਸਤਿਗੁਰ ਹੱਥ ਉਠਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਆਪਣੇ ਅੰਦਰ ਆਪੇ ਆਇੰਦਾ । ਆਪੇ ਤਖ਼ਤ ਬੈਠ ਸੱਚੀ ਸਰਕਾਰ, ਆਪ ਆਪਣਾ ਹੁਕਮ ਚਲਾਇੰਦਾ । ਆਪੇ ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਆਪੇ ਆਪਣੀ ਪੈਜ ਲਏ ਸੁਆਰ, ਸਾਚਾ ਮੁਕਟ ਸੀਸ ਟਿਕਾਇੰਦਾ । ਖੜਗ ਖੰਡਾ ਨਾ ਕੋਇ ਕਟਾਰ, ਤੀਰ ਕਮਾਨ ਨਾ ਹੱਥ ਉਠਾਇੰਦਾ । ਜੋਧਾ ਸੂਰਬੀਰ ਨਾ ਕੋਇ ਨਾਲ ਬਲਕਾਰ, ਸਗਲਾ ਸੰਗ ਨਾ ਕੋਇ ਰਖਾਇੰਦਾ । ਇਕ ਇਕੱਲਾ ਕਰ ਪਸਾਰ, ਸਚਖੰਡ ਦਵਾਰੇ ਵੇਖ ਵਖਾਇੰਦਾ । ਸੋਹੇ ਤਾਜ ਸੱਚੀ ਸਰਕਾਰ, ਨਿਰਗੁਣ ਸਾਚਾ ਆਪ ਸੁਹਾਇੰਦਾ । ਪੰਚਮ ਮੁਖ ਅਪਰ ਅਪਾਰ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਹੁਕਮੀ ਹੁਕਮ ਕਰੇ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਵਿਸ਼ਵ ਰੂਪ ਕਰ ਤਿਆਰ, ਵਿਸ਼ਨ ਜੋਤ ਆਪ ਜਗਾਇੰਦਾ । ਆਪੇ ਕਵਲਾ ਅੰਮ੍ਰਿਤ ਭਰ ਭੰਡਾਰ, ਫੁਲ ਨਾਭੀ ਆਪ ਖਲਾਇੰਦਾ । ਆਪੇ ਅੰਦਰੋਂ ਆਏ ਬਾਹਰ, ਆਪੇ ਭਵਰਾ ਗੂੰਜ ਗੁੰਜਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਹੋ ਤਿਆਰ, ਈਸ਼ ਜੀਵ ਆਪਣੀ ਵੰਡ ਵੰਡਾਇੰਦਾ । ਆਪੇ ਪਰਮਾਤਮ ਆਤਮ ਖੇਲ ਨਿਆਰ, ਲੋਕਮਾਤ ਵੇਖ ਵਖਾਇੰਦਾ । ਆਪੇ ਸ਼ੰਕਰ ਸੁੰਨ ਅਗੰਮੀ ਧੁਆਂਧਾਰ, ਆਪਣਾ ਇਸ਼ਟ ਆਪ ਜਣਾਇੰਦਾ । ਆਪੇ ਤਿੰਨਾਂ ਮੇਲਾ ਕਰੇ ਕਰਤਾਰ, ਆਪੇ ਆਪਣਾ ਮੁਖ ਛੁਪਾਇੰਦਾ । ਆਪੇ ਬਣ ਭੰਡਾਰੀ ਭੰਡਾਰ, ਸਾਚੀ ਵਸਤ ਆਪ ਉਪਾਇੰਦਾ । ਤ੍ਰੈਗੁਣ ਮਾਇਆ

੧੦੪੬

ਕਰ ਪਿਆਰ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ । ਲੱਖ ਚੁਰਾਸੀ ਤਨ ਸ਼ੰਗਾਰ, ਕਾਇਆ ਗੜ੍ਹ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਖ਼ਤ ਤਾਜ ਸੁਹਾਇੰਦਾ । ਤਖ਼ਤ ਤਾਜ ਸੁਹਾਇੰਦਾ, ਹਰਿ ਸਤਿਗੁਰ ਦੀਨ ਦਿਆਲ । ਦਰਗਹਿ ਸਾਚੀ ਸੋਭਾ ਪਾਇੰਦਾ, ਨਿਰਗੁਣ ਜੋਤ ਪੁਰਖ ਅਕਾਲ । ਆਪਣਾ ਬਲ ਆਪ ਵਖਾਇੰਦਾ, ਆਦਿ ਜੁਗਾਦਿ ਕਰੇ ਪ੍ਰਿਤਪਾਲ । ਆਪਣੇ ਸੀਸ ਆਪ ਸੁਹਾਇੰਦਾ, ਜਗਦੀਸ਼ ਚਲੇ ਅਵੱਲੜੀ ਚਾਲ । ਸਾਚਾ ਤਾਜ ਆਪ ਟਿਕਾਇੰਦਾ, ਪਾਰਬ੍ਰਹਮ ਪ੍ਰਭ ਘਾਲਣ ਘਾਲ । ਕਾਲ ਮਹਾਂਕਾਲ ਦਰ ਦੁਰਕਾਇੰਦਾ, ਬੈਠ ਸਚਖੰਡ ਸੱਚੀ ਧਰਮਸਾਲ । ਆਪਣਾ ਨਾਉਂ ਆਪ ਧਰਾਇੰਦਾ, ਨਾਉਂ ਨਿਰੰਕਾਰਾ ਹੱਕ ਹਲਾਲ । ਇਕ ਜੈਕਾਰਾ ਬੋਲ ਸੁਣਾਇੰਦਾ, ਸੋ ਪੁਰਖ ਨਿਰੰਜਣ ਹੋ ਉਜਿਆਰ । ਪਹਿਲਾ ਮੁਖੜਾ ਆਪਣਾ ਆਪ ਖੁਲ੍ਹਾਇੰਦਾ, ਇਕ ਲਲਕਾਰਾ ਦੇਵੇ ਮਾਰ । ਬ੍ਰਹਮ ਰੂਪ ਅਨੂਪ ਪਰਗਟਾਇੰਦਾ, ਆਪੇ ਬਣੇ ਸਚ ਦਲਾਲ । ਬ੍ਰਹਮਾ ਵਿਸ਼ਨ ਮੇਲ ਮਿਲਾਇੰਦਾ, ਸ਼ੰਕਰ ਉਠਾਏ ਸਾਚਾ ਲਾਲ । ਤਿੰਨਾਂ ਆਪਣਾ ਰੂਪ ਜਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੀਸ ਤਾਜ ਧਰ, ਦਰਗਹਿ ਸਾਚੀ ਆਪ ਸੁਹਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਹਰਿ ਦਰਸ ਦਖਾਇਆ, ਪੰਚਮ ਤਾਜ ਸੀਸ ਹਰਿ ਰੱਖ । ਨਿਰਗੁਣ ਆਪਣਾ ਰੂਪ ਪਰਗਟਾਇਆ, ਥਿਰ ਘਰ ਸਾਚੇ ਹੋ ਪਰਤੱਖ । ਅਨਭਵ ਆਪਣਾ ਪਰਕਾਸ਼ ਜਣਾਇਆ, ਆਪ ਆਪਣਾ ਕਰ ਕਰ ਵੱਖ । ਸ੍ਵੈ ਸ਼ਕਤੀ ਆਪ ਪਰਗਟਾਇਆ, ਆਦਿ ਸ਼ਕਤ ਅਲੱਖਣਾ ਅਲੱਖ । ਚਤਰਭੁਜ ਰੂਪ ਵਟਾਇਆ, ਆਪਣਾ ਮਾਰਗ ਆਪੇ ਦੱਸ । ਆਪਣਾ ਗੋਝ ਖੁਲ੍ਹਾਇਆ, ਤੀਰ ਨਿਰਾਲਾ ਮਾਰੇ ਕਸ । ਵਿਸ਼ਨ ਨਿਉਂ ਨਿਉਂ ਸੀਸ ਝੁਕਾਇਆ, ਮਾਨਣਹਾਰਾ ਏਕਾ ਰਸ । ਬ੍ਰਹਮਾ ਨੇਤਰ ਨੀਰ ਵਹਾਇਆ, ਤੇਰਾ ਵਿਛੋੜਾ ਅੰਧੇਰੀ ਰੈਣ ਮਸ । ਸ਼ੰਕਰ ਖੁਲ੍ਹੜੇ ਕੇਸ ਵਖਾਇਆ, ਤੇਰਾ ਦਰ ਨਾ ਮਿਲੇ ਨੱਸ ਨੱਸ । ਤੂੰ ਦਾਤਾ ਬੇਪਰਵਾਹਿਆ, ਹਉਂ ਸੇਵਕ ਤੇਰੇ ਚਰਨ ਰਹੇ ਝੱਸ । ਸਾਚੀ ਭਿਛਿਆ ਝੋਲੀ ਪਾਇਆ, ਸਾਡੀ ਪੂਰੀ ਕਰ ਆਸ । ਦਰ ਭਿਖਾਰੀ ਬਣਕੇ ਮੰਗਣ ਆਇਆ, ਸਤਿਗੁਰ ਪੂਰੇ ਸ਼ਾਹੋ ਸ਼ਾਬਾਸ । ਤੇਰੀ ਮੰਡਲ ਰਾਸ ਵੇਖ ਵਖਾਇਆ, ਨਾ ਕੋਈ ਪ੍ਰਿਥਮੀ ਨਾ ਕੋਈ ਅਕਾਸ਼ । ਸੂਰਜ ਚੰਨ ਨਾ ਕੋਈ ਚੜ੍ਹਾਇਆ, ਨਾ ਕੋਈ ਜੰਗਲ ਨਾ ਕੋਈ ਪਰਭਾਸ । ਇਕ ਇਕੱਲਾ ਡੇਰਾ ਲਾਇਆ, ਸਚਖੰਡ ਦਵਾਰੇ ਖੇਲ ਤਮਾਸ਼ । ਤੇਰੇ ਸੀਸ ਤਾਜ ਸੁਹਾਇਆ, ਆਦਿ ਜੁਗਾਦਿ ਨਾ ਹੋਏ ਵਿਨਾਸ । ਏਕਾ ਤੇਰਾ ਦਰਸਨ ਪਾਇਆ, ਦੂਜੀ ਵਸਤ ਨਾ ਕੋਈ ਪਾਸ । ਰੁਤ ਰੁਤੜੀ ਨਾ ਕੋਈ ਵਖਾਇਆ, ਘੜੀ ਪਲ ਬਰਸ ਨਾ ਮਾਸ । ਦਿਵਸ ਰੈਣ ਵੰਡ ਵੰਡਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੇਵਕ ਚਾਕਰ ਦਾਸੀ ਦਾਸ । ਸਤਿਗੁਰ ਪੂਰਾ ਦਇਆ ਕਮਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਕਰੇ ਪਿਆਰ । ਏਕਾ ਏਕ ਹੁਕਮੀ ਹੁਕਮ ਸੁਣਾਇੰਦਾ, ਹਰਿ ਭਾਣਾ ਵਰਤੇ ਵਿਚ ਸੰਸਾਰ । ਤ੍ਰੈਗੁਣ ਤੇਰੀ ਝੋਲੀ ਪਾਇੰਦਾ, ਰਜੋ ਤਮੋ ਸਤੋ ਕਰ ਸ਼ੰਗਾਰ । ਲੱਖ ਚੁਰਾਸੀ ਭਾਂਡੇ ਆਪ ਘੜਾਇੰਦਾ, ਪੰਜ ਤਤ ਵਸਤੂ ਦੇਵੇ ਡਾਰ । ਪੰਜ ਦਸ ਏਕਾ ਰੰਗ ਰੰਗਾਇੰਦਾ, ਪੰਜ ਪੰਜ ਕਰੇ ਜੈਕਾਰ । ਪੰਜ ਤਿੰਨ ਮੇਲਾ ਮੇਲ ਮਿਲਾਇੰਦਾ, ਮਨ ਮਤ ਬੁਧ ਦਏ ਅਧਾਰ । ਨੌਂ ਦਵਾਰੇ ਖੋਲ੍ਹ ਖੁਲਾਇੰਦਾ, ਆਸਾ ਤ੍ਰਿਸ਼ਨਾ ਭਰੇ ਭੰਡਾਰ । ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ, ਝੂਠ ਜੂਠ ਕਰ ਪਸਾਰ । ਮਾਇਆ ਮਮਤਾ ਝੋਲੀ ਪਾਇੰਦਾ, ਹਉਮੇ ਹੰਗਤਾ ਗੜ੍ਹ ਹੰਕਾਰ । ਭੁੱਖਾ ਨੰਗਾ ਆਪ ਫਿਰਾਇੰਦਾ, ਮਨ ਮਨੂਆ ਕਰ ਖਵਾਰ । ਘਰ ਘਰ ਵਿਚ ਆਪ


੧੦੪੭

ਸੁਹਾਇੰਦਾ, ਬਾਢੀ ਬਣ ਸੱਚੀ ਸਰਕਾਰ । ਸਾਚੇ ਤਖ਼ਤ ਆਸਣ ਲਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਬ੍ਰਹਮ ਆਪਣਾ ਰੂਪ ਪਰਗਟਾਇੰਦਾ, ਬ੍ਰਹਮੇ ਤੇਰੀ ਪਾਵੇ ਸਾਰ । ਵਿਸ਼ਨੂੰ ਘਰ ਘਰ ਰਿਜ਼ਕ ਪੁਚਾਇੰਦਾ, ਦੇਵਣਹਾਰ ਆਪ ਕਰਤਾਰ । ਸ਼ੰਕਰ ਜੋ ਘੜਿਆ ਭੰਨ ਵਖਾਇੰਦਾ, ਮਾਰਨਹਾਰਾ ਡਾਹਡੀ ਮਾਰ । ਤਿੰਨਾਂ ਵਿਚੋਲਾ ਖੇਲ ਖਿਲਾਇੰਦਾ, ਬੋਲੇ ਸ਼ਬਦ ਨਾਮ ਜੈਕਾਰ । ਧੁਰ ਦਾ ਤੋਲਾ ਆਪ ਹੋ ਜਾਇੰਦਾ, ਸਾਚਾ ਕੰਡਾ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰਤੇ ਸਚ ਵਰਤਾਰ । ਸਤਿਗੁਰ ਭਾਣਾ ਹਰਿ ਸਮਝਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨੂੰ ਤੇਰੀ ਸੇਵਾ ਲਾਇੰਦਾ, ਲੋਕਮਾਤ ਕਰ ਪਰਧਾਨ । ਬ੍ਰਹਮੇ ਤੇਰੀ ਵੰਡ ਵੰਡਾਇੰਦਾ, ਬ੍ਰਹਮ ਰੂਪ ਸ੍ਰੀ ਭਗਵਾਨ । ਸ਼ੰਕਰ ਹੱਥ ਤ੍ਰਸ਼ੂਲ ਰਖਾਇੰਦਾ, ਅੱਠੇ ਪਹਿਰ ਨਿਗਾਹਬਾਨ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਝੋਲੀ ਪਾਇੰਦਾ, ਏਕਾ ਚੌਕੜਾ ਜਗਤ ਨਿਸ਼ਾਨ । ਗੁਰ ਪੀਰ ਅਵਤਾਰ ਤੇਰੀ ਗੋਦ ਬਹਾਇੰਦਾ, ਲੈ ਕੇ ਆਵਣ ਧੁਰ ਫ਼ਰਮਾਣ । ਸਾਚੇ ਸੰਤਾ ਕੰਤ ਮਿਲਾਇੰਦਾ, ਇਕ ਇਕੱਲਾ ਨੌਜਵਾਨ । ਭਗਤਾਂ ਭਗਤੀ ਇਕ ਦ੍ਰਿੜਾਇੰਦਾ, ਆਤਮ ਭਿਛਿਆ ਦੇਵੇ ਦਾਨ । ਗੁਰਮੁਖ ਸਾਚੇ ਆਪ ਜਗਾਇੰਦਾ, ਆਲਸ ਨਿੰਦਰਾ ਨਾਤਾ ਤੋੜ ਜਗਤ ਜਹਾਨ । ਗੁਰਸਿਖ ਸੱਜਣ ਵੇਖ ਵਖਾਇੰਦਾ, ਨਿਰਗੁਣ ਸਰਗੁਣ ਹੋ ਪਰਧਾਨ । ਜੁਗ ਜੁਗ ਆਪਣਾ ਰੂਪ ਧਰਾਇੰਦਾ, ਕਰੇ ਖੇਲ ਵਾਲੀ ਦੋ ਜਹਾਨ । ਨੌ ਨੌ ਚਾਰ ਗੇੜਾ ਆਪਣੇ ਹੱਥ ਰਖਾਇੰਦਾ, ਚਾਰ ਵੇਦ ਨਾ ਕਰਨ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦੇਵੇ ਧੁਰ ਫ਼ਰਮਾਣ । ਧੁਰ ਫ਼ਰਮਾਣਾ ਹਰਿ ਜਣਾਇੰਦਾ, ਪੁਰਖ ਅਬਿਨਾਸ਼ੀ ਬੋਲ ਜੈਕਾਰ । ਵਿਸ਼ਨ ਤੇਰਾ ਬੰਸ ਸੁਹਾਇੰਦਾ, ਬੰਸ ਬੰਸਾ ਕਰ ਤਿਆਰ । ਬ੍ਰਹਮਾ ਤੇਰੀ ਬ੍ਰਹਮ ਬਿੰਦ ਉਪਜਾਇੰਦਾ, ਨਾਦੀ ਸੁੱਤ ਕਰ ਸ਼ੰਗਾਰ । ਸ਼ੰਕਰ ਤੇਰਾ ਬਲ ਵਖਾਇੰਦਾ, ਬਲ ਧਾਰੇ ਆਪ ਕਰਤਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਖੇਲ ਖਿਲਾਇੰਦਾ, ਲੇਖਾ ਜਾਣੇ ਤ੍ਰਿਤਾਲੀ ਲੱਖ ਬੀਸ ਹਜ਼ਾਰ । ਬਾਵਨ ਰੂਪ ਆਪ ਪਰਗਟਾਇੰਦਾ, ਲੋਕਮਾਤ ਲਏ ਅਵਤਾਰ । ਰਾਮ ਰਾਮਾ ਆਪ ਅਖਵਾਇੰਦਾ, ਦੁਸ਼ਟ ਹੰਕਾਰੀ ਕਰੇ ਖਵਾਰ । ਕਾਹਨਾ ਕ੍ਰਿਸ਼ਨਾ ਕੰਸਾ ਕੇਸਾ ਪਕੜ ਆਪ ਗਿਰਾਇੰਦਾ, ਨਾਤਾ ਤੋੜ ਜੀਵ ਗਵਾਰ । ਈਸਾ ਮੂਸਾ ਡੰਕ ਵਜਾਇੰਦਾ, ਬੀਸ ਬੀਸਾ ਕੂਕ ਕਰੇ ਪੁਕਾਰ । ਨਾਨਕ ਨਿਰਗੁਣ ਮੇਲ ਮਿਲਾਇੰਦਾ, ਨਿਰਗੁਣ ਇਸ਼ਟ ਪੁਰਖ ਅਕਾਲ । ਗੋਬਿੰਦ ਸੂਰਾ ਸੂਰਬੀਰ ਨਾਉਂ ਧਰਾਇੰਦਾ, ਜਗਤ ਜਹਾਨਾ ਬਣ ਦਲਾਲ । ਕਲਜੁਗ ਵੇਲਾ ਅੰਤਮ ਆਇੰਦਾ, ਸ੍ਰਿਸ਼ਟ ਸਬਾਈ ਖਾਏ ਕਾਲ । ਚਾਰ ਕੁੰਟ ਅੰਧੇਰਾ ਛਾਇੰਦਾ, ਨਾ ਕੋਈ ਕਰੇ ਪ੍ਰਿਤਪਾਲ । ਨਾਰੀ ਨਾਰ ਵਿਭਚਾਰ ਕਮਾਇੰਦਾ, ਸੰਤ ਕੰਤ ਨਾ ਕੋਈ ਪਿਆਰ । ਆਤਮ ਸੇਜਾ ਨਾ ਕੋਈ ਹੰਢਾਇੰਦਾ, ਘਰ ਘਰ ਕਾਮ ਕ੍ਰੋਧ ਵੜਿਆ ਚੰਡਾਲ । ਜੋਤੀ ਦੀਪਕ ਨਾ ਕੋਈ ਜਗਾਇੰਦਾ, ਕਾਇਆ ਸੇਜਾ ਵਸੇ ਧਰਮਸਾਲ । ਘਰ ਸ਼ਬਦ ਨਾ ਕੋਈ ਅਲਾਇੰਦਾ, ਗੀਤ ਗੋਬਿੰਦ ਨਾ ਗਾਏ ਸੁਖ਼ਾਲ । ਅੰਮ੍ਰਿਤ ਜਾਮ ਨਾ ਕੋਈ ਪਿਆਇੰਦਾ, ਅਠਸਠ ਤੀਰਥ ਰਹੇ ਨੁਹਾਲ । ਕਾਇਆ ਮਾਟੀ ਪੋਚ ਨਾ ਕੋਈ ਪੁਚਾਇੰਦਾ, ਚਿਕੜ ਭਰਿਆ ਜੀਵ ਜਹਾਨ । ਸਾਧ ਸੰਤ ਨਾ ਕੋਈ ਬਚਾਇੰਦਾ, ਝੂਠੀ ਰਸਨਾ ਕਰਨ ਗਿਆਨ । ਆਤਮ ਰਾਮ ਨਾ ਕੋਈ ਦਿਸਾਇੰਦਾ, ਬਿਰਹੋਂ ਮਾਰੇ ਨਾ ਕੋਈ ਬਾਣ । ਨਾਮ ਬੰਸਰੀ ਨਾ ਕੋਈ ਵਜਾਇੰਦਾ, ਨਜ਼ਰ ਆਏ ਨਾ ਸਾਚਾ ਕਾਹਨ । ਘਨਈਆ ਰਾਸ ਨਾ ਕੋਈ ਨਚਾਇੰਦਾ, ਸਖ਼ੀਆਂ ਜੰਗਲ ਮਿਲੇ ਨਾ ਆਣ । ਕਲਜੁਗ ਪਰਭਾਸ ਅੰਤਮ ਡੇਰਾ ਢਾਇੰਦਾ, ਮਥਰਾ ਗੋਕਲ ਨਾ ਕੋਈ ਨਿਸ਼ਾਨ ।


੧੦੪੮

ਖਾਣੀ ਬਾਣੀ ਸਰਬ ਅਲਾਇੰਦਾ, ਪਾਏ ਪਦ ਨਾ ਕੋਈ ਨਿਰਬਾਨ । ਨਾਮ ਸਤਿ ਨਾ ਕੋਈ ਗਾਇੰਦਾ, ਕਲਜੁਗ ਕਾਗ ਵਿਸ਼ਟਾ ਮੁਖ ਰਖਾਨ । ਆਤਮ ਬ੍ਰਹਮ ਨਾ ਕੋਈ ਜਣਾਇੰਦਾ, ਮਿਲੇ ਮੇਲ ਨਾ ਸ੍ਰੀ ਭਗਵਾਨ । ਸਾਚੇ ਮੰਦਰ ਹਰਿ ਕਾ ਦਰਸ ਕੋਈ ਨਾ ਪਾਇੰਦਾ, ਭਰਮੇ ਭੁੱਲੇ ਜੀਵ ਨਿਧਾਨ । ਬਜਰ ਕਪਾਟੀ ਤੋੜ ਨਾ ਕੋਈ ਚੜ੍ਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਆਪਣੀ ਦੱਸੇ ਇਕ ਪਛਾਣ । ਬ੍ਰਹਮੇ ਵਿਸ਼ਨ ਸ਼ਿਵ ਦਏ ਦਿਲਾਸਾ, ਸਤਿਗੁਰ ਦਇਆ ਕਮਾਈਆ । ਨੌ ਨੌ ਚਾਰ ਖੇਲ ਤਮਾਸ਼ਾ, ਤ੍ਰੈਗੁਣ ਵੰਡਣ ਵੰਡ ਵੰਡਾਈਆ । ਗਗਨ ਗਗਨੰਤਰ ਪਾਵੇ ਰਾਸਾ, ਅਕਾਸ਼ ਪਰਕਾਸ਼ ਰੂਪ ਵਟਾਈਆ । ਅੰਤਮ ਪੂਰੀ ਕਰੇ ਆਸਾ, ਜਗਤ ਨਿਰਾਸ ਨਾ ਕੋਈ ਬਣਾਈਆ । ਪੰਜ ਤਤ ਵੇਖੇ ਕਾਇਆ ਕਾਸਾ, ਕਵਣ ਖੱਪਰੀ ਹੱਥ ਉਠਾਈਆ । ਤੋਲ ਤੋਲਣਹਾਰਾ ਤੋਲਾ ਮਾਸਾ, ਰਤੀ ਰਤ ਆਪ ਤੁਲਾਈਆ । ਲੇਖਾ ਜਾਣੇ ਪਵਣ ਸਵਾਸਾ, ਸਾਸ ਗਿਰਾਸ ਆਪਣੇ ਵਿਚ ਟਿਕਾਈਆ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਅਬਿਨਾਸ਼ੀ ਕਰਤਾ ਆਪਣਾ ਨਾਉਂ ਧਰਾਈਆ । ਅੰਤਮ ਕਰੇ ਬੰਦ ਖੁਲਾਸਾ, ਬੰਦੀ ਤੋੜੇ ਬੰਧਨ ਰਹੇ ਨਾ ਫਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵਿਚੋਲਾ ਆਪੇ ਬਣ, ਆਪਣਾ ਲੇਖਾ ਦਏ ਸਮਝਾਇਆ । ਲੇਖਾ ਹਰਿ ਸਮਝਾਇਆ, ਕਰ ਕਿਰਪਾ ਗੁਣ ਨਿਧਾਨ । ਵੇਲਾ ਅੰਤਮ ਦਏ ਸੁਹਾਇਆ, ਲੋਕਮਾਤ ਹੋ ਪਰਧਾਨ । ਲਹਿਣਾ ਦੇਣਾ ਦਏ ਚੁਕਾਇਆ, ਮੂਲ ਰਹੇ ਨਾ ਕੋਈ ਨਿਸ਼ਾਨ । ਅੰਤ ਕੰਤ ਲਏ ਗਲ ਲਾਇਆ, ਨਾਰ ਸੁਹਾਗਣ ਕਰ ਪਛਾਣ । ਵਿਸ਼ਨੂੰ ਤੇਰਾ ਜੋੜ ਜੁੜਾਇਆ, ਨਾਤਾ ਜੋੜੇ ਆਪ ਭਗਵਾਨ । ਬ੍ਰਹਮੇ ਤੇਰਾ ਰੂਪ ਵਖਾਇਆ, ਹੰ ਬ੍ਰਹਮ ਇਕ ਨਿਸ਼ਾਨ । ਸ਼ੰਕਰ ਤੇਰਾ ਤਖ਼ਤ ਸੁਹਾਇਆ, ਤੇਰਾ ਲੇਖਾ ਚੁਕਾਵੇ ਆਣ । ਕ੍ਰੋੜ ਤੇਤੀਸਾ ਰਹਿਣ ਨਾ ਪਾਇਆ, ਸੁਰਪਤ ਰਾਜਾ ਇੰਦ ਮੰਗੇ ਚਰਨ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੱਸੇ ਸਚ ਨਿਸ਼ਾਨ । ਸਚ ਨਿਸ਼ਾਨਾ ਹਰਿ ਸਮਝਾਏ, ਤਿੰਨਾਂ ਏਕਾ ਮਤ ਜਣਾਈਆ । ਨੌ ਨੌ ਚਾਰ ਗੇੜਾ ਆਪ ਦਵਾਏ, ਦੇਵਣਹਾਰ ਦਿਸ ਨਾ ਆਈਆ । ਗੁਰ ਪੀਰ ਅਵਤਾਰ ਸਾਧ ਸੰਤ ਸੇਵਾ ਲਾਏ, ਜੁਗ ਜੁਗ ਆਪਣੀ ਕਾਰ ਕਰਾਈਆ । ਕਰਮ ਧਰਮ ਜਰਮ ਆਪਣੇ ਲੇਖੇ ਲਾਏ, ਵਰਨ ਬਰਨ ਵੰਡ ਵੰਡਾਈਆ । ਸਾਚੀ ਸਰਨ ਇਕ ਰਘੁਰਾਏ, ਏਕਾ ਇਸ਼ਟ ਦੇਵ ਅਲੱਖ ਅਭੇਵ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਵਖਾਈਆ । ਕਲਜੁਗ ਵੇਲਾ ਅੰਤਮ ਔਣਾ, ਪੁਰਖ ਅਬਿਨਾਸ਼ੀ ਖੇਲ ਖਲਾਵਣਾ । ਨਿਰਗੁਣ ਨਿਰਵੈਰ ਨਰ ਹਰਿ ਜਾਮਾ ਪੌਣਾ, ਜੋਤੀ ਜੋਤ ਦੀਪ ਜਗਾਵਣਾ । ਮਾਤ ਪਿਤ ਨਾ ਕੋਇ ਬਣੌਣਾ, ਗੋਦੀ ਗੋਦ ਨਾ ਕੋਇ ਸੁਹਾਵਨਾ । ਪੰਜ ਤਤ ਨਾ ਕੋਇ ਰਖੌਣਾ, ਦਸ ਦਸ ਮਾਸ ਨਾ ਗਰਭ ਤਪਾਵਣਾ । ਅੰਨ ਜਲ ਨਾ ਪਾਨ ਕਰੌਣਾ, ਆਸਾ ਤ੍ਰਿਸ਼ਨਾ ਨਾ ਕੋਇ ਪਰਗਟਾਵਣਾ । ਨਾਰੀ ਕੰਤ ਨਾ ਕੋਇ ਹੰਢੌਣਾ, ਪੁਤਰ ਧੀਆਂ ਨਾ ਕੋਈ ਵਖਾਵਣਾ । ਰੰਗ ਬਸੰਤ ਨਾ ਕੋਇ ਚੜ੍ਹੌਣਾ, ਜੋਤੀ ਰੰਗ ਨਾ ਕੋਇ ਚਮਕਾਵਣਾ । ਗੋਲੀ ਬਣ ਨਾ ਸੇਵ ਕਮੌਣਾ, ਦਰ ਦਰ ਫੇਰੀ ਕੋਈ ਨਾ ਪਾਵਣਾ । ਏਕਾ ਆਪਣਾ ਨਾਮ ਧਰਾਉਣਾ, ਸਾਚਾ ਡੰਕ ਆਪ ਵਜਾਵਣਾ । ਕਲ ਕਾਤੀ ਕੂੜ ਕੁੜਿਆਰਾ ਮੇਟ ਮਿਟੌਣਾ, ਸਾਚਾ ਮਾਰਗ ਇਕ ਵਖਾਵਣਾ । ਨਿਹਕਲੰਕਾ ਨਾਉਂ ਧਰੌਣਾ, ਸ਼ਾਹੋ ਭੂਪ ਆਪ ਹੋ ਜਾਵਣਾ । ਆਪਣਾ ਪੜਦਾ ਆਪੇ ਲੌਹਣਾ, ਮੁਖ ਨਕਾਬ ਨਾ ਕੋਈ ਪਾਵਣਾ । ਦੋ ਜਹਾਨਾ ਜਹਾਜ ਆਪ ਚਲੌਣਾ, ਏਕਾ ਚੱਪੂ ਨਾਮ ਰਖਾਵਣਾ, ਰਾਜ ਰਾਜਾਨਾ ਸ਼ਾਹ ਸੁਲਤਾਨਾ ਤਖ਼ਤੋਂ

ਲੋਹਣਾ, ਸੀਸ ਤਾਜ ਨਾ ਕੋਈ ਟਿਕਾਵਣਾ । ਲੱਖ ਚੁਰਾਸੀ ਬੰਦਰ ਘਰ ਘਰ ਨਚੌਣਾ, ਕਲਜੁਗ ਡੌਰੂ ਹੱਥ ਰਖਾਵਣਾ । ਗੁਰਮੁਖ ਵਿਰਲੇ ਦਰਸ ਦਿਖੌਣਾ, ਪੂਰਬ ਜਨਮਾਂ ਵੇਖ ਵਖਾਵਣਾ । ਵਿਸ਼ਨੂੰ ਤੇਰਾ ਨਾਉਂ ਪਰਗਟਾਉਣਾ, ਤੇਰੀ ਸੇਵਾ ਇਕ ਜਣਾਵਣਾ । ਕਾਇਆ ਚੋਲਾ ਤੇਰਾ ਨਾਉਂ ਧਰਾਉਣਾ, ਸ਼ਬਦ ਅਨਮੋਲਾ ਵਿਚ ਸਮਾਵਣਾ । ਬ੍ਰਹਮ ਭੋਲਾ ਫੜ ਉਠੌਣਾ, ਪਾਰਬ੍ਰਹਮ ਵੇਖ ਵਖਾਵਣਾ । ਸ਼ੰਕਰ ਅੰਗੜਾਈ ਲੈ ਲੈ ਔਣਾ, ਵੇਲਾ ਅੰਤ ਆਪ ਸਮਝਾਵਣਾ । ਤਿੰਨਾਂ ਏਕਾ ਹੁਕਮ ਸੁਣੌਣਾ, ਅਭੁੱਲ ਗੁਰ ਆਪ ਅਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਆਪ ਸੁਣਾਵਣਾ । ਬ੍ਰਹਮ ਵਿਸ਼ਨ ਸ਼ਿਵ ਕਰ ਨਿਮਸਕਾਰ, ਦੋਏ ਜੋੜ ਪਏ ਸਰਨਾਈਆ । ਕਵਣ ਵੇਲਾ ਵਕਤ ਸੋਹੇ ਵਿਚ ਸੰਸਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਵਣ ਰੂਪ ਵਰਤੇ ਵਰਤਾਏ ਏਕੰਕਾਰ, ਲੱਖ ਚੁਰਾਸੀ ਵੇਖ ਵਖਾਈਆ । ਕਵਣ ਜੋਤ ਜਗੇ ਨਿਰੰਕਾਰ, ਨਿਰਗੁਣ ਨਿਰਵੈਰ ਆਪਣਾ ਨਾਉਂ ਧਰਾਈਆ । ਕਵਣ ਹਉਂ ਕਰੇ ਪਿਆਰ, ਤੇਰਾ ਮੇਰਾ ਰਹਿਣ ਨਾ ਪਾਈਆ । ਕਵਣ ਵਿਸ਼ਨੂੰ ਵਿਸ਼ਵ ਮਿਲੇ ਦਾਤਾਰ, ਵਾਸਤਕ ਆਪਣਾ ਰੂਪ ਦਰਸਾਈਆ । ਕਵਣ ਪਾਰਬ੍ਰਹਮ ਬ੍ਰਹਮ ਕਰੇ ਆਪਣੀ ਕਾਰ, ਸਾਚੀ ਨਾਰੀ ਕੰਤ ਪਰਨਾਈਆ । ਕਵਣ ਰੂਪ ਕਰੇ ਸ਼ੰਗਾਰ, ਕਵਣ ਨੈਣ ਨੈਣ ਕਵਣ ਮਟਕਾਈਆ । ਕਵਣ ਰੂਪ ਕਰੇ ਪਿਆਰ, ਆਪਣੀਆਂ ਭੁਜਾਂ ਆਪ ਉਠਾਈਆ । ਕਵਣ ਸ਼ੰਕਰ ਦਏ ਹੁਲਾਰ, ਸਹਿੰਸਾ ਸਾਗਰ ਦਏ ਮੁਕਾਈਆ । ਕਵਣ ਕਾਇਆ ਗਾਗਰ ਮਾਰੇ ਮਾਰ, ਹੱਥ ਤ੍ਰਿਸ਼ੂਲ ਇਕ ਵਖਾਈਆ । ਕਵਣ ਨਿਰਮਲ ਕਰਮ ਕਰੇ ਉਜਾਗਰ ਬੇੜਾ ਜਾਏ ਤਾਰ, ਵੰਝ ਮੁਹਾਨਾ ਕਵਣ ਲਗਾਈਆ । ਕਵਣ ਕੂਟੇ ਪਰਗਟ ਹੋਏ ਆਪ ਨਿਰੰਕਾਰ, ਕਵਣ ਖੇੜਾ ਦਏ ਵਸਾਈਆ । ਕਵਣ ਬਿਧ ਤੇਰਾ ਦਰਸਨ ਕਰੀਏ ਆਣ, ਲੋਕਮਾਤ ਮਿਲੇ ਵਡਿਆਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਏਕਾ ਹੁਕਮ ਰਿਹਾ ਸਮਝਾਈਆ । ਪਰਗਟ ਹੋ ਵਿਚ ਜਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਰਗੁਣ ਵੇਖੇ ਮਾਰ ਧਿਆਨ, ਘਟ ਘਟ ਆਪਣੀ ਸੇਜ ਸੁਹਾਈਆ । ਪੰਚਮ ਮੁਖ ਤਾਜ ਮਹਾਨ, ਪਾਰਬ੍ਰਹਮ ਪ੍ਰਭ ਆਪਣੇ ਸੀਸ ਟਿਕਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਵਿਚੋਲਾ ਬਣੇ ਆਣ, ਏਕਾ ਸ਼ਬਦ ਸੁਨੇਹੜਾ ਦਏ ਘਲਾਈਆ । ਗੁਰਮੁਖ ਸਾਚੇ ਕਰ ਪਰਧਾਨ, ਤੇਰੀ ਪੁਰੀ ਵੇਖ ਵਖਾਈਆ । ਸਿੰਘ ਪਾਲਾ ਨੌਜਵਾਨ, ਨਾ ਮਰੇ ਨਾ ਜਾਈਆ । ਬ੍ਰਹਮੇ ਦੇਵੇ ਇਕ ਗਿਆਨ, ਸੋ ਪੁਰਖ ਨਿਰੰਜਣ ਰਿਹਾ ਪੜ੍ਹਾਈਆ । ਕਿਰਪਾ ਕਰੇ ਗੁਣ ਨਿਧਾਨ, ਛੋਟੇ ਬਾਲੇ ਬਾਲ ਵਡਿਆਈਆ । ਸ਼ੰਕਰ ਤੇਰਾ ਰੱਖੇ ਮਾਣ, ਅੰਤਮ ਆਪਣੇ ਰੰਗ ਰੰਗਾਈਆ । ਸੁਰਪਤ ਰਾਜਾ ਇੰਦ ਹੋਏ ਹੈਰਾਨ, ਮਿਟਦੀ ਜਾਏ ਅੰਤਮ ਸ਼ਾਹੀਆ । ਬਾਲ ਨਿਧਾਨ ਲੈ ਕੇ ਆਇਆ ਧੁਰ ਫ਼ਰਮਾਣ, ਕੱਢ ਪਰਵਾਨਾ ਰਿਹਾ ਵਖਾਈਆ । ਉਪਰ ਲਿਖਿਆ ਨਾਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਆਂ ਪੁਰੀਆਂ ਰਿਹਾ ਉਲਟਾਈਆ । ਗੁਰ ਪੀਰ ਅਵਤਾਰ ਮੰਗਦੇ ਦਰ ਦਰਬਾਨ, ਦੇਵਣਹਾਰ ਇਕ ਅਖਵਾਈਆ । ਲੇਖਾ ਜਾਣੇ ਸੀਤਾ ਰਾਮ, ਰਾਧਾ ਕ੍ਰਿਸ਼ਨ ਮੇਲ ਮਿਲਾਈਆ । ਨਾਨਕ ਗੋਬਿੰਦ ਕਰ ਪਰਵਾਨ, ਨਮੋ ਨਮੋ ਰਹੇ ਸੁਣਾਈਆ । ਰਾਮ ਰੂਪ ਸ੍ਰੀ ਭਗਵਾਨ, ਏਕੰਕਾਰਾ ਆਪ ਅਖਵਾਈਆ । ਇਕ ਇਕ ਵਰਤੇ ਸਰਬ ਸੰਸਾਰ, ਵਾਰਤਾ ਆਪਣੀ ਆਪੇ ਗਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਰੱਖੇ ਮਾਣ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਵੇਖੇ ਮਾਰ ਝਾਤ, ਲੱਖ ਚੁਰਾਸੀ ਭੁੱਲ ਰਹੇ ਨਾ ਰਾਈਆ । ਲੱਖ ਚੁਰਾਸੀ ਵੇਖਣਹਾਰਾ, ਸਤਿਗੁਰ

੧੦੫੧ ੦੯

ਆਪਣਾ ਨਾਉਂ ਧਰਾਇੰਦਾ । ਗੁਰ ਗੁਰ ਰੂਪ ਪਰਗਟਾਏ ਵਿਚ ਸੰਸਾਰਾ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਭਗਤਨ ਵਖਾਏ ਸਚ ਦਰਬਾਰਾ, ਭਾਓ ਭਗਤ ਪੂਰ ਕਰਾਇੰਦਾ । ਸੰਤਨ ਦੇਵੇ ਨਾਮ ਅਧਾਰਾ, ਨਾਮ ਰਸ ਅਨਡਿਠਾ ਇਕ ਚਖਾਇੰਦਾ । ਗੁਰਸਿਖਾਂ ਬਣਾਏ ਚਰਨ ਭਿਖਾਰਾ, ਧੂੜੀ ਟਿੱਕਾ ਮਸਤਕ ਲਾਇੰਦਾ । ਗੁਰਸਿਖ ਗਾਇਣ ਵਾਰੋ ਵਾਰਾ, ਅਜਪਾ ਜਾਪ ਆਪ ਕਰਾਇੰਦਾ । ਅੰਦਰੇ ਅੰਦਰ ਖੇਲ ਨਿਆਰਾ, ਨਿਰਗੁਣ ਸਰਗੁਣ ਆਪ ਖਲਾਇੰਦਾ । ਪੰਜ ਤਤ ਤਨ ਕਰ ਖ਼ਵਾਰਾ, ਮਨ ਮਤ ਬੁਧ ਦਰ ਦੁਰਕਾਇੰਦਾ । ਬੁਧ ਬਿਬੇਕੀ ਦਏ ਹੁਲਾਰਾ, ਨੇਤਰ ਪੇਖੀ ਪੇਖ ਪੇਖ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਜੁਗ ਜੁਗ ਜਗਤ ਵਿਛੜਿਆਂ ਮਿਲਣਹਾਰ ਕਰਤਾਰ । ਮਿਠਾ ਕਰੇ ਕੌੜਾ ਰੀਠੜਿਆ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਕਰੇ ਪਵਿਤ ਪਤਿਤ ਪਾਪੀ ਪੁਨੀਤੜਿਆ, ਪਤਿਤ ਪਾਵਨ ਆਪ ਗਿਰਧਾਰ । ਆਦਿ ਜੁਗਾਦੀ ਠੰਡਾ ਸੀਤੜਿਆ, ਕਲਜੁਗ ਅਗਨੀ ਦੇਵੇ ਠਾਰ । ਗੁਰਸਿਖ ਕਾਇਆ ਅੰਦਰ ਵਖਾਏ ਸ਼ਿਵਦਵਾਲਾ ਮੰਦਰ ਮਠ ਨਾ ਕੋਇ ਮਸੀਤੜਿਆ, ਨਾ ਕੋਈ ਲਾਏ ਇਟਾਂ ਗਾਰ । ਛੰਦ ਗਾਏ ਸੁਹਾਗੀ ਗੀਤੜਿਆ, ਦਿਵਸ ਰੈਣ ਇਕ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪੈਜ ਦਏ ਸਵਾਰ । ਹਰਿਜਨ ਪੈਜ ਸਵਾਰਦਾ, ਨਿਰਗੁਣ ਸਰਗੁਣ ਕਰ ਪਿਆਰ । ਲੱਖ ਚੁਰਾਸੀ ਗੇੜ ਨਿਵਾਰਦਾ, ਰਾਏ ਧਰਮ ਨਾ ਕਰੇ ਖ਼ਵਾਰ । ਚਿਤਰ ਗੁਪਤ ਨਾ ਹਿਸਾਬ ਵਿਖਾਲਦਾ, ਦਰ ਦਰਵਾਰਿਉਂ ਕੱਢੇ ਬਾਹਰ । ਸਤਿਗੁਰ ਪੂਰਾ ਸਾਰ ਸਮਾਲਦਾ, ਆਦਿ ਜੁਗਾਦੀ ਸਾਚੀ ਕਾਰ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਊਚ ਨੀਚ ਨਾ ਕੋਈ ਵਿਚਾਰ । ਗ਼ਰੀਬ ਨਿਮਾਣਿਆਂ ਪਾਰ ਉਤਾਰਦਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬੰਨ੍ਹੇ ਧਾਰ । ਕਰੇ ਖੇਲ ਸੱਚੀ ਸਰਕਾਰ ਦਾ, ਸਾਚੇ ਤਖ਼ਤ ਬੈਠ ਕਰੇ ਸਾਚੀ ਕਾਰ । ਜੁਗ ਜੁਗ ਗੇੜਾ ਗੇੜ ਆਪ ਨਿਵਾਰਦਾ, ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ । ਕਲਜੁਗ ਤੋੜੇ ਕਿਲਾ ਗੜ੍ਹ ਹੰਕਾਰ ਦਾ, ਨਿਹਕਲੰਕਾ ਲਏ ਅਵਤਾਰ । ਲੱਖ ਚੁਰਾਸੀ ਪੁਣ ਛਾਣਦਾ, ਗੁਰਮੁਖ ਸਾਚੇ ਲਏ ਨਿਕਾਲ । ਇਕ ਮਧਾਣਾ ਦੀਨ ਦਿਆਲ ਦਾ, ਛਾਛ ਵਿਰੋਲੇ ਦੋ ਜਹਾਨ । ਗੁਰਸਿਖ ਸੁਰਤ ਸਵਾਣੀ ਸ਼ਬਦ ਹਾਣੀ ਰੰਗ ਮਾਣਦਾ, ਮਿਲਿਆ ਮੇਲ ਸ੍ਰੀ ਭਗਵਾਨ । ਘਰ ਸੋਹਿਆ ਗੋਪੀ ਕਾਹਨ ਦਾ, ਮੰਡਲ ਰਾਸ ਰਚਾਏ ਆਣ । ਵਿਛੋੜਾ ਤੋੜੇ ਸੀਤਾ ਰਾਮ ਦਾ, ਰਾਵਣ ਤੋੜ ਝੂਠਾ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਮੇਲੇ ਆਣ । ਭਗਤ ਮਿਲਾਵਾ ਸਚ ਘਰ, ਦਰ ਦਰ ਸਤਿਗੁਰ ਦਇਆ ਕਮਾਇੰਦਾ । ਸੰਤ ਸਾਜਣ ਲਏ ਫੜ, ਘਰ ਮੰਦਰ ਆਪ ਸੁਹਾਇੰਦਾ । ਗੁਰਮੁਖ ਲਗਾਏ ਆਪਣੇ ਲੜ, ਏਕਾ ਪੱਲੂ ਹੱਥ ਉਠਾਇੰਦਾ । ਗੁਰਸਿਖ ਏਕਾ ਅੱਖਰ ਜਾਏ ਪੜ੍ਹ, ਗੁਰ ਗੁਰ ਸੂਰਾ ਆਪ ਪੜ੍ਹਾਇੰਦਾ । ਸਾਚੇ ਪੌੜੇ ਜਾਏ ਚੜ੍ਹ, ਅਧਵਿਚਕਾਰ ਨਾ ਕੋਈ ਅਟਕਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਗੁਰਸਿਖ ਤੇਰੇ ਚਰਨ ਰਹੇ ਫੜ, ਸਮਰਥ ਸਿਰ ਹੱਥ ਆਪ ਟਿਕਾਇੰਦਾ । ਕਲਜੁਗ ਅੰਤਮ ਮਿਲਿਆ ਵਰ, ਲੋਕਮਾਤ ਮੇਲ ਮਿਲਾਇੰਦਾ । ਧਰਨੀ ਧਰਤ ਧਵਲ ਉਪਰ ਆਪਣਾ ਆਪ ਧਰ, ਧਰਤ ਧਵਲ ਆਪ ਸੁਹਾਇੰਦਾ । ਕਰਤਾ ਪੁਰਖ ਆਪਣੀ ਕਰਨੀ ਕਰ, ਕਲਜੁਗ ਕਿਰਿਆ ਮੇਟ ਮਿਟਾਇੰਦਾ । ਗੁਰਸਿਖ ਬੂਟਾ ਹੋਇਆ ਹਰ, ਅੰਮ੍ਰਿਤ ਆਤਮ ਸਿੰਚ ਹਰਾ ਕਰਾਇੰਦਾ । ਫੁਲ ਫੁਲਵਾੜੀ ਲਾਏ ਪਤ ਡਾਲ੍ਹ, ਫੁਲ ਗੁੰਚਾ ਆਪ ਖਿਲਾਇੰਦਾ । ਭਵਰਾ ਭਵਰੀ ਅੰਦਰ ਵੜ, ਡੂੰਘੀ ਕਵਰੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਿਸ ਜਨ ਫੜਾਏ ਆਪਣਾ ਲੜ, ਦੋ ਜਹਾਨਾਂ ਪਾਰ ਉਤਾਰਦਾ । ਦੋ ਜਹਾਨਾ ਪਾਰ ਕਰੌਣਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਜਿਸ ਜਨ ਨੇਤਰ ਲੋਚਣ ਦਰਸ ਪੌਣਾ, ਰਾਏ ਧਰਮ ਨਾ ਦਏ ਸਜਾਈਆ । ਸਾਧ ਸੰਗਤ ਵਿਚ ਬਹਿਕੇ ਜਿਸ ਰਸਨਾ ਗੌਣਾ, ਜਨਮ ਮਰਨ ਵਿਚ ਨਾ ਆਈਆ । ਗੁਰਸਿਖ ਅਵਣ ਗਵਣ ਕਿਸੇ ਨਾ ਪੌਣਾ, ਤ੍ਰੈ ਭਵਣ ਤੇਰੇ ਚਰਨਾਂ ਹੇਠ ਦਬਾਈਆ । ਕਲਜੁਗ ਅੰਤਮ ਦੇ ਬਾਂਹ ਸਰਹਾਣੇ ਸੌਣਾ, ਸਤਿਗੁਰ ਪੂਰਾ ਹੋਏ ਸਹਾਈਆ । ਪੂਜਾ ਪਾਠ ਇਕ ਰਖੌਣਾ, ਤੀਰਥ ਤਟ ਇਕ ਨੁਹੌਣਾ, ਚੌਦਾਂ ਹੱਟ ਇਕ ਖੁਲ੍ਹੌਣਾ, ਸ਼ਬਦ ਸੁਤ ਇਕ ਮਲੌਣਾ, ਦਵੈਤੀ ਫਟ ਇਕ ਮਿਟੌਣਾ, ਨਾਮ ਸ਼ਬਦ ਪਟ ਪਹਿਨੌਣਾ, ਸੋਹੰ ਸ਼ਬਦ ਵੱਡੀ ਵਡਿਆਈਆ । ਦੁਰਮਤ ਮੈਲ ਕੱਟ ਨਿਰਮਲ ਜਾਮ ਪਿਔਣਾ, ਰਾਤੀ ਸੁਤਿਆ ਉਠ ਉਠ ਦਰਸ ਦਿਖੌਣਾ, ਗੁਰਸਿਖ ਬਾਲ ਅੰਞਾਣਾ ਆਪਣੀ ਗੋਦ ਬਹੌਣਾ, ਕਲਜੁਗ ਫੜ ਫੜ ਕਾਗ ਹੰਸ ਮਾਣਕ ਮੋਤੀ ਚੋਗ ਚੁਗੌਣਾ, ਆਪਣੀ ਸੇਵਾ ਆਪ ਕਮਾਈਆ । ਜੁਗ ਜੁਗ ਦਾ ਵਿਛੋੜਾ ਪੰਧ ਕਟੌਣਾ, ਜਗਤ ਵਿਜੋਗ ਦਿਸ ਨਾ ਔਣਾ, ਹਉਮੇ ਰੋਗ ਨਾ ਕਿਸੇ ਮਿਟੌਣਾ, ਤਿੰਨਾਂ ਲੋਕਾਂ ਪਾਰ ਬਹੌਣਾ, ਏਕਾ ਰੂਪ ਅਨੂਪ ਸਤਿ ਸਰੂਪ ਆਪਣਾ ਦਰਸ ਦਿਖੌਣਾ, ਸਵਛ ਸਰੂਪੀ ਰੂਪ ਦਰਸਾਈਆ । ਗੁਰਸਿਖ ਸਾਚੇ ਮਾਣ ਰਖੌਣਾ, ਉਨੰਜਾ ਪਵਣ ਚਵਰ ਝੁਲੌਣਾ, ਛਿਆਨਵੇ ਕਰੋੜ ਮੇਘ ਮਾਲਾ ਉਪਰ ਬਰਸੌਣਾ, ਕ੍ਰੋੜ ਤੇਤੀਸਾ ਦਰ ਦੁਆਰੇ ਆਏ ਨਿਉਂ ਨਿਉਂ ਸੀਸ ਝੁਕਾਉਣਾ, ਸਮਰਥ ਪੁਰਖ ਮਹਿਮਾ ਅਕਥ ਆਪਣੇ ਹੱਥ ਰੱਖੀ ਵਡਿਆਈਆ । ਹਰਿ ਸੰਗਤ ਤੇਰਾ ਰਥ ਆਪ ਚਲੌਣਾ, ਜਗਤ ਵਿਕਾਰਾ ਮਥ ਬਾਹਰ ਕਢੌਣਾ, ਅੰਮ੍ਰਿਤ ਧਾਰਾ ਇਕ ਵਖਾਈਆ । ਸਗਲ ਵਿਸੂਰਾ ਜਾਏ ਲੱਥ ਜਿਸ ਜਨ ਆਏ ਦਰਸਨ ਪੌਣਾ, ਮਨ ਕਾ ਬੰਕ ਹੰਕਾਰੀ ਜਾਏ ਢੱਠ, ਕਿਲਾ ਕੋਟ ਆਪ ਤੁੜੌਣਾ, ਹਰਿ ਮੰਦਰ ਦਏ ਸੁਹਾਈਆ । ਲਟ ਲਟ ਦੀਪ ਜੋਤ ਜਗੌਣਾ, ਘਟ ਘਟ ਸੁਹੰਜਣੀ ਸੇਜ ਵਛੌਣਾ, ਬ੍ਰਹਮ ਪਾਰਬ੍ਰਹਮ ਮੇਲ ਮਿਲੌਣਾ, ਅੰਤ ਜੋਤੀ ਜੋਤ ਸਮਾਈਆ । ਦਰਗਹਿ ਸਾਚੀ ਆਪ ਬਹੌਣਾ, ਸਚਖੰਡ ਦਵਾਰ ਭਾਗ ਲਗੌਣਾ, ਥਿਰ ਘਰ ਵਾਸੀ ਵੇਖ ਵਖੌਣਾ, ਦੂਸਰ ਵੇਖਣਹਾਰਾ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਉਚਾ ਘਰ, ਦੂਸਰ ਕੋਇ ਨਾ ਸਕੇ ਵੜ, ਜੀਵ ਜੰਤ ਰਹੇ ਰਾਹ ਤਕਾਈਆ । ਰਾਹ ਤੱਕਣ ਜੀਵ ਜੰਤ, ਕਲਜੁਗ ਸਾਧ ਸੰਤ ਕੁਰਲਾਇਆ । ਕਿਸੇ ਨਾ ਮਿਲਿਆ ਹਰਿ ਹਰਿ ਕੰਤ, ਨਾਰ ਦੁਹਾਗਣ ਦਏ ਦੁਹਾਇਆ । ਨਾਉਂ ਨਾ ਜਪਿਆ ਮਣੀਆਂ ਮੰਤ, ਮਨ ਕਾ ਮਨਕਾ ਨਾ ਕੋਇ ਭਵਾਇਆ । ਮਿਲ ਮਿਲ ਬੈਠੇ ਜਗਤ ਸੰਗਤ, ਹਰਿ ਸੰਗਤ ਰੰਗ ਨਾ ਕੋਇ ਚੜ੍ਹਾਇਆ । ਗਾ ਗਾ ਥੱਕੇ ਨਾਨਕ ਅੰਗਦ, ਅੰਗੀਕਾਰ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿਜਨ ਸਾਚੇ ਲਏ ਮਿਲਾਇਆ । ਮੇਲਣਹਾਰ ਗੋਬਿੰਦ ਗੋਪਾਲ, ਠਾਕਰ ਅਬਿਨਾਸ਼ੀ ਕਰਤਾਰਾ । ਆਦਿ ਜੁਗਾਦਿ ਕਰੇ ਪ੍ਰਿਤਪਾਲ ਹੋਏ ਰਖਵਾਲ, ਏਥੇ ਓਥੇ ਬਣ ਸਹਾਰਾ । ਸ਼ਬਦ ਸਰੂਪੀ ਹੋਏ ਦਲਾਲ ਅਵੱਲੜੀ ਚਾਲ, ਜੁਗਾਂ ਜੁਗੰਤਰ ਜਾਣੇ ਪਾਰ ਕਿਨਾਰਾ । ਜੋ ਜਨ ਘਾਲਣ ਰਹੇ ਘਾਲ, ਦੇਵੇ ਨਾਮ ਵਸਤ ਧਨ ਮਾਲਾ । ਸੇਵਾ ਕਰੇ ਜੋਤ ਅਕਾਲ, ਗੁਰਸਿਖ ਤੇਰਾ ਭਾਰ ਉਠਾਏ ਆਪਣੇ ਸੀਸ ਖਾਰਾ । ਨੇੜ ਨਾ ਆਏ ਕਾਲ ਮਹਾਂਕਾਲ, ਸਤਿਗੁਰ ਪੂਰਾ ਵੇਲੇ ਅੰਤ ਕਰੇ ਸੰਭਾਲ, ਗੁਰਸਿਖ ਆਏ ਤੇਰੇ ਚਲ ਦਵਾਰਾ । ਲਾੜੀ ਮੌਤ ਨਾ ਪਾਏ ਧੁਮਾਲ, ਰੰਗ ਮਹਿੰਦੀ ਨਾ ਲਾਏ ਲਾਲ, ਸੀਸ ਮੀਂਢੀ ਨਾ ਗੁੰਦੇ ਵਾਲ, ਨੈਣ ਕੱਜਲ ਨਾ ਕੋਇ ਪਾਈਆ । ਜੋਤੀ ਜੋਤ

੧੦੫੨ ੦੯

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਅੰਤਮ ਲਏ ਵਰ, ਸ਼ਬਦ ਅਗੰਮੀ ਘੋੜੇ ਚੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਦਰਸ ਦਿਖਾਏ ਅੱਗੇ ਖੜ, ਕਿਰਪਾ ਨਿਧ ਗੁਣ ਨਿਧਾਨ, ਦੀਨਨ ਦੀਨ ਲਏ ਤਰਾਈਆ । ਦੀਨ ਦਿਆਲ ਸਰਬ ਪ੍ਰਿਤਪਾਲਕ, ਪਲ ਪਲ ਛਿੰਨ ਛਿੰਨ ਵੇਖ ਵਖਾਇੰਦਾ । ਮਿਹਰਵਾਨ ਮਹਿਬਾਂ ਵੇਖੇ ਖ਼ਾਲਕ, ਖ਼ਲਕ ਖ਼ਲਕ ਖ਼ਾਲਕ ਵੇਖ ਵਖਾਇੰਦਾ । ਇਕ ਸੁਣਾਏ ਆਪ ਅਜਾਂ, ਸਚ ਮਹਿਰਾਬ ਅਹਿਬਾਬ ਕੂਕ ਸੁਣਾਇੰਦਾ । ਅੰਤਮ ਕਲ ਸ਼ਾਹ ਨਵਾਬ, ਅਮਾਮ ਅਮਾਮਾਂ ਸਿਰ ਰੱਖੇ ਖ਼ਿਤਾਬ, ਸ਼ਾਹ ਸ਼ਹਾਨਾ ਆਪ ਹੋ ਜਾਇੰਦਾ । ਲੈ ਕੇ ਆਇਆ ਆਬੇਹਯਾਤ, ਦੋ ਦੋ ਆਬਾ ਮੇਲ ਮਿਲਾਇੰਦਾ । ਲੇਖਾ ਚੁਕਾਏ ਮੱਕਾ ਕਾਅਬਾ, ਕਾਇਆ ਕਾਅਬਾ ਆਪ ਸੁਹਾਇੰਦਾ । ਮੁਰਸ਼ਦ ਮੁਰੀਦ ਨਾ ਦੇਵੇ ਕੋਇ ਅਜ਼ਾਬਾ, ਅਜ਼ਮਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਬਹਾਏ ਏਕਾ ਦਰ, ਊਚ ਨੀਚ ਰਾਓ ਰੰਕ ਚੁੱਕੇ ਡਰ, ਰਾਜ ਰਾਜਾਨ ਸ਼ਾਹ ਸੁਲਤਾਨ ਏਕਾ; ਹੁਕਮ ਸੁਣਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿ ਸੰਤ ਹਰਿ ਭਗਤ ਭਗਵੰਤ ਮੇਲਾ ਏਕਾ ਘਰ, ਦਰ ਘਰ ਨਰ ਹਰਿ ਸਾਚਾ ਇਕ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮ ਪਾਰਬ੍ਰਹਮ ਆਪ ਆਪਣੇ ਵਿਚ ਟਿਕਾਇੰਦਾ ।



### ❋ ੧੮ ਭਾਦਰੋਂ ੨੦੧੭ ਬਿਕ੍ਰਮੀ ਸੁਲੱਖਣ ਸਿੰਘ ਦੇ ਗ੍ਰਹਿ ਪਿੰਡ ਮੂੰਗਲੇ ਜ਼ਿਲਾ ਫਿਰੋਜ਼ਪੁਰ ਦਇਆ ਹੋਈ ❋

੧੦੫੩

ਚਰਨ ਪ੍ਰੀਤ ਸਤਿਗੁਰ ਪੂਰਾ, ਆਦਿ ਜੁਗਾਦਿ ਇਕ ਵਖਾਇੰਦਾ । ਜੁਗਾ ਜੁਗੰਤਰ ਹਾਜ਼ਰ ਹਜ਼ੂਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਗੁਰਮੁਖਾਂ ਨਾਤਾ ਤੋੜੇ ਜਗਤ ਕੂੜਾ, ਦਰ ਘਰ ਸਾਚੇ ਜੋੜ ਜੁੜਾਇੰਦਾ । ਸਤਿਗੁਰ ਬਖ਼ਸ਼ੇ ਸਾਚੀ ਧੂੜਾ, ਦੁਰਮਤ ਮੈਲ ਧਵਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਜਨ ਸਾਚੀ ਸਰਨ ਲਗਾਇੰਦਾ । ਜੋਤੀ ਨੂਰ ਕਰੇ ਉਜਿਆਰ ਨੂਰਾ, ਦੀਪਕ ਜੋਤ ਡਗਮਗਾਇੰਦਾ । ਆਸਾ ਮਨਸਾ ਕਰੇ ਪੂਰਾ, ਆਸ ਨਿਰਾਸ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤ ਆਪ ਬੰਧਾਇੰਦਾ । ਚਰਨ ਪ੍ਰੀਤੀ ਸਾਚਾ ਨਾਤਾ, ਸਤਿਗੁਰ ਪੂਰਾ ਆਪ ਬੰਧਾਈਆ । ਲੇਖਾ ਜਾਣੇ ਪੁਰਖ ਬਿਧਾਤਾ, ਜੁਗਾ ਜੁਗੰਤਰ ਵੇਸ ਵਟਾਈਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਇਕ ਇਕੱਲਾ ਸ਼ਹਿਨਸ਼ਾਹੀਆ । ਜੁਗ ਜੁਗ ਵੇਖੇ ਅੰਧੇਰੀ ਰਾਤਾ, ਗੁਰ ਸਤਿਗੁਰ ਰੂਪ ਧਰਾਈਆ । ਲੱਖ ਚੁਰਾਸੀ ਕਾਇਆ ਮੰਦਰ ਅੰਦਰ ਵੇਖੇ ਆਪਣੀ ਖਾਟਾ, ਸਚ ਸੁਹੰਜਣੀ ਸੇਜ ਸੁਹਾਈਆ । ਕਰੇ ਪਰਕਾਸ਼ ਜੋਤੀ ਜੋਤ ਲਲਾਟਾ, ਅੰਧ ਅੰਧੇਰ ਰਹਿਣ ਨਾ ਪਾਈਆ । ਸਰਬ ਕਲ ਆਪੇ ਸਮਰਾਥਾ, ਸਮਰਥ ਪੁਰਖ ਵੱਡੀ ਵਡਿਆਈਆ । ਜਨ ਭਗਤ ਨਿਭਾਏ ਸਗਲਾ ਸਾਥਾ, ਦੋ ਜਹਾਨਾ ਹੋਏ ਸਹਾਈਆ । ਨਿਰਗੁਣ ਨਿਰਵੈਰ ਚਲਾਏ ਰਾਥਾ, ਮਹਾਂਸਾਰਥੀ ਸੇਵ ਕਮਾਈਆ । ਅਗੰਮ ਅਗੰਮੜੀ ਸੁਣਾਏ ਗਾਥਾ, ਅੱਖਰ ਵੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਇਕ ਸਮਝਾਈਆ । ਚਰਨ ਪ੍ਰੀਤੀ ਸ਼ਾਹ ਸੁਲਤਾਨ, ਸਤਿਗੁਰ ਪੂਰਾ ਆਪ ਜਣਾਇੰਦਾ । ਜੁਗਾਂ ਜੁਗੰਤਰ ਹੋ ਮਿਹਰਵਾਨ, ਭਗਤ ਭਗਵੰਤ ਵੇਖ ਵਖਾਇੰਦਾ । ਸੰਤਨ ਦੇਵੇ ਏਕਾ ਮਾਣ, ਮਾਣ ਅਭਿਮਾਣ ਮੇਟ ਮਿਟਾਇੰਦਾ । ਅੰਮ੍ਰਿਤ ਬਖ਼ਸ਼ੇ ਪੀਣ ਖਾਣ,

ਤ੍ਰਿਸ਼ਨਾ ਭੁੱਖ ਗਵਾਇੰਦਾ । ਦਰਸ ਦਿਖਾਏ ਦਰ ਘਰ ਆਣ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਆਦਿ ਜੁਗਾਦੀ ਖੇਲ ਮਹਾਨ, ਜੁਗਾ ਜੁਗੰਤਰ
ਵੇਸ ਵਟਾਇੰਦਾ । ਧਰਮ ਉਠਾਏ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਗਿਆਨ, ਨਵ
ਖੰਡ ਸ੍ਰਿਸ਼ਟ ਦ੍ਰਿਸ਼ਟ ਇਕ ਖੁਲਾਇੰਦਾ । ਆਤਮ ਬ੍ਰਹਮ ਦੇਵੇ ਦਾਨ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਗੁਰਮੁਖ ਸਾਚੇ ਮਾਤ ਪਛਾਣ, ਆਪ
ਆਪਣਾ ਮੇਲ ਮਿਲਾਇੰਦਾ । ਏਕਾ ਰਾਗ ਸੁਣਾਏ ਕਾਨ, ਦੂਜੀ ਧੁਨ ਨਾ ਕੋਇ ਉਪਜਾਇੰਦਾ । ਆਪ ਵਖਾਏ ਸਚ ਮਕਾਨ, ਮੰਦਰ ਅੰਦਰ ਬੈਠਾ
ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਸਾਚੀ ਰੀਤੀ, ਸਾਹਿਬ ਸਤਿਗੁਰ ਆਪ ਸਮਝਾਇੰਦਾ । ਚਰਨ
ਪ੍ਰੀਤੀ ਸਾਚਾ ਘਰ, ਹਰਿ ਹਰਿ ਦਰਸਨ ਪਾਇਆ । ਆਵਣ ਜਾਵਣ ਚੁੱਕੇ ਡਰ, ਜਿਸ ਜਨ ਮੇਲ ਮਿਲਾਇਆ । ਪਾਰਬ੍ਰਹਮ ਪ੍ਰਭ ਦੇਵੇ ਵਰ,
ਵਰਨ ਅਵਰ ਨਾ ਸੇਵ ਕਮਾਇਆ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਆਪਣਾ ਨਾਉਂ ਉਪਜਾਇਆ । ਲੱਖ ਚੁਰਾਸੀ ਭਾਂਡੇ ਘੜ, ਘਟ
ਘਟ ਬੈਠਾ ਵੇਖ ਵਖਾਇਆ । ਗੁਰਮੁਖਾਂ ਬਨ੍ਹਾਏ ਆਪਣੇ ਲੜ, ਏਕਾ ਪੱਲੂ ਨਾਮ ਉਠਾਇਆ । ਆਪ ਨੁਹਾਏ ਸਾਚੇ ਸਰ, ਚਰਨ ਧੂੜ ਅਸ਼ਨਾਨ
ਕਰਾਇਆ । ਕਿਲਾ ਤੋੜੇ ਹੰਕਾਰੀ ਗੜ੍ਹ, ਪੰਜ ਤਤ ਰਹਿਣ ਨਾ ਪਾਇਆ । ਆਪ ਚੁਕਾਏ ਜਮ ਕਾ ਡਰ, ਭੈ ਭਿਆਨਕ ਹੋਏ ਸਹਾਇਆ ।
ਆਪਣੀ ਕਿਰਪਾ ਆਪੇ ਕਰ, ਗੁਰਮੁਖ ਸਾਚੇ ਲਏ ਜਗਾਇਆ । ਜਾਗਰਤ ਜੋਤ ਅੰਦਰ ਧਰ, ਅਗਿਆਨ ਅੰਧੇਰਾ ਦਏ ਗਵਾਇਆ । ਤ੍ਰੈਗੁਣ
 ਮਾਇਆ ਜਾਏ ਸੜ, ਤਤਵ ਤਤ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤ ਹਰਿ ਅਤੀਤ, ਪਤਿਤ ੧੦੫੪
ਪੁਨੀਤ ਆਪ ਸਮਝਾਇਆ । ਚਰਨ ਪ੍ਰੀਤ ਧੁਰ ਦੀ ਬਾਣ, ਧੁਰ ਮਸਤਕ ਲੇਖ ਵਖਾਈਆ । ਆਦਨ ਅੰਤਾ ਹਰਿ ਭਗਵਾਨ, ਜੁਗਾ ਜੁਗੰਤਾ ਵੇਖ
ਵਖਾਈਆ । ਪਰਗਟ ਹੋ ਹੋ ਵਾਲੀ ਦੋ ਜਹਾਨ, ਚੌਦਾਂ ਲੋਕਾਂ ਫੋਲ ਫੁਲਾਈਆ । ਲੇਖਾ ਜਾਣੇ ਜ਼ਿਮੀ ਅਸਮਾਨ, ਰਵ ਸਸ ਆਪਣੇ ਲੇਖੇ ਪਾਈਆ ।
ਸ਼ਬਦ ਜਣਾਈ ਧੁਰ ਫ਼ਰਮਾਣ, ਬ੍ਰਹਮਾ ਵੇਤਾ ਇਕ ਸੁਣਾਈਆ । ਚਾਰੇ ਵੇਦਾਂ ਇਕ ਗਿਆਨ, ਬੋਧ ਅਗਾਧਾ ਆਪ ਸੁਣਾਈਆ । ਕਰੇ ਵੇਸ
ਗੁਣ ਨਿਧਾਨ, ਅਨਕ ਕਲ ਆਪਣਾ ਰੂਪ ਪਰਗਟਾਈਆ । ਨਿਰਗੁਣ ਸਰਗੁਣ ਦਾਤਾ ਦਾਨੀ ਦਾਨ, ਇਛਿਆ ਭਿਛਿਆ ਆਪ ਵਰਤਾਈਆ ।
ਲੇਖਾ ਜਾਣੇ ਧੁਰ ਫ਼ਰਮਾਣ, ਕਲਮ ਕਾਗਦ ਲਿਖੇ ਨਾ ਕੋਇ ਸ਼ਾਹੀਆ । ਜਨ ਭਗਤਾਂ ਉਪਰ ਹੋਏ ਆਪ ਮਿਹਰਵਾਨ, ਆਪ ਆਪਣੀ ਬੂਝ ਬੁਝਾਈਆ ।
ਚਰਨ ਕਵਲ ਰਖਾਏ ਇਕ ਧਿਆਨ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ
ਬਖ਼ਸ਼ੇ ਨੀਤੀ, ਨਿਜ ਘਰ ਬੈਠੇ ਆਸਣ ਲਾਈਆ । ਸਤਿਗੁਰ ਪੂਰਾ ਸਚ ਸਿੰਘਾਸਣ, ਆਤਮ ਬ੍ਰਹਮ ਜਣਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਨ,
ਅਬਿਨਾਸ਼ੀ ਕਰਤਾ ਵੇਸ ਵਟਾਇੰਦਾ । ਲੇਖਾ ਜਾਣੇ ਸ਼ਾਹੋ ਸ਼ਾਬਾਸ਼ਨ, ਰਾਜ ਰਾਜਾਨਾ ਹੁਕਮ ਸੁਣਾਇੰਦਾ । ਵਰਤੇ ਵਰਤਾਵੇ ਪ੍ਰਿਥਮੀ ਆਕਾਸਣ, ਲੋਆਂ
ਪੁਰੀਆਂ ਡੇਰਾ ਲਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸਣ, ਲੋਕਮਾਤ ਸੇਵ ਕਮਾਇੰਦਾ । ਲੇਖਾ ਜਾਣੇ ਰਸਨਾ ਜਿਹਵਾ ਪਵਣ ਸਵਾਸਣ, ਸਵਾਸ
ਸਵਾਸ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਨਾਤਾ ਜੋੜ, ਆਪ ਚੜ੍ਹਾਏ ਸਾਚੇ ਘੋੜ, ਸ਼ਬਦੀ
ਘੋੜਾ ਇਕ ਦੌੜਾਇੰਦਾ । ਸ਼ਬਦੀ ਘੋੜਾ ਹਰਿ ਸੁਲਤਾਨ, ਸਤਿ ਪੁਰਖ ਨਿਰੰਜਣ ਆਪ ਦੌੜਾਈਆ । ਸਚਖੰਡ ਦਵਾਰੇ ਬੈਠ ਸ੍ਰੀ ਭਗਵਾਨ, ਆਪਣਾ

ਬਲ ਆਪ ਵਖਾਈਆ । ਲੇਖਾ ਜਾਣੇ ਧੁਰ ਫ਼ਰਮਾਣ, ਧੁਰ ਦਾ ਬਾਣ ਆਪ ਚਲਾਈਆ । ਸੂਰਬੀਰ ਉਠੇ ਨੌਜਵਾਨ, ਰੂਪ ਅਨੂਪ ਆਪ ਪਰਗਟਾਈਆ । ਸਤਿ ਸਤਿਵਾਦੀ ਖੇਲ ਮਹਾਨ, ਅਗੰਮ ਅਗੰਮੜਾ ਅਗੰਮੜੀ ਕਾਰ ਕਰਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੋਲ ਜੈਕਾਰ, ਆਪਣਾ ਨਾਅਰਾ ਦਏ ਸੁਣਾਈਆ । ਸ਼ਬਦ ਗੁਰ ਲੋਕਮਾਤ ਲੈ ਅਵਤਾਰ, ਪੰਜ ਤਤ ਕਾਇਆ ਚੋਲਾ ਆਪ ਹੰਢਾਈਆ । ਪੰਚ ਪਚੀਸਾ ਪਾਵੇ ਸਾਰ, ਮਨ ਮਤ ਬੁਧ ਵੇਖੇ ਥਾਉਂ ਥਾਈਆ । ਕਾਇਆ ਮੰਦਰ ਡੂੰਘੀ ਗਾਰ, ਅੰਧ ਅੰਧੇਰਾ ਫੋਲ ਫੁਲਾਈਆ । ਕਮਲਾਪਾਤੀ ਹੋ ਉਜਿਆਰ, ਜੋਤ ਨਿਰੰਜਣ ਦੀਪਕ ਦੀਆ ਹੱਥ ਰਖਾਈਆ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਸਚ ਪਿਆਲਾ ਦੀਨ ਦਿਆਲਾ ਏਕਾ ਏਕ ਪਿਆਈਆ । ਗੁਰਮੁਖਾਂ ਕਰੇ ਸੱਦ ਪਿਆਰ, ਭਗਤ ਭਗਵੰਤ ਲਏ ਉਭਾਰ, ਸੰਤਨ ਵੇਖੇ ਚਾਈਂ ਚਾਈਆ । ਬਖ਼ਸ਼ਣਹਾਰਾ ਚਰਨ ਪਿਆਰ, ਕਵਲ ਕਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਕਵਲ ਸਚ ਸਹਾਰਾ, ਗਰੀਬ ਨਿਮਾਣਿਆਂ ਲਾਏ ਪਾਰਾ, ਸਾਚੇ ਬੇੜੇ ਆਪ ਚੜ੍ਹਾਈਆ । ਸਾਚਾ ਬੇੜਾ ਹਰਿ ਨਿਰੰਕਾਰ, ਏਕਾ ਸ਼ਬਦੀ ਸ਼ਬਦ ਉਪਾਇੰਦਾ । ਜੁਗਾ ਜੁਗੰਤਰ ਹੋ ਤਿਆਰ, ਲੋਕਮਾਤ ਆਪ ਚਲਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਇੰਦਾ । ਭਗਤ ਭਗਵੰਤ ਕਰੇ ਕਰਾਏ ਸਾਚੀ ਕਾਰ, ਆਪਣੇ ਧੰਦੇ ਆਪੇ ਲਾਇੰਦਾ । ਨਾਤਾ ਤੋੜ ਜਗਤ ਵਿਕਾਰ, ਨਾਮ ਆਧਾਰ ਇਕ ਵਖਾਇੰਦਾ । ਆਤਮ ਬ੍ਰਹਮ ਕਰ ਪਿਆਰ, ਪਾਰਬ੍ਰਹਮ ਪ੍ਰਭ ਸੇਵ ਕਮਾਇੰਦਾ । ਸਾਚਾ ਬਖ਼ਸ਼ੇ ਚਰਨ ਪਿਆਰ, ਨਾਤਾ ਨਾਤਾ ਜੁੜਿਆ ਨਾ ਕੋਇ ਤੁੜਾਇੰਦਾ । ਗੁਰਮੁਖ ਮੰਗੇ ਬਣ ਭਿਖਾਰ, ਸਤਿਗੁਰ ਪੂਰਾ ਆਪਣੀ ਭਿਛਿਆ ਝੋਲੀ ਆਪੇ ਪਾਇੰਦਾ । ਏਕਾ ਰੰਗ ਰੰਗੇ ਕਰਤਾਰ, ਰੰਗ ਮਜੀਠੀ ਇਕ ਚੜ੍ਹਾਇੰਦਾ । ਚਰਨ ਪ੍ਰੀਤ ਵਖਾਏ ਸੱਚਾ ਦਰਬਾਰ, ਸਚਖੰਡ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਜੂ ਹਰਿ ਮੰਦਰ ਆਪ ਸੁਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਬੈਠਾ ਕੰਤ, ਸੰਤ ਭਗਵੰਤ ਵੇਖ ਵਖਾਇੰਦਾ । ਲੇਖਾ ਜਾਣੇ ਜੀਵ ਜੰਤ, ਲਹਿਣਾ ਦੇਣਾ ਮੂਲ ਚੁਕਾਇੰਦਾ । ਜਿਸ ਜਨ ਬਣਾਏ ਸਾਚੀ ਬਣਤ, ਸਿਰ ਆਪਣਾ ਹੱਥ ਰਖਾਇੰਦਾ । ਨਾਤਾ ਤੋੜੇ ਹਉਮੇਂ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਆਪ ਮਿਲਾਏ ਸਾਚੀ ਸੰਗਤ, ਗੁਰਮੁਖ ਸਾਚੇ ਰੰਗ ਰੰਗਾਇੰਦਾ । ਹਰਿਜਨ ਹਰਿਭਗਤ ਦਰ ਭਿਖਾਰੀ ਏਕਾ ਮੰਗਤ, ਏਕਾ ਵਸਤ ਝੋਲੀ ਪਾਇੰਦਾ । ਚਰਨ ਪ੍ਰੀਤੀ ਚਾੜ੍ਹੇ ਰੰਗਤ, ਲਾਲ ਗੁਲਾਲਾ ਆਪੇ ਰੰਗ ਰੰਗਾਇੰਦਾ । ਨਾਤਾ ਤੋੜੇ ਭੁੱਖ ਨੰਗਤ, ਖਿਮਾਂ ਗ਼ਰੀਬੀ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਯਾਚਕ ਦਾਨ, ਦੇਵਣਹਾਰ ਸ੍ਰੀ ਭਗਵਾਨ, ਦੂਸਰ ਹੱਥ ਨਾ ਕੋਇ ਰਖਾਇੰਦਾ । ਚਰਨ ਪ੍ਰੀਤੀ ਵਸਤ ਅਨਮੋਲ, ਅਮੋਲਕ ਝੋਲੀ ਪਾਈਆ । ਸ਼ਬਦ ਭੰਡਾਰ ਅਗੰਮੀ ਖੋਲ੍ਹ, ਗੁਰਮੁਖਾਂ ਆਪ ਵਰਤਾਈਆ । ਨਿਰਗੁਣ ਸਰਗੁਣ ਤੋਲੇ ਤੋਲ, ਏਕਾ ਕੰਡਾ ਹੱਥ ਉਠਾਈਆ । ਭਾਗ ਲਗਾਏ ਕਾਇਆ ਚੋਲ, ਕਾਇਆ ਚੋਲਾ ਦਏ ਬਦਲਾਈਆ । ਸੁਰਤੀ ਸ਼ਬਦੀ ਜਾਏ ਮੌਲ, ਰੂਪ ਅਨੂਪ ਆਪ ਦਰਸਾਈਆ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਦੇਵੇ ਵਡਿਆਈ ਉਪਰ ਧਵਲ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਮੇਲਾ ਮੀਤ, ਮਿਤਰ ਪਿਆਰਾ ਦਰਸ ਦਿਖਾਈਆ । ਮਿਤਰ ਪਿਆਰਾ ਹਰਿ ਗੋਬਿੰਦ,

੧੦੫੫ ੦੯

ਗਹਿਰ ਗੰਭੀਰ ਸਮਾਇੰਦਾ । ਗੁਰਮੁਖਾਂ ਮੇਟੇ ਸਗਲੀ ਚਿੰਦ, ਚਿਖਾ ਨਾ ਕੋਈ ਵਖਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਆਪ ਆਪਣੀ ਦਇਆ ਕਮਾਇੰਦਾ । ਨਾਦੀ ਸੁਤ ਉਪਜਾਏ ਆਪਣੀ ਬਿੰਦ, ਮਾਤ ਪਿਤ ਰੂਪ ਪਰਗਟਾਇੰਦਾ । ਅੰਮ੍ਰਿਤ ਧਾਰ ਬਖ਼ਸ਼ੇ ਸਾਗਰ ਸਿੰਧ, ਸਚ ਪਿਆਲਾ ਨਾਮ ਪਿਆਇੰਦਾ । ਲੇਖਾ ਜਾਣੇ ਜੀਉਂ ਪਿੰਡ, ਬ੍ਰਹਿਮੰਡ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਵਖਾਏ ਸਾਚਾ ਘਰ, ਘਰ ਸੁਹੰਜਣਾ ਆਪ ਸੁਹਾਇੰਦਾ । ਘਰ ਸੁਹੰਜਣਾ ਸੁਹਾਏ ਨਿਰੰਕਾਰ, ਮਹਿਮਾ ਅਕਥ ਕਥੀ ਨਾ ਜਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਖ਼ਾਲਕ ਖ਼ਲਕ ਰੂਪ ਵਟਾਈਆ । ਤ੍ਰੈਗੁਣ ਮਾਇਆ ਵਸੇ ਬਾਹਰ, ਪੰਜ ਤਤ ਨਾ ਕੋਈ ਲੜਾਈਆ । ਸ਼ਬਦੀ ਢੋਲਾ ਸਤਿ ਜੈਕਾਰ, ਗੁਰ ਅਵਤਾਰ ਆਪ ਲਗਾਈਆ । ਭਗਤ ਭਗਵੰਤ ਸੰਤ ਲੇਖਾ ਜਾਣੇ ਵਿਚ ਸੰਸਾਰ, ਗੁਰਮੁਖ ਸਾਚੇ ਮੇਲ ਮਿਲਾਈਆ । ਗੁਰਮੁਖ ਗੁਰਮੁਖ ਮੇਲ ਮਿਲਾਏ ਆਪਣੀ ਵਾਰ, ਮਿਲਿਆ ਮੇਲ ਨਾ ਵਿਛੜ ਜਾਈਆ । ਚਰਨ ਪ੍ਰੀਤੀ ਦੱਸੇ ਸਚ ਪਿਆਰ, ਸਿਦਕ ਸਬੂਰੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਸਰਨ ਸਰਨ ਚਰਨ ਬਖ਼ਸ਼ੇ ਸਚ ਸਰਨਾਈਆ । ਸਚ ਸਰਨਾਈ ਚਰਨ ਗੁਰਦੇਵ, ਦੇਵ ਆਤਮਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਅਲੱਖ ਅਭੇਵ, ਅਲੱਖ ਅਗੋਚਰ ਮਹਿਮਾ ਕਥ ਨਾ ਕੋਈ ਸੁਣਾਈਆ । ਜੁਗਾ ਜੁਗੰਤਰ ਕਰੇ ਸਾਚੀ ਸੇਵ, ਜਨ ਭਗਤ ਦਵਾਰੇ ਫੇਰੀ ਪਾਈਆ । ਅੰਮ੍ਰਿਤ ਰਸ ਖਵਾਏ ਸਾਚਾ ਮੇਵ, ਰਸ ਫੀਕਾ ਨਾ ਕੋਈ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤ ਜੁਗ ਜੁਗ ਗੁਰਸਿਖਾਂ ਆਪ ਸਮਝਾਈਆ । ਚਰਨ ਪ੍ਰੀਤੀ ਸਮਝਾਵਨਹਾਰਾ, ਏਕਾ ਰੰਗ ਸਮਾਇਆ । ਆਦਿਨ ਅੰਤਾ ਗੁਰ ਅਵਤਾਰਾ, ਨਿਰਗੁਣ ਸਰਗੁਣ ਰੂਪ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਆਪਣਾ ਵੇਖੇ ਆਪ ਸਹਾਰਾ, ਵੇਖਵਹਾਰਾ ਦਿਸ ਨਾ ਆਇਆ । ਭਗਤ ਭਗਵੰਤ ਮੇਲ ਮਿਲਾਏ ਧੁਰ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਧਰਨੀ ਧਰਤ ਧਵਲ ਉਪਰ ਬੋਲ ਜੈਕਾਰਾ, ਏਕਾ ਫ਼ਤਹਿ ਡੰਕਾ ਨਾਮ ਵਜਾਇਆ । ਪਕੜ ਪਛਾੜੇ ਦੁਸ਼ਟ ਹੰਕਾਰਾ, ਗ਼ਰੀਬ ਨਿਮਾਣੇ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਇਕ ਰਖਾਇਆ । ਚਰਨ ਪ੍ਰੀਤੀ ਏਕਾ ਏਕ, ਦੂਸਰ ਅਵਰ ਨਾ ਕੋਈ ਜਣਾਇੰਦਾ । ਸਤਿਗੁਰ ਸਾਹਿਬ ਸੁਲਤਾਨ ਸਾਚੀ ਟੇਕ, ਪਾਰਬ੍ਰਹਮ ਪਤਿ ਪਰਮੇਸ਼ਵਰ ਵੇਖ ਵਖਾਇੰਦਾ । ਨਿਰਮਲ ਨਿਰਵੈਰ ਬੁਧ ਬਿਬੇਕ, ਧੁਰ ਦਾ ਲੇਖਾ ਆਪ ਸਮਝਾਇੰਦਾ । ਜੋਤੀ ਜਾਮਾ ਧਾਰੇ ਭੇਖ, ਅਨਭਵ ਆਪਣੀ ਖੇਲ ਖਿਲਾਇੰਦਾ । ਆਪੇ ਲੇਖਾ ਮੇਟਣਹਾਰਾ ਲੇਖ, ਲੇਖਾ ਆਪਣਾ ਆਪ ਸਮਝਾਇੰਦਾ । ਸ਼ਾਹੋ ਭੂਪ ਵਡ ਨਰੇਸ਼, ਨਿਰਗੁਣ ਆਪਣਾ ਨਾਉਂ ਧਰਾਇੰਦਾ । ਬ੍ਰਹਮ ਪਾਰਬ੍ਰਹਮ ਹੋ ਪਰਵੇਸ਼, ਜੀਵ ਆਤਮ ਅੰਸ ਆਪ ਅਖਵਾਇੰਦਾ । ਜਿਸ ਜਨ ਬਖ਼ਸ਼ੇ ਸਾਚੀ ਸੇਵ, ਸਿਰ ਹੱਥ ਧਰ ਸਮਰਥ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਚਾਤ੍ਰਿਕ ਤ੍ਰਿਖ ਤ੍ਰੈਗੁਣ ਆਪ ਮਿਟਾਇੰਦਾ । ਤ੍ਰੈਗੁਣ ਮਿਟੇ ਭਰਮ ਭੌ ਲਾਥਾ, ਹਉਮੇ ਰੋਗ ਰਹੇ ਨਾ ਰਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰ ਇਕ ਜਣਾਏ ਪੂਜਾ ਪਾਠਾ, ਆਪਣੇ ਨਾਮ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁਕਾਏ ਤੀਰਥ ਅਠ ਸਾਠਾ, ਸਰ ਸਰੋਵਰ ਚਰਨ ਸਰਨ ਬਖ਼ਸ਼ੇ ਇਕ ਸਰਨਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਪੂਰਬ ਲਹਿਣਾ ਵੇਖ ਵਖਾਈਆ । ਨਾਤਾ ਤੋੜੇ ਆਣ ਬਾਟਾ, ਮਾਤ ਗਰਭ ਫੇਰ ਨਾ ਆਈਆ । ਦੋ ਜਹਾਨਾ ਪੰਧ ਮੁਕਾਏ


੧੦੫੬ ੦੯

ਦੂਰ ਦੁਰਾਡੀ ਵਾਟਾ, ਲੱਖ ਚੁਰਾਸੀ ਫੰਦਨ ਦਏ ਕਟਾਈਆ । ਅੰਮ੍ਰਿਤ ਪਿਆਏ ਜਾਮ ਭਰ ਬਾਟਾ, ਸ਼ਬਦ ਪਿਆਲਾ ਹੱਥ ਉਠਾਈਆ । ਨਾਤਾ ਤੋੜੇ ਤਤ ਆਠਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਬੰਧਨ ਕੋਇ ਨਾ ਪਾਈਆ । ਜੁਗ ਜੁਗ ਜਨ ਭਗਤਾਂ ਕਰੇ ਪੂਰਾ ਘਾਟਾ, ਸਾਚਾ ਤੋਲਾ ਇਕ ਅਖਵਾਈਆ । ਆਪ ਆਪਣਾ ਖੋਲ੍ਹੇ ਹਾਟਾ, ਚੌਦਾਂ ਲੋਕ ਭਿਛਿਆ ਮੰਗਣ ਥਾਉਂ ਥਾਈਆ । ਗੁਰਮੁਖਾਂ ਸਤਿਗੁਰ ਮਿਲੇ ਪੂਰਨ ਪੁਰਖ ਸਮਰਾਥਾ, ਸਮਰਥ ਪੁਰਖ ਦਇਆ ਕਮਾਈਆ । ਆਤਮ ਅੰਤਰ ਪੂਰੀ ਕਰੇ ਆਸਾ, ਪੂਰੀ ਆਸਾ ਆਪ ਵਖਾਈਆ । ਚਰਨ ਪ੍ਰੀਤੀ ਬਖ਼ਸ਼ੇ ਸਚ ਭਰਵਾਸਾ, ਭਰਮ ਗੜ੍ਹ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਚਰਨੋਦਕ ਮੁਖ ਚੁਆਈਆ । ਚਰਨ ਪ੍ਰੀਤੀ ਚਾਤਰਕ ਰਸ, ਅਨੂਠਾ ਮੇਘ ਆਪ ਬਰਸਾਇੰਦਾ । ਹਰੀ ਓਮ ਹਰੀ ਹਰਿ ਨਰ ਨਰਾਇਣ ਮੇਲ ਮਿਲਾਵਾ ਹੱਸ ਹੱਸ, ਹੋ ਪਰਤਖ ਰੂਪ ਦਰਸ ਦਿਖਾਇੰਦਾ । ਸੰਤ ਸਹੇਲੇ ਜੁਗਾ ਜੁਗੰਤਰ ਮੇਲੇ ਰੂਪ ਦਸਾਏ ਨੱਸ ਨੱਸ, ਅੰਧ ਅੰਧੇਰ ਰਹੇ ਨਾ ਰਾਇਆ । ਤੀਰ ਨਿਰਾਲਾ ਮਾਰੇ ਕਸ ਕਸ, ਹਿਰਦੇ ਅੰਦਰ ਵਸ ਵਸ, ਮਾਇਆ ਮਮਤਾ ਮੋਹ ਦਏ ਚੁਕਾਇਆ । ਪੰਚ ਵਿਕਾਰਾ ਝਸ ਝਸ, ਗੁਰਮੁਖਾਂ ਗਾਏ ਆਪ ਜਸ, ਜੁਗ ਜੁਗ ਸਾਚੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਚਰਨ ਦਵਾਰਾ ਮਿਲੇ ਮੇਲ ਹਰਿ ਨਿਰੰਕਾਰਾ, ਜਗਤ ਦਵਾਰ ਨਾ ਕੋਈ ਫਿਰਾਇਆ । ਚਰਨ ਪ੍ਰੀਤ ਹਰੀ ਹਰਿ ਮੰਦਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਤਿਗੁਰ ਪੂਰਾ ਮੇਲ ਮਿਲਾਏ ਅੰਦਰੇ ਅੰਦਰ, ਸੁਰਤੀ ਸ਼ਬਦ ਜੋੜ ਜੁੜਾਇੰਦਾ । ਮਨ ਮਨੂਆ ਨਾ ਭਵੇ ਬੰਦਰ, ਨਾਮ ਡੋਰੀ ਹੱਥ ਰਖਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਜੋਤ ਉਜਾਲਾ ਦੀਨਾ ਦਿਆਲਾ ਦੀਪਕ ਪਰਕਾਸ਼ ਆਪ ਕਰਾਇੰਦਾ । ਆਪੇ ਤੋੜੇ ਆਪਣਾ ਜੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਸਚ ਦਵਾਰਾ, ਧੁਰ ਦਰਬਾਰਾ ਆਪ ਵਖਾਇੰਦਾ । ਚਰਨ ਪ੍ਰੀਤੀ ਸਾਚਾ ਮਾਣ, ਨਿਮਾਣਿਆਂ ਹੋਏ ਸਹਾਈਆ । ਜੁਗ ਜੁਗ ਕਰੇ ਜਗਤ ਪਛਾਣ, ਅਭੁੱਲ ਗੁਰ ਵਡ ਵਡਿਆਈਆ । ਦਰ ਦਰ ਘਰ ਘਰ ਹਰਿਜਨ ਸਾਚੇ ਦੇਵੇ ਦਾਨ, ਦਾਤਾ ਦਾਨੀ ਭਿਛਿਆ ਝੋਲੀ ਪਾਈਆ । ਆਤਮ ਉਪਜੇ ਇਕ ਗਿਆਨ, ਗਿਆਨ ਧਿਆਨ ਇਕ ਦ੍ਰਿੜਾਈਆ । ਧੂੜ ਕਰਾਏ ਚਰਨ ਅਸ਼ਨਾਨ, ਦੁਰਮਤ ਮੈਲ ਕਟਾਈਆ । ਅੰਮ੍ਰਿਤ ਠਾਂਡਾ ਪੀਣ ਖਾਣ, ਅਮਿਉਂ ਰਸ ਏਕਾ ਮੁਖ ਚੁਆਈਆ । ਆਵਣ ਜਾਵਣ ਚੁੱਕੇ ਕਾਣ, ਰਾਏ ਧਰਮ ਨਾ ਦਏ ਸਜਾਈਆ । ਜੋ ਜਨ ਸਤਿਗੁਰ ਪੂਰੇ ਚਰਨ ਡਿਗੇ ਆਣ, ਜਗਤ ਪ੍ਰੀਤੀ ਤੋੜ ਨਿਭਾਈਆ । ਚੁਰਾਸੀ ਭਵੇ ਨਾ ਕੋਈ ਮਸਾਣ, ਗੋਰ ਕਫ਼ਨ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਸਰਨ ਹਰਨ ਫਰਨ ਇਕ ਖੁਲ੍ਹਾਈਆ । ਚਰਨ ਗੁਰਦੇਵ ਦਰਸ ਅਮੋਘ, ਛੁੱਟਿਆ ਜਗਤ ਸੰਸਾਰਾ । ਸਤਿਗੁਰ ਪੂਰਾ ਕੱਟੇ ਰੋਗ, ਏਕਾ ਬਖ਼ਸ਼ੇ ਨਾਮ ਸਹਾਰਾ । ਲੇਖਾ ਚੁੱਕੇ ਲੋਕ ਪਰਲੋਕ, ਮਿਲਿਆ ਹਰਿ ਨਿਰੰਕਾਰਾ । ਸ਼ਬਦ ਅਗੰਮੀ ਗਾਏ ਸਲੋਕ, ਸੋ ਪੁਰਖ ਨਿਰੰਜਣ ਇਕ ਜੈਕਾਰਾ । ਹੰ ਬ੍ਰਹਮ ਦੇਵੇ ਮੋਖ, ਮੁਕਤੀ ਕਰੇ ਪਾਰ ਕਿਨਾਰਾ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁਖ ਨਾ ਕੋਈ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਆਪ ਜਣਾਏ ਬਣੇ ਜਗਤ ਵਣਜਾਰਾ । ਚਰਨ ਪ੍ਰੀਤੀ ਸਾਚੀ ਭਿਖਿਆ, ਗੁਰਮੁਖ ਵਿਰਲੇ ਝੋਲੀ ਪਾਇੰਦਾ । ਜਿਸ ਦਾ ਲੇਖਾ ਧੁਰ ਦਰਬਾਰੇ ਬਹਿ ਬਹਿ ਲਿਖਿਆ, ਲੋਕਮਾਤ ਮੇਲ ਮਿਲਾਇੰਦਾ । ਔਦਾਂ ਜਾਂਦਾ ਕਿਸੇ ਨਾ

ਦਿਸਿਆ, ਕੋਟਨ ਕੋਟ ਜੀਵ ਰਾਹ ਤਕਾਇੰਦਾ । ਆਪਣਾ ਵੰਡੇ ਆਪੇ ਹਿਸਿਆ, ਖੰਡ ਬ੍ਰਹਿਮੰਡ ਆਪਣੀ ਰਚਨ ਰਚਾਇੰਦਾ । ਜਨ ਭਗਤਾਂ ਦੇਵੇ ਸਾਚੀ ਸਿਖ਼ਿਆ, ਚਰਨ ਪ੍ਰੀਤੀ ਪ੍ਰੀਤ ਵਖਾਇੰਦਾ । ਸ੍ਰਿਸ਼ਟ ਸਬਾਈ ਜਾਣੇ ਮਿਥਿਆ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਸਰਨ ਇਕ ਜਣਾਇੰਦਾ । ਚਰਨ ਗੁਰ ਗੁਰੂ ਗੁਰ ਧਾਮ, ਹਰਿ ਜੂ ਹਰਿ ਹਰਿ ਮੇਲ ਮਿਲਾਇਆ । ਸੀਤਾ ਸੁਰਤੀ ਮਿਲਾਏ ਸਾਚੇ ਰਾਮ, ਸ਼ਬਦ ਸ਼ਬਦੀ ਜੋੜ ਜੁੜਾਇਆ । ਰਾਧਾ ਕ੍ਰਿਸ਼ਨ ਆਤਮ ਸੇਜ ਕਰੇ ਬਿਸਰਾਮ, ਨਾਮ ਬੰਸਰੀ ਇਕ ਅਲਾਇਆ । ਈਸਾ ਮੂਸਾ ਦਏ ਪੈਗ਼ਾਮ, ਹਜ਼ਰਤ ਨਬੀ ਰਸੂਲ ਅੱਲਾ ਰਾਣੀ ਮੇਲ ਮਿਲਾਇਆ । ਨਾਨਕ ਨਿਰਗੁਣ ਜਣਾਏ ਸਤਿਨਾਮ, ਨਾਮ ਸਤਿ ਮੰਤਰ ਆਪ ਪੜ੍ਹਾਇਆ । ਗੋਬਿੰਦ ਵਾਹਿਗੁਰੂ ਫ਼ਤਿਹ ਬੋਲ ਜੈਕਾਰਾ ਮੇਟੇ ਅੰਧੇਰੀ ਸ਼ਾਮ, ਅੰਧ ਅੰਧੇਰ ਰਹਿਣ ਨਾ ਪਾਇਆ । ਚਾਰ ਵਰਨਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਜਣਾਏ ਹਰਿ ਕਾ ਨਾਮ, ਪੁਰਖ ਅਕਾਲ ਇਸ਼ਟ ਵਖਾਇਆ । ਪੱਲੂ ਫੜਾਏ ਆਪਣਾ ਦਾਮ, ਦਾਮਨਗੀਰ ਦਇਆ ਕਮਾਇਆ । ਆਦਿ ਅੰਤ ਹਰਿ ਭਗਵੰਤ ਜਨ ਭਗਤਾਂ ਕਰੇ ਪਹਿਚਾਨ, ਪਹਿਚਾਨ ਵਿਚ ਆਪ ਕਿਸੇ ਨਾ ਆਇਆ । ਚਰਨ ਪ੍ਰੀਤੀ ਲੋਕਮਾਤ ਵਖਾਏ ਸਾਚਾ ਕਾਮ, ਬਿਨ ਗੁਰ ਚਰਨ ਬੇੜਾ ਪਾਰ ਨਾ ਕੋਇ ਕਰਾਇਆ । ਨੌ ਖੰਡ ਪ੍ਰਿਥਮੀ ਝੂਠਾ ਗਰਾਮ, ਸਤਿ ਦੀਪ ਖੇੜਾ ਦਿਸ ਨਾ ਆਇਆ । ਕਿਸੇ ਲੇਖੇ ਲੱਗੇ ਨਾ ਹੱਡ ਮਾਸ ਨਾੜੀ ਚਾਮ, ਬਿਨ ਸਤਿਗੁਰ ਸਾਚੇ ਵੇਲੇ ਅੰਤ ਨਾ ਕੋਇ ਸਹਾਇਆ । ਕਿਸੇ ਕੰਮ ਨਾ ਔਣਾ ਮਦਿਰਾ ਜਾਮ, ਅੰਮ੍ਰਿਤ ਜਾਮ ਨਾ ਕਿਸੇ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੇਵੇ ਏਕਾ ਵਰ, ਆਪਣੀ ਰੀਤੀ ਆਪ ਜਣਾਇਆ । ੧੦੫੮ ਸਾਚੀ ਰੀਤੀ ਇਕ ਅਕੱਲਾ, ਹਰਿ ਸਤਿਗੁਰ ਆਪ ਸਿਖਾਇੰਦਾ । ਲੋਕਮਾਤ ਵੇਖੇ ਜਗਤ ਮਹੱਲਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਪਾਵੇ ਸਾਰ ਜਲਾਂ ਥਲਾਂ, ਸਮੁੰਦ ਸਾਗਰ ਵਰੋਲ ਨਾਮ ਮਧਾਣਾ ਏਕਾ ਪਾਇੰਦਾ । ਜਨ ਭਗਤ ਮਿਲਾਏ ਇਕ ਇਕੱਲਾ, ਦੂਸਰ ਸੰਗ ਨਾ ਕੋਈ ਨਿਭਾਇੰਦਾ । ਆਤਮ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਸਚ ਸੁਨੇਹੜਾ ਇਕ ਸੁਣਾਇੰਦਾ । ਨਾਦ ਧੁਨ ਉਪਜਾਏ ਬ੍ਰਹਿਮੰਡ ਆਪ ਫੜਾਏ ਆਪਣਾ ਪੱਲਾ, ਆਪਣਾ ਰੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਚਰਨ ਪ੍ਰੀਤ ਗੁਰਮੁਖਾਂ ਵਖਾਏ ਸਾਚੀ ਰੀਤ, ਦੇਹੁਰਾ ਮੰਦਰ ਮਸੀਤ ਨਾ ਕੋਈ ਜਣਾਇੰਦਾ । ਕਾਇਆ ਮੰਦਰ ਦੇਹੁਰਾ ਮਸੀਤ, ਮੰਦਰ ਮਸਜਿਦ ਮਠ ਗੁਰੂਦਵਾਰਾ ਆਪ ਵਖਾਈਆ । ਕਾਇਆ ਅੰਦਰ ਤੀਰਥ ਅਠਸਠ, ਦਿਵਸ ਰੈਣ ਸੇਵ ਕਮਾਈਆ । ਕਾਇਆ ਮੰਦਰ ਜੋਤ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਕਾਇਆ ਅੰਦਰ ਸਤਿਗੁਰ ਪੂਰਾ ਹੋ ਪਰਗਟ, ਸਵਛ ਸਰੂਪ ਦਰਸ ਦਏ ਵਖਾਈਆ । ਕਾਇਆ ਮੰਦਰ ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਕਾਇਆ ਅੰਦਰ ਬ੍ਰਹਮ ਆਤਮ ਸਾਚੀ ਖਾਟ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚਾ ਜਾਨਿਆ, ਚਰਨ ਦਵਾਰਾ ਖੋਲ੍ਹ । ਗੁਰਮੁਖ ਚਤਰ ਸੁਘੜ ਸਿਆਨਿਆ ਆਪ ਪਛਾਨਿਆ, ਸੁਰਤੀ ਸ਼ਬਦੀ ਆਪੇ ਮੌਲ । ਆਪ ਵਖਾਏ ਆਪਣਾ ਸਚ ਟਿਕਾਨਿਆ, ਸ਼ਬਦੀ ਅਗੰਮੀ ਹਰਿ ਹਰਿ ਬੋਲ । ਖੇਲੇ ਖੇਲ ਦੋ ਜਹਾਨਿਆ, ਕਲਜੁਗ ਅੰਤਮ ਤੋਲੇ ਤੋਲ । ਪਕੜ ਉਠਾਏ ਗ਼ਰੀਬ ਨਿਮਾਨਿਆ, ਲੱਖ ਚੁਰਾਸੀ ਸੁਤੀ ਮਾਤ ਅਨਭੋਲ । ਨੌ ਖੰਡ ਭੁੱਜਣਾ ਵਾਂਗਰ ਦਾਨਿਆ, ਗੁਰਮੁਖ ਵਿਰਲਾ ਰਹੇ

ਅਡੋਲ । ਜਿਸ ਜਨ ਬਖ਼ਸ਼ੇ ਚਰਨ ਧਿਆਨਿਆ, ਸਤਿਗੁਰ ਸਹਾਈ ਵਸੇ ਕੋਲ । ਰਸਨਾ ਜਿਹਵਾ ਗਾਏ ਗਾਨਿਆ, ਸੋਹੰ ਅੱਖਰ ਵੱਖਰ ਬੋਲ । ਪੁੱਛੇ ਗਾਏ ਜਗਤ ਕਹਾਣੀਆ, ਲੱਖ ਚੁਰਾਸੀ ਵੱਜੇ ਢੋਲ । ਤਖ਼ਤੋਂ ਲਾਹੇ ਰਾਜੇ ਰਾਨਿਆ, ਕਾਇਆ ਕਪੜ ਦੇਵੇ ਫੋਲ । ਨਾਮ ਜਹਾਜ਼ ਚਲਾਇਆ ਇਕ ਬੇਮੁਹਾਨਿਆ, ਵੰਝ ਮੁਹਾਣਾ ਰੱਖੇ ਆਪਣੇ ਕੋਲ । ਦਿਸ ਨਾ ਆਏ ਚਤਰ ਸੁਘੜ ਸਿਆਨਿਆ, ਕਲਜੁਗ ਮਾਇਆ ਪਾਇਆ ਘੋਲ । ਪੜ੍ਹ ਪੜ੍ਹ ਥੱਕੇ ਚਾਰੇ ਬਾਣੀਆ, ਅੰਮ੍ਰਿਤ ਆਤਮ ਚੱਖੀ ਨਾ ਕਿਸੇ ਪੌਹਲ । ਰਾਮ ਕ੍ਰਿਸ਼ਨ ਗਾਇਣ ਗਾਨਿਆ, ਰਾਮ ਰਾਮਾ ਨਾ ਗਿਆ ਮੌਲ । ਕਲਜੁਗ ਹੋਏ ਬੇਮੁਹਾਨਿਆ, ਨੌ ਖੰਡ ਪ੍ਰਿਥਮੀ ਰਹੀ ਅਡੋਲ । ਗੁਰਮੁਖ ਵਿਰਲਾ ਚਲੇ ਸਤਿਗੁਰ ਭਾਨਿਆ, ਹਰਿ ਭਾਣਾ ਜਿਉਂ ਜਲ ਕਵਲ ਫੁਲ । ਚਰਨ ਪ੍ਰੀਤੀ ਸਚ ਟਿਕਾਨਿਆ, ਮਿਲੇ ਵਡਿਆਈ ਉਪਰ ਧਵਲ । ਚਾਰ ਵਰਨ ਏਕਾ ਰੰਗ ਰੰਗਾਨਿਆ, ਊਚਾਂ ਨੀਚਾਂ ਪੂਰਾ ਕਰੇ ਕੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਰਮੀ ਭਰਮ ਭੁਲਾਏ ਪੰਡਤ ਪਾਂਧੇ ਰੌਲ । ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ, ਹਰਿ ਕਾ ਭੇਵ ਕਿਸੇ ਨਾ ਆਇਆ । ਮੁਲਾਂ ਸ਼ੇਖ਼ ਮਸਾਇਕ ਪੀਰ ਬੈਠੇ ਮੱਕੇ, ਮਹਿਰਮ ਦਿਸ ਕਿਸੇ ਨਾ ਆਇਆ । ਚਾਰ ਕੁੰਟ ਨਵ ਖੰਡ ਪ੍ਰਿਥਮੀ ਲੱਖ ਚੁਰਾਸੀ ਪੈਂਦੇ ਧੱਕੇ, ਧਰਤੀ ਧਵਲ ਰਹੀ ਕੁਰਲਾਇਆ । ਖਾਣੀ ਬਾਣੀ ਪੜ੍ਹ ਪੜ੍ਹ ਅੱਕੇ, ਅਕਲ ਆਕਾਲਾਂ ਵਿਚ ਰਹੇ ਨਾ ਰਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਗੁਰਮੁਖਾਂ ਪਰਦਾ ਆਪੇ ਚੁੱਕੇ, ਮੁਖ ਘੁੰਗਟ ਦਏ ਉਠਾਇਆ । ਕਰੇ ਖੇਲ ਆਪ ਆਪਣੀ ਰੁੱਤੇ, ਰੁਤ ਬਸੰਤੀ ਆਪ ਸੁਹਾਇਆ । ਅੰਦਰ ਬਾਹਰ ਆਪੇ ਤੱਕੇ, ਨਿਰਗੁਣ ਸਰਗੁਣ ਵੇਸ ਵਟਾਇਆ । ਗ਼ਰੀਬ ਨਿਮਾਣੇ ਗੁਰਸਿਖ ਬਾਲ ਅੰਵਾਣੇ ਆਪਣੀ ਗੋਦੀ ਆਪੇ ਚੁੱਕੇ, ਸਿਰ ਆਪਣੇ ਭਾਰ ਬੰਧਾਇਆ । ਆਪੇ ਸੁਫਲ ਕਰੇ ਆਪਣੀ ਕੁੱਖੇ, ਆਪੇ ਧੰਨ ਜਣੇਂਦੀ ਮਾਇਆ । ਕਲਜੁਗ ਜੀਵ ਹਰਿ ਕੇ ਨਾਮ ਰਹੇ ਭੁੱਖੇ, ਜਗਤ ਤ੍ਰਿਸ਼ਨਾ ਮੋਹ ਵਧਾਇਆ । ਪੰਚ ਵਿਕਾਰਾ ਦਿਵਸ ਰੈਣ ਗਿੱਲਾ ਈਂਧਨ ਧੁਖੇ, ਜੋਤੀ ਜੋਤ ਨਾ ਕੋਇ ਜਗਾਇਆ । ਕਲ ਕਲੇਸ਼ ਦਰ ਦਰ ਘਰ ਘਰ ਫੜ ਫੜ ਕੁੱਟੇ, ਕੂੜੀ ਕਿਰਿਆ ਵੇਖ ਵਖਾਇਆ । ਗੁਰਮੁਖ ਵਿਰਲਾ ਲਹਿਣਾ ਦੇਣਾ ਛੁੱਟੇ, ਜਿਸ ਜਨ ਆਪਣਾ ਮੇਲ ਮਿਲਾਇਆ । ਚਰਨ ਪ੍ਰੀਤੀ ਸਤਿਜੁਗ ਸਾਚੀ ਪੌਹ ਫੁੱਟੇ, ਗੁਰਸਿਖ ਸਾਚਾ ਸੂਰਯਾ ਚੰਨ ਚਮਕਾਇਆ । ਜੀਵ ਜੰਤ ਦਿਨ ਦਿਹਾੜੇ ਜਾਇਣ ਲੁੱਟੇ, ਘਰ ਮੰਦਰ ਰਹਿਣ ਕੋਇ ਨਾ ਪਾਇਆ । ਗੁਰਸਿਖ ਗੁਰਮੁਖ ਹਰਿਭਗਤ ਹਰਿ ਸੰਤ ਬਾਂਹ ਸਰਹਾਣੇ ਦੇ ਕੇ ਸੁਤੇ, ਕੋਈ ਸਕੇ ਨਾ ਮਾਤ ਉਠਾਇਆ । ਕਰੇ ਮਿਹਰ ਪੁਰਖ ਅਬਿਨਾਸ਼ੀ ਅਚੁਤੇ, ਚਿਤਵਤ ਠਗੌਰੀ ਕੋਇ ਨਾ ਪਾਇਆ । ਚਰਨ ਪ੍ਰੀਤੀ ਲੁੱਟ ਗੁਰਸਿਖ ਵਿਰਲਾ ਲੁੱਟੇ, ਜਿਸ ਜਨ ਆਪਣਾ ਰਾਹ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਏਕਾ ਦਾਨ, ਗੁਰਸਿਖ ਮਨਾਏ ਪਿਛਲੇ ਰੁੱਠੇ, ਅਗਲਾ ਲੇਖਾ ਆਪਣੇ ਹੱਥ ਰਖਾਇਆ ।

### ✳ ੧੯ ਭਾਦਰੋਂ ੨੦੧੭ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਆਲੇਵਾਲਾ ਜ਼ਿਲਾ ਫਿਰੋਜ਼ਪੁਰ ✳

ਦਾਤਾ ਦਾਤਾਰ ਸਰਬ ਜੀਆ ਟੇਕ, ਨਾਥ ਅਨਾਥਾਂ ਹੋਏ ਸਹਾਈਆ । ਜੁਗਾ ਜੁਗੰਤਰ ਕਰੇ ਬੁਧ ਬਿਬੇਕ, ਨਾਮ ਨਿਧਾਨਾ ਝੋਲੀ ਪਾਈਆ । ਪੂਰਬ ਕਰਮਾਂ ਹਰਿਜਨ ਵੇਖ, ਹਰਿ ਹਰਿ ਲੇਖਾ ਲੇਖੇ ਪਾਈਆ । ਧੁਰ ਮਸਤਕ ਲਾਏ ਆਪਣੀ ਮੇਖ, ਆਪੇ ਦੇਵੇ ਸਿਫ਼ਤ ਸਾਲਾਹੀਆ । ਲੱਖ

ਚੁਰਾਸੀ ਵਿਚੋਂ ਹਰਿਜਨ ਵੇਖ, ਜਨ ਭਗਤ ਭਗਵੰਤ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਅ ਦਾਤਾ ਆਪ ਹੋ ਜਾਈਆ । ਜੀਅ ਦਾਤਾ ਏਕੋ ਭਗਵਾਨ, ਭਰਮ ਭੌ ਨਾ ਕੋਇ ਜਣਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਮਹਾਂਬਲੀ ਆਪ ਕਰਾਇੰਦਾ । ਲੋਕਮਾਤ ਹੋ ਪਰਧਾਨ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਲੱਖ ਚੁਰਾਸੀ ਆਪ ਸੁਣਾਇੰਦਾ । ਸਤਿ ਸਤਿਵਾਦੀ ਖੇਲ ਮਹਾਨ, ਸਤਿਗੁਰ ਆਪਣੀ ਧਾਰ ਬੰਧਾਇੰਦਾ । ਗੁਰ ਗੁਰ ਰੂਪ ਅਗੰਮ ਅਪਾਰ, ਕਾਇਆ ਗੋਰ ਆਪ ਸੁਹਾਇੰਦਾ । ਸ਼ਬਦੀ ਸ਼ਬਦ ਨਾਦ ਧੁਨਕਾਰ, ਆਤਮਕ ਧੁਨ ਆਪ ਉਪਜਾਇੰਦਾ । ਜੋਤੀ ਜਾਤਾ ਖੇਲ ਨਿਆਰ, ਦੀਪਕ ਜੋਤੀ ਡਗਮਗਾਇੰਦਾ । ਕਮਲਾਪਾਤਾ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਹਰਿਜਨ ਸੰਤਨ ਕਰ ਪਿਆਰ, ਲਾਲ ਅਨਮੁਲੜੇ ਵੇਖ ਵਖਾਇੰਦਾ । ਚਰਨ ਪ੍ਰੀਤੀ ਦਏ ਆਧਾਰ, ਆਪ ਆਪਣਾ ਦਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਏਕਾ ਰੰਗ ਸਮਾਇੰਦਾ । ਜੀਅ ਦਾਤਾ ਹਰਿ ਭਗਵੰਤ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਰਾਈਆ । ਆਪ ਉਠਾਏ ਸਾਚੇ ਸੰਤ, ਭਗਤਨ ਆਪਣੀ ਬੂਝ ਬੁਝਾਈਆ । ਗੁਰਮੁਖ ਮੇਲ ਮਿਲਾਵਾ ਹਰਿ ਹਰਿ ਕੰਤ, ਗੁਰਸਿਖ ਨਾਰੀ ਨਰ ਨਰਾਇਣ ਆਪ ਪਰਨਾਈਆ । ਏਕਾ ਨਾਦ ਏਕਾ ਸ਼ਬਦ ਮਣੀਆ ਮੰਤ, ਰਸਨਾ ਜਿਹਵਾ ਆਪ ਚਲਾਈਆ । ਲੇਖਾ ਜਾਣੇ ਆਦਿ ਅੰਤ, ਇਕ ਇਕੱਲਾ ਸਹਿਜ ਸੁਖਦਾਈਆ । ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਤ੍ਰੈਗੁਣ ਮਾਇਆ ਪਰਦਾ ਦਏ ਉਠਾਈਆ । ਪੰਜ ਤਤ ਬਣਾਏ ਸਾਚੀ ਬਣਤ, ਆਪਣੀ ਦਇਆ ਕਮਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਅ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬਲ ਧਰਾਈਆ । ਜੀਅ ਦਾਤਾ ਜਾਗਰਤ ਜੋਤ, ਜੋਤੀ ਜਾਤਾ ਆਪ ਅਖਵਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਰੂਪ ਪਰਗਟਾਏ ਕੋਟੀ ਕੋਟ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਸ਼ਬਦ ਅਗੰਮੀ ਮਾਰੇ ਚੋਟ, ਅਨਹਦ ਆਪਣਾ ਤਾਲ ਵਜਾਇੰਦਾ । ਲੇਖਾ ਜਾਣੇ ਓਤ ਪੋਤ, ਪਿਤਾ ਪੂਤ ਬੰਸ ਬੰਸਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਆਪ ਰੰਗਾਇੰਦਾ । ਜੀਅ ਦਾਤਾ ਦਾਤਾਰ ਸੂਰਬੀਰ, ਸੂਰਾ ਸਰਬੰਗ ਵਡ ਵਡਿਆਈਆ । ਹਰਿਜਨ ਚੋਟੀ ਚਾੜ੍ਹੇ ਫੜ ਅਖ਼ੀਰ, ਲੱਖ ਚੁਰਾਸੀ ਜ਼ੰਜ਼ੀਰ ਰਹਿਣ ਨਾ ਪਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਅਗਨੀ ਤਤ ਦਏ ਬੁਝਾਈਆ । ਦੂਈ ਦਵੈਤੀ ਕੱਢੇ ਪੀੜ, ਮਾਇਆ ਮਮਤਾ ਰਹਿਣ ਨਾ ਪਾਈਆ । ਚਰਨ ਕਵਲ ਭਰਵਾਸਾ ਬਖ਼ਸ਼ੇ ਸਾਚੀ ਧੀਰ, ਗਿਆਨ ਧਿਆਨ ਇਕ ਵਡਿਆਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਸਰਬ ਜੀਆਂ ਦਾ ਸਾਂਝਾ ਮੀਤ, ਪੀਤ ਪੀਤੰਬਰ ਸੀਸ ਸੁਹਾਈਆ । ਜੁਗ ਜੁਗ ਸੁਣਾਏ ਆਪਣਾ ਗੀਤ, ਬੋਧ ਅਗਾਧਾ ਸ਼ਬਦ ਅਲਾਈਆ । ਸਤਿਜੁਗ ਤ੍ਰੇਤਾ ਦਵਾਪਰ ਚਲਾਈ ਰੀਤ, ਏਕਾ ਨਾਮ ਵੱਜੇ ਵਧਾਈਆ । ਆਪੇ ਵਸੇ ਧਾਮ ਅਨਡੀਠ, ਸਚਖੰਡ ਮਹੱਲਾ ਸੋਭਾ ਪਾਈਆ । ਲੱਖ ਚੁਰਾਸੀ ਸੁਤਾ ਰਹੇ ਦੇ ਕਰ ਪੀਠ, ਗੁਰਮੁਖ ਵਿਰਲਾ ਦਰਸਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦਾਤਾ ਖੇਲੇ ਖੇਲ ਸਰਬ ਘਟ ਥਾਈਆ । ਏਕੋ ਦਾਤਾ ਜੀਅ ਭਿਖਾਰੀ, ਭਗਵਨ ਆਪਣਾ ਖੇਲ ਖਿਲਾਇੰਦਾ । ਏਕਾ ਜੋਤ ਜੋਤ ਉਜਿਆਰੀ, ਨੂਰੋ ਨੂਰ ਡਗਮਗਾਇੰਦਾ ।

੧੦੯੦

ਏਕਾ ਮੰਦਰ ਮਹੱਲ ਅਟਾਰੀ, ਏਕਾ ਏਕ ਸੋਭਾ ਪਾਇੰਦਾ । ਏਕਾ ਸ਼ਾਹ ਸੁਲਤਾਨ ਸਿਕਦਾਰੀ, ਏਕਾ ਏਕ ਹੁਕਮ ਚਲਾਇੰਦਾ । ਏਕਾ ਦਰ ਦਰਬਾਨ ਕਰੇ ਨਿਮਸਕਾਰੀ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਸੀਸ ਤਾਜ ਰੱਖੇ ਕਰੇ ਸੱਚੀ ਸਰਦਾਰੀ, ਸ਼ਾਹ ਪਾਤਸ਼ਾਹ ਆਪ ਹੋ ਜਾਇੰਦਾ । ਏਕਾ ਖੜਗ ਇਕ ਕਟਾਰੀ, ਏਕਾ ਖੰਡਾ ਨਾਮ ਚਮਕਾਇੰਦਾ । ਏਕਾ ਧਰਤ ਧਵਲ ਰਿਹਾ ਪੈਜ ਸੁਆਰੀ, ਜੁਗ ਜੁਗ ਆਪਣਾ ਰੂਪ ਪਰਗਟਾਇੰਦਾ । ਏਕਾ ਗ਼ਰੀਬ ਨਿਮਾਣੇ ਲਏ ਉਭਾਰੀ, ਲੱਖ ਚੁਰਾਸੀ ਫੋਲ ਫੁਲਾਇੰਦਾ । ਏਕਾ ਗੁਰਸਿਖ ਸੱਜਣ ਜਾਏ ਤਾਰੀ, ਤਾਰਨਹਾਰਾ ਆਪ ਅਖਵਾਇੰਦਾ । ਏਕਾ ਸਾਚੇ ਪੌੜੇ ਫੜ ਫੜ ਜਾਏ ਚਾੜ੍ਹੀ, ਚੌਥੇ ਪਦ ਮੇਲ ਮਿਲਾਇੰਦਾ । ਏਕਾ ਤੀਜਾ ਨੈਣ ਰਿਹਾ ਉਘਾੜੀ, ਨਿਜ ਨੇਤਰ ਵੇਖ ਵਖਾਇੰਦਾ । ਏਕਾ ਦੋ ਦੋ ਅੱਖਰ ਬੋਲ ਜੈਕਾਰੀ, ਹੰ ਬ੍ਰਹਮ ਮੇਲ ਮਿਲਾਇੰਦਾ । ਇਕ ਇਕੱਲਾ ਕਰੇ ਸਚ ਸ਼ੰਗਾਰੀ, ਸਾਚੇ ਤਖ਼ਤ ਸੋਭਾ ਪਾਇੰਦਾ । ਪੰਚਮ ਕੂਕ ਕਰੇ ਪੁਕਾਰੀ, ਸ਼ਬਦੀ ਸ਼ਬਦ ਆਪ ਅਲ੍ਹਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਪਸਾਰੀ, ਸਤਿ ਸਤਿਵਾਦੀ ਆਸਣ ਲਾਇੰਦਾ । ਅੱਠਾਂ ਤੱਤਾਂ ਖੇਲ ਨਿਆਰੀ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨੌ ਦਵਾਰੇ ਜਗਤ ਖ਼ਵਾਰੀ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਦਸਵਾਂ ਘਰ ਪਾਏ ਪੁਰਖ ਅਗੰਮੜਾ ਪਾਰੀ, ਆਪ ਆਪਣਾ ਮੇਲ ਮਿਲਾਇੰਦਾ । ਗੁਰਸਿਖ ਸਾਚੇ ਬਣਾਏ ਚਰਨ ਭਿਖਾਰੀ, ਭਿਖਕ ਭਿਛਿਆ ਏਕਾ ਝੋਲੀ ਪਾਇੰਦਾ । ਬਖ਼ਸ਼ੇ ਨਾਮ ਅੰਮ੍ਰਿਤ ਸਚ ਖ਼ੁਮਾਰੀ, ਦਿਵਸ ਰੈਣ ਏਕਾ ਰੰਗ ਰੰਗਾਇੰਦਾ । ਆਪੇ ਦਾਤਾ ਬਣ ਭਿਖਾਰੀ, ਜੀਆ ਦਾਨ ਮੰਗਣ ਆਇੰਦਾ । ਆਪੇ ਦਾਤਾ ਦੇਵਣਹਾਰ ਦਾਤਾਰੀ, ਆਪੇ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਏਕੋ ਦਾਤਾ ਇਕ ਭਗਵਾਨ, ਏਕਾ ਵਸਤ ਆਪ ਵਰਤਾਇੰਦਾ । ਇਕ ਗਿਆਤਾ ਏਕਾ ਸ਼ਬਦ ਨਿਸ਼ਾਨ, ਇਕ ਬਬਾਣ ਆਪ ਉਡਾਇੰਦਾ । ਏਕੋ ਪਿਤਾ ਮਾਤਾ ਏਕਾ ਦੇਵੇ ਪੀਣ ਖਾਣ, ਦੋ ਜਹਾਨ ਮਾਣ ਇਕ ਰਖਾਇੰਦਾ । ਏਕਾ ਉਤਮ ਰੱਖੇ ਜ਼ਾਤਾ, ਵਰਨ ਬਰਨ ਨਾ ਕੋਇ ਆਣ, ਸਚ ਨਿਸ਼ਾਨ ਆਪ ਝੁਲਾਇੰਦਾ । ਏਕਾ ਮੰਤਰ ਪੂਜਾ ਪਾਠ ਦੂਸਰ ਵਿਦਿਆ ਨਾ ਕੋਏ ਵਖਾਨ, ਗਿਆਨ ਧਿਆਨ ਨਾ ਕੋਇ ਦ੍ਰਿੜਾਇੰਦਾ । ਇਕ ਸਰੋਵਰ ਤੀਰਥ ਤਾਟਾ ਦੂਸਰ ਅਵਰ ਨਾ ਕੋਏ ਅਸ਼ਨਾਨ, ਜਲ ਧਾਰਾ ਨਾ ਕੋਇ ਵਹਾਇੰਦਾ । ਇਕ ਇਕੱਲਾ ਖੇਲ ਮਹਾਨ, ਕਰੇ ਕਰਾਏ ਸ੍ਰੀ ਭਗਵਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਸ਼ਬਦ ਅਗੰਮੀ ਦੇਵੇ ਦਾਨ, ਜੀਆ ਬ੍ਰਹਮ ਬ੍ਰਹਮ ਕਰ ਪਛਾਣ, ਈਸ਼ ਜੀਵ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਾਤਾ ਪੁਰਖ ਬਿਧਾਤਾ, ਪੁਰਖ ਪੁਰਖੋਤਮ ਆਪਣਾ ਨਾਉਂ ਧਰਾਇੰਦਾ । ਜੀਅ ਦਾਤਾ ਜੁਗਾ ਜੁਗੰਤਰ, ਜੋਗ ਜੁਗਤ ਇਕ ਜਣਾਈਆ । ਘੜ ਭਾਂਡਾ ਬਣਾਏ ਲੱਖ ਚੁਰਾਸੀ ਬਣਤਰ, ਅਗਨੀ ਜੋਤੀ ਲੰਬੂ ਆਪੇ ਲਾਈਆ । ਆਪਣਾ ਜਣਾਏ ਅਗੰਮੀ ਮੰਤਰ, ਸ਼ਬਦ ਅਨਾਦਿ ਕਰੇ ਪੜ੍ਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਲਿਵ ਆਤਮ ਮੇਲ ਮਿਲਾਈਆ । ਕਾਇਆ ਕੰਚਨ ਗੜ੍ਹ ਵੇਖੇ ਗਗਨੰਤਰ, ਗਗਨ ਮੰਡਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਆ ਜੀਅ ਜੀਵਣ ਆਪਣੇ ਹੱਥ ਰਖਾਈਆ । ਜੀਵਣ ਜੀਵ ਜਨ ਜਾਣਿਆ, ਕਰ ਕਿਰਪਾ ਆਪ ਕਰਤਾਰ । ਲੱਖ ਚੁਰਾਸੀ ਖੇਲ ਮਹਾਨਿਆ, ਖੇਲਣਹਾਰਾ ਹਰਿ ਨਿਰਾਕਾਰ । ਆਦਿ ਜੁਗਾਦਿ ਗਾਏ ਆਪਣਾ ਗਾਣਿਆ, ਧੁਰ ਦੀ ਬਾਣੀ ਸ਼ਬਦ ਪੁਕਾਰ । ਵਰਤੇ ਵਰਤਾਏ ਆਪਣੇ ਭਾਣਿਆ, ਭਾਣਾ ਵੇਖੇ ਸਰਬ ਸੰਸਾਰ । ਗੁਰਮੁਖ ਵਿਰਲੇ ਮਾਤ ਜਾਣਿਆ, ਜਿਸ ਜਨ ਕਿਰਪਾ ਕਰੇ

ਆਪ ਨਿਰੰਕਾਰ । ਦੇਵੇ ਦਰਸ ਸ੍ਰੀ ਭਗਵਾਨਿਆ, ਸਗਲਾ ਸੰਸਾ ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰ ਜੀਅ ਅਭੇਦ, ਜੀਵ ਭੇਵ ਕਹਿਣ ਨਾ ਜਾਈਆ । ਲੇਖਾ ਜਾਣੇ ਨਾ ਚਾਰੇ ਵੇਦ, ਬ੍ਰਹਮਾ ਮੁਖ ਰਿਹਾ ਸ਼ਰਮਾਈਆ । ਅਬਿਨਾਸ਼ੀ ਕਰਤਾ ਅਛਲ ਅਛੇਦ, ਅਛਲ ਛਲ ਆਪਣਾ ਆਪ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਹਰਿ ਕਰਤਾਰ, ਮਹਿਮਾ ਅਕਥ ਕਥੀ ਨਾ ਜਾਏ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਆਸਣ ਲਾਏ । ਖੇਲੇ ਖੇਲ ਅਗੰਮ ਅਪਾਰ, ਸ਼ਬਦ ਸ਼ਬਦੀ ਹੁਕਮ ਵਰਤਾਏ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਲੱਖ ਚੁਰਾਸੀ ਬਣਤ ਬਣਾਏ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਸ਼ੰਗਾਰ, ਮਨ ਮਤ ਬੁਧ ਵਿਚ ਭੰਡਾਰ ਟਿਕਾਏ । ਆਤਮ ਬ੍ਰਹਮ ਕਰ ਪਸਾਰ, ਘਰ ਘਰ ਵਿਚ ਡੇਰਾ ਲਾਏ । ਈਸ਼ ਜੀਵ ਨਿਰਾਕਾਰ, ਸਾਕਾਰ ਸੰਗ ਨਿਭਾਏ । ਆਤਮ ਪਰਮਾਤਮ ਕਰ ਪਿਆਰ, ਪਰਮ ਪੁਰਖ ਖੇਲ ਖਲਾਏ । ਆਦਿ ਜੁਗਾਦੀ ਸਾਚੀ ਕਾਰ, ਜੁਗ ਕਰਤਾ ਵੇਖ ਵਖਾਏ । ਵਿਸਮਾਦੀ ਵਿਸਮਾਦ ਰਹੇ ਵਿਚ ਸੰਸਾਰ, ਬਿਸਮਲ ਆਪਣਾ ਨਾਉਂ ਧਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਈਸ਼ ਰੂਪ ਪਰਗਟਾਏ । ਜੀਵ ਈਸ਼ ਹਰਿ ਹਰਿ ਅੰਸ, ਪਿਤਾ ਪੂਤ ਆਪ ਅਖਵਾਈਆ । ਆਪੇ ਲੇਖਾ ਜਾਣੇ ਵਿਸ਼ਵ ਸਹੰਸ, ਕੋਟਨ ਕੋਟ ਸਹੰਸਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਏਕਾ ਵਸਤ ਹੱਥ ਰਖਾਈਆ । ਆਤਮ ਬ੍ਰਹਮ ਵਸਤ ਅਪਾਰ, ਪਾਰਬ੍ਰਹਮ ਪ੍ਰਭ ਵੰਡ ਵੰਡਾਇੰਦਾ । ਸਾਚਾ ਮੰਦਰ ਕਰ ਤਿਆਰ, ਹਰਿ ਮੰਦਰ ਸੋਭਾ ਪਾਇੰਦਾ । ਉਤਰ ਪੂਰਬ ਪੱਛਮ ਦੱਖਣ ਨਾ ਦਿਸੇ ਕੋਇ ਕਿਵਾੜ, ਬੰਦ ਦਰਵਾਜ਼ਾ ਆਪ ਕਰਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰ, ਇੰਦਰੀ ਲਿੰਗ ਨਾ ਕੋਇ ਲਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣੀ ਵੰਡ ਕਰ ਨਿਰੰਕਾਰ, ਆਪਣਾ ਲੇਖਾ ਬਹਿ ਸਮਝਾਇੰਦਾ । ਏਕਾ ਕਿਰਨ ਲੱਖ ਚੁਰਾਸੀ ਭਰੇ ਭੰਡਾਰ, ਸਹੰਸ ਗੁਣ ਆਪ ਹੋ ਜਾਇੰਦਾ । ਇੱਕ ਸਹੰਸ ਮਾਣਸ ਧਾਰ, ਆਪਣਾ ਬਲ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਇਕ ਸਹੰਸ ਮਨੁਖ ਜ਼ਾਤ, ਕਿਰਨੀ ਕਿਰਨ ਵੰਡ ਵੰਡਾਈਆ । ਇਕ ਇਕ ਖੇਲ ਕਰੇ ਬਨਾਸਪਤ, ਪਤ ਬਨਾਸ ਅਬਿਨਾਸ਼ ਪੁਰਖ ਵਡ ਵਡਿਆਈਆ । ਜੇਰਜ ਉਤਭੁਜ ਸੇਤਜ ਪਾਵੇ ਰਾਸ, ਇਕ ਇਕ ਨਾਲ ਲੜ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਤਾ ਦਾਨੀ ਇਕ ਅਖਵਾਈਆ । ਦਾਤਾ ਦਾਨੀ ਦੀਨਾ ਨਾਥ, ਦੀਨ ਦਿਆਲ ਖੇਲ ਖਿਲਾਇੰਦਾ । ਪਾਰਬ੍ਰਹਮ ਬ੍ਰਹਮ ਵਸੇ ਸਾਥ, ਸਗਲਾ ਸੰਗ ਨਿਭਾਇੰਦਾ । ਆਪ ਚਲਾਏ ਸਾਚਾ ਰਾਥ, ਰਬ ਰਥਵਾਹੀ ਸੇਵ ਕਮਾਇੰਦਾ । ਜੁਗਾ ਜੁਗੰਤਰ ਅਗੰਮੀ ਗਾਥ, ਧੁਰ ਦੀ ਬਾਣੀ ਸ਼ਬਦ ਅਲ੍ਹਾਇੰਦਾ । ਆਤਮ ਅੰਤਰ ਏਕਾ ਪਾਠ, ਪੂਜਾ ਇਸ਼ਟ ਦੇਵ ਮਨਾਇੰਦਾ । ਗੁਰਸਿਖਾਂ ਵਸੇ ਸਦਾ ਸਾਥ, ਵਿਛੜ ਕਦੇ ਨਾ ਜਾਇੰਦਾ । ਹੁਕਮੇ ਅੰਦਰ ਰੱਖੇ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੁਕਮੇ ਅੰਦਰ ਆਪ ਫਿਰਾਇੰਦਾ । ਜੁਗਾ ਜੁਗੰਤਰ ਆਪ ਆਪਣਾ ਵੇਖੇ ਘਾਟ, ਅੰਤਮ ਨਿਰਗੁਣ ਸਰਗੁਣ ਰੂਪ ਪਰਗਟਾਇੰਦਾ । ਕਲਜੁਗ ਨੇੜੇ ਆਈ ਵਾਟ, ਦੂਰ ਦੁਰਾਡਾ ਪੰਧ ਮੁਕਾਇੰਦਾ । ਨੌ ਖੰਡ ਪ੍ਰਿਥਮੀ ਜਗਤ ਵਿਕਾਰਾ ਵਿਕੇ ਹਾਟ, ਸਚ ਵਣਜਾਰਾ ਨਜ਼ਰ ਕੋਇ ਨਾ ਆਇੰਦਾ । ਏਕਾ

੧੦੬੩

ਸੁੱਤਾ ਲੱਖ ਚੁਰਾਸੀ ਆਤਮ ਸੇਜਾ ਖਾਟ, ਆਪਣਾ ਲੇਖਾ ਬਹਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਤਾ ਭਿਖਾਰੀ ਵੇਸ ਅਨੇਕ ਆਪ ਵਟਾਇੰਦਾ । ਆਪੇ ਦੇਵੇ ਜੀਆ ਦਾਨ, ਪੰਜ ਤਤ ਕਰੇ ਕੁੜਮਾਈਆ । ਆਪੇ ਖੇਲੇ ਖੇਲ ਜਹਾਨ, ਲੋਕਮਾਤ ਵੱਡੀ ਵਡਿਆਈਆ । ਆਪੇ ਬਖ਼ਸ਼ੇ ਪੀਣ ਖਾਣ, ਆਪੇ ਸੇਵਕ ਸੇਵ ਕਮਾਈਆ । ਆਪੇ ਪੂਜਾ ਪਾਠ ਦਏ ਗਿਆਨ, ਗਿਆਨ ਧਿਆਨ ਆਪ ਦ੍ਰਿੜਾਈਆ । ਆਪੇ ਬਖ਼ਸ਼ੇ ਸਰ ਸਰੋਵਰ ਅਸ਼ਨਾਨ, ਤੀਰਥ ਤਟ ਆਪ ਨੁਹਾਈਆ । ਆਪੇ ਬਖ਼ਸ਼ੇ ਖੜਗ ਖੰਡਾ ਕਿਰਪਾਨ, ਸ਼ਸਤਰ ਬਸਤਰ ਆਪ ਸੁਹਾਈਆ । ਆਪੇ ਬਖ਼ਸ਼ੇ ਤੀਰ ਕਮਾਨ, ਆਪੇ ਚਿਲਾ ਰਿਹਾ ਚੜ੍ਹਾਈਆ । ਆਪੇ ਬਖ਼ਸ਼ੇ ਚਾਰ ਦੀਵਾਰੀ ਜਗਤ ਮਕਾਨ, ਆਪੇ ਬੈਠਾ ਆਸਣ ਲਾਈਆ । ਆਪੇ ਦੇਵੇ ਜੋਬਨ ਨਾਰ ਰਕਾਨ, ਪੁਤਰ ਧੀਆਂ ਆਪੇ ਬੰਧਨ ਪਾਈਆ । ਆਪੇ ਦੇਵੇ ਪੰਜ ਸ਼ੈਤਾਨ, ਆਪੇ ਦਿਵਸ ਰੈਣ ਤੁੜਾਈਆ । ਆਪੇ ਦੇਵੇ ਸਚ ਸ਼ਬਦ ਧੁਨਕਾਨ, ਆਪੇ ਆਠ ਪਹਿਰ ਸ਼ਨਵਾਈਆ । ਆਪੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਾਰ ਧਿਆਨ, ਆਪੇ ਲੁਕ ਲੁਕ ਮੁਖ ਛੁਪਾਈਆ । ਆਪੇ ਚਾਰ ਵੇਦ ਛੇ ਸ਼ਾਸਤਰ ਪੁਰਾਨ ਅਠਾਰਾਂ ਗਾਏ ਗਿਆਨ, ਗੀਤਾ ਗਿਆਨ ਆਪ ਦ੍ਰਿੜਾਈਆ । ਆਪੇ ਅੰਜੀਲ ਕੁਰਾਨ ਕਰੇ ਪਛਾਣ, ਬਾਣੀ ਬਾਣ ਆਪ ਲਗਾਈਆ । ਆਪੇ ਗੁਰ ਪੀਰ ਸਾਧ ਸੰਤ ਹੋਏ ਅਵਤਾਰ, ਆਪੇ ਜੋਤੀ ਜੋਤ ਕਰੇ ਰੁਸ਼ਨਾਈਆ । ਆਪੇ ਮਾਇਆ ਮਮਤਾ ਮੋਹ ਹੰਕਾਰ, ਆਪੇ ਆਸਾ ਤ੍ਰਿਸ਼ਨਾ ਅਗਨ ਜਲਾਈਆ । ਆਪੇ ਨਾਤਾ ਜੋੜੇ ਸਰਬ ਸੰਸਾਰ, ਆਪੇ ਵੇਖੇ ਥਾਉਂ ਥਾਈਆ । ਆਪੇ ਲੱਖ ਚੁਰਾਸੀ ਰੋੜ੍ਹੇ ਵਹਿੰਦੀ ਧਾਰ, ਸ਼ੌਹ ਦਰਯਾ ਆਪ ਸੁਟਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਕਰਜ਼ਾ ਦਏ ਉਤਾਰ, ਸਿਰ ਭਾਰ ਨਾ ਕੋਇ ਰਖਾਈਆ । ਆਪੇ ਕਲਜੁਗ ਅੰਤਮ ਕਰੇ ਖ਼ਵਾਰ, ਕੂੜੀ ਕਿਰਿਆ ਰਹਿਣ ਨਾ ਪਾਈਆ । ਆਪੇ ਜੀਵ ਦਾਤਾ ਜੀਵ ਆਤਮ ਕਰੇ ਪਿਆਰ, ਆਪਣੀ ਵਸਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਅ ਦਾਤਾ ਦੇਵਣਹਾਰਾ ਦਾਨ, ਆਪੇ ਮੇਟੇ ਅੰਤ ਨਿਸ਼ਾਨ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲੇਖੇ ਲਾਈਆ । ਗੁਰਮੁਖ ਜੀਵ ਜੀਅ ਜੁਗ ਚਾਰ, ਜਗਤ ਜੁਗਤ ਬਣਾਇੰਦਾ । ਕਰ ਕਿਰਪਾ ਬਖ਼ਸ਼ੇ ਚਰਨ ਪਿਆਰ, ਮੂਰਖ ਮੂੜ੍ਹ ਚਤਰ ਸੁਘੜ ਸੁਜਾਨ ਆਪ ਬਣਾਇੰਦਾ । ਦੁਰਮਤ ਮੈਲ ਦਏ ਉਤਾਰ, ਅੰਮ੍ਰਿਤ ਸਰੋਵਰ ਆਪ ਨੁਹਾਇੰਦਾ । ਕਾਗ ਨਾ ਰਲੇ ਕਾਗਾਂ ਡਾਰ, ਹੰਸ ਹੰਸਾ ਮੋਤੀ ਚੋਗ ਚੁਗਾਇੰਦਾ । ਜਗਤ ਕਬੀਲਾ ਹੋਏ ਖ਼ਵਾਰ, ਭੈਣ ਭਾਈ ਨਾ ਪਾਰ ਲੰਘਾਇੰਦਾ । ਗੁਰ ਚਰਨ ਵਸੀਲਾ ਧੁਰ ਦਰਬਾਰ, ਲੱਖ ਚੁਰਾਸੀ ਪੰਧ ਮੁਕਾਇੰਦਾ । ਛੈਲ ਛਬੀਲਾ ਆਵੇ ਵਾਰੋ ਵਾਰ, ਜੁਗਾ ਜੁਗੰਤਰ ਸੇਵ ਕਮਾਇੰਦਾ । ਕਲਜੁਗ ਅੰਤਮ ਜੀਵ ਕਰ ਲੈ ਹੀਲਾ, ਵੇਲਾ ਗਿਆ ਹੱਥ ਨਾ ਆਇੰਦਾ । ਅੱਠੇ ਪਹਿਰ ਪਾਖਰ ਪਾਏ ਸ਼ਾਹਸਵਾਰ ਰੱਖੇ ਤਿਆਰ ਨੀਲਾ, ਨੀਲੀ ਧਾਰ ਭੇਵ ਨਾ ਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਮੇਲ ਮਿਲਾਏ । ਮੇਲ ਮਿਲਾਵਾ ਜੀਅ ਜਗਤ, ਜੁਗ ਜੁਗ ਮੇਲ ਮਿਲਾਇਆ । ਭਗਵਨ ਭਗਤੀ ਜਾਣੇ ਜੁਗਤ, ਨਿਰਭੈ ਭੌ ਨਾ ਕੋਇ ਵਖਾਇਆ । ਦਾਸੀ ਦਾਸ ਮੁਕਤੀ ਮੁਕਤ, ਮੁਕਤ ਦਵਾਰਾ ਗੁਰਸਿਖ ਚਰਨਾਂ ਹੇਠ ਦਬਾਇਆ । ਆਤਮ ਪਰਮ ਆਤਮ ਏਕਾ ਸ਼ਕਤ, ਨਿਰਗੁਣ ਸਰਗੁਣ ਮੇਲ ਮਿਲਾਇਆ । ਅੰਤਮ ਕਲਜੁਗ ਵੇਲਾ ਵਕਤ, ਮੁਲਾ ਕਾਜ਼ੀ ਸ਼ੇਖ਼ ਮਸਾਇਕ ਪੰਡਤ ਪਾਂਧੇ ਹੱਥ ਕਿਸੇ ਨਾ ਆਇਆ । ਲੇਖੇ ਲੱਗੇ ਬੂੰਦ ਰਕਤ, ਜੋ ਜਨ ਸਰਨਾਈ ਆਇਆ । ਜੀਵ ਬ੍ਰਹਮ ਨਾ ਕਰੇ

ਕੋਈ ਹੱਤ, ਸਚ ਹਥਿਆਰ ਹੱਥ ਨਾ ਕਿਸੇ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਰਬ ਜੀਆਂ ਕਾ ਏਕਾ ਦਾਤਾ, ਜੁਗ ਜੁਗ ਮੇਟੇ ਅੰਧੇਰੀ ਰਾਤਾ, ਸੰਤ ਸੱਜਣ ਆਪਣੇ ਸੰਗ ਰਖਾਇਆ ।

### ❊ ੧੯ ਭਾਦਰੋਂ ੨੦੧੭ ਬਿਕ੍ਰਮੀ ਅਰਜਨ ਸਿੰਘ ਦੇ ਗ੍ਰਹਿ ਖ਼ਲੀਲ ਬਸਤੀ ਜ਼ਿਲਾ ਫਿਰੋਜ਼ ਪੁਰ ❊

ਸਚਖੰਡ ਦਵਾਰੇ ਸਾਚੇ ਤਖ਼ਤ, ਹਰਿ ਜੂ ਹਰਿ ਮੰਦਰ ਬਹਿ ਬਹਿ ਸਜਿਆ । ਅਬਿਨਾਸ਼ੀ ਕਰਤਾ ਨਾ ਕੋਈ ਜਣਾਏ ਵੇਲਾ ਵਕਤ, ਆਦਿ ਜੁਗਾਦਿ ਨਾ ਘੜਿਆ ਨਾ ਭੱਜਿਆ । ਆਦਿ ਜੁਗਾਦੀ ਨੂਰ ਨੁਰਾਨਾ ਆਦਿ ਸ਼ਕਤ, ਸ਼ਾਹੋ ਭੂਪ ਆਪਣੀ ਰੱਖੇ ਆਪੇ ਲੱਜਿਆ । ਮੇਲ ਮਿਲਾਵਾ ਨਾ ਕੋਈ ਬੂੰਦ ਨਾ ਕੋਈ ਰਕਤ, ਆਪਣਾ ਪਰਦਾ ਆਪੇ ਕੱਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲਾਏ ਸਚ ਜਹਾਜ਼ਿਆ । ਸਚ ਜਹਾਜ਼ ਧੁਰ ਦਰਬਾਰ, ਹਰਿ ਨਿਰੰਕਾਰ ਆਪ ਚਲਾਈਆ । ਇਕ ਇਕੱਲਾ ਖੇਲ ਅਪਾਰ, ਦੂਸਰ ਸੰਗ ਨਾ ਕੋਇ ਵਖਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਸ ਵਟਾਈਆ । ਭਗਤ ਭਗਵੰਤ ਲਏ ਉਭਾਰ, ਸੰਤਨ ਮੇਲਾ ਸਹਿਜ ਸੁਭਾਈਆ । ਗੁਰਮੁਖ ਆਤਮ ਦੇਵੇ ਠਾਰ, ਗੁਰਸਿਖ ਸੀਤਲ ਧਾਰ ਵਹਾਈਆ । ਕਰੇ ਕਰਾਏ ਸਚ ਪਿਆਰ, ਸਚ ਦਰਬਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੁਗ ਜੁਗ ਖੇਲ ਖਿਲਾਇੰਦਾ, ਖੇਲਣਹਾਰ ਭਗਵਾਨ । ਭਗਤ ਭਗਵੰਤ ਵੇਖ ਵਖਾਇੰਦਾ,
੧੦੬੪ ਪਰਗਟ ਵਾਲੀ ਦੋ ਜਹਾਨ । ਸੰਤਨ ਸਾਚਾ ਸੰਗ ਨਿਭਾਇੰਦਾ, ਦੇਵੇ ਦਰਸ ਦਰ ਘਰ ਆਣ । ਗੁਰਮੁਖ ਸਾਚੇ ਮਾਤ ਜਗਾਇੰਦਾ, ਕਾਇਆ ਮੰਦਰ ਮਾਰ ਧਿਆਨ । ਗੁਰਸਿਖ ਆਪਣੇ ਰੰਗ ਰੰਗਾਇੰਦਾ, ਰੰਗ ਰੰਗੀਲਾ ਇਕ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਹਰਿ ਜੂ ਹਰਿ ਹਰਿ ਹਰਿ ਮੇਲਾ, ਦਰਗਹਿ ਸਾਚੀ ਆਪ ਮਿਲਾਇੰਦਾ । ਲੋਕਮਾਤ ਗੁਰੂ ਗੁਰ ਚੇਲਾ, ਗੁਰ ਸ਼ਬਦੀ ਖੇਲ ਖਿਲਾਇੰਦਾ । ਜੁਗਾ ਜੁਗੰਤਰ ਸੱਜਣ ਸੁਹੇਲਾ, ਸਗਲਾ ਸੰਗ ਆਪ ਨਿਭਾਇੰਦਾ । ਕਰੇ ਖੇਲ ਇਕ ਇਕੇਲਾ, ਅਕਲ ਕਲ ਧਾਰੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਖੁਲ੍ਹਾਏ ਭਗਤ ਭਗਵੰਤ, ਅੰਤਰ ਆਤਮ ਵੇਖ ਵਖਾਈਆ । ਸੰਸਾ ਚੁਕਾਏ ਸਾਚੇ ਸੰਤ, ਸਤਿਗੁਰ ਪੂਰੇ ਹੱਥ ਵਡਿਆਈਆ । ਗੁਰਮੁਖ ਮੇਲਾ ਨਰ ਹਰਿ ਕੰਤ, ਘਰ ਵੱਜੇ ਨਾਮ ਵਧਾਈਆ । ਗੁਰਸਿਖ ਗਾਏ ਸੁਹਾਗੀ ਛੰਦ, ਗੀਤ ਗੋਬਿੰਦ ਇਕ ਅਲਾਈਆ । ਆਪ ਬਣਾਏ ਸਾਚੀ ਬਣਤ, ਹਰਿਜਨ ਵੇਖੇ ਥਾਉਂ ਥਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਵਖਾਈਆ । ਲੋਕਮਾਤ ਸੁਹਾਇਆ, ਜੁਗਾਂ ਜੁਗੰਤਰ ਸਾਚੀ ਕਾਰ । ਹਰਿਜਨ ਵੇਖੇ ਥਾਉਂ ਥਾਇਆ, ਨਿਰਗੁਣ ਸਰਗੁਣ ਲੈ ਅਵਤਾਰ । ਕਲਜੁਗ ਅੰਤਮ ਵੇਸ ਵਟਾਇਆ, ਕਲ ਕਲਕੀ ਹੋ ਤਿਆਰ । ਨਿਹਕਲੰਕਾ ਨਾਉਂ ਧਰਾਇਆ, ਮਰੇ ਨਾ ਜੰਮੇ ਵਿਚ ਸੰਸਾਰ । ਆਵਣ ਜਾਵਣ ਖੇਲ ਖਿਲਾਇਆ, ਖੇਲਣਹਾਰਾ ਅਗੰਮ ਅਪਾਰ । ਲੱਖ ਚੁਰਾਸੀ ਫੋਲ ਫੁਲਾਇਆ, ਜੀਵ ਜੰਤ ਨਾ ਪਾਏ ਸਾਰ । ਨਾਮ ਮਰਦੰਗ ਢੋਲ ਵਜਾਇਆ, ਸ਼ਬਦ ਅਗੰਮੀ ਬੋਲ ਜੈਕਾਰ ।

੧੦੬੫
੦੯

ਕਾਇਆ ਚੋਲਾ ਆਪ ਬਦਲਾਇਆ, ਤ੍ਰੈਗੁਣ ਮਾਇਆ ਵਸਿਆ ਬਾਹਰ । ਸਾਚਾ ਸੋਹਲਾ ਆਪੇ ਗਾਇਆ, ਆਪ ਸੁਣਾਇਆ ਸੋਹੰ ਸ਼ਬਦ ਬੋਲ ਜੈਕਾਰ । ਏਕਾ ਤੋਲਾ ਬਣਕੇ ਆਇਆ, ਤੋਲੇ ਤੋਲ ਕਲਜੁਗ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਹਰਿਜਨ ਸੁਰਤ ਸੰਭਾਲਦਾ, ਕਾਇਆ ਮੰਦਰ ਖੋਜ ਖੁਜਾਈਆ । ਕਰੇ ਖੇਲ ਸ੍ਰੀ ਭਗਵਾਨ ਦਾ, ਭਗਵਨ ਭੇਵ ਰਹੇ ਨਾ ਰਾਈਆ । ਲੇਖਾ ਜਾਣੇ ਦੋ ਜਹਾਨ ਦਾ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਮੁਖ ਹਰਿ ਭਗਤ ਭਗਵੰਤ ਮੇਲੇ ਏਕਾ ਥਾਈਂਆ । ਆਪ ਮਿਲਾਏ ਦਇਆ ਕਮਾਏ, ਗੁਰਮੁਖਾਂ ਵੇਖ ਵਖਾਈਆ । ਸੰਗਤ ਸਾਚਾ ਨਾਉਂ ਧਰਾਏ, ਧਰਤ ਧਵਲ ਦਏ ਵਡਿਆਈਆ । ਆਪਣਾ ਰੰਗ ਆਪ ਰੰਗਾਏ, ਰੰਗਣਹਾਰਾ ਇਕ ਅਖਵਾਈਆ । ਸੱਚਾ ਸਗਨ ਅੰਤ ਮਨਾਏ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਸੰਗਤ ਹਰਿ ਸਚ ਦਵਾਰਾ, ਏਕਾ ਏਕ ਸੁਹਾਇੰਦਾ । ਏਕਾ ਗੁਰ ਇਕ ਅਵਤਾਰਾ, ਏਕਾ ਭੇਵ ਖੁਲਾਇੰਦਾ । ਏਕਾ ਮੰਦਰ ਇਕ ਉਜਿਆਰਾ, ਏਕਾ ਦੀਪਕ ਜੋਤ ਜਗਾਇੰਦਾ । ਏਕਾ ਸ਼ਬਦ ਨਾਦ ਧੁਨਕਾਰਾ, ਏਕਾ ਰਾਗ ਨਾਦ ਅਲਾਇੰਦਾ । ਏਕਾ ਅੰਮ੍ਰਿਤ ਠੰਡਾ ਠਾਰਾ, ਏਕਾ ਭਰ ਪਿਆਲਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਹਰਿ ਵੇਖਣਹਾਰਾ, ਹਰਿ ਮੰਦਰ ਆਪ ਸੁਹਾਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਨਿਰਵੈਰ ਖੇਲ ਖਿਲਾਈਆ । ਚਾਰ ਵਰਨਾਂ ਕਰੇ ਇਕ ਪਿਆਰਾ, ਊਚ ਨੀਚ ਭੇਵ ਨਾ ਰਾਈਆ । ਰਾਓ ਰੰਕਾਂ ਦੇਵੇ ਇਕ ਸਹਾਰਾ, ਚਰਨ ਕਵਲ ਵਡ ਵਡਿਆਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਭਰ ਪਿਆਲਾ ਜਾਮ ਪਿਆਈਆ । ਦਿਵਸ ਰੈਣ ਰਹੇ ਖੁਮਾਰਾ, ਉਤਰ ਕਦੇ ਨਾ ਜਾਈਆ । ਜਨਮ ਮਰਨ ਜਗ ਰੋਗ ਨਿਵਾਰਾ, ਲੱਖ ਚੁਰਾਸੀ ਫੰਦ ਕਟਾਈਆ । ਨਾਤਾ ਤੋੜ ਧਰਮ ਦਵਾਰਾ, ਰਾਏ ਧਰਮ ਨਾ ਦਏ ਸਜਾਈਆ । ਸਾਚਾ ਬੇੜਾ ਇਕ ਨਿਆਰਾ, ਲੋਕਮਾਤ ਆਪ ਚਲਾਈਆ । ਹਰਿ ਸੰਗਤ ਕਰੇ ਸਚ ਪਿਆਰਾ, ਗੁਰਮੁਖ ਸਾਚੇ ਆਪ ਚੜ੍ਹਾਈਆ । ਆਪੇ ਜਾਣੇ ਆਪਣਾ ਪਾਰ ਕਿਨਾਰਾ, ਅਧਵਿਚਕਾਰ ਨਾ ਕੋਈ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲੇਖਾ ਆਪਣੇ ਹੱਥ ਰਖਾਈਆ । ਹਰਿ ਸੰਗਤ ਤੇਰਾ ਪੂਰਬ ਮੂਲ, ਕਲਜੁਗ ਅੰਤਮ ਆਪ ਚੁਕਾਇੰਦਾ । ਗੁਰਮੁਖ ਵੇਖੇ ਸਾਚੇ ਫੂਲ, ਸਚ ਫਲਵਾੜੀ ਆਪ ਮਹਿਕਾਇੰਦਾ । ਕਰੇ ਖੇਲ ਹਰਿ ਕੰਤ ਕੰਤੂਲ, ਲੋਕਮਾਤ ਵੇਖ ਵਖਾਇੰਦਾ । ਜੁਗਾ ਜੁਗੰਤਰ ਨਾ ਜਾਏ ਭੂਲ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਏਕਾ ਵਰ, ਏਕਾ ਮੰਦਰ ਆਪ ਸੁਹਾਇੰਦਾ । ਏਕਾ ਮੰਦਰ ਹਰਿ ਦਵਾਰਾ, ਹਰੀ ਹਰਿ ਆਪ ਸੁਹਾਇੰਦਾ । ਹਰਿ ਸੰਗਤ ਕਰੇ ਸਚ ਪਿਆਰਾ, ਸਗਲਾ ਸੰਗ ਆਪ ਨਿਭਾਇੰਦਾ । ਏਕਾ ਸ਼ਬਦ ਸੱਚੀ ਧੁਨਕਾਰਾ, ਧੁਨ ਆਤਮਕ ਨਾਦ ਵਜਾਇੰਦਾ । ਰਸਨਾ ਰਸ ਬੋਲ ਜੈਕਾਰਾ, ਸੋ ਪੁਰਖ ਨਿਰੰਜਣ ਆਪ ਅਲਾਇੰਦਾ । ਹੰ ਬ੍ਰਹਮ ਦਏ ਆਧਾਰਾ, ਪਾਰਬ੍ਰਹਮ ਦਇਆ ਕਮਾਇੰਦਾ । ਲੱਖ ਚੁਰਾਸੀ ਹੋਏ ਖ਼ਵਾਰਾ, ਕਲਜੁਗ ਅੰਤਮ ਵੇਲਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲ ਮਿਲਾਇੰਦਾ । ਹਰਿ ਸੰਗਤ ਤੇਰਾ ਸਾਚਾ ਸੰਗ, ਸਤਿ ਪੁਰਖ ਨਿਰੰਜਣ ਆਪ ਨਿਭਾਈਆ । ਗ੍ਰਿਹਿ ਮੰਦਰ ਵਜਾਏ ਮਰਦੰਗ, ਨਾਮ ਮਰਦੰਗਾ ਹੱਥ ਉਠਾਈਆ ।

ਸਾਚੇ ਅਸਵ ਕਸਿਆ ਤੰਗ, ਸ਼ਾਹ ਸਵਾਰਾ ਫੇਰੀ ਪਾਈਆ । ਆਪ ਲਗਾਏ ਆਪਣੇ ਅੰਗ, ਅੰਗੀਕਾਰ ਇਕ ਰਘਰਾਈਆ । ਕੱਟਣਹਾਰਾ ਭੁੱਖ ਨੰਗ, ਜੁਗ ਜੁਗ ਗ਼ਰੀਬ ਨਿਮਾਣੇ ਗਲੇ ਲਗਾਈਆ । ਪਰਗਟ ਹੋਏ ਸੂਰਾ ਸਰਬੰਗ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮਿਲਾਵਾ ਏਕਾ ਥਾਈਆ । ਥਾਨ ਥਨੰਤਰ ਸੋਹਿਆ, ਹਰਿ ਸਤਿਗੁਰ ਆਪ ਸੁਹਾਇੰਦਾ । ਥਾਨ ਥਨੰਤਰ ਸੋਹਿਆ, ਹਰਿ ਸਤਿਗੁਰ ਚਰਨ ਟਿਕਾਇੰਦਾ । ਥਾਨ ਥਨੰਤਰ ਸੋਹਿਆ, ਹਰਿ ਸਤਿਗੁਰ ਦਇਆ ਕਮਾਇੰਦਾ । ਥਾਣ ਥਨੰਤਰ ਸੋਹਿਆ, ਹਰਿ ਹਰਿਜਨ ਮੇਲ ਮਿਲਾਇੰਦਾ । ਥਾਨ ਥਨੰਤਰ ਸੋਹਿਆ, ਹਰਿ ਹਰਿ ਹਰਿ ਰਾਗ ਸੁਣਾਇੰਦਾ । ਥਾਣ ਥਨੰਤਰ ਸੋਹਿਆ, ਹਰਿ ਦਰ ਘਰ ਇਕ ਵਖਾਇੰਦਾ । ਥਾਨ ਥਨੰਤਰ ਸੋਹਿਆ, ਹਰਿ ਦਰ ਦਰ ਅਲੱਖ ਜਗਾਇੰਦਾ । ਥਾਨ ਥਨੰਤਰ ਸੋਹਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੋਤ ਜਗਾਇੰਦਾ । ਧਰਤ ਸੁਹਾਵੀ ਥਾਨ ਸੁਹੰਜਣਾ, ਸਤਿਗੁਰ ਪੂਰਾ ਆਪ ਸੁਹਾਇੰਦਾ । ਪੁਰਖ ਅਕਾਲਾ ਦੀਨ ਦਿਆਲਾ ਜੋਤ ਜਗਾਏ ਆਦਿ ਨਿਰੰਜਣਾ, ਨਿਰਵੈਰ ਨਿਰਗੁਣ ਆਪਣਾ ਖੇਲ ਖਿਲਾਇੰਦਾ । ਦੀਨਾ ਨਾਥ ਦਿਆਲ ਠਾਕਰ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਇੰਦਾ । ਚਰਨ ਧੂੜੀ ਅਠਸਠ ਅਸ਼ਨਾਨ ਸਰੋਵਰ ਮਜਨਾ, ਕਾਗ ਹੰਸ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਆਪ ਵਡਿਆਇੰਦਾ । ਸੋਹੇ ਘਰ ਦਰ ਦਰਵਾਜ਼ਾ, ਦਰ ਭਿਖਾਰੀ ਦਇਆ ਕਮਾਇੰਦਾ । ਪਰਗਟ ਹੋ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੁਗਾ ਜੁਗੰਤਰ ਰੱਖੇ ਲਾਜਾ, ਕਲਜੁਗ ਅੰਤਮ ਵੇਖ ਵਖਾਇੰਦਾ । ਲੱਖ ਚੁਰਾਸੀ ਰਚਿਆ ਕਾਜਾ, ਨਵ ਸਤ ਆਪਣਾ ਫੇਰਾ ਪਾਇੰਦਾ । ਦੋ ਜਹਾਨਾਂ ਫਿਰੇ ਭਾਜਾ, ਸੇਵਕ ਸਾਚੀ ਸੇਵ ਕਮਾਇੰਦਾ । ਸ਼ਾਹੋ ਭੂਪ ਬਣ ਵਡ ਰਾਜਨ ਰਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਇੰਦਾ । ਖੇਲ ਖਲੰਦੜਾ ਗੋਪੀ ਕਾਹਨ, ਕਲਜੁਗ ਵੇਸ ਵਟਾਈਆ । ਦੇਵਣਹਾਰਾ ਧੁਰ ਫ਼ਰਮਾਣ, ਸ਼ਬਦੀ ਸ਼ਬਦ ਨਾਦ ਸੁਣਾਈਆ । ਗੁਰਮੁਖ ਸਾਚੇ ਵੇਖੇ ਆਣ, ਗੁਰ ਕਰਤਾ ਕੀਮਤ ਆਪੇ ਪਾਈਆ । ਗੁਰ ਮੂਰਤ ਵਖਾਏ ਇਕ ਧਿਆਨ, ਅਨਭਵ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਹਿਜ ਸੁਭਾਈਆ । ਹਰਿ ਸੰਗਤ ਹਰਿ ਪਾਇਆ, ਸਤਿਗੁਰ ਗਹਿਰ ਗੰਭੀਰ । ਜਨਮ ਮਰਨ ਦੁੱਖ ਗਵਾਇਆ, ਸਾਂਤਕ ਸਤਿ ਸਰੀਰ । ਕਰਮ ਧਰਮ ਮਿਟਾਇਆ, ਤੁਟਾ ਲੱਖ ਚੁਰਾਸੀ ਜ਼ੰਜੀਰ । ਵਰਨ ਬਰਨ ਸ਼ਰਮਾਇਆ, ਸਤਿਗੁਰ ਬਦਲਣਹਾਰਾ ਤਕਦੀਰ ਤਕਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕੱਟੇ ਤੇਰੀ ਭੀੜ । ਹਰਿਜਨ ਭੀੜ ਆਪੇ ਕੱਟ, ਦੁਖਿਆਂ ਦੁੱਖ ਨਿਵਾਰਦਾ । ਸਚ ਖੁਲ੍ਹਾਏ ਏਕਾ ਹੱਟ, ਵਣਜ ਵਣਜਾਏ ਧੁਰ ਦਰਬਾਰ ਦਾ । ਜੋਤ ਜਗਾਏ ਲਟ ਲਟ, ਅਗਿਆਨ ਅੰਧੇਰ ਨਿਵਾਰਦਾ । ਵਸਣਹਾਰਾ ਘਟ ਘਟ, ਗੁਰਮੁਖਾਂ ਪੈਜ ਸੁਆਰ ਦਾ । ਸਾਚਾ ਮਾਰਗ ਦੱਸ ਦੱਸ, ਰਾਹ ਵਖਾਏ ਪਰਵਰਦਿਗਾਰ ਦਾ । ਮੇਲ ਮਿਲਾਏ ਹੱਸ ਹੱਸ, ਊਚ ਨੀਚ ਨਾ ਕੋਇ ਵਿਚਾਰਦਾ । ਹਿਰਦੇ ਅੰਦਰ ਵਸ ਵਸ, ਆਪਣਾ ਨਾਉਂ ਆਪ ਉਚਾਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਜਨ ਭਗਤਾਂ ਪੈਜ ਆਪ ਸੁਆਰਦਾ ।

# ❋ ੨੦ ਭਾਦਰੋਂ ੨੦੧੭ ਬਿਕ੍ਰਮੀ ਪਿੰਡ ਖ਼ਲੀਲ ਬਸਤੀ ❋

ਸਤਿਗੁਰ ਪੂਰੇ ਹੱਥ ਵਡਿਆਈ, ਜੁਗ ਜਗਤ ਜੋਗ ਕਮਾਇੰਦਾ । ਭਗਤ ਭਗਵੰਤ ਹੋਏ ਸਹਾਈ, ਧੁਰ ਸੰਜੋਗੀ ਸੰਜੋਗ ਮਿਲਾਇੰਦਾ । ਸੰਤਨ ਵੇਖੇ ਥਾਉਂ ਥਾਈਂ, ਦੂਈ ਦਵੈਤੀ ਪਰਦਾ ਲਾਹਿੰਦਾ । ਗੁਰਮੁਖ ਉਠਾਏ ਫੜ ਫੜ ਬਾਂਹੀਂ, ਦਿਵਸ ਰੈਣ ਸੇਵ ਕਮਾਇੰਦਾ । ਗੁਰਸਿਖਾਂ ਮੇਲ ਮਿਲਾਏ ਚਾਈਂ ਚਾਈਂ, ਦਰ ਦਰਵੇਸ਼ ਆਪਣੀ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਇੰਦਾ । ਸਤਿਗੁਰ ਪੂਰਾ ਸਾਖ਼ਯਾਤ, ਏਕਾ ਏਕੰਕਾਰਿਆ । ਭਗਤਨ ਦੇਵੇ ਸਾਚੀ ਦਾਤ, ਨਾਮ ਵਸਤ ਅਨਮੁਲ ਭੰਡਾਰਿਆ । ਸੰਤਨ ਪੁਛੇ ਆਪੇ ਵਾਤ, ਲੇਖਾ ਜਾਣੇ ਅੰਧ ਅੰਧਿਆਰਿਆ । ਗੁਰਮੁਖਾਂ ਚਰਨ ਕਵਲ ਬੰਧਾਏ ਨਾਤ, ਤੁਟ ਨਾ ਜਾਏ ਵਿਚ ਸੰਸਾਰਿਆ । ਗੁਰਸਿਖਾਂ ਬਣੇ ਪਿਤ ਮਾਤ, ਬਾਲ ਅੰਞਾਣੇ ਗੋਦ ਬਹਾ ਰਿਹਾ । ਸ਼ਬਦ ਰੱਖੀ ਵਡ ਕਰਾਮਾਤ, ਏਕਾ ਭਾਣਾ ਹੁਕਮ ਜਣਾ ਰਿਹਾ । ਬੋਧ ਅਗਾਧੀ ਸੁਣਾਏ ਗਾਥ, ਨਾਮ ਨਿਧਾਨਾ ਆਪ ਪਰਗਟਾ ਰਿਹਾ । ਧਰਤ ਧਵਲ ਸਗਲਾ ਸਾਥ, ਸਗਲਾ ਸੰਗ ਨਿਭਾ ਰਿਹਾ । ਇਕ ਚੜ੍ਹਾਏ ਆਪਣੇ ਰਾਥ, ਰਥ ਰਥਵਾਹੀ ਆਪ ਅਖਵਾ ਰਿਹਾ । ਜੁਗਾ ਜੁਗੰਤਰ ਪੂਜਾ ਪਾਠ, ਲੋਕਮਾਤ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਾਰ ਆਪ ਕਰਾ ਰਿਹਾ । ਸਤਿਗੁਰ ਪੂਰਾ ਦੀਨਾ ਬੰਧਨ, ਬੰਧਪ ਆਪਣਾ ਨਾਉਂ ਧਰਾਈਆ । ਭਗਤਨ ਬਖ਼ਸ਼ੇ ਪਰਮਾਨੰਦਨ, ਪਰਮ ਆਤਮਾ ਮੇਲ ਮਿਲਾਈਆ । ਸੰਤ ਸੁਣਾਏ ਸੁਹਾਗੀ ਛੰਦਨ, ਗੀਤ ਗੋਬਿੰਦ ਆਪ ਅਲਾਈਆ । ਗੁਰਮੁਖ ਚੜ੍ਹਾਏ ਸਾਚੇ ਚੰਦਨ, ਰਵ ਸਸ ਮੁਖ ਸ਼ਰਮਾਈਆ । ਗੁਰਸਿਖਾਂ ਕੱਟੇ ਫੰਦਨ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਸਤਿਗੁਰ ਪੂਰਾ ਆਦਿ ਜੁਗਾਦਿ, ਨਿਰਵੈਰ ਰੂਪ ਸਮਾਇਆ । ਭਗਤ ਭਗਵੰਤ ਸਾਚੇ ਲਾਧ, ਲਹਿਣਾ ਦੇਣਾ ਮੂਲ ਚੁਕਾਇਆ । ਸੰਤਨ ਸੁਣਾਏ ਏਕਾ ਨਾਦ, ਘਰ ਮੰਦਰ ਰਿਹਾ ਵਜਾਇਆ । ਗੁਰਮੁਖਾਂ ਲਡਾਏ ਆਪਣਾ ਲਾਡ, ਆਪ ਆਪਣਾ ਮੇਲ ਮਿਲਾਇਆ । ਗੁਰਸਿਖ ਜਗਤ ਵਿਕਾਰੇ ਵਿਚੋਂ ਕਾਢ, ਸਾਚੇ ਮਾਰਗ ਲਏ ਲਗਾਇਆ । ਧੁਰ ਦੀ ਬਾਣੀ ਦੇਵੇ ਦਾਦ, ਨਾਮ ਨਾਮਾ ਇਕ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣਾ ਵੇਸ ਵਟਾਇਆ । ਸਤਿਗੁਰ ਪੂਰਾ ਹਰਿ ਭਗਵਾਨਾ, ਏਕਾ ਰੰਗ ਸਮਾਇੰਦਾ । ਭਗਤਨ ਦੇਵੇ ਬ੍ਰਹਮ ਗਿਆਨਾ, ਏਕਾ ਵਿਦਿਆ ਆਪ ਪੜ੍ਹਾਇੰਦਾ । ਸੰਤਨ ਸੁਣਾਏ ਸਚ ਤਰਾਨਾ, ਏਕਾ ਰਾਗ ਆਪ ਅਲਾਇੰਦਾ । ਗੁਰਮੁਖਾਂ ਬਠਾਏ ਨਾਮ ਬਬਾਣਾ, ਆਕਾਸ਼ ਪਰਕਾਸ਼ ਪੁਰਖ ਅਬਿਨਾਸ਼ ਪਾਰ ਕਰਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਧਿਆਨਾ, ਧਰਤ ਧਵਲ ਡੇਰਾ ਲਾਇੰਦਾ । ਏਥੇ ਓਥੇ ਬਖ਼ਸ਼ੇ ਮਾਣਾ, ਮਾਣ ਨਿਮਾਣਿਆਂ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣੀ ਰਚਨ ਰਚਾਇੰਦਾ । ਸਤਿਗੁਰ ਪੂਰਾ ਸਗਲਾ ਸਾਥਾ, ਅੰਗ ਸੰਗ ਸਮਾਇਆ । ਭਗਤਨ ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਪੂਰਬ ਲੇਖਾ ਵੇਖ ਵਖਾਇਆ । ਸੰਤਨ ਪੂਰਾ ਕਰੇ ਘਾਟਾ, ਏਕਾ ਕੰਡੇ ਸਾਚੇ ਤੋਲ ਤੁਲਾਇਆ । ਗੁਰਮੁਖਾਂ ਨੇੜੇ ਕਰੇ ਵਾਟਾ, ਦੂਰ ਦੁਰਾਡਾ ਪੰਧ ਮੁਕਾਇਆ । ਗੁਰਸਿਖਾਂ ਮੇਲ ਮਿਲਾਏ ਆਤਮ ਸੇਜ ਸਾਚੀ ਖਾਟਾ, ਘਰ ਮੰਦਰ ਸੋਭਾ ਪਾਇਆ । ਅੰਮ੍ਰਿਤ ਜਾਮ ਪਿਆਏ ਏਕਾ ਬਾਟਾ, ਰਸ ਮਿਠਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ


੧੦੬੭ ੦੯

੧੦੬੮

ਆਪਣੀ ਜੋਤ ਧਰ, ਹਰਿਜਨ ਲੇਖਾ ਲੇਖ ਮੁਕਾਇਆ । ਸਤਿਗੁਰ ਪੂਰਾ ਲੇਖ ਮੁਕਾਇੰਦਾ, ਲੇਖਾ ਲਿਖਤ ਵਿਚ ਨਾ ਆਈਆ । ਕਾਗਦ ਕਲਮ ਨਾ ਹੱਥ ਰਖਾਇੰਦਾ, ਮਸ ਰੂਪ ਨਾ ਕੋਇ ਛਾਈਆ । ਅੰਦਰ ਬੰਦ ਨਾ ਕਿਸੇ ਕਰਾਇੰਦਾ, ਹਿਸਾਬ ਕਿਤਾਬ ਨਾ ਕੋਇ ਜਣਾਈਆ । ਇਕ ਇਕੱਲਾ; ਖੇਲ ਖਿਲਾਇੰਦਾ, ਖ਼ਾਲਕ ਵੇਖੇ ਥਾਉਂ ਥਾਈਆ । ਜੁਗ ਜੁਗ ਆਪਣੀ ਜੋਤ ਜਗਾਇੰਦਾ, ਨਿਰਗੁਣ ਸਰਗੁਣ ਬੇਪਰਵਾਹੀਆ । ਹਰਿਜਨ ਸਾਚੇ ਵੇਖ ਵਖਾਇੰਦਾ, ਆਪਣਾ ਬਲ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਸਿਖ ਗੁਰ ਉਠਾਇਆ, ਸਤਿਗੁਰ ਕਿਰਪਾ ਧਾਰ । ਉਜਲ ਮੁਖ ਆਪ ਕਰਾਇਆ, ਦੁਰਮਤ ਮੈਲ ਉਤਾਰ । ਆਤਮ ਸੁਖ ਇਕ ਉਪਜਾਇਆ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਕਲਜੁਗ ਕੂੜਾ ਰੋਗ ਮਿਟਾਇਆ, ਸੋਗ ਰਹੇ ਨਾ ਵਿਚ ਸੰਸਾਰ । ਚਰਨ ਪ੍ਰੀਤੀ ਜੋਗ ਸਿਖਾਇਆ, ਦਿਵਸ ਰੈਣ ਇਕ ਪਿਆਰ । ਅਜਪਾ ਜਾਪ ਆਪਣਾ ਆਪੇ ਰਿਹਾ ਗਾਇਆ, ਜੀਵ ਜੰਤ ਨਾ ਪਾਇਣ ਸਾਰ । ਜਿਸ ਜਨ ਸਿਰ ਆਪਣਾ ਹੱਥ ਟਿਕਾਇਆ, ਤਿਸ ਜਨ ਚਾਰੇ ਬਾਣੀ ਕਰਨ ਨਿਮਸਕਾਰ । ਹਰਿ ਕੀ ਬਾਣੀ ਹਰਿ ਕਾ ਰੂਪ ਵਟਾਇਆ, ਗੁਰ ਸ਼ਬਦੀ ਸ਼ਬਦ ਜੈਕਾਰ । ਗੁਰ ਕਾ ਸ਼ਬਦ ਗੁਰ ਇਛਿਆ ਬਾਹਰ ਵਖਾਇਆ, ਭਿਛਿਆ ਪਾਏ ਆਪ ਨਿਰੰਕਾਰ । ਔਂਦਾ ਜਾਂਦਾ ਦਿਸ ਨਾ ਆਇਆ, ਲਿਖ ਲਿਖ ਕਲਮ ਕਰੇ ਵਿਚਾਰ । ਸਰਗੁਣ ਬਾਣੀ ਰੂਪ ਪਰਗਟਾਇਆ, ਚਾਰ ਖਾਣੀ ਹੋਏ ਉਧਾਰ । ਚਾਰੇ ਖਾਣੀ ਰੰਗ ਰੰਗਾਇਆ, ਮਨ ਮਤ ਬੁਧ ਪੈਜ ਸੁਆਰ । ਮਨ ਮਤ ਬੁਧ ਦਏ ਸਮਝਾਇਆ, ਪਦ ਏਕਾ ਏਕੰਕਾਰ । ਤਿੰਨਾਂ ਲੇਖਾ ਰਹਿਣ ਨਾ ਪਾਇਆ, ਘਰ ਚੌਥੇ ਮੇਲਾ ਕੰਤ ਭਤਾਰ । ਸਾਚੀ ਸਖ਼ੀ ਮਿਲ ਹਰਿ ਕੰਤ ਸਗਨ ਮਨਾਇਆ, ਸੋਹਿਆ ਬੰਕ ਦਵਾਰ । ਏਕਾ ਅਲਫ਼ੀ ਤਨ ਸ਼ੰਗਾਰ ਕਰਾਇਆ, ਲੱਖ ਚੁਰਾਸੀ ਚੋਲੀ ਗਲੋਂ ਉਤਾਰ । ਪਾਰਬ੍ਰਹਮ ਅਬਿਨਾਸ਼ੀ ਕਰਤੇ ਹਲਫ਼ੀਆ ਬਿਆਨ ਆਪ ਸੁਣਾਇਆ, ਉਚੀ ਕੂਕ ਕੂਕ ਪੁਕਾਰ । ਜੁਗ ਜੁਗ ਭਗਤ ਤੇਰਾ ਸੰਗ ਨਿਭਾਇਆ, ਵਿਛੜ ਨਾ ਜਾਵਾਂ ਵਿਚ ਸੰਸਾਰ । ਤੇਰਾ ਤਨ ਮਰਦੰਗ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਖੇਲ ਅਪਾਰ । ਖੇਲ ਅਪਾਰ ਸਤਿਗੁਰ ਮੀਤ, ਗੁਰਦੇਵ ਆਪ ਕਰਾਈਆ । ਆਦਿ ਜੁਗਾਦੀ ਅਚਰਜ ਰੀਤ, ਪ੍ਰੀਤ ਬਿਪ੍ਰੀਤ ਰੂਪ ਵਟਾਈਆ । ਜੀਵ ਜਹਾਨਾਂ ਪਰਖੇ ਨੀਤ, ਹਸਤ ਕੀਟ ਵੇਖ ਵਖਾਈਆ । ਗੁਰਮੁਖ ਵਿਰਲਾ ਗੋਬਿੰਦ ਗਾਏ ਗੀਤ, ਰਸਨਾ ਜਿਹਵਾ ਨਾ ਕੋਇ ਹਲਾਈਆ । ਅੰਦਰ ਮੇਲਾ ਧਾਮ ਅਨਡੀਠ, ਹਰਿ ਹਿਰਦੇ ਵਿਚ ਸਮਾਈਆ । ਪਾਰਬ੍ਰਹਮ ਬ੍ਰਹਮ ਕਾਇਆ ਕਪੜ ਕਰੇ ਪਤਿਤ ਪੁਨੀਤ, ਪਤਿਤ ਪਾਵਣ ਆਪਣੇ ਹੱਥ ਰੱਖੇ ਵਡਿਆਈਆ । ਹਰਿਜਨ ਰੱਖੇ ਠਾਂਡਾ ਸੀਤ, ਅਗਨੀ ਤਤ ਨਾ ਲਗੇ ਰਾਈਆ । ਜਿਸ ਜਨ ਸਤਿਗੁਰ ਪੂਰਾ ਰੱਖਿਆ ਚੀਤ, ਚੇਤਨ ਰੂਪ ਸਰਬ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਲੇਖੇ ਪਾਈਆ । ਹਰਿਜਨ ਲੇਖਾ ਲੇਖੇ ਪਾਵਣਾ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖਾਂ ਏਕਾ ਰਾਹ ਵਖਾਵਣਾ, ਚਾਰ ਵਰਨਾਂ ਦਏ ਆਧਾਰ । ਊਚ ਨੀਚ ਪਾਰ ਕਰਾਵਣਾ, ਰਾਓ ਰੰਕ ਦਏ ਆਧਾਰ । ਏਕਾ ਸ਼ਬਦ ਦੋ ਅੱਖਰ ਆਪ ਪੜ੍ਹਾਵਣਾ, ਚੌਥੇ ਜੁਗ ਕਰੇ ਖ਼ਵਾਰ । ਬ੍ਰਹਮ ਪਾਰਬ੍ਰਹਮ ਮਿਲਾਵਣਾ, ਵਿਛੋੜਾ ਰਹੇ ਨਾ ਪੁਰਖ ਨਾਰ । ਜਿਸ ਜਨ ਸੋਹੰ ਰਸਨਾ ਗਾਵਣਾ, ਵੇਲੇ ਅੰਤ ਨਾ ਹੋਏ ਖ਼ਵਾਰ । ਨਿਰਗੁਣ ਘਰ ਘਰ ਫੇਰਾ ਪਾਵਣਾ, ਜੋਤੀ ਜਾਮਾ ਭੇਖ ਅਪਾਰ । ਸ਼ਬਦ ਬਬਾਣਾ ਆਪਣੇ ਕੰਧ ਉਠਾਵਣਾ, ਸੰਗ ਰੱਖੇ ਨਾ ਕੋਇ

ਕਹਾਰ । ਗ਼ਰੀਬ ਨਿਮਾਣਾ ਗੁਰਸਿਖ ਆਪਣੀ ਡੋਲੀ ਆਪ ਬਹਾਵਣਾ, ਸਗਨ ਮਨਾਏ ਸਿਰਜਣਹਾਰ । ਪ੍ਰੇਮ ਰਸਾਲੂ ਤਨ ਪਹਿਨਾਵਣਾ, ਨਾਮ ਬਸਤਰ ਕਰੇ ਸ਼ੰਗਾਰ । ਸਤਿ ਕੱਜਲ ਧਾਰ ਬੰਧਾਵਣਾ, ਬ੍ਰਹਮ ਨੇਤਰ ਨੀਰ ਰੋਵੇ ਜ਼ਾਰੋ ਜ਼ਾਰ । ਪ੍ਰੇਮ ਰੰਗਣ ਇਕ ਰੰਗਾਵਣਾ, ਮਹਿੰਦੀ ਦਿਸੇ ਨਾ ਵਿਚ ਸੰਸਾਰ । ਸਾਚੀ ਸਖ਼ੀ ਆਪ ਅਖਵਾਵਣਾ, ਸੀਸ ਗੁੰਦੇ ਨੈਣ ਬਣ ਨਿਰੰਕਾਰ । ਆਪਣੇ ਅੰਮ੍ਰਿਤ ਮੁਖ ਜੁਠਾਵਣਾ, ਜੂਠੀ ਝੂਠੀ ਕਿਰਿਆ ਦਏ ਨਵਾਰ । ਸਾਚੀ ਡੋਲੀ ਆਪ ਚੜ੍ਹਾਵਣਾ, ਸੂਰਜ ਚੰਨ ਨਾ ਦਿਸੇ ਕੋਇ ਉਜਿਆਰ । ਦੋ ਜਹਾਨਾ ਪੈਂਡਾ ਆਪ ਮੁਕਾਵਣਾ, ਕੋਟਨ ਕੋਟ ਜੋ ਜਨ ਰਹੇ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਦੇਵੇ ਏਕਾ ਵਰ, ਸਤਿਗੁਰ ਚਰਨ ਪ੍ਰੀਤੀ ਸਾਚੀ ਕਾਰ । ਚਰਨ ਪ੍ਰੀਤ ਦਰਸ ਪਰਸ ਗੁਰਦੇਵ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਅੰਤ ਕਾਲ ਮਿਲੇ ਮੇਲ ਅਲੱਖ ਅਭੇਵ, ਅਰਸ਼ ਫ਼ਰਸ਼ ਹੋਏ ਸਹਾਈਆ । ਜਨ ਜਨਨੀ ਜਗ ਲਾਏ ਸੇਵ, ਜੁਗ ਚਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਲੇਖਾ ਆਪ ਮੁਕਾਈਆ । ਗੁਰਸਿਖ ਲੇਖਾ ਮੁੱਕਿਆ, ਲੱਖ ਚੁਰਾਸੀ ਤੁਟਾ ਫੰਦ । ਕਲਜੁਗ ਵੇਲਾ ਅੰਤਮ ਢੁਕਿਆ, ਸ੍ਰਿਸ਼ਟ ਸਬਾਈ ਨੇਤਰ ਅੰਧ । ਫੁਲ ਫਲਵਾੜੀ ਬੂਟਾ ਸੁੱਕਿਆ, ਨਵ ਨਵ ਹੋਏ ਖੰਡ ਖੰਡ । ਨਿਰਗੁਣ ਨੌ ਨੌ ਚਾਰ ਰਿਹਾ ਲੁਕਿਆ, ਅੰਤਮ ਮੁਕਾਏ ਆਪਣਾ ਪੰਧ । ਗੁਰਮੁਖਾਂ ਅੱਗੇ ਆਪੇ ਝੁਕਿਆ, ਆਪਣਾ ਗੀਤ ਗਾਏ ਆਪ ਸੁਣਾਏ ਛੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਇਕ ਅਨੇਕ ਵਖਾਏ ਪਰਮਾਨੰਦ ।



੦੯ ੦੯

✻ ੨੦ ਭਾਦਰੋਂ ੨੦੧੭ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹਿ ਪਿੰਡ ਨਿਧਾਂ ਵਾਲੀ ਜ਼ਿਲਾ ਫਿਰੋਜਪੁਰ ✻

ਸਤਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਅਗੰਮ ਅਗੰਮੜੀ ਕਾਰ ਕਰਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਵਾਲੀ ਦੋ ਜਹਾਨ, ਜੂਨੀ ਰਹਿਤ ਵੇਸ ਵਟਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਧਾਰੀ ਆਪ ਅਖਵਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਧੁਰ ਫ਼ਰਮਾਣ, ਹੁਕਮੀ ਹੁਕਮ ਆਪ ਵਰਤਾਇੰਦਾ । ਸ੍ਰੀ ਭਗਵਾਨ ਦਰ ਦਰਵੇਸ਼ ਬਣ ਦਰਬਾਨ, ਦਰ ਘਰ ਸਾਚੇ ਅਲੱਖ ਜਗਾਇੰਦਾ । ਪਾਰਬ੍ਰਹਮ ਆਪ ਆਪਣਾ ਕਰ ਪਰਵਾਨ, ਆਪਣਾ ਲੇਖਾ ਆਪੇ ਲਾਇੰਦਾ । ਵਸਣਹਾਰਾ ਨਿਰਗੁਣ ਸਚ ਮਕਾਨ, ਸਚਖੰਡ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਇੰਦਾ । ਸਤਿ ਪੁਰਖ ਨਿਰੰਜਣ ਉਚ ਅਗੰਮ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਨਾ ਮਰੇ ਨਾ ਪਏ ਜੰਮ, ਜੂਨੀ ਜੂਨ ਨਾ ਕੋਇ ਭਵਾਇੰਦਾ । ਸੋ ਪੁਰਖ ਨਿਰੰਜਣ ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਖ਼ੁਸ਼ੀ ਗ਼ਮ ਨਾ ਕੋਇ ਵਖਾਇੰਦਾ । ਏਕੰਕਾਰਾ ਆਦਿ ਜੁਗਾਦਿ ਜਾਣੇ ਆਪਣਾ ਕੰਮ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਆਦਿ ਨਿਰੰਜਣ ਆਪਣਾ ਕਰ ਆਪ ਪਰਕਾਸ਼ ਨਾ ਕੋਈ ਵਖਾਏ ਸੂਰਜ ਚੰਨ, ਨੂਰੋ ਨੂਰ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬੇੜਾ ਬੰਨ੍ਹ, ਸਚ ਮਲਾਹ

ਆਪ ਹੋ ਜਾਇੰਦਾ । ਸ੍ਰੀ ਭਗਵਾਨ ਆਪਣਾ ਹੁਕਮ ਆਪੇ ਮੰਨ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਪਾਰਬ੍ਰਹਮ ਕਿਸੇ ਜਨਨੀ ਨਾ ਜਣਿਆ ਜਨ, ਮਾਤ ਪਿਤ ਨਾ ਕੋਇ ਬਣਾਇੰਦਾ । ਨਾ ਕੋਈ ਰਾਗ ਨਾਦ ਸੁਣੇ ਕੰਨ, ਤਾਲ ਤਲਵਾੜਾ ਨਾ ਕੋਇ ਵਜਾਇੰਦਾ । ਨਾ ਕੋਈ ਮਾਲ ਦੌਲਤ ਦਿਸੇ ਧਨ, ਜਗਤ ਖਜ਼ੀਨਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸਤਿ ਪੁਰਖ ਨਿਰੰਜਣ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਵਸਣਹਾਰਾ ਧਾਮ ਨਿਆਰਾ, ਉਚ ਮਹੱਲ ਅਟੱਲ ਆਪ ਸੁਹਾਇੰਦਾ । ਆਦਿ ਨਿਰੰਜਣ ਆਪਣਾ ਰੂਪ ਕਰੇ ਨਿਆਰਾ, ਰੂਪ ਅਨੂਪ ਆਪ ਹੋ ਜਾਇੰਦਾ । ਸ੍ਰੀ ਭਗਵਾਨ ਬਣ ਸ਼ਾਹ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਸੋਹੇ ਦਰ ਦਰਬਾਰਾ, ਦਰ ਦਰਵਾਜ਼ਾ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਸੇਵਾਦਾਰਾ, ਯਾਚਕ ਸੇਵਾ ਆਪ ਕਮਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਨਿਰਗੁਣ ਧਾਰਾ ਆਪਣੀ ਆਪ ਚਲਾਇੰਦਾ । ਘਰ ਵਿਚ ਘਰ ਕਰ ਤਿਆਰਾ, ਥਿਰ ਘਰ ਬੈਠੇ ਸੱਚੀ ਸਰਕਾਰਾ, ਸ਼ਾਹ ਸੁਲਤਾਨ ਆਪਣਾ ਨਾਉਂ ਧਰਾਇੰਦਾ । ਆਪੇ ਨਾਰੀ ਕੰਤ ਭਤਾਰਾ, ਸਚ ਸੁਹੰਜਣੀ ਸੇਜ ਆਪ ਸੁਹਾਇੰਦਾ । ਆਪੇ ਕਰੇ ਅਗੰਮੀ ਕਾਰਾ, ਅਗੰਮ ਅਗੰਮੜਾ ਵੇਖ ਵਖਾਇੰਦਾ । ਸੁਤ ਉਪਜਾਏ ਸ਼ਬਦ ਦੁਲਾਰਾ, ਮਾਤ ਪਿਤ ਸਾਚਾ ਹਿਤ ਆਪ ਕਰਾਇੰਦਾ । ਚਰਨ ਕਵਲ ਅੰਮ੍ਰਿਤ ਬਖਸ਼ੇ ਠੰਡੀ ਠਾਰਾ, ਸਾਂਤਕ ਸਤਿ ਸਤਿ ਵਰਤਾਇੰਦਾ । ਦੂਸਰ ਅਵਰ ਨਾ ਕੋਇ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਹਰਿ ਜੂ ਬੈਠਾ ਏਕਾ ਕੰਤ, ਕੰਤ ਕੰਤੂਲ ਸਾਚਾ ਧਾਮ ਸੁਹਾਈਆ । ਸਾਚਾ ਧਾਮ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਆਪਣੇ ਦਰ ਆਪੇ ਕਰੇ ਮਜਨਾ, ਆਪਣਾ ਸਰੋਵਰ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਆਪੇ ਰੱਖੇ ਆਪਣੀ ਲਜਣਾ, ਆਪਣਾ ਪਰਦਾ ਆਪੇ ਪਾਇੰਦਾ । ਏਕੰਕਾਰਾ ਨਾ ਘੜਿਆ ਨਾ ਭੱਜਣਾ, ਘੜਨ ਭੰਨਣਹਾਰ ਪੁਰਖ ਸਮਰਥ ਆਪਣਾ ਨਾਉਂ ਧਰਾਇੰਦਾ । ਆਦਿ ਨਿਰੰਜਣ ਸਾਚੇ ਮੰਦਰ ਆਪਣੇ ਦੀਪਕ ਆਪੇ ਜਗਣਾ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਸ੍ਰੀ ਭਗਵਾਨ ਸਾਚਾ ਸੱਜਣਾ, ਆਦਿ ਜੁਗਾਦਿ ਜੁਗਾ ਜੁਗੰਤਰ ਸਗਲਾ ਸੰਗ ਨਿਭਾਇੰਦਾ । ਸ੍ਰੀ ਭਗਵਾਨ ਸਾਚੇ ਮੰਦਰ ਆਪੇ ਵਸਣਾ, ਹਰਿ ਮੰਦਰ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਨਿਰਗੁਣ ਨਿਰਗੁਣ ਮਿਲ ਮਿਲ ਹੱਸਣਾ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਆਪ ਸੁਹਾਏ, ਨਿਰਗੁਣ ਨਿਰਵੈਰ ਜੋਤ ਜਗਾਏ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਰੂਪ ਰੰਗ ਨਾ ਕੋਇ ਰੇਖਾ, ਵੇਸ ਅਵੱਲੜਾ ਆਪ ਕਰਾਈਆ । ਸੋ ਪੁਰਖ ਨਿਰੰਜਣ ਨਰ ਨਰੇਸ਼ਾ, ਨਰ ਨਰਾਇਣ ਬੈਠਾ ਆਸਣ ਲਾਈਆ । ਹਰਿ ਪੁਰਖ ਨਿਰੰਜਣ ਆਪਣੇ ਨੇਤਰ ਆਪੇ ਪੇਖਾ, ਦੋਏ ਲੋਚਣ ਨਾ ਕੋਇ ਖੁਲ੍ਹਾਈਆ । ਏਕੰਕਾਰਾ ਨਾ ਕੋਈ ਮੁੱਛ ਦਾੜ੍ਹੀ ਦਿਸੇ ਕੇਸਾ, ਸੀਸ ਜਗਦੀਸ ਨਾ ਮੂੰਡ ਮੁੰਡਾਈਆ । ਆਦਿ ਨਿਰੰਜਣ ਕਰਿਆ ਵੇਸਾ, ਨਿਰਾਕਾਰ ਆਪਣੀ ਕਲ ਧਰਾਈਆ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਲੇਖਾ, ਲੇਖਾ ਆਪਣੇ ਹੱਥ ਰਖਾਈਆ । ਅਬਿਨਾਸ਼ੀ ਕਰਤਾ ਆਪਣੇ ਜੋਤ ਆਪ ਪਰਵੇਸਾ, ਤਤਵ ਤਤ ਨਾ ਕੋਇ ਬਣਾਈਆ । ਪਾਰਬ੍ਰਹਮ ਪ੍ਰਭ ਕਰੇ ਆਦੇਸਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ, ਨਿਰਗੁਣ ਨਿਰਵੈਰ ਦੇਵੇ ਸਚ ਸੰਦੇਸ਼ਾ, ਸ਼ਬਦ


੧੦੭੦ ੦੯

ਅਨਾਦੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚੇ ਦਏ ਵਡਿਆਈਆ । ਦਰ ਘਰ ਸਾਚੇ ਵਡ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਨਿਰਵੈਰ ਬੈਠਾ ਜੋਤ ਜਗਾਈ, ਅਲੱਖ ਨਿਰੰਜਣ ਆਪਣੀ ਅਲੱਖ ਆਪ ਜਗਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ ਥਾਉਂ ਥਾਈ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਸਤਿ ਪੁਰਖ ਨਿਰੰਜਣ ਖੇਲੇ ਖੇਲ ਬੇਪਰਵਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਜੋਤ ਉਜਾਲਾ, ਪਾਰਬ੍ਰਹਮ ਪ੍ਰਭ ਵਸੇ ਸਚਖੰਡ ਸੱਚੀ ਧਰਮਸਾਲਾ, ਦੂਸਰ ਦਰ ਨਾ ਕੋਇ ਵਖਾਇੰਦਾ । ਸਚਖੰਡ ਦਵਾਰੇ ਵਸਿਆ, ਏਕਾ ਰੰਗ ਸਮਾਏ । ਆਪਣੇ ਮੰਦਰ ਬਹਿ ਬਹਿ ਆਪੇ ਹੱਸਿਆ, ਆਪ ਆਪਣਾ ਸਗਨ ਮਨਾਏ । ਆਪਣੀ ਜੋਤ ਆਪੇ ਕਰੇ ਪਰਕਾਸਿਆ, ਪਰਕਾਸ਼ ਪਰਕਾਸ਼ ਵਿਚ ਟਿਕਾਏ । ਆਪਣਾ ਨਾਉਂ ਧਰਾਏ ਪੁਰਖ ਅਬਿਨਾਸਿਆ, ਨਾ ਮਰੇ ਨਾ ਜਾਏ । ਜੁਗਾ ਜੁਗੰਤਰ ਹੋਏ ਦਾਸੀ ਦਾਸਿਆ, ਸੇਵਕ ਸੇਵਾ ਸੇਵ ਕਮਾਏ । ਲੇਖਾ ਰੱਖੇ ਨਾ ਪ੍ਰਿਥਮੀ ਆਕਾਸਿਆ, ਮੰਡਲ ਮੰਡਪ ਨਾ ਕੋਇ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰਾ, ਕਰੇ ਖੇਲ ਅਗੰਮ ਅਪਾਰਾ, ਸਚਖੰਡ ਦਵਾਰ ਆਪ ਸੁਹਾਏ । ਸਚਖੰਡ ਦਵਾਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਜੋਤ ਜਗਾਏ ਇਕ ਨਿਰੰਜਣਾ, ਨੂਰੋ ਨੂਰ ਡਗਮਗਾਇੰਦਾ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਨਾ ਘੜਿਆ ਨਾ ਭੱਜਣਾ, ਰੂਪ ਅਨੂਪ ਆਪ ਪਰਗਟਾਇੰਦਾ । ਥਿਰ ਘਰ ਮੇਲਾ ਆਪ ਮਿਲਾਏ ਆਪਣੇ ਸੱਜਣਾ, ਸੱਜਣ ਮੀਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਥਿਰ ਘਰ ਸਾਚਾ ਆਪ ਸੁਹਾਇੰਦਾ । ਥਿਰ ਘਰ ਸਚ ਸੁਹਾਵਣਾ, ਪਾਰਬ੍ਰਹਮ ਸੁਹਾਈਆ । ਆਪਣਾ ਗੀਤ ਆਪੇ ਗਾਵਣਾ, ਆਪਣੀ ਇਛਿਆ ਪੂਰ ਕਰਾਈਆ । ਆਪਣਾ ਕੰਤ ਆਪ ਹੰਢਾਵਣਾ, ਆਪ ਆਪਣੀ ਸੇਜ ਸੁਹਾਈਆ । ਆਪਣੀ ਬਣਤ ਆਪ ਬਣਾਵਣਾ, ਆਪੇ ਵੇਖੇ ਚਾਈਂ ਚਾਈਆ । ਆਪਣਾ ਰੰਗ ਆਪ ਰੰਗਾਵਣਾ, ਰੰਗ ਰੰਗੀਲਾ ਸਾਚਾ ਮਾਹੀਆ । ਆਪਣਾ ਕਬੀਲਾ ਆਪ ਉਪਜਾਵਣਾ, ਪੂਤ ਸਪੂਤਾ ਆਪੇ ਜਾਈਆ । ਸੁਤ ਦੁਲਾਰਾ ਨਾਉਂ ਧਰਾਵਣਾ, ਸ਼ਬਦੀ ਸ਼ਬਦ ਸ਼ਬਦ ਸਲਾਹੀਆ । ਏਕਾ ਅੱਖਰ ਆਪ ਪੜ੍ਹਾਵਣਾ, ਦੂਜੀ ਵਿਦਿਆ ਨਾ ਕੋਇ ਪੜ੍ਹਾਈਆ । ਏਕਾ ਸੱਥਰ ਆਪ ਵਿਛਾਵਣਾ, ਆਪਣੀਆਂ ਭੁਜਾਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਅਲੱਖ ਅਗੰਮ ਅਥਾਹ ਆਪਣੀ ਦਇਆ ਆਪ ਕਮਾਈਆ । ਦਇਆ ਕਰ ਕਰੇ ਉਤਪਤ, ਸ਼ਬਦੀ ਸੁਤ ਦੁਲਾਰਾ ਜਾਇਆ । ਹੱਡ ਮਾਸ ਨਾੜੀ ਨਾ ਦਿਸੇ ਰਤ, ਰਕਤ ਬੂੰਦ ਨਾ ਮੇਲ ਮਿਲਾਇਆ । ਰੂਪ ਪਰਗਟਾਏ ਨਾ ਕੋਈ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਰੰਗ ਰੰਗਾਇਆ । ਤ੍ਰੈਗੁਣ ਮਾਇਆ ਨਾ ਰੰਗੇ ਰਤ, ਮਨ ਮਤ ਬੁਧ ਨਾ ਕੋਇ ਧਰਾਇਆ । ਕਰੇ ਖੇਲ ਹਰਿ ਕਮਲਾਪਤ, ਆਪ ਆਪਣੀ ਰਚਨ ਰਚਾਇਆ । ਵੇਸ ਅਨੇਕਾ ਕਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਆਪਣੇ ਹੱਥ ਰੱਖੇ ਵਡਿਆਈਆ । ਦੇਵੇ ਮਾਣ ਸਾਚੇ ਸੁੱਤ, ਧੰਨ ਧੰਨ ਜਣੇਂਦੀ ਮਾਇਆ । ਆਪ ਸੁਹਾਏ ਆਪਣੀ ਰੁੱਤ, ਸਚਖੰਡ ਦਵਾਰੇ ਸੋਭਾ ਪਾਇਆ । ਆਪਣੀ ਗੋਦੀ ਆਪੇ ਚੁੱਕ, ਆਪੇ ਰਿਹਾ ਖਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਏ, ਜੋਤੀ ਜੋਤ ਆਪ ਜਗਾਇਆ । ਜੋਤੀ ਜਾਤਾ ਹਰਿ ਨਿਰੰਕਾਰ, ਆਪਣੀ ਕਲ ਆਪ ਵਰਤਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ,

ਨੂਰੋ ਨੂਰ ਡਗਮਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਾਚਾ ਹੁਕਮ ਆਪ ਚਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜ ਰਾਜਾਨ ਆਪਣਾ ਨਾਉਂ ਧਰਾਇੰਦਾ । ਸੀਸ ਬੰਨ੍ਹ ਸੱਚੀ ਦਸਤਾਰ, ਸਾਚਾ ਤਾਜ ਆਪ ਟਿਕਾਇੰਦਾ । ਪੰਚਮ ਮੁਖ ਮੁਖ ਕਰ ਤਿਆਰ, ਸ਼ਬਦ ਨਾਦ ਧੁਨ ਵਜਾਇੰਦਾ । ਤੁਰਯਾ ਰਾਗ ਅਪਰ ਅਪਾਰ, ਪਾਰਬ੍ਰਹਮ ਆਪਣਾ ਆਪੇ ਗਾਇੰਦਾ । ਬੋਧ ਅਗਾਧੀ ਏਕਾ ਕਾਰ, ਹਰਿ ਜੂ ਹਰਿ ਹਰਿ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਹਰਿ ਵਡਿਆਇੰਦਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਸਾਚੇ ਸੁਤ ਦਇਆ ਕਮਾਇੰਦਾ, ਏਕਾ ਹੁਕਮ ਰਿਹਾ ਸਮਝਾਈਆ । ਆਪਣਾ ਵੇਲਾ ਵਕਤ ਆਪਣੇ ਹੱਥ ਰਖਾਇੰਦਾ, ਥਿਤ ਵਾਰ ਨਾ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੇ ਵਰ, ਧੁਰ ਫ਼ਰਮਾਣਾ ਇਕ ਜਣਾਈਆ । ਧੁਰ ਫ਼ਰਮਾਣਾ ਹਰਿ ਭਗਵਾਨ, ਆਪਣਾ ਆਪ ਸੁਹਾਇੰਦਾ । ਸਾਚੇ ਤਖ਼ਤ ਬੈਠ ਸੁਲਤਾਨਾ, ਆਦਲ ਅਦਲ ਕਮਾਇੰਦਾ । ਏਕਾ ਮੰਦਰ ਇਕ ਟਿਕਾਣਾ, ਇਕ ਬਬਾਣਾ ਆਪ ਉਡਾਇੰਦਾ । ਏਕਾ ਰਾਜ ਇਕ ਰਾਜਾਨਾ, ਏਕਾ ਰਯੱਤ ਵੇਖ ਵਖਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਧੁਨ ਸੁਣਾਇੰਦਾ । ਏਕਾ ਵਰਤੇ ਆਪਣਾ ਭਾਣਾ, ਆਪਣੇ ਭਾਣੇ ਸਦ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦੇਵੇ ਵਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਨਾਮ ਆਧਾਰ, ਆਪਣੀ ਝੋਲੀ ਆਪ ਭਰਾਈਆ । ਏਕਾ ਹੁਕਮ ਵਰਤੇ ਵਰਤਾਰ, ਹੁਕਮੀ ਹੁਕਮ ਸਰਬ ਫਿਰਾਈਆ । ਸਤਿ ਵਣਜਾਰੇ ਕਰਨਾ ਸਾਚਾ ਵਣਜ ਵਪਾਰ, ਭੁੱਲ ਰਹੇ ਨਾ ਰਾਈਆ । ਕਿਰਪਾ ਕਰੇ ਆਪ ਕਰਤਾਰ, ਤੇਰੀ ਸੇਵਾ ਸਚ ਲਗਾਈਆ । ਲੋਅ ਪੁਰੀ ਬ੍ਰਹਿਮੰਡ ਖੰਡ ਮਹੱਲ ਉਸਾਰ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਅੰਸ ਉਪਜਾਈਆ । ਤ੍ਰੈਗੁਣ ਤੇਰਾ ਤਤ ਭੰਡਾਰ, ਪੰਚਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭਿਛਿਆ ਰਿਹਾ ਵਰਤਾਈਆ । ਏਕਾ ਭਿਛਿਆ ਨਾਮ ਅਨਮੋਲ, ਆਪਣੀ ਝੋਲੀ ਆਪ ਭਰਾਇੰਦਾ । ਸਚਖੰਡ ਨਵਾਸੀ ਬੋਲੇ ਸਾਚਾ ਬੋਲ, ਆਪਣਾ ਹੁਕਮ ਆਪ ਜਣਾਇੰਦਾ । ਇਕ ਇਕੱਲਾ ਨਿਰਗੁਣ ਨਿਰਵੈਰ ਬੈਠਾ ਤੋਲੇ ਤੋਲ, ਤੋਲਣਹਾਰਾ ਦਿਸ ਨਾ ਆਇੰਦਾ । ਆਦਿ ਜੁਗਾਦਿ ਰਹੇ ਅਡੋਲ, ਅਡੁਲ ਆਪਣੀ ਕਾਰ ਕਰਾਇੰਦਾ । ਆਪੇ ਵਸੇ ਆਪਣੇ ਕੋਲ, ਆਪਣਾ ਪਰਦਾ ਆਪੇ ਲਾਹਿੰਦਾ । ਆਪੇ ਮਰਦੰਗ ਨਾਮ ਢੋਲ, ਆਪੇ ਧੁਨ ਨਾਦ ਸੁਣਾਇੰਦਾ । ਆਪੇ ਸ਼ਬਦੀ ਸ਼ਬਦ ਰਿਹਾ ਮੌਲ, ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਏਕਾ ਘਰ, ਘਰ ਸਾਚਾ ਇਕ ਉਪਾਇੰਦਾ । ਏਕਾ ਘਰ ਏਕਾ ਹਰਿ, ਏਕਾ ਮੰਦਰ ਸੋਭਾ ਪਾਈਆ । ਏਕਾ ਨਾਰੀ ਏਕਾ ਨਰ, ਨਰ ਨਰਾਇਣ ਇਕ ਅਖਵਾਈਆ । ਇਕ ਦਵਾਰ ਇਕ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਇਕ ਸਰੋਵਰ ਇਕ ਸਰ, ਏਕਾ ਰਿਹਾ ਨੁਹਾਈਆ । ਏਕਾ ਘਾੜਨ ਏਕਾ ਰਿਹਾ ਘੜ, ਏਕਾ ਭੰਨ ਵਖਾਈਆ । ਏਕਾ ਅੰਦਰ ਇਕ ਧਰ, ਇਕ ਇਕ ਨਾਮ ਜੋੜ ਜੁੜਾਈਆ । ਵਿਸ਼ਵ ਰੂਪ ਆਪੇ ਕਰ, ਵਿਸ਼ਨ ਆਪਣਾ ਬੰਸ ਸੁਹਾਈਆ । ਵਿਸ਼ਨ ਅੰਦਰ ਆਪੇ ਵੜ, ਕਵਲ ਨਾਭੀ ਫੁੱਲ ਖਿਲਾਈਆ । ਕਵਲਾ ਅੰਮ੍ਰਿਤ ਵੇਖੇ ਸਰ, ਨਾਭੀ ਧਾਰਾ ਆਪ ਚਲਾਈਆ । ਆਪੇ ਆਪਣਾ ਪਰਕਾਸ਼ ਕਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦੇਵੇ ਸਾਚਾ ਵਰ, ਸਾਚੀ

ਵੰਡ ਆਪ ਵੰਡਾਈਆ । ਆਪੇ ਵਿਸ਼ਨ ਆਪੇ ਅੰਤਰ, ਆਪੇ ਬਾਹਰ ਸਮਾਇੰਦਾ । ਆਪੇ ਸ਼ਬਦ ਆਪੇ ਗੁਰ ਮੰਤਰ ਇਸ਼ਟ ਰੂਪ ਪਰਗਟਾਇੰਦਾ । ਆਪ ਬਣਾਏ ਆਪਣੀ ਬਣਤਰ, ਆਪੇ ਕਵਲਾ ਕਵਲ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣਾ ਰੰਗ ਆਪ ਚੜ੍ਹਾਇੰਦਾ । ਆਪਣਾ ਰੰਗ ਆਪੇ ਰੰਗ, ਆਪੇ ਵੇਖ ਵਖਾਈਆ । ਅਬਿਨਾਸ਼ੀ ਕਰਤਾ ਸੂਰਾ ਸਰਬੰਗ, ਘਰ ਬੈਠਾ ਸੋਭਾ ਪਾਈਆ । ਵਿਸ਼ਨੂੰ ਦਵਾਰੇ ਆਪੇ ਲੰਘ, ਪਾਰਬ੍ਰਹਮ ਰੂਪ ਪਰਗਟਾਈਆ । ਬ੍ਰਹਮ ਬ੍ਰਹਮ ਵੱਜੇ ਮਰਦੰਗ, ਕਵਲ ਕਵਲ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਧਾਰ ਵਿਚੋਂ ਪਰਗਟਾਈਆ । ਧਾਰ ਵਿਚੋਂ ਧਾਰ ਕੱਢ, ਹਰਿ ਸਾਚਾ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਲਡਾਏ ਲਡ, ਆਪ ਆਪਣਾ ਮੇਲ ਮਿਲਾਇੰਦਾ । ਨਿਰਗੁਣ ਨਿਰਗੁਣ ਕਰਿਆ ਅੱਡ, ਆਪਣੀ ਵੰਡ ਆਪਣੇ ਹੱਥ ਰਖਾਇੰਦਾ । ਵੇਖਣਹਾਰ ਹਰਿ ਬ੍ਰਹਿਮੰਡ, ਬ੍ਰਹਮ ਜੋਤੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਲਾਇੰਦਾ । ਖੇਲ ਖਲੰਦੜਾ ਵਡ ਖਲਾਰੀ, ਏਕਾ ਏਕੰਕਾਰਿਆ । ਪਾਰਬ੍ਰਹਮ ਬ੍ਰਹਮ ਕਰ ਪਸਾਰੀ, ਵਿਸ਼ਨ ਦੇਵੇ ਇਕ ਆਧਾਰਿਆ । ਏਕਾ ਜੋਤ ਜੋਤ ਨਿਰਾਕਾਰੀ, ਆਪਣਾ ਦੀਪਕ ਆਪ ਜਗਾ ਰਿਹਾ । ਏਕਾ ਸ਼ਬਦ ਸ਼ਬਦ ਧੁਨਕਾਰੀ, ਨਾਦ ਅਨਾਦੀ ਆਪ ਸੁਣਾ ਰਿਹਾ । ਏਕਾ ਰੂਪ ਅਗੰਮ ਅਪਾਰੀ, ਅਗੰਮ ਅਗੰਮੜਾ ਆਪ ਵਖਾ ਰਿਹਾ । ਇਕ ਮਹੱਲ ਇਕ ਅਟਾਰੀ, ਨੇਹਚਲ ਧਾਮ ਆਪ ਸੁਹਾ ਰਿਹਾ । ਏਕਾ ਸ਼ਾਹੋ ਭੂਪ ਸੱਚਾ ਸਿਕਦਾਰੀ, ਤਖ਼ਤ ਤਾਜ ਇਕ ਜਣਾ ਰਿਹਾ । ਏਕਾ ਹੁਕਮ ਇਕ ਵਰਤਾਰੀ, ਏਕਾ ਭਾਣਾ ਸਦ ਰਖਾ ਰਿਹਾ । ਏਕਾ ਸੁਤ ਇਕ ਦੁਲਾਰੀ, ਏਕਾ ਮਾਤ ਪਿਤ ਰੂਪ ਪਰਗਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਖੇਲੇ ਖੇਲ ਤਮਾਸ਼ਾ, ਆਪਣੇ ਮੰਡਲ ਆਪਣੀ ਰਾਸ ਆਪ ਰਚਾ ਰਿਹਾ । ਵਿਸ਼ਨ ਬ੍ਰਹਮਾ ਕਰ ਤਿਆਰ, ਸ਼ੰਕਰ ਸੰਗ ਨਿਭਾਇਆ । ਤਿੰਨਾਂ ਵਿਚੋਲਾ ਸਿਰਜਣਹਾਰ, ਦਿਸ ਕਿਸੇ ਨਾ ਆਇਆ । ਸ਼ਬਦ ਸੋਹਲਾ ਏਕੰਕਾਰ, ਆਪ ਆਪਣਾ ਆਪੇ ਗਾਇਆ । ਜਾਣੇ ਢੋਲਾ ਆਪਣੀ ਵਾਰ, ਆਪਣਾ ਬੋਲਾ ਆਪ ਜਣਾਇਆ । ਬਣਿਆ ਤੋਲਾ ਪਾਵੇ ਸਾਰ, ਏਕਾ ਕੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਆਪ ਸੁਹਾਇਆ । ਸਚਖੰਡ ਦਵਾਰੇ ਹਰਿ ਨਿਰੰਕਾਰਾ, ਆਪਣਾ ਖੇਲ ਖਿਲਾਇੰਦਾ । ਨਿਰਗੁਣ ਨਿਰਵੈਰ ਹੋ ਤਿਆਰਾ, ਅੰਦਰ ਬਾਹਰ ਗੁਪਤ ਜ਼ਾਹਰ ਆਪਣੀ ਕਲ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤਨ ਕਰ ਸ਼ੰਗਾਰਾ, ਬ੍ਰਹਮ ਬ੍ਰਹਮ ਬ੍ਰਹਮ ਮੇਲ ਮਿਲਾਇੰਦਾ । ਨਾ ਕੋਈ ਦੂਸਰ ਦੇਵੇ ਹੋਰ ਸਹਾਰਾ, ਤ੍ਰਿਸ਼ਨਾ ਭੁੱਖ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਾਚਾ ਮੰਦਰ ਆਪ ਸੁਹਾਇੰਦਾ । ਸਚਖੰਡ ਖੇਲ ਰਚਾਈ, ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ । ਸਾਚੇ ਸ਼ਬਦ ਕਰੇ ਕੁੜਮਾਈ, ਸ਼ਬਦ ਸੁਤ ਜਾਏ ਬਲਹਾਰ । ਸੇਵਕ ਸੇਵਾ ਇਕ ਸਮਝਾਈ, ਤਿੰਨਾਂ ਵਿਚੋਲਾ ਇਕ ਨਿਰੰਕਾਰ । ਵਿਛੜ ਕਦੇ ਨਾ ਜਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਰ । ਸ਼ਬਦੀ ਹੁਕਮ ਵਰਤਾਇੰਦਾ, ਪਾਰਬ੍ਰਹਮ ਗੁਰ ਕਰਤਾਰ । ਬ੍ਰਹਮਾ ਵਿਸ਼ਨ ਸ਼ਿਵ ਸਮਝਾਇੰਦਾ, ਤਿੰਨਾਂ ਮੇਲਾ ਏਕਾ ਵਾਰ । ਏਕਾ ਮਾਈ ਗੋਦ ਬਹਾਇੰਦਾ, ਏਕਾ ਪਿਤਾ ਕਰੇ ਪਿਆਰ । ਏਕਾ ਕੰਗਣ ਆਪ ਸੁਹਾਇੰਦਾ, ਏਕਾ ਕਰੇ ਸਚ ਸ਼ੰਗਾਰ । ਏਕਾ

ਮੰਤਰ ਨਾਮ ਦ੍ਰਿੜਾਇੰਦਾ, ਏਕਾ ਖਾਣ ਪੀਣ ਦਏ ਅਹਾਰ । ਏਕਾ ਮੰਦਰ ਆਪ ਸੁਹਾਇੰਦਾ, ਰਵ ਸਸ ਨਾ ਕੋਈ ਉਜਿਆਰ । ਏਕਾ ਗੀਤ ਅਨਾਦੀ ਗਾਇੰਦਾ, ਸਾਰਿੰਗ ਸਾਰੰਗੀ ਵੱਜੇ ਨਾ ਕੋਈ ਸਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰ ਹਰਿ ਹਰਿ ਖੇਲ, ਸਚਖੰਡ ਦਵਾਰੇ ਰਿਹਾ ਕਰਾਈਆ । ਲੇਖਾ ਜਾਣੇ ਗੁਰੂ ਗੁਰ ਚੇਲ, ਗੁਰ ਚੇਲਾ ਏਕਾ ਅੰਕ ਸਮਾਈਆ । ਆਪੇ ਵਸੇ ਧਾਮ ਨਵੇਲ, ਧਾਮ ਅਵੱਲੜਾ ਇਕ ਵਡਿਆਈਆ । ਅਚਰਜ ਪਾਰਬ੍ਰਹਮ ਪ੍ਰਭ ਖੇਲ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਸਮਝਾਈਆ । ਆਦਿ ਨਿਰੰਜਣ ਚਾੜ੍ਹੇ ਤੇਲ, ਘਰ ਸਾਚੇ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਵਾਰਾ ਇਕ ਸੁਹਾਈਆ । ਬ੍ਰਹਮਾ ਵਿਸ਼ਨ ਸ਼ਿਵ ਚਰਨ ਦਵਾਰ, ਸੋ ਪੁਰਖ ਨਿਰੰਜਣ ਆਪ ਬਹਾਇੰਦਾ । ਹਰਿ ਪੁਰਖ ਨਿਰੰਜਣ ਕਰ ਪਿਆਰ, ਨਿਰਗੁਣ ਆਪਣਾ ਦਰਸ ਦਿਖਾਇੰਦਾ । ਏਕੰਕਾਰਾ ਦਏ ਅਧਾਰ, ਧੀਰਜ ਧੀਰ ਧੀਰ ਧਰਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਨੂਰੋ ਨੂਰ ਇਕ ਚਮਕਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਸਿਰ ਆਪਣਾ ਹੱਥ ਧਰਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰ, ਤਿੰਨਾਂ ਏਕਾ ਮਾਰਗ ਲਾਇੰਦਾ । ਪਾਰਬ੍ਰਹਮ ਪ੍ਰਭ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਸ਼ਬਦ ਅਨਾਦੀ ਸਚ ਜੈਕਾਰ, ਧੁਰ ਦਰਬਾਰ ਆਪ ਸੁਣਾਇੰਦਾ । ਕਰੇ ਖੇਲ ਹਰਿ ਕਰਤਾਰ, ਦੂਸਰ ਸੰਗ ਨਾ ਕੋਈ ਨਿਭਾਇੰਦਾ । ਸ਼ਬਦੀ ਸ਼ਬਦ ਵਰਤੇ ਕਰਤਾਰ, ਵਰਤਾਵਣਹਾਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖ ਵਖਾਇੰਦਾ । ਧੁਰ ਦਾ ਲੇਖਾ ਅਗੰਮ ਅਪਾਰਾ, ਬ੍ਰਹਮੇ ਵਿਸ਼ਨ ਸ਼ਿਵ ਵਖਾਈਆ । ਸ਼ਬਦੀ ਕਰੇ ਸ਼ਬਦ ਪਿਆਰਾ, ਦੋਹਾਂ ਵਿਚੋਲਾ ਬੇਪਰਵਾਹੀਆ । ਆਦਿ ਜੁਗਾਦੀ ਵਸੇ ਕੋਲਾ, ਦੂਰ ਨੇੜੇ ਨਾ ਪੰਧ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਤੇਰੀ ਅੰਸ ਆਪ ਸੁਹਾਈਆ । ਸਾਚੇ ਸੁਤ ਤੇਰੀ ਸਾਚੀ ਅੰਸ, ਬ੍ਰਹਮਾ ਵਿਸ਼ਨ ਸ਼ਿਵ ਉਪਾਇਆ । ਪ੍ਰਭ ਆਪਣਾ ਵੇਖੇ ਆਪੇ ਬੰਸ, ਬੰਸ ਸਰਬੰਸਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਏਕਾ ਰੰਗ ਰੰਗਾਇਆ । ਬ੍ਰਹਮਾ ਵਿਸ਼ਨ ਸ਼ਿਵ ਸ਼ਬਦ ਸਚ ਮੀਤ, ਏਕਾ ਧਾਰ ਵਖਾਈਆ । ਸਚ ਦਵਾਰਾ ਠਾਂਡਾ ਸੀਤ, ਪਾਰਬ੍ਰਹਮ ਸੱਚੀ ਸਰਨਾਈਆ । ਕਵਣ ਜਣਾਏ ਆਪਣੀ ਰੀਤ, ਕਵਣ ਮਾਰਗ ਦਏ ਵਖਾਈਆ । ਕਵਣ ਪਰਗਟਾਏ ਸਚ ਪ੍ਰੀਤ, ਚਰਨ ਦਵਾਰ ਕਵਣ ਬਹਾਈਆ । ਕਵਣ ਸੁਣਾਏ ਏਕਾ ਗੀਤ, ਦੂਸਰ ਦਰ ਨਾ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਅਭੇਦਾ ਦਏ ਖੁਲਾਈਆ । ਤਿੰਨਾਂ ਮੇਲਾ ਏਕਾ ਧਾਰ, ਸ਼ਬਦੀ ਸੰਗ ਨਿਭਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਵਿਚਾਰ, ਗੁਰ ਗੁਰ ਰਿਹਾ ਧਿਆਇਆ । ਕਵਣ ਬੰਨ੍ਹੇ ਸਾਡਾ ਭਾਰ, ਕਵਣ ਬੇੜਾ ਲਏ ਤਰਾਇਆ । ਕਵਣ ਲੇਖਾ ਜਾਣੇ ਆਰ ਪਾਰ, ਕਵਣ ਮਧ ਵੇਸ ਵਟਾਇਆ । ਕਵਣ ਰੂਪ ਹੋਏ ਕਰਤਾਰ, ਨਿਰਗੁਣ ਆਪਣਾ ਦਰਸ ਦਿਖਾਇਆ । ਕਵਣ ਸ਼ਬਦ ਮਿਲੇ ਭੰਡਾਰ, ਕਵਣ ਵਸਤ ਦਏ ਵਰਤਾਇਆ । ਕਵਣ ਖੰਡਾ ਤੇਜ ਕਟਾਰ, ਕਵਣ ਸ਼ਸਤਰ ਲਏ ਚਮਕਾਇਆ । ਕਵਣ ਹੋਏ ਸ਼ਾਹ ਅਸਵਾਰ, ਕਵਣ ਰੂਪ ਅਨੂਪ ਪਰਗਟਾਇਆ । ਕਵਣ ਸਾਚੇ ਤਖ਼ਤ ਬਣੇ ਸਿਕਦਾਰ, ਕਵਣ ਹੁਕਮੀ ਹੁਕਮ ਸੁਣਾਇਆ । ਤੇਰਾ ਰੂਪ ਅਗੰਮ ਅਪਾਰ, ਨਿਰਗੁਣ ਦਿਸ ਕਿਸੇ ਨਾ ਆਇਆ । ਨਾ ਕੋਈ ਦਿਸੇ ਜਗਤ ਪਸਾਰ, ਲੱਖ ਚੁਰਾਸੀ ਰਚਨ ਨਾ ਕੋਈ ਰਚਾਇਆ । ਤ੍ਰੈਗੁਣ

੧੦੭੪

ਮਾਇਆ ਭਰੇ ਨਾ ਕੋਈ ਭੰਡਾਰ, ਪੰਜ ਤਤ ਨਾ ਕੋਈ ਰਖਾਇਆ । ਜੰਗਲ ਜੂਹ ਨਾ ਉਜਾੜ ਪਹਾੜ, ਸਮੁੰਦ ਸਾਗਰ ਨੀਰ ਨਾ ਕੋਇ ਵਹਾਇਆ ।
ਗੁਰ ਪੀਰ ਨਾ ਕੋਇ ਅਵਤਾਰ, ਸਾਧ ਸੰਤ ਦਿਸ ਨਾ ਆਇਆ । ਸੂਰਜ ਚੰਨ ਨਾ ਕੋਈ ਉਜਿਆਰ, ਮੰਡਲ ਮੰਡਪ ਨਾ ਕੋਈ ਸੁਹਾਇਆ । ਨਾਮ
ਸ਼ਬਦ ਨਾ ਕੋਈ ਜੈਕਾਰ, ਇਸ਼ਟ ਦੇਵ ਨਾ ਕੋਈ ਬਣਾਇਆ । ਬ੍ਰਹਮਾ ਵਿਸ਼ਨ ਸ਼ਿਵ ਦੋਏ ਜੋੜ ਜੋੜ ਕਰਨ ਨਿਮਸਕਾਰ, ਦਰ ਬੈਠੇ ਸੀਸ ਝੁਕਾਇਆ ।
ਸ਼ਬਦ ਵਿਚੋਲਾ ਉਚੀ ਕਰੇ ਪੁਕਾਰ, ਆਪਣਾ ਢੋਲਾ ਰਿਹਾ ਸੁਣਾਇਆ । ਪਾਰਬ੍ਰਹਮ ਹਰਿ ਕਰੇ ਕਰਾਏ ਕਰਨੇਹਾਰ, ਆਪਣੀ ਕਲ ਆਪ ਵਰਤਾਇਆ ।
ਜੁਗਾ ਜੁਗੰਤਰ ਪਾਵੇ ਸਾਰ, ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ
ਤਖ਼ਤ ਰਿਹਾ ਸੁਹਾਇਆ । ਬ੍ਰਹਮਾ ਵਿਸ਼ਨ ਸ਼ਿਵ ਮੰਗਣ ਮੰਗ, ਅਗੇ ਆਪਣੀ ਝੋਲੀ ਡਾਹੀਆ । ਸਦਾ ਨਿਭਾਉਣਾ ਆਪਣਾ ਸੰਗ, ਹਉਂ ਭਿਖਕ
ਭਿਖਾਰੀ ਦਰ ਆਈਆ । ਇਕ ਚੜ੍ਹੌਣਾ, ਆਪਣਾ ਰੰਗ, ਉਤਰ ਕਦੇ ਨਾ ਜਾਈਆ । ਤੇਰੇ ਮੰਦਰ ਤੇਰੇ ਦੁਆਰ ਤੇਰੇ ਘਰ ਹਰਿ ਜੂ ਆਏ ਲੰਘ,
ਚਰਨ ਦਵਾਰ ਬੈਠੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਸਤਿਗੁਰ
ਪੂਰਾ ਦੀਨ ਦਿਆਲਾ, ਪੁਰਖ ਅਕਾਲ ਅਖਵਾਇੰਦਾ । ਸਚਖੰਡ ਵਸਾਏ ਸੱਚੀ ਧਰਮਸਾਲਾ, ਸਾਚੀ ਦਰਗਾਹਿ ਆਸਣ ਲਾਇੰਦਾ । ਸੁਤ ਦੁਲਾਰਾ
ਵੇਖੇ ਬਾਲਾ, ਬਾਲ ਨਿਧਾਨਾ ਰਾਹ ਤਕਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਹੋਏ ਕੰਗਾਲਾ, ਵਸਤ ਹੱਥ ਨਾ ਕੋਇ ਰਖਾਇੰਦਾ । ਹਰਿ ਜੀ ਹਰਿ ਹਰਿ
ਹੋਏ ਆਪ ਕਿਰਪਾਲਾ, ਕਿਰਪਾਨਿਧ ਆਪਣੀ ਦਇਆ ਆਪ ਕਮਾਇੰਦਾ । ਏਕਾ ਫਲ ਲਗਾਏ ਤਿੰਨਾਂ ਡਾਲ੍ਹਾ, ਫੁਲ ਫੁਲਵਾੜੀ ਆਪ ਮਹਿਕਾਇੰਦਾ ।
੧੦੭੫ ਮਾਰਗ ਦੱਸੇ ਇਕ ਸੁਖ਼ਾਲਾ, ਚਰਨ ਕਵਲ ਧਿਆਨ ਸਮਝਾਇੰਦਾ । ਪ੍ਰਭ ਚਲੇ ਅਵੱਲੜੀ ਚਾਲਾ, ਲੇਖਾ ਲਿਖਤ ਵਿਚ ਨਾ ਆਇੰਦਾ । ਲੋਕਮਾਤ ੧੦੭੫
੦੯ ਬਣੇ ਦਲਾਲਾ, ਸਾਚੀ ਵੰਡਣ ਵੰਡ ਵੰਡਾਇੰਦਾ । ਤ੍ਰੈਗੁਣ ਮਾਇਆ ਜਗਤ ਦੋਸ਼ਾਲਾ, ਇਕ ਇਕ ਨਾਲ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ੦੯
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਇਕ ਸਿਖਾਇੰਦਾ । ਸਾਚੀ ਸਿਖ਼ਿਆ ਸਿਖਾਵਣਹਾਰਾ, ਏਕਾ ਹੁਕਮ ਸੁਣਾਇੰਦਾ ।
ਪਾਰਬ੍ਰਹਮ ਵਰਤੇ ਵਰਤਾਰਾ, ਭੇਵ ਕੋਈ ਨਾ ਪਾਇੰਦਾ । ਵਿਸ਼ਨ ਸ਼ਿਵ ਤੇਰਾ ਭਰੇ ਭੰਡਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਭਾਂਡਾ
ਕਰ ਤਿਆਰਾ, ਘਟ ਘਟ ਆਪਣੀ ਜੋਤ ਜਗਾਇੰਦਾ । ਕਰੇ ਖੇਲ ਅਪਰ ਅਪਾਰਾ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਰ ਬਣ ਭਿਖਾਰ ਦਰ
ਬੈਠੇ ਸੀਸ ਝੁਕਾਈ, ਪਾਰਬ੍ਰਹਮ ਅਬਿਨਾਸ਼ੀ ਕਰਤੇ ਤੇਰੀ ਸਚ ਸਰਨਾਇਆ । ਜਗਤ ਜਗਦੀਸ਼ ਤੇਰੇ ਹੱਥ ਵਡਿਆਈ, ਹਉਂ ਯਾਚਕ ਸੇਵਕ ਸੇਵ
ਕਮਾਇਆ । ਤੇਰੇ ਹੁਕਮ ਰਹੇ ਰਜ਼ਾਈ, ਤੇਰਾ ਹੁਕਮ ਇਕ ਭਾਇਆ । ਪ੍ਰਭ ਲੇਖਾ ਲਿਖਣ ਨਾ ਜਾਈ, ਆਦਿ ਆਦਿ ਆਪਣੀ ਖੇਲ ਖਿਲਾਇਆ ।
ਬ੍ਰਹਮ ਬ੍ਰਹਿਮਾਦਿ ਵੱਜੀ ਵਧਾਈ, ਸਾਚੀ ਦਾਦ ਝੋਲੀ ਪਾਇਆ । ਨਾਮ ਨਾਮਾ ਸਾਚੇ ਸ਼ਹਿਨਸ਼ਾਹੀ, ਬੋਧ ਅਗਾਧ ਸ਼ਬਦ ਸੁਣਾਇਆ । ਆਪਣੀ
ਕਰੇ ਆਪ ਪੜ੍ਹਾਈ, ਵਿਸ਼ਨ ਆਪਣੇ ਰੰਗ ਰੰਗਾਇਆ । ਏਕਾ ਤਤ ਰਿਹਾ ਸਮਝਾਈ, ਜੀਅ ਦਾਤਾ ਦਇਆ ਕਮਾਇਆ । ਸਚ ਭੰਡਾਰ ਦਏ
ਵਰਤਾਈ, ਬ੍ਰਹਮ ਆਪਣਾ ਨਾਮ ਸੁਹਾਇਆ । ਨਿਸ਼ਅੱਖਰ ਕਰੇ ਪੜ੍ਹਾਈ, ਸਾਚਾ ਢੋਲਾ ਆਪੇ ਗਾਇਆ । ਚਾਰੇ ਵੇਦਾਂ ਦਏ ਲਿਖਾਈ, ਵਿਸ਼ਨੂੰ

ਤੇਰੇ ਸਿਰ ਹੱਥ ਟਿਕਾਇਆ । ਬ੍ਰਹਮਾ ਮੇਲਾ ਸਹਿਜ ਸੁਭਾਈ, ਸ਼ੰਕਰ ਤੇਰਾ ਮਾਣ ਵਧਾਇਆ । ਜੋ ਘੜਿਆ ਭੰਨ ਵਿਖਾਈ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਰਚਨਹਾਰਾ ਦਿਸ ਨਾ ਆਈ, ਸੁਤ ਦੁਲਾਰਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਸਲਾਹ, ਢਹਿ ਢਹਿ ਪਏ ਸਰਨਾਈਆ । ਪੁਰਖ ਅਬਿਨਾਸ਼ੀ ਲੋਕਮਾਤ ਕਵਣ ਰੂਪ ਬਣੇ ਮਲਾਹ, ਜੁਗ ਜੁਗ ਬੇੜਾ ਬੰਨ ਤਰਾਈਆ । ਕਵਣ ਨਾਮ ਦਏ ਸਲਾਹ, ਸਿਫ਼ਤੀ ਸਿਫ਼ਤ ਸਾਲਾਹੀਆ । ਕਵਣ ਖੇੜਾ ਦਏ ਵਸਾ, ਕਵਣ ਨਗਰ ਸੋਭਾ ਪਾਈਆ । ਕਵਣ ਝੇੜਾ ਦਏ ਮੁਕਾ, ਅੰਤਮ ਆਪਣਾ ਪੰਧ ਮੁਕਾਈਆ । ਕਵਣ ਰੂਪ ਜੋਤੀ ਜੋਤ ਲਏ ਮਿਲਾ, ਬ੍ਰਹਮਾ ਵਿਸ਼ਨ ਸ਼ਿਵ ਏਕਾ ਮੰਗ ਮੰਗਾਈਆ । ਸ਼ਬਦ ਸੁਤ ਆਪਣਾ ਬੋਲਾ ਦਏ ਸੁਣਾ, ਭੇਵ ਅਭੇਦਾ ਆਪ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਸੋਭਾ ਪਾਈਆ । ਵਿਸ਼ਨ ਬ੍ਰਹਮੇ ਸ਼ਿਵ ਹਰਿ ਜਣਾਇੰਦਾ, ਕਿਰਪਾ ਕਰ ਅਗੰਮ ਅਪਾਰ । ਲੱਖ ਚੁਰਾਸੀ ਸੇਵਾ ਲਾਇੰਦਾ, ਘਾੜਨ ਘੜ ਬਣ ਠਠਿਆਰ । ਚਾਰ ਜੁਗ ਵੰਡ ਵੰਡਾਇੰਦਾ, ਚਾਰੇ ਵੇਦਾਂ ਬਣ ਲਿਖਾਰ । ਚਾਰੇ ਬਾਣੀ ਆਪ ਪੜ੍ਹਾਇੰਦਾ, ਚਾਰੇ ਖਾਣੀ ਕਰ ਤਿਆਰ । ਚਾਰ ਵਰਨਾਂ ਰੰਗ ਰੰਗਾਇੰਦਾ, ਚਾਰ ਯਾਰੀ ਦਏ ਅਧਾਰ । ਚਾਰ ਚਾਰ ਵੇਸ ਵਟਾਇੰਦਾ, ਚਾਰ ਕੁੰਟ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਚਾਰ ਜੁਗ ਇਕ ਚੌਕੜ, ਲੋਕਮਾਤ ਵੰਡ ਵੰਡਾਈਆ । ਆਪਣੇ ਅੱਖਰ ਥੱਲੇ ਲਾਏ ਏਕਾ ਔਂਕੜ, ਲਕੀਰ ਤਕਦੀਰ ਆਪ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਏਕਾ ਚੌਕੜੀ ਨੌਂ ਨੌਂ ਚਾਰ, ਨੌਂ ਸਤ ਰਹਿਣ ਨਾ ਪਾਈਆ । ਇਕ ਚਵੀ ਅਵਤਾਰ ਗੁਰ ਗੁਰ ਆਪਣਾ ਰੂਪ ਧਰਾਈਆ । ਸੰਤ ਭਗਵੰਤ ਜਗਤ ਕਰੇ ਪਿਆਰ, ਗੁਰਮੁਖ ਗੁਰਸਿਖ ਲਏ ਜਗਾਈਆ । ਮੂਰਖ ਮੁਗਧ ਅਵਾਨ ਮਨਮੁਖ ਮਾਰੇ ਮਾਰ, ਦੂਤੀ ਦੁਸ਼ਟ ਦਏ ਖਪਾਈਆ । ਏਕਾ ਮੰਤਰ ਕਰ ਉਜਿਆਰ, ਜੁਗਾ ਜੁਗੰਤਰ ਕਰੇ ਮਾਤ ਪੜ੍ਹਾਈਆ । ਲੱਖ ਚੁਰਾਸੀ ਵੇਖੇ ਵੇਖਣਹਾਰ, ਨਿਰਗੁਣ ਸਰਗੁਣ ਥਾਉਂ ਥਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਇਕ ਪਿਆਰ, ਪੁਰਖ ਅਬਿਨਾਸ਼ੀ ਆਪ ਨਿਭਾਈਆ । ਘਟ ਘਟ ਅੰਦਰ ਕਰ ਪਸਾਰ, ਤੇਰਾ ਮੰਦਰ ਦਏ ਸੁਹਾਈਆ । ਨੌਂ ਨੌਂ ਚਾਰ ਅੰਤਮ ਉਤਰੇ ਪਾਰ, ਚੌਕੜੀ ਜੁਗ ਰਹਿਣ ਨਾ ਪਾਈਆ । ਕਲਜੁਗ ਹੋਏ ਰੈਣ ਅੰਧੇਰੀ ਅੰਧ ਅੰਧਿਆਰ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਲੱਖ ਚੁਰਾਸੀ ਹੋਏ ਵਿਭਚਾਰ, ਨਾਰ ਕੰਤ ਨਾ ਕੋਇ ਹੰਢਾਈਆ । ਲੇਖਾ ਚੁੱਕੇ ਗੁਰ ਪੀਰ ਅਵਤਾਰ, ਸਾਧ ਸੰਤ ਨਾ ਕੋਇ ਸਹਾਈਆ । ਧੁਰ ਦੀ ਬਾਣੀ ਮਾਰੇ ਬਾਣ ਅਪਾਰ, ਧੁਰ ਫ਼ਰਮਾਣਾ ਸ਼ਬਦ ਜਣਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਹੁਕਮ ਅਟੱਲ ਆਪ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹੋ ਤਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਲੋਕਮਾਤ ਖੇਲ ਅਪਾਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਸਮਝਾਈਆ । ਬ੍ਰਹਮੇ ਵਿਸ਼ਨ ਸ਼ਿਵ ਸੁਣ ਕਰ ਧਿਆਨ, ਪਾਰਬ੍ਰਹਮ ਪ੍ਰਭ ਆਪ ਸਮਝਾਇੰਦਾ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਲੋਕਮਾਤ ਵੇਸ ਵਟਾਇੰਦਾ । ਨਿਹਕਲੰਕ ਪਰਗਟ ਹੋਏ ਬਲੀ ਬਲਵਾਨ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਸਤਿ ਨਿਸ਼ਾਨਾ ਦੇਵੇ ਚਾੜ੍ਹ, ਸਚਖੰਡ ਦਵਾਰੇ ਸੋਭਾ ਪਾਇੰਦਾ । ਖੇਲੇ ਖੇਲ ਦੋ ਜਹਾਨ, ਲੋਆਂ ਪੁਰੀਆਂ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਚੁਕਾਏ

ਕਾਨ, ਜੇਰਜ ਅੰਡ ਫੋਲ ਫੁਲਾਇੰਦਾ । ਨਾਤਾ ਤੋੜ ਜੀਵ ਸ਼ੈਤਾਨ, ਸ਼ਬਦ ਕਮਾਨ ਹੱਥ ਉਠਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਏਕਾ ਅੱਖਰ ਨਾਮ ਪੜ੍ਹਾਇੰਦਾ । ਕਲਜੁਗ ਅੰਤਮ ਵੇਖੇ ਆਣ, ਰੂਪ ਅਨੂਪ ਆਪ ਧਰਾਇੰਦਾ । ਵਿਸ਼ਨੂੰ ਕਰੇ ਆਪ ਪਰਵਾਨ, ਆਪ ਆਪਣਾ ਮੇਲ ਮਿਲਾਇੰਦਾ । ਬ੍ਰਹਮੇ ਤੇਰੀ ਚੁੱਕੇ ਕਾਣ, ਬ੍ਰਹਮ ਆਪਣੀ ਅੰਸ ਬਣਾਇੰਦਾ । ਸ਼ੰਕਰ ਚੁੱਕੇ ਪੀਣ ਖਾਣ, ਲਹਿਣਾ ਦੇਣਾ ਅੰਤ ਨਾ ਕੋਈ ਵਖਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਨਿਹਕਲੰਕ ਨਾਉਂ ਧਰਾਇੰਦਾ । ਡੰਕਾ ਵੱਜੇ ਵਿਚ ਜਹਾਨ, ਹਰਿ ਸਾਚਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੋਏ ਦੋਏ ਜੋੜ, ਚਰਨ ਕਵਲ ਧਿਆਨ ਲਗਾਈਆ । ਪਾਰਬ੍ਰਹਮ ਕਵਣ ਕੂਟੇ ਆਏ ਦੌੜ, ਕਵਣ ਰੁਤੜੀ ਮਾਤ ਸੁਹਾਈਆ । ਕਵਣ ਲਗਾਏ ਦੋ ਜਹਾਨ ਪੌੜ, ਕਵਣ ਡੰਡਾ ਹੱਥ ਰਖਾਈਆ । ਕਵਣ ਰੂਪ ਵੇਖੇ ਲੱਖ ਚੁਰਾਸੀ ਫਲ ਮਿਠਾ ਕੌੜ, ਕਵਣ ਰੀਠੇ ਭੰਨ ਵਖਾਈਆ । ਕਵਣ ਰੂਪ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਮੇਘ ਬਰਸਾਈਆ । ਕਵਣ ਰੂਪ ਲੱਖ ਚੁਰਾਸੀ ਤ੍ਰਿਸ਼ਨਾ ਦੇਵੇ ਹੋੜ, ਭਾਂਡੇ ਘੜ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਯਾਚਕ ਢਹਿ ਪਏ ਸਰਨਾਈਆ । ਸਤਿਗੁਰ ਸਾਚਾ ਆਪ ਸੁਣਾਏ, ਪੁਰਖ ਅਕਾਲ ਦਇਆ ਕਮਾਇੰਦਾ । ਕਲਜੁਗ ਵੇਲਾ ਅੰਤਮ ਆਏ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਆਪ ਦਵਾਇੰਦਾ । ਪੰਜ ਤਤ ਗੁਰ ਨਾ ਕੋਈ ਅਖਵਾਏ, ਸ਼ਬਦ ਗੁਰ ਇਕ ਧਰਾਇੰਦਾ । ਜੋਤੀ ਜੋਤ ਡਗਮਗਾਏ, ਅਜੂਨੀ ਰਹਿਤ ਵੇਸ ਵਟਾਇੰਦਾ । ਸਰਗੁਣ ਵੇਖੇ ਥਾਉਂ ਥਾਏਂ, ਨੌ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਸੱਤਾਂ ਦੀਪਾਂ ਫੇਰਾ ਪਾਏ, ਔਦਾਂ ਜਾਂਦਾ ਦਿਸ ਨਾ ਆਇੰਦਾ । ਲੋਆਂ ਪੁਰੀਆਂ ਦਏ ਹਿਲਾਏ, ਕ੍ਰੋੜ ਤੇਤੀਸਾ ਸਰਬ ਕੁਰਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਏ ਜਗਾਏ, ਆਪ ਆਪਣਾ ਹੁਕਮ ਸੁਣਾਇੰਦਾ । ਚਾਰੇ ਮੁਖ ਚਾਰੇ ਬਾਣੀ ਵੇਖੇ ਥਾਉਂ ਥਾਏਂ, ਚਾਰੇ ਵੇਦਾਂ ਖੋਜ ਖੁਜਾਇੰਦਾ । ਸ਼ਾਸਤਰ ਸਿਮਰਤ ਫੋਲ ਫੁਲਾਏ, ਅੰਜੀਲ ਕੁਰਾਨਾਂ ਪਰਦਾ ਲਾਹਿੰਦਾ । ਗੀਤਾ ਗਿਆਨ ਵੇਖੇ ਅਠਾਰਾਂ ਧਿਆਏ, ਧੁਰ ਦੀ ਧਾਰ ਆਪ ਜਣਾਇੰਦਾ । ਕਲਜੁਗ ਅੰਤਮ ਕਰੇ ਰੁਸ਼ਨਾਏ, ਨਿਰਗੁਣ ਰੂਪ ਡਗਮਗਾਇੰਦਾ । ਸੋ ਪੁਰਖ ਨਿਰੰਜਣ ਰੂਪ ਪਰਗਟਾਏ, ਆਪਣਾ ਬਲ ਆਪ ਵਖਾਇੰਦਾ । ਨਿਹਕਲੰਕਾ ਕਲ ਵਰਤਾਏ, ਕਲ ਕਲਕੀ ਆਪ ਅਖਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਮਿਲਾਏ, ਤ੍ਰੈ ਚੇਲੇ ਏਕਾ ਮਾਤਾ ਗੋਦ ਬਹਾਇੰਦਾ । ਲੱਖ ਚੁਰਾਸੀ ਭਾਂਡੇ ਭੰਨ ਵਖਾਏ, ਥਿਰ ਕੋਇ ਰਹਿਣ ਨਾ ਪਾਇੰਦਾ । ਆਪਣੀ ਸਾਜਣ ਹਰਿ ਆਪੇ ਸਾਜ ਵਖਾਏ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੂਪ ਪਰਗਟਾਇੰਦਾ । ਇਕ ਚੌਕੜੀ ਚਾਰ ਜੁਗ ਉਤਰੇ ਪਾਰ, ਨੌ ਨੌ ਚਾਰ ਗੇੜਾ ਆਪ ਦਵਾਈਆ । ਪਰਗਟ ਹੋਏ ਨਿਹਕਲੰਕ ਹਰਿ ਅਵਤਾਰ, ਨਿਰਗੁਣ ਆਪਣਾ ਰੂਪ ਪਰਗਟਾਈਆ । ਕਲਗੀ ਤੋੜਾ ਸੀਸ ਦਸਤਾਰ, ਸ਼ਬਦੀ ਜੋੜਾ ਜੋਤੀ ਜੋਤ ਹੋਏ ਕੁੜਮਾਈਆ । ਅਗੰਮੀ ਘੋੜਾ ਹਰਿ ਨਿਰੰਕਾਰ, ਦੋ ਜਹਾਨਾ ਆਪ ਭਵਾਈਆ । ਦਰਗਹਿ ਸਾਚੀ ਲਾਇਆ ਏਕਾ ਪੌੜਾ, ਸੋਹੰ ਸ਼ਬਦ ਕਰੇ ਪੜ੍ਹਾਈਆ । ਬ੍ਰਹਮ ਪਾਰਬ੍ਰਹਮ ਪ੍ਰਭ ਆਪੇ ਬੌਹੜਾ, ਨਿਰਗੁਣ ਸਰਗੁਣ ਲੇਖਾ ਥਾਉਂ ਥਾਈਆ । ਕਲਜੁਗ ਭੰਨੇ ਰੀਠਾ ਕੌੜਾ, ਨਾਮ ਖੰਡਾ ਹੱਥ ਉਠਾਈਆ । ਰੂਪ ਪਰਗਟਾਏ ਬ੍ਰਹਿਮਣ ਗੌੜਾ, ਵਰਨ ਗੋਤ ਨਾ ਕੋਈ ਜਣਾਈਆ । ਉਚੇ ਟਿੱਲੇ ਪਰਬਤ ਆਪੇ ਚੜ੍ਹਿਆ ਗਹਿਰ ਗਵਰਾ, ਗਹਿਰ ਗੰਭੀਰ ਆਪ

੧੦੭੭

ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਕਲਜੁਗ ਮੇਟੇ ਅੰਧੇਰੀ ਰਾਤਾ, ਕਾਲੀ ਧਾਰ ਰਹਿਣ ਨਾ ਪਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ, ਅਗੰਮ ਅਗੰਮੜੀ ਕਾਰ ਕਮਾਇੰਦਾ । ਚਰਨਾਂ ਹੇਠ ਦਬਾਏ ਕਾਲ ਮਹਾਂਕਾਲ, ਦੋ ਜਹਾਨਾ ਫੇਰੀ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਏ ਉਠਾਲ, ਕਲਜੁਗ ਵੇਲਾ ਅੰਤਮ ਆਇੰਦਾ । ਲੱਖ ਚੁਰਾਸੀ ਵੇਖੇ ਘਾਲੀ ਘਾਲ, ਘਟ ਘਟ ਅੰਦਰ ਆਪ ਫੋਲਾਇੰਦਾ । ਸ਼ਬਦ ਅਨਾਦੀ ਵੱਜੇ ਤਾਲ, ਛੱਤੀ ਰਾਗ ਭੇਵ ਨਾ ਆਇੰਦਾ । ਸ੍ਰਿਸ਼ਟ ਸਬਾਈ ਵੇਖੇ ਪਤ ਡਾਲ੍ਹ, ਫੁਲ ਫਲਵਾੜੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਅਕੱਲਾ ਵਸਣਹਾਰਾ ਸਚ ਮਹੱਲਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਦਰਗਹਿ ਸਾਚੀ ਧਾਮ ਸੁਹਾਇਆ, ਪੁਰਖ ਅਬਿਨਾਸ਼ੀ ਡੇਰਾ ਲਾ । ਕਲਜੁਗ ਅੰਤਮ ਖੇਲ ਖਿਲਾਇਆ, ਨਿਰਗੁਣ ਨਿਰਗੁਣ ਰੂਪ ਧਰਾ । ਸਰਗੁਣ ਜੋਤੀ ਜੋਤ ਜਗਾਇਆ, ਨੂਰ ਨੁਰਾਨਾ ਡਗਮਗਾ । ਕਾਇਆ ਕੋਟ ਕਿਲਾ ਵਸਾਇਆ, ਸੰਬਲ ਨਗਰ ਨਾਉਂ ਧਰਾ । ਗੋਬਿੰਦ ਲੇਖਾ ਦਏ ਚੁਕਾਇਆ, ਲਿਖਿਆ ਲੇਖ ਨਾ ਕੋਇ ਮਿਟਾ । ਗੁਰਸਿਖਾਂ ਦੇਵੇ ਠੰਡੀ ਛਾਇਆ, ਸਿਰ ਆਪਣਾ ਹੱਥ ਰਖਾ । ਬਾਲ ਨਿਮਾਣੇ ਲਏ ਉਠਾਇਆ, ਆਪਣੀ ਗੋਦ ਲਾਡ ਲਡਾਏ ਜਿਉਂ ਪਿਤਾ ਮਾਂ । ਮਾਤ ਪਿਤ ਆਪ ਹੋ ਜਾਇਆ, ਫੜ ਫੜ ਹੰਸ ਬਣਾਏ ਕਾਂ । ਜੋ ਜਨ ਸਰਨਾਈ ਆਇਆ, ਲੱਖ ਚੁਰਾਸੀ ਫੰਦ ਦਏ ਤੁੜਾ । ਰਾਏ ਧਰਮ ਨਾ ਦਏ ਸਜ਼ਾਇਆ, ਚੌਥੇ ਪੌੜੇ ਦਏ ਚੜ੍ਹਾ । ਚੌਥਾ ਪਦ ਆਪ ਵਖਾਇਆ, ਤੀਜਾ ਨੇਤਰ ਦਏ ਖੁਲ੍ਹਾ । ਰਾਤੀ ਸੁਤਿਆਂ ਦਰਸ ਦਿਖਾਇਆ, ਦੋਏ ਦੋਏ ਅੱਖਰ ਜਾਪ ਜਪਾ । ਸੋਹੰ ਮੰਤਰ ਇਕ ਦ੍ਰਿੜਾਇਆ, ਇਕ ਇਕੱਲਾ ਫੇਰੀ ਪਾ । ਸ੍ਰਿਸ਼ਟ ਸਬਾਈ ਰਿਹਾ ਹਲਾਇਆ, ਗੁਰਮੁਖਾਂ ਬਣੇ ਅੰਤ ਮਲਾਹ । ਕਲਜੁਗ ਬੇੜਾ ਲਏ ਤਰਾਇਆ, ਏਕਾ ਦੇਵੇ ਸਚ ਸਲਾਹ । ਸਤਿਗੁਰ ਚਰਨ ਸੱਚੀ ਸਰਨਾਇਆ, ਨਥਾਵਿਆਂ ਦੇਵਣਹਾਰਾ ਸਾਚਾ ਥਾਂ । ਦਰਗਹਿ ਸਾਚੀ ਧਾਮ ਸੁਹਾਇਆ, ਫੜ ਫੜ ਪਾਰ ਕਰਾਏ ਬਾਂਹ । ਭਵ ਸਾਗਰ ਨਾ ਕੋਇ ਰੁੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਖੇਲ ਖਿਲਾਇਆ । ਨਿਰਗੁਣ ਦਾਤਾ ਸੂਰਬੀਰ, ਜੋਧਾ ਬਲੀ ਬਲਵਾਨ ਬਲਕਾਰਿਆ । ਸ਼ਬਦ ਨਿਸ਼ਾਨਾ ਮਾਰੇ ਏਕਾ ਤੀਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਪਾਰ ਕਿਨਾਰਿਆ । ਤ੍ਰੈਗੁਣ ਮਾਇਆ ਘੱਤੀ ਜਾਏ ਵਹੀਰ, ਪੰਜ ਤਤ ਰੋਵੇ ਜ਼ਾਰੋ ਜ਼ਾਰਿਆ । ਲੱਖ ਚੁਰਾਸੀ ਲੱਥੇ ਚੀਰ, ਚਾਰੋਂ ਕੁੰਟ ਹਾਹਾਕਾਰਿਆ । ਨਾ ਕੋਈ ਸਹਾਈ ਪੀਰ ਫ਼ਕੀਰ ਦਸਤਗੀਰ, ਮੁਲਾਂ ਸ਼ੇਖ਼ ਮਸਾਇਕ ਮੁਖ ਸ਼ਰਮਾ ਰਿਹਾ । ਪੰਡਤ ਪਾਧਾ ਕੱਟੇ ਨਾ ਕੋਇ ਜ਼ੰਜੀਰ, ਅੰਮ੍ਰਿਤ ਆਤਮ ਸੀਰ ਨਾ ਕੋਇ ਪਿਆ ਰਿਹਾ । ਬਿਨ ਸਤਿਗੁਰ ਪੂਰੇ ਚੋਟੀ ਚੜ੍ਹੇ ਨਾ ਕੋਇ ਅਖ਼ੀਰ, ਗ੍ਰੰਥੀ ਪੜ੍ਹ ਪੜ੍ਹ ਰਸਨਾ ਜਿਹਵਾ ਸਰਬ ਹਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾ ਰਿਹਾ । ਲੱਖ ਚੁਰਾਸੀ ਵੇਖਣ ਆਇਆ, ਨਿਰਗੁਣ ਜੋਤੀ ਜਾਮਾ ਧਾਰ । ਗੁਰਮੁਖ ਸਾਚੇ ਪਰਖਣ ਆਇਆ, ਗੁਰ ਗੋਬਿੰਦ ਕਰ ਪਿਆਰ । ਲੱਖ ਚੁਰਾਸੀ ਵਿਚੋਂ ਰੱਖਣ ਆਇਆ, ਨਿਹਕਲੰਕੀ ਜਾਮਾ ਧਾਰ । ਸਤਿਜੁਗ ਸਾਚਾ ਮਾਰਗ ਦੱਸਣ ਆਇਆ, ਸੋਹੰ ਸ਼ਬਦ ਸੱਚਾ ਜੈਕਾਰ । ਲੱਸੀ ਵਿਚੋਂ ਮੱਖਣ ਵਰੋਲਣ ਆਇਆ, ਨਾਮ ਮਧਾਣਾ ਏਕਾ ਡਾਰ । ਘਰ ਘਰ ਅੰਦਰ ਡੂੰਘੀ ਕੰਦਰ ਫੋਲਣ ਆਇਆ, ਕਾਇਆ ਕੱਪੜ ਖੋਲ੍ਹ ਬੰਦ ਕਿਵਾੜ । ਗੁਰਮੁਖਾਂ ਅੰਦਰ ਆਪੇ

ਬਹਿ ਬਹਿ ਬੋਲਣ ਆਇਆ, ਨਾਦ ਸੁਣਾਏ ਸੱਚੀ ਧੁਨਕਾਰ । ਧੁਰ ਦੀ ਪ੍ਰੀਤ ਗੁਰਮੁਖਾਂ ਉਤੋਂ ਘੋਲ ਘੋਲੀ ਘੋਲਣ ਆਇਆ, ਨਿਰਗੁਣ ਸਰਗੁਣ ਕਰ ਪਿਆਰ । ਕਾਇਆ ਚੋਲੀ ਆਪ ਬਦਲਾਵਣ ਆਇਆ, ਰੰਗ ਰੰਗੀਲਾ ਦੇਵੇ ਚਾੜ੍ਹ । ਗੁਰਮੁਖ ਜੁਗ ਜੁਗ ਵਿਛੜੇ ਮੇਲ ਮਿਲਾਵਣਾ ਆਇਆ, ਕਲ ਕਲਕੀ ਲੈ ਅਵਤਾਰ । ਸੰਮਤ ਸਤਾਰਾਂ ਏਕਾ ਢੋਲਾ ਗਾਵਣ ਆਇਆ, ਉਚੀ ਕੂਕ ਕਰੇ ਪੁਕਾਰ । ਚਾਰ ਵਰਨਾਂ ਲੋਕਮਾਤ ਵਰੋਲਣ ਆਇਆ, ਖ਼ਾਕੀ ਖ਼ਾਕ ਪਾਵੇ ਸਾਰ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੇ ਕੰਡੇ ਤੋਲਣ ਆਇਆ, ਊਚ ਨੀਚ ਕਰੇ ਵਿਚਾਰ । ਰਾਜ ਰਾਜਾਨ ਸ਼ਾਹ ਸੁਲਤਾਨ ਜਗਤ ਖ਼ਜ਼ੀਨਾ ਫੋਲਣ ਆਇਆ, ਮਾਇਆ ਰਾਣੀ ਆਏ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਕਰੇ ਖ਼ਵਾਰ । ਕਲਜੁਗ ਅੰਤਮ ਖ਼ਵਾਰਿਆ, ਚਾਰੋਂ ਕੁੰਟ ਹਾਹਾਕਾਰ । ਨਾਤਾ ਤੁੱਟੇ ਚਾਰ ਯਾਰਿਆ, ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ । ਸੰਗ ਮੁਹੰਮਦ ਨਾ ਕਰੇ ਪਿਆਰਿਆ, ਐਨਲਹਕ ਨਾ ਕੋਇ ਵਿਚਾਰ । ਮੁਕਾਮੇ ਹੱਕ ਨਾ ਕੋਇ ਨਾਅਰਿਆ, ਮਿਲੇ ਮੇਲ ਨਾ ਬੇਐਬ ਪਰਵਰਦਿਗਾਰ । ਨਾਤਾ ਤੁਟੇ ਜੀਵ ਗਵਾਰਿਆ, ਏਕਾ ਭੁੱਲਿਆ ਸਾਂਝਾ ਯਾਰ । ਚਾਰੋਂ ਕੁੰਟ ਪਾਸਾ ਹਾਰਿਆ, ਹਰਿ ਜੂ ਮਾਰੇ ਸ਼ਬਦੀ ਮਾਰ । ਖੇਲੇ ਖੇਲ ਜਗਤ ਜਵਾਰੀਆ, ਸਾਰ ਪਾਸ਼ਾ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਕਿਰਿਆ ਦਏ ਨਵਾਰ । ਕਲਜੁਗ ਕੂੜਾ ਨਾਤਾ ਤੁਟਣਾ, ਅੰਤ ਰਹਿਣ ਨਾ ਪਾਈਆ । ਜੂਠਾ ਝੂਠਾ ਪੰਧ ਮੁਕਣਾ, ਦੂਰ ਦੁਰਾਡਾ ਪੰਧ ਮੁਕਾਈਆ । ਲੱਖ ਚੁਰਾਸੀ ਬੂਟਾ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਈਆ । ਸਿੰਘ ਸ਼ੇਰ ਦਲੇਰ ਏਕਾ ਬੁੱਕਣਾ, ਕਲਜੁਗ ਝੱਲ ਕੂਕ ਕੂਕ ਸੁਣਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਤਖ਼ਤ ਛੱਡ ਛੱਡ ਲੁਕਣਾ, ਸੀਸ ਤਾਜ ਨਾ ਕੋਇ ਟਿਕਾਈਆ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਗੋਬਿੰਦ ਲੇਖਾ ਗਿਆ ਲਿਖਾਈਆ । ਗੁਰਮੁਖ ਵਿਰਲੇ ਸਤਿਗੁਰੂ ਦਵਾਰੇ ਆ ਕੇ ਝੁਕਣਾ, ਜਿਸ ਸਿਰ ਉਪਰ ਹੱਥ ਟਿਕਾਈਆ । ਦਾਣਾ ਪਾਣੀ ਸਭ ਦਾ ਮੁੱਕਣਾ, ਵਿਸ਼ਨੂੰ ਦੇਵੇ ਨਾ ਰਿਜ਼ਕ ਸਬਾਈਆ । ਬ੍ਰਹਮਾ ਨੌ ਸੌ ਚੁਰਾਨਵੇਂ ਚੌਕੜੀ ਜੁਗ ਸੁਖਦਾ ਰਿਹਾ ਸੁਖਣਾ, ਕਵਣ ਵੇਲਾ ਪ੍ਰਭ ਸਾਚੇ ਸਚ ਮਿਲੇ ਸਰਨਾਈਆ । ਸ਼ੰਕਰ ਹੱਥ ਤ੍ਰਸ਼ੂਲ ਨਾ ਕੋਇ ਰੱਖਣਾ, ਬਾਸ਼ਕ ਤਸ਼ਕਾ ਨਾ ਗਲ ਲਟਕਾਈਆ । ਗੁਰਮੁਖ ਵਿਰਲਾ ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣੀ ਸਰਨ ਰੱਖਣਾ, ਸਰਨਗਤ ਇਕ ਵਡਿਆਈਆ । ਲੱਖ ਕਰੋੜੀ ਕਰੇ ਕੱਖਣਾ, ਕਰਤਾ ਕੀਮਤ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਹੋਵੇ ਘਰ ਸੱਖਣਾ, ਦੀਵਾ ਬਾਤੀ ਨਾ ਕੋਈ ਜਗਾਈਆ । ਕਰੇ ਖੇਲ ਪ੍ਰਭ ਅਲੱਖ ਅਲੱਖਣਾ, ਅਲੱਖ ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਸਤਿ ਸਤਿਵਾਦੀ ਸਾਚਾ ਮਾਰਗ ਸ਼ਾਹ ਪਾਤਸ਼ਾਹ ਏਕਾ ਦੱਸਣਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਉਠਾਏ ਚਾਰ ਵਰਨ, ਸੋਇਆ ਕੋਇ ਰਹਿਣ ਨਾ ਪਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਨੂਰ ਰੁਸ਼ਨਾਈਆ । ਕਿਰਪਾ ਕਰੇ ਹਰਿ ਕਰਨੀ ਕਰਨ, ਕਰਤਾ ਪੁਰਖ ਦਇਆ ਕਮਾਈਆ । ਆਪੇ ਹੋਏ ਤਰਨੀ ਤਰਨ, ਗੁਰਸਿਖ ਸਾਚੇ ਲਏ ਤਰਾਈਆ । ਲੇਖਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਨਾ ਕੋਇ ਭਵਾਈਆ । ਬਖ਼ਸ਼ੇ ਟੇਕ ਧੁਰ ਦਰਗਾਹੀ ਏਕਾ ਚਰਨ, ਚਰਨ ਕਵਲ ਕਵਲ ਫੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ

ਆਪਣੇ ਰੰਗ ਸਮਾਈਆ । ਗੁਰਮੁਖ ਅੰਗੀਕਾਰ ਕਰ ਕਰ, ਆਪਣਾ ਭੇਵ ਜਣਾਇੰਦਾ । ਆਤਮ ਜੋਤੀ ਨੂਰ ਧਰ ਧਰ, ਅਗਿਆਨ ਅੰਧੇਰ ਮਿਟਾਇੰਦਾ । ਚਰਨ ਧੂੜ ਨੁਹਾ ਸਰ ਸਰ, ਦੁਰਮਤ ਮੈਲ ਗਵਾਇੰਦਾ । ਨਾਮ ਭੰਡਾਰਾ ਆਪੇ ਭਰ ਭਰ, ਪੂਜਾ ਪਾਠ ਨਾ ਕੋਇ ਕਰਾਇੰਦਾ । ਦਰਸ ਦਿਖਾਏ ਘਰ ਘਰ, ਰੂਪ ਅਨੂਪ ਆਪ ਵਟਾਇੰਦਾ । ਚਾਰ ਜੁਗ ਦੇ ਵਿਛੜੇ ਫੜ ਫੜ, ਕਲਜੁਗ ਅੰਤਮ ਮੇਲ ਮਿਲਾਇੰਦਾ । ਆਪ ਬੰਧਾਏ ਆਪਣੇ ਲੜ ਲੜ, ਏਕਾ ਪੱਲੂ ਨਾਮ ਉਠਾਇੰਦਾ । ਦਰਸ ਦਿਖਾਏ ਅਗੇ ਖੜ ਖੜ, ਜੋਤੀ ਜੋਤ ਜੋਤ ਡਗਮਗਾਇੰਦਾ । ਸਾਚੀ ਵਸਤੂ ਅਗੇ ਧਰ ਧਰ, ਤ੍ਰੈ ਵਸਤੂ ਮੂਲ ਚੁਕਾਇੰਦਾ । ਲੇਖਾ ਚੁੱਕੇ ਨਾਰੀ ਨਰ ਨਰ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਕਲਜੁਗ ਅੰਤਮ ਆਪਣੀ ਕਿਰਪਾ ਆਪੇ ਕਰ, ਪੂਰਬ ਲਹਿਣਾ ਝੋਲੀ ਪਾਇੰਦਾ । ਪਾਰਬ੍ਰਹਮ ਪਤ ਪਰਮੇਸ਼ਵਰ ਸਵਾਸੀ ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਇ ਵਖਾਇੰਦਾ । ਗੁਰਸਿਖਾਂ ਅੰਦਰ ਜਾਏ ਵੜ, ਔਦਾਂ ਜਾਂਦਾ ਦਿਸ ਨਾ ਆਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਮਾਇਆ ਮਮਤਾ ਮੋਹ ਚੁਕਾਇੰਦਾ । ਪੰਚ ਵਿਕਾਰਾ ਮਾਰੇ ਮਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਤਮ ਸੇਜਾ ਚਰਨ ਧਰ, ਸੁਹੰਜਣੀ ਸੇਜ ਆਪ ਸੁਹਾਇੰਦਾ । ਬ੍ਰਹਮ ਪਾਰਬ੍ਰਹਮ ਪ੍ਰਭ ਲਏ ਫੜ, ਆਪ ਆਪਣੇ ਅੰਗ ਲਗਾਇੰਦਾ । ਜੋਤ ਅੰਦਰ ਜੋਤੀ ਧਰ, ਜੋਤੀ ਜੋਤ ਵਿਚ ਸਮਾਇੰਦਾ । ਨਾ ਜਨਮੇ ਨਾ ਜਾਏ ਮਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਕਲਜੁਗ ਕੂੜਾ ਚੁੱਕੇ ਡਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਪਾਰ ਲੰਘਾਇੰਦਾ । ਗੁਰਸਿਖ ਉਤਰੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਸਤਿਗੁਰ ਸਾਹਿਬ ਸੁਲਤਾਨ ਇਸ਼ਟ ਦ੍ਰਿਸ਼ਟ ਦੇਵੇ ਇਕ ਸਹਾਰਾ, ਨਾਮ ਨਿਧਾਨ ਝੋਲੀ ਪਾਈਆ । ਈਸ਼ ਜੀਵ ਆਤਮ ਪਰਮਾਤਮ ਨਿਜ ਘਰ ਕਰ ਪਿਆਰਾ, ਪਿੰਡ ਬ੍ਰਹਿਮੰਡ ਖੋਜ ਖੁਜਾਈਆ । ਸ਼ਬਦ ਨਾਦ ਧੁਨ ਅਗੰਮ ਜੈਕਾਰਾ, ਅਨਹਦ ਰਾਗ ਅਵੱਲੜਾ ਆਪ ਸੁਣਾਈਆ । ਅੰਮ੍ਰਿਤ ਆਤਮ ਸਰੋਵਰ ਠੰਡਾ ਜਲ ਨਿਝਰ ਧਾਰਾ, ਸਚ ਪਿਆਲਾ ਦੀਨ ਦਿਆਲਾ ਨਾਮ ਪਿਆਈਆ । ਪਰਗਟ ਹੋ ਗੁਰ ਕਰਤਾਰਾ, ਪਾਵੇ ਸਾਰ ਨਿਰੰਕਾਰ ਨਿਰਾਕਾਰਾ, ਨਿਰਵੈਰ ਮੂਰਤ ਅਕਾਲ ਵਡ ਵਡਿਆਈਆ । ਗੁਰਸਿਖ ਸੋਹਿਣ ਸਚ ਦਵਾਰਾ, ਸਤਿਗੁਰ ਪੂਰਾ ਪਾਵੇ ਸਾਰਾ, ਏਥੇ ਉਥੇ ਦੋ ਜਹਾਨ ਵੇਖਣਹਾਰਾ, ਵੇਖੇ ਮਾਰ ਧਿਆਨ, ਇਕ ਜਣਾਏ ਸਚ ਨਿਸ਼ਾਨ, ਨਾਮ ਨਿਸ਼ਾਨਾ ਹੱਥ ਉਠਾਈਆ । ਗੁਰਮੁਖ ਗੋਪੀ ਮੇਲਾ ਕਾਹਨ, ਸੀਤਾ ਸੁਰਤੀ ਪਾਏ ਰਾਮ, ਸਵਾਣੀ ਗੋਬਿੰਦ ਕਰੇ ਪਰਨਾਮ, ਸਾਚਾ ਹਾਣੀ ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਮੇਲੇ ਆਪਣੇ ਘਰ, ਗੁਰ ਚੇਲੇ ਏਕਾ ਆਪਣੇ ਰੰਗ ਰੰਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲਾ ਅਨਭਵ ਰੂਪ ਪਰਕਾਸ਼ ਪਰਕਾਸ਼ ਵਿਚ ਰਖਾਈਆ ।

### ❊ ੨੧ ਭਾਦਰੋਂ ੨੦੧੭ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਸਦਾ ਸਿੰਘ ਵਾਲਾ, ਜ਼ਿਲਾ ਫਿਰੋਜ਼ ਪੁਰ ❊

ਸੋ ਪੁਰਖ ਨਿਰੰਜਣ ਹਰਿ ਸਮਰਥ, ਦੀਨ ਦਿਆਲ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਮਾ ਅਕਥ, ਅਵੱਲੜੀ ਚਾਲ ਬੇਪਰਵਾਹੀਆ ।

ਏਕੰਕਾਰਾ ਚਲਾਏ ਆਪਣਾ ਰਥ, ਆਦਿ ਜੁਗਾਦਿ ਸੇਵ ਕਮਾਈਆ । ਆਦਿ ਨਿਰੰਜਣ ਹਰਿ ਪਰਗਟ, ਨੂਰ ਉਜਾਲਾ ਜੋਤ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਆਪਣੀ ਰੱਖੇ ਅਮੋਲਕ ਵਥ, ਆਪ ਆਪਣੇ ਵਿਚ ਟਿਕਾਈਆ । ਅਬਿਨਾਸ਼ੀ ਕਰਤਾ ਸਾਚਾ ਮਾਰਗ ਏਕਾ ਦੱਸ, ਆਪ ਆਪਣਾ ਵੇਖ ਵਖਾਈਆ । ਪਾਰਬ੍ਰਹਮ ਗਾਏ ਗਾਥ, ਆਪਣਾ ਨਾਉਂ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੇ ਰੰਗ ਆਪ ਸਮਾਈਆ । ਨਿਰਗੁਣ ਰੰਗ ਅਵੱਲੜਾ, ਦਿਸ ਕਿਸੇ ਨਾ ਆਇੰਦਾ । ਕਰੇ ਖੇਲ ਇਕ ਇਕੱਲੜਾ, ਅਕਲ ਕਲ ਧਾਰੀ ਨਾਉਂ ਧਰਾਇੰਦਾ । ਸਚ ਸਿੰਘਾਸਣ ਏਕਾ ਮਲੜਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਨੇਹਚਲ ਧਾਮ ਉਚ ਅਟੱਲੜਾ, ਨਿਰਵੈਰ ਆਪਣਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਨਿਰਗੁਣ ਧਾਰ ਬੰਧਾਇੰਦਾ, ਪਾਰਬ੍ਰਹਮ ਬੇਅੰਤ । ਜੋਤੀ ਜੋਤ ਡਗਮਗਾਇੰਦਾ, ਖੇਲੇ ਖੇਲ ਸ੍ਰੀ ਭਗਵੰਤ । ਮਧ ਸੂਦਨ ਆਪ ਅਖਵਾਇੰਦਾ, ਅਕਾਲ ਮੂਰਤ ਆਦਿ ਅੰਤ । ਦੀਵਾ ਬਾਤੀ ਡਗਮਗਾਇੰਦਾ, ਆਦਿ ਅਨਾਦੀ ਖੇਲੇ ਖੇਲ ਜੁਗਾ ਜੁਗੰਤ । ਆਪਣੀ ਬਣਤ ਆਪ ਬਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਇੰਦਾ । ਨਿਰਗੁਣ ਖੇਲ ਕਰ ਅਪਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਚਖੰਡ ਨਿਵਾਸੀ ਖੋਲ੍ਹ ਦਵਾਰਾ, ਸਚਖੰਡ ਸਾਚੀ ਸੇਜ ਸੁਹਾਈਆ । ਘਰ ਮੰਦਰ ਦੀਪਕ ਕਰ ਉਜਿਆਰਾ, ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਸਚ ਸਿੰਘਾਸਣ ਸ਼ਾਹ ਸਿਕਦਾਰਾ, ਏਕਾ ਹੁਕਮ ਸੁਣਾਈਆ । ਨਿਰਗੁਣ ਅੰਦਰ ਨਿਰਗੁਣ ਬਾਹਰਾ, ਨਿਰਗੁਣ ਗੁਪਤ ਜ਼ਾਹਰਾ ਰੂਪ ਵਟਾਈਆ । ਨਿਰਗੁਣ ਸ਼ਬਦ ਨਿਰਗੁਣ ਜੈਕਾਰਾ, ਨਿਰਗੁਣ ਨਾਅਰਾ ਆਪਣਾ ਲਾਈਆ । ਨਿਰਗੁਣ ਸੁੰਨ ਅਗੰਮ ਵਸੇ ਧੁਆਂਧਾਰਾ, ਸੁੰਨ ਸਮਾਧ ਬੈਠਾ ਮੁਖ ਛੁਪਾਈਆ । ਨਿਰਗੁਣ ਨਿਰਾਕਾਰ ਕਰ ਅਕਾਰਾ, ਆਪ ਆਪਣਾ ਰੂਪ ਵਟਾਈਆ । ਨਿਰਗੁਣ ਕਵਲ ਨਿਰਗੁਣ ਅੰਮ੍ਰਿਤ ਧਾਰਾ, ਨਿਰਗੁਣ ਫੁਲ ਫਲ ਮਹਿਕਾਈਆ । ਨਿਰਗੁਣ ਬ੍ਰਹਮ ਨਿਰਗੁਣ ਪਾਰਬ੍ਰਹਮ ਕਰ ਪਸਾਰਾ, ਨਿਰਗੁਣ ਰੂਪ ਅਨੂਪ ਦਰਸਾਈਆ । ਨਿਰਗੁਣ ਸ਼ੰਕਰ ਸ਼ਾਹ ਸਵਾਰਾ, ਨਿਰਗੁਣ ਵਸੇ ਹਰ ਘਟ ਥਾਈਆ । ਨਿਰਗੁਣ ਰਵ ਸਸ ਨੂਰ ਕਰ ਉਜਿਆਰਾ, ਜੋਤ ਜੋਤ ਵਿਚ ਟਿਕਾਈਆ । ਨਿਰਗੁਣ ਵੰਡੇ ਵੰਡ ਅਗੰਮ ਅਪਾਰਾ, ਆਪਣੀ ਵੰਡਣ ਆਪਣੇ ਹੱਥ ਰਖਾਈਆ । ਨਿਰਗੁਣ ਲੱਖ ਚੁਰਾਸੀ ਕਰ ਤਿਆਰਾ, ਘਟ ਘਟ ਆਪਣਾ ਰੂਪ ਦਰਸਾਈਆ । ਨਿਰਗੁਣ ਚਾਰ ਖਾਣੀ ਭਰ ਭੰਡਾਰਾ, ਤ੍ਰੈਗੁਣ ਮਾਇਆ ਬੰਧਨ ਪਾਈਆ । ਨਿਰਗੁਣ ਆਤਮ ਬ੍ਰਹਮ ਈਸ਼ ਜੀਵ ਦੇ ਸਹਾਰਾ, ਜਗਤ ਜਗਦੀਸ਼ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਰ, ਅਲੱਖ ਅਗੋਚਰ ਭੇਵ ਨਾ ਰਾਈਆ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਰਾਇੰਦਾ । ਲੱਖ ਚੁਰਾਸੀ ਹੋ ਉਜਿਆਰਾ, ਘਰ ਘਰ ਵਿਚ ਜੋਤ ਜਗਾਇੰਦਾ । ਲੇਖਾ ਜਾਣੇ ਸੂਰਜ ਚੰਨ ਸਤਾਰਾ, ਮੰਡਲ ਮੰਡਪ ਆਪ ਉਪਾਇੰਦਾ । ਲੋਆਂ ਪੁਰੀਆਂ ਬੰਨ੍ਹੇ ਧਾਰਾ, ਬ੍ਰਹਿਮੰਡਾਂ ਖੰਡਾਂ ਰੰਗ ਰੰਗਾਇੰਦਾ । ਰਵ ਸਸ ਮੰਗਣ ਦਰ ਭਿਖਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਕੋਟੀ ਰੂਪ ਵਰਤੇ ਤੇਰਾ ਵਰਤਾਰਾ, ਕਵਣ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਪੜ੍ਹਾਇੰਦਾ । ਰਵ ਸਸ ਹਰਿ ਸ਼ਬਦ ਜਣਾਏ, ਆਪਣਾ ਭੇਵ ਖੁਲ੍ਹਾਈਆ । ਆਪਣੀ ਜੋਤ ਜੋਤ ਜਗਾਏ, ਜੋਤੀ ਜਾਤਾ ਬੇਪਰਵਾਹੀਆ । ਕੋਟਨ ਕੋਟੀ ਕੋਟ ਰੂਪ ਆਪ ਪਰਗਟਾਏ,

ਘਟ ਘਟ ਕਰੇ ਰੁਸ਼ਨਾਈਆ । ਸਗਲਾ ਸਾਥੀ ਬਣ ਰਘੁਰਾਏ, ਆਦਿ ਜੁਗਾਦੀ ਵੇਖ ਵਖਾਈਆ । ਮਹਾਂਸਾਰਥੀ ਖੇਲ ਖਲਾਏ, ਦੋ ਜਹਾਨਾਂ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਰਵ ਸਸ ਤੇਰੀ ਸਾਚੀ ਕਾਰ, ਹਰਿ ਸਾਚਾ ਆਪ ਸਮਝਾਇੰਦਾ । ਅੱਠੇ ਪਹਿਰ ਚਰਨਾਂ ਰੱਖਾਂ ਉਪਰ ਭਾਰ, ਨੇਤਰ ਨੈਣ ਦਿਸ ਨਾ ਆਇੰਦਾ । ਨੈਣ ਮੂੰਦ ਹੋਏ ਕਰਤਾਰ, ਏਕਾ ਨੇਤਰ ਤੇਰੇ ਤੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਇੰਦਾ । ਇਕ ਇਕੱਲਾ ਖੇਲ ਖਿਲਾਈਆ, ਹਰਿ ਖ਼ਾਲਕ ਬੇਪਰਵਾਹ । ਸਚਖੰਡ ਦਵਾਰੇ ਸੋਭਾ ਪਾਈਆ, ਪੁਰੀਆਂ ਲੋਆਂ ਰਿਹਾ ਰਾਹ ਤਕਾ । ਆਪਣੀ ਜੋਤ ਕਰ ਰੁਸ਼ਨਾਈਆ, ਥਿਰ ਘਰ ਕੁੰਡਾ ਦੇਵੇ ਲਾਹ । ਕੋਟਨ ਕੋਟ ਕਿਰਨ ਧਰਾਈਆ, ਗਿਣਤੀ ਵਿਚ ਨਾ ਸਕੇ ਆ । ਇਕ ਕਿਰਨ ਆਪਣੀ ਵੰਡ ਵੰਡਾਈਆ, ਬ੍ਰਹਿਮੰਡਾਂ ਖੰਡਾਂ ਵਿਚ ਜਾਏ ਸਮਾ । ਇਕ ਇਕ ਇਕ ਨਾਲ ਹਿਸਾ ਰਿਹਾ ਕਰਾਈਆ, ਰਵ ਸਸ ਦੇਵੇ ਝੋਲੀ ਪਾ । ਪਾਰਬ੍ਰਹਮ ਪ੍ਰਭ ਹੋਏ ਸਹਾਈਆ, ਤੇਰੀ ਜੋਤ ਨਾ ਸਕੇ ਕੋਇ ਖਿਚਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਆਪਣਾ ਗੇੜਾ ਆਪ ਭਵਾਈਆ, ਬੈਠਣ ਦੇਵੇ ਨਾ ਕਿਸੇ ਥਾਂ । ਚਾਰੋਂ ਕੁੰਟ ਆਪਣੇ ਚਰਨਾਂ ਭਾਰ ਦਬਾਈਆ, ਲੇਖਾ ਜਾਣੇ ਥਾਉਂ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋਤੀ ਜੋਤ ਜੋਤ ਪਰਗਟਾਈਆ । ਹਰਿ ਚਰਨ ਖੇਲ ਅਪਾਰਾ, ਰਵ ਸਸ ਸੀਸ ਉਠਾਇੰਦਾ । ਪੁਰਖ ਅਬਿਨਾਸ਼ੀ ਨਿਝਰ ਧਾਰਾ, ਨਿਰਵੈਰ ਆਪ ਵਹਾਇੰਦਾ । ਚਰਨ ਕਵਲ ਸਚ ਸਹਾਰਾ, ਕਿਰਨ ਕਿਰਨ ਆਪ ਪਰਗਟਾਇੰਦਾ । ਪਾਵੇ ਸਾਰ ਸਰਬ ਸੰਸਾਰਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਲੋਕਮਾਤ ਦਏ ਆਧਾਰਾ, ਲੱਖ ਚੁਰਾਸੀ ਵਕਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਆਪਣਾ ਵੇਲਾ ਆਪ ਸੁਹਾਇੰਦਾ । ਰਵ ਸਸ ਦੇ ਪਰਕਾਸ਼, ਪ੍ਰਭ ਸਾਚੇ ਸਗਨ ਮਨਾਇਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਦਾਸੀ ਦਾਸ, ਦਿਵਸ ਰੈਣ ਸੇਵ ਕਮਾਇਆ । ਕਰੇ ਖੇਲ ਪੁਰਖ ਅਬਿਨਾਸ਼, ਪ੍ਰਿਥਮੀ ਆਕਾਸ਼ ਵੰਡ ਵੰਡਾਇਆ । ਵਿਸ਼ਨੂੰ ਤੇਰਾ ਸਾਸ ਗਰਾਸ, ਪਾਰਬ੍ਰਹਮ ਆਪਣਾ ਭੰਡਾਰਾ ਰਿਹਾ ਵਰਤਾਇਆ । ਬ੍ਰਹਮੇ ਤੇਰਾ ਬ੍ਰਹਮ ਪਰਕਾਸ਼, ਲੱਖ ਚੁਰਾਸੀ ਜੀਵ ਆਤਮ ਈਸ਼ ਜੀਵ ਰੰਗ ਰੰਗਾਇਆ । ਸ਼ੰਕਰ ਤੇਰਾ ਤ੍ਰਿਖਾ ਸਵਾਸ, ਤ੍ਰੈਗੁਣ ਮਾਇਆ ਦਏ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਤ੍ਰੈਗੁਣ ਮਾਇਆ ਲੱਖ ਚੁਰਾਸੀ ਬਣਤ ਬਣਾ, ਘਟ ਭਾਂਡੇ ਆਪ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਥਾਉਂ ਥਾਂ, ਥਾਨ ਥਨੰਤਰ ਸੋਭਾ ਪਾਈਆ । ਰਵ ਸਸ ਆਪ ਚਮਕਾ, ਆਪਣੇ ਚਰਨਾਂ ਹੇਠ ਰਖਾਈਆ । ਆਪਣਾ ਗੇੜਾ ਰਿਹਾ ਗੜਾ, ਗੇੜਨਹਾਰਾ ਦਿਸ ਨਾ ਆਈਆ । ਏਕਾ ਰੰਗ ਰਿਹਾ ਰੰਗਾ, ਦੂਜਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਈਆ । ਸੂਰਜ ਚੰਨ ਹਰਿ ਜੋਤ ਜਗਾ, ਏਕਾ ਰੰਗ ਰੰਗਾਇਆ । ਬ੍ਰਹਮਾ ਵਿਸ਼ਨ ਸ਼ਿਵ ਲੱਖ ਚੁਰਾਸੀ ਬਣਤ ਬਣਾ, ਪਾਰਬ੍ਰਹਮ ਅਬਿਨਾਸ਼ੀ ਕਰਤੇ ਅਗੇ ਬੈਠੇ ਸੀਸ ਝੁਕਾਇਆ । ਤੇਰਾ ਲੇਖਾ ਕੋਈ ਜਾਣੇ ਨਾ, ਤੇਰਾ ਭੇਵ ਕਿਸੇ ਨਾ ਪਾਇਆ । ਕਵਣ ਰੂਪ ਖੇਲ ਦਏ ਖਲਾ, ਲੋਕਮਾਤ ਹੋਏ ਸਹਾਇਆ । ਕਵਣ ਜੀਵ ਜੰਤ ਧੰਦੇ ਦੇਵੇ ਲਾ, ਕਵਣ ਮਾਰਗ ਦਏ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖੇ ਘਰ, ਮਾਣਸ ਮਨੁਖ ਆਪ ਉਪਜਾਇਆ । ਮਾਣਸ

੧੦੮੨ ੦੯

ਤੇਰੀ ਸਾਚੀ ਵੰਡ, ਪੁਰਖ ਅਬਿਨਾਸ਼ੀ ਆਪ ਵੰਡਾਈਆ । ਤਿੰਨ ਸੌ ਸੱਠ ਹਾਡੀ ਦਿਤੀ ਗੰਢ, ਆਪਣੀ ਹੱਥੀਂ ਗੰਢ ਪਵਾਈਆ । ਬਾਹਰ ਰੱਖਿਆ ਮਾਰੂ ਡੰਡ, ਸੀਸ ਜਗਦੀਸ ਵੇਖ ਵਖਾਈਆ । ਚਾਰ ਰਲਾਏ ਜੇਰਜ ਅੰਡ, ਉਤਭੁਜ ਸੇਤਜ ਖੇਲ ਖਿਲਾਈਆ । ਤਿੰਨ ਸੌ ਪੈਠ ਜੀਵ ਇੰਡ ਪਿੰਡ ਬ੍ਰਹਿਮੰਡ, ਕਾਇਆ ਗੜ੍ਹ ਆਪ ਸੁਹਾਈਆ । ਅੰਦਰ ਸੁਤਾ ਦੇ ਕਰ ਕੰਡ, ਆਪਣਾ ਰਵ ਆਪਣਾ ਸਸ ਆਪਣਾ ਤੇਜ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਵਿਸ਼ਨ ਸ਼ਿਵ ਸਮਝਾਈਆ । ਬ੍ਰਹਮੇ ਵਿਸ਼ਨ ਸ਼ਿਵ ਹਰਿ ਸਮਝਾਇੰਦਾ, ਮਾਣਸ ਮਾਨੁਖ ਵੇਖ ਵਿਚਾਰ । ਰਵ ਸਸ ਵੰਡ ਵੰਡਾਇੰਦਾ, ਤਿੰਨ ਛੇ ਪੰਜ ਦਏ ਆਧਾਰ । ਆਪਣੀ ਖੇਲ ਆਪ ਖਲਾਇੰਦਾ, ਚਾਰ ਵਰਨ ਚਾਰ ਜੁਗ ਚਾਰ ਬਾਣੀ ਕਰ ਪਿਆਰ । ਬਾਰਾਂ ਰਾਸੀ ਵੇਖ ਵਖਾਇੰਦਾ, ਨਿਰਗੁਣ ਨਿਰਗੁਣ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਭੇਵ ਅਭੇਦਾ ਆਪ ਜਣਾਇੰਦਾ । ਬਾਰਾਂ ਰਾਸੀ ਖੇਲ ਅਪਾਰਾ, ਹਰਿ ਸਾਚਾ ਸਚ ਸਮਝਾਇੰਦਾ । ਏਕਾ ਗੁਣ ਢਾਈ ਘਰ, ਚੰਦ ਉਪਰ ਸੂਰਜ ਧਰ, ਜੋਤੀ ਜੋਤ ਜਗਾਇੰਦਾ । ਬੇਅੰਤ ਬੇਪਰਵਾਹ ਉਪਰ ਖੜ, ਆਪ ਆਪਣਾ ਵੇਖ ਵਖਾਇੰਦਾ । ਬਾਰਾਂ ਢੱਯਾ ਤੀਸ ਦਰ, ਜਗਦੀਸ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਸੁਹੰਜਣਾ ਆਪ ਸੁਹਾਇੰਦਾ । ਬਾਰਾਂ ਤੀਸ ਵੰਡ ਵੰਡਾ, ਬ੍ਰਹਮੇ ਵਿਸ਼ਨ ਸ਼ਿਵ ਸਮਝਾਇੰਦਾ । ਬਾਰਾਂ ਤੀਸ ਲੇਖ ਲਿਖਾ, ਗੁਣ ਨਿਧਾਨ ਗੁਣ ਪਾਇੰਦਾ । ਤਿੰਨ ਸੌ ਸੱਠ ਜੋੜ ਜੁੜਾ, ਆਪਣਾ ਕੱਠ ਆਪ ਕਰਾਇੰਦਾ । ਏਕਾ ਏਕ ਲਏ ਉਪਜਾ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਏਕਾ ਚੌਕਾ ਨਾਲ ਰਲਾ, ਚਾਰੇ ਮੁਖ ਬ੍ਰਹਮੇ ਸਾਲਾਹਿੰਦਾ । ਪੰਚਮ ਮੁਖ ਤਾਜ ਬਣਾ, ਸੀਸ ਜਗਦੀਸ਼ ਆਪ ਟਿਕਾਇੰਦਾ । ਤਿੰਨ ਸੌ ਪੈਠ ਆਪਣੇ ਰੰਗ ਰੰਗਾ, ਤਿੰਨ ਪੰਚ ਛੇ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਲਾਹਿੰਦਾ । ਆਪਣਾ ਪਰਦਾ ਲਾਹਵਣਹਾਰਾ, ਭੇਵ ਅਭੇਦਾ ਦਏ ਖੁਲ੍ਹਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਉਜਿਆਰਾ, ਮਨ ਮਤ ਬੁਧ ਵਿਚ ਟਿਕਾਈਆ । ਅੱਠਾਂ ਤੱਤਾਂ ਖੇਲ ਨਿਆਰਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਅੱਠ ਪਹਿਰ ਵੰਡ ਸੰਸਾਰਾ, ਨਿਰਗੁਣ ਸਰਗੁਣ ਧਾਰ ਚਲਾਈਆ । ਦੋਹਾਂ ਵਿਚੋਲਾ ਬੇਪਰਵਾਹ ਹਰਿ ਮੀਤ ਮੁਰਾਰਾ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਅਧਵਿਚਕਾਰੇ ਰੱਖੇ ਆਪਣੀ ਧਾਰਾ, ਸ਼ਾਹ ਸਵਾਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਰਿ, ਦਰਗਹਿ ਸਾਚੀ ਸੋਭਾ ਪਾਈਆ । ਆਠ ਪਹਿਰ ਵੰਡਣ ਵੰਡ, ਦੋਏ ਦੋਏ ਰੂਪ ਪਰਗਟਾਇਆ । ਖੇਲੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਖੋਜ ਖੁਜਾਇਆ । ਏਕਾ ਹਿਸਾ ਜੇਰਜ ਅੰਡ, ਦੂਜਾ ਉਤਭੁਜ ਸੇਤਜ ਨਾਲ ਰਲਾਇਆ । ਅਧਵਿਚਕਾਰੇ ਸੁੱਤਾ ਦੇ ਕਰ ਕੰਡ, ਪੁਰਖ ਅਬਿਨਾਸ਼ੀ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਵਸਾਇਆ । ਤ੍ਰੈਗੁਣ ਧਾਰ ਹਰਿ ਨਿਰੰਕਾਰ, ਏਕਾ ਪਹਿਰ ਸਮਾਈਆ । ਏਕਾ ਪਹਿਰ ਕਰ ਵਿਚਾਰ, ਅੱਠ ਤਤ ਕਰੇ ਕੁੜਮਾਈਆ । ਅੱਠਾਂ ਤੱਤਾਂ ਪਾਵੇ ਸਾਰ, ਨੌ ਦਰ ਲੇਖਾ ਸਹਿਜ ਸੁਭਾਈਆ । ਨੌ ਦਰ ਲੇਖਾ ਜਾਣੇ ਜਾਨਣਹਾਰ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਨੌ ਅੱਠ ਸਤ ਕਰ ਵਿਚਾਰ, ਚਵੀ ਧਾਰ ਆਪ ਬੰਧਾਈਆ । ਚਵੀਆਂ ਵਿਚੋਂ ਹੋਏ ਬਾਹਰ, ਚੌਪਟ ਸਾਰ ਆਪਣੀ ਖੇਲ ਖਿਲਾਈਆ । ਏਕਾ ਢੱਯਾ

੧੦੮੩ ੦੯

ਮਾਰੇ ਮਾਰ, ਆਪਣੀ ਚਾਲ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘੜੀ ਪਲ ਆਪ ਹੋ ਜਾਈਆ । ਆਪਣੀ ਵੰਡ ਵੰਡ ਕਰਤਾਰ, ਦਰ ਘਰ ਸਾਚੇ ਸਚ ਕਰਾਈਆ । ਬ੍ਰਹਮੇ ਵਿਸ਼ਨ ਸ਼ਿਵ ਦਏ ਆਧਾਰ, ਏਕਾ ਮਤ ਤਤ ਸਮਝਾਈਆ । ਰਵ ਸਸ ਹੋਇਆ ਉਜਿਆਰ, ਸੇਵਕ ਸੇਵਾ ਸਚ ਕਮਾਈਆ । ਜੁਗਾ ਜੁਗੰਤਰ ਖੇਲ ਨਿਆਰ, ਦਿਵਸ ਰੈਣ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਝੋਲੀ ਪਾਈਆ । ਕਵਣ ਰੂਪ ਹੋਏ ਰੈਣ, ਕਵਣ ਰੂਪ ਦਿਵਸ ਸੁਹਾਇਆ । ਕਵਣ ਰੂਪ ਨਾਤਾ ਬਣੇ ਸਾਕ ਸੱਜਣ ਸੈਣ, ਕਵਣ ਰੂਪ ਮਾਤ ਪਿਤ ਭੈਣ ਭਾਇਆ । ਕਵਣ ਰੂਪ ਲੇਖਾ ਚੁਕਾਏ ਲਹਿਣਾ ਦੇਣ, ਕਵਣ ਰੂਪ ਨੇਤਰ ਨੈਣ ਦਰਸ ਕਰਾਇਆ । ਕਵਣ ਰੂਪ ਵਖਾਏ ਸਾਚਾ ਗਹਿਣ, ਕਵਣ ਬਸਤਰ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਕ ਦਏ ਸਮਝਾਇਆ । ਪਾਰਬ੍ਰਹਮ ਸਮਝਾਏ, ਤ੍ਰੈਗੁਣ ਅਤੀਤਾ ਭਿੰਨ । ਆਪਣੀ ਖੇਲ ਆਪ ਖਲਾਏ, ਦਿਵਸ ਰੈਣ ਵੰਡ ਵੰਡਾਏ, ਦਿਸ ਨਾ ਆਏ ਕੋਇ ਚਿੰਨ । ਜੁਗਾ ਜੁਗੰਤਰ ਸੇਵਾ ਲਾਏ, ਆਪਣਾ ਪੰਧ ਨਾ ਸਕੇ ਕੋਈ ਗਿਣ । ਹੁਕਮੀ ਹੁਕਮ ਆਪ ਫਿਰਾਏ, ਆਪੇ ਵੇਖੇ ਛਿੰਨ ਛਿੰਨ । ਸਾਚੀ ਵਸਤ ਪਹਿਲਾਂ ਝੋਲੀ ਪਾਏ, ਭਿਨੜੀ ਰੈਣ ਪਿਆਰੀ ਭਿੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦਿਤਾ ਏਕਾ ਵਰ, ਆਪ ਆਪਣੀ ਵਸਤ ਚਿੰਨ । ਭਿਨੜੀ ਰੈਣ ਮਿਲੀ ਦਾਤ, ਬ੍ਰਹਮਾ ਵਿਸ਼ਨ ਸ਼ਿਵ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਕਮਲਾਪਤ, ਸਾਚੀ ਵੰਡ ਹੱਥ ਫੜਾਇੰਦਾ । ਲੱਖ ਚੁਰਾਸੀ ਤਨ ਮਨ ਨਾਤਾ ਤੁਟੇ ਰਾਤ, ਆਲਸ ਨਿੰਦਰਾ ਵਿਚ ਭਰਾਇੰਦਾ । ਰਸਨਾ ਜਿਹਵਾ ਨਾ ਗਾਏ ਕੋਈ ਗਾਥ, ਸਗਲਾ ਸਾਥ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਨਾਉਂ ਧਰਾਇੰਦਾ । ਭਿਨੜੀ ਰੈਣ ਆਈ ਮਾਤ, ਲੱਖ ਚੁਰਾਸੀ ਵੇਖ ਵਖਾਈਆ । ਧੁਰ ਦਰਗਾਹੀ ਏਕਾ ਦਾਤ, ਜੀਵ ਜੰਤ ਸਰਬ ਵਰਤਾਈਆ । ਆਪਣੇ ਨਾਲ ਜੁੜਾਇਆ ਨਾਤ, ਨਾਤਾ ਜੁੜਿਆ ਵਿਛੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿਨੜੀ ਰੈਣ ਦਏ ਵਡਿਆਈਆ । ਭਿਨੜੀ ਰੈਣ ਪਹਿਲੀ ਵਾਰ, ਆਪਣਾ ਰੂਪ ਪਰਗਟਾਇਆ । ਆਪਣੇ ਮੁਖ ਘੁੰਗਟ ਲਏ ਉਤਾਰ, ਸੂਰਜ ਚੰਨ ਮੁਖ ਛੁਪਾਇਆ । ਧਰਤ ਧਵਲ ਦਏ ਸਹਾਰ, ਆਪਣਾ ਪੱਲੂ ਆਪ ਉਠਾਇਆ । ਲੱਖ ਚੁਰਾਸੀ ਚਾਰੋਂ ਕੁੰਟ ਵੇਖੇ ਵਾਰੋ ਵਾਰ, ਆਪਣਾ ਗੇੜਾ ਆਪ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਬਹਿ ਸਮਝਾਇਆ । ਭਿਨੜੀ ਰੈਣ ਪੈਂਡਾ ਗਿਆ ਮੁੱਕ, ਰਵ ਸਸ ਕਰੇ ਚੜ੍ਹਾਈਆ । ਪੁਰਖ ਅਬਿਨਾਸ਼ੀ ਵੇਖੇ ਲੁਕ ਲੁਕ, ਥਿਰ ਘਰ ਬੈਠਾ ਬੇਪਰਵਾਹੀਆ । ਆਦਿ ਜੁਗਾਦਿ ਸੀਸ ਜਗਦੀਸ ਸਭ ਦਾ ਰਿਹਾ ਝੁਕ, ਨੇਤਰ ਨੈਣ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੀਤੀ ਆਪ ਚਲਾਈਆ । ਸਾਚੀ ਰੀਤ ਚਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਦਿਵਸ ਰੈਣ ਵੰਡ ਵੰਡਾਇੰਦਾ, ਘੜੀ ਪਲ ਕਰ ਤਿਆਰ । ਮਾਸ ਬਰਸ ਖੇਲ ਖਿਲਾਇੰਦਾ, ਆਠ ਪਹਿਰ ਏਕਾ ਧਾਰ । ਜਗਤ ਚੌਕੜੀ ਪਾਰ ਕਰਾਇੰਦਾ, ਲੇਖਾ ਜਾਣੇ ਆਪ ਨਿਰੰਕਾਰ । ਬ੍ਰਹਮੇ ਵਿਸ਼ਨ ਸ਼ਿਵ ਸਮਝਾਇੰਦਾ, ਲੋਕਮਾਤ ਚਲੇ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਬ੍ਰਹਮੇ ਵਿਸ਼ਨ ਸ਼ਿਵ ਕਰ ਅਰਦਾਸ, ਦਰ ਸਾਚੇ ਸੀਸ ਝੁਕਾਇਆ । ਕਵਣ ਜੁਗ ਤੇਰੀ ਮੁੱਕੇ ਰਾਸ,

ਕਵਣ ਲੀਲਾ ਵੇਖ ਵਖਾਇਆ । ਕਵਣ ਰੂਪ ਹੋਏ ਪਰਕਾਸ, ਨੂਰੋ ਨੂਰ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਪੰਧ ਮੁਕਾਇਆ । ਕਵਣ ਵੇਲੇ ਮੁਕੇ ਪੰਧ, ਦਿਵਸ ਰੈਣ ਰਹਿਣ ਨਾ ਪਾਈਆ । ਕਵਣ ਵੇਲਾ ਮੁਖ ਛੁਪਾਏ ਸੂਰਜ ਚੰਦ, ਕਵਣ ਵੇਲਾ ਅੰਧ ਅੰਧਰਾ ਦਏ ਦੁਹਾਈਆ । ਕਵਣ ਵੇਲਾ ਹੋਏ ਬਖ਼ਸ਼ੰਦ, ਲੋਕਮਾਤ ਬਖ਼ਸ਼ਸ਼ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤ ਆਪਣਾ ਭੇਵ ਖੁਲ੍ਹਾਈਆ । ਭੇਵ ਖੁਲ੍ਹਾਏ ਹਰਿ ਭਗਵੰਤ, ਸ਼ਬਦੀ ਸ਼ਬਦ ਜਣਾਇਆ । ਕਰੇ ਖੇਲ ਪ੍ਰਭ ਬੇਅੰਤ, ਬੇਅੰਤ ਪ੍ਰਭ ਦੀ ਮਾਇਆ । ਨੌ ਨੌ ਚਾਰ ਚੌਕੜੀ ਖੇਲੇ ਖੇਲ ਹਰਿ ਹਰਿ ਕੰਤ, ਦਿਵਸ ਰੈਣ ਦਾਈ ਦਇਆ ਸੇਵ ਕਮਾਇਆ । ਲੱਖ ਚੁਰਾਸੀ ਗੋਦ ਬਹਾਏ ਨਾਲ ਰਲਾਏ ਗੁਰ ਪੀਰ ਅਵਤਾਰ ਸਾਧ ਸੰਤ, ਸਭ ਦਾ ਲੇਖਾ ਆਪ ਲਿਖਾਇਆ । ਜੁਗ ਜੁਗ ਮਹਿਮਾ ਜਾਣੇ ਜਣਾਏ ਹਰਿ ਅਗਣਤ, ਲੇਖਾ ਲਿਖ ਨਾ ਸਕੇ ਕੋਈ ਰਾਇਆ । ਕਲਜੁਗ ਵੇਲਾ ਆਏ ਅੰਤ, ਨੌ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲਾਇਆ । ਕਲਜੁਗ ਵੇਲਾ ਅੰਤਮ ਔਣਾ, ਨਿਰਗੁਣ ਨਰਾਇਣ ਆਪ ਸਮਝਾਇੰਦਾ । ਨਿਹਕਲੰਕੀ ਜਾਮਾ ਪੌਣਾ, ਤਤਵ ਤਤ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਵੇਖ ਵਖੌਣਾ, ਈਸ਼ ਜੀਵ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਇੰਦਾ । ਆਪਣਾ ਵੇਲਾ ਆਪ ਸੁਹਾਵਣਾ, ਭੁੱਲ ਰਹੇ ਨਾ ਰਾਈਆ । ਜੋਤੀ ਜਾਮਾ ਭੇਖ ਵਟਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਫੋਲ ਫੁਲਾਵਣਾ, ਘਰ ਘਰ ਫੇਰਾ ਪਾਈਆ । ਭਗਤ ਭਗਵੰਤ ਆਪ ਉਠਾਵਣਾ, ਆਪਣਾ ਲੇਖਾ ਦਏ ਸਮਝਾਈਆ । ਦੂਈ ਦਵੈਤੀ ਪਰਦਾ ਲਾਹਵਣਾ, ਅੰਧ ਅੰਧੇਰ ਦਏ ਗਵਾਈਆ । ਜੋਤ ਪਰਕਾਸ਼ ਇਕ ਕਰਾਵਣਾ, ਨੂਰੋ ਨੂਰ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਲੇ ਅੰਤ ਬੇਪਰਵਾਹੀਆ । ਵੇਲਾ ਅੰਤ ਸੁਹਾਵਣਾ, ਪਾਰਬ੍ਰਹਮ ਹਰਿ ਕਰਤਾਰ । ਨਿਹਕਲੰਕੀ ਜਾਮਾ ਪਾਵਣਾ, ਨਿਰਗੁਣ ਨਿਰਵੈਰ ਅਗੰਮ ਅਪਾਰ । ਭਿੰਨੜੀ ਰੈਣ ਆਪ ਸੁਹਾਵਣਾ, ਕਰੇ ਖੇਲ ਵਿਚ ਸੰਸਾਰ । ਗੁਰਮੁਖ ਵਿਰਲੇ ਆਪ ਉਠਾਵਣਾ, ਮੇਲ ਮਿਲਾਏ ਧੁਰ ਦਰਬਾਰ । ਜੀਵ ਜੰਤ ਗੂੜ੍ਹੀ ਨੀਂਦ ਸਵਾਵਣਾ, ਤ੍ਰੈਗੁਣ ਮਾਇਆ ਪਰਦਾ ਡਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਵੇ ਆਪਣੀ ਸਾਰ । ਭਿੰਨੀ ਰੈਨੜੀਏ ਹਰਿ ਪਾਏ ਸਾਰ, ਕਲਜੁਗ ਵੇਲਾ ਦਏ ਦੁਹਾਈਆ । ਗੁਰਸਿਖਾਂ ਨਾਲ ਕਰ ਸਚ ਪਿਆਰ, ਤੇਰਾ ਕੰਤ ਖ਼ੁਸ਼ੀ ਮਨਾਈਆ । ਬਣਿਆ ਵਿਚੋਲਾ ਧੁਰ ਦਰਬਾਰ, ਸਾਚਾ ਢੋਲਾ ਰਿਹਾ ਗਾਈਆ । ਪਰਦਾ ਓਹਲਾ ਚੁੱਕੇ ਅੰਤਮ ਵਾਰ, ਤੇਰੇ ਨੇਤਰ ਨੈਣ ਵੇਖ ਵਖਾਈਆ । ਕਲਜੁਗ ਕੂੜਾ ਘੁੰਗਟ ਦਏ ਉਤਾਰ, ਮਸਤਕ ਰਹੇ ਨਾ ਟਿੱਕਾ ਛਾਹੀਆ । ਜਾਗਰਤ ਜੋਤ ਹੋਏ ਉਜਿਆਰ, ਜਗਤ ਜਗਦੀਸ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭਿਨੜੀ ਰੈਣ ਦਏ ਵਡਿਆਈਆ । ਭਿਨੜੀ ਰੈਣ ਚੜ੍ਹਿਆ ਚਾ, ਉਠ ਉਠ ਖ਼ੁਸ਼ੀ ਮਨਾਈਆ । ਸਤਿਗੁਰ ਪੂਰਾ ਮਿਲਿਆ ਇਕ ਮਲਾਹ, ਬੇੜਾ ਬੰਨੇ ਦੇਵੇ ਲਾਈਆ । ਗੁਰਸਿਖ ਮਿਲਾਏ ਜਿਉਂ ਭੈਣ ਭਰਾ, ਵਿਛੜ ਕਦੇ ਨਾ ਜਾਈਆ । ਬਾਂਹੋ ਫੜ ਫੜ ਲਏ ਉਠਾ, ਸੋਇਆ ਕੋਇ ਰਹਿਣ ਨਾ ਪਾਈਆ । ਘਰ ਘਰ ਦਰ ਦਰ ਜਾ ਜਾ ਦੇਵੇ ਦਰਸ ਦਖਾ, ਨੇਤਰ

ਨੈਣ ਨਾ ਕੋਇ ਤਰਸਾਈਆ । ਆਪਦਾ ਪਰਦਾ ਆਪੇ ਦੇਵੇ ਲਾਹ, ਪਾਰਬ੍ਰਹਮ ਬ੍ਰਹਮ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿਨੜੀ ਰੈਣ ਦਏ ਵਡਿਆਈਆ । ਭਿਨੜੀ ਰੈਨੜੀਏ ਉਠ ਜਾਗ, ਸਤਿਗੁਰ ਪੂਰਾ ਆਪ ਜਗਾਇੰਦਾ । ਵੇਲਾ ਆਇਆ ਅੰਤ ਸੁਹਾਗ, ਗੀਤ ਸੁਹਾਗੀ ਹਰਿ ਹਰਿ ਗਾਇੰਦਾ । ਗੁਰਸਿਖਾਂ ਦੀ ਫੜ ਵਾਗ, ਸਾਚੀ ਮੀਢੀ ਤੇਰੇ ਹੱਥੋਂ ਗੁੰਦਾਇੰਦਾ । ਹੰਸ ਬਣਾਏ ਆਪਣੀ ਹੱਥੀ ਕਾਗ, ਸੋਹੰ ਹੰਸਾ ਮੋਤੀ ਚੋਗ ਚੁਗਾਇੰਦਾ । ਤੇਰੇ ਮੰਦਰ ਜਗਿਆ ਇਕ ਚਿਰਾਗ, ਲੋਕਮਾਤ ਨਾ ਕੋਇ ਬੁਝਾਇੰਦਾ । ਦੁਰਮਤ ਧੋਵੇ ਪਿਛਲਾ ਦਾਗ, ਸਵਛ ਸਰੂਪ ਆਪਣੀ ਦਇਆ ਕਮਾਇੰਦਾ । ਗੁਰਸਿਖਾਂ ਦੇਵੇ ਇਕ ਵੈਰਾਗ, ਜਗਤ ਵੈਰਾਗੀ ਆਪ ਹੋ ਜਾਇੰਦਾ । ਤ੍ਰੈਗੁਣ ਮਾਇਆ ਬੁਝੇ ਆਗ, ਤੇਰੀ ਸੀਤਲ ਧਾਰਾ ਆਪ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦੇਵੇ ਵਰ, ਵਰ ਦਾਤਾ ਆਪ ਹੋ ਜਾਇੰਦਾ । ਭਿਨੜੀ ਰੈਣ ਮਿਲਿਆ ਵਰ, ਗੁਰਸਿਖ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤਮ ਚੁਕਿਆ ਡਰ, ਭੈ ਕੋਇ ਦਿਸ ਨਾ ਆਈਆ । ਨਰ ਨਿਰੰਕਾਰਾ ਵਸਿਆ ਘਰ, ਸੁਹੰਜਣੀ ਸੇਜ ਨਾ ਕੋਇ ਵਖਾਈਆ । ਗੁਰਸਿਖਾਂ ਨਾਲ ਬੰਧਾਇਆ ਲੜ, ਆਪਣੀ ਹੱਥੀਂ ਗੰਢ ਪਵਾਈਆ । ਲੱਖ ਚੁਰਾਸੀ ਮਾਇਆ ਮਮਤਾ ਅਗਨੀ ਰਹੀ ਸੜ, ਚਾਰੋਂ ਕੁੰਟ ਭੱਠ ਤਪਾਈਆ । ਭਿਨੜੀ ਰੈਣ ਕਹੇ ਹਰਿ ਹਰਿ, ਹਰਿ ਜੂ ਮਿਲਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੈਣ ਭਿਨੜੀ ਆਪ ਸਮਝਾਈਆ । ਭਿਨੜੀ ਰੈਣ ਹਰਿ ਸਮਝਾਇੰਦਾ, ਗੁਰ ਸਤਿਗੁਰ ਵਡ ਮਿਹਰਵਾਨ । ਆਦਿ ਤੇਰਾ ਰੂਪ ਪਰਗਟਾਇੰਦਾ, ਅੰਤਮ ਆਪੇ ਵੇਖੇ ਆਣ, ਆਦਿ ਲੱਖ ਚੁਰਾਸੀ ਤੇਰੀ ਝੋਲੀ ਪਾਇੰਦਾ, ਅੰਤਮ ਮਿਟੇ ਜਗਤ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

### ✻ ੨੨ ਭਾਦਰੋਂ ੨੦੧੭ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ ਪਿੰਡ ਸਦਾ ਸਿੰਘ ਵਾਲਾ ਜ਼ਿਲਾ ਫਿਰੋਜ਼ ਪੁਰ ✻

ਮਨਮਤ ਦੁਰਮਤ ਦਾਗ, ਗੁਰ ਸਤਿਗੁਰ ਆਪ ਧਵਾਈਆ । ਅਨਦ ਬਿਨੋਦੀ ਉਪਜਾਏ ਆਪਣਾ ਰਾਗ, ਦਿਵਸ ਰੈਣ ਏਕਾ ਇਕ ਬੁਝਾਈਆ । ਹੰਸਾਂ ਹੰਸ ਮਿਲਿਆ ਕਾਗ, ਏਕਾ ਸਾਚੀ ਚੋਗ ਚੁਗਾਈਆ । ਜਗਤ ਤ੍ਰਿਸ਼ਨਾ ਬੁਝੇ ਆਗ, ਅਗਨੀ ਤਤ ਰਹੇ ਨਾ ਰਾਈਆ । ਹਰਿ ਸਰਨਾਈ ਚਰਨ ਕਵਲ ਲਾਗ, ਸਰਨ ਚਰਨ ਇਕ ਤਕਾਈਆ । ਜਗਤ ਵਿਛੁੰਨੀ ਗਈ ਜਾਗ, ਸੁਰਤ ਨਿਰਤ ਵੱਜੀ ਵਧਾਈਆ । ਪੁਰਖ ਅਕਾਲ ਵਰ ਪਾਇਆ ਵਡ ਭਾਗ, ਭਗਤੀ ਭਗਵਨ ਲੇਖੇ ਲਾਈਆ । ਗ੍ਰਿਹ ਮੰਦਰ ਜਗੇ ਚਿਰਾਗ, ਅੰਧ ਅੰਧੇਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦਏ ਕਟਾਈਆ । ਜਗ ਵਿਛੋੜਾ ਕੱਟਿਆ, ਹਰਿ ਸਤਿਗੁਰ ਸੱਜਣ ਮੀਤ । ਗੁਰਮੁਖ ਵਿਰਲੇ ਲਾਹਾ ਖੱਟਿਆ, ਚਰਨ ਕਵਲ ਸਚ ਪ੍ਰੀਤ । ਹਰਿ ਸਤਿਗੁਰ ਧਾਮ ਵਖਾਏ ਇਕ ਅਨਡਿਠਿਆ, ਅਗੰਮ ਅਥਾਹ ਊਚੋ ਊਚ । ਗੁਰਮੁਖ ਸਾਚੀ ਸਿਖੀ ਸਿਖ਼ਿਆ, ਤਨ ਮਨ ਹੋਇਆ ਸੂਚੋ ਸੂਚ । ਸਤਿਗੁਰ ਧੁਰ ਦਰਗਾਹੀ ਲੇਖਾ ਲਿਖਿਆ, ਲੇਖਾ ਲਿਖਣਹਾਰ ਭਗਵਾਨ । ਗੁਰਮੁਖ ਵਿਰਲੇ ਮੰਗੀ ਭਿਖਿਆ, ਹਰਿ ਜੀ ਦੇਵੇ ਜੀਅ ਦਾਨ । ਸਤਿਗੁਰ ਪੂਰਾ ਸਾਜਣ ਮੀਤੜਾ, ਗਹਿਰ ਗੰਭੀਰ ਸਮਾਏ । ਗੁਰਮੁਖ ਵਿਰਲੇ ਰੰਗਿਆ

ਕਾਇਆ ਚੀਥੜਾ, ਜੋ ਜਨ ਸਰਨਾਈ ਆਏ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਸੱਜਣ ਪਾਤਸ਼ਾਹ । ਗੁਰਮੁਖਾਂ ਦੇਵੇ ਨਾਮ ਦਾਨ, ਜੁਗਾ ਜੁਗੰਤਰ ਬਣ ਮਲਾਹ । ਸਤਿਗੁਰ ਪੂਰਾ ਪਾਇਆ, ਮਿਟਿਆ ਹਉਮੇ ਰੋਗ । ਗੁਰ ਸਤਿਗੁਰ ਦਇਆ ਕਮਾਇਆ, ਮੇਲ ਮਿਲਾਇਆ ਧੁਰ ਸੰਜੋਗ । ਜਗਤ ਵਿਛੋੜਾ ਰਹਿਣ ਨਾ ਪਾਇਆ, ਵੱਜੇ ਵਧਾਈ ਤੀਨਾਂ ਲੋਕ । ਜੈ ਜੈਕਾਰਾ ਆਪ ਕਰਾਇਆ, ਬ੍ਰਹਮਾ ਵਿਸ਼ਨ ਸ਼ਿਵ ਗਾਇਣ ਨਾਮ ਸਲੋਕ । ਸਚਖੰਡ ਦਵਾਰ ਆਪ ਖੁਲਾਇਆ, ਬਖ਼ਸ਼ਸ਼ ਕੀਤੀ ਚਰਨ ਓਟ । ਵੇਲੇ ਅੰਤਮ ਅੰਤ ਕੰਤ ਭਗਵੰਤ ਸੰਤ ਲਏ ਮਿਲਾਇਆ, ਆਪ ਮਿਲਾਏ ਆਪਣੀ ਗੋਤ । ਵਰਨ ਬਰਨ ਵਿਚ ਨਾ ਆਇਆ, ਰੂਪ ਅਨੂਪ ਪਰਗਟਾਏ ਕੋਟੀ ਕੋਟ । ਹਰਿਜਨ ਵੇਖੇ ਥਾਉਂ ਥਾਂਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣ ਚੁਕਾਏ ਲਾੜੀ ਮੌਤ । ਗੁਰਸਿਖ ਗੁਰ ਗੁਰ ਪੇਖਿਆ, ਗੁਰ ਨੇਤਰ ਖੋਲ੍ਹ ਗਿਆਨ । ਗੁਰ ਸਤਿਗੁਰ ਲਿਖਣਹਾਰਾ ਲੇਖਿਆ, ਲੇਖਾ ਜਾਣੇ ਦੋ ਜਹਾਨ । ਜੁਗਾ ਜੁਗੰਤਰ ਧਾਰੇ ਭੇਖਿਆ, ਸੰਤ ਸੁਹੇਲੇ ਵੇਖੇ ਆਣ । ਸ਼ਾਹੋ ਭੂਪ ਨਰ ਨਰੇਸ਼ਿਆ, ਕਰੇ ਖੇਲ ਸ੍ਰੀ ਭਗਵਾਨ । ਮੁਛ ਦਾੜ੍ਹੀ ਨਾ ਦਿਸੇ ਕੇਸਿਆ, ਰੂਪ ਰੰਗ ਨਾ ਵਿਚ ਜਹਾਨ । ਹਰਿਜਨ ਹਰਿਭਗਤ ਹਰੀ ਹਰਿ ਨਰਾਇਣ ਵਿਰਲੇ ਲੋਕਮਾਤ ਪੇਖਿਆ, ਜਿਸ ਜਨ ਕਰ ਕਿਰਪਾ ਦਰਸਨ ਦੇਵੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ ਭਗਤ ਭਗਵੰਤ ਸਾਧ ਸੰਤ ਲੱਖ ਚੁਰਾਸੀ ਵਿਚੋਂ ਲਾਧ, ਨਾਮ ਦਾਦ ਏਕਾ ਵਸਤ ਝੋਲੀ ਪਾਈਆ ।



੧੦੮੭

### ❋ ੨੨ ਭਾਦਰੋਂ ੨੦੧੭ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਮਨਾਵਾਂ ਜ਼ਿਲਾ ਫਿਰੋਜ਼ਪੁਰ ❋

੦੯

ਸਤਿਗੁਰ ਪੂਰਾ ਸ਼ਾਹੋ ਭੂਪ, ਬੇਅੰਤ ਬੇਪਰਵਾਹਿਆ । ਸਤਿਗੁਰ ਪੂਰਾ ਅਨਰੰਗ ਰੂਪ, ਰੂਪ ਰੇਖ ਰੰਗ ਨਾ ਕੋਇ ਜਣਾਇਆ । ਸਤਿਗੁਰ ਪੂਰਾ ਸਤਿ ਸਰੂਪ, ਸਤਿ ਸਤਿਵਾਦੀ ਭੇਵ ਨਾ ਰਾਇਆ । ਸਤਿਗੁਰ ਪੂਰਾ ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਆਪਣਾ ਨਾਉਂ ਧਰਾਇਆ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਸਾਚੇ ਤਖ਼ਤ ਬਿਰਾਜਿਆ । ਸਤਿਗੁਰ ਪੂਰਾ ਵਡ ਮਿਹਰਵਾਨ, ਆਦਿ ਜੁਗਾਦਿ ਰਚੇ ਆਪਣਾ ਕਾਜਿਆ । ਸਤਿਗੁਰ ਪੂਰਾ ਵਡ ਦਾਨੀ ਦਾਨ, ਜੁਗਾ ਜੁਗੰਤਰ ਚਲਾਏ ਸਚ ਜਹਾਜਿਆ । ਸਤਿਗੁਰ ਪੂਰਾ ਦੇਵਣਹਾਰਾ ਧੁਰ ਫ਼ਰਮਾਣ, ਸਚਖੰਡ ਨਿਵਾਸੀ ਆਪੇ ਰਚੇ ਆਪਣਾ ਕਾਜਿਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੱਖੇ ਆਪਣੀ ਲਾਜਿਆ । ਸਤਿਗੁਰ ਪੂਰਾ ਸੋ ਪੁਰਖ ਨਿਰੰਜਣ, ਏਕਾ ਰੰਗ ਸਮਾਇੰਦਾ । ਸਤਿਗੁਰ ਪੂਰਾ ਦੀਨਾ ਨਾਥ ਦਰਦ ਦੁਖ ਭੈ ਭੰਜਨ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿਗੁਰ ਪੂਰਾ ਦੋ ਜਹਾਨਾ ਸਾਚਾ ਸੱਜਣ, ਸਗਲਾ ਸੰਗ ਨਿਭਾਇੰਦਾ । ਸਤਿਗੁਰ ਪੂਰਾ ਪਰਦੇ ਹੋਏ ਕੱਜਣ, ਨਾਮ ਦੁਸ਼ਾਲਾ ਹੱਥ ਉਠਾਇੰਦਾ । ਸਤਿਗੁਰ ਪੂਰਾ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਸਤਿਗੁਰ ਪੂਰਾ ਸਾਚੇ ਅਸਵ ਚੜ੍ਹੇ ਤਾਜਨ, ਆਦਿ ਜੁਗਾਦਿ ਆਪ ਦੌੜਾਇੰਦਾ । ਸਤਿਗੁਰ ਪੂਰਾ ਸ਼ਬਦ ਅਗੰਮੀ ਮਾਰੇ ਵਾਜਨ, ਅਗੰਮ ਅਗੰਮੜਾ ਬੋਲ ਅਲਾਇੰਦਾ । ਸਤਿਗੁਰ ਪੂਰਾ ਗ਼ਰੀਬ ਨਿਵਾਜ਼ਨ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਆਪ ਆਪਣਾ ਬਲ ਧਰਾਇੰਦਾ । ਸਤਿਗੁਰ ਪੂਰਾ ਹਰਿ ਪੁਰਖ ਨਿਰੰਜਣ ਏਕ, ਸਚ ਮਹੱਲਾ ਸੋਭਾ ਪਾਇੰਦਾ । ਸਤਿਗੁਰ ਪੂਰਾ ਬਖ਼ਸ਼ੀ ਸਾਚੀ ਟੇਕ, ਸ੍ਰਿਸ਼ਟ ਸਬਾਈ ਇਸ਼ਟ ਇਕ ਵਖਾਇੰਦਾ । ਸਤਿਗੁਰ ਪੂਰਾ ਆਦਿ ਜੁਗਾਦਿ ਲਿਖਣਹਾਰਾ ਲੇਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਸਤਿਗੁਰ ਪੂਰਾ ਥਿਰ ਘਰ ਬੈਠਾ ਰਿਹਾ ਵੇਖ, ਨੇਤਰ ਨੈਣ ਨਾ ਕੋਇ ਉਪਾਇੰਦਾ । ਸਤਿਗੁਰ ਪੂਰਾ ਮੁੱਛ ਦਾੜ੍ਹੀ ਨਾ ਦਿਸੇ ਕੇਸ, ਮੂੰਡ ਮੁੰਡਾਏ ਨਾ ਰੂਪ ਵਟਾਇੰਦਾ । ਸਤਿਗੁਰ ਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਸਤਿਗੁਰ ਪੂਰਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਸਤਿਗੁਰ ਪੂਰਾ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਸਤਿਗੁਰ ਪੂਰਾ ਵਸੇ ਧਾਮ ਨਿਆਰ, ਉਚ ਮਹੱਲ ਅਟੱਲ ਆਪ ਸੁਹਾਇੰਦਾ । ਸਤਿਗੁਰ ਪੂਰਾ ਸਚਖੰਡ ਦੁਆਰੇ ਹੋ ਤਿਆਰ, ਸਚ ਸਿੰਘਾਸਣ ਆਸਣ ਲਾਇੰਦਾ । ਸਤਿਗੁਰ ਪੂਰਾ ਜੂਨੀ ਰਹਿਤ ਮਰੇ ਨਾ ਜੰਮੇ ਵਿਚ ਸੰਸਾਰ, ਪੁਰਖ ਅਕਾਲ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਵੇਖ ਵਖਾਇੰਦਾ । ਸਤਿਗੁਰ ਪੂਰਾ ਨਿਰੰਜਣ ਆਦਿ, ਆਦਿ ਪੁਰਖ ਵੱਡੀ ਵਡਿਆਈਆ । ਸਤਿਗੁਰ ਪੂਰਾ ਖੇਲੇ ਖੇਲ ਜੁਗਾਦਿ, ਜੁਗ ਕਰਤਾ ਨਾਉਂ ਧਰਾਈਆ । ਸਤਿਗੁਰ ਪੂਰਾ ਰਹੇ ਸਦਾ ਵਿਸਮਾਦ, ਬਿਸਮਿਲ ਆਪਣਾ ਰੂਪ ਵਟਾਈਆ । ਸਤਿਗੁਰ ਪੂਰਾ ਸ਼ਬਦ ਵਜਾਏ ਸਾਚਾ ਨਾਦ, ਤੁਰੀਆ ਧਾਰ ਆਪ ਚਲਾਈਆ । ਸਤਿਗੁਰ ਪੂਰਾ ਬੋਲ ਸੁਣਾਏ ਬੋਧ ਅਗਾਧ, ਲਿਖਣ ਪੜ੍ਹਣ ਵਿਚ ਨਾ ਆਈਆ । ਸਤਿਗੁਰ ਪੂਰਾ ਆਪ ਲਡਾਏ ਆਪਣਾ ਲਾਡ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਪੂਰਾ ਅਬਿਨਾਸ਼ੀ ਪੁਰਖ, ਜਨਮ ਮਰਨ ਵਿਚ ਨਾ ਆਇੰਦਾ । ਸਤਿਗੁਰ ਪੂਰਾ ਪੰਜ ਤਤ ਨਾ ਦਿਸੇ ਸੂਰਤ, ਮਨ ਮਤ ਬੁਧ ਨਾ ਕੋਇ ਉਪਾਇੰਦਾ । ਸਤਿਗੁਰ ਪੂਰਾ ਨਾਤਾ ਰੱਖੇ ਨਾ ਕੂੜੇ ਕੂੜਤ, ਬੰਧਨ ਬੰਧ ਨਾ ਕੋਇ ਬੰਧਾਇੰਦਾ । ਸਤਿਗੁਰ ਪੂਰਾ ਏਕਾ ਨੂਰ ਨੁਰਾਨਾ ਨੂਰਤ, ਜੋਤੀ ਜੋਤ ਡਗਮਗਾਇੰਦਾ । ਸਤਿਗੁਰ ਪੂਰਾ ਆਪ ਆਪਣੀ ਆਸਾ ਮਨਸਾ ਪੂਰਤ, ਆਪ ਆਪਣਾ ਵੇਸ ਧਰਾਇੰਦਾ । ਸਤਿਗੁਰ ਪੂਰਾ ਵਸਣਹਾਰਾ ਨੇੜੇ ਦੂਰਤ, ਦੋ ਜਹਾਨਾ ਖੇਲ ਖਲਾਇੰਦਾ । ਸਤਿਗੁਰ ਪੂਰਾ ਨਾਦ ਵਜਾਏ ਏਕਾ ਤੂਰਤ, ਧੁਨ ਧੁਨ ਵਿਚ ਸਮਾਇੰਦਾ । ਸਤਿਗੁਰ ਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਇੰਦਾ । ਸਤਿਗੁਰ ਪੂਰਾ ਸ੍ਰੀ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਸਤਿਗੁਰ ਪੂਰਾ ਹੱਥ ਰਖਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਸਤਿਗੁਰ ਪੂਰਾ ਵਡ ਰਾਜ ਰਾਜਾਨ, ਤਖ਼ਤ ਨਿਵਾਸੀ ਬੇਪਰਵਾਹੀਆ । ਸਤਿਗੁਰ ਪੂਰਾ ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਆਪਣਾ ਹੁਕਮ ਚਲਾਈਆ । ਸਤਿਗੁਰ ਪੂਰਾ ਸਾਚਾ ਕਾਨ੍ਹ, ਲੱਖ ਚੁਰਾਸੀ ਸਖ਼ੀਆਂ ਨਾਚ ਨਚਾਈਆ । ਸਤਿਗੁਰ ਪੂਰਾ ਏਕਾ ਬਖ਼ਸ਼ੇ ਅਨੇਕ ਗਿਆਨ, ਏਕਾ ਮੰਤਰ ਨਾਮ ਪੜ੍ਹਾਈਆ । ਸਤਿਗੁਰ ਪੂਰਾ ਘਟ ਘਟ ਹੋਏ ਜਾਣੀ ਜਾਣ, ਅਭੁੱਲ ਅਭੁੱਲ ਵਡ ਵਡਿਆਈਆ । ਸਤਿਗੁਰ ਪੂਰਾ ਸਦ ਮਿਹਰਵਾਨ, ਮਹਿਬਾਨ ਆਪਣਾ ਨਾਉਂ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਰਿਹਾ ਸੁਹਾਈਆ । ਸਤਿਗੁਰ ਪੂਰਾ ਪਾਰਬ੍ਰਹਮ, ਅਲੱਖ ਅਗੋਚਰ ਭੇਵ ਨਾ ਆਇੰਦਾ । ਆਦਿ ਜੁਗਾਦਿ ਨਾ ਪਏ ਜੰਮ, ਜਨਮ ਮਰਨ ਨਾ ਕੋਇ ਰਖਾਇੰਦਾ । ਪਵਣ ਸੁਆਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਚਿੰਤਾ ਚਿਖਾ ਨਾ ਕੋਇ ਬਣਾਇੰਦਾ । ਸਤਿਗੁਰ

ਪੂਰਾ ਆਪੇ ਕਰੇ ਆਪਣਾ ਕੰਮ, ਆਪਣੀ ਖੇਲ ਖਿਲਾਇੰਦਾ । ਸਤਿਗੁਰ ਪੂਰਾ ਜੁਗਾ ਜੁਗੰਤਰ ਬੇੜਾ ਬੰਨ੍ਹ, ਲੋਆਂ ਪੁਰੀਆਂ ਵੇਖ ਵਖਾਇੰਦਾ । ਸਤਿਗੁਰ ਪੂਰਾ ਜੋਤ ਜਗਾਏ ਬਿਨ ਛੱਪਰ ਛੰਨ, ਮਹੱਲ ਅਟੱਲ ਨਾ ਕੋਇ ਵਸਾਇੰਦਾ । ਸਤਿਗੁਰ ਪੂਰਾ ਆਪਣੇ ਦੀਪਕ ਆਪੇ ਬਲ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਸਤਿਗੁਰ ਪੂਰਾ ਵਸਣਹਾਰਾ ਜਲ ਥਲ, ਜਲ ਥਲ ਮਹੀਅਲ ਆਪਣਾ ਭੇਵ ਖੁਲ੍ਹਾਇੰਦਾ । ਸਤਿਗੁਰ ਪੂਰਾ ਕਰੇ ਖੇਲ ਘੜੀ ਘੜੀ ਪਲ ਪਲ, ਦਿਵਸ ਰੈਣ ਬਰਸ ਮਾਸ ਆਪਣੀ ਧਾਰ ਬੰਧਾਇੰਦਾ । ਸਤਿਗੁਰ ਪੂਰਾ ਸਚ ਸੰਦੇਸ਼ ਰਿਹਾ ਘੱਲ, ਏਕਾ ਅੱਖਰ ਨਾਮ ਪੜ੍ਹਾਇੰਦਾ । ਸਤਿਗੁਰ ਪੂਰਾ ਸਚ ਸਿੰਘਾਸਣ ਬੈਠਾ ਮੱਲ, ਨਿਰਗੁਣ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਸਤਿਗੁਰ ਪੂਰਾ, ਹਰਿ ਪੁਰਖ ਨਿਰੰਜਣ ਦਏ ਸਲਾਹੀਆ । ਏਕੰਕਾਰਾ ਸਤਿਗੁਰ ਪੂਰਾ, ਆਦਿ ਨਿਰੰਜਣ ਦਏ ਵਡਿਆਈਆ । ਅਬਿਨਾਸ਼ੀ ਕਰਤਾ ਸਤਿਗੁਰ ਪੂਰਾ, ਸ੍ਰੀ ਭਗਵਾਨ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਸਤਿਗੁਰ ਪੂਰਾ, ਇਕ ਇਕੱਲਾ ਖੇਲ ਖਿਲਾਈਆ । ਨਿਰਗੁਣ ਨਿਰਵੈਰ ਸਤਿਗੁਰ ਪੂਰਾ, ਮੂਰਤ ਅਕਾਲ ਵੱਡੀ ਵਡਿਆਈਆ । ਅਜੂਨੀ ਰਹਿਤ ਸਤਿਗੁਰ ਪੂਰਾ, ਨਾ ਮਰੇ ਨਾ ਜਾਈਆ । ਸ਼ਬਦ ਅਨਾਦ ਸਤਿਗੁਰ ਪੂਰਾ, ਸਚਖੰਡ ਦਵਾਰੇ ਵੱਜੇ ਵਧਾਈਆ । ਧੁਰ ਫ਼ਰਮਾਣਾ ਸਤਿਗੁਰ ਪੂਰਾ, ਹੁਕਮੀ ਹੁਕਮ ਸਰਬ ਫਿਰਾਈਆ । ਹੁਕਮੀ ਹੁਕਮ ਵਰਤੇ ਵਰਤਾਏ ਸਤਿਗੁਰ ਪੂਰਾ, ਬ੍ਰਹਿਮੰਡ ਖੰਡ ਰਚਨ ਰਚਾਈਆ । ਬ੍ਰਹਿਮੰਡ ਖੰਡ ਰਚਾਏ ਸਤਿਗੁਰ ਪੂਰਾ, ਲੋਆਂ ਪੁਰੀਆਂ ਆਪ ਪਰਗਟਾਈਆ । ਲੋਆਂ ਪੁਰੀਆਂ ਆਪ ਪਰਗਟਾਏ ਸਤਿਗੁਰ ਪੂਰਾ, ਵਿਸ਼ਨ ਬ੍ਰਹਮਾ ਸ਼ਿਵ ਲਏ ਉਪਜਾਈਆ । ਬ੍ਰਹਮਾ ਵਿਸ਼ਨ ਸ਼ਿਵ ਆਪਣੀ ਗੋਦ ਬਹਾਏ ਸਤਿਗੁਰ ਪੂਰਾ, ਏਕਾ ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਰੂਪ ਸਤਿਗੁਰ ਪੂਰਾ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣੀ ਰਚਨ ਆਪ ਰਚਾਈਆ । ਆਦਿ ਨਿਰੰਜਣ ਸਤਿਗੁਰ ਪੂਰਾ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਏਕੰਕਾਰਾ ਜੋਤ ਨਿਰੰਜਣ ਅਬਿਨਾਸ਼ੀ ਕਰਤਾ ਹਾਜ਼ਰ ਹਜ਼ੂਰਾ, ਸ੍ਰੀ ਭਗਵਾਨ ਵੇਖ ਵਖਾਇੰਦਾ । ਪਾਰਬ੍ਰਹਮ ਵਸਣਹਾਰਾ ਨੇੜੇ ਦੂਰਾ, ਬ੍ਰਹਮ ਆਪਣਾ ਰੂਪ ਪਰਗਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਿਸੇ ਹਾਜ਼ਰ ਹਜ਼ੂਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤ ਉਜਾਲਾ ਜੋਤੀ ਨੂਰਾ, ਜੋਤੀ ਜੋਤ ਡਗਮਗਾਇੰਦਾ । ਸਰਬ ਕਲ ਆਪੇ ਭਰਪੂਰਾ, ਸਮਰਥ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਸਤਿਗੁਰ ਪੂਰਾ ਸਾਹਿਬ ਮਿਹਰਵਾਨ, ਏਕੰਕਾਰ ਵਡੀ ਵਡਿਆਈਆ । ਖੇਲੇ ਖੇਲ ਸ੍ਰੀ ਭਗਵਾਨ, ਦਰਗਹਿ ਸਾਚੀ ਭੇਵ ਨਾ ਰਾਈਆ । ਸਚਖੰਡ ਦਵਾਰਾ ਖੋਲ੍ਹ ਦੁਕਾਨ, ਥਿਰ ਘਰ ਆਪਣੀ ਸੇਜ ਸੁਹਾਈਆ । ਸਾਚੇ ਤਖ਼ਤ ਬੈਠ ਸੁਲਤਾਨ, ਸੀਸ ਤਾਜ ਅਗੰਮ ਟਿਕਾਈਆ । ਏਕਾ ਦੇਵੇ ਧੁਰ ਫ਼ਰਮਾਣ, ਸ਼ਬਦੀ ਸ਼ਬਦ ਸੁਣਾਈਆ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਬ੍ਰਹਮਾ ਵਿਸ਼ਨ ਸ਼ਿਵ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਸਤਿਗੁਰ ਪੂਰਾ ਹੋ ਮਿਹਰਵਾਨ, ਸਾਚੀ ਭਿਛਿਆ ਝੋਲੀ ਪਾਈਆ । ਸ਼ਬਦੀ ਮੇਲਾ ਦੋ ਜਹਾਨ, ਦੋ ਦੋ ਧਾਰ ਵਖਾਈਆ । ਨਿਰਗੁਣ ਸਰਗੁਣ ਹੋਏ ਪਰਧਾਨ, ਨਿਰਵੈਰ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਦਰ ਘਰ ਸਾਚਾ ਆਪ ਸੁਹਾਈਆ । ਸ਼ਬਦ ਸੁਣਿਆ ਹਰਿ ਫ਼ਰਮਾਣ, ਨਿਰਗੁਣ ਸਰਗੁਣ ਰੂਪ ਪਰਗਟਾਇੰਦਾ । ਬ੍ਰਹਮਾ

ਵਿਸ਼ਨ ਸ਼ਿਵ ਲਗਾਇਆ ਕਾਨ, ਧੁਰ ਫ਼ਰਮਾਣਾ ਹਰਿ ਜਣਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਅਗੰਮ ਅਗੰਮੜੀ ਕਾਰ ਕਰਾਇੰਦਾ । ਲੱਖ ਚੁਰਾਸੀ ਕਰੇ ਪਰਧਾਨ, ਤ੍ਰੈਗੁਣ ਮਾਇਆ ਮਤ ਮਨ ਬੁਧ ਪੰਜ ਤਤ ਨਿਸ਼ਾਨ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਘਰ ਮੰਦਰ ਘਰ ਇਕ ਮਕਾਨ, ਘਰ ਘਰ ਵਿਚ ਆਪ ਸੁਹਾਇੰਦਾ । ਉਪਰ ਬੈਠਾ ਸ਼ਾਹ ਸੁਲਤਾਨ, ਆਪ ਆਪਣਾ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਦੇਵੇ ਦਾਨ, ਆਪਣੀ ਵੰਡ ਅੰਤ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਆਪਣਾ ਨਾਉਂ ਧਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪੜਦਾ ਖੋਲ੍ਹ, ਪੁਰਖ ਅਬਿਨਾਸ਼ੀ ਭੇਵ ਜਣਾਇੰਦਾ । ਨਾਦ ਅਨਾਦੀ ਏਕਾ ਬੋਲ, ਅਗੰਮ ਅਗੰਮੜਾ ਆਪ ਸੁਣਾਇੰਦਾ । ਸਚਖੰਡ ਨਿਵਾਸੀ ਸਚ ਦਵਾਰੇ ਕਰੇ ਕੌਲ, ਦੇ ਮਤ ਆਪ ਸਮਝਾਇੰਦਾ । ਕਰੇ ਖੇਲ ਉਪਰ ਧੌਲ, ਧਰਨੀ ਧਰਤ ਧਵਲ ਸੁਹਾਇੰਦਾ । ਲੱਖ ਚੁਰਾਸੀ ਜਾਏ ਮੌਲ, ਬ੍ਰਹਮਾ ਬੂਟਾ ਮਾਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਸਤਿਗੁਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਬ੍ਰਹਮਾ ਵਿਸ਼ਨ ਸ਼ਿਵ ਪੜ੍ਹਾਈਆ । ਸਤਿਗੁਰ ਪੂਰਾ ਨੌਜਵਾਨ, ਨਾ ਮਰੇ ਨਾ ਜਾਈਆ । ਦਰਗਹਿ ਸਾਚੀ ਕਰੇ ਇਕ ਬਿਸਰਾਮ, ਸਚ ਸੁਹੰਜਣੀ ਸੇਜ ਹੰਢਾਈਆ । ਨੌ ਨੌ ਚਾਰ ਵੇਖੇ ਆਪਣਾ ਕਾਮ, ਨੇਹਕਰਮੀ ਖੇਲ ਖਿਲਾਈਆ । ਤ੍ਰੈ ਤ੍ਰੈ ਬਣਾਏ ਨਗਰ ਗਰਾਮ, ਜਗਤ ਖੇੜਾ ਦਏ ਵਸਾਈਆ । ਵਰਭੰਡੀ ਬੋਲੇ ਇਕ ਕਲਾਮ, ਜੁਗ ਜੁਗ ਆਪਣਾ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਅੱਖਰ ਹਰਿ ਹਰਿ ਪੜ੍ਹ, ਤ੍ਰੈ ਤ੍ਰੈ ਸੀਸ ਝੁਕਾਇਆ । ਕਵਣ ਦਵਾਰੇ ਸਤਿਗੁਰ ਸਾਚਾ ਆਦਿ ਜੁਗਾਦਿ ਰਹੇ ਖੜ, ਕਵਣ ਦਵਾਰ ਜਗਤ ਸੁਹਾਇਆ । ਕਵਣ ਪੌੜੇ ਜਾਏ ਚੜ੍ਹ, ਕਵਣ ਮੰਡਲ ਡੇਰਾ ਲਾਇਆ । ਕਵਣ ਰੂਪ ਦਰਸ ਦਿਖਾਏ ਅਗੇ ਖੜ, ਜੋਤੀ ਜੋਤ ਡਗਮਗਾਇਆ । ਕਵਣ ਸੋ ਵੇਲਾ ਕਿਰਪਾ ਦੇਵੇ ਕਰ, ਕਰ ਕਿਰਪਾ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੇਵਕ ਢਹਿ ਪਏ ਸਰਨਾਇਆ । ਵਿਸ਼ਨ ਬ੍ਰਹਮਾ ਸ਼ਿਵ ਢਹਿ ਢਹਿ ਸਰਨਾਈ, ਨੇਤਰ ਨੈਣਾਂ ਨੀਰ ਵਹਾਈਆ । ਸਤਿਗੁਰ ਪੂਰੇ ਤੇਰੀ ਝੱਲੀ ਨਾ ਜਾਏ ਜੁਦਾਈ, ਤੇਰਾ ਵਿਛੋੜਾ ਸਹਿ ਨਾ ਸਕੇ ਰਾਈਆ । ਕਵਣ ਵੇਲਾ ਕਵਣ ਵਕਤ ਬ੍ਰਹਮ ਪਾਰਬ੍ਰਹਮ ਹੋਏ ਕੁੜਮਾਈ, ਬ੍ਰਹਮ ਲੇਖਾ ਝੋਲੀ ਪਾਈਆ । ਕਵਣ ਦਰ ਵਿਸ਼ਨੂੰ ਵੱਜੇ ਵਧਾਈ, ਵਿਸ਼ਵ ਆਪਣਾ ਮੰਗਲ ਗਾਈਆ । ਕਵਣ ਘਰ ਸ਼ੰਕਰ ਮੰਗੇ ਚਾਈਂ ਚਾਈਂ, ਭਿਖਕ ਭਿਛਿਆ ਇਕ ਵਖਾਈਆ । ਕਵਣ ਵੇਲਾ ਸਤਿਗੁਰ ਪੂਰਾ ਪਕੜੇ ਬਾਂਹੀ, ਆਪ ਆਪਣੇ ਗਲੇ ਲਗਾਈਆ । ਕਵਣ ਵੇਲਾ ਸਤਿਗੁਰ ਪੂਰਾ ਦੇਵੇ ਠੰਡੀਆਂ ਛਾਈਂ, ਬਿਰਹੋਂ ਅੱਗ ਰਹੇ ਨਾ ਰਾਈਆ । ਕਵਣ ਵੇਲਾ ਏਕਾ ਨਜ਼ਰ ਆਏ ਪਿਤਾ ਮਾਈ, ਪਿਤਾ ਪੂਤ ਏਕਾ ਰੰਗ ਸਮਾਈਆ । ਕਵਣ ਵੇਲਾ ਨੌ ਨੌ ਚਾਰ ਘਾਲ ਪਾਏ ਥਾਈਂ, ਜੁਗ ਚੌਕੜੀ ਪੰਧ ਮੁਕਾਈਆ । ਕਵਣ ਵੇਲਾ ਕਰ ਸਚ ਨਿਆਈਂ, ਜੁਗ ਜੁਗ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਗੁਰ ਕਵਣ ਰੂਪ ਪਰਗਟਾਈਆ । ਪਾਰਬ੍ਰਹਮ ਬ੍ਰਹਮ ਆਪ ਸੁਹਾਇਆ, ਏਕਾ ਤਤ ਵਖਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਰਿਹਾ ਦਵਾਇਆ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ । ਬ੍ਰਹਿਮੰਡ ਖੰਡ ਵੇਖ ਵਖਾਇਆ, ਸੂਰਜ ਚੰਨ ਹੁਕਮੇ ਆਪ ਫਿਰਾਇੰਦਾ ।

ਲੱਖ ਚੁਰਾਸੀ ਜੋਤ ਆਪ ਉਪਾਇਆ, ਅਜੂਨੀ ਰਹਿਤ ਜੋਤ ਜਗਾਇੰਦਾ । ਚਾਰ ਚਾਰ ਵੱਖ ਕਰਾਇਆ, ਚਾਰੇ ਮੁਖ ਸਲਾਇੰਦਾ । ਚਾਰੇ ਬਾਣੀ ਆਪ ਪੜ੍ਹਾਇਆ, ਚਾਰੇ ਖਾਣੀ ਰੰਗ ਰੰਗਾਇੰਦਾ । ਚਾਰ ਵਰਨਾਂ ਲਏ ਸਮਝਾਇਆ, ਚਾਰ ਜੁਗ ਰੂਪ ਪਰਗਟਾਇੰਦਾ । ਨੌ ਨੌ ਚਾਰ ਵੇਸ ਧਰਾਇਆ, ਗੁਰ ਪੀਰ ਅਵਤਾਰ ਸਾਧ ਸੰਤ ਜੋਤ ਜਗਾਇੰਦਾ । ਭਗਤ ਭਗਵੰਤ ਮਾਰਗ ਲਾਇਆ, ਆਪਣਾ ਪੰਧ ਆਪ ਵਖਾਇੰਦਾ । ਸ਼ਬਦ ਅਨਾਦਿ ਇਕ ਧਰਾਇਆ, ਜੁਗ ਜੁਗ ਨਾਦ ਵਜਾਇੰਦਾ । ਕਰੇ ਖੇਲ ਬੇਪਰਵਾਹਿਆ, ਵੇਦ ਕਤੇਬ ਭੇਵ ਨਾ ਪਾਇੰਦਾ । ਚਾਰੇ ਵੇਦ ਪੁਰਾਨ ਅਠਾਰਾਂ ਮੁਖ ਸ਼ਰਮਾਇਆ, ਹਰਿ ਕਾ ਰੂਪ ਦਿਸ ਨਾ ਆਇੰਦਾ । ਅਠਾਰਾਂ ਧਿਆਏ ਗੀਤਾ ਗਿਆਨ ਇਕ ਦ੍ਰਿੜ੍ਹਾਇਆ, ਮੂਰਖ ਮੂੜੇ ਧੰਦੇ ਲਾਇੰਦਾ । ਅੰਜੀਲ ਕੁਰਾਨਾ ਕਲਮਾ ਆਪ ਪੜ੍ਹਾਇਆ, ਨਬੀ ਰਸੂਲਾਂ ਆਇਤ ਸ਼ਰੀਯਤ ਆਪ ਸੁਣਾਇੰਦਾ । ਨਾਮ ਸਤਿ ਆਪ ਉਪਜਾਇਆ, ਵਾਹ ਵਾਹ ਗੁਰੂ ਫ਼ਤਿਹ ਬੋਲ ਸੁਣਾਇੰਦਾ । ਨਿਰਗੁਣ ਸਰਗੁਣ ਲਏ ਉਠਾਇਆ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਦਏ ਚੁਕਾਇਆ, ਵੇਲਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਖੇਲ ਕਰੇ ਬੇਪਰਵਾਹਿਆ, ਬੇਪਰਵਾਹ ਭੇਵ ਨਾ ਆਇੰਦਾ । ਰਾਹ ਤੱਕਣ ਦਿਵਸ ਰੈਣ ਦਾਈ ਦਾਇਆ, ਪੂਤ ਸਪੂਤਾ ਕਵਣ ਜਾਇੰਦਾ । ਜੋਤੀ ਜੋਤ ਆਪ ਅਖਵਾਇਆ, ਪਾਰਬ੍ਰਹਮ ਬ੍ਰਹਮ ਨਾਤਾ ਆਪ ਜੁੜਾਇੰਦਾ । ਪੁਰਖ ਬਿਧਾਤਾ ਨਿਰਗੁਣ ਨਿਰਵੈਰ ਨੂਰੋ ਨੂਰ ਡਰਮਗਾਇਆ, ਨੂਰ ਨੁਰਾਨਾ ਖੇਲ ਖਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪੰਧ ਦਏ ਮੁਕਾਇਆ, ਆਪਣਾ ਪੰਧ ਪਾਂਧੀ ਆਪ ਵਖਾਇੰਦਾ । ਤ੍ਰੈਗੁਣ ਡੋਰੀ ਤੰਦ ਦਏ ਤੁੜਾਇਆ, ਕੱਚੀ ਤੰਦ ਦਿਸ ਨਾ ਆਇੰਦਾ । ਇਕ ਇਕੱਲਾ ਏਕੰਕਾਰਾ ਆਪਣਾ ਰੰਗ ਦਏ ਚੜ੍ਹਾਇਆ, ਰੰਗ ਰੰਗੀਲਾ ਇਕ ਵਖਾਇੰਦਾ । ਲੋਕਮਾਤ ਵੇਖੇ ਖੇਲ ਥਾਉਂ ਥਾਂਇਆ, ਨੌ ਸਤ ਫੇਰਾ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਨੌ ਨੌ ਚਾਰ ਗੁਰ ਪੀਰ ਲਏ ਅਵਤਾਰ, ਸਤਿਗੁਰ ਓਟ ਇਕ ਰਖਾਈਆ । ਸਤਿਗੁਰ ਪੂਰਾ ਏਕੰਕਾਰ, ਏਕਾ ਵਸੇ ਧਾਮ ਨਿਆਰ, ਸਚਖੰਡ ਬੈਠਾ ਸੇਜ ਹੰਢਾਈਆ । ਚਾਰੇ ਜੁਗ ਬਣੇ ਭਿਖਾਰ, ਦਰ ਮੰਗਣ ਵਾਰੋ ਵਾਰ, ਦੇਵਣਹਾਰਾ ਇਕ ਅਖਵਾਈਆ । ਕਰੇ ਖੇਲ ਅਪਰ ਅਪਾਰ, ਸ਼ਬਦ ਅਨਾਦਿ ਸੱਚੀ ਧੁਨਕਾਰ, ਗੁਰ ਸਤਿਗੁਰ ਆਪ ਸੁਣਾਈਆ । ਸਰਗੁਣ ਹੋਏ ਵਰਤੇ ਵਿਚ ਸੰਸਾਰ, ਨਿਰਗੁਣ ਰੂਪ ਨਾ ਕੋਇ ਜਣਾਈਆ । ਜੋ ਆਇਆ ਕੂਕੇ ਕਰੇ ਪੁਕਾਰ, ਪੁਰਖ ਅਕਾਲ ਓਟ ਰਖਾਈਆ । ਸ੍ਰਿਸ਼ਟ ਸਬਾਈ ਕਰੇ ਪੁਕਾਰ, ਬਿਨ ਹਰਿ ਅਵਰ ਨਾ ਕੋਇ ਸਹਾਈਆ । ਜੁਗ ਜੁਗ ਮਾਰਨਹਾਰਾ ਮਾਰੇ ਮਾਰ, ਗੁਰ ਪੀਰ ਦੇਣ ਗਵਾਈਆ । ਕਲਜੁਗ ਅੰਤਮ ਕਰੇ ਖ਼ਵਾਰ, ਨੌ ਨੌ ਚਾਰ ਪੰਧ ਮੁਕਾਈਆ । ਬ੍ਰਹਮੇ ਵਿਸ਼ਨ ਸ਼ਿਵ ਰਹਿਣਾ ਖ਼ਬਰਦਾਰ, ਤੇਰੀ ਨਿੰਦਰਾ ਦਏ ਗਵਾਈਆ । ਵਿਸ਼ਨੂੰ ਕਰੇ ਦਰ ਭਿਖਾਰ, ਬ੍ਰਹਮੇ ਬ੍ਰਹਮ ਨੇਤਰ ਇਕ ਖੁਲ੍ਹਾਈਆ । ਸ਼ੰਕਰ ਚਰਨ ਧੂੜ ਬਖ਼ਸ਼ੇ ਖਾਰ, ਖ਼ਾਕੀ ਖ਼ਾਕ ਮਸਤਕ ਟਿੱਕਾ ਇਕ ਰਮਾਈਆ । ਨਿਰਗੁਣ ਨਿਰਵੈਰ ਪਰਗਟੇ ਲੋਕਮਾਤ ਲੈ ਅਵਤਾਰ, ਨਿਹਕਲੰਕਾ ਆਪਣਾ ਨਾਉਂ ਧਰਾਈਆ । ਸਤਿਗੁਰ ਰੂਪ ਪਰਗਟ ਹੋਏ ਵਿਚ ਸੰਸਾਰ, ਗੁਰੂ ਗੁਰ ਨਾ ਵੰਡ ਵੰਡਾਈਆ । ਆਪਣੇ ਹੁਕਮ ਵਰਤੇ ਵਰਤਾਰ, ਦੂਜੇ ਦਰ ਨਾ ਮੰਗਣ ਜਾਈਆ । ਸਾਚਾ ਘਰ ਕਰੇ ਤਿਆਰ, ਆਪਣੀ ਸੇਵ ਆਪ ਕਮਾਈਆ । ਸੰਬਲ ਵੇਖੇ ਵਿਗਸੇ ਪਾਵੇ ਸਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ

ਦੀਨ ਦਿਆਲਾ, ਦਇਆ ਨਿਧ ਅਖਵਾਇੰਦਾ । ਸਚਖੰਡ ਸੁਹਾਏ ਸੱਚੀ ਧਰਮਸਾਲ, ਜਿਸ ਦਰ ਆਪਣਾ ਚਰਨ ਟਿਕਾਇੰਦਾ । ਆਦਿ ਜੁਗਾਦੀ ਬ੍ਰਹਮ ਪਾਏ ਪਾਰਬ੍ਰਹਮ ਸਾਚੀ ਮਾਲਾ, ਅਜਪਾ ਜਾਪ ਕਰਾਇੰਦਾ । ਚਰਨਾਂ ਹੇਠ ਦਬਾਏ ਕਾਲ ਮਹਾਂਕਾਲਾ, ਆਪ ਆਪਣਾ ਬੰਧਨ ਪਾਇੰਦਾ । ਕਲਜੁਗ ਅੰਤਮ ਤੋੜੇ ਝੂਠ ਜੰਜਾਲਾ, ਕੂੜ ਕੁੜਿਆਰਾ ਰਹਿਣ ਨਾ ਪਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਬਣੇ ਦਲਾਲਾ, ਪੁਰੀਆਂ ਲੋਆਂ ਵੇਖ ਵਖਾਇੰਦਾ । ਹਰਿਭਗਤ ਹਰਿਸੰਤ ਗੁਰਮੁਖ ਗੁਰਸਿਖ ਜੁਗ ਜੁਗ ਘਾਲ ਜੋ ਰਹੇ ਘਾਲਾ, ਵੇਲੇ ਅੰਤ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਦੱਸੇ ਰਾਹ ਸੁਖ਼ਾਲਾ, ਚਰਨ ਪ੍ਰੀਤੀ ਜੋੜ ਜੁੜਾਇੰਦਾ । ਅੰਮ੍ਰਿਤ ਆਤਮ ਵਖਾਏ ਸਾਚਾ ਤਾਲਾ, ਸਰ ਸਰੋਵਰ ਇਕ ਨੁਹਾਇੰਦਾ । ਘਰ ਪਰਕਾਸ਼ ਕਰਾਏ ਕੋਟਨ ਭਾਨਾ, ਅੰਧ ਅੰਧੇਰ ਮਿਟਾਇੰਦਾ । ਸ਼ਬਦ ਅਗੰਮੀ ਮਾਰੇ ਬਾਣਾ, ਪੰਚਮ ਮੋਹ ਚੁਕਾਇੰਦਾ । ਇਕ ਵਖਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਅਨਹਦ ਅਨਾਹਦ ਗਾਏ ਗਾਣਾ, ਛੱਤੀ ਰਾਗ ਭੇਵ ਨਾ ਆਇੰਦਾ । ਗੁਰਮੁਖ ਨਾਮ ਮਸਤੀ ਰਹੇ ਮਸਤਾਨਾ, ਮਸਤਕ ਲਹਿਣਾ ਝੋਲੀ ਪਾਇੰਦਾ । ਸਤਿ ਸਤਿਵਾਦੀ ਬੰਨ੍ਹੇ ਗਾਨਾ, ਦਰਗਹਿ ਸਾਚੀ ਸਗਨ ਮਨਾਇੰਦਾ । ਪਰਗਟ ਹੋਏ ਜੋਧਾ ਸੂਰ ਬਲੀ ਬਲਵਾਨਾ, ਸਤਿਗੁਰ ਪੂਰਾ ਏਕਾ ਨਾਉਂ ਧਰਾਇੰਦਾ । ਪਾਵੇ ਸਾਰ ਦੋ ਜਹਾਨਾ, ਲੱਖ ਚੁਰਾਸੀ ਵੇਖ ਵਖਾਇੰਦਾ । ਗੁਰਮੁਖ ਆਵਣ ਜਾਣ ਚੁਕਾਏ ਕਾਨਾ, ਰਾਏ ਧਰਮ ਡੰਨ ਨਾ ਕੋਈ ਲਗਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਤੇਰੀ ਵੇਖੇ ਅਸਥਾਨਾ, ਥਾਨ ਥਨੰਤਰ ਆਪ ਸੁਹਾਇੰਦਾ । ਗੁਰਮੁਖ ਸਾਚੇ ਕਰੇ ਪਰਧਾਨਾ, ਬ੍ਰਹਮਾ ਸ਼ਿਵ ਆਪਣੀ ਜੋਤ ਮਿਲਾਇੰਦਾ । ਕ੍ਰੋੜ ਤੇਤੀਸਾ ਮੇਟ ਨਿਸ਼ਾਨਾ, ਸੁਰਪਤ ਡੇਰਾ ਆਪੇ ਢਾਇੰਦਾ । ਦੇਵੇ ਮਾਣ ਬਾਲ ਨਿਧਾਨਾ, ਨਿਰਧਨ ਸਾਚੇ ਤਖ਼ਤ ਸੁਹਾਇੰਦਾ । ਵਿਸ਼ਨੂੰ ਸ਼ਿਵ ਤੇਰਾ ਪੂਰਾ ਕਰੇ ਕੌਲ ਸ੍ਰੀ ਭਗਵਾਨਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਬ੍ਰਹਮੇ ਤੇਰਾ ਪਾਰਬ੍ਰਹਮ ਟਿਕਾਨਾ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਸਤਿਗੁਰ ਪੂਰਾ ਏਕਾ ਏਕ ਏਕੰਕਾਰਾ ਖੇਲੇ ਖੇਲ ਦੋ ਜਹਾਨਾ, ਦੋ ਜਹਾਨਾ ਵਾਲੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਬਾਈ ਸ੍ਰਿਸ਼ਟ ਇਕ ਇਸ਼ਟ ਜਣਾਇੰਦਾ । ਆਪਣਾ ਇਸ਼ਟ ਇਸ਼ਟ ਦੇਵ ਗੁਰ, ਨਮੋ ਵਾਸਤਕ ਆਪ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਬਣਾਏ ਬਣਤਰ, ਸ਼ਬਦ ਚਲਾਏ ਆਪਣਾ ਮੰਤਰ, ਰੂਪ ਰੰਗ ਰੇਖ ਨਾ ਕੋਇ ਵਖਾਈਆ ।



### ❊ ੨੩ ਭਾਦਰੋਂ ੨੦੧੭ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ ਪਿੰਡ ਸ਼ਾਹਵਾਲਾ ਤਹਿਸੀਲ ਜ਼ੀਰਾ ਜ਼ਿਲਾ ਫਿਰੋਜ਼ਪੁਰ ❊

ਸਤਿਗੁਰ ਪੂਰਾ ਜਾਣੀਏ, ਇਕ ਇਕੱਲਾ ਏਕੰਕਾਰ । ਸਤਿਗੁਰ ਪੂਰਾ ਜਾਣੀਏ, ਅਲੱਖ ਅਗੋਚਰ ਅਗੰਮ ਅਪਾਰ । ਸਤਿਗੁਰ ਪੂਰਾ ਜਾਣੀਏ, ਨਿਰਗੁਣ ਨੂਰ ਜੋਤ ਉਜਿਆਰ । ਸਤਿਗੁਰ ਪੂਰਾ ਜਾਣੀਏ, ਸਚਖੰਡ ਵਸੇ ਧਾਮ ਨਿਆਰ । ਸਤਿਗੁਰ ਪੂਰਾ ਜਾਣੀਏ, ਸ਼ਬਦ ਅਗੰਮੀ ਬੋਲੇ ਜੈਕਾਰ । ਸਤਿਗੁਰ ਪੂਰਾ ਜਾਣੀਏ, ਜੁਗਾ ਜੁਗੰਤਰ ਕਰੇ ਖੇਲ ਅਪਾਰ । ਸਤਿਗੁਰ ਪੂਰਾ ਜਾਣੀਏ, ਨਿਰਗੁਣ ਸਰਗੁਣ ਦਏ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਸਤਿਗੁਰ ਪੂਰਾ ਜਾਣੀਏ, ਹਰਿ ਸੱਜਣ ਸਾਚਾ ਮੀਤ । ਸਤਿਗੁਰ ਪੂਰਾ ਜਾਣੀਏ,

ਆਦਿ ਜੁਗਾਦੀ ਇਕ ਅਤੀਤ । ਸਤਿਗੁਰ ਪੂਰਾ ਜਾਣੀਏ, ਜੁਗਾ ਜੁਗੰਤਰ ਠਾਂਡਾ ਸੀਤ । ਸਤਿਗੁਰ ਪੂਰਾ ਜਾਣੀਏ, ਸ਼ਬਦ ਅਨਾਦਿ ਸੁਣਾਏ ਸੁਹਾਗੀ ਗੀਤ । ਸਤਿਗੁਰ ਪੂਰਾ ਜਾਣੀਏ, ਪਤਿਤ ਪਾਪੀ ਕਰੇ ਪਤਿਤ ਪੁਨੀਤ । ਸਤਿਗੁਰ ਪੂਰਾ ਜਾਣੀਏ, ਏਕਾ ਰੰਗ ਰੰਗਾਏ ਹਸਤ ਕੀਟ । ਸਤਿਗੁਰ ਪੂਰਾ ਜਾਣੀਏ, ਏਕਾ ਵਸੇ ਧਾਮ ਅਨਡੀਠ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰੀਤ । ਸਤਿਗੁਰ ਪੂਰਾ ਜਾਣੀਏ, ਸਾਹਿਬ ਸੱਚਾ ਸੁਲਤਾਨ । ਸਤਿਗੁਰ ਪੂਰਾ ਜਾਣੀਏ, ਇਕ ਉਡਾਏ ਸ਼ਬਦ ਨਿਸ਼ਾਨ । ਸਤਿਗੁਰ ਪੂਰਾ ਜਾਣੀਏ, ਲੇਖਾ ਜਾਣੇ ਦੋ ਜਹਾਨ । ਸਤਿਗੁਰ ਪੂਰਾ ਜਾਣੀਏ, ਜੁਗ ਜੁਗ ਲੱਖ ਚੁਰਾਸੀ ਵੇਖੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਣ । ਸਤਿਗੁਰ ਪੂਰਾ ਜਾਣੀਏ, ਹਰਿ ਸੱਜਣ ਸੱਚਾ ਪਾਤਸ਼ਾਹ । ਸਤਿਗੁਰ ਪੂਰਾ ਜਾਣੀਏ, ਇਕ ਇਕੱਲਾ ਬੇਪਰਵਾਹ । ਸਤਿਗੁਰ ਪੂਰਾ ਜਾਣੀਏ, ਸਚਖੰਡ ਵਸੇ ਸਚ ਮਹੱਲਾ ਸਿਫ਼ਤੀ ਸਿਫ਼ਤ ਸਾਲਾਹ । ਸਤਿਗੁਰ ਪੂਰਾ ਜਾਣੀਏ, ਪਾਏ ਸਾਰ ਜਲਾਂ ਥਲਾਂ ਜਲ ਥਲ ਮਹੀਅਲ ਰਿਹਾ ਸਮਾ । ਸਤਿਗੁਰ ਪੂਰਾ ਜਾਣੀਏ, ਸ਼ਬਦ ਸੰਦੇਸ਼ ਏਕਾ ਘੱਲਾ ਹੁਕਮੀ ਹੁਕਮ ਆਪ ਵਰਤਾ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਦਏ ਵਖਾ । ਸਤਿਗੁਰ ਪੂਰਾ ਜਾਣੀਏ, ਦਾਤਾ ਗੁਣ ਨਿਧਾਨ । ਸਤਿਗੁਰ ਪੂਰਾ ਜਾਣੀਏ, ਲੋਕਮਾਤ ਵੇਖੇ ਮਾਰ ਧਿਆਨ । ਸਤਿਗੁਰ ਪੂਰਾ ਜਾਣੀਏ, ਸ਼ਬਦ ਜਣਾਏ ਧੁਰ ਫ਼ਰਮਾਣ । ਸਤਿਗੁਰ ਪੂਰਾ ਜਾਣੀਏ, ਜੁਗ ਜੁਗ ਖੇਲੇ ਖੇਲ ਸ੍ਰੀ ਭਗਵਾਨ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਆਣ । ਸਤਿਗੁਰ ਸੱਚਾ ਆਖੀਏ, ਏਕਾ ਪੁਰਖ ਅਕਾਲ । ਸਤਿਗੁਰ ਸੱਚਾ ਸਾਖੀਏ, ਦੀਨਾਂ ਬੰਧਪ ਦੀਨ ਦਿਆਲ । ਸਤਿਗੁਰ ਸੱਚਾ ਭਾਖੀਏ, ਜੋਤੀ ਜਲਵਾ ਨੂਰ ਜਲਾਲ । ਸਤਿਗੁਰ ਪੂਰਾ ਅਲੱਖਣਾ ਅਲਾਖੀਏ, ਅਲੱਖ ਅਲੱਖਣਾ ਬੇਮਿਸਾਲ । ਸਤਿਗੁਰ ਪੂਰਾ ਦਾਸੀ ਦਾਸੀਏ, ਸੇਵਕ ਸੇਵਾ ਕਰੇ ਸਦਾ ਸਖਾਈ ਰਹੇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਆਪਣੀ ਚਾਲ । ਸਤਿਗੁਰ ਪੂਰਾ ਵਡਿਆਈ ਵਡ, ਹਰਿ ਵੱਡਾ ਆਪ ਅਖਵਾਇੰਦਾ । ਆਪ ਆਪਣਾ ਆਪਣੇ ਵਿਚੋਂ ਕੱਢ, ਆਪੇ ਵੇਖ ਵਖਾਇੰਦਾ । ਆਪ ਲਡਾਏ ਆਪਣਾ ਲਡ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਆਪ ਵਜਾਏ ਆਪਣਾ ਨਾਦ, ਧੁਨ ਨਾਦ ਆਪ ਸੁਣਾਇੰਦਾ । ਆਪੇ ਜਾਣੇ ਭੇਵ ਬੋਧ ਅਗਾਧ, ਜੁਗ ਜੁਗ ਲੇਖਾ ਆਪ ਮੁਕਾਇੰਦਾ । ਲੇਖਾ ਜਾਣੇ ਸੰਤ ਸਾਧ, ਭਰਮ ਭੁਲੇਖਾ ਨਾ ਕੋਇ ਜਣਾਇੰਦਾ । ਗੁਰਮੁਖ ਸਾਚੇ ਲਏ ਕਾਢ, ਲੱਖ ਚੁਰਾਸੀ ਫੋਲ ਫੁਲਾਇੰਦਾ । ਗੁਰਸਿਖਾਂ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਪੁਰਖ ਸਮਰਥ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਲਾਇੰਦਾ । ਸਤਿਗੁਰ ਪੂਰਾ ਖੇਲ ਖਲੰਦੜਾ, ਖ਼ਾਲਕ ਖ਼ਲਕ ਰੂਪ ਸਮਾਏ । ਜੁਗ ਜੁਗ ਆਪਣਾ ਵੇਸ ਵਟੰਦੜਾ, ਸਤਿਜੁਗ ਤ੍ਰੇਤਾ ਦਵਾਪਰ ਫੇਰੀ ਪਾਏ । ਭਗਤ ਭਗਵੰਤ ਵੇਖ ਵਖੰਦੜਾ, ਸੰਤ ਸਾਜਣ ਮੇਲ ਮਿਲਾਏ । ਗੁਰਮੁਖਾਂ ਹਉਮੇ ਰੋਗ ਮਿਟੰਦੜਾ, ਆਸਾ ਤ੍ਰਿਸ਼ਨਾ ਰਹਿਣ ਨਾ ਪਾਏ । ਗੁਰਸਿਖਾਂ ਏਕਾ ਚੋਗ ਚੁਗੰਦੜਾ, ਨਾਮ ਰਸ ਰਸੀਆ ਮੁਖ ਚਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਏ । ਜੁਗ ਜੁਗ ਵੇਸ ਅਵੱਲੜਾ, ਸਤਿਗੁਰ ਪੂਰਾ ਆਪ ਕਰਾਇੰਦਾ । ਜਨ ਭਗਤ ਫੜਾਏ ਆਪਣਾ ਪਲੜਾ, ਦੋ ਜਹਾਨਾਂ

੧੦੯੩

ਖੇਲ ਖਿਲਾਇੰਦਾ । ਆਪਣੀ ਜੋਤੀ ਆਪੇ ਰਲੜਾ, ਆਪੇ ਸ਼ਬਦ ਡੰਕ ਆਪ ਵਜਾਇੰਦਾ । ਆਪੇ ਦੱਸੇ ਰਾਹ ਸੁਖਲੜਾ, ਆਪੇ ਪਾਂਧੀ ਮਾਰਗ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਖਿਲਾਇਆ, ਸਤਿਜੁਗ ਤ੍ਰੇਤਾ ਲੈ ਅਵਤਾਰ । ਦਵਾਪਰ ਆਪਣੀ ਜੋਤ ਜਗਾਇਆ, ਨਿਰਗੁਣ ਸਰਗੁਣ ਮੇਲਾ ਵਿਚ ਸੰਸਾਰ । ਕਲਜੁਗ ਕੱਪੜ ਆਪ ਹੰਢਾਇਆ, ਕਾਲਾ ਸੂਸਾ ਤਨ ਸ਼ੰਗਾਰ । ਮਹਿੰਦੀ ਰੰਗਣ ਰੰਗ ਰੰਗਾਇਆ, ਦਿਸ਼ਾ ਲਹਿੰਦੀ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਸਤਿਗੁਰ ਪੂਰਾ ਧੁਰ ਦਰਬਾਰੀ, ਦਰਗਹਿ ਸਾਚੀ ਧਾਮ ਸੁਹਾਇੰਦਾ । ਪਰਗਟ ਕਰੇ ਜੋਤ ਨਿਰੰਕਾਰੀ, ਨਿਰਗੁਣ ਆਪਣਾ ਵੇਸ ਵਟਾਇੰਦਾ । ਰੂਪ ਅਨੂਪਾ ਸ਼ਾਹੋ ਭੂਪ ਸੱਚਾ ਸਿਕਦਾਰੀ, ਸ਼ਾਹ ਸੁਲਤਾਨਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਆਪ ਮੁਕਾਇੰਦਾ । ਸਤਿਜੁਗ ਲਹਿਣਾ ਦਵਾਰ ਪਾਲ, ਪ੍ਰਭ ਆਪਣੀ ਸੇਵ ਕਮਾਈਆ । ਤ੍ਰੇਤਾ ਤੇਰਾ ਬਣੇ ਰਖਵਾਲ, ਪਾਰਬ੍ਰਹਮ ਵਡੀ ਵਡਿਆਈਆ । ਖਰਦੂਖਣ ਆਪੇ ਸੁਰਤ ਸੰਭਾਲ, ਲਛਮਣ ਤੀਰ ਕਮਾਨ ਚਲਾਈਆ । ਦਵਾਪਰ ਜੋਧਾ ਬਲ ਬਲਵਾਨ, ਦੋਸ਼ਾਸ਼ਨ ਦੇਵੇ ਵਡ ਵਡਿਆਈਆ । ਕਲਜੁਗ ਕਰੇ ਖੇਲ ਮਹਾਨ, ਏਕਾ ਜੋਤੀ ਜੋਤ ਡਗਮਗਾਈਆ । ਨਾਨਕ ਮਿਲਿਆ ਨਿਰਗੁਣ ਨਿਗਹਬਾਨ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਨਾਨਕ ਸਤਿਗੁਰ ਪੂਰਾ ਪਾਇਆ, ਪਾਰਬ੍ਰਹਮ ਕਰਤਾਰ । ਆਪ ਆਪਾ ਵਿਚ ਸਮਾਇਆ, ਦੂਈ ਦਵੈਤੀ ਨਾ ਕੋਇ ਵਿਚਾਰ । ਏਕਾ ਅੱਖਰ ਆਪਣੀ ਵਸਤ ਰਖਾਇਆ, ਦੂਜੀ ਵਸਤ ਨਾ ਕੋਇ ਆਧਾਰ । ਏਕਾ ਸੱਥਰ ਆਪਣੇ ਹੇਠ ਵਿਛਾਇਆ, ਜਗਤ ਸੱਥਰ ਕਰ ਖ਼ਵਾਰ, ਘਰ ਵੱਖਰ ਇਕ ਸੁਹਾਇਆ, ਮਿਲਿਆ ਮੇਲ ਏਕੰਕਾਰ । ਜੋਤੀ ਜੋਤ ਡਗਮਗਾਇਆ, ਜੋਤੀ ਜੋਤ ਹੋਏ ਉਜਿਆਰ । ਕਿਲਾ ਕੋਟੀ ਕੋਟ ਕੋਟ ਗੜ੍ਹ ਵਸਾਇਆ, ਲੱਖ ਚੁਰਾਸੀ ਦਏ ਅਧਾਰ । ਆਪਣੀ ਚੋਟੀ ਆਪੇ ਆਸਣ ਲਾਇਆ, ਪਲੰਘ ਰੰਗੀਲਾ ਸੇਜਾ ਕਰ ਤਿਆਰ । ਛੈਲ ਛਬੀਲਾ ਕੰਤ ਹੰਢਾਇਆ, ਆਪ ਆਪਣੀ ਭੁਜਾਂ ਪਸਾਰ । ਜਗਤ ਕਬੀਲਾ ਆਪ ਵਸਾਇਆ, ਜੋਤੀ ਜਾਤਾ ਕਰੇ ਪਿਆਰ । ਦੀਪਕ ਦੀਆ ਆਪ ਟਿਕਾਇਆ, ਅੰਧ ਅੰਧੇਰਾ ਦਏ ਨਿਵਾਰ । ਅੰਗੀਕਾਰ ਆਪ ਕਰਾਇਆ, ਆਪਣੇ ਅੰਗਣ ਰੱਖ ਨਿਰੰਕਾਰ । ਸਾਚਾ ਸੰਗੀ ਜਗਤ ਬਣਾਇਆ, ਪੁਰਖ ਅਬਿਨਾਸ਼ੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨੂਰ ਹੋਏ ਉਜਿਆਰ । ਏਕਾ ਨੂਰ ਹਰਿ ਉਜਿਆਰਾ, ਮਹਿਮਾ ਅਕਥ ਕਥੀ ਨਾ ਜਾਈਆ । ਏਕਾ ਜੋਤ ਦਸ ਅਵਤਾਰਾ, ਕਾਇਆ ਕੰਚਨ ਗੜ੍ਹ ਸੁਹਾਈਆ । ਏਕਾ ਮਾਤ ਪਿਤ ਏਕਾ ਸੁਤ ਦਏ ਹੁਲਾਰਾ, ਏਕਾ ਗੋਦੀ ਗੋਦ ਸੁਹਾਈਆ । ਏਕਾ ਖੜਗ ਇਕ ਕਟਾਰਾ, ਏਕਾ ਚੰਡ ਪਰਚੰਡ ਚਮਕਾਈਆ । ਏਕਾ ਮੰਦਰ ਇਕ ਦਵਾਰਾ, ਘਰ ਬਾਰਾ ਇਕ ਵਸਾਈਆ । ਏਕਾ ਵਸੇ ਜੰਗਲ ਜੂਹ ਉਜਾੜ ਪਹਾੜਾ, ਏਕਾ ਸੱਥਰ ਰਿਹਾ ਹੰਢਾਈਆ । ਏਕਾ ਸਤਿਜੁਗ ਤ੍ਰੇਤਾ ਦਵਾਪਰ ਪਾਵੇ ਸਾਰਾ, ਪੂਰਬ ਵਿਛੜੇ ਲਏ ਮਿਲਾਈਆ । ਏਕਾ ਹੱਥ ਤੀਰ ਕਮਾਨ ਸੁੱਟੇ ਕਟਾਰਾ, ਏਕਾ ਗਲ ਅਲਫ਼ੀ ਆਪ ਹੰਢਾਈਆ । ਨੀਲੇ ਬਸਤਰ ਕਰ ਤਿਆਰਾ, ਕਰੇ ਖੇਲ ਨੀਲੇ ਵਾਲਾ ਮਾਹੀਆ । ਢਾਈ ਗਜ਼ ਬੰਨ੍ਹ ਦਸਤਾਰਾ, ਸਾਢੇ ਤਿੰਨ ਹੱਥ ਅਲਫ਼ੀ ਤਨ ਛੁਹਾਈਆ । ਚਵੀ ਚੁਰਾਸੀ ਕਲੀਆਂ ਕਰ ਸ਼ੰਗਾਰਾ, ਚਾਰ ਵਰਨਾਂ ਲੜ ਬੰਧਾਈਆ ।

ਹਿੰਦੂ ਮੁਸਲਮ ਕਰੇ ਪਿਆਰਾ, ਦਵੈਤੀ ਦਰ ਰਹਿਣ ਨਾ ਪਾਈਆ । ਸਚ ਸਿੰਘਾਸਣ ਕਰ ਤਿਆਰਾ, ਜਗਤ ਖਾਟ ਇਕ ਸੁਹਾਈਆ । ਉਪਰ ਬੈਠ ਪਰਵਰਦਿਗਾਰਾ, ਕਲਮਾ ਅਮਾਮ ਆਪਣਾ ਆਪੇ ਗਾਈਆ । ਖੁਲ੍ਹੇ ਕੇਸ ਦਰਵੇਸ਼ ਬਣੇ ਭਿਖਾਰਾ, ਵੇਸ ਅਵੱਲੜਾ ਰੂਪ ਵਟਾਈਆ । ਪੀਰ ਮੁਰਸ਼ਦ ਮੁਰੀਦ ਕਰੇ ਏਕਾ ਕਾਰਾ, ਈਦ ਦੀਦ ਆਪ ਹੋ ਜਾਈਆ । ਚੌਧਵੀਂ ਚੰਦ ਚਮਕੇ ਸਤਾਰਾ, ਨੌ ਚੰਦ ਕਰੇ ਰੁਸ਼ਨਾਈਆ । ਬਕਰ ਈਦ ਸਈਦ ਸ਼ਾਹ ਸ਼ਿਕਾਰਾ, ਸ਼ੀਆ ਸੁੱਨੀ ਲਏ ਪੜ੍ਹਾਈਆ । ਚਰਨ ਕਵਲ ਉਪਰ ਪਰਦਾ ਪਾਏ ਆਪ ਗੁਰ ਕਰਤਾਰਾ, ਚਰਨ ਕਵਲ ਨਾ ਕਿਸੇ ਦਸਾਈਆ । ਨੇਤਰ ਨੈਣ ਕਰ ਸ਼ੰਗਾਰਾ, ਗੁਰਸਿਖਾਂ ਪ੍ਰੇਮ ਰਤ ਨੈਣਾਂ ਵਿਚ ਛੁਹਾਈਆ । ਕਰੇ ਖੇਲ ਕਮਲਾਪਤ ਉਤੇ ਧੌਲ ਧਰਤ, ਧਰਨੀ ਸੀਸ ਰਹੀ ਝੁਕਾਈਆ । ਕਵਣ ਜਾਣੇ ਪ੍ਰਭ ਤੇਰੀ ਗਤ ਮਿਤ, ਤੇਰੀ ਮਹਿਮਾ ਕਥਨ ਨਾ ਜਾਈਆ । ਜੁਗ ਜੁਗ ਕਰੇ ਸਾਚਾ ਹਿਤ, ਪਤਿਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਪੂਰੇ ਹੱਥ ਵਡਿਆਈਆ । ਸਤਿਗੁਰ ਪੂਰਾ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਵਿਚ ਸਮਾ । ਅਲਫ਼ ਅਲਫ਼ੀ ਏਕਾ ਪਾਇੰਦਾ, ਗਲ ਤਸਬੀ ਲਈ ਲਟਕਾ । ਗੁਰਸਿਖ ਸੀਸ ਮਾਲਾ ਆਪ ਲਟਕਾਇੰਦਾ, ਆਪਣੇ ਹੱਥਾਂ ਨਾਲ ਰਿਹਾ ਫਿਰਾ । ਮਨ ਕਾ ਮਣਕਾ ਸਰਬ ਭਵਾਇੰਦਾ, ਲੱਖ ਚੁਰਾਸੀ ਗੇੜ ਕਟਾ । ਆਪਣਾ ਵੇਸ ਆਪ ਵਟਾਇੰਦਾ, ਆਪੇ ਵੇਖੇ ਆਪਣਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬਣੇ ਸਚ ਮਲਾਹ । ਜੁਗ ਜੁਗ ਮਲਾਹ ਹਰਿ ਦਸਤਗੀਰ, ਦਰਦੀਆਂ ਦਰਦ ਵੰਡਾਇੰਦਾ । ਚੋਟੀ ਚੜ੍ਹੇ ਇਕ ਅਖ਼ੀਰ, ਸ਼ਾਹ ਹਕੀਰ ਵੇਖ ਵਖਾਇੰਦਾ । ਤਬਕ ਤੌਕ ਜ਼ੰਜੀਰ, ਰਹਿਮਤ ਆਪਣੇ ਹੱਥ ਰਖਾਇੰਦਾ । ਆਬ ਹਯਾਤ ਅਮਿਉਂ ਰਸ ਨੀਰ, ਭਰ ਪਿਆਲਾ ਜਾਮ ਹਕੀਕੀ ਆਪ ਪਿਲਾਇੰਦਾ । ਬਣ ਦਰਵੇਸ਼ ਕਰੇ ਖੇਲ ਵਡ ਪੀਰਨ ਪੀਰ, ਪੀਰ ਪੈਗ਼ੰਬਰ ਜਗਤ ਅਡੰਬਰ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵੰਬਰ ਵੇਖ ਵਖਾਇੰਦਾ । ਨੀਲੇ ਬਸਤਰ ਬਨ ਬਨਵਾਰੀ, ਭੂਸ਼ਨ ਸੋਭਾ ਪਾਈਆ । ਅਸਾ ਮੁਸੱਲਾ ਕਾਸਾ ਖੇਲ ਨਿਆਰੀ, ਤਸਬੀ ਤਸਬੀ ਨਾਲ ਬੰਧਾਈਆ । ਅੱਲਾ ਹੂ ਅੱਨਾ ਹੂ ਬੋਲ ਜੈਕਾਰੀ, ਵਾਹ ਵਾ ਤੇਰੀ ਵਡ ਵਡਿਆਈਆ । ਤੂੰ ਪੀਰ ਬੇਐਬ ਪਰਵਰਦਿਗਾਰੀ, ਤੇਰਾ ਨੂਰ ਜਲਵਾ ਇਲਾਹੀਆ । ਤੇਰੀ ਸੇਵ ਕਰੇ ਸੇਵਕ ਬਣ ਬਰਖੁਰਦਾਰੀ, ਸੇਵਕ ਸੇਵਾ ਸਚ ਵਖਾਈਆ । ਉਚ ਪੀਰ ਬਣ ਜੋਤ ਨਿਰੰਕਾਰੀ, ਜਗਤ ਸੂਸਾ ਤਨ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਖੇਲ ਆਪ ਖਲਾਈਆ । ਚਾਰੇ ਜੁਗ ਉਠੇ ਹੋ ਤਿਆਰ, ਮਾਣਸ ਰੂਪ ਵਟਾਈਆ । ਮਾਣਸ ਜਨਮ ਮਿਲਿਆ ਵਿਚ ਸੰਸਾਰ, ਸਤਿਗੁਰ ਪੂਰੇ ਬੂਝ ਬੁਝਾਈਆ । ਦਰ ਆਇਆ ਪਰਵਰਦਿਗਾਰ, ਚਰਨ ਧੂੜੀ ਖ਼ਾਕ ਰਮਾਈਆ । ਚਾਰ ਫ਼ਰਿਸ਼ਤੇ ਗਏ ਹਾਰ, ਜਬਰਾਈਲ ਮੇਕਾਈਲ ਅਸਰਾਫ਼ੀਲ ਅਜ਼ਰਾਈਲ ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਿਰਗੁਣ ਖੇਲ ਅਪਾਰਾ, ਸਰਗੁਣ ਵੇਸ ਵਟਾਇੰਦਾ । ਸਰਗੁਣ ਰੂਪ ਗੁਰ ਅਵਤਾਰਾ, ਜੁਗ ਜੁਗ ਨਾਉਂ ਧਰਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਗੋਬਿੰਦ ਸਿੰਘ ਰੂਪ ਵਟਾਇੰਦਾ । ਸਥਰ ਯਾਰ ਕਰ ਪਿਆਰਾ, ਸੂਲਾਂ ਸੇਜ ਹੰਢਾਇੰਦਾ । ਘਰ ਬਾਰ ਛੱਡ ਸਿਕਦਾਰਾ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਮਿਲਿਆ ਮੇਲ ਵਿਛੜਿਆ ਯਾਰਾ, ਯਾਰ ਯਾਰੀ ਆਪ ਨਿਭਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਜੁਗ ਜੁਗ ਆਪਣਾ ਬੰਕ ਸੁਹਾਇੰਦਾ । ਮੇਲ ਮਿਲਾਇਆ ਆਪ ਹਰਿ, ਆਪਣੀ ਦਇਆ ਆਪ ਕਮਾਈਆ । ਚਾਰ ਵਣਜਾਰੇ ਲਏ ਫੜ, ਏਕਾ ਵਣਜ ਹਟ ਵਖਾਈਆ । ਚਾਰੇ ਕੂਟਾਂ ਲਗਾਏ ਆਪਣੇ ਲੜ, ਚਾਰੇ ਕੰਨੀਆਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਵੰਡ ਆਪ ਵੰਡਾਈਆ । ਵੰਡ ਵੰਡਾਏ ਬਣਾਏ ਬਣਤਰ, ਚੌਖਟ ਸੇਜਾ ਆਪ ਸੁਹਾਈਆ । ਆਪਣੀ ਬਿਧ ਜਾਣੇ ਅੰਤਰ, ਦੂਜਾ ਭੇਵ ਕੋਇ ਨਾ ਪਾਈਆ । ਉਤਰ ਦੱਖਣ ਜੋੜੀ ਜੋੜ ਜੁੜਾਏ, ਲੇਖਾ ਲੇਖ ਆਪ ਸਮਝਾਈਆ । ਕੰਧ ਭਾਰ ਆਪ ਚੁਕਾਏ, ਕਰਨੈਲ ਨਛੱਤਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਾਕਾਰ ਕਰੇ ਖੇਲ ਅਪਰ ਅਪਾਰ, ਪੂਰਬ ਪੱਛਮ ਲੇਖਾ ਦਏ ਜਣਾਈਆ ।

### ❊ ੨੩ ਭਾਦਰੋਂ ੨੦੧੭ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹਿ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ❊

ਸਤਿਗੁਰ ਪੂਰਾ ਬੇਪਰਵਾਹ, ਬੇਪਰਵਾਹੀ ਖੇਲ ਖਿਲਾਇੰਦਾ । ਚੁਰਾਸੀ ਕਲੀਆਂ ਅਲਫ਼ੀ ਪਾ, ਆਰਫ਼ਾਂ ਮੂਲ ਚੁਕਾਇੰਦਾ । ਦੋਹਰਫੀ ਲੇਖਾ ਲਿਖੇ ਖ਼ੁਦਾ, ਲੇਖਾ ਲੇਖ ਦਿਸ ਨਾ ਆਇੰਦਾ । ਆਇਤ ਸ਼ਰਾਇਤ ਆਪ ਪੜ੍ਹਾ, ਸ਼ਰਅ ਸ਼ਰੀਅਤ ਵਿਚ ਟਿਕਾਇੰਦਾ । ਐਨ ਗ਼ੈਨ ਅੱਖ ਖੁਲ੍ਹਾ, ਐਨਲਹਕ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਏਕਾ ਅਲਫ਼ੀ ਸੱਤ ਰੰਗ, ਕਲੀ ਕਲੀ ਨਾਲ ਬੰਧਾਈਆ । ਸਤਿਗੁਰ ਪੂਰਾ ਬਣਿਆ ਆਪ ਮਲੰਗ, ਨਾਮ ਮਤਿਹਰਾ ਹੱਥ ਉਠਾਈਆ । ਮਨ ਕਾ ਮਣਕਾ ਵਜਾਏ ਮਰਦੰਗ, ਦੋ ਜਹਾਨਾਂ ਆਪ ਸੁਣਾਈਆ । ਕਰੇ ਖੇਲ ਸੂਰਾ ਸਰਬੰਗ, ਸੂਰਤ ਰੱਬ ਦੀ ਆਪਣੇ ਵਿਚ ਛੁਪਾਈਆ । ਆਪੇ ਸੁੱਤਾ ਜਗਤ ਪਲੰਘ, ਦਿਸ਼ਾ ਕੂਟ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਏਕਾ ਅਲਫ਼ੀ ਤਨ ਸ਼ੰਗਾਰ, ਬਸਤਰ ਬਨਵਾਰੀ ਆਪ ਸੁਹਾਇੰਦਾ । ਕਲਗੀ ਤੋੜਾ ਨਾ ਕੋਈ ਦਸਤਾਰ, ਸੀਸ ਜਗਦੀਸ਼ ਨਾ ਕੋਈ ਸੁਹਾਇੰਦਾ । ਅਸਵ ਘੋੜੇ ਨਾ ਹੋਏ ਅਸਵਾਰ, ਸ਼ਾਹ ਅਸਵਾਰਾ ਰੂਪ ਪਰਗਟਾਇੰਦਾ । ਖੜਗ ਖੰਡਾ ਨਾ ਕੋਈ ਕਟਾਰ, ਚੰਡ ਪਰਚੰਡ ਨਾ ਕੋਈ ਚਮਕਾਇੰਦਾ । ਕਮਰ ਕਸਾ ਨਾ ਕੋਈ ਤਿਆਰ, ਤਰਕਸ਼ ਤੀਰ ਨਾ ਹੱਥ ਉਠਾਇੰਦਾ । ਖਿਚੇ ਚਿਲਾ ਨਾ ਕੋਈ ਕਮਾਨ, ਸਚ ਨਿਸ਼ਾਨ ਨਾ ਕੋਈ ਵਖਾਇੰਦਾ । ਗਫ਼ਲਤ ਵੇਖੇ ਬੇਈਮਾਨ, ਜਗਤ ਈਮਾਨ ਡੇਰਾ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਏਕਾ ਅਲਫ਼ੀ ਤਨ ਤਨ ਬਸਤਰ, ਪੰਜ ਤਤ ਸੋਭਾ ਪਾਇੰਦਾ । ਆਪ ਬਣਾਏ ਆਪਣੀ ਬਣਤਰ, ਦੂਸਰ ਸੰਗ ਨਾ ਕੋਈ ਰਖਾਇੰਦਾ । ਸ਼ਬਦ ਅਗੰਮੀ ਫੜਿਆ ਸ਼ਸਤਰ, ਲੋਹਾਰ ਤਰਖਾਣ ਨਾ ਕੋਈ ਘੜਾਇੰਦਾ । ਵਾਹਿਗੁਰੂ ਪੜ੍ਹੇ ਨਾ ਕੋਈ ਮੂਲ ਮੰਤਰ, ਨਾਮ ਸਤਿ ਨਾ ਕੋਈ ਜਣਾਇੰਦਾ । ਆਪਣੀ ਬਿਧ ਜਾਣੇ ਅੰਤਰ, ਜਗਤ ਬਸੰਤਰ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਵਖਾਇੰਦਾ । ਸਾਚੀ ਚੋਲੀ ਖੇਲ ਕਰਤਾਰ, ਕਾਇਆ ਡੋਲੀ ਆਪ ਸੁਹਾਈਆ । ਹੌਲੀ ਹੌਲੀ ਅੰਦਰ ਵੜਿਆ ਨਿਰਗੁਣ ਨਿਰਾਕਾਰ, ਨਿਰਵੈਰ ਨਜ਼ਰ ਨਾ ਆਈਆ ।

ਕਰੇ ਕਰਾਏ ਸਚ ਪਿਆਰ, ਉਮਤ ਉਮਤੀ ਵੇਖ ਵਖਾਈਆ । ਨਬੀ ਰਸੂਲ ਬੁਲਾਏ ਦਰ ਦਰਬਾਰ, ਕਲਮਾ ਅਮਾਮ ਇਕ ਸੁਣਾਈਆ । ਮੁਲਾ ਸ਼ੇਖ਼ ਮੁਸਾਇਕ ਕਰੇ ਸ਼ੰਗਾਰ ਤਾਲੀਮ, ਤਾਜ਼ੀਮ ਇਕ ਦਰਸਾਈਆ । ਰੂਪ ਅਨੂਪ ਹਰਿ ਅਜ਼ੀਮ, ਅਜ਼ਮਤ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਗੁਰ ਸਤਿਗੁਰ ਪੂਰਾ, ਨਿਰਗੁਣ ਸਰਗੁਣ ਖੇਲ ਖਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਕੀਤਾ ਕੌਲ ਕਰੇ ਪੂਰਾ, ਆਦਿ ਜੁਗਾਦਿ ਭੁੱਲ ਨਾ ਜਾਇਆ । ਭਗਤ ਭਗਵੰਤ ਹਾਜ਼ਰ ਹਜ਼ੂਰਾ, ਜ਼ਾਹਿਰ ਜ਼ਹੂਰ ਦਰਸ ਦਿਖਾਇਆ । ਨੂਰ ਅਲਾਹੀ ਨੂਰੋ ਨੂਰਾ, ਨੂਰ ਨੁਰਾਨਾ ਡਗਮਗਾਇਆ । ਬਾਂਗ ਸਦਾ ਸੁਣਾਏ ਸ਼ਬਦ ਅਨਾਦੀ ਤੂਰਾ, ਸਚ ਮਹਿਰਾਬੇ ਆਸਣ ਲਾਇਆ । ਖ਼ੁਦੀ ਖ਼ੁਦਾਈ ਤੋੜ ਗਰੂਰਾ, ਆਸਾ ਮਨਸਾ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਰੰਗ ਆਪਣਾ ਵੇਸ ਵਟਾਇਆ । ਚੋਲੀ ਰੰਗ ਅਨਮੋਲ, ਲਾਲਨ ਲਾਲ ਰੰਗਾਈਆ । ਆਪੇ ਤੋਲੇ ਆਪਣਾ ਤੋਲ, ਤੋਲਣਹਾਰਾ ਇਕ ਖ਼ੁਦਾਈਆ । ਆਦਿ ਜੁਗਾਦਿ ਰਹੇ ਅਡੋਲ, ਦਰਗਹਿ ਸਾਚੀ ਧਾਮ ਸੁਹਾਈਆ । ਕਲਮੀ ਕਲਮਾ ਆਪੇ ਬੋਲ, ਆਪਣੀ ਕਰੇ ਸਚ ਪੜ੍ਹਾਈਆ । ਆਪ ਵਜਾਏ ਅਗੰਮੀ ਢੋਲ, ਧੁਨੀ ਧੁਨ ਵਿਚ ਉਪਜਾਈਆ । ਆਪਣਾ ਮੰਦਰ ਆਪੇ ਫੋਲ, ਆਪਣਾ ਕਾਅਬਾ ਵੇਖ ਵਖਾਈਆ । ਆਪਣੀ ਫੁਲਵਾੜੀ ਆਪੇ ਮੌਲ, ਮੌਲਾ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਸੁਣ ਪੁਕਾਰ, ਏਕਾ ਅਲਫ਼ੀ ਗਲ ਸੁਹਾਇੰਦਾ । ਚਾਰ ਵੇਦ ਕਰਨ ਪੁਕਾਰ, ਪੁਰਾਨ ਅਠਾਰਾਂ ਨੀਰ ਵਹਾਇੰਦਾ । ਗੀਤਾ ਗਿਆਨ ਹਾਹਾਕਾਰ, ਨਾਮ ਨਿਧਾਨ ਨਾ ਕੋਈ ਝੋਲੀ ਪਾਇੰਦਾ । ਅੰਜੀਲ ਕੁਰਾਨ ਉਚੀ ਕੂਕ ਗਾਵਣ ਵਾਰੋ ਵਾਰ, ਹਕ ਹਕੀਕਤ ਨਾ ਕੋਈ ਸਲਾਹਿੰਦਾ । ਖਾਣੀ ਬਾਣੀ ਕਰੇ ਵਿਚਾਰ, ਸਾਚੇ ਹਾਣੀ ਨਾ ਕੋਈ ਮਿਲਾਇੰਦਾ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਕੰਤ ਨਾ ਕੋਈ ਹੰਢਾਇੰਦਾ । ਚਾਰ ਵਰਨ ਭ੍ਰਿਸ਼ਟਾਚਾਰ, ਇਸ਼ਟ ਦ੍ਰਿਸ਼ਟ ਨਾ ਕੋਈ ਖੁਲਾਇੰਦਾ । ਸ਼ਾਹ ਸੁਲਤਾਨ ਗਏ ਹਾਰ, ਸਾਚਾ ਧਰਮ ਨਾ ਕੋਈ ਧਰਾਇੰਦਾ । ਗ਼ਰੀਬ ਨਿਮਾਣਿਆਂ ਸੁਣੇ ਨਾ ਕੋਈ ਪੁਕਾਰ, ਫੜ ਬਾਂਹੋ ਗਲੇ ਨਾ ਕੋਈ ਲਗਾਇੰਦਾ । ਧੀਆਂ ਭੈਣਾਂ ਹੋਏ ਵਾਪਾਰ, ਕੁਆਰੀ ਕੰਨਿਆ ਹੱਟ ਵਿਕਾਇੰਦਾ । ਤੀਰਥ ਤਟ ਹੋਏ ਭਿਖਾਰ, ਅੰਮ੍ਰਿਤ ਸਰੋਵਰ ਹੱਥ ਕੋਇ ਨਾ ਆਇੰਦਾ । ਭਗਤ ਭਗਵੰਤ ਨਾ ਕੋਈ ਅਧਾਰ, ਭਗਤੀ ਭਾਵ ਨਾ ਕੋਈ ਜਣਾਇੰਦਾ । ਸਾਧ ਸੰਤ ਨਾ ਦਿਸੇ ਕੋਈ ਸਹਾਰ, ਸਾਚੇ ਪੌੜੇ ਨਾ ਕੋਈ ਚੜ੍ਹਾਇੰਦਾ । ਮੁਲਾਂ ਸ਼ੇਖ਼ ਹੋਏ ਗਵਾਰ, ਕਲਜੁਗ ਗਫਲਤ ਸਭ ਤੇ ਪਾਇੰਦਾ । ਪੀਰ ਦਸਤਗੀਰ ਨਾ ਚੁੱਕੇ ਕੋਈ ਭਾਰ, ਲੱਖ ਚੁਰਾਸੀ ਫੰਦ ਨਾ ਕੋਈ ਕਟਾਇੰਦਾ । ਪੰਡਤ ਪਾਂਧੇ ਦਰ ਦਵਾਰੇ ਕਰਨ ਪੁਕਾਰ, ਉਚੀ ਕੂਕ ਸਰਬ ਕੁਰਲਾਇੰਦਾ । ਰਾਮ ਨਾਮ ਨਾ ਪਾਏ ਕੋਈ ਤਨ ਹਾਰ, ਸੀਤਾ ਸੁਰਤੀ ਨਾ ਕੋਇ ਪਰਨਾਇੰਦਾ । ਕਾਹਨਾ ਬੰਸਰੀ ਵਜਾਏ ਨਾ ਉਚੀ ਕੂਕ ਬੋਲੇ ਜੈਕਾਰ, ਸਖ਼ੀਆਂ ਮੰਗਲ ਰਾਸ ਨਾ ਕੋਈ ਰਚਾਇੰਦਾ । ਚਾਰੋਂ ਕੁੰਟ ਆਈ ਹਾਰ, ਕਲਜੁਗ ਕੂੜਾ ਡੌਰੂ ਵਾਹਿੰਦਾ । ਪੁਰਖ ਅਬਿਨਾਸ਼ੀ ਭੇਵ ਨਿਆਰ, ਸ਼ਬਦ ਅਨਾਦੀ ਹੁਕਮ ਸੁਣਾਇੰਦਾ । ਗੋਬਿੰਦ ਸੂਰਾ ਕਰ ਤਿਆਰ, ਸੁਤ ਦੁਲਾਰਾ ਆਪ ਉਠਾਇੰਦਾ । ਮੇਟੇ ਰੈਣ ਅੰਧੇਰੀ ਅੰਧ ਅੰਧਿਆਰ, ਧੂਆਂਧਾਰ ਸਰਬ ਚੁਕਾਇੰਦਾ । ਆਪ ਆਪਣਾ ਆਪਾ ਵਾਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਭਾਣਾ ਮੰਨੇ ਇਕ ਕਰਤਾਰ, ਏਕਾ ਅਲਫ਼ੀ ਤਨ ਰਖਾਇੰਦਾ । ਏਕਾ ਹਲਫੀਆ


੧੦੯੭ ੦੯

ਦਏ ਬਿਆਨ, ਹਿੰਦੂ ਮੁਸਲਮ ਆਪ ਸਮਝਾਇੰਦਾ । ਮੇਰੀ ਇਛਿਆ ਅੰਜੀਲ ਕੁਰਾਨ, ਜਗਤ ਭਿਛਿਆ ਝੋਲੀ ਪਾਇੰਦਾ । ਮੇਰਾ ਦਰਸ ਸਿਦਕ ਈਮਾਨ, ਸ਼ਰਾ ਸ਼ਰੀਯਤ ਇਕ ਵਖਾਇੰਦਾ । ਚਾਰੇ ਮੁਗਲ ਨੌਜਵਾਨ, ਆਪ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਸ ਆਪ ਧਰਾਇੰਦਾ । ਆਪੇ ਮੁਗਲ ਮੁਗਲਾਨਾ, ਸ਼ਾਹ ਨਵਾਬ ਆਪ ਅਖਵਾਈਆ । ਆਪੇ ਬੇਈਮਾਨ ਹੋਏ ਸ਼ੈਤਾਨਾ, ਆਪੇ ਦੂਈ ਦਵੈਤੀ ਵੰਡ ਵੰਡਾਈਆ । ਆਪੇ ਦੇਵਣਹਾਰਾ ਧੁਰ ਫ਼ਰਮਾਣਾ, ਧੁਰ ਦੀ ਕਾਰ ਆਪ ਕਰਾਈਆ । ਆਪੇ ਸ਼ਾਹੋ ਭੂਪ ਬਣ ਸੁਲਤਾਨਾ, ਦਰਗਹਿ ਸਾਚੀ ਧਾਮ ਸੁਹਾਈਆ । ਆਪੇ ਸਚਖੰਡ ਉਡਾਏ ਇਕ ਬਿਬਾਨਾ, ਨਾਮ ਬਿਬਾਣ ਬੇਪਰਵਾਹੀਆ । ਆਪੇ ਦੇਵੇ ਧੁਰ ਫਰਮਾਣਾ, ਧੁਰ ਦੀ ਬਾਣੀ ਬਾਣ ਲਗਾਈਆ । ਆਪੇ ਖੇਲੇ ਖੇਲ ਦੋ ਜਹਾਨਾਂ, ਲੋਆਂ ਪੁਰੀਆਂ ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਚੋਲੀ ਆਪ ਹੰਢਾਈਆ । ਸਾਚੀ ਚੋਲੀ ਸਤਿਗੁਰ ਪੂਰਾ, ਆਪਣੇ ਰੰਗ ਰੰਗਾਇੰਦਾ । ਗੁਰਮੁਖਾਂ ਆਸਾ ਮਨਸਾ ਕਰੇ ਪੂਰਾ, ਪੂਰਬ ਲਹਿਣਾ ਝੋਲੀ ਪਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸਤਿ ਸਰੂਰਾ, ਦਿਵਸ ਰੈਣ ਖ਼ੁਮਾਰ ਰਖਾਇੰਦਾ । ਨਾਤਾ ਤੋੜੇ ਕੂੜੇ ਕੂੜਾ, ਮਸਤਕ ਟਿੱਕਾ ਧੂੜ ਲਗਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜਾ, ਜਿਸ ਸਿਰ ਆਪਣਾ ਹੱਥ ਰਖਾਇੰਦਾ । ਕਿਰਪਾ ਨਿਧ ਸਤਿਗੁਰ ਪੂਰਾ, ਕਾਰਜ ਸਿਧ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਤਰ ਦੱਖਣ ਵਾਲੀ ਵੰਡ ਵੰਡਾਇੰਦਾ । ਉਤਰ ਦੱਖਣ ਵਾਲੀ ਵੰਡ,
ਪਾਰਬ੍ਰਹਮ ਆਪ ਕਰਾਈਆ । ਪੂਰਬ ਪੱਛਮ ਖੇਲ ਬ੍ਰਹਿਮੰਡ, ਵਡ ਵੱਡਾ ਦਏ ਸਲਾਹੀਆ । ਚਾਰੋਂ ਵਖਾਏ ਏਕਾ ਕੰਡ, ਆਪਣੀ ਕਰਵਟ ਆਪ
੧੦੯੮ ਬਦਲਾਈਆ । ਇਕ ਸੁਣਾਇਆ ਸੁਹਾਗੀ ਛੰਦ, ਕਲਮਾ ਨਬੀ ਆਪ ਅਲਾਈਆ । ਸੋਹੰ ਰੂਪ ਪਰਮਾਨੰਦ, ਗੋਬਿੰਦ ਗੋਬਿੰਦ ਵਿਚ ਟਿਕਾਈਆ । ੧੦੯੮
੦੯ ਹੰ ਬ੍ਰਹਮ ਇਕ ਅਨੰਦ, ਆਤਮ ਪਰਮਾਤਮ ਵੇਖ ਵਖਾਈਆ । ਪਰਮਾਤਮ ਸਦਾ ਬਖ਼ਸ਼ੰਦ, ਬਖ਼ਸ਼ਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ੦੯
ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਆਪ ਲਗਾਈਆ । ਸਾਚੀ ਸੇਵਾ ਚਾਰ ਕਹਾਰ, ਉਚ ਪੀਰ ਉਠਾਇਆ । ਹੱਕ ਮੁਸੱਲਾ ਕਰ ਤਿਆਰ, ਬਗਲ ਕੁਰਾਨ ਇਕ ਈਮਾਨ ਸ਼ਰਅ ਸ਼ਰੀਯਤ ਦਏ ਸਮਝਾਇਆ । ਅੰਮ੍ਰਿਤ ਰਸ ਪੀਣ ਖਾਣ, ਲੇਖਾ ਚੁੱਕੇ ਦੋ ਜਹਾਨ, ਨਾਮ ਖੰਡਾ ਵਿਚ ਫਿਰਾਇਆ । ਨੇੜ ਨਾ ਆਇਣ ਪੰਜ ਸ਼ੈਤਾਨ, ਕਰੇ ਖੇਲ ਸ੍ਰੀ ਭਗਵਾਨ, ਸਾਖ਼ਯਾਤ ਆਪਣਾ ਰੂਪ ਕਰਾਇਆ । ਵੇਖੇ ਕੁਰਾ ਜ਼ਿਮੀ ਅਸਮਾਨ, ਆਲਮ ਉਲਮਾ ਮਾਰ ਧਿਆਨ, ਭੇਵ ਅਭੇਦਾ ਭੇਵ ਖੁਲ੍ਹਾਇਆ । ਝੂਠੀ ਸ਼ਾਹੀ ਮਿਟੇ ਨਿਸ਼ਾਨ, ਸਚ ਸੁੱਚ ਹੋਏ ਮਾਤ ਪਰਧਾਨ, ਏਕਾ ਕੂਕੇ ਸੂਰਾ ਸ਼ੂਰਬੀਰ ਨੌਜਵਾਨ, ਦੂਸਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਈਆ । ਚਾਰ ਕਹਾਰ ਚੁੱਕਿਆ ਭਾਰ, ਕਦਮ ਕਦਮ ਉਠਾਇਆ । ਚੌਦਾਂ ਤਬਕਾਂ ਬੇੜਾ ਪੈਰਾਂ ਥੱਲੇ ਦਏ ਲਤਾੜ, ਉਪਰ ਆਪਣਾ ਭਾਰ ਰਖਾਇਆ । ਕਰੇ ਪਰਕਾਸ਼ ਬਹੱਤਰ ਨਾੜ, ਜੋਤੀ ਜੋਤ ਡਗਮਗਾਇਆ । ਚਾਰੇ ਜੁਗ ਇਕ ਜੁਗ, ਜੁਗ ਆਪਣਾ ਮੇਲ ਮਿਲਾਇਆ । ਕਲਜੁਗ ਔਧ ਰਹੀ ਪੁਗ, ਵੇਲਾ ਵਕਤ ਰਿਹਾ ਸਮਝਾਇਆ । ਨੌ ਸੌ ਚੁਰਾਨਵੇਂ ਚੌਕੜੀ ਜੋ ਬੈਠਾ ਰਿਹਾ ਲੁਕ, ਵੇਲੇ ਅੰਤ ਜੋਤੀ ਨੂਰ ਕਰੇ ਰੁਸ਼ਨਾਇਆ । ਚਾਰ ਕੁਹਾਰਾ ਆਪਣੀ ਗੋਦ ਲਏ ਚੁੱਕ, ਗੋਬਿੰਦ ਸੇਵਾ ਆਪ ਕਰਾਇਆ । ਆਪਣੀ ਰੱਖੇ ਉਲਟਾ ਕੁੱਖ, ਧੰਨ ਧੰਨ ਜਣੇਂਦੀ ਮਾਇਆ । ਦੋ ਜਹਾਨਾ

ਮੇਟੇ ਤ੍ਰਿਸ਼ਨਾ ਭੁੱਖ, ਤ੍ਰੈਗੁਣ ਮਾਇਆ ਨੇੜ ਨਾ ਆਇਆ । ਉਜਲ ਕਰੇ ਮਾਤ ਮੁਖ, ਬਚਨ ਅਮੋਲਕ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਲਿਖਾਇਆ । ਚਾਰ ਕਹਾਰ ਕਰ ਨਿਮਸਕਾਰ, ਦੋਏ ਮੰਗ ਮੰਗਾਈਆ । ਕਵਣ ਰੂਪ ਤੇਰਾ ਕਰਤਾਰ, ਕਵਣ ਘਰ ਵੱਜੇ ਵਧਾਈਆ । ਕਵਣ ਮੰਦਰ ਤੇਰਾ ਦਰਬਾਰ, ਕਵਣ ਬੰਕ ਲਏ ਸੁਹਾਈਆ । ਕਵਣ ਡੰਕ ਵਜੇ ਸੰਸਾਰ, ਕਵਣ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਆਪੇ ਝੋਲੀ ਪਾਈਆ । ਸਤਿਗੁਰ ਪੂਰਾ ਹੋ ਮਿਹਰਵਾਨ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਨੌਂ ਨੌਂ ਜਨਮ ਦੇਵੇ ਦਾਨ, ਮਾਨਸ ਮਾਨਸ ਰੂਪ ਪਰਗਟਾਇੰਦਾ । ਈਸਾ ਮੂਸਾ ਚੁੱਕੇ ਕਾਨ, ਕਾਲਾ ਸੂਸਾ ਇਕ ਵਖਾਇੰਦਾ । ਸ਼ਬਦ ਅਗੰਮੀ ਝੁੱਲੇ ਨਿਸ਼ਾਨ, ਪਰਵਰਦਿਗਾਰ ਆਪ ਝੁਲਾਇੰਦਾ । ਨੌ ਖੰਡ ਪ੍ਰਿਥਮੀ ਵਖਾਏ ਇਕ ਈਮਾਨ, ਏਕਾ ਕਲਮਾ ਨਬੀ ਪੜ੍ਹਾਇੰਦਾ । ਏਕਾ ਮਸਜਿਦ ਮੰਦਰ ਵਸੇ ਮਕਾਨ, ਵੁਜ਼ੂ ਨਮਾਜ਼ ਇਕ ਕਰਾਇੰਦਾ । ਏਕਾ ਵਾਹਦ ਹੋਏ ਪਰਧਾਨ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪ ਸਮਝਾਇੰਦਾ । ਅੰਤਮ ਲੇਖਾ ਗੁਰ ਸਮਝਾਇਆ, ਭੁੱਲ ਰਹੇ ਨਾ ਰਾਈਆ । ਕਲਜੁਗ ਵੇਲਾ ਦਏ ਮੁਕਾਇਆ, ਢਈਆ ਨਈਆ ਮਾਤ ਚਲਾਈਆ । ਚੌਦਾਂ ਚੌਦਾਂ ਪੰਧ ਮੁਕਾਇਆ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਪੀਰ ਅਵਤਾਰ ਦਏ ਸਲਾਹਿਆ, ਜੁਗਾਂ ਜੁਗੰਤਰ ਗਾਈਆ । ਪੁਰਖ ਅਕਾਲ ਹੋਏ ਰੁਸ਼ਨਾਇਆ, ਨਿਰਗੁਣ ਆਪਣਾ ਨਾਉਂ ਧਰਾਈਆ । ਗੋਬਿੰਦ ਸੂਰਾ ਸੰਗ ਨਿਭਾਇਆ, ਨਾ ਮਰੇ ਨਾ ਜਾਈਆ । ਮੇਰਾ ਨਾਉਂ ਸ਼ਬਦ ਤੂਰਾ, ਘਰ ਘਰ ਰਾਗ ਸੁਣਾਈਆ । ਅੰਤਮ ਮਨਸਾ ਕਰਾਂ ਪੂਰਾ, ਆਸਾ ਆਸ਼ਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅਲਫ਼ ਰਿਹਾ ਪੜ੍ਹਾਈਆ । ਏਕਾ ਅਲਫ਼ ਲੈਣੀ ਪੜ੍ਹ, ਦੂਈ ਪਰਦਾ ਰਹਿਣ ਨਾ ਪਾਇੰਦਾ । ਏਕਾ ਮੰਦਰ ਜਾਣਾ ਚੜ੍ਹ, ਸਚ ਮਹੱਲਾ ਆਪ ਬੁਝਾਇੰਦਾ । ਏਕਾ ਲੜ ਲੈਣਾ ਫੜ, ਨਾ ਪੱਲੂ ਕੋਈ ਛੁਡਾਇੰਦਾ । ਏਕਾ ਅੰਤਮ ਵੇਖਣਾ ਸਾਚਾ ਘਰ, ਦਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਗੁਰ ਗੋਬਿੰਦ ਗਿਆ ਸਮਝਾਈਆ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਨਿਹਕਲੰਕ ਨਾਉਂ ਧਰਾਈਆ । ਗੋਬਿੰਦ ਸਾਚਾ ਸੰਗ ਨਿਭੌਣਾ, ਦਿਸ ਕਿਸੇ ਨਾ ਆਈਆ । ਚੌਥੇ ਜੁਗ ਚਾਰ ਕਹਾਰਾ ਜਨਮ ਦਵੌਣਾ, ਲੋਕਮਾਤ ਵੇਖ ਵਖਾਈਆ । ਸਾਚੀ ਸੇਵਾ ਆਪ ਕਰੌਣਾ, ਸੇਵਕ ਸੇਵਾ ਇਕ ਸਮਝਾਈਆ । ਚੁਰਾਸੀ ਕਲੀਆਂ ਅਲਫ਼ੀ ਤਨ ਸੁਹੌਣਾ, ਸੋਹਣੀ ਰਚਨਾ ਆਪ ਰਚਾਈਆ । ਟਿੱਕਾ ਤਾਜ ਸੀਸ ਫੇਰ ਟਿਕੌਣਾ, ਪਰਗਟ ਹੋਵੇ ਸੱਚਾ ਸ਼ਹਿਨਸ਼ਾਹੀਆ । ਚਾਰ ਮੁਖ ਚਾਰ ਕਹਾਰ ਦਰਸੌਣਾ ਪੰਜਵਾਂ ਮੁਖ ਪਾਤਸ਼ਾਹ ਸ਼ਾਹ ਪਾਤਸ਼ਾਹ ਆਪ ਅਖਵਾਈਆ । ਗੁਰਸਿਖਾਂ ਮਿਟੌਣਾ ਦੁੱਖ, ਜਗਤ ਦਲਿਦਰ ਰਹੇ ਨਾ ਰਾਈਆ । ਆਪਣੀ ਗੋਦੀ ਲਏ ਚੁੱਕ, ਜਿਉਂ ਬਾਲਕ ਮਾਤਾ ਗੋਦ ਸੁਹਾਈਆ । ਜਨ ਜਨਨੀ ਕਰੇ ਉਜਲ ਮੁਖ, ਰਵ ਸਸ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਦਾਤਾ ਆਪ ਅਖਵਾਈਆ । ਕਲਜੁਗ ਅੰਤ ਸੁਹਾਵਣਾ, ਕਿਰਪਾ ਕਰੇ ਸ੍ਰੀ ਭਗਵਾਨ । ਚਾਰੇ ਜੁਗ ਪੰਧ ਮੁਕਾਵਣਾ, ਲੇਖਾ ਚੁੱਕੇ ਜਗਤ ਨਿਸ਼ਾਨ । ਸਾਚਾ ਸਗਨ ਆਪ ਮਨਾਵਣਾ, ਚਾਰ ਵਰਨਾਂ ਇਕ ਗਿਆਨ । ਸ੍ਰਿਸ਼ਟ ਸਬਾਈ ਰੰਗ ਰੰਗਾਵਣਾ, ਲੇਖਾ ਜਾਣੇ ਦੋ ਜਹਾਨ ।

ਧੁਰ ਫ਼ਰਮਾਣਾ ਆਪ ਸੁਣਾਵਣਾ, ਨਾਤਾ ਤੋੜੇ ਬੇਈਮਾਨ । ਹਰਿਜਨ ਸਾਚੇ ਵੇਖ ਵਖਾਵਣਾ, ਪੂਰਨ ਕਰੇ ਆਪਣਾ ਕਾਮ । ਨਗਰ ਖੇੜਾ ਗਰਾਮ ਵਸਾਵਣਾ, ਲੇਖੇ ਲਾਏ ਹੱਡ ਮਾਸ ਨਾੜੀ ਚਾਮ । ਆਪਣਾ ਦਾਮਨ ਆਪ ਫੜਾਵਣਾ, ਚਰਨ ਕਵਲ ਬਖ਼ਸ਼ੇ ਮਾਣ । ਜਰਨੈਲ ਗੁਰਦਾਸ ਸੰਗ ਸਮਾਵਣਾ, ਜਿਉਂ ਆਕਾਸ਼ ਚਮਕੇ ਰਵ ਸਸ ਸੂਰਜ ਭਾਨ । ਪੂਰਬ ਲਹਿਣਾ ਆਪ ਮੁਕਾਵਣਾ, ਦੇਵੇ ਦਰਸ ਸ੍ਰੀ ਭਗਵਾਨ । ਆਪਣਾ ਨਿਉਂ ਨਿਉਂ ਸੀਸ ਝੁਕਾਵਣਾ, ਗੁਰਸਿਖਾਂ ਉਤੋਂ ਵਿਟਹੁ ਕੁਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਦੋ ਜਹਾਨ । ਗੁਰਮੁਖ ਲੇਖ ਚੁਕਾਇਆ, ਕਰ ਕਿਰਪਾ ਆਪ ਨਿਰੰਕਾਰ । ਚਾਰ ਵਰਨਾਂ ਵੇਖ ਵਖਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਆਧਾਰ । ਸਾਚੀ ਸਰਨ ਇਕ ਬਹਾਇਆ, ਮਰੇ ਨਾ ਜੰਮੇ ਵਿਚ ਸੰਸਾਰ । ਕੂੜਾ ਨਾਤਾ ਤੋੜ ਤੁੜਾਇਆ, ਪੁਰਖ ਬਿਧਾਤਾ ਮਿਲਿਆ ਏਕਾ ਯਾਰ । ਜਗਤ ਸੱਥਰ ਪਰੇ ਹਟਾਇਆ, ਸੱਥਰ ਵਿਛਾਇਆ ਏਕੰਕਾਰ । ਏਕਾ ਅੱਖਰ ਆਪ ਪੜ੍ਹਾਇਆ, ਅੱਖ ਖੋਲ੍ਹ ਬੰਦ ਕਿਵਾੜ । ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇਆ, ਆਪ ਆਪਣਾ ਬਲ ਧਾਰ । ਦਰ ਦਰਵੇਸ਼ ਨਾਉਂ ਧਰਾਇਆ, ਭਿਖਕ ਬਣੇ ਆਪ ਨਿਰੰਕਾਰ । ਗੋਬਿੰਦ ਸਗਲਾ ਸੰਗ ਰਖਾਇਆ, ਪੰਜ ਤਤ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਸਰਬ ਜੀਆਂ ਦਾ ਸਾਂਝਾ ਯਾਰ ।



### ✻ ੨੪ ਭਾਦਰੋਂ ੨੦੧੭ ਬਿਕ੍ਰਮੀ ਗੁਰਦਾਸ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ✻

੧੧੦੦

ਜੁਗ ਜੁਗ ਖੇਲ ਨਿਰੰਕਾਰ ਦਾ, ਕਰੇ ਕਰਾਏ ਕਰਨੇ ਜੋਗ । ਜੁਗ ਜੁਗ ਜਨ ਭਗਤਾਂ ਪੈਜ ਸੁਆਰਦਾ, ਲੇਖਾ ਜਾਣੇ ਧੁਰ ਸੰਜੋਗ । ਜੁਗ ਜੁਗ ਸਾਚੇ ਸੰਤ ਵਾਜਾਂ ਮਾਰਦਾ, ਦਰਸ ਦਿਖਾਏ ਦਰ ਅਮੋਘ । ਜੁਗ ਜੁਗ ਗੁਰਮੁਖ ਸਾਚੇ ਆਪ ਉਭਾਰਦਾ, ਸ਼ਬਦ ਜਣਾਏ ਇਕ ਸਲੋਕ । ਜੁਗ ਜੁਗ ਗੁਰਸਿਖ ਸਾਚੇ ਤਾਰਦਾ, ਚਰਨ ਪ੍ਰੀਤੀ ਬਖ਼ਸ਼ੇ ਸਾਚੀ ਮੋਖ । ਜੁਗ ਜੁਗ ਸ਼ਬਦ ਵਿਚੋਲਾ ਬਣੇ ਸਰਬ ਸੰਸਾਰ ਦਾ, ਲੇਖਾ ਜਾਣੇ ਲੋਕ ਪਰਲੋਕ । ਜੁਗ ਜੁਗ ਭੇਸ ਅਵੱਲਾ ਕਰੇ ਗੁਰ ਕਰਤਾਰ ਦਾ, ਇਕ ਇਕੱਲਾ ਨਾ ਕੋਈ ਹਰਖ ਸੋਗ । ਜੁਗ ਜੁਗ ਲੇਖਾ ਆਪਣਾ ਆਪ ਵਿਚਾਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਪਰਗਟਾਏ ਕੋਟੀ ਕੋਟ । ਜੁਗ ਜੁਗ ਚਾਲ ਨਿਰਾਲੀਆ, ਨਿਰਗੁਣ ਨਿਰਵੈਰ ਖੇਲ ਖਲਾਏ । ਜੁਗ ਜੁਗ ਜੋਤ ਅਕਾਲੀਆ, ਅਕਲ ਕਲ ਰੂਪ ਪਰਗਟਾਏ । ਜੁਗ ਜੁਗ ਵੇਖੇ ਸਚਖੰਡ ਸੱਚੀ ਧਰਮਸਾਲੀਆ, ਲੋਕਮਾਤ ਬੰਕ ਵਡਿਆਏ । ਜੁਗ ਜੁਗ ਰੰਗੇ ਰੰਗ ਗੁਲਾਲੀਆ, ਰੰਗ ਗੁਲਾਲਾ ਆਪ ਚੜ੍ਹਾਏ । ਜੁਗ ਜੁਗ ਗਗਨ ਮਸਤਕ ਵੇਖੇ ਸਾਚੀ ਥਾਲੀਆ, ਦੀਪਕ ਦੀਆ ਆਪ ਟਿਕਾਏ । ਜੁਗ ਜੁਗ ਜਪਾਏ ਆਪਣਾ ਨਾਮ ਸੁਖਾਲੀਆ, ਮੰਤਰ ਨਾਮ ਇਕ ਦ੍ਰਿੜਾਏ । ਜੁਗ ਜੁਗ ਫੇਰੇ ਸਾਚੀ ਮਾਲੀਆ, ਨਾਮ ਮਾਲਾ ਇਕ ਵਖਾਏ । ਜੁਗ ਜੁਗ ਤੋੜੇ ਜਗਤ ਜੰਜਾਲੀਆ, ਜਾਗਰਤ ਜੋਤ ਕਰ ਰੁਸ਼ਨਾਏ । ਜੁਗ ਜੁਗ ਘਾਲੇ ਸਾਚੀ ਘਾਲੀਆ, ਘਾਲਣਹਾਰਾ ਦਿਸ ਨਾ ਆਏ । ਜੁਗ ਜੁਗ ਲੱਖ ਚੁਰਾਸੀ ਫਲ ਲਾਏ ਡਾਲੀਆ, ਫੁਲ ਫੁਲਵਾੜੀ ਵੇਖ ਵਖਾਏ । ਜੁਗ ਜੁਗ ਧੁਰ ਦਰਗਾਹੀ ਬਣੇ ਸੱਚਾ ਮਾਲੀਆ, ਮਾਲਕ ਆਪਣੀ ਦਇਆ ਕਮਾਏ । ਜੁਗ ਜੁਗ ਖ਼ਾਲਕ ਖ਼ਲਕ ਬਣੇ ਸਵਾਲੀਆ, ਆਪਣੀ ਮੰਗਣ ਮੰਗ ਮੰਗਾਏ । ਜੁਗ ਜੁਗ ਕਰੇ ਪ੍ਰਿਤਪਾਲਕ ਕਰੇ ਖੇਲ ਦੋ ਜਹਾਨਿਆ,

ਲੋਆਂ ਪੁਰੀਆਂ ਵੇਸ ਧਰਾਏ । ਜੁਗ ਜੁਗ ਕਰੇ ਪਰਕਾਸ਼ ਰਵ ਸਸ ਕੋਟਨ ਭਾਨਿਆ, ਅੰਧ ਅੰਧੇਰ ਆਪ ਗਵਾਏ । ਜੁਗ ਜੁਗ ਪੜ੍ਹੇ ਅਨਹਦ ਅਨਾਦੀ ਸਾਚੀ ਬਾਣੀਆ, ਸ਼ਬਦ ਅਗੰਮੀ ਰਾਗ ਅਲਾਏ । ਜੁਗ ਜੁਗ ਜਾਣੇ ਅਕਥ ਕਹਾਣੀਆ, ਕਥਨੀ ਕਥ ਨਾ ਸਕੇ ਰਾਏ । ਜੁਗ ਜੁਗ ਬਣੇ ਸਚ ਸਵਾਣੀਆ, ਸਾਚਾ ਕੰਤ ਆਪ ਹੰਢਾਏ । ਜੁਗ ਜੁਗ ਦੇਵੇ ਧੁਰ ਫ਼ਰਮਾਨਿਆ, ਆਪਣੀ ਸਿਖ਼ਿਆ ਸਿੱਖ ਸਮਝਾਏ । ਜੁਗ ਜੁਗ ਹੋਵੇ ਜਾਣ ਜਾਨਿਆ, ਜਾਨਣਹਾਰ ਬੇਪਰਵਾਹੇ । ਜੁਗ ਜੁਗ ਜਨ ਭਗਤਾਂ ਦੇਵੇ ਮਾਣ ਨਿਮਾਨਿਆ, ਗ਼ਰੀਬ ਨਿਮਾਣੇ ਗਲੇ ਲਗਾਏ । ਜੁਗ ਜੁਗ ਵੇਖੇ ਚਤਰ ਸੁਘੜ ਸਿਆਨਿਆ, ਮੂਰਖ ਮੂੜ੍ਹੇ ਭੇਵ ਨਾ ਰਾਏ । ਜੁਗ ਜੁਗ ਤਖ਼ਤ ਬਹਾਏ ਰਾਜੇ ਰਾਨਿਆ, ਜੁਗ ਜੁਗ ਖ਼ਾਕੀ ਖ਼ਾਕ ਮਿਲਾਏ । ਜੁਗ ਜੁਗ ਇਸ਼ਟ ਦੇਵ ਗੁਰ ਵੇਖ ਵਖਾਨਿਆ, ਜੁਗ ਜੁਗ ਨਿਉਂ ਨਿਉਂ ਸੀਸ ਝੁਕਾਏ । ਜੁਗ ਜੁਗ ਹੋਏ ਦਰ ਦਰਬਾਨਿਆ, ਜੁਗ ਜੁਗ ਅਲੱਖ ਨਿਰੰਜਣ ਅਲੱਖ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਬੇਪਰਵਾਹੇ । ਜੁਗ ਜੁਗ ਸ਼ਾਹ ਸੁਲਤਾਨ, ਤਖ਼ਤ ਤਾਜ ਹੰਢਾਈਆ । ਜੁਗ ਜੁਗ ਵਸੇ ਸਚ ਮਕਾਨ, ਸਚਖੰਡ ਦਵਾਰਾ ਸੋਭਾ ਪਾਈਆ । ਜੁਗ ਜੁਗ ਖੇਲੇ ਖੇਲ ਸ੍ਰੀ ਭਗਵਾਨ, ਨਿਰਗੁਣ ਸਰਗੁਣ ਰੂਪ ਧਰਾਈਆ । ਜੁਗ ਜੁਗ ਬ੍ਰਹਮਾ ਵਿਸ਼ਨ ਸ਼ਿਵ ਪਾਏ ਆਣ, ਜੁਗ ਜੁਗ ਹੁਕਮੀ ਹੁਕਮ ਚਲਾਈਆ । ਜੁਗ ਜੁਗ ਲੱਖ ਚੁਰਾਸੀ ਉਪਜਾਏ ਇਕ ਨਿਸ਼ਾਨ, ਜੁਗ ਜੁਗ ਗੇੜਾ ਗੇੜ ਦਵਾਈਆ । ਜੁਗ ਜੁਗ ਏਕਾ ਰਾਗ ਸੁਣਾਏ ਕਾਨ, ਜੁਗ ਜੁਗ ਵੇਦ ਬ੍ਰਹਮਾ ਮੁਖ ਪੜ੍ਹਾਈਆ । ਜੁਗ ਜੁਗ ਨਾਤਾ ਤੋੜੇ ਪੰਜ ਸ਼ੈਤਾਨ, ਜੁਗ ਜੁਗ ਮੇਲ ਮਿਲਾਏ ਪੰਚਮ ਸਹਿਜ ਸੁਖਦਾਈਆ । ਜੁਗ ਜੁਗ ਆਪਣੀ ਕਰੇ ਆਪ ਪਛਾਣ, ਆਪਣਾ ਪਰਦਾ ਆਪ



੧੧੦੧

ਉਠਾਈਆ । ਜੁਗ ਜੁਗ ਆਪਣਾ ਆਪ ਕਰੇ ਪਰਵਾਨ, ਆਪ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਏਕੰਕਾਰ, ਕਲ ਕੁਦਰਤ ਰੂਪ ਪਰਗਟਾਈਆ । ਜੁਗ ਜੁਗ ਪੁਰਖ ਸਮਰਥ, ਸਰਬ ਕਲਾ ਅਖਵਾਇੰਦਾ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਜੁਗ ਜੁਗ ਸੁਣਾਏ ਗਾਥ, ਬੋਧ ਅਗਾਧੀ ਸ਼ਬਦ ਉਪਾਇੰਦਾ । ਜੁਗ ਜੁਗ ਜਪਾਏ ਪੂਜਾ ਪਾਠ, ਇਸ਼ਟ ਦੇਵ ਗੁਰ ਰੂਪ ਪਰਗਟਾਇੰਦਾ । ਜੁਗ ਜੁਗ ਸਰ ਸਰੋਵਰ ਮਾਰੇ ਠਾਠ, ਜਲਧਾਰਾ ਨੀਰ ਸਮਾਇੰਦਾ । ਜੁਗ ਜੁਗ ਖੋਲ੍ਹੇ ਆਪਣਾ ਹਾਟ, ਵਣਜ ਵਣਜਾਰਾ ਆਪ ਅਖਵਾਇੰਦਾ । ਜੁਗ ਜੁਗ ਆਤਮ ਸੇਜਾ ਸੋਏ ਖਾਟ, ਪਲੰਘ ਰੰਗੀਲਾ ਇਕ ਸੁਹਾਇੰਦਾ । ਜੁਗ ਜੁਗ ਸਵਾਂਗੀ ਸਵਾਂਗ ਕਰੇ ਨਟੂਆ ਨਾਟ, ਠਗ ਠਗੌਰੀ ਆਪੇ ਪਾਇੰਦਾ । ਜੁਗ ਜੁਗ ਹੋਏ ਕਮਲਾਪਾਤ, ਕੰਤ ਕੰਤੂਲ ਆਪਣੀ ਖੇਲ ਖਿਲਾਇੰਦਾ । ਜੁਗ ਜੁਗ ਉਪਜਾਏ ਕਵਲ ਫੂਲ, ਕਵਲ ਆਪਣਾ ਨਾਉਂ ਰਖਾਇੰਦਾ । ਜੁਗ ਜੁਗ ਜਲ ਬੰਧਾਏ ਧਰਤ ਧਵਲ ਧੌਲ, ਧਰਨੀ ਧਰਤ ਆਪ ਸੁਹਾਇੰਦਾ । ਜੁਗ ਜੁਗ ਲੱਖ ਚੁਰਾਸੀ ਜਾਏ ਮੌਲ, ਰੂਪ ਰੇਖ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਇੰਦਾ । ਜੁਗ ਜੁਗ ਜੋਗ ਅਭਿਆਸ, ਮੰਤਰ ਅੰਤਰ ਨਾਮ ਦ੍ਰਿੜਾਇੰਦਾ । ਜੁਗ ਜੁਗ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਇੰਦਾ । ਜੁਗ ਜੁਗ ਲੇਖਾ ਜਾਣੇ ਪਵਣ ਸਵਾਸ, ਰਸਨਾ ਜਿਹਵਾ ਆਪ ਹਲਾਇੰਦਾ । ਜੁਗ ਜੁਗ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਜੁਗ ਜੁਗ ਕਰੇ ਖੇਲ ਪੁਰਖ ਅਬਿਨਾਸ, ਅਬਿਨਾਸੀ ਕਰਤਾ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਜਨ ਭਗਤਾਂ ਹੋਏ ਦਾਸੀ

ਦਾਸ, ਸੇਵਕ ਸੇਵਾ ਆਪ ਕਰਾਇੰਦਾ । ਜੁਗ ਜੁਗ ਸੰਤਨ ਪੂਰੀ ਕਰੇ ਆਸ, ਨਿਰਾਸਾ ਕੋਇ ਨਾ ਮਾਤ ਦਸਾਇੰਦਾ । ਜੁਗ ਜੁਗ ਗੁਰਮੁਖਾਂ ਬੁਝਾਏ ਪਿਆਸ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਜੁਗ ਜੁਗ ਗੁਰਸਿਖਾਂ ਅੰਦਰ ਕਰੇ ਵਾਸ, ਸਾਚੀ ਸਿਖ਼ਿਆ ਇਕ ਪੜ੍ਹਾਇੰਦਾ । ਜੁਗ ਜੁਗ ਹੋਏ ਨਾ ਕਦੇ ਵਿਨਾਸ, ਆਵਣ ਜਾਵਣ ਖੇਲ ਖਿਲਾਇੰਦਾ । ਜੁਗ ਜੁਗ ਲਹਿਣਾ ਦੇਣਾ ਜਾਣੇ ਦਸ ਦਸ ਮਾਸ, ਮਾਤ ਗਰਭ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਜੁਗ ਜੁਗ ਨਾਮ ਸ਼ਬਦ ਭੰਡਾਰ, ਏਕਾ ਏਕ ਵਰਤਾਈਆ । ਗੁਰ ਗੁਰ ਰੂਪ ਵਿਚ ਸੰਸਾਰ, ਜੁਗ ਕਰਤਾ ਭੇਵ ਨਾ ਰਾਈਆ । ਜੁਗ ਜੁਗ ਲੇਖਾ ਲਿਖੇ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਮਾਈਆ । ਜੁਗ ਜੁਗ ਮਾਤ ਪਿਤ ਅੰਮੜੀ ਨਾ ਕੋਇ ਪਿਆਰ, ਗੋਦੀ ਗੋਦ ਨਾ ਕੋਇ ਸੁਹਾਈਆ । ਜੁਗ ਜੁਗ ਬਾਲੀ ਬੁਧ ਨਾ ਕੋਇ ਆਧਾਰ, ਜਵਾਨੀ ਜੋਬਨ ਨਾ ਕੋਇ ਹੰਢਾਈਆ । ਜੁਗ ਜੁਗ ਬੁੜ੍ਹਾਪਾ ਨਾ ਕਰੇ ਮਾਤ ਖ਼ਵਾਰ, ਵੇਲੇ ਅੰਤ ਨਾ ਕੋਇ ਦੁਖਦਾਈਆ । ਜੁਗ ਜੁਗ ਕਰੇ ਖੇਲ ਆਪ ਨਿਰੰਕਾਰ, ਕੁਦਰਤ ਕਾਦਰ ਵੇਖ ਵਖਾਈਆ । ਜੁਗ ਜੁਗ ਵਰਤੇ ਵਰਤਾਵੇ ਸਚ ਵਰਤਾਰ, ਵਰਤਾਵਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਭੇਵ ਨਾ ਰਾਈਆ । ਜੁਗ ਕਰਤਾ ਸਿਫ਼ਤ ਸਾਲਾਹੀਆ, ਸਰਬ ਗੁਣਾਂ ਭਰਪੂਰ । ਜੁਗ ਜੁਗ ਵੇਸ ਵਟਾਈਆ, ਆਦਿਨ ਅੰਤਾ ਹਾਜ਼ਰ ਹਜ਼ੂਰ । ਜੁਗ ਜੁਗ ਜੋਤ ਜਗਾਈਆ, ਜੋਤ ਉਜਾਲਾ ਨੂਰੋ ਨੂਰ । ਜੁਗ ਜੁਗ ਜੋਗ ਕਮਾਈਆ, ਜੁਗ ਜੁਗ ਵੇਖੇ ਚਰਨਾਂ ਧੂੜ । ਜੁਗ ਜੁਗ ਰੋਗ ਮਿਟਾਈਆ, ਲੱਖ ਚੁਰਾਸੀ ਕੱਟੇ ਜੂੜ । ਜੁਗ ਜੁਗ ਲੋਕ ਪਰਲੋਕ ਸਹਾਈਆ, ਲੇਖਾ ਜਾਣੇ ਨੇੜਾ ਦੂਰ । ਜੁਗ ਜੁਗ ਸਚ ਸਲੋਕ ਸੁਣਾਈਆ, ਰਾਗ ਅਨਾਦੀ ਏਕਾ ਤੂਰ । ਜੁਗ ਜੁਗ ਹਰਖ ਸੋਗ ਮਿਟਾਈਆ, ਚਿੰਤਾ ਦੁਖ ਕਰੇ ਚੂਰ । ਜੁਗ ਜੁਗ ਦਰਸ ਅਮੋਘ ਕਰਾਈਆ, ਇਕ ਇਕੱਲਾ ਹਾਜ਼ਰ ਹਜ਼ੂਰ । ਜੁਗ ਜੁਗ ਜਨ ਭਗਤਾਂ ਘਰ ਭੋਗ ਲਗਾਈਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਸਾ ਮਨਸਾ ਪੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਕਲ ਭਰਪੂਰ । ਸਰਬ ਕਲ ਭਰਪੂਰਿਆ, ਪੂਰਨ ਬ੍ਰਹਮ ਸਮਾਏ । ਕਰੇ ਖੇਲ ਜੋਤੀ ਨੂਰਿਆ, ਨੂਰੀ ਜਲਵਾ ਡਗਮਗਾਏ । ਤਨ ਕਫ਼ਨੀ ਵੇਖੇ ਭੂਰਿਆ, ਗਲ ਮਾਲਾ ਮਣਕਾ ਲਏ ਲਟਕਾਏ । ਵੇਸ ਵਟਾਏ ਕੂੜੋ ਕੂੜਿਆ, ਕੂੜੀ ਕਿਰਿਆ ਦਏ ਖਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਮਨਾਏ । ਜੁਗ ਜੁਗ ਭਾਣਾ ਜਾਣਿਆ, ਜਾਨਣਹਾਰ ਕਰਤਾਰ । ਜੁਗ ਜੁਗ ਰੰਗ ਮਾਣਿਆ, ਰੰਗ ਮਾਣੇ ਵਿਚ ਸੰਸਾਰ । ਜੁਗ ਜੁਗ ਹੋਏ ਨਿਮਾਣਿਆ, ਦਰ ਭਗਤਾਂ ਬਣੇ ਭਿਖਾਰ । ਜੁਗ ਜੁਗ ਤਖ਼ਤੋਂ ਲਾਹੇ ਰਾਜੇ ਰਾਣਿਆਂ, ਸ਼ਬਦ ਖੰਡਾ ਫੜ ਕਟਾਰ । ਜੁਗ ਜੁਗ ਤੋੜੇ ਮਾਣ ਅਭਮਾਨਿਆ, ਗ਼ਰੀਬ ਨਿਮਾਣਿਆ ਜਾਏ ਤਾਰ । ਜੁਗ ਜੁਗ ਚਿਲਾ ਫੜੇ ਤੀਰ ਕਮਾਨਿਆ, ਜੁਗ ਜੁਗ ਅਸਵ ਹੋਏ ਅਸਵਾਰ । ਜੁਗ ਜੁਗ ਪਾਏ ਸਾਰ ਦੋ ਜਹਾਨਿਆ, ਲੋਕਮਾਤ ਲਏ ਅਵਤਾਰ । ਜੁਗ ਜੁਗ ਪਹਿਰੇ ਨੀਲਾ ਬਾਣਿਆ, ਨੀਲੇ ਵਾਲਾ ਪਰਵਰਦਿਗਾਰ । ਕਲਜੁਗ ਵੇਲਾ ਵਕਤ ਪਛਾਣਿਆ, ਮੇਲ ਮਿਲਾਇਆ ਮੁਹੰਮਦੀ ਯਾਰ । ਚਾਰ ਕਹਾਰ ਕਰ ਪਰਵਾਨਿਆ, ਸੇਵਾ ਲਾਏ ਦਰ ਦਰਬਾਨ । ਗੋਬਿੰਦ ਬਣਿਆ ਮਾਣ ਨਿਮਾਣਿਆ, ਗਲ ਅਲਫ਼ੀ ਤਨ ਸ਼ੰਗਾਰ । ਖੁਲੜੇ ਕੇਸ ਇਕ ਵਖਾਨਿਆ, ਦਰ ਦਰਵੇਸ਼ ਪਰਵਰਦਿਗਾਰ । ਬ੍ਰਹਮਾ ਵਿਸ਼ਨ ਸ਼ਿਵ ਸੀਸ ਨਿਵਾਨਿਆ, ਨੇਤਰ ਰੋਵਣ ਜ਼ਾਰ ਜ਼ਾਰ । ਕਵਣ

ਜਾਣੇ ਤੇਰੇ ਭਾਣਿਆ, ਕਵਣ ਰੂਪ ਵਰਤੇ ਵਿਚ ਸੰਸਾਰ । ਵਿਸ਼ਨੂੰ ਦੇਵੇ ਤੇਰਾ ਦਿਤਾ ਪੀਣਾ ਖਾਣਿਆ, ਵਰਤੇ ਵਰਤਾਵੇ ਆਪ ਕਰਤਾਰ । ਬ੍ਰਹਮੇ ਰੰਗ ਏਕਾ ਮਾਣਿਆ, ਬ੍ਰਹਮ ਰੂਪ ਸਿਰਜਣਹਾਰ । ਸ਼ੰਕਰ ਹੱਥ ਤ੍ਰਸ਼ੂਲ ਵਖਾਣਿਆ, ਤਿੰਨਾਂ ਲੋਕਾਂ ਮਿਲੇ ਬਾਹਰ । ਕਰੇ ਖੇਲ ਸ੍ਰੀ ਭਗਵਾਨਿਆ, ਲੋਕਮਾਤ ਲਏ ਅਵਤਾਰ । ਪੁਰਖ ਅਕਾਲ ਖੇਲ ਦੋ ਜਹਾਨਿਆ, ਨਿਰਗੁਣ ਸਰਗੁਣ ਬੰਨ੍ਹੇ ਧਾਰ । ਸੁਤ ਦੁਲਾਰਾ ਆਪ ਉਠਾਣਿਆ, ਜੋਤੀ ਜੋਤ ਕਰ ਪਿਆਰ । ਆਪਣਾ ਇਸ਼ਟ ਆਪ ਵਖਾਣਿਆ, ਨਾਤਾ ਤੋੜ ਸਰਬ ਸੰਸਾਰ । ਮਾਤ ਪਿਤ ਪੁਤਰ ਧੀਆਂ ਸੰਗ ਨਾ ਕੋਇ ਵਖਾਣਿਆ, ਕਿਲਾ ਕੋਟ ਨਾ ਮਹੱਲ ਉਸਾਰ । ਗੁਰਮੁਖ ਗੁਰਸਿਖ ਭਗਤ ਭਗਵੰਤ ਸ਼ਬਦ ਸਰੂਪੀ ਆਪਣੇ ਰੰਗ ਰੰਗਾਣਿਆ, ਆਪ ਆਪਣਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਾਣੇ ਆਪਣੀ ਕਾਰ । ਜੁਗ ਜੁਗ ਕਾਰ ਕਮਾਇੰਦਾ, ਵੇਖੇ ਝੂਠੀ ਸ਼ਾਹ । ਜੁਗ ਜੁਗ ਹੁਕਮ ਸੁਣਾਇੰਦਾ, ਵਡ ਦਾਤਾ ਬੇਪਰਵਾਹ । ਜੁਗ ਜੁਗ ਤਖ਼ਤ ਤਾਜ ਉਲਟਾਇੰਦਾ, ਲੱਖ ਚੁਰਾਸੀ ਕਰੇ ਸਫ਼ਾ । ਜੁਗ ਜੁਗ ਆਪਣਾ ਭੇਸ ਧਰਾਇੰਦਾ, ਨਿਰਗੁਣ ਨਿਰਵੈਰ ਰੂਪ ਖ਼ੁਦਾ । ਜੁਗ ਜੁਗ ਆਪਣਾ ਨਾਮ ਵਡਿਆਇੰਦਾ, ਨਾਉਂ ਨਿਰੰਕਾਰਾ ਆਪ ਅਖਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਲਾਹਿੰਦਾ । ਜੁਗ ਜੁਗ ਝੂਠੀ ਸ਼ਾਹੀ ਕਰ ਤਿਆਰ, ਲੋਕਮਾਤ ਦਏ ਵਡਿਆਈਆ । ਜੁਗ ਜੁਗ ਸੁਹਾਏ ਗੜ੍ਹ ਹੰਕਾਰ, ਮਾਇਆ ਮਮਤਾ ਮੇਲ ਮਿਲਾਈਆ । ਜੁਗ ਜੁਗ ਆਸਾ ਤ੍ਰਿਸ਼ਨਾ ਕਰੇ ਪਿਆਰ, ਜੁਗ ਜੁਗ ਜੂਠ ਝੂਠ ਕਰੇ ਕੁੜਮਾਈਆ । ਜੁਗ ਜੁਗ ਹਉਮੇ ਹੰਗਤਾ ਕਰੇ ਉਡਾਰ, ਜੁਗ ਜੁਗ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜੁਗ ਜੁਗ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਘਰ ਘਰ ਕਰਾਏ ਵਿਭਚਾਰ, ਵਿਦਿਆ ਅੱਖਰ ਜਗਤ ਪੜ੍ਹਾਈਆ । ਕਲਜੁਗ ਅੰਤਮ ਖੇਲ ਅਪਾਰ, ਮੁਖ ਮੁਖ ਚਾਰ ਵੇਖ ਵਖਾਈਆ । ਬੱਤੀ ਦੰਦ ਗਏ ਹਾਰ, ਬੱਤੀ ਹਜ਼ਾਰ ਰਹਿਣ ਨਾ ਪਾਈਆ । ਕਾਲਾ ਵੇਸ ਕਰਿਆ ਗੁਰ ਕਰਤਾਰ, ਗੋਬਿੰਦ ਅਲਫ਼ੀ ਤਨ ਛੁਹਾਈਆ । ਚਾਰ ਵਰਨਾਂ ਵਸਿਆ ਬਾਹਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣਾ ਵਰਨ ਨਾ ਕੋਇ ਜਣਾਈਆ । ਨੇਹਕਰਮੀ ਕਰਮ ਕਰੇ ਸੰਸਾਰ, ਕਰਮ ਕਾਂਡ ਮੂੰਡ ਮੁੰਡਾਈਆ । ਸਾਚਾ ਧਰਮ ਇਸ਼ਟ ਪੂਜਾ ਪੁਰਖ ਅਕਾਲ, ਦੂਸਰ ਗੁਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭੋਜਨ ਵੇਖੇ ਬੇਪਰਵਾਹੀਆ । ਜਗਤ ਭੋਜਨ ਚਾਰ ਜੁਗ, ਚਾਰੇ ਰੰਗ ਵਟਾਇੰਦਾ । ਨੌ ਚਾਰ ਵੇਖੇ ਚੁਗ ਚੁਗ, ਛੱਤੀ ਗੇੜਾ ਆਪ ਰਖਾਇੰਦਾ । ਆਪੇ ਲੇਖਾ ਜਾਣੇ ਲੁਕ ਲੁਕ, ਜੀਅ ਦਾਨ ਦਾਤਾ ਆਪ ਉਪਜਾਇੰਦਾ । ਆਪੇ ਤ੍ਰਿਸ਼ਨਾ ਆਪੇ ਭੁੱਖ, ਆਪੇ ਤ੍ਰਿਪਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪਣੇ ਹਸਤ ਰਖਾਇੰਦਾ । ਵਸਤ ਰਖਾਏ ਦਾਮਨਗੀਰ, ਦਹਿ ਦਿਸ਼ਾ ਵੇਖ ਵਖਾਈਆ । ਨੀਲੇ ਬਸਤਰ ਪਹਿਨਿਆ ਚੀਰ, ਗੁਣੀ ਗਹੀਰ ਵਡ ਵਡਿਆਈਆ । ਆਪਣੀ ਰਸਨਾ ਮੁਖੀ ਰੱਖੀ ਤੀਰ, ਤਨ ਕਮਾਨ ਇਕ ਸੁਹਾਈਆ । ਲੱਖ ਚੁਰਾਸੀ ਬਣਿਆ ਦਰ ਫ਼ਕੀਰ, ਸ਼ਾਹ ਹਕੀਰ ਨਾ ਕੋਇ ਵਡਿਆਈਆ । ਆਪਣਾ ਤੋੜ ਆਪ ਜ਼ੰਜੀਰ, ਆਪਣਾ ਰੂਪ ਆਪ ਵਟਾਈਆ । ਆਪੇ ਬਣਿਆ ਉਚ ਪੀਰ, ਗੋਬਿੰਦ ਸੀਸ ਕਲਗੀ ਤੋੜਾ ਨਾ ਕੋਇ ਰਖਾਈਆ । ਉਚੀ ਕੂਕ ਬੋਲੇ ਅਖ਼ੀਰ, ਚਾਰ ਯਾਰਾਂ ਰਿਹਾ ਸਮਝਾਈਆ । ਕਲਜੁਗ ਵੇਲਾ ਔਣਾ ਅੰਤ ਅਖ਼ੀਰ, ਹਿੰਦੂ ਮੁਸਲਮ ਸਿੱਖ ਈਸਾਈ ਲੱਭਣ ਥਾਉਂ ਥਾਈਆ । ਕਿਸੇ ਹੱਥ ਨਾ ਆਵੇ ਦਸਤਗੀਰ, ਦਾਮਨ ਫੜੇ ਨਾ ਕੋਇ ਸ਼ਾਹੀਆ ।

੧੧੦੩

ਆਪਣੀ ਖਿਚੇ ਆਪ ਲਕੀਰ, ਆਰ ਪਾਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਵਿਚ ਟਿਕਾਈਆ । ਜਗਤ ਸ਼ਾਹੀ ਖੇਲ ਅਪਾਰ, ਨਿਉਂ ਨਿਉਂ ਸੀਸ ਝੁਕਾਇਆ । ਕਲਮੀ ਕਲਮਾ ਕਰ ਸ਼ਿਕਾਰ, ਬਿਸਮਲ ਅਗੇ ਰੂਪ ਟਿਕਾਇਆ । ਸਵਾ ਗਿਠ ਖਿਚ ਕਟਾਰ, ਕਵਚ ਆਪਣੇ ਹੱਥ ਉਠਾਇਆ । ਉਤਰ ਪੱਛਮ ਖਿਚੇ ਪਹਿਲੀ ਵਾਰ, ਪੱਛਮ ਪੂਰਬ ਫੇਰ ਫਿਰਾਇਆ । ਗੇੜਾ ਦੇਵੇ ਚਾਰ ਦੀਵਾਰ, ਨੌ ਖੰਡ ਪ੍ਰਿਥਮੀ ਘੇਰਾ ਆਪੇ ਪਾਇਆ । ਨਾਤਾ ਤੋੜ ਸ਼ਰਅ ਸ਼ਰੀਯਤ ਕਰੇ ਖ਼ਵਾਰ, ਅਮਾਮ ਅਮਾਮਾਂ ਸਿਰ ਆਪ ਹੋ ਜਾਇਆ । ਹੱਥੀਂ ਮਹਿਦੀ ਰੰਗ ਲਗਾਏ ਅਪਰ ਅਪਾਰ, ਲਹਿੰਦੀ ਦਿਸ਼ਾ ਵੇਖ ਵਖਾਇਆ । ਸਾਚੀ ਦੇਗ ਕਰ ਤਿਆਰ, ਨਾਮ ਤੇਗ ਵਿਚ ਫਿਰਾਇਆ । ਕਲਜੁਗ ਅੰਤਮ ਪਾਵੇ ਸਾਰ, ਅਮਾਮ ਮਹਿੰਦੀ ਆਪਣਾ ਰੂਪ ਵਟਾਇਆ । ਗੋਬਿੰਦ ਸੂਰਾ ਸੂਰਬੀਰ ਬਲਕਾਰ, ਸ਼ਬਦ ਨਿਸ਼ਾਨ ਤੀਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਦਏ ਮੁਕਾਇਆ । ਸ਼ਬਦ ਖੰਡੇ ਭੋਗ ਲਗਾਇੰਦਾ, ਤਿਖੀ ਰੱਖੀ ਧਾਰ । ਆਪਣਾ ਈਮਾਨ ਆਪ ਧਰਾਇੰਦਾ, ਈਮਾਨ ਈਮਾਨਾਂ ਸਿਰ ਸਿਕਦਾਰ । ਸਚ ਕਲਾਮ ਆਪ ਸੁਣਾਇੰਦਾ, ਏਕਾ ਬੋਲ ਹਕ ਜੈਕਾਰ । ਏਕਾ ਕਲਮਾ ਆਪ ਪੜ੍ਹਾਇੰਦਾ, ਕਾਇਆ ਕਾਅਬਾ ਕਰ ਵਿਚਾਰ । ਏਕਾ ਆਬੇ ਹਯਾਤ ਆਪ ਪਿਲਾਇੰਦਾ, ਪੀਵਤ ਪੀ ਹੋਏ ਖ਼ੁਮਾਰ । ਏਕਾ ਦਰਦੀ ਦਰਦ ਵੰਡਾਇੰਦਾ, ਦੋਜ਼ਖ਼ ਬਹਿਸ਼ਤ ਪਾਵੇ ਸਾਰ । ਏਕਾ ਗ਼ਰਜ਼ੀ ਗ਼ਰਜ਼ ਰਖਾਇੰਦਾ, ਕਾਇਨਾਤ ਕਰੇ ਪਿਆਰ । ਏਕਾ ਅਰਜ਼ੀ ਚਾਰ ਹੱਥੀਂ ਆਪ ਲਿਖਾਇੰਦਾ, ਆਪੇ ਬੋਲ ਸ਼ਬਦ ਜੈਕਾਰ । ਆਪਣੀ ਅਸਤੀ ਤੁਹਾਡੇ ਸੀਸ ਟਿਕਾਇੰਦਾ, ਅਰਥੀ ਚੁੱਕੇ ਨਾ ਕੋਇ ਵਿਚ ਸੰਸਾਰ । ਅੰਤਮ ਅੰਤ ਤੁਹਾਡਾ ਪ੍ਰੇਮ ਆਪਣੀ ਅਗਨੀ ਲੰਬੂ ਲਾਇੰਦਾ, ਜੋਤੀ ਨੂਰ ਹੋਏ ਉਜਿਆਰ । ਕਾਲਾ ਸੂਸਾ ਤਨ ਛੁਹਾਇੰਦਾ, ਨੀਲਾ ਕਰੇ ਖ਼ਬਰਦਾਰ । ਹੱਕ ਜੈਕਾਰਾ ਏਕਾ ਲਾਇੰਦਾ, ਮਲਕ ਉਲ ਮੌਤ ਕਰੇ ਖ਼ਵਾਰ । ਰੂਹ ਬੁਤ ਨਾ ਕੋਇ ਅਖਵਾਇੰਦਾ, ਸੁਤ ਮਿਲੇ ਪੁਰਖ ਅਕਾਲ । ਦੂਜੀ ਰੁਤ ਆਪ ਸੁਹਾਇੰਦਾ, ਫਲ ਲਗਾਏ ਆਪਣੇ ਡਾਲ੍ਹ । ਚੌਥਾ ਜੁਗ ਵੇਖ ਵਖਾਇੰਦਾ, ਕਲਜੁਗ ਅੰਤਮ ਖੇਲ ਨਿਰਾਲ । ਨਿਹਕਲੰਕੀ ਜਾਮਾ ਪਾਇੰਦਾ, ਅਬਿਨਾਸ਼ੀ ਕਰਤਾ ਨੌਜਵਾਨ । ਮੇਰੀ ਸੇਵਾ ਸੰਗ ਰਖਾਇੰਦਾ, ਕਿਰਪਾ ਕਰ ਸ੍ਰੀ ਭਗਵਾਨ । ਨਾਮ ਮਰਦੰਗ ਇਕ ਵਜਾਇੰਦਾ, ਹੱਥ ਰਖਾਏ ਸਚ ਨਿਸ਼ਾਨ । ਚਾਰ ਚਾਰੇ ਮੇਲ ਮਿਲਾਇੰਦਾ, ਚੋਰੀ ਕਰੇ ਗੁਣ ਨਿਧਾਨ । ਸਤਾਰਾਂ ਸੌ ਬਿਕ੍ਰਮੀ ਵੇਖ ਵਖਾਇੰਦਾ, ਸੰਮਤ ਸਤਾਰਾਂ ਪੂਰੀ ਕਰੇ ਆਣ । ਕਲਜੁਗ ਜੀਵ ਸਰਬ ਕੁਰਲਾਇੰਦਾ, ਦਿਸ ਨਾ ਆਏ ਗੁਣ ਨਿਧਾਨ । ਗੁਰਮੁਖ ਵਿਛੜੇ ਮੇਲ ਮਿਲਾਇੰਦਾ, ਨਿਰਗੁਣ ਸਰਗੁਣ ਕਰ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

### ✵ ੨੪ ਭਾਦਰੋਂ ੨੦੧੭ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹ ਪਿੰਡ ਮੁੰਡੀ ਜੁਮਾਲ ਜ਼ਿਲਾ ਫਿਰੋਜ਼ ਪੁਰ ✵

ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਰਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਏਕੰਕਾਰਾ ਵਸੇ ਧਾਮ ਨਿਆਰਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਆਦਿ ਨਿਰੰਜਣ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ ।

ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨ ਸੱਚਾ ਸਿਕਦਾਰਾ, ਸਾਚੇ ਤਖ਼ਤ ਆਸਣ ਲਾਇੰਦਾ । ਸ੍ਰੀ ਭਗਵਾਨ ਦਰ ਦਰਬਾਨ ਬਣੇ ਚੋਬਦਾਰਾ, ਦਰਗਾਹ ਸਾਚੀ ਸੇਵ ਕਮਾਇੰਦਾ । ਪਾਰਬ੍ਰਹਮ ਆਪ ਆਪਣੀ ਚਰਨ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਸੇ ਸਚ ਮਹੱਲਾ, ਧਾਮ ਅਵੱਲੜਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਬੇਅੰਤ ਬੇਅੰਤ, ਬੇਅੰਤ ਨਿਰਗੁਣ ਦਾਤਾ ਬੇਪਰਵਾਹੀਆ । ਏਕੰਕਾਰਾ ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਨਾਉਂ ਧਰਾਈਆ । ਆਦਿ ਨਿਰੰਜਣ ਦਰਗਹਿ ਸਾਚੀ ਧਾਮ ਸੁਹੰਤ, ਦੀਪਕ ਜੋਤੀ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣੇ ਸਾਚਾ ਕੰਤ, ਸ੍ਰੀ ਭਗਵਾਨ ਸੇਜ ਹੰਢਾਈਆ । ਪਾਰਬ੍ਰਹਮ ਆਪੇ ਜਾਣੇ ਆਪਣਾ ਆਦਿ ਅੰਤ, ਦੂਸਰ ਹੱਥ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਏਕਾ ਰੰਗ ਸਮਾਇੰਦਾ । ਹਰਿ ਪੁਰਖ ਨਿਰੰਜਣ ਉਚ ਅਟੱਲਾ, ਨੇਹਚਲ ਧਾਮ ਡੇਰਾ ਲਾਇੰਦਾ । ਏਕੰਕਾਰਾ ਵਸਣਹਾਰਾ ਜਲਾਂ ਥਲਾਂ, ਘਟ ਘਟ ਆਪਣਾ ਖੇਲ ਖਿਲਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲਾ, ਜੋਤ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪ ਫੜਾਏ ਆਪਣਾ ਪੱਲਾ, ਸਗਲਾ ਸੰਗ ਆਪ ਨਿਭਾਇੰਦਾ । ਸ੍ਰੀ ਭਗਵਾਨ ਅਛੱਲ ਅਛੱਲਾ, ਵਲ ਛਲ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਸਚ ਸਿੰਘਾਸਣ ਏਕਾ ਮੱਲਾ, ਸੇਜ ਸੁਹੰਜਣੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਜੋਤ ਉਜਾਲਾ, ਕਰੇ ਖੇਲ ਪੁਰਖ ਅਕਾਲਾ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਅਕਲ ਕਲ ਧਾਰ, ਆਪਣਾ ਲੇਖਾ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰ, ਕਰੇ ਖੇਲ ਬੇਪਰਵਾਹੀਆ । ਏਕੰਕਾਰਾ ਸੁਹਾਏ ਸਚ ਸੱਚਾ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਆਦਿ ਨਿਰੰਜਣ ਹੋ ਉਜਿਆਰ, ਥਿਰ ਘਰ ਸਾਚੇ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਸਵਛ ਸਰੂਪ ਅਨੂਪ ਪਰਗਟਾਈਆ । ਸ੍ਰੀ ਭਗਵਾਨ ਕਰੇ ਪਿਆਰ, ਆਪ ਆਪਣਾ ਮੇਲ ਮਿਲਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਧੁਰ ਸੰਜੋਗੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਇਕ ਸੁਹਾਈਆ । ਸੋ ਪੁਰਖ ਨਿਰੰਜਣ ਘਰ ਸੁਹਾਇੰਦਾ, ਊਚੋ ਊਚ ਅਗੰਮ ਅਥਾਹ । ਹਰਿ ਪੁਰਖ ਨਿਰੰਜਣ ਆਸਣ ਲਾਇੰਦਾ, ਇਕ ਇਕੱਲਾ ਬੇਪਰਵਾਹ । ਏਕੰਕਾਰਾ ਸੋਭਾ ਪਾਇੰਦਾ, ਆਦਿ ਜੁਗਾਦੀ ਇਕ ਮਲਾਹ । ਆਦਿ ਨਿਰੰਜਣ ਡਗਮਗਾਇੰਦਾ, ਦੀਪਕ ਦੀਆ ਇਕ ਟਿਕਾ । ਅਬਿਨਾਸ਼ੀ ਕਰਤਾ ਵੇਖ ਵਖਾਇੰਦਾ, ਆਪਣਾ ਮੰਦਰ ਰਿਹਾ ਸੁਹਾ । ਸ੍ਰੀ ਭਗਵਾਨ ਰੰਗ ਰੰਗਾਇੰਦਾ, ਰੰਗ ਰੰਗਾਏ ਏਕਾ ਨਾਂ । ਪਾਰਬ੍ਰਹਮ ਪ੍ਰਭ ਸੇਵ ਕਮਾਇੰਦਾ, ਸੋਭਾਵੰਤ ਸੁਹਾਏ ਆਪਣਾ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਸਚ ਨਿਆਂ । ਸੋ ਪੁਰਖ ਨਿਰੰਜਣ ਥਾਂ ਸੁਹੰਦੜਾ, ਸੋਭਾਵੰਤ ਹਰਿ ਕਰਤਾਰ । ਹਰਿ ਪੁਰਖ ਨਿਰੰਜਣ ਵੇਖ ਵਖੰਦੜਾ, ਇਕ ਇਕੱਲਾ ਕਰ ਪਸਾਰ । ਏਕੰਕਾਰ ਸੰਗ ਰਖੰਦੜਾ, ਆਪ ਆਪਣਾ ਬਲ ਧਾਰ । ਆਦਿ ਨਿਰੰਜਣ ਜੋਤ ਜਗੰਦੜਾ, ਜੋਤੀ ਜੋਤ ਹੋਏ ਉਜਿਆਰ । ਸ੍ਰੀ ਭਗਵਾਨ ਤਖ਼ਤ ਸੁਹੰਦੜਾ, ਸੋਭਾਵੰਤ ਸ਼ਾਹ ਸਿਕਦਾਰ । ਅਬਿਨਾਸ਼ੀ ਕਰਤਾ ਹੁਕਮ ਚਲੰਦੜਾ, ਹੁਕਮੀ ਹੁਕਮ ਵਰਤੇ ਵਰਤਾਰ । ਪਾਰਬ੍ਰਹਮ ਆਪਣੀ

੧੧੦੫

ਧਾਰ ਆਪ ਵਖੰਡਦੜਾ, ਕਰੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਰਿਹਾ ਵਿਚਾਰ । ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਭੇਵ ਅਭੇਦ ਛੁਪਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਏਕੰਕਾਰਾ ਆਦਿ ਅੰਤ, ਆਪਣੀ ਧਾਰਾ ਆਪ ਬੰਧਾਇੰਦਾ । ਆਦਿ ਨਿਰੰਜਣ ਜੁਗਾ ਜੁਗੰਤ, ਜਾਗਰਤ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਸਾਚਾ ਕੰਤ, ਦਰਗਹਿ ਸਾਚੀ ਸੇਜ ਸੁਹਾਇੰਦਾ । ਅਬਿਨਾਸ਼ੀ ਕਰਤਾ ਬਣੇ ਮੰਗਤ, ਦਰ ਦਰਵੇਸ਼ ਫੇਰੀ ਪਾਇੰਦਾ । ਪਾਰਬ੍ਰਹਮ ਲੇਖਾ ਜਾਣੇ ਧੁਰ ਦਰਬਾਰਾ ਆਦਿ ਅੰਤ, ਮਧ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਧੁਰ ਫ਼ਰਮਾਣਾ, ਪੁਰਖ ਅਕਾਲ ਜਣਾਈਆ । ਆਪ ਬਣਾਏ ਆਪਣਾ ਸਚ ਮਕਾਨਾ, ਆਪਣੀ ਸੇਵਾ ਆਪ ਨਿਭਾਈਆ । ਆਪਣਾ ਤਖ਼ਤ ਆਪ ਸੁਹਾਏ ਰਾਜ ਰਾਜਾਨਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਆਪਣਾ ਬਹਿ ਬਹਿ ਗਾਏ ਗਾਣਾ, ਆਪਣਾ ਨਾਦ ਆਪ ਵਜਾਈਆ । ਆਪਣਾ ਦੀਪਕ ਡਗਮਗਾਨਾ, ਆਪਣੇ ਘਰ ਕਰੇ ਰੁਸ਼ਨਾਈਆ । ਆਪਣੇ ਮੰਦਰ ਪੀਣਾ ਖਾਣਾ, ਆਪਣਾ ਅੰਮ੍ਰਿਤ ਲਏ ਉਪਜਾਈਆ । ਆਪਣੇ ਦਰ ਬਣੇ ਦਰਬਾਨਾ, ਦਰ ਦਰਵੇਸ਼ ਸੇਵ ਕਮਾਈਆ । ਆਪਣੇ ਘਰ ਹੋਏ ਨੌਜਵਾਨਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਹੁਕਮ ਆਪ ਵਰਤਾਈਆ । ਆਪਣਾ ਹੁਕਮ ਵਰਤੇ ਕਰਤਾਰ, ਦੂਜਾ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਨਿਰਵੈਰ ਹੋ ਤਿਆਰ, ਮੂਰਤ ਅਕਾਲ ਰੂਪ ਵਟਾਇੰਦਾ । ਜੂਨੀ ਰਹਿਤ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਅਨਭਵ ਪਰਕਾਸ਼ ਕਰ ਉਜਿਆਰ, ਨਿਰਭੌ ਆਪਣੀ ਖੇਲ ਖਿਲਾਇੰਦਾ । ਸਤਿ ਸਤਿਵਾਦੀ ਸਾਚੀ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਕਰ ਪਿਆਰ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਮੀਤ ਮੁਰਾਰ, ਆਦਿ ਨਿਰੰਜਣ ਗਲੇ ਲਗਾਇੰਦਾ । ਅਬਿਨਾਸ਼ੀ ਕਰਤਾ ਸਾਂਝਾ ਯਾਰ, ਸ੍ਰੀ ਭਗਵਾਨ ਵਿਛੜ ਨਾ ਜਾਇੰਦਾ । ਪਾਰਬ੍ਰਹਮ ਬਣੇ ਪਨਹਾਰ, ਦਰ ਸਾਚੀ ਸੇਵ ਕਮਾਇੰਦਾ । ਨਿਰਗੁਣ ਖੇਲ ਕਰੇ ਬੇਐਬ ਪਰਵਰਦਿਗਾਰ, ਨੂਰੀ ਜਲਵਾ ਡਗਮਗਾਇੰਦਾ । ਏਕਾ ਹੁਕਮ ਸੱਚੇ ਦਰਬਾਰ, ਧੁਰ ਦਰਬਾਰੀ ਆਪ ਸੁਣਾਇੰਦਾ । ਸਾਚਾ ਮੰਦਰ ਹੋਏ ਤਿਆਰ, ਘਾੜਨ ਸਾਚੀ ਆਪ ਘੜਾਇੰਦਾ । ਨਾ ਕੋਈ ਬਾਢੀ ਕੱਢੇ ਵਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸੋ ਪੁਰਖ ਨਿਰੰਜਣ ਹੁਕਮ ਵਰਤਾਏ, ਲੇਖਾ ਲਿਖਤ ਵਿਚ ਨਾ ਆਈਆ । ਹਰਿ ਪੁਰਖ ਨਿਰੰਜਣ ਬਾਢੀ ਲਏ ਉਠਾਏ, ਭੇਵ ਅਭੇਦਾ ਭੇਵ ਖੁਲਾਈਆ । ਏਕੰਕਾਰਾ ਸੇਵ ਕਮਾਏ, ਦੂਸਰ ਕੋਇ ਨਾ ਸੰਗ ਰਖਾਈਆ । ਆਦਿ ਨਿਰੰਜਣ ਕਰ ਰੁਸ਼ਨਾਏ, ਏਕਾ ਰੰਗ ਵਖਾਈਆ । ਸ੍ਰੀ ਭਗਵਾਨ ਆਪਣੀਆਂ ਭੁਜਾਂ ਆਪ ਉਠਾਏ, ਆਪਣਾ ਬਲ ਆਪ ਧਰਾਈਆ । ਅਬਿਨਾਸ਼ੀ ਕਰਤਾ ਏਕਾ ਏਕ ਏਕ ਲਿਵ ਲਾਏ ਰੂਪ ਅਨੂਪ ਇਕ ਦਰਸਾਈਆ । ਪਾਰਬ੍ਰਹਮ ਆਪਣੀ ਭੇਟਾ ਆਪ ਚੜ੍ਹਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਈਆ । ਧੁਰ ਫ਼ਰਮਾਣਾ ਧੁਰ ਦਰਗਾਹਿ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਇਕ ਇਕੱਲਾ ਬਣ ਮਲਾਹ, ਸਾਚਾ ਬੇੜਾ ਆਪ ਉਠਾਇੰਦਾ । ਸਿਫ਼ਤੀ ਸਿਫ਼ਤ ਸਿਫ਼ਤ ਦੇ ਸਲਾਹ, ਸਿਫ਼ਤ ਸਲਾਹੀ ਨਾਉਂ ਧਰਾਇੰਦਾ । ਆਪਣੀ ਰਚਨਾ ਆਪ ਰਚਾ, ਆਪੇ ਵੇਖ ਵਖਾਇੰਦਾ । ਆਪੇ ਬੰਕ ਦੁਆਰਾ ਦਏ ਸੁਹਾ, ਗੜ੍ਹ

ਆਪਣਾ ਆਪ ਉਪਾਇੰਦਾ । ਆਪੇ ਦਰ ਦਰਬਾਰਾ ਦਏ ਬਣਾ, ਦਰਗਹਿ ਸਾਚੀ ਵੇਸ ਵਟਾਇੰਦਾ । ਆਪੇ ਦੀਪ ਉਜਿਆਰਾ ਦਏ ਕਰਾ, ਜੋਤੀ ਨੂਰ ਨੂਰ ਡਗਮਗਾਇੰਦਾ । ਆਪੇ ਬੰਦ ਕੁਆੜਾ ਦੇ ਖੁਲ੍ਹਾ, ਅੰਦਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਆਪਣਾ ਹੁਕਮ ਆਪ ਮਨਾਇਆ, ਮੰਨਣਹਾਰ ਆਪ ਹੋ ਜਾਈਆ । ਨਿਰਗੁਣ ਦਾਤਾ ਨਿਰਗੁਣ ਸ਼ਾਹ ਪਾਤਸ਼ਾਹ ਬਣ ਜਾਇਆ, ਨਿਰਗੁਣ ਨਿਉਂ ਨਿਉਂ ਸੀਸ ਝੁਕਾਈਆ । ਨਿਰਗੁਣ ਦਰ ਦਰਵੇਸ਼ ਦਰਬਾਨ ਅਖਵਾਇਆ, ਨਿਰਗੁਣ ਸੀਸ ਤਾਜ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਉਪਾਈਆ । ਪੁਰਖ ਅਬਿਨਾਸ਼ੀ ਘਰ ਉਪਾਇੰਦਾ, ਆਪ ਆਪਣੀ ਕਿਰਪਾ ਧਾਰ । ਨਿਰਗੁਣ ਸਾਚੀ ਸੇਵ ਕਮਾਇੰਦਾ, ਸੇਵਕ ਬਣਿਆ ਆਪ ਨਿਰੰਕਾਰ । ਸਚਖੰਡ ਦੁਆਰਾ ਆਪਣੀ ਵੰਡ ਵੰਡਾਇੰਦਾ, ਨਾ ਕੋਈ ਦੀਸੇ ਚਾਰ ਦੀਵਾਰ । ਛੱਪਰ ਛੰਨ ਨਾ ਕੋਇ ਛੁਹਾਇੰਦਾ, ਕਰੇ ਖੇਲ ਅਗੰਮ ਅਪਾਰ । ਸੂਰਜ ਚੰਨ ਨਾ ਕੋਇ ਚੜ੍ਹਾਇੰਦਾ, ਦੀਪਕ ਦੀਆ ਨਾ ਕੋਇ ਪਸਾਰ । ਧਰਤ ਧਵਲ ਨਾ ਕੋਇ ਵਖਾਇੰਦਾ, ਮੰਡਲ ਮੰਡਪ ਨਾ ਕੋਇ ਅਕਾਰ । ਲੋਆਂ ਪੁਰੀਆਂ ਨਾ ਕੋਇ ਵਸਾਇੰਦਾ, ਬ੍ਰਹਿਮੰਡ ਖੰਡ ਨਾ ਕੋਇ ਭੰਡਾਰ । ਸ਼ਬਦੀ ਸੁਤ ਨਾ ਕੋਇ ਪਰਗਟਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਅਧਾਰ । ਤ੍ਰੈਗੁਣ ਮਾਇਆ ਨਾ ਜੋੜ ਜੁੜਾਇੰਦਾ, ਪੰਜ ਤਤ ਨਾ ਕੋਇ ਪਸਾਰ । ਮਨ ਮਤ ਬੁਧ ਨਾ ਕੋਇ ਵੰਡ ਵੰਡਾਇੰਦਾ, ਨੌ ਦਰ ਨਾ ਕੋਇ ਕੁਆੜ । ਦਸਮ ਦੁਆਰੀ ਨਾ ਜੋਤ ਜਗਾਇੰਦਾ, ਨਾ ਸੁਤਾ ਅੰਧ ਅੰਧਿਆਰ । ਜਲ ਥਲ ਮਹੀਅਲ ਨਾ ਰੂਪ ਵਟਾਇੰਦਾ, ਨਾਤਾ ਗੰਢੇ ਨਾ ਜੰਗਲ ਜੂਹ ਉਜਾੜ ਪਹਾੜ । ਉਚੇ ਟਿੱਲੇ ਨਾ ਆਸਣ ਲਾਇੰਦਾ, ਡੂੰਘੀ ਗਾਰ ਸੁੱਤਾ ਨਾ ਪੈਰ ਪਸਾਰ । ਲੱਖ ਚੁਰਾਸੀ ਨਾ ਰੂਪ ਵਟਾਇੰਦਾ, ਚਾਰੇ ਵੇਦ ਨਾ ਰਿਹਾ ਉਚਾਰ । ਚਾਰੇ ਖਾਣੀ ਨਾ ਬਣਤ ਬਣਾਇੰਦਾ, ਚਾਰੇ ਬਾਣੀ ਨਾ ਕਰੇ ਪੁਕਾਰ । ਪੁਰਾਨ ਅਠਾਰਾਂ ਨਾ ਕੋਇ ਧਿਆਇੰਦਾ, ਗੀਤਾ ਗਿਆਨ ਨਾ ਕੋਇ ਵੀਚਾਰ । ਅੰਜੀਲ ਕੁਰਾਨ ਨਾ ਕੋਇ ਪੜ੍ਹਾਇੰਦਾ, ਤੀਸਾ ਬਤੀਸਾ ਹਦੀਸਾ ਨਾ ਪਾਵੇ ਕੋਈ ਸਾਰ । ਬਾਣੀ ਬਾਣ ਨਾ ਕੋਇ ਲਗਾਇੰਦਾ, ਰਸਨਾ ਜਿਹਵਾ ਨਾ ਕੋਇ ਉਚਾਰ । ਬੱਤੀ ਦੰਦ ਨਾ ਕੋਇ ਹਿਲਾਇੰਦਾ, ਛੱਤੀ ਰਾਗ ਨਾ ਗਾਏ ਵਾਰ । ਰਾਮ ਕ੍ਰਿਸ਼ਨ ਨਾ ਕੋਇ ਅਖਵਾਇੰਦਾ, ਧਰੂ ਪ੍ਰਹਿਲਾਦ ਨਾ ਜਾਏ ਕੋਈ ਤਾਰ । ਈਸੇ ਮੂਸੇ ਨਾ ਰੰਗ ਰੰਗਾਇੰਦਾ, ਕਾਲਾ ਸੂਸਾ ਨਾ ਤਨ ਸ਼ਿੰਗਾਰ । ਚਾਰ ਯਾਰੀ ਨਾ ਰੰਗ ਰੰਗਾਇੰਦਾ, ਮੇਲਾ ਮਿਲੇ ਨਾ ਮੁਹੰਮਦੀ ਯਾਰ । ਅੱਲਾ ਰਾਣੀ ਨਾ ਕੂਕ ਸੁਣਾਇੰਦਾ, ਰੂਪ ਵਟਾਏ ਨਾ ਪਰਵਰਦਿਗਾਰ । ਮੁਕਾਮੇ ਹੱਕ ਨਾ ਰਾਹ ਤਕਾਇੰਦਾ, ਮੁਲਾਂ ਸ਼ੇਖ਼ ਮਸਾਇਕ ਪੀਰ ਨਾ ਪਾਵੇ ਸਾਰ । ਪੰਡਤ ਪਾਂਧਾ ਨਾ ਕੋਇ ਨਾਉਂ ਧਰਾਇੰਦਾ, ਤਿਲਕ ਲਲਾਟੀ ਨਾ ਕਰੇ ਵਿਚਾਰ । ਗ੍ਰੰਥ ਪੂਜਾ ਪਾਠ ਪੜ੍ਹ ਨਾ ਕੋਇ ਸੁਣਾਇੰਦਾ, ਗਾਇਤਰੀ ਹਵਨ ਨਾ ਕੋਇ ਸੰਸਾਰ । ਬਾਰਾਂ ਅੱਖਸ਼ਰ ਨਾ ਕੋਇ ਸੁਣਾਇੰਦਾ, ਨਾਰਦ ਸੁਰਸਤੀ ਨਾ ਕੋਇ ਆਧਾਰ । ਸੂਰਜ ਚੰਨ ਨਾ ਸੀਸ ਕੋਇ ਝੁਕਾਇੰਦਾ, ਜਲ ਨੀਰ ਨਾ ਕੋਇ ਨਿਮਸਕਾਰ । ਖ਼ਵਾਜਾ ਖ਼ਿਜਰ ਨਾ ਕੋਇ ਅਖਵਾਇੰਦਾ, ਇੰਦਰ ਛੈਬਰ ਨਾ ਬਰਸੇ ਧਾਰ । ਕਰੋੜ ਤੇਤੀਸਾ ਨਾ ਵੰਡ ਵੰਡਾਇੰਦਾ, ਗਣ ਗੰਧਰਬ ਨਾ ਕੂਕ ਕਰੇ ਪੁਕਾਰ । ਅਠਾਰਾਂ ਭਾਰ ਨਾ ਭਾਰ ਵਖਾਇੰਦਾ, ਨਾ ਕੋਈ ਤੋਲਾ ਦਿਸੇ ਵਿਚ ਸੰਸਾਰ । ਅੱਖਰ ਵੱਖਰ ਨਾ ਕੋਇ ਪੜ੍ਹਾਇੰਦਾ, ਵਿਦਿਆ ਵਿਖਮ ਨਾ ਕੋਇ ਪਰਚਾਰ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਅਖਵਾਇੰਦਾ, ਅਠਾਰਾਂ ਬਰਨ ਨਾ ਹਾਹਾਕਾਰ । ਧਰਤ

੧੧੦੭ ੦੯

ਧਵਲ ਨਾ ਕੋਇ ਸੁਹਾਇੰਦਾ, ਗੁਰ ਪੀਰ ਨਾ ਲਏ ਅਵਤਾਰ । ਭਗਤ ਭਗਵੰਤ ਨਾ ਕੋਇ ਧਿਆਇੰਦਾ, ਸੰਤਨ ਕੂਕ ਕੂਕ ਰਹੇ ਨਾ ਵਾਜਾਂ ਮਾਰ । ਗੁਰਮੁਖ ਖੇਲ ਨਾ ਕੋਇ ਖਲਾਇੰਦਾ, ਗੁਰਸਿਖ ਕਰੇ ਨਾ ਪਿਆਰੀ ਨਾਰ । ਨਾਰ ਕੰਤ ਸੇਜ ਨਾ ਕੋਇ ਹੰਢਾਇੰਦਾ, ਭੋਗੀ ਭੋਗ ਨਾ ਕਰੇ ਅਪਰ ਅਪਾਰ । ਜੋਗੀ ਜੋਗ ਨਾ ਕੋਇ ਕਮਾਇੰਦਾ, ਖ਼ਾਕੀ ਖ਼ਾਕ ਨਾ ਪਾਏ ਸਿਰ ਛਾਰ । ਤਨ ਬਿਭੂਤ ਨਾ ਕੋਇ ਲਗਾਇੰਦਾ, ਸੁੰਨ ਸਮਾਧ ਨਾ ਵੜਿਆ ਅੰਧ ਅੰਧਿਆਰ । ਅਠਸਠ ਤੀਰਥ ਨਾ ਕੋਇ ਨਹਾਵਣ ਨਹਾਇੰਦਾ, ਸਰ ਸਰੋਵਰ ਨਾ ਦਏ ਕੋਇ ਵਖਾਲ । ਪਾਰਬ੍ਰਹਮ ਅਬਿਨਾਸ਼ੀ ਕਰਤਾ ਇਕ ਇਕੱਲਾ ਏਕੰਕਾਰਾ ਆਪ ਆਪਣੀ ਖੇਲ ਖਿਲਾਇੰਦਾ, ਆਪ ਬਣਾਏ ਆਪਣਾ ਘਰ ਸਚਖੰਡ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਆਪਣੀ ਚਾਲ । ਸਚਖੰਡ ਦਵਾਰਾ ਉਪਾਵਣਾ, ਕਰ ਕਿਰਪਾ ਆਪ ਨਿਰੰਕਾਰ । ਆਪਣਾ ਬਾਢੀ ਆਪ ਅਖਵਾਵਣਾ, ਸੇਵਾ ਕਰੇ ਸਿਰਜਣਹਾਰ । ਆਪਣੀ ਜੋਤ ਆਪਣੀ ਧਾਰ ਰਖਾਵਣਾ, ਦਹਿ ਦਿਸ਼ਾ ਹੋਏ ਉਜਿਆਰ । ਸਾਚਾ ਪਲੰਘ ਆਪ ਸੁਹਾਵਣਾ, ਨਿਰਗੁਣ ਨਿਰਗੁਣ ਕਰ ਪਿਆਰ । ਪਾਵਾ ਚੂਲ ਨਾ ਕੋਇ ਬਣਾਵਣਾ, ਨਾ ਕੋਈ ਘੜੇ ਲੋਹਾਰ ਤਰਖਾਣ । ਸਤਿ ਪੁਰਖ ਨਿਰੰਜਣ ਉਪਰ ਆਸਣ ਲਾਵਣਾ, ਦਿਸ ਨਾ ਆਏ ਅਗੰਮ ਅਪਾਰ । ਸੀਸ ਸਾਚਾ ਤਾਜ ਸੁਹਾਵਣਾ, ਸ਼ਾਹੋ ਭੂਪ ਬਣ ਸਿਕਦਾਰ । ਆਪ ਆਪਣਾ ਹੁਕਮ ਵਰਤਾਵਣਾ, ਦਰਗਾਹਿ ਸਾਚੀ ਹੋ ਤਿਆਰ । ਆਪਣਾ ਚਰਨ ਚਰਨ ਨਾਲ ਛੁਹਾਵਣਾ, ਅੰਮ੍ਰਿਤ ਜਲ ਦਏ ਠੰਡੀ ਧਾਰ । ਅੰਮ੍ਰਿਤ ਧਾਰੀ ਆਪ ਬਹਾਵਣਾ, ਆਪੇ ਖੋਲ੍ਹੇ ਆਪਣਾ ਬੰਦ ਕਿਵਾੜ । ਸਚਖੰਡ ਦੁਆਰੇ ਅੰਦਰ ਥਿਰ ਘਰ ਸਾਚਾ ਆਪ ਬਣਾਵਣਾ, ਘਰ ਘਰ ਵਿਚ ਕਰ ਤਿਆਰ । ਸਾਚੇ ਬਹਿ ਬਹਿ ਆਪਣੀ ਇਛਿਆ ਆਪਣੀ ਵਿਚ ਰਖਾਵਣਾ, ਆਪੇ ਭਿਛਿਆ ਬਣੇ ਵਰਤਾਰ । ਆਪਣਾ ਦਾਮਨ ਅੱਗੇ ਡਾਹਵਣਾ, ਆਪੇ ਨਿਉਂ ਨਿਉਂ ਕਰੇ ਨਿਮਸਕਾਰ । ਨਿਹਕਰਮੀ ਆਪਣਾ ਕਰਮ ਕਮਾਵਣਾ, ਕਰਮ ਕਾਂਡ ਤੋਂ ਵਸਿਆ ਬਾਹਰ । ਸਚਖੰਡ ਦੁਆਰਾ ਆਪ ਸੁਹਾਵਣਾ, ਥਿਰ ਘਰ ਆਏ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਸਚ ਪਿਆਰ । ਥਿਰ ਘਰ ਵਾਸੀ ਪੁਰਖ ਅਕਾਲਾ, ਸਚਖੰਡ ਦੁਆਰਾ ਸੋਭਾ ਪਾਈਆ । ਸਚਖੰਡ ਦੁਆਰੇ ਗੁਣ ਨਿਧਾਨਾ, ਥਿਰ ਘਰ ਵਾਸਾ ਬੇਪਰਵਾਹੀਆ । ਥਿਰ ਘਰ ਵਾਸੀ ਸਚ ਨਿਸ਼ਾਨਾ, ਸਚਖੰਡ ਦੁਆਰ ਝੁਲਾਈਆ । ਸਚਖੰਡ ਨਿਵਾਸੀ ਹੋ ਪਰਧਾਨਾ, ਥਿਰ ਘਰ ਡੇਰਾ ਲਾਈਆ । ਥਿਰ ਘਰ ਵਾਸੀ ਖੇਲ ਮਹਾਨਾ, ਸਚਖੰਡ ਨਿਵਾਸੀ ਵੇਖ ਵਖਾਈਆ । ਸਚਖੰਡ ਨਿਵਾਸੀ ਸ੍ਰੀ ਭਗਵਾਨਾ, ਥਿਰ ਘਰ ਖੇਲ ਕਰੇ ਬੇਪਰਵਾਹੀਆ । ਥਿਰ ਘਰ ਵਾਸੀ ਆਪਣੇ ਹੱਥੀ ਫੜਿਆ ਗਾਨਾ, ਸਚਖੰਡ ਨਿਵਾਸੀ ਹੱਥ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਚਖੰਡ ਦੁਆਰੇ ਹਰਿ ਭਗਵੰਤ, ਆਪਣੀ ਸੋਭਾ ਪਾਇੰਦਾ । ਥਿਰ ਘਰ ਵਾਸੀ ਬਣੇ ਨਾਰ ਵੇਖੇ ਸੁਹਾਗੀ ਕੰਤ, ਮੇਲ ਮਿਲਾਵਾ ਆਪ ਕਰਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣਾ ਵੇਸ ਧਰਾਇੰਦਾ । ਥਿਰ ਘਰ ਦੁਆਰੇ ਬਣਾਏ ਬਣਤ, ਨਿਰਗੁਣ ਨਿਰਗੁਣ ਜੋੜ ਜੁੜਾਇੰਦਾ । ਨਿਰਗੁਣ ਨਿਰਗੁਣ ਲਾਇਆ ਅੰਗਤ, ਅੰਗੀਕਾਰ ਆਪ ਹੋ ਜਾਇੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰੀ ਮੰਗਤ, ਨਿਰਗੁਣ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸਚਖੰਡ ਦੁਆਰ ਕੰਤ ਕੰਤੂਲ, ਆਪਣਾ ਖੇਲ ਖਿਲਾਈਆ । ਥਿਰ ਘਰ ਵਿਛਾਈ ਸਾਚੀ ਸੇਜ ਫੂਲ, ਫੂਲਣ ਸੇਜਾ

ਆਪ ਹੰਢਾਈਆ । ਆਪੇ ਜਾਣੇ ਆਪਣਾ ਕੌਲ, ਅਨਭਵ ਆਪਣੀ ਧਾਰ ਰਖਾਈਆ । ਥਿਰ ਘਰ ਵਾਸੀ ਸਚ ਪੰਘੂੜਾ ਰਿਹਾ ਝੂਲ, ਨਾਰ ਕੰਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੀ ਵੰਡ ਵੰਡਾਈਆ । ਥਿਰ ਘਰ ਵੰਡ ਆਪ ਨਿਰੰਕਾਰੀ, ਆਪਣੀ ਵੰਡ ਆਪ ਕਰਾਇੰਦਾ । ਆਪੇ ਬਣੇ ਕੰਨਿਆ ਕੁਆਰੀ, ਆਪੇ ਕੰਤ ਸੁਹਾਗ ਹੰਢਾਇੰਦਾ । ਆਪੇ ਸੇਜ ਰਿਹਾ ਸ਼ਿੰਗਾਰੀ, ਭੋਗ ਬਿਲਾਸ ਆਪ ਕਰਾਇੰਦਾ । ਆਪੇ ਅੰਦਰ ਆਪੇ ਬਾਹਰੀ, ਗੁਪਤ ਜ਼ਾਹਰੀ ਖੇਲ ਖਿਲਾਇੰਦਾ । ਕਰੇ ਖੇਲ ਅਗੰਮ ਅਪਾਰੀ, ਭੇਵ ਅਭੇਦਾ ਭੇਵ ਛੁਪਾਇੰਦਾ । ਥਿਰ ਘਰ ਸਾਚਾ ਬੰਕ ਦੁਆਰੀ, ਦਰ ਦਰਬਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਇੰਦਾ । ਆਪੇ ਨਿਰਗੁਣ ਮਾਤ ਪਿਤ, ਨਾਰੀ ਕੰਤ ਆਪ ਅਖਵਾਈਆ । ਆਪੇ ਨਿਰਗੁਣ ਕਰੇ ਸਾਚਾ ਹਿਤ, ਆਪ ਆਪਣਾ ਵੇਖ ਵਖਾਈਆ । ਆਪੇ ਨਿਰਗੁਣ ਜਾਣੇ ਆਪਣੀ ਰਿਤ, ਰਿਤ ਬੂੰਦ ਆਪ ਸਮਾਈਆ । ਆਪੇ ਨਿਰਗੁਣ ਆਪਣਾ ਆਪੇ ਕਰੇ ਉਤਪਤ, ਥਿਤ ਵਾਰ ਨਾ ਕੋਇ ਵਖਾਈਆ । ਆਪੇ ਆਪਣਾ ਆਪ ਉਪਾਏ ਸਾਚਾ ਸੁਤ, ਧੰਨ ਧੰਨ ਬਣੇ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਅੰਦਰ ਵੜ, ਆਪਣਾ ਜਣੇਪਾ ਆਪ ਕਟਾਈਆ । ਥਿਰ ਘਰ ਅੰਦਰ ਸੁਤ ਦੁਲਾਰਾ ਜਾਇਆ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਆਪਣਾ ਪਸਾਰਾ ਆਪ ਵਖਾਇਆ, ਆਪ ਆਪਣੀ ਕਲ ਧਰਾਇੰਦਾ । ਆਪਣਾ ਭਾਣਾ ਆਪ ਜਣਾਇਆ, ਆਪਣੇ ਭਾਣੇ ਸਦ ਸਮਾਇੰਦਾ । ਆਪਣਾ ਫ਼ਰਮਾਣਾ ਆਪ ਸੁਣਾਇਆ, ਧੁਰ ਫ਼ਰਮਾਣਾ ਆਪ ਅਲਾਇੰਦਾ । ਆਪਣਾ ਮਕਾਨਾ ਆਪ ਸੁਹਾਇਆ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਕਰ ਤਿਆਰ, ਏਕਾ ਵਰ ਦੇ ਨਿਰੰਕਾਰ, ਵਰ ਦਾਤਾ ਆਪ ਅਖਵਾਇੰਦਾ । ਸੁਤ ਦੁਲਾਰ ਉਠਾਇਆ, ਕਰ ਕਿਰਪਾ ਗੁਣ ਨਿਧਾਨ । ਥਿਰ ਘਰ ਵਾਸੀ ਥਿਰ ਦਰਵਾਜ਼ਾ ਆਪ ਖੁਲ੍ਹਾਇਆ, ਇਕ ਵਖਾਇਆ ਸਚ ਨਿਸ਼ਾਨ । ਸਤ ਰੰਗ ਰੂਪ ਆਪ ਪਰਗਟਾਇਆ, ਨਿਰਗੁਣ ਜੋਤੀ ਖੇਲ ਮਹਾਨ । ਕਿਲਾ ਕੋਟੀ ਆਪ ਵਸਾਇਆ, ਦਰਗਹਿ ਸਾਚੀ ਸਚ ਮਕਾਨ । ਸਾਚੀ ਚੋਟੀ ਆਪ ਬਹਾਇਆ, ਨਾ ਕੋਈ ਜ਼ਿਮੀ ਨਾ ਅਸਮਾਨ । ਗਗਨ ਮੰਡਲ ਨਾ ਕੋਇ ਵਖਾਇਆ, ਰਵ ਸਸ ਨਾ ਕੋਇ ਭਾਨ । ਪੁਰਖ ਅਬਿਨਾਸ਼ੀ ਏਕਾ ਨਜ਼ਰੀ ਆਇਆ, ਜੋਤੀ ਜੋਤ ਨੂਰ ਮਹਾਨ । ਸੀਸ ਸਾਚਾ ਤਾਜ ਟਿਕਾਇਆ, ਪੰਚਮ ਮੁਖ ਰਾਜ ਰਾਜਾਨ । ਧੁਰ ਫ਼ਰਮਾਣਾ ਰਿਹਾ ਸੁਣਾਇਆ, ਗੁਣ ਗਾਏ ਗੁਣ ਨਿਧਾਨ । ਸੁਤ ਦੁਲਾਰਾ ਸੀਸ ਝੁਕਾਇਆ, ਦੋਏ ਜੋੜ ਮੰਗੇ ਦਾਨ । ਦੇਵਣਹਾਰਾ ਬੇਪਰਵਾਹਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦੀ ਦੇਵੇ ਸਚ ਸਲਾਹ, ਆਦਿ ਜੁਗਾਦੀ ਮਲਾਹ ਇਕ ਅਖਵਾਇਆ । ਸ਼ਬਦ ਸੁਤ ਹਰਿ ਸਮਝਾਇੰਦਾ, ਕਰ ਕਿਰਪਾ ਆਪ ਨਿਰੰਕਾਰ । ਥਿਰ ਘਰ ਦੁਆਰਿਉਂ ਬਾਹਰ ਕਢਾਇੰਦਾ, ਸੁੰਨ ਅਗੰਮ ਵਖਾਏ ਧੁੰਆਂਧਾਰ । ਤੇਰੀ ਸੇਵਾ ਸਚ ਲਗਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਲੋਆਂ ਪੁਰੀਆਂ ਤੇਰੀ ਝੋਲੀ ਪਾਇੰਦਾ, ਬ੍ਰਹਿਮੰਡ ਖੰਡ ਤੇਰਾ ਪਸਾਰ । ਸੂਰਜ ਚੰਨ ਤੇਰੀ ਕਿਰਨ ਚਮਕਾਇੰਦਾ, ਇਕ ਇਕ ਨਾਲ ਕਰੇ ਪਿਆਰ । ਇਕ ਤੇਰੀ ਗੋਦ ਬਹਾਇੰਦਾ, ਵਿਸ਼ਨ ਵਿਸ਼ਵ ਰੂਪ ਧਾਰ । ਪਾਰਬ੍ਰਹਮ ਤੇਰਾ ਸੰਗ ਨਿਭਾਇੰਦਾ, ਬ੍ਰਹਮ ਕਵਲ ਹੋਏ ਉਜਿਆਰ । ਸ਼ੰਕਰ ਤੇਰੀ ਧਾਰ ਰਖਾਇੰਦਾ, ਲੇਖਾ ਜਾਣੇ ਧੁਰ ਦਰਬਾਰ । ਸਾਚੇ ਸੁਤ ਸਿਰ ਤੇਰੇ ਹੱਥ ਟਿਕਾਇੰਦਾ, ਭੁੱਲ

ਨਾ ਜਾਏ ਹਰਿ ਨਿਰੰਕਾਰ । ਤੇਰੀ ਰੁਤ ਆਪ ਸੁਹਾਇੰਦਾ, ਫੁਲ ਫੁਲਵਾੜੀ ਵੇਖੇ ਗੁਲਜ਼ਾਰ । ਲੱਖ ਚੁਰਾਸੀ ਤੇਰੀ ਵੰਡ ਵੰਡਾਇੰਦਾ, ਤ੍ਰੈਗੁਣ ਮਾਇਆ ਭਰ ਭੰਡਾਰ । ਪੰਜ ਤਤ ਤੇਰੇ ਅੰਗ ਲਗਾਇੰਦਾ, ਖੇਲੇ ਖੇਲ ਅਗੰਮ ਅਪਾਰ । ਧਰਤ ਧਵਲ ਆਪ ਸੁਹਾਇੰਦਾ, ਜਲ ਬਿੰਬ ਲਏ ਉਸਾਰ । ਪਵਣੀ ਪਵਣ ਆਪ ਚਲਾਇੰਦਾ, ਹਵਨੀ ਹਵਨ ਕਰੇ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ, ਆਪ ਆਪਣਾ ਕਰ ਪਿਆਰ । ਸੁਤ ਦੁਲਾਰੇ ਕਰ ਧਿਆਨ, ਹਰਿ ਸਤਿਗੁਰ ਆਪ ਜਣਾਈਆ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਜਗਤ ਜੁਗ ਸਮਝਾਈਆ । ਮੇਰਾ ਹੁਕਮ ਤੇਰਾ ਫ਼ਰਮਾਣ, ਤੇਰਾ ਫ਼ਰਮਾਣ ਸ੍ਰਿਸ਼ਟ ਸਬਾਈ ਨਾਦ ਵਜਾਈਆ । ਤੇਰਾ ਮੰਦਰ ਤੇਰਾ ਮਕਾਨ, ਤੇਰਾ ਮਕਾਨ ਲੱਖ ਚੁਰਾਸੀ ਭਾਂਡੇ ਘੜ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਦੇ ਵਡਿਆਈਆ । ਸੁਤ ਦੁਲਾਰੇ ਤੇਰੀ ਵੰਡ, ਸਤਿ ਪੁਰਖ ਨਿਰੰਜਣ ਆਪ ਉਪਾਇੰਦਾ । ਤੇਰੀ ਇਛਿਆ ਕੋਟ ਬ੍ਰਹਿਮੰਡ, ਜੇਰਜ ਅੰਡ ਨਾਲ ਰਲਾਇੰਦਾ । ਤੇਰੀ ਭਿਛਿਆ ਉਤਭੁਜ ਸੇਤਜ ਸੂਰਜ ਚੰਦ, ਸਾਚੀ ਸਿਖ਼ਿਆ ਇਕ ਸਿਖ਼ਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਆਪ ਵਰਤਾਇੰਦਾ । ਸੁਤ ਦੁਲਾਰੇ ਉਠ ਬਲ ਧਾਰ, ਪੁਰਖ ਅਬਿਨਾਸ਼ੀ ਸ਼ਬਦ ਜਣਾਇੰਦਾ । ਤੇਰੀ ਰਚਨਾ ਰਚੇ ਆਪ ਕਰਤਾਰ, ਤੇਰੀ ਸੇਵਾ ਸਚ ਵਖਾਇੰਦਾ । ਤੇਰੇ ਦਰ ਪਨਿਹਾਰ ਬ੍ਰਹਮਾ ਵਿਸ਼ਨ ਸ਼ਿਵ ਮੰਗਣ ਵਾਰੋ ਵਾਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਤੇਰਾ ਨਾਮ ਸ਼ਬਦ ਜੈਕਾਰ, ਤੇਰਾ ਬੰਧਨ ਸਰਬ ਬੰਧਾਇੰਦਾ । ਤੇਰਾ ਖੰਡਾ ਤੇਜ ਕਟਾਰ, ਚੰਡ ਪਰਚੰਡ ਤੇਰਾ ਨਾਉਂ ਰਖਾਇੰਦਾ । ਤੇਰਾ ਬ੍ਰਹਿਮੰਡ ਹੋਏ ਅਖਾੜ, ਦੋ ਜਹਾਨਾਂ ਤੇਰਾ ਦਰ ਸੁਹਾਇੰਦਾ । ਤੇਰਾ ਹੁਕਮ ਵਰਤੇ ਵਰਤਾਰ, ਲੋਆਂ ਪੁਰੀਆਂ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸੁਝਿਆ, ਸਤਿਗੁਰ ਸਾਚੇ ਆਪ ਸੁਣਾਇਆ । ਚਰਨ ਕਵਲ ਦੁਆਰੇ ਲੁਝਿਆ, ਨਿਉਂ ਨਿਉਂ ਸੀਸ ਝੁਕਾਇਆ । ਮਾਤ ਪਿਤ ਭੇਵ ਖੁਲਾਉਣਾ ਗੁਝਿਆ, ਪੂਤ ਸਪੂਤਾ ਮੰਗ ਮੰਗਾਇਆ । ਲੇਖਾ ਚੁੱਕੇ ਏਕਾ ਦੂਜਿਆ, ਏਕਾ ਨਿਰਗੁਣ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰ ਇਕ ਸੁਹਾਇਆ । ਦਰ ਸੁਹਾਏ ਸ੍ਰੀ ਭਗਵੰਤ, ਮੰਗੇ ਮੰਗ ਭਿਖਾਰਿਆ । ਤੇਰੀ ਸੇਵਾ ਜੁਗਾ ਜੁਗੰਤ, ਕਰਾਈ ਵਿਚ ਸੰਸਾਰਿਆ । ਤੂੰ ਦਾਤਾ ਦਾਨੀ ਸ੍ਰੀ ਭਗਵੰਤ, ਤੇਰੀ ਮਹਿਮਾ ਅਪਰ ਅਪਾਰਿਆ । ਤੂੰ ਸਾਹਿਬ ਸੁਲਤਾਨ ਸਾਚਾ ਕੰਤ, ਹਉਂ ਦਾਸੀ ਦਾਸ ਸੇਵਕ ਪਨਿਹਾਰਿਆ । ਤੂੰ ਮਣੀਆ ਮੇਰਾ ਮਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਖੇਲ ਕਰੇ ਵਡ ਬਲਕਾਰੀਆ । ਕਿਰਪਾ ਕਰ ਗੁਣ ਨਿਧਾਨ, ਆਪਣੀ ਬੂਝ ਬੁਝਾਏ । ਤੇਰੀ ਸੇਵਾ ਕਰਾਂ ਦੋ ਜਹਾਨ, ਨਾਂ ਸਦਾ ਰਖਾਏ । ਲੱਖ ਚੁਰਾਸੀ ਹੋ ਪਰਧਾਨ, ਘਰ ਘਰ ਡੌਰੂ ਡੰਕ ਵਜਾਏ । ਕਾਲ ਮਹਾਂਕਾਲ ਵਖਾਏ ਇਕ ਨਿਸ਼ਾਨ, ਦੋ ਜਹਾਨਾ ਆਪ ਰਖਾਏ । ਰਾਏ ਧਰਮ ਦੇਵਾਂ ਧੁਰ ਫ਼ਰਮਾਣ, ਚਿਤਰ ਗੁਪਤ ਲੇਖ ਜਣਾਏ । ਲਾੜੀ ਮੌਤ ਰਖਾਏ ਨਾਲ ਰਕਾਨ, ਲੱਖ ਚੁਰਾਸੀ ਲੈ ਪਰਨਾਏ । ਭਗਤਾਂ ਸਿਖ਼ਿਆ ਇਕ ਸਮਝਾਏ ਵਿਚ ਜਹਾਨ, ਅੱਖਰ ਵੱਖਰ ਨਾਮ ਪੜ੍ਹਾਏ । ਸਾਚੇ ਸੰਤਾਂ ਮੇਲੇ ਆਣ, ਆਪ ਆਪਣੀ ਗੋਦ ਬਹਾਏ । ਗੁਰਮੁਖ ਰਾਗ ਸੁਣਾਏ ਕਾਨ, ਧੁਨ ਅਨਾਦੀ ਨਾਦ ਵਜਾਏ । ਗੁਰਸਿਖ ਸਾਚੇ ਕਰੇ ਪਛਾਣ, ਤ੍ਰੈਗੁਣ

੧੧੧੦

ਮਾਇਆ ਪਰਦਾ ਲਾਹੇ । ਤੇਰਾ ਹੁਕਮ ਸ੍ਰੀ ਭਗਵਾਨ, ਜੁਗਾ ਜੁਗੰਤਰ ਭੁੱਲ ਨਾ ਜਾਏ । ਹਉਂ ਯਾਚਕ ਮੰਗੇ ਦਾਨ, ਸਾਚੀ ਵਸਤ ਝੋਲੀ ਪਾਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਿਆ ਰਹਿਣਾ ਨਿਗਹਬਾਨ, ਸਿਰ ਆਪਣਾ ਹੱਥ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਮੰਗਾਂ ਢਹਿ ਪਿਆ ਸਰਨਾਏ । ਸੁਤ ਦੁਲਾਰਾ ਮੰਗੇ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਪਾਰਬ੍ਰਹਮ ਸੂਰਾ ਸਰਬੰਗ, ਸਾਚੀ ਸਿਖ਼ਿਆ ਇਕ ਸਮਝਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਵੱਜੇ ਮਰਦੰਗ, ਬ੍ਰਹਮਾ ਵਿਸ਼ਨ ਸ਼ਿਵ ਡੌਰੂ ਹੱਥ ਉਠਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਜੇਰਜ ਅੰਡਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਲੇਖਾ ਇਕ ਸਮਝਾਈਆ । ਸੁਤ ਦੁਲਾਰੇ ਹਰਿ ਸਮਝਾਇਆ, ਭੇਵ ਰਹੇ ਨਾ ਰਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਖੇਲ ਖਿਲਾਇਆ, ਚਾਰ ਜੁਗ ਚੌਕੜੀ ਏਕਾ ਵੰਡ ਵੰਡਾਈਆ । ਗੁਰ ਪੀਰ ਅਵਤਾਰ ਤੇਰੀ ਸੇਵਾ ਲਾਇਆ, ਸਾਧ ਸੰਤ ਰਹੇ ਜਸ ਗਾਈਆ । ਮਨਮੁਖਾਂ ਮੁਖ ਰਿਹਾ ਭੁਆਇਆ, ਆਪਣੀ ਕਰਵਟ ਨਾ ਲਏ ਬਦਲਾਈਆ । ਭਰਮ ਭੁਲੇਖਾ ਆਪਣੇ ਹੱਥ ਰਖਾਇਆ, ਭਰਮ ਭੁਲਾਏ ਜਗਤ ਲੋਕਾਈਆ । ਜਨ ਭਗਤਾਂ ਮਸਤਕ ਲੇਖਾ ਵੇਖ ਵਖਾਇਆ, ਲੇਖਾ ਲਿਖਿਆ ਧੁਰਦਰਗਾਹੀਆ । ਨਰ ਨਰੇਸ਼ਾ ਅਲੱਖ ਜਗਾਇਆ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਆਪਣਾ ਨਾਉਂ ਰਖਾਇਆ, ਪੰਜ ਤਤ ਕਰੇ ਕੁੜਮਾਈਆ । ਮਨ ਮਤ ਬੁਧ ਵਿਚ ਟਿਕਾਇਆ, ਕਾਇਆ ਹਉਮੇ ਗੜ੍ਹ ਸੁਹਾਈਆ । ਆਸਾ ਤ੍ਰਿਸ਼ਨਾ ਮੇਲ ਮਿਲਾਇਆ, ਜੂਠ ਝੂਠ ਵੱਜੇ ਵਾਧਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਸਮਾਇਆ, ਦਿਸ ਕਿਸੇ ਨਾ ਆਈਆ । ਪੰਚਮ ਨਾਦ ਸ਼ਬਦ ਧੁਨ ਆਪ ਵਜਾਇਆ, ਅਨਹਦ ਸੇਵਾ ਸਾਚੀ ਲਾਈਆ । ਟੇਢੀ ਬੰਕ ਪਾਰ ਕਰਾਇਆ, ਤ੍ਰੈਬੈਣੀ ਨੈਣੀ ਬੈਠਾ ਆਸਣ ਲਾਈਆ । ਸਰ ਸਰੋਵਰ ਸੋਭਾ ਪਾਇਆ, ਅੰਮ੍ਰਿਤ ਸਾਚਾ ਤਾਲ ਰਿਹਾ ਸੁਹਾਈਆ । ਕਾਗੋਂ ਹੰਸ ਲਏ ਬਣਾਇਆ, ਜਿਸ ਜਨ ਆਪਣੀ ਦਇਆ ਕਮਾਈਆ । ਬਜਰ ਕਪਾਟੀ ਤੋੜ ਤੋੜਾਇਆ, ਦਸਮ ਦੁਆਰੀ ਆਸਣ ਲਾਈਆ । ਦਸਮ ਦੁਆਰੀ ਆਸਣ ਇਕ ਵਿਛਾਇਆ, ਸਚ ਸੁਹੰਜਣੀ ਸੇਜ ਸੁਹਾਈਆ । ਨਿਰਗੁਣ ਨੂਰ ਕਰ ਰੁਸ਼ਨਾਇਆ, ਜੋਤ ਨਿਰੰਜਣ ਡਗਮਗਾਈਆ । ਸ਼ਬਦ ਸ਼ਬਦੀ ਮੇਲ ਮਿਲਾਇਆ, ਸੁਰਤੀ ਮਿਲੀ ਚਾਈਂ ਚਾਈਆ । ਚਾਤ੍ਰਿਕ ਤ੍ਰਿਖਾ ਆਪ ਬੁਝਾਇਆ, ਬੂੰਦ ਸੁਆਤੀ ਜਾਮ ਪਿਆਈਆ । ਬ੍ਰਹਮ ਪਾਰਬ੍ਰਹਮ ਸਮਾਇਆ, ਦੂਸਰ ਰੰਗ ਨਾ ਕੋਇ ਵਖਾਈਆ । ਸੁਤ ਦੁਲਾਰੇ ਤੇਰਾ ਪੰਧ ਦਏ ਮੁਕਾਇਆ, ਪਾਂਧੀ ਬਣੇ ਸੱਚਾ ਮਾਹੀਆ । ਰਵ ਸਸ ਦਿਵਸ ਰੈਣ ਸੇਵ ਲਗਾਇਆ, ਆਦਿ ਜੁਗਾਦਿ ਰਿਹਾ ਭੁਆਈਆ । ਕਲਜੁਗ ਅੰਤਮ ਵੇਖੇ ਥਾਉਂ ਥਾਂਇਆ, ਥਾਨ ਥਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ ਸੁਤ ਦੁਲਾਰੇ ਛੋਟੇ ਬਾਲ, ਬਾਲ ਅੰਞਾਣੇ ਆਪ ਸਮਝਾਈਆ । ਸੁਤ ਦੁਲਾਰਾ ਛੋਟਾ ਬਾਲਾ, ਦੀਨ ਦਿਆਲਾ ਆਪ ਸਮਝਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਤੇਰੀ ਚਾਲ ਆਪ ਸਮਝਾਇੰਦਾ । ਤੇਰੇ ਵਸ ਕਰਾਏ ਕਾਲ ਮਹਾਂਕਾਲਾ, ਤੇਰੀ ਸੇਵਾ ਸਚ ਵਖਾਇੰਦਾ । ਨਿਰਗੁਣ ਸਰਗੁਣ ਬਣੇ ਦਲਾਲਾ, ਲੋਕਮਾਤ ਵੇਖ ਵਖਾਇੰਦਾ । ਲੱਖ ਚੁਰਾਸੀ ਫਲ ਫੁਲਵਾੜੀ ਲੇਖਾ ਜਾਣੇ ਪਤ ਡਾਲ੍ਹਾ, ਪਤ ਪੰਖੜੀਆਂ ਫੋਲ ਫੁਲਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਬਣਿਆ ਰਹੇ ਰਖਵਾਲਾ, ਤੇਰੇ ਸਿਰ ਹੱਥ ਰਖਾਇੰਦਾ । ਕਲਜੁਗ ਅੰਤਮ ਦੋ ਜਹਾਨਾ ਤੋੜੇ ਜੰਜਾਲਾ, ਆਪਣਾ ਹੁਕਮ

ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਆਪ ਸਮਝਾਇੰਦਾ । ਨਿਰਗੁਣ ਹੁਕਮ ਨਿਰਗੁਣ ਫ਼ਰਮਾਣ, ਨਿਰਗੁਣ ਰਿਹਾ ਸੁਣਾਈਆ । ਨਿਰਗੁਣ ਆਣ ਨਿਰਗੁਣ ਜਾਣ, ਨਿਰਗੁਣ ਗੇੜਾ ਰਿਹਾ ਭੁਆਈਆ । ਨਿਰਗੁਣ ਦਾਤਾ ਨਿਰਗੁਣ ਦਾਨੀ ਦਾਨ, ਨਿਰਗੁਣ ਭਿਖਕ ਨਿਰਗੁਣ ਭਿਛਿਆ ਝੋਲੀ ਪਾਈਆ । ਨਿਰਗੁਣ ਰਾਗ ਨਿਰਗੁਣ ਗਾਣ, ਗਾਵਣਹਾਰਾ ਨਿਰਗੁਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਵਖਾਈਆ । ਕਲਜੁਗ ਵੇਲਾ ਅੰਤਮ ਔਣਾ, ਨੌਂ ਨੌਂ ਚਾਰ ਪੰਧ ਮੁਕਾਈਆ । ਸ਼ਬਦ ਸੁਤ ਤੇਰਾ ਭੇਵ ਖੁਲ੍ਹੌਣਾ, ਆਪ ਆਪਣੀ ਗੋਦ ਬਹਾਈਆ । ਜੋਤੀ ਜਾਮਾ ਜੋਤ ਜਗੌਣਾ, ਜੋਤੀ ਨੂਰ ਨੂਰ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰੇ ਸੰਗ ਰਲੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਕਰੋੜ ਤੇਤੀਸਾ ਫੜ ਉਠੌਣਾ, ਸੁਰਪਤ ਰਾਜਾ ਇੰਦ ਦਏ ਹਲਾਈਆ । ਨੌ ਖੰਡ ਪ੍ਰਿਥਮੀ ਡੰਕ ਵਜੌਣਾ, ਸੱਤਾਂ ਦੀਪਾਂ ਭੇਵ ਨਾ ਰਾਈਆ । ਲੱਖ ਚੁਰਾਸੀ ਗੇੜ ਮੁਕੌਣਾ, ਗੇੜਾ ਗੇੜੇ ਵਿਚ ਟਿਕਾਈਆ । ਨਿਹਕਲੰਕੀ ਜਾਮਾ ਪੌਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਿਰਗੁਣ ਲੇਖਾ ਨਿਰਗੁਣ ਮੁਕੌਣਾ, ਸਰਗੁਣ ਸੰਗ ਨਾ ਕੋਇ ਨਿਭਾਈਆ । ਸੁਤ ਦੁਲਾਰਾ ਆਪਣੀ ਗੋਦ ਬਹੌਣਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਕਲਜੁਗ ਵੇਲਾ ਅੰਤਮ ਆਇਆ, ਅੰਤ ਰਹਿਣ ਨਾ ਪਾਈਆ । ਜੋਤੀ ਜਾਮਾ ਸ੍ਰੀ ਭਗਵੰਤ ਰਖਾਇਆ, ਭਗਵਨ ਰੂਪ ਦਿਸ ਨਾ ਆਈਆ । ਗੁਰਮੁਖ

੧੧੧੨ ਸਾਚੇ ਸੰਤ ਉਠਾਇਆ, ਜੁਗ ਵਿਛੜੇ ਲਏ ਮਿਲਾਈਆ । ਨਾਰੀ ਕੰਤ ਇਕ ਦਰਸਾਇਆ, ਦਰਸ ਦਰਸ ਨੈਣ ਬਿਗਸਾਈਆ । ਅਬਿਨਾਸ਼ੀ ਕਰਤੇ ੧੧੧੨

ਤਰਸ ਕਮਾਇਆ, ਹਰਿਜਨ ਸਾਚੇ ਲਏ ਉਠਾਈਆ । ਕਲਜੁਗ ਤ੍ਰਿਸ਼ਨਾ ਹਰਸ ਮਿਟਾਇਆ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ

੦੯ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਨਿਰਗੁਣ ਸ਼ਬਦ ਨਿਰਗੁਣ ਢੋਲਾ, ਨਿਰਗੁਣ ਰਿਹਾ ਗਾਈਆ । ੦੯

ਨਿਰਗੁਣ ਦਾਤਾ ਨਿਰਗੁਣ ਵਿਚੋਲਾ, ਨਿਰਗੁਣ ਗੁਰ ਗੁਰ ਰੂਪ ਵਟਾਈਆ । ਨਿਰਗੁਣ ਗੀਤ ਨਿਰਗੁਣ ਸੋਹਲਾ, ਨਿਰਗੁਣ ਰਿਹਾ ਸੁਣਾਈਆ । ਨਿਰਗੁਣ ਕੰਡਾ ਨਿਰਗੁਣ ਤੋਲਾ, ਨਿਰਗੁਣ ਤੋਲਣਹਾਰ ਅਖਵਾਈਆ । ਨਿਰਗੁਣ ਬਦਲਿਆ ਆਪਣਾ ਚੋਲਾ, ਕਾਇਆ ਚੋਲੀ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਸ਼ਬਦ ਕਰੇ ਕੁੜਮਾਈਆ । ਸ਼ਬਦ ਕੁੜਮਾਈ ਜੁੜਿਆ ਨਾਤਾ, ਜੋਤੀ ਜਾਤਾ ਵੇਖ ਵਖਾਇੰਦਾ । ਮੇਲ ਮਿਲਾਵਾ ਪੁਰਖ ਬਿਧਾਤਾ, ਸਾਚੀ ਗਾਥਾ ਆਪ ਸੁਣਾਇੰਦਾ । ਲੇਖਾ ਜਾਣੇ ਦਾਨੀ ਦਾਤਾ ਦਿਵਸ ਰਾਤਾ, ਸਗਲਾ ਸਾਥਾ ਆਪ ਨਿਭਾਇੰਦਾ । ਮੇਟੇ ਅੰਧੇਰੀ ਰੈਣ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਚਾਰ ਵਰਨ ਪਿਆਏ ਕਾਇਆ ਅੰਮ੍ਰਿਤ ਬਾਟਾ, ਅੰਮ੍ਰਿਤ ਆਤਮ ਸਰ ਸਰੋਵਰ ਇਕ ਵਖਾਇੰਦਾ । ਲਹਿਣਾ ਦੇਣਾ ਚੁੱਕੇ ਤੀਰਥ ਤਾਟਾ, ਅਠਸਠ ਫੇਰੀ ਕੋਈ ਨਾ ਪਾਇੰਦਾ । ਘਰ ਘਰ ਜੋਤ ਜਗਾਏ ਲਿਲਾਟਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਦਰ ਆਪੇ ਵੇਖ ਵਖਾਇੰਦਾ । ਆਪਣਾ ਦਰ ਵੇਖਣ ਆਇਆ, ਕਲ ਕਲਕੀ ਲੈ ਅਵਤਾਰ । ਨੇਤਰ ਲੋਚਣ ਨੈਣ ਆਪਣੇ ਆਪੇ ਪੇਖਣ ਆਇਆ, ਪਰਗਟ ਹੋ ਵਿਚ ਸੰਸਾਰ । ਆਪਣਾ ਲੇਖਾ ਧੁਰ ਦਾ ਆਪੇ ਮੇਟਣ ਆਇਆ, ਆਪੇ ਲੇਖਾ

ਲਿਖੇ ਆਪਣੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਕੂੜੀ ਕਿਰਿਆ ਦਏ ਨਿਵਾਰ । ਕਲਜੁਗ ਕੂੜਾ ਨਾਤਾ ਤੋੜਨਾ, ਤੁੱਟੇ ਸਰਬ ਸੰਸਾਰ । ਜੂਠਾ ਝੂਠਾ ਵਿਕਾਰ ਹੋੜਨਾ, ਗ੍ਰਿਹ ਮੰਦਰ ਨਾ ਕੋਈ ਪਸਾਰ । ਪੰਚ ਵਿਕਾਰ ਨਾ ਪਾਏ ਸ਼ੋਰਨਾ, ਆਸਾ ਤ੍ਰਿਸ਼ਨਾ ਨਾ ਕਰੇ ਖ਼ਵਾਰ । ਆਪਣੇ ਹੱਥ ਪਕੜੇ ਡੋਰਨਾ, ਮਨ ਮਨੂਆ ਨਾ ਹੋਏ ਉਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਉਭਾਰ । ਲੱਖ ਚੁਰਾਸੀ ਖੇਲ ਅਪਾਰਾ, ਨਿਰਗੁਣ ਸਰਗੁਣ ਧਾਰ ਚਲਾਈਆ । ਪੰਜ ਤਤ ਕਰ ਅਕਾਰਾ, ਨਿਰਾਕਾਰ ਵੇਖ ਵਖਾਈਆ । ਰਕਤ ਬੂੰਦ ਕਰ ਪਸਾਰਾ, ਹੱਡ ਮਾਸ ਨਾੜੀ ਰਤ ਲਾਏ ਇਟਾਂ ਗਾਰਾ, ਬੰਕ ਗੜ੍ਹ ਆਪ ਬਣਾਈਆ । ਪੰਜ ਪੰਜੀ ਖੇਲ ਨਿਆਰਾ, ਤਤਵ ਤਤ ਨਾਲ ਮਿਲਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਦਏ ਸਹਾਰਾ, ਮਨ ਮਤ ਬੁਧ ਕਰੇ ਕੁੜਮਾਈਆ । ਕਰਮੀ ਕਰਮ ਭਰ ਭੰਡਾਰਾ, ਨੇਹਕਰਮੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਈਆ । ਆਪੇ ਪੰਜ ਤਤ ਪਸਾਰਾ, ਜੀਆਂ ਦਾਨ ਝੋਲੀ ਪਾਇੰਦਾ । ਆਪੇ ਕਰਮਾਂ ਕਰ ਵਰਤਾਰਾ, ਕਰਮ ਕੁਕਰਮਾਂ ਵੇਸ ਵਟਾਇੰਦਾ । ਆਪੇ ਧਰਮ ਧਰ ਸੰਸਾਰਾ, ਸਾਚਾ ਮਾਰਗ ਆਪੇ ਲਾਇੰਦਾ । ਆਪੇ ਜਨਮ ਜਨਮ ਲੈ ਅਵਤਾਰਾ, ਆਪੇ ਜੂਨੀ ਜੂਨ ਫੇਰਾ ਪਾਇੰਦਾ । ਆਪੇ ਪਾਪ ਪੁੰਨ ਕਰ ਵਿਚਾਰਾ, ਸਾਚੇ ਕੰਡੇ ਆਪੇ ਤੋਲ ਤੁਲਾਇੰਦਾ । ਆਪੇ ਮੂਰਖ ਮੁਗਧ ਹੋਏ ਗਵਾਰਾ, ਆਪੇ ਬ੍ਰਹਮ ਗਿਆਨ ਦ੍ਰਿੜਾਇੰਦਾ । ਆਪੇ ਮਾਰੇ ਦੋਜ਼ਖ਼ ਮਾਰਾ, ਸਚ ਬਹਿਸ਼ਤੀ ਆਪ ਸੁਹਾਇੰਦਾ । ਆਪੇ ਸਚਖੰਡ ਵਖਾਏ ਇਕ ਅਖਾੜਾ, ਕੁੰਭੀ ਨਰਕ ਆਪ ਫਿਰਾਇੰਦਾ । ਆਪੇ ਜ਼ੋਰੂ ਜ਼ਰ ਵਖਾਏ ਵਿਚ ਸੰਸਾਰਾ, ਹੁਕਮੀ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਣ ਅਵਗੁਣ ਆਪਣੇ ਹੱਥ ਰਖਾਇੰਦਾ । ਗੁਣ ਅਵਗੁਣ ਖੇਲ ਕਰਤਾਰ, ਪੰਚ ਤਤ ਆਪ ਲਿਖਾਇੰਦਾ । ਆਪੇ ਸੁਹਾਏ ਗੜ੍ਹ ਹੰਕਾਰ, ਮਾਇਆ ਮਮਤਾ ਆਪ ਉਪਾਇੰਦਾ । ਆਪੇ ਕੂੜ ਕੁੜਿਆਰਾ ਕਰੇ ਸ਼ੰਗਾਰ, ਨਾਰ ਵੇਸਵਾ ਰੂਪ ਵਟਾਇੰਦਾ । ਆਪੇ ਜੁਗ ਜੁਗ ਜਨਮ ਜਨਮ ਪਾਵੇ ਸਾਰ, ਪੂਰਬ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੋਸ਼ੀ ਆਪੇ ਨਿਰਦੋਸ਼, ਆਪੇ ਦੋਸ਼ ਸੀਸ ਲਗਾਇੰਦਾ । ਆਪੇ ਕਰੇ ਪਾਕੀ ਪਾਕ, ਪਤਿਤ ਪਾਵਨ ਆਪ ਅਖਵਾਈਆ । ਆਪੇ ਦੇਵੇ ਵਰ ਸਰਾਫ਼, ਆਪੇ ਚਾਰ ਕੁੰਟ ਭਵਾਈਆ । ਆਪ ਸੁਹਾਏ ਆਪਣੀ ਖਾਟ, ਆਪੇ ਜੰਗਲ ਜੂਹ ਉਜਾੜ ਪਹਾੜ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੇੜਾ ਆਪਣੇ ਹੱਥ ਰਖਾਈਆ । ਆਪੇ ਪਾਪੀਆਂ ਦੇਵੇ ਡੰਨ, ਆਪਣਾ ਹੁਕਮ ਆਪ ਵਰਤਾਇੰਦਾ । ਆਪੇ ਮੁਸ਼ਕਾਂ ਦੇਵੇ ਬੰਨ, ਆਪੇ ਤੰਦਨ ਤੰਦ ਹੱਥ ਉਠਾਇੰਦਾ । ਆਪੇ ਆਪਣੇ ਉਤੇ ਜਾਏ ਮੰਨ, ਮਨ ਮਨੂਆ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਖੇਲ ਖਿਲਾਇੰਦਾ । ਲੋਕਮਾਤ ਜੀਵ ਜੰਤ ਰਾਜਾ, ਰਈਯਤ ਸਿਕਦਾਰ ਵਖਾਈਆ । ਹੁਕਮੀ ਹੁਕਮ ਬਣ ਨਵਾਬਾ, ਹੁਕਮੀ ਹੁਕਮ ਰਿਹਾ ਵਰਤਾਈਆ । ਹੁਕਮ ਮੰਨੇ ਬਣ ਗੁਲਾਮਾ, ਗਫ਼ਲਤ ਵਿਚ ਕਦੇ ਨਾ ਆਈਆ । ਮੁਸ਼ਕਾਂ ਬੰਨੇ ਵਿਚ ਜਹਾਨਾ, ਦੌਲਤ ਕੋਈ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਸ਼ਟੀ ਰਾਜਾ ਇਕ ਵਖਾਈਆ । ਦੁਸ਼ਟੀ ਹੁਕਮ ਦੇਵਣਹਾਰਾ, ਮੰਨਣਹਾਰ ਨਿਰਦੋਸ਼ ਰਖਾਇੰਦਾ । ਪਾਪੀ ਡੰਨ ਦੇਵੇ ਵਿਚ ਸੰਸਾਰਾ,

ਜੀਵ ਜੰਤ ਨਾ ਕੋਈ ਬਚਾਇੰਦਾ । ਦੋਹਾਂ ਵਿਚੋਲਾ ਆਪ ਨਿਰੰਕਾਰਾ, ਆਪ ਆਪਣੀ ਖੇਲ ਖਿਲਾਇੰਦਾ । ਭੋਲਾ ਭਾਲਾ ਜੀਵ ਗਵਾਰਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਆਪਣੀ ਬੁਧੀ ਕਰੇ ਵਿਚਾਰਾ, ਅਨਭਵ ਖੇਲ ਨਾ ਵੇਖ ਵਖਾਇੰਦਾ । ਕਰਮ ਕੁਕਰਮ ਜੁਰਮ ਮਾਰੇ ਮਾਰਾ, ਪੂਰਬ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਪੀ ਪਾਏ ਜੂੜ, ਆਪੇ ਫੰਦ ਕਟਾਇੰਦਾ ।

### ✷ ੨੫ ਭਾਦਰੋਂ ੨੦੧੭ ਬਿਕ੍ਰਮੀ ਬਗੀਚਾ ਸਿੰਘ ਦੇ ਗ੍ਰਿਹ ਪਿੰਡ ਮੁੰਡੀ ਜਮਾਲ ਜ਼ਿਲਾ ਫਿਰੋਜ਼ ਪੁਰ ✷

ਦੀਨ ਦਿਆਲ ਠਾਕਰ ਗੁਣਵੰਤ, ਪ੍ਰਿਤਪਾਲ ਸਰਬ ਸੁਖਦਾਈਆ । ਖੇਲੇ ਖੇਲ ਜੁਗਾ ਜੁਗੰਤ, ਨਿਤ ਨਵਿਤ ਕਾਰ ਕਮਾਈਆ । ਹਰਿਜਨ ਵੇਖੇ ਸਾਚੇ ਸੰਤ, ਗੁਰ ਸਤਿਗੁਰ ਰੂਪ ਪਰਗਟਾਈਆ । ਦੇਵੇ ਨਾਮ ਮਣੀਆ ਮੰਤ, ਮੰਤ ਨਾਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਗਹਿਰ ਗੁਣ ਸਾਗਰ, ਪਾਰਬ੍ਰਹਮ ਵੱਡੀ ਵਡਿਆਈਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਜੁਗਾ ਜੁਗੰਤਰ ਸੇਵ ਕਮਾਈਆ । ਲੇਖਾ ਜਾਣੇ ਕਾਇਆ ਸਾਗਰ, ਪੰਚਮ ਵਿਚੋਲਾ ਸੱਚਾ ਸ਼ਹਿਨਸ਼ਾਹੀਆ । ਨਾਮ ਵਣਜ ਕਰਾਏ ਸਚ ਸੁਦਾਗਰ, ਹੱਟ ਹਟਵਾਨਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਈਆ ।
ਨਾਮ ਖ਼ਜ਼ਾਨਾ ਸ਼ਬਦ ਭਰਪੂਰ, ਗੁਰ ਸਤਿਗੁਰ ਆਪ ਵਰਤਾਇੰਦਾ । ਆਦਿ ਜੁਗਾਦਿ ਹਾਜ਼ਰ ਹਜ਼ੂਰ, ਜੁਗ ਜੁਗ ਖੇਲ ਖਿਲਾਇੰਦਾ । ਗੁਰਮੁਖਾਂ ਆਸਾ ਮਨਸਾ ਕਰੇ ਪੂਰ, ਸਾਚੀ ਭਿਛਿਆ ਝੋਲੀ ਪਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਾਚਾ ਮਾਰਗ ਇਕ ਵਖਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਜਨਮ ਜਨਮ ਦੀ ਦੁਰਮਤ ਮੈਲ ਮਿਟਾਇੰਦਾ । ਦਰਸ ਦਿਖਾਏ ਦਾਤਾ ਸੂਰ, ਸੂਰਬੀਰ ਆਪਣਾ ਬਲ ਧਰਾਇੰਦਾ । ਜੋਤੀ ਜਾਤਾ ਬਖ਼ਸ਼ੇ ਨੂਰ, ਅੰਧ ਅੰਧੇਰ ਅਗਿਆਨ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਖੇਲ ਅਵੱਲੜਾ ਬੇਪਰਵਾਹ, ਆਦਿ ਜੁਗਾਦਿ ਕਰਾਇੰਦਾ । ਨਿਰਗੁਣ ਨਿਰਵੈਰ ਬਣ ਮਲਾਹ, ਲੋਕਮਾਤ ਵੇਸ ਵਟਾਇੰਦਾ । ਭਗਤ ਭਗਵੰਤ ਲਏ ਉਠਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਸ਼ਬਦ ਅਗੰਮੀ ਦਏ ਸਲਾਹ, ਸਾਚੇ ਮੰਦਰ ਆਪ ਸੁਹਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਸਮਰਥ ਪੁਰਖ ਆਪਣੀ ਦਇਆ ਕਮਾਇੰਦਾ । ਫੜ ਫੜ ਹੰਸ ਬਣਾਏ ਕਾਂ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਗੁਰਸਿਖ ਬਾਲ ਅੰਞਾਣੇ ਉਠਾਏ ਜਿਉਂ ਬਾਲਕ ਗੋਦੀ ਮਾਂ, ਪਿਤਾ ਪੂਤ ਵੇਖ ਵਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਸੋਹੰ ਹੰਸਾ ਚੋਗ ਚੁਗਾਇੰਦਾ । ਲੇਖਾ ਜਾਣੇ ਕਾਇਆ ਨਗਰ ਖੇੜਾ ਗਰਾਂ, ਸਚ ਬੰਕ ਆਪ ਸੁਹਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਚਰਨ ਦੁਆਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਆਪਣੇ ਰੰਗ ਰੰਗਾਇੰਦਾ । ਨਿਰਧਨ ਮੀਤੜਾ ਹਰਿ ਨਿਰੰਕਾਰ, ਮਹਿਮਾ ਅਕਥ ਕਥੀ ਨਾ ਜਾਈਆ । ਗੁਰਸਿਖ ਕਾਇਆ ਚੋਲੜਾ ਰੰਗੇ ਵਿਚ ਸੰਸਾਰ, ਰੰਗ ਮਜੀਠੀ ਇਕ ਚੜ੍ਹਾਈਆ । ਸਾਚਾ ਤੋਲਾ ਬਣੇ ਆਪ ਨਿਰੰਕਾਰ, ਨਾਮ ਕੰਡਾ ਹੱਥ ਉਠਾਈਆ । ਗੁਰਮੁਖ ਸੱਜਣ ਕਰ ਤਿਆਰ, ਵੇਖਣਹਾਰਾ ਥਾਉਂ ਥਾਈਆ । ਬਨਾਸਪਤ


੧੧੧੪ ੦੯

ਵੰਡ ਵੰਡਾਏ ਅਠਾਰਾਂ ਭਾਰ, ਗੁਰਸਿਖ ਚਰਨ ਧੂੜ ਤੁਲ ਨਾ ਰਾਈਆ । ਕਰੇ ਖੇਲ ਅਗੰਮ ਆਪਾਰ, ਅਲੱਖ ਅਗੋਚਰ ਦਿਸ ਨਾ ਆਈਆ । ਆਦਿ ਜੁਗਾਦੀ ਕਰ ਪਸਾਰ, ਜੁਗਾ ਜੁਗੰਤਰ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਰਿਆ ਪਾਰ, ਕਲਜੁਗ ਅੰਤਮ ਵੱਜੀ ਵਧਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਪੁਕਾਰ, ਨੇਤਰ ਨੈਣ ਰਹੇ ਉਠਾਈਆ । ਕ੍ਰੋੜ ਤੇਤੀਸਾ ਹਾਹਾਕਾਰ, ਉਚੀ ਕੂਕ ਦੇਣ ਦੁਹਾਈਆ । ਸੁਰਪਤ ਰਾਜਾ ਇੰਦਰ ਧਾਹਾਂ ਰਿਹਾ ਮਾਰ, ਤਖ਼ਤ ਤਾਜ ਨਾ ਸੋਭਾ ਪਾਈਆ । ਧਰਤ ਧਵਲ ਕਰੇ ਪੁਕਾਰ, ਪਾਪੀ ਜੀਵ ਰਹੇ ਕੁਰਲਾਈਆ । ਚਾਰੋਂ ਕੁੰਟ ਹੋਇਆ ਵਿਭਚਾਰ, ਸਤਿ ਧਰਮ ਨਾ ਕੋਇ ਰਖਾਈਆ । ਜੀਵਾਂ ਜੰਤਾਂ ਆਈ ਹਾਰ, ਹਰਿ ਕਾ ਨਾਮ ਨਾ ਕੋਇ ਧਿਆਈਆ । ਪੜ੍ਹ ਪੜ੍ਹ ਵਿਦਿਆ ਹੋਏ ਖ਼ੁਆਰ, ਆਤਮਕ ਵਿਦਿਆ ਨਾ ਕੋਇ ਜਣਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਕਲਜੁਗ ਚਾਰੋਂ ਕੁੰਟ ਅੰਧੇਰਾ ਛਾਈਆ । ਸ਼ਾਹ ਪਾਤਸ਼ਾਹ ਹੋਇਣ ਖ਼ੁਆਰ, ਰਾਜ ਰਾਜਾਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਧਨ ਮੇਲਾ ਸਹਿਜ ਸੁਭਾਈਆ । ਨਿਰਧਨ ਹਰਿ ਹਰਿ ਮੇਲਿਆ, ਕਰ ਕਿਰਪਾ ਆਪ ਕਰਤਾਰ । ਲੇਖਾ ਜਾਣੇ ਗੁਰੂ ਗੁਰ ਚੇਲਿਆ, ਸੋਹੇ ਸਚ ਦਰਬਾਰ । ਧੁਰ ਦਰਗਾਹੀ ਸੱਜਣ ਸੁਹੇਲਿਆ, ਬੇਐਬ ਪਰਵਰਦਿਗਾਰ । ਆਪਣਾ ਮੇਲ ਆਪੇ ਮੇਲਿਆ, ਪੂਰਬ ਲਹਿਣਾ ਕਰਮ ਵੀਚਾਰ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਭੇਵ ਨਾ ਪਾਇਣ ਵੇਦ ਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਸੁਹੰਜਣਾ, ਹਰਿ ਸਾਚਾ ਆਪ ਸੁਹਾਏ । ਜੋਤ ਜਗਾਏ ਆਦਿ ਨਿਰੰਜਣਾ, ਕਵਲ ਨੈਣ ਡਗਮਗਾਏ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭੈ ਭਿਆਨਕ ਵੇਖ ਵਖਾਏ । ਲੋਕਮਾਤ ਜਨ ਭਗਤਾਂ ਬਣੇ ਸਾਚਾ ਸੱਜਣਾ, ਜੁਗਾ ਜੁਗੰਤਰ ਸਾਚੀ ਸੇਵ ਕਮਾਏ । ਨੇਤਰ ਪਾਏ ਨਾਮ ਅੰਜਣਾ, ਅੰਧ ਅੰਧੇਰ ਦਏ ਮਿਟਾਏ । ਚਰਨ ਧੂੜ ਕਰਾਏ ਮਜਨਾ, ਕੋਟਨ ਕੋਟ ਜਨਮ ਦੀ ਮੈਲ ਧੁਆਏ । ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਏ । ਬਿਨ ਸਤਿਗੁਰ ਪੂਰੇ ਪਰਦਾ ਕਿਸੇ ਨਾ ਕੱਜਣਾ, ਲੱਖ ਚੁਰਾਸੀ ਰਹੀ ਕੁਰਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਧਨ ਮੇਲਾ ਸਹਿਜ ਸੁਭਾਏ । ਨਿਰਧਨ ਆਸਾ ਪੂਰੀਆ, ਪੂਰਨ ਬ੍ਰਹਮ ਵੀਚਾਰ । ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰੀਆ, ਦਰ ਦਰਵੇਸ਼ ਬਣੇ ਭਿਖਾਰ । ਨਾਦ ਵਜਾਏ ਏਕਾ ਤੂਰੀਆ, ਤੁਰੀਆ ਧਾਰ ਅਗੰਮ ਅਪਾਰ । ਲੇਖਾ ਚੁੱਕੇ ਨੇੜਾ ਦੂਰੀਆ, ਦੂਰ ਨੇੜੇ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਹਰਿਜਨ ਪ੍ਰੇਮ ਪੀਆ ਪ੍ਰੀਤੀ, ਪਰਮ ਪੁਰਖ ਇਕ ਜਣਾਈਆ । ਆਦਿ ਜੁਗਾਦਿ ਪਰਖਣਹਾਰਾ ਨੀਤੀ, ਘਰ ਘਰ ਵਿਚ ਆਸਣ ਲਾਈਆ । ਗੁਰਮੁਖ ਵਿਰਲੇ ਕਾਇਆ ਕਰੇ ਠੰਡੀ ਸੀਤੀ, ਜਿਸ ਜਨ ਤ੍ਰੈਗੁਣ ਅਗਨ ਬੁਝਾਈਆ । ਏਕਾ ਰੰਗ ਰੰਗਾਏ ਹਸਤ ਕੀਟੀ, ਊਚ ਨੀਚ ਨਾ ਕੋਇ ਵਡਿਆਈਆ । ਇਕ ਸੁਣਾਏ ਸੁਹਾਗੀ ਗੀਤੀ, ਗ੍ਰਿਹਿ ਮੰਦਰ ਵੱਜੇ ਵਧਾਈਆ । ਪੰਜ ਤਤ ਕਾਇਆ ਹੋਏ ਪਤਿਤ ਪੁਨੀਤੀ, ਪਤਿਤ ਪਾਵਨ ਸਤਿਗੁਰ ਪੂਰਾ ਮਿਲਿਆ ਸਾਚਾ ਮਾਹੀਆ । ਵਿਖ ਨਿਕਲੇ ਕੌੜੀ ਰੀਠੀ, ਮਿੱਠਾ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸ਼ਬਦ ਮਿਲਾਇਆ, ਮੇਲ ਮਿਲਾਵਾ ਧੁਰ ਸੰਯੋਗ । ਗੁਰ ਸਤਿਗੁਰ ਵੇਖ ਵਖਾਇਆ, ਕੱਟੇ ਹਉਮੇ ਰੋਗ । ਏਕਾ ਮੰਤਰ ਨਾਮ ਦ੍ਰਿੜਾਇਆ, ਸੋਹੰ ਸ਼ਬਦ ਅਗੰਮੀ ਚੋਗ ।

ਧੁਰ ਦਰਗਾਹੀ ਜੋਗ ਇਕ ਵਖਾਇਆ, ਸ਼ਬਦ ਅਨਾਦੀ ਗਾਏ ਸਲੋਕ । ਹਰਖ ਸੋਗ ਰਹੇ ਨਾ ਰਾਇਆ, ਚਰਨ ਦਾਸੀ ਮੁਕਤੀ ਮੋਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਲੋਕ ਪਰਲੋਕ । ਲੋਕ ਪਰਲੋਕ ਵਖਾਣਦਾ, ਦੋ ਜਹਾਨਾ ਖੇਲ ਅਪਾਰ । ਬ੍ਰਹਿਮੰਡਾਂ ਖੰਡਾਂ ਪੁਣ ਛਾਣਦਾ, ਲੋਆਂ ਪੁਰੀਆਂ ਖ਼ਬਰਦਾਰ । ਲੱਖ ਚੁਰਾਸੀ ਖੇਲ ਸ੍ਰੀ ਭਗਵਾਨ ਦਾ, ਬ੍ਰਹਮ ਪਾਰਬ੍ਰਹਮ ਕਰੇ ਉਜਿਆਰ । ਵਿਸ਼ਨੂੰ ਕੰਮ ਕਰੇ ਪ੍ਰਿਤਪਾਲਦਾ, ਬ੍ਰਹਮਾ ਜੋਤ ਹੋਏ ਉਜਿਆਰ । ਸ਼ੰਕਰ ਹੁਕਮ ਅੰਤਮ ਸੰਘਾਰਦਾ, ਹੁਕਮੀ ਹੁਕਮ ਵਰਤਾਰ । ਤਿੰਨਾਂ ਬੇੜਾ ਆਪੇ ਤਾਰਦਾ, ਤ੍ਰੈਗੁਣ ਅਤੀਤਾ ਹਰਿ ਨਿਰੰਕਾਰ । ਗੁਰਮੁਖ ਸਾਚੇ ਪੈਜ ਸੁਆਰਦਾ, ਜੁਗਾਂ ਜੁਗੰਤਰ ਲਏ ਅਵਤਾਰ । ਨਿਰਗੁਣ ਸਰਗੁਣ ਮੇਲਾ ਨਾਰੀ ਕੰਤ ਭਤਾਰ ਦਾ, ਪੰਜ ਤਤ ਕਾਇਆ ਕਰੇ ਸ਼ਿੰਗਾਰ । ਸ਼ਬਦ ਸੁਨੇਹੜਾ ਸਾਚੇ ਯਾਰ ਦਾ, ਲੋਕਮਾਤ ਸੁਣਾਏ ਵਾਰੋ ਵਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਉਤਾਰਦਾ, ਕਲਜੁਗ ਆਈ ਅੰਤਮ ਵਾਰ । ਲੇਖਾ ਜਾਣੇ ਧੁਰ ਦਰਬਾਰ ਦਾ, ਧੁਰ ਦਰਗਾਹੀ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਲੱਖ ਅਗੰਮ ਅਗੰਮੜਾ, ਨਿਰਗੁਣ ਨਿਰਵੈਰ ਅਕਾਲ । ਹੱਡ ਮਾਸ ਨਾੜੀ ਨਾ ਦਿਸੇ ਚਮੜਾ, ਜੋਤੀ ਜਲਵਾ ਨੂਰ ਜਲਾਲ । ਮਾਇਆ ਮਮਤਾ ਨਾ ਦਮੜੀ ਦਮੜਾ, ਦੋਵੇਂ ਹੱਥ ਖ਼ਾਲੀ ਰਿਹਾ ਵਖਾਲ । ਜਨ ਭਗਤਾਂ ਦੱਸੇ ਰਾਹ ਇਕ ਸੁਖ਼ਲੜਾ, ਜੁਗਤ ਜਗ ਅਵੱਲੜੀ ਚਾਲ । ਸਚ ਸਿੰਘਾਸਣ ਆਪੇ ਮਲੜਾ, ਸਚਖੰਡ ਦੁਆਰ ਸੱਚੀ ਧਰਮਸਾਲ । ਹਰਿਜਨ ਫੜਾਏ ਆਪਣਾ ਪੱਲੜਾ, ਜੁਗਾ ਜੁਗੰਤਰ ਚਲੇ ਨਾਲ । ਹਰਖ ਸੋਗ ਨਾ ਖ਼ੁਸ਼ੀ ਗਮੜਾ, ਆਲਸ ਨਿੰਦਰਾ ਨਾ ਖਾਏ ਕਾਲ ਮਹਾਂਕਾਲ । ਸਾਚੇ ਧਾਮ ਆਪ ਸੁਹੰਦੜਾ, ਉਚ ਮਹੱਲ ਅਟੱਲ ਮੁਨਾਰ ਏਕੰਕਾਰ । ਸ਼ਬਦ ਅਨਾਦੀ ਨਾਦ ਵਜੰਦੜਾ, ਧੁਰ ਦੀ ਬਾਣੀ ਸੱਚੀ ਧੁਨਕਾਰ । ਕਲਜੁਗ ਅੰਤਮ ਵੇਸ ਵਟੰਦੜਾ, ਨਿਹਕਲੰਕਾ ਲੈ ਅਵਤਾਰ । ਹਰਿਜਨ ਸਾਚੇ ਵੇਖ ਵਖੰਦੜਾ, ਡੁੱਬਦੇ ਪਾਥਰ ਲਾਏ ਪਾਰ । ਜਿਸ ਦੁਆਰੇ ਚਰਨ ਛੁਹੰਦੜਾ, ਹੋਏ ਬੰਕ ਮਾਤ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਵੇ ਸਾਰ । ਹਰਿਜਨ ਸਾਰ ਸਮਾਲ ਦਾ, ਸਰਬ ਗੁਣਾਂ ਗੁਣਵੰਤ । ਕਰੇ ਖੇਲ ਸਦਾ ਪ੍ਰਿਤਪਾਲ ਦਾ, ਪਾਰਬ੍ਰਹਮ ਪੂਰਨ ਭਗਵੰਤ । ਰੂਪ ਪਰਗਟਾਏ ਦੀਨ ਦਿਆਲ ਦਾ, ਲੇਖਾ ਚੁਕਾਏ ਜੀਵ ਜੰਤ । ਮਾਣ ਗੁਆਏ ਕਾਲ ਮਹਾਂਕਾਲ ਦਾ, ਹਰਿਜਨ ਵਡਿਆਏ ਸਾਚੇ ਸੰਤ । ਧਰਮਸਾਲ ਇਕ ਵਖਾਲਦਾ, ਹਰਿ ਮੰਦਰ ਮੇਲ ਮਿਲਾਵਾ ਨਾਰੀ ਕੰਤ । ਨਾਤਾ ਤੋੜ ਜਗਤ ਜੰਜਾਲ ਦਾ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤ । ਜੋ ਜਨ ਚਰਨ ਪ੍ਰੀਤੀ ਘਾਲਣ ਘਾਲਦਾ, ਸਤਿਗੁਰ ਪੂਰਾ ਹੋਏ ਸਹਾਈ ਅੰਤ । ਲੇਖਾ ਜਾਣੇ ਪਤ ਪਤ ਡਾਲ੍ਹ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਮਹਿਮਾ ਜਾਣੇ ਅਗਣਤ । ਮਹਿਮਾ ਅਗਣਤ ਪੁਰਖ ਅਕਾਲ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਜੁਗਾ ਜੁਗੰਤਰ ਵੇਸ ਵਟਾਏ ਦੀਨ ਦਿਆਲ, ਦਇਆਨਿਧ ਬੇਪਰਵਾਹੀਆ । ਭਗਤ ਭਗਵੰਤ ਲਏ ਉਠਾਲ, ਪੂਰਬ ਕਰਮਾਂ ਵੇਖ ਵਖਾਈਆ । ਸੰਤਨ ਬਣੇ ਆਪ ਦਲਾਲ, ਸ਼ਬਦ ਵਿਚੋਲਾ ਫੇਰਾ ਪਾਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲ ਅਣਮੁਲੜੇ ਗੋਦ ਬਹਾਈਆ । ਗੁਰਸਿਖ ਫਲ ਲਗਾਏ ਕਾਇਆ ਡਾਲ੍ਹ, ਪਤ ਡਾਲ੍ਹੀ ਆਪ ਮਹਿਕਾਈਆ । ਚਲੇ ਚਲਾਏ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਰਾਈਆ । ਖਾਣੀ ਬਾਣੀ ਕਰੇ ਪੁਕਾਰ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ

ਗੁਰਮੁਖ ਗੁਰਸਿਖ, ਨਿਵਣ ਸੁ ਅੱਖਰ ਇਕ ਪੜ੍ਹਾਇੰਦਾ । ਧੁਰ ਦੀ ਬਾਣੀ ਧੁਰ ਦਾ ਲੇਖਾ ਲਿਖ, ਮਸਤਕ ਲੇਖਾ ਆਪ ਚੁਕਾਇੰਦਾ । ਨਾਮ ਅਨਾਦੀ ਪਾਏ ਭਿੱਖ, ਸਾਚੀ ਝੋਲੀ ਆਪ ਭਰਾਇੰਦਾ । ਜਗਤ ਤ੍ਰਿਸ਼ਨਾ ਮੇਟੇ ਤ੍ਰਿਖ, ਮਾਇਆ ਮਮਤਾ ਮੋਹ ਚੁਕਾਇੰਦਾ । ਹਉਮੇ ਹੰਗਤਾ ਲਹੇ ਵਿਸ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਹਰਿ ਮੰਦਰ ਘਰ ਵਿਚ ਘਰ ਪਏ ਦਿਸ, ਸਤਿਗੁਰ ਪੂਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿ ਮੰਦਰ ਸੋਹੇ ਕਾਇਆ ਗੜ੍ਹ, ਗੁਰ ਸਤਿਗੁਰ ਆਪ ਸੁਹਾਇੰਦਾ । ਨਿਰਗੁਣ ਸਰਗੁਣ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਆਪਣੇ ਪੌੜੇ ਆਪੇ ਚੜ੍ਹ, ਆਪਣਾ ਬੰਕ ਸੁਹਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਆਪਣਾ ਜਾਪ ਆਪ ਜਪਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਦਰਸ ਦਿਖਾਏ ਅਗੇ ਖੜ, ਸਵਛ ਸਰੂਪੀ ਖੇਲ ਖਿਲਾਇੰਦਾ । ਨਾ ਜਨਮੇ ਨਾ ਜਾਏ ਮਰ, ਜੂਨੀ ਜੂਨ ਨਾ ਕੋਇ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖਣਹਾਰਾ, ਘਟ ਘਟ ਰਿਹਾ ਸਮਾਈਆ । ਲੱਖ ਚੁਰਾਸੀ ਕਰੇ ਖੇਲ ਨਿਆਰਾ, ਨਿਰਗੁਣ ਸਰਗੁਣ ਜੋਤ ਜਗਾਈਆ । ਗੁਰਮੁਖ ਵਿਰਲੇ ਪਾਏ ਸਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਅੰਧ ਅੰਧੇਰ ਮਿਟਾਏ ਧੂੰਆਂਧਾਰਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਸ਼ਬਦ ਅਨਾਦ ਸੁਣਾਏ ਸੱਚੀ ਧੁਨਕਾਰਾ, ਧੁਨ ਆਤਮਕ ਆਪ ਵਜਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਚਰਨ ਚਰਨੋਦਕ ਮੁਖ
੧੧੧੭ ਚੁਆਈਆ । ਦੇਵੇ ਦਰਸ ਨੈਣ ਮੁੰਧਾਰਾ, ਨੇਤਰ ਨੈਣ ਆਪ ਖੁਲ੍ਹਾਈਆ । ਰੋਗਾਂ ਸੋਗਾਂ ਕਰੇ ਪਾਰਾ, ਚਿੰਤਾ ਸੋਗ ਰਹੇ ਨਾ ਰਾਈਆ । ਜਿਸ ੧੧੧੭
ਮਿਲਿਆ ਗੁਰ ਕਰਤਾਰਾ, ਕਰਤਾ ਕੀਮਤ ਆਪੇ ਪਾਈਆ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਭੇਵ ਨਾ ਸਕੇ ਕੋਇ ਜਣਾਈਆ । ਜੁਗਾ ਜੁਗੰਤਰ ਇਕ ਅਵਤਾਰਾ, ਗੁਰ ਇਸ਼ਟ ਇਕ ਅਖਵਾਈਆ । ਜਨ ਭਗਤਾਂ ਦੇਵੇ ਨਾਮ ਆਧਾਰਾ, ਨਾਮ ਨਿਧਾਨਾ ਝੋਲੀ ਪਾਈਆ । ਸ੍ਰਿਸ਼ਟ ਸਬਾਈ ਕਰੇ ਖ਼ੁਆਰਾ, ਚਾਰੋਂ ਕੁੰਟ ਕੁੰਟ ਹਲਕਾਈਆ । ਨਾਮ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਆਪ ਚਮਕਾਈਆ । ਨੌ ਸਤਿ ਦਏ ਹੁਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਗਹਿਰ ਗੰਭੀਰ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਲੇਖਾ ਜਾਣੇ ਅੰਤ ਅਖੀਰ, ਲਿਖਿਆ ਲੇਖ ਨਾ ਕੋਇ ਵਖਾਇੰਦਾ । ਸ਼ਬਦ ਨਿਰਾਲਾ ਪਕੜੇ ਤੀਰ, ਚਿਲਾ ਹੱਥ ਨਾ ਕੋਇ ਉਠਾਇੰਦਾ । ਲੱਖ ਚੁਰਾਸੀ ਮਾਰੇ ਜ਼ੰਜ਼ੀਰ, ਆਪਣੀ ਆਪੇ ਗੰਢ ਪੁਆਇੰਦਾ । ਨਾਤਾ ਤੋੜੇ ਪੀਰ ਫ਼ਕੀਰ, ਸ਼ਾਹ ਹਕੀਰ ਰਹਿਣ ਨਾ ਪਾਇੰਦਾ । ਰਾਜ ਰਾਜਾਨ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਅਠਸਠ ਤੀਰਥ ਵਰੋਲੇ ਨੀਰ, ਨਾਮ ਮਧਾਣਾ ਏਕਾ ਪਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਕੱਢੇ ਪੀੜ, ਸਾਚੀ ਸੰਗਤਾ ਮੇਲ ਮਿਲਾਇੰਦਾ । ਜੂਠਾ ਝੂਠਾ ਵੇਖੇ ਬਸਤਰ ਚੀਰ, ਤਨ ਕਫ਼ਨੀ ਕੌਣ ਹੰਢਾਇੰਦਾ । ਆਪੇ ਚੋਟੀ ਚੜ੍ਹੇ ਅਖ਼ੀਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਗੁਰਮੁਖਾਂ ਬਖ਼ਸ਼ੇ ਸਾਚਾ ਸੀਰ, ਭਰ ਪਿਆਲਾ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਾਰ ਕਮਾਇੰਦਾ, ਨਿਹਕਰਮੀ ਕਰਮ ਵੀਚਾਰ । ਗ਼ਰੀਬ ਨਿਮਾਣੇ ਗਲੇ ਲਗਾਇੰਦਾ, ਸ਼ਾਹ ਸੁਲਤਾਨਾ ਮਾਰੇ ਮਾਰ । ਰਾਓ ਰੰਕ ਏਕਾ ਰੰਗ ਰੰਗਾਇੰਦਾ, ਇਕ ਸੁਹਾਏ ਬੰਕ ਦੁਆਰ । ਸ਼ਬਦ ਅਗੰਮੀ ਡੰਕ ਵਜਾਇੰਦਾ, ਚਾਰ ਕੁੰਟ

ਹੋਏ ਜੈਕਾਰ । ਭਗਤ ਭਗਵੰਤ ਵੇਖ ਵਖਾਇੰਦਾ, ਨੇਤਰ ਨੈਣ ਖੋਲ੍ਹ ਕਿਵਾੜ । ਸਾਚੇ ਸੰਤਾਂ ਆਪ ਉਠਾਇੰਦਾ, ਵਾ ਲੱਗੇ ਨਾ ਤੱਤੀ ਹਾੜ । ਗੁਰਮੁਖ ਆਪਣੀ ਗੋਦ ਸੁਹਾਇੰਦਾ, ਦਰ ਘਰ ਸਾਚੇ ਲਏ ਵਾੜ । ਗੁਰਸਿਖ ਆਪਣੇ ਅੰਗ ਲਗਾਇੰਦਾ, ਕਰੇ ਪਰਕਾਸ਼ ਬਹੱਤਰ ਨਾੜ । ਲਾੜੀ ਮੌਤ ਦਰ ਦੁਰਕਾਇੰਦਾ, ਰਾਏ ਧਰਮ ਨਾ ਕਰੇ ਖ਼ੁਆਰ । ਚਿਤਰ ਗੁਪਤ ਨਾ ਲੇਖ ਵਿਖਾਇੰਦਾ, ਜੋ ਜਨ ਚਰਨ ਸਰਨ ਕਰੇ ਨਿਮਸਕਾਰ । ਵੇਲੇ ਅੰਤ ਮੇਲ ਮਿਲਾਇੰਦਾ, ਲੱਖ ਚੁਰਾਸੀ ਉਤਰੇ ਪਾਰ । ਸਤਿਗੁਰ ਪੂਰਾ ਦਇਆ ਕਮਾਇੰਦਾ, ਭਵ ਜਲ ਬੇੜਾ ਲਾਏ ਪਾਰ । ਮਾਨਸ ਜਨਮ ਲੇਖੇ ਲਾਇੰਦਾ, ਨਾਤਾ ਤੋੜ ਸਰਬ ਸੰਸਾਰ । ਪੁਰਖ ਬਿਧਾਤਾ ਵੇਖ ਵਖਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਉਤਮ ਗ਼ਾਤਾ ਆਪ ਧਰਾਇੰਦਾ, ਵਰਨ ਬਰਨ ਨਾ ਕੋਇ ਅਧਾਰ । ਜੋਤੀ ਜਾਤਾ ਆਪ ਅਖਵਾਇੰਦਾ, ਜੋਤੀ ਜੋਤ ਕਰੇ ਪਿਆਰ । ਇਕ ਇਕਾਂਤਾ ਵੇਖ ਵਖਾਇੰਦਾ, ਦਿਸ ਨਾ ਆਏ ਵੇਖਣਹਾਰ । ਅੰਦਰ ਮੰਦਰ ਜਾਮ ਪਿਆਇੰਦਾ, ਭਰ ਪਿਆਲਾ ਠੰਡਾ ਠਾਰ । ਗੁਰਮੁਖ ਨਾਰੀ ਕੰਤ ਮਿਲਾਇੰਦਾ, ਘਰ ਸਖ਼ੀਆਂ ਮੰਗਲਚਾਰ । ਜਗਤ ਵਿਛੋੜਾ ਪੰਧ ਮੁਕਾਇੰਦਾ, ਟੁੱਟੀ ਗੰਢੇ ਗੰਢਣਹਾਰ । ਆਪਣਾ ਲੇਖਾ ਲੇਖੇ ਪਾਇੰਦਾ, ਲੇਖਾ ਕੋਇ ਨਾ ਮੰਗੇ ਦੂਜੀ ਵਾਰ । ਜਿਸ ਜਨ ਆਪਣੀ ਸਰਨ ਲਗਾਇੰਦਾ, ਦੋ ਜਹਾਨਾਂ ਦਏ ਅਧਾਰ । ਅੰਤਮ ਜੋਤੀ ਜੋਤ ਮਿਲਾਇੰਦਾ, ਬ੍ਰਹਮ ਪਾਰਬ੍ਰਹਮ ਕਰੇ ਪਿਆਰ । ਦਰਗਹਿ ਸਾਚੀ ਧਾਮ ਬਹਾਇੰਦਾ, ਸਚਖੰਡ ਦੁਆਰਾ ਖੋਲ੍ਹ ਕਿਵਾੜ । ਗੁਰਸਿਖ ਜਨਮ ਮਰਨ ਵਿਚ ਨਾ ਆਇੰਦਾ, ਜਿਸ ਪਾਇਆ ਹਰਿ ਨਿਰੰਕਾਰ । ਜੁਗ ਜੁਗ ਲੇਖਾ ਆਪ ਮੁਕਾਇੰਦਾ, ਸ਼ਾਹੋ ਭੂਪ ਬਣ ਸੱਚੀ ਸਰਕਾਰ । ਸਾਚੇ ਤਖ਼ਤ ਆਪ ਸੁਹਾਇੰਦਾ, ਸਚਖੰਡ ਨਿਵਾਸੀ ਏਕੰਕਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਰੈਣ ਅੰਧੇਰੀ ਧੂੰਆਂਧਾਰ । ਗੁਰਸਿਖ ਗੁਰਮੁਖ ਆਪ ਜਗਾਇੰਦਾ, ਸੰਤ ਭਗਤ ਭਗਵੰਤ ਕਰੇ ਪਿਆਰ । ਏਕਾ ਮੰਦਰ ਸੋਭਾ ਪਾਇੰਦਾ, ਹਰਿ ਜੂ ਹਰੀ ਹਰਿ ਖੇਲ ਨਿਆਰ । ਗੁਰਮੁਖ ਸਾਚੇ ਚਰਨ ਬਹਾਇੰਦਾ, ਆਪ ਆਪਣੀ ਕਿਰਪਾ ਧਾਰ । ਨਿਰਧਨ ਸਰਧਨ ਵੇਖ ਵਖਾਇੰਦਾ, ਦੋਹਾਂ ਵਿਚੋਲਾ ਸਿਰਜਣਹਾਰ । ਘਰ ਘਰ ਆਪੇ ਰਿਜ਼ਕ ਸਬਾਇੰਦਾ, ਵਿਸ਼ਨੂੰ ਵੰਸੀ ਸੇਵਾਦਾਰ । ਸਚ ਭੰਡਾਰ ਆਪ ਵਰਤਾਇੰਦਾ, ਅਤੋਟ ਅਤੁਟ ਵਰਤੇ ਵਿਚ ਸੰਸਾਰ । ਗੁਰਸਿਖ ਸਾਚੇ ਮੇਲ ਮਿਲਾਇੰਦਾ, ਗੁਰ ਪੂਰਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆ ਦਾਨ, ਦਾਤਾ ਦਾਨੀ ਆਪ ਕਰਤਾਰ ।

## ❊ ੨੫ ਭਾਦਰੋਂ ੨੦੧੭ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਹਿ ਪਿੰਡ ਕਾਦਰਵਾਲਾ ਜ਼ਿਲਾ ਫਿਰੋਜ਼ਪੁਰ ❊

ਪੁਰਖ ਅਕਾਲ ਇਕ ਅਖਵਾਇੰਦਾ, ਆਦਿ ਜੁਗਾਦੀ ਏਕੰਕਾਰ । ਸਤਿ ਪੁਰਖ ਨਿਰੰਜਣ ਨਾਉਂ ਧਰਾਇੰਦਾ, ਜੂਨੀ ਰਹਿਤ ਬੇਐਬ ਪਰਵਰਦਿਗਾਰ । ਦਰਗਹਿ ਸਾਚੀ ਧਾਮ ਸੁਹਾਇੰਦਾ, ਸਚਖੰਡ ਦੁਆਰਾ ਉਚ ਮੁਨਾਰ । ਦੀਪਕ ਦੀਆ ਇਕ ਜਗਾਇੰਦਾ, ਨਿਰਗੁਣ ਬਾਤੀ ਕਰ ਤਿਆਰ । ਥਿਰ ਘਰ ਸਾਚੇ ਸੋਭਾ ਪਾਇੰਦਾ, ਤਖ਼ਤ ਨਿਵਾਸੀ ਅਗੰਮ ਅਪਾਰ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਵੇਖਣਹਾਰ । ਆਪਣਾ ਹੁਕਮ ਆਪ ਵਰਤਾਇੰਦਾ, ਆਪੇ ਬਣੇ ਸੱਚਾ ਸਿਕਦਾਰ । ਆਪਣੇ ਮੰਡਲ ਰਾਸ ਰਚਾਇੰਦਾ, ਨਿਰਗੁਣ ਖੇਲ ਕਰੇ ਅਪਾਰ । ਆਪਣਾ ਸ਼ਬਦ ਅਨਾਦੀ ਆਪੇ

ਗਾਇੰਦਾ, ਧੁਨ ਵਜਾਏ ਸਾਚੀ ਤਾਰ । ਅਕਲ ਕਲ ਆਪਣੀ ਖੇਲ ਖਿਲਾਇੰਦਾ, ਅਲੱਖ ਅਗੋਚਰ ਅਗੰਮ ਅਥਾਹ ਕਰੇ ਖੇਲ ਨਿਰਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਇਕ ਇਕੱਲਾ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਸਤਿ ਪੁਰਖ ਨਿਰੰਜਣ ਵਸੇ ਧਾਮ ਨਿਆਰਾ, ਧਾਮ ਅਵੱਲੜਾ ਸੋਭਾ ਪਾਈਆ । ਸਚਖੰਡ ਨਿਵਾਸੀ ਖੇਲ ਨਿਆਰਾ, ਥਿਰ ਘਰ ਸਾਚੇ ਆਪ ਖਿਲਾਈਆ । ਅਗੰਮ ਅਗੰਮੜੀ ਕਰੇ ਕਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਆਪਣਾ ਖੋਲ੍ਹ ਆਪ ਕਿਵਾੜਾ, ਦਰ ਦਰਵਾਜ਼ਾ ਆਪ ਸੁਹਾਈਆ । ਆਪੇ ਪਰਗਟ ਹੋਏ ਨਿਰਗੁਣ ਨਿਰਾਕਾਰਾ, ਸਾਕਾਰਾ ਆਪਣਾ ਰੂਪ ਧਰਾਈਆ । ਆਪੇ ਲੱਖ ਚੁਰਾਸੀ ਕਰ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਉਪਜਾਈਆ । ਆਪੇ ਤ੍ਰੈਗੁਣ ਦਾਤ ਬਣੇ ਵਰਤਾਰਾ, ਦਾਤਾ ਦਾਨੀ ਸ਼ਹਿਨਸ਼ਾਹੀਆ । ਆਪੇ ਘਟ ਘਟ ਲੱਖ ਚੁਰਾਸੀ ਭਾਂਡਾ ਘੜੇ ਠਠਿਆਰਾ, ਭੰਨਣਹਾਰਾ ਆਪ ਅਖਵਾਈਆ । ਆਪੇ ਪੰਜ ਤਤ ਤਤ ਕਰ ਪਸਾਰਾ, ਬ੍ਰਹਮ ਪਾਰਬ੍ਰਹਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਈਆ । ਇਕ ਇਕੱਲਾ ਖੇਲ ਅਵੱਲਾ, ਸ੍ਰੀ ਭਗਵਾਨ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਧਾਮ ਸੁਹਾਏ ਉਚ ਅਟੱਲਾ, ਨਿਹਚਲ ਆਪਣਾ ਰੰਗ ਰੰਗਾਇੰਦਾ । ਸਰੂਪ ਸਮਾਏ ਜਲਾਂ ਥਲਾਂ, ਜਲ ਥਲ ਮਹੀਅਲ ਵੇਖ ਵਖਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਜਲਾਂ ਝਲਾਂ, ਡੂੰਘੀ ਕੰਦਰ ਸੋਭਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਆਪੇ ਰਲਾ, ਉਤਭੁਜ ਸੇਤਜ ਜੇਰਜ ਅੰਡ ਵੇਖ ਵਖਾਇੰਦਾ । ਸ਼ਬਦ ਅਨਾਦ ਹਰਿ ਬ੍ਰਹਿਮਾਦਿ, ਸਚ ਸੁਨੇਹੜਾ ਏਕਾ ਘੱਲਾ, ਨਾਦ ਅਨਾਦੀ ਧੁਨ ਸੁਣਾਇੰਦਾ । ਬੋਧ ਅਗਾਧੀ ਅਛਲ ਅਛੱਲਾ, ਭੇਵ ਕੋਇ ਨਾ ਪਾਇੰਦਾ । ਸਚ ਸਿੰਘਾਸਣ ਹਰਿ ਜੂ ਹਰਿ ਮੰਦਰ ਏਕਾ ਮੱਲਾ, ਸਚ ਦੁਆਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਿਲਾਇੰਦਾ । ਇਕ ਇਕੱਲਾ ਏਕੰਕਾਰਾ, ਆਦਿ ਜੁਗਾਦਿ ਸਮਾਇੰਦਾ । ਆਪ ਆਪਣਾ ਕਰ ਪਸਾਰਾ, ਨਿਰਗੁਣ ਨਿਰਵੈਰ ਵੇਖ ਵਖਾਇੰਦਾ । ਲੋਆਂ ਪੁਰੀਆਂ ਬੰਨ੍ਹੇ ਧਾਰਾ, ਬ੍ਰਹਿਮੰਡ ਖੰਡ ਆਪਣਾ ਬੰਧਨ ਪਾਇੰਦਾ । ਰਵ ਸਸ ਨਾ ਕੋਇ ਪਸਾਰਾ, ਮੰਡਲ ਮੰਡਪ ਆਪ ਸੁਹਾਇੰਦਾ । ਜ਼ਿਮੀ ਅਸਮਾਨਾ ਬੰਨੇ ਧਾਰਾ, ਧਰਨੀ ਧਰਤ ਧਵਲ ਉਪਜਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਨਾਦ ਅਨਾਦੀ ਨਾਦ ਵਜਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੀ ਗੇੜਾ ਆਪ ਚਲਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਜੁਗ ਕਰਤਾ ਆਪ ਕਰਾਇੰਦਾ । ਵਿਸ਼ਨੂੰ ਬਖ਼ਸ਼ੇ ਚਰਨ ਪਿਆਰਾ, ਵਿਸ਼ਵ ਰੂਪ ਆਪ ਸਮਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਬ੍ਰਹਮ ਸਾਚੀ ਸੇਵਾ ਲਾਇੰਦਾ । ਧੁਰ ਦਰਗਾਹੀ ਧੁਰ ਫ਼ਰਮਾਣਾ, ਸ਼ਬਦ ਅਗੰਮੀ ਆਪ ਸੁਣਾਇੰਦਾ । ਚਾਰੇ ਵੇਦਾਂ ਬਣ ਲਿਖਾਰਾ, ਲੋਕਮਾਤ ਰਾਹ ਚਲਾਇੰਦਾ । ਸ਼ੰਕਰ ਮੇਲਾ ਧੁਰ ਦਰਬਾਰਾ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਸ ਵਟਾਇੰਦਾ । ਇਕ ਇਕੱਲਾ ਪੁਰਖ ਅਬਿਨਾਸ਼, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦੁਆਰੇ ਪਾਏ ਆਪਣੀ ਰਾਸ, ਗੋਪੀ ਕਾਹਨ ਨਾ ਕੋਇ ਨਚਾਈਆ । ਸ਼ਾਹੋ ਭੂਪ ਸਚ ਸੁਲਤਾਨ ਸ਼ਾਹ ਸ਼ਾਬਾਸ, ਸ਼ਹਿਨਸ਼ਾਹ ਬੇਪਰਵਾਹੀਆ । ਚਰਨਾਂ ਹੇਠ ਰਖਾਏ ਪ੍ਰਿਥਮੀ ਆਕਾਸ਼, ਕੋਟਨ ਕੋਟ ਮੰਡਲ ਧੂੜੀ ਖ਼ਾਕ ਰਮਾਈਆ । ਆਦਿ ਜੁਗਾਦੀ ਆਪ ਆਪਣੀ ਪੂਰੀ ਕਰੇ ਆਸ, ਆਪਣੀ ਮਹਿਮਾ ਆਪਣੇ ਵਿਚ ਸਮਾਈਆ । ਸੂਰਜ ਚੰਨ

ਕਰ ਪਰਕਾਸ਼, ਦਿਵਸ ਰੈਣ ਵੰਡ ਵੰਡਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਰਭਾਸ, ਸਮੁੰਦ ਸਾਗਰ ਫੋਲ ਫੁਲਾਈਆ । ਜੂਨੀ ਰਹਿਤ ਨਾ ਹੋਏ ਵਿਨਾਸ, ਅਬਿਨਾਸ਼ੀ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਚ ਮਹੱਲਾ ਰਿਹਾ ਵਸਾਈਆ । ਸਚ ਮਹੱਲਾ ਸ੍ਰੀ ਭਗਵੰਤ, ਸਚਖੰਡ ਦਵਾਰ ਆਪ ਸੁਹਾਇੰਦਾ । ਆਦਿ ਜੁਗਾਦੀ ਏਕਾ ਕੰਤ, ਕੰਤ ਕੰਤੂਲ ਵੇਸ ਵਟਾਇੰਦਾ । ਆਪ ਬਣਾਏ ਆਪਣੀ ਬਣਤ, ਦੂਸਰ ਸੰਗ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਮਹਿਮਾ ਅਗਣਤ, ਵੇਦ ਪੁਰਾਨ ਸਰਬ ਜਸ ਗਾਇੰਦਾ । ਆਪਣਾ ਲੇਖਾ ਆਪੇ ਜਾਣੇ ਆਦਿ ਅੰਤ, ਮਧ ਭੇਵ ਨਾ ਕੋਇ ਰਖਾਇੰਦਾ । ਲੇਖਾ ਜਾਣੇ ਗੁਰਮੁਖ ਸਾਚਾ ਸੰਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸ਼ਬਦ ਜਣਾਈ ਮਣੀਆ ਮੰਤ, ਨਾਮ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਖੇਲ ਖਿਲਾਇੰਦਾ । ਲੱਖ ਚੁਰਾਸੀ ਖੇਲ ਖਲੰਦੜਾ, ਆਦਿ ਨਿਰੰਜਣ ਪੁਰਖ ਅਗੰਮ । ਜੁਗ ਜੁਗ ਆਪਣਾ ਵੇਸ ਵਟੰਦੜਾ, ਨਿਰਗੁਣ ਨਿਰਵੈਰ ਨਾ ਮਰੇ ਨਾ ਪਏ ਜੰਮ । ਲੱਖ ਚੁਰਾਸੀ ਜੀਵ ਜੰਤ ਵੇਖ ਵਖੰਦੜਾ, ਕਰਤਾ ਪੁਰਖ ਕਰੇ ਕਰਾਏ ਆਪਣਾ ਕੰਮ । ਗੁਰਮੁਖ ਸਾਚੇ ਵੇਖ ਵਖੰਦੜਾ, ਪਵਣ ਸਵਾਸੀ ਲੇਖਾ ਜਾਣੇ ਦਮਾ ਦਮ । ਸੰਤ ਸੁਹੇਲੇ ਰੰਗ ਰਗੰਦੜਾ, ਕਾਇਆ ਚੋਲੀ ਰੰਗੇ ਹੱਡ ਮਾਸ ਨਾੜੀ ਚੰਮ । ਜਮ ਕਾ ਤਰਾਸ ਆਪ ਮਿਟੰਦੜਾ, ਦੋ ਜਹਾਨਾਂ ਬੇੜਾ ਦੇਵੇ ਬੰਨ੍ਹ । ਸਾਚਾ ਮਾਰਗ ਇਕ ਵਖੰਦੜਾ, ਰਾਏ ਧਰਮ ਨਾ ਦੇਵੇ ਡੰਨ । ਸਾਚੇ ਪੌੜੇ ਆਪ ਚੜੰਦੜਾ, ਚੌਥਾ ਪਦ ਆਪ ਸੁਹਾਇਆ ਨਾ ਕੋਈ ਸੂਰਜ ਨਾ ਕੋਈ ਚੰਨ । ਗੀਤ ਸੁਹਾਗੀ ਆਪ ਸੁਣੰਦੜਾ, ਰਾਗ ਅਨਾਦੀ ਏਕਾ ਕੰਨ । ਨਿਰਗੁਣ ਸਰਗੁਣ ਮੇਲ ਮਿਲੰਦੜਾ, ਗੜ੍ਹ ਹੰਕਾਰੀ ਭਾਂਡਾ ਭੰਨ । ਜੋਤੀ ਜੋਤ ਇਕ ਜਗੰਦੜਾ, ਕਿਰਪਾ ਕਰ ਸ੍ਰੀ ਭਗਵਾਨ । ਲੱਖ ਚੁਰਾਸੀ ਵੇਖ ਵਖੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਆਦਿ ਜੁਗਾਦੀ ਧੰਨ ਧੰਨ । ਇਕ ਇਕੱਲਾ ਸਾਚੀ ਕਾਰ, ਦੋ ਜਹਾਨਾਂ ਆਪ ਚਲਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਆਪਣਾ ਬਲ ਆਪ ਵਖਾਈਆ । ਏਕੰਕਾਰਾ ਕਰ ਪਸਾਰ, ਵੇਖਣਹਾਰਾ ਥਾਉਂ ਥਾਈਆ । ਆਦਿ ਨਿਰੰਜਣ ਜੋਤ ਉਜਿਆਰ, ਜੋਤ ਨਿਰੰਜਣ ਘਟ ਘਟ ਰਿਹਾ ਜਗਾਈਆ । ਸ੍ਰੀ ਭਗਵਾਨ ਦਿਵਸ ਰੈਣ ਕਰ ਪਿਆਰ, ਭਗਤਨ ਮੇਲਾ ਬੇਪਰਵਾਹੀਆ । ਅਬਿਨਾਸ਼ੀ ਕਰਤਾ ਰਹੇ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਪਾਰਬ੍ਰਹਮ ਪ੍ਰਭ ਕਰ ਪਸਾਰ, ਆਪਣੀ ਕਲ ਆਪ ਵਰਤਾਈਆ । ਨਿਰਗੁਣ ਜੋਤ ਜੋਤ ਉਜਿਆਰ, ਜੋਤੀ ਜਾਤਾ ਵੇਖ ਵਖਾਈਆ । ਸਚਖੰਡ ਦਵਾਰ ਸੱਚਾ ਦਰਬਾਰ, ਸਤਿ ਪੁਰਖ ਨਿਰੰਜਣ ਆਪ ਲਗਾਈਆ । ਸਚ ਸਿੰਘਾਸਣ ਕਰ ਤਿਆਰ, ਪੁਰਖ ਅਬਿਨਾਸ਼ਨ ਆਸਣ ਲਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਣਾ ਸ਼ਬਦ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਵੇ ਸਾਰ, ਲੋਕ ਪਰਲੋਕ ਵੇਖ ਵਖਾਈਆ । ਦੋ ਜਹਾਨਾ ਇਕ ਜੈਕਾਰ, ਨਿਸ਼ਅੱਖਰ ਕਰੇ ਪੜ੍ਹਾਈਆ । ਸ਼ਾਹ ਸੁਲਤਾਨਾ ਬੇਐਬ ਪਰਵਰਦਿਗਾਰ, ਨੂਰੀ ਜਲਵਾ ਨੂਰ ਅਲਾਹੀਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਈਆ । ਲਾਸ਼ਰੀਕ ਬੋਲੇ ਏਕਾ ਨਾਅਰ, ਕਲਮਾ ਕਾਇਨਾਤ ਆਪ ਪੜ੍ਹਾਈਆ । ਆਪੇ ਗੁਪਤ ਆਪੇ ਜ਼ਾਹਿਰ, ਅੰਦਰ ਬਾਹਰ ਆਪਣੀ ਧਾਰ ਚਲਾਈਆ । ਆਪੇ ਜੁਗਾ ਜੁਗੰਤਰ ਲੈ ਅਵਤਾਰ, ਨਿਰਗੁਣ ਸਰਗੁਣ ਰੂਪ ਲਏ ਪਰਗਟਾਈਆ । ਆਪੇ ਗੁਰ ਪੀਰ ਅਵਤਾਰ, ਆਪਣਾ ਮਾਰਗ ਦਏ ਵਖਾਈਆ ।


੧੧੨੦
੦੯

ਆਪੇ ਭਗਤ ਭਗਵੰਤ ਕਰੇ ਉਜਿਆਰ, ਸਿਰ ਰੱਖ ਹੱਥ ਸਮਰਥ ਦਏ ਵਡਿਆਈਆ । ਆਪੇ ਸੰਤਨ ਦਏ ਹੁਲਾਰ, ਨਾਮ ਹੁਲਾਰਾ ਇਕ ਰਖਾਈਆ । ਆਪੇ ਗੁਰਸਿਖ ਸਾਚੇ ਸਾਚੇ ਬੇੜੇ ਦੇਵੇ ਚਾੜ੍ਹ, ਮੰਝਧਾਰ ਨਾ ਕੋਈ ਰੁੜ੍ਹਾਈਆ । ਆਪੇ ਗੁਰਸਿਖਾਂ ਫੜ ਫੜ ਲਾਏ ਪਾਰ, ਆਦਿ ਜੁਗਾਦੀ ਸੇਵ ਕਮਾਈਆ । ਜਗਤ ਵਿਚੋਲਾ ਬਣੇ ਹਰਿ ਨਿਰੰਕਾਰ, ਸ਼ਬਦ ਢੋਲਾ ਏਕਾ ਗਾਈਆ । ਤੋਲਾ ਬਣੇ ਅਗੰਮ ਅਪਾਰ, ਨਾਮ ਕੰਡਾ ਹੱਥ ਉਠਾਈਆ । ਬਦਲੇ ਚੋਲਾ ਜੋਤੀ ਧਾਰ, ਜੁਗਾ ਜੁਗੰਤਰ ਵੇਸ ਵਟਾਈਆ । ਕੋਟੀ ਕੋਟ ਕਰੇ ਵਿਚਾਰ, ਕੋਟੀ ਕੋਟ ਜੀਵ ਤਰਾਈਆ । ਸ਼ਬਦ ਸੋਟੀ ਹੱਥ ਫੜ ਨਿਰੰਕਾਰ, ਨੌ ਖੰਡ ਪ੍ਰਿਥਮੀ ਫੇਰਾ ਪਾਈਆ । ਸੱਤਾਂ ਦੀਪਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਕੂਕ ਦਏ ਦੁਹਾਈਆ । ਸ੍ਰਿਸ਼ਟ ਸਬਾਈ ਜੀਵ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਮੂਰਖ ਮੂੜੇ ਸੁਤੇ ਪੈਰ ਪਸਾਰ, ਪੁਰਖ ਅਕਾਲ ਮਿਲਿਆ ਨਾ ਕਿਸੇ ਥਾਈਆ । ਚਾਰੇ ਵਰਨ ਰੋਵਣ ਜ਼ਾਰੋ ਜ਼ਾਰ, ਸਾਚੀ ਮਿਲੇ ਨਾ ਕੋਈ ਸਰਨਾਈਆ । ਅਠਾਰਾਂ ਬਰਨ ਕਰਨ ਪੁਕਾਰ, ਮਿਲਿਆ ਮੇਲ ਨਾ ਪੀਆ ਪ੍ਰੀਤਮ ਸਾਚੇ ਮਾਹੀਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਜੁਗ ਕਰਤਾ ਆਪਣਾ ਵੇਸ ਆਪ ਧਰਾਈਆ । ਸ਼ਬਦ ਅਗੰਮੀ ਅਗੰਮ ਜੈਕਾਰ, ਦੋ ਜਹਾਨਾਂ ਆਪ ਸੁਣਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਆਪਣਾ ਨਾਉਂ ਰਖਾਈਆ । ਜੋਤੀ ਜਾਮਾ ਵਿਚ ਸੰਸਾਰ, ਰਮਈਆ ਰਾਮਾ ਵੇਸ ਵਟਾਈਆ । ਘਨਈਆ ਸ਼ਾਮਾ ਪਾਵੇ ਸਾਰ, ਨਾਮ ਬੰਸਰੀ ਇਕ ਵਜਾਈਆ । ਈਸਾ ਮੂਸਾ ਕਾਲਾ ਸੂਸਾ ਕਰੇ ਤਨ ਸ਼ੰਗਾਰ, ਤਨ ਅਲਫ਼ੀ ਇਕ ਹੰਢਾਈਆ । ਸੰਗ ਮੁਹੰਮਦ ਵੇਖੇ ਚਾਰ ਯਾਰ, ਅੱਲਾ ਰਾਣੀ ਮੁਖ ਘੁੰਘਟ ਦਏ ਉਠਾਈਆ । ਨਾਨਕ ਨਿਰਗੁਣ ਏਕਾ ਨਾਮ ਸਤਿ ਕਰੇ ਜੈਕਾਰ, ਸਤਿ ਨਾਮ ਸੱਚੀ ਸਰਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪਿਆਰ, ਦੂਈ ਦਵੈਤੀ ਨਾ ਕੋਈ ਰਖਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਏਕ ਖ਼ੁਦਾਈਆ । ਖ਼ਾਲਕ ਖ਼ਲਕ ਰਿਹਾ ਪਸਾਰ, ਖ਼ਲਕ ਖ਼ਾਲਕ ਵੇਖੇ ਬੇਪਰਵਾਹੀਆ । ਆਦਿ ਜੁਗਾਦੀ ਜਾਣੇ ਆਪਣੀ ਕਾਰ, ਜੁਗ ਜੁਗ ਸੇਵਕ ਸੇਵਾ ਆਪ ਵਖਾਈਆ । ਕਲਜੁਗ ਰੈਣ ਅੰਧੇਰੀ ਅੰਧ ਅੰਧਿਆਰ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਰਾਜ ਰਾਜਾਨ ਨਾ ਕਰੇ ਕੋਈ ਵਿਚਾਰ, ਗ਼ਰੀਬ ਨਿਮਾਣੇ ਰਹੇ ਕੁਰਲਾਈਆ । ਚਾਰੋਂ ਕੁੰਟ ਧੂਆਂਧਾਰ, ਸਾਚਾ ਹਵਨ ਨਾ ਕੋਈ ਵਖਾਈਆ । ਪਵਣ ਸੁਗੰਧੀ ਨਾ ਵਿਚ ਸੰਸਾਰ, ਦੁਰਗੰਧੀ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਖੇਲ ਹਰਿ, ਇਕ ਇਕੱਲਾ ਆਪ ਕਰਾਈਆ । ਇਕ ਇਕੱਲਾ ਪਾਰਬ੍ਰਹਮ, ਬ੍ਰਹਮ ਵੇਖੇ ਲੱਖ ਚੁਰਾਸੀਆ । ਨਾ ਮਰੇ ਨਾ ਪਏ ਜੰਮ, ਜੁਗ ਜੁਗ ਖੇਲੇ ਖੇਲ ਤਮਾਸਿਆ । ਆਦਿ ਜੁਗਾਦੀ ਆਪਣਾ ਕੰਮ, ਕਰੇ ਕਰਾਏ ਮੰਡਲ ਰਾਸੀਆ । ਗਗਨ ਪਤਾਲ ਰਖਾਏ ਬਿਨ ਬਿਨ ਥੰਮ, ਅਗਨ ਜੋਤ ਜੋਤ ਪਰਕਾਸਿਆ । ਜੁਗ ਜੁਗ ਦੇਵਣਹਾਰਾ ਡੰਨ, ਲੱਖ ਚੁਰਾਸੀ ਵੇਖੇ ਜਮ ਕੀ ਫਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਘਨਕ ਪੁਰ ਵਾਸੀਆ । ਇਕ ਇਕੱਲਾ ਘਨਕ ਪੁਰ ਵਾਸ, ਸਾਚੀ ਪੁਰੀ ਆਪ ਸੁਹਾਈਆ । ਨਿਰਗੁਣ ਸਰਗੁਣ ਹੋਇਆ ਦਾਸੀ ਦਾਸ, ਦਾਸ ਦਾਸੀ ਸੇਵ ਕਮਾਈਆ । ਬਵੰਜਾ ਅੱਖਰ ਪਵਣ ਸਵਾਸ, ਸਰਬ ਮਾਸ ਬੀਤ ਬਤਾਈਆ । ਪੈਂਤੀਸ ਅੱਖਰ ਤ੍ਰੈਗੁਣ ਵੇਖ ਰਾਸ, ਜਗਤ ਰਚਨਾ ਆਪ ਰਚਾਈਆ । ਏਕਾ ਸਾਤਾ ਅੰਦਰ ਕਰ ਕਰ ਵਾਸ, ਦਸ ਸੱਤ ਕਰੇ ਰੁਸ਼ਨਾਈਆ । ਲੇਖਾ ਜਾਣੇ ਪ੍ਰਿਥਮੀ


੧੧੨੧
੦੯

ਅਕਾਸ਼, ਪ੍ਰਿਥਮ ਆਪਣਾ ਆਪ ਪਰਗਟਾਈਆ । ਚਰਨਾ ਹੇਠ ਦਬਾਏ ਕਰੇ ਖੇਲ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਈਆ । ਇਕ ਇਕੱਲਾ ਜੁਗਾ ਜੁਗੰਤਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੋਕਮਾਤ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਸ਼ਬਦ ਜਣਾਏ ਸਾਚਾ ਮੰਤਰ, ਧੁਰ ਦੀ ਬਾਣੀ ਆਪ ਅਲ੍ਹਾਈਆ । ਲੇਖਾ ਜਾਣੇ ਸਰਬ ਜੀ ਅੰਤਰ, ਘਟ ਘਟ ਬੈਠਾ ਸੇਜ ਹੰਢਾਈਆ । ਲੇਖਾ ਜਾਣੇ ਗਗਨ ਗਗਨੰਤਰ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਬੇਪਰਵਾਹੀਆ । ਸ਼ਬਦ ਅਗੰਮਾ ਬਣ ਮਲਾਹ, ਲੋਕਮਾਤ ਫੇਰਾ ਪਾਇੰਦਾ । ਇਕ ਅਕੱਲਾ ਜਗਤ ਮਲਾਹ, ਜੁਗ ਜੁਗ ਬੇੜਾ ਆਪ ਚਲਾਇੰਦਾ । ਸ਼ਬਦੀ ਸ਼ਬਦ ਦਏ ਸਲਾਹ, ਸਾਚਾ ਮਾਰਗ ਇਕ ਵਖਾਇੰਦਾ । ਆਪਣਾ ਪਰਗਟਾਏ ਆਪੇ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਆਪੇ ਵਸੇ ਹਰ ਘਟ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਆਪੇ ਕਰੇ ਸਚ ਨਿਆਂ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਆਪੇ ਜਨ ਭਗਤਾਂ ਪਕੜੇ ਬਾਂਹ, ਲੱਖ ਚੁਰਾਸੀ ਵਿਚੋਂ ਬਾਹਰ ਕਢਾਇੰਦਾ । ਆਪੇ ਹੰਸ ਬਣਾਏ ਫੜ ਫੜ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਆਪੇ ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਆਪੇ ਹੰਕਾਰੀਆਂ ਦੇਵੇ ਗੜ੍ਹ ਤੁੜਾ, ਨਾਮ ਖੰਡਾ ਹੱਥ ਚਮਕਾਇੰਦਾ । ਆਪੇ ਬ੍ਰਹਿਮੰਡਾਂ ਵੇਖੇ ਠੰਡੀ ਛਾਂ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਇਕ ਇਕੱਲਾ ਕਾਰ ਕਮਾਇੰਦਾ, ਕਰਤਾ ਪੁਰਖ ਕਰਤਾਰ । ਚਾਰ ਵੇਦ ਭੇਵ ਨਾ ਆਇੰਦਾ, ਬ੍ਰਹਮਾ ਚਾਰੇ ਮੁਖ ਰਿਹਾ ਪੁਕਾਰ । ਜੁਗਾ ਜੁਗੰਤਰ ਆਪਣੀ ਕਲ ਵਰਤਾਇੰਦਾ, ਅਕਲ ਕਲ ਖੇਲ ਅਪਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਸ੍ਰਿਸ਼ਟ ਸਬਾਈ ਪਾਵੇ ਸਾਰ । ਨਿਹਕਲੰਕਾ ਨਾਉਂ ਧਰਾਇੰਦਾ, ਨਿਰਗੁਣ ਸਰਗੁਣ ਲਏ ਅਵਤਾਰ । ਸਰਗੁਣ ਆਪਣੇ ਲੇਖੇ ਲਾਇੰਦਾ, ਪੰਜ ਤਤ ਨਾ ਕੋਈ ਪਿਆਰ । ਏਕਾ ਸ਼ਬਦੀ ਡੰਕ ਵਜਾਇੰਦਾ, ਸੁਣੇ ਸੁਣਾਏ ਸੁਣਨੇਹਾਰ । ਰਾਓ ਰੰਕਾਂ ਆਪ ਜਗਾਇੰਦਾ, ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਗੁਰੂ ਗੁਰ ਆਪ ਅਖਵਾਇੰਦਾ । ਕਲਜੁਗ ਅੰਤਮ ਨਿਰਗੁਣ ਨਿਰਵੈਰ ਬਣੇ ਇਕ ਮਲਾਹ, ਬੇਪਰਵਾਹ ਬੇੜਾ ਆਪ ਚਲਾਇੰਦਾ । ਸੰਤ ਸਹੇਲੇ ਗੁਰੂ ਗੁਰ ਚੇਲੇ ਪਕੜੇ ਬਾਂਹ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਗੁਰਸਿਖ ਗੋਦ ਉਠਾਏ ਜਿਉਂ ਬਾਲਕ ਮਾਂ, ਨਿਤ ਨਵਿਤ ਵੇਖ ਵਖਾਇੰਦਾ । ਭਾਗ ਲਗਾਏ ਨਗਰ ਖੇੜਾ ਕਾਇਆ ਗਰਾਂ, ਨੌਂ ਦਵਾਰੇ ਖੋਜ ਖੁਜਾਇੰਦਾ । ਸੁਰਤ ਸਵਾਣੀ ਸ਼ਬਦ ਹਾਣੀ ਦਏ ਮਿਲਾ, ਅੰਮ੍ਰਿਤ ਆਤਮ ਠੰਡਾ ਪਾਣੀ ਮੁਖ ਚੁਆਇੰਦਾ । ਧੁਰ ਦੀ ਬਾਣੀ ਸ਼ਬਦ ਦਏ ਸੁਣਾ, ਅਨਹਦ ਸਾਚਾ ਤਾਲ ਵਜਾਇੰਦਾ । ਜਮ ਕੀ ਫ਼ਾਸੀ ਦਏ ਕਟਾ, ਰਾਏ ਧਰਮ ਨੇੜ ਨਾ ਆਇੰਦਾ । ਚਾਰੇ ਖਾਣੀ ਲੇਖਾ ਦਏ ਚੁਕਾ, ਮਾਤ ਗਰਭ ਨਾ ਫੇਰ ਫਿਰਾਇੰਦਾ । ਬ੍ਰਹਮ ਪਾਰਬ੍ਰਹਮ ਦਏ ਮਿਲਾ, ਮੇਲ ਵਿਛੋੜਾ ਆਪਣੇ ਹੱਥ ਰਖਾਇੰਦਾ । ਮਾਨਸ ਜਨਮ ਲੇਖੇ ਲਾ, ਗੁਰਮੁਖ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰ ਘਟ ਆਪੇ ਵੇਖ ਵਖਾਇੰਦਾ । ਹਰਿਜਨ ਹਰਿ ਦਰਸ ਦਰਸਾਇਆ, ਕਿਰਪਾ ਕਰ ਗੁਣ ਨਿਧਾਨ । ਗ਼ਰੀਬ ਨਿਮਾਣੇ ਗਲੇ ਲਗਾਇਆ, ਆਦਿ ਜੁਗਾਦੀ ਧੁਰ ਦੀ ਬਾਣ । ਏਕਾ ਅੱਖਰ ਨਾਮ ਪੜ੍ਹਾਇਆ, ਨਿਸ਼ਅੱਖਰ

੧੧੨੨

ਕਰ ਪਰਧਾਨ । ਬਜਰ ਕਪਾਟੀ ਪੱਥਰ ਤੋੜ ਤੁੜਾਇਆ, ਫੜ ਸ਼ਬਦ ਤੀਰ ਕਮਾਨ । ਪੰਚ ਵਿਕਾਰਾ ਸੱਥਰ ਲਾਹਿਆ, ਮਨੂਆ ਉਠੇ ਨਾ ਨੌਜਵਾਨ । ਮਤ ਮਤਵਾਲੀ ਡੇਰਾ ਢਾਹਿਆ, ਬੁਧੀ ਵੇਖੇ ਚਰਨ ਧਿਆਨ । ਸਤਿਗੁਰ ਪੂਰਾ ਕਾਇਆ ਖੇੜਾ ਆਪ ਵਸਾਇਆ, ਸ਼ਬਦ ਜਣਾਏ ਸੱਚੀ ਧੁਨਕਾਨ । ਘਰ ਮੰਦਰ ਰਾਗ ਇਕ ਅਲਾਇਆ, ਮਿਲ ਸਖ਼ੀਆਂ ਮੰਗਲ ਗਾਨ । ਸਾਚੀ ਸੇਜਾ ਆਪ ਸੁਹਾਇਆ, ਦਸਮ ਦੁਆਰੀ ਹੋ ਪਰਧਾਨ । ਸੁਰਤ ਸਵਾਣੀ ਸ਼ਬਦ ਮਿਲਾਇਆ, ਏਕਾ ਹਾਣੀ ਮਿਲਿਆ ਹਾਣ । ਜੋਬਨ ਜਵਾਨੀ ਇਕ ਵਖਾਇਆ, ਬਾਲ ਬੁੜੇਪਾ ਨਾ ਕੋਈ ਨਿਸ਼ਾਨ । ਅੰਮ੍ਰਿਤ ਪਾਣੀ ਮੁਖ ਚੁਆਇਆ, ਨਿਝਰ ਝਿਰਨਾ ਝਿਰੇ ਮਹਾਨ । ਕਵਲ ਕਵਲਾ ਆਪ ਭਵਾਇਆ, ਗੁਰਮੁਖਾਂ ਦੇਵੇ ਸਾਚਾ ਦਾਨ । ਬ੍ਰਹਮ ਪਾਰਬ੍ਰਹਮ ਮਿਲਾਇਆ, ਨਾਲ ਰਲਾਇਆ ਸ੍ਰੀ ਭਗਵਾਨ । ਜਨਮ ਮਰਨ ਵਿਚ ਨਾ ਆਇਆ, ਨਾਤਾ ਤੁਟਾ ਦੋ ਜਹਾਨ । ਜਿਸ ਜਨ ਸਤਿਗੁਰ ਪੂਰਾ ਦਰਸ਼ਨ ਪਾਇਆ, ਦਰਗਾਹ ਸਾਚੀ ਹੋਏ ਪਰਵਾਨ । ਸਚਖੰਡ ਦੁਆਰੇ ਆਪ ਬਹਾਇਆ, ਧਰਮ ਦਿਖਾਏ ਇਕ ਨਿਸ਼ਾਨ । ਸਚ ਨਿਸ਼ਾਨਾ ਆਪ ਝੁਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਇਕ ਇਕੱਲਾ ਹੋਏ ਨਿਗਹਬਾਨ ।

## ✻ ੨੬ ਭਾਦਰੋਂ ੨੦੧੭ ਬਿਕ੍ਰਮੀ ਬੀਬੀ ਹਰਨਾਮ ਕੌਰ ਪਿੰਡ ਤਲਵੰਡੀ ਜ਼ਿਲਾ ਫੀਰੋਜ਼ ਪੁਰ ✻

ਪੁਰਖ ਅਕਾਲ ਸਰਬ ਜੀਆਂ ਦਾਤਾ, ਆਦਿ ਜੁਗਾਦਿ ਸਮਾਇੰਦਾ । ਜੁਗਾ ਜੁਗੰਤਰ ਮੇਟੇ ਅੰਧੇਰੀ ਰਾਤਾ, ਨਿਰਗੁਣ ਜੋਤੀ ਜੋਤ ਜਗਾਇੰਦਾ । ਸ਼ਬਦ ਜਣਾਏ ਅਗੰਮੀ ਗਾਥਾ, ਧੁਰ ਮੰਤਰ ਨਾਮ ਦ੍ਰਿੜਾਇੰਦਾ । ਜਨ ਭਗਤਾਂ ਨਿਭਾਏ ਸਗਲਾ ਸਾਥਾ, ਸਗਲਾ ਸੰਗ ਆਪ ਹੋ ਜਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਪੂਰਬ ਕਰਮਾਂ ਵੇਖ ਵਖਾਇੰਦਾ । ਚਰਨ ਸਰੋਵਰ ਸਚ ਵਖਾਏ ਤੀਰਥ ਤਾਟਾ, ਦੁਰਮਤ ਮੈਲ ਮੈਲ ਧਵਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਨਰ ਨਰਾਇਣ ਖੇਲ ਖਿਲਾਇੰਦਾ । ਚਾਰ ਵਰਨ ਕਰਾਏ ਉਤਮ ਜ਼ਾਤਾ, ਵਰਨ ਗੋਤ ਨਾ ਕੋਇ ਵਖਾਇੰਦਾ । ਅਨਹਦ ਸ਼ਬਦ ਅਨਾਦੀ ਧੁਨ ਅਗੰਮੀ ਪੂਜਾ ਪਾਠਾ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਪੁਰਖ ਅਕਾਲ ਸਰਬ ਗੁਣਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਜੋਤੀ ਨੂਰ ਸ੍ਰੀ ਭਗਵੰਤ, ਆਦਿ ਨਿਰੰਜਣ ਵਡ ਵਡਿਆਈਆ । ਦਰਗਹਿ ਸਾਚਾ ਧਾਮ ਸੁਹੰਤ, ਸਚਖੰਡ ਦਵਾਰੇ ਸੋਭਾ ਪਾਈਆ । ਨਿਰਾਕਾਰ ਬਣਾਏ ਆਪਣੀ ਬਣਤ, ਦੂਸਰ ਸੰਗ ਨਾ ਕੋਇ ਵਖਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਪੰਜ ਤਤ ਫੁਲ ਫਲਵਾੜੀ ਵੇਖੇ ਰੁਤ ਬਸੰਤ, ਪਤ ਡਾਲ੍ਹੀ ਆਪ ਮਹਿਕਾਈਆ । ਲੇਖਾ ਜਾਣੇ ਜੀਵ ਜੰਤ, ਪਕੜ ਉਠਾਏ ਸਾਚੇ ਸੰਤ, ਧੁਰ ਦੀ ਬਾਣੀ ਬਾਣ ਲਗਾਈਆ । ਗੜ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਨਾਤਾ ਤੋੜੇ ਭੁੱਖ ਨੰਗਤ, ਸਚ ਸੁੱਚ ਇਕ ਵਰਤਾਈਆ । ਮੇਲ ਮਿਲਾਵਾ ਸਾਚੀ ਸੰਗਤ, ਵੇਖ ਵਖਾਏ ਥਾਉਂ ਥਾਈਆ । ਨਾਮ ਚਾੜ੍ਹੇ ਸਾਚੀ ਰੰਗਤ, ਰੰਗ ਮਜੀਠੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਈਆ । ਪੁਰਖ ਅਕਾਲ ਪਾਰਬ੍ਰਹਮ ਸ੍ਰੀ ਭਗਵਾਨ, ਭੇਵ ਕੋਇ ਨਾ ਆਇੰਦਾ । ਅਬਿਨਾਸ਼ੀ ਕਰਤਾ ਨਾ ਮਰੇ

ਨਾ ਪਏ ਜੰਮ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਆਦਿ ਜੁਗਾਦਿ ਜਾਣੇ ਆਪਣਾ ਕੰਮ, ਕਰਤਾ ਪੁਰਖ ਰੂਪ ਅਨੂਪ ਆਪ ਧਰਾਇੰਦਾ । ਸਚਖੰਡ ਨਿਵਾਸੀ ਸਾਚੇ ਤਖ਼ਤ ਬਰਾਜ ਕਰੇ ਆਪਣਾ ਕੰਮ, ਕਰਨੀ ਕਿਰਤ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣੀ ਧਾਰ ਚਲਾਇੰਦਾ । ਪੁਰਖ ਅਕਾਲ ਠਾਂਡਾ ਦਰਬਾਰਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਇਕ ਇਕੱਲਾ ਏਕੰਕਾਰਾ, ਨਿਰਗੁਣ ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮੀ ਹੁਕਮ ਆਪ ਵਰਤਾਇੰਦਾ । ਥਿਰ ਘਰ ਵਾਸੀ ਖੋਲ੍ਹ ਕਿਵਾੜਾ, ਏਕਾ ਰੂਪ ਆਪ ਪਰਗਟਾਇੰਦਾ । ਲੋਆਂ ਪੁਰੀਆਂ ਦਏ ਸਹਾਰਾ, ਬ੍ਰਹਿਮੰਡ ਖੰਡ ਆਪਣਾ ਬੰਧਨ ਪਾਇੰਦਾ । ਰਵ ਸਸ ਕਰ ਉਜਿਆਰਾ, ਜੋਤੀ ਨੂਰ ਡਗਮਗਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਤੁਰੀਆ ਰਾਗ ਆਪ ਅਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਅੰਸ ਬੰਸ ਆਪ ਸੁਹਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਚਮ ਪੰਚਮ ਜੋੜ ਜੁੜਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਘਰ ਵਿਚ ਘਰ ਕਰ ਤਿਆਰਾ, ਘਰ ਮੰਦਰ ਸੋਭਾ ਪਾਇੰਦਾ । ਦੀਪਕ ਜੋਤੀ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਹਰਿ ਸ਼ਬਦ ਅਨਾਦ ਸੱਚੀ ਧੁਨਕਾਰਾ, ਅਨਹਦ ਸਾਚਾ ਤਾਲ ਵਜਾਇੰਦਾ । ਸਰ ਸਰੋਵਰ ਅੰਮ੍ਰਿਤ ਠੰਡੀ ਠਾਰਾ, ਕਵਲ ਨਾਭੀ ਆਪ ਰਖਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੁਗਾ ਜੁਗੰਤਰ ਵਰਤੇ ਵਰਤਾਵੇ ਵਿਚ ਸੰਸਾਰਾ, ਗੁਰ ਪੀਰ ਅਵਤਾਰ ਆਪਣਾ ਨਾਉਂ ਧਰਾਇੰਦਾ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਧਾਰ ਅਵੱਲੀ ਇਕ ਵਖਾਇੰਦਾ । ਸੰਤ ਭਗਤ ਭਗਵੰਤ ਮੇਲ ਮਲਾਏ ਆਪਣੀ ਵਾਰਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਗੁਰਸਿਖਾਂ ਵਖਾਏ ਸਚ ਦਵਾਰਾ, ਬੰਦ ਕਿਵਾੜਾ ਆਪ ਖੁਲਾਇੰਦਾ । ਗੁਰਮੁਖ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਏਕਾ ਬਖ਼ਸ਼ੇ ਸ਼ਬਦ ਭੰਡਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਲੇਖਾ ਜਾਣੇ ਲਿਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਪੁਰਖ ਅਕਾਲ, ਦੀਨਾ ਬੰਧਪ ਦੀਨ ਦਿਆਲ, ਸਗਲਾ ਸੰਗ ਆਪ ਨਿਭਾਇੰਦਾ । ਸਗਲਾ ਸੰਗ ਸਤਿਗੁਰ ਮੀਤ, ਪੁਰਖ ਅਕਾਲ ਨਿਭਾਈਆ । ਆਦਿ ਜੁਗਾਦੀ ਸਾਚੀ ਰੀਤ, ਜੁਗਾ ਜੁਗੰਤਰ ਆਪ ਚਲਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਗੁਰਮੁਖ ਵਿਰਲੇ ਬਖਸ਼ੇ ਚਰਨ ਪ੍ਰੀਤ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਸ਼ਬਦ ਸੁਣਾਏ ਸੁਹਾਗੀ ਗੀਤ, ਧੁਨ ਆਤਮਕ ਆਪ ਵਜਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਈਆ । ਕਾਇਆ ਕਰੇ ਠੰਡੀ ਸੀਤ, ਪੰਜ ਤਤ ਅਗਨੀ ਆਪ ਬੁਝਾਈਆ । ਲੇਖਾ ਜਣਾਏ ਦੇਹੁਰਾ ਮੰਦਰ ਮਸੀਤ, ਘਰ ਹਰਿ ਮੰਦਰ ਦਏ ਵਖਾਈਆ । ਸਤਿਗੁਰ ਪੂਰਾ ਵਸਿਆ ਧਾਮ ਅਨਡੀਠ, ਆਤਮ ਸੇਜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕੁਦਰਤ ਕਾਦਰ ਵੇਖ ਵਖਾਈਆ । ਵੇਖਣਹਾਰਾ ਪੁਰਖ ਅਕਾਲਾ, ਜੁਗਾ ਜੁਗੰਤਰ ਵੇਖ ਵਖਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਲੋਕਮਾਤ ਵੇਖ ਵਖਾਇੰਦਾ । ਨਿਰਗੁਣ ਸਰਗੁਣ ਦੱਸੇ ਰਾਹ ਸੁਖ਼ਾਲਾ, ਸ਼ਬਦ ਅਗੰਮੀ ਮਾਰਗ ਆਪੇ ਪਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਆਪਣੀ ਸੇਵ ਕਮਾਇੰਦਾ । ਨਾਤਾ ਤੋੜੇ ਜਗਤ ਜੰਜਾਲਾ, ਲੱਖ ਚੁਰਾਸੀ ਵੇਖ ਵਖਾਇੰਦਾ । ਚਰਨ ਕਵਲ ਰਖਾਏ ਕਾਲ ਮਹਾਂਕਾਲਾ, ਹੁਕਮੀ ਹੁਕਮ ਆਪ

ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਵਿਚ ਸੰਸਾਰ, ਦੂਸਰ ਸੰਗ ਨਾ ਕੋਇ ਰਖਾਇੰਦਾ । ਪੁਰਖ ਅਕਾਲ ਖੇਲ ਅਪਾਰਾ, ਨਿਰੰਕਾਰਾ ਆਪ ਕਰਾਈਆ । ਸਤਿਜੁਗ ਤ੍ਰੇਤਾ ਲੈ ਅਵਤਾਰਾ, ਦਵਾਪਰ ਨਿਰਗੁਣ ਜੋਤ ਜੋਤ ਸਮਾਈਆ । ਪੰਜ ਤਤ ਸ਼ਬਦ ਭੰਡਾਰਾ, ਆਪ ਆਪਣਾ ਕਰ ਤਿਆਰਾ, ਆਪਣਾ ਨਾਅਰਾ ਦਏ ਸੁਣਾਈਆ । ਖੇਲੇ ਖੇਲ ਖੇਲਣਹਾਰਾ, ਰੂਪ ਅਨੂਪ ਵੱਡੀ ਵਡਿਆਈਆ । ਕਲਜੁਗ ਅੰਤਮ ਹੋ ਉਜਿਆਰਾ, ਨੂਰ ਇਲਾਹੀ ਡਗਮਗਾਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਮੁਕਾਮੇ ਹੱਕ ਵੱਜੀ ਵਧਾਈਆ । ਲਾਸ਼ਰੀਕ ਵਸੇ ਸਭ ਤੋਂ ਬਾਹਰਾ, ਅਨਭਵ ਆਪਣਾ ਰੂਪ ਦਰਸਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਏਕਾ ਕਲਮਾ ਨਬੀ ਪੜ੍ਹਾਈਆ । ਅਮਾਮ ਅਮਾਮਾਂ ਬਣ ਵਰਤਾਰਾ, ਮੁਲਾਂ ਸ਼ੇਖ਼ ਮਸਾਇਕ ਪੀਰ ਏਕਾ ਰਾਹ ਵਖਾਈਆ । ਅੰਜੀਲ ਕੁਰਾਨਾ ਭਰ ਭੰਡਾਰਾ, ਤੀਸ ਬਤੀਸਾ ਰਿਹਾ ਸੁਣਾਈਆ । ਜੁਗਾਂ ਜੁਗੰਤਰ ਸਾਚੀ ਧਾਰਾ, ਲੋਕਮਾਤ ਆਪ ਰਖਾਈਆ । ਨਾਨਕ ਨਿਰਗੁਣ ਕਰ ਪਿਆਰਾ, ਪੰਜ ਤਤ ਜੋਤੀ ਜੋਤ ਜਗਾਈਆ ਸਚਖੰਡ ਨਵਾਸੀ ਖੇਲ ਅਪਾਰਾ, ਥਿਰ ਦਰਬਾਰੇ ਆਪ ਵਖਾਈਆ । ਮੇਲ ਮਿਲਾਵਾ ਕੰਤ ਭਤਾਰਾ, ਦਰ ਘਰ ਸਾਚੇ ਵੱਜੀ ਵਧਾਈਆ । ਪਾਇਆ ਪੁਰਖ ਸੱਚਾ ਭਤਾਰਾ, ਆਦਿ ਜੁਗਾਦਿ ਨਾ ਮਰੇ ਨਾ ਜਾਈਆ । ਮਿਲਿਆ ਮੇਲ ਏਕਾ ਵਾਰਾ, ਵਿਛੜ ਕਦੇ ਨਾ ਜਾਈਆ । ਪੁਰਖ ਅਕਾਲ ਮੀਤ ਮੁਰਾਰਾ, ਨਾਨਕ ਨਿਰਗੁਣ ਵੇਖੇ ਚਾਈਂ ਚਾਈਆ । ਏਕਾ ਮੰਗੇ ਮੰਗ ਦਵਾਰਾ, ਦੇਵਣਹਾਰਾ ਬੇਪਰਵਾਹੀਆ । ਨਾਮ ਸਤਿ ਭਰ ਭੰਡਾਰਾ, ਵਸਤ ਅਮੋਲਕ ਹੱਥ ਫੜਾਈਆ । ਚਾਰ ਵਰਨ ਬਣ ਵਰਤਾਰਾ, ਜੀਵ ਜੰਤ ਲਏ ਤਰਾਈਆ । ਹੰਕਾਰੀਆਂ ਤੋੜੇ ਗੜ੍ਹ ਹੰਕਾਰਾ, ਨਾਮ ਖੰਡਾ ਹੱਥ ਉਠਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸੋਹਣ ਇਕ ਦਵਾਰਾ, ਹਿੰਦੂ ਮੁਸਲਿਮ ਵੰਡ ਨਾ ਕੋਇ ਵੰਡਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਇਕ ਇਕੱਲਾ ਵੇਖ ਵਖਾਈਆ । ਉਚੀ ਕੂਕ ਕਰੇ ਪੁਕਾਰਾ, ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਕਲਜੁਗ ਅੰਤਮ ਹੋਵੇ ਅੰਧ ਅੰਧਿਆਰਾ, ਸੂਰਜ ਚੰਨ ਨਾ ਕੋਈ ਰੁਸ਼ਨਾਈਆ । ਲੱਖ ਚੁਰਾਸੀ ਹੋਏ ਨਾਰ ਵਿਭਚਾਰਾ, ਹਰਿ ਹਰਿ ਕੰਤ ਨਾ ਕੋਇ ਹੰਢਾਈਆ । ਨਾ ਕੋਈ ਦਿਸੇ ਸ਼ਾਹ ਦਵਾਰਾ, ਸਚ ਗੁਲਾਮ ਨਾ ਕੋਈ ਵਡਿਆਈਆ । ਸਾਧ ਸੰਤ ਹੋਏ ਖ਼ਵਾਰਾ, ਹਰਿ ਕੇ ਪੌੜੇ ਨਾ ਕੋਈ ਚੜ੍ਹਾਈਆ । ਅਠਸਠ ਤੀਰਥ ਮਾਰਨ ਨਾਅਰਾ, ਨਰ ਨਰਾਇਣ ਦਿਸ ਨਾ ਆਈਆ । ਧਰਤ ਧਵਲ ਕਰੇ ਪੁਕਾਰਾ, ਨੇਤਰ ਰੋ ਰੋ ਨੀਰ ਵਹਾਈਆ । ਪੁਰਖ ਅਬਨਾਸ਼ੀ ਬੇਐਬ ਪਰਵਰਦਿਗਾਰਾ, ਦਰਗਹਿ ਸਾਚੀ ਬੈਠਾ ਕਰੇ ਖੇਲ ਬੇਪਰਵਾਹੀਆ । ਲੋਕਮਾਤ ਪਾਵੇ ਸਾਰਾ, ਲੋਕ ਚੌਦਾਂ ਚੌਦਾਂ ਤਬਕਾਂ ਚਰਨਾਂ ਹੇਠ ਦਬਾਈਆ । ਬ੍ਰਹਿਮੰਡਾਂ ਖੰਡਾਂ ਦਏ ਹੁਲਾਰਾ, ਬ੍ਰਹਮਾ ਵਿਸ਼ਨ ਸ਼ਿਵ ਲਏ ਉਠਾਈਆ । ਕ੍ਰੋੜ ਤੇਤੀਸਾ ਮਾਰੇ ਮਾਰਾ, ਸੁਰਪਤ ਰਾਜਾ ਇੰਦ ਆਪ ਉਠਾਈਆ । ਏਕਾ ਖੰਡਾ ਤੇਜ਼ ਕਟਾਰਾ, ਨਾਮ ਨਿਧਾਨ ਹੱਥ ਉਠਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰਾ, ਸਤਿ ਸਤਿਵਾਦੀ ਆਪ ਧਰਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਕੋਇ ਅਖਵਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਸ਼ਬਦ ਨਿਸ਼ ਅੱਖਰ ਵੱਖਰ ਕਰੇ ਪੜ੍ਹਾਈਆ । ਕਾਗਦ ਕਲਮ ਨਾ ਲਿਖਣਹਾਰਾ, ਚਾਰੇ ਵੇਦ ਦੇਣ ਗਵਾਹੀਆ । ਪੁਰਾਨ ਅਠਾਰਾਂ ਕਰਨ ਨਿਮਸਕਾਰਾ, ਗੀਤਾ ਗਿਆਨ ਸੀਸ ਝੁਕਾਈਆ । ਅੰਜੀਲ ਕੁਰਾਨ ਰੋਵਣ ਜ਼ਾਰੋ ਜ਼ਾਰ, ਵੇਲਾ ਅੰਤ ਨਾ ਦਿਸੇ ਕੋਈ ਸਹਾਈਆ । ਖਾਣੀ ਬਾਣੀ ਮਾਰੇ ਤੀਰ ਕਰਾਰਾ, ਸ਼ਬਦ ਨਿਸ਼ਾਨਾ

੧੧੨੫

ਆਪ ਲਗਾਈਆ । ਗੁਰਮੁਖ ਸਾਚੇ ਕਰੇ ਪਿਆਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਵਰਤੇ ਵਰਤਾਵੇ ਸ਼ਬਦ ਵਰਤਾਰਾ, ਜੂਠ ਝੂਠ ਦਏ ਮਿਟਾਈਆ । ਚਾਰ ਵਰਨਾਂ ਵਖਾਏ ਇਕ ਦਵਾਰਾ, ਊਚ ਨੀਚ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਖੇਲ ਬ੍ਰਹਮ ਬ੍ਰਹਿਮਾਦਿ, ਸ਼ਬਦ ਅਨਾਦ ਧੁਨ ਵਜਾਈਆ ।

### ❊ ੨੯ ਭਾਦਰੋਂ ੨੦੧੭ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਹਿ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਸੱਚਾ ਪਾਤਸ਼ਾਹ, ਸਤਿ ਸਤਿਵਾਦੀ ਸਤਿ ਸਮਾਇੰਦਾ । ਸੋ ਪੁਰਖ ਨਿਰੰਜਣ ਗੁਣਵੰਤਾ ਬੇਪਰਵਾਹ, ਅਲੱਖ ਅਗੋਚਰ ਆਪਣਾ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਸਿਫ਼ਤ ਸਲਾਹ, ਸਲਾਹੀ ਭੇਵ ਨਾ ਆਇੰਦਾ । ਏਕੰਕਾਰਾ ਨਿਰਗੁਣ ਰੂਪ ਆਪ ਧਰਾ, ਨਿਰਵੈਰ ਆਪਣੀ ਧਾਰ ਬੰਧਾਇੰਦਾ । ਆਦਿ ਨਿਰੰਜਣ ਜੋਤ ਉਜਾਲਾ ਡਗਮਗਾ, ਨੂਰ ਨੁਰਾਨਾ ਆਪ ਅਖਵਾਇੰਦਾ । ਸ੍ਰੀ ਭਗਵਾਨ ਵਸਣਹਾਰਾ ਸਾਚੇ ਥਾਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਅਬਿਨਾਸ਼ੀ ਕਰਤਾ ਇਕ ਉਪਜਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਰਖਾਇੰਦਾ । ਪਾਰਬ੍ਰਹਮ ਆਪੇ ਬਣੇ ਪਿਤਾ ਮਾਂ, ਪੂਤ ਸਪੂਤਾ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਰ ਪਸਾਰ, ਆਪੇ ਵੇਖੇ ਵੇਖਣਹਾਰ, ਨਿਰਗੁਣ ਆਪਣੀ ਕਲ ਵਰਤਾਇੰਦਾ । ਨਿਰਗੁਣ ਰੂਪ ਅਕਲ ਕਲ ਧਾਰ, ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਕਰ ਉਜਿਆਰ, ਨੂਰ ਜ਼ਹੂਰ ਆਪ ਪਰਗਟਾਇੰਦਾ । ਵਸਣਹਾਰਾ ਦਰ ਘਰ ਸੱਚੇ ਦਰਬਾਰ, ਸਚਖੰਡ ਦਵਾਰਾ ਸੋਭਾ ਪਾਇੰਦਾ । ਸਚਖੰਡ ਅੰਦਰ ਖੇਲ ਨਿਆਰ, ਪੁਰਖ ਅਕਾਲ ਆਪ ਕਰਾਇੰਦਾ । ਥਿਰ ਘਰ ਖੋਲ੍ਹੇ ਇਕ ਕਿਵਾੜ, ਆਪ ਆਪਣਾ ਪਰਦਾ ਲਾਹਿੰਦਾ । ਸਾਚਾ ਮੰਦਰ ਕਰ ਤਿਆਰ, ਸ਼ਾਹ ਸੁਲਤਾਨ ਵੇਖ ਵਖਾਇੰਦਾ । ਛੱਪਰ ਛੰਨ ਨਾ ਕੋਇ ਸਹਾਰ, ਬਾਢੀ ਬਣਤ ਨਾ ਕੋਈ ਬਣਾਇੰਦਾ । ਨਿਰਗੁਣ ਦੀਪਕ ਦੀਆ ਕਰ ਉਜਿਆਰ, ਜੋਤੀ ਨੂਰ ਡਗਮਗਾਇੰਦਾ । ਕਮਲਾਪਾਤੀ ਖੇਲ ਨਿਆਰ, ਨਿਝ ਘਰ ਆਪਣੇ ਆਪ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਸਚਖੰਡ ਦਵਾਰਾ, ਸਤਿ ਪੁਰਖ ਨਿਰੰਜਣ ਆਪ ਉਪਾਇੰਦਾ । ਇਕ ਇਕੱਲਾ ਕਰ ਪਸਾਰਾ, ਆਪ ਆਪਣਾ ਬਲ ਰਖਾਇੰਦਾ । ਆਪਣੇ ਨੂਰ ਹੋ ਉਜਿਆਰਾ, ਨੂਰ ਨੂਰ ਵਿਚ ਸਮਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਤਾਜ ਵੇਖ ਵਖਾਇੰਦਾ । ਸਿੰਘਾਸਣ ਬੈਠ ਸੱਚੀ ਸਰਕਾਰਾ, ਹੁਕਮੀ ਹੁਕਮ ਆਪ ਸੁਣਾਇੰਦਾ । ਆਦਿ ਜੁਗਾਦਿ ਵਰਤੇ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਇੰਦਾ । ਖੇਲਣਹਾਰਾ ਪੁਰਖ ਸਮਰਥ, ਇਕ ਇਕੱਲਾ ਏਕੰਕਾਰਿਆ । ਆਪ ਚਲਾਏ ਆਪਣਾ ਰਥ, ਨਿਰਗੁਣ ਰਥਵਾਹੀ ਸ਼ਾਹ ਅਸਵਾਰਿਆ । ਹਰਿ ਕੀ ਮਹਿਮਾ ਕਥਨੀ ਅਕਥ, ਕਥਨੀ ਕਥ ਨਾ ਕਰੇ ਵਿਚਾਰਿਆ । ਦਰਗਹਿ ਸਾਚੀ ਧਾਮ ਨਿਆਰ ਆਪ ਉਪਾਏ ਆਪਣੀ ਵਥ, ਆਪੇ ਵਣਜ ਕਰੇ ਵਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦਰ, ਦਰ ਦਵਾਰ ਕਰੇ ਪਿਆਰਿਆ । ਦਰ ਦੁਆਰ ਸੁਹਾਇੰਦਾ, ਸੋਭਾਵੰਤ ਕਰਤਾਰ । ਸੋ ਪੁਰਖ ਨਿਰੰਜਣ ਵੇਖ ਵਖਾਇੰਦਾ, ਹਰਿ ਪੁਰਖ


੧੧੨੯ ੦੯

ਨਿਰੰਜਣ ਪਾਵੇ ਸਾਰ । ਏਕੰਕਾਰਾ ਭੇਵ ਚੁਕਾਇੰਦਾ, ਆਦਿ ਨਿਰੰਜਣ ਕਰ ਉਜਿਆਰ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਅਬਿਨਾਸ਼ੀ ਕਰਤਾ ਦਏ ਅਧਾਰ । ਪਾਰਬ੍ਰਹਮ ਪ੍ਰਭ ਏਕਾ ਨਾਉਂ ਧਰਾਇੰਦਾ, ਅਜੂਨੀ ਰਹਿਤ ਬੇਐਬ ਪਰਵਰਦਿਗਾਰ । ਸਾਚੇ ਤਖ਼ਤ ਸੋਭਾ ਪਾਇੰਦਾ, ਸ਼ਾਹ ਸੁਲਤਾਨ ਸੱਚੀ ਸਰਕਾਰ । ਆਪਣੀ ਇਛਿਆ ਭਿਛਿਆ ਆਪੇ ਵੇਖ ਵਖਾਇੰਦਾ, ਨਾ ਕੋਈ ਦੂਸਰ ਮੀਤ ਮੁਰਾਰ । ਥਿਰ ਘਰ ਵਾਸੀ ਥਿਰ ਦਰਬਾਰੇ ਰੰਗ ਰੰਗਾਇੰਦਾ, ਰੰਗੇ ਰੰਗ ਅਗੰਮ ਅਪਾਰ । ਅਲੱਖ ਅਲੱਖਣਾ ਆਪਣੀ ਅਲੱਖ ਜਗਾਇੰਦਾ, ਸ਼ਬਦ ਅਗੰਮੀ ਬੋਲ ਜੈਕਾਰ । ਸੁਰ ਤਾਲ ਨਾ ਕੋਈ ਵਜਾਇੰਦਾ, ਸਤਿ ਸਰੂਪੀ ਸਾਚੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਥਿਰ ਘਰ ਵੇਖੇ ਅਗੇ ਖੜ, ਆਪ ਆਪਣਾ ਕਰ ਪਸਾਰ । ਸਚਖੰਡ ਦੁਆਰਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਥਿਰ ਘਰ ਸਾਚੇ ਮੰਦਰ ਬਹਿ ਬਹਿ ਬੋਲਿਆ, ਸ਼ਬਦ ਅਗੰਮੀ ਧੁਰ ਫ਼ਰਮਾਣ । ਨਿਰਗੁਣ ਨਿਰਵੈਰ ਆਪੇ ਬਣੇ ਵਿਚੋਲਿਆ, ਆਪੇ ਵੇਖੇ ਮਾਰ ਧਿਆਨ । ਸਚਖੰਡ ਥਿਰ ਘਰ ਆਪਣੇ ਕੰਡੇ ਆਪੇ ਤੋਲਿਆ, ਤੋਲਣਹਾਰ ਸ੍ਰੀ ਭਗਵਾਨ । ਆਦਿ ਜੁਗਾਦਿ ਰਹੇ ਅਡੋਲਿਆ, ਤਖ਼ਤ ਨਿਵਾਸੀ ਸ਼ਾਹ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਣੇ ਆਪ ਮਲਾਹ, ਖੇਵਟ ਖੇਟਾ ਆਪ ਅਖਵਾ ਰਿਹਾ । ਖੇਵਟ ਖੇਟਾ ਪਾਰਬ੍ਰਹਮ ਕਰਤਾਰਾ, ਏਕਾ ਰੰਗ ਸਮਾਇਆ । ਦਰਗਾਹਿ ਸਾਚੀ ਹੋ ਉਜਿਆਰਾ, ਰੂਪ ਅਨੂਪ ਆਪ ਵਟਾਇਆ । ਸਤਿ ਸਰੂਪੀ ਹੋ ਨਿਆਰਾ, ਅਨਰੰਗ ਰੂਪੀ ਦਿਸ ਨਾ ਆਇਆ । ਆਪ ਆਪਣਾ ਖੋਲ੍ਹੇ ਬੰਦ ਕਿਵਾੜਾ, ਆਪਣਾ ਮੰਦਰ ਆਪ ਸੁਹਾਇਆ । ਆਪੇ ਬਣੇ ਸਾਚਾ ਲਾੜਾ, ਆਪ ਆਪਣਾ ਵੇਸ ਵਟਾਇਆ । ਆਪੇ ਨਾਰੀ ਕੰਤ ਭਤਾਰਾ, ਆਪੇ ਸਾਚੀ ਸੇਜ ਹੰਢਾਇਆ । ਆਪੇ ਦਰ ਮੰਗੇ ਬਣ ਭਿਖਾਰਾ, ਆਪੇ ਲਹਿਣਾ ਝੋਲੀ ਪਾਇਆ । ਆਪੇ ਸ਼ਾਹ ਆਪੇ ਦਾਰਾ, ਆਪੇ ਦਰ ਦਰਬਾਨ ਸੀਸ ਝੁਕਾਇਆ । ਪੁਰਖ ਅਗੰਮ ਅਗੰਮੜੀ ਕਾਰਾ, ਇਕ ਇਕੱਲਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇਆ । ਅਗੰਮ ਅਗੰਮੜੀ ਕਾਰ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਸਤਿ ਸਰੂਪ ਸੱਚੀ ਸਰਕਾਰ, ਸ਼ਬਦ ਅਗੰਮੀ ਨਾਦ ਵਜਾਇੰਦਾ । ਤੁਰੀਆ ਰਾਗ ਕਰ ਤਿਆਰ, ਹਰਿ ਮੰਦਰ ਸਾਚੇ ਸੋਭਾ ਪਾਇੰਦਾ । ਥਿਰ ਘਰ ਖੋਲ੍ਹੇ ਬੰਦ ਕਿਵਾੜ, ਅੰਦਰ ਬਹਿ ਬਹਿ ਮੰਗਲ ਗਾਇੰਦਾ । ਆਪ ਆਪਣਾ ਕਰ ਪਿਆਰ, ਆਪਣਾ ਬੰਧਨ ਆਪੇ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰ, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਦੀਵਾ ਬਾਤੀ ਨਾ ਕੋਈ ਅਧਾਰ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਪਾਰਬ੍ਰਹਮ ਹਰਿ ਪੁਰਖ ਕਰਤਾਰ, ਖ਼ੁਸ਼ੀ ਗ਼ਮ ਨਾ ਕੋਈ ਰਖਾਇੰਦਾ । ਹਰਖ ਸੋਗ ਵਸਿਆ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਦਰਗਹਿ ਸਾਚੀ ਸਚ ਦਵਾਰ , ਸਤਿ ਪੁਰਖ ਨਿਰੰਜਣ ਆਪ ਵਸਾਇਆ । ਸੋ ਪੁਰਖ ਵਸੇ ਇਕ ਇਕੱਲਾ, ਹਰਿ ਪੁਰਖ ਨਿਰੰਜਣ ਰੰਗ ਰੰਗਾਇਆ । ਏਕੰਕਾਰਾ ਸਚ ਸਿੰਘਾਸਣ ਬੈਠਾ ਮਲਾ, ਆਦਿ ਨਿਰੰਜਣ ਕਰੇ ਰੁਸ਼ਨਾਇਆ । ਸ੍ਰੀ ਭਗਵਾਨ ਸ਼ਬਦ ਸਨੇਹੜਾ ਏਕਾ ਘੱਲਾ, ਅਬਿਨਾਸ਼ੀ ਕਰਤਾ ਹੁਕਮੀ ਹੁਕਮ ਆਪ ਵਰਤਾਇਆ । ਪਾਰਬ੍ਰਹਮ ਪ੍ਰਭ ਫੜਿਆ ਪੱਲਾ, ਆਪ ਆਪਣਾ ਅੰਗ ਲਗਾਇਆ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲਧਾਰੀ ਖੇਲ ਖਿਲਾਇਆ । ਆਪਣੀ ਜੋਤੀ ਆਪੇ ਰਲਾ, ਮਾਤ ਪਿਤ ਨਾ ਕੋਈ ਬਣਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸੁਹਾਇਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਕਰੇ ਖੇਲ ਨਾਰੀ ਕੰਤ, ਕੰਤ ਕੰਤੂਲ ਸੇਜ ਹੰਢਾਇੰਦਾ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਨਾ ਕੋਈ ਅਖਵਾਇੰਦਾ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਆਪਣਾ ਬਲ ਧਰਾਇੰਦਾ । ਆਪੇ ਉਪਜਾਏ ਆਪਣਾ ਨਾਉਂ ਮਣੀਆ ਮੰਤ, ਸ਼ਬਦ ਸ਼ਬਦੀ ਨਾਦ ਵਜਾਇੰਦਾ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਭੇਵ ਅਭੇਦ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਬੰਕ ਦਵਾਰਾ ਇਕ ਸੁਹਾਇੰਦਾ । ਬੰਕ ਦਵਾਰ ਸੁਹਾਇਆ, ਹਰਿ ਸਤਿਗੁਰ ਗਹਿਰ ਗੰਭੀਰ । ਆਪ ਆਪਣਾ ਦਰ ਖੁਲਾਇਆ, ਆਪੇ ਵੇਖੇ ਬੇਨਜ਼ੀਰ । ਆਪ ਆਪਣਾ ਘਰ ਵਸਾਇਆ, ਆਪੇ ਸ਼ਾਹ ਆਪੇ ਫ਼ਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਏਕਾ ਘਰ, ਹਰਿ ਮੰਦਰ ਸੋਭਾ ਪਾਇਆ । ਹਰਿ ਮੰਦਰ ਉਚ ਮੁਨਾਰਾ, ਪੁਰਖ ਅਕਾਲ ਆਪ ਉਪਾਇੰਦਾ । ਜੂਨੀ ਰਹਿਤ ਕਰ ਪਸਾਰਾ, ਨਿਰਵੈਰ ਆਸਣ ਲਾਇੰਦਾ । ਮੂਰਤ ਅਕਾਲ ਖੇਲ ਨਿਆਰਾ, ਨਿਰਭੈ ਆਪਣਾ ਵੇਸ ਵਟਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਆਪਣਾ ਹੁਕਮ ਆਪ ਕਰ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਸ਼ਬਦ ਉਠਾਏ ਸੁਤ ਦੁਲਾਰਾ, ਸਾਚੀ ਸੇਵਾ ਇਕ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਸਾਰਾ, ਵਿਸ਼ਨ ਆਪਣੀ ਅੰਸ ਸੁਹਾਇੰਦਾ । ਕਵਲ ਕਵਲਾ ਕਰ ਉਜਿਆਰਾ, ਨਾਭੀ ਏਕਾ ਅੰਮ੍ਰਿਤ ਰਖਾਇੰਦਾ । ਪਾਰਬ੍ਰਹਮ ਬ੍ਰਹਮ ਕਰ ਨਿਆਰਾ, ਨਿਰਗੁਣ ਨਿਰਾਕਾਰਾ ਸਾਚੀ ਵੰਡ ਵੰਡਾਇੰਦਾ । ਲੇਖਾ ਜਾਣੇ ਧੂਆਂਧਾਰਾ, ਸਾਚਾ ਸ਼ੰਕਰ ਆਪ ਪਰਗਟਾਇੰਦਾ । ਤ੍ਰੈ ਤ੍ਰੈ ਮੇਲਾ ਪੁਰਖ ਕਰਤਾਰਾ, ਕਰਤਾ ਪੁਰਖ ਆਪ ਕਰਾਇੰਦਾ । ਆਪੇ ਵਸੇ ਸਭ ਤੋਂ ਬਾਹਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹਿ ਸਾਚੀ ਧਾਮ ਸੁਹਾਇੰਦਾ । ਤ੍ਰੈ ਤ੍ਰੈ ਮੀਤਾ ਇਕ ਅਤੀਤਾ, ਵਿਸ਼ਨ ਬ੍ਰਹਮਾ ਸ਼ਿਵ ਲਏ ਉਪਜਾਈਆ । ਧਾਮ ਵਖਾਏ ਇਕ ਅਨਡੀਠਾ, ਪੁਰਖ ਅਗੰਮ ਵੱਡੀ ਵਡਿਆਈਆ । ਧੁਰ ਦਰਬਾਰਾ ਠਾਂਡਾ ਸੀਤਾ, ਸਾਂਤਕ ਸਤਿ ਸਤਿ ਵਰਤਾਈਆ । ਆਪ ਚਲਾਏ ਆਪਣੀ ਰੀਤਾ, ਰਾਜ ਜੋਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚੇ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਪੁਰਖ ਅਕਾਲ ਖੇਲ ਖਿਲਾਇੰਦਾ । ਨਾਮ ਅਨਾਦੀ ਬੋਲ ਜੈਕਾਰ, ਸਾਚਾ ਨਾਦ ਆਪ ਸੁਣਾਇੰਦਾ । ਸਾਚੀ ਵਸਤ ਅਗੰਮ ਅਪਾਰ, ਵੰਡਣਹਾਰਾ ਵੰਡ ਵੰਡਾਇੰਦਾ । ਤ੍ਰੈਗੁਣ ਮਾਇਆ ਤਤ ਵਿਚਾਰ, ਰਜੋ ਤਮੋ ਸਤੋ ਆਪਣੀ ਇਛਿਆ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚੇ ਘਰ ਹੋ ਪਰਧਾਨ, ਆਪਣੀ ਦਇਆ ਕਮਾਈਆ । ਬ੍ਰਹਮਾ ਵਿਸ਼ਨ ਸ਼ਿਵ ਮਿਲਿਆ ਦਾਨ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਤ੍ਰੈ ਤ੍ਰੈ ਅੰਗ ਲਗਾਈਆ । ਲੱਖ ਚੁਰਾਸੀ ਬ੍ਰਹਮ ਨਿਸ਼ਾਨ, ਘਟ ਭਾਂਡਾ ਆਪ ਬਣਾਈਆ । ਘਰ ਵਿਚ ਘਰ ਸਚ ਮਕਾਨ, ਮਿਹਰਬਾਨ ਆਪ ਉਪਾਈਆ । ਆਦਿ ਜੁਗਾਦੀ ਵੇਖੇ ਨਿਗਹਬਾਨ, ਨਿਰਵੈਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਏਕ ਏਕ ਸੁਹਾਈਆ । ਬ੍ਰਹਮਾ ਵਿਸ਼ਨ ਸ਼ਿਵ ਲੈ ਅਗੰੜਾਈ, ਪ੍ਰਭ ਚਰਨ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਤੇਰੀ ਸਰਨਾਈ, ਹਉਂ ਸੇਵਕ ਭੁੱਲ

੧੧੨੮

ਨਾ ਜਾਇਆ । ਤੂੰ ਕਰਤਾ ਕਰਤਾਰ ਤੇਰੀ ਚਲਨਾ ਹੁਕਮ ਰਜ਼ਾਈ, ਹੁਕਮੀ ਹੁਕਮ ਆਪ ਵਰਤਾਇਆ । ਲੱਖ ਚੁਰਾਸੀ ਤੇਰੀ ਰਚਨਾ ਰਚ ਵੇਖੇ ਥਾਉਂ ਥਾਈਂ, ਥਾਨ ਥਨੰਤਰ ਆਪ ਸੁਹਾਇਆ । ਆਦਿ ਅੰਤ ਪਕੜੀ ਬਾਂਹੀ, ਦੂਸਰ ਦਰ ਨਾ ਕੋਈ ਜਣਾਇਆ । ਜੁਗਾ ਜੁਗੰਤਰ ਰੱਖੀ ਠੰਡੀ ਛਾਈਂ, ਸਮਰਥ ਪੁਰਖ ਤੇਰੀ ਵਡ ਵਡਿਆਇਆ । ਕਵਣ ਵੇਲਾ ਕਰੇ ਨਿਆਂਈ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਹਉਂ ਢਹਿ ਪਏ ਸਰਨਾਇਆ । ਸਰਨ ਸਰਨਾਈ ਤ੍ਰੈ ਤ੍ਰੈ ਮੀਤ, ਦੋਏ ਜੋੜ ਸੀਸ ਝੁਕਾਇਆ । ਏਕਾ ਗਾਇਣ ਤੇਰਾ ਗੀਤ, ਤੇਰਾ ਨਾਮ ਢੋਲਾ ਇਕ ਸੁਣਾਇਆ । ਸਦਾ ਸਹੇਲਾ ਵਸਣਾ ਚੀਤ, ਵਿਸਰ ਕਦੇ ਨਾ ਜਾਇਆ । ਲੋਕਮਾਤ ਚਲੇ ਤੇਰੀ ਰੀਤ, ਤੇਰਾ ਤੇਰੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਜੁਗ ਜੁਗ ਤੇਰੀ ਸੇਵਾ ਲਾ, ਤੇਰਾ ਰੂਪ ਸ੍ਰਿਸ਼ਟ ਸਬਾਈਆ । ਪਾਰਬ੍ਰਹਮ ਬ੍ਰਹਮ ਵੰਡ ਵੰਡਾ, ਆਪਣਾ ਅੰਗ ਕਟਾਈਆ । ਵਿਸ਼ਨੂੰ ਦੇਣਾ ਰਿਜ਼ਕ ਸਬਾ, ਸਿਦਕ ਸਬੂਰੀ ਤੇਰੇ ਹੱਥ ਰਖਾਈਆ । ਸ਼ੰਕਰ ਲੇਖਾ ਦੇਣਾ ਚੁਕਾ, ਅੰਤ ਰਹਿਣ ਨਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਦਏ ਦਵਾ, ਗੇੜਾ ਆਪਣਾ ਆਪ ਰਖਾਈਆ । ਗੁਰ ਪੀਰ ਅਵਤਾਰ ਸਾਧ ਸੰਤ ਲਏ ਉਪਜਾ, ਏਕਾ ਨਾਮ ਸ਼ਬਦ ਕਰੇ ਕੁੜਮਾਈਆ । ਭਗਤ ਭਗਵੰਤ ਵੇਖੇ ਥਾਉਂ ਥਾਂ, ਆਪ ਆਪਣੇ ਲਏ ਜਗਾਈਆ । ਗੁਰਮੁਖਾਂ ਪਕੜੇ ਆਪੇ ਬਾਂਹ, ਜਗਤ ਵਿਛੋੜਾ ਫੰਦ ਕਟਾਈਆ । ਜੁਗ ਜੁਗ ਕਰੇ ਸਚ ਨਿਆਂ, ਸ਼ਾਹ ਸੁਲਤਾਨਾ ਬੇਪਰਵਾਹੀਆ । ਚਿਤਰ ਗੁਪਤ ਲੇਖਾ ਰਿਹਾ ਲਿਖਾ, ਹਰਿ ਹਰਿ ਸਾਚੀ ਸੇਵ ਲਗਾਈਆ । ਰਾਏ ਧਰਮ ਦਏ ਸਜ਼ਾ, ਭੁਲਿਆ ਕੋਇ ਰਹਿਣ ਨਾ ਪਾਈਆ । ਲਾੜੀ ਮੌਤ ਲਏ ਪਰਨਾ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਗੁਰਮੁਖ ਵਿਰਲੇ ਲਏ ਬਚਾ, ਜੁਗ ਜੁਗ ਆਪਣਾ ਮੇਲ ਮਿਲਾਈਆ । ਨਿਸ਼ਅੱਖਰ ਵੱਖਰ ਲਏ ਪੜ੍ਹਾ, ਧੁਨ ਅਨਾਦੀ ਨਾਦ ਵਜਾਈਆ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਲੇਖਾ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਸਾਚਾ ਝੋਲੀ ਪਾਈਆ । ਹਰਿ ਕਰਤਾ ਸ਼ਬਦ ਜਣਾਇੰਦਾ, ਧੁਰਦਰਗਾਹੀ ਅਗੰਮੀ ਬੋਲ । ਵਿਸ਼ਨ ਤੇਰੀ ਸੇਵ ਲਗਾਇੰਦਾ, ਨੌਂ ਨੌਂ ਚਾਰ ਕਰਨਾ ਘੋਲ । ਬ੍ਰਹਮਾ ਤੇਰੀ ਵੰਡ ਵੰਡਾਇੰਦਾ, ਲੱਖ ਚੁਰਾਸੀ ਜਾਣਾ ਮੌਲ । ਸ਼ੰਕਰ ਤੇਰਾ ਕੌਲ ਨਿਭਾਇੰਦਾ, ਲੇਖਾ ਚੁੱਕੇ ਉਪਰ ਧੌਲ । ਰਵ ਸਸ ਤੇਰਾ ਪੰਧ ਮੁਕਾਇੰਦਾ, ਪੁਰਖ ਅਬਿਨਾਸ਼ੀ ਰਹੇ ਅਡੋਲ । ਦੋ ਜਹਾਨਾਂ ਵੇਖ ਵਖਾਇੰਦਾ, ਨਵ ਸਤ ਫੋਲਣ ਲਏ ਫੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਤੋਲੇ ਆਪਣਾ ਤੋਲ । ਹਰਿ ਸਤਿਗੁਰ ਆਪ ਸਮਝਾਇੰਦਾ, ਵਿਸ਼ਨੂੰ ਕਰ ਧਿਆਨ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਲੇਖਾ ਜਾਣੇ ਦੋ ਜਹਾਨ । ਤੇਰਾ ਸਗਲਾ ਸੰਗ ਨਿਭਾਇੰਦਾ, ਮੇਲ ਮਿਲਾਵਾ ਸ੍ਰੀ ਭਗਵਾਨ । ਆਪਣੇ ਅੰਗੀ ਅੰਗ ਰਖਾਇੰਦਾ, ਆਪ ਆਪਣੀ ਦਏ ਪਛਾਣ । ਸਾਚਾ ਨਾਮ ਮਰਦੰਗ ਵਜਾਇੰਦਾ, ਧੁਰ ਦਰਗਾਹੀ ਧੁਰ ਫ਼ਰਮਾਣ । ਸਾਂਗੋ ਪਾਂਗ ਸੇਜ ਵਿਛਾਇੰਦਾ, ਕਵਲ ਨੈਣ ਸਿੰਘਾਸਣ ਵੇਖੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲਾਇੰਦਾ । ਪਾਰਬ੍ਰਹਮ ਬ੍ਰਹਮ ਆਪ ਜਣਾਇਆ, ਏਕਾ ਹੁਕਮ ਸੁਣਾਈਆ । ਨੌਂ ਨੌਂ ਚਾਰ ਤੇਰਾ ਮਰਦੰਗ ਵਜਾਇਆ, ਘਟ ਘਟ ਤੇਰੀ ਜੋਤ

ਕਰੇ ਰੁਸ਼ਨਾਈਆ । ਲੱਖ ਚੁਰਾਸੀ ਮੰਦਰ ਕਾਇਆ ਪਲੰਘ ਵਿਛਾਇਆ, ਸਾਚੀ ਸੇਜਾ ਦਏ ਵਸਾਈਆ । ਪਰਮਾਨੰਦ ਧਾਮ ਵਖਾਇਆ, ਨਿਜਨੰਦ ਵੱਜੇ ਵਧਾਈਆ । ਅਨਹਦ ਸ਼ਬਦ ਮਰਦੰਗ ਤੇਰੇ ਹੱਥ ਫੜਾਇਆ, ਪੁਰਖ ਅਬਿਨਾਸ਼ੀ ਵਜਾਏ ਚਾਈਂ ਚਾਈਆ । ਜਗਤ ਦਵਾਰਾ ਲੰਘ ਤੇਰਾ ਬੰਕ ਸੁਹਾਇਆ, ਸੋਹੇ ਬੰਕ ਇਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਏਕਾ ਬ੍ਰਹਮ ਜਣਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਬੋਲੇ ਸ਼ਬਦ ਜੈਕਾਰ । ਸ਼ੰਕਰ ਅੱਖਰ ਇਕ ਪੜ੍ਹਾਇੰਦਾ, ਨਿਸ਼ਅੱਖਰ ਕਰ ਪਿਆਰ । ਏਕਾ ਚੌਕੜੀ ਜੁਗ ਵੰਡ ਵੰਡਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਲੇ ਕਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪ ਦਵਾਇੰਦਾ, ਲੇਖਾ ਲਿਖੇ ਲਿਖਣਹਾਰ । ਦੂਸਰ ਭੇਵ ਨਾ ਕੋਇ ਰਖਾਇੰਦਾ, ਲਿਖ ਲਿਖ ਸਕੇ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵਕਤ ਆਪ ਸੁਹਾਇੰਦਾ । ਸਾਚਾ ਵੇਲਾ ਅੰਤਮ ਔਣਾ, ਨੌਂ ਨੌਂ ਚਾਰ ਰਹਿਣ ਨਾ ਪਾਈਆ । ਲੱਖ ਚੁਰਾਸੀ ਮੂਲ ਚੁਕੌਣਾ, ਜੋ ਘੜਿਆ ਭੰਨ ਵਖਾਈਆ । ਚਾਰ ਵੇਦ ਕਿਸੇ ਨਾ ਗੌਣਾ, ਪੁਰਾਨ ਅਠਾਰਾਂ ਨਾ ਕੋਇ ਅਲਾਈਆ । ਗੀਤਾ ਗਿਆਨ ਨਾ ਕੋਇ ਦ੍ਰਿੜੌਣਾ, ਅੰਜੀਲ ਕੁਰਾਨ ਨਾ ਕੋਇ ਸੁਣਾਈਆ । ਖਾਣੀ ਬਾਣੀ ਨਾ ਰਾਗ ਅਲੌਣਾ, ਛੱਤੀ ਰਾਗ ਨਾ ਦੇਣ ਗਵਾਹੀਆ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰ ਪੀਰ ਅਵਤਾਰ ਸਾਧ ਸੰਤ ਕੋਈ ਦਿਸ ਨਾ ਔਣਾ, ਚਾਰੋਂ ਕੁੰਟ ਅੰਧੇਰਾ ਛਾਈਆ । ਸ਼ਬਦ ਸੁਹਾਗੀ ਛੰਦ ਕਿਸੇ ਨਾ ਗੌਣਾ, ਘਰ ਘਰ ਵਿਦਿਆ ਜਗਤ ਪੜ੍ਹਾਈਆ । ਸੁਰਤ ਸਵਾਣੀ ਸੀਤਾ ਰਾਮ ਨਾ ਕਿਸੇ ਪਰਨੌਣਾ, ਰਾਧਾ ਕ੍ਰਿਸ਼ਨ ਨਾ ਕੋਇ ਮਿਲਾਈਆ । ਈਸਾ ਮੂਸਾ ਚੋਲੀ ਰੰਗ ਨਾ ਕਿਸੇ ਰੰਗੌਣਾ, ਕਾਲਾ ਸੂਸਾ ਵੇਖੇ ਲੱਗੀ ਸ਼ਾਹੀਆ । ਸੰਗ ਮੁਹੰਮਦ ਚਾਰ ਯਾਰ ਕਲਮਾ ਨਬੀ ਅਮਾਮ ਨਾ ਕਿਸੇ ਪੜ੍ਹੌਣਾ, ਅੱਲਾ ਰਾਣੀ ਨੇਤਰ ਰੋਵੇ ਨੀਰ ਵਹਾਈਆ । ਪੀਰ ਦਸਤਗੀਰ ਸਿਰ ਹੱਥ ਨਾ ਕਿਸੇ ਟਿਕੌਣਾ, ਮੁਲਾਂ ਸ਼ੇਖ਼ ਮਸਾਇਕ ਬੈਠਣ ਮੁਖ ਛੁਪਾਈਆ । ਪੰਡਤ ਪਾਂਧੇ ਗਿਆਨ ਨਾ ਕਿਸੇ ਦ੍ਰਿੜੌਣਾ, ਸਾਚਾ ਮਾਰਗ ਨਾ ਕੋਇ ਰਖਾਈਆ । ਚਾਰ ਵਰਨ ਨਾ ਸਰਨ ਕੋਇ ਤਕੌਣਾ, ਅਠਾਰਾਂ ਬਰਨ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਸਾਚੇ ਮੰਦਰ ਦਿਸ ਕਿਸੇ ਨਾ ਔਣਾ, ਕਾਇਆ ਮੰਦਰ ਨਾ ਕੋਇ ਸੁਹਾਈਆ । ਸਚ ਸਰੋਵਰ ਕਿਸੇ ਨਾ ਨਹੌਣਾ, ਅੰਮ੍ਰਿਤ ਤਾਲ ਨਾ ਕੋਇ ਵਡਿਆਈਆ । ਸਾਚਾ ਚੰਦ ਨਾ ਕਿਸੇ ਚੜ੍ਹੌਣਾ, ਰਵ ਸਸ ਬੈਠਣ ਮੁਖ ਸ਼ਰਮਾਈਆ । ਨਾਰੀ ਕੰਤ ਨਾ ਕਿਸੇ ਹੰਢੌਣਾ, ਵਿਭਚਾਰ ਸਰਬ ਲੋਕਾਈਆ । ਗੁਰ ਇਸ਼ਟ ਦੇਵ ਨਾ ਕਿਸੇ ਮਨੌਣਾ, ਸਤਿ ਸਤਿ ਨਾ ਕੋਇ ਵਰਤਾਈਆ । ਬ੍ਰਹਮ ਤਤ ਨਾ ਕਿਸੇ ਵਟੌਣਾ, ਹੱਡ ਮਾਸ ਨਾੜੀ ਉਬਲੇ ਰਤ ਘਰ ਘਰ ਅਗਨ ਲਗਾਈਆ । ਕਮਲਾਪਤ ਸਾਚੀ ਸੇਜ ਨਾ ਕਿਸੇ ਸੁਹੌਣਾ, ਅੰਗੀਕਾਰ ਨਾ ਕੋਇ ਕਰਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਸਾਚਾ ਸੰਗ ਨਾ ਕਿਸੇ ਨਿਭੌਣਾ, ਚਾਰੇ ਬਾਣੀ ਵੇਖ ਵਖਾਈਆ । ਚਾਰੇ ਜੁਗ ਪੰਧ ਮੁਕੌਣਾ, ਨੌਂ ਨੌਂ ਵੇਲਾ ਦਏ ਵਖਾਈਆ । ਹਉਮੇਂ ਹੰਗਤਾ ਭਰਮਾਂ ਕੰਧ ਕਿਸੇ ਨਾ ਢੌਣਾ, ਦੂਈ ਦਵੈਤੀ ਨਾ ਕੋਇ ਮਿਟਾਈਆ । ਪਰਮਾਨੰਦ ਨਾ ਕਿਸੇ ਸਮੌਣਾ, ਚੌਥੇ ਪਦ ਨਾ ਵੱਜੇ ਵਧਾਈਆ । ਪੰਚਮ ਨਾਦ ਧੁਨ ਸ਼ਬਦ ਕਿਸੇ ਨਾ ਗੌਣਾ, ਸੁੰਜੀ ਸੇਜ ਸ੍ਰਿਸ਼ਟ ਸਬਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਨੇਹਕਰਮੀ ਆਪਣਾ ਕਰਮ ਕਮੌਣਾ, ਆਪਣਾ ਵੇਲਾ ਲਏ ਸੁਹਾਈਆ । ਜੋਤੀ ਜਾਮਾ ਜੋਤ ਜਗੌਣਾ, ਨਿਰਗੁਣ ਨਿਰਗੁਣ ਜੋਤ ਕਰੇ ਰੁਸ਼ਨਾਈਆ । ਵਿਸ਼ਨੂੰ

ਤੇਰਾ ਮਾਣ ਰਖੌਣਾ, ਆਪ ਆਪਣੇ ਅੰਗ ਲਗਾਈਆ । ਬ੍ਰਹਮੇ ਤੇਰਾ ਪੰਧ ਮੁਕੌਣਾ, ਬ੍ਰਹਮ ਪਾਰਬ੍ਰਹਮ ਸਮਾਈਆ । ਸ਼ੰਕਰ ਤਸ਼ਕਾ ਹਾਰ ਲੌਹਣਾ, ਤ੍ਰਸ਼ੂਲ ਹੱਥ ਨਾ ਕੋਇ ਉਠਾਈਆ । ਅੰਤਮ ਜੋਤੀ ਜੋਤ ਮਿਲੌਣਾ, ਜੋਤੀ ਜਾਤਾ ਇਕ ਅਖਵਾਈਆ । ਤਿੰਨਾਂ ਵਚੋਲਾ ਆਪ ਅਖਵੌਣਾ, ਆਦਿ ਜੁਗਾਦਿ ਖੇਲ ਖਿਲਾਈਆ । ਆਪਣਾ ਢੋਲਾ ਆਪੇ ਗੌਣਾ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਹੰ ਬ੍ਰਹਮ ਪ੍ਰਭ ਮੇਲ ਮਿਲੌਣਾ, ਦਰਗਹਿ ਸਾਚੀ ਧਾਮ ਸੁਹਾਈਆ । ਪਿਛਲਾ ਲਹਿਣਾ ਝੋਲੀ ਪੌਣਾ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਪਰਗਟਾਈਆ । ਜੁਗ ਜੁਗ ਖੇਲ ਅਵੱਲੜਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਕਲਜੁਗ ਅੰਤਮ ਪਰਗਟ ਹੋਏ ਇਕ ਇਕੱਲੜਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਜਨ ਭਗਤਾਂ ਫੜਾਏ ਆਪਣਾ ਪਲੜਾ, ਨਾਮ ਪੱਲੂ ਆਪ ਵਖਾਇੰਦਾ । ਸਾਚੇ ਸੰਤਾਂ ਨਾਮ ਸੰਦੇਸ਼ ਏਕਾ ਘਲੜਾ, ਬੋਧ ਅਗਾਧੀ ਸ਼ਬਦ ਜਣਾਇੰਦਾ । ਗੁਰਮੁਖਾਂ ਜੋਤੀ ਸੁਰਤੀ ਸ਼ਬਦੀ ਆਪੇ ਰਲੜਾ, ਆਪ ਆਪਣਾ ਮੇਲ ਮਿਲਾਇੰਦਾ । ਗੁਰਸਿਖਾਂ ਦੱਸੇ ਰਾਹ ਸੁਖ਼ਲੜਾ, ਸੋਹੰ ਅਜਪਾ ਜਾਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਖੇਲ ਖਿਲਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਕੁਦਰਤ ਕਾਦਰ ਵੇਖ ਵਖਾਈਆ । ਕਾਦਰ ਕਰਤਾ ਖੇਲ ਅਪਾਰਾ, ਕਰੇ ਖੇਲ ਬੇਪਰਵਾਹੀਆ । ਮੁਕਾਮੇ ਹੱਕ ਖੋਲ੍ਹ ਕਿਵਾੜਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਅਮਾਮ ਅਮਾਮਾਂ ਸਿਰ ਸ਼ਾਹ ਸਿਕਦਾਰਾ, ਸ਼ਾਹ ਸੁਲਤਾਨਾ ਵਡ ਵਡਿਆਈਆ । ਉਚੀ ਕੂਕ ਬੋਲੇ ਏਕਾ ਨਾਅਰਾ, ਹਕ ਹਕੀਕਤ ਵੇਖੇ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਲਾਈਆ । ਆਪਣਾ ਖੇਲ ਖਿਲਾਇੰਦਾ, ਪਾਰਬ੍ਰਹਮ ਬੇਅੰਤ । ਨੌ ਨੌ ਚਾਰ ਪੰਧ ਮੁਕਾਇੰਦਾ, ਜੁਗਾ ਜੁਗੰਤਰ ਮਹਿਮਾ ਅਗਣਤ । ਕਲਜੁਗ ਅੰਤਮ ਵੇਸ ਵਟਾਇੰਦਾ, ਪਾਰਬ੍ਰਹਮ ਸ੍ਰੀ ਭਗਵੰਤ । ਜੋਤੀ ਜਾਮਾ ਆਪੇ ਪਾਇੰਦਾ, ਸਾਚਾ ਧਾਮ ਸੁਹਾਏ ਸੋਭਾਵੰਤ । ਹਰਿ ਮੰਦਰ ਆਸਣ ਲਾਇੰਦਾ, ਪੁਰਖ ਅਬਿਨਾਸ਼ੀ ਸਾਚਾ ਕੰਤ । ਸੰਬਲ ਨਗਰ ਆਪ ਵਡਿਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਫੜ, ਆਪ ਆਪਣਾ ਮੇਲ ਮਿਲਾਇੰਦਾ । ਹਰਿਜਨ ਸਾਚਾ ਹਰਿ ਜੂ ਫੜਿਆ, ਲੇਖਾ ਲਿਖਤ ਵਿਚ ਨਾ ਆਈਆ । ਨਿਰਗੁਣ ਸਰਗੁਣ ਅੰਦਰ ਵੜਿਆ, ਕਾਇਆ ਮੰਦਰ ਫੋਲ ਫੁਲਾਈਆ । ਡੂੰਘੀ ਭਵਰੀ ਆਪੇ ਖੜਿਆ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਅੰਮ੍ਰਿਤ ਆਤਮ ਸਰ ਸਰੋਵਰ ਵੇਖੇ ਠਾਂਡਾ ਠਰਿਆ, ਕਵਲ ਨਾਭੀ ਮੁਖ ਭਵਾਈਆ । ਅਨਹਦ ਸ਼ਬਦ ਅਨਾਦੀ ਤੂਰ ਆਪ ਵਜਾਏ ਸਾਚੇ ਘਰਿਆ, ਘਰ ਮੰਗਲ ਗੀਤ ਗੋਬਿੰਦ ਅਲਾਈਆ । ਆਪੇ ਗੜ੍ਹ ਹੰਕਾਰੀ ਤੋੜੇ ਸ਼ਬਦ ਖੰਡਾ ਏਕਾ ਫੜਿਆ, ਤਿਖੀ ਧਾਰ ਵਖਾਈਆ । ਬਜਰ ਕਪਾਟੀ ਪਾਰ ਕਰਿਆ, ਆਰ ਪਾਰ ਆਪਣੀ ਖੇਲ ਵਖਾਈਆ । ਆਤਮ ਪਰਮ ਆਤਮ ਆਤਮ ਸੇਜਾ ਆਪੇ ਚੜ੍ਹਿਆ, ਅਨਭਵ ਆਪਣਾ ਰੂਪ ਪਰਗਟਾਈਆ । ਕੰਤ ਸੁਹਾਗੀ ਆਪੇ ਵਰਿਆ, ਵਾਹ ਵਾ ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਨਿਰਗੁਣ ਸਰਗੁਣ ਖੇਲ ਕਰਿਆ, ਸਰਗੁਣ ਨਿਰਗੁਣ ਮੇਲਾ ਏਕਾ ਥਾਈਂਆ । ਦਸਮ ਦਵਾਰੀ ਸੋਹੇ ਦਰਿਆ, ਦਰ ਘਰ ਸਾਚੇ ਮਿਲਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਸਹਿਜ ਸੁਭਾਏ ਹਰਿਜਨ ਮੇਲਿਆ, ਕਰ ਕਿਰਪਾ ਗੁਰ ਕਰਤਾਰ । ਗ੍ਰਿਹ ਮੰਦਰ ਵਸੇ ਗੁਰੂ ਗੁਰ ਚੇਲਿਆ, ਘਰ ਸਾਚੇ ਹੋਏ ਉਜਿਆਰ । ਬ੍ਰਹਮ ਪਾਰਬ੍ਰਹਮ

੧੧੩੧

ਬਣਿਆ ਸੱਜਣ ਸੁਹੇਲਿਆ, ਆਦਿ ਜੁਗਾਦਿ ਕਰੇ ਪਿਆਰ । ਥਿਤ ਵਾਰ ਸੁਹਾਏ ਸਾਚਾ ਵੇਲਿਆ, ਵਕਤ ਸੁਹੰਜਣਾ ਮੀਤ ਮੁਰਾਰ । ਧਾਮ ਵਖਾਏ ਇਕ ਨਵੇਲਿਆ, ਨਿਰਗੁਣ ਵਸੇ ਸਚਖੰਡ ਸੱਚੇ ਦਰਬਾਰ । ਕਲਜੁਗ ਅੰਤਮ ਖੇਲ ਆਪਣਾ ਖੇਲਿਆ, ਅਕਲ ਕਲਧਾਰੀ ਬੇਐਬ ਪਰਵਰਦਿਗਾਰ । ਗੁਰਮੁਖਾਂ ਕੱਟੇ ਧਰਮ ਰਾਏ ਦੀ ਜੇਲਿਆ, ਲੱਖ ਚੁਰਾਸੀ ਉਤਰੇ ਪਾਰ । ਕਰ ਕਿਰਪਾ ਆਪੇ ਮੇਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਬੂੰਦ ਸਵਾਂਤੀ ਬਖ਼ਸ਼ੇ ਠੰਡੀ ਠਾਰ । ਅੰਮ੍ਰਿਤ ਬੂੰਦ ਸ਼ਬਦ ਪਿਆਲਾ, ਸਤਿਗੁਰ ਪੂਰਾ ਆਪ ਪਿਆਇੰਦਾ । ਜੁਗਾ ਜੁਗੰਤ ਬਣੇ ਰਖਵਾਲਾ, ਜਨ ਭਗਤਾਂ ਸੇਵ ਕਮਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਦਇਆਨਿਧ ਗਹਿਰ ਗੁਣ ਸਾਗਰ ਆਪਣੀ ਕਾਰ ਆਪ ਕਮਾਇੰਦਾ । ਕਲਜੁਗ ਅੰਤਮ ਚਲੀ ਅਵੱਲੜੀ ਚਾਲਾ, ਵੇਦ ਕਤੇਬ ਭੇਵ ਨਾ ਪਾਇੰਦਾ । ਸ਼ਬਦ ਗੁਰੂ ਬਣ ਦਲਾਲਾ, ਲੋਕਮਾਤ ਖੇਲ ਖਿਲਾਇੰਦਾ । ਚਰਨਾਂ ਹੇਠ ਦਬਾਏ ਕਾਲ ਮਹਾਂਕਾਲਾ, ਕਲਜੁਗ ਕਾਲੀ ਧਾਰ ਮਿਟਾਇੰਦਾ । ਗੁਰਮੁਖ ਵੇਖੇ ਸਾਚੇ ਲਾਲਾ, ਲਾਲ ਅਨਮੁਲੜੇ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨਾਂ ਵੇਖ ਵਖਾਇੰਦਾ । ਦੋ ਜਹਾਨਾਂ ਵੇਖਣ ਆਇਆ, ਵਿਸ਼ਨੂੰ ਪਾਵੇ ਸਾਰ । ਚਤਰਭੁਜ ਹਰਿ ਖੇਲ ਖਿਲਾਇਆ, ਆਦਿ ਸ਼ਕਤ ਹੋ ਉਜਿਆਰ । ਨਾਦੀ ਸੁਤ ਏਕਾ ਜਾਇਆ, ਸ਼ਬਦੀ ਸ਼ਬਦ ਕਰੇ ਪਿਆਰ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇਆ, ਖੋਜਣਹਾਰਾ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਹਰਿ ਹਰਿ ਲੇਖਾ, ਪਾਰਬ੍ਰਹਮ ਬ੍ਰਹਮ ਵੰਡ ਵੰਡਾਈਆ । ਰੂਪ ਰੰਗ ਨਾ ਦਿਸੇ ਰੇਖਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਮੁਛ ਦਾੜ੍ਹੀ ਨਾ ਦਿਸੇ ਕੇਸਾ, ਮੂੰਡ ਮੁੰਡਾਏ ਨਾ ਸ਼ਹਿਨਸ਼ਾਹੀਆ । ਲੇਖਾ ਚੁਕਾਏ ਵਿਸ਼ਨ ਮਹੇਸ਼ਾ, ਬ੍ਰਹਮਾ ਸ਼ੰਕਰ ਭੇਵ ਨਾ ਰਾਈਆ । ਪੁਰਖ ਅਕਾਲ ਇਕ ਰਖਾਏ ਸਦ ਅਦੇਸਾ, ਦੂਸਰ ਸੀਸ ਨਾ ਕੋਈ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਨੌ ਨੌ ਚਾਰ ਚੌਕੜੀ ਖੇਲ ਮਹਾਨ, ਹਰਿ ਸਾਚਾ ਦਇਆ ਕਮਾਈਆ । ਸ਼ਬਦ ਮਾਰੇ ਤੀਰ ਨਿਸ਼ਾਨ, ਸਚ ਨਿਸ਼ਾਨ ਲਗਾਈਆ । ਕਲਜੁਗ ਮੇਟੇ ਝੂਠ ਦੁਕਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਚੌਦਾਂ ਲੋਕ ਵੇਖੇ ਮਾਰ ਧਿਆਨ, ਤ੍ਰੈ ਤ੍ਰੈ ਆਪਣਾ ਵੇਸ ਵਟਾਈਆ । ਜਨ ਭਗਤਾਂ ਰਾਗ ਸੁਣਾਏ ਕਾਨ, ਧੁਨ ਅਗੰਮੀ ਨਾਦ ਵਜਾਈਆ । ਸਤਿ ਸਰੂਪੀ ਦੇਵੇ ਧੁਰ ਫ਼ਰਮਾਣ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਤ ਮੇਲੇ ਆਪਣੇ ਘਰ, ਗੁਰਮੁਖਾਂ ਚੁਕਾਏ ਜਮ ਕਾ ਡਰ, ਗੁਰਸਿਖ ਲਗਾਏ ਆਪਣੇ ਲੜ, ਆਪਣਾ ਬੰਧਨ ਆਪੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਦੋ ਜਹਾਨ, ਦਾਤਾ ਦਾਨੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਪਾਤਸ਼ਾਹ ਆਪ ਹੋ ਜਾਈਆ ।



### ✻ ੧ ਅਸੂ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✻

ਸੋ ਪੁਰਖ ਨਿਰੰਜਣ ਸ਼ਹਿਨਸ਼ਾਹ, ਇਕ ਇਕੱਲਾ ਖੇਲ ਮਹਾਨ । ਹਰਿ ਪੁਰਖ ਨਿਰੰਜਣ ਬੇਪਰਵਾਹ, ਆਦਿ ਜੁਗਾਦੀ ਵਡ ਮਿਹਰਵਾਨ । ਏਕੰਕਾਰਾ

ਅਗੰਮ ਅਥਾਹ, ਖੇਲੇ ਖੇਲ ਦੋ ਜਹਾਨ । ਆਦਿ ਨਿਰੰਜਣ ਨੂਰ ਧਰਾ, ਜੋਤੀ ਜੋਤ ਜਗੇ ਮਹਾਨ । ਸ੍ਰੀ ਭਗਵਾਨ ਆਪਣੀ ਅਲੱਖ ਜਗਾ, ਸ਼ਬਦ ਗਾਏ ਅਨਾਦੀ ਗਾਨ । ਅਬਿਨਾਸ਼ੀ ਕਰਤਾ ਆਪੇ ਵਸੇ ਆਪਣੇ ਥਾਂ, ਸਚਖੰਡ ਦਵਾਰਾ ਸਚ ਮਕਾਨ । ਪਾਰਬ੍ਰਹਮ ਪ੍ਰਭ. ਭੇਵ ਨਾ ਰਾ, ਰੰਗ ਰੂਪ ਨਾ ਕੋਇ ਨਿਸ਼ਾਨ । ਤਖ਼ਤ ਨਿਵਾਸੀ ਬਣ ਸੱਚਾ ਸ਼ਹਿਨਸ਼ਾਹ, ਸਿੰਘਾਸਣ ਸੁਹਾਏ ਰਾਜ ਰਾਜਾਨ । ਸਤਿ ਸਰੂਪੀ ਰੰਗ ਰੰਗਾ, ਸਤਿ ਸਤਿਵਾਦੀ ਝੁਲਾਏ ਇਕ ਨਿਸ਼ਾਨ । ਛੇਵੇਂ ਛੱਪਰ ਨਾ ਕੋਈ ਬਣਾ, ਨਿਰਗੁਣ ਵਸੇ ਸਾਚੇ ਧਾਮ ਇਕ ਮਕਾਨ । ਪੰਚਮ ਮੁਖ ਸੀਸ ਤਾਜ ਟਿਕਾ, ਧੁਰ ਦਰਗਾਹੀ ਦੇਵੇ ਧੁਰ ਫ਼ਰਮਾਣ । ਚੌਥੇ ਘਰ ਕਰੇ ਸਚ ਨਿਆਂ, ਰੂਪ ਅਨੂਪ ਏਕਾ ਏਕ ਪਕੜੇ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਰ ਪਸਾਰਾ, ਨੂਰ ਨੁਰਾਨਾ ਹੋ ਉਜਿਆਰਾ, ਬੇਐਬ ਖ਼ੁਦਾ ਪਰਵਰਦਿਗਾਰਾ, ਮੂਰਤ ਅਕਾਲ ਨਿਰਗੁਣ ਨਿਰਵੈਰ ਅਜੂਨ ਅਜੂਨੀ ਰਹਿਤ ਆਪਣੇ ਹੱਥ ਰੱਖੇ ਵਡਿਆਈਆ । ਚੌਥੇ ਦਰ ਦਰਵਾਜ਼ਾ ਖੋਲ੍ਹ, ਹਰਿ ਸਾਚਾ ਦਇਆ ਕਮਾਇੰਦਾ । ਸ਼ਬਦ ਅਗੰਮੀ ਏਕਾ ਬੋਲ, ਨਾਦ ਅਨਾਦੀ ਢੋਲ ਵਜਾਇੰਦਾ । ਆਪਣਾ ਤੋਲੇ ਆਪੇ ਤੋਲ, ਤੋਲਣਹਾਰਾ ਆਪ ਅਖਵਾਇੰਦਾ । ਆਪਣੀ ਸ਼ਕਤੀ ਜੋਤੀ ਆਪੇ ਮੌਲ, ਆਪ ਆਪਣਾ ਬਲ ਧਰਾਇੰਦਾ । ਆਪੇ ਨਿਰਗੁਣ ਨਿਰਗੁਣ ਕਰੇ ਕੌਲ, ਆਪਣਾ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਵਖਾਇੰਦਾ । ਸਾਚੇ ਘਰ ਸਾਚੀ ਧਾਰ, ਨਿਰਗੁਣ ਆਪਣੀ ਆਪ ਚਲਾਈਆ । ਸ਼ਬਦ ਅਗੰਮੀ ਕਰ ਪਸਾਰ, ਹੁਕਮੀ ਹੁਕਮ ਵਰਤਾਈਆ । ਆਪ ਆਪਣਾ ਕਰ ਪਿਆਰ, ਸਾਚੀ ਸੇਜ ਆਪ ਹੰਢਾਈਆ । ਨਾਰੀ ਕੰਤ ਬਣ ਭਤਾਰ, ਪੂਤ ਸਪੂਤਾ ਸੁਤ ਦੁਲਾਰਾ ਏਕਾ ਜਾਈਆ । ਸ਼ਬਦ ਰੱਖ ਨਾਉਂ ਨਿਰੰਕਾਰ, ਆਪਣੀ ਕਲ ਆਪ ਵਰਤਾਈਆ । ਆਪਣੀ ਇਛਿਆ ਭਰ ਭੰਡਾਰ, ਸਾਚੀ ਵਸਤ ਇਕ ਵਰਤਾਈਆ । ਆਪਣੇ ਮੰਦਰ ਹੋ ਉਜਿਆਰ, ਆਪ ਆਪਣੀ ਖੇਲ ਖਿਲਾਈਆ । ਆਪਣੇ ਅੰਦਰੋਂ ਆਏ ਬਾਹਰ, ਵਿਸ਼ਨ ਆਪਣਾ ਰੂਪ ਵਟਾਈਆ । ਆਪਣਾ ਪਿਆਲਾ ਅੰਮ੍ਰਿਤ ਧਾਰ, ਕਵਲ ਨਾਭ ਰਖਾਈਆ । ਆਪਣਾ ਰੰਗ ਰੰਗ ਨਿਰੰਕਾਰ, ਪਤ ਡਾਲ੍ਹੀ ਫੁਲ ਮਹਿਕਾਈਆ । ਆਪਣੀ ਵੰਡ ਕਰ ਅਪਰ ਅਪਾਰ, ਪਾਰਬ੍ਰਹਮ ਬ੍ਰਹਮ ਰੂਪ ਪਰਗਟਾਈਆ । ਆਪਣਾ ਖੇਲ ਕਰ ਕਰਨੇਹਾਰ, ਕਰਤਾ ਪੁਰਖ ਆਪਣੀ ਧਾਰ ਬੰਧਾਈਆ । ਆਪਣਾ ਵੈਰਾਗ ਵੇਖੇ ਸੁਹਾਗ, ਸ਼ੰਕਰ ਨਾਉਂ ਰਖਾਈਆ । ਤਿੰਨਾਂ ਪਕੜੇ ਆਪਣੇ ਹੱਥ ਵਾਗ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਮਲ ਜੋਤੀ ਜਗੇ ਚਿਰਾਗ, ਘਰ ਨੂਰ ਕਰੇ ਰੁਸ਼ਨਾਈਆ । ਸ਼ਬਦ ਜਣਾਏ ਬੋਧ ਅਗਾਧ, ਨਿਸ਼ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਹਰਿ ਆਪ ਵਖਾਈਆ । ਤ੍ਰੈ ਤ੍ਰੈ ਧਾਰ ਹਰਿ ਨਿਰੰਕਾਰ, ਏਕਾ ਜੋਤੀ ਮਾਤ ਉਪਾਈਆ । ਸੁਤ ਦਲਾਰੇ ਕਰ ਪਿਆਰ, ਅਬਿਨਾਸ਼ੀ ਅਚੁਤ ਸੇਵ ਵਖਾਈਆ । ਪੰਜ ਤਤ ਕਾਇਆ ਬੁਤ ਘੜ ਠਠਿਆਰ, ਲੱਖ ਚੁਰਾਸੀ ਭਾਂਡੇ ਦਏ ਘੜਾਈਆ । ਤ੍ਰੈਗੁਣ ਮਾਇਆ ਬਣ ਵਰਤਾਰ, ਆਪਣੀ ਭਿਛਿਆ ਝੋਲੀ ਪਾਈਆ । ਹੱਡ ਮਾਸ ਨਾੜੀ ਰਤ ਕਰ ਪਸਾਰ, ਬ੍ਰਹਮ ਮਤ ਵਿਚ ਰਖਾਈਆ । ਮਨ ਮਤ ਬੁਧ ਕਰ ਪਸਾਰ, ਨਿਰਗੁਣ ਆਪਣੇ ਵਿਚ ਟਿਕਾਈਆ । ਦੇਵੇ ਹੁਕਮ ਸੱਚੀ ਸਰਕਾਰ, ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਬ੍ਰਹਮਾ ਵਿਸ਼ਨ ਸ਼ਿਵ ਦਰ ਖੜੇ ਭਿਖਾਰ, ਪੁਰਖ ਅਬਿਨਾਸ਼ੀ ਵੇਖੇ ਆਪਣਾ ਨੈਣ ਉਠਾਈਆ । ਲੋਕਮਾਤ ਪਾਵੇ ਸਾਰ, ਪੁਰੀ ਲੋਅ ਹੋਏ ਸਹਾਈਆ । ਜੇਰਜ ਅੰਡਜ ਉਤਭੁਜ ਸੇਤਜ ਕਰੇ ਵਿਚਾਰ,

੧੧੩੩

ਵੰਡਣਹਾਰਾ ਇਕ ਅਖਵਾਈਆ । ਨੌ ਨੌ ਚਾਰ ਦਏ ਆਧਾਰ, ਚਾਰ ਵੇਦ ਇਕ ਪੜ੍ਹਾਈਆ । ਨੌ ਦਰ ਖੋਲ੍ਹ ਕਿਵਾੜ, ਨੌ ਖੰਡ ਪ੍ਰਿਥਮੀ ਦਏ ਵਖਾਈਆ । ਚਾਰ ਜੁਗ ਪਾਵੇ ਸਾਰ, ਆਪ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਨੌ ਨੌ ਚਾਰ ਖੇਲ ਖਿਲਾਇਆ, ਲੋਕਮਾਤ ਵੱਜੀ ਵਧਾਈਆ । ਲੱਖ ਚੁਰਾਸੀ ਰਚਨ ਰਚਾਇਆ, ਨਿਰਗੁਣ ਸਰਗੁਣ ਮੇਲ ਮਿਲਾਈਆ । ਧਰਤ ਧਵਲ ਆਪ ਸੁਹਾਇਆ, ਮੰਡਲ ਮੰਡਪ ਫੇਰਾ ਪਾਈਆ । ਪ੍ਰਿਥਮੀ ਆਕਾਸ਼ ਰੰਗ ਰੰਗਾਇਆ, ਰੰਗ ਰੰਗੀਲਾ ਆਪ ਵਖਾਈਆ । ਪਵਣ ਸਵਾਸ ਸਰਬ ਸਮਾਇਆ, ਸਰਬ ਗੁਣਤਾਸ ਵੱਡੀ ਵਡਿਆਈਆ । ਜੋਤ ਪਰਕਾਸ਼ ਦੀਪਕ ਦੀਆ ਆਪ ਕਰਾਇਆ, ਜੋਤ ਨਿਰੰਜਣ ਇਕ ਰੁਸ਼ਨਾਈਆ । ਬ੍ਰਹਮ ਪਾਰਬ੍ਰਹਮ ਵੇਖੇ ਥਾਉਂ ਥਾਇਆ, ਆਪ ਆਪਣੀ ਦਇਆ ਕਮਾਈਆ । ਆਪਣਾ ਬਲ ਲਏ ਧਰਾਇਆ, ਨਿਰਗੁਣ ਸਰਗੁਣ ਵੇਖ ਵਖਾਈਆ । ਗੁਰ ਗੁਰ ਆਪਣਾ ਰੂਪ ਵਟਾਇਆ, ਸ਼ਬਦ ਦਾਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਚਾਰ ਜੁਗ ਵੰਡ ਵੰਡਾ, ਹਰਿ ਸਾਚਾ ਖੇਲ ਖਿਲਾਇੰਦਾ । ਚਾਰੇ ਵੇਦਾਂ ਲੇਖ ਲਿਖਾ, ਲਿਖ ਲਿਖ ਲੇਖਾ ਆਪ ਸਮਝਾਇੰਦਾ । ਚਾਰੇ ਬਾਣੀ ਆਪਣਾ ਭੇਵ ਖੁਲ੍ਹਾ, ਆਪਣਾ ਅੱਖਰ ਆਪ ਸਮਝਾਇੰਦਾ । ਚਾਰੇ ਖਾਣੀ ਰਚਨ ਰਚਾ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰੇ ਪਦ ਰਿਹਾ ਸਮਾ, ਆਪ ਆਪਣੀ ਜੋਤ ਟਿਕਾਇੰਦਾ । ਵਿਸ਼ਨ ਸ਼ਿਵ ਬ੍ਰਹਮਾ ਸੇਵਾ ਲਾ, ਸਾਚਾ ਹੁਕਮ ਸੁਣਾਇੰਦਾ । ਨੌ ਨੌ ਚਾਰ ਗੇੜ ਦਵਾ, ਜੁਗਾ ਜੁਗੰਤਰ ਆਪ ਭਵਾਇੰਦਾ । ਸਤਿਜੁਗ ਲੇਖਾ ਜਾਣੇ ਬੇਪਰਵਾਹ, ਰੂਪ ਅਨੂਪ ਆਪ ਪਰਗਟਾਇੰਦਾ । ਤ੍ਰੇਤਾ ਦੇਵੇ ਪੰਧ ਮੁਕਾ, ਰਾਮ ਰਾਮਾ ਨਾਉਂ ਧਰਾਇੰਦਾ । ਹੰਕਾਰੀਆਂ ਗੜ੍ਹ ਦਏ ਤੁੜਾ, ਸਾਚਾ ਚਿਲਾ ਹੱਥ ਰਖਾਇੰਦਾ । ਦਵਾਪਰ ਆਪਣਾ ਰੂਪ ਵਟਾ, ਮੁਕੰਦ ਮਨੋਹਰ ਨਾਉਂ ਧਰਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾ, ਮਾਇਆ ਮਮਤਾ ਵੇਖ ਵਖਾਇੰਦਾ । ਕਲਜੁਗ ਅੰਤਮ ਵੇਸ ਧਰਾ, ਨਿਰਗੁਣ ਸਰਗੁਣ ਜੋਤ ਜਗਾਇੰਦਾ । ਈਸਾ ਮੂਸਾ ਆਪ ਪਰਗਟਾ, ਕਾਲਾ ਸੂਸਾ ਤਨ ਛੁਹਾਇੰਦਾ । ਚਾਰ ਯਾਰੀ ਸੰਗ ਨਿਭਾ, ਮੁਹੰਮਦ ਅੰਗ ਸਮਾਇੰਦਾ । ਨਾਨਕ ਨਿਰਗੁਣ ਦਰਸਨ ਪਾ, ਨਾਮ ਸਤਿ ਵਰਤਾਇੰਦਾ । ਗੋਬਿੰਦ ਮੇਲਾ ਸਹਿਜ ਸੁਭਾ, ਵੇਲਾ ਅੰਤਮ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਖਲਾਇੰਦਾ । ਜੁਗ ਜੁਗ ਖੇਲ ਖਿਲਾਇਆ, ਪਾਰਬ੍ਰਹਮ ਹਰਿ ਨਿਰੰਕਾਰ । ਜਗਤ ਚੌਕੜੀ ਵੇਖ ਵਖਾਇਆ, ਨਿਰਗੁਣ ਸਰਗੁਣ ਲੈ ਅਵਤਾਰ । ਭਗਤ ਭਗਵੰਤ ਲਏ ਮਿਲਾਇਆ, ਸਚ ਭਗੌਤੀ ਖਿਚ ਕਟਾਰ । ਹਰਿਜਨ ਸਾਚੇ ਸੰਤ ਉਠਾਇਆ, ਸਤਿ ਸਤਿਵਾਦੀ ਕਰ ਪਿਆਰ । ਗੁਰਮੁਖ ਮੁਖੀ ਮੁਖ ਸਾਲਾਹਿਆ, ਸ਼ਬਦ ਨਿਰਾਲਾ ਤੀਰ ਮਾਰੇ ਮਾਰ । ਗੁਰਸਿਖ ਆਪਣੇ ਕੰਠ ਲਗਾਇਆ, ਲੱਖ ਚੁਰਾਸੀ ਕਰੇ ਪਾਰ । ਜੁਗ ਜੁਗ ਆਪਣਾ ਵੇਸ ਧਰਾਇਆ, ਗੁਰ ਪੀਰ ਲੈ ਅਵਤਾਰ । ਭੇਵ ਅਭੇਦਾ ਦਏ ਖੁਲਾਇਆ, ਵੇਦ ਵਿਆਸਾ ਬਣ ਲਿਖਾਰ । ਨਾਨਕ ਨਿਰਗੁਣ ਇਕ ਸਮਝਾਇਆ, ਭੁੱਲ ਰਹੇ ਨਾ ਵਿਚ ਸੰਸਾਰ । ਗੋਬਿੰਦ ਉਠ ਉਠ ਰਾਹ ਤਕਾਇਆ, ਪੁਰਖ ਅਬਿਨਾਸ਼ੀ ਮੇਲਾ ਕੰਤ ਭਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪੇ ਜਾਣੇ ਆਪਣੀ ਕਾਰ । ਕਰਤਾ ਪੁਰਖ ਕਾਰ ਕਮਾਇੰਦਾ, ਜੁਗਾ ਜੁਗੰਤਰ ਖੇਲ ਅਪਾਰ । ਧਰਨੀ ਧਰਤ ਧਵਲ ਵੇਖ ਵਖਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਬ੍ਰਹਮਾ ਕਵਲ ਕਵਲ ਮੁਖ ਖੁਲਾਇੰਦਾ,

੧੧੩੪ ੦੯

ਉਚੀ ਕੂਕ ਕਰੇ ਪੁਕਾਰ । ਵਿਸ਼ਨ ਰੋ ਰੋ ਨੈਣ ਨੀਰ ਵਹਾਇੰਦਾ, ਰਾਹ ਤੱਕੇ ਪਰਵਰਦਿਗਾਰ । ਸ਼ੰਕਰ ਹੱਥ ਤ੍ਰਿਸ਼ੂਲ ਸੁਟਾਇੰਦਾ, ਉਠਾਇਆ ਜਾਏ ਨਾ ਜਗਤ ਭਾਰ । ਕਲਜੁਗ ਵੇਲਾ ਅੰਤਮ ਆਇੰਦਾ, ਨਿਰਗੁਣ ਪਾਵੇ ਸਾਚੀ ਸਾਰ । ਆਪਣਾ ਕੀਤਾ ਕੌਲ ਨਿਭਾਇੰਦਾ, ਭੁੱਲ ਨਾ ਜਾਏ ਅਭੁੱਲ ਗੁਰ ਕਰਤਾਰ । ਆਦਿ ਆਦਿ ਆਪਣਾ ਹੁਕਮ ਸੁਣਾਇੰਦਾ, ਮਧ ਖੇਲ ਕਰੇ ਸਰਬ ਸੰਸਾਰ । ਅੰਤਮ ਆਪਣੀ ਜੋਤ ਜਗਾਇੰਦਾ, ਜੋਤੀ ਜਾਮਾ ਭੇਵ ਨਿਆਰ । ਨਾਨਕ ਗੋਬਿੰਦ ਰਾਹ ਤਕਾਇੰਦਾ, ਰਾਹ ਤੱਕੇ ਮੀਤ ਮੁਰਾਰ । ਪੁਰਖ ਅਬਿਨਾਸ਼ੀ ਵੇਖ ਵਖਾਇੰਦਾ, ਸਚਖੰਡ ਦਵਾਰੇ ਬੈਠ ਸੱਚੀ ਸਰਕਾਰ । ਨਿਹਕਲੰਕੀ ਜਾਮਾ ਪਾਇੰਦਾ, ਆਪ ਆਪਣਾ ਕਰ ਪਸਾਰ । ਸੰਮਤ ਸੰਮਤੀ ਰਾਹ ਤਕਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਵੀਹ ਸਦ ਬਿਕਰਮੀ ਮਾਣ ਦਵਾਇੰਦਾ, ਦੋ ਜਹਾਨਾਂ ਸਾਂਝਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰੀ ਹਰਿ ਨਿਰੰਕਾਰਾ, ਏਕਾ ਰੰਗ ਸਮਾਇਆ । ਦੂਜੀ ਕੁਦਰਤ ਕਰ ਪਸਾਰਾ, ਤੀਜੇ ਨੇਤਰ ਵੇਖ ਵਖਾਇਆ । ਚੌਥੇ ਪਦ ਹੋ ਉਜਿਆਰਾ, ਪੰਚਮ ਆਪਣਾ ਨਾਦ ਸੁਣਾਇਆ । ਛੇਵੇਂ ਛੱਪਰ ਛੰਨ ਨਾ ਕੋਇ ਪਸਾਰਾ, ਸੱਤਵੇਂ ਸਤਿ ਪੁਰਖ ਨਿਰੰਜਣ ਆਸਣ ਲਾਇਆ । ਅੱਠਾਂ ਤੱਤਾਂ ਦਏ ਸਹਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਰਲਾਇਆ । ਨੌਂ ਦਰ ਖੋਲ੍ਹੇ ਜਗਤ ਕਿਵਾੜਾ, ਪੰਚਮ ਧਾੜਾ ਮੇਲ ਮਿਲਾਇਆ । ਦਸਵੇਂ ਘਰ ਬ੍ਰਹਮ ਪਸਾਰਾ, ਬ੍ਰਹਮ ਜੋਤੀ ਜੋਤ ਜਗਾਇਆ । ਪਾਰਬ੍ਰਹਮ ਵਸੇ ਧਾਮ ਨਿਆਰਾ, ਇਕ ਦਸ ਰੰਗ ਰੰਗਾਇਆ । ਦੋ ਦਸ ਗੁਪਤ ਜ਼ਾਹਰਾ, ਸੂਰਾ ਸਰਬੰਗ ਮਰਦੰਗ ਹੱਥ ਉਠਾਇਆ । ਤ੍ਰੈ ਦਸ ਸਾਧਾਂ ਸੰਤਾਂ ਕਰੇ ਪਾਰ ਕਿਨਾਰਾ, ਸ਼ਾਹ ਸੁਲਤਾਨਾ ਸੀਸ ਤਾਜ ਨਾ ਕੋਇ ਟਿਕਾਇਆ । ਚਾਰ ਦਸ ਗੁਰਮੁਖਾਂ ਮੇਲਾ ਹੱਸ ਹੱਸ ਕਰੇ ਪਿਆਰਾ, ਪੂਰਬ ਲਹਿਣਾ ਝੋਲੀ ਪਾਇਆ । ਦਸ ਪੰਜ ਪੰਦਰਾਂ ਨਸ ਨਸ ਤੀਰਥ ਤੱਟਾਂ ਕਰੇ ਖ਼ਵਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਾਵੇ ਸਾਰਾ, ਗੁਰ ਦਰ ਮੰਦਰ ਮਸਜਿਦ ਮਠ ਫੋਲ ਫੁਲਾਇਆ । ਵੀਹ ਸਦ ਸੋਲਾਂ ਖ਼ਾਲੀ ਕਰੇ ਭੰਡਾਰਾ, ਨੌ ਖੰਡ ਪ੍ਰਿਥਮੀ ਫੇਰਾ ਪਾਇਆ । ਸੱਤਾਂ ਦੀਪਾਂ ਦਏ ਹੁਲਾਰਾ, ਹਰਿ ਕਾ ਭੇਵ ਕਿਸੇ ਨਾ ਆਇਆ । ਵੀਹ ਸਦ ਸਤਾਰਾਂ ਹੋ ਉਜਿਆਰਾ, ਨਿਹਕਲੰਕ ਨਰਾਇਣ ਲਏ ਅਵਤਾਰਾ । ਸੀਸ ਆਪਣੇ ਤਾਜ ਸੁਹਾਇਆ, ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰਾ, ਭੁੱਲ ਰਹੇ ਨਾ ਰਾਇਆ । ਲਿਖਿਆ ਲੇਖ ਧੁਰ ਦਰਬਾਰਾ, ਧੁਰ ਦੀ ਬਾਣੀ ਬਾਣ ਲਗਾਇਆ । ਗੂੜ੍ਹੀ ਨੀਂਦੇ ਸੁੱਤੇ ਹੋ ਗਵਾਰਾ, ਕਲਜੁਗ ਕੂੜਾ ਪਰਦਾ ਪਾਇਆ । ਮਾਇਆ ਮਮਤਾ ਮੋਹ ਵਿਕਾਰਾ, ਹਉਮੇ ਹੰਗਤਾ ਰਹੀ ਜਲਾਇਆ । ਮਿਲਿਆ ਮੇਲ ਨਾ ਸਾਚੇ ਯਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲਾਇਆ ।

### ❋ ੧ ਅੱਸੂ ੨੦੧੭ ਬਿਕ੍ਰਮੀ ਰਾਸ਼ਟਰਪਤੀ ਡਾਕਟਰ ਰਜਿੰਦਰ ਪ੍ਰਸਾਦ ਨੂੰ ❋

ਪਹਿਲੀ ਚੇਤਰ ਲੇਖ ਲਿਖਾਇਆ, ਪਾਰਬ੍ਰਹਮ ਦਇਆ ਕਮਾਈਆ । ਰਾਸ਼ਟਰਪਤ ਆਪ ਉਠਾਇਆ, ਸ੍ਰੀ ਭਗਵਾਨ ਭੇਵ ਨਾ ਰਾਈਆ । ਗਤ ਮਿਤ ਨਾ ਕੋਇ ਜਣਾਇਆ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਪੰਜ ਤਤ ਕਾਇਆ ਰਤ ਤਪਾਇਆ, ਆਦਿ ਨਿਰੰਜਣ ਨਾ ਜੋਤ ਰੁਸ਼ਨਾਈਆ । ਏਕੰਕਾਰਾ ਨਜ਼ਰ ਨਾ ਆਇਆ, ਦੂਈ ਦਵੈਤੀ ਪਰਦਾ ਨਾ ਕੋਇ ਲਾਹੀਆ । ਹਰਿ ਪੁਰਖ ਨਿਰੰਜਣ ਹਰਿ ਕਾ ਰੂਪ ਦਿਸ ਨਾ ਆਇਆ, ਵੇਲੇ

ਅੰਤ ਨਾ ਕੋਇ ਸਹਾਈਆ । ਸੋ ਪੁਰਖ ਨਿਰੰਜਣ ਸੀਸ ਆਪਣੇ ਤਾਜ ਟਿਕਾਇਆ, ਜਗਤ ਜਗਦੀਸ਼ ਬੇਪਰਵਾਹੀਆ । ਅੱਸੂ ਤਿੰਨ ਦਿਵਸ ਸਮਝਾਇਆ, ਭੁੱਲ ਰਹੇ ਨਾ ਰਾਈਆ । ਸਿੰਘ ਸ਼ੇਰ ਸ਼ੇਰ ਬਣ ਕੇ ਲੋਕਮਾਤ ਆਇਆ, ਸ਼ਬਦ ਰੂਪ ਕਰੇ ਚੜ੍ਹਾਈਆ । ਰਾਤੀਂ ਸੁਤਿਆਂ ਲਏ ਦਬਾਇਆ, ਆਪਣਾ ਜਲਵਾ ਦਏ ਵਖਾਈਆ । ਪੰਚਮ ਮੁਖ ਤਾਜ ਅੱਗੇ ਨਜ਼ਰੀ ਆਇਆ, ਨੇਤਰ ਰੋਵੇ ਨੀਰ ਵਹਾਈਆ । ਸਗਲਾ ਸੰਗ ਨਾ ਕੋਇ ਦਸਾਇਆ, ਝੂਠੀ ਦਿਸੇ ਸਰਬ ਸ਼ਹਿਨਸ਼ਾਹੀਆ । ਏਕਾ ਜੋਤ ਨਿਰਗੁਣ ਨਿਰਵੈਰ ਕਰੇ ਰੁਸ਼ਨਾਇਆ, ਇਸ਼ਟ ਗੁਰ ਗੋਬਿੰਦ ਰੂਪ ਦਰਸਾਈਆ । ਸ਼ਬਦ ਵਿਚੋਲਾ ਵਿਚ ਧੁਨੀ ਧੁਨੀ ਨਾਦ ਵਜਾਇਆ, ਆਪਣੀ ਤਾਰ ਆਪਣੀ ਸਤਾਰ ਆਪ ਹਲਾਈਆ । ਇਕ ਇਕ ਪੰਜ ਪੰਜ ਵਕਤ ਲਿਖਾਇਆ, ਲੇਖਾ ਲਿਖਿਆ ਨਾ ਮੇਟੇ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਕੌਲ ਪੂਰ ਕਰਾਈਆ । ਰਾਤੀਂ ਸੁਤਿਆਂ ਦਰਸਨ ਦੇਣਾ, ਨੇਤਰ ਨੈਣ ਖੁਲ੍ਹਾਈਆ । ਸ਼ਾਹ ਭਬੀਖਣ ਚੁੱਕੇ ਲਹਿਣਾ, ਰਾਮੇਸ਼ਵਰ ਪੰਧ ਮੁਕਾਈਆ । ਤੇਰੇ ਕੋਲੋਂ ਲਏ ਆਪਣਾ ਗਹਿਣਾ, ਸਿਰ ਆਪਣੇ ਤਾਜ ਸੁਹਾਈਆ । ਕਲਜੁਗ ਅੰਤਮ ਵਹਿਣ ਵਹਿਣਾ, ਸ਼ਾਹ ਸੁਲਤਾਨਾ ਦਏ ਰੁੜ੍ਹਾਈਆ । ਨਾ ਕੋਈ ਮੇਟੇ ਗੁਰੂ ਗੋਬਿੰਦ ਕਹਿਣਾ, ਪੁਰਖ ਅਕਾਲ ਪੂਰਾ ਰਿਹਾ ਕਰਾਈਆ । ਪਹਿਲੀ ਚੇਤਰ ਵੀਹ ਸੌ ਅਠਾਰਾਂ ਬਿਕ੍ਰਮੀ ਵੇਖਣਾ ਆਪਣੇ ਨੈਣਾਂ, ਪੰਜ ਪਿਆਰੇ ਆਵਣ ਵਾਹੋ ਦਾਹੀਆ । ਖ਼ਾਲੀ ਖੰਡਾ ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਉਣਾ, ਉਪਰ ਮਿਆਨ ਨਾ ਕੋਇ ਚੜ੍ਹਾਈਆ । ਪੰਜਾਂ ਪਿਆਰਿਆਂ ਪੀਲੇ ਬਸਤਰ ਤਨ ਛੁਹਾਉਣਾ, ਉਚੀ ਕੂਕ ਦਏ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਮ ਜਪਾਉਣਾ, ਤੇਰੇ ਕੰਨ ਵਾਜ ਏਕਾ ਨਾਦ ਵਜਾਈਆ । ਬਾਂਹ ਦੇ ਸਰਾਣੇ ਮੂਲ ਨਾ ਸੌਣਾ, ਲੁੱਟੀ ਜਾਏ ਜਗਤ ਸ਼ਹਿਨਸ਼ਾਹੀਆ । ਪੁਰਖ ਅਬਿਨਾਸ਼ੀ ਆਪਣਾ ਹੁਕਮ ਮਨਾਉਣਾ, ਹੁਕਮੇਂ ਅੰਦਰ ਸਰਬ ਲੋਕਾਈਆ । ਨੌ ਖੰਡ ਪ੍ਰਿਥਮੀ ਏਕਾ ਰਾਗ ਅਲਾਉਣਾ, ਤੇਰੀ ਰਸਨਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੀ ਅੱਸੂ ਦੇਵੇ ਦਰਸ, ਪਹਿਲੀ ਚੇਤਰ ਮੇਟੇ ਹਰਸ, ਅਰਸ਼ ਫ਼ਰਸ਼ ਕਰੇ ਰੁਸ਼ਨਾਈਆ ।

### ❊ ਸ੍ਰੀ ਹਰਿਮੰਦਰ ਸਾਹਿਬ ਪੰਥ ਖ਼ਾਲਸਾ ਸ੍ਰੀ ਅੰਮ੍ਰਿਤਸਰ ਸਾਹਿਬ ❊

ਪੁਰਖ ਅਕਾਲ ਖੇਲ ਰਚਾਇਆ, ਗੋਬਿੰਦ ਸੂਰਾ ਨਾਲ ਰਲਾਇੰਦਾ । ਨਾਮ ਖੰਡਾਂ ਹੱਥ ਉਠਾਇਆ, ਲੋਹਾਰ ਤਰਖਾਣ ਨਾ ਕੋਇ ਘੜਾਇੰਦਾ । ਧੁਰ ਦਾ ਤਾਜ ਸੀਸ ਟਿਕਾਇਆ, ਰਾਜ ਰਾਜਾਨ ਨਾ ਕੋਇ ਸੁਹਾਇੰਦਾ । ਸ਼ਬਦ ਅਗੰਮੀ ਬਾਜ ਉਡਾਇਆ, ਲੋਆਂ ਪੁਰੀਆਂ ਆਪ ਫਿਰਾਇੰਦਾ । ਦੋ ਜਹਾਨਾਂ ਕਾਜ ਰਚਾਇਆ, ਨਿਰਗੁਣ ਆਪੇ ਵੇਖ ਵਖਾਇੰਦਾ । ਫ਼ਤਹਿ ਡੰਕਾ ਇਕ ਵਜਾਇਆ, ਨੌ ਖੰਡ ਪ੍ਰਿਥਮੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਬੰਧਾਇੰਦਾ । ਪੰਥ ਖ਼ਾਲਸਾ ਉਠਣਾ ਜਾਗ, ਗੁਰ ਗੋਬਿੰਦ ਸਿੰਘ ਸੂਰਬੀਰ ਜੋਤ ਜਗਾਈਆ । ਪਹਿਲੀ ਚੇਤਰ ਦਿੱਲੀ ਦੁਆਰੇ ਲਾਏ ਭਾਗ, ਨੰਗੀ ਕਟਾਰ ਹੱਥ ਉਠਾਈਆ । ਨੌ ਖੰਡ ਪ੍ਰਿਥਮੀ ਜਗਾਏ ਇਕ ਚਰਾਗ, ਘਰ ਘਰ ਦੀਵਾ ਦਏ ਬੁਝਾਈਆ । ਸ਼ਬਦ ਉਪਜਾਏ ਧੁਨ ਵੈਰਾਗ, ਧੁਰ ਦੀ ਬਾਣੀ ਬਾਣ ਲਗਾਈਆ । ਕਲਜੁਗ ਅੰਤਮ ਜੀਵ ਕਿਉਂ ਬਣਿਆ ਕਾਗ,

ਹੰਸ ਹੰਸਾ ਚੋਗੀ ਚੋਗ ਚੁਗਾਈਆ । ਜਿਸ ਉਪਜਾਇਆ ਤਿਸ ਪਕੜੀ ਵਾਗ, ਡੋਰੀ ਹੱਥ ਨਾ ਕਿਸੇ ਫੜਾਈਆ । ਤ੍ਰੈਗੁਣ ਮਾਇਆ ਡੱਸਣੀ ਨਾਗ, ਘਰ ਘਰ ਆਪਣਾ ਡੰਗ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਧੁਰ ਫ਼ਰਮਾਣਾ ਦਏ ਸਮਝਾਈਆ । ਧੁਰ ਫ਼ਰਮਾਣਾ ਹਰਿ ਭਗਵਾਨਾ, ਆਪਣਾ ਆਪ ਜਣਾਇੰਦਾ । ਨਿਹਕਲੰਕੀ ਪਹਿਰਿਆ ਬਾਣਾ, ਜੋਤੀ ਜਾਮਾ ਭੇਖ ਵਟਾਇੰਦਾ । ਗੋਬਿੰਦ ਸੂਰਾ ਸਿੰਘ ਬਲਵਾਨਾ, ਸ਼ਸਤਰ ਬਸਤਰ ਤਨ ਸਜਾਇੰਦਾ । ਸਾਚਾ ਖੰਡਾ ਰੱਖੇ ਸਚ ਮਿਆਨਾ, ਦੋ ਜਹਾਨਾ ਆਪ ਚਮਕਾਇੰਦਾ । ਨੌ ਖੰਡ ਪ੍ਰਿਥਮੀ ਸੁਣਾਏ ਏਕਾ ਗਾਣਾ, ਏਕ ਅੱਖਰ ਆਪ ਅਲਾਇੰਦਾ । ਸਭ ਨੂੰ ਮੰਨਣਾ ਪਏ ਭਾਣਾ, ਪੁਰਖ ਅਬਿਨਾਸ਼ੀ ਸਦ ਭਾਣੇ ਵਿਚ ਰਹਾਇੰਦਾ । ਤਖਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਸੁਣਾਇੰਦਾ ।

ਰਾਮ ਰਾਮ ਹਰਿ ਜੋਤ ਜਗਾਈ, ਸ੍ਰਿਸ਼ਟ ਸਬਾਈ ਸੁਰਤ ਲਏ ਪਰਨਾਇਆ । ਸੀਤਾ ਸੁਰਤ ਹੋਏ ਕੁੜਮਾਈ, ਘਰ ਸਾਚੇ ਵੱਜੇ ਵਧਾਈਆ । ਸ਼ਾਸਤਰ ਸਿਮਰਤ ਦੇਣ ਗਵਾਹੀ, ਜੁਗਾ ਜੁਗੰਤਰ ਸੇਵ ਕਮਾਈਆ । ਕਲਜੁਗ ਅੰਤਮ ਕੱਟੇ ਫ਼ਾਹੀ, ਨਿਹਕਲੰਕ ਵੱਡੀ ਵਡਿਆਈਆ । ਕਾਇਆ ਬਣ ਫਿਰੇ ਸਾਚਾ ਮਾਹੀ, ਦਿਵਸ ਰੈਣ ਫੇਰੀ ਪਾਈਆ । ਜਨ ਭਗਤਾਂ ਮੇਟੇ ਲੱਗੀ ਸ਼ਾਹੀ, ਦੁਰਮਤ ਮੈਲ ਧੁਆਈਆ । ਸੀਤਾ ਰਾਮ ਗਾਉਂਦੇ ਭੁੱਲੇ ਰਾਹੀ, ਆਪਣਾ ਪੰਧ ਨਾ ਕੋਇ ਮੁਕਾਈਆ । ਪੰਡਤ ਪਾਂਧੇ ਥੱਕੇ ਮਾਂਦੇ ਸਾਚਾ ਰਾਹ ਨਾ ਕੋਇ ਵਖਾਈ, ਸਾਚੇ ਪੌੜੇ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤਤ ਦਏ ਸਮਝਾਈਆ । ਰਾਧਾ ਕ੍ਰਿਸ਼ਨ ਕਰ ਧਿਆਨ, ਨਿਰਗੁਣ ਨਿਰਵੈਰ ਆਪਣਾ ਖੇਲ ਖਿਲਾਇਆ । ਅਠਾਰਾਂ ਧਿਆਏ ਗੀਤਾ ਦੇਵੇ ਇਕ ਗਿਆਨ, ਜਿਸ ਜਨ ਆਪਣਾ ਦਰਸ ਦਿਖਾਇਆ । ਕੂੜਾ ਤੋੜੇ ਮਾਣ ਅਭਿਮਾਨ, ਮਾਇਆ ਮਮਤਾ ਮੋਹ ਚੁਕਾਇਆ । ਸਤਿ ਸਤਿਵਾਦੀ ਵਖਾਏ ਇਕ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇਆ । ਕਲਜੁਗ ਅੰਤਮ ਵੇਖੇ ਆਣ, ਵੇਦ ਵਿਆਸ ਗਿਆ ਲਿਖਾਇਆ । ਨਿਹਕਲੰਕ ਬਲੀ ਬਲਵਾਨ, ਨਾ ਮਰੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹਿਆ । ਖੇਲ ਅਵੱਲਾ ਇਕ ਇਕੱਲਾ, ਕਾਇਨਾਤ ਆਪ ਕਰਾਇੰਦਾ । ਆਪਣਾ ਰੂਪ ਬਣਾਏ ਹਰਿ ਬਿਸਮਿਲਾ, ਬਿਸਮਿਲ ਆਪਣੀ ਧਾਰ ਚਲਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਸੰਗ ਮੁਹੰਮਦ ਸੰਗ ਜਣਾਇੰਦਾ । ਚੌਦਾਂ ਤਬਕਾਂ ਏਕਾ ਬੱਲਾ, ਐਨਲਹਕ ਬੋਲ ਸੁਣਾਇੰਦਾ । ਹਕ ਹਕੀਕੀ ਲਾਸ਼ਰੀਕੀ ਹੱਕ ਮਕਾਨ ਏਕਾ ਮੱਲਾ, ਦੂਸਰ ਦਰ ਨਾ ਕੋਇ ਸੁਹਾਇੰਦਾ । ਨੂਰ ਨੁਰਾਨਾ ਨੂਰ ਇਲਾਹੀ ਆਪੇ ਰਲਾ, ਨੂਰੀ ਜਲਵਾ ਡਗਮਗਾਇੰਦਾ । ਅਮਾਮ ਮਹਿਦੀ ਦਿਸ਼ਾ ਲਹਿੰਦੀ ਫੜਾਏ ਆਪਣਾ ਪੱਲਾ, ਏਕਾ ਪੱਲੂ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਵਾਲੀ ਹਿੰਦ ਕਰ ਧਿਆਨ, ਹਰਿ ਸ਼ਬਦ ਸੱਚੀ ਜਣਾਈਆ । ਚਾਰ ਵਰਨ ਕਰ ਪਛਾਣ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਰਿ ਸਮਝਾਈਆ । ਪਰਗਟ ਹੋਇਆ ਹਰਿ ਮਿਹਰਵਾਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਦੇਵਣਹਾਰਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਈਆ । ਕਲਜੁਗ ਅੰਤਮ ਚੁੱਕਣੀ ਕਾਣ, ਲੋਕਮਾਤ ਰਹਿਣ ਨਾ ਪਾਈਆ । ਵਰਨ ਬਰਨ ਸਰਬ

ਮਿਟ ਜਾਣ, ਦੀਨ ਮਜ਼੍ਹਬ ਨਾ ਕੋਇ ਵਡਿਆਈਆ । ਸ੍ਰਿਸ਼ਟ ਸਬਾਈ ਏਕਾ ਪੀਣ ਖਾਣ, ਇਸ਼ਟ ਦੇਵ ਗੁਰ ਇਕ ਅਖਵਾਈਆ । ਪੰਥ ਖ਼ਾਲਸਾ ਨਾ ਬਣ ਅੰਞਾਣ, ਵੇਲਾ ਗਿਆ ਹੱਥ ਨਾ ਆਈਆ । ਮੁਸਲਮ ਸੁੰਨੀ ਤੇਰਾ ਇਕ ਈਮਾਨ, ਆਲਮਗੀਰ ਬੇਪਰਵਾਹੀਆ । ਪੰਡਤ ਪਾਂਧੇ ਕਵਣ ਕਰੇ ਤੇਰੀ ਕਲਿਆਣ, ਆਪ ਮੇਟੇ ਝੂਠੀ ਸ਼ਾਹੀਆ । ਜਗਤ ਸਮਾਜ ਵੇਖੇ ਵਿਧਾਨ, ਆਪ ਆਪਣੀ ਜੋਤ ਕਰ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਦੇਵੇ ਏਕਾ ਦਾਨ, ਪਾਰਬ੍ਰਹਮ ਪ੍ਰਭ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਬਲ ਰਖਾਈਆ । ਬਲ ਰਖਾਏ ਹਰਿ ਭਗਵੰਤ, ਮਹਿਮਾ ਕਥ ਕਥੀ ਨਾ ਜਾਈਆ । ਕਲਜੁਗ ਲਹਿਣਾ ਦੇਣ ਚੁਕਾਏ ਅੰਤ, ਅੰਤਮ ਆਪਣੀ ਕਲ ਵਰਤਾਈਆ । ਸਤਿਜੁਗ ਫੁਲਵਾੜੀ ਲਾਏ ਸੁਹਾਏ ਰੁਤ ਬਸੰਤ, ਗੁਰਮੁਖ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਵਾਂ ਦੇਵੇ ਇਕ ਗਿਆਨ, ਜੀਆ ਦਾਨ ਆਪ ਅਖਵਾਈਆ ।


੧੧੩੮

ਹਰਿ ਸਤਿਗੁਰ ਭੋਗ ਲਗਾਇੰਦਾ, ਕਰ ਕਿਰਪਾ ਗੁਣ ਨਿਧਾਨ, ਹਰਿ ਸੰਗਤ ਘਾਲ ਲੇਖੇ ਪਾਇੰਦਾ, ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨ । ਕਾਲ ਮਹਾਂਕਾਲ ਹਰਿ ਸੰਗਤ ਚਰਨਾਂ ਹੇਠ ਰਖਾਇੰਦਾ, ਉਪਰ ਬਠਾਏ ਸਾਚੇ ਲਾਲ । ਸ਼ਬਦ ਸਰੂਪੀ ਤਾਲ ਵਜਾਇੰਦਾ, ਦੋ ਜਹਾਨਾਂ ਬਣ ਦਲਾਲ । ਨਾਮ ਧਨ ਵਸਤ ਝੋਲੀ ਪਾਇੰਦਾ, ਨਾਤਾ ਤੋੜ ਜਗਤ ਜੰਜਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਦਾ ਪ੍ਰਿਤਪਾਲ । ਹਰਿ ਰਸਨਾ ਭੋਗ ਅਪਾਰਾ, ਨਿਰਗੁਣ ਸਰਗੁਣ ਚੋਗ ਚੁਗਾਇੰਦਾ । ਹਰਿ ਅੰਮ੍ਰਿਤ ਭਰ ਭੰਡਾਰਾ, ਆਪਣੀ ਦ੍ਰਿਸ਼ਟੀ ਵਿਚ ਸਮਾਇੰਦਾ । ਹਰਿ ਵਸਤ ਵੇਖ ਹਰਿ ਥਾਰਾ, ਦਰ ਘਰ ਸਾਚੇ ਆਪ ਸੁਹਾਇੰਦਾ । ਹਰਿ ਭਗਤਨ ਕਰੇ ਪਿਆਰਾ, ਪੀਆ ਪ੍ਰੀਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸ ਰਸ ਭੋਗੀ ਆਪ ਅਖਵਾਇੰਦਾ । ਰਸਨਾ ਭੋਗ ਨਿਰਗੁਣ ਧਾਰ, ਸਰਗੁਣ ਸਤਿਗੁਰ ਰੂਪ ਸਮਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਸਤਿ ਸਤਿਵਾਦੀ ਆਪ ਕਰਾਇੰਦਾ । ਪਹਿਲਾ ਭੋਗ ਲਾਇਆ ਹਰਿ ਨਿਰੰਕਾਰ, ਵਿਸ਼ਨੂੰ ਆਪਣਾ ਜਲ ਪਿਆਇੰਦਾ । ਦੂਜਾ ਰੰਗ ਚਾੜ੍ਹੇ ਅਪਰ ਅਪਾਰ, ਬ੍ਰਹਮੇ ਕਵਲ ਨਾਭ ਭਰਾਇੰਦਾ । ਤੀਜੇ ਸ਼ੰਕਰ ਕਰ ਪਿਆਰ, ਸੰਸਾ ਰੋਗ ਸਰਬ ਮਿਟਾਇੰਦਾ । ਚੌਥੇ ਰੱਖ ਸਚਖੰਡ ਸੱਚੇ ਦਰਬਾਰ, ਆਪਣੇ ਚਰਨਾਂ ਹੇਠ ਦਬਾਇੰਦਾ । ਜੁਗ ਜੁਗ ਗੁਰੂਆਂ ਪੀਰਾਂ ਦੇਵੇ ਬਣ ਵਰਤਾਰ, ਆਪਣੀ ਭਿਛਿਆ ਝੋਲੀ ਪਾਇੰਦਾ । ਸਾਧ ਸੰਤ ਮੰਗਦੇ ਰਹਿਣ ਬਣ ਭਿਖਾਰ, ਨੇਤਰ ਨੈਣ ਸਰਬ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਕਰੇ ਖੇਲ ਅਗੰਮ ਅਪਾਰ, ਸਾਚਾ ਅੰਮ੍ਰਿਤ ਸਾਚਾ ਰਸ ਆਪਣੇ ਹੱਥ ਰਖਾਇੰਦਾ । ਜੁਗ ਜੁਗ ਗੁਰਮੁਖ ਵਿਰਲੇ ਦੇਵੇ ਹੱਸ ਹੱਸ, ਲੱਖ ਚੁਰਾਸੀ ਸਰਬ ਤਰਸਾਇੰਦਾ । ਅਠਸਠ ਤੀਰਥ ਨੌ ਖੰਡ ਪ੍ਰਿਥਮੀ ਰਹੇ ਨੱਠ, ਸਾਚਾ ਅੰਮ੍ਰਿਤ ਹੱਥ ਨਾ ਆਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰ ਗੁਣੀ ਗਹੀਰਾ ਗਿਆ ਦਸ, ਸਚ ਪਿਆਲਾ ਸਤਿਗੁਰ ਹੱਥ ਉਠਾਇੰਦਾ । ਜਿਸ ਜਨ ਹਿਰਦੇ ਅੰਦਰ ਜਾਏ ਵਸ, ਤਿਸ ਅੰਮ੍ਰਿਤ ਜਾਮ ਪਿਆਇੰਦਾ । ਮੇਟੇ ਰੈਣ ਅੰਧੇਰੀ ਮਸ, ਕੋਟਨ ਕੋਟ

ਰਵ ਸਸ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸਾਚਾ ਭੋਗੀ, ਨਿਰਗੁਣ ਨਿਰਗੁਣ ਭੋਗ ਵਖਾਇੰਦਾ । ਨਿਰਗੁਣ ਭੋਗ ਹਰਿ ਸੰਜੋਗ, ਸਚਖੰਡ ਦਵਾਰੇ ਆਪ ਲਗਾਈਆ । ਨਾ ਕੋਈ ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕ ਭੇਵ ਨਾ ਰਾਈਆ । ਨਾ ਕੋਈ ਚਾਰੇ ਬਾਣੀ ਗਾਏ ਸਲੋਕ, ਬ੍ਰਹਮਾ ਵੇਦ ਨਾ ਦਏ ਗਵਾਹੀਆ । ਬ੍ਰਹਮਾ ਵਿਸ਼ਨ ਸ਼ੰਕਰ ਮੰਗੇ ਮੋਖ, ਪ੍ਰਭ ਅੰਮ੍ਰਿਤ ਰਿਹਾ ਪਿਆਈਆ । ਹਰਿ ਕਾ ਅੰਮ੍ਰਿਤ ਮਿਟਾਏ ਹਰਖ ਸੋਗ, ਚਿੰਤਾ ਦੁੱਖ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੋਗ ਆਪ ਲਗਾਈਆ । ਲਗਾਏ ਭੋਗ ਭਵ ਪ੍ਰਸਾਦਿ, ਤ੍ਰੈਗੁਣ ਭੇਵ ਮਿਟਾਇਆ । ਪੁਰਖ ਅਕਾਲ ਆਦਿ ਜੁਗਾਦਿ, ਜੁਗ ਜੁਗ ਆਪਣਾ ਵੇਸ ਵਟਾਇਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦਿ, ਪਾਰਬ੍ਰਹਮ ਭੇਵ ਨਾ ਰਾਇਆ । ਸ਼ਬਦ ਵਜਾਏ ਸਾਚਾ ਨਾਦ, ਦੂਜਾ ਸੰਖ ਨਾ ਹੱਥ ਉਠਾਇਆ । ਹੱਥ ਜੋੜ ਨਾ ਕਿਸੇ ਅਗੇ ਕਰੇ ਕੋਈ ਅਰਦਾਸ, ਆਪਣਾ ਭੋਗ ਆਪ ਲਗਾਇਆ । ਗੁਰਮੁਖਾਂ ਲਹਿਣਾ ਦੇਣਾ ਕੱਟੇ ਦਸ ਦਸ ਮਾਸ, ਮਾਤ ਗਰਭ ਫੇਰ ਨਾ ਆਇਆ । ਰਸਨਾ ਗਾਇਆ ਲੇਖੇ ਲਾਏ ਸਵਾਸ ਸਵਾਸ, ਜੋ ਜਨ ਸਰਨਾਈ ਆਇਆ । ਲਹਿਣਾ ਦੇਣਾ ਚੁਕਿਆ ਪ੍ਰਿਥਮੀ ਆਕਾਸ਼, ਗਗਨ ਮੰਡਲ ਗੁਰਸਿਖ ਚਰਨਾਂ ਹੇਠ ਦਬਾਇਆ । ਸਤਿਗੁਰ ਸਾਹਿਬ ਸੁਲਤਾਨ ਜਨ ਭਗਤਾਂ ਕਰੇ ਪੂਰੀ ਆਸ, ਹਰਿਜਨ ਨਿਰਾਸ ਨਾ ਕੋਇ ਰਖਾਇਆ । ਨਿਜ ਘਰ ਨਿਜ ਆਤਮ ਨਿਜ ਦਾਤਾ ਕਰੇ ਵਾਸ, ਨਿਜ ਖੇੜਾ ਆਪ ਸੁਹਾਇਆ । ਨਿਰਗੁਣ ਸਰਗੁਣ ਹੋਇਆ ਦਾਸੀ ਦਾਸ, ਜੁਗ ਜੁਗ ਆਪਣੀ ਸੇਵ ਕਮਾਈਆ । ਨਾਤਾ ਤੁਟਾ ਜੰਗਲ ਜੂਹ ਉਜਾੜ ਪਰਭਾਸ, ਗੁਰਮੁਖ ਤੀਰਥ ਤਟ ਨਹਾਵਣ ਕੋਇ ਨਾ ਜਾਇਆ । ਘਰ ਮੰਦਰ ਮਸਜਿਦ ਜੋਤ ਕਰੇ ਪਰਕਾਸ਼, ਘਰ ਗੁਰ ਸ਼ਬਦੀ ਮੇਲ ਮਿਲਾਇਆ । ਦੂਜੇ ਦਰ ਨਾ ਰੱਖਣੀ ਕੋਈ ਆਸ, ਕਲਜੁਗ ਕੂਕੇ ਦਏ ਦੁਹਾਇਆ । ਸਾਚੀ ਵਸਤ ਨਾ ਕਿਸੇ ਪਾਸ, ਕਲਜੁਗ ਸੰਤ ਖ਼ਾਲੀ ਠੂਠੇ ਹੱਥ ਰਖਾਇਆ । ਪਰਗਟ ਹੋਇਆ ਸ਼ਾਹੋ ਸ਼ਾਬਾਸ, ਸ਼ਾਹ ਸੁਲਤਾਨ ਵੱਡੀ ਵਡਿਆਇਆ । ਆਪਣੀ ਖੇਲੀ ਆਪੇ ਰਾਸ, ਦੇਵਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰਸਾਦਿ ਗੁਰ ਕਿਰਪਾ ਨਾਉਂ ਧਰਾਇਆ । ਸਚ ਪ੍ਰਸਾਦਿ ਸ਼ਬਦ ਭੰਡਾਰਾ, ਸਤਿਗੁਰ ਪੂਰਾ ਆਪ ਵਰਤਾਈਆ । ਜਨ ਭਗਤ ਸੋਹਣ ਸਚ ਦਵਾਰਾ, ਘਰ ਸਾਚੇ ਵੱਜੀ ਵਧਾਈਆ । ਜਿਸ ਜਨ ਨੇਤਰ ਲੋਚਣ ਨੈਣ ਦਰਸਨ ਪਾਇਆ ਏਕਾ ਵਾਰਾ, ਸ਼ਿਵਦਵਾਲਾ ਮਠ ਨਾ ਪੂਜਣ ਜਾਈਆ । ਹਰਿ ਕਾ ਰੂਪ ਅਗੰਮ ਅਪਾਰਾ, ਘਰ ਘਰ ਬੈਠਾ ਮੁਖ ਛੁਪਾਈਆ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਨਾਮ ਵਰਤਾਈਆ । ਸਚ ਭੰਡਾਰਾ ਰਸ ਰਸਨਾ ਭੋਗ, ਰਸ ਰਸੀਆ ਆਪ ਕਰਾਇੰਦਾ । ਨਾਤਾ ਤੋੜੇ ਜਗਤ ਵਿਜੋਗ, ਜੁਗਤ ਜਗ ਆਪਣੇ ਹੱਥ ਰਖਾਇੰਦਾ । ਗੁਰ ਸ਼ਬਦ ਮਿਲਾਵਾ ਧੁਰ ਸੰਜੋਗ, ਦਰ ਘਰ ਸਾਚਾ ਆਪ ਸੁਹਾਇੰਦਾ । ਲੇਖਾ ਚੁੱਕੇ ਲੋਕ ਪਰਲੋਕ, ਮੋਖ ਮੁਕਤ ਚਰਨ ਦਾਸੀ ਆਪ ਕਰਾਇੰਦਾ । ਹਰਿ ਸੰਗਤ ਪੁਰਖ ਅਕਾਲ ਰੱਖਣੀ ਏਕਾ ਓਟ, ਸ਼ਬਦ ਗੁਰੂ ਸੰਗ ਨਿਭਾਇੰਦਾ । ਕਲਜੁਗ ਮਾਇਆ ਮਮਤਾ ਮਨਮੁਖ ਜੀਵਾਂ ਭਰੀ ਨਾ ਪੋਟ, ਦਿਵਸ ਰੈਣ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਰਸ ਅੰਮ੍ਰਿਤ ਧਾਰ ਗੁਰਸਿਖਾਂ ਮੁਖ ਚੁਆਇੰਦਾ । ਗੁਰਮੁਖਾਂ ਮੁਖ ਅੰਮ੍ਰਿਤ ਧਾਰ, ਨਿਝਰ ਝਿਰਨਾ ਆਪ ਝਿਰਾਈਆ । ਕਵਲ

ਕਵਲਾ ਕਰ ਉਜਿਆਰ, ਪਤ ਡਾਲ੍ਹੀ ਫੁਲ ਮਹਿਕਾਈਆ । ਫੁਲ ਫਲਵਾੜੀ ਵੇਖ ਸੰਸਾਰ, ਸਾਚੀ ਮਾਲਣ ਬੇਪਰਵਾਹੀਆ । ਜੋਤ ਅਕਾਲਣ ਹੋ ਤਿਆਰ, ਕਲਜੁਗ ਅੰਤਮ ਵੇਸ ਵਟਾਈਆ । ਗੁਰਮੁਖਾਂ ਦਵਾਰੇ ਬਣੇ ਸਵਾਲਣ ਖ਼ਾਲੀ ਝੋਲੀ ਅਗੇ ਡਾਹੀਆ । ਜਿਸ ਜਨ ਸਤਿਗੁਰ ਪੂਰਾ ਮਿਲਿਆ ਪ੍ਰਿਤਪਾਲਣ, ਪੂਰੀ ਇਛਿਆ ਦਏ ਕਰਾਈਆ । ਜੋ ਜਨ ਪਹਿਲੀ ਅਸੂ ਆਏ ਘਾਲ ਘਾਲਣ, ਕੋਟਨ ਕੋਟ ਜਨਮ ਦੇ ਪਾਪ ਦਏ ਮਿਟਾਈਆ । ਕਲਜੁਗ ਤੇਰੀ ਗਲੇ ਨਾ ਕੋਇ ਦਾਲਣ, ਦਲਿਦਰੀ ਦੁੱਖ ਆਪ ਮਿਟਾਈਆ । ਤ੍ਰੈਗੁਣ ਹੱਡੀਆਂ ਨਾ ਪਾਏ ਬਾਲਣ, ਚਿੰਤਾ ਚਿਖਾ ਨਾ ਕੋਇ ਵਖਾਈਆ । ਜੋਤ ਨਿਰੰਜਣ ਬਖ਼ਸ਼ੇ ਚਾਨਣ, ਚੰਦ ਚਾਂਦਨੀ ਮੁਖ ਸ਼ਰਮਾਈਆ । ਆਪ ਉਠਾਏ ਪੰਛੀ ਡਿਗੇ ਆਹਲਣ, ਗੁਰਮੁਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਮ੍ਰਿਤ ਰਸ ਚਖਾਈਆ । ਜਿਸ ਜਨ ਅੰਮ੍ਰਿਤ ਚਾਖਿਆ, ਮਿਟਿਆ ਜਗਤ ਅੰਧੇਰ । ਗੁਰ ਸਤਿਗੁਰ ਪੂਰਾ ਭਾਖਿਆ, ਨਾਤਾ ਤੁਟਾ ਸੰਝ ਸਵੇਰ । ਗੁਣ ਗਾਇਆ ਅਲੱਖ ਅਲਾਖਿਆ, ਅਲੱਖ ਅਲੱਖਣਾ ਮੇਲੇ ਅੰਤਮ ਵੇਰ । ਧੁਰ ਦਰਗਾਹੀ ਮਿਲਿਆ ਸਾਚਾ ਸਾਕੀਆ, ਭਰ ਪਿਆਲਾ ਦੇਵੇ ਸਿੰਘ ਸ਼ੇਰ ਦਲੇਰ । ਲਹਿਣਾ ਦੇਣਾ ਚੁੱਕੇ ਬਾਕੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਨਬੇੜ । ਪੂਰਬ ਲਹਿਣਾ ਮੁਕਾਇਆ, ਕਰ ਕਿਰਪਾ ਆਪ ਕਰਤਾਰ । ਅੰਮ੍ਰਿਤ ਆਤਮ ਜਾਮ ਪਿਆਇਆ, ਭਰ ਸੁਰਾਹੀ ਮੀਤ ਮੁਰਾਰ । ਸਾਚੇ ਹੁਜਰੇ ਬਹਿ ਬਹਿ ਪਰਦਾ ਲਾਹਿਆ, ਮੁਖ ਨਕਾਬ ਦਏ ਉਤਾਰ । ਅਹਿਬਾਬ ਰਬਾਬ ਇਕ ਵਜਾਇਆ, ਸਤਿ ਸਤਿਵਾਦੀ ਸਚ ਸਤਾਰ । ਆਦਿ ਜੁਗਾਦੀ ਖੇਲ ਖਿਲਾਇਆ, ਬੋਧ ਅਗਾਧ ਸ਼ਬਦ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਲਾਏ ਪਾਰ । ਲੱਗਿਆ ਭੋਗ ਹੋਇਆ ਪਰਵਾਨ, ਪਰਮ ਪੁਰਖ ਪਤਿ ਪਰਮੇਸ਼ਵਰ ਦਇਆ ਕਮਾਈਆ । ਸਾਚੀ ਸਖੀਆਂ ਮਿਲਿਆ ਸਾਚਾ ਕਾਹਨ, ਜਿਉਂ ਸੀਤਾ ਰਾਮ ਸੁਹਾਈਆ । ਸਾਚੇ ਮੰਦਰ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਰਹਿਣ ਨਾ ਪਾਈਆ । ਸਚ ਦਵਾਰ ਧਰਮ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਕਲਜੁਗ ਅੰਤ ਕਰੇ ਪਛਾਣ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦਵਾਪਰ ਵਿਛੜੇ ਮੇਲੇ ਆਣ, ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਆਪ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਦਏ ਨਬੇੜ, ਬਿਨ ਕਾਗਦ ਕਲਮ ਛਾਹੀਆ । ਕਾਗਦ ਕਲਮ ਛਾਹੀ ਕਰੇ ਪਿਆਰ, ਤੇਰਾ ਲੇਖ ਲਿਖਿਆ ਨਾ ਜਾਈਆ । ਅਲੱਖ ਅਲੱਖਣਾ ਜਗਤ ਲੇਖੇ ਵਸੇ ਬਾਹਰ, ਜੁਗਤ ਜਗਤ ਨਾ ਕੋਇ ਰਖਾਈਆ । ਨੌਂ ਨੌਂ ਚਾਰ ਚੌਕੜੀ ਜੁਗ ਨਿਰਗੁਣ ਸਰਗੁਣ ਕਰਿਆ ਖੇਲ ਗੁਪਤ ਜ਼ਾਹਰ, ਕਲਜੁਗ ਅੰਤਮ ਗੁਪਤ ਧਾਰ ਵਖਾਈਆ । ਗੁਰਮੁਖਾਂ ਕਰੇ ਆਪ ਪਿਆਰ, ਪ੍ਰੇਮ ਪਿਆਲਾ ਜਾਮ ਪਿਆਈਆ । ਲੇਖਾ ਜਾਣੇ ਧੁਰ ਦਰਬਾਰ, ਦੀਨ ਦਿਆਲਾ ਦਇਆ ਕਮਾਈਆ । ਕਾਗਦ ਕਲਮ ਨਾ ਲਿਖਣਹਾਰ, ਸਤ ਸਮੁੰਦਰ ਬਣੇ ਮਸ, ਕੋਟਨ ਕੋਟ ਕੋਟ ਜੁਗ ਸੇਵ ਕਮਾਈਆ । ਬਨਾਸਪਤ ਅਠਾਰਾਂ ਭਾਰ ਨਾ ਕੋਇ ਵਿਚਾਰ, ਮੁਖੀ ਮੁਖ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਅੰਤ ਅੰਤ ਹਰਿ ਭਗਵੰਤ, ਆਪਣੀ ਕਲ ਆਪ ਵਰਤਾਈਆ ।

੧੧੪੧

੦੯

❋ ੫ ਅੱਸੂ ੨੦੧੭ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਸਚਖੰਡ ਦਵਾਰ ਆਪ ਸੁਹਾਇੰਦਾ । ਥਿਰ ਘਰ ਖੋਲ੍ਹ ਕਿਵਾੜ, ਨਿਰਗੁਣ ਨਿਰਵੈਰ ਆਸਣ ਲਾਇੰਦਾ । ਏਕੰਕਾਰਾ ਰੂਪ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜੋਤ ਉਜਾਲਾ ਡਗਮਗਾਇੰਦਾ । ਸ੍ਰੀ ਭਗਵਾਨ ਵਸੇ ਧਾਮ ਨਿਆਰ, ਨੇਹਚਲ ਮਹੱਲ ਅਟੱਲ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ, ਜੂਨੀ ਰਹਿਤ ਦਿਸ ਨਾ ਆਇੰਦਾ । ਪਾਰਬ੍ਰਹਮ ਨਿਰਾਕਾਰ, ਰੂਪ ਰੇਖ ਰੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਕਰ ਪਰਕਾਸ਼, ਆਪ ਆਪਣੀ ਧਾਰ ਬੰਧਾਇੰਦਾ । ਜੁਗਾ ਜੁਗੰਤਰ ਖੇਲ ਤਮਾਸ਼, ਕਰਤਾ ਪੁਰਖ ਆਪ ਕਰਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਆਪਣੀ ਰਚਨਾ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਹੋਏ ਦਾਸ, ਨਿਰਗੁਣ ਨਿਰਗੁਣ ਸੇਵ ਕਮਾਇੰਦਾ । ਨਿਰਗੁਣ ਵਸੇ ਨਿਰਗੁਣ ਪਾਸ, ਨਿਰਗੁਣ ਸੰਗ ਸਮਾਇੰਦਾ । ਨਿਰਗੁਣ ਮੰਗੇ ਨਿਰਗੁਣ ਪੂਰੀ ਕਰੇ ਆਸ, ਨਿਰਗੁਣ ਭਿਛਿਆ ਆਪਣੀ ਇਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਇਕ ਇਕੱਲਾ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਸਚ ਮਹੱਲਾ, ਹਰਿ ਪੁਰਖ ਨਿਰੰਜਣ ਆਪ ਸੁਹਾਈਆ । ਏਕੰਕਾਰਾ ਇਕ ਇਕੱਲਾ, ਆਦਿ ਨਿਰੰਜਣ ਜੋਤ ਜਗਾਈਆ । ਅਬਿਨਾਸ਼ੀ ਕਰਤਾ ਆਪੇ ਵਸਿਆ ਉਚ ਅਟੱਲਾ, ਸ੍ਰੀ ਭਗਵਾਨ ਸੇਵ ਕਰਾਈਆ । ਪਾਰਬ੍ਰਹਮ ਸਚ ਸਿੰਘਾਸਣ ਬੈਠਾ ਮਲਾ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਮੂਰਤ ਅਕਾਲ ਖੇਲ ਅਪਾਰ, ਅਨਭਵ ਆਪਣੀ ਧਾਰ ਚਲਾਈਆ । ਅਨਭਵ ਧਾਰ ਹਰਿ ਮਿਹਰਵਾਨ, ਏਕੰਕਾਰਾ ਆਪ ਚਲਾਇੰਦਾ । ਸਚਖੰਡ ਦਵਾਰੇ ਹੋ ਤਿਆਰ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਥਿਰ ਘਰ ਸਾਚੇ ਖੋਲ੍ਹ ਕਿਵਾੜ, ਆਪਣਾ ਪਰਦਾ ਆਪ ਉਠਾਇੰਦਾ । ਆਪ ਆਪਣਾ ਕਰ ਪਿਆਰ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਆਪੇ ਜੋਤੀ ਜਾਤਾ ਹੋ ਉਜਿਆਰ, ਦਰ ਘਰ ਸਾਚੇ ਸਾਚਾ ਵੇਸ ਧਰਾਇੰਦਾ । ਆਪੇ ਕਮਲਾਪਾਤੀ ਮੀਤ ਮੁਰਾਰ, ਨਰ ਨਰਾਇਣ ਭੇਵ ਨਾ ਆਇੰਦਾ । ਆਪੇ ਨਾਰੀ ਕੰਤ ਖੇਲੇ ਖੇਲ ਅਗੰਮ ਅਪਾਰ, ਆਪੇ ਸਾਚੀ ਸੇਜ ਸੁਹਾਇੰਦਾ । ਆਪੇ ਵੇਖੇ ਵਿਗਸੇ ਕਰੇ ਵਿਚਾਰ, ਦੂਸਰ ਸੰਗ ਨਾ ਕੋਇ ਧਰਾਇੰਦਾ । ਅਨਭਵ ਰੂਪ ਹੋ ਪਰਕਾਸ਼, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਸਾਚੇ ਮੰਡਲ ਪਾਵੇ ਰਾਸ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਸੋਭਾ ਪਾਇੰਦਾ । ਤ੍ਰੈਗੁਣ ਮਾਇਆ ਨਾ ਕੋਇ ਦਾਸੀ ਦਾਸ, ਬ੍ਰਹਮਾ ਵਿਸ਼ਨ ਸ਼ਿਵ ਨਾ ਸੰਗ ਰਲਾਇੰਦਾ । ਪੰਜ ਤਤ ਨਾ ਕੋਇ ਵਾਸ, ਮਨ ਮਤ ਬੁਧ ਨਾ ਕੋਇ ਧਰਾਇੰਦਾ । ਜੰਗਲ ਜੂਹ ਉਜਾੜ ਪਹਾੜ ਨਾ ਕੋਇ ਪਰਭਾਸ, ਸਮੁੰਦ ਸਾਗਰ ਨਾ ਵੇਖ ਵਖਾਇੰਦਾ । ਲੱਖ ਚੁਰਾਸੀ ਕੋਇ ਨਾ ਕਰੇ ਪੂਰੀ ਆਸ, ਸਾਧ ਸੰਤ ਗੁਰ ਪੀਰ ਅਵਤਾਰ ਚੋਲਾ ਤਨ ਨਾ ਕੋਇ ਹੰਢਾਇੰਦਾ । ਸ਼ਬਦ ਨਾਦ ਨਾ ਕੋਇ ਧੁਨਕਾਰ, ਚਾਰੇ ਵੇਦ ਨਾ ਕੋਇ ਸੁਣਾਇੰਦਾ । ਅੱਖਰ ਵੱਖਰ ਨਾ ਕੋਇ ਪਿਆਰ, ਜਗਤ ਵਿਦਿਆ ਨਾ ਕੋਇ ਪੜ੍ਹਾਇੰਦਾ । ਰਸਨਾ ਜਿਹਵਾ ਨਾ ਕੋਇ ਜੈਕਾਰ, ਬੱਤੀ ਦੰਦ ਨਾ ਕੋਇ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਦਰ ਘਰ ਸਾਚੇ ਸੋਭਾ ਪਾਇੰਦਾ ।

੧੧੪੧

੦੯

ਸੋਭਾਵੰਤ ਸ੍ਰੀ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਤਖ਼ਤ ਨਿਵਾਸੀ ਹਰਿ ਮਿਹਰਵਾਨ, ਸਚ ਸਿੰਘਾਸਣ ਰਿਹਾ ਸੁਹਾਈਆ । ਸਚਖੰਡ ਦਵਾਰੇ ਨੌਜਵਾਨ, ਇਕ ਇਕੱਲਾ ਰੂਪ ਵਟਾਈਆ । ਸ਼ਾਹੋ ਭੂਪ ਬਣ ਸੁਲਤਾਨ, ਰਾਜ ਰਾਜਾਨ ਆਪ ਅਖਵਾਈਆ । ਧਰਮ ਉਠਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਖੇਲੇ ਖੇਲ ਗੁਣ ਨਿਧਾਨ, ਮਹਿਮਾ ਅਕਥ ਕਥੀ ਨਾ ਜਾਈਆ । ਦਰ ਦਰਵੇਸ਼ ਬਣੇ ਦਰਬਾਨ, ਆਪਣੀ ਸੇਵਾ ਆਪ ਕਰਾਈਆ । ਆਪੇ ਦੇਵੇ ਧੁਰ ਫਰਮਾਣ, ਸ਼ਬਦੀ ਸ਼ਬਦੀ ਸ਼ਬਦ ਜਣਾਈਆ । ਸਚਖੰਡ ਸੁਹਾਏ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਏਕੰਕਾਰਾ, ਅਕਲ ਕਲ ਆਪਣਾ ਨਾਉਂ ਰਖਾਈਆ । ਅਕਲ ਕਲਾ ਹਰਿ ਭਗਵੰਤ, ਵੇਦ ਕਤੇਬ ਭੇਵ ਨਾ ਰਾਇਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਇਆ । ਸਚ ਸਿੰਘਾਸਣ ਸੋਭਾਵੰਤ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਨਾ ਕੋਈ ਸ਼ਬਦ ਨਾ ਕੋਈ ਮੰਤ, ਅਕਸ਼ਰ ਅੱਖਰ ਨਾ ਕੋਇ ਪੜ੍ਹਾਇਆ । ਨਾ ਕੋਈ ਨਾਰੀ ਨਾ ਕੋਈ ਕੰਤ, ਸੇਜ ਸੁਹੰਜਣੀ ਨਾ ਕੋਇ ਹੰਢਾਇਆ । ਨਾ ਕੋਈ ਚਾੜ੍ਹੇ ਰੂਪ ਬਸੰਤ, ਫੁਲ ਫਲਵਾੜੀ ਨਾ ਕੋਇ ਮਹਿਕਾਇਆ । ਲੇਖਾ ਜਾਣੇ ਆਦਿ ਅੰਤ, ਆਦਿਨ ਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਅਨਭਵ ਆਪਣਾ ਰੂਪ ਦਰਸਾਇਆ । ਅਨਭਵ ਰੂਪ ਪਾਰਬ੍ਰਹਮ, ਨੇਤਰ ਨੈਣ ਨਾ ਕੋਇ ਦਰਸਾਈਆ । ਮਾਤ ਗਰਭ ਨਾ ਪਏ ਜੰਮ, ਰਕਤ ਬੂੰਦ ਨਾ ਮੇਲ ਮਿਲਾਈਆ । ਜੁਗਾਂ ਜੁਗੰਤਰ ਜਾਣੇ ਆਪਣਾ ਕੰਮ, ਕਰਤਾ ਕਰਨੀ ਆਪਣੀ ਕਿਰਤ ਆਪ ਕਮਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਹਰਖ ਸੋਗ ਵਿਚ ਨਾ ਆਈਆ । ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਇ ਹਲਾਈਆ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਨਾ ਕੋਇ ਹੰਢਾਈਆ । ਆਪਣਾ ਬੇੜਾ ਆਪੇ ਬੰਨ, ਪਾਰਬ੍ਰਹਮ ਪ੍ਰਭ ਆਪ ਚਲਾਈਆ । ਆਪੇ ਜਨਨੀ ਜਨੇ ਜਨ, ਜੋਤੀ ਜਾਤਾ ਜੋਤ ਕਰ ਰੁਸ਼ਨਾਈਆ । ਆਪੇ ਰਾਗ ਸੁਣਾਏ ਆਪਣੇ ਕੰਨ, ਧੁਨੀ ਨਾਦ ਆਪ ਵਜਾਈਆ । ਆਪੇ ਵਸੇ ਬਿਨ ਛੱਪਰ ਛੰਨ, ਮਹੱਲ ਅਟੱਲ ਸੋਭਾ ਪਾਈਆ । ਆਪੇ ਘੜੇ ਆਪੇ ਲਏ ਭੰਨ, ਘੜਨ ਭੰਨਣਹਾਰ ਸਮਰਥ ਪੁਰਖ ਵੱਡੀ ਵਡਿਆਈਆ । ਆਪੇ ਦੇਵਣਹਾਰਾ ਡੰਨ, ਆਪੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਨੂਰ ਉਜਿਆਰ, ਆਦਿ ਜੁਗਾਦੀ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਈਆ । ਖੇਲਣਹਾਰਾ ਬੇਪਰਵਾਹ, ਏਕਾ ਰੰਗ ਸਮਾਇਆ । ਸਚਖੰਡ ਦਵਾਰੇ ਵਸੇ ਸਾਚੇ ਥਾਂ, ਥਿਰ ਘਰ ਸਾਚਾ ਬੰਕ ਸੁਹਾਇਆ । ਜੁਗਾ ਜੁਗੰਤਰ ਕਰੇ ਸਚ ਨਿਆਂ, ਨਿਰਗੁਣ ਨਿਰਵੈਰ ਆਪਣਾ ਵੇਸ ਵਟਾਇਆ । ਆਪ ਉਪਜਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਧਰਾਇਆ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਆਪੇ ਗੋਦ ਉਠਾਇਆ । ਆਪੇ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਸਾਚੇ ਧਾਮ ਵਸੇ, ਨਾ ਕੋਈ ਕਿਲਾ ਨਾ ਕੋਈ ਕੋਟ, ਚਾਰ ਦੀਵਾਰ ਨਾ ਕੋਇ ਵਖਾਇਆ । ਸਾਚਾ ਕਿਲਾ ਹਰਿ ਕਰਤਾਰ, ਆਪਣਾ ਆਪ ਉਪਜਾਈਆ । ਸਚਖੰਡ ਨਿਵਾਸੀ ਖੇਲ ਅਪਾਰ, ਥਿਰ ਘਰ ਸਾਚੇ ਰਿਹਾ ਕਰਾਈਆ । ਦਰਗਹਿ ਸਾਚੀ ਖੋਲ੍ਹ ਕਿਵਾੜ, ਅਨਭਵ ਰੂਪ ਕਰੇ ਰੁਸ਼ਨਾਈਆ । ਜੋਤੀ ਜੋਤ ਕਰ ਪਿਆਰ, ਜੋਤੀ ਜਾਤਾ ਨਾਉਂ

ਵਡਿਆਈਆ । ਸੁਤ ਦੁਲਾਰਾ ਹੋਏ ਉਜਿਆਰ, ਪੂਤ ਸਪੂਤਾ ਸ਼ਬਦੀ ਨਾਉਂ ਉਪਜਾਈਆ । ਸ਼ਬਦੀ ਸੁਤ ਖੇਲ ਨਿਆਰ, ਅਬਿਨਾਸ਼ੀ ਕਰਤਾ ਆਪਣੀ ਇਛਿਆ ਇਕ ਸਮਝਾਈਆ । ਬ੍ਰਹਿਮੰਡ ਖੰਡ ਕਰ ਤਿਆਰ, ਲੋਆਂ ਪੁਰੀਆਂ ਰਚਨਾ ਰਚਾਈਆ । ਲੇਖਾ ਜਾਣੇ ਜਣਾਏ ਅਗੰਮ ਅਪਾਰ, ਆਪਣੀ ਧਾਰਾ ਧਾਰ ਵਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਬੰਸ ਬੰਸਾ ਦਏ ਵਡਿਆਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਰਜੋ ਤਮੋ ਸਤੋ ਕਰੇ ਕੁੜਮਾਈਆ । ਪੰਜ ਤਤ ਦਰ ਦਰ ਭਿਖਾਰ, ਦਰ ਦਰਵੇਸ਼ ਵੇਖ ਵਖਾਈਆ । ਕਾਗਦ ਕਲਮ ਨਾ ਲਿਖਣਹਾਰ, ਹਰਿ ਲੇਖਾ ਬੇਪਰਵਾਹੀਆ । ਸ਼ਬਦ ਅਗੰਮੀ ਬੋਲ ਜੈਕਾਰ, ਆਪ ਆਪਣਾ ਭੇਵ ਚੁਕਾਈਆ । ਵਿਸ਼ਨੂੰ ਵਿਸ਼ਵ ਪਾਵੇ ਸਾਰ, ਹਰਿ ਹਰਿ ਏਕਾ ਨਜ਼ਰੀ ਆਈਆ । ਏਕਾ ਬ੍ਰਹਮ ਕਰ ਪਸਾਰ, ਪਾਰਬ੍ਰਹਮ ਆਪਣੀ ਵੰਡ ਵੰਡਾਈਆ । ਸ਼ਬਦ ਨਾਦ ਨਾਦ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਚਾਰੇ ਵੇਦਾਂ ਭਰ ਭੰਡਾਰ, ਚਾਰੇ ਖਾਣੀ ਚਾਰੇ ਬਾਣੀ ਦਏ ਸਮਝਾਈਆ । ਚਾਰੇ ਜੁਗ ਪਾਵੇ ਸਾਰ, ਚਾਰ ਯਾਰੀ ਲਏ ਮਿਲਾਈਆ । ਚਾਰੋਂ ਕੁੰਟ ਹੋਏ ਉਜਿਆਰ, ਚੌਥੇ ਪਦ ਬਹਿ ਬਹਿ ਆਪਣਾ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਸ੍ਰਿਸ਼ਟ ਸਬਾਈ ਰਚਨ ਰਚਾਈਆ । ਸ੍ਰਿਸ਼ਟ ਸਬਾਈ ਰਚਨ ਰਚਾਇੰਦਾ, ਪਾਰਬ੍ਰਹਮ ਹਰਿ ਕਰਤਾਰ । ਮੰਡਲ ਮੰਡਪ ਆਪ ਸੁਹਾਇੰਦਾ, ਰਵ ਸਸ ਕਰ ਉਜਿਆਰ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ, ਤਿੰਨਾਂ ਦੇਵੇ ਨਾਮ ਆਧਾਰ । ਲੱਖ ਚੁਰਾਸੀ ਭਾਂਡਾ ਆਪ ਘੜਾਇੰਦਾ, ਘਾੜਨ ਘੜੇ ਬਣ ਠਠਿਆਰ । ਗ੍ਰਿਹ ਗ੍ਰਿਹ ਘਰ ਘਰ ਅੰਦਰ ਮੰਦਰ ਵੰਡ ਵੰਡਾਇੰਦਾ, ਮਾਣਸ ਮਾਨੁਸ਼ ਕਰ ਵਿਚਾਰ । ਨੌਂ ਦਵਾਰੇ ਖੇਲ ਖਿਲਾਇੰਦਾ, ਜਗਤ ਵਾਸਨਾ ਭਰ ਭੰਡਾਰ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ, ਆਸਾ ਤ੍ਰਿਸ਼ਨਾ ਕਰੇ ਪਿਆਰ । ਹਉਮੇਂ ਹੰਗਤਾ ਗੜ੍ਹ ਬਣਾਇੰਦਾ, ਦੂਈ ਦਵੈਤੀ ਬੰਨ੍ਹੇ ਧਾਰ । ਸ਼ਰਅ ਸ਼ਰਾਇਤੀ ਇਕ ਰਖਾਇੰਦਾ, ਲਾਸ਼ਰੀਕ ਖੇਲ ਅਪਾਰ । ਘਰ ਘਰ ਵਿਚ ਆਪ ਉਪਜਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣਾ ਮਾਰਗ ਆਪ ਵਖਾਇੰਦਾ, ਡੂੰਘੀ ਕੰਦਰ ਖੇਲ ਨਿਆਰ । ਸੁਖਮਨ ਟੇਢੀ ਬੰਕ ਸੁਹਾਇੰਦਾ, ਈੜਾ ਪਿੰਗਲ ਕਰੇ ਵਿਚਾਰ । ਆਤਮ ਸਰੋਵਰ ਇਕ ਸੁਹਾਇੰਦਾ, ਨਾਭੀ ਭਰਿਆ ਆਪ ਕਰਤਾਰ । ਜੋਤ ਨਿਰੰਜਣ ਆਪ ਜਗਾਇੰਦਾ, ਕਮਲਾਪਾਤੀ ਮੀਤ ਮੁਰਾਰ । ਬਜਰ ਕਪਾਟੀ ਕੁੰਡਾ ਲਾਹਿੰਦਾ, ਨੇੜ ਨਾ ਆਏ ਪੰਚਮ ਧਾੜ । ਆਪ ਆਪਣਾ ਖੇਲ ਖਿਲਾਇੰਦਾ, ਲੇਖਾ ਜਾਣੇ ਗੁਪਤ ਜ਼ਾਹਰ । ਆਤਮ ਸੇਜਾ ਆਪ ਸੁਹਾਇੰਦਾ, ਦਸਮ ਦਵਾਰੀ ਹੋਏ ਕਰੇ ਖੇਲ ਅਗੰਮ ਅਪਾਰ, ਆਪ ਆਪਣਾ ਨਾਉਂ ਧਰਾਇੰਦਾ, ਨੂਰ ਨੁਰਾਨਾ ਹੋ ਉਜਿਆਰ । ਸ਼ਬਦ ਅਨਾਦੀ ਧੁਨ ਸੁਣਾਇੰਦਾ, ਪੰਚਮ ਸਖ਼ੀਆਂ ਮਿਲ ਮਿਲ ਗਾਇਣ ਵਾਰੋ ਵਾਰ । ਸੁਰਤ ਸਵਾਣੀ ਵੇਖ ਵਖਾਇੰਦਾ, ਸ਼ਬਦ ਹਾਣੀ ਕਰ ਪਿਆਰ । ਅੰਮ੍ਰਿਤ ਠੰਡਾ ਜਲ ਪਾਣੀ ਆਪ ਪਿਆਇੰਦਾ, ਆਪੇ ਹੋਏ ਪੀਵਣਹਾਰ । ਆਪੇ ਹੰਸ ਕਾਗ ਰੂਪ ਵਟਾਇੰਦਾ, ਆਪੇ ਕਾਗ ਉਡੇ ਹੰਸਾਂ ਡਾਰ । ਆਪੇ ਆਪਣੀ ਚੋਗ ਚੁਗਾਇੰਦਾ, ਸੋ ਪੁਰਖ ਨਿਰੰਜਣ ਹੋ ਤਿਆਰ । ਹੰ ਰੂਪ ਸਰਬ ਦਰਸਾਇੰਦਾ, ਸੋਹੰ ਪਾਰਬ੍ਰਹਮ ਬ੍ਰਹਮ ਏਕਾ ਧਾਰ । ਆਦਿ ਆਪਣੀ ਰਚਨ ਰਚਾਇੰਦਾ, ਰਚਨਾ ਰਚੇ ਹਰਿ ਨਿਰੰਕਾਰ । ਕਾਇਆ ਮਾਈ ਭਾਂਡੇ ਕਚ ਹਰਿ ਸੁਹਾਇੰਦਾ, ਤ੍ਰੈਗੁਣ ਤਤ ਕਰ ਵਰਤਾਰ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ, ਪੁਰਖ ਅਬਿਨਾਸ਼ੀ ਦਰ ਦਵਾਰ । ਤੇਰਾ ਭੇਵ ਕੋਇ ਨਾ ਆਇੰਦਾ, ਹਉਂ ਸੇਵਕ ਸੇਵਾਦਾਰ । ਕਵਣ ਰੂਪ ਲੋਕਮਾਤ ਮੇਲ ਮਿਲਾਇੰਦਾ, ਨਿਰਗੁਣ ਸਰਗੁਣ ਪਾਵੇ ਸਾਰ । ਪੁਰਖ ਅਬਿਨਾਸ਼ੀ

ਸ਼ਬਦ ਜਣਾਇੰਦਾ, ਨਾਦ ਅਨਾਦੀ ਇਕ ਧੁਨਕਾਰ । ਨਿਰਗੁਣ ਸਰਗੁਣ ਰੂਪ ਧਰਾਇੰਦਾ, ਲੋਕਮਾਤ ਖੇਲ ਕਰੇ ਅਪਾਰ । ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ, ਦੋਹਾਂ ਵਿਚੋਲਾ ਸਿਰਜਣਹਾਰ । ਸਾਚਾ ਢੋਲਾ ਆਪੇ ਗਾਇੰਦਾ, ਜੁਗਾ ਜੁਗੰਤਰ ਕਰੇ ਸਾਚੀ ਕਾਰ । ਪੰਜ ਤਤ ਚੋਲਾ ਆਪ ਹੰਢਾਇੰਦਾ, ਮਾਤ ਗਰਭ ਵਸੇ ਬਾਹਰ । ਬ੍ਰਹਮ ਬ੍ਰਹਮ ਬ੍ਰਹਮ ਲੇਖਾ ਲੇਖੇ ਪਾਇੰਦਾ, ਗੁਰ ਰੂਪ ਆਪ ਨਿਰੰਕਾਰ । ਅਵਤਾਰ ਆਪਣੀ ਖੇਲ ਖਿਲਾਇੰਦਾ, ਜੁਗ ਜੁਗ ਕਰੇ ਸਚ ਵਿਹਾਰ । ਸਾਚੇ ਭਗਤ ਆਪ ਜਗਾਇੰਦਾ, ਲੱਖ ਚੁਰਾਸੀ ਵਿਚੋਂ ਲਏ ਉਠਾਲ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਮਾਰਗ ਦੱਸੇ ਰਾਹ ਸੁਖ਼ਾਲ । ਸਾਚੇ ਸੰਤ ਵੇਖ ਵਖਾਇੰਦਾ, ਨੇੜ ਨਾ ਆਏ ਕਾਲ ਮਹਾਂਕਾਲ । ਗੁਰਮੁਖ ਆਪਣੇ ਲੇਖੇ ਪਾਇੰਦਾ, ਨਾਤਾ ਤੋੜ ਜਗਤ ਜੰਜਾਲ ।
੧੧੪੪ ਗੁਰਸਿਖ ਸਾਚੇ ਧਾਮ ਬਹਾਇੰਦਾ, ਨਿਰਗੁਣ ਸਰਗੁਣ ਕਰੇ ਪ੍ਰਿਤਪਾਲ । ਕਲਜੁਗ ਜੀਵ ਜੂਨੀ ਜੂਨ ਆਦਿ ਅੰਤ ਲੱਖ ਚੁਰਾਸੀ ਗੇੜਾ ਆਪ ਦਵਾਇੰਦਾ, ਨਾ ਕੋਈ ਸਕੇ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਇਕ ਵਖਾਇੰਦਾ । ਸਾਚੀ ਸਿਖ਼ਿਆ ਧੁਰ ਦਰਬਾਰ, ਬ੍ਰਹਮੇ ਵਿਸ਼ਨ ਸ਼ਿਵ ਹਰਿ ਸਮਝਾਇੰਦਾ । ਪੁਰਖ ਅਬਿਨਾਸ਼ੀ ਲੈ ਅਵਤਾਰ, ਗੁਰ ਗੁਰ ਆਪਣਾ ਰੂਪ ਵਟਾਇੰਦਾ । ਸਤਿਗੁਰ ਖੇਲ ਕਰੇ ਸੰਸਾਰ, ਸੰਸਾ ਰੋਗ ਸਰਬ ਮਿਟਾਇੰਦਾ । ਭਗਤ ਭਗਵੰਤ ਲਏ ਉਧਾਰ, ਸਾਧ ਸੰਤ ਮੇਲ ਮਿਲਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਗੁਰਸਿਖ ਸਾਚੇ ਲਾਏ ਪਾਰ, ਡੁਬਦੇ ਪਾਥਰ ਆਪ ਤਰਾਇੰਦਾ । ਲੱਖ ਚੁਰਾਸੀ ਮਾਰੇ ਮਾਰ, ਜਮ ਕੀ ਫ਼ਾਸੀ ਇਕ ਵਖਾਇੰਦਾ । ਰਾਏ ਧਰਮ ਕਰੇ ਖ਼ਵਾਰ, ਚਿਤਰ ਗੁਪਤ ਵੇਖ ਵਖਾਇੰਦਾ । ਲਾੜੀ ਮੌਤ ਕਰਾਏ ਸ਼ੰਗਾਰ, ਵੇਲੇ ਅੰਤ ਸਰਬ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਹਰਿ ਸਮਝਾਇੰਦਾ । ਏਕਾ ਤਤ ਹਰਿ ਜਣਾਇਆ, ਭੁੱਲ ਰਹੇ ਨਾ ਰਾਈਆ । ਵਿਸ਼ਨੂੰ ਵਿਸ਼ਵ ਆਪ ਉਠਾਇਆ, ਆਪ ਜਲਵਾ ਨੂਰ ਦਰਸਾਈਆ । ਬ੍ਰਹਮ ਪਾਰਬ੍ਰਹਮ ਰੰਗ ਰੰਗਾਇਆ, ਉਤਰ ਕਦੇ ਨਾ ਜਾਈਆ । ਸ਼ੰਕਰ ਲੇਖਾ ਰਿਹਾ ਵਖਾਇਆ, ਅੰਤਮ ਆਪਣਾ ਭੇਵ ਖੁਲਾਈਆ । ਤਿੰਨਾਂ ਵਿਚੋਲਾ ਬਣ ਕੇ ਆਇਆ, ਨਿਰਗੁਣ ਦਾਤਾ ਬੇਪਰਵਾਹੀਆ । ਅਗੰਮੀ ਢੋਲਾ ਏਕਾ ਗਾਇਆ, ਲਿਖਣ ਪੜ੍ਹਣ ਵਿਚ ਨਾ ਆਈਆ । ਲੱਖ ਚੁਰਾਸੀ ਕਾਇਆ ਚੋਲਾ ਜੀਵ ਜੰਤ ਬਣਾਇਆ, ਜੁਗ ਜੁਗ ਆਪਣੀ ਸੇਜ ਸੁਹਾਈਆ । ਨਿਰਵੈਰ ਤੋਲਾ ਇਕ ਅਖਵਾਇਆ, ਤੋਲਣਹਾਰ ਸ੍ਰਿਸ਼ਟ ਸਬਾਈਆ । ਆਪਣਾ ਪਰਦਾ ਓਹਲਾ ਦਏ ਚੁਕਾਇਆ, ਬ੍ਰਹਮੇ ਵਿਸ਼ਨ ਸ਼ਿਵ ਨੇਤਰ ਨੈਣ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛਲ ਅਛੇਦਾ ਚਾਰੇ ਵੇਦਾਂ ਵੇਖ ਵਖਾਈਆ । ਚਾਰੇ ਵੇਦ ਹਰਿ ਕਾ ਗਿਆਨ, ਪਾਰਬ੍ਰਹਮ ਬ੍ਰਹਮ ਆਤਮ ਆਪ ਜਣਾਇੰਦਾ । ਸ਼ਬਦ ਅਗੰਮੀ ਇਕ ਨਿਸ਼ਾਨ, ਲੋਕਮਾਤ ਝੁਲਾਇੰਦਾ । ਚਾਰ ਜੁਗ ਵੇਖੇ ਆਣ, ਅੰਤਮ ਪੰਧ ਮੁਕਾਇੰਦਾ । ਨੌਂ ਦਰਵਾਜ਼ੇ ਖੋਲ੍ਹ ਦੁਕਾਨ, ਮਾਣਸ ਜੀਵ ਆਪ ਭਵਾਇੰਦਾ । ਨੌਂ ਖੰਡ ਪ੍ਰਿਥਮੀ ਹੋ ਪਰਧਾਨ, ਨਵ ਨਵ ਆਪਣੀ ਧਾਰ ਚਲਾਇੰਦਾ । ਚਾਰ ਜੁਗ ਪਾਵੇ ਸਾਰ, ਏਕਾ ਰੰਗ ਰੰਗਾਇੰਦਾ । ਜੁਗਾ ਜੁਗੰਤਰ ਆਵੇ ਜਾਵੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਵੰਡ ਵੰਡਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਪਾਰਬ੍ਰਹਮ ਬ੍ਰਹਮ ਏਹ ਸਮਝਾਇੰਦਾ । ਗੁਰ ਪੀਰ ਅਵਤਾਰ ਗਾਵਣ ਆਪਣੀ ਵਾਰ, ਵਾਰ ਸੋਹਲਾ ਢੋਲਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚਾ ਵਰ,

ਆਪਣੀ ਭਿਛਿਆ ਇਕ ਵਖਾਇੰਦਾ । ਵਿਸ਼ਨੂੰ ਰੱਖਣਾ ਇਕ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਬ੍ਰਹਮੇ ਦੇਵੇ ਇਕ ਗਿਆਨ, ਪਾਰਬ੍ਰਹਮ ਆਪ ਵਡਿਆਇੰਦਾ । ਸ਼ੰਕਰ ਬਖ਼ਸ਼ੇ ਸਾਚਾ ਮਾਣ, ਨੇਤਰ ਨੈਣਾਂ ਦਰਸ ਦਿਖਾਇੰਦਾ । ਤਿੰਨਾਂ ਵਿਚੋਲਾ ਜਾਣੀ ਜਾਣ, ਜਾਨਣਹਾਰਾ ਖੇਲ ਖਿਲਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਚੁੱਕਣੀ ਆਣ, ਥਿਰ ਕੋਇ ਰਹਿਣ ਨਾ ਪਾਇੰਦਾ । ਸਤਿਜੁਗ ਤੇਰਾ ਚੁੱਕੇ ਮਾਣ, ਬਾਵਣ ਰੂਪ ਨਾ ਕੋਇ ਧਰਾਇੰਦਾ । ਤ੍ਰੇਤਾ ਤਿਰੀਆ ਆਵੇ ਹਾਣ, ਰਾਮ ਰਾਵਣ ਨਾ ਕੋਇ ਘਾਇੰਦਾ । ਦਵਾਪਰ ਦਿਸੇ ਨਾ ਕੋਇ ਨਿਸ਼ਾਨ, ਕਾਹਨਾ ਬੰਸਰੀ ਨਾ ਕੋਇ ਵਜਾਇੰਦਾ । ਕਲਜੁਗ ਅੰਤਮ ਝੂਠ ਨਿਸ਼ਾਨ, ਸ੍ਰਿਸ਼ਟ ਸਬਾਈ ਛਾਇੰਦਾ । ਨਾ ਕੋਈ ਦੀਸੇ ਰਾਜ ਰਾਜਾਨ, ਸ਼ਾਹ ਸੁਲਤਾਨ ਸੀਸ ਤਾਜ ਨਾ ਕੋਇ ਰਖਾਇੰਦਾ । ਨਵ ਨਵ ਨਾਤਾ ਪੰਜ ਸ਼ੈਤਾਨ, ਪੰਚ ਪਰਪੰਚ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਸੂਰਾ ਬਲਵਾਨ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਨੌਜਵਾਨ, ਨਾ ਮਰੇ ਨਾ ਜਾਈਆ । ਆਦਿ ਨਿਰੰਜਣ ਖੇਲ ਮਹਾਨ, ਸ੍ਰੀ ਭਗਵਾਨ ਆਪ ਕਰਾਈਆ । ਅਬਿਨਾਸ਼ੀ ਕਰਤਾ ਦੇਵੇ ਦਾਨ, ਪਾਰਬ੍ਰਹਮ ਪ੍ਰਭ ਆਪਣੀ ਝੋਲੀ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਖੋਲ੍ਹ ਦੁਕਾਨ, ਤ੍ਰੈਗੁਣ ਮਾਇਆ ਹੱਟ ਚਲਾਈਆ । ਚੌਦਾਂ ਲੋਕ ਹੋ ਪਰਧਾਨ, ਏਕਾ ਅੱਖਰ ਕਰੇ ਪੜ੍ਹਾਈਆ । ਨਿਸ਼ਅੱਖਰ ਗੁਣ ਨਿਧਾਨ, ਆਪ ਆਪਣੇ ਵਿਚ ਰਖਾਈਆ । ਲੋਕਮਾਤ ਹੋ ਪਰਧਾਨ, ਪੰਜ ਤਤ ਮੇਲਾ ਸਹਿਜ ਸੁਭਾਈਆ । ਗੁਰ ਰੂਪ ਗੁਣ ਨਿਧਾਨ, ਸਤਿਗੁਰ ਸਾਚਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਵੇਖੇ ਆਣ, ਦਵਾਪਰ ਆਪਣਾ ਬੰਧਨ ਪਾਈਆ । ਕਲਜੁਗ ਕਰੇ ਕੂੜ ਕਲਿਆਣ, ਕਾਲਖ ਟਿੱਕਾ ਵੇਖੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਚਾਰ ਗੇੜਾ ਰਿਹਾ ਭਵਾਈਆ । ਨਵ ਨੌ ਚਾਰ ਗੇੜ ਭਵਾਇਆ, ਜੁਗ ਕਰਤਾ ਖੇਲ ਖਿਲਾਇੰਦਾ । ਸਤਿ ਸਤਿਵਾਦੀ ਸਾਚੀ ਧਾਰ ਬੰਧਾਇਆ, ਸਤਿਜੁਗ ਸਾਚਾ ਰਾਹ ਚਲਾਇੰਦਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇਆ, ਆਪ ਆਪਣੀ ਖੇਲ ਖਿਲਾਇੰਦਾ । ਨਾਦ ਅਨਾਦੀ ਸ਼ਬਦ ਵਜਾਇਆ, ਬੋਧ ਅਗਾਧੀ ਆਪ ਅਲ੍ਹਾਇੰਦਾ । ਵਾਰ ਅਠਾਰਾਂ ਖੇਲ ਅਪਾਰਾ, ਹਰਿ ਨਿਰੰਕਾਰਾ ਸਤਿਜੁਗ ਸਾਚੇ ਜੋਤ ਜਗਾਇਆ, ਭਗਤ ਭਗਵੰਤ ਵੇਖ ਵਖਾਇੰਦਾ । ਤ੍ਰੇਤਾ ਤੇਰੀ ਧਾਰ ਬੰਧਾਇਆ, ਗੜ੍ਹ ਹੰਕਾਰੀ ਰਹਿਣ ਨਾ ਪਾਇਆ, ਏਕਾ ਚਿਲਾ ਹੱਥ ਉਠਾਇੰਦਾ । ਸਚ ਸਵਾਣੀ ਲਏ ਪਰਨਾਇਆ, ਗ਼ਰੀਬ ਨਿਮਾਣੇ ਗਲੇ ਲਗਾਇਆ, ਧੁਰ ਦੀ ਬਾਣੀ ਰਾਗ ਅਲਾਇਆ, ਰਾਮ ਰਾਮ ਰਾਮ ਵਡ ਵਡਿਆਈਆ । ਨੂਰੀ ਜੋਤ ਜੋਤ ਰੁਸ਼ਨਾਇਆ, ਕਾਇਆ ਚੋਲਾ ਲਏ ਬਦਲਾਇਆ, ਪਰਦਾ ਉਹਲਾ ਇਕ ਰਖਾਇਆ, ਭੇਵ ਅਭੇਦਾ ਭੇਵ ਖੁਲਾਈਆ । ਕਾਹਨਾ ਕੰਸਾ ਨਾਉਂ ਧਰਾਇਆ, ਆਪਣਾ ਬੰਸਾ ਆਪ ਸੁਹਾਇਆ, ਗਿਆਨ ਗੀਤਾ ਇਕ ਦ੍ਰਿੜਾਈਆ । ਵੇਦ ਵਿਆਸਾ ਭੇਵ ਜਣਾਇਆ, ਅਠ ਦਸ ਅਠਾਰਾਂ ਪੁਰਾਨ ਲਿਖਾਇਆ, ਲੱਖ ਚਾਰ ਸਤਾਰਾਂ ਹਜ਼ਾਰ ਸਲੋਕ ਗਣਾਇਆ, ਅੱਖਰ ਅੱਖਰ ਕਰੇ ਪੜ੍ਹਾਈਆ । ਕਲਜੁਗ ਆਪਣਾ ਰੂਪ ਵਟਾਇਆ, ਕਾਲਾ ਸੂਸਾ ਤਨ ਛੁਹਾਇਆ, ਈਸਾ ਮੂਸਾ ਖੇਲ ਖਿਲਾਇਆ, ਚਾਰ ਯਾਰ ਸੰਗ ਮੁਹੰਮਦ ਬੇਐਬ ਪਰਵਰਦਿਗਾਰ ਨੂਰੀ ਅੱਲਾ ਏਕੋ ਗਾਇਆ, ਮੁਕਾਮੇ ਹੱਕ ਇਕ ਖ਼ੁਦਾਈਆ । ਹੱਕ ਹਕੀਕਤ ਵੇਖ ਵਖਾਇਆ, ਲਾਸ਼ਰੀਕ ਇਕ ਖ਼ੁਦਾਇਆ, ਨੂਰੀ ਜਲਵਾ ਸੱਚਾ ਸ਼ਹਿਨਸ਼ਾਹੀਆ । ਸਚ ਮਹਿਰਾਬੇ ਆਸਣ ਲਾਇਆ, ਮੁਖ ਨਕਾਬ ਨਾ ਕੋਇ ਧਰਾਇਆ, ਆਪਣਾ ਨੂਰ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੧੪੫

ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਜੁਗ ਜੁਗ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਇੰਦਾ । ਕਲਜੁਗ ਵੇਖ ਕੂੜ ਅੰਧਿਆਰ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਪੰਜ ਤਤ ਤਨ ਕਰ ਪਿਆਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਾਨਕ ਨਾਮ ਹੋ ਉਜਿਆਰ, ਨਾਮ ਸਤਿ ਮੰਤਰ ਇਕ ਦ੍ਰਿੜਾਇੰਦਾ । ਚਾਰ ਵਰਨਾਂ ਕਰੇ ਪਿਆਰ, ਊਚ ਨੀਚ ਰਾਓ ਰੰਕ ਰਾਜ ਰਾਜਾਨ ਆਪਣੇ ਗਲ ਲਗਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਸ਼ਬਦ ਅਨਾਦੀ ਨਾਦ ਵਜਾਇੰਦਾ । ਚਾਰੇ ਖਾਣੀ ਕਰ ਪਿਆਰ, ਸਾਚੀ ਬਾਣੀ ਆਪ ਅਲ੍ਹਾਇੰਦਾ । ਪਰਾ ਪਸੰਤੀ ਏਕਾ ਧਾਰ, ਮਧਮ ਬੈਖਰੀ ਆਪ ਸੁਣਾਇੰਦਾ । ਨੌ ਖੰਡ ਪ੍ਰਿਥਮੀ ਉਚੀ ਕੂਕ ਰਿਹਾ ਪੁਕਾਰ, ਬਿਨ ਹਰਿ ਸਾਚਾ ਕੋਇ ਨਜ਼ਰ ਨਾ ਆਇੰਦਾ । ਜੁਗ ਜੁਗ ਬੇੜਾ ਲਾਏ ਪਾਰ, ਸਤਿਜੁਗ ਤ੍ਰੇਤਾ ਦਵਾਪਰ ਆਪ ਤਰਾਇੰਦਾ । ਕਲਜੁਗ ਅੰਤਮ ਆਏ ਵਾਰ, ਸਗਲਾ ਸੰਗ ਨਾ ਕੋਇ ਰਖਾਇੰਦਾ । ਨਾਤਾ ਤੁੱਟੇ ਮੀਤ ਮੁਰਾਰ, ਮਾਤ ਪਿਤ ਭਾਈ ਭੈਣ ਲੋਕਮਾਤ ਮੁਖ ਭਵਾਇੰਦਾ । ਚਾਰੋਂ ਕੁੰਟ ਆਸਾ ਤ੍ਰਿਸ਼ਨਾ ਹਉਮੇ ਹੰਗਤਾ ਫਿਰੇ ਡਾਇਣ, ਸਤਿ ਸੰਤੋਖ ਧੀਰਜ ਧੀਰ ਨਾ ਕੋਇ ਧਰਾਇੰਦਾ । ਗੁਰ ਕਾ ਦਰਸ ਨਾ ਪੇਖੇ ਕੋਇ ਨੈਣ ਵਿਭਚਾਰ, ਸ੍ਰਿਸ਼ਟ ਸਬਾਈ ਜਣਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪ ਚੁਕਾਏ ਲਹਿਣਾ ਦੇਣ, ਕਲਜੁਗ ਅੰਤਮ ਨਿਹਕਲੰਕੀ ਜਾਮਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦ ਫ਼ਰਮਾਣਾ, ਦੇਵਣਹਾਰਾ ਦੋ ਜਹਾਨਾ, ਲੋਆਂ ਪੁਰੀਆਂ ਬ੍ਰਹਮੰਡਾਂ ਖੰਡਾਂ ਆਪ ਸੁਣਾਇੰਦਾ । ਬ੍ਰਹਿਮੰਡ ਖੰਡ ਹਰਿ ਸ਼ਬਦ ਜਣਾਇਆ, ਨਾਨਕ ਨਿਰਗੁਣ ਸਰਗੁਣ ਸੇਵ ਕਮਾਈਆ । ਸ਼ਬਦ ਗੁਰੂ ਗੁਰ ਇਕ ਸਮਝਾਇਆ, ਆਦਿ ਜੁਗਾਦਿ ਸੇਵ ਕਮਾਈਆ । ਇਕ ਇਕੇਲਾ ਫੇਰੀ ਪਾਇਆ, ਜੁਗਾਂ ਜੁਗੰਤਰ ਵਡ ਵਡਿਆਈਆ । ਸੱਜਣ ਸੁਹੇਲਾ ਦਿਸ ਨਾ ਆਇਆ, ਦਹਿ ਦਿਸ਼ਾ ਸੇਵ ਕਮਾਈਆ । ਕਾਇਆ ਚੋਲਾ ਲਏ ਬਦਲਾਇਆ, ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਵੱਜੇ ਵਧਾਈਆ । ਸਾਚਾ ਬੋਲਾ ਇਕ ਸਮਝਾਇੰਦਾ, ਵਾਹ ਵਾ ਗੁਰੂ ਫ਼ਤਹਿ ਗਜਾਈਆ । ਅੰਤਮ ਤੋਲਾ ਇਕ ਸਮਝਾਇਆ, ਪਾਰਬ੍ਰਹਮ ਸੱਚੀ ਸਰਨਾਈਆ । ਕਲਜੁਗ ਹੌਲਾ ਭਾਰ ਦਏ ਕਰਾਇਆ, ਧਰਤੀ ਧਰਤ ਧਵਲ ਧਰਨੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਆਪਣੇ ਘਰ, ਘਰ ਸੁਹੰਜਣਾਂ ਇਕ ਸੁਹਾਈਆ । ਘਰ ਸੁਹੰਜਣਾ ਹਰਿ ਸੁਹਾਇਆ, ਤਖ਼ਤ ਨਿਵਾਸੀ ਬੇਪਰਵਾਹ । ਪੁਰਖ ਅਕਾਲ ਡੇਰਾ ਲਾਇਆ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਗੁਰ ਗੋਬਿੰਦ ਦਰਸਨ ਪਾਇਆ, ਮਿਲਿਆ ਮੇਲ ਧੁਰ ਦਰਗਾਹਿ । ਆਪਣਾ ਬੋਲਾ ਆਪ ਸੁਣਾਇਆ, ਗਲ ਪੱਲੂ ਏਕਾ ਪਾ । ਹਉਂ ਗੋਲਾ ਸੇਵ ਕਮਾਇਆ, ਪਿਤਾ ਪੂਤ ਸੇਵ ਕਮਾ । ਪੰਜ ਤਤ ਪਿਆਰ ਨਾ ਕੋਇ ਰਖਾਇਆ, ਤੇਰੀ ਜੋਤੀ ਜੋਤ ਰਿਹਾ ਸਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਏਕਾ ਦਿਤਾ ਜਣਾ । ਧੁਰ ਫ਼ਰਮਾਣਾ ਹਰਿ ਜਣਾਇਆ, ਗੁਰ ਗੋਬਿੰਦ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਹੋਏ ਸਹਾਇਆ, ਕਲਜੁਗ ਅੰਤ ਰਹਿਣ ਨਾ ਪਾਈਆ । ਤੇਰਾ ਤੇਰੇ ਵਿਚ ਟਿਕਾਇਆ, ਤੇਰੀ ਸਰਨ ਸੱਚੀ ਸਰਨਾਈਆ । ਤੇਰੀ ਰਤ ਲੇਖੇ ਲਾਇਆ, ਤੇਰਾ ਤਤ ਤਤ ਵਡਿਆਈਆ । ਪੁਰਖ ਸਮਰਥ ਜੋਤ ਜਗਾਇਆ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਲਜੁਗ ਅੰਤਮ ਵੇਖੇ ਥਾਉਂ ਥਾਂਇਆ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਫੋਲ ਫੁਲਾਈਆ । ਸਾਢੇ ਤਿੰਨ ਤਿੰਨ ਹੱਥ ਲੇਖਾ ਦਏ ਚੁਕਾਇਆ, ਰਵਦਾਸ ਚੁਮਾਰਾ ਗਿਆ ਲਿਖਾਈਆ । ਨਾਮ ਖੰਡਾ ਹੱਥ ਉਠਾਇਆ, ਚਾਰੋਂ ਕੁੰਟ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਵੇਖੇ ਥਾਉਂ


੧੧੪੬ ੦੯

ਥਾਂਇਆ, ਸੱਤਾਂ ਦੀਪਾਂ ਫੇਰਾ ਪਾਈਆ । ਸ਼ਾਹ ਸੁਲਤਾਨਾਂ ਦਏ ਹਲਾਇਆ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਚਾਰੇ ਵਰਨ ਦਏ ਮਿਟਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਏਕਾ ਇਸ਼ਟ ਸਰਬ ਜਣਾਇਆ, ਪੁਰਖ ਅਕਾਲ ਸੱਚੀ ਸਰਨਾਈਆ । ਸਤਿਗੁਰ ਪੂਰਾ ਨਾ ਮਰੇ ਨਾ ਜਾਇਆ, ਮੜੀ ਗੋਰ ਨਾ ਕੋਇ ਦਬਾਈਆ । ਜੀਵ ਜੰਤ ਨਾ ਵੰਡ ਵੰਡਾਇਆ, ਘਟ ਘਟ ਆਪਣਾ ਰੂਪ ਰਿਹਾ ਟਿਕਾਈਆ । ਬ੍ਰਹਿਮੰਡ ਖੰਡ ਆਪਣਾ ਆਸਣ ਆਪ ਸੁਹਾਇਆ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸੇਵ ਲਗਾਇਆ, ਆਦਿ ਜੁਗਾਦੀ ਭੁੱਲ ਨਾ ਜਾਈਆ । ਕਲਜੁਗ ਅੰਤਮ ਆਪਣਾ ਰੂਪ ਲਏ ਪਰਗਟਾਇਆ, ਨਿਹਕਲੰਕਾ ਨਾਉਂ ਰਖਾਈਆ । ਨਾਮ ਡੰਕਾ ਇਕ ਵਜਾਇਆ, ਨਵ ਨਵ ਸੱਤ ਸੱਤ ਚਾਰ ਚਾਰ ਆਪ ਸੁਣਾਈਆ । ਸਾਚਾ ਬੰਕਾ ਦਏ ਸੁਹਾਇਆ, ਸੰਬਲ ਨਗਰੀ ਵਡ ਵਡਿਆਈਆ । ਆਦਿਨ ਅੰਤਾ ਫੇਰਾ ਪਾਇਆ, ਜੁਗਾ ਜੁਗੰਤ ਭੇਵ ਨਾ ਰਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਰਿਹਾ ਗਾਇਆ, ਬੇਅੰਤ ਬੇਅੰਤ ਬੇਅੰਤ ਲੱਖ ਚੁਰਾਸੀ ਕੂਕੇ ਸਰਬ ਲੋਕਾਈਆ । ਆਪਣਾ ਭਾਣਾ ਆਪਣੇ ਹੱਥ ਰਖਾਇਆ, ਭਾਵੀ ਸਭ ਦੇ ਸਿਰ ਤੇ ਆਪ ਵਰਤਾਈਆ । ਗੁਰ ਪੀਰ ਅਵਤਾਰ ਸਾਧ ਸੰਤ ਪੰਜ ਤਤ ਭਾਂਡਾ ਕੋਈ ਰਹਿਣ ਨਾ ਪਾਇਆ, ਜੋ ਘੜਿਆ ਭੰਨ ਵਖਾਈਆ । ਕਲਜੁਗ ਅੰਤਮ ਨਿਹਕਲੰਕ ਰੂਪ ਸ਼ਾਹੋ ਭੂਪ ਸਤਿ ਸਰੂਪ ਨਿਰਵੈਰ ਮੂਰਤ ਅਕਾਲ ਜੂਨੀ ਰਹਿਤ ਬਣ ਕੇ ਆਇਆ, ਫੜ ਨਾ ਸਕੇ ਕੋਈ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਘੋੜੇ ਚੜ੍ਹ ਕੇ ਆਇਆ, ਨਾਮ ਖੰਡਾ ਰਿਹਾ ਚਮਕਾਈਆ । ਸਚਖੰਡ ਦਵਾਰੇ ਉਚੇ ਪੌੜੇ ਸਾਚੇ ਡੰਡੇ ਖੜ ਕੇ ਆਇਆ, ਆਪਣਾ ਪਰਦਾ ਰਿਹਾ ਉਠਾਈਆ । ਗੁਰਮੁਖਾਂ ਗੁਰਸਿਖਾਂ ਲੜ ਫੜ ਕੇ ਆਇਆ, ਸੰਤ ਭਗਤ ਭਗਵੰਤ ਲਏ ਮਿਲਾਈਆ । ਸਾਚੀ ਨਾਰੀ ਹਰਿ ਕੰਤ ਵਰ ਕੇ ਆਇਆ, ਹਰਿਜਨ ਆਤਮ ਸੇਜ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਖੇਲੇ ਖੇਲ ਮਹਾਨ, ਜੂਠ ਝੂਠ ਮਿਟੇ ਦੁਕਾਨ, ਸਤਿਜੁਗ ਸਤਿਜੁਗ ਸਤਿਵਾਦ ਸਤਿ ਪੁਰਖ ਨਿਰੰਜਣ ਸਾਚਾ ਮਾਰਗ ਆਪ ਲਗਾਈਆ ।

### ❋ ੬ ਅਸੂ ੨੦੧੭ ਬਿਕ੍ਰਮੀ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ❋

ਸਤਿਗੁਰ ਪੂਰਾ ਹਰਿ ਭਗਵਾਨ, ਹਰੀ ਹਰਿ ਏਕਾ ਏਕੰਕਾਰਿਆ । ਆਦਿ ਜੁਗਾਦੀ ਖੇਲ ਮਹਾਨ, ਜੁਗਾ ਜੁਗੰਤਰ ਲੈ ਅਵਤਾਰਿਆ । ਧਰਮ ਵਖਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾ ਰਿਹਾ । ਕਲਜੁਗ ਅੰਤਮ ਹੋਏ ਪਰਧਾਨ, ਨਿਰਗੁਣ ਆਪਣਾ ਰੂਪ ਵਟਾ ਲਿਆ । ਪੁਰਖ ਅਬਿਨਾਸ਼ੀ ਨੌਜਵਾਨ, ਨਿਰਗੁਣ ਨੇਹਕਰਮੀ ਕਰਮ ਕਮਾ ਰਿਹਾ । ਸਾਚੇ ਤਖ਼ਤ ਬੈਠ ਸੁਲਤਾਨ, ਹੁਕਮੀ ਹੁਕਮ ਆਪ ਵਰਤਾ ਰਿਹਾ । ਕਲਜੁਗ ਕੂੜੀ ਕਿਰਿਆ ਵੇਖੇ ਆਣ, ਨੌ ਖੰਡ ਪ੍ਰਿਥਮੀ ਅੰਧੇਰਾ ਛਾ ਰਿਹਾ । ਬ੍ਰਹਿਮੰਡ ਖੰਡ ਹੋਏ ਸੁੰਞ ਮਸਾਣ, ਹਰਿ ਹਰਿ ਗੀਤ ਨਾ ਕੋਇ ਅਲ੍ਹਾ ਰਿਹਾ । ਘਟ ਘਟ ਅੰਦਰ ਪੰਜ ਸ਼ੈਤਾਨ, ਜਗਤ ਵਿਕਾਰਾ ਸੰਗ ਨਿਭਾ ਰਿਹਾ । ਚੌਦਾਂ ਲੋਕ ਹੋਏ ਹੈਰਾਨ, ਸਾਚਾ ਹੱਟ ਨਾ ਕੋਇ ਖੁਲਾ ਰਿਹਾ । ਚਾਰ ਵਰਨ ਨਾ ਕੋਇ ਗਿਆਨ, ਅਠਾਰਾਂ ਬਰਨ ਭਰਮ ਭੁੱਲਾ ਰਿਹਾ । ਸਖ਼ੀ ਸੁਲਤਾਨ ਨਾ ਦੇਵੇ ਕੋਈ ਦਾਨ, ਸਾਚੀ ਭਿਛਿਆ ਨਾ ਕੋਇ ਵਰਤਾ ਰਿਹਾ । ਸਚ ਪਰਕਾਸ਼ ਨਾ ਕੋਇ ਭਾਨ, ਅੰਧ ਅੰਧੇਰ ਨਾ ਕੋਇ ਗਵਾ ਰਿਹਾ । ਧੁਨੀ ਨਾਦ ਨਾ ਕੋਇ ਕਾਨ, ਅਨਹਦ ਸ਼ਬਦ ਨਾ ਕੋਇ ਸੁਣਾ ਰਿਹਾ । ਸਤਿਗੁਰ


੧੧੪੭ ੦੯

ਪੂਰਾ ਨਾ ਕੋਇ ਪਛਾਣ, ਗੁਰ ਗੁਰ ਮੰਤਰ ਨਾ ਕੋਇ ਦ੍ਰਿੜਾ ਰਿਹਾ । ਅੰਮ੍ਰਿਤ ਸਰੋਵਰ ਨਾ ਪੀਣ ਖਾਣ, ਦੁਰਮਤ ਮੈਲ ਨਾ ਕੋਇ ਧਵਾ ਰਿਹਾ । ਚਰਨ ਕਵਲ ਨਾ ਕੋਇ ਮਾਣ, ਹਰਿ ਚਰਨ ਸੇਵ ਨਾ ਕੋਇ ਕਮਾ ਰਿਹਾ । ਪੁਰਖ ਅਕਾਲ ਨਾ ਕੋਇ ਆਣ, ਏਕਾ ਇਸ਼ਟ ਨਾ ਕੋਇ ਵਖਾ ਰਿਹਾ । ਚਾਰੋਂ ਕੁੰਟ ਜੂਠ ਝੂਠ ਜਗਤ ਪਰਧਾਨ, ਮਾਇਆ ਮਮਤਾ ਮੋਹ ਵਧਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਧਰਾ ਲਿਆ । ਚਾਰੋਂ ਕੁੰਟ ਅੰਧੇਰਾ ਅੰਧ, ਸਚ ਪਰਕਾਸ਼ ਨਾ ਕੋਇ ਜਣਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਨਾ ਕੋਇ ਮੁਕਾਏ ਪੰਧ, ਪੂਰੀ ਆਸ ਨਾ ਕੋਇ ਕਰਾਈਆ । ਆਤਮ ਉਪਜਾਏ ਨਾ ਕੋਇ ਪਰਮਾਨੰਦ, ਨਿਜਾਨੰਦ ਨਾ ਕੋਇ ਰਸਾਈਆ । ਭਰਮਾਂ ਢਾਹੇ ਨਾ ਦਵੈਤੀ ਕੰਧ, ਦੂਈ ਪਰਦਾ ਨਾ ਕੋਇ ਉਠਾਈਆ । ਸ਼ਬਦ ਸੁਣਾਏ ਨਾ ਕੋਇ ਸੁਹਾਗੀ ਛੰਦ, ਸਾਚੀ ਸਖ਼ੀਆਂ ਮਿਲ ਮਿਲ ਮੰਗਲ ਗੀਤ ਨਾ ਕੋਇ ਗਾਈਆ । ਜੋਤ ਉਜਾਲਾ ਨਾ ਚੜ੍ਹੇ ਚੰਦ, ਨਿਰਵੈਰ ਜੋਤ ਨਾ ਕੋਇ ਰੁਸ਼ਨਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੁੱਤਾ ਦੇ ਕਰ ਕੰਡ, ਲੱਖ ਚੁਰਾਸੀ ਕਰਵਟ ਸਕੇ ਨਾ ਕੋਇ ਬਦਲਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਭੇਵ ਜਣਾਏ ਬ੍ਰਹਮ ਬ੍ਰਹਿਮੰਡ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਤੋੜਨਹਾਰਾ ਜੁਗ ਜੁਗ ਘਮੰਡ, ਘੁਮਣ ਘੇਰ ਵੇਖੇ ਸ੍ਰਿਸ਼ਟ ਸਬਾਈਆ । ਏਕੰਕਾਰਾ ਹਰਿ ਨਿਰੰਕਾਰਾ, ਜੋਧਾ ਸੂਰ ਬਲੀ ਬਲਕਾਰਾ ਸ਼ਬਦ ਫੜੇ ਚੰਡ ਪ੍ਰਚੰਡ, ਚੰਡੀ ਚੰਡਕਾ ਹੱਥ ਉਠਾਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ, ਲੱਖ ਚੁਰਾਸੀ ਵੇਖੇ ਨਾਰ ਦੁਹਾਗਣ ਰੰਡ, ਕੰਤ ਕੰਤੂਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਅੰਤਮ ਵੇਸ ਕਰ, ਨਿਰਗੁਣ ਨਿਰਗੁਣ ਨਿਰਗੁਣ ਆਪਣੀ ਚਾਲ ਚਲਾਈਆ । ਜੁਗ ਜੁਗ ਵੇਖ ਵਖਾਇਆ, ਕਰ ਕਿਰਪਾ ਆਪ ਕਰਤਾਰ । ਸਤਿਜੁਗ ਤ੍ਰੇਤਾ ਦਵਾਪਰ ਪਾਰ ਲੰਘਾਇਆ, ਕਲਜੁਗ ਆਈ ਅੰਤਮ ਵਾਰ । ਨਿਹਕਲੰਕੀ ਜਾਮਾ ਪਾਇਆ, ਪਰਗਟ ਹੋ ਵਿਚ ਸੰਸਾਰ । ਚਾਰੇ ਵਰਨ ਦਏ ਗਵਾਇਆ, ਰੰਗ ਚਾੜ੍ਹੇ ਅਗੰਮ ਅਪਾਰ । ਊਚ ਨੀਚ ਨਾ ਕੋਇ ਰਖਾਇਆ, ਜ਼ਾਤ ਪਾਤ ਵਸਿਆ ਬਾਹਰ । ਸ਼ਬਦ ਗੁਰ ਇਕ ਸਮਝਾਇਆ, ਸ੍ਰਿਸ਼ਟ ਸਬਾਈ ਸਾਂਝਾ ਯਾਰ । ਦਰਗਹਿ ਸਾਚੀ ਆਪ ਬਹਾਇਆ, ਨੂਰ ਖ਼ੁਦਾਈ ਪਰਵਰਦਿਗਾਰ । ਰਾਮ ਰਾਮਾ ਰੂਪ ਪਰਗਟਾਇਆ, ਰਾਮ ਰਾਮਾ ਸਿਰਜਣਹਾਰ । ਸਾਚੇ ਤਖ਼ਤ ਆਪ ਸੁਹਾਇਆ, ਤਖ਼ਤ ਨਿਵਾਸੀ ਸੱਚਾ ਸ਼ਾਹਕਾਰ । ਸ਼ਹਿਨਸ਼ਾਹ ਆਪਣਾ ਨਾਉਂ ਧਰਾਇਆ, ਪਾਤਸ਼ਾਹ ਸੱਚੀ ਸਰਕਾਰ । ਸਚ ਨਿਸ਼ਾਨਾ ਹੱਥ ਉਠਾਇਆ, ਚਾੜ੍ਹੇ ਰੰਗ ਅਪਰ ਅਪਾਰ । ਦਰਗਹਿ ਸਾਚੀ ਆਪ ਝੁਲਾਇਆ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਥਿਰ ਘਰ ਸਾਚੇ ਆਪ ਗਡਾਇਆ, ਆਪ ਆਪਣੀ ਕਿਰਪਾ ਧਾਰ । ਪੰਚਮ ਸੀਸ ਤਾਜ ਸੁਹਾਇਆ, ਜਗਦੀਸ ਕਰੇ ਵਿਚਾਰ । ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਰਾਇਆ, ਗੁਰ ਪੀਰ ਅਵਤਾਰ ਨਿਉਂ ਨਿਉਂ ਕਰਦੇ ਰਹੇ ਨਿਮਸਕਾਰ । ਨਾਨਕ ਗੋਬਿੰਦ ਜਗਤ ਵਖਾਇਆ, ਰਾਹ ਤੱਕੇ ਪਰਵਰਦਿਗਾਰ । ਪੁਰਖ ਅਬਿਨਾਸ਼ੀ ਹੋਏ ਸਹਾਇਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜਾਮਾ ਭੇਖ ਵਟਾਇਆ, ਸ਼ਬਦ ਅਗੰਮੀ ਫੜ ਕਟਾਰ । ਸਚ ਮਿਆਨ ਆਪ ਛੁਹਾਇਆ, ਦਿਸ ਨਾ ਆਏ ਵਿਚ ਸੰਸਾਰ । ਤਿਖੀ ਧਾਰਾ ਮੁਖ ਰਖਾਇਆ, ਨਾ ਕੋਈ ਘੜੇ ਲੋਹਾਰ ਤਰਖਾਣ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਦਿਸ ਕਿਸੇ ਨਾ ਆਇਆ, ਆਪੇ ਵਸੇ ਸਭ ਤੋਂ ਬਾਹਰ । ਆਪਣਾ ਹਿਸਾ ਆਪ ਵੰਡਾਇਆ, ਕਲ ਕਲਕੀ ਲੈ ਅਵਤਾਰ । ਸਾਚੀ ਨਗਰੀ ਧਾਮ ਸੁਹਾਇਆ, ਨਾ


੧੧੫੮ ੦੯

ਕੋਈ ਦੀਸੇ ਚਾਰ ਦੀਵਾਰ । ਜਾਗਰਤ ਜੋਤ ਕਰ ਰੁਸ਼ਨਾਇਆ, ਨੂਰੋ ਨੂਰ ਪਸਰ ਪਸਾਰ । ਧੁਨ ਅਗੰਮੀ ਨਾਦ ਵਜਾਇਆ, ਤੁਰੀਆ ਰਾਗ ਕਰਿਆ ਖ਼ਬਰਦਾਰ । ਸਚ ਬਸੰਤੀ ਰੁੱਤ ਸੁਹਾਇਆ, ਪੁਰਖ ਅਬਿਨਾਸ਼ੀ ਖਿੜੀ ਗੁਲਜ਼ਾਰ । ਤਖ਼ਤ ਨਿਵਾਸੀ ਵੇਖ ਵਖਾਇਆ, ਸਤਿਗੁਰ ਪੂਰਾ ਸੱਚੀ ਸਰਕਾਰ । ਆਪਣੀ ਵੰਡਣ ਵੰਡ ਵੰਡਾਇਆ, ਵੰਡਣਹਾਰਾ ਨਿਰਗੁਣ ਨਿਰਾਕਾਰ । ਗੁਰਮੁਖ ਸਾਚੇ ਲਏ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾਂ ਜੁਗੰਤਰ ਜਾਣੇ ਆਪਣੀ ਕਾਰ । ਕਲਜੁਗ ਅੰਧੇਰਾ ਛਾਇਆ, ਸਚ ਸੁੱਚ ਨਾ ਕੋਇ ਵਡਿਆਈਆ । ਚਾਰੋਂ ਕੁੰਟ ਤ੍ਰੈਗੁਣ ਮਾਇਆ, ਤ੍ਰੈ ਤ੍ਰੈ ਲੋਕਾਂ ਪਰਦਾ ਰਹੀ ਪਾਈਆ । ਸਚ ਸਲੋਕ ਨਾ ਕੋਇ ਜਣਾਇਆ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਚੌਦਾਂ ਲੋਕ ਪੰਧ ਨਾ ਕਿਸੇ ਮੁਕਾਇਆ, ਚੌਦਾਂ ਤਬਕ ਰਹੇ ਕੁਰਲਾਈਆ । ਜਗਤ ਮੋਖ ਚਰਨਾਂ ਹੇਠ ਨਾ ਕੋਇ ਦਬਾਇਆ, ਜਗਤ ਮੁਕਤੀ ਰਾਹ ਤਕਾਈਆ । ਚਾਰ ਜੁਗ ਚਾਰ ਵਰਨ ਹਰਖ ਸੋਗ ਨਾ ਕਿਸੇ ਚੁਕਾਇਆ, ਗੁਰ ਪੀਰ ਨੇਤਰ ਨੀਰ ਵਹਾ ਵਹਾ ਗਏ ਜੁਗ ਜੁਗ ਪਾਂਧੀ ਰਾਹੀਆ । ਕਲਜੁਗ ਅੰਤਮ ਖੇਲ ਖਿਲਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਨੌਂ ਨੌਂ ਚਾਰ ਪੰਧ ਮੁਕਾਇਆ, ਨਵ ਨੌਂ ਆਪੇ ਵੇਖ ਵਖਾਈਆ । ਚਾਰ ਯਾਰੀ ਸੱਥਰ ਹੇਠ ਵਿਛਾਇਆ, ਪੰਚਮ ਮੁਖ ਮੁਖ ਵਡਿਆਈਆ । ਧੁਰ ਦਾ ਰਾਜ ਜੋਗ ਇਕ ਵਖਾਇਆ, ਸਿਆਸਤ ਵਰਾਸਤ ਰਹਿਣ ਨਾ ਪਾਈਆ । ਸ਼ਬਦ ਸਲੋਕ ਢੋਲਾ ਸਾਚਾ ਗਾਇਆ, ਸ਼ਬਦੀ ਬੋਲਾ ਇਕ ਅਲਾਈਆ । ਨਿਰਗੁਣ ਸਰਗੁਣ ਚੋਲਾ ਇਕ ਹੰਢਾਇਆ, ਪੰਜ ਤਤ ਮਾਟੀ ਵੇਖ ਵਖਾਈਆ । ਜਨ ਭਗਤਾਂ ਗੋਲਾ ਬਣ ਕੇ ਆਇਆ, ਦਿਵਸ ਰੈਣ ਸੇਵ ਕਮਾਈਆ । ਸਾਚਾ ਤੋਲਾ ਨਰ ਨਰਾਇਣ ਸਾਚਾ ਕੰਡਾ ਹੱਥ ਫੜ ਕੇ ਆਇਆ, ਆਪਣਾ ਭਾਰ ਆਪ ਵੰਡਾਈਆ । ਅਠਾਰਾਂ ਭਾਰ ਚਰਨਾਂ ਹੇਠ ਮਲ ਕੇ ਆਇਆ, ਜਗਤ ਬਨਾਸਪਤ ਰਹੀ ਕੁਰਲਾਈਆ । ਗੁਰਸਿਖਾਂ ਹੌਲਾ ਭਾਰ ਸਿਰ ਆਪਣੇ ਧਰ ਕੇ ਆਇਆ, ਧਰਨੀ ਧਰਤ ਧਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਧਾਰ ਆਪ ਬੰਧਾਈਆ । ਕਲਜੁਗ ਰੈਣ ਅੰਧੇਰੀ ਰਾਤ, ਚਾਰ ਕੁੰਟ ਰਿਹਾ ਕੁਰਲਾਈਆ । ਚਾਰ ਵਰਨ ਨਾ ਗਾਏ ਕੋਈ ਗਾਥ, ਘਰ ਘਰ ਜਗਤ ਵਿਦਿਆ ਪਈ ਲੜਾਈਆ । ਕਿਸੇ ਨਾ ਮਿਲੇ ਤ੍ਰਿਲੋਕੀ ਨਾਥ, ਕਵਲ ਨੈਣ ਨੈਣ ਨਾ ਮੁਖ ਕੋਇ ਸਾਲਾਹੀਆ । ਕੋਈ ਨਾ ਕਰੇ ਪੂਰਾ ਘਾਟ, ਮਾਣਸ ਜਨਮ ਲੇਖੇ ਕੋਇ ਨਾ ਲਾਈਆ । ਕੋਇ ਨਾ ਖੋਲ੍ਹੇ ਬਜਰ ਕਪਾਟ, ਦੁਰਮਤ ਪਰਦਾ ਨਾ ਕੋਇ ਲਾਹੀਆ । ਕੋਇ ਨਾ ਜਗਾਏ ਜੋਤ ਲਲਾਟ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਕੋਇ ਨਾ ਵਖਾਏ ਤਨ ਪਾਟ, ਪੀਤ ਪੀਤੰਬਰ ਨਾ ਕੋਇ ਸੁਹਾਈਆ । ਕੋਇ ਨਾ ਜਣਾਏ ਨੇੜੇ ਵਾਟ, ਚਲ ਚਲ ਥੱਕੇ ਪਾਂਧੀ ਰਾਹੀਆ । ਕੋਇ ਨਾ ਦੁਰਮਤ ਮੈਲ ਦੇਵੇ ਕਾਟ, ਅਠਸਠ ਤੀਰਥ ਦੇਣ ਦੁਹਾਈਆ । ਕੋਇ ਨਾ ਸੋਏ ਆਤਮ ਸੇਜਾ ਸਾਚੀ ਖਾਟ, ਪੀਆ ਪ੍ਰੀਤਮ ਕੋਇ ਨਾ ਦਏ ਮਿਲਾਈਆ । ਕੋਇ ਨਾ ਅੰਮ੍ਰਿਤ ਆਤਮ ਰਸ ਲਏ ਚਾਟ, ਬਿਖ ਵੇਖੇ ਸ੍ਰਿਸ਼ਟ ਸਬਾਈਆ । ਕਲਜੁਗ ਅੰਤਮ ਖੇਲੇ ਖੇਲ ਬਾਜ਼ੀਗਰ ਨਟੂਆ ਨਾਟ, ਸਵਾਂਗੀ ਆਪਣਾ ਸਾਂਗ ਰਚਾਈਆ । ਗੁਰਮੁਖ ਗੁਰ ਗੁਰ ਵੇਖੇ ਪੰਜ ਤਤ ਕਾਇਆ ਚੋਲਾ ਮਾਟੀ ਮਾਟ, ਤਨ ਹਾਟੀ ਆਪ ਸੁਹਾਈਆ । ਲੇਖ ਚੁਕਾਏ ਆਨ ਬਾਟ, ਮਾਤ ਗਰਭ ਫੇਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਵੈਰ ਨਿਰਾਕਾਰ ਮੂਰਤ ਅਕਾਲ ਜੂਨੀ ਰਹਿਤ ਬੇਪਰਵਾਹ

੧੧੪੯

੧੧੫੦
੦੯

ਵੱਡੀ ਵਡਿਆਈਆ । ਕਲਜੁਗ ਅੰਧ ਅੰਧਿਆਰ, ਚਾਰ ਵਰਨ ਕੁਰਲਾਇਆ । ਘਰ ਮੰਦਰ ਨਾ ਕੋਇ ਉਜਿਆਰ, ਗ੍ਰਿਹ ਅੰਧੇਰ ਨਾ ਕੋਇ ਮਿਟਾਇਆ । ਤਨ ਬੰਕ ਨਾ ਕੋਇ ਪਿਆਰ, ਨਾਮ ਡੰਕ ਨਾ ਕੋਇ ਵਜਾਇਆ । ਤਨ ਬਸਤਰ ਨਾ ਕੋਇ ਸ਼ੰਗਾਰ, ਕਜਲਾ ਧਾਰ ਨੈਣ ਨੈਣ ਨਾ ਕੋਇ ਸੁਹਾਇਆ । ਬਸਤਰ ਭੂਸ਼ਨ ਨਾ ਕੋਇ ਆਧਾਰ, ਸਾਚਾ ਵੇਲਾ ਨਾ ਕੋਇ ਸੁਹਾਇਆ । ਕਲਜੁਗ ਦੂਸ਼ਨ ਜੀਵ ਵਿਭਚਾਰ, ਦੂਤੀ ਦੁਸ਼ਟ ਸਰਬ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਨਾਉਂ ਧਰਾਇਆ । ਨਿਰਗੁਣ ਨਿਰੰਕਾਰ ਨਿਰਵੈਰ ਆਪਣਾ ਨਾਉਂ ਰੱਖ, ਲੋਕਮਾਤ ਵੇਸ ਵਟਾਈਆ । ਦੀਨ ਦਿਆਲ ਹੋ ਪਰਤੱਖ, ਪੁਰਖ ਸਮਰਥ ਖੇਲ ਖਿਲਾਈਆ । ਹਰਿ ਸੱਜਣ ਸਾਚੇ ਲਏ ਰੱਖ, ਮੀਤ ਮੁਰਾਰਾ ਦਇਆ ਕਮਾਈਆ । ਲੇਖੇ ਜਾਣੇ ਕਿਸ਼ਨਾ ਸੁਖ਼ਲਾ ਪੱਖ, ਵਦੀ ਸੁਦੀ ਵੇਖ ਵਖਾਈਆ । ਸੂਰਜ ਚੰਨ ਰਾਹ ਤੱਕਣ ਆਪਣਾ ਪੱਖ, ਘੜੀ ਪਲ ਰਹੇ ਗਣਤ ਗਣਾਈਆ । ਚਾਰ ਵੇਦ ਮਾਰਗ ਦੱਸ, ਅੰਤਮ ਪੰਧ ਨਾ ਸਕੇ ਕੋਇ ਮੁਕਾਈਆ । ਪੁਰਖ ਅਬਿਨਾਸ਼ੀ ਖੇਲ ਖਲਾਏ ਹੱਸ ਹੱਸ, ਹਰਿ ਹਰਿ ਮਹਿਮਾ ਅਕਥ ਕਥੀ ਨਾ ਜਾਈਆ । ਕਲਜੁਗ ਅੰਤਮ ਵੇਖੇ ਨੱਸ ਨੱਸ, ਨਰ ਨਰਾਇਣ ਵੱਡੀ ਵਡਿਆਈਆ । ਗੁਰਮੁਖਾਂ ਅੰਦਰ ਵਸ ਵਸ, ਵਾਸਤਕ ਆਪਣਾ ਰੂਪ ਦਰਸਾਈਆ । ਮੇਟੇ ਰੈਣ ਅੰਧੇਰੀ ਮਸ, ਸਾਚਾ ਭਾਨ ਕਰੇ ਰੁਸ਼ਨਾਈਆ । ਤੀਰ ਨਿਰਾਲਾ ਮਾਰੇ ਕਸ, ਬਿਰਹੋਂ ਆਪਣੀ ਧਾਰ ਬੰਧਾਈਆ । ਜੁਗਾ ਜੁਗੰਤਰ ਜਨ ਭਗਤਾਂ ਗਾਏ ਜਸ, ਵੇਦ ਪੁਰਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪ ਆਪਣੇ ਲਏ ਮਿਲਾਈਆ । ਕਲਜੁਗ ਅੰਤ ਅੰਧੇਰਾ ਚੁੱਕਿਆ, ਜਿਸ ਮਿਲਿਆ ਬੇਪਰਵਾਹ । ਦੋ ਜਹਾਨਾਂ ਪੈਂਡਾ ਮੁੱਕਿਆ, ਲੱਖ ਚੁਰਾਸੀ ਤੁੱਟਾ ਫਾਹ । ਗੁਰ ਕਾ ਬੂਟਾ ਕਦੇ ਨਾ ਸੁੱਕਿਆ, ਸਤਿਗੁਰ ਪੂਰਾ ਬਣੇ ਮਲਾਹ । ਹਰਿ ਕਾ ਭਾਣਾ ਕਦੇ ਨਾ ਰੁਕਿਆ, ਜੁਗ ਜੁਗ ਰਿਹਾ ਵਰਤਾ । ਗੁਰਮੁਖਾਂ ਉਜਲ ਕਰੇ ਮੁੱਖਿਆ, ਸੋਹੰ ਅੱਖਰ ਜਾਪ ਜਪਾ । ਜੁਗਾਂ ਜੁਗਾਂ ਦਾ ਮਿਟੇ ਦੁਖਿਆ, ਦੁੱਖ ਦਲਿਦਰ ਦਏ ਗਵਾ । ਆਤਮ ਰਸ ਦੇਵੇ ਹਰਿਜਨ ਭੁੱਖਿਆ, ਤ੍ਰਿਸ਼ਨਾ ਭੁੱਖ ਰਹੇ ਨਾ ਰਾ । ਸੁਫ਼ਲ ਕਰਾਏ ਮਾਤ ਕੁੱਖਿਆ, ਜੋ ਜਨ ਦਰਸਨ ਪਾਏ ਆ । ਗੁਰਮੁਖ ਸੀਸ ਜਗਦੀਸ ਸਦਾ ਝੁਕਿਆ, ਝੁਕ ਝੁਕ ਆਪਣਾ ਸੀਸ ਰਿਹਾ ਨਿਵਾ । ਹਰਿ ਸੰਤ ਸੁਹੇਲਾ ਆਪਣੀ ਗੋਦੀ ਆਪੇ ਚੁੱਕਿਆ, ਚੁਕਣਹਾਰਾ ਬੇਪਰਵਾਹ । ਕਲਜੁਗ ਅੰਤਮ ਰਹੇ ਨਾ ਲੁਕਿਆ, ਆਪਣਾ ਪਰਦਾ ਦਏ ਉਠਾ । ਸਿੰਘ ਸ਼ੇਰ ਦਲੇਰ ਏਕਾ ਬੁੱਕਿਆ, ਲੱਖ ਚੁਰਾਸੀ ਜੰਬਕ ਰੂਪ ਲਏ ਛੁਪਾ । ਤੀਰ ਨਿਰਾਲਾ ਦੋ ਜਹਾਨਾਂ ਛੁੱਟਿਆ, ਸਾਚਾ ਚਿਲਾ ਹਰਿ ਉਠਾ । ਕਲਜੁਗ ਬੂਟਾ ਜਾਏ ਪੁੱਟਿਆ, ਨਾ ਕੋਏ ਸਕੇ ਮਾਤ ਲਗਾ । ਗੁਰਮੁਖਾਂ ਅੰਮ੍ਰਿਤ ਜਾਮ ਪਿਆਏ ਘੁੱਟਿਆ, ਸਚ ਪਿਆਲਾ ਹੱਥ ਉਠਾ । ਜਨਮ ਜਨਮ ਦਾ ਮੇਲ ਮਿਲਾਇਆ ਰੁਸਿਆ, ਚਾਰ ਕੁੰਟ ਦਹਿ ਦਿਸ਼ਾਂ ਫੇਰੀ ਪਾ । ਤਨ ਪਹਿਨਾਏ ਸਾਚਾ ਸੂਸਿਆ, ਨਾਮ ਅਲਫ਼ੀ ਇਕ ਵਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਸਚਖੰਡ ਦਵਾਰੇ ਦਏ ਬਹਾ । ਸਚਖੰਡ ਦਵਾਰ ਆਪ ਵਸੌਣਾ, ਥਿਰ ਘਰ ਆਪਣਾ ਚਰਨ ਟਿਕਾਈਆ । ਸੁੰਨ ਅਗੰਮੀ ਪੰਧ ਮੁਕੌਣਾ, ਸੁੰਨ ਸਮਾਧ ਨਾ ਕੋਇ ਵਖਾਈਆ । ਰਵ ਸਸ ਅਧਵਿਚਕਾਰੇ ਰਾਹ ਤਕੌਣਾ, ਬ੍ਰਹਮਾ ਵਿਸ਼ਨ ਸ਼ਿਵ ਧਿਆਨ ਲਗਾਈਆ । ਨੇਹਕਰਮੀ ਨੇਹਕਰਮ ਕਮੌਣਾ, ਕਰਮ ਗਤ ਨਾ ਕੋਇ ਜਣਾਈਆ ।

ਜਿਸ ਜਨ ਆਪਣਾ ਦਰਸ ਦਿਖੌਣਾ, ਤ੍ਰੈਗੁਣ ਕੱਟੇ ਗਲੋਂ ਫਾਹੀਆ । ਹੰਸ ਮੁਖ ਸੋਹੰ ਹੰਸਾ ਚੋਗ ਚੁਗੌਣਾ, ਸਹੰਸ ਦੁੱਖ ਰਹਿਣ ਨਾ ਪਾਈਆ । ਵਿਸ਼ਨੂੰ ਵੰਸੀ ਆਪ ਵਡਿਔਣਾ, ਪਾਰਬ੍ਰਹਮ ਬ੍ਰਹਮ ਵੇਖੇ ਥਾਉਂ ਥਾਂਈਆ । ਸ਼ੰਕਰ ਮੇਲਾ ਇਕ ਕਰੌਣਾ, ਭੋਲੇ ਨਾਥ ਦੀਨਾਂ ਨਾਥ ਦਇਆ ਕਮਾਈਆ । ਪੂਜਾ ਪਾਠ ਇਕ ਦਰਸੌਣਾ, ਪੁਰਖ ਅਕਾਲ ਰਸਨਾ ਜਿਹਵਾ ਗਾਈਆ । ਦੂਸਰ ਦਰ ਨਾ ਸੀਸ ਝੁਕੌਣਾ, ਬਿਨ ਕਰਤੇ ਕੀਮਤ ਕੋਇ ਨਾ ਪਾਈਆ । ਗੁਰਸਿਖ ਸਾਚੇ ਲੇਖੇ ਆਪ ਲਗੌਣਾ, ਆਪੇ ਲੇਖਾ ਲਿਖਣਹਾਰ ਸੱਚਾ ਸ਼ਹਿਨਸ਼ਾਹੀਆ । ਕਾਗਦ ਕਲਮ ਮੁਖ ਸ਼ਰਮੌਣਾ, ਸੱਤ ਸਮੁੰਦਰ ਮਸ ਲਿਖ ਨਾ ਸਕੇ ਲੇਖ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਵਰ, ਏਕਾ ਬੰਧਨ ਨਾਮ ਪਾਈਆ । ਬੰਧਨ ਪਾਇਆ ਆਤਮ ਡੋਰ, ਦਿਸ ਕਿਸੇ ਨਾ ਆਇਆ । ਕਰਿਆ ਖੇਲ ਅੰਧਘੋਰ, ਚੋਰ ਚੋਰੀ ਆਪ ਕਮਾਇਆ । ਜੀਵ ਜੰਤ ਭੁਲਾਏ ਕਰ ਕਰ ਸ਼ੋਰ, ਆਤਮ ਰਸ ਨਾ ਕਿਸੇ ਵਖਾਇਆ । ਗੁਰਮੁਖ ਗੁਰਸਿਖ ਆਪਣੇ ਸੰਗ ਲਏ ਤੋਰ, ਆਪਣਾ ਮੰਤਰ ਨਾਮ ਦ੍ਰਿੜਾਇਆ । ਮਨਮੁਖਾਂ ਚਾੜ੍ਹੇ ਮਨ ਕੇ ਘੋੜ, ਮਨ ਮਨਕਾ ਗੇੜਾ ਆਪ ਦਵਾਇਆ । ਭਰਮ ਭੁਲੇਖੇ ਰਹੇ ਦੌੜ, ਭਾਂਡਾ ਭਰਮ ਨਾ ਕੋਇ ਭੰਨਾਇਆ । ਗੁਰਮੁਖਾਂ ਵਖਾਏ ਏਕਾ ਪੌੜ, ਚੌਥੇ ਪਦ ਆਪ ਲਗਾਇਆ । ਹੰ ਬ੍ਰਹਮ ਲੇਖ ਮੁਕਾਏ ਬ੍ਰਹਿਮਣ ਗੌੜ, ਸੋ ਪੁਰਖ ਨਿਰੰਜਣ ਰੂਪ ਪਰਗਟਾਇਆ । ਕਲਜੁਗ ਅੰਤਮ ਬੁਝਾਏ ਔੜ, ਜੁਗ ਜੁਗ ਤ੍ਰਿਸ਼ਨਾ ਰਹੇ ਨਾ ਰਾਇਆ । ਗੁਰਸਿਖ ਬਣਾਏ ਸਾਚੇ ਕੌਰ, ਆਪਣਾ ਟਿੱਕਾ ਮਸਤਕ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਰਸ ਅਨਡਿਠਾ ਆਪਣਾ ਆਪੇ ਰਸ ਚਖਾਇਆ ।



੧੧੫੧

੦੯

✻ ੬ ਅੱਸੂ ੨੦੧੭ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਿਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਅਗੰਮ ਅਥਾਹ, ਅਲੱਖ ਅਗੋਚਰ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕੰਕਾਰਾ ਆਦਿ ਜੁਗਾਦੀ ਇਕ ਮਲਾਹ, ਰੂਪ ਅਨੂਪ ਦਿਸ ਨਾ ਆਈਆ । ਆਦਿ ਨਿਰੰਜਣ ਸੁਤੇ ਪਰਕਾਸ਼ ਕਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਾਚਾ ਧਾਮ ਸੁਹਾ, ਸਚਖੰਡ ਦਵਾਰਾ ਸੋਭਾ ਪਾਈਆ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਡੇਰਾ ਲਾ, ਥਿਰ ਘਰ ਸਾਚਾ ਵੇਖ ਵਖਾਈਆ । ਪਾਰਬ੍ਰਹਮ ਦੇਵਣਹਾਰ ਸਲਾਹ, ਸਚ ਸੁੱਚ ਇਕ ਦ੍ਰਿੜਾਈਆ । ਮਹੱਲ ਅਟੱਲ ਉਚ ਮੁਨਾਰ ਆਪ ਰਚਾ, ਨਿਰਗੁਣ ਆਪਣੀ ਬਣਤ ਬਣਾਈਆ । ਸਰਬ ਸੁਖ ਦਾਤਾ ਵਸਿਆ ਸਾਚੇ ਥਾਂ, ਦਰ ਘਰ ਸਾਚੇ ਸੋਭਾ ਪਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਨੌਜਵਾਨ ਨਾਮ ਧਰਾ, ਨਾਉਂ ਨਿਰੰਕਾਰਾ ਆਪ ਅਖਵਾਈਆ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਸਚ ਨਿਸ਼ਾਨਾ ਹੱਥ ਉਠਾ, ਦਰਗਹਿ ਸਾਚੀ ਆਪ ਝੁਲਾਈਆ । ਸਾਚਾ ਤਾਜ ਸੀਸ ਪ੍ਰਭ ਆਪ ਟਿਕਾ, ਸਚ ਸਿੰਘਾਸਣ ਦਏ ਵਡਿਆਈਆ । ਧੁਰ ਫ਼ਰਮਾਣਾ ਹੁਕਮ ਸੁਣਾ, ਸਾਚਾ ਰਾਣਾ ਦਏ ਸਲਾਹੀਆ । ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਖੰਡ ਆਪਣੀ ਧਾਰ ਬੰਧਾਈਆ । ਸ਼ਬਦ ਅਗੰਮੀ ਸੁਤ ਉਠਾ, ਸਾਚੀ ਸੇਵਾ ਇਕ ਵਖਾਈਆ । ਇਛਿਆ ਭਿਛਿਆ ਝੋਲੀ ਪਾ, ਨਾਮ ਭੰਡਾਰ ਹਰਿ ਵਰਤਾਈਆ । ਦਹਿ ਦਿਸ਼ਾ ਏਕਾ ਰੰਗ ਰੰਗਾ, ਚਾਰੇ ਕੂਟਾ ਹੋਏ ਸਹਾਈਆ । ਆਪਣਾ ਬੰਸ ਆਪ

ਬਣਾ, ਆਪਣੀ ਅੰਸ ਆਪ ਸੁਹਾਈਆ । ਆਪਣਾ ਵਿਸ਼ਨੂੰ ਨਾਉਂ ਧਰਾ, ਬ੍ਰਹਮ ਸੁੱਤ ਆਪ ਪਰਗਟਾਈਆ । ਲੇਖਾ ਜਾਣੇ ਬੇਪਰਵਾਹ, ਸ਼ੰਕਰ ਮੇਲਾ ਸਹਿਜ ਸੁਭਾਈਆ । ਤਿੰਨਾਂ ਜਪਾਏ ਏਕਾ ਨਾਂ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਧਾਰਾ ਆਪ ਬੰਧਾਈਆ । ਸੋ ਪੁਰਖ ਨਿਰੰਜਣ ਧਾਰ ਚਲਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ, ਸਚਖੰਡ ਬੈਠ ਸੱਚੇ ਦਰਬਾਰ । ਏਕੰਕਾਰਾ ਸੋਭਾ ਪਾਇੰਦਾ, ਇਕ ਇਕੱਲਾ ਹੋ ਉਜਿਆਰ । ਆਦਿ ਨਿਰੰਜਣ ਡਗਮਗਾਇੰਦਾ, ਨੂਰ ਨੁਰਾਨਾ ਬੇਐਬ ਪਰਵਰਦਿਗਾਰ । ਅਬਿਨਾਸ਼ੀ ਕਰਤਾ ਵੇਸ ਵਟਾਇੰਦਾ, ਆਦਿ ਜੁਗਾਦੀ ਸਾਂਝਾ ਯਾਰ । ਸ੍ਰੀ ਭਗਵਾਨ ਤਖ਼ਤ ਸੁਹਾਇੰਦਾ, ਤਖ਼ਤ ਨਿਵਾਸੀ ਸ਼ਾਹ ਸੱਚਾ ਸਿਕਦਾਰ । ਪਾਰਬ੍ਰਹਮ ਆਪਣਾ ਹੁਕਮ ਆਪ ਵਰਤਾਇੰਦਾ, ਹੁਕਮੀ ਹੁਕਮ ਕਰਾਏ ਸਾਚੀ ਕਾਰ । ਬੋਧ ਅਗਾਧੀ ਸ਼ਬਦ ਜਣਾਇੰਦਾ, ਧੁਨ ਅਨਾਦੀ ਆਪ ਸੁਣਾਏ ਆਪਣੀ ਵਾਰ । ਬ੍ਰਹਮ ਬ੍ਰਹਿਮਾਦੀ ਵੇਖ ਵਖਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਦਏ ਆਧਾਰ । ਆਪਣੀ ਵੰਡਣ ਆਪ ਵੰਡਾਇੰਦਾ, ਤ੍ਰੈਗੁਣ ਮਾਇਆ ਭਰ ਭੰਡਾਰ । ਸਾਚੇ ਮੰਦਰ ਆਪ ਰਖਾਇੰਦਾ, ਥਿਰ ਘਰ ਸਾਚੇ ਖੋਲ੍ਹ ਕਿਵਾੜ । ਦੂਸਰ ਹੱਥ ਨਾ ਕੋਇ ਫੜਾਇੰਦਾ, ਨਾ ਕੋਈ ਵੇਖੇ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਆਦਿ ਅਨਾਦੀ ਕਰ ਪਸਾਰਾ, ਆਪਣਾ ਭੇਵ ਆਪ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਭੇਵ ਖੁਲ੍ਹੌਣਾ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਵੇਸ ਵਟੌਣਾ, ਰੂਪ ਰੇਖ ਨਾ ਕੋਇ ਵਖਾਈਆ । ਏਕੰਕਾਰਾ ਸਾਚਾ ਮੰਦਰ ਆਪ ਸੁਹੌਣਾ, ਮਹੱਲ ਅਟੱਲ ਉਚ ਮੁਨਾਰੇ ਸੋਭਾ ਪਾਈਆ । ਆਦਿ ਨਿਰੰਜਣ ਜੋਤੀ ਜੋਤ ਦੀਪਕ ਇਕ ਜਗੌਣਾ, ਥਿਰ ਘਰ ਸਾਚੇ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤੇ ਸੀਸ ਤਾਜ ਟਿਕੌਣਾ, ਪੰਚਮ ਮੁਖ ਮੁਖ ਸਾਲਾਹੀਆ । ਸ੍ਰੀ ਭਗਵਾਨ ਆਪਣਾ ਹੁਕਮ ਆਪ ਫ਼ਰਮੌਣਾ, ਧੁਰ ਫ਼ਰਮਾਣਾ ਇਕ ਪੜ੍ਹਾਈਆ । ਪਾਰਬ੍ਰਹਮ ਨਿਉਂ ਨਿਉਂ ਸੀਸ ਝੁਕੌਣਾ, ਦਰ ਦਰਵੇਸ਼ ਆਪ ਹੋ ਜਾਈਆ । ਸੁਤ ਦੁਲਾਰਾ ਸ਼ਬਦ ਇਕ ਉਪਜੌਣਾ, ਏਕਾ ਏਕ ਦਏ ਵਡਿਆਈਆ । ਵਿਸ਼ਨੂੰ ਵਿਸ਼ਵ ਧਾਰ ਧਰੌਣਾ, ਦਰ ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਬ੍ਰਹਮ ਆਪ ਬਹੌਣਾ, ਭੇਵ ਅਭੇਦਾ ਆਪ ਖੁਲ੍ਹਾਈਆ । ਸ਼ੰਕਰ ਸੰਸਾ ਇਕ ਚੁਕੌਣਾ, ਸਾਖ਼ਯਾਤ ਰੂਪ ਪਰਟਾਈਆ । ਤਿੰਨਾਂ ਮੇਲਾ ਏਕਾ ਥਾਂ ਕਰੌਣਾ, ਚਰਨ ਕਵਲ ਵੱਡੀ ਵਡਿਆਈਆ । ਚਰਨ ਚਰਨੌਦਕ ਮੁਖ ਪਿਔਣਾ, ਅਮਰਾ ਪਦ ਇਕ ਸੁਹਾਈਆ । ਸਵਛ ਸਰੂਪੀ ਰੂਪ ਪਰਗਟੌਣਾ, ਪੰਜ ਤਤ ਨਾ ਲਏ ਕੋਇ ਅੰਗੜਾਈਆ । ਆਪਣਾ ਮੇਲਾ ਆਪ ਮਿਲੌਣਾ, ਮੇਲਣਹਾਰ ਦਿਸ ਨਾ ਆਈਆ । ਚੇਲਾ ਗੁਰ ਆਪ ਅਖਵੌਣਾ, ਏਕਾ ਮਾਈ ਕਰੇ ਕੁੜਮਾਈਆ । ਸਾਚਾ ਮਾਰਗ ਇਕ ਰਖੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਚਖੰਡ ਦਵਾਰੇ ਬਹਿ ਬਹਿ ਹੁਕਮ ਚਲੌਣਾ, ਪੁਰਖ ਅਕਾਲ ਬੇਪਰਵਾਹੀਆ । ਜੂਨੀ ਰਹਿਤ ਖੇਲ ਖਲੌਣਾ, ਜੂਨ ਅਜੂਨੀ ਵੰਡ ਵੰਡਾਈਆ । ਮੂਰਤ ਅਕਾਲ ਰੂਪ ਪਰਗਟੌਣਾ, ਅਕਲ ਕਲ ਆਪ ਧਰਾਈਆ । ਇਕ ਇਕੱਲਾ ਖੇਲ ਖਲੌਣਾ, ਓਅੰਕਾਰਾ ਵੇਸ ਧਰਾਈਆ । ਬ੍ਰਹਮਾ ਵਿਸ਼ਨ ਸ਼ਿਵ ਸਾਚੀ ਸੇਵਾ ਲੌਣਾ, ਸੇਵਕ ਸੇਵਾ ਇਕ ਜਣਾਈਆ । ਤ੍ਰੈਗੁਣ ਮੇਲਾ ਮੇਲ ਮਿਲੌਣਾ, ਏਕਾ ਵਸਤ ਝੋਲੀ ਪਾਈਆ । ਏਕਾ ਅੱਖਰ ਆਪ ਪੜ੍ਹੌਣਾ, ਬ੍ਰਹਮ ਮੁਖ ਕਰੇ ਪੜ੍ਹਾਈਆ । ਚਾਰੇ ਵੇਦਾਂ ਆਪ ਅਲੌਣਾ, ਚਾਰ ਬਾਣੀ ਖੋਜ ਖੋਜਾਈਆ । ਚਾਰੇ ਜੁਗ ਖੇਲ ਖਲੌਣਾ, ਚਾਰੇ ਖਾਣੀ ਵੇਖੇ ਥਾਉਂ ਥਾਈਆ । ਚੌਥੇ ਪਦ ਰੰਗ

ਚੜ੍ਹੌਣਾ, ਚਤਰਭੁਜ ਭੇਵ ਨਾ ਰਾਈਆ । ਆਦਿ ਸ਼ਕਤ ਰੂਪ ਪਰਗਟੌਣਾ, ਬਿਮਲ ਜੋਤ ਕਰ ਰੁਸ਼ਨਾਈਆ । ਆਪਣੀ ਵੰਡਣ ਆਪ ਵੰਡੌਣਾ, ਬ੍ਰਹਿਮੰਡ ਖੰਡ ਆਪਣਾ ਹਿਸਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਏਕਾ ਤਤ ਸਮਝਾਈਆ । ਵਿਸ਼ਨ ਹਰਿ ਸਮਝਾਇਆ, ਪਾਰਬ੍ਰਹਮ ਖੇਲ ਅਪਾਰ । ਅਗੰਮ ਅਗੰਮੜਾ ਰੂਪ ਵਟਾਇਆ, ਰੂਪ ਰੰਗ ਰੇਖ ਨਾ ਕੋਇ ਕਰੇ ਵਿਚਾਰ । ਅੰਮੀ ਅੰਮੜਾ ਨਾ ਕੋਇ ਬਣਾਇਆ, ਮਾਤ ਪਿਤ ਨਾ ਕੋਇ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਬੋਲੇ ਸ਼ਬਦ ਜੈਕਾਰ । ਵਿਸ਼ਨੂੰ ਸ਼ਬਦ ਜਣਾਇਆ, ਪੁਰਖ ਅਬਿਨਾਸ਼ੀ ਏਕਾ ਬੋਲ । ਆਪਣੇ ਕੰਡੇ ਆਪ ਤੁਲਾਇਆ, ਆਪੇ ਬੈਠਾ ਰਹੇ ਅਡੋਲ । ਤੇਰੀ ਸਾਚੀ ਸੇਵ ਵਖਾਇਆ, ਜੁਗਾ ਜੁਗੰਤਰ ਪੂਰਾ ਕਰਨਾ ਕੌਲ । ਧਰਨੀ ਧਰਤ ਧਵਲ ਲਏ ਉਪਾਇਆ, ਜਲ ਬਿੰਬ ਆਪੇ ਜਾਏ ਮੌਲ । ਤੇਰੇ ਅੰਦਰ ਕਾਇਆ ਕਵਲਾ ਨਾਭੀ ਆਪ ਭਰਾਇਆ, ਆਪਣੀ ਫਲਵਾੜੀ ਆਪੇ ਜਾਏ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਦਰਵਾਜ਼ਾ ਸਾਚਾ ਖੋਲ੍ਹ । ਦਰ ਦਰਵਾਜ਼ਾ ਖੋਲ੍ਹਿਆ, ਸਚਖੰਡ ਦਵਾਰ ਨਿਰੰਕਾਰ । ਸ਼ਬਦ ਅਗੰਮੀ ਏਕਾ ਬੋਲਿਆ, ਨਿਰਗੁਣ ਖੇਲ ਅਪਰ ਅਪਾਰ । ਵਿਸ਼ਨੂੰ ਮੇਲ ਆਪੇ ਮੇਲਿਆ, ਮੇਲ ਮਿਲਾਵਾ ਧਾਮ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਕਰੇ ਵਰਤਾਰ । ਏਕਾ ਹੁਕਮ ਧੁਰ ਫ਼ਰਮਾਣਾ, ਤਖ਼ਤ ਨਿਵਾਸੀ ਆਪ ਸੁਣਾਇੰਦਾ । ਜੁਗ ਜੁਗ ਮੰਨਣਾ ਪਏ ਭਾਣਾ, ਸਦ ਭਾਣੇ ਆਪ ਰਹਾਇੰਦਾ । ਪੁਰਖ ਅਕਾਲ ਏਕਾ ਰਾਣਾ, ਦੂਜਾ ਤਖਤ ਨਾ ਕੋਇ ਵਖਾਇੰਦਾ । ਮੇਰਾ ਨਾਉਂ ਅਗੰਮੀ ਗਾਣਾ, ਧੁਨੀ ਨਾਦ ਨਾਦ ਵਜਾਇੰਦਾ । ਮੇਰਾ ਬੰਸ ਸੁਘੜ ਸਿਆਣਾ, ਮਨ ਮਤ ਬੁਧ ਨਾ ਕੋਇ ਵਖਾਇੰਦਾ । ਚਰਨ ਕਵਲ ਬਖ਼ਸ਼ੇ ਮਾਣਾ, ਇਕ ਧਿਆਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਸਾਚੀ ਭਿਛਿਆ ਏਕਾ ਵਸਤ ਝੋਲੀ ਪਾਇੰਦਾ । ਏਕਾ ਵਸਤ ਨਾਮ ਅਮੁਲਾ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਆਪਣੀ ਕਰਨੀ ਕਰਤਾ ਕਦੇ ਨਾ ਭੁੱਲਾ, ਅਭੁੱਲ ਅਭੁੱਲ ਵਡ ਬੇਪਰਵਾਹੀਆ । ਆਪਣੀ ਨਾਭੀ ਆਪਣੇ ਕਵਲ ਆਪਣੀ ਸ਼ਕਤੀ ਆਪੇ ਮੌਲਾ, ਆਪਣੀ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਏਕਾ ਘਰ ਵਖਾਈਆ । ਵਿਸ਼ਨ ਵਖਾਇਆ ਸਚ ਘਰ, ਚਾਰ ਦੀਵਾਰ ਨਾ ਕੋਇ ਬਣਾਈਆ । ਛੱਪਰ ਛੰਨ ਨਾ ਉਪਰ ਬੈਠਾ ਧਰ, ਨਾ ਕੋਈ ਬਾਢੀ ਸੰਗ ਰਖਾਈਆ । ਇਕ ਇਕੱਲਾ ਆਪਣਾ ਘਾੜਨ ਘੜ, ਅੰਦਰ ਵੜਿਆ ਸ਼ਹਿਨਸ਼ਾਹੀਆ । ਸਚਖੰਡ ਦਵਾਰੇ ਸਾਚੇ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਆਪਣਾ ਅੱਖਰ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਆਪੇ ਹੁਕਮ ਸੁਣਾਏ ਦਰ ਦਵਾਰੇ ਖੜ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਨਿਰਗੁਣ ਵਿਸ਼ਨੂੰ ਬਾਹੋਂ ਫੜ, ਮੇਲ ਮਿਲਾਏ ਸਹਿਜ ਸੁਭਾਈਆ । ਆਪੇ ਭੇਵ ਖੁਲਾਏ ਹਰੀ ਹਰਿ, ਹਰੀ ਹਰਿ ਬਹਿ ਏਕਾ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਾਚਾ ਹਰਿ, ਹਰੀ ਵਿਸ਼ਨੂੰ ਨਾਉਂ ਧਰਾਈਆ । ਹਰੀ ਹਰਿ ਏਕਾ ਮੇਲਾ, ਪੁਰਖ ਅਬਿਨਾਸ਼ੀ ਆਪ ਕਰਾਇਆ । ਏਕਾ ਧਾਮ ਵਸਿਆ ਗੁਰ ਚੇਲਾ, ਚੇਲਾ ਗੁਰ ਰੂਪ ਵਟਾਇਆ । ਧੁਰ ਦਰਗਾਹੀ ਸੱਜਣ ਸੁਹੇਲਾ, ਸਤਿ ਸਤਿਵਾਦੀ ਵੇਖ ਵਖਾਇਆ । ਆਪਣੀ ਖੇਲ ਪਾਰਬ੍ਰਹਮ ਪ੍ਰਭ ਆਪੇ ਖੇਲਾ, ਦੂਸਰ ਭੇਵ ਕੋਇ ਨਾ ਰਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਵਖਾਏ ਏਕਾ ਘਰ, ਘਰ ਸੁਹੰਜਣਾ ਸੋਭਾ ਪਾਇਆ । ਘਰ ਸੁਹੰਜਣਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਇਕ ਇਕੱਲਾ ਬੈਠਾ ਹਰਿ ਹਰਿ ਕੰਤ, ਸੇਜ ਸੁਹੰਜਣੀ ਆਪ ਹੰਢਾਈਆ । ਨਿਰਗੁਣ ਨਿਰਵੈਰ ਬਣਾਈ ਬੰਤ, ਆਪਣਾ ਘਾੜਨ ਆਪ ਘੜਾਈਆ । ਥਿਰ ਘਰ ਵੇਖੇ ਮਹਿਮਾ ਅਗਣਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਪੀਰ ਅਵਤਾਰ ਦਿਸ ਕੋਇ ਨਾ ਆਈਆ । ਨਾ ਕੋਈ ਜੀਵ ਨਾ ਕੋਈ ਜੰਤ, ਲੱਖ ਚੁਰਾਸੀ ਰੰਗ ਨਾ ਕੋਇ ਵਖਾਈਆ । ਨਾ ਕੋਈ ਮਣੀਆ ਨਾ ਕੋਈ ਮੰਤ, ਨਾ ਕੋਈ ਅੱਖਰ ਕਰੇ ਪੜ੍ਹਾਈਆ । ਨਾ ਕੋਈ ਦਰਵੇਸ਼ ਨਾ ਦਿਸੇ ਮੰਗਤ, ਸਾਚੀ ਭਿਛਿਆ ਕੋਇ ਨਾ ਝੋਲੀ ਪਾਈਆ । ਇਕ ਇਕੱਲਾ ਏਕੰਕਾਰਾ ਸਾਚੇ ਧਾਮ ਸੋਭਾਵੰਤ, ਸਚਖੰਡ ਬੈਠਾ ਆਸਣ ਲਾਈਆ । ਆਪ ਬਣਾਏ ਆਪਣੀ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਵਖਾਏ ਸਾਚਾ ਘਰ, ਆਪਣਾ ਬੰਕ ਆਪ ਖੁਲ੍ਹਾਈਆ । ਵਿਸ਼ਨ ਘਰ ਸੁਹਾਵਣਾ, ਹਰਿ ਸਾਚਾ ਸਚ ਦ੍ਰਿੜਾਇੰਦਾ । ਆਦਿ ਜੁਗਾਦੀ ਆਸਣ ਲਾਵਣਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੁਗਾ ਜੁਗੰਤਰ ਹੁਕਮ ਚਲਾਵਣਾ, ਧੁਰ ਫ਼ਰਮਾਣਾ ਆਪ ਅਲਾਇੰਦਾ । ਆਪਣਾ ਭਾਣਾ ਆਪ ਵਰਤਾਵਣਾ, ਸਦ ਭਾਣੇ ਰਹਿਣਾ ਇਕ ਸਮਝਾਇੰਦਾ । ਜੁਗ ਜੁਗ ਆਪਣਾ ਗਾਣਾ ਆਪੇ ਗਾਵਣਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਵਖਾਏ ਸਾਚਾ ਘਰ, ਦਰਗਹਿ ਸਾਚੀ ਆਪ ਸੁਹਾਇੰਦਾ । ਦਰਗਹਿ ਸਾਚੀ ਥਾਨ ਸੁਹੰਤਰ, ਹਰਿ ਪੁਰਖ ਨਿਰੰਜਣ ਆਪ ਸੁਹਾਇਆ । ਵਿਸ਼ਨੂੰ ਤੇਰੀ ਬਿਧ ਜਾਣੇ ਅੰਤਰ, ਤੇਰੀ ਜੋਤੀ ਮੇਰੀ ਰੁਸ਼ਨਾਇਆ । ਮੇਰਾ ਨਾਉਂ ਤੇਰਾ ਗੁਰ ਮੰਤਰ, ਸੋ ਪੁਰਖ ਨਿਰਜਣ ਏਕਾ ਜਾਪ ਦਿਸਾਈਆ । ਹੰ ਬ੍ਰਹਮ ਬਣਾਏ ਬਣਤਰ, ਅੰਸ ਬੰਸ ਰੂਪ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਦਰ, ਦਰ ਘਰ ਸਾਚਾ ਆਪ ਸੁਹਾਇਆ । ਦਰ ਘਰ ਸਾਚਾ ਹਰਿ ਸੁਹਾਇੰਦਾ, ਦਰਗਹਿ ਸਾਚੀ ਧਾਮ ਅਨਡੀਠ । ਆਪਣੀ ਤਾਕੀ ਆਪੇ ਲਾਹਿੰਦਾ, ਕਰੇ ਖੇਲ ਪੁਰਖ ਸਮਰਥ । ਸਾਚਾ ਸਾਕੀ ਜਾਮ ਪਿਆਇੰਦਾ, ਕਿਰਪਾ ਕਰੇ ਸਿਰ ਰੱਖੇ ਦੇ ਕਰ ਹੱਥ । ਆਪਣਾ ਲਹਿਣਾ ਦੇਣਾ ਬਾਕੀ ਸਰਬ ਸਮਝਾਇੰਦਾ, ਨਾਮ ਦੇਵੇ ਅਗੰਮੀ ਵਥ । ਜੋਤੀ ਜੋਤ ਡਗਮਗਾਇੰਦਾ, ਵਿਸ਼ਨੂੰ ਵਿਸ਼ਵ ਚਲਾਏ ਰਥ । ਸਚ ਭੰਡਾਰਾ ਹੱਥ ਫੜਾਇੰਦਾ, ਮਹਿਮਾ ਜਣਾਏ ਅਕਥਨਾ ਅਕਥ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੇਵਾ ਸਚ ਲਗਾਇੰਦਾ, ਲੋਕਮਾਤ ਰੱਖਣਾ ਹਠ । ਬ੍ਰਹਿਮੰਡ ਤੇਰੀ ਵੰਡ ਵੰਡਾਇੰਦਾ, ਪੰਧ ਮੁਕਾਏ ਨੱਠ ਨੱਠ । ਦੋ ਜਹਾਨਾਂ ਖੇਲ ਖਿਲਾਇੰਦਾ, ਵਸਣਹਾਰਾ ਘਟ ਘਟ । ਤੇਰਾ ਲੇਖਾ ਆਪਣੇ ਹੱਥ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਏਕਾ ਨਾਮ ਸਾਚੀ ਵਥ । ਨਾਮ ਵਥ ਸਾਚੀ ਦਾਤ, ਹਰਿ ਹਰਿ ਝੋਲੀ ਪਾਈਆ । ਚਰਨ ਕਵਲ ਬੰਧਾਏ ਨਾਤ, ਨੌਂ ਨੌਂ ਚਾਰ ਲੇਖਾ ਦਏ ਸਮਝਾਈਆ । ਚਾਰ ਚਾਰ ਲੇਖਾ ਕਮਲਾਪਾਤ, ਕਵਲ ਨੈਣ ਨੈਣ ਮਿਲਾਈਆ । ਆਪੇ ਵੇਖੇ ਸਾਚੀ ਖਾਟ, ਸਾਚੀ ਸੇਜ ਆਪ ਸੁਹਾਈਆ । ਜੁਗ ਚੌਕੜੀ ਮੁਕਾਏ ਤੇਰੀ ਵਾਟ, ਗੇੜਾ ਆਪਣਾ ਆਪ ਭਵਾਈਆ । ਲੇਖਾ ਵੇਖੇ ਮਸਤਕ ਮਾਥ, ਜੋ ਲਿਖਿਆ ਬੇਪਰਵਾਹੀਆ । ਏਕਾ ਪੂਜਾ ਏਕਾ ਪਾਠ, ਇਸ਼ਟ ਦੇਵ ਗੁਰ ਇਕ ਜਣਾਈਆ । ਏਕਾ ਤੀਰਥ ਏਕਾ ਤਾਟ, ਸਰ ਸਰੋਵਰ ਇਕ ਨੁਹਾਈਆ । ਏਕਾ ਬਸਤਰ ਏਕਾ ਖਾਟ, ਏਕਾ ਭੂਸ਼ਨ ਤਨ ਪਹਿਨਾਈਆ । ਏਕਾ ਵਣਜ ਵਣਜਾਰਾ ਕਰਾਏ ਸਾਚਾ ਹਾਟ, ਏਕਾ ਕਰਤਾ

੧੧੫੫
੦੯

ਕੀਮਤ ਪਾਈਆ । ਏਕਾ ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਏਕਾ ਰੂਪ ਦਰਸਾਈਆ । ਵਿਸ਼ਨ ਰੂਪ ਹਰਿ ਦਰਸਾਇਆ, ਰੂਪ ਰੇਖ ਨਾ ਕੋਇ ਵਖਾਇੰਦਾ । ਅਨਭਵ ਪਰਕਾਸ਼ ਡਗਮਗਾਇਆ, ਨੂਰ ਨੁਰਾਨਾ ਡਗਮਗਾਇੰਦਾ । ਦਰਗਹਿ ਸਾਚੀ ਧਾਮ ਸੁਹਾਇਆ, ਸਚ ਸਿੰਘਾਸਣ ਇਕ ਵਿਛਾਇੰਦਾ । ਸਚਖੰਡ ਦਵਾਰੇ ਚਰਨ ਟਿਕਾਇਆ, ਸਾਚੇ ਮੰਦਰ ਸੋਭਾ ਪਾਇੰਦਾ । ਥਿਰ ਘਰ ਸਾਚੇ ਬੰਦ ਕਿਵਾੜਾ ਆਪ ਖੁਲ੍ਹਾਇਆ, ਆਪ ਆਪਣਾ ਵੇਸ ਵਟਾਇੰਦਾ । ਵਿਸ਼ਨੂੰ ਮੇਲਾ ਸਹਿਜ ਸੁਭਾਇਆ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਤੇਰੀ ਸੇਵਾ ਸਚ ਸੁਣਾਇਆ, ਲੱਖ ਚੁਰਾਸੀ ਘਰ ਘਰ ਰਿਜ਼ਕ ਪੁਚਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਗੇੜਾ ਦਏ ਦਵਾਇਆ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਵਿਸ਼ਨੂੰ ਸੁਣਿਆ ਕਰ ਧਿਆਨ, ਹਰਿ ਜੂ ਸਾਚਾ ਛੰਦ ਸੁਣਾਈਆ । ਨਿਰਗੁਣ ਨਿਰਵੈਰ ਤੇਰਾ ਇਕ ਗਿਆਨ, ਨਿਸ਼ਅੱਖਰ ਮੇਰੀ ਪੜ੍ਹਾਈਆ । ਹਉਂ ਯਾਚਕ ਭਿਖਕ ਮੰਗੇ ਦਾਨ, ਤੂੰ ਦੇਵਣਹਾਰ ਬੇਪਰਵਾਹੀਆ । ਜੁਗ ਜੁਗ ਤੇਰਾ ਦਰਸ ਨੇਤਰ ਲੋਚਣ ਨੈਣ ਪੇਖਾਂ ਆਣ, ਚਰਨ ਧਿਆਨ ਲਗਾਈਆ । ਲੋਕਮਾਤ ਕਰੇ ਆਪ ਪਛਾਣ, ਤੇਰਾ ਤੇਰੇ ਅਗੇ ਸੀਸ ਝੁਕਾਈਆ । ਕਵਣ ਸੁ ਵੇਲਾ ਚੁੱਕੇ ਕਾਣ, ਥਿਤ ਵਾਰ ਵਾਰ ਸਮਝਾਈਆ । ਜੋਤ ਮਿਲੇ ਜੋਤੀ ਆਣ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੋਟ ਰਹੇ ਨਾ ਰਾਈਆ । ਵਿਸ਼ਨੂੰ ਮੰਗੇ ਦਾਨ, ਪ੍ਰਭ ਅੱਗੇ ਝੋਲੀ ਡਾਹਿੰਦਾ । ਹਉਂ ਸੇਵਕ ਬਾਲ ਨਿਧਾਨ, ਤੇਰਾ ਅੰਤ ਕੋਇ ਨਾ ਪਾਇੰਦਾ । ਜੁਗ ਜੁਗ ਮੰਗਾਂ ਚਰਨ ਧਿਆਨ, ਨੇਤਰ ਨੈਣਾਂ ਤੇਰਾ ਰਾਹ ਦਿਸਾਇੰਦਾ । ਹਉਂ ਸਖੀ ਤੂੰ ਸਾਚਾ ਕਾਹਨ, ਘਰ ਸਾਚੇ ਸੋਭਾ ਪਾਇੰਦਾ । ਆਦਿ ਅੰਤ ਜੁਗਾਂ ਜੁਗੰਤ ਰੱਖਣਾ ਮੇਰਾ ਮਾਣ, ਹੋਏ ਨਿਮਾਣਾ ਸੀਸ ਝੁਕਾਇੰਦਾ । ਏਕਾ ਦੇਣਾ ਧੁਰ ਫ਼ੁਰਮਾਣ, ਸ਼ਬਦ ਸੰਦੇਸ਼ਾ ਇਕ ਅਲਾਇੰਦਾ । ਤੇਰੀ ਲੱਖ ਚੁਰਾਸੀ ਕਰਾਂ ਪਰਵਾਨ, ਘਰ ਘਰ ਤੇਰੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਦੇਣਾ ਏਕਾ ਵਰ, ਦੂਜਾ ਦਰ ਮੰਗਣ ਕੋਈ ਨਾ ਜਾਇੰਦਾ । ਏਕਾ ਦਰ ਤੇਰਾ ਸ਼ਾਹ ਸੁਲਤਾਨ, ਵਡ ਵਡਿਆਇੰਦਾ । ਆਦਿ ਜੁਗਾਦਿ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਖਿਲਾਇੰਦਾ । ਵਿਸ਼ਨੂੰ ਚਰਨ ਡਿਗਾ ਆਣ, ਨੇਤਰ ਨੈਣਾ ਨੀਰ ਵਹਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਕਵਣ ਰੂਪ ਕਰਾਂ ਪਛਾਣ, ਕਵਣ ਵੇਲਾ ਵਕਤ ਸੁਹਾਇੰਦਾ । ਕਵਣ ਮਹੱਲਾ ਕਵਣ ਕੂਚਾ ਕਵਣ ਗੜ੍ਹੀ ਦਰਸ ਦੇਵੇ ਆਣ, ਕਵਣ ਮੰਦਰ ਸੋਭਾ ਪਾਇੰਦਾ । ਕਵਣ ਵੇਲਾ ਕਵਣ ਘੜੀ ਕਵਣ ਪਲ ਵਖਾਏ ਸਚ ਨਿਸ਼ਾਨ, ਕਵਣ ਰੁਤੀ ਰੁਤ ਵਡਿਆਇੰਦਾ । ਕਵਣ ਮਾਸ ਕਵਣ ਬਰਖ ਕਵਣ ਪੁਰਖ ਕਰੇ ਵਾਲੀ ਦੋ ਜਹਾਨ, ਕਵਣ ਕਸਵੱਟੀ ਹੱਥ ਰਖਾਇੰਦਾ । ਕਵਣ ਰੂਪ ਮਿਲੇ ਸਾਚਾ ਕਾਹਨ, ਕਵਣ ਨਾਦ ਧੁਨ ਸੁਣਾਇੰਦਾ । ਕਵਣ ਧਾਰ ਹਰਿ ਨਿਰੰਕਾਰ ਸੁਣਾਏ ਧੁਰ ਫ਼ਰਮਾਣ, ਕਵਣ ਤਾਰ ਸਤਾਰ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਲਾ ਦੇਣਾ ਵਰ, ਕਵਣ ਰੰਗ ਰੰਗ ਰੰਗਾਇੰਦਾ । ਕਵਣ ਰੰਗ ਹਰਿ ਚੜ੍ਹੌਣਾ, ਰੰਗ ਰੰਗੀਲਾ ਹਰਿ ਸਮਝਾਈਆ । ਕਵਣ ਮਰਦੰਗ ਨਾਮ ਵਜੌਣਾ, ਕਵਣ ਢੋਲਾ ਏਕਾ ਗਾਈਆ । ਕਵਣ ਸਗਲਾ ਸੰਗ ਨਿਭੌਣਾ, ਦੋ ਜਹਾਨਾ ਹੋਵੇ ਕਵਣ ਸਹਾਈਆ । ਕਵਣ

ਅੰਗੀ ਅੰਗਕਾਰ ਕਰੌਣਾ, ਕਵਣ ਆਪਣੀ ਗੋਦ ਬਹਾਈਆ । ਕਵਣ ਮੰਗੀ ਮੰਗ ਪੂਰ ਕਰੌਣਾ, ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਕਵਣ ਸ਼ਬਦ ਨਾਮ ਜਪੌਣਾ, ਕਵਣ ਅੱਖਰ ਕਰੇ ਪੜ੍ਹਾਈਆ । ਕਵਣ ਫਰਜ਼ੰਦ ਗਲੇ ਲਗੌਣਾ, ਸੁਤ ਦੁਲਾਰਾ ਕਵਣ ਜਣਾਈਆ । ਕਵਣ ਸਦ ਬਖ਼ਸ਼ਿੰਦ ਪੂਰਬ ਲਹਿਣਾ ਝੋਲੀ ਪੌਣਾ, ਬਾਕੀ ਕੋਇ ਰਹਿਣ ਨਾ ਪਾਈਆ । ਕਵਣ ਤੰਦ ਤੰਦ ਬੰਧੌਣਾ, ਕਵਣ ਡੋਰੀ ਹੱਥ ਰਖਾਈਆ । ਕਵਣ ਰੂਪ ਬੰਦੀ ਤੋੜ ਨਾਮ ਧਰੌਣਾ, ਮਾਇਆ ਬੰਧਨ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਮੰਗੇ ਏਕਾ ਵਰ, ਨੇਤਰ ਨੈਣਾ ਨੀਰ ਵਹਾਈਆ । ਨੇਤਰ ਨੈਣਾ ਨੀਰ ਵਹਾਇਆ, ਚਰਨ ਕਵਲ ਧਿਆਨ ਲਗਾਇੰਦਾ । ਏਕਾ ਪੱਲੂ ਗਲ ਵਿਚ ਪਾਇਆ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਹਉਂ ਭਿਖਾਰੀ ਬਣਕੇ ਆਇਆ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਘਰ ਏਕਾ ਮੋਹੇ ਭਾਇੰਦਾ । ਦਰ ਘਰ ਏਕਾ ਰਹਿਣਾ ਹਰਿ ਕਰਤਾਰ, ਤੇਰਾ ਤੇਰੇ ਅੱਗੇ ਸੀਸ ਝੁਕਾਇੰਦਾ । ਤੂੰ ਪੁਰਖ ਕਰਤਾ ਹਉਂ ਚਰਨ ਦਾਸੀ ਨਾਰ, ਸੇਵਕ ਸੇਵਾ ਸਚ ਕਮਾਇੰਦਾ । ਤੂੰ ਸ਼ਾਹੋ ਭੂਪ ਸੱਚਾ ਸਿਕਦਾਰ, ਹਉਂ ਦਰ ਦਰਵੇਸ਼ ਸੀਸ ਨਿਵਾਇੰਦਾ । ਤੂੰ ਦਰਗਹਿ ਸਾਚੀ ਵਸੇ ਧਾਮ ਨਿਆਰ, ਹਉਂ ਚਰਨ ਕਵਲ ਰਾਹ ਤਕਾਇੰਦਾ । ਤੂੰ ਧੁਰ ਦਰਗਾਹੀ ਦੇਵੇ ਧੁਰ ਫ਼ਰਮਾਣ, ਹਉਂ ਹਉਂ ਹੁਕਮੀ ਹੁਕਮ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸਾਚਾ ਦਰ, ਨੇਹਕਰਮੀ ਆਪਣਾ ਕਰਮ ਕਮਾਇੰਦਾ । ਪਾਰਬ੍ਰਹਮ ਪ੍ਰਭ ਕਰੇ ਜਣਾਈ, ਭੇਵ ਅਭੇਦ ਰਹੇ ਨਾ ਰਾਈਆ । ਵਿਸ਼ਨੂੰ ਤੇਰੇ ਅੰਦਰ ਆਪਣੀ ਧਾਰ ਟਿਕਾਈ, ਅੰਮ੍ਰਿਤ ਰਸ ਇਕ ਵਖਾਈਆ । ਨਾਭੀ ਕਵਲਾ ਫੁਲ ਉਪਜਾਈ, ਰੂਪ ਅਨੂਪ ਬੇਪਰਵਾਹੀਆ । ਬ੍ਰਹਮ ਪਾਰਬ੍ਰਹਮ ਲਏ ਪਰਗਟਾਈ, ਆਪ ਆਪਣੀ ਵੰਡ ਵੰਡਾਈਆ । ਏਕਾ ਅੱਖਰ ਕਰੇ ਪੜ੍ਹਾਈ, ਚਾਰ ਵੇਦਾਂ ਕਰੇ ਲਿਖਾਈਆ । ਸ੍ਰਿਸ਼ਟ ਸਬਾਈ ਲਏ ਰਚਾਈ, ਤ੍ਰੈਗੁਣ ਮਾਇਆ ਝੋਲੀ ਪਾਈਆ । ਪੰਜ ਤਤ ਕਰੇ ਕੁੜਮਾਈ, ਘੜ ਭਾਂਡੇ ਵੇਖ ਵਖਾਈਆ । ਸ਼ੰਕਰ ਧਾਰ ਲਏ ਜਣਾਈ, ਨਿਰਾਕਾਰ ਬੇਪਰਵਾਹੀਆ । ਸਾਚੀ ਮਤ ਇਕ ਦਰਸਾਈ, ਇਕ ਤ੍ਰਸੂਲ ਹੱਥ ਵਖਾਈਆ । ਜੋ ਘੜਿਆ ਸੋ ਭੰਨੇ ਚਾਈਂ ਚਾਈਂ, ਥਿਰ ਕੋਇ ਰਹਿਣ ਨਾ ਪਾਈਆ । ਤਿੰਨਾਂ ਵਿਚੋਲਾ ਏਕਾ ਮਾਹੀ, ਪਾਰਬ੍ਰਹਮ ਸੱਚੀ ਸਰਨਾਈਆ । ਆਦਿ ਅੰਤ ਪਕੜੇ ਬਾਂਹੀ, ਆਪਣਾ ਮੇਲ ਮਿਲਾਏ ਸਹਿਜ ਸੁਭਾਈਆ । ਵਿਸ਼ਨੂੰ ਖੇਲ ਕਰਨਾ ਚਾਈਂ ਚਾਈਂ, ਲੋਕਮਾਤ ਭੁੱਲ ਰਹੇ ਨਾ ਰਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਰਿਹਾ ਦਵਾਈ, ਜੁਗ ਜੁਗ ਆਪਣਾ ਗੇੜਾ ਰਿਹਾ ਭਵਾਈਆ । ਗੁਰ ਪੀਰ ਅਵਤਾਰ ਸਾਧ ਸੰਤ ਨਾਉਂ ਧਰਾਈ, ਭਗਤ ਭਗਵੰਤ ਸੇਜ ਹੰਢਾਈਆ । ਚਾਰੇ ਜੁਗ ਕਰੇ ਕੁੜਮਾਈ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਅੰਗ ਲਗਾਈਆ । ਚਾਰੇ ਖਾਣੀ ਵੱਜੇ ਵਧਾਈ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਚਾਰ ਜੁਗ ਵੇਖੇ ਜੀਵ ਪਰਾਨੀ, ਈਸ਼ ਜੀਵ ਬੇਪਰਵਾਹੀਆ । ਆਪੇ ਗਾਏ ਅਕਥ ਕਹਾਣੀ, ਮਹਿਮਾ ਅਕਥ ਕਥੀ ਨਾ ਜਾਈਆ । ਆਪੇ ਲੇਖਾ ਜਾਣੇ ਦੋ ਜਹਾਨੀ, ਦੋਹਾਂ ਵਿਚੋਲਾ ਆਪ ਅਖਵਾਈਆ । ਆਪੇ ਲੇਖਾ ਜਾਣੇ ਧੁਰ ਦੀ ਬਾਣੀ, ਆਪਣੀ ਇਛਿਆ ਮਾਤ ਪਰਗਟਾਈਆ । ਆਪੇ ਹੋਏ ਸੁਘੜ ਸਵਾਣੀ, ਸੀਤਾ ਸੁਰਤੀ ਰਾਮ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਅਭੇਦ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦ ਖੁਲ੍ਹਾਇੰਦਾ, ਕਰ ਕਿਰਪਾ ਗਿਰਵਰ ਗਿਰਧਾਰ । ਸਤਿਜੁਗ

ਸਾਖ਼ਯਾਤ ਰੂਪ ਪਰਗਟਾਇੰਦਾ, ਨਿਰਗੁਣ ਸਰਗੁਣ ਲਏ ਅਵਤਾਰ । ਤ੍ਰੇਤਾ ਤ੍ਰੈਗੁਣ ਪਾਰ ਕਰਾਇੰਦਾ, ਰਾਮ ਨਾਮ ਹੋ ਉਜਿਆਰ । ਪਾਰਬ੍ਰਹਮ ਆਪਣੀ ਵੰਡ ਵੰਡਾਇੰਦਾ, ਵੇਦ ਵਿਆਸਾ ਬਣੇ ਲਿਖਾਰ । ਕਾਹਨਾ ਕ੍ਰਿਸ਼ਨਾ ਰੂਪ ਪਰਗਟਾਇੰਦਾ, ਗੀਤਾ ਗਿਆਨ ਕਰੇ ਉਜਿਆਰ । ਰਥ ਰਥਵਾਹੀ ਰਥ ਚਲਾਇੰਦਾ, ਸੇਵਾ ਕਰੇ ਵਿਚ ਸੰਸਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਆਪਣਾ ਚੋਲਾ ਆਪ ਬਦਲਾਇੰਦਾ, ਕਾਲਾ ਸੂਸਾ ਤਨ ਸ਼ੰਗਾਰ । ਈਸਾ ਮੂਸਾ ਰੰਗ ਰੰਗਾਇੰਦਾ, ਮੇਲ ਮਿਲਾਵਾ ਮੁਹੰਮਦੀ ਯਾਰ । ਏਕਾ ਨਾਅਰਾ ਹੱਕ ਸੁਣਾਇੰਦਾ, ਐਨਲਹਕ ਕਰੇ ਪਿਆਰ । ਮੁਲਾਂ ਸ਼ੇਖ਼ ਮੁਸਾਇਕ ਪੀਰ ਸਮਝਾਇੰਦਾ, ਆਪ ਆਪਣੀ ਕਿਰਪਾ ਧਾਰ । ਬੇਪਰਵਾਹ ਪਰਵਰਦਿਗਾਰ ਆਪ ਅਖਵਾਇੰਦਾ, ਨੂਰ ਅਲਾਹੀ ਹੋ ਉਜਿਆਰ । ਸਚ ਤਰਾਨਾ ਇਕ ਸੁਣਾਇੰਦਾ, ਅੰਜੀਲ ਕੁਰਾਨਾ ਕਰ ਤਿਆਰ । ਵਡ ਅਮਾਮਾ ਆਪ ਹੋ ਜਾਇੰਦਾ, ਨਬੀ ਰਸੂਲਾਂ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾਂ ਜੁਗੰਤਰ ਜਾਣੇ ਸਾਚੀ ਕਾਰ । ਜੁਗਾਂ ਜੁਗੰਤਰ ਕਾਰ ਕਮਾਵੰਦਾ, ਇਕ ਇਕੱਲਾ ਏਕੰਕਾਰ । ਨਿਰਗੁਣ ਸਰਗੁਣ ਰੂਪ ਪਰਗਟਾਵੰਦਾ, ਨਾਨਕ ਪੰਜ ਤਤ ਕਰੇ ਪਿਆਰ । ਦਰਗਹਿ ਸਾਚੀ ਸਚਖੰਡ ਦਵਾਰੇ ਆਪ ਬਹਾਵੰਦਾ, ਏਕਾ ਵਣਜ ਕਰਾਏ ਸਚ ਵਣਜਾਰ । ਸਚ ਨਾਮ ਵਸਤ ਅਮੋਲਕ ਝੋਲੀ ਪਾਵੰਦਾ, ਚਾਰ ਵਰਨ ਬਣੇ ਵਰਤਾਰ । ਊਚ ਨੀਚ ਰਾਓ ਰੰਕ ਰਾਜ ਰਾਜਾਨ ਆਪ ਸੁਹਾਵੰਦਾ, ਅੰਮ੍ਰਿਤ ਆਤਮ ਸਰੋਵਰ ਠੰਡਾ ਠਾਰ । ਸਾਚਾ ਸਾਕੀ ਭਰ ਭਰ ਜਾਮ ਪਿਆਇੰਦਾ, ਲੇਖਾ ਜਾਣੇ ਡੂੰਘੀ ਗਾਰ । ਬੰਦ ਤਾਕੀ
੧੧੫੭ ਆਪ ਖੁਲ੍ਹਾਇੰਦਾ, ਕਾਇਆ ਮੰਦਰ ਖੋਲ੍ਹ ਕਿਵਾੜ । ਪਾਕਨ ਪਾਕੀ ਰੂਪ ਪਰਗਟਾਇੰਦਾ, ਖ਼ਾਕੀ ਖ਼ਾਕ ਨਾ ਦਿਸੇ ਕੋਇ ਛਾਰ । ਏਕਾ ਮੰਤਰ ਨਾਮ ੧੧੫੭
ਦ੍ਰਿੜਾਇੰਦਾ, ਉਚੀ ਕੂਕ ਕਰੇ ਪੁਕਾਰ । ਸ੍ਰਿਸ਼ਟ ਸਬਾਈ ਆਪ ਸਮਝਾਇੰਦਾ, ਛੱਤੀ ਰਾਗ ਕਰੇ ਪਿਆਰ । ਛੱਤੀ ਜੁਗ ਮੂਲ ਚੁਕਾਇੰਦਾ, ਨਾਰਦ ਸੁਰਸਤੀ ਜਾਏ ਹਾਰ । ਅਥਰਬਨ ਵੇਦ ਬਹਿ ਕੁਰਲਾਇੰਦਾ, ਉਚੀ ਕੂਕਾਂ ਰਿਹਾ ਮਾਰ । ਏਕਾ ਜੋਤੀ ਜੋਤ ਜਗਾਇੰਦਾ, ਗੋਬਿੰਦ ਸੁਤ ਆਪ ਉਠ, ਜੋਧਾ ਸੂਰਬੀਰ ਬਲੀ ਬਲਕਾਰ । ਸਾਚਾ ਖੰਡਾ ਤਨ ਚਮਕਾਇੰਦਾ, ਲੇਖਾ ਜਾਣੇ ਗੁਪਤ ਜ਼ਾਹਰ । ਵਿਸ਼ਨੂੰ ਲੇਖਾ ਇਕ ਵਖਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ ਪਰਵਰਦਿਗਾਰ । ਨੂਰ ਨੁਰਾਨਾ ਡਗਮਗਾਇੰਦਾ, ਸਰਬ ਜੀਆਂ ਦਾ ਸਾਂਝਾ ਯਾਰ । ਕਲਜੁਗ ਅੰਤਮ ਚੌਥੇ ਜੁਗ ਫੇਰਾ ਪਾਇੰਦਾ, ਵੇਸ ਅਵੱਲੜਾ ਰੂਪ ਕਰਤਾਰ । ਨੌ ਨੌ ਲੇਖਾ ਪੰਧ ਮੁਕਾਇੰਦਾ, ਚਾਰ ਯਾਰੀ ਕਰੇ ਖ਼ਵਾਰ । ਚਾਰ ਵਰਨ ਨਾ ਕੋਇ ਦਸਾਇੰਦਾ, ਅਠਾਰਾਂ ਬਰਨਾਂ ਮਾਰੇ ਮਾਰ । ਚਾਰੇ ਵੇਦਾਂ ਪੰਧ ਮੁਕਾਇੰਦਾ, ਪੰਡਤ ਪਾਂਧੇ ਗਏ ਹਾਰ । ਸਾਚਾ ਹੁਕਮ ਆਪ ਸੁਣਾਇੰਦਾ, ਧੁਰ ਦੀ ਬਾਣੀ ਧੁਰ ਦੀ ਕਾਰ । ਅਗਲਾ ਲੇਖਾ ਆਪਣੇ ਹੱਥ ਰਖਾਇੰਦਾ, ਗੁਰ ਪੀਰ ਅਵਤਾਰ ਉਚੀ ਕੂਕ ਵਾਜਾਂ ਰਹੇ ਮਾਰ । ਪ੍ਰਭ ਕਾ ਭੇਵ ਕੋਇ ਨਾ ਪਾਇੰਦਾ, ਬੇਅੰਤ ਬੇਅੰਤ ਬੇਅੰਤ ਸੱਚੀ ਸਰਕਾਰ । ਵਿਸ਼ਨੂੰ ਤੇਰਾ ਰੰਗ ਰੰਗਾਇੰਦਾ, ਰੰਗਣਹਾਰਾ ਸਿਰਜਣਹਾਰ । ਕਲਜੁਗ ਅੰਤਮ ਆਪਣਾ ਨਾਉਂ ਧਰਾਇੰਦਾ, ਪਰਗਟ ਹੋ ਵਿਚ ਸੰਸਾਰ । ਨਿਰਗੁਣ ਨਿਰਗੁਣ ਜੋਤ ਜਗਾਇੰਦਾ, ਜੋਤੀ ਜਗੇ ਅਗੰਮ ਅਪਾਰ । ਸ਼ਬਦੀ ਸ਼ਬਦ ਡੰਕ ਵਜਾਇੰਦਾ, ਸੁਣੇ ਸੁਣਾਏ ਸੁਣਨੇਹਾਰ । ਬ੍ਰਹਮਾ ਸ਼ੰਕਰ ਸੀਸ ਝੁਕਾਇੰਦਾ, ਤੇਰੀ ਆਏ ਅੰਤਮ ਵਾਰ । ਤੇਰਾ ਮੇਲਾ ਮੇਲ ਮਿਲਾਇੰਦਾ, ਗੁਰ ਚੇਲਾ ਸੋਹੇ ਇਕ ਦਵਾਰ । ਤੇਰਾ ਬਸਤਰ ਤਨ ਭੂਸ਼ਨ ਚੋਲਾ ਆਪ ਹੰਢਾਇੰਦਾ, ਅੰਦਰ ਬੈਠ ਹਰਿ ਨਿਰੰਕਾਰ । ਤੇਰਾ ਢੋਲਾ ਆਪ ਅਲ੍ਹਾਇੰਦਾ, ਉਚੀ ਕੂਕ ਕਰੇ ਪੁਕਾਰ । ਲੱਖ ਚੁਰਾਸੀ ਪੰਧ ਮੁਕਾਇੰਦਾ,

ਗੇੜਾ ਰਹੇ ਨਾ ਦੂਜੀ ਵਾਰ । ਤੀਜਾ ਨੈਣ ਆਪ ਵਖਾਇੰਦਾ, ਚੌਥੇ ਪਦ ਕਰੇ ਪਿਆਰ । ਪੰਚਮ ਲੇਖਾ ਬਹਿ ਸਮਝਾਇੰਦਾ, ਛੇਵੇਂ ਛੱਪਰ ਛੰਨ ਨਾ ਕੋਇ ਆਧਾਰ । ਸਤਵੇਂ ਸਤਿ ਪੁਰਖ ਨਿਰੰਜਣ ਸੋਭਾ ਪਾਇੰਦਾ, ਅੱਠਾਂ ਤੱਤਾਂ ਵਸਿਆ ਬਾਹਰ । ਲੱਖ ਚੁਰਾਸੀ ਨੌਂ ਦਵਾਰੇ ਖੋਜ ਖੁਜਾਇੰਦਾ, ਦਸਵੇਂ ਖੇਲ ਕਰੇ ਸੱਚੀ ਸਰਕਾਰ । ਭਗਤ ਭਗਵੰਤ ਮੇਲ ਮਿਲਾਇੰਦਾ, ਜੁਗਾ ਜੁਗੰਤਰ ਪਾਵੇ ਸਾਰ । ਆਪ ਆਪਣੀ ਗੋਦ ਬਹਾਇੰਦਾ, ਦਰਗਹਿ ਸਾਚੀ ਕਰੇ ਪਿਆਰ । ਕਾਗੋਂ ਹੰਸ ਆਪ ਉਡਾਇੰਦਾ, ਹੰਸ ਰਲੇ ਨਾ ਕਾਗਾਂ ਡਾਰ । ਮਾਣਕ ਮੋਤੀ ਚੋਗ ਚੁਗਾਇੰਦਾ, ਸੋਹੰ ਹੰਸਾ ਕਰ ਪਿਆਰ । ਕੋਟਨ ਕੋਟੀ ਜੀਵ ਜੰਤ ਲੱਖ ਚੁਰਾਸੀ ਜੂਨ ਭਵਾਇੰਦਾ, ਰਾਏ ਧਰਮ ਕਰੇ ਖ਼ਵਾਰ । ਕੋਟਨ ਕੋਟੀ ਚਿਤਰ ਗੁਪਤ ਲੇਖ ਵਖਾਇੰਦਾ, ਮਾਣਸ ਜਨਮ ਗਏ ਹਾਰ । ਕੋਟਨ ਕੋਟੀ ਜੀਵ ਲਾੜੀ ਮੌਤ ਨਾਲ ਪਰਨਾਇੰਦਾ, ਅੰਤਮ ਅੰਤ ਕਰੇ ਸ਼ੰਗਾਰ । ਗੁਰਮੁਖ ਵਿਰਲੇ ਵੇਖ ਵਖਾਇੰਦਾ, ਆਪ ਆਪਣਾ ਖੋਲ੍ਹ ਕਿਵਾੜ । ਦਰਗਹਿ ਸਾਚੀ ਸੋਭਾ ਪਾਇੰਦਾ, ਸਾਚੇ ਤਖ਼ਤ ਸੱਚੀ ਸਰਕਾਰ । ਕਲਜੁਗ ਵੇਲਾ ਅੰਤਮ ਆਇੰਦਾ, ਗੁਰ ਪੀਰ ਰਹੇ ਪੁਕਾਰ । ਨਾਨਕ ਗੋਬਿੰਦ ਰਸਨਾ ਗਾਇੰਦਾ, ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ । ਕਲਜੁਗ ਕੂੜਾ ਮੇਟ ਮਿਟਾਇੰਦਾ, ਸਤਿਜੁਗ ਵਰਤੇ ਸਾਚੀ ਧਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਊਚਾਂ ਨੀਚਾਂ ਕਰੇ ਇਕ ਪਿਆਰ । ਵਰਨ ਬਰਨ ਗੋਤ ਨਾ ਕੋਇ ਰਖਾਇੰਦਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਬਹਾਏ ਸੱਚੇ ਦਰਬਾਰ । ਸਾਚਾ ਹੁਕਮ ਆਪ ਸੁਣਾਇੰਦਾ, ਚਾਰੋਂ ਕੁੰਟ ਬੋਲ ਜੈਕਾਰ । ਜੋ ਘੜਿਆ ਭੰਨ ਵਖਾਇੰਦਾ, ਸ਼ੰਕਰ ਰਹਿਣਾ ਖ਼ਬਰਦਾਰ । ਬ੍ਰਹਮੇ ਤੇਰਾ ਤਤ ਤੇਰੇ ਵਿਚ ਰਲਾਇੰਦਾ, ਬ੍ਰਹਮ ਰੂਪ ਆਪ ਨਿਰੰਕਾਰ । ਵਿਸ਼ਨ ਭੰਡਾਰ ਨਾ ਕੋਇ ਵਰਤਾਇੰਦਾ, ਕਲਜੁਗ ਅੰਤਮ ਜਾਏ ਹਾਰ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਨਿਰਗੁਣ ਨਿਰਵੈਰ ਲੈ ਅਵਤਾਰ । ਵਿਸ਼ਨੂੰ ਲਹਿਣਾ ਲਹਿਣਾ ਆਪ ਮੁਕਾਇੰਦਾ, ਤਨ ਗਹਿਣਾ ਬਸਤਰ ਕਰ ਸ਼ੰਗਾਰ । ਸਾਚੀ ਪੁਰੀ ਫੇਰਾ ਪਾਇੰਦਾ, ਪੂਰਨ ਗੁਰ ਆਪ ਕਰਤਾਰ । ਆਪਣਾ ਰੂਪ ਆਪ ਪਰਗਟਾਇੰਦਾ, ਸਵਛ ਸਰੂਪੀ ਹੋ ਉਜਿਆਰ । ਜੋਤ ਉਜਾਲਾ ਦੀਪ ਡਗਮਗਾਇੰਦਾ, ਪੁਰਖ ਅਕਾਲਾ ਭੇਵ ਨਿਆਰ । ਦੀਨ ਦਿਆਲਾ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਕਰੇ ਵਿਚਾਰ । ਰਾਜ਼ਕ ਰਿਜ਼ਕ ਰਹੀਮ ਆਪ ਅਖਵਾਇੰਦਾ, ਦਾਤਾ ਦਾਨੀ ਸਿਰਜਣਹਾਰ । ਕਲਜੁਗ ਅੰਤਮ ਪੰਧ ਮੁਕਾਇੰਦਾ, ਕਾਗਦ ਕਲਮ ਨਾ ਲਿਖਣਹਾਰ । ਸੱਤ ਸਮੁੰਦਰ ਸਰਬ ਕੁਰਲਾਇੰਦਾ, ਮਸ ਛਾਹੀ ਰੋਵੇ ਜ਼ਾਰੋ ਜ਼ਾਰ । ਬਨਾਸਪਤ ਧੀਰ ਨਾ ਕੋਇ ਧਰਾਇੰਦਾ, ਅਠਾਰਾਂ ਤੁਲੇ ਨਾ ਕੋਇ ਭਾਰ । ਪ੍ਰਭ ਕਾ ਭੇਵ ਕਿਸੇ ਨਾ ਆਇੰਦਾ, ਚਾਰ ਵੇਦ ਕਰਨ ਪੁਕਾਰ । ਸਤਿਜੁਗ ਤ੍ਰੇਤਾ ਦਵਾਪਰ ਪੰਧ ਮੁਕਾਇੰਦਾ, ਕਲਜੁਗ ਆਈ ਅੰਤਮ ਵਾਰ । ਨਿਹਕਲੰਕਾ ਜਾਮਾ ਪਾਇੰਦਾ, ਸ਼ਬਦ ਡੰਕਾ ਵੱਜੇ ਵਿਚ ਸੰਸਾਰ । ਸੰਬਲ ਨਗਰੀ ਧਾਮ ਸੁਹਾਇੰਦਾ, ਸਾਢੇ ਤਿੰਨ ਹੱਥ ਮੰਦਰ ਕਰ ਤਿਆਰ । ਪੂਤ ਸਪੂਤਾ ਬ੍ਰਹਿਮਣ ਗੌੜਾ ਡੇਰਾ ਲਾਇੰਦਾ, ਉਚੇ ਟਿੱਲੇ ਪਰਬਤ ਚੜ੍ਹ ਸੱਚੀ ਸਰਕਾਰ । ਵਿਸ਼ਨੂੰ ਤੇਰਾ ਵੇਲਾ ਵਕਤ ਸੁਹਾਇੰਦਾ, ਵਿਸ਼ਵ ਰੂਪ ਕਰੇ ਸੰਸਾਰ । ਬ੍ਰਹਮ ਤੇਰਾ ਬ੍ਰਹਮ ਰੂਪ ਸਰਬ ਦਸਾਇੰਦਾ, ਪਾਰਬ੍ਰਹਮ ਕਰੇ ਪਸਾਰ । ਸ਼ੰਕਰ ਤੇਰੀ ਤ੍ਰਸੂਲ ਲੇਖੇ ਲਾਇੰਦਾ, ਬਾਸ਼ਕ ਤਸ਼ਕਾ ਸੋਹੇ ਕੰਠ ਹਾਰ । ਅੰਤ ਵੇਲਾ ਵਕਤ ਮੁਕਾਇੰਦਾ, ਨੌ ਨੌ ਚਾਰ ਉਤਰੇ ਪਾਰ । ਜੋਤੀ ਜੋਤ ਜੋਤ ਮਿਲਾਇੰਦਾ, ਜੋਤੀ ਜਾਤਾ ਇਕ ਆਧਾਰ । ਗੁਰਮੁਖ ਸਾਚੇ ਆਪ ਪਰਗਟਾਇੰਦਾ, ਕਲਜੁਗ ਅੰਤਮ ਕਰ ਵਿਚਾਰ । ਸਤਿਜੁਗ ਸਾਚਾ ਮਾਰਗ ਲਾਇੰਦਾ, ਪੁਰੀ ਲੋਅ ਕਰੇ ਖ਼ਬਰਦਾਰ । ਬ੍ਰਹਿਮੰਡ ਖੰਡ ਆਪਣਾ ਹੁਕਮ ਸੁਣਾਇੰਦਾ,

ਦੂਸਰ ਅਵਰ ਨਾ ਕੋਇ ਵਰਤਾਰ । ਪੁਰਖ ਅਕਾਲ ਸ੍ਰਿਸ਼ਟ ਸਬਾਈ ਇਸ਼ਟ ਜਣਾਇੰਦਾ, ਸੋ ਪੁਰਖ ਨਿਰੰਜਣ ਹੋ ਤਿਆਰ । ਹੰ ਬ੍ਰਹਮ ਨਾਉਂ ਰਖਾਇੰਦਾ, ਸੋਹੰ ਸ਼ਬਦ ਸਾਚੀ ਧਾਰ । ਓਅੰ ਸੋਹੰ ਏਕਾ ਰੰਗ ਰੰਗਾਇੰਦਾ, ਸੋਇਮ ਰੂਪ ਨਿਰਾਕਾਰ । ਦੂਜੀ ਕੁਦਰਤ ਵੇਖ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਿਸ਼ਨੂੰ ਲੇਖਾ ਚੁਕਾਏ ਦਰ ਦਰ, ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਹਰਿ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਕਲਜੁਗ ਅੰਤਮ ਵੇਖ ਵਖਾਇਆ, ਨੌ ਖੰਡ ਪ੍ਰਿਥਮੀ ਕੂੜ ਦੁਕਾਨ । ਸੱਤ ਦੀਪ ਰਹੇ ਕੁਰਲਾਇਆ, ਚਾਰ ਕੁੰਟ ਹੋਇਆ ਵੈਰਾਨ । ਚਾਰ ਵਰਨ ਰਹੇ ਬਿਲਲਾਇਆ, ਘਰ ਘਰ ਵੜਿਆ ਪੰਜ ਸ਼ੈਤਾਨ । ਸਾਚਾ ਰੰਗ ਨਾ ਕੋਇ ਰੰਗਾਇਆ, ਕਲਜੁਗ ਲਲਾਰੀ ਬੇਈਮਾਨ । ਨਾਮ ਦਾਨ ਭਿਛਿਆ ਕੋਇ ਨਾ ਪਾਇਆ, ਸਾਧਾਂ ਸੰਤਾਂ ਟੁੱਟਾ ਮਾਣ । ਮਨ ਕਾ ਮਣਕਾ ਨਾ ਕੋਇ ਭਵਾਇਆ, ਧੂੜੀ ਬਖ਼ਸ਼ੇ ਨਾ ਕੋਇ ਅਸ਼ਨਾਨ । ਜਨਕਾ ਜਨ ਲੇਖੇ ਨਾ ਕੋਇ ਲਾਇਆ, ਲੇਖਾ ਚੁੱਕੇ ਨਾ ਆਵਣ ਜਾਣ । ਕਲਜੁਗ ਗਨਕਾ ਰੂਪ ਵਟਾਇਆ, ਘਰ ਘਰ ਹੋਏ ਪਰਧਾਨ । ਕੂੜੀ ਕਿਰਿਆ ਮੁਖ ਘੁੰਗਟ ਇਕ ਉਠਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਲੱਖ ਚੁਰਾਸੀ ਵਿਚੋਂ ਕਰ ਪਿਆਰ । ਪੂਰਬ ਲਹਿਣਾ ਝੋਲੀ ਪਾਇੰਦਾ, ਮਾਣਸ ਜਨਮ ਲਏ ਸੁਧਾਰ । ਨੇਤਰ ਨੈਣਾਂ ਦਰਸ ਦਿਖਾਇੰਦਾ, ਜੋਤੀ ਜੋਤ ਹੋ ਉਜਿਆਰ । ਜੁਗ ਜੁਗ ਦੀ ਹਰਸ
੧੧੫੯ ਮਿਟਾਇੰਦਾ, ਕਰ ਤਰਸ ਬੇਐਬ ਪਰਵਰਦਿਗਾਰ । ਅੰਮ੍ਰਿਤ ਮੇਘ ਇਕ ਬਰਸਾਇੰਦਾ, ਨਿਝਰ ਝਿਰਨਾ ਠੰਡਾ ਠਾਰ । ਗ਼ਰੀਬ ਨਿਮਾਣੇ ਗਲੇ ਲਗਾਇੰਦਾ, ੧੧੫੯
ਕਲ ਕਾਤੀ ਕਰ ਖ਼ਵਾਰ । ਜਮ ਕੀ ਫ਼ਾਸੀ ਆਪ ਕਟਾਇੰਦਾ, ਰਾਏ ਧਰਮ ਨਾ ਮਾਰੇ ਮਾਰ । ਰਸਨ ਸਵਾਸੀ ਜੋ ਜਨ ਗਾਇੰਦਾ, ਚਰਨ ਦਾਸੀ ਬਣੇ ਨਿਰੰਕਾਰ । ਪੂਰੀ ਆਸੀ ਆਪ ਕਰਾਇੰਦਾ, ਗੁਰਮੁਖ ਨਿਰਾਸਾ ਰਹੇ ਨਾ ਵਿਚ ਸੰਸਾਰ । ਜੋਤ ਪਰਕਾਸ਼ੀ ਦੀਪ ਜਗਾਇੰਦਾ, ਮੇਟ ਮਿਟਾਏ ਅੰਧ ਅੰਧਿਆਰ । ਘਨਕ ਪੁਰ ਵਾਸੀ ਸੰਗ ਨਿਭਾਇੰਦਾ, ਸ਼ਾਹੋ ਸ਼ਾਬਾਸੀ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਗੁਰਮੁਖ ਗੁਰ ਗੁਰ ਸੱਜਣ ਜਾਏ ਤਾਰ ।

### ✻ ੭ ਅਸੂ ੨੦੧੭ ਬਿਕ੍ਰਮੀ ਹਰਬੰਸ ਸਿੰਘ ਬਲਵੰਤ ਸਿੰਘ ਦੇ ਗ੍ਰਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✻

ਪਾਰਬ੍ਰਹਮ ਬ੍ਰਹਮ ਉਪਾਇਆ, ਆਪ ਆਪਣੀ ਉਤਪਤ ਕਰ ਸੰਤਾਨ । ਸਾਚੇ ਮੰਦਰ ਆਪ ਬਹਾਇਆ, ਸਤਿ ਜਣਾਏ ਧੁਰ ਫ਼ਰਮਾਣ । ਹੁਕਮੀ ਰਾਜਾ ਇਕ ਅਖਵਾਇਆ, ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ । ਆਪਣਾ ਪਰਦਾ ਆਪ ਉਠਾਇਆ, ਨਰ ਨਿਰੰਕਾਰਾ ਹੋਏ ਨਿਗਹਬਾਨ । ਦਰ ਘਰ ਬਰਦਾ ਆਪ ਬਣਾਇਆ, ਸੇਵਾ ਬਖ਼ਸ਼ੇ ਸ੍ਰੀ ਭਗਵਾਨ । ਆਪਣਾ ਪੱਲੂ ਆਪ ਫੜਾਇਆ, ਲੇਖਾ ਜਾਣੇ ਆਵਣ ਜਾਣ । ਸਾਚਾ ਸਾਲੂ ਰੰਗ ਰੰਗਾਇਆ, ਰੰਗ ਵੇਖੇ ਗੁਣ ਨਿਧਾਨ । ਦੀਨ ਦਿਆਲੂ ਦਇਆ ਕਮਾਇਆ, ਚਰਨ ਦਵਾਰੇ ਬਖ਼ਸ਼ੇ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਆਪਣੀ ਆਣ । ਬ੍ਰਹਮ ਉਪਾਇਆ ਹਰਿ ਹਰਿ ਸੁਤ, ਕਰੇ ਖੇਲ ਵੱਡੀ ਵਡਿਆਈਆ । ਲੇਖਾ ਜਾਣੇ ਅਬਿਨਾਸ਼ੀ

੧੧੬੦ ੦੯

ਅਚੁਤ, ਦੂਸਰ ਭੇਵ ਕੋਇ ਨਾ ਰਾਈਆ । ਪੰਜ ਤਤ ਨਾ ਦੀਸੇ ਬੁੱਤ, ਰਕਤ ਬੂੰਦ ਨਾ ਸੰਗ ਨਿਭਾਈਆ । ਆਪ ਸੁਹਾਏ ਬਸੰਤੀ ਰੁਤ, ਸੋਭਾਵੰਤ ਬੇਪਰਵਾਹੀਆ । ਲੇਖਾ ਜਾਣੇ ਓਤ ਪੋਤ, ਬੰਸ ਸਰਬੰਸਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੂਪ ਅਨੂਪ ਪਰਗਟਾਈਆ । ਪਾਰਬ੍ਰਹਮ ਬ੍ਰਹਮ ਸੁਤ ਉਪਾਇਆ, ਜਨ ਜਨਨੀ ਆਪ ਅਖਵਾਇੰਦਾ । ਸਾਚੀ ਗੋਦੀ ਆਪ ਸੁਹਾਇਆ, ਦਰ ਘਰ ਸਾਚੇ ਮੇਲ ਮਿਲਾਇੰਦਾ । ਅੰਮ੍ਰਿਤ ਸਾਚਾ ਸੀਰ ਪਿਆਇਆ, ਰਸ ਰਸੀਆ ਏਕਾ ਰਸ ਚਖਾਇੰਦਾ । ਥਿਰ ਘਰ ਠਾਂਡੇ ਨੀਰ ਵਹਾਇਆ, ਸਾਚਾ ਝਿਰਨਾ ਆਪ ਝਿਰਾਇੰਦਾ । ਸ਼ਬਦ ਨਿਰਾਲਾ ਤੀਰ ਲਗਾਇਆ, ਤਿਖੀ ਮੁਖੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਜਣਾਇਆ । ਸੁਤ ਉਪਜਾਇਆ ਸਚ ਦੁਲਾਰਾ, ਦੂਲ੍ਹਾ ਦੁਲਹਨ ਖ਼ੁਸ਼ੀ ਮਨਾਈਆ । ਸੋ ਪੁਰਖ ਨਿਰੰਜਣ ਕਰੇ ਖੇਲ ਅਗੰਮ ਅਪਾਰਾ, ਹਰਿ ਪੁਰਖ ਨਿਰੰਜਣ ਆਪਣੇ ਹੱਥ ਰੱਖੇ ਵਡਿਆਈਆ । ਏਕੰਕਾਰਾ ਕਰ ਪਸਾਰਾ, ਆਪਣੀ ਰਚਨਾ ਆਪ ਰਚਾਈਆ । ਆਦਿ ਨਿਰੰਜਣ ਗੁਪਤ ਜ਼ਾਹਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵੇ ਸਚ ਭੰਡਾਰਾ, ਵਸਤ ਅਮੋਲਕ ਆਪ ਵਰਤਾਈਆ । ਸ੍ਰੀ ਭਗਵਾਨ ਬਣ ਸਿਕਦਾਰਾ, ਹੁਕਮੀ ਹੁਕਮ ਆਪ ਸੁਣਾਈਆ । ਪਾਰਬ੍ਰਹਮ ਪ੍ਰਭ ਦਏ ਆਧਾਰਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਲਾਲ ਦੀਨ ਦਿਆਲ ਵੇਖ ਵਖਾਈਆ । ਏਕਾ ਲਾਲ ਬਾਲ ਨਿਧਾਨਾ, ਪਾਰਬ੍ਰਹਮ ਪ੍ਰਭ ਆਪ ਉਪਜਾਇੰਦਾ । ਸ਼ਬਦ ਸੁਣਾਏ ਅਗੰਮ ਤਰਾਨਾ, ਸ੍ਰੀ ਭਗਵਾਨ ਆਪ ਅਲਾਇੰਦਾ । ਏਕਾ ਬਖ਼ਸ਼ੇ ਪੀਣਾ ਖਾਣਾ, ਅਬਿਨਾਸ਼ੀ ਕਰਤਾ ਅੰਮ੍ਰਿਤ ਜਾਮ ਪਿਆਇੰਦਾ । ਚਰਨ ਕਵਲ ਸਚ ਧਿਆਨਾ, ਆਦਿ ਨਿਰੰਜਣ ਰਾਹ ਵਖਾਇੰਦਾ । ਏਕਾ ਤਤ ਚਤਰ ਸੁਘੜ ਸਿਆਣਾ, ਏਕੰਕਾਰਾ ਵੇਖ ਵਖਾਇੰਦਾ । ਏਕਾ ਰਤ ਪਦ ਨਿਰਬਾਨਾ, ਹਰਿ ਪੁਰਖ ਨਿਰੰਜਣ ਸੋਭਾ ਪਾਇੰਦਾ । ਏਕਾ ਸਮਰਥ ਪੁਰਖ ਖੇਲ ਮਹਾਨਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਸਚਖੰਡ ਸਾਚੇ ਸੋਭਾ ਪਾਇੰਦਾ । ਥਿਰ ਘਰ ਰਖਾਏ ਇਕ ਬਬਾਣਾ, ਆਦਿ ਜੁਗਾਦੀ ਆਪ ਉਡਾਇੰਦਾ । ਇਕ ਇਕੱਲਾ ਹੋ ਪਰਧਾਨਾ, ਸੁੰਨ ਅਗੰਮੀ ਰੂਪ ਸਮਾਇੰਦਾ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਭੇਵ ਨਾ ਆਇੰਦਾ । ਤਖ਼ਤ ਨਿਵਾਸੀ ਬਣ ਸੁਲਤਾਨਾ ਸ਼ਾਹੋ ਭੂਪ ਰਾਜ ਕਮਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਮਾਣਾ, ਨਿਮਾਣ ਨਿਮਾਣਿਆਂ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਛੋਟਾ ਬਾਲਾ ਬਾਲੀ ਬੁੱਧ, ਬ੍ਰਹਮ ਪਾਰਬ੍ਰਹਮ ਸਮਝਾਈਆ । ਚਰਨ ਧਿਆਨ ਸਾਚੀ ਸੁਧ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਚ ਪ੍ਰੀਤੀ ਜਾਣਾ ਲੁਝ, ਅੰਤਰ ਗਤ ਇਕ ਲਿਵ ਲਾਈਆ । ਆਪਣਾ ਆਪ ਲੈਣਾ ਬੁਝ, ਕਵਣ ਪਿਤਾ ਕਵਣ ਮਾਈਆ । ਭੇਵ ਖੁਲ੍ਹਾਏ ਹਰਿ ਹਰਿ ਗੁਝ, ਗੁਪਤ ਜ਼ਾਹਰ ਵਡ ਵਡਿਆਈਆ । ਏਕਾ ਰੂਪ ਨਾਉਂ ਦੁਜ, ਸੋਹੰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਸੁਣਾਈਆ । ਬ੍ਰਹਮੇ ਸੁਣ ਪਾਰਬ੍ਰਹਮ ਜਣਾਇਆ, ਬ੍ਰਹਮ ਭੇਵ ਰਹੇ ਨਾ ਰਾਈਆ । ਅੰਸ ਬੰਸਾ ਰੂਪ ਧਰਾਇਆ, ਸਹੰਸ ਸਹੰਸਾ ਖੇਲ ਖਿਲਾਈਆ । ਸਾਚਾ ਮਾਰਗ ਪੰਥਾ ਆਪ ਲਗਾਇਆ, ਨਾਮ ਗ੍ਰੰਥਾ ਕਰੇ ਪੜ੍ਹਾਈਆ । ਚਾਰੇ ਵੇਦ ਅੱਖਰ ਇਕ ਜਣਾਇਆ, ਏਕੰਕਾਰ ਰੂਪ ਦਰਸਾਈਆ । ਓਅੰਕਾਰ ਤੇਰੀ ਸੇਵਾ ਲਾਇਆ, ਕੁਦਰਤ ਵੇਖੇ ਬੇਪਰਵਾਹੀਆ । ਦੋਹਾਂ ਵਿਚੋਲਾ

ਆਪ ਬੇਪਰਵਾਹਿਆ, ਆਪਣੀ ਰਚਨਾ ਆਪ ਰਚਾਈਆ । ਸਾਚਾ ਢੋਲਾ ਇਕ ਸੁਣਾਇਆ, ਨਾਦ ਅਨਾਦੀ ਧੁਨ ਉਪਜਾਈਆ । ਸੋਹੰ ਬੋਲਾ ਬੋਲ ਬੁਲਾਇਆ, ਪਾਰਬ੍ਰਹਮ ਬ੍ਰਹਮ ਏਕਾ ਰੂਪ ਜਣਾਈਆ । ਧੁਰ ਦਾ ਤੋਲਾ ਇਕ ਅਖਵਾਇਆ, ਸਾਚਾ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਦਿ ਬ੍ਰਹਮ, ਪਾਰਬ੍ਰਹਮ ਸਹਿਜ ਸੁਖਦਾਈਆ । ਬ੍ਰਹਮ ਬਾਲ ਉਤਪਤ ਹਰਿ, ਦਰ ਘਰ ਸਾਚੇ ਵੱਜੀ ਵਧਾਈਆ । ਨਾਰੀ ਨਰ ਕਿਰਪਾ ਕਰ, ਨਰ ਨਰਾਇਣ ਖ਼ੁਸ਼ੀ ਮਨਾਈਆ । ਆਪਣੇ ਮੰਦਰ ਆਪੇ ਵੜ, ਆਪੇ ਵੇਖੇ ਬੇਪਰਵਾਹੀਆ । ਆਪੇ ਫਿਰੇ ਪਿਛੇ ਅਗਾੜ, ਆਪਣੀ ਸੇਵਾ ਆਪ ਕਮਾਈਆ । ਆਪ ਬਣਾਏ ਸਾਚਾ ਲਾੜ, ਸਾਚੀ ਚੋਲੀ ਆਪ ਰੰਗਾਈਆ । ਆਪ ਵਖਾਏ ਸਚ ਅਖਾੜ, ਜਗਤ ਅਖਾੜਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਉਠਾਏ ਫੜ, ਆਪ ਆਪਣਾ ਹੁਕਮ ਵਰਤਾਈਆ । ਹੁਕਮ ਵਰਤਾਏ ਹਰਿ ਭਗਵਾਨ, ਬ੍ਰਹਮ ਪਾਰਬ੍ਰਹਮ ਜਣਾਇਆ । ਵਿਸ਼ਨੂੰ ਸੰਗ ਮੇਲ ਮਹਾਨ, ਬ੍ਰਹਮ ਮਿਤਰ ਸਖਾਈ ਆਪ ਹੋ ਆਇਆ । ਏਕਾ ਦੇਵੇ ਦੇਵਣਹਾਰਾ ਦਾਨ, ਦਾਤਾ ਦਾਨੀ ਨਾਮ ਵਰਤਾਇਆ । ਹੰ ਬ੍ਰਹਮ ਰੂਪ ਪਛਾਣ, ਸੋ ਪੁਰਖ ਨਿਰੰਜਣ ਖੇਲ ਖਿਲਾਇਆ । ਇਕ ਵਖਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇਆ । ਸਾਚੇ ਤਖ਼ਤ ਬੈਠ ਵਡ ਰਾਜ ਰਾਜਾਨ, ਸੀਸ ਤਾਜ ਇਕ ਟਿਕਾਇਆ । ਆਦਿ ਆਦਿ ਦੇਵੇ ਇਕ ਫ਼ਰਮਾਣ, ਸਚ ਸੰਦੇਸ਼ਾ ਸ਼ਬਦ ਅਲਾਇਆ । ਨੌਂ ਨੌਂ ਚਾਰ ਕਰਨਾ ਪਰਵਾਨ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਏਕਾ ਹੁਕਮ ਵਰਤਾਇਆ ।
੧੧੬੧ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰੱਖੇ ਏਕਾ ਆਣ, ਲੋਕਮਾਤ ਆਪਣਾ ਵੇਸ ਧਰਾਇਆ । ਤ੍ਰੈਗੁਣ ਮਾਇਆ ਬਖਸ਼ੇ ਮਾਣ, ਆਪਣੀ ਇਛਿਆ ਤੇਰੀ ੧੧੬੧
ਭਿਛਿਆ ਝੋਲੀ ਪਾਇਆ । ਲੱਖ ਚੁਰਾਸੀ ਕਰ ਪਰਧਾਨ, ਚਾਰੇ ਖਾਣੀ ਵੰਡ ਵੰਡਾਇਆ । ਜੇਰਜ ਰੂਪ ਹੋਏ ਨਿਗਹਬਾਨ, ਬ੍ਰਹਮੇ ਰਤ ਤਤ ਤਪਾਇਆ ।
੦੯ ਅੰਡਜ ਖੇਲੇ ਖੇਲ ਮਹਾਨ, ਬ੍ਰਹਮ ਪਥ ਇਕ ਵਖਾਇਆ । ਉਤਭੁਜ ਵੇਖੇ ਮਾਰ ਧਿਆਨ, ਚਰਨ ਕਵਲ ਦਏ ਵਡਿਆਇਆ । ਸੇਤਜ ਬਖ਼ਸ਼ੇ ਏਕਾ ੦੯
ਦਾਨ, ਆਪਣਾ ਰੋਮ ਰੋਮ ਖਲਾਇਆ । ਲੇਖਾ ਜਾਣ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਏਕਾ ਅੱਖਰ ਪੜ੍ਹਾਇਆ । ਏਕਾ ਅੱਖਰ ਸੋ ਸੋ ਸੋ ਧਾਰ, ਤ੍ਰੈ ਤ੍ਰੈ ਤ੍ਰੈ ਰੰਗਣ ਰੰਗ ਰੰਗਾਈਆ । ਹੰ ਹੰ ਹੰ ਸਰਬ ਪਸਾਰ, ਹੰ ਬ੍ਰਹਮ ਰੂਪ ਦਰਸਾਈਆ । ਸੋਹੰ ਰੂਪ ਆਪ ਨਿਰੰਕਾਰ, ਪੰਜ ਤਤ ਨਾ ਕੋਇ ਰਖਾਈਆ । ਲੱਖ ਚੁਰਾਸੀ ਕਰੇ ਪਿਆਰ, ਪੰਜ ਤਤ ਕਾਇਆ ਚੋਲਾ ਆਪ ਹੰਢਾਈਆ । ਜੁਗ ਜੁਗ ਚਲਾਏ ਆਪਣੀ ਕਾਰ, ਕੁਦਰਤ ਕਾਦਰ ਵੇਖ ਵਖਾਈਆ । ਬ੍ਰਹਮ ਤੇਰਾ ਰੂਪ ਅਪਾਰ, ਘਟ ਭੀਤਰ ਡੇਰਾ ਲਾਈਆ । ਤੇਰੇ ਮੰਦਰ ਮੰਗਲਾਚਾਰ, ਘਰ ਖ਼ੁਸ਼ੀ ਵੱਜੇ ਵਧਾਈਆ । ਤੇਰੀ ਆਵਾਜ਼ ਅਨਹਦ ਧੁਨਕਾਰ, ਸਾਚਾ ਸ਼ਬਦ ਤੇਰੀ ਰਸਾਈਆ । ਤੇਰੀ ਸੇਜ ਅਪਰ ਅਪਾਰ, ਪਾਵਾ ਚੂਲ ਨਾ ਕੋਇ ਬਣਾਈਆ । ਤੇਰਾ ਕੰਤ ਹਰਿ ਭਤਾਰ, ਦੂਸਰ ਅੰਗ ਨਾ ਕੋਇ ਲਗਾਈਆ । ਤੇਰਾ ਰੰਗ ਬਸੰਤ ਬਹਾਰ, ਤੇਰੀ ਮਹਿਕ ਨਾਮ ਮਹਿਕਾਈਆ । ਤੇਰਾ ਅੰਤ ਘਰ ਹਰਿ ਦਵਾਰ, ਦੂਸਰ ਮੰਦਰ ਨਾ ਸੋਭਾ ਪਾਈਆ । ਤੇਰਾ ਅੰਦਰ ਇਕ ਗੁਲਜਾਰ, ਗ਼ਰੀਬ ਨਵਾਜ਼ ਆਪ ਖਲਾਈਆ । ਤੇਰਾ ਰਾਜ ਸੱਚਾ ਸਿਕਦਾਰ, ਲੱਖ ਚੁਰਾਸੀ ਜੋਗ ਵਖਾਈਆ । ਤੇਰਾ ਤਾਜ ਭੂਪ ਨਿਰੰਕਾਰ, ਧੁਰ ਫ਼ਰਮਾਣਾ ਸ਼ਬਦ ਸੁਣਾਈਆ । ਤੇਰੀ ਲਾਜ ਰੱਖੇ ਵਿਚ ਸੰਸਾਰ, ਜੁਗ ਜੁਗ ਆਪਣਾ ਰੂਪ ਧਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਕਰ ਵਿਹਾਰ, ਅੰਤਮ ਲੇਖਾ ਲੇਖੇ ਪਾਈਆ । ਆਪਣਾ ਰੂਪ ਜਣਾਏ

ਪੁਰਖ ਕਰਤਾਰ, ਕੁਦਰਤ ਕਾਦਰ ਵੇਖੇ ਥਾਉਂ ਥਾਈਆ । ਹੰ ਬ੍ਰਹਮ ਲਏ ਉਭਾਰ, ਸੋ ਪੁਰਖ ਨਿਰੰਜਣ ਸਹਿਜ ਸੁਖਦਾਈਆ । ਸੋਹੰ ਸ਼ਬਦ ਬੋਲ ਜੈਕਾਰ, ਪੰਜ ਤਤ ਪੂਜਾ ਦਏ ਮਿਟਾਈਆ । ਏਕਾ ਰੂਪ ਦਰਸਾਏ ਹਰਿ ਨਿਰੰਕਾਰ, ਘਰ ਘਰ ਪੁਰਖ ਅਕਾਲ ਵੱਜੇ ਵਧਾਈਆ । ਜਗਤ ਜੁਗ ਜੁਗਤ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਸੋ ਪੁਰਖ ਨਿਰੰਜਣ ਬਣ ਦਲਾਲ, ਹੰ ਬ੍ਰਹਮ ਲਏ ਮਿਲਾਈਆ । ਲੇਖਾ ਜਾਣੇ ਕਾਲ ਮਹਾਂਕਾਲ, ਕਾਲ ਦਿਆਲ ਆਪਣਾ ਰੂਪ ਵਟਾਈਆ । ਰਾਏ ਧਰਮ ਭੇਵ ਖੁਲ੍ਹਾਏ ਆਣ, ਚਿਤਰ ਗੁਪਤ ਗੁਪਤ ਸਮਝਾਈਆ । ਲਾੜੀ ਮੌਤ ਵਖਾਏ ਹਾਣੀ ਹਾਣ, ਲੱਖ ਚੁਰਾਸੀ ਨਾਰੀ ਕੰਤ ਪੂਰਨ ਭਗਵੰਤ ਵੇਖੇ ਥਾਉਂ ਥਾਈਆ । ਹਰਿਜਨ ਗੁਰਮੁਖ ਗੁਰਸਿਖ ਜੋ ਜਨ ਘਾਲਨ ਰਹੇ ਘਾਲ, ਘਾਲੀ ਘਾਲ ਲੇਖੇ ਲਾਈਆ । ਗਗਨ ਮੰਡਲ ਵੇਖੇ ਮਸਤਕ ਥਾਲ, ਰਵ ਸਸ ਸੂਰਜ ਚੰਨ ਤਾਰਕਾ ਮੰਡਲ ਆਪਣੇ ਗੇੜੇ ਆਪ ਭਵਾਈਆ । ਏਕਾ ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ਾਨਾ ਬੇਪਰਵਾਹੀਆ । ਗੁਰਸਿਖ ਨਾ ਹੋਏ ਕਦੇ ਕੰਗਾਲ, ਧਨ ਦੌਲਤ ਜਗਤ ਬਦੌਲਤ ਦੀਨ ਦੁਨੀ ਦਏ ਗਵਾਹੀਆ । ਇਕ ਵਖਾਏ ਸਚਖੰਡ ਸੱਚੀ ਧਰਮਸਾਲ, ਦਰਗਹਿ ਸਾਚੀ ਧਾਮ ਸੁਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਸਦਾ ਚਲੇ ਨਾਲ, ਬਿਖਮ ਮਾਰਗ ਨਾ ਕੋਈ ਜਣਾਈਆ । ਸ਼ਬਦ ਅਨਾਦਿ ਵਜਾਏ ਤਾਲ, ਸੁਰਤ ਸਵਾਣੀ ਆਪ ਉਠਾਈਆ । ਮੂਰਤ ਅਕਾਲ ਬੇਮਿਸਾਲ, ਜੋਤੀ ਨੂਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਸਾਚੇ ਭਾਲ, ਨੌ ਖੰਡ ਪ੍ਰਿਥਮੀ ਆਪ ਉਠਾਈਆ । ਤਨ ਪਹਿਨਾਏ ਸਾਚੀ ਮਾਲ, ਮਨ ਕਾ ਮਣਕਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਮਿਲਾਏ ਸਾਚੇ ਘਰ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਏਕਾ ਰੰਗ ਵਖਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਸ੍ਰਿਸ਼ਟ ਸਬਾਈ ਅੰਧੇਰਾ ਛਾਇੰਦਾ । ਗਿਆਨ ਧਿਆਨ ਨਾ ਕਿਸੇ ਦ੍ਰਿੜੌਣਾ, ਜੋਗ ਅਭਿਆਸ ਨਾ ਕੋਇ ਵਖਾਇੰਦਾ । ਸੁਰਤ ਸ਼ਬਦ ਨਾ ਕਿਸੇ ਮੇਲ ਮਿਲੌਣਾ, ਸਾਧ ਸੰਤ ਸਰਬ ਕੁਰਲਾਇੰਦਾ । ਪੰਜ ਤਤ ਨਾਤਾ ਨਾ ਕਿਸੇ ਤੁੜੌਣਾ, ਪੰਚਮ ਸ਼ਬਦ ਨਾ ਜੋੜ ਜੁੜਾਇੰਦਾ । ਅਨਹਦ ਰਾਗ ਨਾ ਕਿਸੇ ਅਲੌਣਾ, ਸਾਰੰਗ ਢੋਲਕ ਸਰਬ ਵਜਾਇੰਦਾ । ਅਗੰਮੀ ਸ਼ਬਦ ਨਾ ਕਿਸੇ ਅਲ੍ਹੌਣਾ, ਰਸਨਾ ਬੋਲ ਸਰਬ ਕੁਰਲਾਇੰਦਾ । ਤੁਰੀਆ ਰਾਗ ਨਾ ਕਿਸੇ ਉਪਜੌਣਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮੌਣਾ, ਜੁਗ ਜੁਗ ਜਨ ਭਗਤਾਂ ਮੇਲ ਮਿਲਾਇੰਦਾ । ਆਪ ਆਪਣਾ ਪਰਦਾ ਲੌਹਣਾ, ਬਜਰ ਕਪਾਟੀ ਤੋੜ ਤੁੜਾਇੰਦਾ । ਬਣ ਬਣ ਸਾਕੀ ਜਾਮ ਪਿਔਣਾ, ਨਾਮ ਸੁਰਾਹੀ ਹੱਥ ਉਠਾਇੰਦਾ । ਖੋਲ੍ਹ ਤਾਕੀ ਦਰਸ ਦਿਖੌਣਾ, ਆਤਮ ਬ੍ਰਹਮ ਆਪ ਜਣਾਇੰਦਾ । ਸਾਚੀ ਸੇਜਾ ਡੇਰਾ ਲੌਣਾ, ਸਚ ਸਿੰਘਾਸਣ ਸੋਭਾ ਪਾਇੰਦਾ । ਪਾਰਬ੍ਰਹਮ ਬ੍ਰਹਮ ਰੰਗ ਚੜ੍ਹੌਣਾ, ਉਤਰ ਕਦੇ ਨਾ ਜਾਇੰਦਾ । ਸੋ ਪੁਰਖ ਨਿਰੰਜਣ ਖੇਲ ਖਲੌਣਾ, ਹੰ ਬ੍ਰਹਮ ਸਰਬ ਉਠਾਇੰਦਾ । ਲੱਖ ਚੁਰਾਸੀ ਪੰਧ ਮੁਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਜਣੌਣਾ । ਪਾਰਬ੍ਰਹਮ ਬ੍ਰਹਮ ਕਰੇ ਜਣਾਈ, ਜਾਗਰਤ ਜੋਤ ਕਰ ਰੁਸ਼ਨਾਈਆ । ਏਕਾ ਘਰ ਵਖਾਏ ਸਾਚਾ ਥਾਈਂ, ਥਾਨ ਥਨੰਤਰ ਸੋਭਾ ਪਾਈਆ । ਏਕਾ ਬਖ਼ਸ਼ੇ ਸਚ ਸਰਨਾਈ, ਸਰਨਗਤ ਬੇਪਰਵਾਹੀਆ । ਏਕਾ ਪਕੜ ਉਠਾਏ ਫੜ ਫੜ ਬਾਂਹੀ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਏਕਾ ਮੇਲ ਮਿਲਾਏ ਚਾਈਂ ਚਾਈਂ, ਚਾਤਰਕ ਤ੍ਰਿਖਾ ਦਏ ਬੁਝਾਈਆ । ਏਕਾ ਕਰੇ ਸਚ ਨਿਆਈਂ, ਜੁਗਾਂ ਜੁਗੰਤਰ ਆਪਣਾ ਵੇਸ ਵਟਾਈਆ । ਕਲਜੁਗ

ਅੰਤਮ ਮੇਟੇ ਕੂੜੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਬ੍ਰਹਮ ਪਾਰਬ੍ਰਹਮ ਜਾਏ ਸਮਾਈ, ਨਿਰਗੁਣ ਨਿਰਗੁਣ ਅੰਗ ਲਗਾਈਆ । ਸੋਹੰ ਸ਼ਬਦ ਅਗੰਮ ਪੜ੍ਹਾਈ, ਚਾਰੇ ਬਾਣੀ ਜਿਸ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਦੇਵੇ ਪਾਰਬ੍ਰਹਮ ਵਰ, ਬ੍ਰਹਮ ਤੇਰੀ ਅੰਸ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਸ੍ਰੀ ਭਗਵੰਤ, ਖੇਲੇ ਖੇਲ ਜੁਗਾ ਜੁਗੰਤ, ਬ੍ਰਹਮ ਪਾਰਬ੍ਰਹਮ ਆਪਣੀ ਖੇਲ ਖਿਲਾਈਆ ।

❋ ੭ ਅਸੂ ੨੦੧੭ ਬਿਕ੍ਰਮੀ ਸਵਿੰਦਰ ਸਿੰਘ ਦੇ ਗ੍ਰਿਹਿ ਪਿੰਡ ਭੁਲਰ ਜ਼ਿਲਾ ਅੰਮ੍ਰਿਤ ਸਰ ❋

ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਅਗੰਮ ਅਗੰਮੜੀ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਏਕੰਕਾਰਾ ਊਚ ਅਪਾਰਾ, ਬੇਪਰਵਾਹ ਭੇਵ ਨਾ ਆਇੰਦਾ । ਆਦਿ ਨਿਰੰਜਣ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਇਕ ਸੁਹਾਏ ਸਚ ਦਵਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜਾ, ਥਿਰ ਘਰ ਮੰਦਰ ਆਪ ਵਡਿਆਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਨਿਰਾਕਾਰ ਆਪਣਾ ਆਪ ਵੇਖ ਵਖਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹ ਭੂਪ ਆਪਣਾ ਹੁਕਮ ਵਰਤਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਆਪ ਆਪਣਾ ਰੰਗ ਰੰਗਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਭਿਛਿਆ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਹਰਿ ਮਿਹਰਵਾਨ, ਸਚਖੰਡ ਦਵਾਰ ਝੁਲਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਪਰਗਟਾਇੰਦਾ । ਸਤਿ ਸਤਿਵਾਦੀ ਸਾਹਿਬ ਗੁਣਵੰਤ, ਇਕ ਇਕੱਲਾ ਅਕਲ ਕਲ ਧਾਰੀਆ । ਸਚਖੰਡ ਦਵਾਰੇ ਸੋਭਾਵੰਤ, ਸਤਿ ਪੁਰਖ ਨਿਰੰਜਣ ਮੀਤ ਮੁਰਾਰੀਆ । ਆਪ ਬਣਾਏ ਆਪਣੀ ਬਣਤ, ਪੁਰਖ ਅਕਾਲ ਸ਼ਾਹ ਸਿਕਦਾਰੀਆ । ਆਪਣਾ ਲੇਖਾ ਜਾਣੇ ਆਦਿ ਅੰਤ, ਦੂਸਰ ਅਵਰ ਨਾ ਕੋਇ ਲਖਾਰੀਆ । ਆਪੇ ਨਾਰ ਆਪੇ ਕੰਤ, ਕੰਤ ਕੰਤੂਲ ਆਪੇ ਪੈਜ ਸੁਆਰੀਆ । ਆਪੇ ਸ਼ਬਦ ਆਪੇ ਮੰਤ, ਆਪੇ ਨਾਉਂ ਨਿਰੰਕਾਰ ਕਰੇ ਉਜਿਆਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਏਕਾ ਹਰਿ, ਸਚਖੰਡ ਦਵਾਰਾ ਆਪ ਸੁਹਾ ਰਿਹਾ । ਸਚਖੰਡ ਦਵਾਰ ਸੁਹਾਇੰਦਾ, ਸੋ ਪਰਖ ਨਿਰੰਜਣ ਬੇਪਰਵਾਹ । ਥਿਰ ਘਰ ਸਾਚੇ ਖੇਲ ਖਿਲਾਇੰਦਾ, ਅਲੱਖ ਅਗੋਚਰ ਅਗੰਮ ਅਥਾਹ । ਏਕੰਕਾਰਾ ਰੂਪ ਪਰਗਟਾਇੰਦਾ, ਜੂਨੀ ਰਹਿਤ ਨਾਉਂ ਧਰਾ । ਆਦਿ ਨਿਰੰਜਣ ਰੂਪ ਪਰਗਟਾਇੰਦਾ, ਮੂਰਤ ਅਕਾਲ ਡਗਮਗਾ । ਸ੍ਰੀ ਭਗਵਾਨ ਵੇਸ ਵਟਾਇੰਦਾ, ਰੂਪ ਰੰਗ ਨਾ ਰਿਹਾ ਕੋਇ ਵਖਾ । ਅਬਿਨਾਸ਼ੀ ਕਰਤਾ ਬੰਕ ਸੁਹਾਇੰਦਾ, ਦਰਗਹਿ ਸਾਚੀ ਧਾਮ ਬਣਾ । ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ, ਇਕ ਇਕੱਲਾ ਖੇਲ ਖਲਾ । ਸਤਿ ਸਤਿਵਾਦੀ ਸਾਚੀ ਧਾਰਾ ਆਪ ਚਲਾਇੰਦਾ, ਆਪਣੀ ਰਚਨਾ ਲਏ ਰਚਾ । ਨਿਰਗੁਣ ਨਿਰਗੁਣ ਮੇਲ ਮਿਲਾਇੰਦਾ, ਵਡ ਦਾਤਾ ਪਾਤਸ਼ਾਹ । ਸ਼ਹਿਨਸ਼ਾਹ ਆਪਣਾ ਹੁਕਮ ਚਲਾਇੰਦਾ, ਤਖ਼ਤ ਨਿਵਾਸੀ ਤਖ਼ਤ ਸੁਹਾ । ਧੁਰ ਫ਼ਰਮਾਣਾ ਆਪ ਅਲਾਇੰਦਾ, ਨਾਮ ਨਿਧਾਨਾ ਨਾਦ ਵਜਾ । ਤੁਰੀਆ ਰੂਪ ਆਪ ਪਰਗਟਾਇੰਦਾ, ਆਪਣੀ ਧੁਨ ਰਿਹਾ ਸਮਾ । ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ, ਅਲੱਖ ਅਭੇਵ ਆਪ ਖ਼ੁਦਾ ।

੧੧੬੪
੦੯

ਨਿਰਗੁਣ ਨਿਰਵੈਰ ਨਾਉਂ ਧਰਾਇੰਦਾ, ਸਚਖੰਡ ਨਿਵਾਸੀ ਵਸੇ ਸਾਚੇ ਥਾਂ । ਸ਼ਬਦੀ ਸੁਤ ਇਕ ਉਠਾਇੰਦਾ, ਆਪੇ ਪਕੜਨਹਾਰਾ ਬਾਂਹ । ਆਪਣਾ ਰੰਗ ਆਪ ਰੰਗਾਇੰਦਾ, ਰੰਗ ਰੰਗੀਲਾ ਪਿਤਾ ਮਾਂ । ਦਰ ਘਰ ਸਾਚੇ ਸੋਭਾ ਪਾਇੰਦਾ, ਥਾਨ ਥਨੰਤਰ ਇਕ ਵਡਿਆ । ਸਚ ਮਹੱਲਾ ਆਪ ਵਸਾਇੰਦਾ, ਪੁਰਖ ਅਬਿਨਾਸ਼ੀ ਦਇਆ ਕਮਾ । ਨਿਰਗੁਣ ਜੋਤੀ ਜੋਤ ਜਗਾਇੰਦਾ, ਵਿਸ਼ਨੂੰ ਵਿਸ਼ਵ ਰੂਪ ਧਰਾ । ਆਪਣਾ ਰਸ ਆਪ ਵਖਾਇੰਦਾ, ਚਰਨ ਚਰਨੋਦਕ ਧਾਰ ਵਹਾ । ਸਾਚੀ ਬੂੰਦ ਆਪ ਸੁਹਾਇੰਦਾ, ਪਾਰਬ੍ਰਹਮ ਪ੍ਰਭ ਬੇਪਰਵਾਹ । ਵਿਸ਼ਨੂੰ ਅੰਦਰ ਆਪ ਟਿਕਾਇੰਦਾ, ਹਰਿ ਕਾ ਲੇਖਾ ਕੋਇ ਜਾਣੇ ਨਾ । ਕਵਲ ਕਵਲਾ ਆਪ ਖਿਲਾਇੰਦਾ, ਪਤ ਡਾਲ੍ਹੀ ਫੁਲ ਮਹਿਕਾ । ਬ੍ਰਹਮ ਆਪਣਾ ਰੂਪ ਧਰਾਇੰਦਾ, ਪੁਰਖ ਅਬਿਨਾਸ਼ੀ ਵੰਡ ਵੰਡਾ । ਏਕੰਕਾਰਾ ਖੇਲ ਖਿਲਾਇੰਦਾ, ਇਕ ਇਕੱਲਾ ਸਹਿਜ ਸੁਭਾ । ਸਚ ਮਹੱਲਾ ਆਪ ਵਸਾਇੰਦਾ, ਸਤਿਗੁਰ ਸੱਚਾ ਪਾਤਸ਼ਾਹ । ਆਪਣਾ ਹੁਕਮ ਆਪ ਸੁਣਾਇੰਦਾ, ਵਿਸ਼ਨ ਬ੍ਰਹਮਾ ਸੇਵਾ ਲਾ । ਧਾਰ ਧਾਰ ਵਿਚ ਰਖਾਇੰਦਾ, ਧੁਰ ਦਰਗਾਹੀ ਪਰਦਾ ਦਏ ਉਠਾ । ਸ਼ੰਕਰ ਆਪਣੇ ਰੰਗ ਰੰਗਾਇੰਦਾ, ਲੇਖਾ ਜਾਣੇ ਪਿਤਾ ਮਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਪਣੀ ਖੇਲ ਰਿਹਾ ਖਲਾ । ਆਦਿ ਆਦਿ ਹਰਿ ਖੇਲ ਖਿਲਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਵੇਸ ਵਟਾਇਆ, ਹਰਿ ਪੁਰਖ ਨਿਰੰਜਣ ਵੇਖੇ ਚਾਈਂ ਚਾਈਆ । ਏਕੰਕਾਰਾ ਸਚ ਮਹੱਲਾ ਆਪ ਵਸਾਇਆ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਸੋਭਾ ਪਾਇਆ, ਸ੍ਰੀ ਭਗਵਾਨ ਰਿਹਾ ਜਸ ਗਾਈਆ । ਪਾਰਬ੍ਰਹਮ ਨਿਉਂ ਨਿਉਂ ਸੀਸ ਝੁਕਾਇਆ, ਘਰ ਸਾਚੇ ਵੱਜੀ ਵਧਾਈਆ । ਸਤਿ ਪੁਰਖ ਨਿਰੰਜਣ ਆਪਣਾ ਖੇਲ ਆਪ ਵਖਾਇਆ, ਸਾਚੇ ਤਖ਼ਤ ਚਰਨ ਛੁਹਾਈਆ । ਸ਼ਾਹੋ ਭੂਪ ਸਿਕਦਾਰ ਸ਼ਹਿਨਸ਼ਾਹ ਬਣ ਕੇ ਆਇਆ, ਸਿਰ ਪਾਤਸ਼ਾਹਾਂ ਕਰੇ ਸੱਚੀ ਪਾਤਸ਼ਾਹੀਆ । ਧੁਰ ਫ਼ਰਮਾਣਾ ਸਾਚਾ ਰਾਣਾ ਏਕਾ ਹੁਕਮ ਆਪਣੇ ਅੱਗੇ ਧਰ ਕੇ ਆਇਆ, ਦੇਵਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੀ ਸਚ ਮਹੱਲਾ, ਆਪ ਵਸਾਏ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਖਾਈਆ । ਨਾ ਕੋਈ ਸੰਗ ਨਾ ਸਗਲਾ ਸਾਥ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਆਦਿ ਜੁਗਾਦਿ ਚਲਾਏ ਆਪਣਾ ਰਾਥ, ਰਥ ਰਥਵਾਹੀ ਦਿਸ ਨਾ ਆਇੰਦਾ । ਸ਼ਬਦ ਜਣਾਈ ਬੋਧ ਅਗਾਧ, ਏਕਾ ਮੰਤਰ ਨਾਉਂ ਦ੍ਰਿੜਾਇੰਦਾ । ਆਪਣੇ ਵਿਚੋਂ ਆਪਾ ਕਾਢ, ਵਿਸ਼ਨ ਰੂਪ ਆਪ ਪਰਗਟਾਇੰਦਾ । ਆਪੇ ਵਿਸ਼ਵ ਕਰੇ ਪਰਤਾਪ, ਬ੍ਰਹਮ ਸੁਤ ਨਾਉਂ ਧਰਾਇੰਦਾ । ਪਾਰਬ੍ਰਹਮ ਬ੍ਰਹਮ ਆਪੇ ਲਏ ਲਾਧ, ਆਪੇ ਸ਼ੰਕਰ ਸੰਗ ਨਿਭਾਇੰਦਾ । ਆਪੇ ਧੁਰ ਫ਼ਰਮਾਣਾ ਦੇਵੇ ਦਾਦ, ਹੁਕਮੀ ਹੁਕਮ ਆਪ ਅਲਾਇੰਦਾ । ਆਪ ਸੁਣਾਏ ਅਗੰਮੀ ਨਾਦ, ਸਚ ਤਰਾਨਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਮਿਲਾਏ ਏਕਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਵਾਰ ਖੁਲੰਦੜਾ, ਪਾਰਬ੍ਰਹਮ ਪ੍ਰਭ ਬੇਅੰਤ । ਸਾਚਾ ਤਖ਼ਤ ਆਪ ਸੁਹੰਦੜਾ, ਸ੍ਰੀ ਭਗਵਾਨ ਸਾਚਾ ਕੰਤ । ਸਾਚਾ ਹੁਕਮ ਆਪ ਸੁਣੰਦੜਾ, ਅਬਿਨਾਸ਼ੀ ਕਰਤਾ ਮਹਿਮਾ ਅਗਣਤ । ਸਾਚਾ ਰਾਜ ਆਪ ਕਮੰਦੜਾ, ਆਦਿ ਨਿਰੰਜਣ ਆਦਿ ਅੰਤ । ਸਾਚਾ ਮੇਲ ਆਪ ਮਿਲੰਦੜਾ, ਏਕੰਕਾਰਾ ਹਰਿ ਨਿਰੰਕਾਰਾ ਲੇਖਾ ਜਾਣੇ ਜੁਗਾ ਜੁਗੰਤ । ਹਰਿ ਪੁਰਖ ਨਿਰੰਜਣ ਵੇਸ ਵਟੰਦੜਾ, ਸੋ ਪੁਰਖ ਨਿਰੰਜਣ ਬਣਾਏ ਸਾਚੀ ਬਣਤ । ਵਿਸ਼ਨੂੰ ਜੋਤ ਆਪ ਜਗੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੀ ਰੁੱਤ ਬਸੰਤ । ਵਿਸ਼ਨ

ਉਪਾਇਆ ਕਿਰਪਾ ਧਾਰ, ਦਇਅਨਿਧ ਵਡ ਵਡਿਆਈਆ । ਪਾਰਬ੍ਰਹਮ ਕਰਿਆ ਬ੍ਰਹਮ ਪਸਾਰ, ਅਨਭਵ ਆਪਣਾ ਰੂਪ ਦਰਸਾਈਆ । ਸ਼ੰਕਰ ਰਵਿਆ ਧੁਅੰਧਾਰ, ਸੁੰਨ ਸਮਾਧ ਵੇਖ ਵਖਾਈਆ । ਤਿੰਨਾਂ ਕਰੇ ਇਕ ਪਿਆਰ, ਏਕਾ ਤਤ ਸਮਝਾਈਆ । ਏਕਾ ਮਾਈ ਦਏ ਹੁਲਾਰ, ਆਦਿ ਸ਼ਕਤ ਰੂਪ ਵਟਾਈਆ । ਏਕਾ ਹੁਕਮ ਸਚ ਵਰਤਾਰ, ਧੁਰ ਦਾ ਭਾਣਾ ਸ਼ਬਦ ਸੁਣਾਈਆ । ਏਕਾ ਸ਼ਹਿਨਸ਼ਾਹ ਸੱਚੀ ਸਰਕਾਰ, ਪੁਰਖ ਅਕਾਲ ਸੱਚਾ ਪਾਤਸ਼ਾਹੀਆ । ਏਕਾ ਵਰਤੇ ਹਰਿ ਵਰਤਾਰ, ਕਰਤਾ ਪੁਰਖ ਆਪਣੀ ਕਰਨੀ ਰਿਹਾ ਕਮਾਈਆ । ਏਕਾ ਗਾਵਤ ਗਾਏ ਗਾਵਣਹਾਰ, ਏਕਾ ਨਿਸ਼ਅੱਖਰ ਕਰੇ ਪੜ੍ਹਾਈਆ । ਏਕਾ ਜੋਤੀ ਜੋਤ ਕਰੇ ਉਜਿਆਰ, ਘਟ ਘਟ ਦੀਪਕ ਜੋਤ ਇਕ ਰੁਸ਼ਨਾਈਆ । ਏਕਾ ਵਿਸ਼ਨੂੰ ਲਏ ਉਭਾਰ, ਵਿਸ਼ਵ ਆਪਣਾ ਖੇਲ ਖਿਲਾਈਆ । ਏਕਾ ਬ੍ਰਹਮ ਉਪਾਏ ਸੁਤ ਦੁਲਾਰ, ਪਾਰਬ੍ਰਹਮ ਸਿਰ ਹੱਥ ਰਖਾਈਆ । ਏਕਾ ਸ਼ੰਕਰ ਦੇਵੇ ਆਪਣਾ ਆਹਾਰ, ਅੰਮ੍ਰਿਤ ਆਤਮ ਜਾਮ ਪਿਆਈਆ । ਤਿੰਨਾਂ ਵਿਚੋਲਾ ਬਣ ਨਿਰੰਕਾਰ, ਤ੍ਰੈਕਾਲ ਦਰਸੀ ਆਪਣੀ ਖੇਲ ਖਿਲਾਈਆ । ਸ਼ਬਦ ਢੋਲਾ ਬੋਲ ਜੈਕਾਰ, ਸੋਹੰ ਜਾਪ ਆਪ ਜਪਾਈਆ । ਬਣਿਆ ਤੋਲਾ ਤੋਲਣਹਾਰ, ਏਕਾ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਸੇਵਾਦਾਰ, ਆਪ ਲਗਾਏ ਧੁਰ ਦਰਬਾਰ, ਧੁਰ ਦਾ ਲੇਖਾ ਦਏ ਸਮਝਾਈਆ । ਧੁਰ ਲੇਖਾ ਹਰਿ ਸਮਝਾਇੰਦਾ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਵਿਸ਼ਨੂੰ ਆਪਣੇ ਰੰਗ ਰੰਗਾਇੰਦਾ, ਰਿਜ਼ਕ ਦੇਵੇ ਜੀਆ ਦਾਨ । ਬ੍ਰਹਮੇ ਬ੍ਰਹਮ ਰੂਪ ਸਰਬ ਪਰਗਟਾਇੰਦਾ, ਵੰਡਣ ਵੰਡੇ ਦੋ ਜਹਾਨ । ਸ਼ੰਕਰ ਏਕਾ ਰਾਹ ਚਲਾਇੰਦਾ, ਮੇਟ ਮਿਟਾਏ ਦੂਈ ਨਿਸ਼ਾਨ । ਤਿੰਨਾਂ ਏਕਾ ਧਾਮ ਬਹਾਇੰਦਾ, ਸ਼ਬਦ ਅਗੰਮੀ ਦਏ ਗਿਆਨ । ਚਰਨ ਕਵਲ ਇਕ ਵਖਾਇੰਦਾ, ਪਾਰਬ੍ਰਹਮ ਸ੍ਰੀ ਭਗਵਾਨ । ਨਾਭ ਕਵਲ ਅੰਮ੍ਰਿਤ ਆਪ ਭਰਾਇੰਦਾ, ਲੇਖਾ ਜਾਣੇ ਧੁਰ ਦੀ ਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਦੇਵੇ ਏਕਾ ਵਰ, ਜੁਗਾਦਿ ਆਪਣਾ ਰਾਹ ਵਖਾਇੰਦਾ । ਆਦਿ ਪੁਰਖ ਹਰਿ ਹੁਕਮ ਸੁਣਾਇਆ, ਬ੍ਰਹਮਾ ਵਿਸ਼ਨ ਸ਼ਿਵ ਉਠਾਈਆ । ਤਿੰਨਾਂ ਏਕਾ ਰੂਪ ਰੰਗਾਇਆ, ਰੰਗਿਆ ਰੰਗ ਉਤਰ ਨਾ ਜਾਈਆ । ਮੇਰੀ ਇਛਿਆ ਸਾਚੀ ਭਿਛਿਆ ਤਿੰਨਾਂ ਝੋਲੀ ਇਕ ਭਰਾਇਆ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਲੱਖ ਚੁਰਾਸੀ ਭਾਂਡਾ ਘਾੜਨ ਘੜ ਜੀਵ ਜੰਤ ਜਗਤ ਉਪਾਇਆ, ਆਤਮ ਬ੍ਰਹਮ ਬ੍ਰਹਮ ਵਡਿਆਈਆ । ਈਸ਼ ਜੀਵ ਖੇਲ ਖਿਲਾਇਆ, ਹਰਿ ਜਗਦੀਸ਼ ਦਏ ਸਲਾਹੀਆ । ਸਾਚਾ ਛਤਰ ਸੀਸ ਝੁਲਾਇਆ, ਦਰ ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਕਰੇ ਪੜ੍ਹਾਈਆ । ਸਾਚੀ ਸਿਖ਼ਿਆ ਸੱਚੀ ਸਿੱਖ, ਭੁੱਲ ਰਹੇ ਨਾ ਰਾਇਆ । ਆਦਿ ਜੁਗਾਦਿ ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਦੱਸ, ਰੂਪ ਰੇਖ ਰੰਗ ਨਾ ਕੋਇ ਰੰਗਾਇਆ । ਬ੍ਰਹਮੇ ਵਿਸ਼ਨ ਸ਼ਿਵ ਵੰਡਾਇਆ ਤੇਰਾ ਹਿਸ, ਦਹਿ ਦਿਸ਼ਾਂ ਵੇਖ ਵਖਾਇਆ । ਤ੍ਰੈਗੁਣ ਮਾਇਆ ਪੀਸਣ ਪੀਸ, ਪੁਰਖ ਅਕਾਲ ਚੱਕੀ ਹੱਥ ਰਖਾਇਆ । ਕਰੇ ਖੇਲ ਜਗਤ ਜਗਦੀਸ, ਕਲਜੁਗ ਅੰਤਮ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਘਾੜਤ ਘੜਨ ਘੜਾਇਆ । ਸਾਚੀ ਘਾੜਨ ਆਪ ਘੜਾਇੰਦਾ, ਕਰ ਕਿਰਪਾ ਗੁਣ ਨਿਧਾਨ । ਬ੍ਰਹਮ ਰੂਪ ਸਰਬ ਪਰਗਟਾਇੰਦਾ, ਪੰਜ ਤਤ ਕਾਇਆ ਮੰਦਰ ਕਰ ਤਿਆਰ ਮਕਾਨ । ਆਪਣੀ ਇਛਿਆ ਵਿਚ ਭਰਾਇੰਦਾ, ਸਾਚੀ ਸਿਖ਼ਿਆ ਦੋ ਜਹਾਨ । ਏਕਾ ਸ਼ਬਦ ਨਾਦ ਵਜਾਇੰਦਾ, ਨਾਦ ਅਨਾਦੀ

੧੧੬੫

ਧੁਰ ਫ਼ਰਮਾਣ । ਆਪਣਾ ਹੁਕਮੀ ਹੁਕਮ ਵਰਤਾਇੰਦਾ, ਧੁਰ ਦਰਗਾਹੀ ਨੌਜਵਾਨ । ਪੁਰੀਆਂ ਲੋਆਂ ਵੇਖ ਵਖਾਇੰਦਾ, ਬ੍ਰਹਿਮੰਡ ਖੰਡ ਕਰੇ ਪਰਧਾਨ । ਰਵ ਸਸ ਸੂਰਜ ਚੰਨ ਆਪਣੀ ਕਿਰਨ ਜੋਤ ਜਗਾਇੰਦਾ, ਇਕ ਇਕ ਇਕ ਵੰਡੇ ਵੰਡ ਮਿਹਰਵਾਨ । ਮੰਡਲ ਮੰਡਪ ਡੇਰਾ ਲਾਇੰਦਾ, ਆਪਣੀ ਧੂੜ ਖ਼ਾਕ ਕਤਰਾ ਕਤਰਾ ਕਰ ਪਛਾਣ । ਸਾਚੇ ਤਖ਼ਤ ਸੋਭਾ ਪਾਇੰਦਾ, ਦੀਨ ਦੁਨੀ ਜਾਣੇ ਵਾਲੀ ਦੋ ਜਹਾਨ । ਲੱਖ ਚੁਰਾਸੀ ਘਟ ਘਟ ਮੰਦਰ ਆਪ ਸੁਹਾਇੰਦਾ, ਨਿਰਗੁਣ ਰੂਪ ਸ੍ਰੀ ਭਗਵਾਨ । ਬ੍ਰਹਮ ਆਪਣੀ ਅੰਸ ਉਪਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸਚ ਮਹੱਲਾ ਇਕ ਵਸਾਇੰਦਾ । ਸਚ ਮਹੱਲ ਵਸਾਇੰਦਾ, ਊਚ ਅਗੰਮ ਅਪਾਰ । ਸੋ ਪੁਰਖ ਨਿਰੰਜਣ ਆਸਣ ਲਾਇੰਦਾ, ਨਿਰਗੁਣ ਨੂਰ ਕਰ ਉਜਿਆਰ । ਜੋਤੀ ਜੋਤ ਡਗਮਗਾਇੰਦਾ, ਇਕ ਇਕੱਲਾ ਬੇਐਬ ਪਰਵਰਦਿਗਾਰ । ਤਖ਼ਤ ਨਿਵਾਸੀ ਸੋਭਾ ਪਾਇੰਦਾ, ਪੁਰਖ ਅਬਿਨਾਸ਼ੀ ਸਾਂਝਾ ਯਾਰ । ਮੰਡਲ ਰਾਸੀ ਰਾਸ ਰਚਾਇੰਦਾ, ਰਵ ਸਸ ਕਰ ਉਜਿਆਰ । ਬ੍ਰਹਮਾ ਵਿਸ਼ਨ ਸ਼ਿਵ ਸਵਾਸ ਸਵਾਸੀ ਨਾਮ ਜਪਾਇੰਦਾ, ਸੋਹੰ ਸ਼ਬਦ ਦਏ ਆਧਾਰ । ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ, ਆਕਾਸ ਆਕਾਸਾਂ ਵਸੇ ਬਾਹਰ । ਸਾਚੇ ਤਖ਼ਤ ਸੋਭਾ ਪਾਇੰਦਾ, ਨਿਰਗੁਣ ਦਾਤਾ ਬੇਐਬ ਪਰਵਰਦਿਗਾਰ । ਵਿਸ਼ਨੂੰ ਏਕਾ ਹੁਕਮ ਸੁਣਾਇੰਦਾ, ਲੱਖ ਚੁਰਾਸੀ ਭਰ ਭੰਡਾਰ । ਬ੍ਰਹਮ ਰੂਪ ਸਰਬ ਪਰਗਟਾਇੰਦਾ, ਪਾਰਬ੍ਰਹਮ ਸੱਚੀ ਸਰਕਾਰ । ਸ਼ੰਕਰ ਏਕਾ ਰਾਹੇ ਪਾਇੰਦਾ, ਲੇਖਾ ਜਾਣੇ ਅੰਤਮ ਵਾਰ । ਧੁਰ ਫ਼ਰਮਾਣਾ ਸ਼ਬਦ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਹਰਿ ਕੀ ਪੌੜੀ ਹਰਿ ਹਰਿ ਚੜ੍ਹਿਆ, ਦੂਜਾ ਅਵਰ ਨਾ ਕੋਇ ਵਖਾਇੰਦਾ । ੧੧੬੬ ਸਚ ਮਹੱਲੇ ਆਪੇ ਵੜਿਆ, ਸਚ ਸਿੰਘਾਸਣ ਆਸਣ ਲਾਇੰਦਾ । ਆਪਣਾ ਨਾਉਂ ਆਪਣਾ ਅੱਖਰ ਆਪੇ ਪੜ੍ਹਿਆ, ਦੂਸਰ ਵਸਤ ਨਾ ਕੋਇ ਵੰਡਾਇੰਦਾ । ਆਦਿ ਜੁਗਾਦੀ ਏਕੰਕਾਰਾ ਹਰਿ ਨਿਰੰਕਾਰਾ ਸਚਖੰਡ ਦਵਾਰੇ ਆਪੇ ਖੜਿਆ, ਅਨਭਵ ਆਪਣਾ ਰੂਪ ਦਰਸਾਇੰਦਾ । ਨਾ ਜਨਮੇ ਨਾ ਕਦੇ ਮਰਿਆ, ਮਾਤ ਗਰਭ ਨਾ ਕੋਇ ਹੰਢਾਇੰਦਾ । ਬ੍ਰਹਮ ਰੂਪ ਸ੍ਰਿਸ਼ਟ ਸਬਾਈ ਵਰਿਆ, ਪਾਰਬ੍ਰਹਮ ਸਾਚਾ ਕੰਤ ਲੱਖ ਚੁਰਾਸੀ ਸਖ਼ੀ ਆਪ ਹੰਢਾਇੰਦਾ । ਆਪੇ ਆਦਿ ਆਪੇ ਅੰਤ ਕਰਿਆ, ਮਧ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਬ੍ਰਹਮਾ ਵਿਸ਼ਨ ਦੇਵੇ ਏਕਾ ਵਰ, ਏਕਾ ਅੱਖਰ ਆਪ ਜਣਾਇੰਦਾ । ਏਕਾ ਅੱਖਰ ਓਅੰਕਾਰ, ਨਿਸ਼ ਅੱਖਰ ਰੂਪ ਦਰਸਾਈਆ । ਸਾਚਾ ਸੱਬਰ ਮੀਤ ਮੁਰਾਰ, ਸਾਚੀ ਸੇਜ ਵਡਿਆਈਆ । ਏਕਾ ਨੇਤਰ ਅੱਖ ਨੈਣ ਉਘਾੜ, ਲੋਚਣ ਨੂਰ ਇਕ ਰੁਸ਼ਨਾਈਆ । ਏਕਾ ਮਹੱਲ ਅਟੱਲ ਉਚ ਮੁਨਾਰਾ ਮੰਦਰ ਦੇਵੇ ਵਾੜ, ਏਕਾ ਕੰਦਰ ਸੋਭਾ ਪਾਈਆ । ਏਕਾ ਕੰਤ ਭਗਵੰਤ ਮੇਲ ਮਿਲਾਵਾ ਸਾਚੀ ਨਾਰ, ਰੁਤ ਬਸੰਤ ਇਕ ਸੁਹਾਈਆ । ਏਕਾ ਜੋਗ ਜੁਗਤ ਜਾਣੇ ਸੰਸਾਰ, ਜਾਗਰਤ ਜੋਤ ਕਰ ਰੁਸ਼ਨਾਈਆ । ਏਕਾ ਕੋਟਨ ਕੋਟੀ ਕੋਟ ਕੋਟ ਜੀਵ ਜੰਤ ਕਰ ਤਿਆਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਏਕਾ ਸ਼ਬਦ ਨਗਾਰੇ ਲਾਏ ਚੋਟ ਸੱਚੀ ਧੁਨਕਾਰ, ਘਰ ਘਰ ਘਰ ਵਿਚ ਆਪ ਸੁਣਾਈਆ । ਏਕਾ ਵਰਨ ਗੋਤ ਵਸਿਆ ਬਾਹਰ, ਸਤਿ ਸਰੂਪ ਬੇਪਰਵਾਹੀਆ । ਏਕਾ ਲਾੜੀ ਮੌਤ ਨਾ ਕਰੇ ਸ਼ੰਗਾਰ, ਮੜੀ ਗੋਰ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਸ਼ੰਕਰ ਵਿਸ਼ਨ ਬ੍ਰਹਮਾ ਏਕਾ ਸੇਵ ਲਗਾਈਆ । ਸਾਚੀ ਸੇਵਾ ਹਰਿ ਨਿਰੰਕਾਰ, ਤ੍ਰੈ ਤ੍ਰੈ ਆਪ ਜਣਾਇੰਦਾ । ਤ੍ਰੈ ਤ੍ਰੈ ਭਿੰਨ

ਬੇਐਬ ਪਰਵਰਦਿਗਾਰ, ਗਿਣ ਗਿਣ ਆਪਣਾ ਹੁਕਮ ਸੁਣਾਇੰਦਾ । ਛਿਨ ਛਿਨ ਰੂਪ ਪਰਗਟੇ ਅਗੰਮ ਅਪਾਰ, ਆਪਣਾ ਚਿਨ ਨਾ ਕੋਇ ਵਖਾਇੰਦਾ । ਰਾਤ ਦਿਨ ਕਰ ਪਸਾਰ, ਸੂਰਜ ਚੰਨ ਆਪ ਫਿਰਾਇੰਦਾ । ਮਾਸ ਬਰਖ ਕਰ ਤਿਆਰ, ਘੜੀ ਪਲ ਵੰਡ ਵੰਡਾਇੰਦਾ । ਆਪਣੀ ਥਿਤ ਨਾ ਜਣਾਏ ਹਰਿ ਨਿਰੰਕਾਰ, ਵਦੀ ਸੁਦੀ ਸਰਬ ਕੁਰਲਾਇੰਦਾ । ਵਿਸ਼ਨੂੰ ਰੋਵੇ ਬਣ ਭਿਖਾਰ, ਪ੍ਰਭ ਅੱਗੇ ਝੋਲੀ ਡਾਹਿੰਦਾ । ਕਵਣ ਸੁ ਵੇਲਾ ਕਵਣ ਵਕਤ, ਕਵਣ ਵਾਰ ਕਵਣ ਥਿਤ, ਕਵਣ ਘਰ ਪਸਾਰ ਕਰਾਇੰਦਾ । ਕਵਣ ਰੂਪ ਕਰੇ ਹਿਤ, ਕਵਣ ਮਾਤ ਕਵਣ ਪਿਤ, ਕਵਣ ਬੂੰਦ ਕਵਣ ਰਿਤ, ਕਵਣ ਜੋੜ ਜੁੜਾਇੰਦਾ । ਕਵਣ ਹੋਏ ਨੇਤਨ ਨਿਤ, ਕਵਣ ਅੰਮ੍ਰਿਤ ਰਿਹਾ ਸਿਤ, ਕਵਣ ਸ਼ਬਦ ਭੰਡਾਰ ਵਰਤਾਇੰਦਾ । ਕਵਣ ਦੋ ਜਹਾਨਾਂ ਬਣੇ ਮਿਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਖਾ ਸਾਚਾ ਘਰ, ਨੇਤਰ ਨੈਣ ਸਰਬ ਤਰਸਾਇੰਦਾ । ਵਿਸ਼ਨੂੰ ਉਠ ਪੁਕਾਰਿਆ, ਪ੍ਰਭ ਅੱਗੇ ਸੀਸ ਝੁਕਾ । ਤੇਰਾ ਰੂਪ ਅਗੰਮ ਅਪਾਰਿਆ, ਲੇਖਾ ਸਕੇ ਨਾ ਕੋਇ ਲਿਖਾ । ਹਉਂ ਯਾਚਕ ਖੜਾ ਦਵਾਰਿਆ, ਅਗੇ ਆਪਣੀ ਝੋਲੀ ਡਾਹ । ਏਕਾ ਬਖ਼ਸ਼ ਚਰਨ ਪਿਆਰਿਆ, ਬਖ਼ਸ਼ੀ ਬਖ਼ਸ਼ਿਸ਼ ਸੱਚੀ ਸਰਨਾ । ਤੇਰਾ ਨਾਉਂ ਵਣਜ ਵਣਜਾਰਿਆ, ਸਚ ਖ਼ਜ਼ੀਨਾ ਇਕ ਭਰਾ । ਤੂੰ ਸ਼ਾਹੋ ਭੂਪ ਸੱਚਾ ਸਿਕਦਾਰਿਆ, ਧੁਰ ਫ਼ਰਮਾਣਾ ਹੁਕਮ ਸੁਣਾ । ਦਰ ਤੇਰੇ ਮੰਗਾਂ ਬਣ ਭਿਖਾਰਿਆ, ਸੁਣ ਬੇਨੰਤੀ ਬੇਪਰਵਾਹ । ਪੁਰਖ ਅਬਿਨਾਸ਼ੀ ਕਰੇ ਪਿਆਰਿਆ, ਨਿਰਗੁਣ ਨਿਰਗੁਣ ਲਏ ਉਠਾ । ਲੱਖ ਚੁਰਾਸੀ ਤੇਰੀ ਸੇਵ ਲਗਾ ਰਿਹਾ, ਘਟ ਘਟ ਦੇਣਾ ਰਿਜ਼ਕ ਪੁਚਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਆਪ ਦਵਾ ਰਿਹਾ, ਲੱਖ ਚੁਰਾਸੀ ਰਿਹਾ ਭਵਾ । ਅੰਤਮ ਵੇਲਾ ਇਕ ਸੁਣਾ ਰਿਹਾ, ਪਾਂਧੀ ਆਪਣਾ ਪੂਰਾ ਕਰੇ ਰਾਹ । ਨਿਰਗੁਣ ਨਿਰਵੈਰ ਪੁਰਖ ਅਕਾਲ ਜੂਨੀ ਰਹਿਤ ਅਨਭਵ ਪਰਕਾਸ਼ ਆਪਣਾ ਰੂਪ ਵਟਾ ਲਿਆ, ਜੋਤੀ ਜੋਤ ਰਿਹਾ ਜਗਾ । ਤੇਰਾ ਲਹਿਣਾ ਦੇਣਾ ਆਪਣੇ ਹੱਥ ਰਖਾ ਲਿਆ, ਅੰਤਮ ਲੇਖਾ ਦਏ ਮੁਕਾ । ਕਲਜੁਗ ਚੌਥਾ ਜੁਗ ਨੌ ਸੌ ਚੁਰਾਨਵੇ ਚੌਕੜੀ ਤੇਰਾ ਰਾਹ ਤਕਾ ਰਿਹਾ, ਅੰਤਮ ਔਧ ਜਾਏ ਪੁਗ । ਨਰ ਨਰਾਇਣ ਨਿਰਾਕਾਰ ਨਿਰਵੈਰ ਆਪਣਾ ਰੂਪ ਪਰਗਟਾ ਲਿਆ, ਲੱਖ ਚੁਰਾਸੀ ਜੀਵ ਜੰਤ ਵੇਖੇ ਲੁਕ ਲੁਕ । ਵਿਸ਼ਨੂੰ ਤੇਰਾ ਡੰਕ ਇਕ ਵਜਾ ਲਿਆ, ਲੋਆਂ ਪੁਰੀਆਂ ਬ੍ਰਹਿਮੰਡ ਖੰਡ ਨਿਉਂ ਨਿਉਂ ਵੇਖਣ ਝੁਕ । ਤੇਰਾ ਅੰਤਮ ਸੰਗ ਨਿਭਾ ਲਿਆ, ਤੇਰਾ ਵੇਖਣ ਆਏ ਮੁਖ । ਤੇਰੀ ਸੁਫ਼ਲ ਕੁੱਖ ਕਰਾ ਲਿਆ, ਤੇਰਾ ਮੇਟੇ ਵਿਛੋੜਾ ਦੁੱਖ । ਤੇਰੀ ਚੋਗ ਜਗਤ ਚੁਗਾ ਲਿਆ, ਅੰਤਮ ਤੇਰਾ ਦਾਣਾ ਪਾਣੀ ਜਾਏ ਮੁਕ । ਦਰਸ ਅਮੋਘ ਆਪ ਕਰਾ ਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਸੁਣਾ ਲਿਆ । ਸਾਚਾ ਹੁਕਮ ਸ਼ਬਦ ਜਣਾਇਆ, ਹਰਿ ਹਰੀ ਹਰਿ ਦਇਆ ਕਮਾਇੰਦਾ । ਨੌ ਨੌ ਚਾਰ ਪੰਧ ਮੁਕਾਇਆ, ਲੱਖ ਚੁਰਾਸੀ ਗੇੜਾ ਆਪ ਭਵਾਇੰਦਾ । ਜੁਗਾਂ ਜੁਗੰਤਰ ਵੇਸ ਵਟਾਇਆ, ਲੋਕਮਾਤ ਵੇਖ ਵਖਾਇੰਦਾ । ਧਰਨੀ ਧਰਤ ਧਵਲ ਦਏ ਸੁਹਾਇਆ, ਧੁਰ ਦੀ ਬਾਣੀ ਬਾਣ ਲਗਾਇੰਦਾ । ਅਬਿਨਾਸ਼ੀ ਕਰਤਾ ਕਰਤਾ ਪੁਰਖ ਕਰਨੀ ਕਿਰਤ ਕਮਾਇਆ, ਸ਼ਬਦ ਨਿਸ਼ਾਨਾ ਇਕ ਝੁਲਾਇੰਦਾ । ਜੀਵ ਜੰਤ ਸਾਧ ਸੰਤ ਗੁਰ ਪੀਰ ਅਵਤਾਰ ਆਪਣੇ ਹੁਕਮ ਫਿਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਜਣਾਈ ਧੁਰ ਫ਼ਰਮਾਣਾ, ਭਾਵੀ ਭਗਵਨ ਹੱਥ ਰਖਾਈਆ । ਵਿਸ਼ਨੂੰ ਸੁਣ ਇਕ ਤਰਾਨਾ, ਪੁਰਖ ਅਬਿਨਾਸ਼ੀ ਏਕਾ ਗਾਈਆ । ਹੰ ਬ੍ਰਹਮ ਵੇਖੇ ਗੁਣ ਨਿਧਾਨਾ, ਨਿਰਗੁਣ

ਨੂਰ ਕਰ ਰੁਸ਼ਨਾਈਆ । ਸੋ ਪੁਰਖ ਨਿਰੰਜਣ ਹੋਏ ਪਰਧਾਨਾ, ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਕੋਈ ਨਾ ਪਾਈਆ । ਕਰੇ ਖੇਲ ਗੁਣ ਨਿਧਾਨਾ, ਗਹਿਰ ਗੰਭੀਰ ਵੱਡੀ ਵਡਿਆਈਆ । ਕਲਜੁਗ ਅੰਤਮ ਮੇਟੇ ਝੂਠ ਨਿਸ਼ਾਨਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿ ਸਤਿਵਾਦੀ ਬੰਨ੍ਹੇ ਗਾਨਾ, ਦਰ ਘਰ ਸਾਚੇ ਸਗਨ ਮਨਾਈਆ । ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਸ੍ਰੀ ਭਗਵਾਨ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਵੇਲੇ ਅੰਤਮ ਲਾਏ ਲੜ, ਆਪਣਾ ਬੰਧਨ ਆਪੇ ਪਾਈਆ । ਬ੍ਰਹਮਾ ਖੋਲ੍ਹ ਚਾਰ ਮੁਖ, ਚਾਰੇ ਵੇਦ ਕੂਕ ਪੁਕਾਰਿਆ । ਪਾਰਬ੍ਰਹਮ ਸੁਖ ਮਾਣਿਆ ਤੇਰੀ ਕੁੱਖ, ਆਇਆ ਬਾਹਰ ਹੋਇਆ ਅੰਧਿਆਰਿਆ । ਨਿਰਗੁਣ ਅੰਦਰ ਨਿਰਗੁਣ ਬੈਠਾ ਲੁਕ, ਭੇਵ ਕੋਇ ਨਾ ਪਾ ਰਿਹਾ । ਚਾਰ ਮੁਖੀ ਰਿਹਾ ਝੁਕ, ਸੀਸ ਜਗਦੀਸ ਚਰਨ ਟਿਕਾ ਰਿਹਾ । ਹਉਂ ਪਿਆਸ ਤੇਰੇ ਦਰਸਨ ਭੁੱਖ, ਤੇਰਾ ਵਿਛੋੜਾ ਮੋਹੇ ਸਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਰੋ ਰੋ ਨੀਰ ਵਹਾ ਰਿਹਾ । ਬ੍ਰਹਮਾ ਰੋਵੇ ਕਰੇ ਗਿਰਿਆਜ਼ਾਰ, ਧੀਰਜ ਧੀਰ ਨਾ ਕੋਈ ਧਰਾਈਆ । ਪਾਰਬ੍ਰਹਮ ਤੇਰਾ ਸਚ ਪਿਆਰ, ਤੇਰੀ ਰੰਗਨ ਮੇਰੀ ਵਡਿਆਈਆ । ਤੇਰਾ ਮੰਦਰ ਮੇਰਾ ਦਵਾਰ, ਤੇਰਾ ਚਰਨ ਮੇਰੀ ਸਰਨਾਈਆ । ਤੇਰਾ ਸ਼ਬਦ ਮੇਰੀ ਧੁਨਕਾਰ, ਮੇਰੀ ਧੁਨ ਤੇਰੀ ਸ਼ਨਵਾਈਆ । ਤੇਰਾ ਦਰਸ ਮੇਰਾ ਪਿਆਰ, ਮੇਰੀ ਹਰਸ ਤੂੰ ਮਿਟਾਈਆ । ਹਉਂ ਬੈਰਾਗਣ ਫਿਰਾਂ ਦੁਹਾਗਣ ਨਾਰ, ਤੁਧ ਬਿਨ ਨਾ ਕੋਇ ਪਰਨਾਈਆ । ਨੇਤਰ ਨੈਣ ਆਦਿ ਜਾਗਨ, ਨਿੰਦਰਾ ਆਲਸ ਨਾ ਕੋਈ ਰਖਾਈਆ । ਜੁਗ ਜੁਗ ਰਹਿਣਾ ਮੈਂ ਸੁਹਾਗਣ, ਸੀਸ ਜਗਦੀਸ ਇਕ ਹੰਢਾਈਆ । ਸਾਚਾ ਗਾਨਾ ਬੰਨਾਂ ਤਾਗਨ, ਜੁਗ ਜੁਗ ਨਾ ਕੋਇ ਤੁੜਾਈਆ । ਤੇਰੇ ਨਾਮ ਨਾ ਲੱਗੇ ਦਾਗਨ, ਨਿਰਮਲ ਇਕ ਰੂਪ ਵਖਾਈਆ । ਸਦਾ ਸੰਗ ਵਸਾਂ ਘਰ ਮੰਦਰ ਬਹਿ ਬਹਿ ਹਸਾਂ ਗਾਵਾਂ ਤੇਰਾ ਰਾਗਨ, ਤੇਰਾ ਰਾਗ ਮੇਰਾ ਸੁਹਾਗ ਪਤਿਪਰਮੇਸ਼ਵਰ ਤੇਰੀ ਵਡਿਆਈਆ । ਲੱਖ ਚੁਰਾਸੀ ਤੇਰੀ ਜਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਰਨ ਰਿਹਾ ਪੜ, ਪੱਲੂ ਗਲ ਏਕਾ ਪਾਈਆ । ਗਲ ਪੱਲੂ ਪਾਏ ਨਿਮਾਣਾ, ਨਿਰਧਨ ਆਪਣਾ ਰੂਪ ਪਰਗਟਾਇੰਦਾ । ਸ਼ਾਹੋ ਭੂਪ ਸਚ ਸੁਲਤਾਨਾ, ਸ਼ਹਿਨਸ਼ਾਹ ਸਾਚੇ ਤਖ਼ਤ ਆਪ ਸੁਹਾਇੰਦਾ । ਹਉਂ ਮੰਗਾਂ ਦਾਨ ਬਣ ਨਾਦਾਨਾ, ਦਾਤਾ ਦਾਨੀ ਤੇਰੀ ਸਰਨ ਇਕ ਤਕਾਇੰਦਾ । ਤੇਰਾ ਸਰੂਪ ਬ੍ਰਹਮ ਪਛਾਣਾ, ਪਾਰਬ੍ਰਹਮ ਤੇਰਾ ਮਾਣ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਮੰਗ ਆਪ ਮੰਗਾਇੰਦਾ । ਸਾਚੀ ਮੰਗੇ ਮੰਗ, ਬਣ ਭਿਖਾਰੀਆ । ਹਰਿ ਹਰਿ ਚੜ੍ਹੇ ਸਾਚਾ ਰੰਗ, ਪਾਰਬ੍ਰਹਮ ਰੰਗੇ ਇਕ ਲਿਲਾਰੀਆ । ਤੂੰ ਸਾਹਿਬ ਸੂਰਾ ਸਰਬੰਗ, ਵਡ ਦਾਤਾ ਸ਼ਬਦ ਭੰਡਾਰੀਆ । ਹਉਂ ਨਿਮਾਣਾ ਨੇਤਰ ਅੰਧ, ਚਾਰੇ ਮੁਖ ਹੋਏ ਜੁਆਰੀਆ । ਕਿਰਪਾ ਕਰ ਸਰਬ ਬਖ਼ਸ਼ਿੰਦ, ਦਰ ਮੰਗੇ ਬਣ ਭਿਖਾਰੀਆ । ਤੇਰਾ ਰੂਪ ਸਦਾ ਅਨੰਦ, ਪਰਮਾਨੰਦ ਸਹਿਜ ਸੁਖਦਾਰੀਆ । ਤੇਰੀ ਸੀਆਂ ਮੇਰਾ ਚੰਦ, ਚਾਰੇ ਪਦ ਜੋਤ ਉਜਿਆਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਅੰਤ ਆਵੇ ਨਾ ਪਾਸਾ ਹਾਰੀਆ । ਪੁਰਖ ਅਬਿਨਾਸ਼ੀ ਦਇਆ ਕਮਾ, ਸਾਚਾ ਤਤ ਸਮਝਾਇੰਦਾ । ਬ੍ਰਹਮੇ ਬ੍ਰਹਮ ਬੀਜ ਬਿਜਾ, ਲੱਖ ਚੁਰਾਸੀ ਤੇਰਾ ਬੂਟਾ ਲਾਇੰਦਾ । ਘਟ ਘਟ ਹਰਿਆ ਦਏ ਕਰਾ, ਅੰਮ੍ਰਿਤ ਸਿੰਚ ਸੇਵ ਕਮਾਇੰਦਾ । ਜੁਗ ਜੁਗ ਫੁਲ ਫੁਲਵਾੜੀ

੧੧੬੮ ੦੯

ਦਏ ਮਹਿਕਾ, ਜੁਗ ਚੌਕੜੀ ਆਪ ਵਖਾਇੰਦਾ । ਨੌ ਨੌ ਵੇਖੇ ਥਾਉਂ ਥਾਂ, ਚਾਰ ਚਾਰ ਵੰਡ ਵੰਡਾਇੰਦਾ । ਵਿਸ਼ਨੂੰ ਸੰਗ ਲਏ ਨਿਭਾ, ਸਚ ਭੰਡਾਰਾ ਹੱਥ ਰਖਾਇੰਦਾ । ਤੇਰਾ ਰੂਪ ਦਏ ਦਰਸਾ, ਤੇਰੀ ਗਣਤ ਆਪ ਗਣਾਇੰਦਾ । ਪੰਜ ਤਤ ਕਾਇਆ ਮੰਦਰ ਰਚਨ ਲਏ ਰਚਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੀ ਝੋਲੀ ਪਾਇੰਦਾ । ਘਰ ਵਿਚ ਘਰ ਦਏ ਸੁਹਾ, ਆਤਮ ਬ੍ਰਹਮ ਰੂਪ ਪਰਗਟਾਇੰਦਾ । ਈਸ਼ ਜੀਵ ਜੋਤ ਜਗਾ, ਆਦਿ ਨਿਰੰਜਣ ਸੇਵ ਕਮਾਇੰਦਾ । ਸਚ ਮਹੱਲਾ ਆਪ ਵਸਾ, ਸ਼ਬਦ ਅਨਾਦੀ ਧੁਨ ਅਲਾਇੰਦਾ । ਘਰ ਅੰਮ੍ਰਿਤ ਤਾਲ ਸਰੋਵਰ ਦਏ ਭਰਾ, ਸਾਚਾ ਝਿਰਨਾ ਆਪ ਝਿਰਾਇੰਦਾ । ਹਰਿ ਹਰਿ ਮੇਲਾ ਪਾਰਬ੍ਰਹਮ ਲਏ ਮਿਲਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਪਣਾ ਚੇਲਾ ਆਪਣੇ ਚਰਨ ਲਏ ਬਹਾ, ਵੇਲਾ ਵਕਤ ਨਾ ਕੋਈ ਜਣਾਇੰਦਾ । ਸੱਜਣ ਸੁਹੇਲਾ ਬੇਪਰਵਾਹ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਬੇੜਾ ਪਾਰ ਕਰਾ, ਕਲਜੁਗ ਅੰਤਮ ਜੋਤ ਜਗਾਇੰਦਾ । ਨਿਹਕਲੰਕਾ ਨਾਉਂ ਰਖਾ, ਲੋਕਮਾਤ ਵੇਸ ਵਟਾਇੰਦਾ । ਬ੍ਰਹਮਾ ਤੇਰਾ ਲੇਖਾ ਦਏ ਸੁਹਾ, ਪਾਰਬ੍ਰਹਮ ਸੰਗ ਨਿਭਾਇੰਦਾ । ਆਪਣੀ ਜੋਤੀ ਜੋਤ ਲਏ ਮਿਲਾ, ਥਿਰ ਕੋਇ ਰਹਿਣ ਨਾ ਪਾਇੰਦਾ । ਸਾਚੀ ਰਚਨਾ ਫਿਰ ਰਚਾ, ਗੁਰਮੁਖ ਸਾਚੇ ਤਖ਼ਤ ਸੁਹਾਇੰਦਾ । ਪੁਰੀ ਬ੍ਰਹਮ ਜੋ ਬੈਠਾ ਡੇਰਾ ਲਾ, ਆਪਣਾ ਹੁਕਮ ਸੁਣਾਇੰਦਾ । ਸੋਹੰ ਢੋਲਾ ਸਾਚਾ ਗਾ, ਆਦਿ ਅੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਉਤਮ ਰੱਖੇ ਆਪਣੀ ਜ਼ਾਤਾ, ਵਰਨ ਗੋਤ ਨਾ ਵੰਡ ਵੰਡਾਇੰਦਾ ।
੧੧੬੯ ਬ੍ਰਹਮਾ ਵਿਸ਼ਨ ਸ਼ਬਦ ਜਣਾਇਆ, ਸ਼ੰਕਰ ਆਪ ਉਠਾਇੰਦਾ । ਸ਼ੰਕਰ ਤੇਰੀ ਸੇਵ ਵਖਾਇਆ, ਜੋ ਘੜਿਆ ਸੋ ਭੰਨ ਵਖਾਇੰਦਾ । ਇਕ ਤ੍ਰਸੂਲ ੧੧੬੯
ਹੱਥ ਰਖਾਇਆ, ਤ੍ਰੈਲੋਕਾ ਪਾਰ ਕਰਾਇੰਦਾ । ਕੰਠ ਮਾਲਾ ਇਕ ਸੁਹਾਇਆ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਭੋਲਾ ਨਾਥ ਵਡ ਵਡਿਆਇਆ, ਦੀਨਾ ਨਾਥਾਂ ਵੇਖ ਵਖਾਇੰਦਾ । ਸਗਲਾ ਸੰਗ ਆਪ ਨਿਭਾਇਆ, ਦੋ ਜਹਾਨਾ ਫੇਰੀ ਪਾਇੰਦਾ । ਏਕ ਹੱਥ ਮਰਦੰਗ ਫੜਾਇਆ, ਉਚੀ ਕੂਕ ਸਰਬ ਸੁਣਾਇੰਦਾ । ਆਪਣੀ ਧੂਣੀ ਰਿਹਾ ਰਮਾਇਆ, ਖ਼ਾਕੀ ਖ਼ਾਕ ਆਪੇ ਛਾਣਦਾ । ਖ਼ਾਕੀ ਖ਼ਾਕ ਨੇਤਰ ਨੈਣ ਰਾਹ ਤਕਾਇਆ, ਆਪਣੀ ਦ੍ਰਿਸ਼ਟ ਆਪਣਾ ਇਸ਼ਟ ਵਿਚ ਟਿਕਾਇੰਦਾ । ਸ਼ੰਕਰ ਦ੍ਰਿਸ਼ਟੀ ਵੇਖੇ ਰਘਪਤ, ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ । ਨਾ ਕੋਈ ਬੀਰਜ ਦਿਤਾ ਘਤ, ਨਾਰੀ ਸੇਜ ਨਾ ਕੋਈ ਸੁਹਾਇੰਦਾ । ਚਿਤਰ ਗੁਪਤ ਕਰਿਆ ਉਤਪਤ, ਪਾਰਬ੍ਰਹਮ ਪ੍ਰਭ ਹੁਕਮ ਸੁਣਾਇੰਦਾ । ਏਕੰਕਾਰਾ ਦੇਵੇ ਮਤ, ਏਕਾ ਤਤ ਤਤ ਰਖਾਇੰਦਾ । ਆਪੇ ਜਾਣੇ ਮਿਤ ਗਤ, ਹਰਿ ਦਾਤਾ ਵੇਸ ਵਟਾਇੰਦਾ । ਅੰਦਰ ਰੱਖੀ ਆਪਣੀ ਰਤ, ਤਿੰਨਾਂ ਵਿਚ ਉਪਜਾਇੰਦਾ । ਕਰੇ ਖੇਲ ਕਮਲਾਪਤ, ਸਾਚੀ ਸੇਜ ਆਪ ਸੁਹਾਇੰਦਾ । ਚਿਤਰ ਗੁਪਤ ਅੰਦਰ ਸਾਚੀ ਵਸਤ ਘਤ, ਆਪਣੀ ਧਾਰਾ ਆਪ ਵਖਾਇੰਦਾ । ਰਾਏ ਧਰਮ ਕਰ ਪਰਗਟ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਖੇਲ ਖਲਾਏ ਸਾਚੇ ਹੱਟ, ਦਰ ਦਵਾਰ ਨਾ ਕੋਈ ਵਖਾਇੰਦਾ । ਸ਼ੰਕਰ ਨੇਤਰ ਵੇਖੇ ਪਟ, ਸੁੰਨ ਸਮਾਧ ਆਪ ਲਗਾਇੰਦਾ । ਤਨ ਅੰਗ ਨਾ ਲਿਆ ਕੱਟ, ਰੂਪ ਅਨੂਪ ਨਾ ਕੋਈ ਦਰਸਾਇੰਦਾ । ਪਾਰਬ੍ਰਹਮ ਪ੍ਰਭ ਕਰਿਆ ਖੇਲ ਝਟ ਪਟ, ਖ਼ਾਕੀ ਖ਼ਾਕ ਵੇਖ ਵਖਾਇੰਦਾ । ਚਿਤਰ ਗੁਪਤ ਰਾਏ ਧਰਮ ਬਧਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਲੱਖ ਚੁਰਾਸੀ ਫੜਾਂ ਹੱਥ, ਲਹਿਣਾ ਦੇਣਾ ਇਕ ਸਮਝਾਇੰਦਾ । ਰਾਏ ਧਰਮ ਤੇਰਾ ਖੋਲ੍ਹੇ ਹੱਟ, ਹੱਟ ਹਟਵਾਣਾ ਆਪ ਅਖਵਾਇੰਦਾ । ਸ਼ੰਕਰ ਅੰਤਮ ਖੇੜਾ ਸਭ ਦਾ ਕਰੇ ਭੱਠ, ਜੋ ਘੜਿਆ ਭੰਨ ਵਖਾਇੰਦਾ । ਰਾਏ ਧਰਮ

ਆਪਣੇ ਖਾਤੇ ਦੇਵੇ ਘਤ, ਬਾਂਹੋਂ ਫੜ ਨਾ ਕੋਈ ਕਢਾਇੰਦਾ । ਸਤਾਈ ਜੁਗ ਨਾ ਆਈ ਕੋਈ ਮਤ, ਰਾਏ ਧਰਮ ਆਪਣਾ ਹੁਕਮ ਆਪ ਚਲਾਇੰਦਾ । ਕਰੀ ਕਿਰਪਾ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਚਲਾਇੰਦਾ । ਰਾਮ ਰਾਣਾ ਦਿਤਾ ਏਕਾ ਤਤ, ਤਤ ਤਤ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਧਾਰ ਚਲਾਇੰਦਾ । ਰਾਏ ਧਰਮ ਕਰ ਪਿਆਰਾ, ਦਇਆ ਨਿਧ ਦਇਆ ਕਮਾਈਆ । ਸਤਾਈ ਜੁਗ ਕਰਿਆ ਪਾਰ ਕਿਨਾਰਾ, ਆਪਣੀ ਵੰਡਣ ਵੰਡ ਆਪ ਵੰਡਾਈਆ । ਦੂਲ੍ਹਾ ਦੂਲਹਨ ਬਣਿਆ ਏਕਾ ਲਾੜਾ, ਏਕਾ ਘਰ ਵੱਜੀ ਵਧਾਈਆ । ਏਕਾ ਸੇਜ ਕੰਤ ਭਤਾਰਾ, ਏਕਾ ਸੁੱਤਾ ਬੇਪਰਵਾਹੀਆ । ਏਕਾ ਭਿਛਿਆ ਭਰੇ ਭੰਡਾਰਾ, ਇਛਿਆ ਇਛਿਆ ਵਿਚ ਟਿਕਾਈਆ । ਰਾਏ ਧਰਮ ਨਾ ਰਹੇ ਕਵਾਰਾ, ਕਰਤਾ ਕਰਨੀ ਆਪ ਵਖਾਈਆ । ਘਾੜਤ ਘੜੇ ਬਣ ਠਠਿਆਰਾ, ਰੂਪ ਰੰਗ ਰੇਖ ਨਾ ਕੋਈ ਵਡਿਆਈਆ । ਸੁੰਨ ਅਗੰਮੀ ਧੁਆਂਧਾਰਾ, ਚਿਤਰ ਗੁਪਤ ਰਾਏ ਧਰਮ ਆਪ ਬਹਾਈਆ । ਦੋਹਾਂ ਦ੍ਰਿਸ਼ਟ ਕਰੇ ਪਿਆਰਾ, ਇਸ਼ਟ ਨਾਰ ਰੂਪ ਪਰਗਟਾਈਆ । ਆਪਣੇ ਅੰਦਰ ਆਪੇ ਨਿਮੇ ਆਪੇ ਵੇਖਣਹਾਰਾ, ਚਿਤਰ ਗੁਪਤ ਭੇਵ ਨਾ ਰਾਈਆ । ਰਾਏ ਧਰਮ ਨਾ ਕਰੇ ਵਿਚਾਰਾ, ਕਵਣ ਰੂਪ ਹੋਈ ਕੁੜਮਾਈਆ । ਨੌਂ ਜੁਗ ਕਰਿਆ ਖੇਲ ਨਿਆਰਾ, ਅੰਦਰੇ ਅੰਦਰ ਵੇਖ ਵਖਾਈਆ । ਛੱਤੀ ਜੁਗ ਕਰ ਪਾਰ ਕਿਨਾਰਾ, ਸ਼ਹਿਨਸ਼ਾਹ ਆਪਣੀ ਕਲ ਵਰਤਾਈਆ । ਧਰਮ ਰਾਏ ਘਰ ਜਨਮ ਦਵਾਏ, ਕਵਾਰੀ ਕੰਨਿਆ ਸਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਕੁਆਰੀ ਕੰਨਿਆ ਜਨਮ ਦਵਾਇਆ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਧਰਮ ਰਾਏ ਘਰ ਮੰਗਲ ਗਾਇਆ, ਚਿਤਰ ਗੁਪਤ ਮਰਦੰਗ ਵਜਾਇੰਦਾ । ਭੋਲਾ ਨਾਥ ਵੇਖਣ ਆਇਆ, ਤਨ ਖ਼ਾਕੀ ਖ਼ਾਕ ਰਮਾਇੰਦਾ । ਹੱਥ ਤ੍ਰਸ਼ੂਲ ਉਠਾਇਆ, ਉਚੀ ਕੂਕ ਅਲੱਖ ਜਗਾਇੰਦਾ । ਅਲੱਖ ਨਿਰੰਜਣ ਬੇਪਰਵਾਹਿਆ, ਭੇਵ ਕੋਇ ਨਾ ਪਾਇੰਦਾ । ਰਾਏ ਧਰਮ ਉਠ ਸੀਸ ਝੁਕਾਇਆ, ਗੁਰਦੇਵ ਨਮੋ ਸੁਣਾਇੰਦਾ । ਚਿਤਰ ਗੁਪਤ ਸੇਵ ਕਮਾਇਆ, ਅੰਤਰ ਲਿਵ ਇਕ ਰਖਾਇੰਦਾ । ਸ਼ੰਕਰ ਏਕਾ ਨੈਣ ਉਠਾਇਆ, ਕੁਆਰੀ ਕੰਨਿਆ ਵੇਖ ਵਖਾਇੰਦਾ । ਕਵਣ ਸਪੁਤਰੀ ਨਾਉਂ ਧਰਾਇਆ, ਕਵਣ ਦੁਆਰੇ ਆਪ ਬਹਾਇੰਦਾ । ਰਾਏ ਧਰਮ ਰਿਹਾ ਸ਼ਰਮਾਇਆ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਕੁਆਰੀ ਕੰਨਿਆ ਕਰ ਪਰਨਾਮ, ਦੋਏ ਦੋਏ ਲੋਚਣ ਦਰਸਨ ਪਾਈਆ । ਗੁਰਦੇਵ ਨਮੋ ਨਮਸਤੇ ਦੇਣਾ ਏਕਾ ਨਾਮ, ਦਿਵਸ ਰੈਣ ਕਵਣ ਗੀਤ ਗਾਈਆ । ਭੋਲਾ ਨਾਥ ਕਰ ਪਛਾਣ ਦੇਵੇ ਮਾਣ, ਉਚੀ ਕੂਕ ਕੂਕ ਸੁਣਾਈਆ । ਤੇਰੀ ਖੇਲ ਵੇਖੇ ਜਗਤ ਮਹਾਨ, ਲੱਖ ਚੁਰਾਸੀ ਤੇਰਾ ਸੰਗ ਨਿਭਾਈਆ । ਤੇਰਾ ਨਾਉਂ ਕਰਾ ਪਰਧਾਨ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰਹੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਭੋਲੇ ਨਾਥ ਧਰਿਆ ਨਾਉਂ, ਲਾੜੀ ਮੌਤ ਕਰੇ ਪੁਕਾਰਿਆ । ਲੱਖ ਚੁਰਾਸੀ ਤੇਰਾ ਗਰਾਉਂ, ਘਰ ਮੰਦਰ ਆਪ ਸੁਹਾ ਰਿਹਾ । ਨੌਂ ਖੰਡ ਪ੍ਰਿਥਮੀ ਵੇਖਣਾ ਤੇਰਾ ਥਾਉਂ, ਸ੍ਰਿਸ਼ਟ ਸਬਾਈ ਸੇਵਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਆਪ ਸਮਝਾ ਰਿਹਾ । ਲਾੜੀ ਮੌਤ ਨਾਉਂ ਰਖਾਇਆ, ਧਰਮ ਸਪੁਤਰੀ ਦਏ ਵਡਿਆਈਆ । ਜੋ ਘੜਿਆ ਸੋ ਭੰਨ ਵਖਾਇਆ, ਅੰਤ ਕੋਇ ਰਹਿਣ ਨਾ ਪਾਈਆ । ਇਕ

੧੧੭੦ ੦੯

ਦਵਾਰਾ ਦਏ ਸਮਝਾਇਆ, ਭੁੱਲ ਰਹੇ ਨਾ ਰਾਈਆ । ਜੁਗਾ ਜੁਗੰਤ ਹਰਿ ਭਗਵੰਤ ਸਾਚੇ ਭਗਤ ਲਏ ਉਠਾਇਆ, ਆਪਣੇ ਨਾਮ ਕਰੇ ਪੜ੍ਹਾਈਆ । ਸਾਚੇ ਸੰਤਾਂ ਲਏ ਸਮਝਾਇਆ, ਸਾਚੀ ਸਿਖ਼ਿਆ ਇਕ ਵਖਾਈਆ । ਗੁਰਮੁਖ ਗੁਰ ਗੁਰ ਲਏ ਜਗਾਇਆ, ਰੂਪ ਅਨੂਪ ਇਕ ਦਰਸਾਈਆ । ਗੁਰਸਿਖ ਰੰਗ ਲਏ ਰੰਗਾਇਆ, ਰੰਗ ਰੰਗਣ ਇਕ ਵਡਿਆਈਆ । ਵੇਲੇ ਅੰਤ ਪੁਰਖ ਅਬਿਨਾਸ਼ੀ ਹੋਏ ਸਹਾਇਆ, ਨਿਰਗੁਣ ਆਪਣਾ ਰੂਪ ਧਰਾਈਆ । ਲੱਖ ਚੁਰਾਸੀ ਤੇਰਾ ਕੰਤ, ਜੁਗ ਜੁਗ ਲੈਣਾ ਪਰਨਾਈਆ । ਕਲਜੁਗ ਅੰਤਮ ਨਰ ਹਰਿ ਨਰਾਇਣ ਬਣਾਏ ਆਪਣੀ ਬਣਤ, ਨਿਹਕਲੰਕਾ ਜਾਮਾ ਪਾਈਆ । ਲਹਿਣਾ ਦੇਣਾ ਚੁਕਾਏ ਅੰਤਮ ਅੰਤ, ਅੰਤ ਲੇਖਾ ਦਏ ਮੁਕਾਈਆ । ਆਪ ਬਣਾਏ ਆਪਣੀ ਬਣਤ, ਸਾਚੀ ਰਚਨਾ ਫੇਰ ਰਚਾਈਆ । ਨਾਤਾ ਤੁਟੇ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਹਰਿ ਸੁਹਾਇਆ, ਨਿਰਗੁਣ ਨਿਰਵੈਰ ਪੁਰਖ ਅਕਾਲ । ਕਲਜੁਗ ਵੇਖ ਵਖਾਇਆ, ਸੰਗ ਰਖਾਏ ਕਾਲ ਮਹਾਂਕਾਲ । ਬ੍ਰਹਮਾ ਵਿਸ਼ਨ ਸ਼ਿਵ ਉਠਾਇਆ, ਤ੍ਰੈਗੁਣ ਮਾਇਆ ਤੋੜ ਜੰਜਾਲ । ਪੰਜ ਤਤ ਚੋਲਾ ਆਪ ਵਟਾਇਆ, ਲੇਖਾ ਜਾਣੇ ਸ਼ਾਹ ਕੰਗਾਲ । ਸਾਚਾ ਢੋਲਾ ਨਾਮ ਸੁਣਾਇਆ, ਸ਼ਬਦ ਅਗੰਮੀ ਬਣ ਦਲਾਲ । ਧੁਰ ਦਾ ਗੋਲਾ ਵੇਖ ਵਖਾਇਆ, ਹਾਲ ਮੁਰੀਦਾਂ ਵੇਖੇ ਆਣ । ਸਾਚਾ ਤੋਲਾ ਬਣ ਕੇ ਆਇਆ, ਧਰਮ ਰਖਾਇਆ ਹੱਥ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕੀ ਮਹਿਮਾ ਕੋਈ ਕਥ ਨਾ ਸਕੇ ਰਾਈਆ । ਹਰਿ ਹਰਿ ਮਹਿਮਾ ਸਦਾ ਅਕਥ, ਰਸਨਾ ਕਥ ਨਾ ਸਕੇ ਰਾਈਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਧੁਰਦਰਗਾਹੀਆ । ਨਾਮ ਦ੍ਰਿੜਾਏ ਸਾਚੀ ਵਥ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਈਆ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਰਖਾਈਆ । ਸਰਬ ਕਲਾ ਆਪ ਸਮਰਥ, ਸਮਰਥ ਪੁਰਖ ਵਡ ਵਡਿਆਈਆ । ਗੁਰਮੁਖਾਂ ਗੁਰਸਿਖਾਂ ਅੰਦਰ ਸਾਚੀ ਵਸਤ ਘੱਤ, ਨਾਮ ਰਤ ਰਤੀ ਰਤ ਰੰਗਾਈਆ । ਸੋਹੰ ਸ਼ਬਦ ਦੇਵੇ ਵਥ, ਆਦਿ ਬ੍ਰਹਮ ਪਾਰਬ੍ਰਹਮ ਸਮਾਈਆ । ਜਗਤ ਵਿਛੋੜਾ ਦੇਵੇ ਕੱਟ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਫੜ, ਕਾਇਆ ਮੰਦਰ ਪੌੜੇ ਚੜ੍ਹ, ਜੀਵ ਜੰਤ ਲੱਖ ਚੁਰਾਸੀ ਭਰਮ ਭੁਲੇਖੇ ਆਪ ਭਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕੋ ਦਾਤਾ, ਜੀਅ ਦਾਨ ਆਪਣੇ ਹੱਥ ਰਖਾਈਆ ।



### ❋ ੮ ਅੱਸੂ ੨੦੧੭ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹ ਪਿੰਡ ਸਾਰਿੰਗੜਾ ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਹਰਿ ਸੁਲਤਾਨ, ਇਕ ਇਕੱਲਾ ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਮਹਿਬਾਨ ਬੀਦੋ ਆਪਣਾ ਨਾਉਂ ਧਰਾਇੰਦਾ । ਏਕੰਕਾਰਾ ਖੇਲ ਮਹਾਨ, ਅਨਭਵ ਆਪਣਾ ਰੂਪ ਪਰਗਟਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ੍ਰੀ ਭਗਵਾਨ ਉਠਾਏ ਸਚ ਨਿਸ਼ਾਨ, ਪੁਰਖ ਅਗੰਮੜਾ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋਏ ਪਰਧਾਨ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਸਚਖੰਡ ਦਵਾਰੇ ਨੌਜਵਾਨ, ਸੂਰਬੀਰ ਆਪਣਾ ਬਲ ਧਰਾਇੰਦਾ । ਸਚ

੧੧੭੧ ੦੯

ਸਿੰਘਾਸਣ ਕਰ ਪਰਵਾਨ, ਤਖ਼ਤ ਤਾਜ ਆਪ ਵਡਿਆਇੰਦਾ । ਏਕਾ ਹੁਕਮ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਅਲਾਇੰਦਾ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹੋ ਭੂਪ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲੇ ਖੇਲ ਨਿਆਰ, ਕਰੇ ਕਰਾਏ ਕਰਨੇਹਾਰ, ਦੂਸਰ ਸੰਗ ਨਾ ਕੋਈ ਰਖਾਇੰਦਾ । ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਹਰਿ ਪੁਰਖ ਨਿਰੰਜਣ ਆਦਿ ਅੰਤ, ਇਕ ਇਕੱਲਾ ਵੇਸ ਵਟਾਈਆ । ਏਕੰਕਾਰਾ ਆਪ ਬਣਾਏ ਬਣਤ, ਸਾਚਾ ਘਾੜਨ ਆਪ ਘੜਾਈਆ । ਆਦਿ ਨਿਰੰਜਣ ਦਰ ਘਰ ਸਾਚਾ ਆਪ ਸੁਹੰਞਣਾ, ਨਿਰਮਲ ਦੀਆ ਬਾਤੀ ਜੋਤ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਾਚਾ ਕੰਤ, ਸਚ ਸੁਹੰਜਣੀ ਸੇਜ ਹੰਢਾਈਆ । ਅਬਿਨਾਸ਼ੀ ਕਰਤਾ ਆਦਿ ਅੰਤ, ਮਧ ਆਪਣੀ ਧਾਰ ਸਮਾਈਆ । ਪਾਰਬ੍ਰਹਮ ਆਪੇ ਰੰਗੇ ਆਪਣੀ ਰੰਗਤ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਅਲੱਖ ਅਗੋਚਰ ਅਭੇਵ ਨਿਆਰਾ, ਅਕਲ ਕਲਧਾਰੀ ਆਪ ਕਰਾਇੰਦਾ । ਸਚਖੰਡ ਨਿਵਾਸੀ ਸਾਚਾ ਖੋਲ੍ਹ ਦਵਾਰਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਸ਼ਾਹੋ ਭੂਪ ਵਡ ਵਡਿਆਇੰਦਾ । ਇਕ ਇਕੱਲਾ ਖੇਲ ਨਿਆਰਾ, ਆਦਿ ਜੁਗਾਦੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਧਾਮ ਸੁਹੰਜਣਾ ਆਪ ਸੁਹਾਇੰਦਾ । ਸਾਚਾ ਧਾਮ ਹਰਿ ਸੁਹਾਇੰਦਾ, ਏਕਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਡੇਰਾ ਲਾਇੰਦਾ, ਦਰ ਘਰ ਸਾਚੇ ਸੋਭਾ ਪਾਇਆ । ਤਖ਼ਤ ਤਾਜ ਆਪ ਸੁਹਾਇੰਦਾ, ਸਤਿ ਪੁਰਖ ਨਿਰੰਜਣ ਵੇਖ ਵਖਾਇਆ । ਆਦਿ ਆਦਿ ਆਪਣੀ ਕਲ ਧਰਾਇੰਦਾ, ਜੂਨੀ ਰਹਿਤ ਅਨਭਵ ਪਰਕਾਸ਼ ਵਖਾਇਆ । ਪੁਰਖ ਅਕਾਲ ਆਪਣਾ ਨਾਉਂ ਧਰਾਇੰਦਾ, ਮਾਤ ਪਿਤ ਨਾ ਕੋਇ ਬਣਾਇਆ । ਸੁਤੇ ਪਰਕਾਸ਼ ਆਪ ਕਰਾਇੰਦਾ, ਨੂਰ ਨੁਰਾਨਾ ਡਗਮਗਾਇਆ । ਛੱਪਰ ਛੰਨ ਨਾ ਕੋਈ ਛੁਹਾਇੰਦਾ, ਅਟੱਲ ਦਵਾਰਾ ਆਪ ਵਡਿਆਇਆ । ਨਿਰਗੁਣ ਆਪਣਾ ਰੂਪ ਪਰਗਟਾਇੰਦਾ, ਨਿਰਵੈਰ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਨੀ ਕਿਰਤ ਆਪ ਕਮਾਇੰਦਾ । ਖੇਲ ਅਵੱਲਾ ਏਕੰਕਾਰ, ਆਦਿ ਜੁਗਾਦੀ ਆਪ ਕਰਾਇੰਦਾ । ਸਚ ਮਹੱਲਾ ਕਰ ਤਿਆਰ, ਸਤਿ ਸਤਿਵਾਦੀ ਆਸਣ ਲਾਇੰਦਾ । ਏਕਾ ਰੂਪ ਨਿਰਾਕਾਰ, ਨਿਰਗੁਣ ਆਪਣਾ ਆਪ ਪਰਗਟਾਇੰਦਾ । ਆਪੇ ਜਾਣੇ ਆਪਣੀ ਧਾਰ, ਤ੍ਰੈ ਤ੍ਰੈ ਵਿਚ ਸਮਾਇੰਦਾ । ਆਪੇ ਗੁਪਤ ਆਪੇ ਜ਼ਾਹਰ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਕੰਤ ਆਪੇ ਨਾਰ, ਆਪੇ ਸੁਹੰਜਣੀ ਸੇਜ ਹੰਢਾਇੰਦਾ । ਆਪੇ ਨਿਤ ਨਵਿਤ ਕਰੇ ਸਚ ਪਿਆਰ, ਦਰ ਘਰ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਉਚ ਮਹੱਲਾ, ਸੋ ਪੁਰਖ ਨਿਰੰਜਣ ਆਪ ਵਸਾਇੰਦਾ । ਹਰਿ ਪੁਰਖ ਨਿਰੰਜਣ ਬੈਠਾ ਇਕ ਇਕੱਲਾ, ਏਕੰਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤੀ ਦੀਪਕ ਆਪੇ ਬਲਾ, ਪਰਕਾਸ਼ ਪਰਕਾਸ਼ ਵਿਚ ਟਿਕਾਇੰਦਾ । ਸ੍ਰੀ ਭਗਵਾਨ ਸਚ ਸਿੰਘਾਸਣ ਏਕਾ ਮੱਲਾ, ਦਰਗਾਹਿ ਸਾਚੀ ਧਾਮ ਸੁਹਾਇੰਦਾ । ਅਬਿਨਾਸ਼ੀ ਕਰਤਾ ਆਪੇ ਫੜਾਏ ਆਪਣਾ ਪੱਲਾ, ਆਪਣਾ ਸੰਗ ਆਪ ਨਿਭਾਇੰਦਾ । ਪਾਰਬ੍ਰਹਮ ਆਪਣਾ ਖੇਲ ਕਰੇ ਅਛਲ ਅਛੱਲਾ, ਆਪਣੀ ਕਲ ਆਪ ਧਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਬੇਪਰਵਾਹ, ਆਦਿ ਆਦਿ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਆਦਿ ਆਦਿ ਖੇਲ ਅਪਾਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਆਪਣੀ ਜੋਤ ਹੋ ਉਜਿਆਰਾ, ਆਪ ਆਪਣਾ ਨੂਰ ਡਗਮਗਾਇੰਦਾ । ਆਪਣਾ ਮੰਦਰ ਕਰ ਤਿਆਰਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਥਿਰ ਘਰ ਸਾਚੇ ਖੋਲ੍ਹ ਕਿਵਾੜਾ, ਘਰ ਘਰ ਵਿਚ ਡੇਰਾ ਲਾਇੰਦਾ । ਸਚ ਸਿੰਘਾਸਣ ਕਰੇ ਪਿਆਰਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਮੇਲ ਮਿਲਾਵਾ ਨਾਰੀ ਕੰਤ ਭਤਾਰਾ, ਨਰ ਨਰਾਇਣ ਸੇਜ ਹੰਢਾਇੰਦਾ । ਨਾ ਕੋਈ ਜਾਣੇ ਸੁਤ ਦਾਰਾ, ਵੇਲਾ ਵਕਤ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਰੂਪ ਪਰਗਟਾਇੰਦਾ । ਅਨਭਵ ਰੂਪ ਪਰਕਾਸਿਆ, ਆਦਿ ਪੁਰਖ ਅਗੰਮ । ਸਚਖੰਡ ਦਵਾਰ ਕਰੇ ਖੇਲ ਤਮਾਸ਼ਿਆ, ਨਿਰਗੁਣ ਆਪਣਾ ਬੇੜਾ ਬੰਨ । ਏਕਾ ਜੋਤ ਦੀਪ ਪਰਕਾਸਿਆ, ਨਾ ਕੋਈ ਸੂਰਜ ਚੰਨ । ਨਾ ਕੋਈ ਪ੍ਰਿਥਮੀ ਨਾ ਅਕਾਸਿਆ, ਧਰਤ ਧਵਲ ਨਾ ਕਰੇ ਕੋਈ ਧੰਨ ਧੰਨ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਗਾਏ ਰਸਨ ਸਵਾਸਿਆ, ਲੱਖ ਚੁਰਾਸੀ ਜਣੇ ਨਾ ਕੋਈ ਜਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਆਪਣਾ ਬੇੜਾ ਰਿਹਾ ਬੰਨ੍ਹ । ਆਪਣਾ ਬੇੜਾ ਬੰਨਣਹਾਰਾ, ਏਕਾ ਪੁਰਖ ਅਖਵਾਇਆ । ਆਦਿਨ ਆਦਿ ਭੇਵ ਨਿਆਰਾ, ਲੇਖਾ ਲੇਖ ਨਾ ਕੋਈ ਜਣਾਇਆ । ਨਿਰਗੁਣ ਰੂਪ ਹੋ ਉਜਿਆਰਾ, ਦਰ ਘਰ ਸਾਚਾ ਆਪ ਸੁਹਾਇਆ । ਸਾਚਾ ਭੂਪ ਬਣ ਸਿਕਦਾਰਾ, ਸਾਚਾ ਸੀਸ ਤਾਜ ਟਿਕਾਇਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸਾਚਾ ਅਦਲ ਆਪ ਕਮਾਇਆ । ਆਪੇ ਹੋਏ ਚੋਬਦਾਰਾ, ਨਿਰਗੁਣ ਨਿਰਗੁਣ ਸੀਸ ਝੁਕਾਇਆ । ਆਪੇ ਮੰਗੇ ਮੰਗ ਭਿਖਾਰਾ, ਭੇਖਾਧਾਰੀ ਆਪਣਾ ਵੇਸ ਵਟਾਇਆ । ਆਪੇ ਬਣੇ ਸਚ ਵਰਤਾਰਾ, ਸਾਚੀ ਵਸਤ ਆਪਣੇ ਹੱਥ ਰਖਾਇਆ । ਸਾਚੇ ਮੰਦਰ ਨਿਰਗੁਣ ਨਰਾਇਣ ਬੈਠ ਨਿਰੰਕਾਰਾ, ਨਿਰਾਕਾਰਾ ਰੂਪ ਧਰਾਇਆ । ਮੰਡਲ ਮੰਡਪ ਨਾ ਕੋਈ ਸਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਏਕਾ ਘਰ, ਘਰ ਸੁਹੰਜਣਾ ਆਪ ਵਡਿਆਇਆ । ਘਰ ਸੁਹੰਜਣਾ ਹਰਿ ਸੁਹਾਇੰਦਾ, ਸੋਭਾਵੰਤ ਭਗਵਾਨ । ਨਿਰਗੁਣ ਆਪਣਾ ਆਸਣ ਲਾਇੰਦਾ, ਗੁਣਵੰਤ ਗੁਣ ਨਿਧਾਨ । ਦੂਸਰ ਅਵਰ ਨਾ ਕੋਈ ਰਖਾਇੰਦਾ, ਨਾ ਕੋਈ ਦੀਸੇ ਹੋਰ ਨਿਸ਼ਾਨ । ਆਪਣੀ ਕਲ ਆਪ ਵਰਤਾਇੰਦਾ, ਆਪਣੇ ਮੰਦਰ ਹੋ ਪਰਧਾਨ । ਸਚਖੰਡ ਦੁਆਰਾ ਸੋਭਾ ਪਾਇੰਦਾ, ਸਤਿ ਸਤਿਵਾਦੀ ਵੇਖੇ ਆਣ । ਬੋਧ ਅਗਾਧੀ ਖੇਲ ਖਿਲਾਇੰਦਾ, ਸ਼ਬਦ ਅਗੰਮੀ ਧੁਰ ਫ਼ਰਮਾਣ । ਨਾਦ ਅਨਾਦੀ ਆਪ ਵਜਾਇੰਦਾ, ਤੁਰੀਆ ਨਾਦ ਕਰ ਪਰਵਾਨ । ਤ੍ਰੈਗੁਣ ਰੂਪ ਨਾ ਕੋਈ ਦਰਸਾਇੰਦਾ, ਪੰਜ ਤਤ ਨਾ ਖੇਲ ਜਹਾਨ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵੰਡ ਨਾ ਕੋਈ ਵੰਡਾਇੰਦਾ, ਬ੍ਰਹਮ ਦੇਵੇ ਨਾ ਜੀਆ ਦਾਨ । ਵਿਸ਼ਨੂੰ ਰਿਜ਼ਕ ਨਾ ਕੋਈ ਪੁਚਾਇੰਦਾ, ਬ੍ਰਹਮਾ ਬ੍ਰਹਮ ਨਾ ਕਰੇ ਕੋਈ ਪਰਵਾਨ । ਸ਼ੰਕਰ ਤ੍ਰਸੂਲ ਨਾ ਕੋਈ ਹੱਥ ਉਠਾਇੰਦਾ, ਬਾਸ਼ਕ ਤਸ਼ਕਾ ਨਾ ਕੋਈ ਨਿਸ਼ਾਨ । ਸਾਂਗੋ ਪਾਂਗ ਨਾ ਕੋਈ ਹੰਢਾਇੰਦਾ, ਕਵਲ ਨੈਣ ਨਾ ਕੋਈ ਮਟਕਾਨ । ਜੰਗਲ ਜੂਹ ਉਜਾੜ ਪਹਾੜ ਡੇਰਾ ਕੋਈ ਨਾ ਲਾਇੰਦਾ, ਨਾ ਕੋਈ ਦਿਸੇ ਸੁੰਞ ਮਸਾਣ । ਧੁਆਂਧਾਰ ਨਾ ਕੋਈ ਵਖਾਇੰਦਾ, ਸਰ ਸਰੋਵਰ ਨਾ ਕੋਈ ਧੁਨਕਾਨ । ਜੋਤ ਨਿਰੰਜਣ ਨਾ ਕੋਈ ਜਗਾਇੰਦਾ, ਆਤਮ ਬ੍ਰਹਮ ਨਾ ਕੋਈ ਗਿਆਨ । ਗੁਰ ਪੀਰ ਅਵਤਾਰ ਨਾ ਕੋਈ ਅਖਵਾਇੰਦਾ, ਸਾਧ ਸੰਤ ਨਾ ਕੋਈ ਨਿਸ਼ਾਨ ।

ਸੀਸ ਤਾਜ ਨਾ ਕੋਈ ਟਿਕਾਇੰਦਾ, ਸ਼ਾਹੋ ਭੂਪ ਨਾ ਕੋਇ ਰਾਜਾਨ । ਦਰ ਦਰ ਭਿਖਿਆ ਮੰਗ ਨਾ ਕੋਈ ਮੰਗਾਇੰਦਾ, ਦਾਤਾ ਦਾਨੀ ਦਾਨ ਨਾ ਦੇਵੇ ਕੋਈ ਆਣ । ਅੱਖਰ ਵੱਖਰ ਨਾ ਕੋਈ ਪੜ੍ਹਾਇੰਦਾ, ਰਸਨਾ ਜਿਹਵਾ ਨਾ ਕੋਈ ਕਲਿਆਣ । ਬੱਤੀ ਦੰਦ ਨਾ ਕੋਈ ਹਿਲਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਸਚਖੰਡ ਸਾਚੇ ਏਕਾ ਸੋਭਾ ਪਾਇੰਦਾ, ਇਕ ਇਕੱਲਾ ਨੌਜਵਾਨ । ਆਪਣਾ ਮਰਦੰਗ ਆਪ ਵਜਾਇੰਦਾ, ਆਪੇ ਖੇਲ ਕਰੇ ਮਹਾਨ । ਸੋ ਪੁਰਖ ਨਿਰੰਜਣ ਆਪਣਾ ਨਾਉਂ ਧਰਾਇੰਦਾ, ਹਰਿ ਪੁਰਖ ਨਿਰੰਜਨ ਕਰ ਪਰਵਾਨ । ਏਕੰਕਾਰਾ ਸੰਗ ਰਖਾਇੰਦਾ, ਆਦਿ ਨਿਰੰਜਣ ਮੇਲਾ ਦੋ ਜਹਾਨ । ਸ੍ਰੀ ਭਗਵਾਨ ਵੇਖ ਵਖਾਇੰਦਾ, ਅਬਿਨਾਸ਼ੀ ਕਰਤਾ ਹੋਏ ਮਿਹਰਵਾਨ । ਪਾਰਬ੍ਰਹਮ ਪ੍ਰਭ ਨਿਉਂ ਨਿਉਂ ਸੀਸ ਝੁਕਾਇੰਦਾ, ਜਗਤ ਜਗਦੀਸ ਵੇਖੇ ਮਾਰ ਧਿਆਨ । ਸਚਖੰਡ ਦਵਾਰਾ ਸੋਭਾ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਅਪਾਰਾ, ਆਦਿ ਆਦਿ ਆਪਣਾ ਕਰੇ ਆਪ ਪਸਾਰ । ਆਪਣੀ ਧਾਰ ਆਪ ਚਲਾਇੰਦਾ, ਨਿਰਗੁਣ ਰੂਪ ਪੁਰਖ ਅਕਾਲ । ਜੋਤੀ ਜੋਤ ਡਗਮਗਾਇੰਦਾ, ਇਕ ਇਕੱਲਾ ਦੀਨ ਦਿਆਲ । ਸਚਖੰਡ ਦਵਾਰਾ ਸੋਭਾ ਪਾਇੰਦਾ, ਅਬਿਨਾਸ਼ੀ ਕਰਤਾ ਅਵੱਲੜੀ ਚਾਲ । ਆਪਣੇ ਮੰਦਰ ਡਗਮਗਾਇੰਦਾ, ਦੀਪਕ ਜੋਤੀ ਏਕਾ ਬਾਲ । ਧਰਮਸਾਲ ਆਪ ਸੁਹਾਇੰਦਾ, ਦਰਗਹਿ ਸਾਚੀ ਧਾਮ ਨਿਆਰ । ਆਪ ਆਪਣਾ ਵੇਖ ਵਖਾਇੰਦਾ, ਨਿਰਾਕਾਰ ਨਿਰਾਕਾਰ ਨਿਰਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਆਪਣਾ ਸਚ ਪਸਾਰ । ਸਚ ਪਸਾਰਾ ਆਪ ਕਰ, ਆਪ ਆਪਣਾ ਵੇਖ ਵਖਾਈਆ । ਆਪਣੇ ਅੰਦਰ ਆਪ ਧਰ, ਆਪਣੀ ਆਪ ਕਰੇ ਕੁੜਮਾਈਆ । ਆਪਣਾ ਆਪ ਆਪੇ ਵਰ, ਆਪੇ ਸਗਨ ਮਨਾਈਆ । ਆਪੇ ਨਾਰੀ ਆਪੇ ਨਰ, ਨਰ ਹਰਿ ਵੱਡੀ ਵਡਿਆਈਆ । ਆਪਣੀ ਸੇਜਾ ਆਪੇ ਚੜ੍ਹ, ਆਪਣਾ ਰਸ ਆਪ ਹੋ ਜਾਈਆ । ਆਪਣੇ ਅੰਦਰ ਆਪੇ ਵੜ, ਆਪਣਾ ਬੰਕ ਸੁਹਾਈਆ । ਆਪੇ ਦਰਸ ਦਿਖਾਏ ਖੜ, ਵੇਖਣਹਾਰ ਆਪ ਹੋ ਜਾਈਆ । ਆਪ ਫੜਾਏ ਆਪਣਾ ਲੜ, ਆਪਣਾ ਬੰਧਨ ਆਪੇ ਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਪਾਰਬ੍ਰਹਮ ਵੱਡੀ ਵਡਿਆਈਆ । ਆਪਣਾ ਨਿਸ਼ਅੱਖਰ ਆਪੇ ਪੜ੍ਹ, ਆਪੇ ਕਰੇ ਸਚ ਪੜ੍ਹਾਈਆ । ਆਦਿ ਜੁਗਾਦਿ ਨਾ ਜਾਏ ਮਰ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਆਪੇ ਰਚ, ਆਪਣਾ ਆਪ ਉਪਾਇਆ । ਆਪੇ ਵੇਖੇ ਆਪਣਾ ਆਪ ਸੱਚ, ਸੱਚਾ ਆਪ ਅਖਵਾਇਆ । ਆਪਣੇ ਮੰਦਰ ਆਪੇ ਰਿਹਾ ਨੱਚ, ਗੋਪੀ ਕਾਹਨ ਆਪ ਹੋ ਜਾਇਆ । ਆਪਣੇ ਅੰਦਰ ਆਪੇ ਰਚ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪ ਅਖਵਾਇਆ । ਆਦਿ ਪੁਰਖ ਪੁਰਖ ਅਬਿਨਾਸ਼ਾ, ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਵੇਖੇ ਆਪ ਤਮਾਸ਼ਾ, ਸ੍ਰੀ ਭਗਵਾਨ ਸੰਗ ਨਿਭਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਰਾਸਾ, ਅਬਿਨਾਸ਼ੀ ਕਰਤਾ ਨਾਚ ਨਚਾਇੰਦਾ । ਏਕੰਕਾਰਾ ਆਪਣਾ ਬਖ਼ਸ਼ੇ ਆਪ ਭਰਵਾਸਾ, ਆਦਿ ਨਿਰੰਜਣ ਸੇਵ ਕਮਾਇੰਦਾ । ਸਚਖੰਡ ਦਵਾਰੇ ਆਪਣੀ ਪੂਰੀ ਕਰੇ ਆਪੇ ਆਸਾ, ਆਪਣੀ ਇਛਿਆ ਇਛਿਆ ਵਿਚ ਟਿਕਾਇੰਦਾ । ਆਦਿ ਅੰਤ ਨਾ ਕੋਇ ਵਿਨਾਸਾ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਥਿਰ ਘਰ ਸਾਚੇ ਕਰ ਕਰ ਵਾਸਾ, ਘਰ ਘਰ ਵਿਚ ਸੋਭਾ ਪਾਇੰਦਾ । ਅਸੁੱਤੇ ਪਰਕਾਸ਼ ਪਰਕਾਸ਼ ਪਰਕਾਸ਼ਾ, ਅਨਭਵ ਰੂਪ ਨਾ ਕੋਇ ਧਰਾਇੰਦਾ । ਆਪਣੇ ਦੁਆਰੇ ਆਪੇ ਹੋਵੇ ਦਾਸੀ ਦਾਸਾ,


੧੧੮੪

੧੧੭੫
੦੯

ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਸ਼ਾਹ ਆਪੇ ਸ਼ਬਾਸਾ, ਸ਼ਾਹ ਸੁਲਤਾਨ ਆਪਣਾ ਬਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣੀ ਖੇਲ ਆਪ ਖਲਾਇੰਦਾ । ਆਦਿ ਪੁਰਖ ਹਰਿ ਖੇਲ ਖਿਲਾਇਆ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਪਣਾ ਆਪ ਆਪ ਪਰਗਟਾਇਆ, ਮਾਤ ਪਿਤ ਨਾ ਕੋਈ ਭੈਣ ਭਾਈਆ । ਆਪ ਆਪਣਾ ਸੰਗ ਨਿਭਾਇਆ, ਸਾਕ ਸੱਜਣ ਸੈਣ ਕੋਇ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਈਆ । ਹਰਿ ਮੰਦਰ ਆਪ ਸੁਹਾਇੰਦਾ, ਸੋਭਾਵੰਤ ਗਹਿਰ ਗੰਭੀਰ । ਆਪਣੀ ਜੋਤ ਆਪ ਜਗਾਇੰਦਾ, ਆਪੇ ਚੋਟੀ ਚੜ੍ਹਿਆ ਇਕ ਅਖ਼ੀਰ । ਆਪਣਾ ਹੁਕਮ ਆਪ ਸੁਣਾਇੰਦਾ, ਵਡ ਵੱਡਾ ਪੀਰਨ ਪੀਰ । ਆਪਣੀ ਖੇਲ ਆਪ ਖਲਾਇੰਦਾ, ਆਪੇ ਸ਼ਾਹ ਬਣ ਫ਼ਕੀਰ । ਆਪਣੀ ਇਛਿਆ ਆਪ ਪਰਗਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਬਲ ਧਰਾਇੰਦਾ । ਆਪਣੀ ਇਛਿਆ ਆਪਣੇ ਅੱਗੇ ਰੱਖ, ਆਪ ਆਪਣੀ ਦਇਆ ਕਮਾਇੰਦਾ । ਨਿਰਗੁਣ ਅੱਗੇ ਨਿਰਗੁਣ ਹੋ ਪਰਤੱਖ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਰੂਪ ਅਲੱਖਣਾ ਅਲੱਖ, ਅਲੱਖ ਅਲੱਖਣਾ ਭੇਵ ਨਾ ਆਇੰਦਾ । ਆਪਣਾ ਮਾਰਗ ਆਪੇ ਦੱਸ, ਨਿਰਗੁਣ ਸਾਚਾ ਰਾਹ ਚਲਾਇੰਦਾ । ਆਪਣੇ ਅੰਦਰ ਆਪੇ ਵਸ, ਆਪਣਾ ਭੇਵ ਖੁਲਾਇੰਦਾ । ਆਪਣਾ ਪੰਧ ਮੁਕਾਏ ਨੱਸ ਨੱਸ, ਆਪ ਆਪਣੀ ਚਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਏਕਾ ਧਾਰ ਕਰ ਤਿਆਰ, ਏਕੰਕਾਰਾ ਵੇਖ ਵਖਾਈਆ । ਸਾਚੇ ਮੰਦਰ ਹੋਏ ਉਜਿਆਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਸੋ ਪੁਰਖ ਨਿਰੰਜਣ ਬਣਿਆ ਕੰਤ ਭਤਾਰ, ਪਾਰਬ੍ਰਹਮ ਪ੍ਰਭ ਨਾਰੀ ਰੂਪ ਸਮਾਈਆ । ਦੋਹਾਂ ਵਿਚੋਲਾ ਸਿਰਜਣਹਾਰ, ਆਪਣੀ ਆਪੇ ਗੰਢ ਪੁਆਈਆ । ਆਪੇ ਖੇਲ ਕਰੇ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਈਆ । ਸਾਚਾ ਮੰਦਰ ਸਚਖੰਡ, ਸਚ ਸਾਚੇ ਆਪ ਸੁਹਾਇਆ । ਨਿਰਗੁਣ ਆਪਣੀ ਵੰਡੀ ਵੰਡ, ਥਿਰ ਘਰ ਹਿਸਾ ਇਕ ਰਖਾਇਆ । ਨਾ ਕੋਈ ਚਾਰ ਦਿਵਾਰੀ ਦਿਸੇ ਕੰਧ, ਨਾ ਕੋਈ ਬਾਢੀ ਬਣਤ ਬਣਾਇਆ । ਨਾ ਕੋਈ ਗਾਏ ਰਸਨਾ ਛੰਦ, ਗੀਤ ਗੋਬਿੰਦ ਨਾ ਕੋਈ ਅਲਾਇਆ । ਪੁਰਖ ਅਬਿਨਾਸ਼ੀ ਇਕ ਬਖਸ਼ਿੰਦ, ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣਾ ਹੁਕਮ ਚਲਾਇਆ । ਸਚਖੰਡ ਦਵਾਰਾ ਕਰ ਪਸਾਰਾ, ਹਰਿ ਨਿਰੰਕਾਰਾ ਖੇਲ ਖਿਲਾਇੰਦਾ । ਥਿਰ ਘਰ ਸਾਚੇ ਖੋਲ੍ਹ ਕਿਵਾੜਾ, ਨਿਰਗੁਣ ਧਾਰਾ ਜੋਤੀ ਜੋਤ ਡਗਮਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਆਪਣੀ ਦਾਤ ਆਪਣੀ ਝੋਲੀ ਆਪ ਭਰਾਇੰਦਾ । ਆਪ ਆਪਣਾ ਕਰ ਪਸਾਰਾ, ਦਰ ਦੁਆਰਾ ਆਪ ਸੁਹਾਇੰਦਾ । ਆਪ ਉਪਾਏ ਸੁਤ ਦੁਲਾਰਾ, ਹਰਿ ਸ਼ਬਦੀ ਨਾਉਂ ਧਰਾਇੰਦਾ । ਏਕਾ ਹੁਕਮ ਇਕ ਵਰਤਾਰਾ, ਇਕ ਅਖਾੜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਆਪ ਉਠਾਇੰਦਾ । ਸੁਤ ਸ਼ਬਦ ਹਰਿ ਆਪ ਉਪਾਇਆ, ਬੂੰਦ ਰਕਤ ਨਾ ਕੋਈ ਮਿਲਾਈਆ । ਜੋਤੀ ਜੋਤ ਜੋਤ ਪ੍ਰਗਟਾਇਆ, ਇਛਿਆ ਭਿਛਿਆ ਵੇਖ ਵਖਾਈਆ । ਆਪਣੀ ਧਾਰਾ ਵਿਚ ਸਮਾਇਆ, ਸਾਰ ਸ਼ਬਦ ਨਾਉਂ ਰਖਾਈਆ । ਸਾਰੰਗੀ ਸਾਰਿੰਗ ਨਾ ਕੋਈ ਤਾਰ ਰਖਾਇਆ, ਸਚ ਸਤਾਰ ਆਪ ਵਜਾਈਆ । ਨਿਰਾਕਾਰ ਹਰਿ ਖੇਲ ਖਿਲਾਇਆ, ਨਿਰਗੁਣ

ਵੇਖੇ ਚਾਈਂ ਚਾਈਆ । ਧੁਰ ਫ਼ਰਮਾਣਾ ਹੁਕਮ ਜਣਾਇਆ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਬਾਲ ਉਠਿਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਸੂਰਾ ਸਰਬੰਗ ਏਕਾ ਤੁਠਿਆ, ਆਪਣਾ ਬੰਧਨ ਇਕ ਵਖਾਈਆ । ਆਦਿ ਜੁਗਾਦਿ ਨਾ ਜਾਏ ਲੁੱਟਿਆ, ਦੋ ਜਹਾਨ ਵੱਡੀ ਵਡਿਆਈਆ । ਸਤਿ ਪੁਰਖ ਨਿਰੰਜਣ ਲਾਇਆ ਤੇਰਾ ਬੂਟਿਆ, ਪਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਸਮਝਾਈਆ । ਸ਼ਬਦ ਨਿਧਾਨਾ ਕਰ ਨਿਮਸਕਾਰ, ਪ੍ਰਭ ਅਗੇ ਸੀਸ ਝੁਕਾਇੰਦਾ । ਹਉਂ ਸੇਵਕ ਯਾਚਕ ਸੇਵਾਦਾਰ, ਤੇਰੀ ਸੇਵਾ ਸਦ ਕਮਾਇੰਦਾ । ਏਕਾ ਮੰਗਾਂ ਮੰਗ ਬਣ ਭਿਖਾਰ, ਮਸਤਕ ਧੂੜੀ ਟਿੱਕਾ ਲਾਇੰਦਾ । ਨਿਤ ਨਵਿਤ ਰਹੇ ਦਿਦਾਰ, ਤੁਧ ਬਿਨ ਅਵਰ ਨਾ ਕੋਇ ਭਾਇੰਦਾ । ਤੇਰੀ ਧਾਰ ਮੇਰਾ ਪਿਆਰ, ਪਿਆਰ ਤੇਰੀ ਗੁਫ਼ਤਾਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸ਼ਬਦੀ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾ, ਸ਼ਬਦੀ ਸ਼ਬਦ ਸਮਝਾਇਆ । ਤੇਰੀ ਸੇਵਾ ਇਕ ਲਗਾ, ਏਕਾ ਹੁਕਮ ਸੁਣਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਸੂਰਜ ਚੰਨ ਕਿਰਨ ਕਿਰਨ ਜੋਤ ਰੁਸ਼ਨਾਇਆ । ਆਪਣੀ ਭਿਛਿਆ ਤੇਰੀ ਇਛਿਆ ਦਏ ਭਰਾ, ਨਿਰਾਕਾਰ ਸਾਕਾਰ ਆਪ ਹੋ ਜਾਇਆ । ਵਿਸ਼ਨੂੰ ਆਪਣਾ ਅੰਗ ਕਟਾ, ਅੰਸਾ ਬੰਸਾ ਭੇਵ ਨਾ ਰਾਇਆ । ਜੋਤੀ ਜੋਤ ਲਏ ਪਰਗਟਾ, ਜੋਤੀ ਜਾਤਾ ਨਾਉਂ ਧਰਾਇਆ । ਏਕਾ ਹੁਕਮ ਦਏ ਸੁਣਾ, ਧੁਰ ਫ਼ਰਮਾਣਾ ਆਪ ਅਲਾਇਆ । ਆਪਣੇ ਚਰਨ ਕਵਲ ਧੁਆ, ਤੇਰੇ ਹੱਥ ਫੜਾਇਆ । ਵਿਸ਼ਨੂੰ ਆਪਣਾ ਜਾਮ ਪਿਆ, ਨਾਭੀ ਬੂਟਾ ਕਵਲ ਲਗਾਇਆ । ਕਵਲ ਕਵਲਾ ਫੁਲ ਖਿਲਾ, ਪਾਰਬ੍ਰਹਮ ਵੇਖ ਵਖਾਇਆ । ਹਰਿ ਹਰਿ ਲੇਖਾ ਲਏ ਲਿਖਾ, ਪੁਰਖ ਅਬਿਨਾਸ਼ੀ ਏਕਾ ਵੰਡ ਵੰਡਾਇਆ । ਧੁਰ ਦਾ ਲੇਖਾ ਦਏ ਸਮਝਾ, ਸ਼ਬਦ ਅਨਾਦੀ ਤਾਲ ਰਖਾਇਆ । ਸੁੰਨ ਸਮਾਧੀ ਫੋਲ ਫੁਲਾ, ਅਲੱਖ ਅਗੋਚਰ ਵੇਖ ਵਖਾਇਆ । ਧੂਅਂਧਾਰ ਦਏ ਮਿਟਾ, ਰੂਪ ਅਨੂਪ ਆਪ ਪਰਗਟਾਇਆ । ਵਿਸ਼ਨੂੰ ਮੇਲਾ ਸਹਿਜ ਸੁਭਾ, ਏਕਾ ਕਵਲ ਫੁਲ ਉਪਜਾਇਆ । ਸ਼ੰਕਰ ਆਪਣੇ ਰੰਗ ਰੰਗਾ, ਏਕਾ ਮੰਤਰ ਨਾਮ ਦ੍ਰਿੜਾਇਆ । ਤਿੰਨਾਂ ਵਿਚੋਲਾ ਬਣ ਮਲਾਹ, ਏਕਾ ਬੇੜੇ ਲਏ ਚੜ੍ਹਾਇਆ । ਸ਼ਬਦ ਸਰੂਪੀ ਚੱਪੂ ਲਾ, ਚਾਰ ਚਾਰ ਵੇਖ ਵਖਾਇਆ । ਆਦਿ ਜੁਗਾਦਿ ਖੇਲ ਖਲਾ, ਨਿਰਗੁਣ ਆਪਣੀ ਧਾਰ ਆਪ ਸਮਝਾਇਆ । ਏਕਾ ਪੁਰਖ ਅਕਾਲ ਲੈਣਾ ਮਨਾ, ਦੂਜਾ ਇਸ਼ਟ ਨਾ ਕੋਈ ਜਣਾਇਆ । ਨਿਰਗੁਣ ਵਸੇ ਹਰ ਘਟ ਥਾਂ, ਥਾਨ ਥਨੰਤਰ ਸੋਭਾ ਪਾਇਆ । ਸ਼ਬਦ ਸੁਤ ਤੇਰੀ ਪਕੜੇ ਬਾਂਹ, ਆਦਿ ਜੁਗਾਦੀ ਮੇਲ ਮਿਲਾਇਆ । ਜੁਗਾ ਜੁਗੰਤਰ ਕਰੇ ਸਚ ਨਿਆ, ਥਿਰ ਘਰ ਸਾਚੇ ਸੋਭਾ ਪਾਇਆ । ਸਚਖੰਡ ਦਵਾਰੇ ਬੈਠਾ ਜੋਤ ਜਗਾ, ਨਿਰਗੁਣ ਰੂਪ ਬੇਪਰਵਾਹਿਆ । ਏਕਾ ਹੁਕਮ ਦਏ ਵਰਤਾ, ਤੇਰੀ ਸੇਵਾ ਸਚ ਵਖਾਇਆ । ਵਿਸ਼ਨੂੰ ਲਹਿਣਾ ਦੇਣਾ ਚੁਕਾ, ਸਾਚੀ ਭਿਖਿਆ ਵੰਡ ਵੰਡਾਇਆ । ਬ੍ਰਹਮਾ ਬ੍ਰਹਮ ਮਤ ਦਏ ਸਮਝਾ, ਦੂਸਰ ਤਤ ਨਾ ਕੋਈ ਰਖਾਇਆ । ਸ਼ੰਕਰ ਆਪਣਾ ਆਪ ਉਪਜਾ, ਰਤੀ ਰਤ ਨਾਮ ਸਮਾਇਆ । ਮਤ ਤਤ ਆਪ ਜਾਣੇ ਬੇਪਰਵਾਹ, ਭੇਵ ਅਭੇਦਾ ਭੇਵ ਖੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣਾ ਰੂਪ ਧਰਾਇਆ । ਆਪਣਾ ਰੂਪ ਆਪੇ ਧਰ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਹਰਿ ਜੂ ਦਰ, ਹਰੀ ਹਰਿ ਮੰਦਰ ਸੋਭਾ ਪਾਇੰਦਾ । ਇਕ

ਏਕੰਕਾਰਾ ਉਚ ਮਹੱਲ ਅਟੱਲ ਮੁਨਾਰੇ ਚੜ੍ਹ, ਆਪ ਆਪਣੀ ਸੇਜ ਸੁਹਾਇੰਦਾ । ਆਦਿ ਨਿਰੰਜਣ ਉਚ ਅਗੰਮ ਵੇਖੇ ਖੜ, ਆਪ ਆਪਣਾ ਰਾਹ ਤਕਾਇੰਦਾ । ਸ੍ਰੀ ਭਗਵਾਨ ਆਪ ਸੁਹਾਏ ਸਾਚਾ ਗੜ੍ਹ, ਥਿਰ ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਅੰਦਰ ਵੜ, ਰੂਪ ਅਨੂਪ ਆਪ ਦਰਸਾਇੰਦਾ । ਪਾਰਬ੍ਰਹਮ ਆਪਣੀ ਕਿਰਪਾ ਆਪੇ ਕਰ, ਕਰ ਕਿਰਪਾ ਖੇਲ ਖਿਲਾਇੰਦਾ । ਸ਼ਬਦ ਦੁਲਾਰੇ ਏਕਾ ਦਰ, ਧੁਰ ਦੀ ਧਾਰ ਆਪ ਬੰਧਾਇੰਦਾ । ਵਿਸ਼ਨ ਫੜੌਣਾ ਏਕਾ ਲੜ, ਸਾਚਾ ਪੱਲੂ ਹੱਥ ਉਠਾਇੰਦਾ । ਬ੍ਰਹਮ ਵਿਦਿਆ ਏਕਾ ਧਰ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਸ਼ੰਕਰ ਮੇਲਾ ਸਾਚੇ ਘਰ, ਸਹਿੰਸਾ ਰੋਗ ਨਾ ਕੋਈ ਵਖਾਇੰਦਾ । ਤਿੰਨਾਂ ਏਕਾ ਘਾੜਨ ਘੜ, ਏਕਾ ਰੰਗ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਆਪ ਉਠਾਇੰਦਾ । ਸ਼ਬਦ ਉਠਾਇਆ ਕਿਰਪਾ ਨਿਧ, ਭੇਵ ਕਿਸੇ ਨਾ ਆਇਆ । ਆਪਣਾ ਕਾਰਜ ਕਰੇ ਸਿਧ, ਕਰਤਾ ਪੁਰਖ ਖੇਲ ਖਿਲਾਇਆ । ਨਿਰਗੁਣ ਰਚੀ ਆਪਣੀ ਬਿਧ, ਨਾਤਾ ਬਿਧਾਤਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਲਏ ਤਰਾਇਆ । ਵਿਸ਼ਨ ਉਪਾਇਆ ਕਿਰਪਾ ਧਾਰ, ਆਪ ਆਪਣੀ ਕਲ ਧਰਾਇਆ । ਸ਼ੰਕਰ ਕਰਿਆ ਇਕ ਪਿਆਰ, ਇਕ ਇਕੱਲਾ ਖੇਲ ਖਿਲਾਇਆ । ਏਕਾ ਅੱਖਰ ਕਰ ਤਿਆਰ, ਨਿਸ਼ਅੱਖਰ ਕਰੇ ਪੜ੍ਹਾਈਆ । ਚਾਰੇ ਕੁੰਟ ਪਾਵੇ ਸਾਰ, ਦਿਵਸ ਰਾਤ ਘੜੀ ਪਲ ਵੰਡ ਵੰਡਾਈਆ । ਵਿਸ਼ਨੂੰ ਦੇਵੇ ਏਕਾ ਦਾਤ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਬ੍ਰਹਮੇ ਸੁਣਾਈ ਸਾਚੀ ਗਾਥ, ਚਾਰ ਲੱਖ ਚਾਰ ਵੇਦ ਕਰੇ ਪੜ੍ਹਾਈਆ । ਸ਼ੰਕਰ ਉਤਾਰੇ ਏਕਾ ਘਾਟ, ਹਰਿ ਕੇ ਪੌੜੇ ਆਪ ਚੜ੍ਹਾਈਆ । ਨਿਰਗੁਣ ਨਿਰਗੁਣ ਨਿਰਗੁਣ ਬਣੇ ਖੇਵਟ ਖੇਟ, ਸਾਚਾ ਬੇੜਾ ਵੇਖ ਵਖਾਈਆ । ਲੇਖਾ ਜਾਣੇ ਮਾਤ ਪਿਤ ਬੇਟੀ ਬੇਟ, ਭੇਵ ਅਭੇਦਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਖਾਈਆ । ਸਾਚੀ ਵਸਤ ਹਰਿ ਕਰਤਾਰ, ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਏਕਾ ਗੁਣ ਦੋਏ ਵਰਤਾਰ, ਨਿਰਗੁਣ ਭੇਵ ਕੋਈ ਨਾ ਪਾਇੰਦਾ । ਸ਼ਬਦ ਅਨਾਦੀ ਨਾਦ ਬੋਲ ਜੈਕਾਰ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ । ਬੋਧ ਅਗਾਧੀ ਖੇਲ ਅਪਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤ੍ਰੈਗੁਣ ਮਾਇਆ ਆਪਣੇ ਰੰਗ ਰੰਗਾਇਆ । ਤ੍ਰੈਗੁਣ ਮਾਇਆ ਭਿਖਿਆ ਪਾ, ਰਜੋ ਤਮੋ ਸਤੋ ਵੇਖ ਵਖਾਇੰਦਾ । ਵਿਸ਼ਨੂੰ ਵਿਸ਼ਵ ਰੂਪ ਦਰਸਾ, ਸਾਂਤਕ ਸਤਿ ਸਤਿ ਝੋਲੀ ਪਾਇੰਦਾ । ਬ੍ਰਹਮੇ ਬ੍ਰਹਮ ਰੂਪ ਧਰਾ, ਆਪ ਆਪਣੇ ਰੰਗ ਰੰਗਾਇੰਦਾ । ਸ਼ੰਕਰ ਲੇਖਾ ਰਿਹਾ ਵਖਾ, ਅੰਤ ਭਗਵੰਤ ਖੇਲ ਖਿਲਾਇੰਦਾ । ਏਕਾ ਹੁਕਮ ਦਏ ਵਰਤਾ, ਹੁਕਮੀ ਹੁਕਮ ਆਪ ਸੁਣਾਇੰਦਾ । ਸਾਚੀ ਸਿਖ਼ਿਆ ਸਚ ਸਮਝਾ, ਸਾਖ਼ਯਾਤ ਆਪ ਭਵਾਇੰਦਾ । ਸਵਛ ਸਰੂਪੀ ਰੂਪ ਪਰਗਟਾ, ਰੂਪ ਅਨੂਪ ਆਪ ਧਰਾਇੰਦਾ । ਨਿਰਗੁਣ ਬਣ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਵਿਸ਼ਨੂੰ ਵੇਖੇ ਨੈਣ ਉਠਾ, ਪੁਰਖ ਅਬਿਨਾਸ਼ੀ ਨਜ਼ਰੀ ਆਇੰਦਾ । ਦੋਏ ਜੋੜ ਰਿਹਾ ਸੀਸ ਝੁਕਾ, ਚਰਨ ਕਵਲ ਧਿਆਨ ਲਗਾਇੰਦਾ । ਅੱਠੇ ਨੇਤਰ ਵੇਖ ਵਖਾ, ਚਾਰੇ ਵੇਦ ਮੁਖ ਸਲਾਹਿੰਦਾ । ਸ਼ੰਕਰ ਸੁੰਨ ਸਮਾਧ ਖੁਲ੍ਹਾ, ਕਵਣ ਨੈਣ ਡਗਮਗਾਇੰਦਾ । ਆਤਮ ਅੰਤਰ ਏਕਾ ਰੰਗ ਰੰਗਾ, ਰਸ ਰਸ ਆਪ ਹੋ ਜਾਇੰਦਾ । ਪੁਰਖ ਅਬਿਨਾਸ਼ੀ ਦੇਵੇ ਸਚ ਸਲਾਹ, ਤਿੰਨਾਂ ਏਕਾ ਗੁਣ ਵਖਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਖੇਲ ਬ੍ਰਹਿਮਾਦਿ, ਪਾਰਬ੍ਰਹਮ ਪ੍ਰਭ ਆਪ ਉਪਾਇੰਦਾ । ਪਾਰਬ੍ਰਹਮ ਪ੍ਰਭ ਖੇਲ ਖਿਲਾਇਆ, ਵਿਸ਼ਨ ਆਪਣੀ ਧਾਰ ਚਲਾਈਆ । ਬ੍ਰਹਮ ਰੂਪ ਪਾਰਬ੍ਰਹਮ ਪਰਗਟਾਇਆ, ਹਰਿ ਦਰ ਵੱਜੀ ਵਧਾਈਆ । ਸ਼ੰਕਰ ਖੇਲ ਆਪ ਖਲਾਇਆ, ਖੇਲਣਹਾਰ ਦਿਸ ਨਾ ਆਈਆ । ਏਕਾ ਮਾਤ ਗੋਦ ਬਹਾਇਆ, ਤ੍ਰੈ ਚੇਲੇ ਲਏ ਜਣਾਈਆ । ਜਾਗਰਤ ਜੋਤ ਕਰ ਰੁਸ਼ਨਾਇਆ, ਨੂਰੋ ਨੂਰ ਦਰਸਾਈਆ । ਧੁਨ ਨਾਦ ਨਾਦ ਵਜਾਇਆ, ਆਤਮਕ ਧੁਨ ਕਰੇ ਸ਼ਨਵਾਈਆ । ਸਚ ਸੁਨੇਹੜਾ ਇਕ ਅਲਾਇਆ, ਧੁਰ ਦੀ ਬਾਣੀ ਸ਼ਬਦ ਅਲਾਈਆ । ਤ੍ਰੈਗੁਣ ਮਾਇਆ ਵੰਡ ਵੰਡਾਇਆ, ਸਾਚੀ ਵਸਤ ਹੱਥ ਫੜਾਈਆ । ਲੱਖ ਚੁਰਾਸੀ ਘਾੜਨ ਘੜਿਆ, ਜੀਵ ਜੰਤ ਵੰਡ ਵੰਡਾਈਆ । ਉਤਭੁਜ ਸੇਤਜ ਆਪੇ ਵਰਨਾ, ਜੇਰਜ ਅੰਡ ਮੇਲ ਮਿਲਾਈਆ । ਪੰਜ ਤਤ ਸੁਹਾਏ ਦਰਨਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੋਭਾ ਪਾਈਆ । ਮਨ ਮਤ ਬੁਧ ਆਪੇ ਘੜਨਾ, ਸਚ ਠਠਿਆਰਾ ਸੱਚਾ ਸ਼ਹਿਨਸ਼ਾਹੀਆ । ਨੌਂ ਦਵਾਰੇ ਖੋਲ੍ਹੇ ਦਰਨਾ, ਜਗਤ ਵਾਸਨਾ ਵਿਚ ਟਿਕਾਈਆ । ਅੰਦਰ ਰੱਖੇ ਹਰਨਾ ਫ਼ਰਨਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਰਚਨ ਰਚਾਈਆ । ਲੱਖ ਚੁਰਾਸੀ ਭਾਂਡਾ ਘੜਨਾ, ਪੁਰਖ ਅਬਿਨਾਸ਼ੀ ਆਪ ਸਮਝਾਇੰਦਾ । ਨਿਰਗੁਣ ਸਰਗੁਣ ਅੰਦਰ ਵੜਨਾ, ਆਪਣਾ ਮੰਦਰ ਆਪ ਰਖਾਇੰਦਾ । ਆਪਣੀ ਕਰਨੀ ਆਪੇ ਕਰਨਾ, ਕਰਤਾ ਪੁਰਖ ਖੇਲ ਖਿਲਾਇੰਦਾ । ਆਪਣੀ ਧਰਨੀ ਸੋਹੇ ਧਰਨਾ, ਧਰਤ ਧਵਲ ਜਲ ਬਿੰਬ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਆਪ ਉਪਾਇਆ, ਘੜ ਭਾਂਡੇ ਵੇਖ ਵਖਾਈਆ । ਨਿਰਾਕਾਰ ਸਾਕਾਰ ਰੂਪ ਪਰਗਟਾਇਆ, ਨਿਰਗੁਣ ਸਰਗੁਣ ਮੇਲ ਮਿਲਾਈਆ । ਕਾਇਆ ਮੰਦਰ ਇਕ ਬਣਾਇਆ, ਨੌਂ ਦਵਾਰੇ ਤਾਕ ਖੁਲਾਈਆ । ਘਰ ਵਿਚ ਘਰ ਰਿਹਾ ਸੁਹਾਇਆ, ਦਿਸ ਕਿਸੇ ਨਾ ਆਈਆ । ਨੌਂ ਦਵਾਰੇ ਪੰਧ ਮੁਕਾਇਆ, ਆਪਣਾ ਮਾਰਗ ਲਏ ਉਪਾਈਆ । ਸੁਖਮਨ ਟੇਢੀ ਬੰਕ ਪਾਰ ਕਰਾਇਆ, ਈੜਾ ਪਿੰਗਲ ਢੇਰੀ ਢਾਹੀਆ । ਆਤਮ ਸਰੋਵਰ ਲਏ ਨੁਹਾਇਆ, ਨਿਝਰ ਝਿਰਨਾ ਆਪ ਝਿਰਾਈਆ । ਭਰ ਪਿਆਲਾ ਜਾਮ ਪਿਆਇਆ, ਪਿਆਵਣਹਾਰਾ ਸਾਚਾ ਮਾਹੀਆ । ਜੋਤ ਨਿਰੰਜਣ ਕਰ ਰੁਸ਼ਨਾਇਆ, ਅੰਧ ਅੰਧੇਰ ਦਏ ਮਿਟਾਈਆ । ਬਜਰ ਕਪਾਟੀ ਤੋੜ ਤੁੜਾਇਆ, ਦੂਈ ਦਵੈਤੀ ਦਏ ਮਿਟਾਈਆ । ਪੰਚ ਵਿਕਾਰਾ ਸੱਥਰ ਰਿਹਾ ਵਿਛਾਇਆ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਆਸਾ ਤ੍ਰਿਸ਼ਨਾ ਦਏ ਖਪਾਇਆ, ਹਉਮੇ ਹੰਗਤਾ ਗੜ੍ਹ ਰਹਿਣ ਨਾ ਪਾਈਆ । ਬ੍ਰਹਮ ਮੰਗਤਾ ਪਾਰਬ੍ਰਹਮ ਬਣਾਇਆ, ਨਿਉਂ ਨਿਉਂ ਸੀਸ ਰਿਹਾ ਝੁਕਾਈਆ । ਸਾਚਾ ਬਰਦਾ ਸ਼ਬਦ ਅਖਵਾਇਆ, ਘਰ ਮੰਦਰ ਸੋਭਾ ਪਾਈਆ । ਅਨਹਦ ਧੁਨ ਨਾਦ ਵਜਾਇਆ, ਅਨਾਹਤ ਆਪਣੀ ਖੇਲ ਖਿਲਾਈਆ । ਆਪੇ ਸਖ਼ੀਆਂ ਮਿਲ ਮਿਲ ਮੰਗਲ ਗਾਇਆ, ਆਪੇ ਪੰਚਮ ਵੇਖੇ ਚਾਈਂ ਚਾਈਆ । ਆਪੇ ਬੈਠਾ ਮੁਖ ਛੁਪਾਇਆ, ਨੇਤਰ ਨੈਣ ਰਹੇ ਸ਼ਰਮਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਪੰਜ ਤਤ ਵੱਜੇ ਵਧਾਈਆ । ਬ੍ਰਹਮ ਤੇਰੀ ਸੇਵ ਲਗਾਇਆ, ਈਸ਼ ਜੀਵ ਰੰਗ ਰੰਗਾਈਆ । ਜਗਤ ਜਗਦੀਸ਼ ਹੋਏ ਸਹਾਇਆ, ਆਪ ਆਪਣਾ ਬੰਧਨ ਪਾਈਆ । ਰਥ ਰਥਵਾਹੀ ਬੇਪਰਵਾਹਿਆ, ਦੋ ਜਹਾਨਾ ਆਪ ਚਲਾਈਆ । ਸਾਚੀ ਗਾਥਾ ਦਏ ਜਣਾਇਆ, ਆਪਣਾ ਨਾਉਂ ਲਏ ਪਰਗਟਾਈਆ । ਸਰਬ ਕਲ ਸਮਰਾਥਾ ਆਪ ਅਖਵਾਇਆ, ਸਮਰਥ ਪੁਰਖ ਭੇਵ ਨਾ ਰਾਈਆ । ਲੱਖ ਚੁਰਾਸੀ ਵਿਚੋਂ ਮਾਨਸ

ਮਨੁਖ ਕਰੇ ਵਖ, ਆਪ ਆਪਣੀ ਬੂਝ ਬੁਝਾਇਆ । ਸ਼ਬਦ ਸਰੂਪੀ ਮਾਰਗ ਦੱਸ, ਗੁਰ ਗੁਰ ਆਪਣਾ ਰੂਪ ਧਰਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਨੱਸ ਨੱਸ, ਜੇਰਜ ਅੰਡਜ ਪੰਧ ਮੁਕਾਇਆ । ਆਪਣੇ ਹਿਰਦੇ ਆਪੇ ਵਸ ਵਸ, ਹਰਿਜਨ ਸਾਚੇ ਲਏ ਸਮਝਾਇਆ । ਆਪਣਾ ਤੀਰ ਨਿਰਾਲਾ ਮਾਰੇ ਕਸ, ਤਿਖੀ ਮੁਖੀ ਨਾ ਕੋਈ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਭਾਂਡਾ ਘੜ, ਘਟ ਘਟ ਆਪਣਾ ਨੂਰ ਦਰਸਾਇਆ । ਘਟ ਘਟ ਹਰਿ ਜੋਤ ਜਗਾ, ਦੀਵਾ ਬਾਤੀ ਇਕ ਵਖਾਈਆ । ਨਿਰਗੁਣ ਸਰਗੁਣ ਕਰ ਰੁਸ਼ਨਾ, ਨਿਰਵੈਰ ਵੇਖ ਵਖਾਈਆ । ਮੂਰਤ ਅਕਾਲ ਆਪ ਧਰਾ, ਪੁਰਖ ਅਕਾਲ ਵੱਡੀ ਵਡਿਆਈਆ । ਦੀਨ ਦਿਆਲ ਬਣੇ ਪਿਤਾ ਮਾਂ, ਸ੍ਰਿਸ਼ਟ ਸਬਾਈ ਲੇਖਾ ਰਿਹਾ ਲਿਖਾਈਆ । ਵਿਸ਼ਨੂੰ ਤੇਰੀ ਪਕੜੇ ਬਾਂਹ, ਦੇਵੇ ਰਿਜ਼ਕ ਸਬਾਈਆ । ਬ੍ਰਹਮਾ ਤੇਰਾ ਬੰਸ ਸੁਹਾ, ਬ੍ਰਹਮ ਘਰ ਘਰ ਜੋਤ ਜਗਾਈਆ । ਸ਼ੰਕਰ ਤੇਰੀ ਤ੍ਰਸੂਲ ਵੇਖੇ ਥਾਉਂ ਥਾਂ, ਜੋ ਘੜਿਆ ਭੰਨ ਵਖਾਈਆ । ਆਦਿ ਅੰਤ ਆਪਣੇ ਹੱਥ ਰੱਖੇ ਨਿਆਂ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਬਿਨ ਹਰਿ ਜੂ ਸਕੇ ਨਾ ਕੋਈ ਛੁਡਾ, ਲੱਖ ਚੁਰਾਸੀ ਆਪਣਾ ਬੰਧਨ ਪਾਈਆ । ਸ਼ਬਦ ਡੋਰੀ ਗੰਢ ਰਖਾ, ਦੋ ਜਹਾਨ ਨਾ ਸਕੇ ਕੋਈ ਖੁਲ੍ਹਾਈਆ । ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਰਚਨਾ ਆਪ ਰਚਾ, ਨਿਰਗੁਣ ਸਰਗੁਣ ਬਣੇ ਮਲਾਹੀਆ । ਪੰਜ ਤਤ ਕਾਇਆ ਮਾਟੀ ਕਾਚਾ ਭਾਂਡਾ ਰਿਹਾ ਸਮਾ, ਵਸਤ ਥਾਰ ਆਪਣੀ ਆਪ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾ, ਏਕਾ ਮਾਰਗ ਪਾਈਆ । ਲੋਕਮਾਤ ਧਰਨੀ ਧਰਤ ਧਵਲ ਦਏ ਸੁਹਾ, ਨੌ ਨੌ ਆਪਣੀ ਵੰਡ ਵੰਡਾਈਆ । ਸਤਿ ਸਤਿ ਗੇੜਾ ਆਪ ਦਵਾ, ਸਤਿ ਸਤਿਵਾਦੀ ਰਚਨ ਰਚਾਈਆ । ਬ੍ਰਹਿਮੰਡ ਖੰਡ ਖੇੜਾ ਲਿਆ ਵਸਾ, ਸੋਭਾਵੰਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪੇ ਰਿਹਾ ਕਰਾਈਆ । ਆਪਣੀ ਵੰਡੇ ਹਰਿ ਹਰਿ ਵੰਡ, ਸਾਚਾ ਖੰਡਾ ਨਾਮ ਉਠਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਸੁਣਾਏ ਸੁਹਾਗੀ ਛੰਦ, ਨਾਉਂ ਨਿਰੰਕਾਰਾ ਆਪ ਉਪਾਇਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਇਆ । ਚਾਰੇ ਵੇਦ ਗਾਇਆ ਏਕਾ ਬੰਦ, ਬੰਦੀਖ਼ਾਨਾ ਆਪ ਸੁਹਾਇਆ । ਆਪਣੇ ਅੰਦਰ ਰੱਖਿਆ ਆਪਣਾ ਪਰਮਾਨੰਦ, ਪਾਰਬ੍ਰਹਮ ਸੱਚੀ ਸਰਨਾਇਆ । ਬ੍ਰਹਮ ਬਖ਼ਸ਼ੇ ਨਿਜਾਨੰਦ, ਨਿਝ ਘਰ ਸਾਚੇ ਸੋਭਾ ਪਾਇਆ । ਨਿਝ ਮੰਦਰ ਚਾੜ੍ਹੇ ਆਪਣਾ ਰੰਗ, ਰੰਗ ਮਜੀਠੀ ਇਕ ਵਖਾਇਆ । ਆਪੇ ਢਾਏ ਦਵੈਤੀ ਕੰਧ, ਦਰ ਦਰਵਾਜ਼ਾ ਦਏ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੰਡਣਹਾਰਾ ਆਪ ਹੋ ਜਾਇਆ । ਵੰਡ ਵੰਡਾਏ ਅਗੰਮ ਅਪਾਰ, ਚਾਰ ਵੇਦ ਭੇਵ ਨਾ ਰਾਈਆ । ਬ੍ਰਹਮਾ ਚਾਰੇ ਮੁਖ ਕਰੇ ਪੁਕਾਰ, ਉਚੀ ਕੂਕੇ ਦਏ ਦੁਹਾਈਆ । ਤੂੰ ਸਾਹਿਬ ਸੱਚਾ ਸੁਲਤਾਨ ਵਡ ਮਿਹਰਵਾਨ, ਤੇਰਾ ਭੇਵ ਕੋਇ ਨਾ ਪਾਈਆ । ਹਉਂ ਯਾਚਕ ਮੰਗੇ ਦਾਨ, ਢਹਿ ਪਿਆ ਸਰਨਾਈਆ । ਜੁਗ ਜੁਗ ਰੱਖਣੀ ਆਪਣੀ ਆਣ, ਸਿਰ ਆਪਣਾ ਹੱਥ ਟਿਕਾਈਆ । ਆਦਿ ਅੰਤ ਮੇਰੀ ਕਰਨੀ ਇਕ ਪਛਾਣ, ਹਉਂ ਪੂਤ ਸਪੂਤਾ ਧੂੜੀ ਖ਼ਾਕ ਰਿਹਾ ਰਮਾਈਆ । ਤੇਰਾ ਸ਼ਬਦ ਮੇਰਾ ਫ਼ਰਮਾਣ, ਤੇਰਾ ਨਾਮ ਮੇਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਬੇਪਰਵਾਹੀਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਤਤ ਸਮਝਾਇੰਦਾ । ਬ੍ਰਹਮ ਰੂਪ ਪ੍ਰਭ ਲਏ ਪਰਗਟਾ, ਪਾਰਬ੍ਰਹਮ ਖੇਲ ਖਿਲਾਇੰਦਾ । ਲੱਖ ਚੁਰਾਸੀ ਵਿਚ ਸਮਾ, ਘਟ ਘਟ ਆਪਣੀ ਜੋਤ ਜਗਾਇੰਦਾ । ਪੁਰੀਆਂ

ਲੋਆਂ ਬ੍ਰਹਿਮੰਡਾਂ ਖੰਡਾਂ ਪ੍ਰਿਥਮੀ ਅਕਾਸ਼ ਰਿਹਾ ਸੁਹਾ, ਗਗਨ ਗਗਨੰਤਰ ਸੋਭਾ ਪਾਇੰਦਾ । ਰਵ ਸਸ ਜੋਤ ਚਮਕਾ, ਨੂਰੋ ਨੂਰ ਡਗਮਗਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਰ ਪਸਾਰਾ, ਆਪੇ ਵੇਖੇ ਏਕੰਕਾਰਾ, ਨਿਰੰਕਾਰਾ ਆਪਣੀ ਧਾਰ ਚਲਾਇੰਦਾ ।
ਸਾਚੀ ਧਾਰ ਹਰਿ ਨਿਰੰਕਾਰ, ਨਿਰਗੁਣ ਦਾਤਾ ਆਪ ਚਲਾਈਆ । ਵਿਸ਼ਨੂੰ ਕਰਿਆ ਸੇਵਾਦਾਰ, ਸਾਚੀ ਸੇਵਾ ਆਪ ਸਮਝਾਈਆ । ਬ੍ਰਹਮੇ ਕਰੇ
ਬ੍ਰਹਮ ਪਸਾਰ, ਪਾਰਬ੍ਰਹਮ ਵੇਖੇ ਚਾਈਂ ਚਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਦਏ ਵਡਿਆਈਆ ।
ਚਾਰ ਜੁਗ ਆਵੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਖੇਲ ਖਿਲਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਪੰਜ ਤਤ ਕਾਇਆ
ਚੋਲਾ ਆਪ ਹੰਢਾਈਆ । ਆਪੇ ਬਣੇ ਗੁਰ ਪੀਰ ਅਵਤਾਰ, ਭਗਤ ਭਗਵੰਤ ਆਪ ਅਖਵਾਈਆ । ਆਪੇ ਸਾਚੇ ਸੰਤ ਕਰੇ ਪਿਆਰ, ਸਤਿਗੁਰ
ਪੂਰਾ ਹੋਏ ਸਹਾਈਆ । ਆਪੇ ਨਾਰੀ ਕੰਤ ਰੰਗ ਰਲੀਆ ਮਾਣੇ ਸੇਜ ਭਤਾਰ, ਭਸਮੜ ਆਪਣਾ ਭੋਗੀ ਭੋਗ ਲਗਾਈਆ । ਆਪੇ ਸੁਤਾ ਰਹੇ ਪੈਰ
ਪਸਾਰ, ਦਿਸ ਕਿਸੇ ਨਾ ਆਈਆ । ਆਪੇ ਪਰਗਟ ਹੋਵੇ ਵਿਚ ਸੰਸਾਰ, ਜੋਤੀ ਜਾਤਾ ਰੂਪ ਵਟਾਈਆ । ਆਪੇ ਤੋੜੇ ਗੜ੍ਹ ਹੰਕਾਰ, ਖ਼ਿਮਾਂ ਗ਼ਰੀਬੀ
ਆਪੇ ਵੇਖ ਵਖਾਈਆ । ਆਪੇ ਅੰਮ੍ਰਿਤ ਮੇਘ ਬਰਸੇ ਠੰਡਾ ਠਾਰ, ਆਪੇ ਅਗਨ ਤਤ ਜਲਾਈਆ । ਆਪੇ ਸਤਿਜੁਗ ਸਾਚੇ ਲਏ ਅਵਤਾਰ, ਵਾਰ
ਅਠਾਰਾਂ ਖੇਲ ਖਿਲਾਈਆ । ਆਪੇ ਤ੍ਰੇਤਾ ਕਰਿਆ ਪਾਰ, ਦੋਏ ਦੋਏ ਆਪਣਾ ਰੰਗ ਰੰਗਾਈਆ । ਆਪੇ ਰਾਮ ਰਾਮ ਕਰ ਪਸਾਰ, ਆਪੇ ਰਾਮ ਰਾਮ
 ਵੇਖੇ ਥਾਉਂ ਥਾਈਆ । ਆਪੇ ਦੁਆਪਰ ਕਰ ਸ਼ੰਗਾਰ, ਆਪਣਾ ਰੂਪ ਅਨੂਪ ਪਰਗਟਾਈਆ । ਆਪੇ ਸਖ਼ੀਆਂ ਮੰਗਲਚਾਰ, ਆਪੇ ਰਾਸ ਰਚਾਈਆ । ੧੧੮੦
ਆਪੇ ਰਥ ਰਥਵਾਹੀ ਬਣ ਸੰਸਾਰ, ਮਹਾਂਸਾਰਥੀ ਆਪ ਅਖਵਾਈਆ । ਆਪੇ ਗ਼ਰੀਬ ਨਿਮਾਣੇ ਜਾਏ ਤਾਰ, ਆਪ ਆਪਣਾ ਮੇਲ ਮਿਲਾਈਆ ।
ਜੁਗਾ ਜੁਗੰਤਰ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਹੋਏ ਆਪ ਉਜਿਆਰ, ਨਿਰਗੁਣ ਸਰਗੁਣ ਮੇਲ ਮਿਲਾਈਆ ।
ਏਕਾ ਸ਼ਬਦ ਨਾਉਂ ਜੈਕਾਰ, ਕਲਮੀ ਕਲਮਾ ਆਪ ਪੜ੍ਹਾਈਆ । ਕਾਇਨਾਤ ਵੇਖੇ ਮਾਰ ਧਿਆਨ, ਨੌ ਸਤ ਫੇਰਾ ਪਾਈਆ । ਈਸਾ ਮੂਸਾ ਇਕ
ਨਿਸ਼ਾਨ, ਧੁਰ ਫ਼ਰਮਾਣ ਆਪ ਸਮਝਾਈਆ । ਸੰਗ ਮੁਹੰਮਦ ਵਡ ਮਿਹਰਵਾਨ, ਚਾਰ ਯਾਰੀ ਯਾਰ ਨਿਭਾਈਆ । ਏਕਾ ਦੇਵੇ ਧੁਰ ਫ਼ਰਮਾਣ,
ਅੰਜੀਲ ਕੁਰਾਨਾ ਆਪੇ ਗਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਅਲਾਹੀ ਡਗਮਗਾਈਆ । ਮੁਕਾਮੇ ਹੱਕ ਸਾਂਝਾ ਯਾਰ, ਐਨਲਹਕ
ਰਾਹ ਤਕਾਈਆ । ਪੀਰ ਪੈਗ਼ੰਬਰ ਦਸਤਗੀਰ ਪਾਵੇ ਸਾਰ, ਲਾਸ਼ਰੀਕ ਇਕ ਖ਼ੁਦਾਈਆ । ਮੁਲਾਂ ਸ਼ੇਖ਼ ਮਸਾਇਕ ਜਾਏ ਤਾਰ, ਜੋ ਜਨ ਸਯਦਾ
ਸੀਸ ਰਹੇ ਝੁਕਾਈਆ । ਸਚ ਮਸੱਲਾ ਕਰ ਤਿਆਰ, ਅਰਸ਼ ਕੁਰਸ਼ ਆਪ ਵਿਛਾਈਆ । ਏਕਾ ਕਲਮਾ ਕਰ ਉਜਿਆਰ, ਉਚੀ ਕੂਕ ਦਏ ਸੁਣਾਈਆ ।
ਹਕ ਹਕੀਕਤ ਕਰੇ ਵਿਚਾਰ, ਸ਼ਰਅ ਸ਼ਰੀਅਤ ਇਕ ਵਖਾਈਆ । ਆਪੇ ਸਤ ਨੌ ਵਸਿਆ ਬਾਹਰ, ਨੂਰੀ ਜਲਵਾ ਨੂਰ ਅਲਾਹੀਆ । ਦਰਗਹਿ
ਸਾਚੀ ਧਾਮ ਅਪਾਰ, ਧੁਰ ਦਰਗਾਹੀ ਬੈਠਾ ਆਸਣ ਲਾਈਆ । ਚੌਦਾਂ ਤਬਕਾਂ ਕਰੇ ਵਿਚਾਰ, ਆਪਣੇ ਚਰਨਾ ਹੇਠ ਦਬਾਈਆ । ਪੁਰਖ ਅਬਿਨਾਸ਼ੀ
ਖੇਲ ਅਪਾਰ, ਜੁਗ ਜੁਗ ਕਰੇ ਖੇਲ ਬੇਪਰਵਾਹੀਆ । ਸ਼ਬਦ ਗੁਰ ਹੋ ਤਿਆਰ, ਲੋਕਮਾਤ ਲਏ ਅੰਗੜਾਈਆ । ਲੱਖ ਚੁਰਾਸੀ ਪਾਵੇ ਸਾਰ, ਭੁੱਲ
ਰਹੇ ਨਾ ਰਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਸਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ । ਨਾਨਕ ਚੋਲਾ ਕਰ ਤਿਆਰ, ਪਾਰਬ੍ਰਹਮ

੧੧੮੧
੦੯

ਪ੍ਰਭ ਆਪਣੀ ਸੇਜ ਵਿਛਾਈਆ । ਪੁਰਖ ਅਬਿਨਾਸ਼ੀ ਮੇਲ ਮਿਲਾਇਆ ਕੰਤ ਭਤਾਰ, ਸਾਚੀ ਸਖ਼ੀਆਂ ਮੰਗਲ ਗਾਈਆ । ਸਚਖੰਡ ਸੁਹਾਇਆ ਇਕ
ਦੁਆਰ, ਦਰ ਦਰਵਾਜਾ ਆਪ ਖੁਲ੍ਹਾਈਆ । ਬੰਕ ਦਵਾਰਾ ਖੋਲ੍ਹ ਕਿਵਾੜ, ਥਿਰ ਘਰ ਬੈਠਾ ਆਸਣ ਲਾਈਆ । ਨਿਰਗੁਣ ਮਿਲਿਆ ਨਿਰਗੁਣ
ਕਰ ਪਿਆਰ, ਨਿਰਗੁਣ ਗੁਰ ਨਿਰਗੁਣ ਸਰਕਾਰ, ਸਤਿਗੁਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਜੁਗਾ ਜੁਗੰਤਰ ਸਾਚਾ ਹਰਿ, ਲੋਕਮਾਤ ਦਏ ਵਡਿਆਈਆ । ਨਿਰਗੁਣ ਨਾਨਕ ਨਿਰਗੁਣ ਮਿਲਾਇਆ, ਏਕਾ ਘਰ ਵੱਜੀ ਵਧਾਈਆ । ਪੁਰਖ
ਅਬਿਨਾਸ਼ੀ ਦਰਸ਼ਨ ਪਾਇਆ, ਏਕਾ ਨੈਣ ਵੇਖੇ ਚਾਈਂ ਚਾਈਆ । ਆਪ ਆਪਣੀ ਹਰਸ ਮਿਟਾਇਆ, ਹਵਸ ਹੋਰ ਨਾ ਕੋਈ ਰਖਾਈਆ । ਦੋਏ
ਜੋੜ ਸੀਸ ਝੁਕਾਇਆ, ਪੁਰਖ ਅਕਾਲ ਤੇਰੀ ਸਰਨਾਈਆ । ਤੇਰਾ ਮੇਰਾ ਭੇਵ ਨਾ ਰਾਇਆ, ਸੋਹੰ ਰੂਪ ਇਕ ਦਰਸਾਈਆ । ਹੰ ਬ੍ਰਹਮ ਪਾਰਬ੍ਰਹਮ
ਸਮਾਇਆ, ਨਾਨਕ ਲਿਖਿਆ ਲੇਖਾ ਆਪ ਮੁਕਾਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ
ਵਰ, ਦਰ ਘਰ ਸਾਚਾ ਸਹਿਜ ਸੁਭਾਈਆ । ਨਾਨਕ ਮਿਲਿਆ ਪਾਰਬ੍ਰਹਮ, ਏਕਾ ਰੰਗ ਸਮਾਇਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ
ਨਾ ਫੇਰਾ ਪਾਇਆ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਚਿੰਤਾ ਦੁਖ ਨਾ ਕੋਈ ਵਖਾਇਆ । ਹੱਡ ਮਾਸ ਨਾ ਦਿਸੇ ਚੰਮ, ਪੰਜ ਤਤ ਨਾ ਕੋਈ ਵਖਾਇਆ ।
ਤ੍ਰੈਗੁਣ ਮਾਇਆ ਨਾ ਤ੍ਰਿਸ਼ਨਾ ਤਮ, ਏਕਾ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ
ਵਰ, ਸਾਚਾ ਮੰਤਰ ਇਕ ਦ੍ਰਿੜਾਇਆ । ਸਾਚਾ ਮੰਤਰ ਸਤਿ ਨਾਮ, ਹਰਿ ਹਰਿ ਨਾਨਕ ਝੋਲੀ ਪਾਇੰਦਾ । ਨਾਨਕ ਨਿਰਗੁਣ ਕਰੇ ਪਰਨਾਮ,
ਨਿਉਂ ਨਿਉਂ ਸੀਸ ਝੁਕਾਇੰਦਾ । ਕਾਇਆ ਖੇੜਾ ਵੇਖਿਆ ਇਕ ਗਰਾਮ, ਸਾਚੇ ਮੰਦਰ ਸੋਭਾ ਪਾਇੰਦਾ । ਦੋ ਜਹਾਨਾਂ ਵਾਲੀ ਮਿਲਿਆ ਮਾਣ, ਲੋਕਮਾਤ
ਆਪ ਵਡਿਆਇੰਦਾ । ਸ਼ਬਦ ਲਗਾਇਆ ਨਿਰਾਲਾ ਬਾਣ, ਅਨਿਆਲਾ ਤੀਰ ਆਪ ਚਲਾਇੰਦਾ । ਨਾਨਕ ਨਿਰੰਕਾਰ ਬੈਠ ਇਕ ਬਬਾਨ, ਕਾਇਆ
ਬਬਾਨ ਆਪ ਉਡਾਇੰਦਾ । ਪੁਰਖ ਅਬਿਨਾਸ਼ੀ ਦੇਵੇ ਧੁਰ ਫ਼ਰਮਾਣ, ਬੋਧ ਅਗਾਧੀ ਸ਼ਬਦ ਸੁਣਾਇੰਦਾ । ਚਾਰ ਵਰਨ ਰਖੌਣਾ ਏਕਾ ਮਾਣ, ਊਚ
ਨੀਚ ਨਾ ਵੰਡ ਵੰਡਾਇੰਦਾ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਣਾ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਸਤਿਨਾਮ ਕਰੇ
ਪਰਧਾਨ, ਲੋਕਮਾਤ ਧਰਾਇੰਦਾ । ਜੋ ਜਨ ਰਸਨਾ ਜਿਹਵਾ ਗਾਣ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਏਕਾ ਜੋਤ ਹਰਿ ਹਰਿ ਧਾਰ, ਵਰਨ ਗੋਤ ਨਾ ਕੋਈ ਵਖਾਈਆ । ਨਾਨਕ ਮਿਲਿਆ
ਹਰਿ ਨਿਰੰਕਾਰ, ਵਿਛੜ ਕਦੇ ਨਾ ਜਾਈਆ । ਅੰਗਦ ਕਰਿਆ ਅੰਗੀਕਾਰ, ਲਹਿਣਾ ਲਹਿਣੈ ਝੋਲੀ ਪਾਈਆ । ਅਮਰੂ ਅਮਰਾ ਪਦ ਪਾਇਆ
ਇਕ ਘਰ ਬਾਰ, ਅਮਰ ਅਮਰ ਸਦਾ ਸਹਿਜ ਸੁਖਦਾਈਆ । ਰਾਮ ਦਾਸ ਦਾਸ ਹੋ ਉਜਿਆਰ, ਘਰ ਮੰਦਰ ਵਡ ਵਡਿਆਈਆ । ਗੁਰੂ ਅਰਜਨ
ਬਣ ਲਿਖਾਰ, ਬੋਧ ਅਗਾਧ ਸ਼ਬਦ ਜਣਾਈਆ । ਗੁਰੂ ਗ੍ਰੰਥ ਗੁਰ ਕਰ ਤਿਆਰ, ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਸੰਤ ਭਗਤ ਭਗਵੰਤ
ਸੋਹਿਣ ਇਕ ਦਵਾਰ, ਇਕਵੰਜਾ ਬਵੰਜਾ ਧਾਰ ਆਪ ਚਲਾਈਆ । ਪੈਂਤੀਸ ਅੱਖਰ ਕਰ ਵਿਚਾਰ ਸਤਾਰਾਂ ਅੱਖਰ ਆਪਣੇ ਵਿਚ ਛੁਪਾਈਆ । ਬਾਵਨ
ਅੱਖਰੀ ਨਿਰਾਕਾਰ, ਨਿਰੰਕਾਰ ਕਰ ਪੜ੍ਹਾਈਆ । ਸ੍ਰਿਸ਼ਟ ਸਬਾਈ ਉਚੀ ਕੂਕ ਗਿਆ ਪੁਕਾਰ, ਗੁਰ ਸ਼ਬਦ ਦਏ ਗਵਾਹੀਆ । ਕਲਜੁਗ ਅੰਤਮ

ਆਏ ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਨਕ ਲੇਖਾ ਲੇਖ ਅਪਾਰ, ਬਾਲੇ ਜੱਟ ਗਿਆ ਸਮਝਾਈਆ । ਗੁਰ ਗੋਬਿੰਦ ਜੋਧਾ ਸੂਰਬੀਰ ਬਲੀ ਬਲਕਾਰ, ਏਕਾ ਜੋਤੀ ਦਸ ਦਸ ਰੂਪ ਕਰੇ ਰੁਸ਼ਨਾਈਆ । ਸਾਚਾ ਖੰਡਾ ਫੜ ਕਟਾਰ, ਨਾਮ ਚੰਡੀ ਦਏ ਚਮਕਾਈਆ । ਭੇਖ ਪਖੰਡੀ ਮਾਰੇ ਮਾਰ, ਸਾਚੀ ਡੰਡੀ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਕਰੇ ਸਾਚਾ ਹਰਿ, ਹਰਿ ਕਾ ਭੇਵ ਕੋਈ ਨਾ ਪਾਈਆ । ਨਾਨਕ ਨਿਰਗੁਣ ਬਣ ਲਿਖਾਰਾ, ਵੇਲਾ ਅੰਤ ਗਿਆ ਸਮਝਾਈਆ । ਗੁਰ ਅਰਜਨ ਉਚੀ ਬੋਲ ਦਏ ਲਲਕਾਰਾ, ਗੁਰੂ ਗ੍ਰੰਥ ਦਏ ਗਵਾਹੀਆ । ਗੁਰ ਗੋਬਿੰਦ ਆਪਣਾ ਵਰਤੇ ਸਚ ਵਰਤਾਰਾ, ਅਭੁੱਲ ਗੁਰ ਇਕ ਅਖਵਾਈਆ । ਕਲਜੁਗ ਅੰਤਮ ਉਤਰੇ ਪਾਰ ਕਿਨਾਰਾ, ਲੱਖ ਚਾਰ ਆਯੂ ਬੀਤੇ ਨਾ ਬੱਤੀ ਹਜ਼ਾਰਾ, ਅਧ ਵਿਚਕਾਰ ਤੋੜ ਤੁੜਾਈਆ । ਲੱਖ ਚੁਰਾਸੀ ਕੁਕਰਮਾਂ ਮਾਰੇ ਮਾਰਾ, ਨੇਹਕਰਮੀ ਦਏ ਸਜਾਈਆ । ਪਰਗਟ ਹੋਵੇ ਜੋਧਾ ਸੂਰਬੀਰ ਬਲੀ ਬਲਕਾਰਾ, ਬਲ ਬਾਵਨ ਰੂਪ ਧਰਾਈਆ । ਮੇਟ ਮਿਟਾਏ ਅੰਧ ਅੰਧਿਆਰਾ, ਜੂਠ ਝੂਠ ਰਹਿਣ ਨਾ ਪਾਈਆ । ਨਿਹਕਲੰਕ ਨਰਾਇਣ ਸੱਚੀ ਸਰਕਾਰਾ, ਪੁਰਖ ਅਕਾਲ ਇਕ ਅਖਵਾਈਆ । ਸਾਚਾ ਧਾਮ ਕਰੇ ਉਜਿਆਰਾ, ਸੰਬਲ ਨਗਰ ਦਏ ਵਡਿਆਈਆ । ਉਚੇ ਪਰਬਤ ਚੋਟੀ ਚੜ੍ਹ ਬੋਲੇ ਜੈਕਾਰਾ, ਪੂਤ ਸਪੂਤਾ ਬ੍ਰਹਿਮਣ ਗੌੜਾ ਨਾਉਂ ਧਰਾਈਆ । ਸਤਿਜੁਗ ਸਤਿ ਸਤਿ ਕਰੇ ਵਰਤਾਰਾ, ਚਾਰ ਵਰਨਾਂ ਕਰੇ ਪੜ੍ਹਾਈਆ । ਏਕਾ ਫ਼ਤਹਿ ਬੋਲ ਜੈਕਾਰਾ, ਸਾਚਾ ਡੰਕਾ ਦਏ ਸੁਣਾਈਆ । ਵਾਹ ਵਾਹ ਗੁਰੂ ਜੋਧਾ ਬੀਰ ਬਲੀ ਬਲਕਾਰਾ, ਸੂਰਬੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਕਰਨਹਾਰ ਕਰਤਾਰ । ਜਨ ਭਗਤਾਂ ਫੜਾਏ ਆਪਣਾ ਪੱਲੜਾ, ਨਿਰਗੁਣ ਸਰਗੁਣ ਪਾਵੇ ਸਾਰ । ਮਾਰਗ ਦੱਸੇ ਇਕ ਸੁਖ਼ਲੜਾ, ਚਰਨ ਕਵਲ ਸੱਚਾ ਪਿਆਰ । ਸੁਰਤੀ ਸ਼ਬਦੀ ਆਪੇ ਰਲੜਾ, ਆਤਮ ਬ੍ਰਹਮ ਦਏ ਅਧਾਰ । ਈਸ਼ ਜੀਵ ਫੜਾਏ ਪੱਲੜਾ, ਛੁੱਟ ਨਾ ਜਾਏ ਵਿਚ ਸੰਸਾਰ । ਦਰ ਦਰਵਾਜ਼ੇ ਅੱਗੇ ਆਪੇ ਖਲੜਾ, ਜੋ ਜਨ ਹਰਿ ਹਰਿ ਰਿਹਾ ਉਚਾਰ । ਮਾਟੀ ਖ਼ਾਕ ਕਦੇ ਨਾ ਰੁਲੜਾ, ਪਾਕੀ ਪਾਕ ਕਰੇ ਪਰਵਰਦਿਗਾਰ । ਅਗਨੀ ਹਵਨ ਕਦੇ ਨਾ ਬਲੜਾ, ਜਿਸ ਮਿਲਿਆ ਹਰਿ ਨਿਰੰਕਾਰ । ਆਦਿ ਜੁਗਾਦਿ ਸ਼ਬਦ ਬ੍ਰਿਹਮਾਦਿ ਸਚ ਸੰਦੇਸ਼ਾ ਏਕਾ ਘਲੜਾ, ਧੁਰ ਦੀ ਬਾਣੀ ਸਾਚੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿਨ ਅੰਤਾ ਹਰਿ ਭਗਵੰਤਾ, ਜੁਗਾ ਜੁਗੰਤਾ ਜਾਣੇ ਆਪਣੀ ਕਾਰ । ਜੁਗ ਜੁਗ ਕਾਰ ਕਮਾਇੰਦਾ, ਕਰਤਾ ਪੁਰਖ ਹਰਿ ਨਿਰੰਕਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਆਏ ਅੰਤਮ ਵਾਰ । ਗੁਰ ਗੋਬਿੰਦ ਖੇਲ ਖਿਲਾਇੰਦਾ, ਵੇਦ ਵਿਆਸਾ ਕਰੇ ਪਿਆਰ । ਨਿਹਕਲੰਕਾ ਨਾਉਂ ਧਰਾਇੰਦਾ, ਨਿਰਗੁਣ ਜੋਤ ਜੋਤ ਉਜਿਆਰ । ਸ਼ਬਦ ਡੰਕਾ ਇਕ ਵਜਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਸ਼ਾਹ ਸੁਲਤਾਨਾ ਖ਼ਾਕ ਮਿਲਾਇੰਦਾ, ਦਰ ਦਿਸੇ ਨਾ ਕੋਈ ਚੋਬਦਾਰ । ਚਾਰ ਵਰਨ ਏਕਾ ਰੰਗ ਰੰਗਾਇੰਦਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਵਖਾਏ ਸੱਚਾ ਦਰਬਾਰ । ਪੁਰਖ ਅਕਾਲ ਏਕਾ ਇਸ਼ਟ ਮਨਾਇੰਦਾ, ਗੁਰ ਸ਼ਬਦ ਕਰੇ ਪਿਆਰ । ਕਲਜੁਗ ਕੂੜਾ ਮੇਟ ਮਿਟਾਇੰਦਾ, ਰੈਣ ਅੰਧੇਰੀ ਰਹੇ ਨਾ ਧੂਆਂਧਾਰ । ਸਤਿਗੁਰ ਸਾਚਾ ਚੰਦ ਆਪ ਚੜ੍ਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾਂ ਜੁਗੰਤਰ ਖੇਲ ਕਰ, ਹਰਿਜਨ ਸੱਜਣ ਲਏ ਉਭਾਰ । ਗੁਰਮੁਖ ਆਪ ਉਠਾਇੰਦਾ, ਸਤਿਗੁਰ ਪੂਰਾ ਸਦ ਮਿਹਰਵਾਨ । ਗੁਰਮੁਖ

੧੧੮੩
੦੯

ਆਪਣੇ ਅੰਗ ਲਗਾਇੰਦਾ, ਅੰਗੀਕਾਰ ਕਰੇ ਭਗਵਾਨ । ਸੰਤ ਸਾਚੇ ਵੇਖ ਵਖਾਇੰਦਾ, ਅੰਤਰ ਆਤਮ ਦੇਵੇ ਬ੍ਰਹਮ ਗਿਆਨ । ਭਗਤ ਭਗਵੰਤ ਮੇਲ ਮਿਲਾਇੰਦਾ, ਇਕ ਵਖਾਏ ਸਚ ਨਿਸ਼ਾਨ । ਸਤਿ ਨਿਸ਼ਾਨਾ ਆਪ ਝੁਲਾਇੰਦਾ, ਦਰਗਾਹਿ ਸਾਚੀ ਹੋ ਮਿਹਰਵਾਨ । ਸਚਖੰਡ ਦਵਾਰੇ ਸੋਭਾ ਪਾਇੰਦਾ, ਗੁਰਮੁਖ ਤੇਰੇ ਚਰਨਾ ਹੇਠ ਦਬਾਏ ਜ਼ਿਮੀ ਅਸਮਾਨ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਰਾਹ ਤਕਾਇੰਦਾ, ਜਿਸ ਜਨ ਹੋਇਆ ਆਪ ਮਿਹਰਵਾਨ । ਜੁਗ ਜੁਗ ਵਿਛੜੇ ਮੇਲ ਮਿਲਾਇੰਦਾ, ਪੂਰਬ ਜਨਮਾਂ ਕਰ ਪਛਾਣ । ਸ੍ਰਿਸ਼ਟ ਸਬਾਈ ਲੇਖਾ ਆਪ ਵਖਾਇੰਦਾ, ਏਕਾ ਓਟ ਸ੍ਰੀ ਭਗਵਾਨ । ਲੱਖ ਚੁਰਾਸੀ ਖੇੜਾ ਭੱਠ ਕਰਾਇੰਦਾ, ਅੰਤ ਦਿਸੇ ਨਾ ਕੋਈ ਨਿਸ਼ਾਨ । ਗੁਰਮੁਖ ਸਾਚੇ ਸਾਚੇ ਧਾਮ ਬਹਾਇੰਦਾ, ਦਰਗਹਿ ਸਾਚੀ ਕਰ ਪਰਵਾਨ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਨਿਰਗੁਣ ਸਰਗੁਣ ਕਰ ਪਛਾਣ । ਕਾਗੋਂ ਹੰਸ ਆਪ ਬਣਾਇੰਦਾ, ਜਿਸ ਜਨ ਦੇਵੇ ਨਾਮ ਦਾਨ । ਸੋਹੰ ਹੰਸਾ ਚੋਗ ਚੁਗਾਇੰਦਾ, ਦਰਗਹਿ ਸਾਚੀ ਕਰੇ ਪਰਵਾਨ । ਕਾਗਦ ਕਲਮ ਭੇਵ ਨਾ ਆਇੰਦਾ, ਸੱਤ ਸਮੁੰਦਰ ਮਸ ਹੋਈ ਹੈਰਾਨ । ਸਪਤ ਲੇਖਾ ਨਾ ਕੋਈ ਵਖਾਇੰਦਾ, ਅਠਾਰਾਂ ਭਾਰ ਤੋਲੇ ਨਾ ਕੋਈ ਆਣ । ਨਾਨਕ ਨਿਰਗੁਣ ਬਹਿ ਬਹਿ ਸਮਝਾਇੰਦਾ, ਬਿਨ ਗੁਰ ਸ਼ਬਦ ਨਾ ਦੀਸੇ ਕੋਈ ਹੋਰ ਨਿਸ਼ਾਨ । ਮਨ ਇਛਿਆ ਮਨ ਹੀ ਵਿਚ ਰਖਾਇੰਦਾ, ਮਨ ਕੂਕੇ ਬੇਈਮਾਨ । ਮਨ ਜੋਤ ਰੂਪ ਪਰਗਟਾਇੰਦਾ, ਮਨ ਮਨ ਹੀ ਕਰੇ ਪਛਾਣ । ਮਨ ਸਤਿਗੁਰ ਪੂਰਾ ਆਪ ਸਮਝਾਇੰਦਾ, ਜਿਸ ਉਪਰ ਹੋਏ ਆਪ ਮਿਹਰਵਾਨ । ਮਨ ਪੰਖੀ ਉਡ ਨਾ ਦਹਿ ਦਿਸ ਧਾਇੰਦਾ, ਚਾਰ ਕੁੰਟ ਨਾ ਹੋਏ ਵੈਰਾਨ । ਆਸਾ ਆਸਾ ਵਿਚ ਰਖਾਇੰਦਾ, ਮਨਸਾ ਮਨਸਾ ਮਾਰੇ ਬਾਣ । ਮਨ ਮਨ ਮੇਟ ਮਿਟਾਇੰਦਾ, ਮਨ ਰਾਵਣ ਮਿਟੇ ਸ਼ੈਤਾਨ । ਏਕਾ ਨਾਮ ਕੋਟਨ ਕੋਟ ਸਹਿੰਸ ਸਹਿੰਸਾ ਆਪ ਤਰਾਇੰਦਾ, ਜਿਸ ਜਨ ਦੇਵੇ ਗੁਣ ਨਿਧਾਨ । ਗੁਰਮੁਖ ਵਿਰਲਾ ਝੋਲੀ ਪਾਇੰਦਾ, ਲੱਖ ਚੁਰਾਸੀ ਕਾਇਆ ਹੋਈ ਵੈਰਾਨ । ਸਾਚੇ ਹੱਟ ਸਚ ਵਣਜਾਰਾ ਕੋਈ ਨਾ ਜਾਇੰਦਾ, ਕਲਜੁਗ ਲੁੱਟੀ ਜਾਏ ਦੁਕਾਨ । ਮਨ ਮਤ ਬੁਧ ਜੀਵ ਜੰਤ ਸਰਬ ਕੁਰਲਾਇੰਦਾ, ਗੁਰ ਕਾ ਚਰਨ ਨਾ ਕੋਈ ਧਿਆਨ । ਨਾਨਕ ਗੋਬਿੰਦ ਦਰਸ ਨਾ ਕੋਈ ਪਾਇੰਦਾ, ਨਾਤਾ ਜੁੜਿਆ ਪੰਜ ਸ਼ੈਤਾਨ । ਮਾਇਆ ਪਰਦਾ ਨਾ ਕੋਈ ਉਠਾਇੰਦਾ, ਅੰਦਰ ਦਿਸੇ ਨਾ ਗੁਣ ਨਿਧਾਨ । ਸਾਚੀ ਸੇਜ ਨਾ ਕੋਈ ਸੁਹਾਇੰਦਾ, ਨਾਰੀ ਕੰਤ ਨਾ ਕਰੇ ਪਰਵਾਨ । ਵਿਭਚਾਰ ਸਰਬ ਦਰਸਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਪਛਾਣ । ਗੁਰਮੁਖ ਆਪ ਪਛਾਣਦਾ, ਜੁਗਾਂ ਜੁਗੰਤਰ ਸਾਚੀ ਕਾਰ । ਲੱਖ ਚੁਰਾਸੀ ਪੁਣ ਛਾਣਦਾ, ਪਾਰਬ੍ਰਹਮ ਪ੍ਰਭ ਸਾਂਝਾ ਯਾਰ । ਸੁਰਤੀ ਸ਼ਬਦੀ ਮੇਲਾ ਹਾਣੀ ਹਾਣਦਾ, ਹਰਿ ਮੰਦਰ ਕਰੇ ਪਿਆਰ । ਸ਼ਬਦ ਸੁਣੇ ਸੁਣਾਏ ਧੁਰ ਫ਼ਰਮਾਣ ਦਾ, ਅਗੰਮ ਅਗੰਮੜੀ ਕਰੇ ਕਾਰ । ਅਠਸਠ ਤੀਰਥ ਵਰੋਲ ਆਪੇ ਛਾਣਦਾ, ਬਣ ਸਤਿਗੁਰ ਪੂਰਾ ਅੰਮ੍ਰਿਤ ਕੋਈ ਨਾ ਦੇਵੇ ਠੰਡਾ ਠਾਰ । ਜ਼ਰਾ ਜ਼ਰਾ ਕਤਰਾ ਕਤਰਾ ਆਪਣਾ ਰੰਗ ਆਪੇ ਮਾਣਦਾ, ਆਪੇ ਅੰਦਰ ਆਪੇ ਬਾਹਰ । ਬ੍ਰਹਮ ਰੂਪ ਸ੍ਰੀ ਭਗਵਾਨ ਦਾ, ਪਾਰਬ੍ਰਹਮ ਕਰਿਆ ਖੇਲ ਨਿਰਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਅਵਤਾਰ, ਗੁਰ ਗੁਰ ਰੂਪ ਪਰਗਟੇ ਵਿਚ ਸੰਸਾਰ, ਕਲਜੁਗ ਅੰਤਮ ਕਰੇ ਖ਼ਵਾਰ, ਨਿਹਕਲੰਕਾ ਆਪਣਾ ਨਾਉਂ ਧਰਾਇੰਦਾ ।

## ✲ ੯ ਅੱਸੂ ੨੦੧੭ ਬਿਕਰਮੀ ਬੂਟਾ ਸਿੰਘ ਦੇ ਗ੍ਰਹਿ ਪਿੰਡ ਲੇਲੀਆ ਜ਼ਿਲਾ ਅੰਮ੍ਰਿਤਸਰ ✲

ਸੋ ਪੁਰਖ ਨਿਰੰਜਣ ਏਕਾ ਗਾਵਣਾ, ਆਦਿ ਜੁਗਾਦਿ ਸਮਾਏ । ਹਰਿ ਪੁਰਖ ਨਿਰੰਜਣ ਇਕ ਧਿਆਵਣਾ, ਜੁਗਾ ਜੁਗੰਤਰ ਖੇਲ ਖਲਾਏ । ਏਕੰਕਾਰਾ ਇਸ਼ਟ ਵਖਾਵਣਾ, ਜੂਨੀ ਰਹਿਤ ਬੇਪਰਵਾਹੇ । ਆਦਿ ਨਿਰੰਜਣ ਘਰ ਬਹਾਵਣਾ, ਗ੍ਰਹਿ ਮੰਦਰ ਕਰੇ ਰੁਸ਼ਨਾਏ । ਸ੍ਰੀ ਭਗਵਾਨ ਤਖ਼ਤ ਸੁਹਾਵਣਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੇ । ਅਬਿਨਾਸ਼ੀ ਕਰਤਾ ਹੁਕਮ ਵਰਤਾਵਣਾ, ਸਦ ਭਾਣੇ ਰਿਹਾ ਸਮਾਏ । ਪਾਰਬ੍ਰਹਮ ਪ੍ਰਭ ਭੇਵ ਖੁਲਾਵਣਾ, ਨਿਰਗੁਣ ਨੂਰ ਕਰੇ ਰੁਸ਼ਨਾਏ । ਸਚਖੰਡ ਦਵਾਰਾ ਇਕ ਸੁਹਾਵਣਾ, ਥਿਰ ਘਰ ਸਾਚਾ ਵੇਖ ਵਖਾਏ । ਸ਼ਾਹੋ ਭੂਪ ਆਪਣਾ ਰੰਗ ਰੰਗਾਵਣਾ, ਦੂਸਰ ਮੰਗ ਨਾ ਕੋਈ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਏ । ਆਦਿ ਜੁਗਾਦੀ ਵਰਤੇ ਕਲ, ਅਕਲ ਕਲ ਆਪ ਅਖਵਾਈਆ । ਜੁਗਾ ਜੁਗੰਤਰ ਖੇਲੇ ਖੇਲ ਅਛਲ ਅਛੱਲ, ਪਾਰਬ੍ਰਹਮ ਵੱਡੀ ਵਡਿਆਈਆ । ਸਚ ਸਿੰਘਾਸਣ ਸੋਭਾਵੰਤ ਬੈਠਾ ਮੱਲ, ਦਰਗਹਿ ਸਾਚੀ ਧਾਮ ਸੁਹਾਈਆ । ਪਾਵੇ ਸਾਰ ਜਲ ਥਲ, ਜਲ ਥਲ ਮਹੀਅਲ ਆਪ ਸਮਾਈਆ । ਧਾਮ ਵਡਿਆਏ ਨੇਹਚਲ ਮਹੱਲ ਅਟੱਲ, ਉਚ ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਧੁਰ ਦਾ ਲੇਖਾ ਹਰਿ ਗੋਪਾਲ, ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ ਅਵੱਲੜੀ ਚਾਲ, ਨਿਰਗੁਣ ਨਿਰਵੈਰ ਆਪ ਚਲਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੰਗ ਰੰਗੀਲਾ ਰੰਗ ਰੰਗੇ ਏਕਾ ਲਾਲ, ਕੰਚਨ ਗੜ੍ਹ ਆਪ ਸੁਹਾਇੰਦਾ । ਸੂਹਾ ਵੇਸ ਕਰੇ ਸੱਚੀ ਧਰਮਸਾਲ, ਜੋਤ ਉਜਾਲਾ ਨੂਰ ਡਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਜੁਗ ਜੁਗ ਖੇਲ ਖਿਲਾਵਣਹਾਰਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਲੈ ਅਵਤਾਰਾ, ਗੁਰ ਸਤਿਗੁਰ ਰੂਪ ਵਟਾਇਆ । ਦੋ ਜਹਾਨਾ ਪਾਵੇ ਸਾਰਾ, ਜ਼ਿਮੀ ਅਸਮਾਨਾਂ ਵੇਖ ਵਖਾਇਆ । ਗਗਨ ਮੰਡਲ ਦਏ ਸਹਾਰਾ, ਪੁਰੀ ਲੋਆਂ ਕਰੇ ਰੁਸ਼ਨਾਇਆ । ਲੋਕਮਾਤ ਹੋ ਉਜਿਆਰਾ, ਪੰਜ ਤਤ ਮੇਲਾ ਸਹਿਜ ਸਭਾਇਆ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਧੁਰ ਦੀ ਬਾਣੀ ਆਪ ਅਲਾਇਆ । ਵਰਤੇ ਵਰਤਾਵੇ ਵਿਚ ਸੰਸਾਰਾ, ਨੌ ਸਤ ਆਪਣਾ ਫੇਰਾ ਪਾਇਆ । ਪਾਰਬ੍ਰਹਮ ਬ੍ਰਹਮ ਕਰੇ ਵਿਚਾਰਾ, ਆਪਣਾ ਮੇਲਾ ਮੇਲ ਮਿਲਾਇਆ । ਘਰ ਮੰਦਰ ਸੋਹੇ ਇਕ ਦਵਾਰਾ, ਗ੍ਰਹਿ ਸਾਚਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਪਾਇਆ । ਜੁਗ ਜੁਗ ਬੰਧਨ ਪਾਏ ਦੀਨਾ ਨਾਥ, ਦੀਨ ਦੁਨੀ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਚਲਾਏ ਰਾਥ, ਰਥ ਰਥਵਾਹੀ ਦਿਸ ਨਾ ਆਇੰਦਾ । ਨਾਤਾ ਬਿਧਾਤਾ ਧੁਰ ਫ਼ਰਮਾਣਾ ਜਪਾਏ ਪੂਜਾ ਪਾਠ, ਏਕਾ ਮੰਤਰ ਸਚ ਵਰਤਾਇੰਦਾ । ਜਗਤ ਵਣਜਾਰਾ ਖੋਲ੍ਹੇ ਹਾਟ, ਚੌਦਾਂ ਲੋਕ ਵੇਖ ਵਖਾਇੰਦਾ । ਸ਼ਬਦ ਸੁਣਾਏ ਸਚ ਸਲੋਕ, ਅੱਖਰ ਵੱਖਰ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਜੁਗਾ ਜੁਗੰਤਰ ਵੇਸ ਅਵੱਲਾ, ਨਿਰਗੁਣ ਸਰਗੁਣ ਵੇਖ ਵਖਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਅਕਲ ਕਲ ਆਪਣਾ ਰੂਪ ਵਟਾਈਆ । ਲੋਕਮਾਤ ਮਾਰ ਝਾਤ ਜਨ ਭਗਤਾਂ ਮੇਟੇ ਦੂਈ ਦਵੈਤੀ ਸਲਾ, ਸ੍ਰੀ ਭਗਵਾਨ ਬੀਠਲੋ ਆਪਣੀ ਦਇਆ ਆਪ ਕਮਾਈਆ । ਜੀਵ ਜੰਤ ਭੁਲਾਏ ਕਰ ਕਰ ਵਲ


੧੧੮੪

ਛਲਾ, ਅਛੱਲ ਅਛੱਲ ਖੇਲ ਖਿਲਾਈਆ । ਆਪਣੀ ਜੋਤੀ ਆਪੇ ਰਲਾ, ਆਪਣੇ ਹੱਥ ਰੱਖੀ ਵਡਿਆਈਆ । ਸਚ ਸੰਦੇਸ਼ ਧੁਰ ਨਰ ਨਰੇਸ਼ ਏਕਾ ਘੱਲਾ, ਘਰ ਘਰ ਦਰ ਦਰ ਆਤਮ ਅੰਤਰ ਕਰੇ ਪੜ੍ਹਾਈਆ । ਦੀਪਕ ਜੋਤੀ ਆਪੇ ਬਲਾ, ਪਰਕਾਸ਼ ਪਰਕਾਸ਼ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਬੇਪਰਵਾਹੀਆ । ਕਰਤਾ ਪੁਰਖ ਕਰਨ ਜੋਗ, ਆਦਿ ਜੁਗਾਦਿ ਖੇਲ ਖਿਲਾਇੰਦਾ । ਜਨ ਭਗਤਾਂ ਮਿਲਾਏ ਧੁਰ ਦਾ ਸੰਜੋਗ, ਧੁਰ ਦਾ ਲੇਖਾ ਵੇਖ ਵਖਾਇੰਦਾ । ਨਾਮ ਚੁਗਾਏ ਸਾਚੀ ਚੋਗ, ਆਤਮ ਰਸ ਇਕ ਵਖਾਇੰਦਾ । ਸ਼ਬਦ ਸੁਣਾਏ ਅਗੰਮੀ ਸਲੋਕ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਪੰਧ ਮੁਕਾਏ ਚੌਦਾਂ ਲੋਕ, ਆਪਣਾ ਮੰਦਰ ਆਪ ਸੁਹਾਇੰਦਾ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਈ ਵਖਾਇੰਦਾ । ਗੁਰਮੁਖਾਂ ਦੇਵੇ ਦਰਸ ਅਮੋਘ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਹਰਿ ਵੇਖਣਹਾਰਾ, ਆਦਿ ਜੁਗਾਦਿ ਦਇਆ ਕਮਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਪਾਵੇ ਸਾਰਾ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫੋਲ ਫੁਲਾਈਆ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਆਪਣੀ ਰਹਿਆ ਸੁਣਾਈਆ । ਚਾਰੇ ਜੁਗ ਵੇਖ ਪਸਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਲੇ ਚਾਈਂ ਚਾਈਆ । ਚਾਰ ਕੁੰਟ ਦਏ ਹੁਲਾਰਾ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਚੌਥੇ ਜੁਗ ਕਰ ਪਸਾਰਾ, ਨਿਰਗੁਣ ਨਿਰਗੁਣ ਬੈਠਾ ਆਸਣ ਲਾਈਆ । ਅੰਦਰ ਮੰਦਰ ਸੋਹੇ ਇਕ ਦਵਾਰਾ, ਹਰਿ ਮੰਦਰ ਆਪ ਵਡਿਆਈਆ । ਆਦਿ ਜੁਗਾਦਿ ਰਹੇ ਉਜਿਆਰਾ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਸਚਖੰਡ ਵਸੇ ਆਪ ਨਿਰੰਕਾਰਾ, ਨਿਰਗੁਣ ਆਪਣਾ ਨਾਉਂ ਧਰਾਈਆ । ਆਪੇ ਵਰਤੇ ਸਚ ਵਰਤਾਰਾ, ਦੂਸਰ ਭੇਵ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਸ੍ਰੀ ਭਗਵਾਨ, ਜਾਗਰਤ ਜੋਤ ਇਕ ਜਗਾਇੰਦਾ । ਦੋ ਜਹਾਨਾਂ ਉਠਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਲੋਆਂ ਪੁਰੀਆਂ ਹੋਏ ਨਿਗਹਬਾਨ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਪਰਖੇ ਜਾਣ, ਨਾਮ ਕਸਵਟੀ ਹੱਥ ਉਠਾਇੰਦਾ । ਸ਼ਬਦ ਜਣਾਏ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਅਲਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿ ਸੰਤ ਸਹੇਲੇ ਆਪ ਪਛਾਣ, ਧੁਰ ਦਾ ਮੇਲਾ ਮੇਲ ਮਿਲਾਇੰਦਾ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਧਿਆਨ, ਅੰਤਰ ਆਤਮ ਇਕ ਵਖਾਇੰਦਾ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਅਨਹਦ ਸ਼ਬਦ ਵਜਾਏ ਸੱਚੀ ਧੁਨਕਾਨ, ਨਾਦ ਅਨਾਦੀ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਹਰਿਜਨ ਸਾਚੇ ਲਏ ਉਭਾਰ, ਲਹਿਣਾ ਦੇਣਾ ਝੋਲੀ ਪਾਇੰਦਾ । ਹਰਿਜਨ ਸਾਚਾ ਉਭਾਰਿਆ, ਕਰ ਕਿਰਪਾ ਗੁਣ ਨਿਧਾਨ । ਏਕਾ ਮੰਤਰ ਨਾਮ ਦ੍ਰਿੜ੍ਹਾ ਰਿਹਾ, ਸ਼ਬਦ ਅਗੰਮੀ ਧੁਰ ਫ਼ਰਮਾਣ । ਸਾਚਾ ਮਾਰਗ ਇਕ ਵਖਾ ਲਿਆ, ਗੁਰ ਸਤਿਗੁਰ ਚਰਨ ਧਿਆਨ । ਦੀਨਾ ਨਾਥ ਦਇਆ ਕਮਾ ਲਿਆ, ਤਨ ਬਨ੍ਹੇ ਸਾਚਾ ਗਾਨ । ਮਸਤਕ ਟਿੱਕਾ ਇਕ ਲਗਾ ਲਿਆ, ਜੋਤ ਲਿਲਾਟ ਜਗੇ ਮਹਾਨ । ਭਾਂਡਾ ਭਰਮ ਭੌ ਭਨਾ ਲਿਆ, ਮਾਇਆ ਮਮਤਾ ਹਉਮੇ ਹੰਗਤਾ ਨਾਤਾ ਤੋੜੇ ਪੰਜ ਸ਼ੈਤਾਨ । ਸਾਚਾ ਮੰਦਰ ਇਕ ਸੁਹਾ ਲਿਆ, ਹਰਿਜਨ ਕਾਇਆ

ਬੰਕ ਮਕਾਨ । ਘਰ ਘਰ ਵਿਚ ਡੇਰਾ ਲਾ ਲਿਆ, ਚਤਰਭੁਜ ਹੋਏ ਨਿਗਹਬਾਨ । ਸਾਚੀ ਸੇਜਾ ਆਪ ਸੁਹਾ ਲਿਆ, ਆਤਮ ਬ੍ਰਹਮ ਕਰੇ ਪਛਾਣ । ਈਸ਼ ਜੀਵ ਵੇਖ ਵਖਾ ਲਿਆ, ਜਗਤ ਜਗਦੀਸ਼ ਹੋਏ ਮਿਹਰਵਾਨ । ਨਿਰਗੁਣ ਸਰਗੁਣ ਸੀਸ ਝੁਕਾ ਲਿਆ, ਸਰਗੁਣ ਨਿਰਗੁਣ ਕਰੇ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਦੇਵੇ ਸਾਚਾ ਦਾਨ । ਦਾਤਾ ਦਾਨੀ ਹਰਿ ਭਗਵੰਤ, ਦੂਸਰ ਅਵਰ ਨਾ ਕੋਇ ਵਡਿਆਈਆ । ਹਰਿਜਨ ਵੇਖੇ ਸਾਚੇ ਸੰਤ, ਸਤਿਗੁਰ ਪੂਰਾ ਸੱਚਾ ਸ਼ਹਿਨਸ਼ਾਹੀਆ । ਲੋਕਮਾਤ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਨਰ ਹਰਿ ਨਰਾਇਣ ਬਣੇ ਨਾਰੀ ਕੰਤ, ਹਰਿ ਜੂ ਹਰਿ ਮੰਦਰ ਸੋਭਾ ਪਾਈਆ । ਆਪ ਜਣਾਏ ਆਪਣਾ ਮੰਤ, ਏਕੰਕਾਰਾ ਕਰੇ ਪੜ੍ਹਾਈਆ । ਸ਼ਬਦ ਅਗੰਮੀ ਵਜਾਏ ਡੰਕ, ਤੁਰੀਆ ਨਾਦ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਹੋਏ ਸਹਾਈਆ । ਹਰਿਜਨ ਹਰਿ ਹਰਿ ਪਾਲਦਾ, ਆਦਿ ਜੁਗਾਦੀ ਕਾਰ । ਲੇਖਾ ਜਾਣੇ ਧੁਰ ਦਰਬਾਰ ਦਾ, ਧੁਰ ਦਰਗਾਹੀ ਮੀਤ ਮੁਰਾਰ । ਜੁਗ ਜੁਗ ਜਨ ਭਗਤਾਂ ਪੈਜ ਸਵਾਰਦਾ, ਨਿਰਗੁਣ ਸਰਗੁਣ ਲਏ ਅਵਤਾਰ । ਫੜ ਫੜ ਸਾਚੇ ਬੇੜੇ ਚਾੜਦਾ, ਨਾਮ ਬੇੜਾ ਕਰ ਤਿਆਰ । ਕਿਲਾ ਤੋੜ ਗੜ੍ਹ ਹੰਕਾਰ ਦਾ, ਸ਼ਬਦ ਖੰਡਾ ਏਕਾ ਮਾਰ । ਨਾਤਾ ਤੁੱਟੇ ਜਗਤ ਪਿਆਰ ਦਾ, ਸਤਿਗੁਰ ਮਿਲੇ ਸਾਚਾ ਯਾਰ । ਲੱਖ ਚੁਰਾਸੀ ਫੰਦ ਨਿਵਾਰਦਾ, ਜਮ ਕੀ ਫ਼ਾਸੀ ਲਾਹੇ ਗਲੋਂ ਹਾਰ । ਸ਼ਾਹੋ ਸ਼ਬਾਸ ਖੇਲ ਕਰੇ ਸੱਚੀ ਸਰਕਾਰ ਦਾ, ਤਖ਼ਤ ਨਿਵਾਸੀ ਏਕੰਕਾਰ । ਹਰਿਜਨ ਸਾਚੇ ਪੌੜੇ ਆਪੇ ਚਾੜ੍ਹਦਾ, ਹਰਿ ਮੰਦਰ ਖੋਲ੍ਹ ਕਿਵਾੜ । ਚੌਥਾ ਘਰ ਇਕ ਵਖਾਲਦਾ, ਤੀਜਾ ਨੈਣ ਹੋਏ ਉਜਿਆਰ । ਪੰਚਮ ਸ਼ਬਦ ਸੱਚੀ ਧੁਨਕਾਰ ਦਾ, ਧੁਨ ਉਪਜੇ ਅਨਹਦ ਧਾਰ । ਛੇਵੇਂ ਛੱਪਰ ਛੰਨ ਨਾ ਕੋਈ ਵਖਾਲਦਾ, ਨਿਰਗੁਣ ਬੈਠਾ ਸਚਖੰਡ ਸੱਚੇ ਦਵਾਰ । ਸਤਿ ਸਤਿਵਾਦੀ ਆਪਣਾ ਵੇਲਾ ਆਪ ਸੰਭਾਲਦਾ, ਥਿਤ ਵਾਰ ਨਾ ਜਾਣੇ ਕੋਈ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਕਰੇ ਪਿਆਰ । ਭਗਤ ਪਿਆਰਾ ਮੀਤੜਾ, ਸੋ ਪੁਰਖ ਨਿਰੰਜਣ ਗਹਿਰ ਗੰਭੀਰ । ਕਾਇਆ ਚੋਲੀ ਰੰਗੇ ਚੀਥੜਾ, ਤਨ ਕਰੇ ਠੰਡਾ ਸੀਰ । ਨਾਮ ਸੁਣਾਏ ਸੁਹਾਗੀ ਗੀਤੜਾ, ਹਉਮੇਂ ਬਿਰਹੋਂ ਕੱਢੇ ਪੀਰ । ਜੁਗ ਜੁਗ ਚਲਾਏ ਰੀਤੜਾ, ਲੇਖਾ ਜਾਣੇ ਆਦਿ ਅੰਤ ਅਖ਼ੀਰ । ਨਾ ਕੋਈ ਮੰਦਰ ਦੇਹੁਰਾ ਦਿਸੇ ਮਸੀਤੜਾ, ਘਟ ਘਟ ਅੰਦਰ ਵਸਿਆ ਪੀਰਨ ਪੀਰ । ਵੇਖਣਹਾਰਾ ਲੱਖ ਚੁਰਾਸੀ ਕੌੜਾ ਰੀਠੜਾ, ਅੰਮ੍ਰਿਤ ਬਖ਼ਸ਼ੇ ਸਾਚਾ ਨੀਰ । ਗੁਰਮੁਖ ਪਤਿਤ ਪਾਪੀ ਕਰੇ ਪੁਨੀਤੜਾ, ਨਾਮ ਬਸਤਰ ਪਹਿਨਾਏ ਸਾਚਾ ਚੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਦੇਵੇ ਸਾਚੀ ਧੀਰ । ਜਨ ਭਗਤਾਂ ਧੀਰ ਧਰਾਇੰਦਾ, ਨਾਥ ਅਨਾਥਾ ਹੋਇ ਸਹਾਏ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ, ਕਲਜੁਗ ਅੰਤਮ ਵੇਖ ਵਖਾਏ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਜੀਵ ਜੰਤ ਸਰਬ ਕੁਰਲਾਇੰਦਾ, ਦਿਵਸ ਰੈਣ ਰਿਹਾ ਬਿਲਲਾਏ । ਅੰਮ੍ਰਿਤ ਸੀਰ ਮੁਖ ਨਾ ਕੋਈ ਪਾਇੰਦਾ, ਅਗਨੀ ਤਤ ਨਾ ਕੋਈ ਬੁਝਾਏ । ਹਰਿ ਕਾ ਦਰਸ ਨਾ ਕੋਈ ਵਿਖਾਲਦਾ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਗਾਏ । ਨਾਤਾ ਤੋੜੇ ਨਾ ਕੋਈ ਜਗਤ ਜੰਜਾਲ ਦਾ, ਲੱਖ ਚੁਰਾਸੀ ਪੰਧ ਨਾ ਕੋਈ ਮੁਕਾਏ । ਲੇਖਾ ਚੁੱਕੇ ਨਾ ਸ਼ਾਹ ਕੰਗਾਲ ਦਾ, ਏਕਾ ਰੰਗ ਨਾ ਕੋਈ ਰੰਗਾਏ । ਚਾਰ ਵਰਨ ਸੁਰਤ ਨਾ ਕੋਈ ਸੰਭਾਲਦਾ, ਅਠਾਰਾਂ ਬਰਨ ਰਹੇ ਬਿਲਲਾਏ । ਸਾਚੇ ਮੰਦਰ ਨਾ ਕੋਈ ਬਹਾਲਦਾ, ਪੰਡਤ

ਪਾਂਧੇ ਜਗਤ ਮਹੱਲੇ ਟੱਲ ਰਹੇ ਖੜਕਾਏ । ਹਰਿ ਕਾ ਰੂਪ ਨਾ ਕੋਈ ਦਰਸਾਏ ਸਾਚੇ ਯਾਰ ਦਾ, ਸਾਚਾ ਸੱਥਰ ਹੇਠ ਨਾ ਕੋਈ ਵਿਛਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਆਪ ਮਿਲਾਏ । ਹਰਿਜਨ ਆਪ ਮਿਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਨਿਰਗੁਣ ਨਰਾਇਣ ਸੱਚੀ ਸਰਕਾਰ । ਸਚਖੰਡ ਨਿਵਾਸੀ ਵੇਸ ਵਟਾਇੰਦਾ, ਜੋਤੀ ਜਾਮਾ ਭੇਵ ਨਿਆਰ । ਘਨਕ ਪੁਰ ਵਾਸੀ ਖੇਲ ਖਿਲਾਇੰਦਾ, ਲੋਆਂ ਪੁਰੀਆਂ ਪਾਵੇ ਸਾਰ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਆਤਮ ਅੰਤਰ ਕਰ ਪਿਆਰ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਨਿਸ਼ਅੱਖਰ ਕਰੇ ਵਿਚਾਰ । ਸੋ ਪੁਰਖ ਨਿਰੰਜਣ ਦਇਆ ਕਮਾਇੰਦਾ, ਹੰ ਬ੍ਰਹਮ ਲਏ ਅਧਾਰ । ਦੋ ਜਹਾਨਾ ਵਿਚੋਲਾ ਆਪ ਅਖਵਾਇੰਦਾ, ਦਿਸ ਨਾ ਆਏ ਵਿਚ ਸੰਸਾਰ । ਆਪਣਾ ਚੋਲਾ ਆਪ ਬਦਲਾਇੰਦਾ, ਪੰਜ ਤਤ ਨਾ ਕੋਈ ਪਿਆਰ । ਗੁਰਮੁਖਾਂ ਪਰਦਾ ਓਹਲਾ ਆਪ ਉਠਾਇੰਦਾ, ਲੱਖ ਚੁਰਾਸੀ ਸੁੱਤੀ ਪੈਰ ਪਸਾਰ । ਹਰਿ ਕਾ ਭੇਵ ਕੋਈ ਨਾ ਪਾਇੰਦਾ, ਜੁਗਾ ਜੁਗੰਤਰ ਕਰੇ ਸਾਚੀ ਕਾਰ । ਗੁਰਮੁਖ ਸਾਚੇ ਵੇਖ ਵਖਾਇੰਦਾ, ਵੇਖਣਹਾਰਾ ਆਪ ਨਿਰੰਕਾਰ । ਜਿਸ ਸਿਰ ਆਪਣਾ ਹੱਥ ਟਿਕਾਇੰਦਾ, ਅੰਤਮ ਬੇੜਾ ਕਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਇਕ ਮਲਾਹ, ਜਨ ਭਗਤਾਂ ਦੇਵੇ ਸ਼ਬਦ ਸਲਾਹ, ਦੂਜਾ ਰਾਹ ਨਾ ਕੋਈ ਵਖਾਇੰਦਾ । ਸ਼ਬਦ ਸਲਾਹੀ ਆਪ ਕਰਤਾਰਾ, ਲੋਕਮਾਤ ਵੇਸ ਵਟਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਨਿਹਕਲੰਕੀ ਲੈ ਅਵਤਾਰਾ, ਅਕਲ ਕਲ ਰੂਪ ਪਰਗਟਾਈਆ । ਸ਼ਬਦ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਈਆ । ਭੇਖ ਪਖੰਡਾ ਕਰੇ ਪਾਰ ਕਿਨਾਰਾ, ਜੂਠ ਝੂਠ ਰਹਿਣ ਨਾ ਪਾਈਆ । ਮਾਨੁਸ ਮਾਨੁਖ ਗੰਦਾ ਫੜ ਫੜ ਮਾਰੇ ਮਾਰਾ, ਜਿਸ ਭੁੱਲਿਆ ਬੇਪਰਵਾਹੀਆ । ਏਕਾ ਸੁਹਾਗੀ ਛੰਦ ਗਾਏ ਆਪਣੀ ਵਾਰਾ, ਚਾਰ ਵਰਨ ਕਰੇ ਪੜ੍ਹਾਈਆ । ਦੂਈ ਦਵੈਤੀ ਪਾਰ ਕਿਨਾਰਾ, ਸ਼ਰਅ ਸ਼ਰੀਅਤ ਇਕ ਵਖਾਈਆ । ਚਾਰ ਵਰਨ ਸੋਹਿਣ ਇਕ ਦਵਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਸਤਿਜੁਗ ਸਾਚੇ ਕਰੇ ਸਤਿ ਵਿਹਾਰਾ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਲੇਖਾ ਆਪ ਮੁਕਾਈਆ । ਹਰਿਜਨ ਲੇਖਾ ਮੁਕਾਵਣਾ, ਪੂਰਬ ਕਰਮ ਵਿਚਾਰ । ਆਵਣ ਜਾਵਣ ਗੇੜ ਕਟਾਵਣਾ, ਰਾਏ ਧਰਮ ਨਾ ਕਰੇ ਖ਼ਵਾਰ । ਚਿਤਰ ਗੁਪਤ ਡੇਰਾ ਢਾਹਵਣਾ, ਲਾੜੀ ਮੌਤ ਨਾ ਕਰੇ ਪਿਆਰ । ਏਕਾ ਆਪਣਾ ਦਰਸ ਦਿਖਾਵਣਾ, ਸਵਛ ਸਰੂਪੀ ਪਰਗਟ ਹੋ ਹਰਿ ਨਿਰੰਕਾਰ । ਗੁਰਸਿਖ ਆਪਣੀ ਗੋਦ ਬਹਾਵਣਾ, ਸ਼ਬਦ ਬਿਬਾਣੇ ਦੇਵੇ ਚਾੜ੍ਹ । ਥਿਰ ਘਰ ਸਾਚੇ ਆਪ ਸੁਹਾਵਣਾ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਆਪਣੀ ਜੋਤ ਆਪ ਮਿਲਾਵਣਾ, ਜੋਤੀ ਜੋਤ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਹਰੀ ਹਰਿ ਆਪੇ ਫੜ, ਲੇਖਾ ਜਾਣੇ ਧੁਰ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਕਤ ਨਿੰਦਕ ਦੁਸ਼ਟ ਦੁਰਾਚਾਰ ਦੋ ਜਹਾਨੀ ਕਰੇ ਖ਼ਵਾਰ ।

## ✻ ੨੦੧੭ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਪਿੰਡ ਲੋਪੇ ਜ਼ਿਲਾ ਅੰਮ੍ਰਿਤਸਰ ✻

ਹਰਿਜਨ ਕੀਮਤ ਹਰਿ ਹਰਿ ਪਾਇੰਦਾ, ਹਰੀ ਹਰਿ ਮੰਦਰ ਵੇਖ ਦਵਾਰ । ਲੱਖ ਚੁਰਾਸੀ ਮੁਲ ਨਾ ਕੋਈ ਰਖਾਇੰਦਾ, ਜੂਨ ਅਜੂਨੀ ਜਾਏ ਹਾਰ । ਗੁਰਮੁਖ ਲੇਖਾ ਲੇਖੇ ਪਾਇੰਦਾ, ਧੁਰ ਦਰਗਾਹੀ ਖੇਲ ਖੇਲਣਹਾਰ । ਮਨਮੁਖ ਜੀਵ ਸਰਬ ਕੁਰਲਾਇੰਦਾ, ਜਨਮ ਜੂਏ ਬਾਜ਼ੀ ਹਾਰ । ਗੁਰਮੁਖ ਦਿਵਸ ਰੈਣ ਬਿਲਲਾਇੰਦਾ, ਗੁਰ ਦਰਸਨ ਨੇਤਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਰਿ ਜੂ ਜਾਏ ਤਾਰ । ਕਰਤਾ ਕੀਮਤ ਪਾਈਆ, ਗੁਣ ਅਵਗੁਣ ਨਾ ਕੋਈ ਜਣਾਏ । ਲੱਖ ਕ੍ਰੋੜੀ ਮੁਲ ਨਾ ਕੋਈ ਚੁਕਾਈਆ, ਮਾਣਕ ਮੋਤੀ ਸਾਚੇ ਹੱਟ ਵਿਕਾਏ । ਏਕਾ ਖੰਡਾ ਹੱਥ ਉਠਾਈਆ, ਸਾਚਾ ਤੋਲਾ ਬੇਪਰਵਾਹੇ । ਲੋਆਂ ਪੁਰੀਆਂ ਵੰਡ ਵੰਡਾਈਆ, ਲੱਖ ਚੁਰਾਸੀ ਹਿਸਾ ਪਾਏ । ਗੁਰਮੁਖ ਸਾਚੇ ਸੱਜਣ ਵਰੋਲ ਬਾਹਰ ਕਢਾਈਆ, ਨਾਮ ਨਿਧਾਨਾ ਇਕ ਰਖਾਏ । ਹਰਿਜਨ ਅਤੋਲ ਅਤੁਲ ਤੋਲ ਸਕੇ ਨਾ ਕੋਈ ਰਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਥਾਉਂ ਥਾਏਂ । ਸਾਚੀ ਕੀਮਤ ਕਰਤਾ ਆਪੇ ਪਾ, ਆਪਣੇ ਹੱਟ ਵਿਕਾਇੰਦਾ । ਆਪਣੇ ਦਰ ਲਏ ਬਹਾ, ਦਰ ਘਰ ਸਾਚਾ ਆਪ ਸੁਹਾਇੰਦਾ । ਸਚ ਬਿਬਾਣੇ ਲਏ ਚੜ੍ਹਾ, ਦੋ ਜਹਾਨਾ ਆਪ ਦੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਦਾ ਸਲਾਹਿੰਦਾ । ਕੀਮਤ ਕਰਤਾ ਪਾਇੰਦਾ, ਗੁਰ ਕਰਤਾ ਗਹਿਰ ਗੰਭੀਰ । ਦੋ ਜਹਾਨਾ ਮੁਲ ਚੁਕਾਇੰਦਾ, ਏਥੇ ਉਥੇ ਚੁੱਕੇ ਭੀੜ ।
੧੧੯੮ ਸਾਚੇ ਕੰਡੇ ਆਪ ਤੁਲਾਇੰਦਾ, ਚੋਟੀ ਚਾੜ੍ਹੇ ਫੜ ਅਖ਼ੀਰ । ਲਾਲ ਅਨਮੁਲੜਾ ਆਪਣੇ ਹੱਥ ਰਖਾਇੰਦਾ, ਸ਼ਹਿਨਸ਼ਾਹ ਵਡ ਪੀਰਨ ਪੀਰ । ਦੂਸਰ ੧੧੯੮
ਹੱਥ ਨਾ ਕੋਈ ਲਗਾਇੰਦਾ, ਏਕੰਕਾਰਾ ਏਕਾ ਵਾਰਾ ਕੱਟੇ ਜੰਜੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਬੰਨੇ ਬੀੜ । ਪਾਏ ਕੀਮਤ ਹਰਿ ਭਗਵਾਨ, ਅਮੋਲ ਅਮੁਲ ਬੇਪਰਵਾਹੀਆ । ਦਰ ਘਰ ਵਖਾਏ ਸਚ ਨਿਸ਼ਾਨ, ਸਚ ਦਵਾਰਾ ਇਕ ਵਖਾਈਆ । ਗੁਰਮੁਖ ਬਣਾਏ ਚਤਰ ਸੁਜਾਨ, ਚਾਤ੍ਰਿਕ ਤ੍ਰਿਖਾ ਆਪ ਬੁਝਾਈਆ । ਨਾਮ ਨਿਧਾਨਾ ਦੇਵੇ ਗੁਣ ਨਿਧਾਨ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਲੇਖਾ ਲੇਖੇ ਪਾਈਆ । ਕੀਮਤ ਪਾਏ ਗਹਿਰ ਗੰਭੀਰਾ, ਗੁਣ ਅਵਗੁਣ ਨਾ ਕੋਈ ਜਣਾਇੰਦਾ । ਲੱਖ ਚੁਰਾਸੀ ਝੂਠੇ ਹੱਟ ਵਕਾਏ ਕੀਮਤ ਕਸੀਰਾ, ਸਾਚਾ ਵਣਜ ਨਾ ਕੋਈ ਕਰਾਇੰਦਾ । ਗੁਰਮੁਖ ਵਿਰਲੇ ਚਰਨ ਚਰਨੋਦਕ ਬਖ਼ਸ਼ੇ ਸਾਚਾ ਅੰਮ੍ਰਿਤ ਸੀਰਾ, ਸਾਂਤਕ ਸਤਿ ਸਤਿ ਕਰਾਇੰਦਾ । ਆਵਣ ਜਾਵਣ ਕੱਟੇ ਭੀੜਾ, ਵਾਸ ਨਿਵਾਸਾ ਗਰਭ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਪਾਰ ਕਰਾਇਆ, ਕਰ ਕਿਰਪਾ ਗੁਣ ਨਿਧਾਨ । ਗੁਰਮੁਖ ਮੁਖ ਸਲਾਹਿਆ, ਦੇਵੇ ਨਾਮ ਨਿਧਾਨ । ਸਾਚੇ ਮਾਰਗ ਆਪੇ ਲਾਇਆ, ਪਾਵਣਹਾਰਾ ਵਾਲੀ ਦੋ ਜਹਾਨ । ਸਾਚਾ ਰਾਗ ਇਕ ਅਲਾਇਆ, ਦੀਨ ਦੁਨੀ ਹੋਏ ਹੈਰਾਨ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਪਾਰਬ੍ਰਹਮ ਬ੍ਰਹਮ ਕਰੇ ਪਛਾਣ । ਸਾਚੇ ਮੰਦਰ ਆਪ ਸੁਹਾਇਆ, ਡੂੰਘੀ ਕੰਦਰ ਨੂਰ ਮਹਾਨ । ਤ੍ਰੈ ਤ੍ਰੈ ਜੰਦਰ ਆਪ ਤੁੜਾਇਆ, ਮਨ ਬੰਦਰ ਨਾ ਭਵੇ ਸ਼ੈਤਾਨ । ਅੰਦਰੇ ਅੰਦਰ ਮੇਲ ਮਿਲਾਇਆ, ਆਤਮ ਬ੍ਰਹਮ ਬਖ਼ਸ਼ੇ ਸਚ ਗਿਆਨ । ਗੁਰਮੁਖ ਸਾਚੇ ਲਏ ਉਠਾਇਆ, ਲੱਖ ਚੁਰਾਸੀ ਪੁਣ ਛਾਣ । ਬਾਲ ਨਿਮਾਣੇ ਗਲੇ ਲਗਾਇਆ, ਦੇਵਣਹਾਰਾ ਧੁਰ ਫ਼ਰਮਾਣ । ਸਾਚੇ ਪੌੜੇ ਆਪ ਚੜ੍ਹਾਇਆ, ਚੜ੍ਹ

੦੯

ਚੜ੍ਹ ਵੇਖੇ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਜੂ ਰੱਖੇ ਮਾਣ ਤਾਣ । ਮਾਣ ਨਿਮਾਣਿਆਂ ਆਪ ਪ੍ਰਭ, ਆਦਿ ਜੁਗਾਦਿ ਸਮਾਇਆ । ਗੁਰਮੁਖ ਸਾਚੇ ਸੱਜਣ ਲੱਭ, ਦਰ ਘਰ ਸਾਚੇ ਮੇਲ ਮਿਲਾਇਆ । ਅੰਮ੍ਰਿਤ ਪਿਆਏ ਆਤਮ ਮਦਿ, ਮਖਮੂਰੀ ਇਕ ਰਖਾਇਆ । ਸ਼ਬਦ ਵਜਾਏ ਨਾਦ ਅਨਹਦ, ਨਿਰਗੁਣ ਆਪਣੀ ਦਇਆ ਕਮਾਇਆ । ਲੱਖ ਚੁਰਾਸੀ ਵਿਚੋਂ ਕੱਢ, ਕਾਗ ਹੰਸਾਂ ਮੇਲ ਮਿਲਾਇਆ । ਪੰਚ ਵਿਕਾਰਾ ਦੇਵੇ ਬਧ, ਸ਼ਬਦ ਖੰਡਾ ਤੀਰ ਚਲਾਇਆ । ਵਿਸ਼ਨੂੰ ਵਿਸ਼ਨੂੰ ਵੇਖੇ ਯਦ, ਬੰਸ ਸਰਬੰਸਾ ਆਪ ਸੁਹਾਇਆ । ਲੱਖ ਚੁਰਾਸੀ ਕੂੜਾ ਭਾਰ ਰਹੀ ਲੱਦ, ਅੰਤ ਸੀਸ ਲਏ ਨਾ ਕੋਈ ਉਠਾਇਆ । ਗੁਰਸਿਖ ਸਤਿਗੁਰ ਪੂਰਾ ਅੰਤਮ ਆਪਣੇ ਘਰ ਲਏ ਸੱਦ, ਦਰਗਹਿ ਸਾਚੀ ਧਾਮ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਲਡਾਏ ਲਡ, ਲਾਡਲੇ ਸੁਤ ਗੁਰਮੁਖ ਆਪਣੀ ਗੋਦ ਬਹਾਇਆ ।

❊ ੯ ਅੱਸੂ ੨੦੧੭ ਬਿਕਰਮੀ ਪਿੰਡ ਕਾਉਂਕੇ ਜਿਲਾ ਅੰਮ੍ਰਿਤਸਰ ਅਵਤਾਰ ਸਿੰਘ ਦੇ ਘਰ ❊

ਸੋ ਪੁਰਖ ਨਿਰੰਜਨ ਸਾਚੇ ਘਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਨ ਏਕਾ ਹਰਿ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਏਕੰਕਾਰ ਖੋਲ੍ਹੇ ਆਪਣਾ ਦਰ ਥਿਰ ਘਰ ਸਾਚਾ ਆਪ ਵਡਆਇੰਦਾ । ਆਦਿ ਨਿਰੰਜਨ ਦੀਪਕ ਧਰ, ਜੋਤ ਉਜਾਲਾ ਨੂਰ ਨੁਰਾਨਾ ਡਗਮਗਾਇੰਦਾ ।
੧੧੮੯ ਅਬਿਨਾਸ਼ੀ ਕਰਤਾ ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਇੰਦਾ । ਸ੍ਰੀ ਭਗਵਾਨ ਸਾਚਾ ਦਰ ਸੁਹਾਏ ਅੱਗੇ ਖੜ, ਅਨਭਵ ਆਪਣਾ ੧੧੮੯
ਰੂਪ ਦਰਸਾਇੰਦਾ । ਪਾਰਬ੍ਰਹਮ ਪ੍ਰਭ ਇਕ ਇਕੱਲਾ ਸਚ ਮਹੱਲਾ ਨਿਰਗੁਣ ਨਿਰਗੁਣ ਘਾੜਨ ਘੜ, ਨਿਰਵੈਰ ਆਪਣੀ ਕਲ ਵਰਤਾਇੰਦਾ । ਆਦਿ
੦੯ ਜੁਗਾਦੀ ਸਚ ਸਿੰਘਾਸਣ ਬੈਠਾ ਚੜ, ਦਰਗਾਹ ਸਾਚੀ ਆਪ ਸੁਹਾਇੰਦਾ । ਸ਼ਾਹੋ ਭੂਪ ਰਾਜ ਰਾਜਾਨ ਬਣ, ਤਖਤ ਨਿਵਾਸੀ ਹੁਕਮ ਸੁਣਾਇੰਦਾ । ੦੯
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਨਾਸੀ ਕਰਤਾ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਅਗੰਮ ਅਗੰਮੜਾ ਖੇਲ ਅਵੱਲਾ, ਨਿਰਗੁਣ ਨਿਰਾਕਾਰ ਆਪ ਕਰਾਈਆ । ਅਲੱਖ ਅਗੋਚਰ ਵਸੇ ਸਚ ਮਹੱਲਾ, ਧੁਰ ਦਰਬਾਰਾ ਆਪ ਸੁਹਾਈਆ । ਅਗੰਮ ਅਥਾਹ ਅਟੱਲ ਅਟੱਲਾ, ਊਚੋ ਊਚ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਆਪਣਾ ਖੇਲ ਆਪ ਵਰਤਾਏ, ਦੂਸਰ ਸੰਗ ਨਾ ਕੋਈ ਰਖਾਈਆ । ਆਪਣੀ ਉਤਪਤ ਆਪ ਕਰਾਏ, ਦੂਸਰ ਮੇਲ ਨਾ ਕੋਈ ਮਿਲਾਈਆ । ਆਪਣੀ ਰੁਤ ਆਪ ਸੁਹਾਏ, ਆਪ ਆਪਣੀ ਮਹਿਕ ਮਹਿਕਾਈਆ । ਆਪਣੀ ਵਾਰ ਥਿਤ ਆਪ ਜਣਾਏ, ਘੜੀ ਪਲ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਨੀ ਰਹਿਤ ਬੇਪ੍ਰਵਾਹੀਆ । ਜੂਨੀ ਰਹਿਤ ਪੁਰਖ ਅਕਾਲਾ, ਘਰ ਘਰ ਵਿਚ ਸੋਭਾ ਪਾਇੰਦਾ । ਆਦਿ ਜੁਗਾਦੀ ਦੀਨ ਦਿਆਲਾ, ਨਿਰਗੁਣ ਨਿਰਵੈਰ ਸੇਵ ਕਮਾਇੰਦਾ । ਜੁਗਾ ਜੁਗੰਤਰ ਖੇਲ ਨਿਰਾਲਾ ਜਾਗਤ ਜੋਤ ਡਗਮਗਾਇੰਦਾ । ਆਦਿਨ ਅੰਤ ਚਲੇ ਅਵਲੜੀ ਚਾਲਾ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਸੱਚਖੰਡ ਸੁਹਾਏ ਸੱਚੀ ਧਰਮਸਾਲਾ, ਸੂਰਜ ਚੰਦ ਨਾ ਕੋਈ ਚੜ੍ਹਾਇੰਦਾ । ਦੀਪਕ ਜੋਤੀ ਏਕਾ ਬਾਲਾ ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਖੰਡ ਦਵਾਰਾ ਏਕੰਕਾਰਾ ਇਕ ਇਕੱਲਾ

ਆਪ ਵਸਾਇੰਦਾ । ਸੱਚਖੰਡ ਦੁਆਰ ਆਪ ਵਸਾਇੰਦਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਨ ਸੋਭਾ ਪਾਇੰਦਾ, ਏਕੰਕਾਰਾ ਵੇਖੇ ਚਾਈਂ ਚਾਈਆ । ਆਦਿ ਨਿਰੰਜਨ ਡਗਮਗਾਇੰਦਾ, ਅਬਿਨਾਸੀ ਕਰਤਾ ਸੋਭਾ ਪਾਈਆ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਪਾਰਬ੍ਰਹਮ ਵੱਜੇ ਵਧਾਈਆ । ਪੁਰਖ ਅਕਾਲਾ ਰੂਪ ਵਟਾਇੰਦਾ ਦੀਨ ਦਿਆਲਾ ਬੇਪਰਵਾਹੀਆ । ਧਰਮਸਾਲਾ ਇਕ ਸੁਹਾਇੰਦਾ, ਥਿਰ ਘਰ ਸਾਚੇ ਕੁੰਡਾ ਲਾਹੀਆ । ਆਪਣੀ ਧਾਰ ਆਪ ਉਪਜਾਇੰਦਾ, ਧਾਰ ਧਾਰ ਵਿਚ ਟਿਕਾਈਆ, ਆਪਣੀ ਕਾਰ ਆਪ ਕਰਾਇੰਦਾ, ਕਰਤਾ ਪੁਰਖ ਨਾਉਂ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਆਪ ਸੁਹਾਏ ਸ੍ਰੀ ਭਗਵੰਤ, ਸਾਜਨ ਮੀਤ ਆਪ ਅਖਵਾਈਆ । ਆਪੇ ਸਾਜਨ ਮੀਤ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਜਣਾਈਆ । ਆਪੇ ਵਸੇ ਧਾਮ ਨਿਆਰ, ਮੁਨੀ ਰਿਖੀ ਸੋਭਾ ਪਾਈਆ । ਕਰੇ ਖੇਲ ਪਰਵਰਦਿਗਾਰ, ਬੇਐਬ ਆਪਣੀ ਕਲ ਵਰਤਾਈਆ । ਆਦਿ ਆਦਿ ਏਕਾ ਕਾਰ, ਏਕੰਕਾਰਾ ਆਪ ਕਮਾਈਆ । ਅਪਣੇ ਅੰਦਰੋਂ ਕੱਢੇ ਧਾਰ, ਜੋਤੀ ਧਾਰ ਨਾਉਂ ਧਰਾਈਆ । ਸ਼ਬਦ ਸ਼ਬਦੀ ਕਰੇ ਪਸਾਰ, ਸ਼ਬਦ ਅਨਾਦੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਹਰਿ ਸੁਹਾਵਣਾ, ਏਕਾ ਰੰਗ ਰੰਗਾਏ । ਸਚਖੰਡ ਸਾਚੇ ਡੇਰਾ ਲਾਵਣਾ, ਅਸਥਿਲ ਦਵਾਰਾ ਵੇਖ ਵਿਖਾਏ । ਨਿਰਗੁਣ ਆਪਣਾ ਰੰਗ ਰੰਗਾਵਣਾ, ਉਤਰ ਕਦੇ ਨਾ ਜਾਏ । ਸਾਚਾ ਦੀਪਕ ਆਪ ਜਗਾਵਣਾ, ਤੇਲ ਬਾਤੀ ਨਾ ਕੋਇ ਰਖਾਏ । ਸਾਚੇ ਤਖਤ ਸੋਭਾ ਪਾਵਣਾ, ਸਚ ਸਿੰਘਾਸਣ ਆਪ ਹੰਢਾਏ । ਧੁਰ ਫ਼ਰਮਾਣਾ ਹੁਕਮ ਜਣਾਵਣਾ, ਆਪ ਆਪਣਾ ਨਾਉਂ ਉਪਜਾਏ । ਦਰਗਹ ਸਾਚੀ ਵੇਖ ਵਖਾਵਣਾ, ਛੱਪਰ ਛੰਨ ਨਾ ਕੋਈ ਛੁਹਾਏ । ਨਿਰਾਕਾਰ ਨਿਰਵੈਰ ਅਜੂਨੀ ਰਹਿਤ ਆਪਣਾ ਨਾਉਂ ਪ੍ਰਗਟਾਵਣਾ, ਰੂਪ ਰੇਖ ਰੰਗ ਨਾ ਕੋਈ ਵਿਖਾਏ । ਸੋ ਪੁਰਖ ਨਿਰੰਜਣ ਆਪਣੀ ਗਤਮਿਤ ਆਪਣੇ ਹੱਥ ਰਖਾਵਣਾ, ਦੂਸਰ ਨਾਉਂ ਨਾ ਕੋਈ ਜਣਾਏ । ਮਹਿਮਾ ਅਕਥ ਕਥ ਆਪਣੀ ਆਪੇ ਗਾਵਣਾ, ਕਥਨੀ ਕਥੇ ਨਾ ਕੋਈ ਰਾਏ । ਏਕੰਕਾਰ ਸਮਰਥ ਪੁਰਖ ਆਪਣਾ ਨਾਉਂ ਧਰਾਵਣਾ, ਅਕਲ ਕਲ ਵਡ ਵਡਿਆਏ । ਆਦਿ ਨਿਰੰਜਨ ਘਟ ਘਟ ਆਪਣਾ ਦੀਪ ਜਗਾਵਣਾ, ਜੋਤ ਉਜਾਲਾ ਕਰ ਰੁਸ਼ਨਾਏ । ਸ੍ਰੀ ਭਗਵਾਨ ਸਾਚਾ ਰਥ ਚਲਾਵਣਾ, ਰਥ ਰਥਵਾਹੀ ਦਿਸ ਨਾ ਆਏ । ਅਬਿਨਾਸੀ ਕਰਤਾ ਏਕਾ ਵਸਤ ਝੋਲੀ ਪਾਵਣਾ, ਨਾਮ ਨਿਧਾਨਾ ਆਪ ਵਰਤਾਏ । ਪਾਰਬ੍ਰਹਮ ਨਿਉਂ ਨਿਉਂ ਸੀਸ ਝੁਕਾਵਣਾ, ਸੀਸ ਜਗਦੀਸ ਹਰਿ ਹਰਿ ਰਾਏ । ਆਪਣਾ ਪੀਸਨ ਪੀਸ ਆਪ ਕਮਾਵਣਾ, ਨਿਰਗੁਣ ਸਾਚੀ ਸੇਵ ਕਮਾਏ । ਸਚ ਹਦੀਸ ਇਕ ਸੁਣਾਵਣਾ, ਸ਼ਬਦ ਅੰਗਮੀ ਨਾਦ ਵਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਧਰ, ਆਦਿ ਜੁਗਾਦੀ ਖੇਲ ਅਪਾਰਾ ਕਰੇ ਕਰਾਏ ਕਰਨੇਹਾਰਾ, ਏਕੰਕਾਰਾ ਆਪਣੀ ਧਾਰ ਆਪ ਬੰਧਾਏ । ਸਾਚੀ ਧਾਰ ਹਰਿ ਕਰਤਾਰ, ਆਪਣੀ ਆਪ ਬਣਾਈਆ । ਆਦਿ ਪੁਰਖ ਪ੍ਰਭ ਖੇਲ ਨਿਆਰ, ਅਲਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ ਖੇਲੇ ਖੇਲ ਸਰਬ ਘਟ ਥਾਈਆ । ਨਿਰਗੁਣ ਨਿਰਗੁਣ ਬਣੇ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਨਿਰਾਕਾਰ ਸਾਕਾਰ ਆਪ ਅਖਵਾ ਤ੍ਰੈ ਤ੍ਰੈ ਮੇਲਾ ਏਕਾ ਥਾਈਆ । ਵਿਸ਼ਨ ਬ੍ਰਹਮਾ ਸ਼ਿਵ ਰੰਗ ਰੰਗਾ, ਰੰਗ ਰੰਗੇ ਸਾਚਾ ਮਾਹੀਆ । ਨਿਸ਼ਅੱਖਰ ਵਿਦਿਆ ਆਪ ਪੜ੍ਹਾ, ਆਤਮ ਪਰਮਾਤਮ ਦਏ ਸਮਝਾਈਆ । ਸਾਚਾ ਮਾਰਗ ਇਕ ਵਖਾ, ਲੋਕ ਪਰਲੋਕ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਦਏ ਵੰਡਾਈਆ । ਸਚ ਸਲੋਕ ਇਕ

ਸੁਣਾ, ਧੁਰ ਦੀ ਬਾਣੀ ਬਾਣ ਲਗਾਈਆ । ਏਕਾ ਜੋਤ ਦਏ ਜਗਾ, ਏਕਾ ਸਿਖਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਪਣੀ ਖੇਲ ਅਪਣੇ ਹੱਥ ਰਖਾਈਆ । ਪੁਰਖ ਅਕਾਲ ਖੇਲ ਖਿਲਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਲੱਖ ਚੁਰਾਸੀ ਘਾੜਨ ਆਪ ਘੜਾਇੰਦਾ, ਨਿਰਗੁਣ ਸਰਗੁਣ ਬਣ ਘੁਮਿਆਰ । ਕਾਇਆ ਮਾਟੀ ਪੋਚ ਪੁਚਾਇੰਦਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜ ਤਤ ਵਾੜ । ਤ੍ਰੈਗੁਣ ਮਾਇਆ ਰੰਗ ਰੰਗਾਇੰਦਾ, ਰਜੋ ਤਮੋ ਸਤੋ ਕਰੇ ਸੰਗਾਰ । ਨੌਂ ਦਵਾਰੇ ਖੋਲ੍ਹ ਵਖਾਇੰਦਾ, ਜਗਤ ਵਾਸਨਾ ਭਰ ਭੰਡਾਰ । ਆਸਾ ਤ੍ਰਿਸਨਾ ਨਾਲ ਮਿਲਾਇੰਦਾ, ਮਾਇਆ ਮਮਤਾ ਕਰ ਵਿਚਾਰ । ਕਾਮ ਕ੍ਰੋਧ ਲੋਭ ਮੋਹ ਹੰਕਾਰ ਸੰਗ ਰਖਾਇੰਦਾ, ਜੂਠ ਝੂਠ ਦਏ ਅਧਾਰ । ਤਨ ਮੰਦਰ ਆਪ ਟਿਕਾਇੰਦਾ, ਡੂੰਘੀ ਕੰਦਰ ਕਰ ਵਿਚਾਰ । ਮਨ ਬੰਦਰ ਆਪ ਨਚਾਇੰਦਾ, ਦਹਿ ਦਿਸ਼ਾ ਮਾਰੇ ਉਡਾਰ । ਮਤ ਮਤਵਾਲੀ ਆਪ ਭੁਲਾਇੰਦਾ, ਬੁਧ ਬਿਬੇਕੀ ਖੇਲ ਨਿਆਰ । ਮਾਨੁਸ ਮਾਨੁਖ ਵੇਖ ਵਖਾਇੰਦਾ, ਕਰ ਕਿਰਪਾ ਆਪ ਨਿਰੰਕਾਰ । ਘਰ ਘਰ ਵਿਚ ਆਪ ਸੁਹਾਇੰਦਾ, ਘਾੜਨ ਘੜੇ ਅਪਰ ਅਪਾਰ । ਚਾਰ ਦਿਵਾਰ ਨਾ ਕੋਈ ਵਖਾਇੰਦਾ, ਛੱਪਰ ਛੰਨ ਨਾ ਕੋਈ ਸਹਾਰ । ਸਾਚਾ ਮੰਦਰ ਆਪ ਬਣਾਇੰਦਾ, ਆਪੇ ਵੇਖੇ ਵੇਖਣਹਾਰ । ਟੇਢੀ ਬੰਕ ਰਾਹ ਵਖਾਇੰਦਾ, ਕੋਈ ਚੜ੍ਹੇ ਨਾ ਜੀਵ ਗਵਾਰ । ਅੱਗੇ ਮਾਰਗ ਆਪੇ ਲਾਇੰਦਾ, ਤ੍ਰਬੈਣੀ ਮੇਲਾ ਏਕਾ ਧਾਰ । ਸਾਚਾ ਅੰਮ੍ਰਿਤ ਤਾਲ ਭਰਾਇੰਦਾ, ਸਰ ਸਰੋਵਰ ਠੰਡਾ ਠਾਰ । ਨਿਝਰ ਝਿਰਨਾ ਆਪ ਝਿਰਾਇੰਦਾ, ਬੂੰਦ ਸਵਾਂਤੀ ਕਿਰਪਾ ਧਾਰ । ਬੰਦ ਕਿਵਾੜਾ ਆਪ ਖੁਲਾਇੰਦਾ, ਦੂਈ ਪੜਦਾ ਦਏ ਉਤਾਰ । ਆਤਮ ਸੇਜਾ ਆਪ ਵਖਾਇੰਦਾ, ਪੁਰਖ ਅਬਿਨਾਸੀ ਕਰ ਤਿਆਰ । ਬਾਢੀ ਬਣਤ ਨਾ ਕੋਈ ਬਣਾਇੰਦਾ, ਨਾ ਕੋਈ ਘੜੇ ਲੋਹਾਰ ਤ੍ਰਖਾਨ । ਪਾਵਾ ਚੂਲ ਨਾ ਕੋਈ ਵਖਾਇੰਦਾ, ਬਣਤ ਬਣਾਏ ਸ੍ਰੀ ਭਗਵਾਨ । ਸਚ ਸਿੰਘਾਸਣ ਆਪ ਵਿਛਾਇੰਦਾ, ਨਿਰਗੁਣ ਸਰਗੁਣ ਕਰ ਪ੍ਰਵਾਨ । ਜੋਤ ਨਿਰੰਜਣ ਦੀਪ ਜਗਾਇੰਦਾ, ਆਦਿ ਨਿਰੰਜਣ ਹੋ ਮਿਹਰਵਾਨ । ਸ੍ਰੀ ਭਗਵਾਨ ਹੁਕਮ ਸੁਣਾਇੰਦਾ, ਅਨਹਦ ਸ਼ਬਦ ਸੱਚੀ ਧੁਨਕਾਨ । ਅਬਿਨਾਸੀ ਕਰਤਾ ਵੇਖ ਵਖਾਇੰਦਾ, ਤੀਜਾ ਨੇਤਰ ਖੋਲ੍ਹ ਮਹਾਨ । ਆਦਿ ਨਿਰੰਜਣ ਡਗਮਗਾਇੰਦਾ, ਚੌਥੇ ਪਦ ਹੋਏ ਪ੍ਰਵਾਨ । ਏਕੰਕਾਰ ਰੰਗ ਰੰਗਾਇੰਦਾ, ਰੰਗ ਰੰਗੀਲਾ ਨੌਜਵਾਨ । ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ, ਦਰ ਘਰ ਸਾਚੇ ਮੰਦਰ ਆਣ । ਸੋ ਪੁਰਖ ਨਿਰੰਜਣ ਸੋਭਾ ਪਾਇੰਦਾ, ਆਦਿ ਜੁਗਾਦੀ ਵਡ ਮਿਹਰਵਾਨ । ਆਪਣਾ ਅੰਗ ਆਪ ਕਟਾਇੰਦਾ, ਪਾਰਬ੍ਰਹਮ ਪ੍ਰਭ ਦੇਵੇ ਦਾਨ । ਰਸਨਾ ਜੇਹਵਾ ਆਪ ਹਿਲਾਇੰਦਾ, ਦੰਦ ਬਤੀਸਾ ਗਾਏ ਗਾਣ । ਬੋਧ ਅਗਾਧਾ ਸ਼ਬਦ ਜਣਾਇੰਦਾ, ਧੁਰ ਦੀ ਬਾਣੀ ਧੁਰ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਲੱਖ ਚੁਰਾਸੀ ਭਾਂਡਾ ਘੜਿਆ, ਹਰਿ ਹਰਿ ਪਾਰਬ੍ਰਹਮ ਸੇਵ ਕਮਾਈਆ । ਨਿਰਗੁਣ ਨਿਰਗੁਣ ਵਿਸ਼ਨੂੰ ਫੜਿਆ, ਘਰ ਘਰ ਸੇਵਾ ਇਕ ਵਖਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦਿ ਆਪੇ ਫਿਰਿਆ, ਧਰਤ ਧਵਲ ਅਕਾਸ਼ ਪ੍ਰਕਾਸ਼ ਆਪ ਕਰਾਈਆ । ਅਜੂਨੀ ਰਹਿਤ ਕਦੇ ਨਾ ਡਰਿਆ, ਆਦਿ ਜੁਗਾਦਿ ਕਦੇ ਨਾ ਮਰਿਆ, ਜੁਗ ਅਪਣੀ ਧਾਰ ਬੰਧਾਈਆ । ਲੱਖ ਚੁਰਾਸੀ ਬੂਟਾ ਕਰਿਆ ਹਰਿਆ, ਕਰੇ ਖੇਲ ਨਰਾਇਣ ਨਰਿਆ, ਸਾਚੇ ਪੌੜੇ ਆਪੇ ਚੜ੍ਹਿਆ, ਸਾਚਾ ਮੰਦਰ ਆਪ ਸੁਹਾਈਆ । ਸਾਚਾ ਨਾਦ ਏਕਾ ਫੜਿਆ, ਲੇਖਾ ਜਾਣੇ ਸੀਸ ਧੜਿਆ, ਜਗਤ ਜਗਦੀਸ ਵੱਡੀ ਵਡਿਆਈਆ । ਆਪਣਾ ਅੱਖਰ ਏਕਾ ਪੜ੍ਹਿਆ, ਚੌਦਾਂ ਵਿਦਿਆ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ,

੧੧੯੧ ੦੯

੧੧੯੨
੦੯

ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪ੍ਰਵਾਹੀਆ । ਲੱਖ ਚੁਰਾਸੀ ਥਾਪਨ ਥਾਪ, ਥਿਰ ਘਰ ਸਾਚੇ ਸੋਭਾ ਪਾਇੰਦਾ । ਅਬਿਨਾਸੀ ਕਰਤਾ ਪਤਿਪਰਮੇਸ਼ਵਰ ਬਣਿਆ ਮਾਈ ਬਾਪ, ਪਿਤਾ ਪੂਤ ਵੇਖ ਵਖਾਇੰਦਾ । ਆਪੇ ਜਾਣੇ ਆਪਣਾ ਆਪ, ਆਪਣੀ ਰਚਨ ਆਪ ਰਚਾਇੰਦਾ । ਸਾਚੇ ਮੰਦਰ ਸਾਚੇ ਅੰਦਰ ਹਰਿ ਜੂ ਹਰਿ ਹਰਿ ਵੇਖੇ ਆਪਣਾ ਵਡ ਪ੍ਰਤਾਪ, ਪਰਮ ਆਤਮ ਸੋਭਾ ਪਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਬਿਨਾਸੀ ਕਰਤਾ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਘਟ ਘਟ ਮੰਦਰ ਰਖੇ ਵਾਸ, ਵਾਸ ਨਿਵਾਸਾ, ਆਪ ਹੋ ਜਾਇੰਦਾ । ਲੇਖਾ ਜਾਣੇ ਸਾਸ ਗਰਾਸ, ਦਸ ਦਸ ਮਾਸ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੰਗਾਏ ਹਰਿ ਚਲੂਲ, ਰਸਨਾ ਜੇਹਵਾ ਗੁਣ ਨਾ ਕੋਇ ਗਾਈਆ । ਆਪਣੀ ਮਹਿਮਾ ਨਾ ਜਾਏ ਭੂਲ, ਅਕਥ ਕਥਾ ਪ੍ਰਭ ਆਪ ਸੁਣਾਈਆ । ਆਪੇ ਹੱਥ ਫੜੇ ਤ੍ਰਸੂਲ, ਤ੍ਰੈਗੁਣ ਮਾਇਆ ਬੰਧਨ ਵੇਖੇ ਥਾਉਂ ਥਾਈਆ । ਆਪੇ ਆਦਿ ਜੁਗਾਦਿ ਚੁਕਾਏ ਆਪਣਾ ਮੂਲ, ਜੁਗ ਜੁਗ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੰਡਣਹਾਰਾ ਸਾਚੀ ਵੰਡ, ਖੇਲੇ ਖੇਲ ਹਰਿ ਬ੍ਰਹਿਮੰਡ, ਉਤਭੁਜ ਸੇਤਜ ਜੇਰਜ ਅੰਡ ਚਾਰੇ ਖਾਣੀ ਆਪ ਉਪਾਈਆ । ਚੌਥੇ ਘਰ ਖੋਲ੍ਹ ਕਿਵਾੜ, ਬ੍ਰਹਮਾ ਵਿਸ਼ਨ ਸ਼ਿਵ ਤ੍ਰੈ ਤ੍ਰੈ ਸੇਵਾ ਲਾਇੰਦਾ । ਚੌਥਾ ਬਣਿਆ ਮਾਈ ਬਾਪ, ਚਾਰੇ ਜੁਗ ਵੇਖ ਵਖਾਇੰਦਾ । ਕਰੇ ਕਰਾਏ ਵਡ ਪਰਤਾਪ, ਚਾਰੇ ਬਾਣੀ ਆਪ ਅਲਾਇੰਦਾ । ਭੇਵ ਖੁਲਾਏ ਆਪਣਾ ਆਪ, ਚਾਰੇ ਵੇਦ ਆਪੇ ਗਾਇੰਦਾ । ਆਪੇ ਦੇਵਣਹਾਰਾ ਦਾਤ, ਚਾਰ ਵਰਨ ਆਪ ਤਰਾਇੰਦਾ । ਕਰੇ ਖੇਲ ਅਲੱਖਣਾ ਅਲਾਖ, ਚਾਰੇ ਜੁਗ ਵੇਖ ਵਖਾਇੰਦਾ । ਜੁਗਾਂ ਜੁਗੰਤਰ ਦੇਵੇ ਸਾਚੀ ਭਾਖ, ਆਪਣਾ ਮੰਤਰ ਆਪ ਦ੍ਰਿੜਾਇੰਦਾ । ਆਪਣੇ ਅੰਦਰੋਂ ਆਪੇ ਕਾਢ, ਆਪਣਾ ਨਾਦ ਆਪ ਵਜਾਇੰਦਾ । ਆਪੇ ਵਜਾਵਣਹਾਰਾ ਸਾਜ, ਆਪੇ ਲੱਖ ਚੁਰਾਸੀ ਵੇਖ ਵਖਾਇੰਦਾ । ਆਪੇ ਘਰ ਘਰ ਰਚਿਆ ਕਾਜ, ਆਪੇ ਦਰ ਦਰ ਮੰਦਰ ਸੋਭਾ ਪਾਇੰਦਾ । ਆਪੇ ਸ਼ਬਦ ਅਗੰਮੀ ਮਾਰੇ ਵਾਜ, ਆਪੇ ਹੁਕਮੀ ਹੁਕਮ ਚਲਾਇੰਦਾ । ਆਪੇ ਦੋ ਜਹਾਨਾ ਕਰੇ ਸੱਚਾ ਰਾਜ, ਆਪੇ ਸਾਚੀ ਸਰਨ ਇਕ ਤਕਾਇੰਦਾ । ਆਪੇ ਰੱਖਣਹਾਰਾ ਲਾਜ, ਆਪੇ ਲੱਖ ਚੁਰਾਸੀ ਭਾਂਡੇ ਘੜ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਰਚਨਾ ਵੇਖ ਵਖਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਹਰਿ ਨਿਰੰਕਾਰਾ ਆਪ ਕਰਾਈਆ । ਮਾਨਸ ਮਨੁਖ ਕਰ ਉਜਿਆਰਾ, ਏਕਾ ਏਕ ਦਏ ਵਡਿਆਈਆ । ਏਕਾ ਨਾਮ ਸ਼ਬਦ ਅਧਾਰਾ, ਸਚ ਸੁੱਚ ਕਰੇ ਪੜ੍ਹਾਈਆ । ਏਕਾ ਗੁਰ ਲੈ ਅਵਤਾਰਾ, ਰੂਪ ਅਨੂਪ ਇਕ ਦਰਸਾਈਆ । ਏਕਾ ਵਰਤੇ ਸਚ ਵਰਤਾਰਾ, ਸਾਂਤਕ ਸਤਿ ਸਤਿ ਸਮਾਈਆ । ਏਕਾ ਕਰੇ ਮਾਤ ਪਸਾਰਾ, ਏਕਾ ਵੇਖੇ ਵੇਖਣ ਆਈਆ । ਏਕਾ ਸ਼ਬਦ ਬੋਲ ਜੈਕਾਰਾ, ਏਕਾ ਆਪਣਾ ਨਾਉਂ ਸੁਣਾਈਆ । ਏਕਾ ਖੋਲ੍ਹੇ ਬੰਦ ਕਿਵਾੜਾ, ਏਕਾ ਮੰਦਰ ਸੋਭਾ ਪਾਈਆ । ਏਕਾ ਰਾਜ ਜੋਗ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਏਕਾ ਵਰਤੇ ਸਤਿ ਵਰਤਾਰਾ, ਸਾਚੀ ਸਿਖ਼ਿਆ ਇਕ ਸਮਝਾਈਆ । ਏਕਾ ਵਰਤੇ ਨਾਮ ਭੰਡਾਰਾ, ਅਤੋਟ ਅਤੁਟ ਇਕ ਰਖਾਈਆ । ਏਕਾ ਕਾਗਦ ਕਲਮ ਲਿਖਣਹਾਰਾ, ਏਕਾ ਚਾਰੇ ਵੇਦਾ ਰਿਹਾ ਸੁਣਾਈਆ । ਏਕਾ ਬ੍ਰਹਮਾ ਵਿਸ਼ਨ ਸ਼ਿਵ ਉਜਿਆਰਾ, ਸਾਚੀ ਸੇਵਾ ਇਕ ਕਮਾਈਆ । ਏਕਾ ਅੰਦਰ ਏਕਾ ਗੁਪਤ ਏਕਾ ਜ਼ਾਹਰਾ, ਏਕਾ ਬਾਹਰ ਰੂਪ ਪਰਗਟਾਈਆ । ਏਕਾ ਹੁਕਮ ਇਕ ਵਰਤਾਰਾ, ਦੇਵਣਹਾਰਾ ਇਕ ਹੋ ਜਾਈਆ । ਏਕਾ ਨਿਉਂ ਨਿਉਂ ਕਰੇ ਨਿਮਸਕਾਰਾ, ਏਕਾ ਏਕ ਸੀਸ

ਝੁਕਾਈਆ । ਏਕਾ ਲੱਖ ਚੁਰਾਸੀ ਕਰ ਪਸਾਰਾ, ਆਦਿ ਅੰਤ ਵੇਖ ਵਖਾਈਆ । ਏਕਾ ਚਾਰ ਜੁਗ ਵੰਡੇ ਵਿਚ ਸੰਸਾਰਾ, ਸਤਿਜੁਗ ਤ੍ਰੇਤਾ ਦੁਆਪਰ ਆਪਣੀ ਵੰਡ ਵੰਡਾਈਆ । ਏਕਾ ਜੁਗ ਜੁਗ ਲਏ ਅਵਤਾਰਾ, ਬਲ ਬਾਵਨ ਭੇਖ ਧਰਾਈਆ । ਏਕਾ ਕਰੇ ਕਰਾਏ ਸਾਚੀ ਕਾਰਾ, ਕੁਦਰਤ ਕਾਦਰ ਵੇਖ ਵਖਾਈਆ । ਏਕਾ ਕੂਟੇ ਬੋਲੇ ਨਾਅਰਾ, ਏਕਾ ਰਾਮ ਨਾਮ ਕਰੇ ਪੜ੍ਹਾਈਆ । ਏਕਾ ਚਿਲਾ ਏਕਾ ਤੀਰ ਏਕਾ ਫੜੇ ਸੱਚਾ ਸਿਕਦਾਰਾ, ਸ਼ਾਹ ਸੁਲਤਾਨਾ ਇਕ ਅਖਵਾਈਆ । ਏਕਾ ਤੋੜੇ ਗੜ੍ਹ ਹੰਕਾਰਾ, ਏਕਾ ਨਿਵਣ ਸੁ ਅੱਖਰ ਕਰੇ ਪੜ੍ਹਾਈਆ । ਏਕਾ ਰੰਗ ਰਲੀਆ ਮਾਣੇ ਵਿਚ ਸੰਸਾਰਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਇਕ ਅਖਵਾਈਆ । ਏਕਾ ਰਥ ਰਥਵਾਹੀ ਬਣੇ ਗਿਰਵਰ ਗਿਰਧਾਰਾ, ਗ੍ਰਿਹਿ ਆਪਣਾ ਪੰਧ ਮੁਕਾਈਆ । ਏਕਾ ਵੇਦ ਪੁਰਾਨਾਂ ਬਣੇ ਲਿਖਾਰਾ, ਅਠ ਦਸ ਆਪਣਾ ਗੁਣ ਜਣਾਈਆ । ਏਕਾ ਸਭ ਤੋਂ ਵਸੇ ਬਾਹਰਾ, ਸਚਖੰਡ ਬੈਠਾ ਸੇਜ ਸੁਹਾਈਆ । ਏਕਾ ਨੂਰ ਹੋ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਏਕਾ ਮੁਕਾਮੇ ਹੱਕ ਹੋਇਆ ਖ਼ਬਰਦਾਰਾ, ਏਕਾ ਖ਼ਾਲਕ ਖ਼ਲਕ ਵੇਖ ਵਖਾਈਆ । ਏਕਾ ਉਚੀ ਕੂਕ ਕਰੇ ਪੁਕਾਰਾ, ਐਨਲਹਕ ਹਕ ਸੁਣਾਈਆ । ਏਕਾ ਈਸਾ ਮੂਸਾ ਬਣੇ ਸਹਾਰਾ, ਏਕਾ ਸ਼ਾਹ ਸੁਲਤਾਨ ਵੱਡੀ ਵਡਿਆਈਆ । ਏਕਾ ਲੇਖਾ ਜਾਣੇ ਮੁਹੰਮਦੀ ਯਾਰਾ, ਚਾਰ ਯਾਰੀ ਕਰੇ ਕੁੜਮਾਈਆ । ਏਕਾ ਅੰਜੀਲ ਕੁਰਾਨਾ ਦਏ ਅਧਾਰਾ, ਤੀਸ ਬਤੀਸਾ ਏਕਾ ਗਾਈਆ । ਏਕਾ ਅੱਲਾ ਰਾਣੀ ਕਰੇ ਪਿਆਰਾ, ਮੁਹੰਮਦ ਇਛਿਆ ਇਕ ਪਰਨਾਈਆ । ਏਕਾ ਵੇਖੇ ਸਚ ਦਰਬਾਰਾ, ਸਚਖੰਡ ਦਵਾਰਾ ਸੋਭਾ ਪਾਈਆ । ਏਕਾ ਨਿਰਗੁਣ ਜੋਤ ਕਰ ਉਜਿਆਰਾ, ਪੰਜ ਤਤ ਵੇਖ ਵਖਾਈਆ । ਏਕਾ ਪੰਜ ਤਤ ਬੋਲੇ ਸਚ ਜੈਕਾਰਾ, ਸਾਚਾ ਸ਼ਬਦੀ ਨਾਦ ਵਜਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਨਾਨਕ ਨਾਉਂ ਧਰਾਈਆ । ਏਕਾ ਨਾਮ ਸਤਿ ਵਰਤਾਰਾ, ਸਤਿ ਸਤਿਵਾਦੀ ਇਕ ਅਖਵਾਈਆ । ਏਕਾ ਚਾਰ ਵਰਨ ਬਹਾਏ ਸਚ ਦਵਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਏਕਾ ਜੋਤੀ ਦਸ ਅਵਤਾਰਾ, ਸੁਤ ਦੁਲਾਰਾ ਏਕਾ ਜਾਈਆ । ਏਕਾ ਕਲਗੀ ਤੋੜਾ ਸੀਸ ਦਸਤਾਰਾ, ਸਾਚਾ ਘੋੜਾ ਇਕ ਦੁੜਾਈਆ । ਏਕਾ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਇਕ ਚਮਕਾਈਆ । ਏਕਾ ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਏਕਾ ਅੰਮ੍ਰਿਤ ਜਾਮ ਪਿਆਈਆ । ਏਕਾ ਊਚਾਂ ਨੀਚਾਂ ਰਾਓ ਰੰਕਾਂ ਕਰੇ ਪਾਰ ਕਿਨਾਰਾ, ਏਕਾ ਸ਼ਾਹ ਸੁਲਤਾਨਾ ਦਏ ਵਡਿਆਈਆ । ਏਕਾ ਏਕ ਅੱਖਰ ਕਰੇ ਵਿਚਾਰਾ, ਏਕਾ ਪੈਂਤੀਸ ਅੱਖਰ ਪੜ੍ਹਾਈਆ । ਏਕਾ ਰੂਪ ਬਾਵਨ ਰੂਪ ਬਣੇ ਧਾਰਾ, ਬਾਵਨ ਆਪਣਾ ਵੇਸ ਵਟਾਈਆ । ਏਕਾ ਲੋਕਮਾਤ ਮੰਗੇ ਬਣ ਭਿਖਾਰਾ, ਪੁਰਖ ਅਬਿਨਾਸ਼ੀ ਅੱਗੇ ਝੋਲੀ ਡਾਹੀਆ । ਏਕਾ ਸਤਿਜੁਗ ਕਰੇ ਪਾਰ ਕਿਨਾਰਾ, ਏਕਾ ਤ੍ਰੇਤਾ ਪੰਧ ਮੁਕਾਈਆ । ਏਕਾ ਦੁਆਪਰ ਕਰੇ ਖ਼ਵਾਰਾ, ਏਕਾ ਕਲਜੁਗ ਵੇਖ ਵਖਾਈਆ । ਏਕਾ ਅੰਤਮ ਨਿਹਕਲੰਕ ਲਏ ਅਵਤਾਰਾ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਸ਼ਾਸਤਰ ਸਿਮਰਤ ਬਣ ਲਿਖਾਰਾ, ਉਚੀ ਕੂਕ ਗਿਆ ਸੁਣਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਇਕ ਇਕੱਲਾ ਸਾਚਾ ਮਾਹੀਆ । ਸੰਬਲ ਨਗਰ ਵਸਾਏ ਧਾਮ ਨਿਆਰਾ, ਉਚ ਮਹੱਲਾ ਡੇਰਾ ਲਾਈਆ । ਸ਼ਬਦ ਅਨਾਦੀ ਨਾਦ ਬੋਲੇ ਇਕ ਜੈਕਾਰਾ, ਚਾਰ ਬਾਣੀ ਭੇਵ ਨਾ ਰਾਈਆ । ਛੱਤੀ ਰਾਗਾਂ ਵਸੇ ਬਾਹਰਾ, ਰਾਗ ਰਾਗਨੀ ਰਹੇ ਕੁਰਲਾਈਆ । ਕਾਗਦ ਕਲਮ ਨਾ ਲਿਖਣਹਾਰਾ, ਸਤ ਸਮੁੰਦਰ ਰੋਵੇ ਮਸ ਛਾਹੀਆ । ਕਲਮ ਨਾ ਲਿਖੇ ਅਠਾਰਾਂ ਭਾਰ ਬਨਾਸਪਤ ਵਿਚ ਸੰਸਾਰਾ, ਪ੍ਰਭ ਵੱਡਾ ਵਡ ਵਡਿਆਈਆ । ਕਲਜੁਗ ਕਰੇ ਪਾਰ ਕਿਨਾਰਾ, ਥਿਰ ਘਰ ਕੋਇ ਰਹਿਣ ਨਾ ਪਾਈਆ ।


੧੧੯੩
੦੯

ਵਿਸ਼ਨੂੰ ਆਇਆ ਚਲ ਦਵਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਬ੍ਰਹਮਾ ਨੇਤਰ ਰੋਵੇ ਜ਼ਾਰੋ ਜ਼ਾਰਾ, ਗਿਰਿਆਜ਼ਾਰੀ ਇਕ ਵਖਾਈਆ । ਸ਼ੰਕਰ ਮੰਗੇ ਮੰਗ ਇਕ ਦਵਾਰਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਤ੍ਰੈਗੁਣ ਤੇਰਾ ਤਤ ਵਰਤਾਰਾ, ਪਾਰਬ੍ਰਹਮ ਸੱਚੀ ਸਰਨਾਈਆ । ਲੱਖ ਚੁਰਾਸੀ ਭਾਂਡਾ ਘੜਿਆ ਅਪਰ ਅਪਾਰਾ, ਵੇਖਣਹਾਰਾ ਥਾਉਂ ਥਾਈਂਆ । ਕਲਜੁਗ ਅੰਤਮ ਕੂੜ ਪਸਾਰਾ, ਕੂੜੀ ਰੈਣ ਅੰਧੇਰੀ ਛਾਈਆ । ਸਾਚਾ ਨਾਮ ਨਾ ਕੋਈ ਉਜਿਆਰਾ, ਧੂਆਂਧਾਰ ਸਰਬ ਲੋਕਾਈਆ । ਕਿਸੇ ਹੱਥ ਨਾ ਆਏ ਰਾਮ ਪਿਆਰਾ, ਕਾਹਨਾ ਕ੍ਰਿਸ਼ਨਾ ਸਾਚੀ ਸਖ਼ੀ ਨਾ ਅੰਗ ਲਗਾਈਆ । ਈਸਾ ਮੂਸਾ ਮਿਲਿਆ ਨਾ ਪਰਵਰਦਿਗਾਰਾ, ਮੁਲਾਂ ਸ਼ੇਖ਼ ਮੁਸਾਇਕ ਦੇਣ ਦੁਹਾਈਆ । ਕਾਇਨਾਤ ਬਣਿਆ ਝੂਠ ਅਖਾੜਾ, ਅਜਰਾਈਲ ਜਬਰਾਈਲ ਅਸਰਾਫੀਲ ਮੇਕਾਈਲ ਵੇਖੇ ਥਾਉਂ ਥਾਈਆ । ਨਾਨਕ ਨਿਰਗੁਣ ਮਿਲਿਆ ਨਾ ਧੁਰ ਦਰਬਾਰਾ, ਕਲਜੁਗ ਜੀਵ ਮਾਨਸ ਜਨਮ ਰਹੇ ਗਵਾਈਆ । ਗੁਰ ਗੋਬਿੰਦ ਅੰਮ੍ਰਿਤ ਜਾਮ ਪਿਆਏ ਨਾ ਠੰਡੀ ਠਾਰਾ, ਨੀਲੇ ਵਾਲਾ ਨਾ ਸੇਵ ਕਮਾਈਆ । ਘਰ ਘਰ ਦਰ ਦਰ ਹੋਏ ਵਿਭਚਾਰਾ, ਨਾਰ ਦੁਹਾਗਣ ਸ੍ਰਿਸ਼ਟ ਸਬਾਈਆ । ਪੁਰਖ ਅਕਾਲ ਮਿਲਿਆ ਨਾ ਕੰਤ ਪਿਆਰਾ, ਸਾਚੀ ਸੇਜ ਨਾ ਕੋਇ ਸੁਹਾਈਆ । ਧਰਤ ਧਵਲ ਰੋਵੇ ਜ਼ਾਰੋ ਜ਼ਾਰਾ, ਪੁਰਖ ਅਬਿਨਾਸ਼ੀ ਅੱਗੇ ਆਪਣਾ ਸੀਸ ਝੁਕਾਈਆ । ਖੁਲੜੇ ਕੇਸ ਕਰੇ ਪੁਕਾਰਾ, ਮਹਿੰਡੀ ਸੁਹਾਗ ਨਾ ਕੋਈ ਗੁੰਦਾਈਆ । ਕਲਜੁਗ ਆਈ ਅੰਤਮ ਵਾਰਾ, ਮਾਤ ਪਿਤ ਸੇਜ ਹੰਢਾਈਆ । ਭੈਣਾ ਭਈਆ ਨਾ ਕੋਈ ਪਿਆਰਾ, ਸਾਚਾ ਸਈਆ ਨਾਰ ਨਾ ਕੋਈ ਸੁਹਾਈਆ । ਹਰਿ ਕਾ ਨਾਉਂ ਨਾ ਕਿਸੇ ਵਿਚਾਰਾ, ਰਸਨਾ ਜਿਹਵਾ ਜਗਤ ਪੜ੍ਹਾਈਆ । ਗੜ੍ਹ ਤੋੜੇ ਨਾ ਕੋਈ ਹੰਕਾਰਾ, ਹਰਿ ਕੇ ਪੌੜੇ ਨਾ ਕੋਈ ਚੜ੍ਹਾਈਆ । ਮਨ ਮਤ ਰੰਗ ਰਲੀਆਂ ਮਾਣੇ ਵਿਚ ਸੰਸਾਰਾ, ਗੁਰਮਤ ਬੈਠੀ ਮੁਖ ਛੁਪਾਈਆ । ਵਰਨਾਂ ਬਰਨਾਂ ਜਗਤ ਅਖਾੜਾ, ਸਾਚੀ ਸਰਨ ਨਾ ਕੋਈ ਰਖਾਈਆ । ਕਲਜੁਗ ਅਗਨੀ ਤੱਤੀ ਹਾੜਾ, ਜੀਵਾਂ ਜੰਤਾਂ ਰਹੀ ਜਲਾਈਆ । ਪੰਜ ਵਿਕਾਰਾ ਲੱਗਾ ਚਿਕੜ ਗਾਰਾ, ਦੁਰਮਤ ਮੈਲ ਨਾ ਕੋਈ ਧੁਆਈਆ । ਸਾਚਾ ਮਿਲਿਆ ਨਾ ਕੋਈ ਦਰਬਾਰਾ, ਦਵੈਤੀ ਪਰਦਾ ਨਾ ਕੋਈ ਉਠਾਈਆ । ਹਰਿ ਕਾ ਰੂਪ ਕਿਸੇ ਦਿਸ ਨਾ ਆਏ ਵਿਚ ਸੰਸਾਰਾ, ਮੰਦਰ ਮਸਜਿਦ ਮਠ ਗੁਰੂਦਵਾਰ ਚਾਰ ਦਵਾਰੀ ਬੈਠੇ ਰਾਹ ਤਕਾਈਆ । ਨਿਰਗੁਣ ਨਿਰਵੈਰ ਨਿਰਾਕਾਰ, ਆਦਿ ਜੁਗਾਦਿ ਸਦਾ ਸਦ ਵਸਿਆ ਪੰਜ ਤਤ ਕਾਇਆ ਮੁਨਾਰਾ, ਘਰ ਘਰ ਵਿਚ ਸੇਜ ਹੰਢਾਈਆ । ਗੁਰਮੁਖ ਸਾਚੇ ਲਏ ਉਭਾਰਾ, ਜਿਸ ਜਨ ਆਪਣੀ ਦਇਆ ਕਮਾਈਆ । ਮੇਲ ਮਿਲਾਏ ਧੁਰ ਦਰਬਾਰਾ, ਘਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਗੁਰਮੁਖਾਂ ਰੱਖੇ ਉਤਮ ਜਾਤਾ, ਵਰਨ ਬਰਨ ਨਾ ਕੋਈ ਰਖਾਈਆ । ਵਰਨ ਬਰਨ ਪ੍ਰਭ ਨਾਤਾ ਤੋੜ, ਏਕਾ ਸਰਨ ਜਣਾਇੰਦਾ । ਸ਼ਬਦ ਅਗੰਮੀ ਚਾੜ੍ਹੇ ਘੋੜ, ਸੁਰਤ ਸਵਾਣੀ ਆਪ ਬਹਾਇੰਦਾ । ਲੱਗੀ ਪ੍ਰੀਤੀ ਨਿਭੇ ਤੋੜ, ਅਧਵਿਚਕਾਰ ਨਾ ਕੋਈ ਤੁੜਾਇੰਦਾ । ਜੁਗ ਜੁਗ ਗੁਰ ਪੂਰੇ ਨੂੰ ਗੁਰਸਿਖਾਂ ਦੀ ਸਦਾ ਲੋੜ, ਬਿਨ ਸਤਿਗੁਰ ਨਾ ਕੋਈ ਅਖਵਾਇੰਦਾ । ਦੋ ਜਹਾਨਾ ਪੰਧ ਮੁਕਾਏ ਦੌੜ ਦੌੜ, ਇਕ ਇਕੱਲਾ ਫੇਰਾ ਪਾਇੰਦਾ । ਜਨ ਭਗਤਾਂ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਕਲਜੁਗ ਲੱਖ ਚੁਰਾਸੀ ਬੂਟਾ ਫਲ ਵੇਖੇ ਮਿਠਾ ਕੌੜ, ਰਸ ਰਸੀਆ ਆਪਣਾ ਰਸ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਚਰਨ ਰਖਾਏ ਕਾਲ ਮਹਾਂਕਾਲਾ, ਗੁਰਮੁਖਾਂ ਵਿਖਾਏ


੧੧੯੪ ੦੯

ਸੱਚੀ ਧਰਮਸਾਲਾ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਇਕ ਸੁਹੰਜਣਾ, ਹਰਿ ਸਤਿਗੁਰ ਆਪ ਸੁਹਾਏ । ਕਿਰਪਾ ਕਰੇ ਦਰਦ ਦੁਖ ਭੈ ਭੰਜਨਾ, ਗੁਰਸਿਖ ਭਵ ਸਾਗਰ ਪਾਰ ਤਰਾਏ । ਨੇਤਰ ਪਾਏ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਏ । ਚਰਨ ਧੂੜ ਕਰਾਏ ਸਾਚਾ ਮਜਨਾ, ਜੋ ਜਨ ਸਰਨਾਈ ਆਏ । ਆਦਿ ਅੰਤ ਸਤਿਗੁਰ ਪੂਰੇ ਪਰਦਾ ਕੱਜਣਾ, ਕਾਚਾ ਗੁਰ ਜਗਤ ਹੱਟ ਵਕਾਏ । ਘਰ ਘਰ ਹਰਿ ਹਰਿ ਤਾਲ ਵੱਜਣਾ, ਪੁਰਖ ਅਕਾਲ ਆਪ ਵਜਾਏ । ਜੋ ਘੜਿਆ ਸੋ ਭੱਜਣਾ, ਥਿਰ ਕੋਈ ਰਹਿਣ ਨਾ ਪਾਏ । ਰਾਜ ਰਾਜਾਨਾ ਸ਼ਾਹ ਸੁਲਤਾਨਾ ਜਗਤ ਮੰਦਰ ਸਭ ਨੇ ਤਜਣਾ, ਕਾਲ ਡੋਰੂ ਰਿਹਾ ਵਜਾਏ । ਗੁਰਸਿਖ ਉਠ ਪਿਆਰੇ ਸੱਜਣਾ, ਪਾਰਬ੍ਰਹਮ ਸਤਿਗੁਰ ਪੂਰਾ ਆਪ ਉਠਾਏ । ਬਿਨ ਹਰਿ ਪਰਦਾ ਕਿਸੇ ਨਾ ਕੱਜਣਾ, ਖ਼ਾਲੀ ਹੱਥ ਸ੍ਰਿਸ਼ਟ ਸਬਾਈ ਰਿਹਾ ਵਖਾਏ । ਗੁਰਸਿਖ ਗੁਰਮੁਖ ਗੁਰ ਚਰਨ ਦਵਾਰੇ ਬਹਿ ਬਹਿ ਸਜਣਾ, ਮਨਮੁਖਾਂ ਰਾਏ ਧਰਮ ਦਏ ਸਜਾਏ । ਕੁੰਭੀ ਨਰਕ ਫੜ ਫੜ ਕੁਸਣਾ, ਅਗਨੀ ਤਤ ਆਪ ਜਲਾਏ । ਅੱਗੇ ਹੋ ਕਿਸੇ ਨਾ ਪੁੱਛਣਾ, ਨਾਤਾ ਤੁਟੇ ਮਾਤ ਪਿਤ ਭਾਈ ਭੈਣ ਸਾਕ ਸੈਣ ਨਾ ਕੋਈ ਛੁਡਾਏ । ਕਲਜੁਗ ਅੰਤਮ ਗੁਰਸਿਖ ਕਿਸੇ ਨਾ ਰੁੱਸਣਾ, ਕਲਜੁਗ ਰੋਸਾ ਰਿਹਾ ਵਖਾਏ । ਝੂਠਾ ਰਾਜ ਜਗ ਚੋਂ ਕੁਸਣਾ, ਸੀਸ ਤਾਜ ਨਾ ਕੋਈ ਟਿਕਾਏ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਅੰਦਰ ਵੜ ਕਿਸੇ ਨਾ ਲੁਕਣਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਹਰਿ ਹਰਿ ਫੇਰੀ ਪਾਏ । ਨਿਰਗੁਣ ਨਿਰਵੈਰ ਸਿੰਘ ਸ਼ੇਰ ਏਕਾ ਬੁੱਕਣਾ, ਕਲਜੁਗ ਝੱਲ ਰਹੀ ਕੁਰਲਾਏ । ਅਠਸਠ ਤੀਰਥ ਪਾਣੀ ਸੁੱਕਣਾ, ਜਮਨਾ ਸੁਰਸਤੀ ਗੰਗਾ ਗੋਦਾਵਰੀ ਕੋਈ ਨਾ ਨੁਹਾਏ । ਚਾਰ ਵੇਦਾਂ ਪੈਂਡਾ ਮੁੱਕਣਾ, ਵੇਦ ਅਥਰਬਣ ਰਿਹਾ ਕੁਰਲਾਏ । ਪੁਰਾਨ ਅਠਾਰਾਂ ਭਾਰ ਕਿਸੇ ਨਾ ਚੁੱਕਣਾ, ਵੇਦ ਵਿਆਸ ਰਿਹਾ ਸਮਝਾਏ । ਅੰਜੀਲ ਕੁਰਾਨਾਂ ਅੰਤਮ ਲੁਕਣਾ, ਕਾਲਾ ਸੂਸਾ ਨਾ ਕੋਈ ਰੰਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਬੇਪਰਵਾਹ ਏਕੰਕਾਰਾ ਆਦਿ ਜੁਗਾਦਿ ਸਮਾਏ ।



੧੧੯੫ ੦੯

### ❋ ੧੦ ਅਸੂ ੨੦੧੭ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਿਹ ਪਿੰਡ ਗੁਮਾਨ ਪੁਰਾ, ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਖੇਲ ਨਿਆਰਾ, ਆਦਿ ਜੁਗਾਦੀ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਭੇਵ ਨਾ ਆਇੰਦਾ । ਏਕੰਕਾਰਾ ਅਗੰਮ ਅਥਾਹ ਵਸੇ ਉਚ ਮੁਨਾਰਾ, ਮਹਲ ਅਟੱਲ ਸੋਭਾ ਪਾਇੰਦਾ । ਆਦਿ ਨਿਰੰਜਣ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਾਚਾ ਘਰ ਸੋਹੇ ਸੱਚਾ ਸਿਕਦਾਰਾ, ਸ਼ਾਹੋ ਭੂਪ ਆਪਣਾ ਨਾਉਂ ਧਰਾਇੰਦਾ । ਸ੍ਰੀ ਭਗਵਾਨ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਸੁਣਾਇੰਦਾ । ਪਾਰਬ੍ਰਹਮ ਬਣੇ ਦਰ ਦਰਬਾਨਾ ਸਚ ਦਰਬਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਸਚਖੰਡ ਖੋਲ੍ਹੇ ਸਚ ਕਿਵਾੜਾ, ਸਚ ਅਖਾੜਾ ਏਕਾ ਲਾਇੰਦਾ । ਥਿਰ ਘਰ ਚਲਾਏ ਆਪਣੀ ਧਾਰਾ, ਧਾਰ ਧਾਰ ਵਿਚ ਉਪਜਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਨਾਰੀ ਕੰਤ ਭਤਾਰਾ, ਸੇਜ ਸੁਹੰਜਣੀ ਆਪ ਹੰਢਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰਾ, ਨੂਰੀ ਜਲਵਾ ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਆਪਣਾ

ਨਾਉਂ ਰਖਾਇੰਦਾ । ਸਤਿ ਸਤਿਵਾਦੀ ਇਕ ਇਕੱਲਾ, ਏਕਾ ਰੰਗ ਸਮਾਈਆ । ਸਚਖੰਡ ਵਸਾਏ ਸਚ ਮਹੱਲਾ, ਸਚ ਬੈਠਾ ਜੋਤ ਜਗਾਈਆ । ਥਿਰ ਘਰ ਸਾਚਾ ਆਪੇ ਮੱਲਾ, ਆਪ ਆਪਣੇ ਭਗਤ ਦਏ ਵਡਿਆਈਆ । ਆਪ ਆਪਣੀ ਜੋਤੀ ਆਪੇ ਰਲਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਆਪਣਾ ਫੜਿਆ ਆਪੇ ਪੱਲਾ, ਆਪ ਆਪਣਾ ਸੰਗ ਨਿਭਾਈਆ । ਆਪਣਾ ਸੰਦੇਸ਼ ਨਰ ਨਰੇਸ਼ ਆਪੇ ਘੱਲਾ, ਹੁਕਮੀ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ, ਆਪਣੀ ਧਾਰ ਆਪ ਚਲਾਈਆ । ਆਪਣੀ ਧਾਰ ਹਰਿ ਨਿਰੰਕਾਰ, ਆਦਿ ਪੁਰਖ ਆਪ ਚਲਾਇੰਦਾ । ਸਚਖੰਡ ਵਸੇ ਸਾਚੇ ਧਾਮ ਨਿਆਰ, ਥਿਰ ਘਰ ਸਾਚੇ ਸੋਭਾ ਪਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਦੀਵਾ ਬਾਤੀ ਇਕ ਰਖਾਇੰਦਾ । ਸਾਚਾ ਸਾਕੀ ਬਣ ਵਰਤਾਰਾ, ਆਪਣਾ ਜਾਮ ਆਪਣੇ ਹੱਥ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਵੜ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਸਚਖੰਡ ਦਵਾਰਾ ਸਚ ਸਿੰਘਾਸਣ, ਏਕੰਕਾਰਾ ਆਪ ਸੁਹਾਇੰਦਾ । ਇਕ ਇਕੱਲਾ ਪੁਰਖ ਅਬਿਨਾਸ਼ਨ, ਨਿਰਗੁਣ ਨਿਰਗੁਣ ਸੋਭਾ ਪਾਈਆ । ਆਪੇ ਸੇਵਕ ਦਾਸੀ ਦਾਸਨ, ਸ਼ਾਹੋ ਭੂਪ ਆਪ ਹੋ ਜਾਈਆ । ਆਪੇ ਪਾਵੇ ਆਪਣੀ ਰਾਸਨ, ਆਪਣੀ ਖੇਲ ਆਪ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੋਭਾਵੰਤ, ਏਕਾ ਬੈਠਾ ਸ੍ਰੀ ਭਗਵੰਤ, ਦੂਸਰ ਸੰਗ ਨਾ ਕੋਈ ਰਖਾਈਆ । ਨਾ ਕੋਈ ਸੰਗ ਨਾ ਕੋਈ ਸਾਥਾ, ਇਕ ਇਕੱਲਾ ਖੇਲ ਖਿਲਾਇੰਦਾ । ਇਕ ਇਕੱਲਾ ਪੁਰਖ ਸਮਰਾਥਾ, ਸਮਰੱਥ ਪੁਰਖ ਆਪਣਾ ਨਾਉਂ ਧਰਾਇੰਦਾ । ਏਕਾ ਜਾਣੇ ਆਪਣੀ ਗਾਥਾ, ਇਸ਼ਟ ਦੇਵ ਆਪ ਮਨਾਇੰਦਾ । ਆਪੇ ਵਰਤੇ ਵਰਤਾਏ ਆਪਣੀ ਵਸਤ, ਦੇਵਣਹਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਅਭੇਦਾ ਅਛਲ ਅਛੇਦਾ ਆਪਣਾ ਆਪ ਖੁਲ੍ਹਾਇੰਦਾ । ਸਚਖੰਡ ਦਵਾਰ ਸੁਹਾਵਣਾ, ਪੁਰਖ ਅਕਾਲ ਆਪ ਸੁਹਾਈਆ । ਮੂਰਤ ਅਕਾਲ ਡਗਮਗਾਵਣਾ, ਹਰਿ ਨਿਰਵੈਰ ਵੱਡੀ ਵਡਿਆਈਆ । ਅਜੂਨੀ ਰਹਿਤ ਰੂਪ ਵਟਾਵਣਾ, ਅਨਭਵ ਪਰਕਾਸ਼ ਸਮਾਈਆ । ਸ਼ਾਹ ਸੁਲਤਾਨ ਆਪ ਅਖਵਾਵਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚਾ ਤਖ਼ਤ ਆਪ ਹੰਢਾਵਣਾ, ਤਖ਼ਤ ਨਿਵਾਸੀ ਬੇਪਰਵਾਹੀਆ । ਧਰਮ ਦਵਾਰਾ ਇਕ ਵਸਾਵਣਾ, ਥਿਰ ਘਰ ਕਿਵਾੜ ਖੁਲਾਈਆ । ਘਰ ਘਰ ਵਿਚ ਮੰਦਰ ਬਣਾਵਨਾ, ਚਾਰ ਦਿਵਾਰ ਨਾ ਕੋਈ ਵਖਾਈਆ । ਸੂਰਜ ਚੰਨ ਨਾ ਕੋਈ ਚੜ੍ਹਾਵਣਾ, ਮੰਡਲ ਮੰਡਪ ਨਾ ਕੋਈ ਵਡਿਆਈਆ । ਇਕ ਇਕੱਲਾ ਡਗਮਗਾਵਣਾ, ਨਰ ਨਰਾਇਣ ਬੇਪਰਵਾਹੀਆ । ਸਚ ਮਹੱਲਾ ਸੋਭਾ ਪਾਵਣਾ, ਆਦਿ ਜੁਗਾਦਿ ਰਹੇ ਰੁਸ਼ਨਾਈਆ । ਸਾਚਾ ਮੇਲਾ ਮੇਲ ਮਿਲਾਵਨਾ, ਵਿਛੜ ਕਦੇ ਨਾ ਜਾਈਆ । ਦਾਮਨਗੀਰ ਦਾਮਨ ਫੜਾਵਣਾ, ਹਰਿ ਦਾਮਨ ਦਿਸ ਕਿਸੇ ਨਾ ਆਈਆ । ਆਪਣਾ ਜ਼ਾਮਨ ਆਪ ਕਰਾਵਣਾ, ਨਿਰਗੁਣ ਨਿਰਗੁਣ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਧਾਰ ਆਪ ਬੰਧਾਈਆ । ਸਾਚੀ ਧਾਰ ਹਰਿ ਕਰਤਾਰ, ਆਦਿ ਪੁਰਖ ਬਣਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਮੀਤ ਮੁਰਾਰ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਬੋਲ ਜੈਕਾਰ, ਆਪਣਾ ਨਾਉਂ ਆਪ ਪਰਗਟਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰ, ਦਰ ਘਰ ਸਾਚੇ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਬਣੇ ਭਿਖਾਰ, ਆਪਣੀ ਭਿਛਿਆ ਮੰਗ

ਮੰਗਾਇੰਦਾ । ਸ਼ਬਦ ਵਿਚੋਲਾ ਨਿਰਾਕਾਰ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਧਾਮ ਆਪਣੀ ਖੇਲ ਖਿਲਾਇੰਦਾ । ਆਪੇ ਨਾਰੀ ਕੰਤ ਬਣ ਭਤਾਰ, ਸਾਚੀ ਸੇਜ ਆਪ ਹੰਢਾਇੰਦਾ । ਆਪੇ ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਸ਼ਬਦ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਮਾਤ ਪਿਤ ਸੁਤ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਨਿਰਗੁਣ ਅੰਦਰੋਂ ਨਿਰਗੁਣ ਆਇਆ ਬਾਹਰਾ, ਨਿਰਗੁਣ ਆਪਣੇ ਅੰਗ ਉਠਾਇੰਦਾ । ਨਿਰਗੁਣ ਰਾਜ ਨਿਰਗੁਣ ਸਿਕਦਾਰਾ, ਨਿਰਗੁਣ ਭੂਪ ਸਤਿ ਸਰੂਪ ਅਖਵਾਇੰਦਾ । ਨਿਰਗੁਣ ਭਿਖਾਰਾ ਨਿਰਗੁਣ ਕਰੇ ਨਿਮਸਕਾਰਾ, ਨਿਰਗੁਣ ਦਰ ਘਰ ਅਲੱਖ ਜਗਾਇੰਦਾ । ਨਿਰਗੁਣ ਵਰਤੇ ਵਰਤਾਰਾ, ਨਿਰਗੁਣ ਵੇਖੇ ਵੇਖਣਹਾਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਕਰੇ ਪਿਆਰਾ । ਨਿਰਗੁਣ ਪਿਆਰ ਸ਼ਬਦ ਸੁਤ, ਸਚਖੰਡ ਵੱਜੀ ਵਧਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਆਪਣਾ ਰੂਪ ਆਪ ਧਰਾਈਆ । ਆਪ ਸੁਹਾਏ ਆਪਣੀ ਰੁੱਤ, ਰੁਤ ਰੁਤੜੀ ਵੇਖ ਵਖਾਈਆ । ਥਿਰ ਘਰ ਉਪਾਇਆ ਸਾਚਾ ਕੋਟ, ਹਰਿ ਕੰਤ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸ਼ਬਦ ਸੁਤ ਉਪਾਇਆ, ਕਰ ਕਿਰਪਾ ਗੁਣ ਨਿਧਾਨ । ਸਚਖੰਡ ਦਵਾਰਾ ਆਪ ਵਸਾਇਆ, ਹੱਥ ਫੜਾਇਆ ਧੁਰ ਨਿਸ਼ਾਨ । ਸਤ ਰੰਗ ਆਪ ਰੰਗਾਇਆ, ਰੰਗਣਹਾਰ ਸ੍ਰੀ ਭਗਵਾਨ । ਰੂਪ ਰੰਗ ਰੇਖ ਨਾ ਕਿਸੇ ਜਣਾਇਆ, ਕਰੇ ਵੇਸ ਵਾਲੀ ਦੋ ਜਹਾਨ । ਸਚ ਸੰਦੇਸ਼ ਇਕ ਸੁਣਾਇਆ, ਆਦਿ ਆਦਿ ਧੁਰ ਫ਼ਰਮਾਣ । ਆਪਣਾ ਹੁਕਮ ਆਪ ਵਰਤਾਇਆ, ਇਕ ਰਖਾਏ ਸਾਚੀ ਆਣ । ਚਰਨ ਧਿਆਨ ਇਕ ਜਣਾਇਆ, ਏਕਾ ਦੇਵੇ ਸਾਚਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਬੰਧਾਇਆ । ਸਾਚੀ ਧਾਰ ਸਤ ਰੰਗ, ਸਤਿ ਸਤਿਵਾਦ ਆਪ ਬੰਧਾਈਆ । ਕਰੇ ਖੇਲ ਸੂਰਾ ਸਰਬੰਗ, ਪਾਰਬ੍ਰਹਮ ਵੱਡੀ ਵਡਿਆਈਆ । ਦੂਸਰ ਦਰ ਨਾ ਮੰਗੇ ਮੰਗ, ਘਰ ਸਾਚੇ ਸੋਭਾ ਪਾਈਆ । ਆਦਿ ਜੁਗਾਦਿ ਨਾ ਹੋਏ ਭੰਗ, ਸਾਚੀ ਡੋਰੀ ਏਕਾ ਪਾਈਆ । ਨਾਮ ਨਿਧਾਨਾ ਪਾਇਆ ਤੰਦ, ਆਪਣੀ ਹੱਥੀਂ ਸੇਵ ਕਮਾਈਆ । ਸਤਿ ਸੁਹਾਗੀ ਗਾਇਆ ਛੰਦ, ਸਤਿ ਸਤਿਵਾਦੀ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦੇਵੇ ਇਕ ਵਡਿਆਈਆ । ਸਤ ਰੰਗ ਨਿਸ਼ਾਨਾ ਸਤਿ ਘਰ, ਸਤਿ ਸਤਿ ਆਪ ਸੁਹਾਇਆ । ਸ਼ਬਦ ਸੁਤ ਦਿਤਾ ਵਰ, ਏਕਾ ਰੂਪ ਦਰਸਾਇਆ । ਆਦਿ ਜੁਗਾਦਿ ਵੇਖੇ ਖੜ, ਮਧ ਆਪਣਾ ਨਾਉਂ ਧਰਾਇਆ । ਸਚਖੰਡ ਦਵਾਰਾ ਕਿਲਾ ਗੜ੍ਹ, ਪਾਰਬ੍ਰਹਮ ਪ੍ਰਭ ਆਪ ਸਹਾਇਆ । ਕੋਇ ਨਾ ਸਕੇ ਅੰਦਰ ਵੜ, ਦਰ ਦਰਵਾਜ਼ਾ ਬੰਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤ ਰੰਗ ਲੇਖਾ ਆਪ ਜਣਾਇਆ । ਸਤ ਰੰਗ ਸਤਿ ਗੁਣ, ਸਤਿ ਸਤਿ ਆਪ ਜਣਾਈਆ । ਸ਼ਬਦ ਦੁਲਾਰੇ ਪੁਕਾਰ ਸੁਣ, ਤੇਰਾ ਹੋਏ ਸੁਹਾਈਆ । ਅਗੰਮ ਅਗੰਮੀ ਵੱਜੇ ਧੁਨ, ਤੁਰੀਆ ਰਾਗ ਇਕ ਵਡਿਆਈਆ । ਹਰਿ ਕਾ ਭੇਵ ਜਾਣੇ ਕਵਣ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦਏ ਸੁਹਾਈਆ । ਏਕਾ ਰੰਗ ਲਾਲ ਗੁਲਾਲਾ, ਨਿਰਗੁਣ ਆਪਣਾ ਆਪ ਉਪਾਇਆ । ਸਚ ਲਲਾਰੀ ਬਣਿਆ ਸਚਖੰਡ ਸੱਚੀ ਧਰਮਸਾਲਾ, ਦੂਸਰ ਧਾਰ ਨਾ ਕੋਈ ਜਣਾਇਆ । ਕਰੇ ਖੇਲ ਪੁਰਖ ਅਕਾਲਾ, ਅਕਲ ਕਲ ਆਪਣੀ ਆਪ

੧੧੯੭

ਵਰਤਾਇਆ । ਆਪਣਾ ਮਾਰਗ ਵੇਖ ਸੁਖ਼ਾਲਾ, ਆਪਣਾ ਪਾਂਧੀ ਆਪੇ ਪੰਧ ਮੁਕਾਇਆ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਰਿਹਾ ਸੁਹਾਇਆ । ਦਰ ਘਰ ਸਾਚਾ ਖੇਲ ਅਪਾਰਾ, ਹਰਿ ਜੂ ਹਰਿ ਮੰਦਰ ਆਪ ਕਰਾਈਆ । ਕੰਚਨ ਰੂਪ ਹੋ ਨਿਆਰਾ, ਨਿਰਵੈਰ ਵੱਡੀ ਵਡਿਆਈਆ । ਆਪਣਾ ਦੇਵੇ ਆਪ ਸਹਾਰਾ, ਸਗਲਾ ਸੰਗ ਆਪ ਨਿਭਾਈਆ । ਆਪੇ ਜਾਣੇ ਆਰ ਪਾਰ ਕਿਨਾਰਾ, ਦੋ ਜਹਾਨਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦ ਵੱਡੀ ਵਡਿਆਈਆ । ਸਤਿ ਸਤਿਵਾਦੀ ਬੇਪਰਵਾਹ, ਬੇਐਬ ਪਰਵਰਦਿਗਾਰ ਅਖਵਾਇੰਦਾ । ਸੂਹਾ ਵੇਸ ਏਕਾ ਰੰਗ ਰੰਗਾ, ਰੰਗ ਰੰਗੀਲਾ ਖ਼ੁਸ਼ੀ ਮਨਾਇੰਦਾ । ਦਰ ਦਰਵਾਜ਼ਾ ਬੰਦ ਖੁਲ੍ਹਾ, ਆਪਣਾ ਬੰਕ ਆਪ ਸੁਹਾਇੰਦਾ । ਆਪਣੇ ਮੰਦਰ ਸੋਭਾ ਪਾ, ਆਪਣਾ ਗੁਣ ਆਪ ਜਣਾਇੰਦਾ । ਆਦਿ ਜੁਗਾਦਿ ਬਣਿਆ ਰਹੇ ਬੇਪਰਵਾਹ, ਨਿਰਭੌ ਭੈ ਨਾ ਕੋਈ ਜਣਾਇੰਦਾ । ਆਪੇ ਹੋਏ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਸੁਲਤਾਨ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਇੰਦਾ । ਸਾਚੀ ਖੇਲ ਸਾਚੀ ਧਾਰ, ਸਚ ਸਚ ਆਪ ਚਲਾਈਆ । ਏਕਾ ਰੰਗ ਕਰ ਪਿਆਰ, ਏਕਾ ਸ਼ਬਦ ਵੱਡੀ ਵਡਿਆਈਆ । ਸਾਰਿੰਗ ਸਾਰਿੰਗ ਨਾ ਕੋਈ ਸਤਾਰ, ਤਾਰ ਸਤਾਰ ਨਾ ਕੋਈ ਹਿਲਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਿਰ ਵੇਸ ਵਟਾਈਆ । ਚਿੱਟੀ ਧਾਰ ਕਰ ਪਿਆਰ, ਹਰਿ ਨਿਰੰਕਾਰ ਅਗੰਮ ਅਪਾਰ ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਛੈਲ ਛਬੀਲਾ, ਆਪਣਾ ਆਪ ਜਣਾਈਆ । ਆਪ ਸ਼ਬਦ ਸਰੂਪੀ ਰੰਗ ਰੰਗਾਏ ਪੀਲਾ, ਪੀਤ ਪਿਤੰਬਰ ਆਪ ਸੁਹਾਈਆ । ਆਪੇ ਸਚਖੰਡ ਨਿਵਾਸੀ ਆਪਣਾ ਬਣਾਏ ਇਕ ਕਬੀਲਾ, ਆਪਣਾ ਬੰਸ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਇਕ ਅਕੇਲਾ, ਏਕਾ ਏਕ ਸੁਹਾਇੰਦਾ । ਆਪੇ ਵਸੇ ਧਾਮ ਨਵੇਲਾ, ਦਰ ਦਵਾਰਾ ਆਪ ਖਲਾਇੰਦਾ । ਆਪੇ ਰੰਗ ਰੂਪ ਰੰਗਾਏ ਆਪਣਾ ਨੀਲਾ, ਸ਼ਬਦ ਸ਼ਬਦੀ ਗੁਣ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਇੰਦਾ । ਆਪਣਾ ਬੰਧਨ ਆਪੇ ਪਾ, ਆਪੇ ਖੇਲ ਖਿਲਾਇੰਦਾ । ਸਚਖੰਡ ਦਵਾਰਾ ਆਪ ਵਸਾ, ਆਪੇ ਜੋਤ ਜਗਾਇੰਦਾ । ਆਪੇ ਨਿਰਗੁਣ ਬਣੇ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਆਪ ਉਪਜਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਆਪਣਾ ਸ਼ਬਦ ਆਪ ਉਪਜਾ, ਆਪਣੀ ਧੁਨ ਆਪ ਅਲਾਇੰਦਾ । ਆਪਣਾ ਗੀਤ ਆਪੇ ਗਾ, ਆਪੇ ਗੋਬਿੰਦ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਆਪ ਰੰਗਾ, ਕਾਲੀ ਧਾਰ ਪਾਰ ਕਰਾਇੰਦਾ । ਸਤਿ ਸਤਿਵਾਦ ਸਾਚੀ ਧਾਰ, ਸ਼ਬਦੀ ਸ਼ਬਦ ਸ਼ਬਦ ਕੁੜਮਾਈਆ । ਨਿਰਗੁਣ ਕਰੇ ਸਚ ਵਿਹਾਰ, ਤਖ਼ਤ ਨਵਾਸੀ ਸੱਚਾ ਸ਼ਹਿਨਸ਼ਾਹੀਆ । ਸੁਤ ਦੁਲਾਰਾ ਕਰਿਆ ਖ਼ਬਰਦਾਰ, ਸ਼ਬਦ ਅਗੰਮੀ ਆਪ ਜਗਾਈਆ । ਵਰ ਦਿਤਾ ਏਕਾ ਵਾਰ, ਅਤੋਟ ਅਤੁਟ ਭੰਡਾਰ ਵਰਤਾਈਆ । ਸਾਚਾ ਹੁਕਮ ਸੱਚੀ ਸਰਕਾਰ, ਦਰ ਘਰ ਸਾਚੇ ਰਿਹਾ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੈਣਾ ਉਸਾਰ, ਤੇਰੀ ਸੇਵਾ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਵੰਡਣ ਇਕ ਵੰਡਾਈਆ । ਏਕਾ ਜੋਤ ਨਿਰਾਕਾਰ,

ਨਿਰਗੁਣ ਨਿਰਵੈਰ ਆਪਣੇ ਵਿਚ ਰਖਾਈਆ । ਸ਼ਬਦ ਸੁਤ ਤੇਰੀ ਧਾਰ, ਆਪਣੇ ਪਿਆਰ ਵਿਚ ਸਮਾਈਆ । ਆਪਾ ਦੇਵੇ ਆਪੇ ਵਾਰ, ਆਪ ਆਪਣੀ ਵੰਡ ਵੰਡਾਈਆ । ਲੇਖਾ ਕਰੇ ਧੁਰ ਦਰਬਾਰ, ਲਿਖਣਹਾਰ ਇਕ ਅਖਵਾਈਆ । ਏਕਾ ਸ਼ਬਦ ਸ਼ਬਦ ਵਰਤਾਰ, ਸ਼ਬਦ ਭੰਡਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸ਼ਬਦ ਵਡਿਆਈਆ । ਸ਼ਬਦ ਵਡਿਆਈ ਹਰਿ ਨਿਰੰਕਾਰ, ਰੂਪ ਰੰਗ ਰੇਖ ਨਾ ਕੋਈ ਜਣਾਇਆ । ਉਪਜੇ ਧੁਨ ਅਗੰਮੀ ਧਾਰ, ਤਾਲ ਤਲਵਾੜਾ ਆਪ ਵਜਾਇਆ । ਸੁਣੇ ਸੁਣਾਏ ਸੁਣਨੇਹਾਰ, ਪੁਰਖ ਅਕਾਲ ਖੇਲ ਖਿਲਾਇਆ । ਕਰਨੀ ਕਰਤਾ ਕਰੇ ਅਪਰ ਅਪਾਰ, ਪਾਰਬ੍ਰਹਮ ਭੇਵ ਨਾ ਰਾਇਆ । ਦਰਗਾਹਿ ਸਾਚੀ ਹੋ ਤਿਆਰ, ਆਪ ਆਪਣਾ ਬੰਕ ਖੁਲਾਇਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰ, ਸ਼ਬਦ ਹੁਲਾਰਾ ਇਕ ਜਣਾਇਆ । ਏਕਾ ਹੁਕਮ ਸੱਚਾ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਇਆ । ਲੱਖ ਚੁਰਾਸੀ ਕਰ ਤਿਆਰ, ਪੰਜ ਤਤ ਸਾਚੀ ਵਸਤ ਹੱਥ ਫੜਾਇਆ । ਘੜੇ ਘੜਾਏ ਘੜਨੇਹਾਰ, ਸਚ ਘੁਮਿਆਰਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਸ਼ਬਦ ਇਕ ਸਲਾਹਿਆ । ਆਦਿ ਸ਼ਬਦ ਹਰਿ ਨਿਰੰਕਾਰ, ਆਪਣਾ ਆਪ ਉਪਜਾਇੰਦਾ । ਸ਼ਬਦ ਸ਼ਬਦੀ ਕਰ ਪਸਾਰ, ਸ਼ਬਦ ਸ਼ਬਦੀ ਵੇਖ ਵਖਾਇੰਦਾ । ਸ਼ਬਦ ਨਿਰਗੁਣ ਨਿਰਾਕਾਰ, ਸ਼ਬਦ ਸਰਗੁਣ ਰੂਪ ਵਟਾਇੰਦਾ । ਸ਼ਬਦ ਪੰਜ ਤਤ ਕਰੇ ਅਕਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮੇਲ ਮਿਲਾਇੰਦਾ । ਸ਼ਬਦ ਵੰਡ ਕਰੇ ਸੰਸਾਰ, ਮਨ ਮਤ ਬੁਧ ਆਪਣੀ ਅੰਸ ਬਣਾਇੰਦਾ । ਸ਼ਬਦ ਬਣੇ ਲੇਖ ਲਿਖਾਰ, ਧੁਰ ਦਾ ਲੇਖਾ ਆਪ ਜਣਾਇੰਦਾ । ਸ਼ਬਦ ਗੁਣ ਜਾਣੇ ਮੁਖ ਚਾਰ, ਚਾਰੇ ਵੇਦਾਂ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਸ਼ਬਦ ਪੜ੍ਹਾਇੰਦਾ । ਏਕਾ ਅੱਖਰ ਸ਼ਬਦ ਨਿਰਾਲਾ, ਲਿਖਣ ਪੜ੍ਹਨ ਵਿਚ ਨਾ ਆਇਆ । ਆਪ ਉਪਜਾਏ ਪੁਰਖ ਅਕਾਲਾ, ਆਪਣਾ ਮੰਦਰ ਆਪ ਰਖਾਇਆ । ਆਪੇ ਹੋਏ ਦੀਨ ਦਿਆਲਾ, ਦਇਆਨਿਧ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਆਪਣਾ ਨਾਉਂ ਦ੍ਰਿੜਾਇਆ । ਏਕਾ ਆਪਣਾ ਨਾਉਂ ਦ੍ਰਿੜਾਏ, ਪਾਰਬ੍ਰਹਮ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਖੇਲ ਖਲਾਏ, ਸ਼ਬਦੀ ਗੁਰ ਇਕ ਸਲਾਹੀਆ । ਲੱਖ ਚੁਰਾਸੀ ਘਾੜਨ ਆਪ ਘੜਾਏ, ਘਟ ਘਟ ਆਪਣੀ ਜੋਤ ਕਰੇ ਰੁਸ਼ਨਾਈਆ । ਦਰ ਦਰ ਦੇਵੇ ਰਿਜ਼ਕ ਸਬਾਏ, ਵਿਸ਼ਨੂੰ ਵੰਸੀ ਭੁੱਲ ਨਾ ਜਾਈਆ । ਪਾਰਬ੍ਰਹਮ ਪ੍ਰਭ ਰੂਪ ਪਰਗਟਾਏ, ਜੋਤੀ ਜੋਤ ਰੁਸ਼ਨਾਈਆ । ਸ਼ੰਕਰ ਲੇਖਾ ਰਹੇ ਨਾ ਰਾਏ, ਲੇਖਾ ਆਪਣੇ ਲੇਖੇ ਪਾਈਆ । ਬਣੇ ਵਿਚੋਲਾ ਬੇਪਰਵਾਹੇ, ਆਪਣੀ ਸੇਵਾ ਆਪ ਕਮਾਈਆ । ਸਾਚਾ ਤੋਲਾ ਇਕ ਅਖਵਾਏ, ਨਾਮ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰ ਘਟ ਥਾਈਆ । ਸਾਚਾ ਕੰਡਾ ਹੱਥ ਉਠਾਇਆ, ਨਿਰਗੁਣ ਆਪਣੀ ਜੋਤ ਜਗਾ । ਬ੍ਰਹਮਾ ਵਿਸ਼ਨ ਸ਼ਿਵ ਆਪ ਸੁਣਾਇਆ, ਏਕਾ ਅੱਖਰ ਨਾਮ ਪੜ੍ਹਾ । ਸ਼ਬਦ ਵਿਚੋਲਾ ਵਿਚ ਰਖਾਇਆ, ਘਰ ਘਰ ਗਿਆ ਸਮਾ । ਔਂਦਾਂ ਜਾਂਦਾ ਦਿਸ ਨਾ ਆਇਆ, ਆਪਣੀ ਬੈਠਾ ਨਜ਼ਰ ਛੁਪਾ । ਚਾਰ ਵੇਦ ਰਹੇ ਜਸ ਗਾਇਆ, ਪੁਰਖ ਅਬਿਨਾਸ਼ੀ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦੀ ਖੇਲ ਖਲਾ । ਹਰਿ ਸ਼ਬਦ ਖੇਲ ਖਿਲਾਇੰਦਾ, ਲੋਕਮਾਤ ਸਾਚੀ ਕਾਰ । ਲੱਖ ਚੁਰਾਸੀ ਬਣਤ ਬਣਾਇੰਦਾ, ਕਾਇਆ ਮੰਦਰ ਕਰ ਤਿਆਰ । ਘਰ ਘਰ ਵਿਚ ਆਪ ਸੁਹਾਇੰਦਾ, ਲੇਖਾ ਜਾਣੇ ਡੂੰਘੀ ਗਾਰ । ਨੌਂ ਦਵਾਰੇ

ਜਗਤ ਵਖਾਇੰਦਾ, ਜਗਤ ਵਾਸਨਾ ਭਰ ਭੰਡਾਰ । ਆਪਣਾ ਮਾਰਗ ਆਪੇ ਲਾਇੰਦਾ, ਆਪੇ ਵੇਖਣਹਾਰ । ਡੂੰਘੀ ਭਵਰੀ ਆਪ ਸੁਹਾਇੰਦਾ, ਕਾਇਆ ਕਵਰੀ ਹੋ ਤਿਆਰ । ਆਤਮ ਸੇਜਾ ਸੋਭਾ ਪਾਇੰਦਾ, ਬ੍ਰਹਮ ਰੂਪ ਸੱਚੀ ਸਰਕਾਰ । ਸਚ ਸਿੰਘਾਸਣ ਇਕ ਵਿਛਾਇੰਦਾ, ਆਪ ਆਪੇ ਕਰੇ ਪਿਆਰ । ਅੰਮ੍ਰਿਤ ਜਲ ਇਕ ਭਰਾਇੰਦਾ, ਨਿਝਰ ਝਿਰਨਾ ਠੰਡਾ ਠਾਰ । ਸਾਚਾ ਸ਼ਬਦ ਵਿਚ ਟਿਕਾਇੰਦਾ, ਆਦਿ ਪੁਰਖ ਪ੍ਰਭ ਕਿਰਪਾ ਧਾਰ । ਆਪਣੀ ਹੱਥੀਂ ਕੁੰਡਾ ਲਾਹਿੰਦਾ, ਨਾ ਕੋਈ ਖੋਲ੍ਹੇ ਬੰਦ ਕਿਵਾੜ । ਬਜਰ ਕਪਾਟੀ ਅੱਗੇ ਟਿਕਾਇੰਦਾ, ਕਰੇ ਕਰਾਏ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਵਰਤੇ ਵਰਤਾਰ । ਸ਼ਬਦ ਵਰਤਾਰ ਵਰਤਾਇਆ, ਕਰ ਕਿਰਪਾ ਗੁਣ ਨਿਧਾਨ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇਆ, ਤ੍ਰੈਗੁਣ ਦੀਆ ਏਕਾ ਦਾਨ । ਏਕਾ ਮੇਲਾ ਮੇਲ ਮਿਲਾਇਆ, ਨਾਤਾ ਜੁੜਿਆ ਦੋ ਜਹਾਨ । ਸਾਚਾ ਸਈਆ ਆਪ ਅਖਵਾਇਆ, ਸਵਛ ਸਰੂਪੀ ਨੌਜਵਾਨ । ਜਗਤ ਨਈਆ ਆਪ ਚਲਾਇਆ, ਲੱਖ ਚੁਰਾਸੀ ਕਰ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਫ਼ਰਮਾਣ । ਧੁਰ ਫ਼ਰਮਾਣਾ ਹਰਿ ਜਣਾਇੰਦਾ, ਵਿਸ਼ਨੂੰ ਸੁਣ ਕਰ ਧਿਆਨ । ਬ੍ਰਹਮਾ ਤੇਰੀ ਜਾਗ ਖੁਲਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਸ਼ੰਕਰ ਤੇਰਾ ਰੰਗ ਰੰਗਾਇੰਦਾ, ਆਪੇ ਹੋਏ ਜਾਣੀ ਜਾਣ । ਲੱਖ ਚੁਰਾਸੀ ਵੇਖ ਵਖਾਇੰਦਾ, ਇਕ ਇਕੱਲਾ ਸ੍ਰੀ ਭਗਵਾਨ । ਚਾਰੇ ਜੁਗ ਵੰਡ ਵੰਡਾਇੰਦਾ, ਚਾਰੇ ਬਾਣੀ ਕਰ ਪਰਧਾਨ । ਚਾਰੇ ਖਾਣੀ ਖੇਲ ਖਿਲਾਇੰਦਾ, ਸ਼ਬਦ ਹਾਣੀ ਹੋ ਮਿਹਰਵਾਨ । ਦਾਤਾ ਦਾਨੀ ਦਾਨ ਝੋਲੀ ਪਾਇੰਦਾ, ਕਿਰਪਾ ਕਰੇ ਹਰ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸ਼ਬਦ ਸ਼ਬਦੀ ਇਕ ਸਮਝਾਇੰਦਾ । ਸਚ ਸ਼ਬਦ ਹਰਿ ਸੇਵ ਕਮਾ, ਕਰਤਾ ਆਪਣੀ ਖੇਲ ਖਿਲਾਈਆ । ਗੁਰ ਪੀਰ ਅਵਤਾਰ ਲਏ ਨਾਉਂ ਧਰਾ, ਭਗਤ ਭਗਵੰਤ ਕਰੇ ਕੁੜਮਾਈਆ । ਸੰਤਨ ਗਲੇ ਲਏ ਲਗਾ, ਸਚ ਦਵਾਰਾ ਇਕ ਸਮਝਾਈਆ । ਗੁਰਮੁਖ ਗੁਰ ਗੁਰ ਲਏ ਉਠਾ, ਆਪ ਆਪਣਾ ਮੇਲ ਮਿਲਾਈਆ । ਗੁਰਸਿਖ ਸਿਖ਼ਿਆ ਦਏ ਸਮਝਾ, ਸਾਚੀ ਸਿਖ਼ਿਆ ਕਰੇ ਪੜ੍ਹਾਈਆ । ਇਕ ਇਕੱਲਾ ਆਪਣਾ ਨਾਉਂ ਜਪਾ, ਆਪੇ ਕੀਮਤ ਲਏ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਜੁਗ ਵੰਡ ਵੰਡਾਈਆ । ਚਾਰ ਜੁਗ ਹਰਿ ਵੰਡ ਵੰਡਾਇਆ, ਭੇਵ ਅਭੇਦਾ ਭੇਵ ਛੁਪਾਇੰਦਾ । ਲੋਕਮਾਤ ਰਾਹ ਚਲਾਇਆ, ਚੌਦਾਂ ਲੋਕ ਵੇਖ ਵਖਾਇੰਦਾ । ਏਕਾ ਅੱਖਰ ਜਗਤ ਸਲੋਕ ਦਏ ਪੜ੍ਹਾਇਆ, ਦੂਸਰ ਢੋਲ ਨਾ ਕੋਈ ਵਜਾਇੰਦਾ । ਏਕਾ ਮੰਤਰ ਦਏ ਦ੍ਰਿੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਵਿਚ ਰਖਾਇੰਦਾ । ਸਤਿਜੁਗ ਖੇਲ ਅਪਰ ਅਪਾਰ, ਸ਼ਬਦ ਧਾਰ ਨਾ ਕੋਈ ਚਲਾਈਆ । ਚਾਰ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪਾਰਬ੍ਰਹਮ ਪ੍ਰਭ ਕਰੇ ਪਸਾਰ, ਲੇਖਾ ਜਾਣੇ ਥਾਉਂ ਥਾਈਆ । ਭਗਤ ਭਗਵੰਤ ਲਏ ਅਧਾਰ, ਨਿਤ ਨਵਿਤ ਰੂਪ ਪਰਗਟਾਈਆ । ਦਸ ਅੱਠ ਜਾਏ ਪਾਰ ਕਿਨਾਰ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੋਧ ਅਗਾਧ ਨਾ ਕੋਈ ਵਖਾਈਆ । ਸਤਿਜੁਗ ਉਤਰੇ ਪਾਰ ਕਿਨਾਰਾ, ਤ੍ਰੇਤੇ ਵੱਜੇ ਵਧਾਈਆ । ਦੋਏ ਦੋਏ ਅੱਖਰ ਕਰ ਉਜਿਆਰਾ, ਰਾਮ ਰਾਮ ਵਡਿਆਈਆ । ਤੋੜਨਹਾਰਾ ਗੜ੍ਹ ਹੰਕਾਰਾ, ਤੀਰ ਕਮਾਨਾ ਹੱਥ ਉਠਾਈਆ । ਹਰਿ ਕਾ ਸ਼ਬਦ ਨਾ ਕੋਈ ਉਚਾਰਾ, ਰਸਨਾ ਜਿਹਵਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ

ਖੇਲ ਖਿਲਾਈਆ । ਤ੍ਰੇਤਾ ਹਰਿ ਹਰਿ ਖੇਲ ਖਿਲਾਇਆ, ਦੁਆਪਰ ਵੇਸ ਵਟਾਇੰਦਾ । ਕਾਹਨਾ ਕ੍ਰਿਸ਼ਨਾ ਨਾਉਂ ਰਖਾਇਆ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪਣਾ ਰੂਪ ਪਰਗਟਾਇੰਦਾ । ਅਠ ਦਸ ਲੇਖਾ ਗਿਆ ਗਣਾਇਆ, ਆਪਣਾ ਨਾਉਂ ਮੁਖ ਰਖਾਇੰਦਾ । ਨਿਰਗੁਣ ਆਪਣੇ ਵਿਚ ਛੁਪਾਇਆ, ਤਤਵ ਤਤ ਨਾ ਕੋਈ ਰਖਾਇੰਦਾ । ਗੀਤਾ ਗਿਆਨ ਇਕ ਦ੍ਰਿੜਾਇਆ, ਜਗਤ ਵਾਸਨਾ ਸਰਬ ਚੁਕਾਇੰਦਾ । ਹਰਿ ਕਾ ਸ਼ਬਦ ਭੇਵ ਨਾ ਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਦੁਆਪਰ ਉਤਰਿਆ ਪਾਰ ਕਿਨਾਰਾ, ਕਲਜੁਗ ਵੇਸ ਵਟਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਆਪਣੀ ਕਲ ਆਪ ਵਰਤਾਈਆ । ਨਿਰਗੁਣ ਲਗਾਏ ਆਪਣਾ ਨਾਅਰਾ, ਸਰਗੁਣ ਕਰੇ ਪੜ੍ਹਾਈਆ । ਵੰਡੇ ਵੰਡ ਵਿਚ ਸੰਸਾਰਾ, ਹੁਕਮੀ ਹੁਕਮ ਆਪ ਸੁਣਾਈਆ । ਤੀਸ ਬਤੀਸਾ ਸਾਚੀ ਧਾਰਾ, ਸ਼ਰਅ ਸ਼ਰੀਯਤ ਵੇਖ ਵਖਾਈਆ । ਹਕ ਮੁਕਾਮੇ ਏਕਾ ਯਾਰਾ, ਹਕ ਹਕੀਕਤ ਦਏ ਗਵਾਹੀਆ । ਏਕਾ ਉਮਤ ਕਰੇ ਤਿਆਰਾ, ਨਬੀ ਰਸੂਲ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਿਹਮਾਦ, ਬ੍ਰਹਮ ਆਪਣਾ ਵੇਸ ਵਟਾਈਆ । ਹਰਿ ਸ਼ਬਦ ਵੇਸ ਵਟੰਦੜਾ, ਜੁਗਾ ਜੁਗੰਤਰ ਸਾਚੀ ਕਾਰ । ਕਾਇਆ ਚੋਲਾ ਆਪ ਹਢੰਦੜਾ, ਪੰਜ ਤਤ ਕਰੇ ਪਿਆਰ । ਆਪਣਾ ਖੇਲ ਆਪ ਖਲੰਦੜਾ, ਖੇਲਣਹਾਰਾ ਅਗੰਮ ਅਪਾਰ । ਬ੍ਰਹਮ ਪਾਰਬ੍ਰਹਮ ਮੇਲ ਮਿਲੰਦੜਾ, ਨਿਰਗੁਣ ਨਿਰਗੁਣ ਦਏ ਆਧਾਰ । ਸਚਖੰਡ ਦਵਾਰਾ ਇਕ ਸੁਹੰਦੜਾ, ਸੋਭਾਵੰਤ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲਏ ਵਿਚਾਰ । ਆਪਣਾ ਲੇਖਾ ਆਪ ਵਿਚਾਰਿਆ, ਕਰ ਕਿਰਪਾ ਗੁਣ ਨਿਧਾਨ । ਪੰਜ ਤਤ ਹੋਏ ਉਜਿਆਰਿਆ, ਨਾਨਕ ਨਾਮ ਨਾਮ ਪਰਧਾਨ । ਸਾਚਾ ਮੰਦਰ ਇਕ ਸੁਹਾ ਰਿਹਾ, ਸਾਢੇ ਤਿੰਨ ਹੱਥ ਜਗਤ ਮਕਾਨ । ਮਹੱਲ ਅਟੱਲ ਡੇਰਾ ਲਾ ਰਿਹਾ, ਜੋਧਾ ਸੂਰਬੀਰ ਬਲੀ ਬਲਵਾਨ । ਆਪਣਾ ਹੁਕਮ ਆਪ ਜਣਾ ਲਿਆ, ਉਚੇ ਦੇਵੇ ਧੁਰ ਫ਼ਰਮਾਣ । ਸਚਖੰਡ ਦਵਾਰੇ ਆਪ ਸਦਾ ਲਿਆ, ਨਿਰਗੁਣ ਨਿਰਗੁਣ ਕਰ ਪਰਵਾਨ । ਸਤਿਜੁਗ ਸਾਚਾ ਰੰਗ ਆਪ ਰੰਗਾ ਲਿਆ, ਰੰਗ ਰੰਗੇ ਗੁਣ ਨਿਧਾਨ । ਸੋ ਪੁਰਖ ਨਿਰੰਜਣ ਵੇਖ ਵਖਾ ਲਿਆ, ਹਰਿ ਪੁਰਖ ਨਿਰੰਜਣ ਕਰੇ ਪਛਾਣ । ਏਕੰਕਾਰਾ ਨੈਣ ਖੁਲ੍ਹਾ ਲਿਆ, ਆਦਿ ਨਿਰੰਜਣ ਨੂਰ ਕਰੇ ਮਹਾਨ । ਸ੍ਰੀ ਭਗਵਾਨ ਗੁਣ ਗਾ ਰਿਹਾ, ਅਬਿਨਾਸ਼ੀ ਕਰਤਾ ਗਾਏ ਏਕਾ ਗਾਨ । ਪਾਰਬ੍ਰਹਮ ਪ੍ਰਭ ਸਗਨ ਮਨਾ ਲਿਆ, ਦਰ ਘਰ ਸਾਚੇ ਹੋਏ ਪਰਵਾਨ । ਨਾਨਕ ਨਿਰਗੁਣ ਵੇਖ ਵਖਾ ਲਿਆ, ਮੇਲ ਮਿਲਾਵਾ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਹਰਿ ਨਿਰੰਕਾਰ, ਆਪਣੀ ਕਰੇ ਆਪ ਪਛਾਣ । ਨਾਨਕ ਹਰਿ ਹਰਿ ਏਕਾ ਏਕ, ਦੂਸਰ ਰੰਗ ਨਾ ਕੋਈ ਰੰਗਾਈਆ । ਆਦਿ ਜੁਗਾਦੀ ਲਿਖਣਹਾਰਾ ਲੇਖ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਧਾਰੇ ਭੇਖ, ਪੁਰਖ ਅਕਾਲ ਬੇਪਰਵਾਹੀਆ । ਕਲਜੁਗ ਅੰਤਮ ਲਏ ਵੇਖ, ਸ੍ਰਿਸ਼ਟ ਸਬਾਈ ਫੇਰਾ ਪਾਈਆ । ਸਾਚਾ ਸ਼ਬਦ ਤੇਰੀ ਆਦੇਸ, ਨਰ ਨਰਾਇਣ ਹੋਏ ਸਹਾਈਆ । ਚਰਨ ਦਾਸ ਕਰਾਏ ਬ੍ਰਹਮਾ ਵਿਸ਼ਨ ਮਹੇਸ਼, ਤ੍ਰੈਗੁਣ ਤੇਰੀ ਧੂੜੀ ਖ਼ਾਕ ਰਮਾਈਆ । ਇਕ ਇਕੱਲਾ ਨੇਤਰ ਲਏ ਪੇਖ, ਨਾ ਮਰੇ ਨਾ ਜਾਈਆ । ਸ਼ਬਦ ਅਗੰਮੀ ਸਚ ਸੰਦੇਸ਼, ਸਤਿ ਸਤਿਵਾਦੀ ਆਪ ਸੁਣਾਈਆ । ਤੇਰਾ ਸ਼ਬਦ ਗੁਰੂ ਗੁਰ ਰਹੇ ਹਮੇਸ਼, ਪੁਰਖ ਅਬਿਨਾਸ਼ੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ

੧੨੦੧ ੦੯

ਤਤ ਰਿਹਾ ਸਮਝਾਈਆ । ਨਾਨਕ ਨਿਰਗੁਣ ਹਰਿ ਹਰਿ ਧਾਰ, ਏਕਾ ਏਕ ਉਪਜਾਈਆ । ਸਚਖੰਡ ਦਵਾਰੇ ਇਕ ਪਿਆਰ, ਥਿਰ ਘਰ ਸਾਚਾ ਦਏ ਵਸਾਈਆ । ਅਲੱਖ ਅਗੋਚਰ ਅਗੰਮ ਅਪਾਰ, ਉਚੀ ਕੂਕ ਦਏ ਸੁਣਾਈਆ । ਮੇਰਾ ਨਾਉਂ ਸਤਿ ਵਰਤਾਰ, ਸਤਿਨਾਮ ਸੱਚੀ ਪੜ੍ਹਾਈਆ । ਜਗਤ ਜਲੰਦਾ ਲੈਣਾ ਤਾਰ, ਕਲਜੁਗ ਅਗਨੀ ਅੱਗ ਬੁਝਾਈਆ । ਤੇਰੀ ਜੋਤ ਸ਼ਬਦ ਗੁਫ਼ਤਾਰ, ਸਚ ਰਫ਼ਤਾਰ ਇਕ ਰਖਾਈਆ । ਮਹਿਰਮ ਬਣੇ ਸਾਚਾ ਯਾਰ, ਮਹਿਬੂਬ ਇਕ ਵਡਿਆਈਆ । ਚਾਰੇ ਬਾਣੀ ਕਰ ਤਿਆਰ, ਪਰਾ ਪਸੰਤੀ ਮਧਮ ਬੈਖਰੀ ਏਕਾ ਗਾਈਆ । ਚਾਰੇ ਜੁਗ ਮਾਰੇ ਮਾਰ, ਚਾਰ ਵਰਨ ਦੇਣ ਦੁਹਾਈਆ । ਚਾਰ ਯਾਰੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾ ਨੀਰ ਵਹਾਈਆ । ਏਕਾ ਸ਼ਬਦ ਸੱਚਾ ਪਿਆਰ, ਸਤਿਗੁਰੂ ਗੁਰ ਆਪ ਸਮਝਾਈਆ । ਸਤਿ ਸਤਿਵਾਦੀ ਪਾਵੇ ਸਾਰ, ਆਪਣਾ ਕੀਤਾ ਭੁੱਲ ਨਾ ਜਾਈਆ । ਕਰੇ ਕੌਲ ਸੱਚੇ ਦਰਬਾਰ, ਪੁਰਖ ਅਬਿਨਾਸ਼ੀ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਕੱਲਾ, ਜੁਗ ਜੁਗ ਆਪਣਾ ਰੰਗ ਰੰਗਾਈਆ । ਨਾਨਕ ਨਿਰਗੁਣ ਦਇਆ ਕਮਾ, ਚਾਰ ਵਰਨ ਸਮਝਾਇਆ । ਏਕਾ ਮੰਤਰ ਨਾਮ ਦ੍ਰਿੜਾ, ਏਕਾ ਰੰਗ ਰੰਗਾਇਆ । ਗ਼ਰੀਬ ਨਿਮਾਣੇ ਗਲੇ ਲਗਾ, ਹੰਕਾਰੀਆਂ ਗੜ੍ਹ ਤੁੜਾਇਆ । ਸ਼ਬਦ ਢੋਲਾ ਏਕਾ ਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਆਂ ਕਾਇਆ ਚੀਥੜਾ ਦਏ ਰੰਗਾਇਆ । ਕਲਜੁਗ ਚੀਥੜਾ ਰੰਗੇ ਰਤ, ਰਤੀ ਰਤ ਰਹਿਣ ਨਾ ਪਾਈਆ । ਇਕ ਵਖਾਏ ਸਾਚਾ ਤਤ, ਤਤਵ ਤਤ ਡੇਰਾ ਢਾਈਆ । ਇਕ ਉਪਜਾਵੇ ਬ੍ਰਹਮ ਮਤ, ਪਾਰਬ੍ਰਹਮ ਸੱਚੀ ਸਰਨਾਈਆ । ਏਕਾ ਬੀਜ ਦੇਵੇ ਘਤ, ਫੁਲ ਫੁਲਵਾੜੀ ਆਪ ਮਹਿਕਾਈਆ । ਏਕਾ ਨਾਰ ਵਖਾਏ ਕਮਲਾਪਤ, ਕੰਤ ਕੰਤੂਲ ਬੇਪਰਵਾਹੀਆ । ਏਕਾ ਬਹੇ ਸੱਥਰ ਘਤ, ਏਕਾ ਸੇਜ ਸਚ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰੂ ਗੁਰ ਦੇਵੇ ਮਾਤ ਵਡਿਆਈਆ । ਸ਼ਬਦ ਗੁਰ ਹਰਿ ਆਪ ਉਪਾਇਆ, ਅਚਰਜ ਖੇਲ ਖਿਲਾਇੰਦਾ । ਨਿਰਗੁਣ ਰੂਪ ਅਨੂਪ ਵਟਾਇਆ, ਦਿਸ ਕਿਸੇ ਨਾ ਆਇੰਦਾ । ਆਪਣਾ ਚੋਲਾ ਲਏ ਬਦਲਾਇਆ, ਕਾਇਆ ਚੋਲੀ ਵੇਖ ਵਖਾਇੰਦਾ । ਅੰਗਦ ਅੰਗੀਕਾਰ ਕਰਾਇਆ, ਲੈਹਿਣਾ ਲੈਹਿਣ ਆਪ ਮੁਕਾਇੰਦਾ । ਬਸਤਰ ਗਹਿਣਾ ਤਨ ਸੁਹਾਇਆ, ਨੇਤਰ ਨੈਣਾ ਕਜਲਾ ਨਾਮ ਪਾਇੰਦਾ । ਦਰ ਘਰ ਸਾਚੇ ਲਹਿਣਾ ਹੁਕਮ ਸੁਣਾਇਆ, ਜਗਤ ਜੰਜਾਲਾ ਆਪ ਤੁੜਾਇੰਦਾ । ਭਾਣਾ ਸਹਿਣਾ ਘਰ ਸਚ ਵਡਿਆਇਆ, ਭਾਵੀ ਭਾਣੇ ਵਿਚ ਟਿਕਾਇੰਦਾ । ਸਾਚਾ ਰਾਣਾ ਇਕ ਅਖਵਾਇਆ, ਤਖ਼ਤ ਨਿਵਾਸੀ ਸਾਚੇ ਤਖਤ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਲਹਿਣੇ ਗੁਰ ਗੁਰ ਮੂਲ ਚੁਕਾਇਆ, ਸ਼ਬਦ ਗੁਰੂ ਦਏ ਵਡਿਆਈਆ । ਸ਼ਬਦ ਗੁਰ ਹੋਏ ਸਹਾਇਆ, ਗ਼ਰੀਬ ਨਿਮਾਣੇ ਗਲੇ ਲਗਾਈਆ । ਬਿਰਧਾਂ ਬਾਲਾਂ ਵੇਖ ਵਖਾਇਆ, ਜਗਤ ਜੀਵਾਂ ਆਪ ਹੰਢਾਈਆ । ਅਮਰੂ ਨਿਥਾਵਾਂ ਆਪ ਜਗਾਇਆ, ਅਮਰਾ ਪਦ ਇਕ ਵਖਾਈਆ । ਦਰ ਘਰ ਸਾਚੇ ਸਦ ਮੇਲ ਮਿਲਾਇਆ, ਬ੍ਰਹਮ ਨਦ ਨਾਦ ਵਜਾਈਆ । ਲੱਖ ਚੁਰਾਸੀ ਵਿਚੋਂ ਕੱਢ ਆਪਣੀ ਗੋਦ ਬਹਾਇਆ, ਬਖ਼ਸ਼ੀ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰਾ ਆਪ ਪਰਗਟਾਈਆ । ਸਾਚੀ ਧਾਰਾ ਆਪ ਪਰਗਟਾ, ਆਪਣਾ ਰੰਗ ਰੰਗਾਇੰਦਾ । ਰਾਮ ਰਾਮਦਾਸ ਗੁਰ ਦਇਆ ਕਮਾ, ਦਾਸੀ ਦਾਸ ਵੇਖ ਵਖਾਇੰਦਾ । ਬੰਦ ਖ਼ੁਲਾਸੀ ਆਪ ਕਰਾ, ਸਾਚੀ ਸਾਲਸੀ ਸਾਲਸ

ਨਾ ਆਪ ਕਮਾਇੰਦਾ । ਆਲਸ ਨਿੰਦਰਾ ਦਏ ਗਵਾ, ਨਾਮ ਪਿਆਲਾ ਇਕ ਪਿਆਇੰਦਾ । ਆਤਮ ਜੋਤੀ ਜੋਤ ਦਏ ਜਗਾ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਨਾਦ ਧੁਨ ਦਏ ਸੁਣਾ, ਧੁਨ ਆਤਮਕ ਆਪ ਅਲ੍ਹਾਇੰਦਾ । ਰਾਗ ਰਾਗਨੀ ਰਹੇ ਸ਼ਰਮਾ, ਨੇਤਰ ਨੈਣ ਨਾ ਕੋਈ ਉਠਾਇੰਦਾ । ਸਤਿਗੁਰ ਪੂਰਾ ਮਿਲਿਆ ਇਕ ਮਲਾਹ, ਖੇਵਟ ਖੇਟਾ ਬੇੜਾ ਆਪ ਤਰਾਇੰਦਾ । ਹਰਿ ਮੰਦਰ ਬੈਠਾ ਡੇਰਾ ਲਾ, ਹਰਿ ਜੂ ਹਰਿ ਕਾ ਜੋੜਾ ਆਪ ਉਪਾਇੰਦਾ । ਆਪਣਾ ਨਿਸ਼ਾਨਾ ਵੇਖੇ ਸਾਚੇ ਥਾਂ, ਸਤਿਗੁਰ ਸਾਚੇ ਘਰ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਵਡਿਆਇੰਦਾ । ਸ਼ਬਦ ਨਿਸ਼ਾਨਾ ਸਾਚੇ ਘਰ, ਸਤਿ ਸਤਿਵਾਦੀ ਆਪ ਝੁਲਾਈਆ । ਏਕਾ ਗੁਰ ਦਿਤਾ ਵਰ, ਸਤਿਗੁਰ ਦਇਆ ਕਮਾਈਆ । ਏਕਾ ਅੱਖਰ ਲਿਆ ਪੜ੍ਹ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਮੰਦਰ ਬੈਠਾ ਵੜ, ਏਕਾ ਥਾਨ ਥਨੰਤਰ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲ੍ਹਾਈਆ । ਗੁਰ ਸਤਿਗੁਰ ਭੇਵ ਖਲਾਇੰਦਾ, ਕਰ ਕਿਰਪਾ ਗੁਣ ਨਿਧਾਨ । ਗੁਰ ਸ਼ਬਦ ਮਾਤ ਪਰਗਟਾਇੰਦਾ, ਇਕ ਇਕੱਲਾ ਸ੍ਰੀ ਭਗਵਾਨ । ਸੁਤ ਸੁਤ ਨਾਲ ਮੇਲ ਮਿਲਾਇੰਦਾ, ਨਿਰਗੁਣ ਸਰਗੁਣ ਕਰੇ ਪਰਵਾਨ । ਨਿਰਗੁਣ ਸ਼ਬਦ ਸਰਗੁਣ ਅਰਜਨ ਅੰਦਰ ਡੇਰਾ ਲਾਇੰਦਾ, ਦੋਹਾਂ ਵਿਚੋਲਾ ਸ੍ਰੀ ਭਗਵਾਨ । ਸਿਰ ਆਪਣੇ ਛੱਤਰ ਝੁਲਾਇੰਦਾ, ਪੰਚ ਮੁਖੀ ਤਾਜ ਰਾਜ ਰਾਜਾਨ । ਸਤਿ ਰੰਗ ਨਿਸ਼ਾਨਾ ਹੱਥ ਉਠਾਇੰਦਾ, ਦੋ ਜਹਾਨਾ ਨਿਗਹਬਾਨ । ਅਕਲ ਕਲ ਆਪਣੀ ਆਪ ਵਰਤਾਇੰਦਾ, ਬਿਨ ਨਾਨਕ ਸਕੇ ਨਾ ਕੋਈ ਪਛਾਣ । ਇਕ ਕਬੀਰਾ ਨਿਉਂ ਨਿਉਂ ਸੀਸ ਝੁਕਾਇੰਦਾ, ਸ੍ਰਿਸ਼ਟ ਸਬਾਈ ਹੋਏ ਵੈਰਾਨ । ਦੂਜਾ ਦਰ ਆਪ ਵਡਿਆਇੰਦਾ,



ਆਪੇ ਖੋਲ੍ਹੇ ਸਚ ਦੁਕਾਨ । ਤੀਜੇ ਘਰ ਸੋਭਾ ਪਾਇੰਦਾ, ਜੋਤੀ ਨੂਰ ਜਗੇ ਮਹਾਨ । ਚੌਥੇ ਘਰ ਸੇਜ ਹੰਢਾਇੰਦਾ, ਨਾਰੀ ਕੰਤ ਖੇਲ ਮਹਾਨ । ਪੰਚਮ ਆਪਣਾ ਰੰਗ ਰੰਗਾਇੰਦਾ, ਸ਼ਬਦ ਨਾਦ ਸੱਚੀ ਧੁਨਕਾਨ । ਛੇਵੇਂ ਛੱਪਰ ਨਾ ਕੋਈ ਵਖਾਇੰਦਾ, ਪੁਰਖ ਅਗੰਮਾ ਵਸੇ ਆਪਣੇ ਸਚ ਮਕਾਨ । ਦੋਵੇਂ ਸਤਿ ਸਤਿਵਾਦੀ ਆਪਣੀ ਕਲ ਆਪ ਵਰਤਾਇੰਦਾ, ਗੁਰੂ ਅਰਜਨ ਦੇਵੇ ਧੁਰ ਫ਼ਰਮਾਣ । ਅਰਜਨ ਆਪਣਾ ਮਾਣ ਸਰਬ ਗਵਾਇੰਦਾ, ਅਞਾਣਾ ਬਾਲਾ ਬਣੇ ਨਾਦਾਨ । ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ, ਪ੍ਰਭ ਅੱਗੇ ਮੰਗੇ ਦਾਨ । ਨਿਰਗੁਣ ਨਿਰਵੈਰ ਸੰਗ ਨਿਭਾਇੰਦਾ, ਨਾਨਕ ਜੋਤੀ ਜੋਤ ਜਗੇ ਮਹਾਨ । ਅੰਞਾਣੀ ਬਾਲੀ ਆਪ ਉਠਾਇੰਦਾ, ਨਾਰੀ ਕੰਤ ਕਰੇ ਪਰਵਾਨ । ਸੁਘੜ ਸਿਆਣੀ ਵੇਖ ਵਖਾਇੰਦਾ, ਸ਼ਬਦ ਹਾਣੀ ਦਇਆਵਾਨ । ਅੰਮ੍ਰਿਤ ਠੰਡਾ ਪਾਣੀ ਆਪ ਪਿਆਇੰਦਾ, ਸਰ ਸਰੋਵਰ ਕਰ ਪਛਾਣ । ਬੋਧ ਅਗਾਧੀ ਸ਼ਬਦ ਜਣਾਇੰਦਾ, ਅਗੰਮ ਅਗੰਮੜੀ ਇਕ ਧੁਨਕਾਨ । ਪੰਚਮ ਗੁਰ ਛੇਵਾਂ ਘਰ ਉਪਰ ਚੜ੍ਹ ਵੇਖ ਵਖਾਇੰਦਾ, ਮੰਗੇ ਮੰਗ ਵਡ ਮਿਹਰਵਾਨ । ਕਾਇਆ ਚੋਲਾ ਚੀਥੜਾ ਨਾਮ ਰੰਗ ਰੰਗਾਇੰਦਾ, ਉਤਰ ਜਾਏ ਨਾ ਵਿਚ ਜਹਾਨ । ਮਾਇਆ ਮਮਤਾ ਮੋਹ ਚੁਕਾਇੰਦਾ, ਝੂਠਾ ਨਾਤਾ ਤੁਟੇ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਸਾਚੀ ਧਾਰ, ਸਤਿ ਸ਼ਬਦ ਆਪ ਸੁਣਾਇੰਦਾ । ਸਤਿ ਸ਼ਬਦ ਹਰਿ ਸਤਿ ਪਿਆਰਾ, ਸਤਿ ਸਤਿਗੁਰ ਸੇਵ ਕਮਾਈਆ । ਸਤਿਗੁਰ ਸਤਿ ਅਵਤਾਰਾ, ਸਤਿ ਨਿਰਾਕਾਰਾ ਜੋਤ ਰੁਸ਼ਨਾਈਆ । ਸਤਿ ਨਾਮ ਸਤਿ ਵਰਤਾਰਾ, ਸਤਿ ਸਾਚੀ ਝੋਲੀ ਰਿਹਾ ਭਰਾਈਆ । ਸਤਿ ਸ਼ਬਦ ਸਤਿ ਧੁਨਕਾਰਾ, ਘਰ ਨਾਦੀ ਨਾਦ ਵਜਾਈਆ । ਸਤਿ ਅਨਹਦ ਸੁਣੇ ਪੁਕਾਰਾ, ਸਤਿ ਅਨਹਦ ਦਏ ਮਿਟਾਈਆ । ਸਤਿ ਬੋਲੇ ਇਕ

ਜੈਕਾਰਾ, ਸਤਿ ਸਤਿ ਕਰੇ ਪੜ੍ਹਾਈਆ । ਸਤਿ ਭਗਤ ਭਗਵੰਤ ਵਣਜਾਰਾ, ਸਤਿ ਵੇਖੇ ਥਾਉਂ ਥਾਈਆ । ਸਤਿ ਵੇਖੇ ਸੁਤ ਦੁਲਾਰਾ, ਲੱਖ ਚੁਰਾਸੀ ਫੋਲ ਫੁਲਾਈਆ । ਸਤਿ ਗੁਰਮੁਖਾਂ ਕਰੇ ਪਿਆਰਾ, ਮੁਖ ਗੁਰ ਗੁਰ ਰਹੇ ਸਲਾਹੀਆ । ਸਤਿ ਗੁਰਮੁਖਾਂ ਦਏ ਅਧਾਰਾ, ਬਖ਼ਸ਼ੇ ਸਰਨ ਸੱਚੀ ਸਰਨਾਈਆ । ਸਤਿ ਸ਼ਬਦ ਗੁਰ ਅਰਜਨ ਬੋਲ ਜੈਕਾਰਾ, ਗੁਰੂ ਗਿਆਨ ਦਏ ਵਡਿਆਈਆ । ਮਨ ਮਤ ਬੁਧ ਨਾ ਪਾਵੇ ਸਾਰਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸ਼ਬਦ ਗੁਰੂ ਪਰਗਟਿਆ ਕਲਜੁਗ ਅੰਤਮ ਵਾਰਾ, ਗੁਰ ਨਾਨਕ ਲਏ ਪਰਗਟਾਈਆ । ਸ਼ਬਦ ਹਜ਼ਾਰੇ ਹਰਿ ਜੂ ਬਣ ਲਿਖਾਰਾ, ਹਰਿ ਕੀ ਮਹਿਮਾ ਦਏ ਗਣਾਈਆ । ਆਪਣਾ ਆਪ ਉਤੋਂ ਵਾਰਾ, ਤਨ ਖ਼ਾਕੀ ਖ਼ਾਕ ਸਮਾਈਆ । ਮੰਗੀ ਮੰਗ ਇਕ ਦਵਾਰਾ, ਪੀਆ ਪ੍ਰੀਤਮ ਵਿਛੜ ਕਦੇ ਨਾ ਜਾਈਆ । ਤਨ ਮਾਟੀ ਦਿਸੇ ਝੂਠਾ ਦਵਾਰਾ, ਹਰਿ ਮੰਦਰ ਹਰਿ ਜੂ ਡੇਰਾ ਲਾਈਆ । ਕਾਗਦ ਕਲਮ ਨਾ ਲਿਖਣਹਾਰਾ, ਸਤ ਸਮੁੰਦਰ ਮਸ ਰਹੀ ਕੁਰਲਾਈਆ । ਬਨਾਸਪਤ ਪਾਵੇ ਨਾ ਕੋਈ ਸਾਰਾ, ਅਠਾਰਾਂ ਭਾਰ ਤੁਲ ਤੁਲ ਆਪਣਾ ਭਾਰ ਰਹੀ ਗਣਾਈਆ । ਗੁਰ ਨਾਨਕ ਮੇਲਾ ਇਕ ਅਰਜਨ ਦਵਾਰਾ, ਸਚਖੰਡ ਸਾਚੇ ਵੱਜੀ ਵਧਾਈਆ । ਸਤਿ ਸ਼ਬਦ ਮੰਗੀ ਮੰਗ ਪੁਰਖ ਨਿਰੰਕਾਰਾ, ਏਕਾ ਇਸ਼ਟ ਦੇਵ ਮਨਾਈਆ । ਸਾਚੇ ਮੰਦਰ ਬਣ ਭਿਖਾਰਾ, ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਏਕਾ ਧਾਮ ਬਹਾਈਆ । ਗੁਰੂ ਗ੍ਰੰਥ ਕਰ ਤਿਆਰਾ, ਲੱਖ ਚੁਰਾਸੀ ਗਿਆ ਸਮਝਾਈਆ । ਆਦਿ ਜੁਗਾਦੀ ਇਕ ਅਵਤਾਰਾ, ਨਾ ਮਰੇ ਨਾ ਜਾਈਆ । ਸਚਖੰਡ ਦਵਾਰੇ ਵਸੇ ਧਾਮ ਨਿਆਰਾ, ਹਰਿ ਜੂ ਹਰਿ ਹਰਿ ਮੰਦਰ ਸੋਭਾ ਪਾਈਆ । ਕਲਜੁਗ ਜੀਵ ਜੰਤ ਹੋਏ ਗਵਾਰਾ, ਵੇਲਾ ਅੰਤ ਦਏ ਗਵਾਈਆ । ਚਾਰੋਂ ਕੁੰਟ ਹੋਏ ਅੰਧਿਆਰਾ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਰਸਨਾ ਗਾਏ ਜੀਵ ਜੰਤ ਗਵਾਰਾ, ਆਤਮ ਅੰਤਰ ਦਰਸ ਕੋਈ ਨਾ ਪਾਈਆ । ਪੰਚ ਵਿਕਾਰ ਬਣੇ ਅਖਾੜਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਬਹੱਤਰ ਨਾੜੀ ਵੱਜੇ ਤਾੜਾ, ਤ੍ਰੈਗੁਣ ਮਾਇਆ ਵਜਾਈਆ । ਮਨ ਮਨੂਆ ਬਣੇ ਜਗਤ ਲਾੜਾ, ਬੁਧ ਮਤ ਲਏ ਪਰਨਾਈਆ । ਨਾਲ ਰਲਾਏ ਪੰਚਮ ਧਾੜਾ, ਜੂਠ ਝੂਠ ਹੱਥ ਕਮਾਨ ਉਠਾਈਆ । ਲੱਖ ਚੁਰਾਸੀ ਹੋਏ ਨਾਰ ਵਿਭਚਾਰਾ, ਸਾਚਾ ਕੰਤ ਨਾ ਕੋਈ ਹੰਢਾਈਆ । ਗੁਰ ਕਾ ਸ਼ਬਦ ਨਾ ਕਰੇ ਕੋਈ ਪਿਆਰਾ, ਗੁਰ ਕੀ ਬਾਣੀ ਬਾਣ ਨਾ ਕੋਈ ਲਗਾਈਆ । ਕਾਇਆ ਖੋਲ੍ਹੇ ਨਾ ਕੋਈ ਬੰਦ ਕਿਵਾੜਾ, ਹਰਿ ਮੰਦਰ ਮਿਲੇ ਨਾ ਸਾਚਾ ਮਾਹੀਆ । ਸਾਰਿੰਗ ਢੱਡ ਗਾਏ ਵਾਰਾ, ਅਨਹਦ ਤਾਰ ਸਤਾਰ ਨਾ ਕੋਈ ਹਿਲਾਈਆ । ਪੀਏ ਮਦਿ ਸਰਬ ਸੰਸਾਰਾ, ਆਤਮ ਰਸ ਨਾ ਕੋਈ ਚਖਾਈਆ । ਗੁਰ ਕਾ ਸ਼ਬਦ ਆਦਿ ਜੁਗਾਦਿ ਕਰੇ ਪਾਰ ਕਿਨਾਰਾ, ਬਿਨ ਸਤਿਗੁਰ ਪੂਰੇ ਹੋਏ ਨਾ ਕੋਈ ਸਹਾਈਆ । ਏਕਾ ਜੋਤ ਦਸ ਅਵਤਾਰਾ, ਗੁਰ ਗੋਬਿੰਦ ਵੱਜੇ ਜਗਤ ਵਧਾਈਆ । ਪੁਰਖ ਅਕਾਲ ਇਕ ਜੈਕਾਰਾ, ਵਾਹ ਵਾਹ ਗੁਰੂ ਫ਼ਤਹਿ ਗਜਾਈਆ । ਕਲਜੁਗ ਅੰਤਮ ਆਏ ਪਾਸਾ ਹਾਰਾ, ਬੇੜਾ ਪਾਰ ਨਾ ਕੋਈ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ, ਕਲ ਕਲਕੀ ਲੈ ਅਵਤਾਰਾ, ਮਾਤ ਪਿਤ ਨਾ ਕੋਈ ਬਣਾਈਆ । ਸੰਬਲ ਨਗਰ ਵਸੇ ਧਾਮ ਨਿਆਰਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਸ਼ਬਦ ਖੰਡਾ ਫੜੇ ਤੇਜ ਕਟਾਰਾ, ਲੁਹਾਰ ਤਰਖਾਣ ਨਾ ਕੋਈ ਘੜਾਈਆ । ਤਿਖਿਆਂ ਰੱਖੇ ਦੋਵੇਂ ਧਾਰਾ, ਗੁਰਮੁਖ ਮਨਮੁਖ ਵੇਖੇ ਥਾਉਂ ਥਾਈਆ । ਕਾਲ ਮਹਾਂਕਾਲ ਕਰੇ ਚਰਨ ਭਿਖਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਆਪ ਵਟਾਈਆ । ਕਲਜੁਗ ਅੰਤਮ ਵੇਸ ਵਟਾਏ, ਪਾਰਬ੍ਰਹਮ ਵੱਡੀ ਵਡਿਆਇਆ । ਨਿਹਕਲੰਕਾ

ਆਪਣਾ ਨਾਉਂ ਧਰਾਏ, ਪੰਜ ਤਤ ਨਾ ਕੋਈ ਜਣਾਇਆ । ਸ਼ਬਦ ਮਰਦੰਗ ਇਕ ਵਜਾਏ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਾਰੇ ਖਾਣੀ ਦਏ ਸੁਣਾਇਆ । ਅੰਤਮ ਮੇਟੇ ਭੇਖ ਪਖੰਡਾ, ਪਾਰ ਕਰਾਏ ਕਲਜੁਗ ਜੀਵ ਆਤਮ ਰੰਡਾ, ਗੁਰਮੁਖ ਸਾਚੇ ਲਏ ਤਰਾਇਆ । ਆਦਿ ਜੁਗਾਦਿ ਜੁਗ ਜੁਗ ਗੁਰ ਸ਼ਬਦ ਸਤਿਗੁਰ ਸਦਾ ਬਖ਼ਸ਼ੰਦਾ, ਬਖ਼ਸ਼ਣਹਾਰ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਧਾਰ, ਏਕਾ ਗੁਰ ਇਕ ਅਵਤਾਰ, ਏਕਾ ਮੰਦਰ ਇਕ ਦਵਾਰ, ਏਕਾ ਨਾਮ ਇਕ ਭੰਡਾਰ, ਏਕਾ ਮੀਤ ਇਕ ਮੁਰਾਰ, ਏਕਾ ਬੰਕ ਰਿਹਾ ਸੁਹਾਇਆ । ਜੁਗ ਜੁਗ ਵਿਛੜੇ ਸੰਤ ਭਗਵੰਤ ਗੁਰਮੁਖ ਗੁਰਸਿਖ ਆਪਣੇ ਯਾਰ, ਸਬਰ ਯਾਰੜਾ ਆਪ ਹੰਢਾਇਆ । ਆਪੇ ਸੁਤਾ ਸੂਲਾ ਪੈਰ ਪਸਾਰ, ਗੁਰਮੁਖ ਆਪਣੀ ਗੋਦ ਰਖਾਇਆ । ਹਰਿਜਨ ਹਰਿਭਗਤ ਆਦਿ ਜੁਗਾਦਿ ਨਾ ਜਾਏ ਹਾਰ, ਜਿਸ ਜਨ ਹਰਿ ਹਰਿ ਰਸਨਾ ਗਾਇਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਤਿ ਸਤਿਵਾਦੀ ਵੇਖ ਵਖਾਇਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਹਾਏ ਇਕ ਦਰਬਾਰ, ਧੁਰ ਫ਼ਰਮਾਣਾ ਇਕ ਸੁਣਾਇਆ । ਬੀਸ ਬੀਸਾ ਹੋਏ ਖ਼ਬਰਦਾਰ, ਜਗਤ ਜਗਦੀਸ਼ਾ ਸ਼ਹਿਨਸ਼ਾਹ ਸੱਚੀ ਸਰਕਾਰ, ਹੁਕਮ ਹਦੀਸਾ ਇਕ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਸ਼ਬਦ ਮਲਾਹ, ਗੁਰਮੁਖ ਫੜ ਫੜ ਪਾਰ ਕਰਾਏ ਬਾਂਹ, ਸਾਚਾ ਬੇੜਾ ਆਪ ਚਲਾਇਆ ।

### ✻ ੧੧ ਅੱਸੂ ੨੦੧੭ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ ਪਿੰਡ ਗੁਮਾਨ ਪੁਰਾ ਜਿਲਾ ਅੰਮ੍ਰਿਤਸਰ ✻

੧੨੦੫ ੧੨੦੫

੦੯ ੦੯

ਸੋ ਪੁਰਖ ਨਿਰੰਜਣ ਸਤਿਗੁਰ ਪੂਰਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਹਾਜ਼ਰ ਹਜ਼ੂਰਾ, ਥਿਰ ਘਰ ਸਾਚਾ ਆਪ ਵਸਾਇੰਦਾ । ਏਕੰਕਾਰਾ ਵਸਣਹਾਰਾ ਨੇੜੇ ਦੂਰਾ, ਗ੍ਰਿਹ ਮੰਦਰ ਆਪ ਆਪਣਾ ਰੂਪ ਧਰਾਇੰਦਾ । ਆਦਿ ਨਿਰੰਜਣ ਜੋਤੀ ਨੂਰਾ, ਸੁਤੇ ਪਰਕਾਸ਼ ਆਪ ਵਖਾਇੰਦਾ । ਅਬਿਨਾਸ਼ੀ ਕਰਤਾ ਸਤਿ ਸਰੂਰਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਸ੍ਰੀ ਭਗਵਾਨ ਆਪਣੀ ਆਸਾ ਮਨਸਾ ਆਪੇ ਕਰੇ ਪੂਰਾ, ਇਛਿਆ ਭਿਛਿਆ ਝੋਲੀ ਆਪ ਭਰਾਇੰਦਾ । ਪਾਰਬ੍ਰਹਮ ਆਪਣੀ ਮੰਗੇ ਆਪੇ ਧੂੜਾ, ਆਪਣੀ ਬਖ਼ਸ਼ਿਸ਼ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਅਕਲ ਕਲ ਆਪਣਾ ਖੇਲ ਖਿਲਾਇੰਦਾ । ਅਕਲ ਕਲ ਹਰਿ ਖੇਲ ਅਪਾਰਾ, ਨਿਰਗੁਣ ਨਿਰਵੈਰ ਧਾਰ ਚਲਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਬੇਪਰਵਾਹ ਸਹਿਜ ਸੁਖਦਾਈਆ । ਸਚਖੰਡ ਵਸੇ ਸਚ ਦਵਾਰਾ, ਦਰਗਹਿ ਸਾਚੀ ਸੋਭਾ ਪਾਈਆ । ਸਤਿ ਸਤਿਵਾਦੀ ਬੋਲ ਜੈਕਾਰਾ, ਸ਼ਬਦ ਸਾਰ ਸਾਰ ਪਾਈਆ । ਦੋ ਜਹਾਨਾ ਖੇਲ ਨਿਆਰਾ, ਖੇਲ ਖਿਲੰਤਾ ਦਿਸ ਨਾ ਆਈਆ । ਜੁਗਾ ਜੁਗੰਤਰ ਬੰਨ੍ਹੇ ਧਾਰਾ, ਜੁਗ ਕਰਤਾ ਜੋਤ ਜਗਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਆਪਣੀ ਜੋਤ ਜਗਾਈਆ । ਵੰਡੇ ਵੰਡ ਅਪਰ ਅਪਾਰਾ, ਚਾਰ ਨੌ ਵੱਜੇ ਵਧਾਈਆ । ਰੰਗ ਰਲੀਆਂ ਮਾਣੇ ਹਰਿ ਕਰਤਾਰਾ, ਭਸਮੜ ਆਪਣੀ ਸੇਜ ਹੰਢਾਈਆ । ਤ੍ਰੈਗੁਣ ਤਤ ਕਰ ਵਣਜਾਰਾ, ਪੰਚਮ ਨਾਤਾ ਵੇਖ ਵਖਾਈਆ । ਸ਼ਬਦ ਅਨਾਦ ਸੱਚੀ ਧੁਨਕਾਰਾ, ਗ੍ਰਿਹ ਮੰਦਰ ਆਪ ਸੁਣਾਈਆ । ਆਦਿ ਜੁਗਾਦੀ ਖੇਲ ਨਿਆਰਾ, ਅੰਤਮ ਅਕਾਰ ਆਪ ਕਰਾਈਆ । ਗੁਰ ਗੁਰ ਲੈ ਮਾਤ ਅਵਤਾਰਾ, ਬ੍ਰਹਮ ਪਾਰਬ੍ਰਹਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕ ਇਕੱਲਾ ਵਸਣਹਾਰਾ ਸਚ ਮਹੱਲਾ ਉਚ ਅਟੱਲਾ, ਨਿਰਗੁਣ ਸਰਗੁਣ ਰੂਪ ਪਰਗਟਾਈਆ । ਨਿਰਗੁਣ ਸਰਗੁਣ ਵੇਸ ਵਟਾਏ, ਮਹਿਮਾ ਅਕਥ ਕਥੀ ਨਾ ਜਾਈਆ । ਪਾਰਬ੍ਰਹਮ ਹਰਿ ਹਰਿ ਵੇਖ ਵਖਾਏ, ਆਪਣੀ ਰੰਗਣ ਆਪ ਰੰਗਾਈਆ । ਆਪਣਾ ਮਰਦੰਗ ਆਪ ਵਜਾਏ, ਤਾਰ ਸਤਾਰ ਨਾ ਕੋਈ ਹਿਲਾਈਆ । ਸੂਰਾ ਸਰਬੰਗ ਖੇਲ ਖਲ੍ਹਾਏ, ਖ਼ਾਲਕ ਖ਼ਲਕ ਰੂਪ ਵਟਾਈਆ । ਸਾਚਾ ਸਾਲਸ ਬਣ ਕੇ ਆਏ, ਸਾਚਾ ਸ਼ਾਹ ਪਾਤਸ਼ਾਹੀਆ । ਜਗਤ ਮਾਰਗ ਆਪ ਵਖਾਏ, ਲੱਖ ਚੁਰਾਸੀ ਰਾਹ ਚਲਾਈਆ । ਏਕਾ ਮੰਤਰ ਨਾਮ ਦ੍ਰਿੜਾਏ, ਨਿਸ਼ਅੱਖਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਹਰਿ ਆਪਣੀ ਖੇਲ ਖਿਲਾਈਆ । ਹਰਿ ਹਰਿ ਖੇਲ ਖਿਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਲੋਕਮਾਤ ਜੋਤ ਪਰਗਟਾਇੰਦਾ, ਖੇਲੇ ਖੇਲ ਅਪਰ ਅਪਾਰ । ਭਗਤ ਭਗਵੰਤ ਮੇਲ ਮਿਲਾਇੰਦਾ, ਅੰਦਰ ਮੰਦਰ ਪਾਵੇ ਸਾਰ । ਡੂੰਘੀ ਕੰਦਰ ਫੋਲ ਫੁਲਾਇੰਦਾ, ਮੇਟ ਮਿਟਾਏ ਅੰਧ ਅੰਧਿਆਰ । ਜੋਤ ਨਿਰੰਜਣ ਦੀਪ ਜਗਾਇੰਦਾ, ਦਿਵਸ ਰੈਣ ਕਰੇ ਉਜਿਆਰ । ਸਾਚਾ ਮੰਦਰ ਆਪ ਸੁਹਾਇੰਦਾ, ਅੱਠੇ ਪਹਿਰ ਸ਼ਬਦ ਧੁਨਕਾਰ । ਗੁਰ ਸਤਿਗੁਰ ਵੇਸ ਵਟਾਇੰਦਾ, ਸ਼ਬਦੀ ਨਾਉਂ ਅਪਰ ਅਪਾਰ । ਰੂਪ ਰੰਗ ਰੇਖ ਨਾ ਕੋਈ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਬੇਐਬ ਪਰਵਰਦਿਗਾਰ । ਜੁਗ ਕਰਤਾ ਹਰਿ ਕਰਨੇਹਾਰਾ, ਕੁਦਰਤ ਕਾਦਰ ਵੇਖ ਵਖਾਈਆ । ਖੇਲੇ ਖੇਲ ਵਿਚ ਸੰਸਾਰਾ, ਜਗਤ ਸਾਗਰ ਫੋਲ ਫੁਲਾਈਆ । ਵਰਤਾਵੇ ਨਾਮ ਸਚਾ ਵਰਤਾਰਾ, ਏਕਾ ਵਸਤ ਵੰਡ ਵੰਡਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਆਤਮ ਬ੍ਰਹਮ ਵੇਖ ਵਖਾਈਆ । ਕਰੇ ਪ੍ਰਕਾਸ਼ ਬਹੱਤਰ ਨਾੜਾ, ਜੋਤੀ ਜੋਤ ਰੁਸ਼ਨਾਈਆ । ਲੱਗੇ ਅੱਗ ਨਾ ਤੱਤੀ ਹਾੜਾ, ਤ੍ਰੈਗੁਣ ਅਗਨੀ ਦਏ ਬੁਝਾਈਆ । ਪੰਜ ਤਤ ਨਾ ਕੋਈ ਅਖਾੜਾ, ਪੰਚਮ ਸ਼ਬਦ ਨਾਦ ਧੁਨ ਆਪ ਵਜਾਈਆ । ਪੰਚਮ ਮਿਲੇ ਮੀਤ ਮੁਰਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਜੁਗਾ ਜਗੰਤਰ ਸਾਚੀ ਕਾਰਾ, ਹਰਿ ਸੰਤਨ ਵੇਖੇ ਥਾਉਂ ਥਾਈਆ । ਮੰਦਰ ਸੋਹੇ ਇਕ ਦਵਾਰਾ, ਜਿਸ ਦਰ ਆਪਣਾ ਚਰਨ ਛੁਹਾਈਆ । ਮੂਰਖ ਮੂੜ੍ਹੇ ਲਾਵੇ ਪਾਰਾ, ਪਤਤ ਪਾਪੀ ਆਪ ਤਰਾਈਆ । ਏਕਾ ਦੇਵੇ ਨਾਮ ਅਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾਂ ਜੁਗੰਤਰ ਏਕਾ ਦਾਤਾ, ਮੇਟੇ ਰੈਣ ਅੰਧੇਰੀ ਰਾਤਾ, ਸਚ ਸੁੱਚ ਕਰੇ ਰੁਸ਼ਨਾਈਆ । ਜੁਗ ਜੁਗ ਅੰਧੇਰ ਮਿਟਾਇੰਦਾ, ਜਨ ਭਗਤਾਂ ਦੇਵੇ ਬ੍ਰਹਮ ਗਿਆਨ । ਆਪਣਾ ਮੰਤਰ ਆਪ ਦ੍ਰਿੜਾਇੰਦਾ, ਧੁਰ ਦਰਗਾਹੀ ਧੁਰ ਫ਼ਰਮਾਣ । ਸਾਚਾ ਰਾਗ ਇਕ ਅਲਾਇੰਦਾ, ਧੁਨ ਅਨਾਦਿ ਸੱਚੀ ਧੁਨਕਾਨ । ਸਾਚਾ ਸ਼ਬਦ ਆਪ ਸੁਣਾਇੰਦਾ, ਰਸਨਾ ਜਿਹਵਾ ਨਾ ਕੋਇ ਗਾਨ । ਸਾਚਾ ਮੰਦਰ ਆਪ ਵਸਾਇੰਦਾ, ਘਰ ਘਰ ਵਿਚ ਹੋ ਮਿਹਰਵਾਨ । ਬੰਦ ਤਾਕੀ ਆਪ ਖੁਲਾਇੰਦਾ, ਸਤਿਗੁਰ ਪੂਰਾ ਸੂਰਬੀਰ ਬਲੀ ਬਲਵਾਨ । ਸਾਚੇ ਤਖ਼ਤ ਸੋਭਾ ਪਾਇੰਦਾ, ਸ਼ਾਹੋ ਭੂਪ ਬਣ ਸੁਲਤਾਨ । ਆਤਮ ਸੇਜਾ ਆਪ ਹੰਢਾਇੰਦਾ, ਗੁਣਵੰਤਾ, ਗੁਣ ਨਿਧਾਨ । ਗੁਰਮੁਖ ਕਾਇਆ ਚੋਲੀ ਰੰਗ ਰੰਗਾਇੰਦਾ, ਰੰਗਣਹਾਰ ਸ੍ਰੀ ਭਗਵਾਨ । ਆਤਮ ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ, ਈਸ਼ ਜੀਵ ਕਰ ਪਰਵਾਨ । ਝੂਠਾ ਨਾਤਾ ਤੋੜ ਤੁੜਾਇੰਦਾ, ਲੇਖਾ ਚੁੱਕੇ ਪੰਜ ਸ਼ੈਤਾਨ । ਸਾਚਾ ਹੁਕਮ ਆਪ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਾਰ, ਜੁਗਾ ਜੁਗੰਤਰ ਦੇਵੇ ਵਰ, ਗੁਰਮੁਖ ਸਾਚੇ ਮਾਤ ਪਛਾਣ । ਜੁਗ ਜੁਗ ਭਗਤ ਸਲਾਹਿੰਦਾ, ਇਕ ਇਕੱਲਾ ਏਕੰਕਾਰ । ਆਪਣੇ ਭਾਣੇ ਆਪ ਰਹਾਇੰਦਾ, ਭਾਣਾ ਜਾਣੇ ਅਗੰਮ ਅਪਾਰ । ਸ਼ਾਹ

ਸੁਲਤਾਨਾਂ ਖ਼ਾਕ ਰਲਾਇੰਦਾ, ਤੋੜਨਹਾਰਾ ਗੜ੍ਹ ਹੰਕਾਰ । ਗ਼ਰੀਬ ਨਿਮਾਣੇ ਗਲੇ ਲਗਾਇੰਦਾ, ਕਿਰਪਾ ਕਰ ਵਿਚ ਸੰਸਾਰ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਇੰਦਾ, ਜੁਗ ਜੁਗ ਚਲੇ ਅਵੱਲੜੀ ਚਾਲ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਕਰ, ਪਿਆਰ । ਗੁਰਮੁਖ ਸਾਚਾ ਮੀਤੜਾ, ਹਰਿ ਸਤਿਗੁਰ ਵੇਖ ਵਖਾਇੰਦਾ । ਦੇਵੇ ਨਾਮ ਇਕ ਅਨਡੀਠੜਾ, ਸਾਚੇ ਮੰਦਰ ਆਪ ਬਿਠਾਇੰਦਾ । ਮਿੱਠਾ ਕਰੇ ਕਾਇਆ ਰੀਠੜਾ, ਅੰਮ੍ਰਿਤ ਆਤਮ ਰਸ ਚਖਾਇੰਦਾ । ਸ਼ਬਦ ਸੁਣਾਏ ਸੁਹਾਗੀ ਗੀਤੜਾ, ਸਾਚੇ ਮੰਦਰ ਬਹਿ ਬਹਿ ਗਾਇੰਦਾ । ਮਨ ਮਨੂਆ ਕਰੇ ਪਤਿਤ ਪੁਨੀਤੜਾ, ਪਤਿਤ ਪਾਪੀ ਤਰਾਇੰਦਾ । ਜੁਗ ਜੁਗ ਚਲਾਏ ਆਪਣੀ ਰੀਤੜਾ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਕਲਜੁਗ ਚੌਥਾ ਜੁਗ ਅੰਤਮ ਬੀਤੜਾ, ਥਿਰ ਕੋਇ ਰਹਿਣ ਨਾ ਪਾਇੰਦਾ । ਵੇਖਣਹਾਰਾ ਚਾਰ ਕੁੰਟ ਦਹਿ ਦਿਸ਼ਾ ਹਸਤ ਕੀਟੜਾ, ਇਕ ਇਕੱਲਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚਾ ਮੇਲਿਆ, ਕਰ ਕਿਰਪਾ ਗੁਰ ਕਰਤਾਰ । ਲੇਖਾ ਜਾਣੇ ਗੁਰੂ ਗੁਰ ਚੇਲਿਆ, ਆਪ ਸੁਹਾਏ ਬੰਕ ਦਵਾਰ । ਸਖ਼ਾ ਸਖ਼ਾਈ ਸੱਜਣ ਸਹੇਲਿਆ, ਆਦਿ ਜੁਗਾਦੀ ਮੀਤ ਮੁਰਾਰ । ਆਪੇ ਜਾਣੇ ਆਪਣਾ ਵਕਤ ਵੇਲਿਆ, ਥਿਤ ਵਾਰ ਨਾ ਪਾਵੇ ਕੋਈ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਬੰਕ ਦਵਾਰ । ਬੰਕ ਦਵਾਰਾ ਸੋਭਾਵੰਤ, ਗੁਰ ਸਤਿਗੁਰ ਸੱਜਣ ਪਾਇਆ । ਪੁਰਖ ਅਬਿਨਾਸ਼ੀ ਮਿਲਿਆ ਏਕਾ ਕੰਤ, ਘਰ ਸੁਹੰਜਣੀ ਸੇਜ ਸੁਹਾਇਆ । ਸ਼ਬਦ ਜਣਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਇਆ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਖੇਲ ਖਿਲਾਇਆ । ਜੁਗ ਜੁਗ ਮਹਿਮਾ ਅਗਣਤ, ਅਗਣਤ ਵੇਦ ਪੁਰਾਨ ਰਹੇ ਜਸ ਗਾਇਆ । ਲੇਖਾ ਲਾਏ ਸਾਚੇ ਸੰਤ, ਸਤਿ ਸਤਿਵਾਦੀ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਮਿਲਾਇਆ । ਗੁਰਮੁਖ ਸ਼ਬਦ ਮਿਲਾਇੰਦਾ, ਸੁਰਤੀ ਸੁਰਤ ਕਰ ਵਿਚਾਰ । ਮੂਰਤ ਅਕਾਲ ਵੇਖ ਵਖਾਇੰਦਾ, ਨਿਰਗੁਣ ਰੂਪ ਨਿਰਾਕਾਰ । ਨਾਮ ਢੋਲ ਮਰਦੰਗ ਵਜਾਇੰਦਾ, ਧੁਨ ਅਗੰਮੀ ਇਕ ਧੁਨਕਾਰ । ਜੂਨੀ ਰਹਿਤ ਦਿਸ ਨਾ ਆਇੰਦਾ, ਕਲਜੁਗ ਤੇਰੀ ਅੰਤਮ ਵਾਰ । ਸਾਚਾ ਡੰਕਾ ਇਕ ਵਖਾਇੰਦਾ, ਦੋ ਜਹਾਨਾਂ ਕਰੇ ਖ਼ਬਰਦਾਰ । ਰਾਓ ਰੰਕਾਂ ਆਪ ਉਠਾਇੰਦਾ, ਸ਼ਾਹ ਸੁਲਤਾਨਾ ਮਾਰੇ ਮਾਰ । ਗੁਰਸਿਖ ਜਨਕਾ ਆਪ ਤਰਾਇੰਦਾ, ਜਨ ਜਨਨੀ ਲਾਏ ਪਾਰ । ਆਪਣੀ ਬਣਤਾ ਆਪ ਬਣਾਇੰਦਾ, ਆਪੇ ਬੇੜਾ ਬੰਨਣਹਾਰ । ਗੁਰਮੁਖ ਸੰਤਾ ਵੇਖ ਵਖਾਇੰਦਾ, ਗੁਰ ਸੂਰਾ ਕਰ ਪਿਆਰ । ਆਸਾ ਮਨਸਾ ਪੂਰ ਕਰਾਇੰਦਾ, ਫੁਲ ਫੁਲਵਾੜੀ ਲਾਏ ਪੱਤ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਬੰਧਨ ਪਾਇੰਦਾ । ਹਰਿਜਨ ਬੇੜਾ ਆਪੇ ਬੰਨ੍ਹ, ਜੁਗ ਜੁਗ ਦਇਆ ਕਮਾਇੰਦਾ । ਗੁਰਮੁਖ ਵਡਿਆਈ ਧੰਨ ਧੰਨ, ਸਤਿਗੁਰ ਪੂਰਾ ਰਸਨਾ ਜਿਹਵਾ ਗਾਇੰਦਾ । ਲੇਖਾ ਜਾਣੇ ਗੋਕਲ ਮਥਰਾ ਬਿੰਦਰਾਬਨ, ਜਗਤ ਦੁਆਰਕਾ ਆਪਣੇ ਚਰਨਾ ਹੇਠ ਦਬਾਇੰਦਾ । ਭਾਗ ਲਗਾਏ ਹਰਿਜਨ ਤੇਰੀ ਛੱਪਰੀ ਛੰਨ, ਸਾਚੇ ਮੰਦਰ ਸੋਭਾ ਪਾਇੰਦਾ । ਨਿਰਗੁਣ ਜੋਤ ਪਰਕਾਸ਼ ਸੂਰਜ ਚੰਨ, ਕੋਟਨ ਭਾਨ ਮੁਖ ਸ਼ਰਮਾਇੰਦਾ । ਏਕਾ ਰਾਗ ਸੁਣਾਏ ਕੰਨ, ਅਨਭਵ ਆਪਣਾ ਰੂਪ ਦਰਸਾਇੰਦਾ । ਮਨ ਪੰਖੀ ਸ਼ਬਦ ਡੋਰੀ ਲਏ ਬੰਨ, ਉਡ ਉਡ ਨਾ ਦਹਿ ਦਿਸ਼ ਧਾਇੰਦਾ । ਕਾਇਆ ਚੋਲੀ ਭਾਗ ਲਗਾਏ ਪੰਜ ਤਤ ਤਨ, ਧਨ ਸਾਚਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੨੦੮

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਖਾਇੰਦਾ । ਸਾਚੀ ਵਸਤ ਨਾਮ ਗੁਰਦੇਵ, ਗੁਰ ਗੁਰਮੁਖ ਝੋਲੀ ਪਾਇੰਦਾ । ਅਬਿਨਾਸ਼ੀ ਕਰਤਾ ਅਲੱਖ ਅਭੇਵ, ਅਗੰਮ ਅਥਾਹ ਬੇਪਰਵਾਹ ਆਪਣਾ ਖੇਲ ਆਪ ਖਲਾਇੰਦਾ । ਜੁਗ ਜੁਗ ਜਾਣੇ ਜਾਣਣਹਾਰ ਸੇਵ, ਪੂਰਬ ਜਨਮਾਂ ਵੇਖ ਵਖਾਇੰਦਾ । ਵਡ ਵਡਾ ਆਤਮ ਪਰਮਾਤਮ ਦੇਵ, ਦੇਵੀ ਦੇਵ ਆਪ ਅਖਵਾਇੰਦਾ । ਆਦਿ ਜੁਗਾਦਿ ਸਦਾ ਨੇਹਕੇਵ, ਨੇਹਚਲ ਆਪਣਾ ਧਾਮ ਵਸਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਰਸ ਸਾਚਾ ਮੇਵ, ਸਾਚਾ ਫਲ ਆਪ ਖਵਾਇੰਦਾ । ਜਿਸ ਜਨ ਗਾਇਆ ਰਸਨਾ ਜਿਹਵ, ਜੀਵਣ ਜੁਗਤ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਸਾਚੇ ਵੇਖਣਹਾਰ ਆਇਆ, ਨਿਰਗੁਣ ਜੋਤੀ ਜਾਮਾ ਧਾਰ । ਕਲਜੁਗ ਸਤਿਜੁਗ ਬਣੇ ਦਾਈ ਦਾਇਆ, ਸੇਵਾ ਕਰੇ ਆਪ ਨਿਰੰਕਾਰ । ਧਰਤ ਧਵਲ ਦਏ ਸੁਹਾਇਆ, ਧਰ ਧਰਨੀ ਸੁਣ ਪੁਕਾਰ । ਅਕਾਸ਼ ਪਰਕਾਸ਼ ਦਏ ਕਰਾਇਆ, ਨਿਰਗੁਣ ਦੀਪਕ ਕਰ ਉਜਿਆਰ । ਸਵਛ ਸਰੂਪੀ ਰੂਪ ਪਰਗਟਾਇਆ, ਪਾਰਬ੍ਰਹਮ ਪ੍ਰਭ ਖੇਲ ਨਿਆਰ । ਦਹਿ ਦਿਸ਼ਾ ਚਾਰ ਕੂਟੀ ਏਕਾ ਸ਼ਬਦ ਜਣਾਇਆ, ਸ਼ਬਦ ਨਾਦ ਸੱਚੀ ਧੁਨਕਾਰ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਫੋਲ ਫੁਲਾਇਆ, ਕਰੇ ਖੇਲ ਨਿਰਗੁਣ ਨਿਰਾਕਾਰ । ਕਲਜੁਗ ਅੰਤਮ ਵੇਸ ਵਟਾਇਆ, ਰੂਪ ਰੰਗ ਰੇਖ ਨਾ ਸਕੇ ਕੋਈ ਵਿਚਾਰ । ਗੁਰਮੁਖ ਸਾਚੇ ਲਏ ਜਗਾਇਆ, ਘਰ ਮੰਦਰ ਖੋਲ੍ਹ ਕਿਵਾੜ । ਹਰਿ ਮੰਦਰ ਦਏ ਇਕ ਸੁਹਾਇਆ, ਤ੍ਰੈਗੁਣ ਨਾਤਾ ਤੋੜ ਜੰਜਾਲ । ਅੰਦਰੇ ਅੰਦਰ ਮੇਲ ਮਿਲਾਇਆ, ਪਾਰਬ੍ਰਹਮ ਕਰੇ ਹਰਿ ਹਰਿ ਇਕ ਪਿਆਰ । ਸੁਰਤ ਸਵਾਣੀ ਬਣ ਵਖਾਇਆ, ਜਗਤ ਵਾਸਨਾ ਕਰ ਖ਼ਵਾਰ । ਸਾਚੇ ਹਾਣੀ ਸ਼ਬਦ ਮਿਲਾਇਆ, ਦਰ ਸੋਹੇ ਨਾਰੀ ਪ੍ਰਿਆ ਭਤਾਰ । ਗੀਤ ਸੁਹਾਗੀ ਏਕਾ ਗਾਇਆ, ਦਿਵਸ ਰੈਣ ਮੰਗਲਾਚਾਰ । ਅਨੰਦ ਅਨੰਦ ਗੁਰ ਇਕ ਵਖਾਇਆ, ਪਰਮਾਨੰਦ ਰਹੇ ਖ਼ਵਾਰ । ਬੰਦੀ ਬੰਧਨ ਗੁਰ ਵਖਾਇਆ, ਨਾਤਾ ਤੋੜੇ ਤੋੜਨਹਾਰ । ਵਾਸਨਾ ਗੰਦੀ ਦਏ ਕਢਾਇਆ, ਜਿਸ ਸਿਰ ਹੱਥ ਧਰੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਸਚ ਦਰਬਾਰ । ਗੁਰਮੁਖ ਦਵਾਰ ਸੁਹੰਜਣਾ, ਸੁਹਾਵਣਹਾਰ ਆਪ ਨਿਰੰਕਾਰ । ਜਗੇ ਦੀਪਕ ਇਕ ਨਿਰੰਜਣਾ, ਨਿਰਗੁਣ ਨੂਰ ਹੋਏ ਉਜਿਆਰ । ਸਤਿਗੁਰ ਮਿਲਿਆ ਦਰਦ ਦੁਖ ਭੈ ਭੰਜਨਾ, ਭਵ ਸਾਗਰ ਕਰੇ ਪਾਰ । ਨੇਤਰ ਪਾਏ ਨਾਮ ਅੰਜਨਾ, ਮੇਟ ਮਿਟਾਏ ਅੰਧ ਅੰਧਿਆਰ । ਅੰਤ ਕਾਲ ਕਲ ਰੱਖੇ ਲੱਜਣਾ, ਰਾਏ ਧਰਮ ਨਾ ਕਰੇ ਖ਼ਵਾਰ । ਘਰ ਨਾਦ ਅਨਾਦੀ ਵੱਜਣਾ, ਸ਼ਬਦੀ ਸ਼ਬਦ ਕਰੇ ਗੁਫ਼ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫਲ ਲਗਾਏ ਸਾਚੇ ਡਾਰ । ਸਾਚਾ ਫਲ ਬੂਟਾ ਲਾਏ ਜਗ, ਜੜ੍ਹ ਆਪਣੇ ਹੱਥ ਰਖਾਈਆ । ਚੇਤਨ ਰੂਪ ਸੂਰਾ ਸਰਬੱਗ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਵਸੇ ਉਪਰ ਸ਼ਾਹ ਰਗ, ਸਾਚਾ ਮੰਦਰ ਆਪ ਸੁਹਾਈਆ । ਜਨ ਭਗਤਾਂ ਬੰਨ੍ਹੇ ਭਗਤੀ ਤਗ, ਨਾਮ ਡੋਰੀ ਤੰਦ ਬੰਧਾਈਆ । ਹਰਿ ਸ਼ਬਦ ਬੁਝਾਏ ਅਗਨੀ ਅੱਗ, ਤਤਵ ਤਤ ਨਾ ਕੋਈ ਜਲਾਈਆ । ਗੁਰਮੁਖਾਂ ਮੇਟੇ ਦੂਰ ਦੁਰਾਡਾ ਪੰਧ, ਸਾਚਾ ਪਾਂਧੀ ਬੇਪਰਵਾਹੀਆ । ਬੇਪਰਵਾਹ ਗੁਰਸਿਖਾਂ ਸੁਣਾਏ ਏਕਾ ਛੰਦ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਉਮੈਂ ਹੰਗਤ ਢਾਏ ਕੰਧ, ਹੰ ਬ੍ਰਹਮ ਇਕ ਵਖਾਈਆ । ਨਿਝ ਘਰ ਵਖਾਏ ਨਿਜਾਨੰਦ, ਨਿਝ ਅੰਮ੍ਰਿਤ ਜਾਮ ਪਿਆਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਰਹੇ ਨਾ ਰਾਈਆ । ਸਰਬ ਜੀਆਂ ਦਾਤਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਜੁਗ ਜੁਗ ਗੁਰਮੁਖ ਲਏ ਉਠਾਈਆ । ਗੁਰਮੁਖ ਸ਼ਬਦ ਜਗਾਇਆ, ਜਾਗਰਤ ਜੋਤ ਇਕ ਜਗਾ । ਗੁਰਸਿਖ ਸ਼ਬਦ ਸੁਣਾਇਆ, ਅਨਹਦ ਅਨਾਦੀ ਰਾਗ ਅਲ੍ਹਾ । ਗੁਰਮੁਖ ਮੇਲ ਮਿਲਾਇਆ, ਦੂਈ ਦਵੈਤੀ ਪਰਦਾ ਲਾਹ । ਗੁਰਸਿਖ ਰੰਗ ਰੰਗਾਇਆ, ਰੰਗ ਰੰਗੀਲਾ ਇਕ ਚੜ੍ਹਾ । ਗੁਰਮੁਖ ਸੇਜ ਹੰਢਾਇਆ, ਆਤਮ ਸੇਜਾ ਸੋਭਾ ਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਇਆ । ਹਰਿਜਨ ਸਦਾ ਸਹਾਇਕ, ਸਤਿਗੁਰ ਦੀਨ ਦੁਨੀ ਵੇਖ ਵਖਾਇੰਦਾ । ਲੇਖਾ ਜਾਣੇ ਧੁਰ ਮਸਤਕ ਆਪੇ ਜਾਏ ਬੌਹੜ, ਪੂਰਬ ਕਰਮਾਂ ਫੋਲ ਫੁਲਾਇੰਦਾ । ਲੱਖ ਚੁਰਾਸੀ ਵਿਚੋਂ ਫਲ ਵੇਖੇ ਮਿੱਠਾ ਕੌੜ, ਕਰਤਾ ਕੀਮਤ ਆਪੇ ਪਾਇੰਦਾ । ਆਦਿ ਜੁਗਾਦਿ ਸ਼ਬਦ ਗੁਰਦੇਵ ਦੋ ਜਹਾਨਾ ਰਿਹਾ ਦੌੜ, ਲੋਕਮਾਤ ਵੇਸ ਵਟਾਇੰਦਾ । ਨਿਰਗੁਣ ਸਰਗੁਣ ਅੰਦਰ ਲਾਏ ਪੌੜ, ਚੌਥਾ ਡੰਡਾ ਹੱਥ ਰਖਾਇੰਦਾ । ਜਨ ਭਗਤਾਂ ਬੁਝਾਏ ਲੱਗੀ ਔੜ, ਜਨਮ ਜਨਮ ਦੀ ਪਿਆਸ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਭਗਤ ਆਪਣੇ ਲੇਖੇ ਲਾਇੰਦਾ । ਹਰਿ ਭਗਤ ਲੇਖਾ ਮੰਗਣਾ, ਕਲਜੁਗ ਤੇਰੀ ਅੰਤਮ ਵਾਰ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਅਗਨੀ ਤਤ ਵਗਣਾ, ਕੋਈ ਕਰੇ ਨਾ ਠੰਡਾ ਠਾਰ । ਕਲਜੁਗ ਜੀਵ ਹੰਸ ਹੋਏ ਕਗਨਾ, ਕਾਗ ਰਲੇ ਕਾਗਾਂ ਡਾਰ । ਕਾਲ ਨਗਾਰਾ ਸਭ ਦੇ ਸਿਰ ਤੇ ਵੱਜਣਾ, ਉਚੀ ਕੂਕੇ ਕਰੇ ਪਿਆਰ । ਜੋ ਘੜਿਆ ਸੋ ਭੱਜਣਾ, ਥਿਰ ਰਹੇ ਨਾ ਵਿਚ ਸੰਸਾਰ । ਗੁਰ ਗੋਬਿੰਦ ਸੂਰਾ ਏਕਾ ਗੱਜਣਾ, ਸਿੰਘ ਰੂਪ ਸ਼ਾਹ ਅਸਵਾਰ । ਗੁਰਮੁਖਾਂ ਪਰਦਾ ਅੰਤਮ ਕੱਜਣਾ, ਦਿਵਸ ਰੈਣ ਪਾਵੇ ਸਾਰ । ਸਚ ਚਲਾਏ ਨਾਮ ਜਹਾਜਣਾ, ਗੁਰਮੁਖ ਸਾਚੇ ਲਏ ਚਾੜ੍ਹ । ਅੰਦਰ ਮੰਦਰ ਮਾਰੇ ਵਾਜਣਾ, ਸੋਈ ਸੁਰਤੀ ਲਏ ਉਠਾਲ । ੧੨੦੯
੧੨੦੯ ਨਿਰਗੁਣ ਸਰਗੁਣ ਰਚਿਆ ਕਾਜਨਾ, ਕਾਜ ਕਰੇ ਆਪ ਕਰਤਾਰ । ਸ਼ਾਹੋ ਭੂਪ ਵਡ ਰਾਜਨ ਰਾਜਨਾ, ਨਿਹਕਲੰਕਾ ਨਰ ਅਵਤਾਰ । ਆਪੇ ਹੋਏ
੦੯ ਗ਼ਰੀਬ ਨਿਵਾਜਨਾ, ਗ਼ਰੀਬ ਨਿਮਾਣੇ ਲਾਏ ਪਾਰ । ਸਾਚੇ ਅਸਵ ਚੜ੍ਹੇ ਤਾਜਨਾ, ਤ੍ਰੈਲੋਕੀ ਚਰਨਾ ਹੇਠ ਲਤਾੜ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਵੇਖੇ ਰਚੀ ਸਾਜਨਾ, ਨਿਰਗੁਣ ਨਿਰਗੁਣ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ । ਜੁਗ ਜੁਗ ਕਾਰ ਕਮਾਇੰਦਾ, ਕਰਤਾ ਪੁਰਖ ਦੀਨ ਦਿਆਲ । ਜੁਗ ਜੁਗ ਆਪਣਾ ਰੂਪ ਵਟਾਇੰਦਾ, ਜੁਗ ਜੁਗ ਸੇਵ ਲਗਾਏ ਕਾਲ ਮਹਾਂਕਾਲ । ਜੁਗ ਜੁਗ ਸ਼ਸਤਰ ਖੰਡਾ ਹੱਥ ਚਮਕਾਇੰਦਾ, ਜੁਗ ਜੁਗ ਵੇਖੇ ਚਿਲਾ ਤੀਰ ਕਮਾਨ । ਜੁਗ ਜੁਗ ਲੱਖ ਚੁਰਾਸੀ ਰਥ ਚਲਾਇੰਦਾ, ਰਥ ਰਥਵਾਹੀ ਬੇਮਿਸਾਲ । ਜੁਗ ਜੁਗ ਅਕਥ ਕਹਾਣੀ ਆਪ ਸੁਣਾਇੰਦਾ, ਕੋਈ ਕਥੇ ਨਾ ਵਿਚ ਸੰਸਾਰ । ਜੁਗ ਜੁਗ ਸ੍ਰਿਸ਼ਟ ਸਬਾਈ ਮਥ ਵਖਾਇੰਦਾ, ਨਾਮ ਮਧਾਨਾ ਏਕਾ ਡਾਰ । ਜੁਗ ਜੁਗ ਆਪਣਾ ਹੱਥ ਉਠਾਇੰਦਾ, ਜਨ ਭਗਤਾਂ ਕਰੇ ਸਚ ਪਿਆਰ । ਜੁਗ ਜੁਗ ਸਮਰਥ ਪੁਰਖ ਖੇਲ ਖਿਲਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ । ਕਲਜੁਗ ਅੰਤਮ ਜੋਤ ਜਗਾਇੰਦਾ, ਨਿਹਕਲੰਕਾ ਲਏ ਅਵਤਾਰ । ਜੂਠ ਝੂਠ ਜਗਤ ਮਿਟਾਇੰਦਾ, ਕੂੜ ਕੁੜਿਆਰਾ, ਕਰੇ ਖ਼ਵਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਸੀਸ ਤਾਜ ਰੱਖੇ ਨਾ ਕੋਈ ਦਸਤਾਰ । ਚਾਰ ਵਰਨਾਂ ਏਕਾ ਦਰ ਵਖਾਇੰਦਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਪਿਆਰ । ਸਾਚਾ ਖੰਡਾ ਹੱਥ ਚਮਕਾਇੰਦਾ, ਬਹੱਤਰ ਨਾੜੀ ਮਾਰੇ ਮਾਰ । ਬ੍ਰਹਿਮੰਡਾਂ ਵੇਖ ਵਖਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਲਏ ਉਭਾਰ । ਕ੍ਰੋੜ ਤੇਤੀਸਾ ਪੰਧ ਮੁਕਾਇੰਦਾ, ਸੁਰਪਤ ਰਾਜਾ ਇੰਦ ਬਾਜੀ ਜਾਏ ਹਾਰ । ਸ਼ੰਕਰ ਆਪਣਾ ਹਾਰ ਸੁਟਾਇੰਦਾ, ਬਾਸ਼ਕ

ਤਸ਼ਕਾ ਨਾ ਕੋਈ ਵਿਚਾਰ । ਹਰਿ ਹਰਿ ਪਾਰਬ੍ਰਹਮ ਰਾਹ ਤਕਾਇੰਦਾ, ਮੇਲ ਮਿਲਾਏ ਅੰਤਮ ਵਾਰ । ਵਿਸ਼ਨੂੰ ਸਾਂਗੋਂ ਪਾਂਗ ਸੇਜ ਪਰੇ ਹਟਾਇੰਦਾ, ਦਰ ਦਵਾਰ ਬਣੇ ਭਿਖਾਰ । ਪੁਰਖ ਅਬਿਨਾਸ਼ੀ ਹੁਕਮ ਜਣਾਇੰਦਾ, ਤਿੰਨਾਂ ਲੋਕਾਂ ਏਕਾ ਵਾਰ । ਚੌਦਾਂ ਲੋਕ ਹੱਟ ਖੁਲ੍ਹਾਇੰਦਾ, ਚੌਦਾਂ ਤਬਕਾਂ ਮਾਰੇ ਮਾਰ । ਚੌਦਾਂ ਵਿਦਿਆ ਪੰਧ ਮੁਕਾਇੰਦਾ, ਚੌਦਸ ਚੌਦਾਂ ਹੋਏ ਅੰਧਿਆਰ । ਸਦੀ ਚੌਧਵੀਂ ਵੇਖ ਵਖਾਇੰਦਾ, ਵੇਖਣਹਾਰਾ ਆਪ ਨਿਰੰਕਾਰ । ਤ੍ਰੈਗੁਣ ਅਗਨੀ ਮਠ ਤਪਾਇੰਦਾ, ਜੋਤੀ ਲੰਬੂ ਲਾਏ ਆਪ ਕਰਤਾਰ । ਪੰਜ ਤਤ ਹੱਡੀਆਂ ਬਾਲਣ ਵਿਚ ਡਾਹਿੰਦਾ, ਕਾਲ ਸੇਵਾ ਕਰੇ ਦਵਾਰ । ਮਹਾਂਕਾਲ ਦਇਆ ਕਮਾਇੰਦਾ, ਦਿਵਸ ਰੈਣ ਕਰੇ ਵਿਚਾਰ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਫੜ ਫੜ ਆਪ ਉਠਾਇੰਦਾ, ਲਿਆਏ ਖਿਚ ਸਤਿਗੁਰ ਚਰਨ ਦਵਾਰ । ਨਿਹਕਲੰਕ ਨਰ ਹਰਿ ਨਰਾਇਣ ਜੋਤੀ ਜਾਮਾ ਭੇਖ ਵਟਾਇੰਦਾ, ਗੁਰ ਪੀਰ ਅਵਤਾਰ ਰਸਨਾ ਗਾ ਗਾ ਗਏ ਵਿਚਾਰ । ਅੰਤਮ ਲੇਖਾ ਆਪਣੇ ਹੱਥ ਰਖਾਇੰਦਾ, ਗੁਰ ਗੋਬਿੰਦ ਕਰੇ ਪਿਆਰ । ਸਾਢੇ ਤਿੰਨ ਹੱਥ ਮੰਦਰ ਬਣਾਇੰਦਾ, ਨੌਂ ਦਰ ਕਰੇ ਸ਼ੰਗਾਰ । ਦਸਵੇਂ ਆਪਣਾ ਆਸਣ ਲਾਇੰਦਾ, ਦਿਸ ਨਾ ਆਏ ਵਿਚ ਸੰਸਾਰ । ਗੁਰਸਿਖਾਂ ਦਸਮ ਦੁਆਰੀ ਬੰਦ ਘਰ ਆਪ ਖੁਲ੍ਹਾਇੰਦਾ, ਸ਼ਬਦ ਖੰਡਾਂ ਫੜ ਤੇਜ ਕਟਾਰ । ਪੂਜਾ ਪਾਠ ਜਪ ਤਪ ਨਾ ਕੋਈ ਕਰਾਇੰਦਾ, ਸਤਿ ਹਠ ਨਾ ਕਰੇ ਕੋਈ ਵਿਚਾਰ । ਅਠਸਠ ਤੀਰਥ ਨਾ ਕੋਈ ਨਹਾਇੰਦਾ, ਨਾ ਕੋਈ ਘਾਲੇ ਜਗਤ ਘਾਲ । ਜਿਸ ਸਿਰ ਆਪਣਾ ਹੱਥ ਰਖਾਇੰਦਾ, ਗੁਰਮੁਖ ਬਣਾਏ ਸਾਚੇ ਲਾਲ । ਹੋਏ ਪ੍ਰਤੱਖ ਦਰਸ ਦਿਖਾਇੰਦਾ, ਨਾਤਾ ਤੋੜ ਕਾਲ ਮਹਾਂਕਾਲ । ਜਨਮ ਜਨਮ ਦੀ ਹਰਸ ਮਿਟਾਇੰਦਾ, ਲੱਖ ਚੁਰਾਸੀ ਤੋੜ ਜੰਜਾਲ । ਦਰਗਾਹਿ ਸਾਚੀ ਧਾਮ ਵਖਾਇੰਦਾ, ਸ਼ਬਦ ਬਿਬਾਣੇ ਲਏ ਬਹਾਲ । ਸਚਖੰਡ ਦੁਆਰਾ ਮੰਦਰ ਆਪ ਸੁਹਾਇੰਦਾ, ਕਰ ਕਿਰਪਾ ਗੁਣ ਨਿਧਾਨ । ਸਤ ਰੰਗ ਨਿਸ਼ਾਨਾ ਆਪ ਝੁਲਾਇੰਦਾ, ਸਾਚੇ ਤਖ਼ਤ ਬੈਠ ਸ੍ਰੀ ਭਗਵਾਨ । ਗੁਰਮੁਖ ਚਰਨਾਂ ਵਿਚ ਰਖਾਇੰਦਾ, ਨਾਤਾ ਤੁੱਟੇ ਵਿਚ ਜਹਾਨ । ਆਪਣੀ ਜੋਤ ਆਪਣੇ ਵਿਚ ਮਿਲਾਇੰਦਾ, ਬ੍ਰਹਮ ਪਾਰਬ੍ਰਹਮ ਕਰੇ ਪਰਵਾਨ । ਸੋਹੰ ਆਪਣੀ ਖੇਲ ਖਿਲਾਇੰਦਾ, ਸੋ ਮੇਟੇ ਸਰਬ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਬਦ ਅਨਾਦਿ, ਜੁਗ ਕਰਤਾ ਆਪ ਵਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮ ਬ੍ਰਹਿਮਾਦਿ ਜਨ ਭਗਤਾਂ ਦੇਵੇ ਸਾਚੀ ਦਾਤ, ਦਾਤਾ ਦਾਨੀ ਦਯਾ ਨਿਧ ਗਹਿਰ ਗੁਣ ਠਾਕਰ ਠਗ ਠਗੌਰੀ ਜਗਤ ਆਪ ਵਖਾਇੰਦਾ ।



### ✳ ੧੧ ਅੱਸੂ ੨੦੧੭ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਪਿੰਡ ਗਗੋ ਬੂਆ, ਜ਼ਿਲਾ ਅੰਮ੍ਰਿਤਸਰ ✳

ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਆਦਿ ਜੁਗਾਦੀ ਵਡ ਮਿਹਰਵਾਨ । ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ, ਇਕ ਅਕੱਲਾ ਵਾਲੀ ਦੋ ਜਹਾਨ । ਏਕੰਕਾਰਾ ਰੂਪ ਪਰਗਟਾਇੰਦਾ, ਰੂਪ ਅਨੂਪ ਸ਼ਾਹ ਸੁਲਤਾਨ । ਆਦਿ ਨਿਰੰਜਣ ਨਾਉਂ ਰਖਾਇੰਦਾ, ਜੋਤੀ ਜੋਤ ਜਗੇ ਮਹਾਨ । ਸ੍ਰੀ ਭਗਵਾਨ ਆਪਣਾ ਬਲ ਆਪ ਧਰਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਅਬਿਨਾਸ਼ੀ ਕਰਤਾ ਆਪਣੀ ਕਾਰ ਆਪ ਕਰਾਇੰਦਾ, ਕਰਤਾ ਪੁਰਖ ਨੌਜਵਾਨ । ਪਾਰਬ੍ਰਹਮ ਪ੍ਰਭ ਸਾਚਾ ਦਰ ਸੁਹਾਇੰਦਾ, ਦਰ ਘਰ ਸਾਚਾ ਕਰ ਪਰਵਾਨ । ਸਚਖੰਡ ਦਵਾਰਾ ਆਪ ਉਪਾਇੰਦਾ, ਆਪ ਰਖਾਏ ਸਚ

ਨਿਸ਼ਾਨ । ਘਰ ਘਰ ਵਿਚ ਆਪ ਖੁਲ੍ਹਾਇੰਦਾ, ਥਿਰ ਦਰਬਾਰਾ ਕਰ ਪਰਵਾਨ । ਸਚ ਸਿੰਘਾਸਣ ਇਕ ਵਿਛਾਇੰਦਾ, ਨਿਰਗੁਣ ਨਿਰਵੈਰ ਆਪ ਆਪਣਾ ਕਰ ਕੁਰਬਾਨ । ਤਖ਼ਤ ਤਾਜ ਸੋਭਾ ਪਾਇੰਦਾ, ਉਪਰ ਬਹੇ ਰਾਜ ਰਾਜਾਨ । ਸ਼ਬਦ ਤਾਜ ਇਕ ਟਿਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਆਪ ਅਖਵਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲਾ, ਅਕਲ ਕਲ ਬੇਪਰਵਾਹੀਆ । ਆਦਿ ਜੁਗਾਦੀ ਦੀਨ ਦਿਆਲਾ, ਦੋ ਜਹਾਨਾਂ ਵੇਖ ਵਖਾਈਆ । ਸਚਖੰਡ ਸੁਹਾਏ ਸੱਚੀ ਧਰਮਸਾਲਾ, ਦਰ ਘਰ ਸਾਚੇ ਸੋਭਾ ਪਾਈਆ । ਥਿਰ ਘਰ ਸਾਚੇ ਖੇਲ ਨਿਰਾਲਾ, ਅਨਭਵ ਆਪਣਾ ਰੂਪ ਪਰਗਟਾਈਆ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਈਆ । ਨਿਰਗੁਣ ਨਿਰਗੁਣ ਬਣ ਦਲਾਲਾ, ਲਾਲ ਲਾਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਦਏ ਵਡਿਆਈਆ । ਥਿਰ ਘਰ ਮੰਦਰ ਸਚ ਦਵਾਰਾ, ਪੁਰਖ ਅਬਿਨਾਸ਼ੀ ਆਪ ਵਸਾਇੰਦਾ । ਸਚਖੰਡ ਦਵਾਰੇ ਹੋ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਨਿਰਗੁਣ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਅਜੂਨੀ ਰਹਿਤ ਨਿਰਾਕਾਰਾ, ਨਿਰਵੈਰ ਆਪਣੀ ਧਾਰ ਬੰਧਾਇੰਦਾ । ਨੇਹਚਲ ਵਸੇ ਧਾਮ ਨਿਆਰਾ, ਮਹੱਲ ਅਟੱਲ ਆਪ ਸੁਹਾਇੰਦਾ । ਸਾਚੀ ਕਰਨੀ ਵਰਤੇ ਸਚ ਵਰਤਾਰਾ, ਕਰਤਾ ਕਰਨੀ ਆਪਣੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਵਾ ਬਾਤੀ ਇਕ ਰਖਾਇੰਦਾ । ਦੀਵਾ ਬਾਤੀ ਕਮਲਾਪਾਤ, ਹਰਿ ਸਾਚੇ ਘਰ ਟਿਕਾਈਆ । ਆਦਿ ਜੁਗਾਦਿ ਖੇਲ ਤਮਾਸ਼, ਦਰਗਹਿ ਸਾਚੀ ਵੇਖ ਵਖਾਈਆ । ਆਪੇ ਮੰਡਲ ਪਾਏ ਆਪਣੀ ਰਾਸ, ਆਪ ਆਪਣਾ ਰੂਪ ਨਚਾਈਆ । ਆਪਣੇ ਅੰਦਰ ਕਰੇ ਆਪਣਾ ਵਾਸ, ਵਾਸ ਨਿਵਾਸਾ ਆਪ ਹੋ ਜਾਈਆ । ਆਪੇ ਪੁਰਖ ਹੋਏ ਸ਼ਾਹੋ ਸ਼ਾਬਾਸ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਦਏ ਵਡਿਆਈਆ । ਸਚਖੰਡ ਦਵਾਰਾ ਸੋਭਾਵੰਤ, ਹਰਿ ਜੂ ਹਰਿ ਮੰਦਰ ਆਪ ਸੁਹਾਇੰਦਾ । ਨਿਰਗੁਣ ਜੋਤ ਸ੍ਰੀ ਭਗਵੰਤ, ਇਕ ਇਕੱਲਾ ਡੇਰਾ ਲਾਇੰਦਾ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਪੇ ਆਦਿ ਆਪੇ ਅੰਤ, ਅੰਤ ਆਦਿ ਆਪਣੀ ਧਾਰ ਚਲਾਇੰਦਾ । ਆਪੇ ਨਾਰ ਆਪੇ ਕੰਤ, ਕੰਤ ਕੰਤੂਲ ਆਪਣੀ ਸੇਜ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਖੋਲ੍ਹ, ਸ਼ਬਦ ਅਗੰਮੀ ਦਏ ਬੋਲ, ਅਗੰਮ ਅਗੰਮੜਾ ਖੇਲ ਖਿਲਾਇੰਦਾ । ਸ਼ਬਦ ਅਗੰਮੀ ਏਕਾ ਢੋਲਾ, ਪੁਰਖ ਅਬਿਨਾਸ਼ੀ ਏਕਾ ਗਾਈਆ । ਨਿਰਗੁਣ ਨਿਰਾਕਾਰ ਬਣ ਵਿਚੋਲਾ, ਮੇਲ ਮਿਲਾਏ ਸਾਚੇ ਥਾਈਆ । ਸਚਖੰਡ ਦਵਾਰਾ ਏਕਾ ਖੋਲ੍ਹਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਦਏ ਬੋਲ ਅਗੰਮ ਅਗੰਮੜਾ ਖੇਲ ਵਖਾਈਆ । ਸ਼ਬਦ ਅਗੰਮੀ ਏਕਾ ਢੋਲਾ, ਪੁਰਖ ਅਬਿਨਾਸ਼ੀ ਆਪੇ ਗਾਈਆ । ਨਿਰਗੁਣ ਨਿਰਾਕਾਰ ਬਣ ਵਿਚੋਲਾ, ਮੇਲ ਮਿਲਾਏ ਸਾਚੇ ਥਾਈਆ । ਸਚਖੰਡ ਦਵਾਰਾ ਏਕਾ ਖੋਲ੍ਹਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਦ ਅਨਾਦੀ ਆਪ ਅਲਾਈਆ । ਨਾਦ ਅਨਾਦੀ ਹਰਿ ਨਿਰੰਕਾਰਾ, ਏਕਾ ਏਕ ਵਜਾਇੰਦਾ । ਆਪੇ ਜਾਣੇ ਸਤਿ ਸਤਾਰਾ, ਸਤਿ ਸਤਿਵਾਦੀ ਆਪਣੇ ਹੱਥ ਰਖਾਇੰਦਾ । ਆਪੇ ਪਾਏ ਆਪਣੀ ਸਾਰਾ, ਆਪਣੀ ਧਾਰ ਆਪ ਪਰਗਟਾਇੰਦਾ । ਆਪੇ ਗਾਏ ਆਪਣੀ ਵਾਰਾ, ਮਹਿਮਾ ਅਕਥ ਆਪ ਸੁਣਾਇੰਦਾ । ਆਪੇ ਜਾਏ

ਬਲ ਬਲਹਾਰਾ, ਆਪੇ ਵਾਹ ਵਾਹ ਸਲੋਕ ਅਲਾਇੰਦਾ । ਆਪੇ ਵਸੇ ਗੁਪਤ ਜ਼ਾਹਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰੇ ਵੱਜੇ ਨਾਦ, ਸਤਿ ਸਤਿਵਾਦੀ ਆਪ ਵਜਾਈਆ । ਸ਼ਬਦ ਖੁਲ੍ਹਾਏ ਬੋਧ ਅਗਾਧ, ਲਿਖਣ ਪੜ੍ਹਨ ਵਿਚ ਨਾ ਆਈਆ । ਨਾਮ ਜਣਾਏ ਆਦਿ ਜੁਗਾਦਿ, ਨਰ ਨਿਰੰਕਾਰਾ ਆਪ ਹੋ ਜਾਈਆ । ਆਪਣਾ ਗੁਣ ਆਪੇ ਅਰਾਧ, ਆਪਣੀ ਕਰੇ ਆਪ ਪੜ੍ਹਾਈਆ । ਆਪੇ ਦੇਵੇ ਸਾਚੀ ਦਾਦ, ਆਪਣੀ ਭਿਛਿਆ ਝੋਲੀ ਆਪ ਭਰਾਈਆ । ਆਪ ਆਪਾ ਵਿਚੋਂ ਕਾਢ, ਅੱਗੇ ਆਪਣਾ ਆਪ ਟਿਕਾਈਆ । ਆਪਣਾ ਨਾਮ ਆਪੇ ਲਾਧ, ਆਪੇ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਹਰਿ ਸੁਹਾਇੰਦਾ, ਅੰਦਰ ਵੜ ਹਰਿ ਨਿਰੰਕਾਰ । ਦੀਵਾ ਬਾਤੀ ਇਕ ਟਿਕਾਇੰਦਾ, ਕਮਲਾਪਾਤੀ ਖੇਲ ਨਿਆਰ । ਸਾਚਾ ਸਾਥੀ ਆਪ ਅਖਵਾਇੰਦਾ, ਸਾਚਾ ਬੇੜਾ ਕਰੇ ਤਿਆਰ । ਆਪਣਾ ਰਾਥੀ ਰਥ ਚਲਾਇੰਦਾ, ਰਥ ਰਥਵਾਹੀ ਨਿਰਾਕਾਰ । ਸਾਚੀ ਗਾਥੀ ਆਪੇ ਗਾਇੰਦਾ, ਗਾਵਤ ਗਾਏ ਗਾਵਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰੇ ਸਾਚੇ ਵੜ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਖੋਲ੍ਹਣਹਾਰਾ, ਨਿਰਗੁਣ ਨਿਰਵੈਰ ਆਪ ਅਖਵਾਇੰਦਾ । ਅਜੂਨੀ ਰਹਿਤ ਹੋ ਉਜਿਆਰ, ਮੂਰਤ ਅਕਾਲ ਡਗਮਗਾਇੰਦਾ । ਅਨਭਵ ਖੇਲ ਕਰੇ ਅਗੰਮ ਅਪਾਰਾ, ਨਿਰਭੈ ਅਵਰ ਨਾ ਕੋਈ ਜਣਾਇੰਦਾ । ਜੋਤੀ ਜੋਤ ਕਰ ਪਸਾਰਾ, ਜੋਤੀ ਜਾਤਾ ਆਪਣਾ ਨਾਉਂ ਧਰਾਇੰਦਾ । ਥਿਰ ਘਰ ਸਾਚੇ ਪਾਵੇ ਸਾਰਾ, ਘਰ ਘਰ ਵਿਚ ਆਪ ਸੁਹਾਇੰਦਾ । ਆਪੇ ਨਾਰ ਕੰਤ ਬਣ ਭਤਾਰਾ, ਸੁਤ ਦੁਲਾਰਾ ਆਪੇ ਜਾਇੰਦਾ । ਸ਼ਬਦੀ ਨਾਉਂ ਰੱਖ ਹਰਿ ਕਰਤਾਰਾ, ਸਾਚੀ ਗੋਦੀ ਆਪ ਸੁਹਾਇੰਦਾ । ਦੇਵੇ ਹੁਕਮ ਧੁਰ ਦਰਬਾਰਾ, ਆਪਣੀ ਇਛਿਆ ਭਿਛਿਆ ਵਿਚ ਟਿਕਾਇੰਦਾ । ਏਕਾ ਰੂਪ ਹਰਿ ਨਿਰੰਕਾਰਾ, ਆਪਣਾ ਆਪ ਦਰਸਾਇੰਦਾ । ਏਕਾ ਨਾਉਂ ਕਰ ਉਜਿਆਰਾ, ਹਰਿ ਨਿਰੰਕਾਰਾ ਵੇਸ ਵਟਾਇੰਦਾ । ਏਕਾ ਦਏ ਸਚ ਭੰਡਾਰਾ, ਸਤਿ ਵਰਤਾਰਾ ਆਪ ਹੋ ਜਾਇੰਦਾ । ਏਕਾ ਕੂਕੇ ਬੋਲ ਜੈਕਾਰਾ, ਕੂਕ ਕੂਕ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਸ਼ਬਦ ਧਾਰ, ਆਪ ਪਰਗਟਾਏ ਹਰਿ ਨਿਰੰਕਾਰ, ਥਿਰ ਘਰ ਸਾਚੇ ਆਪ ਸਮਝਾਇੰਦਾ । ਥਿਰ ਘਰ ਸਾਚੇ ਸ਼ਬਦ ਪਸਾਰਾ, ਸਚਖੰਡ ਜੋਤ ਜੋਤ ਰੁਸ਼ਨਾਈਆ । ਸਚਖੰਡ ਵਸੇ ਹਰਿ ਨਿਰੰਕਾਰਾ, ਥਿਰ ਘਰ ਸ਼ਬਦੀ ਸੇਵ ਕਮਾਈਆ । ਥਿਰ ਘਰ ਬਣੇ ਸ਼ਬਦ ਭਿਖਾਰਾ, ਸਚਖੰਡ ਬੈਠਾ ਸੱਚਾ ਸ਼ਹਿਨਸ਼ਾਹੀਆ । ਸਚਖੰਡ ਬਣੇ ਆਪ ਵਰਤਾਰਾ, ਥਿਰ ਘਰ ਸ਼ਬਦੀ ਝੋਲੀ ਪਾਈਆ । ਥਿਰ ਘਰ ਕਰੇ ਵਣਜ ਵਣਜਾਰਾ, ਸਚਖੰਡ ਦਵਾਰੇ ਏਕਾ ਰਾਸ ਵਖਾਈਆ । ਸਚਖੰਡ ਦਵਾਰਾ ਉਚ ਮੁਨਾਰਾ, ਥਿਰ ਘਰ ਘਰ ਘਰ ਵਿਚ ਆਪ ਪਰਗਟਾਈਆ । ਕਰੇ ਖੇਲ ਆਪ ਕਰਤਾਰਾ, ਦੂਸਰ ਸੰਗ ਨਾ ਕੋਈ ਰਖਾਈਆ । ਆਦਿ ਆਦਿ ਹੋ ਉਜਿਆਰਾ, ਰੂਪ ਅਨੂਪ ਆਪ ਦਰਸਾਈਆ । ਅਬਿਨਾਸ਼ੀ ਅਚੁਤ ਸਾਚੇ ਸੁਤ ਕਰੇ ਪਿਆਰਾ, ਸ਼ਬਦ ਸ਼ਬਦੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਅੰਦਰ ਆਪੇ ਵੜ, ਸੁਤ ਦੁਲਾਰਾ ਲਾਏ ਲੜ, ਏਕਾ ਰੰਗਣ ਰੰਗ ਰੰਗਾਈਆ । ਏਕਾ ਕਿਰਨ ਦੇਵੇ ਦਾਤ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਸ਼ਬਦ ਉਪਾਈ ਆਪਣੀ ਜ਼ਾਤ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਏਕੰਕਾਰਾ ਬੰਨ੍ਹੇ ਨਾਤ, ਸਾਚਾ ਨਾਤਾ ਜੋੜ ਜੁੜਾਇੰਦਾ । ਆਦਿ ਨਿਰੰਜਣ

ਪੁਛੇ ਵਾਤ, ਜੋਤ ਉਜਿਆਰਾ ਡਗਮਗਾਇੰਦਾ । ਸ੍ਰੀ ਭਗਵਾਨ ਗਾਏ ਗਾਥ, ਆਪਣਾ ਬੋਲਾ ਆਪ ਸੁਣਾਇੰਦਾ । ਅਬਿਨਾਸ਼ੀ ਕਰਤਾ ਚਲਾਏ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਪਾਰਬ੍ਰਹਮ ਨਿਭਾਏ ਸਗਲਾ ਸਾਥ, ਸਗਲਾ ਸੰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕਿਰਨ ਦਿਤਾ ਵਰ, ਇਛਿਆ ਭਿਛਿਆ ਝੋਲੀ ਪਾਈਆ । ਏਕਾ ਕਿਰਨ ਬਖ਼ਸ਼ੇ ਹਰਿ, ਕਰੇ ਕਿਰਪਾ ਗੁਣ ਨਿਧਾਨਿਆ । ਸ਼ਬਦ ਭੰਡਾਰਾ ਦਿਤਾ ਭਰ, ਸੁਤ ਦਾਰਾ ਹੋਇਆ ਪਰਵਾਨਿਆ । ਲੇਖਾ ਜਾਣੇ ਹਰਿ, ਨਰ ਨਰਾਇਣ ਖੇਲ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਧੁਰ ਫ਼ਰਮਾਣਿਆ । ਸ਼ਬਦੀ ਸ਼ਬਦ ਜਣਾਇੰਦਾ, ਹਰਿ ਦਾਤਾ ਬੇਪਰਵਾਹ । ਸੇਵਕ ਸੇਵਾ ਸਚ ਵਖਾਇੰਦਾ, ਨਿਰਗੁਣ ਨਿਰਗੁਣ ਬਣ ਮਲਾਹ । ਏਕਾ ਕਿਰਨ ਵੰਡ ਵੰਡਾਇੰਦਾ, ਏਕਾ ਜੋਤੀ ਜੋਤ ਚਮਕਾ । ਏਕਾ ਹੁਕਮ ਆਪ ਸੁਣਾਇੰਦਾ, ਬ੍ਰਹਿਮੰਡ ਖੰਡ ਰਚਨ ਰਚਾ । ਇਕ ਇਕ ਇਕ ਆਪੇ ਵੰਡ ਵੰਡਾਇੰਦਾ, ਇਕ ਇਕੱਲਾ ਸਭਨੀ ਥਾਂ । ਇਕ ਬ੍ਰਹਮਾ ਵਿਸ਼ਨ ਸ਼ਿਵ ਉਪਜਾਇੰਦਾ, ਏਕਾ ਜੋਤੀ ਨੂਰ ਜਗਾ । ਇਕ ਸੂਰਜ ਚੰਨ ਚੜ੍ਹਾਇੰਦਾ, ਨਿਰਗੁਣ ਨੂਰ ਡਗਮਗਾ । ਲੱਖ ਚੁਰਾਸੀ ਵੇਸ ਵਟਾਇੰਦਾ, ਤ੍ਰੈਗੁਣ ਮਾਇਆ ਘਾੜਤ ਘੜਾ । ਨਿਰਗੁਣ ਆਪਣਾ ਵੇਸ ਵਟਾਇੰਦਾ, ਭੇਵ ਅਭੇਦਾ ਭੇਵ ਛੁਪਾ । ਅਛਲ ਅਛੇਦਾ ਛਲ ਕਮਾਇੰਦਾ, ਲੇਖਾ ਲਿਖ ਨਾ ਸਕੇ ਕੋਈ ਰਾ । ਸ਼ਬਦ ਸ਼ਬਦੀ ਵੰਡ ਵੰਡਾਇੰਦਾ, ਘਰ ਘਰ ਆਪਣਾ ਡੇਰਾ ਲਾ । ਨਾਦ ਅਨਾਦੀ ਨਾਦ ਵਜਾਇੰਦਾ, ਆਦਿ ਪੁਰਖ ਆਪ ਅਖਵਾ । ਵਿਸ਼ਨ ਸ਼ਿਵ ਬ੍ਰਹਮਾ ਸੇਵਾ ਲਾਇੰਦਾ, ਰਿਜ਼ਕ ਪੁਚਾਏ ਥਾਉਂ ਥਾਂ । ਆਤਮ ਬ੍ਰਹਮ ਸਰਬ ਮਨਾਇੰਦਾ, ਈਸ਼ ਜੀਵ ਰੂਪ ਵਟਾ । ਅੰਤ ਕਲ ਆਪਣੀ ਕਲ ਆਪ ਵਰਤਾਇੰਦਾ, ਲੇਖਾ ਲੇਖੇ ਲਏ ਲਗਾ । ਸ਼ਬਦ ਧਾਰ ਇਕ ਉਪਜਾਇੰਦਾ, ਦੋ ਜਹਾਨਾ ਫੇਰਾ ਪਾ । ਬ੍ਰਹਿਮੰਡ ਖੰਡ ਆਪ ਵਸਾਇੰਦਾ, ਗਗਨ ਗਗਨੰਤਰ ਰਿਹਾ ਸੁਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਵਰਤਾ । ਸ਼ਬਦ ਵਰਤਾਰਾ ਆਪੇ ਹਰਿ, ਸ਼ਬਦੀ ਸ਼ਬਦ ਆਪ ਅਖਵਾਈਆ । ਨਿਰਗੁਣ ਸਰਗੁਣ ਖੇਲ ਕਰ, ਸਰਗੁਣ ਨਿਰਗੁਣ ਮੇਲ ਮਿਲਾਈਆ । ਤ੍ਰੈਗੁਣ ਦੇਵੇ ਏਕਾ ਵਰ, ਪੰਚਮ ਪੰਚ ਕਰੇ ਕੁੜਮਾਈਆ । ਕਾਇਆ ਮਾਟੀ ਭਾਂਡਾ ਘੜ, ਸਾਚੀ ਹਾਟੀ ਇਕ ਵਖਾਈਆ । ਬੰਦ ਤਾਕੀ ਖੋਲ੍ਹ ਦਰ, ਘਰ ਘਰ ਵਿਚ ਇਕ ਰੁਸ਼ਨਾਈਆ । ਸਾਚਾ ਸਾਕੀ ਜਾਮ ਭਰ, ਨਾਮ ਪਿਆਲਾ ਇਕ ਪਿਆਈਆ । ਜੋਤ ਨਿਰੰਜਣ ਅੰਦਰ ਧਰ, ਨੂਰੋ ਨੂਰ ਕਰੇ ਰੁਸ਼ਨਾਈਆ । ਆਤਮ ਬ੍ਰਹਮ ਵੇਖੇ ਖੜ, ਸਚ ਸੁਹੰਜਣੀ ਸੇਜ ਹੰਢਾਈਆ । ਮੇਲ ਮਿਲਾਏ ਆਪਣੇ ਘਰ, ਹਰਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਵਿਸ਼ਨੂੰ ਆਦਿ ਬ੍ਰਹਮਾ, ਆਦਿ ਸ਼ੰਕਰ ਆਪਣਾ ਨਾਉਂ ਧਰਾਈਆ । ਵਿਸ਼ਨੂੰ ਆਦਿ ਹਰਿ ਕਾ ਨਾਉਂ, ਹਰਿ ਨਿਰੰਕਾਰਾ ਆਪ ਪਰਗਟਾਇੰਦਾ । ਆਦਿ ਬ੍ਰਹਮਾ ਹਰਿ ਕਾ ਨਾਉਂ, ਪਾਰਬ੍ਰਹਮ ਆਪਣਾ ਨਾਉਂ ਰਖਾਇੰਦਾ । ਆਦਿ ਸ਼ੰਕਰ ਹਰਿ ਕਾ ਨਾਉਂ, ਹਰਿ ਆਪਣਾ ਅੰਗ ਕਟਾਇੰਦਾ । ਤਿੰਨਾਂ ਬਣੇ ਪਿਤਾ ਮਾਉਂ, ਸਾਚੀ ਮਈਆ ਗੋਦ ਬਹਾਇੰਦਾ । ਕਰੇ ਕਰਾਏ ਸਚ ਨਿਆਉਂ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਤਖ਼ਤ ਬਹਾਏ ਫੜ ਫੜ ਬਾਹੋਂ, ਸਾਚੀ ਪੁਰੀਆਂ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਹਰਿ ਭਗਵੰਤ, ਆਪਣੀ ਕਲ ਆਪ ਵਰਤਾਇੰਦਾ । ਆਦਿ ਵਿਸ਼ਨੂੰ ਆਪ ਉਪਾਇਆ, ਵਿਸ਼ਵ ਆਪਣੀ ਸ਼ਕਤ ਧਰਾਈਆ । ਆਦਿ ਬ੍ਰਹਮਾ ਜੋਤ ਜਗਾਇਆ, ਪਾਰਬ੍ਰਹਮ ਸੱਚੀ

ਸਰਨਾਈਆ । ਆਦਿ ਸ਼ੰਕਰ ਆਪ ਉਠਾਇਆ, ਸੁੰਨ ਅਗੰਮੀ ਫੋਲ ਫੁਲਾਈਆ । ਚਰਨ ਚਰਨੋਦਕ ਅੰਮ੍ਰਿਤ ਇਕ ਪਿਆਇਆ, ਅੰਮ੍ਰਿਤ ਆਤਮ ਇਕ ਵਖਾਈਆ । ਬੋਧ ਅਗਾਧ ਸ਼ਬਦ ਜਣਾਇਆ, ਹਰਿ ਆਪਣੇ ਨਾਉਂ ਵੱਡੀ ਵਡਿਆਈਆ । ਆਦਿ ਜੁਗਾਦਾ ਖੇਲ ਵਖਾਇਆ, ਨਾ ਮਰੇ ਨਾ ਜਾਈਆ । ਪਿਓ ਦਾਦਾ ਕਿਸੇ ਦਿਸ ਨਾ ਆਇਆ, ਫੜ ਬਾਹੋਂ ਗਲੇ ਲਗਾਈਆ । ਧੁਨ ਅਗੰਮੀ ਵਾਜਾ ਆਪ ਵਜਾਇਆ, ਬ੍ਰਹਮਾ ਵਿਸ਼ਨ ਸ਼ਿਵ ਸੁਣ ਇਕ ਧਿਆਨ ਲਗਾਈਆ । ਵਡ ਵੱਡਾ ਰਾਜਾ ਹੁਕਮ ਸੁਣਾਇਆ, ਹੁਕਮ ਹੁਕਮੀ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਵਿਸ਼ਨ ਬ੍ਰਹਮਾ ਸ਼ੰਕਰ ਧਾਰ, ਸ਼ਬਦ ਤ੍ਰੈਗੁਣ ਵੰਡ ਵੰਡਾਇੰਦਾ । ਸ਼ਬਦ ਰਵ ਸਸ ਉਜਿਆਰ, ਸ਼ਬਦ ਨੂਰ ਨੂਰ ਡਗਮਗਾਇੰਦਾ । ਸ਼ਬਦ ਹੁਕਮ ਸ਼ਬਦ ਵਰਤਾਰ, ਸ਼ਬਦ ਸ਼ਬਦੀ ਖੇਲ ਖਿਲਾਇੰਦਾ । ਸ਼ਬਦ ਭੂਪ ਸ਼ਬਦ ਸਿਕਦਾਰ, ਸ਼ਬਦ ਰਾਜ ਜੋਗ ਕਮਾਇੰਦਾ । ਸ਼ਬਦ ਨਾਦ ਸ਼ਬਦ ਧੁਨਕਾਰ, ਸ਼ਬਦ ਸੁੰਨ ਸਮਾਧ ਸਮਾਇੰਦਾ । ਸ਼ਬਦ ਨਾਰ ਸ਼ਬਦ ਕੰਤ ਭਤਾਰ, ਸ਼ਬਦ ਸੁਹੰਜਣੀ ਸੇਜ ਹੰਢਾਇੰਦਾ । ਸ਼ਬਦ ਖੇਲ ਕਰੇ ਅਪਰ ਅਪਾਰ, ਸ਼ਬਦ ਰੂਪ ਦਿਸ ਕਿਸੇ ਨਾ ਆਇੰਦਾ । ਸ਼ਬਦ ਲੋਆਂ ਪੁਰੀਆਂ ਮਹੱਲ ਲਏ ਉਸਾਰ, ਵਿਸ਼ਨ ਬ੍ਰਹਮਾ ਸ਼ਿਵ ਆਪ ਬਹਾਇੰਦਾ । ਵਿਸ਼ਨ ਦਾਤਾ ਬਣੇ ਭੰਡਾਰ, ਸਚਖੰਡ ਵਾਸੀ ਸਚ ਭੰਡਾਰੀ ਰੂਪ ਧਰਾਇੰਦਾ । ਸ਼ਬਦ ਬ੍ਰਹਮ ਕਰੇ ਪਸਾਰ, ਲੱਖ ਚੁਰਾਸੀ ਜੋਤ ਜਗਾਇੰਦਾ । ਸ਼ਬਦ ਸ਼ੰਕਰ ਕਰੇ ਸ਼ੰਘਾਰ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ ਵਿਚੋਲਾ ਆਪ ਨਿਰੰਕਾਰ । ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਏਕੰਕਾਰਾ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ


੧੨੧੪

ਸ਼ਬਦ ਧੁਰ ਫ਼ਰਮਾਣਾ, ਸਾਚਾ ਰਾਣਾ ਦੋ ਜਹਾਨਾ ਆਪ ਵਰਤਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਹਰਿ ਜਣਾਇਆ, ਆਦਿ ਪੁਰਖ ਵੱਡੀ ਵਡਿਆਈਆ । ਲੱਖ ਚੁਰਾਸੀ ਰਚਨਾ ਰਚ ਵਖਾਇਆ, ਪੰਜ ਤਤ ਘਾੜਨ ਲਏ ਘੜਾਈਆ । ਨਿਰਗੁਣ ਵਡ ਕਰੇ ਰੁਸ਼ਨਾਇਆ, ਨੂਰ ਨੁਰਾਨਾ ਡਗਮਗਾਈਆ । ਤ੍ਰੈਗੁਣ ਪੱਲਾ ਇਕ ਫੜਾਇਆ, ਭੁੱਲ ਰਹੇ ਨਾ ਰਾਈਆ । ਆਪਣਾ ਵੇਲਾ ਵਕਤ ਨਾ ਕਿਸੇ ਜਣਾਇਆ, ਥਿਤ ਵਾਰ ਨਾ ਕੋਈ ਲਿਖਾਈਆ । ਆਪਣਾ ਬੰਸ ਆਪ ਸੁਹਾਇਆ, ਸਰਬੰਸ ਵੇਖੇ ਸ਼ਹਿਨਸ਼ਾਹੀਆ । ਆਪਣੀ ਅੰਸ ਆਪ ਉਪਜਾਇਆ, ਆਪੇ ਹੋਏ ਸਦਾ ਸਹਾਈਆ । ਆਪਣਾ ਬੰਕ ਆਪ ਸੁਹਾਇਆ, ਬੰਕ ਦਵਾਰੇ ਸੋਭਾ ਪਾਈਆ । ਆਪਣਾ ਰੰਗ ਆਪ ਰੰਗਾਇਆ, ਰੰਗ ਰੰਗੀਲਾ ਆਪ ਚੜ੍ਹਾਈਆ । ਆਪਣਾ ਪਲੰਘ ਆਪ ਵਿਛਾਇਆ, ਆਤਮ ਸੇਜਾ ਦਏ ਵਡਿਆਈਆ । ਆਪਣਾ ਬੰਕ ਆਪ ਸੁਹਾਇਆ, ਬੰਕ ਦਵਾਰੇ ਸੋਭਾ ਪਾਈਆ । ਆਪਣਾ ਡੰਕ ਆਪ ਵਜਾਇਆ, ਸ਼ਬਦ ਅਨਾਦੀ ਨਾਦ ਸੁਣਾਈਆ । ਆਪਣਾ ਅੰਕ ਆਪ ਜਣਾਇਆ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਆਪਣਾ ਨੂਰ ਪਰਗਟਾਇੰਦਾ । ਨੂਰ ਨੁਰਾਨਾ ਹੋ ਉਜਿਆਰ, ਸ਼ਬਦ ਤਰਾਨਾ ਏਕਾ ਗਾਇੰਦਾ । ਦਿਵਸ ਰੈਣ ਰਹੇ ਧੁਨਕਾਰ, ਸਚ ਨਿਸ਼ਾਨਾ ਇਕ ਵਖਾਇੰਦਾ । ਕਾਇਆ ਮੰਦਰ ਖੋਲ੍ਹ ਕਿਵਾੜ, ਆਪਣਾ ਮੇਲਾ ਆਪ ਮਿਲਾਇੰਦਾ । ਮੇਲ ਮਿਲਾਏ ਮਿਲਾਵਣਹਾਰ, ਤ੍ਰੈਗੁਣ ਲੇਖਾ ਆਪ ਜਣਾਇੰਦਾ । ਪੰਜ ਤਤ ਦਏ ਅਧਾਰ, ਸੁਰਤੀ ਸੁਰਤ ਆਪ ਪਰਗਟਾਇੰਦਾ । ਮੂਰਤ ਅਕਾਲ ਕਰ ਪਿਆਰ, ਤੁਰੀਆ ਤੂਰਤ ਨਾਦ ਆਪ ਵਜਾਇੰਦਾ । ਤ੍ਰੈਗੁਣ ਵਸਣਹਾਰਾ ਬਾਹਰ, ਆਸਾ ਪੂਰਤ ਆਪ

ਅਖਵਾਇੰਦਾ । ਇਕ ਇਕੱਲਾ ਏਕੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਲੱਖ ਚੁਰਾਸੀ ਭਰ ਭੰਡਾਰ । ਲੱਖ ਚੁਰਾਸੀ ਭੰਡਾਰਾ, ਭਰਪੂਰ ਭਗਵਾਨ ਆਪਣੀ ਦਇਆ ਕਮਾਈਆ । ਲੇਖਾ ਜਾਣੇ ਹਾਜ਼ਰ ਹਜ਼ੂਰ, ਹਰਿ ਹਰਿ ਜੂ ਵੱਡਾ ਬੇਪਰਵਾਹੀਆ । ਦਾਤਾ ਦਾਨੀ ਜੋਧਾ ਸੂਰਬੀਰ, ਵਡ ਬਲਵਾਨਾ ਇਕ ਅਖਵਾਈਆ । ਵੇਖਣਹਾਰਾ ਚੋਟੀ ਚੜ੍ਹ ਅਖ਼ੀਰ, ਉਚੇ ਮੰਦਰ ਸੋਭਾ ਪਾਈਆ । ਅੰਮ੍ਰਿਤ ਰੱਖੇ ਸਾਚਾ ਸੀਰ, ਘਰ ਘਰ ਝਿਰਨਾ ਆਪ ਝਿਰਾਈਆ । ਆਦਿ ਪੁਰਖ ਆਦਿ ਬੰਨ੍ਹੇ ਬੀੜ, ਬੇੜਾ ਬੰਨਣਹਾਰ ਭੇਵ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰਿਆ ਸ਼ਬਦ ਜ਼ੰਜ਼ੀਰ, ਨਾ ਕੋਈ ਤੋੜੇ ਤੋੜ ਤੁੜਾਈਆ । ਆਪਣੇ ਦਰ ਬਣਾਏ ਹਕੀਰ, ਸ਼ਾਹ ਫ਼ਕੀਰ ਆਪ ਹੋ ਜਾਈਆ । ਆਪੇ ਹੋਏ ਪੀਰਨ ਪੀਰ, ਬ੍ਰਹਮਾ ਵਿਸ਼ਨ ਸ਼ਿਵ ਦਰ ਬੈਠੇ ਸੀਸ ਝੁਕਾਈਆ । ਆਪੇ ਦੇਵਣਹਾਰਾ ਧੀਰ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਲਏ ਰਚਾਈਆ । ਲੱਖ ਚੁਰਾਸੀ ਰਚਨਾ ਰਚ, ਹਰਿ ਆਪਣੀ ਖੇਲ ਖਿਲਾਇੰਦਾ । ਵੇਸ ਵਟਾਇਆ ਸੱਚੋ ਸੱਚ, ਸਚ ਆਪਣੀ ਧਾਰ ਬੰਧਾਇੰਦਾ । ਭਾਗ ਲਗਾਇਆ ਕਾਇਆ ਮਾਟੀ ਕਚ, ਕੰਚਨ ਗੜ੍ਹ ਬਣਾਇੰਦਾ । ਨਿਰਗੁਣ ਸਰਗੁਣ ਅੰਦਰ ਰਚ, ਆਪਣਾ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਵੇਖੇ ਆਪਣਾ ਸਚ ਤਮਾਸ਼ਾ, ਵੇਖਣਹਾਰਾ ਏਕੰਕਾਰਿਆ । ਵਿਸ਼ਨ ਬ੍ਰਹਮਾ ਸ਼ਿਵ ਕਰ ਸਲਾਹ, ਤਿੰਨੇ ਨੇਤਰ ਨੈਣ ਉਠਾਈਆ । ਪੁਰਖ ਅਬਿਨਾਸ਼ੀ ਚਰਨ ਧਿਆਨ ਲਗਾ, ਨਿਉਂ ਨਿਉਂ ਸੀਸ ਝੁਕਾਈਆ । ਹਉਂ ਸੇਵਕ ਦਰਵੇਸ਼ ਦਰ ਬੈਠੇ ਆ, ਖੁਲੜੇ ਕੇਸ ਰਹੇ ਰਖਾਈਆ । ਏਕ ਦੱਸਣਾ ਆਪਣਾ ਨਾਂ, ਕਵਣ ਨਾਉਂ ਤੇਰੇ ਵਡਿਆਈਆ । ਲੱਖ ਚੁਰਾਸੀ ਭਾਂਡਾ ਲਿਆ ਘੜਾ, ਘਰ ਭਾਂਡੇ ਵੇਖ ਵਖਾਈਆ । ਲੋਕਮਾਤ ਕਵਣ ਰੂਪ ਹੋਏ ਰੁਸ਼ਨਾ, ਕਵਣ ਮੇਲ ਮਿਲਾਏ ਬੇਪਰਵਾਹੀਆ । ਕਵਣ ਵੇਲਾ ਅੰਤ ਦਏ ਜਣਾ, ਤੁਧ ਬਿਨ ਅਵਰ ਨਾ ਕੋਈ ਜਣਾਈਆ । ਹਉਂ ਭਿਖਕ ਭਿਖਾਰੀ ਝੋਲੀ ਬੈਠੇ ਡਾਹ, ਆਪਣੀ ਦਾਤ ਅਤੋਟ ਅਤੁਟ ਨਿਖੁੱਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਦਏ ਖੁਲਾਈਆ । ਭੇਵ ਅਭੇਦ ਖੁਲ੍ਹਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨ ਬ੍ਰਹਮਾ ਸ਼ਿਵ ਆਪਣਾ ਹੁਕਮ ਆਪ ਜਣਾਇੰਦਾ, ਅੰਤਮ ਕਰੇ ਹਰਿ ਪਛਾਣ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤਿੰਨਾਂ ਸੇਵ ਇਕ ਲਗਾਇੰਦਾ, ਭੁੱਲ ਨਾ ਜਾਏ ਬਣ ਅਵਾਣ । ਚਾਰ ਜੁਗ ਤੇਰੀ ਗੋਦ ਬਹਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਏਕਾ ਰੱਖੇ ਆਣ । ਚਾਰ ਮੁਖ ਤੇਰੇ ਬ੍ਰਹਮੇ ਪਾਰਬ੍ਰਹਮ ਸਲਾਹਿੰਦਾ, ਚਾਰ ਵੇਦ ਕਰੇ ਵਖਿਆਨ । ਚਾਰੇ ਬਾਣੀ ਬਾਣ ਲਗਾਇੰਦਾ, ਪਾਰਬ੍ਰਹਮ ਕਰ ਧਿਆਨ । ਚਾਰੇ ਖਾਣੀ ਰਚਨ ਰਚਾਇੰਦਾ, ਚਾਰੇ ਜੁਗ ਹੋਏ ਪਰਧਾਨ । ਨੌਂ ਨੌਂ ਗੇੜਾ ਆਪ ਦਵਾਇੰਦਾ, ਗੇੜਾ ਗੇੜੇ ਸ੍ਰੀ ਭਗਵਾਨ । ਗੁਰ ਪੀਰ ਅਵਤਾਰ ਜੁਗ ਜੁਗ ਆਪਣੇ ਹੁਕਮ ਘਲਾਇੰਦਾ, ਲੱਖ ਚੁਰਾਸੀ ਦੇਵੇ ਧੁਰ ਫ਼ਰਮਾਣ । ਆਦਿ ਵਿਸ਼ਨੂੰ ਤੇਰਾ ਵਕਤ ਨਾ ਕੋਇ ਚੁਕਾਇੰਦਾ, ਆਦਿ ਬ੍ਰਹਮਾ ਨਾ ਹੋਏ ਵੈਰਾਨ । ਆਦਿ ਸ਼ੰਕਰ ਨਾ ਪੰਧ ਮੁਕਾਇੰਦਾ, ਲੇਖਾ ਮਿਟੇ ਨਾ ਦੋ ਜਹਾਨ । ਨੌਂ ਨੌਂ ਚਾਰ ਆਪਣਾ ਖੇਲ ਖਿਲਾਇੰਦਾ, ਦੇਂਦਾ ਰਹੇ ਧੁਰ ਫ਼ਰਮਾਣ । ਆਪਣਾ ਭੇਵ ਨਾ ਕਿਸੇ ਖੁਲ੍ਹਾਇੰਦਾ, ਭੇਵ ਅਭੇਦਾ ਹਰਿ ਭਗਵਾਨ । ਕਲਜੁਗ ਅੰਤਮ ਵੇਖ ਵਖਾਇੰਦਾ, ਨੌਂ ਨੌਂ ਚਾਰ ਕਰ ਪਰਵਾਨ । ਅੰਤ ਆਪਣੀ ਕਲ ਵਰਤਾਇੰਦਾ, ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਹੋਇਣ

ਹੈਰਾਨ । ਏਕਾ ਜੋਤੀ ਨੂਰ ਡਗਮਗਾਇੰਦਾ, ਆਦਿ ਪੁਰਖ ਵਡ ਮਿਹਰਵਾਨ । ਦੂਜਾ ਸ਼ਬਦ ਸੰਗ ਰਖਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡ ਖੰਡਾਂ ਦੇਵੇ ਇਕ ਗਿਆਨ । ਤੀਜੇ ਤੀਜਾ ਨੇਤਰ ਇਕ ਖੁਲ੍ਹਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਛਾਣ । ਚੌਥੇ ਚੌਥੇ ਪਦ ਡੇਰਾ ਲਾਇੰਦਾ, ਤ੍ਰੈਗੁਣ ਮਾਇਆ ਕਰੇ ਵੈਰਾਨ । ਪੰਚਮ ਪੰਚਮ ਨਾਦ ਸ਼ਬਦ ਵਜਾਇੰਦਾ, ਪੰਚਮ ਮੇਟੇ ਪੰਚ ਸ਼ੈਤਾਨ । ਛੇਵੇਂ ਛੇਵਾਂ ਘਰ ਸੁਹਾਇੰਦਾ, ਛੱਪਰ ਛੰਨ ਨਾ ਕੋਇ ਮਕਾਨ । ਸਤਵੇਂ ਸਤਿ ਪੁਰਖ ਨਿਰੰਜਣ ਖੇਲ ਖਿਲਾਇੰਦਾ, ਲੇਖਾ ਜਾਣੇ ਜ਼ਿਮੀ ਅਸਮਾਨ । ਗੁਰ ਪੀਰ ਅਵਤਾਰ ਸਾਧ ਸੰਤ ਜੁਗ ਜੁਗ ਜੁਗ ਬੇਅੰਤ ਬੇਅੰਤ ਸਰਬ ਗਾਇੰਦਾ, ਬੇਅੰਤ ਹੋਏ ਆਪ ਸ੍ਰੀ ਭਗਵਾਨ । ਤ੍ਰੈ ਤ੍ਰੈ ਅੰਤ ਆਪਣੇ ਹੱਥ ਰਖਾਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ, ਪੁਰਖ ਅਬਿਨਾਸ਼ੀ ਨੌਜਵਾਨ । ਕਲਜੁਗ ਅੰਤਮ ਨਿਹਕਲੰਕ ਆਪਣਾ ਨਾਉਂ ਰਖਾਇੰਦਾ, ਆਪਣਾ ਗੁਣ ਜਾਣੇ ਗੁਣ ਨਿਧਾਨ । ਤਿੰਨਾਂ ਲੇਖਾ ਲੇਖੇ ਪਾਇੰਦਾ, ਲੇਖਾ ਲਿਖਣਹਾਰ ਇਕ ਮਿਹਰਵਾਨ । ਕਾਗਦ ਕਲਮ ਨਾ ਕੋਈ ਰਖਾਇੰਦਾ, ਨਾ ਕੋਈ ਕਾਤਬ ਹੋਏ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਣ । ਕਲਜੁਗ ਵੇਲਾ ਅੰਤਮ ਔਣਾ, ਆਦਿ ਪੁਰਖ ਸਮਝਾਇੰਦਾ । ਵਿਸ਼ਨ ਤੇਰਾ ਵਿਸ਼ਵ ਰੂਪ ਪਰਗਟੌਣਾ, ਪਾਰਬ੍ਰਹਮ ਪ੍ਰਭ ਸੰਗ ਨਿਭਾਇੰਦਾ । ਬ੍ਰਹਮ ਤੇਰਾ ਰੂਪ ਬ੍ਰਹਮ ਸਰਬ ਦਰਸੌਣਾ, ਹੰ ਰੂਪ ਆਪ ਹੋ ਜਾਇੰਦਾ । ਸ਼ੰਕਰ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਪੌਣਾ, ਪੂਰਬ ਲੇਖਾ ਵੇਖ ਵਖਾਇੰਦਾ । ਭਾਣਾ ਸਹਿਣਾ ਹੁਕਮ ਜਣੌਣਾ, ਹਰਿ ਭਾਣੇ ਆਪ ਸਮਾਇੰਦਾ । ਲੱਖ ਚੁਰਾਸੀ ਜੋ ਘੜਿਆ ਸੋ ਭੰਨ ਵਖੌਣਾ, ਠੀਕਰ ਚਰਨਾ ਹੇਠ ਦਬਾਇੰਦਾ । ਗੁਰਮੁਖ ਵਿਰਲਾ ਆਪ ਜਗੌਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਗੁਰਸਿਖ ਸਾਚਾ ਸੰਗ ਰਖੌਣਾ, ਜੁਗ ਵਿਛੜੇ ਮੇਲ ਮਿਲਾਇੰਦਾ । ਸੰਤ ਸਹੇਲਾ ਰੰਗ ਰੰਗੌਣਾ, ਸਾਂਤਕ ਸਤਿ ਸਤਿ ਵਰਤਾਇੰਦਾ । ਭਗਤ ਭਗਵੰਤ ਏਕਾ ਘਰ ਬਹੌਣਾ, ਸੁਹੰਜਣੀ ਸੇਜ ਆਪ ਵਿਛਾਇੰਦਾ । ਗੁਰਮੁਖਾਂ ਹਰਿ ਮਾਣ ਦਵੌਣਾ, ਸਾਚਾ ਮਾਰਗ ਇਕ ਲਗਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਤੇਰਾ ਪੰਧ ਮੁਕੌਣਾ, ਪਾਂਧੀ ਆਪਣਾ ਰਾਹ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਅੰਤ ਆਦਿ ਅੰਤ ਹਰਿ ਭਗਵੰਤ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾਂ ਜੁਗੰਤਰ ਏਕਾ ਕਾਹਨ, ਹੰ ਬ੍ਰਹਮ ਕਰੇ ਪਛਾਣ, ਸੋ ਪੁਰਖ ਨਿਰੰਜਣ ਗੁਣ ਨਿਧਾਨ, ਗੁਣ ਅਵਗੁਣ ਨਾ ਕੋਈ ਜਣਾਈਆ ।

### ✻ ੧੨ ਅੱਸੂ ੨੦੧੭ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ✻

ਪਾਰਬ੍ਰਹਮ ਬ੍ਰਹਮ ਪਾਏ ਸਾਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਰਖਾਏ ਚਰਨ ਦਵਾਰਾ, ਚਰਨ ਕਵਲ ਇਕ ਜਣਾਇੰਦਾ । ਪਾਰਬ੍ਰਹਮ ਹਰਿ ਬਣਾਏ ਸੱਚਾ ਘਰ ਬਾਰਾ, ਘਰ ਘਰ ਵਿਚ ਆਪ ਟਿਕਾਇੰਦਾ । ਪਾਰਬ੍ਰਹਮ ਬ੍ਰਹਮ ਦਏ ਸਹਾਰਾ, ਅੰਮ੍ਰਿਤ ਆਪਣਾ ਜਾਮ ਪਿਆਇੰਦਾ । ਬ੍ਰਹਮ ਬ੍ਰਹਮ ਵਡ ਅਧਾਰਾ, ਆਪਣਾ ਮੰਤਰ ਨਾਮ ਦ੍ਰਿੜਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰੇ ਪਸਾਰਾ, ਇਕ ਇਕੱਲਾ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਸੁਹਾਏ ਬੰਕ ਦਵਾਰਾ, ਘਟ ਮੰਦਰ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਸੁਣਾਏ ਸਚ ਜੈਕਾਰਾ, ਧੁਨ ਅਨਾਦੀ ਅਨਹਦ ਸ਼ਬਦ ਵਜਾਇੰਦਾ ।

੧੨੧੭

ਪਾਰਬ੍ਰਹਮ ਬ੍ਰਹਮ ਕਰਾਏ ਵਣਜ ਵਾਪਾਰਾ, ਵਸਤ ਹਰਿ ਥਾਰਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਏਕਾ ਰੰਗ ਰੰਗਾਇੰਦਾ । ਪਾਰਬ੍ਰਹਮ ਬ੍ਰਹਮ ਰੰਗ ਰੰਗਾਏ, ਰੰਗ ਮਜੀਠੀ ਇਕ ਚੜ੍ਹਾਈਆ । ਪਾਰਬ੍ਰਹਮ ਬ੍ਰਹਮ ਅੰਗ ਲਗਾਏ, ਨਿਰਗੁਣ ਨਿਰਾਕਾਰ ਆਪ ਹੋ ਜਾਈਆ । ਪਾਰਬ੍ਰਹਮ ਬ੍ਰਹਮ ਸੰਗ ਨਿਭਾਏ, ਸਗਲਾ ਸੰਗ ਵਿਛੜ ਕਦੇ ਨਾ ਜਾਈਆ । ਪਾਰਬ੍ਰਹਮ ਬ੍ਰਹਮ ਸਚ ਤੁਰੰਗ ਦੁੜਾਏ, ਸੂਰਾ ਸਰਬੰਗ ਵੇਖ ਵਖਾਈਆ । ਪਾਰਬ੍ਰਹਮ ਹੰ ਰੂਪ ਵਟਾਏ, ਸੋ ਆਪਣਾ ਰੂਪ ਪਰਗਟਾਈਆ । ਪਾਰਬ੍ਰਹਮ ਸੋਹੰ ਧਾਰ ਚਲਾਏ, ਧੁਰ ਦੀਬਾਣ ਬਾਣੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਵਡਿਆਈਆ । ਪਾਰਬ੍ਰਹਮ ਬ੍ਰਹਮ ਦੇਵੇ ਵਡਿਆਈ, ਆਦਿ ਜੁਗਾਦਿ ਹੋਏ ਸਹਾਇਆ । ਪਾਰਬ੍ਰਹਮ ਬ੍ਰਹਮ ਕਰੇ ਕੁੜਮਾਈ, ਸਾਚਾ ਨਾਤਾ ਜੋੜ ਜੁੜਾਇਆ । ਪਾਰਬ੍ਰਹਮ ਬ੍ਰਹਮ ਬਖ਼ਸ਼ੇ ਸਰਨਾਈ, ਸਰਨਗਤ ਇਕ ਜਣਾਇਆ । ਪਾਰਬ੍ਰਹਮ ਪਕੜੇ ਬਾਂਹੀ, ਆਪ ਆਪਣਾ ਮੇਲ ਮਿਲਾਇਆ । ਪਾਰਬ੍ਰਹਮ ਬ੍ਰਹਮ ਸਿਰ ਰੱਖੇ ਠੰਡੀ ਛਾਈ, ਸ਼ਾਹ ਸੁਲਤਾਨ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਏਕਾ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਵੇਖਣਹਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਬ੍ਰਹਮ ਹੋ ਉਜਿਆਰਾ, ਜੋਤੀ ਨੂਰ ਡਗਮਗਾਇੰਦਾ । ਪਾਰਬ੍ਰਹਮ ਵਖਾਏ ਠਾਂਡਾ ਦਰਬਾਰਾ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਬਣਾਏ ਭਿਖਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਪਾਰਬ੍ਰਹਮ ਹਰਿ ਆਪਣੀ ਵੰਡ ਵੰਡਾਇੰਦਾ । ਪਾਰਬ੍ਰਹਮ ਬ੍ਰਹਮ ਵੰਡੇ ਵੰਡ, ਮਹਿਮਾ ਅਗਣਤ ਗਣੀ ਨਾ ਜਾਈਆ । ਪਾਰਬ੍ਰਹਮ ਬ੍ਰਹਮ ਦਸਾਏ ਬ੍ਰਹਿਮੰਡ ਖੰਡ, ਆਪ ਆਪਣੀ ਕਲ ਵਰਤਾਈਆ । ਪਾਰਬ੍ਰਹਮ ਬ੍ਰਹਮ ਧਰੇ ਜੇਰਜ ਅੰਡ, ਉਤਭੁਜ ਸੇਤਜ ਆਪਣਾ ਆਪ ਸਮਾਈਆ । ਪਾਰਬ੍ਰਹਮ ਪ੍ਰਭ ਚਾੜ੍ਹੇ ਚੰਨ, ਸੂਰਜ ਸੂਰਯ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਬੇੜਾ ਬੰਨ੍ਹ, ਜੁਗ ਜੁਗ ਰਥ ਚਲਾਈਆ । ਪਾਰਬ੍ਰਹਮ ਬ੍ਰਹਮ ਦੇਵੇ ਧੰਨ, ਧੰਨ ਧਨਵੰਤਾ ਇਕ ਅਖਵਾਈਆ । ਪਾਰਬ੍ਰਹਮ ਬ੍ਰਹਮ ਦੇਵੇ ਡੰਨ, ਜੂਨੀ ਜੂਨ ਆਪ ਭਵਾਈਆ । ਪਾਰਬ੍ਰਹਮ ਕਰੇ ਵਸੇਰਾ ਬਿਨ ਛੱਪਰੀ ਛੰਨ, ਹਰਿ ਹਰਿ ਘਟ ਘਟ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਵੱਡੀ ਵਡਿਆਈਆ । ਪਾਰਬ੍ਰਹਮ ਕਰੇ ਪਰਕਾਸ਼, ਘਟ ਘਟ ਆਪ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਰੱਖੇ ਵਾਸ, ਜੁਗ ਜੁਗ ਹੁਕਮ ਚਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਦਰਸ ਸਵਾਸ, ਸਵਾਸ ਪਵਣ ਧਰਾਇੰਦਾ । ਪਾਰਬ੍ਰਹਮ ਬ੍ਰਹਮ ਵਖਾਏ ਪ੍ਰਿਥਮੀ ਅਕਾਸ਼, ਆਪ ਆਪਣਾ ਨੈਣ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਨਿਵਾਸ, ਵਾਸ ਨਿਵਾਸਾ ਆਪਣਾ ਧਾਮ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਗਰਾਸ, ਗ੍ਰਹਿ ਗ੍ਰਹਿ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਬੰਦ ਖ਼ੁਲਾਸ, ਆਪਣੀ ਬੰਦੀ ਆਪੇ ਤੋੜ ਤੁੜਾਇੰਦਾ । ਪਾਰਬ੍ਰਹਮ ਬ੍ਰਹਮ ਨਾਤਾ ਤੋੜੇ ਜਗਤ ਪਰਭਾਸ, ਬ੍ਰਹਮ ਸਚ ਮਹੱਲ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਹਰਿ ਨਰ ਏਕਾ ਖੇਲ ਖਿਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਜੋਬਨ, ਲਾਲ ਗੁਲਾਲਾ ਰੰਗ ਚੜ੍ਹਾਈਆ । ਪਾਰਬ੍ਰਹਮ ਮਿਟਾਏ ਹਰਖ ਸੋਗਨ, ਚਿੰਤਾ ਦੁੱਖ ਨਾ ਕੋਈ ਰਖਾਈਆ । ਪਾਰਬ੍ਰਹਮ ਬ੍ਰਹਮ ਦੇਵੇ ਸੱਚਾ ਜੋਗਨ, ਜੋਗ ਜਗਤ

ਇਕ ਜਣਾਈਆ । ਪਾਰਬ੍ਰਹਮ ਲੇਖਾ ਜਣਾਏ ਚੌਦਾਂ ਲੋਕਨ, ਤ੍ਰੈ ਤ੍ਰੈ ਲੋਆਂ ਮੁਕਾਈਆ । ਪਾਰਬ੍ਰਹਮ ਬ੍ਰਹਮ ਕਰੇ ਸੰਬੋਧਨ, ਆਪ ਆਪਣਾ ਨਾਉਂ ਜਪਾਈਆ । ਪਾਰਬ੍ਰਹਮ ਬ੍ਰਹਮ ਬਖ਼ਸ਼ੇ ਦਾਤ ਬੋਧ ਅਗਾਧਨ, ਨਿਸ਼ਅੱਖਰ ਕਰੇ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਰੂਪ ਦਰਸਾਏ ਜੋਧ ਜੋਧਨ, ਜੋਧਾ ਸੂਰਬੀਰ ਦਇਆ ਕਮਾਈਆ । ਪਾਰਬ੍ਰਹਮ ਬ੍ਰਹਮ ਵਿਖਾਏ ਏਕਾ ਓਟਨ, ਏਕਾ ਓਟ ਸੱਚੀ ਸਰਨਾਈਆ । ਪਾਰਬ੍ਰਹਮ ਬ੍ਰਹਮ ਲਾਏ ਸਾਚੀ ਚੋਟਨ, ਤਾਲ ਨਗਾਰਾ ਇਕ ਵਜਾਈਆ । ਪਾਰਬ੍ਰਹਮ ਬ੍ਰਹਮ ਰੂਪ ਵਟਾਏ ਕੋਟੀ ਕੋਟਨ, ਕੋਟੀ ਕੋਟ ਆਪਣੀ ਸੇਵ ਲਗਾਈਆ । ਪਾਰਬ੍ਰਹਮ ਬ੍ਰਹਮ ਦੇਵੇ ਭੰਡਾਰਾ ਇਕ ਅਤੋਟਨ, ਅਤੋਟ ਅਤੁਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਦੇਵੇ ਦਾਤ, ਆਪਣਾ ਭੇਸ ਆਪ ਵਟਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਉਤਮ ਜ਼ਾਤ, ਵਰਨ ਗੋਤ ਨਾ ਕੋਈ ਰਖਾਇੰਦਾ । ਪਾਰਬ੍ਰਹਮ ਬ੍ਰਹਮ ਵੇਖੇ ਇਕ ਅਕਾਂਤ, ਇਕ ਅਕੱਲਾ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਬੰਧਾਏ ਚਰਨ ਨਾਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਪਾਰਬ੍ਰਹਮ ਬ੍ਰਹਮ ਚਲਾਏ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਪਾਰਬ੍ਰਹਮ ਬ੍ਰਹਮ ਸੁਣਾਏ ਸਾਚੀ ਗਾਥ, ਸ਼ਬਦ ਅਗੰਮੀ ਢੋਲਾ ਆਪੇ ਗਾਇੰਦਾ । ਪਾਰਬ੍ਰਹਮ ਬ੍ਰਹਮ ਵਖਾਏ ਸਾਚਾ ਹਾਟ, ਸਾਚੇ ਤਖ਼ਤ ਸੋਭਾ ਪਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਆਪਣੀ ਲਾਟ, ਲਿਲਾਟ ਜੋਤੀ ਜੋਤ ਡਗਮਗਾਇੰਦਾ । ਪਾਰਬ੍ਰਹਮ ਬ੍ਰਹਮ ਸਵਾਏ ਸਾਚੀ ਖਾਟ, ਘਰ ਘਰ ਸੇਜ ਆਪ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬ੍ਰਹਮ ਪਾਰਬ੍ਰਹਮ ਪਸਾਰਾ, ਏਕਾ ਦਰ ਧੁਰ ਦਰਬਾਰਾ, ਹਰਿ ਸਾਚਾ ਆਪ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਨਾਉਂ ਧਰਾਏ, ਧਰਨੀ ਧਰਤ ਧਵਲ ਦਏ ਵਡਿਆਈਆ । ਪਾਰਬ੍ਰਹਮ ਬ੍ਰਹਮ ਲੱਖ ਚੁਰਾਸੀ ਵਿਚ ਸਮਾਏ, ਆਪ ਆਪਣੀ ਕਲ ਧਰਾਈਆ । ਪਾਰਬ੍ਰਹਮ ਮੰਡਲ ਰਾਸ ਏਕਾ ਪਾਏ, ਬ੍ਰਹਮ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਾਰਬ੍ਰਹਮ ਹਰਿ ਵੇਖੇ ਥਾਉਂ ਥਾਈਂਆ । ਪਾਰਬ੍ਰਹਮ ਬ੍ਰਹਮ ਵੇਖਣਹਾਰਾ, ਜੁਗ ਜੁਗ ਲਏ ਅਵਤਾਰਿਆ । ਪਾਰਬ੍ਰਹਮ ਬ੍ਰਹਮ ਦਏ ਅਧਾਰਾ, ਗੁਰਮੁਖ ਸਾਚਾ ਨਾਉਂ ਧਰਾ ਰਿਹਾ । ਪਾਰਬ੍ਰਹਮ ਬ੍ਰਹਮ ਖਿਚ ਲਿਆਏ ਚਰਨ ਦਵਾਰਾ, ਆਪ ਆਪਣੀ ਬੂਝ ਬੁਝਾ ਰਿਹਾ । ਆਦਿ ਜੁਗਾਦੀ ਸਾਚੀ ਕਾਰਾ, ਧੁਰ ਦਰਬਾਰਾ ਖੇਲ ਖਿਲਾ ਰਿਹਾ । ਕਲਜੁਗ ਆਈ ਅੰਤਮ ਵਾਰਾ, ਪਾਰਬ੍ਰਹਮ ਬ੍ਰਹਮ ਵੇਖ ਵਖਾ ਲਿਆ । ਲੱਖ ਚੁਰਾਸੀ ਵਿਚੋਂ ਕਰ ਉਜਿਆਰਾ, ਆਪ ਆਪਣੇ ਰੰਗ ਰੰਗਾ ਲਿਆ । ਗੁਰਸਿਖ ਗੁਰਮੁਖ ਆਤਮ ਬ੍ਰਹਮ ਬ੍ਰਹਮ ਸੋਹੇ ਇਕ ਦਵਾਰਾ, ਪਾਰਬ੍ਰਹਮ ਪ੍ਰਭ ਗੋਦ ਗੋਦ ਬਹਾ ਲਿਆ । ਨਿਹਕਲੰਕ ਨਰਾਇਣ ਨਰ ਅਵਤਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮ ਦਾਤਾ ਆਪ ਅਖਵਾ ਰਿਹਾ ।

### ੧੨ ਅੱਸੂ ੨੦੧੭ ਬਿਕ੍ਰਮੀ ਮੰਗਲ ਸਿੰਘ ਦੇ ਘਰ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ

ਪਾਰਬ੍ਰਹਮ ਬ੍ਰਹਮ ਵੇਖਣਹਾਰਾ, ਏਕੰਕਾਰਾ ਖੇਲ ਖਿਲਾਇੰਦਾ । ਇਕ ਅਕੱਲਾ ਕਰ ਪਸਾਰਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਅਬਿਨਾਸ਼ੀ ਕਰਤਾ ਆਪੇ ਬੰਨ੍ਹੇ ਆਪਣੀ ਧਾਰਾ, ਧਾਰ ਧਾਰ ਵਿਚ ਰਖਾਇੰਦਾ । ਅਜੂਨੀ ਰਹਿਤ ਕਰ ਪਸਾਰਾ, ਘਟ ਘਟ ਆਪਣੀ ਜੋਤ ਜਗਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਪਾਰਬ੍ਰਹਮ ਬ੍ਰਹਮ ਵੇਖਣ ਜੋਗ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਧੁਰ ਸੰਜੋਗ, ਧੁਰ ਦਾ ਮੇਲਾ ਮੇਲ ਮਿਲਾਇਆ । ਦੇਵਣਹਾਰਾ ਦਰਸ ਅਮੋਘ, ਰੂਪ ਅਨੂਪ ਆਪ ਪਰਗਟਾਇਆ । ਲੇਖਾ ਜਾਣੇ ਚੌਦਾਂ ਲੋਕ, ਲੋਕ ਪਰਲੋਕ ਹੋਏ ਸਹਾਇਆ । ਨਾਮ ਸੁਣਾਏ ਸਚ ਸਲੋਕ, ਸਾਚਾ ਅੱਖਰ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇਆ । ਪਾਰਬ੍ਰਹਮ ਬ੍ਰਹਮ ਖੇਲ ਖਿਲਾਏ, ਖੇਲਣਹਾਰਾ ਇਕ ਅਖਵਾਇਆ । ਸੋ ਪੁਰਖ ਨਿਰਜੰਣ ਵੇਸ ਵਟਾਏ, ਹਰਿ ਪੁਰਖ ਨਿਰੰਜਣ ਬੇਪਰਵਾਹਿਆ । ਏਕੰਕਾਰਾ ਭੇਵ ਨਾ ਰਾਏ, ਆਦਿ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਸ੍ਰੀ ਭਗਵਾਨ ਆਪਣਾ ਪੜਦਾ ਆਪ ਉਠਾਏ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਰਚਨ ਰਚਾਏ, ਬ੍ਰਹਮ ਵੇਤਾ ਅੰਸ ਉਪਜਾਈਆ । ਆਪਣਾ ਰੰਗ ਆਪ ਰੰਗਾਏ, ਰੂਪ ਰੇਖ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵੇਸ ਵਟਾਈਆ । ਪਾਰਬ੍ਰਹਮ ਬ੍ਰਹਮ ਏਕਾ ਰੰਗ, ਆਦਿ ਜੁਗਾਦਿ ਰੰਗਾਇਆ । ਸਤਿ ਪੁਰਖ ਨਿਰੰਜਣ ਸੂਰਾ ਸਰਬੰਗ, ਸਚਖੰਡ ਦਵਾਰੇ ਸੋਭਾ ਪਾਇਆ । ਥਿਰ ਘਰ ਵਜਾਏ ਇਕ ਮਰਦੰਗ, ਨਾਦ ਤਰਾਨਾ ਇਕ ਸੁਣਾਇਆ । ਸਾਚੀ ਸੇਜਾ ਬੈਠ ਪਲੰਘ, ਨਿਰਗੁਣ ਆਪਣਾ ਥਾਨ ਸੁਹਾਇਆ । ਆਪੇ ਮੰਗਣਹਾਰਾ ਮੰਗ, ਨਿਉਂ ਨਿਉਂ ਰਿਹਾ ਸੀਸ ਝੁਕਾਇਆ । ਸਦਾ ਸੁਹੇਲਾ ਹੋਏ ਸੰਗ, ਸਗਲਾ ਸੰਗ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਜੋਗ ਵਖਾਇਆ । ਪਾਰਬ੍ਰਹਮ ਪ੍ਰਭ ਮਾਰਗ ਲਾ, ਬਹਿ ਬਹਿ ਏਕਾ ਤਤ ਸਮਝਾਇੰਦਾ । ਏਕਾ ਮੰਦਰ ਦਏ ਵਸਾ, ਹਰਿ ਮੰਦਰ ਸੋਭਾ ਪਾਇੰਦਾ । ਏਕਾ ਨਾਮ ਧਨ ਅੰਦਰ ਦਏ ਟਿਕਾ, ਸਾਚਾ ਜੰਦਰ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਰਤਖ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਪਣੇ ਮੰਦਰ ਆਪੇ ਰੱਖ, ਆਪੇ ਵੇਖ ਵਖਾਈਆ । ਆਪੇ ਸੇਵਾ ਲਾਏ ਸੂਰਜ ਚੰਨ ਰਵ ਸਸ, ਹੁਕਮੀ ਹੁਕਮ ਆਪ ਭਵਾਈਆ । ਆਪੇ ਲੇਖਾ ਜਾਣੇ ਦੋ ਜਹਾਨਾ ਨੱਸ ਨੱਸ, ਨੇੜੇ ਦੂਰ ਆਪਣੀ ਖੇਲ ਖਿਲਾਈਆ । ਪਾਰਬ੍ਰਹਮ ਬ੍ਰਹਮ ਖੇਲ ਖਿਲਾਇੰਦਾ, ਆਦਿ ਪੁਰਖ ਅਗੰਮ ਅਪਾਰ । ਦੀਪਕ ਜੋਤੀ ਆਪ ਜਗਾਇੰਦਾ, ਜੋਤੀ ਜੋਤ ਕਰ ਉਜਿਆਰ । ਸਾਚੇ ਮੰਦਰ ਆਪ ਟਿਕਾਇੰਦਾ, ਥਿਰ ਘਰ ਖੋਲ੍ਹ ਬੰਦ ਕਿਵਾੜ । ਵਿਸ਼ਨ ਸ਼ਿਵ ਸੇਵ ਕਮਾਇੰਦਾ, ਬ੍ਰਹਮ ਕਰੇ ਖ਼ਬਰਦਾਰ । ਤਿੰਨਾਂ ਏਕਾ ਸੰਗ ਵਖਾਇੰਦਾ, ਇਕ ਇਕੱਲਾ ਏਕੰਕਾਰ । ਸਚ ਦਵਾਰ ਮਰਦੰਗ ਵਜਾਇੰਦਾ, ਧੁਨ ਅਨਾਦਿ ਸ਼ਬਦ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਦੇਵੇ ਇਕ ਪਿਆਰ । ਬ੍ਰਹਮ ਪਿਆਰਾ ਹਰਿ ਨਿਰੰਕਾਰਾ, ਪਾਰਬ੍ਰਹਮ ਸਰਨਾਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਥਿਰ ਘਰ ਸਾਚਾ ਵੇਖ ਵਖਾਈਆ । ਥਿਰ ਘਰ ਸਾਚੇ ਗੁਪਤ ਜ਼ਾਹਿਰਾ, ਗਹਿਰ ਗੰਭੀਰ ਰੂਪ ਧਰਾਈਆ । ਅੰਦਰ ਬਾਹਰ ਵਸੇ ਨਿਆਰਾ, ਨਿਰਗੁਣ ਨਿਰਵੈਰ ਭੇਵ ਨਾ ਰਾਈਆ । ਸੁੰਨ ਅਗੰਮੀ ਸਾਚੀ ਕਾਰਾ, ਸੁੰਨ ਸਮਾਧ ਦਰਸਾਈਆ । ਕਰੇ ਖੇਲ ਅਪਰ ਅਪਾਰਾ, ਲੇਖਾ ਲੇਖ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਲੇਖਾ ਦਏ ਸਮਝਾਈਆ । ਕਰ ਕਿਰਪਾ ਗੁਣ ਨਿਧਾਨਨ, ਆਪਣੀ ਅੰਸ ਆਪ ਬਣਾਇੰਦਾ । ਦੇਵਣਹਾਰਾ ਧੁਰ ਫ਼ਰਮਾਨਨ,


੧੨੧੯ ੦੯

ਸਾਚਾ ਬੰਸ ਆਪ ਸੁਹਾਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨਨ, ਮੰਡਲ ਰਾਸੀ ਰਾਸ ਰਚਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਨ, ਇਕ ਅਕਾਦਸੀ ਆਪਣਾ ਰੰਗ ਰੰਗਾਇੰਦਾ । ਰੰਗ ਰੰਗਾਏ ਦੋ ਜਹਾਨਨ, ਸਾਚੇ ਮੰਦਰ ਆਪ ਸੁਹਾਇੰਦਾ । ਉਚ ਮਹੱਲ ਅਟੱਲ ਮਕਾਨਨ, ਨਿਰਗੁਣ ਜੋਤ ਇਕ ਜਗਾਇੰਦਾ । ਦੀਵਾ ਬਾਤੀ ਨਾ ਕੋਈ ਨਿਸ਼ਾਨਨ, ਕਮਲਾਪਾਤੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਪੁਰਖ ਸਮਰਥ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਉਪਜਾਏ ਆਪਣੀ ਵੱਥ, ਆਪਣੇ ਹੱਥ ਰੱਖੇ ਵਡਿਆਈਆ । ਆਪਣਾ ਮਾਰਗ ਆਪੇ ਦਏ ਦੱਸ, ਆਪਣਾ ਭੇਵ ਆਪ ਖੁਲਾਈਆ । ਆਪਣੇ ਅੰਦਰ ਆਪੇ ਵਸ, ਆਪ ਆਪਣਾ ਮੰਦਰ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਆਪਣੀ ਖੇਲ ਖਿਲਾਈਆ । ਪਾਰਬ੍ਰਹਮ ਵਸੇ ਧੁਰ ਦਰਬਾਰਾ, ਨਿਰਾਕਾਰਾ ਖੇਲ ਖਿਲਾਇੰਦਾ । ਨਿਰਵੈਰ ਰੂਪ ਹੋ ਉਜਿਆਰਾ, ਮੂਰਤ ਅਕਾਲ ਡਗਮਗਾਇੰਦਾ । ਅਜੂਨੀ ਰਹਿਤ ਸਭ ਤੋਂ ਵਸੇ ਬਾਹਰਾ, ਕਾਲ ਮਹਾਂਕਾਲ ਨਾ ਕੋਈ ਖਾਇੰਦਾ । ਆਦਿ ਜੁਗਾਦਿ ਜੁਗਾਂ ਜੁਗੰਤਰ ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਕਾਰ ਕਰਾਇੰਦਾ । ਕਾਗਦ ਕਲਮ ਨਾ ਲਿਖਣਹਾਰਾ ਲੇਖ, ਅਲੇਖ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਰੂਪ ਵਟਾਇੰਦਾ । ਪਾਰਬ੍ਰਹਮ ਪ੍ਰਭ ਰੂਪ ਵਟਾਇਆ, ਨਿਰਗੁਣ ਨਿਰਵੈਰ ਦਇਆ ਕਮਾਈਆ । ਨਿਰਾਕਾਰ ਨਿਰਾਹਾਰ ਆਪਣਾ ਪ੍ਰਕਾਸ਼ ਆਪ ਵਖਾਇਆ, ਪਰਕਾਸ਼ ਪਰਕਾਸ਼ ਕਰ ਰੁਸ਼ਨਾਈਆ । ਆਪਣਾ ਦਾਸੀ ਦਾਸ ਆਪ ਬਣ ਜਾਇਆ, ਸੇਵਕ ਸੇਵਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਆਪ ਵੰਡਾਇਆ । ਵੰਡ ਵੰਡਾਏ ਪਾਰਬ੍ਰਹਮ, ਬ੍ਰਹਮ ਆਪਣਾ ਰੰਗ ਰੰਗਾਇਆ । ਆਦਿ ਜੁਗਾਦਿ ਨਾ ਪਏ ਜੰਮ, ਜਨਮ ਮਰਨ ਵਿਚ ਨਾ ਆਇਆ । ਕਰੇ ਕਰਾਏ ਸਾਚਾ ਕੰਮ, ਕਰਨੀ ਕਰਤਾ ਆਪ ਅਖਵਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬੇੜਾ ਦੇਵੇ ਬੰਨ੍ਹ, ਗਗਨ ਮੰਡਲ ਵੇਖ ਵਖਾਇਆ । ਦੇਵੇ ਪਰਕਾਸ਼ ਸੂਰਜ ਚੰਨ, ਧਰਤ ਧਵਲ ਹੋਏ ਸਹਾਇਆ । ਏਕਾ ਨਾਉਂ ਗਾਏ ਧੰਨ ਧੰਨ, ਘਰ ਸਾਚੇ ਆਪ ਵਸਾਇਆ । ਪੁਰਖ ਅਬਿਨਾਸ਼ੀ ਸਾਚੀ ਜਨਨੀ ਬ੍ਰਹਮ ਜਣਿਆ ਏਕਾ ਜਨ, ਧੰਨ ਧੰਨ ਜਣੇਂਦੀ ਮਾਇਆ । ਤੁਰੀਆ ਰਾਗ ਸੁਣਾਇਆ ਕੰਨ, ਸਚਖੰਡ ਦਵਾਰੇ ਆਪ ਅਲਾਇਆ । ਆਪ ਵਸਾਇਆ ਬਿਨ ਛੱਪਰੀ ਛੰਨ, ਚਾਰ ਦੀਵਾਰ ਨਾ ਕੋਈ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਖਲਾਇਆ । ਪਾਰਬ੍ਰਹਮ ਖੇਲ ਅਵੱਲਾ, ਹਰਿ ਸਾਚਾ ਆਪ ਕਰਾਈਆ । ਆਦਿ ਜੁਗਾਦੀ ਇਕ ਇਕੱਲਾ, ਏਕੰਕਾਰਾ ਬੇਪਰਵਾਹੀਆ । ਸਚ ਸਿੰਘਾਸਣ ਏਕਾ ਮੱਲਾ, ਸਾਚਾ ਭੂਪ ਸੱਚਾ ਸ਼ਹਿਨਸ਼ਾਹੀਆ । ਦਰ ਦਰਵੇਸ਼ ਦਰ ਦਵਾਰ ਖਲਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਧੁਰ ਦੀ ਬਾਣੀ ਧੁਰ ਸੰਦੇਸ਼ ਏਕਾ ਘੱਲਾ, ਧੁਰ ਫ਼ਰਮਾਣਾ ਕਰੇ ਪੜ੍ਹਾਈਆ । ਪਾਰਬ੍ਰਹਮ ਹਰਿ ਫੜਾਏ ਪੱਲਾ, ਸਾਚਾ ਪੱਲੂ ਇਕ ਵਖਾਈਆ । ਜੋਤੀ ਜੋਤ ਆਪੇ ਰਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਆਪਣੇ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਈ ਰਖਾਈਆ । ਧਾਮ ਸੁਹਾਏ ਨੇਹਚਲ ਧਾਮ ਅਟੱਲਾ, ਉਚ ਮਹੱਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਵੇਖ ਵਖਾਈਆ । ਪਾਰਬ੍ਰਹਮ ਬੇਅੰਤ, ਭੇਵ ਕੋਈ ਨਾ ਆਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਅਲੱਖਣਾ ਅਲੱਖ ਨਾ ਲਖਿਆ ਜਾਇੰਦਾ । ਲੇਖਾ ਜਾਣੇ ਜੁਗਾ ਜੁਗੰਤ,

ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਪਾਰਬ੍ਰਹਮ ਬ੍ਰਹਮ ਬਣਾਏ ਬਣਤ ਆਪਣਾ ਖੇਲ ਆਪ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਦਇਆ ਕਮਾ, ਨਿਰਗੁਣ ਨਿਰਗੁਣ ਕਰੇ ਕੁੜਮਾਈਆ । ਆਪਣਾ ਅੰਗੀਕਾਰ ਆਪ ਕਰਾ, ਅੰਗ ਆਪਣਾ ਦਏ ਵਖਾਈਆ । ਆਪਣਾ ਸੰਗ ਆਪ ਨਿਭਾ, ਆਪੇ ਹੋਏ ਸਹਾਈਆ । ਆਪਣਾ ਰੂਪ ਆਪ ਪਰਗਟਾ, ਆਪੇ ਵੇਖ ਵਖਾਈਆ । ਆਪਣਾ ਨਾਉਂ ਵਿਸ਼ਨ ਵਿਸ਼ਵ ਰੂਪ ਦਰਸਾ, ਆਪਣੇ ਅੰਦਰ ਅੰਮ੍ਰਿਤ ਆਪ ਚਵਾ, ਆਪਣੇ ਵਿਚ ਟਿਕਾਈਆ । ਆਪਣੀ ਬੂੰਦ ਆਪ ਟਪਕਾ, ਆਪ ਆਪਣੇ ਵਿਚ ਰਖਾਈਆ । ਆਪਣਾ ਬੀਜ ਆਪ ਬਿਜਾ, ਆਪੇ ਲਏ ਉਪਜਾਈਆ । ਆਪੇ ਸਿੰਚ ਹਰਾ ਕਰਾ, ਪਤ ਡਾਲ੍ਹੀ ਆਪ ਮਹਿਕਾਈਆ । ਆਪੇ ਫੁਲ ਫੁਲਵਾੜੀ ਦਏ ਲਗਾ, ਕਵਣ ਫੁਲ ਆਪ ਉਪਜਾਈਆ । ਆਪੇ ਕਵਲ ਕਵਲਾ ਨਾਉਂ ਧਰਾ, ਆਪਣਾ ਖੇਲ ਆਪ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਆਪੇ ਕਵਲ ਆਪ ਉਪਾਇੰਦਾ, ਅੰਮ੍ਰਿਤ ਭਰ ਭੰਡਾਰ । ਆਪੇ ਅੰਦਰ ਆਸਣ ਲਾਇੰਦਾ, ਨਿਰਗੁਣ ਨਿਰਵੈਰ ਹਰਿ ਨਿਰੰਕਾਰ । ਆਪੇ ਵਿਸ਼ਵ ਮੇਲ ਮਿਲਾਇੰਦਾ, ਆਪੇ ਵਿਸ਼ਨ ਕਰੇ ਪਿਆਰ । ਆਪੇ ਆਪਣੀ ਅੰਸ ਉਪਾਇੰਦਾ, ਬੰਸ ਸਰਬੰਸਾ ਖੇਲ ਨਿਆਰ । ਆਪੇ ਨੂਰ ਨੂਰ ਵਿਚ ਰਖਾਇੰਦਾ, ਨੂਰ ਨੂਰ ਹੋਏ ਉਜਿਆਰ । ਆਪੇ ਆਪਣਾ ਪਰਦਾ ਲਾਹਿੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਪਣਾ ਆਪ ਕਰੇ ਤਿਆਰ । ਕਵਲ ਉਪਾਇਆ ਕਿਰਪਾ ਕਰ, ਅੰਮ੍ਰਿਤ ਝਿਰਨਾ ਨਾਭ ਝਿਰਾਈਆ । ਵਿਸ਼ਨੂੰ ਅੰਦਰ ਵਿਸ਼ਨੂੰ ਵੜ, ਬੈਠਾ ਮੁਖ ਛੁਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੇਖ ਨਾ ਕੋਈ ਵਖਾਈਆ । ਨਾ ਕੋਈ ਕਿਲਾ ਕੋਟ ਦਿਸੇ ਗੜ੍ਹ, ਚਾਰ ਦਿਵਾਰ ਨਾ ਕੋਈ ਬਣਾਈਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਨੇਤਰ ਨੈਣ ਨਾ ਕੋਈ ਵਖਾਈਆ । ਕਵਲ ਕਵਲਾ ਅੰਦਰ ਬੈਠਾ ਵੜ, ਆਪਣੀਆਂ ਪੰਖੜੀਆਂ ਆਪੇ ਰਿਹਾ ਖਿਲਾਈਆ । ਆਪੇ ਜਲ ਉਪਰ ਧਰ, ਜਲਵਾ ਨੂਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਉਤਪਤ ਆਪੇ ਆਪ ਕਰਾਈਆ । ਆਪੇ ਕਵਲ ਪਸਾਰਿਆ, ਨਿਰਗੁਣ ਰੂਪ ਨਿਰਾਕਾਰ । ਆਪੇ ਆਏ ਅੰਦਰੋਂ ਬਾਹਰਿਆ, ਜੋਤੀ ਜੋਤ ਕਰ ਉਜਿਆਰ । ਆਪੇ ਵੇਖੇ ਆਪਣਾ ਪਸਾਰਿਆ, ਆਪੇ ਵੰਡੇ ਵੰਡਾਂ ਵੰਡਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਲਏ ਆਪ ਉਭਾਰ । ਪਾਰਬ੍ਰਹਮ ਬ੍ਰਹਮ ਪਾਇਆ, ਕਵਲ ਬੰਕ ਦਵਾਰ । ਕਵਲ ਕਵਲਾ ਲੇਖੇ ਲਾਇਆ, ਆਪ ਆਪਣੀ ਕਿਰਪਾ ਧਾਰ । ਆਪਣਾ ਨੂਰ ਆਪ ਦਰਸਾਇਆ, ਨੂਰ ਨੁਰਾਨਾ ਹਰਿ ਕਰਤਾਰ । ਧੁਰ ਫ਼ਰਮਾਣ ਸ਼ਬਦ ਜਣਾਇਆ, ਸ਼ਬਦ ਅਗੰਮੀ ਬੋਲ ਜੈਕਾਰ । ਨਾਦ ਤਰਾਨਾ ਇਕ ਵਖਾਇਆ, ਆਪ ਵਜਾਏ ਵਜਾਵਣਹਾਰ । ਬੰਦੀਖ਼ਾਨਾ ਨਾ ਕੋਈ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬ੍ਰਹਮ ਕਰੇ ਵਿਚਾਰ । ਬ੍ਰਹਮ ਉਪਾਇਆ ਆਪ ਪ੍ਰਭ, ਪਾਰਬ੍ਰਹਮ ਦਇਆ ਕਮਾਈਆ । ਲੇਖਾ ਜਾਣੇ ਕਵਲ ਨਾਭ, ਨਾਭੀ ਕਵਲ ਮੁਖ ਖੁਲ੍ਹਾਈਆ । ਅੰਮ੍ਰਿਤ ਪਿਆਇਆ ਜਾਮ ਮਦਿ, ਸਚ ਖ਼ੁਮਾਰ ਇਕ ਵਖਾਈਆ । ਇਕ ਵਜਾਇਆ ਨਾਦ ਅਨਹਦ, ਆਪਣੀ ਧੁਨ ਧੁਨ ਸੁਣਾਈਆ । ਸਚ ਦਵਾਰ ਆਪੇ ਸੱਦ, ਸਾਚੀ ਸਿਖ਼ਿਆ ਇਕ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਲਡਾਏ ਲਾਡ, ਜੁਗਾ ਜੁਗੰਤਰ ਖੇਲ ਖਿਲਾਈਆ । ਆਪਾ ਆਪੇ ਵਿਚੋਂ ਕੀਤਾ ਅੱਡ, ਤੇਰਾ ਮੇਰਾ ਭੇਵ ਨਾ ਰਾਈਆ । ਸੋ ਪੁਰਖ ਨਿਰੰਜਣ ਨਿਸ਼ਾਨਾ ਦਿਤਾ ਗੱਡ,

ਹੰ ਬ੍ਰਹਮ ਵੇਖ ਵਖਾਈਆ । ਮੇਰਾ ਚਰਨ ਦਵਾਰਾ ਤੇਰੀ ਹੱਦ, ਉਪਰ ਰਹੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸੁਣਾਈਆ । ਬ੍ਰਹਮ ਤੇਰਾ ਉਚ ਮੁਨਾਰਾ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਤੇਰਾ ਨੈਣ ਮੇਰਾ ਚਰਨ ਘਰ ਬਾਰਾ, ਦੂਜਾ ਦਰ ਨਾ ਕੋਈ ਰਖਾਇੰਦਾ । ਤੇਰਾ ਸੈਣ ਸੱਚਾ ਸਿਕਦਾਰਾ, ਭਾਈ ਭੈਣ ਮਾਤ ਪਿਤ ਆਪ ਅਖਵਾਇੰਦਾ । ਤੇਰਾ ਵਣਜ ਮੇਰਾ ਵਪਾਰਾ, ਨਾਮ ਅਨਮੁਲਾ ਇਕ ਵਖਾਇੰਦਾ । ਮੇਰਾ ਦਰਸ ਤੇਰਾ ਦਿਦਾਰਾ, ਤੇਰੀ ਹਰਸ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਬ੍ਰਹਮੇ ਰੱਖਣਾ ਚਰਨ ਧਿਆਨ, ਸਚ ਦਵਾਰਾ ਇਕ ਸਮਝਾਇਆ । ਪੁਰਖ ਅਬਿਨਾਸ਼ੀ ਹੋਏ ਮਿਹਰਵਾਨ, ਚਰਨ ਚਰਨੋਦਕ ਦਏ ਮੁਖ ਚੁਆਇਆ । ਅੰਮ੍ਰਿਤ ਝਿਰਨਾ ਝਿਰੇ ਮਹਾਨ, ਕਪਾਲ ਰੇਖਾ ਖੋਲ੍ਹ ਵਖਾਇਆ । ਚਾਰੇ ਕੁੰਟ ਦਏ ਗਿਆਨ, ਚਾਰੇ ਮੁਖ ਮੁਖ ਸਲਾਹਿਆ । ਚਾਰੇ ਬਾਣੀ ਮਾਰੇ ਬਾਣ, ਤੀਰ ਨਿਰਾਲਾ ਸ਼ਬਦ ਉਠਾਇਆ । ਚਾਰੇ ਵੇਦ ਕਰੇ ਵਖਿਆਨ, ਚਾਰੇ ਜੁਗਾਂ ਵੰਡ ਵੰਡਾਇਆ । ਚਾਰੇ ਖਾਣੀ ਹੋਏ ਪਰਧਾਨ, ਚਾਰ ਵਰਨਾਂ ਵੇਸ ਵਟਾਈਆ । ਚਾਰ ਯਾਰੀ ਵਖਾਏ ਨਿਸ਼ਾਨ, ਚਾਰ ਜੁਗ ਬੰਧਨ ਪਾਇਆ । ਨੌਂ ਦਵਾਰੇ ਖੋਲ੍ਹ ਦੁਕਾਨ, ਨੌਂ ਖੰਡ ਪ੍ਰਿਥਮੀ ਹਿਸਾ ਇਕ ਵਖਾਇਆ । ਤੇਰਾ ਰੂਪ ਸ੍ਰੀ ਭਗਵਾਨ, ਆਦਿ ਅੰਤ ਵੇਖ ਵਖਾਇਆ । ਤੇਰੀ ਜੋਤ ਜਗੇ ਮਹਾਨ, ਜੋਤੀ ਜਾਤਾ ਆਪ ਜਗਾਇਆ । ਤੇਰਾ ਕੋਟਨ ਕੋਟ ਬਣੇ ਮਕਾਨ, ਲੱਖ ਚੁਰਾਸੀ ਭਾਂਡਾ ਦਏ ਘੜਾਇਆ । ਤੇਰੀ ਮਹਿਮਾ ਹੋਏ ਜਹਾਨ, ਲੋਕਮਾਤ ਵੇਖ ਵਖਾਇਆ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਜਗਤ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਦਿਤਾ ਏਕਾ ਵਰ, ਪਾਰਬ੍ਰਹਮ ਆਪ ਸਮਝਾਇਆ । ਪਾਰਬ੍ਰਹਮ ਬ੍ਰਹਮ ਸਮਝਾਇੰਦਾ, ਏਕਾ ਅੱਖਰ ਸ਼ਬਦ ਗਿਆਨ । ਤੇਰੀ ਸੇਵਾ ਸਚ ਵਖਾਇੰਦਾ, ਵਡ ਦਾਤਾ ਹੋ ਮਿਹਰਵਾਨ । ਲੱਖ ਚੁਰਾਸੀ ਭਾਂਡਾ ਆਪ ਘੜਾਇੰਦਾ, ਤ੍ਰੈਗੁਣ ਦੇਵੇ ਏਕਾ ਦਾਨ । ਸਚ ਵਸਤ ਝੋਲੀ ਪਾਇੰਦਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਰ ਪਰਵਾਨ । ਸਾਚਾ ਨਾਤਾ ਜੋੜ ਜੁੜਾਇੰਦਾ, ਜੋੜਨਹਾਰਾ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਰਤਾਇੰਦਾ । ਸਾਚਾ ਨਾਤਾ ਦੇਵੇ ਜੋੜ, ਬ੍ਰਹਮ ਪੰਜ ਤਤ ਕਰੇ ਕੁੜਮਾਈਆ । ਪਾਰਬ੍ਰਹਮ ਚੜ੍ਹਿਆ ਰਹੇ ਅਗੰਮੀ ਘੋੜ, ਸ਼ਬਦ ਘੋੜਾ ਇਕ ਦੁੜਾਈਆ । ਦੋ ਜਹਾਨਾ ਲਾਏ ਸਾਚਾ ਪੌੜ, ਧੁਰ ਦਾ ਪੌੜਾ ਆਪਣੇ ਹੱਥ ਰਖਾਈਆ । ਆਦਿ ਅੰਤ ਜਾਏ ਬੌਹੜ, ਕੀਤਾ ਕੌਲ ਭੁੱਲ ਨਾ ਜਾਈਆ । ਬ੍ਰਹਮਾ ਬੁਝਾਏ ਪਿਆਸ ਲੱਗੀ ਔੜ, ਪਾਰਬ੍ਰਹਮ ਅੰਮ੍ਰਿਤ ਮੇਘ ਇਕ ਬਰਸਾਈਆ । ਲੇਖਾ ਮੁਕਾਏ ਦੌੜ ਦੌੜ, ਦੋ ਜਹਾਨਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬ੍ਰਹਮ ਦਏ ਵਡਿਆਈਆ । ਪਾਰਬ੍ਰਹਮ ਬ੍ਰਹਮ ਆਪ ਉਪਾਇਆ, ਆਪਣੀ ਮਹਿਮਾ ਆਪ ਜਣਾਇੰਦਾ । ਧੁਰ ਸੰਜੋਗੀ ਮੇਲ ਮਿਲਾਇਆ, ਜਗਤ ਸੰਜੋਗ ਆਪ ਹੰਢਾਇੰਦਾ । ਦਰਸ ਅਮੋਘੀ ਇਕ ਵਖਾਇਆ, ਦਰ ਸੁਹੰਜਣਾ ਆਪ ਵਖਾਇੰਦਾ । ਸਾਚਾ ਚੋਗੀ ਚੋਗ ਚੁਗਾਇਆ, ਅੰਮ੍ਰਿਤ ਆਤਮ ਰਸ ਪਿਆਇੰਦਾ । ਸ਼ਬਦ ਸਲੋਕੀ ਸਲੋਕ ਸੁਣਾਇਆ, ਸੋ ਪੁਰਖ ਨਿਰੰਜਣ ਏਕਾ ਗਾਇੰਦਾ । ਹੰ ਬ੍ਰਹਮ ਬ੍ਰਹਮ ਵੇਖ ਵਖਾਇਆ, ਪਰਦਾ ਓਹਲਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਜਣਾਇੰਦਾ । ਸੋ ਪੁਰਖ ਨਿਰੰਜਣ ਪਾਰਬ੍ਰਹਮ, ਬ੍ਰਹਮ ਹੰ ਰੂਪ ਦਰਸਾਈਆ ।

੧੨੨੨

ਆਦਿ ਜੁਗਾਦਿ ਨਾ ਪਏ ਜੰਮ, ਜੁਗਾ ਜੁਗੰਤਰ ਖੇਲ ਖਿਲਾਈਆ । ਹਰਖ ਸੋਗ ਨਾ ਕੋਈ ਗ਼ਮ, ਚਿੰਤਾ ਦੁਖ ਜੀਵ ਰਹੇ ਨਾ ਰਾਈਆ । ਹੱਡ ਮਾਸ ਨਾ ਨਾੜੀ ਚੰਮ, ਰਕਤ ਬੂੰਦ ਨਾ ਮੇਲ ਮਿਲਾਈਆ । ਆਸਾ ਤ੍ਰਿਸ਼ਨਾ ਨਾ ਤ੍ਰਿਖਾ ਤਮ, ਹੰਕਾਰ ਵਿਕਾਰ ਨਾ ਕੋਈ ਵਖਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬ੍ਰਹਮ ਆਪਣੀ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਦਇਆ ਕਮਾ, ਏਕਾ ਤਤ ਸਮਝਾਇੰਦਾ । ਹੰ ਬ੍ਰਹਮ ਪ੍ਰਭ ਆਪ ਉਪਾ, ਆਪਣਾ ਰਾਹ ਵਖਾਇੰਦਾ । ਜੁਗ ਜੁਗ ਵੇਸ ਮਾਤ ਧਰਾ, ਜਗਤ ਵਿਚੋਲਾ ਫੇਰਾ ਪਾਇੰਦਾ । ਚਾਰ ਜੁਗ ਖੇਲ ਖਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਨੌ ਨੌ ਗੇੜਾ ਆਪ ਦਵਾ, ਜਗਤ ਝੇੜਾ ਵੇਖ ਵਖਾਇੰਦਾ । ਆਪਣਾ ਖੇੜਾ ਆਪ ਵਸਾ, ਆਪੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਏਕਾ ਸ਼ਬਦ ਜਣਾਇੰਦਾ । ਸੋ ਪੁਰਖ ਨਿਰੰਜਣ ਹਰਿ ਕਰੇ ਜਣਾਈ, ਬ੍ਰਹਮ ਭੁੱਲ ਰਹੇ ਨਾ ਰਾਇਆ । ਹੰ ਰੂਪ ਹਰਿ ਰਿਹਾ ਸਮਾਈ, ਲੱਖ ਚੁਰਾਸੀ ਜੀਵ ਉਪਾਇਆ । ਜੁਗਾ ਜੁਗੰਤਰ ਕਰੇ ਕੁੜਮਾਈ, ਆਪ ਆਪਣਾ ਮੇਲ ਮਿਲਾਇਆ । ਘਰ ਵੱਜਦੀ ਰਹੇ ਵਧਾਈ, ਸ਼ਬਦ ਅਨਾਦੀ ਨਾਦ ਸੁਣਾਇਆ । ਚਾਰ ਜੁਗ ਗੁਰ ਪੀਰ ਅਵਤਾਰ ਬਣਾਏ ਰਾਹੀ, ਸਾਚਾ ਪਾਂਧੀ ਆਪਣੇ ਮਾਰਗ ਆਪ ਲਾਇਆ । ਕਰੇ ਖੇਲ ਸੱਚਾ ਸ਼ਹਨਿਸ਼ਾਹੀ, ਆਪਣੀ ਰਈਯਤ ਵੇਖ ਵਖਾਇਆ । ਏਕਾ ਹੁਕਮ ਰਿਹਾ ਜਣਾਈ, ਹੁਕਮੀ ਹੁਕਮ ਦਏ ਸੁਣਾਇਆ । ਏਕਾ ਕੌਲ ਰਿਹਾ ਨਿਭਾਈ, ਕੀਤਾ ਕੌਲ ਭੁੱਲ ਨਾ ਜਾਇਆ । ਬ੍ਰਹਮ ਬ੍ਰਹਮ ਧਵਲ ਟਿਕਾਈ, ਪੰਜ ਤਤ ਚੋਲੇ ਬੰਦ ਕਰਾਇਆ । ਆਪਣੀ ਸ਼ਕਤੀ ਆਪੇ ਮੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਇਆ । ਬ੍ਰਹਮ ਸੁਣਿਆ ਬ੍ਰਹਮ ਗਿਆਨ, ਅੰਤਰ ਇਕ ਲਿਵ ਲਾਈਆ । ਚਰਨ ਕਵਲ ਕਵਲ ਚਰਨ ਕਰ ਧਿਆਨ, ਬੈਠਾ ਸੀਸ ਝੁਕਾਈਆ । ਹਉਂ ਬਾਲੀ ਬੁਧ ਬਾਲ ਅਵਾਣ, ਤੂੰ ਸਾਹਿਬ ਸੱਚਾ ਪਿਤ ਮਾਈਆ । ਆਪਣੀ ਬਖ਼ਸ਼ਸ਼ ਦਿਤਾ ਦਾਨ, ਮੇਰੀ ਰਖ਼ਸ਼ਸ਼ ਹੋਵੇ ਸਹਾਈਆ । ਨਿਸ਼ਅੱਖਰ ਤੇਰਾ ਇਕ ਨਿਸ਼ਾਨ, ਰੂਪ ਰੇਖ ਨਾ ਕੋਈ ਬਣਾਈਆ । ਤੇਰਾ ਸੱਥਰ ਦੋ ਜਹਾਨ, ਵੇਖ ਵਖਾਵਾਂ ਥਾਉਂ ਥਾਈਂਆ । ਲੱਖ ਚੁਰਾਸੀ ਕਰੇ ਪਰਵਾਨ, ਧੁਰ ਪਰਵਾਨਾ ਮਿਲਿਆ ਸ਼ਹਿਨਸ਼ਾਹੀਆ । ਲੋਕਮਾਤ ਵਖਾਏ ਇਕ ਦੁਕਾਨ, ਚੌਦਾਂ ਲੋਕ ਹੱਟ ਖੁਲਾਈਆ । ਚਾਰ ਜੁਗ ਧੁਨ ਸੁਣਾਵਾ ਏਕਾ ਕਾਨ, ਰਾਗ ਰਾਗਨੀ ਨਾਲ ਰਲਾਈਆ । ਮੰਦਰ ਸੁਹਾਵਾਂ ਤਨ ਮਕਾਨ, ਘਰ ਘਰ ਵਿਚ ਜੋਤ ਜਗਾਈਆ । ਸੋ ਪੁਰਖ ਨਿਰੰਜਣ ਹੋਣਾ ਆਪ ਮਿਹਰਵਾਨ, ਹਉਂ ਸੇਵਕ ਸੀਸ ਝੁਕਾਈਆ । ਹੰ ਬ੍ਰਹਮ ਲੈਣਾ ਪਛਾਣ, ਆਤਮ ਬ੍ਰਹਮ ਕਰ ਕੁੜਮਾਈਆ । ਚਾਰ ਜੁਗ ਕਰੇ ਖੇਲ ਮਹਾਨ, ਜੁਗ ਚੌਕੜੀ ਆਪ ਬਿਤਾਈਆ । ਨੌ ਨੌ ਲੇਖਾ ਮਕੌਣਾ ਆਣ, ਨੌ ਨੌ ਰਹਿਣ ਨਾ ਪਾਈਆ । ਚੌਥੇ ਪਦ ਇਕ ਧਿਆਨ, ਚੌਥੇ ਘਰ ਵੱਜੇ ਵਧਾਈਆ । ਚਾਰੇ ਜੁਗ ਕਰ ਕਲਿਆਣ, ਕੀਤੀ ਘਾਲ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮ ਆਪਣੀ ਮੰਗ ਮੰਗਾਈਆ । ਹੰ ਬ੍ਰਹਮ ਪ੍ਰਭ ਅੱਗੇ ਮੰਗੇ ਮੰਗ, ਖ਼ਾਲੀ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਆਪਣਾ ਹੁਕਮ ਆਪ ਜਣਾਇੰਦਾ । ਨੌ ਨੌ ਚਾਰ ਚੌਕੜੀ ਕਾਲ ਜਾਏ ਲੰਘ, ਕਾਲ ਮਹਾਂਕਾਲ ਸੇਵ ਕਮਾਇੰਦਾ । ਕਲਜੁਗ ਅੰਤਮ ਵੱਜੇ ਮਰਦੰਗ, ਨਿਰਗੁਣ ਨਿਰਵੈਰ ਆਪ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਏ ਲੰਘ, ਧਰਤ

ਧਵਲ ਵੇਖ ਵਖਾਇੰਦਾ । ਸੋਹੰ ਰੂਪ ਚਾਰ ਜੁਗ ਚੜ੍ਹਿਆ ਰਹੇ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਗੁਰ ਪੀਰ ਅਵਤਾਰ ਹਰਿ ਕਾ ਨਾਮ ਰਹੇ ਮੰਗ, ਨਾਮ ਨਿਧਾਨਾ ਆਪ ਵਰਤਾਇੰਦਾ । ਆਪੇ ਸੁਤਾ ਰਹੇ ਸਚਖੰਡ ਦੁਆਰ ਸਚ ਪਲੰਘ, ਸਚ ਸਿੰਘਾਸਣ ਆਪ ਸੁਹਾਇੰਦਾ । ਨੌ ਨੌ ਚਾਰ ਕਰਾਏ ਪੰਧ, ਪਾਂਧੀ ਆਪਣੇ ਘਰ ਮਿਲਾਇੰਦਾ । ਬ੍ਰਹਮ ਤੇਰਾ ਬਣੇ ਆਪ ਸਨਬੰਧ, ਦੂਸਰ ਸੰਗ ਨਾ ਕੋਈ ਰਖਾਇੰਦਾ । ਆਦਿ ਸੁਣਾਇਆ ਸੋਹੰ ਛੰਦ, ਬ੍ਰਹਮ ਪਾਰਬ੍ਰਹਮ ਰੂਪ ਵਟਾਇੰਦਾ । ਅੰਤਮ ਖੇਲ ਕਰੇ ਗਹਿਰ ਗੰਭੀਰ ਗੁਣੀ ਗਹਿੰਦ, ਆਪਣਾ ਪਰਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਵੇਲਾ ਵਕਤ ਆਪਣਾ ਆਪ ਜਣਾਇੰਦਾ । ਆਦਿ ਉਪਾਇਆ ਸੋਹੰ ਰੂਪ, ਵਡ ਭੂਪ ਦਇਆ ਕਮਾਈਆ । ਕਰਿਆ ਪਰਕਾਸ਼ ਚਾਰੇ ਕੂਟ, ਦਹਿ ਦਿਸ਼ਾ ਜੋਤ ਰੁਸ਼ਨਾਈਆ । ਬ੍ਰਹਮ ਉਪਜਾਇਆ ਆਪਣਾ ਸੂਤ, ਤਾਣਾ ਪੇਟਾ ਆਪ ਹੋ ਜਾਈਆ । ਕਰਿਆ ਖੇਲ ਅਬਿਨਾਸ਼ੀ ਅਚੁੱਤ, ਮਹਿਮਾ ਅਕਥ ਕਥੀ ਨਾ ਜਾਈਆ । ਥਿਰ ਘਰ ਸੁਹਾਈ ਸਾਚੀ ਰੁੱਤ, ਰੁਤ ਰੁਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣੀ ਰਚਨ ਰਚਾਈਆ । ਆਦਿ ਰਚਨਾ ਸੋਹੰ ਧਾਰ, ਪਾਰਬ੍ਰਹਮ ਬ੍ਰਹਮ ਰੂਪ ਵਟਾਇਆ । ਅੰਤਮ ਜਾਣੇ ਆਪਣੀ ਕਾਰ, ਭੇਵ ਕਿਸੇ ਨਾ ਪਾਇਆ । ਬੇਅੰਤ ਬੇਅੰਤ ਕਹਿ ਗਏ ਉਚਾਰ, ਜੋ ਜਨ ਲੋਕਮਾਤ ਵਿਚ ਆਇਆ । ਪੰਜ ਤਤ ਨਾ ਪਾਏ ਹਰਿ ਕੀ ਸਾਰ, ਕਾਇਆ ਗਠੜੀ ਭਾਰ ਉਠਾਇਆ । ਨਿਰਗੁਣ ਸਰਗੁਣ ਦੇਵੇ ਧਾਰ, ਗੁਰ ਪੀਰ ਅਵਤਾਰ ਸੇਵਾ ਲਾਇਆ । ਨੌ ਸੌ ਚੁਰਾਨਵੇ ਚੌਕੜੀ ਜੁਗ ਵਜੌਂਦਾ ਰਿਹਾ ਸਤਾਰ, ਨਿਰਗੁਣ ਸਰਗੁਣ ਸਾਰਿੰਗਾ ਇਕ ਬਣਾਇਆ । ਨਾਨਕ ਏਕਾ ਉਚੀ ਕੂਕ ਗਿਆ ਪੁਕਾਰ, ਏਕੰਕਾਰਾ ਭੇਵ ਨਾ ਰਾਇਆ । ਕਲਜੁਗ ਅੰਤਮ ਆਏ ਵਾਰ, ਨਿਹਕਲੰਕ ਹੋਏ ਸਹਾਇਆ । ਲੱਖ ਚੁਰਾਸੀ ਪਾਏ ਸਾਰ, ਬ੍ਰਹਮ ਪਰਦਾ ਦਏ ਉਠਾਇਆ । ਸੋਹੰ ਅੱਖਰ ਰਸਨਾ ਗਿਆ ਉਚਾਰ, ਸੋ ਅਕਾਲ ਵੰਡ ਵੰਡਾਇਆ । ਗੋਬਿੰਦ ਜੋਧਾ ਸੂਰਬੀਰ ਬੋਲੇ ਬਲਕਾਰ, ਏਕਾ ਮੰਗਨ ਮੰਗ ਮੰਗਾਇਆ । ਕਲ ਕਲਕੀ ਲਏ ਅਵਤਾਰ, ਕਾਲਖ ਟਿਕਾ ਦਏ ਗਵਾਇਆ । ਬ੍ਰਹਮ ਪਾਰਬ੍ਰਹਮ ਪਾਏ ਸਾਰ, ਸੋਹੰ ਆਪਣਾ ਖੇਲ ਖਿਲਾਇਆ । ਸੋ ਪੁਰਖ ਜਾਣੇ ਜਣਾਏ ਅਗੰਮੀ ਧਾਰ, ਸੋਹੰ ਸੋ ਅਗਲਾ ਪਿਛਲਾ, ਬੇੜਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਉਪਜਿਆ ਪਾਰਬ੍ਰਹਮ, ਹੰ ਬਣਾਇਆ ਇਕ ਬ੍ਰਹਮ, ਸੋ ਆਪਣੇ ਵਿਚ ਸਮਾਇਆ । ਆਦਿ ਅੰਤ ਹਰਿ ਸੋ ਸੋ, ਹੰ ਮਧ ਵਿਚ ਸਮਾਈਆ । ਨੌ ਨੌ ਚਾਰ ਬੀਜ ਬੋ ਬੋ, ਲੱਖ ਚੁਰਾਸੀ ਫੁਲ ਫੁਲਵਾੜੀ ਆਪ ਮਹਿਕਾਈਆ । ਧੁਰ ਫ਼ਰਮਾਣਾ ਸ਼ਬਦ ਢੋਆ ਢੋ ਢੋ, ਗੁਰ ਪੀਰ ਅਵਤਾਰਾ ਰਿਹਾ ਸੁਣਾਈਆ । ਸਾਧਾਂ ਸੰਤਾਂ ਅੰਮ੍ਰਿਤ ਆਤਮ ਚੋ ਚੋ, ਨਿਝਰ ਝਿਰਨਾ ਰਿਹਾ ਝਿਰਾਈਆ । ਭਗਤਾਂ ਨਾਤਾ ਤੋੜੇ ਦੋਏਂ ਦੋ ਦੋ, ਏਕਾ ਰੂਪ ਰੂਪ ਦਰਸਾਈਆ । ਗੁਰਮੁਖਾਂ ਤੀਜੇ ਲੋਚਣ ਕਰੇ ਲੋ, ਅੰਧ ਅੰਧੇਰ ਆਪ ਮਿਟਾਈਆ । ਗੁਰਮੁਖਾਂ ਚੁਕਾਏ ਜਗਤ ਮੋਹ, ਮਾਇਆ ਮਮਤਾ ਨੇੜ ਨਾ ਆਈਆ । ਕਲਜੁਗ ਅੰਤਮ ਜਿਸ ਜਨ ਗਾਇਆ ਰਸਨਾ ਸੋਹੰ ਸੋ, ਪਾਰਬ੍ਰਹਮ ਬ੍ਰਹਮ ਪਾਰਬ੍ਰਹਮ ਵਿਚ ਸਮਾਈਆ । ਹਰਿ ਕਾ ਭੇਵ ਨਾ ਜਾਣੇ ਕੋ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਨਰਾਇਣ ਏਕਾ ਏਕ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਅਸਤਿ ਵੇਖੇ ਥਾਉਂ ਥਾਈਆ ।

## ✻ ੧੨ ਅੱਸੂ ੨੦੧੭ ਬਿਕ੍ਰਮੀ ਸੁਰਜਨ ਸਿੰਘ ਦੇ ਘਰ, ਪਿੰਡ ਭੁੱਚਰ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਵਸੇ ਸਚ ਮਕਾਨਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਏਕੰਕਾਰਾ ਰੂਪ ਮਹਾਨਾ, ਨਿਰਾਕਾਰਾ ਡਗਮਗਾਇੰਦਾ । ਆਦਿ ਨਿਰੰਜਣ ਜੋਤ ਮਹਾਨਾ, ਨੂਰੋ ਨੂਰ ਨੂਰ ਉਪਾਇੰਦਾ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਦਰਗਹਿ ਸਾਚੀ ਆਪ ਉਠਾਇੰਦਾ । ਪਾਰਬ੍ਰਹਮ ਬਣੇ ਰਾਜ ਰਾਜਾਨਾ, ਸਾਚੇ ਤਖ਼ਤ ਡੇਰਾ ਲਾਇੰਦਾ । ਨਿਰਾਕਾਰ ਆਪ ਜਣਾਏ ਆਪਣਾ ਧੁਰ ਫ਼ੁਰਮਾਣਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਆਪਣੀ ਖੇਲ ਖਿਲਾਵਣਹਾਰਾ, ਏਕਾ ਰੰਗ ਸਮਾਇੰਦਾ । ਸਚਖੰਡ ਨਿਵਾਸੀ ਸਚਖੰਡ ਖੋਲ੍ਹ ਦਵਾਰਾ, ਦਰ ਘਰ ਸਾਚੇ ਆਸਣ ਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚਾ ਤਾਜ ਸੀਸ ਟਿਕਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਏਕਾ ਸੰਗ ਨਿਭਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ੁਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਧਰਾਇੰਦਾ । ਸੋ ਪੁਰਖ ਨਿਰੰਜਣ ਵੇਸ ਅਵੱਲਾ, ਏਕਾ ਏਕ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਵਸੇ ਧਾਮ ਉਚ ਅਟੱਲਾ, ਨੇਹਚਲ ਧਾਮ ਆਪ ਸੁਹਾਇੰਦਾ । ਆਪਣੀ ਜੋਤੀ ਆਪੇ ਰਲਾ, ਜੋਤੀ ਜੋਤ ਡਗਮਗਾਇੰਦਾ । ਆਪਣਾ ਸੰਦੇਸ਼ ਆਪੇ ਘੱਲਾ, ਸ਼ਬਦ ਸ਼ਬਦੀ ਨਾਉਂ ਉਪਜਾਇੰਦਾ । ਆਪਣਾ ਫੜੇ ਆਪੇ ਪੱਲਾ, ਦਰਗਾਹਿ ਸਾਚੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰਜੰਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਦਰ ਘਰ ਸਾਚੇ ਖੋਲ੍ਹੇ ਬੰਦ ਕਿਵਾੜਾ, ਛੱਪਰ ਛੰਨ ਨਾ ਕੋਈ ਛੁਹਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਏਕਾ ਜੋਤ ਕਰੇ ਰੁਸ਼ਨਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਏਕੰਕਾਰਾ ਖੇਲ ਮਹਾਨਾ, ਭੇਵ ਅਭੇਦ ਛੁਪਾਇੰਦਾ । ਥਿਰ ਘਰ ਵਸੇ ਸਚ ਮਕਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਸ਼ਬਦ ਅਨਾਦੀ ਗਾਏ ਤਰਾਨਾ, ਤੁਰੀਆ ਰਾਗ ਆਪ ਅਲਾਇੰਦਾ । ਆਪੇ ਜਾਣੇ ਆਪਣਾ ਭਾਣਾ, ਸਦ ਭਾਣੇ ਵਿਚ ਸਮਾਇੰਦਾ । ਦੋ ਜਹਾਨੀ ਸਾਚਾ ਰਾਣਾ, ਏਕਾ ਤਖ਼ਤ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਆਦਿ ਨਿਰੰਜਣ ਜੋਤ ਉਜਾਲਾ, ਨੂਰੋ ਨੂਰ ਡਗਮਗਾਈਆ । ਸਚਖੰਡ ਵਸੇ ਸੱਚੀ ਧਰਮਸਾਲਾ, ਦਰ ਘਰ ਸਾਚੇ ਸੋਭਾ ਪਾਈਆ । ਨਿਰਗੁਣ ਨਿਰਵੈਰ ਚਲੇ ਅਵੱਲੜੀ ਚਾਲਾ, ਅਜੂਨੀ ਰਹਿਤ ਭੇਵ ਨਾ ਰਾਈਆ । ਪਰਗਟ ਹੋਏ ਪੁਰਖ ਅਕਾਲਾ, ਅਕਲ ਕਲਾ ਆਪ ਅਖਵਾਈਆ । ਸ਼ਬਦ ਉਪਜਾਏ ਇਕ ਦਲਾਲਾ, ਦੋ ਜਹਾਨਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਨਿਰਗੁਣ ਨਿਰਗੁਣ ਕਰ ਪਸਾਰ, ਸਚ ਮਹੱਲੇ ਆਪ ਵਸਾਈਆ । ਸ੍ਰੀ ਭਗਵਾਨ ਸੋਭਾਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਇਕ ਅਖਵਾਈਆ । ਰੂਪ ਵਟਾਏ

੧੨੨੯

ਨਾਰੀ ਕੰਤ, ਕੰਤ ਕੰਤੂਲ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਰਿਹਾ ਸੁਹਾਈਆ । ਦਰ
ਘਰ ਸੁਹਾਏ ਸ੍ਰੀ ਭਗਵਾਨ, ਹਰਿ ਮੰਦਰ ਸੋਭਾ ਪਾਇੰਦਾ । ਇਕ ਉਠਾਏ ਸਚ ਨਿਸ਼ਾਨ, ਦੋ ਜਹਾਨਾ ਆਪ ਝੁਲਾਇੰਦਾ । ਆਦਿ ਜੁਗਾਦੀ ਨੌਜਵਾਨ,
ਜੁਗ ਜੁਗ ਵੇਸ ਵਟਾਇੰਦਾ । ਸ਼ਬਦ ਸੁਣਾਏ ਧੁਰ ਫ਼ਰਮਾਣ, ਨਾਦੀ ਨਾਦ ਵਜਾਇੰਦਾ । ਦਰ ਘਰ ਸਾਚੇ ਹੋ ਪਰਧਾਨ, ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਇਕ ਵਸਾਇੰਦਾ । ਦਰ ਘਰ ਵਸਾਏ ਪਾਰਬ੍ਰਹਮ, ਦੂਸਰ ਅਵਰ ਨਾ ਕੋਈ
ਜਣਾਈਆ । ਕਰੇ ਖੇਲ ਪੁਰਖ ਅਗੰਮ, ਅਲੱਖ ਅਗੋਚਰ ਬੇਪਰਵਾਹੀਆ । ਏਕਾ ਵਸਤ ਰੱਖੇ ਨਾਮ ਧਨ, ਸਤਿ ਦਵਾਰੇ ਆਪ ਟਿਕਾਈਆ ।
ਨਾ ਕੋਈ ਜਨਨੀ ਜਣੇ ਜਨ, ਜਨ ਜਣੇਦੀ ਦਿਸੇ ਨਾ ਕੋਈ ਮਾਈਆ । ਆਪਣਾ ਬੇੜਾ ਆਪੇ ਬੰਨ੍ਹ ਆਦਿ ਪੁਰਖ ਆਪ ਚਲਾਈਆ । ਸੋ ਪੁਰਖ
ਨਿਰੰਜਣ ਕਹੇ ਧੰਨ ਧੰਨ, ਹਰਿ ਪੁਰਖ ਨਿਰੰਜਣ ਸਿਫ਼ਤ ਸਲਾਹੀਆ । ਏਕੰਕਾਰਾ ਜਾਏ ਮੰਨ, ਆਦਿ ਨਿਰੰਜਣ ਸਗਲਾ ਸੰਗ ਵਖਾਈਆ । ਸ੍ਰੀ
ਭਗਵਾਨ ਬੇੜਾ ਬੰਨ੍ਹ, ਅਬਿਨਾਸ਼ੀ ਕਰਤਾ ਲਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਸਾਈਆ ।
ਦਰ ਘਰ ਸਾਚਾ ਹਰਿ ਵਸਾਇੰਦਾ, ਸਚਖੰਡ ਸੱਚਾ ਦਵਾਰ । ਸਤਿ ਪੁਰਖ ਨਿਰੰਜਣ ਆਸਣ ਲਾਇੰਦਾ, ਹਰਿ ਪੁਰਖ ਨਿਰੰਜਣ ਕਿਰਪਾ ਧਾਰ ।
ਏਕੰਕਾਰਾ ਵੇਖ ਵਖਾਇੰਦਾ, ਆਦਿ ਨਿਰੰਜਣ ਹੋ ਉਜਿਆਰ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਅਬਿਨਾਸ਼ੀ ਕਰਤਾ ਮੀਤ ਮੁਰਾਰ । ਪਾਰਬ੍ਰਹਮ
ਪ੍ਰਭ ਸੀਸ ਝੁਕਾਇੰਦਾ, ਨਿਉਂ ਨਿਉਂ ਕਰੇ ਨਿਮਸਕਾਰ । ਏਕਾ ਵਸਤ ਮੰਗ ਮੰਗਾਇੰਦਾ, ਬੈਠ ਸਚ ਸੱਚੇ ਦਰਬਾਰ । ਆਪਣੀ ਇਛਿਆ ਆਪੇ ਪੂਰ
ਕਰਾਇੰਦਾ, ਆਪੇ ਦਾਤਾ ਦੇਵਣਹਾਰ । ਆਪਣੀ ਵੰਡ ਆਪ ਵੰਡਾਇੰਦਾ, ਵੰਡੇ ਵੰਡ ਆਪ ਨਿਰਾਕਾਰ । ਸਾਚਾ ਸੁਤ ਸੇਵਾ ਲਾਇੰਦਾ, ਸ਼ਬਦ ਸ਼ਬਦੀ
ਕਰ ਵਰਤਾਰ । ਅਬਿਨਾਸੀ ਕਰਤਾ ਰੁੱਤ ਸੁਹਾਇੰਦਾ, ਨਾ ਕੋਈ ਥਿਤ ਨਾ ਕੋਈ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਦਰ ਘਰ ਸਾਚੇ ਖੋਲ੍ਹ ਕਿਵਾੜ । ਸਚ ਕਿਵਾੜਾ ਸਾਚੇ ਮੰਦਰ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਨਿਰਗੁਣ ਵੇਖੇ ਪੇਖੇ ਆਪਣਾ ਅੰਦਰ, ਨਿਰਗੁਣ
ਸਾਚੀ ਸੇਜ ਹੰਢਾਈਆ । ਨਿਰਗੁਣ ਲੱਗਾ ਤੋੜੇ ਜੰਦਰ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ
ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਸਚਖੰਡ ਦਵਾਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਥਿਰ ਘਰ ਮੰਦਰ ਵੇਖ ਵਖਾਇਆ,
ਪੁਰਖ ਅਬਿਨਾਸ਼ੀ ਨੌਜਵਾਨ । ਸੁੰਨ ਅਗੰਮੀ ਡੇਰਾ ਢਾਇਆ, ਪਰਗਟ ਹੋ ਵਾਲੀ ਦੋ ਜਹਾਨ । ਸਵਛ ਸਰੂਪ ਰੂਪ ਦਰਸਾਇਆ, ਮਹਿਮਾ ਅਨੂਪ
ਸ੍ਰੀ ਭਗਵਾਨ । ਚਾਰੇ ਕੂਟ ਦਹਿ ਦਿਸ਼ਾ ਵੇਖ ਵਖਾਇਆ, ਨਾ ਕੋਈ ਜ਼ਿਮੀ ਨਾ ਅਸਮਾਨ । ਸੂਰਜ ਚੰਨ ਨਾ ਕੋਈ ਚੜ੍ਹਾਇਆ, ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਮਕਾਨ । ਸਚ ਮਕਾਨ ਸੁਹਾਇਆ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਆਪਣਾ ਮੰਦਰ ਆਪ
ਉਪਾਇਆ, ਅੰਦਰ ਵੜ ਸੱਚੀ ਸਰਕਾਰ । ਆਪਣਾ ਖੇੜਾ ਆਪ ਵਸਾਇਆ, ਆਪੇ ਹੋਏ ਵੇਖਣਹਾਰ । ਆਪਣਾ ਬੇੜਾ ਆਪ ਚਲਾਇਆ, ਆਪੇ
ਬਣੇ ਸੇਵਾਦਾਰ । ਆਪਣਾ ਸੰਗ ਆਪ ਨਿਭਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਕਰੇ ਵਿਚਾਰ ।
ਹਰਿ ਆਪਣਾ ਆਪ ਪਰਗਟਾਇੰਦਾ, ਨਿਰਗੁਣ ਜੋਤ ਪੁਰਖ ਅਕਾਲ । ਸਾਚਾ ਮੰਦਰ ਆਪ ਵਸਾਇੰਦਾ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਅੰਦਰ

ਨਿਰਗੁਣ ਜੋਤ ਜਗਾਇੰਦਾ, ਦੀਪਕ ਦੀਆ ਆਪੇ ਬਾਲ । ਸਚ ਸਿੰਘਾਸਣ ਸੋਭਾ ਪਾਇੰਦਾ, ਸ਼ਾਹੋ ਭੂਪ ਰਾਜ ਰਾਜਾਨ । ਪੁਰਖ ਅਬਿਨਾਸ਼ੀ ਵੇਸ ਵਟਾਇੰਦਾ, ਵੇਸ ਵਟਾਏ ਦੀਨ ਦਿਆਲ । ਆਪਣਾ ਮਾਰਗ ਆਪੇ ਲਾਇੰਦਾ, ਲੇਖਾ ਜਾਣੇ ਸ਼ਾਹ ਕੰਗਾਲ । ਆਪਣਾ ਘਾੜਨ ਆਪ ਘੜਾਇੰਦਾ, ਆਪੇ ਬਣੇ ਹਰਿ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਲੇ ਚਲਾਏ ਅਵੱਲੜੀ ਚਾਲ । ਚਲੇ ਚਾਲ ਇਕ ਨਿਰਾਲੀ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਨੂਰ ਪਰਕਾਸ਼ ਜੋਤ ਅਕਾਲੀ, ਅਕਲ ਕਲ ਆਪਣੀ ਖੇਲ ਖਿਲਾਇੰਦਾ । ਆਦਿ ਪੁਰਖ ਬਣੇ ਸਾਚਾ ਮਾਲੀ, ਆਪਣਾ ਬੂਟਾ ਆਪ ਲਗਾਇੰਦਾ । ਨਿਰਗੁਣ ਰਹੇ ਹੱਥਾਂ ਖ਼ਾਲੀ, ਕੋਈ ਵਸਤ ਨਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਸਾਏ ਸਾਚਾ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਸਾਚੀ ਵਸਤ ਨਾਮ ਅਨਮੋਲ, ਆਪਣੇ ਘਰ ਉਪਜਾਈਆ । ਸਤਿ ਸਤਿ ਤੋਲੇ ਤੋਲ, ਆਪਣਾ ਕੰਡਾ ਇਕ ਉਠਾਈਆ । ਆਦਿ ਜੁਗਾਦਿ ਰਹੇ ਅਡੋਲ, ਨਾ ਡੋਲੇ ਕੋਈ ਡੁਲਾਈਆ । ਆਪਣੇ ਨਾਲ ਆਪਣਾ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਆਪਣੇ ਅੰਦਰ ਆਪੇ ਮੌਲ, ਨਾਰੀ ਕੰਤ ਆਪ ਅਖਵਾਈਆ । ਆਪਣੇ ਅੰਦਰ ਆਪੇ ਬੋਲ, ਨਾਉਂ ਨਿਰੰਕਾਰਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਕਰਿਆ ਖੇਲ ਬੇਪਰਵਾਹ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਨਿਰਗੁਣ ਬਣਿਆ ਸਚ ਮਲਾਹ, ਦਰਗਾਹਿ ਸਾਚੀ ਸਾਚਾ ਧਾਮ ਸੁਹਾਇੰਦਾ । ਪਾਰਬ੍ਰਹਮ ਪ੍ਰਭ ਆਪ ਪਰਗਟਾ, ਧਾਰ ਧਾਰ ਵਿਚ ਜਗਾਇੰਦਾ । ਜੋਤੀ ਜੋਤ ਡਗਮਗਾ, ਨੂਰੋ ਨੂਰ ਨੂਰ ਅਖਵਾਇੰਦਾ । ਸ਼ਬਦ ਅਨਾਦੀ ਨਾਦ ਵਜਾ, ਆਪਣੀ ਇਛਿਆ ਆਪ ਵਖਾਇੰਦਾ । ਆਪਣਾ ਸੁਤ ਆਪ ਉਪਜਾ, ਸਿਰ ਆਪਣਾ ਹੱਥ ਰਖਾਇੰਦਾ । ਸੁਤ ਦੁਲਾਰਾ ਬੇਪਰਵਾਹ, ਸਾਚੇ ਧਾਮ ਆਪ ਸੁਹਾਇੰਦਾ । ਧੁਰ ਫ਼ਰਮਾਣਾ ਦਏ ਜਣਾ, ਏਕਾ ਹੁਕਮ ਆਪ ਵਰਤਾਇੰਦਾ । ਨਿਰਗੁਣ ਨਿਰਾਕਾਰ ਨਿਰਵੈਰ ਆਪ ਅਖਵਾ, ਆਪਣਾ ਵੇਸ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਦਰ, ਸਚਖੰਡ ਦਵਾਰਾ ਇਕ ਵਸਾਇੰਦਾ । ਸਚਖੰਡ ਦਵਾਰ ਵਸਾਵਣਹਾਰਾ, ਏਕਾ ਘਰ ਸੁਹਾਇਆ । ਸਾਚੇ ਮੰਦਰ ਪਾਵੇ ਸਾਰਾ, ਹਰਿ ਮੰਦਰ ਖੇਲ ਖਿਲਾਇਆ । ਉਚੀ ਕੂਕ ਲਾਏ ਨਾਅਰਾ, ਆਪ ਆਪਣਾ ਨਾਉਂ ਜਪਾਇਆ । ਜਾਗਰਤ ਜੋਤ ਕਰੇ ਉਜਿਆਰਾ, ਜੋਤੀ ਨੂਰਾ ਆਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਇੰਦਾ, ਕਰ ਕਿਰਪਾ ਗੁਣ ਨਿਧਾਨ । ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ, ਹਰਿ ਪੁਰਖ ਨਿਰੰਜਣ ਹੋਏ ਆਪ ਮਿਹਰਵਾਨ । ਏਕੰਕਾਰਾ ਕਲ ਵਰਤਾਇੰਦਾ, ਆਦਿ ਨਿਰੰਜਣ ਦੇਵੇ ਦਾਨ । ਅਬਿਨਾਸ਼ੀ ਕਰਤਾ ਸੰਗ ਨਿਭਾਇੰਦਾ, ਸ੍ਰੀ ਭਗਵਾਨ ਸੁਣਾਏ ਧੁਰ ਫ਼ਰਮਾਣ । ਪਾਰਬ੍ਰਹਮ ਬ੍ਰਹਮ ਏਕਾ ਰੰਗ ਰੰਗਾਇੰਦਾ, ਵਿਸ਼ਵ ਰੂਪ ਕਰੇ ਪਰਵਾਨ । ਸਾਚੀ ਹਰਿ ਹਰਿ ਜੋਤ ਜਗਾਇੰਦਾ, ਕਵਲਾ ਕਵਲਾ ਦੇਵੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਪੁਰਖ ਹਰਿ ਅਬਿਨਾਸ਼ਾ, ਵਡ ਵਡਾ ਵਡ ਵਡਿਆਈਆ । ਅਕਲ ਕਲਾ ਕਲ ਖੇਲੇ ਤਮਾਸ਼ਾ, ਬੇਅੰਤ ਬੇਪਰਵਾਹੀਆ । ਆਪੇ ਮੰਡਲ ਪਾਵੇ ਰਾਸਾ, ਆਪ ਆਪਣੀ ਰਚਨ ਰਚਾਈਆ । ਆਪਣਾ ਬਖ਼ਸ਼ੇ ਆਪ ਭਰਵਾਸਾ, ਆਪਣੀ ਓਟ ਆਪ ਤਕਾਈਆ । ਆਪਣੇ ਦਰਸ ਰਹੇ ਪਿਆਸਾ, ਆਪਣੀ ਤ੍ਰਿਖਾ ਆਪ ਬੁਝਾਈਆ । ਆਪਣੀ

ਆਪੇ ਪੂਰੀ ਕਰੇ ਆਸਾ, ਨਿਰਾਸਾ ਆਸ ਵਿਚ ਰਖਾਈਆ । ਆਪਣੀ ਜੋਤ ਕਰ ਪਰਕਾਸ਼ਾ, ਜੋਤੀ ਜੋਤ ਲਏ ਜਗਾਈਆ । ਬ੍ਰਹਮਾ ਵਿਸ਼ਨ ਕਰਾਏ ਦਾਸੀ ਦਾਸਾ, ਸੇਵਕ ਸਾਚੀ ਸੇਵ ਕਮਾਈਆ । ਏਕਾ ਸ਼ਬਦ ਸਰਬ ਗੁਣਤਾਸਾ, ਹਰਿ ਵੰਡਨ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿ ਮੰਦਰ ਬੈਠਾ ਸੋਭਾ ਪਾਈਆ । ਹਰਿ ਆਪਣਾ ਭੇਵ ਖੁਲਾਇੰਦਾ, ਨਿਰਗੁਣ ਰੂਪ ਨਿਰਾਕਾਰ । ਨਿਰਗੁਣ ਨਿਰਗੁਣ ਆਪ ਉਪਜਾਇੰਦਾ, ਨਿਰਗੁਣ ਨਾਦ ਸ਼ਬਦ ਧੁਨਕਾਰ । ਨਿਰਗੁਣ ਵਿਸ਼ਵ ਖੇਲ ਖਿਲਾਇੰਦਾ, ਨਿਰਗੁਣ ਬ੍ਰਹਮ ਕਰੇ ਪਸਾਰ । ਨਿਰਗੁਣ ਸ਼ੰਕਰ ਮੇਲ ਮਿਲਾਇੰਦਾ, ਨਿਰਗੁਣ ਜੋਤ ਹੋਏ ਉਜਿਆਰ । ਨਿਰਗੁਣ ਧੂਆਂਧਾਰ ਸਮਾਇੰਦਾ, ਨਿਰਗੁਣ ਸਭ ਤੋਂ ਵਸੇ ਬਾਹਰ । ਨਿਰਗੁਣ ਆਦਿ ਪੁਰਖ ਅਖਵਾਇੰਦਾ, ਨਿਰਗੁਣ ਅੰਤਮ ਜਾਣੇ ਆਪਣੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਗੰਮ ਅਪਾਰਾ ਖੇਲ ਖਿਲਾਇੰਦਾ, ਨਿਰਗੁਣ ਰੂਪ ਸ੍ਰੀ ਭਗਵਾਨ । ਵਿਸ਼ਨੂੰ ਬ੍ਰਹਮਾ ਸ਼ਿਵ ਉਪਜਾਇੰਦਾ, ਦੇਵਣਹਾਰਾ ਸਾਚਾ ਦਾਨ । ਨਾਮ ਨਿਧਾਨਾ ਝੋਲੀ ਪਾਇੰਦਾ, ਸ਼ਬਦ ਨਿਸ਼ਾਨਾ ਧੁਰ ਫ਼ਰਮਾਣ । ਏਕਾ ਆਪਣਾ ਰੰਗ ਰੰਗਾਇੰਦਾ, ਰੰਗ ਰੰਗੀਲਾ ਨੌਜਵਾਨ । ਸਗਲਾ ਸੰਗ ਆਪ ਵਖਾਇੰਦਾ, ਲੇਖਾ ਜਾਣੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਆਪ ਸੁਹਾਇੰਦਾ । ਦਰ ਸੁਹੰਜਣਾ ਹਰਿ ਸੁਹਾਏ, ਪੁਰਖ ਅਕਾਲ ਵੱਡੀ ਵਡਿਆਈਆ । ਏਕਾ ਸ਼ਬਦ ਸੁਤ ਉਪਜਾਏ, ਵਡ ਵਡਾ ਸੰਤ ਸਲਾਹੀਆ । ਸਮਰਥ ਪੁਰਖ

੧੨੨੮ ਸਿਰ ਹੱਥ ਰਖਾਏ, ਆਦਿ ਜੁਗਾਦਿ ਮਰੇ ਨਾ ਜਾਈਆ । ਨਿਰਗੁਣ ਨਿਰਵੈਰ ਰਥ ਚਲਾਏ, ਰਥ ਰਥਵਾਹੀ ਦਿਸ ਨਾ ਆਈਆ । ਮਹਿਮਾ ਅਕਥ ੧੨੨੮

ਸੁਣਾਏ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਏਕਾ ਹੁਕਮ ਚਲਾਇਆ । ਏਕਾ ਹੁਕਮ ਧੁਰ ਫ਼ਰਮਾਣ, ਸ਼ਾਹੋ ਭੂਪ ਇਕ ਮਨਾਇਆ । ਏਕਾ ਸ਼ਬਦ ਨਾਮ ਬਿਬਾਨ, ਲੋਆਂ ਪੁਰੀਆਂ ਆਪ ਉਡਾਇਆ । ਏਕਾ ਬਖ਼ਸ਼ੇ ਪੀਣ ਖਾਣ, ਅੰਮ੍ਰਿਤ ਰਸ ਇਕ ਰਖਾਇਆ । ਏਕਾ ਬਖ਼ਸ਼ੇ ਚਰਨ ਧਿਆਨ, ਬਿਨ ਹਰਿ ਅਵਰ ਨਾ ਕੋਈ ਸੁਹਾਇਆ । ਏਕਾ ਦੇਵੇ ਜੀਆ ਦਾਨ, ਤ੍ਰੈਗੁਣ ਮਾਇਆ ਝੋਲੀ ਪਾਇਆ । ਏਕਾ ਸਖ਼ੀਆਂ ਸਾਚਾ ਕਾਹਨ, ਏਕਾ ਮੰਡਲ ਰਾਸ ਰਚਾਇਆ । ਏਕਾ ਸੁਤਾ ਬੀਆਬਾਨ, ਏਕਾ ਦਿਸ ਕਿਸੇ ਨਾ ਆਇਆ । ਏਕਾ ਰੂਪ ਸ੍ਰੀ ਭਗਵਾਨ, ਏਕਾ ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਏਕਾ ਦੇਵੇ ਪਦ ਨਿਰਬਾਨ, ਏਕਾ ਮਹੱਲਾ ਦਏ ਵਸਾਇਆ । ਏਕਾ ਖੇਲੇ ਖੇਲ ਗੁਣ ਨਿਧਾਨ, ਆਪਣੀ ਖੇਲ ਆਪ ਰਚਾਇਆ । ਏਕਾ ਵਸੇ ਸਚ ਮਕਾਨ, ਸਚਖੰਡ ਦਵਾਰੇ ਸੋਭਾ ਪਾਇਆ । ਇਕ ਉਠਾਏ ਸਚ ਨਿਸ਼ਾਨ, ਦਰਗਾਹਿ ਸਾਚੀ ਆਪ ਝੁਲਾਇਆ । ਏਕਾ ਦੇਵੇ ਸ਼ਬਦ ਗਿਆਨ, ਬ੍ਰਹਮਾ ਵਿਸ਼ਨ ਸ਼ਿਵ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਰਚਨਾ ਆਪ ਰਚਾਇਆ । ਏਕਾ ਸ਼ਬਦ ਹਰਿ ਜਣਾਇਆ, ਲਿਖਣ ਪੜ੍ਹਨ ਵਿਚ ਨਾ ਆਈਆ । ਨਿਰਗੁਣ ਆਪਣਾ ਢੋਲਾ ਆਪੇ ਗਾਇਆ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਿਰਗੁਣ ਆਪਣਾ ਚੋਲਾ ਆਪੇ ਵੇਖ ਵਖਾਇਆ, ਪੰਜ ਤਤ ਨਾ ਕੋਈ ਕੁੜਮਾਈਆ । ਨਿਰਗੁਣ ਆਪਣਾ ਸੋਹਲਾ ਆਪੇ ਗਾਇਆ, ਰਾਗ ਰਾਗਨੀ ਨਾ ਕੋਈ ਵਖਾਈਆ । ਨਿਰਗੁਣ ਆਪਣਾ ਪਰਦਾ ਓਹਲਾ ਆਪ ਚੁਕਾਇਆ, ਸਵਛ ਸਰੂਪੀ ਰੂਪ ਵਟਾਈਆ ।

ਨਿਰਗੁਣ ਬ੍ਰਹਮਾ ਵਿਸ਼ਨ ਸ਼ਿਵ ਦਰਸ ਦਿਖਾਇਆ, ਜੋਤੀ ਜੋਤ ਕਰ ਰੁਸ਼ਨਾਈਆ । ਨਿਰਗੁਣ ਤਿੰਨਾਂ ਹਰਸ ਮਿਟਾਇਆ, ਏਕਾ ਮਾਈ ਖ਼ੁਸ਼ੀ ਵਖਾਈਆ । ਨਿਰਗੁਣ ਤੋਲਾ ਬਣਕੇ ਆਇਆ, ਸਾਚਾ ਕੰਡਾ ਹੱਥ ਚਮਕਾਈਆ । ਨਿਰਗੁਣ ਤ੍ਰੈਗੁਣ ਮਾਇਆ ਵੰਡ ਵੰਡਾਇਆ, ਆਪਣੀ ਇਛਿਆ ਭਿਛਿਆ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣਾ ਵੇਖੇ ਖੇਲ ਤਮਾਸ਼ਾ, ਦੂਸਰ ਸੰਗ ਨਾ ਕੋਈ ਰਖਾਈਆ । ਦੂਸਰ ਨਾ ਕੋਈ ਦੀਸੇ ਸੰਗ, ਇਕ ਇਕੱਲਾ ਖੇਲ ਖਿਲਾਇੰਦਾ । ਪਾਰਬ੍ਰਹਮ ਸੂਰਾ ਸਰਬੰਗ, ਸਤਿ ਪੁਰਖ ਨਿਰੰਜਣ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਵਜਾਏ ਮਰਦੰਗ, ਸਚਖੰਡ ਦਵਾਰੇ ਆਪ ਸੁਣਾਇੰਦਾ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣਾ ਪਰਮਾਨੰਦ, ਪਰਮ ਪੁਰਖ ਭੇਵ ਨਾ ਆਇੰਦਾ । ਏਕੰਕਾਰਾ ਆਦਿ ਜੁਗਾਦਿ ਹੋਏ ਬਖ਼ਸ਼ੰਦ, ਬਖ਼ਸ਼ਣਹਾਰਾ ਦਿਸ ਨਾ ਆਇੰਦਾ । ਸ੍ਰੀ ਭਗਵਾਨ ਵਿਸ਼ਨ ਬ੍ਰਹਮੇ ਸ਼ਿਵ ਤੇਰਾ ਆਵਣ ਜਾਵਣ ਜਾਣੇ ਪੰਧ, ਲੇਖਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਇਕ ਸੁਣਾਏ ਸੁਹਾਗੀ ਛੰਦ, ਆਪਣਾ ਨਾਉਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਿੰਨਾਂ ਦੇਵੇ ਏਕਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਏਕਾ ਸ਼ਬਦ ਕਰ ਪੜ੍ਹਾਈ, ਏਕਾ ਅੱਖਰ ਦਏ ਬੁਝਾਇਆ । ਏਕਾ ਸ਼ਬਦ ਕਰ ਕੁੜਮਾਈ, ਏਕਾ ਨਾਤਾ ਦਏ ਜੁੜਾਇਆ । ਏਕਾ ਪਿਤਾ ਏਕਾ ਮਾਈ, ਏਕਾ ਪੂਤ ਸਪੂਤਾ ਗੋਦ ਬਹਾਇਆ । ਏਕਾ ਦੇਵੇ ਦਾਨਾ ਸਭਨੀਂ ਥਾਈਂ, ਦੇਵਣਹਾਰਾ ਭੁੱਲ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਵਰ, ਏਕਾ ਹੁਕਮ ਸੁਣਾਇਆ । ਹੁਕਮ ਸੁਣਾਇਆ ਧੁਰ ਫ਼ਰਮਾਣਾ, ਭੁੱਲ ਰਹੇ ਨਾ ਰਾਈਆ । ਸਤਿ ਪੁਰਖ ਨਿਰੰਜਣ ਹੋਇਆ ਹੈਰਾਨਾ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਤਿੰਨੇ ਚੇਲੇ ਕਰ ਪਰਧਾਨਾ, ਤ੍ਰੈਗੁਣ ਮਾਇਆ ਬੰਧਨ ਪਾਈਆ । ਆਪੇ ਬਣੇ ਰਾਜ ਰਾਜਾਨਾ, ਸ਼ਾਹ ਸੁਲਤਾਨਾ ਸੀਸ ਤਾਜ ਟਿਕਾਈਆ । ਪੰਚਮ ਮੁਖ ਆਪ ਵਖਾਨਾ, ਪੰਚਮ ਤਤ ਲਏ ਪਰਗਟਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਉਂ ਰਖਾਨਾ, ਖੇਲੇ ਖੇਲ ਬੇਪਰਵਾਹੀਆ । ਲੱਖ ਚੁਰਾਸੀ ਘੜ ਮਕਾਨਾ, ਮਿਹਰਬਾਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਅਭੁੱਲ ਅਭੁੱਲ ਆਪ ਅਖਵਾਈਆ । ਵਰ ਦੀਆ ਭਗਵਾਨ, ਭੇਵ ਕਿਸੇ ਨਾ ਆਇਆ । ਵਿਸ਼ਨੂੰ ਮੇਲਾ ਦੋ ਜਹਾਨ, ਵਿਸ਼ਵ ਧਾਰ ਵਖਾਇਆ । ਬ੍ਰਹਮ ਪਾਰਬ੍ਰਹਮ ਕਰੇ ਪਰਧਾਨ, ਘਟ ਘਟ ਅੰਦਰ ਜੋਤ ਜਗਾਇਆ । ਆਦਿ ਬ੍ਰਹਮ ਪ੍ਰਭ ਦਏ ਗਿਆਨ, ਨਿਸ਼ਅੱਖਰ ਇਕ ਪੜ੍ਹਾਇਆ । ਬੋਧ ਅਗਾਧਾ ਧੁਰ ਫ਼ਰਮਾਣ, ਧੁਨ ਅਨਾਦੀ ਨਾਦ ਵਜਾਇਆ । ਚਾਰੇ ਵੇਦ ਕਰ ਪਰਧਾਨ, ਚਾਰੇ ਚਾਰ ਵੰਡ ਵੰਡਾਇਆ । ਚਾਰੇ ਜੁਗ ਕਰਨ ਕਲਿਆਨ, ਚਾਰੇ ਕੂਟਾਂ ਵੇਖ ਵਖਾਇਆ । ਚਾਰੇ ਵਰਨ ਦੇਵੇ ਇਕ ਗਿਆਨ, ਸਾਚੀ ਸਰਨਾ ਇਕ ਸਰਨਾਇਆ । ਚਾਰੇ ਬਾਣੀ ਵਖਾਏ ਇਕ ਨਿਸ਼ਾਨ, ਇਕ ਦਵਾਰਾ ਦਏ ਸੁਹਾਇਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਾ ਭੇਵ ਕਿਸੇ ਨਾ ਰਾਇਆ । ਆਦਿ ਪੁਰਖ ਹੋ ਮਿਹਰਵਾਨ, ਬ੍ਰਹਮਾ ਵਿਦਿਆ ਇਕ ਪੜ੍ਹਾਇਆ । ਚੌਦਾਂ ਵਿਦਿਆ ਦੇਵੇ ਦਾਨ, ਜਗਤ ਭਿਛਿਆ ਰਿਹਾ ਭਰਾਇਆ । ਚਾਰ ਜੁਗ ਕਰੇ ਕਲਿਆਨ, ਨੌ ਨੌ ਚਾਰ ਗੇੜ ਰਖਾਇਆ । ਜੁਗ ਜੁਗ ਲਏ ਮਾਤ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਇਆ । ਗੁਰ ਪੀਰ ਦਏ ਸਹਾਰ, ਭਗਤ ਭਗਵੰਤ ਵੇਖ ਵਖਾਇਆ । ਸਾਚੇ ਸੰਤ ਲਏ ਉਭਾਰ, ਸਤਿ ਸਤਿਵਾਦੀ ਮੇਲ ਮਿਲਾਇਆ । ਗੁਰਮੁਖ

੧੨੩੦

੦੯

ਨੇਤਰ ਦਏ ਉਘਾੜ, ਲੋਚਣ ਨੈਣ ਆਪ ਖੁਲ੍ਹਾਇਆ । ਗੁਰਮੁਖ ਬਣਾਏ ਸਾਚੇ ਲਾੜ, ਏਕਾ ਪੱਲੂ ਹੱਥ ਫੜਾਇਆ । ਜੁਗਾਂ ਜੁਗੰਤਰ ਕਰੇ ਸਾਚੀ ਕਾਰ, ਜੁਗ ਕਰਤਾ ਵੇਸ ਵਟਾਇਆ । ਆਦਿ ਬ੍ਰਹਮਾ ਲਏ ਉਭਾਰ, ਆਦਿ ਵਿਸ਼ਨੂੰ ਮੇਲ ਮਿਲਾਇਆ । ਆਦਿ ਸ਼ੰਕਰ ਕਰੇ ਸੰਘਾਰ, ਸਾਚੀ ਸੇਵ ਸੇਵ ਕਮਾਇਆ । ਤਿੰਨਾਂ ਵਿਚੋਲਾ ਹਰਿ ਨਿਰੰਕਾਰ, ਦਿਸ ਕਿਸੇ ਨਾ ਆਇਆ । ਸਾਚਾ ਢੋਲਾ ਗਾਏ ਅਗੰਮ ਅਪਾਰ, ਜੁਗ ਜੁਗ ਆਪਣਾ ਨਾਉਂ ਅਲਾਇਆ । ਗੁਰ ਪੀਰ ਅਵਤਾਰ ਰਹੇ ਪੁਕਾਰ, ਰਸਨਾ ਜਿਹਵਾ ਹਰਿ ਹਰਿ ਗਾਇਆ । ਆਪੇ ਵਸੇ ਸਭ ਤੋਂ ਬਾਹਰ, ਆਪੇ ਘਟ ਘਟ ਜੋਤ ਜਗਾਇਆ । ਆਦਿ ਜੁਗਾਦੀ ਸਾਚੀ ਕਾਰ, ਜੁਗ ਕਰਤਾ ਆਪ ਕਰਾਇਆ । ਨਿਰਗੁਣ ਸਰਗੁਣ ਪਾਵੇ ਸਾਰ, ਸ਼ਬਦ ਵਿਚੋਲਾ ਇਕ ਧਰਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਵਿਸ਼ਨੂੰ ਤੇਰਾ ਮੇਲਾ ਲਏ ਮਿਲਾਇਆ । ਬ੍ਰਹਮੇ ਤੇਰਾ ਕਰਜ਼ਾ ਦਏ ਉਤਾਰ, ਲੱਖ ਚੁਰਾਸੀ ਜੋ ਚੜ੍ਹਾਇਆ । ਸ਼ੰਕਰ ਤੇਰਾ ਪੰਧ ਦਏ ਨਵਾਰ, ਕਲਜੁਗ ਅੰਤਮ ਵੇਖ ਵਖਾਇਆ । ਧਰਨੀ ਕਰੇ ਹੌਲਾ ਭਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਸ਼ਿਵ ਦਿਤਾ ਏਕਾ ਵਰ, ਬ੍ਰਹਮੇ ਸਾਚਾ ਸੰਗ ਨਿਭਾਇਆ । ਬ੍ਰਹਮੇ ਤੇਰਾ ਬ੍ਰਹਮ ਸਾਥ, ਪਾਰਬ੍ਰਹਮ ਆਪ ਰਖਾਈਆ । ਜੁਗ ਜੁਗ ਜਣਾਏ ਆਪਣੀ ਗਾਥ, ਅੱਖਰ ਅੱਖਰ ਕਰੇ ਪੜ੍ਹਾਈਆ । ਲੋਕਮਾਤ ਚਲਾਏ ਏਕਾ ਰਾਥ, ਆਪ ਆਪਣਾ ਵੇਸ ਵਟਾਈਆ । ਕਰੇ ਖੇਲ ਤ੍ਰਲੋਕੀ ਨਾਥ, ਚੌਦਾਂ ਲੋਕਾਂ ਖੋਜ ਖੁਜਾਈਆ । ਬ੍ਰਹਿਮੰਡਾਂ ਖੰਡਾਂ ਸੁਣਾਏ ਆਪਣੀ ਗਾਥ, ਏਕਾ ਵੱਖਰ ਨਾਮ ਪੜ੍ਹਾਈਆ । ਲੱਖ ਚੁਰਾਸੀ ਖੋਲ੍ਹੇ ਹਾਟ, ਏਕਾ ਮੰਦਰ ਵੇਖ ਵਖਾਈਆ । ਲੇਖਾ ਜਾਣੇ ਤੀਰਥ ਤਾਟ, ਸਰ ਸਰੋਵਰ ਬੇਪਰਵਾਹੀਆ । ਜੁਗ ਜੁਗ ਜਾਣੇ ਆਪਣੀ ਵਾਟ, ਵਡ ਵੱਡਾ ਪਾਂਧੀ ਰਾਹੀਆ । ਘਰ ਘਰ ਜੋਤ ਜਗਾਏ ਲਲਾਟ, ਮਸਤਕ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣੇ ਆਨ ਬਾਟ, ਮਾਤ ਗਰਭ ਹੋਏ ਸਹਾਈਆ । ਦਸ ਦਸ ਮਾਸ ਲਏ ਰਾਖ, ਅਗਨੀ ਕੁੰਡ ਆਪ ਤਪਾਈਆ । ਆਪੇ ਕਰੇ ਸਦਾ ਰਹਿਰਾਸ, ਵਡ ਦਾਤਾ ਸਹਿਜ ਸੁਖਦਾਈਆ । ਬ੍ਰਹਮ ਪਾਰਬ੍ਰਹਮ ਵਸੇ ਤੇਰੇ ਪਾਸ, ਜਗਤ ਵਿਛੋੜਾ ਦਏ ਮੁਕਾਈਆ । ਵੇਲੇ ਅੰਤ ਨਾ ਕਰੇ ਨਿਰਾਸ, ਆਪਣੇ ਬੇੜੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦਿਤਾ ਏਕਾ ਵਰ, ਏਕਾ ਵਸਤ ਦਏ ਵਖਾਈਆ । ਏਕਾ ਵਸਤ ਹਰਿ ਅਮੋਲਕ, ਆਪ ਆਪਣੇ ਹੱਥ ਰਖਾਇੰਦਾ । ਏਕਾ ਰੱਖੇ ਸਾਚੀ ਗੋਲਕ, ਨਾਮ ਕੁੰਜੀ ਏਕਾ ਲਾਇੰਦਾ । ਆਦਿ ਜੁਗਾਦਿ ਨਾ ਸਕੇ ਕੋਈ ਬੋਲਤ, ਅਨਬੋਲਤ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦਾਤ ਵਡ ਕਰਾਮਾਤ, ਸਾਚੀ ਝੋਲੀ ਪਾਇੰਦਾ । ਵਡ ਕਰਾਮਾਤ ਹਰਿ ਕਾ ਨਾਉਂ, ਵਿਸ਼ਨ ਬ੍ਰਹਮੇ ਸ਼ਿਵ ਸਮਝਾਇਆ । ਹੋਏ ਸਹਾਈ ਸਭਨੀਂ ਥਾਉਂ, ਨਾ ਮਰੇ ਨਾ ਜਾਇਆ । ਆਦਿ ਜੁਗਾਦਿ ਕਰੇ ਨਿਆਉਂ, ਜੁਗ ਜੁਗ ਵੰਡ ਵੰਡਾਇਆ । ਭਗਤ ਭਗਵੰਤ ਪਕੜੇ ਬਾਂਹੋਂ, ਸੰਤ ਸਾਜਣ ਲਏ ਤਰਾਇਆ । ਗੁਰਸਿਖ ਬਣਾਏ ਹੰਸ ਕਾਉਂ, ਮਾਣਕ ਮੋਤੀ ਚੋਗ ਚੁਗਾਇਆ । ਗੁਰਮੁਖਾਂ ਬਣੇ ਪਿਤਾ ਮਾਉਂ, ਬਾਲ ਅੰਞਾਣੇ ਗੋਦ ਬਹਾਇਆ । ਪੰਜ ਤਤ ਨਗਰ ਖੇੜਾ ਵੇਖੇ ਗਰਾਉਂ, ਬ੍ਰਹਮ ਤੇਰਾ ਘਰ ਸੁਹਾਇਆ । ਸਦਾ ਸੁਹੇਲਾ ਰੱਖੇ ਛਾਉਂ, ਸਿਰ ਆਪਣਾ ਹੱਥ ਟਿਕਾਇਆ । ਲੱਖ ਚੁਰਾਸੀ ਨੌਂ ਖੰਡ ਪ੍ਰਿਥਮੀ ਜੁਗ ਜੁਗ ਵੇਖੇ ਉਡਦੇ ਕਾਉਂ, ਮੁਖ ਵਿਸ਼ਟਾ ਜੂਠ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਬ੍ਰਹਮਾ ਮੇਲਾ ਸਾਚਾ ਘਰ, ਸ਼ੰਕਰ ਵੇਲਾ ਲਏ

ਸੁਹਾਇਆ । ਹਰਿ ਵੇਲਾ ਸਦਾ ਸੁਹਾਵਣਾ, ਖੇਲੇ ਖੇਲ ਅਪਾਰ । ਆਪਣਾ ਭੇਵ ਆਪ ਖੁਲ੍ਹਾਵਣਾ, ਖੁਲ੍ਹਾਵਣਹਾਰ ਏਕੰਕਾਰ । ਤ੍ਰੈ ਤ੍ਰੈ ਤੇਰੀ ਧਾਰ ਚਲਾਵਣਾ, ਤ੍ਰੈਗੁਣ ਮਾਇਆ ਦਏ ਆਧਾਰ । ਪੰਜ ਤਤ ਸਾਚਾ ਗੜ੍ਹ ਸੁਹਾਵਣਾ, ਗ੍ਰਿਹਿ ਮੰਦਰ ਕਰ ਤਿਆਰ । ਮਨ ਮਤ ਬੁਧ ਵਿਚ ਟਿਕਾਵਣਾ, ਕਰ ਖੇਲ ਅਪਰ ਅਪਾਰ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਵਣਾ, ਆਸਾ ਤ੍ਰਿਸ਼ਨਾ ਭਰ ਭੰਡਾਰ । ਜੂਠ ਝੂਠ ਮੇਲ ਮਿਲਾਵਣਾ, ਮਾਇਆ ਮਮਤਾ ਨਾਲ ਰਲਾਏ ਨਾਰ ਵਿਭਚਾਰ । ਲੱਖ ਚੁਰਾਸੀ ਖੇਲ ਖਲਾਵਣਾ, ਮਰ ਜੰਮੇ ਵਿਚ ਸੰਸਾਰ । ਰਾਏ ਧਰਮ ਤਖ਼ਤ ਬਹਾਵਣਾ, ਚਿਤਰ ਗੁਪਤ ਕਰ ਪਿਆਰ । ਲਾੜੀ ਮੌਤ ਰੰਗ ਰੰਗਾਵਣਾ, ਜੁਗਾ ਜੁਗੰਤਰ ਪਾਵੇ ਸਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਹੋਲੀ ਹੋਲਾ ਆਪ ਖਲਾਵਣਾ, ਨਿਰਗੁਣ ਸਰਗੁਣ ਲੈ ਅਵਤਾਰ । ਕਲਜੁਗ ਅੰਤਮ ਨੌਂ ਨੌਂ ਚਾਰ ਪੰਧ ਮੁਕਾਵਣਾ, ਨਿਹਕਲੰਕ ਹੋ ਉਜਿਆਰ । ਵਿਸ਼ਨੂੰ ਤੇਰਾ ਰਿਜ਼ਕ ਆਪਣੇ ਹੱਥ ਰਖਾਵਣਾ, ਆਪੇ ਬਣੇ ਹਰਿ ਵਰਤਾਰ । ਬ੍ਰਹਮੇ ਤੇਰਾ ਭਾਂਡਾ ਲੱਖ ਚੁਰਾਸੀ ਖ਼ਾਲੀ ਆਪ ਕਰਾਵਣਾ, ਆਪੇ ਘੜੇ ਆਪੇ ਹੋਏ ਭੰਨਣਹਾਰ । ਸ਼ੰਕਰ ਤੇਰੀ ਤ੍ਰਸੂਲ ਹੱਥ ਸੁਟਾਵਣਾ, ਪੁਰਖ ਅਬਿਨਾਸ਼ੀ ਆਪਣੀ ਮਾਰੇ ਆਪੇ ਮਾਰ । ਤਿੰਨਾਂ ਆਪਣੀ ਗੋਦ ਬਹਾਵਣਾ, ਲੇਖ ਚੁਕਾਏ ਅਗੰਮ ਅਪਾਰ । ਹਰਖ ਸੋਗ ਨਾ ਕੋਇ ਵਖਾਵਣਾ, ਨੇਤਰ ਰੋਵੇ ਨਾ ਜ਼ਾਰੋ ਜ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪੇ ਜਾਣੇ ਆਪਣੀ ਕਾਰ । ਬ੍ਰਹਮਾ ਵਿਸ਼ਨ ਸ਼ਿਵ ਕਰੇ ਚਰਨ ਧਿਆਨ, ਦੋਏ ਦੋਏ ਬੈਠੇ ਸੀਸ ਝੁਕਾਈਆ । ਪੁਰਖ ਅਕਾਲ ਹੋਣਾ ਮਿਹਰਵਾਨ, ਦਰ ਭਿਖਾਰੀ ਮੰਗਣ ਆਈਆ । ਏਕਾ ਦੇਣਾ ਸਾਚਾ ਦਾਨ, ਦੀਨ ਦੁਨੀ ਨਾ ਕੋਇ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸੇਵਾ ਕਰੇ ਮਹਾਨ, ਸੇਵਕ ਸੇਵਾ ਬਣ ਆਈਆ । ਆਦਿ ਅੰਤ ਰਹਿਣਾ ਨਿਗਹਬਾਨ, ਮਧ ਤੇਰਾ ਵੇਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲੈਣਾ ਲਾਈਆ । ਵਿਸ਼ਨੂੰ ਕੁਰਲਾਏ ਨੇਤਰ ਨੈਣ ਨੀਰ ਵਹਾ, ਦੋਏ ਜੋੜ ਕਰੇ ਨਿਮਸਕਾਰਿਆ । ਬ੍ਰਹਮਾ ਮੰਗੇ ਇਕ ਸਰਨਾ, ਪਾਰਬ੍ਰਹਮ ਸੱਚੀ ਸਰਕਾਰਿਆ । ਸ਼ੰਕਰ ਦਿਵਸ ਰੈਣ ਰਿਹਾ ਧਿਆ, ਆਠ ਪਹਿਰ ਇਕ ਲਿਵ ਤਾਰਿਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਲਾ ਲਿਆ ਮੁਕਾ, ਵੇਲਾ ਅੰਤਮ ਨੇੜੇ ਆ ਰਿਹਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਬ੍ਰਹਿਮੰਡਾਂ ਖੰਡਾਂ ਨਾ ਦੀਸੇ ਕੋਇ ਸਹਾ, ਸਿਰ ਹੱਥ ਨਾ ਕੋਇ ਟਿਕਾ ਰਿਹਾ । ਭਾਣਾ ਵਰਤੇ ਆਪਣਾ ਬੇਪਰਵਾਹ, ਗੁਰ ਪੀਰ ਅਵਤਾਰ ਭਾਣੇ ਵਿਚ ਰਖਾ ਰਿਹਾ । ਅਗੇ ਕਰੇ ਨਾ ਕੋਇ ਨਾਂਹ, ਸਰਗੁਣ ਨਿਰਗੁਣ ਅੱਗੇ ਸੀਸ ਝੁਕਾ ਰਿਹਾ । ਸ੍ਰਿਸ਼ਟ ਸਬਾਈ ਪਿਤਾ ਮਾਂ, ਪਾਰਬ੍ਰਹਮ ਪ੍ਰਭ ਇਕ ਅਖਵਾ ਰਿਹਾ । ਕਲਜੁਗ ਅੰਤਮ ਕਰੇ ਸਚ ਨਿਆਂ, ਲੱਖ ਚੁਰਾਸੀ ਜੀਵ ਜੰਤ ਕਰਮ ਕੁਕਰਮਾਂ ਵੇਖ ਵਖਾ ਰਿਹਾ । ਤ੍ਰੈਗੁਣ ਮਾਇਆ ਤੇਰਾ ਕਰੇ ਅੰਤ, ਅੰਤ ਆਪਣੇ ਵਿਚ ਸਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਨਰ ਨਰਾਇਣ ਏਕਾ ਹੁਕਮ ਸੁਣਾ ਲਿਆ । ਏਕਾ ਹੁਕਮ ਧੁਰ ਫ਼ਰਮਾਣਾ, ਧੁਰ ਦੀਬਾਣ ਬਾਣ ਲਗਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਬਲੀ ਬਲਵਾਨਾ, ਜੋਧਾ ਸੂਰਬੀਰ ਅਖਵਾਈਆ । ਸ਼ਬਦ ਚਿਲਾ ਤੀਰ ਕਮਾਨਾ, ਸ਼ਸਤਰ ਧਾਰੀ, ਸੱਚਾ ਸ਼ਹਿਨਸ਼ਾਹੀਆ । ਏਕਾ ਮਰਦ ਮਰਦ ਮਰਦਾਨਾ, ਮਾਤ ਪਿਤ ਨਾ ਕੋਈ ਜਾਈਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਏਕਾ ਬ੍ਰਹਮ ਕਰੇ ਕੁੜਮਾਈਆ । ਘਟ ਘਟ ਅੰਦਰ ਮਾਰੇ ਤੀਰ ਨਿਸ਼ਾਨਾ, ਲੁਕਿਆ ਕੋਇ ਰਹਿਣ ਨਾ ਪਾਈਆ । ਪਾਵੇ ਸਾਰ ਦੋ ਜਹਾਨਾਂ, ਚੌਦਾਂ ਲੋਕ ਚੌਦਾਂ ਤਬਕ ਆਪਣੇ ਚਰਨਾਂ

੧੨੩੧

ਹੇਠ ਦਬਾਈਆ । ਗੁਰਮੁਖਾਂ ਦੇਵੇ ਧੁਰ ਫ਼ਰਮਾਣਾ, ਸੋਏ ਮਾਤ ਲਏ ਉਠਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਸੱਚੀ ਸਰਨਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਈ ਟਿਕਾਈਆ । ਮੰਨਣਾ ਪਏ ਸਭ ਨੂੰ ਭਾਣਾ, ਕਲਜੁਗ ਮੇਟੇ ਝੂਠੀ ਸ਼ਾਹੀਆ । ਗੁਰਸਿਖ ਵੇਖੇ ਮਾਣ ਨਿਮਾਣਾ, ਨਿਮਾਣ ਨਿਮਾਣਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਨਿਰਗੁਣ ਜੋਤ, ਰੂਪ ਰੇਖ ਨਾ ਕੋਇ ਵਖਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਬਰਨ ਵੰਡ ਨਾ ਕੋਈ ਵੰਡਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਮੰਦਰ ਮਸਜਿਦ ਗੁਰਦਵਾਰ ਮਠ ਨਾ ਡੇਰਾ ਲਾਇੰਦਾ । ਨਾ ਕੋਈ ਵਾਸਨਾ ਨਾ ਕੋਈ ਖੋਟ, ਹੰਕਾਰ ਵਿਕਾਰ ਨਾ ਕੋਇ ਜਣਾਇੰਦਾ । ਨਾਮ ਭੰਡਾਰ ਰੱਖੇ ਅਤੋਟ, ਗੁਰਮੁਖਾਂ ਆਪ ਵਰਤਾਇੰਦਾ । ਪੰਜ ਤਤ ਨਗਾਰੇ ਲਾਏ ਚੋਟ, ਘਰ ਅਨਹਦ ਤਾਲ ਸੁਣਾਇੰਦਾ । ਪੁਰਖ ਅਕਾਲ ਵਖਾਏ ਏਕਾ ਓਟ, ਦੂਜੀ ਸਰਨ ਨਾ ਕੋਈ ਤਕਾਇੰਦਾ । ਕਲਜੁਗ ਜੀਵ ਆਹਲਨਿਉਂ ਡਿਗੇ ਬੋਟ, ਫੜ ਫੇਰ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਆਪੇ ਪਾਏ, ਪੁਰਖ ਅਕਾਲ ਵੱਡੀ ਵਡਿਆਈਆ । ਦੀਨ ਦਿਆਲ ਦਇਆਨਿਧ ਠਾਕਰ ਦਇਆ ਕਮਾਏ, ਦੀਨਾ ਅਨਾਥਾਂ ਹੋਏ ਸਹਾਈਆ । ਕਲਜੁਗ ਡੂੰਘਾ ਸਾਗਰ ਵੇਖ ਵਖਾਏ, ਆਪਣਾ ਚੱਪੂ ਵਿਚ ਰਖਾਈਆ । ਜਨ ਭਗਤਾਂ ਬੇੜਾ ਲਏ ਤਰਾਏ, ਤਾਰਨਹਾਰ ਆਪ ਹੋ ਜਾਈਆ । ਜੁਗ ਜੁਗ ਵਿਛੜੇ ਲਏ ਮਿਲਾਏ, ਪੂਰਬ ਕਰਮਾਂ ਲੇਖਾ ਆਪ ਮੁਕਾਈਆ । ਭਾਂਡਾ ਭਰਮ ਭੌ ਦਏ ਭਨਾਏ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਮ ਕਾ ਭੈ ਰਹੇ ਨਾ ਰਾਏ, ਵੇਲੇ ਅੰਤ ਨਾ ਦਏ ਸਜ਼ਾਈਆ । ਹਰਿਜਨ ਹਰਿ ਹਰਿ ਮੇਲ ਮਿਲਾਏ, ਮੇਲ ਵਿਛੋੜਾ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਾਰਬ੍ਰਹਮ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਨਿਹਕਲੰਕ, ਨਿਰਗੁਣ ਆਪਣਾ ਰੂਪ ਵਟਾਇੰਦਾ । ਸ਼ਬਦ ਵਜਾਏ ਸਾਚਾ ਡੰਕ, ਲੋਆਂ ਪੁਰੀਆਂ ਆਪ ਸੁਣਾਇੰਦਾ । ਆਪ ਉਠਾਏ ਰਾਓ ਰੰਕ, ਸ਼ਾਹ ਸੁਲਤਾਨਾ ਹੁਕਮ ਜਣਾਇੰਦਾ । ਪਰਗਟ ਹੋਇਆ ਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਆਪਣੀ ਖੇਲ ਖਿਲਾਇੰਦਾ । ਗੁਰਮੁਖ ਉਭਾਰੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇੰਦਾ । ਸ਼ਬਦ ਅਗੰਮੀ ਲਾਏ ਤਨਕ, ਤਾਰ ਸਤਾਰ ਆਪ ਵਜਾਇੰਦਾ । ਗੁਰਸਿਖ ਸੁਹਾਏ ਤੇਰਾ ਬੰਕ, ਸੂਰਜ ਚੰਨ ਸੀਸ ਨਿਵਾਇੰਦਾ । ਏਥੇ ਉਥੇ ਬਣਾਏ ਬਣਤ, ਹਰਿ ਕੰਤ ਮੇਲ ਮਿਲਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਸਾਚੀ ਸੰਗਤ ਸੰਗ ਰਲਾਇੰਦਾ । ਨਾਤਾ ਤੋੜੇ ਭੁੱਖ ਨੰਗਤ, ਭੁੱਖਿਆਂ ਨੰਗਿਆਂ ਆਪਣੀ ਗੋਦ ਬਹਾਇੰਦਾ । ਜੁਗ ਜੁਗ ਜਨ ਭਗਤ ਦਵਾਰੇ ਬਣਿਆ ਰਹੇ ਮੰਗਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਖੇਲ ਖਿਲਾਇੰਦਾ । ਨਰ ਹਰਿ ਖੇਲ ਖਲੰਦੜਾ, ਏਕਾ ਏਕੰਕਾਰ । ਕਲਜੁਗ ਅੰਤਮ ਵੇਸ ਵਟੰਦੜਾ, ਕਲ ਕਲਕੀ ਲਏ ਅਵਤਾਰ । ਸੰਬਲ ਨਗਰੀ ਧਾਮ ਸੁਹੰਦੜਾ, ਸਾਢੇ ਤਿੰਨ ਹੱਥ ਮੰਦਰ ਮੁਨਾਰ । ਘਰ ਘਰ ਵਿਚ ਜੋਤ ਜਗੰਦੜਾ, ਘਰ ਘਰ ਮੇਲਾ ਨਾਰੀ ਕੰਤ ਭਤਾਰ । ਘਰ ਸਾਚੀ ਸੇਜ ਸੁਹੰਦੜਾ, ਘਰ ਸੁਤਾ ਪੈਰ ਪਸਾਰ । ਘਰ ਸ਼ਬਦ ਨਾਦ ਗੀਤ ਸੁਣੰਦੜਾ, ਘਰ ਗਾਏ ਆਪਣੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ


੧੨੩੨ ੦੯

ਨਾ ਕੋਇ ਸੁਨਾਰ । ਦੂਸਰ ਅਵਰ ਨਾ ਕੋਈ ਦੀਸੇ, ਲੋਕਮਾਤ ਵੇਖ ਵਖਾਇਆ । ਕਰੇ ਖੇਲ ਜਗਤ ਜਗਦੀਸੇ, ਜਾਗਰਤ ਜੋਤ ਜਗਤ ਰੁਸ਼ਨਾਇਆ । ਸ਼ਾਹ ਸੁਲਤਾਨਾ ਕਰੇ ਖ਼ਾਲੀ ਖ਼ੀਸੇ, ਕੌਡੀ ਕੌਡੀ ਹੱਥ ਵਿਕਾਇਆ । ਲਹਿਣਾ ਦੇਣਾ ਚੁਕਾਏ ਮੂਸਾ ਈਸੇ, ਸੰਗ ਮੁਹੰਮਦ ਚਾਰ ਯਾਰੀ ਵੇਖ ਵਖਾਇਆ । ਨੌ ਖੰਡ ਪ੍ਰਿਥਮੀ ਕਰੇ ਪਰਕਾਸ਼ ਬੀਸ ਇਕੀਸੇ, ਬੀਸ ਬੀਸਾ ਰਾਹ ਤਕਾਇਆ । ਏਕਾ ਛਤਰ ਝੁਲਾਏ ਹਰਿ ਹਰਿ ਸੀਸੇ, ਦੂਸਰ ਸੀਸ ਨਾ ਕੋਈ ਟਿਕਾਇਆ । ਚਾਰ ਵਰਨ ਪੜ੍ਹੇ ਇਕ ਹਦੀਸੇ, ਪੁਰਖ ਅਬਿਨਾਸ਼ੀ ਲਏ ਪੜ੍ਹਾਇਆ । ਲੇਖਾ ਜਾਣੇ ਰਾਗ ਛਤੀਸੇ, ਬਹੱਤਰ ਨਾੜੀ ਤਾੜਾ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਵਾਲੀ ਦੋ ਜਹਾਨ ਜੀਵਾਂ ਜੰਤਾਂ ਵੇਖ ਵਖਾਇਆ ।

## ❊ ੧੩ ਅੱਸੂ ੨੦੧੭ ਬਿਕ੍ਰਮੀ ਮੋਤਾ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ❊

ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਆਪਣੀ ਖੇਲ ਖਿਲਾਇੰਦਾ । ਇਕ ਉਪਜਾਏ ਆਪਣਾ ਸੁਤ, ਸ਼ਬਦ ਦੁਲਾਰਾ ਨਾਉਂ ਧਰਾਇੰਦਾ । ਜੁਗ ਜੁਗ ਲੋਕਮਾਤ ਵੇਖੇ ਰੁੱਤ, ਧਰਤ ਧਵਲ ਡੇਰਾ ਲਾਇੰਦਾ । ਨਿਰਗੁਣ ਸਰਗੁਣ ਕਰ ਉਤਪਤ, ਸਰਗੁਣ ਨਿਰਗੁਣ ਵਿਚ ਸਮਾਇੰਦਾ । ਲੇਖਾ ਜਾਣੇ ਆਪਣੀ ਮਤ, ਬ੍ਰਹਮ ਮਤ ਇਕ ਵਖਾਇੰਦਾ । ਚਰਨ ਕਵਲ ਸਾਚਾ ਨਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਅੰਮ੍ਰਿਤ ਆਤਮ ਏਕਾ ਘਤ, ਤ੍ਰਿਸਨਾ ਭੁੱਖ ਮਿਟਾਇੰਦਾ । ਨਾਮ ਬੀਜੇ ਸਾਚੇ ਵਤ, ਫੁਲ ਫਲਵਾੜੀ ਆਪ ਮਹਿਕਾਇੰਦਾ । ਆਦਿ ਅੰਤ ਆਪੇ ਲਏ ਕੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵਸਤ ਆਪਣੇ ਹੱਥ ਰਖਾਇੰਦਾ । ਅਬਿਨਾਸ਼ੀ ਅਚੁਤ ਸਰਬ ਗੁਣ ਠਾਕਰ, ਹਰਿ ਵੱਡਾ ਵਡ ਵਡਿਆਈਆ । ਕਰੇ ਖੇਲ ਕਰਤਾ ਕਰੀਮ ਕਾਦਰ, ਕੁਦਰਤ ਆਪਣੀ ਵੇਖ ਵਖਾਈਆ । ਸਾਚੇ ਸੁਤ ਦੇਵੇ ਆਦਰ, ਜੁਗ ਜੁਗ ਹੋਏ ਸਹਾਈਆ । ਸਚ ਦੋਸ਼ਾਲਾ ਏਕਾ ਚਾਦਰ, ਨਾਮ ਧਾਰਾ ਇਕ ਵਖਾਈਆ । ਦਰ ਕਰਾਏ ਵਣਜ ਸੌਦਾਗਰ, ਸਾਚੀ ਵਸਤ ਹੱਟ ਵਕਾਈਆ । ਭਾਗ ਲਗਾਏ ਪੰਜ ਤਤ ਕਾਇਆ ਗਾਗਰ, ਗ੍ਰਿਹਿ ਮੰਦਰ ਹੋਏ ਸਹਾਈਆ । ਆਦਿ ਜੁਗਾਦਿ ਦੇਵੇ ਆਦਰ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਏ ਵਡਿਆਈਆ । ਸਾਚਾ ਸੁਤ ਅਨਮੁਲੜਾ ਲਾਲ, ਪੁਰਖ ਅਬਿਨਾਸ਼ੀ ਇਕ ਉਪਾਇਆ । ਆਦਿ ਜੁਗਾਦਿ ਚਲੇ ਨਾਲ, ਜੁਗ ਜੁਗ ਸੇਵ ਕਮਾਇਆ । ਆਪ ਵਸਾਏ ਸਚਖੰਡ ਸੱਚੀ ਧਰਮਸਾਲ, ਸਾਚਾ ਮੰਦਰ ਆਪ ਸੁਹਾਇਆ । ਅੰਮ੍ਰਿਤ ਆਤਮ ਰਸ ਅੰਮਿਉਂ ਰਸੀਆ ਏਕਾ ਦਏ ਖਵਾਲ, ਤ੍ਰਿਪਤ ਤ੍ਰਿਪਤਾਸ ਤ੍ਰਿਖਾ ਰਹੇ ਨਾ ਰਾਇਆ । ਨਿਰਗੁਣ ਨਿਰਵੈਰ ਘਾਲੇ ਘਾਲ, ਸਰਗੁਣ ਘਾਲੀ ਘਾਲ ਲੇਖੇ ਪਾਇਆ । ਜੁਗ ਜੁਗ ਚਲੇ ਅਵੱਲੜੀ ਚਾਲ, ਲੋਕਮਾਤ ਰਾਹ ਚਲਾਇਆ । ਕਲਜੁਗ ਅੰਤਮ ਬਣ ਦਲਾਲ, ਸ਼ਬਦ ਵਿਚੋਲਾ ਫੇਰੀ ਪਾਇਆ । ਸਾਚਾ ਢੋਲਾ ਗਾਏ ਦੋ ਜਹਾਨ, ਜਗਤ ਜਹਾਨ ਵੇਖ ਵਖਾਇਆ । ਏਕਾ ਸੁਤ ਸੂਰਬੀਰ ਬਲਵਾਨ, ਸਾਹਿਬਜ਼ਾਦਾ ਆਪਣੀ ਜ਼ਦ ਵਿਚ ਰਖਾਇਆ । ਜੁਗਾ ਜੁਗੰਤਰ ਬਣਿਆ ਰਹੇ ਕਾਹਨ, ਸਾਚੇ ਤਖ਼ਤ ਸੋਭਾ ਪਾਇਆ । ਲੱਖ ਚੁਰਾਸੀ ਦੇਵੇ ਦਾਨ, ਮੰਗਣ ਘਰ ਨਾ ਕਿਸੇ ਜਾਇਆ । ਏਕਾ ਓਟ

ਸ੍ਰੀ ਭਗਵਾਨ, ਭਗਵਨ ਹਰ ਘਟ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਏਕਾ ਪੂਤ, ਆਪ ਵਸਾਏ ਚਾਰੇ ਕੂਟ, ਖ਼ਾਲੀ ਦਰ ਨਾ ਕੋਇ ਰਖਾਇਆ । ਸਾਚਾ ਸੁਤ ਜੁਗ ਚਾਰ ਮਾਲਕ, ਦੀਨ ਦੁਨੀ ਵੇਖ ਵਖਾਈਆ । ਲੇਖਾ ਜਾਣੇ ਖ਼ਲਕ ਖ਼ਾਲਕ, ਬੇਪਰਵਾਹ ਬੇਪਰਵਾਹੀਆ । ਨਿਰਗੁਣ ਸਰਗੁਣ ਬਣ ਬਣ ਸਾਲਸ, ਲਹਿਣਾ ਦੇਣਾ ਦਏ ਮੁਕਾਈਆ । ਦਿਵਸ ਰੈਣ ਨਾ ਨਿੰਦਰਾ ਆਲਸ, ਗਫ਼ਲਤ ਹੋਰ ਨਾ ਕੋਇ ਵਖਾਈਆ । ਲੇਖਾ ਚੁਕਾਏ ਪੁੰਨ ਅਮਾਵਸ, ਵਦੀ ਸੁਦੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਸਰਬ ਸੁਖਦਾਈਆ । ਸੁਤ ਦੁਲਾਰਾ ਹਰਿ ਨਿਰੰਕਾਰ, ਏਕਾ ਏਕ ਰਖਾਇੰਦਾ । ਜੁਗਾ ਜੁਗੰਤਰ ਕਰੇ ਪਿਆਰ, ਲੋਕਮਾਤ ਮੇਲ ਮਿਲਾਇੰਦਾ । ਦਾਤਾ ਦਾਨੀ ਹਰਿ ਦਾਤਾਰ, ਵਸਤ ਅਮੋਲਕ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਦੇਂਦਾ ਆਇਆ ਆਪ ਭੰਡਾਰ, ਕਲਜੁਗ ਅੰਤ ਆਪ ਵਰਤਾਇੰਦਾ । ਨਾਤਾ ਤੋੜ ਸਰਬ ਸੰਸਾਰ, ਜਗਤ ਕੁਟੰਬ ਨਾ ਕੋਇ ਸੁਹਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਸਾਚੇ ਮੰਦਰ ਸੋਭਾ ਪਾਇੰਦਾ । ਅਨਾਦੀ ਸੁਤ ਕਰੇ ਪਿਆਰ, ਸ੍ਰਿਸ਼ਟ ਸਬਾਈ ਸਿਖ਼ਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਦਇਆ ਕਮਾਇੰਦਾ । ਏਕਾ ਸੁਤ ਏਕਾ ਮਾਤ ਪਿਤ, ਪੀਤ ਪੀਤੰਬਰ ਇਕ ਸੁਹਾਈਆ । ਏਕਾ ਪੁਰਖ ਅਬਿਨਾਸ਼ੀ ਕਰੇ ਹਿਤ, ਏਕਾ ਵੇਖੇ ਥਾਉਂ ਥਾਈਆ । ਏਕਾ ਜੋਤ ਪਰਗਟਾਏ ਨਿਤ ਨਵਿਤ, ਰੂਪ ਅਨੂਪ ਆਪ ਦਰਸਾਈਆ । ਏਕਾ ਲੇਖਾ ਚੁਕਾਏ ਵਾਰ ਥਿਤ, ਥਿਤ ਵਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਲੱਖ ਚੁਰਾਸੀ ਕਰੇ ਪੜ੍ਹਾਈਆ । ਲੱਖ ਚੁਰਾਸੀ ਰਿਹਾ ਪੜ੍ਹਾ, ਨਿਰਗੁਣ ਸ਼ਹਿਨਸ਼ਾਹ ਪਾਤਸ਼ਾਹ । ਸੁਤ ਦੁਲਾਰਾ ਇਕ ਉਪਜਾ, ਸ਼ਬਦ ਨਾਦ ਰਿਹਾ ਵਜਾ । ਏਕਾ ਅੱਖਰ ਜਗਤ ਧਰਾ, ਜੀਵ ਜੰਤ ਲਏ ਸਮਝਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪੇ ਹੋਏ ਮਿਹਰਬਾਂ । ਮਿਹਰਵਾਨ ਹਰਿ ਨਿਰੰਕਾਰਾ, ਕਲਜੁਗ ਅੰਤਮ ਖੇਲ ਖਿਲਾਇੰਦਾ । ਗੁਰਸਿਖਾਂ ਦੇਵੇ ਸਚ ਭੰਡਾਰਾ, ਸ਼ਬਦ ਦੁਲਾਰਾ ਆਪ ਵਰਤਾਇੰਦਾ । ਸਿਖ਼ੀ ਸਿਖ਼ਿਆ ਕਰ ਵਿਚਾਰਾ, ਸਿੱਖ ਸਤਿਗੁਰ ਰੂਪ ਵਟਾਇੰਦਾ । ਸਤਿਗੁਰ ਸਿੱਖ ਸੋਹੇ ਇਕ ਦਵਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਜਗਤ ਵਾਸਨਾ ਤਜ ਗੁਰ ਚਰਨ ਕਰੇ ਨਿਮਸਕਾਰਾ, ਸੋ ਗੁਰਸਿਖ ਸਤਿਗੁਰ ਪੂਰੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਆਪਣੇ ਦਰ, ਦੂਜੇ ਦਰ ਨਾ ਫੇਰਾ ਪਾਇੰਦਾ । ਸੁਤ ਸ਼ਬਦ ਕਰ ਪਿਆਰ, ਲੋਕਮਾਤ ਖੇਲ ਖਿਲਾਈਆ । ਗੁਰਸਿਖ ਸਾਚੇ ਲਏ ਉਭਾਰ, ਆਪ ਆਪਣੇ ਦਰ ਬਹਾਈਆ । ਮੇਲ ਮਿਲਾਏ ਸਾਚੇ ਯਾਰ, ਜਗਤ ਸਥਰ ਰਹਿਣ ਨਾ ਪਾਈਆ । ਦਿਵਸ ਰੈਣ ਪਾਵੇ ਸਾਰ, ਘਰ ਸੱਜਣ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਵਡਿਆਈਆ । ਗੁਰਸਿਖਾਂ ਦੇਵੇ ਦਾਤ, ਜਨਮ ਕਰਮ ਦੁਖ ਦਲਿਦਰ ਭੌ ਗਵਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਦਰ ਦਰ ਘਰ ਘਰ ਪੁੱਛੇ ਵਾਤ, ਜੋ ਜਨ ਮਨ ਕਾ ਮਾਣ ਗਵਾਇੰਦਾ । ਗੁਰਮੁਖਾਂ ਵਸੇ ਸਦਾ ਪਾਸ, ਦੂਸਰ ਥੰਸ ਨਾ ਕੋਇ ਬਣਾਇੰਦਾ । ਨਿਰਗੁਣ ਨਾ ਕੋਈ ਭੋਗ ਨਾ ਬਲਾਸ, ਜਗਤ ਸੇਜ ਨਾ ਕੋਇ ਹੰਢਾਇੰਦਾ । ਕਾਮ ਕਾਮਨੀ ਖੇਲ ਤਮਾਸ਼, ਪੰਜ ਤਤ ਕਾਇਆ ਰੰਗ ਰੰਗਾਇੰਦਾ । ਆਪਣੀ ਕਰ ਪਹਿਲੇ ਬੰਦ ਖ਼ਲਾਸ, ਗੁਰਸਿਖਾਂ


੧੨੩੪ ੦੯

ਬੰਦ ਖ਼ਲਾਸੀ ਫੇਰ ਕਰਾਇੰਦਾ । ਜੋ ਜਨ ਚਰਨ ਕਵਲ ਰੱਖੇ ਧਰਵਾਸ, ਧੁਰ ਦੀ ਧਾਰ ਆਪ ਸਮਝਾਇੰਦਾ । ਸਰਬ ਵਸਤ ਹਰਿ ਸਾਚੇ ਪਾਸ, ਅਤੋਟ ਅਤੁਟ ਭੰਡਾਰ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਸਾਚਾ ਹਰਿ, ਅਵਰ ਭੇਵ ਕੋਇ ਨਾ ਪਾਇੰਦਾ । ਅਵਰ ਭੇਵ ਨਾ ਜਾਣੇ ਕੋਇ, ਹਰਿ ਹਰਿ ਮਹਿਮਾ ਕਹਿਣ ਨਾ ਜਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਸੁਣੇ ਸਾਚੀ ਸੋਏ, ਸੋਇਆ ਕੋਇ ਰਹਿਣ ਨਾ ਪਾਈਆ । ਗ਼ਰੀਬ ਨਿਮਾਣਿਆਂ ਆਪੇ ਦੇਵੇ ਸਾਚੇ ਢੋਏ, ਢੋਏ ਢੋਰ ਜਿਉਂ ਰਵਦਾਸ ਚੁਮਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਏ ਲੜ, ਦੂਸਰ ਅਵਰ ਨਾ ਕੋਇ ਸਹਾਰਿਆ । ਨਾ ਕੋਈ ਘਰ ਨਾ ਕੋਈ ਘਾਟ, ਨਾ ਕੋਈ ਮੰਦਰ ਚਾਰ ਦੀਵਾਰ ਬਣਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟ, ਜਲ ਸਰੋਵਰ ਨਾ ਕੋਇ ਭਰਾਇੰਦਾ । ਨਾ ਕੋਈ ਬਸਤਰ ਨਾ ਕੋਈ ਖਾਟ, ਨਾ ਕੋਈ ਭੂਸ਼ਨ ਤਨ ਸੁਹਾਇੰਦਾ । ਨਾ ਕੋਈ ਮਸਤਕ ਨਾ ਕੋਈ ਲਲਾਟ, ਜੋਤੀ ਜੋਤ ਨਾ ਕੋਇ ਜਗਾਇੰਦਾ । ਨਾ ਕੋਈ ਪੰਧ ਨਾ ਕੋਈ ਵਾਟ, ਨਾ ਕੋਈ ਕਦਮ ਉਠਾਇੰਦਾ । ਨਾ ਕੋਈ ਸ਼ਬਦ ਨਾ ਕੋਈ ਗਾਥ, ਨਾ ਕੋਈ ਰਾਗ ਨਾਦ ਸੁਣਾਇੰਦਾ । ਨਾ ਕੋਈ ਸੇਵਾ ਨਾ ਕੋਈ ਹਾਥ, ਪੰਜ ਤਤ ਨਾ ਕੋਇ ਉਪਾਇੰਦਾ । ਨਿਰਗੁਣ ਰੂਪ ਪੁਰਖ ਸਮਰਥ, ਨਿਹਕਲੰਕ ਖੇਲ ਖਿਲਾਇੰਦਾ । ਪੁਤਰ ਧੀਆਂ ਨਾ ਜਗਤ ਨਤ, ਨਾਤਾ ਬਿਧਾਤਾ ਇਕ ਰਖਾਇੰਦਾ ਗੁਰਮੁਖ ਗੁਰਸਿਖ ਆਪਣੇ ਅੰਗਣ ਆਪੇ ਰੱਖ, ਆਪ ਆਪਣੀ ਗੋਦ ਸੁਹਾਇੰਦਾ । ਨਵ ਨੌਂ ਚਾਰ ਭਾਂਡੇ ਕਰੇ ਸਖ, ਦਰ ਦਰ ਘਰ ਘਰ ਹਰਿ ਹਰਿ ਵੇਖ ਵਖਾਇੰਦਾ । ਸਾਚਾ ਮਾਰਗ ਏਕਾ ਦੱਸ, ਗੁਰਸਿਖ ਪ੍ਰਭ ਮਿਲਣ ਕਾ ਚਾਓ, ਦਿਵਸ ਰੈਣ ਰਾਹ ਤਕਾਇੰਦਾ । ਗੁਰਮੁਖ ਸੱਜਣ ਸਤਿਗੁਰ ਪੂਰਾ ਪਕੜੇ ਬਾਂਹੋਂ, ਜਮ ਫ਼ਾਸ ਕੱਟ ਜਗਤ ਹਰਸ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਆਪਣਾ ਖੇਲ ਖਿਲਾਇੰਦਾ ।



### ❋ ੧੩ ਅੱਸੂ ੨੦੧੭ ਬਿਕ੍ਰਮੀ ਗੰਡਾ ਸਿੰਘ ਦੇ ਘਰ ਪਿੰਡ ਦਰਾਜਕੇ ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਨਿਰਗੁਣ ਨਿਰਵੈਰ ਆਪਣਾ ਵੇਸ ਵਟਾਇੰਦਾ, ਜੂਨੀ ਰਹਿਤ ਅਗੰਮ ਅਪਾਰ । ਨਿਰਭੌ ਆਪਣਾ ਨਾਉਂ ਧਰਾਇੰਦਾ, ਭੈ ਜਣਾਏ ਸਰਬ ਸੰਸਾਰ । ਮੂਰਤ ਅਕਾਲ ਆਪ ਅਖਵਾਇੰਦਾ, ਅਨਭਵ ਪਰਕਾਸ਼ ਕਰ ਉਜਿਆਰ । ਸਾਚੇ ਤਖ਼ਤ ਸੋਭਾ ਪਾਇੰਦਾ, ਕਰਤਾ ਪੁਰਖ ਹਰਿ ਕਰਨੇਹਾਰ । ਤ੍ਰੈਗੁਣ ਮਾਇਆ ਵਿਚ ਨਾ ਆਇੰਦਾ, ਆਦਿ ਜੁਗਾਦੀ ਖੇਲ ਨਿਆਰ । ਧੁਰ ਫ਼ੁਰਮਾਣਾ ਸ਼ਬਦ ਜਣਾਇੰਦਾ, ਅਗੰਮ ਅਗੰਮ ਅਗੰਮੜੀ ਕਾਰ । ਅਲੱਖ ਨਿਰੰਜਣ ਏਕਾ ਅਲੱਖ ਜਗਾਇੰਦਾ, ਦਰ ਘਰ ਸਾਚੇ ਬੋਲ ਜੈਕਾਰ । ਸ਼ਬਦ ਅਨਾਦੀ ਨਾਦ ਵਜਾਇੰਦਾ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ, ਉਠਾਵਣਹਾਰ ਹਰਿ ਨਿਰੰਕਾਰ । ਭੇਵ ਅਭੇਦਾ ਆਪ ਖੁਲਾਇੰਦਾ, ਲੋਕਮਾਤ ਲੈ ਅਵਤਾਰ । ਗੁਰ ਪੀਰ ਆਪ ਅਖਵਾਇੰਦਾ, ਭਗਤ ਭਗਵੰਤ ਮੇਲ ਮਿਲਾਏ ਨਾਰੀ ਕੰਤ ਭਤਾਰ । ਸਾਚੇ ਸੰਤ ਸੰਗ ਰਖਾਇੰਦਾ, ਸ਼ਬਦ ਜਣਾਏ ਬੋਧ ਗਿਆਨ । ਗੁਰਮੁਖ ਆਪਣੇ ਰੰਗ ਰੰਗਾਇੰਦਾ, ਸੂਰਬੀਰ ਵਡ ਬਲਵਾਨ । ਗੁਰਸਿਖ ਆਪਣੀ ਗੋਦ

ਬਹਾਇੰਦਾ, ਦੇਵਣਹਾਰਾ ਧੁਰ ਫ਼ਰਮਾਣ । ਨਾਮ ਅਨਮੁਲਾ ਝੋਲੀ ਪਾਇੰਦਾ, ਲੇਖਾ ਜਾਣੇ ਦੋ ਜਹਾਨ । ਸਤਿਜੁਗ ਸਾਚਾ ਸਚ ਵਰਤਾਇੰਦਾ, ਤਖ਼ਤ ਨਿਵਾਸੀ ਵਡ ਮਿਹਰਵਾਨ । ਤ੍ਰੇਤਾ ਤ੍ਰੈ ਤ੍ਰੈ ਵੇਸ ਵਟਾਇੰਦਾ, ਰੂਪ ਅਨੂਪ ਸ੍ਰੀ ਭਗਵਾਨ । ਦਵਾਪਰ ਦੋਏ ਦੋਏ ਨੈਣ ਖੁਲਾਇੰਦਾ, ਕਵਲ ਨੈਣ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚੀ ਸਰਕਾਰ । ਜੁਗ ਜੁਗ ਖੇਲ ਖਿਲਾਇੰਦਾ, ਇਕ ਇਕੱਲਾ ਏਕੰਕਾਰ । ਨਿਰਗੁਣ ਆਪਣਾ ਰਥ ਚਲਾਇੰਦਾ, ਦਰਗਹਿ ਸਾਚੀ ਖੋਲ੍ਹ ਕਿਵਾੜ । ਸਾਚੇ ਮੰਦਰ ਸੋਭਾ ਪਾਇੰਦਾ, ਥਿਰ ਘਰ ਬੈਠ ਸੱਚੇ ਦਰਬਾਰ । ਧੁਰ ਫ਼ਰਮਾਣਾ ਹੁਕਮ ਸੁਣਾਇੰਦਾ, ਹੁਕਮੀ ਹੁਕਮ ਕਰ ਆਕਾਰ । ਬ੍ਰਹਮਾ ਵਿਸ਼ਨ ਸ਼ਿਵ ਉਠਾਇੰਦਾ, ਤ੍ਰੈਗੁਣ ਮਾਇਆ ਭਰ ਭੰਡਾਰ । ਲੱਖ ਚੁਰਾਸੀ ਭਾਂਡਾ ਆਪ ਘੜਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਤਤਵ ਤਤ ਵਿਚ ਟਿਕਾਇੰਦਾ, ਜੋਤੀ ਜਾਤਾ ਹੋ ਉਜਿਆਰ । ਸ਼ਬਦ ਨਾਦ ਧੁਨ ਵਜਾਇੰਦਾ, ਧੁਨੀ ਨਾਦ ਸੱਚੀ ਸਰਕਾਰ । ਆਪਣਾ ਹੁਕਮ ਆਪ ਵਰਤਾਇੰਦਾ, ਵੇਖੇ ਵਿਗਸੇ ਕਰੇ ਵਿਚਾਰ । ਲੋਕਮਾਤ ਖੇਲ ਖਿਲਾਇੰਦਾ, ਪੰਜ ਤਤ ਸੁਹਾਏ ਬੰਕ ਦਵਾਰ । ਮਨ ਮਤ ਬੁਧ ਰਾਹ ਚਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਅਪਾਰ । ਜੁਗ ਜੁਗ ਖੇਲ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਚਖੰਡ ਦਵਾਰੇ ਬੈਠਾ ਇਕ ਇਕੱਲੜਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਲੱਖ ਚੁਰਾਸੀ ਫੜਾਏ ਪੱਲੜਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸ਼ਬਦ ਸੰਦੇਸ਼ ਏਕਾ ਘਲੜਾ, ਗੁਰ ਸ਼ਬਦੀ ਰੂਪ ਵਟਾਇੰਦਾ । ਸਚ ਸਿੰਘਾਸਣ ਏਕਾ ਮਲੜਾ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਆਪਣੀ ਜੋਤੀ ਆਪੇ ਰਲੜਾ, ਜੋਤੀ ਜੋਤ ਡਗਮਗਾਇੰਦਾ । ਜੁਗ ਜੁਗ ਮਾਰਗ ਲਾਏ ਇਕ ਸੁਖ਼ੱਲੜਾ, ਲੱਖ ਚੁਰਾਸੀ ਪਾਂਧੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਜੁਗ ਜੁਗ ਮੰਦਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਖੇਲੇ ਖੇਲ ਦਰਦ ਦੁਖ ਭੈ ਭੰਜਨਾ, ਰੂਪ ਅਨੂਪ ਆਪ ਵਟਾਈਆ । ਜੋਤ ਜਗਾਏ ਆਦਿ ਨਿਰੰਜਣਾ, ਏਕਾ ਨੂਰ ਨੂਰ ਰੁਸ਼ਨਾਈਆ । ਜਨ ਭਗਤਾਂ ਬਣੇ ਸਾਕ ਸੈਣ ਸੱਜਣਾ, ਏਕਾ ਨਾਤਾ ਜੋੜ ਜੁੜਾਈਆ । ਚਰਨ ਕਵਲ ਕਰਾਏ ਸਾਚਾ ਮਜਨਾ, ਸਰ ਸਰੋਵਰ ਇਕ ਨੁਹਾਈਆ । ਜਾਮ ਪਿਆਏ ਏਕਾ ਮਧਨਾ, ਅੰਮ੍ਰਿਤ ਝਿਰਨਾ ਆਪ ਝਿਰਾਈਆ । ਲੇਖਾ ਜਾਣੇ ਵਿਸ਼ਨੂੰ ਯਦਨਾ, ਵਿਸ਼ਵ ਆਪਣਾ ਰੂਪ ਦਰਸਾਈਆ । ਆਦਿ ਅੰਤ ਕਿਸੇ ਨਾ ਬੱਧਨਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਅੰਤਕਾਲ ਘਰ ਆਪਣੇ ਸੱਦਣਾ, ਦਰਗਹਿ ਸਾਚੀ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਜੀਵ ਜੰਤ ਲੱਖ ਚੁਰਾਸੀ ਆਪੇ ਹੋਇਆ ਰਹੇ ਅਦਨਾ, ਮਾਣ ਨਿਮਾਣਾ ਆਪ ਹੋ ਜਾਈਆ । ਆਪੇ ਵਸੇ ਚੌਥੇ ਘਰ ਸਾਚੇ ਪਦਨਾ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਬ੍ਰਹਮ ਬ੍ਰਹਿਮਾਦਿ ਵਜਾਏ ਨਦਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗਾ ਜੁਗੰਤਰ ਬੇਪਰਵਾਹੀਆ । ਜੁਗਾ ਜੁਗੰਤਰ ਬੇਪਰਵਾਹ, ਸਾਚਾ ਖੇਲ ਖਿਲਾਇੰਦਾ । ਨਿਰਗੁਣ ਨਿਰਵੈਰ ਬਣ ਮਲਾਹ, ਸਾਚਾ ਬੇੜਾ ਆਪ ਤਰਾਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਸਿਫ਼ਤ ਸਾਲਾਹੀ ਆਪ ਅਖਵਾਇੰਦਾ । ਇਕ ਜਪਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਦੋ ਜਹਾਨਾਂ ਪਕੜੇ ਬਾਂਹ, ਸਗਲਾ ਸੰਗ ਨਿਭਾਇੰਦਾ । ਆਦਿ ਜੁਗਾਦਿ ਕਰੇ ਸਚ ਨਿਆਂ, ਸਾਚੇ ਤਖ਼ਤ ਸੋਭਾ ਪਾਇੰਦਾ । ਗੁਰਮੁਖਾਂ ਬਣੇ ਪਿਤਾ ਮਾਂ, ਬਾਲ ਅੰਞਾਣੇ ਗੋਦ ਬਹਾਇੰਦਾ ।

ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਜਿਸ ਸਿਰ ਰੱਖੇ ਠੰਡੀ ਛਾਂ, ਸੋ ਜਨ ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਏਕੰਕਾਰ, ਇਕ ਇਕੱਲਾ ਵੇਸ ਵਟਾਇੰਦਾ । ਵੇਸ ਵਟਾਏ ਇਕ ਇਕੱਲਾ, ਸ੍ਰੀ ਭਗਵਾਨ ਵੱਡੀ ਵਡਿਆਈਆ । ਵਸੇ ਨੇਹਚਲ ਧਾਮ ਅਟੱਲਾ, ਸਚਖੰਡ ਦਵਾਰ ਸੁਹਾਈਆ । ਕਰੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਭੇਵ ਨਾ ਰਾਈਆ । ਸਚ ਸਿੰਘਾਸਣ ਏਕਾ ਮੱਲਾ, ਸ਼ਾਹੋ ਭੂਪ ਸੋਭਾ ਪਾਈਆ । ਆਪੇ ਰਵਿਆ ਜਲਾ ਥਲਾ, ਜਲ ਥਲ ਮਹੀਅਲ ਆਪ ਸਮਾਈਆ । ਏਕਾ ਸ਼ਬਦ ਅਨਾਦਿ ਜੁਗਾ ਜੁਗੰਤਰ ਲੋਕਮਾਤ ਘੱਲਾ, ਗੁਰ ਪੀਰ ਅਵਤਾਰ ਦੇਣ ਗਵਾਹੀਆ । ਹਰਿ ਸੰਤ ਫੜਾਏ ਸਾਚਾ ਪੱਲਾ, ਸਤਿ ਸਤਿਵਾਦੀ ਡੋਰੀ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣੀ ਜੋਤ ਕਰੇ ਰੁਸ਼ਨਾਈਆ । ਜੁਗਾ ਜੁਗੰਤਰ ਸਾਚੀ ਜੋਤ, ਨਿਰਗੁਣ ਨਿਰਵੈਰ ਆਪ ਪਰਗਟਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਸਾਚੇ ਮੰਦਰ ਆਪ ਸੁਹਾਇੰਦਾ । ਲੱਖ ਚੁਰਾਸੀ ਅੰਦਰ ਲਾਏ ਸ਼ਬਦ ਚੋਟ, ਘਟ ਘਟ ਨਗਾਰਾ ਆਪ ਵਜਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਏ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਰੱਖ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਤਿ ਸਰੂਪੀ ਹੋ ਪਰਤਖ, ਬ੍ਰਹਮ ਪਾਰਬ੍ਰਹਮ ਦਇਆ ਕਮਾਇੰਦਾ । ਆਪ ਆਪਾ ਕਰੇ ਵੱਖ, ਆਪ ਆਪਣੀ ਕਲ ਧਰਾਇੰਦਾ । ਆਪਣਾ ਮਾਰਗ ਆਪੇ ਦੱਸ, ਗੁਰ ਪੀਰ ਅਵਤਾਰ ਸੇਵਾ ਲਾਇੰਦਾ । ਸੰਤਨ ਹਿਰਦੇ ਆਪੇ ਵਸ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਭਗਤਾਂ ਮਾਰੇ ਤੀਰ ਨਿਰਾਲਾ ਕਸ, ਬਜਰ ਕਪਾਟੀ ਤੋੜ ਤੁੜਾਇੰਦਾ । ਗੁਰਮੁਖ ਮੇਲ ਮਿਲਾਏ ਹੱਸ ਹੱਸ, ਹੰਸ ਮੁਖ ਸੋਭਾ ਪਾਇੰਦਾ । ਗੁਰਸਿਖਾਂ ਦੇਵੇ ਏਕਾ ਰਸ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਕਰੇ ਪਰਕਾਸ਼ ਮੇਟੇ ਅੰਧੇਰ ਰੈਣ ਮਸ, ਸਾਚਾ ਚੰਦ ਆਪ ਚੜ੍ਹਾਇੰਦਾ । ਤ੍ਰੈਗੁਣ ਮਾਇਆ ਨਾ ਡੱਸਣੀ ਸਕੇ ਡੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਰੰਗ ਰਤੜਾ, ਪਾਰਬ੍ਰਹਮ ਗੁਰ ਕਰਤਾਰ । ਆਦਿ ਜੁਗਾਦੀ ਨਾ ਠੰਡਾ ਨਾ ਤੱਤੜਾ, ਏਕਾ ਵਸੇ ਧਾਮ ਨਿਆਰ । ਜਨ ਭਗਤਾਂ ਦੇਵੇ ਏਕਾ ਮਤੜਾ, ਬ੍ਰਹਮ ਮਤ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਬੰਨ੍ਹੇ ਅਪਣੀ ਧਾਰ । ਜੁਗ ਜੁਗ ਧਾਰ ਚਲਾਇੰਦਾ, ਧਰਨੀ ਧਰਤ ਧਵਲ ਕਰ ਵਿਚਾਰ । ਜੁਗ ਜੁਗ ਕਾਰ ਕਮਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਜੁਗ ਜੁਗ ਵੇਖ ਵਖਾਇੰਦਾ, ਚਾਰ ਵਰਨ ਕਰ ਪਿਆਰ । ਜੁਗ ਜੁਗ ਭੇਖ ਵਟਾਇੰਦਾ, ਸ਼ਬਦ ਅਨਾਦਿ ਬੋਲ ਜੈਕਾਰ । ਜੁਗ ਜੁਗ ਲੇਖ ਲਿਖਾਇੰਦਾ, ਚਾਰੇ ਵੇਦ ਕਰਨ ਪੁਕਾਰ । ਜੁਗ ਜੁਗ ਜੋਗ ਸਿਖਾਇੰਦਾ, ਜਾਗਰਤ ਜੋਤ ਕਰ ਉਜਿਆਰ । ਜੁਗ ਜੁਗ ਭੋਗ ਭੋਗਾਇੰਦਾ, ਨਾਰੀ ਕੰਤ ਦਏ ਆਧਾਰ । ਜੁਗ ਜੁਗ ਸੰਜੋਗ ਹੰਢਾਇੰਦਾ, ਗੁਰਮੁਖ ਸੱਜਣ ਕਰ ਤਿਆਰ । ਜੁਗ ਜੁਗ ਹਉਮੇ ਰੋਗ ਮਿਟਾਇੰਦਾ, ਚਿੰਤਾ ਸੋਗ ਦਏ ਨਿਵਾਰ । ਜੁਗ ਜੁਗ ਸਾਚੀ ਚੋਗ ਚੁਗਾਇੰਦਾ, ਹਰਿ ਕਾ ਨਾਉਂ ਅਪਰ ਅਪਾਰ । ਜੁਗ ਜੁਗ ਦਰਸ ਅਮੋਘ ਵਖਾਇੰਦਾ, ਮਾਤਲੋਕ ਲੈ ਅਵਤਾਰ । ਜੁਗ ਜੁਗ ਚੌਦਾਂ ਲੋਕ ਫੇਰਾ ਪਾਇੰਦਾ, ਇਕ ਇਕੱਲਾ ਏਕੰਕਾਰ । ਜੁਗ ਜੁਗ ਆਪ ਸਲੋਕ ਸੁਣਾਇੰਦਾ, ਨਿਰਗੁਣ ਬੋਲੇ ਬੋਲਣਹਾਰ । ਜੁਗ ਜੁਗ ਵੇਦ ਪੁਰਾਨ ਸ਼ਾਸਤਰ ਸਿਮਰਤ ਲੇਖ ਲਿਖਾਇੰਦਾ,

ਜੁਗ ਜੁਗ ਗੀਤਾ ਗਿਆਨ ਦਏ ਆਧਾਰ । ਜੁਗ ਜੁਗ ਅੰਜੀਲ ਕੁਰਾਨ ਪੜ੍ਹਾਇੰਦਾ, ਲੇਖਾ ਜਾਣੇ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ । ਜੁਗ ਜੁਗ ਨਾਨਕ ਨਿਰਗੁਣ ਵੇਖ ਵਖਾਇੰਦਾ, ਸਤਿ ਨਾਮ ਕਰੇ ਪਰਧਾਨ । ਜੁਗ ਜੁਗ ਜੋਤੀ ਜੋਤ ਡਗਮਗਾਇੰਦਾ, ਏਕਾ ਸ਼ਬਦ ਇਕ ਗਿਆਨ । ਜੁਗ ਜੁਗ ਚਾਰੇ ਬਾਣੀ ਵੇਖ ਵਖਾਇੰਦਾ, ਜੁਗ ਜੁਗ ਚਾਰੇ ਖਾਣੀ ਕਰੇ ਕਲਿਆਣ । ਜੁਗ ਜੁਗ ਸੁਰਤ ਸਵਾਣੀ ਸ਼ਬਦ ਮਿਲਾਇੰਦਾ, ਅੰਮ੍ਰਿਤ ਪਾਣੀ ਦੇਵੇ ਠੰਡੀ ਆਣ । ਜੁਗ ਜੁਗ ਸੁਤ ਦੁਲਾਰਾ ਆਪਣਾ ਨਾਉਂ ਰਖਾਇੰਦਾ, ਗੋਬਿੰਦ ਸੂਰਾ ਨੌਜਵਾਨ । ਜੁਗ ਜੁਗ ਚੰਡ ਪਰਚੰਡ ਚਮਕਾਇੰਦਾ, ਜੁਗ ਜੁਗ ਲੇਖਾ ਜਾਣੇ ਦੋ ਜਹਾਨ । ਜੁਗ ਜੁਗ ਬ੍ਰਹਮ ਬ੍ਰਹਿਮੰਡ ਵੇਖ ਵਖਾਇੰਦਾ, ਲੋਆਂ ਪੁਰੀਆਂ ਵੇਖੇ ਮਾਰ ਧਿਆਨ । ਜੁਗ ਜੁਗ ਜੇਰਜ ਅੰਡਜ ਡੇਰਾ ਢਾਇੰਦਾ, ਉਤਭੁਜ ਸੇਤਜ ਕਰੇ ਵੈਰਾਨ । ਜੁਗ ਜੁਗ ਖੰਡ ਖੰਡ ਕਰਾਇੰਦਾ, ਖ਼ਾਲਕ ਮੇਟੇ ਜੀਵ ਬੇਈਮਾਨ । ਜੁਗ ਜੁਗ ਲੱਖ ਚੁਰਾਸੀ ਰੰਡ ਵਖਾਇੰਦਾ, ਨਾਤਾ ਤੋੜੇ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਜੁਗ ਜੁਗ ਧਾਰ ਚਲਾਵਣਹਾਰਾ, ਏਕਾ ਰੰਗ ਸਮਾਈਆ । ਆਦਿ ਜੁਗਾਦੀ ਲੈ ਅਵਤਾਰਾ, ਗੁਰ ਗੁਰ ਵੇਸ ਧਰਾਈਆ । ਸ਼ਬਦ ਅਨਾਦੀ ਬੋਲ ਜੈਕਾਰਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਈਆ । ਭਗਤ ਭਗਵੰਤ ਬਖ਼ਸ਼ੇ ਚਰਨ ਪਿਆਰਾ, ਸੰਤ ਸਾਜਣ ਲਏ ਮਿਲਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਗੁਰਸਿਖ ਏਕਾ ਰੰਗ ਰੰਗਾਈਆ । ਮਨਮੁਖਾਂ ਮਾਰੇ ਆਦਿ ਅੰਤ ਮਾਰਾ, ਬਚਿਆ ਕੋਇ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਉਤਰਿਆ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਆਈ ਅੰਤਮ ਵਾਰਾ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਨੌ ਖੰਡ ਪ੍ਰਿਥਮੀ ਬਣਿਆ ਜਗਤ ਅਖਾੜਾ, ਚਾਰ ਵਰਨ ਦੇਣ ਦੁਹਾਈਆ । ਉਚੀ ਕੂਕੇ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਲੱਗੀ ਅੱਗ ਬਹੱਤਰ ਨਾੜਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਵਟਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਨਿਰਗੁਣ ਸਰਗੁਣ ਖੇਲ ਖਿਲਾਇੰਦਾ, ਖੇਲਣਹਾਰ ਬੇਐਬ ਪਰਵਰਦਿਗਾਰ । ਨੂਰੋ ਨੂਰ ਡਗਮਗਾਇੰਦਾ, ਖ਼ਲਕ ਖ਼ੁਦਾਈ ਸਾਂਝਾ ਯਾਰ । ਸਾਚੇ ਦਰ ਸੋਭਾ ਪਾਇੰਦਾ, ਹੱਕ ਹਕੀਕਤ ਕਰੇ ਵਿਚਾਰ । ਲਾਸ਼ਰੀਕ ਰੂਪ ਵਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਸਾਚੀ ਧਾਰ ਬੰਧਾਇੰਦਾ । ਜੁਗ ਜੁਗ ਧਾਰ ਬੰਧਾਇੰਦਾ, ਪਾਰਬ੍ਰਹਮ ਬੇਅੰਤ । ਕਲਜੁਗ ਅੰਤਮ ਵੇਸ ਵਟਾਇੰਦਾ, ਪੂਰਨ ਜੋਤ ਸ੍ਰੀ ਭਗਵੰਤ । ਨਿਰਗੁਣ ਨਰ ਨਰਾਇਣ ਆਪਣਾ ਨਾਉਂ ਰਖਾਇੰਦਾ, ਲੇਖਾ ਜਾਣੇ ਆਦਿ ਅੰਤ । ਨਿਹਕਲੰਕਾ ਵੇਸ ਵਟਾਇੰਦਾ, ਸ੍ਰਿਸ਼ਟ ਸਬਾਈ ਸਾਚਾ ਕੰਤ । ਲੱਖ ਚੁਰਾਸੀ ਆਪ ਪਰਨਾਇੰਦਾ, ਬਚਿਆ ਰਹੇ ਨਾ ਕੋਇ ਜੀਵ ਜੰਤ । ਗੁਰਮੁਖ ਨਾਰੀ ਸੁਘੜ ਸਵਾਣੀ ਸਾਚੇ ਦਰ ਬਹਾਇੰਦਾ, ਮਾਇਆ ਰਾਣੀ ਕਰੇ ਭਸਮੰਤ । ਸਰ ਸਰੋਵਰ ਅੰਮ੍ਰਿਤ ਆਤਮ ਠੰਡਾ ਪਾਣੀ ਆਪ ਪਿਆਇੰਦਾ, ਹਰਿ ਹਰਿ ਮਹਿਮਾ ਗਣਤ ਅਗਣਤ । ਖਾਣੀ ਬਾਣੀ ਫੋਲ ਫੁਲਾਇੰਦਾ, ਲੇਖਾ ਜਾਣੇ ਸਾਚੇ ਸੰਤ । ਸ਼ਬਦ ਹਾਣੀ ਇਕ ਮਿਲਾਇੰਦਾ, ਮੇਲ ਮਿਲਾਵਾ ਆਦਿ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਸ ਵਟਾਏ ਜੁਗਾਂ ਜੁਗੰਤ । ਜੁਗ ਜੁਗ ਵੇਸ ਵਟਾਇੰਦਾ, ਨਿਰਧਨ ਸਰਧਨ ਕਰੇ ਪਿਆਰ । ਕਲਜੁਗ ਅੰਤਮ ਖੇਲ ਖਿਲਾਇੰਦਾ,

੧੨੩੮ ੦੯

ਕਲ ਕਲਕੀ ਲੈ ਅਵਤਾਰ । ਸੰਬਲ ਨਗਰੀ ਧਾਮ ਸੁਹਾਇੰਦਾ, ਸਾਢੇ ਤਿੰਨ ਹੱਥ ਮੰਦਰ ਕਰ ਤਿਆਰ । ਨਿਹਕਲੰਕ ਜੋਤ ਜਗਾਇੰਦਾ, ਜੋਤੀ ਜੋਤ ਹੋਏ ਉਜਿਆਰ । ਸ਼ਬਦ ਡੰਕਾ ਇਕ ਵਜਾਇੰਦਾ, ਸ਼ਾਹ ਸੁਲਤਾਨਾ ਕਰੇ ਖ਼ਬਰਦਾਰ । ਏਕਾ ਅੰਕ ਸ਼ਬਦ ਸੁਣਾਇੰਦਾ, ਸੋਹੰ ਰੂਪ ਸੱਚੀ ਸਰਕਾਰ । ਬ੍ਰਹਮ ਪਾਰਬ੍ਰਹਮ ਮਿਲਾਇੰਦਾ, ਏਕਾ ਦੂਜਾ ਦੂਜਾ ਏਕਾ ਲੇਖਾ ਚੁੱਕੇ ਏਕਾ ਵਾਰ । ਅੰਦਰ ਬਾਹਰ ਆਪਣੀ ਖੇਲ ਖਿਲਾਇੰਦਾ, ਗੁਪਤ ਜ਼ਾਹਰ ਕਰੇ ਪਿਆਰ । ਸਾਚਾ ਸਾਕੀ ਜਾਮ ਪਿਆਇੰਦਾ, ਅੰਮ੍ਰਿਤ ਪਿਆਲਾ ਭਰ ਭੰਡਾਰ । ਗੁਰਮੁਖ ਬੰਦ ਤਾਕੀ ਆਪ ਖੁਲਾਇੰਦਾ, ਡੂੰਘੀ ਕੰਦਰ ਕਰ ਉਜਿਆਰ । ਸਾਚਾ ਰਾਕੀ ਸ਼ਬਦ ਦੌੜਾਇੰਦਾ, ਸਾਚੇ ਅਸਵ ਹੋ ਅਸਵਾਰ । ਜੁਗ ਜੁਗ ਲਹਿਣਾ ਦੇਣਾ ਬਾਕੀ ਆਪ ਚੁਕਾਇੰਦਾ, ਕਲਜੁਗ ਰਹੇ ਨਾ ਵਿਚ ਸੰਸਾਰ । ਅੰਤਮ ਅੰਤ ਕਾਲ ਖ਼ਾਕੀ ਖ਼ਾਕ ਮਿਲਾਇੰਦਾ, ਚਾਰੋਂ ਕੁੰਟ ਉਡੇ ਛਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਕਰੇ ਕਰਤਾਰ । ਜੁਗ ਜੁਗ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਅੰਤਮ ਆਈ ਵਾਰਾ, ਬਿਸਮਲ ਵੇਖੇ ਥਾਉਂ ਥਾਈਆ । ਐਨਲਹਕ ਹਕੀਕਤ ਨਾਅਰਾ, ਲਾਸ਼ਰੀਕ ਆਪ ਸੁਣਾਈਆ । ਲੇਖਾ ਜਾਣੇ ਮੁਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਸਾਂਝਾ ਯਾਰਾ, ਲਾਸ਼ਰੀਕ ਇਕ ਖ਼ੁਦਾਈਆ । ਚੌਦਾਂ ਤਬਕਾਂ ਖੋਲ੍ਹ ਕਿਵਾੜਾ, ਨੂਰੀ ਜਲਵਾ ਦਏ ਦਰਸਾਈਆ । ਜ਼ਿਮੀ ਅਸਮਾਨਾਂ ਚੁੱਕੇ ਪਾੜਾ, ਮਹਿਬਾਨ ਮਿਹਰਵਾਨ ਖੇਲ ਖਿਲਾਈਆ । ਨੌ ਖੰਡ ਪ੍ਰਿਥਮੀ ਮਲਕਉਲ ਮੌਤ ਬਹੱਤਰ ਨਾੜ ਵਜਾਏ ਤਾੜਾ, ਕਾਇਨਾਤ ਰਹੀ ਕੁਰਲਾਈਆ । ਧੁਰ ਦਰਗਾਹੀ ਛੈਲ ਛਬੀਲਾ ਇਕ ਇਕੱਲਾ ਸਾਚਾ ਲਾੜਾ, ਸਾਚੇ ਅਸਵ ਸੋਲਾਂ ਕਲੀਆਂ ਆਸਣ ਪਾਈਆ । ਨੌ ਖੰਡ ਪ੍ਰਿਥਮੀ ਵੇਖੇ ਇਕ ਅਖਾੜਾ, ਪੰਚਮ ਧਾੜਾ ਨਾਲ ਮਿਲਾਈਆ । ਕਰੇ ਖੇਲ
੧੨੩੯ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਫੇਰਾ ਪਾਈਆ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਜੂਠ ਝੂਠ ਬੇੜਾ ਦਏ ਡੁਬਾਈਆ । ਨਾ ੧੨੩੯
੦੯ ਕੋਈ ਦੀਸੇ ਸ਼ਾਹ ਸਿਕਦਾਰਾ, ਸੀਸ ਤਾਜ ਨਾ ਕੋਇ ਰਖਾਈਆ । ਲੱਖ ਚੁਰਾਸੀ ਆਵੇ ਹਾਰਾ, ਏਕਾ ਭੁੱਲਿਆ ਹਰਿ ਹਰਿ ਸੱਚਾ ਮਾਹੀਆ । ਚਾਰ ੦੯
ਵਰਨ ਅਠਾਰਾਂ ਬਰਨ ਰੋਵਣ ਜ਼ਾਰੋ ਜ਼ਾਰਾ, ਜ਼ਾਹਰ ਜ਼ਹੂਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਆਪ ਖਲਾਈਆ । ਕਲਜੁਗ ਅੰਤਮ ਖੇਲ ਖਲਾਵਣਾ, ਪੁਰਖ ਅਬਿਨਾਸ਼ੀ ਸਾਚੀ ਕਾਰ । ਜੀਵ ਜੰਤ ਜਗਤ ਰੁਲਾਵਣਾ, ਚਾਰੋਂ ਕੁੰਟ ਧੂਆਂਧਾਰ । ਗੁਰਮੁਖ ਵਿਰਲਾ ਆਪ ਬਚਾਵਣਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਖ਼ਾਕੀ ਖ਼ਾਕ ਉਡੇ ਛਾਰ । ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਤੁੜਾਵਣਾ, ਨਾਮ ਖੰਡਾ ਮਾਰ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਕਰੇ ਅਗੰਮ ਅਪਾਰ । ਅਗੰਮ ਅਪਾਰ ਅਲੱਖਣਾ ਅਲੱਖ, ਲੇਖਾ ਲਿਖਤ ਵਿਚ ਨਾ ਆਈਆ । ਲੱਖ ਚੁਰਾਸੀ ਭਾਂਡੇ ਕਰੇ ਸਖ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ । ਜੂਨ ਅਜੂਨ ਹੋਏ ਪਰਤਖ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵੰਤ ਸਾਚੇ ਸੰਤ ਕਰੇ ਵੱਖ, ਲੱਖ ਚੁਰਾਸੀ ਫੋਲ ਫੁਲਾਈਆ । ਮਨਮੁਖ ਜੀਵਾਂ ਅੰਤਮ ਮੁਲ ਪਏ ਨਾ ਕੌਡੀ ਕੱਖ, ਹੱਟੋ ਹੱਟ ਆਪ ਵਿਕਾਈਆ । ਗੁਰਸਿਖਾਂ ਸਗਲ ਵਿਸੂਰੇ ਜਾਇਣ ਲੱਥ, ਜਿਸ ਸਤਿਗੁਰ ਪੂਰਾ ਦਰਸ ਦਿਖਾਈਆ । ਏਕਾ ਦੇਵੇ ਵਸਤ ਨਾਮ ਸਾਚੀ ਵੱਥ, ਵਾਹ ਵਾ ਗੁਰੂ ਵੱਡੀ ਵਡਿਆਈਆ । ਗੁਰ ਗੋਬਿੰਦ ਸਿੰਘ ਸੂਰਾ ਏਕਾ ਮਾਰਗ ਗਿਆ ਦੱਸ, ਪੁਰਖ ਅਕਾਲ ਇਕ ਮਨਾਈਆ । ਗੁਰਸਿਖ ਤੇਰਾ ਸੀਸ ਦੂਜੇ ਦਰ ਨਾ ਜਾਏ ਢੱਠ, ਤੇਰੀ ਕੀਮਤ ਕਰਤਾ ਆਪੇ ਪਾਈਆ ।

ਆਦਿ ਜੁਗਾਦਿ ਲਏ ਰੱਖ, ਰੱਖਣਹਾਰਾ ਇਕ ਅਖਵਾਈਆ । ਜਿਸ ਦਾ ਸੱਥਰ ਹਉਂ ਬੈਠਾ ਘਤ, ਲੇਖਾ ਜਾਣੇ ਥਾਉਂ ਥਾਈਆ । ਗੁਰਸਿਖ ਤੇਰਾ ਬੂਟਾ ਲਗਾਇਆ ਆਪਣੀ ਰੱਤ, ਰੱਤੀ ਰਤ ਆਪ ਸੁਕਾਈਆ । ਮੇਰਾ ਨਾਉਂ ਤੇਰੀ ਮਤ, ਦੂਜੀ ਧਾਰ ਨਾ ਕੋਇ ਵਖਾਈਆ । ਏਕਾ ਮਿਲੇ ਕਮਲਾਪਤ, ਪਾਰਬ੍ਰਹਮ ਵੱਡੀ ਵਡਿਆਈਆ । ਵੇਲੇ ਅੰਤਮ ਲਏ ਰੱਖ, ਰਾਏ ਧਰਮ ਨਾ ਦਏ ਸਜ਼ਾਈਆ । ਦੇਵੇ ਦਰਸ ਹੋ ਪਰਤੱਖ, ਨਿਹਕਲੰਕ ਨਿਰਗੁਣ ਨੂਰ ਨੂਰ ਰੁਸ਼ਨਾਈਆ । ਹਰਿ ਕਾ ਮੰਦਰ ਗੁਰੂਦਵਾਰ ਕਦੇ ਨਾ ਜਾਏ ਢੱਠ, ਇਟ ਗਾਰਾ ਨਾ ਕੋਇ ਲਗਾਈਆ । ਦਿਵਸ ਰੈਣ ਵਜਾਏ ਅਨਹਦ ਸੱਟ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਤੇਰੇ ਅੰਦਰ ਦੂਈ ਦਵੈਤ ਨਾ ਹੋਵੇ ਫਟ, ਆਪਣਾ ਫਟ ਅੰਤਮ ਗਿਆ ਖੁਲਾਈਆ । ਨੌ ਖੰਡ ਵਖਾਏ ਤੇਰਾ ਹੱਟ, ਲੋਕਮਾਤ ਦਏ ਵਡਿਆਈਆ । ਆਵਣ ਜਾਵਣ ਛੁੱਟੇ ਤੀਰਥ ਤੱਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਕੋਇ ਨਾ ਪਾਈਆ । ਸਾਚਾ ਮਾਰਗ ਏਕਾ ਦੱਸ, ਸਤਿਜੁਗ ਸਾਚਾ ਰਾਹ ਵਖਾਈਆ । ਏਕਾ ਤਖ਼ਤ ਬਹੇ ਸਜ, ਤਖ਼ਤ ਤਾਜਾਂ ਵਾਲਾ ਸੱਚਾ ਸ਼ਹਿਨਸ਼ਾਹੀਆ । ਆਪਣਾ ਚਰਨ ਦਵਾਰ ਵਖਾਏ ਸਾਚਾ ਹਜ, ਮੱਕਾ ਮਦੀਨਾ ਫੇਰਾ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਪਰਦਾ ਲਏ ਕਜ, ਜੋ ਜਨ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਗੁਰ ਪੀਰ ਅਵਤਾਰ ਇਸ਼ਟ ਦੇਵ ਨਮੋ ਨਮੋ ਆਪਣਾ ਸੀਸ ਆਪ ਝੁਕਾਈਆ ।



੧੨੪੦

੦੯

✻ ੧੩ ਅੱਸੂ ੨੦੧੭ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਪਿੰਡ ਭੂਰੇ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਸਚ ਸੁਲਤਾਨਾ, ਤਖ਼ਤ ਨਿਵਾਸੀ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਖੇਲੇ ਖੇਲ ਦੋ ਜਹਾਨਾਂ, ਇਕ ਇਕੱਲਾ ਵੇਸ ਵਟਾਇੰਦਾ । ਏਕੰਕਾਰਾ ਵਡ ਬਲਵਾਨਾ, ਜੋਧਾ ਸੂਰਬੀਰ ਬਲੀ ਬਲਵਾਨ ਆਪ ਅਖਵਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਵਸੇ ਸਚ ਮਕਾਨਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਦਰ ਦਵਾਰ ਹੋਏ ਦਰਬਾਨਾ, ਦਰ ਦਰਵੇਸ਼ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਗੁਣ ਨਿਧਾਨਾ, ਭੇਵ ਅਭੇਦਾ ਭੇਵ ਛੁਪਾਇੰਦਾ । ਸਾਚਾ ਤਖ਼ਤ ਕਰ ਪਰਵਾਨਾ, ਆਸਣ ਸਿੰਘਾਸਣ ਇਕ ਸੁਹਾਇੰਦਾ । ਆਦਿ ਜੁਗਾਦੀ ਧੁਰ ਫ਼ਰਮਾਣਾ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਜੁਗਾ ਜੁਗੰਤਰ ਖੇਲੇ ਖੇਲ ਮਹਾਨਾ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵੇਸ ਵਟਾਇੰਦਾ । ਇਕ ਇਕੱਲਾ ਏਕੰਕਾਰਾ, ਆਦਿ ਜੁਗਾਦਿ ਸਮਾਇਆ । ਸਚਖੰਡ ਸੁਹਾਏ ਇਕ ਦਵਾਰਾ, ਥਿਰ ਘਰ ਸਾਚੀ ਸੇਜ ਹੰਢਾਇਆ । ਅਲੱਖ ਅਗੋਚਰ ਅਗੰਮ ਅਪਾਰਾ, ਬੇਪਰਵਾਹ ਭੇਵ ਨਾ ਰਾਇਆ । ਹੁਕਮੀ ਹੁਕਮ ਵਰਤੇ ਵਰਤਾਰਾ, ਜੁਗ ਕਰਤਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਧਾਰ ਆਪ ਚਲਾਇਆ । ਸਾਚੀ ਧਾਰ ਹਰਿ ਚਲਾਇੰਦਾ, ਪਾਰਬ੍ਰਹਮ ਕਰਤਾਰ । ਦਰਗਹਿ ਸਾਚੀ ਧਾਮ ਸੁਹਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਆਪ ਆਪਣਾ ਰੂਪ ਪਰਗਟਾਇੰਦਾ, ਨਿਰਵੈਰ ਨਿਰਾਕਾਰ । ਜੂਨੀ ਰਹਿਤ ਆਪ ਅਖਵਾਇੰਦਾ, ਮੂਰਤ ਅਕਾਲ ਹੋ ਉਜਿਆਰ ।

ਸਤਿ ਨਾਮ ਆਪਣਾ ਆਪ ਧਰਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਕਰਤਾ ਪੁਰਖ ਕਿਰਤ ਕਰਾਇੰਦਾ, ਦਰ ਘਰ ਸਾਚਾ ਖੋਲ੍ਹ ਕਿਵਾੜ । ਹੁਕਮੀ ਹੁਕਮ ਇਕ ਸੁਣਾਇੰਦਾ, ਧੁਰ ਫ਼ਰਮਾਣਾ ਬੋਲ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਗਹਿ ਸਾਚੇ ਧਾਮ ਵਡਿਆਇੰਦਾ । ਦਰਗਹਿ ਸਾਚੀ ਧਾਮ ਅਵੱਲਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਬੈਠਾ ਇਕ ਇਕੱਲਾ, ਏਕੰਕਾਰਾ ਰੂਪ ਵਟਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਨੇਹਚਲ ਧਾਮ ਆਪੇ ਖਲਾ, ਸ੍ਰੀ ਭਗਵਾਨ ਸੰਗ ਨਿਭਾਈਆ । ਪਾਰਬ੍ਰਹਮ ਸਚ ਸੰਦੇਸ਼ ਨਰ ਨਰੇਸ਼ ਨਿਰਾਕਾਰ ਏਕਾ ਘੱਲਾ, ਏਕਾ ਧੁਨ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਚ ਸਿੰਘਾਸਣ ਆਪ ਸੋਹੇ ਪੁਰਖ ਅਬਿਨਾਸ਼ਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਇੰਦਾ । ਨਿਰਗੁਣ ਬਣਾਏ ਨਿਰਗੁਣ ਬਣਤ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਨਾਰ ਨਿਰਗੁਣ ਕੰਤ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਮਹਿਮਾ ਗਾਏ ਅਗਣਤ, ਬੋਧ ਅਗਾਧਾ ਆਪਣਾ ਨਾਉਂ ਉਪਜਾਇੰਦਾ । ਨਿਰਗੁਣ ਆਦਿ ਨਿਰਗੁਣ ਅੰਤ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਨਾਮ ਨਿਰਗੁਣ ਮੰਤ, ਨਿਰਗੁਣ ਸ਼ਬਦੀ ਸ਼ਬਦ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਖੋਲ੍ਹ ਕਿਵਾੜਾ, ਏਕੰਕਾਰਾ ਆਸਣ ਲਾਇੰਦਾ । ਸਚਖੰਡ ਦਵਾਰਾ ਹਰਿ ਸੁਹਾਇੰਦਾ, ਇਕ ਇਕੱਲਾ ਏਕੰਕਾਰ । ਦੀਪਕ ਜੋਤੀ ਇਕ ਟਿਕਾਇੰਦਾ, ਆਦਿ ਜੁਗਾਦਿ ਰਹੇ ਉਜਿਆਰ । ਸੂਰਜ ਚੰਨ ਨਾ ਕੋਇ ਚੜ੍ਹਾਇੰਦਾ, ਮੰਡਲ ਮੰਡਪ ਨਾ ਕੋਇ ਸਹਾਰ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਵੇਖ ਵਖਾਇੰਦਾ, ਤ੍ਰੈਗੁਣ ਮਾਇਆ ਨਾ ਕੋਇ ਭੰਡਾਰ । ਪੰਜ ਤਤ ਨਾ ਜੋੜ ਜੁੜਾਇੰਦਾ, ਕਾਇਆ ਗੜ੍ਹ ਨਾ ਕੋਇ ਆਕਾਰ । ਵੇਦ ਪੁਰਾਨ ਨਾ ਕੋਇ ਗਾਇੰਦਾ, ਸ਼ਾਸਤਰ ਸਿਮਰਤ ਨਾ ਕੋਇ ਵਿਚਾਰ । ਚਾਰੇ ਖਾਣੀ ਨਾ ਕੋਇ ਬਣਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਨਾ ਬੰਨ੍ਹੇ ਕੋਇ ਧਾਰ । ਚਾਰੇ ਬਾਣੀ ਨਾ ਕੋਈ ਸੁਣਾਇੰਦਾ, ਪਰਾ ਪਸੰਤੀ ਮਧਮ ਬੈਖਰੀ ਨਾ ਦਏ ਉਚਾਰ । ਚਾਰੇ ਜੁਗ ਨਾ ਵੰਡ ਵੰਡਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕੋਇ ਨਾ ਜਾਣੇ ਵਾਰ । ਗੁਰ ਪੀਰ ਨਾ ਕੋਇ ਅਖਵਾਇੰਦਾ, ਸਾਧ ਸੰਤ ਨਾ ਕੋਇ ਪਸਾਰ । ਭਗਤ ਭਗਵੰਤ ਨਾ ਕੋਇ ਗਾਇੰਦਾ, ਰਸਨਾ ਜਿਹਵਾ ਕਰ ਆਧਾਰ । ਬੱਤੀ ਦੰਦ ਨਾ ਕੋਇ ਸਾਲਾਹਿੰਦਾ, ਪਵਣ ਸਵਾਸ ਨਾ ਪਾਵੇ ਸਾਰ । ਜੰਗਲ ਜੂਹ ਉਜਾੜ ਪਹਾੜ ਨਾ ਕੋਇ ਵਖਾਇੰਦਾ, ਸਮੁੰਦ ਸਾਗਰ ਨਾ ਕੋਇ ਜਲਧਾਰ । ਕਰੋੜ ਤੇਤੀਸਾ ਨਾ ਨਾਚ ਨਚਾਇੰਦਾ, ਸੁਰਪਤ ਇੰਦ ਨਾ ਵਾਜਾਂ ਰਿਹਾ ਮਾਰ । ਗਣ ਗੰਧਰਬ ਨਾ ਕੋਇ ਵਖਾਇੰਦਾ, ਕਿਨਰ ਯੱਛਪ ਨਾ ਕੋਇ ਨਚਾਰ । ਚੌਦਾਂ ਵਿਦਿਆ ਨਾ ਕੋਇ ਪੜ੍ਹਾਇੰਦਾ, ਚੌਦਾਂ ਲੋਕ ਨਾ ਕੋਇ ਪਸਾਰ । ਚੌਦਾਂ ਤਬਕ ਨਾ ਹੱਟ ਖੁਲ੍ਹਾਇੰਦਾ, ਖੇਲੇ ਖੇਲ ਅਗੰਮ ਅਪਾਰ । ਸਚਖੰਡ ਦਵਾਰਾ ਇਕ ਸੁਹਾਇੰਦਾ, ਆਪ ਆਪਣੀ ਕਿਰਪਾ ਧਾਰ । ਨਿਰਗੁਣ ਸਾਚਾ ਸੋਭਾ ਪਾਇੰਦਾ, ਪਾਰਬ੍ਰਹਮ ਸੱਚੀ ਸਰਕਾਰ । ਸਚ ਸਿੰਘਾਸਣ ਇਕ ਸੁਹਾਇੰਦਾ, ਸ਼ਾਹੋ ਭੂਪ ਬਣ ਸਿਕਦਾਰ । ਸੀਸ ਆਪਣੇ ਤਾਜ ਟਿਕਾਇੰਦਾ, ਪੰਚਮ ਮੁਖ ਮੁਖ ਪਿਆਰ । ਸੱਤ ਰੰਗ ਨਿਸ਼ਾਨਾ ਆਪ ਚੜ੍ਹਾਇੰਦਾ, ਦਰਗਹਿ ਸਾਚੀ ਪਰਵਰਦਿਗਾਰ । ਮੁਕਾਮੇ ਹੱਕ ਡੇਰਾ ਲਾਇੰਦਾ, ਜੋਤੀ ਨੂਰ ਕਰ ਉਜਿਆਰ । ਆਦਿ ਜੁਗਾਦੀ ਡਗਮਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

੧੨੪੨

ਵਸੇ ਸਾਚੇ ਘਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਹਰਿ ਸੁਹਾਇੰਦਾ, ਏਕਾ ਰੰਗ ਸਮਾਏ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਜੂਨੀ ਰਹਿਤ ਬੇਪਰਵਾਹੇ । ਅਨਭਵ ਆਪਣਾ ਪਰਕਾਸ਼ ਕਰਾਇੰਦਾ, ਪਰਕਾਸ਼ ਪਰਕਾਸ਼ ਵਿਚ ਟਿਕਾਏ । ਨਿਰਭੌ ਭੈ ਨਾ ਕੋਇ ਜਣਾਇੰਦਾ, ਭੈ ਭਿਆਨਕ ਆਪਣਾ ਆਪ ਹੋਏ ਸਹਾਏ । ਅਚਨ ਅਚਾਨਕ ਆਪਣਾ ਰੂਪ ਪਰਗਟਾਇੰਦਾ, ਮਾਤ ਪਿਤ ਨਾ ਕੋਇ ਸੁਹਾਏ । ਜਗਤ ਸਿਆਣਪ ਨਾ ਕੋਇ ਰਖਾਇੰਦਾ, ਧੁਰ ਫ਼ਰਮਾਣਾ ਹੁਕਮ ਸੁਣਾਏ । ਵਣਜ ਵਣਜਾਰਾ ਹੱਟ ਨਾ ਕੋਇ ਖੁਲਾਇੰਦਾ, ਦਰ ਘਰ ਸਾਚਾ ਇਕ ਉਪਾਏ । ਆਪ ਆਪਣੀ ਜੋਤ ਜਗਾਇੰਦਾ, ਬਿਮਲ ਰੂਪ ਸੱਚਾ ਸ਼ਹਿਨਸ਼ਾਹੇ । ਸਚ ਸਿੰਘਾਸਣ ਆਸਣ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਾਚੇ ਘਰ, ਸਚਖੰਡ ਦਵਾਰਾ ਆਪ ਵਡਿਆਏ । ਸਚਖੰਡ ਦਵਾਰ ਸੁਹੰਜਣਾ, ਪੁਰਖ ਅਬਿਨਾਸ਼ੀ ਆਪ ਸੁਹਾਇਆ । ਜੋਤ ਜਗਾਏ ਇਕ ਨਿਰੰਜਣਾ, ਆਦਿ ਜੁਗਾਦਿ ਰਹੇ ਰੁਸ਼ਨਾਇਆ । ਨਾ ਘੜਿਆ ਨਾ ਭੱਜਣਾ, ਨਾ ਮਰੇ ਨਾ ਜਾਇਆ । ਨਾ ਕੋਈ ਸਰੋਵਰ ਨਾ ਕੋਈ ਮਜਨਾ, ਨਹਾਵਣ ਨਹੌਣ ਨਾ ਕੋਇ ਨੁਹਾਇਆ । ਨਾ ਕੋਈ ਨਗਾਰਾ ਨਾ ਕੋਈ ਤਾਲ ਵੱਜਣਾ, ਨਾਦ ਅਨਾਦ ਨਾ ਕੋਇ ਸੁਣਾਇਆ । ਇਕ ਇਕੱਲਾ ਘਰ ਸਾਚੇ ਬੈਠਾ ਏਕਾ ਸਜਣਾ, ਆਪ ਆਪਣਾ ਸੰਗ ਨਿਭਾਇਆ । ਆਦਿ ਜੁਗਾਦਿ ਚਲਾਏ ਆਪਣਾ ਜਹਾਜਨਾ, ਰਥ ਰਥਵਾਹੀ ਹਰਿ ਰਘਰਾਇਆ । ਸਚਖੰਡ ਦਵਾਰੇ ਬਹਿ ਕਰੇ ਆਪਣਾ ਕਾਜਨਾ, ਕਰਤਾ ਪੁਰਖ ਸੇਵ ਕਮਾਇਆ । ਸ਼ਬਦ ਅਗੰਮੀ ਮਾਰੇ ਵਾਜਣਾ, ਨਾਉਂ ਨਿਰੰਕਾਰਾ ਆਪ ਪਰਗਟਾਇਆ । ਆਪੇ ਦੇਵੇ ਆਪਣਾ ਦਾਜਨਾ, ਆਪਣੀ ਵਸਤ ਆਪੇ ਝੋਲੀ ਪਾਇਆ । ਆਪੇ ਕਰੇ ਆਪਣੀ ਸਾਜਣਾ, ਸਾਜਣਹਾਰ ਆਪ ਅਖਵਾਇਆ । ਆਪੇ ਰੱਖੇ ਆਪਣੀ ਲਾਜਨਾ, ਪਾਰਬ੍ਰਹਮ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਇਕ ਸੁਹਾਇਆ । ਸਚਖੰਡ ਦਵਾਰ ਸੁਹਾਵਣਾ, ਸੋ ਪੁਰਖ ਨਿਰੰਜਣ ਆਪ ਸੁਹਾਏ । ਹਰਿ ਪੁਰਖ ਨਿਰੰਜਣ ਡੇਰਾ ਲਾਵਣਾ, ਏਕੰਕਾਰਾ ਜੋਤ ਜਗਾਏ । ਆਦਿ ਨਿਰੰਜਣ ਡਗਮਗਾਵਣਾ, ਸਾਚੇ ਮੰਦਰ ਹੋਏ ਰੁਸ਼ਨਾਏ । ਸ੍ਰੀ ਭਗਵਾਨ ਤਖ਼ਤ ਸੁਹਾਵਣਾ, ਅਬਿਨਾਸ਼ੀ ਕਰਤਾ ਸੇਜ ਹੰਢਾਏ । ਪਾਰਬ੍ਰਹਮ ਨਿਉਂ ਨਿਉਂ ਆਪਣੇ ਅੱਗੇ ਸੀਸ ਝੁਕਾਵਣਾ, ਏਕਾ ਮੰਗਣ ਮੰਗ ਮੰਗਾਏ । ਸਤਿ ਪੁਰਖ ਨਿਰੰਜਣ ਦਇਆ ਕਮਾਵਣਾ, ਦੇਵਣਹਾਰਾ ਬੇਪਰਵਾਹੇ । ਆਪਣੀ ਵੰਡ ਆਪ ਵੰਡਾਵਣਾ, ਨਿਰਗੁਣ ਨਿਰਗੁਣ ਵੇਸ ਧਰਾਏ । ਆਪਣਾ ਰੰਗ ਆਪ ਰੰਗਾਵਣਾ, ਰੂਪ ਰੰਗ ਨਾ ਕੋਇ ਜਣਾਏ । ਆਪਣਾ ਸੰਗ ਆਪ ਨਿਭਾਵਣਾ, ਦੂਸਰ ਸੰਗ ਨਾ ਕੋਇ ਵਖਾਏ । ਆਪਣਾ ਬੰਕ ਆਪ ਸੁਹਾਵਣਾ, ਸਚਖੰਡ ਵੱਜੇ ਵਧਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਹੋ ਜਾਏ । ਨਿਰਗੁਣ ਦਾਤਾ ਬਣ ਭੰਡਾਰੀ, ਨਿਰਗੁਣ ਵਸਤ ਵੰਡਾਇੰਦਾ । ਨਿਰਗੁਣ ਦਰਵੇਸ਼ ਬਣੇ ਭਿਖਾਰੀ, ਨਿਰਗੁਣ ਭਿਛਿਆ ਝੋਲੀ ਪਾਇੰਦਾ । ਨਿਰਗੁਣ ਖੇਲੇ ਖੇਲ ਅਗੰਮ ਅਪਾਰੀ, ਨਿਰਗੁਣ ਅਲੱਖ ਅਗੋਚਰ ਆਪ ਅਖਵਾਇੰਦਾ । ਨਿਰਗੁਣ ਜੋਤ ਜਗੇ ਨਿਰੰਕਾਰੀ, ਨਿਰਗੁਣ ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਜੋਤੀ ਰਹੇ ਕਵਾਰੀ, ਨਿਰਗੁਣ ਨਾਰੀ ਕੰਤ ਆਪ ਪਰਨਾਇੰਦਾ । ਨਿਰਗੁਣ ਸੇਜ ਰਿਹਾ ਸਵਾਰੀ, ਸਚ ਸਿੰਘਾਸਣ ਇਕ ਵਛਾਇੰਦਾ । ਨਿਰਗੁਣ ਮੇਲਾ ਹਰਿ ਭਤਾਰੀ, ਕੰਤ ਕੰਤੂਲ ਸੋਭਾ ਪਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰੀ, ਨਿਰਗੁਣ ਗੁਪਤ ਜ਼ਾਹਰੀ ਵੇਸ ਵਟਾਇੰਦਾ । ਨਿਰਗੁਣ ਭੋਗ ਬਿਲਾਸ

ਕਰਾਇੰਦਾ । ਨਿਰਗੁਣ ਸੁਹਾਏ ਉਚ ਮਹੱਲ ਅਟੱਲ ਮੁਨਾਰੀ, ਨਿਰਗੁਣ ਸੋਭਾ ਪਾਇੰਦਾ । ਨਿਰਗੁਣ ਜੋਤ ਜਗਾਏ ਇਕ ਉਜਿਆਰੀ, ਦੀਵਾ ਬੱਤੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਮੇਲਾ ਆਪਣਾ ਆਪ ਮਿਲਾਇੰਦਾ । ਨਿਰਗੁਣ ਮੇਲ ਮਿਲਾਇੰਦਾ, ਨਿਰਗੁਣ ਕਰ ਪਿਆਰ । ਨਿਰਗੁਣ ਅੰਗ ਲਗਾਇੰਦਾ, ਨਿਰਗੁਣ ਦਏ ਆਧਾਰ । ਨਿਰਗੁਣ ਨਿਰਗੁਣ ਵਿਚ ਸਮਾਇੰਦਾ, ਨਿਰਗੁਣ ਨਿਰਗੁਣ ਵਿਚੋਂ ਆਏ ਬਾਹਰ । ਨਿਰਗੁਣ ਸੁਤ ਦੁਲਾਰਾ ਜਾਇੰਦਾ, ਜਨਨੀ ਬਣੇ ਆਪ ਨਿਰੰਕਾਰ । ਆਪੇ ਆਪਣੀ ਗੋਦ ਸੁਹਾਇੰਦਾ, ਆਪੇ ਵੇਖੇ ਨੈਣ ਉਘਾੜ । ਆਪੇ ਆਪਣਾ ਰਸ ਪਿਆਇੰਦਾ, ਰਸ ਰਸੀਆ ਰਸਾਂ ਵਸੇ ਬਾਹਰ । ਆਪੇ ਆਪਣਾ ਦਾਸ ਬਣਾਇੰਦਾ, ਕਰ ਕਿਰਪਾ ਹਰਿ ਮਿਹਰਵਾਨ । ਆਪੇ ਆਪਣਾ ਵਾਸ ਰਖਾਇੰਦਾ, ਦੇਵਣਹਾਰਾ ਸਾਚਾ ਦਾਨ । ਆਪੇ ਜੋਤ ਪਰਕਾਸ਼ ਕਰਾਇੰਦਾ, ਆਦਿ ਜੁਗਾਦਿ ਰਹੇ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਪਜਾਏ ਸਾਚਾ ਸੁਤ, ਦੇਵਣਹਾਰਾ ਸਾਚਾ ਵਰ, ਸ਼ਬਦ ਸ਼ਬਦੀ ਖੇਲ ਖਿਲਾਇੰਦਾ । ਸ਼ਬਦ ਦੁਲਾਰਾ ਸਾਚਾ ਲਾਲ, ਸੋ ਪੁਰਖ ਨਿਰੰਜਣ ਆਪ ਉਪਾਇਆ । ਹਰਿ ਪੁਰਖ ਨਿਰੰਜਣ ਕਰੇ ਸਦਾ ਪ੍ਰਿਤਪਾਲ, ਆਦਿ ਜੁਗਾਦਿ ਹੋਏ ਸਹਾਇਆ । ਏਕੰਕਾਰਾ ਬਣੇ ਦਲਾਲ, ਦੋ ਜਹਾਨਾਂ ਵੇਖ ਵਖਾਇਆ । ਆਦਿ ਨਿਰੰਜਣ ਦੀਪਕ ਬਾਲ, ਕਰੇ ਕਰਾਏ ਸੱਚੀ ਰੁਸ਼ਨਾਇਆ । ਅਬਿਨਾਸ਼ੀ ਕਰਤਾ ਦੇਵੇ ਸਚ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਭਰਾਇਆ । ਸ੍ਰੀ ਭਗਵਾਨ ਦਾਸ ਬਣਾਏ ਕਾਲ ਮਹਾਂਕਾਲ, ਧਰਮਸਾਲ ਇਕ ਸੁਹਾਇਆ । ਪਾਰ
੧੨੪੩ ਬ੍ਰਹਮ ਪ੍ਰਭ ਲਾਏ ਫੁਲ ਡਾਲ੍ਹ, ਫੁਲ ਫੁਲਵਾੜੀ ਵੇਖ ਵਖਾਇਆ । ਆਦਿ ਪੁਰਖ ਚਲੇ ਅਵੱਲੜੀ ਚਾਲ, ਲੇਖਾ ਲੇਖ ਨਾ ਕੋਇ ਲਿਖਾਇਆ । ਜੋਤੀ ੧੨੪੩
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਇਕ ਸੁਹਾਇਆ । ਸਚਖੰਡ ਦਵਾਰਾ ਹਰਿ ਉਪਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਚਾਰ ਦੀਵਾਰ ਨਾ ਕੋਇ ਬਣਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਇਕ ਇਕੱਲਾ ਬੈਠਾ ਆਸਣ ਲਾਇਆ, ਸਵਛ ਸਰੂਪ ਬੇਪਰਵਾਹੀਆ । ਸ਼ਾਹੋ ਭੂਪ ਬੰਕ ਸੁਹਾਇਆ, ਆਦਿ ਅੰਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਪਾਰਬ੍ਰਹਮ ਆਪ ਅਖਵਾਇੰਦਾ । ਅਕਾਲ ਪੁਰਖ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਨਿਰਗੁਣ ਨਿਰਵੈਰ ਦੇਵੇ ਇਕ ਸਲਾਹ, ਸਿਫਤ ਸਾਲਾਹੀ ਭੇਵ ਨਾ ਆਇੰਦਾ । ਸਚਖੰਡ ਦਵਾਰਾ ਰਚਨ ਰਚਾ, ਆਪਣਾ ਮੰਦਰ ਵੇਖ ਵਖਾਇੰਦਾ । ਆਪਣੀ ਇਛਿਆ ਆਪਣੀ ਭਿਛਿਆ ਆਪੇ ਝੋਲੀ ਦਏ ਭਰਾ, ਆਸਾ ਆਸਾ ਵਿਚ ਟਿਕਾਇੰਦਾ । ਸਚਖੰਡ ਅੰਦਰ ਥਿਰ ਘਰ ਲਏ ਉਪਾ, ਘਰ ਘਰ ਵਿਚ ਜੋਤ ਜਗਾਇੰਦਾ । ਸ਼ਬਦ ਸੁਤ ਵਿਚ ਦਏ ਬਹਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਇੰਦਾ । ਘਰ ਵਿਚ ਘਰ ਘਰ ਉਪਾਇਆ, ਥਿਰ ਘਰ ਖ਼ੁਸ਼ੀ ਮਨਾਈਆ । ਆਪਣਾ ਜਾਇਆ ਵਿਚ ਬਹਾਇਆ, ਜੋਤੀ ਜਾਤਾ ਵੇਖ ਵਖਾਈਆ । ਦਾਈ ਦਾਇਆ ਸੇਵ ਕਮਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਹੁਕਮੀ ਹੁਕਮ ਆਪ ਵਰਤਾਇਆ, ਵਰਤੇ ਹੁਕਮ ਸੱਚਾ ਸ਼ਹਿਨਸ਼ਾਹੀਆ । ਹਰਿ ਹਰਿ ਕਰਤੇ ਖੇਲ ਰਚਾਇਆ, ਆਪਣਾ ਬੰਸ ਆਪ ਉਪਾਈਆ । ਆਪਣਾ ਪਰਚਾ ਆਪਣੇ ਅੱਗੇ ਆਪੇ ਪਾਇਆ, ਦੂਜਾ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਏਕਾ

ਹਰਿ, ਸੁਤ ਦੁਲਾਰਾ ਰਿਹਾ ਸੁਹਾਈਆ । ਸੁਤ ਦੁਲਾਰਾ ਬਾਲ ਅਵਾਣਾ, ਸ਼ਬਦੀ ਸੀਸ ਝੁਕਾਇੰਦਾ । ਤੂੰ ਸਾਹਿਬ ਸੁਲਤਾਨਾ ਸੱਚਾ ਰਾਣਾ, ਸਾਚੇ ਤਖ਼ਤ ਸੋਭਾ ਪਾਇੰਦਾ । ਹਉਂ ਯਾਚਕ ਗ਼ਰੀਬ ਨਿਮਾਣਾ, ਦਰ ਤੇਰੇ ਅਲੱਖ ਜਗਾਇੰਦਾ । ਸਮਰਥ ਪੁਰਖ ਸਿਰ ਹੱਥ ਟਿਕਾਨਾ, ਤੇਰੀ ਓਟ ਇਕ ਤਕਾਇੰਦਾ । ਤੇਰਾ ਨਾਉਂ ਮੇਰਾ ਗਾਣਾ, ਮੇਰਾ ਗਾਣਾ ਤੇਰਾ ਨਾਉਂ ਅਲਾਇੰਦਾ । ਤੇਰਾ ਹੁਕਮ ਮੇਰਾ ਭਾਣਾ, ਮੇਰਾ ਭਾਣਾ ਤੇਰਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਵੇਖੇ ਖੜ, ਆਪਣਾ ਦਵਾਰਾ ਆਪ ਖੁਲਾਇੰਦਾ । ਸ਼ਬਦ ਦੁਲਾਰਾ ਕਰੇ ਪੁਕਾਰ, ਪ੍ਰਭ ਅਗੇ ਸੀਸ ਝੁਕਾਈਆ । ਹਉਂ ਸੇਵਕ ਵਰਦਾ ਸੇਵਾਦਾਰ, ਤੂੰ ਪਾਤਸ਼ਾਹਾਂ ਸਿਰ ਪਾਤਸ਼ਾਹੀਆ । ਆਦਿ ਜੁਗਾਦਿ ਬਣਿਆ ਰਹਾਂ ਭਿਖਾਰ, ਸਚਖੰਡ ਦਵਾਰਾ ਰਾਹ ਤਕਾਈਆ । ਤੂੰ ਬਣਿਆ ਰਹਿਣਾ ਵਰਤਾਰ, ਮੇਰੀ ਤ੍ਰਿਸ਼ਨਾ ਭੁੱਖ ਮਿਟਾਈਆ । ਬਿਨ ਤੁਧ ਅਵਰ ਨਾ ਮੰਗਾਂ ਕੋਇ ਦਰਬਾਰ, ਦੂਜੀ ਅਵਰ ਨਾ ਕੋਇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਖ਼ਸ਼ਿਸ਼ ਤੇਰੇ ਹੱਥ ਵਡਿਆਈਆ । ਪੁਰਖ ਅਬਿਨਾਸ਼ੀ ਦੀਆ ਦਾਨ, ਸਾਚੇ ਸੁਤ ਸੁਤ ਸਮਝਾਇੰਦਾ । ਆਦਿ ਜੁਗਾਦਿ ਸੁਣਾਏ ਧੁਰ ਫ਼ਰਮਾਣ, ਆਪਣਾ ਨਾਉਂ ਤੇਰੀ ਝੋਲੀ ਪਾਇੰਦਾ । ਤੇਰਾ ਨਾਉਂ ਮੇਰਾ ਨਿਸ਼ਾਨ, ਦੋ ਜਹਾਨ ਇਕ ਵਖਾਇੰਦਾ । ਤੇਰਾ ਮਾਣ ਮੇਰਾ ਤਾਣ, ਨਿਗਹਬਾਨ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਮੇਲਾ ਮੇਲ ਮਿਲਾਇੰਦਾ । ਸ਼ਬਦ ਸੁਤ ਨਿਵਾਏ ਸੀਸ, ਨਿਉਂ ਨਿਉਂ ਕਰੇ ਨਿਮਸਕਾਰਾ । ਪਾਰਬ੍ਰਹਮ ਸਚ ਜਗਦੀਸ਼, ਹਉਂ ਸੇਵਕ ਖੜਾ ਦਵਾਰਾ । ਏਕਾ ਛੱਤਰ ਵੇਖਾਂ ਤੇਰੇ ਸੀਸ, ਦੋ ਜਹਾਨ ਬਣਿਆ ਰਹੇ ਸੱਚਾ ਸਿਕਦਾਰਾ । ਜੁਗਾ ਜੁਗੰਤਰ ਤੇਰਾ ਪੀਸਣ ਲਵਾਂ ਪੀਸ, ਹੁਕਮੀ ਹੁਕਮ ਵਰਤੇ ਵਰਤਾਰਾ । ਇਕ ਉਪਜਾਏ ਸਚ ਹਦੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦੇਵੇ ਵਰ ਏਕੰਕਾਰਾ । ਏਕੰਕਾਰ ਦਇਆ ਕਮਾਇੰਦਾ, ਦਇਆਨਿਧ ਸ੍ਰੀ ਭਗਵਾਨ । ਆਪਣੇ ਸੁਤ ਸੇਵ ਲਗਾਇੰਦਾ, ਅਬਿਨਾਸ਼ੀ ਅਚੁੱਤ ਵਡ ਮਿਹਰਵਾਨ । ਧੁਰ ਫ਼ਰਮਾਣਾ ਇਕ ਸੁਣਾਇੰਦਾ, ਵੰਡੇ ਵੰਡ ਗੁਣ ਨਿਧਾਨ । ਨਿਰਗੁਣ ਨਿਰਗੁਣ ਅੰਗ ਕਟਾਇੰਦਾ, ਵਿਸ਼ਵ ਰੂਪ ਕਰ ਪਰਵਾਨ । ਵਿਸ਼ਨ ਆਪਣੀ ਅੰਸ ਬਣਾਇੰਦਾ, ਆਪੇ ਰੱਖਣਹਾਰਾ ਮਾਣ । ਨਿਰਾਕਾਰ ਸਾਕਾਰ ਹੋ ਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚਾ ਤਖ਼ਤ ਆਪ ਸੁਹਾਇੰਦਾ । ਸ਼ਬਦ ਦੁਲਾਰਾ ਉਠਿਆ, ਥਿਰ ਘਰ ਸਾਚੇ ਲਏ ਅੰਗੜਾਈਆ । ਸੋ ਪੁਰਖ ਨਿਰੰਜਣ ਏਕਾ ਤੁੱਠਿਆ, ਵਸਤ ਅਮੋਲਕ ਝੋਲੀ ਪਾਈਆ । ਆਦਿ ਜੁਗਾਦਿ ਨਾ ਜਾਏ ਲੁੱਟਿਆ, ਜੁਗ ਜੁਗ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਸੁ ਵੇਲਾ ਸੋਹਾਂ ਦਰ, ਆਦਿ ਪੁਰਖ ਦਏ ਸਮਝਾਈਆ । ਆਦਿ ਪੁਰਖ ਸਮਝਾਇੰਦਾ, ਕਰ ਕਿਰਪਾ ਮਿਹਰਵਾਨ । ਸੁਤ ਸ਼ਬਦ ਆਪ ਉਠਾਇੰਦਾ, ਦਾਤਾ ਦਾਨੀ ਦਇਆਵਾਨ । ਹੁਕਮੀ ਹੁਕਮ ਆਪ ਵਰਤਾਇੰਦਾ, ਸ਼ਾਹੋ ਭੂਪ ਹੁਕਮਰਾਨ । ਆਪਣਾ ਭੇਵ ਆਪ ਖੁਲਾਇੰਦਾ, ਲੇਖਾ ਲਿਖੇ ਨਾ ਕੋਇ ਗੁਣ ਨਿਧਾਨ । ਤੇਰੀ ਸਾਚੀ ਵੰਡ ਵੰਡਾਇੰਦਾ, ਵੰਡਣਹਾਰਾ ਆਪ ਭਗਵਾਨ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਇੰਦਾ, ਅੰਸ ਬੰਸ ਕਰ ਸੰਤਾਨ । ਤ੍ਰੈਗੁਣ ਮਾਇਆ ਰੂਪ ਪਰਗਟਾਇੰਦਾ, ਕਰੇ ਖੇਲ ਖੇਲ ਮਹਾਨ । ਲੱਖ ਚੁਰਾਸੀ ਭਾਂਡੇ ਆਪ ਘੜਾਇੰਦਾ, ਘਾੜਨ ਘੜੇ ਵਡ ਮਿਹਰਵਾਨ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੇ ਸ਼ਬਦ ਆਪ ਸਮਝਾਇੰਦਾ । ਸੁਤ ਦੁਲਾਰੇ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਤੇਰਾ ਇਕ ਨਿਸ਼ਾਨ, ਗਗਨ ਮੰਡਲ ਤੇਰੀ ਵਡਿਆਈਆ । ਸੂਰਜ ਚੰਨ ਮੰਗਣ ਤੇਰੇ ਕੋਲੋਂ ਦਾਨ, ਕਿਰਨ ਕਿਰਨ ਵਿਚ ਸਮਾਈਆ । ਮੰਡਲ ਮੰਡਪ ਜ਼ਿਮੀ ਅਸਮਾਨ, ਤੇਰੀ ਗੋਦ ਬਹਾਈਆ । ਜਲ ਬਿੰਬ ਕਰ ਪਰਵਾਨ, ਨੀਰ ਨੀਰ ਵਿਚ ਸਮਾਈਆ । ਲੱਖ ਚੁਰਾਸੀ ਨਿਗਹਬਾਨ, ਘਟ ਘਟ ਜੋਤ ਕਰੇ ਰੁਸ਼ਨਾਈਆ । ਤੇਰਾ ਸੰਗ ਨਿਭਾਏ ਬ੍ਰਹਮਾ ਵਿਸ਼ਨ ਸ਼ਿਵ ਏਕਾ ਦੇਣਾ ਸਾਚਾ ਦਾਨ, ਦਾਤਾ ਦਾਨੀ ਆਪ ਸਮਝਾਈਆ । ਵਿਸ਼ਨੂੰ ਘਰ ਘਰ ਰਿਜ਼ਕ ਪੁਚਾਏ ਆਣ, ਭੁੱਲ ਰਹੇ ਨਾ ਰਾਈਆ । ਬ੍ਰਹਮਾ ਬ੍ਰਹਮ ਕਰੇ ਪਰਧਾਨ, ਕੋਟਨ ਕੋਟ ਗੜ੍ਹ ਵਸਾਈਆ । ਸ਼ੰਕਰ ਅੰਤ ਕਰੇ ਕਲਿਆਣ, ਤ੍ਰੈਗੁਣ ਤ੍ਰਸੂਲ ਹੱਥ ਉਠਾਈਆ । ਕਰੇ ਖੇਲ ਸ੍ਰੀ ਭਗਵਾਨ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਥਿਰ ਘਰ ਸਾਚੇ ਆਪੇ ਖੜ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਦੁਲਾਰਾ ਨੌਜਵਾਨ, ਆਪਣੀ ਸੇਵ ਕਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਪਰਧਾਨ, ਸਾਚੀ ਸਿਖ਼ਿਆ ਇਕ ਸਮਝਾਇੰਦਾ । ਪਾਰਬ੍ਰਹਮ ਬ੍ਰਹਮ ਚਰਨ ਧਿਆਨ, ਦੂਜੀ ਲਿਵ ਨਾ ਕੋਇ ਧਰਾਇੰਦਾ । ਨਿਸ਼ ਅੱਖਰ ਦੇਵੇ ਇਕ ਗਿਆਨ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਨਾਮ ਨਿਧਾਨਾ ਮਾਰੇ ਬਾਣ, ਤਿਖ਼ੀ ਮੁਖੀ ਮੁਖ ਸਾਲਾਹਿੰਦਾ । ਚਾਰੋਂ ਕੁੰਟ ਹੋ ਪਰਧਾਨ, ਦਹਿ ਦਿਸ਼ਾਂ ਵੇਖ ਵਖਾਇੰਦਾ । ਚਾਰੇ ਵੇਦ ਗਾਏ ਗਾਣ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਸਾਚੇ ਸੁਤ ਹਰਿ ਸਮਝਾਇੰਦਾ । ਹਰਿ ਸਮਝਾਏ ਆਪਣੀ ਧਾਰ, ਨਿਸ਼ ਅੱਖਰ ਕਰੇ ਪੜ੍ਹਾਈਆ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਬੈਠਾ ਜੋਤ ਜਗਾਈਆ । ਨਿਰਗੁਣ ਸਰਗੁਣ ਦਏ ਆਧਾਰ, ਸਰਗੁਣ ਨਿਰਗੁਣ ਵਿਚ ਟਿਕਾਈਆ । ਬਣੇ ਵਚੋਲਾ ਆਪ ਕਰਤਾਰ, ਸਾਚਾ ਢੋਲਾ ਸ਼ਬਦ ਸੁਣਾਈਆ । ਬਣਿਆ ਤੋਲਾ ਤੋਲਣਹਾਰ, ਅਤੋਲ ਅਤੁਲ ਆਪ ਅਖਵਾਈਆ । ਕਰੇ ਖੇਲ ਅਪਰ ਅਪਾਰ, ਅਗੰਮ ਅਗੰਮੜੀ ਕਾਰ ਕਮਾਈਆ । ਕਾਗਦ ਕਲਮ ਨਾ ਲਿਖਣਹਾਰ, ਸਤ ਸਮੁੰਦਰ ਮਸ ਰੋਵੇ ਛਾਹੀਆ । ਪੁਰਖ ਅਬਿਨਾਸ਼ੀ ਸਭ ਤੋਂ ਵਸਿਆ ਬਾਹਰ, ਭੇਵ ਅਭੇਦਾ ਭੇਵ ਛੁਪਾਈਆ । ਆਪਣੀ ਰਚਨਾ ਰਚ ਸੰਸਾਰ, ਲੋਕਮਾਤ ਵੇਖ ਵਖਾਈਆ । ਘਾੜਨ ਘੜੇ ਅਪਰ ਅਪਾਰ, ਸਾਚੀ ਭੱਠੀ ਅਗਨ ਤਪਾਈਆ । ਜੋਤੀ ਲੰਬੂ ਲਾਏ ਏਕਾ ਵਾਰ, ਤਤਵ ਤਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਭੇਵ ਖੁਲ੍ਹਾਈਆ । ਭੇਵ ਖੁਲਾਏ ਪਾਰਬ੍ਰਹਮ, ਮਹਿਮਾ ਕਥ ਨਾ ਸਕੇ ਕੋਈ ਰਾਈਆ । ਆਦਿ ਜੁਗਾਦਿ ਨਾ ਮਰੇ ਨਾ ਪਏ ਜੰਮ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗਾ ਜੁਗੰਤਰ ਕਰਤਾ ਪੁਰਖ ਕਰੇ ਕਾਰਜ ਕੰਮ, ਕਰਨਹਾਰ ਆਪ ਹੋ ਜਾਈਆ । ਲੱਖ ਚੁਰਾਸੀ ਦੇਵੇ ਦਮ, ਪਵਣ ਸਵਾਸੀ ਸਵਾਸ ਸਮਾਈਆ । ਚਾਰੇ ਖਾਣੀ ਬੇੜਾ ਬੰਨ੍ਹ, ਧੁਰ ਦੀ ਬਾਣੀ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਸਿਖ਼ਿਆ ਹਰਿ ਸਮਝਾਈਆ । ਸਿਖ਼ਿਆ ਸਿੱਖ ਛੋਟਾ ਬਾਲਾ, ਸ਼ਬਦੀ ਸੀਸ ਝੁਕਾਇੰਦਾ । ਤੇਰਾ ਖੇਲ ਪੁਰਖ ਅਕਾਲਾ, ਲੋਕਮਾਤ ਖਲਾਇੰਦਾ । ਤੂੰ ਦੀਨਾਂ ਬੰਧੁ ਦੀਨ ਦਿਆਲਾ, ਦੇ ਦਇਆ ਤੇਰੀ ਮੰਗ ਮੰਗਾਇੰਦਾ । ਲੱਖ ਚੁਰਾਸੀ ਰਚੀ ਧਰਮਸਾਲਾ, ਘਰ ਘਰ ਤੇਰਾ ਮੰਦਰ ਬਣਾਇੰਦਾ । ਏਕਾ ਸ਼ਬਦ ਵਜਾਏ ਤਾਲਾ, ਅਨਹਦ ਸਾਚੀ ਸੇਵ ਲਗਾਇੰਦਾ । ਆਪਣਾ

੧੨੪੫ ੦੯

ਮਾਰਗ ਦੱਸਣਾ ਇਕ ਸੁਖ਼ਾਲਾ, ਕਵਣ ਵੇਲਾ ਮੇਲ ਮਿਲਾਇੰਦਾ । ਕਵਣ ਜੁਗ ਪੂਰੀ ਹੋਏ ਘਾਲਾ, ਚੌਕੜੀ ਜੁਗ ਕਵਣ ਬਿਤਾਇੰਦਾ । ਕਵਣ ਰੂਪ ਹੋਏ ਦਲਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਮੰਗਣ ਮੰਗ ਮੰਗਾਇੰਦਾ । ਦੇਵੇ ਵਰ ਪੁਰਖ ਅਬਿਨਾਸ਼ਾ, ਭੇਵ ਰਹੇ ਨਾ ਰਾਈਆ । ਸਾਚੇ ਸੁਤ ਰਖ ਭਰਵਾਸਾ, ਪੁਰਖ ਅਕਾਲ ਅਕਾਲ ਸਮਝਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਰਹਿਣਾ ਦਾਸੀ ਦਾਸਾ, ਲੱਖ ਚੁਰਾਸੀ ਸੇਵ ਕਮਾਈਆ । ਗਗਨ ਮੰਡਲ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੌਣੀ ਰਾਸਾ, ਲੱਖ ਚੁਰਾਸੀ ਗੋਪੀ ਕਾਹਨ ਨਚਾਈਆ । ਗੁਰ ਅਵਤਾਰ ਦੇਵਣ ਆਇਣ ਜਗਤ ਦਿਲਾਸਾ, ਹੁਕਮੀ ਹੁਕਮ ਇਕ ਸੁਣਾਈਆ । ਭਗਤਾਂ ਅੰਦਰ ਕਰ ਕਰ ਵਾਸਾ, ਜਗਤ ਵਾਸਨਾ ਬਾਹਰ ਕਢਾਈਆ । ਸੰਤਨ ਪੂਰੀ ਕਰੇ ਆਸਾ, ਆਲਸ ਨਿੰਦਰਾ ਰਹੇ ਨਾ ਰਾਈਆ । ਗੁਰਮੁਖਾਂ ਅੰਮ੍ਰਿਤ ਰਸ ਚਵਾਏ ਕਾਇਆ ਕਾਸਾ, ਨਿਝਰ ਝਿਰਨਾ ਆਪ ਝਿਰਾਈਆ । ਗੁਰਸਿਖਾਂ ਅੰਦਰ ਕਰੇ ਵਾਸਾ, ਗੁਰ ਮੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਨਿਰਗੁਣ ਨਿਰਗੁਣ ਭੇਵ ਖੁਲਾਇੰਦਾ, ਲਿਖਣ ਪੜ੍ਹਨ ਵਿਚ ਨਾ ਆਇਆ । ਪਿਤਾ ਪੂਤ ਆਪ ਸਮਝਾਇੰਦਾ, ਸਾਚਾ ਲੇਖਾ ਲੇਖੇ ਲਏ ਲਗਾਇਆ । ਨੌ ਨੌ ਚਾਰ ਪੰਧ ਮੁਕਾਇੰਦਾ, ਜੁਗ ਚੌਕੜੀ ਗੇੜਾ ਆਪ ਦਵਾਇਆ । ਸੂਰਜ ਚੰਨ ਆਪ ਭਵਾਇੰਦਾ, ਜ਼ਿਮੀ ਅਸਮਾਨ ਵੇਖ ਵਖਾਇਆ । ਲੱਖ ਚੁਰਾਸੀ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਵਟਾਇਆ । ਜੁਗ ਜੁਗ ਆਪਣਾ ਮਰਦੰਗ ਵਜਾਇੰਦਾ, ਏਕਾ ਨਾਉਂ ਕਰ ਰੁਸ਼ਨਾਇਆ । ਜੁਗ ਜੁਗ ਆਪਣਾ ਪੰਧ ਮੁਕਾਇੰਦਾ, ਪਾਂਧੀ ਹੋਏ ਹਰਿ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਉਂ ਦਏ ਦ੍ਰਿੜਾਇਆ । ਨਾਉਂ ਦ੍ਰਿੜਾਏ ਆਪ ਨਿਰੰਕਾਰ, ਨਿਰਵੈਰ ਖੇਲ ਖਿਲਾਈਆ । ਜੁਗ ਜੁਗ ਬੇੜਾ ਜਾਏ ਤਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਲੇਖਾ ਜਾਣੇ ਲੱਖ ਚੁਰਾਸੀ ਕਰ ਵਿਚਾਰ, ਨਵ ਸਤ ਫੋਲ ਫੁਲਾਈਆ । ਬ੍ਰਹਮ ਮਤ ਦਏ ਆਧਾਰ, ਏਕਾ ਤਤਵ ਤਤ ਸਮਝਾਈਆ । ਗਤ ਮਿਤ ਹੱਥ ਰੱਖੇ ਕਰਤਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੌ ਨੌ ਚਾਰ ਭੇਵ ਖੁਲਾਈਆ । ਨਵ ਨੌ ਚਾਰ ਭੇਵ ਖੁਲ੍ਹਾਇਆ, ਨਰ ਨਰਾਇਣ ਦਇਆ ਕਮਾਇੰਦਾ । ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ ਸਾਚਾ ਨਾਦ ਵਜਾਇਆ, ਲੋਆਂ ਪੁਰੀਆਂ ਆਪ ਸੁਣਾਇੰਦਾ । ਆਪਣੇ ਵਿਚੋਂ ਕਾਢ ਆਪਣੀ ਸੇਵਾ ਲਾਇਆ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਹੱਥ ਰੱਖੇ ਕਰਤਾਰ, ਕਰਤਾ ਭੇਵ ਨਾ ਕੋਇ ਪਾਇੰਦਾ । ਆਦਿ ਜੁਗਾਦੀ ਲੈ ਅਵਤਾਰ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਲੋਕਮਾਤ ਮਾਤ ਪਰਗਟਾਇੰਦਾ । ਭਗਤ ਭਗਵੰਤ ਕਰ ਪਿਆਰ, ਸਾਚੇ ਸੰਤ ਮੇਲ ਮਿਲਾਇੰਦਾ । ਪੰਜ ਤਤ ਕਾਇਆ ਕਰੇ ਸ਼ੰਗਾਰ, ਰੰਗ ਮਜੀਠੀ ਇਕ ਚੜ੍ਹਾਇੰਦਾ । ਜੋਤ ਜਗਾਏ ਡੂੰਘੀ ਗਾਰ, ਅੰਧ ਅੰਧੇਰ ਸਰਬ ਮਿਟਾਇੰਦਾ । ਸੁਖ਼ਮਨ ਨਾੜੀ ਕਰੇ ਪਾਰ, ਟੇਢੀ ਬੰਕ ਵੇਖ ਵਖਾਇੰਦਾ । ਈੜਾ ਪਿੰਗਲ ਕਰ ਵਿਚਾਰ, ਸਾਚੇ ਮਾਰਗ ਆਪੇ ਲਾਇੰਦਾ । ਨਾਭੀ ਕਵਲਾ ਅੰਮ੍ਰਿਤ ਧਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਕਵਲ ਕਵਲਾ ਮੁਖ ਉਘਾੜ, ਅੰਮ੍ਰਿਤ ਰਸ ਆਪ ਵਹਾਇੰਦਾ । ਆਪਣਾ ਨੇਤਰ ਆਪ ਉਘਾੜ, ਆਪਣਾ ਰੂਪ ਆਪ ਦਰਸਾਇੰਦਾ ।

ਨਾਤਾ ਤੋੜੇ ਪੰਚਮ ਧਾੜ, ਪੰਚਮ ਧੁਨ ਸ਼ਬਦ ਉਪਜਾਇੰਦਾ । ਅਨਹਦ ਗਾਏ ਆਪਣੀ ਵਾਰ, ਗੀਤ ਅਨਾਦੀ ਆਪ ਸੁਣਾਇੰਦਾ । ਸਾਚਾ ਲਾਏ ਇਕ ਅਖਾੜ, ਸਾਚੀ ਸਖੀਆਂ ਮੇਲ ਮਿਲਾਇੰਦਾ । ਸਾਚਾ ਹਾਣੀ ਸ਼ਬਦ ਕਰੇ ਪਿਆਰ, ਸੁਰਤ ਸਵਾਣੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੁਤ ਸ਼ਬਦ ਵਡਿਆਇੰਦਾ । ਸੁਤ ਸ਼ਬਦ ਬਲ ਲੈਣਾ ਰੱਖ, ਸਮਰਥ ਪੁਰਖ ਦਏ ਵਡਿਆਈਆ । ਜੁਗ ਜੁਗ ਹੋਏ ਆਪ ਪਰਤੱਖ, ਲੋਆਂ ਪੁਰੀਆਂ ਵੇਖ ਵਖਾਈਆ । ਲੱਖ ਚੁਰਾਸੀ ਕੀਮਤ ਕਰਤਾ ਆਪੇ ਪਾਏ ਕਰੋੜੀ ਲੱਖ, ਕਖ ਕਖ ਆਪ ਵਿਕਾਈਆ । ਨਿਰਗੁਣ ਨਿਰਵੈਰ ਮਾਰਗ ਏਕਾ ਦੱਸ, ਚਾਰ ਵਰਨ ਰਾਹ ਵਖਾਈਆ । ਸ਼ਬਦ ਬਾਣ ਮਾਰੇ ਕਸ, ਬਜਰ ਕਪਾਟੀ ਦਏ ਤੁੜਾਈਆ । ਆਤਮ ਸੇਜਾ ਬਹੇ ਹੱਸ ਹੱਸ, ਘਰ ਸਾਚੀ ਸੇਜ ਸੁਹਾਈਆ । ਭੋਗ ਬਲਾਸ ਦੇਵੇ ਏਕਾ ਰਸ, ਰਸ ਭਿੰਨਾਂ ਇਕ ਸਮਝਾਈਆ । ਰੈਣ ਭਿੰਨੜੀ ਰਾਹ ਤੱਕੇ ਨੱਸ ਨੱਸ, ਮਿਲੇ ਮੇਲ ਸਾਚੇ ਮਾਹੀਆ । ਗੁਰਮੁਖ ਪਿਆਰ ਅੰਦਰ ਜਾਏ ਫਸ, ਲੱਖ ਚੁਰਾਸੀ ਤੋੜੇ ਫਾਹੀਆ । ਘਰ ਕਰੇ ਪਰਕਾਸ਼ ਕੋਟਨ ਕੋਟ ਰਵ ਸਸ, ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਜੁਗ ਜੁਗ ਗੇੜਾ ਆਪਣੇ ਹੱਥ ਰਖਾਈਆ । ਜੁਗ ਜੁਗ ਗੇੜ ਗੜਾਇੰਦਾ, ਗੇੜਨਹਾਰ ਆਪ ਨਿਰੰਕਾਰ । ਸਤਿਜੁਗ ਤਰੇਤਾ ਦਵਾਪਰ ਪੰਧ ਮੁਕਾਇੰਦਾ, ਕਲਜੁਗ ਆਏ ਅੰਤਮ ਵਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕੋਲੂ ਚੱਕੀ ਚੱਕ ਭਵਾਇੰਦਾ, ਤ੍ਰੈਭਵਨ ਕਰ ਖ਼ਵਾਰ । ਅਵਣ ਗਵਣ ਵੇਖ ਵਖਾਇੰਦਾ, ਨਿਰਗੁਣ ਰੂਪ ਨਿਰਾਕਾਰ । ਲੱਖ ਚੁਰਾਸੀ ਪੰਧ ਮੁਕਾਇੰਦਾ, ਜੋ ਘੜਿਆ ਭੰਨੇ ਵਿਚ ਸੰਸਾਰ । ਥਿਰ ਕੋਇ ਰਹਿਣ ਨਾ



ਪਾਇੰਦਾ, ਖੇਲੇ ਖੇਲ ਅਗੰਮ ਅਪਾਰ । ਸੁਤ ਦੁਲਾਰਾ ਆਪ ਸੁਹਾਇੰਦਾ, ਪਾਰਬ੍ਰਹਮ ਪ੍ਰਭ ਕਰ ਵਿਚਾਰ । ਕਲਜੁਗ ਅੰਤਮ ਵੇਸ ਵਟਾਇੰਦਾ, ਨਿਰਗੁਣ ਰੂਪ ਹੋਏ ਉਜਿਆਰ । ਤੇਰੀ ਕੀਮਤ ਆਪੇ ਪਾਇੰਦਾ, ਗੁਣ ਅਵਗੁਣ ਲਏ ਵਿਚਾਰ । ਸੁਣ ਪੁਕਾਰ ਦਇਆ ਕਮਾਇੰਦਾ, ਧਰਤ ਧਵਲ ਦਏ ਸਹਾਰ । ਵਿਸ਼ਨੂੰ ਲੇਖਾ ਮੂਲ ਚੁਕਾਇੰਦਾ, ਪਾਵੇ ਸਾਰ ਆਪ ਭੰਡਾਰ । ਬ੍ਰਹਮੇ ਬ੍ਰਹਮ ਮੇਲ ਮਿਲਾਇੰਦਾ, ਮੇਲਣਹਾਰਾ ਏਕੰਕਾਰ । ਸ਼ੰਕਰ ਹੱਥ ਤ੍ਰਿਸ਼ੂਲ ਸੁਟਾਇੰਦਾ, ਪੁਰਖ ਅਬਿਨਾਸ਼ੀ ਕਰੇ ਵਿਚਾਰ । ਚਾਰੋਂ ਕੁੰਟ ਅੰਧੇਰਾ ਛਾਇੰਦਾ, ਰੈਣ ਅੰਧੇਰੀ ਧੂਆਂਧਾਰ । ਭੈਣਾਂ ਭੱਯਾ ਸੇਜ ਹੰਡਾਇੰਦਾ, ਸੁਤ ਮਾਤ ਕਰੇ ਵਿਭਚਾਰ । ਨਾਰੀ ਕੰਤ ਨਾ ਕੋਇ ਮਨਾਇੰਦਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਆਈ ਹਾਰ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਸ਼ਬਦ ਸੁਤ ਕਰੇ ਪਿਆਰ । ਆਪਣਾ ਭੇਵ ਆਪ ਖੁਲਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਦੇਵੀ ਦੇਵ ਨਾ ਕੋਇ ਵਖਾਇੰਦਾ, ਗੁਰ ਪੀਰ ਨਾ ਕੋਇ ਅਵਤਾਰ । ਵਿਸ਼ਨੂੰ ਸੇਜ ਨਾ ਕੋਇ ਹੰਢਾਇੰਦਾ, ਸਾਂਗੋ ਪਾਂਗ ਕਰੇ ਪਿਆਰ । ਬ੍ਰਹਮਾ ਵੇਦ ਨਾ ਕੋਇ ਲਿਖਾਇੰਦਾ, ਵੇਦਾਂ ਵਾਲਾ ਪਾਵੇ ਸਾਰ । ਸ਼ੰਕਰ ਬਾਸ਼ਕ ਤਸ਼ਕਾ ਨਾ ਗਲ ਲਟਕਾਇੰਦਾ, ਕੰਠ ਮਾਲਾ ਨਾ ਸੋਹੇ ਹਾਰ । ਇੰਦਰ ਸੇਜ ਨਾ ਕੋਇ ਹੰਡਾਇੰਦਾ, ਕਰੋੜ ਤੇਤੀਸ ਨਾ ਮੀਤ ਮੁਰਾਰ । ਲੱਖ ਚੁਰਾਸੀ ਫੋਲ ਫੁਲਾਇੰਦਾ, ਇਕ ਇਕੱਲਾ ਏਕੰਕਾਰ । ਘਟ ਘਟ ਆਪਣੀ ਸੇਜ ਵਿਛਾਇੰਦਾ, ਆਪੇ ਸੁਤਾ ਪੈਰ ਪਸਾਰ । ਆਪਣੀ ਕਰਵਟ ਨਰ ਹਰਿ ਪਰਗਟਾਇੰਦਾ, ਬਦਲੇ ਕਰਵਟ ਨਾ ਨਿਰਾਕਾਰ । ਕਲਜੁਗ ਕੂੜੇ ਧੰਦੇ ਲਾਇੰਦਾ, ਕੂੜੀ ਕਿਰਿਆ ਦਏ ਆਹਾਰ । ਜੂਠ ਝੂਠ ਹੱਥ ਫੜਾਇੰਦਾ, ਚਾਰੋਂ ਕੂੰਟ ਕਰੇ ਪੁਕਾਰ । ਆਸਾ ਤ੍ਰਿਸ਼ਨਾ ਮੇਲ ਮਿਲਾਇੰਦਾ, ਗੜ੍ਹ ਵਸਾਏ ਕਾਮ ਕਰੋਧ ਲੋਭ ਮੋਹ ਹੰਕਾਰ । ਹਰਿ

ਕਾ ਨਾਮ ਨਾ ਕੋਇ ਧਿਆਇੰਦਾ, ਰਸਨਾ ਜੇਹਵਾ ਭਰਿਆ ਇਕ ਵਿਕਾਰ । ਇਸ਼ਟ ਦੇਵ ਨਾ ਕੋਇ ਮਨਾਇੰਦਾ, ਦ੍ਰਿਸ਼ਟ ਖੋਲ੍ਹੇ ਨਾ ਕੋਇ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਦਏ ਆਧਾਰ । ਸ਼ਬਦ ਦੁਲਾਰਾ ਹਰਿ ਸਮਝੌਣਾ, ਆਦਿ ਪੁਰਖ ਬੇਪਰਵਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕੌਣਾ, ਕਾਲ ਕਾਲ ਬੀਤ ਬਿਤਾਈਆ । ਕਲਜੁਗ ਵੇਲਾ ਅੰਤ ਸੁਹੌਣਾ, ਨਿਰਗੁਣ ਨਿਰਵੈਰ ਖੇਲ ਖਿਲਾਈਆ । ਬਲ ਬਾਵਨ ਹਰਿ ਭੇਖ ਵਟੌਣਾ, ਰਾਮ ਰਾਵਣ ਦਏ ਘਾਈਆ । ਕਾਹਨਾ ਕੰਸਾ ਮੇਟ ਮਿਟੌਣਾ, ਕਵਲ ਨੈਣ ਇਕ ਅਖਵਾਈਆ । ਈਸਾ ਮੂਸਾ ਕਾਲਾ ਸੂਸਾ ਤਨ ਛੁਹੌਣਾ, ਕਲਮਾ ਕਾਇਨਾਤ ਇਕ ਪੜ੍ਹਾਈਆ । ਸੰਗ ਮੁਹੰਮਦ ਚਾਰ ਯਾਰ ਢੋਲਾ ਏਕਾ ਗੌਣਾ, ਐਨਲਹੱਕ ਨਾਅਰਾ ਲਾਈਆ । ਨਾਨਕ ਨਿਰਗੁਣ ਵੇਸ ਵਟੌਣਾ, ਸਤਿ ਨਾਮ ਨਾਮ ਪੜ੍ਹਾਈਆ । ਚਾਰ ਵਰਨਾਂ ਮੇਲ ਮਿਲੌਣਾ, ਊਚ ਨੀਚ ਰਹਿਣ ਨਾ ਪਾਈਆ । ਆਦਿ ਸ਼ਬਦ ਗੁਰ ਇਕ ਵਖੌਣਾ, ਗੁਰ ਅਰਜਨ ਗੁਰ ਗੁਰ ਸਮਝਾਈਆ । ਜੋਧਾ ਸੂਰਬੀਰ ਨਾਉਂ ਧਰੌਣਾ, ਪੁਰਖ ਅਕਾਲ ਸੁਤ ਦੁਲਾਰਾ ਇਕ ਪਰਗਟਾਈਆ । ਚੰਡ ਪਰਚੰਡ ਹੱਥ ਉਠੌਣਾ, ਤਿਖੀ ਧਾਰ ਆਪ ਵਖਾਈਆ । ਕਲਜੁਗ ਅੰਤਮ ਰਾਹ ਤਕੌਣਾ, ਨਾਨਕ ਗੋਬਿੰਦ ਦਏ ਸਲਾਹੀਆ । ਵੇਦ ਵਿਆਸਾ ਲੇਖ ਲਿਖੌਣਾ, ਪੁਰਾਨ ਅਠਾਰਾਂ ਸਲੋਕ ਲੱਖ ਚਾਰ ਹਜਾਰ ਸਤਾਰਾਂ ਗਿਆ ਲਿਖਾਈਆ । ਨਿਹਕਲੰਕ ਪ੍ਰਭ ਜਾਮਾ ਪੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਲ ਕਲਕੀ ਅਵਤਾਰ ਇਕ ਅਖਵੌਣਾ, ਦੂਸਰ ਅਵਰ ਨਾ ਕੋਇ ਜਣਾਈਆ । ਪੁਰਖ ਅਕਾਲ ਇਕ ਮਨੌਣਾ, ਆਦਿ ਜੁਗਾਦਿ ਸਚਾ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ

੧੨੪੮ ੦੯

ਜੁਗਾਦਿ ਜੁਗਾਦਿ ਆਦਿ ਆਪਣੇ ਹੁਕਮ ਆਪ ਫਿਰਾਈਆ । ਆਪਣੇ ਹੁਕਮ ਅੰਦਰ ਆਪੇ ਵਸਿਆ, ਬਾਹਰ ਹੁਕਮ ਨਾ ਕੋਇ । ਪੁਰਖ ਅਬਿਨਾਸ਼ੀ ਫਿਰੇ ਨੱਸਿਆ, ਜੁਗਾਂ ਜੁਗੰਤਰ ਤੀਨੋਂ ਲੋਏ । ਜਨ ਭਗਤਾਂ ਮਾਰਗ ਸਾਚਾ ਦੱਸਿਆ, ਨਾਮ ਸੁਣਾਏ ਸਾਚੀ ਸੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾਦਿ ਆਦਿ ਆਪਣਾ ਬੀਜ ਆਪੇ ਬੋਏ । ਆਪਣਾ ਬੀਜ ਆਪੇ ਬੀਜਦਾ, ਬੀਜਣਹਾਰ ਆਪ ਨਿਰੰਕਾਰ । ਆਪਣੇ ਅੰਮ੍ਰਿਤ ਆਪੇ ਸੀਜਦਾ, ਸਿੰਚ ਕਿਆਰੀ ਵੇਖੇ ਹਰਿ ਅਵਰ ਨਾ ਜਾਣੇ ਕੋਇ । ਆਪਣੇ ਅੰਦਰ ਆਪੇ ਭਿੰਚ ਦਾ, ਰਸ ਲਹਿਣਾ ਦੇਵੇ ਸਾਚੇ ਢੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣੇ ਜੇਹਾ ਆਪੇ ਹੋਏ । ਆਪਣੇ ਜੇਹਾ ਆਪੇ ਹੋਇਆ, ਦੂਸਰ ਰੂਪ ਨਾ ਕੋਇ ਵਟਾਈਆ । ਨਾ ਜਨਮੇ ਨਾ ਕਦੇ ਮੋਆ, ਆਵਣ ਜਾਵਣ ਖੇਲ ਖਿਲਾਈਆ । ਆਲਸ ਨਿੰਦਰਾ ਵਿਚ ਨਾ ਕਦੇ ਸੋਇਆ, ਦਿਵਸ ਰੈਣ ਨਾ ਕੋਇ ਵਡਿਆਈਆ । ਜੁਗਾ ਜੁਗੰਤਰ ਦੇਵੇ ਸਾਚਾ ਢੋਆ, ਨਾਮ ਨਾਮਾਂ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾਦਿ ਆਦਿ ਆਪਣੀ ਖੇਲ ਖਿਲਾਈਆ । ਆਪੇ ਖੇਲੇ ਖੇਲ ਖਲਾਰੀ, ਖੇਲਣਹਾਰਾ ਆਪ ਅਖਵਾਇਆ । ਆਪੇ ਨਿਰਗੁਣ ਜੋਤ ਕਰੇ ਉਜਿਆਰੀ, ਆਪੇ ਸੁੰਨ ਸਮਾਧ ਸਮਾਇਆ । ਆਪੇ ਜੁਗ ਜੁਗ ਲੈ ਅਵਤਾਰੀ, ਕਰਤਾ ਪੁਰਖ ਆਪਣਾ ਵੇਸ ਵਟਾਇਆ । ਆਪੇ ਆਪਣੀ ਬਾਜ਼ੀ ਜਾਏ ਹਾਰੀ, ਜਿਤ ਹਾਰ ਆਪਣੇ ਹੱਥ ਰਖਾਇਆ । ਆਪੇ ਆਪਣੀ ਪੈਜ ਜਾਏ ਸੁਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਾਚੇ ਘਰ, ਘਰ ਸਚਖੰਡ ਦਵਾਰਾ ਸਾਚਾ ਖੋਲ੍ਹ, ਸ਼ਬਦ ਰਾਗੀ ਏਕਾ ਬੋਲ, ਆਦਿ ਜੁਗਾਦਿ ਤੋਲੇ ਤੋਲ, ਲੱਖ

ਚੁਰਾਸੀ ਅੰਦਰ ਜਾਏ ਮੌਲ, ਆਪ ਆਪਣਾ ਰੂਪ ਦਰਸਾਈਆ । ਰੂਪ ਦਰਸਾਏ ਪੁਰਖ ਅਕਾਲਾ, ਘਟ ਘਟ ਜੋਤ ਰੁਸ਼ਨਾਈਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਇਕ ਅਖਵਾਈਆ । ਸਚਖੰਡ ਵਖਾਏ ਸੱਚੀ ਧਰਮਸਾਲਾ, ਜਿਸ ਜਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਤੋੜੇ ਜੰਜਾਲਾ, ਰਾਏ ਧਰਮ ਨਾ ਦਏ ਸਜਾਈਆ । ਪਾਰਬ੍ਰਹਮ ਬ੍ਰਹਮ ਗਲ ਪਾਏ ਮਾਲਾ, ਸੋਹੰ ਅੱਖਰ ਹੰ ਬ੍ਰਹਮ ਪੜ੍ਹਾਈਆ । ਸਤਿਜੁਗ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦੇਵੇ ਵਰ, ਸ਼ਬਦੀ ਸ਼ਬਦ ਵਡ ਵਡਿਆਈਆ । ਸ਼ਬਦ ਗੁਰ ਵਡ ਬਲਵਾਨਾ, ਆਦਿ ਜੁਗਾਦਿ ਸਮਾਇਆ । ਜੁਗਾਂ ਜੁਗੰਤਰ ਨੌਜਵਾਨਾ, ਦੋ ਜਹਾਨਾ ਖੇਲ ਖਿਲਾਇਆ । ਲੇਖਾ ਜਾਣੇ ਮਰਦ ਮਰਦਾਨਾ, ਮਹਿਰਮ ਆਪਣਾ ਭੇਵ ਖੁਲ੍ਹਾਇਆ । ਕਲਜੁਗ ਅੰਤਮ ਹੋਏ ਪਰਧਾਨਾ, ਨਿਰਗੁਣ ਨਿਰਵੈਰ ਨਾਉਂ ਰਖਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਬੰਨ੍ਹੇ ਗਾਨਾਂ, ਜੋ ਜਨ ਹਰਿ ਹਰਿ ਰਹੇ ਧਿਆਇਆ । ਨਾਮ ਜਣਾਏ ਧੁਰ ਫ਼ਰਮਾਣਾ, ਧੁਰ ਦੀ ਬਾਣੀ ਬਾਣ ਲਗਾਇਆ । ਇਸ਼ਟ ਦੇਵ ਗੁਰ ਸ਼ਬਦ ਮਨਾਣਾ, ਪੰਜ ਤਤ ਨਾਤਾ ਤੋੜ ਤੁੜਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਹਰੀ ਹਰਿ ਵਰਤਾਏ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਇਆ । ਕਲਜੁਗ ਅੰਤਮ ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਰਖਾਇਆ । ਨੌ ਖੰਡ ਪ੍ਰਿਥਮੀ ਰੱਖੇ ਏਕਾ ਆਣਾ, ਬੀਸ ਬੀਸਾ ਹੋਏ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਡੰਕਾ ਇਕ ਵਜਾਇਆ । ਹਰਿ ਡੰਕਾ ਸ਼ਬਦ ਵਜਾਇੰਦਾ, ਨਿਰਗੁਣ ਚੋਟ ਅਗੰਮ ਅਪਾਰ । ਰਾਓ ਰੰਕਾਂ ਆਪ ਉਠਾਇੰਦਾ, ਸ਼ਾਹ ਸੁਲਤਾਨਾਂ ਕਰੇ ਬੇਦਾਰ । ਮੁਲਾਂ ਸ਼ੇਖ਼ ਮਸਾਇਕ ਪੀਰ ਆਪ ਜਗਾਇੰਦਾ, ਸੋਇਆ ਰਹੇ ਨਾ ਕੋਇ ਵਿਚ ਸੰਸਾਰ । ਪੰਡਤ ਪਾਂਧੇ ਅੱਖ ਖੁਲਾਇੰਦਾ, ਜੋਤ ਲਲਾਟੀ ਕਰੇ ਵਿਚਾਰ । ਸਾਧਾਂ ਸੰਤਾਂ ਭੇਵ ਜਣਾਇੰਦਾ, ਆਤਮ ਖੋਲ੍ਹੇ ਬੰਦ ਕਿਵਾੜ । ਗੁਰਮੁਖ ਸਾਚੇ ਦਰ ਬਹਾਇੰਦਾ, ਨਾਤਾ ਤੋੜ ਪੰਚਮ ਧਾੜ । ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ, ਜਿਸ ਜਨ ਸਤਿਗੁਰ ਪੂਰਾ ਕਰੇ ਪਿਆਰ । ਗੁਰਸਿਖ ਵਿਰਲਾ ਨਾਨਕ ਗੋਬਿੰਦ ਦਰਸਨ ਪਾਇੰਦਾ, ਲੱਖ ਚੁਰਾਸੀ ਸੁੱਤੀ ਪੈਰ ਪਸਾਰ । ਕਾਹਨਾ ਕ੍ਰਿਸ਼ਨਾ ਨਜ਼ਰ ਕਿਸੇ ਨਾ ਆਇੰਦਾ, ਕਲਜੁਗ ਗੋਪੀ ਕੂੜਾ ਕਰਿਆ ਤਨ ਸ਼ੰਗਾਰ । ਸੀਤਾ ਸੁਰਤ ਨਾ ਕੋਇ ਪਰਨਾਇੰਦਾ, ਜਨਕ ਸਪੁਤਰੀ ਨਾ ਕੋਇ ਦੁਲਾਰ । ਰਾਮ ਧਨੁਖ ਨਾ ਕੋਇ ਉਠਾਇੰਦਾ, ਘਰ ਘਰ ਕਾਜ ਰਚਿਆ ਵਿਭਚਾਰ । ਨਮੋ ਨਮੋ ਸਰਬ ਕੁਰਲਾਇੰਦਾ, ਪਾਰਬ੍ਰਹਮ ਕਰੇ ਨਾ ਕੋਇ ਨਿਮਸਕਾਰ । ਰਸਨਾ ਜਿਹਵਾ ਜੀਵ ਜੰਤ ਸਭ ਗਾਇੰਦਾ, ਅਜੱਪਾ ਜਾਪ ਨਾ ਕਰੇ ਪਿਆਰ । ਦੋਏ ਦੋਏ ਲੋਚਣ ਵੇਖ ਵਖਾਇੰਦਾ, ਤੀਜਾ ਨੇਤਰ ਖੋਲ੍ਹੇ ਨਾ ਕੋਇ ਕਿਵਾੜ । ਅਠਸਠ ਤੀਰਥ ਜਾ ਜਾ ਨਹਾਵਣ ਨਹਾਇੰਦਾ, ਦੁਰਮਤ ਮੈਲ ਨਾ ਦੇਵੇ ਕੋਇ ਉਤਾਰ । ਬਿਨ ਸਤਿਗੁਰ ਪੂਰੇ ਬੰਦ ਤਾਕ ਨਾ ਕੋਇ ਖੁਲ੍ਹਾਇੰਦਾ, ਆਤਮ ਬ੍ਰਹਮ ਨਾ ਪਾਏ ਸਾਰ । ਈਸ਼ ਜੀਵ ਨਾ ਮੇਲ ਮਿਲਾਇੰਦਾ, ਜੀਵਣ ਜੁਗਤੀ ਦਏ ਸੁਆਰ । ਆਦਿ ਸ਼ਕਤੀ ਸ਼ਕਤ ਧਰਾਇੰਦਾ, ਚਤਰਭੁਜ ਖੇਲ ਅਪਾਰ । ਸਚ ਭਵਾਨੀ ਆਪ ਪਰਗਟਾਇੰਦਾ, ਸਚ ਨਿਸ਼ਾਨੀ ਹੱਥ ਨਿਰੰਕਾਰ । ਦੋ ਜਹਾਨੀ ਖੇਲ ਖਿਲਾਇੰਦਾ, ਕਲਜੁਗ ਵੇਖੇ ਅੰਤਮ ਵਾਰ । ਸੂਰਬੀਰ ਬਲਕਾਰ ਆਪਣਾ ਬਲ ਧਰਾਇੰਦਾ, ਇਕ ਇਕੱਲਾ ਪਰਵਰਦਿਗਾਰ । ਮੁਖ ਨਕਾਬ ਪਰਦਾ ਲਾਹਿੰਦਾ, ਅਹਿਬਾਬ ਰਬਾਬ ਵਜਾਏ ਸਤਾਰ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਪੂਰਬ ਕਰਮਾਂ ਕਰ ਵਿਚਾਰ । ਜਨਮ ਜੁਗ ਵਿਛੜੇ ਮੇਲ ਮਿਲਾਇੰਦਾ, ਮੇਲ ਮਿਲਾਏ

ਮੇਲਣਹਾਰ । ਕਲਜੁਗ ਸੁਤੜੇ ਆਪ ਉਠਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਨਰ ਨਰਾਇਣ ਨਰ ਹਰਿ ਸੱਚੀ ਸਰਕਾਰ ।

### ❊ ੧੪ ਅੱਸੂ ੨੦੧੭ ਬਿਕ੍ਰਮੀ ਬਲੀ ਸਿੰਘ ਦੇ ਘਰ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ❊

ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਅਲੱਖ ਅਗੋਚਰ ਅਗੰਮ ਅਥਾਹ । ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ, ਆਦਿ ਜੁਗਾਦੀ ਇਕ ਮਲਾਹ । ਏਕੰਕਾਰਾ ਬੰਕ ਸੁਹਾਇੰਦਾ, ਸਚਖੰਡ ਦਵਾਰਾ ਆਪ ਉਪਾ । ਆਦਿ ਨਿਰੰਜਣ ਜੋਤ ਜਗਾਇੰਦਾ, ਘਰ ਸਾਚੇ ਕਰੇ ਰੁਸ਼ਨਾ । ਸ੍ਰੀ ਭਗਵਾਨ ਸੇਵ ਕਮਾਇੰਦਾ, ਥਿਰ ਘਰ ਸਾਚੀ ਬਣਤ ਬਣਾ । ਅਬਿਨਾਸ਼ੀ ਕਰਤਾ ਸੋਭਾ ਪਾਇੰਦਾ, ਸਚ ਸਿੰਘਾਸਣ ਵੇਖ ਵਖਾ । ਪਾਰਬ੍ਰਹਮ ਪ੍ਰਭ ਆਪਣਾ ਚਰਨ ਟਿਕਾਇੰਦਾ, ਸ਼ਹਿਨਸ਼ਾਹ ਸੱਚਾ ਪਾਤਸ਼ਾਹ । ਨਿਰਗੁਣ ਆਪਣੀ ਧਾਰ ਬੰਧਾਇੰਦਾ, ਨਿਰਵੈਰ ਕਲ ਵਰਤਾ । ਜੂਨੀ ਰਹਿਤ ਨਜ਼ਰ ਨਾ ਆਇੰਦਾ, ਅਨਭਵ ਪਰਕਾਸ਼ ਰਿਹਾ ਵਖਾ । ਪੁਰਖ ਅਕਾਲ ਨਾਉਂ ਧਰਾਇੰਦਾ, ਨਾਉਂ ਨਿਰੰਕਾਰ ਆਪ ਪਰਗਟਾ । ਆਪਣਾ ਆਪ ਆਪੇ ਵੇਖ ਵਖਾਇੰਦਾ, ਆਪਣਾ ਪਰਦਾ ਲਏ ਉਠਾ । ਦਰਗਹਿ ਸਾਚੀ ਸੋਭਾ ਪਾਇੰਦਾ, ਆਦਿ ਜੁਗਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਆਪਣੇ
੧੨੫੦ ਥਾਂ । ਸਾਚਾ ਥਾਨ ਸੁਹਾਇੰਦਾ, ਸੋਭਾਵੰਤ ਗਹਿਰ ਗੰਭੀਰ । ਇਕ ਇਕੱਲਾ ਆਸਣ ਲਾਇੰਦਾ, ਏਕੰਕਾਰਾ ਚੋਟੀ ਚੜ੍ਹ ਅਖ਼ੀਰ । ਸਾਚੀ ਸੇਜ ੧੨੫੦
ਆਪ ਹੰਢਾਇੰਦਾ, ਪਾਤਸ਼ਾਹ ਵਡ ਪੀਰਨ ਪੀਰ । ਏਕਾ ਹੁਕਮ ਆਪ ਵਰਤਾਇੰਦਾ, ਆਪੇ ਦੇਵਣਹਾਰਾ ਧੀਰ । ਆਪਣਾ ਰਾਜ ਆਪ ਕਮਾਇੰਦਾ, ਆਪੇ ਹੋਏ ਸ਼ਾਹ ਫ਼ਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਬੰਨ੍ਹੇ ਆਪਣੀ ਬੀੜ । ਨਿਰਗੁਣ ਦਾਤਾ ਹਰਿ ਭਗਵੰਤ, ਏਕਾ ਰੰਗ ਸਮਾਇਆ । ਆਪ ਬਣਾਏ ਆਪਣੀ ਬਣਤ, ਦੂਜਾ ਘਾੜਨ ਨਾ ਕੋਇ ਘੜਾਇਆ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਆਪਣਾ ਖੇਲ ਖਿਲਾਇਆ । ਆਪ ਉਪਜਾਏ ਆਪਣਾ ਨਾਉਂ ਮੰਤ, ਏਕਾ ਮੰਤਰ ਆਪ ਦ੍ਰਿੜ੍ਹਾਇਆ । ਲੇਖਾ ਜਾਣੇ ਨਾਰੀ ਕੰਤ, ਨਰ ਨਰਾਇਣ ਸੇਜ ਹੰਢਾਇਆ । ਇਕ ਸੁਹਾਏ ਰੁਤ ਬਸੰਤ, ਦਰਗਹਿ ਸਾਚੀ ਧਾਮ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣਾ ਖੇਲ ਆਪ ਖਲਾਇਆ । ਆਪਣਾ ਖੇਲ ਖਲੰਦੜਾ, ਏਕਾ ਏਕੰਕਾਰ । ਸਚਖੰਡ ਦਵਾਰ ਸੁਹੰਦੜਾ, ਨਿਰਗੁਣ ਦੀਵਾ ਬਾਤੀ ਕਰ ਉਜਿਆਰ । ਸਾਚਾ ਤਖ਼ਤ ਆਪ ਵਛੰਦੜਾ, ਹਰਿ ਸਚ ਸਿੰਘਾਸਣ ਕਰ ਤਿਆਰ । ਸ਼ਾਹੋ ਭੂਪ ਆਸਣ ਆਪ ਲਗੰਦੜਾ, ਰਾਜ ਰਾਜਾਨਾ ਬਣ ਸਿਕਦਾਰ । ਹੁਕਮੀ ਹੁਕਮ ਆਪ ਵਰਤੰਦੜਾ, ਦੋ ਜਹਾਨਾਂ ਪਾਵੇ ਸਾਰ । ਸ਼ਬਦ ਨਾਦ ਇਕ ਵਜੰਦੜਾ, ਨਾਦ ਅਨਾਦੀ ਕਰ ਤਿਆਰ । ਥਿਰ ਘਰ ਸਾਚਾ ਆਪ ਖੁਲੰਦੜਾ, ਬੰਕ ਦਵਾਰੀ ਖੋਲ੍ਹ ਕਿਵਾੜ । ਆਪਣਾ ਰੂਪ ਆਪ ਰਗੰਦੜਾ, ਰੇਖ ਰੰਗ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪੇ ਬੰਨ੍ਹੇ ਆਪਣੀ ਧਾਰ । ਆਪਣੀ ਧਾਰ ਬੰਧਾਇੰਦਾ, ਨਿਰਗੁਣ ਰੂਪ ਸ੍ਰੀ ਭਗਵਾਨ । ਸਚਖੰਡ ਦਵਾਰਾ ਆਪ ਸੁਹਾਇੰਦਾ, ਸਾਚੇ ਤਖ਼ਤ ਬੈਠ ਸੁਲਤਾਨ । ਸ਼ਬਦੀ ਸ਼ਬਦ ਹੁਕਮ ਵਰਤਾਇੰਦਾ, ਦੇਵਣਹਾਰਾ ਧੁਰ ਫ਼ਰਮਾਨ । ਸ਼ਾਹੋ ਭੂਪ ਇਕ ਅਖਵਾਇੰਦਾ, ਵਡ ਦਾਤਾ ਰਾਜ

ਰਾਜਾਨ । ਲੋਆਂ ਪੁਰੀਆਂ ਰਚਨ ਰਚਾਇੰਦਾ, ਬ੍ਰਹਿਮੰਡ ਖੰਡ ਕਰੇ ਪਰਧਾਨ । ਆਪਣਾ ਬੰਸ ਆਪ ਸੁਹਾਇੰਦਾ, ਵਿਸ਼ਨ ਦੇਵੇ ਏਕਾ ਦਾਨ । ਅੰਮ੍ਰਿਤ ਰਸ ਆਪ ਚੁਆਇੰਦਾ, ਨਾਭੀ ਕਵਲ ਹੋ ਮਿਹਰਵਾਨ । ਬ੍ਰਹਮ ਰੂਪ ਆਪ ਪਰਗਟਾਇੰਦਾ, ਪਾਰਬ੍ਰਹਮ ਕਰ ਪਛਾਣ । ਸੁੰਨ ਅਗੰਮ ਆਪ ਸਮਾਇੰਦਾ, ਆਪੇ ਹੋਏ ਜਾਣੀ ਜਾਣ । ਆਪਣਾ ਪਰਦਾ ਆਪੇ ਲਾਹਿੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਮਹਾਨ । ਹਰਿ ਸਾਚਾ ਖੇਲ ਖਿਲਾਇੰਦਾ, ਖੇਲਣਹਾਰ ਪੁਰਖ ਅਗੰਮ । ਸਚਖੰਡ ਦਵਾਰ ਸੁਹਾਇੰਦਾ, ਆਪਣਾ ਬੇੜਾ ਆਪੇ ਬੰਨ੍ਹ । ਨਿਰਗੁਣ ਆਪਣਾ ਨੂਰ ਰਖਾਇੰਦਾ, ਨਾ ਮਰੇ ਨਾ ਪਏ ਜੰਮ । ਜਾਗਰਤ ਜੋਤ ਜੋਤ ਡਗਮਗਾਇੰਦਾ, ਕਰੇ ਪਰਕਾਸ਼ ਰਵ ਸਸ ਸੂਰਜ ਚੰਨ । ਵਿਸ਼ਨ ਬ੍ਰਹਮਾ ਸ਼ਿਵ ਆਪ ਪਰਗਟਾਇੰਦਾ, ਏਕਾ ਰਾਗ ਸੁਣਾਏ ਕੰਨ । ਤ੍ਰੈਗੁਣ ਮਾਇਆ ਰੰਗ ਰੰਗਾਇੰਦਾ, ਦੇਵੇ ਵਸਤ ਅਮੁਲੜਾ ਧਨ । ਪੰਜ ਤਤ ਨਾਤਾ ਜੋੜ ਜੁੜਾਇੰਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲੇਖਾ ਜਾਣੇ ਛੱਪਰ ਛੰਨ । ਸਾਚਾ ਮਾਰਗ ਆਪੇ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪੇ ਜਨਨੀ ਆਪੇ ਜਨ । ਆਪੇ ਜਨ ਜਣੇਂਦੀ ਮਾਈ, ਪਾਰਬ੍ਰਹਮ ਅਖਵਾਇੰਦਾ । ਆਪੇ ਨਿਰਗੁਣ ਜੋਤ ਨੂਰ ਕਰ ਰੁਸ਼ਨਾਈ, ਆਦਿ ਸ਼ਕਤ ਵੇਸ ਵਟਾਇੰਦਾ । ਆਪੇ ਚਤਰਭੁਜ ਸਾਚਾ ਥਾਨ ਰਿਹਾ ਸੁਹਾਈ, ਦਰਗਹਿ ਸਾਚੀ ਸੋਭਾ ਪਾਇੰਦਾ । ਆਪੇ ਨਾਦ ਧੁਨ ਧੁਨ ਨਾਦ ਰਿਹਾ ਵਜਾਈ, ਸ਼ਬਦ ਅਨਾਦੀ ਨਾਦ ਅਲਾਇੰਦਾ । ਆਪੇ ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਬੇੜਾ ਰਿਹਾ ਚਲਾਈ, ਸਚ ਮਲਾਹ ਸੇਵ ਕਮਾਇੰਦਾ । ਆਪੇ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸੋਭਾ ਰਿਹਾ ਪਾਈ, ਸੀਸ ਤਾਜ ਆਪ ਟਿਕਾਇੰਦਾ । ਆਪੇ ਸਤਿ ਨਿਸ਼ਾਨਾ ਸਤਿ ਸਤਿਵਾਦੀ ਰਿਹਾ ਝੁਲਾਈ, ਸਤਿ ਪੁਰਖ ਨਿਰੰਜਣ ਆਪਣੀ ਕਾਰ ਆਪ ਕਰਾਇੰਦਾ । ਆਪੇ ਬ੍ਰਹਿਮੰਡ ਖੰਡ ਰਚਨਾ ਰਿਹਾ ਰਚਾਈ, ਰਚ ਰਚ ਆਪੇ ਵੇਖ ਵਖਾਇੰਦਾ । ਆਪੇ ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਪਜਾਈ, ਆਪੇ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਵੇਖੇ ਆਪਣਾ ਖੇਲ ਤਮਾਸ਼ਾ, ਦੂਸਰ ਸੰਗ ਨਾ ਕੋਇ ਰਖਾਈਆ । ਨਾ ਕੋਈ ਸੰਗ ਨਾ ਕੋਈ ਸਾਥਾ, ਇਕ ਇਕੱਲਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਸਮਰਾਥਾ, ਦਰ ਘਰ ਸਾਚੇ ਸੋਭਾ ਪਾਇੰਦਾ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਦਿਸ ਨਾ ਆਇੰਦਾ । ਸ਼ਬਦ ਅਗੰਮੀ ਗਾਏ ਗਾਥਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸੋ ਏਕਾ ਅੱਖਰ ਨਿਸ਼ਅੱਖਰ ਆਪ ਉਪਾਇੰਦਾ । ਨਿਸ਼ਅੱਖਰ ਹਰਿ ਕੀ ਧਾਰ, ਜੋਤੀ ਜੋਤ ਜੋਤ ਜਗਾਈਆ । ਨਿਸ਼ਅੱਖਰ ਏਕੰਕਾਰ, ਓਅੰਕਾਰ ਲਏ ਵਡਿਆਈਆ । ਨਿਸ਼ਅੱਖਰ ਸਾਂਝਾ ਯਾਰ, ਆਦਿ ਜੁਗਾਦਿ ਰਿਹਾ ਸਮਾਈਆ । ਨਿਸ਼ਅੱਖਰ ਹਰਿ ਭੰਡਾਰ, ਜੁਗਾ ਜੁਗੰਤਰ ਰਿਹਾ ਵਰਤਾਈਆ । ਨਿਸ਼ ਅੱਖਰ ਵਸੇ ਧਾਮ ਨਿਆਰ, ਦਰਗਹਿ ਸਾਚੀ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪ ਗਣਾਈਆ । ਆਪਣੀ ਮਹਿਮਾ ਆਪੇ ਗਾਏ, ਰਸਨਾ ਜਿਹਵਾ ਨਾ ਕੋਇ ਹਲਾਈਆ । ਆਪਣੀ ਧੁਨ ਆਪ ਉਪਜਾਏ, ਧੁਨ ਧੁਨ ਵਿਚ ਟਿਕਾਈਆ । ਆਪਣੀ ਸੁੰਨ ਆਪ ਖੁਲ੍ਹਾਏ, ਸੁੰਨ ਸਮਾਧ ਵੇਖ ਵਖਾਈਆ । ਆਪਣੀ ਕੁਲ ਆਪ ਪਰਗਟਾਏ, ਕੁਲਵੰਤਾ ਸੱਚਾ ਸ਼ਹਿਨਸ਼ਾਹੀਆ । ਆਪਣੀ ਜੋਤ ਆਪ ਜਗਾਏ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਆਪਣਾ ਕੋਟ ਆਪ ਬਣਾਏ, ਥਿਰ ਘਰ ਸਾਚਾ ਹਰਿ ਮੰਦਰ ਆਪ ਸੁਹਾਈਆ ।

ਆਪਣੀ ਓਟ ਆਪ ਤਕਾਏ, ਆਪੇ ਹੋਏ ਸਦਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸੁਹਾਏ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਦਰ ਘਰ ਸਾਚੇ ਆਪ ਖੁਲ੍ਹਾਇੰਦਾ । ਸਚ ਸਿੰਘਾਸਣ ਸਾਚਾ ਰਾਜਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਬਦ ਅਗੰਮੀ ਮਾਰੇ ਵਾਜਾ, ਆਪਣਾ ਨਾਉਂ ਆਪ ਸਾਲਾਹਿੰਦਾ । ਲੇਖਾ ਜਾਣੇ ਅਨਹਦ ਵਾਜਾ, ਹਦ ਹਦ ਨਾ ਕੋਇ ਵਖਾਇੰਦਾ । ਸਾਚੇ ਮੰਦਰ ਬਹਿ ਬਹਿ ਰਚਿਆ ਕਾਜਾ, ਕਰਤਾ ਪੁਰਖ ਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਆਪੇ ਕਰ, ਆਪੇ ਦਏ ਸਲਾਹੀਆ । ਆਪੇ ਦੇਵਣਹਾਰਾ ਵਰ, ਆਪੇ ਝੋਲੀ ਰਿਹਾ ਭਰਾਈਆ । ਆਪੇ ਕਰੇ ਸਚ ਪਿਆਰ, ਨਾਰੀ ਕੰਤ ਰੂਪ ਵਟਾਈਆ । ਆਪੇ ਕਰੇ ਸਤਿ ਸ਼ੰਗਾਰ, ਸਤਿ ਸਤਿਵਾਦੀ ਬੇਪਰਵਾਹੀਆ । ਆਪੇ ਗਾਏ ਆਪਣਾ ਮੰਗਲਾਚਾਰ, ਘਰ ਵੱਜਦੀ ਰਹੇ ਵਧਾਈਆ । ਆਪੇ ਲੇਖਾ ਜਾਣੇ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਆਪੇ ਸੁਤ ਦੁਲਾਰਾ ਕਰਿਆ ਖ਼ਬਰਦਾਰ, ਸ਼ਬਦੀ ਸ਼ਬਦ ਦਏ ਵਡਿਆਈਆ । ਆਪੇ ਵਿਸ਼ਨ ਵਿਸ਼ਵ ਦੇਵੇ ਧਾਰ, ਨਿਰਗੁਣ ਨਿਰਵੈਰ ਦਇਆ ਕਮਾਈਆ । ਆਪੇ ਪਾਰਬ੍ਰਹਮ ਬ੍ਰਹਮ ਲਏ ਆਧਾਰ, ਆਪ ਆਪਣੀ ਗੋਦ ਸੁਹਾਈਆ । ਆਪੇ ਸ਼ੰਕਰ ਸੰਸਾ ਦਏ ਨਵਾਰ, ਏਕਾ ਹੁਕਮੀ ਹੁਕਮ ਸੁਣਾਈਆ । ਆਪੇ ਤਿੰਨਾਂ ਕਰੇ ਸਚ ਪਿਆਰ, ਏਕਾ ਚੇਲਾ ਗੁਰ ਗੁਰ ਮਾਈਆ । ਆਪੇ ਦੇਵੇ ਦਾਤਾ ਦਾਨ, ਗੁਣ ਨਿਧਾਨ ਵਸਤ ਅਮੋਲਕ ਝੋਲੀ ਪਾਈਆ । ਆਪ ਜਣਾਏ ਧੁਰ ਫ਼ਰਮਾਣ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਰੂਪ ਹੋਏ ਪਰਧਾਨ, ਸੋਹੰ ਆਪਣੀ ਬਣਤ ਬਣਾਈਆ । ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਇ ਵਡਿਆਈਆ । ਲੇਖਾ ਜਾਣੇ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਸ੍ਰੀ ਭਗਵਾਨ ਗਹਿਰ ਗੁਣ ਸਾਗਰ, ਭੇਵ ਕੋਇ ਨਾ ਆਇੰਦਾ । ਆਦਿ ਜੁਗਾਦੀ ਇਕ ਸੌਦਾਗਰ, ਸਾਚਾ ਵਣਜ ਇਕ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਾਗਰ, ਆਪਣਾ ਅੱਖਰ ਆਪ ਪੜ੍ਹਾਇੰਦਾ । ਆਪੇ ਦੇਵੇ ਸਾਚਾ ਆਦਰ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਸਾਚਾ ਹਰਿ, ਦੂਸਰ ਭੇਵ ਕੋਇ ਨਾ ਪਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਇ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦਵਾਰੇ ਏਕਾ ਸੋਏ, ਨਿਰਗੁਣ ਬੈਠਾ ਸੇਜ ਵਿਛਾਈਆ । ਆਦਿ ਜੁਗਾਦੀ ਏਕਾ ਹੋਏ, ਨਾ ਮਰੇ ਨਾ ਜਾਈਆ । ਨਿਰਗੁਣ ਜੋਤ ਬਖ਼ਸ਼ੇ ਲੋਏ, ਲੋਇਣ ਆਪਣਾ ਆਪ ਖੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਬੀਜ ਆਪੇ ਬੋਏ, ਮਾਤ ਪਿਤ ਨਾ ਕੋਇ ਬਣਾਈਆ । ਏਕੰਕਾਰਾ ਦੇਵੇ ਸਾਚੇ ਢੋਏ, ਨਾਮ ਵਸਤ ਅਮੋਲਕ ਝੋਲੀ ਪਾਈਆ । ਅੰਮ੍ਰਿਤ ਮੁਖ ਸੱਚਾ ਚੋਏ, ਚਰਨ ਚਰਨੋਦਕ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਆਦਿ ਪੁਰਖ ਆਪਣਾ ਕਰੇ ਸਚ ਪਸਾਰਾ, ਸਚ ਸਾਚੀ ਜੋਤ ਟਿਕਾਈਆ । ਵਿਸ਼ਨ ਪਸਾਰਾ ਸੱਚੇ ਹਰਿ, ਸਚ ਸਾਚਾ ਮੇਲ ਮਿਲਾਇਆ । ਕਵਲ ਕਵਲਾ ਕਰ ਉਤਪਤ, ਨਾਭੀ ਅੰਮ੍ਰਿਤ ਆਪ ਭਰਾਇਆ । ਪਾਰਬ੍ਰਹਮ ਬ੍ਰਹਮ ਉਪਜਾਏ ਆਪਣੀ ਰਤ, ਰਕਤ ਬੂੰਦ ਨਾ ਮੇਲ ਮਿਲਾਇਆ । ਆਪਣੇ ਮੰਦਰ ਆਪੇ ਰੱਖ, ਆਪੇ ਬਣੇ ਜਣੇਂਦੀ ਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਖੇਲ ਅਪਾਰਾ, ਕਰੇ

੧੨੫੨

ਕਰਾਏ ਕਰਨਹਾਰਾ, ਧੁਰ ਦਰਬਾਰਾ ਆਪ ਸੁਹਾਇਆ । ਧੁਰ ਦਰਬਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਏਕਾ ਕੰਤ, ਨਰ ਨਰਾਇਣ ਨਾਉਂ ਵਡਿਆਇੰਦਾ । ਏਕੰਕਾਰਾ ਬਣਾਏ ਆਪਣੀ ਬਣਤ, ਸਾਚਾ ਘਾੜਨ ਵੇਖ ਵਖਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਸ੍ਰੀ ਭਗਵਾਨ ਰੂਪ ਅਨੂਪ ਆਦਿ ਅੰਤ, ਜੁਗ ਜੁਗ ਆਪਣੀ ਖੇਲ ਖਿਲਾਇੰਦਾ, ਅਬਿਨਾਸ਼ੀ ਕਰਤਾ ਆਪ ਉਪਾਏ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਸੁਣਾਇੰਦਾ । ਪਾਰਬ੍ਰਹਮ ਪ੍ਰਭ ਬਣਿਆ ਰਹੇ ਮੰਗਤ, ਆਪਣੀ ਝੋਲੀ ਆਪਣੇ ਅੱਗੇ ਡਾਹਿੰਦਾ । ਵਿਸ਼ਨੂੰ ਚਾੜ੍ਹੇ ਏਕਾ ਰੰਗਤ, ਰੰਗ ਰੰਗੀਲਾ ਰੰਗ ਇਕ ਵਖਾਇੰਦਾ । ਬ੍ਰਹਮਾ ਦਰ ਭਿਖਾਰ ਪ੍ਰਭ ਲਾਏ ਆਪਣੇ ਅੰਗਦ, ਅੰਗੀਕਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਇੰਦਾ । ਸਾਚਾ ਘਰ ਪੁਰਖ ਬਿਧਾਤਾ, ਏਕਾ ਏਕ ਸੁਹਾਈਆ । ਆਦਿ ਜੁਗਾਦੀ ਗਾਏ ਆਪਣੀ ਗਾਥਾ, ਨਿਰਵੈਰ ਕਰੇ ਪੜ੍ਹਾਈਆ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਲਏ ਉਪਜਾਈਆ । ਏਕਾ ਸਤਿਗੁਰ ਏਕਾ ਸਾਥਾ, ਏਕਾ ਸਗਲਾ ਸੰਗ ਨਿਭਾਈਆ । ਏਕਾ ਦੇਵਣਹਾਰਾ ਦਾਤਾ, ਦਾਤਾ ਦਾਨੀ ਇਕ ਅਖਵਾਈਆ । ਏਕਾ ਤ੍ਰੈਗੁਣ ਮਾਇਆ ਰੂਪ ਪਛਾਤਾ, ਕਰੇ ਕਿਰਪਾ ਸੱਚਾ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਆਪਣੀ ਜੋਤ ਧਰ, ਨੂਰੋ ਨੂਰ ਕਰੇ ਰੁਸ਼ਨਾਈਆ । ਨੂਰ ਉਜਾਲਾ ਹਰਿ ਗੋਪਾਲਾ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਕਰੇ ਖੇਲ ਸੱਚੀ ਧਰਮਸਾਲਾ, ਦਰ ਦਵਾਰ ਆਪ ਸੁਹਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਆਦਿ ਪੁਰਖ ਸੇਵ ਕਮਾਇੰਦਾ । ਆਪਣੀ ਚਲੀ ਅਵੱਲੜੀ ਚਾਲਾ, ਲੇਖਾ ਲੇਖ ਨਾ ਕੋਇ ਵਖਾਇੰਦਾ । ਸ਼ਬਦ ਜਣਾਏ ਦਇਆ ਕਮਾਏ ਸੇਵ ਲਗਾਏ ਰੂਪ ਮਹਾਂਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਇਕ ਇਕੱਲਾ, ਏਕਾ ਰੰਗ ਸਮਾਇਆ । ਵਸਣਹਾਰਾ ਉਚ ਮਹੱਲਾ, ਸਚ ਮੁਨਾਰਾ ਸੋਭਾ ਪਾਇਆ । ਸਚ ਸੰਦੇਸ਼ ਏਕਾ ਘੱਲਾ, ਵਿਸ਼ਨ ਬ੍ਰਹਮਾ ਸ਼ਿਵ ਸਮਝਾਇਆ । ਤ੍ਰੈਗੁਣ ਮਾਇਆ ਫੜਾਏ ਪੱਲਾ, ਰਜੋ ਤਮੋ ਸਤੋ ਸੰਗ ਨਿਭਾਇਆ । ਆਪੇ ਕਰੇ ਖੇਲ ਕਰ ਕਰ ਵਲ ਛਲਾ, ਅਛੱਲ ਛਲ ਧਾਰੀ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਨਰ ਨਰੇਸ਼, ਨਰ ਨਰਾਇਣ ਆਪ ਅਲਾਇਆ । ਸਚ ਸੰਦੇਸ਼ਾ ਹਰਿ ਕਾ ਨਾਉਂ, ਪੁਰਖ ਅਬਿਨਾਸ਼ੀ ਆਪ ਜਣਾਈਆ । ਸਚਖੰਡ ਦਵਾਰ ਵਸੇ ਏਕਾ ਨਗਰ ਗਰਾਉਂ, ਸਾਚੇ ਖੇੜੇ ਮਿਲੇ ਵਡਿਆਈਆ । ਤਿੰਨਾਂ ਮੇਲਾ ਏਕਾ ਪਿਤਾ ਏਕਾ ਮਾਉਂ, ਏਕਾ ਨੈਣ ਵੇਖ ਵਖਾਈਆ । ਏਕਾ ਪਕੜਨਹਾਰਾ ਬਾਹੋਂ, ਸਮਰਥ ਪੁਰਖ ਇਕ ਹੋ ਜਾਈਆ । ਏਕਾ ਦੇਵੇ ਠੰਡੀ ਛਾਉਂ, ਜੁਗ ਜੁਗ ਹੋਏ ਸਦਾ ਸਹਾਈਆ । ਏਕਾ ਕਰੇ ਸਚ ਨਿਆਉਂ, ਨਿਰੰਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਘਾੜਨ ਘੜ, ਲੋਆਂ ਪੁਰੀਆਂ ਆਪੇ ਵੜ, ਨਿਰਗੁਣ ਨਿਰਾਕਾਰ ਸਾਕਾਰ ਖੇਲ ਖਿਲਾਈਆ । ਸਾਕਾਰ ਖੇਲ ਅਪਾਰਾ, ਨਿਰਾਕਾਰਾ ਆਪ ਖਲਾਇੰਦਾ । ਜੋਤੀ ਜੋਤ ਕਰ ਉਜਿਆਰਾ, ਤਤਵ ਤਤ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਇਕ ਭੰਡਾਰਾ, ਹਰਿ ਨਿਰੰਕਾਰਾ ਆਪ ਵਰਤਾਇੰਦਾ । ਵਿਸ਼ਨੂੰ ਬਣੇ ਸੇਵਾਦਾਰਾ, ਸਾਚੀ ਸੇਵਾ ਇਕ ਵਖਾਇੰਦਾ । ਬ੍ਰਹਮਾ ਬਣੇ ਘਾੜਨ ਘੜਨਹਾਰ ਠਠਿਆਰਾ, ਲੱਖ ਚੁਰਾਸੀ ਭਾਂਡੇ ਆਪ ਘੜਾਇੰਦਾ । ਸ਼ੰਕਰ ਲੇਖਾ ਅੰਤਮ ਦਏ ਨਵਾਰਾ, ਸਤਿ ਤ੍ਰਸੂਲ ਹੱਥ ਫੜਾਇੰਦਾ ।

੧੨੫੩

ਤਿੰਨਾਂ ਵਿਚੋਲਾ ਬਣ ਗਿਰਧਾਰਾ, ਗ੍ਰਹਿ ਆਪਣੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਸ਼ਾਹ ਸੁਲਤਾਨ ਏਕਾ ਏਕ ਸਮਝਾਇੰਦਾ । ਏਕਾ ਸਿਖ਼ਿਆ ਏਕਾ ਗੁਰ, ਏਕਾ ਰੂਪ ਦਏ ਦਰਸਾਈਆ । ਏਕਾ ਮੇਲਾ ਪਾਰਬ੍ਰਹਮ ਪ੍ਰਭ ਦਰਗਹਿ ਸਾਚੀ ਧੁਰ, ਧੁਰ ਬੈਠਾ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਚੜ੍ਹਿਆ ਰਹੇ ਆਪਣੇ ਘੋੜ, ਸ਼ਾਹ ਸਵਾਰਾ ਨਾਉਂ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਾਚਾ ਜਾਏ ਬੌਹੜ, ਏਕਾ ਦੂਜਾ ਭੌ ਚੁਕਾਈਆ । ਏਕਾ ਨੈਣ ਦਿਸੇ ਨਾ ਕੋਏ ਅਵਰ ਔਰ, ਗਹਿਰ ਗੰਭੀਰ ਵੱਡੀ ਵਡਿਆਈਆ । ਚੌਥੇ ਪਦ ਲਾਇਆ ਪੌੜ, ਘਰ ਸੁਹੰਜਣਾ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਦਾਤਾ ਸੱਚਾ ਸ਼ਹਿਨਸ਼ਾਹੀਆ । ਦੇਵੇ ਵਰ ਸ੍ਰੀ ਭਗਵਾਨ, ਦਾਤਾ ਦਾਨੀ ਇਕ ਅਖਵਾਈਆ । ਲੱਖ ਚੁਰਾਸੀ ਹੋਏ ਪਰਵਾਨ, ਘਟ ਘਟ ਆਪਣੀ ਜੋਤ ਕਰੇ ਰੁਸ਼ਨਾਈਆ । ਪੰਜ ਤਤ ਵੇਖੇ ਜਗਤ ਮਕਾਨ, ਕਾਇਆ ਬੰਕ ਆਪ ਸੁਹਾਈਆ । ਨੌ ਦਰ ਵੇਖੇ ਮਾਤ ਦੁਕਾਨ, ਵੇਖਣਹਾਰਾ ਦਿਸ ਨਾ ਆਈਆ । ਘਰ ਵਿਚ ਘਰ ਖੇਲ ਮਹਾਨ, ਡੂੰਘੀ ਕੰਦਰ ਫੋਲ ਫੁਲਾਈਆ । ਆਦਿ ਨਿਰੰਜਣ ਜੋਤ ਨਿਰੰਜਣ ਜਗਾਏ ਮਹਾਨ, ਦੀਪਕ ਦੀਆ ਡਗਮਗਾਈਆ । ਅੰਮ੍ਰਿਤ ਆਤਮ ਦੇਵੇ ਦਾਨ, ਨਿਝਰ ਝਿਰਨਾ ਆਪ ਝਿਰਾਈਆ । ਆਤਮ ਸੇਜਾ ਕਰੇ ਪਰਵਾਨ, ਬ੍ਰਹਮ ਮੇਲਾ ਸਹਿਜ ਸਭਾਈਆ । ਸ਼ਬਦ ਨਾਦ ਵਜਾਏ ਅਨਹਦ ਧੁਨਕਾਨ, ਤਾਰ ਸਤਾਰ ਨਾ ਕੋਇ ਹਲਾਈਆ । ਈਸ਼ ਜੀਵ ਕਰੇ ਕਲਿਆਣ, ਕਾਗਦ ਕਲਮ ਨਾ ਲਿਖੇ ਛਾਹੀਆ । ਜੁਗ ਜੁਗ ਹੋਏ ਮਾਤ ਪਰਧਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਕਰੇ ਸਚ ਪੜ੍ਹਾਈਆ । ਸਚ ਪੜ੍ਹਾਈ ਏਕੰਕਾਰ, ਏਕਾ ਅੱਖਰ ਆਪ ਜਣਾਇੰਦਾ । ਤ੍ਰੈਗੁਣ ਮਾਇਆ ਵਸੇ ਬਾਹਰ, ਤ੍ਰੈਗੁਣ ਅਤੀਤਾ ਖੇਲ ਖਿਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਆਪਣਾ ਨੂਰ ਟਿਕਾਇੰਦਾ । ਮਾਣਸ ਮਾਨੁਸ਼ ਕਰੇ ਵਿਚਾਰ, ਮਾਨੁਖ ਆਪਣਾ ਮੇਲ ਮਿਲਾਇੰਦਾ । ਧਰਤ ਧਵਲ ਪਾਵੇ ਸਾਰ, ਆਦਿ ਜੁਗਾਦਿ ਵੇਸ ਵਟਾਇੰਦਾ । ਜੁਗਾਂ ਜੁਗੰਤਰ ਸਾਚੀ ਕਾਰ, ਕਰਨੇਹਾਰਾ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਵਖਾਇੰਦਾ । ਜੁਗ ਚੌਕੜੀ ਵਰਤੇ ਵਰਤਾਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਆਪਣਾ ਹੁਕਮ ਆਪ ਅਲਾਇੰਦਾ । ਚਾਰੇ ਮੁਖ ਕਰੇ ਪੁਕਾਰ, ਚਾਰੇ ਕੂਟਾਂ ਫੋਲ ਫੁਲਾਇੰਦਾ । ਚਾਰੇ ਜੁਗ ਬੰਨ੍ਹੇ ਧਾਰ, ਚਾਰੇ ਵੇਦਾਂ ਆਪੇ ਗਾਇੰਦਾ । ਏਕਾ ਚੌਕੜ ਕਰ ਪਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਖੇਲ ਅਪਾਰਾ, ਵਿਸ਼ਨ ਬ੍ਰਹਮਾ ਸ਼ਿਵ ਅਵਤਾਰਾ, ਲੋਕਮਾਤ ਹਰਿ ਕਰ ਉਜਿਆਰਾ, ਵਸੇ ਧਾਮ ਨਿਆਰਾ, ਸਾਚੀ ਸੇਵਾ ਸੇਵ ਲਗਾਇੰਦਾ । ਸਾਚੀ ਸੇਵਾ ਕਰ ਪਰਵਾਨ, ਤਿੰਨੇ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਨੈਨਣ ਨੈਣ ਇਕ ਖੁਲ੍ਹਾਈਆ । ਏਕਾ ਦੇਵੇ ਨਾਮ ਨਿਧਾਨ, ਵਸਤ ਅਮੋਲਕ ਝੋਲੀ ਪਾਈਆ । ਜੁਗ ਜੁਗ ਆਪਣੇ ਹੱਥ ਰੱਖੇ ਨਿਸ਼ਾਨ, ਸ੍ਰਿਸ਼ਟ ਸਬਾਈ ਆਪ ਉਠਾਈਆ । ਲੱਖ ਚੁਰਾਸੀ ਬਣਿਆ ਰਹੇ ਕਾਹਨ, ਨਵ ਸਤ ਗੋਪੀ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਅੱਖਰ ਰਿਹਾ ਸਮਝਾਈਆ । ਏਕਾ ਅੱਖਰ ਲੈਣਾ ਪੜ੍ਹ, ਬ੍ਰਹਮ ਪਾਰਬ੍ਰਹਮ ਪੜ੍ਹਾਇਆ । ਅਗਨੀ ਹਵਨ ਨਾ ਜਾਣਾ ਸੜ, ਮੜੀ ਗੌਰ ਨਾ ਕੋਇ

ਦਬਾਇਆ । ਤਾਣਾ ਪੇਟਾ ਬਹੱਤਰ ਨੜ, ਹੱਡ ਮਾਸ ਨਾੜੀ ਰਤ ਜੋੜ ਜੁੜਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਘਾੜਨ ਘੜ, ਮਨ ਮਤ ਬੁਧ ਵਿਚ ਰਖਾਇਆ । ਘਰ ਵਿਚ ਸੁਹਾਏ ਘਰ, ਬ੍ਰਹਮ ਸਾਚੀ ਵੰਡ ਵੰਡਾਇਆ । ਡੂੰਘੀ ਕੰਦਰ ਬੈਠਾ ਵੜ, ਦਿਸ ਕਿਸੇ ਨਾ ਆਇਆ । ਇਕ ਫੜਾਏ ਆਪਣਾ ਲੜ, ਏਕਾ ਡੋਰੀ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਖੇਲ ਖਿਲਾਇਆ । ਜੁਗ ਚੌਕੜੀ ਖੇਲੇ ਜੁਗ ਚਾਰ, ਚਾਰ ਵੇਦ ਕਰੇ ਪੜ੍ਹਾਈਆ । ਚਾਰੇ ਖਾਣੀ ਪਾਵੇ ਸਾਰ, ਉਤਭੁਜ ਸੇਤਜ ਜੇਰਜ ਅੰਡ ਵੰਡ ਵੰਡਾਈਆ । ਚਾਰੇ ਬਾਣੀ ਕਰੇ ਪਿਆਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਵਰਨਾਂ ਦਏ ਆਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਚਾਰੋਂ ਕੁੰਟ ਹੋਏ ਉਜਿਆਰ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਚਾਰੇ ਜੁਗ ਕਰੇ ਵਿਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਿਰਗੁਣ ਸਰਗੁਣ ਵੇਸ ਵਟਾਈਆ । ਚਾਰੇ ਘਰ ਕਰੇ ਖ਼ਬਰਦਾਰ, ਚੌਥੇ ਪਦ ਇਕ ਵਡਿਆਈਆ । ਤ੍ਰੈਗੁਣ ਮਾਇਆ ਤੇਰੀ ਧਾਰ, ਲੋਕਮਾਤ ਆਪ ਚਲਾਈਆ । ਠਾਂਡਾ ਸੀਤਾ ਵਸੇ ਸਚ ਦਰਬਾਰ, ਸਚਖੰਡ ਨਿਵਾਸੀ ਬੇਪਰਵਾਹੀਆ । ਆਪਣੀ ਰੀਤਾ ਜਾਣੇ ਆਪ ਨਿਰੰਕਾਰ, ਪਤਿਤ ਪੁਨੀਤਾ ਭੇਵ ਨਾ ਰਾਈਆ । ਨੌ ਦਰ ਖੋਲ੍ਹੇ ਜਗਤ ਦਵਾਰ, ਦਸਵਾਂ ਆਪਣੇ ਹੱਥ ਰਖਾਈਆ । ਨੌ ਖੰਡ ਪ੍ਰਿਥਮੀ ਕਰ ਪਸਾਰ, ਲੱਖ ਚੁਰਾਸੀ ਜੂਨ ਗੇੜਾ ਰਿਹਾ ਦੁਆਈਆ । ਚਾਰੇ ਜੁਗ ਕਰ ਖ਼ੁਵਾਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਨੌ ਨੌ ਚਾਰ ਏਕਾ ਧਾਰ, ਨੌ ਸੌ ਚੁਰਾਨਵੇ ਚੌਕੜੀ ਜੁਗ ਜੋੜ ਜੁੜਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਿਆ ਰਹਿਣਾ ਸੇਵਾਦਾਰ, ਤੇਰਾ ਮਨਵੰਤਰ ਤੇਰੀ ਝੋਲੀ ਪਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅੰਤਮ ਲਹਿਣਾ ਦੇਣਾ ਲਏ ਵਿਚਾਰ, ਅਭੁੱਲ ਅਭੁੱਲ ਸੱਚਾ ਸ਼ਹਿਨਸ਼ਾਹੀਆ । ਕਰਤਾ ਕੀਮਤ ਪਾਏ ਵਿਚ ਸੰਸਾਰ, ਨਿਰਗੁਣ ਨਿਰਗੁਣ ਨਿਰਗੁਣ ਵੇਖ ਵਖਾਈਆ । ਕਲਜੁਗ ਆਏ ਅੰਤਮ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿੰਨਾਂ ਏਕਾ ਗੁਣ ਰਿਹਾ ਸਮਝਾਈਆ । ਨੌ ਸੌ ਚੁਰਾਨਵੇਂ ਚੌਕੜੀ ਪੰਧ ਮੁਕੌਣਾ, ਆਪਣਾ ਗੇੜਾ ਆਪ ਦੁਆਈਆ । ਕਲਜੁਗ ਵੇਲਾ ਅੰਤਮ ਔਣਾ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਫੇਰਾ ਪੌਣਾ, ਗਗਨ ਗਗਨੰਤਰ ਵੇਖੇ ਥਾਉਂ ਥਾਈਆ । ਜ਼ਿਮੀ ਅਸਮਾਨਾਂ ਪੰਧ ਮੁਕੌਣਾ, ਪਾਂਧੀ ਬਣੇ ਸੱਚਾ ਮਾਹੀਆ । ਚੌਦਾਂ ਲੋਕ ਵੇਖ ਵਖੌਣਾ, ਚੌਦਾਂ ਤਬਕਾਂ ਹੱਟ ਕੁੰਡਾ ਲਾਹੀਆ । ਤੀਰਥ ਤੱਟਾਂ ਭੇਵ ਖੁਲੌਣਾ, ਅਠਸਠ ਫੋਲੇ ਫੋਲ ਫੁਲਾਈਆ । ਚਾਰ ਵਰਨ ਚਾਰ ਕੁੰਟ ਅਠਾਰਾਂ ਬਰਨ ਅੰਦਰ ਮੰਦਰ ਵੇਖ ਵਖੌਣਾ, ਕਾਇਆ ਬੰਕ ਕਵਣ ਸੁਹਾਈਆ । ਗੁਰ ਪੀਰ ਅਵਤਾਰ ਸਾਧ ਸੰਤ ਭਗਵੰਤ ਸਾਚੇ ਮੰਦਰ ਆਪ ਬਹੌਣਾ, ਮਹੱਲ ਅਟੱਲ ਉਚ ਮੁਨਾਰ ਸੋਭਾ ਪਾਈਆ । ਸ਼ਬਦ ਅਨਾਦਿ ਬ੍ਰਹਿਮਾਦਿ ਹੁਕਮ ਸੁਣੌਣਾ, ਨਾਦ ਅਨਾਦੀ ਢੋਲਾ ਗਾਈਆ । ਤ੍ਰੈਗੁਣ ਮਾਇਆ ਫੰਦ ਕਟੌਣਾ, ਜਗਤ ਜੰਜਾਲ ਰਹਿਣ ਨਾ ਪਾਈਆ । ਨਿਹਕਲੰਕਾ ਨਾਉਂ ਧਰੌਣਾ, ਨਿਰਗੁਣ ਨਿਰਵੈਰ ਪੁਰਖ ਅਕਾਲ ਬ੍ਰਹਮਾ ਵਿਸ਼ਨ ਸ਼ਿਵ ਰਿਹਾ ਸਮਝਾਈਆ । ਵਿਸ਼ਨੂੰ ਸਾਚਾ ਸੰਗ ਰਖੌਣਾ, ਵਿਛੜ ਕਦੇ ਨਾ ਜਾਈਆ । ਬ੍ਰਹਮੇ ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਏਕਾ ਘਰ ਵੱਜੇ ਵਧਾਈਆ । ਸ਼ੰਕਰ ਜੋਤੀ ਜੋਤ ਸਮੌਣਾ, ਹੱਥ ਤ੍ਰਸੂਲ ਰਹਿਣ ਨਾ ਪਾਈਆ । ਏਕਾ ਢੋਲਾ ਦੋ ਜਹਾਨਾਂ ਸਭ ਨੇ ਗੌਣਾ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਤਖ਼ਤ ਨਿਵਾਸੀ ਸਾਚਾ ਤਖ਼ਤ ਸੁਹੌਣਾ, ਸਾਚੇ ਤਖ਼ਤ ਬਹੇ ਸੱਚਾ ਸ਼ਹਿਨਸ਼ਾਹੀਆ । ਚਾਰੇ ਬਾਣੀ

੧੨੫੫

ਏਕਾ ਰਾਗ ਅਲੌਣਾ, ਚਾਰੇ ਖਾਣੀ ਦਏ ਵਡਿਆਈਆ । ਚਾਰੇ ਵਰਨਾਂ ਏਕਾ ਰੰਗ ਰੰਗੌਣਾ, ਊਚ ਨੀਚ ਰਾਓ ਰੰਕ ਕੋਇ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਇਸ਼ਟ ਦ੍ਰਿਸ਼ਟ ਇਕ ਵਖੌਣਾ, ਏਕਾ ਰੂਪ ਅਨੂਪ ਪਰਗਟਾਈਆ । ਘਰ ਘਰ ਦੀਪਕ ਮੰਦਰ ਜੋਤ ਜਗੌਣਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਘਰ ਅਨਹਦ ਸ਼ਬਦ ਵਜੌਣਾ, ਛੱਤੀ ਰਾਗ ਰਹੇ ਜਸ ਗਾਈਆ । ਘਰ ਘਰ ਬ੍ਰਹਮ ਪਾਰਬ੍ਰਹਮ ਮਿਲੌਣਾ, ਜਗਤ ਵਿਛੋੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪ ਚਲਾਏ ਆਪਣਾ ਮੰਤਰ, ਆਪਣੇ ਨਾਮ ਕਰੇ ਪੜ੍ਹਾਈਆ । ਸਾਚਾ ਨਾਮ ਹਰੀ ਹਰਿ ਮੰਤਰ, ਨਮੋ ਦੇਵ ਵਾਸਤਕ ਰੂਪ ਸਰਬ ਸਮਾਈਆ । ਲੇਖਾ ਜਾਣੇ ਜੁਗਾ ਜੁਗੰਤਰ, ਜੁਗ ਕਰਤਾ ਸੱਚਾ ਪਾਤਸ਼ਾਹੀਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਬੈਠਾ ਆਸਣ ਲਾਈਆ । ਸਤਿਜੁਗ ਸਾਚੀ ਬਣਾਏ ਬਣਤਰ, ਕਲਜੁਗ ਮੇਟੇ ਝੂਠੀ ਸ਼ਾਹੀਆ । ਏਕਾ ਨਾਉਂ ਪਰਗਟਾਏ ਗਗਨ ਗਗਨੰਤਰ, ਲੋਕਮਾਤ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਏਕਾ ਪੁਰਖ ਅਕਾਲ ਦੀਨ ਦਿਆਲ ਆਪਣਾ ਨਾਉਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਉਤਮ ਰੱਖੇ ਆਪਣੀ ਜ਼ਾਤਾ, ਸ੍ਰਿਸ਼ਟ ਸਬਾਈ ਪਿਤਾ ਮਾਤਾ, ਲੱਖ ਚੁਰਾਸੀ ਪੂਤ ਸਪੂਤਾ ਵੇਖਣਹਾਰਾ ਦਹਿ ਦਿਸ਼ਾਂ ਚਾਰੇ ਕੂਟਾਂ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੇਲ ਮਿਲਾਏ ਥਾਉਂ ਥਾਈਂਆ । ਸਤਿ ਸਤਿਵਾਦੀ ਲਾਏ ਬੂਟਾ, ਅੰਮ੍ਰਿਤ ਸਿੰਚ ਹਰਿਆ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਦੋ ਜਹਾਨ, ਆਪਣਾ ਲੇਖਾ ਆਪਣੇ ਲੇਖੇ ਪਾਈਆ ।

### ✻ ੧੪ ਅਸੂ ੨੦੧੭ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹ ਪਿੰਡ ਜੌੜਾ ਜ਼ਿਲਾ ਅੰਮ੍ਰਿਤਸਰ ✻

ਸਤਿ ਪੁਰਖ ਨਿਰੰਜਣ ਸਾਹਿਬ ਸੁਲਤਾਨਾ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਖੇਲ ਮਹਾਨਾ, ਇਕ ਇਕੱਲਾ ਆਪ ਕਰਾਇੰਦਾ । ਏਕੰਕਾਰਾ ਜੋਧਾ ਸੂਰਬੀਰ ਬਲੀ ਬਲਵਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰੋ ਨੂਰ ਮਹਾਨਾ, ਜੋਤ ਉਜਾਲਾ ਡਗਮਗਾਇੰਦਾ । ਸ੍ਰੀ ਭਗਵਾਨ ਗੁਣ ਨਿਧਾਨਾ, ਗਹਿਰ ਗੰਭੀਰ ਭੇਵ ਨਾ ਆਇੰਦਾ । ਅਬਿਨਾਸ਼ੀ ਕਰਤਾ ਖੇਲੇ ਦੋ ਜਹਾਨਾ, ਸਚ ਸਿੰਘਾਸਣ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਆਪੇ ਹੋਏ ਜਾਣੀ ਜਾਣਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਾਚੇ ਤਖ਼ਤ ਬੈਠ ਹਰਿ ਰਾਜ ਰਾਜਾਨਾ, ਸ਼ਾਹੋ ਭੂਪ ਹੁਕਮ ਸੁਣਾਇੰਦਾ । ਨਾਦ ਅਨਾਦੀ ਧੁਰ ਫ਼ਰਮਾਣਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦੀ ਇਕ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸਾਚਾ ਬੇੜਾ ਚਲਾਵਣਹਾਰਾ, ਏਕਾ ਰੰਗ ਸਮਾਇਆ । ਦਰਗਹਿ ਵਸੇ ਸਾਚੇ ਧਾਮ ਨਿਆਰਾ, ਮਹੱਲ ਅਟੱਲ ਉਚ ਆਪ ਉਪਾਇਆ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਇਆ । ਥਿਰ ਘਰ ਖੋਲ੍ਹੇ ਠਾਂਡਾ ਦਰਬਾਰਾ, ਨਿਰਾਕਾਰਾ ਵੇਸ ਵਟਾਇਆ । ਸਚ ਸਿੰਘਾਸਣ ਅਪਰ ਅਪਾਰਾ, ਅਲੱਖ ਅਗੋਚਰ ਆਪ ਸੁਹਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਆਪਣਾ ਰੂਪ ਆਪ ਪਰਗਟਾਇਆ । ਹਰਿ ਨਿਰਗੁਣ ਰੂਪ ਪਰਗਟਾਇੰਦਾ, ਦੂਸਰ ਅਵਰ ਨਾ ਕੋਇ ਜਣਾਈਆ । ਮਾਤ ਪਿਤ ਨਾ ਕੋਇ ਵਖਾਇੰਦਾ, ਸਾਕ ਸੱਜਣ ਨਾ ਕੋਇ ਬਣਾਈਆ । ਰੂਪ ਰੰਗ ਰੇਖ ਨਾ ਕੋਇ ਜਣਾਇੰਦਾ, ਸੁਤੇ ਪਰਕਾਸ਼ ਆਪ ਕਰਾਈਆ । ਸੱਚਾ ਸ਼ਹਿਨਸ਼ਾਹ ਅਨਭਵ ਆਪਣੀ ਧਾਰ ਚਲਾਇੰਦਾ, ਅਲੱਖ ਅਲੱਖਨਾ ਭੇਵ ਨਾ ਰਾਈਆ । ਸਚਖੰਡ ਦਵਾਰੇ ਸੋਭਾ ਪਾਇੰਦਾ, ਏਕੰਕਾਰਾ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਇਕ ਅਖਵਾਈਆ । ਨਰ ਨਰਾਇਣ ਏਕੰਕਾਰਾ, ਅਕਲ ਕਲ ਆਪ ਅਖਵਾਈਆ । ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਧਾਰ ਵਿਚ ਟਿਕਾਈਆ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਆਪਣੀ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਸਾਚਾ ਮੰਦਰ ਕਰ ਤਿਆਰਾ, ਜੂਨੀ ਰਹਿਤ ਬੈਠਾ ਤਖ਼ਤ ਸੁਹਾਈਆ । ਮੂਰਤ ਅਕਾਲ ਖੇਲ ਅਪਾਰਾ, ਦੀਨ ਦਿਆਲ ਵੱਡੀ ਵਡਿਆਈਆ । ਜਾਗਰਤ ਜੋਤ ਹੋਏ ਉਜਿਆਰਾ, ਆਦਿ ਨਿਰੰਜਣ ਇਕ ਰੁਸ਼ਨਾਈਆ । ਸ੍ਰੀ ਭਗਵਾਨ ਸਾਂਝਾ ਯਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਦਏ ਵਡਿਆਈਆ । ਦਰ ਘਰ ਸਾਚਾ ਪੁਰਖ ਅਕਾਲ, ਇਕ ਇਕੱਲਾ ਆਪ ਸੁਹਾਇੰਦਾ । ਆਦਿ ਜੁਗਾਦੀ ਚਲੇ ਅਵੱਲੜੀ ਚਾਲ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸਚਖੰਡ ਦਵਾਰੇ ਨਿਰਗੁਣ ਨਿਰਗੁਣ ਬਣੇ ਦਲਾਲ, ਥਿਰ ਘਰ ਵਾਸੀ ਵੇਖ ਵਖਾਇੰਦਾ । ਆਪਣੀ ਕਰੇ ਆਪ ਪ੍ਰਿਤਪਾਲ, ਜੁਗ ਜੁਗ ਸਾਚੀ ਸੇਵ ਕਮਾਇੰਦਾ । ਸਾਚੇ ਮੰਦਰ ਵਜਾਏ ਏਕਾ ਤਾਲ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਆਪਣੀ ਇਛਿਆ ਆਪ ਪਰਗਟਾਏ ਮਹਾਂਕਾਲ, ਸ਼ਬਦੀ ਸੇਵਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਸੁਹੰਜਣਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਈਆ । ਨਿਰਗੁਣ ਨਿਰਵੈਰ ਬੈਠਾ ਏਕਾ ਕੰਤ, ਨਰ ਹਰਿ ਵੱਡੀ ਵਡਿਆਈਆ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਭੇਵ ਨਾ ਰਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਦਰਵਾਜ਼ਾ ਇਕ ਖੁਲਾਈਆ । ਦਰ ਦਰਵਾਜ਼ਾ ਖੋਲ੍ਹਣਹਾਰਾ, ਏਕਾ ਏਕ ਰੰਗ ਸਮਾਈਆ । ਸਚਖੰਡ ਦਵਾਰੇ ਭੇਵ ਨਿਆਰਾ, ਭੇਵ ਅਭੇਦਾ ਆਪ ਖੁਲ੍ਹਾਈਆ । ਏਕਾ ਸ਼ਬਦ ਬੋਲ ਜੈਕਾਰਾ, ਏਕਾ ਨਾਮ ਦਏ ਵਡਿਆਈਆ । ਥਿਰ ਘਰ ਵਾਸੀ ਮੀਤ ਮੁਰਾਰਾ, ਪੀਆ ਪ੍ਰੀਤਮ ਇਕ ਅਖਵਾਈਆ । ਸਚ ਸਿੰਘਾਸਣ ਕਰ ਤਿਆਰਾ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਸੇਵਕ ਬਣ ਕਰ ਸੇਵਾਦਾਰਾ, ਦਰ ਦਰਵੇਸ਼ ਆਪਣੀ ਸੇਵ ਕਮਾਈਆ । ਆਪੇ ਭੂਪ ਰਾਜ ਰਾਜਾਨ ਬਣੇ ਸਿਕਦਾਰਾ, ਪਾਤਸ਼ਾਹ ਸ਼ਾਹ ਪਾਤਸ਼ਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲਾਈਆ । ਹਰਿ ਆਪਣਾ ਭੇਵ ਖੁਲਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਸਚਖੰਡ ਦਵਾਰਾ ਇਕ ਸੁਹਾਇੰਦਾ, ਨਿਰਗੁਣ ਨੂਰ ਕਰ ਉਜਿਆਰ । ਆਪਣਾ ਵੇਸ ਆਪ ਵਟਾਇੰਦਾ, ਵੇਸ ਅਵੱਲਾ ਕਰ ਕਰਤਾਰ । ਆਪਣੀ ਰਚਨ ਆਪ ਰਚਾਇੰਦਾ, ਆਪੇ ਬਣੇ ਵੇਖਣਹਾਰ । ਆਪਣੀ ਵੰਡ ਆਪ ਵੰਡਾਇੰਦਾ, ਨਿਰਗੁਣ ਨਿਰਗੁਣ ਕਰ ਪਿਆਰ । ਨਿਰਗੁਣ ਸਾਚਾ ਤਾਜ ਆਪ ਸੁਹਾਇੰਦਾ, ਸੀਸ ਜਗਦੀਸ ਰੱਖ ਏਕੰਕਾਰ । ਸਾਚੇ ਮੰਦਰ ਸੋਭਾ ਪਾਇੰਦਾ, ਸਤਿ ਸਤਿਵਾਦੀ ਝੁਲਾਏ

ਇਕ ਨਿਸ਼ਾਨ । ਧੁਰ ਫ਼ਰਮਾਣਾ ਇਕ ਅਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਇੰਦਾ । ਆਪਣੀ ਧਾਰ ਬੰਧਾਵਣਹਾਰਾ, ਨਿਰਗੁਣ ਨਿਰਵੈਰ ਅਖਵਾਈਆ । ਸਾਚੇ ਮੰਦਰ ਹੋ ਉਜਿਆਰਾ, ਆਪਣੀ ਕਰਨੀ ਕਿਰਤ ਕਮਾਈਆ । ਨਿਰਗੁਣ ਨਿਰਗੁਣ ਕਰ ਪਿਆਰਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਉਪਜਾਏ ਸੁਤ ਦੁਲਾਰਾ, ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਆਪ ਉਪਜਾਈਆ । ਨਿਰਗੁਣ ਤ੍ਰੈਗੁਣ ਦੇਵੇ ਤਤ ਭੰਡਾਰਾ, ਨਿਰਗੁਣ ਪੰਚਮ ਕਰੇ ਕੁੜਮਾਈਆ । ਨਿਰਗੁਣ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲਾਏ ਇਕ ਅਖਾੜਾ, ਨਿਰਗੁਣ ਲੋਆਂ ਪੁਰੀਆਂ ਤਾਲ ਵਜਾਈਆ । ਨਿਰਗੁਣ ਗਗਨ ਮੰਡਲ ਦੇਵੇ ਸਹਾਰਾ, ਨਿਰਗੁਣ ਜ਼ਿਮੀ ਅਸਮਾਨਾਂ ਹੋਏ ਸਹਾਈਆ । ਨਿਰਗੁਣ ਜੋਤ ਜਗਾਏ ਰਵ ਸਸ ਸਤਾਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਨਿਰਗੁਣ ਆਪਣਾ ਖੋਲ੍ਹੇ ਬੰਕ ਕਿਵਾੜਾ, ਆਪਣਾ ਭੇਵ ਆਪ ਜਣਾਈਆ । ਨਿਰਗੁਣ ਸ਼ਬਦ ਅਗੰਮੀ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਨਿਰਗੁਣ ਵਿਸ਼ਨੂੰ ਦਏ ਆਧਾਰਾ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਨਿਰਗੁਣ ਬ੍ਰਹਮੇ ਪਾਵੇ ਸਾਰਾ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਕੁਦਰਤ ਆਪ ਰਚਾਈਆ । ਕੁਦਰਤ ਰਚਨ ਰਚਾਇੰਦਾ, ਹਰਿ ਕਾਦਰ ਬੇਪਰਵਾਹ । ਹੱਕ ਮੁਕਾਮੇ ਡੇਰਾ ਲਾਇੰਦਾ, ਨੂਰੋ ਨੂਰ ਜਲਵਾ ਇਕ ਖ਼ੁਦਾ । ਸਾਚਾ ਖੇਲ ਆਪ ਖਲਾਇੰਦਾ, ਬਿਸਮਲ ਆਪਣਾ ਰੂਪ ਵਟਾ । ਘਰ ਮੰਦਰ ਸੋਭਾ ਪਾਇੰਦਾ, ਦੀਵਾ ਬਾਤੀ ਦਏ ਜਗਾ । ਏਕਾ ਕਲਮਾ ਨਬੀ ਪੜ੍ਹਾਇੰਦਾ, ਏਕਾ ਸ਼ਰੀਅਤ ਦਏ ਵਖਾ । ਏਕਾ ਹੁਕਮ ਹੁਕਮ ਅਲਾਇੰਦਾ, ਕਾਗਦ ਕਲਮ ਨਾ ਲਿਖੇ ਰਾ । ਏਕਾ ਆਪਣੀ ਆਇਤ ਸੁਣਾਇੰਦਾ, ਕਿਸੇ ਆਇਤ ਵਿਚ ਨਾ ਜਾਏ ਆ । ਏਕਾ ਆਪਣੀ ਧਾਰ ਬੰਧਾਇੰਦਾ, ਦੋ ਜਹਾਨਾਂ ਵਾਲੀ ਬੇਪਰਵਾਹ । ਆਦਿ ਜੁਗਾਦੀ ਆਪਣਾ ਨਾਉਂ ਧਰਾਇੰਦਾ, ਨਾ ਜੰਮੇ ਨਾ ਮਰ ਜਾ । ਕਿਲਾ ਕੋਟ ਇਕ ਵਖਾਇੰਦਾ, ਸਚਖੰਡ ਦਵਾਰਾ ਰਿਹਾ ਵਸਾ । ਥਿਰ ਘਰ ਸਾਚੇ ਆਪਣਾ ਕਾਤਬ ਸ਼ਬਦ ਰਖਾਇੰਦਾ, ਦੂਸਰ ਸੰਗ ਨਾ ਲਏ ਕੋਇ ਨਿਭਾ । ਵਿਸ਼ਨ ਬ੍ਰਹਮੇ ਸ਼ਿਵ ਏਕਾ ਲੇਖਾ ਲਿਖ ਲਿਖ ਆਪ ਪੁਚਾਇੰਦਾ, ਏਕਾ ਹੁਕਮ ਦਏ ਵਰਤਾ । ਧੁਰ ਫ਼ਰਮਾਣਾ ਆਪ ਸੁਣਾਇੰਦਾ, ਗਾਵਣਹਾਰਾ ਆਪੇ ਗਾ । ਨਿਰਗੁਣ ਆਪਣੀ ਵੰਡ ਵੰਡਾਇੰਦਾ, ਸਰਗੁਣ ਮੇਲਾ ਸਹਿਜ ਸੁਭਾ । ਸਰਗੁਣ ਸਾਚਾ ਜੋੜ ਜੁੜਾਇੰਦਾ, ਪੰਜ ਤਤ ਘਾੜਨ ਲਏ ਘੜਾ । ਤ੍ਰੈਗੁਣ ਮਾਇਆ ਬੰਧਨ ਪਾਇੰਦਾ, ਬੰਦੀ ਪਾਵੇ ਸੱਚਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਹਰਿ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਆਪਣੀ ਕਰਨੀ ਆਪ ਕਮਾਈਆ । ਕਰੇ ਕਰਾਏ ਕਰਤਾ ਪੁਰਖ, ਬੇਅੰਤ ਬੇਪਰਵਾਹਿਆ । ਆਦਿ ਜੁਗਾਦਿ ਨਾ ਸੋਗ ਹਰਖ, ਚਿੰਤਾ ਰੋਗ ਨਾ ਕੋਇ ਵਖਾਇਆ । ਆਪਣਾ ਨਾਉਂ ਆਪੇ ਕਰੇ ਪਰਖ, ਵੇਖਣਹਾਰ ਆਪਣਾ ਰੂਪ ਵਟਾਇਆ । ਨਿਰਗੁਣ ਨਿਰਵੈਰ ਦੇਵੇ ਆਪਣਾ ਦਰਸ, ਵਿਸ਼ਨ ਬ੍ਰਹਮਾ ਸ਼ਿਵ ਆਪ ਤ੍ਰਿਪਤਾਇਆ । ਆਪੇ ਮੇਟਣਹਾਰਾ ਹਰਸ, ਚਰਨ ਚਰਨੋਦਕ ਮੁਖ ਚੁਵਾਇਆ । ਆਪੇ ਲੇਖਾ ਜਾਣੇ ਆਪਣੇ ਅਰਸ਼, ਦੂਜਾ ਕੁਰਾ ਨਾ ਕੋਇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਖੇਲ ਆਪ ਖਲਾਇਆ । ਹਰਿ ਸਾਚਾ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਕਰ ਵਿਚਾਰ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ, ਤ੍ਰੈਗੁਣ ਮਾਇਆ ਭਰ ਭੰਡਾਰ । ਏਕਾ ਤਤਵ ਤਤ ਸਮਝਾਇੰਦਾ, ਰਤੀ ਰਤ ਕਰ

੧੨੫੮
੦੯

ਪਿਆਰ । ਗਤ ਮਿਤ ਆਪ ਜਣਾਇੰਦਾ, ਬ੍ਰਹਮ ਮਤ ਅਪਰ ਅਪਾਰ । ਸਾਚਾ ਸਤਿ ਇਕ ਵਖਾਇੰਦਾ, ਜੋਤ ਜਗਤ ਜੁਗਤ ਸਚ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰ ਆਪ ਪਸਾਰ । ਆਪਣਾ ਪਸਾਰਾ ਕਰਨੇਹਾਰਾ, ਆਪਣਾ ਖੇਲ ਖਿਲਾਈਆ । ਨਿਰਗੁਣ ਨਿਰਗੁਣ ਬਣ ਵਰਤਾਰਾ, ਨਿਰਗੁਣ ਭਿਛਿਆ ਹੱਥ ਉਠਾਈਆ । ਨਿਰਗੁਣ ਵੇਖੇ ਦਰ ਦਵਾਰਾ, ਨਿਰਗੁਣ ਦਰ ਦਰ ਅਲੱਖ ਜਗਾਈਆ । ਨਿਰਗੁਣ ਜੋਤ ਨਿਰਗੁਣ ਉਜਿਆਰਾ, ਨਿਰਗੁਣ ਸ਼ਬਦ ਧੁਨ ਉਪਜਾਈਆ । ਨਿਰਗੁਣ ਸਰੋਵਰ ਅੰਮ੍ਰਿਤ ਠੰਡਾ ਠਾਰਾ, ਨਿਰਗੁਣ ਭਰ ਪਿਆਲਾ ਜਾਮ ਪਿਆਈਆ । ਨਿਰਗੁਣ ਲੱਖ ਚੁਰਾਸੀ ਘਾੜਨ ਘੜੇ ਵਿਚ ਸੰਸਾਰਾ, ਸਰਗੁਣ ਸਾਚਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਲੱਖ ਚੁਰਾਸੀ ਘਾੜਨ ਘੜਿਆ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇੰਦਾ । ਕਰੇ ਖੇਲ ਪ੍ਰਭ ਸਾਚਾ ਹਰਿਆ, ਹਰੀ ਹਰਿ ਆਪਣਾ ਮੇਲ ਮਿਲਾਇੰਦਾ । ਘਰ ਵਿਚ ਘਰ ਏਕਾ ਧਰਿਆ, ਬੰਕ ਦਵਾਰਾ ਇਕ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਅੰਦਰ ਵੜਿਆ, ਦਿਸ ਕਿਸੇ ਨਾ ਆਇੰਦਾ । ਸਾਚੇ ਪੌੜੇ ਆਪੇ ਚੜ੍ਹਿਆ, ਚੌਥਾ ਪੌੜਾ ਆਪ ਲਗਾਇੰਦਾ । ਸਾਚੇ ਮੰਦਰ ਆਪੇ ਖੜਿਆ, ਹਰਿ ਮੰਦਰ ਸੋਭਾ ਪਾਇੰਦਾ । ਆਪਣਾ ਅੱਖਰ ਆਪੇ ਪੜ੍ਹਿਆ, ਬੋਧ ਅਗਾਧੀ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਰਚਨ ਆਪ ਰਚਾਇੰਦਾ । ਰਚਨ ਰਚਾਏ ਹਰਿ ਬ੍ਰਹਿਮੰਡ, ਆਪਣੀ ਰਚਨ ਆਪ ਰਚਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਵੇਖੇ ਥਾਉਂ ਥਾਈਆ । ਘਰ ਘਰ ਜੋਤ ਜਗਾਏ ਸੂਰਾ ਸਰਬੰਗ, ਜੋਤ ਨਿਰੰਜਣ ਕਰ ਰੁਸ਼ਨਾਈਆ । ਇਕ ਸੁਣਾਏ ਸੁਹਾਗੀ ਛੰਦ, ਅਨਹਦ ਧੁਨ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਰਚਨਾ ਰਚ, ਅੰਦਰ ਵੜ ਕੇ ਬੈਠਾ ਸੱਚ, ਕਾਇਆ ਮਾਟੀ ਭਾਂਡਾ ਕੱਚ, ਨੌਂ ਦਵਾਰੇ ਖੋਜ ਖੁਜਾਈਆ । ਨੌਂ ਦਵਾਰੇ ਖੇਲ ਅਪਾਰਾ, ਜਗਤ ਵਾਸਨਾ ਵਿਚ ਭਰਾਇੰਦਾ । ਮਨ ਮਤ ਬੁਧ ਪਾਵੇ ਸਾਰਾ, ਡੂੰਘੀ ਕੰਦਰ ਫੋਲ ਫੁਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਜਗਤ ਸ਼ੰਗਾਰਾ, ਆਸਾ ਤ੍ਰਿਸ਼ਨਾ ਵੇਖ ਵਖਾਇੰਦਾ । ਹਉਮੇ ਹੰਗਤਾ ਗੜ੍ਹ ਹੰਕਾਰਾ, ਨਿਰਗੁਣ ਸਰਗੁਣ ਬੁਰਜ ਸੁਹਾਇੰਦਾ । ਜੂਠ ਝੂਠ ਕਰ ਪਸਾਰਾ, ਮਨ ਆਹਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਘਟ ਘਟ ਆਪਣਾ ਖੇਲ ਖਿਲਾਇੰਦਾ । ਘਟ ਅੰਦਰ ਦੀਵਾ ਬਾਤੀ, ਹਰਿ ਸਾਚੀ ਜੋਤ ਜਗਾਈਆ । ਘਟ ਅੰਦਰ ਬੂੰਦ ਸਵਾਂਤੀ, ਪ੍ਰਭ ਕਵਲ ਨਾਭ ਭਰਾਈਆ । ਘਰ ਖੋਲ੍ਹੇ ਬੰਦ ਤਾਕੀ, ਬਜਰ ਕਪਾਟ ਤੁੜਾਈਆ । ਘਰ ਬਣੇ ਸਾਚਾ ਸਾਕੀ, ਭਰ ਪਿਆਲਾ ਜਾਮ ਪਿਆਈਆ । ਘਰ ਦੇਵੇ ਸ਼ਬਦ ਰਾਕੀ, ਸ਼ਾਹ ਸਵਾਰਾ ਸੱਚਾ ਸ਼ਹਿਨਸ਼ਾਹੀਆ । ਘਰ ਲੇਖਾ ਮੁਕਾਏ ਬਾਕੀ, ਜਿਸ ਮਿਲਿਆ ਬੇਪਰਵਾਹੀਆ । ਘਰ ਸੁਹਾਏ ਸੇਜਾ ਖਾਟੀ, ਆਤਮ ਅੰਤਰ ਵੇਖ ਵਖਾਈਆ । ਘਰ ਲੇਖਾ ਚੁੱਕੇ ਚੌਦਾਂ ਹਾਟੀ, ਚੌਦਾਂ ਤਬਕਾਂ ਚਰਨਾਂ ਹੇਠ ਦਬਾਈਆ । ਘਰ ਜਗੇ ਜੋਤ ਲਲਾਟੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਘਰ ਨੇੜੇ ਵਖਾਏ ਵਾਟੀ, ਅਗਲਾ ਪੰਧ ਮੁਕਾਈਆ । ਘਰ ਤਟ ਤੀਰਥ ਦੱਸੇ ਸਾਚਾ ਤਾਟੀ, ਤਟ ਕਿਨਾਰਾ ਸੋਭਾ ਪਾਈਆ । ਘਰ ਪੁੱਛਣਹਾਰਾ ਵਾਤੀ, ਆਲਸ ਨਿੰਦਰਾ ਵਿਚ ਨਾ ਆਈਆ । ਘਰ ਉਤਮ ਕਰੇ ਜ਼ਾਤੀ, ਵਰਨ ਗੋਤ ਨਾ ਕੋਇ ਵਖਾਈਆ । ਘਰ ਮਿਟੇ ਅੰਧੇਰੀ ਰਾਤੀ, ਅੰਧ ਅੰਧੇਰ ਰਹਿਣ ਨਾ ਪਾਈਆ । ਘਰ ਮਿਲੇ

ਕਮਲਾਪਾਤੀ, ਕਵਲ ਨੈਣ ਆਪ ਖੁਲਾਈਆ । ਘਰ ਵਿਗਸੇ ਸਾਚਾ ਸਾਥੀ, ਸਗਲਾ ਸੰਗ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਰਚਨਾ ਰਚ, ਕਾਇਆ ਮੰਦਰ ਆਪੇ ਰਿਹਾ ਸੁਹਾਈਆ । ਕਾਇਆ ਮੰਦਰ ਬਣਾਇਆ ਗੜ, ਸਤਿਗੁਰ ਸਤਿ ਪੁਰਖ ਨਿਰੰਜਣ ਦਇਆ ਕਮਾਇੰਦਾ । ਨਿਰਗੁਣ ਉਪਰ ਬੈਠਾ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ ਨਾ ਕੋਇ ਵਖਾਇੰਦਾ । ਆਪਣਾ ਨਿਸ਼ਅੱਖਰ ਆਪੇ ਪੜ੍ਹ, ਆਪਣਾ ਸ਼ਬਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਵਰ ਦਾਤਾ ਭੇਵ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇਆ, ਲੱਖ ਚੁਰਾਸੀ ਵੇਖ ਵਖਾਈਆ । ਤ੍ਰੈਗੁਣ ਘਾੜਨ ਆਪ ਘੜਾਇਆ, ਪੰਜ ਤਤ ਹੋਈ ਕੁੜਮਾਈਆ । ਮਨ ਮਤ ਬੁਧ ਰਾਹ ਚਲਾਇਆ, ਆਤਮ ਬ੍ਰਹਮ ਬੈਠਾ ਮੁਖ ਛੁਪਾਈਆ । ਸ਼ਬਦ ਅਨਾਦੀ ਆਪਣੇ ਹੱਥ ਰਖਾਇਆ, ਤਾਲ ਤਲਵਾੜਾ ਆਪ ਵਜਾਈਆ । ਬ੍ਰਹਮ ਬ੍ਰਹਿਮਾਦੀ ਖੇਲ ਰਚਾਇਆ, ਰਚ ਰਚ ਵੇਖੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਸਲਾਹ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਦਾਤਾ ਦਤਾਰ ਬੇਪਰਵਾਹ, ਤੇਰਾ ਭੇਵ ਕੋਇ ਨਾ ਆਈਆ । ਦਰ ਦਰਵੇਸ਼ ਬਣ ਭਿਖਾਰ ਬੈਠੇ ਆ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਆਪਣਾ ਹੁਕਮ ਇਕ ਜਣਾ, ਕਵਣ ਹੁਕਮ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਘਾੜਨ ਲਿਆ ਘੜਾ, ਤੇਰਾ ਰੂਪ ਸ੍ਰਿਸ਼ਟ ਸਬਾਈਆ । ਕਵਣ ਵੇਸ ਲਏ ਧਰਾ, ਧਰਨੀ ਧਰਤ ਧਵਲ ਲਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਰਿਹਾ ਖੁਲਾਈਆ । ਭੇਵ ਖੁਲਾਏ ਸ੍ਰੀ ਭਗਵਾਨ, ਤ੍ਰੈ ਤ੍ਰੈ ਆਪ ਜਣਾਇੰਦਾ । ਲੋਕਮਾਤ ਰਖਾਏ ਆਪਣਾ ਇਕ ਨਿਸ਼ਾਨ, ਜੁਗ ਜੁਗ ਵੇਸ ਵਟਾਇੰਦਾ । ਚਾਰੇ ਵੇਦ ਜਗਤ ਗਿਆਨ, ਚਾਰ ਜੁਗ ਵੰਡ ਵੰਡਾਇੰਦਾ । ਚਾਰੇ ਖਾਣੀ ਕਰੇ ਪਰਵਾਨ, ਚਾਰੇ ਬਾਣੀ ਮੁਖ ਸਾਲਾਹਿੰਦਾ । ਬਿਨ ਹਰਿ ਨਾ ਚੁੱਕੇ ਕਿਸੇ ਕਾਣ, ਅੰਤ ਪੰਧ ਨਾ ਕੋਇ ਮੁਕਾਇੰਦਾ । ਪਰਗਟ ਹੋਏ ਵਿਚ ਜਹਾਨ, ਨਿਰਗੁਣ ਆਪਣਾ ਭੇਵ ਖੁਲਾਇੰਦਾ । ਸਰਗੁਣ ਬ੍ਰਹਮ ਕਰੇ ਪਰਵਾਨ, ਪਾਰਬ੍ਰਹਮ ਮੇਲ ਮਿਲਾਇੰਦਾ । ਸ਼ਬਦ ਵਖਾਏ ਸਚ ਨਿਸ਼ਾਨ, ਧੁਰ ਦੀ ਬਾਣੀ ਬਾਣ ਲਗਾਇੰਦਾ । ਚਾਰੇ ਜੁਗ ਵੇਖੇ ਆਣ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੇ ਅੰਗ ਲਗਾਇੰਦਾ । ਆਪਣੀ ਇਛਿਆ ਦੇਵੇ ਦਾਨ, ਲੱਖ ਚੁਰਾਸੀ ਵਿਚੋਂ ਭਗਤ ਭਗਵੰਤ ਆਪ ਉਠਾਇੰਦਾ । ਸੁਰਤੀ ਸ਼ਬਦ ਮਿਲਾਏ ਆਣ, ਸ਼ਬਦ ਗੁਰ ਰਾਹ ਵਖਾਇੰਦਾ । ਸੰਤਨ ਦੇਵੇ ਏਕਾ ਮਾਣ, ਮਨ ਕਾ ਮਣਕਾ ਆਪ ਭੁਵਾਇੰਦਾ । ਗੁਰਮੁਖ ਲੇਖੇ ਲਾਏ ਆਣ, ਲਿਖ ਲਿਖ ਅੱਖਰ ਆਪ ਪੜ੍ਹਾਇੰਦਾ । ਗੁਰਸਿਖ ਬਖ਼ਸ਼ੇ ਚਰਨ ਧੂੜ ਅਸ਼ਨਾਨ, ਦੁਰਮਤ ਮੈਲ ਆਪ ਧੁਵਾਇੰਦਾ । ਸਤਿਜੁਗ ਸਤਿ ਕਰੇ ਕਲਿਆਣ, ਸਤਿ ਸਤਿਵਾਦੀ ਵੇਸ ਵਟਾਇੰਦਾ । ਤ੍ਰੇਤਾ ਤਿਰੀਆ ਹੋ ਪਰਧਾਨ, ਰਾਮ ਰਾਮਾ ਡੰਕ ਵਜਾਇੰਦਾ । ਦਵਾਪਰ ਖੇਲੇ ਖੇਲ ਭਗਵਾਨ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਆਪੇ ਚਲੇ ਅਵੱਲੜੀ ਚਾਲਾ, ਜੁਗ ਕਰਤਾ ਚਾਲ ਚਲਾਇੰਦਾ । ਚਾਲ ਚਲਾਏ ਹਰਿ ਨਿਰਾਲੀ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤ ਜਗਾਏ ਇਕ ਅਕਾਲੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਕਰੇ ਸਚ ਦਲਾਲੀ, ਦੋ ਜਹਾਨ

ਫੇਰਾ ਪਾਈਆ । ਬੂਟਾ ਲਾਏ ਏਕਾ ਮਾਲੀ, ਗੁਰਸਿਖ ਫੁਲ ਫੁਲਵਾੜੀ ਆਪ ਮਹਿਕਾਈਆ । ਲੇਖਾ ਜਾਣੇ ਪਤ ਡਾਲ੍ਹੀ, ਕਲੀ ਕਲੀ ਆਪ ਮਹਿਕਾਈਆ । ਆਪੇ ਫਿਰੇ ਹੱਥਾਂ ਖ਼ਾਲੀ, ਖ਼ਾਲਕ ਖ਼ਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਈਆ । ਸਾਚੀ ਭਿਛਿਆ ਝੋਲੀ ਪਾ, ਏਕਾ ਹੁਕਮ ਸੁਣਾਇੰਦਾ । ਸਤਿਜੁਗ ਬੇੜਾ ਦਏ ਚਲਾ, ਰੂਪ ਅਨੂਪ ਆਪ ਪਰਗਟਾਇੰਦਾ । ਵਾਰ ਅਠਾਰਾਂ ਜੋਤ ਜਗਾ, ਨਿਰਗੁਣ ਸਰਗੁਣ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਜੁਗ ਜੁਗ ਵੇਸ ਅਵੱਲੜਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਕਰੇ ਖੇਲ ਇਕ ਇਕੱਲੜਾ, ਅਕਲ ਕਲ ਆਪਣੀ ਧਾਰ ਵਹਾਇੰਦਾ । ਵਸਾਏ ਨੇਹਚਲ ਧਾਮ ਅਟੱਲ ਅਟੱਲੜਾ, ਉਚ ਮੁਨਾਰਾ ਹਰਿ ਨਿਰੰਕਾਰਾ ਸੋਭਾ ਪਾਇੰਦਾ । ਸਤਿਜੁਗ ਫੜਾਇਆ ਆਪਣਾ ਪੱਲੜਾ, ਪਾਰ ਕਿਨਾਰਾ ਆਪ ਵਖਾਇੰਦਾ । ਤ੍ਰੇਤੇ ਲੋਕਮਾਤ ਆਸਣ ਮਲੜਾ, ਤ੍ਰੈਗੁਣ ਲੇਖਾ ਆਪ ਜਣਾਇੰਦਾ, ਸਚ ਸੰਦੇਸ਼ ਏਕਾ ਘਲੜਾ, ਨਰ ਨਰੇਸ਼ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਆਪਣੀ ਕਾਰ ਕਮਾਇੰਦਾ । ਆਪਣੀ ਕਾਰ ਕਮਾਵਣ ਜੋਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਧੁਰ ਸੰਜੋਗ, ਧੁਰ ਦਾ ਮੇਲਾ ਮੇਲ ਮਿਲਾਈਆ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਵਿਦਿਆ ਕਰੇ ਪੜ੍ਹਾਈਆ । ਰਾਮ ਨਾਮ ਸੁਧਾਖਰ ਇਕ ਸਲੋਕ, ਨਿਸ਼ ਅੱਖਰ ਆਪ ਉਪਾਈਆ । ਆਪੇ ਦਾਤਾ ਦਾਨੀ ਦੇਵਣਹਾਰਾ ਮੁਕਤ ਮੋਖ, ਆਪੇ ਮੁਕਤੀ ਚਰਨਾਂ ਹੇਠ ਦਬਾਈਆ । ਆਪੇ ਮਿਟਾਏ ਹਰਖ ਸੋਗ, ਹਰਿ ਮੇਲਾ ਸਹਿਜ ਸੁਭਾਈਆ । ਆਪੇ ਚੁਗਾਏ ਸਾਚੀ ਚੋਗ, ਨਾਮ ਮਾਣਕ ਮੋਤੀ ਹੱਥ ਰਖਾਈਆ । ਆਪੇ ਦੇਵੇ ਦਰਸ ਅਮੋਘ, ਰੂਪ ਅਨੂਪ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਈਆ । ਜੁਗ ਜੁਗ ਵੇਸ ਧਰਾਇੰਦਾ, ਪਾਰਬ੍ਰਹਮ ਕਰਤਾਰ । ਅਨਭਵ ਆਪਣਾ ਖੇਲ ਖਿਲਾਇੰਦਾ, ਮੂਰਤ ਅਕਾਲ ਹੋ ਉਜਿਆਰ । ਜੂਨੀ ਰਹਿਤ ਜੂਨ ਵਿਚ ਨਾ ਆਇੰਦਾ, ਅੰਡਜ ਜੇਰਜ ਉਤਭੁਜ ਸੇਤਜ ਪਾਵੇ ਸਾਰ । ਧੁਰ ਫ਼ਰਮਾਣਾ ਹੁਕਮ ਸੁਣਾਇੰਦਾ, ਰਾਮ ਨਾਮਾ ਕਰ ਪਿਆਰ । ਜਨਕ ਸਪੁਤਰੀ ਆਪ ਪਰਨਾਇੰਦਾ, ਰਾਵਣ ਤੋੜੇ ਗੜ੍ਹ ਹੰਕਾਰ । ਬਿਦਰ ਸੁਦਾਮਾ ਆਪ ਤਰਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਸਖ਼ੀਆ ਮੰਗਲ ਆਪੇ ਗਾਇੰਦਾ, ਲੇਖਾ ਜਾਣੇ ਗੋਪੀ ਕਾਹਨ । ਏਕਾ ਬੰਸਰੀ ਨਾਮ ਵਜਾਇੰਦਾ, ਬਾਲ ਗਵਾਲਾ ਗਊਆਂ ਚਾਰੇ ਆਣ । ਗ਼ਰੀਬ ਨਿਮਾਣੇ ਗਲੇ ਲਗਾਇੰਦਾ, ਲੱਜਿਆ ਰੱਖੇ ਸਭਾ ਵਿਚ ਭਗਵਾਨ । ਦੁਸ਼ਟ ਹੰਕਾਰੀ ਆਪ ਮਿਟਾਇੰਦਾ, ਘਰ ਦਰ ਬਣ ਨਿਗਹਬਾਨ । ਏਕਾ ਅੱਖਰ ਆਪ ਪੜ੍ਹਾਇੰਦਾ, ਅਠਾਰਾਂ ਧਿਆਏ ਕਰ ਪਰਧਾਨ । ਵੇਦ ਵਿਆਸਾ ਮੁਖ ਸਾਲਾਹਿੰਦਾ, ਪੁਰਾਨ ਅਠਾਰਾਂ ਦਏ ਗਿਆਨ । ਨਾਰਦ ਬ੍ਰਹਮਾ ਸੰਗ ਰਲਾਇੰਦਾ, ਲੇਖਾ ਜਾਣੇ ਧੁਰ ਫ਼ਰਮਾਣ । ਆਪਣੀ ਕਲ ਆਪ ਵਰਤਾਇੰਦਾ, ਕਾਲ ਉਠਾਏ ਆਪ ਭਗਵਾਨ । ਮਹਾਂਕਾਲ ਹੁਕਮ ਸੁਣਾਇੰਦਾ, ਬੈਠਾ ਸਚ ਸੱਚੀ ਧਰਮਸਾਲ । ਜੋ ਘੜਿਆ ਭੰਨ ਵਖਾਇੰਦਾ, ਗੁਰ ਪੀਰ ਅਵਤਾਰ ਚਲਣ ਨਾਲ ਨਾਲ । ਆਪਣੇ ਭਾਣੇ ਸਦ ਸਮਾਇੰਦਾ, ਸ਼ਬਦ ਸਰੂਪੀ ਬਣ ਦਲਾਲ । ਲੱਖ ਚੁਰਾਸੀ ਬ੍ਰਹਮਾ ਵਿਸ਼ਨ ਸ਼ਿਵ ਪਤ ਡਾਲ੍ਹੀ ਆਪ ਮਹਿਕਾਇੰਦਾ, ਆਪੇ ਫੁਲ ਫਲਵਾੜੀ ਵੇਖੇ ਆਣ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਝੂਠੀ ਸ਼ਾਹੀ ਮਿਟੇ ਨਿਸ਼ਾਨ । ਦਰ ਘਰ ਸਾਚੇ ਸੋਭਾ ਪਾਇੰਦਾ, ਸਾਚੇ ਤਖ਼ਤ ਬਹੇ ਸ੍ਰੀ


੧੨੬੧ ੦੯

ਭਗਵਾਨ । ਕਲਜੁਗ ਵੇਲਾ ਲੋਕਮਾਤ ਆਇੰਦਾ, ਉਠ ਉਠ ਚਾਰੋਂ ਕੁੰਟ ਕਰੇ ਧਿਆਨ । ਕਵਣ ਦਾਤਾ ਹੁਕਮ ਸੁਣਾਇੰਦਾ, ਕਵਣ ਦੇਵੇ ਧੁਰ ਫ਼ਰਮਾਣ । ਕਵਣ ਰਾਜਾ ਰੱਯਤ ਵੇਖ ਵਖਾਇੰਦਾ, ਕਵਣ ਦੇਵੇ ਪੀਣ ਖਾਣ । ਕਵਣ ਮਹੱਲ ਦਵਾਰ ਵਸਾਇੰਦਾ, ਕਵਣ ਆਦਿ ਜੁਗਾਦਿ ਕਰੇ ਪਛਾਣ । ਪੁਰਖ ਅਬਿਨਾਸ਼ੀ ਸ਼ਬਦ ਆਵਾਜ ਲਗਾਇੰਦਾ, ਏਕਾ ਦੇਵੇ ਧੁਰ ਫ਼ਰਮਾਣ । ਕਲਜੁਗ ਕਰ ਕਿਰਪਾ ਮੇਲ ਮਿਲਾਇੰਦਾ, ਪਾਰਬ੍ਰਹਮ ਪ੍ਰਭ ਚਤਰ ਸੁਜਾਨ । ਸਾਚੀ ਸਿਖ਼ਿਆ ਇਕ ਸਮਝਾਇੰਦਾ, ਦੇਵਣਹਾਰਾ ਇਕ ਗਿਆਨ । ਏਕੰਕਾਰਾ ਓਅੰਕਾਰਾ ਆਪਣਾ ਰੂਪ ਪਰਗਟਾਇੰਦਾ, ਐੜਾ ਅੱਖਰ ਕਰੇ ਪਰਧਾਨ । ਏਕਾ ਤੇਰੀ ਅੱਖ ਖੁਲਾਇੰਦਾ, ਕਲਜੁਗ ਉਠੌਣਾ ਇਕ ਨਿਸ਼ਾਨ । ਲੱਖ ਚੁਰਾਸੀ ਕੀਤਾ ਤੇਰੀ ਝੋਲੀ ਪਾਇੰਦਾ, ਤੇਰੀ ਚੋਲੀ ਰੰਗੇ ਹਰਿ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦੇਵਣਹਾਰਾ ਦਾਨੀ ਦਾਨ । ਸੁਣਿਆ ਨਾਉਂ ਸ਼ਬਦ ਨਿਰੰਕਾਰਾ, ਕਲਜੁਗ ਲਏ ਇਕ ਅੰਗੜਾਈਆ । ਨੈਤਰ ਖੋਲ੍ਹ ਪਾਇਆ ਦਰਸ ਅਗੰਮ ਅਪਾਰਾ, ਰੋ ਰੋ ਰਿਹਾ ਕੁਰਲਾਈਆ । ਲੋਕਮਾਤ ਰੁੱਤ ਆਈ ਚੌਥੇ ਜੁਗ ਅੰਤਮ ਵਾਰਾ, ਧਰਤ ਧਵਲ ਤਿੰਨ ਪੈਰ ਰਹੀ ਭੰਨਾਈਆ । ਚੌਥੇ ਪੈਰ ਨਾ ਚੁੱਕਿਆ ਜਾਏ ਭਾਰਾ, ਲੱਖ ਚੁਰਾਸੀ ਭਾਰ ਰਹੀ ਦਬਾਈਆ । ਤੇਰਾ ਹੁਕਮ ਮੇਰਾ ਵਰਤਾਰਾ, ਚਾਰ ਕੁੰਟ ਦਿਆਂ ਵਰਤਾਈਆ । ਘਰ ਘਰ ਅੰਦਰ ਕਰਾਂ ਧੁਆਂਧਾਰਾ, ਧੁਰ ਦੀ ਬਾਣੀ ਇਕ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤ ਮਿਲੇ ਸੱਚੀ ਸਰਨਾਈਆ । ਹਰਿ ਸਤਿਗੁਰ ਸੱਚਾ ਬੋਲਿਆ, ਨਿਰਗੁਣ ਦਾਤਾ ਗੁਣ ਨਿਧਾਨ । ਕਲਜੁਗ ਤੇਰਾ ਕੰਡਾ ਤੋਲਿਆ, ਤੋਲਣਹਾਰ ਸ੍ਰੀ ਭਗਵਾਨ । ਕਲਜੁਗ ਵੱਜੇ ਏਕਾ ਢੋਲਿਆ, ਮਰਦੰਗ ਦਿਸੇ ਨਾ ਕੋਇ ਨਿਸ਼ਾਨ । ਸਚ ਵਸਤ ਰੱਖੇ ਨਾ ਕੋਇ ਕੋਲਿਆ, ਜੂਠ ਝੂਠ ਹੋਏ ਪਰਧਾਨ । ਰਾਮ ਨਾਮ ਨਾ ਕਿਸੇ ਮੌਲਿਆ, ਕਾਹਨਾ ਕ੍ਰਿਸ਼ਨਾ ਨਾ ਮਿਲੇ ਮਾਣ । ਧਰਨੀ ਭਾਰ ਨਾ ਚੁੱਕੇ ਆਪਣਾ ਧੌਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵੇ ਧੁਰ ਫ਼ਰਮਾਣ । ਕਲਜੁਗ ਕੂੜਾ ਕਰ ਪਸਾਰਾ, ਹਰਿ ਸਾਚਾ ਸਚ ਜਣਾਈਆ । ਤੇਰਾ ਲੇਖਾ ਅਗੰਮ ਅਪਾਰਾ, ਅਲੱਖ ਅਗੋਚਰ ਆਪ ਲਿਖਾਈਆ । ਸ੍ਰਿਸ਼ਟ ਸਬਾਈ ਕਰ ਖ਼ੁਵਾਰਾ, ਪੰਜ ਤਤ ਤਤ ਹਲਕਾਈਆ । ਰੈਣ ਅੰਧੇਰੀ ਹੋਏ ਅੰਧਿਆਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਤੇਰਾ ਸੰਗ ਰਖਾਏ ਈਸਾ ਮੂਸਾ ਸੰਗ ਮੁਹੰਮਦੀ ਯਾਰਾ, ਅੱਲਾ ਰਾਣੀ ਵੱਜੇ ਵਧਾਈਆ । ਏਕਾ ਕਲਮਾ ਕਰੇ ਪਸਾਰਾ, ਕਾਇਨਾਤ ਖ਼ੁਦੀ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਬਿਸਮਲ ਆਪਣੀ ਖੇਲ ਖਿਲਾਈਆ । ਕਲਜੁਗ ਮੰਗੇ ਮੰਗ ਅਪਾਰ, ਦੋਏ ਚਰਨ ਸੀਸ ਨਿਵਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਰ ਭਿਖਾਰੀ ਮੰਗਣ ਆਇਆ । ਕਾਲਾ ਸੂਸਾ ਤਨ ਸ਼ੰਗਾਰ, ਹੱਥੀਂ ਮਹਿੰਦੀ ਰੰਗ ਰੰਗਾਇਆ । ਈਸਾ ਮੂਸਾ ਦਏ ਆਧਾਰ, ਏਕਾ ਆਪਣਾ ਖੇਲ ਖਿਲਾਇਆ । ਏਕਾ ਰੂਪ ਪਰਗਟਾਏ ਆਪ ਕਰਤਾਰ, ਸੰਗ ਮੁਹੰਮਦ ਜੋੜ ਜੁੜਾਇਆ । ਚਾਰ ਯਾਰੀ ਸਚ ਧਾਰ, ਕਲਜੁਗ ਚੌਥਾ ਜੁਗ ਵੇਖ ਵਖਾਇਆ । ਸ੍ਰਿਸ਼ਟ ਸਬਾਈ ਕਰੇ ਖ਼ੁਆਰ, ਏਕਾ ਕਲਮਾ ਅਮਾਮ ਪੜ੍ਹਾਇਆ । ਰਾਹ ਤੱਕੇ ਪਰਵਰਦਿਗਾਰ, ਚੌਦਾਂ ਚੌਦਾਂ ਵੰਡ ਵੰਡਾਇਆ । ਚੌਦਾਂ ਤਬਕਾਂ ਦਏ ਆਧਾਰ, ਚੌਦਸ ਚੰਦ ਆਪ ਚੜ੍ਹਾਇਆ । ਚੌਦਾਂ ਸਦ ਬਣੇ ਸਿਕਦਾਰ, ਅੰਤ ਤਾਜ ਸੀਸ ਨਾ ਕੋਇ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੁਗ ਜੁਗ ਆਪਣਾ ਖੇਲ


੧੨੬੨ ੦੯

ਖਿਲਾਇਆ । ਦੇਵੇ ਵਰ ਹਰਿ ਕਰਤਾਰ, ਆਪਣੀ ਬੂਝ ਬੁਝਾਈਆ । ਕਲਜੁਗ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਇਹ ਸਮਝਾਈਆ । ਨਾਨਕ ਨਿਰਗੁਣ ਲਏ ਅਵਤਾਰ, ਸੁਣੇ ਪੁਕਾਰ ਸੱਚਾ ਸ਼ਹਿਨਸ਼ਾਹੀਆ । ਨਾਮ ਸਤਿ ਮੰਤਰ ਦਏ ਉਚਾਰ, ਚਾਰ ਵਰਨ ਕਰੇ ਪੜ੍ਹਾਈਆ । ਇਕ ਵਖਾਏ ਸਚਖੰਡ ਦਵਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਰਖਾਈਆ । ਇਕ ਵਜਾਏ ਰਬਾਬ ਸਤਾਰ, ਆਪਣੀ ਸਾਰੰਗੀ ਸਾਰੰਗ ਆਪ ਵਜਾਈਆ । ਰਸਨਾ ਗਾਏ ਕਰਤਾਰ ਕਰਤਾਰ, ਕਰਤਾ ਕੀਰਤ ਆਪ ਕਰਾਈਆ । ਏਕਾ ਜੋਤੀ ਨੂਰ ਉਜਿਆਰ, ਘਰ ਘਰ ਮੰਦਰ ਕਰੇ ਰੁਸ਼ਨਾਈਆ । ਡੁੱਬਦੇ ਪਾਥਰ ਜਾਏ ਤਾਰ, ਜੋ ਜਨ ਆਇਣ ਸਰਨਾਈਆ । ਲੇਖਾ ਲਿਖੇ ਅਗੰਮ ਅਪਾਰ, ਲਿਖਾਵਣਹਾਰਾ ਬੇਪਰਵਾਹੀਆ । ਏਕਾ ਵਸੇ ਧਾਮ ਨਿਆਰ, ਸਚਖੰਡ ਦਵਾਰਾ ਸੋਭਾ ਪਾਈਆ । ਨਿਰਗੁਣ ਸਰਗੁਣ ਕਰ ਪਿਆਰ, ਲੋਕਮਾਤ ਵੱਜੇ ਵਧਾਈਆ । ਇਕ ਇਕੱਲਾ ਕਰ ਪਸਾਰ, ਏਕ ਆਕਾਰ ਸ੍ਰਿਸ਼ਟ ਸਬਾਈ ਰਿਹਾ ਵਖਾਈਆ । ਸਤਿ ਨਾਮ ਭਰ ਭੰਡਾਰ, ਆਪਣਾ ਨਾਉਂ ਸਤਿ ਸਤਿ ਜਣਾਈਆ । ਕਰਤਾ ਪੁਰਖ ਹੋ ਤਿਆਰ, ਆਪਣੀ ਕਰਨੀ ਰਿਹਾ ਕਮਾਈਆ । ਅਕਾਲ ਮੂਰਤ ਮਹਾਂਕਾਲ ਰੱਖੇ ਚਰਨ ਦਵਾਰ, ਕਾਲ ਆਪਣੀ ਸੇਵਾ ਆਪ ਸਮਝਾਈਆ । ਨਿਰਭੌ ਖੇਲ ਕਰੇ ਆਪ ਕਰਤਾਰ, ਭੈ ਵਖਾਏ ਸ੍ਰਿਸ਼ਟ ਸਬਾਈਆ । ਜੂਨੀ ਰਹਿਤ ਆਵੇ ਜਾਵੇ ਵਾਰੋ ਵਾਰ, ਜੁਗਾ ਜੁਗੰਤਰ ਆਪਣੀ ਬਣਤ ਬਣਾਈਆ । ਕਲਜੁਗ ਜੀਵਾਂ ਸੁਣੇ ਪੁਕਾਰ, ਅੰਦਰ ਮੰਦਰ ਬਹਿ ਬਹਿ ਡੇਰਾ ਲਾਈਆ । ਦੁਖੀਆਂ ਦੇਵੇ ਦਰਦ ਨਿਵਾਰ, ਦਰਦ ਵੰਡੇ ਸਾਚਾ ਮਾਹੀਆ । ਜਗਤ ਗ਼ਰੀਬੀ ਆਪਣੇ
੧੨੬੩ ਗਲ ਪਾਏ ਹਾਰ, ਜਗਤ ਚਾਕਰੀ ਆਪ ਕਮਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਕਰੇ ਪਿਆਰ, ਅਠਾਰਾਂ ਬਰਨਾਂ ਬਖ਼ਸ਼ੇ ਇਕ ਸਰਨਾਈਆ । ੧੨੬੩
੦੯ ਏਕਾ ਸ਼ਬਦ ਬੋਲ ਜੈਕਾਰ, ਨਿਸ਼ਅੱਖਰ ਕਰੇ ਪੜ੍ਹਾਈਆ । ਊਚੀ ਕੂਕ ਗਿਆ ਪੁਕਾਰ, ਕਲਜੁਗ ਅੰਤ ਅੰਧੇਰਾ ਛਾਈਆ । ਨਿਹਕਲੰਕ ਉਤਰੇ ਆਪਣੀ ਵਾਰ, ਕੋਈ ਜਨਮੇ ਨਾ ਪਿਤਾ ਮਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਾ ਦਾਤਾ ਇਕ ਰਘੁਰਾਈਆ । ਨੌਂ ਖੰਡ ਪ੍ਰਿਥਮੀ ਹੋਏ ਉਜਿਆਰ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਕੂੜੀ ਕਿਰਿਆ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਈਆ ਗੁਰ ਕਾ ਸ਼ਬਦ ਜੋ ਜਨ ਰਹੇ ਵਿਚਾਰ, ਗੁਰ ਕਰਤਾ ਗੁਰ ਕਰਨੀ ਯੋਗ ਗੁਰ ਕੀਮਤ ਆਪਣੀ ਆਪੇ ਪਾਈਆ । ਏਕਾ ਜੋਤੀ ਨੂਰ ਉਜਿਆਰ, ਦੋਏ ਦੋਏ ਧਾਰਾ ਵੇਖ ਵਖਾਈਆ । ਅੰਗਦ ਕਰਿਆ ਅੰਗੀਕਾਰ, ਅਮਰਦਾਸ ਅਮਰਾਪਦ ਬਹਾਈਆ । ਰਾਮ ਦਾਸ ਵਖਾਇਆ ਇਕ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੁਰ ਅਰਜਣ ਸ਼ਬਦ ਜਣਾਇਆ ਸੱਚੀ ਧੁਨਕਾਰ, ਧੁਰ ਦੀ ਬਾਣੀ ਬਾਣ ਲਗਾਈਆ । ਏਕਾ ਵਰ ਪਾਇਆ ਪੁਰਖ ਕਰਤਾਰ, ਏਕਾ ਸੁਹੰਜਣੀ ਸੇਜ ਸੁਹਾਈਆ । ਸੰਤ ਭਗਵੰਤ ਭਗਤ ਕਰ ਪਿਆਰ, ਮੇਲ ਮਿਲਾਏ ਸਹਿਜ ਸੁਭਾਈਆ । ਗੁਰੂ ਗ੍ਰੰਥ ਗੁਰੂ ਕਰ ਤਿਆਰ, ਲੱਖ ਚੁਰਾਸੀ ਗਿਆ ਸਮਝਾਈਆ । ਨੌਂ ਖੰਡ ਪ੍ਰਿਥਮੀ ਬੇੜਾ ਕਰੇ ਪਾਰ, ਪਾਰਬ੍ਰਹਮ ਵੱਡੀ ਵਡਿਆਈਆ । ਦੇਹ ਜੋਤ ਕਰੇ ਪਿਆਰ, ਹਰਿ ਗੋਬਿੰਦ ਸ਼ਾਹ ਅਸਵਾਰ ਇਕ ਸ਼ਹਿਨਸ਼ਾਹੀਆ । ਹਰਿਰਾਏ ਦਏ ਆਧਾਰ, ਹਰਿਕ੍ਰਿਸ਼ਨ ਜੋਤੀ ਜੋਤ ਮਿਲਾਈਆ । ਗੁਰ ਤੇਗ ਬਹਾਦਰ ਰੱਖੀ ਤਿਖੀ ਧਾਰ, ਦੋ ਜਹਾਨਾਂ ਆਪ ਰਖਾਈਆ । ਕਲਜੁਗ ਤੇਰਾ ਕੂੜ ਪਸਾਰਾ ਦਏ ਨਿਵਾਰ, ਆਪਣਾ ਸਾਚਾ ਚੰਦ ਚੜ੍ਹਾਈਆ । ਉਪਜਿਆ ਚੰਦ ਵਿਚ ਸੰਸਾਰ, ਗੋਬਿੰਦ ਕਿਰਨ ਕਿਰਨ ਚਮਕਾਈਆ । ਪੁਰਖ ਅਬਿਨਾਸ਼ੀ ਕਰੇ ਪਿਆਰ, ਸੁਤ ਦੁਲਾਰਾ ਵੇਖ ਵਖਾਈਆ । ਏਕਾ ਦੇਵੇ ਸਚ ਭੰਡਾਰ, ਸਤਿ ਸਤਿਵਾਦੀ ਆਪ ਵਰਤਾਈਆ । ਏਕਾ ਬਖ਼ਸ਼ੇ ਨਾਮ

ਕਟਾਰ, ਚੰਡ ਪਰਚੰਡ ਹੱਥ ਫੜਾਈਆ । ਏਕਾ ਅਸਵ ਇਕ ਅਸਵਾਰ, ਏਕਾ ਆਸਣ ਸਿੰਘਾਸਣ ਰਿਹਾ ਲਗਾਈਆ । ਏਕਾ ਭੂਪ ਇਕ ਸਿਕਦਾਰ, ਏਕਾ ਹੁਕਮ ਰਿਹਾ ਵਰਤਾਈਆ । ਏਕਾ ਭਿਖਾਰੀ ਭਿਖਕ ਮੰਗੇ ਆਣ, ਏਕਾ ਦਾਨਾ ਝੋਲੀ ਪਾਈਆ । ਏਕਾ ਸ਼ਬਦ ਧੁਰ ਫ਼ਰਮਾਣ, ਆਦਿ ਜੁਗਾਦਿ ਰਿਹਾ ਸੁਣਾਈਆ । ਏਕਾ ਮੰਦਰ ਇਕ ਮਕਾਨ, ਏਕਾ ਬੈਠਾ ਆਸਣ ਲਾਈਆ । ਏਕਾ ਜੋਤ ਸ੍ਰੀ ਭਗਵਾਨ, ਨਾਨਕ ਗੋਬਿੰਦ ਕਰੀ ਰੁਸ਼ਨਾਈਆ । ਲੋਕਮਾਤ ਵੇਖੇ ਮਾਰ ਧਿਆਨ, ਕਲਜੁਗ ਜੀਵ ਕੂਕਣ ਦੇਣ ਦੁਹਾਈਆ । ਘਰ ਘਰ ਭੁੱਲਿਆ ਸੀਤਾ ਰਾਮ, ਰਾਧਾ ਕ੍ਰਿਸ਼ਨ ਨਾ ਕੋਇ ਅਲਾਈਆ । ਉਠਿਆ ਜੋਧਾ ਸੂਰਬੀਰ ਬਲੀ ਬਲਵਾਨ, ਨਾਮ ਖੰਡਾ ਇਕ ਚਮਕਾਈਆ । ਚਿਲੇ ਚੜ੍ਹਿਆ ਤੀਰ ਕਮਾਨ, ਸਚ ਨਿਸ਼ਾਨ ਇਕ ਲਗਾਈਆ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਵਾਲੀ ਬੇਪਰਵਾਹੀਆ । ਆਪਣੀ ਰੀਤੀ ਕਰੇ ਆਪ ਪਰਧਾਨ, ਪਤਿਤ ਪੁਨੀਤੀ ਖੇਲ ਖਿਲਾਈਆ । ਚਾਰੇ ਵਰਨ ਇਕ ਗਿਆਨ ਅੰਮ੍ਰਿਤ ਪਾਨ ਆਪ ਕਰਾਈਆ । ਤਨ ਗਾਤਰਾ ਇਕ ਵਖਾਨ, ਨਾਮ ਸ਼ਸਤਰ ਵਿਚ ਟਿਕਾਈਆ । ਨਾ ਕੋਈ ਘੜੇ ਲੋਹਾਰ ਤਰਖਾਣ, ਤਿਖੀ ਸਾਣ ਨਾ ਕੋਇ ਕਰਾਈਆ । ਪਹਿਲਾਂ ਕਾਮ ਕਰੋਧ ਲੋਭ ਮੋਹ ਹੰਕਾਰ ਲਾਹਵੇ ਘਾਣ, ਦੂਜੀ ਆਸਾ ਤ੍ਰਿਸ਼ਨਾ ਦਏ ਮਿਟਾਈਆ । ਤੀਜੀ ਤੀਜੇ ਨੇਤਰ ਦਰਸ ਕਰਾਏ ਸ੍ਰੀ ਭਗਵਾਨ, ਗੋਬਿੰਦ ਮੇਲਾ ਸਹਿਜ ਸੁਭਾਈਆ । ਚੌਥੇ ਪਦ ਕਰੇ ਪਰਵਾਨ, ਚੌਥੇ ਘਰ ਵੱਜੇ ਵਧਾਈਆ । ਪੰਚਮ ਦੇਵੇ ਸਚ ਨਿਸ਼ਾਨ, ਪੰਚਮ ਦੇਵੇ ਮਾਣ ਵਡਿਆਈਆ । ਪੰਚ ਪਿਆਰੇ ਕਰ ਪਰਧਾਨ, ਪੰਚਮ ਮੁਖ ਆਪ ਸਾਲਾਹੀਆ । ਪੰਚਮ ਅੱਗੇ ਮੰਗੇ ਦਾਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਆਪੇ ਹੁਕਮ ਸੁਣਾਏ ਧੁਰ ਫ਼ਰਮਾਣ, ਸ਼ਬਦ ਅਗੰਮੀ ਆਪ ਅਲਾਈਆ । ਕੋਈ ਨਾ ਲਿਖੇ ਬਣ ਨਿਧਾਨ, ਕਾਗਦ ਕਲਮ ਸ਼ਾਹੀ ਸਭ ਦੇ ਹੱਥੋਂ ਦਏ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਅਗੰਮ ਅਪਾਰ, ਲੋਕਮਾਤ ਵੇਸ ਵਟਾਈਆ । ਗੋਬਿੰਦ ਗੁਰ ਕਰ ਨਿਮਸਕਾਰ, ਪੰਜਾਂ ਅੱਗੇ ਸੀਸ ਝੁਕਾਇੰਦਾ । ਸਿਰ ਰੱਖ ਅੱਗੇ ਸੱਚੀ ਸਰਕਾਰ, ਆਪਣਾ ਆਪ ਭੇਟ ਵਖਾਇੰਦਾ । ਮੇਰਾ ਮੁਨਾਰਾ ਉਚ ਨਿਸ਼ਾਨ, ਪੰਚਮ ਰੰਗ ਰੰਗਾਇੰਦਾ । ਪੰਚਮ ਤਾਜ ਸ੍ਰੀ ਭਗਵਾਨ, ਆਦਿ ਪੁਰਖ ਆਪਣੀ ਹੱਥੀਂ ਆਪ ਘੜਾਇੰਦਾ । ਕਲਜੁਗ ਅੰਤਮ ਖੇਲ ਕਰੇ ਮਹਾਨ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਮੇਰਾ ਤਨ ਨਾ ਦਿਸੇ ਕੋਇ ਨਿਸ਼ਾਨ, ਮੇਰਾ ਸ਼ਬਦ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਏਕਾ ਵੇਸ ਵਟਾਇੰਦਾ । ਦਇਆ ਸਿੰਘ ਇਕ ਬੋਲ ਜੈਕਾਰਾ, ਗੋਬਿੰਦ ਅੱਗੇ ਸੀਸ ਝੁਕਾਇਆ । ਤੂੰ ਸਾਹਿਬ ਸਤਿਗੁਰ ਹਉਂ ਚਾਕਰ ਸੇਵਾਦਾਰਾ, ਕਵਣ ਰੂਪ ਖੇਲ ਖਿਲਾਇਆ । ਹਉਂ ਭਿਖਾਰੀ ਮੰਗਦੇ ਰਹੇ ਤੇਰਾ ਦਵਾਰਾ, ਕਿਉਂ ਮੰਗਣ ਦਾਤਾ ਤੂੰ ਬਣਕੇ ਲੋਕਮਾਤ ਵਿਚ ਆਇਆ । ਆਪਣੀ ਦੱਸਦੇ ਸਾਚੀ ਗਾਥਾ, ਪਰਦਾ ਉਹਲਾ ਦੇ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਆਪਣਾ ਭੇਵ ਖੁਲਾਇਆ । ਗੁਰ ਗੋਬਿੰਦ ਭੇਵ ਖੁਲਾਇੰਦਾ, ਚੌ ਅੱਖਰ ਰਸਨਾ ਬੋਲ । ਚਾਰੇ ਜੁਗ ਮੂਲ ਚੁਕਾਇੰਦਾ, ਮੇਰਾ ਸੀਸ ਤੋਲੇ ਤੋਲ । ਜਗਦੀਸ ਖੇਲ ਖਿਲਾਇੰਦਾ, ਸੁੱਤੇ ਰਹਿਣਾ ਨਾ ਬਣ ਅਨਭੋਲ । ਕਲਜੁਗ ਵੇਲਾ ਅੰਤਮ ਆਇੰਦਾ, ਨੌ ਖੰਡ ਪ੍ਰਿਥਮੀ ਜਾਏ ਡੋਲ । ਚਾਰੋਂ ਕੁੰਟ ਅੰਧੇਰਾ ਛਾਇੰਦਾ, ਚਾਰ ਵਰਨਾਂ ਪੈਣਾਂ ਘੋਲ । ਗੁਰ ਪੀਰ ਨਾ ਕੋਇ ਛੁਡਾਇੰਦਾ, ਭਾਣਾ ਵੇਖੇ ਆਪਣਾ ਹੋਲ । ਪਾਰਬ੍ਰਹਮ ਆਪਣਾ ਖੇਲ ਆਪ ਖਲਾਇੰਦਾ, ਗੁਰ ਗੋਬਿੰਦ ਪੰਜਾਂ ਪਿਆਰਿਆਂ ਨਾਲ ਕਰੇ ਕੌਲ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰ ਘਟ ਆਪੇ ਰਿਹਾ ਮੌਲ । ਗੁਰ ਗੋਬਿੰਦ ਕੌਲ ਲਿਆ ਕਰ, ਪੰਜ ਪਿਆਰੇ ਮੇਲ ਮਿਲਾਈਆ । ਕਲਜੁਗ ਅੰਤਮ ਜਾਏ ਹਰ, ਚਾਰੋਂ ਕੁੰਟ ਅੰਧੇਰਾ ਛਾਈਆ । ਗੋਬਿੰਦ ਸੂਰਾ ਆਏ ਚੜ੍ਹ, ਨੀਲੇ ਵਾਲਾ ਸਾਚਾ ਮਾਹੀਆ । ਸ਼ਬਦ ਅਗੰਮੀ ਖੰਡਾ ਹੱਥ ਵਿਚ ਫੜ, ਬਹੱਤਰ ਨਾੜੀ ਦਏ ਸਜ਼ਾਈਆ । ਪੁਰਖ ਅਕਾਲ ਬਣਾਏ ਏਕਾ ਗੜ੍ਹ, ਸਾਢੇ ਤਿੰਨ ਹੱਥ ਮੰਦਰ ਸੁਹਾਈਆ । ਸੰਬਲ ਨਗਰ ਜੋਤ ਧਰ, ਏਕਾ ਨੂਰ ਕਰੇ ਰੁਸ਼ਨਾਈਆ । ਨਾ ਕੋਈ ਸੀਸ ਨਾ ਕੋਈ ਧੜ, ਸ਼ਬਦੀ ਸ਼ਬਦ ਹੁਕਮ ਵਰਤਾਈਆ । ਕਲਜੁਗ ਕੂੜ ਕੁੜਿਆਰਾ ਉਖੇੜੇ ਜੜ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਈਆ । ਕਲਜੁਗ ਵੇਲਾ ਅੰਤਮ ਔਣਾ, ਗੁਰ ਸਤਿਗੁਰ ਆਪ ਜਣਾਇੰਦਾ । ਨਿਹਕਲੰਕ ਕਲ ਜਾਮਾ ਪੌਣਾ, ਜੋਤੀ ਜਾਮਾ ਭੇਖ ਵਟਾਇੰਦਾ । ਵਾਸੀ ਪੁਰੀ ਘਨਕ ਅਕਲ ਕਲ ਆਪ ਵਰਤੌਣਾ, ਕਲਧਾਰੀ ਦਿਸ ਨਾ ਆਇੰਦਾ । ਅਛਲ ਛਲ ਖੇਲ ਖਲੌਣਾ, ਵਲ ਛਲ ਆਪਣੀ ਖੇਲ ਆਪ ਖਿਲਾਇੰਦਾ । ਜਲ ਥਲ ਮਹੀਅਲ ਆਪ ਸਮੌਣਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਡੇਰਾ ਲਾਇੰਦਾ । ਗਗਨ ਮੰਡਲ ਵੇਖ ਵਖੌਣਾ, ਮੰਡਲ ਮੰਡਪ ਫੇਰਾ ਪਾਇੰਦਾ । ਕਰੋੜ ਤੇਤੀਸਾ ਮੂਲ ਚੁਕੌਣਾ, ਸੁਰਪਤ ਰਾਜਾ ਇੰਦ ਰਹਿਣ ਨਾ ਪਾਇੰਦਾ । ਸ਼ੰਕਰ ਅੰਕਰ ਵਿਚ ਸਮੌਣਾ, ਆਪ ਆਪਣਾ ਹੁਕਮ ਵਰਤਾਇੰਦਾ । ਬ੍ਰਹਮੇ ਬ੍ਰਹਮ ਜੋਤ ਜਗੌਣਾ, ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ । ਵਿਸ਼ਨੂੰ ਵਿਸ਼ਵ ਧਾਰ ਚਲੌਣਾ, ਵਾਸਤਕ ਆਪਣੀ ਖੇਲ ਖਿਲਾਇੰਦਾ । ਚਾਰੇ ਵੇਦਾਂ ਪੰਧ ਮੁਕੌਣਾ, ਚਾਰੇ ਜੁਗ ਪਾਰ ਕਰਾਇੰਦਾ । ਪੁਰਾਨ ਅਠਾਰਾਂ ਰਾਹ ਤਕੌਣਾ, ਵੇਦ ਵਿਆਸਾ ਰਾਹ ਤਕਾਇੰਦਾ । ਗੀਤਾ ਗਿਆਨ ਇਕ ਦ੍ਰਿੜੌਣਾ, ਬੋਧ ਗਿਆਨਾ ਵਿਚ ਸਮਾਇੰਦਾ । ਅੰਜੀਲ ਕੁਰਾਨਾਂ ਪਾਰ ਕਰੌਣਾ, ਸਚ ਅਮਾਮਾ ਵੇਸ ਧਰਾਇੰਦਾ । ਲਾਸ਼ਰੀਕ ਏਕਾ ਢੋਲਾ ਗੌਣਾ, ਸਾਚਾ ਸੋਹਲਾ ਆਪ ਅਲਾਇੰਦਾ । ਖਾਣੀ ਬਾਣੀ ਵੇਖ ਵਖੌਣਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਛੱਤੀ ਰਾਗਾਂ ਭੇਵ ਚੁਕੌਣਾ, ਨਾਰਦ ਸੁਰਸਤੀ ਆਪ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪਣੇ ਲੇਖੇ ਲੌਣਾ, ਪਿਛਲਾ ਲਹਿਣਾ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਫੰਦ ਕਟੌਣਾ, ਜਗਤ ਜੰਜਾਲਾ ਤੋੜ ਤੁੜਾਇੰਦਾ । ਚਿਤਰ ਗੁਪਤ ਲੇਖ ਵਖੌਣਾ, ਰਾਏ ਧਰਮ ਸੰਗ ਰਲਾਇੰਦਾ । ਲਾੜੀ ਮੌਤ ਸ਼ੰਗਾਰ ਕਰੌਣਾ, ਨੈਣਾਂ ਕੱਜਲ ਏਕਾ ਪਾਇੰਦਾ । ਲੱਖ ਚੁਰਾਸੀ ਫੋਲ ਫੁਲੌਣਾ, ਜੋ ਘੜਿਆ ਭੰਨ ਵਖਾਇੰਦਾ । ਸੂਰਜ ਚੰਨ ਮੁਖ ਸ਼ਰਮੌਣਾ, ਕਿਰਨ ਕਿਰਨ ਵਿਚ ਸਮਾਇੰਦਾ । ਮੰਡਲ ਮੰਡਪ ਡੇਰਾ ਢੌਣਾ, ਦੂਜਾ ਗੜ੍ਹ ਨਾ ਕੋਇ ਬਣਾਇੰਦਾ । ਪੁਰਖ ਅਬਿਨਾਸ਼ੀ ਵੇਖ ਵਖੌਣਾ, ਵੇਖਣਹਾਰਾ ਦਿਸ ਨਾ ਆਇੰਦਾ । ਗੋਬਿੰਦ ਸੂਰਾ ਇਕ ਪਰਗਟੌਣਾ, ਨਾਮ ਖੰਡਾ ਹੱਥ ਚਮਕਾਇੰਦਾ । ਕਲਜੁਗ ਕੂੜਾ ਪਾਰ ਕਰੌਣਾ, ਠੂਠਾ ਖ਼ਾਲੀ ਹੱਥ ਵਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਨਿਹਕਲੰਕ ਕਲਕੀ ਅਵਤਾਰ ਜਾਮਾ ਪੌਣਾ, ਕਾਲ ਕਲੰਦਰ ਆਪ ਨਚਾਇੰਦਾ । ਰੰਗ ਮਹੱਲ ਇਕ ਵਸੌਣਾ, ਸੰਬਲ ਨਗਰੀ ਡੇਰਾ ਲਾਇੰਦਾ । ਆਤਮ ਰੰਗੀਲਾ ਪਲੰਘ ਵਿਛੌਣਾ, ਪਾਵਾ ਚੂਲ ਨਾ ਕੋਇ ਬਣਾਇੰਦਾ । ਸੂਰਜ ਚੰਨ ਨਾ ਕੋਇ ਚੜ੍ਹੌਣਾ, ਨਿਰਗੁਣ ਜੋਤ ਡਗਮਗਾਇੰਦਾ । ਲਿਖਿਆ ਲੇਖ ਨਾ ਕੋਇ ਅਲ੍ਹੌਣਾ, ਨਿਸ਼ਅੱਖਰ ਆਪੇ ਗਾਇੰਦਾ । ਆਪਣਾ ਹੁਕਮ ਆਪ ਵਰਤੌਣਾ, ਪੁਰਖ ਅਕਾਲ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਸਚ ਨਿਸ਼ਾਨਾ ਹੱਥ ਉਠੌਣਾ, ਸਤਿ ਸਤਿਵਾਤਦੀ ਆਪ ਝੁਲਾਇੰਦਾ । ਹਰਿ ਪੁਰਖ ਨਿਰੰਜਣ



੧੨੬੫ ੦੯

ਹਰਿ ਮੰਦਰ ਆਪ ਵਡਿਔਣਾ, ਵੱਡੀ ਵਡਿਆਈ ਹਰਿ ਵੱਡਾ ਆਪਣੇ ਹੱਥ ਰਖਾਇੰਦਾ । ਏਕੰਕਾਰਾ ਏਕਾ ਕਾਰ ਕਮੌਣਾ, ਕਰਤਾ ਕੀਮਤ ਆਪਣੀ ਆਪੇ ਪਾਇੰਦਾ । ਆਦਿ ਨਿਰੰਜਣ ਜੋਤ ਉਜਾਲਾ ਨੂਰੋ ਨੂਰ ਡਗਮਗੌਣਾ, ਨੂਰੀ ਨੂਰ ਆਪ ਅਖਵਾਇੰਦਾ । ਅਬਿਨਾਸ਼ੀ ਕਰਤਾ ਖ਼ਾਲਕ ਖ਼ਲਕ ਵੇਖ ਵਖੌਣਾ, ਮਖ਼ਲੂਕ ਆਪਣਾ ਤਾਲ ਵਜਾਇੰਦਾ । ਸ੍ਰੀ ਭਗਵਾਨ ਸਾਂਝਾ ਦਰ ਦਵਾਰ ਇਕ ਵਖੌਣਾ, ਦਰ ਦਰਵਾਜ਼ਾ ਆਪ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਖਿਲਾਇੰਦਾ । ਖੇਲ ਖਲਾਏ ਹਰਿ ਨਿਰੰਕਾਰਾ, ਕਲਜੁਗ ਅੰਤਮ ਵੇਖ ਵਖਾਈਆ । ਚੌਥੇ ਜੁਗ ਲੈ ਅਵਤਾਰਾ, ਨਿਰਗੁਣ ਨਿਰਗੁਣ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਨਵ ਸਤ ਵੱਜੇ ਵਧਾਈਆ । ਲੇਖਾ ਜਾਣੇ ਮੰਦਰ ਮਸਜਿਦ ਮਠ ਗੁਰੂਦਵਾਰਾ, ਅਠਸਠ ਤੀਰਥ ਤਟ ਕਿਨਾਰਾ ਵੇਖ ਵਖਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਕਾਇਆ ਮੰਦਰ ਵੇਖੇ ਬੰਕ ਕਿਵਾੜਾ, ਪੰਚਮ ਧਾੜਾ ਮੂਲ ਚੁਕਾਈਆ । ਚਾਰੋਂ ਕੁੰਟ ਨਾਰ ਦੁਹਾਗਣ ਵਿਭਚਾਰ ਲਗਾਇਆ ਇਕ ਅਖਾੜਾ, ਕੁਲਖਣੀ ਨਾਰ ਮਤ ਡੂਮਣੀ ਰਹੀ ਨਚਾਈਆ । ਸਤਿਗੁਰ ਪੂਰਾ ਗੁਰਸਿਖਾਂ ਗੁਰ ਕਰੇ ਪਿਆਰਾ, ਗੁਰ ਗੁਰ ਆਪਣੀ ਦਇਆ ਕਮਾਈਆ । ਹਰਿਜਨ ਹਰਿ ਭਗਤ ਦੇਵੇ ਨਾਮ ਸਹਾਰਾ, ਰਸਨਾ ਜਿਹਵਾ ਏਕਾ ਗੁਣ ਵਖਾਈਆ । ਅਜਪਾ ਜਾਪ ਨਾ ਵਿਸਰੇ ਹਰਿ ਕਰਤਾਰਾ, ਜਪਤ ਜਪਤ ਸਹਿਜ ਸੁਖ ਪਾਈਆ । ਕਲਜੁਗ ਅੰਤਮ ਨਿਰਗੁਣ ਨਿਰਵੈਰ ਪੁਰਖ ਅਕਾਲ ਜੂਨੀ ਰਹਿਤ ਪਾਵੇ ਸਾਰਾ, ਜੋ ਜਨ ਰਹੇ ਧਿਆਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫ਼ਾਸੀ ਕਰੇ ਪਾਰ ਕਿਨਾਰਾ, ਰਾਏ ਧਰਮ ਨਾ ਦਏ ਸਜ਼ਾਈਆ । ਨਾਤਾ ਟੁਟੇ ਕੂੜ ਕੁੜਿਆਰਾ, ਮਾਤ ਪਿਤ ਭਾਈ ਭੈਣ ਸਾਕ ਸੈਣ ਬੰਧਪ ਨਾ ਕੋਇ ਪਿਆਰਾ, ਜਿਸ ਜਨ ਬਖ਼ਸ਼ੇ ਸਚ ਸੱਚੀ ਸਰਨਾਈਆ । ਲੇਖਾ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਬੇੜਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਵਡ ਵੱਡਾ ਰਾਜਾ, ਰਾਜ ਜੋਗ ਇਕ ਕਮਾਇੰਦਾ । ਕਲਜੁਗ ਸਤਿਜੁਗ ਰਚਿਆ ਕਾਜਾ, ਦੋਹਾਂ ਵਿਚੋਲਾ ਆਪ ਅਖਵਾਇੰਦਾ । ਪਰਗਟ ਜੋਤ ਦੇਸ ਮਾਝੇ ਪਾਇਆ ਮਾਝਾ, ਚਾਰੇ ਜੁਗ ਚਾਰੋਂ ਕੁੰਟ ਫਿਰਾਇੰਦਾ । ਨਵ ਸਤ ਚਲਾਏ ਆਪ ਜਹਾਜ਼ਾ, ਏਕਾ ਚੱਪੂ ਹੱਥ ਉਠਾਇੰਦਾ । ਗੁਰਸਿਖਾਂ ਸੁਤਿਆਂ ਮਾਰੇ ਸ਼ਬਦ ਵਾਜਾ, ਰੈਣ ਦਿਵਸ ਸੇਵ ਕਮਾਇੰਦਾ । ਜੁਗਾ ਜੁਗੰਤਰ ਰੱਖੇ ਲਾਜਾ, ਭਗਤ ਵਛਲ ਆਪਣਾ ਬਿਰਦ ਧਰਾਇੰਦਾ । ਆਦਿ ਜੁਗਾਦਿ ਫਿਰੇ ਭਾਜਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਇੰਦਾ, ਸੰਬਲ ਨਗਰ ਧਾਮ ਨਿਆਰ । ਗੁਰ ਗੋਬਿੰਦ ਜੋਤ ਜਗਾਇੰਦਾ, ਜੋਤੀ ਜਾਤਾ ਆਪ ਕਰਤਾਰ । ਆਦਿ ਅੰਤ ਆਪਣੀ ਖੇਲ ਖਿਲਾਇੰਦਾ, ਏਕਾ ਗੁਰ ਇਕ ਅਵਤਾਰ । ਆਪਣੀ ਮਹਿਮਾ ਆਪੇ ਗਾਇੰਦਾ, ਆਪੇ ਹੋਏ ਗਾਵਣਹਾਰ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਕਲਜੁਗ ਅੰਤਮ ਕਰੇ ਖ਼ਵਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ, ਕਰੇ ਖੇਲ ਆਪ ਕਰਤਾਰ । ਗੁਰਮੁਖ ਸਾਜਣ ਮੀਤ ਮੁਰਾਰ ਕਰ ਪਿਆਰ ਗਲੇ ਲਗਾਇੰਦਾ, ਜਿਉਂ ਬਾਲਕ ਮਾਤਾ ਸੁਤ ਕਰੇ ਪਿਆਰ । ਅੰਮ੍ਰਿਤ ਸੀਰ ਇਕ ਪਿਆਇੰਦਾ, ਕਾਇਆ ਕਰੇ ਠੰਡੀ ਠਾਰ । ਪੰਜ ਚੋਰ ਨੇੜ ਨਾ ਆਇੰਦਾ,

ਠਗੌਰੀ ਠੱਗੇ ਨਾ ਕੋਇ ਹੰਕਾਰ । ਤ੍ਰੈਗੁਣ ਅਗਨੀ ਤਤ ਬੁਝਾਇੰਦਾ, ਸਚ ਸ਼ਬਦ ਦਏ ਸੱਚੀ ਧੁਨਕਾਰ । ਵਾਹ ਵਾ ਸਖੀਆਂ ਮੰਗਲ ਗਾਇੰਦਾ, ਕਾਇਆ ਮੰਦਰ ਬੈਠ ਸੱਚੇ ਦਵਾਰ । ਹਰਿ ਮੰਦਰ ਸੋਭਾ ਪਾਇੰਦਾ, ਨਿਰਮਲ ਜੋਤ ਜਗੇ ਅਗੰਮ ਅਪਾਰ । ਤੇਲ ਬਾਤੀ ਨਾ ਕੋਇ ਰਖਾਇੰਦਾ, ਏਕਾ ਹਵਨ ਸੱਚੀ ਸਰਕਾਰ । ਆਦਿ ਜੁਗਾਦਿ ਸਾਕਤ ਨਿੰਦਕ ਦੁਸ਼ਟ ਆਪ ਮਿਟਾਇੰਦਾ, ਗੁਰਮੁਖ ਸਾਚੇ ਲਾਏ ਪਾਰ । ਸਤਿਜੁਗ ਸਤਿ ਸਤਿਵਾਦੀ ਰਾਹ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਵਸੇ ਦਰਗਹਿ ਸਾਚੀ ਠਾਂਡੇ ਦਰਬਾਰ । ਨਾਨਕ ਨਿਰਗੁਣ ਹਰਿ ਹਰਿ ਪਾਇਆ, ਸਚਖੰਡ ਵੱਜੀ ਵਧਾਈਆ । ਨਿਰਗੁਣ ਨਾਨਕ ਵਿਚ ਸਮਾਇਆ, ਨਾਨਕ ਨਿਰਗੁਣ ਭੇਵ ਨਾ ਰਾਈਆ । ਨਿਰਗੁਣ ਨਾਨਕ ਚੇਲਾ ਆਪ ਹੰਢਾਇਆ, ਨਾਨਕ ਨਿਰਗੁਣ ਰੰਗ ਚੜ੍ਹਾਈਆ । ਨਿਰਗੁਣ ਨਾਨਕ ਗੋਲਾ ਆਪ ਬਣਾਇਆ, ਨਾਨਕ ਗੋਲਾ ਨਿਰਗੁਣ ਸੇਵ ਕਮਾਈਆ । ਨਿਰਗੁਣ ਨਾਨਕ ਤੋਲਾ ਆਪ ਬਣਾਇਆ, ਤੋਲੇ ਤੋਲ ਸੱਚਾ ਪਾਤਸ਼ਾਹੀਆ । ਨਾਨਕ ਨਿਰਗੁਣ ਆਪਣਾ ਹੁਕਮ ਆਪ ਜਣਾਇਆ, ਨਾਨਕ ਨਿਰਗੁਣ ਹੁਕਮ ਵਿਚ ਸਮਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਲੋਕਮਾਤ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਭੁੱਲ ਅਭੁੱਲ ਇਕ ਅਖਵਾਈਆ । ਨਾਨਕ ਨਿਰਗੁਣ ਸ਼ਬਦ ਧਾਰ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਸਤਿ ਪੁਰਖ ਨਿਰੰਜਣ ਵਜਾਏ ਸਤਾਰ, ਸਚ ਸਤਾਰ ਆਪ ਹਲਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਸਰਗੁਣ ਨਿਰਗੁਣ ਵੇਖ ਵਖਾਇੰਦਾ । ਲਾਲੋ ਬਣੇ ਆਪ ਨਿਰੰਕਾਰ, ਆਪਣਾ ਰੂਪ ਅਗੇ ਆਪ ਦਰਸਾਇੰਦਾ । ਵਚੋਲਾ ਬਣ ਸੱਚੀ ਸਰਕਾਰ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਪੰਜ ਤਤ ਨਾ ਕੋਇ ਆਕਾਰ, ਮਨ ਮਤ ਬੁਧ ਨਾ ਕੋਇ ਵਖਾਇੰਦਾ । ਆਪੇ ਸੁਣਾਏ ਆਪੇ ਸੁਣਨੇਹਾਰ, ਆਪੇ ਲਾਲੋ ਨਾਂ ਧਰਾਇੰਦਾ । ਆਪੇ ਗਾਏ ਆਪਣੀ ਵਾਰ, ਆਪੇ ਖ਼ਸਮ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਨਿਰਗੁਣ ਅੰਦਰ ਨਾਨਕ ਨਿਰਗੁਣ ਧਾਰ, ਸਰਗੁਣ ਵਿਚ ਸਰਗੁਣ ਰੂਪ ਵਟਾਈਆ । ਨਿਰਗੁਣ ਅੰਦਰੇ ਅੰਦਰ ਕਰੇ ਗੁਫ਼ਤਾਰ, ਸਰਗੁਣ ਨਾਨਕ ਰਸਨਾ ਜਿਹਵਾ ਹਲਾਈਆ । ਨਿਰਗੁਣ ਨਿਰਵੈਰ ਕਰੇ ਪਿਆਰ, ਪਰਾ ਪਸੰਤੀ ਆਪੇ ਗਾਈਆ । ਸਰਗੁਣ ਸੁਣਾਏ ਸਰਬ ਸੰਸਾਰ, ਮਧਮ ਬੈਖਰੀ ਰੂਪ ਵਟਾਈਆ । ਲਾਲੋ ਲਾਲਨ ਸਦ ਬੈਠਾ ਰਹੇ ਵਿਚਕਾਰ, ਸ਼ਬਦੀ ਸ਼ਬਦ ਰੂਪ ਪਰਗਟਾਈਆ । ਨਾਨਕ ਅੱਖਰ ਕੋਈ ਨਾ ਸਕੇ ਵਿਚਾਰ, ਮਨ ਮਤ ਬੁਧ ਭੇਵ ਨਾ ਰਾਈਆ । ਤ੍ਰੈਗੁਣ ਵਸਿਆ ਬਾਹਰ, ਪਾਰਬ੍ਰਹਮ ਵੱਡੀ ਵਡਿਆਈਆ । ਨਾਨਕ ਖ਼ਸਮ ਦੀ ਬਾਣੀ ਰਿਹਾ ਵਿਚਾਰ, ਏਕਾ ਲਾਲੋ ਕਰੇ ਜਣਾਈਆ । ਲਿਖਣ ਪੜ੍ਹਣ ਤੋਂ ਰੱਖੀ ਬਾਹਰ, ਜੋ ਹਰਿ ਹਰਿ ਬਾਣੀ ਰਿਹਾ ਸੁਣਾਈਆ । ਜੋ ਨਾਨਕ ਰਸਨਾ ਦਏ ਉਚਾਰ, ਕਲਜੁਗ ਜੀਵਾਂ ਰਾਹ ਵਖਾਈਆ । ਲੱਖ ਚੁਰਾਸੀ ਵਖਾਏ ਏਕੰਕਾਰ, ਜਗਤ ਇਸ਼ਾਰਾ ਇਕ ਸਮਝਾਈਆ । ਪਿਛੇ ਸਾਚੇ ਤਖ਼ਤ ਬੈਠਾ ਆਪ ਨਿਰੰਕਾਰ, ਨਾਨਕ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਨਾਦਿ ਸੱਚੀ ਧੁਨਕਾਰ, ਕਾਇਆ ਮੰਦਰ ਅੰਦਰ ਦੇਵੇ ਕਰ ਪਿਆਰ, ਰਸਨਾ ਜਿਹਵਾ ਕੱਢੇ ਬਾਹਰ, ਕਲਮ ਛਾਹੀ ਦਏ ਆਧਾਰ, ਕਾਗਦ ਲੇਖਾ ਅਪਰ ਅਪਾਰ, ਜੀਵਾਂ ਜੰਤਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਨਿਰਗੁਣ ਨਾਨਕ ਏਕਾ ਹਰਿ ਆਪੇ ਅੱਖਰ ਆਪੇ ਵੱਖਰ ਆਪੇ ਰਿਹਾ ਪੜ੍ਹਾਈਆ ।

## ❊ ੧੫ ਅੱਸੂ ੨੦੧੭ ਬਿਕ੍ਰਮੀ ਕੇਸ਼ੋਦਾਸ ਦੇ ਘਰ ਪਿੰਡ ਜੰਡੋਕੇ ਸਿਰਹਾਲੀ ਜ਼ਿਲਾ ਅੰਮ੍ਰਿਤਸਰ ❊

ਆਦਿ ਜੁਗਾਦੀ ਹਰਿ ਭਗਵਾਨ, ਹਰਿ ਜੂ ਹਰੀ ਹਰਿ ਮੰਦਰ ਸੋਭਾ ਪਾਈਆ । ਹਰੀ ਓਮ ਦੇਵੇ ਤਤ ਸ਼ਬਦ ਗਿਆਨ, ਪਾਰਬ੍ਰਹਮ ਵੱਡੀ ਵਡਿਆਈਆ । ਸੁੰਦਰੀ ਬਾਲਾ ਕਰੇ ਪਰਵਾਨ, ਸਰੀਅੰ ਆਪਣਾ ਰੂਪ ਦਰਸਾਈਆ । ਬਨ ਮਹਿ ਖੇਲ ਦੋ ਜਹਾਨ, ਬਸ ਅਪ ਜਸ ਆਪਣੀ ਧਾਰ ਚਲਾਈਆ । ਜੁਗਾ ਜੁਗੰਤਰ ਹੋ ਪਰਧਾਨ, ਨਿਗਹਬਾਨ ਰੂਪ ਪਰਗਟਾਈਆ । ਨਿਸ਼ਅੱਖਰ ਬਣਾਏ ਵੇਦਾਂਤ ਵਿਧਾਨ, ਵਿਦਵਤ ਆਪਣਾ ਰੂਪ ਦਰਸਾਈਆ । ਰਾਗ ਨਾਦ ਅਗੰਮ ਧੁਨਕਾਨ, ਸ਼ਬਦ ਸ਼ਮਸ਼ਾਨ ਆਪ ਸਮਾਈਆ । ਕਰੇ ਖੇਲ ਗੁਣ ਨਿਧਾਨ, ਗਹਿਰ ਗੰਭੀਰ ਬੇਪਰਵਾਹੀਆ । ਚਤਰਭੁਜ ਨੌਜਵਾਨ, ਨਾ ਮਰੇ ਨਾ ਜਾਈਆ । ਇਸ਼ਟ ਦ੍ਰਿਸ਼ਟ ਰੂਪ ਸਾਚਾ ਕਾਹਨ, ਵਾਸਤਕ ਵਸ਼ਿਸ਼ਟ ਖੇਲ ਖਿਲਾਈਆ । ਲੇਖਾ ਜਾਣੇ ਧੁਰ ਦੀ ਬਾਣ, ਧੁਰ ਫ਼ਰਮਾਣਾ ਆਪ ਅਲਾਈਆ । ਗਾਵਤ ਗੀਤ ਗੋਬਿੰਦ ਗਾਏ ਮਹਾਨ, ਅੱਖਰ ਵੱਖਰ ਅਲੱਖ ਪੜ੍ਹਾਈਆ । ਗੁਣ ਨਿਧਾਨ ਵਖਾਏ ਇਕ ਨਿਸ਼ਾਨ, ਨਿਰਧਨ ਨਿਰਵੈਰ ਆਪ ਝੁਲਾਈਆ । ਓਅੰ ਖੇਲ ਕਰੇ ਬੇਪਹਿਚਾਨ, ਮਹਿਬਾਨ ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿ ਮੰਦਰ ਰਿਹਾ ਸੁਹਾਈਆ । ਹਰਿ ਮੰਦਰ ਸੋਹੇ ਉਚ ਮਹੱਲਾ, ਪਰਮ ਪੁਰਖ ਸੁਹਾਈਆ । ਨਿਰਾਕਾਰ ਨਿਜ ਘਰ ਵਾਸੀ ਬੈਠਾ ਇਕ ਇਕੱਲਾ, ਅਕਲ ਕਲ ਆਪਣੀ ਖੇਲ ਖਿਲਾਈਆ । ਜੁਗਾ ਜੁਗੰਤਰ ਰੂਪ ਅਨੂਪ ਅਛਲ ਅਛੱਲਾ, ਵਲ ਛਲਧਾਰੀ ਭੇਵ ਨਾ ਰਾਈਆ । ਸਚ ਸੰਦੇਸ਼ ਨਰ ਨਰੇਸ਼ ਨਿਰਾਕਾਰ ਏਕਾ ਘੱਲਾ, ਧੁਨ ਅਨਾਦ ਬ੍ਰਹਿਮਾਦਿ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਏਕਾ ਮੰਦਰ ਦਏ ਵਡਿਆਈਆ । ਹਰਿ ਮੰਦਰ ਵਡਿਆਈ ਵਡ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਆਪਣੇ ਵਿਚੋਂ ਆਪਾ ਕੱਢ, ਆਪ ਆਪਣਾ ਰੂਪ ਧਰਾਇੰਦਾ । ਆਪਣੇ ਮੰਦਰ ਆਪ ਲਡਾਏ ਲਡ, ਪਰੇਮ ਪਿਆਰ ਪੀਆ ਪ੍ਰੀਤਮ ਪਿਰਿਆ ਨਾਰੀ ਆਪ ਕਰਾਇੰਦਾ । ਅਗੰਮ ਅਗੰਮੜਾ ਅਲੱਖ ਅਲੱਖਣਾ ਆਪ ਸੁਣਾਏ ਆਪਣਾ ਛੰਦ, ਬੋਧ ਅਗਾਧ ਆਪ ਅਲਾਇੰਦਾ । ਆਪੇ ਆਪਣਾ ਲੇਖਾ ਜਾਣੇ ਬੰਦੀ ਬੰਦ, ਦੂਸਰ ਬੰਧਨ ਨਾ ਕੋਇ ਵਖਾਇੰਦਾ । ਏਕੰਕਾਰਾ ਇਕ ਇਕੱਲਾ ਸਦਾ ਸੁਹੇਲਾ ਸਦ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿ ਮੰਦਰ ਬਾਨ ਸੁਹਾਇੰਦਾ । ਹਰਿ ਮੰਦਰ ਬਾਨ ਸੁਹੰਦੜਾ, ਸੁਹਾਏ ਆਪ ਕਰਤਾਰ । ਅਨਭਵ ਪਰਕਾਸ਼ ਕਰੰਦੜਾ, ਨਿਰਮਲ ਜੋਤ ਜੋਤ ਉਜਿਆਰ । ਆਦਿ ਜੁਗਾਦੀ ਵੇਖ ਵਖੰਦੜਾ, ਜੁਗ ਕਰਤਾ ਬੇਐਬ ਪਰਵਰਦਿਗਾਰ । ਦਾਤਾ ਦਾਨੀ ਗੁਣੀ ਗਹਿੰਦੜਾ, ਗਹਿਰ ਗੰਭੀਰ ਸੱਚੀ ਸਰਕਾਰ । ਨਿਰਗੁਣ ਨਿਰਗੁਣ ਖੇਲ ਖਲੰਦੜਾ, ਖੇਲੇ ਖੇਲ ਅਗੰਮ ਅਪਾਰ । ਏਕਾ ਮੰਤਰ ਨਾਉਂ ਦ੍ਰਿੜੰਦੜਾ, ਹਰੀ ਓਮ ਏਕਾ ਤਤ ਵਿਚਾਰ । ਰੂਪ ਅਨੂਪ ਆਪ ਦਸੰਦੜਾ, ਸ਼ਾਹੋ ਭੂਪ ਸੱਚਾ ਸਿਕਦਾਰ । ਦੋ ਜਹਾਨਾਂ ਲੇਖ ਲਿਖੰਦੜਾ, ਲਿਖ ਲਿਖ ਲੇਖਾ ਵੇਖੇ ਵੇਖਣਹਾਰ । ਕਾਗਦ ਕਲਮ ਨਾ ਕੋਇ ਰਖੰਦੜਾ, ਮਸ ਬਨਾਸਪਤ ਨਾ ਕੋਇ ਆਧਾਰ । ਆਪਣੀ ਇਛਿਆ ਆਪੇ ਪੂਰ ਕਰੰਦੜਾ, ਭਵਿਖਤ ਭਿਛਿਆ ਪਾਏ ਹਰਿ ਗਿਰਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਸੋਹੇ ਏਕਾ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਹਰਿ ਨਰ ਸੁਹਾਇੰਦਾ, ਨਿਰਗੁਣ ਨਿਰਵੈਰ ਪੁਰਖ ਅਕਾਲ ।

ਜੂਨੀ ਰਹਿਤ ਆਪਣਾ ਰੂਪ ਆਪ ਪਰਗਟਾਇੰਦਾ, ਭਾਗ ਲਗਾਏ ਸਚਖੰਡ ਸੱਚੀ ਧਰਮਸਾਲ । ਜੋਤੀ ਜਾਤਾ ਖੇਲ ਖਿਲਾਇੰਦਾ, ਜਾਗਰਤ ਜੋਤ ਦੀਨ ਦਿਆਲ । ਆਪਣਾ ਵੇਲਾ ਵਕਤ ਆਪ ਸੁਹਾਇੰਦਾ, ਥਿਤ ਵਾਰ ਨਾ ਸਕੇ ਕੋਇ ਸੁਰਤ ਸੰਭਾਲ । ਏਕਾ ਅੱਖਰ ਆਪ ਪਰਗਟਾਇੰਦਾ, ਇਕ ਓਮ ਹੋ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਰੰਗ ਰੰਗਾਇੰਦਾ । ਹਰਿ ਮੰਦਰ ਰੰਗ ਰੰਗੀਲਾ, ਰੰਗ ਰੰਗ ਵਿਚ ਚਮਕਾਈਆ । ਆਦਿ ਨਿਰੰਜਣ ਛੈਲ ਛਬੀਲਾ, ਜੋਬਨਵੰਤ ਸਹਿਜ ਸੁਖਦਾਈਆ । ਰੂਪ ਪਰਗਟਾਏ ਲਾਲ ਕੰਚਨ ਸੂਹਾ ਚਿਟਾ ਪੀਲਾ, ਨੀਲਾ ਕਾਲਾ ਭੇਵ ਨਾ ਰਾਈਆ । ਦਰਗਹ ਸਾਚੀ ਆਦਿ ਜੁਗਾਦੀ ਆਪਣਾ ਬਣਿਆ ਰਹੇ ਆਪ ਵਕੀਲਾ, ਆਪਣੀ ਦਲੀਲ ਦਏ ਸਵਾਈਆ । ਦੂਸਰ ਕਰੇ ਨਾ ਕੋਏ ਅਪੀਲਾ, ਹੁਕਮੀ ਹੁਕਮ ਨਾ ਕੋਇ ਸੁਣਾਈਆ । ਨਿਰਗੁਣ ਨਿਰਗੁਣ ਬਣਾਏ ਇਕ ਕਬੀਲਾ ਬੰਸ ਸਰਬੰਸ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਵਖਾਏ ਏਕਾ ਘਰ, ਘਰ ਮੰਦਰ ਸੋਭਾ ਪਾਈਆ । ਘਰ ਮੰਦਰ ਹਰਿ ਸੁਹਾਵਣਾ, ਸਤਿ ਪੁਰਖ ਨਿਰੰਜਣ ਆਪ ਸੁਹਾਇਆ । ਮੂਰਤ ਅਕਾਲ ਆਸਣ ਲਾਵਣਾ, ਭੇਵ ਅਭੇਦਾ ਭੇਵ ਛੁਪਾਇਆ । ਭਗਵਨ ਭਗਵੰਤ ਰੂਪ ਇਕ ਦਰਸਾਵਣਾ, ਆਦਿ ਸ਼ਕਤ ਜੋਤ ਰੁਸ਼ਨਾਇਆ । ਰਕਤ ਬੂੰਦ ਨਾ ਮੇਲ ਮਿਲਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚਾ ਇਕ ਸੁਹਾਵਣਾ । ਦਰ ਸੁਹਾਏ ਪਾਰਬ੍ਰਹਮ, ਉਚ ਅਗੰਮ ਅਥਾਹ । ਆਪ ਉਪਜਾਏ ਆਪਣਾ ਨਾਮ, ਦੋ ਜਹਾਨ ਬਣਾਏ ਸਚ ਮਲਾਹ । ਪੂਰਨ ਕਰੇ ਆਪਣਾ ਕਾਮ, ਸਿਫ਼ਤੀ ਦੇਵੇ ਸਿਫ਼ਤ ਸਾਲਾਹ । ਦਰਗਹਿ ਸਾਚੀ ਵਸੇ ਧਾਮ, ਧਾਮ ਅਵੱਲੜਾ ਰਿਹਾ ਸੁਹਾ । ਕਰੇ ਪਰਕਾਸ਼ ਏਕਾ ਰਾਮ, ਰਮਿਆ ਰਹੇ ਸਭਨੀ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਸਾਚਾ ਹਰਿ, ਆਪਣਾ ਹੁਕਮ ਆਪੇ ਰਿਹਾ ਸੁਣਾ । ਏਕਾ ਹੁਕਮ ਹਰਿ ਕਰਤਾਰ, ਏਕਾ ਸਿਖ਼ਿਆ ਸਚ ਜਣਾਈਆ । ਏਕਾ ਮੰਦਰ ਇਕ ਦਵਾਰ, ਏਕਾ ਹਰਿ ਹਰਿ ਸੋਭਾ ਪਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਮੋ ਨਮੋ ਨਿਮਸਕਾਰ, ਏਕਾ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਨਮੋ ਆਪਣੀ ਆਪੇ ਰੀਤ ਚਲਾਈਆ । ਆਦਿ ਨਮੋ ਨਮਸਕਾਰ ਗੁਰਦੇਵ, ਦੇਵ ਦੇਵਾ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਅਲੱਖ ਅਭੇਵ, ਅਗੰਮ ਅਥਾਹ ਬੇਪਰਵਾਹ ਦਰ ਘਰ ਸਾਚਾ ਆਪ ਸੁਹਾਇੰਦਾ । ਆਪੇ ਜਾਣੇ ਆਪਣੀ ਸੇਵ, ਸੇਵਕ ਸੇਵਾਦਾਰ ਸਾਚੀ ਸੇਵਾ ਆਪ ਕਰਾਇੰਦਾ । ਰੂਪ ਅਨੂਪ ਭੂਪ ਸ਼ਾਹੋ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਤਖ਼ਤ ਤਾਜ ਸਿਰ ਰੱਖ ਦਸਤਾਰ, ਏਕਾ ਹੁਕਮ ਨਾਮ ਦ੍ਰਿੜਾਇੰਦਾ । ਨਮੋ ਸਤਿ ਵਰਤੇ ਵਰਤਾਰ, ਸਤਿ ਸਤਿ ਆਪਣੀ ਧਾਰ ਬੰਧਾਇੰਦਾ । ਸਤਿ ਰੂਪ ਹਰਿ ਕਰਤਾਰ, ਸਤਿ ਰੂਪ ਪਾਰਬ੍ਰਹਮ ਆਧਾਰ, ਸਤਿ ਰੂਪ ਸਭ ਤੋਂ ਵਸੇ ਬਾਹਰ, ਸਤਿ ਸਿੰਘਸਣ ਸਤਿ ਪੁਰਖ ਅਬਿਨਾਸ਼ਨ ਸਤਿ ਸਤਿਵਾਦੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੇ ਸਾਚਾ ਹਰਿ, ਸਾਚਾ ਮੰਦਰ ਆਪ ਵਡਿਆਇੰਦਾ । ਸਾਚਾ ਮੰਦਰ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਇਆ । ਆਪਣੀ ਗਾਏ ਮਹਿਮਾ ਅਗਣਤ, ਗਾਵਣਹਾਰਾ ਦਿਸ ਨਾ ਆਇਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਕਰਤਾ ਬੇਪਰਵਾਹਿਆ । ਆਪਣੀ ਇਛਿਆ ਬਣਾਏ ਆਪਣਾ ਮੰਤ, ਆਪਣਾ ਨਾਉਂ ਆਪ ਦ੍ਰਿੜਾਇਆ । ਜੋਤੀ ਜੋਤ ਸਰੂਪ

੧੨੭੦

ਹਰਿ, ਆਪ ਆਪਣੀ ਜੋਤ ਧਰ, ਏਕਾ ਸਤਿ ਏਕਾ ਤਤ, ਪਾਰਬ੍ਰਹਮ ਪ੍ਰਭ ਆਪਣਾ ਆਪ ਪਰਗਟਾਇਆ । ਸਤਿ ਸਤਿ ਸਤਿ ਕਰ ਪਰਧਾਨ, ਸਤਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਸਤਿ ਸ਼ਬਦ ਨਾਦ ਧੁਨਕਾਨ, ਸਤਿ ਨਾਦੀ ਨਾਦ ਵਜਾਇੰਦਾ । ਸਤਿ ਸਚਖੰਡ ਦਵਾਰਾ ਇਕ ਮਕਾਨ, ਸਤਿ ਥਿਰ ਘਰ ਸਾਚਾ ਆਪ ਸੁਹਾਇੰਦਾ । ਸਤਿ ਨਿਰਗੁਣ ਨਿਰਗੁਣ ਦੇਵੇ ਦਾਨ, ਸਤਿ ਵਸਤੂ ਝੋਲੀ ਆਪ ਭਰਾਇੰਦਾ । ਸਤਿ ਵਿਸ਼ਨ ਕਰ ਪਰਧਾਨ, ਸਤਿ ਅੰਮ੍ਰਿਤ ਕਵਲ ਟਿਕਾਇੰਦਾ । ਸਤਿ ਬ੍ਰਹਮਾ ਬ੍ਰਹਮ ਨਿਸ਼ਾਨ, ਸਤਿ ਸਰੂਪ ਆਪ ਵਖਾਇੰਦਾ । ਸਤਿ ਸ਼ੰਕਰ ਗੁਣ ਨਿਧਾਨ, ਗੁਣਵੰਤਾ ਵੇਖ ਵਖਾਇੰਦਾ । ਏਕਾ ਸਤਿ ਕਰ ਪਰਵਾਨ, ਤਿੰਨਾਂ ਏਕਾ ਰੰਗ ਰੰਗਾਇੰਦਾ । ਏਕਾ ਸਤਿ ਦੇਵੇ ਦਾਨ, ਸਾਂਤਕ ਸਤਿ ਸਤਿ ਸਮਝਾਇੰਦਾ । ਏਕਾ ਸਤਿ ਦੇਵੇ ਗਿਆਨ, ਬ੍ਰਹਮਾ ਚਾਰੇ ਵੇਦ ਗਾਇੰਦਾ । ਏਕਾ ਸਤਿ ਕਰੇ ਪਛਾਣ, ਸ਼ੰਕਰ ਹੱਥ ਤ੍ਰਸੂਲ ਉਠਾਇੰਦਾ । ਏਕਾ ਸਤਿ ਕਰੇ ਧਿਆਨ, ਵਿਸ਼ਨੂੰ ਸਾਂਗੋ ਪਾਂਗ ਸੇਜ ਹੰਢਾਇੰਦਾ । ਏਕਾ ਸਤਿ ਹੋਏ ਮਿਹਰਵਾਨ, ਤ੍ਰੈਗੁਣ ਵੰਡਣ ਵੰਡ ਵੰਡਾਇੰਦਾ । ਏਕਾ ਸਤਿ ਪਾਏ ਆਣ, ਪੰਜ ਤਤ ਆਪ ਪਰਗਟਾਇੰਦਾ । ਏਕਾ ਸਤਿ ਕਰੇ ਵਖਿਆਨ, ਆਪਣਾ ਹੁਕਮ ਆਪ ਸੁਣਾਇੰਦਾ । ਏਕਾ ਸਤਿ ਲੱਖ ਚੁਰਾਸੀ ਘਾੜਨ ਘੜੇ ਆਣ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਏਕਾ ਸਤਿ ਕਾਇਆ ਮੰਦਰ ਅੰਦਰ ਘਰ ਵਿਚ ਘਰ ਵਖਾਏ ਸਚ ਮਕਾਨ, ਆਤਮ ਬ੍ਰਹਮ ਆਪ ਬਹਾਇੰਦਾ । ਏਕਾ ਸਤਿ ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਏਕਾ ਆਪਣੇ ਰੰਗ ਰੰਗਾਇੰਦਾ । ਏਕਾ ਸਤਿ ਸ਼ਬਦ ਨਾਦ ਵਜਾਏ ਸੱਚੀ ਧੁਨਕਾਨ, ਅਨਹਦ ਆਪਣਾ ਤਾਲ ਵਜਾਇੰਦਾ । ਏਕਾ ਸਤਿ ਈਸ਼ ਜੀਵ ਕਰ ਪਰਵਾਨ, ਪਰਮ ਆਤਮਾ ਆਪਣਾ ਖੇਲ ਖਿਲਾਇੰਦਾ । ਏਕਾ ਸਤਿ ਪੰਜ ਤਤ ਦੇਵੇ ਦਾਨ, ਕਾਮ ਕਰੋਧ ਲੋਭ ਮੋਹ ਹੰਕਾਰ ਜਗਤ ਵਾਸਨਾ ਵਿਚ ਰਖਾਇੰਦਾ । ਏਕਾ ਸਤਿ ਆਸਾ ਤ੍ਰਿਸ਼ਨਾ ਖੋਲ੍ਹ ਦੁਕਾਨ, ਜੂਠ ਝੂਠ ਵਿਚ ਵਿਕਾਇੰਦਾ । ਏਕਾ ਸਤਿ ਹੋਏ ਜਾਣੀ ਜਾਣ, ਜਾਨਣਹਾਰਾ ਦਿਸ ਨਾ ਆਇੰਦਾ । ਏਕਾ ਸਤਿ ਦੋ ਜਹਾਨਾਂ ਵੰਡੇ ਵੰਡ ਸ੍ਰੀ ਭਗਵਾਨ, ਲੋਕਮਾਤ ਫੇਰਾ ਪਾਇੰਦਾ । ਏਕਾ ਸਤਿ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰੇ ਕਲਿਆਣ, ਸਤਿ ਸਤਿ ਆਪਣੀ ਧਾਰ ਵਖਾਇੰਦਾ । ਏਕਾ ਸਤਿ ਗੁਰ ਅਵਤਾਰ ਹੋਏ ਮਿਹਰਵਾਨ, ਸੰਤ ਭਗਵੰਤ ਸਤਿ ਸਤਿਵਾਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਪਜਾਇਆ ਨਾਮ ਸਤਿ, ਸ਼ਬਦ ਅਗੰਮੀ ਰਚਨਾ ਰਚ, ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ । ਖੇਲ ਖਲਾਏ ਸਤਿ ਕਰਤਾਰ, ਸਤਿ ਬਾਣੀ ਸ਼ਬਦ ਚਲਾਈਆ । ਆਦਿ ਜੁਗਾਦੀ ਸਾਚੀ ਕਾਰ, ਜੁਗਾ ਜੁਗੰਤਰ ਵੇਸ ਵਟਾਈਆ । ਹਰਿ ਜੂ ਹਰਿ ਮੰਦਰ ਸੁਹਾਏ ਬੰਕ ਦਵਾਰ, ਘਰ ਸੁਹੰਜਣਾ ਇਕ ਵਡਿਆਈਆ । ਨਮੋ ਸਤਿ ਬ੍ਰਹਮਮਤ ਇਕ ਤਤ, ਲੱਖ ਚੁਰਾਸੀ ਜੀਵ ਜੰਤ ਆਤਮ ਬ੍ਰਹਮ ਸਹਿਜ ਸੁਖਦੇਵ, ਨੇਹਕੇਵ ਨੇਹਕਰਮੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਬੈਠਾ ਸਾਚਾ ਹਰਿ, ਸਾਚਾ ਪੌੜਾ ਇਕ ਲਗਾਈਆ । ਹਰਿ ਜੂ ਹਰਿ ਮੰਦਰ ਲਾਏ ਪੌੜਾ, ਚੌਥਾ ਜੁਗ ਵੇਖ ਵਖਾਈਆ । ਰੂਪ ਅਨੂਪ ਵਟਾਏ ਬ੍ਰਹਿਮਣ ਗੌੜਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੰਬਲ ਨਗਰ ਕੋਇ ਨਾ ਜਾਣੇ ਉਚਾ ਲੰਮਾਂ ਚੌੜਾ, ਰਵਦਾਸ ਚੁਮਿਆਰ ਗਿਆ ਸਮਝਾਈਆ । ਚਾਰ ਕੁੰਟ ਚਾਰ ਦੀਵਾਰ ਚਾਰ ਜੁਗ ਸੱਸੇ ਉਪਰ ਪਾਏ ਹੋੜਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਹੰ ਬ੍ਰਹਮ ਆਪ ਬੁਝਾਏ ਲੱਗੀ ਔੜਾ, ਅੰਮ੍ਰਿਤ ਮੇਘ ਮੇਘ ਬਰਸਾਈਆ । ਲੱਖ ਚੁਰਾਸੀ ਵੇਖੇ ਫਲ ਮਿੱਠਾ ਕੌੜਾ, ਸਤਿ ਅਸਤਿ ਆਪਣੀ ਧਾਰ ਬੰਧਾਈਆ ।

ਨਿਰਾਕਾਰ ਨਿਰਵੈਰ ਪੁਰਖ ਅਕਾਲ, ਆਦਿ ਜੁਗਾਦਿ ਜੁਗਾ ਜੁਗੰਤ ਫਿਰੇ ਦੌੜਾ, ਸਖ਼ੀ ਸੁਲਤਾਨ ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ ਗੁਰ ਗੁਰ ਆਪਣਾ ਰੂਪ ਵਟਾਈਆ । ਸ਼ਾਹੋ ਭੂਪ ਵਡ ਪੀਰਨ ਪੀਰ, ਨਾਮ ਨਿਧਾਨ ਸਾਗਰ ਸਿੰਧ, ਭਗਤ ਵਛਲ ਮੀਤ ਮੁਰਾਰ, ਦਰ ਦਰਵੇਸ਼ ਦਰ ਦਰ ਅਲੱਖ ਜਗਾਈਆ । ਭਗਤ ਭਗਵੰਤ ਲਏ ਉਭਾਰ, ਸਾਚੇ ਸੰਤ ਇਕ ਪਿਆਰ, ਗੁਰਮੁਖ ਗੁਰਸਿਖ ਆਤਮ ਅੰਤਰ ਮੇਲ ਮਿਲਾਈਆ । ਨਾਤਾ ਤੋੜ ਸਰਬ ਸੰਸਾਰ, ਦੇਵੇ ਨਾਮ ਇਕ ਆਧਾਰ, ਬ੍ਰਹਮ ਤਤ ਕਰੇ ਵਿਚਾਰ, ਮਨ ਮਤ ਬੁਧ ਭੇਵ ਨਾ ਰਾਈਆ । ਸੁਹਾਏ ਏਕਾ ਬੰਕ ਦਵਾਰ, ਹਰਿ ਮੰਦਰ ਖੋਲ੍ਹ ਕਿਵਾੜ, ਸਤਿ ਸਰੂਪ ਸਤਿ ਸਤਿਵਾਦੀ ਕਰੇ ਸਾਚੀ ਕਾਰ, ਹਰਿਜਨ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਏਕਾ ਹਰਿ, ਨਾ ਜਨਮੇ ਨਾ ਜਾਏ ਮਰ, ਹਰਿ ਮੰਦਰ ਅੰਦਰ ਬੈਠਾ ਵੜ, ਸਚ ਸਿੰਘਾਸਣ ਆਸਣ ਸੋਭਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਲਗਾਏ ਆਪਣੇ ਲੜ, ਲੱਖ ਚੁਰਾਸੀ ਲੜ ਛੁਡਾਈਆ ।

❊ ੧੫ ਅੱਸੂ ੨੦੧੭ ਬਿਕ੍ਰਮੀ ਸੰਤਾ ਸਿੰਘ ਦੇ ਘਰ, ਤਰਨਤਾਰਨ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਅਗੰਮ ਅਥਾਹ, ਇਕ ਇਕੱਲਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਬਣ ਮਲਾਹ, ਨਿਰਗੁਣ ਆਪਣੀ ਕਲ ਵਰਤਾਇੰਦਾ ।
੧੨੭੧ ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਦਰ ਘਰ ਸਾਚੇ ਸੋਭਾ ਪਾਇੰਦਾ । ਏਕੰਕਾਰਾ ਆਪਣਾ ਨਾਉਂ ਪਰਗਟਾ, ਨਾਮ ਨਾਮਾ ਆਪ ਉਪਾਇੰਦਾ । ੧੨੭੧
ਆਦਿ ਨਿਰੰਜਣ ਨੂਰ ਨੁਰਾਨਾ ਡਗਮਗਾ, ਨਿਰਗੁਣ ਜੋਤੀ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਆਪਣਾ ਖੇਲ ਆਪ ਖਲਾ, ਹਰਿ ਆਪੇ ਵੇਖ
੦੯ ਵਖਾਇੰਦਾ । ਸ੍ਰੀ ਭਗਵਾਨ ਆਪਣੀ ਰਚਨਾ ਆਪ ਰਚਾ, ਆਪਣਾ ਬੰਧਨ ਆਪੇ ਪਾਇੰਦਾ । ਪਾਰਬ੍ਰਹਮ ਵਸਣਹਾਰਾ ਸਾਚੇ ਥਾਂ, ਦਰ ਘਰ ਸਾਚਾ ੦੯
ਆਪ ਸੁਹਾਇੰਦਾ । ਸਚਖੰਡ ਦਵਾਰਾ ਆਪ ਵਡਿਆ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਆਪ ਆਪਣੀ ਧਾਰ ਚਲਾਇੰਦਾ । ਧਾਰ ਚਲਾਏ ਹਰਿ ਕਰਤਾਰ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਸੁਹਾਏ ਇਕ ਦਰਬਾਰ, ਦਰ ਘਰ ਸਾਚੇ ਸੋਭਾ ਪਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਸਾਚੇ ਤਖ਼ਤ ਬੈਠ ਸੱਚਾ ਸਿਕਦਾਰ, ਰਾਜ ਰਾਜਾਨਾ ਸ਼ਾਹ ਸੁਲਤਾਨਾ ਆਪ ਅਖਵਾਈਆ । ਏਕਾ ਹੁਕਮ ਵਰਤੇ ਵਰਤਾਰ, ਹੁਕਮੀ ਹੁਕਮ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਵਟਾਈਆ । ਵੇਸ ਵਟਾਏ ਇਕ ਇਕੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਆਪਣੀ ਜੋਤੀ ਆਪੇ ਰਲਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਆਪ ਸੁਹਾਇੰਦਾ । ਹਰਿ ਮੰਦਰ ਸੋਭਾਵੰਤ, ਹਰਿ ਪੁਰਖ ਨਿਰੰਜਣ ਆਪ ਸੁਹਾਈਆ । ਏਕੰਕਾਰਾ ਵਸੇ ਸਾਚਾ ਕੰਤ, ਕੰਤ ਕੰਤੂਲ ਬੇਪਰਵਾਹੀਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਆਪ ਸੁਹਾਈਆ ।

ਸਾਚਾ ਘਰ ਕਰ ਉਜਿਆਰਾ, ਆਪਣੀ ਧਾਰ ਚਲਾਈਆ । ਆਦਿ ਪੁਰਖ ਹਰਿ ਖੇਲ ਅਪਾਰਾ, ਏਕੰਕਾਰਾ ਆਪ ਕਰਾਈਆ । ਨਿਰਗੁਣ ਨੂਰ ਕਰ ਉਜਿਆਰਾ, ਨੂਰੋ ਨੂਰ ਡਗਮਗਾਈਆ । ਸਚਖੰਡ ਵਸਾਏ ਇਕ ਦਵਾਰਾ, ਧੁਰ ਦਰਬਾਰਾ ਬੇਪਰਵਾਹੀਆ । ਸਚ ਸਿੰਘਾਸਣ ਕਰ ਤਿਆਰਾ, ਅਗੰਮ ਅਪਾਰਾ ਆਪ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਰਾਜ ਰਾਜਾਨ ਵਡ ਵਡਿਆਈਆ । ਏਕਾ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਆਪਣੀ ਧਾਰ ਚਲਾਈਆ । ਅਨਭਵ ਧਾਰ ਹਰਿ ਪਰਕਾਸ਼, ਨੂਰੋ ਨੂਰ ਸਮਾਇਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸੀ ਕਰਤਾ ਵੇਸ ਵਟਾਇਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਕਰਤਾ ਭੇਵ ਨਾ ਰਾਇਆ । ਸਾਚੇ ਮੰਡਲ ਪਾਵੇ ਰਾਸ, ਏਕੰਕਾਰਾ ਖੇਲ ਖਿਲਾਇਆ । ਸ਼ਾਹੋ ਭੂਪ ਵਡ ਸ਼ਾਹੋ ਸ਼ਾਬਾਸ, ਸਚ ਸੁਲਤਾਨਾ ਨਾਉਂ ਧਰਾਇਆ । ਆਪਣੇ ਅੱਗੇ ਆਪਣੀ ਆਪ ਕਰੇ ਅਰਦਾਸ, ਆਪਣੀ ਭਿਛਿਆ ਮੰਗ ਮੰਗਾਇਆ । ਆਪਣੀ ਵਸਤ ਆਪੇ ਰੱਖੇ ਪਾਸ, ਨਿਰਗੁਣ ਨਿਰਗੁਣ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਹਰਿ ਮੰਦਰ ਆਪ ਸੁਹਾਇਆ । ਹਰਿ ਮੰਦਰ ਹਰਿ ਸੁਹਾਇੰਦਾ, ਦਰਗਹਿ ਸਾਚੀ ਧਾਮ ਨਿਆਰ । ਸੋ ਪੁਰਖ ਨਿਰੰਜਣ ਆਸਣ ਲਾਇੰਦਾ, ਹਰਿ ਪੁਰਖ ਨਿਰੰਜਣ ਮੀਤ ਮੁਰਾਰ । ਏਕੰਕਾਰਾ ਮੇਲ ਮਿਲਾਇੰਦਾ, ਆਦਿ ਨਿਰੰਜਣ ਜੋਤ ਉਜਿਆਰ । ਸ੍ਰੀ ਭਗਵਾਨ ਛਤਰ ਝੁਲਾਇੰਦਾ, ਅਬਿਨਾਸ਼ੀ ਕਰਤਾ ਬਣੇ ਭਿਖਾਰ । ਪਾਰਬ੍ਰਹਮ ਮੰਗ ਮੰਗਾਇੰਦਾ, ਦੇਵਣਹਾਰ ਆਪ ਨਿਰਾਕਾਰ । ਸਾਚੀ ਵਸਤ ਵੰਡ ਵੰਡਾਇੰਦਾ, ਆਪ ਆਪਾ ਵਿਚੋਂ ਕੱਢੇ ਬਾਹਰ । ਆਪ ਆਪਣੀ ਕਲ ਵਰਤਾਇੰਦਾ, ਖੇਲੇ ਖੇਲ ਅਪਰ ਅਪਾਰ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਬੇੜਾ ਆਪ ਚਲਾਇੰਦਾ, ਆਪੇ ਹੋਏ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਘਰ ਆਪ ਵਸਾਇੰਦਾ । ਏਕਾ ਘਰ ਹਰਿ ਵਸਾਇਆ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦਵਾਰਾ ਆਪ ਵਡਿਆਇਆ, ਆਪਣਾ ਰੂਪ ਆਪ ਪਰਗਟਾਈਆ । ਸੂਰਜ ਚੰਨ ਨਾ ਕੋਇ ਚੜ੍ਹਾਇਆ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਕਮਲਾਪਾਤੀ ਵੇਖ ਵਖਾਇਆ, ਦਿਵਸ ਰਾਤੀ ਨਾ ਕੋਇ ਵਡਿਆਈਆ । ਜਿਮੀ ਅਸਮਾਨ ਨਾ ਕੋਏ ਸੁਹਾਇਆ, ਗਗਨ ਮੰਡਲ ਨਾ ਕੋਇ ਰੁਸ਼ਨਾਈਆ । ਇਕ ਇਕੱਲਾ ਖੇਲ ਖਿਲਾਇਆ, ਨਾ ਆਦਿ ਪੁਰਖ ਸੱਚਾ ਸ਼ਹਿਨਸ਼ਾਹੀਆ । ਆਪਣਾ ਭਾਣਾ ਆਪਣੇ ਵਿਚ ਟਿਕਾਇਆ, ਆਪਣੇ ਭਾਣੇ ਆਪੇ ਰਿਹਾ ਫਿਰਾਈਆ । ਸਾਚਾ ਰਾਣਾ ਆਪ ਅਖਵਾਇਆ, ਸਾਚੇ ਤਖ਼ਤ ਸੋਭਾ ਪਾਈਆ । ਸਾਚੀ ਵੰਡਣ ਆਪ ਵੰਡਾਇਆ, ਆਦਿ ਆਦਿ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਆਪੇ ਖੋਲ੍ਹ, ਆਪੇ ਤੋਲੇ ਆਪਣਾ ਤੋਲ, ਤੋਲਣਹਾਰਾ ਇਕ ਅਖਵਾਈਆ । ਤੋਲਣਹਾਰਾ ਤੋਲੇ ਤੋਲ, ਆਦਿ ਜੁਗਾਦਿ ਆਪਣਾ ਤੋਲ ਤੁਲਾਇੰਦਾ । ਆਪਣੇ ਮੰਦਰ ਦਰ ਦਰਵਾਜਾ ਆਪੇ ਖੋਲ੍ਹ, ਆਪੇ ਵੇਖ ਵਖਾਇੰਦਾ । ਆਪੇ ਬੈਠਾ ਰਹੇ ਅਡੋਲ, ਅਡੁਲ ਆਪਣੀ ਧਾਰ ਆਪ ਚਲਾਇੰਦਾ । ਆਪੇ ਜਾਣੇ ਆਪਣਾ ਕੌਲ, ਕੀਤਾ ਕੌਲ ਆਪੇ ਪੂਰ ਕਰਾਇੰਦਾ । ਆਪਣੀ ਜੋਤ ਆਪੇ ਜਾਏ ਮੌਲ, ਆਪਣੇ ਮੰਦਰ ਅੰਦਰ ਆਪੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਆਪੇ ਰਾਣਾ ਧੁਰ ਦਰਬਾਰ, ਸ਼ਹਿਨਸ਼ਾਹ ਆਪ ਅਖਵਾਈਆ ।

ਆਪੇ ਫ਼ਰਮਾਣਾ ਦੇਵੇ ਸੱਚੀ ਸਰਕਾਰ, ਸਤਿ ਪੁਰਖ ਵੱਡੀ ਵਡਿਆਈਆ । ਆਪੇ ਕਰੇ ਆਪਣਾ ਆਕਾਰ, ਨਿਰਾਕਾਰ ਨਿਰਵੈਰ ਆਪਣੀ ਖੇਲ ਖਿਲਾਈਆ । ਜੂਨੀ ਰਹਿਤ ਨਾ ਕੋਇ ਧਾਰ, ਮੂਰਤ ਅਕਾਲ ਬੇਪਰਵਾਹੀਆ । ਸਾਚੇ ਮੰਦਰ ਪੈਜ ਸੁਆਰ, ਕਰੇ ਖੇਲ ਸਚ ਸੱਚੀ ਦਰਗਹਿ ਏਕਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਸਤ ਅਮੋਲਕ ਆਪਣੇ ਹੱਥ ਰਖਾਈਆ । ਸਾਚੀ ਵਸਤ ਹਰਿ ਕਰਤਾਰ, ਆਪਣੀ ਆਪ ਉਪਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਨਿਰਗੁਣ ਨਾਰ ਨਿਰਗੁਣ ਭਤਾਰ, ਨਿਰਗੁਣ ਕੰਤ ਸੁਹਾਗ ਹੰਢਾਇੰਦਾ । ਨਿਰਗੁਣ ਸੇਜਾ ਸੁਤਾ ਪੈਰ ਪਸਾਰ, ਨਿਰਗੁਣ ਆਲਸ ਨਿੰਦਰਾ ਵਿਚ ਨਾ ਆਇੰਦਾ । ਨਿਰਗੁਣ ਸਚਖੰਡ ਖੋਲ੍ਹ ਕਿਵਾੜ, ਨਿਰਗੁਣ ਥਿਰ ਘਰ ਕੁੰਡਾ ਲਾਹਿੰਦਾ । ਸਾਚੀ ਜਨਣੀ ਬਣ ਕਰਤਾਰ, ਆਪਣਾ ਜਨ ਇਕ ਉਪਾਇੰਦਾ । ਸੁੱਤ ਦੁਲਾਰੇ ਕਰ ਪਿਆਰ, ਆਪਣੀ ਗੋਦ ਬਹਾਇੰਦਾ । ਦੇਵੇ ਹੁਕਮ ਸੱਚੀ ਸਰਕਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਏਕਾ ਮਹੱਲ ਲੈਣਾ ਉਸਾਰ, ਜੋਗ ਜੁਗਤ ਆਪ ਜਣਾਇੰਦਾ । ਜੋਤੀ ਜਾਤਾ ਦੇਵੇ ਧਾਰ, ਇਕ ਇਕਾਂਤਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਦੇਵੇ ਵਰ, ਸ਼ਬਦ ਸੁਤ ਆਪ ਸਮਝਾਇੰਦਾ । ਸ਼ਬਦ ਸੁਤ ਉਠਾਇਆ ਦੁਲਾਰਾ, ਪੁਰਖ ਅਬਿਨਾਸ਼ੀ ਕਰੇ ਜਣਾਈਆ । ਏਕਾ ਬਖ਼ਸ਼ੇ ਚਰਨ ਪਿਆਰਾ, ਏਕਾ ਓਟ ਪੁਰਖ ਅਕਾਲ ਵਖਾਈਆ । ਏਕਾ ਵਸਤ ਦੇਵੇ ਹਰਿ ਥਾਰਾ, ਅਤੋਟ ਅਤੁਟ ਆਪ ਵਰਤਾਈਆ । ਏਕਾ ਰੰਗ ਰੰਗਾਏ ਹਰਿ ਹਰਿ ਅਪਾਰਾ, ਉਤਰ ਕਦੇ ਨਾ ਜਾਈਆ । ਦੋ ਜਹਾਨਾਂ ਕਰਿਆ ਖ਼ਬਰਦਾਰਾ, ਲੋਆਂ ਪੁਰੀਆਂ ਬ੍ਰਹਿਮੰਡ ਖੰਡਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਬੂਝ ਆਪ ਬੁਝਾਈਆ । ਹਰਿ ਹਰਿ ਆਪਣੀ ਬੂਝ ਬੁਝਾਇੰਦਾ, ਸ਼ਬਦ ਸੁਤ ਕਰ ਤਿਆਰ । ਸਚਖੰਡ ਦਵਾਰੇ ਖ਼ੁਸ਼ੀ ਮਨਾਇੰਦਾ, ਥਿਰ ਘਰ ਸਾਚਾ ਰਿਹਾ ਸੁਆਰ । ਨਾਦ ਅਨਾਦੀ ਤਾਲ ਵਜਾਇੰਦਾ, ਧੁਨੀ ਧੁਨ ਕਰੇ ਵਿਚਾਰ । ਅਲੱਖ ਅਗੋਚਰ ਖੇਲ ਖਿਲਾਇੰਦਾ, ਬੇਐਬ ਪਰਵਰਦਿਗਾਰ । ਆਪਣੀ ਰਚਨਾ ਆਪ ਰਚਾਇੰਦਾ, ਏਕਾ ਸੁਤ ਦਏ ਹੁਲਾਰ । ਸਾਚਾ ਮੰਡਲ ਮੰਡਪ ਆਪ ਸੁਹਾਇੰਦਾ, ਆਪ ਆਪਣੀ ਕਿਰਪਾ ਧਾਰ । ਆਪਣਾ ਅੰਗ ਆਪ ਕਟਾਇੰਦਾ, ਕਰੇ ਖੇਲ ਆਪ ਕਰਤਾਰ । ਵਿਸ਼ਨ ਬ੍ਰਹਮਾ ਸ਼ਿਵ ਉਪਜਾਇੰਦਾ, ਸ਼ਬਦੀ ਸ਼ਬਦ ਕਰ ਵਿਚਾਰ । ਤ੍ਰੈਗੁਣ ਮਾਇਆ ਬੰਧਨ ਪਾਇੰਦਾ, ਪੰਜ ਤਤ ਦਏ ਆਧਾਰ । ਵਿਸ਼ਨੂੰ ਵੰਸ ਆਪ ਸੁਹਾਇੰਦਾ, ਲੇਖਾ ਜਾਣੇ ਧੁਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਅਪਾਰ । ਵਿਸ਼ਨ ਬ੍ਰਹਮਾ ਸ਼ਿਵ ਉਪਾਇਆ, ਹਰਿ ਸ਼ਬਦ ਵੱਡੀ ਵਡਿਆਇਆ । ਸ਼ਬਦ ਰਾਗ ਸ਼ਬਦ ਧੁਨ ਸ਼ਬਦ ਨਾਦ ਸ਼ਬਦ ਸ਼ਬਦੀ ਰਿਹਾ ਸੁਣਾਇਆ । ਸ਼ਬਦ ਸੁੰਨ ਸ਼ਬਦ ਸਮਾਧ, ਸ਼ਬਦ ਬਾਣੀ ਬੋਧ ਅਗਾਧ, ਸ਼ਬਦ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਬਾਣੀ ਬਾਣ ਲਗਾਇਆ । ਧੁਰ ਦੀ ਬਾਣੀ ਸ਼ਬਦ ਨਿਸ਼ਅੱਖਰ, ਹਰਿ ਪੁਰਖ ਨਿਰੰਜਣ ਆਪ ਜਣਾਈਆ । ਵਿਸ਼ਨ ਨੇਤਰ ਨੀਰ ਵਰੋਲੇ ਅੱਥਰ, ਰੋ ਰੋ ਚਰਨ ਕਵਲ ਮੰਗੇ ਇਕ ਸਰਨਾਈਆ । ਬ੍ਰਹਮਾ ਵਛਾਏ ਆਪਣਾ ਸੱਥਰ, ਪਾਰਬ੍ਰਹਮ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ

ਇਛਿਆ ਪਾਏ ਭਿਛਿਆ, ਸਚ ਭੰਡਾਰ ਆਪ ਵਰਤਾਈਆ । ਸ਼ਬਦ ਸੂਰਬੀਰ ਸੁਲਤਾਨ, ਸੋ ਪੁਰਖ ਨਿਰੰਜਣ ਆਪ ਉਠਾਇਆ । ਸ਼ਬਦ ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਇਆ । ਸ਼ਬਦ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਵਸਾਏ ਇਕ ਮਕਾਨ, ਸ਼ਬਦ ਸ਼ਬਦੀ ਵੇਖ ਵਖਾਇਆ । ਸ਼ਬਦ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਗਿਆਨ, ਏਕਾ ਮੰਤਰ ਆਪ ਦ੍ਰਿੜਾਇਆ । ਸ਼ਬਦ ਤ੍ਰੈਗੁਣ ਮਾਇਆ ਕਰੇ ਪਰਧਾਨ, ਸਤੋ ਤਮੋ ਰਜੋ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਖੁਲਾਇਆ । ਹਰਿ ਸ਼ਬਦੀ ਭੇਵ ਖੁਲਾਇੰਦਾ, ਪਾਰਬ੍ਰਹਮ ਪੁਰਖ ਅਗੰਮ । ਵਿਸ਼ਨੂੰ ਵੰਸ ਆਪ ਉਠਾਇੰਦਾ, ਇਕ ਜਣਾਏ ਸਾਚਾ ਕੰਮ । ਬ੍ਰਹਮਾ ਬ੍ਰਹਮ ਰੂਪ ਪਰਗਟਾਇੰਦਾ, ਪਾਰਬ੍ਰਹਮ ਬਣ ਜਨਨੀ ਜਨ । ਸ਼ੰਕਰ ਸੁੰਨ ਸਮਾਧ ਉਠਾਇੰਦਾ, ਏਕਾ ਰਾਗ ਸੁਣਾਏ ਕੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪ ਖਲਾਇੰਦਾ । ਖੇਲ ਖਲੰਦੜਾ ਸ੍ਰੀ ਭਗਵਾਨ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਦੇਵਣਹਾਰਾ ਦਾਤਾ ਦਾਨੀ ਦਾਨ, ਦਇਆਨਿਧ ਬੇਪਰਵਾਹੀਆ । ਹੁਕਮੀ ਹੁਕਮ ਕਰੇ ਫ਼ਰਮਾਣ, ਧੁਰ ਫ਼ਰਮਾਣਾ ਆਪ ਸੁਣਾਈਆ । ਲੱਖ ਚੁਰਾਸੀ ਕਰ ਪਰਧਾਨ, ਘੜ ਭਾਂਡੇ ਆਪ ਘੜਾਈਆ । ਲੇਖਾ ਜਾਣੇ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਵਸਤ ਆਪ ਉਪਾਈਆ । ਲੱਖ ਚੁਰਾਸੀ ਘਾੜਨ ਘੜ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਪੰਜ ਤਤ ਅੰਦਰ ਆਪੇ ਵੜ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਵੈਰ ਪੁਰਖ ਅਕਾਲ ਨੂਰੀ ਦਰਸ ਦੇਵੇ ਖੜ, ਆਤਮ ਬ੍ਰਹਮ ਨਾਉਂ ਧਰਾਇੰਦਾ । ਈਸ਼ ਜੀਵ ਬੰਧਾਏ ਲੜ, ਜਗਦੀਸ਼ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਜਣਾਇੰਦਾ । ਹਰਿ ਕਾ ਭੇਵ ਬੋਧ ਅਗਾਧ, ਸ਼ਬਦੀ ਸ਼ਬਦ ਕਰੇ ਸੁਣਾਈਆ । ਪਾਰਬ੍ਰਹਮ ਬ੍ਰਹਮ ਦੇਵੇ ਏਕਾ ਦਾਦ, ਏਕਾ ਵਸਤ ਵੰਡ ਵੰਡਾਈਆ । ਸਰਗੁਣ ਵਜਾਏ ਅਨਾਦੀ ਨਾਦ, ਤੁਰੀਆ ਰਾਗ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਖਾਈਆ । ਵਸਤ ਅਮੋਲਕ ਦੇਵੇ ਕਰ ਪਿਆਰ, ਆਪਣੇ ਨਾਉਂ ਰੱਖੇ ਵਡਿਆਈਆ । ਚਾਰੇ ਮੁਖ ਪਾਵੇ ਸਾਰ, ਚਾਰੇ ਕੂਟਾਂ ਦੇਣ ਗਵਾਹੀਆ । ਚਾਰੇ ਵੇਦ ਦਏ ਉਚਾਰ, ਚਾਰੇ ਜੁਗ ਵੰਡ ਵੰਡਾਈਆ । ਚਾਰੇ ਬਾਣੀ ਦਏ ਹੁਲਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰ ਵਰਨ ਦਏ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਹਰਿ ਲੇਖਾ ਆਪ ਸਮਝਾਇੰਦਾ, ਰਚਨਾ ਰਚ ਰਚ ਵੇਦ ਚਾਰ । ਵਿਸ਼ਨੂੰ ਸਾਚਾ ਹੁਕਮ ਸੁਣਾਇੰਦਾ, ਲੱਖ ਚੁਰਾਸੀ ਦੇਣਾ ਆਧਾਰ । ਬ੍ਰਹਮਾ ਬ੍ਰਹਮ ਰੂਪ ਪਰਗਟਾਇੰਦਾ, ਘਟ ਘਟ ਅੰਦਰ ਕਰੇ ਉਜਿਆਰ । ਸ਼ੰਕਰ ਅੰਤਮ ਲੇਖ ਮੁਕਾਇੰਦਾ, ਜੋ ਘੜੇ ਸੋ ਭੰਨੇ ਵਿਚ ਸੰਸਾਰ । ਤਿੰਨਾਂ ਮੇਲਾ ਆਪ ਮਿਲਾਇੰਦਾ, ਗੁਰ ਚੇਲਾ ਖੇਲ ਅਪਾਰ । ਸਾਚਾ ਸੱਯਾ ਵੇਖ ਵਖਾਇੰਦਾ, ਨੱਯਾ ਚਲਾਏ ਹਰਿ ਕਰਤਾਰ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ, ਦਰ ਬੈਠੇ ਬਣ ਭਿਖਾਰ । ਤੇਰਾ ਭੇਵ ਕੋਇ ਨਾ ਆਇੰਦਾ, ਬੇਅੰਤ ਬੇਅੰਤ ਬੇਅੰਤ ਕਹਿਣ ਕਰਤਾਰ । ਕਵਣ ਰਥ ਮਾਤ ਚਲਾਇੰਦਾ, ਰਥ ਰਥਵਾਹੀ ਹੋਏ ਅਸਵਾਰ । ਕਵਣ ਗਾਥ ਮਾਤ ਚਲਾਇੰਦਾ, ਰਸਨਾ ਗਾਏ ਜੀਵ ਜੰਤ ਆਧਾਰ । ਕਵਣ ਸਗਲਾ ਸੰਗ ਨਿਭਾਇੰਦਾ, ਆਦਿ ਜੁਗਾਦੀ ਚਲੇ ਨਾਲ । ਕਵਣ

ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ, ਲੇਖਾ ਜਾਣੇ ਸ਼ਾਹ ਕੰਗਾਲ । ਕਵਣ ਸ਼ਬਦ ਅਨਾਦੀ ਤਾਲ ਵਜਾਇੰਦਾ, ਕਵਣ ਦੇਵੇ ਧੁਰ ਫ਼ਰਮਾਣ । ਕਵਣ ਆਦਿ ਆਦਿ ਆਪਣੀ ਖੇਲ ਖਿਲਾਇੰਦਾ, ਕਵਣ ਜੁਗਾਦਿ ਕਰੇ ਸੰਭਾਲ । ਕਵਣ ਮਧ ਵੇਸ ਵਟਾਇੰਦਾ, ਲੋਕਮਾਤ ਚਲੇ ਅਵੱਲੜੀ ਚਾਲ । ਕਵਣ ਬ੍ਰਹਮ ਮੇਲ ਮਿਲਾਇੰਦਾ, ਪਾਰਬ੍ਰਹਮ ਕਰ ਧਿਆਨ । ਕਵਣ ਕਾਇਆ ਬੰਕ ਸੁਹਾਇੰਦਾ, ਪੰਜ ਤਤ ਵਖਾਏ ਨਿਸ਼ਾਨ । ਕਵਣ ਅੰਮ੍ਰਿਤ ਜਾਮ ਪਿਆਇੰਦਾ, ਕਵਣ ਲੇਖਾ ਮੰਗੇ ਆਣ । ਕਵਣ ਸਾਚਾ ਬੰਕ ਸੁਹਾਇੰਦਾ, ਕਵਣ ਸੋਭਾ ਹੋਏ ਸੱਚੀ ਧਰਮਸਾਲ । ਕੋਟੀ ਜਨਮ ਜਨਮ ਜੂਨੀ ਜੂਨ ਭਵਾਇੰਦਾ, ਲੱਖ ਚੁਰਾਸੀ ਕਰੇ ਪਰਵਾਨ । ਕਵਣ ਜੁਗ ਜੁਗ ਵੰਡ ਵੰਡਾਇੰਦਾ, ਕਵਣ ਹੋਏ ਨਿਗਹਬਾਨ । ਕਵਣ ਸਤਿਜੁਗ ਰਾਹ ਵਖਾਇੰਦਾ, ਕਵਣ ਤ੍ਰੇਤੇ ਕਰੇ ਕਲਿਆਣ । ਕਵਣ ਦਵਾਪਰ ਪੰਧ ਮੁਕਾਇੰਦਾ, ਕਵਣ ਕਲਜੁਗ ਮੇਟੇ ਨਿਸ਼ਾਨ । ਕਵਣ ਚਾਰ ਵੇਦ ਲਿਖਾਇੰਦਾ, ਦੇਵਣਹਾਰਾ ਧੁਰ ਫ਼ਰਮਾਣ । ਕਵਣ ਆਪਣਾ ਵਿਚੋਂ ਆਪਾ ਕਾਢ ਘਟ ਘਟ ਜੋਤ ਜਗਾਇੰਦਾ, ਆਦਿ ਨਿਰੰਜਣ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਉਠਿਆ, ਨਿਰਗੁਣ ਦਾਤਾ ਬੇਪਰਵਾਹ । ਸ਼ਬਦ ਸਰੂਪੀ ਹੋ ਹੋ ਤੁਠਿਆ, ਜੋਤੀ ਨੂਰ ਡਗਮਗਾ । ਚਾਰ ਜੁਗ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਕਰੇ ਲੁਕਿਆ, ਕਾਇਆ ਚੋਲਾ ਤਤ ਹੰਢਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾ । ਲੇਖਾ ਹਰਿ ਸਮਝਾਇੰਦਾ, ਵਿਸ਼ਨ ਕਰਨਾ ਇਕ ਧਿਆਨ । ਬ੍ਰਹਮ ਆਪ ਜਣਾਇੰਦਾ, ਦੇਵੇ ਪਾਰਬ੍ਰਹਮ ਗਿਆਨ । ਵਿਸ਼ਨੂੰ ਆਪਣੇ ਰੰਗ ਰੰਗਾਇੰਦਾ, ਸ਼ਬਦ ਜਣਾਏ ਧੁਰ ਫ਼ਰਮਾਣ । ਚਾਰੇ



ਜੁਗਾਂ ਵੰਡ ਵੰਡਾਇੰਦਾ, ਵੰਡਣਹਾਰ ਸ੍ਰੀ ਭਗਵਾਨ । ਗੁਰੂ ਪੀਰ ਅਵਤਾਰ ਸਾਧ ਸੰਤ ਸੇਵਾ ਲਾਇੰਦਾ, ਜੁਗ ਜੁਗ ਦੇਵੇ ਇਕ ਫ਼ਰਮਾਣ । ਰਾਗ ਅਨਾਦੀ ਕੰਨ ਸੁਣਾਇੰਦਾ, ਬ੍ਰਹਮ ਬ੍ਰਹਿਮਾਦੀ ਕਰ ਪਹਿਚਾਨ । ਸਾਚਾ ਨਾਉਂ ਰਾਹ ਚਲਾਇੰਦਾ, ਮਾਰਗ ਪੰਥ ਇਕ ਵਖਾਨ । ਧਰਤ ਧਵਲ ਆਪ ਸੁਹਾਇੰਦਾ, ਨਿਰਗੁਣ ਸਰਗੁਣ ਹੋ ਪਰਧਾਨ । ਜੰਗਲ ਜੂਹ ਉਜਾੜ ਪਹਾੜ ਵੇਖ ਵਖਾਇੰਦਾ, ਉਚੇ ਟਿਲੇ ਪਰਬਤ ਵੇਖੇ ਮਾਰ ਧਿਆਨ । ਸਮੁੰਦ ਸਾਗਰ ਵਰੋਲ ਵਖਾਇੰਦਾ, ਨਾਮ ਮਧਾਣਾ ਏਕਾ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰੇ ਭਗਵਾਨ । ਭਗਵਨ ਆਪਣੀ ਖੇਲ ਖਿਲਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ, ਚਾਰੇ ਜੁਗ ਕਰ ਵਿਚਾਰ । ਚਾਰੇ ਵੇਦਾਂ ਆਪੇ ਗਾਇੰਦਾ, ਦੇਵਣਹਾਰਾ ਧੁਰ ਦੀ ਧਾਰ । ਆਪਣੀ ਵੰਡ ਆਪ ਵੰਡਾਇੰਦਾ, ਕਰੇ ਖੇਲ ਅਪਰ ਅਪਾਰ । ਸਤਾਰਾਂ ਲੱਖ ਅਠਾਈ ਹਜ਼ਾਰ ਸਤਿਜੁਗ ਝੋਲੀ ਪਾਇੰਦਾ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਬਾਰਾਂ ਲੱਖ ਛਿਆਨਵੇਂ ਹਜ਼ਾਰ ਤ੍ਰੇਤਾ ਰੰਗ ਰੰਗਾਇੰਦਾ, ਰੰਗ ਰੰਗੀਲਾ ਕੰਤ ਭਤਾਰ । ਅੱਠ ਲੱਖ ਚੌਸਠ ਹਜ਼ਾਰ ਦਵਾਪਰ ਝੋਲੀ ਪਾਇੰਦਾ, ਗੋਕਲ ਮਥਰਾ ਕਰ ਵਿਚਾਰ । ਕਲਜੁਗ ਸਾਚਾ ਸੰਗ ਨਿਭਾਇੰਦਾ, ਲੇਖਾ ਜਾਣੇ ਚਾਰ ਲੱਖ ਬੱਤੀ ਹਜ਼ਾਰ । ਚਾਰ ਤਿੰਨ ਬੀਸ ਬੀਸ ਆਪਣੀ ਖੇਲ ਖਿਲਾਇੰਦਾ, ਪਾਰਬ੍ਰਹਮ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਦੂਸਰ ਅਵਰ ਨਾ ਕੋਇ ਵਿਚਾਰ । ਲੇਖਾ ਲਿਖਿਆ ਧੁਰ ਦਰਗਹਿ, ਪੁਰਖ ਅਬਿਨਾਸ਼ੀ ਆਪ ਲਿਖਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਨਿਰਗੁਣ ਸਰਗੁਣ ਬੇੜਾ ਆਪ ਚਲਾਇੰਦਾ । ਸ਼ਬਦ ਸਰੂਪੀ ਦੇਵੇ ਸਚ ਸਲਾਹ, ਆਪਣੇ ਮਾਰਗ ਆਪੇ ਲਾਇੰਦਾ ।

ਗੁਰ ਪੀਰ ਅਵਤਾਰ ਆਪ ਅਖਵਾ, ਰੂਪ ਅਨੂਪ ਆਪ ਪਰਗਟਾਇੰਦਾ । ਸਤਿਜੁਗ ਦਵਾਰੇ ਲਏ ਬਹਾ, ਆਪਣਾ ਹੁਕਮ ਆਪ ਵਰਤਾਇੰਦਾ । ਸਤਿ ਸਤਿ ਸਤਿ ਇਕ ਸਮਝਾ, ਸਾਂਤਕ ਸਤਿ ਰੂਪ ਦਰਸਾਇੰਦਾ । ਮਿਤ ਗਤ ਜਾਣੇ ਬੇਪਰਵਾਹ, ਰਤੀ ਰਤ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਅਵਤਾਰ ਲਾਏ ਕਾਰ, ਗੁਰੂ ਗੁਰ ਉਪਦੇਸ਼ ਦਏ ਸੰਸਾਰ, ਹਰਿ ਸਾਚਾ ਹੁਕਮ ਚਲਾਇੰਦਾ । ਭਾਣੇ ਅੰਦਰ ਗੁਰ ਅਵਤਾਰ, ਭਾਣੇ ਅੰਦਰ ਸ੍ਰਿਸ਼ਟ ਸਬਾਈਆ । ਭਾਣੇ ਅੰਦਰ ਰਵ ਸਸ ਉਜਿਆਰ, ਭਾਣੇ ਅੰਦਰ ਮੰਡਲ ਮੰਡਪ ਆਪ ਸੁਹਾਈਆ । ਭਾਣੇ ਅੰਦਰ ਲੱਖ ਚੁਰਾਸੀ ਕਰ ਪਸਾਰ, ਭਾਣੇ ਅੰਦਰ ਡੇਰਾ ਢਾਹੀਆ । ਭਾਣੇ ਅੰਦਰ ਆਯੂ ਦੇਵੇ ਆਪ ਕਰਤਾਰ, ਭਾਣੇ ਅੰਦਰ ਲਏ ਮਿਲਾਈਆ । ਸਤਿਜੁਗ ਤ੍ਰੇਤਾ ਆਪਣਾ ਆਪ ਗਿਆ ਹਾਰ, ਥਿਰ ਕੋਇ ਰਹਿਣ ਨਾ ਪਾਈਆ । ਦਵਾਪਰ ਰੋਵੇ ਜ਼ਾਰੋ ਜ਼ਾਰ, ਪੂਰਾ ਤੋਲ ਨਾ ਕੋਇ ਤੁਲਾਈਆ । ਕਲਜੁਗ ਨਿਹਕਲੰਕ ਮਾਰਨੀ ਮਾਰ, ਨਾਮ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਖਲਾਈਆ । ਚੌਥਾ ਵੇਦ ਅਥਰਬਨ ਧਾਰ, ਐੜਾ ਅੱਖ ਇਕ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਅਗੰਮ ਅਪਾਰਾ ਆਪ ਕਰਾਇੰਦਾ । ਈਸਾ ਮੂਸਾ ਕਰ ਤਿਆਰ, ਕਾਲਾ ਸੂਸਾ ਤਨ ਛੁਹਾਇੰਦਾ । ਸੰਗ ਮੁਹੰਮਦ ਕਰ ਪਿਆਰ, ਚਾਰ ਯਾਰੀ ਚੌਥੇ ਜੁਗ ਵੇਖ ਵਖਾਇੰਦਾ । ਏਕਾ ਕਲਮਾ ਕਰ ਤਿਆਰ, ਚਾਰ ਲੱਖ ਪੰਧ ਮੁਕਾਇੰਦਾ । ਸ਼ਰਅ ਸ਼ਰੀਅਤ ਮਾਰੇ ਮਾਰ, ਹਕ ਹਕੀਕਤ ਆਪ ਜਣਾਇੰਦਾ । ਲਾਸ਼ਰੀਕ ਸਾਂਝਾ ਯਾਰ, ਭੇਵ ਕੋਇ ਨਾ ਪਾਇੰਦਾ । ਕੂੜ ਕੂੜਾ ਕਰ ਪਸਾਰ, ਕੂੜ ਕੂੜੀ ਖੇਲ ਖਿਲਾਇੰਦਾ । ਨਾਨਕ ਜੋਤੀ ਇਕ ਅਵਤਾਰ, ਵਰਨ ਗੋਤੀ ਪਾਰ ਕਰਾਇੰਦਾ । ਸ਼ਬਦੀ ਸੋਟੀ ਫੜ ਨਿਰੰਕਾਰ, ਲੋਕਮਾਤ ਫੇਰਾ ਪਾਇੰਦਾ । ਏਕਾ ਨੂਰ ਦਸ ਦਸ ਧਾਰ, ਗੋਬਿੰਦ ਸੂਰਾ ਆਪ ਰਖਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਪਹਿਨਾਇੰਦਾ । ਪੰਜ ਪੰਜ ਪੰਜ ਪੰਜ ਪੰਜ ਕਰ ਤਿਆਰ, ਪੰਜ ਪੰਜ ਹਜ਼ਾਰ ਇਕ ਇਕ ਚਰਨਾਂ ਹੇਠ ਦਬਾਇੰਦਾ । ਫ਼ਤਿਹ ਜ਼ੋਰਾਵਰ ਸਿੰਘ ਚੁੱਕਿਆ ਭਾਰ, ਇਕ ਦੋ ਪੰਜ ਸਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਚਾਰ ਲੱਖ ਬੱਤੀ ਹਜ਼ਾਰ ਕਲਜੁਗ ਵਣਜਾਰਾ, ਕਾਚੀ ਵੰਗ ਹੱਥ ਉਠਾਈਆ । ਚਾਰੋਂ ਕੁੰਟ ਉਚੀ ਕੂਕ ਕੂਕ ਸੁਣਾਏ ਹਲਕਾਰਾ, ਦਿਵਸ ਰੈਣ ਦਏ ਦੁਹਾਈਆ । ਫਿਰੇ ਦਵਾਰੇ ਗਲੀ ਮਹੱਲਾ, ਘਰ ਘਰ ਵਾਜਾਂ ਮਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਇ ਨਾ ਪਾਈਆ । ਕਲਜੁਗ ਵਣਜ ਵਣਜਾਰੜਾ, ਚਾਰ ਕੁੰਟ ਉਠ ਧਾਇਆ । ਪੁਰਖ ਅਬਿਨਾਸ਼ੀ ਖੇਲ ਨਿਆਰੜਾ, ਚੌਥੇ ਜੁਗ ਆਪ ਵਰਤਾਇਆ । ਚਾਰ ਯਾਰੀ ਚਾਰ ਲੱਖ ਕਰੇ ਪਿਆਰੜਾ, ਚਾਰ ਲੱਖ ਮਾਣਸ ਜੂਨ ਵੇਖ ਵਖਾਇਆ । ਨੌ ਦਸ ਗਿਆਰਾ ਬੀਸ ਤੀਸ ਦਏ ਆਧਾਰੜਾ, ਚੁਰਾਸੀ ਪੰਧ ਆਪ ਮੁਕਾਇਆ । ਪੰਚਮ ਮਿਲਿਆ ਮੀਤ ਮੁਰਾਰੜਾ, ਪੰਜ ਪਚੀਸ ਨਾਤਾ ਦਏ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਝੋਲੀ ਪਾਇਆ । ਜੀਵ ਜੰਤ ਹਰਿ ਉਪਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਜਨਮ ਕਰਮ ਆਪਣੇ ਹੱਥ ਰਖਾਇੰਦਾ, ਧਰਮ ਨਾਤਾ ਜੋੜ ਸੰਸਾਰ । ਮਾਤ ਕੁੱਖ ਕੋਟਨ ਕੋਟ ਗਿਰਾਇੰਦਾ, ਦਸ ਦਸ ਮਾਸ ਨਾ

ਦਏ ਆਧਾਰ । ਕੋਟਨ ਕੋਟ ਬਾਲ ਰੂਪ ਮੇਟ ਮਿਟਾਇੰਦਾ, ਤਨ ਮਾਟੀ ਕਰੇ ਛਾਰ । ਕੋਟਨ ਕੋਟ ਜੋਬਨ ਅਵਸਥਾ ਪੰਧ ਮੁਕਾਇੰਦਾ, ਨਾਤਾ ਤੋੜ ਸਰਬ ਸੰਸਾਰ । ਕੋਟਨ ਕੋਟ ਜਗਤ ਬੁੜ੍ਹੇਪਾ ਵੇਖ ਵਖਾਇੰਦਾ, ਕਾਇਆ ਗੜ੍ਹ ਪੈਜ ਸੁਆਰ । ਉਲਟੀ ਖੇਲ ਆਪ ਖਲਾਇੰਦਾ, ਉਲਟਾ ਕੂਆਂ ਗਗਨ ਧਾਰ । ਉਲਟਾ ਰੁੱਖ ਆਪ ਲਟਕਾਇੰਦਾ, ਮਾਤ ਗਰਭ ਖੇਲ ਅਪਾਰ । ਬੁੜ੍ਹੇਪਾ ਸਤਿਜੁਗ ਰੂਪ ਵਖਾਇੰਦਾ, ਪੁਰਖ ਅਬਿਨਾਸ਼ੀ ਸਾਚੀ ਕਾਰ । ਜੋਬਨ ਤ੍ਰੇਤਾ ਮਾਤ ਹੰਢਾਇੰਦਾ, ਤਿਰੀਆ ਤਰੀਮਤ ਕਰ ਪਿਆਰ । ਦਵਾਪਰ ਬਾਲੀ ਬੁਧ ਸ਼ਰਮਾਇੰਦਾ, ਬਾਲੀ ਬਾਲਾ ਜਾਏ ਹਾਰ । ਕਲਜੁਗ ਕੱਚਾ ਫਲ ਆਪੇ ਤੋੜ ਤੁੜਾਇੰਦਾ, ਨਾਤਾ ਤੋੜ ਚਾਰ ਲੱਖ ਬੱਤੀ ਹਜ਼ਾਰ । ਜੀਵ ਜੰਤ ਕਰਮ ਕੁਕਰਮ ਵੇਖ ਵਖਾਇੰਦਾ, ਮਾਇਆ ਭਰਮ ਸਰਬ ਸੰਸਾਰ । ਹਰਿ ਕਾ ਨਾਮ ਨਾ ਕੋਇ ਧਿਆਇੰਦਾ, ਚਾਰੋਂ ਕੁੰਟ ਕੂੜ ਕੂੜਿਆਰ । ਸਾਚਾ ਕੰਤ ਨਾ ਕੋਇ ਹੰਢਾਇੰਦਾ, ਜੀਵ ਜੰਤ ਨਾਰ ਵਿਭਚਾਰ । ਨਿਰਗੁਣ ਸਰਗੁਣ ਦਰਸ ਕੋਇ ਨਾ ਪਾਇੰਦਾ, ਮਿਲੇ ਮੇਲ ਨਾ ਮੀਤ ਮੁਰਾਰ । ਚਾਰ ਵਰਨ ਏਕਾ ਰੰਗ ਨਾ ਕੋਇ ਸਮਾਇੰਦਾ, ਸ੍ਰਿਸ਼ਟ ਸਬਾਈ ਹੋਈ ਖ਼ੁਵਾਰ । ਜਾਗਰਤ ਜੋਤ ਨਾ ਕੋਇ ਜਗਾਇੰਦਾ, ਨੌ ਖੰਡ ਪ੍ਰਿਥਮੀ ਧੂਆਂਧਾਰ । ਸੱਤ ਦੀਪ ਸਾਚਾ ਇਸ਼ਟ ਨਾ ਕੋਇ ਵਖਾਇੰਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਹਾਰ । ਕਲਜੁਗ ਆਪਣੀ ਕਾਲਖ ਆਪਣੇ ਮੁਖ ਲਗਾਇੰਦਾ, ਆਪਣੇ ਕਰਮ ਕੁਕਰਮਾਂ ਕਰ ਵਿਚਾਰ । ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਇੰਦਾ, ਹਉਂ ਮੂਰਖ ਮੁਗਧ ਗਵਾਰ । ਧਰਤ ਧਵਲ ਮੇਰਾ ਭਾਰ ਨਾ ਕੋਇ ਉਠਾਇੰਦਾ, ਧਰਨੀ ਰੋਵੇ ਜ਼ਾਰੋ ਜ਼ਾਰ । ਵਿਸ਼ਨ ਰਿਜ਼ਕ ਨਾ ਕੋਇ ਪੁਚਾਇੰਦਾ, ਘਰ ਘਰ ਗ਼ਰੀਬ ਨਿਮਾਣੇ ਕਰਨ ਗਿਰਿਆਜ਼ਾਰ । ਬ੍ਰਹਮਾ ਬ੍ਰਹਮ ਰੂਪ ਨਾ ਕੋਇ ਦਰਸਾਇੰਦਾ, ਆਤਮ ਜੋਤੀ ਕਰ ਉਜਿਆਰ । ਸ਼ੰਕਰ ਤ੍ਰਿਸ਼ੂਲ ਨਾ ਕੋਇ ਉਠਾਇੰਦਾ, ਬਾਸ਼ਕ ਤਸ਼ਕਾ ਨਾ ਕੋਇ ਸ਼ੰਗਾਰ । ਤਿੰਨਾਂ ਏਕਾ ਰੰਗ ਵਖਾਇੰਦਾ, ਵਖਾਵਣਹਾਰ ਆਪ ਕਰਤਾਰ । ਤ੍ਰੈਗੁਣ ਮਾਇਆ ਬੰਧਨ ਪਾਇੰਦਾ, ਲੱਖ ਚੁਰਾਸੀ ਇਕ ਜੰਜਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਲੇਖਾ ਚੁਕਾਏ ਕਾਲ ਮਹਾਂਕਾਲ । ਕਾਲ ਵੰਡੇ ਵੰਡ, ਚਾਰ ਯਾਰੀ ਸੰਗ ਨਿਭਾਈਆ । ਮਹਾਂਕਾਲ ਫਿਰੇ ਬ੍ਰਹਿਮੰਡ, ਪੰਜ ਪਚੀਸ ਰਹਿਣ ਨਾ ਪਾਈਆ । ਦੋਏ ਧਾਰ ਕਰੇ ਰੰਡ, ਦੋ ਜਹਾਨਾ ਸੱਚਾ ਸ਼ਹਿਨਸ਼ਾਹੀਆ । ਪੰਚਮ ਚੜ੍ਹਾਏ ਸਾਚਾ ਚੰਦ, ਪੰਚਮ ਮੋਖ ਦੇਵੇ ਸੱਚਾ ਪਾਤਸ਼ਾਹੀਆ । ਚੌਦਾਂ ਲੋਕ ਕਰੇ ਖੰਡ ਖੰਡ, ਚੌਦਾਂ ਤਬਕਾਂ ਦਏ ਸਜ਼ਾਈਆ । ਦੂਈ ਦਵੈਤੀ ਮੇਟੇ ਝੂਠੀ ਕੰਧ, ਕਿਲਾ ਕੋਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਆਯੂ ਆਪਣੇ ਵਿਚ ਸਮਾਈਆ । ਕਲਜੁਗ ਆਯੂ ਮੁਕੇ ਪੰਧ, ਪੁਰਖ ਅਬਿਨਾਸ਼ੀ ਆਪ ਮੁਕਾਇੰਦਾ । ਲੇਖਾ ਜਾਣੇ ਬੰਦੀ ਬੰਦ, ਬੰਦੀਖ਼ਾਨਾ ਖੋਲ੍ਹ ਖੁਲ੍ਹਾਇੰਦਾ । ਆਦਿ ਜੁਗਾਦੀ ਹੋਏ ਸਦਾ ਬਖ਼ਸ਼ੰਦ, ਬਖ਼ਸ਼ਣਹਾਰਾ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪੇ ਰੱਖ, ਕਲਜੁਗ ਕਿਰਿਆ ਕਰੇ ਵੱਖ, ਪੰਜ ਪੰਜ ਵਿਚ ਟਿਕਾਇੰਦਾ । ਪੰਜ ਪੰਜ ਕਰ ਬਾਹਰਾ, ਪੰਜ ਪਚੀਸ ਦਏ ਮੁਕਾਈਆ । ਚਾਰੇ ਜੁਗ ਪਾਵੇ ਸਾਰਾ, ਚਾਰ ਯਾਰੀ ਦਏ ਵਡਿਆਈਆ । ਜੁਗ ਜੁਗ ਗੇੜਾ ਅਪਰ ਅਪਾਰਾ, ਲੱਖ ਲੱਖ ਗੇੜਾ ਆਪ ਭੁਵਾਈਆ । ਰਸਨਾ ਜਿਹਵਾ ਨਾ ਕਰੇ ਵਿਚਾਰਾ, ਮਨ ਮਤ ਬੁਧ ਭੇਵ ਨਾ ਰਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਅਲੱਖ ਨਿਰੰਜਣ ਲਖਿਆ ਨਾ ਜਾਈਆ । ਰਾਗਾਂ ਨਾਦਾਂ ਵਸੇ ਬਾਹਰਾ, ਛੱਤੀ ਰਾਗ ਦੇਣ ਗਵਾਹੀਆ । ਆਪਣਾ ਖੇਲ ਕਰੇ ਆਪ


੧੨੭੭ ੦੯

ਕਰਤਾਰਾ, ਜੁਗ ਕਰਤਾ ਸਾਚਾ ਮਾਹੀਆ । ਆਪੇ ਘੜੇ ਆਪੇ ਭੰਨਣਹਾਰਾ, ਸਮਰਥ ਪੁਰਖ ਵਡ ਵਡਿਆਈਆ । ਜਗਤ ਲੇਖਾ ਜਗਤ ਜੀਵਾਂ ਵਿਚਾਰਾ, ਜਗਤ ਜੁਗਤ ਜਗਤ ਹੱਥ ਰਖਾਈਆ । ਆਪਣਾ ਭੇਵ ਸਭ ਤੋਂ ਰੱਖੇ ਬਾਹਰਾ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਭੇਵ ਕੋਇ ਨਾ ਪਾਈਆ । ਕਰੇ ਖੇਲ ਗੁਪਤ ਜ਼ਾਹਰਾ, ਜ਼ਾਹਰਾ ਜ਼ਹੂਰ ਸ਼ਹਿਨਸ਼ਾਹੀਆ । ਦੇਵਣਹਾਰਾ ਰਾਜ ਜੋਗ ਸੱਚਾ ਸਿਕਦਾਰਾ, ਜੋਤ ਜੁਗਤ ਆਪਣੇ ਹੱਥ ਰਖਾਈਆ । ਨਵ ਨੌਂ ਚਾਰ ਲੇਖਾ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਇਕ ਅਖਵਾਈਆ । ਕਰਤਾ ਪੁਰਖ ਹਰਿ ਕਰਨੇ ਜੋਗ, ਆਦਿ ਪੁਰਖ ਅਬਿਨਾਸਿਆ । ਜੁਗ ਜੁਗ ਲੇਖਾ ਜਾਣੇ ਧੁਰ ਸੰਜੋਗ, ਪਾਰਬ੍ਰਹਮ ਪੁਰਖ ਅਬਿਨਾਸਿਆ । ਇਕ ਇਕੱਲਾ ਸੁਣਾਏ ਸਚ ਸਲੋਕ, ਲੱਖ ਚੁਰਾਸੀ ਰਸਨਾ ਜਿਹਵਾ ਆਪ ਪਰਕਾਸਿਆ । ਆਪਣਾ ਭਾਣਾ ਆਦਿ ਅੰਤ ਆਪ ਨਾ ਸਕੇ ਰੋਕ, ਕਰੇ ਖੇਲ ਹਰਿ ਤਮਾਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਕਰੇ ਬੰਦ ਖ਼ੁਲਾਸਿਆ । ਸਾਚੀ ਵਸਤ ਆਪ ਉਪਾ, ਚਾਰ ਲੱਖ ਬੱਤੀ ਹਜ਼ਾਰ ਨਾਉਂ ਧਰਾਇੰਦਾ । ਆਪਣੀ ਹੱਥੀਂ ਦਏ ਵੰਡ ਵੰਡਾ, ਵੰਡਣਹਾਰਾ ਆਪ ਅਖਵਾਇੰਦਾ । ਕਰੇ ਖੇਲ ਨਿਰਗੁਣ ਨੂਰੀ ਨੂਰ ਖ਼ੁਦਾ, ਜਲਵਾ ਜਲਾਲ ਆਪ ਪਰਗਟਾਇੰਦਾ । ਮੁਕਾਮੇ ਹੱਕ ਡੇਰਾ ਲਾ, ਲਾਸ਼ਰੀਕ ਖੇਲ ਖਿਲਾਇੰਦਾ । ਕਲਮਾ ਅਮਾਮ ਇਕ ਬਣਾ, ਕਾਇਨਾਤ ਵੇਸ ਵਟਾਇੰਦਾ । ਸਤਿ ਸਤਿਵਾਦੀ ਏਕਾ ਅੱਖਰ ਲਿਆ ਪੜ੍ਹਾ, ਸਤਿ ਸਤਿ ਸਤਿ ਆਪ ਸਮਝਾਇੰਦਾ । ਦੋਏ ਜੋੜ ਕਰੇ ਦੁਆ, ਸੀਸ ਜਗਦੀਸ ਇਕ ਝੁਕਾਇੰਦਾ । ਇਕ ਚਾਰ ਲਏ ਮਿਲਾ, ਏਕਾ ਚੌਕਾ ਰੰਗ ਰੰਗਾਇੰਦਾ । ਚੌਦਾਂ ਚੌਦਾਂ ਵੰਡ ਵੰਡਾ, ਚੌਦਸ ਚੌਦਾਂ ਖੇਲ ਖਿਲਾਇੰਦਾ । ਚਾਰ ਯਾਰੀ ਦੇਵੇ ਇਕ ਪਨਾਹ, ਬੇਪਰਵਾਹ ਸੀਸ ਹੱਥ ਰਖਾਇੰਦਾ । ਸਦੀ ਸਦੀਵ ਕਰੇ ਗੁਨਾਹ, ਅਬਲੀਸ ਮੇਲ ਮਿਲਾਇੰਦਾ । ਐਲੀ ਅੱਲਾ ਨਾਉਂ ਰਖਾ, ਦੋ ਜਹਾਨਾਂ ਫੇਰਾ ਪਾਇੰਦਾ । ਬਿਸਮਲ ਰੂਪ ਆਪ ਵਟਾ, ਕਿਲਾ ਕੋਟ ਆਪ ਸੁਹਾਇੰਦਾ । ਚੌਦਾਂ ਸਦ ਛਿਲਾ ਲਏ ਕਮਾ, ਚਾਰ ਯਾਰੀ ਸੰਗ ਨਿਭਾਇੰਦਾ । ਚਾਰ ਲੱਖ ਆਪਣੀ ਝੋਲੀ ਲਏ ਪਾ, ਵੱਖ ਵੱਖ ਵੇਖ ਵਖਾਇੰਦਾ । ਕਾਦਰ ਕਰੀਮ ਬਖ਼ਸ਼ੇ ਸਰਬ ਗੁਨਾਹ, ਸਿਫ਼ਤ ਸਲਾਹ ਦਇਆ ਕਮਾਇੰਦਾ । ਪੀਰ ਪੀਰਾਂ ਆਏ ਪਕੜੇ ਬਾਂਹ, ਦਸਤਗੀਰਾਂ ਵੇਖ ਵਖਾਇੰਦਾ । ਮੁਲਾਂ ਸ਼ੇਖ਼ ਮਸਾਇਕ ਕੋਈ ਨਾ ਅਗੋਂ ਕਰੇ ਨਾਹ, ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੱਖ ਚਾਰ ਬੱਤੀ ਹਜ਼ਾਰ ਆਪੇ ਵਰ, ਆਪਣੀ ਝੋਲੀ ਆਪੇ ਪਾਇੰਦਾ । ਆਪੇ ਦੇਵਣਹਾਰਾ ਦਾਤ, ਆਪੇ ਵੰਡ ਵੰਡਾਈਆ । ਆਪੇ ਜਾਣੇ ਆਪਣੀ ਗਾਥ, ਸਮਰਥ ਪੁਰਖ ਬੇਪਰਵਾਹੀਆ । ਆਪੇ ਲੇਖ ਲਿਖਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਦਏ ਗਵਾਹੀਆ । ਆਪੇ ਲੇਖਾ ਜਾਣੇ ਪੂਜਾ ਪਾਠ, ਅੰਤਰ ਮੰਤਰ ਕਰੇ ਪੜ੍ਹਾਈਆ । ਆਪੇ ਭੇਵ ਖੁਲ੍ਹਾਏ ਤੀਰਥ ਅਠਸਾਠ, ਸਰ ਸਰੋਵਰ ਇਕ ਜਣਾਈਆ । ਆਪੇ ਜੁਗ ਜੁਗ ਜਾਣੇ ਆਰ ਪਾਰ ਆਪਣਾ ਘਾਟ, ਮੰਝਧਾਰ ਬੇੜਾ ਆਪ ਚਲਾਈਆ । ਆਪੇ ਲੱਖ ਚੁਰਾਸੀ ਆਤਮ ਸੇਜਾ ਸੁੱਤਾ ਖਾਟ, ਆਪੇ ਬੈਠਾ ਮੁਖ ਛੁਪਾਈਆ । ਆਪੇ ਚੌਦਾਂ ਲੋਕ ਵਿਕੇ ਹਾਟੋ ਹਾਟ, ਕਰਤਾ ਕੀਮਤ ਕੋਇ ਨਾ ਪਾਈਆ । ਆਪੇ ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਾਂਗ ਰਚਾਈਆ । ਆਪੇ ਕਲਜੁਗ ਅੰਤਮ ਪੰਧ ਮੁਕਾਏ ਝੂਠੀ ਵਾਟ, ਗੇੜਾ ਗੇੜੇ ਵਿਚ ਭੁਵਾਈਆ ।

੧੨੭੮

੧੨੭੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗਾਂ ਜੁਗੰਤਰ ਆਪ ਬੁਝਾਏ ਲੱਗੀ ਬਸੰਤਰ, ਸਰਬ ਜੀਆਂ ਬਿਧ ਜਾਣੇ ਅੰਤਰ, ਸ਼ਬਦ ਮੰਤਰ ਇਕ ਪਰਗਟਾਈਆ । ਨਾਉਂ ਪਰਗਟਾਏ ਗਹਿਰ ਗੰਭੀਰ, ਗੁਣ ਨਿਧਾਨ ਦਇਆ ਕਮਾਇੰਦਾ । ਲੇਖਾ ਜਾਣੇ ਆਦਿ ਅੰਤ ਅਖ਼ੀਰ, ਦੋ ਜਹਾਨ ਵੇਖ ਵਖਾਇੰਦਾ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਆਤਮ ਸੀਰ, ਨਾਮ ਪਿਆਲਾ ਇਕ ਪਿਆਇੰਦਾ । ਸੰਤਨ ਦੇਵੇ ਸਾਚੀ ਧੀਰ, ਧੀਰਜ ਜਤ ਸਤਿ ਸੰਤੋਖ ਏਕਾ ਰੰਗ ਰੰਗਾਇੰਦਾ । ਗੁਰਮੁਖਾਂ ਬੰਨ੍ਹੇ ਆਪੇ ਬੀੜ, ਜੁਗ ਜੁਗ ਪੀੜਾ ਆਪ ਚੁਕਾਇੰਦਾ । ਗੁਰਸਿਖਾਂ ਤਨ ਪਹਿਨਾਏ ਬਸਤਰ ਸਾਚਾ ਚੀਰ, ਸ਼ਬਦ ਦੋਸ਼ਾਲਾ ਹੱਥ ਉਠਾਇੰਦਾ । ਕਲਜੁਗ ਅੰਤਮ ਨੇਤਰ ਰੋਵੇ ਵਹਾਏ ਨੀਰ, ਸਗਲਾ ਸੰਗ ਨਾ ਕੋਇ ਵਖਾਇੰਦਾ । ਨਵ ਸਤ ਪੰਜ ਤਤ ਵੱਝਾ ਇਕ ਜ਼ੰਜ਼ੀਰ, ਤ੍ਰੈ ਤ੍ਰੈ ਬੰਧਨ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਕਲ ਆਪ ਵਰਤਾਇੰਦਾ । ਵਰਤਾਏ ਕਲ ਨਿਹਕਲੰਕ ਨਿਰੰਕਾਰ, ਕਲਜੁਗ ਕੂੜੀ ਮੇਟੇ ਸ਼ਾਹੀਆ । ਸ਼ਬਦ ਡੰਕ ਵੱਜੇ ਸੰਸਾਰ, ਨੌ ਖੰਡ ਪ੍ਰਿਥਮੀ ਸੋਇਆ ਕੋਇ ਰਹਿਣ ਨਾ ਪਾਈਆ । ਰਾਓ ਰੰਕਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਰਾਜ ਰਾਜਾਨਾਂ ਦਏ ਉਠਾਈਆ । ਸਤ ਰੰਗ ਨਿਸ਼ਾਨਾ ਝੁਲਾਏ ਆਪ ਸੱਚੀ ਸਰਕਾਰ, ਸਤਿ ਸਤਿਵਾਦੀ ਰਾਹ ਵਖਾਈਆ । ਬੋਧ ਅਗਾਧੀ ਸ਼ਬਦ ਧੁਨਕਾਰ, ਅਗੰਮ ਅਗੰਮੜੀ ਕਾਰ ਕਮਾਈਆ । ਧੁਰ ਦੀ ਵਾਦੀ ਧੁਰ ਦੀ ਬਾਣ, ਗ਼ਰੀਬ ਨਿਮਾਣੇ ਗਲੇ ਲਗਾਈਆ । ਚਾਰ ਵਰਨਾਂ ਦੇਵੇ ਇਕ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਇਕ ਪੜ੍ਹਾਈਆ । ਰੂਪ ਪਰਗਟਾਏ ਸੀਤਾ ਰਾਮ, ਕਾਹਨਾ ਬੰਸਰੀ ਆਪ ਵਜਾਈਆ । ਈਸਾ ਮੂਸਾ ਕਰੇ ਸਲਾਮ, ਦੀਨ ਇਸਲਾਮ ਆਪੇ ਹੋਏ ਸਹਾਈਆ । ਚਾਰ ਯਾਰੀ ਸੰਗ ਮੁਹੰਮਦ ਦੇਵੇ ਇਕ ਪੈਗ਼ਾਮ, ਅਜ਼ਮਤੋ ਕਸਮਤੋ ਅਜਿਬਵਾ ਅਤਿਲਹੇ ਮਹਿਬਾਨ ਬੀਦੋ ਇਕ ਖ਼ੁਦਾਈਆ । ਨਾਨਕ ਨਿਰਗੁਣ ਸਰਗੁਣ ਕਰੇ ਪਰਵਾਨ, ਨਾਮ ਸਤਿ ਮੰਤਰ ਦ੍ਰਿੜਾਈਆ । ਗੋਬਿੰਦ ਸਿੰਘ ਸੂਰਬੀਰ ਨੌਜਵਾਨ, ਨਾ ਮਰੇ ਨਾ ਜਾਈਆ । ਨਾਮ ਖੰਡਾ ਤੇਜ਼ ਕਿਰਪਾਨ, ਚੰਡ ਪਰਚੰਡ ਆਪ ਚਮਕਾਈਆ । ਸ੍ਰਿਸ਼ਟ ਸਬਾਈ ਵੇਖੇ ਮਾਰ ਧਿਆਨ ਸ਼ਬਦ ਗੁਰੂ ਬੇਪਰਵਾਹੀਆ । ਚਾਰ ਕੁੰਟ ਮੇਟੇ ਕੂੜ ਨਿਸ਼ਾਨ, ਪੰਜ ਸ਼ੈਤਾਨ ਦਏ ਖਪਾਈਆ । ਅੰਤ ਕਲ ਨਾ ਦੀਸੇ ਕੋਈ ਬੇਈਮਾਨ, ਨਾਨਕ ਕੰਡਾ ਤੇਰਾਂ ਤੇਰਾਂ ਤੋਲ ਤੁਲਾਈਆ । ਰਾਹ ਤੱਕੇ ਨਿਹਕਲੰਕ ਬਲੀ ਬਲਵਾਨ, ਸਾਢੇ ਤਿੰਨ ਹੱਥ ਕਾਇਆ ਮੰਦਰ ਸੇਜ ਸੁਹਾਈਆ । ਪਰਗਟ ਹੋਏ ਵਾਲੀ ਦੋ ਜਹਾਨ, ਕਲਜੁਗ ਮੇਟੇ ਝੂਠੀ ਸ਼ਾਹੀਆ । ਸ੍ਰਿਸ਼ਟ ਇਸ਼ਟ ਦ੍ਰਿਸ਼ਟ ਵਖਾਏ ਇਕ ਭਗਵਾਨ, ਪੁਰਖ ਅਕਾਲ ਇਕ ਸਰਨਾਈਆ । ਹੰ ਬ੍ਰਹਮ ਦੇਵੇ ਮਾਣ, ਪਾਰਬ੍ਰਹਮ ਸੱਚੀ ਸਰਨਾਈਆ । ਚਾਰ ਜੁਗ ਏਕਾ ਏਕ ਗਾਨ, ਬੱਤੀ ਦੰਦ ਦੰਦ ਸਲਾਹੀਆ । ਬੱਤੀ ਦੰਦ ਬੱਤੀ ਹਜਾਰ ਮੋਹਣ ਮੁਕਾਣ, ਜਿਸ ਭੁੱਲਿਆ ਬੇਪਰਵਾਹੀਆ । ਚਾਰ ਲੱਖ ਚੌਥੇ ਜੁਗ ਚਾਰ ਕੁੰਟ ਖ਼ਾਲੀ ਕਰਿਆ ਮਕਾਨ, ਸਤਿ ਨਾਮ ਕਿਸੇ ਨਾ ਹੱਟ ਵਿਕਾਈਆ । ਪਰਗਟ ਹੋਵੇ ਪਾਰਬ੍ਰਹਮ ਸਖ਼ੀ ਸੁਲਤਾਨ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਹਰਿ ਬ੍ਰਹਿਮਾਦਿ, ਸ਼ਬਦ ਨਾਦ ਇਕ ਵਜਾਈਆ । ਸ਼ਬਦ ਨਾਦ ਜਗ ਵੱਜਿਆ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਕੂੜ ਕੁੜਿਆਰਾ ਜਾਏ ਭੱਜਿਆ, ਧੀਰਜ ਧੀਰ ਨਾ ਕੋਇ ਧਰਾਇੰਦਾ । ਏਕੰਕਾਰਾ ਸਾਚੇ ਮੰਦਰ ਬਹਿ ਬਹਿ ਸਜਿਆ, ਸਚ ਨਿਸ਼ਾਨ ਆਪ ਝੁਲਾਇੰਦਾ । ਆਦਿ ਨਿਰੰਜਣ ਫਿਰੇ ਭੱਜਿਆ, ਦੋ

ਜਹਾਨਾਂ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਚੜ੍ਹੇ ਸਾਚੇ ਤਾਜਿਆ, ਸ਼ਬਦ ਅਸਵ ਆਪ ਦੌੜਾਇੰਦਾ । ਸ੍ਰੀ ਭਗਵਾਨ ਰਾਜਨ ਰਾਜਿਆ, ਲੱਖ ਚੁਰਾਸੀ ਰੱਯਤ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਆਪੇ ਸਾਜਣ ਸਾਜਿਆ, ਜੀਵ ਜੰਤ ਆਪ ਉਪਾਇੰਦਾ । ਜੁਗ ਜੁਗ ਰਚਿਆ ਆਪਣਾ ਕਾਜਿਆ, ਸਤਿਜੁਗ ਤ੍ਰੇਤਾ ਦਵਾਪਰ ਪੰਧ ਮੁਕਾਇੰਦਾ । ਕਲਜੁਗ ਅੰਤਮ ਨਿਰਗੁਣ ਨਿਰਵੈਰ ਹੋ ਹੋ ਗਾਜਿਆ, ਪੁਰਖ ਅਕਾਲ ਰੂਪ ਵਟਾਇੰਦਾ । ਭਾਗ ਲਗਾਏ ਸੰਬਲ ਨਗਰ ਦੇਸ ਮਾਝਿਆ, ਹਰਿ ਮੰਦਰ ਛੇ ਛੇ ਜੋਜਨ ਵੇਖ ਵਖਾਇੰਦਾ । ਕਰੇ ਖੇਲ ਕਲ ਕਿ ਆਜਿਆ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਤਖ਼ਤੋਂ ਲਾਹੇ ਸ਼ਾਹ ਨਵਾਬਿਆ, ਸੀਸ ਤਾਜ ਨਾ ਕੋਇ ਟਿਕਾਇੰਦਾ । ਜਨ ਭਗਤਾਂ ਰੱਖੇ ਹਰਿ ਜੂ ਲਾਜਿਆ, ਹਰੀ ਹਰਿ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਨਿਰਾਕਾਰ, ਕਲਜੁਗ ਅੰਤਮ ਪਾਵੇ ਸਾਰ, ਮਹਾਂਸਾਰਥੀ ਆਪ ਹੋ ਜਾਇੰਦਾ । ਮਹਾਂਸਾਰਥੀ ਚਲਾਏ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਨੌ ਖੰਡ ਸੱਤ ਦੀਪ ਲੱਖ ਚੁਰਾਸੀ ਪਾਏ ਨੱਥ, ਸ਼ਬਦ ਡੋਰੀ ਹੱਥ ਉਠਾਇੰਦਾ । ਵਰਨ ਬਰਨ ਦੂਈ ਦਵੈਤ ਹਉਮੇ ਹੰਗਤ ਪੰਚ ਵਿਕਾਰਾ ਕਰੇ ਭੱਠ, ਤ੍ਰੈਗੁਣ ਅਗਨੀ ਜੋਤੀ ਲੰਬੂ ਏਕਾ ਲਾਇੰਦਾ । ਜੁਗਾ ਜੁਗੰਤਰ ਆਪੇ ਗੇੜੇ ਆਪਣੀ ਲੱਠ, ਕਲਜੁਗ ਗੇੜਾ ਆਪਣੇ ਹੱਥ ਰਖਾਇੰਦਾ । ਲਹਿਣਾ ਦੇਣਾ ਚੁੱਕੇ ਅਠਸਠ, ਘਰ ਘਰ ਅੰਮ੍ਰਿਤ ਝਿਰਨਾ ਨਿਝਰ ਆਪ ਝਿਰਾਇੰਦਾ । ਗੁਰਮੁਖਾਂ ਮਾਰਗ ਏਕਾ ਦੱਸ, ਸੰਤ ਸਤਿਗੁਰ ਮੇਲ ਮਿਲਾਇੰਦਾ । ਗੁਰੂ ਬਾਣੀ ਗੁਰੂ ਕਾ ਰਸ, ਮੁਖ ਰਸਨਾ ਆਪ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਹਰਿ ਮੰਦਰ ਹਰਿ ਸੁਹਾਇੰਦਾ, ਸੋਭਾਵੰਤ ਸ੍ਰੀ ਭਗਵਾਨ । ਏਕਾ ਅੱਖਰ ਆਪੇ ਗਾਇੰਦਾ, ਗਾਵਣਹਾਰਾ ਗੁਣ ਨਿਧਾਨ । ਭਗਤ ਭਗਵੰਤ ਆਪ ਉਠਾਇੰਦਾ, ਆਤਮ ਦੇਵੇ ਬ੍ਰਹਮ ਗਿਆਨ । ਸੰਤ ਸਾਜਣ ਮੇਲ ਮਿਲਾਇੰਦਾ, ਸ਼ਬਦ ਜਣਾਏ ਧੁਰ ਫ਼ੁਰਮਾਣ । ਗੁਰਮੁਖ ਆਪਣੇ ਰੰਗ ਰੰਗਾਇੰਦਾ, ਕਾਇਆ ਚੋਲੀ ਕਰੇ ਪਛਾਣ । ਗੁਰਸਿਖ ਆਪਣੇ ਦਰ ਬਹਾਇੰਦਾ, ਚਰਨ ਕਵਲ ਹਰਿ ਭਗਵਨ ਬਖ਼ਸ਼ੇ ਇਕ ਧਿਆਨ । ਏਕਾ ਮੰਦਰ ਸੋਭਾ ਪਾਇੰਦਾ, ਸਚਖੰਡ ਦਵਾਰਾ ਸਚ ਨਿਸ਼ਾਨ । ਬ੍ਰਹਮਾ ਵਿਸ਼ਨ ਸ਼ਿਵ ਗੁਰਮੁਖ ਸਾਚੇ ਸੀਸ ਝੁਕਾਇੰਦਾ, ਜਿਸ ਮਿਲਿਆ ਹਰਿ ਭਗਵਾਨ । ਕਲਜੁਗ ਕੂੜਾ ਰਹਿਣ ਨਾ ਪਾਇੰਦਾ, ਨਾਤਾ ਤੋੜੇ ਜਗਤ ਨਾਦਾਨ । ਸਤਿਜੁਗ ਸਾਚਾ ਬਲ ਧਰਾਇੰਦਾ, ਲੋਕਮਾਤ ਹੋਏ ਪਰਧਾਨ । ਬੀਸ ਬੀਸਾ ਰਾਹ ਤਕਾਇੰਦਾ, ਜਗਤ ਜਗਦੀਸਾ ਦੇਵੇ ਇਕ ਫ਼ਰਮਾਣ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਜਾਗਰਤ ਜੋਤ ਇਕ ਜਗਾਇੰਦਾ, ਲੱਖ ਚੁਰਾਸੀ ਪਾਏ ਆਣ । ਨੌ ਖੰਡ ਪ੍ਰਿਥਮੀ ਏਕਾ ਹੁਕਮ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਆਪਣਾ ਖੇਲ ਖਿਲਾਇੰਦਾ ।

### ✵ ੨੨ ਅੱਸੂ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✵

ਪਾਰਬ੍ਰਹਮ ਪ੍ਰਭ ਆਤਮ ਧਾਰ, ਨਿਰਗੁਣ ਨਿਰਵੈਰ ਆਪ ਚਲਾਇੰਦਾ । ਪੁਰਖ ਅਕਾਲ ਖੇਲ ਅਪਾਰ, ਅਲੱਖ ਅਗੋਚਰ ਆਪ ਖਲਾਇੰਦਾ । ਸਚਖੰਡ ਵਸੇ ਧਾਮ ਨਿਆਰ, ਧਾਮ ਅਵੱਲੜਾ ਸੋਭਾ ਪਾਇੰਦਾ । ਕਮਲਾਪਾਤੀ ਏਕੰਕਾਰ, ਇਕ ਇਕੱਲਾ ਆਪ ਸੁਹਾਇੰਦਾ । ਦੀਵਾ ਬਾਤੀ ਕਰ

ਉਜਿਆਰ, ਆਦਿ ਨਿਰੰਜਣ ਡਗਮਗਾਇੰਦਾ । ਸਗਲਾ ਸਾਥੀ ਮੀਤ ਮੁਰਾਰ, ਆਦਿ ਜੁਗਾਦੀ ਸੰਗ ਨਿਭਾਇੰਦਾ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਆਪਣੀ ਜੋਤ ਜਗਾਇੰਦਾ । ਤਤਵ ਤਤ ਇਕ ਵਿਚਾਰ, ਰਤੀ ਰਤ ਰਤ ਰੰਗਾਇੰਦਾ । ਰਵ ਸਸ ਸੂਰਜ ਚੰਨ ਪਾਵੇ ਸਾਰ, ਮੰਡਲ ਮੰਡਪ ਵੇਸ ਵਟਾਇੰਦਾ । ਗਗਨ ਗਗਨੰਤਰ ਦਏ ਸਹਾਰ, ਜਲ ਥਲ ਮਹੀਅਲ ਡੇਰਾ ਲਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਨਿਰਾਕਾਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਆਪਣਾ ਨਾਉਂ ਧਰਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਮੂਰਤ ਅਕਾਲ ਹੋ ਉਜਿਆਰਾ, ਘਰ ਘਰ ਮੰਦਰ ਸੋਭਾ ਪਾਇੰਦਾ । ਸ਼ਬਦ ਅਨਾਦ ਵਜਾਏ ਸੱਚੀ ਧੁਨਕਾਰਾ, ਗੀਤ ਸੁਹਾਗੀ ਆਪ ਅਲਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਰੰਗ ਰੰਗੀਲਾ ਮੋਹਣ ਮਾਧਵ ਹਰਿ ਨਿਰੰਕਾਰਾ, ਛੈਲ ਛਬੀਲਾ ਭੇਵ ਨਾ ਆਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਸਾਚੇ ਧਾਮ ਵਸੇ ਨਿਆਰਾ, ਥਿਰ ਘਰ ਸਾਚੇ ਆਸਣ ਲਾਇੰਦਾ । ਸਚ ਸਿੰਘਾਸਣ ਕਰ ਪਿਆਰਾ, ਰੂਪ ਅਨੂਪ ਆਪ ਪਰਗਟਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵੇਦ ਕਤੇਬ ਭੇਵ ਨਾ ਪਾਇੰਦਾ । ਜੂਨੀ ਰਹਿਤ ਵਸੇ ਸਭ ਤੋਂ ਬਾਹਰਾ, ਨਿਰਭੌ ਆਪਣੀ ਕਲ ਆਪ ਧਰਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਨੂਰ ਧਰਾਇੰਦਾ । ਪਾਰਬ੍ਰਹਮ ਬ੍ਰਹਮ ਦਏ ਆਧਾਰਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਆਦਿ ਜੁਗਾਦੀ ਏਕਾ ਰੰਗ ਸਮਾਇਆ । ਬ੍ਰਹਮ ਬ੍ਰਹਮ ਬ੍ਰਹਮ ਦੇਵੇ ਸਾਚੀ ਦਾਤਾ, ਨਿਰਗੁਣ ਨਿਰਗੁਣ ਵੰਡ ਵੰਡਾਇਆ । ਨਾਦ ਅਨਾਦੀ ਸੁਣਾਏ ਏਕਾ ਗਾਥਾ, ਸ਼ਬਦ ਅਗੰਮੀ ਨਾਦ ਵਜਾਇਆ । ਰਥ ਰਥਵਾਹੀ ਚਲਾਏ ਏਕਾ ਰਾਥਾ, ਜੁਗਾ ਜੁਗੰਤਰ ਸੇਵ ਕਮਾਇਆ । ਆਪੇ ਜਾਣੇ ਆਪਣੀ ਪੂਜਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇਆ । ਲੇਖਾ ਜਾਣੇ ਪ੍ਰਿਥਮੀ ਆਕਾਸ ਚੌਦਾਂ ਲੋਕ ਏਕਾ ਹਾਟਾ, ਘਰ ਮੰਦਰ ਖੋਜ ਖੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਆਪੇ ਲਏ ਉਪਾਇਆ । ਪਾਰਬ੍ਰਹਮ ਬ੍ਰਹਮ ਆਪ ਉਪਾਇਆ, ਅੰਸ ਬੰਸ ਆਪ ਸੁਹਾਇੰਦਾ । ਆਪਣਾ ਫੁਲ ਆਪ ਉਪਾਇਆ, ਕਵਲ ਕਵਲਾ ਨਾਉਂ ਧਰਾਇੰਦਾ । ਸਾਚੇ ਮੰਦਰ ਆਪ ਟਿਕਾਇਆ, ਨਿਰਵੈਰ ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਚੋਟੀ ਜੜ ਨਾ ਕੋਈ ਵਖਾਇਆ, ਆਪਣੀ ਧਾਰ ਧਾਰ ਵਿਚ ਟਿਕਾਇੰਦਾ । ਆਪਣਾ ਰੂਪ ਆਪ ਪਰਗਟਾਇਆ, ਪਤ ਡਾਲ੍ਹੀ ਵੇਖ ਵਖਾਇੰਦਾ । ਸਾਚੀ ਕਲੀ ਆਪ ਮਹਿਕਾਇਆ, ਨਾਮ ਸੋਗੰਧੀ ਵਿਚ ਰਖਾਇੰਦਾ । ਬੰਦੀਖ਼ਾਨਾ ਤੋੜ ਆਪਣਾ ਬੰਧਨ ਆਪ ਕਟਾਇਆ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸ਼ਬਦ ਸੁਹਾਗੀ ਛੰਦਨ ਏਕਾ ਗਾਇਆ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਦੇਵੇ ਵਰ, ਦਰ ਘਰ ਸਾਚਾ ਇਕ ਸਮਝਾਇੰਦਾ । ਪਾਰਬ੍ਰਹਮ ਬ੍ਰਹਮ ਪਾਵੇ ਸਾਰ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਇਕ ਇਕੱਲਾ ਕਰੇ ਪਿਆਰ, ਘਰ ਮੰਦਰ ਵੱਜੇ ਵਧਾਈਆ । ਨਾ ਕੋਈ ਜਾਣੇ ਥਿਤ ਵਾਰ, ਰੁਤੜੀ ਰੁਤ ਨਾ ਕੋਇ ਵਡਿਆਈਆ । ਇਕ ਇਕੱਲਾ ਨਿਰੰਕਾਰ, ਲੇਖਾ ਜਾਣੇ ਸਹਿਜ ਸੁਭਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਰੰਗ ਰਵੇ ਕਰਤਾਰ, ਕਰਤਾ ਪੁਰਖ ਪੁਰਖ ਵਡਿਆਈਆ । ਲੱਖ ਚੁਰਾਸੀ ਭਰ ਭੰਡਾਰ, ਏਕਾ ਵਸਤ ਅਤੋਟ ਅਤੁਟ ਵਰਤਾਈਆ । ਨਾਮ ਦਾਤਾ ਸਿਰਜਣਹਾਰ, ਸਿਰ ਸਿਰ ਦੇਵੇ

ਰਿਜ਼ਕ ਸਬਾਈਆ । ਘਟ ਘਟ ਅੰਦਰ ਹੋ ਉਜਿਆਰ, ਜੋਤ ਨਿਰੰਜਣ ਆਪ ਜਗਾਈਆ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਭਰ ਪਿਆਲਾ ਜਾਮ ਪਿਆਈਆ । ਸਾਂਤਕ ਸਤਿ ਸਤਿ ਕਰੇ ਵਰਤਾਰ, ਸਤਿ ਸੰਤੋਖੀ ਬੇਪਰਵਾਹੀਆ । ਰਾਗ ਰਾਗਨੀ ਕਰਨ ਪੁਕਾਰ, ਉਚੀ ਕੂਕਣ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਆਪਣਾ ਖੇਲ ਖਿਲਾਈਆ । ਪਾਰਬ੍ਰਹਮ ਬ੍ਰਹਮ ਖੇਲ ਅਵੱਲਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਸਚ ਸਿੰਘਾਸਣ ਬੈਠ ਉਚ ਅਟੱਲਾ, ਥਿਰ ਦਰਬਾਰੇ ਸੋਭਾ ਪਾਇੰਦਾ । ਕਰੇ ਖੇਲ ਵਲਾ ਛਲਾ, ਅਛਲ ਛਲ ਧਾਰੀ ਭੇਵ ਨਾ ਆਇੰਦਾ । ਸਚ ਸਿੰਘਾਸਣ ਏਕਾ ਮੱਲਾ, ਨਿਰਗੁਣ ਨਿਰਾਕਾਰ ਸੋਭਾ ਪਾਇੰਦਾ । ਪਾਰਬ੍ਰਹਮ ਬ੍ਰਹਮ ਫੜਾਏ ਆਪਣਾ ਪੱਲਾ, ਸ਼ਬਦ ਡੋਰੀ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮ ਪਾਰਬ੍ਰਹਮ ਉਪਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਘਟ ਆਪਣੀ ਜੋਤ ਜਗਾਈਆ । ਨੂਰੋ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਤਤਵ ਤਤ ਦਏ ਆਧਾਰਾ, ਪੰਜ ਤਤ ਕਰੇ ਕੁੜਮਾਈਆ । ਮਨ ਮਤ ਬੁਧ ਪਾਵੇ ਸਾਰਾ, ਸਾਰੰਗ ਧਰ ਭਗਵਾਨ ਬੀਠਲੋ ਇਕ ਅਖਵਾਈਆ । ਹੁਕਮੀ ਹੁਕਮ ਵਰਤੇ ਵਰਤਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗਾ ਜੁਗੰਤਰ ਲੈ ਅਵਤਾਰਾ, ਨਿਰਗੁਣ ਸਰਗੁਣ ਅੰਗ ਲਗਾਈਆ । ਸਰਗੁਣ ਮੇਲਾ ਵਿਚ ਸੰਸਾਰਾ, ਨਿਰਗੁਣ ਵੇਖੇ ਥਾਉਂ ਥਾਈਆ । ਸ਼ਬਦ ਢੋਲਾ ਗਾਏ ਆਪਣੀ ਵਾਰਾ, ਏਕਾ ਅੱਖਰ ਕਰ ਪੜ੍ਹਾਈਆ । ਤੋਲਾ ਬਣੇ ਗਿਰਵਰ ਗਿਰਧਾਰਾ, ਲੱਖ ਚਰਾਸੀ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਮੇਲਾ ਸਾਚੇ ਘਰ, ਪਾਰਬ੍ਰਹਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇੰਦਾ, ਕਰ ਕਿਰਪਾ ਗੁਣ ਨਿਧਾਨ । ਸਾਚੇ ਤਖ਼ਤ ਆਪ ਸੁਹਾਇੰਦਾ, ਸੋਭਾਵੰਤ ਸ੍ਰੀ ਭਗਵਾਨ । ਆਤਮ ਬ੍ਰਹਮ ਵੇਖ ਵਖਾਇੰਦਾ, ਧੁਰ ਦਰਗਾਹੀ ਹਰਿ ਮਿਹਰਵਾਨ । ਆਪਣਾ ਭੇਵ ਆਪ ਖੁਲ੍ਹਾਇੰਦਾ, ਇਕ ਵਖਾਏ ਸਚ ਨਿਸ਼ਾਨ । ਆਪਣੀ ਸੇਵਾ ਆਪ ਕਮਾਇੰਦਾ, ਆਪੇ ਦੇਵੇ ਧੁਰ ਫ਼ਰਮਾਨ । ਆਪਣਾ ਰਾਗ ਆਪ ਅਲਾਇੰਦਾ, ਆਪੇ ਗੀਤ ਗਾਵਣ ਗਾਏ ਗਾਣ । ਆਪਣਾ ਮਰਦੰਗ ਆਪ ਵਜਾਇੰਦਾ, ਆਪੇ ਸਾਰੰਗ ਸਾਰੰਗੀ ਕਰ ਪਛਾਣ । ਨਾਮ ਸਤਾਰ ਇਕ ਹਲਾਇੰਦਾ, ਲੇਖਾ ਜਾਣੇ ਧੁਰ ਦੀਬਾਣ । ਆਪਣਾ ਮਾਣ ਆਪ ਧਰਾਇੰਦਾ, ਪਾਰਬ੍ਰਹਮ ਬ੍ਰਹਮ ਦੇਵੇ ਏਕਾ ਦਾਨ । ਜੀਆ ਦਾਤਾ ਆਪ ਅਖਵਾਇੰਦਾ, ਜੀਵਣ ਜੁਗਤ ਦਏ ਜਹਾਨ । ਸਾਚੀ ਸਿਖ਼ਿਆ ਇਕ ਸਮਝਾਇੰਦਾ, ਸਾਖ਼ਯਾਤ ਸਰਬ ਗਿਆਨ । ਏਕਾ ਅੱਖਰ ਆਪ ਪੜ੍ਹਾਇੰਦਾ, ਲੇਖਾ ਜਾਣੇ ਨਾ ਵੇਦ ਪੁਰਾਨ । ਸ਼ਾਸਤਰ ਸਿਮਰਤ ਸਰਬ ਸਾਲਾਹਿੰਦਾ, ਸਿਫ਼ਤ ਸਾਲਾਹੀ ਵਡ ਮਿਹਰਵਾਨ । ਬ੍ਰਹਮ ਆਪਣੇ ਲੇਖੇ ਪਾਇੰਦਾ, ਪਾਰਬ੍ਰਹਮ ਕਰ ਕਲਿਆਣ । ਆਪਣੇ ਰੰਗ ਆਪ ਰੰਗਾਇੰਦਾ, ਰੰਗ ਰੰਗੀਲਾ ਗੁਣ ਨਿਧਾਨ । ਸਾਚੇ ਮੰਦਰ ਆਪ ਸੁਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਦੇਵੇ ਏਕਾ ਮਾਣ । ਪਾਰਬ੍ਰਹਮ ਬ੍ਰਹਮ ਮਾਣ ਰਖਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਵਿਸ਼ਨ ਸਾਚੀ ਸੇਵ ਕਮਾਇੰਦਾ, ਭਗਵਨ ਜੋਤੀ ਕਰ ਪਿਆਰ । ਬ੍ਰਹਮਾ ਪਾਰਬ੍ਰਹਮ ਰਾਹ ਤਕਾਇੰਦਾ, ਏਕਾ ਨੇਤਰ ਨੈਣ ਉਘਾੜ । ਸ਼ੰਕਰ ਸ਼ਹਿਨਸ਼ਾਹ ਏਕਾ ਸੀਸ ਝੁਕਾਇੰਦਾ, ਏਕਾ ਓਟ ਸ੍ਰੀ ਭਗਵਾਨ । ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ, ਜੁਗਾ ਜੁਗੰਤਰ ਖੇਲ ਮਹਾਨ । ਨਾਮ ਨਿਧਾਨਾ ਮੰਤਰ ਅੰਤਰ ਇਕ ਪੜ੍ਹਾਇੰਦਾ, ਜੋਤੀ ਜਾਤਾ ਕਰ ਪਰਵਾਨ । ਬੋਧ ਅਗਾਧਾ ਭੇਵ ਨਾ ਆਇੰਦਾ, ਸ਼ਬਦ ਅਨਾਦਾ ਧੁਰ ਫ਼ਰਮਾਨ । ਸੰਤਨ


੧੨੮੨

ਸਾਧ ਆਪ ਸਮਝਾਇੰਦਾ, ਭਗਤ ਭਗਵੰਤ ਖੇਲ ਮਹਾਨ । ਗੁਰਮੁਖ ਚਤਰ ਸੁਘੜ ਆਪ ਬਣਾਇੰਦਾ, ਗੋਬਿੰਦ ਮੇਲਾ ਏਕਾ ਰਾਮ । ਗੁਰਸਿਖ ਏਕਾ ਮਾਰਗ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਮੇਲਾ ਏਕਾ ਘਰ, ਪਾਰਬ੍ਰਹਮ ਸੰਗ ਨਿਭਾਇੰਦਾ । ਪਾਰਬ੍ਰਹਮ ਬ੍ਰਹਮ ਸਗਲਾ ਸਾਥ, ਵਿਛੜ ਕਦੇ ਨਾ ਜਾਇਆ । ਜੁਗਾ ਜੁਗੰਤਰ ਚਲਾਏ ਰਾਥ, ਰਥ ਰਥਵਾਹੀ ਸੇਵ ਕਮਾਇਆ । ਨਿਰਗੁਣ ਸਰਗੁਣ ਸੁਣਾਏ ਆਪਣੀ ਗਾਥ, ਨਿਸ਼ਅੱਖਰ ਢੋਲਾ ਆਪ ਅਲਾਇਆ । ਆਪੇ ਜਾਣੇ ਆਪਣੀ ਵਾਟ, ਆਪ ਆਪਣਾ ਪੰਧ ਮੁਕਾਇਆ । ਆਪੇ ਸੁੱਤਾ ਆਪਣੀ ਖਾਟ, ਆਪੇ ਸੇਜਾ ਰਿਹਾ ਹੰਢਾਇਆ । ਆਪੇ ਬ੍ਰਹਮਾ ਮੇਲਾ ਕਮਲਾਪਾਤ, ਪਾਰਬ੍ਰਹਮ ਸਹਿਜ ਸੁਖਦਾਇਆ । ਆਪੇ ਮੇਟੇ ਅੰਧੇਰੀ ਰਾਤ, ਸਾਚਾ ਚੰਦ ਆਪ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰਬ੍ਰਹਮ ਬ੍ਰਹਮ ਸੱਚੀ ਸਰਨਾਇਆ । ਪਾਰਬ੍ਰਹਮ ਬ੍ਰਹਮ ਇਕ ਸਰਨਾਈ, ਏਕਾ ਇਸ਼ਟ ਵਖਾਇੰਦਾ । ਹਰਿ ਮੰਦਰ ਵੱਜੇ ਨਾਮ ਵਧਾਈ, ਪੁਰਖ ਅਬਿਨਾਸ਼ੀ ਆਪ ਵਜਾਇੰਦਾ । ਬ੍ਰਹਮ ਮੇਲਾ ਚਾਈਂ ਚਾਈਂ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਲੇਖਾ ਜਾਣੇ ਬੇਪਰਵਾਹੀ, ਬੇਪਰਵਾਹ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬ੍ਰਹਮ ਪਾਰਬ੍ਰਹਮ ਧਾਰ, ਧਰਨੀ ਧਰਤ ਧਵਲ ਦਏ ਸਹਾਰ, ਪੰਜ ਤਤ ਚੋਲਾ ਆਪ ਹੰਢਾਇੰਦਾ । ਪੰਜ ਤਤ ਚੋਲਾ ਕਾਇਆ ਗੜ੍ਹ, ਪਾਰਬ੍ਰਹਮ ਬ੍ਰਹਮ ਏਕਾ ਘਰ ਵਖਾਇੰਦਾ । ਨਿਰਗੁਣ ਨਿਰਧਨ ਬਹੇ ਅੰਦਰ ਵੜ, ਦਿਸ ਕਿਸੇ ਨਾ ਆਇੰਦਾ । ਦਸਤ ਬਦਸਤ ਨਾ ਸਕੇ ਕੋਈ ਫੜ, ਬੰਦੀ ਬੰਧਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਪਾਰਬ੍ਰਹਮ ਬ੍ਰਹਮ ਦਏ ਆਧਾਰਾ, ਅੰਸ ਬੰਸ ਆਪ ਸੁਹਾਇੰਦਾ । ਅੰਸ ਬੰਸਾ ਸੂਰਬੀਰ ਸੂਰਾ ਸਰਬੰਗ, ਪਾਰਬ੍ਰਹਮ ਵੱਡੀ ਵਡਿਆਈਆ । ਜੁਗ ਜੁਗ ਵਜਾਏ ਆਪਣਾ ਮਰਦੰਗ, ਸਤਿ ਮਰਦੰਗਾ ਹੱਥ ਉਠਾਈਆ । ਕਲਜੁਗ ਅੰਤਮ ਕਾਲ ਮਹਾਂਕਾਲ ਰੱਖੇ ਸੰਗ, ਜਗਤ ਸੰਗਤ ਵੇਖੇ ਥਾਉਂ ਥਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਨਵ ਖੰਡਾਂ ਫੇਰੀ ਪਾਈਆ । ਸੱਤ ਦੀਪ ਵੰਡੇ ਵੰਡ, ਜੇਰਜ ਅੰਡ ਵੇਖ ਵਖਾਈਆ । ਲੱਖ ਚੁਰਾਸੀ ਤੋੜੇ ਮਾਣ ਘੁਮੰਡ, ਘਨਕ ਪੁਰ ਵਾਸੀ ਸੱਚਾ ਸ਼ਹਿਨਸ਼ਾਹੀਆ । ਗੁਰਮੁਖਾਂ ਵਖਾਏ ਏਕਾ ਪਰਮਾਨੰਦ, ਨਿਜਾਨੰਦ ਨਿਜ ਘਰ ਨਿਜ ਰਸ ਦਏ ਚੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਮੇਲਾ ਏਕਾ ਦਰ, ਦਰ ਸੁਹੰਜਣਾ ਇਕ ਸੁਹਾਈਆ । ਦਰ ਸੁਹੰਜਣਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਭਗਤ ਵਛਲ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਜਗਤ ਜੁਗ ਜਗਤ ਗਾਵੇ ਭਗਤ ਭਗਵੰਤ, ਸਾਚੇ ਸੰਤ ਆਪ ਉਠਾਇੰਦਾ । ਰਸਨਾ ਜਿਹਵਾ ਮਨਿਆ ਮੰਤ, ਮਨ ਵਾਸਤਕ ਰੂਪ ਦਰਸਾਇੰਦਾ । ਬ੍ਰਹਮ ਪਾਰਬ੍ਰਹਮ ਬਣਾਏ ਬਣਤ, ਘੜਨ ਭੰਨਣਹਾਰ ਦਿਸ ਨਾ ਆਇੰਦਾ । ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣਾ ਰੂਪ ਵਖਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਰੁੱਤ ਬਸੰਤ ਆਪ ਸੁਹਾਇੰਦਾ । ਰੁਤ ਬਸੰਤ ਜਾਏ ਮੌਲ, ਪਾਰਬ੍ਰਹਮ ਬ੍ਰਹਮ ਖੇਲ ਖਿਲਾਈਆ । ਲੇਖਾ ਜਾਣੇ ਧਰਤ ਧਵਲ ਧੌਲ, ਧਰਨੀ ਧਰ ਵੇਖ ਵਖਾਈਆ । ਅੰਮ੍ਰਿਤ ਰਸ ਭਰੇ ਏਕਾ ਨਾਭ ਕਵਲ, ਕਵਲ ਕਵਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਵੇਖੇ ਥਾਉਂ

੧੨੮੩
੦੯

ਬਾਈਆ । ਥਾਨ ਥਨੰਤਰ ਵੇਖਣਹਾਰਾ, ਏਕਾ ਏਕੰਕਾਰਿਆ । ਆਦਿ ਜੁਗਾਦੀ ਲੈ ਅਵਤਾਰਾ, ਲੋਕਮਾਤ ਹੋਏ ਉਜਿਆਰਿਆ । ਕਲਜੁਗ ਅੰਤਮ ਪਾਵੇ ਸਾਰਾ, ਚਾਰੋਂ ਕੁੰਟ ਮੇਟੇ ਅੰਧ ਅੰਧਿਆਰਿਆ । ਨਾਮ ਖੰਡਾ ਫੜ ਕਟਾਰਾ, ਚੰਡ ਪਰਚੰਡ ਆਪ ਚਮਕਾ ਰਿਹਾ । ਵਰਭੰਡੀ ਕਰੇ ਖ਼ਵਾਰਾ, ਮੂਰਖ ਮੂੜ੍ਹੇ ਅੰਞਾਣੇ ਕੂੜੇ ਧੰਦੇ ਆਪ ਲਗਾ ਰਿਹਾ । ਗੁਰਮੁਖ ਸੱਜਣ ਕਰੇ ਪਿਆਰ, ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਾ, ਏਕਾ ਰੰਗਣ ਆਪ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਮੇਲਾ ਏਕਾ ਘਰ, ਘਰ ਮੰਦਰ ਆਪ ਸੁਹਾ ਰਿਹਾ । ਘਰ ਮੰਦਰ ਸੋਭਾਵੰਤ, ਹਰੀ ਹਰਿ ਹਰਿ ਖੇਲ ਖਿਲਾਇੰਦਾ । ਘਰ ਫੁਲਵਾੜੀ ਰੁਤ ਬਸੰਤ, ਘਰ ਕਲੀ ਕਲੀ ਮਹਿਕਾਇੰਦਾ । ਘਰ ਘਰ ਲੇਖਾ ਜਾਣੇ ਜੀਵ ਜੰਤ, ਜੰਤ ਜੀਵ ਵੇਖ ਵਖਾਇੰਦਾ । ਘਰ ਘਰ ਨਾਮ ਮਣੀਆ ਮੰਤ, ਦਿਵਸ ਰੈਣ ਆਪ ਸੁਣਾਇੰਦਾ । ਘਰ ਘਰ ਮੇਲਾ ਪੂਰਨ ਭਗਵੰਤ, ਪੂਰਨ ਬ੍ਰਹਮ ਬ੍ਰਹਮ ਗਿਆਨ ਆਪ ਦ੍ਰਿੜਾਇੰਦਾ । ਘਰ ਘਰ ਸੇਜ ਸੁਹਾਏ ਹਰਿ ਹਰਿ ਕੰਤ, ਸੁਹੰਜਣੀ ਸੇਜ ਆਪ ਹੰਢਾਇੰਦਾ । ਘਰ ਘਰ ਗਿਆਨ ਬੋਧ ਅਗਾਧਾ ਪੰਡਤ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਘਰ ਘਰ ਹੰਕਾਰ ਵਿਕਾਰ ਕਰੇ ਖੰਡਤ, ਘਰ ਘਰ ਖੜਗ ਖੰਡਾ ਆਪ ਚਮਕਾਇੰਦਾ । ਘਰ ਘਰ ਬਣਿਆ ਰਹੇ ਮੰਗਤ, ਪਾਰਬ੍ਰਹਮ ਬ੍ਰਹਮ ਭਿਛਿਆ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਹਰਿ ਸੁਹਾਇੰਦਾ, ਪਾਰਬ੍ਰਹਮ ਬ੍ਰਹਮ ਕਿਰਪਾ ਧਾਰ । ਕਾਇਆ ਬੰਕ ਵੇਖ ਵਖਾਇੰਦਾ, ਕੰਚਨ ਗੜ੍ਹ ਅਗੰਮ
੧੨੮੪ ਅਪਾਰ । ਨਿਰਗੁਣ ਅੰਦਰ ਆਸਣ ਲਾਇੰਦਾ, ਸਰਗੁਣ ਮੇਲਾ ਨਾਰੀ ਕੰਤ ਭਤਾਰ । ਸਚ ਸੁਹੰਜਣੀ ਸੇਜ ਹੰਢਾਇੰਦਾ, ਪੀਆ ਪ੍ਰੀਤਮ ਮੀਤ ਮੁਰਾਰ । ੧੨੮੪
੦੯ ਏਕਾ ਆਪਣਾ ਹੁਕਮ ਸੁਣਾਇੰਦਾ, ਸੁਣੇ ਸੁਣਾਵੇ ਸੁਣਨੇਹਾਰ । ਰਾਗ ਰਾਗਨੀ ਭੇਵ ਨਾ ਆਇੰਦਾ, ਗਾ ਗਾ ਥੱਕੇ ਵੇਦ ਚਾਰ । ਸ਼ਾਸਤਰ ਸਿਮਰਤ ੦੯
ਸਰਬ ਕੁਰਲਾਇੰਦਾ, ਪੁਰਖ ਅਬਿਨਾਸ਼ੀ ਸਭ ਤੋਂ ਵਸੇ ਬਾਹਰ । ਜੋ ਜਨ ਆਪਣਾ ਪਰਦਾ ਲਾਹਿੰਦਾ, ਦੂਈ ਦਵੈਤੀ ਕਰੇ ਪਾਰ । ਬ੍ਰਹਮ ਪਾਰਬ੍ਰਹਮ ਸਮਾਇੰਦਾ, ਨਾਤਾ ਤੁਟੇ ਸਰਬ ਸੰਸਾਰ । ਸਾਚੇ ਮੰਦਰ ਸੋਭਾ ਪਾਇੰਦਾ, ਜਗਮਗ ਜੋਤ ਜਗੇ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖੇ ਇਕ ਦਵਾਰ । ਹਰਿ ਮੰਦਰ ਹਰਿ ਸੁਹਾਇਆ, ਗੁਣ ਅਵਗੁਣ ਨਾ ਜਾਣੇ ਕੋਇ । ਇਕ ਇਕੱਲਾ ਵੇਖ ਵਖਾਇਆ, ਵੇਖਣਹਾਰ ਆਪੇ ਹੋਏ । ਨੇਤਰ ਨੈਣ ਆਪ ਖੁਲ੍ਹਾਇਆ, ਆਪੇ ਲੋਇਣ ਦੇਵੇ ਆਪੇ ਲੋਏ । ਚੌਥੇ ਪਦ ਆਪ ਸਮਾਇਆ, ਪੰਚਮ ਦੇਵੇ ਸਾਚੇ ਢੋਏ । ਛੇਵੇਂ ਛੱਪਰ ਛੰਨ ਛੁਹਾਇਆ, ਸਤਵੇਂ ਸਤਿ ਪੁਰਖ ਨਿਰੰਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਲਏ ਵਰ, ਆਪਣਾ ਨੂਰ ਆਪ ਬਲੋਏ । ਨੂਰ ਨੁਰਾਨਾ ਕਰ ਪਰਕਾਸ਼, ਪ੍ਰਿਥਮੀ ਆਕਾਸ਼ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦਾਸੀ ਦਾਸ, ਸੇਵਕ ਸਾਚੀ ਸੇਵਾ ਸਚ ਕਮਾਈਆ । ਗ੍ਰਿਹਿ ਮੰਦਰ ਪਾਵੇ ਰਾਸ, ਹਰਿ ਮੰਦਰ ਕਰ ਰੁਸ਼ਨਾਈਆ । ਸਚ ਸਿੰਘਾਸਣ ਕਰ ਨਿਵਾਸ, ਤਖ਼ਤ ਸੁਹਾਏ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਸ਼ਾਹੋ ਸ਼ਾਬਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਏਕਾ ਧਾਰ, ਵਰਤੇ ਵਰਤਾਵੇ ਵਿਚ ਸੰਸਾਰ । ਲੇਖਾ ਜਾਣੇ ਆਰ ਪਾਰ, ਆਦਿ ਅੰਤ ਇਕ ਅਖਵਾਈਆ । ਆਦਿ ਅੰਤ ਸ੍ਰੀ ਭਗਵਾਨ, ਏਕਾ ਏਕ ਅਖਵਾਇੰਦਾ । ਜੁਗਾਂ ਜੁਗੰਤਰ ਦਾਨੀ ਦਾਨ, ਆਪਣਾ ਭੰਡਾਰ ਆਪ ਵਰਤਾਇੰਦਾ । ਖੇਲੇ ਖੇਲ ਦੋ ਜਹਾਨ, ਲੋਕਮਾਤ ਵੇਖ ਵਖਾਇੰਦਾ । ਸ਼ਬਦ ਅਗੰਮੀ ਦੇਵੇ ਧੁਰ ਫ਼ਰਮਾਣ, ਲੱਖ ਚੁਰਾਸੀ

ਆਪ ਸੁਣਾਇੰਦਾ । ਗੁਰਮੁਖ ਗੁਰਸਿਖ ਕਰ ਪਛਾਣ, ਆਪ ਆਪਣਾ ਮੇਲ ਮਿਲਾਇੰਦਾ । ਹਉਮੇਂ ਹੰਗਤਾ ਤੁਟੇ ਮਾਣ, ਮਾਇਆ ਮਮਤਾ ਮੋਹ ਚੁਕਾਇੰਦਾ । ਇਕ ਵਖਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬ੍ਰਹਮ ਲਏ ਫੜ, ਪਾਰਬ੍ਰਹਮ ਆਪਣਾ ਬੰਧਨ ਪਾਇੰਦਾ । ਪਾਰਬ੍ਰਹਮ ਬ੍ਰਹਮ ਬੰਧਨ ਡੋਰ, ਸ਼ਬਦੀ ਤੰਦ ਹੱਥ ਰਖਾਈਆ । ਲੇਖਾ ਜਾਣੇ ਅੰਧ ਘੋਰ, ਘੋਰੀ ਰੂਪ ਭੇਵ ਨਾ ਰਾਈਆ । ਪਕੜਨਹਾਰਾ ਠੱਗ ਚੋਰ, ਜਗਤ ਠਗੋਰੀ ਆਪੇ ਪਾਈਆ । ਫਲ ਵੇਖੇ ਲੱਖ ਚੁਰਾਸੀ ਰੀਠਾ ਕੌੜ, ਪਤ ਡਾਲ੍ਹੀ ਫੋਲ ਫੁਲਾਈਆ । ਪਾਰਬ੍ਰਹਮ ਬ੍ਰਹਮ ਵਖਾਏ ਏਕਾ ਪੌੜ, ਸਚ ਮਹੱਲਾ ਸੋਭਾ ਪਾਈਆ । ਜਨ ਭਗਤਾਂ ਆਪੇ ਜਾਏ ਬੌਹੜ, ਅੰਤ ਕੰਤ ਭਗਵੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਮਿਲਾਏ ਆਪਣੇ ਘਰ, ਦਰ ਘਰ ਹਰਿ ਨਰ ਸੱਚਾ ਸੁਹਾਈਆ ।

## ✹ ੧ ਕੱਤਕ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✹

ਗੁਰਸਿਖ ਅੰਤ ਕਦੇ ਨਾ ਆਇਆ, ਨਾ ਮਰੇ ਨਾ ਜਾਈਆ । ਜਿਸ ਸਤਿਗੁਰ ਪੁਰਖ ਮਨਾਇਆ, ਪ੍ਰਭ ਪਾਇਆ ਸਾਚਾ ਮਾਹੀਆ । ਏਥੇ ਉਥੇ ਹੋਏ ਸਹਾਇਆ, ਦੋ ਜਹਾਨਾਂ ਲਏ ਤਰਾਈਆ । ਏਕਾ ਆਪਣਾ ਨਾਮ ਜਪਾਇਆ, ਰਸਨਾ ਜਪਤ ਜਪਤ ਸੁਖ ਪਾਈਆ । ਕਾਇਆ ਨਗਰ ਖੇੜਾ ਵੇਖ ਵਖਾਇਆ, ਅੰਦਰ ਬੈਠਾ ਬੇਪਰਵਾਹੀਆ । ਗੁਰਸਿਖ ਜੇਠਾ ਸੁਤ ਆਪੇ ਜਾਇਆ, ਧੰਨ ਧੰਨ ਜਣੇਂਦੀ ਮਾਈਆ । ਦਾਈ ਦਾਇਆ ਆਪ ਅਖਵਾਇਆ, ਦਿਵਸ ਰੈਣ ਸੇਵ ਕਮਾਈਆ । ਕਾਗਦ ਕਲਮ ਨਾ ਲਿਖੇ ਛਾਹਿਆ, ਚਾਰ ਵੇਦ ਰਹੇ ਜਸ ਗਾਈਆ । ਗੁਰਮੁਖ ਤੇਰਾ ਅੰਤ ਕਿਸੇ ਨਾ ਪਾਇਆ, ਚਾਰੇ ਬਾਣੀ ਰਹੀ ਕੁਰਲਾਈਆ । ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਇਆ, ਨਾਦ ਅਨਾਦਾ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ, ਜਨ ਭਗਤਾਂ ਬੁਝਾਏ ਲੱਗੀ ਬਸੰਤਰ, ਲੇਖਾ ਜਾਣੇ ਆਤਮ ਅੰਤਰ, ਆਪਣੀ ਅੰਤਰਗਤ ਜਣਾਈਆ । ਗੁਰਮੁਖ ਕਦੇ ਨਾ ਰੁਲਿਆ, ਜਿਸ ਮਿਲਿਆ ਬੇਪਰਵਾਹ । ਦਰ ਦਵਾਰ ਜੋ ਆਇਆ ਭੁੱਲਿਆ, ਪੁਰਖ ਅਬਿਨਾਸ਼ੀ, ਆਪਣੇ ਗਲੇ ਲਏ ਲਗਾ । ਸਾਚੇ ਕੰਡੇ ਜੋ ਜਨ ਤੁਲਿਆ, ਤੋਲਣਹਾਰਾ ਰਿਹਾ ਤੁਲਾ । ਬਾਜ ਸਿੰਘ ਤੇਰਾ ਬੂਟਾ ਲੋਕਮਾਤ ਫਲਿਆ, ਪਤ ਡਾਲ੍ਹੀ ਦਏ ਮਹਿਕਾ । ਲੋਕਮਾਤ ਨਾ ਰੁਲਿਆ, ਕਰਤਾ ਕੀਮਤ ਦੇਵੇ ਪਾ । ਦੇਵੇ ਨਾਮ ਅਨਮੁਲਿਆ, ਸਚ ਵਸਤ ਅਮੋਲਕ ਆਪ ਵਰਤਾ । ਅੰਮ੍ਰਿਤ ਆਤਮ ਅਜੇ ਨਾ ਡੁੱਲਿਆ, ਨਾਭੀ ਕਵਲ ਰੱਖਿਆ ਬੰਦ ਕਰਾ । ਵੇਲੇ ਅੰਤਮ ਪਾਵੇ ਮੁੱਲਿਆ, ਅਮਲ ਆਪਣਾ ਨਾਉਂ ਅਖਵਾ । ਗੁਰਸਿਖ ਬੂਟਾ ਕਦੇ ਨਾ ਹੁੱਲਿਆ, ਸਤਿਗੁਰ ਪੂਰਾ ਦੀਨ ਦਿਆਲਾ ਵਡ ਕਿਰਪਾਲਾ ਏਕਾ ਹੱਥ ਸੀਸ ਦਏ ਟਿਕਾ । ਜੋ ਜਨ ਚਰਨ ਪ੍ਰੀਤੀ ਘੋਲ ਘੁਲਿਆ, ਲੱਖ ਚੁਰਾਸੀ ਦੇਵੇ ਫੰਦ ਕਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕੰਕਾਰਾ, ਲੱਖ ਚੁਰਾਸੀ ਵੇਖਣਹਾਰਾ, ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਗੁਰਮੁਖ ਸਾਚੇ ਪਾਰ ਕਰਾਇੰਦਾ । ਗੁਰਮੁਖ ਲੇਖ ਅਵੱਲੜਾ, ਪਾਰਬ੍ਰਹਮ ਆਪ ਲਿਖਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲੜਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਮਾਰਗ ਦੱਸੇ ਇਕ ਸੁਖਲੜਾ, ਚਰਨ ਪ੍ਰੀਤੀ ਜੋੜ ਜੁੜਾਇੰਦਾ । ਨਾਮ ਫੜਾਏ ਏਕਾ ਪੱਲੜਾ, ਸਾਚਾ ਪੱਲੂ ਆਪ

ਉਠਾਇੰਦਾ । ਜੋਤੀ ਸ਼ਬਦੀ ਆਪੇ ਰਲੜਾ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਅਨਭਵ ਪਰਕਾਸ਼ ਸ਼ਬਦ ਅਨਾਦਿ ਧੁਰ ਦਰਗਾਹੀ ਵਿਚ ਬ੍ਰਹਿਮਾਦਿ ਆਪੇ ਘਲੜਾ, ਪਾਰਬ੍ਰਹਮ ਹਰਿ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਗੁਰਮੁਖ ਰੰਗ ਰੰਗਾਇੰਦਾ, ਕਰ ਕਿਰਪਾ ਗੁਣ ਨਿਧਾਨ । ਏਕਾ ਵਸਤ ਝੋਲੀ ਪਾਇੰਦਾ, ਸ਼ਬਦ ਅਨਾਦੀ ਧੁਰ ਦੀਬਾਣ । ਨੇਤਰ ਨੈਣ ਇਕ ਖੁਲ੍ਹਾਇੰਦਾ, ਆਤਮ ਅੰਤਰ ਬ੍ਰਹਮ ਗਿਆਨ । ਆਤਮ ਸੇਜਾ ਆਪ ਸੁਹਾਇੰਦਾ, ਨਿਰਗੁਣ ਰੂਪ ਸ੍ਰੀ ਭਗਵਾਨ । ਸ਼ਬਦ ਡੰਕਾ ਇਕ ਵਜਾਇੰਦਾ, ਅਨਹਦ ਧੁਨ ਸੱਚੀ ਧੁਨਕਾਨ । ਸਚ ਮਕਾਨ ਆਪ ਬਹਾਇੰਦਾ, ਚੌਦਾਂ ਲੋਕ ਬੰਦ ਕਰਾਏ ਦੁਕਾਨ । ਤਖ਼ਤ ਨਿਵਾਸੀ ਦਇਆ ਕਮਾਇੰਦਾ, ਸ਼ਾਹੋ ਭੂਪ ਵਡ ਰਾਜਾਨ । ਦਲੀਪ ਸਿੰਘ ਕਿਉਂ ਘਬਰਾਇੰਦਾ, ਜਿਸ ਸਤਿਗੁਰ ਮਿਲਿਆ ਆਣ । ਆਲ੍ਹਣਿਉਂ ਡਿਗੇ ਬੋਟ ਆਪ ਉਠਾਇੰਦਾ, ਪਰਗਟ ਹੋਇਆ ਜੋਧਾ ਸੂਰਬੀਰ ਬਲੀ ਬਲਵਾਨ । ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ, ਹੱਥ ਰੱਖੇ ਨਾ ਕੋਇ ਤੀਰ ਕਮਾਨ । ਨੌ ਖੰਡ ਪ੍ਰਿਥਮੀ ਫੇਰਾ ਪਾਇੰਦਾ, ਸੱਤਾਂ ਦੀਪਾਂ ਕਰੇ ਪਛਾਣ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ, ਕਰੋੜ ਤੇਤੀਸਾ ਦਏ ਗਿਆਨ । ਰਵ ਸਸ ਜੋਤ ਟਿਕਾਇੰਦਾ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਮੰਡਲ ਮੰਡਪ ਡੇਰਾ ਲਾਇੰਦਾ, ਧਰਤ ਧਵਲ ਜ਼ਿਮੀ ਅਸਮਾਨ । ਬੋਧ ਅਗਾਧਾ ਸ਼ਬਦ ਜਣਾਇੰਦਾ, ਸ਼ਾਹੋ ਭੂਪ ਵਡ ਸੁਲਤਾਨ । ਧੁਰ ਫ਼ਰਮਾਣਾ ਆਪ ਅਲ੍ਹਾਇੰਦਾ, ਤਖ਼ਤ ਨਿਵਾਸੀ ਰਾਜ ਰਾਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਮੁਖ ਸਾਚਾ ਮੇਲਿਆ, ਕਰ ਕਿਰਪਾ ਗੁਣ ਨਿਧਾਨ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ, ਗੁਰ ਚੇਲਾ ਸੂਰਬੀਰ ਬਲਵਾਨ । ਪ੍ਰਭ ਮਿਲਿਆ ਸੱਜਣ ਸੁਹੇਲਿਆ, ਲੱਖ ਚੁਰਾਸੀ ਵਿਚੋਂ ਕਰੇ ਪਛਾਣ । ਲੇਖਾ ਜਾਣੇ ਇਕ ਇਕੇਲਿਆ, ਇਕ ਇਕੱਲਾ ਗੁਣ ਨਿਧਾਨ । ਆਪੇ ਜਾਣੇ ਆਪਣਾ ਵਕਤ ਵੇਲਿਆ, ਥਿਤ ਵਾਰ ਨਾ ਕੋਈ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਲਿਖੇ ਕਾਇਆ ਮੰਦਰ ਬੈਠ ਮਕਾਨ । ਕਾਇਆ ਮੰਦਰ ਹਰਿ ਦਵਾਰ, ਹਰਿ ਜੂ ਹਰਿ ਹਰਿ ਆਪ ਸਾਲਾਹਿੰਦਾ । ਅੰਦਰ ਬੈਠ ਸ੍ਰੀ ਭਗਵਾਨ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਅਮਿਉਂ ਰਸ ਆਪਣਾ ਆਪ ਚਖਾਇੰਦਾ । ਨਾਤਾ ਤੋੜੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਇਕ ਸੁਣਾਏ ਸਾਚਾ ਗਾਨ, ਗੀਤ ਗੋਬਿੰਦ ਆਪ ਅਲਾਇੰਦਾ । ਕਰੇ ਪਰਕਾਸ਼ ਕੋਟਨ ਭਾਨ, ਅਗਿਆਨ ਅੰਧੇਰ ਗਵਾਇੰਦਾ । ਲੱਖ ਚੁਰਾਸੀ ਪੁਣ ਛਾਣ, ਗੁਰਮੁਖ ਲਾਲ ਅਨਮੁਲੜੇ ਵਰੋਲ ਆਪਣੇ ਕੰਡੇ ਆਪੇ ਪਾਇੰਦਾ । ਦੇਵਣਹਾਰਾ ਦਾਨੀ ਦਾਨ, ਦਾਤਾ ਦਾਨੀ ਸੇਵ ਕਮਾਇੰਦਾ । ਗੁਰਮੁਖ ਸਖ਼ੀ ਹਰਿ ਹਰਿ ਮਿਲਿਆ ਸਾਚਾ ਕਾਹਨ, ਨਾਮ ਬੰਸਰੀ ਇਕ ਵਜਾਇੰਦਾ । ਨਾਤਾ ਜੁੜਿਆ ਸੀਤਾ ਰਾਮ, ਸੀਤਾ ਸੁਰਤੀ ਆਪ ਪਰਨਾਇੰਦਾ । ਕਰੇ ਕਰਾਏ ਪੂਰਾ ਕਾਮ, ਪੂਰਨ ਇਛਿਆ ਭਿਛਿਆ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਚਰਨ ਧਿਆਨ ਇਕ ਵਖਾਇੰਦਾ ।

ਸੋ ਪੁਰਖ ਨਿਰੰਜਣ ਸੱਚਾ ਪਾਤਸ਼ਾਹ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਇਕ ਇਕੱਲਾ ਭੇਵ ਨਾ ਆਇੰਦਾ । ਏਕੰਕਾਰਾ ਧੁਰ ਮਲਾਹ, ਧੁਰ ਦਾ ਬੇੜਾ ਆਪ ਚਲਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਜਗਾ, ਦਰ ਘਰ ਸਾਚਾ ਆਪ ਸੁਹਾਇੰਦਾ । ਅਬਿਨਾਸ਼ੀ

ਕਰਤਾ ਆਪਣਾ ਨਾਉਂ ਧਰਾ, ਸ੍ਰੀ ਭਗਵਾਨ ਆਪੇ ਜਸ ਗਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਵੇਸ ਅਵੇਸਾ ਆਪ ਕਰਾਇੰਦਾ । ਸਚਖੰਡ ਦਵਾਰਾ ਇਕ ਉਪਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਘਰ ਵਿਚ ਘਰ ਲਏ ਟਿਕਾ, ਥਿਰ ਘਰ ਸਾਚੀ ਰਚਨ ਰਚਾਇੰਦਾ । ਸਤਿ ਪੁਰਖ ਨਿਰੰਜਣ ਡਗਮਗਾ, ਨੂਰ ਨੂਰ ਆਪ ਧਰਾਇੰਦਾ । ਆਪਣੀ ਦਇਆ ਆਪ ਕਮਾ, ਆਪਣੀ ਕਲ ਵਰਤਾਇੰਦਾ । ਆਪਣਾ ਰੰਗ ਆਪ ਰੰਗਾ, ਆਪੇ ਵੇਖ ਵਖਾਇੰਦਾ । ਆਪੇ ਬਣੇ ਸ਼ਾਹ ਪਾਤਸ਼ਾਹ, ਰਾਜ ਰਾਜਾਨ ਆਪ ਅਖਵਾਇੰਦਾ । ਆਪਣਾ ਖੇਲ ਆਪ ਕਰਾ, ਖੇਲਣਹਾਰਾ ਵੇਸ ਧਰਾਇੰਦਾ । ਆਪਣਾ ਤਖ਼ਤ ਆਪ ਬਣਾ, ਸਚ ਸਿੰਘਾਸਣ ਨਾਉਂ ਉਪਾਇੰਦਾ । ਸਚ ਦਵਾਰੇ ਆਪੇ ਡਾਹ, ਆਪੇ ਆਸਣ ਲਾਇੰਦਾ । ਆਪਣਾ ਹੁਕਮ ਆਪ ਚਲਾ, ਹੁਕਮੀ ਹੁਕਮ ਆਪ ਵਰਤਾਇੰਦਾ । ਆਪਣੇ ਭਾਣੇ ਆਪ ਸਮਾ, ਵਡ ਭਾਣਾ ਹੱਥ ਰਖਾਇੰਦਾ । ਇਕ ਇਕੱਲਾ ਬੇਪਰਵਾਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਉਪਾਇੰਦਾ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਦਵਾਰ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਬੈਠਾ ਏਕਾ ਕੰਤ, ਨਿਰਵੈਰ ਖੇਲ ਖਿਲਾਈਆ । ਏਕੰਕਾਰਾ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਨਿਰੰਜਣ ਦੀਪ ਜਗੰਤ, ਜੋਤੀ ਜਾਤਾ ਬੇਪਰਵਾਹੀਆ । ਅਬਿਨਾਸ਼ੀ ਕਰਤਾ ਆਦਿ ਅੰਤ, ਆਪਣੀ ਧਾਰ ਆਪ ਬੰਧਾਈਆ । ਸ੍ਰੀ ਭਗਵਾਨ ਸਾਚੇ ਧਾਮ ਸੋਭਾਵੰਤ, ਥਿਰ ਦਰਬਾਰਾ ਵਡ ਵਡਿਆਈਆ । ਪਾਰਬ੍ਰਹਮ ਪ੍ਰਭ ਬਣੇ ਮੰਗਤ, ਨਿਰਗੁਣ ਨਿਰਗੁਣ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਆਪਣੀ ਧਾਰ ਆਪ ਚਲਾਈਆ । ਸੋ ਪੁਰਖ ਨਿਰੰਜਣ ਸਾਚੀ ਧਾਰ, ਸਚਖੰਡ ਦੁਆਰੇ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਮੂਰਤ ਅਕਾਲ ਰੂਪ ਪਰਗਟਾਇੰਦਾ । ਏਕੰਕਾਰਾ ਹੋ ਤਿਆਰ, ਅਨਭਵ ਪਰਕਾਸ਼ ਆਪ ਵਖਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਆਪ ਸੁਹਾਏ ਬੰਕ ਦਵਾਰ, ਸਚ ਦਵਾਰਾ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰ, ਆਪ ਆਪਣਾ ਵੇਖ ਵਖਾਇੰਦਾ । ਪਾਰਬ੍ਰਹਮ ਭੇਵ ਨਿਆਰ, ਗੁਪਤ ਜ਼ਾਹਰ ਆਪਣੀ ਕਲ ਧਰਾਇੰਦਾ । ਸਚਖੰਡ ਦਵਾਰ ਖੇਲ ਅਪਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪ ਕਰਾਇੰਦਾ । ਨਿਰਭੌ ਰੂਪ ਅਗੰਮ ਅਪਾਰ, ਅਲੱਖ ਅਗੋਚਰ ਦਿਸ ਨਾ ਆਇੰਦਾ । ਆਪੇ ਬਣੇ ਸੱਚੀ ਸਰਕਾਰ, ਸਾਚੇ ਚਰਨ ਟਿਕਾਇੰਦਾ । ਆਪੇ ਬਣੇ ਚੋਬਦਾਰ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਹੁਕਮੀ ਹੁਕਮ ਕਰੇ ਵਰਤਾਰ, ਹੁਕਮ ਹਾਕਮ ਆਪਣਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨਾ ਹਰਿ ਭਗਵਾਨ, ਆਪਾ ਆਪ ਉਪਾਈਆ । ਆਦਿ ਆਦਿ ਖੇਲ ਮਹਾਨ, ਖੇਲ ਖਲੰਤਾ ਭੇਵ ਨਾ ਰਾਈਆ । ਮਾਤ ਪਿਤ ਨਾ ਕੋਈ ਬਾਲ ਨਾਦਾਨ, ਗੋਦੀ ਗੋਦ ਨਾ ਕੋਇ ਸੁਹਾਈਆ । ਇਕ ਇਕੱਲਾ ਨੌਜਵਾਨ, ਨਾ ਮਰੇ ਨਾ ਜਾਈਆ । ਆਪਣਾ ਰੂਪ ਆਪ ਪਛਾਣ, ਅਨੂਪ ਸਤਿ ਸਰੂਪ ਸ਼ਾਹੋ ਭੂਪ ਵਡ ਵਡਿਆਈਆ । ਆਪ ਵਸਾਏ ਆਪਣਾ ਸਚ ਮਕਾਨ, ਸਚਖੰਡ ਦਵਾਰਾ ਬਣਤ ਬਣਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸੋਭਾਵੰਤ ਸੋਹੰ ਇਕ ਰਘਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਆਪ ਬਣਾਈਆ । ਆਪੇ ਘਾੜਨ ਘੜੇ ਘੜਨੇਹਾਰਾ, ਨਾ ਕੋਈ ਭੰਨੇ ਭੰਨ ਭਨਾਇੰਦਾ । ਆਪਣੇ ਮੰਦਰ ਆਪੇ ਵਰੇ ਵਰਨੇਹਾਰਾ,

੧੨੮੭ ੦੯

੧੨੮੭ ੦੯

ਦਰ ਦਰਵਾਜ਼ਾ ਨਾ ਕੋਇ ਵਖਾਇੰਦਾ । ਆਪਣੀ ਕਰਨੀ ਕਰੇ ਆਪੇ ਕਰਨੇਹਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਆਪਣੀ ਸਰਨੀ ਆਪੇ ਪੜੇ ਪੜਨੇਹਾਰਾ, ਦੂਸਰ ਸੀਸ ਨਾ ਕਿਸੇ ਝੁਕਾਇੰਦਾ । ਆਪਣੀ ਮਰਨੀ ਆਪੇ ਮਰੇ ਮਰਨੇਹਾਰਾ, ਜੀਵਣ ਮਰਨ ਵਿਚ ਨਾ ਆਇੰਦਾ । ਆਪਣੀ ਤਰਨੀ ਆਪੇ ਤਰੇ ਤਰਨੇਹਾਰਾ, ਤਰਨੇਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਨਿਰਗੁਣ ਵੇਖੇ ਸਚ ਤਮਾਸ਼ਾ, ਆਪਣਾ ਵਾਸਾ ਆਪ ਕਰਾਇੰਦਾ । ਆਪਣਾ ਵਾਸਾ ਆਪੇ ਰੱਖ, ਆਪ ਆਪਾ ਵੇਖ ਵਖਾਈਆ । ਨਿਰਗੁਣ ਰੂਪ ਕਰ ਪਰਤੱਖ, ਨਿਰਗੁਣ ਨਿਰਗੁਣ ਲਏ ਜਾਈਆ । ਨਿਰਗੁਣ ਅੰਦਰ ਨਿਰਗੁਣ ਵੱਖ, ਨਿਰਗੁਣ ਆਪਣਾ ਪੱਖ ਨਿਭਾਈਆ । ਨਿਰਗੁਣ ਨਿਰਗੁਣ ਮਾਰਗ ਦੇਵੇ ਦੱਸ, ਸਾਚਾ ਰਾਹ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਦਰਗਹਿ ਸਾਚੀ ਧਾਮ ਸੁਹਾਈਆ । ਦਰਗਹਿ ਸਾਚੀ ਧਾਮ ਨਿਆਰਾ, ਸਚਖੰਡ ਵੱਜੇ ਵਧਾਈਆ । ਏਕਾ ਵਸੇ ਏਕੰਕਾਰਾ, ਅਕਲ ਕਲ ਬੇਪਰਵਾਹੀਆ । ਅਲੱਖ ਅਗੋਚਰ ਅਗੰਮ ਅਪਾਰਾ, ਊਚੋ ਊਚ ਸੱਚਾ ਸ਼ਹਿਨਸ਼ਾਹੀਆ । ਅਲੱਖ ਅਲੱਖਣਾ ਭੇਵ ਨਿਆਰਾ, ਭੇਵ ਅਭੇਦਾ ਭੇਵ ਛੁਪਾਈਆ । ਨਿਰਗੁਣ ਨੂਰ ਹੋ ਉਜਿਆਰਾ, ਆਦਿ ਜੁਗਾਦਿ ਡਗਮਗਾਈਆ । ਸਾਚੇ ਤਖ਼ਤ ਬੈਠ ਸੱਚੀ ਸਿਕਦਾਰਾ, ਸ਼ਾਹ ਸੁਲਤਾਨ ਆਪ ਕਮਾਈਆ । ਆਪਣਾ ਤਾਜ ਕਰ ਤਿਆਰਾ ਸਾਚੀ ਸੇਵਾ ਸੇਵ ਕਮਾਈਆ । ਪੰਚਮ ਮੁਖ ਮੁਖ ਆਪ ਉਘਾੜਾ, ਮੁਖੀ ਮੁਖ ਨਾ ਕੋਇ ਸਲਾਹੀਆ । ਨਾ ਕੋਈ ਨਾਰੀ ਨਾ ਕੋਈ ਨਾਰਾ, ਨਰ ਨਰਾਇਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਤਾਜ ਸੀਸ ਜਗਦੀਸ ਆਪਣਾ ਆਪ ਟਿਕਾਈਆ । ਸਾਚਾ ਤਾਜ ਨਿਰਗੁਣ ਰੰਗ, ਪੁਰਖ ਅਬਿਨਾਸ਼ੀ ਆਪ ਚੜ੍ਹਾਇਆ । ਦਾਤਾ ਬਣ ਸੂਰਾ ਸਰਬੰਗ, ਸਤਿ ਪੁਰਖ ਨਿਰੰਜਣ ਖੇਲ ਖਿਲਾਇਆ । ਅਬਿਨਾਸ਼ੀ ਕਰਤਾ ਦਰ ਦਵਾਰਾ ਆਪਣਾ ਲੰਘ, ਦਰ ਦਰਵਾਜਾ ਦਏ ਖੁਲ੍ਹਾਇਆ । ਸਚਖੰਡ ਦਵਾਰ ਵਛਾਈ ਸਾਚੀ ਸੇਜ ਪਲੰਘ, ਨਿਰਵੈਰ ਆਪ ਹੰਢਾਇਆ । ਪਾਰਬ੍ਰਹਮ ਨਿਰਧਨ ਹੋਏ ਮੰਗੇ ਮੰਗ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕਿਸੇ ਨਾ ਆਇਆ । ਹਰਿ ਕਾ ਭੇਵ ਅਗੰਮ ਅਪਾਰ, ਏਕਾ ਏਕ ਏਕ ਜਣਾਇੰਦਾ । ਆਦਿ ਆਦਿ ਨੂਰ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਸੀਸ ਰੱਖ ਸ਼ਬਦ ਦਸਤਾਰ, ਤਾਜ ਤਾਜਾਂ ਆਪ ਰਖਾਇੰਦਾ । ਆਪਣਾ ਕਾਜ ਕਰੇ ਕਰਤਾਰ, ਆਪਣੀ ਕਰਨੀ ਕਿਰਤ ਵਖਾਇੰਦਾ । ਆਪਣਾ ਰਾਜ ਕਰੇ ਸਿਕਦਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਆਪਣਾ ਰੂਪ ਆਪ ਪਰਗਟਾਇਆ, ਪੁਰਖ ਅਬਿਨਾਸ਼ੀ ਚਤਰ ਸੁਜਾਨ । ਆਪਣੀ ਸੇਜਾ ਆਪ ਹੰਢਾਇਆ, ਨਾਰੀ ਕੰਤ ਮੇਲਾ ਮੇਲ ਸ੍ਰੀ ਭਗਵਾਨ । ਜਨ ਜਨਣੀ ਆਪ ਅਖਵਾਇਆ, ਦਾਈ ਦਾਇਆ ਬਣ ਗੁਣ ਨਿਧਾਨ । ਸਾਚਾ ਸੁਤ ਏਕਾ ਜਾਇਆ, ਸ਼ਬਦ ਅਗੰਮੀ ਹੋ ਮਿਹਰਬਾਨ । ਥਿਰ ਘਰ ਸਾਚੇ ਆਪ ਬਹਾਇਆ, ਆਪੇ ਦੇਵੇ ਧੁਰ ਫ਼ਰਮਾਨ । ਸਾਚਾ ਤਾਜ ਹੱਥ ਟਿਕਾਇਆ, ਪੰਚਮ ਮੁਖ ਕਰ ਪਰਵਾਨ । ਛੇਵੇਂ ਛੱਪਰ ਛੰਨ ਨਾ ਕੋਇ ਵਖਾਇਆ, ਸਾਚੇ ਮੰਦਰ ਬੈਠ ਹੋਏ ਨਿਗਹਬਾਨ । ਸਤਿ

੧੨੮੮ ੦੯

ਪੁਰਖ ਨਿਰੰਜਣ ਖੇਲ ਖਿਲਾਇਆ, ਆਪੇ ਦੇਵੇ ਦਾਨੀ ਦਾਨ । ਸਤ ਰੰਗ ਨਿਸ਼ਾਨ ਆਪਣਾ ਆਪ ਚੜ੍ਹਾਇਆ, ਨਾ ਕੋਈ ਦਿਸੇ ਜ਼ਿਮੀ ਅਸਮਾਨ । ਸੂਰਜ ਚੰਨ ਨਾ ਕੋਇ ਰੁਸ਼ਨਾਇਆ, ਜੋਤ ਜਗਾਏ ਨਾ ਕੋਟਨ ਭਾਨ । ਇਕ ਇਕੱਲਾ ਆਸਣ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸ਼ਬਦ ਸੁਤ ਦੁਲਾਰਾ । ਆਪੇ ਮਾਤ ਪਿਤ ਦਏ ਹੁਲਾਰਾ, ਜਨਣੀ ਜਨ ਆਪ ਅਖਵਾਇਆ । ਜਨਣੀ ਜਨ ਜਣਿਆ ਪੂਤ, ਸਚਖੰਡ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣਾ ਸੂਤ, ਪਰਸੂਤ ਆਪਣਾ ਬੰਧਨ ਆਪੇ ਪਾਈਆ । ਆਪੇ ਲੇਖਾ ਜਾਣੇ ਦਹਿ ਦਿਸ਼ਾ ਚਾਰੇ ਕੂਟ, ਕੂਟ ਕੂਟਾਂ ਆਪ ਸਮਾਈਆ । ਆਪਣੇ ਉਪਰ ਆਪੇ ਜਾਏ ਤੂਠ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜਾਇਆ ਸੁਤ ਦੁਲਾਰ, ਸ਼ਬਦੀ ਨਾਉਂ ਅਗੰਮ ਅਪਾਰ, ਨਾ ਮਰੇ ਨਾ ਜਾਈਆ । ਸ਼ਬਦ ਸੁਤ ਉਠਿਆ ਬਲਵਾਨ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨ, ਹਉਂ ਸੇਵਕ ਸੇਵ ਕਮਾਇੰਦਾ । ਨਿਰਗੁਣ ਰੂਪ ਸ੍ਰੀ ਭਗਵਾਨ, ਦਿਸ ਕਿਸੇ ਨਾ ਆਇੰਦਾ । ਹਉਂ ਭਿਖਕ ਮੰਗੇ ਦਾਨ, ਅੱਗੇ ਆਪਣੀ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਸਾਚਾ ਦਰ, ਹਰਿ ਜੂ ਹਰਿ ਮੰਦਰ ਆਪ ਸੁਹਾਇੰਦਾ । ਹਰਿ ਜੂ ਹਰਿਮੰਦਰ ਸੁਹਾਵਣਾ ਸਤਿ ਪੁਰਖ ਨਿਰੰਜਣ ਗੁਰ ਕਰਤਾਰ । ਹੁਕਮੀ ਹੁਕਮ ਹੁਕਮ ਵਰਤਾਵਣਾ, ਵਰਤੇ ਵਰਤਾਵੇ ਵਰਤਾਵਣਹਾਰ । ਸ਼ਬਦ ਅਨਾਦੀ ਨਾਦ ਵਜਾਵਣਾ, ਨਾ ਕੋਈ ਹਲਾਏ ਤਾਰ ਸਤਾਰ । ਬੋਧ ਅਗਾਧੀ ਖੇਲ ਖਲਾਵਣਾ, ਬੋਧ ਅਗਾਧਾ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਥਿਰ ਘਰ ਬੈਠ ਸੱਚੇ ਦਰਬਾਰ । ਥਿਰ ਘਰ ਸਾਚਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਨਿਸ਼ਅੱਖਰ ਸ਼ਬਦ ਆਪੇ ਬੋਲਿਆ, ਸੁਤ ਦੁਲਾਰਾ ਬਣ ਜਵਾਨ । ਅਬਿਨਾਸ਼ੀ ਕਰਤੇ ਏਕਾ ਕੰਡੇ ਤੋਲਿਆ, ਤੋਲਣਹਾਰਾ ਨਿਗਹਬਾਨ । ਆਦਿ ਜੁਗਾਦਿ ਰਹੇ ਅਡੋਲਿਆ, ਨਾ ਡੋਲੇ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਪਜਾਏ ਸਾਚਾ ਸਰ, ਦਰ ਘਰ ਸਾਚਾ ਆਪ ਸੁਹਾਈਆ । ਦਰ ਘਰ ਹਰਿ ਸੁਹਾਇੰਦਾ, ਥਿਰ ਘਰ ਵੱਡੀ ਵਡਿਆਈਆ । ਏਕਾ ਸ਼ਬਦ ਵਿਚ ਟਿਕਾਇੰਦਾ, ਪਾਰਬ੍ਰਹਮ ਸੁਤ ਏਕਾ ਜਾਈਆ । ਗੁਣ ਅਵਗੁਣ ਨਾ ਕੋਇ ਜਣਾਇੰਦਾ, ਲੇਖਾ ਲਿਖ ਨਾ ਕੋਇ ਸੁਣਾਈਆ । ਸਾਚੇ ਮਾਰਗ ਆਪੇ ਪਾਇੰਦਾ, ਆਪਣੇ ਨਾਮ ਕਰੇ ਕੁੜਮਾਈਆ । ਏਕਾ ਰਾਗ ਏਕਾ ਤਾਲ ਆਪ ਵਜਾਇੰਦਾ, ਤਾਲ ਤਲਵਾੜਾ ਜਗਤ ਸਤਾਰ, ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਥਿਰ ਘਰ ਸਾਚਾ ਆਪ ਸੁਹਾਈਆ । ਥਿਰ ਘਰ ਸਾਚਾ ਸਤਿਗੁਰ ਦੀਨ ਦਿਆਲਾ, ਏਕਾ ਰੰਗ ਰੰਗਾਈਆ । ਕਰੇ ਖੇਲ ਗੁਰ ਗੋਪਾਲਾ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਵੈਰ ਚਲੇ ਅਵੱਲੜੀ ਚਾਲਾ, ਮੂਰਤ ਅਕਾਲ ਭੇਵ ਨਾ ਰਾਈਆ । ਸ਼ਬਦੀ ਸੁਤ ਉਪਜਾਇਆ ਸਾਚਾ ਲਾਲਾ, ਲਾਲੋ ਲਾਲ ਲਾਲਨ ਰੰਗ ਰੰਗਾਈਆ । ਚਰਨਾਂ ਕੋਲ ਬਹਾਏ ਮਹਾਂਕਾਲਾ, ਆਪ ਆਪਣੀ ਧਾਰ ਧਾਰ ਵਿਚੋਂ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵਖਾਏ ਸਾਚਾ ਘਰ, ਧਰਮਸਾਲ ਇਕ ਉਪਜਾਈਆ । ਧਰਮਸਾਲ ਹਰਿ ਵਸਿਆ, ਪਾਰਬ੍ਰਹਮ ਹਰਿ ਨਿਰੰਕਾਰ । ਆਦਿ ਜੁਗਾਦੀ ਫਿਰੇ ਨੱਸਿਆ, ਆਪੇ ਕਰੇ ਆਪਣੀ ਕਾਰ । ਆਪਣਾ ਮਾਰਗ ਆਪੇ ਦੱਸਿਆ, ਦੱਸਣਹਾਰਾ ਭੇਵ ਨਿਆਰ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਇਕ ਉਪਜਾਏ ਸੁਤ ਦੁਲਾਰ । ਸੁਤ ਦੁਲਾਰਾ ਸ਼ਬਦ ਉਪਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਸਰਗੁਣ ਡੰਕ ਵਜਾਇਆ, ਨਿਰਵੈਰ ਆਪ ਸੁਣਾਈਆ । ਪੁਰਖ ਅਕਾਲਾ ਆਪੇ ਗਾਇਆ, ਦੀਨ ਦਿਆਲਾ ਸੁਣਨੇਹਾਰ ਭੇਵ ਨਾ ਰਾਈਆ । ਅਵੱਲੜੀ ਚਾਲਾ ਆਪ ਚਲਾਇਆ, ਸਚਖੰਡ ਵੇਖੇ ਥਾਉਂ ਥਾਈਆ । ਆਪਣੀ ਘਾਲਾ ਆਪ ਘੁਮਾਇਆ, ਘੋਲੀ ਘੋਲ ਨਾ ਕੋਇ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਉਪਨਿਆ, ਪਾਰਬ੍ਰਹਮ ਪੁਰਖ ਪਰਮੇਸ਼ਵਰ ਆਪੇ ਜਣਿਆ, ਧੰਨ ਧੰਨ ਜਣੇਂਦੀ ਮਾਈਆ । ਧੰਨ ਮਾਤਾ ਧੰਨ ਪਿਤਾ, ਪਰਮ ਪੁਰਖ ਅਕਾਲ ਆਪ ਅਖਵਾਇੰਦਾ । ਆਪੇ ਦੇਵੇ ਸਾਚੀ ਦਾਤਾ, ਵੰਡਣਹਾਰਾ ਆਪਣੀ ਵੰਡ ਵੰਡਾਇੰਦਾ । ਆਪੇ ਜਾਣੇ ਆਪਣੀ ਉਤਮ ਜ਼ਾਤਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣੀ ਗਾਥਾ, ਆਪਣਾ ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਾਥਾ ਆਪ ਨਿਭਾਇੰਦਾ । ਸਾਚਾ ਸਾਥ ਸਗਲਾ ਸੰਗ, ਏਕਾ ਏਕੰਕਾਰਾ ਆਪ ਨਿਭਾਈਆ । ਸੁਤ ਦੁਲਾਰੇ ਮੰਗੀ ਮੰਗ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਏਕਾ ਡੋਰੀ ਇਕ ਪਤੰਗ, ਏਕਾ ਰਿਹਾ ਉਡਾਈਆ । ਏਕਾ ਵਸੇ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਆਦਿ ਜੁਗਾਦੀ ਜੁਗਾ ਜੁਗੰਤਰ ਨਾ ਹੋਏ ਭੰਗ, ਸਮਰਥ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਦਏ ਸਮਝਾਈਆ । ਸੁਤ ਦੁਲਾਰੇ ਜਾਗਣਾ, ਪੁਰਖ ਅਬਿਨਾਸ਼ੀ ਆਪ ਜਗਾਇੰਦਾ । ਤੇਰੇ ਅੰਦਰ ਇਕ ਵੈਰਾਗਨਾ, ਵੈਰਾਗੀ ਵੈਰਾਗ ਆਪ ਉਪਜਾਇੰਦਾ । ਮੇਰਾ ਤੇਰਾ ਮੇਲ ਕੰਤ ਸੁਹਾਗਣਾ, ਸਚ ਸੁਹਾਗੀ ਸਚ ਸੁਹਾਗ ਹੰਢਾਇੰਦਾ । ਮੇਰਾ ਹੁਕਮ ਤੇਰਾ ਨਾਦਨਾ, ਨਾਦੀ ਨਾਦ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਭੇਵ ਖੁਲਾਏ ਹਰਿ ਕਰਤਾਰ, ਸ਼ਬਦੀ ਸ਼ਬਦ ਸਮਝਾਇਆ । ਤੇਰਾ ਰੂਪ ਅਗੰਮ ਅਪਾਰ, ਅਲੱਖ ਅਗੋਚਰ ਆਪ ਉਪਾਇਆ । ਸਚਖੰਡ ਦਵਾਰੇ ਕਰੇ ਪਿਆਰ, ਸਚਖੰਡ ਨਿਵਾਸੀ ਆਪਣਾ ਮੇਲ ਮਿਲਾਇਆ । ਥਿਰ ਘਰ ਮੇਲਾ ਸੱਚੀ ਸਰਕਾਰ, ਸ਼ਾਹ ਸ਼ਾਹਾਨਾ ਹੋਏ ਸਹਾਇਆ । ਆਪਣੇ ਰੰਗ ਰੰਗੇ ਕਰਤਾਰ, ਰੰਗ ਰੰਗੀਲਾ ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਵਸਤ ਝੋਲੀ ਪਾਇਆ । ਸਾਚੀ ਵਸਤ ਸ੍ਰੀ ਭਗਵਾਨ, ਏਕਾ ਝੋਲੀ ਪਾਇੰਦਾ । ਨਿਰਗੁਣ ਨਿਰਾਕਾਰ ਦੇਵੇ ਦਾਨ, ਸਾਕਾਰ ਵੰਡ ਵੰਡਾਇੰਦਾ । ਦੋਹਾਂ ਵਚੋਲਾ ਬਣੇ ਆਪ ਕਰਤਾਰ, ਆਪਣਾ ਭੇਵ ਆਪ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਹਰਿ ਮੰਦਰ ਸੋਭਨੀਕ, ਸਤਿ ਪੁਰਖ ਨਿਰੰਜਣ ਆਪ ਸੁਹਾਇਆ । ਵਾਹਦ ਵਸੇ ਲਾਸ਼ਰੀਕ, ਪਰਵਰਦਿਗਾਰ ਨੂਰੋ ਨੂਰ ਡਗਮਗਾਇਆ । ਆਪਣੇ ਦਵਾਰੇ ਆਪਣੀ ਰੱਖੀ ਇਕ ਤਰੀਕ, ਆਪ ਆਪਣਾ ਹੁਕਮ ਸੁਣਾਇਆ । ਸ਼ਬਦ ਮੰਗੇ ਇਕ ਭਿਖਾਰੀ ਭੀਖ, ਸਾਚੀ ਭਿਛਿਆ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸੱਚਾ ਵਰ, ਆਪਣਾ ਪਰਦਾ ਦਏ ਉਠਾਇਆ । ਆਪਣਾ ਪਰਦਾ ਆਪ ਉਠਾਇੰਦਾ, ਕਰ ਕਿਰਪਾ ਗੁਣ ਨਿਧਾਨ । ਸਾਚੇ ਸੁਤ ਆਪ ਸਮਝਾਇੰਦਾ, ਨਿਰਗੁਣ ਨਿਰਗੁਣ ਹੋ ਮਿਹਰਵਾਨ । ਤੇਰਾ ਮਹੱਲ ਇਕ ਵਸਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡ ਖੰਡ

ਬਣਾਏ ਦੁਕਾਨ । ਆਪਣੀ ਧਾਰਾ ਧਾਰ ਚਲਾਇੰਦਾ, ਨਿਰਾਕਾਰ ਸਾਕਾਰ ਹੋਏ ਮਿਹਰਬਾਨ । ਵਿਸ਼ਵ ਆਪਣਾ ਰੂਪ ਵਟਾਇੰਦਾ, ਵਿਸ਼ਨੂੰ ਦੇਵੇ ਸਾਚਾ ਦਾਨ । ਅੰਮ੍ਰਿਤ ਚਰਨ ਕਵਲ ਬਹਾਇੰਦਾ, ਨਾਭੀ ਕਵਲ ਕਰੇ ਪਰਵਾਨ । ਤੇਰਾ ਰੂਪ ਸਿੰਚ ਹਰਾ ਕਰਾਇੰਦਾ, ਬੀਜ ਬੀਜੇ ਆਪ ਮਿਹਰਵਾਨ । ਮਾਤ ਪਿਤ ਨਾ ਕੋਇ ਬਣਾਇੰਦਾ, ਲੇਖਾ ਜਾਣੇ ਗੋਪੀ ਕਾਹਨ । ਕਵਲ ਕਵਲਾ ਆਪ ਖੁਲ੍ਹਾਇੰਦਾ, ਨਾਭੀ ਰੂਪ ਹੋ ਪਰਧਾਨ । ਵਿਸ਼ਨੂੰ ਸਾਚੀ ਸੇਵ ਕਮਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਆਪ ਸਮਝਾਇੰਦਾ । ਵਿਸ਼ਨੂੰ ਉਪਾਇਆ ਵਿਸ਼ਵ ਧਾਰ, ਵਾਸਤਕ ਰੂਪ ਆਪ ਪਰਗਟਾਈਆ । ਕਵਲ ਕਵਲਾ ਕਰ ਉਜਿਆਰ, ਨਾਭੀ ਅੰਮ੍ਰਿਤ ਆਪ ਵਖਾਈਆ । ਫੁਲ ਪੰਖੜੀ ਕਰ ਤਿਆਰ, ਫੁਲ ਫਲਵਾੜੀ ਆਪ ਮਹਿਕਾਈਆ । ਆਪੇ ਅੰਦਰ ਆਪੇ ਬਾਹਰ, ਰੂਪ ਅਨੂਪ ਆਪ ਵੰਡਾਈਆ । ਪਾਰਬ੍ਰਹਮ ਬ੍ਰਹਮ ਹੋ ਤਿਆਰ, ਬ੍ਰਹਮ ਆਪਣਾ ਰੂਪ ਧਰਾਈਆ । ਉਚੀ ਕੂਕ ਕਰੇ ਪੁਕਾਰ, ਦੋਏ ਜੋੜ ਪਏ ਸਰਨਾਈਆ । ਵਿਸ਼ਨੂੰ ਬ੍ਰਹਮੇ ਏਕਾ ਧਾਰ, ਪੁਰਖ ਅਬਿਨਾਸ਼ੀ ਪਿਤਾ ਮਾਈਆ । ਆਪੇ ਵਸੇ ਧੁਆਂਧਾਰ, ਸੁੰਨ ਅਗੰਮੀ ਡੇਰਾ ਲਾਈਆ । ਸ਼ਬਦੀ ਸ਼ਬਦ ਕਰ ਪਸਾਰ, ਸ਼ਬਦ ਸ਼ਬਦੀ ਖੇਲ ਖਿਲਾਈਆ । ਸ਼ੰਕਰ ਮੇਲਾ ਹਰਿ ਕਰਤਾਰ, ਹਰਿ ਕਾ ਰੂਪ ਅਨੂਪ ਵਟਾਈਆ । ਏਕਾ ਗੁਰ ਇਕ ਅਵਤਾਰ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਸੁਤ ਸਮਝਾਈਆ । ਏਕਾ ਸ਼ਬਦ ਸੁਤ ਦੁਲਾਰਾ, ਪੁਰਖ ਅਬਿਨਾਸ਼ੀ ਆਪ ਉਪਾਇਆ । ਏਕਾ ਰੂਪ ਹਰਿ ਨਿਰੰਕਾਰਾ, ਨਿਰਗੁਣ ਆਪਣਾ ਨਾਉਂ ਰਖਾਇਆ । ਏਕਾ ਜੋਤੀ ਜੋਤ ਉਜਿਆਰਾ, ਜੋਤੀ ਜੋਤ ਡਗਮਗਾਇਆ । ਏਕਾ ਮਾਤ ਪਿਤ ਕਰੇ ਪਿਆਰਾ, ਏਕਾ ਮਈਆ ਨਾਉਂ ਵਖਾਇਆ । ਏਕਾ ਕਰੇ ਸਤਿ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਆਪੇ ਜਾਇਆ । ਇਕ ਬਣਾਏ ਸੇਵਾਦਾਰਾ, ਸਾਚੀ ਸੇਵਾ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਸਾਚੇ ਸ਼ਬਦ ਸ਼ਬਦ ਵਡਿਆਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਦਾਨ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਅੱਖਰ ਇਕ ਗਿਆਨ, ਏਕਾ ਇਕ ਕਰੇ ਪੜ੍ਹਾਈਆ । ਏਕਾ ਨੂਰ ਸ੍ਰੀ ਭਗਵਾਨ, ਰੂਪ ਅਨੂਪ ਇਕ ਦਰਸਾਈਆ । ਏਕਾ ਮੰਦਰ ਇਕ ਮਕਾਨ, ਏਕਾ ਬੈਠਾ ਆਸਣ ਲਾਈਆ । ਏਕਾ ਦੇਵੇ ਧੁਰ ਫ਼ਰਮਾਣ, ਏਕਾ ਹੁਕਮੀ ਹੁਕਮ ਚਲਾਈਆ । ਏਕਾ ਰੱਖੇ ਸਾਚੀ ਆਣ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹੀਆ । ਬ੍ਰਹਮਾ ਵਿਸ਼ਨ ਸ਼ਿਵ ਭੁੱਲ ਨਾ ਜਾਣਾ ਬਣ ਨਾਦਾਨ, ਪ੍ਰਭ ਵੇਖਣਹਾਰਾ ਥਾਉਂ ਥਾਈਆ । ਦੋ ਜਹਾਨ ਰੱਖੇ ਮਾਣ, ਬਖ਼ਸ਼ੇ ਚਰਨ ਕਵਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਆਪ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਸੁਣਿਆ ਕਰ ਧਿਆਨ, ਜੋ ਸਤਿਗੁਰ ਪੁਰਖ ਸੁਣਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਤੇਰੇ ਚਰਨ ਕਵਲ ਇਕ ਧਿਆਨ, ਦੂਸਰ ਓਟ ਨਾ ਕੋਇ ਤਕਾਇਆ । ਤੇਰਾ ਰੂਪ ਸ੍ਰੀ ਭਗਵਾਨ, ਏਕਾ ਇਸ਼ਟ ਇਸ਼ਟ ਮਨਾਇਆ । ਓਮ ਓਮ ਨੌਜਵਾਨ, ਸ੍ਰੈਮ ਤੇਰਾ ਦਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਭੇਵ ਦਏ ਖੁਲ੍ਹਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਕਵਣ ਨਾਉਂ ਤੇਰਾ ਲਈਏ ਉਚਾਰ, ਨਾਉਂ ਨਿਰੰਕਾਰਾ ਬੇਪਰਵਾਹੀਆ । ਕਵਣ ਗੁਣ ਗਾਏ ਵਾਰੋ ਵਾਰ, ਗਾਵਤ ਗਾਵਤ ਗੀਤ ਗੋਬਿੰਦ ਅਲਾਈਆ ।

ਕਵਣ ਘਰ ਮੰਗੇ ਬਣ ਭਿਖਾਰ, ਦਰ ਅਲੱਖਣਾ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣੀ ਵਸਤ ਅਮੋਲਕ ਆਪ ਵਖਾਈਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਕਿਰਪਾ ਨਿਧ ਗੁਣ ਨਿਧਾਨ । ਬ੍ਰਹਮੇ ਵਿਸ਼ਨ ਸ਼ਿਵ ਆਪ ਸਮਝਾਇੰਦਾ, ਦੇਵਣਹਾਰਾ ਦਾਨੀ ਦਾਨ । ਆਦਿ ਪੁਰਖ ਆਪਣੀ ਕਲ ਵਰਤਾਇੰਦਾ, ਰੂਪ ਰੰਗ ਨਾ ਦਿਸੇ ਕੋਇ ਪਛਾਣ । ਪੁਰਖ ਅਕਾਲ ਆਪ ਅਖਵਾਇੰਦਾ, ਆਪਣਾ ਲੇਖਾ ਜਾਣੇ ਆਪ ਸ੍ਰੀ ਭਗਵਾਨ । ਸਾਚਾ ਸ਼ਬਦ ਤਾਲ ਵਜਾਇੰਦਾ, ਏਕਾ ਨਾਦ ਸੱਚੀ ਧੁਨਕਾਨ । ਤ੍ਰੈ ਤ੍ਰੈ ਆਪਣਾ ਮੇਲ ਮਿਲਾਇੰਦਾ, ਚੇਲਾ ਗੁਰ ਹੋਏ ਮਿਹਰਵਾਨ । ਏਕਾ ਹੁਕਮੀ ਹੁਕਮ ਸੁਣਾਇੰਦਾ, ਨਿਰਗੁਣ ਸਰਗੁਣ ਵੇਖ ਨਿਸ਼ਾਨ । ਸੋ ਪੁਰਖ ਨਿਰੰਜਣ ਆਪਣਾ ਨਾਉਂ ਧਰਾਇੰਦਾ, ਧੁਰ ਦੀ ਬਾਣੀ ਮਾਰੇ ਬਾਣ । ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ, ਦਰਗਹਿ ਸਾਚੀ ਸਚ ਨਿਸ਼ਾਨ । ਏਕੰਕਾਰਾ ਪੰਚਮ ਤਾਜ ਸੀਸ ਆਪ ਟਿਕਾਇੰਦਾ, ਤਖ਼ਤ ਸੋਹੇ ਰਾਜ ਰਾਜਾਨ । ਆਦਿ ਨਿਰੰਜਣ ਦਰ ਦਰਵੇਸ਼ ਹੁਕਮ ਕਮਾਇੰਦਾ, ਜੋਤੀ ਜੋਤ ਜਗੇ ਮਹਾਨ । ਅਬਿਨਾਸ਼ੀ ਕਰਤਾ ਉਠ ਉਠ ਵੇਖ ਵਖਾਇੰਦਾ, ਆਦਿ ਜੁਗਾਦੀ ਨਿਗਹਬਾਨ । ਸ੍ਰੀ ਭਗਵਾਨ ਆਪਣਾ ਸੰਗ ਆਪ ਨਿਭਾਇੰਦਾ, ਵਿਛੜ ਜਾਏ ਨਾ ਦੋ ਜਹਾਨ । ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ, ਆਪੇ ਵੇਖੇ ਮਾਰ ਧਿਆਨ । ਏਕਾ ਦੂਆ ਆਪ ਹੋ ਜਾਇੰਦਾ, ਏਕੰਕਾਰਾ ਸ੍ਰੀ ਭਗਵਾਨ । ਅਨਭਵ ਪਰਕਾਸ਼ ਆਪਣਾ ਆਪ ਵਖਾਇੰਦਾ, ਰੂਪ ਰੰਗ ਨਾ ਕੋਇ ਨਿਸ਼ਾਨ । ਮੂਰਤ ਸੂਰਤ ਡਗਮਗਾਇੰਦਾ, ਨੂਰੀ ਨੂਰ ਨੂਰ ਨੂਰ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਉਂ ਆਪ ਜਪਾਇੰਦਾ । ਆਪਣਾ ਨਾਉਂ ਹਰਿ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਵਿਸ਼ਨੂੰ ਬਾਹੋਂ ਫੜ ਉਠਾਇੰਦਾ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਬ੍ਰਹਮੇ ਏਕਾ ਰਾਗ ਅਲਾਇੰਦਾ, ਆਤਮ ਧੁਨ ਸੱਚੀ ਧੁਨਕਾਨ । ਸ਼ੰਕਰ ਹੱਥ ਤ੍ਰਿਸੂਲ ਫੜਾਇੰਦਾ, ਏਕਾ ਬਖ਼ਸ਼ੇ ਚਰਨ ਧਿਆਨ । ਦੂਈ ਕੁਦਰਤ ਵੇਖ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਗੁਣ ਨਿਧਾਨ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸਮਝਾਇਆ, ਆਪਣਾ ਨਾਉਂ ਗਹਿਰ ਗੰਭੀਰ । ਸੋਹੰ ਰੂਪ ਆਪ ਵਟਾਇਆ, ਨਾ ਕੋਈ ਬਸਤਰ ਪਹਿਰੇ ਚੀਰ । ਹੰ ਬ੍ਰਹਮ ਸਰੂਪ ਸਬਾਇਆ, ਕਰੇ ਖੇਲ ਅੰਤ ਅਖ਼ੀਰ । ਸਾਚੀ ਧੀਰ ਆਪ ਧਰਾਇਆ, ਤ੍ਰੈ ਤ੍ਰੈ ਬੰਨ੍ਹਣਹਾਰਾ ਬੀੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਲੇਖਾ ਜਾਣੇ ਸ਼ਾਹ ਹਕੀਰ । ਬ੍ਰਹਮੇ ਵਿਸ਼ਨ ਸ਼ਿਵ ਹਰਿ ਜਣਾਇਆ, ਸੋਹੰ ਰੂਪ ਭੇਵ ਨਾ ਰਾਈਆ । ਹੰ ਬ੍ਰਹਮ ਪ੍ਰਭ ਮੇਲ ਮਿਲਾਇਆ, ਪਾਰਬ੍ਰਹਮ ਸੱਚੀ ਸਰਨਾਈਆ । ਨਾ ਮਰੇ ਨਾ ਪਏ ਜੰਮ ਅਗੰਮ ਅਗੰਮੜਾ ਅਗੰਮੜੀ ਕਾਰ ਕਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤਤ ਆਪਣਾ ਆਪ ਵਖਾਈਆ । ਹਰਿ ਹਰਿ ਤਤ ਜਣਾਇੰਦਾ, ਨਿਰਗੁਣ ਰੂਪ ਅਪਾਰ । ਵਿਸ਼ਨੂੰ ਵਿਸ਼ਵ ਧਾਰ ਵਖਾਇੰਦਾ, ਆਪ ਆਪਣੀ ਕਰ ਵਿਚਾਰ । ਪਾਰਬ੍ਰਹਮ ਬ੍ਰਹਮ ਵੰਡ ਵੰਡਾਇੰਦਾ, ਅਲੱਖ ਅਲੱਖਣਾ ਖੇਲ ਨਿਆਰ । ਸ਼ੰਕਰ ਸੰਸਾ ਰੋਗ ਮਿਟਾਇੰਦਾ, ਆਪ ਆਪਣਾ ਕਰ ਪਿਆਰ । ਆਪਣੀ ਇਛਿਆ ਭਿਛਿਆ ਝੋਲੀ ਪਾਇੰਦਾ, ਤ੍ਰੈਗੁਣ ਮਾਇਆ ਕਰ ਵਰਤਾਰ । ਸਤੋ ਰਜੋ ਤਮੋ ਸੰਗ ਰਖਾਇੰਦਾ, ਸਗਲਾ ਸੰਗ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵੇ ਇਕ ਸੱਚਾ ਭੰਡਾਰ । ਸਚ ਭੰਡਾਰ ਵਰਤਾਇੰਦਾ, ਬ੍ਰਹਮਾ

੧੨੯੨

ਵਿਸ਼ਨ ਸ਼ਿਵ ਕਰ ਤਿਆਰ । ਤ੍ਰੈਗੁਣ ਮਾਇਆ ਝੋਲੀ ਪਾਇੰਦਾ, ਦੇਵੇ ਹੁਕਮ ਸੱਚੀ ਸਰਕਾਰ । ਲੱਖ ਚੁਰਾਸੀ ਬਣਤ ਬਣਾਇੰਦਾ, ਪੰਜ ਤਤ ਕਰ ਉਜਿਆਰ । ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ, ਅਪ ਤੇਜ਼ ਵਾਏ ਕਰੇ ਪਿਆਰ । ਏਕਾ ਰੰਗਣ ਰੰਗ ਚੜ੍ਹਾਇੰਦਾ, ਆਪੇ ਵਸੇ ਸਭ ਤੋਂ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਵਿਸ਼ਨੂੰ ਸੁਣਨਾ ਕਰ ਧਿਆਨ, ਹਰਿ ਪੁਰਖ ਨਿਰੰਜਣ ਆਪ ਜਣਾਇੰਦਾ । ਤੂੰ ਦਾਤਾ ਰਿਜ਼ਕ ਦੋ ਜਹਾਨ, ਘਰ ਘਰ ਰਿਜ਼ਕ ਪੁਚਾਇੰਦਾ । ਬ੍ਰਹਮਾ ਤੇਰੀ ਬ੍ਰਹਮ ਸੰਤਾਨ, ਲੱਖ ਚੁਰਾਸੀ ਆਪ ਵਖਾਇੰਦਾ । ਸ਼ੰਕਰ ਤੇਰੇ ਹੱਥ ਨਿਸ਼ਾਨ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ ਹੋਏ ਨਿਗਹਬਾਨ, ਸਚਖੰਡ ਦਵਾਰ ਸੁਹਾਇੰਦਾ । ਸ਼ਬਦੀ ਦੇਵੇ ਧੁਰ ਫ਼ਰਮਾਨ, ਆਦਿ ਜੁਗਾਦੀ ਆਪ ਅਲਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਸੀਸ ਆਪਣੇ ਤਾਜ ਟਿਕਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਏਕਾ ਪੱਲੇ ਗੰਢ ਬੰਧਾਇੰਦਾ । ਪੰਜ ਤਤ ਦੇਵੇ ਮਾਣ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਵਿਚਾਰ, ਪ੍ਰਭ ਅੱਗੇ ਢਹਿ ਢਹਿ ਪਏ ਸਰਨਾਈਆ । ਤੇਰਾ ਹੁਕਮ ਸੱਚੀ ਸਰਕਾਰ, ਸੀਸ ਆਪਣੇ ਲਏ ਟਿਕਾਈਆ । ਲੱਖ ਚੁਰਾਸੀ ਮਹਲ ਰਹੇ ਉਸਾਰ, ਘੜ ਭਾਂਡੇ ਆਪ ਘੜਾਈਆ । ਤੇਰੀ ਵਸਤ ਨਿਰਾਧਾਰ, ਨਿਰਗੁਣ ਤੇਰੇ ਵਿਚ ਸਮਾਈਆ । ਤੂੰ ਕਿਰਪਾ ਕਰ ਅੰਤਮ ਵਾਰ, ਆਤਮ ਬ੍ਰਹਮ ਮੇਲ ਮਿਲਾਈਆ । ਈਸ਼ ਜੀਵ ਇਕ ਪਿਆਰ, ਜਗਤ ਜਗਦੀਸ਼ ਤੇਰੀ ਵਡਿਆਈਆ । ਤੇਰੇ ਸੀਸ ਸੋਹੇ ਦਸਤਾਰ, ਸ਼ਾਹ ਪਾਤਸ਼ਾਹ ਤੂੰ ਇਕ ਅਖਵਾਈਆ । ਤੂੰ ਦਾਤਾ ਦਾਨੀ ਦੇਵਣਹਾਰ, ਹਉਂ ਮੰਗਦੇ ਤ੍ਰੈ ਤ੍ਰੈ ਭਿਖਾਰੀ ਦਰ ਤੇਰੇ ਬੈਠੇ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਭੁੱਲ ਕਦੇ ਨਾ ਜਾਈਆ । ਸਾਚਾ ਵਰ ਪੁਰਖ ਅਬਿਨਾਸ਼ੀ ਦੇਣਾ, ਭੁੱਲ ਕਦੇ ਨਾ ਜਾਈਆ । ਤੇਰਾ ਬਸਤਰ ਸਾਚਾ ਗਹਿਣਾ, ਸਾਚੇ ਨੈਣਾਂ ਰੰਗ ਚੜ੍ਹਾਈਆ । ਤੇਰੇ ਭਾਣੇ ਸਦਾ ਰਹਿਣਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਸੱਚੀ ਸਚ ਮਿਲੇ ਸਰਨਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਆਪਣੀ ਦਇਆ ਕਮਾਇੰਦਾ । ਆਪ ਉਠਾਏ ਸੁਤ ਮਹਾਂਕਾਲਾ, ਸਾਚਾ ਸੰਗ ਵਖਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਚਾਲ ਅਵੱਲੜੀ ਇਕ ਰਖਾਇੰਦਾ । ਤ੍ਰੈਗੁਣ ਤੇਰਾ ਜੰਜਾਲਾ, ਆਪਣੀ ਹੱਥੀਂ ਆਪ ਤੁੜਾਇੰਦਾ । ਆਪੇ ਲੱਖ ਚੁਰਾਸੀ ਫਲ ਲਗਾਏ ਡਾਲ੍ਹਾ, ਪੰਚਮ ਭਸਮ ਆਪਣੇ ਆਪ ਕਰਾਇੰਦਾ । ਆਪੇ ਹੋਏ ਸ਼ਾਹ ਕੰਗਾਲਾ, ਰਾਜ ਰਾਜਨ ਸ਼ਾਹੋ ਭੂਪ ਦਰ ਦਰਬਾਨ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪਣੇ ਭਾਣੇ ਆਪ ਰਖਾਇੰਦਾ । ਮੰਨਣਾ ਭਾਣਾ ਹਰਿ ਕਰਤਾਰ, ਭੁੱਲ ਰਹੇ ਨਾ ਰਾਈਆ । ਆਵਾਂ ਜਾਵਾਂ ਵਿਚ ਸੰਸਾਰ, ਲੋਕਮਾਤ ਕਰ ਰੁਸ਼ਨਾਈਆ । ਨਿਰਗੁਣ ਸਰਗੁਣ ਬੰਨਾਂ ਧਾਰ, ਦੋ ਜਹਾਨ ਵਡ ਵਡਿਆਈਆ । ਰਵ ਸਸ ਸੂਰਜ ਚੰਨ ਕਰਾਂ ਉਜਿਆਰ, ਮੰਡਲ ਮੰਡਪ ਆਪ ਸੁਹਾਈਆ । ਧਰਤ ਧਵਲ ਦਏ ਸਹਾਰ, ਜਲ ਬਿੰਬ ਆਪ ਟਿਕਾਈਆ । ਲੱਖ ਚੁਰਾਸੀ ਕਰ ਪਸਾਰ, ਉਤਭੁਜ ਸੇਤਜ ਜੇਰਜ ਅੰਡ ਰਚਨ ਰਚਾਈਆ । ਏਕਾ ਸ਼ਬਦ ਧੁਨ ਜੈਕਾਰ, ਚਾਰੇ ਵੇਦਾਂ ਰਿਹਾ ਗਾਈਆ । ਏਕਾ ਨਾਦ ਵਜਾਏ ਵਜਾਵਣਹਾਰ, ਚਾਰੇ ਬਾਣੀ ਆਪ ਸੁਣਾਈਆ ।


੧੨੯੩ ੦੯

ਏਕਾ ਵੰਡਣ ਵੰਡ ਵੰਡੇ ਕਰਤਾਰ, ਚਾਰੇ ਜੁਗਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਬ੍ਰਹਮਾ ਵਿਸ਼ਨ ਸ਼ਿਵ ਏਕਾ ਘਰ ਵਖਾਈਆ । ਏਕਾ ਘਰ ਇਕ ਵਿਚੋਲਾ, ਪਾਰਬ੍ਰਹਮ ਪ੍ਰਭ ਆਪ ਅਖਵਾਇੰਦਾ । ਏਕਾ ਸ਼ਬਦ ਏਕਾ ਢੋਲਾ, ਏਕਾ
ਆਪੇ ਗਾਇੰਦਾ । ਏਕਾ ਰਸਨਾ ਏਕਾ ਬੋਲਾ, ਏਕਾ ਗੁਣ ਆਪ ਵਖਾਇੰਦਾ । ਏਕਾ ਵਸਤ ਏਕਾ ਤੋਲਾ, ਏਕਾ ਖੰਡਾ ਹੱਥ ਉਠਾਇੰਦਾ । ਏਕਾ
ਬਦਲੇ ਆਪਣਾ ਚੋਲਾ, ਜੁਗ ਜੁਗ ਆਪਣਾ ਰੂਪ ਪਰਗਟਾਇੰਦਾ । ਏਕਾ ਗਾਏ ਸਾਚਾ ਸੋਹਲਾ, ਕਲ ਕਲ ਆਪਣੀ ਆਪ ਵਰਤਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਬ੍ਰਹਮਾ ਵਿਸ਼ਨ ਸ਼ਿਵ ਭੇਵ ਜਣਾਇੰਦਾ । ਭੇਵ ਜਣਾਇਆ ਪੁਰਖ ਅਕਾਲ,
ਮਹਿਮਾ ਅਕਥ ਕਥੀ ਨਾ ਜਾਈਆ । ਕਰੇ ਖੇਲ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਸਚਖੰਡ ਬਹਿ ਸਚ ਸੱਚੀ ਧਰਮਸਾਲ, ਬੰਕ
ਦਵਾਰਾ ਆਪ ਸੁਹਾਈਆ । ਆਪ ਉਠਾਇਆ ਮਹਾਂਕਾਲ, ਕਾਲ ਭੈ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਏਕਾ ਘਰ ਵੇਖ ਵਖਾਈਆ । ਏਕਾ ਘਰ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ । ਜੋਤ ਜਗੇ ਆਦਿ ਨਿਰੰਜਣਾ,
ਦੀਵਾ ਬਾਤੀ ਨਾ ਕੋਈ ਟਿਕਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਆਪਣੀ ਧਾਰਾ ਆਪ ਬੰਧਾਇੰਦਾ । ਆਪਣਾ ਕਰੇ ਆਪੇ ਮਜਨਾ,
ਆਪਣੀ ਮੈਲ ਗਵਾਇੰਦਾ । ਆਪੇ ਬਣੇ ਆਪਣਾ ਸੱਜਣਾ, ਆਦਿ ਜੁਗਾਦੀ ਸੰਗ ਨਿਭਾਇੰਦਾ । ਨਾ ਘੜਿਆ ਨਾ ਭੱਜਣਾ, ਜੋਤੀ ਜੋਤ ਸਰੂਪ ਹਰਿ,
੧੨੯੪ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਸ਼ਬਦ ਆਪ ਉਪਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰਨ ਪੁਕਾਰ, ਪ੍ਰਭ ਸਾਚੇ ਤੇਰੀ ੧੨੯੪
੦੯ ਵਡ ਵਡਿਆਈਆ । ਕਵਣ ਰੂਪ ਲੋਕਮਾਤ ਲਏ ਅਵਤਾਰ, ਕਵਣ ਰੂਪ ਨਾਉਂ ਵਖਾਈਆ । ਕਵਣ ਗੁਣ ਗਾਏ ਵਿਚ ਸੰਸਾਰ, ਕਵਣ ਅੱਖਰ ੦੯
ਵੱਖਰ ਕਰੇ ਪੜ੍ਹਾਈਆ । ਕਵਣ ਜਨ ਲਏ ਪਛਾਣ, ਆਪ ਆਪਣਾ ਰੰਗ ਰੰਗਾਈਆ । ਕਵਣ ਤਨ ਕਰੇ ਪਿਆਰ, ਕਵਣ ਤਤ ਤਤ ਬੰਧਾਈਆ ।
ਕਵਣ ਜਨ ਦਏ ਅਧਾਰ, ਕਵਣ ਬੁਧੀ ਰਹੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਲੋਕਮਾਤ ਤੇਰੀ ਕਵਣ ਵਡਿਆਈਆ । ਪਾਰਬ੍ਰਹਮ ਸਮਝਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਉਠ ਉਠ ਵੇਖ ਵਿਚਾਰ । ਲੱਖ ਚੁਰਾਸੀ ਜੋਤ ਜਗਾਇੰਦਾ,
ਘਟ ਘਟ ਕਰੇ ਆਪ ਪਸਾਰ । ਪ੍ਰਭ ਆਪਣਾ ਰੂਪ ਵਟਾਇੰਦਾ, ਈਸ਼ ਜੀਵ ਦਏ ਅਧਾਰ । ਪੰਜ ਤਤ ਚੋਲਾ ਆਪ ਹੰਢਾਇੰਦਾ, ਤ੍ਰੈਗੁਣ ਮਾਇਆ
ਖੇਲ ਨਿਰੰਕਾਰ । ਅੱਠਾਂ ਤੱਤਾਂ ਬੰਧਨ ਪਾਇੰਦਾ, ਘਰ ਮੰਦਰ ਸੋਹੇ ਬੰਕ ਦਵਾਰ । ਘਰ ਘਰ ਵਿਚ ਆਪ ਰਖਾਇੰਦਾ, ਘਰ ਦੀਪਕ ਜੋਤ ਕਰੇ
ਉਜਿਆਰ । ਘਰ ਸਰ ਸਰੋਵਰ ਅੰਮ੍ਰਿਤ ਆਤਮ ਆਪ ਭਰਾਇੰਦਾ, ਘਰ ਰੱਖੇ ਠੰਡਾ ਠਾਰ । ਘਰ ਜੋਤ ਨਿਰੰਜਣ ਦੀਪ ਜਗਾਇੰਦਾ, ਆਠ ਪਹਿਰ
ਹੋਏ ਉਜਿਆਰ । ਘਰ ਅਨਹਦ ਸ਼ਬਦ ਵਜਾਇੰਦਾ, ਧੁਨੀ ਧੁਨ ਸੁਣਾਏ ਸੱਚੀ ਧੁਨਕਾਰ । ਘਰ ਸਾਚੀ ਸੇਜ ਵਛਾਇੰਦਾ, ਘਰ ਪਲੰਘ ਰੰਗੀਲਾ
ਕਰ ਤਿਆਰ । ਘਰ ਨਾਰੀ ਕੰਤ ਹੰਢਾਇੰਦਾ, ਘਰ ਸਖੀਆਂ ਮੰਗਲਚਾਰ । ਘਰ ਗੀਤ ਗੋਬਿੰਦ ਅਲਾਇੰਦਾ, ਘਰ ਮੇਲਾ ਕੰਤ ਭਤਾਰ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਸੇਵਾ ਕਰੇ ਵਿਚ ਸੰਸਾਰ । ਬ੍ਰਹਮੇ ਵਿਸ਼ਨ ਸ਼ਿਵ ਤੇਰੀ ਸਾਚੀ
ਸੇਵਾ, ਤ੍ਰੈਗੁਣ ਮਾਇਆ ਜੋੜ ਜੁੜਾਇਆ । ਪੰਜ ਤਤ ਕਰੇ ਖੇਲ ਅਲੱਖ ਅਭੇਵਾ, ਆਦਿ ਨਿਰੰਜਣ ਭੇਵ ਨਾ ਰਾਇਆ । ਕ੍ਰੋੜ ਤੇਤੀਸਾ ਦੇਵੀ

ਦੇਵਾ, ਸਾਚੇ ਮਾਰਗ ਆਪੇ ਲਾਇਆ । ਲੱਖ ਚੁਰਾਸੀ ਜੀਵ ਜੰਤ ਗਾਵੇ ਰਸਨਾ ਜਿਹਵਾ, ਆਪਣਾ ਨਾਉਂ ਲਏ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੜ ਚੇਤਨ ਆਪਣਾ ਖੇਲ ਖਿਲਾਇਆ । ਆਪੇ ਜਾਣੇ ਜੜ ਚੇਤਨ ਖੇਲ ਕਰੇ ਕਰਤਾਰ, ਕੰਤ ਭਤਾਰ ਬੇਪਰਵਾਹੀਆ । ਆਪੇ ਵਰਤੇ ਆਪਣਾ ਵਰਤਾਰ, ਲੱਖ ਚੁਰਾਸੀ ਜੂਨ ਅਜੂਨੀ ਆਪ ਭਵਾਈਆ । ਆਪੇ ਨੌਂ ਦਸ ਗਿਆਰਾ ਬੀਸ ਤੀਸ ਦਏ ਅਧਾਰ, ਚਾਰ ਯਾਰ ਜੋੜ ਜੁੜਾਈਆ । ਆਪੇ ਸਭ ਤੋਂ ਵਸੇ ਬਾਹਰ, ਆਪੇ ਸਚਖੰਡ ਦਵਾਰੇ ਸੋਭਾ ਪਾਈਆ । ਆਪੇ ਆਦਿ ਨਿਰੰਜਣ ਹੋ ਉਜਿਆਰ, ਘਟ ਘਟ ਜੋਤ ਨਿਰੰਜਣ ਕਰੇ ਰੁਸ਼ਨਾਈਆ । ਆਪੇ ਥਿਰ ਘਰ ਵਜਾਏ ਸ਼ਬਦ ਧੁਨਕਾਰ, ਜੀਵ ਜੰਤ ਆਪ ਸੁਣਾਈਆ । ਆਪਣਾ ਰੂਪ ਪਰਗਟੇ ਆਪ ਕਰਤਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਆਪਣੀ ਕਰੇ ਆਪ ਪਛਾਣ, ਆਪਣਾ ਗੁਣ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਵਿਸ਼ਨ ਸ਼ਿਵ ਕਰੇ ਪੜ੍ਹਾਈਆ । ਬ੍ਰਹਮੇ ਵਿਸ਼ਨ ਸ਼ਿਵ ਅੱਖਰ ਏਕਾ ਪੜ੍ਹਨਾ, ਸੋ ਪੁਰਖ ਨਿਰੰਜਣ ਆਪ ਪੜ੍ਹਾਇਆ । ਸਾਚੇ ਮੰਦਰ ਏਕਾ ਵੜਨਾ, ਚਾਰ ਦਿਵਾਰ ਨਾ ਕੋਈ ਵਖਾਇਆ । ਅਗਨੀ ਹਵਨ ਕਦੇ ਨਾ ਸੜਨਾ, ਮੜੀ ਗੋਰ ਨਾ ਕੋਈ ਦਬਾਇਆ । ਬਿਨ ਸਤਿਗੁਰ ਪੂਰੇ ਤੇਰਾ ਘਾੜਨ ਕਿਸੇ ਨਾ ਘੜਨਾ, ਨਾ ਕੋਈ ਪੱਲੇ ਬੰਨ੍ਹ ਬਨ੍ਹਾਇਆ । ਆਪਣਾ ਮਸਤਕ ਆਪਣੀ ਮੋਤੀ ਹੀਰਾ ਲਾਲ ਜਵਾਹਰ ਆਪੇ ਜੜਣਾ, ਆਪੇ ਵੇਖ ਵਖਾਇਆ । ਆਪਣੇ ਪੌੜੇ ਆਪੇ ਚੜ੍ਹਨਾ, ਆਪਣਾ ਮੰਦਰ ਆਪੇ ਦਏ ਸੁਹਾਇਆ । ਨਾ ਕੋਈ ਸੀਸ ਨਾ ਕੋਈ ਧੜਨਾ, ਧਰਤ ਧਵਲ ਨਾ ਕੋਇ ਵਡਿਆਇਆ । ਤੇਰੇ ਦਵਾਰੇ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ ਹਰਿ ਜੂ ਆਪੇ ਖੜਨਾ, ਹਰਿ ਮੰਦਰ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇਆ । ਬ੍ਰਹਮਾ ਵਿਸ਼ਨ ਸ਼ਿਵ ਚੇਲਾ ਗੁਰ, ਹਰਿ ਮੰਦਰ ਸੋਭਾ ਪਾਇੰਦਾ । ਮੇਲ ਮਿਲਾਵਾ ਲਿਖਿਆ ਧੁਰ, ਧੁਰ ਦਰਵਾਜ਼ਾ ਆਪ ਖੁਲਾਇੰਦਾ । ਏਕਾ ਰਾਗ ਏਕਾ ਤਾਲ ਏਕਾ ਸੁਰ, ਏਕਾ ਨਾਦ ਵਜਾਇੰਦਾ । ਏਕਾ ਚਰਨ ਪ੍ਰੀਤੀ ਗਈ ਜੁੜ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਏਕਾ ਸ਼ਬਦ ਅਗੰਮੀ ਚੜ੍ਹਿਆ ਘੋੜ, ਲੋਆਂ ਪੁਰੀਆਂ ਵੇਖ ਵਖਾਇੰਦਾ । ਏਕਾ ਵਿਸ਼ਨ ਬ੍ਰਹਮੇ ਸ਼ਿਵ ਜਾਏ ਬੌਹੜ, ਲੋਕ ਪਰਲੋਕ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਤਖ਼ਤ ਆਪ ਵਡਿਆਇੰਦਾ । ਸਾਚੇ ਤਖ਼ਤ ਸ਼ਾਹ ਸੁਲਤਾਨਾ, ਸਾਚੀ ਹਿਕਮਤ ਹੁਕਮ ਚਲਾਈਆ । ਜੋਧਾ ਸੂਰ ਬਲੀ ਬਲਵਾਨਾ, ਬਲ ਆਪਣਾ ਆਪ ਰਖਾਈਆ । ਲੋਕਮਾਤ ਵੇਖੇ ਮਾਰ ਧਿਆਨਾ, ਚੌਦਾਂ ਲੋਕਾਂ ਫੋਲ ਫੁਲਾਈਆ । ਬ੍ਰਹਮੇ ਵਿਸ਼ਨ ਸ਼ਿਵ ਦੇਵੇ ਇਕ ਗਿਆਨਾ, ਨਿਸ਼ਅੱਖਰ ਕਰੇ ਪੜ੍ਹਾਈਆ । ਆਪਣਾ ਪਹਿਰੇ ਆਪੇ ਬਾਣਾ, ਬਾਵਨ ਅੱਖਰੀ ਅੱਖਰ ਅੱਖਰ ਅੱਖਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਇਕ ਇਕੱਲਾ ਏਕੰਕਾਰ, ਦੂਜੀ ਬੰਨ੍ਹੇ ਕੁਦਰਤ ਧਾਰ, ਤੀਜਾ ਨੈਣ ਰਹੇ ਉਘਾੜ, ਚੌਥੇ ਪਦ ਪਾਵੇ ਸਾਰ, ਪੰਚਮ ਮੇਲਾ ਕੰਤ ਭਤਾਰ, ਛੇਵੇਂ ਛੱਪਰ ਲਏ ਉਸਾਰ, ਸਤਵੇਂ ਸਤਿ ਸਤਿਵਾਦੀ ਸਾਚੀ ਕਾਰ, ਅੱਠਾਂ ਤੱਤਾਂ ਬੰਧਨ ਪਾਏ ਸਰਬ ਸੰਸਾਰ, ਨੌਂ ਦਵਾਰੇ ਖੋਲ੍ਹੇ ਕਿਵਾੜ, ਦਸਮ ਦਵਾਰੇ ਆਪਣਾ ਡੇਰਾ ਲਾਈਆ । ਦਸਮ ਦਵਾਰੀ ਸਾਚਾ ਡੇਰਾ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਜਾਣੇ ਆਪਣਾ ਹੇਰਾ ਫੇਰਾ, ਭੇਵ ਅਭੇਦਾ ਭੇਵ ਛੁਪਾਇੰਦਾ ।

ਆਪੇ ਜਾਣੇ ਆਪਣਾ ਦੂਰ ਨੇੜਾ, ਨੇੜ ਦੂਰਾ ਆਪਣਾ ਪੰਧ ਮੁਕਾਇੰਦਾ । ਆਪੇ ਗੇੜਾ ਆਪਣਾ ਗੇੜਾ, ਗੇੜਨਹਾਰਾ ਆਪ ਅਖਵਾਇੰਦਾ । ਆਪੇ ਪਾਏ ਆਪਣਾ ਝੇੜਾ, ਕਾਇਆ ਮੰਦਰ ਅੰਦਰ ਪੰਜ ਤਤ ਆਪਣੀ ਖੇਲ ਖਿਲਾਇੰਦਾ । ਆਪੇ ਕਰੇ ਹਕ ਨਿਬੇੜਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਆਪੇ ਬੰਨ੍ਹੇ ਆਪਣਾ ਬੇੜਾ, ਖੇਵਟ ਖੇਟਾ ਸਚ ਮਲਾਹ ਬੇਪਰਵਾਹ ਏਕਾ ਏਕ ਬਣ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸਾਚੀ ਸਿਖ਼ਿਆ ਇਕ ਸਮਝਾਇੰਦਾ । ਸਾਚਾ ਖੇਵਟ ਖੇਟਾ ਦਾਤਾਰ, ਆਦਿ ਜੁਗਾਦਿ ਅਖਵਾਇਆ । ਜੁਗ ਜੁਗ ਬੇੜਾ ਚਲਾਏ ਵਿਚ ਸੰਸਾਰ, ਰਥ ਰਥਵਾਹੀ ਭੇਵ ਨਾ ਰਾਇਆ । ਲੱਖ ਚੁਰਾਸੀ ਪਾਵੇ ਸਾਰ, ਘਰ ਘਰ ਮੰਦਰ ਜੋਤ ਜਗਾਇਆ । ਗੁਰਮੁਖ ਸਾਚੇ ਲਏ ਉਭਾਰ, ਸਾਧ ਸੰਤ ਲਏ ਉਠਾਇਆ । ਭਗਤ ਭਗਵੰਤ ਦਏ ਅਧਾਰ, ਆਪ ਆਪਣੀ ਬੂਝ ਬੁਝਾਇਆ । ਨਾਰੀ ਕੰਤ ਸਚ ਭਤਾਰ, ਕੰਤ ਕੰਤੂਹਲ ਸੇਜ ਸੁਹਾਇਆ । ਆਤਮ ਸੇਜਾ ਬਰਖੇ ਫੂਲ , ਫੂਲ ਫੁਲਵਾੜੀ ਆਪ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਅਮੋਲਕ ਕਾਇਆ ਗੋਲਕ ਵਿਚ ਟਿਕਾਇਆ । ਕਾਇਆ ਗੋਲਕ ਸਚ ਟਿਕਾਣਾ, ਹਰਿ ਸਾਚੀ ਵਸਤ ਟਿਕਾਈਆ । ਸ਼ਬਦ ਸਰੂਪੀ ਏਕਾ ਗਾਣਾ, ਧੁਨ ਆਤਮਕ ਆਪ ਸੁਣਾਈਆ । ਆਦਿ ਜੁਗਾਦੀ ਏਕਾ ਰਾਣਾ, ਏਕਾ ਹੁਕਮ ਰਿਹਾ ਸੁਣਾਈਆ । ਤ੍ਰੈਗੁਣ ਵਰਤੇ ਏਕਾ ਭਾਣਾ, ਤ੍ਰੈ ਤ੍ਰੈ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਬੁਝਾਈਆ । ਬ੍ਰਹਮੇ ਸੁਣਿਆ ਲਾ ਕਰ ਕੰਨ, ਵਿਸ਼ਨ ਨਾਲ ਰਲਾਇਆ । ਸ਼ੰਕਰ ਕਰੇ ਧੰਨ ਧੰਨ, ਪ੍ਰਭ ਤੇਰੀ ਵਡ ਵਡਿਆਇਆ । ਤੂੰ ਦਾਨਾ ਬੀਨਾ ਤੂੰ ਜਨਨੀ ਜਨ, ਧੰਨ ਧੰਨ ਜਣੇਂਦੀ ਮਾਇਆ । ਆਦਿ ਜੁਗਾਦਿ ਬੇੜਾ ਬੰਨ, ਬਿਨ ਤੁਧ ਅਵਰ ਨਾ ਕੋਈ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇਆ । ਆਦਿ ਅੰਤ ਬੇੜਾ ਬੰਨ੍ਹ ਚਲਾਵਣਾ, ਭੁੱਲ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਖੇਲ ਖਲਾਵਣਾ, ਆਦਿ ਪੁਰਖ ਵੱਡੀ ਵਡਿਆਈਆ । ਆਦਿ ਸ਼ਕਤ ਮੇਲ ਮਿਲਾਵਣਾ, ਨੂਰੋ ਨੂਰ ਨੂਰ ਬੇਪਰਵਾਹੀਆ । ਪਰਵਰਦਿਗਾਰਾ ਨਾਉਂ ਧਰਾਵਣਾ, ਅਕਲ ਕਲ ਆਪ ਅਖਵਾਈਆ । ਵਿਸ਼ਨੂੰ ਆਪਣਾ ਰੰਗ ਰੰਗਾਵਣਾ, ਵਿਸ਼ਵ ਏਕਾ ਰੂਪ ਦਰਸਾਈਆ । ਬ੍ਰਹਮੇ ਬ੍ਰਹਮ ਵਿਦਿਆ ਆਪ ਪੜ੍ਹਾਵਣਾ, ਚਾਰੇ ਮੁਖ ਮੁਖ ਸਾਲਾਹੀਆ । ਚਾਰੇ ਵੇਦਾਂ ਆਪੇ ਗਾਵਣਾ, ਚਾਰੇ ਜੁਗ ਵੰਡ ਵੰਡਾਈਆ । ਸਤਿਜੁਗ ਸਾਚਾ ਸਤਿ ਵਰਤਾਵਣਾ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਬਾਵਨ ਆਪਣਾ ਰੂਪ ਵਟਾਵਣਾ, ਵਲ ਛਲ ਖੇਲੇ ਖੇਲ ਧੁਰਦਰਗਾਹੀਆ । ਵਾਰ ਅਠਾਰਾਂ ਜੋਤ ਜਗਾਵਣਾ, ਜੋਤੀ ਜੋਤ ਡਗਮਗਾਈਆ । ਤ੍ਰੇਤਾ ਤ੍ਰੀਆ ਰੂਪ ਪਰਗਟਾਵਣਾ, ਰੂਪ ਰੇਖ ਨਾ ਕੋਇ ਵਖਾਈਆ । ਰਾਮ ਰਾਮਾ ਧਨੁਖ ਉਠਾਵਣਾ, ਸਾਚਾ ਚਿਲਾ ਆਪ ਚੜ੍ਹਾਈਆ । ਗੜ੍ਹ ਹੰਕਾਰੀ ਤੋੜ ਤੁੜਾਵਣਾ, ਤ੍ਰੈਗੁਣ ਮਾਇਆ ਫੰਦ ਨਾ ਕੋਇ ਪਾਈਆ । ਆਪ ਆਪਣੀ ਚਾਲ ਚਲਾਵਣਾ, ਚਾਲ ਨਿਰਾਲੀ ਇਕ ਰਖਾਈਆ । ਜ਼ਿਮੀ ਅਸਮਾਨਾਂ ਵੇਖ ਵਖਾਵਣਾ, ਧਰਤ ਧੌਲ ਧਰਨੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਵਿਸ਼ਨ ਸ਼ਿਵ ਦਏ ਸਮਝਾਈਆ । ਸਤਿਜੁਗ ਤ੍ਰੇਤਾ ਕਰਨਾ ਪਾਰ, ਪੁਰਖ ਅਬਿਨਾਸ਼ੀ ਖੇਲ ਖਲਾਵਣਾ । ਜੁਗ ਜੁਗ ਲਏ ਆਪਣਾ ਅਵਤਾਰ, ਰੂਪ ਅਨੂਪ ਆਪ ਵਟਾਵਣਾ । ਨਿਰਗੁਣ ਸਰਗੁਣ ਕਰੇ ਪਿਆਰ, ਕਾਗਦ ਕਲਮ ਭੇਵ ਨਾ ਲਾਵਣਾ । ਚਾਰੇ

ਵੇਦ ਨਾ ਕਰਨ ਵਿਚਾਰ, ਲਿਖ ਲਿਖ ਲੇਖਾ ਨਾ ਕਿਸੇ ਸੁਣਾਵਣਾ । ਬ੍ਰਹਮੇ ਤੇਰੀ ਬ੍ਰਹਮ ਧਾਰ, ਲੋਕਮਾਤ ਆਪ ਪਰਗਟਾਵਣਾ । ਘਰ ਘਰ ਮੰਦਰ ਕਰ ਤਿਆਰ, ਕਾਇਆ ਬੰਕ ਸੁਹਾਵਣਾ । ਅੰਦਰ ਵੜ ਸੱਚੀ ਸਰਕਾਰ, ਆਪਣਾ ਤਖ਼ਤ ਵਖਾਵਣਾ । ਭਗਤ ਭਗਵੰਤ ਕਰ ਪਿਆਰ, ਆਪ ਆਪਣਾ ਮੇਲ ਮਿਲਾਵਣਾ । ਸਾਚੇ ਸੰਤ ਦਏ ਹੁਲਾਰ, ਸਾਚੇ ਪੌੜੇ ਆਪ ਚੜ੍ਹਾਵਣਾ । ਡੂੰਘੀ ਕੰਦਰ ਕਰ ਕਰ ਪਾਰ, ਸੁਖਮਨ ਟੇਢੀ ਬੰਕ ਪੰਧ ਮੁਕਾਵਣਾ । ਤ੍ਰਬੈਣੀ ਨੈਣੀ ਕਰ ਖ਼ਵਾਰ, ਆਪ ਆਪਣਾ ਦਰਸ ਦਿਖਾਵਣਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਕਵਲ ਨਾਭੀ ਫੁੱਲ ਖਿਲਾਵਣਾ । ਦੁਰਮਤ ਮੈਲ ਦਏ ਉਤਾਰ, ਸਾਚੀ ਕਲ ਆਪ ਸੁਹਾਵਣਾ । ਹੰਸ ਨਾ ਉਡੇ ਕਾਗਾਂ ਡਾਰ, ਕਾਗੋਂ ਹੰਸ ਆਪ ਬਣਾਵਣਾ । ਆਤਮ ਸੇਜਾ ਕਰ ਪਿਆਰ, ਆਤਮ ਬ੍ਰਹਮ ਮੇਲ ਮਿਲਾਵਣਾ । ਨਾਰੀ ਕੰਤ ਇਕ ਸ਼ੰਗਾਰ, ਪੀਆ ਪ੍ਰੀਤਮ ਇਕ ਹੰਢਾਵਣਾ । ਸਤਿਜੁਗ ਤ੍ਰੇਤਾ ਉਤਰੇ ਪਾਰ, ਸੀਤਾ ਸੁਰਤੀ ਏਕਾ ਰਾਮ ਪਰਨਾਵਣਾ । ਸ਼ਬਦ ਨਿਸ਼ਾਨਾ ਮਾਰੇ ਮਾਰ, ਤੀਰ ਨਿਰਾਲਾ ਇਕ ਚਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਵਣਾ । ਬ੍ਰਹਮੇ ਵਿਸ਼ਨ ਸ਼ਿਵ ਸਤਿਜੁਗ ਤ੍ਰੇਤਾ ਉਤਰੇ ਪਾਰ, ਦਵਾਪਰ ਦਏ ਦੁਹਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਨਿਰਗੁਣ ਨਿਰਗੁਣ ਬੇਪਰਵਾਹੀਆ । ਸਰਗੁਣ ਰੂਪ ਪਰਗਟ ਹੋਏ ਆਪ ਕਰਤਾਰ, ਪੰਜ ਤਤ ਮੇਲਾ ਸਹਿਜ ਸੁਭਾਈਆ । ਤ੍ਰੈਗੁਣ ਮਾਇਆ ਦਏ ਆਧਾਰ, ਰੂਪ ਅਨੂਪ ਵੱਡੀ ਵਡਿਆਈਆ । ਸਾਚਾ ਗਾਏ ਮੰਗਲਾਚਾਰ, ਸਾਚੀ ਸਖ਼ੀਆ ਵੇਖ ਵਖਾਈਆ । ਮੁਕੰਦ ਮਨੋਹਰ ਲਖ਼ਮੀ ਨਰਾਇਣ ਸੁੰਦਰ ਕੁੰਡਲ ਮੁਕਟ ਬੈਣ, ਸੀਸ ਜਗਦੀਸ ਆਪ ਸੁਹਾਈਆ । ਨਾਮ ਬੰਸਰੀ ਵਜਾਏ ਬਜਾਵਣਹਾਰ, ਗੀਤਾ ਗਿਆਨ ਇਕ ਦ੍ਰਿੜਾਈਆ । ਭਗਤ ਭਗਵੰਤ ਕਰੇ ਪਿਆਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਦੂਤਾਂ ਦੁਸ਼ਟਾਂ ਮਾਰੇ ਕਰ ਖ਼ੁਵਾਰ, ਚਾਰੋਂ ਕੁੰਟ ਦਏ ਹਲਾਈਆ । ਧਰਤ ਧਵਲ ਕਰੇ ਪੁਕਾਰ, ਧਰਨੀ ਨੇਤਰ ਨੈਣਾਂ ਨੀਰ ਵਹਾਈਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਦਏ ਲਿਖਾਈਆ । ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਣੇ ਆਪਣੀ ਵਾਰ, ਭਦਰ ਪੁਰਾਣ ਮੁਖ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਲੇਖਾ ਲੇਖੇ ਆਪਣੇ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਉਤਰੇ ਆਪਣੇ ਘਾਟ, ਪੁਰਖ ਅਬਿਨਾਸ਼ੀ ਆਪਣਾ ਖੇਲ ਖਲਾਵਣਾ । ਮਾਣਸ ਦੇਹੀ ਚੋਲਾ ਜਾਏ ਪਾਟ, ਜੋਤੀ ਜੋਤ ਮਿਲਾਵਣਾ । ਆਪੇ ਸੋਹੇ ਆਪਣੀ ਖਾਟ, ਆਪਣਾ ਪਲੰਘ ਆਪ ਹੰਢਾਵਣਾ । ਆਪੇ ਜਗੇ ਆਪਣੀ ਜੋਤ ਲਲਾਟ, ਆਪਣਾ ਨੂਰ ਆਪਣੇ ਵਿਚ ਟਿਕਾਵਣਾ । ਆਪੇ ਵਿਕੇ ਆਪਣੇ ਹਾਟ, ਆਪਣੀ ਕੀਮਤ ਆਪੇ ਪਾਵਣਾ । ਆਪੇ ਕਰੇ ਆਪਣਾ ਪੂਰਾ ਘਾਟ, ਆਪਣਾ ਲੇਖਾ ਆਪੇ ਲਾਹਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਆਪਣਾ ਪਰਦਾ ਆਪ ਵਖਾਵਣਾ । ਬ੍ਰਹਮੇ ਵਿਸ਼ਨ ਸ਼ਿਵ ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਈਆ । ਨਾ ਕੋਈ ਮਾਤ ਪਿਤ ਬਪੜੀ ਬਾਪੜ, ਪਿਤਾ ਪੂਤ ਨਾ ਕੋਇ ਵਡਿਆਈਆ । ਨਾ ਕੋਈ ਗੋਦ ਸੁਹਾਏ ਥਾਪੜ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਲੱਖ ਚੁਰਾਸੀ ਵੇਲੇ ਪਾਪੜ, ਹਰਿ ਕਾ ਭੇਵ ਕੋਏ ਨਾ ਪਾਈਆ । ਵਰਨ ਬਰਨ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦੇਵਣ ਆਦਰ, ਆਦਰਸ਼ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਆਪਣਾ ਤਤ ਆਪ ਬੁਝਾਈਆ । ਆਪਣਾ ਤਤ ਸਮਝਾਇੰਦਾ,


੧੨੯੭

ਪਾਰਬ੍ਰਹਮ ਪੁਰਖ ਅਗੰਮ । ਆਪਣੀ ਮਤ ਆਪਣੇ ਵਿਚ ਟਿਕਾਇੰਦਾ, ਨਾ ਹਰਖ ਸੋਗ ਨਾ ਖ਼ੁਸ਼ੀ ਗ਼ਮ । ਆਪਣਾ ਸਤਿ ਆਪ ਜਣਾਇੰਦਾ, ਨਾ ਮਰੇ ਨਾ ਪਏ ਜੰਮ । ਬਿਨ ਥੰਮਾਂ ਗਗਨ ਰਹਾਇੰਦਾ, ਆਪੇ ਜਾਣੇ ਆਪਣਾ ਕੰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪੇ ਘੜੇ ਆਪੇ ਦੇਵੇ ਭੰਨ । ਘੜਨ ਭੰਨਣਹਾਰ ਸਮਰਥ, ਪਾਰਬ੍ਰਹਮ ਵੱਡੀ ਵਡਿਆਈਆ । ਬ੍ਰਹਮੇ ਵਿਸ਼ਨ ਸ਼ਿਵ ਲੱਖ ਚੁਰਾਸੀ ਚਲਾਏ ਤੇਰਾ ਰਥ, ਰਥ ਰਥਵਾਹੀ ਬੇਪਰਵਾਹੀਆ । ਸ਼ਬਦ ਜਣਾਏ ਮਹਿਮਾ ਅਕਥ, ਆਪਣਾ ਨਾਉਂ ਆਪ ਪਰਗਟਾਈਆ । ਕਲਜੁਗ ਦੇਵੇ ਸਾਚੀ ਵੱਥ, ਚੌਥੇ ਜੁਗ ਵੱਡੀ ਵਡਿਆਈਆ । ਚਾਰੇ ਬਾਣੀ ਵਖਾਏ ਹਠ, ਹਠ ਤਪ ਜੋਗ ਅਭਿਆਸ ਇਕ ਸਿਖਾਈਆ । ਪੰਧ ਮੁਕਾਏ ਨੱਠ ਨੱਠ, ਦੋ ਜਹਾਨਾਂ ਸੱਚਾ ਮਾਹੀਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਜੋਤ ਕਰ ਰੁਸ਼ਨਾਈਆ । ਲੇਖਾ ਜਾਣੇ ਤੀਰਥ ਤਟ, ਅਠਸਠ ਫੋਲ ਫੁਲਾਈਆ । ਪਾਵੇ ਸਾਰ ਮੰਦਰ ਮਠ, ਸ਼ਿਵਦਵਾਲੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੇ ਵਰ, ਬ੍ਰਹਮੇ ਵਿਸ਼ਨ ਸ਼ਿਵ ਏਕਾ ਅੱਖਰ ਕਰੇ ਪੜ੍ਹਾਈਆ । ਕਲਜੁਗ ਧਾਰ ਚਲਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਲੋਕਮਾਤ ਆਇਆ ਧਰ, ਮਾਣਸ ਜਨਮ ਦੁਆਈਆ । ਲੱਖ ਚੁਰਾਸੀ ਅੰਦਰ ਵੜ, ਆਪਣੀ ਹਿਕਮਤ ਹੁਕਮ ਲਏ ਚਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਔਂਦਾਂ ਜਾਂਦਾ ਦਿਸ ਨਾ ਆਈਆ । ਆਪਣੀ ਵਿਦਿਆ ਆਪੇ ਪੜ੍ਹ, ਪੰਜ ਤਤ ਦਏ ਪੜ੍ਹਾਈਆ । ਕਾਇਆ ਚੋਲੇ ਆਪੇ ਵੜ, ਜਗਤ ਵਜੂਦ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਬ੍ਰਹਮੇ ਵਿਸ਼ਨ ਸ਼ਿਵ ਇਕ ਸਮਝਾਈਆ । ਕਾਇਆ ਤਤ ਆਪ ਹੰਢੌਣਾ, ਲਾਸ਼ਰੀਕ ਖੇਲ ਖਿਲਾਇੰਦਾ । ਮਹਿਬਾਨ ਬੀਦੋ ਆਪਣਾ ਰੰਗ ਰੰਗੌਣਾ, ਮਹਿਬੂਬ ਆਪਣਾ ਰੂਪ ਆਪ ਵਟਾਇੰਦਾ । ਸਾਚਾ ਮੰਦਰ ਆਪ ਸੁਹੌਣਾ, ਮੁਕਾਮੇ ਹੱਕ ਡੇਰਾ ਲਾਇੰਦਾ । ਏਕਾ ਕਲਮਾ ਆਪ ਪੜ੍ਹੌਣਾ, ਏਕਾ ਨਬੀ ਆਪ ਅਖਵਾਇੰਦਾ । ਏਕਾ ਹੱਕ ਬਹੱਕ ਆਪਣਾ ਵੇਖ ਵਖੌਣਾ, ਲਾਸ਼ਰੀਕ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਜੁਗ ਜੁਗ ਧਾਰ ਚਲਾਏ ਅਵੱਲੀ, ਅੱਵਲ ਅੱਲਾ ਆਪਣਾ ਨਾਉਂ ਰਖਾਇੰਦਾ । ਨਿਰਗੁਣ ਜੋਤ ਇਕ ਇਕੱਲੀ, ਕਾਲ ਮਹਾਂਕਾਲ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਆਪ ਸਮਝਾਇੰਦਾ । ਲੋਕਮਾਤ ਖੇਲ ਅਪਾਰਾ, ਕਲਜੁਗ ਵੇਖੇ ਵੇਖ ਵਖਾਇੰਦਾ । ਈਸਾ ਮੂਸਾ ਕਰ ਤਿਆਰਾ, ਕਾਲਾ ਸੂਸਾ ਤਨ ਛੁਹਾਇੰਦਾ । ਏਕਾ ਸ਼ਬਦ ਇਕ ਹੁਲਾਰਾ, ਏਕਾ ਕਲਮਾ ਆਪ ਪੜ੍ਹਾਇੰਦਾ । ਏਕਾ ਨਬੀ ਰਸੂਲ ਕਰੇ ਪਿਆਰਾ, ਏਕਾ ਆਪਣਾ ਰੂਪ ਵਟਾਇੰਦਾ । ਏਕਾ ਖੋਲ੍ਹੇ ਖੋਲ੍ਹਣਹਾਰ ਕਿਵਾੜਾ, ਬੰਦ ਦਰਵਾਜ਼ਾ ਇਕ ਵਖਾਇੰਦਾ । ਏਕਾ ਮੁਹੰਮਦ ਮੁਹੰਮਦੀ ਯਾਰਾ, ਚਾਰ ਚਾਰਾਂ ਮੇਲ ਮਿਲਾਇੰਦਾ । ਏਕਾ ਹਕ ਹਕ ਨਾਅਰਾ, ਐਨਲਹਕ ਰੰਗ ਰੰਗਾਇੰਦਾ । ਏਕਾ ਰਾਹ ਰਿਹਾ ਤਕ, ਸਾਚੇ ਤਖ਼ਤ ਸੋਭਾ ਪਾਇੰਦਾ । ਏਕਾ ਆਪਣਾ ਪਰਦਾ ਬੈਠਾ ਢਕ, ਮੁਖ ਨਕਾਬ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਜੁਗ ਜੁਗ ਰਚਨ ਰਚਾਏ ਸਲੋਕ, ਮਹਿਮਾ ਅਕਥ ਕਥੀ ਨਾ ਜਾਈਆ । ਸੰਗ ਮੁਹੰਮਦ ਚਾਰ ਯਾਰ ਲੇਖਾ ਜਾਣੇ ਚੌਦਾਂ ਲੋਕ, ਤਬਕ ਤਬਕਾਂ ਫੇਰਾ ਪਾਈਆ । ਨਾ ਕੋਈ

ਹਰਖ ਨਾ ਕੋਈ ਸੋਗ, ਆਲਮ ਉਲਮਾ ਕਰੇ ਪੜ੍ਹਾਈਆ । ਆਪਣਾ ਭਾਣਾ ਆਪੇ ਲਏ ਰੋਕ, ਆਪਣੇ ਭਾਣੇ ਆਪ ਸਮਾਈਆ । ਲੱਖ ਚੁਰਾਸੀ ਦੇਵੇ ਝੋਕ, ਨਾ ਕੋਈ ਮੇਟੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਵਖਾਏ ਇਕ ਦਰ, ਦਰ ਦਰਵਾਜਾ ਆਪ ਖੁਲ੍ਹਾਈਆ ।

. . . . . . . . . . . . . . . . . . . . . . . . . .

ਗੁਰ ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੰਕਾ ਵਜਾਏ ਧੁਰ ਦਰਬਾਰਾ, ਰਾਓ ਰੰਕਾਂ ਸ਼ਾਹ ਸੁਲਤਾਨਾਂ ਦਏ ਜਗਾਈਆ । ਏਕਾ ਡੰਕਾ ਵੱਜਿਆ, ਪਾਰਬ੍ਰਹਮ ਆਪ ਵਜਾਇਆ । ਗੋਬਿੰਦ ਸੂਰਾ ਆਇਆ ਭੱਜਿਆ, ਲੋਕਮਾਤ ਲਏ ਅੰਗੜਾਇਆ । ਗ਼ਰੀਬ ਨਿਮਾਣਿਆਂ ਪਰਦਾ ਕੱਜਿਆ, ਏਕਾ ਸ਼ਬਦ ਪਰਦਾ ਪਾਇਆ । ਏਥੇ ਓਥੇ ਰੱਖੇ ਲੱਜਿਆ, ਜੋ ਜਨ ਸਰਨਾਈ ਆਇਆ । ਆਪਣਾ ਘਰ ਆਪੇ ਤਜਿਆ, ਗੁਰਸਿਖਾਂ ਖੇੜਾ ਦਏ ਵਸਾਇਆ । ਇਕ ਚਲਾਏ ਸਚ ਜਹਾਜਿਆ, ਚੱਪੂ ਨਾਮ ਹੱਥ ਉਠਾਇਆ । ਅੰਦਰ ਮੰਦਰ ਬੈਠ ਮਾਰੇ ਵਾਜਿਆ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਰਾਇਆ । ਧੁਰ ਦਰਗਾਹੀ ਲੈ ਕੇ ਆਇਆ ਦਾਜਿਆ, ਸਿਰ ਆਪਣੇ ਭਾਰ ਉਠਾਇਆ । ਕਲਜੁਗ ਅੰਤਮ ਰਚੇ ਕਾਜਿਆ, ਜੁਗ ਜੁਗ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਸ਼ਿਵ ਤੇਰੀ ਅੱਖ ਖੁਲ੍ਹਾਇਆ । ਬ੍ਰਹਮੇ ਸ਼ਿਵ ਨੇਤਰ ਲੈਣਾ ਖੋਲ੍ਹ, ਪ੍ਰਭ ਸਾਚਾ ਆਪ ਸਮਝਾਇੰਦਾ । ਚੌਥੇ ਜੁਗ ਪ੍ਰਭ ਤੋਲੇ ਤੋਲ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਚਾਰ ਕੁੰਟ ਅਗੰਮੀ ਵਜਾਏ ਢੋਲ, ਸ਼ਬਦ ਨਗਾਰਾ ਹੱਥ ਉਠਾਇੰਦਾ । ਆਪਣਾ ਅੱਖਰ ਆਪੇ ਬੋਲ, ਲੋਆਂ ਪੁਰੀਆਂ ਆਪ ਸੁਣਾਇੰਦਾ । ਗੁਰਸਿਖਾਂ ਅੰਦਰ ਵੜ ਵੜ ਕਰੇ ਚੋਲ੍ਹ, ਆਪ ਆਪਣੇ ਮੇਲ ਮਿਲਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਨਾਉਂ ਰਖਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਸਾਚਾ ਜਾਮ ਪਿਆਇੰਦਾ । ਮਾਣ ਵਡਿਆਈ ਦੇਵੇ ਉਪਰ ਧਵਲ, ਧਰਨੀ ਧਰਤੀ ਧੌਲ ਹੌਲਾ ਭਾਰ ਕਰਾਇੰਦਾ । ਲੱਖ ਚੁਰਾਸੀ ਪੰਚ ਵਿਕਾਰ ਤ੍ਰੈਗੁਣ ਮਾਇਆ ਉਬਲੇ ਰਤ, ਨਾ ਕੋਈ ਸਮਾਇੰਦਾ । ਸ੍ਰਿਸ਼ਟ ਸਬਾਈ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ_ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਨੇਤਰ ਨੈਣ ਉਘਾੜ, ਪ੍ਰਭ ਸਾਚਾ ਆਪ ਉਠਾਇੰਦਾ । ਕਲਜੁਗ ਅੰਤਮ ਵੇਖੇ ਇਕ ਅਖਾੜ, ਗੁਰ ਗੋਬਿੰਦ ਫੇਰਾ ਪਾਇੰਦਾ । ਚਾਰੇ ਸੁਤ ਦੁਲਾਰੇ ਆਪੇ ਵਾਰ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਇੰਦਾ । ਆਪੇ ਨੀਆਂ ਹੇਠ ਦਏ ਉਸਾਰ, ਆਪੇ ਕੱਲਰ ਕੰਧ ਢਾਇੰਦਾ । ਆਪੇ ਰੱਖੇ ਤਿੱਖੀ ਤੇਜ ਧਾਰ ਕਟਾਰ, ਆਰ ਪਾਰ ਆਪ ਕਰਾਇੰਦਾ । ਆਪੇ ਸੀਸ ਧੜ ਲੇਖੇ ਲਾਏ ਆਪਣੇ ਆਪ ਨਿਰੰਕਾਰ, ਚੋਟੀ ਜੜ ਆਪ ਸੁਹਾਇੰਦਾ । ਆਪੇ ਅੰਦਰ ਵੜ ਕਰੇ ਪੁਕਾਰ, ਆਪੇ ਉਚੀ ਕੂਕ ਸੁਣਾਇੰਦਾ । ਆਪੇ ਸੁਤਾ ਪੈਰ ਪਸਾਰ, ਆਪੇ ਆਪਣੀ ਨਿੰਦਰਾ ਮੇਟ ਮਿਟਾਇੰਦਾ । ਆਪੇ ਪੁਰਖ ਅਕਾਲ ਬਣਾਏ ਮੀਤ ਮੁਰਾਰ, ਸਥਰ ਸਾਰ ਆਪ ਹੰਢਾਇੰਦਾ । ਆਪੇ ਰਾਖਾ ਬਣੇ ਸਰਬ ਸੰਸਾਰ, ਰਖਕ ਆਪਣੀ ਇਛਿਆ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਭੋਲੇ ਨਾਥ ਆਪ ਉਠਾਇੰਦਾ । ਭੋਲੇ ਨਾਥ ਉਠ ਉਠ ਜਾਗ, ਪੁਰਖ ਅਬਿਨਾਸ਼ੀ ਆਪ ਜਗਾਇੰਦਾ । ਕਲਜੁਗ ਅੰਤਮ ਲੱਗਣਾ ਭਾਗ, ਨਰ ਹਰਿ ਸਾਚਾ ਖੇਲ ਖਿਲਾਇੰਦਾ । ਬ੍ਰਹਮੇ ਤੇਰੀ ਪਕੜੇ ਵਾਗ,

ਲੱਖ ਚੁਰਾਸੀ ਆਪਣੇ ਹੱਥ ਵਖਾਇੰਦਾ । ਵਿਸ਼ਨੂੰ ਤੇਰੇ ਮਨ ਉਪਜੇ ਇਕ ਵੈਰਾਗ, ਤੇਰਾ ਭੰਡਾਰ ਨਾ ਕੋਈ ਵਰਤਾਇੰਦਾ । ਤਿੰਨਾਂ ਗੁਰ ਬੰਨ੍ਹੇ ਏਕਾ ਤਾਗ, ਤਿੰਨੇ ਚੇਲੇ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖੇ ਜੀਵ ਕਾਗ, ਚਾਰੋਂ ਕੁੰਟ ਸਰਬ ਕੁਰਲਾਇੰਦਾ । ਬਿਨ ਗੁਰਸਿਖ ਕਿਸੇ ਮਿਲੇ ਨਾ ਹਰਿ ਜੂ ਕੰਤ ਸੁਹਾਗ, ਜਗਤ ਰੰਡੇਪਾ ਸਰਬ ਹੰਢਾਇੰਦਾ । ਤ੍ਰੈਗੁਣ ਮਾਇਆ ਤਪੇ ਅਗਨੀ ਆਗ, ਪੰਜ ਤਤ ਚੋਲਾ ਸਰਬ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮੇ ਵਿਸ਼ਨ ਸ਼ਿਵ ਏਕਾ ਨੈਣ ਨੇਤਰ ਆਪ ਸਮਝਾਇੰਦਾ । ਬ੍ਰਹਮੇ ਨੇਤਰ ਨੈਣ ਉਘਾੜਨਾ, ਪੁਰਖ ਅਬਿਨਾਸ਼ੀ ਹੁਕਮ ਸੁਣਾਇੰਦਾ । ਹਰਿ ਕੇ ਸ਼ਬਦ ਹਰਿ ਜੂ ਤਾਰਨਾ, ਤ੍ਰੈਗੁਣ ਮਾਇਆ ਭੇਟ ਚੜ੍ਹਾਇੰਦਾ । ਨਵ ਨਵ ਵੇਖੇ ਇਕ ਅਖਾੜਨਾ, ਸਤਿ ਸਤਿ ਸਰੂਪ ਜਣਾਇੰਦਾ । ਭਾਗ ਲਗਾਏ ਏਕਾ ਹਾੜਕਾ ਹਾੜਨਾ, ਏਕਾ ਸਾਚਾ ਮੇਲ ਮਿਲਾਇੰਦਾ । ਨਾਤਾ ਤੁਟੇ ਪੁਰਖ ਨਾਰਨਾ, ਨਾਰੀ ਸੇਜ ਨਾ ਕੰਤ ਹੰਢਾਇੰਦਾ । ਗੋਬਿੰਦ ਆਪਾ ਆਪ ਉਤੋਂ ਵਾਰਨਾ, ਵਾਰੀ ਵਾਰੀ ਭੇਟ ਚੜ੍ਹਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਖੇਲ ਖਿਲਾਵਣਾ, ਗੁਰ ਪੀਰ ਅਵਤਾਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲਾਇੰਦਾ । ਨੌ ਸੌ ਚੁਰਾਨਵੇਂ ਜੁਗ ਵਰਤਾਰਾ, ਜੁਗ ਕਰਤਾ ਆਪ ਕਰਾਈਆ । ਆਦਿ ਜੁਗਾਦੀ ਲਏ ਅਵਤਾਰਾ ਗੁਰ ਗੁਰ ਰੂਪ ਵਟਾਈਆ । ਭਗਤ ਭਗਵੰਤ ਦਏ ਸਹਾਰਾ, ਸੰਤ ਸਾਜਨ ਲਏ ਮਿਲਾਈਆ । ਨੌ ਨੌ ਉਤਰੇ ਪਾਰ ਕਿਨਾਰਾ, ਨੌ ਨੌ ਡੇਰਾ ਦੇਵੇ ਢਾਈਆ । ਚਾਰ ਚਾਰ ਕਰ ਖ਼ੁਵਾਰਾ, ਚਾਰ ਚਾਰ ਲਏ ਮਿਲਾਈਆ । ਚੌਥੇ ਪਦ ਸੁਹਾਏ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਾਰ ਕਿਨਾਰਾ, ਕਲਜੁਗ ਅੰਤਮ ਦਏ ਵਖਾਈਆ । ਇਕ ਵਿਆਸਾ ਬਣ ਲਿਖਾਰਾ, ਲੋਕਮਾਤ ਦਏ ਗਵਾਹੀਆ । ਈਸਾ ਮੂਸਾ ਕਰੇ ਨਿਮਸਕਾਰਾ, ਪ੍ਰਭ ਅਗੇ ਸੀਸ ਝੁਕਾਈਆ । ਰਾਹ ਤੱਕੇ ਮੁਹੰਮਦੀ ਯਾਰਾ, ਚੌਦਾਂ ਲੋਕ ਅਧਵਿਚਕਾਰੇ ਡੇਰਾ ਲਾਈਆ । ਨਾਨਕ ਨਿਰਗੁਣ ਹੋ ਉਜਿਆਰਾ, ਏਕਾ ਜੋਤ ਕਰੇ ਰੁਸ਼ਨਾਈਆ । ਰਾਹ ਤੱਕੇ ਏਕੰਕਾਰਾ, ਏਕਾ ਨੈਣ ਨੈਣ ਉਠਾਈਆ । ਕਲਜੁਗ ਆਵੇ ਅੰਤਮ ਵਾਰਾ, ਪੁਰਖ ਅਬਿਨਾਸ਼ੀ ਲਏ ਮਿਲਾਈਆ । ਮਹਾਂਬਲੀ ਉਤਰੇ ਵਿਚ ਸੰਸਾਰਾ, ਮਾਤ ਕੁੱਖ ਨਾ ਕੋਈ ਜਾਈਆ । ਪੰਜ ਤਤ ਨਾ ਕੋਈ ਅਕਾਰਾ, ਮਨ ਮਤ ਬੁਧ ਨਾ ਕੋਈ ਵਡਿਆਈਆ । ਕਰੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਚਾਲ ਚਲਾਈਆ । ਰੱਖੇ ਨਿਹਕਲੰਕ ਨਾਉਂ ਨਿਰਵੈਰ ਕਰੇ ਖੇਲ ਵਿਚ ਸੰਸਾਰਾ, ਵਰਨ ਬਰਨ ਨਾ ਕੋਈ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਪਾਵਣ ਸਾਰਾ, ਖਾਣੀ ਬਾਣੀ ਰਹੀ ਜਸ ਗਾਈਆ । ਕਲਜੁਗ ਆਵੇ ਆਪਣੀ ਵਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਤੇਰਾ ਲੇਖਾ ਵੇਖ ਵਖਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਉਤਰਨਾ ਪਾਰ ਕਨਾਰ, ਪਾਰ ਕਨਾਰਾ ਆਪ ਕਰਾਇੰਦਾ । ਪੁਰਖ ਅਬਿਨਾਸ਼ਾ ਲਏ ਅਵਤਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਾਨਕ ਰਾਹ ਤੱਕੇ ਇਕ ਦਾਤਾਰ, ਦਰ ਦੁਵਾਰਾ ਮੰਗ ਮੰਗਾਇੰਦਾ । ਤੇਰਾ ਰੂਪ ਅਪਰ ਅਪਾਰ, ਨਿਰਵੈਰ ਖੇਲ ਖਿਲਾਇੰਦਾ । ਤੇਰੀ ਸ਼ਬਦ ਸੱਚੀ ਧੁਨਕਾਰ, ਬ੍ਰਹਿਮੰਡ ਖੰਡ ਨਾਦ ਵਜਾਇੰਦਾ । ਜੇਰਜ ਅੰਡਜ ਦਏ ਹੁਲਾਰ, ਉਤਭੁਜ ਸੇਹਤਜ ਵੇਖ ਵਖਾਇੰਦਾ । ਪਰਾ ਪਸੰਤੀ ਤੇਰੀ ਘਾਲ, ਮਧਮ ਬੈਖਰੀ ਆਪੇ ਗਾਇੰਦਾ । ਏਕਾ ਜੋਤੀ ਦੇਵੇ ਦੋਏ ਧਾਰ, ਜੋਤੀ ਜਾਤਾ ਵੇਸ ਵਟਾਇੰਦਾ । ਅੰਗਦ

ਅਮਰ ਕਰ ਪਿਆਰ, ਰਾਮਦਾਸ ਸਰੋਵਰ ਅੰਮ੍ਰਿਤ ਇਕ ਨੁਹਾਇੰਦਾ । ਅਰਜਨ ਲੇਖਾ ਅਗੰਮ ਅਪਾਰ, ਬੋਧ ਅਗਾਧਾ ਸ਼ਬਦ ਜਣਾਇੰਦਾ । ਏਕਾ ਗੁਰੂ ਕਰ ਤਿਆਰ, ਗੁਰ ਸ਼ਬਦੀ ਗੁਰੂ ਗ੍ਰੰਥ ਵਡਿਆਇੰਦਾ । ਨਿਰਗੁਣ ਨਿਰਗੁਣ ਭਰ ਭੰਡਾਰ, ਤ੍ਰੈ ਤ੍ਰੈ ਵੰਡ ਵੰਡਾਇੰਦਾ । ਚੋਲਾ ਬਦਲੇ ਵਿਚ ਸੰਸਾਰ, ਕਾਇਆ ਡੋਲਾ ਵੇਖ ਵਖਾਇੰਦਾ । ਹਰਿ ਗੋਬਿੰਦ ਹਰਿ ਹਰਿ ਧਾਰ, ਤੇਜ ਕਟਾਰ ਆਪ ਚਮਕਾਇੰਦਾ । ਹਰਿ ਰਾਏ ਰੂਪ ਅਪਾਰ, ਹਰਿ ਕ੍ਰਿਸ਼ਨ ਸੰਗ ਨਿਭਾਇੰਦਾ । ਗੁਰ ਤੇਗ ਬਹਾਦਰ ਧਰਨੀ ਧਵਲ ਤੇਰਾ ਹੌਲਾ ਕਰੇ ਭਾਰ, ਆਪਣੀ ਰਤ ਭੇਟ ਚੜ੍ਹਾਇੰਦਾ । ਉਚੀ ਕੂਕ ਕਰੇ ਪੁਕਾਰ, ਪ੍ਰਭ ਤੇਰਾ ਭਾਣਾ ਮੋਹੇ ਭਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਮੇਰੀ ਵਾਰ, ਮੇਰਾ ਤੇਰਾ ਤੇਰਾ ਮੇਰਾ ਮੂਲ ਚੁਕਾਇੰਦਾ । ਤੇਰਾ ਰੰਗ ਸੱਚੀ ਸਰਕਾਰ, ਉਤਰ ਕਦੇ ਨਾ ਜਾਇੰਦਾ । ਤੇਰਾ ਖੇਲ ਅਪਰ ਅਪਾਰ, ਦਿਸ ਕਿਸੇ ਨਾ ਆਇੰਦਾ । ਤੂੰ ਮਾਤਾ ਤੂੰ ਪਿਤਾ ਕਰੇ ਪਿਆਰ, ਗੋਬਿੰਦ ਤੇਰਾ ਸੁਤ ਦੁਲਾਰਾ ਅਖਵਾਇੰਦਾ । ਪੁਰਖ ਅਕਾਲ ਤੇਰੀ ਜੈਕਾਰ, ਤੇਰਾ ਡੰਕ ਇਕ ਵਜਾਇੰਦਾ । ਨੌ ਨੌ ਲੇਖਾ ਕਰ ਕਰ ਪਾਰ, ਚੌਥਾ ਜੁਗ ਵੇਖ ਵਖਾਇੰਦਾ । ਬਾਲ ਅਵਸਥਾ ਖੇਲ ਅਪਾਰ, ਨੌਵੇਂ ਸਾਲ ਗੁਰ ਗੋਬਿੰਦ ਆਪ ਜਗਾਇੰਦਾ । ਨੌ ਦਵਾਰੇ ਕਰੇ ਪਾਰ, ਕਾਇਆ ਖੇੜਾ ਪੰਧ ਮੁਕਾਇੰਦਾ । ਅੰਮ੍ਰਿਤ ਬਖ਼ਸ਼ੇ ਨਿਝਰ ਧਾਰ, ਸਚ ਪਿਆਲਾ ਹੱਥ ਉਠਾਇੰਦਾ । ਦੀਨ ਦਿਆਲਾ ਆਪ ਕਰਤਾਰ, ਕਰਤਾ ਪੁਰਖ ਵੇਸ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਥੇ ਜੁਗ ਆਪ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਅੰਤਮ ਵਾਰੀ ਆਈਆ । ਬ੍ਰਹਮਾ ਵਿਸ਼ਨ ਸ਼ਿਵ ਲਏ ਹੁਲਾਰਾ, ਪੁਰਖ ਅਬਿਨਾਸ਼ੀ ਸੋਏ ਆਪ ਜਗਾਈਆ । ਗੁਰ ਗੋਬਿੰਦ ਗੋਬਿੰਦ ਸਿੰਘ ਸੁਤ ਦੁਲਾਰਾ, ਹਰਿ ਕਰਤਾਰਾ ਆਪ ਉਠਾਈਆ । ਸ਼ਸਤਰ ਖੰਡਾ ਤੇਜ ਕਟਾਰਾ, ਚੰਡ ਪਰਚੰਡਾ ਆਪ ਚਮਕਾਈਆ । ਵੰਡਾਂ ਵੰਡੇ ਅਗੰਮ ਅਪਾਰਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਤੋੜਨਹਾਰਾ ਗੜ੍ਹ ਹੰਕਾਰਾ, ਚਾਰੋਂ ਕੁੰਟ ਵੇਖੇ ਖ਼ਲਕ ਖ਼ੁਦਾਈਆ । ਨੂਰ ਨੁਰਾਨਾ ਹੋ ਉਜਿਆਰਾ, ਨੂਰੋ ਨੂਰ ਡਗਮਗਾਈਆ । ਆਪਣਾ ਲੇਖਾ ਆਪੇ ਲਿਖਣਹਾਰਾ, ਆਪੇ ਲਿਖ ਲਿਖ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਸੀਸ ਜਗਦੀਸ ਦਏ ਵਡਿਆਈਆ । ਕਲਗੀ ਤੋੜਾ ਹਰਿ ਜਗਦੀਸ, ਗੁਰ ਗੋਬਿੰਦ ਸਿੰਘ ਆਪ ਸੁਹਾਇੰਦਾ । ਆਪੇ ਗਾਏ ਤੀਸ ਬਤੀਸ, ਤੀਸ ਬਤੀਸ ਲਹਿਣਾ ਆਪ ਚੁਕਾਇੰਦਾ । ਆਪੇ ਭੇਵ ਖਲ੍ਹਾਏ ਬੀਸ ਇਕੀਸ, ਇਕੀਸ ਬੀਸ ਆਪੇ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੁਖ ਵੇਖ ਦਸਤਾਰ, ਦਰਸ਼ਨ ਪਾਇਆ ਹਰਿ ਨਿਰੰਕਾਰ, ਗੁਰ ਗੋਬਿੰਦ ਖ਼ੁਸ਼ੀ ਮਨਾਇੰਦਾ । ਹਰਿ ਨਿਰੰਕਾਰ ਗੋਬਿੰਦ ਦਰਸ਼ਨ ਪਾ, ਕਾਇਆ ਘਰ ਖ਼ੁਸ਼ੀ ਮਨਾਇੰਦਾ । ਪ੍ਰਭ ਮਿਲਿਆ ਬੇਪਰਵਾਹ, ਪੁਰਖ ਅਕਾਲ ਵਿਛੜ ਨਾ ਜਾਇੰਦਾ । ਡਗਮਗ ਜੋਤ ਰਿਹਾ ਡਗਮਗਾ, ਨੂਰੋ ਨੂਰ ਆਪ ਪਰਗਟਾਇੰਦਾ । ਨਾ ਕੋਈ ਦੂਸਰ ਦੇਵੇ ਕੋਈ ਹੋਰ ਸਲਾਹ, ਮਤਾ ਹੋਰ ਨਾ ਸੰਗ ਪਕਾਇੰਦਾ । ਇਕ ਅਕੱਲਾ ਬਣ ਖ਼ੁਦਾ, ਖ਼ਾਲਕ ਆਪਣੀ ਖ਼ਲਕ ਵੇਖ ਵਖਾਇੰਦਾ । ਜੁਗਾ ਜੁਗੰਤਰ ਚਲਾਏ ਰਾਹ, ਗੁਰ ਪੀਰ ਅਵਤਾਰ ਸਾਧ ਸੰਤ ਆਪਣਾ ਹੁਕਮ ਸੁਣਾਇੰਦਾ । ਗੁਰ ਗੋਬਿੰਦ ਚੇਲਾ ਲਿਆ ਬਣਾ, ਸਤਿਗੁਰ ਆਪਣਾ ਨਾਉਂ ਵਖਾਇੰਦਾ । ਸੱਜਣ ਸਹੇਲਾ ਹੋਏ ਸਹਾਈ, ਸਭਨੀ ਥਾਂ ਸਿਰ ਆਪਣਾ ਹੱਥ ਟਿਕਾਇੰਦਾ । ਪੰਚਮ ਮੁਖ ਤਾਜ ਦਏ ਵਖਾ, ਪਰਦਾ ਓਹਲਾ ਆਪ

੧੩੦੧ ੦੯

ਹਟਾਇੰਦਾ । ਏਕਾ ਹੁਕਮ ਦਏ ਸੁਣਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਚੌਥੇ ਜੁਗ ਚਾਰ ਯਾਰੀ ਯਾਰਾਂ ਨਾਲ ਲਈ ਹੰਢਾ, ਥਿਰ ਕੋਈ ਰਹਿਣ ਨਾ ਪਾਇੰਦਾ । ਪੰਚ ਪਿਆਰੇ ਜੋਤ ਜਗਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਕਾਗੋਂ ਹੰਸ ਦਈਂ ਬਣਾ, ਕਾਗ ਹੰਸ ਤੇਰੀ ਚਾਲ ਚਲਾਇੰਦਾ । ਏਕਾ ਅੰਮ੍ਰਿਤ ਜਾਮ ਦਈਂ ਪਿਆ, ਪੁਰਖ ਅਕਾਲ ਹੱਥ ਫੜਾਇੰਦਾ । ਨਾਨਕ ਮਿਲਿਆ ਇਕ ਮਲਾਹ, ਕਲਜੁਗ ਬੇੜਾ ਆਪ ਚਲਾਇੰਦਾ । ਗੁਰ ਅਰਜਨ ਲੇਖਾ ਗਿਆ ਲਿਖਾ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਪੰਚਮ ਪੰਚਮ ਪੰਚਮ ਕਰ ਰੁਸ਼ਨਾ, ਪੰਚਮ ਪਰਧਾਨ ਆਪਣਾ ਨਾਉਂ ਧਰਾਇੰਦਾ । ਪੰਚਮ ਵਿਚ ਜਾਏ ਸਮਾ, ਪੰਚਮ ਰੋਗ ਗਵਾਇੰਦਾ । ਪੰਚਮ ਚੋਗ ਦਏ ਚੁਗਾ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਪੰਚਮ ਜੋਗ ਦਏ ਸਿਖਾ, ਵਡ ਜੁਗੀਸ਼ਰ ਸਿਰ ਆਪਣਾ ਹੱਥ ਰਖਾਇੰਦਾ । ਦਰਸਨ ਅਮੋਘ ਦਏ ਕਰਾ, ਗੁਰ ਗੋਬਿੰਦ ਮੇਲ ਮਿਲਾਇੰਦਾ । ਚੌਦਾਂ ਲੋਕ ਰੋਵਣ ਮਾਰਨ ਧਾ, ਤੇਰਾ ਤੇਜ ਨਾ ਝੱਲਿਆ ਜਾਇੰਦਾ । ਪੁਰਖ ਅਬਿਨਾਸ਼ੀ ਏਕਾ ਅੱਖਰ ਦਏ ਪੜ੍ਹਾ, ਵਾਹ ਵਾਹ ਆਪਣਾ ਰੂਪ ਵਟਾਇੰਦਾ । ਏਕਾ ਡੰਕ ਦਏ ਵਜਾ, ਚਾਰੋਂ ਕੁੰਟ ਆਪ ਸੁਣਾਇੰਦਾ । ਏਕਾ ਫ਼ਤਿਹ ਦਏ ਗਜਾ, ਏਕਾ ਹੁਕਮ ਸੁਣਾਇੰਦਾ । ਚਾਰ ਵਰਨ ਖ਼ਾਲਸ ਖ਼ਾਲਸਾ ਦਏ ਬਣਾ, ਹੰਕਾਰ ਵਿਕਾਰ ਨੇੜ ਨਾ ਆਇੰਦਾ । ਸਾਲਸ ਬਣੇ ਆਪ ਮਿਹਰਬਾਂ, ਮਿਹਰਬਾਨ ਮਿਹਰਬਾਨ ਮਿਹਰਬਾਨ ਆਪਣਾ ਨਾਉਂ ਧਰਾਇੰਦਾ । ਜਗਤ ਨਈਆ ਦਏ ਚਲਾ, ਗ਼ਰੀਬ ਨਿਮਾਣੇ ਉਪਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਪੁਰਖ ਅਕਾਲ ਆਪ ਕਰਾਇੰਦਾ । ਗੋਬਿੰਦ ਸੁਣਿਆ ਹਰਿ ਫ਼ਰਮਾਣਾ, ਘਰ ਸਾਚੇ ਵੱਜੀ ਵਧਾਈਆ । ਤੂੰ ਸਾਹਿਬ ਸੁਲਤਾਨ ਸਾਚਾ ਰਾਣਾ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ੧੩੦੨ ੧੩੦੨
ਪੰਚਮ ਰੂਪ ਸ਼ਾਹੋ ਭੂਪ ਕਰੇ ਕਲਿਆਣਾ, ਕਲਜੁਗ ਕਾਲ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਿਨ ਤੁਧ ਔਰ ਨਾ ਕੋਈ ਧਿਆਈਆ । ਦਾਨਾ ਬੀਨਾ ਹਰਿ ਕਰਤਾਰਾ, ਆਦਿ ਜੁਗਾਦਿ ਸਮਾਇਆ । ਗੁਰ ਗੋਬਿੰਦ ਮੇਲਾ ਵਿਚ ਸੰਸਾਰਾ, ਗੁਰ ਚੇਲਾ ਰੂਪ ਵਟਾਇਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਧਾਰ ਬੰਧਾਇਆ । ਏਕਾ ਹਵਨ ਹਵਨ ਕਰ ਉਜਿਆਰਾ, ਨੈਨਣ ਨੈਣ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਕਰ ਪਿਆਰਾ, ਸ਼ਬਦ ਅਗੰਮੀ ਖੰਡਾ ਹੱਥ ਫੜਾਇਆ । ਨਾ ਕੋਈ ਘੜੇ ਲੁਹਾਰ ਤਰਖਾਣਾ, ਜਗਤ ਪਾਣ ਨਾ ਕੋਈ ਲਗਾਇਆ । ਪੁਰਖ ਅਬਿਨਾਸ਼ੀ ਪਹਿਰੇ ਆਪਣਾ ਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਤਤ ਦਏ ਸਮਝਾਇਆ । ਏਕਾ ਤਤ ਹਰਿ ਸਮਝਾਇੰਦਾ, ਪਾਰਬ੍ਰਹਮ ਵੱਡੀ ਵਡਿਆਈਆ । ਚਾਰ ਵਰਨ ਮੇਲ ਮਿਲਾਇੰਦਾ, ਗੁਰ ਗੋਬਿੰਦ ਕਰੇ ਕੁੜਮਾਈਆ । ਅੰਮ੍ਰਿਤ ਸਾਚਾ ਆਪ ਬਣਾਇੰਦਾ, ਗੁਰ ਅਰਜਨ ਬਾਣੀ ਬਾਣੀ ਵਿਚ ਸਮਾਈਆ । ਗੁਰਸਿਖਾਂ ਪਿਆਰ ਮਿਠਾਸ ਵਿਚ ਪਾਇੰਦਾ, ਸ਼ਬਦ ਅਗੰਮੀ ਖੰਡਾ ਰਿਹਾ ਫਿਰਾਈਆ । ਪੁਰਖ ਅਕਾਲ ਏਕਾ ਰਸਨਾ ਗਾਇੰਦਾ, ਨਾਨਕ ਨਿਰਗੁਣ ਦਏ ਸਲਾਹੀਆ । ਜਗਤ ਵਿਚੋਲਾ ਦਿਸ ਨਾ ਆਇੰਦਾ, ਭੁੱਲੀ ਝੂਠੀ ਸ਼ਾਹੀਆ । ਉਚੀ ਕੂਕ ਬੋਲ ਸੁਣਾਇੰਦਾ, ਵਾਹਿਗੁਰੂ ਫ਼ਤਿਹ ਇਕ ਗਜਾਈਆ । ਪੰਚ ਪਿਆਰੇ ਮੋਖ ਧਰਾਇੰਦਾ, ਪੰਚਮ ਦੇਵੇ ਮਾਣ ਵਡਿਆਈਆ । ਪੰਚਾਂ ਅੱਗੇ ਆਪਣਾ ਸੀਸ ਝੁਕਾਇੰਦਾ, ਨਿਉਂ ਨਿਉਂ ਪਏ ਸਰਨਾਈਆ । ਪੰਚਮ ਆਪੇ ਮੰਗ ਮੰਗਾਇੰਦਾ, ਭਿਖਿਆ ਮੰਗੇ ਸੱਚਾ ਸ਼ਹਿਨਸ਼ਾਹੀਆ । ਆਪਣੀ ਵਸਤ ਨਾ ਕੋਈ ਵਖਾਇੰਦਾ, ਆਪੇ ਚਲੇ ਹੁਕਮ ਰਜਾਈਆ । ਗੁਰਸਿਖਾਂ ਕਾਇਆ ਕੋਟ ਕਿਲਾ

੧੩੦੩ ੦੯

ਬਣਾਇੰਦਾ, ਅੰਦਰ ਰਿਹਾ ਸੇਜ ਵਛਾਈਆ । ਉਪਰ ਆਪਣਾ ਆਸਣ ਲਾਇੰਦਾ, ਸਿੰਘ ਦਇਆ ਦਇਆ ਕਮਾਈਆ । ਸਰਗੁਣ ਰੂਪ ਆਪ ਪਰਗਟਾਇੰਦਾ, ਨਿਰਗੁਣ ਵੇਖੇ ਚਾਈ ਚਾਈਆ । ਤੇਜ ਧਾਰ ਤਲਵਾਰ ਆਪ ਚਮਕਾਇੰਦਾ, ਖੰਡ ਬ੍ਰਹਿਮੰਡ ਰਹੇ ਕੁਰਲਾਈਆ । ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ, ਗੁਰ ਗੋਬਿੰਦ ਤੇਰੀ ਸਚ ਸੱਚੀ ਸਰਨਾਈਆ । ਤੇਰਾ ਪਿਆਰ ਗੁਰਸਿਖਾਂ ਵਿਚੋਂ ਨਜ਼ਰੀ ਆਇੰਦਾ, ਤੇਰਾ ਬੰਸ ਹੋਰ ਨਾ ਕੋਈ ਦਸਾਈਆ । ਤੇਰੀ ਰਤ ਗੁਰਸਿਖਾਂ ਰਤ ਰੰਗਾਇੰਦਾ, ਰੰਗ ਰੰਗੀਲਾ ਇਕ ਚੜ੍ਹਾਈਆ । ਤੇਰਾ ਖੰਡਾ ਆਰ ਪਾਰ ਦੋ ਜਹਾਨਾ ਪਾਰ ਕਰਾਇੰਦਾ, ਅਧਵਿਚਕਾਰ ਨਾ ਕੋਈ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦੇਵੇ ਹੁਕਮ ਸੁਣਾਈਆ । ਗੁਰ ਗੋਬਿੰਦ ਸ਼ਬਦ ਸੁਣਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸ਼ਬਦ ਅਗੰਮੀ ਖੰਡਾ ਹੱਥ ਫੜਾਇਆ, ਦਾਮਨੀ ਦਮਕੇ ਦੋ ਜਹਾਨ । ਚੰਡ ਪਰਚੰਡ ਰਿਹਾ ਵਖਾਇਆ, ਜੋਧਾ ਸੂਰਬੀਰ ਬਲੀ ਬਲਵਾਨ । ਪੰਚ ਪਿਆਰੇ ਮੰਗ ਮੰਗਾਇਆ, ਮੰਗੇ ਸੀਸ ਕਰੇ ਪਰਵਾਨ । ਨੰਗੀ ਕਟਾਰ ਰਿਹਾ ਚਮਕਾਇਆ, ਆਪੇ ਵੇਖੇ ਮਾਰ ਧਿਆਨ । ਆਪਣਾ ਮੇਲਾ ਆਪ ਮਿਲਾਇਆ, ਦੁਸ਼ਟ ਦਮਨ ਦਮਨ ਪਰਵਾਨ । ਸਿੰਘ ਦਇਆ ਅੱਗੇ ਆਇਆ, ਆਗਿਆ ਕਰੀ ਆਪ ਭਗਵਾਨ । ਤੇਰਾ ਤੇਰੇ ਵਿਚ ਸਮਾਇਆ, ਵਿਛੜ ਨਾ ਜਾਏ ਦੋ ਜਹਾਨ । ਗੋਬਿੰਦ ਆਪਣਾ ਖੰਡਾ ਆਪਣੇ ਹੱਥ ਉਠਾਇਆ, ਆਪਣਾ ਸੀਸ ਕਰੇ ਕੁਰਬਾਨ । ਆਰ ਪਾਰ ਧਾਰ ਚਲਾਇਆ, ਲਹੂ ਰੰਗੇ ਨਾਲ ਮਿਆਨ । ਉਚੀ ਕੂਕ ਸਰਬ ਸੁਣਾਇਆ, ਲੇਖਾ ਜਾਣੇ ਸ੍ਰੀ ਭਗਵਾਨ । ਸਾਚਾ ਬੰਸ ਆਪ ਉਪਜਾਇਆ, ਨੌ ਸੌ ਚੁਰਾਨਵੇ ਚੌਕੜੀ ਜੁਗ ਰਹੇ ਨਿਸ਼ਾਨ । ਚੌਥਾ ਜੁਗ ਮੇਟ ਮਿਟਾਇਆ, ਨੌ ਖੰਡ ਪ੍ਰਿਥਮੀ ਹੋਏ ਬੀਆਬਾਨ । ਸੁੰਞ ਸਮਾਨ ਦੀਵਾ ਬੱਤੀ ਨਾ ਕੋਇ ਜਗਾਇਆ, ਸੂਰਜ ਚੰਨ ਰੋਸ਼ਨ ਹੋਏ ਨਾ ਕੋਇ ਭਾਨ । ਪੁਰਖ ਅਕਾਲ ਮਰਦੰਗ ਵਜਾਇਆ, ਨਾਤਾ ਤੁਟੇ ਜਗਤ ਸ਼ੈਤਾਨ । ਕੂੜੀ ਕਲਜੁਗ ਕਾਇਆ ਕੰਗ ਰੁੜ੍ਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਵਿਚ ਜਹਾਨ । ਪੰਚਮ ਮੀਤਾ ਇਕ ਅਤੀਤਾ, ਪੰਚਮ ਰੰਗ ਰੰਗਾਇੰਦਾ । ਪੰਚਮ ਦਰ ਠਾਂਡਾ ਪੰਚਮ ਸੀਤਾ, ਪੰਚਮ ਲੇਖਾ ਜਾਣੇ ਹਸਤ ਕੀਟਾ, ਪੰਚਮ ਊਚ ਨੀਚ ਮੇਟ ਮਿਟਾਇੰਦਾ । ਪੰਚਮ ਅੰਮ੍ਰਿਤ ਜਾਮ ਪਿਆਏ ਅਨਡੀਠਾ, ਪੰਚਮ ਰਸ ਭਰਾਏ ਏਕਾ ਮੀਠਾ, ਕੌੜਾ ਰੀਠਾ ਨਾ ਕੋਇ ਵਖਾਇੰਦਾ । ਪੰਚਮ ਵਸੇ ਆਪੇ ਚੀਤਾ, ਪੰਚਮ ਕਰੇ ਪਤਤ ਪੁਨੀਤਾ, ਪੰਚਮ ਲਹਿਣਾ ਦੇਣਾ ਚੁਕਾਏ ਮੰਦਰ ਮਸੀਤਾ, ਗੁਰ ਚਰਨ ਧਿਆਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਆਪ ਸੁਹਾਇੰਦਾ । ਪੰਚਮ ਮੇਲਾ ਆਪ ਕਰਾਇਆ, ਪੰਚਮ ਪੰਚਮ ਰਹੇ ਨਾ ਰਾਈਆ । ਪੰਚਮ ਰੰਗ ਆਪ ਰੰਗਾਇਆ, ਉਤਰ ਕਦੇ ਨਾ ਜਾਈਆ । ਪੰਚਮ ਮਰਦੰਗ ਆਪ ਵਜਾਇਆ, ਸਾਰੰਗ ਸਾਰੰਗਾ ਨਾ ਕੋਇ ਹਲਾਈਆ । ਪੰਚਮ ਸੰਗ ਆਪ ਨਿਭਾਇਆ, ਵਿਛੜ ਕਦੇ ਨਾ ਜਾਈਆ । ਪੰਚਮ ਪਰਮਾਨੰਦ ਆਪ ਸਮਾਇਆ, ਨਿਜਾਨੰਦ ਕਰੇ ਰੁਸ਼ਨਾਈਆ । ਪੰਚਮ ਬਹਿ ਬਹਿ ਮੰਗਲ ਗਾਇਆ, ਘਰ ਵੱਜਦੀ ਰਹੇ ਵਧਾਈਆ । ਪੰਚਮ ਕੰਤ ਕੰਤੂਲਾ ਮੇਲ ਮਿਲਾਇਆ, ਸਾਚੀ ਨਾਰੀ ਖ਼ੁਸ਼ੀ ਮਨਾਈਆ । ਪੰਚਮ ਗੁਰਮੁਖ ਲਏ ਜਗਾਇਆ, ਪੰਚ ਪਿਆਰੇ ਦਏ ਵਡਿਆਈਆ । ਪੰਚ ਨਾਦ ਸ਼ਬਦ ਧੁਨ ਆਪੇ ਗਾਇਆ, ਰਾਗ ਰਾਗਨੀ ਮੁਖ ਸ਼ਰਮਾਈਆ । ਛੱਤੀ ਰਾਗ ਰਹੇ ਰਾਹ ਤਕਾਇਆ, ਪਾਰਬ੍ਰਹਮ ਤੇਰੀ ਵੱਡੀ ਵਡਿਆਈਆ । ਗੁਰ ਗੋਬਿੰਦ

ਉਚ ਅਗੰਮ ਅਪਾਰਾ ਏਕਾ ਪਾਇਆ, ਪਾਰਬ੍ਰਹਮ ਅਬਨਾਸ਼ੀ ਕਰਤਾ ਸ਼ਾਹ ਪਾਤਸ਼ਾਹ ਸੱਚੀ ਸਰਨਾਈਆ । ਆਵਣ ਜਾਵਣ ਖੇਲ ਰਚਾਇਆ, ਜੁਗਾ ਜੁਗੰਤਰ ਫੇਰੀ ਪਾਈਆ । ਗੁਰ ਪੀਰ ਅਵਤਾਰ ਇਕ ਅਖਵਾਇਆ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਪੰਚਮ ਦੇਵੇ ਜਗਤ ਵਡਿਆਈਆ । ਪੰਚਮ ਪੰਚਮ ਕਰ ਤਿਆਰ, ਪੰਚਮ ਰੰਗ ਰੰਗਾਇੰਦਾ । ਆਪਾ ਆਪਾ ਉਤੋਂ ਵਾਰ, ਚਾਰ ਚਾਰ ਲੇਖਾ ਮੂਲ ਚੁਕਾਇੰਦਾ । ਚਾਰ ਯਾਰੀ ਕਰ ਖ਼ੁਵਾਰ, ਚਾਰ ਦੁਲਾਰੇ ਭੇਟ ਚੜ੍ਹਾਇੰਦਾ । ਮਾਤਾ ਗੁਜਰੀ ਦਏ ਆਧਾਰ, ਧਰਤ ਧਵਲ ਤੇਰਾ ਹੌਲਾ ਭਾਰ ਕਰਾਇੰਦਾ । ਗ਼ਰੀਬ ਨਿਮਾਣੇ ਲਏ ਉਭਾਰ, ਆਪ ਆਪਣੀ ਗੋਦ ਬਹਾਇੰਦਾ । ਭਗਤਾਂ ਭਗਵੰਤ ਕਰੇ ਪਿਆਰ, ਸਾਚੇ ਸੰਤਾਂ ਇਕ ਉਠਾਇੰਦਾ । ਧੰਨ ਧੰਨ ਜਣੇਂਦੀ ਮਾਈ ਪੂਤ ਸਪੂਤਾ ਜਿਨ੍ਹ ਜੰਮਿਆ ਵਿਚ ਸੰਸਾਰ, ਜਾਗਰਤ ਜੋਤ ਜੋਤੀ ਜਾਤਾ ਇਕ ਜਗਾਇੰਦਾ । ਵਰਨ ਗੋਤ ਵਸੇ ਬਾਹਰ, ਹਰਖ ਸੋਗ ਨਾ ਕੋਇ ਵਖਾਇੰਦਾ । ਕਿਲਾ ਕੋਟ ਨਾ ਲਿਆ ਮਹੱਲ ਉਸਾਰ, ਸ਼ਬਦ ਨਗਾਰੇ ਚੋਟ ਇਕ ਲਗਾਇੰਦਾ । ਰਣਜੀਤ ਨਗਾਰਾ ਵਜਾਏ ਆਪ ਕਰਤਾਰ, ਧੁਰ ਦਰਬਾਰੇ ਆਪ ਸੁਣਾਇੰਦਾ । ਹੰਕਾਰੀਆਂ ਤੋੜ ਗੜ੍ਹ ਹੰਕਾਰ, ਗੜ੍ਹੀ ਚਮਕੌਰ ਸੁਹਾਇੰਦਾ । ਸਰਸਾ ਤੇਰੀ ਡੂੰਘੀ ਧਾਰ, ਗੁਰਮੁਖ ਆਪ ਬਹਾਇੰਦਾ । ਬਾਈ ਕਰੋੜ ਕਰ ਨਾ ਕੋਈ ਪਿਆਰ, ਹੀਰੇ ਜਵਾਹਰ ਮਾਣਕ ਮੋਤੀ ਤੇਰੇ ਵਿਚ ਟਿਕਾਇੰਦਾ । ਗ੍ਰੰਥ ਗ੍ਰੰਥ ਗ੍ਰੰਥ ਆਪਣੀ ਅੰਸ ਪਾਵੇ ਸਾਰ, ਸ਼ਬਦ ਨਾਦ ਧੁਨ ਜਲ ਵਾਯੂ ਵਿਚ ਸਮਾਇੰਦਾ । ਆਪਣਾ ਖੇਲ ਕਰ ਕਰਤਾਰ, ਕਰਤਾ ਪੁਰਖ ਕਰਨੀ ਕਿਰਤ ਕਿਰਤ ਵਿਚ ਟਿਕਾਇੰਦਾ । ਕੁਦਰਤ ਕਾਦਰ ਦਏ ਆਧਾਰ, ਕਰੀਮ ਗ਼ਨੀਮ ਸਨੀਮ ਸਾਦਕ ਸਬਰ ਸਬੂਰੀ ਆਪ ਹੰਢਾਇੰਦਾ । ਆਪਣੀ ਤਰਮੀਮ ਕਰੇ ਆਪ ਨਿਰੰਕਾਰ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਕਲਜੁਗ ਤੇਰਾ ਖੇਲ ਅਪਾਰ, ਨੌ ਸੌ ਚੁਰਾਨਵੇ ਚੌਕੜੀ ਜੁਗ ਵੇਖ ਵਖਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਕਰਨਹਾਰਾ ਆਪ ਕਰਾਇੰਦਾ । ਗੋਬਿੰਦ ਬਣੇ ਲੇਖ ਲਖਾਰ, ਆਪਣਾ ਲੇਖਾ ਭਵਿਖਤ ਆਪ ਜਣਾਇੰਦਾ । ਸੱਥਰ ਚੰਗਾ ਕਰੇ ਯਾਰ ਤਿਆਰ, ਸੂਲਾਂ ਸੇਜ ਆਪ ਹੰਢਾਇੰਦਾ । ਰਾਹ ਤੱਕੇ ਮੀਤ ਮੁਰਾਰ, ਨੇਤਰ ਨੈਣ ਇਕ ਉਠਾਇੰਦਾ । ਪਵਣ ਸਨੇਹਾ ਦੇਵੇ ਜਾਂਦੀ ਵਾਰ, ਉਣੰਜਾ ਪਵਣਾ ਮੁਖ ਸ਼ਰਮਾਇੰਦਾ । ਪੁਰਖ ਅਕਾਲ ਹੋ ਤਿਆਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਲੋਕਮਾਤ ਆਏ ਕਿਰਪਾ ਧਾਰ, ਦਿਸ ਕਿਸੇ ਨਾ ਆਇੰਦਾ । ਗੁਰ ਗੋਬਿੰਦ ਲਿਆ ਉਠਾਲ, ਸਾਚੀ ਗੋਦ ਆਪ ਬਹਾਇੰਦਾ । ਅੰਮ੍ਰਿਤ ਜਾਮ ਇਕ ਪਿਆਲ, ਅਮਰਾਪਦ ਇਕ ਵਖਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਕਾਲ ਮਹਾਂਕਾਲ ਤੇਰੇ ਦਰ ਦਵਾਰ ਬਹਾਇੰਦਾ । ਤੇਰੀ ਚਲੇ ਅਵਲੜੀ ਚਾਲ, ਚਾਰ ਜੁਗ ਭੇਵ ਨਾ ਆਇੰਦਾ । ਤੇਰਾ ਅੰਮ੍ਰਿਤ ਇਕ ਉਛਾਲ ਆਪਣੇ ਪਿਆਲੇ ਆਪ ਰਖਾਇੰਦਾ । ਤੇਰਾ ਰੂਪ ਸਾਚੇ ਲਾਲ, ਚਾਰ ਵਰਨ ਨੌ ਖੰਡ ਪ੍ਰਿਥਮੀ ਆਪ ਪ੍ਰਗਟਾਇੰਦਾ । ਤੇਰੀ ਘਾਲਣ ਆਪੇ ਘਾਲ, ਪੁਰਖ ਅਬਿਨਾਸ਼ੀ ਤੇਰੀ ਘਾਲ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਇਆ ਸਾਚਾ ਵਰ, ਲੋਕਮਾਤ ਫੇਰੀ ਪਾਇੰਦਾ । ਲੋਕਮਾਤ ਪੁਰਖ ਅਕਾਲਾ, ਨਿਰਗੁਣ ਨਿਰਗੁਣ ਆਪਣਾ ਖੇਲ ਖਲਾਈਆ । ਗੋਬਿੰਦ ਸੁਤਾ ਸੇਜ ਦੋਸਾਲਾ, ਸੂਲਾਂ ਸੱਥਰ ਹੇਠ ਵਛਾਈਆ । ਪੁਰਖ ਅਬਿਨਾਸ਼ੀ ਆਪਣੀ ਚਲੀ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਈਆ । ਆਪਣਾ ਮਾਰਗ ਦੱਸ ਸੁਖਾਲਾ, ਬੋਧ ਅਗਾਧਾ ਕਰੇ ਸੁਣਾਈਆ । ਲਿਖਿਆ ਲੇਖ ਬੈਠ ਸੱਚੀ ਧਰਮਸਾਲਾ, ਘਰ ਮੰਦਰ ਵੱਜੇ ਵਧਾਈਆ । ਜੋਤੀ

੧੩੦੫
੦੯

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਆਪਣਾ ਤਤ ਦਏ ਸਮਝਾਈਆ । ਗੁਰ ਗੋਬਿੰਦ ਸ਼ਬਦ ਪਾਇਆ ਧੁਰ ਫ਼ਰਮਾਣਾ, ਪੁਰਖ ਅਬਿਨਾਸ਼ੀ ਮੇਲ ਮਲਾਨਿਆ । ਏਕਾ ਘਰ ਦੂਜਾ ਟਿਕਾਣਾ, ਤੀਜੇ ਘਰ ਹੋਏ ਪਰਵਾਨਿਆ । ਚੌਥੇ ਪਦ ਹੋਏ ਪਰਵਾਨਾ, ਪੰਚਮ ਮੇਲ ਸ੍ਰੀ ਭਗਵਾਨਿਆ । ਛੇਵੇਂ ਛੱਪਰ ਛੰਨ ਨਾ ਕੋਏ ਸਹਾਨਾ, ਸਤਿ ਪੁਰਖ ਨਿਰੰਜਣ ਏਕਾ ਰੰਗ ਰੰਗਾਨਿਆ । ਲੋਕਮਾਤ ਕਰੇ ਪਰਧਾਨਾ ਨਾਦ ਅਨਾਦੀ ਏਕਾ ਨਾਦ ਵਜੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਦੋ ਜਹਾਨਿਆ । ਗੁਰ ਗੋਬਿੰਦ ਆਤਮ ਅੰਤਰ ਏਕਾ ਬੂਝ, ਬੂਝ ਬੁਝੰਤਰ ਆਪ ਬੁਝਾਇੰਦਾ । ਲੇਖਾ ਚੁੱਕੇ ਏਕਾ ਦੂਜ, ਦੂਜ ਏਕਾ ਏਕਾ ਰੰਗ ਸਮਾਇੰਦਾ । ਆਪਣਾ ਲੇਖਾ ਜਾਣੇ ਗੂਝ, ਗੂਝ ਗੋਝ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚਾ ਹਰਿ, ਨਵ ਨਵ ਚਾਰ ਵੇਖ ਵਖਾਇੰਦਾ । ਨੌ ਨੌ ਚਾਰ ਪੰਧ ਮੁਕੌਣਾ, ਗੁਰ ਗੋਬਿੰਦ ਸ਼ਬਦ ਜਣਾਇਆ । ਭਵਿਖਤ ਵਾਕੀ ਵਾਕ ਲਿਖੌਣਾ, ਲਿਖ ਲਿਖ ਲੇਖਾ ਆਪਣਾ ਆਪ ਉਪਾਇਆ । ਮੁਛ ਦਾੜ੍ਹੀ ਕੇਸ ਨਾ ਕੋਇ ਰਖੌਣਾ, ਨਾ ਕੋਈ ਮੂੰਡ ਮੁੰਡਾਇਆ । ਦਸ ਦਸਮੇਸੀ ਵੇਸ ਵਟੌਣਾ, ਸ਼ਬਦ ਅਨਾਦੀ ਨਾਦ ਵਜਾਇਆ । ਚਾਰ ਕੁੰਟ ਫੇਰਾ ਪੌਣਾ, ਦਹਿ ਦਿਸ਼ਾਂ ਚਰਨਾਂ ਹੇਠ ਦਬਾਇਆ । ਚੌਦਾਂ ਲੋਕ ਚਰਨਾਂ ਹੇਠ ਦਬੌਣਾ, ਚੌਦਾਂ ਲੋਕ ਫੇਲ ਫੁਲਾਇਆ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਵਕਤ ਚੁਕੌਣਾ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਰਚਨਾ ਆਪ ਰਚਾਇਆ । ਕਲਜੁਗ ਵੇਲਾ ਖੇਲ ਖਲੰਦੜਾ, ਗੁਰ ਗੋਬਿੰਦ ਬਣਤ ਬਣਾਇੰਦਾ । ਲੇਖਾ ਲੇਖ ਅਗੰਮ ਅਗੰਮੜਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਹੱਡ ਮਾਸ ਨਾੜੀ ਨਾ ਕੋਈ ਚਮੜਾ, ਅੰਮੜੀ ਅੰਮੜਾ ਨਾ ਕੋਇ ਰਖਾਇੰਦਾ । ਨਾ ਕੋਈ ਰੱਖੇ ਪੱਲੇ ਪੈਸਾ ਦਮੀ ਦਮੜਾ, ਤ੍ਰੈਗੁਣ ਮਾਇਆ ਆਪਣਾ ਖੇਲ ਖਿਲਾਇੰਦਾ । ਨਾ ਮਰੇ ਨਾ ਕਦੇ ਜੰਮੜਾ, ਮਾਤ ਗੋਦ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਕਾਲ, ਆਦਿ ਜੁਗਾਦੀ ਦੀਨ ਦਿਆਲ, ਏਕਾ ਏਕ ਕਾਲ ਮਹਾਂਕਾਲ, ਆਪਣੇ ਰੰਗ ਰੰਗਾਇੰਦਾ । ਗੋਬਿੰਦ ਲੇਖਾ ਲੇਖ ਅਪਾਰਾ, ਪੁਰਖ ਅਬਿਨਾਸ਼ੀ ਆਪ ਲਖਾਇਆ । ਕਲਜੁਗ ਆਏ ਅੰਤਮ ਵਾਰਾ, ਚੌਦਾਂ ਚੌਦਾਂ ਪੰਧ ਮੁਕਾਇਆ । ਚੌਦਾਂ ਚੌਦਾਂ ਦਏ ਹੁਲਾਰਾ, ਚੌਦਾਂ ਲੋਕ ਰਹੇ ਨਾ ਰਾਇਆ । ਤੇਰਾ ਨਾਮ ਹੋਏ ਉਜਿਆਰਾ, ਤੇਰਾ ਡੰਕਾ ਇਕ ਸੁਣਾਇਆ । ਤੇਰਾ ਨਗਰ ਵਸਾਏ ਅਗੰਮ ਅਪਾਰਾ, ਸੰਬਲ ਏਕਾ ਨਾਉਂ ਧਰਾਇਆ । ਦੀਵਾ ਜੋਤੀ ਕਮਲਾਪਾਤੀ ਕਰੇ ਉਜਿਆਰਾ, ਨੂਰੋ ਨੂਰ ਨੂਰ ਹੋਏ ਰੁਸ਼ਨਾਇਆ । ਸਾਚਾ ਸਾਕੀ ਬਣੇ ਆਪ ਨਿਰੰਕਾਰਾ, ਏਕਾ ਜਾਮ ਦਏ ਪਿਆਇਆ । ਲੇਖਾ ਚੁਕਾਏ ਬਾਕੀ ਅਗੰਮ ਅਪਾਰਾ, ਲੇਖਾ ਲੇਖੇ ਵਿਚ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲਾਇਆ । ਗੁਰ ਗੋਬਿੰਦ ਲੇਖ ਲਿਖਾਇੰਦਾ, ਸੂਰਬੀਰ ਬਲਵਾਨ । ਸ੍ਰਿਸ਼ਟ ਸਬਾਈ ਆਪ ਸਮਝਾਇੰਦਾ, ਸ਼ਬਦ ਜਣਾਈ ਧੁਰ ਫ਼ਰਮਾਣ । ਕਲਜੁਗ ਅੰਤਮ ਰਾਹ ਤਕਾਇੰਦਾ, ਚੌਥਾ ਜੁਗ ਮਾਰ ਧਿਆਨ । ਚਾਰ ਕੁੰਟ ਅੰਧੇਰਾ ਛਾਇੰਦਾ, ਜੂਠ ਝੂਠ ਹੋਏ ਪਰਧਾਨ । ਕਾਮ ਕਰੋਧ ਹੰਕਾਰ ਲੋਭ ਮੋਹ ਵੰਡ ਵੰਡਾਇੰਦਾ, ਆਸਾ ਤ੍ਰਿਸ਼ਨਾ ਖੁਲ੍ਹੇ ਦੁਕਾਨ । ਸੂਰਜ ਚੰਨ ਮੁਖ ਸ਼ਰਮਾਇੰਦਾ, ਪਰਕਾਸ਼ ਦਿਸੇ ਨਾ ਕੋਇ ਭਾਨ । ਗਗਨ ਆਕਾਸ਼ ਪਾਤਾਲ ਵੇਖ ਵਖਾਇੰਦਾ, ਧਰਤ ਧੌਲ ਕਰੇ ਧਿਆਨ । ਨਾਰੀ

ਕੰਤ ਨਾ ਕੋਇ ਹੰਢਾਇੰਦਾ, ਵਿਭਚਾਰ ਹੋਇਆ ਜੀਵ ਜਹਾਨ । ਮਾਤ ਪੁਤਰ ਸੇਜ ਵਸਾਇੰਦਾ, ਭੈਣਾ ਭਈਆ ਨਾਤਾ ਤੋੜੇ ਜੀਵ ਸ਼ੈਤਾਨ । ਕਾਇਆ ਚੋਲੀ ਰੰਗ ਨਾ ਕੋਇ ਰੰਗਾਇੰਦਾ, ਨਜ਼ਰ ਨਾ ਆਏ ਸ੍ਰੀ ਭਗਵਾਨ । ਗੁਰ ਕਾ ਮੰਤਰ ਨਾ ਕੋਇ ਦ੍ਰਿੜਾਇੰਦਾ, ਗੁਰ ਚਰਨ ਨਾ ਧਰੇ ਕੋਇ ਧਿਆਨ । ਨਾਨਕ ਨਿਰਗੁਣ ਮੇਲ ਨਾ ਕੋਇ ਮਿਲਾਇੰਦਾ, ਕਲਜੁਗ ਜੀਵ ਹੋਵਣ ਬੇਈਮਾਨ । ਨੌਂ ਦਵਾਰੇ ਪੰਧ ਨਾ ਕੋਇ ਮੁਕਾਇੰਦਾ, ਤੇਗ ਬਹਾਦਰ ਨੌਵਾਂ ਗੁਰ ਨਾ ਚੁਕਾਏ ਆਣ । ਦਸਮ ਦਵਾਰੀ ਨਾ ਕੋਇ ਖੁਲਾਇੰਦਾ, ਦਸਮ ਗੁਰੂ ਨਾ ਕਰੇ ਕੋਈ ਪਰਵਾਨ । ਪੰਚਮ ਸ਼ਬਦ ਨਾਦ ਧੁਨ ਨਾ ਕੋਇ ਤਨ ਵਜਾਇੰਦਾ, ਕਲਜੁਗ ਕਾਇਆ ਹੋਏ ਵੈਰਾਨ । ਰਸਨਾ ਬਹਿ ਬਹਿ ਜੀਵ ਜਹਾਨ ਸਰਬ ਗਾਇੰਦਾ, ਹੱਥ ਆਏ ਨਾ ਗੁਣ ਨਿਧਾਨ । ਜੂਠਾ ਝੂਠਾ ਵਾਕ ਸੁਣਾਇੰਦਾ, ਗਿਆਨੀ ਗਿਆਨ ਨਾ ਕਰੇ ਧਿਆਨ । ਮਨ ਕਾ ਮਣਕਾ ਨਾ ਕੋਇ ਫਿਰਾਇੰਦਾ, ਮਾਇਆ ਮਮਤਾ ਤੋੜੇ ਨਾ ਕੋਇ ਅਭਿਮਾਨ । ਹਉਮੇ ਸ਼ੰਕਾ ਰੋਗ ਨਾ ਕੋਇ ਗਵਾਇੰਦਾ, ਅੰਮ੍ਰਿਤ ਮਿਲੇ ਨਾ ਪੀਣ ਖਾਣ । ਚਾਰ ਕੁੰਟ ਸਰਬ ਕੁਰਲਾਇੰਦਾ, ਗੁਰ ਅਰਜਨ ਬਾਣੀ ਮਾਰੇ ਨਾ ਕੋਇ ਤਨ ਬਾਣ । ਅੰਜੀਲ ਕੁਰਾਨ ਤੀਸ ਬਤੀਸ ਨਾ ਕੋਇ ਸੁਹਾਇੰਦਾ, ਮੁਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਹੋਏ ਹੈਰਾਨ । ਪੰਡਤ ਪਾਂਧਾ ਗੀਤਾ ਗਿਆਨ ਨਾ ਕੋਇ ਦ੍ਰਿੜਾਇੰਦਾ, ਮਾਇਆ ਮਮਤਾ ਹਉਮੇ ਹੰਗਤਾ ਉਤੋਂ ਆਪਣਾ ਆਪ ਕਰ ਰਹੇ ਕੁਰਬਾਨ । ਸਾਚਾ ਮਠ ਨਾ ਕੋਇ ਤਪਾਇੰਦਾ, ਨਾਮ ਅਹੂਤੀ ਨਾ ਦੇਵੇ ਵਿਚ ਜਹਾਨ । ਕਲਜੁਗ ਕਾਇਆ ਸਰਬ ਤਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਨੌਂ ਨੌਂ ਚਾਰ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਨਾਉਂ ਰਖੌਣਾ, ਨਿਰਵੈਰ ਵੱਡੀ ਵਡਿਆਈਆ । ਅਨਾਦੀ ਨਾਦ ਡੰਕ ਵਜੌਣਾ, ਬ੍ਰਹਮ ਬ੍ਰਹਿਮਾਦਿ ਦਏ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪ ਜਗੌਣਾ, ਆਪ ਆਪਣਾ ਹੁਕਮ ਵਰਤਾਈਆ । ਜਗਤ ਜਗਦੀਸ ਖੇਲ ਰਚੌਣਾ, ਜਗਤ ਵਿਦਿਆ ਵੇਖ ਪੜ੍ਹਾਈਆ । ਪੈਂਤੀਸ ਅੱਖਰੀ ਫੇਲ ਫੁਲੌਣਾ, ਤ੍ਰੈ ਪੰਜ ਵੱਜੇ ਵਧਾਈਆ । ਬਾਵਨ ਅੱਖਰੀ ਆਪਣਾ ਅੰਕ ਚਲੌਣਾ, ਬਾਵਨ ਬਾਵਨ ਕਰੇ ਪੜ੍ਹਾਈਆ । ਏਕਾ ਸਾਤਾ ਜੋੜ ਜੁੜੌਣਾ, ਦਸ ਸਤ ਸਤਾਰਾਂ ਦਏ ਸਲਾਹੀਆ । ਬੀਹ ਸੌ ਸਤਾਰਾਂ ਬਿਕ੍ਰਮੀ ਨਿਰਗੁਣ ਨੂਰ ਡਗਮਗੌਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਨਰਾਇਣ ਨਰ ਆਪਣਾ ਆਪ ਮਾਤ ਪਰਗਟੌਣਾ, ਸ੍ਰਿਸ਼ਟ ਸਬਾਈ ਦਏ ਸੁਣਾਈਆ । ਸੀਸ ਤਾਜ ਇਕ ਟਿਕੌਣਾ, ਪੰਚਮ ਮੁਖ ਮੁਖ ਵਡਿਆਈਆ । ਚਾਰੇ ਮੁਖ ਚਾਰ ਜੁਗ ਚਾਰ ਵੇਦ ਚਾਰੇ ਖਾਣੀ ਚਾਰੇ ਬਾਣੀ ਭੇਵ ਖੁਲੌਣਾ, ਭੁੱਲ ਰਹੇ ਨਾ ਰਾਈਆ । ਪੰਚਮ ਮੁਖ ਪੰਚ ਪਿਆਰੇ ਮਾਤ ਵਡਿਔਣਾ, ਪੰਚਮ ਰਾਜ ਜੋਗ ਇਕ ਸਮਝਾਈਆ । ਪੰਚਮ ਸ਼ਬਦ ਨਾਦ ਧੁਨ ਉਪਜੌਣਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਿਸ਼ਨ ਬ੍ਰਹਮੇ ਸ਼ਿਵ ਤੇਰਾ ਪੰਧ ਦਏ ਮੁਕਾਈਆ । ਨਿਹਕਲੰਕ ਕਲ ਜਾਮਾ ਪਾ, ਬ੍ਰਹਮੇ ਵਿਸ਼ਨ ਸ਼ਿਵ ਤੇਰੀ ਸਾਰ ਸਮਾਲਿਆ । ਚੌਥੇ ਜੁਗ ਪੰਧ ਦਏ ਮੁਕਾ, ਜੋਤੀ ਨੂਰ ਹੋਏ ਇਕ ਅਕਾਲਿਆ । ਗੁਰਮੁਖ ਸਾਚੇ ਲਏ ਜਗਾ, ਆਪ ਬਹਾਏ ਸੱਚੀ ਧਰਮਸਾਲਿਆ । ਸਿੰਘ ਸ਼ੇਰ ਸ਼ੇਰ ਆਪਣਾ ਰੂਪ ਵਟਾ, ਫੁਲ ਵੇਖੇ ਪਤ ਡਾਲ੍ਹਿਆ । ਸ਼ਾਹੋ ਭੂਪ ਸਚ ਸਿੰਘਾਸਣ ਡੇਰਾ ਲਾ, ਪਰਦਾ ਚੁੱਕੇ ਦੋ ਜਹਾਨਿਆ । ਬ੍ਰਹਮਾ ਵੇਤਾ ਆਪਣੇ ਵਿਚ ਲਏ ਮਿਲਾ, ਬ੍ਰਹਮ ਆਪਣਾ ਰੂਪ ਕਰੇ ਪਰਧਾਨਿਆ । ਸ਼ੰਕਰ ਲੇਖਾ ਦਏ ਚੁਕਾ, ਨਾਲ ਰਲਾਏ

ਸ਼ਾਸਤਰ ਸਿਮਰਤ ਵੇਦ ਪੁਰਾਨਿਆ । ਆਪਣੀ ਰਚਨਾ ਆਪ ਰਚਾ, ਆਪੇ ਅੰਤ ਮਿਟਾਨਿਆ । ਗੁਰਮੁਖ ਸਾਜਣ ਆਪ ਉਠਾ, ਦੇਵਣਹਾਰਾ ਧੁਰ ਫ਼ਰਮਾਨਿਆ । ਪੰਜ ਤਤ ਚੋਲਾ ਦਏ ਛੁਡਾ, ਆਤਮ ਅੰਤਮ ਕਰੇ ਧਿਆਨਿਆ । ਨਿਰਗੁਣ ਨਿਰਗੁਣ ਲਏ ਮਿਲਾ, ਨਿਰਗੁਣ ਜੋਤ ਖੇਲ ਸ੍ਰੀ ਭਗਵਾਨਿਆ । ਪਹਿਲਾਂ ਆਪਣਾ ਹੁਕਮ ਵਰਤਾ, ਦੂਜਾ ਭਾਣਾ ਇਕ ਵਖਾਨਿਆ । ਆਪਣਾ ਚੋਲਾ ਆਪ ਤਜਾ, ਆਪਣਾ ਰੂਪ ਪਰਗਟ ਕਰੇ ਵਿਸ਼ਨੂੰ ਭਗਵਾਨਿਆ । ਸੋ ਸੋ ਆਪਣੀ ਰਚਨ ਰਚਾ, ਹੰ ਵੇਖੇ ਜਗਤ ਨਿਸ਼ਾਨਿਆ । ਮਹਾਰਾਜ ਗ਼ਰੀਬ ਨਿਵਾਜ਼ ਦਇਆ ਕਮਾ, ਗ਼ਰੀਬ ਨਿਮਾਣੇ ਕਰੇ ਪਰਵਾਨਿਆ । ਸ਼ੇਰ ਰੂਪ ਆਪ ਵਟਾ, ਸਿੰਘ ਗਰਜੇ ਵਿਚ ਮੈਦਾਨਿਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਆਪਣਾ ਮੁਖ ਆਪ ਛੁਪਾ, ਗੁਰੂਆਂ ਪੀਰਾਂ ਦੇਂਦਾ ਰਿਹਾ ਧੁਰ ਫ਼ਰਮਾਨਿਆ । ਕਲਜੁਗ ਅੰਤਮ ਵੇਸ ਵਟਾ, ਪਰਗਟ ਹੋਇਆ ਵਾਲੀ ਦੋ ਜਹਾਨਿਆ । ਬ੍ਰਹਮੇ ਤੇਰੀ ਸਫ਼ਾ ਦਏ ਉਠਾ, ਕਲਜੁਗ ਸੱਥਰ ਇਕ ਵਿਛਾਨਿਆ । ਸਤਿਗੁਰ ਪੂਰਾ ਦਇਆ ਰਿਹਾ ਕਮਾ, ਗੁਰ ਤੇਗ ਬਹਾਦਰ ਤੇਰਾ ਝੁਲਾਏ ਇਕ ਨਿਸ਼ਾਨਿਆ । ਤੇਰਾ ਸੀਸ ਜਗਦੀਸ ਲੇਖੇ ਲਾ, ਲੇਖਾ ਜਾਣੇ ਗੁਣ ਨਿਧਾਨਿਆ । ਫੁਲ ਫਲਵਾੜੀ ਮਾਤ ਉਪਾ, ਸਿੰਘ ਪਾਲਾ ਕਰੇ ਪਰਵਾਨਿਆ । ਬ੍ਰਹਮ ਪੁਰੀ ਦਏ ਟਿਕਾ, ਮਸਤਕ ਟਿਕਾ ਲਾਏ ਆਪ ਭਗਵਾਨਿਆ । ਅੰਮ੍ਰਿਤ ਝਿਰਨਾ ਰਿਹਾ ਝਿਰਾ, ਆਦਿ ਜੁਗਾਦਿ ਇਕ ਮਹਾਨਿਆ । ਦੂਜੇ ਦਰ ਨਾ ਮੰਗਣ ਜਾ, ਦੇਵਣਹਾਰ ਆਪ ਅਖਵਾਨਿਆ । ਸਭ ਦਾ ਸੰਸਾ ਰਿਹਾ ਚੁੱਕਾ, ਜਗੇ ਜੋਤ ਇਕ ਮਹਾਨਿਆ । ਸ਼ੰਕਰ ਲੇਖਾ ਦਏ ਲਿਖਾ, ਲਿਖਣਹਾਰ ਆਪ ਅਖਵਾਨਿਆ । ਹੱਥ ਤ੍ਰਸੂਲ ਦਏ ਸੁਟਾ, ਜਟਾ ਜੂਟ ਕਰੇ ਪਰਵਾਨਿਆ । ਧੂੜੀ ਖ਼ਾਕ ਰਿਹਾ ਰਮਾ, ਅਵਧੂਤ ਹੋਏ ਪਰਵਾਨਿਆ । ਚਾਰ ਕੂਟ ਡੰਕ ਦਏ ਵਜਾ, ਜੋ ਘੜਿਆ ਭੰਨ ਵਖਾਨਿਆ । ਪੁਰਖ ਅਬਿਨਾਸ਼ੀ ਰਿਹਾ ਸੁਣਾ, ਸਾਚੇ ਤਖ਼ਤ ਬੈਠ ਸੁਲਤਾਨਿਆ । ਕਲਜੁਗ ਅੰਤਮ ਗਿਆ ਆ, ਨਾ ਕੋਈ ਦਿਸੇ ਰਾਜ ਰਾਜਾਨਿਆ । ਸ਼ਾਹ ਸੁਲਤਾਨਾਂ ਕਰਨਾ ਸੁਆਹ, ਸੀਸ ਤਾਜ ਨਾ ਕੋਇ ਟਿਕਾਨਿਆ । ਪਰਗਟ ਹੋਇਆ ਏਕਾ ਏਕੰਕਾਰ ਸੱਚਾ ਸ਼ਹਿਨਸ਼ਾਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਵੀਹ ਸੌ ਸਤਾਰਾਂ ਬਿਕ੍ਰਮੀ ਆਪਣਾ ਹੁਕਮ ਰਿਹਾ ਵਰਤਾ, ਤਖ਼ਤੋਂ ਲਾਹੇ ਰਾਜੇ ਰਾਣਿਆ । ਸ਼ਬਦ ਖੰਡਾ ਹੱਥ ਚਮਕਾ, ਨਿਰਭੈ ਆਪਣਾ ਰੂਪ ਪਰਗਟਾਨਿਆ । ਜਗਤ ਸਿਆਸਤ ਦਏ ਮਿਟਾ, ਵਰਾਸਤ ਦਿਸੇ ਨਾ ਕੋਇ ਨਿਸ਼ਾਨਿਆ । ਨਾਸਤਕ ਆਸਤਕ ਏਕਾ ਰੰਗ ਦਏ ਰੰਗਾ, ਆਪਣਾ ਬਲ ਆਪ ਅਖਵਾਨਿਆ । ਆਪਣੀ ਵਿਦਿਆ ਸਰਬ ਦਏ ਪੜ੍ਹਾ, ਆਤਮ ਪਰਮਾਤਮ ਵੇਖ ਵਖਾਨਿਆ । ਘਰ ਘਰ ਰਾਮ ਰਾਮਾ ਦਏ ਜਣਾ, ਸੀਤਾ ਸੁਆਣੀ ਸੁਰਤ ਆਪਣੇ ਅੰਗ ਲਗਾਨਿਆ । ਘਰ ਘਰ ਸਖੀ ਲਏ ਪਰਨਾ, ਕਾਹਨਾ ਗੋਪੀ ਵੇਖ ਵਖਾਨਿਆ । ਘਰ ਘਰ ਕਲਮਾ ਦਏ ਪੜ੍ਹਾ, ਕਾਇਨਾਤ ਚਤਰ ਸੁਜਾਨਿਆ । ਘਰ ਘਰ ਦਮਾਮਾ ਦਏ ਵਜਾ, ਸਚ ਅਮਾਮਾ ਵਡ ਮਿਹਰਬਾਨਿਆ । ਘਰ ਘਰ ਸ਼ਾਮਾ ਦਏ ਮਿਟਾ, ਅੰਧ ਅੰਧੇਰ ਰਹਿਣ ਨਾ ਪਾਨਿਆ । ਘਰ ਘਰ ਬੰਦੀਖ਼ਾਨਾ ਦਏ ਤੁੜਾ, ਬੰਦੀ ਛੋੜ ਹੋਏ ਮਿਹਰਬਾਨਿਆ । ਘਰ ਘਰ ਅੰਮ੍ਰਿਤ ਆਤਮ ਦਏ ਭਰਾ, ਸਚ ਭੰਡਾਰ ਇਕ ਵਰਤਾਨਿਆ । ਘਰ ਘਰ ਮੇਲੇ ਖ਼ਲਕ ਖ਼ੁਦਾ, ਅਰਸ਼ ਫ਼ਰਸ਼ ਕੁਰਸ਼ ਫ਼ਲਕ ਵੇਖੇ ਵਡ ਮਿਹਰਬਾਨਿਆ । ਮਹਿਬਾਨ ਬੀਦੋ ਆਪਣੀ ਰਹਿਮਤ ਆਪ ਕਮਾ, ਬੀ ਖ਼ੈਰ ਯਾ ਅੱਲਾ ਅਜ਼ਮਤੋ ਕਸਮਤੋ ਆਪਣੀ ਧਾਰ ਵਖਾਨਿਆ । ਚਾਰੇ ਚਾਰ ਸੇਵਾ ਰਹੇ ਕਮਾ, ਅਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਹੋਏ ਦਰਬਾਨਿਆ । ਇਕ ਮੁਹੰਮਦ ਚਰਨੀ ਡਿਗਾ ਆ, ਚਾਰ ਯਾਰੀ ਗਲ ਵਿਚ ਪੱਲੂ ਪਾਨਿਆ ।

ਅੱਲਾ ਰਾਣੀ ਨਿਉਂ ਨਿਉਂ ਸੀਸ ਰਹੀ ਝੁਕਾ, ਨੇਤਰ ਨੈਣ ਨੈਣ ਸ਼ਰਮਾਨਿਆ । ਪੁਰਖ ਅਬਿਨਾਸ਼ੀ ਤੇਰੇ ਦਵਾਰੇ ਮੰਗਾਂ ਇਕ ਦੁਆ, ਦੋਜਕ ਦਿਸੇ ਜਗਤ ਜਹਾਨਿਆ । ਕਲਜੁਗ ਵੇਲਾ ਅੰਤਮ ਪੱਲਾ ਫੜਾ, ਦਾਮਨਗੀਰ ਵਡ ਮਿਹਰਬਾਨਿਆ । ਜਾਮਨ ਹੋਏ ਆਪ ਸ਼ਹਿਨਸ਼ਾਹ, ਨਿਹਕਲੰਕ ਸ੍ਰੀ ਭਗਵਾਨਿਆ । ਚੌਦਾਂ ਤਬਕਾਂ ਕਲੰਕ ਦਏ ਮਿਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਖੇਲ ਮਹਾਨਿਆ । ਚੌਦਾਂ ਲੋਕ ਏਕਾ ਨਾਅਰਾ, ਏਕਾ ਰੂਪ ਦਰਸਾਇੰਦਾ । ਚੌਦਾਂ ਤਬਕਾਂ ਇਕ ਹੁਲਾਰਾ, ਇਕ ਹੁਲਾਰ ਬਣਾਇੰਦਾ । ਚੌਦਾਂ ਲੋਕ ਇਕ ਪਸਾਰਾ, ਏਕਾ ਏਕ ਵੇਖ ਵਖਾਇੰਦਾ । ਚੌਦਾਂ ਲੋਕ ਇਕ ਅਖਾੜਾ, ਏਕਾ ਨਾਚ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣਾ ਰੰਗ ਰੰਗਾਇੰਦਾ । ਆਪਣਾ ਰੰਗ ਰੰਗਾਵਣਹਾਰਾ, ਪੀਰਨ ਪੀਰ ਆਪ ਅਖਵਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ ਪਾਵੇ ਸਾਰਾ, ਸ਼ਰਅ ਸ਼ਰੀਅਤ ਵੇਖ ਵਖਾਈਆ । ਰੂਪ ਅਨੂਪ ਪਰਗਟਾਏ ਮੁਹੰਮਦੀ ਯਾਰਾ, ਅਹਿਮਦ ਮੁਹੰਮਦ ਦਏ ਸਲਾਹੀਆ । ਨੌਬਤ ਵੱਜੇ ਧੁਰ ਦਰਬਾਰਾ, ਨੌਵੀਅਤ ਹੋਰ ਨਾ ਕੋਈ ਬਣਾਈਆ । ਸਖ਼ੀ ਸਰਵਰ ਬਣੇ ਸੱਚਾ ਸਿਕਦਾਰਾ, ਰਹਿਮਤ ਰਹਿਮਾਨ ਰਹੀਮ ਬਿਸਮਲ ਆਪਣੀ ਭੇਟ ਚੜ੍ਹਾਈਆ । ਤਲਬ ਤਾਲਬ ਕਰੇ ਤਲੀਮ ਬੇਐਬ ਪਰਵਰਦਿਗਾਰਾ, ਏਕਾ ਅਲਫ਼ ਨੁਕਤਾ ਨੂਨ ਨਾ ਕੋਈ ਵਖਾਈਆ । ਹਮਜਾ ਦਏ ਨਾ ਕੋਈ ਸਹਾਰਾ, ਹਵਸ ਮੇਟੇ ਖ਼ਲਕ ਖੁਦਾਈਆ । ਐਨ ਗੈਨ ਵਸੇ ਬਾਹਰਾ, ਹਜ਼ਾਰਾ ਦਰੂਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪੇ ਆਸ਼ਕ ਆਪੇ ਮਾਸ਼ੂਕ, ਆਪੇ ਆਪਣੇ ਉਪਰ ਹੋਏ ਮਸ਼ਕੂਕ, ਆਪੇ ਅਹਿਬਾਬ ਰਬਾਬ ਸਿਤਾਰ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਇਕ ਸਮਝਾਈਆ । ਇਕ ਇਕੱਲਾ ਏਕੰਕਾਰ, ਅਕਲ ਕਲ ਆਪ ਅਖਵਾਇੰਦਾ । ਵੇਸ ਵਟਾਏ ਵਾਰੋ ਵਾਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਨਾਨਕ ਨਿਰਗੁਣ ਕਰ ਪਿਆਰਾ, ਸਤਿਨਾਮ ਨਾਲ ਸਤਿ ਮੰਤਰ ਇਕ ਦ੍ਰਿੜਾਇੰਦਾ । ਸ੍ਰਿਸ਼ਟ ਸਬਾਈ ਬਣ ਵਣਜਾਰਾ, ਘਰ ਘਰ ਵਣਜ ਇਕ ਵਖਾਇੰਦਾ । ਏਕਾ ਨੂਰ ਕਰੇ ਪਿਆਰਾ, ਜ਼ਾਹਿਰ ਜ਼ਹੂਰ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਦਿ ਜੁਗਾਦਿ ਖੇਲ ਬ੍ਰਹਿਮਾਦਿ, ਸ਼ਬਦ ਅਨਾਦ ਆਪਣਾ ਆਪ ਸੁਣਾਇੰਦਾ । ਸ਼ਬਦ ਅਨਾਦੀ ਉਠਿਆ, ਕਲਜੁਗ ਤੇਰੀ ਅੰਤਮ ਵਾਰ । ਪੁਰਖ ਅਕਾਲ ਤੁਠਿਆ, ਸੁਣਾਏ ਧੁਨ ਸੱਚੀ ਧੁਨਕਾਰ । ਗੁਰਸਿਖ ਮਨਾਏ ਚਾਰ ਜੁਗ ਦਾ ਰੁਠਿਆ, ਪੂਰਬ ਕਰਮਾਂ ਲਏ ਵਿਚਾਰ, ਲੁਕਿਆ ਰਹੇ ਨਾ ਕੋਈ ਗੁੱਠਿਆ, ਲੱਖ ਚੁਰਾਸੀ ਪਾਵੇ ਸਾਰ । ਸ਼ੰਕਰ ਤੇਰਾ ਵੇਲਾ ਅੰਤਮ ਮੁਕਿਆ, ਜਗਤ ਜਗਦੀਸਾ ਹੋਏ ਉਜਿਆਰ । ਸਤਿਗੁਰ ਪੂਰਾ ਏਕਾ ਬੁੱਕਿਆ, ਕਲਜੁਗ ਜਗਤ ਆਈ ਹਾਰ । ਹਰਿ ਕਾ ਭਾਣਾ ਕਦੇ ਨਾ ਰੁਕਿਆ, ਨਾ ਕੋਈ ਰੋਕੇ ਤੀਰ ਤਲਵਾਰ । ਨਿਰਗੁਣ ਰੂਪ ਹੋ ਹੋ ਉਠਿਆ, ਕਲਜੁਗ ਤੇਰੀ ਅੰਤਮ ਵਾਰ । ਵਾਲੀ ਹਿੰਦ ਨਾ ਰਹਿਣਾ ਸੁਤਿਆ, ਸੋਏ ਕੋਇ ਨਾ ਪੈਰ ਪਸਾਰ । ਪਹਿਲੀ ਚੇਤ ਸੁਹੌਣੀ ਰੁੱਤਿਆ, ਸੀਸ ਰੱਖ ਪੰਜ ਪੰਜ ਵਸਤ ਅਪਾਰ । ਖਿਚ ਕਟਾਰ ਨੰਗੀ ਆਏ ਤੇਰੇ ਦਰ ਢੁਕਿਆ, ਪੰਜ ਪਿਆਰੇ ਕਰੇ ਸ਼ੰਗਾਰ । ਗੋਬਿੰਦ ਤੇਰਾ ਬੂਟਾ ਕਦੇ ਨਾ ਸੁੱਕਿਆ, ਪੁਰਖ ਅਕਾਲ ਲਾਇਆ ਨਾਲ ਪਿਆਰ । ਤੇਰਾ ਭਾਰ ਆਪਣੇ ਸੀਸ ਚੁਕਿਆ, ਸੁਤ ਦੁਲਾਰੇ ਸਾਚੇ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ

ਸਾਚੀ ਕਾਰ । ਸਾਚੀ ਕਾਰ ਕਰਨੇਹਾਰ, ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ । ਕਲਜੁਗ ਆਈ ਅੰਤਮ ਵਾਰ, ਚਾਰ ਵੇਦਾਂ ਫੋਲ ਫੁਲਾਇੰਦਾ । ਸ਼ਾਸਤਰ ਸਿਮਰਤ ਲਏ ਉਠਾਲ, ਖਾਣੀ ਬਾਣੀ ਫੋਲ ਫੁਲਾਇੰਦਾ । ਬਾਣੀ ਮਾਰੇ ਨਿਰਾਲਾ ਬਾਣ, ਸ਼ਬਦ ਗੁਰ ਇਕ ਵਡਿਆਇੰਦਾ । ਹਰਿ ਕਾ ਰੂਪ ਨਾ ਸਕੇ ਕੋਈ ਪਛਾਣ, ਨਾਨਕ ਸਤਿਗੁਰ ਇਕ ਸੁਣਾਇੰਦਾ । ਏਕਾ ਅੰਗ ਕਰ ਪਰਵਾਨ, ਕਲਜੁਗ ਅੰਤਮ ਰਾਹ ਤਕਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਨਿਹਕਲੰਕਾ ਵੇਸ ਵਟਾਇੰਦਾ । ਆਦਿ ਜੁਗਾਦੀ ਨੌਜਵਾਨ, ਗੁਰ ਗੋਬਿੰਦ ਮੇਲ ਮਿਲਾਇੰਦਾ । ਮੇਲ ਮਿਲਾਵਾ ਦੋ ਜਹਾਨ, ਸਾਚੀ ਪੁਰੀਆਂ ਧਾਮ ਸੁਹਾਇੰਦਾ । ਨੇਹਚਲ ਵਸੇ ਇਕ ਅਸਥਾਨ, ਸੰਮਤ ਸਤਾਰਾਂ ਲੋਕਮਾਤ ਮਾਰ ਝਾਤ, ਗੁਰਮੁਖ ਦਵਾਰਾ ਸਚਖੰਡ ਬਣਾਇੰਦਾ । ਥਿਰ ਘਰ ਵਸੇ ਆਪ ਭਗਵਾਨ, ਸ਼ਬਦ ਅਨਾਦੀ ਨਾਦ ਵਜਾਇੰਦਾ । ਧੁਰ ਦਰਗਾਹੀ ਇਕ ਫ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਨੌਜਵਾਨ । ਨੌਜਵਾਨ ਪ੍ਰਭ ਆ ਗਿਆ, ਕਲਜੁਗ ਕਲ ਆਪਣੀ ਧਾਰ । ਸ੍ਰਿਸ਼ਟ ਸਬਾਈ ਆਪ ਸੁਵਾ ਰਿਹਾ, ਤ੍ਰੈਗੁਣ ਮਾਇਆ ਉਪਰ ਡਾਰ । ਗੁਰਮੁਖ ਸਾਚੇ ਆਪ ਜਗਾ ਰਿਹਾ, ਜੁਗਾ ਜੁਗੰਤਰ ਪਾਵੇ ਸਾਰ । ਤ੍ਰੈ ਅਗਨੀ ਆਪ ਬੁਝਾ ਰਿਹਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਜੋਗ ਅਭਿਆਸ ਨਾ ਕੋਈ ਕਰਾ ਰਿਹਾ, ਦੇਵੇ ਦਰਸ ਆਪ ਕਰਤਾਰ । ਲੱਖ ਚੁਰਾਸੀ ਫੰਦ ਕਟਾ ਰਿਹਾ, ਰਾਏ ਧਰਮ ਨਾ ਕਰੇ ਖ਼ੁਵਾਰ । ਚਿਤਰ ਗੁਪਤ ਹਿਸਾਬ ਵਖਾ ਰਿਹਾ, ਲਾੜੀ ਮੌਤ ਗੀਤ ਸੁਣਾਰ । ਜੂਨ ਅਜੂਨੀ ਨਾ ਕੋਈ

੧੩੦੯ ਫਿਰਾ ਰਿਹਾ, ਜੂਨੀ ਰਹਿਤ ਆਪ ਨਿਰੰਕਾਰ । ਗੁਰਮੁਖ ਸਾਚੇ ਮੇਲ ਮਿਲਾ ਰਿਹਾ, ਜੋ ਆਏ ਚਰਨ ਦੁਵਾਰ । ਰਾਤੀ ਸੁਤਿਆਂ ਘਰ ਘਰ ਦਰਸ ੧੩੦੯

ਦਿਖਾ ਰਿਹਾ, ਪਾਂਧੀ ਬਣਿਆ ਸਿਰਜਣਹਾਰ । ਦੋ ਜਹਾਨਾਂ ਪੰਧ ਮੁਕਾ ਲਿਆ, ਪਾਈ ਗੰਢ ਵਿਚ ਸੰਸਾਰ । ਗੁਰਮੁਖਾਂ ਆਪਣੇ ਰੰਗ ਰੰਗ ਰਿਹਾ, ਮਨਮੁਖਾਂ ਕਰੇ ਖ਼ੁਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਿਵ ਸ਼ੰਕਰ ਸ਼ਿਵਪੁਰੀ ਵਿਚੋਂ ਲਏ ਉਠਾਲ । ਪਾਰਬ੍ਰਹਮ ਬੇਅੰਤ, ਨਿਹਕਲੰਕ ਜਾਮਾ ਪਾਇਆ । ਪਰਗਟ ਹੋਏ ਸ੍ਰੀ ਭਗਵੰਤ, ਤਨ ਖ਼ਾਕੀ ਖ਼ਾਕ ਰਲਾਇਆ । ਕੰਤ ਨਾਰੀ ਫੇਰ ਪਰਨਾਵਣ ਆਇਆ, ਗੁਰ ਪੀਰ ਬਣਾਈ ਬਣਤ । ਸਾਚੇ ਸੰਤ ਲਏ ਜਗਾਇਆ, ਲੇਖਾ ਜਾਣੇ ਆਦਿ ਅੰਤ । ਜੀਵ ਜੰਤ ਸਰਬ ਕੁਰਲਾਇਆ, ਪ੍ਰਭ ਮਾਇਆ ਪਾਏ ਬੇਅੰਤ । ਸ਼ਾਹ ਸੁਲਤਾਨ ਦੇਣ ਦੁਹਾਇਆ, ਗੜ੍ਹ ਤੋੜੇ ਨਾ ਹਉਮੇ ਹੰਗਤ । ਬਿਨ ਸਤਿਗੁਰ ਪੂਰੇ ਕੋਈ ਨਾ ਦਇਆ ਕਮਾਇਆ, ਤਨ ਨਾਨਕ ਲਾਏ ਨਾ ਕੋਈ ਅੰਗਦ । ਕਲਜੁਗ ਵੇਲਾ ਅੰਤਮ ਆਇਆ, ਹਰਿ ਜੂ ਵੇਖੇ ਸਾਚੀ ਸੰਗਤ । ਨਿਰਗੁਣ ਬਣ ਭਿਖਾਰੀ ਮੰਗਣ ਆਇਆ, ਆਦਿ ਜੁਗਾਦਿ ਬਣਿਆ ਰਹੇ ਮੰਗਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਕੱਟੇ ਭੁੱਖ ਨੰਗਤ । ਗੁਰਮੁਖ ਸਤਿਗੁਰ ਮੇਲਿਆ, ਮੇਲ ਮਿਲਾਇਆ ਚਰਨ ਦਵਾਰ । ਸਤਿਗੁਰ ਮਿਲਿਆ ਸੱਜਣ ਸਹੇਲਿਆ, ਨਾਤਾ ਤੁਟੇ ਸਰਬ ਸੰਸਾਰ । ਦਰ ਪਾਇਆ ਇਕ ਅਕੇਲਿਆ, ਨਾਰੀ ਕੰਤ ਮੇਲ ਭਤਾਰ । ਘਰ ਵਸਿਆ ਸੱਜਣ ਸੁਹੇਲਿਆ, ਗ੍ਰਿਹਿ ਮੰਦਰ ਹੋਇਆ ਉਜਿਆਰ । ਕਲਜੁਗ ਅੰਤਮ ਸੁਹਾਏ ਵੇਲਿਆ, ਗੁਰਮੁਖਾਂ ਪਾਏ ਸਾਰ । ਸ਼ੰਕਰ ਤੇਰਾ ਧਾਮ ਇਕ ਨਵੇਲਿਆ, ਕਰੇ ਖੇਲ ਆਪ ਕਰਤਾਰ । ਗੁਰਮੁਖ ਆਪ ਅਪਣਾ ਰਿਹਾ, ਕਰ ਕਿਰਪਾ ਦੀਨ ਦਿਆਲ । ਗੋਬਿੰਦ ਸੁਤ ਇਕ ਰਲਾਇਆ, ਜਗਤ ਜਗਦੀਸ਼ਾ ਛੋਟਾ ਬਾਲਾ ਲਾਲ । ਤਿੰਨਾਂ ਲੇਖ ਆਪ ਸਮਝਾਇਆ, ਲੇਖਾ

ਤੋੜੇ ਜਗਤ ਜੰਜਾਲ । ਸਤ ਰੰਗ ਨਿਸ਼ਾਨਾ ਹੱਥ ਉਠਾਇਆ, ਦਰ ਭਿਖਾਰੀ ਕਾਲ ਮਹਾਂਕਾਲ । ਪੰਚਮ ਤਾਜ ਸੋਹੇ ਹਰਿ ਗਿਰਧਾਰਿਆ, ਭਗਤ ਵਛਲ ਬਣੇ ਕਿਰਪਾਲ । ਗੁਰਮੁਖ ਸਾਚੇ ਪੌੜੇ ਆਪੇ ਚਾੜ੍ਹਿਆ, ਆਪੇ ਬਣਿਆ ਹਰਿ ਰਖਵਾਲ । ਪੁਰੀ ਸ਼ਿਵ ਆਪੇ ਵਾੜਿਆ, ਆਪੇ ਦੇਵੇ ਸੱਚਾ ਧਨ ਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਹਰਿ ਨਿਰਾਲ । ਖੇਲ ਨਿਰਾਲੀ ਜੋਤ ਅਕਾਲੀ, ਕਲਜੁਗ ਅੰਤਮ ਆਪ ਕਰਾਈਆ । ਪਰਗਟ ਹੋਇਆ ਦੋ ਜਹਾਨਾ ਵਾਲੀ, ਨਿਰੰਕਾਰ ਕਰੇ ਪ੍ਰਿਤਪਾਲੀ, ਪ੍ਰਿਤਪਾਲਕ ਬੇਪਰਵਾਹੀਆ । ਦੂਸਰ ਘਰ ਕਰੇ ਪਾਲੀ, ਪਤ ਨਾ ਦਿਸੇ ਕਿਸੇ ਡਾਲ੍ਹੀ, ਸਿਮਲ ਰੁਖ ਸਰਬ ਲਹਿਰਾਈਆ । ਕਲਜੁਗ ਕੂੜਾ ਕਰੇ ਦਲਾਲੀ, ਕਿਸੇ ਨਾ ਦਿਸੇ ਹੱਕ ਹਲਾਲੀ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਚਾਰ ਕੁੰਟ ਕਰੇ ਰੁਸ਼ਨਾਈਆ । ਚਾਰ ਕੁੰਟ ਉਜਾਲਾ, ਹਰਿ ਗੋਪਾਲਾ ਏਕਾ ਨੂਰ ਡਗਮਗਾਈਆ । ਦੀਨ ਦਿਆਲਾ ਖੇਲ ਨਿਰਾਲਾ, ਦੋ ਜਹਾਨਾਂ ਆਪ ਕਰਾਈਆ । ਗੋਬਿੰਦ ਤੇਰੀ ਘਾਲ ਘਾਲਾ, ਲੇਖੇ ਲਾਏ ਦੀਨ ਦਿਆਲਾ, ਏਕਾ ਹੱਥ ਵੱਡੀ ਵਡਿਆਈਆ । ਨੌ ਖੰਡ ਏਕਾ ਰੂਪ ਬਣਾਏ ਸੱਚੀ ਧਰਮਸਾਲਾ, ਏਕਾ ਅੱਖਰ ਪੜ੍ਹਾਏ ਵਿਚ ਪਾਠਸ਼ਾਲਾ, ਸੋਹੰ ਅੱਖਰ ਕਰੇ ਪੜ੍ਹਾਈਆ । ਗਲ ਪਾਏ ਏਕਾ ਮਾਲਾ, ਸੋਹੰ ਤੋੜੇ ਜਗਤ ਜੰਜਾਲਾ, ਤ੍ਰੈਰੰਗ ਵੱਜਾ ਰਹੇ ਨਾ ਕੋਈ ਤਾਲਾ, ਬਜਰ ਕਪਾਟੀ ਆਪ ਤੁੜਾਈਆ । ਸਤਿਜੁਗ ਦੱਸੇ ਰਾਹ ਸੁਖ਼ਾਲਾ, ਬ੍ਰਹਮ ਮੇਲਾ ਸਿੰਘ ਪਾਲਾ, ਸ਼ਿਵ ਸ਼ੰਕਰ ਸਿੰਘ ਜਗਦੀਸ ਹੋਏ ਰਖਵਾਲਾ, ਮਹਿਮਾ ਅਕਥ ਕਥੀ ਨਾ ਜਾਈਆ । ਇੰਦ ਇੰਦਾਸਣ ਕੱਢੇ ਦਿਵਾਲਾ, ਕ੍ਰੋੜ ਤੇਤੀਸਾ ਨਾ ਸੁਰਤ ਸੰਭਾਲਾ, ਸਰਬ ਦੇਵਤ ਨਾ ਕੋਈ ਵਡਿਆਈਆ । ਲੇਖਾ ਚੁੱਕੇ ਆਦਿ ਸ਼ਕਤ ਜਵਾਲਾ, ਸੁੰਭ ਨਿਸੁੰਭ ਨਾ ਢਾਲੇ ਕੋਈ ਢਾਲਾ, ਸਿੰਘ ਅਸਵਾਰ ਅਸ਼ਟਭੁਜ ਨਾ ਰੂਪ ਪਰਗਟਾਈਆ । ਆਪਣਾ ਲੇਖਾ ਜਾਣੇ ਬੇਪਰਵਾਹ ਦੀਨ ਦਿਆਲਾ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਰਖਵਾਲਾ, ਲੋਕਮਾਤ ਨਾ ਕੋਈ ਸਹਾਈਆ । ਅਠਸਠ ਤੀਰਥ ਨਾ ਕੋਈ ਰਖਵਾਲਾ, ਦੁਰਮਤ ਮੈਲ ਨਾ ਕੋਈ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਹੁਕਮ ਦਏ ਜਣਾਈਆ । ਬੰਦ ਅੰਨ ਦਾਨਾ ਵਿਸ਼ਨੂੰ ਤੇਰਾ ਕੀਤਾ , ਜਗਤ ਭੰਡਾਰ ਨਾ ਕੋਈ ਵਰਤਾਇੰਦਾ । ਪਾਰਬ੍ਰਹਮ ਬ੍ਰਹਮੇ ਮਾਰਗ ਏਕਾ ਦੱਸਣਾ, ਰੂਪ ਅਨੂਪ ਆਪ ਧਰਾਇੰਦਾ । ਲੋਕਮਾਤ ਮੇਰੀ ਕੋਈ ਨਾ ਕਰੇ ਲਖਨਾ, ਬ੍ਰਹਮ ਬੂਟੇ ਆਪੇ ਲਾਇੰਦਾ । ਕਲਜੁਗ ਤੇਰਾ ਕੱਢੇ ਦੁਖਨਾ, ਦੁਖੀਆਂ ਦੁਖ ਆਪ ਗਵਾਇੰਦਾ । ਗੁਰਮੁਖ ਜੁਗ ਜੁਗ ਸੁਖਦੇ ਰਹੇ ਸੁਖਣਾ, ਕਵਣ ਵੇਲਾ ਸਤਿਗੁਰ ਮੇਲ ਮਿਲਾਇੰਦਾ । ਬੀਸ ਬੀਸਾ ਗੁਰਸਿਖ ਗੁਰ ਇਕ ਦੂਜੇ ਘਰ ਆਪੇ ਢੁਕਣਾ, ਨਾਰੀ ਕੰਤ ਕੰਤ ਨਾਰੀ ਆਪਣਾ ਰੂਪ ਪਰਗਟਾਇੰਦਾ । ਸੰਤ ਜਨਾਂ ਏਕਾ ਮਾਰਗ ਦੱਸਣਾ, ਜਗਤ ਵਿਕਾਰ ਦਏ ਗਵਾਈਆ । ਮਨਮੁਖਾਂ ਚਾਰੋਂ ਕੁੰਟ ਨੱਸਣਾ, ਖ਼ਾਲੀ ਠੂਠਾ ਸਰਬ ਵਖਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਤਖ਼ਤ ਤਾਜ ਤਜਣਾ, ਸੀਸ ਤਾਜ ਨਾ ਕੋਈ ਹੰਢਾਈਆ । ਪਾਰਬ੍ਰਹਮ ਪਤਿ ਪਰਮੇਸ਼ਵਰ ਨਿਹਕਲੰਕ ਏਕਾ ਬੁਕਣਾ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸਾਚੇ ਆਪ ਮਿਲਾਈਆ । ਗੁਰਮੁਖ ਮੇਲ ਮਿਲਨਿਆ, ਮੇਲਾ ਹਰਿ ਦਵਾਰ । ਸਤਿਗੁਰ ਪੂਰਾ ਚੜ੍ਹਾਏ ਚੰਨਿਆ, ਨਿਰਗੁਣ ਜੋਤ ਕਰੇ ਆਕਾਰ । ਜੋ ਘੜਿਆ ਸੋ ਭੰਨਿਆ, ਥਿਰ ਰਹੇ ਨਾ ਵਿਚ ਸੰਸਾਰ । ਕਲਜੁਗ ਜੀਵ

੧੩੧੦ ੦੯

ਅੰਤਮ ਜਾਣਾ ਡੰਨਿਆ, ਜਿਸ ਭੁੱਲਿਆ ਹਰਿ ਕਰਤਾਰ । ਧ੍ਰਿਗ ਜਨਮ ਜਨਮ ਮਾਂ ਜਿਸ ਹਰਿ ਭਗਤ ਮਾਤ ਨਾ ਜਣਿਆ, ਮਾਣਸ ਜਨਮ ਹੋਇਆ ਖ਼ਵਾਰ । ਬਾਂਝ ਰਹਿੰਦੀ ਮਾਤ ਕੰਨਿਆ, ਸੇਜ ਆਏ ਨਾ ਕੰਤ ਭਤਾਰ । ਮਾਣਸ ਮਨੁਖ ਜੋ ਵੇਲੇ ਅੰਤਮ ਜਾਏ ਡੰਨਿਆ, ਲੱਖ ਚੁਰਾਸੀ ਹੋਏ ਖ਼ੁਵਾਰ । ਬਿਨ ਗੁਰਸਿਖ ਹਰਿ ਕਾ ਰਾਗ ਨਾ ਸੁਣੇ ਕੋਈ ਕੰਨਿਆ, ਸਤਿਗੁਰ ਪੂਰਾ ਆਪ ਸੁਣਾਏ ਸੱਚੀ ਗੁਫ਼ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖਾਂ ਪੈਜ ਰਿਹਾ ਸੁਆਰ । ਗੁਰਸਿਖਾਂ ਪੈਜ ਸੁਆਰਦਾ, ਕਰ ਕਿਰਪਾ ਗੁਣ ਨਿਧਾਨ । ਪੂਰਬ ਪੂਰਬ ਜਨਮ ਵਿਚਾਰਦਾ, ਲੇਖਾ ਲਿਖਣਹਾਰ ਭਗਵਾਨ । ਕਲਜੁਗ ਕੰਢਾ ਆਇਆ ਪਾਰ ਦਾ, ਨਾਤਾ ਤੁਟਾ ਜੀਵ ਜਹਾਨ । ਕਲਜੁਗ ਆਪਣਾ ਖੇਲ ਖਲਾਰਦਾ, ਸਾਰ ਪਾਸ਼ਾ ਦੀਨ ਈਮਾਨ । ਵਰਨੀ ਵਰਨ ਵਰਨ ਵਖਾਣ ਦਾ, ਭਰਮੀ ਭਰਮ ਭਰਮ ਸ਼ੈਤਾਨ । ਬਿਨ ਗੁਰਮੁਖ ਇਕ ਸਰਨ ਨਾ ਕੋਈ ਜਾਣਦਾ, ਦੀਨ ਮਜ਼੍ਹਬ ਹੋਏ ਹੈਰਾਨ । ਆਤਮ ਅੰਤਰ ਕੋਈ ਨਾਮ ਨਾ ਜਾਣੇ ਬ੍ਰਹਮ ਗਿਆਨ ਦਾ, ਜਗਤ ਵਿਦਿਆ ਕਰਨ ਵਖਾਨ । ਸਾਚਾ ਘਰ ਨਾ ਕੋਈ ਪਛਾਣਦਾ, ਝੂਠੇ ਧਨ ਜਗਤ ਮਕਾਨ । ਕਿਸੇ ਫ਼ਿਕਰ ਨਹੀਂ ਪੀਣ ਖਾਣ ਦਾ, ਜਗਤ ਮਾਇਆ ਹੋਏ ਗ਼ਲਤਾਨ । ਕਿਸੇ ਭੈ ਨਹੀਂ ਸ਼ਾਹ ਸੁਲਤਾਨ ਦਾ, ਝੂਠੀ ਰਯੱਤ ਹੋਈ ਹੁਕਮਰਾਨ । ਕਲਜੁਗ ਵੇਲਾ ਅੰਤਮ ਸ੍ਰੀ ਭਗਵਾਨ ਦਾ, ਪਰਗਟ ਹੋਏ ਵਾਲੀ ਦੋ ਜਹਾਨ । ਕਲਜੁਗ ਨਾਤਾ ਤੁਟੇ ਝੂਠੇ ਨਿਸ਼ਾਨ ਦਾ, ਸਚ ਨਿਸ਼ਾਨ ਹੋਏ ਪਰਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਮਾਣ । ਗੁਰਮੁਖ ਮਾਣ ਨਿਮਾਣਿਆਂ, ਦੇਵੇ ਦੇਵਣਹਾਰ । ਰਾਤੀਂ ਸੁਤਿਆਂ ਖੜਾ ਰਹੇ ਸਰਹਾਣਿਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ੧੩੧੧ ਘਰ ਘਰ ਸੁਣਾਏ ਗਾਣਿਆ, ਆਪ ਆਪਣੇ ਕਰ ਪਰਵਾਨ । ਬੇੜਾ ਚਲਾਏ ਬਿਨ ਵੰਝ ਮੁਹਾਣਿਆ, ਸਤਿਗੁਰ ਪੂਰਾ ਹੋਇਆ ਮਿਹਰਵਾਨ । ਕੋਈ ਰਹਿਣੇ ਨਹੀਂ ਤਹਿਸੀਲ ਠਾਣਿਆ, ਨਾ ਕੋਈ ਕਿਸੇ ਫੜੇ ਆਣ । ਏਕਾ ਵਰਤੇ ਹੁਕਮ ਭਗਵਾਨਿਆ, ਧੁਰ ਦੀ ਬਾਣੀ ਮਾਰੇ ਬਾਣ । ਕਲਜੁਗ ਝੂਠਾ ਨਾ ਦਿਸੇ ਜਹਾਨਿਆ, ਅੰਤਮ ਕਰੇ ਵੈਰਾਨ । ਪਹਿਲੀ ਚੇਤਰ ਇਕ ਸਮਝਾਨਿਆ, ਨੌਂ ਖੰਡ ਪ੍ਰਿਥਮੀ ਏਕਾ ਪਰਗਟ ਹੋਏ ਹੁਕਮਰਾਨ । ਪੰਚ ਮੁਖ ਸੀਸ ਤਾਜ ਟਿਕਾਨਿਆ, ਸ਼ਬਦ ਖੰਡਾ ਤੇਜ਼ ਕਿਰਪਾਨ । ਵਾਲੀ ਹਿੰਦ ਕਰਨਾ ਚਰਨ ਧਿਆਨਿਆ, ਸ੍ਰਿਸ਼ਟ ਸਬਾਈ ਦੇਣਾ ਫੇਰ ਗਿਆਨ । ਪੰਡਤ ਨਹਿਰੂ ਬਹੱਤਰ ਦੇਸ਼ ਲਿਖਣਾ ਲਿਖ ਲਿਖ ਭੇਜਣਾ ਇਕ ਪਰਵਾਨਿਆ, ਪੁਰਖ ਅਬਿਨਾਸ਼ੀ ਆਇਆ ਵਿਚ ਜਹਾਨ । ਜਿਸ ਟੁਟਿਆ ਜਗਤ ਨਿਸ਼ਾਨਿਆ, ਲੱਖ ਚੁਰਾਸੀ ਕਰਨੀ ਵੈਰਾਨ । ਇਕ ਝੁਲੌਣਾ ਸੱਤ ਰੰਗ ਨਿਸ਼ਾਨਿਆਂ, ਜ਼ਿਮੀ ਅਸਮਾਨ ਕਰਨ ਸਲਾਮ । ਸੂਰਜ ਚੰਨ ਸੀਸ ਝੁਕਾਨਿਆ, ਬ੍ਰਹਮਾ ਵਿਸ਼ਨ ਸ਼ਿਵ ਕਰੇ ਪਰਨਾਮ । ਲੋਕ ਪਰਲੋਕ ਰਾਹ ਤਕਾਨਿਆ, ਗਣ ਗੰਧਰਬ ਗਾਇਣ ਗਾਣ । ਗੁਰ ਪੀਰ ਵੇਖ ਵਖਾਨਿਆ, ਸਾਧ ਸੰਤ ਭਗਤ ਭਗਵੰਤ ਗੁਣ ਨਿਧਾਨ । ਸਭ ਦਾ ਦਾਤਾ ਇਕ ਸ੍ਰੀ ਭਗਵਾਨਿਆ, ਕਲਜੁਗ ਖੇਲ ਕਰੇ ਮਹਾਨ । ਝੂਠਾ ਨਾਤਾ ਤੋੜੇ ਜੀਵ ਜਹਾਨਿਆ, ਸਤਿਜੁਗ ਸਾਚਾ ਕਰੇ ਪਰਧਾਨ । ਦਿਲੀ ਦਵਾਰੇ ਚਰਨ ਟਿਕਾਨਿਆ, ਸਾਚੇ ਤਖ਼ਤ ਬਹੇ ਰਾਜ ਰਾਜਾਨ । ਨੌਂ ਖੰਡ ਪ੍ਰਿਥਮੀ ਸੁਣਾਏ ਇਕ ਫ਼ਰਮਾਨਿਆ, ਸੱਤਾਂ ਦੀਪਾਂ ਪਾਏ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪੇ ਵਰਤੇ ਆਣ । ਆਪਣਾ ਹੁਕਮ ਆਪ ਵਰਤਾਵਣਾ, ਲੋਕਮਾਤ ਹੋ ਉਜਿਆਰ । ਚਾਰ ਵਰਨਾਂ ਏਕਾ ਗਾਵਣਾ, ਇਕ ਇਕੱਲਾ ਏਕੰਕਾਰ । ਗੁਰਦਵਾਰ ਮੰਦਰ ਮਸਜਿਦ ਮਠ ਸ਼ਿਵਦਵਾਲਾ

ਏਕਾ ਰੰਗ ਰੰਗਾਵਣਾ, ਏਕਾ ਇਸ਼ਟ ਸੱਚੀ ਸਰਕਾਰ । ਦ੍ਰਿਸ਼ਟ ਸ੍ਰਿਸ਼ਟ ਆਪ ਖੁਲ੍ਹਾਵਣਾ, ਮੇਲ ਮਿਲਾਵਾ ਜਿਉਂ ਵਸ਼ਿਸ਼ਟ ਰਾਮ ਅਵਤਾਰ । ਏਕਾ ਗਿਆਨ ਗਿਆਨ ਦ੍ਰਿੜਾਵਣਾ, ਜਿਉਂ ਗੀਤਾ ਅਰਜਨ ਕਰੇ ਪਿਆਰ । ਏਕਾ ਕਲਮਾ ਆਪ ਪੜ੍ਹਾਵਣਾ, ਐਨਲਹਕ ਬੋਲ ਜੈਕਾਰ । ਏਕਾ ਮੰਤਰ ਨਾਮ ਦ੍ਰਿੜਾਵਣਾ, ਸਤਿ ਨਾਮ ਕਰੇ ਪਿਆਰ । ਏਕਾ ਵਾਹਿਗੁਰੂ ਫ਼ਤਿਹ ਗਜਾਵਣਾ, ਫ਼ਤਹਿ ਡੰਕਾ ਵਿਚ ਵੱਜੇ ਸੰਸਾਰ । ਨਿਹਕਲੰਕ ਨੌਂ ਖੰਡ ਪ੍ਰਿਥਮੀ ਘਰ ਘਰ ਆਪਣਾ ਦੀਪ ਜਗਾਵਣਾ, ਕਲਜੁਗ ਮਿਟੇ ਰੈਣ ਅੰਧਿਆਰ । ਆਤਮ ਪਰਮਾਤਮ ਏਕਾ ਰੰਗ ਰੰਗਾਵਣਾ, ਈਸ਼ ਜੀਵ ਦਏ ਆਧਾਰ । ਸੋ ਪੁਰਖ ਨਿਰੰਜਣ ਵਕਤ ਸੁਹਾਵਣਾ, ਹਰਿ ਪੁਰਖ ਨਿਰੰਜਣ ਕਰੇ ਵਿਚਾਰ । ਏਕੰਕਾਰਾ ਗੀਤ ਗਾਵਣਾ, ਆਦਿ ਨਿਰੰਜਨ ਜਾਏ ਬਲਹਾਰ । ਸ੍ਰੀ ਭਗਵਾਨ ਸੁਹਾਗ ਹੰਢਾਵਣਾ, ਅਬਿਨਾਸ਼ੀ ਕਰਤਾ ਕੰਤ ਭਤਾਰ । ਪਾਰਬ੍ਰਹਮ ਬ੍ਰਹਮ ਮੇਲ ਮਿਲਾਵਣਾ, ਮੇਲ ਮਿਲਾਏ ਏਕਾ ਵਾਰ । ਸਚਖੰਡ ਦਵਾਰ ਲੋਕਮਾਤ ਸੁਹਾਵਣਾ, ਸਤਿਜੁਗ ਸਾਚੀ ਚਲੇ ਧਾਰ । ਹੰ ਬ੍ਰਹਮ ਵੇਖ ਵਖਾਵਣਾ, ਸੋਇਮ ਰੂਪ ਆਪ ਨਿਰੰਕਾਰ । ਸੋਹੰ ਅੱਖਰ ਜਾਪ ਜਪਾਵਣਾ, ਬ੍ਰਹਮ ਪਾਰਬ੍ਰਹਮ ਦਏ ਆਧਾਰ । ਵਰਨ ਗੋਤ ਨਾ ਕੋਇ ਵਖਾਵਣਾ, ਅਠਾਰਾਂ ਬਰਨ ਨਾ ਕੋਇ ਸਹਾਰ । ਚਾਰ ਵਰਨ ਪੰਧ ਮੁਕਾਵਣਾ, ਸ਼ੱਤਰੀ ਬ੍ਰਿਹਮਣ ਸ਼ੂਦਰ ਵੈਸ਼ ਵੰਡਣ ਵੰਡ ਵੰਡੇ ਨਾ ਕੋਇ ਸੰਸਾਰ । ਮੰਨੂ ਸਿਮਰਤੀ ਪੰਧ ਚੁਕਾਵਣਾ, ਆਪਣਾ ਲੇਖਾ ਜਾਣੇ ਆਪ ਗਿਰਧਾਰ । ਸ੍ਰਿਸ਼ਟ ਸਬਾਈ ਸਾਚਾ ਭੂਪ ਇਕ ਅਖਵਾਵਣਾ, ਘਰ ਘਰ ਬਣੇ ਨਾ ਕੋਇ ਸਿਕਦਾਰ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕਤਕ ਜਗਤ ਵਿਧਾਨ ਆਪ ਬਣਾਵਣਾ, ਲੇਖਾ ਲਿਖ ਆਪ ਨਿਰੰਕਾਰ । ਤਾਜ਼ੀਰਾਤ ਹਿੰਦ ਤੇਰਾ ਪੰਧ ਮੁਕਾਵਣਾ, ਗੋਬਿੰਦ ਬਿੰਦ ਸ਼ਾਹੀ ਬਣੇ ਵਿਚ ਸੰਸਾਰ । ਸਾਗਰ ਸਿੰਧ ਮੁਖ ਸ਼ਰਮਾਵਣਾ, ਅਠਾਰਾਂ ਭਾਰ ਬਨਾਸਪਤ ਲਿਖੇ ਨਾ ਲਿਖਣਹਾਰ । ਸਤ ਸਮੁੰਦਰ ਮਸ ਕੁਰਲਾਵਣਾ, ਅੰਤ ਪਾਏ ਨਾ ਪਾਰਾਵਾਰ । ਪੁਰਖ ਅਬਿਨਾਸ਼ੀ ਆਪਣੀ ਰਤੀ ਰਤ ਕਢਾਵਣਾ, ਸਵਾ ਰਤੀ ਕਰੇ ਪੰਜ ਪਿਆਰ । ਪੰਜਾਂ ਹੱਥ ਡੋਰ ਫੜਾਵਣਾ, ਸ੍ਰਿਸ਼ਟ ਸਬਾਈ ਕਰੇ ਪਿਆਰ । ਜੂਠ ਝੂਠ ਸਤਿਜੁਗ ਵਿਚ ਰਹਿਣ ਨਾ ਪਾਵਣਾ, ਨਾ ਕੋਈ ਵੇਖੇ ਦੂਜੀ ਨਾਰ । ਨਾਰੀ ਏਕਾ ਕੰਤ ਹੰਢਾਵਣਾ, ਮਾਤਲੋਕ ਰਹੇ ਨਾ ਕੋਇ ਵਿਭਚਾਰ । ਬਿਨ ਪੁੱਤਰ ਖ਼ਾਲੀ ਨਾ ਕੋਇ ਜਾਵਣਾ, ਵੇਲੇ ਅੰਤ ਨਾ ਰੋਵੇ ਧਾਹੀਂ ਮਾਰ । ਬਿਨ ਸਤਿਗੁਰ ਦਰਸ ਦੇਹ ਨਾ ਕਿਸੇ ਤਜਾਵਣਾ, ਜਿਸ ਮਿਲਿਆ ਗੁਰ ਕਰਤਾਰ । ਏਕਾ ਅੱਖਰ ਆਪ ਸਮਝਾਵਣਾ, ਵਾਲੀ ਹਿੰਦ ਕਰਨਾ ਖ਼ਬਰਦਾਰ । ਆਪਣਾ ਪਰਦਾ ਉਪਰੋਂ ਲਾਹਵਣਾ, ਪਰਗਟ ਹੋ ਵਿਚ ਸੰਸਾਰ । ਸਾਕੀ ਬਣ ਸਾਚਾ ਜਾਮ ਪਿਆਵਣਾ, ਜੋ ਆਏ ਚਲ ਦਰਬਾਰ । ਫੜ ਬਾਹੋਂ ਤਖ਼ਤ ਬਹਾਵਣਾ, ਸਚਖੰਡ ਦਵਾਰੇ ਹਰਿ ਨਿਰੰਕਾਰ । ਰਾਹ ਵਿਚ ਨਾ ਕਿਸੇ ਅਟਕਾਵਣਾ, ਥਿਰ ਘਰ ਵਸਾਏ ਧਾਮ ਨਿਆਰ । ਲਾੜੀ ਮੌਤ ਮੁਖ ਸ਼ਰਮਾਵਣਾ, ਮੁਖ ਘੁੰਗਟ ਪਾ ਰੋਵੇ ਜ਼ਾਰੋ ਜ਼ਾਰ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਰਾਹ ਤਕਾਵਣਾ, ਚਾਰੇ ਕੂਟਾਂ ਰਹੇ ਵਿਚਾਰ । ਧਰਤ ਧਵਲ ਤੇਰੇ ਚਰਨ ਚੁੰਮ ਚੁੰਮ ਖ਼ੁਸ਼ੀ ਮਨਾਵਣਾ, ਜਿਸ ਚਰਨਾਂ ਆਇਆ ਚਲ ਦਰਬਾਰ । ਤੇਰੇ ਚਰਨਾਂ ਧੂੜ ਤਿੰਨਾਂ ਲੋਕਾਂ ਪਾਰ ਕਰਾਵਣਾ, ਆਪ ਰਮਾਈ ਹਰਿ ਕਰਤਾਰ । ਵਿਸ਼ਨੂੰ ਜਟਾ ਜੂਟ ਆਏ ਆਪਣਾ ਸੀਸ ਖੁਲ੍ਹਾਵਣਾ, ਗੁਰਸਿਖ ਤੇਰੀ ਖ਼ਾਕ ਲਾਏ ਤਨ ਛਾਰ । ਜਗਤ ਜਗਦੀਸਾ ਬਹਿ ਬਹਿ ਉਚੀ ਗਾਵਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਰਗਟ ਹੋਇਆ ਵਿਚ ਸੰਸਾਰ । ਰਾਗ ਛਤੀਸਾ ਰਹਿਣ ਨਾ ਪਾਵਣਾ, ਗੁਰ ਨਾਨਕ ਬਣਿਆ ਇਕ ਲਿਖਾਰ । ਹਰਿ ਕਾ ਰੂਪ ਪਰਗਟ ਨਜ਼ਰੀ ਆਵਣਾ, ਸਤਿਗੁਰ ਪੂਰਾ ਕਿਰਪਾ ਕਰੇ ਆਪ ਨਿਰੰਕਾਰ ।

ਤੀਰਥ ਤਟ ਨਾ ਕਿਸੇ ਨਹਾਵਣਾ, ਅਠਸਠ ਕਰੇ ਆਪ ਖਵਾਰ । ਗੁਰਸਿਖ ਤੇਰੇ ਚਰਨ ਚੁੰਮੇ ਆਣ । ਮੰਦਰ ਮਸਜਿਦ ਮਠ ਸ਼ਿਵਦਵਾਲੇ ਸੀਸ ਨਾ ਕਿਸੇ ਝੁਕਾਵਣਾ, ਕਾਇਆ ਮੰਦਰ ਅੰਦਰ ਆਪਣੇ ਸੱਚਾ ਗੁਰੂਦਵਾਰ । ਘਰ ਰਾਮ ਰਾਮਾ ਸੀਤਾ ਸੁਰਤੀ ਆਪ ਪਰਨਾਵਣਾ, ਸਾਚਾ ਚਿਲਾ ਖਿਚੇ ਧਨੁਸ਼ ਬਾਣ । ਕਾਹਨਾ ਕ੍ਰਿਸ਼ਨਾ ਬੰਸਰੀ ਇਕ ਵਜਾਵਣਾ, ਰਾਧਾ ਸੁਰਤੀ ਕਰੇ ਧਿਆਨ । ਸਾਚਾ ਸਵਾਮੀ ਸੰਗ ਨਿਭਾਵਣਾ, ਮੇਲ ਮਿਲਾਏ ਸ੍ਰੀ ਭਗਵਾਨ । ਨਾਮ ਸਤਿ ਸਤਿ ਨਾਮ ਸਾਚੇ ਘਰ ਬਹਾਵਣਾ, ਨਾਨਕ ਨਿਰਗੁਣ ਮੇਲਾ ਦੋ ਜਹਾਨ । ਗੁਰ ਗੋਬਿੰਦ ਦਰਸ ਗੁਰਮੁਖ ਵਿਰਲੇ ਪਾਵਣਾ, ਕਲਜੁਗ ਜੀਵ ਨਾ ਸਕੇ ਕੋਇ ਪਛਾਣ । ਹਉਮੇ ਹੰਗਤਾ ਦੁੱਖ ਸਰਬ ਕੁਰਲਾਵਣਾ, ਉਜਲ ਮੁਖ ਨਾ ਕੋਇ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਆਪ ਤਰਾਵਣਾ । ਗੁਰਮੁਖ ਤੇਰਾ ਪਾਰ ਕਿਨਾਰਾ, ਤੇਰੀ ਤਰਨੀ ਤਰਨ ਕੋਇ ਨਾ ਜਾਣਿਆ । ਤੇਰਾ ਮੇਲ ਇਕ ਨਿਰੰਕਾਰਾ, ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਤੇਰਾ ਖੁਲ੍ਹਿਆ ਸਚਖੰਡ ਦਵਾਰਾ, ਮਿਲਿਆ ਹਰਿ ਪੂਰਨ ਭਗਵਾਨਿਆ । ਲੋਕਮਾਤ ਕਰੇ ਪਿਆਰਾ, ਦੇਵੇ ਦਾਨ ਸਾਚਾ ਦਾਨੀਆ । ਚਰਨ ਕਵਲ ਇਕ ਸਹਾਰਾ, ਸ਼ਬਦ ਜਣਾਏ ਅਕਥਨਾ ਅਕਥ ਧੁਰ ਦਰਗਾਹੀ ਧੁਰ ਦੀ ਬਾਣੀਆ । ਪਾਰਬ੍ਰਹਮ ਏਕਾ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਚਤਰ ਸੁਜਾਨਿਆ । ਗੁਰਮੁਖ ਮੇਲਾ ਸਾਚੇ ਘਰ, ਘਰ ਸੁਹੰਜਣਾ ਆਪ ਸੁਹਾਇੰਦਾ । ਜਗਤ ਵਖਾਏ ਨੌ ਦਵਾਰ, ਗੁਰਮੁਖਾਂ ਨੌ ਦਵਾਰੇ ਪੰਧ ਮੁਕਾਇੰਦਾ । ਸਤ ਰੰਗ ਨਿਸ਼ਾਨਾ ਰਿਹਾ ਚੜ੍ਹ, ਸਤਿ ਸਤਿਵਾਦੀ ਆਪ ਚੜ੍ਹਾਇੰਦਾ । ਨਿਰਗੁਣ ਅੰਦਰ ਸਰਗੁਣ ਵੜ, ਸਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜਗਤ ਹਕੂਮਤ ਨਾ ਕੋਈ ਸਕੇ ਫੜ, ਹੱਥ ਕਿਸੇ ਨਾ ਆਇੰਦਾ । ਸਿੰਘ ਪੂਰਨ ਬੱਧਾ ਆਪਣੇ ਲੜ, ਕਾਇਆ ਤਤ ਹੰਢਾਇੰਦਾ । ਝੂਠਿਆਂ ਨਾਲ ਜੂਠ ਰਿਹਾ ਕਰ, ਸਚ ਨਾ ਕਿਸੇ ਵਖਾਇੰਦਾ । ਰਾਸ਼ਟਰਪਤੀ ਭਵਨ ਜਾਏ ਵੜ, ਮਹਾਰਾਜ ਸ਼ੇਰ ਸਿੰਘ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਛਲ ਅਛੇਦਾ ਭੇਵ ਅਭੇਦਾ ਆਪਣਾ ਭੇਵ ਆਪਣੇ ਵਿਚ ਰਖਾਇੰਦਾ । ਆਪਣਾ ਭੇਵ ਆਪਣੇ ਵਿਚ ਟਿਕਾਇਆ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਬਿਨ ਗੁਰਮੁਖ ਪੂਰੇ ਪੂਰਨ ਬੂਝ ਨਾ ਕਿਸੇ ਬੁਝਾਇਆ, ਭਰਮੇ ਭੁੱਲੀ ਸਰਬ ਲੋਕਾਈਆ । ਜਿਸ ਨੂੰ ਕਹੇ ਗੋਬਿੰਦ ਆਇਆ, ਅਗੋਂ ਕਰਦੇ ਜਗਤ ਲੜਾਈਆ । ਸ੍ਰਿਸ਼ਟ ਸਬਾਈ ਰਿਹਾ ਸਮਝਾਇਆ, ਭਰਮ ਭੁਲੇਖਾ ਰਹੇ ਨਾ ਰਾਈਆ । ਜਿਸ ਆਪਣੇ ਸੀਸ ਤਾਜ ਟਿਕਾਇਆ, ਕਰਕੇ ਜਾਏ ਸੱਚੀ ਸ਼ਹਿਨਸ਼ਾਹੀਆ । ਆਪਣੇ ਹੱਥ ਬੰਦ ਰਖਾਇਆ, ਕੋਈ ਪਕੜੇ ਸੱਚਾ ਮਾਹੀਆ । ਗੁਰਸਿਖਾਂ ਦਾ ਡਰ ਆਪੇ ਲਾਹਿਆ, ਤੀਰ ਤਲਵਾਰ ਨਾ ਹੱਥ ਫੜਾਈਆ । ਵਾਲੋਂ ਨਿਕੀ ਖੰਡਿਉਂ ਤਿਖੀ ਫੜ ਕੇ ਆਇਆ, ਲੋਹਾਰ ਤਰਖਾਣ ਨਾ ਕਿਸੇ ਘੜਾਈਆ । ਗੋਬਿੰਦ ਕੀਤਾ ਕੌਲ ਭੁੱਲ ਨਾ ਜਾਇਆ, ਅਭੁੱਲ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਰਚਨਾ ਵੇਖ ਵਖਾਈਆ । ਗੁਰਸਿਖਾਂ ਹੌਲਾ ਭਾਰ ਕਰਾਇੰਦਾ, ਸਿਰ ਆਪਣੇ ਚੁੱਕਿਆ ਭਾਰ । ਆਪਣੀ ਖ਼ਾਕ ਖ਼ਾਕ ਵਿਚ ਰਲਾਇੰਦਾ, ਜੋਤੀ ਜੋਤ ਕਰੇ ਉਜਿਆਰ । ਸ਼ੇਰ ਸਿੰਘ ਦਿਸ ਕਿਸੇ ਨਾ ਆਇੰਦਾ, ਉਚੀ ਕੂਕ ਨਾ ਸਕੇ ਕੋਈ ਪੁਕਾਰ । ਗੋਬਿੰਦ ਬਾਜ ਨਾ ਹੱਥ ਕੋਈ ਟਿਕਾਇੰਦਾ, ਨੀਲਾ ਘੋੜਾ ਨਾ ਕੋਈ ਅਸਵਾਰ । ਸ਼ਬਦ ਆਪਣਾ ਨਾਉਂ ਵਖਾਇੰਦਾ, ਨਾ ਜਨਮੇ

ਨਾ ਮਰੇ ਵਿਚ ਸੰਸਾਰ । ਸਾਚਾ ਭਾਣਾ ਆਪਣਿਆਂ ਆਪ ਜਣਾਇੰਦਾ, ਕਲਜੁਗ ਤੇਰੀ ਅੰਤਰ ਧਾਰ । ਰੈਣ ਅੰਧੇਰੀ ਆਪ ਮਿਟਾਇੰਦਾ, ਸਾਚਾ ਸੁਤ ਕਰੇ ਉਜਿਆਰ । ਕੂੜ ਕੁੜਿਆਰਾ ਕੂੜੇ ਧੰਦੇ ਪਾਇੰਦਾ, ਕੂੜੀ ਰੱਯਤ ਕੂੜੀ ਸ਼ਖ਼ਸੱਯਤ ਕੂੜਾ ਮੇਟੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਕਰੇ ਸਚ ਪਿਆਰ । ਗੁਰਮੁਖ ਤੇਰਾ ਮੂਲ ਚੁਕੌਣਾ, ਕਰਤਾ ਕੀਮਤ ਆਪੇ ਪਾਈਆ । ਰਸਨਾ ਜਿਹਵਾ ਏਕਾ ਗੌਣਾ, ਗੁਣਵੰਤਾ ਬੇਪਰਵਾਹੀਆ । ਦੂਸਰ ਓਟ ਨਾ ਕੋਇ ਰਖੌਣਾ, ਪੁਰਖ ਅਕਾਲ ਸੱਚੀ ਸਰਨਾਈਆ । ਪੰਜ ਤਤ ਨਾ ਗੁਰ ਕੋਈ ਬਣੌਣਾ, ਗੁਰ ਗੁਰ ਪੰਜ ਤਤ ਕਰੇ ਕੁੜਮਾਈਆ । ਜਿਸ ਦਵਾਰੇ ਸ਼ਬਦ ਵਜੌਣਾ, ਤਿਸ ਦਵਾਰੇ ਸੁਰ ਤਾਲ ਰਖਾਈਆ । ਸੋ ਪੁਰਖ ਨਿਰੰਜਣ ਕਿਉਂ ਮਨੋਂ ਭੁਲੌਣਾ, ਜਿਸ ਭੁਲਿਆਂ ਮਿਲੇ ਨਾ ਕੋਇ ਥਾਈਆ । ਭਗਤੀ ਮਾਰਗ ਕਲਜੁਗ ਅੰਤਮ ਔਖਾ ਕੋਇ ਕਿਸੇ ਨਾ ਪੂਰ ਕਰੌਣਾ, ਸਾਚੀ ਘਾਟੀ ਨਾ ਕੋਇ ਚੜ੍ਹਾਈਆ । ਕਬੀਰ ਰਵਦਾਸ ਸਭ ਨੇ ਗੌਣਾ, ਕਬੀਰ ਰਵਦਾਸ ਰੂਪ ਨਾ ਕੋਇ ਵਟਾਈਆ । ਜੋਗ ਅਭਿਆਸ ਤਪ ਹਠ ਡੂੰਘੀ ਭਵਰ ਨਾ ਕੋਇ ਪਾਰ ਲੰਘੌਣਾ, ਸ੍ਰਿਸ਼ਟ ਸਬਾਈ ਰਹੀ ਰੁੜ੍ਹਾਈਆ । ਨੇਤਰ ਮੂੰਦ ਨਾ ਕਿਸੇ ਮਿਲੌਣਾ, ਕਵਲ ਨੈਣ ਨਾ ਕੋਇ ਸਰਨਾਈਆ । ਅਠਸਠ ਤੀਰਥ ਨਹਾ ਨਹਾ ਦੁਰਮਤ ਮੈਲ ਨਾ ਕਿਸੇ ਗਵੌਣਾ, ਕਾਗ ਹੰਸ ਨਾ ਰੂਪ ਵਟਾਈਆ । ਦੀਪਕ ਦੀਵਾਲੀ ਜੋਤ ਜਗਤ ਜਗੌਣਾ, ਆਤਮ ਜੋਤੀ ਜੋਤ ਨਾ ਕਰੇ ਕੋਇ ਰੁਸ਼ਨਾਈਆ । ਜਿਸ ਜਨ ਸਤਿਗੁਰ ਪੂਰੇ ਦਰਸਨ ਪੌਣਾ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਵੇਲਾ ਅੰਤ ਕੰਤ ਭਗਵੰਤ ਮਨੌਣਾ, ਸਾਚੇ ਸੰਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸਤਰਾਂ ਇਕ ਸਤ ਧਾਰ, ਕਰੇ ਖੇਲ ਅਪਰ ਅਪਾਰ, ਗੁਰਮੁਖ ਸਾਚੇ ਵੇਖ ਵਖਾਈਆ । ਗਰਮੁਖ ਸਾਚਾ ਪੇਖਿਆ, ਕਰ ਕਿਰਪਾ ਹਰਿ ਮਿਹਰਵਾਨ । ਪਿਛਲਾ ਕਰਮ ਚੁਕਿਆ ਲੇਖਿਆ, ਅਗਲਾ ਲੇਖਾ ਕਰੇ ਪਰਵਾਨ । ਜੋ ਜਨ ਰਹੇ ਭਰਮ ਭੁਲੇਖਿਆ, ਚਾਰੋਂ ਕੁੰਟ ਕਿਸੇ ਹੱਥ ਨਾ ਆਏ ਸੱਚੀ ਦੁਕਾਨ । ਹਰਿ ਕਾ ਰੂਪ ਮੁਛ ਦਾੜ੍ਹੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਵਿਚ ਜਹਾਨ । ਸਤਿਗੁਰ ਪੂਰਾ ਦਸ ਦਸਮੇਸਿਆ, ਦਹਿ ਦਿਸ਼ਾਂ ਹੋਏ ਪਰਧਾਨ । ਸਤਿਜੁਗ ਬਣੇ ਇਕ ਨਰੇਸਿਆ, ਨਿਰਵੈਰ ਹੋਏ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।



### ❊ ੧੯ ਕਤਕ ੨੦੧੭ ਬਿਕ੍ਰਮੀ ਅਜੀਤ ਸਿੰਘ ਦੇ ਘਰ ਬਟਾਲੇ ❊

ਹਰਿ ਸੁਲਤਾਨ ਸ੍ਰੀ ਭਗਵੰਤ, ਆਦਿ ਜੁਗਾਦਿ ਸਮਾਇੰਦਾ । ਏਕੰਕਾਰਾ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਜਣਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਇੰਦਾ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਪੁਰਖ ਸਮਰਥ ਆਪਣਾ ਨਾਉਂ ਧਰਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਨਿਰਗੁਣ ਨਿਰਵੈਰ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਇੰਦਾ । ਸਚ ਸੁਲਤਾਨ ਸ਼ਾਹ ਪਾਤਸ਼ਾਹ, ਪਾਰਬ੍ਰਹਮ ਵੱਡੀ ਵਡਿਆਈਆ । ਇਕ ਇਕੱਲਾ ਸਚ ਮਲਾਹ, ਨਿਰਗੁਣ ਬੇੜਾ ਬੰਨ ਆਪ ਚਲਾਈਆ । ਦੋ ਜਹਾਨਾਂ ਮਾਰਗ ਏਕਾ ਲਾ, ਪੁਰਖ ਅਕਾਲ ਵੇਖ ਵਖਾਈਆ । ਸਚਖੰਡ ਨਿਵਾਸੀ

ਧੁਰ ਦਰਬਾਰੇ ਕਰੇ ਸਚ ਸਲਾਹ, ਛੱਪਰ ਛੰਨ ਨਾ ਕੋਈ ਛੁਹਾਈਆ । ਆਪਣੀ ਪਕੜੇ ਆਪੇ ਬਾਂਹ, ਆਪੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਸਚ ਸੁਲਤਾਨ ਆਦਿ ਨਿਰੰਜਣ, ਮਹਿਮਾ ਅਕਥ ਕਥੀ ਨਾ ਜਾਈਆ । ਥਿਰ ਘਰ ਵਾਸੀ ਦਰਦ ਦੁਖ ਭੈ ਭੰਜਨ, ਨਿਰਭੈ ਆਪਣਾ ਨਾਉਂ ਧਰਾਈਆ । ਨਿਰਭੈ ਬਣੇ ਸਾਚਾ ਸੱਜਣ, ਸਤਿ ਪੁਰਖ ਵੱਡੀ ਵਡਿਆਈਆ । ਇਕ ਦਵਾਰਾ ਏਕਾ ਮਜਨ, ਏਕਾ ਘਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਆਪਣੀ ਕਲ ਆਪ ਵਰਤਾਈਆ । ਸਚ ਸੁਲਤਾਨ ਅਕਲ ਕਲ ਧਾਰ, ਅਜੂਨੀ ਰਹਿਤ ਨਾਉਂ ਧਰਾਇੰਦਾ । ਜੋਤੀ ਜੋਤ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸਚਖੰਡ ਸੁਹਾਏ ਬੰਕ ਅਪਾਰ, ਚਾਰ ਦਿਵਾਰ ਨਾ ਕੋਈ ਜਣਾਇੰਦਾ । ਤਖ਼ਤ ਨਿਵਾਸੀ ਸਾਚਾ ਸ਼ਾਹਕਾਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਨਾ ਕੋਈ ਦੀਸੇ ਚੋਬਦਾਰ, ਸੀਸ ਜਗਦੀਸ ਨਾ ਕੋਈ ਝੁਕਾਇੰਦਾ । ਇਕ ਇਕੱਲਾ ਖੇਲ ਅਪਾਰ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਸਚ ਮਹੱਲੇ ਸੋਭਾਵੰਤ , ਆਪ ਸੁਹਾਏ ਸੱਚਾ ਦਰਬਾਰਾ ਆਪ ਖਲਾਇੰਦਾ । ਆਪੇ ਰਈਯਤ ਬਣ ਸੱਚੀ ਸਰਕਾਰ, ਆਸਣ ਸਿੰਘਾਸਣ ਆਪ ਸੁਹਾਇੰਦਾ । ਆਪੇ ਹੁਕਮੀ ਹੁਕਮ ਵਰਤੇ ਵਰਤਾਰ, ਹੁਕਮ ਹਾਕਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਖੋਲ੍ਹ, ਆਪਣਾ ਅੱਖਰ ਆਪੇ ਬੋਲ, ਨਿਸ਼ਅੱਖਰ ਵੇਖ ਵਖਾਇੰਦਾ । ਸਚ ਸੁਲਤਾਨ ਗਹਿਰ ਗੰਭੀਰਾ, ਭੇਵ ਅਭੇਦ ਨਾ ਕੋਈ ਪਾਇੰਦਾ । ਆਦਿ ਜੁਗਾਦੀ ਸ਼ਾਹ ਹਕੀਰਾ, ਨਿਰਗੁਣ ਨਿਰਧਨ ਆਪਣਾ ਖੇਲ ਖਿਲਾਇੰਦਾ । ਆਪੇ ਹੋਏ ਪੀਰਨ ਪੀਰਾ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਆਪੇ ਬਣੇ ਦਰ ਹਕੀਰਾ, ਆਪੇ ਆਪਣੀ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਸਚ ਮਹੱਲਾ, ਥਿਰ ਦਰਬਾਰਾ ਆਪ ਸੁਹਾਇੰਦਾ । ਸਚ ਸੁਲਤਾਨ ਪਾਰਬ੍ਰਹਮ, ਏਕਾ ਰੰਗ ਸਮਾਇਆ । ਨਾ ਮਰੇ ਨਾ ਪਏ ਜੰਮ, ਨਿਰਗਣ ਨੂਰ ਡਗਮਗਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਖੇਵਟ ਖੇਟਾ ਆਪ ਮਿਲਾਇਆ । ਆਪੇ ਜਨਨੀ ਆਪੇ ਜਨ, ਜਨ ਜਣੇਂਦੀ ਆਪੇ ਮਾਇਆ । ਆਪੇ ਰਾਗ ਧੁਨ ਆਪੇ ਸੁਣਨੇਹਾਰਾ ਰਿਹਾ ਸੁਣ, ਤਾਰ ਸਤਾਰ ਨਾ ਕੋਈ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇਆ । ਸਚ ਸੁਲਤਾਨ ਦਰ ਸੁਹਾਇੰਦਾ, ਸਚਖੰਡ ਦਵਾਰਾ ਇਕ ਬਣਾ । ਸੋ ਪੁਰਖ ਨਿਰੰਜਣ ਆਸਣ ਲਾਇੰਦਾ, ਨਿਰਗੁਣ ਰੂਪ ਅਗੰਮ ਅਪਾਰ । ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ, ਰੂਪ ਰੇਖ ਵਸਿਆ ਬਾਹਰ । ਏਕੰਕਾਰਾ ਆਪਣੀ ਧਾਰ ਬੰਧਾਇੰਦਾ, ਧਰਨੀ ਧਰਤ ਧਵਲ ਨਾ ਕੋਈ ਉਜਿਆਰ । ਅਬਿਨਾਸ਼ੀ ਕਰਤਾ ਸੋਭਾ ਪਾਇੰਦਾ, ਇਕ ਇਕੱਲਾ ਨਿਰਗੁਣ ਨਿਰਾਕਾਰ । ਸ੍ਰੀ ਭਗਵਾਨ ਆਪਣੀ ਰਚਨਾ ਆਪ ਰਚਾਇੰਦਾ, ਆਪੇ ਹੋਏ ਘੜਨ ਭੰਨਣਹਾਰ । ਪਾਰਬ੍ਰਹਮ ਬ੍ਰਹਮ ਆਪਣਾ ਨਾਉਂ ਧਰਾਇੰਦਾ, ਆਪਣੀ ਇਛਿਆ ਆਪਣੀ ਭਿਛਿਆ ਆਪੇ ਭਰੇ ਭੰਡਾਰ । ਏਕਾ ਰੂਪ ਅਨੂਪ ਆਪ ਪਰਗਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਸਚ ਸੁਲਤਾਨ ਦੀਨ ਦਿਆਲਾ, ਦੀਨਾਂ ਨਾਥ ਵੱਡੀ ਵਡਿਆਈਆ । ਕਰੇ ਖੇਲ ਪੁਰਖ ਅਕਾਲਾ, ਅਕਲ ਕਲਧਾਰੀ ਭੇਵ ਨਾ ਰਾਈਆ । ਸਚਖੰਡ ਵਸੇ ਸੱਚੀ

੧੩੧੬

ਧਰਮਸਾਲਾ, ਦਿਸ ਕਿਸੇ ਨਾ ਆਈਆ । ਚਲੇ ਚਲਾਏ ਅਵੱਲੜੀ ਚਾਲਾ, ਮਾਰਗ ਪੰਥ ਆਪਣਾ ਵੇਖ ਵਿਖਾਈਆ । ਆਦਿ ਜੁਗਾਦੀ ਦੀਨ ਦਿਆਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਚ ਸੁਲਤਾਨ ਹਰਿ ਹਰਿ ਮੀਤਾ, ਏਕਾ ਏਕੰਕਾਰਿਆ । ਆਦਿ ਜੁਗਾਦੀ ਠਾਂਡਾ ਸੀਤਾ, ਜੁਗਾ ਜੁਗੰਤਰ ਖੇਲ ਅਪਾਰਿਆ । ਨਿਰਗੁਣ ਰਹੇ ਇਕ ਅਤੀਤਾ, ਤ੍ਰੈਗੁਣ ਬੰਧਨ ਕੋਈ ਨਾ ਪਾ ਰਿਹਾ । ਆਪਣਾ ਨਾਮ ਨਿਧਾਨ ਆਪੇ ਪੀਤਾ, ਅੰਮ੍ਰਿਤ ਆਪੇ ਰਸ ਬਣਾ ਰਿਹਾ । ਆਪੇ ਹਸਤ ਆਪੇ ਕੀਟਾ, ਆਪਣੀ ਖੇਲ ਆਪ ਖਲਾ ਰਿਹਾ । ਆਪੇ ਜਾਣੇ ਆਪਣਾ ਭਾਣਾ ਮੀਠਾ, ਸਦ ਭਾਣੇ ਵਿਚ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚੇ ਘਰ, ਥਿਰ ਘਰ ਸਾਚਾ ਆਪ ਸੁਹਾ ਰਿਹਾ । ਸਿੰਘਾਸਣ ਥਿਰ ਘਰ ਸੁਹਾਇੰਦਾ, ਘਰ ਘਰ ਵਿਚ ਕਰ ਤਿਆਰ । ਸਚ ਆਸਣ ਸੋਭਾ ਪਾਇੰਦਾ, ਸਤਿ ਪੁਰਖ ਨਿਰੰਜਣ ਅਗੰਮ ਅਪਾਰ । ਸੋ ਪੁਰਖ ਨਿਰੰਜਣ ਰੂਪ ਪਰਗਟਾਇੰਦਾ, ਹਰਿ ਪੁਰਖ ਨਿਰੰਜਣ ਦਏ ਅਧਾਰ । ਏਕੰਕਾਰਾ ਕਲ ਧਰਾਇੰਦਾ, ਆਦਿ ਨਿਰੰਜਣ ਹੋ ਉਜਿਆਰ । ਅਬਿਨਾਸ਼ੀ ਕਰਤਾ ਵੇਖ ਵਖਾਇੰਦਾ, ਸ੍ਰੀ ਭਗਵਾਨ ਪਾਵੇ ਸਾਰ । ਪਾਰਬ੍ਰਹਮ ਹਰਿ ਆਪਣੀ ਅਲੱਖ ਜਗਾਇੰਦਾ, ਅਲੱਖ ਅਲੱਖਣਾ ਪਰਵਰਦਿਗਾਰ । ਥਿਰ ਘਰ ਸਾਚਾ ਇਕ ਸੁਹਾਇੰਦਾ, ਲੇਖਾ ਜਾਣੇ ਅੰਦਰ ਬਾਹਰ । ਸਚਖੰਡ ਦਵਾਰਾ ਏਕਾ ਰੰਗ ਰੰਗਾਇੰਦਾ, ਰੰਗ ਰੰਗੀਲਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਠਾਂਡਾ ਇਕ ਦਰਬਾਰ । ਹਰਿ ਸੁਲਤਾਨਾ ਠਾਂਡਾ ਦਰਬਾਰਾ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਸਾਚਾ ਮੰਦਰ ਕਰ ਉਜਿਆਰਾ, ਦੀਪਕ ਜੋਤੀ ਜੋਤ ਜਗਾਇੰਦਾ । ਆਦਿ ਆਦਿ ਵੇਖਣਹਾਰਾ, ਅਨਭਵ ਆਪਣਾ ਪਰਕਾਸ਼ ਆਪ ਧਰਾਇੰਦਾ । ਰਵ ਸਸ ਨਾ ਕੋਈ ਸਤਾਰਾ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਸ਼ਬਦ ਨਾਦ ਨਾ ਕੋਈ ਧੁਨਕਾਰਾ, ਤਾਲ ਤਲਵਾੜਾ ਨਾ ਕੋਈ ਵਜਾਇੰਦਾ । ਇਕ ਇਕੱਲਾ ਖੇਲ ਅਪਾਰਾ, ਨਿਰਗੁਣ ਆਪਣਾ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਆਪਣੀ ਕਲ ਆਪ ਵਰਤਾਇੰਦਾ । ਪੰਚਮ ਮੁਖ ਸੀਸ ਦਸਤਾਰਾ, ਏਕੰਕਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪੜਦਾ ਆਪੇ ਲਾਹਿੰਦਾ । ਹਰਿ ਜੂ ਖੇਲ ਅਗੰਮ ਅਪਾਰਾ, ਆਪਣਾ ਭੇਵ ਆਪ ਖੁਲ੍ਹਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਨੂਰ ਨਰਾਨਾ ਡਗਮਗਾਈਆ । ਸਚਖੰਡ ਵਸਾਏ ਇਕ ਦਰਬਾਰਾ, ਦਰਗਹਿ ਸਾਚੀ ਵੱਜੇ ਵਧਾਈਆ । ਰੂਪ ਅਨੂਪ ਸੱਚੀ ਸਰਕਾਰਾ, ਬੇਐਬ ਪਰਵਰਦਿਗਾਰ ਆਪਣਾ ਨਾਉਂ ਰਖਾਈਆ । ਜਲਵਾ ਜਲਾਲ ਹੋ ਉਜਿਆਰਾ, ਨੂਰ ਜ਼ਹੂਰ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਮੰਦਰ ਵਡ ਵਡਿਆਈਆ । ਘਰ ਮੰਦਰ ਹਰਿ ਵਡਿਆਇੰਦਾ, ਇਕ ਇਕੱਲਾ ਏਕੰਕਾਰ । ਸੁਤੇ ਪਰਕਾਸ਼ ਆਪ ਕਰਾਇੰਦਾ, ਅਨਭਵ ਖੇਲ ਕਰੇ ਅਪਾਰ । ਸਤਿ ਸਤਿਵਾਦੀ ਸਾਚੀ ਧਾਰ ਚਲਾਇੰਦਾ, ਚਲਾਵਣਹਾਰ ਇਕ ਕਰਤਾਰ । ਕਾਗਦ ਕਲਮ ਨਾ ਲੇਖ ਲਖਾਇੰਦਾ, ਨਾ ਕੋਈ ਲੇਖਾ ਲਿਖਣਹਾਰ । ਆਪਣੀ ਬਣਤ ਆਪ ਬਣਾਇੰਦਾ, ਸੋ ਪੁਰਖ ਨਿਰੰਜਣ ਹੋ ਤਿਆਰ । ਨਾਰੀ ਕੰਤ ਆਪਣਾ ਰੂਪ ਪਰਗਟਾਇੰਦਾ, ਆਪੇ ਪੀਆ ਪ੍ਰੀਤਮ ਬਣੇ ਸਚ ਭਤਾਰ । ਨਿਰਗੁਣ ਆਪੇ ਸਾਚੀ ਸੇਜ ਹੰਢਾਇੰਦਾ, ਨਿਰਗੁਣ ਮੇਲਾ ਠਾਂਡੇ ਦਰਬਾਰ । ਸਾਚਾ ਪਲੰਘ ਆਪ ਸੁਹਾਇੰਦਾ, ਪਾਵਾ ਚੂਲ ਨਾ ਦਿਸੇ

ਕੋਈ ਘਾੜਨ ਘੜੇ ਨਾ ਕੋਇ ਤਰਖਾਣ । ਸ਼ਬਦ ਅਗੰਮੀ ਡੇਰਾ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਉਪਾਇੰਦਾ । ਦਰ ਘਰ ਸਾਚਾ ਹਰਿ ਉਪਾਇੰਦਾ, ਸਚਖੰਡ ਦਵਾਰਾ ਖੋਲ੍ਹ । ਪੁਰਖ ਅਬਿਨਾਸ਼ੀ ਆਸਣ ਲਾਇੰਦਾ, ਨਿਰਗੁਣ ਨਿਰਗੁਣ ਅੰਦਰ ਜਾਏ ਮੌਲ । ਕਵਲ ਨਾਭ ਨਾ ਕੋਇ ਬਣਾਇੰਦਾ, ਨਾ ਕੋਇ ਅੰਮ੍ਰਿਤ ਭਰਿਆ ਕੌਲ । ਜੋਤੀ ਜੋਤ ਜੋਤ ਜਗਾਇੰਦਾ, ਨਾਦ ਅਨਾਦਿ ਨਾਦ ਬੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਅੰਦਰ ਆਪੇ ਵੜ, ਆਪੇ ਵੇਖ ਵਖਾਇੰਦਾ । ਆਪੇ ਨਾਰੀ ਕੰਤ ਭਤਾਰਾ, ਹਰਿ ਸਾਚਾ ਖੇਲ ਖਿਲਾਇੰਦਾ । ਆਪੇ ਨਿਰਗੁਣ ਨਿਰਗੁਣ ਕਰੇ ਪਿਆਰਾ, ਨਿਰਵੈਰ ਸਾਚੀ ਸੇਜ ਹੰਢਾਇੰਦਾ । ਆਪੇ ਗਾਏ ਆਪਣਾ ਮੰਗਲਚਾਰਾ, ਗੀਤ ਗੋਬਿੰਦ ਆਪ ਅਲਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਆਪੇ ਖੇਲ ਖਿਲਾਇੰਦਾ । ਆਪ ਸੁਹਾਏ ਸਚ ਦਵਾਰਾ, ਸਚਖੰਡ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਕੰਤ ਏਕਾ ਬੰਕ ਵਡਿਆਇੰਦਾ । ਬੰਕ ਵਡਿਆਈ ਦੇਵਣਹਾਰ, ਦਰ ਦਰਵਾਜ਼ਾ ਆਪ ਸੁਹਾਇੰਦਾ । ਨਿਰਗੁਣ ਜਣੇ ਸੁਤ ਦੁਲਾਰ, ਨਿਰਗੁਣ ਪਿਤਾ ਪੂਤ ਵੇਸ ਵਟਾਇੰਦਾ । ਨਿਰਗੁਣ ਮਾਤਾ ਇਕ ਆਧਾਰ, ਨਿਰਗੁਣ ਦਾਈ ਦਾਇਆ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਬੰਸ ਆਪ ਉਪਜਾਇੰਦਾ । ਸਚ ਸੁਲਤਾਨਾ ਹਰਿ ਨਿਰੰਕਾਰਾ, ਏਕਾ ਰੰਗ ਸਮਾਇਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਇਆ । ਆਪੇ ਜਨਨੀ ਜਣੇ ਸੁਤ ਦੁਲਾਰਾ, ਸ਼ਬਦੀ ਨਾਉਂ ਧਰਾਇਆ । ਆਪੇ ਜੋਧਾ ਸੂਰਬੀਰ ਬਲੀ ਬਲਕਾਰਾ, ਬਲ ਆਪਣਾ ਆਪ ਵਖਾਇਆ । ਆਪੇ ਸ਼ਾਹ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਇਆ । ਆਪੇ ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਸੰਦੇਸ਼ਾ ਆਪ ਅਲਾਇਆ । ਆਪੇ ਸ਼ਬਦ ਸੁਤ ਕਰਿਆ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਆਪਣਾ ਭੇਵ ਜਣਾਇਆ । ਹਰਿ ਪੁਰਖ ਨਿਰੰਜਣ ਭੇਵ ਜਣਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਸੋ ਪੁਰਖ ਨਿਰੰਜਣ ਹੁਕਮ ਸੁਣਾਇੰਦਾ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਏਕੰਕਾਰਾ ਵੇਖ ਵਖਾਇੰਦਾ, ਵੇਖਣਹਾਰ ਆਪ ਕਰਤਾਰ । ਆਦਿ ਨਿਰੰਜਣ ਡਗਮਗਾਇੰਦਾ, ਨੂਰ ਨੁਰਾਨਾ ਹੋ ਉਜਿਆਰ । ਸ੍ਰੀ ਭਗਵਾਨ ਸੀਸ ਝੁਕਾਇੰਦਾ, ਅਬਿਨਾਸ਼ੀ ਕਰਤਾ ਫ਼ਰਮਾਬਰਦਾਰ । ਪਾਰਬ੍ਰਹਮ ਅੱਗੇ ਆਪਣੀ ਝੋਲੀ ਡਾਹਿੰਦਾ, ਭਰਨਹਾਰ ਆਪ ਹਰਿ ਭੰਡਾਰ । ਦੇਵਣਹਾਰ ਆਪ ਅਖਵਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਸ਼ਬਦ ਦੁਲਾਰਾ ਇਕ ਉਠਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਆਪਣਾ ਬੰਸ ਆਪ ਉਪਜਾਇੰਦਾ, ਮਾਤ ਪਿਤ ਬਣ ਦੁਲਾਰ । ਆਪਣੀ ਗੋਦ ਆਪ ਸੁਹਾਇੰਦਾ, ਆਪੇ ਵੇਖੇ ਵੇਖਣਹਾਰ । ਕਿਲਾ ਕੋਟ ਨਾ ਕੋਇ ਬਣਾਇੰਦਾ, ਦਾਈ ਦਾਇਆ ਏਕੰਕਾਰ । ਕਾਗਦ ਕਲਮ ਨਾ ਲੇਖ ਲਿਖਾਇੰਦਾ, ਘਾੜਨ ਘੜੇ ਨਾ ਕੋਇ ਸੁਨਿਆਰ । ਸਾਚੇ ਮੰਦਰ ਸੋਭਾ ਪਾਇੰਦਾ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਇਕ ਇਕੱਲਾ ਡੇਰਾ ਲਾਇੰਦਾ, ਮਰੇ ਨਾ ਜੰਮੇ ਪਰਵਰਦਿਗਾਰ । ਬੇਅੰਤ ਬੇਅੰਤ ਬੇਅੰਤ ਆਪ ਅਖਵਾਇੰਦਾ, ਆਪਣੇ ਅੰਦਰ ਆਪਣੀ ਪਾਏ ਆਪੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਖੇਲ ਖਿਲਾਇੰਦਾ । ਹਰਿ ਜੂ ਖੇਲ ਖਿਲਾਇਆ, ਆਦਿ ਪੁਰਖ ਵਡ ਵਡਿਆਈਆ । ਆਪਣਾ ਹੁਕਮ ਆਪ ਸੁਣਾਇਆ, ਹੁਕਮੀ

ਹੁਕਮ ਇਕ ਇਲਾਹੀਆ । ਸ਼ਬਦ ਦੁਲਾਰਾ ਆਪ ਉਠਾਇਆ, ਆਪਣਾ ਬਲ ਆਪ ਧਰਾਈਆ । ਏਕਾ ਬੰਕ ਆਪ ਸੁਹਾਇਆ, ਬੰਕ ਦਵਾਰੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਡ ਦਾਤਾ ਵਰ ਦਾਤਾ ਦਾਨੀ ਭੁੱਲ ਨਾ ਜਾਈਆ । ਵਰ ਦੇਵਣਹਾਰ ਦਾਤਾਰ, ਦਾਤਾ ਦਾਨੀ ਆਪ ਅਖਵਾਇੰਦਾ । ਆਪਣੀ ਵਸਤ ਆਪ ਵਿਚਾਰ, ਆਪੇ ਝੋਲੀ ਪਾਇੰਦਾ । ਆਪੇ ਵੇਖੇ ਵੇਖਣਹਾਰ, ਨਿਰਗੁਣ ਦਿਸ ਕਿਸੇ ਨਾ ਆਇੰਦਾ । ਆਪਣੇ ਮੰਦਰ ਆਪਣਾ ਆਪਾ ਕਰ ਤਿਆਰ, ਆਪਣਾ ਘਾੜਨ ਆਪ ਘੜਾਇੰਦਾ । ਆਪੇ ਬਣਿਆ ਮੀਤ ਮੁਰਾਰ, ਆਪੇ ਸੱਥਰ ਯਾਰ ਵਿਛਾਇੰਦਾ । ਆਪੇ ਪੁਰਖ ਪੁਰਖੋਤਮ ਹੋ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਆਪ ਸੁਣਾਇੰਦਾ । ਸ਼ਬਦ ਜਣਾਏ ਹਰਿ ਨਿਰੰਕਾਰਾ, ਏਕਾ ਰਾਗ ਅਲਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਤੇਰੀ ਸੇਵਾ ਸਤਿ ਦ੍ਰਿੜਾਇਆ । ਨਿਰਗੁਣ ਵੇਸ ਨਿਰਾਕਾਰਾ, ਨਿਰਵੈਰ ਖੇਲ ਖਿਲਾਇਆ । ਆਪਣੀ ਬੰਨ੍ਹੇ ਆਪੇ ਧਾਰਾ, ਧਾਰ ਧਾਰ ਵਿਚ ਟਿਕਾਇਆ । ਜੋਤੀ ਜੋਤ ਜੋਤ ਉਜਿਆਰਾ, ਨੂਰੋ ਨੂਰ ਨੂਰ ਸਮਾਇਆ । ਸ਼ਬਦ ਨਾਦ ਨਾਦ ਧੁਨਕਾਰਾ, ਨਾਦੀ ਨਾਦ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦ ਸ਼ਬਦੀ ਆਪ ਉਠਾਇਆ । ਸ਼ਬਦ ਦੁਲਾਰਾ ਉਠਿਆ, ਕਿਰਪਾ ਕਰੀ ਆਪ ਭਗਵਾਨ । ਪੁਰਖ ਅਬਿਨਾਸ਼ੀ ਏਕਾ ਤੁਠਿਆ, ਦੇਵਣਹਾਰਾ ਸਾਚਾ ਦਾਨ । ਆਪਣੇ ਅੰਦਰ ਬਹਿ ਬਹਿ ਆਪੇ ਲੁਕਿਆ, ਆਪੇ ਹੋਏ ਹਰਿ ਪਰਧਾਨ । ਆਪੇ ਉਚੀ ਕੂਕ ਕੂਕ ਬੁੱਕਿਆ, ਆਪੇ ਵਸਿਆ ਸਚ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਣ । ਸ਼ਬਦ ਸੁਣਿਆ ਧੁਰ ਫ਼ਰਮਾਣਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸਾਚਾ ਰਾਣਾ, ਹਉਂ ਸੇਵਕ ਸੇਵ ਕਮਾਇੰਦਾ । ਨਿਰਗੁਣ ਤੇਰਾ ਰੂਪ ਨਿਰਗੁਣ ਪਹਿਰਿਆ ਮੈਂ ਤੇਰਾ ਬਾਣਾ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਪੀਣਾ ਨਿਰਗੁਣ ਖਾਣਾ, ਆਸਾ ਤ੍ਰਿਸ਼ਨਾ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਸ਼ਬਦ ਆਪ ਉਪਾਇੰਦਾ । ਸ਼ਬਦ ਸੁਣਾਏ ਹਰਿ ਨਿਰੰਕਾਰ, ਦੋਏ ਜੋੜ ਕਰੇ ਨਿਮਸਕਾਰਿਆ । ਤੇਰਾ ਹੁਕਮ ਸੱਚੀ ਸਰਕਾਰ, ਵਰਤੇ ਵਰਤਾਵੇ ਸਚ ਦਰਬਾਰਿਆ । ਕਰੇ ਸੇਵਾ ਸ਼ਬਦ ਦੁਲਾਰ, ਪੂਤ ਸਪੂਤਾ ਸੀਸ ਝੁਕਾ ਰਿਹਾ । ਏਕਾ ਮੰਗ ਮੰਗੇ ਏਕਾ ਵਾਰ, ਭੁੱਲ ਨਾ ਜਾਏ ਅਗੰਮ ਅਪਾਰਿਆ । ਵਿਸ਼ਨੂੰ ਉਪਜੇ ਤੇਰੀ ਧਾਰ, ਵਿਸ਼ਵ ਤੇਰਾ ਰੂਪ ਦਰਸਾ ਰਿਹਾ । ਤੇਰਾ ਰੂਪ ਅਪਰ ਅਪਾਰ, ਸਤਿ ਸਰੂਪ ਇਕ ਸਮਾ ਰਿਹਾ । ਚਾਰੇ ਕੂਟ ਹੋਏ ਉਜਿਆਰ, ਦਹਿ ਦਿਸ਼ਾਂ ਵੰਡ ਵੰਡਾ ਰਿਹਾ । ਤੇਰਾ ਪਿਆਰ ਮੇਰੀ ਧਾਰ, ਅੰਮ੍ਰਿਤ ਨਾਉਂ ਰਖਾ ਰਿਹਾ । ਅੰਮ੍ਰਿਤ ਰੱਖੇ ਤੇਰੇ ਕਿਵਾੜ, ਤੇਰੀ ਖੇਲ ਖਲਾ ਰਿਹਾ । ਤੇਰੇ ਅੰਦਰੋਂ ਆਏ ਬਾਹਰ, ਨਿਰਗੁਣ ਸਰਗੁਣ ਰੂਪ ਪਰਗਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ ਸੀਸ ਝੁਕਾ ਰਿਹਾ । ਸ਼ਬਦ ਦੁਲਾਰਾ ਸੀਸ ਝੁਕਾਇੰਦਾ, ਕਰ ਕਿਰਪਾ ਸ੍ਰੀ ਭਗਵਾਨ । ਵਿਸ਼ਨ ਵਿਸ਼ਵ ਰੂਪ ਵੇਖ ਵਖਾਇੰਦਾ, ਆਤਮ ਅੰਤਰ ਏਕਾ ਅੰਮ੍ਰਿਤ ਪੀਣ ਖਾਣ । ਅੰਮ੍ਰਿਤ ਅਮਰ ਅਮਰ ਕਰਾਇੰਦਾ, ਕਰੇ ਖੇਲ ਗੁਣ ਨਿਧਾਨ । ਨਿਰਗੁਣ ਅੰਦਰ ਨਿਰਗੁਣ ਬੀਜ ਬਜਾਇੰਦਾ, ਕਵਲ ਕਵਲਾ ਹੋਏ ਪਰਧਾਨ । ਨਾਭੀ ਕਵਲ ਆਪ ਸੁਹਾਇੰਦਾ, ਲੇਖਾ ਲਿਖੇ ਨਾ ਕੋਇ ਜਹਾਨ । ਪਤ ਫੁਲ ਪੰਖੜੀਆਂ ਆਪ ਖਲਾਇੰਦਾ, ਜੋਤੀ


੧੩੧੮ ੦੯

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਇੰਦਾ । ਏਕਾ ਫੁਲ ਕਵਲਾ ਧਾਰ, ਕਵਲ ਕਵਲ ਮੁਖ ਸਲਾਹੀਆ । ਤੇਰਾ ਰੂਪ ਅਗੰਮ ਅਪਾਰ, ਮਹਿਮਾ ਅਕਥ ਕਥੀ ਨਾ ਜਾਈਆ । ਵਿਸ਼ਨੂੰ ਅੰਦਰ ਵਿਸ਼ਵ ਬਾਹਰ, ਬ੍ਰਹਮ ਰੂਪ ਅਨੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਾਸਤਕ ਤੇਰੀ ਵਡ ਵਡਿਆਈਆ । ਵਾਸਤਕ ਰੂਪ ਅਕਲ ਕਲ ਧਾਰ, ਬ੍ਰਹਮ ਆਪਣਾ ਵੇਸ ਵਟਾਇਆ । ਵਿਸ਼ਨ ਤੇਰਾ ਇਕ ਪਿਆਰ, ਭੁੱਲ ਕਦੇ ਨਾ ਜਾਇਆ । ਦੋਹਾਂ ਵਿਚੋਲਾ ਸ਼ਬਦ ਦੁਲਾਰ, ਸ਼ਬਦ ਸ਼ਬਦੀ ਗੰਢ ਪੁਵਾਇਆ । ਕਰੇ ਖੇਲ ਸਾਚੇ ਦਰਬਾਰ, ਦਰ ਦਰਵੇਸ਼ ਨਾ ਕੋਇ ਬਹਾਇਆ । ਨਰ ਨਰੇਸ਼ ਸੱਚੀ ਸਰਕਾਰ, ਸੀਸ ਤਾਜ ਇਕ ਟਿਕਾਇਆ । ਆਦਿ ਜੁਗਾਦਿ ਰਹੇ ਹਮੇਸ਼ ਮਰੇ ਨਾ ਜੰਮੇ ਏਕੰਕਾਰ, ਜਨਮ ਮਰਨ ਵਿਚ ਕਦੇ ਨਾ ਆਇਆ । ਆਪਣੀ ਕਰੇ ਆਪੇ ਕਾਰ, ਕਰਤਾ ਪੁਰਖ ਆਪਣੀ ਖੇਲ ਖਿਲਾਇਆ । ਜੂਨੀ ਰਹਿਤ ਸਾਂਝਾ ਯਾਰ, ਤਤਵ ਤਤ ਨਾ ਕੋਇ ਬਣਾਇਆ । ਵਸਣਹਾਰਾ ਧੁਆਂਧਾਰ, ਸੁੰਨ ਅਗੰਮ ਡੇਰਾ ਲਾਇਆ । ਰਕਤ ਬੂੰਦ ਨਾ ਕੋਇ ਪਿਆਰ, ਜੋੜੀ ਜੋੜ ਨਾ ਕੋਇ ਵਖਾਇਆ । ਆਪਣੀ ਇਛਿਆ ਕਰ ਕਰਤਾਰ, ਸ਼ੰਕਰ ਆਪਣਾ ਰੂਪ ਧਰਾਇਆ । ਏਕਾ ਗੁਣ ਦੇਵੇ ਦੇਵਣਹਾਰ, ਰੂਪ ਅਨੂਪ ਦਏ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚੋਲਾ ਵਿਚ ਧਰ, ਆਪਣਾ ਖੇਲ ਕਰੇ ਬੇਪਰਵਾਹਿਆ । ਕਰੇ ਖੇਲ ਕਰਨੇਹਾਰਾ, ਕਰਤਾ ਪੁਰਖ ਵੱਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਇਕ ਵਖਾਈਆ । ਇਕ ਇਕੱਲਾ ਏਕੰਕਾਰਾ, ਏਕਾ ਰੰਗ ਰਿਹਾ ਸਮਾਈਆ । ਸਾਖ਼ਯਾਤ ਸੱਜਣ ਮੀਤ ਪਰਗਟ ਹੋਏ ਅਗੰਮ ਅਪਾਰਾ, ਨਿਰਭੌ ਨਿਰਭੈ ਨਿਰਵੈਰ ਆਪਣੀ ਕਲ ਧਰਾਈਆ । ਵਿਸ਼ਨ ਕਰੇ ਨਿਉਂ ਨਿਉਂ ਨਿਮਸਕਾਰਾ, ਚਰਨ ਕਵਲ ਸੱਚੀ ਸਰਨਾਈਆ । ਬ੍ਰਹਮਾ ਬਣੇ ਦਰ ਭਿਖਾਰਾ, ਆਪਣੀ ਝੋਲੀ ਅੱਗੇ ਡਾਹੀਆ । ਸ਼ੰਕਰ ਨੇਤਰ ਨੀਰ ਵਹਾਏ ਜ਼ਾਰੋ ਜ਼ਾਰਾ, ਭੋਲਾ ਭਾਓ ਇਕ ਵਖਾਈਆ । ਤਿੰਨਾਂ ਵਿਚੋਲਾ ਸ਼ਬਦ ਦੁਲਾਰਾ, ਦਰ ਘਰ ਸਾਚੇ ਮੇਲਾ ਲਏ ਮਿਲਾਈਆ । ਮੰਗੇ ਮੰਗ ਬਣ ਭਿਖਾਰਾ, ਆਪਣੀ ਅਲੱਖ ਅਲੱਖ ਨਿਰੰਜਣ ਅੱਗੇ ਆਪ ਜਗਾਈਆ । ਏਕਾ ਭਰਨਾ ਸਚ ਭੰਡਾਰਾ, ਤੋਟ ਰਹੇ ਨਾ ਰਾਈਆ । ਤੇਰਾ ਬੰਸ ਸਰਬੰਸ ਬਣਾਇਆ ਅਪਰ ਅਪਾਰਾ, ਤ੍ਰੈ ਤ੍ਰੈ ਮੇਲਾ ਏਕਾ ਥਾਈਂਆ । ਤ੍ਰੈਗੁਣ ਅਤੀਤ ਤੇਰਾ ਨਾਉਂ ਨਿਰਾਕਾਰਾ, ਆਦਿ ਜੁਗਾਦਿ ਵੱਡੀ ਵਡਿਆਈਆ । ਤੇਰਾ ਵਸਦਾ ਰਹੇ ਦਵਾਰਾ, ਉਜੜ ਕਦੇ ਨਾ ਜਾਈਆ । ਤੂੰ ਸ਼ਾਹ ਪਾਤਸ਼ਾਹ ਸੁਲਤਾਨ, ਤੇਰੇ ਦਰ ਤੇਰੇ ਘਰ ਚਰਨ ਕਵਲ ਸੱਚੀ ਨਿਮਸਕਾਰਾ, ਨਿਉਂ ਨਿਉਂ ਜਗਦੀਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਪਾਰਬ੍ਰਹਮ ਸਰਬ ਗੁਣਵੰਤਾ, ਆਪਣਾ ਖੇਲ ਆਪ ਖਲਾਇੰਦਾ । ਪੂਰਨ ਜੋਤ ਸ੍ਰੀ ਭਗਵੰਤਾ, ਪਰਮ ਪੁਰਖ ਆਪਣਾ ਨਾਉਂ ਧਰਾਇੰਦਾ । ਆਪਣੀ ਖੇਲ ਕਰੇ ਬੇਅੰਤਾ, ਭੇਵ ਕੋਇ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਬਣਾਈ ਬਣਤਾ, ਆਪਣਾ ਅੰਗ ਸੂਰਾ ਸਰਬੰਗ ਆਪ ਕਟਾਇੰਦਾ । ਆਪਣੀ ਚੋਲੀ ਆਪੇ ਰੰਗਦਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਇਕ ਸਮਝਾਇੰਦਾ । ਵਿਸ਼ਨ ਸੁਣਨਾ ਕਰ ਧਿਆਨ, ਹਰਿ ਸਾਚਾ ਸਚ ਦ੍ਰਿੜਾਇੰਦਾ ।

੧੩੧੯ ੦੯

ਬ੍ਰਹਮਾ ਦੇਵੇ ਇਕ ਗਿਆਨ, ਪਾਰਬ੍ਰਹਮ ਆਪਣੀ ਵਿਦਿਆ ਆਪ ਪੜ੍ਹਾਇੰਦਾ । ਸ਼ੰਕਰ ਬਖ਼ਸ਼ੇ ਇਕ ਗਿਆਨ, ਲਿਵ ਅੰਤਰ ਇਕ ਸਮਝਾਇੰਦਾ । ਬਣ ਵਿਚੋਲਾ ਸ੍ਰੀ ਭਗਵਾਨ, ਆਪਣਾ ਬੰਧਨ ਆਪੇ ਪਾਇੰਦਾ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਖੇਲ ਖਿਲਾਇੰਦਾ । ਸ਼ਬਦੀ ਸ਼ਬਦ ਬਣ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹ ਸੁਲਤਾਨ ਡੇਰਾ ਲਾਇੰਦਾ । ਏਕਾ ਹੁਕਮ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਸੁਣਾਇੰਦਾ । ਭੁੱਲ ਨਾ ਜਾਏ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਕਰ, ਆਪੇ ਵੇਖ ਵਖਾਇੰਦਾ । ਵਿਸ਼ਨ ਤੇਰਾ ਸਚ ਵਿਹਾਰਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਬ੍ਰਹਮਾ ਤੇਰਾ ਬ੍ਰਹਮ ਪਸਾਰਾ, ਪਾਰਬ੍ਰਹਮ ਪ੍ਰਭ ਸੇਵ ਲਗਾਇੰਦਾ । ਸ਼ੰਕਰ ਤੇਰਾ ਖੇਲ ਨਿਆਰਾ, ਸੰਸਾ ਸਰਬ ਚੁਕਾਇੰਦਾ । ਸ਼ਬਦੀ ਸ਼ਬਦ ਰੰਗ ਰਵੇ ਆਪ ਨਿਰੰਕਾਰਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਸੁਣਾਇੰਦਾ । ਏਕਾ ਹੁਕਮ ਹਰਿ ਜਣਾਇੰਦਾ, ਪਾਰਬ੍ਰਹਮ ਬੇਪਰਵਾਹ । ਵਿਸ਼ਨ ਤੇਰੀ ਸੇਵ ਲਗਾਇੰਦਾ, ਸਚ ਭੰਡਾਰ ਹੱਥ ਫੜਾ । ਬ੍ਰਹਮਾ ਤੇਰਾ ਨਾਉਂ ਧਰਾਇੰਦਾ, ਪਾਰਬ੍ਰਹਮ ਆਪਣੀ ਅੰਸ ਉਪਜਾ । ਸ਼ੰਕਰ ਤੇਰਾ ਖੇਲ ਖਿਲਾਇੰਦਾ, ਆਪ ਆਪਣਾ ਭੇਵ ਚੁਕਾ । ਆਪਣੀ ਰਚਨਾ ਆਪ ਰਚਾਇੰਦਾ, ਆਪੇ ਬਣ ਸਚ ਮਲਾਹ । ਆਪੇ ਘਰ ਘਰ ਰਿਜ਼ਕ ਪੁਚਾਇੰਦਾ, ਆਪੇ ਲੱਖ ਚੁਰਾਸੀ ਘਾੜਨ ਲਏ ਘੜਾ । ਆਪੇ ਤ੍ਰੈਗੁਣ ਰੂਪ ਪਰਗਟਾਇੰਦਾ, ਰਜੋ ਤਮੋ ਸਤੋ ਵੇਖ ਵਖਾ । ਆਪੇ ਆਪਣਾ ਭੇਵ ਜਣਾਇੰਦਾ, ਪੰਜ ਤਤ ਏਕਾ ਰੰਗ ਰੰਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੀ ਧਾਰ ਵਖਾਇੰਦਾ, ਆਪ ਆਪਣੇ ਵਿਚੋਂ ਲਏ ਪਰਗਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪਣੀ ਇਛਿਆ ਆਪੇ ਪੂਰ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵਰ ਘਰ ਪਾਇਆ, ਪ੍ਰਭ ਪੂਰਨ ਬੂਝ ਬੁਝਾਈਆ । ਭੰਡਾਰੀ ਸੰਸਾਰੀ ਖੇਲ ਰਚਾਇਆ, ਲਾਏ ਦੀਬਾਣ ਇਕ ਲਗਾਈਆ । ਏਕਾ ਹੁਕਮ ਆਪ ਸੁਣਾਇਆ, ਹੁਕਮੀ ਹੁਕਮ ਆਪ ਫਿਰਾਈਆ । ਆਪਣਾ ਤਾਣਾ ਆਪ ਤਣਾਇਆ, ਤ੍ਰੈਗੁਣ ਏਕਾ ਤੰਦ ਬੰਧਾਈਆ । ਪੰਚਮ ਨਾਤਾ ਜੋੜ ਜੁੜਾਇਆ, ਪੰਚਮ ਵੇਖੇ ਥਾਉਂ ਥਾਈਆ । ਕਾਦਰ ਆਪਣਾ ਖੇਲ ਖਿਲਾਇਆ, ਕੁਦਰਤ ਆਪਣੀ ਰਚਨ ਰਚਾਈਆ । ਆਪਣਾ ਨੂਰ ਨੂਰ ਪਰਗਟਾਇਆ, ਰਵ ਸਸ ਕਰੇ ਰੁਸ਼ਨਾਈਆ । ਮੰਡਲ ਮੰਡਪ ਆਪ ਸੁਹਾਇਆ, ਆਪੇ ਧਰਤ ਧਵਲ ਜਲ ਬਿੰਬ ਲਏ ਟਿਕਾਈਆ । ਆਪਣਾ ਰਾਗ ਆਪ ਸੁਣਾਇਆ, ਚਾਰੇ ਮੁਖ ਕਰੇ ਪੜ੍ਹਾਈਆ । ਚਾਰੇ ਵੇਦਾਂ ਆਪੇ ਗਾਇਆ, ਏਕਾ ਬੂਝ ਬੁਝਾਈਆ । ਚਾਰੇ ਬਾਣੀ ਆਪ ਸੁਣਾਇਆ, ਪਰਾ ਪਸੰਤੀ ਮਧਮ ਬੈਖਰੀ ਏਕਾ ਦਏ ਸਮਝਾਈਆ । ਚਾਰੇ ਖਾਣੀ ਆਪਣੇ ਰੰਗ ਰੰਗਾਇਆ, ਅੰਡਜ ਜੇਰਜ ਉਤਭੁਜ ਸੇਤਜ ਸਤਿ ਸਤਿ ਦਏ ਵਡਿਆਈਆ । ਆਪਣਾ ਬੰਧਨ ਆਪੇ ਪਾਇਆ, ਜੁਗ ਚੌਕੜੀ ਖੇਲ ਖਿਲਾਈਆ । ਆਪੇ ਵੰਡਣ ਰਿਹਾ ਵੰਡਾਇਆ, ਆਪਣਾ ਹਿਸਾ ਆਪ ਰਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਝੋਲੀ ਪਾਇਆ, ਗੇੜਾ ਗੇੜ ਆਪ ਭੁਵਾਈਆ । ਸ਼ਬਦ ਦੁਲਾਰਾ ਸੁਤ ਇਕ ਸਮਝਾਇਆ, ਪੁਰਖ ਅਬਿਨਾਸ਼ੀ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਸੱਚਾ ਸ਼ਹਿਨਸ਼ਾਹੀਆ । ਸ਼ਬਦ ਦੁਲਾਰਾ ਬੋਲਿਆ, ਕਰ ਕਿਰਪਾ ਗੁਣ ਨਿਧਾਨ । ਏਕਾ ਤੋਲ ਸਾਚਾ ਤੋਲਿਆ, ਤੋਲਣਹਾਰਾ ਦੋ ਜਹਾਨ । ਆਦਿ ਜੁਗਾਦਿ ਕਦੇ ਨਾ ਡੋਲਿਆ, ਡੁਲਾਵਣਹਾਰ ਜ਼ਿਮੀ ਅਸਮਾਨ । ਸਾਚੀ ਵਸਤ ਰੱਖ

੧੩੨੦
੦੯

ਕੋਲਿਆ, ਏਕਾ ਨਾਮ ਦੇਵੇਂ ਦਾਨ । ਘਟ ਘਟ ਅੰਦਰ ਆਪੇ ਮੌਲਿਆ, ਆਤਮ ਬ੍ਰਹਮ ਕਰ ਪਛਾਣ । ਆਪੇ ਭਰਿਆ ਅੰਮ੍ਰਿਤ ਕੌਲਿਆ, ਆਪੇ ਅੰਤਰ ਹੋਏ ਪਰਧਾਨ । ਆਪ ਸੁਣਾਏ ਸਾਚਾ ਢੋਲਿਆ, ਅਨਹਦ ਸ਼ਬਦ ਗਾਏਂ ਗਾਨ । ਆਪੇ ਵਸੇ ਪਰਦੇ ਓਹਲਿਆ, ਕਰੇ ਖੇਲ ਪੰਜ ਤਤ ਕਾਇਆ ਜਗਤ ਮਕਾਨ । ਆਪੇ ਚਾਰੋਂ ਕੁੰਟ ਪਾਏਂ ਰੌਲਿਆ, ਆਪੇ ਲੇਖਾ ਜਾਣੇ ਪੰਜ ਸ਼ੈਤਾਨ । ਆਪ ਭਾਰ ਉਠਾਏ ਧਰਤ ਧੌਲਿਆ, ਆਪੇ ਗਾਏਂ ਆਪਣਾ ਗਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੋ ਵੇਲਾ ਕਵਣ ਵਕਤ ਬ੍ਰਹਮਾ ਵਿਸ਼ਨ ਸ਼ਿਵ ਲੇਖਾ ਮੁੱਕੇ ਆਣ । ਸਾਚਾ ਵੇਲਾ ਹਰਿ ਸਮਝੌਣਾ, ਹਰਿ ਸ਼ਬਦ ਕਰੇ ਅਰਜੋਈਆ । ਕਵਣ ਵੇਲਾ ਵਕਤ ਸੁਹੌਣਾ, ਨਿਰਗੁਣ ਨਿਰਗੁਣ ਲਏ ਮਿਲਾਈਆ । ਕਵਣ ਜੁਗ ਭਾਗ ਲਗੌਣਾ, ਲੋਕਮਾਤ ਵੱਜੇ ਵਧਾਈਆ । ਕਵਣ ਕੁੱਖ ਆਪ ਸੁਹੌਣਾ, ਕਵਣ ਮਾਤ ਮਿਲੇ ਵਡਿਆਈਆ । ਕਵਣ ਸੁਖ ਬ੍ਰਹਮੇ ਵਿਸ਼ਨ ਸ਼ਿਵ ਉਪਜੌਣਾ, ਜਗਤ ਨਾਤਾ ਤੋੜ ਤੁੜਾਈਆ । ਕਵਣ ਰੂਪ ਮੁਖ ਵਖੌਣਾ, ਅਨਭਵ ਪਰਕਾਸ਼ ਕਰਾਈਆ । ਕਵਣ ਗੋਦੀ ਚੁੱਕ ਆਪਣੇ ਧਾਮ ਬਹੌਣਾ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਤੇਰੇ ਵਿਚ ਜਾਏ ਸਮਾਈਆ । ਪੁਰਖ ਅਬਿਨਾਸ਼ੀ ਇਕ ਸਮਝਾਇੰਦਾ, ਸ਼ਬਦੀ ਸ਼ਬਦ ਗਿਆਨ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ, ਤ੍ਰੈ ਤ੍ਰੈ ਕਰ ਪਰਧਾਨ । ਇਕ ਇਕੇਲਾ ਵੇਖ ਵਖਾਇੰਦਾ, ਵੇਖਣਹਾਰਾ ਸ਼ਾਹ ਸੁਲਤਾਨ । ਨੌਂ ਸੌ ਚੁਰਾਨਵੇ ਜੁਗ ਗੇੜਾ ਇਕ ਬਣਾਇੰਦਾ, ਜੁਗ ਚੌਕੜੀ ਮਿਟੇ ਨਿਸ਼ਾਨ । ਲੋਕਮਾਤ ਲੱਖ ਚੁਰਾਸੀ ਖੇਲ ਖਿਲਾਇੰਦਾ, ਪੰਜ ਤਤ ਕਰ ਪਰਧਾਨ । ਆਪਣਾ ਨਾਮ ਆਪ ਪਰਗਟਾਇੰਦਾ, ਸਚ ਸੰਦੇਸ਼ਾ ਦੇਵੇ ਗੁਣ ਨਿਧਾਨ । ਮਾਣਸ ਮਾਨੁਖ ਆਪ ਵਡਿਆਇੰਦਾ, ਆਪ ਆਪਣੀ ਕਰੇ ਪਛਾਣ । ਨਾਦ ਧੁਨ ਇਕ ਸੁਣਾਇੰਦਾ, ਸ਼ਬਦ ਅਗੰਮੀ ਹਰਿ ਫ਼ਰਮਾਣ । ਲੱਖ ਚੁਰਾਸੀ ਫੋਲ ਫੁਲਾਇੰਦਾ, ਸਾਚੇ ਸੰਤ ਕਰੇ ਪਰਧਾਨ । ਭਗਤ ਆਪਣੀ ਭਗਤੀ ਲਾਇੰਦਾ, ਏਕਾ ਦੇਵੇ ਬ੍ਰਹਮ ਗਿਆਨ । ਸਾਚੀ ਸ਼ਕਤੀ ਵਿਚ ਰਖਾਇੰਦਾ, ਆਦਿ ਸ਼ਕਤ ਬਖ਼ਸ਼ੇ ਮਾਣ । ਗੁਰ ਪੀਰ ਅਵਤਾਰ ਆਪਣੀ ਜੋਤ ਜਗਾਇੰਦਾ, ਲੋਕਮਾਤ ਵੇਸ ਕਰੇ ਆਪ ਮਿਹਰਵਾਨ । ਅੰਤਮ ਚੌਕੜੀ ਰੰਗ ਰੰਗਾਇੰਦਾ, ਨੌਂ ਨੌਂ ਚਾਰ ਚੁੱਕੇ ਕਾਣ । ਸਤ ਸਤ ਆਪਣਾ ਰੰਗ ਰੰਗਾਇੰਦਾ, ਸਤਿ ਸਤਿਵਾਦੀ ਹੋ ਮਿਹਰਵਾਨ । ਸਤਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਆਪਣੀ ਕਲ ਧਰਾਇੰਦਾ, ਰੂਪ ਅਨੂਪ ਚਾਰੇ ਕੂਟ ਇਕ ਨਿਸ਼ਾਨ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਕਲਜੁਗ ਅੰਤਮ ਵੇਖੇ ਆਣ । ਚਾਰੇ ਵੇਦਾਂ ਫੋਲ ਫੁਲਾਇੰਦਾ, ਲੇਖਾ ਜਾਣੇ ਅਠਾਰਾਂ ਪੁਰਾਨ । ਸ਼ਾਸਤਰ ਸਿਮਰਤ ਆਪ ਪੜ੍ਹਾਇੰਦਾ, ਆਪੇ ਦੇਵੇ ਗੀਤਾ ਗਿਆਨ । ਅੰਜੀਲ ਕੁਰਾਨਾਂ ਆਪ ਸੁਣਾਇੰਦਾ, ਤੀਸ ਬਤੀਸਾ ਹੋ ਪਰਧਾਨ । ਖਾਣੀ ਬਾਣੀ ਆਪ ਉਪਾਇੰਦਾ, ਪੁਰਖ ਅਬਿਨਾਸ਼ੀ ਵਡ ਮਿਹਰਵਾਨ । ਨਿਤ ਨਵਿਤ ਆਪਣਾ ਰੂਪ ਪਰਗਟਾਇੰਦਾ, ਜੁਗ ਜੁਗ ਚਲੇ ਅਵੱਲੜੀ ਚਾਲ । ਕਲਜੁਗ ਅੰਤਮ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਵੇਖੇ ਆਣ । ਜੁਗ ਚੌਥੇ ਭਾਰ ਉਠਾਇੰਦਾ, ਨੌਂ ਨੌਂ ਚਾਰ ਕਰੇ ਪਛਾਣ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਮੇਲਣਹਾਰ ਸ੍ਰੀ ਭਗਵਾਨ । ਪੂਰਬ ਲਹਿਣਾ ਝੋਲੀ ਪਾਇੰਦਾ, ਵੇਖਣਹਾਰਾ ਚੌਦਾਂ ਲੋਕ ਦੁਕਾਨ । ਚੌਦਾਂ ਤਬਕਾਂ ਡੇਰਾ ਢਾਇੰਦਾ, ਸ਼ਬਦ ਅਗੰਮੀ ਮਾਰੇ ਬਾਣ । ਸ਼ਬਦ ਸੁਤ ਇਕ ਸਮਝਾਇੰਦਾ, ਪਾਰਬ੍ਰਹਮ ਗੁਣ ਨਿਧਾਨ । ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾਇੰਦਾ, ਤ੍ਰੈਗੁਣ ਪੈਂਡਾ ਮੁੱਕੇ ਆਣ । ਜੋ ਘੜਿਆ ਸੋ ਭੰਨ ਵਖਾਇੰਦਾ, ਥਿਰ ਰਹੇ ਨਾ ਕੋਇ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿੰਨਾਂ ਦੇਵੇ ਏਕਾ ਮਾਣ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਬ੍ਰਹਮਾ ਹਰਿ ਆਪਣੇ ਪੌਣਾ, ਲੇਖਾ ਹੋਰ ਨਾ ਕੋਇ ਵਖਾਇੰਦਾ । ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਸ਼ੰਕਰ ਸੰਸਾ ਦੂਰ ਕਰੌਣਾ, ਸਾਖ਼ਯਾਤ ਆਪਣੀ ਗੋਦ ਸੁਹਾਇੰਦਾ । ਆਪਣੇ ਪੇਟੇ ਆਪੇ ਪੌਣਾ, ਪਵਣ ਪਾਣੀ ਸੇਵ ਨਾ ਕੋਇ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦੇਵੇ ਵਰ, ਏਕਾ ਸਿਖ਼ਿਆ ਆਪ ਪੜ੍ਹਾਇੰਦਾ । ਸਾਚੀ ਸਿਖ਼ਿਆ ਹਰਿ ਸਮਝਾਏ, ਸਾਖਿਆਤ ਰੂਪ ਪਰਗਟਾਈਆ । ਕਲਜੁਗ ਅੰਤਮ ਖੇਲ ਖਲਾਏ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਨਿਰਵੈਰ ਜੋਤੀ ਜੋਤ ਡਗਮਗਾਏ, ਅੰਧ ਅੰਧਿਆਰ ਰਹਿਣ ਨਾ ਪਾਈਆ । ਸ਼ਬਦ ਸੋਟੀ ਹੱਥ ਉਠਾਏ, ਸਾਚਾ ਖੰਡਾ ਨਾਮ ਚਮਕਾਈਆ । ਉਚੀ ਚੋਟੀ ਡੇਰਾ ਲਾਏ, ਸਚ ਸਿੰਘਾਸਣ ਸੋਭਾ ਪਾਈਆ । ਕੋਟਨ ਕੋਟੀ ਹੱਥ ਨਾ ਆਏ, ਲੱਭ ਲੱਭ ਥੱਕੀ ਸਰਬ ਲੋਕਾਈਆ । ਵਾਸਨਾ ਖੋਟੀ ਦਏ ਮਿਟਾਏ, ਆਪਣੀ ਦ੍ਰਿਸ਼ਟੀ ਸ੍ਰਿਸ਼ਟ ਸਬਾਈ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਸਾਚਾ ਵਰ, ਵਾਹ ਵਾ ਵੱਜਦੀ ਰਹੇ ਵਧਾਈਆ । ਵਾਹਵਾ ਚੌਥਾ ਜੁਗ ਔਣਾ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ । ਬਾਵਨ ਰੂਪ ਨਾ ਕਿਸੇ ਵਟੌਣਾ, ਸੀਤਾ ਰਾਮ ਨਾ ਕੋਇ ਪਰਨਾਇੰਦਾ । ਰਾਵਣ ਗੜ੍ਹ ਨਾ ਕੋਇ ਤੁੜੌਣਾ, ਚਿਲਾ ਧਨੁਸ਼ ਨਾ ਕੋਇ ਚੜ੍ਹਾਇੰਦਾ । ਸਖ਼ੀਆਂ ਮੰਗਲ ਕੋਇ ਨਾ ਗੌਣਾ, ਸਾਚੀ ਰਾਸ ਨਾ ਕੋਇ ਰਚਾਇੰਦਾ । ਰਥ ਰਥਵਾਹੀ ਕੋਇ ਦਿਸ ਨਾ ਔਣਾ, ਗੀਤਾ ਗਿਆਨ ਨਾ ਕੋਇ ਦ੍ਰਿੜਾਇੰਦਾ । ਪੰਜ ਤਤ ਨਾ ਕੋਇ ਰਖੌਣਾ, ਪੰਚਮ ਮੇਲ ਨਾ ਕੋਇ ਮਿਲਾਇੰਦਾ । ਕਾਲਾ ਸੂਸਾ ਨਾ ਤਨ ਛੁਹੌਣਾ, ਈਸਾ ਮੂਸਾ ਨਾ ਮੇਲ ਮਿਲਾਇੰਦਾ । ਕਲਮਾ ਅਮਾਮ ਨਾ ਕੋਇ ਪੜ੍ਹੌਣਾ, ਨਬੀ ਰਸੂਲ ਨਾ ਕੋਇ ਅਖਵਾਇੰਦਾ । ਕਾਇਨਾਤ ਨਾ ਫੇਰਾ ਪੌਣਾ, ਨੂਰ ਜ਼ਹੂਰ ਨਾ ਕੋਈ ਵਖਾਇੰਦਾ । ਐਨਲਹਕ ਨਾਅਰਾ ਕਿਸੇ ਨਾ ਲੌਣਾ, ਉਚੀ ਕੂਕ ਨਾ ਕੋਇ ਸੁਣਾਇੰਦਾ । ਜਗਤ ਮਸੱਲਾ ਨਾ ਕੋਇ ਵਛੌਣਾ, ਸਜਦਾ ਸੀਸ ਨਾ ਕੋਇ ਝੁਕਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਨਾ ਕਿਸੇ ਖਲੌਣਾ, ਨਾਨਕ ਨਾਮ ਨਾ ਕੋਇ ਰਖਾਇੰਦਾ । ਖੜਗ ਖੰਡਾ ਨਾ ਕੋਇ ਚਮਕੌਣਾ, ਤੀਰ ਕਮਾਨ ਨਾ ਹੱਥ ਉਠਾਇੰਦਾ । ਅੰਮ੍ਰਿਤ ਜਾਮ ਨਾ ਕਿਸੇ ਪਿਔਣਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਪੁਰਖ ਅਬਿਨਾਸ਼ੀ ਰੂਪ ਪਰਗਟੌਣਾ, ਸਾਚੇ ਸੁਤ ਸ਼ਬਦ ਸਮਝਾਇੰਦਾ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਪੰਧ ਮੁਕੌਣਾ, ਲਿਖਿਆ ਲੇਖ ਨਾ ਕੋਇ ਪੜ੍ਹਾਇੰਦਾ । ਆਪਣਾ ਰੂਪ ਆਪ ਪਰਗਟੌਣਾ, ਪਾਰਬ੍ਰਹਮ ਆਪਣੀ ਜੋਤ ਆਪ ਜਗਾਇੰਦਾ । ਵਰਨ ਗੋਤ ਵਿਚ ਕਿਸੇ ਨਾ ਔਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਮੰਦਰ ਮਸਜਿਦ ਮਠ ਸ਼ਿਵਦਵਾਲੇ ਕਿਸੇ ਨਾ ਬਹੌਣਾ, ਗੁਰਸਿਖਾਂ ਅੰਦਰ ਡੇਰਾ ਲਾਇੰਦਾ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਬਾਹੋਂ ਫੜ ਨਾ ਕਿਸੇ ਗਲੇ ਲਗੌਣਾ, ਆਪਣੀ ਧੂੜ ਗੁਰਸਿਖਾਂ ਮਸਤਕ ਟਿੱਕਾ ਲਾਇੰਦਾ । ਉਚੇ ਟਿੱਲੇ ਚੜ੍ਹ ਚੜ੍ਹ ਹੱਥ ਕਿਸੇ ਨਾ ਪੌਣਾ, ਜੋਗੀ ਜਤੀ ਸਤੀ ਜਟਾ ਜੂਟ ਧਾਰ ਸਰਬ ਕੁਰਲਾਇੰਦਾ । ਸਨਿਆਸ ਵੈਰਾਗ ਨਾ ਕੋਇ ਵਖੌਣਾ, ਬ੍ਰਹਮਚਾਰੀ ਗ੍ਰਿਹਸਤੀ ਆਪਣੇ ਚਰਨਾਂ ਨਾਲ ਮਿਲਾਇੰਦਾ । ਜਿਸ ਜਨ ਉਪਰ ਆਪਣੀ ਦਇਆ ਕਮੌਣਾ, ਕੋਟਨ ਕੋਟ ਕੋਟ ਜਨਮ ਦੇ ਪਾਪ ਗਵਾਇੰਦਾ । ਨਿਹਕਲੰਕ ਆਪਣਾ ਨਾਉਂ ਰਖੌਣਾ, ਸ਼ਬਦ ਡੰਕਾ ਹੱਥ ਰਖਾਇੰਦਾ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਰਾਓ ਰੰਕਾਂ ਊਚਾਂ ਨੀਚਾਂ ਏਕਾ ਰੰਗ ਰੰਗੌਣਾ, ਵਰਨ ਗੋਤ ਨਾ ਕੋਇ ਬਣਾਇੰਦਾ ।

ਏਕਾ ਬ੍ਰਹਮ ਸਰਬ ਸਮਝੌਣਾ, ਪਾਰਬ੍ਰਹਮ ਪ੍ਰਭ ਪਰਦਾ ਲਾਹਿੰਦਾ । ਘਟ ਘਟ ਅੰਦਰ ਦੀਪ ਜੋਤ ਜਗੌਣਾ, ਜੋਤ ਨਿਰੰਜਣ ਸੇਵਾ ਲਾਇੰਦਾ । ਦੂਈ ਦਵੈਤੀ ਪਰਦਾ ਲੌਹਣਾ, ਮਾਇਆ ਮਮਤਾ ਮੋਹ ਮਿਟਾਇੰਦਾ । ਹਉਮੇ ਹੰਗਤਾ ਗੜ੍ਹ ਤੁੜੌਣਾ, ਮਨ ਰਾਵਣ ਆਪ ਖਪਾਇੰਦਾ । ਸੀਤਾ ਸੁਰਤ ਸਵਾਣੀ ਆਪ ਪਰਨੌਣਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਕਲਜੁਗ ਜੀਵ ਕਾਗ ਫੜ ਫੜ ਹੰਸ ਬਣੌਣਾ, ਜਿਸ ਜਨ ਆਪਣੇ ਨਾਮ ਚੋਗ ਚੁਗਾਇੰਦਾ । ਲੋਕ ਪਰਲੋਕ ਆਪ ਸੁਹੌਣਾ, ਅੰਤ ਭਗਵੰਤ ਮੇਲ ਮਿਲਾਇੰਦਾ । ਰਾਏ ਧਰਮ ਦਰ ਦੁਰਕੌਣਾ, ਚਿਤਰ ਗੁਪਤ ਨੇੜ ਨਾ ਆਇੰਦਾ । ਕਲਜੁਗ ਕੂੜਾ ਪੰਧ ਮੁਕੌਣਾ, ਜੂਠ ਝੂਠ ਡੇਰਾ ਢਾਇੰਦਾ । ਵਿਸ਼ਵ ਰੂਪ ਸਰਬ ਦਰਸੌਣਾ, ਵਿਸ਼ਨ ਆਪਣਾ ਨਾਉਂ ਰਖਾਇੰਦਾ । ਪਾਰਬ੍ਰਹਮ ਬ੍ਰਹਮ ਪਰਗਟੌਣਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸ਼ੰਕਰ ਹੱਥ ਤ੍ਰਸੂਲ ਸੁਟੌਣਾ, ਬਾਸ਼ਕ ਤਸ਼ਕਾ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦੇਵੇ ਵਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਕਰ ਕਿਰਪਾ ਖੇਲ ਖਿਲਾਇੰਦਾ । ਸ਼ਬਦ ਦੁਲਾਰੇ ਸਚ ਵਿਚਾਰਨਾ, ਬਿਨ ਰਸਨਾ ਜਿਹਵਾ ਹਰਿ ਗੁਣ ਗਾਈਆ । ਕਾਗਦ ਕਲਮ ਨਾ ਕਿਸੇ ਵਿਚਾਰਨਾ, ਜਗਤ ਵਿਦਿਆ ਭੇਵ ਨਾ ਰਾਈਆ । ਗੁਰ ਪੀਰ ਅਵਤਾਰ ਦਰ ਦੁਵਾਰ ਬਣਨ ਸਵਾਲਨਾ, ਮੰਗਣ ਭਿਛਿਆ ਭਿਖਕ ਭਿਛਿਆ ਝੋਲੀ ਪਾਈਆ । ਆਪੇ ਆਪਣੀ ਪੂਰੀ ਕਰੇ ਕਾਮਨਾ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ ਗੁਰ ਪੀਰ ਅਵਤਾਰ ਬਣਦਾ ਰਿਹਾ ਜ਼ਾਮਨਾ, ਰਾਮ ਕ੍ਰਿਸ਼ਨ ਰਾਧਾ ਕ੍ਰਿਸ਼ਨ ਅੱਲਾ ਹੂ ਅਕਬਰ ਸਤਿਨਾਮ ਵਾਹਿਗੁਰੂ ਜੁਗ ਜੁਗ ਕਰੇ ਪੜ੍ਹਾਈਆ । ਅੰਤਮ ਅੰਤ ਸ੍ਰੀ ਭਗਵੰਤ ਨੌ ਖੰਡ ਪ੍ਰਿਥਮੀ ਸਤ ਦੀਪ ਚੌਦਾਂ ਲੋਕ ਤ੍ਰੈਭਵਨ ਬ੍ਰਹਮਾ ਵਿਸ਼ਨ ਸ਼ਿਵ ਕ੍ਰੋੜ ਤੇਤੀਸਾ ਗਣ ਗੰਧਰਬ ਸੁਰ ਨਰ ਮੁਨ ਜਨ ਕਿਨਰ ਯਛਪ ਆਪੇ ਮੇਟੇ ਅੰਧੇਰੀ ਸ਼ਾਮਨਾ, ਇਕ ਨਿਰਗੁਣ ਜੋਤ ਕਰੇ ਰਸ਼ਨਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵਸੇ ਬਾਹਰ ਇਕ ਰਖਾਏ ਸਚ ਗਰਾਮਨਾ, ਸਚਖੰਡ ਦਵਾਰਾ ਹਰਿ ਨਿਰੰਕਾਰਾ ਨਗਰ ਖੇੜਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਜੂ ਹਰਿ ਹਰਿ ਬੈਠਾ ਵੇਸ ਵਟਾਈਆ । ਵੇਸ ਅਵੱਲਾ ਏਕੰਕਾਰਾ, ਹਰਿ ਸਾਚਾ ਸਚ ਕਰਾਇੰਦਾ । ਲੋਕਮਾਤ ਮਾਤ ਲਏ ਅਵਤਾਰਾ, ਮਾਤ ਪਿਤ ਪਿਤਾ ਪੂਤ ਵੇਖ ਵਖਾਇੰਦਾ । ਚਾਰੋਂ ਕੁੰਟ ਹੋ ਉਜਿਆਰ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਵੇਖੇ ਇਕ ਅਖਾੜਾ, ਪੰਚਮ ਧਾੜ ਆਪ ਉਠਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਗਾਰਾ, ਸਮੁੰਦ ਸਾਗਰ ਫੋਲ ਫੁਲਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰਾ, ਹੁਕਮੀ ਹੁਕਮ ਵਰਤੇ ਵਰਤਾਰਾ, ਹਰਿ ਨਿਰੰਕਾਰਾ ਸ਼ਸਤਰ ਹੱਥ ਨਾ ਕੋਈ ਉਠਾਇੰਦਾ । ਚਾਰੋਂ ਕੁੰਟ ਕਰੇ ਖ਼ਵਾਰਾ, ਧਰਨੀ ਧਰਤ ਧਵਲ ਕਰੇ ਪੁਕਾਰਾ, ਜ਼ਿਮੀ ਅਸਮਾਨਾ ਧੂਆਂਧਾਰਾ, ਸੁੱਚ ਸੁੱਚ ਨਾ ਕੋਈ ਦ੍ਰਿੜਾਈਆ । ਲੱਖ ਚੁਰਾਸੀ ਨਾਰ ਵਿਭਚਾਰਾ, ਮਿਲੇ ਮੇਲ ਨਾ ਹਰਿ ਕਰਤਾਰਾ, ਪੰਚ ਵਿਕਾਰ ਹੋਇਆ ਸ਼ੰਗਾਰਾ, ਮਨ ਮਤ ਬੈਠੀ ਵੇਸ ਵਟਾਈਆ । ਆਤਮ ਬ੍ਰਹਮ ਨਾ ਕਿਸੇ ਵਿਚਾਰਾ, ਚਾਰ ਵਰਨ ਅਠਾਰਾਂ ਬਰਨ ਰੋਵਣ ਜ਼ਾਰੋ ਜ਼ਾਰਾ, ਪਾਰਬ੍ਰਹਮ ਨਾ ਕੋਈ ਮਿਲਾਈਆ । ਕਲਜੁਗ ਚਾਰੋਂ ਕੁੰਟ ਹੋਏ ਧੂਆਂਧਾਰਾ, ਉਚੀ ਕੂਕ ਲਾਵੇ ਨਾਅਰਾ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਸਾਚਾ ਮੰਦਰ ਗੁਰੂ ਦਰ ਦਵਾਰਾ, ਗੁਰਮੁਖ ਵਿਰਲਾ ਪਾਵੇ ਸਾਰਾ, ਕਾਇਆ ਮੰਦਰ ਖੋਜ ਖੁਜਾਈਆ । ਅੱਠੇ ਪਹਿਰ ਰਹੇ ਧੁਨਕਾਰਾ, ਸਾਚੀ ਸਖ਼ੀਆਂ ਮੰਗਲਚਾਰਾ, ਅੰਮ੍ਰਿਤ ਆਤਮ ਠੰਡਾ ਠਾਰਾ, ਸਰ

ਸਰੋਵਰ ਇਕ ਸੁਹਾਈਆ । ਆਤਮ ਸੇਜਾ ਕੰਤ ਭਤਾਰਾ, ਰੰਗ ਰਲੀਆਂ ਮਾਣੇ ਅਗੰਮ ਅਪਾਰਾ, ਭਸਮੜ ਹੋਏ ਮਰੇ ਨਾ ਜਾਈਆ । ਜਿਸ ਮਿਲਿਆ ਪੁਰਖ ਕਰਤਾਰਾ, ਨਾਤਾ ਤੁਟਾ ਸਰਬ ਸੰਸਾਰਾ, ਘਰ ਪਾਇਆ ਇਕ ਦਵਾਰਾ, ਮਿਲਿਆ ਮੇਲ ਕੰਤ ਭਤਾਰਾ, ਵਿਛੜ ਕਦੇ ਨਾ ਜਾਈਆ । ਗੁਰਸਿਖ ਤੇਰਾ ਵਸਦਾ ਰਹੇ ਦਵਾਰਾ, ਪੰਚ ਵਿਕਾਰਾ ਮੇਟੇ ਝੂਠੀ ਧਾੜਾ, ਕਰੇ ਪਰਕਾਸ਼ ਬਹੱਤਰ ਨਾੜਾ, ਅੰਧ ਅੰਧੇਰ ਰਹਿਣ ਨਾ ਪਾਈਆ । ਤੇਰਾ ਮੰਦਰ ਤੇਰੇ ਘਰ ਵਿਚ ਸੋਹਿਆ ਘਰ ਉਜਿਆਰਾ, ਦੀਵਾ ਬਾਤੀ ਤੇਲ ਨਾ ਕੋਈ ਪਸਾਰਾ, ਜਗਾਵਣਹਾਰਾ ਇਕ ਅਖਵਾਈਆ । ਦਰਸ ਦਿਖਾਏ ਅਗੰਮ ਅਪਾਰਾ, ਸਰਬ ਜੀਆਂ ਇਕ ਦਾਤਾਰਾ, ਆਦਿ ਜੁਗਾਦਿ ਜੁਗਾ ਜੁਗੰਤਰ ਜਗਤ ਜੁਗਤ ਕਰੇ ਸਾਚੀ ਕਾਰਾ ਕਾਰ ਕਮਾਵਣਹਾਰਾ ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰਾ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ ਵਜਾਏ ਧੁਨ ਨਾਦ, ਨਰ ਨਰਾਇਣ ਘਟ ਘਟ ਮੰਦਰ ਅੰਦਰ ਬੈਠਾ ਸੋਭਾ ਪਾਈਆ ।

## ❊ ੨੦ ਕੱਤਕ ੨੦੧੭ ਬਿਕ੍ਰਮੀ ਸੰਤ ਭਗਵਾਨ ਸਿੰਘ ਦੇ ਘਰ ਪਿੰਡ ਸੈਦ ਪੁਰ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਸਚ ਸੁਲਤਾਨ, ਸਤਿਗੁਰ ਦਾਤਾ ਇਕ ਅਖਵਾਇੰਦਾ । ਨਿਰਗੁਣ ਰੂਪ ਜੋਤ ਮਹਾਨ, ਅਨਭਵ ਆਪਣੀ ਧਾਰ ਬੰਧਾਇੰਦਾ । ਇਕ ਇਕੱਲਾ ਸ੍ਰੀ ਭਗਵਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਅਗੰਮ ਅਗੰਮੜਾ ਦੇਵੇ ਦਾਨ, ਦੇਵਣਹਾਰਾ ਇਕ ਅਖਵਾਇੰਦਾ । ਜੁਗਾ ਜੁਗੰਤਰ ਹੋ ਪਰਧਾਨ, ਆਪਣੀ ਕਲ ਆਪ ਧਰਾਇੰਦਾ । ਪੁਰੀਆਂ ਲੋਆਂ ਬ੍ਰਹਿਮੰਡ ਖੰਡ ਵਖਾਏ ਇਕ ਨਿਸ਼ਾਨ, ਸਤਿ ਨਿਸ਼ਾਨਾ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਗਿਆਨ, ਅੰਤਰ ਆਪਣਾ ਨਾਮ ਦ੍ਰਿੜਾਇੰਦਾ । ਤ੍ਰੈਗੁਣ ਮਾਇਆ ਬਖ਼ਸ਼ੇ ਮਾਣ, ਪੰਚਮ ਡੋਰੀ ਹੱਥ ਰਖਾਇੰਦਾ । ਘਾੜਤ ਘੜੇ ਦੋ ਜਹਾਨ, ਘੜਨ ਭੰਨਣਹਾਰ ਸਮਰਥ ਪੁਰਖ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਸਾਚਾ ਧਾਮ ਸੁਹਾਇੰਦਾ । ਸਾਚਾ ਦਾਨੀ ਦੇਵੇ ਦਾਨ, ਦੇਵਣਹਾਰ ਇਕ ਅਖਵਾਇੰਦਾ । ਆਪਣੀ ਕਰੇ ਆਪ ਪਛਾਣ, ਹਰਿ ਆਪੇ ਵੇਖ ਵਖਾਇੰਦਾ । ਆਪੇ ਵਸੇ ਆਪਣੇ ਸਚ ਮਕਾਨ, ਧੁਰ ਦਰਬਾਰਾ ਆਪ ਸੁਹਾਇੰਦਾ । ਆਦਿ ਜੁਗਾਦੀ ਬਣ ਜਾਣੀ ਜਾਣ, ਜੁਗਾ ਜੁਗੰਤਰ ਵੇਸ ਵਟਾਇੰਦਾ । ਲੱਖ ਚੁਰਾਸੀ ਬਣੇ ਸਾਚਾ ਕਾਹਨ, ਘਟ ਘਟ ਮੰਡਲ ਰਾਸ ਰਚਾਇੰਦਾ । ਏਕਾ ਗਾਏ ਆਪਣਾ ਗਾਣ, ਨਾਦ ਅਨਾਦੀ ਧੁਨ ਉਪਜਾਇੰਦਾ । ਅੰਮ੍ਰਿਤ ਅਮਿਉਂ ਰਸ ਪੀਣ ਖਾਣ, ਸਰ ਸਰੋਵਰ ਇਕ ਸੁਹਾਇੰਦਾ । ਜੋਤ ਨਿਰੰਜਣ ਨਿਰਗੁਣ ਭਾਨ, ਘਟ ਭੀਤਰ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਹੱਥ ਰਖਾਇੰਦਾ । ਸਾਚੀ ਵਸਤ ਨਾਮ ਅਨਮੁਲ, ਭਗਵਨ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਨਾ ਜਾਏ ਤੁਲ, ਤੋਲਣਹਾਰਾ ਦਿਸ ਕੋਇ ਨਾ ਆਇੰਦਾ । ਆਪਣੀ ਕੀਮਤ ਕਰਤਾ ਆਪ ਚੁਕਾਏ ਮੁਲ, ਸਚ ਵਣਜਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਰਖਾਇੰਦਾ । ਸਾਚੀ ਵਸਤ ਨਾਮ ਭੰਡਾਰਾ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਹਰਿ ਪੁਰਖ ਨਿਰੰਜਣ ਖੇਲ ਅਪਾਰਾ,

੧੩੨੫



੦੯

ਏਕੰਕਾਰਾ ਕਲ ਧਰਾਇੰਦਾ । ਆਦਿ ਨਿਰੰਜਣ ਠਾਂਡਾ ਦਰਬਾਰਾ, ਸੀਤਲ ਧਾਰਾ ਪਰਕਾਸ਼ ਵਖਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਬਣੇ ਭਿਖਾਰਾ, ਨਿਰਗੁਣ ਅੱਗੇ ਨਿਰਗੁਣ ਸੀਸ ਝੁਕਾਇੰਦਾ । ਸਤਿਗੁਰ ਸੱਚਾ ਸ਼ਹਿਨਸ਼ਾਹ ਸੱਚੀ ਸਰਕਾਰਾ, ਸ਼ਾਹ ਸੁਲਤਾਨ ਆਪਣਾ ਹੁਕਮ ਆਪ ਸੁਣਾਇੰਦਾ । ਦੇਵਣਹਾਰਾ ਅਤੁਟ ਭੰਡਾਰਾ, ਸ਼ਬਦ ਵਣਜਾਰਾ ਇਕ ਵਖਾਇੰਦਾ । ਆਪਣੇ ਨਾਮ ਦਏ ਆਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਖ਼ਜ਼ੀਨਾ ਬੇਪਰਵਾਹ, ਪਾਰਬ੍ਰਹਮ ਪ੍ਰਭ ਆਪਣੇ ਹੱਥ ਉਠਾ, ਆਪਣਾ ਮਾਰਗ ਵੇਖ ਵਖਾਇੰਦਾ । ਸਚ ਖ਼ਜ਼ੀਨਾ ਹਰਿ ਕਾ ਨਾਉਂ, ਸਤਿ ਪੁਰਖ ਨਿਰੰਜਣ ਆਪ ਉਪਾਇਆ । ਆਪੇ ਰੱਖੇ ਆਪਣੇ ਥਾਉਂ, ਨਗਰ ਖੇੜਾ ਨਾ ਕੋਇ ਵਸਾਇਆ । ਆਪੇ ਦੇਵੇ ਫੜ ਫੜ ਬਾਹੋਂ, ਆਪਣੀ ਇਛਿਆ ਭਿਛਿਆ ਝੋਲੀ ਆਪ ਭਰਾਇਆ । ਆਪੇ ਲੇਖਾ ਜਾਣੇ ਪਿਤਾ ਮਾਉਂ, ਪੂਤ ਸਪੂਤਾ ਆਪੇ ਜਾਇਆ । ਆਪੇ ਲੇਖਾ ਜਾਣੇ ਹੰਸ ਕਾਉਂ, ਆਪੇ ਹੰਸ ਕਾਗਾਂ ਡਾਰ ਉਡਾਇਆ । ਆਪੇ ਦੇਵਣਹਾਰਾ ਠੰਡੀ ਛਾਓ, ਸਮਰਥ ਪੁਰਖ ਸਦਾ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਦਾਨੀ ਦਾਨ, ਆਦਿ ਜੁਗਾਦੀ ਸਚ ਨਿਸ਼ਾਨ, ਨਾ ਮਰੇ ਨਾ ਜਾਇਆ । ਸਾਚਾ ਦਾਨ ਸ੍ਰੀ ਭਗਵੰਤ, ਦਰ ਘਰ ਸਾਚੇ ਆਪ ਵਰਤਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਆਪਣੀ ਧਾਰ ਬੰਧਾਇੰਦਾ । ਏਕਾ ਨਾਮ ਜਣਾਏ ਮੰਤ, ਮੰਤਰ ਨਾਮ ਆਪ ਦ੍ਰਿੜਾਇੰਦਾ । ਕਰੇ ਖੇਲ ਨਾਰੀ ਕੰਤ, ਵਾਹ ਵਾ ਸਤਿਗੁਰ ਭੇਵ ਨਾ ਆਇੰਦਾ । ਤ੍ਰੈਗੁਣ ਧਾਰੀ ਮਾਇਆ ਬੇਅੰਤ, ਤ੍ਰੈਗੁਣ ਵੇਸਾ ਵੇਸ ਵਟਾਇੰਦਾ । ਲੱਖ ਚੁਰਾਸੀ ਜੀਵ ਜੰਤ, ਘਾੜਨ ਘੜ ਘਟ ਘਟ ਅੰਦਰ ਆਪਣਾ ਰੂਪ ਪਰਗਟਾਇੰਦਾ । ਆਦਿ ਜੁਗਾਦਿ ਨਾ ਹੋਏ ਭਸਮੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਆਪ ਵਰਤਾਇੰਦਾ । ਸਚ ਨਾਮ ਪਾਰਬ੍ਰਹਮ ਪ੍ਰਭ ਇਛਿਆ, ਦੂਸਰ ਵਸਤ ਨਾ ਕੋਇ ਜਣਾਈਆ । ਜੁਗ ਜੁਗ ਦੇਵਣਹਾਰਾ ਆਪਣੀ ਭਿਛਿਆ, ਬ੍ਰਹਿਮੰਡ ਖੰਡ ਲੋਆਂ ਪੁਰੀਆਂ ਜੇਰਜ ਅੰਡ ਲੱਖ ਚੁਰਾਸੀ ਵੇਖੇ ਸਰਬ ਲੋਕਾਈਆ । ਨਿਰਗੁਣ ਨਿਰਵੈਰ ਨਿਰਾਕਾਰ, ਜਨ ਭਗਤਾਂ ਦੇਵੇ ਸਾਚੀ ਸਿਖ਼ਿਆ, ਏਕਾ ਆਤਮ ਬ੍ਰਹਮ ਕਰੇ ਪੜ੍ਹਾਈਆ । ਚੌਦਾਂ ਲੋਕ ਚੌਦਾਂ ਵਿਦਿਆ ਲੇਖ ਕਿਸੇ ਨਾ ਲਿਖਿਆ, ਬ੍ਰਹਮਾ ਚਾਰੇ ਵੇਦ ਲਿਖ ਲਿਖ ਨੇਤਰ ਨੈਣ ਗਿਆ ਸ਼ਰਮਾਈਆ । ਹਰਿ ਕਾ ਨਾਉਂ ਕਿਸੇ ਨਾ ਦਿਸਿਆ, ਹੱਥ ਫੜ ਲੋਚਣ ਨੈਣ ਨਾ ਕੋਇ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਵਸਤ ਅਮੋਲਕ ਆਪੇ ਰੱਖੇ ਆਪਣੀ ਗੋਲਕ, ਦੂਸਰ ਹੱਥ ਨਾ ਦਏ ਵਡਿਆਈਆ । ਹਰਿ ਕਾ ਨਾਉਂ ਅਗੰਮ ਅਥਾਹ, ਹਰਿ ਆਪਣੇ ਹੱਥ ਰਖਾਇੰਦਾ । ਜੁਗਾ ਜੁਗੰਤਰ ਬੇਪਰਵਾਹ, ਆਪਣੀ ਖੇਲ ਖਿਲਾਇੰਦਾ । ਪੰਜ ਤਤ ਮੇਲਾ ਮੇਲ ਮਿਲਾ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਆਪਣੀ ਦਇਆ ਆਪ ਕਮਾ, ਆਪਣਾ ਲੇਖਾ ਬਹਿ ਸਮਝਾਇੰਦਾ । ਸੰਤ ਭਗਵੰਤ ਲਏ ਉਪਜਾ, ਸਾਚਾ ਕੰਤ ਵੇਖ ਵਖਾਇੰਦਾ । ਆਦਿ ਅੰਤ ਆਪਣਾ ਗੁਣ ਜਣਾ, ਅਵਗੁਣ ਲੇਖਾ ਸਰਬ ਮੁਕਾਇੰਦਾ । ਅਨਹਦ ਰਾਗ ਧੁਨ ਵਜਾ, ਧੁਨੀ ਧੁਨ ਆਪ ਉਪਾਇੰਦਾ । ਸੁੰਨ ਮੁਨ ਦਏ ਤੁੜਾ, ਚੁਣ ਚੁਣ ਆਪਣੇ ਲੇਖੇ ਪਾਇੰਦਾ । ਪੁਣ ਛਾਣ ਕਰੇ ਸਭਨੀ ਥਾਂ, ਘਟ ਭਾਂਡਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਨਾਮ ਅਤੁਟ, ਏਕੰਕਾਰਾ ਆਪ ਵਰਤਾਇੰਦਾ । ਹਰਿ ਕਾ ਨਾਉਂ ਹਰਿ ਕਾ

ਰੰਗ, ਹਰਿ ਬਿਨ ਅਵਰ ਨਾ ਕੋਇ ਚੜ੍ਹਾਈਆ । ਹਰਿ ਦਾਤਾ ਸੂਰਾ ਸਰਬੰਗ, ਸਤਿਗੁਰ ਆਪਣਾ ਭੇਵ ਜਣਾਈਆ । ਹਰਿ ਸ਼ਬਦ ਹਰਿ ਮਰਦੰਗ, ਹਰਿ ਤਾਲ ਤਲਵਾੜਾ ਰਿਹਾ ਵਜਾਈਆ । ਹਰਿ ਸੇਜਾ ਹਰਿ ਪਲੰਘ, ਹਰਿ ਬੈਠਾ ਆਸਣ ਲਾਈਆ । ਹਰਿ ਭਿਖਾਰੀ ਮੰਗੇ ਮੰਗ, ਹਰਿ ਭਿਛਿਆ ਝੋਲੀ ਪਾਈਆ । ਹਰਿ ਭੁੱਖ ਹਰਿ ਨੰਗ, ਹਰਿ ਤ੍ਰਿਸ਼ਨਾ ਤ੍ਰਿਪਤ ਕਰਾਈਆ । ਹਰਿ ਲੇਖਾ ਜਾਣੇ ਕਾਇਆ ਮਾਟੀ ਕਾਚੀ ਵੰਗ, ਹਰਿ ਕਾਇਆ ਗੜ੍ਹ ਸੁਹਾਈਆ । ਹਰਿ ਹਰਿ ਮੰਦਰ ਵੇਖੇ ਆਪੇ ਲੰਘ, ਬੰਦ ਕਿਵਾੜਾ ਆਪ ਖੁਲ੍ਹਾਈਆ । ਹਰਿ ਸੰਤਨ ਵਸਿਆ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਹਰਿ ਕਾ ਨਾਮ ਪੂਰੀ ਕਰੇ ਉਮੰਗ, ਅਮਕਾ ਮੂਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਨਾਉਂ, ਨੇਹਚਲ ਵਖਾਏ ਏਕਾ ਥਾਉਂ, ਮਹੱਲ ਅਟੱਲ ਮਿਨਾਰ ਥਿਰ ਦਰਬਾਰਾ ਸੋਭਾ ਪਾਈਆ । ਹਰਿ ਕਾ ਨਾਮ ਨਿਰਗੁਣ ਧਾਰ, ਰੂਪ ਰੰਗ ਰੇਖ ਨਾ ਕੋਈ ਜਣਾਇੰਦਾ । ਆਪਣੇ ਵਿਚੋਂ ਆਪੇ ਲਏ ਉਭਾਰ, ਵੇਖਣਹਾਰਾ ਆਪ ਹੋ ਜਾਇੰਦਾ । ਨਾ ਕੋਈ ਸਾਰਿੰਗ ਨਾ ਸਤਾਰ, ਹੱਥ ਸਮਰਥ ਨਾ ਕੋਈ ਰਖਾਇੰਦਾ । ਨਾ ਕੋਈ ਗਜ ਖਿਚੇ ਆਪਣੀ ਵਾਰ, ਤੰਬੂਰ ਕੰਧ ਨਾ ਕੋਈ ਲਟਕਾਇੰਦਾ । ਕਰੇ ਖੇਲ ਅਗੰਮ ਅਪਾਰ, ਆਪਣੀ ਧੁਨ ਆਪਣੇ ਵਿਚੋਂ ਆਪ ਉਪਜਾਇੰਦਾ । ਸਾਚੇ ਸੰਤਾਂ ਕਰ ਪਿਆਰ, ਲੋਕਮਾਤ ਆਪ ਸੁਣਾਇੰਦਾ । ਇਕ ਵਖਾਏ ਸਾਚੀ ਕਾਰ, ਸਾਚੀ ਕਾਰੇ ਆਪੇ ਲਾਇੰਦਾ । ਨਾਤਾ ਤੋੜ ਕਾਮ ਕ੍ਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਪਿਆਰ, ਪੂਜਾ ਪਾਠ ਨਾ ਕੋਈ ਬਣਾਇੰਦਾ । ਅੰਦਰ ਮੰਦਰ ਡੂੰਘੀ ਕੰਦਰ, ਆਪ ਸੁਣਾਏ ਸੱਚੀ ਗੁਫਤਾਰ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਅੱਠੇ ਪਹਿਰ ਡਗਮਗਾਇੰਦਾ । ਬਿਨ ਤੇਲ ਬਾਤੀ ਕਰੇ ਖੇਲ ਖੇਲਣਹਾਰ, ਮਹੱਲ ਅਟੱਲ ਸੋਭਾ ਪਾਇੰਦਾ । ਆਪੇ ਸਖ਼ੀ ਸੁਲਤਾਨ ਮਿਲੇ ਸਾਚਾ ਯਾਰ, ਸੁਹੰਜਣੀ ਸੇਜ ਆਪ ਸੁਹਾਇੰਦਾ । ਆਪੇ ਗਾਏ ਮੰਗਲਾਚਾਰ, ਆਪਣਾ ਗੀਤ ਆਪ ਅਲਾਇੰਦਾ । ਆਪੇ ਮੇਲਾ ਮੇਲ ਮਿਲਾਏ ਮੇਲਣਹਾਰ, ਏਕੰਕਾਰ ਆਪਣੀ ਕਲ ਆਪ ਧਰਾਇੰਦਾ । ਏਕਾ ਸ਼ਬਦ ਸੱਚਾ ਵਰਤਾਰ, ਹਰਿ ਆਪਣਾ ਨਾਉਂ ਆਪ ਆਪਣੇ ਹੱਥ ਰਖਾਇੰਦਾ । ਨਾਨਕ ਕਬੀਰ ਕਹਿ ਕਹਿ ਗਏ ਪੁਕਾਰ, ਹਰਿ ਹੱਥ ਕਿਸੇ ਨਾ ਆਇੰਦਾ । ਘੜੇ ਭੰਨੇ ਘੜਨ ਭੰਨਣਹਾਰ, ਵਿਸ਼ਨ ਬ੍ਰਹਮਾ ਸ਼ਿਵ ਤ੍ਰਲੋਕੀ ਨਾਥ ਕੋਟਨ ਕੋਟ ਸੀਸ ਝੁਕਾਇੰਦਾ । ਬਿਨ ਹਰਿ ਨਾਮੇ ਨਾ ਕੋਈ ਉਤਰੇ ਪਾਰ, ਆਦਿ ਜੁਗਾਦਿ ਜੁਗਾ ਜੁਗੰਤਰ ਲੱਗੀ ਬਸੰਤਰ ਨਾ ਕੋਈ ਬੁਝਾਇੰਦਾ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਜਨਮ ਜਨਮ ਦੇ ਰੋਗ ਗਵਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਵੇਦ ਸ਼ਾਸਤਰ ਸਿਮਰਤ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਚਾਰ ਜੁਗ ਗੁਰ ਪੀਰ ਅਵਤਾਰ ਸਾਧ ਸੰਤ ਸਭ ਹਰਿ ਕਾ ਜਸ ਗਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਅਪਾਰ, ਏਕਾ ਨਾਮ ਵਸਤ ਅਪਾਰ, ਆਪਣੇ ਹੱਥ ਰੱਖੇ ਕਰਤਾਰ, ਸਭ ਦੀ ਝੋਲੀ ਪਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਬੈਠਾ ਰਹੇ ਇਕ ਦਰਬਾਰ, ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਸਤਿਗੁਰ ਪੂਰਾ ਕੋਟਨ ਕੋਟ ਬ੍ਰਹਿਮੰਡਾਂ ਕਰੇ ਇਕ ਪਿਆਰ, ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਦਏ ਅਧਾਰ, ਕੋਟਨ ਕੋਟ ਗੁਰ ਪੀਰ ਅਵਤਾਰ ਆਪਣੀ ਕੁਖੋਂ ਲਏ ਉਭਾਰ, ਕੋਟਨ ਕੋਟ ਏਕਾ ਸ਼ਬਦ ਨਾਮ ਦ੍ਰਿੜਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਜੁਗਾ ਜੁਗੰਤਰ ਕਰੇ ਵਿਚ ਸੰਸਾਰ, ਲੋਕਮਾਤ ਵੇਸ ਵਟਾਇੰਦਾ । ਬਿਨ ਹਰਿ ਭਗਤ ਦੂਸਰ ਜਾਏ ਨਾ ਕਿਸੇ ਦੁਵਾਰ,

ਗੁਰ ਦਰ ਮੰਦਰ ਮਸਜਿਦ ਮਠ, ਸਤਿਗੁਰ ਪੂਰਾ ਕਦੇ ਨਾ ਆਸਣ ਲਾਇੰਦਾ । ਕਿਸੇ ਨਾ ਹੋਵੇ ਬੰਦ ਕਿਵਾੜ, ਸਤਿ ਸਤਿ ਗੰਢੀ ਗੰਢ ਨਾ ਕੋਈ ਰਖਾਇੰਦਾ । ਕਿਸੇ ਨਾ ਸਿਰ ਰੱਖੇ ਆਪਣਾ ਭਾਰ, ਸੀਸ ਚੁੱਕ ਚਾਰੋਂ ਕੁੰਟ ਨਾ ਕੋਈ ਫਿਰਾਇੰਦਾ । ਗੁਰਮੁਖ ਗੁਰਸਿਖ ਹਰਿਭਗਤ ਹਰਿਸੰਤ ਆਪਣੀ ਗੋਦੀ ਲਏ ਆਪ ਉਠਾਲ, ਸ਼ਾਹ ਕੰਗਾਲ ਆਪਣੇ ਲੇਖੇ ਪਾਇੰਦਾ । ਏਕਾ ਬਣਿਆ ਰਹੇ ਦਲਾਲ, ਨੇੜ ਨਾ ਆਏ ਕਾਲ ਮਹਾਂਕਾਲ, ਗੁਰ ਸ਼ਬਦੀ ਸੇਵ ਕਮਾਇੰਦਾ । ਸਤਿਗੁਰ ਪੂਰਾ ਕੋਈ ਨਾ ਬੰਨ੍ਹ ਕੇ ਰੱਖੇ ਵਿਚ ਰੁਮਾਲ, ਅਲਮਾਰੀ ਵਿਚ ਨਾ ਕੋਈ ਰਖਾਇੰਦਾ । ਦੀਨ ਮਜ਼੍ਹਬ ਵਰਨ ਗੋਤ ਸਤਿਗੁਰ ਪੂਰੇ ਪਵੇ ਨਾ ਕੋਈ ਜੰਜਾਲ, ਦਾੜ੍ਹੀ ਮੁਛ ਕੇਸ ਮੂੰਡ ਨਾ ਮੁੰਡਾਏ ਨਿਰਗੁਣ ਆਪਣਾ ਰੂਪ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਸਾਹਿਬ ਪੁਰਖ ਸਮਰਥ, ਆਪਣੀ ਮਹਿਮਾ ਜਾਣੇ ਅਕਥਨਾ ਅਕਥ, ਵੇਦ ਕਤੇਬ ਸਰਬ ਜਸ ਗਾਇੰਦਾ । ਗਾ ਗਾ ਥੱਕੇ ਹਰਿ ਕਾ ਜਸ, ਚਾਰ ਵਰਨ ਵੱਡੀ ਵਡਿਆਈਆ । ਅਠਸਠ ਤੀਰਥ ਰਹੇ ਨੱਸ, ਆਪਣਾ ਪੰਧ ਨਾ ਸਕੇ ਕੋਈ ਮੁਕਾਈਆ । ਪੜ੍ਹ ਪੜ੍ਹ ਪੁਸਤਕ ਜਗਤ ਮਾਰਗ ਰਹੇ ਦੱਸ, ਆਪਣਾ ਮਾਰਗ ਹੱਥ ਕਿਸੇ ਨਾ ਆਈਆ । ਕਰ ਕਿਰਪਾ ਜਿਸ ਹਿਰਦੇ ਗਿਆ ਵਸ, ਦੂਜੇ ਘਰ ਨਾ ਮੰਗਣ ਜਾਈਆ । ਅੰਦਰੇ ਅੰਦਰ ਮੇਲਾ ਮੇਲੇ ਹੱਸ ਹੱਸ, ਘਰ ਸਾਚੇ ਵੱਜੇ ਵਧਾਈਆ । ਗੁਰਸਿਖ ਆਪਣਾ ਸੱਥਰ ਤੇਰੇ ਮੰਦਰ ਬੈਠਾ ਘਤ, ਤੇਰੀ ਤ੍ਰੈਗੁਣ ਸੂਲਾ ਸੇਜ ਰਿਹਾ ਹੰਢਾਈਆ । ਮਾਇਆ ਮਮਤਾ ਮੋਹ ਅੰਤ ਕਾਲ ਨਾ ਡੱਸੇ ਡਸਨੀ ਡੱਸ, ਜਗਤ ਨਾਗਨੀ ਨੇੜ ਨਾ ਆਈਆ । ਏਕਾ ਤੀਰ ਨਿਰਾਲਾ ਮਾਰੇ ਕਸ, ਸ਼ਬਦ ਕਮਾਨ ਆਪ ਉਠਾਈਆ । ਨੌ ਗਿਰਾਂ ਨੌ ਖੰਡ ਨੌ ਦਵਾਰ ਨੌ ਕਾਲ ਚਰਨ ਡਿਗਣ ਢੱਠ, ਢਹਿ ਢਹਿ ਢੇਰੀ ਆਪ ਬਣਾਈਆ । ਹਰਿ ਕਾ ਨਾਮ ਸਦਾ ਰੱਖੇ ਪਤ, ਜਿਸ ਸਿਰ ਸਤਿਗੁਰ ਪੂਰਾ ਹੱਥ ਟਿਕਾਈਆ । ਗੁਰਮੁਖਾਂ ਅੰਤਮ ਸਾਂਭਣ ਆਇਆ ਵੱਤ, ਆਪਣਾ ਬੀਜ ਆਪਣੀ ਹੱਥੀਂ ਦੇਵੇ ਪਾਈਆ । ਆਪਣੀ ਫਸਲ ਆਪੇ ਲਏ ਕੱਟ, ਦੂਜਾ ਵਾਢਾ ਵੱਢਣ ਕੋਈ ਨਾ ਆਈਆ । ਆਪਣੇ ਖਾਤੇ ਲਏ ਘਤ, ਸਚਖੰਡ ਦਵਾਰ ਖੁਲ੍ਹਾਈਆ । ਆਪਣੀ ਹੱਥੀਂ ਲੱਖ ਚੁਰਾਸੀ ਛੱਟਣ ਰਿਹਾ ਛਟ, ਨਾਮ ਹੁਲਾਰਾ ਇਕ ਲਗਾਈਆ । ਆਪਣਾ ਰੂਪ ਵਿਚਕਾਰ ਰਖਾਈ ਵਟ, ਲੱਖ ਚੁਰਾਸੀ ਦਿਸ ਕਿਸੇ ਨਾ ਆਈਆ । ਏਕਾ ਤੋਲਾ ਤੋਲ ਤੁਲਾਏ ਘਟ ਘਟ, ਆਪਣਾ ਖੰਡਾ ਆਪਣੇ ਹੱਥ ਰਖਾਈਆ । ਚੌਥੇ ਜੁਗ ਚਾਰ ਜੁਗ ਦੇ ਵਿਛੜੇ ਗੁਰਸਿਖ ਮੇਲੇ ਨੱਠ ਨੱਠ, ਜਗਤ ਚੌਕੜੀ ਦਏ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਆਪਣਾ ਦਾਨ, ਸਖੀ ਮਿਲੇ ਸਾਚਾ ਕਾਹਨ, ਆਤਮ ਬ੍ਰਹਮ ਪਾਰਬ੍ਰਹਮ ਏਕਾ ਘਰ ਲਏ ਮਿਲਾਈਆ ।

### ❊ ੨੦ ਕੱਤਕ ੨੦੧੭ ਬਿਕ੍ਰਮੀ ਨਾਜ਼ਰ ਸਿੰਘ ਦੇ ਘਰ ਪਿੰਡ ਮੱਲੀਆਂ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਅਗੰਮ ਅਪਾਰਾ, ਅਲੱਖ ਅਲੱਖਣਾ ਇਕ ਅਖਵਾਇੰਦਾ । ਸੋ ਪੁਰਖ ਨਿਰੰਜਣ ਵਸੇ ਠਾਂਡੇ ਦਰਬਾਰਾ, ਨਿਰਗੁਣ ਨਿਰਾਕਾਰ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਸੋਹੇ ਮੰਦਰ ਦਵਾਰਾ, ਸਚਖੰਡ ਦਵਾਰਾ ਆਪ ਉਪਾਇੰਦਾ । ਏਕੰਕਾਰਾ ਕਰੇ ਖੇਲ ਨਿਆਰਾ, ਨਿਰਵੈਰ ਆਪਣੀ ਕਲ ਧਰਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਧਾਰਾ, ਧਾਰ

ਧਾਰ ਵਿਚ ਰਖਾਇੰਦਾ । ਸ੍ਰੀ ਭਗਵਾਨ ਉਚ ਮਹੱਲ ਅਟੱਲ ਸੁਹਾਏ ਇਕ ਮੁਨਾਰਾ, ਆਸਣ ਸਿੰਘਾਸਣ ਇਕ ਸੁਹਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਅਨਭਵ ਆਪਣਾ ਰੰਗ ਰੰਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਸੁਲਤਾਨ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਦਰ ਘਰ ਸਾਚੇ ਆਪ ਸੁਹਾਇੰਦਾ । ਸਤਿ ਪੁਰਖ ਨਿਰੰਜਣ ਸੋਭਾਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਬੇਅੰਤ ਬੇਅੰਤ ਬੇਅੰਤ, ਬੇਪਰਵਾਹ ਭੇਵ ਨਾ ਰਾਈਆ । ਹਰਿ ਪੁਰਖ ਨਿਰੰਜਣ ਆਦਿ ਅੰਤ, ਆਪਣੀ ਕਲ ਆਪ ਵਰਤਾਈਆ । ਏਕੰਕਾਰਾ ਹਰਿ ਨਿਰੰਕਾਰਾ ਧਾਮ ਸੁਹਾਏ ਸੋਭਾਵੰਤ, ਸਚਖੰਡ ਦਵਾਰ ਦਏ ਵਡਿਆਈਆ । ਆਦਿ ਨਿਰੰਜਣ ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਹੋਰ ਦਿਸ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਕਰੇ ਖੇਲ ਨਾਰੀ ਕੰਤ, ਨਰ ਨਰਾਇਣ ਵੱਡੀ ਵਡਿਆਈਆ । ਸ੍ਰੀ ਭਗਵਾਨ ਆਪ ਆਪਣੇ ਲਾਏ ਅੰਗਤ, ਅੰਗੀਕਾਰ ਆਪ ਹੋ ਜਾਈਆ । ਪਾਰਬ੍ਰਹਮ ਪ੍ਰਭ ਬਣੇ ਮੰਗਤ, ਦਰ ਦਰਵੇਸ਼ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣੀ ਰਚਨਾ ਆਪ ਰਚਾਈਆ । ਸਤਿ ਪੁਰਖ ਨਿਰੰਜਣ ਠਾਂਡਾ ਦਰਬਾਰਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਅਗੰਮ ਅਗੰਮੜਾ ਰੂਪ ਅਪਾਰਾ, ਮਹਿਮਾ ਅਨੂਪ ਨਾ ਕੋਇ ਜਣਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਜਾਗਰਤ ਜੋਤ ਡਗਮਗਾਇੰਦਾ । ਘਰ ਵਿਚ ਘਰ ਕਰ ਤਿਆਰਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਕਮਲਾਪਾਤੀ ਬਣ ਬਣ ਮੀਤ ਮੁਰਾਰਾ, ਨਾਰੀ ਕੰਤ ਸੇਜ ਹੰਢਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰਾ, ਆਪਣਾ ਮੇਲਾ ਆਪ ਮਿਲਾਇੰਦਾ । ਲੇਖਾ ਜਾਣੇ ਸੱਚੀ ਸਰਕਾਰਾ, ਸ਼ਾਹ ਸੁਲਤਾਨ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਹਰਿ ਮੰਦਰ ਉਚ ਮੁਨਾਰਾ, ਪੁਰਖ ਅਬਿਨਾਸ਼ੀ ਆਪ ਉਪਜਾਇੰਦਾ । ਸਚਖੰਡ ਨਿਵਾਸੀ ਖੋਲ੍ਹ ਕਿਵਾੜਾ, ਆਪਣਾ ਕੁੰਡਾ ਆਪੇ ਲਾਹਿੰਦਾ । ਥਿਰ ਘਰ ਸਾਚੇ ਪਾਵੇ ਸਾਰਾ, ਆਪਣੀ ਕਲ ਆਪ ਧਰਾਇੰਦਾ । ਚਾਰ ਕੁੰਟ ਨਾ ਕੋਇ ਸਹਾਰਾ, ਦਹਿ ਦਿਸ਼ਾਂ ਨਾ ਵੰਡ ਵੰਡਾਇੰਦਾ । ਇਕ ਇਕੱਲਾ ਖੇਲ ਨਿਆਰਾ, ਨਿਰਗੁਣ ਆਪਣਾ ਆਪ ਕਰਾਇੰਦਾ । ਰਵ ਸਸ ਨਾ ਕੋਇ ਸਤਾਰਾ, ਪਰਕਾਸ਼ ਪਰਕਾਸ਼ ਨਾ ਕੋਇ ਜਣਾਇੰਦਾ । ਸ਼ਬਦ ਧੁਨ ਨਾ ਕੋਇ ਜੈਕਾਰਾ, ਰਾਗ ਨਾਦ ਨਾ ਕੋਇ ਸੁਣਾਇੰਦਾ । ਬ੍ਰਹਿਮੰਡ ਖੰਡ ਨਾ ਕੋਇ ਪਸਾਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਨੌ ਖੰਡ ਨਾ ਕੋਇ ਅਖਾੜਾ, ਸਤ ਧਾਰ ਨਾ ਕੋਇ ਬਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਪਸਾਰਾ, ਤ੍ਰੈਗੁਣ ਮਾਇਆ ਬੰਧਨ ਨਾ ਕੋਇ ਰਖਾਇੰਦਾ । ਪੰਜ ਤਤ ਨਾ ਕੋਇ ਪਸਾਰਾ, ਮਨ ਮਤ ਬੁਧ ਨਾ ਮੇਲ ਮਿਲਾਇੰਦਾ । ਲੱਖ ਚੁਰਾਸੀ ਨਾ ਕੋਈ ਘਾੜਨ ਘੜੇ ਠਠਿਆਰਾ, ਖਾਣੀ ਬਾਣੀ ਨਾ ਕੋਇ ਵਖਾਇੰਦਾ । ਜਲ ਬਿੰਬ ਨਾ ਕੋਇ ਆਧਾਰਾ, ਧਰਨੀ ਧਰਤ ਧਵਲ ਨਾ ਕੋਇ ਪਰਗਟਾਇੰਦਾ । ਇਕ ਇਕੱਲਾ ਏਕੰਕਾਰਾ, ਆਪਣੇ ਮੰਦਰ ਆਪ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਪੁਰਖ ਅਕਾਲਾ, ਸਚਖੰਡ ਦਵਾਰ ਵਸੇ ਸੱਚੀ ਧਰਮਸਾਲਾ, ਧੁਰ ਦਰਬਾਰਾ ਆਪ ਸੁਹਾਇੰਦਾ । ਧੁਰ ਦਰਬਾਰ ਸੁਹਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਆਪਣੀ ਰਚਨਾ ਆਪ ਰਚਾਇੰਦਾ, ਨਿਰਗੁਣ ਨਿਰਗੁਣ ਬਣ ਮਲਾਹ । ਸਾਚੀ ਸੇਵਾ ਆਪ ਕਰਾਇੰਦਾ, ਆਪੇ ਸਿਫ਼ਤੀ ਸਿਫ਼ਤ ਸਾਲਾਹ । ਆਪਣਾ ਭਾਰ ਆਪ ਉਠਾਇੰਦਾ, ਖੇਵਟ ਖੇਟਾ ਬਣ ਮਲਾਹ । ਆਪਣਾ ਰੰਗ

੧੩੨੮ ੦੯

ਆਪ ਰੰਗਾਇੰਦਾ, ਰੰਗਣਹਾਰਾ ਏਕਾ ਥਾਂ । ਆਪਣਾ ਨਾਉਂ ਆਪ ਪਰਗਟਾਇੰਦਾ, ਨਾਉਂ ਨਿਰੰਕਾਰਾ ਲਏ ਰਖਾ । ਆਪਣੀ ਧਾਰਾ ਆਪ ਚਲਾਇੰਦਾ, ਜੋਤੀ ਜੋਤ ਜੋਤ ਜਗਾ । ਆਪਣਾ ਗਾਣਾ ਆਪੇ ਗਾਇੰਦਾ, ਸ਼ਬਦ ਨਾਦ ਧੁਨ ਸੁਣਾ । ਆਪਣਾ ਮੰਦਰ ਆਪ ਸੁਹਾਇੰਦਾ, ਆਦਿ ਨਿਰੰਜਣ ਜੋਤ ਪਰਗਟਾ । ਉਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਇੰਦਾ, ਚਾਰੇ ਦਿਸ਼ਾਂ ਏਕਾ ਰੂਪ ਰਿਹਾ ਦਰਸਾ । ਥਿਰ ਘਰ ਸਾਚਾ ਆਪ ਸੁਹਾਇੰਦਾ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਆਪੇ ਜਾਣੇ ਆਪਣੇ ਖੇਲ ਤਮਾਸਾ, ਆਪਣੀ ਰਾਸ ਆਪ ਵਖਾਇੰਦਾ । ਸਤਿ ਪੁਰਖ ਨਿਰੰਜਣ ਗਹਿਰ ਗੰਭੀਰਾ, ਏਕਾ ਰੰਗ ਸਮਾਇਆ । ਆਪੇ ਪਹਿਨੇ ਆਪਣਾ ਬਸਤਰ ਚੀਰਾ, ਆਪਣਾ ਸ਼ੰਗਾਰ ਆਪ ਵਖਾਇਆ । ਆਪੇ ਹੋਏ ਜੋਧਾ ਸੂਰਬੀਰਾ, ਆਪਣਾ ਬਲ ਆਪ ਧਰਾਇਆ । ਆਪੇ ਹੋਏ ਪੀਰਨ ਪੀਰਾ, ਸਤਿਗੁਰ ਆਪਣਾ ਨਾਉਂ ਰਖਾਇਆ । ਆਪ ਆਪਣਾ ਬੰਧਨ ਪਾਏ ਜ਼ੰਜ਼ੀਰਾ, ਤੋੜਨਹਾਰ ਆਪ ਰਘਰਾਇਆ । ਆਪੇ ਚੋਟੀ ਚੜ੍ਹਿਆ ਅਖ਼ੀਰਾ, ਆਪੇ ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਮਹੱਲਾ ਪੁਰਖ ਅਬਿਨਾਸ਼ੀ ਵਸੇ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਖਾਇਆ । ਨਾ ਕੋਈ ਸੰਗ ਰਖਾਇੰਦਾ, ਇਕ ਇਕੱਲਾ ਏਕੰਕਾਰ । ਦਰਗਹਿ ਸਾਚੀ ਸੋਭਾ ਪਾਇੰਦਾ, ਧੁਰ ਦਰਗਾਹੀ ਸਾਚਾ ਯਾਰ । ਅਮਾਮ ਅਮਾਮਾਂ ਸਿਰ ਆਪ ਅਖਵਾਇੰਦਾ, ਨੂਰ ਇਲਾਹੀ ਬੇਐਬ ਪਰਵਰਦਿਗਾਰ । ਹੱਕ ਹੱਕ ਮੁਕਾਮੇ ਹੱਕ ਆਪਣਾ ਜਲਵਾ ਨੂਰ ਪਰਗਟਾਇੰਦਾ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਸਾਚੇ ਤਖ਼ਤ ਸੋਭਾ ਪਾਇੰਦਾ, ਰਾਜਨ ਰਾਜ ਵਡ ਮਿਹਰਵਾਨ । ਹੁਕਮ ਹਾਕਮ ਆਪ ਸੁਣਾਇੰਦਾ, ਧੁਰ ਫ਼ਰਮਾਣਾ ਬੋਲ ਜੈਕਾਰ । ਸ਼ਬਦ ਅਨਾਦੀ ਨਾਦ ਵਜਾਇੰਦਾ, ਸੁਣੇ ਸੁਣਾਏ ਸੁਣਨੇਹਾਰ । ਦੂਸਰ ਸੰਗ ਨਾ ਕੋਈ ਵਖਾਇੰਦਾ, ਨਾ ਕੋਈ ਦਿਸੇ ਗੁਰ ਪੀਰ ਅਵਤਾਰ । ਸਾਚੇ ਮੰਦਰ ਡੇਰਾ ਲਾਇੰਦਾ, ਅਨਭਵ ਪ੍ਰਕਾਸ਼ ਨਿਰਗੁਣ ਜੋਤ ਕਰ ਉਜਿਆਰ । ਪੁਰਖ ਅਕਾਲ ਆਪਣਾ ਨਾਉਂ ਰਖਾਇੰਦਾ, ਨਿਰਭੌ ਖੇਲ ਕਰੇ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਸੂਰਾ ਸਰਬੰਗ, ਰੂਪ ਅਨੂਪ ਆਪ ਪ੍ਰਗਟਾਇੰਦਾ । ਰੂਪ ਅਨੂਪਾ ਸ਼ਾਹੋ ਭੂਪਾ, ਪਾਰਬ੍ਰਹਮ ਵੱਡੀ ਵਡਿਆਈਆ । ਸਤਿ ਪੁਰਖ ਨਿਰੰਜਣ ਸਤਿ ਸਰੂਪਾ, ਸਾਂਤਕ ਸਤਿ ਸਤਿ ਸਹਿਜ ਸੁਖਦਾਈਆ । ਆਦਿ ਜੁਗਾਦਿ ਵਸਣਹਾਰਾ ਚਾਰੇ ਕੂਟਾ, ਆਪਣੀ ਦਿਸ਼ਾਂ ਆਪਣਾ ਹਿਸਾ ਆਪੇ ਵੰਡ ਵੰਡਾਈਆ । ਅਬਿਨਾਸ਼ੀ ਅਚੁਤ ਨਿਰਗੁਣ ਨਿਰਵੈਰ ਨਿਰਾਕਾਰ ਆਲਸ ਨਿੰਦਰਾ ਵਿਚ ਕਦੇ ਨਾ ਸੁੱਤਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪੇ ਖੋਲ੍ਹ, ਆਪਣਾ ਨਾਉਂ ਆਪੇ ਬੋਲ, ਹਰਿ ਜੂ ਹਰਿ ਮੰਦਰ ਆਪੇ ਲਏ ਸੁਣਾਈਆ । ਹਰਿ ਮੰਦਰ ਹਰਿ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਪੁਰਖ ਅਕਾਲ ਸ਼ਬਦ ਅਗੰਮੀ ਬੋਲਿਆ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨ । ਆਪਣਾ ਆਪ ਆਪਣੇ ਕੰਡੇ ਆਪੇ ਤੋਲਿਆ, ਤੋਲਣਹਾਰਾ ਸ੍ਰੀ ਭਗਵਾਨ । ਆਦਿ ਜੁਗਾਦਿ ਰਹੇ ਅਡੋਲਿਆ, ਅਡੋਲ ਗੁਰ ਗੁਰੂ ਮਿਹਰਵਾਨ । ਸਦ ਵਸੇ ਆਪਣੇ ਕੋਲਿਆ, ਹੱਥ ਉਠਾਏ ਇਕ ਨਿਸ਼ਾਨ । ਆਪਣੀ ਸ਼ਕਤੀ ਆਪੇ ਮੌਲਿਆ, ਆਪੇ ਦੇਵਣਹਾਰਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਹਰਿ ਨਿਰੰਕਾਰਾ ਲੇਖਾ ਜਾਣੇ ਜਾਣੀ ਜਾਣ । ਜਾਨਣਹਾਰ ਪੁਰਖ ਸਮਰਥ, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਮਹਿਮਾ ਅਕਥ, ਹਰਿ ਪੁਰਖ ਨਿਰੰਜਣ ਰਿਹਾ ਜਸ ਗਾਇਆ । ਏਕੰਕਾਰਾ ਆਪਣੇ ਮੰਦਰ ਆਪੇ

ਵਸ, ਆਦਿ ਨਿਰੰਜਣ ਦੀਪਕ ਡਗਮਗਾਇਆ । ਸ੍ਰੀ ਭਗਵਾਨ ਆਪਣਾ ਮਾਰਗ ਆਪੇ ਦੱਸ, ਅਬਿਨਾਸ਼ੀ ਕਰਤਾ ਰਾਹ ਚਲਾਇਆ । ਪਾਰਬ੍ਰਹਮ ਆਪਣਾ ਪੰਧ ਮੁਕਾਏ ਨੱਸ ਨੱਸ, ਆਪਣਾ ਲੇਖਾ ਲੇਖੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਮਹਿਮਾ ਆਪ ਸੁਣਾਇਆ । ਹਰਿ ਮਹਿਮਾ ਸ਼ਬਦ ਜਣਾਇੰਦਾ, ਇਕ ਇਕੱਲਾ ਏਕੰਕਾਰ । ਆਦਿ ਪੁਰਖ ਆਪ ਅਖਵਾਇੰਦਾ, ਜੂਨੀ ਰਹਿਤ ਮੀਤ ਮੁਰਾਰ । ਧੁਰ ਦਰਬਾਰਾ ਸੋਭਾ ਪਾਇੰਦਾ, ਜਗਮਗ ਜੋਤ ਜਗੇ ਅਪਾਰ । ਸਚਖੰਡ ਦਵਾਰਾ ਇਕ ਵਡਿਆਇੰਦਾ, ਥਿਰ ਘਰ ਖੋਲ੍ਹ ਕਿਵਾੜ । ਸਚ ਸਿੰਘਾਸਣ ਇਕ ਵਛਾਇੰਦਾ, ਪੁਰਖ ਅਬਿਨਾਸ਼ੀ ਹੋ ਤਿਆਰ । ਆਪਣਾ ਹੁਕਮ ਆਪ ਸੁਣਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਆਪਣਾ ਚੋਬਦਾਰ ਆਪ ਬਣਾਇੰਦਾ, ਆਪੇ ਸੇਵਕ ਸੇਵਾ ਕਰੇ ਬਣ ਭਿਖਾਰ । ਆਪਣਾ ਤਾਜ ਆਪਣੇ ਆਪ ਉਠਾਇੰਦਾ, ਆਪੇ ਹੋਏ ਪਹਿਨਣਹਾਰ । ਆਪਣਾ ਨਿਸ਼ਾਨਾ ਆਪ ਚੜ੍ਹਾਇੰਦਾ, ਸਤਿ ਸਤਿਵਾਦੀ ਸਾਚੀ ਕਾਰ । ਆਪਣਾ ਜੋਬਨ ਵੇਖ ਵਖਾਇੰਦਾ, ਪੁਰਖ ਅਬਿਨਾਸ਼ੀ ਹੋ ਤਿਆਰ । ਸਾਚੇ ਤਖ਼ਤ ਚਰਨ ਟਿਕਾਇੰਦਾ, ਵਡ ਭੂਪ ਜੋਧਾ ਸੂਰਬੀਰ ਬਲਕਾਰ । ਆਪਣੀ ਰਚਨਾ ਆਪੇ ਵੇਖ ਵਖਾਇੰਦਾ, ਰਚ ਰਚ ਵੇਖੇ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚਾ ਆਪ ਸੁਹਾਇੰਦਾ । ਆਪਣੀ ਰਚਨਾ ਹਰਿ ਰਚਾਇੰਦਾ, ਰਚਣਹਾਰ ਦੀਨ ਦਿਆਲ । ਜੋਤੀ ਜੋਤ ਨੂਰ ਪਰਗਟਾਇੰਦਾ, ਨੇੜ ਨਾ ਆਏ ਕਾਲ ਮਹਾਂਕਾਲ । ਸਾਚਾ ਮੰਦਰ ਆਪ ਸੁਹਾਇੰਦਾ, ਆਦਿ ਜੁਗਾਦਿ ਕਰੇ ਪ੍ਰਿਤਪਾਲ । ਛੱਪਰ ਛੰਨ ਨਾ ਕੋਇ ਬਣਾਇੰਦਾ, ਚਾਰ ਦੀਵਾਰੀ ਨਾ ਰੱਖੇ ਨਾਲ । ਸਚਖੰਡ ਦਵਾਰਾ ਇਕ ਵਡਿਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹਣਹਾਰਾ, ਨਿਰਗੁਣ ਰੂਪ ਸਮਾਇਆ । ਆਦਿ ਪੁਰਖ ਨਿਰੰਜਣ ਹੋ ਉਜਿਆਰਾ, ਰੂਪ ਅਨੂਪ ਆਪ ਦਰਸਾਇਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਤਖ਼ਤ ਨਿਵਾਸੀ ਆਸਣ ਲਾਇਆ । ਏਕਾ ਹੁਕਮ ਵਰਤੇ ਵਰਤਾਰਾ, ਆਪਣਾ ਬੰਧਨ ਆਪੇ ਪਾਇਆ । ਲੇਖਾ ਜਾਣੇ ਗੁਪਤ ਜ਼ਾਹਰਾ, ਨਾਰੀ ਕੰਤ ਖੇਲ ਖਿਲਾਇਆ । ਰੰਗ ਰਲੀਆਂ ਮਾਣੇ ਕੰਤ ਭਤਾਰਾ, ਨਿਰਗੁਣ ਨਿਰਗੁਣ ਸੇਜ ਹੰਢਾਇਆ । ਆਪੇ ਉਤਪਤ ਕੀਆ ਸੁਤ ਦੁਲਾਰਾ, ਸ਼ਬਦ ਸ਼ਬਦੀ ਨਾਉਂ ਰਖਾਇਆ । ਦਾਈ ਦਾਇਆ ਅਗੰਮ ਅਪਾਰਾ, ਰੂਪ ਰੇਖ ਨਾ ਕੋਇ ਬਣਾਇਆ । ਵਿਸ਼ਨ ਸ਼ਿਵ ਕਰ ਤਿਆਰਾ, ਬ੍ਰਹਮਾ ਆਪਣੇ ਅੰਗ ਲਗਾਇਆ । ਸ਼ੰਕਰ ਤੇਰਾ ਖੋਲ੍ਹ ਕਿਵਾੜਾ, ਸਾਚੀ ਧਾਰਾ ਵਿਚ ਸਮਾਇਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਤ੍ਰੈ ਤ੍ਰੈ ਲੇਖਾ ਦਏ ਸਮਝਾਇਆ । ਪੰਜ ਤਤ ਦਏ ਅਧਾਰਾ, ਆਪ ਆਪਣਾ ਮੇਲ ਮਿਲਾਇਆ । ਰਵ ਸਸ ਕਰ ਉਜਿਆਰਾ, ਅਕਾਸ਼ ਪਰਕਾਸ਼ ਵਿਚ ਸਮਾਇਆ । ਲੋਆਂ ਪੁਰੀਆਂ ਦਏ ਸਹਾਰਾ, ਗਗਨ ਮੰਡਲ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ, ਪਾਰਬ੍ਰਹਮ ਵਡ ਵਡਿਆਇਆ । ਹਰਿ ਵੱਡਾ ਵਡਿਆਈ ਵਡ, ਆਪਣਾ ਲੇਖਾ ਆਪ ਲਿਖਾਇੰਦਾ । ਆਪਣੇ ਅੰਦਰੋਂ ਆਪਾ ਕੱਢ, ਵਿਸ਼ਨ ਬ੍ਰਹਮਾ ਸ਼ਿਵ ਪਰਗਟਾਇੰਦਾ । ਸ਼ਬਦ ਸਰੂਪੀ ਲੜਾਏ ਲਡ, ਸ਼ਬਦ ਸ਼ਬਦੀ ਧਾਰ ਰਖਾਇੰਦਾ । ਆਪੇ ਪੇਖਣਹਾਰਾ ਵਰਭੰਡ, ਭਗਤ ਭਿਖਾਰੀ ਆਪ ਅਖਵਾਇੰਦਾ । ਤ੍ਰੈਗੁਣ ਮਾਇਆ ਆਪੇ ਵੰਡ, ਰਜੋ ਤਮੋ ਸਤੋ ਸੰਗ ਨਿਭਾਇੰਦਾ । ਆਪੇ ਬੰਧਨ ਪਾਏ ਬੰਧ, ਏਕਾ ਡੋਰੀ ਨਾਮ ਹੱਥ ਰਖਾਇੰਦਾ । ਆਪੇ ਪੰਜ ਤਤ ਜੋਤੀ, ਜੋਤੀ


੧੩੩੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਘਾੜਨ ਆਪ ਘੜਾਇੰਦਾ । ਘਾੜਨ ਘੜਨਹਾਰ ਹਰਿ, ਹਰਿ
ਕਾ ਭੇਵ ਕਿਸੇ ਨਾ ਪਾਇਆ । ਆਪਣੀ ਕਿਰਪਾ ਆਪੇ ਕਰ, ਬ੍ਰਹਮਾ ਵਿਸ਼ਨ ਸ਼ਿਵ ਉਪਜਾਇਆ । ਆਪ ਬਹਾਏ ਆਪਣੇ ਦਰ, ਸਿਰ ਆਪਣਾ
ਹੱਥ ਟਿਕਾਇਆ । ਆਪੇ ਲੇਖਾ ਦੇਵੇ ਸਾਚੇ ਘਰ, ਏਕਾ ਅੱਖਰ ਆਪ ਪੜ੍ਹਾਇਆ । ਆਪੇ ਨਾਰੀ ਆਪੇ ਨਰ, ਨਰ ਨਰਾਇਣ ਆਪਣਾ ਰੰਗ
ਆਪ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਏਕਾ ਦਰ, ਦਰ ਦਰ ਆਪ ਖੁਲਾਇਆ । ਦਰ ਦਵਾਰਾ
ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਸ਼ਬਦ ਅਗੰਮੀ ਏਕਾ ਬੋਲਿਆ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ । ਪਾਰਬ੍ਰਹਮ ਅਬਿਨਾਸ਼ੀ ਕਰਤਾ
ਸਤਿ ਸਤਿਵਾਦੀ ਬਣਿਆ ਏਕਾ ਤੋਲਿਆ, ਤੋਲਣਹਾਰਾ ਇਕ ਭਗਵਾਨ । ਤ੍ਰੈ ਅੰਦਰ ਮੰਦਰ ਆਪੇ ਮੌਲਿਆ, ਰੂਪ ਰੰਗ ਨਾ ਚਤਰ ਸੁਜਾਨ । ਬ੍ਰਹਮਾ
ਤੇਰਾ ਉਲਟਾ ਕਰੇ ਨਾਭ ਕਵਲਿਆ, ਦਾਨੀ ਦੇਵੇ ਸਾਚਾ ਦਾਨ । ਸ਼ੰਕਰ ਹੌਲਾ ਭਾਰ ਕਰੇ ਧਵਲਿਆ, ਲੇਖਾ ਜਾਣੇ ਧਰਤ ਧਵਲ ਜ਼ਿਮੀ ਅਸਮਾਨ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੱਚਾ ਵਰ, ਦਰਗਹਿ ਸਾਚੀ ਸੱਚਾ ਧੁਰ ਫ਼ਰਮਾਣ । ਸਚ ਫ਼ਰਮਾਣਾ ਹਰਿ
ਜਣਾਇਆ, ਭੁੱਲ ਰਹੇ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਸ਼ੰਕਰ ਹੱਥ ਤ੍ਰਸੂਲ ਰਖਾਈਆ । ਲੱਖ ਚੁਰਾਸੀ ਘਾੜਨ ਲਏ ਘੜਾਇਆ,
ਵਡ ਠਠਿਆਰਾ ਸੱਚਾ ਸ਼ਹਿਨਸ਼ਾਹੀਆ । ਮਨ ਮਤ ਬੁਧ ਵਿਚ ਦਏ ਟਿਕਾਇਆ, ਡੂੰਘੀ ਕੰਦਰ ਸੇਵਾ ਲਾਇਆ । ਆਪਣਾ ਅੰਗ ਆਪ ਕਟਾਇਆ,
ਪਾਰਬ੍ਰਹਮ ਆਪਣਾ ਨਾਉਂ ਉਪਜਾਈਆ । ਆਪਣੀ ਇਛਿਆ ਭਿਛਿਆ ਵੇਖ ਵਖਾਇਆ, ਈਸ਼ ਜੀਵ ਵੱਡੀ ਵਡਿਆਈਆ । ਜਗਤ ਜਗਦੀਸ਼ ਵੇਖ
੧੩੩੧ ਵਖਾਇਆ, ਛੱਤਰ ਸੀਸ ਆਪ ਟਿਕਾਈਆ । ਪੰਜ ਦਸ ਬੀਸ ਰਚਨ ਰਚਾਇਆ, ਰਾਗ ਛਤੀਸ ਕਰੇ ਪੜ੍ਹਾਈਆ । ਇਕ ਇਕੀਸ ਫੇਰਾ ਪਾਇਆ, ੧੩੩੧
ਗੁਣ ਅਵਗੁਣ ਨਾ ਸਕੇ ਕੋਈ ਜਣਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇਆ, ਤ੍ਰੈਗੁਣ ਏਕਾ ਰੰਗ ਰੰਗਾਈਆ । ਆਤਮ ਵਤ ਬੀਜ ਬਿਜਾਇਆ,
ਪੁਰਖ ਸਮਰਥ ਖੇਲ ਖਿਲਾਇਆ । ਖ਼ਾਲਕ ਖ਼ਲਕ ਰੂਪ ਵਟਾਇਆ, ਤੇਰੀ ਨੱਥ ਆਪਣੇ ਹੱਥ ਰਖਾਈਆ । ਸਚਖੰਡ ਦਵਾਰਾ ਬੈਠਾ ਆਸਣ ਲਾਇਆ,
ਏਕਾ ਵੱਥ ਆਪ ਵਰਤਾਈਆ । ਸਚ ਭੰਡਾਰਾ ਨਾਮ ਸਮਝਾਇਆ, ਬ੍ਰਹਮਾ ਵਿਸ਼ਨੂੰ ਸ਼ਿਵ ਦਏ ਚਾਈਂ ਚਾਈਂਆ । ਸੋ ਪੁਰਖ ਨਿਰੰਜਣ ਆਪ ਪੜ੍ਹਾਇਆ,
ਹੰ ਰੂਪ ਸ੍ਰਿਸ਼ਟ ਸਬਾਈਆ । ਪਾਰਬ੍ਰਹਮ ਆਪਣੀ ਕੁਖੋਂ ਆਪੇ ਜਾਇਆ, ਸੋਹੰ ਨਾਮ ਦਏ ਵਡਿਆਈਆ । ਨਿਰਗੁਣ ਸਰਗੁਣ ਰੂਪ ਵਟਾਇਆ,
ਕਰੇ ਖੇਲ ਬੇਪਰਵਾਹੀਆ । ਜਗਤ ਪਰਵਾਹ ਆਪ ਚਲਾਇਆ, ਲੇਖਾ ਜਾਣੇ ਏਕਾ ਮਾਈਆ । ਤ੍ਰੈ ਤ੍ਰੈ ਚੇਲੇ ਸੇਵ ਕਮਾਇਆ, ਵਾਹ ਵਾ ਵੱਜਦੀ
ਰਹੇ ਵਧਾਈਆ । ਸਤਿਗੁਰ ਸਾਚੇ ਖੇਲ ਖਿਲਾਇਆ, ਕਾਗਦ ਕਲਮ ਨਾ ਲਿਖੇ ਛਾਹੀਆ । ਚਾਰੇ ਮੁਖ ਚਾਰੇ ਵੇਦ ਬ੍ਰਹਮ ਸੁਤ ਰਿਹਾ ਕੁਰਲਾਇਆ,
ਅਬਿਨਾਸ਼ੀ ਅਚੁਤ ਭੇਵ ਨਾ ਰਾਇਆ, ਮਨ ਮਤ ਬੁਧ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ
ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਨਿਰਗੁਣ ਨਿਰਵੈਰ ਆਪਣਾ ਨੂਰ ਆਪ ਧਰਾਈਆ । ਹਰਿ ਆਪਣਾ ਨੂਰ ਧਰਾਇੰਦਾ,
ਪੁਰਖ ਅਕਾਲ ਅਗੰਮ । ਸਚਖੰਡ ਦਵਾਰੇ ਸੋਭਾ ਪਾਇੰਦਾ, ਨਾ ਮਰੇ ਨਾ ਪਏ ਜੰਮ । ਮਾਤ ਪਿਤ ਨਾ ਕੋਇ ਰਖਾਇੰਦਾ, ਭੈਣ ਭਾਈ ਜਨਨੀ ਜਣੇ
ਨਾ ਕੋਇ ਜਨ । ਕਾਇਆ ਤਤ ਨਾ ਕੋਇ ਹੰਢਾਇੰਦਾ, ਨਾ ਕੋਈ ਪੀਣ ਨਾ ਕੋਈ ਖਾਣ । ਧਨ ਵਸਤ ਨਾ ਕੋਇ ਲੁਟਾਇੰਦਾ, ਨਾ ਕੋਈ ਭਾਰ

੧੩੩੨

ਬੈਠਾ ਬੰਨ੍ਹ । ਦੀਵਾ ਬਾਤੀ ਨਾ ਕੋਇ ਜਗਾਇੰਦਾ, ਨਾ ਕੋਈ ਰਖਾਏ ਸੂਰਜ ਚੰਨ । ਆਪਣਾ ਸੰਗ ਆਪ ਨਿਭਾਇੰਦਾ, ਆਪਣੇ ਮੰਦਰ ਆਪੇ ਮੰਨ । ਆਪਣਾ ਖੇਲ ਆਪ ਖਲਾਇੰਦਾ, ਅਬਿਨਾਸ਼ੀ ਕਰਤਾ ਸੂਰਾ ਸਰਬੰਗ । ਸਾਚਾ ਨਾਮ ਮਰਦੰਗ ਵਜਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਹਰਿ ਸੁਹਾਇੰਦਾ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹ । ਲੱਖ ਚੁਰਾਸੀ ਰਚਨ ਰਚਾਇੰਦਾ, ਚਾਰੇ ਖਾਣੀ ਬਣਤ ਬਣਾ । ਜੇਰਜ ਅੰਡਜ ਫੋਲ ਫੁਲਾਇੰਦਾ, ਉਤਭੁਜ ਸੇਤਜ ਲੇਖਾ ਲਿਖੇ ਥਾਉਂ ਥਾਂ । ਨੌ ਖੰਡ ਪ੍ਰਿਥਮੀ ਵੰਡ ਵੰਡਾਇੰਦਾ, ਸੱਤਾਂ ਦੀਪਾਂ ਹਿਸਾ ਪਾ । ਸੱਤ ਸਰੋਵਰ ਫੋਲ ਫੁਲਾਇੰਦਾ, ਸਮੁੰਦ ਸਾਗਰ ਬੇਪਰਵਾਹ । ਏਕਾ ਹੁਕਮ ਨਾਮ ਚਲਾਇੰਦਾ, ਬਿਨ ਹੁਕਮੇ ਦਿਸੇ ਨਾ ਕੋਇ ਥਾਂ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ, ਦਰ ਮੰਗਣ ਭਿਖਿਆ ਬੈਠੇ ਆ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਸਾਚੀ ਵੰਡਣ ਦਏ ਵੰਡਾ । ਤਿੰਨਾਂ ਏਕਾ ਮਾਰਗ ਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਖ਼ਤ ਸੋਭਾ ਪਾਇੰਦਾ । ਤਖ਼ਤ ਨਵਾਸੀ ਸਤਿਗੁਰ ਸੂਰਾ, ਸਾਹਿਬ ਸੱਚਾ ਸੁਲਤਾਨ । ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਹਰਿ ਵਾਲੀ ਦੋ ਜਹਾਨ । ਜੋਤ ਉਜਾਲਾ ਨੂਰੋ ਨੂਰਾ, ਮਹਿਮਾ ਅਨੂਪ ਸ੍ਰੀ ਭਗਵਾਨ । ਸ਼ਬਦ ਨਾਦ ਵਜਾਏ ਸਾਚੀ ਤੂਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵੇ ਇਕ ਗਿਆਨ । ਆਤਮ ਬ੍ਰਹਮ ਦੇਵੇ ਸਤਿ ਸਰੂਰਾ, ਅੰਮ੍ਰਿਤ ਬਖ਼ਸ਼ੇ ਪੀਣ ਖਾਣ । ਬ੍ਰਹਮਾ ਵਿਸ਼ਨ ਸ਼ਿਵ ਤ੍ਰੈ ਤ੍ਰੈ ਮੰਗਣ ਚਰਨ ਧੂੜਾ, ਖ਼ਾਕੀ ਖ਼ਾਕ ਮਿਲੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਗਿਆ ਸ਼ਬਦ ਆਪੇ ਕਰੇ ਪੂਰਾ, ਨਾ ਕੋਈ ਮੇਟੇ ਹਰਿ ਨਿਸ਼ਾਨ । ਸਚ ਨਿਸ਼ਾਨਾ ਹਰਿ ਝੁਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਸਚਖੰਡ ਦਵਾਰੇ ਆਪ ਉਠਾਇੰਦਾ, ਲੇਖਾ ਜਾਣੇ ਧੁਰ ਦਰਬਾਰ । ਤ੍ਰੈ ਤ੍ਰੈ ਜਗਦੀਸ ਸੀਸ ਝੁਕਾਇੰਦਾ, ਲੋਕ ਪਰਲੋਕ ਮੰਨਣ ਆਣ । ਕਰੋੜ ਤੇਤੀਸਾ ਥਰ ਥਰਾਇੰਦਾ, ਸੁਰਪਤ ਰੋਵੇ ਬਾਲ ਅਵਾਣ । ਲੱਖ ਚੁਰਾਸੀ ਭਰਮ ਮਿਟਾਇੰਦਾ, ਸ਼ਬਦ ਅਗੰਮੀ ਮਾਰੇ ਬਾਣ । ਤ੍ਰੈਗੁਣ ਨਾਤਾ ਤੋੜ ਤੁੜਾਇੰਦਾ, ਪੰਚਮ ਲੇਖਾ ਚੁੱਕੇ ਜਗਤ ਮਕਾਨ । ਸਾਚੇ ਮੰਦਰ ਜੋਤ ਜਗਾਇੰਦਾ, ਨਿਰਗੁਣ ਸਰਗੁਣ ਦੇਵੇ ਏਕਾ ਦਾਨ । ਕਾਇਆ ਮਾਟੀ ਫੋਲ ਫੁਲਾਇੰਦਾ, ਡੂੰਘੀ ਭਵਰੀ ਕਾਇਆ ਕਵਰੀ ਆਪੇ ਵੇਖੇ ਆਣ । ਜੋਤ ਨਿਰੰਜਣ ਡਗਮਗਾਇੰਦਾ, ਅਨਹਦ ਸ਼ਬਦ ਸੁਣਾਏ ਸੱਚੀ ਧੁਨਕਾਨ । ਆਪਣਾ ਰਾਗ ਆਪ ਅਲਾਇੰਦਾ, ਪੰਚਮ ਮੀਤਾ ਗੁਣ ਨਿਧਾਨ । ਠਾਂਡਾ ਸੀਤਾ ਦਰ ਰਖਾਇੰਦਾ, ਨਾਤਾ ਤੋੜੇ ਪੰਜ ਸ਼ੈਤਾਨ । ਘਰ ਘਰ ਵਿਚ ਆਪ ਸੁਹਾਇੰਦਾ, ਆਤਮ ਸੇਜਾ ਇਕ ਨਿਸ਼ਾਨ । ਨਿਰਗੁਣ ਨਿਰਵੈਰ ਆਸਣ ਲਾਇੰਦਾ, ਆਤਮ ਬ੍ਰਹਮ ਹੋ ਪਰਧਾਨ । ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ, ਖ਼ਾਲਕ ਰੂਪ ਸ੍ਰੀ ਭਗਵਾਨ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਇੰਦਾ, ਭੁੱਲ ਨਾ ਜਾਏ ਬਣ ਨਾਦਾਨ । ਤ੍ਰੈਗੁਣ ਅਤੀਤਾ ਆਪਣਾ ਰੰਗ ਰੰਗਾਇੰਦਾ, ਰੰਗ ਵੇਖੇ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਦ੍ਰਿੜਾਇੰਦਾ । ਸਾਚਾ ਨਾਮ ਸ਼ਬਦ ਅਨਮੋਲ, ਪੁਰਖ ਅਬਿਨਾਸ਼ੀ ਆਪ ਜਣਾਈਆ । ਆਪਣੇ ਮੰਦਰ ਆਪਣੇ ਅੰਦਰ ਲੈਣਾ ਫੋਲ, ਦੂਜੇ ਦਰ ਨਾ ਮੰਗਣ ਜਾਈਆ । ਦਿਵਸ ਰੈਣ ਵੱਜੇ ਮਰਦੰਗ ਢੋਲ, ਅਨਹਦ ਤਾਰ ਸਤਾਰ ਹਿਲਾਈਆ । ਆਪਣਾ ਪਰਦਾ ਆਪੇ ਲੈਣਾ ਖੋਲ੍ਹ, ਬਜਰ ਕਪਾਟੀ ਕੁੰਡਾ ਲਾਹੀਆ । ਆਪਣੀ ਸੁਰਤੀ ਆਪਣੇ ਸ਼ਬਦ ਜਾਣਾ ਮੌਲ, ਸ਼ਬਦ ਸੁਰਤ ਹੋਏ ਕੁੜਮਾਈਆ । ਘਰ ਘਰ ਅੰਦਰ

ਭਰਿਆ ਅੰਮ੍ਰਿਤ ਨਾਭ ਕਵਲ, ਸਾਚਾ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਏਕਾ ਤਤ ਦ੍ਰਿੜਾਏ, ਬ੍ਰਹਮ ਮਤ ਏਕਾ ਰੂਪ ਅਨੂਪ ਦਰਸਾਈਆ । ਬ੍ਰਹਮ ਮਤ ਬ੍ਰਹਮ ਬ੍ਰਹਮ ਧਾਰਾ, ਪਾਰਬ੍ਰਹਮ ਜਣਾਇੰਦਾ । ਸਤਿ ਸਰੂਪ ਨਿਰਾਕਾਰਾ, ਨਿਰਵੈਰ ਆਪਣਾ ਨਾਉਂ ਰਖਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਅਲੱਖ ਆਪ ਜਗਾਇੰਦਾ । ਵੰਡਣ ਵੰਡ ਵੰਡੇ ਸੰਸਾਰਾ, ਆਪਣਾ ਹਿਸਾ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਤਿਆਰਾ, ਕਲਜੁਗ ਏਕਾ ਮੰਗ ਮੰਗਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬਣ ਵਰਤਾਰਾ, ਲੱਖ ਚੁਰਾਸੀ ਖੇਲ ਵਖਾਇੰਦਾ । ਜੂਨ ਅਜੂਨੀ ਬਣ ਵਰਤਾਰਾ, ਵਾਸਤਕ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਲਿਖਣਹਾਰਾ, ਲੱਖ ਚੁਰਾਸੀ ਵਸੇ ਬਾਹਰਾ, ਹੁਕਮੀ ਹੁਕਮ ਵਰਤੇ ਸਚ ਵਰਤਾਰਾ, ਸਾਚਾ ਹੁਕਮ ਇਕ ਚਲਾਈਆ । ਹੁਕਮ ਵਰਤੇ ਹਰਿ ਨਿਰੰਕਾਰ, ਆਦਿ ਜੁਗਾਦਿ ਚਲਾਇਆ । ਜੁਗ ਚੌਕੜੀ ਕਰੇ ਵਿਚਾਰ, ਨਿਰਗੁਣ ਸਰਗੁਣ ਰੂਪ ਵਟਾਇਆ । ਭਗਤ ਭਗਵੰਤ ਲਏ ਅਧਾਰ, ਆਪ ਆਪਣਾ ਮੇਲ ਮਿਲਾਇਆ । ਸੰਤ ਸਾਜਨ ਲਏ ਉਭਾਰ, ਸਤਿਜੁਗ ਸਾਚਾ ਦਰ ਸੁਹਾਇਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਸਾਚੀ ਹਾਟੀ ਵਣਜ ਕਰਾਇਆ । ਗੁਰਸਿਖ ਫੜ ਫੜ ਲਾਏ ਪਾਰ, ਜਗਤ ਬੇੜਾ ਆਪ ਤਰਾਇਆ । ਲੋਕਮਾਤ ਲਏ ਅਵਤਾਰ, ਗੁਰ ਗੁਰ ਆਪਣਾ ਨਾਉਂ ਧਰਾਇਆ । ਨਿਤ ਨਵਿਤ ਸਾਚੀ ਕਾਰ, ਹਰਿ ਹਰਿ ਸਾਚੇ ਖੇਲ ਖਿਲਾਇਆ । ਨੌਂ ਨੌਂ ਚਾਰ ਉਤਰੇ ਪਾਰ, ਨੌਂ ਨੌਂ ਲੇਖਾ ਦਏ ਵਖਾਇਆ । ਚੌਥੇ ਜੁਗ ਪਾਵੇ ਸਾਰ, ਚਾਰੇ ਵੇਦ ਰਹੇ ਕੁਰਲਾਇਆ । ਚਾਰੇ ਖਾਣੀ ਕਰੇ ਪੁਕਾਰ, ਚਾਰੇ ਬਾਣੀ ਦਏ ਦੁਹਾਇਆ । ਚਾਰੇ ਯਾਰ ਰੋਵਣ ਜ਼ਾਰੋ ਜ਼ਾਰ, ਚਾਰ ਵਰਨ ਧੀਰ ਨਾ ਕੋਈ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜੁਗਾ ਜੁਗੰਤਰ ਆਪਣਾ ਰੂਪ ਆਪ ਪਰਗਟਾਇਆ । ਜੁਗਾ ਜੁਗੰਤਰ ਹਰਿ ਨਿਰੰਕਾਰਾ, ਸਤਿ ਪੁਰਖ ਖੇਲ ਖਿਲਾਇੰਦਾ । ਸਤਿਜੁਗ ਕਰਿਆ ਪਾਰ ਕਿਨਾਰਾ, ਸਤਿ ਸਤਿਵਾਦੀ ਦਇਆ ਕਮਾਇੰਦਾ । ਤ੍ਰੇਤਾ ਲੇਖਾ ਆਪ ਵਿਚਾਰਾ, ਭੇਵ ਕੋਈ ਨਾ ਪਾਇੰਦਾ । ਦੁਆਪਰ ਵੇਖੇ ਜਗਤ ਧਾੜਾ, ਸ੍ਰਿਸ਼ਟ ਅਖਾੜਾ ਆਪ ਲਗਾਇੰਦਾ । ਕਲਜੁਗ ਅੰਤਮ ਧੂਆਂਧਾਰਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸਾਚਾ ਚੰਨ ਨਾ ਕੋਈ ਉਜਿਆਰਾ, ਸਾਂਤਕ ਸਤਿ ਨਾ ਕੋਈ ਕਰਾਇੰਦਾ । ਹਰਿ ਕਾ ਰੂਪ ਨਾ ਕਿਸੇ ਵਿਚਾਰਾ, ਵਰਨ ਬਰਨ ਸਰਬ ਕੁਰਲਾਇੰਦਾ । ਜੂਠਾ ਝੂਠਾ ਜਗਤ ਅਖਾੜਾ, ਮਾਇਆ ਮਮਤਾ ਮੋਹ ਨਾਲ ਰਲਾਇੰਦਾ । ਨਾਲ ਰਲਾਇਆ ਕਾਮ ਕ੍ਰੋਧ ਲੋਭ ਮੋਹ ਹੰਕਾਰਾ, ਆਸਾ ਤ੍ਰਿਸਨਾ ਨਾਚ ਨਚਾਇੰਦਾ । ਨਾਤਾ ਤੁਟਾ ਮੰਦਰ ਗੁਰੂਦਵਾਰਾ ਮਸਜਿਦ ਮਠ ਸ਼ਿਵਦਵਾਲਾ, ਸਾਚਾ ਰੰਗ ਨਾ ਕੋਈ ਰਖਾਇੰਦਾ । ਏਕਾ ਭੁੱਲਿਆ ਹਰਿ ਨਿਰੰਕਾਰਾ, ਹਰਿ ਕਾ ਰੂਪ ਨਾ ਕੋਈ ਦਰਸਾਇੰਦਾ । ਸਾਧ ਸੰਤ ਕਰਨ ਵਿਭਚਾਰਾ, ਆਤਮ ਸੇਜ ਨਾ ਕੋਈ ਸੁਹਾਇੰਦਾ । ਕਲਜੁਗ ਕੂਕੇ ਜੋਧਾ ਸੂਰਬੀਰ ਬਲੀ ਬਲਕਾਰਾ, ਉਚੀ ਕੂਕ ਸਰਬ ਸੁਣਾਇੰਦਾ । ਜੂਠਾ ਝੂਠਾ ਦਏ ਲਲਕਾਰਾ, ਸਤਿ ਧਰਮ ਪੈਰਾਂ ਹੇਠ ਦਬਾਇੰਦਾ । ਕੋਈ ਨਾ ਮੰਨੇ ਗੁਰ ਅਵਤਾਰਾ, ਗੁਰ ਕਾ ਹੁਕਮ ਸੀਸ ਨਾ ਕੋਈ ਰਖਾਇੰਦਾ । ਕੋਟਨ ਕੋਟ ਲੱਭਦੇ ਫਿਰਦੇ ਜੰਗਲ ਜੂਹ ਉਜਾੜ ਪਹਾੜਾ, ਕਾਇਆ ਮੰਦਰ ਕੋਇ ਨਾ ਫੋਲ ਫੁਲਾਇੰਦਾ । ਕੋਟਨ ਕੋਟ ਪੜ੍ਹ ਪੜ੍ਹ ਕਰਨ ਵਿਚਾਰਾ, ਚੌਦਾਂ ਵਿਦਿਆ ਭੇਵ ਨਾ ਆਇੰਦਾ । ਕੋਟਨ

ਕੋਟ ਉਚੀ ਕੂਕਣ ਕਰਨ ਪੁਕਾਰਾ, ਰਸਨਾ ਜਿਹਵਾ ਸਰਬ ਹਲਾਇੰਦਾ । ਬਿਨ ਸਤਿਗੁਰ ਪੂਰੇ ਦੂਈ ਦਵੈਤੀ ਪੜਦਾ ਕੋਇ ਨਾ ਲਾਹਿੰਦਾ । ਮੇਲ ਮਿਲੇ ਨਾ ਹਰਿ ਜੂ ਹਰਿ ਹਰਿ ਕੰਤ ਭਤਾਰਾ, ਸਾਚੀ ਸੇਜ ਨਾ ਕੋਇ ਸੁਹਾਇੰਦਾ । ਘਰ ਦਿਸੇ ਨਾ ਮੀਤ ਮੁਰਾਰਾ, ਦੀਨ ਈਮਾਨ ਨਾ ਕੋਇ ਰਖਾਇੰਦਾ । ਭਰਮੇ ਭੁੱਲਾ ਜੀਵ ਗਵਾਰਾ, ਏਕਾ ਨਾਮ ਪੁਰਖ ਅਕਾਲ ਸਰਬ ਜਣਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਉਤਰਨ ਪਾਰਾ, ਨਿਜ ਆਤਮ ਨਿਜ ਘਰ ਨਿਜ ਮੰਦਰ ਜੋ ਜਨ ਧਿਆਨ ਲਗਾਇੰਦਾ । ਦੇਵੇ ਦਰਸ ਅਗੰਮ ਅਪਾਰਾ, ਕਲਜੁਗ ਕੂੜਾ ਅੰਧੇਰਾ ਰਹਿਣ ਨਾ ਪਾਇੰਦਾ । ਸਚ ਦੀਪਕ ਹੋਏ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਭਗਤ ਭਗਵੰਤ ਸਾਧ ਸੰਤ ਇਕ ਵਖਾਏ ਸਚ ਦਰਬਾਰਾ, ਹਰਿ ਭਗਤ ਸਦਾ ਵਡਿਆਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਹਰਿ ਸੰਤ ਸਦਾ ਸਾਲਾਹਿੰਦਾ । ਲੋਕਮਾਤ ਖੇਲ ਅਪਾਰ, ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ । ਕਲਜੁਗ ਅੰਤਮ ਆਈ ਵਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਆਪ ਆਪਣੀ ਕਿਰਪਾ ਧਾਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਪੂਰਬ ਲਹਿਣਾ ਕਰਮ ਵਿਚਾਰ, ਨੇਤਰ ਨੈਣਾਂ ਦਰਸ ਦਿਖਾਇੰਦਾ । ਤੀਜਾ ਲੋਚਣ ਕਰ ਉਜਿਆਰ, ਚੌਥੇ ਪਦ ਆਪ ਸਮਾਇੰਦਾ । ਪੰਚਮ ਲੇਖਾ ਛੁੱਟੇ ਸੰਸਾਰ, ਛੇਵੇਂ ਛੇ ਘਰ ਫੋਲ ਫੁਲਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ, ਅੱਠਾਂ ਤੱਤਾਂ ਮੂਲ ਚੁਕਾਇੰਦਾ । ਨੌਂ ਦਵਾਰੇ ਕਰ ਖ਼ੁਵਾਰ, ਦਸਵੇਂ ਘਰ ਆਪ ਬਹਾਇੰਦਾ । ਜੋਤ ਸ਼ਬਦ ਸ਼ਬਦ ਜੋਤ ਵਖਾਏ ਇਕ ਪਿਆਰ, ਕਿਲਾ ਕੋਟ ਇਕ ਵਖਾਇੰਦਾ । ਕਾਇਆ ਗੜ੍ਹ ਸੱਚੀ ਸਰਕਾਰ, ਸ਼ਬਦ ਨਗਾਰੇ ਚੋਟ ਆਪ ਲਗਾਇੰਦਾ । ਅਨਹਦ ਧੁਨ ਸੱਚੀ ਧੁਨਕਾਰ, ਗੁਰਮੁਖ ਚੁਣ ਚੁਣ ਮੇਲ ਮਿਲਾਇੰਦਾ । ਆਪ ਆਪਣੀ ਕਿਰਪਾ ਧਾਰ, ਕਲਜੁਗ ਤੇਰਾ ਪੰਧ ਮੁਕਾਇੰਦਾ । ਝੂਠੀ ਕਿਰਿਆ ਕਰੇ ਖ਼ੁਵਾਰ, ਸ੍ਰਿਸ਼ਟ ਸਬਾਈ ਏਕਾ ਛੰਦ ਸੁਣਾਇੰਦਾ । ਏਕਾ ਵਰਤੇ ਸਚ ਵਰਤਾਰ, ਇਸ਼ਟ ਦੇਵ ਇਕ ਮਨਾਇੰਦਾ । ਆਤਮ ਬ੍ਰਹਮ ਕਰੇ ਪਿਆਰ, ਤ੍ਰੈਗੁਣ ਬੰਧਨ ਤੋੜ ਤੁੜਾਇੰਦਾ । ਰਾਏ ਧਰਮ ਨਾ ਕਰੇ ਖ਼ੁਵਾਰ, ਚਿਤਰ ਗੁਪਤ ਨਾ ਲੇਖ ਵਖਾਇੰਦਾ । ਲਾੜੀ ਮੌਤ ਨਾ ਕਰੇ ਸ਼ੰਗਾਰ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਦੋ ਜਹਾਨਾਂ ਕਰੇ ਪਾਰ, ਕਲਜੁਗ ਅੰਤਮ ਵੇਸ ਵਟਾਇੰਦਾ । ਨਿਹਕਲੰਕਾ ਜਾਮਾ ਧਾਰ, ਸ਼ਬਦ ਸ਼ਬਦੀ ਆਪ ਅਖਵਾਇੰਦਾ । ਜੋਤੀ ਜੋਤ ਕਰ ਪਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਖੇਲ ਖਿਲਾਇੰਦਾ ।

### ❊ ੨੧ ਕੱਤਕ ੨੦੧੭ ਬਿਕ੍ਰਮੀ ਮੋਹਣ ਸਿੰਘ ਦੇ ਘਰ ਪਿੰਡ ਸਕਿਆਂ ਵਾਲੀ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਆਦਿ ਜੁਗਾਦਿ ਸਮਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਅਗੰਮ ਅਥਾਹ, ਰੂਪ ਰੰਗ ਨਾ ਕੋਇ ਰਖਾਇੰਦਾ । ਏਕੰਕਾਰਾ ਆਪਣਾ ਨਾਉਂ ਪਰਗਟਾ, ਆਪ ਆਪਣੀ ਧਾਰ ਬੰਧਾਇੰਦਾ । ਆਦਿ ਨਿਰੰਜਣ ਜੋਤ ਜਗਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਅਲੱਖ ਜਗਾ, ਅਲੱਖ ਅਲੱਖਣਾ ਭੇਵ ਖੁਲਾਇੰਦਾ । ਸ੍ਰੀ ਭਗਵਾਨ ਸਾਚਾ ਮੰਦਰ ਰਿਹਾ ਸੁਹਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਪਾਰਬ੍ਰਹਮ ਆਪੇ ਵੇਖੇ ਆਪਣਾ ਥਾਂ, ਥਿਰ ਘਰ ਸਾਚੇ ਡੇਰਾ ਲਾਇੰਦਾ । ਜੋਤੀ

੧੩੩੪

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣੀ ਖੇਲ ਆਪ ਖਲਾਇੰਦਾ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਏਕਾ ਵਸੇ ਧਾਮ ਨਿਆਰਾ, ਸਚਖੰਡ ਦਵਾਰ ਵਡ ਵਡਿਆਈਆ । ਨੂਰ ਨੁਰਾਨਾ ਜੋਤ ਉਜਿਆਰਾ, ਸ਼ਹਿਨਸ਼ਾਹ ਬੇਪਰਵਾਹੀਆ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਇਕ ਅਖਵਾਈਆ । ਕਰਨੀ ਕਰੇ ਕਰਨੇਹਾਰਾ, ਕਰਤਾ ਪੁਰਖ ਬੇਐਬ ਨਾਮ ਖ਼ੁਦਾਈਆ । ਨੂਰ ਜ਼ਹੂਰ ਅਗੰਮ ਅਪਾਰਾ, ਅਲੱਖ ਅਗੋਚਰ ਆਪ ਪਰਗਟਾਈਆ । ਸਚ ਮਹੱਲਾ ਉਚ ਅਟੱਲਾ ਕਰ ਤਿਆਰਾ, ਨੇਹਚਲ ਧਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜਾਤਾ ਹਰਿ ਭਗਵਾਨਾ, ਮਹਿਮਾ ਅਕਥ ਕਥੀ ਨਾ ਜਾਈਆ । ਨਿਰਗੁਣ ਨਿਰਵੈਰ ਸਚ ਸੁਲਤਾਨਾ, ਸ਼ਾਹੋ ਭੂਪ ਵਡ ਵਡਿਆਈਆ । ਸਾਚੇ ਤਖ਼ਤ ਬੈਠੇ ਜੋਧਾ ਸੂਰਬੀਰ ਬਲੀ ਬਲਵਾਨਾ, ਅਨਭਵ ਆਪਣੀ ਧਾਰ ਬੰਧਾਈਆ । ਏਕਾ ਜੋਤੀ ਨੂਰ ਨੂਰ ਨੁਰਾਨਾ, ਸੁਤੇ ਪਰਕਾਸ਼ ਡਗਮਗਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਹਰਿ ਪੁਰਖ ਨਿਰੰਜਣ ਲਏ ਉਠਾਈਆ । ਏਕੰਕਾਰਾ ਦੇਵੇ ਦਾਨਾ, ਆਦਿ ਨਿਰੰਜਣ ਨੇਤਰ ਨੈਣ ਖੁਲ੍ਹਾਈਆ । ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਆਪੇ ਵਸੇ ਸਚ ਮਕਾਨਾ, ਸਚ ਦਵਾਰੇ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨਾ, ਗੁਣਵੰਤਾ ਕਹਿਣ ਨਾ ਜਾਈਆ । ਆਦਿ ਜੁਗਾਦੀ ਖੇਲ ਮਹਾਨਾ, ਖੇਲੇ ਖੇਲ ਬੇਪਰਵਾਹੀਆ । ਸ਼ਾਹੋ ਭੂਪ ਬਣ ਸਾਚਾ ਰਾਣਾ, ਆਪਣੀ ਕਲ ਆਪ ਉਪਾਈਆ । ਆਪੇ ਦੇਵੇ ਧੁਰ ਫ਼ਰਮਾਣਾ, ਧੁਰ ਦੀ ਧਾਰਾ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਇੰਦਾ । ਆਪੇ ਨਾਰੀ ਆਪੇ ਕੰਤ, ਨਰ ਨਰਾਇਣ ਵੇਸ ਵਟਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਜਣਾਇੰਦਾ । ਆਪੇ ਮਣੀਆ ਆਪੇ ਮੰਤ, ਆਪੇ ਆਪਣਾ ਨਾਉਂ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਨੂਰ ਉਜਾਲਾ, ਆਦਿ ਪੁਰਖ ਦੀਨ ਦਿਆਲਾ, ਦਇਆਨਿਧ ਇਕ ਅਖਵਾਇੰਦਾ । ਦਇਆਨਿਧ ਸਾਹਿਬ ਸੁਲਤਾਨਾ, ਪਾਰਬ੍ਰਹਮ ਪ੍ਰਭ ਆਪ ਅਖਵਾਇੰਦਾ । ਸ੍ਰੀ ਭਗਵਾਨਾ ਬਣ ਰਾਜ ਰਾਜਾਨਾ, ਹੁਕਮ ਆਪਣਾ ਆਪ ਵਰਤਾਇੰਦਾ । ਅਬਿਨਾਸ਼ੀ ਕਰਤਾ ਵੇਖੇ ਸਚ ਮਕਾਨਾ, ਥਿਰ ਦਰਬਾਰੇ ਡੇਰਾ ਲਾਇੰਦਾ । ਆਦਿ ਨਿਰੰਜਣ ਜੋਤੀ ਨੂਰ ਜਗਾਏ ਮਹਾਨਾ, ਪਰਕਾਸ਼ ਪਰਕਾਸ਼ ਵਿਚ ਰਖਾਇੰਦਾ । ਏਕੰਕਾਰਾ ਆਪੇ ਜਾਣੇ ਆਪਣਾ ਭਾਣਾ, ਸਦ ਭਾਣੇ ਵਿਚ ਸਮਾਇੰਦਾ । ਹਰਿ ਪੁਰਖ ਨਿਰੰਜਣ ਚਤਰ ਸੁਘੜ ਸਿਆਣਾ, ਇਕ ਇਕੱਲਾ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਦਿਸ ਨਾ ਆਇੰਦਾ । ਸਾਚੇ ਤਖ਼ਤ ਬੈਠ ਸੱਚਾ ਸੁਲਤਾਨਾ, ਨਿਰਗੁਣ ਆਪਣਾ ਹੁਕਮ ਆਪ ਵਰਤਾਇੰਦਾ । ਨਾ ਕੋਈ ਚੋਬਦਾਰ ਦਿਸੇ ਦਰ ਦਰਬਾਨਾ, ਸੀਸ ਜਗਦੀਸ ਨਾ ਕੋਇ ਝੁਕਾਇੰਦਾ । ਨਾ ਕੋਈ ਰਾਗ ਨਾ ਕੋਈ ਗਾਨਾ, ਤਾਰ ਸਤਾਰ ਨਾ ਕੋਇ ਵਜਾਇੰਦਾ । ਨਾ ਕੋਈ ਪਵਣ ਨਾ ਮਸਾਣਾ, ਅਗਨੀ ਤਤ ਨਾ ਕੋਇ ਬਣਾਇੰਦਾ । ਨਾ ਕੋਇ ਵਿਸ਼ਨ ਬ੍ਰਹਮਾ ਸ਼ਿਵ ਵਖਾਏ ਪਦ ਨਿਰਬਾਣਾ, ਰੂਪ ਰੰਗ ਰੇਖ ਨਾ ਕੋਇ ਬਣਾਇੰਦਾ । ਨਾ ਕੋਇ ਜ਼ਿਮੀ ਨਾ ਅਸਮਾਨਾ, ਗਗਨ ਮੰਡਲ ਬ੍ਰਹਿਮੰਡ ਖੰਡ ਰਚਨ ਨਾ ਕੋਇ ਰਚਾਇੰਦਾ । ਨਾ ਕੋਇ ਧਰਤ ਧਵਲ ਨਾ ਕੋਈ ਜਲ ਬਿੰਬ ਨਾ ਕੋਈ ਖੇਲੇ ਖੇਲ ਦੋ ਜਹਾਨਾ, ਲੋਕ ਪਰਲੋਕ ਨਾ ਕੋਇ ਸੁਹਾਇੰਦਾ । ਨਾ ਕੋਇ ਚੌਦਾਂ ਲੋਕ

ਬੰਨ੍ਹੇ ਗਾਨਾਂ, ਚੌਦਾਂ ਤਬਕ ਨਾ ਵੰਡ ਵੰਡਾਇੰਦਾ । ਨਾ ਕੋਈ ਤ੍ਰੈਗੁਣ ਮਾਇਆ ਦੇਵੇ ਦਾਨਾ, ਰਜੋ ਤਮੋ ਸਤੋ ਨਾ ਰੰਗ ਰੰਗਾਇੰਦਾ । ਨਾ ਕੋਇ ਸੂਰਜ ਚੰਨ ਨਾ ਦਿਸੇ ਨਿਸ਼ਾਨਾ, ਮੰਡਲ ਮੰਡਪ ਨਾ ਕੋਇ ਸੁਹਾਇੰਦਾ । ਸਚਖੰਡ ਦਵਾਰ ਵਸੇ ਏਕਾ ਸ੍ਰੀ ਭਗਵਾਨਾ, ਸਾਚੇ ਤਖ਼ਤ ਸੋਭਾ ਪਾਇੰਦਾ । ਆਪੇ ਵਰਤੇ ਆਪਣਾ ਭਾਣਾ, ਭਾਣੇ ਵਿਚ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਦਰਬਾਰਾ ਆਪ ਸੁਹਾਇੰਦਾ । ਦਰ ਦਰਬਾਰਾ ਠਾਂਡਾ ਘਰ, ਸਤਿ ਪੁਰਖ ਨਿਰੰਜਣ ਆਪ ਸੁਹਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਦੇਵਣਹਾਰਾ ਵਰ, ਸਤਿ ਸਰੂਪ ਝੋਲੀ ਸਤਿ ਭਰਾਇੰਦਾ । ਆਪੇ ਮੰਗੇ ਦਰ ਦਰਵੇਸ਼ ਅੱਗੇ ਖੜ, ਨਰ ਨਰੇਸ਼ ਆਪ ਹੋ ਜਾਇੰਦਾ । ਆਪ ਫੜਾਏ ਆਪਣਾ ਲੜ, ਆਪੇ ਪੱਲੂ ਗੰਢ ਦਵਾਇੰਦਾ । ਆਪਣਾ ਘਾੜਨ ਆਪੇ ਘੜ, ਘੜਨ ਭੰਨਣਹਾਰ ਸਮਰਥ ਆਪਣਾ ਨਾਉਂ ਧਰਾਇੰਦਾ । ਸਚਖੰਡ ਦਵਾਰੇ ਬੈਠਾ ਵੜ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਿਲਾਇੰਦਾ । ਨਾ ਜਨਮੇ ਨਾ ਜਾਏ ਮਰ, ਜੂਨੀ ਰਹਿਤ ਵੇਸ ਵਟਾਇੰਦਾ । ਮੂਰਤ ਅਕਾਲ ਆਪੇ ਧਰ, ਆਪਣਾ ਪਰਕਾਸ਼ ਆਪੇ ਡਗਮਗਾਇੰਦਾ । ਨਿਰਭੌ ਆਪਣੇ ਦਵਾਰੇ ਆਪੇ ਖੜ, ਭੈ ਹੋਰ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਨਾ ਜਾਏ ਹਰ, ਆਪਣਾ ਬਲ ਆਪ ਧਰਾਇੰਦਾ । ਆਪਣੀ ਸਰਨੀ ਆਪੇ ਪੜ, ਆਪੇ ਸੀਸ ਝੁਕਾਇੰਦਾ । ਆਪੇ ਸ਼ਾਹੋ ਭੂਪ ਬਣ ਸਿਕਦਾਰ, ਆਪੇ ਰੱਯਤ ਨਾਉਂ ਰਖਾਇੰਦਾ । ਆਪੇ ਧੁਰ ਫ਼ਰਮਾਣਾ ਦੇਵੇ ਭੰਡਾਰਾ ਭਰ, ਆਪਣੀ ਹੱਥੀਂ ਆਪ ਵਰਤਾਇੰਦਾ । ਆਪੇ ਥਿਰ ਘਰ ਵੇਖੇ ਸਾਚਾ ਨਰ, ਨਰ ਨਰਾਇਣ ਰੂਪ ਪਰਗਟਾਇੰਦਾ । ਆਪਣੀ ਨਾਰੀ ਆਪੇ ਲਏ ਵਰ, ਕੰਤ ਸੁਹਾਗ ਆਪ ਹੋ ਜਾਇੰਦਾ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਆਪ ਆਪਣਾ ਕਰ ਪਸਾਰ, ਆਪੇ ਹੋਏ ਵੇਖਣਹਾਰ, ਦੂਜਾ ਸੰਗ ਨਾ ਕੋਇ ਰਖਾਇੰਦਾ । ਏਕੰਕਾਰਾ ਕਰ ਪਸਾਰਾ, ਆਪੇ ਵੇਖ ਵਖਾਈਆ । ਵਸਣਹਾਰਾ ਸਚਖੰਡ ਦਵਾਰਾ, ਥਿਰ ਘਰ ਸਾਚੇ ਦਏ ਵਡਿਆਈਆ । ਨਿਰਗੁਣ ਰੂਪ ਅਗੰਮ ਅਪਾਰਾ, ਅਲੱਖ ਅਗੋਚਰ ਬੇਪਰਵਾਹੀਆ । ਕਰੇ ਖੇਲ ਸਚ ਦਰਬਾਰਾ, ਠਾਂਡਾ ਘਰ ਵੱਜੇ ਵਧਾਈਆ । ਆਪੇ ਪੁਰਖ ਆਪੇ ਨਾਰਾ, ਨਾਰੀ ਕੰਤ ਆਪ ਹੋ ਜਾਈਆ । ਆਪੇ ਸੇਜਾ ਸੁਤਾ ਪੈਰ ਪਸਾਰਾ, ਆਪੇ ਲਏ ਹਰਿ ਅੰਗੜਾਈਆ । ਆਪੇ ਅੰਦਰ ਆਪੇ ਬਾਹਰ ਆਪੇ ਗੁਪਤ ਜ਼ਾਹਰਾ, ਆਪੇ ਵੇਖੇ ਥਾਉਂ ਥਾਈਆ । ਆਪੇ ਸੁਤ ਆਪ ਦੁਲਾਰਾ, ਆਪੇ ਹੋਏ ਬਖ਼ਸ਼ੰਦੀ ਮਾਹੀਆ । ਆਪੇ ਰਾਖੇ ਰਾਖਣਹਾਰਾ, ਆਪੇ ਆਪਣਾ ਸੀਸ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਾਚਾ ਘਰ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਸੋ ਪੁਰਖ ਨਿਰੰਜਣ ਘਰ ਸੁਹਾਇੰਦਾ, ਸਚਖੰਡ ਵੱਜੇ ਵਧਾਈਆ । ਹਰਿ ਪੁਰਖ ਨਿਰੰਜਣ ਆਸਣ ਲਾਇੰਦਾ, ਏਕੰਕਾਰਾ ਪੇਖੇ ਚਾਈਂ ਚਾਈਆ । ਆਦਿ ਨਿਰੰਜਣ ਡਗਮਗਾਇੰਦਾ, ਅਬਿਨਾਸ਼ੀ ਕਰਤਾ ਪਕੜੇ ਬਾਹੀਂਆ । ਸ੍ਰੀ ਭਗਵਾਨ ਖ਼ੁਸ਼ੀ ਮਨਾਇੰਦਾ, ਪਾਰਬ੍ਰਹਮ ਆਪਣੀ ਚਲੇ ਆਪ ਰਜ਼ਾਈਆ । ਧੁਰ ਦਰਬਾਰਾ ਆਪ ਸੁਹਾਇੰਦਾ, ਆਪੇ ਬਖ਼ਸ਼ੇ ਆਪਣੀ ਸਚ ਸਰਨਾਈਆ । ਆਪਣਾ ਰੰਗ ਆਪ ਰੰਗਾਇੰਦਾ, ਰੰਗ ਰੰਗੀਲਾ ਸਾਚਾ ਮਾਹੀਆ । ਛੈਲ ਛਬੀਲਾ ਆਪ ਅਖਵਾਇੰਦਾ, ਰੂਪ ਅਨੂਪ ਸੱਚਾ ਸ਼ਹਿਨਸ਼ਾਹੀਆ । ਆਪਣਾ ਸੀਸ ਜਗਦੀਸ ਆਪ ਸੁਹਾਇੰਦਾ, ਆਪੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਵੜ, ਆਪੇ ਕਰੇ ਸਚ ਨਿਆਈਆ ।

ਸਚ ਨਿਆਈਂ ਕਰਨੇਹਾਰਾ, ਏਕਾ ਏਕ ਅਖਵਾਇਆ । ਜੁਗਾ ਜੁਗੰਤਰ ਹੋ ਉਜਿਆਰਾ, ਨਾਉਂ ਨਿਰੰਕਾਰਾ ਆਪਣਾ ਨਾਉਂ ਰਖਾਇਆ । ਆਪੇ
ਪਿਤਾ ਆਪੇ ਮਾਈ, ਆਪੇ ਬਾਲ ਸੁਤ ਦੁਲਾਰਾ ਜਾਇਆ । ਆਪੇ ਦੇਵਣਹਾਰਾ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇਆ । ਆਪੇ ਥਿਰ
ਘਰ ਬੈਠਾ ਕੁੰਡਾ ਲਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਵਾਰਾ ਏਕਾ ਘਰ, ਘਰ ਸੁਹੰਜਣਾ ਆਦਿ ਨਿਰੰਜਣਾ,
ਏਕਾ ਦੀਪਕ ਰਿਹਾ ਜਗਾਇਆ । ਏਕਾ ਦੀਪਕ ਹੋਏ ਪਰਕਾਸ਼, ਪਾਰਬ੍ਰਹਮ ਪ੍ਰਭ ਆਪ ਕਰਾਇੰਦਾ । ਅਬਿਨਾਸ਼ੀ ਕਰਤਾ ਨਾ ਜਾਏ ਵਿਨਾਸ, ਬਿਸਮਲ
ਆਪਣਾ ਰੂਪ ਵਟਾਇੰਦਾ । ਸ੍ਰੀ ਭਗਵਾਨ ਦਾਸੀ ਦਾਸ, ਆਪਣੀ ਸੇਵਾ ਆਪ ਕਮਾਇੰਦਾ । ਆਦਿ ਨਿਰੰਜਣ ਆਪੇ ਕਰੇ ਪੂਰੀ ਆਸ, ਇਛਿਆ
ਭਿਛਿਆ ਝੋਲੀ ਪਾਇੰਦਾ । ਏਕੰਕਾਰਾ ਸਾਚੇ ਘਰ ਕਰ ਨਿਵਾਸ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹੋ ਸ਼ਾਬਾਸ, ਤਖ਼ਤ
ਨਿਵਾਸੀ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਸਰਬ ਗੁਣਤਾਸ, ਆਪਣਾ ਰੰਗ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਦਰਵਾਜ਼ਾ ਇਕ ਵਡਿਆਇੰਦਾ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਆਪਣਾ ਆਪ ਖੁਲ੍ਹਾਇੰਦਾ । ਪਰਵਰਦਿਗਾਰਾ
ਸਾਜਣ ਸਾਜਾ, ਨੂਰ ਇਲਾਹੀ ਡਗਮਗਾਇੰਦਾ । ਨਿਰਵੈਰ ਰਚਿਆ ਆਪਣਾ ਕਾਜਾ, ਨਿਰਗੁਣ ਨਿਰਾਕਾਰ ਵੇਖ ਵਖਾਇੰਦਾ । ਆਪੇ ਬਣਿਆ ਸ਼ਾਹੋ
ਭੂਪ ਵਡ ਰਾਜਨ ਰਾਜਾ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਆਪੇ ਸ਼ਬਦ ਅਗੰਮੀ ਮਾਰੇ ਵਾਜਾ, ਚੋਬਦਾਰ ਨਾ ਕੋਇ ਰਖਾਇੰਦਾ । ਆਪਣੇ
ਮੰਦਰ ਚਾਰ ਕੁੰਟ ਦਹਿ ਦਿਸ਼ਾਂ ਆਪੇ ਫਿਰੇ ਭਾਜਾ, ਆਪਣਾ ਪੰਧ ਆਪ ਮੁਕਾਇੰਦਾ । ਆਪੇ ਸ਼ਾਹ ਆਪੇ ਨਵਾਬਾ, ਆਪੇ ਨੌਬਤ ਨਾਮ ਵਜਾਇੰਦਾ ।
ਆਪੇ ਰੱਖੇ ਮੁਖ ਨਕਾਬਾ, ਆਪਣਾ ਪਰਦਾ ਆਪੇ ਲਾਹਿੰਦਾ । ਆਪੇ ਆਪਣੇ ਹੱਥ ਰਖਾਏ ਆਬੇਹਯਾਤਾ, ਆਪੇ ਅੰਮ੍ਰਿਤ ਜਾਮ ਭਰਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੇ ਸਾਚੇ ਘਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਸੁਹੰਜਣਾ, ਸਤਿ
ਪੁਰਖ ਨਿਰੰਜਣ ਆਪ ਸੁਹਾਇਆ । ਜੋਤ ਜਗਾਏ ਆਦਿ ਨਿਰੰਜਣਾ, ਬਿਮਲ ਰੂਪ ਡਗਮਗਾਇਆ । ਆਦਿ ਜੁਗਾਦੀ ਸਾਚਾ ਸੱਜਣਾ, ਏਕੰਕਾਰਾ
ਖੇਲ ਖਿਲਾਇਆ । ਨਾ ਘੜਿਆ ਨਾ ਭੱਜਣਾ, ਨਾ ਕੋਈ ਬਣਤ ਵਖਾਇਆ । ਨਾ ਕੋਈ ਧੂੜ ਨਾ ਕੋਈ ਮਜਨਾ, ਸਰੋਵਰ ਨਹਾਵਣ ਨਾ ਕੋਇ
ਨਹਾਇਆ । ਆਪਣਾ ਆਪ ਚਲਾਏ ਜਹਾਜ਼ਨਾ, ਸਚਖੰਡ ਬੈਠਾ ਜੋਤ ਜਗਾਇਆ । ਸ਼ਬਦ ਅਗੰਮੀ ਚੜ੍ਹੇ ਤਾਜਣਾ, ਅਸਵ ਆਪਣਾ ਆਪ ਉਪਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਪੁਰਖ ਅਕਾਲ, ਕਰੇ ਖੇਲ ਦੀਨ ਦਿਆਲ, ਸਚਖੰਡ ਵਸੇ ਸੱਚੀ ਧਰਮਸਾਲ,
ਦਰ ਦਰਵਾਜ਼ਾ ਨਾ ਕੋਇ ਵਖਾਇਆ । ਸਚਖੰਡ ਸੱਚੀ ਧਰਮਸਾਲਾ, ਸੋ ਪੁਰਖ ਨਿਰੰਜਣ ਆਪ ਉਪਾਈਆ । ਹਰਿ ਪੁਰਖ ਨਿਰੰਜਣ ਵੜਿਆ ਦੀਨ
ਦਿਆਲਾ, ਨਿਜ ਘਰ ਆਪਣਾ ਆਪ ਸੁਹਾਈਆ । ਏਕੰਕਾਰਾ ਆਪਣੀ ਆਪ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਵਡ ਵਡਿਆਈਆ । ਆਦਿ ਨਿਰੰਜਣ
ਜੋਤ ਉਜਾਲਾ, ਨੂਰੋ ਨੂਰ ਨੂਰ ਸਮਾਈਆ । ਸ੍ਰੀ ਭਗਵਾਨ ਖੇਲ ਨਿਰਾਲਾ, ਕਾਲ ਮਹਾਂਕਾਲ ਰਿਹਾ ਦਬਾਈਆ । ਅਬਿਨਾਸ਼ੀ ਕਰਤਾ ਅਵੱਲੜੀ
ਚਾਲਾ, ਚਾਲ ਨਿਰਾਲੀ ਇਕ ਜਣਾਈਆ । ਪਾਰਬ੍ਰਹਮ ਆਪਣੀ ਘਾਲਨ ਆਪੇ ਰਿਹਾ ਘਾਲਾ, ਘਾਲੀ ਘਾਲ ਲੇਖੇ ਪਾਈਆ । ਆਪਣਾ ਮਾਰਗ
ਇਕ ਸੁਖ਼ਾਲਾ, ਸਤਿ ਪੁਰਖ ਨਿਰੰਜਣ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਘਾੜਨ ਆਪਣਾ

ਘੜ, ਆਪਣੇ ਮੰਦਰ ਬੈਠਾ ਵੜ, ਮਹੱਲ ਅਟੱਲ ਉਚ ਮੁਨਾਰ, ਆਪ ਸੁਹਾਏ ਹਰਿ ਨਿਰੰਕਾਰ, ਦੂਸਰ ਸੰਗ ਨਾ ਕੋਇ ਰਖਾਈਆ । ਦੂਸਰ ਨਾ ਕੋਈ ਦੀਸੇ ਸੰਗ, ਇਕ ਇਕੱਲਾ ਖੇਲ ਖਿਲਾਇੰਦਾ । ਸਚਖੰਡ ਦਵਾਰ ਵਜਾਏ ਮਰਦੰਗ, ਧੁਨ ਨਾਦ ਨਾ ਕੋਇ ਵਖਾਇੰਦਾ । ਆਪਣੇ ਮੰਦਰ ਆਪੇ ਲੰਘ, ਆਪੇ ਵੇਖ ਵਖਾਇੰਦਾ । ਆਪੇ ਸੂਰਾ ਸਾਹਿਬ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਨਾਉਂ ਵਡਿਆਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਨਿਰਗੁਣ ਜੋਤ ਡਗਮਗਾਇੰਦਾ । ਚਾਰ ਦੀਵਾਰ ਨਾ ਦੀਸੇ ਕੰਧ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਾ ਕੋਈ ਗਾਏ ਸੁਹਾਗੀ ਛੰਦ, ਰਸਨਾ ਜੇਹਵਾ ਨਾ ਕੋਏ ਹਲਾਇੰਦਾ । ਨਾ ਕੋਈ ਗੁਰ ਪੀਰ ਅਵਤਾਰ ਮੰਗੇ ਮੰਗ, ਸਾਧ ਸੰਤ ਨਾ ਸੀਸ ਝੁਕਾਇੰਦਾ । ਇਕ ਇਕੱਲਾ ਹਰੀ ਹਰਿ ਗੋਬਿੰਦ, ਆਪਣਾ ਦਰ ਆਪ ਵਡਿਆਇੰਦਾ । ਆਪੇ ਜਾਣੇ ਆਪਣਾ ਪੰਧ, ਸਾਚਾ ਪਾਂਧੀ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਹਰਿ ਵਸਨੀਕ, ਇਕ ਇਕੱਲਾ ਲਾਸ਼ਰੀਕ, ਵਾਹਦ ਆਪਣਾ ਨੂਰ ਪਰਗਟਾਇੰਦਾ । ਨੂਰ ਨੁਰਾਨਾ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਆਦਿ ਜੁਗਾਦੀ ਏਕਾ ਯਾਰ, ਮੁਕਾਮੇ ਹੱਕ ਇਕ ਵਖਾਇੰਦਾ । ਲਾਸ਼ਰੀਕ ਮੀਤ ਮੁਰਾਰ, ਆਪਣਾ ਅਹਿਬਾਬ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਦਰ, ਦਰ ਦਵਾਰਾ ਆਪ ਸੁਹਾਇੰਦਾ । ਦਰ ਦਵਾਰ ਸੁਹਾਇਆ, ਕਰ ਕਿਰਪਾ ਗੁਣ ਨਿਧਾਨ । ਆਪਣੀ ਇਛਿਆ ਆਪ ਉਪਾਇਆ, ਆਪੇ ਵੇਖੇ ਮਾਰ ਧਿਆਨ । ਆਪਣੀ ਭਿਛਿਆ ਵੰਡ ਵੰਡਾਇਆ, ਦਾਤਾ ਦਾਨੀ ਦੇਵੇ ਦਾਨ । ਸੁਤ ਦੁਲਾਰਾ ਆਪ ਉਠਾਇਆ, ਸ਼ਬਦੀ ਜੋਧਾ ਸੂਰਬੀਰ ਬਲਵਾਨ । ਧੁਰ ਫ਼ਰਮਾਣਾ ਆਪ ਸੁਣਾਇਆ,
੧੩੩੮ ਧੁਰ ਦੀ ਬਾਣੀ ਲਾਇਆ ਬਾਣ । ਏਕਾ ਮਾਰਗ ਦਏ ਜਣਾਇਆ, ਸਤਿ ਵਖਾਏ ਇਕ ਨਿਸ਼ਾਨ । ਸ਼ਾਹੋ ਭੂਪ ਹੱਥ ਉਠਾਇਆ, ਤਖ਼ਤ ਨਿਵਾਸੀ ਰਾਜ ਰਾਜਾਨ । ਸੀਸ ਆਪਣੇ ਤਾਜ ਟਿਕਾਇਆ, ਪੰਚਮ ਮੁਖ ਦੇਵੇ ਗਿਆਨ । ਸੋ ਪੁਰਖ ਨਿਰੰਜਣ ਆਪਣਾ ਨਾਉਂ ਪਰਗਟਾਇਆ, ਸ਼ਬਦੀ ਪਾਏ ਏਕਾ ਆਣ । ਏਕਾ ਦੋਆ ਦੋਆ ਏਕਾ ਰੰਗ ਸਮਾਇਆ, ਮੇਲ ਮਿਲਾਵਾ ਹਾਣੀਆਂ ਹਾਣ । ਸਚਖੰਡ ਦਵਾਰਾ ਇਕ ਖੁਲ੍ਹਾਇਆ, ਅਬਿਨਾਸ਼ੀ ਕਰਤਾ ਕਰੇ ਪਛਾਣ । ਸੁਤ ਦੁਲਾਰਾ ਏਕਾ ਜਾਇਆ, ਜਨਨੀ ਬਣੇ ਸ੍ਰੀ ਭਗਵਾਨ । ਦਾਈ ਦਾਇਆ ਆਪ ਅਖਵਾਇਆ, ਕਰੇ ਖੇਲ ਖੇਲ ਮਹਾਨ । ਆਪਣਾ ਪਰਦਾ ਆਪੇ ਲਾਹਿਆ, ਆਪੇ ਵਸਿਆ ਲਾਮਕਾਮ । ਸਿਫ਼ਤ ਸਾਲਾਹੀ ਆਪ ਖ਼ੁਦਾਇਆ, ਆਪਣੀ ਰਹਿਮਤ ਕਰੇ ਆਪ ਰਹਿਮਾਨ । ਆਪਣਾ ਰੂਪ ਆਪ ਪਰਗਟਾਇਆ, ਏਕਾ ਅੱਖਰ ਗੁਣ ਨਿਧਾਨ । ਸੋਹੰ ਸਾਚੀ ਧਾਰ ਜਣਾਇਆ, ਨਾ ਕੋਈ ਲਿਖ ਲਿਖ ਕਰੇ ਬਿਆਨ । ਸ਼ਬਦ ਦੁਲਾਰਾ ਉਠ ਉਠ ਧਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰਗਹਿ ਸਾਚੀ ਧੁਰ ਫ਼ਰਮਾਣ । ਸ਼ਬਦ ਦੁਲਾਰਾ ਸੀਸ ਝੁਕਾਇੰਦਾ, ਦੋਏ ਜੋੜ ਕਰੇ ਪਰਨਾਮ । ਪ੍ਰਭ ਤੇਰਾ ਹੁਕਮ ਸੀਸ ਟਿਕਾਇੰਦਾ, ਮਿਲਿਆ ਧੁਰ ਫ਼ਰਮਾਣ । ਤੇਰੀ ਰਚਨਾ ਰਚ ਵਖਾਇੰਦਾ, ਵਿਸ਼ਨੂੰ ਤੇਰਾ ਧਰੇ ਧਿਆਨ । ਅੰਤਰ ਆਤਮ ਕਵਲ ਭਰਾਇੰਦਾ, ਨਾਭੀ ਪਰਗਟ ਕਰੇ ਗੁਣ ਨਿਧਾਨ । ਬ੍ਰਹਮ ਤੇਰੀ ਧਾਰ ਬੰਧਾਇੰਦਾ, ਪਾਰਬ੍ਰਹਮ ਏਕਾ ਦਾਨ । ਸ਼ੰਕਰ ਸੁੰਨ ਅਗੰਮ ਸਮਾਇੰਦਾ, ਧੁਆਂਧਾਰ ਕਰੇ ਪਛਾਣ । ਤਿੰਨਾਂ ਏਕਾ ਰੰਗ ਰੰਗਾਇੰਦਾ, ਏਕਾ ਵੇਖਣਹਾਰਾ ਕਰੇ ਪਛਾਣ । ਰੂਪ ਅਨੂਪ ਆਪ ਦਰਸਾਇੰਦਾ, ਮਹਿਮਾ ਅਨੂਪ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪੇ

ਦੇਵੇ ਸਾਚਾ ਦਾਨ । ਹਰਿ ਸਾਚਾ ਦਾਨ ਵਰਤਾਇੰਦਾ, ਵਡ ਦਾਤਾ ਗੁਣੀ ਗਹੀਰ । ਸੁਤ ਦੁਲਾਰਾ ਝੋਲੀ ਪਾਇੰਦਾ, ਮੰਗੀ ਮੰਗ ਇਕ ਅਖ਼ੀਰ । ਬੇਪਰਵਾਹ ਸਿਰ ਹੱਥ ਰਖਾਇੰਦਾ, ਸ਼ਾਹੋ ਭੂਪ ਵਡ ਪੀਰਨ ਪੀਰ । ਮਸਤਕ ਤਿਲਕ ਇਕ ਲਗਾਇੰਦਾ, ਏਕਾ ਬੰਨ੍ਹੇ ਸਾਚਾ ਚੀਰ । ਤੇਰੀ ਖੇਲ ਆਪ ਖਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ, ਆਪੇ ਬੰਨ੍ਹਣਹਾਰ ਬੀੜ । ਹਰਿ ਸ਼ਬਦੀ ਬੇੜਾ ਬੰਨ੍ਹਿਆ, ਕਰ ਕਿਰਪਾ ਸਾਹਿਬ ਸੁਲਤਾਨ । ਵਿਸ਼ਨ ਬ੍ਰਹਮਾ ਸ਼ਿਵ ਆਪੇ ਜਣਿਆ, ਨਿਰਗੁਣ ਨਿਰਗੁਣ ਦੇਵੇ ਮਾਣ । ਏਕਾ ਰਾਗ ਸੁਣਾਏ ਕੰਨਿਆ, ਵਡ ਦਾਤਾ ਹੋ ਮਿਹਰਵਾਨ । ਆਪਣਾ ਭਾਂਡਾ ਆਪੇ ਭੰਨਿਆ, ਭੰਨਣਹਾਰ ਸ੍ਰੀ ਭਗਵਾਨ । ਸ਼ਬਦ ਸੁਤ ਦੁਲਾਰਾ ਮੰਨਿਆ, ਤਿੰਨਾਂ ਲੇਖਾ ਲਿਖੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹੱਥ ਵਖੌਣਾ ਸਚ ਨਿਸ਼ਾਨ । ਸੁਤ ਦੁਲਾਰਾ ਮੰਗਦਾ, ਦੋਏ ਜੋੜ ਕਰੇ ਨਿਮਸਕਾਰਾ । ਵਿਸ਼ਨ ਬ੍ਰਹਮਾ ਸ਼ਿਵ ਖੇਲ ਸੂਰੇ ਸਰਬੰਗ ਦਾ, ਨਾ ਕੋਈ ਜਾਣੇ ਪਾਰ ਕਿਨਾਰਾ । ਵੇਖੇ ਖੇਲ ਪਰਮਾਨੰਦ ਦਾ, ਘਰ ਮੰਦਰ ਹੋਏ ਉਜਿਆਰਾ । ਆਪਣਾ ਬੰਨ੍ਹਣ ਕਿਵੇਂ ਬੰਨ੍ਹਦਾ, ਆਪਣੇ ਹੱਥ ਡੋਰ ਰੱਖੇ ਕਰਤਾਰਾ । ਕਰੇ ਖੇਲ ਸੂਰੇ ਸਰਬੰਗ ਦਾ, ਸ਼ਾਹ ਪਾਤਸ਼ਾਹ ਸੱਚੀ ਸਰਕਾਰਾ । ਆਪਣੀ ਡੋਰੀ ਆਪੇ ਗੰਢਦਾ, ਦਿਸ ਨਾ ਆਏ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਹੁਲਾਰਾ । ਸਚ ਹੁਲਾਰਾ ਆਪ ਦੁਵਾਇੰਦਾ, ਬ੍ਰਹਮਾ ਵਿਸ਼ਨ ਸ਼ਿਵ ਲਏ ਅੰਗੜਾਈਆ । ਸ਼ਬਦ ਦੁਲਾਰਾ ਵਿਚ ਰਖਾਇੰਦਾ, ਵਚੋਲਾ ਬਣਿਆ ਬੇਪਰਵਾਹੀਆ । ਧੁਰ ਫ਼ਰਮਾਣਾ ਇਕ ਸੁਣਾਇੰਦਾ, ਕਾਗਦ ਕਲਮ ਨਾ ਲਿਖੇ ਸ਼ਾਹੀਆ । ਸਚ ਗੁਫ਼ਤਾਰ ਆਪ ਰਖਾਇੰਦਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਜੋਤ ਪਰਕਾਸ਼ ਇਕ ਕਰਾਇੰਦਾ, ਨੂਰੋ ਨੂਰ ਡਗਮਗਾਈਆ । ਸ਼ਬਦ ਧੁਨ ਇਕ ਉਪਜਾਇੰਦਾ, ਬੋਧ ਅਗਾਧ ਦਏ ਵਡਿਆਈਆ । ਚਰਨ ਧਿਆਨ ਇਕ ਰਖਾਇੰਦਾ, ਚਰਨ ਕਵਲ ਸੱਚੀ ਸਰਨਾਈਆ । ਹਰਨ ਫਰਨ ਆਪ ਖੁਲਾਇੰਦਾ, ਆਪਣੀ ਬੂਝ ਆਪ ਬੁਝਾਈਆ । ਨਿਰਵੈਰ ਨਿਰਾਕਾਰ ਨਿਰਗੁਣ ਏਕਾ ਵਾਰ ਬ੍ਰਹਮੇ ਵਿਸ਼ਨ ਸ਼ਿਵ ਦਰਸ ਦਿਖਾਇੰਦਾ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਪੰਚਮ ਮੁਖ ਤਾਜ ਆਪ ਟਿਕਾਇੰਦਾ, ਆਪੇ ਆਪਣੀ ਕਰ ਵਿਚਾਰ । ਆਪਣੀ ਧਾਰ ਸ਼ਬਦ ਬਣਾਇੰਦਾ, ਪਹਿਲਾਂ ਆਪਣੀ ਕਰੇ ਕਾਰ । ਇਕ ਭੰਡਾਰਾ ਨਾਮ ਵਰਤਾਇੰਦਾ, ਵਿਸ਼ਨੂੰ ਵਿਸ਼ਵ ਕਰੇ ਪਿਆਰ । ਸਚ ਵਰਤਾਰਾ ਆਪ ਅਖਵਾਇੰਦਾ, ਦੇਵਣਹਾਰ ਨਿਰੰਕਾਰ । ਬ੍ਰਹਮਾ ਬ੍ਰਹਮ ਦਰਸਨ ਪਾਇੰਦਾ, ਨੇਤਰ ਨੈਣ ਉਘਾੜ । ਚਾਰੇ ਮੁਖ ਮੁਖ ਵਖਾਇੰਦਾ, ਪੰਚਮ ਮੁਖ ਸੀਸ ਦਸਤਾਰ । ਆਪਣੀ ਵੰਡ ਤੇਰੀ ਝੋਲੀ ਪਾਇੰਦਾ, ਦੇਵੇ ਵਸਤ ਅਪਰ ਅਪਾਰ । ਆਪਣਾ ਰਾਗ ਨਾਦ ਅਲਾਇੰਦਾ, ਧੁਨ ਵਜਾਏ ਸੱਚੀ ਧੁਨਕਾਰ । ਸ਼ੰਕਰ ਏਕਾ ਭੇਵ ਖੁਲ੍ਹਾਇੰਦਾ, ਆਪਣਾ ਖੋਲ੍ਹੇ ਬੰਦ ਕਿਵਾੜ । ਸਵਛ ਸਰੂਪ ਨਜ਼ਰੀ ਆਇੰਦਾ, ਅੰਧ ਅੰਧੇਰ ਨਾ ਕੋਇ ਅੰਧਿਆਰ । ਤਿੰਨਾਂ ਏਕਾ ਸੰਗ ਵਖਾਇੰਦਾ, ਸ਼ਾਹ ਪਾਤਸ਼ਾਹ ਬਣ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਵਿਸ਼ਨ ਸ਼ਿਵ ਵਖਾਏ ਆਪਣਾ ਦਰ, ਆਪਣਾ ਰੂਪ ਅਨੂਪ ਆਪ ਪਰਗਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰਸਨ ਪਾਇਆ, ਦੋਏ ਜੋੜ ਕਰਨ ਨਿਮਸਕਾਰਾ । ਪਾਰਬ੍ਰਹਮ ਵੱਡੀ ਵਡਿਆਇਆ, ਸਤਿ ਸਤਿਵਾਦੀ ਤੇਰਾ ਸਤਿ ਦਵਾਰਾ । ਹਉਂ ਸੇਵਕ ਬਣ ਕੇ ਦਰ ਤੇ ਆਇਆ, ਮੰਗਣ ਆਏ ਮੰਗ ਭਿਖਾਰਾ । ਚਰਨ ਕਵਲ ਕਵਲ ਚਰਨ ਬੈਠੇ ਧਿਆਨ ਲਗਾਇਆ, ਤੇਰਾ ਨੂਰ ਜ਼ਹੂਰ

ਅਗੰਮ ਅਪਾਰਾ । ਨਿਰਗੁਣ ਸਰਗੁਣ ਖੇਲ ਖਿਲਾਇਆ, ਕਰਿਆ ਖੇਲ ਆਪਣੀ ਧਾਰਾ । ਤੇਰਾ ਦਰਸ ਕਵਣ ਦਵਾਰੇ ਦੂਜੀ ਵਾਰ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਇਆ । ਸਚ ਸੰਦੇਸ਼ਾ ਦਏ ਸ੍ਰੀ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਭੁੱਲ ਨਾ ਜਾਈਆ । ਤੇਰੀ ਖੋਲ੍ਹਾਂ ਇਕ ਦੁਕਾਨ, ਬ੍ਰਹਿਮੰਡ ਖੰਡ ਰਚਨ ਰਚਾਈਆ । ਲੋਆਂ ਪੁਰੀਆਂ ਵੇਖਾਂ ਮਾਰ ਧਿਆਨ, ਮੰਡਲ ਮੰਡਪ ਆਪ ਸੁਹਾਈਆ । ਤ੍ਰੈਗੁਣ ਮਾਇਆ ਦੇਵਾਂ ਦਾਨ, ਪੰਜ ਤਤ ਕਰਾਂ ਕੁੜਮਾਈਆ । ਲੱਖ ਚੁਰਾਸੀ ਰੂਪ ਪਰਗਟਾਏ ਵਿਚ ਜਹਾਨ, ਲੋਕਮਾਤ ਮਿਲੇ ਵਡਿਆਈਆ । ਜੀਵ ਜੰਤ ਹਰਿ ਭਗਵੰਤ ਵੇਖਣਹਾਰਾ ਸਾਚਾ ਕਾਹਨ, ਆਤਮ ਬ੍ਰਹਮ ਏਕਾ ਰੰਗ ਸਮਾਈਆ । ਈਸ਼ ਜੀਵ ਕਰੇ ਪਛਾਣ, ਜਗਦੀਸ਼ ਭੇਵ ਨਾ ਰਾਈਆ । ਪੰਜ ਤਤ ਦੇਵੇ ਮਾਣ, ਪੰਚਮ ਵਿਕਾਰ ਕਰੇ ਕੁੜਮਾਈਆ । ਪੰਚਮ ਸ਼ਬਦ ਇਕ ਗਿਆਨ, ਏਕਾ ਧੁਨ ਵਜਾਈਆ । ਘਰ ਵਿਚ ਘਰ ਸਚ ਮਕਾਨ, ਕਾਇਆ ਬੰਕ ਦਏ ਵਡਿਆਈਆ । ਆਦਿ ਨਿਰੰਜਣ ਨੂਰ ਮਹਾਨ, ਜੋਤ ਨਿਰੰਜਣ ਦਏ ਜਗਾਈਆ । ਅੰਮ੍ਰਿਤ ਆਤਮ ਪੀਣ ਖਾਣ, ਕਵਲ ਨਾਭ ਆਪ ਭਰਾਈਆ । ਆਤਮ ਸੇਜਾ ਹੋ ਪਰਧਾਨ, ਸਾਚੀ ਸੇਜ ਹੰਢਾਈਆ । ਸ਼ਬਦ ਅਨਾਦ ਸੱਚੀ ਧੁਨਕਾਨ, ਗ੍ਰਿਹਿ ਮੰਦਰ ਕਰੇ ਸ਼ਨਵਾਈਆ । ਸਖ਼ੀ ਮਿਲੇ ਸਾਚਾ ਕਾਹਨ, ਬ੍ਰਹਮ ਪਾਰਬ੍ਰਹਮ ਸਮਾਈਆ । ਚਾਰੇ ਖਾਣੀ ਇਕ ਨਿਸ਼ਾਨ, ਅੰਡਜ ਜੇਰਜ ਉਤਭੁਜ ਸੇਤਜ ਮਾਣ ਵਖਾਈਆ । ਚਾਰੇ ਬਾਣੀ ਇਕ ਗਿਆਨ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਵੇਦ ਹੋਣ ਕੁਰਬਾਨ, ਚਾਰੇ ਜੁਗ ਵੰਡ ਵੰਡਾਈਆ । ਚਾਰ ਵਰਨ ਬਣਨ ਨਾਦਾਨ, ਅਠਾਰਾਂ ਬਰਨ ਵੇਖੇ ਥਾਉਂ ਥਾਈਆ । ਲੇਖਾ ਜਾਣੇ ਜ਼ਿਮੀ ਅਸਮਾਨ, ਏਕਾ ਏਕ ਸੱਚਾ ਸ਼ਹਿਨਸ਼ਾਹੀਆ । ਏਕਾ ਹੁਕਮ ਧੁਰ ਫ਼ਰਮਾਣ, ਜੁਗਾ ਜੁਗੰਤਰ ਆਪ ਸੁਣਾਈਆ । ਮਾਣਸ ਮਾਨੁਖ ਕਰ ਪਰਧਾਨ, ਜੀਵ ਆਤਮ ਦਏ ਵਡਿਆਈਆ । ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਸੰਤ ਭਗਤ ਆਪ ਆਪਣਾ ਰੰਗ ਆਪੇ ਮਾਣ, ਆਪੇ ਮੇਲੇ ਸਹਿਜ ਸੁਭਾਈਆ । ਜੁਗਾ ਜੁਗੰਤਰ ਖੇਲੇ ਖੇਲ ਸੱਚਾ ਸ਼ਹਿਨਸ਼ਾਹ ਸੁਲਤਾਨ, ਸੁਰਤੀ ਸ਼ਬਦ ਵੱਜੇ ਵਧਾਈਆ । ਲੱਖ ਚੁਰਾਸੀ ਗੇੜ ਬਣਾਏ ਜੀਵ ਜਹਾਨ, ਕਰਮ ਕੁਕਰਮਾਂ ਬੰਧਨ ਪਾਈਆ । ਚੌਦਾਂ ਵਿਦਿਆ ਕਰ ਪਰਧਾਨ, ਨੌ ਖੰਡ ਪ੍ਰਿਥਮੀ ਆਪ ਸੁਣਾਈਆ । ਸੱਤਾਂ ਦੀਪਾਂ ਕਰੇ ਪਛਾਣ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਸ਼ਬਦ ਅਨਾਦੀ ਨਾਦ ਸੁਣਾਈਆ । ਸ਼ਬਦ ਅਨਾਦੀ ਬੋਲਿਆ, ਕਰ ਕਿਰਪਾ ਹਰਿ ਕਰਤਾਰ । ਏਕਾ ਕੰਡੇ ਹਰਿ ਜੂ ਤੋਲਿਆ, ਤ੍ਰੈਗੁਣ ਮਾਇਆ ਤਤ ਭੰਡਾਰ । ਸਚਖੰਡ ਦਵਾਰਾ ਆਪੇ ਫੋਲਿਆ, ਨਿਰਗੁਣ ਨਿਰਗੁਣ ਪਾਵੇ ਸਾਰ । ਆਦਿ ਜੁਗਾਦਿ ਰਹੇ ਅਡੋਲਿਆ, ਡੋਲ ਜਾਏ ਨਾ ਵਿਚ ਸੰਸਾਰ । ਸਾਚੀ ਵਸਤ ਰੱਖੇ ਕੋਲਿਆ, ਜੁਗਾ ਜੁਗੰਤਰ ਬਣੇ ਵਰਤਾਰ । ਆਪਣੀ ਸ੍ਰਿਸ਼ਟੀ ਆਪੇ ਮੌਲਿਆ, ਮੌਲਾ ਰੂਪ ਸਿਰਜਣਹਾਰ । ਆਪੇ ਪਰਗਟੇ ਉਪਰ ਧੌਲਿਆ, ਨਿਰਗੁਣ ਸਰਗੁਣ ਲੈ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਭੁੱਲ ਨਾ ਜਾਏ ਅਭੁੱਲ ਗੁਰ ਅਵਤਾਰ । ਭੁੱਲਣਹਾਰ ਅਭੁੱਲ ਕਦੇ ਨਾ ਭੁੱਲਿਆ, ਆਦਿ ਜੁਗਾਦਿ ਸਮਾਏ । ਜੁਗਾ ਜੁਗੰਤਰ ਪਾਏ ਮੁੱਲਿਆ, ਕਰਤਾ ਕੀਮਤ ਆਪ ਚੁਕਾਏ । ਲੱਖ ਚੁਰਾਸੀ ਫੁਲ ਫਲਵਾੜੀ ਮੌਲਿਆ, ਪਤ ਟਹਿਣੀ ਆਪ ਮਹਿਕਾਏ । ਆਪੇ ਭੌਰਾ ਗੂੰਜੇ ਬਣ ਬਣ ਉਪਰ ਧੌਲਿਆ, ਹਰਿਜਨ ਸਾਚੇ ਲਏ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਜੂਨੀ ਰਹਿਤ ਪੁਰਖ ਅਕਾਲਾ, ਆਪੇ ਜਾਣੇ ਆਪਣੀ ਚਾਲਾ, ਬ੍ਰਹਮਾ ਵਿਸ਼ਨ ਸ਼ਿਵ ਆਪ ਸਮਝਾਏ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸਮਝਾਇੰਦਾ, ਸ਼ਬਦ ਨਿਸ਼ਅੱਖਰ ਏਕਾ ਬੋਲ । ਤਿੰਨਾਂ ਸੇਵਾ ਏਕਾ ਲਾਇੰਦਾ, ਸਾਚੀ ਵਸਤ ਭੰਡਾਰਾ ਦੇਵੇ ਖੋਲ੍ਹ । ਲੱਖ ਚੁਰਾਸੀ ਜੀਵ ਉਪਾਇੰਦਾ, ਘਟ ਘਟ ਅੰਦਰ ਜਾਏ ਮੌਲ । ਸੰਤ ਭਗਤ ਭਗਵੰਤ ਆਪ ਜਗਾਇੰਦਾ, ਲੇਖਾ ਜਾਣੇ ਧਰਨੀ ਧਰਤ ਧੌਲ । ਆਪਣਾ ਕੌਲ ਆਪ ਨਿਭਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਦੇਵੇ ਵਰ, ਸ਼ਿਵ ਆਪਣੇ ਹੁਕਮ ਚਲਾਇੰਦਾ । ਬ੍ਰਹਮੇ ਤੇਰਾ ਜਗਤ ਵਿਹਾਰਾ, ਪਾਰਬ੍ਰਹਮ ਬ੍ਰਹਮ ਸਮਝਾਇਆ । ਲੱਖ ਚੁਰਾਸੀ ਕਰ ਪਿਆਰਾ, ਤ੍ਰੈਗੁਣ ਬੰਧਨ ਪਾਇਆ । ਵਿਸ਼ਨੂੰ ਤੇਰਾ ਵਸਤ ਭੰਡਾਰਾ, ਏਕਾ ਵਾਰ ਵਰਤਾਇਆ । ਸ਼ੰਕਰ ਤੇਰਾ ਜਗਤ ਅਖਾੜਾ, ਥਿਰ ਕੋਇ ਰਹਿਣ ਨਾ ਪਾਇਆ । ਜੋ ਉਪਜੇ ਸੋ ਬਿਨਸੇ ਅੰਤਮ ਵਾਰਾ, ਪੁਰਖ ਅਬਿਨਾਸ਼ੀ ਰਚਨ ਰਚਾਇਆ । ਤਿੰਨਾਂ ਵਚੋਲਾ ਬਣੇ ਸੁਤ ਦੁਲਾਰਾ, ਜਗਤ ਵਿਹਾਰਾ ਰਿਹਾ ਵਖਾਇਆ । ਸਤਿਜੁਗ ਸਾਚਾ ਕਰ ਪਸਾਰਾ, ਏਕਾ ਮੰਤਰ ਨਾਮ ਦ੍ਰਿੜਾਇਆ । ਸੋ ਪੁਰਖ ਨਿਰੰਜਣ ਹੋ ਤਿਆਰਾ, ਨਿਰਗੁਣ ਆਪਣਾ ਰੰਗ ਰੰਗਾਇਆ । ਹੰ ਬ੍ਰਹਮ ਦਏ ਆਧਾਰਾ, ਸ੍ਰੈਮ ਰੂਪ ਸੋ ਪੁਰਖ ਨਿਰੰਜਣ ਸੋਹੰ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਰਿਹਾ ਖੁਲਾਇਆ । ਹਰਿ ਆਪਣਾ ਭੇਵ ਖਲਾਇੰਦਾ, ਆਦਿ ਪੁਰਖ ਅਗੰਮ ਅਪਾਰ । ਤਿੰਨਾਂ ਏਕਾ ਗੁਰ ਸਮਝਾਇੰਦਾ, ਕਰ ਕਿਰਪਾ ਨਿਰਾਕਾਰ । ਨੌਂ ਸੌ ਚੁਰਾਨਵੇ ਚੌਕੜੀ ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ, ਜੁਗ ਚੌਕੜੀ ਆਵੇ ਵਾਰੋ ਵਾਰ । ਸਤਿਜੁਗ ਤ੍ਰੇਤਾ ਦੁਆਪਰ ਰੂਪ ਪਰਗਟਾਇੰਦਾ, ਕਲਜੁਗ ਵੇਖੇ ਕਾਲੀ ਧਾਰ । ਨੌਂ ਨੌਂ ਗੇੜਾ ਆਪਣੇ
੧੩੪੧ ਹੱਥ ਰਖਾਇੰਦਾ, ਹਰਿ ਕਾ ਭੇਵ ਨਾ ਜਾਣੇ ਕੋਈ ਗੁਰ ਪੀਰ ਅਵਤਾਰ । ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ, ਬੇਅੰਤ ਸੱਚੀ ਸਰਕਾਰ । ਜੁਗ ੧੩੪੧
ਕਰਤਾ ਆਪਣਾ ਰੂਪ ਪਰਗਟਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਸਤਿਜੁਗ ਧਰਤ ਮਾਤ ਦੀ ਗੋਦ ਸੁਹਾਇੰਦਾ, ਸਿਰ ਰੱਖ ਹੱਥ ਸਮਰਥ ਕਰਤਾਰ । ਸਾਚਾ ਮਾਰਗ ਇਕ ਵਖਾਇੰਦਾ, ਏਕਾ ਬ੍ਰਹਮ ਕਰ ਪਸਾਰ । ਆਤਮ ਬ੍ਰਹਮ ਭੇਵ ਚੁਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਸਾਚੀ ਕਾਰ ਬ੍ਰਹਮਾ ਸੁਤ ਲਏ ਉਭਾਰ । ਬਰਾਹ ਰੂਪ ਪਰਗਟਾਏ ਨਿਰੰਕਾਰ, ਯਗੇ ਪੁਰਸ਼ ਦਏ ਅਧਾਰ, ਹਾਵ ਗਰੀਵ ਹੋਏ ਉਜਿਆਰ, ਨਰ ਨਰਾਇਣ ਵਡ ਵਡਿਆਈਆ । ਕਪਲ ਮੁਨ ਪਾਏ ਸਾਰ, ਦਤਾ ਤ੍ਰੈ ਦਏ ਅਧਾਰ, ਰਿਖਭ ਬਖ਼ਸ਼ੇ ਚਰਨ ਪਿਆਰ, ਪ੍ਰਿਥੂ ਮੰਗੇ ਬਣ ਭਿਖਾਰ, ਮਤਸਯ ਵਸੇ ਜਲ ਧਾਰ, ਕਛਪ ਆਪਣਾ ਰੂਪ ਪਰਗਟਾਈਆ । ਵੈਦ ਧਨੰਤਰ ਰਿਹਾ ਵਿਚਾਰ, ਬਾਵਨ ਰੂਪ ਅਗੰਮ ਅਪਾਰ, ਹੰਸਾ ਬੋਲੇ ਹੰਸਾ ਡਾਰ, ਹਰੀ ਹਰਨਾਕਸ਼ ਆਪੇ ਮਾਰ, ਆਪਣਾ ਬਲ ਆਪ ਧਰਾਈਆ । ਆਪੇ ਨਰ ਨਰਾਇਣ ਬਣੇ ਕਰਤਾਰ, ਬੇੜਾ ਗਜ ਲਾਏ ਪਾਰ, ਬਾਲਕ ਧਰੂ ਲਏ ਉਭਾਰ, ਆਪਣਾ ਰੂਪ ਆਪ ਧਰਾਈਆ । ਸਤਿਜੁਗ ਆਏ ਅਠਾਰਾਂ ਵਾਰ, ਨਿਰਗੁਣ ਸਰਗੁਣ ਲੈ ਅਵਤਾਰ, ਨਿਤ ਨਵਿਤ ਖੇਲ ਖਿਲਾਈਆ । ਤ੍ਰੇਤਾ ਰੂਪ ਅਪਰ ਅਪਾਰ, ਕਰੇ ਖੇਲ ਸੱਚੀ ਸਰਕਾਰ, ਏਕਾ ਕਲ ਦੋਏ ਵਿਚਾਰ, ਬ੍ਰਹਿਮਣ ਸੁਤ ਲਾਏ ਪਾਰ, ਪਰਸ ਪਾਰਸ ਰੂਪ ਪਰਗਟਾਈਆ । ਰਾਮ ਰਾਮਾ ਹੋ ਉਜਿਆਰ, ਦਸਰਥ ਬੇਟਾ ਹੋਏ ਖ਼ਬਰਦਾਰ, ਜਨਕ ਸਪੁਤ੍ਰੀ ਕਰੇ ਪਿਆਰ, ਸਾਚਾ ਚਿਲਾ ਆਪੇ ਚਾੜ੍ਹ, ਆਪਣਾ ਬਲ ਆਪ ਧਰਾਈਆ । ਆਪੇ ਫਿਰੇ ਜੰਗਲ ਵਿਚ ਪਹਾੜ, ਆਪੇ ਸੀਤਾ ਸਵਾਣੀ ਕਰੇ ਖ਼ੁਵਾਰ, ਆਪੇ ਰਾਵਣ ਦੇਵੇ ਗੜ੍ਹ ਹੰਕਾਰ, ਆਪੇ ਬਾਨਰ ਗਲੇ ਲਗਾਈਆ । ਆਪੇ

੧੩੪੨ ੦੯

ਮਾਰਨਹਾਰਾ ਮਾਰ, ਆਪੇ ਡੁੱਬਦੇ ਜਾਏ ਤਾਰ, ਤੀਰ ਕਮਾਨ ਆਪਣੇ ਹੱਥ ਰਖਾਈਆ । ਆਪੇ ਗ਼ਰੀਬ ਨਿਮਾਣਿਆਂ ਪਾਵੇ ਸਾਰ, ਆਪੇ ਫੂਲਨ ਕਰੇ ਤਨ ਸ਼ੰਗਾਰ, ਜੂਠੇ ਬੇਰਾਂ ਆਪੇ ਭੋਗ ਲਗਾਈਆ । ਆਪੇ ਉਤਰੇ ਆਪਣੇ ਪਾਰ ਕਿਨਾਰ, ਤ੍ਰੇਤੇ ਵੇਖੇ ਦੋਏ ਦੋਏ ਵਾਰ, ਭੇਵ ਅਭੇਦਾ ਭੇਵ ਛੁਪਾਈਆ । ਆਪੇ ਤ੍ਰੇਤਾ ਲਏ ਸੰਘਾਰ, ਆਪੇ ਦੁਆਪਰ ਕਰੇ ਪਸਾਰ, ਆਪੇ ਕੁਵਾਰੀ ਕੰਨਿਆ ਅੰਦਰ ਬੰਨੇ ਆਪਣੀ ਧਾਰ, ਵੇਦ ਵਿਆਸਾ ਆਪੇ ਰੂਪ ਪਰਗਟਾਈਆ । ਆਪੇ ਪੁਰਾਨ ਅਠਾਰਾਂ ਗਾਏ ਆਪਣੀ ਵਾਰ, ਚਾਰ ਲੱਖ ਹਜਾਰ ਸਤਾਰਾਂ ਸਲੋਕ ਗਣਾਈਆ । ਆਪੇ ਨਾਰਦ ਦਏ ਅਧਾਰ, ਆਪੇ ਸੁਰਸਤੀ ਮਾਰੇ ਵਾਜ ਏਕਾ ਵਾਰ, ਛੱਤੀ ਰਾਗ ਮੁਖ ਸਲਾਹੀਆ । ਆਪ ਮੁਕੰਦ ਮਨੋਹਰ ਲਖ਼ਮੀ ਨਰਾਇਣ ਹੋਏ ਉਜਿਆਰ, ਆਪੇ ਬੰਸਰੀ ਨਾਮ ਵਜਾਈਆ । ਆਪੇ ਸਖ਼ੀਆਂ ਮੰਗਲਚਾਰ, ਆਪੇ ਗੋਕਲ ਮਥਰਾ ਬਿੰਦਰਾਬਨ ਕਰੇ ਆਪਣਾ ਵਿਹਾਰ, ਆਪੇ ਗਵਾਲਾ ਬਣ ਬਣ ਵੇਸ ਵਟਾਈਆ । ਆਪੇ ਬਿਦਰ ਸੁਦਾਮਾ ਲਾਏ ਪਾਰ, ਆਪੇ ਦ੍ਰੋਪਤ ਸੁਤ ਲੱਜਿਆ ਰੱਖੇ ਵਿਚ ਸੰਸਾਰ, ਆਪੇ ਗੀਤਾ ਅਰਜਨ ਆਪ ਦ੍ਰਿੜਾਈਆ । ਆਪੇ ਪੰਜੇ ਪਾਂਡੋਂ ਬਣਾਏ ਚਰਨ ਭਿਖਾਰ, ਆਪੇ ਤੋੜੇ ਗੜ੍ਹ ਹੰਕਾਰ, ਦੁਸ਼ਟ ਦਰਯੋਧਨ ਆਪ ਖਪਾਈਆ । ਆਪੇ ਰਥ ਰਥਵਾਹੀ ਬਣੇ ਸੱਚੀ ਸਰਕਾਰ, ਕਰੇ ਕਰਾਏ ਆਪਣੀ ਕਾਰ, ਮਹਾਂਸਾਰਥੀ ਨਾਉਂ ਧਰਾਈਆ । ਆਪੇ ਦੁਆਪਰ ਕਰੇ ਖ਼ਵਾਰ, ਆਪੇ ਕਲਜੁਗ ਸਾਚਾ ਲਏ ਉਸਾਰ, ਲੋਕਮਾਤ ਧਰਤ ਮਾਤ ਰੰਗ ਰੰਗਾਈਆ । ਕਲਜੁਗ ਜਗਤ ਕਰ ਪਸਾਰ, ਹਰਿ ਹਰਿ ਖੇਲ ਖਿਲਾਈਆ । ਵੇਖਣਹਾਰਾ ਹਰਿ ਨਿਰੰਕਾਰ, ਆਪਣਾ ਰੂਪ ਪਰਗਟਾਈਆ । ਏਕਾ ਹੁਕਮ ਸੱਚੀ ਸਰਕਾਰ, ਕਰੇ ਕਰਾਏ ਕਰਨੇਹਾਰ, ਧੁਰ ਦੀ ਬਾਣੀ ਬਾਣ ਲਗਾਈਆ । ਮਨ ਮਤ ਬੁਧ ਭਰੇ ਹੰਕਾਰ, ਕਾਮ ਕ੍ਰੋਧ ਲੋਭ ਮੋਹ ਹਲਕਾਈਆ । ਆਸਾ ਤ੍ਰਿਸ਼ਨਾ ਕਰੇ ਸ਼ੰਗਾਰ, ਹਉਮੇ ਹੰਗਤਾ ਗੜ੍ਹ ਬਣਾਈਆ । ਬੁਧ ਬਿਬੇਕੀ ਇਕ ਉਜਿਆਰ, ਬੋਧ ਗਿਆਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਅਵੱਲਾ, ਕਰੇ ਕਰਾਏ ਏਕਾ ਅੱਲਾ, ਆਲਮ ਭੇਵ ਕਿਸੇ ਨਾ ਆਈਆ । ਇਕ ਅਲਾਹੀ ਅੱਲਾ ਨੂਰ, ਆਪਣਾ ਖੇਲ ਆਪ ਖਲਾਇੰਦਾ । ਏਕਾ ਕਲਮਾ ਸਚ ਤੰਬੂਰ, ਚੌਦਾਂ ਤਬਕਾਂ ਆਪ ਸੁਣਾਇੰਦਾ । ਏਕਾ ਜੋਤੀ ਨੂਰ ਜ਼ਹੂਰ, ਲੋਕਮਾਤ ਪਰਗਟਾਇੰਦਾ । ਈਸਾ ਮੂਸਾ ਆਸਾ ਮਨਸਾ ਪੂਰ, ਮਨ ਮਨਸਾ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਸਾਚਾ ਹਰਿ, ਆਪਣਾ ਖੇਲ ਖਿਲਾਇੰਦਾ । ਆਪੇ ਕਲਮਾ ਕਾਇਨਾਤ, ਆਲਮ ਉਲਮਾ ਆਪ ਪੜ੍ਹਾਈਆ । ਆਪੇ ਵੇਖੇ ਮਾਰ ਝਾਤ, ਬ੍ਰਹਮ ਆਪਣਾ ਨਾਉਂ ਰਖਾਈਆ । ਆਪੇ ਖ਼ਲਕ ਖ਼ੁਦਾਈ ਵੇਖੇ ਇਕ ਇਕਾਂਤ, ਮੁਕਾਮੇ ਹੱਕ ਸੋਭਾ ਪਾਈਆ । ਆਪੇ ਦੇਵਣਹਾਰਾ ਨਿਜਾਤ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਸਦਾ ਪੁਛੇ ਵਾਤ, ਆਪ ਆਪਣਾ ਨੂਰ ਦਰਸਾਈਆ । ਆਪੇ ਚਾਰ ਯਾਰੀ ਬਣੇ ਸੱਜਣ ਸਾਕ, ਸਾਲਸ ਆਪਣਾ ਖੇਲ ਖਿਲਾਈਆ । ਆਪੇ ਹੋਇਆ ਪਾਕੀ ਪਾਕ, ਪਤਿਤ ਪਵਿਤ ਵਡ ਵਡਿਆਈਆ । ਆਪੇ ਚੜ੍ਹਿਆ ਸਾਚੇ ਰਾਕ, ਸ਼ਾਹ ਪਾਤਸ਼ਾਹ ਨਾਉਂ ਧਰਾਈਆ । ਆਪੇ ਮਾਰੇ ਇਕ ਪਲਾਕ, ਦੋ ਜਹਾਨਾਂ ਚਰਨ ਪਾਰ ਕਰਾਈਆ । ਆਪੇ ਲੱਖ ਚੁਰਾਸੀ ਕਰੇ ਖ਼ਾਕ, ਉਮਤ ਉਮਤੀ ਵੇਖ ਵਖਾਈਆ । ਆਪੇ ਉਤਰੇ ਆਪਣੇ ਘਾਟ, ਖੇਵਟ ਖੇਟਾ ਭੇਵ ਨਾ ਰਾਈਆ । ਆਪੇ ਵਿਕੇ ਆਪਣੇ ਹਾਟ, ਦੂਸਰ ਕੀਮਤ ਕੋਇ ਨਾ ਪਾਈਆ । ਆਪੇ ਸੁਤਾ ਆਪਣੀ ਖਾਟ, ਪਲੰਘ ਰੰਗੀਲਾ ਇਕ ਹੰਢਾਈਆ । ਆਪੇ ਜਾਣੇ ਆਪਣੀ ਵਾਟ, ਆਪਣਾ ਪੰਧ ਆਪ ਮੁਕਾਈਆ । ਆਪੇ ਜਾਣੇ

ਆਪਣੀ ਬਾਤਨ ਬਾਤ, ਗੁਫ਼ਤਾਰ ਗੁਫ਼ਤਾਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਅਨਕ
ਕਲ ਇਕ ਰਘਰਾਈਆ । ਇਕ ਅਕੱਲਾ ਕਲ ਆਪੇ ਧਾਰ, ਨਿਰਗੁਣ ਸਰਗੁਣ ਰੂਪ ਵਟਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਭੇਵ ਅਭੇਦਾ
ਭੇਵ ਦਰਸਾਇਆ । ਪੰਜ ਤਤ ਕਰ ਪਿਆਰ, ਕਾਇਆ ਚੋਲਾ ਇਕ ਹੰਢਾਇਆ । ਨਾਨਕ ਨਿਰਗੁਣ ਨਿਰਾਕਾਰ ਹੋ ਉਜਿਆਰ, ਲੋਕਮਾਤ ਵੇਸ
ਵਟਾਇਆ । ਧਰਨੀ ਧਰਤ ਧਵਲ ਹੌਲਾ ਕਰੇ ਭਾਰ, ਸੀਸ ਆਪਣੇ ਭਾਰ ਉਠਾਇਆ । ਮੰਗੀ ਮੰਗ ਇਕ ਦੁਵਾਰ, ਦੂਜੇ ਦਰ ਨਾ ਮੰਗਣ ਜਾਇਆ ।
ਪੁਰਖ ਅਬਿਨਾਸ਼ੀ ਭਰ ਭੰਡਾਰ, ਸਤਿ ਨਾਮ ਮੰਤਰ ਇਕ ਦ੍ਰਿੜਾਇਆ । ਚਾਰ ਵਰਨਾਂ ਕਰਾਏ ਵਣਜ ਵਾਪਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ
ਰੰਗ ਰੰਗਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਪੁਰਖ ਅਕਾਲ ਇਕ ਵਡਿਆਇਆ । ਉਚੀ ਕੂਕ ਕੂਕ ਗਿਆ ਪੁਕਾਰ, ਕਲਜੁਗ ਜੀਵਾਂ ਆਪ
ਸਮਝਾਇਆ । ਮਹਾਂਬਲੀ ਉਤਰੇ ਨਿਹਕਲੰਕ ਨਰਾਇਣ ਨਰ ਅਵਤਾਰ, ਮਾਤ ਪਿਤ ਨਾ ਕੋਈ ਜਾਇਆ । ਸਾਕ ਸੱਜਣ ਦਿਸੇ ਨਾ ਕੋਈ ਸੰਸਾਰ,
ਜਗਤ ਨਾਰੀ ਨਾ ਕੰਤ ਪਰਨਾਇਆ । ਨਿਰਗੁਣ ਜੋਤ ਹੋਏ ਉਜਿਆਰ, ਸ਼ਬਦ ਗੁਰ ਡੰਕਾ ਹੱਥ ਉਠਾਇਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਬ੍ਰਹਿਮੰਡ
ਖੰਡ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਲਏ ਉਠਾਲ, ਸੋਇਆ ਕੋਇ ਰਹਿਣ ਨਾ ਪਾਇਆ । ਕ੍ਰੋੜ ਤੇਤੀਸਾ ਕਰੇ ਬੇਹਾਲ, ਸੁਰਪਤ ਰਾਜਾ
ਇੰਦ ਦਏ ਦੁਹਾਇਆ । ਕਿਨਰ ਯਛਪ ਨਾ ਗਾਇਣ ਆਪਣਾ ਗਾਣ, ਮਰਦੰਗ ਅੰਗ ਨਾ ਕੋਈ ਲਗਾਇਆ । ਭੁੱਖ ਨੰਗ ਕੱਟੇ ਸਰਬ ਜਹਾਨ,
ਸੂਰਾ ਸਰਬੰਗ ਦਇਆ ਕਮਾਇਆ । ਕਿਸੇ ਕੋਲੋਂ ਮੰਗਣ ਨਾ ਜਾਏ ਕੋਈ ਦਾਨ, ਪੁਰਖ ਅਕਾਲ ਦੇਵਣਹਾਰ ਆਪ ਅਖਵਾਇਆ । ਜਨ ਭਗਤਾਂ
ਤੋੜੇ ਜਗਤ ਜੰਜਾਲ, ਲੱਖ ਚੁਰਾਸੀ ਦਏ ਕਟਾਇਆ । ਦੀਪਕ ਮਸਤਕ ਵਖਾਏ ਸਾਚਾ ਬਾਲ, ਰਵ ਸਸ ਰਹੇ ਸ਼ਰਮਾਇਆ । ਨਾਮ ਵਸਤ ਦੇਵੇ
ਸੱਚਾ ਧਨ ਮਾਲ, ਚੋਰ ਯਾਰ ਲੁਟ ਕੋਇ ਨਾ ਜਾਇਆ । ਗੁਰ ਨਾਨਕ ਸਿਖ਼ਿਆ ਗਿਆ ਸਿਖ਼ਾਲ, ਬਿਨ ਸ਼ਬਦ ਗੁਰ ਅਵਰ ਨਾ ਕੋਇ ਜਣਾਇਆ ।
ਕਾਇਆ ਮੰਦਰ ਵੇਖਣਾ ਸੱਚੀ ਧਰਮਸਾਲ, ਅੱਠੇ ਪਹਿਰ ਰਿਹਾ ਧੁਨ ਗਾਇਆ । ਬਹੱਤਰ ਤਾਲ ਤਲਵਾੜਾ ਵੱਜੇ ਏਕਾ ਤਾਲ, ਭੇਵ ਕਿਸੇ ਨਾ ਪਾਇਆ ।
ਗੁਰਸਿਖ ਗੁਰ ਚਰਨ ਪ੍ਰੀਤੀ ਰੀਤੀ ਘਾਲਣ ਲੈਣੀ ਘਾਲ, ਸਾਚਾ ਮਾਰਗ ਇਕ ਦਰਸਾਇਆ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾ ਜੁਗੰਤਰ
ਚਲੇ ਨਾਲ ਨਾਲ, ਨਾ ਮਰੇ ਨਾ ਜਾਇਆ । ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਜਨ ਸਤਿਗੁਰ ਪੂਰੇ ਦਰਸਨ ਪਾਇਆ । ਲਾੜੀ ਮੌਤ ਹੋਏ
ਬੇਹਾਲ, ਨੇਤਰ ਨੈਣ ਨਾ ਕਿਸੇ ਉਠਾਇਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਆਪ ਆਪਣਾ ਬਲ ਧਰਾਇਆ । ਸ੍ਰਿਸ਼ਟ
ਸਬਾਈ ਪਾਏ ਏਕਾ ਆਣ, ਚਾਰ ਵਰਨ ਕਰੇ ਸਰਨਾਇਆ । ਏਕਾ ਹੁਕਮ ਧੁਰ ਫ਼ਰਮਾਣ, ਨੌ ਖੰਡ ਪ੍ਰਿਥਮੀ ਦਏ ਸੁਣਾਇਆ । ਭਗਤ ਭਗਵੰਤ
ਲਏ ਪਛਾਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ
ਜੁਗ ਜੁਗ ਆਪਣਾ ਵੇਸ ਵਟਾਇਆ । ਨਾਨਕ ਜੋਤ ਅਗੰਮ ਅਪਾਰ, ਪੁਰਖ ਅਕਾਲ ਆਪ ਜਗਾਈਆ । ਅੰਗਦ ਕਰਿਆ ਅੰਗੀਕਾਰ, ਅੰਗ
ਲਾਇਆ ਬੇਪਰਵਾਹੀਆ । ਵਖਾਇਆ ਘਰ ਸੱਚੀ ਧਰਮਸਾਲ, ਗ੍ਰਹਿ ਮੰਦਰ ਵੱਜੀ ਵਧਾਈਆ । ਚਰਨ ਪ੍ਰੀਤੀ ਨਿਭੀ ਨਾਲ, ਨਾ ਕੋਈ ਤੋੜੇ ਤੋੜ
ਤੁੜਾਈਆ । ਬਿਰਧ ਅਵਸਥਾ ਅੰਮ੍ਰਿਤ ਆਤਮ ਮਾਰਿਆ ਇਕ ਉਛਾਲ, ਅਮਰੂ ਅੰਮ੍ਰਿਤ ਰਸ ਚਖਾਈਆ । ਅਮਰਦਾਸ ਹੋ ਕ੍ਰਿਪਾਲ, ਰਾਮਦਾਸ

੧੩੪੩

ਜੋਤ ਕਰੇ ਰੁਸ਼ਨਾਈਆ । ਰਾਮਦਾਸ ਮੇਲਾ ਇਕ ਅਕਾਲ, ਅਰਜਨ ਸ਼ਬਦ ਧੁਨ ਸ਼ਨਵਾਈਆ । ਕਰੇ ਖੇਲ ਦੋ ਜਹਾਨ, ਸ਼ਾਹ ਪਾਤਸ਼ਾਹ ਸੱਚੀ ਵਡਿਆਈਆ । ਸੰਤ ਭਗਤ ਭਗਵੰਤ ਆਪੇ ਭਾਲ, ਗੁਰਮੁਖ ਗੁਰਸਿਖ ਸੱਜਣ ਏਕਾ ਥਾਂ ਬਹਾਈਆ । ਗੁਰੂ ਗ੍ਰੰਥ ਤ੍ਰੈਗੁਣ ਮਾਇਆ ਪੰਜ ਤਤ ਲੱਖ ਚੁਰਾਸੀ ਫਲ ਲਗਾਇਆ ਡਾਲ੍ਹ, ਅੰਮ੍ਰਿਤ ਰਸ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਸ਼ਟ ਇਕ ਗੁਰਦੇਵ, ਏਕਾ ਸ਼ਬਦ ਆਦਿ ਜੁਗਾਦਿ ਕਰੇ ਸੇਵ, ਗੁਰ ਸ਼ਬਦ ਵੱਡੀ ਵਡਿਆਈਆ । ਗੁਰ ਸ਼ਬਦ ਭੇਵ ਨਿਆਰਾ, ਹਰਿ ਗੋਬਿੰਦ ਖੇਲ ਖਿਲਾਇੰਦਾ । ਖੜਗ ਖੰਡਾ ਤੇਜ ਕਟਾਰਾ, ਦੋਏ ਧਾਰਾ ਰੂਪ ਪਰਗਟਾਇੰਦਾ । ਸ਼ਬਦ ਗੁਰ ਵਸੇ ਨਿਆਰਾ, ਗੁਰੂ ਗ੍ਰੰਥ ਵੰਡ ਵੰਡਾਇੰਦਾ । ਜੋਤ ਦੇਹ ਕਰ ਪਸਾਰਾ, ਹਰਿ ਗੋਬਿੰਦ ਘੋੜੇ ਆਪ ਚੜ੍ਹਾਇੰਦਾ । ਕਰੇ ਖੇਲ ਸੱਚੀ ਸਰਕਾਰਾ, ਹਰਿ ਹਰਿ ਹਰਰਾਏ ਰੂਪ ਸਮਾਇੰਦਾ । ਬਾਲ ਅਵਸਥਾ ਪਾਰ ਕਿਨਾਰਾ, ਹਰਕ੍ਰਿਸ਼ਨ ਭੇਵ ਨਾ ਆਇੰਦਾ । ਗੁਰ ਤੇਗ ਬਹਾਦਰ ਠਾਂਡਾ ਦਰਬਾਰਾ, ਤਿਖੀ ਧਾਰ ਨਾਲ ਬੰਧਾਇੰਦਾ । ਪੁਰਖ ਅਕਾਲ ਆਪਣਾ ਏਕਾ ਸੁਤ ਦੁਲਾਰਾ, ਗੁਰ ਗੋਬਿੰਦ ਨਾਉਂ ਰਖਾਇੰਦਾ । ਸਿੰਘ ਸੂਰਬੀਰ ਬਲਕਾਰਾ, ਸਿੰਘ ਆਪਣਾ ਵੇਸ ਵਟਾਇੰਦਾ । ਏਕਾ ਸ਼ਬਦ ਬੋਲ ਜੈਕਾਰਾ, ਵਾਹ ਵਾਹ ਗੁਰੂ ਫ਼ਤਿਹ ਗਜਾਇੰਦਾ । ਵਾਹਿਗੁਰੂ ਸ਼ਬਦ ਅਪਾਰਾ, ਵਾਸਤਕ ਏਕਾ ਧਾਮ ਸੁਹਾਇੰਦਾ । ਪੀਆ ਪ੍ਰੀਤਮ ਮਿਲਿਆ ਸਾਚਾ ਯਾਰਾ, ਦਰ ਘਰ ਸਾਚੇ ਵੇਖ ਵਖਾਇੰਦਾ । ਏਕਾ ਮੰਗੇ ਮੰਗ ਭਿਖਾਰਾ, ਨੈਣ ਨੈਣਾਂ ਆਪ ਉਠਾਇੰਦਾ । ਹਵਨੀ ਹਵਨ ਪਾਰ ਕਿਨਾਰਾ, ਜੋਤੀ ਜੋਤ ਡਗਮਗਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ ਏਕਾ ਬਖ਼ਸ਼ੇ ਖੰਡਾ ਦੋ ਧਾਰਾ, ਲੁਹਾਰ ਤਰਖਾਣ ਨਾ ਕੋਈ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਅਜੂਨੀ ਰਹਿਤ ਪੁਰਖ ਅਕਾਲ ਵਰਤੇ ਵਰਤਾਰਾ, ਆਪਣੀ ਕਾਰ ਕਮਾਇੰਦਾ । ਨਿਰਗੁਣ ਰੂਪ ਪੁਰਖ ਅਕਾਲ, ਗੁਰ ਗੋਬਿੰਦ ਅੰਗ ਲਗਾਇੰਦਾ । ਸਾਚੇ ਘਰ ਸੱਚੀ ਧਰਮਸਾਲ, ਏਕਾ ਵਸਤ ਝੋਲੀ ਪਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਅੰਮ੍ਰਿਤ ਭੰਡਾਰਾ ਹੱਥ ਫੜਾਇੰਦਾ । ਨਿਰਾਕਾਰ ਬਣ ਦਲਾਲ, ਲੋਕਮਾਤ ਵੇਖ ਵਖਾਇੰਦਾ । ਗ਼ਰੀਬ ਨਿਮਾਣਿਆਂ ਕਰ ਪਿਆਰ, ਚਾਰ ਵਰਨ ਮੇਟ ਮਿਟਾਇੰਦਾ । ਵਰਨ ਅਵਰਨੀ ਹੋ ਤਿਆਰ, ਸਾਚੀ ਖੇਲ ਆਪ ਖਲਾਇੰਦਾ । ਕਰੇ ਖੇਲ ਸਤਿ ਕਰਤਾਰ, ਊਚਾਂ ਨੀਚਾਂ ਏਕਾ ਧਾਮ ਬਹਾਇੰਦਾ । ਰਾਓ ਰੰਕ ਇਕ ਪਿਆਰ, ਦੀਨਾ ਨਾਥ ਅਨਾਥ ਅਨਾਥਾਂ ਗਲੇ ਲਗਾਇੰਦਾ । ਆਪ ਆਪਣਾ ਬੰਨ੍ਹੇ ਹਾਰ, ਸਗਲਾ ਸਾਥ ਆਪ ਰਖਾਇੰਦਾ । ਆਪਣੀ ਰਚਨਾ ਆਪ ਵਿਚਾਰ, ਅੰਮ੍ਰਿਤ ਤਾਲ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤਰ, ਲੋਕਮਾਤ ਲੱਗੀ ਬਸੰਤਰ ਆਪ ਬੁਝਾਇੰਦਾ । ਲੱਗੀ ਬਸੰਤਰ ਲੋਕਮਾਤ, ਜੀਵ ਜੰਤ ਰਹੇ ਕੁਰਲਾਈਆ । ਪਾਰਬ੍ਰਹਮ ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਆਪਣਾ ਆਸਣ ਲਾਈਆ । ਆਪਣਾ ਜਾਣੇ ਜਣਾਏ ਆਪੇ ਮੰਤਰ, ਗੁਰ ਮੰਤਰ ਦਏ ਵਡਿਆਈਆ । ਗੁਰ ਗੋਬਿੰਦ ਬਣਾਏ ਬਣਤਰ, ਅੰਮ੍ਰਿਤ ਆਤਮ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਭੰਡਾਰਾ ਇਕ ਵਰਤਾਈਆ । ਸਚ ਭੰਡਾਰਾ ਅੰਮ੍ਰਿਤ ਰਸ, ਗੁਰ ਸਤਿਗੁਰ ਆਪ ਬਣਾਇਆ । ਖੰਡਾ ਫੇਰੇ ਹੱਸ ਹੱਸ, ਪੰਚਮ ਰੂਪ ਆਪ ਧਰਾਇਆ । ਬਾਣੀ ਬਾਣ ਮਾਰੇ ਕਸ, ਜਪ ਜੀ ਜਾਪ ਜਪਤ ਵਿਚ ਰਾਇਆ । ਆਪਣਾ ਮਾਰਗ ਆਪੇ ਦੱਸ, ਗੁਰਮੁਖ ਤੇਰਾ ਸਚ ਪਿਆਰ ਮਿੱਠਾ ਰਸ ਇਕ


੧੩੪੪

ਜਣਾਇਆ । ਧੁਰ ਦਰਗਾਹੀ ਆਇਆ ਨੱਸ, ਔਦਾਂ ਜਾਂਦਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਰੂਪ ਰਿਹਾ ਦਰਸਾਇਆ । ਏਕਾ ਰੂਪ ਹਰਿ ਦਰਸਾਇੰਦਾ, ਨਿਰਗੁਣ ਨਿਰਵੈਰ ਪੁਰਖ ਅਕਾਲ । ਘਟ ਘਟ ਅੰਦਰ ਗੋਬਿੰਦ ਨਜ਼ਰੀ ਆਇੰਦਾ, ਚਾਰ ਵਰਨ ਨਾ ਕੋਈ ਵਿਚਾਰ । ਊਚ ਨੀਚ ਅੰਦਰ ਆਸਣ ਲਾਇੰਦਾ, ਪਾਰਬ੍ਰਹਮ ਸੱਚੀ ਸਰਕਾਰ । ਗੁਰ ਗੋਬਿੰਦ ਮੇਲ ਮਿਲਾਇੰਦਾ, ਫੜ ਫੜ ਮੇਲੇ ਵਿਛੜੇ ਯਾਰ । ਸਤਿਜੁਗ ਤ੍ਰੇਤਾ ਦੁਆਪਰ ਖੇਲ ਖਿਲਾਇੰਦਾ, ਕਲਜੁਗ ਆਈ ਅੰਤਮ ਵਾਰ । ਸਚ ਕਟਾਰਾ ਹੱਥ ਉਠਾਇੰਦਾ, ਦਾਮਨੀ ਦਮਕੇ ਚਮਕੇ ਏਕਾ ਵਾਰ । ਉਚੀ ਕੂਕ ਆਪ ਸੁਣਾਇੰਦਾ, ਗੁਰਮੁਖ ਆਏ ਚਲ ਦਵਾਰ । ਮੇਰਾ ਖੰਡਾ ਮੁਖ ਤਰਸਾਇੰਦਾ, ਰਤ ਪੀਵੇ ਕਰ ਪਿਆਰ । ਬ੍ਰਹਮ ਮਤ ਇਕ ਜਣਾਇੰਦਾ, ਗੁਰ ਮਤ ਦਏ ਅਧਾਰ । ਸਿੰਘ ਸੂਰਾ ਆਪ ਉਠਾਇੰਦਾ, ਸਿੰਘ ਦਇਆ ਕਰ ਪਿਆਰ । ਗੋਬਿੰਦ ਆਪਣੀ ਚਾਲੀ ਆਪ ਚਲਾਇੰਦਾ, ਪਹਿਲੋਂ ਆਪਣੇ ਉਪਰ ਕਰਿਆ ਵਾਰ । ਸੀਸ ਧੜ ਧੜ ਸੀਸ ਨਾ ਕੋਈ ਰਖਾਇੰਦਾ, ਜਗਤ ਜਗਦੀਸ ਸੱਚੀ ਸਰਕਾਰ । ਪੰਜ ਪਿਆਰੇ ਲੇਖੇ ਲਾਇੰਦਾ, ਲੇਖਾ ਜਾਣੇ ਨਾ ਕੋਇ ਜੀਵ ਗਵਾਰ । ਸਾਚਾ ਮੰਤਰ ਇਕ ਦ੍ਰਿੜਾਇੰਦਾ, ਏਕਾ ਇਸ਼ਟ ਪੁਰਖ ਅਕਾਲ । ਆਦਿ ਜੁਗਾਦਿ ਵੇਸ ਵਟਾਇੰਦਾ, ਗੁਰ ਪੀਰ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਹਰਿ, ਹਰਿ ਸਾਚਾ ਮੇਲ ਮਿਲਾਇੰਦਾ । ਗੋਬਿੰਦ ਮੇਲ ਮਿਲਾਨਿਆ, ਪਾਇਆ ਪਾਰਬ੍ਰਹਮ ਕਰਤਾਰ । ਹੱਥ ਫੜਾਏ ਤੀਰ ਕਮਾਨਿਆ, ਨੀਲੇ ਚੜ੍ਹਿਆ ਸ਼ਾਹ ਅਸਵਾਰ । ਜੋਧਾ ਸੂਰਬੀਰ ਬਲੀ ਬਲਵਾਨਿਆ, ਖੰਡਾ ਫੜੇ ਇਕ ਦੋ ਧਾਰ । ਲੇਖਾ ਜਾਣੇ ਦੋ ਜਹਾਨਿਆ, ਆਪ ਪਛਾਣੇ ਆਪਣੀ ਵਾਰ । ਪਿਤਾ ਪੂਤ ਕਰੇ ਕੁਰਬਾਨਿਆ, ਸੁਤ ਦੁਲਾਰੇ ਆਪੇ ਵਾਰ । ਸੂਲਾਂ ਸੱਥਰ ਸੇਜ ਆਪ ਹੰਢਾਨਿਆ, ਆਪੇ ਰਾਹ ਤੱਕੇ ਸਾਚੇ ਯਾਰ । ਸਾਚਾ ਭੰਡਾਰਾ ਇਕ ਰਖਾਨਿਆ, ਨਾ ਕੋਈ ਲਿਖੇ ਲਿਖਣਹਾਰ । ਪੁਰਖ ਅਕਾਲ ਹੋਇਆ ਮਿਹਰਵਾਨਿਆ, ਗੋਬਿੰਦ ਮਿਲਿਆ ਆਪੇ ਆਣ । ਲੇਖਾ ਮੁਕੇ ਦੋ ਜਹਾਨਿਆ, ਪਾਰਬ੍ਰਹਮ ਦੇਵੇ ਸਚ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਰੂਪ ਸ੍ਰੀ ਭਗਵਾਨ । ਸਚ ਸੰਦੇਸ਼ਾ ਹਰਿ ਨਰੇਸ਼ਾ, ਗੁਰ ਗੋਬਿੰਦ ਆਪ ਜਣਾਈਆ । ਕਲਜੁਗ ਅੰਤਮ ਚੁੱਕੇ ਲੇਖਾ, ਨੌ ਸੌ ਚੁਰਾਨਵੇਂ ਜੁਗ ਦੇਣ ਦੁਹਾਈਆ । ਰਾਹ ਤੱਕਣ ਤੇਰਾ ਬ੍ਰਹਮਾ ਵਿਸ਼ਨ ਮਹੇਸ਼ਾ, ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਹੁਕਮ ਰਿਹਾ ਸੁਣਾਈਆ । ਏਕਾ ਹੁਕਮ ਧੁਰ ਫ਼ਰਮਾਣਾ, ਪੁਰਖ ਅਕਾਲ ਆਪ ਜਣਾਇਆ । ਕਲਜੁਗ ਵਰਤੇ ਏਕਾ ਭਾਣਾ, ਹਰਿ ਭਾਣਾ ਵਡ ਵਡਿਆਇਆ । ਨਿਹਕਲੰਕ ਹਰਿ ਪਹਿਰੇ ਬਾਣਾ, ਰੂਪ ਰੇਖ ਨਾ ਕੋਈ ਵਖਾਇਆ । ਤੇਰਾ ਸੰਗ ਇਕ ਨਿਭਾਣਾ, ਸ਼ਬਦੀ ਤੇਰਾ ਨਾਉਂ ਪਰਗਟਾਇਆ । ਸੰਬਲ ਵਸੇ ਇਕ ਮਕਾਨਾ, ਲੁਹਾਰ ਤਰਖਾਣ ਨਾ ਕੋਈ ਬਣਾਇਆ । ਸਾਢੇ ਤਿੰਨ ਹੱਥ ਦੇਵੇ ਦਾਨਾ, ਘਰ ਘਰ ਵਿਚ ਲਏ ਬਹਾਇਆ । ਨਾ ਕੋਈ ਪੀਣਾ ਨਾ ਕੋਈ ਖਾਣਾ, ਆਸਾ ਤ੍ਰਿਸਨਾ ਨਾ ਕੋਈ ਵਖਾਇਆ । ਨਾ ਕੋਈ ਰਾਗ ਨਾ ਕੋਈ ਗਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਸਚ ਸਨੇਹੜਾ ਆਪ ਜਣਾਇਆ । ਗੁਰ ਗੋਬਿੰਦ ਸੁਣਿਆ ਹਰਿ ਸੰਦੇਸ਼, ਘਰ ਸਾਚੇ ਵੱਜੀ ਵਧਾਈਆ । ਪੁਰਖ ਅਕਾਲ ਇਕ ਨਰੇਸ਼, ਸਾਚੇ ਤਖ਼ਤ ਬੈਠਾ ਸੱਚਾ ਪਾਤਸ਼ਾਹੀਆ । ਆਦਿ ਜੁਗਾਦਿ ਇਕ ਆਦੇਸ, ਜੁਗਾ ਜੁਗੰਤਰ ਵਡ ਵਡਿਆਈਆ । ਕਲਜੁਗ

ਅੰਤਮ ਲਏ ਵੇਖ, ਨਿਰਗੁਣ ਨਿਰਵੈਰ ਪੁਰਖ ਅਕਾਲ ਜੋਤੀ ਜਾਮਾ ਭੇਖ ਵਟਾਈਆ । ਸ਼ਬਦ ਗੁਰ ਪਰਗਟੇ ਦਸ ਦਸਮੇਸ, ਗੁਰ ਨਾਨਕ ਮਾਰਗ ਇਕ ਵਖਾਈਆ । ਸਤਿਗੁਰ ਪੂਰਾ ਨਾ ਕੋਈ ਮੁਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਲੇਖਾ ਲਏ ਵੇਖ, ਆਦਿ ਆਦਿ ਜੋ ਗਿਆ ਸਮਝਾਈਆ । ਚੌਥੇ ਜੁਗ ਕਿਸੇ ਨਾ ਚਲੇ ਕੋਈ ਪੇਸ਼, ਚਾਰੇ ਵੇਦ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤ ਹਰਿ ਨਿਰੰਕਾਰਾ, ਕਲਜੁਗ ਅੰਤਮ ਵੇਸ ਵਟਾਇੰਦਾ । ਨਾਉਂ ਰੱਖ ਨਿਹਕਲੰਕ ਨਰ ਅਵਤਾਰਾ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਪਾਰ ਕਿਨਾਰਾ, ਤ੍ਰੈਭਵਣ ਏਕਾ ਡੰਕ ਵਜਾਇੰਦਾ । ਚੌਦਾਂ ਲੋਕ ਲਗਾਏ ਇਕ ਅਖਾੜਾ, ਨਿਰਗੁਣ ਆਪਣਾ ਨਾਚ ਨਚਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਫੋਲ ਫੁਲਾਇੰਦਾ । ਸੱਤਾਂ ਦੀਪਾਂ ਲਾਏ ਏਕਾ ਨਾਅਰਾ, ਸੋ ਪੁਰਖ ਨਿਰੰਜਣ ਏਕਾ ਢੋਲਾ ਗਾਇੰਦਾ । ਚਾਰ ਵਰਨਾਂ ਕਰੇ ਖ਼ਵਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਏਕਾ ਘਰ ਵਖਾਏ ਸੱਚਾ ਦਰਬਾਰਾ, ਥਿਰ ਘਰ ਵਾਸੀ ਆਪ ਖੁਲ੍ਹਾਇੰਦਾ । ਨਿਰਗੁਣ ਜੋਤ ਕਰੇ ਉਜਿਆਰਾ, ਘਟ ਘਟ ਦੀਵਾ ਬਾਤੀ ਆਪ ਜਗਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਪੀਆ ਪ੍ਰੀਤਮ ਸੰਗ ਨਿਭਾਇੰਦਾ । ਆਲਸ ਨਿੰਦਰਾ ਵਸੇ ਬਾਹਰਾ, ਸੁਫ਼ਨ ਸਖ਼ੋਪਤ ਜਾਗਰਤ ਤੁਰੀਆ ਆਪਣਾ ਨਾਦ ਵਜਾਇੰਦਾ । ਆਪੇ ਵਸੇ ਸਾਚੀ ਪੁਰੀਆ, ਪੁਰੀ ਅਨੰਦ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕ ਸ਼ਬਦ ਦਮਾਮਾ, ਆਪ ਵਜਾਏ ਰਮੱਯਾ ਰਾਮਾ, ਲੇਖਾ ਜਾਣੇ ਘਨੱਯਾ ਸ਼ਾਮਾ, ਸਾਚੀ ਖੇਲ ਆਪ ਖਲਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਨਿਹਕਲੰਕ ਬਲੀ ਬਲਵਾਨ । ਸ਼ਾਹ ਸੁਲਤਾਨਾ ਰਿਹਾ ਜਗਾਇਆ, ਭੁੱਲਾ ਰਹੇ ਨਾ ਕੋਇ ਨਾਦਾਨ । ਸੰਮਤ ਵੀਹ ਸੌ ਸਤਾਰਾਂ ਬਿਕ੍ਰਮੀ ਦਏ ਦੁਹਾਇਆ, ਪਰਗਟ ਹੋਏ ਵਾਲੀ ਦੋ ਜਹਾਨ । ਨੌ ਖੰਡ ਪ੍ਰਿਥਮੀ ਏਕਾ ਚੱਕਰ ਦਏ ਫਿਰਾਇਆ, ਲੇਖਾ ਜਾਣੇ ਜ਼ਿਮੀ ਅਸਮਾਨ । ਵਾਲੀ ਹਿੰਦ ਦਏ ਉਠਾਇਆ, ਹੁਕਮੀ ਹੁਕਮ ਦੇਵੇ ਧੁਰ ਫ਼ਰਮਾਣ । ਤਖ਼ਤ ਤਾਜ ਰਹਿਣ ਨਾ ਪਾਇਆ, ਕਲਜੁਗ ਝੂਠਾ ਮਿਟੇ ਨਿਸ਼ਾਨ । ਨੌ ਖੰਡ ਪ੍ਰਿਥਮੀ ਜਗਤ ਅਖਾੜਾ ਦਏ ਵਖਾਇਆ, ਖ਼ਾਲੀ ਹੱਥ ਫਿਰੇ ਬਲਵਾਨ । ਸੀਸ ਆਪਣੇ ਤਾਜ ਟਿਕਾਇਆ, ਦੂਜੀ ਮੰਨੇ ਨਾ ਕਿਸੇ ਦੀ ਆਣ । ਵੀਹ ਸੌ ਅਠਾਰਾਂ ਬਿਕ੍ਰਮੀ ਏਕਾ ਡੰਕਾ ਦਏ ਸੁਣਾਇਆ, ਧੁਨ ਉਪਜਾਏ ਸ੍ਰੀ ਭਗਵਾਨ । ਉਨੀ ਉਨੀਸਾ ਮੂਲ ਚੁਕਾਇਆ, ਮੁਖ ਨਕਾਬ ਉਠਾਏ ਨੌਜਵਾਨ । ਬੀਸ ਬੀਸਾ ਰਾਹ ਤਕਾਇਆ, ਨਾਤਾ ਤੁਟੇ ਪੰਜ ਸ਼ੈਤਾਨ । ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇਆ, ਦੀਨ ਮਜ਼੍ਹਬ ਨਾ ਦੇਵੇ ਕੋਇ ਗਿਆਨ । ਰਾਮ ਕ੍ਰਿਸ਼ਨ ਓਮ ਸਤਿ ਬ੍ਰਹਮ ਮਤ ਕਲਮਾ ਕਾਇਨਾਤ ਇਕ ਅਮਾਮ ਜਣਾਇਆ, ਸਜਦਾ ਸੀਸ ਨਾ ਕੋਇ ਝੁਕਾਈਆ । ਨਾਮ ਸਤਿ ਵਾਹਿਗੁਰੂ ਫ਼ਤਹਿ ਏਕਾ ਰੰਗ ਰੰਗਾਇਆ, ਏਕਾ ਰੂਪ ਸਰਬ ਦਰਸਾਈਆ । ਏਕਾ ਇਸ਼ਟ ਏਕਾ ਸ੍ਰਿਸ਼ਟ ਏਕਾ ਦ੍ਰਿਸ਼ਟ ਦਏ ਖੁਲ੍ਹਾਇਆ, ਦੂਈ ਦਵੈਤੀ ਪਰਦਾ ਆਪ ਚੁਕਾਈਆ । ਸਚ ਬਹਿਸ਼ਤ ਦਏ ਸਮਝਾਇਆ, ਸਤਿਗੁਰ ਚਰਨ ਸੱਚੀ ਸਰਨਾਈਆ । ਸਚ ਸਵਰਗ ਦਏ ਵਖਾਇਆ, ਸਤਿਗੁਰ ਪੂਰਾ ਏਕਾ ਨਜ਼ਰੀ ਆਈਆ । ਨੂਰੋ ਨੂਰ ਨੂਰ ਡਗਮਗਾਇਆ, ਅੰਧ ਅੰਧੇਰ ਦਏ ਗਵਾਈਆ । ਬਣ ਕੇ ਸਾਕੀ ਸਾਚਾ ਜਾਮ ਦਏ ਪਿਆਇਆ, ਧੁਰ ਦਰਗਾਹੀ ਲੈ ਕੇ ਆਇਆ

੧੩੪੯

੧੩੪੭

ਸਚ ਸੁਰਾਹੀਆ । ਸਤਿਜੁਗ ਬੂਟਾ ਦਏ ਲਗਾਇਆ, ਨਾ ਕੋਈ ਸਕੇ ਮਾਤ ਉਖੜਾਈਆ । ਨੌ ਖੰਡ ਪ੍ਰਿਥਮੀ ਵਿਚੋਂ ਯਾਰਾਂ ਲੱਖ ਲਏ ਬਚਾਇਆ, ਬਾਕੀ ਰਾਏ ਧਰਮ ਦੀ ਝੋਲੀ ਪਾਈਆ । ਬਿਨ ਹਰਿ ਅੰਤ ਵੇਲੇ ਨਾ ਹੋਏ ਕੋਇ ਸਹਾਇਆ, ਨਾਨਕ ਗੋਬਿੰਦ ਦਏ ਗਵਾਹੀਆ । ਗੁਰੂ ਗ੍ਰੰਥ ਨਾ ਕਿਸੇ ਮਨਾਇਆ, ਮਨ ਦੀ ਮੈਲ ਨਾ ਕੋਇ ਧੁਵਾਈਆ । ਦੂਈ ਦਵੈਤੀ ਪਰਦਾ ਨਾ ਕਿਸੇ ਉਠਾਇਆ, ਘਰ ਘਰ ਪਈ ਲੜਾਈਆ । ਗੁਰ ਗੋਬਿੰਦ ਸੂਰਬੀਰ ਨਜ਼ਰ ਕਿਸੇ ਨਾ ਆਇਆ, ਜਗਤ ਸਿਖ ਰੋਵਣ ਮਾਰਨ ਧਾਹੀਆ । ਗੁਰਮੁਖ ਵਿਰਲੇ ਦਰਸਨ ਪਾਇਆ, ਜਿਸ ਕਿਰਪਾ ਕਰੀ ਸੱਚੇ ਸ਼ਹਿਨਸ਼ਾਹੀਆ । ਕੋਟ ਕੋਟ ਜਨਮ ਦੇ ਪਾਪ ਗਵਾਇਆ, ਅੰਮ੍ਰਿਤ ਜਾਮ ਇਕ ਪਿਆਈਆ । ਕਲਜੁਗ ਜੀਵ ਆਹਲਨਿਉਂ ਡਿਗੇ ਬੋਟ ਆਪ ਉਠਾਇਆ, ਪੂਰਬ ਲਹਿਣਾ ਝੋਲੀ ਪਾਈਆ । ਸਾਚਾ ਕਿਲਾ ਕੋਟ ਆਪ ਬਣਾਇਆ, ਸੰਬਲ ਨਗਰ ਧਾਮ ਵਸਾਈਆ । ਸ਼ਬਦ ਨਗਾਰੇ ਚੋਟ ਲਗਾਇਆ, ਰਣਜੀਤ ਨਗਾਰਾ ਵਜਾਏ ਬੇਪਰਵਾਹੀਆ । ਵਰਨ ਗੋਤ ਨਾ ਕੋਇ ਬਣਾਇਆ, ਆਤਮ ਬ੍ਰਹਮ ਕਰੇ ਪੜ੍ਹਾਈਆ । ਪਾਰਬ੍ਰਹਮ ਸਰਬ ਦਏ ਵਖਾਇਆ, ਜੋ ਚਲ ਆਏ ਸਰਨਾਈਆ । ਕਰਮ ਕੁਕਰਮਾਂ ਦਏ ਕਟਾਇਆ, ਜਮ ਕੀ ਫ਼ਾਸੀ ਦਏ ਤੁੜਾਈਆ । ਘਨਕ ਪੁਰ ਵਾਸੀ ਜੋਤ ਜਗਾਇਆ, ਅਕਲ ਕਲ ਆਪ ਹੋ ਜਾਈਆ । ਗੁਰ ਦਰ ਮੰਦਰ ਮਸਜਿਦ ਮਠ ਬੰਦ ਨਾ ਕਿਸੇ ਰਖਾਇਆ, ਸ਼ਿਵਦਵਾਲੇ ਪਾ ਨਾ ਬੈਠਾ ਕੋਇ ਫਾਹੀਆ । ਘਟ ਘਟ ਅੰਦਰ ਆਪਣਾ ਡੇਰਾ ਲਾਇਆ, ਸਵਾਂਗੀ ਬੈਠਾ ਸਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਘਾੜਨ ਘੜ, ਆਪੇ ਭੰਨ ਵਖਾਈਆ । ਬ੍ਰਹਮੇ ਤੇਰਾ ਘਾੜਨ ਘੜਿਆ, ਹਰਿ ਹਰਿ ਵੇਖ ਵਖਾਇੰਦਾ । ਵਿਸ਼ਨੂੰ ਤੇਰਾ ਭੰਡਾਰ ਅਪਰਿਆ, ਲੱਖ ਚੁਰਾਸੀ ਕਵਣ ਵਰਤਾਇੰਦਾ । ਸ਼ੰਕਰ ਤੇਰਾ ਤ੍ਰਸੂਲ ਫੜਿਆ, ਵੇਲਾ ਅੰਤ ਸਰਬ ਸਮਝਾਇੰਦਾ । ਨਰ ਨਰਾਇਣ ਏਕਾ ਹਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਕਲਜੁਗ ਅੰਤਮ ਵੇਖੇ ਜਗਤ ਤਮਾਸ਼ਾ, ਤ੍ਰੈਗੁਣ ਅਤੀਤਾ ਭਗਤਨ ਮੀਤਾ, ਠਾਂਡਾ ਸੀਤਾ ਇਕ ਅਖਵਾਇੰਦਾ । ਠਾਂਡਾ ਸੀਤਾ ਸਤਿਗੁਰ ਧਾਰ, ਗੁਰ ਸ਼ਬਦੀ ਨਾਉਂ ਰਖਾਇੰਦਾ । ਸੰਤ ਭਗਤ ਭਗਵੰਤ ਲਏ ਉਭਾਰ, ਗੁਰਮੁਖ ਆਪਣੇ ਲੇਖੇ ਪਾਇੰਦਾ । ਗੁਰਸਿਖਾਂ ਕਰੇ ਸਚ ਪਿਆਰ, ਸਚ ਸੁਹੰਜਣੀ ਸੇਜ ਸੁਹਾਇੰਦਾ । ਨੌ ਦਵਾਰੇ ਪਾਰ ਕਿਨਾਰ, ਡੂੰਘੀ ਭਵਰੀ ਕਵਰੀ ਫੋਲ ਫੁਲਾਇੰਦਾ । ਸੁਖ਼ਮਨ ਨਾੜੀ ਟੇਢੀ ਬੰਕ ਦਏ ਆਧਾਰ, ਈੜਾ ਪਿੰਗਲ ਪੰਧ ਮੁਕਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਅੰਧ ਅੰਧੇਰ ਗਵਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਠੰਡੀ ਠਾਰ, ਭਰ ਪਿਆਲਾ ਜਾਮ ਪਿਆਇੰਦਾ । ਬਜਰ ਕਪਾਟੀ ਤੋੜ ਕਿਵਾੜ, ਸਚ ਸਿੰਘਾਸਣ ਇਕ ਸੁਹਾਇੰਦਾ । ਆਤਮ ਸੇਜਾ ਕਰ ਪਿਆਰ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਸਾਚਾ ਮੰਦਰ ਹਰਿ ਨਿਰੰਕਾਰ, ਆਪਣਾ ਖੇਲ ਖਿਲਾਇੰਦਾ । ਭਗਤ ਵਛਲ ਭਗਤਨ ਦਏ ਆਧਾਰ, ਭਗਤੀ ਮਾਰਗ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਉਜਾੜੇ ਖੇੜਾ, ਸ੍ਰਿਸ਼ਟ ਸਬਾਈ ਭੇੜ ਭੇੜਾ, ਧਰਤ ਮਾਤ ਦਾ ਖੁਲ੍ਹਾ ਵੇਹੜਾ, ਆਪ ਕਰਾਈਆ । ਧਰਤ ਮਾਤ ਤੇਰੀ ਸੁਣ ਪੁਕਾਰ, ਨਿਰਗੁਣ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਚਵੀਆਂ ਲੈ ਅਵਤਾਰ, ਨਿਹਕਲੰਕ ਨਾਉਂ ਰਖਾਇੰਦਾ । ਦਹਿ ਦਿਸ਼ਾਂ ਪਾਵੇ ਸਾਰ, ਚਾਰ ਕੁੰਟ ਵੇਸ ਵਟਾਇੰਦਾ । ਗੁਰਮੁਖ ਕਰੇ ਸਚ ਪਿਆਰ,

ਸਾਚੀ ਸਿਖ਼ਿਆ ਇਕ ਸੁਣਾਇੰਦਾ । ਸਤਿਗੁਰ ਪੂਰਾ ਦੀਨ ਦਿਆਲਾ, ਆਦਿ ਅੰਤ ਹੋਏ ਕਿਰਪਾਲਾ, ਕਿਰਪਾਨਿਧ ਗਹਿਰ ਗੁਣ ਠਾਕਰ, ਸਰਬ ਸਵਾਮੀ ਸਦਾ ਨੇਹਕਾਮੀ, ਅੰਤਮਜਾਮੀ ਆਪਣੀ ਗਤ ਆਪ ਜਣਾਇੰਦਾ । ਗਤ ਮਿਤ ਜਣਾਏ ਜਾਨਣ ਯੋਗ, ਗੁਰਮੁਖਾਂ ਦਏ ਵਡ ਵਡਿਆਈਆ । ਏਕਾ ਰਸ ਏਕਾ ਭੋਗ, ਏਕਾ ਆਤਮ ਸੁਖ ਸਮਝਾਈਆ । ਏਕਾ ਮੁਕਤ ਏਕਾ ਮੋਖ, ਗੁਰਸਿਖ ਤੇਰੇ ਚਰਨਾਂ ਹੇਠ ਦਬਾਈਆ । ਸਤਿ ਸਤਿਵਾਦੀ ਬਖ਼ਸ਼ੇ ਸਾਚੀ ਓਟ, ਸਤਿ ਪੁਰਖ ਨਿਰੰਜਣ ਬੇਪਰਵਾਹੀਆ । ਮਨਮੁਖਾਂ ਜੀਵਾਂ ਮਾਇਆ ਮਮਤਾ ਭਰੀ ਨਾ ਅਜੇ ਪੋਟ, ਜੇਹਵਾ ਕਾਗ ਵਾਂਗ ਕੁਰਲਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਕੱਢੇ ਵਾਸਨਾ ਖੋਟ, ਦੁਰਮਤ ਮੈਲ ਨਾ ਕੋਇ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਆਪਣੀ ਗੋਦ ਉਠਾਈਆ । ਗੁਰਸਿਖ ਗੋਦ ਉਠਾਇੰਦਾ, ਗੁਰ ਸਤਿਗੁਰ ਵਡ ਮਿਹਰਵਾਨ । ਬੋਧ ਅਗਾਧ ਜਣਾਇੰਦਾ, ਧੁਰ ਦੀ ਬਾਣੀ ਬ੍ਰਹਮ ਗਿਆਨ । ਹੰਕਾਰੀ ਕਿਲਾ ਕੋਟ ਆਪੇ ਢਾਇੰਦਾ, ਸ਼ਬਦ ਅਗੰਮੀ ਮਾਰੇ ਬਾਣ । ਜਗਤ ਵਾਸਨਾ ਮੂਲ ਚੁਕਾਇੰਦਾ, ਬਖ਼ਸ਼ੇ ਚਰਨ ਕਵਲ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵੇ ਜੀਆ ਦਾਨ । ਜੀਆ ਦਾਨ ਦੇਵਣਹਾਰ ਦਾਤਾਰਾ, ਤ੍ਰੈਗੁਣ ਵਿਚ ਕਦੇ ਨਾ ਆਇਆ । ਸਵਛ ਸਰੂਪੀ ਭਰ ਭੰਡਾਰਾ, ਅਨਭਵ ਰੂਪ ਹੋਏ ਸਹਾਇਆ । ਏਕਾ ਏਕ ਏਕੰਕਾਰਾ, ਆਪਣੀ ਕਲ ਆਪ ਵਖਾਇਆ । ਕਲ ਮੇਟਣਹਾਰਾ ਧੁੰਦੂਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਏਕਾ ਦਾਨ, ਨਾਮ ਅਮੋਲਕ ਕਾਇਆ ਗੋਲਕ, ਗੁਰਸਿਖ ਝੋਲੀ ਆਪ ਭਰਾਇਆ ।


੧੩੪੮

੦੯

## ❊ ੨੨ ਕੱਤਕ ੨੦੧੭ ਬਿਕ੍ਰਮੀ ਗਿਆਨ ਸਿੰਘ ਦੇ ਘਰ ਪਿੰਡ ਭੋਰਛੀ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਠਾਂਡਾ ਦਰਬਾਰਾ, ਆਦਿ ਜੁਗਾਦੀ ਆਪ ਉਪਾਇੰਦਾ । ਸੋ ਪੁਰਖ ਨਿਰੰਜਣ ਕਰ ਪਸਾਰਾ, ਮਹੱਲ ਮੁਨਾਰਾ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਨਿਰਾਕਾਰਾ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਏਕੰਕਾਰਾ ਅਗੰਮ ਅਪਾਰਾ, ਰੂਪ ਰੇਖ ਰੰਗ ਨਾ ਕੋਇ ਜਣਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੂਨੀ ਰਹਿਤ ਡਗਮਗਾਇੰਦਾ । ਪੁਰਖ ਅਬਿਨਾਸ਼ੀ ਭੇਵ ਨਿਆਰਾ, ਅਲੱਖ ਅਗੋਚਰ ਅਗੰਮ ਅਥਾਹ ਆਪ ਅਖਵਾਇੰਦਾ । ਸ੍ਰੀ ਭਗਵਾਨ ਸੱਚੀ ਸਰਕਾਰਾ, ਸ਼ਾਹੋ ਭੂਪ ਸਚ ਸੁਲਤਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਬਣ ਭਿਖਾਰਾ, ਨਿਰਗੁਣ ਨਿਰਗੁਣ ਅਗੇ ਕਰੇ ਨਿਮਸਕਾਰਾ, ਸੀਸ ਜਗਦੀਸ ਆਪ ਝੁਕਾਇੰਦਾ । ਸਚਖੰਡ ਦਵਾਰਾ ਇਕ ਕਿਵਾੜਾ, ਆਪਣਾ ਆਪ ਉਪਾਇੰਦਾ । ਘਰ ਵਿਚ ਘਰ ਖੇਲ ਨਿਆਰਾ, ਕਰੇ ਕਰਾਏ ਕਰਨੇਹਾਰਾ, ਥਿਰ ਦਰਬਾਰਾ ਵਡ ਵਡਿਆਇੰਦਾ । ਜੋਤੀ ਜਾਤਾ ਹੋ ਉਜਿਆਰਾ, ਸਤਿ ਸਰੂਪ ਸ਼ਾਹ ਦਾਰਾ, ਆਪਣੀ ਕਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਨੇਹਚਲ ਧਾਮ ਆਪ ਉਪਾਇੰਦਾ । ਸਤਿ ਪੁਰਖ ਨਿਰੰਜਣ ਸਰਬ ਗੁਣਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਆਦਿ ਅੰਤ, ਅਨਭਵ ਪਰਕਾਸ਼ ਸਮਾਈਆ । ਹਰਿ ਪੁਰਖ ਨਿਰੰਜਣ ਮਹਿਮਾ ਬੇਅੰਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਏਕੰਕਾਰਾ ਨਾਰੀ ਕੰਤ, ਸਚ ਸੁਹੰਜਣੀ ਸੇਜ ਸੁਹਾਈਆ । ਆਦਿ

ਨਿਰੰਜਣ ਬਣਾਏ ਬਣਤ, ਆਪਣੀ ਰਚਨਾ ਆਪ ਰਚਾਈਆ । ਅਬਿਨਾਸ਼ੀ ਕਰਤਾ ਆਪਣਾ ਲੇਖਾ ਜਾਣੇ ਅਗਣਤ, ਲਿਖਣਹਾਰਾ ਦਿਸ ਨਾ ਆਈਆ । ਸ੍ਰੀ ਭਗਵਾਨ ਸਚ ਸੁਹੰਜਣਾ ਧਾਮ ਸੁਹੰਤ, ਸਤਿ ਸਰੂਪ ਸਹਿਜ ਸੁਖਦਾਈਆ । ਪਾਰਬ੍ਰਹਮ ਪ੍ਰਭ ਬਣੇ ਮੰਗਤ, ਦਰ ਦਰਬਾਰ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਕਰੇ ਖੇਲ ਅਪਰ ਅਪਾਰਾ, ਆਦਿ ਆਦਿ ਆਪਣੀ ਖੇਲ ਆਪ ਖਲਾਈਆ । ਸਤਿ ਪੁਰਖ ਨਿਰੰਜਣ ਆਦੀ ਆਦਿ, ਆਦਿ ਪੁਰਖ ਆਪਣਾ ਨਾਉਂ ਧਰਾਇੰਦਾ । ਨਾ ਕੋਈ ਬ੍ਰਹਮ ਨਾ ਬ੍ਰਹਿਮਾਦਿ, ਸ਼ਬਦ ਨਾਦ ਨਾ ਕੋਇ ਵਜਾਇੰਦਾ । ਨਾ ਕੋਈ ਸੰਤ ਨਾ ਕੋਈ ਸਾਧ, ਗੁਰ ਪੀਰ ਅਵਤਾਰ ਨਾ ਕੋਇ ਅਖਵਾਇੰਦਾ । ਤ੍ਰੈਗੁਣ ਮਾਇਆ ਵਸਤ ਨਾ ਲਏ ਕੋਇ ਲਾਧ, ਪੰਜ ਤਤ ਨਾ ਕੋਇ ਉਪਾਇੰਦਾ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਸੋਭਾ ਕੋਈ ਨਾ ਪਾਇੰਦਾ । ਰਵ ਸਸ ਨਾ ਕੋਇ ਪਰਕਾਸ਼, ਧਰਨੀ ਧਰਤ ਧਵਲ ਜਲ ਬਿੰਬ ਨਾ ਕੋਇ ਟਿਕਾਇੰਦਾ । ਨਾ ਕੋਈ ਮੰਡਲ ਨਾ ਕੋਈ ਰਾਸ, ਗੋਪੀ ਕਾਹਨ ਨਾ ਕੋਇ ਨਚਾਇੰਦਾ । ਨਾ ਕੋਈ ਸੇਵਕ ਨਾ ਕੋਈ ਦਾਸੀ ਦਾਸ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਨਾ ਕੋਈ ਅੰਦਰ ਮੰਦਰ ਬਹਿ ਬਹਿ ਕਰੇ ਵਾਸ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਕੋਇ ਨਾ ਪਾਇੰਦਾ । ਨਾ ਕੋਈ ਮਾਤ ਗਰਭ ਵਸੇ ਦਸ ਦਸ ਮਾਸ, ਨੌ ਅਠਾਰਾਂ ਖੇਲ ਨਾ ਕੋਇ ਕਰਾਇੰਦਾ । ਨਾ ਕੋਈ ਵਿਸ਼ਨ ਬ੍ਰਹਮਾ ਸ਼ਿਵ ਪੂਰੀ ਕਰੇ ਆਸ, ਕਰੋੜ ਤੇਤੀਸਾ ਗਣ ਗੰਧਰਬ ਨਾਚ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਆਪੇ ਵਸੇ ਸਚ ਮੁਨਾਰਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਹਰਿ ਪਸਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਨਾ ਕੋਈ ਸੁਤ ਨਾ ਦੁਲਾਰਾ, ਮਾਤ ਪਿਤ ਨਾ ਕੋਇ ਅਖਵਾਈਆ । ਨਾ ਕੋਈ ਵਸਤ ਨਾ ਭੰਡਾਰਾ, ਨਾ ਕੋਈ ਝੋਲੀ ਰਿਹਾ ਭਰਾਈਆ । ਨਾ ਕੋਈ ਵਣਜ ਨਾ ਵਣਜਾਰਾ, ਚੌਦਾਂ ਹੱਟ ਨਾ ਕੋਇ ਖੁਲਾਈਆ । ਤ੍ਰੈਗੁਣ ਨਾ ਕੋਇ ਪਸਾਰਾ, ਅਵਣ ਗਵਣ ਨਾ ਕੋਇ ਵਡਿਆਈਆ । ਨਾ ਕੋਈ ਤੀਰਥ ਤਟ ਕਿਨਾਰਾ, ਜਲ ਧਾਰਾ ਨਾ ਕੋਇ ਵਹਾਈਆ । ਨਾ ਕੋਈ ਪਵਣ ਨਾ ਸਵਾਰਾ, ਪਵਣ ਪਾਣੀ ਨਾ ਕੋਇ ਬਣਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਸੇਜ ਰਿਹਾ ਹੰਢਾਈਆ । ਨਾ ਕੋਈ ਵਿਦਿਆ ਦੂਤ ਕਰੇ ਪੁਕਾਰਾ, ਸਲੋਕ ਗੀਤ ਨਾ ਕੋਇ ਗਾਈਆ । ਨਾ ਕੋਈ ਵੇਖੇ ਵੇਖਣਹਾਰਾ, ਲੱਖ ਚੁਰਾਸੀ ਘਾੜਨ ਨਾ ਕੋਇ ਘੜਾਈਆ । ਨਾ ਕੋਈ ਅੰਡਜ ਜੇਰਜ ਉਤਭੁਜ ਸੇਤਜ ਦਏ ਹੁਲਾਰਾ, ਖਾਣੀ ਬਾਣੀ ਨਾ ਕੋਇ ਸੁਣਾਈਆ । ਨਾ ਕੋਈ ਵੇਦ ਸ਼ਸਤਰ ਕਰੇ ਪੁਕਾਰਾ, ਰਸਨਾ ਜਿਹਵਾ ਨਾ ਕੋਇ ਹਲਾਈਆ । ਇਕ ਇਕੱਲਾ ਏਕੰਕਾਰਾ, ਵਸਣਹਾਰਾ ਸਚ ਦਰਬਾਰਾ, ਸਚਖੰਡ ਦਵਾਰਾ ਇਕ ਵਡਿਆਈਆ । ਸਚਖੰਡ ਦਵਾਰ ਸੁਹਾਇੰਦਾ, ਕਰ ਕਿਰਪਾ ਗੁਣ ਨਿਧਾਨ । ਦੂਸਰ ਸੰਗ ਨਾ ਕੋਇ ਰਖਾਇੰਦਾ, ਨਾ ਕੋਈ ਸ਼ਾਹੋ ਭੂਪ ਰਾਜ ਰਾਜਾਨ । ਜਗਤ ਮਰਦੰਗ ਨਾ ਕੋਇ ਵਜਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨਾ ਕਰੇ ਕੋਇ ਧਿਆਨ । ਇਕ ਇਕੱਲਾ ਖੇਲ ਖਿਲਾਇੰਦਾ, ਆਦਿ ਜੁਗਾਦੀ ਸ੍ਰੀ ਭਗਵਾਨ । ਸਾਚੇ ਤਖ਼ਤ ਸੋਭਾ ਪਾਇੰਦਾ, ਪਾਰਬ੍ਰਹਮ ਸੱਚਾ ਸੁਲਤਾਨ । ਹੁਕਮੀ ਹੁਕਮ ਆਪ ਵਰਤਾਇੰਦਾ, ਦੇਵਣਹਾਰਾ ਧੁਰ ਫ਼ਰਮਾਣ । ਦਰ ਦਰਬਾਨ ਨਾ ਕੋਇ ਰਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪਰਕਾਸਾ ਖੇਲ ਤਮਾਸਾ, ਪੁਰਖ ਅਬਿਨਾਸ਼ਾ ਆਦਿ ਨਿਰੰਜਣ ਦਰਦ ਦੁਖ ਭੈ ਭੰਜਣ, ਸਚਖੰਡ ਦਵਾਰੇ ਨਿਰਗੁਣ ਜੋਤੀ ਕਰ ਉਜਿਆਰੇ, ਨਿਰਵੈਰ

ਆਪਣੀ ਖੇਲ ਖਿਲਾਇੰਦਾ । ਨਿਰਾਕਾਰ ਨਿਰਵੈਰ ਪੁਰਖ ਅਕਾਲ, ਇਕ ਅਖਵਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਜਾਗਰਤ ਜੋਤ ਡਗਮਗਾਇੰਦਾ । ਸਚਖੰਡ ਦਵਾਰ ਵਸੇ ਸੱਚੀ ਧਰਮਸਾਲ, ਥਿਰ ਘਰ ਆਪਣਾ ਬੰਕ ਵਡਿਆਇੰਦਾ । ਆਪੇ ਸ਼ਾਹ ਆਪੇ ਕੰਗਾਲ, ਆਪਣਾ ਵੇਸ ਆਪ ਧਰਾਇੰਦਾ । ਆਪਣੀ ਆਪ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚ ਦਰਵਾਜ਼ਾ ਗ਼ਰੀਬ ਨਿਵਾਜਾ, ਆਪਣਾ ਰਚੇ ਆਪੇ ਕਾਜਾ, ਰਚਨਹਾਰ ਭੇਵ ਨਾ ਆਇੰਦਾ । ਹਰਿ ਹਰਿ ਕਾਜ ਰਚਾਇੰਦਾ, ਸਚਖੰਡ ਦਵਾਰਾ ਖੋਲ੍ਹ । ਆਪਣੀ ਬਣਤ ਆਪ ਬਣਾਇੰਦਾ, ਆਪੇ ਤੋਲਣਹਾਰਾ ਤੋਲ । ਨਿਰਗੁਣ ਨਿਰਗੁਣ ਵੇਖ ਵਖਾਇੰਦਾ, ਆਦਿ ਜੁਗਾਦਿ ਵਸੇ ਕੋਲ । ਏਕਾ ਮੰਦਰ ਫੋਲ ਫੁਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕਾ ਹਰਿ, ਨਿਰਗੁਣ ਏਕਾ ਰੂਪ ਪਰਗਟਾਇੰਦਾ । ਨਿਰਗੁਣ ਸ਼ਾਹ ਸੁਲਤਾਨ, ਸ਼ਾਹ ਸੱਚਾ ਪਾਤਸ਼ਾਹੀਆ । ਨਿਰਗੁਣ ਰਾਜਾ ਰਾਜ ਰਾਜਾਨ, ਨਿਰਾਕਾਰ ਇਕ ਅਖਵਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਉਪਾਈਆ । ਨਾ ਕੋਈ ਤੀਰ ਨਾ ਕਮਾਨ, ਚਿਲਾ ਹੱਥ ਨਾ ਕੋਇ ਉਠਾਈਆ । ਨਾ ਕੋਈ ਗਾਤਰਾ ਰੱਖੇ ਮਿਆਨ, ਹੱਥ ਕਟਾਰ ਨਾ ਕੋਇ ਉਠਾਈਆ । ਕਰੇ ਖੇਲ ਵਾਲੀ ਦੋ ਜਹਾਨ, ਆਪਣੀ ਕਲ ਆਪ ਵਰਤਾਈਆ । ਹੁਕਮੀ ਹੁਕਮ ਇਕ ਫ਼ਰਮਾਣ, ਆਪਣਾ ਆਪੇ ਦਏ ਸੁਣਾਈਆ । ਸਚਖੰਡ ਦਵਾਰੇ ਹੋ ਮਿਹਰਵਾਨ, ਸ਼ਾਹੋ ਭੂਪ ਸਚ ਰਾਜਨ ਰਾਜ ਕਰੇ ਸਚ ਸੱਚੀ ਸ਼ਹਿਨਸ਼ਾਹੀਆ । ਸਾਚੇ ਤਖ਼ਤ ਸੁਹਾਇੰਦਾ, ਸੋ ਪੁਰਖ ਨਿਰੰਜਣ ਆਦਿ ਅੰਤ । ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ, ਲੇਖਾ ਜਾਣੇ ਆਪਣੀ ਬਣਤ । ਏਕੰਕਾਰਾ ਵੇਖ ਵਖਾਇੰਦਾ, ਆਦਿ



ਨਿਰੰਜਣ ਹੋਏ ਸੋਭਾਵੰਤ । ਅਬਿਨਾਸ਼ੀ ਕਰਤਾ ਧੁਰ ਫ਼ਰਮਾਣਾ ਆਪ ਅਲਾਇੰਦਾ, ਸ੍ਰੀ ਭਗਵਾਨ ਮੰਨੇ ਮੰਤ । ਪਾਰਬ੍ਰਹਮ ਆਪਣੀ ਝੋਲੀ ਆਪੇ ਪਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧੁਰ ਧੁਰ ਫ਼ਰਮਾਣਾ, ਦੇਵਣਹਾਰਾ ਹਰਿ ਹਰਿ ਰਾਣਾ, ਆਪਣਾ ਹੁਕਮ ਆਪ ਵਰਤਾਇੰਦਾ । ਸੱਚਾ ਹੁਕਮ ਸੱਚਾ ਕਰਤਾਰ, ਸਚ ਸਾਚਾ ਆਪ ਵਰਤਾਈਆ । ਤਖ਼ਤ ਨਿਵਾਸੀ ਹੋ ਉਜਿਆਰ, ਆਪਣੀ ਇਛਿਆ ਆਪਣੇ ਵਿਚੋਂ ਬਾਹਰ ਕਢਾਈਆ । ਆਪਣੀ ਦੇਵੇ ਆਪੇ ਸਿਖ਼ਿਆ, ਆਪਣੀ ਕਰੇ ਆਪ ਪੜ੍ਹਾਈਆ । ਆਪਣਾ ਲੇਖ ਆਪੇ ਲਿਖਿਆ, ਨਾ ਕੋਈ ਰੱਖੇ ਕਲਮ ਸ਼ਾਹੀਆ । ਆਦਿ ਜੁਗਾਦਿ ਨਾ ਹੋਏ ਮਿਥਿਆ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸੁਣਾਈਆ । ਹਰਿ ਏਕਾ ਹੁਕਮ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਆਪਣਾ ਮੇਲ ਆਪ ਮਿਲਾਇੰਦਾ, ਨਿਰਗੁਣ ਨਿਰਗੁਣ ਦੇਵੇ ਦਾਨ । ਨਿਰਗੁਣ ਨਿਰਗੁਣ ਸੰਗ ਨਿਭਾਇੰਦਾ, ਇਕ ਇਕੱਲਾ ਕਰ ਪਛਾਣ । ਸਚਖੰਡ ਦਵਾਰੇ ਸੋਭਾ ਪਾਇੰਦਾ, ਦੂਸਰ ਅਵਰ ਨਾ ਕੋਇ ਮਕਾਨ । ਚਾਰ ਦੀਵਾਰ ਨਾ ਕੋਇ ਵਖਾਇੰਦਾ, ਛੱਪਰ ਛੰਨ ਨਾ ਰੱਖੇ ਕੋਇ ਪਛਾਣ । ਅਨਭਵ ਆਪਣੀ ਧਾਰ ਬੰਧਾਇੰਦਾ, ਜੋਤੀ ਨੂਰ ਨੂਰ ਮਹਾਨ । ਆਪਣਾ ਵੇਸ ਆਪ ਵਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕਾ ਘਰ, ਨਰ ਹਰਿ ਆਪਣਾ ਰੰਗ ਰੰਗਾਇੰਦਾ । ਸਚਖੰਡ ਦਵਾਰਾ ਹਰਿ ਨਿਰੰਕਾਰਾ, ਆਪਣਾ ਖੇਲ ਖਿਲਾਈਆ । ਰੂਪ ਵਟਾਏ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਸਤਿ ਸਤਿਵਾਦੀ ਹੋ ਤਿਆਰਾ, ਨਿਰਾਕਾਰਾ ਆਪਣੇ ਹੱਥ ਰੱਖੇ ਵਡਿਆਈਆ । ਆਪੇ ਨਾਰੀ ਆਪੇ ਨਾਰਾ, ਨਾਰੀ ਕੰਤ ਆਪ ਹੋ ਜਾਈਆ । ਆਪੇ

ਸੇਜਾ ਸੁਤਾ ਬਣ ਭਤਾਰਾ, ਆਪੇ ਖੇਲੇ ਖੇਲ ਬੇਪਰਵਾਹੀਆ । ਆਪੇ ਅੰਦਰ ਆਪੇ ਬਾਹਰਾ, ਆਪੇ ਨਿਰਗੁਣ ਮਾਤ ਪਿਤ ਬਣੇ ਸੁਤ ਦੁਲਾਰਾ, ਦਾਈ ਦਾਇਆ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਾਚਾ ਘਰ, ਹਰਿ ਜੂ ਅੰਦਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਆਪਣਾ ਰੂਪ ਆਪ ਪਰਗਟਾਈਆ । ਨਿਰਗੁਣ ਅੰਦਰ ਨਿਰਗੁਣ ਧਾਰ, ਸਤਿ ਪੁਰਖ ਨਿਰੰਜਣ ਆਪ ਰਖਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਅੰਗ ਸਮਾਇੰਦਾ । ਏਕੰਕਾਰਾ ਕਰ ਪਿਆਰ, ਆਦਿ ਨਿਰੰਜਣ ਵੇਖ ਵਖਾਇੰਦਾ । ਸ੍ਰੀ ਭਗਵਾਨ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਅਬਿਨਾਸ਼ੀ ਕਰਤਾ ਠਾਂਡਾ ਦਰਬਾਰ, ਸਚ ਦਵਾਰਾ ਇਕ ਵਖਾਇੰਦਾ । ਪਾਰਬ੍ਰਹਮ ਪ੍ਰਭ ਦਏ ਆਧਾਰ, ਆਪਣਾ ਆਧਾਰ ਆਪ ਹੋ ਜਾਇੰਦਾ । ਸ਼ਬਦ ਬਣਾਇਆ ਸੁਤ ਦੁਲਾਰ, ਗੋਦੀ ਗੋਦ ਜਣਾਇੰਦਾ । ਏਕਾ ਦੇਵੇ ਧੁਰ ਫ਼ਰਮਾਣ, ਆਪਣਾ ਹੁਕਮ ਆਪ ਸੁਣਾਇੰਦਾ । ਬ੍ਰਹਿਮੰਡ ਖੰਡ ਕਰ ਤਿਆਰ, ਤੇਰੀ ਸੇਵਾ ਸਚ ਵਖਾਇੰਦਾ । ਈਸ਼ਵਰ ਅੰਦਰ ਵਿਸ਼ਵ ਧਾਰ, ਵਿਸ਼ਨ ਏਕਾ ਰੂਪ ਪਰਗਟਾਇੰਦਾ । ਏਕਾ ਅੰਮ੍ਰਿਤ ਭਰ ਭੰਡਾਰ, ਕਵਲ ਕਵਲਾ ਆਪ ਪਰਗਟਾਇੰਦਾ । ਆਪੇ ਅੰਦਰ ਆਪੇ ਬਾਹਰ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਸੁੰਨ ਅਗੰਮ ਹੋ ਉਜਿਆਰ, ਨੂਰ ਨੂਰ ਨੂਰ ਦਰਸਾਇੰਦਾ । ਸ਼ੰਕਰ ਮੀਤਾ ਏਕੰਕਾਰ, ਸਾਚੀ ਰਚਨਾ ਆਪ ਰਚਾਇੰਦਾ । ਤਿੰਨਾਂ ਵਿਚੋਲਾ ਬਣ ਸ਼ਬਦ ਦੁਲਾਰ, ਸਾਚਾ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਆਪੇ ਪਿਤਾ ਆਪੇ ਮਾਤਾ, ਜਨਨੀ. ਜਨ ਆਪ ਅਖਵਾਇੰਦਾ । ਆਪੇ ਜਨਨੀ ਜਨ ਜਾਇਆ, ਸੁਤ ਦੁਲਾਰਾ ਸਾਚਾ ਸੁਤ । ਹਰਿ ਜੂ ਹਰਿ ਹਰਿ ਖੇਲ ਖਿਲਾਇਆ, ਵੇਸ ਵਟਾਇਆ ਅਬਿਨਾਸ਼ੀ ਅਚੁਤ । ਪੁਰਖ ਅਕਾਲ ਦਇਆ ਕਮਾਇਆ, ਆਪ ਸੁਹਾਈ ਆਪਣੀ ਰੁਤ । ਜੂਨੀ ਰਹਿਤ ਵੇਸ ਵਟਾਇਆ, ਆਪਣਾ ਨੂਰ ਕੀਆ ਉਤਪਤ । ਪਤ ਡਾਲ੍ਹੀ ਆਪ ਮਹਿਕਾਇਆ, ਆਪ ਸੁਹਾਏ ਸਾਚੀ ਰੁਤ । ਬ੍ਰਹਮਾ ਵਿਸ਼ਨ ਸ਼ਿਵ ਆਪ ਧਰਾਇਆ, ਸ਼ਬਦ ਨਾਲ ਰਲਾਇਆ ਜੇਠਾ ਪੁਤ । ਪੁਰਖ ਅਬਿਨਾਸ਼ੀ ਆਪਣਾ ਮਾਰਗ ਆਪੇ ਲਾਇਆ, ਲੇਖਾ ਜਾਣੇ ਦਹਿ ਦਿਸ਼ਾ ਚਾਰ ਕੁੰਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਏਕਾ ਹਰਿ, ਏਕਾ ਨਰ ਨਰ ਨਰਾਇਣ ਆਪ ਹੋ ਜਾਇਆ । ਨਰ ਨਰਾਇਣ ਸਰਬ ਸੁਖ ਦਾਤਾ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਇਕ ਗਿਆਤਾ, ਗਿਆਨ ਗਿਆਨ ਵਿਚ ਰਖਾਈਆ । ਜੁਗਾ ਜੁਗੰਤਰ ਬਨ੍ਹੇ ਨਾਤਾ, ਨਾਤਾ ਬਿਧਾਤਾ ਜੋੜ ਜੁੜਾਈਆ । ਵਿਸ਼ਨ ਸ਼ਿਵ ਬ੍ਰਹਮਾ ਪੁਛੇ ਵਾਤਾ, ਵਾਸਤਕ ਏਕਾ ਰੂਪ ਦਰਸਾਈਆ । ਆਪਣੀ ਸੁਣਾਏ ਆਪੇ ਗਾਥਾ, ਬੋਧ ਅਗਾਧ ਕਰੇ ਪੜ੍ਹਾਈਆ । ਏਕਾ ਜੋਤ ਜੋਤ ਲਲਾਟਾ, ਨੂਰ ਨੂਰ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਏਕਾ ਇਛਿਆ ਪੂਰੀ ਆਪ ਕਰਾਈਆ । ਹਰਿ ਇਛਿਆ ਪੂਰ ਕਰਾਇੰਦਾ, ਆਦਿ ਜੁਗਾਦੀ ਗਹਿਰ ਗੰਭੀਰ । ਸਾਚੀ ਸਿਖ਼ਿਆ ਇਕ ਸਮਝਾਇੰਦਾ, ਸ਼ਬਦ ਅਨਾਦੀ ਦੇਵੇ ਧੀਰ । ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ, ਨਾਮ ਅਗੰਮੀ ਪਾਏ ਜ਼ੰਜ਼ੀਰ । ਚੇਲਾ ਰੂਪ ਸਰਬ ਪਰਗਟਾਇੰਦਾ, ਸਚਖੰਡ ਦਵਾਰੇ ਬੰਨ੍ਹੇ ਬੀੜ । ਧੁਰ ਫ਼ਰਮਾਣਾ ਧੁਰ ਦੀ ਬਾਣ ਲਗਾਇੰਦਾ, ਚਰਨ ਚਰਨੋਦਕ ਬਖ਼ਸ਼ੇ ਅੰਮ੍ਰਿਤ ਸੀਰ । ਨੇਤਰ ਨੈਣਾਂ ਦਰਸ ਵਖਾਇੰਦਾ, ਸਚ ਮਹੱਲੇ ਚੜ੍ਹ ਅਖ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਵੇ ਸਾਚਾ ਵਰ, ਵਡ ਦਾਤਾ ਗੁਣੀ ਗਹੀਰ । ਗੁਣੀ ਗਹੀਰ ਗਹਿਰ ਗੁਣ ਸਾਗਰ, ਹਰਿ ਵੱਡਾ ਵਡ ਵਡਿਆਈਆ । ਵਿਸ਼ਨੂੰ ਦੇਵੇ ਏਕਾ ਆਦਰ, ਸਾਚੀ ਵਸਤ ਇਕ ਵਖਾਈਆ । ਬ੍ਰਹਮੇ ਤੇਰਾ ਬ੍ਰਹਮ ਰੂਪ ਲੋਕਮਾਤ ਹੋਏ ਉਜਾਗਰ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਸ਼ੰਕਰ ਬਣੇ ਅੰਤ ਸੌਦਾਗਰ, ਜੋ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਵਚੋਲਾ ਆਪੇ ਬਣ, ਤਤ ਰਿਹਾ ਸਮਝਾਈਆ । ਏਕਾ ਤਤ ਹਰਿ ਨਿਰੰਕਾਰ, ਆਤਮ ਬ੍ਰਹਮ ਜਣਾਇੰਦਾ । ਅੰਤਰ ਅੰਤਰ ਕਰ ਪਿਆਰ, ਏਕਾ ਰੂਪ ਦਰਸਾਇੰਦਾ । ਸਾਚੇ ਮੰਦਰ ਹੋ ਉਜਿਆਰ, ਨਿਰਗੁਣ ਨਿਰਵੈਰ ਡਗਮਗਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਚਰਨ ਚਰਨੋਦਕ ਮੁਖ ਚੁਵਾਇੰਦਾ । ਇਕ ਇਕਾਂਤੀ ਸਾਚਾ ਯਾਰ, ਸਗਲਾ ਸੰਗ ਆਪ ਨਿਭਾਇੰਦਾ । ਕਮਲਾਪਾਤੀ ਹੋ ਤਿਆਰ, ਤਿੰਨਾਂ ਏਕਾ ਰੰਗ ਵਖਾਇੰਦਾ । ਮਹਾਂਸਾਰਥੀ ਹੋਏ ਉਜਿਆਰ, ਰਥ ਰਥਵਾਹੀ ਰਥ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਾਰੇ ਆਪੇ ਲਾਇੰਦਾ । ਸਾਚੀ ਕਾਰ ਕਮਾਵਣੀ, ਹਰਿ ਸਚ ਸੰਦੇਸ਼ ਸੁਣਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪੂਰੀ ਕਰੇ ਭਾਵਨੀ, ਜਿਸ ਤੇਰੀ ਬਣਤ ਬਣਾਇਆ । ਜੁਗ ਜੁਗ ਪਕੜਾਏ ਦਾਮਨੀ, ਦਾਮਨਗੀਰ ਆਪ ਹੋ ਜਾਇਆ । ਲੋਕਮਾਤ ਦੇਵੇ ਜ਼ਾਮਨੀ, ਵੇਲੇ ਅੰਤ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਪੁਕਾਰ, ਦੋਏ ਜੋੜ ਚਰਨ ਸਰਨ
੧੩੫੨ ਨਿਮਸਕਾਰਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਵਣ ਰੂਪ ਆਵੇ ਵਿਚ ਸੰਸਾਰ, ਪਾਵੇ ਸਾਡੀ ਸਾਰਾ । ਲੱਖ ਚੁਰਾਸੀ ਤੇਰਾ ਵਰਤਾਰ, ਹਉਂ ੧੩੫੨
ਸੇਵਕ ਸੇਵਾਦਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਸੋ ਵੇਲਾ ਕਵਣ ਵਕਤ, ਨਿਰਗੁਣ
੦੯ ਦਰਸ ਹੋਏ ਤੁਹਾਰਾ । ਨਿਰਗੁਣ ਦਇਆ ਕਮਾਇੰਦਾ, ਪਾਰਬ੍ਰਹਮ ਕਰਤਾਰ । ਵਿਸ਼ਨੂੰ ਬ੍ਰਹਮਾ ਸ਼ਿਵ ਸਮਝਾਇੰਦਾ, ਪੁਰਖ ਅਬਿਨਾਸ਼ੀ ਖੇਲ ਅਪਾਰ । ੦੯
ਤ੍ਰੈਗੁਣ ਤੇਰਾ ਸੰਗ ਨਿਭਾਇੰਦਾ, ਪੰਜ ਤਤ ਦਏ ਆਧਾਰ । ਮਨ ਮਤ ਬੁਧ ਤੇਰੀ ਝੋਲੀ ਪਾਇੰਦਾ, ਆਤਮ ਬ੍ਰਹਮ ਨਿਰਾਕਾਰ । ਈਸ਼ ਜੀਵ ਖੇਲ ਖਿਲਾਇੰਦਾ, ਲੱਖ ਚੁਰਾਸੀ ਵਰਤੇ ਵਰਤਾਰ । ਜੁਗ ਜੁਗ ਆਪਣਾ ਵੇਸ ਧਰਾਇੰਦਾ, ਮਾਣਸ ਮਾਨੁਖ ਕਰ ਪਿਆਰ । ਆਪਣਾ ਨਾਉਂ ਵਿਚ ਟਿਕਾਇੰਦਾ, ਨਾਮ ਦਮਾਮਾ ਵੱਜੇ ਵਿਚ ਸੰਸਾਰ । ਗੁਰ ਪੀਰ ਆਪ ਹੋ ਆਇੰਦਾ, ਸਾਧ ਸੰਤ ਦਏ ਆਧਾਰ । ਚਾਰੇ ਵੇਦ ਵੇਦ ਸਮਝਾਇੰਦਾ, ਚਾਰੇ ਮੁਖ ਲਏ ਉਘਾੜ । ਪੁਰਾਨ ਅਠਾਰਾਂ ਆਪ ਗਣਾਇੰਦਾ, ਸ਼ਾਸਤਰ ਸਿਮਰਤ ਲਏ ਉਭਾਰ । ਗੀਤਾ ਗਿਆਨ ਆਪ ਦ੍ਰਿੜਾਇੰਦਾ, ਏਕਾ ਭਗਤਨ ਕਰੇ ਪਿਆਰ । ਅੰਜੀਲ ਕੁਰਾਨਾ ਆਪੇ ਗਾਇੰਦਾ, ਤੀਸ ਬਤੀਸਾ ਹੋਏ ਸਹਾਰ । ਖਾਣੀ ਬਾਣੀ ਆਪ ਸੁਣਾਇੰਦਾ, ਧੁਰ ਦੀ ਬਾਣੀ ਮਾਰੇ ਬਾਣ । ਚਾਰ ਜੁਗ ਚੌਕੜੀ ਇਕ ਬਣਾਇੰਦਾ, ਗੇੜਾ ਦੇਵੇ ਵਾਰੋ ਵਾਰ । ਲੱਖ ਲੱਖ ਗੇੜਾ ਆਪ ਦੁਵਾਇੰਦਾ, ਪੁਰਖ ਅਬਿਨਾਸ਼ ਸੱਚੀ ਸਰਕਾਰ । ਹੁਕਮ ਅੰਦਰ ਸਰਬ ਰਖਾਇੰਦਾ, ਚੰਦ ਸੂਰਜ ਫਿਰ ਫਿਰ ਥੱਕੇ ਆਪਣੀ ਵਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬ੍ਰਹਮੇ ਵਿਸ਼ਨ ਸ਼ਿਵ ਤੇਰੀ ਸੇਵਾ ਲਾਇੰਦਾ, ਜਗਤ ਮਨਵੰਤਰ ਕਰ ਖ਼ੁਵਾਰ । ਆਪਣਾ ਵੇਲਾ ਆਪ ਸੁਹਾਇੰਦਾ, ਨੌ ਨੌ ਚਾਰ ਉਤਰੇ ਪਾਰ । ਵੇਦ ਵਿਆਸ ਗਵਾਹ ਰਖਾਇੰਦਾ, ਲੇਖਾ ਲਿਖੇ ਆਪਣੀ ਵਾਰ । ਨਾਨਕ ਨਿਰਗੁਣ ਕੂਕ ਜਣਾਇੰਦਾ, ਨਿਹਕਲੰਕ ਉਤਰੇ ਮਹਾਂ ਬਲੀ ਅਵਤਾਰ । ਗੋਬਿੰਦ ਸਾਚਾ ਮਾਰਗ ਇਕ ਸੁਹਾਇੰਦਾ, ਸ੍ਰਿਸ਼ਟ ਸਬਾਈ ਪਾਵੇ ਸਾਰ । ਵਰਨਾ

ਬਰਨਾ ਪੰਧ ਮੁਕਾਇੰਦਾ, ਚਾਰ ਵਰਨਾਂ ਦੱਸੇ ਏਕਾ ਧਾਰ । ਅੰਮ੍ਰਿਤ ਜਾਮ ਇਕ ਪਿਆਇੰਦਾ, ਦੂਈ ਦਵੈਤੀ ਹਉਮੇ ਹੰਗਤਾ ਕਰ ਖ਼ਵਾਰ । ਸਾਚਾ ਤਾਜ ਸੀਸ ਟਿਕਾਇੰਦਾ, ਸ਼ਾਹੋ ਭੂਪ ਬਣ ਸਿਕਦਾਰ । ਪੁਰਖ ਅਕਾਲ ਇਕ ਮਨਾਇੰਦਾ, ਦੋਏ ਜੋੜ ਕਰੇ ਨਿਮਸਕਾਰ । ਲੱਖ ਚੁਰਾਸੀ ਆਪ ਸਮਝਾਇੰਦਾ, ਕਲਜੁਗ ਆਏ ਅੰਤਮ ਵਾਰ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਨਿਹਕਲੰਕ ਜਾਮਾ ਪਾਇੰਦਾ, ਗੋਬਿੰਦ ਸੂਰਾ ਹੋ ਕਿਰਪਾਲ । ਸਤਿਗੁਰ ਸੱਚਾ ਸੰਗ ਨਿਭਾਇੰਦਾ, ਜਗਤ ਜੁਗ ਜਾਗਰਤ ਜੋਤ ਚਲੇ ਅਵੱਲੜੀ ਚਾਲ । ਵੇਦ ਕਤੇਬ ਭੇਵ ਨਾ ਆਇੰਦਾ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਸੁਰਤ ਲਏ ਸੰਭਾਲ । ਕੀਤਾ ਕੌਲ ਭੁੱਲ ਨਾ ਜਾਇੰਦਾ, ਬ੍ਰਹਮਾ ਬ੍ਰਹਮ ਪੁਰੀ ਵਿਚੋਂ ਲਏ ਉਠਾਲ, ਜੋਤੀ ਜੋਤ ਮੇਲ ਮਿਲਾਇੰਦਾ । ਸ਼ੰਕਰ ਤੇਰਾ ਬਣੇ ਨਾ ਕੋਈ ਦਲਾਲ, ਹੱਥ ਤ੍ਰਸੂਲ ਆਪ ਸੁਟਾਇੰਦਾ । ਸੁਰਪਤ ਰਾਜਾ ਇੰਦ ਆਪਣੀ ਘਾਲਣ ਜਾਏ ਘਾਲ, ਕ੍ਰੋੜ ਤੇਤੀਸਾ ਸੰਗ ਨਾ ਕੋਈ ਰਖਾਇੰਦਾ । ਵਿਸ਼ਨੂੰ ਬਣੇ ਅੰਤ ਦਲਾਲ, ਵਿਸ਼ਵ ਆਪਣਾ ਰੂਪ ਪਰਗਟਾਇੰਦਾ । ਨਾਲ ਰਖਾਏ ਕਾਲ ਮਹਾਂਕਾਲ, ਦੋ ਜਹਾਨਾਂ ਫੇਰੀ ਪਾਇੰਦਾ । ਗੁਰਮੁਖ ਸੱਜਣ ਮੀਤ ਮੁਰਾਰ, ਹਰਿ ਨਿਰੰਕਾਰ ਸੱਚੀ ਸਰਕਾਰ, ਜੁਗਾਂ ਜੁਗੰਤਰ ਲਏ ਭਾਲ, ਲੱਖ ਚੁਰਾਸੀ ਵਿਚੋਂ ਫੋਲ ਫੁਲਾਇੰਦਾ । ਲੇਖਾ ਤੋੜੇ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਆਪ ਉਠਾਇੰਦਾ । ਆਤਮ ਅੰਤਰ ਦੀਪਕ ਜੋਤੀ ਦੇਵੇ ਬਾਲ, ਅਗਿਆਨ ਅੰਧੇਰ ਗਵਾਇੰਦਾ । ਅੰਮ੍ਰਿਤ ਆਤਮ ਰਸ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਆਦਿ ਜੁਗਾਦੀ ਇਕ ਅਵਤਾਰ, ਨਿਰਭੌ ਰੂਪ ਸੱਚੀ ਸਰਕਾਰ, ਭੈ ਸੀਸ ਨਾ ਕੋਈ ਰਖਾਇੰਦਾ । ਨਾ ਕੋਈ ਭੈ ਭੌ ਰੱਖੇ ਸੀਸ, ਭਿਆਨਕ ਰੂਪ ਆਪ ਨਿਰੰਕਾਰਾ । ਕਰੇ ਖੇਲ ਜਗਤ ਜਗਦੀਸ਼, ਕਲਜੁਗ ਅੰਤਮ ਹੋ ਉਜਿਆਰਾ । ਲੇਖਾ ਜਾਣੇ ਬੀਸ ਇਕੀਸ, ਨੌ ਖੰਡ ਪ੍ਰਿਥਮੀ ਲਾਵੇ ਏਕਾ ਨਾਅਰਾ । ਛਤਰ ਝੁਲਾਏ ਸਾਚੇ ਸੀਸ, ਲੇਖਾ ਜਾਣੇ ਧੁਰ ਦਰਬਾਰਾ । ਕੂੜੀ ਕਿਰਿਆ ਜਾਏ ਪੀਸ, ਨਾਤਾ ਤੁਟੇ ਕਾਮ ਕ੍ਰੋਧ ਲੋਭ ਮੋਹ ਹੰਕਾਰਾ । ਸ਼ਾਹ ਸੁਲਤਾਨਾਂ ਕਰੇ ਖ਼ਾਲੀ ਖ਼ੀਸ, ਦਰ ਦਰਬਾਨ ਨਾ ਕੋਈ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਹਰਿ ਜੂ ਹਰਿ, ਹਰੀ ਹਰਿ ਮੰਦਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਜੋਤ ਨੂਰ ਉਜਿਆਰਾ । ਨੂਰ ਉਜਾਲਾ ਹਰਿ ਗੋਪਾਲਾ, ਇਕ ਇਕੱਲਾ ਖੇਲ ਖਿਲਾਇੰਦਾ । ਕਲਜੁਗ ਅੰਤਮ ਵੇਖ ਵਖਾਏ ਸ਼ਾਹ ਕੰਗਾਲਾ, ਜਗਤ ਜੁਗਤ ਵੇਸ ਵਟਾਇੰਦਾ । ਲੇਖਾ ਜਾਣੇ ਕਾਲ ਮਹਾਂਕਾਲਾ, ਆਪਣਾ ਮਰਦੰਗ ਸੂਰਾ ਸਰਬੰਗ ਏਕਾ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਵਰ ਦਾਤਾ ਇਕ ਅਖਵਾਇੰਦਾ । ਹਰਿਜਨ ਸਾਚਾ ਹਰਿ ਧਰਾਨਾ, ਵਰਨ ਗੋਤ ਨਾ ਕੋਈ ਜਣਾਇੰਦਾ । ਆਪੇ ਖੋਲ੍ਹੇ ਹਰਨਾ ਫਰਨਾ, ਨੇਤਰ ਨੈਣਾ ਦਰਸ ਦਿਖਾਇੰਦਾ । ਨਾਤਾ ਤੋੜੇ ਮਰਨਾ ਡਰਨਾ, ਲੱਖ ਚੁਰਾਸੀ ਫੰਦ ਕਟਾਇੰਦਾ । ਰਾਏ ਧਰਮ ਅੰਤ ਨਾ ਫੜਨਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਗੁਰਮੁਖ ਸਾਚੇ ਸ਼ਬਦ ਘੋੜੇ ਏਕਾ ਚੜ੍ਹਨਾ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਵੇਲੇ ਅੰਤ ਕੰਤ ਸੰਤ ਭਗਵੰਤ ਇਕ ਦਵਾਰੇ ਵੜਨਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖਾਂ ਬਖ਼ਸ਼ੇ ਸਾਚੀ ਸਰਨਾ, ਸਰਨ ਸਰਨਾਈ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸ਼ਟ ਦੇਵ ਦੇਵ ਗੁਰ ਦਾਤਾ, ਸਰਬ ਜੀਆਂ ਜੀਆਂ ਪਿਤ ਮਾਤਾ, ਮਾਤ ਪਿਤ ਪਿਤ ਪੂਤ ਏਕਾ ਰੰਗ ਰੰਗਾਇੰਦਾ । ਏਕਾ ਰੰਗ ਰੰਗਾਵਣਹਾਰਾ, ਰੰਗ

ਰੰਗੀਲਾ ਇਕ ਚੜ੍ਹਾਈਆ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਕਾਗਦ ਕਲਮ ਨਾ ਲਿਖਣਹਾਰਾ, ਸੱਤ ਸਮੁੰਦਰ ਸਾਗਰ ਮਸ ਰੋਵੇ ਸ਼ਾਹੀਆ । ਬਸੁਧਾ ਕਾਗਦ ਨਾ ਕੋਇ ਪਸਾਰਾ, ਬਨਾਸਪਤ ਨਾ ਸੇਵ ਕਮਾਈਆ । ਅਠਾਰਾਂ ਭਾਰ ਤੁਲੇ ਆਪਣੀ ਵਾਰਾ, ਏਕਾ ਤੋਲਾ ਸ਼ਹਿਨਸ਼ਾਹੀਆ । ਹਰਿ ਕਾ ਗੁਣ ਨਾ ਕਿਸੇ ਵਿਚਾਰਾ, ਬੇਅੰਤ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਗਹਿਰ ਗੰਭੀਰ, ਲੇਖਾ ਜਾਣੇ ਆਦਿ ਅੰਤ ਅਖ਼ੀਰ, ਮਧ ਆਪਣੀ ਖੇਲ ਖਿਲਾਈਆ । ਹਰਿ ਸਾਚੀ ਖੇਲ ਖਿਲਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਆ । ਆਪਣਾ ਭੇਵ ਨਾ ਕਿਸੇ ਜਣਾਇੰਦਾ, ਸੰਤ ਸਾਜਣ ਜੁਗਾ ਜੁਗੰਤਰ ਰਹੇ ਗਾ । ਆਪਣਾ ਮਾਰਗ ਆਪੇ ਲਾਇੰਦਾ, ਆਪੇ ਬਣੇ ਜਗਤ ਮਲਾਹ । ਆਪਣਾ ਨਾਮ ਆਪ ਦ੍ਰਿੜਾਇੰਦਾ, ਰਾਮ ਕ੍ਰਿਸ਼ਨ ਨਾਨਕ ਗੋਬਿੰਦ ਆਪੇ ਜੋਤ ਜਗਾ । ਆਪਣਾ ਅੱਖਰ ਆਪ ਪੜ੍ਹਾਇੰਦਾ, ਨਿਸ਼ਅੱਖਰ ਰੂਪ ਵਟਾ । ਪੈਂਤੀਸ ਅੱਖਰ ਰੰਗ ਰੰਗਾਇੰਦਾ, ਸਤਾਰਾਂ ਅੱਖਰ ਬੈਠਾ ਆਪਣੇ ਵਿਚ ਟਿਕਾ । ਬਾਵਨ ਅੱਖਰੀ ਆਪ ਪੜ੍ਹਾਇੰਦਾ, ਜਿਸ ਗੁਰਮੁਖ ਦੂਈ ਦਵੈਤੀ ਪਰਦਾ ਦਏ ਚੁੱਕਾ । ਚਾਰੇ ਕੁੰਟ ਦਹਿ ਦਿਸ਼ਾਂ ਨੌਂ ਖੰਡ ਪ੍ਰਿਥਮੀ ਸਤ ਦੀਪ ਚੌਦਾਂ ਲੋਕ ਚੌਦਾਂ ਤਬਕ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਆਕਾਸ਼ ਪਰਕਾਸ਼ ਗਗਨ ਮੰਡਲ ਧਰਤ ਧਵਲ ਜ਼ਿਮੀ ਅਸਮਾਨ ਦੋ ਜਹਾਨ ਏਕਾ ਰੂਪ ਦਰਸਾਇੰਦਾ, ਨਿਰਗੁਣ ਦਾਤਾ ਪਕੜੇ ਬਾਂਹ । ਮੂਰਤ ਅਕਾਲ ਸਰਬ ਪ੍ਰਿਤਪਾਲ ਘਟ ਘਟ ਵਸੇ ਸਭਨੀ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਗੁਰਸਿਖਾਂ ਬਣੇ ਪਿਤਾ ਮਾਂ, ਬਾਲ ਅਵਾਣੇ ਗੋਦ ਉਠਾਇੰਦਾ । ਫੜ ਫੜ ਹੰਸ ਬਣਾਏ ਕਾਂ, ਮਾਣਕ ਮੋਤੀ ਸੋਹੰ ਸੋ ਚੋਗ ਚੁਗਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਸਤਿਜੁਗ ਸਾਚਾ ਰਾਹ ਵਖਾਇੰਦਾ । ਅੰਤਮ ਕਲਜੁਗ ਕਰੇ ਇਕ ਨਿਆਂ, ਸਾਲਸ ਕੋਇ ਨਾ ਨਾਲ ਲਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਹਰਿ ਨਿਰੰਕਾਰਾ, ਕਰੇ ਕਰਾਏ ਸਾਚੀ ਕਾਰਾ, ਕਰਤਾ ਪੁਰਖ ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁਖ ਨਾ ਕੋਇ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਨਾ ਸਕੇ ਕੋਈ ਪਰਖ, ਜਗਤ ਸੁਨਿਆਰ ਕਸਵਟੀ ਹੱਥ ਨਾ ਕੋਇ ਰਖਾਇੰਦਾ । ਗੁਰਮੁਖ ਵਿਰਲਾ ਕਰੇ ਦੀਦਾਰ, ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਨਿਰਧਨ ਸਰਧਨ ਸਰਧਨ ਨਿਰਧਨ ਆਪਣੇ ਰੰਗ ਰੰਗਾਇੰਦਾ ।



੧੩੫੪ ੦੯

## ❊ ੨੨ ਕੱਤਕ ੨੦੧੭ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈ ਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਸਦ ਦਰਬਾਰਾ ਹਰਿ ਨਿਰੰਕਾਰਾ, ਆਦਿ ਜੁਗਾਦਿ ਲਗਾਇੰਦਾ । ਵਸਤ ਅਮੋਲਕ ਇਕ ਭੰਡਾਰਾ, ਨਿਰਗੁਣ ਆਪਣੇ ਹੱਥ ਰਖਾਇੰਦਾ । ਸਾਚੇ ਕੰਡੇ ਤੋਲੇ ਅਗੰਮ ਅਪਾਰਾ, ਅਤੋਲ ਅਤੁਲ ਭੇਵ ਨਾ ਆਇੰਦਾ । ਸਚਖੰਡ ਨਿਵਾਸੀ ਖੋਲ੍ਹ ਕਿਵਾੜਾ, ਥਿਰ ਘਰ ਸਾਚੇ ਆਪ ਟਿਕਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਹੁਕਮ ਸੁਣਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਨਰ ਨਰਾਇਣ ਧਾਰ ਚਲਾਇੰਦਾ । ਕਰੇ ਖੇਲ ਅਪਰ ਅਪਾਰਾ, ਆਪ ਅਪਰੰਪਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਰਬਾਰਾ ਆਪ ਸੁਹਾਇੰਦਾ । ਸਚ

ਦਰਬਾਰ ਸ੍ਰੀ ਭਗਵਾਨ, ਆਪਣਾ ਆਪ ਸੁਹਾਈਆ । ਤਖ਼ਤ ਬੈਠ ਨੌਜਵਾਨ, ਸ਼ਹਿਨਸ਼ਾਹ ਕਰੇ ਸੱਚੀ ਸ਼ਹਿਨਸ਼ਾਹੀਆ । ਸਤਿ ਚੜ੍ਹਾਏ ਇਕ ਨਿਸ਼ਾਨ, ਨਿਰਵੈਰ ਰੂਪ ਦਰਸਾਈਆ । ਆਪਣੀ ਰੱਖੇ ਆਪੇ ਆਣ, ਇਕ ਇਕੱਲਾ ਬੇਪਰਵਾਹੀਆ । ਸਾਚੇ ਮੰਦਰ ਬੈਠ ਮਕਾਨ, ਸਚਖੰਡ ਕਰੇ ਰੁਸ਼ਨਾਈਆ । ਸਾਚਾ ਹੁਕਮ ਧੁਰ ਫ਼ਰਮਾਣ, ਨਰ ਹਰਿ ਆਪਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਏਕੰਕਰਾ, ਏਕਾ ਏਕ ਵਖਾਈਆ । ਸਚ ਦਰਬਾਰਾ ਸ਼ਾਹ ਸੁਲਤਾਨ, ਏਕਾ ਏਕ ਸੁਹਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨ, ਆਪਣੀ ਰਚਨਾ ਆਪ ਰਚਾਇੰਦਾ । ਨਿਰਗੁਣ ਬਣ ਬਣ ਦਾਨੀ ਦਾਨ, ਦਾਤਾ ਦਾਤਾਰ ਦਇਆ ਕਮਾਇੰਦਾ । ਸਤਿ ਸਤਿ ਸਤਿ ਕਰ ਵਰਤਾਰ, ਸਤਿ ਸਤਿਵਾਦੀ ਖੇਲ ਖਿਲਾਇੰਦਾ । ਏਕਾ ਵਸਤ ਅਪਰ ਅਪਾਰ, ਅਨਾਦੀ ਆਪਣੇ ਹੱਥ ਰਖਾਇੰਦਾ । ਆਪਣੇ ਦਰ ਬਣ ਭਿਖਾਰ, ਆਪਣੀ ਇਛਿਆ ਭਿਛਿਆ ਝੋਲੀ ਪਾਇੰਦਾ । ਆਪਣਾ ਰੰਗ ਰੰਗ ਨਿਰੰਕਾਰ, ਰੰਗ ਰੰਗੀਲਾ ਇਕ ਹੋ ਜਾਇੰਦਾ । ਆਪਣਾ ਕਬੀਲਾ ਕਰ ਤਿਆਰ, ਬੰਸ ਸਰਬੰਸ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਸੁਹਾਇੰਦਾ । ਸਚ ਦਰਬਾਰਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਇੰਦਾ । ਉਪਰ ਬੈਠ ਸ੍ਰੀ ਭਗਵੰਤ, ਪੁਰਖ ਅਕਾਲ ਆਸਣ ਲਾਇੰਦਾ । ਆਪਣੀ ਮਹਿਮਾ ਆਪੇ ਜਾਣੇ ਬੇਅੰਤ, ਬੇਪਰਵਾਹ ਭੇਵ ਨਾ ਆਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਆਦਿ ਮਧ ਅੰਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਰਬਾਰਾ ਥਿਰ ਘਰ ਵਾਸਾ, ਨਿਰਗੁਣ ਜੋਤ ਜੋਤ ਪਰਕਾਸਾ, ਅਨਭਵ ਆਪਣਾ ਰੂਪ ਧਰਾਇੰਦਾ । ਸਚ ਦਰਬਾਰਾ ਅਨਭਵ ਧਾਰ, ਸਤਿ ਸਤਿ ਵਿਚ ਸਮਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਖੇਲੇ ਖੇਲ ਸਹਿਜ ਸੁਖਦਾਈਆ । ਦਰ ਘਰ ਸੁਹਾਏ ਠਾਂਡਾ ਠਾਰ, ਸੀਤਲ ਧਾਰ ਆਪ ਵਹਾਈਆ । ਨਾ ਕੋਈ ਦੀਸੇ ਚਾਰ ਦੀਵਾਰ, ਦਿਸ਼ਾ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਹਰਿ ਨਿਰੰਕਾਰਾ, ਏਕਾ ਏਕ ਸੁਹਾਈਆ । ਸਚ ਦਰਬਾਰ ਸੁਹਾਇੰਦਾ, ਇਕ ਇਕੱਲਾ ਏਕੰਕਾਰ । ਆਸਣ ਸਿੰਘਾਸਣ ਆਪ ਵਛਾਇੰਦਾ, ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ । ਸਾਚੀ ਰਾਸੀ ਰਚਨ ਰਚਾਇੰਦਾ, ਕਰੇ ਖੇਲ ਆਪ ਕਰਤਾਰ । ਸ਼ਾਹੋ ਸ਼ਾਬਾਸੀ ਭੇਵ ਨਾ ਆਇੰਦਾ, ਕਹਿਣੀ ਕਥਨੀ ਵਸੇ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਰਬਾਰਾ ਇਕ ਸੁਹਾਏ, ਸਚਖੰਡ ਦਵਾਰੇ ਆਪ ਰਖਾਏ, ਪਾਵਾ ਚੂਲ ਨਾ ਕੋਇ ਬਣਾਇੰਦਾ । ਸਚ ਦਰਬਾਰਾ ਸਾਚੇ ਘਰ, ਹਰਿ ਸਾਚਾ ਸਚ ਸੁਹਾਇੰਦਾ । ਸੋ ਪੁਰਖ ਨਿਰੰਜਣ ਘਾੜਨ ਘੜ, ਪੁਰਖ ਸਮਰਥ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਆਪੇ ਫੜ, ਆਪ ਆਪਣਾ ਜੋੜ ਜੁੜਾਇੰਦਾ । ਏਕੰਕਾਰਾ ਅੰਦਰ ਵੜ, ਨਿਜ ਘਰ ਆਪਣੇ ਵੇਖ ਵਖਾਇੰਦਾ । ਆਦਿ ਨਿਰੰਜਣ ਜੋਤੀ ਨੂਰ ਅੱਗੇ ਧਰ, ਪਰਕਾਸ਼ ਪਰਕਾਸ਼ ਡਗਮਗਾਇੰਦਾ । ਸ੍ਰੀ ਭਗਵਾਨ ਦੇਵੇ ਵਰ, ਵਰ ਘਰ ਏਕਾ ਏਕ ਵਡਿਆਇੰਦਾ । ਅਬਿਨਾਸ਼ੀ ਕਰਤਾ ਸਰਨੀ ਪੜ, ਸਰਬ ਸੁਖ ਇਕ ਵਖਾਇੰਦਾ । ਪਾਰਬ੍ਰਹਮ ਆਪ ਬੰਧਾਏ ਆਪਣਾ ਲੜ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚ ਦਰਬਾਰ ਹਰਿ ਨਿਰੰਕਾਰ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪੇ ਬੈਠਾ ਚੜ੍ਹ, ਸਾਚੇ ਤਖ਼ਤ ਆਸਣ ਲਾਇੰਦਾ । ਨਾ ਕੋਈ ਕਿਲਾ ਕੋਟ ਦਿਸੇ ਗੜ੍ਹ, ਬਾਢੀ ਬਣਤ ਨਾ ਕੋਇ ਬਣਾਇੰਦਾ । ਨਾ ਕੋਈ ਦਰਬਾਨ ਸੋਹੇ ਦਰ, ਦਰ ਦਰਵੇਸ਼ ਨਾ ਕੋਇ ਵਖਾਇੰਦਾ । ਆਪਣੀ ਕਰਨੀ ਆਪੇ ਕਰ,

੧੩੫੫ ੦੯

ਕਰਤਾ ਪੁਰਖ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਹਰਿ ਨਿਰੰਕਾਰਾ, ਆਪਣਾ ਆਪ ਸੁਹਾਇੰਦਾ । ਸਚ ਦਵਾਰ ਸਹਿਜ ਸੁਖ ਮੰਦਰ, ਸੋ ਪੁਰਖ ਨਿਰੰਜਣ ਆਪ ਉਪਾਇਆ । ਆਪੇ ਵੇਖੇ ਆਪਣੇ ਅੰਦਰ, ਵੇਖਣਹਾਰਾ ਦਿਸ ਨਾ ਆਇਆ । ਆਪੇ ਲੇਖਾ ਜਾਣੇ ਆਪਣੀ ਡੂੰਘੀ ਕੰਦਰ, ਮਹੱਲ ਅਟੱਲ ਊਚ ਮੁਨਾਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਰਬਾਰਾ ਇਕ ਪਸਾਰਾ, ਦਹਿ ਦਿਸ਼ਾ ਸਹਾਰਾ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਦਰ ਦਰਵਾਜ਼ਾ ਖੋਲ੍ਹਿਆ, ਕਰ ਕਿਰਪਾ ਗੁਣ ਨਿਧਾਨ । ਪੁਰਖ ਅਬਿਨਾਸ਼ੀ ਆਪਣਾ ਤੋਲ ਆਪੇ ਤੋਲਿਆ, ਨਿਰਗੁਣ ਹੋਇਆ ਮਿਹਰਵਾਨ । ਏਕਾ ਤਖ਼ਤ ਆਦਿ ਜੁਗਾਦਿ ਰਹੇ ਅਡੋਲਿਆ, ਅਡੋਲ ਅਡੁਲ ਸ੍ਰੀ ਭਗਵਾਨ । ਸਾਚੀ ਵਸਤ ਰੱਖੇ ਕੋਲਿਆ, ਦੇਵਣਹਾਰਾ ਆਪੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਫ਼ਰਮਾਣ । ਧੁਰ ਫ਼ਰਮਾਣਾ ਹਰਿ ਕਾ ਨਾਉਂ, ਹਰਿ ਹਰਿ ਆਪ ਜਣਾਇੰਦਾ । ਸਚਖੰਡ ਦਵਾਰੇ ਵਸੇ ਸਚ ਗਰਾਉਂ, ਨੇਹਚਲ ਆਪਣਾ ਆਸਣ ਲਾਇੰਦਾ । ਆਪੇ ਕਰੇ ਆਪਣਾ ਸਚ ਨਿਆਉਂ, ਅਦਲ ਆਦਲ ਆਪ ਹੋ ਜਾਇੰਦਾ । ਆਪੇ ਰੱਖੇ ਆਪਣੀ ਠੰਡੀ ਛਾਉਂ, ਸਮਰਥ ਪੁਰਖ ਆਪਣਾ ਹੱਥ ਆਪਣੇ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਨਿਰਭੈ ਰੂਪ ਉਪਾਏ ਸੱਚਾ ਕਰਤਾਰਾ, ਭੈ ਅਵਰ ਨਾ ਕੋਇ ਜਣਾਇਆ । ਸਚ ਦਰਬਾਰਾ ਉਚ ਅਪਾਰਾ, ਅਲੱਖ ਅਗੋਚਰ ਅਗੰਮ ਅਪਾਰ ਆਪ ਉਪਾਇੰਦਾ । ਜ਼ਿਮੀ ਅਸਮਾਨ ਨਾ ਦੇਵੇ ਕੋਇ ਸਹਾਰਾ, ਧਵਲਾ ਭਾਰ ਨਾ ਕੋਇ ਚੁਕਾਇੰਦਾ । ਰਵ ਸਸ ਸੂਰਜ ਨਾ ਕੋਇ ਉਜਿਆਰਾ, ਆਫ਼ਤਾਬ ਨਾ ਰੂਪ ਵਟਾਇੰਦਾ । ਨਿਰਗੁਣ ਨਿਰਾਕਾਰ ਕਰੇ ਖੇਲ ਅਪਰ ਅਪਾਰਾ, ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਡਗਮਗਾਇੰਦਾ । ਆਪਣੇ ਮੰਦਰ ਆਪੇ ਖੋਲ੍ਹੇ ਤਾਕੀ, ਵੇਖੇ ਮਾਰ ਝਾਤੀ, ਅੰਦਰ ਬਾਹਰ ਗੁਪਤ ਜ਼ਾਹਰ ਆਪਣਾ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਧੁਰ ਦਰਬਾਰਾ ਵਸਿਆ ਪਾਰਬ੍ਰਹਮ ਪ੍ਰਭ ਆਪ ਵਸਾਇੰਦਾ । ਸਚ ਦੁਵਾਰਾ ਸੱਚਾ ਸ਼ਹਿਨਸ਼ਾਹ, ਸਚ ਦੁਵਾਰੇ ਸਚਖੰਡ ਦੁਆਰੇ ਆਪ ਵਸਾਈਆ । ਕਰੇ ਖੇਲ ਸੱਚੀ ਦਰਗਾਹ, ਦਰ ਘਰ ਸਾਚੇ ਵੱਜੇ ਵਧਾਈਆ । ਉਪਰ ਬੈਠ ਕਰੇ ਇਕ ਸਲਾਹ, ਵਡ ਦਾਤਾ ਸਿਫ਼ਤ ਸਲਾਹੀਆ । ਆਪਣਾ ਮਾਰਗ ਆਪੇ ਪਾ, ਆਪੇ ਵੇਖੇ ਥਾਉਂ ਥਾਈਆ । ਆਪਣਾ ਨਾਉਂ ਆਪ ਪਰਗਟਾ, ਨਾਉਂ ਨਿਰੰਕਾਰਾ ਆਪ ਸੁਣਾਈਆ । ਆਪਣੇ ਦਰ ਦਰਬਾਨ ਦਰ ਦਰਵੇਸ਼ ਲਏ ਬਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਸਚ ਦਰਬਾਰ ਉਪਾਇਆ, ਕਰ ਕਿਰਪਾ ਗੁਣ ਨਿਧਾਨ । ਸਚਖੰਡ ਦਵਾਰ ਸੁਹਾਇਆ, ਸਤ ਰੰਗ ਝੁਲਾਏ ਨਿਸ਼ਾਨ । ਤਖ਼ਤ ਨਿਵਾਸੀ ਤਖ਼ਤ ਉਪਾਇਆ, ਸ਼ਾਹੋ ਭੂਪ ਰਾਜ ਰਾਜਾਨ । ਨਿਰਗੁਣ ਬਹਿ ਬਹਿ ਆਸਣ ਲਾਇਆ, ਜੋਧਾ ਸੂਰਬੀਰ ਬਲਵਾਨ । ਸੀਸ ਏਕਾ ਤਾਜ ਟਿਕਾਇਆ, ਕਿਰਪਾ ਕਰ ਸ੍ਰੀ ਭਗਵਾਨ । ਹੁਕਮੀ ਹੁਕਮ ਆਪ ਵਰਤਾਇਆ, ਆਪ ਆਪਣੀ ਕਰ ਪਛਾਣ । ਆਪਣੀ ਰਚਨਾ ਆਪ ਰਚਾਇਆ, ਦੇਵਣਹਾਰਾ ਸਾਚਾ ਦਾਨ । ਵਿਸ਼ਨ ਬ੍ਰਹਮਾ ਸ਼ਿਵ ਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਕਰੇ ਪਰਵਾਨ । ਸਾਚੇ ਦਰ ਕਰ ਪਰਵਾਨਾ, ਆਪਣਾ ਖੇਲ ਖਿਲਾਇੰਦਾ । ਤ੍ਰੈ ਤ੍ਰੈ ਦੇਵੇ ਏਕਾ ਦਾਨਾ, ਤ੍ਰੈ ਜੋੜ ਜੁੜਾਇੰਦਾ । ਏਕਾ ਨਾਦ ਏਕਾ ਗਾਨਾ, ਏਕਾ ਧੁਨ ਉਪਜਾਇੰਦਾ ।

ਏਕਾ ਮੰਦਰ ਇਕ ਮਕਾਨਾ, ਏਕਾ ਘਰ ਵਖਾਇੰਦਾ । ਇਕ ਨੂਰ ਇਕ ਜ਼ਹੂਰ ਏਕਾ ਜੋਤ ਸ੍ਰੀ ਭਗਵਾਨਾ, ਏਕਾ ਹਰਿ ਡਗਮਗਾਇੰਦਾ । ਏਕਾ ਪੀਣਾ ਏਕਾ ਖਾਣਾ, ਏਕਾ ਤ੍ਰਿਪਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪ ਉਪਾਇਆ, ਆਪਣਾ ਦਰ ਦਏ ਵਖਾਈਆ । ਸਚ ਦਰਬਾਰੇ ਆਸਣ ਲਾਇਆ, ਸ਼ਾਹੋ ਭੂਪ ਵਡ ਵਡਿਆਈਆ । ਤਿੰਨਾਂ ਏਕਾ ਦਰ ਦਰਸਨ ਪਾਇਆ, ਨੇਤਰ ਨੈਣ ਨੈਣ ਬਿਗਸਾਈਆ । ਚਰਨ ਕਵਲ ਸੀਸ ਝੁਕਾਇਆ, ਹਰਿ ਤੇਰੀ ਵਡ ਵਡਿਆਈਆ । ਤੂੰ ਦਾਤਾ ਸਰਬ ਸੁਖਦਾਇਆ, ਹਉ ਸੇਵਕ ਭਿਖਕ ਆਏ ਚਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਏਕਾ ਵਸਤ ਹੱਥ ਫੜਾਈਆ । ਏਕਾ ਵਸਤ ਹੱਥ ਫੜੌਣੀ, ਵਿਸ਼ਨ ਉਚੀ ਕੂਕ ਪੁਕਾਰਿਆ । ਬ੍ਰਹਮਾ ਮੰਗੇ ਮੰਗ ਏਕਾ ਨੂਰ ਤੇਰਾ ਰੂਪ ਦਰਸੌਣੀ, ਦਰਸ ਤਰਸ ਅਗੰਮ ਅਪਾਰਿਆ । ਸ਼ੰਕਰ ਕਰੇ ਪੂਰ ਭੌਣੀ, ਭਾਵਨ ਭਾਵਨਾ ਵਿਚ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਰੂਪ ਸ਼ਾਹੋ ਭੂਪ ਆਪ ਜਣਾ ਰਿਹਾ । ਸਤਿ ਸਰੂਪ ਹਰਿ ਜਣਾਇਆ, ਰੂਪ ਰੰਗ ਰੇਖ ਨਾ ਕੋਇ । ਜੋਤੀ ਜੋਤ ਡਗਮਗਾਇਆ, ਸਵਛ ਸਰੂਪੀ ਆਪੇ ਹੋਏ । ਸਾਚੇ ਤਖ਼ਤ ਸੋਭਾ ਪਾਇਆ, ਦੇਵਣਹਾਰਾ ਸਾਚੇ ਢੋਏ । ਏਕਾ ਸ਼ਬਦ ਨਾਮ ਦ੍ਰਿੜਾਇਆ, ਏਕਾ ਬੀਜ ਸਾਚਾ ਬੋਏ । ਏਕਾ ਲੜ ਆਪ ਫੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਬੈਠਾ ਚੜ੍ਹ, ਆਲਸ ਨਿੰਦਰਾ ਵਿਚ ਕਦੇ ਨਾ ਸੋਏ । ਬ੍ਰਹਮੇ ਵਿਸ਼ਨ ਸ਼ਿਵ ਹਰਿ ਜਣਾਇੰਦਾ, ਸ਼ਬਦ ਅਗੰਮੀ ਏਕਾ ਬੋਲ । ਨਿਰਗੁਣ ਆਸਣ ਇਕ ਵਛਾਇੰਦਾ, ਆਦਿ ਜੁਗਾਦੀ ਹਰਿ ਅਡੋਲ । ਸਚ ਦਰਬਾਰਾ ਆਪ ਵਡਿਆਇੰਦਾ, ਵਜਦਾ ਰਹੇ ਅਗੰਮੀ ਢੋਲ । ਆਪਣੀ ਜੋਤ ਆਪ ਜਗਾਇੰਦਾ, ਆਪਣੇ ਅੰਦਰ ਆਪੇ ਜਾਏ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਨਾ ਜਾਏ ਭੁੱਲ । ਆਦਿ ਜੁਗਾਦਿ ਕਦੇ ਨਾ ਭੁੱਲਿਆ, ਪਾਰਬ੍ਰਹਮ ਕਰਤਾਰ । ਭਾਗ ਲਗਾਏ ਆਪਣੀ ਕੁਲੀਆ, ਵਿਸ਼ਨੂੰ ਵਿਸ਼ਵ ਕਰ ਤਿਆਰ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਭੰਡਾਰ ਅਨਮੁਲਿਆ, ਵਡ ਦਾਤਾ ਹਰਿ ਨਿਰੰਕਾਰ । ਸਚ ਦਵਾਰਾ ਏਕਾ ਖੋਲ੍ਹਿਆ, ਆਦਿ ਪੁਰਖ ਸਾਚੀ ਕਾਰ । ਆਪਣੇ ਕੰਡੇ ਆਪੇ ਤੋਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ, ਆਪੇ ਕਰੇ ਆਪਣੀ ਕਾਰ । ਸਾਚੀ ਕਾਰ ਕਰਾਵਣਹਾਰਾ, ਏਕਾ ਰੰਗ ਸਮਾਇਆ । ਤਿੰਨਾਂ ਦੇਵੇ ਇਕ ਸਹਾਰਾ, ਏਕਾ ਗੁਣ ਜਣਾਇਆ । ਏਕਾ ਤਤ ਸਤਿ ਭੰਡਾਰਾ, ਤ੍ਰੈਗੁਣ ਦਰਸੀ ਆਪ ਵਰਤਾਇਆ । ਤ੍ਰੈ ਤ੍ਰੈ ਕਰੇ ਸਚ ਪਿਆਰਾ, ਪੰਚਮ ਲੇਖਾ ਆਪ ਸਮਝਾਇਆ । ਲੱਖ ਚੁਰਾਸੀ ਬਣ ਭਿਖਾਰਾ, ਘਟ ਘਟ ਭਾਂਡਾ ਆਪ ਸੁਹਾਇਆ । ਨਿਰਗੁਣ ਦੀਪਕ ਜੋਤੀ ਕਰ ਉਜਿਆਰਾ, ਘਰ ਮੰਦਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਵਡ ਵਡਿਆਇਆ । ਵਡ ਵਡਿਆਈ ਦੇਵਣ ਯੋਗ, ਏਕਾ ਏਕ ਅਖਵਾਇੰਦਾ । ਆਦਿ ਅੰਤ ਨਾ ਹੋਏ ਵਿਜੋਗ, ਸਾਚਾ ਮੇਲਾ ਮੇਲ ਮਿਲਾਇੰਦਾ । ਲੇਖਾ ਆਪਣੇ ਹੱਥ ਰੱਖਿਆ ਧੁਰ ਸੰਜੋਗ, ਦੂਸਰ ਸੰਗ ਨਾ ਕੋਈ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣਾਇਆ ਇਕ ਸਲੋਕ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਹੰ ਬਣਾਏ ਚੌਦਾਂ ਲੋਕ, ਲੱਖ ਚੁਰਾਸੀ ਵਿਚ ਟਿਕਾਇੰਦਾ । ਜੋਤੀ ਜੋਤ


੧੩੫੭

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਜਣਾਇੰਦਾ । ਆਪਣਾ ਭੇਵ ਆਪ ਜਣਾਇਆ, ਆਪਣੀ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਲੱਖ ਚੁਰਾਸੀ ਘਾੜਤ ਰਿਹਾ ਘੜਾਈਆ । ਨੌ ਨੌ ਚਾਰ ਗੇੜ ਆਪ ਦਵਾਇਆ, ਸਾਚੇ ਤਖ਼ਤ ਬੈਠ ਸੱਚਾ ਸ਼ਾਹੀਆ । ਗੁਰ ਪੀਰ ਅਵਤਾਰ ਸਾਚੀ ਸੇਵ ਲਗਾਇਆ, ਏਕਾ ਵਸਤ ਝੋਲੀ ਪਾਈਆ । ਆਪਣਾ ਨਾਉਂ ਦਏ ਸੁਣਾਇਆ, ਨਿਰਗੁਣ ਨਿਰਵੈਰ ਆਪਣਾ ਨਾਉਂ ਧਰਾਈਆ । ਜੁਗ ਚੌਕੜੀ ਖੇਲ ਖਿਲਾਇਆ, ਕੋਹਲੂ ਚਰਖਾ ਚੱਕੀ ਚੱਕ ਆਪ ਭਵਾਈਆ । ਸਾਧ ਸੰਤ ਗੁਰ ਪੀਰ ਅਵਤਾਰ ਕੋਈ ਰਹਿਣ ਨਾ ਪਾਇਆ, ਜੋ ਭੇਜੇ ਸੋ ਆਪਣੇ ਵਿਚ ਮਿਲਾਈਆ । ਆਪਣੀ ਸੇਜੇ ਆਪੇ ਬਹਿ ਬਹਿ ਆਸਣ ਲਾਇਆ, ਵਾਹ ਵਾਹ ਸਤਿਗੁਰ ਵੱਡੀ ਵਡਿਆਈਆ । ਪੁਰਖ ਅਕਾਲ ਸ਼ਾਹ ਪਾਤਸ਼ਾਹ, ਆਪ ਅਖਵਾਇਆ, ਕੋਟਨ ਕੋਟ ਬ੍ਰਹਿਮੰਡ ਆਪਣੇ ਹੁਕਮ ਵਿਚ ਫਿਰਾਈਆ । ਜੇਰਜ ਅੰਡ ਵਿਚ ਕਦੇ ਨਾ ਆਇਆ, ਮਾਤ ਗਰਭ ਨਾ ਸੇਜ ਸੁਹਾਈਆ । ਪੰਜ ਤਤ ਕਾਇਆ ਚੋਲਾ ਦਏ ਵਡਿਆਇਆ, ਜਿਸ ਵਿਚ ਆਪਣੀ ਧਾਰ ਟਿਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪੰਧ ਮੁਕਾਇਆ, ਕਰੇ ਖੇਲ ਸਾਚਾ ਰਾਹੀਆ । ਸਾਚੇ ਅਸਵ ਸਚ ਸਿੰਘਾਸਣ ਪੁਰਖ ਅਬਿਨਾਸ਼ੀ ਏਕਾ ਪਾਇਆ, ਸ਼ਾਹ ਅਸਵਾਰ ਏਕਾ ਆਸਣ ਲਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਰਿਹਾ ਦੌੜਾਇਆ, ਆਪ ਆਪਣਾ ਬਲ ਧਰਾਈਆ । ਚਾਰ ਜੁਗ ਜੁਗ ਰਹੇ ਨਾ ਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਸੁਹਾਈਆ । ਚਾਰ ਜੁਗ ਹਰਿ ਗੇੜ ਚੁਕਾਇਆ, ਨੌ ਨੌ ਪੰਧ ਮੁਕਾਇੰਦਾ । ਕਲਜੁਗ ਅੰਤਮ ਵੇਖ ਵਖਾਇਆ, ਨਿਰਗੁਣ ਰੂਪ ਪਰਗਟਾਇੰਦਾ । ਸਤਿ ਸਤਿਵਾਦੀ ਫੇਰਾ ਪਾਇਆ, ਬ੍ਰਹਮ ਬ੍ਰਹਿਮਾਦਿ ਖੋਜ ਖੁਜਾਇੰਦਾ । ਅਨਾਦੀ ਨਾਦ ਇਕ ਵਜਾਇਆ, ਤੁਰੀਆ ਰਾਗ ਅਲਾਇੰਦਾ । ਸਵਾਂਗੀ ਸਵਾਂਗ ਇਕ ਵਟਾਇਆ, ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਫਾਂਦੀ ਲਏ ਕਟਾਇਆ, ਤ੍ਰੈਗੁਣ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸੱਚਾ ਸੁਹਾਵਣ ਆਇਆ, ਨਿਰਗੁਣ ਜੋਤੀ ਜਾਮਾ ਧਾਰ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਆਸ ਪੂਰੀ ਕਰਾਵਣ ਆਇਆ, ਨਿਹਕਲੰਕਾ ਲਏ ਅਵਤਾਰ । ਲੋਕਮਾਤ ਆਪਣਾ ਖੇਲ ਖਿਲਾਵਣ ਆਇਆ, ਖ਼ਾਲਕ ਖ਼ਲਕ ਵੇਖੇ ਪਰਵਰਦਿਗਾਰ । ਖ਼ਲਕ ਨੂਰ ਆਪ ਚਮਕਾਵਣ ਆਇਆ, ਨੂਰ ਨੁਰਾਨਾ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚੀ ਸਰਕਾਰ । ਸੱਚੀ ਸਰਕਾਰ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਜੋ ਉਪਜੇ ਸੋ ਬਿਨਸੇ ਆਪਣੀ ਵਾਰਾ, ਥਿਰ ਮਾਤ ਰਹਿਣ ਨਾ ਪਾਈਆ । ਜੁਗ ਚੌਕੜੀ ਗਏ ਹਾਰਾ, ਗੁਰ ਪੀਰ ਅਵਤਾਰ ਸੇਵ ਕਮਾਈਆ । ਆਦਿ ਅੰਤ ਨਾ ਜਾਣੇ ਕੋਈ ਕਿਨਾਰਾ, ਅਧਵਿਚਕਾਰ ਤਾਰੀਆਂ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਮੰਗਨ ਇਕ ਸਹਾਰਾ, ਘਾਟ ਬੈਠੇ ਸਾਚੇ ਮਾਹੀਆ । ਨੌ ਨੌ ਚਾਰ ਉਤਰੇ ਪਾਰਾ, ਕਰੇ ਖੇਲ ਬੇਪਰਵਾਹੀਆ । ਚੱਪੂ ਲਾਏ ਅਗੰਮ ਅਪਾਰਾ, ਸੋ ਪੁਰਖ ਨਿਰੰਜਣ ਘਾੜਨ ਆਪ ਘੜਾਈਆ । ਹੰ ਬ੍ਰਹਮ ਦਏ ਸਹਾਰਾ, ਪਾਰਬ੍ਰਹਮ ਸੱਚੀ ਸਰਨਾਈਆ । ਲੋਕਮਾਤ ਹੋਏ ਉਜਿਆਰਾ, ਜੋਤੀ ਜੋਤ ਕਰ ਰੁਸ਼ਨਾਈਆ । ਸਚ ਵਖਾਏ ਇਕ ਦਰਬਾਰਾ, ਜਿਸ ਤਖ਼ਤ ਹਰਿ ਜੂ ਆਸਣ ਲਾਈਆ । ਸਿੰਘ ਸਵਰਨ ਤੇਰੀ ਸੁਣੇ ਪੁਕਾਰਾ, ਪੂਰਬ ਜਨਮ ਭੁੱਲ ਨਾ ਜਾਈਆ । ਮੁਸਲਮ ਸੁੰਨੀ ਦਏ ਸਹਾਰਾ, ਸ਼ਰਅ ਸ਼ਰੀਅਤ ਮੇਟ ਮਿਟਾਈਆ । ਤੇਰੀ ਭੁੱਲੇ

ਨਾ ਤਿਖੀ ਧਾਰਾ, ਨਕ਼ਾਬ ਕਾਇਆ ਵਿਚ ਲਗਾਈਆ । ਤੇਰਾ ਸਲਬ ਕੀਆ ਆਪਣਾ ਖ਼ੂਨ ਠੰਡੀ ਠਾਰਾ, ਰਤੀ ਰਤ ਜਗਤ ਰੰਗਾਈਆ । ਇਕ ਵਖਾਏ ਸੱਚਾ ਦਰਬਾਰਾ, ਸਤਿਗੁਰ ਪੂਰਾ ਆਪ ਉਪਾਈਆ । ਕਾਗਦ ਕਲਮ ਨਾ ਲਿਖਣਹਾਰਾ, ਚਾਰ ਵੇਦ ਮੁਖ ਸ਼ਰਮਾਈਆ । ਹਰਿ ਕਾ ਤਖ਼ਤ ਸਭ ਤੋਂ ਨਿਆਰਾ, ਰਾਜ ਰਾਜਾਨ ਸ਼ਾਹ ਸੁਲਤਾਨ ਲੋਕਮਾਤ ਹੱਥ ਕਿਸੇ ਨਾ ਆਈਆ । ਜੋ ਜਨ ਬਣੇ ਦਰ ਭਿਖਾਰਾ, ਕਰ ਕਿਰਪਾ ਦਏ ਵਖਾਈਆ । ਆਸਾ ਤ੍ਰਿਸਨਾ ਕਰੇ ਦੂਰ ਕਿਨਾਰਾ, ਸਾਂਤਕ ਸਤਿ ਸਤਿ ਕਰਾਈਆ । ਨਾਟਕ ਚੇਟਕ ਨਟੂਆ ਕਰੇ ਅਗੰਮ ਅਪਾਰਾ, ਕਲਜੁਗ ਬਾਜੀ ਰਿਹਾ ਪਾਈਆ । ਮੁਲਾਂ ਕਾਜ਼ੀ ਸ਼ੇਖ਼ ਮੁਸਾਇਕ ਪੀਰ ਜੂਏ ਜਨਮ ਹਾਰਾ, ਹਾਰ ਜਿਤ ਹੱਥ ਕਿਸੇ ਨਾ ਆਈਆ । ਪੰਡਤ ਪਾਂਧਾ ਰੋਵੇ ਜ਼ਾਰੋ ਜ਼ਾਰਾ, ਜੋਤ ਲਿਲਾਟ ਮਸਤਕ ਟਿੱਕਾ ਨਾ ਕੋਈ ਲਗਾਈਆ । ਗ੍ਰੰਥੀ ਪੰਥੀ ਮਾਰੇ ਨਾਅਰਾ, ਪਤਿਤ ਪੁਨੀਤ ਪਤਿਤ ਪਾਵਨ ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਰਿਹਾ ਕਵਾਰਾ, ਹਰਿ ਕੰਤ ਨਾ ਕੋਈ ਪਰਨਾਈਆ । ਗੁਰਮੁਖਾਂ ਵਖਾਏ ਸਚ ਦਰਬਾਰਾ, ਕਰ ਕਿਰਪਾ ਹਰਿ ਰਘਰਾਈਆ । ਜਿਸ ਜਨ ਦਇਆ ਕਮਾਏ ਦਰਸ ਦਿਖਾਏ ਸਿਰਜਣਹਾਰਾ, ਸਗਲੀ ਚਿੰਤ ਦਏ ਗਵਾਈਆ । ਘਰ ਸਖ਼ੀਆਂ ਮੰਗਲਚਾਰਾ, ਵਾਹ ਵਾਹ ਵੱਜਦੀ ਰਹੇ ਵਧਾਈਆ । ਸਤਿਗੁਰ ਪਾਇਆ ਏਕਾ ਵਾਰਾ, ਵਿਛੜ ਕਦੇ ਨਾ ਜਾਈਆ । ਠਾਂਡਾ ਦਿਸੇ ਇਕ ਦਰਬਾਰਾ, ਅਗਨੀ ਤਤ ਦਏ ਬੁਝਾਈਆ । ਕਰਿਆ ਖੇਲ ਅਪਰ ਅਪਾਰਾ, ਕਲਜੁਗ ਜੀਵ ਭੇਵ ਨਾ ਰਾਈਆ । ਪਹਿਲੋਂ ਆਪਣਾ ਆਪ ਪੰਜ ਤਤ ਕਾਇਆ ਚੋਲੀ ਸਾੜਾ, ਜਗਤ ਨਿਸ਼ਾਨ ਦਏ ਮਿਟਾਈਆ । ਫੇਰ ਲਾਇਆ ਸ਼ਬਦ ਅਖਾੜਾ, ਗੁਰਮੁਖ ਸਖ਼ੀਆਂ ਨਾਚ ਨਚਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪ ਵਜਾਏ ਤਾਲ ਤਲਵਾੜਾ, ਘਰ ਤਾਰ ਸਤਾਰ ਹਿਲਾਈਆ ।
੧੩੫੯ ਦਿਵਸ ਸੁਹਾਇਆ ਸਤਾਰਾਂ ਹਾੜਾ, ਗੁਰਸਿਖ ਤੇਰੀ ਅਗਨੀ ਆਪਣੀ ਝੋਲੀ ਪਾਈਆ । ਇਕ ਬਣਾਇਆ ਸਚ ਦਰਬਾਰਾ, ਸਚਖੰਡ ਰੂਪ ਦਰਸਾਈਆ । ੧੩੫੯
ਜਗਤ ਵਖਾਏ ਨੌ ਦਵਾਰਾ, ਗੁਰਸਿਖਾਂ ਨੌ ਦਵਾਰੇ ਪੰਧ ਮੁਕਾਈਆ । ਆਦਿ ਅੰਤ ਕਰੇ ਪਾਰ ਕਿਨਾਰਾ, ਲੱਖ ਚੁਰਾਸੀ ਦਏ ਛੁਡਾਈਆ । ਗੁਰਮੁਖ ਗੁਰਮੁਖ ਹਰਿਜਨ ਹਰਿਜਨ ਵਖਾਇਆ, ਇਕ ਸੱਚਾ ਦਰਬਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਕਵਲ ਚਰਨ ਸੱਚੀ ਸਰਨਾਈਆ ।

### ✻ ੨੩ ਕੱਤਕ ੨੦੧੭ ਬਿਕ੍ਰਮੀ ਊਧਮ ਸਿੰਘ ਦੇ ਘਰ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਪੂਰੇ ਧਨ ਖੱਟਿਆ, ਏਕਾ ਨਾਮ ਵਸਤ ਅਨਮੋਲ । ਤੋਲ ਤੁਲੇ ਨਾ ਕਿਸੇ ਵੱਟਿਆ, ਆਦਿ ਜੁਗਾਦਿ ਰਹੇ ਅਡੋਲ । ਹੱਟੀ ਵਿਚ ਟੰਗੇ ਨਾ ਕੋਈ ਫੜਕੇ ਉਤੇ ਫਟਿਆ, ਬਣਿਆ ਰਹੇ ਸਦਾ ਅਨਭੋਲ । ਜਨ ਭਗਤਾਂ ਆਵਣ ਜਾਵਣ ਹਰਿ ਜੂ ਕੱਟਿਆ, ਨਿਝ ਆਤਮ ਵਸੇ ਕੋਲ । ਕੂੜੀ ਖ਼ਾਕ ਨਾ ਘੱਟਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਭੰਡਾਰਾ ਦੇਵੇ ਖੋਲ੍ਹ । ਸਚ ਭੰਡਾਰਾ ਖੋਲ੍ਹਿਆ, ਹਰਿ ਸੱਜਣ ਮੀਤ ਮੁਰਾਰ । ਬਿਨ ਰਸਨਾ ਜਿਹਵਾ ਰਿਹਾ ਬੋਲਿਆ, ਸ਼ਬਦ ਅਨਾਦੀ ਕੂਕ ਪੁਕਾਰ । ਕਰੇ ਖੇਲ ਹੌਲੀ ਹੌਲਿਆ, ਨਿਰਗੁਣ ਸਰਗੁਣ ਦਏ ਅਧਾਰ । ਆਪਣੀ ਸ਼ਕਤੀ ਆਪੇ ਮੌਲਿਆ, ਰੂਪ ਰੰਗ ਤੇ ਵਸਿਆ ਬਾਹਰ । ਪੂਰਾ ਕਰੇ ਕੀਤਾ ਕੌਲਿਆ, ਭੁੱਲ ਨਾ ਜਾਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਾਏ ਵਣਜ ਸੱਚਾ ਵਪਾਰ । ਵਣਜ ਵਾਪਾਰਾ ਸਾਚਾ ਹੱਟ, ਘਰ ਮੰਦਰ ਆਪ ਖੁਲ੍ਹਾਇੰਦਾ । ਆਪਣੀ

ਕੀਮਤ ਆਪੇ ਵੱਟ, ਆਪਣੇ ਪੱਲੇ ਗੰਢ ਬੰਨ੍ਹਾਇੰਦਾ । ਜੁਗਾ ਜੁਗੰਤਰ ਖੇਲ ਬਾਜ਼ੀਗਰ ਨਟ, ਨਰ ਨਰਾਇਣ ਵੇਸ ਵਟਾਇੰਦਾ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਡੇਰਾ ਲਾਇੰਦਾ । ਸੰਤ ਸਾਜਣ ਕਰ ਪਰਗਟ, ਪਾਰਬ੍ਰਹਮ ਬ੍ਰਹਮ ਵੇਖ ਵਖਾਇੰਦਾ । ਸਾਚੀ ਵਸਤ ਥਾਂਏ ਘਤ, ਸਾਚਾ ਖਾਤਾ ਆਪ ਭਰਾਇੰਦਾ । ਸਿਰ ਰੱਖੇ ਆਪਣਾ ਹੱਥ, ਅਟੋਟ ਅਤੁਟ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪਣਾ ਨਾਉਂ ਆਪ ਵਡਿਆਇੰਦਾ । ਵਡ ਵਡਿਆਈ ਹਰਿ ਹਰਿ ਨਾਉਂ, ਪਾਰਬ੍ਰਹਮ ਆਪ ਵਡਿਆਈਆ । ਲੇਖਾ ਜਾਣੇ ਪਿਤਾ ਮਾਉਂ, ਬਾਲਕ ਸੁਤ ਦਏ ਵਡਿਆਈਆ । ਆਦਿ ਜੁਗਾਦੀ ਕਰੇ ਸਚ ਨਿਆਉਂ, ਜੁਗ ਜੁਗ ਦਾਤਾ ਸੱਚਾ ਸ਼ਹਿਨਸ਼ਾਹੀਆ । ਹੰਸ ਬਣਾਏ ਫੜ ਫੜ ਕਾਉਂ, ਅੰਮ੍ਰਿਤ ਰਸ ਅਮਿਉਂ ਰਸ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਭੁੱਲ ਵੱਡੀ ਵਡਿਆਈਆ । ਅਭੁੱਲ ਹਰਿ ਕਰਤਾਰਾ, ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਜੁਗ ਆਪਣੀ ਚਲੇ ਆਪੇ ਕਾਰਾ, ਕਰਤਾ ਪੁਰਖ ਖੇਲ ਖਿਲਾਇੰਦਾ । ਜਨਮ ਅਜਨਮ ਵੇਖੇ ਵਿਚ ਸੰਸਾਰਾ, ਕਰਮ ਕੁਕਰਮਾਂ ਖੇਲ ਖਿਲਾਇੰਦਾ । ਭਗਤ ਭਗਵੰਤ ਖੇਲ ਨਿਆਰਾ, ਸੰਤ ਸਾਜਣ ਦਇਆ ਕਮਾਇੰਦਾ । ਖੇਵਟ ਖੇਟਾ ਬਣ ਸਹਾਰਾ, ਸਾਚਾ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਏਕਾ ਲਾਇੰਦਾ । ਹਰਿ ਮਾਰਗ ਅਪਾਰ, ਆਦਿ ਜੁਗਾਦਿ ਲਗਾਇਆ । ਰਾਹ ਜਾਣੇ ਨਿਰਗੁਣ ਧਾਰ, ਮਘ ਪੰਥ ਨਾ ਕੋਇ ਦਸਾਇਆ । ਨਿਰਵੈਰ ਗੁਫ਼ਤ ਕਰੇ ਸ਼ੁਨੀਦ ਦੀਦ ਅਪਰ ਅਪਾਰ, ਵਾਹਦ ਆਪਣਾ ਰਾਗ ਅਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਬੇੜਾ ਰਿਹਾ ਚਲਾਇਆ । ਜੁਗ ਜੁਗ ਬੇੜਾ ਹਰਿ ਬੰਨ੍ਹ, ਆਪਣੀ ਖੇਲ ਖਿਲਾਇੰਦਾ । ਆਪਣੀ ਵੰਡ ਵੰਡਾਏ ਸਾਚੇ ਧਨ, ਨਾਮ ਨਿਧਾਨਾ ਆਪਣੇ ਹੱਥ ਰਖਾਇੰਦਾ । ਆਪਣੀ ਸਿਖ਼ਿਆ ਆਪੇ ਮੰਨ, ਆਪੇ ਹੁਕਮ ਵਰਤਾਇੰਦਾ । ਆਪੇ ਘੜੇ ਆਪੇ ਲਏ ਭੰਨ, ਘੜਨ ਭੰਨਣਹਾਰ ਪੁਰਖ ਸਮਰਥ, ਆਪਣੀ ਚਾਲ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਚਰਜ ਰੂਪ ਆਪ ਪਰਗਟਾਇੰਦਾ । ਅਚਰਜ ਰੂਪ ਹਰਿ ਕਰਤਾਰਾ, ਆਚਾਰੀਆ ਵਰਨ ਕੋਇ ਨਾ ਜਾਈਆ । ਬ੍ਰਹਿਮਣ ਬ੍ਰਹਮ ਨਾ ਕੋਇ ਪਸਾਰਾ, ਪਾਰਬ੍ਰਹਮ ਨਾ ਕੋਇ ਸਰਨਾਈਆ । ਰਵੀ ਰਵ ਨਾ ਕੋਇ ਉਜਿਆਰਾ, ਦਾਸੀ ਦਾਸ ਨਾ ਸੇਵ ਕਮਾਈਆ । ਕੰਗਣ ਤਨ ਨਾ ਕੋਇ ਸ਼ੰਗਾਰਾ, ਜੋਬਨ ਜਗਤ ਨਾ ਕੋਇ ਹੰਢਾਈਆ । ਕਰੇ ਖੇਲ ਅਗੰਮ ਅਪਾਰਾ, ਦੋ ਜਹਾਨਾਂ ਵੇਖ ਵਖਾਈਆ । ਪੂਰਬ ਲਹਿਣਾ ਜਨਮ ਕਰਮ ਵਿਚਾਰਾ, ਭਰਮੀ ਭਰਮ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਿਰਦ ਆਪੇ ਰਿਹਾ ਤਰਾਈਆ । ਆਪਣਾ ਬਿਰਦ ਆਪੇ ਰੱਖ, ਆਦਿ ਜੁਗਾਦਿ ਸਮਾਇੰਦਾ । ਜੁਗਾਂ ਜੁਗੰਤਰ ਹੋ ਪਰਤੱਖ, ਰੂਪ ਅਨੂਪ ਆਪ ਪਰਗਟਾਇੰਦਾ । ਆਪੇ ਜਾਣੇ ਆਪਣਾ ਪੱਖ, ਕ੍ਰਿਸ਼ਨਾ ਸੁਕਲਾ ਮੁਖ ਸ਼ਰਮਾਇੰਦਾ । ਆਪਣਾ ਮਾਰਗ ਆਪੇ ਦੱਸ, ਸਾਚੇ ਮਾਰਗ ਆਪੇ ਪਾਇੰਦਾ । ਆਪੇ ਹਿਰਦੇ ਅੰਦਰ ਜਾਏ ਵਸ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਆਪੇ ਲੇਖਾ ਜਾਣੇ ਨੱਸ ਨੱਸ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਜਣਾਇੰਦਾ । ਭੇਵ ਜਣਾਵੇ ਜੀਵ ਜੰਤ, ਜਗਤ ਜਹਾਨ ਦਇਆ ਕਮਾਈਆ ।

੧੩੬੦
੦੯

ਤ੍ਰੈਗੁਣ ਮਾਇਆ ਰੂਪ ਬੇਅੰਤ, ਨਾਨਾਪਰਕਾਰ ਕਰੇ ਰੁਸ਼ਨਾਈਆ । ਇਕ ਵਿਸਰੇ ਹਰਿ ਹਰਿ ਕੰਤ, ਘਰ ਮੰਦਰ ਠੌਰ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਵੇਖੇ ਥਾਉਂ ਥਾਈਆ । ਪੂਰਬ ਲਹਿਣਾ ਕਰ ਵਿਚਾਰ, ਨੌ ਨੌ ਜਨਮ ਦੁਵਾਇੰਦਾ । ਰਵਦਾਸ ਚੁਮਾਰਾ ਮਾਰੇ ਮਾਰ, ਨੇਤਰ ਨੈਣਾ ਤੀਰ ਚਲਾਇੰਦਾ । ਖ਼ਾਕੀ ਖ਼ਾਕ ਮਿਲਾਏ ਦਰ ਦਰਬਾਰ, ਸ਼ਾਹ ਸੁਲਤਾਨ ਸੀਸ ਤਾਜ ਨਾ ਕੋਇ ਟਿਕਾਇੰਦਾ । ਗੰਗਾ ਗੋਦਾਵਰੀ ਨਾ ਕੋਇ ਆਧਾਰ, ਰੂਪ ਅਨੂਪ ਨਾ ਕੋਇ ਤਰਸਾਇੰਦਾ । ਗੰਗਾ ਰਾਮ ਕੀ ਕਰੇ ਪੁਕਾਰ, ਆਪਣੀ ਕੀਤੀ ਆਪੇ ਭੁੱਲ ਜਾਇੰਦਾ । ਸਾਚੇ ਦਰ ਮੰਗੀ ਮੰਗ ਬਣ ਭਿਖਾਰ, ਨਿਉਂ ਨਿਉਂ ਦੋਏ ਜੋੜ ਸੀਸ ਝੁਕਾਇੰਦਾ । ਰਵਦਾਸ ਚੁਮਾਰ ਏਕਾ ਡੋਰ ਬੰਧੀ ਕਰ ਪਿਆਰ, ਤੰਦਨ ਤੰਦ ਹੱਥ ਰਖਾਇੰਦਾ । ਢੋਏ ਢੋਰ ਵਿਚ ਸੰਸਾਰ, ਜਗਤ ਖਲੜੀ ਆਪਣੀ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲਹਿਣਾ ਵੇਖ ਵਖਾਇੰਦਾ । ਗੰਗਾ ਰਾਮ ਕਰ ਪੁਕਾਰ, ਰਵਦਾਸ ਚੁਮਾਰ ਅੱਗੇ ਕੁਰਲਾਇਆ । ਤੇਰਾ ਸੰਗ ਭੁਲਿਆ ਮੀਤ ਮੁਰਾਰ, ਤੇਰਾ ਕਸੀਰਾ ਹੱਥ ਕਿਸੇ ਨਾ ਆਇਆ । ਰਾਹ ਭੁੱਲਿਆ ਬੇਨਜ਼ੀਰ, ਖ਼ੁਦੀ ਰੂਪ ਇਕ ਵਟਾਇਆ । ਜਗਤ ਮਾਇਆ ਪਾਇਆ ਇਕ ਜ਼ੰਜ਼ੀਰ, ਨਾ ਸਕੇ ਕੋਇ ਤੁੜਾਇਆ । ਵੇਲਾ ਆਇਆ ਅੰਤ ਅਖ਼ੀਰ, ਦੇਵਣਹਾਰਾ ਸ਼ਾਹ ਸਜ਼ਾਇਆ । ਨਾ ਕੋਈ ਕੱਟੇ ਮੇਰੀ ਭੀੜ, ਸ੍ਰੀ ਭਗਵਾਨ ਦਿਸ ਕਿਸੇ ਥਾਂ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਦਏ ਵਖਾਇਆ । ਜਗਤ ਬ੍ਰਹਿਮਣ ਕਰ ਪਿਆਰ, ਨੇਤਰ ਨੈਣਾਂ ਨੀਰ ਵਹਾਇੰਦਾ । ਲੇਖਾ ਜਾਣੇ ਰਵਦਾਸ ਚੁਮਾਰ, ਰਵੀਦਾਸ ਆਪਣਾ ਖੇਲ ਖਿਲਾਇੰਦਾ । ਏਕਾ ਨੇਤਰ ਏਕਾ ਵਾਰ ਨੈਣ ਉਘਾੜ, ਨੌ ਦਵਾਰੇ ਵਾਸਨਾ ਖੋਟੀ ਆਪ ਕਢਾਇੰਦਾ । ਪਤਿਤ ਪਾਪੀ ਕਵਣ ਦਵਾਰੇ ਉਤਰੇ ਪਾਰ, ਪਤਿਤ ਪੁਨੀਤ ਕਵਣ ਕਰਾਇੰਦਾ । ਕਵਣ ਗੀਤ ਢੋਲਾ ਗਾਏ ਵਿਚ ਸੰਸਾਰ, ਸਾਚਾ ਸੋਹਲਾ ਕਵਣ ਸੁਣਾਇੰਦਾ । ਕਵਣ ਤੋਲਾ ਬਣੇ ਤੋਲਣਹਾਰ, ਕਵਣ ਕੰਡਾ ਹੱਥ ਉਠਾਇੰਦਾ । ਕਵਣ ਵਚੋਲਾ ਹੋਏ ਅੰਤਮ ਵਾਰ, ਜਗਤ ਲਹਿਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣਾ ਆਪ ਜਣਾਇੰਦਾ । ਨੌ ਦਵਾਰ ਮਾਰ ਝਾਤ, ਰਵੀਦਾਸ ਦਇਆ ਕਮਾਈਆ । ਜਗਤ ਬ੍ਰਹਿਮਣ ਨੌ ਜਨਮ ਤੇਰੀ ਲੋਕਮਾਤ ਚੜ੍ਹੇ ਬਰਾਤ, ਮਾਣਸ ਮਾਣਸ ਰੂਪ ਵਟਾਈਆ । ਅੱਠ ਤਤ ਅੱਠ ਜਨਮ ਪਏ ਖਾਤ, ਖਾਤ ਖਾਤਾ ਸਕੇ ਨਾ ਕੋਇ ਫੋਲਾਈਆ । ਕਲਜੁਗ ਅੰਤਮ ਆਏ ਅੰਧੇਰੀ ਰਾਤ, ਤੇਰਾ ਰੂਪ ਅਨੂਪ ਲਏ ਪਰਗਟਾਈਆ । ਤੇਰੀ ਦੁਰਮਤ ਮੈਲ ਦੇਵੇ ਕਾਟ, ਜਿਸ ਤੇਰੀ ਬਣਤ ਬਣਾਈਆ । ਇਕ ਵਖਾਏ ਸਾਚਾ ਹਾਟ, ਦੂਜਾ ਹੱਟ ਨਾ ਕੋਇ ਜਣਾਈਆ । ਤੇਰਾ ਲਹਿਣਾ ਦੇਣਾ ਚੁਕਾਏ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਚਰਨਾਂ ਹੇਠ ਦਬਾਈਆ । ਲੇਖਾ ਜਾਣੇ ਜਿਉਂ ਬਾਲਕ ਪਿਤਾ ਮਾਤ, ਪੂਤ ਸਪੂਤਾ ਗਲੇ ਲਗਾਈਆ । ਤੇਰਾ ਲੇਖਾ ਚੁਕਾਏ ਹਾਥੋਂ ਹਾਥ, ਗੰਗਾ ਮਾਈ ਪ੍ਰੇਮ ਕੰਗਣ ਆਪਣੇ ਹੱਥ ਛੁਹਾਈਆ । ਸਦਾ ਸੁਹੇਲਾ ਵਸੇ ਸਾਥ, ਵੇਲਾ ਵਕਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਆਪ ਸੁਹਾਈਆ । ਸਾਚਾ ਲੇਖਾ ਲਿਖਣਹਾਰਾ, ਆਦਿ ਜੁਗਾਦਿ ਸਮਾਇਆ । ਗਵਾਹ ਰਖਾਇਆ ਰਵਦਾਸ ਚੁਮਾਰਾ, ਭੁੱਲ ਰਹੇ ਨਾ ਰਾਇਆ । ਦੋਹਾਂ ਵਚੋਲਾ ਬਣ ਨਿਰੰਕਾਰਾ, ਨਿਰਗੁਣ ਏਕਾ ਰੂਪ

੧੩੬੧

੧੩੬੨

ਵਟਾਇਆ । ਸਾਚਾ ਤੋਲਾ ਵਿਚ ਸੰਸਾਰਾ, ਸਾਚਾ ਕੰਡਾ ਲੈ ਕੇ ਆਇਆ । ਏਕਾ ਬੋਲੇ ਉਚ ਜੈਕਾਰਾ, ਹੰ ਬ੍ਰਹਮ ਮੇਲ ਮਿਲਾਇਆ । ਬ੍ਰਹਿਮਣ ਬ੍ਰਹਿਮਣੀ ਜਗਤ ਜੁਗਤ ਜੁਗ ਹੋਏ ਖ਼ੁਵਾਰਾ, ਨੌ ਨੌ ਲੇਖਾ ਸਕੇ ਨਾ ਕੋਇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਅਪਣੇ ਭਾਣੇ ਸਦ ਸਮਾਇਆ । ਕਿਆ ਬ੍ਰਹਿਮਣ ਕਿਆ ਸ਼ੂਦਰ ਧਾਰ, ਸ਼ੱਤਰੀ ਵੈਸ਼ ਭੇਵ ਨਾ ਰਾਈਆ । ਜਨਮ ਜਨਮ ਦੀ ਦੁਰਮਤ ਮੈਲ ਦਏ ਉਤਾਰ, ਦੀਨ ਦਿਆਲ ਸੱਚਾ ਸ਼ਹਿਨਸ਼ਾਹਿਆ । ਨੌ ਨੌ ਜਾਮੇ ਜਨਮ ਮਾਣਸ ਮਾਨੁਖ ਦੇ ਵਿਚ ਸੰਸਾਰ, ਲੇਖਾ ਲੇਖਾ ਲੇਖੇ ਪਾਈਆ । ਕਲਜੁਗ ਆਏ ਅੰਤਮ ਵਾਰ, ਪਾਵੇ ਸਾਰ ਬੇਪਰਵਾਹੀਆ । ਨਾ ਕੋਈ ਪੁਰਖ ਨਾ ਕੋਈ ਨਾਰ, ਕੰਤ ਕੰਤੂਲ ਇਕ ਅਖਵਾਈਆ । ਹਰਿਜਨ ਕਰੇ ਸਚ ਸ਼ੰਗਾਰ, ਸੋਲਾਂ ਇਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਰੂਪ ਧਰਾਈਆ । ਜੁਗ ਜੁਗ ਰੂਪ ਧਰਾਇੰਦਾ, ਹਰਿਜਨ ਸਾਚੇ ਲਏ ਜਗਾ । ਲੋਕਮਾਤ ਸੁਤੇ ਆਪ ਉਠਾਇੰਦਾ, ਆਲਸ ਨਿੰਦਰਾ ਪਰਦਾ ਲਾਹ । ਆਪਣਾ ਨਾਉਂ ਆਪ ਦ੍ਰਿੜਾਇੰਦਾ, ਆਪਣੀ ਵਿਦਿਆ ਦਏ ਪੜ੍ਹਾ । ਗੁਰਮੁਖ ਸਾਚੇ ਗਲੇ ਲਗਾਇੰਦਾ, ਪੂਰਬ ਲਹਿਣਾ ਦਏ ਮੁਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਸਿੱਖ ਸਮਝਾ । ਸਾਚੀ ਸਿਖ਼ਿਆ ਹਰਿ ਸਮਝਾਇੰਦਾ, ਸੁਣ ਬੇਨੰਤੀ ਕਰੇ ਵਿਚਾਰ । ਹਰਿ ਕਾ ਲੇਖ ਸਮਝ ਵਿਚ ਕਿਸੇ ਨਾ ਆਇੰਦਾ, ਮਨ ਮਤ ਬੁਧੀ ਜਾਏ ਹਾਰ । ਹਾੜ ਸਤਾਰਾਂ ਜੋ ਫ਼ਰਮਾਇੰਦਾ, ਕਾਗਦ ਕਲਮ ਨਾ ਲਿਖਣਹਾਰ । ਨੌ ਨੌ ਚਾਰ ਰਾਹ ਤਕਾਇੰਦਾ, ਗੁਰ ਪੀਰ ਅਵਤਾਰ ਨਾ ਪਾਵਣ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਸਣਹਾਰਾ ਸਚ ਦਵਾਰ । ਸਚ ਦਵਾਰ ਸੁਹਾਇੰਦਾ, ਹਰਿ ਦਾਤਾ ਬੇਪਰਵਾਹ । ਕਲਜੁਗ ਅੰਤਮ ਵੇਸ ਵਟਾਇੰਦਾ, ਜੋਤੀ ਜਾਮਾ ਸੱਚਾ ਸ਼ਹਿਨਸ਼ਾਹ । ਗੁਰਮੁਖਾਂ ਸੰਗ ਸਦਾ ਸਮਾਇੰਦਾ, ਨਿਰਗੁਣ ਆਪਣਾ ਰੂਪ ਧਰਾ । ਜਗਤ ਹੱਟੀ ਵਿਚ ਬਹਿ ਬਹਿ ਤੋਲ ਨਾ ਕੋਇ ਤੁਲਾਇੰਦਾ, ਧੜੀ ਵਟੀ ਹੱਥ ਨਾ ਲਏ ਉਠਾ । ਮਾਲ ਮਵੇਸ਼ੀ ਨਾ ਕੋਇ ਚੁਰਾਇੰਦਾ, ਗੁਰਸਿਖਾਂ ਸੁਰਤੀ ਬਨ੍ਹੇ ਚਰਨ ਲਗਾ । ਠੰਡਾ ਪਾਣੀ ਨਾ ਰਾਹ ਤਕਾਇੰਦਾ, ਖਾਲਾਂ ਉਤੇ ਬਹੇ ਨਾ ਮੰਜਾ ਡਾਹ । ਗੁਰਮੁਖ ਆਸਣ ਸੇਜਾ ਸੋਭਾ ਪਾਇੰਦਾ, ਆਤਮ ਅੰਤਰ ਜੋਤ ਜਗਾ । ਠੰਡੀ ਛਾਂ ਨਾ ਕੋਇ ਜਣਾਇੰਦਾ, ਸਭ ਦੇ ਸਿਰ ਤੇ ਦੇਵਣਹਾਰਾ ਠੰਡੀ ਛਾਂ । ਪੂਰਬ ਲਹਿਣਾ ਆਪ ਮੁਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਕਰਾਏ ਸਚ ਨਿਆਂ । ਕਿਆ ਬੇਨੰਤੀ ਕਿਆ ਪੁਕਾਰ, ਆਪਣੀ ਗਤ ਜੀਵਣ ਜੁਗਤ ਕਹਿਣ ਨਾ ਜਾਈਆ । ਮਨ ਮਤ ਬੁਧ ਨਾ ਸਕੇ ਵਿਚਾਰ, ਹਰਿ ਕਾ ਭੇਵ ਭੇਵ ਨਾ ਰਾਈਆ । ਕਾਗਦ ਕਲਮ ਕਰੇ ਪੁਕਾਰ, ਨੇਤਰ ਰੋਵੇ ਜਗਤ ਸ਼ਾਹੀਆ । ਹਰਿ ਜੂ ਹਰਿ ਮੰਦਰ ਵਸਿਆ ਸਭ ਤੋਂ ਬਾਹਰ, ਆਪਣਾ ਘਾੜਨ ਆਪ ਘੜਾਈਆ । ਜੋ ਬੋਲੇ ਸੋ ਸੁਣੇ ਸੁਣਨੇਹਾਰ, ਭੁੱਲ ਕਦੇ ਨਾ ਜਾਈਆ । ਹਰਿ ਕਾ ਬੋਲਿਆ ਜੀਵ ਨਾ ਸਕੇ ਕੋਇ ਵਿਚਾਰ, ਭੁੱਲੀ ਸਰਬ ਲੋਕਾਈਆ । ਗੁਰਮੁਖ ਗੁਰਸਿਖ ਅਪਣੇ ਕੰਡੇ ਆਪੇ ਤੋਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਏਕਾ ਏਕ ਸਹਿਜ ਸੁਖਦਾਈਆ । ਆਪਣੀ ਬੇਨੰਤੀ ਜਾਣੇ ਕਵਣ, ਰਸਨਾ ਜਿਹਵਾ ਜਗਤ ਕੁਰਲਾਈਆ । ਦੇਵੇ ਸਨੇਹਾ ਉਣੰਜਾ ਪਵਣ, ਆਦਿ ਜੁਗਾਦਿ ਸੇਵ ਕਮਾਈਆ । ਲੇਖਾ ਜਾਣੇ ਅਵਣ ਗਵਣ, ਪਾਰਬ੍ਰਹਮ ਵੱਡੀ ਵਡਿਆਈਆ । ਕਾਇਆ ਮੰਦਰ

ਅੰਦਰ ਤ੍ਰੈਗੁਣ ਆਹੁਤੀ ਪੰਜ ਤਤ ਹਵਨ, ਅਗਨੀ ਜੋਤੀ ਲੰਬੂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਬੇਪਰਵਾਹ ਇਕ ਅਖਵਾਈਆ । ਜਗਤ ਬੇਨੰਤੀ ਭਗਤ ਜਵਾਬ, ਸਤਿਗੁਰ ਪੂਰਾ ਆਪ ਸੁਣਾਇੰਦਾ । ਕੋਟਨ ਕੋਟ ਜੋ ਜਪਦੇ ਰਹੇ ਜਾਪ, ਸੁਫ਼ਨੇ ਵਿਚ ਨਜ਼ਰ ਕਿਸੇ ਨਾ ਆਇੰਦਾ । ਲੋਕਮਾਤ ਨਾ ਗਾਏ ਜਸ ਪਰਗਟ ਹੋ ਪ੍ਰਭ ਆਪ, ਚਾਰ ਜੁਗ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪੇ ਰਿਹਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਕਿਆ ਮਾਂਗੇ ਕਿਆ ਦੀਜੇ ਦਾਨ, ਮੰਗਣ ਮੰਗਣ ਕੋਇ ਨਾ ਜਾਈਆ । ਆਪਣਾ ਆਪ ਨਾ ਸਕੇ ਕੋਇ ਪਛਾਣ, ਕਿਆ ਲੇਖਾ ਲਿਖਤ ਜਗਤ ਬਾਣੀਆ । ਸਤਿਗੁਰ ਪੂਰਾ ਹੋਏ ਜਿਸ ਆਪ ਮਿਹਰਵਾਨ, ਆਪਣੀ ਸੁਣਾਏ ਅਕਥ ਕਹਾਣੀਆ । ਗੁਰਸਿਖ ਬਾਲਾ ਬਨਿਆ ਰਹੇ ਨਾਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਆਤਮ ਬਖ਼ਸ਼ੇ ਠੰਡਾ ਪਾਣੀਆ । ਕਿਆ ਕਹਿਣਾ ਕਿਆ ਸੁਣਨਾ ਕਿਆ ਬੋਲਣਾ, ਰਸਨਾ ਜਿਹਵਾ ਕਰ ਵਿਚਾਰ । ਸੁਣ ਬੇਨੰਤੀ ਗੁਰ ਸਤਿਗੁਰ ਪੂਰਾ ਤੋਲ ਤੋਲਣਾ, ਝੂਠਾ ਹੋਏ ਨਾ ਅਗੰਮ ਅਪਾਰ । ਆਪਣਾ ਭੰਡਾਰਾ ਆਪੇ ਖੋਲ੍ਹਣਾ, ਵਰਤਾਵਣਹਾਰ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਸ਼ਕਤੀ ਇਕ ਵਿਅਕਤੀ, ਭਗਤ ਭਗਤੀ ਆਪਣੇ ਹੱਥ ਰੱਖੇ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਦੇਵੇ ਇਕ ਆਧਾਰ ।



੧੩੬੩

## ✻ ੨੩ ਕੱਤਕ ੨੦੧੭ ਬਿਕ੍ਰਮੀ ਸੋਹਣ ਸਿੰਘ ਦੇ ਘਰ ਪਿੰਡ ਰਾਮ ਪੁਰ ਜ਼ਿਲਾ ਅੰਮ੍ਰਿਤਸਰ ✻

੦੯

ਸਤਿ ਪੁਰਖ ਨਿਰੰਜਣ ਸੱਚਾ ਪਾਤਸ਼ਾਹ, ਆਦਿ ਜੁਗਾਦਿ ਸਮਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਆਪ ਆਪਣਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਨਿਰਗੁਣ ਆਪਣਾ ਬੇੜਾ ਆਪ ਤਰਾਇੰਦਾ । ਏਕੰਕਾਰਾ ਦੇਵੇ ਸਚ ਸਲਾਹ, ਸਿਫ਼ਤ ਸਾਲਾਹੀ ਆਪ ਅਖਵਾਇੰਦਾ । ਆਦਿ ਨਿਰੰਜਣ ਜੋਤ ਜਗਾ, ਨੂਰ ਨੁਰਾਨਾ ਰੂਪ ਪਰਗਟਾਇੰਦਾ । ਅਬਿਨਾਸ਼ੀ ਕਰਤਾ ਸੰਗ ਨਿਭਾ, ਸਗਲਾ ਸੰਗ ਆਪ ਹੋ ਜਾਇੰਦਾ । ਸ੍ਰੀ ਭਗਵਾਨ ਵਸੇ ਸਾਚੇ ਥਾਂ, ਦਰ ਘਰ ਸਾਚਾ ਸੋਭਾ ਪਾਇੰਦਾ । ਪਾਰਬ੍ਰਹਮ ਏਕਾ ਆਪਣਾ ਨਾਉਂ ਲਏ ਪਰਗਟਾ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਮੂਰਤ ਅਕਾਲ ਰੂਪ ਧਰਾ, ਅਨਭਵ ਪਰਕਾਸ਼ ਸਮਾਇੰਦਾ । ਜੂਨੀ ਰਹਿਤ ਅਗੰਮ ਅਥਾਹ, ਅਲੱਖ ਅਗੋਚਰ ਆਪਣੀ ਕਲ ਵਰਤਾਇੰਦਾ । ਨਿਰਵੈਰ ਖੇਲੇ ਖੇਲ ਸਭਨੀ ਥਾਂ, ਭੇਵ ਅਭੇਦਾ ਭੇਵ ਖੁਲਾਇੰਦਾ । ਆਦਿ ਆਦਿ ਆਪਣੀ ਬਣਤ ਬਣਾ, ਆਪ ਆਪਣੀ ਰਚਨ ਰਚਾਇੰਦਾ । ਸਚਖੰਡ ਦਵਾਰਾ ਇਕ ਸੁਹਾ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਿਰਗੁਣ ਦੀਵਾ ਬਾਤੀ ਕਮਲਾਪਾਤੀ ਆਪ ਟਿਕਾ, ਨੂਰ ਜ਼ਹੂਰ ਇਕ ਚਮਕਾਇੰਦਾ । ਸਾਚੀ ਤਾਕੀ ਬੰਦ ਖੁਲ੍ਹਾ, ਦਰ ਦਰਵਾਜ਼ਾ ਆਪ ਸੁਹਾਇੰਦਾ । ਘਰ ਵਿਚ ਘਰ ਦਏ ਟਿਕਾ, ਥਿਰ ਦਰਬਾਰਾ ਆਪ ਉਪਾਇੰਦਾ । ਆਪਣੀ ਇਛਿਆ ਫੁਰਨਾ ਆਪ ਫੁਰਾ, ਸਾਚੀ ਭਿਛਿਆ ਵੰਡ ਵੰਡਾਇੰਦਾ । ਆਪਣਾ ਹੁਕਮ ਆਪ ਵਰਤਾ, ਹੁਕਮੀ ਹੁਕਮ ਖੇਲ ਖਿਲਾਇੰਦਾ । ਆਪੇ ਦਾਤਾ ਬਣੇ ਬੇਪਰਵਾਹ, ਦਾਤਾ ਦਾਨੀ ਨਾਉਂ ਧਰਾਇੰਦਾ । ਆਪਣੀ ਵਸਤ ਆਪਣੇ ਹੱਥ ਉਠਾ, ਹਰਿ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਦਿ ਪੁਰਖ ਖੇਲ ਅਪਾਰਾ, ਜੋਤੀ ਨੂਰ ਨੂਰ ਉਜਿਆਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਤਿ ਸਤਿਵਾਦੀ ਆਪ ਕਰਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਲਏ ਅੰਗੜਾਈਆ । ਏਕੰਕਾਰਾ ਵਸੇ ਠਾਂਡੇ ਦਰਬਾਰ, ਆਦਿ ਨਿਰੰਜਣ ਰੂਪ ਪਰਗਟਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਸ੍ਰੀ ਭਗਵਾਨ ਸਾਚਾ ਸੰਗ ਨਿਭਾਈਆ । ਪਾਰਬ੍ਰਹਮ ਖੇਲੇ ਖੇਲ ਅਪਰ ਅਪਾਰ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਵੱਡੀ ਵਡਿਆਈਆ । ਸਚਖੰਡ ਦਵਾਰਾ ਦਏ ਸੁਹਾ, ਸੋਭਾਵੰਤ ਇਕ ਅਖਵਾਈਆ । ਆਪਣੀ ਰਚਨਾ ਆਪ ਰਚਾ, ਵੇਖਣਹਾਰਾ ਆਪ ਹੋ ਜਾਈਆ । ਆਪੇ ਬਣੇ ਸੱਚਾ ਸ਼ਹਿਨਸ਼ਾਹ, ਸ਼ਾਹੋ ਭੂਪ ਰਾਜ ਰਾਜਾਨ ਸ਼ਾਹ ਸੁਲਤਾਨ ਇਕ ਅਖਵਾਈਆ । ਆਪਣਾ ਨਿਸ਼ਾਨਾ ਆਪ ਲਏ ਉਠਾ, ਸਤਿ ਪੁਰਖ ਆਪ ਝੁਲਾਈਆ । ਆਪਣਾ ਤਾਜ ਆਪਣੇ ਸੀਸ ਆਪੇ ਲਏ ਟਿਕਾ, ਨਿਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਕਾਲਾ, ਕਰੇ ਖੇਲ ਦੀਨ ਦਿਆਲਾ, ਭੇਵ ਕੋਈ ਨਾ ਆਇੰਦਾ । ਸਤਿ ਪੁਰਖ ਨਿਰੰਜਣ ਵਡ ਵਡਿਆਈ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਖੇਲ ਰਚਾਈ, ਅਨਭਵ ਆਪਣਾ ਰੂਪ ਧਰਾਈਆ । ਹਰਿ ਪੁਰਖ ਨਿਰੰਜਣ ਵੇਖੇ ਚਾਈਂ ਚਾਈਂ, ਮੂਰਤ ਅਕਾਲ ਡਗਮਗਾਈਆ । ਏਕੰਕਾਰਾ ਦਏ ਸਲਾਹੀ, ਆਦਿ ਨਿਰੰਜਣ ਵੇਖਣਹਾਰਾ ਥਾਉਂ ਥਾਈਂਆ । ਅਬਿਨਾਸ਼ੀ ਕਰਤਾ ਬਣ ਮਲਾਹੀ, ਸ੍ਰੀ ਭਗਵਾਨ ਸਾਚਾ ਲੇਖਾ ਦਏ ਸਮਝਾਈਆ । ਪਾਰਬ੍ਰਹਮ ਇਕ ਗੋਸਾਈਂ, ਆਪ ਆਪਣੀ ਕਲ ਧਰਾਈਆ । ਸਚਖੰਡ ਦਵਾਰ ਹਰਿ ਨਿਰੰਕਾਰ ਸਚ ਸਿੰਘਾਸਣ ਏਕਾ ਰਿਹਾ ਵਿਛਾਈ, ਪੁਰਖ ਅਬਿਨਾਸ਼ੀ ਸੇਜ ਸੁਹਾਈਆ । ਉਪਰ ਬੈਠ ਸੱਚਾ ਸ਼ਹਿਨਸ਼ਾਹੀ, ਸਾਚੇ ਤਖ਼ਤ ਦਏ ਵਡਿਆਈਆ । ਆਪੇ ਚਲੇ ਆਪਣੀ ਸਚ ਰਜ਼ਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰਾ, ਆਦਿ ਪੁਰਖ ਲੈ ਅਵਤਾਰਾ ਦਰ ਘਰ ਸਾਚੇ ਸੋਭਾ ਪਾਈਆ । ਸਤਿ ਪੁਰਖ ਨਿਰੰਜਣ ਹਰਿ ਨਿਰੰਕਾਰਾ, ਏਕਾ ਰੰਗ ਸਮਾਇਆ । ਸਚਖੰਡ ਸੁਹਾਏ ਸਚ ਦਵਾਰਾ, ਤਖ਼ਤ ਨਿਵਾਸੀ ਡੇਰਾ ਲਾਇਆ । ਏਕਾ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਇਆ । ਸਾਚਾ ਭੂਪ ਸਾਚਾ ਰਾਣਾ, ਹਰਿ ਹਰਿ ਸਾਚਾ ਖੇਲ ਖਿਲਾਇਆ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਸਦ ਸਮਾਇਆ । ਆਪੇ ਬੀਨਾ ਆਪੇ ਦਾਨਾ, ਆਪੇ ਦਾਤ ਝੋਲੀ ਪਾਇਆ । ਆਪਣਾ ਖੇਲ ਆਪੇ ਕੀਨਾ, ਕਰਤਾ ਪੁਰਖ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਦੂਸਰ ਸੰਗ ਨਾ ਕੋਈ ਰਖਾਇਆ । ਇਕ ਇਕੱਲਾ ਹਰਿ ਨਿਰੰਕਾਰ, ਦਰਗਹਿ ਸਾਚੀ ਡੇਰਾ ਲਾਇੰਦਾ । ਸਚਖੰਡ ਦੁਆਰ ਖੋਲ੍ਹ ਕਿਵਾੜ, ਨਿਰਗੁਣ ਦੀਵਾ ਬਾਤੀ ਇਕ ਜਗਾਇੰਦਾ । ਨਾ ਕੋਈ ਦੀਸੇ ਅੰਧ ਅੰਧਿਆਰ, ਆਪਣੀ ਖਾਟੀ ਸੇਜ ਸੁਹਾਇੰਦਾ । ਉਪਰ ਬੈਠ ਸੱਚੀ ਸਰਕਾਰ, ਸਾਚਾ ਤਾਜ ਸੀਸ ਟਿਕਾਇੰਦਾ । ਨਿਰਗੁਣ ਰੂਪ ਹਰਿ ਨਿਰੰਕਾਰ, ਮੂਰਤ ਅਕਾਲ ਡਗਮਗਾਇੰਦਾ । ਅਜੂਨੀ ਰਹਿਤ ਅਪਰ ਅਪਾਰ, ਸਾਚੀ ਖੇਲ ਆਪ ਖਲਾਇੰਦਾ । ਇਕ ਇਕੱਲਾ ਕਰਨੇਹਾਰ, ਉਚ ਮਹੱਲ ਅਟੱਲ ਆਪ ਵਸਾਇੰਦਾ । ਥਿਰ ਘਰ ਸਾਚਾ ਖੋਲ੍ਹ ਦੁਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਪ ਕਰੇ ਉਜਿਆਰ । ਆਪਣਾ ਆਪ ਆਪ ਉਪਾਇਆ, ਮਾਤ ਪਿਤ ਨਾ ਕੋਈ ਬਣਾਈਆ । ਦਾਈ ਦਾਇਆ ਨਾ ਕੋਈ ਲਗਾਇਆ, ਸੇਵਕ ਸੇਵ ਨਾ ਕੋਈ ਕਮਾਈਆ । ਬੂੰਦ ਰਕਤ ਨਾ ਮੇਲ ਮਿਲਾਇਆ,

੧੩੬੪
੦੯

ਤਤਵ ਤਤ ਨਾ ਕੋਈ ਰਖਾਈਆ । ਨਿਰਗੁਣ ਨਿਰਾਕਾਰ ਸੁਤੇ ਪਰਕਾਸ਼ ਆਪ ਕਰਾਇਆ, ਅਨਭਵ ਆਪਣਾ ਰੂਪ ਦ੍ਰਿੜਾਈਆ । ਸੋ ਪੁਰਖ ਨਿਰੰਜਣ ਵੇਖਣ ਆਇਆ, ਪੰਚਮ ਪਰਦਾ ਆਪ ਚੁਕਾਈਆ । ਏਕੰਕਾਰਾ ਆਪ ਆਪਣਾ ਰੰਗ ਰੰਗਾਇਆ, ਆਦਿ ਨਿਰੰਜਣ ਲਾਡ ਲਡਾਈਆ । ਸ੍ਰੀ ਭਗਵਾਨ ਦਏ ਸਲਾਹਿਆ, ਅਬਿਨਾਸ਼ੀ ਕਰਤਾ ਗੀਤ ਅਲਾਈਆ । ਪਾਰਬ੍ਰਹਮ ਆਪਣਾ ਰੂਪ ਆਪੇ ਵੇਖੇ ਨਾ ਕੋਈ ਦੂਸਰ ਦਿਸੇ ਛਾਇਆ, ਨਾ ਕੋਈ ਬਣਤ ਬਣਾਈਆ । ਏਕਾ ਘਰ ਏਕਾ ਨਰ ਏਕਾ ਹਰਿ ਡੇਰਾ ਲਾਇਆ, ਏਕਾ ਵੱਜਦੀ ਰਹੇ ਵਧਾਈਆ । ਸਚਖੰਡ ਦੁਆਰਾ ਸੋਭਾ ਪਾਇਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਥਿਰ ਦਰਬਾਰਾ ਆਪ ਖਲਾਇਆ, ਅੰਦਰ ਮੰਦਰ ਵੇਖ ਵਖਾਈਆ । ਆਪਣਾ ਰੂਪ ਆਪ ਦਰਸਾਇਆ, ਆਪੇ ਵੇਖਣਹਾਰਾ ਵੇਖੇ ਚਾਈਂ ਚਾਈਆ । ਏਕਾ ਜੋਤੀ ਜੋਤ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਰਿ ਵੱਡਾ ਸ਼ਾਹ ਸੁਲਤਾਨ, ਏਕਾ ਏਕ ਏਕੰਕਾਰਿਆ । ਸਚਖੰਡ ਦੁਆਰੇ ਵਸੇ ਇਕ ਮਕਾਨ, ਨਿਰਗੁਣ ਜੋਤ ਕਰ ਉਜਿਆਰਿਆ । ਆਪੇ ਬਖ਼ਸ਼ੇ ਆਪਣਾ ਮਾਣ, ਮਾਣ ਤਾਣ ਏਕਾ ਏਕ ਵਖਾ ਰਿਹਾ । ਆਪੇ ਦੇਵੇ ਦੇਵਣਹਾਰਾ ਦਾਨ, ਆਪੇ ਭਿਖਕ ਰੂਪ ਵਟਾ ਰਿਹਾ । ਆਪੇ ਗਾਏ ਆਪਣਾ ਗਾਣ, ਆਪ ਆਪਣੀ ਇਛਿਆ ਬਾਹਰ ਕਢਾ ਰਿਹਾ । ਆਪਣੀ ਇਛਿਆ ਕਰੇ ਧੁਰ ਫ਼ਰਮਾਣ, ਸ਼ਬਦ ਅਨਾਦੀ ਨਾਉਂ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਵਡਿਆ ਲਿਆ ।
੧੩੬੫ ਘਰ ਵਡਿਆਏ ਹਰਿ ਦਵਾਰਾ, ਹਰਿ ਹਰਿ ਆਪਣਾ ਰੂਪ ਪਰਗਟਾਇੰਦਾ । ਏਕਾ ਵਸੇ ਏਕੰਕਾਰਾ, ਆਪ ਆਪਣੀ ਕਲ ਰਖਾਇੰਦਾ । ਸਾਚੇ ਤਖ਼ਤ ੧੩੬੫
ਬੈਠ ਸੱਚੀ ਸਰਕਾਰਾ, ਸ਼ਾਹ ਸ਼ਹਾਨਾ ਰੂਪ ਪਰਗਟਾਇੰਦਾ । ਰੂਪ ਅਨੂਪ ਸਤਿ ਸਰੂਪ ਗੁਪਤ ਜ਼ਾਹਰਾ, ਅੰਦਰ ਬਾਹਰ ਆਪ ਹੋ ਜਾਇੰਦਾ । ਆਪਣਾ ਦੀਨ ਆਪ ਲਾਏ ਨਾਅਰਾ, ਆਪਣਾ ਨਾਉਂ ਆਪੇ ਗਾਇੰਦਾ । ਆਪੇ ਕਰੇ ਸਚ ਵਿਹਾਰਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੇ ਸਾਚੇ ਘਰ, ਦਰ ਸਾਚਾ ਆਪ ਖੁਲ੍ਹਾਇੰਦਾ । ਸਚਖੰਡ ਦਵਾਰਾ ਖੋਲ੍ਹ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਆਪਣਾ ਨਾਉਂ ਆਪੇ ਬੋਲ, ਸਤਿ ਜੈਕਾਰਾ ਏਕਾ ਲਾਇੰਦਾ । ਏਕੰਕਾਰਾ ਵਜਾਏ ਢੋਲ, ਮਰਦੰਗਾ ਦਿਸ ਕਿਸੇ ਨਾ ਆਇੰਦਾ । ਆਦਿ ਨਿਰੰਜਣ ਤੋਲੇ ਤੋਲ, ਸਾਚਾ ਕੰਡਾ ਹੱਥ ਉਠਾਇੰਦਾ । ਅਬਿਨਾਸ਼ੀ ਕਰਤਾ ਏਕਾ ਵਸਤ ਕੋਲ, ਆਦਿ ਅੰਤ ਭੁੱਲ ਨਾ ਜਾਇੰਦਾ । ਸ੍ਰੀ ਭਗਵਾਨ ਆਪਣੀ ਧਾਰਨ ਆਪੇ ਬੋਲ, ਆਪਣਾ ਗਣਤ ਆਪੇ ਗਣਾਇੰਦਾ । ਪਾਰਬ੍ਰਹਮ ਆਪਣੇ ਅੰਦਰ ਆਪੇ ਮੌਲ, ਰੂਪ ਅਨੂਪ ਆਪਣੇ ਵਿਚ ਟਿਕਾਇੰਦਾ । ਸਚਖੰਡ ਦਵਾਰੇ ਹਰਿ ਨਿਰੰਕਾਰਾ ਆਪਣਾ ਕਰੇ ਆਪੇ ਕੌਲ, ਕੀਤਾ ਕੌਲ ਪੂਰ ਕਰਾਇੰਦਾ । ਥਿਰ ਘਰ ਦਵਾਰਾ ਰੱਖੇ ਅਡੋਲ, ਆਦਿ ਜੁਗਾਦਿ ਨਾ ਕੋਇ ਡੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਤਖ਼ਤ ਬੈਠਾ ਚੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਇਕ ਇਕੱਲਾ ਏਕੰਕਾਰਾ, ਕਰੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਖੇਲ ਖਿਲਾਇੰਦਾ । ਅਲੱਖ ਅਲੱਖਣਾ ਹਰਿ ਨਿਰੰਕਾਰ, ਲੇਖਾ ਲੇਖ ਨਾ ਕੋਈ ਜਣਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਾਚੀ ਕਾਰ ਆਪ ਕਰਾਇੰਦਾ । ਸ਼ਬਦੀ ਸ਼ਬਦ ਸਤਿ ਵਰਤਾਰ, ਸਤਿ ਸਤਿਵਾਦੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਇਕ ਇਕੱਲਾ ਵੇਸ ਵਟਾਇੰਦਾ । ਵੇਸ ਵਟੰਦੜਾ ਸ੍ਰੀ ਭਗਵਾਨ, ਰੂਪ

੧੩੬੬ ੦੯

ਅਨੂਪ ਪਰਗਟਾਇੰਦਾ । ਸਤਿ ਝੁਲਾਏ ਇਕ ਨਿਸ਼ਾਨ, ਦਰਗਾਹਿ ਸਾਚੀ ਆਪ ਝੁਲਾਇੰਦਾ । ਧੁਰ ਦੀਬਾਣੀ ਧੁਰ ਫ਼ਰਮਾਣ, ਧੁਰ ਦੀ ਧਾਰ ਆਪ ਸੁਣਾਇੰਦਾ । ਧੁਰ ਦਾ ਮੰਦਰ ਸਚ ਮਕਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਧੁਰ ਦਾ ਰਾਜ ਧੁਰ ਦੀ ਬਾਣ, ਧੁਰ ਦਾ ਹੁਕਮ ਆਪ ਵਰਤਾਇੰਦਾ । ਖੇਲੇ ਖੇਲ ਦੋ ਜਹਾਨ, ਆਪ ਆਪਣਾ ਬਲ ਰਖਾਇੰਦਾ । ਨਾ ਕੋਈ ਚਿਲਾ ਤੀਰ ਕਮਾਨ, ਸ਼ਸਤਰ ਹੱਥ ਨਾ ਕੋਈ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਾਚਾ ਹਰਿ, ਆਪਣੀ ਧਾਰ ਆਪ ਬੰਧਾਇੰਦਾ । ਹਰਿ ਸਾਚੀ ਧਾਰ ਬੰਧਾਇੰਦਾ, ਅਨਭਵ ਕਰ ਪਰਕਾਸ਼ । ਆਪਣੀ ਰਚਨਾ ਆਪ ਰਚਾਇੰਦਾ, ਆਪਣੇ ਅੰਦਰ ਕਰੇ ਵਾਸ । ਨਾਰੀ ਕੰਤ ਆਪ ਅਖਵਾਇੰਦਾ, ਆਪਣੀ ਪੂਰੀ ਕਰੇ ਆਸ । ਆਪਣੀ ਸੇਜ ਆਪ ਹੰਢਾਇੰਦਾ, ਆਪਣੇ ਵਸੇ ਸਦਾ ਪਾਸ । ਆਪਣੀ ਕੁੱਖ ਆਪ ਸੁਹਾਇੰਦਾ, ਆਪੇ ਕਰੇ ਬੰਦ ਖ਼ੁਲਾਸ । ਆਪਣੀ ਗੋਦ ਆਪ ਬਹਾਇੰਦਾ, ਆਪੇ ਹੋਏ ਦਾਸੀ ਦਾਸ । ਆਪਣੀ ਸੇਵਾ ਆਪ ਕਮਾਇੰਦਾ, ਆਦਿ ਜੁਗਾਦਿ ਨਾ ਜਾਏ ਵਿਨਾਸ । ਆਪਣਾ ਹੁਕਮ ਆਪ ਵਰਤਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਹੋ ਸ਼ਾਬਾਸ । ਸਾਚਾ ਹੁਕਮ ਆਪ ਕਰਾਇਆ, ਕਰ ਕਿਰਪਾ ਗੁਣ ਨਿਧਾਨ । ਆਪਣੀ ਇਛਿਆ ਪੂਰ ਕਰਾਇਆ, ਭਿਛਿਆ ਪਾਏ ਸ੍ਰੀ ਭਗਵਾਨ । ਸੁਤ ਦੁਲਾਰਾ ਏਕਾ ਜਾਇਆ, ਸ਼ਬਦੀ ਨਾਉਂ ਇਕ ਮਹਾਨ । ਸਚਖੰਡ ਦਵਾਰੇ ਆਪ ਬਹਾਇਆ, ਥਿਰ ਘਰ ਵਸਦਾ ਰਹੇ ਮਕਾਨ । ਸਿਰ ਆਪਣਾ ਹੱਥ ਟਿਕਾਇਆ, ਭੁੱਲ ਨਾ ਜਾਏ ਬਣ ਨਿਧਾਨ । ਏਕਾ ਰੰਗਣ ਰੰਗ ਰੰਗਾਇਆ, ਰੰਗਣਹਾਰਾ ਰੂਪ ਮਹਾਨ । ਸਗਲਾ ਸੰਗ ਆਪ ਨਿਭਾਇਆ, ਨਿਰਗੁਣ ਰੂਪ ਹੋ ਆਪ ਮਿਹਰਵਾਨ । ਸਚ ਮਰਦੰਗ ਆਪ ਵਜਾਇਆ, ਆਪ ਸੁਣਾਏ ਸੱਚੀ ਧੁਨਕਾਨ । ਸੂਰਾ ਸਰਬੰਗ ਖੇਲ ਖਿਲਾਇਆ, ਜੋਧਾ ਬੀਰ ਬਲੀ ਬਲਵਾਨ । ਸਤ ਰੰਗ ਨਿਸ਼ਾਨ ਇਕ ਚੜ੍ਹਾਇਆ, ਆਪੇ ਹੋਏ ਨਿਗਹਬਾਨ । ਆਪਣੀਆਂ ਮੰਗਾਂ ਆਪੇ ਪੂਰ ਕਰਾਇਆ, ਆਪੇ ਦੇਵਣਹਾਰਾ ਧੁਰ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਖੇਲ ਅਪਾਰਾ, ਕਰੇ ਕਰਾਏ ਏਕੰਕਾਰਾ, ਇਕ ਇਕੱਲਾ ਨੌਜਵਾਨ । ਇਕ ਇਕੱਲਾ ਨੌਜਵਾਨਾ, ਆਪਣਾ ਬਲ ਰਖਾਇੰਦਾ । ਪਾਰਬ੍ਰਹਮ ਖੇਲੇ ਖੇਲ ਮਹਾਨਾ, ਸ੍ਰੀ ਭਗਵਾਨ ਭੇਵ ਨਾ ਆਇੰਦਾ । ਅਬਿਨਾਸ਼ੀ ਕਰਤਾ ਜਾਣੀ ਜਾਣਾ, ਆਦਿ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਕਰੇ ਪਛਾਣਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਮਰਦ ਮਰਦਾਨਾ, ਆਪ ਆਪਣਾ ਨਾਉਂ ਪਰਗਟਾਇੰਦਾ । ਸਤਿ ਪੁਰਖ ਨਿਰੰਜਣ ਸਾਚਾ ਕਾਹਨਾ, ਸਾਚੇ ਮੰਦਰ ਸੋਭਾ ਪਾਇੰਦਾ । ਏਕਾ ਸ਼ਬਦ ਕਰ ਪਰਵਾਨਾ, ਹੁਕਮੀ ਹੁਕਮ ਆਪ ਸੁਣਾਇੰਦਾ । ਸਤਿ ਸਰੂਪੀ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਕਰੇ ਖੇਲ ਦਇਆਵਾਨਾ, ਦਇਆਨਿਧ ਭੇਵ ਖੁਲ੍ਹਾਇੰਦਾ । ਏਕਾ ਰੂਪ ਦੋਏ ਵਖਾਨਾ, ਦੋਏ ਰੂਪ ਇਕ ਹੋ ਜਾਇੰਦਾ । ਆਪੇ ਵਿਸ਼ਨ ਦੇਵੇ ਮਾਣਾ, ਆਪੇ ਵਿਸ਼ਵ ਵਾਸਤਕ ਰੂਪ ਸੁਹਾਇੰਦਾ । ਆਪੇ ਅੰਮ੍ਰਿਤ ਕਵਲ ਭਰਾਨਾ, ਆਪੇ ਨਾਭੀ ਕਵਲ ਖੁਲ੍ਹਾਇੰਦਾ । ਆਪੇ ਬ੍ਰਹਮਾ ਦੇਵੇ ਏਕਾ ਦਾਨਾ, ਪਾਰਬ੍ਰਹਮ ਆਪਣੀ ਵੰਡ ਵੰਡਾਇੰਦਾ । ਆਪੇ ਸ਼ੰਕਰ ਵੇਖੇ ਮਾਰ ਧਿਆਨਾ, ਸੁੰਨ ਅਗੰਮਾ ਵੇਖ ਵਖਾਇੰਦਾ । ਤਿੰਨਾਂ ਸੁਣਾਇਆ ਏਕਾ ਗਾਣਾ, ਬੋਧ ਅਗਾਧ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਮਹੱਲਾ ਉਚ ਅਟਾਰੀ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਏਕਾ ਜੋਤ ਜਗੇ ਨਿਰੰਕਾਰੀ,

ਨਿਰਵੈਰ ਆਪਣਾ ਰੂਪ ਪਰਗਟਾਇੰਦਾ । ਏਕਾ ਅਸਵ ਏਕਾ ਸ਼ਾਹ ਸਵਾਰੀ, ਏਕਾ ਆਸਣ ਲਾਇੰਦਾ । ਏਕਾ ਭੂਪ ਇਕ ਸਿਕਦਾਰੀ, ਏਕਾ ਹੁਕਮ ਚਲਾਇੰਦਾ । ਏਕਾ ਖੇਲ ਕਰੇ ਅਗੰਮ ਅਪਾਰੀ, ਅਗੰਮ ਅਗੰਮੜਾ ਰੂਪ ਪਰਗਟਾਇੰਦਾ । ਏਕਾ ਖੜਗ ਇਕ ਕਟਾਰੀ, ਏਕਾ ਚੰਡ ਪਰਚੰਡ ਚਮਕਾਇੰਦਾ । ਏਕਾ ਕਰੇ ਸਚ ਸ਼ੰਗਾਰੀ, ਏਕਾ ਆਪਣਾ ਮਰਦੰਗ ਵਜਾਇੰਦਾ । ਏਕਾ ਜੋਤ ਏਕਾ ਧਾਰੀ, ਏਕਾ ਧਾਰ ਧਾਰ ਸਮਾਇੰਦਾ । ਏਕਾ ਵਿਸ਼ਨ ਏਕਾ ਬ੍ਰਹਮਾ, ਏਕਾ ਸ਼ਿਵ ਏਕਾ ਅੱਖਰ ਨਿਸ਼ਅੱਖਰ ਨਾਮ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਇਕ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਸਾਚੀ ਹਰਿ ਹਰਿ ਕਰੇ ਪੜ੍ਹਾਈਆ । ਏਕਾ ਮੇਲਾ ਧੁਰ ਦਰਬਾਰਾ, ਧੁਰ ਦਵਾਰਾ ਇਕ ਵਖਾਈਆ । ਏਕਾ ਹੁਕਮ ਇਕ ਸਰਕਾਰਾ, ਸ਼ਹਿਨਸ਼ਾਹ ਇਕ ਵਡਿਆਈਆ । ਏਕਾ ਜਗਤ ਵਰਤੇ ਵਰਤਾਰਾ, ਜਾਗਰਤ ਜੋਤ ਕਰ ਰੁਸ਼ਨਾਈਆ । ਏਕਾ ਸ਼ਕਤ ਭਰ ਭਰ ਭੰਡਾਰਾ, ਆਦਿ ਸ਼ਕਤ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਰਿਹਾ ਵਡਿਆਈਆ । ਹਰਿ ਕਾ ਨਾਮ ਵੱਡਾ ਵਡ, ਤਿੰਨਾਂ ਹਰਿ ਹਰਿ ਆਪ ਸਮਝਾਇੰਦਾ । ਆਪਣੇ ਵਿਚੋਂ ਆਪੇ ਕੱਢ, ਆਪਣੇ ਅੱਗੇ ਆਪ ਪਰਗਟਾਇੰਦਾ । ਆਪ ਲਡਾਏ ਸਾਚਾ ਲਡ, ਸਾਚੀ ਗੋਦ ਆਪ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤਿੰਨੇਂ ਲਵੇ ਬੰਧ, ਏਕਾ ਬੰਧਨ ਸਾਚਾ ਪਾਇੰਦਾ । ਕਰ ਕਿਰਪਾ ਦੇਵੇ ਏਕਾ ਅਨੰਦ, ਪਰਮਾਨੰਦ ਆਪ ਵਖਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਆਕਾਸ਼ ਪਰਕਾਸ਼ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਦਿ ਆਦਿ ਆਪਣਾ ਵੇਸ ਵਟਾਇੰਦਾ । ਆਦਿ ਪੁਰਖ ਖੇਲ ਅਪਾਰਾ, ਬ੍ਰਹਮਾ ਵਿਸ਼ਨ ਸ਼ਿਵ ਉਪਜਾਇਆ । ਨਿਰਗੁਣ ਨਿਰਗੁਣ ਭਰ ਭੰਡਾਰਾ, ਵਸਤ ਅਮੋਲਕ ਇਕ ਦਰਸਾਇਆ । ਸੇਵਾ ਲਾਏ ਸੇਵਾਦਾਰਾ, ਸੇਵਕ ਸੇਵਕ ਸੇਵਾ ਸਚ ਜਣਾਇਆ । ਏਕਾ ਮਾਤ ਕਰੇ ਪਿਆਰਾ, ਏਕਾ ਏਕ ਦਏ ਵਡਿਆਈਆ । ਏਕਾ ਮੰਦਰ ਇਕ ਦਵਾਰਾ, ਏਕਾ ਘਰ ਰਿਹਾ ਸੁਹਾਇਆ । ਏਕਾ ਪੁਰਖ ਏਕਾ ਨਾਰਾ, ਏਕਾ ਜਨਨੀ ਬਣ ਬਣ ਜਾਇਆ । ਏਕਾ ਜਾਣੇ ਸਾਚੀ ਕਾਰਾ, ਏਕਾ ਹੋਏ ਦਾਈ ਦਾਇਆ । ਏਕਾ ਬੋਲ ਸੁਣਾਏ ਏਕਾ ਨਾਅਰਾ, ਸ਼ਬਦ ਅਨਾਦੀ ਨਾਦ ਵਜਾਇਆ । ਏਕਾ ਬਣਿਆ ਰਹੇ ਵਰਤਾਰਾ, ਵਿਸ਼ਨੂੰ ਤੇਰਾ ਭੰਡਾਰ ਇਕ ਸੁਹਾਇਆ । ਬ੍ਰਹਮਾ ਤੇਰਾ ਲੱਗੇ ਬ੍ਰਹਮ ਅਖਾੜਾ, ਲੱਖ ਚੁਰਾਸੀ ਵੇਸ ਵਟਾਇਆ । ਸ਼ੰਕਰ ਹੱਥ ਫੜਾਏ ਤਿਖੀ ਧਾਰਾ, ਤ੍ਰਸੂਲ ਤਿੰਨਾਂ ਮੂਲ ਚੁਕਾਇਆ । ਕਰੇ ਖੇਲ ਅਗੰਮ ਅਪਾਰਾ, ਲੇਖਾ ਲਿਖਤ ਵਿਚ ਨਾ ਆਇਆ । ਆਪੇ ਵਸੇ ਤਿੰਨਾਂ ਬਾਹਰਾ, ਨਿਰਗੁਣ ਆਪਣਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਬੈਠਾ ਚੜ੍ਹ, ਤਖ਼ਤ ਤਾਜ ਇਕ ਸੁਹਾਇਆ । ਤਖ਼ਤ ਤਾਜ ਹਰਿ ਸੁਹਾਇੰਦਾ, ਸਚਖੰਡ ਦਵਾਰ ਸੱਚੀ ਸਰਕਾਰ । ਬ੍ਰਹਮਾ ਵਿਸ਼ਨ ਸ਼ਿਵ ਆਪ ਪਰਗਟਾਇੰਦਾ, ਤਿੰਨਾਂ ਮੇਲਾ ਏਕਾ ਵਾਰ । ਰੂਪ ਅਨੂਪ ਆਪ ਦਰਸਾਇੰਦਾ, ਜੋਤੀ ਜਲਵਾ ਨੂਰ ਅਪਾਰ । ਸਾਚੀ ਸੋਟੀ ਸ਼ਬਦ ਉਠਾਇੰਦਾ, ਆਪਣੇ ਹੱਥ ਰੱਖ ਕਰਤਾਰ । ਕਿਲਾ ਕੋਟ ਇਕ ਵਖਾਇੰਦਾ, ਥਿਰ ਘਰ ਠਾਂਡਾ ਦਰਬਾਰ । ਵਿਸ਼ਨੂੰ ਨੇਤਰ ਇਕ ਖੁਲ੍ਹਾਇੰਦਾ, ਪ੍ਰਭ ਚਰਨ ਕਵਲ ਲਗਾਏ ਧਿਆਨ । ਨੇਤਰ ਨੈਣਾ ਨੀਰ ਵਹਾਇੰਦਾ, ਦੋਏ ਜੋੜ ਕਰੇ ਪਰਨਾਮ । ਪ੍ਰਭ ਤੇਰਾ ਵਿਛੋੜਾ ਮੋਹੇ ਨਾ ਭਾਇੰਦਾ, ਤੇਰਾ ਪਿਆਰਾ ਲੱਗੇ ਗਰਾਮ । ਤੇਰੇ ਚਰਨਾ ਸੇਵ ਕਮਾਇੰਦਾ, ਹਉਂ ਪਕੜਾਂ ਤੇਰਾ ਦਾਮ ।

ਤੇਰਾ ਰੰਗ ਇਕ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭੁੱਲ ਨਾ ਜਾਏ ਤੇਰਾ ਨਾਮ । ਬ੍ਰਹਮਾ ਨੈਣ ਉਠਾਇੰਦਾ, ਚਾਰ ਕੁੰਟ ਧਿਆਨ । ਪੁਰਖ ਅਬਿਨਾਸ਼ੀ ਏਕਾ ਨਜ਼ਰੀ ਆਇੰਦਾ, ਜੋਤੀ ਜਲਵਾ ਨੂਰ ਮਹਾਨ । ਪਰਕਾਸ਼ ਪਰਕਾਸ਼ ਵਿਚ ਰਖਾਇੰਦਾ, ਅਬਿਨਾਸ਼ੀ ਪੁਰਖ ਚਤਰ ਸੁਜਾਨ । ਆਪਣੇ ਮੰਡਲ ਰਾਸ ਰਚਾਇੰਦਾ, ਨਾ ਕੋਈ ਗੋਪੀ ਨਾ ਕੋਈ ਕਾਹਨ । ਆਪਣੀ ਬੰਸਰੀ ਆਪ ਵਜਾਇੰਦਾ, ਇਕ ਸੁਣਾਏ ਮਧੁਰ ਧੁਨਕਾਨ । ਆਪਣਾ ਰਾਗ ਆਪ ਅਲਾਇੰਦਾ, ਆਪੇ ਹੋਏ ਜਾਣੀ ਜਾਣ । ਬ੍ਰਹਮਾ ਚਰਨਾਂ ਹੇਠ ਸੀਸ ਰਖਾਇੰਦਾ, ਕਰ ਕਿਰਪਾ ਸ੍ਰੀ ਭਗਵਾਨ । ਹਉਂ ਤੇਰੀ ਅੰਸ ਅਖਵਾਇੰਦਾ, ਬ੍ਰਹਮ ਰੂਪ ਤੇਰੀ ਟੇਕ ਮੰਗੇ ਮਾਣ । ਬਿਨ ਤੇਰੇ ਦਰ ਨਾ ਕੋਇ ਸੁਹਾਇੰਦਾ, ਨਾ ਕੋਈ ਮੇਰੀ ਕਰੇ ਪਛਾਣ । ਹਉਂ ਯਾਚਕ ਭਿਖਕ ਬਣ ਕੇ ਦਵਾਰੇ ਆਇੰਦਾ, ਏਕਾ ਦੇਣਾ ਸਾਚਾ ਦਾਨ । ਤੇਰਾ ਵਿਛੋੜਾ ਨਾ ਮੋਹੇ ਸੁਖਾਇੰਦਾ, ਹਉਂ ਬਾਲਾ ਬਾਲ ਨਾਦਾਨ । ਬਿਨਾ ਪਿਤ ਪੂਤ ਨਾ ਸੋਭਾ ਪਾਇੰਦਾ, ਸੁੰਞਾ ਦਿਸੇ ਸਰਬ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਜੁਗਾਦਿ ਰਹਿਣਾ ਨਿਗਹਬਾਨ । ਸ਼ੰਕਰ ਕੂਕ ਪੁਕਾਰਿਆ, ਪ੍ਰਭ ਨੇਤਰ ਦਰਸਨ ਪਾ । ਭੋਲਾ ਨਾਥ ਲਾਏ ਨਾਅਰਿਆ, ਹੱਥ ਤ੍ਰਸੂਲ ਸੁਟਾ । ਤੇਰਾ ਦਰ ਅਗੰਮ ਅਪਾਰਿਆ, ਦਰਗਹਿ ਸਾਚੀ ਰਿਹਾ ਸੁਹਾ । ਹਉਂ ਸੇਵਕ ਚਾਕਰ ਸੇਵ ਕਮਾ ਰਿਹਾ, ਸੇਵਕ ਸੇਵਾ ਲੈਣੀ ਲੇਖੇ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤਿੰਨਾਂ ਲਏ ਹਰਿ ਸਮਝਾ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇੰਦਾ, ਸ਼ਬਦ ਅਨਾਦਿ ਅਗੰਮੀ ਬੋਲ । ਤਿੰਨਾਂ ਰਚਨਾ ਵੇਖ ਵਖਾਇੰਦਾ, ਪੁਰਖ ਅਬਿਨਾਸ਼ੀ ਤੋਲੇ ਸਾਚਾ ਤੋਲ । ਨਿਰਗੁਣ ਸਰਗੁਣ ਰੂਪ ਵਟਾਇੰਦਾ, ਤ੍ਰੈਗੁਣ ਭੰਡਾਰਾ ਖੋਲ੍ਹ । ਰਜੋ ਤਮੋ ਸਤੋ ਮੇਲ ਮਿਲਾਇੰਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਕਰੇ ਚੋਲ੍ਹ । ਲੱਖ ਚੁਰਾਸੀ ਵੰਡ ਵੰਡਾਇੰਦਾ, ਮਨ ਮਤ ਬੁਧ ਰੱਖੇ ਕੋਲ । ਜੇਰਜ ਅੰਡ ਰੰਗ ਰੰਗਾਇੰਦਾ, ਉਤਭੁਜ ਸੇਤਜ ਜਾਏ ਮੌਲ । ਨੌਂ ਨੌਂ ਚਾਰ ਖੇਲ ਖਿਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਪਰਦਾ ਆਪੇ ਲਾਹਿੰਦਾ । ਦੇਵੇ ਵਰ ਸ਼ਾਹ ਸੁਲਤਾਨਾ, ਹਰਿ ਜੂ ਹਰਿ ਵੱਡਾ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਵਸਾਏ ਇਕ ਮਕਾਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣੀ ਰਚਨ ਰਚਾਈਆ । ਗਗਨ ਮੰਡਲ ਮੰਡਪ ਕਰੇ ਪਰਕਾਸ਼ ਰਵ ਸਸ ਸੂਰਜ ਭਾਨਾ, ਚੰਨ ਚੰਨ ਵਿਚ ਟਿਕਾਈਆ । ਧਰਤੀ ਜਲ ਬੰਨ੍ਹੇ ਗਾਨਾ, ਜਲ ਬਿੰਬ ਰੂਪ ਪਰਗਟਾਈਆ । ਲੇਖਾ ਜਾਣੇ ਜ਼ਿਮੀ ਅਸਮਾਨਾਂ, ਗਗਨ ਗਗਨੰਤਰ ਸੋਭਾ ਪਾਈਆ । ਲੱਖ ਚੁਰਾਸੀ ਹੋਏ ਪਰਧਾਨਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਘਰ ਵਿਚ ਘਰ ਵਸੇ ਮਕਾਨਾ, ਘਟ ਘਟ ਆਪਣੀ ਜੋਤ ਕਰੇ ਰੁਸ਼ਨਾਈਆ । ਆਤਮ ਬ੍ਰਹਮ ਦੇਵੇ ਦਾਨਾ, ਈਸ਼ ਜੀਵ ਕਰੇ ਕੁੜਮਾਈਆ । ਨੌਂ ਦਵਾਰ ਜਗਤ ਵਖਾਨਾ, ਦਸਵੇਂ ਆਪਣਾ ਬੰਧਨ ਪਾਈਆ । ਸਾਚਾ ਅੰਮ੍ਰਿਤ ਇਕ ਮਹਾਨਾ, ਘਰ ਘਰ ਵਿਚ ਦਏ ਟਿਕਾਈਆ । ਸ਼ਬਦ ਅਨਾਦਿ ਸੱਚੀ ਧੁਨਕਾਨਾ, ਗ੍ਰਹਿ ਮੰਦਰ ਦਏ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਸੇਵ ਕਮਾਨਾ, ਤ੍ਰੈਬੈਣੀ ਏਕਾ ਸੰਗਮ ਦਏ ਬਣਾਈਆ । ਈੜਾ ਪਿੰਗਲ ਸੁਖ਼ਮਨ ਗਾਏ ਗਾਣਾ, ਵਾਹ ਵਾ ਵੱਜਦੀ ਰਹੇ ਵਧਾਈਆ । ਬਜਰ ਕਪਾਟੀ ਇਕ ਵਖਾਨਾ, ਏਕਾ ਪਰਦਾ ਰਿਹਾ ਉਠਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਪਰਧਾਨਾ, ਮਨ ਮਤ ਦਏ ਵਡਿਆਈਆ । ਆਸਾ ਤ੍ਰਿਸ਼ਨਾ ਸੰਗ ਰਲਾਨਾ, ਹਉਮੇ ਹੰਗਤਾ ਵੇਸ ਵਟਾਈਆ । ਭੁੱਖਾ


੧੩੬੮
੦੯

ਨੰਗਤਾ ਬੀਨਾ ਦਾਨਾ, ਘਰ ਘਰ ਅਲੱਖ ਜਗਾਈਆ । ਬੋਧ ਅਗਾਧੀ ਧੁਨ ਤਰਾਨਾ, ਆਦਿ ਜੁਗਾਦਿ ਸੁਣਾਈਆ । ਲੱਖ ਚੁਰਾਸੀ ਵਿਚੋਂ ਕਰ ਪਰਧਾਨਾ, ਮਾਨੁਸ ਮਾਨੁਖ ਦਏ ਵਡਿਆਈਆ । ਆਪਣਾ ਰੂਪ ਦਰਸਾਏ ਸ੍ਰੀ ਭਗਵਾਨਾ, ਅਨਭਵ ਪਰਕਾਸ਼ ਵਖਾਈਆ । ਭਗਤ ਭਗਵੰਤ ਬੰਨ੍ਹੇ ਗਾਨਾ, ਸਾਚੇ ਸੰਤ ਕਰੇ ਕੁੜਮਾਈਆ । ਗੁਰਮੁਖਾਂ ਦੇਵੇ ਆਤਮ ਗਿਆਨਾ, ਬ੍ਰਹਮ ਮੇਲਾ ਸਹਿਜ ਸੁਭਾਈਆ । ਆਪਣੀ ਵੰਡ ਆਪ ਵੰਡਾਨਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਆਪਣਾ ਹੁਕਮ ਧੁਰ ਫ਼ਰਮਾਣਾ, ਬ੍ਰਹਮਾ ਵੇਤਾ ਕਰੇ ਜਣਾਈਆ । ਚਾਰੇ ਵੇਦਾਂ ਲੇਖ ਲਿਖਾਨਾ, ਚਾਰੇ ਜੁਗ ਦਏ ਸਲਾਹੀਆ । ਚਾਰੇ ਬਾਣੀ ਕਰ ਪਰਵਾਨਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਵਰਨ ਖੇਲ ਮਹਾਨਾ, ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਚਾਰੇ ਜੁਗ ਬਣ ਨਿਧਾਨਾ, ਗੁਰ ਪੀਰ ਅਵਤਾਰ ਆਪਣਾ ਰੂਪ ਪਰਗਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਵਿਸ਼ਨ ਬ੍ਰਹਮੇ ਸ਼ਿਵ ਤੇਰਾ ਖੇਲ ਖਿਲਾਨਾ, ਜੁਗ ਚੌਕੜੀ ਖੇਲੇ ਖੇਲ ਬੇਪਰਵਾਹੀਆ । ਕਲਜੁਗ ਵੇਲਾ ਅੰਤਮ ਇਕ ਸਹੌਣਾ, ਲੋਕਮਾਤ ਵੱਜੇ ਸਚ ਵਧਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਜੋਤੀ ਜਾਮਾ ਪੌਣਾ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਨਿਹਕਲੰਕਾ ਨਾਉਂ ਰਖੌਣਾ, ਸ਼ਬਦ ਡੰਕਾ ਹੱਥ ਉਠਾਈਆ । ਜੁਗ ਚੌਕੜੀ ਵੇਲਾ ਪਾਰ ਕਰੌਣਾ, ਆਪਣਾ ਪਾਂਧੀ ਪੰਧ ਮੁਕਾਈਆ । ਵਿਸ਼ਨ ਤੇਰਾ ਲੇਖਾ ਤੇਰੇ ਹੱਥ ਫੜੌਣਾ, ਭੁੱਲ ਰਹੇ ਨਾ ਰਾਈਆ । ਬ੍ਰਹਮਾ ਬ੍ਰਹਮ ਜੋਤ ਮਿਲੌਣਾ, ਥਿਰ ਕੋਈ ਰਹਿਣ ਨਾ ਪਾਈਆ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਸੁਟੌਣਾ, ਅੰਤਮ ਆਪਣੀ ਅੱਖ ਖੁਲ੍ਹਾਈਆ । ਕ੍ਰੋੜ ਤੇਤੀਸਾ ਦਰ ਦਰ ਫਿਰੌਣਾ, ਸੁਰਪਤ ਰਾਜਾ ਇੰਦ ਤਖ਼ਤ ਤਾਜ ਦਏ ਤਜਾਈਆ । ਲੱਖ ਚੁਰਾਸੀ ਭਾਂਡਾ ਭੰਨ ਵਖੌਣਾ, ਤ੍ਰੈਗੁਣ ਮਾਇਆ ਘੜ ਘੜ ਪੰਚਮ ਮਾਟੀ ਪੋਚ ਪੁਚਾਈਆ । ਸ਼ਬਦ ਖੰਡਾ ਇਕ ਚਮਕੌਣਾ । ਨਿਰਭੌ ਭੈ ਆਪਣਾ ਇਕ ਜਣਾਈਆ । ਨੌ ਖੰਡ ਪ੍ਰਿਥਮੀ ਵੇਖ ਵਖੌਣਾ, ਸੱਤਾਂ ਦੀਪਾਂ ਫੇਰਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਈ ਟਿਕਾਈਆ । ਸ਼ਬਦ ਨਗਾਰਾ ਇਕ ਵਜੌਣਾ, ਉਚੀ ਕੂਕ ਸੁਣਾਈਆ । ਵਰਨ ਬਰਨ ਡੇਰਾ ਢੌਹਣਾ, ਨੌ ਅਠਾਰਾਂ ਰਹੀ ਕੁਰਲਾਈਆ । ਏਕਾ ਮਾਰਗ ਸ੍ਰਿਸ਼ਟ ਸਬਾਈ ਵਖੌਣਾ, ਏਕਾ ਅੱਖਰ ਕਰੇ ਪੜ੍ਹਾਈਆ । ਵਿਸ਼ਨੂੰ ਤੇਰਾ ਵਿਸ਼ਵ ਰੂਪ ਆਪ ਆਪਣੇ ਲੇਖੇ ਪੌਣਾ, ਲੇਖਾ ਲੇਖੇ ਲਏ ਲਾਈਆ । ਬ੍ਰਹਮ ਪਾਰਬ੍ਰਹਮ ਸੰਗ ਨਿਭੌਣਾ, ਹੰ ਬ੍ਰਹਮ ਕਰੇ ਕੁੜਮਾਈਆ । ਭੋਲਾ ਨਾਥ ਸਾਚੇ ਸੰਗ ਨਿਭੌਣਾ, ਆਪਣਾ ਖੇਲ ਆਪ ਖਲਾਈਆ । ਸਾਚਾ ਮਾਰਗ ਹਰਿ ਕਰਤਾਰ ਆਪ ਲੌਣਾ, ਕਰਨੀ ਕਿਰਤ ਕਰਤਾ ਆਪ ਕਰਾਈਆ । ਮੂਰਤ ਅਕਾਲ ਦੀਨ ਦਿਆਲ ਕਾਲ ਮਹਾਂਕਾਲ ਵੇਖ ਵਖੌਣਾ, ਆਪ ਆਪਣਾ ਬਲ ਰਖਾਈਆ । ਰਾਏ ਧਰਮ ਫੜ ਉਠੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਚਿਤਰ ਗੁਪਤ ਹਿਸਾਬ ਲਿਖੌਣਾ, ਲਿਖ ਲਿਖ ਥੱਕਾ ਆਪਣੀ ਸ਼ਾਹੀਆ । ਪੁਰਖ ਅਬਿਨਾਸ਼ੀ ਆਪਣਾ ਵੇਲਾ ਵਕਤ ਆਪ ਸੁਹੌਣਾ, ਥਿਤ ਵਾਰ ਨਾ ਕੋਈ ਜਣਾਈਆ । ਬ੍ਰਹਮੇ ਵਿਸ਼ਨ ਸ਼ਿਵ ਤੇਰਾ ਪੰਧ ਮੁਕੌਣਾ, ਮਨਵੰਤਰ ਦੇਵੇ ਨਾ ਕੋਈ ਗਵਾਹੀਆ । ਸੂਰਜ ਚੰਨ ਮੁਖ ਸ਼ਰਮੌਣਾ, ਅੰਧ ਅੰਧੇਰਾ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਪੁਰਖ ਅਬਿਨਾਸ਼ਾ, ਜੁਗ ਜੁਗ ਕਰੇ ਖੇਲ ਤਮਾਸ਼ਾ, ਮਧ ਆਪਣੀ ਧਾਰ ਚਲਾਈਆ । ਮਧ ਧਾਰ ਹਰਿ ਚਲਾਇੰਦਾ, ਤ੍ਰੈਗੁਣ ਭਿੰਨ ਅਨੂਪ । ਸਾਚਾ ਖੇਲ ਆਪ ਖਲਾਇੰਦਾ, ਪੁਰਖ ਅਕਾਲ ਸਤਿ ਸਰੂਪ । ਲੱਖ ਚੁਰਾਸੀ ਵੇਖ ਵਖਾਇੰਦਾ, ਵਸਣਹਾਰਾ ਦਹਿ ਦਿਸ਼ਾਂ ਚਾਰੇ ਕੂਟ । ਜੁਗ ਜੁਗ

੧੩੬੯ ੦੯

ਗੇੜਾ ਆਪ ਦਵਾਇੰਦਾ, ਆਪੇ ਪੰਘੂੜਾ ਆਪੇ ਰਿਹਾ ਝੂਟ । ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇੰਦਾ, ਕਲਜੁਗ ਆਈ ਅੰਤਮ ਰੁਤ । ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ, ਇਕ ਪ੍ਰਗਟਾਏ ਸ਼ਬਦ ਸਾਚਾ ਸੁਤ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਦੂਤ ਦੁੜਾਇੰਦਾ, ਆਪੇ ਬੈਠਾ ਅੰਦਰ ਲੁਕ । ਹੁਕਮੀ ਹੁਕਮ ਇਕ ਵਰਤਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਵਿਸ਼ਨ ਸ਼ਿਵ ਦੇਵੇ ਵਰ, ਕਲਜੁਗ ਅੰਤਮ ਅੰਤ ਲੋਕਮਾਤ ਧਰ, ਏਕਾ ਵੇਖੇ ਸਾਚਾ ਹਰਿ, ਤ੍ਰੈਗੁਣ ਬੂਟਾ ਜਾਏ ਸੁੱਕ । ਤ੍ਰੈਗੁਣ ਬੂਟਾ ਸੁੱਕਣਾ, ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ । ਨੌਂ ਨੌਂ ਚਾਰ ਪੈਂਡਾ ਮੁੱਕਣਾ, ਅੰਤ ਮਿਟੇ ਨਿਸ਼ਾਨ । ਲੋਕਮਾਤ ਪੁਰਖ ਅਬਿਨਾਸ਼ੀ ਸਿੰਘ ਸ਼ੇਰ ਏਕਾ ਬੁੱਕਣਾ, ਜੋਧਾ ਸੂਰਬੀਰ ਬਲਵਾਨ । ਜੰਬੁਕ ਹੋਏ ਸਭ ਨੇ ਲੁਕਣਾ, ਹੱਥ ਫੜੇ ਨਾ ਅੱਗੇ ਕੋਈ ਤੀਰ ਕਮਾਨ । ਸੂਰਾ ਜੰਮੇ ਨਾ ਕੋਈ ਕੁਖਨਾ, ਵਿਭਚਾਰ ਹੋਏ ਸਰਬ ਜਹਾਨ । ਸੰਤ ਗੋਦ ਕਿਸੇ ਨਾ ਚੁੱਕਣਾ, ਮਾਤ ਸੀਰ ਪਿਆਏ ਨਾ ਸੱਚਾ ਆਣ । ਜੂਠ ਝੂਠ ਕਾਮ ਕ੍ਰੋਧ ਲੋਭ ਮੋਹ ਹੰਕਾਰ ਕਾਇਆ ਮੰਦਰ ਸਭ ਨੇ ਰੱਖਣਾ, ਹਰਿ ਕਾ ਨਾਉਂ ਕਰੇ ਨਾ ਕੋਈ ਪਿਆਰ । ਲੱਖ ਚੁਰਾਸੀ ਭਾਂਡਾ ਦਿਸੇ ਸਖਣਾ, ਅੰਮ੍ਰਿਤ ਆਤਮ ਦਿਸੇ ਨਾ ਕਿਸੇ ਦੁਵਾਰ । ਪਾਰਬ੍ਰਹਮ ਅਬਿਨਾਸ਼ੀ ਕਰਤਾ ਛਾਛ ਵਿਰੋਲੇ ਸਾਚੇ ਮੱਖਣਾ, ਗੁਰਮੁਖ ਸਾਚੇ ਲਏ ਨਿਕਾਲ । ਅੰਤਮ ਅੰਤ ਸ੍ਰੀ ਭਗਵੰਤ ਕੀਮਤ ਕੋਇ ਨਾ ਪਾਏ ਕੱਥਨਾ, ਜਿਸ ਭੁਲਿਆ ਸ੍ਰੀ ਭਗਵਾਨ । ਬਿਨ ਸਤਿਗੁਰ ਪੂਰੇ ਮਾਰਗ ਕਿਸੇ ਨਾ ਦੱਸਣਾ, ਨਾਨਕ ਗੋਬਿੰਦ ਗੁਰ ਦੇ ਦੇ ਗਿਆ ਧੁਰ ਫ਼ਰਮਾਣ । ਅੰਤ ਕਾਲ ਪਰਦਾ ਨਾ ਢਕਣਾ, ਸਭ ਦੇ ਸਿਰ ਤੇ ਕੂਕੇ ਕਾਲ । ਘਰ ਘਰ ਲਾੜੀ ਮੌਤ ਲੈਣ ਆਏ ਪਰਦੱਖਣਾ, ਨਾਰੀ ਕੰਤ ਮਾਤ ਪਿਤ ਭਾਈ ਭੈਣ ਸਾਕ ਸੱਜਣ ਕੋਈ ਨਾ ਚਲੇ ਨਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮਾ ਵਿਸ਼ਨ ਸ਼ਿਵ ਇਕ ਵਖਾਏ ਸੱਚੀ ਧਰਮਸਾਲ । ਸੱਚੀ ਧਰਮਸਾਲ ਸਤਿਗੁਰੂ ਦਵਾਰਾ, ਦੂਸਰ ਅਵਰ ਨਾ ਕੋਈ ਜਣਾਈਆ । ਤਿੰਨਾਂ ਦੇਵੇ ਇਕ ਅਧਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਨੌਂ ਸੌ ਚੁਰਾਨਵੇ ਜੁਗ ਢਏ ਤੇਰਾ ਪਸਰ ਪਸਾਰਾ, ਜੂਨ ਅਜੂਨੀ ਫੇਰਾ ਪਾਈਆ । ਕਲਜੁਗ ਆਏ ਅੰਤਮ ਵਾਰਾ, ਜੁਗ ਚੌਕੜੀ ਦੇਣ ਗਵਾਹੀਆ । ਲਿਖ ਲਿਖ ਥੱਕੇ ਵੇਦ ਚਾਰਾ, ਵੇਦ ਵਿਆਸਾ ਰਿਹਾ ਸਮਝਾਈਆ । ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰਾ, ਚੌਦਾਂ ਚੌਦਾ ਵੰਡ ਵੰਡਾਈਆ । ਨਿਰਗੁਣ ਨਾਨਕ ਬੋਲੇ ਸਚ ਜੈਕਾਰਾ, ਸ੍ਰਿਸ਼ਟ ਸਬਾਈ ਇਕ ਸਮਝਾਈਆ । ਗੋਬਿੰਦ ਸੂਰਾ ਬਣ ਲਿਖਾਰਾ, ਲੇਖਾ ਅੱਗੇ ਗਿਆ ਟਿਕਾਈਆ । ਅੰਤਮ ਕਲਜੁਗ ਪਰਗਟੇ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਕੋਈ ਬਣਾਈਆ । ਨਾਲ ਰਖਾਏ ਸੁਤ ਦੁਲਾਰਾ, ਪੁਰਖ ਅਕਾਲ ਵੱਡੀ ਵਡਿਆਈਆ । ਕਰੇ ਖੇਲ ਸ਼ਾਹ ਅਸਵਾਰਾ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਮੀਤਾ ਸਿਰਜਣਹਾਰਾ, ਇਕ ਅਤੀਤਾ ਬੇਪਰਵਾਹੀਆ । ਖੜਗ ਖੰਡਾ ਤੇਜ ਕਟਾਰਾ, ਤਿਖੀ ਧਾਰ ਲਏ ਚਮਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਕ੍ਰੋੜ ਤੇਤੀਸਾ ਆਪ ਉਠਾਈਆ । ਸ਼ਾਹ ਸੁਲਤਾਨਾ ਕਰੇ ਖਵਾਰਾ, ਰਾਜ ਰਾਜਾਨਾ ਖਾਕ ਮਿਲਾਈਆ । ਕਲਜੁਗ ਮੇਟੇ ਅੰਧ ਅੰਧਿਆਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਚਾਰ ਵਰਨਾਂ ਕਰੇ ਇਕ ਪਿਆਰਾ, ਊਚ ਨੀਚ ਨਾ ਕੋਈ ਰਖਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਬੇਐਬ ਨਾਉਂ ਖ਼ੁਦਾਈਆ । ਖ਼ਾਲਕ ਖ਼ਲਕ ਰੂਪ ਵਰਤੇ ਅਪਰ ਅਪਾਰਾ, ਬਿਸਮਲ ਹੋਏ ਬੇਪਰਵਾਹੀਆ । ਮਨ ਮਨਸਾ ਲਾਏ ਨਾਅਰਾ, ਲਾਸ਼ਰੀਕ ਬੋਲ ਸੁਣਾਈਆ । ਨੂਰੋ ਨੂਰ ਹੋ ਉਜਿਆਰਾ, ਜਲਵਾ ਨੂਰ ਇਕ ਵਖਾਈਆ । ਪਰਗਟ

ਹੋਏ ਅਗੰਮ ਅਪਾਰਾ, ਅਕਲ ਕਲ ਆਪਣਾ ਨਾਉਂ ਧਰਾਈਆ । ਗੁਰਮੁਖ ਸਾਚੇ ਲਏ ਉਭਾਰਾ, ਆਪੇ ਪੂਰਬ ਜਨਮਾਂ ਵੇਖ ਵਖਾਈਆ । ਸਾਚੀ ਸਖੀਆਂ ਵਖਾਏ ਇਕ ਅਖਾੜਾ, ਵਾਹ ਵਾਹ ਮੰਡਲ ਰਾਸ ਰਚਾਈਆ । ਗਾਏ ਗੀਤ ਏਕੰਕਾਰਾ, ਇਕ ਇਕੱਲਾ ਰਾਗ ਅਲਾਈਆ । ਹੰ ਬ੍ਰਹਮ ਪਾਵੇ ਸਾਰਾ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਸੋਹੰ ਰੂਪ ਆਪ ਕਰਤਾਰਾ, ਬ੍ਰਹਮ ਪਾਰਬ੍ਰਹਮ ਅਖਵਾਈਆ । ਘਟ ਘਟ ਅੰਦਰ ਕਰ ਪਸਾਰਾ, ਬੈਠਾ ਮੁਖ ਛੁਪਾਈਆ । ਗੁਰਮੁਖ ਬਣਾਇਆ ਇਕ ਵਣਜਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਸਦ ਵੰਡਦਾ ਰਹੇ ਨਾਮ ਭੰਡਾਰਾ, ਅਤੋਟ ਅਤੁਟ ਰਖਾਈਆ । ਕਲਜੁਗ ਅੰਤਮ ਪਾਵੇ ਸਾਰਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਨਿਹਕਲੰਕ ਨਰਾਇਣ ਨਰ ਲੈ ਅਵਤਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਸੰਬਲ ਨਗਰੀ ਧਾਮ ਨਿਆਰਾ, ਪੁਰਖ ਅਬਿਨਾਸ਼ੀ ਦਏ ਵਡਿਆਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਹੋ ਉਜਿਆਰਾ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਹਰਿ ਕਾ ਰੂਪ ਅਪਰ ਅਪਾਰਾ, ਨਾਰੀ ਪੁਰਖ ਨਾ ਕੋਈ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਿਸ਼ਨ ਬ੍ਰਹਮਾ ਸ਼ਿਵ ਏਕਾ ਅੱਖਰ ਸੁਣਾਏ ਪੜ੍ਹ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਏਕਾ ਅੱਖਰ ਹਰਿ ਪੜ੍ਹਾਇਆ, ਸੋਹੰ ਆਪਣਾ ਰੂਪ ਦਰਸਾਇੰਦਾ । ਆਪਣੇ ਮੰਦਰ ਬੰਦ ਕਰਾਇਆ, ਆਪਣੇ ਅੰਦਰੋਂ ਬਾਹਰ ਕਢਾਇੰਦਾ । ਨਿਰਗੁਣ ਸਰਗੁਣ ਦਏ ਵਰਤਾਇਆ, ਸਰਗੁਣ ਨਿਰਗੁਣ ਦਇਆ ਕਮਾਇੰਦਾ । ਔਂਦਾਂ ਜਾਂਦਾ ਦਿਸ ਨਾ ਆਇਆ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜੁਗਾ ਜੁਗੰਤਰ ਲਏ ਫੜ, ਆਪਣਾ ਬੰਧਨ ਆਪੇ ਪਾਇੰਦਾ । ੧੩੭੧
ਸਵਛ ਸਰੂਪੀ ਸ਼ਾਹੋ ਭੂਪ ਅਨਰੰਗ ਰੂਪੀ ਦਰਸ ਦਿਖਾਏ ਅੱਗੇ ਖੜ, ਰੂਪ ਅਨੂਪ ਆਪ ਪਰਗਟਾਇੰਦਾ । ਜਿਸ ਜਨ ਉਪਰ ਕਿਰਪਾ ਦੇਵੇ ਕਰ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਸੇ ਸਾਚੇ ਘਰ, ਕਲਜੁਗ ਅੰਤਮ ਵੇਸ ਧਰ, ਲੋਕਮਾਤ ਮਾਰ ਝਾਤ ਇਕ ਇਕਾਂਤ ਗ੍ਰਿਹਿ ਮੰਦਰ ਹਰਿਜਨ ਹਰਿ ਜੂ ਆਪ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ, ਜਨਮ ਮਰਨ ਮਰਨ ਜਨਮ ਵਿਚ ਨਾ ਆਇੰਦਾ ।

### ✻ ੨੪ ਕਤਕ ੨੦੧੭ ਬਿਕ੍ਰਮੀ ਸੁਖਦੇਵ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ, ਅਗੰਮ ਅਗੰਮੜਾ ਅਗੰਮੜੀ ਕਾਰ । ਹਰਿ ਪੁਰਖ ਨਿਰੰਜਣ ਰੂਪ ਪਰਗਟਾਇੰਦਾ, ਇਕ ਇਕੱਲਾ ਖੇਲ ਅਪਾਰ । ਏਕੰਕਾਰਾ ਆਪਣੀ ਧਾਰ ਬੰਧਾਇੰਦਾ, ਰੂਪ ਰੰਗ ਤੇ ਵਸਿਆ ਬਾਹਰ । ਆਦਿ ਨਿਰੰਜਣ ਜੋਤ ਜਗਾਇੰਦਾ, ਆਦਿ ਪੁਰਖ ਨੂਰ ਉਜਿਆਰ । ਅਬਿਨਾਸ਼ੀ ਕਰਤਾ ਵੇਖ ਵਖਾਇੰਦਾ, ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ੍ਰੀ ਭਗਵਾਨ ਸੰਗ ਨਿਭਾਇੰਦਾ, ਦਰਗਾਹਿ ਸਾਚੀ ਕਰ ਪਿਆਰ । ਪਾਰਬ੍ਰਹਮ ਆਪਣਾ ਮਾਰਗ ਆਪੇ ਲਾਇੰਦਾ, ਭੇਵ ਅਭੇਦਾ ਖੋਲ੍ਹ ਕਿਵਾੜ । ਸਚਖੰਡ ਦਵਾਰਾ ਆਪ ਸੁਹਾਇੰਦਾ, ਥਿਰ ਘਰ ਵਸੇ ਵਸਣਹਾਰ । ਸ਼ਬਦ ਅਨਾਦੀ ਨਾਦ ਵਜਾਇੰਦਾ, ਆਪ ਆਪਣੀ ਕਰ ਵਿਚਾਰ । ਆਪਣਾ ਵੇਸ ਆਪ ਪਰਗਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕ ਇਕੱਲਾ ਅਕਲ ਕਲ ਅਖਵਾਇੰਦਾ । ਅਕਲ ਕਲ ਹਰਿ ਖੇਲ ਅਪਾਰਾ, ਆਪਣਾ ਰੂਪ ਆਪ ਧਰਾਈਆ । ਸਚਖੰਡ ਦਵਾਰੇ ਹੋ ਉਜਿਆਰਾ, ਨਿਰਗੁਣ ਨਿਰਵੈਰ ਨਾਉਂ ਧਰਾਈਆ । ਮੂਰਤ ਅਕਾਲ ਅਨਭਵ ਪਰਕਾਸ਼ ਦਰ ਘਰ ਸਾਚੇ ਪਾਵੇ ਸਾਰਾ, ਆਪਣਾ ਮੇਲ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਨਿਰਗੁਣ ਆਪਣਾ ਰੂਪ ਪਰਗਟਾਈਆ । ਰੂਪ ਪਰਗਟਾਏ ਹਰਿ ਨਿਰੰਕਾਰਾ, ਆਦਿ ਪੁਰਖ ਵੱਡੀ ਵਡਿਆਈਆ । ਸਤਿ ਸਰੂਪੀ ਹੋ ਉਜਿਆਰਾ, ਸਤਿ ਸਤਿਵਾਦੀ ਡਗਮਗਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹੋ ਭੂਪ ਰਾਜ ਰਾਜਾਨ ਸ਼ਹਿਨਸ਼ਾਹ ਆਪ ਅਖਵਾਈਆ । ਆਪਣੀ ਕਰੇ ਆਪੇ ਕਾਰਾ, ਕਰਤਾ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣਾ ਭੇਵ ਆਪਣੇ ਹੱਥ ਰਖਾਈਆ । ਭੇਵ ਅਭੇਦਾ ਹਰਿ ਭਗਵਾਨ, ਆਦਿ ਪੁਰਖ ਆਪ ਅਖਵਾਇੰਦਾ । ਸਚਖੰਡ ਵਸੇ ਸਚ ਮਕਾਨ, ਨਿਰਗੁਣ ਆਸਣ ਸਿੰਘਾਸਣ ਸੋਭਾ ਪਾਇੰਦਾ । ਨਿਰਵੈਰ ਰੂਪ ਸ਼ਾਹ ਸੁਲਤਾਨ, ਮੂਰਤ ਅਕਾਲ ਡਗਮਗਾਇੰਦਾ । ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਜਾਣੇ ਆਪਣਾ ਖੇਲ ਤਮਾਸ਼ਾ, ਆਪਣਾ ਵੇਸ ਆਪ ਵਟਾਇੰਦਾ । ਵੇਸ ਵਟਾਏ ਪੁਰਖ ਸੁਲਤਾਨਾ, ਮਹਿਮਾ ਅਕਥ ਕਥੀ ਨਾ ਜਾਈਆ । ਨਿਰਗੁਣ ਨਿਰਗੁਣ ਦੇਵੇ ਦਾਨਾ, ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਬੈਠਾ ਸੀਸ ਝੁਕਾਈਆ । ਨਿਰਗੁਣ ਜੋਧਾ ਸੂਰਬੀਰ ਬਲੀ ਬਲਵਾਨਾ, ਨਿਰਗੁਣ ਨਿਰਧਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਨਰ ਨਰਾਇਣ ਵੱਡੀ ਵਡਿਆਈਆ । ਨਰ ਨਰਾਇਣ ਜੋਧਾ ਬਲਕਾਰਾ, ਅਨਭਵ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦੀ ਹੋ ਉਜਿਆਰਾ, ਆਪਣੀ ਧਾਰਾ ਆਪ ਬੰਧਾਇੰਦਾ । ਸ਼ਬਦੀ ਸ਼ਬਦ ਕਰ ਪਿਆਰਾ, ਜੋਤੀ ਧਾਰਾ ਆਪ ਪਰਗਟਾਇੰਦਾ । ਆਪਣੇ ਰੰਗ ਰਵੇ ਨਿਰੰਕਾਰਾ, ਰੇਖ ਰੰਗ ਨਾ ਕੋਇ ਵਖਾਇੰਦਾ । ਆਪਣਾ ਘਾੜਨ ਘੜੇ ਅਪਰ ਅਪਾਰਾ, ਘੜਨ ਭੰਨਣਹਾਰ ਸਮਰਥ ਪੁਰਖ ਆਪਣਾ ਨਾਉਂ ਧਰਾਇੰਦਾ । ਆਪੇ ਵਣਜ ਆਪ ਵਣਜਾਰਾ, ਸਾਚੀ ਵਸਤ ਆਪਣੇ ਹੱਟ ਵਿਕਾਇੰਦਾ । ਆਪੇ ਮਾਤ ਪਿਤ ਬਣੇ ਸੁਤ ਦੁਲਾਰਾ, ਗੋਦੀ ਗੋਦ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਕਾਲਾ, ਆਦਿ ਜੁਗਾਦੀ ਦੀਨ ਦਿਆਲਾ, ਸਚਖੰਡ ਦਵਾਰੇ ਵਸੇ ਸੱਚੀ ਧਰਮਸਾਲਾ, ਸਤਿ ਪੁਰਖ ਨਿਰੰਜਣ ਆਪਣੀ ਖੇਲ ਖਿਲਾਇੰਦਾ । ਸਤਿ ਪੁਰਖ ਨਿਰੰਜਣ ਅਗੰਮ ਅਪਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਸਾਚੇ ਮੰਦਰ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਆਪੇ ਵੇਖਣਹਾਰਾ ਧੁਰਦਰਗਾਹੀਆ । ਸਾਚੇ ਤਖ਼ਤ ਬਹੇ ਸਾਚਾ ਲਾੜਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਆਪਣੇ ਮੰਦਰ ਅੰਦਰ ਆਪੇ ਲਾਏ ਇਕ ਅਖਾੜਾ, ਆਪਣੀ ਰਚਨਾ ਆਪੇ ਵੇਖ ਵਖਾਈਆ । ਆਪੇ ਦੇਵਣਹਾਰਾ ਸਤਿ ਹੁਲਾਰਾ, ਸਤਿ ਸਤਿਵਾਦੀ ਭੇਵ ਨਾ ਰਾਈਆ । ਆਪੇ ਅੰਦਰ ਆਪੇ ਬਾਹਰਾ, ਆਪਣੀ ਕਲ ਆਪ ਪਰਗਟਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰਾ, ਤ੍ਰੈ ਤ੍ਰੈ ਮੇਲਾ ਜੋੜ ਜੁੜਾਈਆ । ਆਪੇ ਜੁਗਾ ਜੁਗੰਤਰ ਕਰੇ ਸਾਚੀ ਕਾਰਾ, ਜੁਗ ਕਰਤਾ ਇਕ ਅਖਵਾਈਆ । ਆਪੇ ਪੰਚਮ ਪੰਚ ਕਰ ਕਰ ਪਿਆਰਾ, ਆਪੇ ਪੰਚਮ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਇਕ ਇਕੱਲਾ ਕਰ ਪਸਾਰਾ, ਕਰੇ ਖੇਲ ਅਗੰਮ ਅਪਾਰਾ, ਅਨਭਵ ਆਪਣਾ ਰੂਪ ਪਰਗਟਾਈਆ । ਅਨਭਵ ਰੂਪ ਹਰਿ ਨਿਰੰਕਾਰਾ, ਦਿਸ ਕਿਸੇ ਨਾ ਆਇੰਦਾ । ਆਪੇ ਜਾਣੇ ਆਪਣੀ ਧਾਰਾ, ਨਿਰਗੁਣ ਸਰਗੁਣ ਰੂਪ ਪਰਗਟਾਇੰਦਾ । ਸ਼ਬਦ ਸ਼ਬਦੀ ਬਣ ਵਣਜਾਰਾ, ਆਦਿ ਜੁਗਾਦੀ ਫੇਰਾ ਪਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਸਹਾਰਾ, ਸੂਰਜ ਚੰਨ ਸੰਗ ਨਿਭਾਇੰਦਾ । ਲੱਖ ਚੁਰਾਸੀ ਘਾੜਨ ਘੜੇ ਹਰਿ ਕਰਤਾਰਾ, ਤ੍ਰੈਗੁਣ ਮਾਇਆ ਬੰਧਨ ਪਾਇੰਦਾ । ਘਰ ਘਰ ਦੀਪਕ ਕਰ ਉਜਿਆਰਾ, ਆਦਿ ਨਿਰੰਜਣ ਡਗਮਗਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਧੁਨ ਆਤਮਕ ਆਪ ਵਜਾਇੰਦਾ । ਆਪੇ ਗਾਏ ਆਪਣੀ ਵਾਰਾ, ਬੋਧ ਅਗਾਧ ਸ਼ਬਦ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿਨ ਅੰਤਾ ਹਰਿ ਭਗਵੰਤਾ, ਲੇਖਾ ਜਾਣੇ ਜੁਗਾ ਜੁਗੰਤਾ ਜੁਗ ਜੁਗ ਆਪਣਾ ਰੂਪ ਪਰਗਟਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਆਦਿ ਪੁਰਖ ਆਪ ਕਰਾਈਆ । ਵਿਸ਼ਨ ਦੇਵੇ ਏਕਾ ਧਾਰ, ਵਿਸ਼ਵ ਰੂਪ ਸਰਬ ਦਰਸਾਈਆ । ਬ੍ਰਹਮਾ ਸੁਤ ਕਰ ਤਿਆਰ, ਬ੍ਰਹਮ ਰੂਪ ਲਏ ਪਰਗਟਾਈਆ । ਸ਼ੰਕਰ ਦੇਵੇ ਇਕ ਆਧਾਰ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਤਿੰਨਾਂ ਵਚੋਲਾ ਬਣ ਕਰਤਾਰ, ਸ਼ਬਦ ਢੋਲਾ ਆਪੇ ਗਾਈਆ । ਆਪੇ ਲੇਖਾ ਜਾਣੇ ਵੇਦ ਚਾਰ, ਧੁਰ ਦੀ ਬਾਣੀ ਬਾਣ ਲਗਾਈਆ । ਆਪੇ ਸਭ ਤੋਂ ਵਸਿਆ ਬਾਹਰ, ਹੱਥ ਕਿਸੇ ਨਾ ਆਈਆ । ਕਾਗਦ ਕਲਮ ਨਾ ਲਿਖਣਹਾਰ, ਮਸ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਕਾਲਾ, ਜੁਗਾ ਜੁਗੰਤਰ ਅਵੱਲੜੀ ਚਾਲਾ, ਚਾਲ ਨਿਰਾਲੀ ਆਪਣੇ ਹੱਥ ਰਖਾਈਆ । ਜੁਗਾ ਜੁਗੰਤਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਚਖੰਡ ਨਿਵਾਸੀ ਸਚਖੰਡ ਦਵਾਰੇ ਬੈਠਾ ਰਹੇ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਸਚ ਸਿੰਘਾਸਣ ਏਕਾ ਮੱਲਾ, ਤਖ਼ਤ ਨਿਵਾਸੀ ਡੇਰਾ ਲਾਇੰਦਾ । ਆਪ ਫੜਾਏ ਆਪਣਾ ਪੱਲਾ, ਆਦਿ ਜੁਗਾਦਿ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਅਨਭਵ ਪਰਕਾਸ਼, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਰੂਪ ਰੰਗ ਰੇਖ ਵਸਿਆ ਬਾਹਰਾ, ਸਤਿ ਪੁਰਖ ਨਿਰੰਜਣ ਆਪਣਾ ਰੂਪ ਪਰਗਟਾਈਆ । ਸਚਖੰਡ ਦਵਾਰੇ ਹੋ ਉਜਿਆਰਾ, ਏਕਾ ਜੋਤ ਨੂਰ ਰੁਸ਼ਨਾਈਆ । ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਭਰੇ ਆਪ ਭੰਡਾਰਾ, ਆਪੇ ਵੇਖਣਹਾਰਾ ਸਾਚੇ ਥਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਵਰਤਾਰਾ, ਏਕਾ ਵਸਤ ਝੋਲੀ ਪਾਈਆ । ਲੱਖ ਚੁਰਾਸੀ ਕਰ ਤਿਆਰਾ, ਆਪ ਆਪਣਾ ਰੰਗ ਰੰਗਾਈਆ । ਬ੍ਰਹਮ ਬ੍ਰਹਮ ਪਾਰਬ੍ਰਹਮ ਦਿੱਤਾ ਅਧਾਰਾ, ਈਸ਼ ਜੀਵ ਖੇਲ ਖਿਲਾਈਆ । ਘਰ ਵਿਚ ਘਰ ਕਰ ਤਿਆਰਾ, ਤ੍ਰੈਗੁਣ ਅਤੀਤਾ ਬੈਠਾ ਸਾਚਾ ਮਾਹੀਆ । ਆਪੇ ਜਾਣੇ ਆਪਣੀ ਰੀਤਾ, ਸਦਾ ਸਹੇਲਾ ਠੰਡਾ ਸੀਤਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਆਦਿ ਅੰਤ, ਆਪਣੀ ਰਚਨਾ ਆਪੇ ਵੇਖ ਵਖਾਈਆ । ਆਪਣਾ ਖੇਲ ਵੇਖਣਹਾਰਾ, ਏਕਾ ਰੰਗ ਸਮਾਇੰਦਾ । ਜੁਗਾ ਜੁਗੰਤਰ ਲਏ ਅਵਤਾਰਾ, ਲੋਕਮਾਤ ਜੋਤ ਪਰਗਟਾਇੰਦਾ । ਵਰਨਾਂ ਬਰਨਾਂ ਵਸੇ ਬਾਹਰਾ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਸ਼ਬਦ ਨਾਦ ਸੱਚਾ ਧੁਨਕਾਰਾ, ਨਾਦ ਅਨਾਦੀ ਆਪ ਵਜਾਇੰਦਾ । ਸਾਚਾ ਮੰਦਰ ਕਰ ਉਜਿਆਰਾ, ਧੁਆਂਧਾਰ ਸਰਬ ਮਿਟਾਇੰਦਾ । ਏਕਾ ਦੀਪਕ ਕਰ ਉਜਿਆਰਾ, ਅੰਧ ਅੰਧੇਰ ਗਵਾਇੰਦਾ । ਗੁਰਮੁਖ ਸਾਚੇ ਲਏ ਉਭਾਰਾ, ਆਪ ਆਪਣੀ ਬੂਝ ਬੁਝਾਇੰਦਾ ।

ਭਗਤਾਂ ਦੇਵੇ ਇਕ ਸਹਾਰਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸੰਤਨ ਵਖਾਏ ਇਕ ਦਵਾਰਾ, ਚਰਨ ਕਵਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਏਕੰਕਾਰਾ, ਵਸਣਹਾਰਾ ਧਾਮ ਨਿਆਰਾ, ਘਟ ਘਟ ਆਪਣਾ ਆਸਣ ਲਾਇੰਦਾ । ਘਟ ਘਟ ਆਪਣਾ ਆਸਣ ਲਾਇੰਦਾ, ਨਿਰਗੁਣ ਰੂਪ ਅਗੰਮ ਅਥਾਹ । ਜੁਗ ਜੁਗ ਬੇੜਾ ਆਪ ਚਲਾਇੰਦਾ, ਪੁਰਖ ਅਬਿਨਾਸ਼ੀ ਬਣ ਮਲਾਹ । ਏਕਾ ਚੱਪੂ ਹੱਥ ਉਠਾਇੰਦਾ, ਨਾਮ ਨਿਧਾਨਾ ਨਾਉਂ ਧਰਾ । ਗੁਰਮੁਖ ਸਾਚੇ ਪਾਰ ਕਰਾਇੰਦਾ, ਹਰਿ ਭਗਤ ਉਠਾਏ ਫੜ ਫੜ ਬਾਂਹ । ਏਕਾ ਧਾਮ ਆਪ ਵਖਾਇੰਦਾ, ਸਚ ਸਿੰਘਾਸਣ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜਾਣੇ ਆਪੇ ਸਤਿ ਸਲਾਹ । ਸਿਫ਼ਤ ਸਲਾਹੀ ਹਰਿ ਨਿਰੰਕਾਰਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਹੋ ਉਜਿਆਰਾ, ਨਿਰਗੁਣ ਸਰਗੁਣ ਰੂਪ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਭੇਵ ਅਭੇਦਾ ਭੇਵ ਖੁਲਾਇਆ । ਕਲਜੁਗ ਅੰਤਮ ਖੇਲ ਨਿਆਰਾ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧਾਮ ਆਪ ਸੁਹਾਇਆ । ਹਰਿ ਸਾਚਾ ਧਾਮ ਸੁਹਾਇੰਦਾ, ਨਿਰਗੁਣ ਦਾਤਾ ਸ਼ਾਹੋ ਭੂਪ । ਸਾਚੇ ਤਖ਼ਤ ਆਸਣ ਲਾਇੰਦਾ, ਨਾ ਕੋਈ ਰੰਗ ਨਾ ਕੋਈ ਰੂਪ । ਲੋਆਂ ਪੁਰੀਆਂ ਵੇਖ ਵਖਾਇੰਦਾ, ਘਰ ਵੇਖੇ ਚਾਰੋਂ ਕੂਟ । ਏਕਾ ਆਪਣਾ ਹੁਕਮ ਸੁਣਾਇੰਦਾ, ਸ਼ਬਦ ਨਿਰਾਲਾ ਜਾਏ ਛੂਟ । ਗੁਰਮੁਖ ਗੁਰਸਿਖ ਸੱਜਣ ਸਹੇਲੇ ਆਪ ਜਗਾਇੰਦਾ, ਜਿਸ ਜਨ ਹਰਿ ਹਰਿ ਜਾਏ ਤੁਠ । ਆਪਣਾ ਪਰਦਾ ਆਪੇ ਲਾਹਿੰਦਾ, ਅੰਮ੍ਰਿਤ ਆਤਮ ਦੇਵੇ ਘੁਟ । ਪੰਚ ਵਿਕਾਰਾ ਆਪ ਮਿਟਾਇੰਦਾ, ਜੂਠ ਝੂਠ ਜੜ ਦੇਵੇ ਪੁੱਟ । ਸਾਚਾ ਮੰਦਰ ਆਪ ਸੁਹਾਇੰਦਾ, ਨਿਰਗੁਣ ਜੋਤ ਜਗਾਏ ਲਟ ਲਟ । ਬੰਦ ਤਾਕੀ ਆਪ ਖੁਲਾਇੰਦਾ, ਸ਼ਬਦ ਅਨਹਦ ਮਾਰੇ ਸਟ । ਬਜਰ ਕਪਾਟੀ ਤੋੜ ਤੁੜਾਇੰਦਾ, ਭਾਗ ਲਗਾਏ ਕਾਇਆ ਹੱਟ । ਸਚ ਪਿਆਲਾ ਜਾਮ ਆਪ ਪਿਆਇੰਦਾ, ਗੁਰਮੁਖ ਵਿਰਲਾ ਪੀਵੇ ਗਟ ਗਟ । ਆਤਮ ਸੇਜਾ ਆਪ ਸੁਹਾਇੰਦਾ, ਨਿਰਗੁਣ ਨਿਰਵੈਰ ਹੋ ਪਰਗਟ । ਸਾਚੀ ਨਾਰੀ ਕੰਤ ਮਿਲਾਇੰਦਾ, ਸੁਰਤ ਸੁਵਾਣੀ ਵਿਕੇ ਏਕਾ ਹਟ । ਗੁਰ ਸ਼ਬਦੀ ਤਨ ਪਹਿਨਾਇੰਦਾ, ਸਤਿ ਸਰੂਪੀ ਏਕਾ ਪਟ । ਸਾਚਾ ਸਾਲੂ ਹੱਥ ਉਠਾਇੰਦਾ, ਦੁਰਮਤ ਮੈਲ ਦੇਵੇ ਕੱਟ । ਆਪਣਾ ਸੀਸ ਹੱਥ ਟਿਕਾਇੰਦਾ, ਵਸਣਹਾਰਾ ਘਟ ਘਟ । ਕਲਜੁਗ ਅੰਤਮ ਜੋਤ ਜਗਾਇੰਦਾ, ਕਿਸੇ ਹੱਥ ਨਾ ਆਏ ਤੀਰਥ ਤਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਾਚਾ ਸੋਭਾਵੰਤ, ਹਰਿ ਜੂ ਹਰਿ ਮੰਦਰ ਆਪ ਸੁਹਾਇੰਦਾ । ਥਿਰ ਘਰ ਵਸਿਆ ਏਕਾ ਕੰਤ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਬੇਅੰਤ ਭੇਵ ਕੋਇ ਨਾ ਪਾਇੰਦਾ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਰਨੇਹਾਰਾ, ਨਿਰਗੁਣ ਸਰਗੁਣ ਲੈ ਅਵਤਾਰਾ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਸਰਗੁਣ ਨਿਰਗੁਣ ਮੇਲ ਮਿਲਾਇਆ, ਕਰ ਕਿਰਪਾ ਗੁਣ ਨਿਧਾਨ । ਕਲਜੁਗ ਅੰਤਮ ਵੇਖ ਵਖਾਇਆ, ਜੋਧਾ ਸੂਰਬੀਰ ਬਲਵਾਨ । ਜੋਤੀ ਜਾਮਾ ਭੇਖ ਵਟਾਇਆ, ਪੰਜ ਤਤ ਨਾ ਦਿਸੇ ਕੋਇ ਨਿਸ਼ਾਨ । ਮਨ ਮਤ ਬੁਧ ਨਾ ਮੇਲ ਮਿਲਾਇਆ, ਰਕਤ ਬੂੰਦ ਨਾ ਕੋਇ ਪਰਵਾਨ । ਮਾਤ ਪਿਤ ਨਾ ਕੋਇ ਬਣਾਇਆ, ਦਾਈ ਦਾਇਆ ਨਾ ਚਤਰ ਸੁਜਾਨ ।


੧੩੭੪

ਭਾਈ ਭੈਣ ਨਾ ਕੋਇ ਅਖਵਾਇਆ, ਨਾਰੀ ਮਿਲੇ ਨਾ ਗੋਪੀ ਕਾਹਨ । ਜਗਤ ਸੇਜ ਨਾ ਕੋਇ ਹੰਢਾਇਆ, ਕਰੇ ਖੇਲ ਸ੍ਰੀ ਭਗਵਾਨ । ਅਬਿਨਾਸ਼ੀ ਕਰਤਾ ਰੂਪ ਧਰਾਇਆ, ਲੇਖਾ ਜਾਣੇ ਦੋ ਜਹਾਨ, ਵਿਸ਼ਵ ਵਿਸ਼ਨ ਆਪ ਉਠਾਇਆ, ਦੇਵਣਹਾਰਾ ਧੁਰ ਫ਼ਰਮਾਣ । ਬ੍ਰਹਮਾ ਵੇਤਾ ਪਕੜ ਹਲਾਇਆ, ਪੁਰੀ ਬ੍ਰਹਮ ਵੇਖੇ ਮਾਰ ਧਿਆਨ । ਸ਼ੰਕਰ ਸੋਇਆ ਰਹਿਣ ਨਾ ਪਾਇਆ, ਲੇਖਾ ਜਾਣੇ ਜਾਣੀ ਜਾਣ । ਕਰੋੜ ਤੇਤੀਸਾ ਆਪ ਉਠਾਇਆ, ਸੁਰਪਤ ਇੰਦ ਹੋਏ ਹੈਰਾਨ । ਲੋਕਮਾਤ ਏਕਾ ਡੰਕਾ ਸ਼ਬਦ ਵਜਾਇਆ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਦੇਵੇ ਧੁਰ ਫ਼ਰਮਾਣ । ਸ਼ਾਹ ਸੁਲਤਾਨਾ ਆਪ ਜਗਾਇਆ, ਸ਼ਬਦ ਅਗੰਮੀ ਮਾਰੇ ਬਾਣ । ਤੀਰ ਨਿਰਾਲਾ ਇਕ ਚਲਾਇਆ, ਪੁਰਖ ਅਬਿਨਾਸ਼ੀ ਸਤਿ ਕਮਾਨ । ਜ਼ਿਮੀ ਅਸਮਾਨਾਂ ਦਏ ਹਲਾਇਆ, ਚੌਦਾਂ ਤਬਕ ਹੋਣ ਵੈਰਾਨ । ਤ੍ਰੈ ਭਵਣ ਫੋਲ ਫੁਲਾਇਆ, ਕਿਰਪਾ ਕਰ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਵੇਦ ਕਤੇਬ ਭੇਵ ਨਾ ਰਾਇਆ । ਵੇਦ ਕਤੇਬ ਭੇਵ ਨਾ ਪਾਇੰਦਾ, ਚਾਰੇ ਵੇਦ ਕਰਨ ਪੁਕਾਰ । ਅਠਾਰਾਂ ਪੁਰਾਨ ਰਸਨਾ ਗਾਇੰਦਾ, ਸ਼ਾਸਤਰ ਸਿਮਰਤ ਮੰਗੇ ਆਧਾਰ । ਅਠਾਰਾਂ ਧਿਆਏ ਗੀਤਾ ਏਕਾ ਗੁਣ ਵਖਾਇੰਦਾ, ਏਕਾ ਭਗਤ ਕਰੇ ਪਿਆਰ । ਅੰਜੀਲ ਕੁਰਾਨਾ ਹੁਕਮ ਸੁਣਾਇੰਦਾ, ਧੁਰ ਦੀ ਬਾਣੀ ਧੁਰ ਦੀ ਧਾਰ । ਜਗਤ ਮੁਸੱਲਾ ਵੇਖ ਵਖਾਇੰਦਾ, ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ । ਨਿਰਗੁਣ ਨਿਰਵੈਰ ਆਪਣੀ ਬਾਣੀ ਬਾਣ ਲਗਾਇੰਦਾ, ਲੱਖ ਚੁਰਾਸੀ ਮਾਰੇ ਮਾਰ । ਰਸਨਾ ਜਿਹਵਾ ਆਦਿ ਜੁਗਾਦਿ ਜੁਗਾਂ ਜੁਗੰਤਰ ਹਰਿ ਕਾ ਜਸ ਸਰਬ ਗਾਇੰਦਾ, ਉਚੀ ਕੂਕ ਕਰਨ ਪੁਕਾਰ । ਲੋਕਮਾਤ ਮਾਰਗ ਆਪੇ ਲਾਇੰਦਾ, ਲੇਖਾ ਜਾਣੇ ਵਰਨ ਚਾਰ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਇੰਦਾ, ਨੀਚਾਂ ਊਚਾਂ ਕਰ ਪਸਾਰ । ਤ੍ਰੈਗੁਣ ਮਾਇਆ ਪਰਦਾ ਪਾਇੰਦਾ, ਆਪੇ ਲੁਕਿਆ ਰਹੇ ਅੰਦਰ ਵੜ ਸੱਚੀ ਸਰਕਾਰ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪ ਦੁਆਇੰਦਾ, ਚਾਰ ਜੁਗ ਏਕਾ ਚੌਕੜੀ ਹੋਏ ਆਰ ਪਾਰ । ਪੁਰਖ ਅਬਿਨਾਸ਼ੀ ਰੂਪ ਵਟਾਇੰਦਾ, ਨਿਹਕਲੰਕਾ ਜਾਮਾ ਧਾਰ । ਸ਼ਬਦ ਖੰਡਾ ਹੱਥ ਉਠਾਇੰਦਾ, ਆਪੇ ਰੱਖੇ ਤਿਖੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਸਾਚਾ ਹਰਿ, ਦੂਸਰ ਭੇਵ ਕੋਇ ਨਾ ਪਾਇੰਦਾ । ਹਰਿ ਕਾ ਭੇਵ ਕਿਸੇ ਨਾ ਪਾਇਆ, ਆਦਿ ਜੁਗਾਦਿ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾਇਆ, ਭਗਤਨ ਮੇਲਾ ਮੇਲ ਮਿਲਾਈਆ । ਸੰਤਨ ਸਾਚਾ ਰਾਹ ਵਖਾਇਆ, ਆਤਮ ਬ੍ਰਹਮ ਪਾਰਬ੍ਰਹਮ ਪੜ੍ਹਾਈਆ । ਗੁਰਮੁਖ ਏਕਾ ਪੌੜੇ ਲਏ ਚੜ੍ਹਾਇਆ, ਚੌਥੇ ਪਦ ਆਪ ਸਮਾਇਆ । ਗੁਰਸਿਖ ਏਕਾ ਲੜ ਫੜਾਇਆ, ਸ਼ਬਦੀ ਸ਼ਬਦ ਨਾਉਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗ ਅਭਿਆਸ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਉਚੇ ਟਿੱਲੇ ਪਰਬਤ ਫੇਰੀ ਪਾਈਆ । ਦੋ ਜਹਾਨਾਂ ਵੇਖਣਹਾਰਾ, ਜਾਗਰਤ ਜੋਤ ਇਕ ਰੁਸ਼ਨਾਈਆ । ਜਤੀ ਸਤੀ ਤਪੀ ਹਠੀ ਪਾਵੇ ਸਾਰਾ, ਨਿਓਲੀ ਕਰਮ ਵੇਖੇ ਥਾਉਂ ਥਾਈਂਆ । ਸਨਿਆਸ ਵੈਰਾਗ ਦੇਵੇ ਇਕ ਆਧਾਰਾ, ਆਪ ਆਪਣਾ ਬਲ ਧਰਾਈਆ । ਏਕਾ ਨਾਮ ਬੋਲ ਜੈਕਾਰਾ, ਰਾਮ ਰਾਮ ਰੂਪ ਪਰਗਟਾਈਆ । ਏਕਾ ਸ਼ਬਦ ਨਾਦ ਧੁਨਕਾਰਾ, ਪੁਰਖ ਅਗੰਮਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲਾ, ਆਦਿ ਪੁਰਖ ਖੇਲ ਖਿਲਾਇਆ । ਬਣ ਕੇ ਆਇਆ ਗੁਰੂ ਗੁਰ ਚੇਲਾ, ਚੇਲਾ ਗੁਰ ਰੂਪ ਧਰਾਇਆ ।

ਸ਼ਬਦ ਬਣਾਇਆ ਸੱਜਣ ਸੁਹੇਲਾ, ਸਾਚਾ ਸੰਗ ਰਖਾਇਆ । ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲਾ, ਆਪੇ ਕੁੰਭੀ ਨਰਕ ਨਵਾਸ ਵਖਾਇਆ । ਆਪੇ ਵਸੇ ਇਕ ਇਕੇਲਾ, ਆਪੇ ਲੱਖ ਚੁਰਾਸੀ ਰਿਹਾ ਸਮਾਇਆ । ਆਪੇ ਜਾਣੇ ਆਪਣਾ ਆਦਿ ਅੰਤ ਵੇਲਾ, ਮਧ ਭੇਵ ਕਿਸੇ ਨਾ ਰਾਇਆ । ਅਚਰਜ ਖੇਲ ਪਾਰਬ੍ਰਹਮ ਕਲਜੁਗ ਤੇਰੀ ਅੰਤਮ ਵਾਰ ਖੇਲਾ, ਨਿਹਕਲੰਕਾ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਡੰਕਾ ਰਿਹਾ ਵਜਾਇਆ । ਏਕਾ ਡੰਕਾ ਹਰਿ ਵਜਾਇੰਦਾ, ਕਲ ਕਲਕੀ ਲੈ ਅਵਤਾਰ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ, ਸ਼ਬਦ ਹਲੂਣਾ ਦੇਵੇ ਮਾਰ । ਸ਼ਾਹ ਸੁਲਤਾਨਾ ਹੁਕਮ ਸੁਣਾਇੰਦਾ, ਲੇਖਾ ਲਿਖੇ ਅਗੰਮ ਅਪਾਰ । ਕਲਜੁਗ ਵੇਲਾ ਅੰਤਮ ਆਇਆ, ਲੱਖ ਚੁਰਾਸੀ ਹੋਏ ਖ਼ੁਵਾਰ । ਸੀਸ ਤਾਜ ਨਾ ਕੋਇ ਟਿਕਾਇੰਦਾ, ਦਰ ਦਿਸੇ ਨਾ ਕੋਇ ਦਰਬਾਨ । ਸ਼ਾਹ ਪਾਤਸ਼ਾਹ ਇਕ ਹੋ ਜਾਇੰਦਾ, ਦੋ ਜਹਾਨਾਂ ਕਰੇ ਕਾਰ । ਕੂੜੀ ਕਿਰਿਆ ਮੇਟ ਮਿਟਾਇੰਦਾ, ਜੂਠਾ ਝੂਠਾ ਨਾਤਾ ਤੋੜੇ ਸਰਬ ਸੰਸਾਰ । ਜੋ ਘੜਿਆ ਸੋ ਭੰਨ ਵਖਾਇੰਦਾ, ਆਪੇ ਹੋਏ ਭੰਨਣਹਾਰ । ਬ੍ਰਹਮਾ ਵੇਤਾ ਉਠ ਉਠ ਨੈਣਾ ਨੀਰ ਵਹਾਇੰਦਾ, ਦੋਏ ਜੋੜ ਕਰੇ ਨਿਮਸਕਾਰ । ਸ਼ੰਕਰ ਆਪਣਾ ਬਲ ਮਿਟਾਇੰਦਾ, ਚਰਨ ਧੂੜੀ ਮੰਗੇ ਏਕਾ ਖ਼ਾਕ ਖ਼ਾਕਛਾਰ, ਵਿਸ਼ਨ ਆਪਣੀ ਝੋਲੀ ਅੱਗੇ ਡਾਹਿੰਦਾ, ਸਚ ਦਿਸੇ ਨਾ ਕੋਇ ਭੰਡਾਰ । ਪੁਰਖ ਅਬਿਨਾਸ਼ੀ ਤੇਰਾ ਭਾਣਾ ਮਿਟ ਕਦੇ ਨਾ ਜਾਇੰਦਾ, ਸ੍ਰਿਸ਼ਟ ਸਬਾਈ ਮੇਟਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿ ਮੰਦਰ ਬੈਠ ਸੱਚੀ ਸਰਕਾਰ । ਹਰਿ ਮੰਦਰ ਹਰਿ ਬਰਾਜਿਆ, ਆਦਿ ਪੁਰਖ ਅਕਾਲ । ਆਪੇ ਬਣਿਆ ਸਾਚਾ ਰਾਜਨ ਰਾਜਿਆ, ਦੇਵਣਹਾਰਾ ਧੁਰ ਫ਼ਰਮਾਣ । ਏਕਾ ਸੀਸ ਰੱਖੇ ਤਾਜਿਆ, ਦੋ ਜਹਾਨਾ ਨਿਗਹਬਾਨ । ਲੇਖਾ ਜਾਣੇ ਗ਼ਰੀਬ ਨਿਵਾਜਿਆ, ਗ਼ਰੀਬ ਨਿਮਾਣੇ ਵੇਖੇ ਆਣ । ਸਾਚੇ ਅਸਵ ਘੋੜੇ ਚੜ੍ਹੇ ਤਾਜਿਆ, ਜੋਧਾ ਸੂਰਬੀਰ ਬਲੀ ਬਲਵਾਨ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਫਿਰੇ ਭਾਜਿਆ, ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ ਕਰੇ ਪਛਾਣ । ਜਨ ਭਗਤਾਂ ਰੱਖੇ ਲਾਜਿਆ, ਵਡ ਦਾਤਾ ਹੋ ਮਿਹਰਵਾਨ । ਮਾਣਸ ਜਨਮ ਸੁਆਰੇ ਕਾਜਿਆ, ਲੱਖ ਚੁਰਾਸੀ ਫੰਦ ਕਟਾਨ । ਇਕ ਚੜ੍ਹਾਏ ਸਚ ਜ਼ਹਾਜ਼ਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਅਵਤਾਰਾ, ਕਰੇ ਖੇਲ ਆਪਣੀ ਵਾਰਾ, ਦੂਸਰ ਸੰਗ ਨਾ ਕੋਇ ਰਖਾਣ । ਨਾ ਕੋਈ ਸੰਗ ਨਾ ਕੋਈ ਸਾਥਾ, ਦੂਸਰ ਓਟ ਨਾ ਕੋਇ ਤਕਾਈਆ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਪੁਰਖ ਵੱਡੀ ਵਡਿਆਈਆ । ਆਪੇ ਜਾਣੇ ਆਪਣੀ ਗਾਥਾ, ਆਦਿ ਜੁਗਾਦਿ ਕਰੇ ਆਪ ਪੜ੍ਹਾਈਆ । ਆਪੇ ਪੂਰਾ ਕਰੇ ਆਪਣਾ ਘਾਟਾ, ਆਪਣਾ ਲੇਖਾ ਲੇਖੇ ਪਾਈਆ । ਆਪੇ ਆਪਣਾ ਜੋੜੇ ਨਾਤਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਆਪੇ ਵੇਖੇ ਅੰਧੇਰੀ ਰਾਤਾ, ਕਲਜੁਗ ਰੈਣ ਅੰਧੇਰੀ ਛਾਈਆ । ਆਪੇ ਭੇਵ ਚੁਕਾਏ ਜਾਤਾਂ ਪਾਤਾਂ, ਚਾਰ ਵਰਨ ਆਪ ਸਮਾਈਆ । ਆਪੇ ਜਾਣੇ ਪੂਜਾ ਪਾਠਾ, ਏਕਾ ਸ਼ਬਦ ਸਤਿ ਪੜ੍ਹਾਈਆ । ਆਪੇ ਲਹਿਣਾ ਦੇਣਾ ਚੁਕਾਏ ਤੀਰਥ ਤਾਟਾ, ਅਠਸਠ ਮੂਲ ਰਹੇ ਨਾ ਰਾਈਆ । ਆਪੇ ਜੁਗਾ ਜੁਗੰਤਰ ਪੰਧ ਮੁਕਾਏ ਦੂਰ ਦੁਰਾਡੀ ਵਾਟਾ, ਨੇੜਨ ਨੇੜ ਆਪ ਹੋ ਜਾਈਆ । ਆਪੇ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਲਹਿਣ ਦੇਣ ਚੁਕਾਏ ਮਸਤਕ ਮਾਥਾ, ਜੀਵ ਜੰਤ ਸਾਧ ਸੰਤ ਭੁੱਲ ਕਦੇ ਨਾ ਜਾਈਆ । ਆਪੇ ਭੇਵ ਖੁਲਾਏ ਨੌਂ ਨੌਂ ਨਾਥਾ, ਆਪੇ ਸਿਧ ਚੁਰਾਸੀ ਲੇਖੇ ਪਾਈਆ । ਆਪੇ ਵੇਖਣਹਾਰਾ ਅਠ ਤਤ ਅਪ ਤੇਜ ਵਾਏ ਪ੍ਰਿਥਮੀ

੧੩੭੯

ਅਕਾਸਾ, ਮਨ ਮਤ ਬੁਧ ਵੇਖੇ ਥਾਉਂ ਥਾਈਆ । ਆਪੇ ਸ੍ਰਿਸ਼ਟ ਸਬਾਈ ਹੋਏ ਕਮਲਾਪਾਤਾ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਨਾਮ ਵਜਾਈਆ । ਡੰਕਾ ਨਾਮ ਅਗੰਮ ਅਪਾਰਾ, ਆਦਿ ਜੁਗਾਦਿ ਵਜਾਇਆ । ਸੁਣੇ ਸੁਣਾਏ ਸੁਣਨੇਹਾਰਾ, ਆਪ ਆਪਣੀ ਖੇਲ ਖਿਲਾਇਆ । ਗੁਰਮੁਖਾਂ ਅੰਦਰ ਹੋ ਉਜਿਆਰਾ, ਸਾਚਾ ਮੰਦਰ ਵੇਖ ਵਖਾਇਆ । ਅਨਹਦ ਧੁਨ ਸੱਚੀ ਧੁਨਕਾਰਾ, ਧੁਨ ਆਤਮਕ ਆਪ ਸੁਣਾਇਆ । ਰਾਗਾਂ ਨਾਦਾਂ ਵਸੇ ਬਾਹਰਾ, ਛੱਤੀ ਰਾਗ ਰਹੇ ਜਸ ਗਾਇਆ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਸ਼ਬਦ ਦਿਸ ਕਿਸੇ ਨਾ ਆਇਆ । ਸੋ ਪੁਰਖ ਨਿਰੰਜਣ ਬਣ ਮੀਤ ਮੁਰਾਰਾ, ਹੰ ਬ੍ਰਹਮ ਦਏ ਸਮਝਾਇਆ । ਸੋਹੰ ਸ਼ਬਦ ਸਰਗੁਣ ਨਿਰਗੁਣ ਧਾਰਾ, ਸਰਗੁਣ ਨਿਰਗੁਣ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਏਕਾ ਗਰਾਉਂ ਏਕਾ ਵਸੇ ਹਰ ਘਟ ਥਾਉਂ, ਥਾਨ ਥਨੰਤਰ ਆਪ ਸਹਾਇਆ । ਸੋ ਪੁਰਖ ਨਿਰੰਜਣ ਏਕੰਕਾਰਾ, ਦੂਸਰ ਅਵਰ ਨਾ ਕੋਈ ਜਣਾਈਆ । ਹੰ ਰੂਪ ਸਰਬ ਸੰਸਾਰਾ, ਬ੍ਰਹਮ ਏਕਾ ਰੂਪ ਸਮਾਈਆ । ਦੋਹਾਂ ਵਚੋਲਾ ਸਿਰਜਣਹਾਰਾ, ਅਨਭਵ ਆਪਣੀ ਖੇਲ ਖਿਲਾਈਆ । ਸੋਹੰ ਸ਼ਬਦ ਕਰ ਤਿਆਰਾ, ਬ੍ਰਹਮਾ ਵਿਸ਼ਨ ਸ਼ਿਵ ਕਰੀ ਕੁੜਮਾਈਆ । ਨਿਰਗੁਣ ਸਰਗੁਣ ਇਕ ਪਿਆਰਾ, ਸਰਗੁਣ ਨਿਰਗੁਣ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਸੋ ਪੁਰਖ ਨਿਰੰਜਣ ਸਾਚੀ ਧਾਰ, ਹੰ ਬ੍ਰਹਮ ਪਰਗਟਾਈਆ । ਹੰ ਬ੍ਰਹਮ ਨਿਰੰਕਾਰ, ਸ੍ਵੈਮ ਰੂਪ ਸਰਬ ਘਟ ਥਾਈਆ । ਓਮ ਕਰੇ ਖੇਲ ਨਿਰੰਕਾਰ, ਦੂਜੀ ਕੁਦਰਤ ਸਾਚੇ ਵਖਾਈਆ । ਤੀਜਾ ਨੇਤਰ ਇਕ ਅਪਾਰ, ਆਪਣੀ ਜੋਤ ਰੱਖ ਰੁਸ਼ਨਾਈਆ । ਚੌਥਾ ਪਦ ਸੱਚੀ ਸਰਕਾਰ, ਚੌਥੇ ਘਰ ਦਏ ਵਡਿਆਈਆ । ਪੰਚਮ ਮੀਤਾ ਪਰਵਰਦਿਗਾਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਛੇਵੇਂ ਛੱਪਰ ਛੰਨ ਵਸਿਆ ਬਾਹਰ, ਸਚਖੰਡ ਦਵਾਰਾ ਇਕ ਸੁਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਅਲੱਖ ਅਗੋਚਰ ਅਗੰਮ ਅਪਾਰ, ਅਗੰਮ ਅਗੰਮੜੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਹੱਥ ਨਾ ਆਏ ਮੰਦਰ ਮਸਜਿਦ ਮਠ ਸ਼ਿਵਦਵਾਲਾ ਗੁਰੂਦਵਾਰ, ਗੁਰਮੁਖਾਂ ਅੰਦਰ ਡੇਰਾ ਲਾਈਆ । ਗੁਰਮੁਖਾਂ ਅੰਦਰ ਹਰਿ ਜੂ ਵੜਿਆ, ਦਿਸ ਕਿਸੇ ਨਾ ਆਇੰਦਾ । ਆਪਣੇ ਪੌੜੇ ਆਪੇ ਚੜ੍ਹਿਆ, ਆਪਣਾ ਮਾਰਗ ਆਪ ਵਖਾਇੰਦਾ । ਅਧਵਿਚਕਾਰ ਕਿਸੇ ਨਾ ਅੜਿਆ, ਸੁਖ਼ਮਨ ਟੇਢੀ ਬੰਕ ਬੰਦ ਨਾ ਕੋਇ ਕਰਾਇੰਦਾ । ਈੜਾ ਪਿੰਗਲ ਤ੍ਰਬੈਣੀ ਨੈਣੀ ਕਦੇ ਨਾ ਤਰਿਆ, ਤਾਰਨਹਾਰ ਆਪ ਹੋ ਜਾਇੰਦਾ । ਡੂੰਘੀ ਕੰਦਰ ਕਦੇ ਨਾ ਵੜਿਆ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਸਰੋਵਰ ਕਦੇ ਨਾ ਠਰਿਆ, ਸਾਚੀ ਧਾਰਾ ਆਪ ਵਹਾਇੰਦਾ । ਸਚ ਦਵਾਰੇ ਆਪੇ ਖੜਿਆ, ਸਵਛ ਸਰੂਪੀ ਰੂਪ ਵਟਾਇੰਦਾ । ਨਾ ਕੋਈ ਸੀਸ ਨਾ ਕੋਈ ਧੜਿਆ, ਚੋਟੀ ਜੜ ਨਾ ਕੋਇ ਬਣਾਇੰਦਾ । ਆਪਣੀ ਵਿਦਿਆ ਆਪੇ ਪੜ੍ਹਿਆ, ਗੁਰੂਆਂ ਪੀਰਾਂ ਅਵਤਾਰਾਂ ਸਾਧਾਂ ਸੰਤਾਂ ਆਪ ਪੜ੍ਹਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੌਰ ਨਾ ਕੋਇ ਦਬਾਇੰਦਾ । ਅੱਗੇ ਹੋ ਕਿਸੇ ਨਾ ਫੜਿਆ, ਸ਼ਾਹ ਪਾਤਸ਼ਾਹ ਹੱਥ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਕਲਜੁਗ ਅੰਤਮ ਮਾਰਗ ਦੱਸੇ ਇਕ ਸੁਖੱਲੜਾ, ਚਾਰ ਵਰਨਾਂ ਸਚ

ਪਿਆਰ । ਸ਼ਬਦ ਅਨਾਦਿ ਫੜਾਏ ਪੱਲੜਾ, ਬ੍ਰਹਮਾ ਦਏ ਆਧਾਰ । ਆਪਣੀ ਜੋਤੀ ਆਪੇ ਰਲੜਾ, ਜੋਤ ਜਗਾਏ ਅਗੰਮ ਅਪਾਰ । ਗੁਰਸਿਖਾਂ ਦਰ ਦਵਾਰੇ ਆਪੇ ਖਲੜਾ, ਆਪੇ ਬਣਿਆ ਰਹੇ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਾਤਾ ਪੁਰਖ ਬਿਧਾਤਾ, ਏਕਾ ਗਾਏ ਆਪਣੀ ਗਾਥਾ, ਏਕਾ ਸੁਣਾਏ ਸਾਚੀ ਵਾਰ । ਸਾਚੀ ਵਾਰ ਹਰਿ ਕਾ ਨਾਉਂ, ਆਦਿ ਜੁਗਾਦਿ ਸੁਣਾਇਆ । ਹਰਿ ਭਗਤ ਉਠਾਏ ਫੜ ਫੜ ਬਾਂਹੋਂ, ਜਿਉਂ ਬਾਲਕ ਪਿਤਾ ਮਾਇਆ । ਸਿਰ ਰੱਖੇ ਠੰਡੀ ਛਾਉਂ, ਸਤਿਗੁਰ ਪੂਰਾ ਆਪਣਾ ਨਾਉਂ ਧਰਾਇਆ । ਫੜ ਫੜ ਹੰਸ ਬਣਾਏ ਕਾਉਂ, ਜੋ ਜਨ ਸਰਨਾਈ ਆਇਆ । ਨਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚਾ ਤਾਰਿਆ, ਗੁਰ ਸਤਿਗੁਰ ਹੋ ਮਿਹਰਵਾਨ । ਕੋਟਨ ਕੋਟ ਜਨਮ ਦਾ ਪਾਪ ਨਿਵਾਰਿਆ, ਕਰ ਕਿਰਪਾ ਸ੍ਰੀ ਭਗਵਾਨ । ਮਾਣਸ ਜਨਮ ਪੈਜ ਸੁਆਰਿਆ, ਆਤਮ ਅੰਤਰ ਏਕਾ ਦੇਵੇ ਬ੍ਰਹਮ ਗਿਆਨ । ਡੁੱਬਦਾ ਪੱਥਰ ਆਪੇ ਤਾਰਿਆ, ਪਾਹਨ ਲੇਖਾ ਜਾਣੇ ਜਾਣੀ ਜਾਣ । ਰਾਏ ਧਰਮ ਨਾ ਕਰੇ ਖ਼ੁਵਾਰਿਆ, ਚਿਤਰ ਗੁਪਤ ਲੇਖਾ ਮੰਗੇ ਨਾ ਆਣ । ਲਾੜੀ ਮੌਤ ਨਾ ਕਰੇ ਸ਼ੰਗਾਰਿਆ, ਜਿਸ ਜਨ ਉਪਰ ਹੋਇਆ ਆਪ ਮਿਹਰਵਾਨ । ਵੇਲੇ ਅੰਤ ਸ੍ਰੀ ਭਗਵੰਤ ਗੁਰਸਿਖ ਬਠਾਏ ਸਚ ਬਬਾਣਿਆ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਕੱਢੇ ਬਾਹਰ । ਇਕ ਵਖਾਏ ਸਚ ਦਵਾਰਿਆ, ਸਚਖੰਡ ਸੱਚਾ ਮਕਾਨ । ਅਬਿਨਾਸ਼ੀ ਕਰਤਾ ਡੇਰਾ ਲਾ ਰਿਹਾ, ਜੋਤੀ ਨੂਰ ਨੂਰ ਮਹਾਨ । ਸਤਿ ਸਤਿਵਾਦੀ ਸਾਚਾ ਸੀਸ ਤਾਜ ਸੁਹਾ ਰਿਹਾ, ਪੰਚਮ ਪੰਚਮ ਪੰਚਮ ਪੰਚ ਕਰ ਪਰਧਾਨ । ਸਤਿ ਸਤਿਵਾਦੀ ਸਤਿ ਨਿਸ਼ਾਨਾ ਇਕ ਚੜ੍ਹਾ ਰਿਹਾ, ਆਦਿ ਜੁਗਾਦਿ ਰੱਖੇ ਏਕਾ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਹਰੀ ਹਰਿ ਆਪੇ ਲਏ ਪਛਾਣ ।

### ✻ ੨੫ ਕਤਕ ੨੦੧੭ ਬਿਕ੍ਰਮੀ ਹਰੀ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਪੂਰਾ ਸਾਹਿਬ ਸੱਚਾ ਸੁਲਤਾਨ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਸਤਿ ਨਿਸ਼ਾਨ, ਸਤਿ ਦਵਾਰੇ ਆਪ ਝੁਲਾਈਆ । ਜੁਗਾਂ ਜੁਗੰਤਰ ਧੁਰ ਫ਼ਰਮਾਣ, ਸ਼ਬਦ ਅਨਾਦੀ ਨਾਦ ਸੁਣਾਈਆ । ਲੇਖਾ ਜਾਣੇ ਦੋ ਜਹਾਨ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਪਾਏ ਆਣ, ਹੁਕਮੀ ਹੁਕਮ ਆਪ ਫਿਰਾਈਆ । ਲੱਖ ਚੁਰਾਸੀ ਹੋਏ ਜਾਣੀ ਜਾਣ, ਘਟ ਘਟ ਆਪਣੀ ਜੋਤ ਜਗਾਈਆ । ਗੁਰਮੁਖ ਵੇਖੇ ਚਤਰ ਸੁਜਾਨ, ਚਾਤਰਕ ਆਪਣੀ ਤ੍ਰਿਖਾ ਬੁਝਾਈਆ । ਲੱਖ ਚੁਰਾਸੀ ਵਿਚੋਂ ਕੱਢ ਪਛਾਣ, ਆਪ ਆਪਣਾ ਮੇਲ ਮਿਲਾਈਆ । ਏਕਾ ਦੇਵੇ ਬ੍ਰਹਮ ਗਿਆਨ, ਆਤਮ ਬ੍ਰਹਮ ਨੂਰ ਦਰਸਾਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਅਮਿਉਂ ਰਸ ਝਿਰਨਾ ਆਪ ਝਿਰਾਈਆ । ਚਰਨ ਕਵਲ ਵਖਾਏ ਸਚ ਮਕਾਨ, ਸਚ ਦਵਾਰਾ ਇਕ ਸਮਝਾਈਆ । ਰਾਗ ਸੁਣਾਏ ਅਗੰਮੀ ਕਾਨ, ਨਿਰਵੈਰ ਆਪ ਅਲਾਈਆ । ਚਾਰ ਵਰਨ ਬਖ਼ਸ਼ੇ ਮਾਣ, ਊਚ ਨੀਚ ਰਾਓ ਰੰਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦੀਨ ਦਿਆਲਾ, ਲੇਖਾ

ਜਾਣੇ ਕਾਲ ਮਹਾਂਕਾਲਾ, ਦਰ ਘਰ ਸਾਚਾ ਇਕ ਸਮਝਾਈਆ । ਸਤਿਗੁਰ ਪੂਰਾ ਸਰਬ ਗੁਣਵੰਤ, ਏਕਾ ਰੰਗ ਰੰਗਾਇਆ । ਆਦਿ ਜੁਗਾਦੀ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਰਾਇਆ । ਲੇਖਾ ਜਾਣੇ ਸਾਚੇ ਸੰਤ, ਭਗਤ ਭਗਵੰਤ ਹੋਏ ਸਹਾਇਆ । ਨਾਮ ਨਿਧਾਨਾ ਦੇਵੇ ਮਣੀਆਂ ਮੰਤ, ਮਨ ਪੰਖੀ ਉਡ ਉਡ ਦਹਿ ਦਿਸ਼ ਨਾ ਕੋਇ ਧਾਇਆ । ਲੇਖਾ ਜਾਣੇ ਨਾਰੀ ਕੰਤ, ਵਿਭਚਾਰ ਰੂਪ ਨਾ ਕੋਇ ਵਟਾਇਆ । ਦੇਵੇ ਮਾਣ ਵਿਚ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਇਆ । ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਇਆ । ਮੇਲ ਮਿਲਾਵਾ ਸਾਚੀ ਸੰਗਤ, ਨਾਤਾ ਬਿਧਾਤਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਹਰਿ ਨਿਰੰਕਾਰਾ, ਲੇਖਾ ਜਾਣੇ ਦਰ ਦਰਬਾਰਾ, ਧੁਰ ਦੀ ਕਾਰ ਆਪ ਕਰਾਇੰਦਾ । ਸਤਿਗੁਰ ਪੂਰਾ ਅਗੰਮ ਅਥਾਹ, ਆਦਿ ਜੁਗਾਦਿ ਸਮਾਇੰਦਾ । ਜੁਗਾ ਜੁਗੰਤਰ ਚਲਾਏ ਆਪਣਾ ਰਾਹ, ਸਾਚਾ ਮਾਰਗ ਆਪ ਵਖਾਇੰਦਾ । ਗੁਰਮੁਖ ਸਾਜਣ ਹਰਿਜਨ ਸਾਚੇ ਲਏ ਉਠਾ, ਆਲਸ ਨਿੰਦਰਾ ਮੂਲ ਚੁਕਾਇੰਦਾ । ਏਕਾ ਅੱਖਰ ਵੱਖਰ ਦਏ ਪੜ੍ਹਾ, ਕਾਗਦ ਕਲਮ ਭੇਵ ਨਾ ਆਇੰਦਾ । ਸਾਚੇ ਪੌੜੇ ਆਪ ਚੜ੍ਹਾ, ਘਰ ਮੰਦਰ ਸੋਭਾ ਪਾਇੰਦਾ । ਲੇਖਾ ਜਾਣੇ ਧੁਰ ਦਰਗਾਹ, ਗ੍ਰਿਹ ਆਪਣਾ ਖੋਜ ਖੁਜਾਇੰਦਾ । ਕਮਲਾਪਾਤੀ ਮੇਲ ਮਿਲਾਏ ਸਹਿਜ ਸੁਭਾ, ਬੂੰਦ ਸਵਾਂਤੀ ਜਾਮ ਪਿਆਇੰਦਾ । ਮੇਟੇ ਅੰਧੇਰੀ ਰਾਤੀ ਲੇਖਾ ਜਾਣੇ ਥਾਉਂ ਥਾਂ, ਅਭੁੱਲ ਗੁਰ ਭੁੱਲ ਕਦੇ ਨਾ ਜਾਇੰਦਾ । ਗੁਰਸਿਖ ਬਾਲ ਅਞਾਣੇ ਆਪਣੀ ਗੋਦ ਉਠਾਏ ਜਿਉਂ ਬਾਲਕ ਮਾਂ, ਅੰਮ੍ਰਿਤ ਸਾਚਾ ਸੀਰ ਪਿਆਇੰਦਾ । ਸਖ਼ਾ ਸਹੇਲਾ ਇਕ ਇਕੇਲਾ ਸਮਰਥ ਸਿਰ ਰੱਖੇ ਠੰਡੀ ਛਾਂ, ਦੋ ਜਹਾਨਾਂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਸਤਿਗੁਰ ਸੱਚਾ ਸ਼ਾਹੋ ਭੂਪ, ਰਾਜਨ ਰਾਜ ਇਕ ਅਖਵਾਇੰਦਾ । ਵੇਖਣਹਾਰਾ ਚਾਰੋਂ ਕੂਟ, ਉਤਰ ਪੂਰਬ ਪੱਛਮ ਦੱਖਣ ਫੇਰੀ ਪਾਇੰਦਾ । ਏਕਾ ਨਾਮ ਏਕਾ ਤਾਗਾ ਏਕਾ ਸੂਤ, ਏਕਾ ਵਟ ਆਪ ਚੜ੍ਹਾਇੰਦਾ । ਏਕਾ ਵਰਖ ਏਕਾ ਮਾਸ ਏਕਾ ਰੁੱਤ, ਥਿਤ ਵਾਰ ਆਪਣੇ ਹੱਥ ਰਖ । ਕਰੇ ਖੇਲ ਅਬਿਨਾਸ਼ੀ ਅਚੁਤ, ਅਲੱਖ ਅਲੱਖਣਾ ਦਿਸ ਕਿਸੇ ਨਾ ਆਇੰਦਾ । ਗੁਰਮੁਖ ਉਪਜਾਏ ਸਾਚੇ ਸੁਤ, ਨਾਦੀ ਬਿੰਦ ਨਾਉਂ ਧਰਾਇੰਦਾ । ਲੇਖਾ ਜਾਣੇ ਹਰਿ ਜੂ ਹਰਿ ਹਰਿ ਪਿਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਅਲੱਖ ਨਿਰੰਜਣ, ਏਕਾ ਨੇਤਰ ਪਾਏ ਨਾਮ ਅੰਜਣ, ਅਗਿਆਨ ਅੰਧੇਰ ਮਿਟਾਇੰਦਾ । ਸਤਿਗੁਰ ਸਾਹਿਬ ਗਹਿਰ ਗੰਭੀਰ ਗੁਣਨਿਧ ਦਾਤਾ, ਅਲੱਖ ਅਲੱਖਣਾ ਇਕ ਅਖਵਾਈਆ । ਆਪਣੀ ਰੱਖੇ ਉਤਮ ਜ਼ਾਤਾ, ਜ਼ਾਤ ਪਾਤ ਨਾ ਕੋਇ ਵਡਿਆਈਆ । ਜਨ ਭਗਤਾਂ ਲੇਖਾ ਜਾਣੇ ਮਸਤਕ ਮਾਥਾ, ਪੂਰਬ ਕਰਮਾਂ ਵੇਖ ਵਖਾਈਆ । ਲੱਖ ਚੁਰਾਸੀ ਪੂਰਾ ਕਰੇ ਘਾਟਾ, ਨਾਮ ਦਾਤ ਝੋਲੀ ਪਾਈਆ । ਏਥੇ ਉਥੇ ਦੋ ਜਹਾਨ ਨਿਭਾਏ ਸਗਲਾ ਸਾਥਾ, ਸਗਲਾ ਸੰਗ ਨਿਭਾਈਆ । ਸਗਲ ਵਿਸੂਰਾ ਗੁਰਮੁਖ ਵਿਰਲੇ ਲਾਥਾ, ਜਿਸ ਜਨ ਆਤਮ ਅੰਤਰ ਬੂਝ ਬੁਝਾਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਦੀਨ ਦਿਆਲ ਦਇਆਨਿਧ ਠਾਕਰ ਆਪਣੀ ਇਛਿਆ ਪਾਏ ਭਿਛਿਆ, ਇਸ਼ਟ ਦੇਵ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹੋਏ ਸਹਾਈਆ । ਦੀਨਾ ਨਾਥਾ ਨਾਥ ਅਨਾਥਾ ਗਲੇ ਲਗਾਈਆ । ਨਾਥ ਅਨਾਥਾ ਸਤਿਗੁਰ ਦੇਵ, ਸਰਬ ਕਲ ਆਪ ਸਮਾਇਆ । ਲੇਖਾ ਜਾਣੇ ਅਲੱਖ ਅਭੇਵ, ਅਗੰਮ ਅਥਾਹ ਬੇਪਰਵਾਹ ਰੂਪ ਰੰਗ ਰੇਖ ਨਾ ਕੋਈ

੧੩੭੯ ੦੯

੧੩੮੦ ੦੯

ਜਣਾਇਆ । ਜਨ ਸੰਤਾਂ ਜੁਗਾ ਜੁਗੰਤਰ ਜਾਣੇ ਸਾਚੀ ਸੇਵਾ, ਸੇਵਕ ਆਪਣਾ ਰੂਪ ਪਰਗਟਾਇਆ । ਭੇਵ ਚੁਕਾਏ ਦੇਵੀ ਦੇਵ, ਦੇਵ ਆਤਮਾ ਵਾਸਤਕ ਆਪਣਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਜਗਾਇਆ । ਹਰਿਜਨ ਸਾਚਾ ਆਪ ਜਗਾਇੰਦਾ, ਕਰ ਕਿਰਪਾ ਗੁਣ ਨਿਧਾਨ । ਏਕਾ ਮੰਤਰ ਨਾਮ ਦ੍ਰਿੜਾਇੰਦਾ, ਅੰਤਰ ਆਤਮ ਸੱਚੀ ਧੁਨਕਾਨ । ਦੀਵਾ ਬਾਤੀ ਡਗਮਗਾਇੰਦਾ, ਲੇਖਾ ਚੁੱਕੇ ਰਵ ਸਸ ਸੂਰਜ ਚੰਦ ਭਾਨ । ਆਤਮ ਅੰਤਰ ਅੰਮ੍ਰਿਤ ਜਾਮ ਪਿਆਇੰਦਾ, ਅਠਸਠ ਲੇਖਾ ਮੁੱਕੇ ਜਗਤ ਅਸ਼ਨਾਨ । ਕਾਇਆ ਕੰਚਨ ਆਪ ਵਖਾਇੰਦਾ, ਪੰਜ ਤਤ ਮਾਟੀ ਕਰ ਪਰਵਾਨ । ਸੁਰਤੀ ਸ਼ਬਦ ਡੋਰ ਬੰਧਾਇੰਦਾ, ਲਹਿਣਾ ਚੁੱਕੇ ਪੰਜ ਸ਼ੈਤਾਨ । ਏਕਾ ਆਪਣੇ ਰੰਗ ਰੰਗਾਇੰਦਾ, ਰੰਗ ਰੰਗੀਲਾ ਸ੍ਰੀ ਭਗਵਾਨ । ਸਾਚੀ ਸੇਜ ਆਪ ਸੁਹਾਇੰਦਾ, ਆਤਮ ਬ੍ਰਹਮ ਕਰ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਲੇਖਾ ਜਾਣੇ ਨੇੜੇ ਦੂਰਾ, ਦੂਰ ਨੇੜੇ ਨਾ ਕੋਈ ਰਖਾਇੰਦਾ । ਸਤਿਗੁਰ ਪੂਰਾ ਸਚ ਦਵਾਰ, ਏਕਾ ਏਕ ਸੁਹਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਗੁਰਮੁਖ ਸਜਨ ਮੇਲ ਮਿਲਾਇੰਦਾ । ਲੱਖ ਚੁਰਾਸੀ ਕਰ ਖ਼ੁਵਾਰ, ਜੂਨ ਅਜੂਨੀ ਸਰਬ ਭਵਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਹੁਕਮ ਹਾਕਮ ਧੁਰ ਫ਼ਰਮਾਣ, ਆਦਿ ਜੁਗਾਦਿ ਸੁਣਾਇੰਦਾ । ਏਕਾ ਅੱਖਰ ਕਰ ਪਰਵਾਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣਹਾਰਾ, ਏਕਾ ਏਕੰਕਾਰਿਆ । ਸਚਖੰਡ ਵਸੇ ਸਚ ਦਵਾਰਾ, ਮਹੱਲ ਅਟੱਲ ਉਚ ਮੁਨਾਰਿਆ । ਦੀਪਕ ਜੋਤੀ ਕਰ ਉਜਿਆਰਾ, ਨਿਰਗੁਣ ਨੂਰੋ ਨੂਰ ਡਗਮਗਾ ਰਿਹਾ । ਪੁਰਖ ਅਬਿਨਾਸ਼ੀ ਹੋ ਤਿਆਰਾ, ਅਜੂਨੀ ਰਹਿਤ ਵੇਸ ਵਟਾ ਰਿਹਾ । ਜੋਤੀ ਜਾਮਾ ਭੇਖ ਨਿਆਰਾ, ਅਨਭਵ ਪਰਕਾਸ਼ ਕਰਾ ਰਿਹਾ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਬ੍ਰਹਮ ਬ੍ਰਹਿਮਾਦਿ ਆਪ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾ ਰਿਹਾ । ਆਪਣਾ ਨਾਉਂ ਆਪੇ ਰੱਖ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਸਰਗੁਣ ਹੋ ਪਰਤੱਖ, ਲੋਕਮਾਤ ਵੇਖ ਵਖਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣਾ ਮਾਰਗ ਆਪੇ ਦੱਸ, ਆਪੇ ਵੇਖੇ ਥਾਉਂ ਥਾਈਆ । ਦੋ ਜਹਾਨਾਂ ਲੋਆਂ ਪੁਰੀਆਂ ਨੌ ਸਤ ਪੰਧ ਮੁਕਾਏ ਨੱਸ ਨੱਸ, ਰਵ ਸਸ ਮੁਖ ਮੁਖ ਸ਼ਰਮਾਈਆ । ਗੁਰਮੁਖਾਂ ਦਰਸ ਦਿਖਾਏ ਹੱਸ ਹੱਸ, ਹਸਤ ਕੀਟ ਏਕਾ ਰੰਗ ਰੰਗਾਈਆ । ਹਿਰਦੇ ਅੰਦਰ ਵਸ ਵਸ, ਵਸਤ ਅਮੋਲਕ ਏਕਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਆਪੇ ਵੜ, ਸਤਿਗੁਰ ਪੂਰਾ ਸੋਭਾ ਪਾਈਆ । ਸਾਚਾ ਮੰਦਰ ਗੁਰਮੁਖ ਦਵਾਰਾ, ਗੁਰ ਕਰਤਾ ਕੀਮਤ ਆਪੇ ਪਾਇੰਦਾ । ਅੰਦਰ ਮੰਦਰ ਗੁਪਤ ਜ਼ਾਹਰਾ, ਸ਼ਬਦ ਨਾਅਰਾ ਇਕ ਲਗਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਦੀਪਕ ਦੀਆ ਇਕ ਜਗਾਇੰਦਾ । ਸਾਢੇ ਤਿੰਨ ਹੱਥ ਮਹੱਲ ਅਟੱਲ ਉਚ ਮੁਨਾਰਾ, ਘਰ ਘਰ ਵਿਚ ਸੋਭਾ ਪਾਇੰਦਾ । ਦੀਨ ਦਿਆਲ ਦਇਆ ਕਮਾਏ ਇਕ ਵਖਾਏ ਠਾਂਡਾ ਦਰਬਾਰਾ, ਨਿਰਗੁਣ ਤਤ ਨਾ ਕੋਈ ਜਲਾਇੰਦਾ । ਏਕਾ ਗੁਰ ਇਕ ਦਵਾਰਾ, ਏਕਾ ਘਰ ਸਚ ਘਰ ਬਾਰਾ, ਏਕਾ ਕਮਲਾਪਾਤੀ ਮੀਤ ਮੁਰਾਰ ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਨਾਉਂ ਨਿਰੰਕਾਰ, ਆਦਿ ਜੁਗਾਦੀ ਕਰੇ ਖੇਲ ਅਗੰਮ ਅਪਾਰ, ਰੂਪ ਅਨੂਪ

ਆਪ ਪਰਗਟਾਇੰਦਾ । ਰੂਪ ਅਨੂਪਾ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਇਕ ਅਖਵਾਈਆ ।
ਕਲਜੁਗ ਅੰਤਮ ਮਾਇਆ ਪਾਏ ਬੇਅੰਤ, ਤ੍ਰੈਗੁਣ ਕੱਪੜ ਹੱਥ ਉਠਾਈਆ । ਭਰਮੇ ਭੁੱਲਾ ਜੀਵ ਜੰਤ, ਸਾਧ ਸੰਤ ਨਾ ਕੋਇ ਚਤਰਾਈਆ । ਨਾਤਾ
ਤੁਟਾ ਨਾਰੀ ਕੰਤ, ਸਚ ਸੁਹੰਜਣੀ ਸੇਜ ਨਾ ਕੋਈ ਹੰਢਾਈਆ । ਗੁਰਮੁਖ ਵਿਰਲਾ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਜਿਸ ਜਨ ਸਤਿਗੁਰ ਪੂਰਾ
ਆਪ ਚੜ੍ਹਾਈਆ । ਦੂਜੇ ਦਰ ਨਾ ਜਾਏ ਮੰਗਤ, ਜਿਸ ਮਿਲਿਆ ਬੇਪਰਵਾਹੀਆ । ਮਾਨਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਫੰਦ ਕਟਾਈਆ ।
ਮੇਲ ਮਿਲਾਏ ਸਾਚੀ ਸੰਗਤ, ਹਰਿ ਕੇ ਪੌੜੇ ਆਪ ਚੜ੍ਹਾਈਆ । ਲਹਿਣਾ ਦੇਣਾ ਚੁੱਕੇ ਭੁੱਖ ਨੰਗਤ, ਨਾਮ ਨਿਧਾਨਾ ਝੋਲੀ ਪਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦੇਵਣਹਾਰਾ ਵਰ, ਜੁਗ ਜੁਗ ਸਾਚੀ ਸੇਵ ਕਮਾਈਆ । ਜਨ ਭਗਤਾਂ ਸੇਵ ਕਮਾਇੰਦਾ,
ਪਾਰਬ੍ਰਹਮ ਹਰਿ ਕਰਤਾਰ । ਜੁਗਾ ਜੁਗੰਤਰ ਵੇਸ ਵਟਾਇੰਦਾ, ਲੋਕਮਾਤ ਲਏ ਅਵਤਾਰ । ਮੂਰਖ ਮੂੜੇ ਝੂਠੇ ਧੰਦੇ ਲਾਇੰਦਾ, ਨਾਤਾ ਜੋੜ ਕਾਮ
ਕ੍ਰੋਧ ਲੋਭ ਮੋਹ ਹੰਕਾਰ । ਆਸਾ ਤ੍ਰਿਸਨਾ ਰੰਗ ਚੜ੍ਹਾਇੰਦਾ, ਹਉਮੈਂ ਹੰਗਤਾ ਕਰੇ ਖ਼ਵਾਰ । ਗੁਰਮੁਖ ਸਾਚੇ ਮੇਲ ਮਿਲਾਇੰਦਾ, ਡੁੱਬਦੇ ਪਾਥਰ
ਜਾਏ ਤਾਰ । ਚਰਨ ਕਵਲ ਕਵਲ ਚਰਨ ਇਕ ਟਿਕਾਇੰਦਾ, ਕਾਇਆ ਮੰਦਰ ਅੰਦਰ ਡੂੰਘੀ ਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰੀ ਹਰਿ ਸੱਚਾ ਕਰਤਾਰ । ਕਰਤਾ ਪੁਰਖ ਹਰਿ ਕਰਨੇਯੋਗ, ਜੁਗ ਜੁਗ ਵੱਡੀ ਵਡਿਆਈਆ । ਆਤਮ
ਰਸੀਆ ਭੋਗੇ ਏਕਾ ਭੋਗ, ਜੁਗਾ ਜੁਗੰਤਰ ਖੇਲ ਖਿਲਾਈਆ । ਹਰਿਜਨ ਮੇਲੇ ਧੁਰ ਸੰਜੋਗ, ਜਗਤ ਵਿਜੋਗ ਰਹੇ ਨਾ ਰਾਈਆ । ਸ਼ਬਦ ਜਣਾਏ
 ਸਚ ਸਲੋਕ, ਸਹਿੰਸਾ ਰੋਗ ਦਏ ਗਵਾਈਆ । ਪਾਰ ਕਰਾਏ ਚੌਦਾਂ ਲੋਕ, ਲੋਕ ਪਰਲੋਕ ਦਏ ਵਡਿਆਈਆ । ਚਰਨ ਦਾਸੀ ਬਣਾਏ ਮੁਕਤ ੧੩੮੧
 ਮੋਖ, ਪਾਰਬ੍ਰਹਮ ਵੱਡੀ ਵਡਿਆਈਆ । ਨਾਤਾ ਤੋੜੇ ਹਰਖ ਸੋਗ, ਚਿੰਤਾ ਦੁੱਖ ਰਹੇ ਨਾ ਰਾਈਆ । ਜਿਸ ਜਨ ਆਪਣਾ ਦਰਸ ਦਿਖਾਏ ਅਮੋਘ, ੦੯
ਕੋਟਨ ਕੋਟ ਜਨਮ ਦੇ ਪਾਪ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਨਾਉਂ ਧਰਾਈਆ ।
ਸਤਿਗੁਰ ਪੂਰਾ ਇਕ ਇਕੱਲਾ ਏਕੰਕਾਰਾ, ਜਨ ਭਗਤਾਂ ਉਪਰ ਤੁਠਿਆ । ਦੇਵੇ ਨਾਮ ਸ਼ਬਦ ਭੰਡਾਰਾ, ਗੁਰਮੁਖ ਰਹੇ ਨਾ ਦਰ ਤੇ ਰੁਠਿਆ । ਮੇਲ
ਮਿਲਾਏ ਪੀਆ ਪ੍ਰੀਤਮ ਸਾਚੇ ਯਾਰਾ, ਹਰਿ ਕਾ ਨਾਮ ਕਦੇ ਨਾ ਜਾਏ ਲੁੱਟਿਆ । ਕਿਸੇ ਹੱਥ ਨਾ ਆਏ ਠੱਗ ਚੋਰ ਯਾਰਾ, ਕਲਜੁਗ ਜੀਵਾਂ ਭਾਗ
ਨਿਖੁਟਿਆ । ਏਕਾ ਭੁੱਲਿਆ ਧੁਰ ਦਰਬਾਰਾ, ਆਹਲਣਿਉਂ ਡਿਗੇ ਥੱਲੇ ਬੋਟਿਆ । ਨਾ ਕੋਈ ਸਕੇ ਫਿਰ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਸ਼ਾਹ ਕੰਗਾਲ । ਸ਼ਾਹ ਕੰਗਾਲਾਂ ਸੁਰਤ ਸੰਭਾਲਦਾ, ਆਦਿ ਜੁਗਾਦਿ ਸਮਾਇਆ ।
ਲੇਖਾ ਜਾਣੇ ਸਚਖੰਡ ਸੱਚੀ ਧਰਮਸਾਲ ਦਾ, ਧਰਮ ਦਵਾਰੇ ਸੋਭਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਆਪੇ ਪ੍ਰਿਤਪਾਲਦਾ, ਕ੍ਰੋੜ ਤੇਤੀਸਾ ਹੋਏ ਸਹਾਇਆ ।
ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਨਿਰਗੁਣ ਜੋਤ ਖੇਲ ਅਕਾਲ ਦਾ, ਘਟ ਘਟ ਆਪਣਾ ਦੀਪ ਜਗਾਇਆ । ਬਣੇ ਵਾਲੀ ਦੋ ਜਹਾਨ ਦਾ, ਸ਼ਾਹ
ਸੁਲਤਾਨ ਸੱਚਾ ਸ਼ਹਿਨਸ਼ਾਹਿਆ । ਖ਼ਜ਼ਾਨਾ ਦਏ ਸੱਚੇ ਧਨ ਮਾਲ ਦਾ, ਅਤੋਟ ਅਤੁਟ ਆਪ ਭਰਾਇਆ । ਜੁਗਾ ਜੁਗੰਤਰ ਗੁਰਮੁਖ ਸਾਚੇ ਆਪੇ
ਭਾਲਦਾ, ਦਰ ਦਰਵੇਸ਼ ਦਰ ਦਰ ਫੇਰਾ ਪਾਇਆ । ਨਾਤਾ ਤੋੜ ਕਾਲ ਮਹਾਂਕਾਲ ਦਾ, ਸਗਲਾ ਸੰਗ ਆਪ ਰਖਾਇਆ । ਅੰਮ੍ਰਿਤ ਆਤਮ ਇਕ

ਉਛਾਲਦਾ, ਹੰਸ ਕਾਗ ਰੂਪ ਵਟਾਇਆ । ਲੇਖਾ ਜਾਣੇ ਪਤ ਡਾਲ੍ਹ ਦਾ, ਫੁਲ ਫਲਵਾੜੀ ਮਾਤ ਮਹਿਕਾਇਆ । ਕਲਜੁਗ ਵੇਲਾ ਅੰਤਮ ਹੋਇਆ ਬੇਹਾਲ ਦਾ, ਹਾਲ ਮੁਰੀਦਾ ਸੁਣਨ ਕੋਈ ਨਾ ਆਇਆ । ਕਰੇ ਖੇਲ ਅਵੱਲੜੀ ਚਾਲ ਦਾ, ਵੇਦ ਕਤੇਬ ਭੇਵ ਨਾ ਰਾਇਆ । ਗੁਰਸਿਖ ਦਵਾਰੇ ਆਪਣੀ ਘਾਲ ਆਪੇ ਘਾਲਦਾ, ਹਰਿਜਨ ਹਰਿ ਜੂ ਭਗਤੀ ਆਪ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਲਗਾਏ ਆਪਣੇ ਲੜ, ਏਕਾ ਪੱਲੂ ਹੱਥ ਰਖਾਇੰਦਾ । ਸਾਚਾ ਪੱਲੂ ਹਰਿ ਨਿਰੰਕਾਰ, ਸ਼ਬਦ ਡੋਰੀ ਹੱਥ ਰਖਾਈਆ । ਵੇਖੇ ਵਿਗਸੇ ਸਰਬ ਸੰਸਾਰ, ਵੇਖਣਹਾਰਾ ਦਿਸ ਨਾ ਆਈਆ । ਭਗਤ ਭਗਵੰਤ ਸੁਰਤ ਸੰਭਾਲ, ਸੰਤ ਕੰਤ ਮੇਲ ਮਿਲਾਈਆ । ਗੁਰਮੁਖਾਂ ਸੁਣਾਏ ਸਾਚਾ ਤਾਲ, ਨਾਦ ਅਨਾਦੀ ਤਲਵਾੜਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਤਿਗੁਰ ਸੱਚਾ ਏਕ, ਹਰਿ ਸਤਿ ਸਤਿਵਾਦੀ ਖੇਲ ਖਿਲਾਈਆ । ਸਤਿ ਸਤਿਵਾਦੀ ਹਰਿ ਨਿਰੰਕਾਰਾ, ਹਰਿ ਮੰਦਰ ਬੈਠਾ ਸੋਭਾ ਪਾਇੰਦਾ । ਤਖ਼ਤ ਨਿਵਾਸੀ ਬੇਐਬ ਪਰਵਰਦਿਗਾਰਾ, ਨੂਰ ਨਰਾਨਾ ਡਗਮਗਾਇੰਦਾ । ਗਹਿਰ ਗੰਭੀਰ ਗੁਪਤ ਜ਼ਾਹਰਾ, ਰੂਪ ਅਨੂਪ ਸ਼ਾਹੋ ਭੂਪ, ਜੋਤ ਆਪ ਪਰਗਟਾਇੰਦਾ । ਏਕਾ ਏਕ ਲਗਾਏ ਸਾਚਾ ਨਾਅਰਾ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਹੰ ਬ੍ਰਹਮ ਦਏ ਅਧਾਰਾ, ਪਾਰਬ੍ਰਹਮ ਆਪਣੀ ਖੇਲ ਖਿਲਾਇੰਦਾ । ਸੋਹੰ ਸ਼ਬਦ ਸਤਿ ਜੈਕਾਰਾ, ਸਤਿਜੁਗ ਸਾਚੇ ਆਪ ਵਖਾਇੰਦਾ । ਕਲਜੁਗ ਭੁੱਲਾ ਜੀਵ ਗਵਾਰਾ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਬਨਵਾਰੀ ਕਰੇ ਖੇਲ ਅਗੰਮ ਅਪਾਰੀ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਸਰਬ ਗੁਣ ਦਾਤਾ, ਪੁਰਖ ਬਿਧਾਤਾ ਗੁਰਮੁਖਾਂ ਕਰੇ ਉਤਮ ਜ਼ਾਤਾ, ਵਰਨ ਗੋਤ ਨਾ ਕੋਈ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਕੋਟਨ ਕੋਟ, ਕੋਟਨ ਕੋਟੀ ਆਪਣੀ ਖੇਲ ਖਿਲਾਇੰਦਾ ।

## ✻ ੨੫ ਕਤਕ ੨੦੧੭ ਬਿਕ੍ਰਮੀ ਨਰਾਇਣ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਹਰਿ ਮਿਹਰਵਾਨ, ਹਰਿ ਵੱਡਾ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਆਦਿ ਜੁਗਾਦੀ ਏਕਾ ਰੰਗ ਸਮਾਈਆ । ਏਕੰਕਾਰਾ ਵਡ ਬਲਵਾਨ, ਨਿਰਾਕਾਰ ਨਾ ਮਰੇ ਨਾ ਜਾਈਆ । ਆਦਿ ਨਿਰੰਜਣ ਸਦਾ ਸਹੇਲਾ ਨਿਗਹਬਾਨ, ਨਿਰਵੈਰ ਆਪਣੀ ਖੇਲ ਖਿਲਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਮਕਾਨ, ਸਚ ਦਵਾਰੇ ਸੋਭਾ ਪਾਈਆ । ਸ੍ਰੀ ਭਗਵਾਨ ਲੇਖਾ ਜਾਣੇ ਦੋ ਜਹਾਨ, ਇਕ ਇਕੱਲਾ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਗੁਣ ਨਿਧਾਨ, ਗੁਣਵੰਤਾ ਭੇਵ ਨਾ ਰਾਈਆ । ਜੋਤੀ ਜੋਤ ਨੂਰ ਮਹਾਨ, ਜੋਤ ਉਜਾਲਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਬੰਧਾਈਆ । ਆਪਣੀ ਧਾਰ ਬੰਨ੍ਹਣਹਾਰਾ, ਏਕਾ ਰੰਗ ਸਮਾਇਆ । ਇਕ ਇਕੱਲਾ ਏਕੰਕਾਰਾ, ਸਚਖੰਡ ਦਵਾਰੇ ਸੋਭਾ ਪਾਇਆ । ਆਪਣਾ ਕਰੇ ਆਪ ਸਚ ਵਿਹਾਰਾ, ਸਾਚਾ ਸਗਨ ਆਪ ਮਨਾਇਆ । ਆਪੇ ਜਾਣੇ ਆਪਣੀ ਕਾਰਾ, ਕਰਤਾ ਪੁਰਖ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ



੧੩੮੨ ੦੯

ਮੰਦਰ ਏਕਾ ਡੇਰਾ ਲਾਇਆ । ਹਰਿ ਮੰਦਰ ਹਰਿ ਸੁਹਾਇੰਦਾ, ਪਾਰਬ੍ਰਹਮ ਬੇਅੰਤ । ਨਿਰਗੁਣ ਨਿਰਵੈਰ ਆਸਣ ਲਾਇੰਦਾ, ਲੇਖਾ ਜਾਣੇ ਆਦਿ ਅੰਤ, ਜੋਤੀ ਜਾਤਾ ਡਗਮਗਾਇੰਦਾ, ਆਪ ਆਪਣੀ ਬਣਾਏ ਬਣਤ । ਆਪ ਆਪਣਾ ਸੰਗ ਨਿਭਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵੰਤ । ਸ੍ਰੀ ਭਗਵੰਤ ਖੇਲ ਖਿਲਾਇੰਦਾ, ਪੁਰਖ ਅਗੰਮ ਅਗੰਮੜੀ ਕਾਰ । ਸਚਖੰਡ ਦਵਾਰੇ ਸੋਭਾ ਪਾਇੰਦਾ, ਥਿਰ ਘਰ ਸਾਚਾ ਖੋਲ੍ਹ ਕਿਵਾੜ । ਆਪ ਆਪਣਾ ਮੇਲ ਮਿਲਾਇੰਦਾ, ਲੇਖਾ ਜਾਣੇ ਆਪਣੀ ਵਾਰ । ਆਪ ਆਪਣਾ ਰੂਪ ਪਰਗਟਾਇੰਦਾ, ਆਪੇ ਬਣੇ ਕੰਤ ਭਤਾਰ । ਆਪੇ ਨਾਰੀ ਨਰ ਨਰਾਇਣ ਅਖਵਾਇੰਦਾ, ਆਪੇ ਸੇਜਾ ਮਾਣੇ ਸਾਚੀ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਏਕਾ ਕਾਰ । ਸਾਚੀ ਕਾਰ ਕਰਾਇੰਦਾ, ਅਬਿਨਾਸ਼ੀ ਕਰਤਾ ਪੁਰਖ ਅਕਾਲ । ਆਪਣਾ ਮੇਲਾ ਆਪ ਮਿਲਾਇੰਦਾ, ਇਕ ਇਕੱਲਾ ਦੀਨ ਦਿਆਲ । ਨਾਰੀ ਕੰਤ ਰੂਪ ਪਰਗਟਾਇੰਦਾ, ਸਚਖੰਡ ਬੈਠ ਸੱਚੀ ਧਰਮਸਾਲ । ਆਪਣਾ ਅੰਗ ਆਪ ਲਗਾਇੰਦਾ, ਆਪੇ ਚਲੇ ਅਵੱਲੜੀ ਚਾਲ । ਆਪਣੀ ਗੋਦ ਆਪ ਸੁਹਾਇੰਦਾ, ਆਪ ਜਨ ਜਨਨੀ ਜਨਮੇ ਬਾਲ । ਸੁਤ ਦੁਲਾਰਾ ਆਪ ਉਪਾਇੰਦਾ, ਆਪੇ ਹੋਇਆ ਆਪ ਕਿਰਪਾਲ । ਏਕਾ ਮੰਦਰ ਆਪ ਬਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤ ਵਸਾਏ ਏਕਾ ਘਰ, ਆਪੇ ਚਲੇ ਨਾਲ ਨਾਲ । ਸੁਤ ਦੁਲਾਰਾ ਜਾਇਆ, ਕਿਰਪਾ ਕਰ ਪੁਰਖ ਅਕਾਲ । ਆਪਣੇ ਮੰਦਰ ਆਪ ਬਹਾਇਆ, ਵੇਖਣਹਾਰਾ ਦੀਨ ਦਿਆਲ । ਆਪਣੀ ਕੁੱਖੋਂ ਬਾਹਰ ਕਢਾਇਆ, ਲਾਲ ਅਨਮੁਲੜਾ ਏਕਾ ਲਾਲ । ਕਰਤਾ ਕੀਮਤ ਆਪੇ ਪਾਇਆ, ਆਦਿ ਜੁਗਾਦੀ ਬਣ ਦਲਾਲ । ਸਾਚਾ ਲੇਖਾ ਬਹਿ ਸਮਝਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਬਾਲ । ਬਾਲ ਨਿਧਾਨਾ ਸ਼ਬਦ ਸੁਤ, ਪਾਰਬ੍ਰਹਮ ਉਪਜਾਇੰਦਾ । ਲੇਖਾ ਜਾਣੇ ਅਬਿਨਾਸ਼ੀ ਅਚੁਤ, ਲੇਖਾ ਲੇਖ ਨਾ ਕੋਈ ਵਖਾਇੰਦਾ । ਆਪ ਵਖਾਏ ਆਪਣੀ ਰੁੱਤ, ਰੁਤ ਰੁਤੜੀ ਆਪ ਮਹਿਕਾਇੰਦਾ । ਨਾ ਕੋਈ ਸੀਸ ਨਾ ਕੋਈ ਧੜ ਨਾ ਕੋਈ ਦਿਸੇ ਬੁਤ, ਰੂਪ ਰੰਗ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਸਾਏ ਸਾਚੇ ਘਰ, ਘਰ ਮੰਦਰ ਆਪ ਉਪਾਇੰਦਾ । ਸ਼ਬਦ ਦੁਲਾਰ ਉਪਾਇਆ, ਕਰ ਕਿਰਪਾ ਗੁਣ ਨਿਧਾਨ । ਸਚਖੰਡ ਦਵਾਰੇ ਆਪ ਬਹਾਇਆ, ਇਕ ਵਖਾਏ ਸਚ ਨਿਸ਼ਾਨ । ਦਾਈ ਦਾਇਆ ਏਕਾ ਨਜ਼ਰੀ ਆਇਆ, ਮਾਤ ਪਿਤ ਸ੍ਰੀ ਭਗਵਾਨ । ਪੁਰਖ ਅਬਿਨਾਸ਼ੀ ਜੋਤ ਜਗਾਇਆ, ਆਦਿ ਜੁਗਾਦੀ ਰੂਪ ਮਹਾਨ । ਆਪਣਾ ਭੇਵ ਆਪ ਖੁਲ੍ਹਾਇਆ, ਲੇਖਾ ਜਣਾਏ ਦੋ ਜਹਾਨ । ਤੇਰਾ ਨਾਅਰਾ ਅਗੰਮ ਪਰਗਟਾਇਆ, ਸ੍ਰੀ ਭਗਵਾਨ ਹੋ ਮਿਹਰਵਾਨ । ਸਾਚਾ ਬੇੜਾ ਬੰਨ ਚਲਾਇਆ, ਆਪੇ ਵੇਖੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰੇ ਬਖ਼ਸ਼ੇ ਮਾਣ । ਚਰਨ ਦਵਾਰ ਹਰਿ ਪੇਖਿਆ, ਸ਼ਬਦ ਸੁਤ ਕਰੇ ਪਰਨਾਮ । ਤੂੰ ਸਾਹਿਬ ਸੱਚਾ ਲਿਖਣਹਾਰਾ ਲੇਖਿਆ, ਹਉਂ ਮੂਰਖ ਬਾਲ ਅੰਞਾਣ । ਕਵਣ ਰੂਪ ਹੋਏ ਤੇਰਾ ਭੇਖਿਆ, ਕਵਣ ਖੇਲ ਕਰੇ ਦੋ ਜਹਾਨ । ਕਵਣ ਨਾਮ ਹੋਏ ਅਦੇਸਿਆ, ਕਵਣ ਘਰ ਕਰੀਂ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸੇਵਕ ਬਾਲਕ ਚਰਨੀ ਡਿਗਾ ਆਣ । ਚਰਨ ਧਿਆਨ ਲਗਾਇਆ, ਸੁਤ ਦੁਲਾਰਾ ਬਾਲ ਨਿਧਾਨ । ਦੋਏ ਜੋੜ ਸੀਸ ਝੁਕਾਇਆ, ਮੰਗ ਮੰਗੇ ਏਕਾ ਦਾਨ । ਤੇਰਾ ਵਿਛੋੜਾ ਵਿਛੜ ਨਾ ਜਾਇਆ, ਤੇਰਾ ਰੂਪ ਅਗੰਮ ਸ੍ਰੀ


੧੩੮੩

ਭਗਵਾਨ । ਤੇਰਾ ਵਸੇਰਾ ਏਕਾ ਪਾਇਆ, ਸਚਖੰਡ ਸੱਚਾ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਝੁਲਦਾ ਰਹੇ ਤੇਰਾ ਸਚ ਨਿਸ਼ਾਨ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਦੇਵੇ ਦਰਸ ਦਾਤਾਰ । ਸਾਚੀ ਤੇਰੀ ਸੇਵਾ ਇਕ ਵਖਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡ ਖੰਡ ਕਰ ਤਿਆਰ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਸੰਗ ਨਿਭਾਇੰਦਾ, ਲੱਖ ਚੁਰਾਸੀ ਕਰ ਅਕਾਰ । ਨਿਰਾਕਾਰ ਤੇਰਾ ਖੇਲ ਖਿਲਾਇੰਦਾ, ਘਟ ਘਟ ਵਜਾਏ ਤੇਰੀ ਸਤਾਰ । ਨੌ ਨੌ ਚਾਰ ਵੇਖ ਵਖਾਇੰਦਾ, ਆਦਿ ਜੁਗਾਦੀ ਮੀਤ ਮੁਰਾਰ । ਏਕਾ ਚੌਕੜ ਵੰਡ ਵੰਡਾਇੰਦਾ, ਵੰਡਣ ਵੰਡ ਅਪਰ ਅਪਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੋਲੀ ਪਾਇੰਦਾ, ਨਾਤਾ ਤੋੜ ਸਰਬ ਸੰਸਾਰ । ਭਗਤ ਭਗਵੰਤ ਸਾਧ ਸੰਤ ਸੇਵਾ ਲਾਇੰਦਾ, ਅਵਤਾਰਾਂ ਦੇਵੇ ਇਕ ਅਧਾਰ । ਗੁਰ ਗੁਰ ਤੇਰਾ ਨਾਉਂ ਧਰਾਇੰਦਾ, ਆਪ ਵਜਾਏ ਸਚ ਸਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਯਾਰ । ਸਾਚਾ ਯਾਰ ਮੀਤ ਮੁਰਾਰਾ, ਪਿਤਾ ਪੂਤ ਵੇਖ ਵਖਾਈਆ । ਪੁਰਖ ਅਗੰਮਾ ਹੋ ਤਿਆਰਾ, ਸਚਖੰਡ ਦਵਾਰੇ ਦਏ ਵਡਿਆਈਆ । ਤੇਰਾ ਮੇਰਾ ਇਕ ਪਿਆਰਾ, ਵਿਛੜ ਕਦੇ ਨਾ ਜਾਈਆ । ਜੁਗਾ ਜੁਗੰਤਰ ਸਾਚੀ ਕਾਰਾ, ਜੁਗ ਚੌਕੜੀ ਗੇੜਾ ਆਪ ਦਵਾਈਆ । ਏਕਾ ਚੌਕੜ ਲੇਖਾ ਜਾਣੇ ਜਗਤ ਅਵਤਾਰਾ, ਨੌ ਸੌ ਚੁਰਾਨਵੇ ਚੌਕੜੀ ਜੁਗ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਏਕਾ ਆਪਣਾ ਭੇਵ ਖੁਲ੍ਹਾਈਆ । ਆਦਿ ਪੁਰਖ ਪ੍ਰਭ ਭੇਵ ਖੁਲ੍ਹਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਸਾਚੇ ਸੁਤ ਆਪ ਸਮਝਾਇਆ, ਏਕਾ ਦੇਵੇ ਸਾਚਾ ਦਾਨ । ਨੌ ਨੌ ਚਾਰ ਗੇੜਾ ਆਪਣੇ ਹੱਥ ਰਖਾਇਆ, ਲੇਖਾ ਜਾਣੇ ਦੋ ਜਹਾਨ । ਜੁਗ ਜੁਗ ਆਪਣਾ ਵੇਸ ਵਟਾਇਆ, ਵੇਸ ਅਵੱਲੜਾ ਸ੍ਰੀ ਭਗਵਾਨ । ਕਲਜੁਗ ਅੰਤਮ ਹੋਏ ਸਹਾਇਆ, ਜੋਧਾ ਸੂਰਬੀਰ ਬਲੀ ਬਲਵਾਨ । ਪੰਜ ਤਤ ਚੋਲਾ ਇਕ ਹੰਢਾਇਆ, ਵਿਚੋਲਾ ਬਣੇ ਨਿਗਹਬਾਨ । ਨਾਨਕ ਤੋਲਾ ਨਾਲ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕੌਲ ਹਰਿ ਮਿਹਰਵਾਨ । ਹਰਿ ਸਾਚਾ ਕੌਲ ਕਰਾਰ ਕੀਆ, ਕੀਮਤ ਕਰਤਾ ਕੋਇ ਨਾ ਪਾਇੰਦਾ । ਆਪਣਾ ਬੀਜ ਆਪੇ ਬੀਆ, ਆਪੇ ਵੇਖ ਵਖਾਇੰਦਾ । ਆਪਣੀ ਜੋਤ ਆਪੇ ਦੀਪਕ ਦੀਆ, ਪਰਕਾਸ਼ ਪਰਕਾਸ਼ ਆਪ ਧਰਾਇੰਦਾ । ਆਪੇ ਬੀਵੀ ਆਪੇ ਮੀਆਂ, ਨਾਰੀ ਕੰਤ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਹੱਥ ਕਰਤਾਰ, ਏਕਾ ਏਕ ਜਣਾਈਆ । ਕਲਜੁਗ ਆਏ ਅੰਤਮ ਵਾਰ, ਸੁਤ ਦੁਲਾਰੇ ਤੇਰੀ ਵੱਜੇ ਵਧਾਈਆ । ਤੇਰਾ ਰੂਪ ਧਰੇ ਆਪ ਨਿਰੰਕਾਰ, ਲੋਕਮਾਤ ਕਰੇ ਕੁੜਮਾਈਆ । ਤੇਰਾ ਖੰਡਾ ਤੇਜ ਕਟਾਰ, ਤੇਰਾ ਨਾਮ ਸਿਫ਼ਤ ਸਲਾਹੀਆ । ਤੇਰਾ ਰੂਪ ਬ੍ਰਹਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਆਪਣੀ ਘਾੜਤ ਆਪ ਘੜਾਈਆ । ਤੇਰਾ ਕਰੇ ਸਚ ਪਿਆਰ, ਸਗਲਾ ਸੰਗ ਆਪ ਹੋ ਜਾਈਆ । ਤੇਰਾ ਮਰਦੰਗ ਵਜਾਏ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਦਿਤਾ ਵਰ, ਆਦਿ ਆਪਣਾ ਭੇਵ ਆਪ ਖੁਲ੍ਹਾਈਆ । ਕਲਜੁਗ ਅੰਤਮ ਖੇਲ ਖਿਲੌਣਾ, ਸਤਿ ਸਤਿ ਸਤਿ ਸਮਝਾਇੰਦਾ । ਨਾਨਕ ਨਿਰਗੁਣ ਜੋਤ ਜਗੌਣਾ, ਨੌ ਨੌ ਜਾਮੇ ਵੇਸ ਵਟਾਇੰਦਾ । ਨੌ ਖੰਡ ਪ੍ਰਿਥਮੀ ਭੇਵ ਖੁਲ੍ਹੌਣਾ, ਨੌ ਦਵਾਰੇ ਪੰਧ ਮੁਕਾਇੰਦਾ । ਨੌ ਨੌ ਨਾਥ ਰਹਿਣ ਨਾ ਪੌਣਾ, ਚੁਰਾਸੀ ਕਲ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੁਤ ਦਿਤਾ ਵਰ, ਏਕਾ ਦਰ ਸਮਝਾਇੰਦਾ ।


੧੩੮੪ ੦੯

ਸਾਚਾ ਦਰ ਸਮਝਾਵਣਹਾਰਾ, ਏਕਾ ਰੰਗ ਸਮਾਇਆ । ਕਲਜੁਗ ਵੇਖੇ ਇਕ ਦਵਾਰਾ, ਏਕਾ ਘਰ ਦਏ ਵਡਿਆਇਆ । ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਆਦਿ ਅੰਤ ਹੋਏ ਪਸਾਰਾ, ਨਿਰਗੁਣ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਦਾਤਾ ਭੇਵ ਖੁਲਾਇਆ । ਕਲਜੁਗ ਵੇਲਾ ਅੰਤ ਔਣਾ, ਹਰਿ ਸਾਚਾ ਸ਼ਬਦ ਜਣਾਈਆ । ਸ੍ਰਿਸ਼ਟ ਸਬਾਈ ਚਾਰ ਵਰਨ ਅਠਾਰਾਂ ਬਰਨ ਘਰ ਘਰ ਕਰਲੌਣਾ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਾਹ ਸੁਲਤਾਨਾ ਸਚ ਧਰਮ ਨਾ ਕਿਸੇ ਵਖੌਣਾ, ਰਈਯਤ ਰੋਵੇ ਨੇਤਰ ਨੈਣਾ ਨੀਰ ਵਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਤੇਰਾ ਰੂਪ ਇਕ ਪਰਗਟੌਣਾ, ਤੇਰੇ ਨਾਮ ਦਏ ਵਡਿਆਈਆ । ਆਪਣਾ ਸੁਤ ਆਪ ਬਣੌਣਾ, ਪੁਰਖ ਅਕਾਲ ਬਣੇ ਪਿਤਾ ਮਾਈਆ । ਮਾਤਾ ਗੁਜਰੀ ਕੁੱਖ ਭਾਗ ਲਗੌਣਾ, ਅੰਦਰ ਵੜ ਕਿਸੇ ਲੱਭੇ ਨਾ ਸਾਚਾ ਮਾਹੀਆ । ਦਸ ਦਸ ਮਾਸ ਨਾ ਕਿਸੇ ਬੰਦ ਰਖੌਣਾ, ਗਰਭ ਵਾਸ ਨਾ ਅਗਨ ਤਪਾਈਆ । ਤੇਗ ਬਹਾਦਰ ਪਿਤਾ ਜਗਤ ਮਨੌਣਾ, ਹਰਿ ਕਾ ਭੇਵ ਨਾ ਕੋਈ ਪਾਈਆ । ਚੁਤਾਲੀ ਬਰਸ ਮਾਤ ਪਿਤ ਸਤਿ ਸੰਤੋਖ ਹੰਢੌਣਾ, ਚੌਥੇ ਜੁਗ ਵੱਜੇ ਵਧਾਈਆ । ਅਬਿਨਾਸ਼ੀ ਕਰਤੇ ਤੇਰਾ ਬੀਜ ਆਪ ਬਿਜੌਣਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੁਤ ਦੁਲਾਰਾ ਆਪਣਾ ਆਪ ਉਪਾਈਆ । ਸੁਤ ਦੁਲਾਰਾ ਹਰਿ ਹਰਿ ਸਾਜ, ਆਪਣੀ ਦਇਆ ਕਮਾਇੰਦਾ । ਪੁਰਖ ਅਕਾਲ ਮਾਰੇ ਇਕ ਆਵਾਜ਼, ਗੋਬਿੰਦ ਏਕਾ ਨਾਉਂ ਧਰਾਇੰਦਾ । ਗੱਗਾ ਗੋਬਿੰਦ ਗੁਰ ਕਰ ਪਿਆਰ, ਗਹਿਰ ਗੰਭੀਰ ਦਇਆ ਕਮਾਇੰਦਾ । ਕਾਇਆ ਗੋਰ ਵਸਿਆ ਬਾਹਰ, ਡੂੰਘੀ ਕੰਦਰ ਨਾ ਡੇਰਾ ਲਾਇੰਦਾ । ਬੱਬਾ ਬਿੰਦ ਇਕ ਅਪਾਰ, ਪੁਰਖ ਅਬਿਨਾਸ਼ੀ ਆਪਣੀ ਆਪ ਉਪਜਾਈਆ । ਦੱਦਾ ਦੇਵੇ ਦੇਵਣਹਾਰ, ਦਿਸ ਕਿਸੇ ਨਾ ਆਇੰਦਾ । ਏਕਾ ਹੋੜਾ ਕਰ ਤਿਆਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਬਿਹਾਰੀ ਅੰਦਰੇ ਅੰਦਰ ਕਰੇ ਵਿਚਾਰ, ਘਰ ਘਰ ਵਿਚ ਬੂਟਾ ਲਾਇੰਦਾ । ਉਤੇ ਟਿਪੀ ਰੋਵੇ ਜ਼ਾਰੋ ਜ਼ਾਰ, ਹਰਿ ਦਾ ਵਿਛੋੜਾ ਝੱਲਿਆ ਕਦੇ ਨਾ ਜਾਇੰਦਾ । ਗੋਬਿੰਦ ਅੱਖਰ ਤਿੰਨੇ ਕਰ ਤਿਆਰ, ਤਿੰਨੇ ਲਾਵਾ ਬਿੰਦੀ ਹੋੜੇ ਮੇਲ ਮਿਲਾਇੰਦਾ । ਤਿੰਨਾਂ ਤੱਤਾਂ ਵਸਿਆ ਬਾਹਰ, ਤਿੰਨਾਂ ਗੁਣਾਂ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਤ ਅਬਿਨਾਸ਼ੀ ਅਚੁਤ, ਗੋਬਿੰਦ ਸੂਰਾ ਆਪ ਉਪਾਇੰਦਾ । ਗੋਬਿੰਦ ਸੂਰਾ ਸੁਤ ਉਪਾਇਆ, ਪੁਰਖ ਅਕਾਲ ਦਇਆ ਕਮਾਈਆ । ਤ੍ਰੈਗੁਣ ਮਾਇਆ ਵਿਚ ਨਾ ਆਇਆ, ਕਾਲ ਮਹਾਂਕਾਲ ਚਰਨਾ ਹੇਠ ਦਬਾਈਆ । ਪੰਜ ਤਤ ਸਾਚੀ ਧਰਮਸਾਲ ਇਕ ਵਖਾਇਆ, ਘਰ ਮਿਲਿਆ ਸਾਚਾ ਮਾਹੀਆ । ਨਾਦ ਅਨਾਦੀ ਤਾਲ ਵਜਾਇਆ, ਦਿਵਸ ਰੈਣ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਗੋਬਿੰਦ ਅੱਖਰ ਅੱਖਰ ਅਪਾਰਾ, ਨਿਸ਼ਅੱਖਰ ਮੇਲ ਮਿਲਾਇਆ । ਸੱਸਾ ਕਿਲਾ ਕਰ ਤਿਆਰਾ, ਸਤਿਗੁਰ ਸਾਚਾ ਵੇਖ ਵਖਾਇਆ । ਸਿਆਰੀ ਮੰਗੇ ਬਣ ਭਿਖਾਰਾ, ਚਾਰੋਂ ਕੁੰਟ ਫੇਰਾ ਪਾਇਆ । ਉਤੇ ਟਿਪੀ ਕਰੇ ਹਾਹਾਕਾਰਾ, ਹਰਿ ਕਾ ਭੇਵ ਕੋਈ ਨਾ ਆਇਆ । ਘੱਗਾ ਘਾੜਨ ਘੜੇ ਅਪਰ ਅਪਾਰਾ, ਘੜਨ ਭੰਨਣਹਾਰ ਪੁਰਖ ਸਮਰਥ ਇਕ ਅਖਵਾਇਆ । ਜੋਧਾ ਸੂਰਬੀਰ ਬਲੀ ਬਲਕਾਰਾ, ਦੋ ਜਹਾਨਾਂ ਆਪਣਾ ਨਾਉਂ ਧਰਾਇਆ । ਗੋਬਿੰਦ ਸਿੰਘ ਮਾਰ ਸ਼ਬਦ ਲਲਕਾਰ, ਪੁਰਖ ਅਕਾਲ ਆਪਣਾ ਸੁਤ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੩੮੫

ਜੋਤ ਧਰ, ਸਾਚਾ ਭੇਵ ਦਏ ਜਣਾਇਆ । ਗੋਬਿੰਦ ਅੱਖਰ ਤਿੰਨ ਤਿੰਨ ਛੇ, ਛੇ ਸ਼ਾਸਤਰ ਭੇਵ ਨਾ ਪਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪ ਮੁਕਾਇਆ ਆਪਣਾ ਪੰਧ, ਚਾਰ ਵੇਦ ਦਿਸ ਨਾ ਆਇੰਦਾ । ਅੰਮ੍ਰਿਤ ਬਰਖੇ ਏਕਾ ਮੇਂਹ, ਪੁਰਾਨ ਅਠਾਰਾਂ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸੂਰਬੀਰ ਸੁਤ ਉਪਨਿਆ, ਵਡ ਜੋਧਾ ਬਲਕਾਰ । ਲੋਕਮਾਤ ਚੜ੍ਹਿਆ ਚੰਨਿਆ, ਜਗਤ ਅੰਧੇਰ ਹੋਇਆ ਉਜਿਆਰ । ਕੂੜ ਵਿਕਾਰਾ ਫਿਰੇ ਭੰਨਿਆ, ਚਾਰੋਂ ਕੁੰਟ ਆਏ ਹਾਰ । ਬਿਨ ਵਸੇ ਛੱਪਰ ਛੰਨਿਆ, ਕਾਇਆ ਮੰਦਰ ਕਰੇ ਪਿਆਰ । ਦਿਵਸ ਰੈਣ ਫਿਰੇ ਭੰਨਿਆ, ਗ਼ਰੀਬ ਨਿਮਾਣੇ ਪਾਵੇ ਸਾਰ । ਚਾਰ ਵਰਨਾਂ ਦੇਵੇ ਡੰਨਿਆ, ਏਕਾ ਰੂਪ ਵਖਾਏ ਪੁਰਖ ਅਕਾਲ । ਗੁਰਮੁਖ ਵਿਰਲਾ ਲੋਕਮਾਤ ਮੰਨਿਆ, ਲੱਖ ਚੁਰਾਸੀ ਹੋਏ ਖ਼ੁਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਕੌਲ ਇਕਰਾਰ । ਕੌਲ ਇਕਰਾਰ ਘਰ ਸਾਚੇ, ਹਰਿ ਸਾਚਾ ਸਚ ਕਰਾਇੰਦਾ । ਕਲਜੁਗ ਵੇਖੇ ਲੱਗੀ ਆਂਚੇ, ਤ੍ਰੈਗੁਣ ਮਾਇਆ ਤਤ ਤਪਾਇੰਦਾ । ਕੂੜ ਕੁੜਿਆਰਾ ਘਰ ਘਰ ਨਾਚੇ, ਮਾਇਆ ਮਮਤਾ ਨਾਚ ਕਰਾਇੰਦਾ । ਕੋਈ ਨਾ ਢਲੇ ਸਾਚੇ ਢਾਂਚੇ, ਜੂਠ ਝੂਠ ਸਰਬ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਗੋਬਿੰਦ ਤੇਰੀ ਸਾਚੀ ਕਾਰ, ਸਿੰਘ ਰੂਪ ਆਪ ਲਗਾਈਆ । ਸਿੰਘ ਹੋਏ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਵੱਡੀ ਵਡਿਆਈਆ । ਚਾਰ ਵਰਨਾਂ ਕਰੇ ਪਾਰ, ਪਾਰਬ੍ਰਹਮ ਸਿਫ਼ਤ ਸਲਾਹੀਆ । ਪੰਚਮ ਦੇਵੇ ਇਕ ਅਧਾਰ, ਪੰਚਮ ਮੇਲਾ ਸਹਿਜ ਸਭਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਤਿ ਪਿਆਲਾ ਹੱਥ ਉਠਾਈਆ । ਸ਼ਬਦ ਅਗੰਮੀ ਖਿਚ ਕਟਾਰ, ਦੋ ਧਾਰਾ ਆਪ ਚਲਾਈਆ । ਆਪੇ ਗੁਰਮੁਖਾਂ ਉਤੋਂ ਆਪਣਾ ਕਰੇ ਵਾਰ, ਆਰ ਪਾਰ ਆਪਣੇ ਪਾਰ ਕਰਾਈਆ । ਗੁਰਮੁਖ ਲਹੂ ਲਾਲ ਰੰਗ ਪ੍ਰੇਮ ਸਤਾਰ, ਪ੍ਰੇਮੀ ਪ੍ਰੇਮ ਨਾਲ ਵਜਾਈਆ । ਗੁਰਸਿਖ ਆਪਣੀ ਹੱਥੀਂ ਨਾ ਕਰਿਆ ਕੋਈ ਕੁਰਬਾਨ, ਭਰਮੇ ਭੁੱਲੀ ਸਰਬ ਲੁਕਾਈਆ । ਸਤਿਗੁਰ ਪੂਰਾ ਦੇਵਣਹਾਰਾ ਜੀਆ ਦਾਨ, ਜੀਵ ਬੁਧ ਨਾ ਸੇਵ ਕਮਾਈਆ । ਆਪਣਾ ਆਪ ਕਰੇ ਕੁਰਬਾਨ, ਕਰਬਲਾ ਲੇਖਾ ਦਏ ਮੁਕਾਈਆ । ਚਾਰ ਯਾਰ ਸੰਗ ਮੁਹੰਮਦ ਦੂਰ ਦੁਰਾਡਾ ਬੈਠੇ ਰੋਵਣ ਕੁਰਲਾਣ, ਅੱਲਾ ਰਾਣੀ ਖੁਲ੍ਹੜੇ ਕੇਸ ਗਲ ਵਖਾਈਆ । ਜਬਰਾਈਲ ਦੇਵੇ ਧੁਰ ਫ਼ਰਮਾਣ, ਅਸਰਾਈਲ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਲਏ ਵਡਿਆਈਆ । ਪੰਚਮ ਮੇਲਾ ਜੋੜ ਜੁੜਾਇਆ, ਸ਼ਬਦੀ ਖੰਡਾ ਹੱਥ ਉਠਾਇੰਦਾ । ਵਰਨਾਂ ਬਰਨਾਂ ਭੇਵ ਚੁਕਾਇਆ, ਏਕਾ ਰੰਗ ਰੰਗਾਇੰਦਾ । ਅੰਮ੍ਰਿਤ ਸਾਚਾ ਜਾਮ ਪਿਆਇਆ, ਬੀਰ ਰਸ ਆਪ ਭਰਾਇੰਦਾ । ਸਾਚੇ ਪੌੜੇ ਆਪ ਚੜ੍ਹਾਇਆ, ਪੂਜਾ ਪਾਠ ਨਾ ਕੋਈ ਕਰਾਇੰਦਾ । ਏਕਾ ਦਰਸ ਕਰ ਤਰਸ, ਗੁਰਮੁਖਾਂ ਆਪ ਕਰਾਇਆ, ਦੇ ਦਰਸ ਤ੍ਰਿਪਤ ਵਖਾਇੰਦਾ । ਪੁਰਖ ਅਕਾਲ ਇਸ਼ਟ ਇਕ ਜਣਾਇਆ, ਆਪ ਆਪਣਾ ਸੀਸ ਝੁਕਾਇੰਦਾ । ਗੁਰਸਿਖਾਂ ਅੱਗੇ ਝੋਲੀ ਆਪੇ ਡਾਹਿਆ, ਆਪਣੀ ਭਿਛਿਆ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰਾ ਆਪ ਬੰਧਾਇੰਦਾ । ਸਾਚੀ ਧਾਰਾ ਗੁਰੂ ਗੁਰ ਚੇਲਾ, ਗੁਰ ਆਪ ਬੰਧਾਈਆ । ਆਪੇ ਬਣਿਆ ਸੱਜਣ ਸੁਹੇਲਾ, ਆਪੇ ਹੋਏ ਸਾਚਾ ਮਾਹੀਆ । ਆਪੇ ਜਾਣੇ ਆਪਣਾ ਵਕਤ ਵੇਲਾ, ਆਪੇ ਪੁਰੀ ਅਨੰਦ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਾਚਾ ਭਾਣਾ ਇਕ ਸਮਝਾਈਆ । ਸਾਚਾ ਭਾਣਾ ਹਰਿ ਸਮਝਾਇੰਦਾ, ਭੁੱਲ ਰਹੇ ਨਾ ਰਾਇਆ । ਕਲਜੁਗ ਆਪਣੀ ਖੇਲ ਖਿਲਾਇੰਦਾ, ਮੇਟਣਹਾਰਾ ਆਪ ਹੋ ਜਾਇਆ । ਲੋਕਮਾਤ ਵੇਖ ਵਖਾਇੰਦਾ, ਜਗਤ ਨਾਤਾ ਜੋੜ ਜੁੜਾਇਆ । ਚਾਰੇ ਜੁਗ ਫੋਲ ਫੁਲਾਇੰਦਾ, ਚਾਰੇ ਸੁਤ ਲਏ ਪਰਗਟਾਇਆ । ਸਤਿਜੁਗ ਅਜੀਤ ਨਾਉਂ ਧਰਾਇੰਦਾ, ਜੁਝਾਰ ਤ੍ਰੇਤਾ ਵੰਡ ਵੰਡਾਇਆ । ਜ਼ੋਰਾਵਰ ਸਿੰਘ ਦਵਾਪਰ ਅੰਗ ਲਗਾਇੰਦਾ, ਕਲਜੁਗ ਫ਼ਤਿਹ ਸਿੰਘ ਫ਼ਤਿਹ ਡੰਕਾ ਇਕ ਵਜਾਇਆ । ਚੌਂਵਾਂ ਆਪਣੀ ਹੱਥੀਂ ਭੇਟ ਚੜ੍ਹਾਇੰਦਾ, ਪੁਰਖ ਅਕਾਲ ਸ਼ੁਕਰ ਇਕ ਮਨਾਇਆ । ਮਾਤਾ ਪਿਤਾ ਨਾ ਸੰਗ ਰਖਾਇੰਦਾ, ਬਿਰਧ ਅਵਸਥਾ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਰਵੇਸ਼ ਆਪਣਾ ਭੇਵ ਖੁਲ੍ਹਾਇਆ । ਦਰ ਦਰਵੇਸ਼ ਗੁਰ ਗੋਬਿੰਦ, ਆਪਣਾ ਖੇਲ ਖਿਲਾਇੰਦਾ । ਗੜ੍ਹੀ ਤਾਜ ਗੁਣੀ ਗਹਿੰਦ, ਰੂਪ ਅਨੂਪ ਆਪ ਪਰਗਟਾਇੰਦਾ । ਸਿੰਘ ਸੰਗਤ ਕੋਲੋਂ ਮੰਗੀ ਇਕ ਮੰਗ, ਸੀਸ ਸੀਸ ਨਾਲ ਵਟਾਇੰਦਾ । ਗੁਰਸਿਖ ਤੇਰੇ ਉਤੋਂ ਆਪਣਾ ਆਪ ਵਾਰੇ ਵਾਲੀ ਹਿੰਦ, ਹਿੰਦ ਦੀ ਖ਼ਾਕ ਆਪਣਾ ਸੱਥਰ ਹੇਠ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਰਖ ਅਕਾਲ ਸਾਚਾ ਸੁਤ, ਗੋਬਿੰਦ ਏਕਾ ਜਾਇੰਦਾ । ਗੋਬਿੰਦ ਸੁਤ ਗੁਜਰੀ ਲਾਲ, ਸੂਲਾਂ ਸੇਜ ਹੇਠ ਵਛਾਈਆ । ਉਪਰ ਬੈਠਾ ਮਾਰ ਛਾਲ, ਜਗਤ ਜਹਾਨਾ ਸਾਚਾ ਮਾਹੀਆ । ਆਪੇ ਬਣਿਆ ਸ਼ਾਹ ਕੰਗਾਲ, ਨੰਗੀ ਪੈਰੀ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਪਣੇ ਦਰ, ਦੂਸਰ ਅਵਰ ਨਾ ਕੋਇ ਜਣਾਈਆ । ਯਾਰੜਾ ਸਥਰ ਹੰਢਾਇੰਦਾ, ਗੁਰ ਗੋਬਿੰਦ ਨੌਜਵਾਨ । ਪੁਰਖ ਅਕਾਲ ਇਕ ਮਨਾਇੰਦਾ, ਦੇਵਣਹਾਰਾ ਧੁਰ ਫ਼ਰਮਾਣ । ਹਾਲ ਮੁਰੀਦਾਂ ਇਕ ਸੁਣਾਇੰਦਾ, ਆਪ ਆਪਣੀ ਕਰ ਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਵੱਲੜੀ ਚਾਲ । ਗੁਰ ਗੋਬਿੰਦ ਸ਼ਬਦ ਸੁਣਾਇਆ, ਸਿੰਘ ਰੂਪ ਅਸਵ ਅਸਵਾਰ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਲੋਕਮਾਤ ਬਣ ਦਲਾਲ । ਲੇਖਾ ਲੇਖੇ ਆਪੇ ਪਾਇਆ, ਸੁਤ ਸਾਚੇ ਕਰ ਸੰਭਾਲ । ਤੇਰਾ ਲਹਿਣਾ ਦਏ ਚੁਕਾਇਆ, ਤੇਰੀ ਪੂਰੀ ਕਰੇ ਘਾਲ । ਕਲਜੁਗ ਅੰਤਮ ਹੋਏ ਸਹਾਇਆ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨੌਂ ਖੰਡ ਪ੍ਰਿਥਮੀ ਤੇਰਾ ਵਜਾਏ ਤਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਰਗੁਣ ਰੂਪ ਪੁਰਖ ਅਕਾਲ । ਪੁਰਖ ਅਕਾਲ ਦਇਆ ਕਮਾਇੰਦਾ, ਗੁਰ ਗੋਬਿੰਦ ਗਲੇ ਲਗਾ । ਤੇਰਾ ਰੂਪ ਅਨੂਪ ਮਾਤ ਪਰਗਟਾਇੰਦਾ, ਸ਼ਬਦ ਸ਼ਬਦੀ ਨਾਉਂ ਧਰਾ । ਪੰਜ ਤਤ ਚੋਲਾ ਤੇਰਾ ਆਪ ਹੰਢਾਇੰਦਾ, ਸੰਬਲ ਨਗਰੀ ਨਾਉਂ ਰਖਾ । ਜੋਤੀ ਜੋਤ ਡਗਮਗਾਇੰਦਾ, ਨੂਰੋ ਨੂਰ ਕਰੇ ਰੁਸ਼ਨਾ । ਦਿਸ ਕਿਸੇ ਨਾ ਆਇੰਦਾ, ਕੋਟਨ ਕੋਟ ਰਾਹ ਰਹੇ ਤਕਾ । ਧਿਆਨ ਵਿਚ ਕਿਸੇ ਨਾ ਆਇੰਦਾ, ਸਾਧ ਸੰਤ ਆਦਿ ਅੰਤ ਆਪਣਾ ਬੈਠੇ ਧਿਆਨ ਲਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾ । ਲੇਖਾ ਹਰਿ ਸਮਝਾਇਆ, ਕਰ ਕਿਰਪਾ ਗੁਣ ਨਿਧਾਨ । ਗੋਬਿੰਦ ਸੂਰਾ ਆਪ ਮਨਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਤੇਰਾ ਨਾਉਂ ਨਾਦ ਸਾਚੀ ਤੂਰਾ ਦਏ ਵਜਾਇਆ, ਪੁਰੀਆਂ ਲੋਆਂ ਹੋਣ ਹੈਰਾਨ । ਕਲਜੁਗ ਨਾਤਾ ਕੂੜਾ ਦਏ ਤੁੜਾਇਆ, ਸਚ ਸੁੱਚ ਕਰੇ ਪਰਧਾਨ । ਤੇਰੀ ਮਸਤਕ ਧੂੜਾ ਗੁਰਮੁਖਾਂ ਮਸਤਕ ਦਏ ਲਗਾਇਆ, ਚਤਰ ਸੁਘੜ ਬਣਾਏ ਮੂਰਖ ਮੁਗਧ ਅਵਾਣ । ਤੇਰਾ ਬੇੜਾ ਲਏ ਤਰਾਇਆ, ਏਕਾ ਚੱਪੂ ਲਾਏ ਆਣ ।

ਜੋ ਸਰਸੇ ਆਇਆ ਰੁੜ੍ਹਾਇਆ, ਲੋਕਮਾਤ ਕਰੇ ਪਰਧਾਨ । ਪਹਿਲੋਂ ਆਪਣੇ ਚਰਨ ਮਿਲਾਇਆ, ਨਾਤਾ ਤੋੜ ਸਰਬ ਜਹਾਨ । ਨਿਹਕਲੰਕ ਆਪਣਾ ਨਾਉਂ ਰਖਾਇਆ, ਪਰਗਟ ਹੋਏ ਜੋਧਾ ਸੂਰਬੀਰ ਬਲੀ ਬਲਵਾਨ । ਏਕਾ ਬੰਕਾ ਦਏ ਸੁਹਾਇਆ, ਬੰਕ ਦਵਾਰੀ ਹਰਿ ਭਗਵਾਨ । ਏਕਾ ਡੰਕਾ ਦਏ ਵਜਾਇਆ, ਪਕੜ ਉਠਾਏ ਰਾਜ ਰਾਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਦਿ ਆਦਿ, ਨਿਰਗੁਣ ਨਿਰਗੁਣ ਕਰਿਆ ਕੌਲ, ਪੂਰਾ ਕਰੇ ਉਪਰ ਧੌਲ, ਧਰਨੀ ਧਰਤ ਧਵਲ ਵੇਖ ਵਖਾਣ । ਕਲਜੁਗ ਅੰਤਮ ਪੂਰ ਕਰੌਣਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਰੰਗ ਰੰਗੌਣਾ, ਲੱਖ ਚੁਰਾਸੀ ਏਕਾ ਮੰਤਰ ਨਾਮ ਦ੍ਰਿੜਾਈਆ । ਸ਼ਾਹੋ ਭੂਪ ਰਾਜ ਰਾਜਾਨ ਇਕ ਅਖਵੌਣਾ, ਜਗਤ ਜਗਦੀਸ ਵੱਡੀ ਵਡਿਆਈਆ । ਸਾਚਾ ਛਤਰ ਸੀਸ ਝੁਲੌਣਾ, ਬੀਸ ਬੀਸ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਪਣੇ ਦਰ, ਦਰ ਦਰਵੇਸ਼ਾ ਨਰ ਨਰੇਸ਼ਾ, ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਸ਼ੰਕਰ ਲੇਖਾ ਰਹੇ ਨਾ ਰਾਈਆ । ਬ੍ਰਹਮਾ ਵਿਸ਼ਨ ਸ਼ਿਵ ਪੰਧ ਮਕੌਣਾ, ਤ੍ਰੈ ਤ੍ਰੈ ਆਪਣੀ ਖੇਲ ਖਿਲਾਇੰਦਾ । ਏਕਾ ਡੰਕਾ ਨਾਮ ਵਜੌਣਾ, ਕਰੋੜ ਤੇਤੀਸ ਸਫ਼ਾ ਉਠਾਇੰਦਾ । ਮਨਮਤ ਮਲੇਛ ਕੋਇ ਰਹਿਣ ਨਾ ਪੌਣਾ, ਗਣਪਤ ਗਣੇਸ਼ ਨਾ ਕੋਇ ਮਨਾਇੰਦਾ । ਰਿਖੀ ਕੇਸ਼ ਗੋਵਰਧਨ ਨਾ ਕਿਸੇ ਸੀਸ ਝੁਕੌਣਾ, ਮਸਤਕ ਤਿਲਕ ਨਾ ਕੋਇ ਲਗਾਇੰਦਾ । ਪੁਰਖ ਅਬਿਨਾਸ਼ੀ ਰੂਪ ਪਰਗਟੌਣਾ, ਪੁਰਖ ਅਕਾਲ ਨਾਉਂ ਰਖਾਇੰਦਾ । ਗੋਬਿੰਦ ਸੂਰਾ ਨਾਲ ਰਲੌਣਾ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਸੰਬਲ ਨਗਰੀ ਧਾਮ ਸੁਹੌਣਾ, ਸਾਢੇ ਤਿੰਨ ਹੱਥ ਗੜ੍ਹ ਉਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਡੇਰਾ ਲੌਣਾ, ਉਚ ਮਹੱਲ ਅਟੱਲ ਮੁਨਾਰਾ ਏਕਾ ਵਸੇ ਹਰਿ ਨਿਰੰਕਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਗੋਬਿੰਦ ਸੁਤ ਸੁਤ ਦੁਲਾਰਾ, ਆਦਿ ਜੁਗਾਦੀ ਇਕ ਪਿਆਰਾ, ਜੁਗਾ ਜੁਗੰਤਰ ਬੰਨ੍ਹੇ ਧਾਰਾ, ਕਲਜੁਗ ਵੇਖੇ ਅੰਤਮ ਵਾਰਾ, ਕੂੜ ਕੁੜਿਆਰਾ ਪੰਧ ਮੁਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ ਖੇਲ ਮਹਾਨ, ਦੇਵਣਹਾਰਾ ਸਾਚਾ ਦਾਨ, ਜੁਗਾਂ ਜੁਗੰਤਰ ਆਪਣੀ ਰਚਨਾ ਆਪੇ ਰਚ, ਆਪੇ ਵੇਖ ਵਖਾਇੰਦਾ ।

੧੩੮੮ ੦੯

### ✵ ੨੬ ਕੱਤਕ ੨੦੧੭ ਬਿਕ੍ਰਮੀ ਗੁਰਨਾਮ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✵

ਥਿਰ ਘਰ ਠਾਂਡਾ ਸਾਚਾ ਦਰ, ਸੋ ਪੁਰਖ ਨਿਰੰਜਣ ਆਪ ਉਪਾਇਆ । ਨਿਰਗੁਣ ਨਿਰਵੈਰ ਅੰਦਰ ਵੜ, ਹਰਿ ਪੁਰਖ ਨਿਰੰਜਣ ਆਸਣ ਲਾਇਆ । ਏਕੰਕਾਰਾ ਆਪਣੀ ਕਿਰਪਾ ਆਪੇ ਕਰ, ਸਾਚਾ ਮੰਦਰ ਆਪ ਸੁਹਾਇਆ । ਆਦਿ ਨਿਰੰਜਣ ਦੀਪ ਉਜਾਲਾ ਏਕਾ ਕਰ, ਨੂਰ ਨੁਰਾਨਾ ਡਗਮਗਾਇਆ । ਸ੍ਰੀ ਭਗਵਾਨ ਸਚ ਦਵਾਰੇ ਆਪੇ ਖੜ, ਰੂਪ ਅਨੂਪ ਆਪ ਪਰਗਟਾਇਆ । ਅਬਿਨਾਸ਼ੀ ਕਰਤਾ ਦੇਵਣਹਾਰਾ ਵਰ, ਆਦਿ ਜੁਗਾਦਿ ਆਪਣੀ ਖੇਲ ਖਿਲਾਇਆ । ਪਾਰਬ੍ਰਹਮ ਸਰਨ ਸਰਨਾਈ ਜਾਏ ਪੜ, ਆਪਣੀ ਭਿਖਿਆ ਮੰਗ ਮੰਗਾਇਆ । ਸਤਿ ਪੁਰਖ ਨਿਰੰਜਣ ਸਤਿ ਦਵਾਰੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਖੇਲ ਕਰੇ ਹਰਿ, ਭੇਵ ਅਭੇਦਾ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਡੇਰਾ ਲਾਇਆ । ਸਚਖੰਡ ਅੰਦਰ ਥਿਰ ਦਰਬਾਰਾ, ਪੁਰਖ ਅਬਿਨਾਸ਼ੀ ਆਪ ਉਪਾਇੰਦਾ । ਕਰੇ ਖੇਲ ਅਗੰਮ

ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਨਾ ਕੋਈ ਦੀਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਰਵ ਸਸ ਨਾ ਕੋਇ ਉਜਿਆਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਗਗਨ ਗਗਨੰਤਰ ਨਾ ਕੋਇ ਅਖਾੜਾ, ਲੋਆਂ ਪੁਰੀਆਂ ਨਾ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਾ ਲਾਏ ਕੋਇ ਨਾਅਰਾ, ਤ੍ਰੈਗੁਣ ਮਾਇਆ ਨਾ ਵੰਡ ਵੰਡਾਇੰਦਾ । ਨਾ ਕੋਈ ਕਰੇ ਪਾਰਾ, ਸਾਧ ਸੰਤ ਗੁਰ ਪੀਰ ਅਵਤਾਰ ਜੀਵ ਜੰਤ ਨਾ ਕੋਇ ਪਰਗਟਾਇੰਦਾ । ਕਰੇ ਖੇਲ ਪ੍ਰਭ ਕਰਨੇਹਾਰਾ, ਕਰਤਾ ਪੁਰਖ ਆਪਣਾ ਖੇਲ ਆਪ ਖਲਾਇੰਦਾ । ਜੂਨੀ ਰਹਿਤ ਵਸੇ ਸਭ ਤੋਂ ਨਿਆਰਾ ਅਨਭਵ ਪਰਕਾਸ਼ ਆਪਣੀ ਧਾਰ ਚਲਾਇੰਦਾ । ਘਰ ਮੰਦਰ ਸੋਹੇ ਇਕ ਦਵਾਰਾ, ਮਹੱਲ ਅਟੱਲ ਉਚ ਮੁਨਾਰਾ, ਆਪ ਆਪਣਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦਵਾਰਾ ਆਪੇ ਖੋਲ੍ਹ, ਆਦਿ ਜੁਗਾਦੀ ਬੈਠਾ ਰਹੇ ਅਡੋਲ, ਅਤੁਲ ਆਪਣਾ ਨਾਉਂ ਧਰਾਇੰਦਾ । ਥਿਰ ਘਰ ਵਾਸਾ ਪੁਰਖ ਅਬਿਨਾਸ਼ਾ, ਮਹਿਮਾ ਅਕਥ ਕਥੀ ਨਾ ਜਾਈਆ । ਕਰੇ ਖੇਲ ਸ਼ਾਹੋ ਸ਼ਾਬਾਸਾ, ਸ਼ਹਿਨਸ਼ਾਹ ਵੱਡੀ ਵਡਿਆਈਆ । ਆਪੇ ਹੋਏ ਤਖ਼ਤ ਨਿਵਾਸਾ, ਤਖ਼ਤ ਤਾਜ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਏਕਾ ਘਰ, ਘਰ ਸੁਹੰਜਣਾ ਨਿਰਗੁਣ ਜੋਤ, ਇਕ ਰੁਸ਼ਨਾਈਆ । ਥਿਰ ਘਰ ਸਾਚਾ ਹਰਿ ਭਗਵੰਤ, ਆਦਿ ਜੁਗਾਦਿ ਸੁਹਾਇੰਦਾ । ਇਕ ਇਕੱਲਾ ਸਾਚਾ ਕੰਤ, ਸਤਿ ਪੁਰਖ ਨਿਰੰਜਣ ਆਸਣ ਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੧੩੮੯ ਕਿਰਪਾ ਕਰ, ਠਾਂਡਾ ਦਰ ਸੱਚਾ ਦਰਬਾਰਾ, ਥਿਰ ਘਰ ਖੋਲ੍ਹੇ ਆਪ ਕਿਵਾੜਾ, ਆਪਣਾ ਮੰਦਰ ਵੇਖ ਵਖਾਇੰਦਾ । ਸਾਚੇ ਮੰਦਰ ਖੋਲ੍ਹ ਕਿਵਾੜ, ੧੩੮੯
ਆਪਣੀ ਦਇਆ ਆਪ ਕਮਾਈਆ । ਪੁਰਖ ਅਬਿਨਾਸ਼ੀ ਹੋ ਉਜਿਆਰ, ਨਿਰਗੁਣ ਦਾਤਾ ਪੁਰਖ ਬਿਧਾਤਾ ਏਕਾ ਜੋਤ ਕਰੇ ਰੁਸ਼ਨਾਈਆ । ਬੈਠਾ ਰਹੇ ਇਕ ਇਕਾਂਤਾ, ਅਕਲ ਕਲ ਭੇਵ ਨਾ ਰਾਈਆ । ਉਤਮ ਰੱਖੇ ਆਪਣੀ ਜ਼ਾਤਾ, ਜੋਤੀ ਜਾਤਾ ਬੇਪਰਵਾਹੀਆ । ਸਰਬ ਕਲ ਆਪੇ ਸਮਰਾਥਾ, ਸਮਰਥ ਪੁਰਖ ਵੱਡੀ ਵਡਿਆਈਆ । ਆਪੇ ਦੇਵਣਹਾਰਾ ਦਾਤਾ, ਸਾਚੀ ਇਛਿਆ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਏਕਾ ਘਰ, ਘਰ ਵੱਡਾ ਵਡ ਵਡਿਆਈਆ । ਘਰ ਵੱਡਾ ਹਰਿ ਸਾਲਾਹਿੰਦਾ, ਏਕਾ ਏਕੰਕਾਰ । ਪੁਰਖ ਅਬਿਨਾਸ਼ੀ ਵੇਖ ਵਖਾਇੰਦਾ, ਨਿਰਗੁਣ ਰੂਪ ਅਗੰਮ ਅਪਾਰ । ਪਾਰਬ੍ਰਹਮ ਭੇਵ ਨਾ ਆਇੰਦਾ, ਸ੍ਰੀ ਭਗਵਾਨ ਖੇਲੇ ਖੇਲ ਖੇਲਣਹਾਰ । ਸੋ ਪੁਰਖ ਨਿਰੰਜਣ ਆਪਣਾ ਪਰਦਾ ਆਪੇ ਲਾਹਿੰਦਾ, ਹਰਿ ਪੁਰਖ ਨਿਰੰਜਣ ਮੇਲਾ ਅਪਰ ਅਪਾਰ । ਆਦਿ ਨਿਰੰਜਣ ਰੂਪ ਪਰਗਟਾਇੰਦਾ, ਜੋਤੀ ਜੋਤ ਕਰ ਉਜਿਆਰ । ਸਾਚੇ ਤਖ਼ਤ ਸੋਭਾ ਪਾਇੰਦਾ, ਤਖ਼ਤ ਨਿਵਾਸੀ ਬੈਠ ਸੱਚੀ ਸਰਕਾਰ । ਥਿਰ ਘਰ ਸਾਚਾ ਇਕ ਵਡਿਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਕਰਤਾਰ । ਹਰਿ ਕਰਤਾ ਖੇਲ ਖਿਲਾਇੰਦਾ, ਸਚਖੰਡ ਦਵਾਰਾ ਖੋਲ੍ਹ । ਘਰ ਵਿਚ ਘਰ ਆਪ ਬਣਾਇੰਦਾ, ਥਿਰ ਮੰਦਰ ਇਕ ਅਡੋਲ । ਥਿਰ ਘਰ ਸਾਚੇ ਆਸਣ ਲਾਇੰਦਾ, ਪੁਰਖ ਅਬਿਨਾਸ਼ਨ ਆਪਣਾ ਕੰਡਾ ਆਪੇ ਤੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਏਕਾ ਹਰਿ, ਆਪਣਾ ਭੇਵ ਅਲੱਖ ਅਲੱਖਣਾ ਆਪ ਖੋਲ੍ਹ । ਠਾਂਡਾ ਦਰ ਧੁਰ ਦਰਬਾਰਾ, ਹਰਿ ਸਾਚੇ ਸਚ ਖੁਲ੍ਹਾਇਆ । ਆਦਿ ਜੁਗਾਦੀ ਵੇਖੇ ਵੇਖਣਹਾਰਾ, ਜੁਗ ਜੁਗ ਆਪਣਾ ਰੂਪ ਪਰਗਟਾਇਆ । ਸਾਚਾ ਨਾਦ ਸੱਚੀ ਧੁਨਕਾਰਾ, ਗ੍ਰਹਿ

ਮੰਦਰ ਆਪ ਵਜਾਇਆ । ਏਕਾ ਸ਼ਬਦ ਬੋਲ ਜੈਕਾਰਾ, ਆਪਣਾ ਅੱਖਰ ਨਾਮ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਸੁਹਾਇਆ । ਸਾਚਾ ਮੰਦਰ ਸੁਹਾਇੰਦਾ, ਨਿਰਗੁਣ ਦਾਤਾ ਬੇਪਰਵਾਹ । ਜੁਗਾ ਜੁਗੰਤਰ ਵੇਸ ਵਟਾਇੰਦਾ, ਸ਼ਬਦ ਗੁਰ ਬਣ ਮਲਾਹ । ਲੋਕਮਾਤ ਵੇਖ ਵਖਾਇੰਦਾ, ਲੱਖ ਚੁਰਾਸੀ ਥਾਉਂ ਥਾਂ । ਗੁਰਮੁਖ ਸਾਚੇ ਆਪ ਉਠਾਇੰਦਾ, ਆਪ ਦ੍ਰਿੜਾਏ ਆਪਣਾ ਨਾਂ । ਹਰਿਜਨ ਸਾਚੇ ਮੇਲ ਮਿਲਾਇੰਦਾ, ਲੇਖਾ ਜਾਣੇ ਪਿਤਾ ਮਾਂ । ਹਰਿ ਸੰਤਨ ਸਾਚਾ ਰੰਗ ਰੰਗਾਇੰਦਾ, ਰੰਗ ਮਜੀਠੀ ਇਕ ਚੜ੍ਹਾ । ਭਗਤ ਭਗਤੀ ਮਾਰਗ ਲਾਇੰਦਾ, ਆਤਮ ਬ੍ਰਹਮ ਗਿਆਨ ਦ੍ਰਿੜਾ । ਰੂਪ ਅਨੂਪ ਆਪ ਦਰਸਾਇੰਦਾ, ਆਤਮ ਦਰਸੀ ਦਰਸ ਕਰਾ । ਆਪਣਾ ਭੇਵ ਆਪ ਖੁਲ੍ਹਾਇੰਦਾ, ਦੂਈ ਦਵੈਤੀ ਪਰਦਾ ਲਾਹ । ਸਾਚੇ ਮੰਦਰ ਸੋਭਾ ਪਾਇੰਦਾ, ਪਾਰਬ੍ਰਹਮ ਅਗੰਮ ਅਥਾਹ । ਏਕਾ ਜੋਤੀ ਜੋਤ ਜਗਾਇੰਦਾ, ਨੂਰ ਨੁਰਾਨਾ ਕਰ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਦਰਬਾਰਾ ਇਕ ਸੁਹਾ । ਥਿਰ ਦਰਬਾਰਾ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਗੁਰਮੁਖਾਂ ਮਿਟਾਏ ਪੰਚਮ ਧਾੜਾ, ਝੂਠਾ ਨਾਤਾ ਤੋੜ ਤੁੜਾਇੰਦਾ । ਗੁਰਮੁਖਾਂ ਦੇਵੇ ਇਕ ਅਧਾਰਾ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਸ੍ਰਿਸ਼ਟ ਸਬਾਈ ਸਾਚਾ ਨਾਅਰਾ, ਨਾਦ ਅਨਾਦੀ ਧੁਨ ਸੁਣਾਇੰਦਾ । ਭਗਤਾਂ ਸੁਹਾਏ ਸਚ ਮੁਨਾਰਾ, ਘਰ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਠਾਂਡਾ ਦਰ, ਦਰ ਠਾਂਡਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਏਕਾ ਏਕ ਖੁਲ੍ਹਾਈਆ । ਗੁਰਮੁਖਾਂ ਮਾਰੇ ਨਿਤ ਨਵਿਤ ਅਵਾਜ਼ਾ, ਦਿਵਸ ਰੈਣ ਸੇਵ ਕਮਾਈਆ । ਗੁਰਮੁਖਾਂ ਦਰ ਫਿਰੇ ਭਾਜਾ, ਸਤਿਗੁਰ ਪੂਰਾ ਵਡ ਵਡਿਆਈਆ । ਸੰਤਨ ਰੱਖੇ ਸਾਚੀ ਲਾਜਾ, ਲਾਜਾਵੰਤ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਰਚੇ ਆਪੇ ਕਾਜਾ, ਕਰਤਾ ਪੁਰਖ ਦਇਆ ਕਮਾਈਆ । ਹੱਥ ਰਖਾਏ ਅਨਹਦ ਵਾਜਾ, ਘਟ ਘਟ ਆਪ ਵਜਾਈਆ । ਅਸਵ ਘੋੜੇ ਚੜ੍ਹੇ ਤਾਜਾ, ਸ਼ਬਦ ਸ਼ਬਦੀ ਰਿਹਾ ਦੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪੇ ਖੋਲ੍ਹ, ਥਿਰ ਘਰ ਸਾਚੇ ਰਿਹਾ ਬੋਲ, ਬੋਲ ਬੋਲਾ ਭੇਵ ਨਾ ਕੋਈ ਜਣਾਈਆ । ਸਾਚਾ ਸ਼ਬਦ ਬੋਲ ਜੈਕਾਰਾ, ਪੁਰਖ ਨਿਰੰਜਣ ਆਪ ਅਲਾਇੰਦਾ । ਰਸਨਾ ਜਿਹਵਾ ਨਾ ਕੋਇ ਸਹਾਰਾ, ਬੱਤੀ ਦੰਦ ਨਾ ਕੋਇ ਹਲਾਇੰਦਾ । ਤ੍ਰੈਗੁਣ ਤਤ ਨਾ ਕੋਇ ਵਣਜਾਰਾ, ਪੰਜ ਤਤ ਨਾ ਕੋਇ ਹੰਢਾਇੰਦਾ । ਰਕਤ ਬੂੰਦ ਨਾ ਲਾਏ ਕੋਇ ਗਾਰਾ, ਪੁਰਖ ਅਬਿਨਾਸ਼ੀ ਆਪਣਾ ਰੂਪ ਆਪੇ ਆਪ ਧਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਘਰ ਸਾਚਾ ਇਕ ਵਖਾਇੰਦਾ । ਥਿਰ ਘਰ ਸਾਚਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਬੈਠਾ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਆਪਣਾ ਦੀਪਕ ਆਪੇ ਬੱਲਾ, ਜੋਤੀ ਜੋਤ ਡਗਮਗਾਇੰਦਾ । ਸਚ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਸ਼ਬਦ ਸ਼ਬਦੀ ਤਾਲ ਵਜਾਇੰਦਾ । ਲੋਕਮਾਤ ਮਾਰ ਝਾਤ, ਪੰਜ ਤਤ ਆਤਮ ਬ੍ਰਹਮ ਪਾਰਬ੍ਰਹਮ ਫੜਾਏ ਪੱਲਾ, ਸਗਲਾ ਸੰਗ ਨਿਭਾਇੰਦਾ । ਵਸਣਹਾਰਾ ਜਲਾ ਥਲਾ, ਜਲ ਥਲ ਮਹੀਅਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਦਰਬਾਰਾ ਆਪ ਖੁਲਾਇੰਦਾ । ਥਿਰ ਦਰਬਾਰਾ ਅਪਰ ਅਪਾਰ, ਸਤਿਗੁਰ

੧੩੯੦

ਪੂਰਾ ਆਪ ਖੁਲ੍ਹਾਈਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਜੁਗਾ ਜੁਗੰਤਰ ਲੱਖ ਚੁਰਾਸੀ ਸੁਤੀ ਰਹੇ ਪੈਰ ਪਸਾਰ, ਹਰਿ ਕਾ ਰੂਪ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲੇ ਥਿਰ ਘਰ, ਥਿਰ ਵੱਜਦੀ ਰਹੇ ਵਧਾਈਆ । ਸਤਿਗੁਰ ਪੂਰਾ ਆਪਣੀ ਕਿਰਪਾ ਕਰ, ਕਰ ਕਿਰਪਾ ਹੋਏ ਸਹਾਈਆ । ਆਵਣ ਜਾਵਣ ਚੁਕਾਏ ਡਰ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਨਾ ਮਾਰੇ ਮਾਰ, ਵੇਲੇ ਅੰਤ ਨਾ ਦਏ ਸਜ਼ਾਈਆ । ਨਰਕ ਨਿਵਾਸ ਨਾ ਵੇਖੇ ਘਰ, ਗਰਭ ਵਾਸ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਸਾਚਾ ਘਰ ਵਖਾਈਆ । ਸਾਚਾ ਘਰ ਸਚ ਦਰਬਾਰਾ, ਹਰਿ ਸੰਤਨ ਵੰਡ ਵੰਡਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਏਥੇ ਉਥੇ ਦਏ ਸਹਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਪਾਰ ਕਿਨਾਰਾ, ਜੇਰਜ ਅੰਡਾਂ ਉਤਭੁਜ ਸੇਤਜ ਪੰਧ ਮੁਕਾਇੰਦਾ । ਏਕਾ ਬਖ਼ਸ਼ੇ ਚਰਨ ਦਵਾਰਾ, ਚਰਨ ਚਰਨੋਦਕ ਮੁਖ ਚੁਵਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਚਾਰੇ ਵੇਦ ਮੁਖ ਸ਼ਰਮਾਇੰਦਾ । ਅਠਾਰਾਂ ਪੁਰਾਨ ਕਰਨ ਪੁਕਾਰਾ, ਸ਼ਾਸਤਰ ਸਿਮਰਤ ਸਰਬ ਕੁਰਲਾਇੰਦਾ । ਗੀਤਾ ਗਿਆਨ ਨਾ ਕੋਇ ਸਹਾਰਾ, ਅਠਾਰਾਂ ਧਿਆਏ ਏਕਾ ਏਕ ਏਕਾ ਰੰਗ ਰੰਗਾਇੰਦਾ । ਤੀਸ ਬਤੀਸ ਜਗਤ ਨਾਅਰਾ, ਜਗਤ ਹਦੀਸ ਅੰਜੀਲ ਕੁਰਾਨ ਪੜ੍ਹਾਇੰਦਾ । ਬਾਣੀ ਬਾਣ ਗੁਰ ਏਕਾ ਮਾਰਾ, ਆਰ ਪਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਜੁਗਾ ਜੁਗੰਤਰ ਵੇਸ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚੇ ਥਿਰ ਘਰ ਵੜਨਾ, ਸਤਿਗੁਰ ਪੂਰਾ ਆਪ ਬਹਾਈਆ । ਆਤਮ ਅੰਤਰ ਚੌਥੇ ਪੌੜੇ ਆਪੇ ਚੜ੍ਹਨਾ, ਚੌਥਾ ਪਦ ਇਕ ਵਖਾਈਆ । ਤ੍ਰੈਗੁਣ ਅਗਨੀ ਕਦੇ ਨਾ ਸੜਨਾ, ਮਾਇਆ ਮਮਤਾ ਮੋਹ ਮਿਟਾਈਆ । ਦੋਏ ਦੋਏ ਲੋਚਣ ਦਰਸਣ ਕਰਨਾ, ਨੇਤਰ ਨੈਣ ਇਕ ਸਮਝਾਈਆ । ਏਕੰਕਾਰਾ ਹਰਿ ਨਿਰੰਕਾਰਾ ਕੰਤ ਭਤਾਰਾ ਏਕਾ ਦਾਤਾ ਵਰਨਾ, ਸੁਹੰਜਣੀ ਸੇਜ ਸਚ ਹੰਢਾਈਆ । ਪੰਚਮ ਮੀਤਾ ਇਕ ਅਤੀਤਾ ਦਰ ਦਵਾਰੇ ਦਰਸਨ ਕਰਨਾ, ਆਸਾ ਤ੍ਰਿਸ਼ਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਏਕਾ ਘਰ, ਕਮਲਾਪਾਤੀ ਦੀਵਾ ਬਾਤੀ ਇਕ ਜਗਾਈਆ । ਘਰ ਦੀਆ ਘਰ ਬਾਤੀ, ਘਰ ਕਵਲ ਕਵਲ ਪਰਕਾਸਿਆ । ਘਰ ਮੇਲਾ ਹਰਿ ਹਰਿ ਕਮਲਾਪਾਤੀ, ਘਰ ਮੰਡਲ ਸਾਚੀ ਰਾਸਿਆ । ਘਰ ਦੇਵੇ ਅੰਮ੍ਰਿਤ ਬੂੰਦ ਸਵਾਂਤੀ, ਘਰ ਪੂਰੀ ਕਰੇ ਆਸਿਆ । ਘਰ ਦਰਸ ਦਿਖਾਏ ਇਕ ਇਕਾਂਤੀ, ਗੁਰਸਿਖ ਹੋਏ ਨਾ ਕੋਇ ਨਿਰਾਸਿਆ । ਘਰ ਖੋਲ੍ਹੇ ਬੰਦ ਤਾਕੀ, ਅੰਧ ਅੰਧੇਰ ਆਪ ਮਿਟਾਸਿਆ । ਘਰ ਜੋਤ ਨਿਰੰਜਣ ਇਕ ਪਰਕਾਸੀ, ਘਰ ਮੇਲਾ ਸ਼ਾਹੋ ਸ਼ਾਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਜਨ ਭਗਤਾਂ ਬੁਝਾਏ ਲੱਗੀ ਬਸੰਤਰ, ਲੇਖਾ ਚੁਕਾਏ ਦਸ ਦਸ ਮਾਸਿਆ । ਦਸ ਦਸ ਮਾਸ ਲੇਖ ਚੁਕੌਣਾ, ਗੁਰਮੁਖਾਂ ਗੁਰ ਗੁਰ ਦਇਆ ਕਮਾਇੰਦਾ । ਸਾਚਾ ਮੰਦਰ ਇਕ ਵਖੌਣਾ, ਡੂੰਘੀ ਕੰਦਰ ਫੋਲ ਫੁਲਾਇੰਦਾ । ਤ੍ਰੈਗੁਣ ਮਾਇਆ ਜੰਦਰ ਆਪ ਤੁੜੌਣਾ, ਨਾਮ ਖੰਡਾ ਹੱਥ ਚਮਕਾਇੰਦਾ । ਉਚੇ ਟਿੱਲੇ ਪਰਬਤ ਆਪ ਚੜ੍ਹੌਣਾ, ਬਜਰ ਕਪਾਟੀ ਪਾਰ ਕਰਾਇੰਦਾ । ਅਨਹਦ ਸਾਚਾ ਰਾਗ ਸੁਣੌਣਾ, ਘਰ ਧੁਨ ਨਾਦ ਵਜਾਇੰਦਾ । ਬ੍ਰਹਮ

ਬ੍ਰਹਿਮਾਦਿ ਖੋਜ ਖੁਜੌਣਾ, ਆਤਮ ਦਰਸੀ ਖੇਲ ਖਿਲਾਇੰਦਾ । ਅੰਮ੍ਰਿਤ ਆਤਮ ਜਾਮ ਪਿਔਣਾ, ਨਿਝਰ ਝਿਰਨਾ ਸਤਿ ਝਿਰਾਇੰਦਾ । ਆਤਮ ਸੇਜਾ ਆਪ ਸੁਹੌਣਾ, ਬੰਕ ਦਵਾਰੀ ਡੇਰਾ ਲਾਇੰਦਾ । ਸੁਰਤੀ ਸ਼ਬਦੀ ਮੇਲ ਮਿਲੌਣਾ, ਜਗਤ ਵਿਛੋੜਾ ਪੰਧ ਕਟਾਇੰਦਾ । ਸਾਚੇ ਮੰਦਰ ਸੋਭਾ ਪੌਣਾ, ਨਿਰਗੁਣ ਜੋਤੀ ਜੋਤ ਰੂਪ ਪਰਗਟਾਇੰਦਾ । ਥਿਰ ਘਰ ਸਾਚਾ ਇਕ ਵਸੌਣਾ, ਗੁਰਮੁਖ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦੇਵੇ ਵਰ, ਏਕਾ ਤਤ ਆਪ ਸਮਝਾਇੰਦਾ । ਥਿਰ ਘਰ ਬੈਠਣ ਬੈਠਣ ਯੋਗ, ਦੂਸਰ ਅਵਰ ਨਾ ਕੋਇ ਚਤਰਾਈਆ । ਭਗਤਨ ਮੇਲਾ ਧੁਰ ਸੰਜੋਗ, ਸਤਿ ਪੁਰਖ ਨਿਰੰਜਣ ਲਏ ਮਿਲਾਈਆ । ਮਾਇਆ ਮਮਤਾ ਹਉਮੇ ਹੰਗਤਾ ਦੂਈ ਦਵੈਤੀ ਕੱਟੇ ਰੋਗ, ਏਕਾ ਅੱਖਰ ਦਏ ਪੜ੍ਹਾਈਆ । ਹਰਿ ਕਾ ਨਾਉਂ ਚੁਗਾਏ ਸਾਚੀ ਚੋਗ, ਰਸ ਫੀਕਾ ਸਰਬ ਲੋਕਾਈਆ । ਅਗੰਮ ਅਗੰਮੜਾ ਬੋਲੇ ਇਕ ਸਲੋਕ, ਨਿਸ਼ਅੱਖਰ ਕਰੇ ਪੜ੍ਹਾਈਆ । ਲੇਖਾ ਜਾਣੇ ਲੋਕ ਪਰਲੋਕ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਥਿਰ ਦਰਬਾਰਾ ਆਪ ਸੁਹਾਈਆ । ਥਿਰ ਦਰਬਾਰਾ ਸਚ ਦਵਾਰ, ਹਰਿ ਸਾਚਾ ਸਚ ਸਮਝਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਮੇਲ ਮਿਲਾਏ ਏਕਾ ਵਾਰ, ਮਿਲਿਆ ਮੇਲ ਵਿਛੜ ਨਾ ਜਾਇੰਦਾ । ਸਤਿਗੁਰ ਪੂਰਾ ਕਾਰਜ ਦਏ ਸੁਆਰ, ਪੰਜ ਦੂਤ ਨੇੜ ਕੋਇ ਨਾ ਆਇੰਦਾ । ਗ੍ਰਿਹਿ ਮੰਦਰ ਕਰ ਉਜਿਆਰ, ਘਰ ਦੀਪਕ ਡਗਮਗਾਇੰਦਾ । ਏਕਾ ਬਖ਼ਸ਼ੇ ਅੰਮ੍ਰਿਤ ਠੰਡਾ ਠਾਰ, ਆਸਾ ਤ੍ਰਿਸ਼ਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਹਾਏ ਸਾਚੇ ਘਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਤਖ਼ਤ ਸੁਹਾਵਾ, ਸਤਿਗੁਰ ਪੂਰਾ ਆਪ ਉਪਾਇੰਦਾ । ਨਾ ਕੋਈ ਚੂਲ ਨਾ ਕੋਈ ਪਾਵਾ, ਨਾ ਕੋਈ ਬਾਢੀ ਬਣਤ ਬਣਾਇੰਦਾ । ਨਾ ਕੋਈ ਰੂਪ ਰੰਗ ਰੇਖ ਦਿਸੇ ਨਾਵਾਂ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਨਾ ਕੋਈ ਨਗਰ ਖੇੜਾ ਦਿਸੇ ਗਰਾਵਾਂ, ਗ੍ਰਿਹਿ ਮੰਦਰ ਆਪਣਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਆਪੇ ਵੜ, ਨਾ ਕੋਈ ਸੀਸ ਨਾ ਕੋਈ ਧੜ, ਸਾਚੇ ਤਖ਼ਤ ਬੈਠਾ ਚੜ੍ਹ, ਗੁਰਮੁਖਾਂ ਫੜਾਏ ਏਕਾ ਲੜ, ਸ਼ਬਦੀ ਡੋਰ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਦੇਵੇ ਵਰ, ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਹਰਿ ਨਿਰੰਕਾਰਾ, ਕਲਜੁਗ ਅੰਤਮ ਲੈ ਅਵਤਾਰਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਕਲਜੁਗ ਅੰਤਮ ਹਰਿ ਅਵਤਾਰ, ਨਿਰਗੁਣ ਜੋਤੀ ਜੋਤ ਜਗਾਈਆ । ਵਸਣਹਾਰਾ ਸਚਖੰਡ ਦਵਾਰ, ਲੋਕਮਾਤ ਕਰੇ ਰੁਸ਼ਨਾਈਆ । ਠਾਂਡਾ ਰੱਖੇ ਇਕ ਦਰਬਾਰ, ਥਿਰ ਘਰ ਬੈਠਾ ਸੇਜ ਸੁਹਾਈਆ । ਡੰਕਾ ਵਜਾਏ ਅਪਰ ਅਪਾਰ, ਸ਼ਬਦ ਸ਼ਬਦੀ ਨਾਉਂ ਪਰਗਟਾਈਆ । ਜੁਗ ਜੁਗ ਵਿਛੜੇ ਮੇਲੇ ਯਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੰਤਮ ਵੇਖ ਵਖਾਈਆ । ਪੂਰਬ ਲਹਿਣਾ ਕਰਮ ਵਿਚਾਰ, ਕਰਮ ਕੁਕਰਮਾਂ ਡੇਰਾ ਢਾਹੀਆ । ਨਾਤਾ ਜੋੜੇ ਆਪ ਕਰਤਾਰ, ਜੋੜਨਹਾਰਾ ਦਿਸ ਨਾ ਆਈਆ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਆਤਮ ਅੰਤਰ ਕਰੇ ਪਿਆਰ, ਬ੍ਰਹਮ ਪਾਰਬ੍ਰਹਮ ਮਿਲਾਈਆ । ਰਸਨਾ ਬੋਲੇ ਨਾ ਕੋਇ ਜੈਕਾਰ, ਬੱਤੀ ਦੰਦ ਨਾ ਕੋਇ ਸੁਣਾਈਆ । ਨਿਰਗੁਣ ਨਿਰਗੁਣ ਨਿਰਗੁਣ ਨਾਲ ਕਰੇ ਗੁਫ਼ਤਾਰ, ਬੇਐਬ ਸੱਚਾ ਮਾਹੀਆ । ਭਗਤ ਭਗਵੰਤ ਵਸੇ ਇਕ ਦਰਬਾਰ, ਸਚ ਦਰਬਾਰਾ ਆਪ ਸੁਹਾਈਆ । ਸਤਿਗੁਰ ਪੂਰਾ ਕਰੇ ਪਿਆਰ, ਹਰਿ ਸੱਜਣ

ਲਏ ਮਿਲਾਈਆ । ਮਾਨਸ ਜਨਮ ਪੈਜ ਜਾਏ ਸੁਆਰ, ਆਪਣੇ ਲੇਖੇ ਆਪੇ ਪਾਈਆ । ਗ਼ਰੀਬ ਨਿਮਾਣਿਆਂ ਦਏ ਆਧਾਰ, ਜਿਸ ਬਖ਼ਸ਼ੇ ਸਚ ਸਰਨਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਬਾਹਰ, ਚੌਦਾਂ ਲੋਕ ਚਰਨਾਂ ਹੇਠ ਦਬਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰਮੁਖ ਸਾਚੇ ਤੇਰੇ ਚਰਨ ਕਰਨ ਨਿਮਸਕਾਰ, ਅਧਵਿਚਕਾਰ ਬੈਠੇ ਨਿਉਂ ਨਿਉਂ ਸੀਸ ਝੁਕਾਈਆ । ਜਿਸ ਜਨ ਸਤਿਗੁਰ ਮਿਲਿਆ ਮੀਤ ਮੁਰਾਰ, ਸੰਸਾ ਰੋਗ ਰਹੇ ਨਾ ਰਾਈਆ । ਸੁੰਨ ਅਗੰਮੀ ਕਰੇ ਪਾਰ, ਧੁਆਂਧਾਰ ਨਾ ਕੋਇ ਵਡਿਆਈਆ । ਥਿਰ ਘਰ ਦਰਬਾਰਾ ਖੋਲ੍ਹ ਕਿਵਾੜ, ਆਪਣੀ ਹੱਥੀਂ ਸੇਵ ਕਮਾਈਆ । ਗੁਰਸਿਖ ਸਾਚੇ ਅੰਦਰ ਵਾੜ, ਆਪੇ ਵੇਖੇ ਥਾਉਂ ਥਾਈਆ । ਬਣਿਆ ਰਹੇ ਚੋਬਦਾਰ, ਸੇਵਕ ਸੇਵਾ ਸਚ ਕਮਾਈਆ । ਆਦਿ ਜੁਗਾਦੀ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਮਰੇ ਨਾ ਜੰਮੇ ਵਿਚ ਸੰਸਾਰ, ਮੜ੍ਹੀ ਗੋਰ ਨਾ ਕੋਇ ਦਬਾਈਆ । ਚੌਦਾਂ ਵਿਦਿਆ ਨਾ ਕਰੇ ਕੋਇ ਵਿਚਾਰ, ਲੇਖਾ ਜਾਣੇ ਜਗਤ ਪੜ੍ਹਾਈਆ । ਆਪੇ ਵਸੇ ਸਭ ਤੋਂ ਬਾਹਰ, ਨਿਰਗੁਣ ਦਾਤਾ ਬੇਪਰਵਾਹੀਆ । ਆਪੇ ਘਟ ਘਟ ਰਿਹਾ ਪਸਾਰ, ਲੱਖ ਚੁਰਾਸੀ ਆਸਣ ਸਿੰਘਾਸਣ ਆਤਮ ਸੇਜਾ ਆਪ ਸੁਹਾਈਆ । ਕਲਜੁਗ ਤੇਰੀ ਅੰਤਮ ਵਾਰ, ਨਿਰਗੁਣ ਨਿਰਵੈਰ ਪੁਰਖ ਅਕਾਲ ਜੂਨੀ ਰਹਿਤ ਦੀਨ ਦਿਆਲ, ਜੋਤੀ ਜਾਮਾ ਭੇਖ ਵਟਾਈਆ । ਨਿਹਕਲੰਕਾ ਲੈ ਅਵਤਾਰ, ਸ਼ਬਦ ਡੰਕਾ ਵਜਾਏ ਵਿਚ ਸੰਸਾਰ, ਸਮੁੰਦ ਸਾਗਰ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਈਆ । ਗੁਰਸਿਖਾਂ ਕਰੇ ਇਕ ਪਿਆਰ, ਮਤ ਗੁਰਮਤ ਦੇਵੇ ਇਕ ਆਧਾਰ, ਏਕਾ ਇਸ਼ਟ ਪੁਰਖ ਅਕਾਲ, ਅੰਤਰ ਦ੍ਰਿਸ਼ਟ ਦਏ ਖੁਲ੍ਹਾਈਆ । ਸੁਰਤੀ ਸੁਰਤ ਨਾ ਹੋਏ ਬੇਹਾਲ, ਮੂਰਤ ਅਕਾਲ ਹੋਏ ਦਿਆਲ, ਗੁਰਮੁਖ ਵੇਖੇ ਸਾਚੇ ਲਾਲ, ਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਅਨਭਵ ਧਾਰ, ਖੇਲ ਅਪਾਰ, ਹਰਿਜਨ ਹਰਿ ਜੂ ਹਰਿ ਮੰਦਰ ਲਏ ਮਿਲਾਈਆ । ਕਿਰਪਾ ਕਰ ਗੁਣ ਨਿਧਾਨ, ਸ਼ਬਦ ਰਖਾਏ ਇਕ ਨਿਸ਼ਾਨ, ਚਰਨ ਕਵਲ ਕਵਲ ਚਰਨ ਬਖ਼ਸ਼ੇ ਭਗਤ ਧਿਆਨ, ਭਗਤ ਭਗਵੰਤ ਨਾਰੀ ਕੰਤ ਸਾਜਣ ਮੀਤ ਮੁਰਾਰ ਹਰਿ ਕਰਤਾਰ, ਜਗਤ ਵਿਛੋੜਾ ਦੇਵੇ ਕੱਟ, ਥਿਰ ਘਰ ਵਖਾਏ ਏਕਾ ਹੱਟ, ਗੁਰਮੁਖ ਸੱਜਣ ਬਹੇ ਡਟ, ਤੀਰਥ ਤਟ ਜਗਤ ਕਿਨਾਰ ਗੁਰਮੁਖ ਨਹਾਵਣ ਕਦੇ ਨਾ ਜਾਈਆ । ਜਿਸ ਜਨ ਮਿਲਿਆ ਸਤਿਗੁਰ ਸਮਰਥ, ਮਹਿਮਾ ਆਪਣੀ ਆਪ ਜਣਾਏ ਅਕਥਨਾ ਅਕਥ, ਨਾਮ ਚੜ੍ਹਾਏ ਸਾਚੇ ਰਥ, ਸਤਿ ਸਰੂਪੀ ਦੇਵੇ ਵੱਥ, ਹਉਮੇ ਹੰਗਤਾ ਹੰਕਾਰੀ ਬੁਰਜ ਜਾਏ ਢੱਠ, ਮਨ ਮਨੂਆ ਗੇੜੇ ਉਲਟੀ ਲੱਠ, ਅੰਤਰ ਜੋਤ ਜਗਾਏ ਲਟ ਲਟ, ਦੂਈ ਦਵੈਤੀ ਮੇਟੇ ਫਟ, ਅੰਮ੍ਰਿਤ ਆਤਮ ਸਤਿ ਪਿਆਲਾ ਏਕਾ ਜਾਮ ਏਕਾ ਵਾਰ ਏਕਾ ਦੇਵੇ ਘਤ, ਲੇਖਾ ਜਾਣੇ ਹੱਡ ਮਾਸ ਨਾੜੀ ਰਤ, ਮੇਲ ਮਿਲਾਵਾ ਕਮਲਾਪਤ, ਤ੍ਰੈਗੁਣ ਤਤ ਨਾ ਅਗਨ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਮੇਲੇ ਸਾਚਾ ਹਰਿ, ਗੁਰਮੁਖ ਸੱਜਣ ਏਕਾ ਕਰਨ ਮਜਨ, ਦੁਰਮਤ ਮੈਲ ਰਹੇ ਨਾ ਰਾਈਆ ।



੧੩੯੩



੦੯

### ❊ ੨੬ ਕੱਤਕ ੨੦੧੭ ਬਿਕ੍ਰਮੀ ਕਰਤਾਰ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ❊

ਸਤਿਗੁਰ ਪੂਰਾ ਹਰਿ ਸਮਰਥ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਜੁਗਾਦਿ ਚਲਾਏ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਲੋਕਮਾਤ

ਹੋ ਪਰਗਟ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਨਾਮ ਵਥ, ਵਸਤ ਅਮੋਲਕ ਝੋਲੀ ਪਾਇੰਦਾ । ਲਹਿਣਾ ਜਾਣੇ ਮਸਤਕ ਮਥ, ਧੁਰ ਮਸਤਕ ਵੇਖ ਵਖਾਇੰਦਾ । ਜਗਤ ਵਿਕਾਰਾ ਪਾਏ ਨੱਥ, ਸ਼ਬਦ ਡੋਰੀ ਹੱਥ ਉਠਾਇੰਦਾ । ਦੁਰਮਤ ਮੈਲ ਦੇਵੇ ਕੱਟ, ਮਾਇਆ ਮਮਤਾ ਮੋਹ ਚੁਕਾਇੰਦਾ । ਚਰਨ ਦਵਾਰ ਵਖਾਏ ਸਾਚਾ ਹੱਟ, ਸਚ ਸਦਾ ਇਕ ਖੁਲ੍ਹਾਇੰਦਾ । ਲੇਖਾ ਜਾਣੇ ਤੀਰਥ ਤਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਰੰਗ ਸਮਾਇਆ । ਜੁਗਾ ਜੁਗੰਤਰ ਖੇਲ ਮਹਾਨ, ਸ੍ਰੀ ਭਗਵਾਨ ਆਪ ਕਰਾਇਆ । ਸ਼ਬਦ ਸਰੂਪੀ ਸਤਿ ਨਿਸ਼ਾਨ, ਤ੍ਰੈਗੁਣ ਅਤੀਤਾ ਆਪ ਝੁਲਾਇਆ । ਲੋਕਮਾਤ ਹੋਏ ਪਰਧਾਨ, ਨਿਰਗੁਣ ਸਰਗੁਣ ਵੇਸ ਧਰਾਇਆ । ਸਾਚੇ ਸੰਤ ਕਰੇ ਪਰਵਾਨ, ਪਾਰਬ੍ਰਹਮ ਵੱਡੀ ਵਡਿਆਇਆ । ਏਕਾ ਦੇਵੇ ਨਾਮ ਨਿਧਾਨ, ਲਿਖਣ ਪੜ੍ਹਣ ਵਿਚ ਨਾ ਆਇਆ । ਆਤਮ ਅੰਤਰ ਬ੍ਰਹਮ ਗਿਆਨ, ਦੂਈ ਦਵੈਤੀ ਪਰਦਾ ਲਾਹਿਆ । ਸਚ ਵਖਾਏ ਇਕ ਮਕਾਨ, ਹਰਿ ਜੂ ਹਰਿ ਮੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸਾਹਿਬ, ਹਰਿ ਸਤਿ ਪੁਰਖ ਨਿਰੰਜਣ ਆਪ ਅਖਵਾਇਆ । ਸਤਿਗੁਰ ਪੂਰਾ ਸਾਚਾ ਹਰਿ, ਹਰਿ ਬਿਨ ਅਵਰ ਨਾ ਕੋਇ ਜਣਾਈਆ । ਜਨ ਭਗਤਾਂ ਵਖਾਏ ਏਕਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਆਤਮ ਅੰਤਰ ਆਪਣਾ ਘਾੜਨ ਆਪੇ ਘੜ, ਘਾੜਨ ਘੜੇ ਸਰਬ ਲੋਕਾਈਆ । ਬ੍ਰਹਮਾ ਵਿਸ਼ਨ ਸ਼ਿਵ ਆਪੇ ਫੜ, ਸੇਵਕ ਸੇਵਾ ਸਾਚੀ ਸਚ ਸਮਝਾਈਆ । ਲੱਖ ਚੁਰਾਸੀ ਨਾਰੀ ਨਰ, ਨਰ ਨਰਾਇਣ ਰੂਪ ਪਰਗਟਾਈਆ । ਆਪਣੀ ਕਰਨੀ ਆਪੇ
੧੩੯੪ ਕਰ, ਕਰਤਾ ਪੁਰਖ ਖੇਲ ਖਿਲਾਈਆ । ਸੰਤ ਸਾਜਣ ਲਏ ਵਰ, ਹਰਿ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੩੯੪
ਕਰ, ਸਤਿਗੁਰ ਸੱਚਾ ਪਾਤਸ਼ਾਹ, ਪਾਰਬ੍ਰਹਮ ਪ੍ਰਭ ਬੇਪਰਵਾਹ, ਆਦਿ ਜੁਗਾਦਿ ਸਮਾਈਆ । ਸਤਿਗੁਰ ਪੂਰਾ ਦੀਨ ਦਿਆਲਾ, ਪੁਰਖ ਅਕਾਲ ਇਕ ਅਖਵਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਵਛਲ, ਦੀਨਨ ਬਣੇ ਕਿਰਪਾਲਾ, ਕਿਰਪਾਨਿਧ ਆਪਣਾ ਨਾਉਂ ਧਰਾਇੰਦਾ । ਚਲੇ ਚਲਾਏ ਅਵੱਲੜੀ ਚਾਲਾ, ਆਪਣਾ ਮਾਰਗ ਆਪਣਾ ਪੰਥ ਆਪੇ ਲਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖ਼ਾਲਾ, ਚਰਨ ਕਵਲ ਧਿਆਨ ਜਣਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਪਤ ਡਾਲ੍ਹਾ, ਬ੍ਰਹਮ ਫੁਲਵਾੜੀ ਵੇਖ ਵਖਾਇੰਦਾ । ਸੇਵ ਲਗਾਏ ਕਾਲ ਮਹਾਂਕਾਲਾ, ਕਾਲ ਦਿਆਲ ਰੂਪ ਵਟਾਇੰਦਾ । ਆਪੇ ਪਾਵਣਹਾਰਾ ਤ੍ਰੈਗੁਣ ਮਾਇਆ, ਜਗਤ ਜੰਜਾਲਾ, ਪੰਚਮ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਾਹਿਬ ਸੁਲਤਾਨ, ਲੇਖਾ ਜਾਣੇ ਦੋ ਜਹਾਨ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਭਗਤ ਉਧਾਰਨ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦਿ ਆਏ ਪੈਜ ਸੁਆਰਨ, ਲੋਕਮਾਤ ਦਏ ਵਡਿਆਈਆ । ਸ਼ਬਦ ਅਗੰਮੀ ਦੱਸੇ ਏਕਾ ਧਾਰਨ, ਧਰਨੀ ਧਰਤ ਧਵਲ ਸਮਾਈਆ । ਆਪੇ ਜਾਣੇ ਆਪਣਾ ਕਾਰਨ, ਜਗਤ ਕਿਰਿਆ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਸਤਿਗੁਰ ਪੂਰਾ ਬੇਪਰਵਾਹੀਆ । ਸਤਿਗੁਰ ਪੂਰਾ ਬੇਪਰਵਾਹ, ਏਕੰਕਾਰਾ ਖੇਲ ਖਿਲਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਲੋਕਮਾਤ ਫੇਰਾ ਪਾਇੰਦਾ । ਨਾਉਂ ਨਿਰੰਕਾਰਾ ਆਪਣਾ

ਨਾਉਂ ਪਰਗਟਾ, ਦੋ ਜਹਾਨਾਂ ਵੇਖ ਵਖਾਇੰਦਾ । ਭਗਤ ਭਗਵੰਤ ਲਏ ਉਠਾ, ਸਾਚੀ ਭਗਤੀ ਇਕ ਸਮਝਾਇੰਦਾ । ਆਦਿ ਅੰਤ ਆਪਣਾ ਲੇਖਾ ਦਏ ਜਣਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਾਚੇ ਮਾਰਗ ਆਪੇ ਲਾ, ਸਾਚੀ ਸਿਖ਼ਿਆ ਸਿੱਖ ਸਮਝਾਇੰਦਾ । ਨਥਾਵਿਆਂ ਦੇਵਣਹਾਰਾ ਥਾਂ, ਸਿਰ ਸਮਰਥ ਹੱਥ ਟਿਕਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾ, ਗ਼ਰੀਬ ਨਿਵਾਜ਼ ਆਪਣਾ ਨਾਉਂ ਧਰਾਇੰਦਾ । ਸਦਾ ਸਦਾ ਸਦ ਰੱਖੇ ਠੰਡੀ ਛਾਂ, ਅਗਨੀ ਤਤ ਆਪ ਬੁਝਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਅੰਮ੍ਰਿਤ ਆਤਮ ਜਾਮ ਦਏ ਪਿਆ, ਨਿਝਰ ਝਿਰਨਾ ਇਕ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਸਤਿਗੁਰ ਪੂਰਾ ਆਪਣਾ ਰੂਪ ਆਪ ਪਰਗਟਾਇੰਦਾ । ਜੁਗ ਜੁਗ ਰੂਪ ਪਰਗਟਾਇੰਦਾ, ਹਰਿ ਸਤਿਗੁਰ ਦੀਨ ਦਿਆਲ । ਭਗਤ ਭਗਵੰਤ ਵੇਖ ਵਖਾਇੰਦਾ, ਜਗਤ ਜੁਗ ਅਵੱਲੜੀ ਚਾਲ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਲੇਖਾ ਜਾਣੇ ਸਚਖੰਡ ਬੈਠ ਸੱਚੀ ਧਰਮਸਾਲ । ਕਲਜੁਗ ਵੇਲਾ ਅੰਤਮ ਆਇੰਦਾ, ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਹੋਏ ਬੇਹਾਲ । ਬ੍ਰਹਮਾ ਵਿਸ਼ਨ ਸ਼ਿਵ ਸਰਬ ਕੁਰਲਾਇੰਦਾ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰਲਾਏ ਨਾਲ । ਰਾਜ ਰਾਜਾਨ ਸ਼ਾਹ ਸੁਲਤਾਨ ਧੀਰਜ ਧੀਰ ਨਾ ਕੋਇ ਧਰਾਇੰਦਾ, ਦਰ ਦਰ ਘਰ ਘਰ ਮੰਗਦੇ ਫਿਰਦੇ ਬਣ ਕੰਗਾਲ । ਜੂਠ ਝੂਠ ਚਾਰੋਂ ਕੁੰਟ ਡੰਕ ਵਜਾਇੰਦਾ, ਸਚ ਸੁੱਚ ਕਿਸੇ ਦਿਸੇ ਨਾ ਧਰਮਸਾਲ । ਮਾਇਆ ਮਮਤਾ ਮੋਹ ਸਰਬ ਕੁਰਲਾਇੰਦਾ, ਆਸਾ ਤ੍ਰਿਸ਼ਨਾ ਪਿਆ ਜੀਵ ਜੰਤ ਜੰਜਾਲ । ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ, ਮੰਦਰ ਮਸਜਿਦ ਮਠ ਸ਼ਿਵਦਵਾਲੇ ਰਹੇ ਭਾਲ । ਪੁਰਖ ਸਮਰਥ ਖੇਲ ਖਿਲਾਇੰਦਾ, ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕਾ ਜਾਮਾ ਪਾਇੰਦਾ, ਰੂਪ ਰੰਗ ਰੇਖ ਵਸਿਆ ਬਾਹਰ, ਪੁਰਖ ਅਕਾਲ ਆਪਣਾ ਨਾਉਂ ਧਰਾਇੰਦਾ । ਆਪੇ ਹੋਇਆ ਜਾਣੀ ਜਾਣ, ਨੂਰ ਨੁਰਾਨਾ ਡਗਮਗਾਇੰਦਾ । ਲੇਖਾ ਜਾਣੇ ਹੱਡ ਮਾਸ ਨਾੜੀ ਮਾਟੀ ਖ਼ਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਬਣੇ ਮਾਤ ਦਲਾਲ । ਸਤਿਗੁਰ ਪੂਰਾ ਬਣ ਦਲਾਲ, ਜੁਗਾਂ ਜੁਗੰਤਰ ਸੇਵ ਕਮਾਈਆ । ਹਰਿ ਭਗਤ ਸਾਚੇ ਲਏ ਉਠਾਲ, ਲੱਖ ਚੁਰਾਸੀ ਫੋਲ ਫੁਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕਾ ਮਾਰਗ ਦੱਸੇ ਸੁਖ਼ਾਲ, ਆਪਣਾ ਮੰਤਰ ਆਪ ਪੜ੍ਹਾਈਆ । ਅੰਮ੍ਰਿਤ ਆਤਮ ਸਰੋਵਰ ਮਾਰੇ ਉਛਾਲ, ਅਠਸਠ ਬੈਠੇ ਮੁਖ ਸ਼ਰਮਾਈਆ । ਏਕਾ ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਰਖਾਈਆ । ਨਾਤਾ ਤੋੜੇ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਦਵਾਰ ਵਖਾਏ ਸੱਚੀ ਧਰਮਸਾਲ, ਸਚਖੰਡ ਦਵਾਰੇ ਸੋਭਾ ਪਾਈਆ । ਗੁਰਮੁਖਾਂ ਕਾਰਜ ਦਏ ਸੁਆਰ, ਸਤਿਗੁਰ ਪੂਰਾ ਸੋ ਅਖਵਾਈਆ । ਡੁੱਬਦੇ ਪਾਥਰ ਜਾਏ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਸੁਰਤੀ ਸ਼ਬਦ ਡੋਰ ਬੰਧਾਈਆ । ਸੁਰਤ ਸ਼ਬਦੀ ਬੰਨ੍ਹੇ ਡੋਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਖ ਵਖਾਇੰਦਾ । ਵਸਣਹਾਰਾ ਅੰਧ ਘੋਰ, ਸੁਖ਼ਮਨ ਟੇਢੀ ਬੰਕ ਪਾਰ ਕਰਾਇੰਦਾ । ਪੰਚ ਵਿਕਾਰਾ ਦੇਵੇ ਹੋੜ, ਨੌ ਦਵਾਰੇ ਪੰਧ ਮੁਕਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸ਼ਾਹ ਸਵਾਰਾ ਦਇਆ ਕਮਾਇੰਦਾ । ਸ਼ਬਦ ਅਨਾਦ ਧੁਨ ਇਕ ਸੁਣਾਏ ਅਨਹਦ ਘਨਘੋਰ, ਛੱਤੀ ਰਾਗ ਭੇਵ ਨਾ ਆਇੰਦਾ । ਏਕਾ ਨਾਤਾ ਏਕਾ ਵਰ ਲਏ ਜੋੜ, ਜੁੜਿਆ ਜੋੜ ਨਾ ਕੋਇ ਤੁੜਾਇੰਦਾ । ਆਤਮ ਸੇਜਾ ਜਾਏ ਬੌਹੜ, ਭਰ ਪਿਆਲਾ

ਜਾਮ ਪਿਆਇੰਦਾ । ਬਜਰ ਕਪਾਟੀ ਦੇਵੇ ਤੋੜ, ਤ੍ਰੈਗੁਣ ਡੇਰਾ ਆਪੇ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਸਰਬ ਗੁਣ ਮੀਤ, ਮੀਤ ਮੁਰਾਰਾ ਇਕ ਅਖਵਾਈਆ । ਆਦਿ ਜੁਗਾਦਿ ਚਲਾਏ ਆਪਣੀ ਰੀਤ, ਦੂਸਰ ਸੰਗ ਨਾ ਕੋਇ ਰਖਾਈਆ । ਗੁਰਮੁਖਾਂ ਸੁਣਾਏ ਸੁਹਾਗੀ ਗੀਤ, ਘਰ ਮੰਦਰ ਵੱਜਦੀ ਰਹੇ ਵਧਾਈਆ । ਕਾਇਆ ਕਰੇ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਈਆ । ਏਕਾ ਵਸੇ ਹਰਿ ਹਰਿ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਧਾਮ ਵਖਾਏ ਇਕ ਅਨਡੀਠ, ਘਰ ਵਿਚ ਘਰ ਸਮਝਾਈਆ । ਨਾ ਕੋਈ ਮੰਦਰ ਨਾ ਮਸੀਤ, ਚਾਰ ਦੀਵਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਹਰਿ, ਗੁਰਮੁਖ ਮੇਲੇ ਸਹਿਜ ਸੁਭਾਈਆ । ਗੁਰਮੁਖ ਮੇਲ ਮਿਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਗ੍ਰਿਹਿ ਮੰਦਰ ਖੋਜ ਖੁਜਾਇੰਦਾ, ਘਟ ਭੀਤਰ ਹੋ ਉਜਿਆਰ । ਦਰ ਦਰਵਾਜ਼ਾ ਇਕ ਖੁਲ੍ਹਾਇੰਦਾ, ਆਪ ਆਪਣੀ ਕਿਰਪਾ ਧਾਰ । ਘਰ ਘਰ ਵਿਚ ਨਜ਼ਰੀ ਆਇੰਦਾ, ਨੇਤਰ ਨੈਣ ਦਏ ਉਘਾੜ । ਬੰਕ ਦਵਾਰ ਇਕ ਸੁਹਾਇੰਦਾ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਬ੍ਰਹਮ ਪਾਰਬ੍ਰਹਮ ਮਿਲਾਇੰਦਾ, ਮੇਲ ਮਿਲਾਵਾ ਏਕਾ ਵਾਰ । ਜੋਤੀ ਜੋਤ ਜੋਤ ਸਮਾਇੰਦਾ, ਜੋਤੀ ਜਾਤਾ ਆਪ ਨਿਰੰਕਾਰ । ਸਾਚੀ ਜੋਤੀ ਆਪ ਚੜ੍ਹਾਇੰਦਾ, ਗੁਰਮੁਖ ਸੱਜਣ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਤਿਗੁਰ ਇਕ ਮਲਾਹ, ਏਕਾ ਸ਼ਬਦੀ ਦੇਵੇ ਸਤਿ ਸਲਾਹ, ਗੁਰ ਗੁਰ ਹਰਿ ਹਰਿ ਸ਼ਬਦੀ ਸ਼ਬਦ ਨਾਉਂ ਧਰਾਈਆ । ਸ਼ਬਦ ਗੁਰਦੇਵ ਸਰਬ ਜਗ ਪਿਤ ਮਾਤਾ, ਸਤਿ ਪੁਰਖ ਨਿਰੰਜਣ ਆਪ ਉਪਾਇਆ । ਆਦਿ ਜੁਗਾਦਿ ਚਲਾਏ ਆਪਣੀ ਗਾਥਾ, ਅੱਖਰ ਵੱਖਰ ਆਪ ਪੜ੍ਹਾਇਆ । ਭਗਤ ਭਗਵੰਤ ਦੇਵਣਹਾਰਾ ਦਾਤਾ, ਭੁੱਲ ਕਦੇ ਨਾ ਜਾਇਆ । ਕਲਜੁਗ ਅੰਤਮ ਵੇਖੇ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧੇਰਾ ਛਾਇਆ । ਨਿਰਗੁਣ ਭੁੱਲਿਆ ਤੇਰਾ ਪੂਜਾ ਪਾਠਾ, ਸਰਗੁਣ ਬੈਠੇ ਇਸ਼ਟ ਮਨਾਇਆ । ਪੁਰਖ ਅਬਿਨਾਸ਼ੀ ਸਚਖੰਡ ਦਵਾਰ ਬੈਠਾ ਵੇਖੇ ਤਮਾਸ਼ਾ, ਚਾਰ ਵਰਨ ਅਠਾਰਾਂ ਬਰਨ ਘਰ ਘਰ ਦਰ ਦਰ ਦੇਣ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਗੁਰ ਸੱਚਾ ਸ਼ਾਹ ਪਾਤਸ਼ਾਹ, ਇਕ ਇਕੱਲਾ ਬਣ ਮਲਾਹ, ਜਨ ਭਗਤਾਂ ਦੇਵੇ ਨਾਮ ਸਲਾਹ, ਸਤਿਜੁਗ ਸਾਚਾ ਬੇੜਾ ਹੱਥ ਵਖਾਇਆ ।

### ❋ ੨੯ ਕੱਤਕ ੨੦੧੭ ਬਿਕ੍ਰਮੀ ਕੁੰਦਨ ਸਿੰਘ ਦੇ ਘਰ ਪਿੰਡ ਮਾਲਚਕ ਜ਼ਿਲਾ ਅੰਮ੍ਰਿਤਸਰ ❋

ਸਤਿਗੁਰ ਪੂਰਾ ਹਰਿ ਨਿਰੰਕਾਰਾ, ਅਕਲ ਕਲਧਾਰੀ ਨਾਉਂ ਧਰਾਇੰਦਾ । ਗੁਰ ਗੁਰ ਰੂਪ ਅਪਰ ਅਪਾਰਾ, ਹਰਿ ਸ਼ਬਦੀ ਸ਼ਬਦ ਪਰਗਟਾਇੰਦਾ । ਭਗਤਨ ਮੀਤਾ ਵਿਚ ਸੰਸਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸੰਤਨ ਵਖਾਏ ਇਕ ਦਰਬਾਰਾ, ਠਾਂਡਾ ਘਰ ਬਾਰਾ ਇਕ ਜਣਾਇੰਦਾ । ਗੁਰਮੁਖਾਂ ਦੇਵੇ ਨਾਮ ਆਧਾਰਾ, ਨਾਮ ਨਾਮਾ ਝੋਲੀ ਪਾਇੰਦਾ । ਗੁਰਸਿਖਾਂ ਬਖ਼ਸ਼ੇ ਅੰਮ੍ਰਿਤ ਆਤਮ ਠੰਡੀ ਠਾਰਾ, ਭਰ ਪਿਆਲਾ ਜਾਮ ਪਿਆਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਲੋਕਮਾਤ ਲੈ ਅਵਤਾਰਾ, ਆਪ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਆਪਣਾ ਭੇਵ ਆਪ ਖੁਲ੍ਹਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰਾ, ਏਕਾ ਰੰਗ ਸਮਾਈਆ । ਗੁਰ ਗੁਰ ਦਾਤਾ ਜੋਧਾ ਸੂਰਬੀਰਾ, ਵਡ ਬਲਵਾਨ ਸਤਿ ਨਿਸ਼ਾਨ ਹੱਥ ਉਠਾਈਆ । ਸਰਗੁਣ ਚੋਟੀ ਚਾੜ੍ਹੇ ਇਕ ਅਖ਼ੀਰਾ, ਸਚਾ ਮੰਦਰ ਦਏ ਵਖਾਈਆ । ਸੰਤਨ ਬਖ਼ਸ਼ੇ ਸਾਚੀ ਧੀਰਾ, ਧਰਤ ਧਵਲ ਦਏ ਵਡਿਆਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਨੀਰਾ, ਸਾਂਤਕ ਸਤਿ ਸਤਿ ਵਰਤਾਈਆ । ਗੁਰਸਿਖਾਂ ਕੱਢੇ ਹਉਮੇ ਪੀੜਾ, ਵਿਰਹੋ ਅਗਨ ਨਾ ਕੋਇ ਜਲਾਈਆ । ਨਾਤਾ ਤੋੜੇ ਜਗਤ ਜ਼ੰਜ਼ੀਰਾ, ਤ੍ਰੈਗੁਣ ਬੰਧਨ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਾਚਾ ਹਰਿ, ਮਹਿਮਾ ਅਕਥ ਕਥੀ ਨਾ ਜਾਈਆ । ਸਤਿਗੁਰ ਪੂਰਾ ਦੀਨ ਦਿਆਲਾ, ਅਗੰਮ ਅਥਾਹ ਬੇਪਰਵਾਹ ਆਪ ਅਖਵਾਇੰਦਾ । ਗੁਰ ਗੁਰ ਖੇਲੇ ਖੇਲ ਨਿਰਾਲਾ, ਖੇਲਣਹਾਰਾ ਦਿਸ ਨਾ ਆਇੰਦਾ । ਭਗਤਨ ਬਣੇ ਆਪ ਦਲਾਲਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਸੰਤਨ ਹੋਏ ਸਦਾ ਰਖਵਾਲਾ, ਜੁਗਾ ਜੁਗੰਤਰ ਸੇਵ ਕਮਾਇੰਦਾ । ਗੁਰਮੁਖਾਂ ਦੱਸੇ ਨਾਮ ਸੁਖ਼ਾਲਾ, ਅੰਤਰ ਆਤਮ ਆਪ ਦ੍ਰਿੜਾਇੰਦਾ । ਗੁਰਸਿਖ ਬਹਾਏ ਸੱਚੀ ਧਰਮਸਾਲਾ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਸ਼ਬਦ ਅਨਾਦ ਵਜਾਏ ਧੁਨ ਸਾਚਾ ਤਾਲਾ, ਅਨਾਦ ਅਨਾਦੀ ਆਪਣਾ ਨਾਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਜਣ ਹਰਿ ਹਰਿ ਮੀਤ, ਆਦਿ ਜੁਗਾਦੀ ਠੰਡਾ ਸੀਤ, ਅਗਨੀ ਤਤ ਨਾ ਕੋਇ ਵਖਾਇੰਦਾ । ਸਤਿਗੁਰ ਸੱਚਾ ਸਾਹਿਬ ਸੁਲਤਾਨਾ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਰੂਪ ਸ੍ਰੀ ਭਗਵਾਨਾ, ਵੇਸ ਅਨੇਕਾ ਆਪ ਕਰਾਇਆ । ਭਗਵਨ ਭਗਤੀ ਦੇਵੇ ਭਗਤਨ ਦਾਨਾ, ਇਛਿਆ ਭਿਛਿਆ ਝੋਲੀ ਪਾਇਆ । ਸੰਤਨ ਦੇਵੇ ਧੁਰ ਫ਼ਰਮਾਣਾ, ਤੁਰੀਆ ਰਾਗ ਨਾਦ ਵਜਾਇਆ । ਗੁਰਮੁਖਾਂ ਵਖਾਏ ਇਕ ਟਿਕਾਣਾ, ਘਰ ਘਰ ਵਿਚ ਕਰ ਰੁਸ਼ਨਾਇਆ । ਗੁਰਸਿਖਾਂ ਹੋਏ ਜਾਣੀ ਜਾਣਾ, ਲੱਖ ਚੁਰਾਸੀ ਵਿਚੋਂ ਲਏ ਤਰਾਇਆ । ਏਕਾ ਬੰਨ੍ਹੇ ਸਤਿ ਸਰੂਪੀ ਸੱਚਾ ਗਾਨਾ, ਹਰਿ ਜੂ ਹਰਿ ਹਰਿ ਸਾਚਾ ਸਗਨ ਮਨਾਇਆ । ਆਪ ਰਖਾਏ ਆਪਣੇ ਭਾਣਾ, ਹਰਿ ਭਾਣਾ ਦਏ ਵਖਾਇਆ । ਲੇਖਾ ਜਾਣੇ ਆਵਣ ਜਾਣਾ, ਜੂਨ ਅਜੂਨੀ ਫੋਲ ਫੁਲਾਇਆ । ਸ਼ਾਹੋ ਭੂਪ ਬਣ ਸਾਚਾ ਰਾਣਾ, ਤਖ਼ਤ ਨਿਵਾਸੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਸਤਿਗੁਰ ਸੱਜਣ, ਹਰਿ ਵੱਡਾ ਵਡ ਵਡਿਆਈਆ । ਗੁਰ ਗੁਰ ਕਰਾਏ ਏਕਾ ਮਜਨ, ਸਰ ਸਰੋਵਰ ਇਕ ਨੁਹਾਈਆ । ਭਗਤਨ ਸੁਆਰੇ ਆਪੇ ਕਾਜਨ, ਕਰਤਾ ਪੁਰਖ ਆਪਣੀ ਕਿਰਤ ਕਮਾਈਆ । ਸੰਤਨ ਮਾਰੇ ਸਾਚੀ ਵਾਜਨ, ਰਸਨਾ ਜਿਹਵਾ ਨਾ ਕੋਇ ਹਲਾਈਆ । ਗੁਰਮੁਖ ਚੜ੍ਹਾਏ ਸਾਚੇ ਤਾਜਨ, ਸ਼ਬਦ ਘੋੜਾ ਇਕ ਦੌੜਾਈਆ । ਗੁਰਸਿਖਾਂ ਮੇਲ ਮਿਲਾਏ ਗ਼ਰੀਬ ਨਿਵਾਜ਼ਨ, ਗ਼ਰੀਬ ਨਿਮਾਣੇ ਗਲੇ ਲਗਾਈਆ । ਲੇਖਾ ਜਾਣੇ ਕਲ ਕਿ ਆਜਨ, ਜੁਗ ਚੌਕੜੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸੱਚਾ ਸ਼ਹਿਨਸ਼ਾਹ, ਸਾਚੇ ਤਖ਼ਤ ਸੁਹਾਇੰਦਾ । ਗੁਰ ਗੁਰ ਰੂਪ ਬਣ ਮਲਾਹ, ਲੋਕਮਾਤ ਫੇਰਾ ਪਾਇੰਦਾ । ਜੁਗ ਜੁਗ ਆਪਣਾ ਵੇਸ ਵਟਾ, ਹਰਿ ਭਗਤਨ ਵੇਖ ਵਖਾਇੰਦਾ । ਸਾਚੇ ਸੰਤਾਂ ਲਏ ਜਗਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਗੁਰਮੁਖ ਪੱਲੂ ਲਏ ਫੜਾ, ਨਾਮ ਪੱਲਾ ਹੱਥ ਉਠਾਇੰਦਾ । ਗੁਰਸਿਖਾਂ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ,


੧੩੯੭

ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕਾਦਰ ਕੁਦਰਤ ਵਿਚ ਸਮਾਇੰਦਾ । ਕਾਦਰ ਕੁਦਰਤ ਵਸਿਆ, ਨਿਰਗੁਣ ਰੂਪ ਅਗੰਮ ਅਪਾਰ । ਸਤਿਗੁਰ ਪੂਰਾ ਨਿਰਾਕਾਰ ਹੋ ਹੋ ਨੱਸਿਆ, ਆਦਿ ਜੁਗਾਦੀ ਸਾਚੀ ਕਾਰ । ਗੁਰ ਗੁਰ ਮਾਰਗ ਏਕਾ ਦੱਸਿਆ, ਪਾਰਬ੍ਰਹਮ ਪ੍ਰਭ ਹੋ ਤਿਆਰ । ਭਗਤਨ ਅੰਦਰ ਬਹਿ ਬਹਿ ਹੱਸਿਆ, ਕਾਇਆ ਮੰਦਰ ਖੋਲ੍ਹ ਕਿਵਾੜ । ਸੰਤਨ ਦੇਵੇ ਰਸ ਰਸਿਆ, ਆਤਮ ਰਸ ਅਪਰ ਅਪਾਰ । ਗੁਰਮੁਖਾਂ ਅੰਦਰ ਕਰੇ ਪਰਕਾਸ਼ ਕੋਟਨ ਰਵ ਸੱਸਿਆ, ਜੋਤੀ ਜਾਤਾ ਹੋ ਉਜਿਆਰ । ਗੁਰਸਿਖ ਹਿਰਦੇ ਅੰਦਰ ਆਪੇ ਵਸਿਆ, ਆਪੇ ਪਾਵਣਹਾਰਾ ਸਾਰ । ਸ਼ਬਦ ਨਿਰਾਲਾ ਤੀਰ ਏਕਾ ਕਸਿਆ, ਡੂੰਘੀ ਕੰਦਰ ਮਾਰੇ ਮਾਰ । ਤਤ ਵਿਕਾਰਾ ਚਰਨਾਂ ਹੇਠ ਝੱਸਿਆ, ਨਾਤਾ ਤੋੜ ਸਰਬ ਸੰਸਾਰ । ਮੇਟੇ ਰੈਣ ਅੰਧੇਰੀ ਮੱਸਿਆ, ਸਾਚਾ ਚੰਨ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਭਾਰ । ਗੁਰਮੁਖ ਦਇਆ ਕਮਾਇੰਦਾ, ਗੁਰਮੁਖ ਮੀਤਾ ਹਰਿ ਨਿਰੰਕਾਰ । ਸੰਤ ਸਾਜਣ ਮੇਲ ਮਿਲਾਇੰਦਾ, ਭਗਤ ਵਛਲ ਆਪ ਕਰਤਾਰ । ਗੁਰ ਗੁਰ ਆਪਣਾ ਨਾਉਂ ਧਰਾਇੰਦਾ, ਜਨਮੇ ਨਾ ਮਰੇ ਵਿਚ ਸੰਸਾਰ । ਸਤਿਗੁਰ ਆਪਣਾ ਧਾਮ ਆਪ ਸਮਝਾਇੰਦਾ, ਅਬਿਨਾਸ਼ੀ ਕਰਤਾ ਪੁਰਖ ਅਕਾਲ । ਜੁਗ ਜੁਗ ਆਪਣਾ ਰੂਪ ਆਪ ਪਰਗਟਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਚਲੇ ਅਵੱਲੜੀ ਚਾਲ । ਕਲਜੁਗ ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਆਪ ਵਟਾਇੰਦਾ, ਹੱਡ ਮਾਸ ਨਾੜੀ ਨਾ ਦਿਸੇ ਖਾਲ । ਰੱਤੀ ਰਤ ਨਾ ਕੋਈ ਉਪਜਾਇੰਦਾ, ਮਾਤ ਪਿਤ ਨਾਤਾ ਜੋੜੇ ਨਾ

੧੩੯੮ ਕੋਈ ਬਾਲ । ਜੋਤੀ ਜੋਤ ਜੋਤ ਡਗਮਗਾਇੰਦਾ, ਪੁਰਖ ਅਬਿਨਾਸ਼ੀ ਖੇਲ ਨਿਰਾਲ । ਗੁਰ ਸ਼ਬਦੀ ਨਾਲ ਰਲਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ੧੩੯੮

ਖੰਡਾਂ ਵਜਾਏ ਸਾਚਾ ਤਾਲ । ਅੰਡਜ ਜੇਰਜ ਵੇਖ ਵਖਾਇੰਦਾ, ਉਤਭੁਜ ਸੇਤਜ ਰਿਹਾ ਸੁਰਤ ਸੰਭਾਲ । ਚੌਥੇ ਜੁਗ ਡੇਰਾ ਢਾਹਿੰਦਾ, ਲੇਖਾ ਜਾਣੇ

੦੯ ਸ਼ਾਹ ਕੰਗਾਲ, ਸਾਚਾ ਖੰਡਾ ਹੱਥ ਚਮਕਾਇੰਦਾ, ਭੈ ਰਖਾਏ ਕਾਲ ਮਹਾਂਕਾਲ । ਨਿਰਭੌ ਆਪਣਾ ਨਾਉਂ ਧਰਾਇੰਦਾ, ਵਸਣਹਾਰਾ ਸਚਖੰਡ ਸੱਚੀ ੦੯

ਧਰਮਸਾਲ । ਦਰਗਾਹਿ ਸਾਚੀ ਵੇਖ ਵਖਾਇੰਦਾ, ਪਰਵਰਦਿਗਾਰ ਜਲਵਾ ਨੂਰ ਜਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਏਕਾ ਹਰਿ, ਗੁਰ ਗੁਰ ਰੂਪ ਮਾਤ ਧਰ, ਭਗਤ ਭਗਵੰਤ ਲਏ ਫੜ, ਸੰਤ ਸਹੇਲੇ ਲਾਏ ਲੜ, ਗੁਰਮੁਖਾਂ ਅੰਦਰ ਆਪੇ ਵੜ, ਗੁਰਸਿਖਾਂ ਲੇਖਾ ਜਾਣੇ ਚੋਟੀ ਚੜ੍ਹ, ਭੇਵ ਅਭੇਦਾ ਭੇਵ ਖੁਲਾਇੰਦਾ । ਭੇਵ ਅਭੇਦ ਭੇਵ ਖੁਲਾਵਣਾ, ਕਲਜੁਗ ਤੇਰੀ ਅੰਤਮ ਵਾਰ । ਨਿਰਗੁਣ ਜੋਤੀ ਜਾਮਾ ਵੇਸ ਵਟਾਵਨਾ, ਕਲ ਕਲਕੀ ਲਏ ਅਵਤਾਰ । ਨਿਹਕਲੰਕਾ ਏਕਾ ਡੰਕ ਵਜਾਵਣਾ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਬ੍ਰਹਮਾ ਵਿਸ਼ਨ ਸ਼ਿਵ ਉਠਾਵਨਾ, ਕ੍ਰੋੜ ਤੇਤੀਸਾ ਨੇਤਰ ਰੋਵੇ ਜ਼ਾਰੋ ਜ਼ਾਰ । ਨੌ ਖੰਡ ਪ੍ਰਿਥਮੀ ਦਹਿ ਦਿਸ਼ਾ ਆਪਣਾ ਫੇਰਾ ਪਾਵਣਾ, ਅਸਵ ਘੋੜੇ ਸਾਚੇ ਹੋ ਅਸਵਾਰ । ਸੋਲਾਂ ਕਲੀਆਂ ਆਸਣ ਲਾਵਣਾ, ਸੋਲਾਂ ਇਛਿਆ ਭਰੇ ਭੰਡਾਰ । ਨਾਮ ਖੰਡਾ ਹੱਥ ਉਠਾਵਣਾ, ਦੋ ਜਹਾਨਾ ਤਿਖੀ ਰੱਖੇ ਦੋਵੇਂ ਧਾਰ । ਗੁਰਮੁਖ ਸਾਚੇ ਮੇਲ ਮਿਲਾਵਣਾ, ਸਨਮੁਖਾ ਕਰੇ ਪਿਆਰ । ਸਚ ਕੁਠਾਲੀ ਹੱਥ ਉਠਾਵਣਾ, ਸੇਵਾ ਕਰੇ ਆਪ ਨਿਰੰਕਾਰ । ਜੋਤੀ ਲੰਬੂ ਲਾਵਣਾ, ਅਗਨੀ ਦੇਵੇ ਆਪੇ ਆਪਣੀ ਵਾਰ । ਗੁਰਸਿਖ ਸੋਨਾ ਕੰਚਨ ਕੁੰਦਨ ਵਿਚ ਰਖਾਵਣਾ, ਕਰ ਕਿਰਪਾ ਹਰਿ ਗਿਰਧਾਰ । ਸਿੰਘ ਪਾਰਸ ਰੂਪ ਵਟਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਸੋਇਨਾ ਕੰਚਨ ਕੁੰਦਨ ਸਚ ਕੁਠਾਲੀ, ਸਤਿਗੁਰ ਪੂਰਾ ਆਪੇ ਪਾਇੰਦਾ ।

ਆਪੇ ਕਰਤਾ ਕੀਮਤ ਪਾਏ ਬਣ ਦਲਾਲੀ, ਕਿਸੇ ਹੱਟ ਲੋਕਮਾਤ ਨਾ ਜਗਤ ਵਿਕਾਇੰਦਾ । ਦਰਗਹਿ ਸਾਚੀ ਸਚਖੰਡ ਦਵਾਰੇ ਜਨ ਭਗਤਾਂ ਥਾਂ ਰੱਖੇ ਖ਼ਾਲੀ, ਚਾਰ ਜੁਗ ਆਪਣਾ ਗੇੜਾ ਆਪ ਭੁਵਾਇੰਦਾ । ਜੁਗਾਂ ਜੁਗੰਤਰ ਬਣਿਆ ਰਹੇ ਮਾਲੀ, ਹਰਿਜਨ ਬੂਟੇ ਲੋਕਮਾਤ ਫੁਲ ਫਲਵਾੜੀ ਆਪ ਮਹਿਕਾਇੰਦਾ । ਨਿਰਗੁਣ ਆਦਿ ਜੁਗਾਦਿ ਜੁਗਾ ਜੁਗੰਤਰ ਆਪਣੇ ਹੱਥ ਰੱਖੇ ਖ਼ਾਲੀ, ਗੁਰਮੁਖਾਂ ਨਾਮ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕਾ ਹਰਿ, ਸੀਸ ਨਾ ਰੱਖੇ ਕੋਇ ਡਰ, ਜਗਦੀਸ ਆਪਣਾ ਖੇਲ ਖਿਲਾਇੰਦਾ । ਜਗਤ ਜਗਦੀਸ ਹਰਿ ਨਿਰੰਕਾਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਮਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਸਚਖੰਡ ਦਵਾਰਾ ਇਕ ਪਰਗਟਾਈਆ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਘਰ ਸਾਚੇ ਸੋਭਾ ਪਾਈਆ । ਏਕੰਕਾਰਾ ਨਿਰਾਕਾਰਾ, ਨਿਰਵੈਰ ਆਪਣਾ ਨਾਉਂ ਧਰਾਈਆ । ਆਦਿ ਨਿਰੰਜਣ ਹੋ ਉਜਿਆਰਾ, ਜੋਤ ਨਿਰੰਜਣ ਲੱਖ ਚੁਰਾਸੀ ਵਿਚ ਟਿਕਾਈਆ । ਅਬਿਨਾਸ਼ੀ ਕਰਤਾ ਸਾਂਝਾ ਯਾਰਾ, ਸਗਲਾ ਸੰਗ ਆਪ ਰਖਾਈਆ । ਸ੍ਰੀ ਭਗਵਾਨ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਸਮੁੰਦ ਸਾਗਰ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰਾ, ਬ੍ਰਹਮ ਮੇਲਾ ਸਾਚੇ ਮਾਹੀਆ । ਭਗਤ ਭਗਵੰਤ ਸਾਚੇ ਸੰਤ ਬਖ਼ਸ਼ੇ ਚਰਨ ਪਿਆਰਾ, ਗੁਰਮੁਖ ਗੁਰਸਿਖ ਏਕਾ ਰੰਗ ਰੰਗਾਈਆ । ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ ਲੈ ਅਵਤਾਰਾ, ਗੁਰਮੁਖ ਸਾਚੇ ਲਏ ਜਗਾਈਆ । ਸਤਿਜੁਗ ਤ੍ਰੇਤਾ ਦਵਾਪਰ ਉਤਰਿਆ ਪਾਰ ਕਿਨਾਰਾ, ਕਲਜੁਗ ਕੂਕੇ ਦਏ ਦੁਹਾਈਆ । ਜੂਠਾ ਝੂਠਾ ਨਾਤਾ ਸਰਬ ਸੰਸਾਰਾ, ਬਿਨ ਸਤਿਗੁਰ ਪੂਰੇ ਨਾ ਕੋਇ ਸਹਾਈਆ । ਸਾਕ ਸੱਜਣ ਸੈਣ ਨਾ ਕੋਈ ਮੀਤ ਮੁਰਾਰਾ, ਮਾਤ ਪਿਤ ਭਾਈ ਭੈਣ ਅੰਤ ਕਾਲ ਨਾ ਸਕੇ ਕੋਇ ਗਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਸਾਚੇ ਲਏ ਫੜ, ਔਂਦਾ ਜਾਂਦਾ ਦਿਸ ਨਾ ਆਈਆ । ਔਂਦਾ ਜਾਂਦਾ ਕਦੇ ਨਾ ਦਿਸਿਆ, ਨਿਰਗੁਣ ਰੂਪ ਅਗੰਮ ਅਪਾਰ । ਜੁਗ ਜੁਗ ਵੰਡਾਏ ਆਪਣਾ ਹਿਸਿਆ, ਗੁਰਮੁਖ ਸਾਚੇ ਲਏ ਉਭਾਰ । ਜਗਤ ਵਿਕਾਰਾ ਲਾਹਵੇ ਵਿਸਿਆ, ਅੰਮ੍ਰਿਤ ਦੇਵੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਬਹਾਏ ਸਚ ਸੱਚੇ ਦਰਬਾਰ । ਸਚ ਦਵਾਰ ਗੁਰ ਚਰਨ, ਗੁਰੂਦਵਾਰ ਇਕ ਸਮਝਾਇੰਦਾ । ਸਤਿਗੁਰ ਪੂਰਾ ਤਰਨੀ ਤਰਨ, ਤਾਰਨਹਾਰ ਇਕ ਹੋ ਆਇੰਦਾ । ਨੇਤਰ ਖੋਲ੍ਹੇ ਹਰਨ ਫਰਨ, ਅਗਿਆਨ ਅੰਧੇਰ ਚੁਕਾਇੰਦਾ । ਨਾਤਾ ਤੋੜੇ ਮਰਨ ਡਰਨ, ਜਮ ਕਾ ਭੌ ਨਾ ਕੋਇ ਰਖਾਇੰਦਾ । ਲੇਖਾ ਚੁੱਕੇ ਵਰਨ ਬਰਨ, ਜ਼ਾਤ ਪਾਤ ਨਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵਖਾਏ ਏਕਾ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸਤਿਗੁਰ ਪੂਰਾ ਆਪ ਸੁਹਾਈਆ । ਗੁਰਮੁਖ ਮੇਲੇ ਸਾਚੇ ਸੰਤ, ਧੰਨ ਧੰਨ ਜਣੇਂਦੀ ਮਾਈਆ । ਮੇਲ ਮਿਲਾਵਾ ਨਾਰੀ ਕੰਤ, ਨਰ ਨਰਾਇਣ ਵੱਡੀ ਵਡਿਆਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਜਿਸ ਜਨ ਆਪਣੀ ਦਇਆ ਕਮਾਈਆ ਗੜ੍ਹ ਤੋੜੇ ਹਉਮੇ ਹੰਗਤ, ਹੰਕਾਰ ਵਿਕਾਰ ਰਹੇ ਨਾ ਰਾਈਆ । ਮੇਲ ਮਿਲਾਏ ਸਾਚੀ ਸੰਗਤ, ਸੰਗਤ ਰੂਪ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਜਗਤ ਦਵਾਰੇ ਨਾ ਚੜ੍ਹੇ ਮੰਗਤ, ਸਤਿਗੁਰ ਪੂਰਾ ਪੂਰੀ ਇਛਿਆ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਅੰਦਰ ਬੈਠਾ ਵੜ, ਚਾਰ ਕੁੰਟ ਦਹਿ ਦਿਸ਼ਾ ਨੌ

ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਆਪਣਾ ਰੂਪ ਘਟ ਘਟ ਰਿਹਾ ਦਰਸਾਈਆ । ਆਪਣਾ ਰੂਪ ਹਰਿ ਦਰਸਾਏ, ਗੁਰਮੁਖਾਂ ਦਇਆ ਕਮਾਇੰਦਾ । ਘਟ ਘਟ ਏਕਾ ਨਜ਼ਰੀ ਆਏ, ਦੂਸਰ ਹੋਰ ਨਾ ਕੋਇ ਜਣਾਇੰਦਾ । ਵਰਨ ਬਰਨ ਨਾ ਵੰਡ ਵੰਡਾਏ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਆਤਮ ਬ੍ਰਹਮ ਪਾਰਬ੍ਰਹਮ ਪ੍ਰਭ ਰੁਸ਼ਨਾਏ, ਨੂਰੋ ਨੂਰ ਡਗਮਗਾਇੰਦਾ । ਦੀਵਾ ਬਾਤੀ ਇਕ ਜਗਾਏ, ਕਮਲਾਪਾਤੀ ਵੇਖ ਵਖਾਇੰਦਾ । ਸਾਚਾ ਸਾਕੀ ਬਣ ਬਣ ਜਾਮ ਪਿਆਏ, ਅੰਮ੍ਰਿਤ ਪਿਆਲਾ ਹੱਥ ਉਠਾਇੰਦਾ । ਲਹਿਣਾ ਦੇਣਾ ਬਾਕੀ ਦਏ ਚੁਕਾਏ, ਪੂਰਬ ਕਰਮ ਵੇਖ ਵਖਾਇੰਦਾ । ਆਤਮ ਤਾਕੀ ਬੰਦ ਖੁਲ੍ਹਾਏ, ਬਜਰ ਕਪਾਟੀ ਕੁੰਡਾ ਲਾਹਿੰਦਾ । ਗੁਰਮੁਖ ਸਾਚੇ ਗਲੇ ਲਗਾਏ ਆਪ ਆਪਣੇ ਅੰਗ ਸਮਾਇੰਦਾ । ਕੁੰਦਨ ਪਾਰਸ ਆਪ ਬਣਾਏ, ਆਪਣੀ ਭੱਠੀ ਆਪੇ ਪਾਇੰਦਾ । ਸਾਲਸ ਬਣਕੇ ਮੇਲ ਮਿਲਾਏ, ਗੁਰ ਸ਼ਬਦੀ ਨਾਉਂ ਧਰਾਇੰਦਾ । ਗੁਰ ਗੋਬਿੰਦ ਮੇਲਾ ਸਹਿਜ ਸੁਭਾਏ, ਸਿੰਘ ਰੂਪ ਹਰਿ ਆਪ ਅਖਵਾਇੰਦਾ । ਦੋਹਾਂ ਵਿਚੋਲਾ ਏਕਾ ਥਾਏਂ, ਦੋ ਜਹਾਨਾਂ ਖੇਲ ਖਿਲਾਇੰਦਾ । ਆਦਿ ਅੰਤ ਪਕੜਨਹਾਰਾ ਬਾਹੇਂ, ਬਾਹੋਂ ਪਕੜ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਦਰ ਦਵਾਰੇ ਅੱਗੇ ਖੜ, ਲੇਖਾ ਜਾਣੇ ਸੀਸ ਧੜ, ਕਿਲਾ ਕੋਟ ਕਾਇਆ ਗੜ੍ਹ ਕੰਚਨ, ਕੁਠਾਲੀ ਆਪੇ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਭਗਵਾਨ, ਲੇਖਾ ਜਾਣੇ ਸ਼ਾਹ ਸੁਲਤਾਨ, ਦੀਨ ਦਿਆਲ ਆਪਣੀ ਦਇਆ ਕਮਾਇੰਦਾ ।

੧੪੦੦ ✻ ੨੯ ਕੱਤਕ ੨੦੧੭ ਬਿਕ੍ਰਮੀ ਬੀਬੀ ਅਜੈਬ ਕੌਰ ਦੇ ਘਰ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ ✻ ੧੪੦੦

੦੯

ਕਰਤਾ ਪੁਰਖ ਹਰਿ ਕਰਨੇਜੋਗ, ਜੁਗ ਜੁਗ ਆਪਣੀ ਖੇਲ ਖਿਲਾਇੰਦਾ । ਜਨ ਭਗਤਾਂ ਮੇਲੇ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਜਗਤ ਵਿਛੋੜਾ ਕੱਟੇ ਰੋਗ, ਹਉਮੇ ਰੋਗ ਮੇਟ ਮਿਟਾਇੰਦਾ । ਆਤਮ ਅੰਤਰ ਦੇਵੇ ਸਾਚੀ ਚੋਗ, ਅੰਮ੍ਰਿਤ ਆਤਮ ਰਸ ਚਖਾਇੰਦਾ । ਲੇਖਾ ਜਾਣੇ ਚੌਦਾਂ ਲੋਕ, ਲੋਆਂ ਪੁਰੀਆਂ ਪੰਧ ਮੁਕਾਇੰਦਾ । ਸ਼ਬਦ ਸੁਣਾਏ ਅਗੰਮੀ ਸਲੋਕ, ਅਨਾਦ ਅਨਾਦੀ ਨਾਦ ਵਜਾਇੰਦਾ । ਨਾਤਾ ਤੋੜੇ ਹਰਖ ਸੋਗ, ਚਿੰਤਾ ਦੁੱਖ ਨਾ ਕੋਇ ਵਖਾਇੰਦਾ । ਚਰਨ ਦਾਸੀ ਕਰੇ ਮੁਕਤ ਮੋਖ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਹਰਿਜਨ ਉਭਾਰੇ ਵਿਚੋਂ ਕੋਟਨ ਕੋਟੀ ਕੋਟ, ਲੱਖ ਚੁਰਾਸੀ ਫੋਲ ਫੁਲਾਇੰਦਾ । ਤਨ ਨਗਾਰੇ ਲਾਏ ਚੋਟ, ਧੁਨ ਆਤਮਕ ਆਪ ਉਪਜਾਇੰਦਾ । ਕੂੜੀ ਕਿਰਿਆ ਕੱਢੇ ਖੋਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਚਰਨ ਕਵਲ ਕਵਲ ਚਰਨ ਏਕਾ ਬਖ਼ਸ਼ੇ ਸਾਚੀ ਓਟ, ਪੁਰਖ ਅਬਿਨਾਸ਼ਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਤਿਤ ਪਾਪੀ ਪਾਰ ਉਤਾਰ ਦਾ । ਪਤਿਤ ਪਾਪੀ ਉਧਾਰਨ ਹਰਿ, ਆਦਿ ਜੁਗਾਦਿ ਸਮਾਇਆ । ਆਪਣੀ ਕਿਰਪਾ ਆਪੇ ਕਰ, ਦੁਰਮਤ ਮੈਲ ਦਏ ਧੁਆਇਆ । ਜੋ ਜਨ ਸਰਨਾਈ ਜਾਏ ਪੜ, ਸਾਚੇ ਪੌੜੇ ਦਏ ਚੜ੍ਹਾਇਆ । ਕਿਲਾ ਤੋੜ ਹੰਕਾਰੀ ਗੜ੍ਹ, ਨਿਵਣ ਸੋ ਅੱਖਰ ਇਕ ਸਮਝਾਇਆ । ਸਤਿਗੁਰ ਪੂਰਾ ਲਗਾਏ ਆਪਣੇ ਲੜ, ਸ਼ਬਦ ਡੋਰੀ ਹੱਥ ਵਖਾਇਆ । ਦਰਸ ਦਿਖਾਏ ਅੱਗੇ ਖੜ, ਨਿਰਗੁਣ ਸਰਗੁਣ ਮੇਲ ਮਿਲਾਇਆ । ਹਰਿ ਕਾ ਰੂਪ ਨਾ ਕੋਈ ਸੀਸ ਨਾ ਕੋਈ ਧੜ, ਕਾਇਆ ਚੋਲੀ ਪੰਜ ਤਤ ਨਾ ਕੋਇ ਰਖਾਇਆ । ਆਪਣੀ ਕਰਨੀ ਆਪੇ ਕਰ, ਕੁਦਰਤ ਕਾਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਜੁਗਾ

ਜੁਗੰਤਰ ਗਲੇ ਲਗਾਇਆ । ਜੁਗ ਜੁਗ ਸਾਚੀ ਕਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਹਰਿਜਨ ਸਾਚੇ ਕਰ ਪਿਆਰ, ਆਪ ਆਪਣਾ ਮੇਲ ਮਿਲਾਇੰਦਾ । ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਿਤ ਪਾਪੀ ਲਏ ਵਰ, ਪਤਿਤ ਉਧਾਰਨ ਆਪ ਹੋ ਆਇੰਦਾ । ਪਤਿਤ ਪਾਪੀ ਬੇੜਾ ਪਾਰ, ਡੂੰਘੇ ਸਾਗਰ ਪਾਰ ਕਰਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹ ਸੁਲਤਾਨਾ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਲੈ ਅਵਤਾਰ, ਜੋਤੀ ਜਾਮਾ ਵੇਸ ਵਟਾਈਆ । ਖੜਗ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਚਮਕਾਈਆ । ਜੇਰਜ ਅੰਡਾਂ ਦਏ ਹੁਲਾਰ, ਨਿਰਗੁਣ ਨਿਰਵੈਰ ਆਪਣਾ ਰੂਪ ਆਪ ਧਰਾਈਆ । ਗੁਰਮੁਖ ਸਾਚੇ ਲਏ ਉਭਾਰ, ਸਾਚੀ ਗੋਦੀ ਆਪ ਸੁਹਾਈਆ । ਦਰ ਵਖਾਏ ਠਾਂਡਾ ਦਰਬਾਰ, ਥਿਰ ਘਰ ਵੱਜਦੀ ਰਹੇ ਵਧਾਈਆ । ਸਚਖੰਡ ਕਰੇ ਸਚ ਪਿਆਰ, ਸਾਚੇ ਤਖ਼ਤ ਸਾਚਾ ਮਾਹੀਆ । ਗੁਣ ਅਵਗੁਣ ਨਾ ਕਰੇ ਕੋਇ ਵਿਚਾਰ, ਗੁਣਵੰਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਤਿਤ ਪਾਪੀ ਵੇਖ ਵਖਾਈਆ । ਪਤਿਤ ਪਾਪੀ ਪਾਰ ਕਿਨਾਰਾ, ਦੁਰਮਤ ਮੈਲ ਧੁਆਇੰਦਾ । ਘਟ ਘਟ ਅੰਦਰ ਕਰ ਪਸਾਰਾ, ਹਰਿ ਹਰਿ ਵੇਖ ਵਖਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਡਗਮਗਾਇੰਦਾ । ਸਾਚਾ ਸਾਕੀ ਬਣ ਵਣਜਾਰਾ, ਅੰਮ੍ਰਿਤ ਨਾਮ ਪਿਆਲਾ ਇਕ ਪਿਆਇੰਦਾ । ਖੋਲ੍ਹੇ ਤਾਕੀ ਬੰਦ ਕਿਵਾੜਾ, ਅੰਧ ਅੰਧੇਰ ਗਵਾਇੰਦਾ । ਸਤਿਗੁਰ ਪੂਰਾ ਸਾਚਾ ਲਾੜਾ, ਧੁਰ ਦਰਗਾਹੀ ਫੇਰਾ ਪਾਇੰਦਾ । ਗੁਰਮੁਖ ਵੇਖੇ ਸੁਹਾਗਣ ਨਾਰਾ, ਪੀਆ ਪ੍ਰੀਤਮ ਮੇਲ ਮਿਲਾਇੰਦਾ । ਸਾਚੀ ਸਖੀਆਂ ਮੰਗਲਚਾਰਾ, ਪੀਆ ਪ੍ਰੀਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਘਰ, ਗ੍ਰਹਿ ਮੰਦਰ ਖੋਜ ਖੁਜਾਇੰਦਾ । ਗ੍ਰਹਿ ਮੰਦਰ ਡੂੰਘੀ ਗਾਰ, ਕਾਇਆ ਹੱਟ ਵੇਖ ਵਖਾਇੰਦਾ । ਮਾਣਸ ਮਾਨੁਖ ਭੁੱਲੇ ਜੀਵ ਗਵਾਰ, ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ । ਚਾਰੋਂ ਕੁੰਟ ਅੰਧ ਅੰਧਿਆਰ, ਜਗਤ ਅੰਧੇਰਾ ਸਾਰੇ ਛਾਇੰਦਾ । ਸ੍ਰਿਸ਼ਟ ਸਬਾਈ ਸੁੱਤੀ ਪੈਰ ਪਸਾਰ, ਤ੍ਰੈਗੁਣ ਮਾਇਆ ਪਰਦਾ ਏਕਾ ਪਾਇੰਦਾ । ਗੁਰਮੁਖ ਵਿਰਲਾ ਹੋਏ ਉਜਿਆਰ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਮਾਇਆ ਮਮਤਾ ਦੁਖੜਾ ਦਏ ਨਵਾਰ, ਆਸਾ ਤ੍ਰਿਸਨਾ ਮੋਹ ਚੁਕਾਇੰਦਾ । ਸਾਚਾ ਸ਼ਬਦ ਦਏ ਇਕ ਆਧਾਰ, ਆਤਮ ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਈਸ਼ ਜੀਵ ਜਾਣੇ ਕਰਮ, ਜਗਤ ਜਗਦੀਸ਼ ਵੇਖ ਵਖਾਇੰਦਾ । ਸਤਿਗੁਰ ਸਰਨਾਈ ਸਾਚਾ ਧਰਮ, ਦੂਸਰ ਧਰਮ ਨਾ ਕੋਇ ਬਣਾਇੰਦਾ । ਗੁਰ ਪੂਰਾ ਹਾਜ਼ਰ ਹਜ਼ੂਰਾ ਨੇਤਰ ਲੋਚਣ ਖੋਲ੍ਹੇ ਹਰਨ ਫਰਨ, ਆਪਣਾ ਲੋਇਣ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰਾ, ਜੁਗਾ ਜੁਗੰਤਰ ਪਾਵੇ ਸਾਰਾ, ਕਲਜੁਗ ਤੇਰੀ ਅੰਤਮ ਵਾਰਾ, ਏਕਾ ਡੰਕਾ ਸ਼ਬਦ ਵਜਾਇੰਦਾ । ਡੰਕਾ ਸ਼ਬਦ ਹਰਿ ਕਰਤਾਰ, ਚਾਰ ਕੁੰਟ ਦਹਿ ਦਿਸ਼ਾ ਆਪ ਵਜਾਈਆ । ਦੋ ਜਹਾਨਾਂ ਕਰੇ ਖ਼ਬਰਦਾਰ, ਚੌਦਾਂ ਲੋਕਾਂ ਆਪ ਉਠਾਈਆ । ਚੌਦਾਂ ਤਬਕਾਂ ਮਾਰੇ ਮਾਰ, ਹਰਿ ਜੂ ਵੇਖੇ ਖ਼ਲਕ ਖ਼ੁਦਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਜਲਵਾ ਨੂਰ ਨੂਰ ਇਲਾਹੀਆ । ਨੂਰ ਨੁਰਾਨਾ ਹੋ ਉਜਿਆਰ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਬਲ ਨਗਰੀ ਧਾਮ ਨਿਆਰ, ਏਕਾ ਬੈਠਾ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਲ੍ਹਣਹਾਰਾ

ਸਾਚਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਵਾਰ ਸੁਹੰਦੜਾ, ਹਰਿ ਸਤਿਗੁਰ ਸੱਜਣ ਮੀਤ । ਗੁਰਮੁਖ ਸੱਜਣ ਮੇਲ ਮਿਲੰਦੜਾ, ਆਦਿ ਜੁਗਾਦੀ ਸਾਚੀ ਰੀਤ । ਪਤਿਤ ਪਾਪੀ ਆਪ ਤਰੰਦੜਾ, ਕਰੇ ਕਰਾਏ ਪਤਿਤ ਪੁਨੀਤ । ਸਾਚੇ ਧਾਮ ਆਪ ਸੁਹੰਦੜਾ, ਧਾਮ ਵਖਾਏ ਇਕ ਅਨਡੀਠ । ਚਾਰ ਵੇਦ ਲੇਖਾ ਲੇਖ ਨਾ ਕੋਇ ਲਿਖੰਦੜਾ, ਪੁਰਾਨ ਅਠਾਰਾਂ ਗਾਏ ਹਰਿ ਹਰਿ ਗੀਤ । ਹਰਿ ਜੂ ਸਾਚਾ ਵੇਸ ਵਟੰਦੜਾ ਜਨ ਭਗਤਾਂ ਵਸੇ ਸਦਾ ਚੀਤ । ਚਿਤਵਤ ਠਗੌਰੀ ਕੋਇ ਨਾ ਪੰਦੜਾ, ਲੇਖਾ ਜਾਣੇ ਹਸਤ ਕੀਟ । ਹਸਤ ਕੀਟ ਏਕਾ ਰੰਗ ਰਗੰਦੜਾ, ਮੇਲ ਮਿਲਾਏ ਊਚ ਨੀਚ । ਊਚ ਨੀਚ ਅੰਦਰ ਆਸਣ ਲਗੰਦੜਾ, ਨਿਰਗੁਣ ਦਾਤਾ ਸੂਚੋ ਸੂਚ । ਸਚ ਸੁੱਚ ਆਪਣਾ ਨਾਮ ਦ੍ਰਿੜੰਦੜਾ, ਕਾਇਆ ਮਾਟੀ ਵੇਖੇ ਕਚ । ਕਾਇਆ ਕੰਚਨ ਗੜ੍ਹ ਆਪ ਸੁਹੰਦੜਾ, ਗੁਰਸਿਖਾਂ ਹਿਰਦੇ ਆਪੇ ਰਚ । ਸਾਚੇ ਹਿਰਦੇ ਡੇਰਾ ਲਗੰਦੜਾ, ਤ੍ਰੈਗੁਣ ਮਾਇਆ ਨਾ ਜਾਏ ਮਚ । ਤ੍ਰੈਗੁਣ ਅਗਨੀ ਤਤ ਬੁਝਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚਾ ਮਾਰਗ ਏਕਾ ਦੱਸ । ਸਾਚਾ ਮਾਰਗ ਹੱਥ ਕਰਤਾਰ, ਆਦਿ ਜੁਗਾਦਿ ਲਗਾਇਆ । ਸਤਿਜੁਗ ਤ੍ਰੇਤਾ ਦਵਾਪਰ ਵੇਖੇ ਆਪਣੀ ਵਾਰ, ਕਲਜੁਗ ਅੰਤਮ ਵੇਖਣ ਆਇਆ । ਨਿਹਕਲੰਕਾ ਜਾਮਾ ਧਾਰ, ਸ਼ਬਦ ਡੰਕਾ ਇਕ ਸੁਣਾਇਆ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇਆ । ਗੁਰਸਿਖ ਮੇਲੇ ਵਿਛੜੇ ਯਾਰ, ਜਗਤ ਵਿਛੋੜਾ ਫੰਦ ਕਟਾਇਆ । ਏਕਾ ਸੋਹਲਾ ਸੁਣਾਏ ਆਪਣੀ ਵਾਰ, ਸੋ ਪੁਰਖ ਨਿਰੰਜਣ ਢੋਲਾ ਗਾਇਆ । ਹੰ ਬ੍ਰਹਮ ਕਰੇ ਪਿਆਰ, ਆਤਮ
੧੪੦੨ ਬ੍ਰਹਮ ਹੋਏ ਸਹਾਇਆ । ਏਕਾ ਏਕ ਏਕੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਿਤ ਪਾਪੀ ਲਾਏ ਪਾਰ । ਪਤਿਤ ੧੪੦੨
ਪਾਪੀ ਬੇੜਾ ਤਾਰਦਾ, ਕਿਰਪਾਨਿਧ ਹਰਿ ਦੀਨ ਦਿਆਲ । ਲੇਖਾ ਜਾਣੇ ਮੂਰਖ ਮੁਗਧ ਬਾਲ ਅੰਞਾਣ ਦਾ, ਚਤਰ ਸੁਘੜ ਸ੍ਰੀ ਭਗਵਾਨ । ਪੂਰਬ ਜਨਮਾ ਕਰਮ ਪਛਾਣਦਾ, ਲਹਿਣਾ ਦੇਵੇ ਦੋ ਜਹਾਨ । ਹਰਿਜਨ ਹਰਿਭਗਤ ਹਰਿ ਚਰਨ ਦਵਾਰੇ ਰੰਗ ਮਾਣਦਾ, ਲੱਖ ਚੁਰਾਸੀ ਨਾਤਾ ਜੁੜਿਆ ਪੰਜ ਸ਼ੈਤਾਨ । ਕਲਜੁਗ ਵੇਲਾ ਅੰਤਮ ਬ੍ਰਹਮ ਗਿਆਨ ਦਾ, ਕਲਜੁਗ ਭੁੱਲਾ ਜੀਵ ਨਾਦਾਨ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਨਾ ਕੋਇ ਪਛਾਣਦਾ, ਚਾਰ ਵਰਨ ਹੋਏ ਹੈਰਾਨ । ਆਤਮ ਸੇਜ ਕੰਤ ਕੰਤੂਲ ਹਰਿ ਭਗਵੰਤ ਰੰਗ ਨਾ ਕੋਇ ਮਾਣਦਾ, ਤ੍ਰੈਗੁਣ ਮਾਇਆ ਹੇਠ ਵਿਛਾਈ ਸੇਜ ਸੂਲ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਘਟ ਘਟ ਅੰਤਰ ਆਪੇ ਜਾਣਦਾ, ਆਦਿ ਜੁਗਾਦਿ ਜੁਗਾ ਜੁਗੰਤਰ ਆਪ ਪਛਾਣੇ ਆਪਣਾ ਮੂਲ । ਗੁਰਮੁਖ ਗੁਰਸਿਖ ਗੁਰ ਸਤਿਗੁਰ ਸਾਚਾ ਆਪ ਪਛਾਣਦਾ, ਲੋਕਮਾਤ ਮਾਰ ਝਾਤ, ਆਪ ਉਪਜਾਏ ਦਇਆ ਕਮਾਏ ਫੁਲ ਫਲਵਾੜੀ ਸਾਚੇ ਫੂਲ ।

## ੨੯ ਕੱਤਕ ੨੦੧੭ ਬਿਕ੍ਰਮੀ ਮਹਿੰਦਰ ਸਿੰਘ ਦੇ ਘਰ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ

ਜਗਤ ਵਿਕਾਰਾ ਗਹਿਰਾ ਸਾਗਰ, ਕੂੜੀ ਕਿਰਿਆ ਤਾਲ ਵਜਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਨਾਮ ਰਤੀ ਰਤਨਾਗਰ, ਰਤੀ ਰਤਨਾਗਰ ਲੇਖੇ ਪਾਇੰਦਾ । ਸਾਚੇ ਨਾਮ ਕਰੇ ਸੌਦਾਗਰ, ਸਾਚਾ ਵਣਜ ਇਕ ਕਰਾਇੰਦਾ । ਭਾਗ ਲਗਾਏ ਕਾਇਆ ਗਾਗਰ, ਅੰਮ੍ਰਿਤ ਆਤਮ ਧਾਰ ਚੁਵਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਆਦਰ, ਜੁਗ ਜੁਗ ਹਰਿਜਨ ਹਰਿ ਹਰਿ ਵੇਖ ਵਖਾਇੰਦਾ ।

ਕਰੇ ਖੇਲ ਹਰਿ ਕਰਤਾ ਕਾਦਰ, ਬੇਐਬ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਨਾਤਾ ਤੋੜੇ ਕੂੜੋ ਕੂੜ, ਏਕਾ ਬਖ਼ਸ਼ੇ ਚਰਨ ਧੂੜ, ਚਰਨ ਚਰਨੋਦਕ ਮਸਤਕ ਤਿਲਕ ਇਕ ਲਗਾਇੰਦਾ । ਚਰਨ ਧੂੜੀ ਸਾਚੀ ਵਸਤ ਅਨਮੋਲ, ਗੁਰਸਿਖ ਹਰਿ ਹਰਿ ਝੋਲੀ ਪਾਇੰਦਾ । ਸਦਾ ਸੁਹੇਲਾ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਪੂਰਾ ਕਰੇ ਕੀਤਾ ਕੌਲ, ਕਵਲ ਆਪਣਾ ਆਪ ਉਲਟਾਇੰਦਾ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਹਰਿ ਆਪਣਾ ਰੂਪ ਪਰਗਟਾਇੰਦਾ । ਕਾਇਆ ਕੂੜਾ ਜਗਤ ਨਾਤਾ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਚਾਰੋਂ ਕੁੰਟ ਅੰਧੇਰੀ ਰਾਤਾ, ਨਿਰਗੁਣ ਰੂਪ ਨਾ ਕੋਇ ਦਰਸਾਈਆ । ਗ਼ਰੀਬ ਨਿਮਾਣਿਆਂ ਪੁੱਛੇ ਨਾ ਕੋਈ ਵਾਤਾ, ਗ੍ਰਿਹ ਮੰਦਰ ਅੰਦਰ ਡੂੰਘੀ ਕੰਦਰ ਪੰਜ ਤਤ ਕਰੇ ਲੜਾਈਆ । ਮਾਇਆ ਮਮਤਾ ਫਿਰੇ ਨਾਰ ਕਮਜ਼ਾਤਾ, ਜਗਤ ਦੁਹਾਗਣ ਦੇਵੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਦੀਨਾਂ ਨਾਥ ਦਰਦ ਦੁਖ ਭੈ ਭੰਜਨ, ਹਰਿਜਨ ਪਾਏ ਨੇਤਰ ਅੰਜਨ, ਅਗਿਆਨ ਅੰਧੇਰਾ ਦਏ ਮਿਟਾਈਆ । ਅਗਿਆਨ ਅੰਧੇਰਾ ਦੇਵੇ ਕੱਟ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਦੂਈ ਦਵੈਤੀ ਮੇਟੇ ਫਟ, ਏਕਾ ਨਿਰਗੁਣ ਰੰਗ ਰੰਗਾਇੰਦਾ । ਸਾਚੀ ਵਸਤ ਵਕਾਏ ਸਾਚੇ ਹੱਟ, ਜਗਤ ਦਵਾਰ ਨਾ ਕੋਇ ਫਿਰਾਇੰਦਾ । ਦੇਵਣਹਾਰਾ ਬ੍ਰਹਮ ਮਤ, ਤਤਵ ਤਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਵੇਖੇ ਆਪੇ ਵੜ, ਲੇਖਾ ਲੇਖੇ ਆਪੇ ਪਾਇੰਦਾ । ਪੰਜ ਤਤ ਜਗਤ ਬੰਧਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਤ੍ਰੈਗੁਣ ਮਾਇਆ ਬੱਧਾ ਤੰਦਨ, ਮਨ ਮਤ ਬੁਧ ਵੇਸ ਵਟਾਇੰਦਾ । ਗੁਰਮੁਖ ਵਿਰਲਾ ਜਾਣੇ ਪਰਮਾਨੰਦਨ, ਜਿਸ ਜਨ ਆਤਮ ਅੰਤਰ ਮੇਲ ਮਿਲਾਇੰਦਾ । ਧੁਨ ਅਨਾਦੀ ਨਾਦ ਗਾਏ ਸੁਹਾਗੀ ਛੰਦਨ, ਅਜਪਾ ਜਾਪ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਵਡ ਪਰਤਾਪ, ਮੇਟਣਹਾਰਾ ਤੀਨੋਂ ਤਾਪ, ਜਗਤ ਸੰਤਾਪ ਆਪ ਗਵਾਇੰਦਾ । ਜਗਤ ਸੰਤਾਪ ਮਿਟੇ ਦੁੱਖ, ਕਾਇਆ ਰੋਗ ਰਹੇ ਨਾ ਰਾਈਆ । ਉਜਲ ਕਰੇ ਭਗਤ ਮੁਖ, ਮੁਖ ਮੁਖੜਾ ਆਪ ਸਾਲਾਹੀਆ । ਸਫਲ ਕਰੇ ਮਾਤ ਕੁੱਖ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਇਕ ਲੱਖ ਅਸੀ ਹਜ਼ਾਰ ਅੰਦਰ ਬਹੇ ਨਾ ਕੋਇ ਲੁਕ, ਪਸੂ ਪਰੇਤ ਭੂਤ ਚਕਰ ਜਿਨ ਖ਼ਬੀਸ ਦਏ ਖਪਾਈਆ । ਸਯਦ ਮੁਲਾਂ ਸ਼ੇਖ਼ ਪੀਰ ਮਸਾਇਕ ਕੋਇ ਨਾ ਮਾਰੇ ਆਏ ਚੱਕਰ, ਦਰ ਦਵਾਰੇ ਦਏ ਦੁਰਕਾਈਆ । ਮੜੀ ਮਸਾਣਾ ਲਾਹੇ ਸੱਥਰ, ਸ਼ਬਦ ਖੰਡਾ ਇਕ ਚਮਕਾਈਆ । ਕੂੜੀ ਕਿਰਿਆ ਕਰੇ ਵੱਖਰ, ਸਾਚੀ ਵਸਤ ਅਮੋਲਕ ਏਕਾ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਰੀਬ ਨਿਮਾਣੇ ਜਾਏ ਤਾਰ, ਤਾਰਨਹਾਰ ਇਕ ਸੱਚਾ ਸ਼ਹਿਨਸ਼ਾਹੀਆ । ਤਾਰਨਹਾਰਾ ਆ ਗਿਆ, ਨਿਰਗੁਣ ਜੋਤੀ ਜਾਮਾ ਧਾਰ । ਗ਼ਰੀਬ ਨਿਮਾਣੇ ਗਲੇ ਲਗਾ ਰਿਹਾ, ਹਰਖ ਸੋਗ ਤੋਂ ਵਸਿਆ ਬਾਹਰ । ਊਚ ਨੀਚ ਨਾ ਕੋਇ ਜਣਾ ਰਿਹਾ, ਏਕਾ ਸਰਨ ਬਖ਼ਸ਼ੇ ਸੱਚੀ ਸਰਨਾਰ । ਅੰਮ੍ਰਿਤ ਜਾਮ ਪਿਆਲਾ ਸਾਚੀ ਮਦਿ ਆਪ ਪਿਆ ਰਿਹਾ, ਅੱਠੇ ਪਹਿਰ ਰਹੇ ਖ਼ੁਮਾਰ । ਬ੍ਰਹਮ ਨਦ ਇਕ ਵਜਾ ਰਿਹਾ, ਸਦ ਵੱਜਦੀ ਰਹੇ ਸਤਾਰ ਲੱਖ ਚੁਰਾਸੀ ਵਿਚੋਂ ਕੱਢ ਹਰਿ ਸੰਗਤ ਮੇਲ ਮਿਲਾ ਲਿਆ, ਨਾਤਾ ਤੋੜ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਬਖ਼ਸ਼ੇ ਇਕ ਇਕੱਲਾ ਬਖ਼ਸ਼ਣਹਾਰ ।

## ❋ ੨੯ ਕੱਤਕ ੨੦੧੭ ਬਿਕ੍ਰਮੀ ਦਾਰਾ ਸਿੰਘ ਦੇ ਘਰ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❋

ਤਖ਼ਤ ਨਿਵਾਸੀ ਸ਼ਾਹ ਪਾਤਸ਼ਾਹ, ਪੁਰਖ ਅਬਿਨਾਸ਼ੀ ਇਕ ਅਖਵਾਇੰਦਾ । ਸ਼ਾਹੋ ਸ਼ਾਬਾਸੀ ਬੇਪਰਵਾਹ, ਨਿਰਗੁਣ ਨਿਰਵੈਰ ਨਾਉਂ ਰਖਾਇੰਦਾ । ਵਸਣਹਾਰਾ ਸਾਚੇ ਥਾਂ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਜੁਗਾਦੀ ਕਰੇ ਇਕ ਨਿਆਂ, ਹੁਕਮ ਹਾਕਮ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਇਕ ਭਗਵੰਤਾ, ਆਪਣੀ ਰਚਨਾ ਆਪ ਰਚਾਇੰਦਾ । ਸ਼ਾਹ ਪਾਤਸ਼ਾਹ ਹਰਿ ਭਗਵਾਨਾ, ਪਰਮ ਪੁਰਖ ਵੱਡੀ ਵਡਿਆਈਆ । ਖੇਲੇ ਖੇਲ ਦੋ ਜਹਾਨਾ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਬਦ ਸੁਣਾਏ ਧੁਰ ਫ਼ਰਮਾਣਾ, ਬੋਧ ਅਗਾਧਾ ਆਪ ਅਲਾਈਆ । ਆਪੇ ਜਾਣੇ ਆਪਣਾ ਭਾਣਾ, ਸਦ ਭਾਣੇ ਹਰਿ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਹਿਨਸ਼ਾਹ ਸਚ ਦਰਬਾਰਾ, ਦਰਗਹਿ ਸਾਚੀ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਬਣ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਵਰਤਣਹਾਰਾ ਸਤਿ ਵਰਤਾਰਾ, ਸਤਿ ਸਤਿਵਾਦੀ ਧਾਰ ਜਣਾਇੰਦਾ । ਏਕੰਕਾਰਾ ਬਣੇ ਘੜਨ ਭੰਨਣਹਾਰਾ, ਸਮਰਥ ਪੁਰਖ ਰੂਪ ਵਟਾਇੰਦਾ । ਆਦਿ ਨਿਰੰਜਣ ਕਰ ਪਸਾਰਾ, ਜੋਤ ਉਜਾਲਾ ਵੇਖ ਵਖਾਇੰਦਾ । ਸ੍ਰੀ ਭਗਵਾਨ ਦਰ ਦਰਬਾਰ ਬਣੇ ਭਿਖਾਰਾ, ਮੰਗਣਹਾਰਾ ਰੂਪ ਵਟਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਅਤੋਟ ਭੰਡਾਰਾ, ਅਤੁਟ ਆਪ ਵਰਤਾਇੰਦਾ । ਪਾਰਬ੍ਰਹਮ ਆਪੇ ਜਾਣੇ ਆਪਣੀ ਕਾਰਾ, ਕਰਨੀ ਕਿਰਤ ਕਰਤਾ ਪੁਰਖ ਆਪ ਕਰਾਇੰਦਾ । ਜੁਗਾ ਜੁਗੰਤਰ ਹੋ ਉਜਿਆਰਾ, ਲੋਕਮਾਤ ਵੇਸ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰਾ, ਤ੍ਰੈ ਤ੍ਰੈ ਲੇਖਾ ਬਹਿ ਸਮਝਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਗ੍ਰਿਹ ਮੰਦਰ ਆਪ ਵਜਾਇੰਦਾ । ਲੇਖਾ ਜਾਣੇ ਸ਼ਾਹ ਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪ ਖਲਾਇੰਦਾ । ਸ਼ਹਿਨਸ਼ਾਹ ਹਰਿ ਗ਼ਰੀਬ ਨਿਵਾਜ਼ਾ, ਮਹਿਮਾ ਅਕਥ ਕਥੀ ਨਾ ਜਾਈਆ । ਭੂਪਨ ਭੂਪ ਵਡ ਵਡ ਰਾਜਾ, ਰਾਜ ਰਾਜਾਨ ਇਕ ਅਖਵਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਿਆ ਕਾਜਾ, ਰਵ ਸਸ ਕਰੇ ਰੁਸ਼ਨਾਈਆ । ਆਦਿ ਜੁਗਾਦਿ ਫਿਰੇ ਭਾਜਾ, ਨਿਰਗੁਣ ਨਿਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵਡਾ ਵਡ ਵਡਿਆਈਆ । ਸ਼ਾਹ ਪਾਤਸ਼ਾਹ ਹਰਿ ਭਗਵੰਤ, ਦਰ ਘਰ ਸਾਚੇ ਸੋਭਾ ਪਾਇੰਦਾ । ਲੇਖਾ ਜਾਣੇ ਜੁਗਾਂ ਜੁਗੰਤ, ਜੁਗ ਚੌਕੜੀ ਵੰਡ ਵੰਡਾਇੰਦਾ । ਆਪਣੀ ਮਹਿਮਾ ਜਾਣੇ ਬੇਅੰਤ, ਲੇਖਾ ਲੇਖ ਨਾ ਕੋਇ ਵਖਾਇੰਦਾ । ਧਾਰ ਬੰਧਾਏ ਨਾਰੀ ਕੰਤ, ਨਰਾਇਣ ਸੇਜ ਸੁਹਾਇੰਦਾ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਹਰਿ ਪੁਰਖ ਨਿਰੰਜਣ ਆਪ ਅਖਵਾਇੰਦਾ । ਆਦਿ ਜੁਗਾਦੀ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਹੱਥ ਉਠਾਏ ਸਤਿ ਨਿਸ਼ਾਨਾ, ਸਚ ਦਰਬਾਰੇ ਆਪ ਝੁਲਾਇੰਦਾ । ਆਪੇ ਜਾਣੇ ਆਪਣਾ ਆਵਣ ਜਾਣਾ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਆਪ ਪਰਗਟਾਏ ਆਪਣਾ ਬਾਣਾ, ਅਨਭਵ ਆਪਣੀ ਜੋਤ ਡਗਮਗਾਇੰਦਾ । ਆਪੇ ਗਾਏ ਆਪਣਾ ਗਾਣਾ, ਤੁਰੀਆ ਰਾਗ ਨਾਦ ਵਜਾਇੰਦਾ । ਵਸਣਹਾਰਾ ਸਚ ਮਕਾਨਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਥਿਰ ਘਰ ਦੇਵਣਹਾਰਾ



੧੪੦੪ ੦੯

ਮਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਆਦਿ ਅੰਤ ਆਪਣਾ ਰੂਪ ਆਪ ਪਰਗਟਾਇੰਦਾ । ਸ਼ਾਹ ਪਾਤਸ਼ਾਹ ਪਾਰਬ੍ਰਹਮ, ਇਕ ਇਕੱਲਾ ਏਕੰਕਾਰਿਆ । ਨਾ ਮਰੇ ਨਾ ਪਏ ਜੰਮ, ਨਿਰਗੁਣ ਜੋਤ ਨੂਰ ਉਜਿਆਰਿਆ । ਗਗਨ ਪਾਤਾਲ ਰਹਾਏ ਬਿਨ ਬਿਨ ਥੰਮ, ਕਰੇ ਖੇਲ ਅਪਰ ਅਪਾਰਿਆ । ਸਾਚੇ ਮੰਦਰ ਵਸੇ ਬਿਨ ਛੱਪਰ ਛੰਨ, ਚਾਰ ਦੀਵਾਰ ਨਾ ਬਣਤ ਬਣਾ ਰਿਹਾ । ਨਾ ਕੋਈ ਜਨਨੀ ਜਣੇ ਜਨ, ਮਾਤ ਪਿਤ ਨਾ ਕੋਇ ਵਖਾ ਰਿਹਾ । ਆਪਣਾ ਬੇੜਾ ਆਪੇ ਬੰਨ੍ਹ, ਪੁਰਖ ਅਕਾਲ ਆਪ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸੀਸ ਤਾਜ ਆਪ ਸੁਹਾ ਲਿਆ । ਸ਼ਾਹ ਪਾਤਸ਼ਾਹ ਸੀਸ ਸੁਹਾਏ ਤਾਜ, ਇਕ ਇਕੱਲਾ ਵਡ ਵਡਿਆਈਆ । ਦੋ ਜਹਾਨਾਂ ਕਰੇ ਸਾਚਾ ਰਾਜ, ਸ਼ਹਿਨਸ਼ਾਹ ਬੇਪਰਵਾਹੀਆ । ਜੁਗਾ ਜੁਗੰਤਰ ਰਚ ਰਚ ਕਾਜ, ਨਿਰਗੁਣ ਸਰਗੁਣ ਰੂਪ ਵਟਾਈਆ । ਗੁਰੂਆਂ ਪੀਰਾਂ ਸਾਧਾਂ ਸੰਤਾਂ ਦੇਵਣਹਾਰਾ ਏਕਾ ਦਾਜ, ਨਾਮ ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਕਰਨੇਹਾਰਾ, ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਅਭੇਦਾ ਭੇਵ ਖੁਲ੍ਹਾਈਆ । ਸ਼ਾਹ ਪਾਤਸ਼ਾਹ ਹਰਿ ਦੀਨ ਦਿਆਲਾ, ਦਇਆਨਿਧ ਆਪ ਅਖਵਾਇੰਦਾ । ਏਕਾ ਵਸੇ ਸਚਖੰਡ ਸੱਚੀ ਧਰਮਸਾਲਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸੇਵਾ ਲਾਏ ਕਾਲ ਮਹਾਂਕਾਲਾ, ਜੁਗ ਚੌਕੜੀ ਗੇੜਾ ਆਪ ਦੁਆਇੰਦਾ । ਲੱਖ ਚੁਰਾਸੀ ਫੁਲ ਫਲਵਾੜੀ ਵੇਖੇ ਪਤ ਡਾਲ੍ਹਾ, ਨਵ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਸ਼ਬਦ ਅਗੰਮੀ ਬਣ ਦਲਾਲਾ, ਪਵਣ ਸਵਾਸੀ ਦਮੀ ਮੂਲ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋੜਨਹਾਰਾ ਜਗਤ ਜੰਜਾਲਾ, ਤ੍ਰੈਗੁਣ ਮਾਇਆ ਪੰਧ ਮੁਕਾਇੰਦਾ । ਸ਼ਾਹ ਪਾਤਸ਼ਾਹ ਹਰਿ ਸਾਚਾ ਸਤਿਗੁਰ, ਏਕਾ ਏਕ ਅਖਵਾਇੰਦਾ । ਲੇਖਾ ਜਾਣੇ ਲਿਖਿਆ ਧੁਰ, ਧੁਰ ਲੇਖਾ ਆਪ ਲਿਖਾਇੰਦਾ । ਜੁਗਾ ਜੁਗੰਤਰ ਦੋ ਜਹਾਨਾਂ ਲਾਏ ਏਕਾ ਪੌੜ, ਲੋਕ ਪਰਲੋਕ ਵੇਖ ਵਖਾਇੰਦਾ । ਵਸਣਹਾਰਾ ਅੰਧਘੋਰ, ਦੀਪਕ ਜੋਤ ਗਿਆਨ ਆਪੇ ਡਗਮਗਾਇੰਦਾ । ਲੇਖਾ ਜਾਣੇ ਪੰਜ ਚੋਰ, ਪੰਚਮ ਸ਼ਬਦ ਨਾਦ ਧੁਨ ਆਪ ਵਜਾਇੰਦਾ । ਪੰਚਮ ਨਾਤਾ ਆਪੇ ਜੋੜ, ਪੰਚਮ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸਾਚਾ ਹਰਿ, ਰਾਜ ਰਾਜਾਨ ਇਕ ਅਖਵਾਇੰਦਾ । ਰਾਜ ਰਾਜਾਨਾ ਸ਼ਾਹੋ ਭੂਪ, ਸਤਿ ਪੁਰਖ ਵੱਡੀ ਵਡਿਆਈਆ । ਆਪਣਾ ਜਾਣੇ ਸਤਿ ਸਰੂਪ, ਮਹਿਮਾ ਕਹਿਣ ਨਾ ਜਾਈਆ । ਲੇਖਾ ਜਾਣੇ ਚਾਰੇ ਕੂਟ, ਚਾਰੇ ਜੁਗ ਫੋਲ ਫੁਲਾਈਆ । ਸ਼ਬਦ ਦੌੜਾਏ ਸਾਚਾ ਦੂਤ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੂਰੋ ਨੂਰ ਨੂਰ ਰੁਸ਼ਨਾਈਆ । ਨੂਰ ਉਜਾਲਾ ਹਰਿ ਗੋਪਾਲਾ, ਹਰਿ ਜੂ ਹਰਿ ਹਰਿ ਖੇਲ ਖਿਲਾਇੰਦਾ । ਜੁਗਾ ਜੁਗੰਤਰ ਬਣ ਦਲਾਲਾ, ਲੋਕਮਾਤ ਵੇਸ ਵਟਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖ਼ਾਲਾ, ਸਾਚਾ ਮਾਰਗ ਏਕਾ ਲਾਇੰਦਾ । ਗੁਰਮੁਖਾਂ ਚਲੇ ਨਾਲ ਨਾਲਾ, ਗੁਰਸਿਖ ਸਾਚੀ ਗੋਦ ਬਹਾਇੰਦਾ । ਏਕਾ ਦੇਵੇ ਨਾਮ ਸੱਚਾ ਧੰਨ ਮਾਲਾ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਗ਼ਰੀਬ ਨਿਮਾਣੇ ਫੋਲ ਫੁਲਾਇੰਦਾ । ਨਿਮਾਣਿਆਂ ਦੇਵੇ ਏਕਾ ਮਾਣਾ, ਆਪ ਚਲਾਏ ਆਪਣੇ ਭਾਣਾ, ਧੁਰ ਫ਼ਰਮਾਣਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪ ਖਲਾਇੰਦਾ ।

ਜੁਗ ਜੁਗ ਖੇਲ ਖਿਲਾਇੰਦਾ, ਗੁਰ ਸਤਿਗੁਰ ਲੈ ਅਵਤਾਰ । ਲੋਕਮਾਤ ਵੇਖ ਵਖਾਇੰਦਾ, ਨਿਰਗੁਣ ਸਰਗੁਣ ਪਾਵੇ ਸਾਰ । ਵੇਲਾ ਵਕਤ ਆਪਣੇ ਹੱਥ ਰਖਾਇੰਦਾ, ਕੋਇ ਨਾ ਜਾਣੇ ਥਿਤ ਵਾਰ । ਗੁਰ ਪੀਰ ਅਵਤਾਰ ਆਪ ਪਰਗਟਾਇੰਦਾ, ਆਪੇ ਦੇਵਣਹਾਰਾ ਸਚ ਸਹਾਰ । ਭਗਤ ਭਗਵੰਤ ਖੇਲ ਖਿਲਾਇੰਦਾ, ਸੰਤ ਸਾਜਣ ਲਏ ਉਭਾਰ । ਗੁਰਮੁਖ ਸਾਚੇ ਰੰਗ ਰੰਗਾਇੰਦਾ, ਉਤਰ ਨਾ ਜਾਏ ਵਿਚ ਸੰਸਾਰ । ਗੁਰਸਿਖ ਏਕਾ ਦਰਸ ਦਿਖਾਇੰਦਾ, ਤ੍ਰਿਸ਼ਨਾ ਭੁੱਖ ਦਏ ਨਵਾਰ । ਅਰਸ਼ ਫ਼ਰਸ਼ ਚਾਰ ਕੁੰਟ ਦਹਿ ਦਿਸ਼ਾ ਆਪਣੀ ਵੰਡ ਆਪ ਵੰਡਾਇੰਦਾ, ਬ੍ਰਹਿਮੰਡ ਖੰਡ ਵੰਡਣਹਾਰ । ਜੁਗ ਚੌਕੜੀ ਪੰਧ ਮੁਕਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਸਾਚੀ ਕਾਰ । ਆਦਿ ਜੁਗਾਦਿ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਸਤਿਜੁਗ ਤ੍ਰੇਤਾ ਦਵਾਪਰ ਨਿਰਗੁਣ ਸਰਗੁਣ ਧਰ ਧਰ ਆਪੇ ਅਵਤਾਰ, ਮਾਣਸ ਮਾਨੁਖ ਪੰਛੀ ਪਸੂ ਰੂਪ ਵਟਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਇਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਲੇਖਾ ਆਪਣੇ ਹੱਥ ਰਖਾਈਆ । ਨੌ ਨੌ ਲੇਖਾ ਹੱਥ ਕਰਤਾਰ, ਚਾਰ ਚਾਰ ਵੱਜੇ ਵਧਾਈਆ । ਚਾਰੇ ਜੁਗ ਰੋਵਣ ਵਾਰੋ ਵਾਰ, ਚਾਰੇ ਵੇਦ ਰਹੇ ਕੁਰਲਾਈਆ । ਚਾਰੇ ਬਾਣੀ ਕਰੇ ਪੁਕਾਰ, ਚਾਰੇ ਖਾਣੀ ਦਏ ਦੁਹਾਈਆ । ਚਾਰੇ ਵਰਨ ਨਾ ਕੋਇ ਆਧਾਰ, ਚਾਰ ਯਾਰੀ ਉਚੀ ਕੂਕੇ ਕੂਕ ਕੂਕ ਸੁਣਾਈਆ । ਚਾਰ ਕੁੰਟ ਧੁਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨੌ ਨੌ ਹੋਏ ਮਾਤ ਖ਼ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਆਪਣੇ ਹੱਥ ਰਖਾਈਆ । ਆਦਿ ਅੰਤ ਖੇਲ ਖਿਲਾਇੰਦਾ, ਮਧ ਆਪਣੀ ਕਿਰਪਾ ਧਾਰ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਰਾਇੰਦਾ, ਕਲਜੁਗ ਆਏ ਅੰਤਮ ਵਾਰ । ਗੁਰ ਪੀਰ ਅਵਤਾਰ ਸਭ ਹਰਿ ਹਰਿ ਰਸਨਾ ਗਾਇੰਦਾ, ਏਕਾ ਇਸ਼ਟ ਦੇਵ ਅਗੰਮ ਅਪਾਰ । ਨਿਉਂ ਨਿਉਂ ਸੀਸ ਸਰਬ ਝੁਕਾਇੰਦਾ, ਦਰ ਮੰਗਣ ਬਣ ਭਿਖਾਰ । ਪੁਰਖ ਅਬਿਨਾਸ਼ੀ ਦਇਆ ਕਮਾਇੰਦਾ, ਨਿਰਗੁਣ ਦਾਤਾ ਬਣੇ ਸਤਿ ਵਰਤਾਰ । ਸਤਿ ਵਸਤੂ ਏਕਾ ਝੋਲੀ ਪਾਇੰਦਾ, ਭਰਿਆ ਰਹੇ ਭੰਡਾਰ । ਲੋਕਮਾਤ ਖੇਲ ਖਿਲਾਇੰਦਾ, ਜੀਆਂ ਜੰਤਾਂ ਦਏ ਆਧਾਰ । ਏਕਾ ਸ਼ਕਤੀ ਬ੍ਰਹਮ ਵਖਾਇੰਦਾ, ਪਾਰਬ੍ਰਹਮ ਪ੍ਰਭ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗਾਂ ਜੁਗੰਤਰ ਹੋ ਤਿਆਰ । ਜੁਗ ਜੁਗ ਖੇਲ ਅਵੱਲੜਾ, ਹਰਿ ਸਾਚਾ ਸਚ ਕਰਾਇੰਦਾ । ਵਸਣਹਾਰਾ ਇਕ ਇਕੱਲੜਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਤੇਈ ਦਸ ਅਠਾਰਾਂ ਫੜਾਏ ਆਪਣਾ ਪੱਲੜਾ, ਪੰਜ ਇਕ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਦੂਜਾ ਦੂਜਾ ਏਕਾ ਆਪਣੇ ਅੰਗ ਲਗਾਇੰਦਾ । ਇਕ ਇਕੱਲਾ ਖੇਲ ਅਪਾਰਾ, ਦੂਜੀ ਕੁਦਰਤ ਰੂਪ ਵਟਾਈਆ । ਤੀਜੇ ਨੇਤਰ ਹੋ ਉਜਿਆਰਾ, ਚੌਥਾ ਪਦ ਵੇਖ ਵਖਾਈਆ । ਪੰਚਮ ਸ਼ਬਦ ਨਾਦ ਧੁਨਕਾਰਾ, ਛੇਵੇਂ ਘਰ ਆਪ ਸੁਣਾਈਆ । ਸਤਵੇਂ ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਬੋਲ ਜੈਕਾਰਾ, ਆਦਿ ਜੁਗਾਦਿ ਏਕਾ ਨਾਅਰਾ ਲਾਈਆ । ਅੱਠਾਂ ਤੱਤਾਂ ਵਸੇ ਬਾਹਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਚਤਰਾਈਆ । ਨੌ ਦਵਾਰੇ ਦਏ ਹੁਲਾਰਾ, ਜਗਤ ਵਾਸਨਾ ਵਿਚ ਰਖਾਈਆ । ਦਸਵੇਂ ਖੋਲ੍ਹੇ ਇਕ ਕਿਵਾੜਾ, ਘਰ ਘਰ ਵਿਚ ਆਪ ਬਣਾਈਆ । ਵਾ ਨਾ ਲੱਗੇ ਤੱਤੀ ਹਾੜਾ, ਅਗਨੀ ਤਤ ਨਾ ਕੋਇ ਜਲਾਈਆ । ਸਖ਼ੀਆਂ ਵਖਾਏ ਸਾਚਾ ਇਕ ਅਖਾੜਾ, ਵਾਹ ਵਾ

ਗੀਤ ਗੋਬਿੰਦ ਗਾਈਆ । ਤਾਲ ਵਜਾਏ ਅਨਹਦ ਤਲਵਾੜਾ, ਧੁਨੀ ਨਾਦ ਨਾਦ ਸ਼ਨਵਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਭਰ ਪਿਆਲਾ ਜਾਮ ਪਿਆਈਆ । ਗੁਰਮੁਖ ਗੁਰਸਿਖ ਹਰਿਜਨ ਮੇਲੇ ਆਪਣੀ ਵਾਰਾ, ਜੁਗਾ ਜੁਗੰਤਰ ਵੇਸ ਵਟਾਈਆ । ਕਲਜੁਗ ਅੰਤਮ ਕੂਕੇ ਕਰੇ ਪੁਕਾਰਾ, ਚਾਰੋਂ ਕੁੰਟ ਹੋਏ ਹਲਕਾਈਆ । ਵਰਨ ਬਰਨ ਹੋਏ ਖ਼ਵਾਰਾ, ਖ਼ਾਲਕ ਖ਼ਲਕ ਰੂਪ ਵੇਖ ਵਖਾਈਆ । ਸਾਚਾ ਹੱਕ ਨਾ ਕਿਸੇ ਵਿਚਾਰਾ, ਸ਼ਰਅ ਸ਼ਰੀਅਤ ਬੈਠੀ ਮੁਖ ਛੁਪਾਈਆ । ਲੇਖਾ ਜਾਣੇ ਬੇਐਬ ਪਰਵਰਦਿਗਾਰਾ, ਮੁਕਾਮੇ ਹਕ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗਾ ਜੁਗੰਤਰ ਲੱਗੀ ਬਸੰਤਰ, ਲੋਕਮਾਤ ਦਏ ਬੁਝਾਈਆ । ਕਲਜੁਗ ਅੰਤਮ ਲੱਗੀ ਅੱਗ, ਤ੍ਰੈਗੁਣ ਮਾਇਆ ਤਤ ਜਲਾਇੰਦਾ । ਜਗਤ ਅੰਧੇਰੀ ਰਹੀ ਵਗ, ਧੂਆਂਧਾਰ ਸਰਬ ਵਖਾਇੰਦਾ । ਮਾਣਸ ਮਾਨੁਖ ਹੋਏ ਕੱਗ, ਹੰਸ ਰੂਪ ਨਾ ਕੋਇ ਵਟਾਇੰਦਾ । ਕੂੜੀ ਕਿਰਿਆ ਪੀਤੀ ਮਦਿ, ਅੰਮ੍ਰਿਤ ਰਸ ਹੱਥ ਕਿਸੇ ਨਾ ਆਇੰਦਾ । ਗੁਰ ਕਾ ਸ਼ਬਦ ਕਾਇਆ ਵਿਚੋਂ ਕੱਢ, ਪੰਜਾਂ ਚੋਰਾਂ ਜੜ ਲਗਾਇੰਦਾ । ਖ਼ਾਲੀ ਦਿਸੇ ਕਾਇਆ ਮਾਟੀ ਬਹੱਤਰ ਨਾੜ ਤਿੰਨ ਸੌ ਸੱਠ ਹੱਡ, ਰਤੀ ਰਤ ਨਾ ਕੋਇ ਜਣਾਇੰਦਾ । ਗ੍ਰਿਹ ਮੰਦਰ ਸਤਿਗੁਰ ਪੂਰਾ ਨਾ ਲਡਾਏ ਕਿਸੇ ਲਡ, ਸਿਰ ਹੱਥ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਗਤ ਪਸਾਰਾ ਵੇਖ ਵਖਾਇੰਦਾ । ਜਗਤ ਪਸਾਰਾ ਵੇਖਣ ਆਇਆ, ਨਿਰਗੁਣ ਰੂਪ ਨਿਰਾਕਾਰ । ਦਾਈ ਦਾਇਆ ਬਣ ਜਿਸ ਜਗਤ ਬਣਾਇਆ, ਲੇਖਾ ਜਾਣੇ ਅੰਤਮ ਵਾਰ । ਵਿਸ਼ਨ ਬ੍ਰਹਮਾ ਸ਼ਿਵ ਜਿਸ ਆਪਣੀ ਗੋਦੀ ਜਾਇਆ, ਇਕ ਹੁਲਾਰਾ ਦੇਵੇ ਮਾਰ । ਰਜੋ ਤਮੋ ਸਤੋ ਜਿਸ ਘਾੜਨ ਆਪ ਘੜਾਇਆ, ਆਪੇ ਹੋਏ ਘੜਨ ਭੰਨਣਹਾਰ । ਪੰਜ ਤਤ ਜਿਸ ਰੰਗ ਚੜ੍ਹਾਇਆ, ਅੰਤਮ ਆਪਣੀ ਆਪ ਕਰੇ ਵਿਚਾਰ । ਲੱਖ ਚੁਰਾਸੀ ਜਿਸ ਵੇਸ ਵਟਾਇਆ, ਘਰ ਘਰ ਬੈਠਾ ਕਰ ਜੋਤ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਅਵਤਾਰ । ਕਲਜੁਗ ਅੰਤਮ ਕੂੜ ਪਸਾਰਾ, ਕਲ ਕਲਕੀ ਵੇਖ ਵਖਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਕਰਨ ਪੁਕਾਰਾ, ਅੰਜੀਲ ਕੁਰਾਨ ਤੀਸ ਬਤੀਸ ਦਏ ਦੁਹਾਈਆ । ਖਾਣੀ ਬਾਣੀ ਮਾਰੇ ਮਾਰਾ, ਸਾਚਾ ਚਿਲਾ ਤੀਰ ਕਮਾਨ ਨਾਮ ਉਠਾਈਆ । ਵੇਦ ਵਿਆਸਾ ਕਰ ਪੁਕਾਰਾ, ਉਚੀ ਕੂਕ ਗਿਆ ਸੁਣਾਈਆ । ਕਰੇ ਖੇਲ ਬ੍ਰਹਿਮਣ ਗੌੜਾ ਸੁਤ ਦੁਲਾਰਾ, ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਫੇਰੀ ਪਾਈਆ । ਹਰਿ ਕਾ ਭੇਵ ਨਾ ਕਿਸੇ ਵਿਚਾਰਾ ਆਦਿ ਜੁਗਾਦਿ ਜੁਗਾ ਜੁਗੰਤਰ ਸਭ ਬੈਠੇ ਧਿਆਨ ਲਗਾਈਆ । ਆਪੇ ਵਸੇ ਸਭ ਤੋਂ ਬਾਹਰਾ, ਗੁਪਤ ਜ਼ਾਹਰਾ ਰੂਪ ਰੰਗ ਰੇਖ ਨਾ ਕੋਇ ਜਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਥੱਕੇ ਸਤ ਸਮੁੰਦਰ ਮਸ ਜਗਤ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਜਾਣੇ, ਕਰੇ ਖੇਲ ਸ੍ਰੀ ਭਗਵਾਨ, ਹਰਿ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸਤਿਗੁਰ ਪੂਰਾ, ਏਕਾ ਏਕੰਕਾਰਿਆ । ਕਲਜੁਗ ਅੰਤਮ ਆਪਣਾ ਕਾਰਜ ਕਰੇ ਪੂਰਾ, ਨਾ ਕੋਈ ਜਾਣੇ ਜੀਵ ਗਵਾਰਿਆ । ਬਲ ਧਾਰੇ ਜੋਧਾ ਸੂਰਾ, ਜੋਤੀ ਜਾਮਾ ਭੇਖ ਅਪਾਰਿਆ । ਕਲਜੁਗ ਨਾਤਾ ਤੋੜੇ ਕੂੜਾ, ਕੂੜ ਕੁੜਿਆਰਾ ਕਰੇ ਖ਼ਵਾਰਿਆ । ਜਨ ਭਗਤਾਂ ਮਸਤਕ ਲਾਏ ਚਰਨ ਧੂੜਾ, ਜਨਮ ਮਰਨ ਗੇੜ ਨਿਵਾਰਿਆ । ਰੰਗ ਚੜ੍ਹਾਏ ਏਕਾ ਗੂੜ੍ਹਾ, ਲਾਲਨ ਲਾਲ ਆਪ ਰੰਗਾ ਰਿਹਾ । ਆਪਣਾ ਬਚਨ ਆਪੇ ਕਰੇ ਪੂਰਾ,

ਗੋਬਿੰਦ ਕੋਲ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾ ਲਿਆ । ਸ਼ਾਹ ਪਾਤਸ਼ਾਹ ਹਰਿ ਨਾਉਂ ਰੱਖ, ਏਕਾ ਡੰਕਾ ਸ਼ਬਦ ਵਜਾਇੰਦਾ । ਲੇਖਾ ਜਾਣੇ ਚੁਰਾਸੀ ਲੱਖ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਭਗਤ ਭਗਵੰਤ ਕਰੇ ਵੱਖ, ਨਿਰਗੁਣ ਨਿਰਵੈਰ ਵੰਡ ਵੰਡਾਇੰਦਾ । ਸਤਿਜੁਗ ਮਾਰਗ ਸਾਚਾ ਦੱਸ, ਸਾਚਾ ਪੰਥ ਇਕ ਬਣਾਇੰਦਾ । ਚਾਰ ਵਰਨ ਮਿਲਾਵਾ ਹੱਸ ਹੱਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਇੰਦਾ । ਦੋ ਜਹਾਨਾਂ ਪੰਧ ਮੁਕਾਏ ਨੱਸ ਨੱਸ, ਸਾਚਾ ਅਸਵ ਆਪ ਦੌੜਾਇੰਦਾ । ਦੂਈ ਦਵੈਤੀ ਮੇਟੇ ਰੈਣ ਅੰਧੇਰੀ ਮਸ, ਨਿਰਗੁਣ ਸਾਚਾ ਚੰਦ ਇਕ ਚੜ੍ਹਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਹਿਰਦੇ ਅੰਦਰ ਜਾਏ ਵਸ, ਮਾਇਆ ਮਮਤਾ ਮੋਹ ਮਿਟਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਚਰਨਾਂ ਹੇਠਾਂ ਦੇਵੇ ਝੱਸ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਖਲਾਇੰਦਾ । ਸਾਚਾ ਖੇਲ ਹਰਿ ਖਲਾਵਣਾ, ਭੇਵ ਅਭੇਦਾ ਭੇਵ ਖੋਲ੍ਹ । ਸ਼ਾਹ ਸੁਲਤਾਨਾਂ ਖ਼ਾਕ ਮਿਲਾਵਣਾ, ਅੰਤਮ ਤੋਲੇ ਸਾਚਾ ਤੋਲ । ਨਵ ਨਵ ਏਕਾ ਕੰਡੇ ਪਾਵਣਾ, ਨਾਮ ਕੰਡਾ ਹੱਥ ਉਠਾਏ ਇਕ ਅਡੋਲ । ਜਗਤ ਖੇੜਾ ਫੇਰ ਵਸਾਵਣਾ, ਲੇਖਾ ਜਾਣੇ ਧਰਨੀ ਧਰਤ ਧੌਲ । ਲੱਖ ਚੁਰਾਸੀ ਅੰਗ ਸਮਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੂਠਾ ਝੂਠਾ ਪੰਧ ਮੁਕਾਵਣਾ । ਜੂਠਾ ਝੂਠਾ ਪੰਧ ਜਾਏ ਮੁੱਕ, ਕੂੜੀ ਕਿਰਿਆ ਰਹਿਣ ਨਾ ਪਾਈਆ । ਠੱਗ ਚੋਰ ਯਾਰ ਅੰਦਰ ਵੜਿਆ ਰਹੇ ਨਾ ਕੋਇ ਲੁਕ, ਦਰ ਦਰ ਘਰ ਘਰ ਵੇਖ ਵਖਾਈਆ । ਦੁਸ਼ਟ ਦੁਰਾਚਾਰ ਜਨਨੀ ਜਣੇ ਨਾ ਕੋਇ ਕੁੱਖ, ਸਤਿਗੁਰ ਪੂਰਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਮੇਟੇ ਤ੍ਰਿਸ਼ਨਾ ਭੁੱਖ, ਅਠਾਰਾਂ ਬਰਨ ਦੁੱਖ ਨਾ ਕੋਈ ਵਖਾਈਆ । ਹਉਮੇ ਰੋਗ ਦੇਵੇ ਕੱਟ, ਦੁੱਖ ਦਲਿੱਦਰ ਆਪ ਨਿਵਾਰਨਾ । ਦੂਈ ਦਵੈਤੀ ਮੇਟੇ ਫਟ, ਸਤਿਗੁਰ ਪੂਰੇ ਕਾਜ ਸਵਾਰਨਾ । ਚੌਦਾਂ ਲੋਕ ਵਖਾਏ ਏਕਾ ਹੱਟ, ਚੌਦਾਂ ਤਬਕਾਂ ਪਾਰ ਉਤਾਰਨਾ । ਨੌ ਖੰਡ ਪ੍ਰਿਥਮੀ ਵਖਾਏ ਇਕ ਤੀਰਥ ਤੱਟ, ਸਚ ਸਰੋਵਰ ਪੈਜ ਸਵਾਰਨਾ । ਘਰ ਘਰ ਜੋਤ ਜਗਾਏ ਲਟ ਲਟ, ਅਗਿਆਨ ਅੰਧੇਰ ਆਪ ਨਿਵਾਰਨਾ । ਸਤਿਜੁਗ ਸਾਚਾ ਕਰ ਪਰਗਟ, ਧਰਤ ਮਾਤ ਦੀ ਗੋਦ ਬਹਾਵਣਾ । ਏਕਾ ਲਾਹਾ ਲਏ ਸਾਚਾ ਖੱਟ, ਨਿਰਗੁਣ ਦਰਸਨ ਹਰਿ ਹਰਿ ਪਾਵਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਦਰਬਾਰਾ ਇਕ ਖੁਲ੍ਹਾਵਣਾ । ਸਤਿ ਦਰਬਾਰ ਜਾਏ ਖੁਲ੍ਹ, ਸਤਿਗੁਰ ਪੂਰਾ ਆਪ ਖੁਲ੍ਹਾਇੰਦਾ । ਚਾਰ ਵਰਨ ਬਣਾਏ ਏਕਾ ਕੁੱਲ, ਹਰਿ ਹਰਿ ਰੂਪ ਸਰਬ ਦਰਸਾਇੰਦਾ । ਸ਼ਾਹ ਸੁਲਤਾਨ ਰਾਜ ਰਾਜਾਨ ਗ਼ਰੀਬ ਨਿਮਾਣੇ ਏਕਾ ਕੰਡੇ ਜਾਇਣ ਤੁਲ, ਊਚ ਨੀਚ ਨਾ ਕੋਈ ਬਣਾਇੰਦਾ । ਲੱਖ ਚੁਰਾਸੀ ਆਪ ਉਪਜਾਏ ਆਪਣੇ ਕਵਲ ਫੁੱਲ, ਡਾਲ੍ਹੀ ਪਤ ਪਤ ਡਾਲ੍ਹੀ ਆਪ ਮਹਿਕਾਇੰਦਾ । ਆਪੇ ਪਾਵਣਹਾਰਾ ਮੁੱਲ, ਕਰਤਾ ਕੀਮਤ ਆਪ ਚੁਕਾਇੰਦਾ । ਕਲਜੁਗ ਕੂੜਾ ਦੀਪਕ ਹੋਣਾ ਗੁਲ, ਗੁਲ ਚਰਾਗ ਨਾ ਕੋਈ ਵਖਾਇੰਦਾ । ਅਗਨੀ ਮਿਲੇ ਨਾ ਕਿਸੇ ਚੁਲ, ਘਰ ਘਰ ਸਗਨ ਨਾ ਕੋਈ ਮਨਾਇੰਦਾ । ਸਤਿ ਪੁਰਖ ਨਿਰੰਜਣ ਜੋ ਜਨ ਗਏ ਭੁੱਲ, ਆਪਣਾ ਲੇਖਾ ਲੇਖੇ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਜਨ ਭਗਤਾਂ ਬੰਨ੍ਹੇ ਏਕਾ ਗਾਨਾ, ਆਪਣਾ ਬੰਧਨ ਆਪੇ ਪਾਇੰਦਾ । ਸਾਚਾ ਬੰਧਨ ਪਾਏ ਡੋਰ, ਤੰਦਨ ਤੰਦ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਦਿਸੇ ਅੰਧਘੋਰ, ਜਗਤ ਅੰਧੇਰਾ ਇਕ ਵਖਾਇੰਦਾ । ਪੰਚਮ ਮਚਾਇਣ ਆਪਣਾ ਸ਼ੋਰ, ਉਚੀ ਕੂਕ ਸਰਬ ਸੁਣਾਇੰਦਾ । ਗੁਰਮੁਖਾਂ ਸਤਿਗੁਰ ਪੂਰਾ ਆਪੇ ਜਾਏ ਬੌਹੜ, ਫੜ ਬਾਂਹੋਂ ਬਾਹਰ ਕਢਾਇੰਦਾ । ਚਰਨ ਪ੍ਰੀਤ ਨਿਭਾਏ ਤੋੜ, ਜਿਸ ਜਨ ਆਪਣੇ ਚਰਨ ਲਗਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਵਾਗਾਂ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਵੇਖਦਾ, ਵੇਖਣਹਾਰ ਹਰਿ ਕਰਤਾਰ । ਲੇਖਾ ਜਾਣੇ ਜਨਮ ਦੇ ਭੇਖ ਦਾ, ਭੇਖਾਧਾਰੀ ਅਪਰ ਅਪਾਰ । ਲਹਿਣਾ ਦੇਣਾ ਚੁਕਾਏ ਮੁੱਛ ਦਾੜ੍ਹੀ ਕੇਸ ਦਾ, ਨਾਤਾ ਵੇਖੇ ਮੂੰਡ ਮੁੰਡਾਏ ਯਾਰ । ਕਰੇ ਖੇਲ ਸ੍ਰੀ ਦਸਮੇਸ ਦਾ, ਪੁਰਖ ਅਕਾਲਾ ਹੋ ਤਿਆਰ । ਸੰਮਤ ਸਤਾਰਾਂ ਆਪੇ ਅੰਦਰ ਬਹਿ ਬਹਿ ਵੇਖਦਾ, ਜਗਤ ਭੁਲਿਆਂ ਗੁੱਝੀ ਮਾਰੇ ਮਾਰ । ਨਾਤਾ ਤੋੜੇ ਔਲੀਏ ਪੀਰ ਸ਼ੇਖ਼ ਦਾ, ਮੁਲਾ ਮੁਸਾਇਕ ਕਰ ਖ਼ਵਾਰ । ਪੁਰਖ ਅਕਾਲ ਦੀਨ ਦਿਆਲ ਨਾਉਂ ਏਕਾ ਚੇਤ ਦਾ, ਚੇਤਨ ਕਰੇ ਆਪ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਪਰਗਟ ਹੋਵੇ ਕਲ ਕਲਕੀ ਅਵਤਾਰ । ਕਲ ਕਲਕੀ ਅਵਤਾਰ, ਹਰਿ ਜੂ ਹਰਿ ਮੰਦਰ ਸੋਭਾ ਪਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਹੁਕਮੀ ਹੁਕਮ ਇਕ ਜਣਾਈਆ । ਨੌ ਸਤ ਸਤ ਨੌ ਕਰੇ ਖ਼ੁਵਾਰ, ਸ਼ਾਹ ਸੁਲਤਾਨ ਰਾਜ ਰਾਜਾਨ ਖ਼ਾਕ ਮਿਲਾਈਆ । ਹੱਥ ਨਾ ਫੜੇ ਕੋਈ ਕਟਾਰ, ਤਰਕਸ਼ ਤੀਰ ਕਮਾਨ ਨਾ ਕੋਈ ਉਠਾਈਆ । ਸੂਰਬੀਰ ਨਾ ਰੱਖੇ ਕੋਈ ਨਾਲ ਬਲਵਾਨ, ਘੋੜਾ ਜਗਤ ਨਾ ਕੋਇ ਦੁੜਾਈਆ । ਏਕਾ ਸ਼ਬਦ ਮਾਰੇ ਬਾਣ, ਏਕਾ ਦਰਦ ਘਾਇਲ ਸਰਬ ਵਖਾਈਆ । ਦੋ ਜਹਾਨਾਂ ਲਾਹੇ ਆਪੇ ਘਾਣ, ਦੁਰਗਾ ਅਸ਼ਟਭੁਜ ਨਿਉਂ ਨਿਉਂ ਚਰਨ ਸਰਨ ਸਰਨ ਚਰਨ ਪਏ ਸਰਨਾਈਆ । ਹਰਿ ਕਾ ਭਾਓ ਭੇਵ ਨਾ ਸਕੇ ਕੋਈ ਪਛਾਣ, ਗੁਰ ਅਵਤਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਲੇਖਾ ਆਪਣਾ ਆਪੇ ਵਿਚ ਟਿਕਾਈਆ ।



## ❊ ੨੭ ਕੱਤਕ ੨੦੧੭ ਬਿਕ੍ਰਮੀ ਮੱਖਣ ਸਿੰਘ ਦੇ ਘਰ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❊

ਹਰਿ ਕਿਰਪਾ ਗੁਰ ਜਾਣਦਾ, ਗੁਰ ਕਿਰਪਾ ਭਗਤਨ ਦਾਨ । ਹਰਿ ਕਿਰਪਾ ਗੁਰ ਪਛਾਣਦਾ, ਗੁਰ ਕਿਰਪਾ ਸੰਤਨ ਮਾਨ । ਹਰਿ ਕਿਰਪਾ ਗੁਰ ਵਖਾਣਦਾ, ਗੁਰ ਕਿਰਪਾ ਗੁਰਮੁਖ ਆਤਮ ਬ੍ਰਹਮ ਗਿਆਨ । ਹਰਿ ਕਿਰਪਾ ਗੁਰ ਵੇਖ ਵਖਾਣਦਾ, ਗੁਰ ਕਿਰਪਾ ਗੁਰਮੁਖਾਂ ਦੇਵੇ ਸਾਚਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਭਗਵਾਨ । ਹਰਿ ਕਿਰਪਾ ਗੁਰ ਗੁਰ ਰੰਗ, ਗੁਰ ਗੁਰ ਰੰਗ ਭਗਤ ਚੜ੍ਹਾਈਆ । ਹਰਿ ਕਿਰਪਾ ਗੁਰ ਗੁਰ ਮੰਗ, ਗੁਰ ਗੁਰ ਮੰਗ ਸੰਤ ਦਰਸਾਈਆ । ਹਰਿ ਕਿਰਪਾ ਗੁਰ ਗੁਰ ਸੰਗ, ਗੁਰਮੁਖਾਂ ਗੁਰ ਗੁਰ

ਲਏ ਮਿਲਾਈਆ । ਹਰਿ ਕਿਰਪਾ ਗੁਰ ਗੁਰ ਮਰਦੰਗ, ਗੁਰ ਮਰਦੰਗ ਗੁਰ ਗੁਰਮੁਖ ਸ਼ਬਦ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ ਅਖਵਾਈਆ । ਹਰਿ ਕਿਰਪਾ ਗੁਰ ਭੰਡਾਰਾ, ਗੁਰ ਭੰਡਾਰਾ ਭਗਤ ਵਡਿਆਈਆ । ਹਰਿ ਕਿਰਪਾ ਗੁਰ ਵਰਤਾਰਾ, ਸੰਤਨ ਝੋਲੀ ਆਪ ਭਰਾਈਆ । ਹਰਿ ਕਿਰਪਾ ਗੁਰ ਵਣਜਾਰਾ, ਗੁਰਮੁਖ ਸਾਚੇ ਵਣਜ ਵਖਾਈਆ । ਹਰਿ ਕਿਰਪਾ ਗੁਰ ਅਧਾਰਾ, ਗੁਰਮੁਖਾਂ ਮਾਣ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿ ਸੱਚਾ ਸ਼ਹਿਨਸ਼ਾਹੀਆ । ਗੁਰ ਕਿਰਪਾ ਗੁਰ ਜਵਾਨ, ਹਰਿ ਆਪਣੀ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਮਿਹਰਵਾਨ, ਗੁਰ ਭਗਤਨ ਵੇਖ ਵਖਾਇੰਦਾ । ਹਰਿ ਕਿਰਪਾ ਗੁਰ ਸਤਿ ਨਿਸ਼ਾਨ, ਗੁਰ ਸੰਤਨ ਹੱਥ ਫੜਾਇੰਦਾ । ਹਰਿ ਕਿਰਪਾ ਗੁਰ ਜਾਣੀ ਜਾਣ, ਗੁਰ ਗੁਰਮੁਖਾਂ ਜਾਣ ਪਛਾਣ ਆਪ ਕਰਾਇੰਦਾ । ਹਰਿ ਕਿਰਪਾ ਗੁਰ ਇਕ ਧਿਆਨ, ਗੁਰਮੁਖਾਂ ਗੁਰ ਇਕ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਸਚ ਦਵਾਰਾ ਸੋਭਾ ਪਾਇੰਦਾ । ਹਰਿ ਕਿਰਪਾ ਗੁਰ ਪਰਗਟਾਇਆ, ਸਤਿ ਪੁਰਖ ਅਗੰਮ ਅਪਾਰ । ਹਰਿ ਕਿਰਪਾ ਗੁਰ ਜਾਇਆ, ਮਾਤ ਪਿਤ ਸੁਤ ਦੁਲਾਰ । ਹਰਿ ਕਿਰਪਾ ਗੁਰ ਦਰਸ ਦਖਾਇਆ, ਕਰੇ ਖੇਲ ਅਪਰ ਅਪਾਰ । ਹਰਿ ਕਿਰਪਾ ਗੁਰ ਮਾਰਗ ਲਾਇਆ, ਨਿਰਗੁਣ ਨਿਰਗੁਣ ਦਏ ਅਧਾਰ । ਹਰਿ ਕਿਰਪਾ ਗੁਰ ਰਾਗ ਸੁਣਾਇਆ, ਸ਼ਬਦ ਅਨਾਦਿ ਬੋਲ ਜੈਕਾਰ । ਹਰਿ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਇਆ । ਹਰਿ ਕਿਰਪਾ ਗੁਰ ਵੇਸ ਧਰ, ਰੂਪ ਅਨੂਪ ਆਪ ਪਰਗਟਾਇੰਦਾ । ਹਰਿ ਕਿਰਪਾ ਗੁਰ ਖੇਲ ਕਰ, ਘਰ ਸਾਚੇ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਮੇਲ ਦਰ, ਦਰ ਦਰ ਆਪ ਸੁਹਾਇੰਦਾ । ਹਰਿ ਕਿਰਪਾ ਗੁਰ ਨਿਰਭੌ ਹੋਏ ਨਾ ਰੱਖੇ ਕੋਇ ਡਰ, ਭੈ ਸਿਰ ਨਾ ਕੋਈ ਵਖਾਇੰਦਾ । ਹਰਿ ਕਿਰਪਾ ਗੁਰ ਨਾ ਜਨਮੇ ਨਾ ਜਾਏ ਮਰ, ਜੂਨ ਅਜੂਨੀ ਨਾ ਕੋਈ ਵਖਾਇੰਦਾ । ਹਰਿ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਸ਼ਾਹ ਸੁਲਤਾਨਾ, ਸਾਚੇ ਤਖ਼ਤ ਸੁਹਾਈਆ । ਹਰਿ ਕਿਰਪਾ ਗੁਰ ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਰਖਾਈਆ । ਹਰਿ ਕਿਰਪਾ ਗੁਰ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਹਰਿ ਕਿਰਪਾ ਗੁਰ ਮਰਦ ਮਰਦਾਨਾ, ਪੁਰਖ ਨਾਰ ਨਾ ਕੋਈ ਦਿਸਾਈਆ । ਹਰਿ ਕਿਰਪਾ ਗੁਰ ਇਕ ਗਿਆਨਾ, ਨਿਸ਼ਅੱਖਰ ਕਰੇ ਪੜ੍ਹਾਈਆ । ਹਰਿ ਕਿਰਪਾ ਗੁਰ ਵਸੇ ਸਚ ਮਕਾਨਾ, ਸਚਖੰਡ ਦਵਾਰ ਵੱਜੇ ਵਧਾਈਆ । ਹਰਿ ਕਿਰਪਾ ਗੁਰ ਵੇਖੇ ਮਾਰ ਧਿਆਨਾ, ਥਿਰ ਘਰ ਸਾਚੇ ਸੋਭਾ ਪਾਈਆ । ਹਰਿ ਕਿਰਪਾ ਗੁਰ ਗਾਏ ਤਰਾਨਾ, ਆਪਣੀ ਤਾਰ ਸਤਾਰ ਆਪ ਹਿਲਾਈਆ । ਹਰਿ ਕਿਰਪਾ ਗੁਰ ਹਰਿ ਮੰਤਰ ਜਾਣਾ, ਆਪਣੀ ਗਤ ਮਿਤ ਆਪੇ ਵੇਖ ਵਖਾਈਆ । ਹਰਿ ਕਿਰਪਾ ਗੁਰ ਵਰਤੇ ਭਾਣਾ, ਗੁਰ ਭਾਣਾ ਵਡ ਵਡਿਆਈਆ । ਹਰਿ ਕਿਰਪਾ ਗੁਰ ਖੇਲੇ ਖੇਲ ਆਵਣ ਜਾਣਾ, ਰੂਪ ਅਨੂਪਾ ਆਪ ਦਰਸਾਈਆ । ਹਰਿ ਕਿਰਪਾ ਗੁਰ ਪਾਏ ਮਾਣਾ, ਦਰ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਵੱਡਾ ਬੇਪਰਵਾਹੀਆ । ਹਰਿ ਕਿਰਪਾ ਗੁਰ ਸ਼ਾਹੋ ਭੂਪ, ਭੂਪਤ ਭੂਪ ਇਕ ਅਖਵਾਇੰਦਾ । ਹਰਿ ਕਿਰਪਾ ਗੁਰ ਸਤਿ ਸਰੂਪ, ਰੂਪ ਰੇਖ ਨਾ ਕੋਈ ਜਣਾਇੰਦਾ । ਹਰਿ

ਕਿਰਪਾ ਗੁਰ ਮਹਿਮਾ ਅਨੂਪ, ਵੇਦ ਕਤੇਬ ਨਾ ਵੇਖ ਵਖਾਇੰਦਾ । ਹਰਿ ਕਿਰਪਾ ਗੁਰ ਵਸੇ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਹਰਿ ਕਿਰਪਾ ਗੁਰ ਏਕਾ ਰੂਪ, ਤੰਦਨ ਤੰਦ ਵਖਾਇੰਦਾ । ਹਰਿ ਕਿਰਪਾ ਗੁਰ ਨਾ ਬਣਾਏ ਕੋਈ ਕਲਬੂਤ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕਾ ਹਰਿ, ਏਕਾ ਦਰ ਸੁਹਾਇੰਦਾ । ਹਰਿ ਕਿਰਪਾ ਗੁਰ ਜੋਧਾ ਸੂਰਬੀਰ ਬਲਕਾਰ, ਇਕ ਇਕੱਲਾ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਬੋਲ ਜੈਕਾਰ, ਆਪਣਾ ਨਾਅਰਾ ਆਪੇ ਲਾਇੰਦਾ । ਹਰਿ ਕਿਰਪਾ ਗੁਰ ਸ਼ੰਗਾਰ, ਆਪ ਆਪਣੀ ਸੇਜ ਸੁਹਾਇੰਦਾ । ਹਰਿ ਕਿਰਪਾ ਗੁਰ ਕਰ ਪਿਆਰ, ਆਪ ਆਪਣਾ ਅੰਗ ਲਗਾਇੰਦਾ । ਹਰਿ ਕਿਰਪਾ ਗੁਰ ਬਖ਼ਸ਼ੇ ਧਾਰ, ਧਾਰ ਵਿਚੋਂ ਆਪ ਪਰਗਟਾਇੰਦਾ । ਹਰਿ ਕਿਰਪਾ ਗੁਰ ਅੰਦਰ ਬਾਹਰ, ਗੁਪਤ ਜ਼ਾਹਰ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਮੀਤ ਮੁਰਾਰ, ਮੀਤ ਮੁਰਾਰਾ ਇਕ ਬਣ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਧਰਾਇੰਦਾ । ਹਰਿ ਕਿਰਪਾ ਗੁਰ ਸਾਚੀ ਟੇਕ, ਏਕਾ ਓਟ ਜਣਾਈਆ । ਹਰਿ ਕਿਰਪਾ ਗੁਰ ਲਿਖੇ ਲੇਖ, ਲੇਖਾ ਲੇਖ ਨਾ ਕੋਈ ਜਣਾਈਆ । ਹਰਿ ਕਿਰਪਾ ਗੁਰ ਆਪਾ ਵੇਖ, ਆਪਣਾ ਰੂਪ ਆਪ ਦਰਸਾਈਆ । ਹਰਿ ਕਿਰਪਾ ਗੁਰ ਧਾਰੇ ਭੇਖ, ਨਿਰਗੁਣ ਸਰਗੁਣ ਰੂਪ ਵਟਾਈਆ । ਹਰਿ ਕਿਰਪਾ ਗੁਰ ਪੰਜ ਤਤ ਕਰੇ ਪਰਵੇਸ਼, ਤ੍ਰੈ ਮਾਇਆ ਅਗਨ ਅੰਗ ਸਮਾਈਆ । ਹਰਿ ਕਿਰਪਾ ਗੁਰ ਬਣੇ ਨਰ ਨਰੇਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਆਪਣਾ ਹੁਕਮ ਸੁਣਾਈਆ । ਹਰਿ ਕਿਰਪਾ

੧੪੧੧ ਗੁਰ ਆਪਣੇ ਨੇਤਰ ਆਪੇ ਲਏ ਪੇਖ, ਲੋਚਣ ਆਪਣਾ ਆਪ ਖੁਲ੍ਹਾਈਆ । ਹਰਿ ਕਿਰਪਾ ਗੁਰ ਲੇਖਾ ਜਾਣੇ ਮੁਛ ਦਾੜ੍ਹੀ ਕੇਸ, ਮੂੰਡ ਮੁੰਡਾਏ ਵੇਖੇ ੧੪੧੧

ਥਾਉਂ ਥਾਈਆ । ਹਰਿ ਕਿਰਪਾ ਗੁਰ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼, ਗ੍ਰਿਹਿ ਮੰਦਰ ਡੇਰਾ ਲਾਈਆ । ਹਰਿ ਕਿਰਪਾ ਗੁਰ ਇਕ ਅਦੇਸ, ਗੁਰ

੦੯ ਇਕ ਦੇਹੁ ਬੁਝਾਈਆ । ਹਰਿ ਕਿਰਪਾ ਗੁਰ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਹਰਿ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੦੯

ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਹਰਿ ਕਿਰਪਾ ਗੁਰ ਕਰਤਾਰਾ, ਗੁਰ ਗੁਰ ਆਪਣਾ ਰੂਪ ਵਟਾਇੰਦਾ । ਹਰਿ ਕਿਰਪਾ ਗੁਰ ਖੇਲ ਅਗੰਮ ਅਪਾਰਾ, ਲੇਖਾ ਲੇਖ ਨਾ ਕੋਈ ਵਖਾਇੰਦਾ । ਹਰਿ ਕਿਰਪਾ ਗੁਰ ਸ਼ਬਦੀ ਧਾਰਾ, ਸ਼ਬਦ ਸ਼ਬਦ ਵਿਚ ਸਮਾਇੰਦਾ । ਹਰਿ ਕਿਰਪਾ ਗੁਰ ਠਾਂਡਾ ਦਰਬਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਹਰਿ ਕਿਰਪਾ ਗੁਰ ਅਵਤਾਰਾ, ਨਿਤ ਨਵਿਤ ਲੋਕਮਾਤ ਵੇਖ ਵਖਾਇੰਦਾ । ਹਰਿ ਕਿਰਪਾ ਗੁਰ ਮੀਤ ਮੁਰਾਰਾ, ਹਰਿ ਭਗਤ ਸਾਚੇ ਵੇਖ ਵਖਾਇੰਦਾ । ਹਰਿ ਕਿਰਪਾ ਗੁਰ ਸਾਚਾ ਯਾਰਾ, ਸੰਤਨ ਸਾਚਾ ਸੰਗ ਨਿਭਾਇੰਦਾ । ਹਰਿ ਕਿਰਪਾ ਗੁਰ ਗੁਰਮੁਖ ਵੇਖੇ ਸੁਤ ਦੁਲਾਰਾ, ਪੂਤ ਸਪੂਤਾ ਗਲੇ ਲਗਾਇੰਦਾ । ਹਰਿ ਕਿਰਪਾ ਗੁਰ ਕਰੇ ਖੇਲ ਵਿਚ ਸੰਸਾਰਾ, ਸੰਸਾਰ ਸਾਗਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹਰਿ ਏਕਾ ਗੁਰ, ਏਕਾ ਲੇਖਾ ਜਾਣੇ ਧੁਰ, ਧੁਰ ਲੇਖਾ ਆਪਣੇ ਹੱਥ ਰਖਾਇੰਦਾ । ਹਰਿ ਕਿਰਪਾ ਗੁਰ ਉਠਿਆ, ਸਤਿਗੁਰ ਸੱਚਾ ਹੋ ਮਿਹਰਵਾਨ । ਜਨ ਭਗਤਾਂ ਉਪਰ ਆਪੇ ਤੁਠਿਆ, ਗੁਰ ਗੁਰ ਰੂਪ ਸ੍ਰੀ ਭਗਵਾਨ । ਦੇਵੇ ਨਾਮ ਭੰਡਾਰ ਅਤੁਟਿਆ, ਨਿਖੁਟ ਨਾ ਜਾਏ ਵਿਚ ਜਹਾਨ । ਅੰਮ੍ਰਿਤ ਆਤਮ ਦੇਵੇ ਘੁੱਟਿਆ, ਅੰਮ੍ਰਿਤ ਆਤਮ ਪੀਣ ਖਾਣ । ਤਨ ਲਗਾਏ ਸ਼ਬਦ ਚੋਟਿਆ, ਨਾਦ ਸੁਣਾਏ ਸੱਚੀ ਧੁਨਕਾਨ । ਕਾਇਆ ਰਖਾਏ ਕਿਲਾ ਕੋਟਿਆ, ਘਰ ਮੰਦਰ ਹਰਿ ਬੈਠਾ ਨਿਗਹਬਾਨ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਸ੍ਰੀ ਭਗਵਾਨ । ਹਰਿ ਕਿਰਪਾ ਗੁਰ ਦਇਆ ਕਰ, ਦੀਨ ਦਿਆਲ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਗੁਰਮੁਖ ਸਾਚੇ ਲਏ ਵਰ, ਆਪ ਆਪਣਾ ਮੇਲ ਮਿਲਾਇੰਦਾ । ਹਰਿ ਕਿਰਪਾ ਗੁਰ ਗੁਰਮੁਖ ਸੱਜਣ ਲਏ ਫੜ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਹਰਿ ਕਿਰਪਾ ਹਰਿ ਸੰਤਨ ਵਖਾਏ ਇਕਾ ਘਰ, ਘਰ ਘਰ ਵਿਚ ਜੋਤ ਜਗਾਇੰਦਾ । ਹਰਿ ਕਿਰਪਾ ਗੁਰ ਭਗਤਨ ਅੰਦਰ ਜਾਏ ਵੜ, ਆਤਮ ਸੇਜਾ ਸੋਭਾ ਪਾਇੰਦਾ । ਹਰਿ ਕਿਰਪਾ ਗੁਰ ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਖੇਲ ਖਿਲਾਇੰਦਾ । ਹਰਿ ਕਿਰਪਾ ਗੁਰ ਲੱਖ ਚੁਰਾਸੀ ਘਾੜਨ ਘੜ, ਘਟ ਘਟ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਹਰਿ ਕਾ ਨਾਉਂ ਗੁਰ ਗੁਰ ਧਾਰ, ਵੇਦ ਕਤੇਬ ਕਥਨ ਨਾ ਜਾਈਆ । ਗੁਰ ਗੁਰ ਖੜੇ ਦਰ ਦਵਾਰ, ਹਰਿ ਹਰਿ ਲੇਖਾ ਰਿਹਾ ਪਾਈਆ । ਹਰਿ ਹਰਿ ਸੱਚਾ ਦੇਵਣਹਾਰ, ਗੁਰ ਗੁਰ ਢਹਿ ਪਏ ਸਰਨਾਈਆ । ਗੁਰ ਗੁਰ ਵੇਖੇ ਇਕ ਵਰਤਾਰ, ਹਰਿ ਸੱਚਾ ਸ਼ਹਿਨਸ਼ਾਹੀਆ । ਬਣੇ ਹਰਿ ਸੱਚੀ ਸਰਕਾਰ, ਗੁਰ ਗੁਰ ਦਰ ਦਰਬਾਨ ਬਹਾਈਆ । ਗੁਰ ਗੁਰ ਮੰਗੇ ਏਕਾ ਦਾਨ, ਹਰਿ ਹਰਿ ਅੱਗੇ ਝੋਲੀ ਡਾਹੀਆ । ਹਰਿ ਹਰਿ ਸੂਰਾ ਸੂਰਬੀਰ ਬਲੀ ਬਲਵਾਨ, ਗੁਰ ਗੁਰ ਏਕਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਵਡ ਵਡਿਆਈਆ । ਹਰਿ ਦਾਤਾ ਗੁਰ ਭਿਖਾਰੀ, ਏਕਾ ਮਹੱਲ ਸੁਹਾਇਆ । ਹਰਿ ਵਣਜ ਗੁਰ ਵਪਾਰੀ, ਵਾਹ ਵਾਹ ਏਕਾ ਵਣਜ ਕਰਾਈਆ । ਹਰਿ ਨਾਉਂ ਗੁਰ ਧਾਰੀ, ਵਾਹ ਵਾਹ ਇਕ ਅਧਾਰ ਰਖਾਇਆ । ਹਰਿ ਘਰ ਗੁਰ ਸਚ ਦਵਾਰੀ, ਵਾਹ ਵਾਹ ਚਾਕਰ ਸੇਵ ਕਮਾਇਆ । ਹਰਿ ਕੰਤ ਗੁਰ ਏਕਾ ਨਾਰੀ, ਵਾਹ ਵਾਹ ਨਾਰੀ ਕੰਤ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹਰਿ, ਦੂਸਰ ਅਵਰ ਨਾ ਕੋਈ ਜਣਾਇਆ । ਹਰਿ ਕਿਰਪਾ ਗੁਰ ਭੇਟਿਆ, ਭਗਤਨ ਭਗਵਨ ਮੇਲਾ ਦੋ ਜਹਾਨ । ਹਰਿ ਕਿਰਪਾ ਗੁਰ ਮਿਲਿਆ ਖੇਵਟ ਖੇਟਿਆ, ਹਰਿ ਸੰਤਨ ਬੇੜਾ ਚਲਾਏ ਆਣ । ਹਰਿ ਕਿਰਪਾ ਗੁਰ ਨਾਤਾ ਬੰਧਾਏ ਮਾਤ ਪਿਤ ਬੇਟੀ ਬੇਟਿਆ, ਗੁਰਮੁਖ ਸਾਚੇ ਸੁਰਤ ਸੰਭਾਲ । ਹਰਿ ਕਿਰਪਾ ਗੁਰ ਗੁਰਸਿਖ ਆਪਣੇ ਸ਼ਬਦ ਲਪੇਟਿਆ, ਨਾਮ ਅਗੰਮਾਂ ਫੜ ਰੁਮਾਲ । ਹਰਿ ਕਿਰਪਾ ਗੁਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਣਹਾਰਾ ਸਾਚਾ ਲੇਖਿਆ, ਜੁਗਾ ਜੁਗੰਤਰ ਬਣ ਦਲਾਲ । ਹਰਿ ਕਿਰਪਾ ਗੁਰ ਏਕ, ਗੁਰ ਕਿਰਪਾ ਹਰਿ ਪਛਾਣ । ਗੁਰ ਕਿਰਪਾ ਹਰਿ ਟੇਕ, ਲੇਖਾ ਚੁੱਕੇ ਦੋ ਜਹਾਨ । ਆਦਿ ਜੁਗਾਦਿ ਰਿਹਾ ਵੇਖ, ਵਡ ਦਾਤਾ ਹਰਿ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਗੁਰ ਰੂਪ ਕਰ ਪਰਧਾਨ । ਹਰਿ ਹਰਿ ਗੁਰ ਗੁਰ ਏਕਾ ਰੰਗ, ਆਦਿ ਜੁਗਾਦਿ ਸਮਾਇਆ । ਕਰੇ ਖੇਲ ਸੂਰਾ ਸਰਬੰਗ, ਅਨਰੰਗ ਰੂਪ ਪਰਗਟਾਇਆ । ਇਕ ਇਕੱਲਾ ਫੜ ਮਰਦੰਗ, ਸਚ ਦਵਾਰੇ ਆਪ ਵਜਾਇਆ । ਆਪੇ ਜਾਣੇ ਆਪਣਾ ਅਨੰਦ, ਅਨੰਦ ਮੰਗਲ ਨਾ ਕਿਸੇ ਗਾਇਆ । ਆਪ ਮੁਕਾਏ ਆਪਣਾ ਪੰਧ, ਪਾਂਧੀ ਰਾਹੀ ਸੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਜੁਗਾ ਜੁਗੰਤਰ ਵੇਸ ਧਰਾਇਆ । ਜੁਗਾ ਜੁਗੰਤਰ ਸਾਚੀ ਧਾਰ, ਗੁਰ ਗੁਰ ਰੂਪ ਮਾਤ ਪਰਗਟਾਈਆ । ਆਪਣੀ ਕਲ ਵਰਤੇ ਕਰਤਾਰ, ਕਲ ਵਿਚ ਆਪਣਾ

ਆਪ ਬੰਦ ਰਖਾਈਆ । ਨੌ ਨੌ ਚਾਰ ਕਰਿਆ ਖੇਲ ਅਪਾਰ, ਜੁਗ ਚੌਕੜੀ ਗੇੜਾ ਰਿਹਾ ਦੁਵਾਈਆ । ਪੰਜ ਤਤ ਤਤ ਬੋਲ ਜੈਕਾਰ, ਰੱਤੀ ਰੱਤ ਲੇਖੇ ਲਾਈਆ । ਸਮਰਥ ਪੁਰਖ ਖੇਲ ਅਪਾਰ, ਮਹਿਮਾ ਅਕਥ ਆਪ ਸੁਣਾਈਆ । ਰਥ ਚਲਾਏ ਸਰਬ ਸੰਸਾਰ, ਰਥ ਰਥਵਾਹੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚਾ ਹਰਿ, ਗੁਰ ਗੁਰ ਏਕਾ ਰੂਪ ਦਰਸਾਈਆ । ਏਕਾ ਰੂਪ ਗੁਰ ਗੁਰ ਦਰਸ, ਦਰਸ ਦਰਸੀ ਆਪ ਕਰਾਇੰਦਾ । ਜਨ ਭਗਤਾਂ ਉਪਰ ਕਰੇ ਤਰਸ, ਸੰਤ ਸਾਜਣ ਵੇਖ ਵਖਾਇੰਦਾ । ਗੁਰਮੁਖਾਂ ਮੇਟੇ ਜਗਤ ਹਰਸ, ਗੁਰਸਿਖਾਂ ਤ੍ਰਿਸਨਾ ਮੂਲ ਮੁਕਾਇੰਦਾ । ਅੰਮ੍ਰਿਤ ਮੇਘ ਅੰਮਿਉਂ ਰਸ ਦੇਵੇ ਬਰਸ, ਸਾਂਤਕ ਸਤਿ ਸਤਿ ਕਰਾਇੰਦਾ । ਲੇਖਾ ਜਾਣੇ ਅਰਸ਼ ਕੁਰਸ਼, ਫ਼ਰਸ਼ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਆਪਣਾ ਨਾਉਂ ਧਰਾਇੰਦਾ । ਆਦਿ ਜੁਗਾਦੀ ਹਰਿ ਕਰਤਾਰਾ, ਏਕਾ ਦੂਆ ਖੇਲ ਖਿਲਾਇੰਦਾ । ਤ੍ਰੈ ਤ੍ਰੈ ਲੋਆਂ ਕਰ ਪਸਾਰਾ, ਚਾਰੇ ਜੁਗ ਵੰਡ ਵੰਡਾਇੰਦਾ । ਚਾਰੇ ਖਾਣੀ ਬਾਣੀ ਬੋਲ ਜੈਕਾਰਾ, ਚਾਰੇ ਵੇਦਾਂ ਵੇਖ ਵਖਾਇੰਦਾ । ਚਾਰ ਵਰਨ ਕਰ ਉਜਿਆਰਾ, ਚਾਰ ਕੁੰਟ ਖੇਲ ਖਿਲਾਇੰਦਾ । ਚਾਰ ਯਾਰੀ ਕਰ ਪਸਾਰਾ, ਏਕਾ ਚੌਕੜ ਬੰਧਨ ਪਾਇੰਦਾ । ਆਪੇ ਵਸੇ ਸਭ ਤੋਂ ਨਿਆਰਾ, ਨਰ ਹਰਿ ਆਪਣਾ ਨਾਉਂ ਧਰਾਇੰਦਾ । ਜੁਗਾ ਜੁਗੰਤਰ ਆਪਣਾ ਨਾਉਂ ਕਰ ਉਜਿਆਰਾ, ਗੁਰੂਆਂ ਪੀਰਾਂ ਏਕਾ ਸਬਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹਰਿ ਆਪੇ ਗੁਰ, ਆਪੇ ਤਾਲ ਆਪੇ ਸੁਰ, ਆਪੇ ਸ਼ਬਦ ਆਪੇ ਸੁਰਤ ਜਾਏ ਜੁੜ, ਆਪੇ ਲੱਗੀ ਤੋੜ ਨਿਭਾਇੰਦਾ । ਆਪੇ ਗੁਰ ਆਪੇ ਅਵਤਾਰਾ, ਆਪੇ ਆਪਣਾ ਰੂਪ ਪਰਗਟਾਇੰਦਾ । ਆਪੇ ਸ਼ਾਹ ਆਪੇ ਸਿਕਦਾਰਾ, ਸ਼ਾਹ ਸੁਲਤਾਨ ਆਪਣਾ ਨਾਉਂ ਧਰਾਇੰਦਾ । ਆਪੇ ਹੁਕਮ ਆਪ ਵਰਤਾਰਾ, ਹੁਕਮੀ ਹੁਕਮ ਆਪ ਫਿਰਾਇੰਦਾ । ਆਪੇ ਜਗਤ ਜੁਗ ਬਣੇ ਅਖਾੜਾ, ਆਪੇ ਤ੍ਰਲੋਕੀ ਨਾਚ ਨਚਾਇੰਦਾ । ਆਪੇ ਚੌਦਾਂ ਲੋਕਾਂ ਦਏ ਸਹਾਰਾ, ਆਪੇ ਚੌਦਾਂ ਤਬਕਾਂ ਫੋਲ ਫੁਲਾਇੰਦਾ । ਆਪੇ ਲੱਖ ਚੁਰਾਸੀ ਕਰ ਪਸਾਰਾ, ਆਪੇ ਘਟ ਘਟ ਜੋਤ ਜਗਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਸੇਵਾਦਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਆਪੇ ਕਰੋੜ ਤੇਤੀਸਾ ਦਏ ਆਧਾਰਾ, ਇੰਦ ਇੰਦਰਾਸਣ ਆਪ ਟਿਕਾਇੰਦਾ । ਆਪੇ ਕਰੇ ਖੇਲ ਵਿਚ ਸੰਸਾਰਾ, ਕੁਦਰਤ ਕਾਦਰ ਵੇਖ ਵਖਾਇੰਦਾ । ਆਪੇ ਸਤਿਜੁਗ ਤ੍ਰੇਤਾ ਦਵਾਪਰ ਕਰੇ ਖੇਲ ਅਪਰ ਅਪਾਰਾ, ਅਨਕ ਗੁਣ ਆਪਣੇ ਆਪ ਜਣਾਇੰਦਾ । ਆਪੇ ਰਾਮ ਬਣ ਅਵਤਾਰਾ, ਆਪੇ ਰਾਵਣ ਗੜ੍ਹ ਤੁੜਾਇੰਦਾ । ਆਪੇ ਕਾਹਨਾ ਕੰਸਾ ਮਿਲ ਸਖੀਆਂ ਗਾਏ ਮੰਗਲਾਚਾਰਾ, ਮੰਗਲ ਰਾਸ ਆਪ ਰਚਾਇੰਦਾ । ਆਪੇ ਈਸਾ ਮੂਸਾ ਕਾਲਾ ਸੂਸਾ ਤਨ ਸ਼ੰਗਾਰਾ, ਅਲਫ਼ੀ ਏਕਾ ਤਨ ਰੰਗਾਇੰਦਾ । ਆਪੇ ਨਿਰਗੁਣ ਨਿਰਵੈਰ ਬੋਲ ਜੈਕਾਰਾ, ਨਾਮ ਸਤਿ ਨਾਨਕ ਮੰਤਰ ਇਕ ਦ੍ਰਿੜਾਇੰਦਾ । ਆਪੇ ਵਾਹਿਗੁਰੂ ਫ਼ਤਹਿ ਸੁਣਾਏ ਸੁਣਨੇਹਾਰਾ, ਏਕਾ ਡੰਕਾ ਸ਼ਬਦ ਵਜਾਇੰਦਾ । ਆਪੇ ਇਸ਼ਟ ਬਣਿਆ ਰਿਹਾ ਸਰਬ ਸੰਸਾਰਾ, ਗੁਰ ਪੀਰ ਅਵਤਾਰ ਸਰਬ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਗੁਰ ਗੁਰ ਆਪਣਾ ਨਾਉਂ ਵਡਿਆਇੰਦਾ । ਆਪਣਾ ਨਾਉਂ ਗੁਰੂ ਗੁਰ ਗੁਰ ਕਰਤਾਰ, ਮਹਿਮਾ ਅਕਥ ਕਥੀ ਨਾ ਜਾਈਆ । ਲੋਕਮਾਤ ਹੋ ਉਜਿਆਰ, ਮਾਣਸ ਮਾਣਸ ਲਏ ਸਮਝਾਈਆ । ਉਚੀ ਕੂਕ ਕਰੇ ਪੁਕਾਰ, ਸਰਗੁਣ ਸਾਚੀ ਸੇਵ ਕਮਾਈਆ । ਨਿਰਗੁਣ ਵਸਿਆ ਧਾਮ ਨਿਆਰ, ਜੀਵਾਂ ਜੰਤਾਂ ਦਏ ਸਮਝਾਈਆ । ਘਟ ਘਟ

ਅੰਦਰ ਕਰੇ ਪਿਆਰ, ਜੋ ਜਨ ਆਤਮ ਅੰਤਰ ਇਕ ਲਿਵ ਲਾਈਆ । ਗੁਰ ਕਿਰਪਾ ਹਰਿ ਵੇਖੇ ਗੁਰਮੁਖ ਵਿਰਲਾ ਵੇਖਣਹਾਰ, ਦੂਸਰ ਦਿਸ ਕਿਸੇ ਨਾ ਆਈਆ । ਸਾਚੇ ਭਗਤ ਭਗਵੰਤ ਕਰ ਦੀਦਾਰ, ਸਾਂਤਕ ਸਤਿ ਸਤਿ ਆਪਣੇ ਤਤ ਵਰਤਾਈਆ । ਕਬੀਰ ਜੋਲਾਹਾ ਉਤਰਿਆ ਪਾਰ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਨ ਏਕਾ ਲੇਖਾ ਦਏ ਸਮਝਾਈਆ । ਹਰਿ ਭਗਤ ਏਕਾ ਦਰ ਮੰਗਦਾ, ਦੂਸਰ ਦਰ ਨਾ ਕੋਇ ਪਰਵਾਨ । ਬਿਨ ਹਰਿ ਨਾਮ ਨਾ ਚੋਲੀ ਰੰਗ ਦਾ, ਅਵਰ ਕਰੇ ਨਾ ਕੋਇ ਪਛਾਣ । ਬਿਨ ਸਚਖੰਡ ਦਵਾਰੇ ਦੂਜਾ ਦਰ ਨਾ ਕੋਇ ਲੰਘਦਾ, ਰੱਖੇ ਸਿਰ ਨਾ ਕਿਸੇ ਦੀ ਆਣ । ਮੇਲਾ ਮੰਗੇ ਸੂਰੇ ਸਰਬੰਗ ਦਾ, ਨਾਤਾ ਤੋੜ ਦੋ ਜਹਾਨ । ਆਪਣਾ ਆਪ ਸਤਿ ਸਰੂਪੀ ਅੰਦਰ ਆਪੇ ਟੰਗਦਾ, ਦੂਸਰ ਦਿਸੇ ਨਾ ਕੋਇ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ । ਹਰਿ ਕਿਰਪਾ ਗੁਰ ਦੇਵੇ ਗਿਆਨ, ਗੁਰ ਕਿਰਪਾ ਕਹਿਣ ਨਾ ਜਾਈਆ । ਹਰਿ ਕਿਰਪਾ ਭਗਤ ਮਿਲੇ ਭਗਵਾਨ, ਵੇਦ ਸ਼ਾਸਤਰ ਸਿਮਰਤ ਕਰੇ ਨਾ ਕੋਇ ਪੜ੍ਹਾਈਆ । ਚਾਰੇ ਬਾਣੀ ਸਾਚੇ ਭਗਤ ਨਿਉਂ ਨਿਉਂ ਚਰਨ ਸਰਨ ਕਰਨ ਨਿਮਸਕਾਰ, ਬਿਨ ਭਗਤ ਬਾਣੀ ਮਾਤ ਨਾ ਕੋਇ ਪਰਗਟਾਈਆ । ਸਾਚੀ ਬਾਣੀ ਹਰਿ ਕਾ ਨਾਉਂ ਵਿਚ ਸੰਸਾਰ, ਗੁਰਮੁਖ ਆਪਣੀ ਰਸਨਾ ਜਿਹਵਾ ਗਾਈਆ । ਗੁਰ ਗੁਰ ਖੇਲ ਕਰੇ ਅਪਾਰ, ਗੁਰਮੁਖ ਸਾਚੇ ਲਏ ਜਗਾਈਆ । ਬਿਨ ਜੋਗ ਅਭਿਆਸ ਫੜ ਫੜ ਬਾਂਹੋਂ ਦੇਵੇ ਤਾਰ, ਗੁਰ ਨਾਨਕ ਸਾਚੀ ਰੀਤ ਚਲਾਈਆ । ਗੁਰ ਗੋਬਿੰਦ ਦੇਵੇ ਇਕ ਦੀਦਾਰ, ਕਲਗੀ ਤੋੜਾ ਸੀਸ ਟਿਕਾਈਆ । ਵਾਹ ਵਾ ਗੁਰੂ ਬੋਲੇ ਜੋ ਇਕ ਜੈਕਾਰ, ਸਚਖੰਡ ਦਵਾਰੇ ਦਏ ਬਹਾਈਆ । ਏਕਾ ਇਸ਼ਟ ਵਖਾਏ ਪੁਰਖ ਅਕਾਲ, ਸਾਚਾ ਭਗਤੀ ਮਾਰਗ ਰਿਹਾ ਵਖਾਈਆ । ਭੈ ਨਾ ਵਖਾਏ ਕੋਇ ਸਿਰ ਕਾਲ, ਮਹਾਂਕਾਲ ਨੇੜ ਨਾ ਆਈਆ । ਜਿਸ ਜਨ ਸਤਿਗੁਰ ਪੂਰਾ ਹੋਏ ਆਪ ਮਿਹਰਵਾਨ, ਦਰ ਘਰ ਸਾਚੇ ਲਏ ਬਹਾਈਆ । ਹਰਿ ਹਰਿ ਰੂਪ ਨਜ਼ਰੀ ਆਏ ਇਕ ਭਗਵਾਨ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਗੁਰ ਏਕਾ ਭੇਵ ਖੁਲ੍ਹਾਈਆ । ਹਰਿ ਗੁਰ ਭੇਵ ਖੁਲ੍ਹਾਇੰਦਾ, ਗੁਰ ਹਰਿ ਏਕਾ ਪਿਆਰ । ਹਰਿ ਗੁਰ ਸੇਵ ਕਮਾਇੰਦਾ, ਗੁਰ ਹਰਿ ਏਕਾ ਧਾਰ । ਹਰਿ ਗੁਰ ਜੋਤ ਜਗਾਇੰਦਾ, ਗੁਰ ਹਰਿ ਨੂਰ ਉਜਿਆਰ । ਹਰਿ ਗੁਰ ਚੋਟ ਲਗਾਇੰਦਾ, ਗੁਰ ਹਰਿ ਸ਼ਬਦ ਧੁਨਕਾਰ । ਹਰਿ ਗੁਰ ਲੋਕ ਪਰਲੋਕ ਹੁਕਮ ਚਲਾਇੰਦਾ, ਗੁਰ ਹਰਿ ਵਰਤੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਕਰੇ ਖੇਲ ਸੱਚੀ ਸਰਕਾਰ । ਹਰਿ ਗੁਰ ਸੇਵ ਕਮਾਇੰਦਾ, ਨਿਰਗੁਣ ਸਰਗੁਣ ਹੋ ਉਜਿਆਰ । ਹਰਿ ਗੁਰ ਜੋਗ ਵਖਾਇੰਦਾ, ਨੇਹਕਰਮੀ ਕਰ ਪਿਆਰ । ਹਰਿ ਗੁਰ ਸਲੋਕ ਸੁਣਾਇੰਦਾ, ਸ਼ਬਦ ਅਗੰਮੀ ਇਕ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੰਦਰ ਬੈਠ ਸੱਚੇ ਦਰਬਾਰ । ਹਰਿ ਮੰਦਰ ਦਰ ਸੁਹਾਵਣਾ, ਗ੍ਰਿਹਿ ਵਸੇ ਹਰਿ ਨਿਰੰਕਾਰਾ । ਕਰੇ ਖੇਲ ਸ੍ਰੀ ਭਗਵਾਨਨਾ, ਜੋਤੀ ਜਾਤਾ ਹੋ ਉਜਿਆਰਾ । ਜੁਗ ਜੁਗ ਝੁਲਾਏ ਆਪਣਾ ਸਤਿ ਨਿਸ਼ਾਨਨਾ, ਲੋਕਮਾਤ ਲੈ ਅਵਤਾਰਾ । ਗੁਰਮੁਖਾਂ ਫੜਾਏ ਏਕਾ ਦਾਮਨਾ, ਛੁੱਟ ਨਾ ਜਾਏ ਵਿਚ ਸੰਸਾਰਾ । ਖੇੜਾ ਵਸਾਏ ਨਗਰ ਗਰਾਮਨਾ, ਕਾਇਆ ਮੰਦਰ ਦਏ ਸਹਾਰਾ । ਦਰਗਹਿ ਸਾਚੀ ਬਣੇ ਜ਼ਾਮਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੪੧੪ ੦੯

ਕਰ, ਇਕ ਇਕੱਲਾ ਸਾਚਾ ਹਰਿ, ਆਪਣੀ ਪੂਰੀ ਕਰੇ ਆਪ ਭਾਵਣਾ । ਆਪਣੀ ਭਾਵਨਾ ਭਾਵੀ ਅੰਦਰ ਰੱਖ, ਭਗਤਨ ਦਏ ਜਣਾਈਆ । ਲੱਖ ਚੁਰਾਸੀ ਵਿਚੋਂ ਕਰ ਕਰ ਵੱਖ, ਨਿਸ਼ਅੱਖਰ ਨਾਮ ਕਰੇ ਪੜ੍ਹਾਈਆ । ਸ੍ਰੀ ਭਗਵਾਨ ਏਕਾ ਮਾਰਗ ਦੱਸ, ਨਿਰਵੈਰ ਰੂਪ ਦਰਸਾਈਆ । ਪੁਰਖ ਅਕਾਲਾ ਮੇਲ ਮਿਲਾਵਾ ਹੱਸ ਹੱਸ, ਹਸਰਤ ਜਗਤ ਰਹੇ ਨਾ ਰਾਈਆ । ਭਗਤਾਂ ਅੰਦਰ ਆਪੇ ਜਾਏ ਵਸ, ਰੂਪ ਅਨੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਇਕ ਸਮਝਾਈਆ । ਹਰਿ ਗੁਰ ਗੁਰ ਮਾਰਗ ਲਾਇਆ, ਕਲਜੁਗ ਤੇਰੀ ਅੰਤਮ ਵਾਰ । ਗੁਰ ਗੁਰ ਹਰਿ ਹਰਿ ਰੂਪ ਵਟਾਇਆ, ਹਰਿ ਹਰਿ ਗੁਰ ਗੁਰ ਕਰ ਧਾਰ । ਪੰਜ ਤਤ ਨਾ ਕੋਈ ਰਖਾਇਆ, ਨਿਰਗੁਣ ਜੋਤ ਜੋਤ ਉਜਿਆਰ । ਵਰਨ ਗੋਤ ਨਾ ਕੋਇ ਬਣਾਇਆ, ਰਾਜ ਰਾਜਾਨ ਨਾ ਸ਼ਾਹ ਸੁਲਤਾਲ । ਊਚ ਨੀਚ ਨਾ ਵੰਡ ਵੰਡਾਇਆ, ਚਾਰੇ ਵਰਨ ਨਾ ਕੋਇ ਗਿਆਨ । ਚਾਰੇ ਵੇਦ ਨਾ ਸੀਸ ਝੁਕਾਇਆ, ਅਠਾਰਾਂ ਪਰਾਨਾ ਨਾ ਕਰੇ ਧਿਆਨ । ਗੀਤਾ ਗਿਆਨ ਨਾ ਰਸਨਾ ਗਾਇਆ, ਅੰਜੀਲ ਕੁਰਾਨ ਨਾ ਕਰੇ ਸਲਾਮ । ਖਾਣੀ ਬਾਣੀ ਨਾ ਸੀਸ ਝੁਕਾਇਆ, ਆਪੇ ਹੋਇਆ ਜਾਣੀ ਜਾਣ । ਕਲਜੁਗ ਅੰਤਮ ਵੇਸ ਵਟਾਇਆ, ਨਿਹਕਲੰਕ ਬਲੀ ਬਲਵਾਨ । ਗੁਰਮੁਖ ਸਾਚੇ ਲਏ ਜਗਾਇਆ, ਸੋਇਆ ਰਹੇ ਨਾ ਕੋਇ ਨਾਦਾਨ । ਪੁਰਖ ਅਕਾਲ ਇਕ ਮਿਲਾਇਆ, ਹਰਿ ਜੂ ਹੋਇਆ ਆਪ ਮਿਹਰਵਾਨ । ਚਾਲ ਅਵੱਲੜੀ ਇਕ ਚਲਾਇਆ, ਸਾਚੇ ਭਗਤ ਕਰ ਪਰਵਾਨ । ਜਗਤ ਜੰਜਾਲਾ ਗਲੋਂ ਤੁੜਾਇਆ, ਲੱਖ ਚੁਰਾਸੀ ਚੁੱਕੀ ਕਾਣ । ਪੂਜਾ ਪਾਠ ਅਭਿਆਸ ਨਾ ਕੋਇ ਵਖਾਇਆ, ਗੁਰਮੁਖਾਂ ਘਰ ਘਰ ਦਰਸ ਦੇਵੇ ਆਣ । ਜਿਸ ਜਨ ਏਕਾ ਵਾਰ ਦਰਸਨ ਪਾਇਆ, ਦਰਗਹਿ ਸਾਚੀ ਝੁਲਦਾ ਜਾਏ ਨਿਸ਼ਾਨ । ਵੇਲੇ ਅੰਤ ਸਤਿ ਬਬਾਣ ਲਏ ਬਿਠਾਇਆ, ਪੁਰਖ ਅਬਿਨਾਸ਼ੀ ਆਪਣਾ ਦੇਵੇ ਧੁਰ ਫ਼ਰਮਾਣ । ਗੁਰਸਿਖਾਂ ਬਣ ਕਹਾਰ ਸੇਵ ਕਮਾਇਆ, ਡੋਲੀ ਚੁੱਕੀ ਜਾਏ ਦੋ ਜਹਾਨ । ਦੂਸਰ ਹੱਥ ਨਾ ਡੋਰ ਫੜਾਇਆ, ਤੇਈ ਅਵਤਾਰ ਹੋਣ ਹੈਰਾਨ । ਅਠਾਰਾਂ ਭਗਤ ਰਹੇ ਜਸ ਗਾਇਆ, ਦਸ ਗੁਰੂ ਕਰਨ ਪਰਵਾਨ । ਕਲਜੁਗ ਅੰਤਮ ਗੁਰਮੁਖਾਂ ਲੇਖਾ ਆਪਣੇ ਹੱਥ ਰਖਾਇਆ, ਆਪਣੀ ਪਾਈ ਏਕਾ ਆਣ । ਨਾਨਕ ਗੋਬਿੰਦ ਲਿਖਿਆ ਪੂਰ ਕਰਾਇਆ, ਭੁੱਲ ਨਾ ਜਾਏ ਗੁਣ ਨਿਧਾਨ । ਨਾਰੀ ਪੁਰਸ਼ ਏਕਾ ਥਾਂ ਬਹਾਇਆ, ਵੰਡੇ ਵੰਡ ਸ੍ਰੀ ਭਗਵਾਨ । ਹਰਿਜਨ ਸਾਚੇ ਵਾਰੋ ਵਾਰੀ ਆਪਣੀ ਗੋਦੀ ਲਏ ਬਹਾਇਆ, ਹਰਖ ਸੋਗ ਕਰੇ ਨਾ ਕੋਇ ਵਿਚ ਜਹਾਨ । ਭੈਣਾ ਭੱਯਾ ਨਾਤਾ ਜਗਤ ਬੰਧਾਇਆ, ਸਿੰਘ ਨਰਾਇਣ ਦੀਆ ਗਿਆਨ । ਮੱਖਣ ਸਿੰਘ ਨੇਤਰ ਨੀਰ ਨਾ ਕੋਇ ਵਹਾਇਆ, ਬਾਲ ਅਵਾਣੇ ਆਪੇ ਲਏ ਸੰਭਾਲ । ਹਰਬੰਸ ਅੰਸ ਗੁਰ ਸਤਿਗੁਰ ਆਪਣੇ ਬੰਸ ਰਲਾਇਆ, ਜਗਤ ਸੁਤ ਸਾਚੇ ਪਿਤਾ ਪੁਰਖ ਮਿਲੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਿਤਾ ਦਾਨ ਏਕਾ ਵਾਰ, ਦੂਜੀ ਵਾਰ ਥਿਤ ਨਾ ਕੋਇ ਜਣਾਇਆ ।

੧੪੧੯

✻ ੨੮ ਕੱਤਕ ੨੦੧੭ ਬਿਕ੍ਰਮੀ ਸਰੈਣ ਸਿੰਘ ਦੇ ਘਰ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✻

ਸਤਿ ਪੁਰਖ ਸਾਹਿਬ ਸੁਲਤਾਨ, ਅਗੰਮ ਅਗੰਮੜਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਸਾਹਿਬ ਮਿਹਰਵਾਨ, ਰੂਪ ਅਨੂਪ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਖੇਲ ਮਹਾਨ, ਅਨਭਵ ਆਪਣੀ ਖੇਲ ਖਿਲਾਈਆ । ਏਕੰਕਾਰਾ ਨੌਜਵਾਨ, ਆਦਿ ਜੁਗਾਦੀ ਭੇਵ ਨਾ ਰਾਈਆ । ਆਦਿ ਨਿਰੰਜਣ ਨੂਰ ਮਹਾਨ, ਨਿਰਵੈਰ ਆਪਣਾ ਆਪ ਪਰਗਟਾਈਆ । ਅਬਿਨਾਸ਼ੀ ਕਰਤਾ ਕਰਤਾ ਪੁਰਖ ਕਰਨੇਹਾਰ, ਆਪਣੀ ਕਲ ਆਪ ਧਰਾਈਆ । ਸ੍ਰੀ ਭਗਵਾਨ ਕਰੇ ਖੇਲ ਅਪਰ ਅਪਾਰ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਪਾਰਬ੍ਰਹਮ ਪ੍ਰਭ ਲੇਖਾ ਜਾਣੇ ਸਚ ਦਰਬਾਰ, ਦਰਗਹਿ ਸਾਚੀ ਵਡ ਵਡਿਆਈਆ । ਸਚਖੰਡ ਵਸਾਏ ਏਕੰਕਾਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਘਰ ਮੰਦਰ ਪਾਵੇ ਆਪੇ ਸਾਰ, ਥਿਰ ਘਰ ਲੇਖਾ ਅਗੰਮ ਅਥਾਹੀਆ । ਆਪਣਾ ਜੋਬਨ ਵੇਖ ਬਲਕਾਰ, ਬਲ ਆਪਣਾ ਦਏ ਪਰਗਟਾਈਆ । ਆਪਣਾ ਖੇਲ ਕਰੇ ਖੇਲਣਹਾਰ, ਅਲੱਖ ਅਲੱਖਨਾ ਲਖਿਆ ਨਾ ਜਾਈਆ । ਆਪਣੀ ਇਛਿਆ ਕਰ ਵਿਚਾਰ, ਆਪਣੀ ਸਿਖ਼ਿਆ ਆਪੇ ਪਾਈਆ । ਆਪਣੀ ਘਾੜਤ ਘੜੇ ਹਰਿ ਕਰਤਾਰ, ਸਾਚਾ ਤਖ਼ਤ ਆਪ ਸੁਹਾਈਆ । ਆਪੇ ਸ਼ਾਹ ਪਾਤਸ਼ਾਹ ਬਣੇ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਆਪੇ ਭੂਪਤ ਭੂਪ ਹੋਏ ਦਾਤਾਰ, ਰਾਜ ਰਾਜਾਨ ਆਪ ਅਖਵਾਈਆ । ਆਪੇ ਸਤਿ ਸਤਿਵਾਦੀ ਉਠਾਏ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਸੇਵ ਕਮਾਈਆ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਸ਼ਬਦ ਅਗੰਮੀ ਵਾਜ ਸੁਣਾਈਆ । ਆਪੇ ਹੁਕਮੀ ਹੁਕਮ ਕਰੇ ਪਰਵਾਨ, ਪਰਵਰਦਿਗਾਰ ਬੇਪਰਵਾਹੀਆ । ਆਪੇ ਆਪਣਾ ਹੋਏ ਜਾਣੀ ਜਾਣ, ਜਾਨਣਹਾਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਚ ਮਹੱਲਾ, ਏਕਾ ਰਿਹਾ ਵਸਾਈਆ । ਇਕ ਮਹੱਲਾ ਹਰਿ ਵਸਾਇਆ, ਆਦਿ ਜੁਗਾਦੀ ਆਸਣ ਲਾਇੰਦਾ । ਏਕਾ ਰੂਪ ਅਨੂਪ ਪਰਗਟਾਇਆ, ਰੰਗ ਰੇਖ ਨਾ ਕੋਇ ਜਣਾਇੰਦਾ । ਏਕਾ ਨਰੇਸ਼ ਰਿਹਾ ਸੁਹਾਇਆ, ਦਰ ਦਰਵੇਸ਼ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਆਪ ਜਣਾਇੰਦਾ । ਘਰ ਸਾਚਾ ਸੋਹਿਆ ਬੰਕ ਦਵਾਰਾ, ਸਚਖੰਡ ਵੱਜੀ ਵਧਾਈਆ । ਘਰ ਪਰਗਟਿਆ ਹਰਿ ਏਕੰਕਾਰਾ, ਨਿਰਾਕਾਰ ਰੂਪ ਧਰਾਈਆ । ਘਰ ਬੋਲਣਹਾਰਾ ਨਾਮ ਸਤਿ ਜੈਕਾਰਾ, ਸਤਿ ਸਤਿਵਾਦੀ ਆਪ ਪਰਗਟਾਈਆ । ਘਰ ਕਰਤਾ ਪੁਰਖ ਹੋਏ ਉਜਿਆਰਾ, ਨਿਰਵੈਰ ਆਪਣੀ ਧਾਰ ਚਲਾਈਆ । ਘਰ ਮੂਰਤ ਅਕਾਲ ਏਕਾ ਵਸੇ ਵਸਣਹਾਰਾ, ਜੂਨੀ ਰਹਿਤ ਸਹਿਜ ਸੁਖਦਾਈਆ । ਘਰ ਲੇਖਾ ਜਾਣੇ ਧੁਰ ਦਰਬਾਰਾ, ਸਚਖੰਡ ਨਵਾਸੀ ਸੱਚਾ ਸ਼ਹਿਨਸ਼ਾਹੀਆ । ਘਰ ਮੰਗਣ ਮੰਗੇ ਬਣ ਭਿਖਾਰਾ, ਘਰ ਇਛਿਆ ਝੋਲੀ ਪਾਈਆ । ਘਰ ਮੰਦਰ ਬਣੇ ਸਤਿ ਵਰਤਾਰਾ, ਸਾਚੀ ਵਸਤ ਹੱਥ ਉਠਾਈਆ । ਘਰ ਬੋਲੇ ਸ਼ਬਦ ਨਾਦ ਧੁਨਕਾਰਾ, ਘਰ ਰਾਗ ਅਨਾਦੀ ਗਾਈਆ । ਘਰ ਅੰਮ੍ਰਿਤ ਰੱਖੇ ਠੰਡੀ ਠਾਰਾ, ਚਰਨ ਸਰੋਵਰ ਇਕ ਸੁਹਾਈਆ । ਘਰ ਉਪਜਾਏ ਬ੍ਰਹਮਾ ਵਿਸ਼ਨ ਸ਼ਿਵ ਸੁਤ ਦੁਲਾਰਾ, ਘਰ ਜਨਨੀ ਏਕਾ ਮਾਈਆ । ਘਰ ਵਖਾਏ ਰਵ ਸਸ ਸੂਰਜ ਚੰਨ ਸਤਾਰਾ, ਘਰ ਮੰਡਲ ਮੰਡਪ ਦਏ ਵਡਿਆਈਆ । ਘਰ ਤ੍ਰੈਗੁਣ ਮਾਇਆ ਭਰ ਭੰਡਾਰਾ, ਤ੍ਰੈ ਤ੍ਰੈ ਲੇਖਾ ਦਏ ਸਮਝਾਈਆ । ਘਰ ਪੰਚਮ ਤਤ ਤਤ ਪਸਾਰਾ, ਤਤਵ ਤਤ ਇਕ ਰਖਾਈਆ । ਘਰ ਘਾੜਤ ਘੜੇ ਆਪ ਸੁਨਿਆਰਾ, ਸਚ ਕੁਠਾਲੀ ਆਪੇ ਤਾਈਆ । ਘਰ ਲੇਖਾ ਜਾਣੇ ਹਰਿ ਨਿਰੰਕਾਰਾ, ਦੂਸਰ ਅਵਰ ਨਾ ਸੰਗ ਰਖਾਈਆ ।

ਘਰ ਨਿਸ਼ਅੱਖਰ ਪੜ੍ਹੇ ਪੜ੍ਹਨਹਾਰਾ, ਘਰ ਸਾਚੇ ਵੇਦਾਂ ਕਰੇ ਪੜ੍ਹਾਈਆ । ਘਰ ਲੱਖ ਚੁਰਾਸੀ ਕਰ ਪਸਾਰਾ, ਘਰ ਸਾਚੀ ਵੰਡ ਵੰਡਾਈਆ । ਘਰ
ਬਖ਼ਸ਼ਣਹਾਰਾ ਨਾਮ ਆਧਾਰਾ, ਅਨਮੁਲਾ ਨਾਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ
ਹਰਿ, ਏਕਾ ਏਕ ਸੱਚਾ ਸ਼ਹਿਨਸ਼ਾਹੀਆ । ਘਰ ਮੰਦਰ ਘਰ ਖੇਲ ਨਿਆਰਾ, ਘਰ ਜੋਤੀ ਜੋਤ ਜਗਾਇੰਦਾ । ਘਰ ਬ੍ਰਹਮ ਪਾਰਬ੍ਰਹਮ ਕਰੇ ਪਸਾਰਾ,
ਘਰ ਆਪਣਾ ਵੇਖ ਵਖਾਇੰਦਾ । ਘਰ ਰਾਤੀ ਰੁਤੀ ਥਿਤੀ ਜਾਣੇ ਵਾਰਾ, ਘਰ ਆਪਣੀ ਰੁਤ ਸੁਹਾਇੰਦਾ । ਘਰ ਫੁਲ ਫਲਵਾੜੀ ਵੇਖੇ ਸਚ ਬਹਾਰਾ,
ਸਚ ਸੁਗੰਧੀ ਆਪ ਮਹਿਕਾਇੰਦਾ । ਘਰ ਲੇਖਾ ਜਾਣੇ ਨਾਰੀ ਕੰਤ ਭਤਾਰਾ, ਘਰ ਗ੍ਰਹਿ ਸੁਹੰਜਣੀ ਸੇਜ ਸੁਹਾਇੰਦਾ । ਘਰ ਉਪਜਾਏ ਮਾਤ ਪਿਤ
ਘਰ ਸੁਤ ਦੁਲਾਰਾ, ਘਰ ਜਨਨੀ ਜਨ ਮੇਲ ਮਿਲਾਇੰਦਾ । ਘਰ ਰਾਗ ਰਾਗਨੀ ਗਾਏ ਆਪਣੀ ਵਾਰਾ, ਘਰ ਧੁਨ ਧੁਨ ਵਿਚ ਸਮਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਘਰ ਏਕਾ ਸਚ ਵਸਾਇੰਦਾ । ਏਕਾ ਘਰ ਹਰਿ ਵਸਾਇਆ, ਸਚਖੰਡ
ਵੱਜੀ ਵਧਾਈਆ । ਦੂਜੀ ਕੁਦਰਤ ਲਏ ਪਰਗਟਾਇਆ, ਤੀਜੇ ਨੇਤਰ ਵੇਖੇ ਥਾਉਂ ਥਾਈਆ । ਚੌਥੇ ਪਦ ਆਪ ਸਮਾਇਆ, ਧੁਨ ਨਾਦ ਸ਼ਬਦ
ਗਾਏ ਸਹਿਜ ਸੁਭਾਈਆ । ਛੇਵੇਂ ਛੱਪਰ ਛੰਨ ਕਿਸੇ ਦਿਸ ਨਾ ਆਇਆ, ਪੁਰਖ ਅਬਿਨਾਸ਼ੀ ਰਚਨ ਰਚਾਈਆ । ਸਤਵੇਂ ਸਤਿ ਸਤਿਵਾਦੀ ਘਰ
ਘਰ ਆਪਣਾ ਡੇਰਾ ਲਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੱਠਾਂ ਤੱਤਾਂ ਬੰਧਨ ਪਾਇਆ, ਮੇਲ ਮਿਲਾਵਾ ਸਹਿਜ ਸੁਭਾਈਆ । ਨੌਂ ਦਵਾਰੇ
ਜਗਤ ਵਖਾਇਆ, ਨੌਂ ਦਰ ਖੇਲੇ ਸ੍ਰਿਸ਼ਟ ਸਬਾਈਆ । ਦਸਵਾਂ ਆਪਣੀ ਵੰਡ ਵੰਡਾਇਆ, ਘਰ ਘਰ ਵਿਚ ਰਿਹਾ ਛੁਪਾਈਆ । ਸਾਚੇ ਘਰ

ਜੋਤ ਜਗਾਇਆ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਸਾਚੇ ਘਰ ਸੇਜ ਵਛਾਇਆ, ਆਤਮ ਸੇਜਾ ਇਕ ਵਖਾਈਆ । ਸਾਚੇ ਘਰ ਮੇਲ ਮਿਲਾਇਆ,
੧੪੧੭ ੦੯
ਸੁਰਤੀ ਸ਼ਬਦ ਏਕਾ ਰੰਗ ਰੰਗਾਈਆ । ਸਾਚੇ ਘਰ ਤੇਲ ਚੜ੍ਹਾਇਆ, ਏਕਾ ਸਗਨ ਮਨਾਈਆ । ਸਾਚੇ ਘਰ ਖੋਜਤ ਖੋਜਤ ਹਰਿ ਪ੍ਰਭ ਪਾਇਆ,
ਬ੍ਰਹਮ ਪਾਰਬ੍ਰਹਮ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਹਰਿ, ਗ੍ਰਹਿ ਮੰਦਰ ਆਪ
ਸੁਹਾਇਆ । ਗ੍ਰਹਿ ਮੰਦਰ ਹਰਿ ਸੁਹਾਇੰਦਾ, ਘਰ ਘਰ ਵਿਚ ਕਰ ਪਰਕਾਸ਼ । ਸਤਿ ਸਰੂਪੀ ਆਸਣ ਲਾਇੰਦਾ, ਆਦਿ ਜੁਗਾਦੀ ਨਾ ਜਾਏ ਵਿਨਾਸ ।
ਜੁਗ ਜੁਗ ਆਪਣਾ ਰੂਪ ਧਰਾਇੰਦਾ, ਨਿਰਗੁਣ ਸਰਗੁਣ ਪਰਗਟ ਹੋ ਸ਼ਾਹੋ ਸ਼ਾਬਾਸ । ਸਾਚਾ ਡੰਕਾ ਨਾਮ ਵਜਾਇੰਦਾ, ਲੇਖਾ ਜਾਣੇ ਸਰਬ ਗੁਣਤਾਸ ।
ਲੱਖ ਚੁਰਾਸੀ ਵੇਖ ਵਖਾਇੰਦਾ, ਜਨ ਭਗਤਾਂ ਪੂਰੀ ਕਰੇ ਆਸ । ਸਾਚੇ ਸੰਤਨ ਮੇਲ ਮਿਲਾਇੰਦਾ, ਸੇਵਾ ਕਰੇ ਬਣ ਬਣ ਦਾਸੀ ਦਾਸ । ਗੁਰਮੁਖ
ਸਾਚੇ ਰੰਗ ਰੰਗਾਇੰਦਾ, ਲੇਖਾ ਜਾਣੇ ਪਵਣ ਸਵਾਸ । ਗੁਰਮੁਖ ਏਕਾ ਦਰ ਬਹਾਇੰਦਾ, ਸਦਾ ਸਹੇਲਾ ਵਸੇ ਪਾਸ । ਘਰ ਮੰਦਰ ਮੇਲ ਮਿਲਾਇੰਦਾ,
ਹਰਿਜਨ ਰਹੇ ਨਾ ਕੋਈ ਨਿਰਾਸ । ਬੱਤੀ ਦੰਦਨ ਜੋ ਜਨ ਗਾਇੰਦਾ, ਪਾਵੇ ਸਾਰ ਅਪ ਤੇਜ ਵਾਏ ਪ੍ਰਿਥਮੀ ਆਕਾਸ਼ । ਪਰਮਾਨੰਦਨ ਇਕ ਵਖਾਇੰਦਾ,
ਗ੍ਰਹਿ ਮੰਦਰ ਸਾਚੀ ਰਾਸ । ਲੱਖ ਚੁਰਾਸੀ ਬੰਧਨ ਤੋੜ ਤੁੜਾਇੰਦਾ, ਨਾਤਾ ਤੋੜੇ ਮਾਤ ਗਰਭ ਵਾਸ । ਘਰ ਮੰਦਰ ਆਪ ਸੁਹਾਇੰਦਾ, ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਖੇਲਣਹਾਰਾ ਖੇਲ ਤਮਾਸ਼ । ਗ੍ਰਹਿ ਮੰਦਰ ਹਰਿ ਖੇਲ ਤਮਾਸ਼ਾ, ਕਾਇਆ
ਮੰਡਲ ਰਾਸ ਰਚਾਈਆ । ਪਰਗਟ ਹੋਏ ਪੁਰਖ ਅਬਿਨਾਸ਼ਾ, ਹਰਿਜਨ ਸਾਚੇ ਲਏ ਜਗਾਈਆ । ਚਰਨ ਕਵਲ ਕਵਲ ਚਰਨ ਉਪਰ ਧਵਲ ਦਏ

ਭਰਵਾਸਾ, ਧਰਨੀ ਧਰਤ ਧਵਲ ਨਾਲ ਰਲਾਈਆ । ਨਿਝ ਘਰ ਨਿਝ ਆਤਮ ਨਿਝ ਗ੍ਰਿਹਿ ਕਰ ਕਰ ਵਾਸਾ, ਨਿਝ ਆਤਮ ਵੇਖੇ ਥਾਉਂ ਥਾਈਆ । ਲੇਖਾ ਜਾਣੇ ਕਾਇਆ ਮਾਟੀ ਪੰਜ ਤਤ ਕਾਸਾ, ਬੰਕ ਦਵਾਰੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਏਕਾ ਦਰ, ਏਕਾ ਹਰਿ ਦਏ ਵਖਾਈਆ । ਏਕਾ ਦਰ ਸਾਚੇ ਮੰਦਰ, ਹਰਿ ਹਰਿ ਆਪ ਵਖਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਕਵਰੀ ਭਵਰੀ ਫੋਲ ਫੁਲਾਇੰਦਾ । ਆਪੇ ਤੋੜਨਹਾਰਾ ਜੰਦਰ, ਦੂਈ ਦਵੈਤੀ ਕੁੰਡਾ ਲਾਹਿੰਦਾ । ਆਪ ਜਣਾਏ ਆਪਣਾ ਨਾਉਂ ਮੰਤਰ, ਬਿਧ ਅੰਤਰ ਵੇਖ ਵਖਾਇੰਦਾ । ਜਗਤ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਗੁਰਮੁਖ ਵਿਰਲੇ ਬਣਾਏ ਬਣਤਰ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗ੍ਰਿਹਿ ਏਕਾ ਘਰ, ਏਕਾ ਵਸੇ ਸਾਚਾ ਹਰਿ, ਦੂਸਰ ਰੂਪ ਨਾ ਕੋਈ ਧਰਾਇੰਦਾ । ਘਰ ਵਸਿਆ ਹਰਿ ਨਿਰੰਕਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਘਰ ਸ਼ਬਦ ਨਾਦ ਧੁਨਕਾਰਾ, ਘਰ ਵੱਜਦੀ ਰਹੇ ਵਧਾਈਆ । ਘਰ ਮੇਲ ਮਿਲਾਵਾ ਪੀਆ ਪ੍ਰੀਤਮ ਪੁਰਖ ਪੁਰਖੋਤਮ ਏਕਾ ਵਾਰਾ, ਵਿਛੜ ਕਦੇ ਨਾ ਜਾਈਆ । ਘਰ ਰੰਗ ਰਲੀਆ ਮਾਣੇ ਨਾਲ ਭਤਾਰਾ, ਘਰ ਸਾਂਤਕ ਸਤਿ ਸਤਿ ਸਮਾਈਆ । ਘਰ ਸਾਚੀ ਕਲੀਆਂ ਖਿੜੇ ਗੁਲਜ਼ਾਰਾ, ਘਰ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਆਦਿ ਜੁਗਾਦੀ ਕਰਨੇਹਾਰ, ਕਰਨ ਕਰਾਵਨਹਾਰ ਇਕ ਅਖਵਾਈਆ । ਜੁਗ ਜੁਗ ਕਾਰ ਕਮਾਇੰਦਾ, ਇਕ ਇਕੱਲਾ ਬੇਪਰਵਾਹ । ਸਤਿਜੁਗ ਤ੍ਰੇਤਾ ਦੁਆਪਰ ਰਥ ਚਲਾਇੰਦਾ, ਅਗੰਮ



ਅਗੰਮੜਾ ਬਣ ਮਲਾਹ । ਜਗਤ ਨਈਆ ਵੇਖ ਵਖਾਇੰਦਾ, ਸਤਿਜੁਗ ਸਾਗਰ ਫੋਲ ਫੁਲਾ । ਡੂੰਘੀ ਭਵਰੀ ਡੇਰਾ ਲਾਇੰਦਾ, ਰੂਪ ਅਨੂਪ ਆਪ ਪਰਗਟਾ । ਗੁਰ ਪੀਰ ਅਵਤਾਰ ਆਪਣਾ ਨਾਉਂ ਧਰਾ ਜਗਤ ਮਾਰਗ ਵੇਖ ਵਖਾਇੰਦਾ, ਸ੍ਰਿਸ਼ਟ ਸਬਾਈ ਵੇਖੇ ਥਾਉਂ ਥਾਂ । ਏਕਾ ਅੱਖਰ ਜਾਪ ਜਪਾਇੰਦਾ, ਅੱਖਰ ਘਾੜਨ ਲਏ ਘੜਾ । ਘੜਨਹਾਰਾ ਦਿਸ ਨਾ ਆਇੰਦਾ, ਘਟ ਘਟ ਬੈਠਾ ਮੁਖ ਛੁਪਾ । ਆਪਣਾ ਮੰਦਰ ਆਪਣਾ ਘਰ ਆਪ ਸੁਹਾਇੰਦਾ, ਆਪਣੀ ਸੇਜਾ ਸੁਤਾ ਪੈਰ ਪਸਾਰ ਏਕੰਕਾਰਾ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਆਪਣੀ ਖੇਲ ਆਪ ਖਲਾਇੰਦਾ । ਤ੍ਰੈਗੁਣ ਅਤੀਤਾ ਤ੍ਰੈਗੁਣ ਭਿੰਨ, ਤ੍ਰੈ ਤ੍ਰੈ ਰੇਖਾ ਆਪ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇਆ ਏਕਾ ਦੂਜਾ ਗਿਣ ਗਿਣ ਥਿਰ ਕੋਈ ਰਹਿਣ ਨਾ ਪਾਈਆ । ਨਿਤ ਨਵਿਤ ਲਏ ਅਵਤਾਰ ਕਰੇ ਖੇਲ ਭਿੰਨ ਭਿੰਨ, ਭੇਵ ਅਭੇਦਾ ਭੇਵ ਨਾ ਰਾਈਆ । ਆਪਣਾ ਰੂਪ ਰੰਗ ਨਾ ਦਿਸਾਏ ਕਿਸੇ ਚਿਨ, ਲੇਖਾ ਲੇਖੇ ਕੋਈ ਨਾ ਪਾਈਆ । ਹਰਿ ਕਾ ਰੂਪ ਲੰਮਾ ਚੌੜਾ ਕੋਈ ਨਾ ਸਕੇ ਮਿਣ, ਬੇਅੰਤ ਕਹਿ ਕਹਿ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਏ ਸਾਚਾ ਘਰ, ਗ੍ਰਿਹਿ ਮੰਦਰ ਦਏ ਵਡਿਆਈਆ । ਗ੍ਰਿਹਿ ਮੰਦਰ ਹਰਿ ਸੁਹੰਜਣਾ, ਨਿਰਗੁਣ ਨੂਰ ਜੋਤ ਪਰਕਾਸ਼ । ਪੁਰਖ ਅਬਿਨਾਸ਼ੀ ਵਸੇ ਏਕਾ ਸੱਜਣਾ, ਵਡ ਦਾਤਾ ਸ਼ਾਹੋ ਸ਼ਾਬਾਸ । ਜੁਗ ਜੁਗ ਆਪੇ ਜਾਣੇ ਆਪਣੀ ਰਚਨਾ, ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਪਰਬਾਸ । ਜੁਗਾ ਜੁਗੰਤਰ ਆਪਣਾ ਨਾਉਂ ਧਰਾਏ ਸਾਚੋ ਸੱਚਣਾ ਸਚ ਸੁੱਚ ਕਰੇ ਪਰਕਾਸ਼ । ਆਪੇ ਗ੍ਰਿਹਿ ਗ੍ਰਿਹਿ ਘਰ ਘਰ ਨਿਰਗੁਣ ਸਰਗੁਣ ਹੋ ਹੋ ਨੱਚਣਾ, ਘਟ ਭੀਤਰ ਪਾਵੇ ਰਾਸ ।

ਆਪੇ ਪੰਜ ਤਤ ਕਾਇਆ ਮਾਟੀ ਹੋਏ ਕਚਨਾ, ਆਪੇ ਉਪਜੇ ਆਪੇ ਜਾਏ ਵਿਨਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਧਾਰ ਹਰਿ ਨਿਰੰਕਾਰ, ਗ੍ਰਿਹਿ ਮੰਦਰ ਆਪ ਚਲਾਸ । ਸਾਚੀ ਧਾਰਾ ਹਰਿ ਨਿਰੰਕਾਰਾ, ਘਰ ਸਾਚੇ ਆਪ ਚਲਾਈਆ । ਆਦਿ ਜੁਗਾਦੀ ਇਕ ਅਵਤਾਰਾ, ਰੂਪ ਅਨੂਪ ਇਕ ਪਰਗਟਾਈਆ । ਲੇਖਾ ਜਾਣੇ ਧੁਰ ਦਰਬਾਰਾ, ਲੋਕਮਾਤ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦਏ ਸਹਾਰਾ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਦਾਤਾ ਜੋਧਾ ਸੂਰਬੀਰ ਵਡ ਮਰਗਿੰਦ, ਜੁਗਾ ਜੁਗੰਤਰ ਖੇਲ ਖਿਲਾਈਆ । ਹਰਿ ਭਗਤ ਉਪਜਾਏ ਆਪਣੀ ਬਿੰਦ, ਨਾਦੀ ਸੁਤ ਨਾਉਂ ਧਰਾਈਆ । ਗ੍ਰਿਹਿ ਮੰਦਰ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਰਹੇ ਨਾ ਰਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਭਵ ਸਾਗਰ ਪਾਰ ਕਰਾਈਆ । ਹਰਿ ਦਾਤਾ ਗਹਿਰ ਗੰਭੀਰ ਗੁਣੀ ਗਹਿੰਦ, ਗੁਣ ਅਵਗੁਣ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਹਰਿ ਕਰਨੇਯੋਗ, ਜਨ ਭਗਤਾਂ ਦੇਵੇ ਦਰਸ ਅਮੋਘ, ਦੂਸਰ ਦਿਸ ਕਿਸੇ ਨਾ ਆਈਆ । ਤ੍ਰੈ ਤ੍ਰੈ ਲੇਖਾ ਜਾਨਣਹਾਰਾ, ਏਕਾ ਰੰਗ ਸਮਾਇਆ । ਤ੍ਰੈ ਤ੍ਰੈ ਵੇਸ ਵਟਾਵਣਹਾਰਾ, ਏਕਾ ਜਨਨੀ ਏਕਾ ਪਿਤ ਮਾਇਆ । ਤ੍ਰੈ ਤ੍ਰੈ ਗੋਦ ਉਠਾਵਣਹਾਰਾ, ਏਕਾ ਦਾਈ ਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਖ਼ਤ ਨਿਵਾਸੀ ਸਾਚੇ ਤਖ਼ਤ ਡੇਰਾ ਲਾਇਆ । ਸਾਚੇ ਤਖ਼ਤ ਸੁਹਾਇੰਦਾ, ਹਰਿ ਸੂਰਬੀਰ ਬਲਵਾਨ । ਨਿਰਗੁਣ ਸਰਗੁਣ ਰੂਪ ਪਰਗਟਾਇੰਦਾ, ਲੇਖਾ ਜਾਣੇ ਦੋ ਜਹਾਨ । ਗੁਰ ਅਵਤਾਰ ਆਪਣੀ ਸੇਵਾ ਲਾਇੰਦਾ, ਜੁਗ ਜੁਗ ਦੇਵੇ ਧੁਰ ਫ਼ਰਮਾਣ । ਕਾਇਆ ਪੰਜ ਤਤ ਮੇਲ ਮਿਲਾਇੰਦਾ, ਤ੍ਰੈਗੁਣ ਤਤ ਕਰ ਪਰਵਾਨ । ਬ੍ਰਹਮ ਪਾਰਬ੍ਰਹਮ ਵਖਾਇੰਦਾ, ਘਰ ਮੰਦਰ ਖੋਲ੍ਹ ਦੁਕਾਨ । ਸਾਚਾ ਹੱਟ ਇਕ ਜਣਾਇੰਦਾ, ਬਣ ਵਣਜਾਰਾ ਸ੍ਰੀ ਭਗਵਾਨ । ਏਕਾ ਵਸਤ ਝੋਲੀ ਪਾਇੰਦਾ, ਦਾਤਾ ਦਾਨੀ ਹੋ ਮਿਹਰਵਾਨ । ਨਾਮ ਸ਼ਬਦ ਇਕ ਉਪਜਾਇੰਦਾ, ਦੇਵਣਹਾਰਾ ਸਰਬ ਗਿਆਨ । ਲੋਕਮਾਤ ਆਪ ਧਰਾਇੰਦਾ, ਆਪੇ ਹੋਏ ਨਿਗਹਬਾਨ । ਉਚੀ ਕੂਕ ਆਪ ਸੁਣਾਇੰਦਾ, ਗਾਵਣਹਾਰਾ ਗਾਏ ਸਾਚੇ ਗਾਨ । ਗੁਰ ਗੁਰ ਕਾਇਆ ਮੰਦਰ ਆਪ ਵਸਾਇੰਦਾ, ਲੇਖਾ ਜਾਣੇ ਸਚ ਮਕਾਨ । ਦਰ ਦਰਵਾਜ਼ਾ ਆਪ ਆਪਣੇ ਹੱਥ ਜਣਾਇੰਦਾ, ਖੋਲ੍ਹ ਸਕੇ ਨਾ ਜੀਵ ਨਾਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਖਿਲਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਲੋਕਮਾਤ ਲੈ ਅਵਤਾਰ । ਜੋਤੀ ਜਾਮਾ ਵੇਸ ਵਟਾਇੰਦਾ, ਪੰਜ ਤਤ ਨਾ ਕੋਇ ਸ਼ੰਗਾਰ । ਤਨ ਕਪੜ ਨਾ ਕੋਇ ਰਖਾਇੰਦਾ, ਬਸਤਰ ਭੂਸ਼ਨ ਨਾ ਕੋਇ ਆਧਾਰ । ਅੰਨ ਪਾਣੀ ਨਾ ਮੁਖ ਲਗਾਇੰਦਾ, ਨਾ ਕੋਈ ਖਾਏ ਅਵਰ ਆਹਾਰ । ਮੰਦਰ ਮਸਜਿਦ ਗੁਰਦਵਾਰਾ ਬੰਕ ਨਾ ਕੋਇ ਰਖਾਇੰਦਾ, ਤੀਰਥ ਤਟ ਨਾ ਰਿਹਾ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਹਰਿ ਖੇਲ ਖਿਲਾਇਆ, ਕਲਜੁਗ ਭੇਵ ਕੋਇ ਨਾ ਪਾਇੰਦਾ । ਏਕਾ ਜੋਤੀ ਦਸ ਦਸ ਰੂਪ ਵਟਾਇਆ, ਗੁਰ ਗੁਰ ਆਪਣਾ ਰੰਗ ਰੰਗਾਇੰਦਾ । ਸਾਚੀ ਸੋਟੀ ਸ਼ਬਦ ਫੜਾਇਆ, ਨਾਮ ਖੰਡਾ ਇਕ ਚਮਕਾਇੰਦਾ । ਕੋਟਨ ਕੋਟੀ ਜੀਵ ਲਏ ਤਰਾਇਆ, ਕੋਟਨ ਕੋਟੀ ਪਾਰ ਕਰਾਇੰਦਾ । ਵਾਸਨਾ ਖੋਟੀ ਦਏ ਕਢਾਇਆ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਨਿਰਮਲ ਜੋਤੀ ਦਏ ਜਗਾਇਆ, ਅੰਧ ਅੰਧੇਰ ਮਿਟਾਇੰਦਾ । ਵਰਨ ਗੋਤੀ ਜ਼ਾਤ ਪਾਤ

੧੪੧੯
੦੯

੧੪੨੦

ਰਹੇ ਨਾ ਰਾਇਆ, ਆਤਮ ਬ੍ਰਹਮ ਸਰਬ ਦਰਸਾਇੰਦਾ । ਵਰਨ ਬਰਨ ਬੰਧਨ ਨਾ ਕੋਇ ਰਖਾਇਆ, ਚਾਰ ਵਰਨ ਅਠਾਰਾਂ ਬਰਨ ਮੁਖ ਸ਼ਰਮਾਇੰਦਾ । ਏਕਾ ਰੰਗ ਗੁਰਮੁਖਾਂ ਕਾਇਆ ਚੋਲੀ ਆਪ ਰੰਗਾਇਆ, ਉਤਰ ਕਦੇ ਨਾ ਜਾਇੰਦਾ । ਸਾਚਾ ਢੋਲਾ ਸੋਹੰ ਸੋ ਇਕ ਸੁਣਾਇਆ, ਆਤਮ ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਹਰਿ ਜੂ ਹਰਿ ਹਰਿ ਤੋਲਾ ਬਣ ਕੇ ਆਇਆ, ਸਾਚਾ ਕੰਡਾ ਨਾਮ ਹੱਥ ਉਠਾਇੰਦਾ । ਗੋਲਾ ਬਣ ਬਣ ਸੇਵ ਕਮਾਇਆ, ਜਨ ਭਗਤ ਦਵਾਰੇ ਫੇਰੀ ਪਾਇੰਦਾ । ਧਰਤ ਮਾਤ ਤੇਰਾ ਹੌਲਾ ਭਾਰ ਦਏ ਕਰਾਇਆ, ਮਨਮੁਖ ਜੀਵ ਸਰਬ ਮਿਟਾਇੰਦਾ । ਆਪਣਾ ਚੋਲਾ ਲਏ ਬਦਲਾਇਆ, ਜੋਤੀ ਜਾਤਾ ਖੇਲ ਖਿਲਾਇੰਦਾ । ਓਹਲਾ ਪਰਦਾ ਦਏ ਚੁਕਾਇਆ, ਮੁਖ ਨਕਾਬ ਨਾ ਕੋਈ ਰਖਾਇੰਦਾ । ਕਲਾ ਸੋਲਾਂ ਨਾ ਕੋਈ ਰਖਾਇਆ, ਅਨਕ ਕਲਧਾਰੀ ਆਪਣਾ ਨਾਉਂ ਰਖਾਇੰਦਾ । ਮੌਲਾ ਰੂਪ ਬਣਕੇ ਆਇਆ, ਬਿਸਮਲ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਦਰ ਏਕਾ ਗ੍ਰਿਹਿ, ਏਕਾ ਘਰ ਹਰਿ ਜੂ ਰਹੇ ਦਿਸ ਕਿਸੇ ਨਾ ਆਇੰਦਾ । ਸਾਚਾ ਘਰ ਕਰ ਤਿਆਰ, ਹਰਿ ਮੰਦਰ ਦਏ ਵਡਿਆਈਆ । ਜਗਮਗ ਜੋਤ ਜਗੇ ਅਪਾਰ, ਆਠੇ ਪਹਿਰ ਰੁਸ਼ਨਾਈਆ । ਦੀਵਾ ਬਾਤੀ ਨਾ ਕੋਈ ਅਧਾਰ, ਤੇਲ ਵੱਟੀ ਨਾ ਕੋਈ ਟਿਕਾਈਆ । ਕਿਸੇ ਕੋਲੋਂ ਮੰਗਣ ਨਾ ਜਾਏ ਕੋਈ ਉਧਾਰ, ਵਣਜ ਵਣਜਾਰਾ ਆਪਣਾ ਆਪੇ ਹੋ ਜਾਈਆ । ਕਿਸੇ ਘਰ ਸੁਣਨ ਜਾਏ ਨਾ ਕੋਈ ਧੁਨਕਾਰ, ਆਪਣਾ ਸ਼ਬਦ ਨਾਦ ਆਪ ਵਜਾਇਆ । ਕਿਸੇ ਦਰ ਕਰਨ ਨਾ ਜਾਏ ਨਿਮਸਕਾਰ, ਸੀਸ ਜਗਦੀਸ ਨਾ ਕਿਸੇ ਝੁਕਾਈਆ । ਬਿਨ ਭਗਤ ਨਾ ਹੋਏ ਜਗਤ ਭਿਖਾਰ, ਭਗਤ ਦਵਾਰਾ ਏਕਾ ਮੰਗਣ ਆਈਆ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਵੱਜੇ ਸੰਸਾਰ, ਚਾਰ ਕੁੰਟ ਦਹਿ ਦਿਸ਼ਾ ਰਿਹਾ ਸੁਣਾਈਆ । ਗੜ੍ਹ ਤੋੜੇ ਹਉਮੇ ਹੰਗਤਾ, ਕੂੜੀ ਕਿਰਿਆ ਦਏ ਮਿਟਾਈਆ । ਲੇਖਾ ਜਾਣੇ ਗ਼ਰੀਬ ਨਿਮਾਣੇ ਬ੍ਰਹਮ ਚੋਲੀ ਆਪੇ ਰੰਗਦਾ, ਰੰਗਣਹਾਰਾ ਏਕਾ ਏਕ ਸੱਚਾ ਸ਼ਹਿਨਸ਼ਾਹੀਆ । ਦੁਖੀਆਂ ਦੀਨਾਂ ਅਨਾਥਾ ਦਰ ਦਰ ਆਪੇ ਵੰਡਦਾ, ਦਰਦ ਦੁੱਖ ਭੈ ਭੰਜਨ ਸਾਚਾ ਮਾਹੀਆ । ਨਿਰਧਨ ਪਰਦੇ ਆਪੇ ਕੱਜਦਾ, ਨਾਮ ਦੋਸ਼ਾਲਾ ਉਪਰ ਪਾਈਆ । ਗੁਰਮੁਖਾਂ ਗ੍ਰਿਹਿ ਆਪੇ ਵਸਦਾ, ਭਰਮੇ ਭੁੱਲੀ ਸਰਬ ਲੋਕਾਈਆ । ਜਿਸ ਜਨ ਆਪਣਾ ਮਾਰਗ ਆਪੇ ਦੱਸਦਾ, ਜਗਤ ਨਾਤਾ ਦਏ ਤੁੜਾਈਆ । ਹਰਿਜੂ ਸਦਾ ਸਦਾ ਭੁੱਖਾ ਰਹੇ ਭਗਤ ਜਸਦਾ, ਜਸ ਭਗਤਾਂ ਆਪੇ ਗਾਈਆ । ਮਨਮੁਖਾਂ ਕੋਲੋਂ ਆਦਿ ਜੁਗਾਦਿ ਜੁਗਾ ਜੁਗੰਤਰ ਨੱਸਦਾ, ਪੱਲੂ ਦੇਵੇ ਨਾ ਕਿਸੇ ਫੜਾਈਆ । ਤੀਰ ਨਿਰਾਲਾ ਏਕਾ ਕਸਦਾ, ਸਤਿ ਕਮਾਨ ਇਕ ਉਠਾਈਆ । ਤ੍ਰੈਗੁਣ ਮਾਇਆ ਆਪੇ ਡੱਸਦਾ, ਨਰ ਹਰਿ ਪਿਆਲਾ ਇਕ ਪਿਆਈਆ । ਕਰੇ ਖੇਲ ਸਰਬ ਗੁਣਤਾਸ ਦਾ, ਗੁਣਵੰਤਾ ਗੁਣ ਕਹਿਣ ਨਾ ਜਾਈਆ । ਲੇਖਾ ਚਕੌਣਾ ਮਦਿਰਾ ਮਾਸ ਦਾ, ਮਾਇਆ ਮਮਤਾ ਦਏ ਖਪਾਈਆ । ਲੇਖਾ ਮੁਕੌਣਾ ਹਾਸ ਬਿਲਾਸ ਦਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਕਲਜੁਗ ਵੇਲਾ ਅੰਤਮ ਨਾਸ ਦਾ, ਲੱਖ ਚੁਰਾਸੀ ਸਕੇ ਨਾ ਕੋਈ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖਨ ਲਏ ਮਿਲਾਈਆ । ਗੁਰਮੁਖ ਸੱਜਨ ਮੀਤ ਮੁਰਾਰਾ, ਗੁਰ ਸਤਿਗੁਰ ਆਪ ਅਲਾਇੰਦਾ । ਲੇਖਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਰਾ ਭੇਵ ਨਾ ਆਇੰਦਾ । ਪੂਰਬ ਜਨਮ ਕਰੇ ਵਿਚਾਰਾ, ਨੇਹਕਰਮੀ ਕਰਮ ਕਮਾਇੰਦਾ । ਦੇਵਣਹਾਰਾ ਸਤਿ ਭੰਡਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ,

੧੪੨੦

ਘਰ ਘਰ ਵਿਚ ਆਪ ਸੁਹਾਇੰਦਾ । ਘਰ ਵਿਚ ਘਰ ਕਰ ਤਿਆਰ, ਗੁਰਮੁਖਾਂ ਬੂਝ ਬੁਝਾਇੰਦਾ । ਘਰ ਵਿਚ ਘਰ ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਨਿਝਰ ਝਿਰਨਾ ਜਾਮ ਪਿਆਇੰਦਾ । ਘਰ ਵਿਚ ਘਰ ਜੋਤ ਕਰ ਉਜਿਆਰ, ਅਗਿਆਨ ਅੰਧੇਰ ਗਵਾਇੰਦਾ । ਘਰ ਵਿਚ ਘਰ ਸ਼ਬਦ ਧੁਨਕਾਰ, ਸਚ ਮਰਦੰਗ ਆਪ ਵਜਾਇੰਦਾ । ਘਰ ਵਿਚ ਘਰ ਸੇਜਾ ਅਪਰ ਅਪਾਰ, ਅਗੰਮ ਅਗੰਮੜਾ ਆਪ ਸੁਹਾਇੰਦਾ । ਘਰ ਵਿਚ ਘਰ ਮੇਲਾ ਨਾਰੀ ਕੰਤ ਭਤਾਰ, ਘਰ ਸੁਰਤੀ ਸ਼ਬਦ ਮਿਲਾਇੰਦਾ । ਘਰ ਵਿਚ ਘਰ ਸਖ਼ੀਆਂ ਮੰਗਲਚਾਰ, ਗੀਤ ਗੋਬਿੰਦ ਆਪ ਅਲਾਇੰਦਾ । ਘਰ ਵਿਚ ਘਰ ਵੇਖੇ ਵੇਖਣਹਾਰ, ਗੁਰਮੁਖ ਵਿਰਲੇ ਆਪ ਵਖਾਇੰਦਾ । ਨੇਤਰ ਲੋਚਣ ਨੈਣ ਪੇਖੇ ਸਿਰਜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਖਾਏ ਏਕਾ ਘਰ, ਦੂਈ ਦਵੈਤੀ ਡੇਰਾ ਢਾਹਿੰਦਾ । ਗੁਰਮੁਖ ਹਰਿ ਘਰ ਵੇਖਿਆ, ਘਰ ਆਤਮ ਕਰ ਗਿਆਨ । ਜਗਤ ਨਾਤਾ ਤੁਟਾ ਭਰਮ ਭੁਲੇਖਿਆ, ਮੋਹ ਚੁੱਕਿਆ ਪੰਜ ਸ਼ੈਤਾਨ । ਗੁਰ ਮਿਲਿਆ ਨਰ ਨਰੇਸ਼ਿਆ, ਬਲ ਦੇਵੇ ਸੂਰਬੀਰ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਲਏ ਪਛਾਣ । ਗੁਰਮੁਖ ਆਪ ਪਛਾਣਿਆ, ਕਰ ਕਿਰਪਾ ਗੁਣ ਨਿਧਾਨ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਪੁਣ ਛਾਣਿਆ, ਛਾਛ ਵਰੋਲੇ ਸ੍ਰੀ ਭਗਵਾਨ । ਰਸਨਾ ਜਿਹਵਾ ਚਾਰ ਕੁੰਟ ਗਾਏ ਸਾਚਾ ਗਾਣਿਆ, ਕਿਸੇ ਹੱਥ ਨਾ ਆਏ ਬ੍ਰਹਮ ਗਿਆਨ । ਸਤਿਗੁਰ ਚਲੇ ਨਾ ਕੋਈ ਭਾਣਿਆ, ਮਨ ਮਤ ਹੋਈ ਫਿਰੇ ਪਰਧਾਨ । ਹਰਿ ਨਜ਼ਰ ਨਾ ਆਏ ਵਡ ਵਿਦਵਾਨਿਆ, ਪੜ੍ਹ ਪੜ੍ਹ ਥੱਕੇ ਹੋਏ ਹੈਰਾਨ । ਗੁਰਮੁਖ ਵਿਰਲਾ ਚਤਰ ਸੁਜਾਨਿਆ, ਜਿਸ ਸਤਿਗੁਰ ਪੂਰਾ ਦਰਸਨ ਦੇਵੇ ਆਣ । ਆਪਣੀ ਸੁਣਾਏ ਅਕਥ ਕਹਾਣੀਆ, ਕਥਨੀ ਕਥ ਨਾ ਸਕੇ ਕੋਈ ਵਖਿਆਨ । ਕਿਸੇ ਹੱਥ ਨਾ ਆਏ ਰਾਜੇ ਰਾਣਿਆ, ਹੱਟ ਵਿਕੇ ਨਾ ਕਿਸੇ ਜਹਾਨ । ਗ਼ਰੀਬ ਨਿਮਾਣੇ ਆਪ ਉਠਾਏ ਬਾਲ ਅੰਞਾਣਿਆ, ਸਾਹਿਬ ਸਤਿਗੁਰ ਹੋ ਮਿਹਰਵਾਨ । ਸਾਚੇ ਘਰ ਗ੍ਰਿਹ ਮੰਦਰ ਸਚਖੰਡ ਦਵਾਰੇ ਦੇਵੇ ਮਾਣਿਆ, ਚਰਨਾਂ ਹੇਠ ਦਬਾਏ ਜ਼ਿਮੀ ਅਸਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

### ੨੮ ਕੱਤਕ ੨੦੧੭ ਬਿਕਰਮੀ ਇੰਦਰ ਸਿੰਘ ਦੇ ਘਰ ਪਿੰਡ ਬੰਡਾਲਾ

ਦੀਨ ਦਿਆਲ ਸਰਬ ਗੁਣ ਠਾਕਰ ਸਵਾਮੀ, ਨਿਰਗੁਣ ਨਿਰਵੈਰ ਆਪਣਾ ਨਾਉਂ ਧਰਾਇੰਦਾ । ਗ੍ਰਿਹ ਮੰਦਰ ਵਸੇ ਸਚ ਮੁਕਾਮੀ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਦਾ ਸਦ ਨੇਹਕਾਮੀ, ਨਰ ਨਰਾਇਣ ਆਪਣੀ ਧਾਰ ਚਲਾਇੰਦਾ । ਸ਼ਬਦ ਅਗੰਮ ਚਲਾਏ ਬਾਣੀ, ਬੋਧ ਅਗਾਧ ਸ਼ਬਦ ਅਲਾਇੰਦਾ । ਚਰਨ ਸਰੋਵਰ ਅੰਮ੍ਰਿਤ ਰਸ ਰੱਖੇ ਠੰਡਾ ਪਾਣੀ, ਨਿਝਰ ਆਪਣਾ ਰਸ ਆਪ ਪਰਗਟਾਇੰਦਾ । ਆਪੇ ਜਾਣੇ ਆਪਣੀ ਅਕਥ ਕਹਾਣੀ, ਰਸਨਾ ਜਿਹਵਾ ਕਥ ਨਾ ਕੋਈ ਸੁਣਾਇੰਦਾ । ਆਪੇ ਲੱਖ ਚੁਰਾਸੀ ਜੀਵ ਜੰਤ ਲੇਖਾ ਜਾਣੇ ਸਰਬ ਪੁਰਾਣੀ, ਘਟ ਘਟ ਮੰਦਰ ਜੋਤ ਜਗਾਇੰਦਾ । ਆਪੇ ਕਰੇ ਅਕਾਰ ਚਾਰੇ ਖਾਣੀ, ਈਸ਼ ਜੀਵ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰਤਾ ਆਪੇ ਠਾਕਰ, ਆਪ ਆਪਣੀ ਖੇਲ ਖਿਲਾਇੰਦਾ । ਠਾਕਰ ਕਰਤਾ ਹਰਿ ਮਿਹਰਵਾਨਾ, ਹਰਿ ਜੂ ਹਰਿ ਹਰਿ ਮੰਦਰ ਸੋਭਾ ਪਾਇੰਦਾ ।

ਥਿਰ ਘਰ ਵਸੇ ਇਕ ਮਕਾਨਾ, ਘਰ ਮੰਦਰ ਆਪ ਦਰਸਾਇੰਦਾ । ਸਾਚਾ ਤਖ਼ਤ ਇਕ ਸੁਹਾਨਾ, ਆਸਣ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਨਾਦੀ ਸਚ ਤਰਾਨਾ, ਨਾਦ ਅਨਾਦੀ ਨਾਦ ਵਜਾਇੰਦਾ । ਅਨਭਵ ਖੇਲ ਸ੍ਰੀ ਭਗਵਾਨਾ, ਭੇਵ ਅਭੇਦਾ ਭੇਵ ਛੁਪਾਇੰਦਾ । ਕਰ ਪਰਕਾਸ਼ ਦੋ ਜਹਾਨਾ, ਮੂਰਤ ਅਕਾਲ ਡਗਮਗਾਇੰਦਾ । ਕਰੇ ਖੇਲ ਗੁਣ ਨਿਧਾਨਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਆਪਣਾ ਰੂਪ ਆਪ ਪਛਾਣਾ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕੰਕਾਰਾ, ਕਲ ਆਪਣੀ ਆਪ ਪਰਗਟਾਇੰਦਾ । ਕਲ ਪ੍ਰਗਟੇ ਹਰਿ ਗੋਬਿੰਦ, ਮਹਿਮਾ ਅਕਥ ਕਥੀ ਨਾ ਜਾਈਆ । ਗਹਿਰ ਗੰਭੀਰ ਸਾਗਰ ਸਿੰਧ, ਅਲੱਖ ਅਗੋਚਰ ਬੇਪਰਵਾਹੀਆ । ਲੇਖਾ ਜਾਣੇ ਬ੍ਰਹਮਾ ਵਿਸ਼ਨ ਸ਼ਿਵ ਸੁਰਪਤ ਰਾਜਾ ਇੰਦ, ਕੋਟਨ ਕੋਟ ਰੂਪ ਧਰਾਈਆ । ਲੱਖ ਚੁਰਾਸੀ ਏਕਾ ਦਾਤਾ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲਾ ਸਰਬ ਗੁਣ ਠਾਕਰ, ਰਤੀ ਨਾਮ ਇਕ ਰਤਨਾਗਰ, ਵਸਤ ਅਨਮੋਲ ਇਕ ਵਖਾਈਆ । ਨਾਮ ਵਸਤ ਅਨਮੋਲ ਹਰਿ ਕਰਤਾਰ, ਸਮਰਥ ਪੁਰਖ ਆਪਣੇ ਹੱਥ ਰਖਾਇੰਦਾ । ਜੁਗਾ ਜੁਗੰਤਰ ਹੋ ਉਜਿਆਰ, ਲੋਕਮਾਤ ਵੇਸ ਵਟਾਇੰਦਾ । ਏਕਾ ਬਾਣੀ ਬੋਲ ਜੈਕਾਰ, ਆਪਣਾ ਨਾਉਂ ਆਪ ਸਲਾਹਿੰਦਾ । ਆਪੇ ਗੁਰ ਗੁਰ ਦੇਵਣਹਾਰ ਧਾਰ, ਆਪੇ ਗੁਰ ਗੁਰ ਮੁਖ ਵਡਿਆਇੰਦਾ । ਆਪੇ ਭਗਤਨ ਦੇਵੇ ਸਚ ਭੰਡਾਰ, ਭਗਤੀ ਭਗਤ ਭਗਵੰਤ ਆਪ ਵਰਤਾਇੰਦਾ । ਆਪੇ ਸੰਤਨ ਦੇਵੇ ਨਾਮ ਅਧਾਰ, ਸਾਚੀ ਸੇਜਾ ਇਕ ਸੁਹਾਇੰਦਾ । ਆਪੇ ਗੁਰਮੁਖ ਸੱਜਣ ਲਏ ਉਭਾਰ, ਜਗਤ ਗੋਦੜੀ ਵੇਖ ਵਖਾਇੰਦਾ । ਆਪੇ ਗੁਰਮੁਖ ਵੇਖੇ ਸਾਚੇ ਲਾਲ, ਅਨਮੁਲੜਾ ਆਪਣੇ ਹੱਥ ਰਖਾਇੰਦਾ । ਆਪੇ ਲੇਖਾ ਜਾਣੇ ਕਾਲ ਮਹਾਂਕਾਲ, ਦੋ ਜਹਾਨ ਆਪਣੀ ਖੇਲ ਖਿਲਾਇੰਦਾ । ਆਪੇ ਲਹਿਣਾ ਦੇਣ ਚੁਕਾਏ ਸ਼ਾਹ ਕੰਗਾਲ, ਰਾਓ ਰੰਕਾਂ ਮੂਲ ਮੁਕਾਇੰਦਾ । ਆਪੇ ਸ਼ਬਦ ਅਨਾਦਿ ਵਜਾਏ ਸੱਚਾ ਤਾਲ, ਸਾਚੀ ਨਗਰੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਏਕਾ ਠਾਕਰ, ਆਦਿ ਜੁਗਾਦੀ ਨਾਮ ਸੁਦਾਗਰ, ਵਣਜ ਵਣਜਾਰਾ ਇਕੋ ਇਕ ਅਖਵਾਇੰਦਾ । ਵਣਜ ਵਣਜਾਰਾ ਸ੍ਰੀ ਭਗਵਾਨ, ਜੁਗ ਜੁਗ ਆਪਣਾ ਵਣਜ ਕਰਾਇੰਦਾ । ਚੌਦਾਂ ਲੋਕਾ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਫੋਲ ਫੁਲਾਇੰਦਾ । ਤ੍ਰੈ ਤ੍ਰੈ ਦੇਵੇ ਇਕ ਗਿਆਨ, ਵਿਸ਼ਵ ਏਕਾ ਰੂਪ ਵਖਾਇੰਦਾ । ਏਕਾ ਮੰਤਰ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਗ੍ਰਹਿ ਵਸਾਇੰਦਾ । ਏਕਾ ਲੇਖਾ ਜਾਣੇ ਜੀਵ ਜਹਾਨ, ਜੀਵ ਜੰਤ ਸਾਧ ਸੰਤ ਹਰਿ ਭਗਵੰਤ ਵੇਖ ਵਖਾਇੰਦਾ । ਏਕਾ ਚੁਕਾਏ ਜਮ ਕੀ ਕਾਨ, ਏਕਾ ਰਾਏ ਧਰਮ ਫੰਦਨ ਗਲ ਪਾਇੰਦਾ । ਏਕਾ ਬਖ਼ਸ਼ਣਹਾਰਾ ਮਾਣ, ਏਕਾ ਦਰ ਦਰਬਾਰ ਦੁਰਕਾਇੰਦਾ । ਏਕਾ ਦੇਵੇ ਪੀਣ ਖਾਣ, ਏਕਾ ਭੁਖਿਆਂ ਭੁੱਖ ਮਿਟਾਇੰਦਾ । ਏਕਾ ਗੁਰ ਹੋ ਮਿਹਰਵਾਨ, ਸਚ ਨਿਸ਼ਾਨਾ ਇਕ ਵਖਾਇੰਦਾ । ਚਰਨ ਕਵਲ ਬਖ਼ਸ਼ੇ ਮਾਣ, ਮੋਹ ਅਭਿਮਾਨ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਜੀਆਂ ਪ੍ਰਭ ਏਕਾ ਠਾਕਰ, ਦੂਸਰ ਅਵਰ ਨਾ ਕੋਇ ਜਣਾਇੰਦਾ । ਠਾਕਰ ਕਰਤਾ ਏਕੰਕਾਰਾ, ਆਪਣੀ ਰਚਨਾ ਆਪ ਰਚਾਇੰਦਾ । ਜਾਗਰਤ ਜੋਤ ਕਰ ਉਜਿਆਰਾ, ਘਰ ਘਰ ਆਪਣਾ ਵੇਸ ਵਟਾਇੰਦਾ । ਰਾਗੀ ਨਾਦੀ ਵਸੇ ਬਾਹਰਾ, ਰਾਗ ਰਾਗਨੀ ਭੇਵ ਨਾ ਆਇੰਦਾ । ਕਰਿਆ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਹੋ ਉਜਿਆਰਾ, ਨਿਰਗੁਣ ਨਿਰਗੁਣ ਬੰਨ੍ਹੇ ਧਾਰਾ, ਜੋਤੀ ਜੋਤ


੧੪੨੨ ੦੯

ਪਰਗਟਾਇੰਦਾ । ਹਰਿਜਨ ਜਨ ਹਰਿ ਸ਼ਬਦ ਹੁਲਾਰਾ, ਕਰੇ ਖੇਲ ਵਿਚ ਸੰਸਾਰਾ, ਆਦਿ ਜੁਗਾਦੀ ਸਾਚੀ ਕਾਰਾ, ਕਰਤਾ ਪੁਰਖ ਆਪਣੀ ਖੇਲ ਆਪ ਖਲਾਇੰਦਾ । ਠਾਕਰ ਸੁਵਾਮੀ ਬਣ ਵਣਜਾਰਾ, ਦਰ ਦਰ ਮੰਗੇ ਬਣ ਭਿਖਾਰਾ, ਏਕਾ ਅਲਫ਼ੀ ਤਨ ਸ਼ੰਗਾਰਾ, ਵੇਸ ਅਨੇਕ ਆਪ ਵਟਾਇੰਦਾ । ਲੇਖਾ ਜਾਣੇ ਵਾਰੋ ਵਾਰਾ, ਬੈਠਾ ਰਹੇ ਧੁਰ ਦਰ ਦਰਬਾਰਾ, ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲੇਖ ਨਾ ਕੋਈ ਜਣਾਇੰਦਾ । ਸਾਕਤ ਨਿੰਦਕ ਨਾ ਪਾਵੇ ਕੋਈ ਸਾਰਾ, ਜਿਸ ਜਨ ਸਾਚਾ ਨਾਮ ਅਧਾਰਾ, ਆਤਮ ਖੋਲ੍ਹੇ ਬੰਦ ਕਿਵਾੜਾ, ਦੂਈ ਦਵੈਤੀ ਪਰਦਾ ਲਾਹਿੰਦਾ । ਮੇਟੇ ਰੈਣ ਅੰਧੇਰ ਅੰਧਿਆਰਾ, ਸਾਚਾ ਚੰਨ ਕਰੇ ਉਜਿਆਰਾ, ਮਿਲੇ ਮੇਲ ਪੀਆ ਪ੍ਰੀਤਮ ਮੀਤ ਮੁਰਾਰਾ, ਪਿਰ ਕੰਤ ਏਕਾ ਰਾਗ ਨਾਦ ਅਨਾਦੀ ਆਪ ਸੁਣਾਇੰਦਾ । ਸਾਚੀ ਸਿਖ਼ਿਆ ਮੰਗਲਚਾਰਾ, ਵਾਹ ਵਾਹ ਹਰਿ ਹਰਿ ਪਾਇਆ ਸਚ ਦਰਬਾਰਾ, ਵਿਛੜ ਨਾ ਜਾਏ ਵਿਚ ਸੰਸਾਰਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਠਾਕਰ ਸੁਆਮੀ ਆਪ ਅਖਵਾਇੰਦਾ । ਠਾਕਰ ਸੁਆਮੀ ਸਰਬ ਗੁਣਵੰਤਾ, ਹਰਿ ਜੂ ਹਰਿ ਹਰਿ ਇਕ ਉਪਾਇੰਦਾ । ਆਪੇ ਜਾਣੇ ਆਪਣੀ ਰੀਤਾ, ਵੇਦ ਕਤੇਬ ਭੇਵ ਨਾ ਪਾਇੰਦਾ । ਜੁਗਾ ਜੁਗੰਤਰ ਠਾਂਡਾ ਸੀਤਾ, ਵਸਣਹਾਰਾ ਧਾਮ ਅਨਡੀਠਾ, ਆਪਣਾ ਰਸ ਜਾਣੇ ਮੀਠਾ, ਅੰਮ੍ਰਿਤ ਰਸ ਆਪ ਉਪਾਇੰਦਾ । ਲੇਖਾ ਜਾਣੇ ਹਸਤ ਕੀਟਾ, ਵਸਣਹਾਰਾ ਊਚਾਂ ਨੀਚਾਂ, ਆਪਣੇ ਰੰਗ ਆਪੇ ਭਿੰਚਾ, ਦੂਸਰ ਰੰਗ ਨਾ ਕੋਈ ਜਣਾਇੰਦਾ । ਨਾ ਕੋਈ ਮੰਦਰ ਨਾ ਮਸੀਤਾ, ਬੈਠਾ ਰਹੇ ਪਤਿਤ ਪੁਨੀਤਾ, ਗੁਰਮੁਖ ਵਸੇ ਸਦਾ ਚੀਤਾ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਮਿੱਠਾ ਕਰੇ ਕੌੜਾ ਰੀਠਾ, ਏਕਾ ਸ਼ਬਦ ਸੁਣਾਏ ਭਾਵ ਰਖਾਏ ਅਠਾਰਾਂ ਧਿਆਏ ਗੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਠਾਕਰ ਸੁਵਾਮੀ ਸਾਚਾ ਮੀਤ, ਜੁਗਾ ਜੁਗੰਤਰ ਲੱਖ ਚੁਰਾਸੀ ਪਰਖੇ ਨੀਤ, ਨਿਤ ਨਿਤ ਆਪਣਾ ਵੇਸ ਵਟਾਇੰਦਾ । ਵੇਸ ਅਵੱਲੜਾ ਇਕ ਅਕੱਲੜਾ, ਨਿਰਗੁਣ ਨਿਰਵੈਰ ਆਪ ਕਰਾਈਆ । ਸਚਖੰਡ ਦਵਾਰਾ ਸਚ ਸਿੰਘਾਸਣ ਏਕਾ ਮਲੜਾ, ਆਪਣੀ ਜੋਤੀ ਆਪੇ ਰਲੜਾ, ਨੂਰ ਨੂਰ ਵਿਚ ਟਿਕਾਈਆ । ਆਪ ਫੜਾਏ ਆਪਣਾ ਪੱਲੜਾ, ਆਪੇ ਮਾਰਗ ਲਾਏ ਸਤਿ ਸੁਖੱਲੜਾ, ਆਪੇ ਵੇਖੇ ਥਾਉਂ ਥਾਈਆ । ਸਚ ਸੰਦੇਸ਼ ਆਪੇ ਘਲੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਾਦ ਨਾਦ ਧੁਨਕਾਰਾ, ਆਪ ਵਜਾਏ ਵਜਾਵਣਹਾਰਾ, ਦੋ ਜਹਾਨਾਂ ਆਪ ਸੁਣਾਈਆ । ਦੋ ਜਹਾਨਾਂ ਸ਼ਬਦ ਨਾਦ, ਸਤਿ ਪੁਰਖ ਨਿਰੰਜਣ ਆਪ ਵਜਾਇਆ । ਗੀਤ ਗਾਏ ਬੋਧ ਅਗਾਧ, ਗੋਬਿੰਦ ਭੇਵ ਕਿਸੇ ਨਾ ਪਾਇਆ । ਲੇਖਾ ਜਾਣੇ ਅੰਤ ਆਦਿ, ਆਦਿ ਅੰਤ ਆਪਣੇ ਹੱਥ ਰਖਾਇਆ । ਰੂਪ ਦਰਸਾਏ ਬ੍ਰਹਮ ਬ੍ਰਿਹਮਾਦਿ, ਪਾਰਬ੍ਰਹਮ ਵੱਡੀ ਵਡਿਆਇਆ । ਗੁਰਮੁਖ ਸੱਜਣ ਲੱਖ ਚੁਰਾਸੀ ਵਿਚੋਂ ਕਾਢ, ਜੁਗ ਜੁਗ ਆਪਣੇ ਅੰਗ ਲਗਾਇਆ । ਦੇਵਣਹਾਰਾ ਸਾਚੀ ਦਾਦ, ਸਾਚੀ ਵਸਤ ਝੋਲੀ ਪਾਇਆ । ਸੰਤ ਸੁਹੇਲੇ ਆਪੇ ਲਾਧ, ਜਗਤ ਛਾਛ ਵਰੋਲ ਵਖਾਇਆ । ਲੇਖਾ ਜਾਣੇ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਾਕਰ ਸਵਾਮੀ ਵਸੇ ਏਕਾ ਦਰ, ਦਰ ਦਰਬਾਰਾ ਆਪ ਸੁਹਾਇਆ । ਦਰ ਦਰਬਾਰ ਸੁਹਾਵਣਾ, ਹਰਿ ਸਾਚਾ ਸੋਭਾ ਪਾਈਆ । ਜੁਗ ਜੁਗ ਵੇਸ ਵਟਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਬ੍ਰਹਮ ਲੇਖਾ ਬਹਿ ਸਮਝਾਵਣਾ, ਭੁੱਲ ਰਹੇ ਨਾ ਰਾਈਆ । ਜੋਤੀ ਬਾਤੀ ਏਕਾ ਡਗਮਗਾਵਣਾ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਸੁਰਤੀ ਸ਼ਬਦੀ ਮੇਲ ਮਿਲਾਵਣਾ, ਜਗਤ ਵਿਛੋੜਾ ਪੰਧ ਮੁਕਾਈਆ । ਏਕਾ ਪਕੜੇ ਪਕੜਾਏ ਸਾਚਾ ਦਾਮਨਾ, ਦਾਮਨਗੀਰ

ਆਪ ਹੋ ਜਾਈਆ । ਏਥੇ ਉਥੇ ਹੋਏ ਜਾਮਨਾ, ਜ਼ੇਰ ਜ਼ਬਰ ਦਏ ਮਿਟਾਈਆ । ਲੇਖਾ ਜਾਣੇ ਰਾਮ ਰਾਮਨਾ, ਰਾਮ ਰਾਮਾ ਹਰਿ ਰਘਰਾਈਆ । ਮੇਟੇ ਰੈਣ ਅੰਧੇਰੀ ਸ਼ਾਮਨਾ, ਘਨੱਯਾ ਸ਼ਾਮਾਂ ਬੰਸਰੀ ਨਾਮ ਇਕ ਵਜਾਈਆ । ਨਾਤਾ ਤੋੜੇ ਤ੍ਰਿਸ਼ਨਾ ਤਾਮਨਾ, ਮਾਇਆ ਮਮਤਾ ਮੋਹ ਰਹਿਣ ਨਾ ਪਾਈਆ । ਇਕ ਵਸਾਏ ਨਗਰ ਗਰਾਮਨਾ, ਕਾਇਆ ਖੇੜਾ ਸਹਿਜ ਸੁਭਾਈਆ । ਅੰਮ੍ਰਿਤ ਪਿਆਏ ਸਾਚਾ ਜਾਮਨਾ, ਤ੍ਰਿਸ਼ਨਾ ਭੁੱਖ ਗਵਾਈਆ । ਨੇੜ ਨਾ ਆਏ ਕਾਮਨੀ ਕਾਮਨਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਫੜ, ਜਗਤ ਵਿਛੋੜਾ ਕੱਟੇ ਮਾਤ ਜੁਦਾਈਆ । ਜਿਸ ਜਨ ਸਤਿਗੁਰ ਪੂਰਾ ਪਾਇਆ, ਆਤਮ ਵੱਜੇ ਵਧਾਈਆ । ਕਾਇਆ ਨਗਰ ਖੇੜਾ ਇਕ ਵਸਾਇਆ, ਪੰਜ ਤਤ ਹੋਏ ਰੁਸ਼ਨਾਈਆ । ਮਨ ਮਤ ਬੁਧ ਨਾ ਚਲੇ ਕੋਇ ਚਤਰਾਇਆ, ਢਹਿ ਢਹਿ ਚਰਨ ਕਵਲ ਪੈਣ ਸਰਨਾਈਆ । ਅੰਧ ਅੰਧੇਰ ਰਹੇ ਨਾ ਰਾਇਆ, ਟੇਢੀ ਬੰਕ ਵੇਖਣਹਾਰਾ ਥਾਉਂ ਥਾਈਆ । ਨਿਰਗੁਣ ਜੋਤ ਇਕ ਜਗਾਇਆ, ਜੋਤ ਨਿਰੰਜਣ ਕਰ ਰੁਸ਼ਨਾਈਆ । ਅੰਮ੍ਰਿਤ ਸਰੋਵਰ ਸਚ ਨਹਾਵਣ ਇਕ ਨਹਾਇਆ, ਗੁਰਸਿਖ ਦੂਸਰ ਦਰ ਨਹਾਵਣ ਕੋਇ ਨਾ ਜਾਈਆ । ਕਾਗ ਹੰਸ ਆਪ ਬਣਾਇਆ, ਮਾਣਕ ਮੋਤੀ ਚੋਗ ਚੁਗਾਈਆ । ਬਜਰ ਕਪਾਟੀ ਪਰਦਾ ਆਪ ਤੁੜਾਇਆ, ਦੂਈ ਦਵੈਤੀ ਰਹੇ ਨਾ ਰਾਈਆ । ਤ੍ਰੈਗੁਣ ਅਗਨੀ ਸੜਦਾ ਆਪ ਬਚਾਇਆ, ਪੰਜਾਂ ਚੋਰਾਂ ਲਏ ਛੁਡਾਇਆ । ਕੰਚਨ ਗੜ੍ਹ ਇਕ ਵਖਾਇਆ, ਘਰ ਅਨਹਦ ਸ਼ਬਦ ਵਜਾਈਆ । ਧੁਨ ਨਾਦ ਆਪ ਸੁਣਾਇਆ, ਧੁਨ ਆਤਮਕ ਇਕ ਉਪਾਈਆ । ਮਿਲ ਸਖ਼ੀਆਂ ਮੰਗਲ ਗਾਇਆ, ਘਰ ਸਾਚੇ ਖ਼ੁਸ਼ੀ ਮਨਾਈਆ । ਆਤਮ ਸੇਜਾ ਵੇਖ ਵਖਾਇਆ, ਦਸਮ ਦਵਾਰੀ ਕੁੰਡਾ ਲਾਹੀਆ । ਨਿਰਗੁਣ ਆਪਣਾ ਆਸਣ ਸਚ ਸਿੰਘਾਸਣ ਆਪ ਸੁਹਾਇਆ, ਉਪਰ ਬੈਠਾ ਸੇਜ ਵਿਛਾਈਆ । ਬ੍ਰਹਮ ਰੂਪ ਕਰ ਰੁਸ਼ਨਾਇੰਦਾ, ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਰਵ ਸਸ ਰਹੇ ਸ਼ਰਮਾਇਆ, ਬਾਰਾਂ ਰਾਸੀ ਭੇਵ ਨਾ ਰਾਈਆ । ਇਕ ਇਕਾਦਸੀ ਖੇਲ ਖਿਲਾਇਆ, ਰੂਪ ਅਨੂਪ ਆਪ ਦਰਸਾਈਆ । ਗੁਰਮੁਖ ਸੁਰਤੀ ਸ਼ਬਦ ਸਮਾਇਆ, ਸੁਰਤੀ ਸ਼ਬਦ ਭੇਵ ਨਾ ਰਾਈਆ । ਅਕਾਲ ਮੂਰਤ ਨਜ਼ਰੀ ਆਇਆ, ਕਾਲ ਰਹਿਤ ਸਦਾ ਸੁਖਦਾਈਆ । ਗੁਰਮੁਖ ਸਾਚੇ ਆਪ ਆਪਣੀ ਗੋਦ ਬਹਾਇਆ, ਸਤਿਗੁਰ ਪੂਰੇ ਵਡ ਵਡਿਆਈਆ । ਰਾਏ ਧਰਮ ਨਾ ਦਏ ਸਜ਼ਾਇਆ, ਚਿਤਰ ਗੁਪਤ ਲੇਖਾ ਨਾ ਕੋਇ ਵਖਾਈਆ । ਹਰਿਜਨ ਸਾਚੇ ਦਰਗਹਿ ਸਾਚੀ ਆਪ ਬਹਾਇਆ, ਵੇਲੇ ਅੰਤ ਹੋਏ ਸਹਾਈਆ । ਜਮ ਕਾ ਡੰਡ ਨਾ ਸੀਸ ਰਖਾਇਆ, ਸ਼ਬਦ ਬਬਾਣੇ ਲਏ ਬਿਠਾਈਆ । ਔਂਦਾ ਜਾਂਦਾ ਕਿਸੇ ਦਿਸ ਨਾ ਆਇਆ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਰਾਹ ਤਕਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਨਾ ਮਰੇ ਨਾ ਜਾਇਆ, ਸ਼ਬਦ ਸ਼ਬਦੀ ਆਪਣਾ ਨਾਉਂ ਪਰਗਟਾਈਆ । ਚਾਰੇ ਵੇਦ ਭੇਵ ਨਾ ਰਾਇਆ, ਪੁਰਾਨ ਅਠਾਰਾਂ ਰਹੇ ਜਸ ਗਾਈਆ । ਸ਼ਾਸਤਰ ਸਿਮਰਤ ਦੇਣ ਦੁਹਾਇਆ, ਗੀਤਾ ਗਿਆਨ ਦਏ ਗਵਾਹੀਆ । ਅੰਜੀਲ ਕੁਰਾਨ ਕੂਕ ਕੂਕ ਰਹੇ ਸੁਣਾਇਆ, ਤੀਸ ਬਤੀਸ ਢੋਲਾ ਏਕਾ ਗਾਈਆ । ਨਾਨਕ ਨਿਰਗੁਣ ਬਾਣ ਚਲਾਇਆ, ਧੁਰ ਦੀ ਬਾਣੀ ਬਾਣ ਲਗਾਈਆ । ਚਾਰੇ ਖਾਣੀ ਵੇਖ ਵਖਾਇਆ, ਅੰਡਜ ਜੇਰਜ ਉਤਭੁਜ ਸੇਤਜ ਅੰਦਰ ਮੰਦਰ ਫੋਲ ਫੁਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿਜਨ ਸੱਜਣ ਲਏ ਵਰ, ਨਾਰੀ ਕੰਤ ਆਪ ਪਰਨਾਈਆ । ਗੁਰਮੁਖ ਨਾਰੀ ਕੰਤ ਹਰਿ ਪਾਇਆ, ਵਿਛੜਿਆ ਸੰਸਾਰ । ਕਾਇਆ ਚੋਲੀ ਰੰਗ ਬਸੰਤ


੧੪੨੪ ੦੯

ਚੜ੍ਹਾਇਆ, ਚੜ੍ਹਿਆ ਰੂਪ ਅਗੰਮ ਅਪਾਰ । ਨੇਤਰ ਨੈਣਾਂ ਕੱਜਲ ਇਕ ਸੁਹਾਇਆ, ਨਾਮ ਨਿਧਾਨਾ ਹਰਿ ਕਰਤਾਰ । ਜੋਬਨ ਸਾਚਾ ਵੇਖ ਵਖਾਇਆ, ਸ਼ਬਦ ਜਵਾਨੀ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਹਰਿਜਨ ਸਾਚੇ ਲਏ ਮਿਲਾਇਆ । ਹਰਿਜਨ ਮੇਲ ਮਿਲੰਨਿਆ, ਸਤਿਗੁਰ ਮਿਲਿਆ ਬੇਪਰਵਾਹ । ਦੇਵੇ ਨਾਮ ਸੱਚਾ ਧਨ ਧਨਿਆ, ਅਤੋਟ ਅਤੁਟ ਭੰਡਾਰਾ ਦਏ ਵਰਤਾ । ਗੁਰਸਿਖਾਂ ਦਵਾਰੇ ਫਿਰੇ ਭੰਨਿਆ, ਜੁਗ ਜੁਗ ਆਪਣਾ ਵੇਸ ਵਟਾ । ਨੇਤਰ ਦਿਸੇ ਨਾ ਆਤਮ ਅੰਨ੍ਹਿਆਂ, ਦੂਈ ਦਵੈਤੀ ਪਰਦਾ ਬੈਠੇ ਮੁਖ ਛੁਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਫੜਾਏ ਏਕਾ ਲੜ, ਲੱਖ ਚੁਰਾਸੀ ਦੇਵੇ ਡੰਨਿਆ । ਗੁਰਸਿਖ ਸਾਚੇ ਲੜ ਫੜੌਣਾ, ਗੁਰ ਸ਼ਬਦੀ ਖੇਲ ਖਿਲਾਇੰਦਾ । ਸਾਚੇ ਪੌੜੇ ਆਪ ਚੜ੍ਹੌਣਾ, ਦੋ ਜਹਾਨਾਂ ਪੰਧ ਮੁਕਾਇੰਦਾ । ਏਕਾ ਦੂਜਾ ਭੇਵ ਚੁਕੌਣਾ, ਤੀਜਾ ਨੇਤਰ ਨੈਣ ਖੁਲਾਇੰਦਾ । ਚੌਥੇ ਪਦ ਮੇਲ ਮਿਲੌਣਾ, ਘਰ ਚੌਥਾ ਆਪ ਸੁਹਾਇੰਦਾ । ਪੰਚਮ ਮੇਲਾ ਇਕ ਕਰੌਣਾ, ਪੰਚਮ ਪੰਚਮ ਰੂਪ ਸਮਾਇੰਦਾ । ਛੇਵੇਂ ਛੱਪਰ ਛੰਨ ਨਾ ਕੋਈ ਰਖੌਣਾ, ਸਚ ਦੁਆਰੇ ਆਪ ਬਹਾਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਸੀਸ ਹੱਥ ਟਿਕੌਣਾ, ਜਗਦੀਸ਼ ਵੇਖ ਵਖਾਇੰਦਾ । ਅੱਠਾਂ ਤੱਤਾਂ ਨਾਤਾ ਜੋੜ ਜੁੜੌਣਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾ ਕੋਈ ਰਖਾਇੰਦਾ । ਨੌਂ ਦਵਾਰੇ ਪੰਧ ਮੁਕੌਣਾ, ਜਗਤ ਵਾਸਨਾ ਬਾਹਰ ਕਢਾਇੰਦਾ । ਦਸਮ ਦੁਆਰੀ ਮੇਲ ਮਿਲੌਣਾ, ਘਰ ਘਰ ਵਿਚ ਆਪ ਬਹਾਇੰਦਾ । ਸਾਚੀ ਨਾਰੀ ਹਰਿ ਕੰਤ ਮਿਲੌਣਾ, ਸਾਚੀ ਸੇਜ ਇਕ ਸੁਹਾਇੰਦਾ । ਇਕ ਦੂਜੇ ਦਾ ਪੱਲੂ ਆਪ ਫੜੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਏ ਲੜ, ਏਕਾ ਪੱਲੂ ਨਾਮ ਫੜਾਇੰਦਾ । ਗੁਰਮੁਖ ਸਾਚੇ ਪੱਲੂ ਫੜਿਆ, ਸਤਿਗੁਰ ਪੂਰੇ ਦਇਆ ਕਮਾਈਆ । ਆਪਣੇ ਅੰਦਰ ਆਪੇ ਵੜਿਆ, ਦੂਜੇ ਦਰ ਨਾ ਮੰਗਨ ਜਾਈਆ । ਪੰਚ ਵਿਕਾਰਾ ਆਪੇ ਚੜ੍ਹਿਆ, ਢਹਿ ਢਹਿ ਸੱਥਰ ਢੇਰ ਕਰਾਈਆ । ਸਤਿਗੁਰ ਪੂਰਾ ਗੁਰਮੁਖ ਦਵਾਰੇ ਆਪੇ ਖੜਿਆ, ਆਪਣੀ ਸੇਵਾ ਆਪ ਕਮਾਈਆ । ਆਪਣੀ ਵਿਦਿਆ ਆਪੇ ਪੜ੍ਹਿਆ, ਗੁਰਮੁਖਾਂ ਕਰੇ ਸਤਿ ਪੜ੍ਹਾਈਆ । ਕਿਲਾ ਕੋਟ ਹੰਕਾਰੀ ਤੋੜੇ ਗੜ੍ਹਿਆ, ਸਚ ਮਕਾਨਾ ਦਏ ਵਸਾਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਗੁਰਮੁਖਾਂ ਅੰਦਰ ਆਪੇ ਵੜਿਆ, ਭੇਵ ਅਭੇਦਾ ਭੇਵ ਛੁਪਾਈਆ । ਅਗਨੀ ਹਵਨ ਕਦੇ ਨਾ ਸੜਿਆ, ਮੜੀ ਗੋਰ ਨਾ ਕੋਈ ਦਬਾਈਆ । ਕਰੇ ਪਰਕਾਸ਼ ਬਹੱਤਰ ਨੜਿਆ, ਗੁਰਮੁਖ ਰੋਮ ਰੋਮ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਈਆ । ਆਪੇ ਦੇਵੇ ਨਾਮ ਰਤੀ ਰਤਨਾਗਰ, ਰਤੀ ਰਤ ਆਪਣੇ ਲੇਖੇ ਆਪੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਉਤੋਂ ਹੋਇਆ ਕੁਰਬਾਨ, ਗੁਰਮੁਖ ਕਰਬਲਾ ਵੇਖੇ ਨਾ ਕੋਇ, ਘਰ ਵੱਜਦੀ ਰਹੇ ਵਧਾਈਆ ।



੧੪੨੫ ੦੯

### ✱ ੨੮ ਕੱਤਕ ੨੦੧੭ ਬਿਕਰਮੀ ਸਰੈਣ ਸਿੰਘ ਦੇ ਘਰ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✱

ਨਰ ਹਰਿ ਹਰੀ ਹਰਿ ਨਰਾਇਣ, ਨਿਰਵੈਰ ਰੂਪ ਧਰਾਇੰਦਾ । ਗੁਰਮੁਖ ਵਿਰਲਾ ਪੇਖੇ ਨੈਣ, ਜਿਸ ਜਨ ਆਪਣਾ ਖੇਲ ਖਿਲਾਇੰਦਾ । ਹਰਿਜਨ ਚੁਕਾਏ ਲਹਿਣਾ ਦੇਣ, ਪੂਰਬ ਜਨਮਾਂ ਵੇਖ ਵਖਾਇੰਦਾ । ਦੋ ਜਹਾਨਾ ਬਣੇ ਸਾਕ ਸੱਜਣ ਸੈਣ, ਸਗਲਾ ਸੰਗ ਨਿਭਾਇੰਦਾ । ਲੇਖਾ ਜਾਣੇ ਮਾਤ

ਪਿਤ ਭਾਈ ਭੈਣ, ਜਗਤ ਕੁਟੰਬ ਫੋਲ ਫੁਲਾਇੰਦਾ । ਤਨ ਬਸਤਰ ਪਾਏ ਏਕਾ ਗਹਿਣ, ਸਤਿ ਸ਼ੰਗਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਹਰਿ ਨਰਾਇਣ ਇਕ ਅਖਵਾਇੰਦਾ । ਹਰੀ ਹਰਿ ਨਰਾਇਣ ਹਰਿ ਨਿਰੰਕਾਰਾ, ਹਰਿ ਜੂ ਹਰਿ ਹਰਿ ਮੰਦਰ ਸੋਭਾ ਪਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ ਖੋਜ ਖੁਜਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਸਿਫ਼ਤ ਸਾਲਾਹੀ ਵਸੇ ਬਾਹਰਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਤ੍ਰੈਗੁਣ ਸੰਗ ਨਾ ਕੋਇ ਵਿਚਾਰਾ, ਆਪਣੀ ਕਲ ਆਪ ਧਰਾਇੰਦਾ । ਕਰੇ ਵੇਸ ਗੁਪਤ ਜ਼ਾਹਰਾ, ਅੰਦਰ ਬਾਹਰਾ ਰੂਪ ਪਰਗਟਾਇੰਦਾ । ਨਿਰਗੁਣ ਲਾਏ ਏਕਾ ਨਾਅਰਾ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵੇਦ ਕਤੇਬ ਭੇਵ ਨਾ ਪਾਇੰਦਾ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜਾ, ਪੰਚਮ ਧਾੜਾ ਮੇਟ ਮਿਟਾਇੰਦਾ । ਸਖ਼ੀਆਂ ਵਖਾਏ ਏਕਾ ਅਖਾੜਾ, ਸਾਚੀ ਮੰਡਲ ਰਾਸ ਰਚਾਇੰਦਾ । ਗੋਪੀ ਕਾਹਨ ਕਰ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਰ ਨਰਾਇਣ ਨਰ ਹਰਿ ਆਪਣਾ ਰੂਪ ਆਪ ਧਰਾਇੰਦਾ । ਹਰਿ ਨਰ ਨਰਾਇਣ ਬਨਵਾਰੀ, ਮਹਿਮਾ ਅਕਥ ਕਥੀ ਨਾ ਜਾਈਆ । ਇਕ ਇਕੱਲਾ ਏਕੰਕਾਰੀ, ਮੂਰਤ ਅਕਾਲ ਵਡੀ ਵਡਿਆਈਆ । ਜੂਨੀ ਰਹਿਤ ਸੱਚਾ ਸ਼ਹਿਨਸ਼ਾਹ ਵਡ ਸਿਕਦਾਰੀ, ਸ਼ਾਹ ਪਾਤਸ਼ਾਹ ਆਪਣਾ ਰੂਪ ਵਟਾਈਆ । ਦੋ ਜਹਾਨਾਂ ਕਰੇ ਖੇਲ ਅਗੰਮ ਅਪਾਰੀ, ਆਵਣ ਜਾਵਣ ਪਤਿਤ ਪਾਵਨ ਆਪਣੀ ਧਾਰ ਬੰਧਾਈਆ । ਜੁਗਾ ਜੁਗੰਤਰ ਹੋ ਉਜਿਆਰੀ, ਜਾਗਰਤ ਜੋਤ ਕਰੇ ਰਸ਼ਨਾਈਆ । ਜਨ ਭਗਤਾਂ ਪਾਵੇ ਆਪੇ ਸਾਰੀ, ਭਗਵਨ ਆਪਣਾ ਰੂਪ ਵਟਾਈਆ । ਸਦਾ ਸੁਹੇਲਾ ਮੀਤ ਮੁਰਾਰੀ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਹਰਿ ਹਰਿ ਏਕਾ ਰੰਗ ਸਮਾਈਆ । ਏਕਾ ਰੰਗ ਪੁਰਖ ਅਕਾਲਾ, ਆਦਿ ਜੁਗਾਦਿ ਸਮਾਇਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਦਰਗਹਿ ਸਾਚੀ ਧਾਮ ਵਡਿਆਇਆ । ਅਨਭਵ ਕਰੇ ਖੇਲ ਨਿਰਾਲਾ, ਨਿਰਗੁਣ ਜੋਤ ਨੂਰ ਪਰਕਾਸ਼ ਆਪ ਵਖਾਇਆ । ਜਗਤ ਜੁਗ ਅਵੱਲੜੀ ਚਾਲਾ, ਜੁਗ ਕਰਤਾ ਆਪ ਕਰਾਇਆ । ਜੁਗਾ ਜੁਗੰਤਰ ਬਣ ਦਲਾਲਾ, ਗੁਰਮੁਖ ਸਾਚੇ ਲਏ ਮਿਲਾਇਆ । ਨਾਮ ਪਾਏ ਤਨ ਸਾਚੀ ਮਾਲਾ, ਮਨ ਕਾ ਮਣਕਾ ਆਪ ਫਿਰਾਇਆ । ਦਿਵਸ ਰੈਣ ਚਲੇ ਨਾਲਾ, ਵਿਛੜ ਕਦੇ ਨਾ ਜਾਇਆ । ਫਲ ਲਗਾਏ ਕਾਇਆ ਡਾਲ੍ਹਾ, ਫੁਲ ਫਲਵਾੜੀ ਵੇਖ ਵਖਾਇਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਪੰਜ ਤਤ ਡੇਰਾ ਦੇਵੇ ਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਨਰ ਹਰਿ ਆਪਣਾ ਖੇਲ ਖਿਲਾਇਆ । ਖੇਲਣਹਾਰ ਪੁਰਖ ਸਮਰਥ, ਇਕ ਇਕੱਲਾ ਖੇਲ ਖਿਲਾਇੰਦਾ । ਨਿਰਗੁਣ ਨਿਰਵੈਰ ਚਲਾਏ ਰਥ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਨਾਮ ਜਣਾਏ ਮਹਿਮਾ ਅਕਥ, ਕਥਨੀ ਕਥ ਨਾ ਕੋਇ ਲਿਖਾਇੰਦਾ । ਬਖ਼ਸ਼ਣਹਾਰਾ ਸਾਚੀ ਵਥ, ਵਸਤ ਅਮੋਲਕ ਆਪ ਵਰਤਾਇੰਦਾ । ਜਨ ਭਗਤਾਂ ਮਾਰਗ ਏਕਾ ਦੱਸ, ਲੋਕਮਾਤ ਰਾਹ ਵਖਾਇੰਦਾ । ਹਿਰਦੇ ਅੰਦਰ ਆਪੇ ਵਸ, ਹਰਿ ਮੰਦਰ ਡੇਰਾ ਲਾਇੰਦਾ । ਸ਼ਬਦ ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਚੀਰ ਚਰਾਇੰਦਾ । ਪੰਚ ਵਿਕਾਰਾ ਚਰਨਾਂ ਹੇਠ ਝੱਸ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਅੰਮ੍ਰਿਤ ਆਤਮ ਦੇਵੇ ਏਕਾ ਰਸ, ਰਸ ਰਸੀਆ ਆਪਣਾ

ਨਾਉਂ ਧਰਾਇੰਦਾ । ਸਗਲ ਵਿਸੂਰੇ ਜਾਇਣ ਲੱਥ, ਜਿਸ ਜਨ ਸਤਿਗੁਰ ਪੂਰਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਹਰਿ ਹਰਿ ਵੇਖਣਹਾਰਾ, ਅਕਲ ਕਲ ਵਡਿਆਈਆ । ਜੁਗਾ ਜੁਗੰਤਰ ਲੈ ਅਵਤਾਰਾ, ਹਰਿਜਨ ਸਾਚੇ ਲਏ ਮਿਲਾਈਆ । ਸਤਿਜੁਗ ਤ੍ਰੇਤਾ ਦਵਾਪਰ ਉਤਰਿਆ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਚਾਰ ਕੁੰਟ ਧੂਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਚਾਰ ਵਰਨ ਹੋਏ ਖ਼ੁਵਾਰਾ, ਚਾਰੇ ਵੇਦ ਰਹੇ ਕੁਰਲਾਈਆ । ਅਠਾਰਾਂ ਬਰਨ ਮਾਰਨ ਨਾਅਰਾ, ਅਠਾਰਾਂ ਪੁਰਾਨ ਕੂਕ ਕੂਕ ਸੁਣਾਈਆ । ਅਠਾਰਾਂ ਧਿਆਏ ਨਾ ਬੰਨ੍ਹੇ ਧਾਰਾ, ਗੀਤਾ ਗਿਆਨ ਦਏ ਗਵਾਹੀਆ । ਚਾਰੇ ਜੁਗ ਕਰਨ ਪੁਕਾਰਾ, ਚਾਰ ਯਾਰ ਬੈਠੇ ਮੁਖ ਸ਼ਰਮਾਈਆ । ਚਾਰੇ ਬਾਣੀ ਦਏ ਹੁਲਾਰਾ, ਚਾਰੇ ਖਾਣੀ ਵੇਖ ਵਖਾਈਆ । ਏਕਾ ਸ਼ਬਦ ਨਾਮ ਧੁਨ ਸੱਚੀ ਧੁਨਕਾਰਾ, ਹੱਥ ਕਿਸੇ ਨਾ ਆਈਆ । ਲੱਖ ਚੁਰਾਸੀ ਪੜ੍ਹ ਪੜ੍ਹ ਥੱਕੀ ਸਰਬ ਸੰਸਾਰਾ, ਜਗਤ ਸਾਗਰ ਸਿੰਧ ਪਾਰ ਨਾ ਕੋਇ ਕਰਾਈਆ । ਹਰਿਜਨ ਵਿਰਲਾ ਪਾਏ ਸਾਰਾ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਮੰਦਰ ਇਕ ਵਖਾਈਆ । ਘਰ ਮੰਦਰ ਹਰਿ ਸੁਹਾਇੰਦਾ, ਨਿਰਗੁਣ ਜੋਤ ਕਰ ਉਜਿਆਰ । ਦਿਵਸ ਰੈਣ ਤਾਲ ਵਜਾਇੰਦਾ, ਆਠੇ ਪਹਿਰ ਰਹੇ ਧੁਨਕਾਰ । ਏਕਾ ਜੋਤੀ ਡਗਮਗਾਇੰਦਾ, ਤੇਲ ਬਾਤੀ ਨਾ ਕੋਇ ਪਿਆਰ । ਅੰਮ੍ਰਿਤ ਝਿਰਨਾ ਇਕ ਝਿਰਾਇੰਦਾ, ਸਰ ਸਰੋਵਰ ਅਗੰਮ ਅਪਾਰ । ਸਾਚਾ ਸਾਕੀ ਬਣ ਬਣ ਜਾਮ ਪਿਆਇੰਦਾ, ਸੇਵਾ ਕਰੇ ਸੇਵਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਸੰਭਾਲ । ਹਰਿਜਨ ਸੁਰਤ ਸੰਭਾਲਦਾ, ਦਿਵਸ ਰੈਣ ਪਰਭਾਤ । ਕਰੇ ਖੇਲ ਜਗਤ ਦਲਾਲ ਦਾ, ਲੇਖਾ ਜਾਣੇ ਆਦਿ ਜੁਗਾਦਿ । ਹਰਿਜਨ ਸੋਏ ਮਾਤ ਉਠਾਲਦਾ, ਦੇਵੇ ਨਾਮ ਸ਼ਬਦ ਸਚ ਦਾਤ । ਨਾਤਾ ਤੋੜੇ ਜਗਤ ਜੰਜਾਲ ਦਾ, ਸਦਾ ਸੁਹੇਲਾ ਪੁਛੇ ਵਾਤ । ਖ਼ਜ਼ਾਨਾ ਦੇਵੇ ਨਾਮ ਸੱਚੇ ਧਨ ਮਾਲ ਦਾ, ਨਾਤਾ ਤੋੜ ਵਰਨ ਗੋਤ ਜ਼ਾਤ ਪਾਤ । ਏਕਾ ਆਪਣਾ ਰੂਪ ਵਖਾਲ ਦਾ, ਜੋਤ ਸਰੂਪੀ ਇਕ ਇਕਾਂਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਏਕਾ ਹਰਿ, ਹਰਿਜਨ ਵੇਖੇ ਮਾਰ ਝਾਤ । ਹਰਿਜਨ ਵੇਖੇ ਵੇਖਣਹਾਰਾ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਕਲਜੁਗ ਕਲ ਕਲਕੀ ਲੈ ਅਵਤਾਰਾ, ਕਲ ਕਲੇਸ਼ ਸਰਬ ਮਿਟਾਇੰਦਾ । ਨਰ ਨਰੇਸ਼ ਹੋਏ ਉਜਿਆਰਾ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਕਰੋੜ ਤੇਤੀਸਾ ਮੰਗੇ ਮੰਗ ਭਿਖਾਰਾ, ਸੁਰਪਤ ਰਾਜਾ ਇੰਦ ਅੱਗੇ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਤਖ਼ਤ ਸੁਹਾਇਆ । ਉਪਰ ਬੈਠ ਸ੍ਰੀ ਭਗਵੰਤ, ਨਿਰਗੁਣ ਆਪਣਾ ਆਸਣ ਲਾਇਆ । ਆਪਣੀ ਮਹਿਮਾ ਜਾਣੇ ਅਗਣਤ, ਅਨਭਵ ਆਪਣਾ ਖੇਲ ਖਿਲਾਇਆ । ਨਿਰਗੁਣ ਰੂਪ ਸਰਗੁਣ ਧਰਾਏ ਜੁਗਾ ਜੁਗੰਤ, ਲੋਕਮਾਤ ਵੇਸ ਵਟਾਇਆ । ਵੇਖ ਵਖਾਏ ਸਾਚੇ ਸੰਤ, ਗੁਰਮੁਖ ਸਾਚੇ ਗਲੇ ਲਗਾਇਆ । ਦੇਵੇ ਨਾਮ ਮਣੀਆ ਮੰਤ, ਆਤਮ ਬ੍ਰਹਮ ਗਿਆਨ ਦ੍ਰਿੜਾਇਆ । ਗੜ੍ਹ ਤੋੜੇ ਹਉਮੇ ਹੰਗਤ, ਹਰਿ ਕੇ ਪੌੜੇ ਆਪ ਚੜ੍ਹਾਇਆ । ਕਾਇਆ ਚੋਲੀ ਚਾੜ੍ਹੇ ਰੰਗਤ, ਰੰਗ ਮਜੀਠੀ ਇਕ ਰੰਗਾਇਆ । ਨਾਤਾ ਤੋੜੇ ਭੁੱਖ ਨੰਗਤ, ਸਚ ਭੰਡਾਰਾ ਇਕ ਵਰਤਾਇਆ ।

ਗੁਰਸਿਖ ਦੂਜੇ ਦਰ ਨਾ ਜਾਏ ਮੰਗਤ, ਸਾਚੀ ਭਿਛਿਆ ਝੋਲੀ ਪਾਇਆ । ਮਾਣਸ ਜਨਮ ਨਾ ਹੋਏ ਖੰਡਤ, ਲੱਖ ਚੁਰਾਸੀ ਦਏ ਕਟਾਇਆ । ਨਾਤਾ ਤੋੜੇ ਜੇਰਜ ਅੰਡਤ, ਉਤਭੁਜ ਸੇਤਜ ਨਾ ਰੂਪ ਵਟਾਇਆ । ਹਰਿ ਕਾ ਭੇਵ ਨਾ ਜਾਣੇ ਕੋਈ ਪਾਂਧਾ ਪੰਡਤ, ਸ਼ਾਸਤਰ ਸਿਮਰਤ ਬੈਠੇ ਮੁਖ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹਰਿ ਏਕਾ ਨਰ, ਨਰ ਨਰਾਇਣ ਆਪਣਾ ਨਾਉਂ ਧਰਾਇਆ । ਨਰ ਨਰਾਇਣ ਹਰਿ ਨਿਰੰਕਾਰਾ, ਅਕਲ ਕਲ ਵੱਡੀ ਵਡਿਆਈਆ । ਕਲਜੁਗ ਅੰਤਮ ਖੇਲ ਕਰੇ ਅਪਾਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਨਿਹਕਲੰਕਾ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਚਾਰੋਂ ਕੁੰਟ ਵੇਖੇ ਧੂਆਂਧਾਰਾ, ਧਰਨੀ ਧਰਤ ਧਵਲ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਹਰਿ, ਕਰਨਹਾਰ ਦਿਸ ਨਾ ਆਈਆ । ਕਰਨਹਾਰ ਹਰਿ ਕਰਨੇਯੋਗ, ਕੁਦਰਤ ਕਾਦਰ ਵੇਖ ਵਖਾਈਆ । ਜਨ ਭਗਤ ਮਿਲਾਏ ਧੁਰ ਸੰਜੋਗ, ਧੁਰ ਦਾ ਲੇਖਾ ਲੇਖੇ ਪਾਈਆ । ਜਗਤ ਵਿਛੋੜਾ ਕੱਟੇ ਰੋਗ, ਸੋਗ ਚਿੰਤ ਨਾ ਕੋਇ ਜਣਾਈਆ । ਆਪ ਸੁਆਰੇ ਲੋਕ ਪਰਲੋਕ, ਪਰਮ ਪੁਰਖ ਵੱਡੀ ਵਡਿਆਈਆ । ਇਕ ਸੁਣਾਏ ਸਚ ਸਲੋਕ, ਹੰ ਬ੍ਰਹਮ ਪਾਰਬ੍ਰਹਮ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਵਰਨਹਾਰ ਇਕ ਅਖਵਾਈਆ । ਵਰਨਹਾਰ ਸਤਿਗੁਰ ਸਾਹਿਬ ਸੁਲਤਾਨ, ਵਡ ਵੱਡੀ ਵਡਿਆਈਆ । ਹਰਿਜਨ ਸਾਚੇ ਲਏ ਪਛਾਣ, ਘਟ ਘਟ ਅੰਦਰ ਖੋਜ ਖੁਜਾਈਆ । ਚਰਨ ਕਵਲ ਬਖ਼ਸ਼ੇ ਸਚ ਧਿਆਨ, ਸਰਨ ਚਰਨ ਸੱਚੀ ਸਰਨਾਈਆ । ਏਕਾ ਦੇਵੇ ਨਾਮ ਨਿਧਾਨ, ਨਿਰਧਨ ਹਰਿ ਹਰਿ ਝੋਲੀ ਪਾਈਆ । ਅੱਠੇ ਪਹਿਰ ਨਾਦ ਧੁਨਕਾਨ, ਧੁਨ ਆਤਮਕ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲੇ ਆਪਣੇ ਘਰ, ਹਰਿ ਕੀ ਮਹਿਮਾ ਕਹਿਣ ਨਾ ਜਾਈਆ । ਹਰਿ ਮਹਿਮਾ ਅਪਾਰ, ਵੇਦ ਕਤੇਬ ਜਸ ਗਾਇਆ । ਹਰਿ ਮਹਿਮਾ ਅਪਾਰ, ਭਗਤ ਭਗਵੰਤ ਲਏ ਮਿਲਾਇਆ । ਹਰਿ ਮਹਿਮਾ ਅਪਾਰ, ਸਾਚੇ ਸੰਤ ਗੋਦ ਬਹਾਇਆ । ਹਰਿ ਮਹਿਮਾ ਅਪਾਰ, ਗੁਰਮੁਖ ਸਾਚੇ ਲਏ ਜਗਾਇਆ । ਹਰਿ ਮਹਿਮਾ ਅਪਾਰ, ਗੁਰਸਿਖ ਸੱਜਣ ਅੰਗ ਲਗਾਇਆ । ਹਰਿ ਮਹਿਮਾ ਅਪਾਰ, ਮਨਮੁਖ ਮੂੜ੍ਹੇ ਝੂਠੇ ਧੰਦੇ ਲਾਇਆ । ਹਰਿ ਮਹਿਮਾ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਕਰਾਏ ਸਾਚੀ ਕਾਰ, ਲੇਖਾ ਜਾਣੇ ਧੁਰ ਦਰਬਾਰ, ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਆਧਾਰ, ਹਰਿਜਨ ਜਨ ਹਰਿ ਮੇਲਾ ਨਿਰਗੁਣ ਜੋਤ ਇਕ ਅਕਾਲ, ਕਾਲ ਫਾਸ ਰਹਿਣ ਨਾ ਪਾਇਆ ।

### ✻ ੨੯ ਕਤਕ ੨੦੧੭ ਬਿਕ੍ਰਮੀ ਬੀਬੀ ਬਲਵੰਤ ਕੌਰ ਦੇ ਘਰ ਪਿੰਡ ਧਾਰੜ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਸਾਹਿਬ ਜਾਣੀਏ, ਨਿਰਗੁਣ ਰੂਪ ਸ੍ਰੀ ਭਗਵੰਤ । ਸਤਿਗੁਰ ਸਾਹਿਬ ਜਾਣੀਏ, ਆਦਿ ਜੁਗਾਦੀ ਮਹਿਮਾ ਅਗਣਤ । ਸਤਿਗੁਰ ਸਾਹਿਬ ਜਾਣੀਏ, ਹਰਿ ਵੱਡਾ ਵਡ ਬੇਅੰਤ । ਸਤਿਗੁਰ ਸਾਹਿਬ ਜਾਣੀਏ ਦਰਗਹਿ ਸਾਚੀ ਧਾਮ ਸੁਹੰਤ । ਸਤਿਗੁਰ ਸਾਹਿਬ ਜਾਣੀਏ, ਲੇਖਾ ਜਾਣੇ ਆਦਿ ਅੰਤ । ਸਤਿਗੁਰ ਸਾਹਿਬ ਜਾਣੀਏ, ਆਪੇ ਜਾਣੇ ਆਪਣਾ ਨਾਉਂ, ਆਪੇ ਗਾਏ ਆਪਣਾ ਮੰਤ । ਸਤਿਗੁਰ ਸਾਹਿਬ ਜਾਣੀਏ, ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਬਣਾਏ ਸਾਚੀ ਬਣਤ । ਸਤਿਗੁਰ ਸਾਹਿਬ ਜਾਣੀਏ, ਸਰਬ ਕਲਾ ਭਰਪੂਰ । ਸਤਿਗੁਰ ਸਾਹਿਬ ਜਾਣੀਏ, ਆਦਿ ਜੁਗਾਦੀ ਜੋਤੀ ਨੂਰ । ਸਤਿਗੁਰ ਸਾਹਿਬ ਜਾਣੀਏ, ਵਸਣਹਾਰਾ ਨੇੜੇ ਦੂਰ । ਸਤਿਗੁਰ ਸਾਹਿਬ ਜਾਣੀਏ, ਸਦਾ ਸੁਹੇਲਾ ਹਾਜ਼ਰ ਹਜ਼ੂਰ । ਸਤਿਗੁਰ ਸਾਹਿਬ ਜਾਣੀਏ, ਆਸਾ ਮਨਸਾ ਪੂਰ । ਸਤਿਗੁਰ ਸਾਹਿਬ ਜਾਣੀਏ, ਨਾਤਾ ਤੋੜੇ ਕੂੜੋ ਕੂੜ । ਸਤਿਗੁਰ ਸਾਹਿਬ ਜਾਣੀਏ, ਏਕਾ ਦੇਵੇ ਮਸਤਕ ਧੂੜ । ਸਤਿਗੁਰ ਸਾਹਿਬ ਜਾਣੀਏ, ਚਤਰ ਸੁਘੜ ਬਣਾਏ ਮੂਰਖ ਮੂੜ੍ਹ । ਸਤਿਗੁਰ ਸਾਹਿਬ ਜਾਣੀਏ, ਗੜ੍ਹ ਤੋੜੇ ਹਉਮੇ ਹੰਗਤਾ ਗ਼ਰੂਰ । ਸਤਿਗੁਰ ਸਾਹਿਬ ਜਾਣੀਏ, ਅੰਮ੍ਰਿਤ ਆਤਮ ਬਖ਼ਸ਼ੇ ਸਤਿ ਸਰੂਰ । ਸਤਿਗੁਰ ਸਾਹਿਬ ਜਾਣੀਏ, ਸਰਬ ਕਲ ਹੋਏ ਭਰਪੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜ਼ਾਹਰ ਜ਼ਹੂਰ । ਸਤਿਗੁਰ ਸਾਹਿਬ ਜਾਣੀਏ, ਆਦਿ ਜੁਗਾਦਿ ਸਮਾਏ । ਸਤਿਗੁਰ ਸਾਹਿਬ ਜਾਣੀਏ, ਇਕ ਇਕੱਲਾ ਖੇਲ ਖਲਾਏ । ਸਤਿਗੁਰ ਸਾਹਿਬ ਜਾਣੀਏ, ਬ੍ਰਹਮਾ ਵਿਸ਼ਨ ਸ਼ਿਵ ਉਪਜਾਏ । ਸਤਿਗੁਰ ਸਾਹਿਬ ਜਾਣੀਏ, ਰਵ ਸਸ ਕਰੇ ਰੁਸ਼ਨਾਏ । ਸਤਿਗੁਰ ਸਾਹਿਬ ਜਾਣੀਏ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਏ । ਸਤਿਗੁਰ ਸਾਹਿਬ ਜਾਣੀਏ, ਤ੍ਰੈਗੁਣ ਮਾਇਆ ਸੰਗ ਨਿਭਾਏ । ਸਤਿਗੁਰ ਸਾਹਿਬ ਜਾਣੀਏ, ਪੰਜ ਤਤ ਘਾੜਨ ਲਏ ਘੜਾਏ । ਸਤਿਗੁਰ ਸਾਹਿਬ ਜਾਣੀਏ, ਲੱਖ ਚੁਰਾਸੀ ਵੰਡਣ ਵੰਡ ਵੰਡਾਏ । ਸਤਿਗੁਰ ਸਾਹਿਬ ਜਾਣੀਏ, ਜੇਰਜ ਅੰਡਜ ਉਤਭੁਜ ਸੇਤਜ ਰੰਗਣ ਰੰਗ ਰੰਗਾਏ । ਸਤਿਗੁਰ ਸਾਹਿਬ ਜਾਣੀਏ, ਗ੍ਰਹਿ ਗ੍ਰਹਿ ਘਰ ਘਰ ਵਜਾਏ ਮਰਦੰਗਨ, ਬ੍ਰਹਮ ਬ੍ਰਹਿਮਾਦਿ ਆਪ ਸੁਣਾਏ । ਸਤਿਗੁਰ ਸਾਹਿਬ ਜਾਣੀਏ, ਦੂਜੇ ਦਰ ਨਾ ਜਾਏ ਮੰਗਣ, ਸਰਬ ਭੰਡਾਰੀ ਆਪ ਅਖਵਾਏ । ਸਤਿਗੁਰ ਸਾਹਿਬ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਾਚਾ ਹਰਿ, ਕਰੇ ਖੇਲ ਬੇਪਰਵਾਹੇ । ਸਤਿਗੁਰ ਸਾਹਿਬ ਜਾਣੀਏ, ਹਰਿ ਸਤਿਗੁਰ ਸਾਜਣ ਮੀਤ । ਜੁਗ ਜੁਗ ਵੇਖ ਵਖਾਣੀਏ, ਇਕ ਇਕੱਲਾ ਬੈਠਾ ਰਹੇ ਅਤੀਤ । ਸਦਾ ਸੁਣਾਏ ਅਕਥ ਕਹਾਣੀਏ, ਸ਼ਬਦ ਅਨਾਦ ਅਗੰਮੀ ਗੀਤ । ਲੇਖਾ ਜਾਣੇ ਦੋ ਜਹਾਨੀਏ, ਲੱਖ ਚੁਰਾਸੀ ਬਣ ਬਣ ਮੀਤ । ਭਗਤਨ ਦੇਵੇ ਏਕਾ ਵਰਨੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰੀਤ । ਸਤਿਗੁਰ ਸਾਹਿਬ ਸਾਚੀ ਰੀਤ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਇਕ ਇਕੱਲਾ ਪਤਿਤ ਪੁਨੀਤ, ਪਤਿਤ ਪਾਪੀ ਆਪ ਤਰਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਇੰਦਾ । ਹਰਿਜਨ ਮੇਲੇ ਸਾਚੇ ਮੀਤ, ਮਿਤਰ ਪਿਆਰਾ ਆਪ ਅਖਵਾਇੰਦਾ । ਸਾਚਾ ਮੰਦਰ ਵਖਾਏ ਦੇਹੁਰਾ ਮਸੀਤ, ਕਾਇਆ ਬੰਕ ਆਪ ਖੁਲਾਇੰਦਾ । ਜੁਗ ਜੁਗ ਪਰਖਣਹਾਰਾ ਨੀਤ, ਨਿਰਗੁਣ ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਏਕਾ ਵਸੇ ਧਾਮ ਅਨਡੀਠ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਸਾਹਿਬ ਸਤਿਗੁਰ ਆਪ ਹੋ ਜਾਇੰਦਾ । ਸਤਿਗੁਰ ਸਾਹਿਬ ਦੀਨ ਦਿਆਲਾ, ਦੀਨਨ ਰਛਿਆ ਆਪ ਕਰਾਈਆ । ਜੁਗਾਂ ਜੁਗੰਤਰ ਖੇਲ ਨਿਰਾਲਾ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਜੋਤੀ ਨੂਰ ਨੂਰ ਉਜਾਲਾ, ਨੂਰੋ ਨੂਰ ਡਗਮਗਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਬੈਠਾ ਸੇਜ ਹੰਢਾਈਆ । ਲੇਖਾ ਜਾਣੇ ਕਾਲ ਮਹਾਂਕਾਲਾ, ਮਹਾਂਕਾਲ ਬਲ ਆਪਣਾ ਆਪ ਵਖਾਈਆ । ਜੁਗਾ ਜੁਗੰਤਰ ਖੇਲ ਨਿਰਾਲਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਤੋੜਣਹਾਰਾ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ

ਜਾਣੇ ਸ਼ਾਹ ਕੰਗਾਲਾ, ਨਿਰਧਨ ਸਰਧਨ ਵੇਖੇ ਥਾਉਂ ਥਾਈਆ । ਸ਼ਬਦ ਸਰੂਪੀ ਬਣ ਦਲਾਲਾ, ਨਵ ਖੰਡ ਪ੍ਰਿਥਮੀ ਲੋਆਂ ਪੁਰੀਆਂ ਫੇਰੀ ਪਾਈਆ । ਨਾਮ ਅਨਮੁਲੜੀ ਏਕਾ ਮਾਲਾ, ਮਨ ਕਾ ਮਣਕਾ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਵੱਡੀ ਵਡਿਆਈਆ । ਸਤਿਗੁਰ ਸਾਹਿਬ ਸੱਚਾ ਸ਼ਹਿਨਸ਼ਾਹ, ਏਕੰਕਾਰਾ ਇਕ ਅਖਵਾਇੰਦਾ । ਸਤਿ ਸਤਿਵਾਦੀ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਨਾਉਂ ਨਿਰੰਕਾਰਾ ਆਪ ਧਰਾ, ਨਰ ਨਰਾਇਣ ਸਚ ਜੈਕਾਰਾ ਆਪ ਸੁਣਾਇੰਦਾ । ਅਨਹਦ ਮਰਦੰਗਾ ਇਕ ਵਜਾ, ਅਨਾਹਦ ਸੇਵ ਕਮਾਇੰਦਾ । ਸੂਰਾ ਸਰਬੰਗਾ ਭੇਵ ਨਾ ਰਾ, ਅਨਰੰਗਾ ਰੂਪ ਆਪ ਵਟਾਇੰਦਾ । ਭੁੱਖਾ ਨੰਗਾ ਬੇਪਰਵਾਹ, ਨਾਮ ਭੰਡਾਰਾ ਇਕ ਵਰਤਾਇੰਦਾ । ਜੁਗਾਂ ਜੁਗੰਤਰ ਵੇਸ ਵਟਾ, ਲੋਕਮਾਤ ਰੂਪ ਧਰਾਇੰਦਾ । ਹਰਿਜਨ ਸਾਚੇ ਲਏ ਮਿਲਾ, ਆਪ ਆਪਣਾ ਮੇਲ ਮਿਲਾਇੰਦਾ । ਕਮਲਾਪਾਤੀ ਖੇਲ ਖਲਾ, ਅੰਧੇਰੀ ਰਾਤੀ ਮੇਟ ਮਿਟਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਜਾਮ ਪਿਆ, ਗੁਰਮੁਖਾਂ ਤ੍ਰਿਸਨਾ ਭੁੱਖ ਆਪ ਗਵਾਇੰਦਾ । ਚਰਨ ਕਵਲ ਨਾਤਾ ਲਏ ਬੰਧਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਸਾਚੀ ਖਾਟੀ ਦਏ ਸੁਹਾ, ਆਤਮ ਸੇਜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਰੂਪ ਧਰਾਇੰਦਾ । ਸਾਹਿਬ ਸਤਿਗੁਰ ਰੂਪ ਧਰ, ਨਿਰਗੁਣ ਸਰਗੁਣ ਰੂਪ ਵਟਾਈਆ । ਨਿਰਾਕਾਰ ਆਕਾਰ ਕਰ, ਕਰਤਾ ਪੁਰਖ ਵੇਖ ਵਖਾਈਆ । ਦਰ ਦਰਵਾਜ਼ਾ ਖੋਲ੍ਹੇ ਦਰ, ਦਰਗਹਿ ਸੱਚੀ ਵਡ ਵਡਿਆਈਆ । ਨਰ ਨਰੇਸ਼ ਏਕਾ ਨਰ, ਹਰਿ ਨਰਾਇਣ ਸੱਚਾ ਸ਼ਹਿਨਸ਼ਾਹੀਆ । ਆਪੇ ਵਸੇ ਆਪਣੇ ਘਰ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਆਪੇ ਤੋੜੇ ਆਪਣਾ ਗੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਵਸਣਹਾਰਾ ਏਕਾ ਥਾਈਆ । ਏਕਾ ਥਾਨ ਹਰਿ ਥਨੰਤਰ, ਦਰ ਘਰ ਸਾਚਾ ਆਪ ਸੁਹਾਇੰਦਾ । ਏਕਾ ਗ੍ਰਿਹਿ ਏਕਾ ਗੁਰ ਏਕਾ ਮੰਤਰ, ਏਕਾ ਨਾਮ ਦ੍ਰਿੜਾਇੰਦਾ । ਏਕਾ ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰਜਾਮੀ ਆਪ ਅਖਵਾਇੰਦਾ । ਏਕਾ ਬੁਝਾਏ ਲੱਗੀ ਬਸੰਤਰ, ਤ੍ਰੈਗੁਣ ਅਗਨੀ ਤਤ ਮਿਟਾਇੰਦਾ । ਏਕਾ ਰੂਪ ਪਰਗਟਾਏ ਜੁਗਾ ਜੁਗੰਤਰ, ਗੁਰ ਪੀਰ ਅਵਤਾਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਬੇਐਬ ਆਪਣਾ ਨਾਉਂ ਧਰਾਇੰਦਾ । ਬੇਐਬ ਸਤਿਗੁਰ ਪਰਵਰਦਿਗਾਰ, ਨੂਰੋ ਨੂਰ ਡਗਮਗਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਖ਼ਾਲਕ ਖ਼ਲਕ ਰੂਪ ਦਰਸਾਈਆ । ਮੁਕਾਮੇ ਹੱਕ ਹੋ ਉਜਿਆਰ, ਜਲਵਾ ਜਲਾਲ ਇਕ ਦਰਸਾਈਆ । ਐਨਲਹੱਕ ਕਰ ਪੁਕਾਰ, ਹੱਕ ਹੱਕ ਰਿਹਾ ਸਮਝਾਈਆ । ਲਾਸ਼ਰੀਕ ਖੇਲ ਅਪਾਰ, ਵਾਹਦ ਆਪਣਾ ਰੂਪ ਧਰਾਈਆ । ਏਕਾ ਕਲਮਾ ਕਰ ਤਿਆਰ, ਕਲਾਮ ਇਲਾਹੀ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਇਕ ਅਖਵਾਈਆ । ਸਤਿਗੁਰ ਸਾਹਿਬ ਸਾਚਾ ਰਾਮ, ਰਾਮ ਰਾਮਾ ਨਾਉਂ ਧਰਾਇੰਦਾ । ਪੂਰਨ ਕਰੇ ਆਪਣਾ ਕਾਮ, ਪੂਰਬ ਲਹਿਣਾ ਵੇਖ ਵਖਾਇੰਦਾ । ਲੇਖਾ ਜਾਣੇ ਸਾਚੇ ਨਗਰ ਗਰਾਮ, ਕੰਚਨ ਗੜ੍ਹ ਆਪ ਸੁਹਾਇੰਦਾ । ਆਪ ਵਜਾਏ ਸਤਿ ਦਮਾਮ, ਸ਼ਬਦ ਨਗਾਰਾ ਆਪ ਸੁਣਾਇੰਦਾ । ਆਪ ਪਿਆਏ ਸੱਚਾ ਜਾਮ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਆਪੇ ਕਰੇ ਪਰਕਾਸ਼ ਕੋਟਨ ਭਾਨ, ਨੂਰੋ ਨੂਰ ਨੂਰ ਦਰਸਾਇੰਦਾ । ਆਪੇ ਹੋਵੇ ਆਤਮ ਪੰਡਤ ਬੋਧ ਗਿਆਨ, ਬ੍ਰਹਮ ਗਿਆਨ ਆਪ ਦ੍ਰਿੜਾਇੰਦਾ ਆਪੇ ਕਰੇ ਕਰਾਏ ਸਰਬ ਕਲਿਆਣ, ਜੂਨ ਅਜੂਨੀ ਆਪ ਫਿਰਾਇੰਦਾ । ਆਪ ਵਖਾਏ ਸਚ ਨਿਸ਼ਾਨ,

ਦਰਗਹਿ ਸਾਚੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਹਿਬ ਸਤਿਗੁਰ ਵੇਸ ਵਟਾਇੰਦਾ । ਸਾਹਿਬ ਸਤਿਗੁਰ ਘਨੱਯਾ ਸ਼ਾਮ, ਏਕਾ ਬੰਸਰੀ ਨਾਮ ਵਜਾਈਆ । ਲੇਖਾ ਜਾਣੇ ਹੱਡ ਮਾਸ ਨਾੜੀ ਚਾਮ, ਤਤਵ ਤਤ ਫੋਲ ਫੁਲਾਈਆ । ਨਿਰਗੁਣ ਸਰਗੁਣ ਕਰ ਪਛਾਣ, ਸਰਗੁਣ ਨਿਰਗੁਣ ਮੇਲ ਮਿਲਾਈਆ । ਏਕਾ ਰਾਗ ਸੁਣਾਏ ਕਾਨ, ਏਕਾ ਵੱਜਦੀ ਰਹੇ ਵਧਾਈਆ । ਏਕਾ ਮੰਦਰ ਇਕ ਮਕਾਨ, ਏਕਾ ਹਰਿ ਜੂ ਦਰਸ ਦਿਖਾਈਆ । ਏਕਾ ਗੋਪੀ ਏਕਾ ਕਾਹਨ, ਏਕਾ ਮੰਡਲ ਰਾਸ ਰਚਾਈਆ । ਏਕਾ ਦੇਵੇ ਧੁਰ ਫ਼ਰਮਾਣ, ਏਕਾ ਸਖ਼ੀਆਂ ਮੰਗਲ ਗਾਈਆ । ਏਕਾ ਕਰੇ ਸਚ ਘਰ ਬਿਸਰਾਮ, ਆਲਸ ਨਿੰਦਰਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੱਚਾ ਏਕਾ ਹਰਿ, ਹਰਿ ਜੂ ਆਪਣਾ ਨਾਉਂ ਦਏ ਵਡਿਆਈਆ । ਸਾਹਿਬ ਸੱਚਾ ਨਿਰਗੁਣ ਧਾਰ, ਨਿਰਵੈਰ ਪੁਰਖ ਅਖਵਾਇੰਦਾ । ਮੂਰਤ ਅਕਾਲ ਹੋ ਉਜਿਆਰ, ਜੂਨੀ ਰਹਿਤ ਡਗਮਗਾਇੰਦਾ । ਮਰੇ ਨਾ ਜੰਮੇ ਵਿਚ ਸੰਸਾਰ, ਅਨਭਵ ਆਪਣੀ ਖੇਲ ਖਿਲਾਇੰਦਾ । ਲੱਖ ਚੁਰਾਸੀ ਵਸਿਆ ਬਾਹਰ, ਲੱਖ ਚੁਰਾਸੀ ਆਪਣਾ ਡੇਰਾ ਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਵੇਖ ਵਖਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਸਤਿਜੁਗ ਤ੍ਰੇਤਾ ਦਵਾਪਰ ਕਰ ਕਰ ਪਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਨਾ ਪੁਰਖ ਨਾ ਦਿਸੇ ਨਾਰ, ਪੰਜ ਤਤ ਨਾ ਕੋਇ ਆਕਾਰ, ਰਤੀ ਰਤ ਨਾ ਕੋਇ ਪਿਆਰ, ਹੱਡ ਮਾਸ ਨਾੜੀ ਰਤ ਬੰਧਨ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੱਚਾ ਏਕਾ ਹਰਿ, ਆਪਣੀ ਖੇਲ ਆਪ ਖਲਾਇੰਦਾ । ਕਰੇ ਖੇਲ ਪ੍ਰਭ ਸਮਰਥ, ਹਰਿ ਵੱਡਾ ਵਡ ਵਡਿਆਈਆ । ਜੁਗ ਜੁਗ ਚਲਾਏ ਏਕਾ ਰਥ, ਰਥ ਰਥਵਾਹੀ ਦਿਸ ਨਾ ਆਈਆ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕਾ ਨਾਉਂ ਧਰਾਈਆ । ਸਰਬ ਕਲ ਆਪੇ ਸਮਰਥ, ਸਮਰਥ ਪੁਰਖ ਇਕ ਅਖਵਾਈਆ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਲਏ ਭੁਵਾਈਆ । ਜਨ ਭਗਤਾਂ ਦੇਵੇ ਏਕਾ ਵਥ, ਨਾਮ ਅਮੋਲਕ ਵਸਤ ਝੋਲੀ ਪਾਈਆ । ਸ਼ਬਦ ਜਣਾਏ ਅਕਥਨਾ ਅਕਥ, ਅਗੰਮ ਅਗੰਮੜੀ ਧਾਰ ਵਖਾਈਆ । ਲੇਖਾ ਜਾਣੇ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕਾਂ ਖੋਜ ਖੁਜਾਈਆ । ਪਾਵੇ ਸਾਰ ਤੀਰਥ ਤਟ, ਤਟ ਕਿਨਾਰ ਅਠਸਠ ਫੋਲ ਫੁਲਾਈਆ । ਲੇਖਾ ਜਾਣੇ ਜੋ ਜਨ ਰਸਨਾ ਜਿਹਵਾ ਰਹੇ ਰਟ, ਅੰਦਰ ਮੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕਾ ਸਾਹਿਬ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚੇ ਸੋਭਾ ਪਾਇੰਦਾ, ਸਤਿ ਪੁਰਖ ਨਿਰੰਜਣ ਵਡ ਮਿਹਰਵਾਨ । ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ, ਆਦਿ ਜੁਗਾਦੀ ਖੇਲ ਮਹਾਨ । ਹਰਿ ਪੁਰਖ ਨਿਰੰਜਣ ਰੂਪ ਪਰਗਟਾਇੰਦਾ, ਲੇਖਾ ਜਾਣੇ ਦੋ ਜਹਾਨ । ਏਕੰਕਾਰਾ ਕਲ ਵਰਤਾਇੰਦਾ, ਅਕਲ ਕਲ ਨਾ ਸਕੇ ਕੋਇ ਪਛਾਣ । ਆਦਿ ਨਿਰੰਜਣ ਡਗਮਗਾਇੰਦਾ, ਨੂਰ ਨੁਰਾਨਾ ਸਚ ਮਕਾਨ । ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ, ਖੇਲੇ ਖੇਲ ਸ੍ਰੀ ਭਗਵਾਨ । ਪਾਰਬ੍ਰਹਮ ਪ੍ਰਭ ਰੂਪ ਧਰਾਇੰਦਾ, ਆਦਿ ਜੁਗਾਦੀ ਨੌਜਵਾਨ । ਬ੍ਰਹਮ ਅੰਸ ਆਪ ਧਰਾਇੰਦਾ, ਲੇਖਾ ਜਾਣੇ ਦੋ ਜਹਾਨ । ਸੋਹੰ ਆਪਣਾ ਰੂਪ ਵਟਾਇੰਦਾ, ਨਿਰਗੁਣ ਸਰਗੁਣ ਕਰ ਪਰਵਾਨ । ਲੱਖ ਚੁਰਾਸੀ ਖੇਲ ਖਿਲਾਇੰਦਾ, ਜੁਗ ਚੌਕੜੀ ਹੋ ਪਰਧਾਨ । ਗੁਰ ਅਵਤਾਰ ਸੇਵਾ ਲਾਇੰਦਾ, ਸੰਤਨ ਦੇਵੇ ਧੁਰ ਫ਼ਰਮਾਣ । ਭਗਤਨ ਲੇਖਾ ਇਕ ਸਮਝਾਇੰਦਾ, ਆਪਣੀ ਵਿਦਿਆ ਕਰ ਬਲਵਾਨ । ਚੌਦਾਂ ਵਿਦਿਆ ਮੁਖ ਸ਼ਰਮਾਇੰਦਾ, ਹਰਿ ਕਾ ਰੂਪ ਨਾ ਸਕਣ ਪਛਾਣ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚਾ ਹਰਿ, ਕਰੇ ਖੇਲ ਵਿਚ ਜਹਾਨ । ਜਗਤ ਜਹਾਨ ਖੇਲ ਖਿਲਾਇੰਦਾ, ਕਲਜੁਗ ਅੰਤਮ ਲੈ ਅਵਤਾਰ । ਦੋਏ ਦੋਏ ਧਾਰਾ ਆਪ ਵਖਾਇੰਦਾ, ਨਿਰਗੁਣ ਸਰਗੁਣ ਰੂਪ ਅਪਾਰ । ਸਰਗੁਣ ਲੇਖਾ ਆਪ ਮੁਕਾਇੰਦਾ, ਨਿਰਗੁਣ ਦਾਤਾ ਹੋ ਉਜਿਆਰ । ਨਿਰਗੁਣ ਏਕਾ ਡੰਕ ਵਜਾਇੰਦਾ, ਸ਼ਬਦ ਨਾਦ ਸੱਚੀ ਧੁਨਕਾਰ । ਗੁਰਮੁਖ ਸਾਚੇ ਆਪ ਜਗਾਇੰਦਾ, ਮੇਲ ਮਿਲਾਏ ਆਪਣੀ ਵਾਰ । ਘਰ ਘਰ ਦਰ ਦਰ ਕਾਇਆ ਮੰਦਰ ਫੋਲ ਫੁਲਾਇੰਦਾ, ਡੂੰਘੀ ਕੰਦਰ ਪਾਵੇ ਸਾਰ । ਮਨ ਬੰਦਰ ਉਠ ਨਾ ਦਹਿ ਦਿਸ਼ ਧਾਇੰਦਾ, ਮਤ ਬੁਧ ਨਾ ਹੋਏ ਖ਼ੁਵਾਰ । ਜਿਸ ਸਿਰ ਆਪਣਾ ਹੱਥ ਟਿਕਾਇੰਦਾ, ਸੁਰਤ ਸ਼ਬਦ ਦਏ ਅਧਾਰ । ਸ਼ਬਦ ਸੁਰਤ ਮੇਲ ਮਿਲਾਇੰਦਾ, ਸੁਰਤੀ ਸ਼ਬਦੀ ਇਕ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਾਰ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚੀ ਖੇਲ ਖਿਲਾਇੰਦਾ । ਨਿਹਕਲੰਕ ਲਏ ਅਵਤਾਰਾ, ਨਾਮ ਡੰਕਾ ਇਕ ਵਜਾਇੰਦਾ । ਸੰਮਤ ਸੰਮਤੀ ਪਾਵੇ ਸਾਰਾ, ਬਰਸ ਮਾਸ ਦਿਵਸ ਰੈਣ ਘੜੀ ਪਲ ਵੇਖ ਵਖਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਆਪਣੇ ਹੱਥ ਰਖਾਇੰਦਾ । ਚਾਰ ਵੇਦ ਨਾ ਪਾਵਣ ਸਾਰਾ, ਪੁਰਾਨ ਅਠਾਰਾਂ ਸਰਬ ਕੁਰਲਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ ਸ਼ਬਦੀ ਧਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਭੇਵ ਅਭੇਦਾ ਅਛੱਲ ਅਛੇਦਾ, ਵਲ ਛਲ ਆਪਣਾ ਖੇਲ ਖਿਲਾਇੰਦਾ । ਵਲ ਛਲ ਅਛੱਲ ਅਡੋਲ, ਅਛਲ ਅਛਲ ਕਾਰ ਕਮਾਈਆ । ਆਪੇ ਬਣਿਆ ਰਹੇ ਅਨਭੋਲ, ਗੁਰਮੁਖ ਸਾਚੇ ਆਪਣੇ ਭਾਣੇ ਚਲਾਈਆ । ਆਦਿ ਜੁਗਾਦੀ ਤੋਲਣਹਾਰਾ ਤੋਲ, ਏਕਾ ਖੰਡਾ ਹੱਥ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਘਟ ਘਟ ਵੇਖੇ ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਹਟ ਸਰਬ ਵਖਾਈਆ । ਕਲਜੁਗ ਕੂਕ ਪੁਕਾਰੇ ਉਚੀ ਬੋਲ, ਏਕਾ ਏਕ ਰਿਹਾ ਸੁਣਾਈਆ । ਮੇਰਾ ਰੂਪ ਘਟ ਘਟ ਅੰਦਰ ਗਿਆ ਮੌਲ, ਮੌਲਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਮਿਟੇ ਕੂੜੀ ਸ਼ਾਹੀਆ । ਕਲਜੁਗ ਕੂੜ ਚੁਕਾਵਣਾ, ਕਲ ਕਲਕੀ ਲਏ ਅਵਤਾਰ । ਸਤਿਜੁਗ ਸਾਚਾ ਰਾਹ ਵਖਾਵਣਾ, ਲੋਕਮਾਤ ਹੋ ਉਜਿਆਰ । ਨੌਂ ਖੰਡ ਏਕਾ ਰੰਗ ਰੰਗਾਵਣਾ, ਸਤਿ ਸਤਿਵਾਦੀ ਬੋਲ ਜੈਕਾਰ । ਏਕਾ ਅੱਖਰ ਨਾਮ ਜਪਾਵਣਾ, ਚਾਰ ਵਰਨਾਂ ਦਏ ਅਧਾਰ । ਏਕਾ ਮੰਤਰ ਸਤਿ ਪੜ੍ਹਾਵਣਾ, ਫਿਰੇ ਮੰਤਰ ਵਿਚ ਸੰਸਾਰ । ਏਕਾ ਅੰਤਮ ਖੇਲ ਖਿਲਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਵੇਖੇ ਧੂਆਂਧਾਰ । ਜਗਤ ਅੰਧੇਰਾ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਕਿਸੇ ਨਾ ਦਿਸੇ ਸੰਝ ਸਵੇਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਕੂੜ ਕੁੜਿਆਰੇ ਪਾਇਆ ਘੇਰਾ, ਮਾਇਆ ਮਮਤਾ ਮੋਹ ਫੰਦਨ ਇਕ ਵਖਾਈਆ । ਭਰਮਾਂ ਢਾਏ ਸਭ ਦਾ ਡੇਰਾ, ਸਾਚਾ ਗੜ੍ਹ ਨਾ ਕੋਈ ਵਖਾਈਆ । ਕਲਜੁਗ ਕੂਕੇ ਬਣ ਦਲੇਰਾ, ਸਾਧ ਸੰਤ ਸਿਰ ਸਕੇ ਨਾ ਕੋਈ ਉਠਾਈਆ । ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰਾ, ਜੋਤੀ ਜੋਤ ਕਰ ਰੁਸ਼ਨਾਈਆ । ਚੌਥੇ ਜੁਗ ਦੇਵੇ ਆਪੇ ਗੇੜਾ, ਜਗਤ ਲੱਠ ਦਏ ਭਵਾਈਆ । ਅੰਤ ਲਗਾਏ ਇਕ ਉਖੇੜਾ, ਸਭ ਦੀ ਜੜ ਦਏ ਉਖੜਾਈਆ । ਜਨ ਭਗਤਾਂ ਬੰਨ੍ਹੇ ਆਪੇ ਬੇੜਾ, ਸਾਚਾ ਖੇਵਟ ਖੇਟਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਸੱਚਾ ਮਾਣਕ ਮੋਤੀ, ਸਤਿਗੁਰ ਸਾਚੇ ਹੱਟ ਰਖਾਇਆ । ਦਿਵਸ ਰੈਣ ਜਗਦੀ ਰਹੇ ਜੋਤੀ, ਜਗਤ ਅੰਧੇਰ ਨਾ ਕੋਈ ਜਣਾਇਆ । ਆਪ ਉਠਾਏ ਸੁਰਤੀ ਸੋਤੀ, ਸਵਾਣੀ ਹਾਣੀ ਇਕ ਮਿਲਾਇਆ । ਨਾਤਾ ਤੋੜੇ ਵਰਨ ਗੋਤੀ, ਵਰਨਾਂ ਬਰਨਾਂ ਫੰਦ ਕਟਾਇਆ । ਨਾਮ ਫੜਾਏ ਸਾਚੀ ਸੋਟੀ, ਪੰਚ ਵਿਕਾਰਾ ਦਏ ਦੁਰਕਾਇਆ । ਸ਼ਬਦ ਚੜ੍ਹਾਏ ਸਾਚੀ ਚੋਟੀ, ਅਧਵਿਚਕਾਰ ਨਾ ਕੋਈ ਵਖਾਇਆ । ਨੌਂ ਦਵਾਰੇ ਕੱਢੇ ਵਾਸਨਾ ਖੋਟੀ, ਵਿਸ਼ਵ ਇਕ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੱਚਾ ਏਕਾ ਹਰਿ, ਹਰਿ ਬੈਠਾ ਤਖ਼ਤ ਸੁਹਾਇਆ । ਤਖ਼ਤ ਨਿਵਾਸੀ ਆਪ ਹਰਿ, ਲੋਕਮਾਤ ਖੇਲ ਖਿਲਾਇੰਦਾ । ਗੁਰਮੁਖਾਂ ਚੁਕਾਏ ਜੰਮ ਕਾ ਡਰ, ਭੈ ਭਿਆਨਕ ਨਾ ਕੋਈ ਜਣਾਇੰਦਾ । ਆਪਣੀ ਕਿਰਪਾ ਆਪੇ ਕਰ, ਕਰ ਕਿਰਪਾ ਮੇਲ ਮਿਲਾਇੰਦਾ । ਅੰਮ੍ਰਿਤ ਨੁਹਾਏ ਸਾਚੇ ਸਰ, ਘਰ ਸਰੋਵਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਗੁਰਮੁਖ ਗੁਰਸਿਖ ਲਏ ਫੜ, ਨਾਮ ਡੋਰੀ ਚੋਰੀ ਚੋਰੀ ਆਪ ਆਪਣੀ ਹੱਥੀਂ ਬੰਧਨ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੇ ਸਾਚਾ ਤੰਦਨ, ਆਦਿ ਜੁਗਾਦਿ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਬਖ਼ਸ਼ੀਸ਼ ਗੁਰਮੁਖਾਂ ਸੀਸ ਜਗਦੀਸ਼ ਸਚ ਸੇਹਰਾ ਨਾਮ ਬੰਧਾਇੰਦਾ ।

 ੧੪੩੩

## ❋ ੧ ਮੱਘਰ ੨੦੧੭ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ❋

੦੯

ਸਤਿਗੁਰ ਪੂਰਾ ਜਾਣੀਏ, ਜੋ ਆਦਿ ਜੁਗਾਦਿ ਸਮਾਏ । ਸਤਿਗੁਰ ਪੂਰਾ ਜਾਣੀਏ, ਸੋ ਪੁਰਖ ਨਿਰੰਜਣ ਨਾਉਂ ਧਰਾਏ । ਸਤਿਗੁਰ ਪੂਰਾ ਜਾਈਏ, ਹਰਿ ਪੁਰਖ ਨਿਰੰਜਣ ਖੇਲ ਖਲਾਏ । ਸਤਿਗੁਰ ਪੂਰਾ ਜਾਣੀਏ, ਏਕੰਕਾਰਾ ਏਕਾ ਏਕ ਲਏ ਉਪਾਏ । ਸਤਿਗੁਰ ਪੂਰਾ ਜਾਣੀਏ, ਆਦਿ ਨਿਰੰਜਣ ਜੋਤੀ ਜੋਤ ਡਗਮਗਾਏ । ਸਤਿਗੁਰ ਪੂਰਾ ਜਾਣੀਏ, ਸ੍ਰੀ ਭਗਵਾਨ ਵਸੇ ਹਰ ਘਟ ਥਾਏਂ । ਸਤਿਗੁਰ ਪੂਰਾ ਜਾਣੀਏ, ਅਬਿਨਾਸ਼ੀ ਕਰਤਾ ਆਪਣੇ ਸਿੰਘਾਸਣ ਆਪੇ ਸੋਭਾ ਪਾਏ । ਸਤਿਗੁਰ ਪੂਰਾ ਜਾਣੀਏ, ਪਾਰਬ੍ਰਹਮ ਪ੍ਰਭ ਵੱਡੀ ਵਡਿਆਏ । ਸਤਿਗੁਰ ਪੂਰਾ ਜਾਣੀਏ, ਸਚਖੰਡ ਦਵਾਰੇ ਆਪ ਆਪਣਾ ਵੇਖ ਵਖਾਏ । ਸਤਿਗੁਰ ਪੂਰਾ ਜਾਣੀਏ, ਸ਼ਾਹੋ ਭੂਪ ਵਡ ਰਾਜ ਰਾਜਾਨ, ਸੀਸ ਸਾਚਾ ਤਾਜ ਟਿਕਾਏ । ਸਤਿਗੁਰ ਪੂਰਾ ਜਾਣੀਏ, ਇਕ ਇਕੱਲਾ ਵਸੇ ਸਚ ਮਹੱਲਾ, ਮਹੱਲ ਮੁਨਾਰ ਆਪ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੇ । ਸਤਿਗੁਰ ਸੱਚਾ ਸ਼ਹਿਨਸ਼ਾਹ, ਏਕਾ ਰੰਗ ਸਮਾਇੰਦਾ । ਤਖ਼ਤ ਨਿਵਾਸੀ ਬੇਪਰਵਾਹ, ਭੇਵ ਕੋਈ ਨਾ ਪਾਇੰਦਾ । ਆਦਿ ਜੁਗਾਦੀ ਬਣ ਮਲਾਹ, ਜੁਗ ਜੁਗ ਖੇਲ ਖਿਲਾਇੰਦਾ । ਆਪਣਾ ਨਾਉਂ ਆਪ ਪਰਗਟਾ, ਆਪਣਾ ਲੇਖਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਸਤਿਗੁਰ ਮੀਤ, ਏਕਾ ਏਕ ਸੁਹਾਇੰਦਾ । ਆਦਿ ਜੁਗਾਦੀ ਸਾਚੀ ਰੀਤ, ਹਰਿ ਕਰਤਾ ਆਪ ਕਰਾਇੰਦਾ । ਬੈਠਾ ਰਹੇ ਇਕ ਅਤੀਤ, ਦਰਗਾਹਿ ਸਾਚੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਆਪਣਾ ਨਾਉਂ ਧਰ, ਪੁਰਖ ਅਕਾਲ ਵੇਸ ਵਟਾਇੰਦਾ । ਪੁਰਖ ਅਕਾਲਾ

ਖੇਲ ਅਵੱਲਾ, ਸਚਖੰਡ ਦਵਾਰੇ ਆਪ ਕਰਾਈਆ । ਰੂਪ ਪਰਗਟਾਏ ਇਕ ਅਕੱਲਾ, ਅਨਭਵ ਪਰਕਾਸ਼ ਕਰੇ ਰੁਸ਼ਨਾਈਆ । ਸਚ ਸਿੰਘਾਸਣ ਏਕਾ ਮੱਲਾ, ਰਾਜ ਰਾਜਾਨਾ ਏਕਾ ਏਕ ਆਪਣਾ ਬਲ ਧਰਾਈਆ । ਵਸਣਹਾਰਾ ਸਚ ਮਹੱਲਾ, ਥਿਰ ਘਰ ਸਾਚਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਡੇਰਾ ਲਾਈਆ । ਹਰਿ ਮੰਦਰ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਸੁਹਾਇੰਦਾ । ਸਤਿ ਸਰੂਪੀ ਇਕ ਨਿਸ਼ਾਨ, ਨਿਰਵੈਰ ਪੁਰਖ ਆਪ ਝੁਲਾਇੰਦਾ । ਆਪੇ ਹੋਏ ਜਾਣੀ ਜਾਣ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਖੇਲ ਕਰੇ ਮਹਾਨ, ਲੇਖਾ ਲੇਖ ਨਾ ਕੋਈ ਵਖਾਇੰਦਾ । ਸ਼ਾਹੋ ਭੂਪ ਬਣ ਸੁਲਤਾਨ, ਸਚ ਸਿਕਦਾਰਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰਾ ਆਪ ਬੰਧਾਇੰਦਾ । ਹਰਿ ਸਾਚੀ ਧਾਰ ਬੰਧਾਇੰਦਾ, ਨਿਰਗੁਣ ਰੂਪ ਅਗੰਮ ਅਪਾਰ । ਸਾਚੇ ਮੰਦਰ ਸੋਭਾ ਪਾਇੰਦਾ, ਕਮਲਾਪਾਤੀ ਹੋ ਉਜਿਆਰ । ਨਿਰਗੁਣ ਬਾਤੀ ਦੀਪ ਜਗਾਇੰਦਾ, ਨੂਰ ਨੁਰਾਨਾ ਹੋ ਉਜਿਆਰ । ਸਗਲਾ ਸਾਥੀ ਆਪ ਹੋ ਆਇੰਦਾ, ਕਰੇ ਖੇਲ ਕਰਨੇਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰ । ਹਰਿ ਸਾਚੀ ਕਾਰ ਕਮਾਇੰਦਾ, ਕਰਤਾ ਪੁਰਖ ਕਰਨੇਯੋਗ । ਸਾਚੇ ਮੰਦਰ ਡੇਰਾ ਲਾਇੰਦਾ, ਨਿਰਗੁਣ ਨਿਰਗੁਣ ਕਰੇ ਸੰਜੋਗ । ਜੋਤੀ ਜੋਤ ਮੇਲ ਮਿਲਾਇੰਦਾ, ਜੋਤੀ ਜਾਤਾ ਭੋਗੇ ਭੋਗ । ਆਪਣਾ ਮੋਹ ਆਪ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਰੱਖੇ ਆਪਣੀ ਓਟ । ਆਪਣੀ ਆਪੇ ਓਟ ਰੱਖ, ਆਪਣੀ ਦਇਆ ਕਮਾਈਆ । ਆਪਣੇ ਮੰਦਰੋਂ ਆਪਾ ਕਰ ਵਖ, ਪਿਤਾ ਪੂਤ ਖੇਲ ਖਿਲਾਈਆ । ਸ਼ਬਦ ਸ਼ਬਦੀ ਨਾਉਂ ਰੱਖ,
੧੪੩੪ ੧੪੩੪
ਸੁਤ ਅਬਿਨਾਸ਼ੀ ਅਚੁਤ ਦਏ ਵਡਿਆਈਆ । ਕਰੇ ਖੇਲ ਅਲੱਖਣਾ ਅਲੱਖ, ਅਲੱਖ ਅਗੋਚਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਸੋਭਾ ਪਾਈਆ । ਦਰਗਹਿ ਸਾਚੀ ਹਰਿ ਸੁਹਾਇੰਦਾ, ਨਿਰਗੁਣ ਦਾਤਾ ਬੇਐਬ ਪਰਵਰਦਿਗਾਰ । ਸੁਤ ਦੁਲਾਰਾ ਏਕਾ ਜਾਇੰਦਾ, ਜਾਗਰਤ ਜੋਤ ਕਰ ਉਜਿਆਰ । ਸਾਚੀ ਭਿਛਿਆ ਝੋਲੀ ਪਾਇੰਦਾ, ਅਤੋਟ ਅਤੁਟ ਇਕ ਭੰਡਾਰ । ਨਿਰਗੁਣ ਆਪਣਾ ਆਪ ਵਰਤਾਇੰਦਾ, ਆਪੇ ਹੋਏ ਵੇਖਣਹਾਰ । ਸਤਿ ਸਰੂਪ ਆਪ ਧਰਾਇੰਦਾ, ਆਪਣੀ ਕੁਲ ਆਪ ਵਿਚਾਰ । ਆਪੇ ਵਿਸ਼ਨੂੰ ਬਾਹਰ ਕਢਾਇੰਦਾ, ਆਪੇ ਨਾਭੀ ਕਵਲ ਫੁਲ ਉਜਿਆਰ । ਆਪੇ ਬ੍ਰਹਮਾ ਵੇਖ ਵਖਾਇੰਦਾ, ਆਪੇ ਸ਼ੰਕਰ ਦਏ ਅਧਾਰ । ਆਪੇ ਤ੍ਰੈ ਤ੍ਰੈ ਮੇਲ ਮਿਲਾਇੰਦਾ, ਆਪੇ ਤਿੰਨਾਂ ਵਸੇ ਬਾਹਰ । ਆਪੇ ਰਵ ਸਸ ਆਪਣੀ ਜੋਤ ਜਗਾਇੰਦਾ, ਆਪੇ ਮੰਡਲ ਮੰਡਪ ਦਏ ਸਹਾਰ । ਆਪੇ ਸ਼ਬਦ ਨਾਦ ਵਜਾਇੰਦਾ, ਆਪੇ ਬ੍ਰਹਮਾ ਵੇਦ ਗਾਵੇ ਚਾਰ । ਆਪੇ ਪੰਜ ਤਤ ਘਾੜਤ ਘੜਾਇੰਦਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪਾਵੇ ਸਾਰ । ਆਪੇ ਲੱਖ ਚੁਰਾਸੀ ਖੇਲ ਖਿਲਾਇੰਦਾ, ਆਪੇ ਚਾਰੇ ਖਾਣੀ ਬਣੇ ਮੀਤ ਮੁਰਾਰ । ਆਪੇ ਚਾਰੇ ਬਾਣੀ ਢੋਲਾ ਗਾਇੰਦਾ, ਆਪੇ ਚਾਰ ਵਰਨਾਂ ਦਏ ਸਹਾਰ । ਆਪੇ ਚਾਰ ਜੁਗ ਵੰਡ ਵੰਡਾਇੰਦਾ, ਆਪੇ ਚੌਕੜੀ ਕਰਨੇਹਾਰਾ ਪਾਰ । ਆਪੇ ਨੌਂ ਖੰਡ ਖੇਲ ਖਿਲਾਇੰਦਾ, ਆਪੇ ਨੌਂ ਦਵਾਰ ਖੋਲ੍ਹੇ ਜਗਤ ਕਿਵਾੜ । ਆਪੇ ਚੌਥੇ ਪਦ ਸਮਾਇੰਦਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਏਕਾ ਜੂਨ ਅਜੂਨੀ ਫਿਰਾਇੰਦਾ, ਆਪੇ ਮਾਰਨਹਾਰਾ ਮਾਰ । ਆਪੇ ਕੁੰਭੀ ਨਰਕ ਰਖਾਇੰਦਾ, ਆਪੇ ਵੇਖੇ ਸਵਰਗੀ ਧਾਰ । ਆਪੇ ਚਰਨਾਂ ਨਾਲ ਮਿਲਾਇੰਦਾ, ਆਪੇ ਤਿੰਨਾਂ ਲੋਕਾਂ ਕਰੇ ਬਾਹਰ । ਆਪੇ ਚੌਦਾਂ ਲੋਕ ਚਰਨਾ ਹੇਠ ਦਬਾਇੰਦਾ, ਆਪੇ ਚੌਦਾਂ ਤਬਕਾਂ

ਕਰੇ ਖ਼ੁਵਾਰ । ਆਪੇ ਚੌਦਾਂ ਵਿਦਿਆ ਮਾਤ ਪੜ੍ਹਾਇੰਦਾ, ਆਪੇ ਸ਼ਬਦ ਅਗੰਮੀ ਬੋਲੇ ਹਰਿ ਜੈਕਾਰ । ਆਪੇ ਮੰਤਰ ਨਾਮ ਦ੍ਰਿੜ੍ਹਾਇੰਦਾ, ਆਪੇ ਬੋਲੇ ਹੰਕਾਰ ਵਿਕਾਰ । ਆਪੇ ਸਾਚੇ ਮੰਦਰ ਬਹਾਇੰਦਾ, ਆਪੇ ਵਸੇ ਜੰਗਲ ਜੂਹ ਉਜਾੜ ਪਹਾੜ । ਆਪੇ ਧੂਆਂਧਾਰ ਸਮਾਇੰਦਾ, ਆਪੇ ਜੋਤੀ ਨੂਰ ਕਰੇ ਉਜਿਆਰ । ਆਪੇ ਸੁੰਨ ਸਮਾਧ ਡੇਰਾ ਲਾਇੰਦਾ, ਆਪੇ ਉਚੀ ਕੂਕੇ ਕਰੇ ਪਿਆਰ । ਆਪੇ ਗੁਰ ਅਵਤਾਰ ਅਖਵਾਇੰਦਾ, ਆਪੇ ਪੀਰਨ ਪੀਰ ਬਣੇ ਸਿਕਦਾਰ । ਆਪੇ ਭਗਤ ਭਗਵੰਤ ਉਪਜਾਇੰਦਾ, ਆਪੇ ਸੰਤਨ ਦਏ ਅਧਾਰ । ਆਪੇ ਗੁਰਮੁਖ ਲੇਖ ਲਿਖਾਇੰਦਾ, ਆਪੇ ਗੁਰਮੁਖ ਲਏ ਉਭਾਰ । ਆਪੇ ਗੁਰਮੁਖ ਵੇਖ ਵਖਾਇੰਦਾ, ਆਦਿ ਜੁਗਾਦੀ ਵੇਖਣਹਾਰ । ਜੁਗ ਗੇੜਾ ਆਪਣੇ ਹੱਥ ਰਖਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਕਾਗਦ ਕਲਮ ਲਿਖ ਲਿਖ ਭੇਵ ਕੋਈ ਨਾ ਪਾਇੰਦਾ, ਪੁਰਾਨ ਅਠਾਰਾਂ ਗਏ ਹਾਰ । ਛੇ ਸ਼ਾਸਤਰ ਸਰਬ ਕੁਰਲਾਇੰਦਾ । ਮਨੂ ਸਿਮਰਤੀ ਨਾ ਕਰੇ ਵਿਚਾਰ । ਕ੍ਰਿਸ਼ਨ ਅਠਾਰਾਂ ਧਿਆਏ ਗੀਤਾ ਗਾਇੰਦਾ, ਏਕਾ ਅਰਜਨ ਦਏ ਅਧਾਰ । ਅੰਜੀਲ ਕੁਰਾਨਾ ਤੀਸ ਬਤੀਸਾ ਮੁਲਾਂ ਸ਼ੇਖ਼ ਮੁਸਾਇਕ ਪੀਰ ਆਪ ਸਮਝਾਇੰਦਾ, ਆਪੇ ਹੋਏ ਬੇਐਬ ਖ਼ੁਦਾਈ ਪਰਵਰਦਿਗਾਰ । ਹਕ ਹਕੀਕਤ ਨਾਅਰਾ ਆਪੇ ਲਾਇੰਦਾ, ਆਪੇ ਐਨਲਹਕ ਵਾਜਾਂ ਰਿਹਾ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਕਰੇ ਖੇਲ ਸਾਚੇ ਘਰ, ਉਚੇ ਮੰਦਰ ਬੈਠਾ ਚੜ੍ਹ, ਦਿਸ ਕਿਸੇ ਨਾ ਆਇੰਦਾ । ਸਾਚੇ ਮੰਦਰ ਹਰਿ ਜੂ ਚੜ੍ਹਿਆ, ਭੇਵ ਕਿਸੇ ਨਾ ਰਾਇਆ । ਨਿਰਗੁਣ ਦਵਾਰੇ ਨਿਰਗੁਣ ਖੜਿਆ, ਬੈਠਾ ਅਲੱਖ ਜਗਾਇਆ । ਨਿਰਗੁਣ ਅੰਦਰ ਨਿਰਗੁਣ ਵੜਿਆ, ਦਰ ਦਵਾਰ ਨਾ ਕੋਈ ਖੁਲ੍ਹਾਇਆ । ਨਿਰਗੁਣ ਵਿਦਿਆ ਨਿਰਗੁਣ ਪੜ੍ਹਿਆ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਨਿਰਗੁਣ ਪੱਲਾ ਨਿਰਗੁਣ ਫੜਿਆ, ਨਾ ਮਰੇ ਨਾ ਜਾਇਆ । ਜੁਗਾ ਜੁਗੰਤਰ ਆਪ ਆਪਣਾ ਖੇਲ ਕਰਿਆ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਤ੍ਰੈਗੁਣ ਦਰ ਦਰਵੇਸ਼ ਫਿਰੇ ਦਰਿਆ, ਦਰ ਦਰਬਾਨਾ, ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਵੇਖਣਹਾਰਾ ਬ੍ਰਹਮ ਬ੍ਰਹਿਮਾਦਿ, ਲੋਕ ਪਰਲੋਕ ਵੇਖ ਵਖਾਇਆ । ਬ੍ਰਹਮ ਬ੍ਰਹਿਮਾਦਿ ਹਰਿ ਵੇਖਦਾ, ਆਦਿ ਜੁਗਾਦੀ ਸਾਚੀ ਕਾਰ । ਜੁਗ ਜੁਗ ਵੇਸ ਅਵੱਲੜਾ ਕਰੇ ਨਰ ਨਰੇਸ ਦਾ, ਸਰਗੁਣ ਨਿਰਗੁਣ ਦਏ ਅਧਾਰ । ਧੁਰ ਦਾ ਲੇਖਾ ਆਪੇ ਵੇਖਦਾ, ਸ੍ਰਿਸ਼ਟ ਸਬਾਈ ਸਾਂਝਾ ਯਾਰ । ਘਟ ਘਟ ਅੰਦਰ ਆਪੇ ਖੇਲਦਾ, ਜੋਤੀ ਜਾਤਾ ਹੋ ਉਜਿਆਰ । ਗੁਰਮੁਖ ਸਾਚੇ ਮਾਤ ਮੇਲਦਾ, ਆਪ ਆਪਣੀ ਕਿਰਪਾ ਧਾਰ । ਧਾਮ ਵਸੇ ਇਕ ਨਵੇਲ ਦਾ, ਛੱਪਰ ਛੰਨ ਨਾ ਕੋਈ ਚਾਰ ਦਵਾਰ । ਨਾਤਾ ਜੋੜੇ ਸੱਜਣ ਸਹੇਲ ਦਾ, ਤੁੱਟ ਨਾ ਜਾਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ । ਜੁਗ ਜੁਗ ਕਾਰ ਕਮਾਇੰਦਾ, ਪਾਰਬ੍ਰਹਮ ਵੱਡੀ ਵਡਿਆਈਆ । ਨੌਂ ਨੌਂ ਚੌਕੜੀ ਵੇਖ ਵਖਾਇੰਦਾ, ਚਾਰ ਚਾਰ ਕਰੇ ਕੁੜਮਾਈਆ । ਸ੍ਰਿਸ਼ਟ ਸਬਾਈ ਭੇਵ ਨਾ ਆਇੰਦਾ, ਭੇਵ ਨਾ ਜਾਣੇ ਕੋਇ ਲੇਖਾ ਲਿਖ ਨਾ ਸਕੇ ਜੀਵ ਗਵਾਰ । ਆਪਣੀ ਧਾਰਾ ਆਪ ਬੰਧਾਇੰਦਾ, ਲੋਕਮਾਤ ਲਏ ਅਵਤਾਰ । ਗੁਰ ਗੁਰ ਆਪਣਾ ਨਾਉਂ ਪਰਗਟਾਇੰਦਾ, ਸ਼ਬਦੀ ਨਾਦ ਵਜਾਏ ਸੱਚੀ ਧੁਨਕਾਰ । ਘਟ ਘਟ ਮੰਦਰ ਆਪ ਸੁਣਾਇੰਦਾ, ਦਿਵਸ ਰੈਣ ਸੁਣਾਵਣਹਾਰ । ਚੌਥੇ ਜੁਗ ਵੇਸ ਵਟਾਇੰਦਾ, ਪਾਰਬ੍ਰਹਮ ਬੇਐਬ ਪਰਵਰਦਿਗਾਰ । ਤੇਈ ਅਵਤਾਰ ਆਪਣੀ ਗੋਦ ਬਹਾਇੰਦਾ, ਦਸ ਗੁਰ ਬਖ਼ਸ਼ੇ ਸੀਸ ਪਿਆਰ । ਅਠਾਰਾਂ ਭਗਤ ਚਰਨਾਂ ਨਾਲ ਛੁਹਾਇੰਦਾ, ਇਕ ਇਕੱਲਾ ਏਕੰਕਾਰ ।

੧੪੩੫

ਕਲਜੁਗ ਅੰਤਮ ਵੇਖ ਵਖਾਇੰਦਾ, ਨਿਹਕਲੰਕੀ ਜਾਮਾ ਧਾਰ । ਕਲ ਕਲਕੀ ਆਪ ਅਖਵਾਇੰਦਾ, ਪਰਗਟ ਹੋਏ ਅਗੰਮ ਅਪਾਰ । ਕਲਗੀ ਤੋੜਾ ਸੀਸ ਟਿਕਾਇੰਦਾ, ਭੁੱਲ ਨਾ ਰਹੇ ਜੀਵ ਗਵਾਰ । ਸਾਚੀ ਸਖ਼ੀਆਂ ਸਿਖ ਸਮਝਾਇੰਦਾ, ਲੱਖ ਚੁਰਾਸੀ ਗੇੜ ਨਿਵਾਰ । ਜਮ ਕੀ ਫਾਸੀ ਫੰਦ ਕਟਾਇੰਦਾ, ਰਾਏ ਧਰਮ ਨਾ ਕਰੇ ਖ਼ੁਵਾਰ । ਹਰਿ ਕਾ ਭੇਵ ਪੰਡਤ ਕਾਂਸੀ ਕੋਈ ਨਾ ਪਾਇੰਦਾ, ਜਗਤ ਵਿਦਿਆ ਰੋਵੇ ਧਾਹਾਂ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਰੂਪ ਆਪ ਪਰਗਟਾਇੰਦਾ । ਰੂਪ ਪਰਗਟਾਏ ਹਰਿ ਬਨਵਾਰੀ, ਏਕਾ ਰੰਗ ਸਮਾਇਆ । ਪਰਗਟ ਜੋਤ ਜੋਤ ਨਿਰੰਕਾਰੀ, ਨਿਰਗੁਣ ਆਪਣਾ ਨਾਉਂ ਧਰਾਇਆ । ਦੋ ਜਹਾਨਾ ਪਾਵੇ ਸਾਰੀ, ਭੇਵ ਅਭੇਦ ਭੇਵ ਖੁਲ੍ਹਾਇਆ । ਤੋੜਨਹਾਰਾ ਗੜ੍ਹ ਹੰਕਾਰੀ, ਨਾਮ ਖੰਡਾ ਹੱਥ ਚਮਕਾਇਆ । ਜਨ ਭਗਤਾਂ ਪੈਜ ਜਾਏ ਸਵਾਰੀ, ਗੁਰਮੁਖ ਸਾਚੇ ਲਏ ਜਗਾਇਆ । ਏਕਾ ਬਖ਼ਸ਼ੇ ਨਾਮ ਅਧਾਰੀ, ਨਾਮ ਨਿਧਾਨਾ ਝੋਲੀ ਪਾਇਆ । ਚਰਨ ਪ੍ਰੀਤੀ ਬਖ਼ਸ਼ੇ ਸਾਚੀ ਯਾਰੀ, ਯਾਰੜਾ ਸੱਥਰ ਇਕ ਵਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਰੂਪ ਸਤਿ ਸਰੂਪ, ਚਾਰ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਇਆ । ਦਹਿ ਦਿਸ਼ਾ ਖੇਲ ਖਲਾਵਣਾ, ਨੌਂ ਖੰਡ ਪ੍ਰਿਥਮੀ ਧਾਰ । ਸੱਤਾਂ ਦੀਪਾਂ ਦੀਪ ਜਗਾਵਣਾ, ਜੋਤੀ ਨੂਰ ਨੂਰ ਉਜਿਆਰ । ਹਸਤ ਕੀਟ ਵੇਖ ਵਖਾਵਣਾ, ਊਚਾਂ ਨੀਚਾਂ ਪਾਵੇ ਸਾਰ । ਰਾਓ ਰੰਕ ਆਪ ਉਠਾਵਣਾ, ਸ਼ਾਹ ਸੁਲਤਾਨਾ ਦਏ ਹੁਲਾਰ । ਏਕਾ ਡੰਕਾ ਨਾਮ ਵਜਾਵਣਾ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਗੁਰਮੁਖ ਸਾਚੇ ਆਪ ਜਗਾਵਣਾ, ਆਲਸ ਨਿੰਦਰਾ ਦਏ ਨਿਵਾਰ । ਬਾਂਹੋਂ ਪਕੜ ਗਲੇ ਲਗਾਵਣਾ, ਕਲਜੁਗ ਤੇਰੀ ਅੰਤਮ ਵਾਰ । ਭੇਖ ਅਵੱਲਾ ਆਪ ਧਰਾਵਣਾ, ਨਿਰਗੁਣ ਰੂਪ ਹੋ ਉਜਿਆਰ । ਜਲਾਂ ਥਲਾਂ ਡੇਰਾ ਲਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿ ਸੱਚੀ ਸਰਕਾਰ । ਸਚ ਸਰਕਾਰ ਸੱਚਾ ਸ਼ਹਿਨਸ਼ਾਹ, ਜੁਗ ਜੁਗ ਖੇਲ ਖਿਲਾਇੰਦਾ । ਕਲਜੁਗ ਅੰਤਮ ਬਣ ਮਲਾਹ, ਲੋਕਮਾਤ ਬੇੜਾ ਆਪਣੇ ਕੰਧ ਉਠਾਇੰਦਾ । ਏਕਾ ਚੱਪੂ ਦੇਵੇ ਲਾ, ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਰਿਹਾ ਮੁਕਾ, ਗੇੜਾ ਆਪਣੇ ਹੱਥ ਰਖਾਇੰਦਾ । ਨਿਰਗੁਣ ਨਿਰਵੈਰ ਮੂਰਤ ਅਕਾਲ ਦਰਸ ਦਏ ਦਿਖਾ, ਜੂਨੀ ਰਹਿਤ ਡਗਮਗਾਇੰਦਾ । ਕਾਲ ਮਹਾਂਕਾਲ ਦਰ ਦਏ ਦੁਰਕਾ, ਸਿਰ ਆਪਣਾ ਹੱਥ ਰਖਾਇੰਦਾ । ਦੀਨ ਦਿਆਲ ਆਪ ਅਖਵਾ, ਗੁਰਮੁਖ ਲਾਲ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਦਾਤਾਰਾ ਕਰੇ ਖੇਲ ਵਿਚ ਸੰਸਾਰਾ, ਸਮੁੰਦ ਸਾਗਰ ਫੋਲ ਫੁਲਾਇੰਦਾ । ਸਮੁੰਦ ਸਾਗਰ ਤਤ ਵਰੋਲੇ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਆਦਿ ਜੁਗਾਦੀ ਸਦਾ ਅਡੋਲੇ, ਡੋਲ ਕਦੇ ਨਾ ਜਾਇੰਦਾ । ਨਿਰਗੁਣ ਨਿਰਵੈਰ ਲੱਖ ਚੁਰਾਸੀ ਆਪਣੇ ਕੰਡੇ ਤੋਲੇ, ਤੋਲਣਹਾਰਾ ਦਿਸ ਨਾ ਆਇੰਦਾ । ਸ਼ਬਦ ਅਗੰਮੀ ਧਾਰਨ ਬੋਲੇ, ਭੇਵ ਕੋਇ ਨਾ ਪਾਇੰਦਾ । ਕਰੇ ਖੇਲ ਪਰਦੇ ਓਹਲੇ, ਕਾਇਆ ਪੰਜ ਤਤ ਪਰਦਾ ਇਕ ਵਖਾਇੰਦਾ । ਸਰਬ ਜੀਆਂ ਦੀ ਆਤਮ ਫੋਲੇ, ਅੰਤਰ ਆਪਣਾ ਖੇਲ ਖਿਲਾਇੰਦਾ । ਗੁਰਮੁਖ ਵੇਖੇ ਸਾਚੇ ਗੋਲੇ, ਚਰਨ ਭਿਖਾਰੀ ਆਪ ਉਠਾਇੰਦਾ । ਬਜਰ ਕਪਾਟ ਕਾਇਆ ਹਾਟ ਅੰਦਰ ਆਪੇ ਖੋਲ੍ਹੇ, ਤੀਜਾ ਨੈਣ ਨੈਣ ਦਰਸਾਇੰਦਾ । ਅਨਹਦ ਸ਼ਬਦ ਅਨਾਦੀ ਆਪੇ


੧੪੩੬

ਬੋਲੇ, ਸੋ ਪੁਰਖ ਨਿਰੰਜਣ ਹੰ ਬ੍ਰਹਮ ਮੇਲ ਮਿਲਾਇੰਦਾ । ਆਪਣੀ ਵਸਤ ਆਪਣੇ ਰੱਖੇ ਕੋਲੇ, ਆਦਿ ਅੰਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦੋ ਜਹਾਨਾਂ ਵੇਖ ਵਖਾਇੰਦਾ । ਦੋ ਜਹਾਨਾਂ ਵੇਖਣ ਆਇਆ, ਪਾਰਬ੍ਰਹਮ ਹਰਿ ਕਰਤਾਰ । ਗੁਰ ਗੁਰ ਰੂਪ ਨਾ ਕੋਇ ਵਟਾਇਆ, ਪੰਜ ਤਤ ਨਾ ਕੋਇ ਆਕਾਰ । ਜੋਤੀ ਜਾਮਾ ਵੇਸ ਧਰਾਇਆ, ਪੁਰਖ ਅਬਿਨਾਸ਼ੀ ਭੇਵ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਹੋ ਤਿਆਰ । ਦਰਗਹਿ ਸਾਚੀ ਖੇਲ ਨਿਆਰਾ, ਹਰਿ ਕਰਤਾਰਾ ਆਪ ਕਰਾਈਆ । ਕਲਜੁਗ ਵੇਖੇ ਜਗਤ ਕਿਨਾਰਾ, ਚਾਰੋਂ ਕੁੰਟ ਫੇਰਾ ਪਾਈਆ । ਨੌ ਖੰਡ ਪ੍ਰਿਥਮੀ ਧੂਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸਾਧਾਂ ਸੰਤਾਂ ਮਨ ਹੰਕਾਰਾ, ਤਨ ਸ਼ੰਗਾਰਾ ਨਾ ਕੋਇ ਕਰਾਈਆ । ਮਤ ਬੁਧ ਕੁਲੱਖਣੀ ਡੂਮਣੀ ਹੋਈ ਵਿਭਚਾਰਾ, ਹਰਿ ਕੰਤ ਨਾ ਕੋਇ ਪਰਨਾਈਆ । ਹਰਿ ਕਾ ਮੰਦਰ ਨਾ ਦਿਸੇ ਸਚ ਦਵਾਰਾ, ਇੱਟਾਂ ਮੰਦਰ ਰਹੇ ਬਣਾਈਆ । ਜੂਠ ਝੂਠ ਲਾਇਆ ਗਾਰਾ, ਨਦੀ ਕਿਨਾਰੇ ਕੱਲਰ ਕੰਧ ਜਗਤ ਮਹੱਲ ਰਹੇ ਵਸਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਦੇਵੇ ਇਕ ਹੁਲਾਰਾ, ਸਭ ਦੇ ਧੌਲਰ ਦਏ ਢਾਹੀਆ । ਉਚਾ ਨਾ ਦਿਸੇ ਕੋਇ ਮੁਨਾਰਾ, ਉਚੀ ਕੂਕ ਨਾ ਕੋਇ ਸੁਣਾਈਆ । ਸੰਮਤ ਸੋਲਾਂ ਕਰਿਆ ਸਚ ਵਿਹਾਰਾ, ਦ੍ਰਿਸ਼ਟ ਇਸ਼ਟ ਦਏ ਸਮਝਾਈਆ । ਸਿੰਘ ਭਗਵਾਨ ਅਜ ਤਕ ਰਿਹਾ ਕਵਾਰਾ, ਨਾਰੀ ਸੁਰਤ ਨਾ ਕੋਇ ਪਰਨਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਨਿਰਗੁਣ ਸਰਗੁਣ ਲੈ ਆਇਆ ਅਵਤਾਰਾ, ਸਰਗੁਣ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਦਏ ਖੁਲ੍ਹਾਈਆ ਆਪਣਾ ਚਰਨ ਸਿਧਾ ਧਰ, ਸਚਖੰਡ ਦਵਾਰੇ ਵਿਚ ਟਿਕਾਈਆ । ਦੂਜਾ ਚਰਨ ਪੁਠਾ ਕਰ, ਮਨਮੁਖਾਂ ਕੁੰਭੀ ਨਰਕ ਵਖਾਈਆ । ਦੋਹਾਂ ਵਿਚੋਲਾ ਆਪੇ ਬਣ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੰਤਾਂ ਚੁਕਾਵਣ ਆਇਆ ਡਰ, ਆਪਣਾ ਭੇਵ ਆਪ ਖੁਲ੍ਹਾਈਆ । ਜੋ ਨਿਹਕਲੰਕ ਨਰਾਇਣ ਨਰ ਸਰਨੀ ਜਾਏ ਪੜ੍ਹ, ਦੂਜੀ ਵਾਰ ਨਾ ਫੇਰਾ ਪਾਈਆ । ਜੋ ਦੂਜੇ ਦਰ ਲੜ ਰਹੇ ਫੜ, ਪੁੱਠਾ ਪੈਰ ਪੁੱਠਾ ਗੇੜਾ ਲੱਖ ਚੁਰਾਸੀ ਵਿਚ ਭੁਵਾਈਆ । ਕਰਨ ਆਇਆ ਹੱਕ ਨਬੇੜਾ, ਭੁੱਲ ਰਹੇ ਨਾ ਰਾਈਆ । ਸਚਖੰਡ ਵਸੌਣਾ ਏਕਾ ਖੇੜਾ, ਗੁਰਮੁਖ ਸਾਚੇ ਵਿਚ ਬਹਾਈਆ । ਧਰਤ ਮਾਤ ਦਾ ਖੁਲ੍ਹਾ ਵੇਹੜਾ, ਚਾਰੋਂ ਕੁੰਟ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਿਸੇ ਨਾ ਦੇਵੇ ਆਪਣਾ ਵਰ, ਭਗਤ ਮੰਗਣ ਚਾਈਂ ਚਾਈਆ । ਸੁਫ਼ਨੇ ਵਿਚ ਬਰੜਾਏ ਕੇ, ਜਿਸ ਦਰਸਨ ਦੇਵੇ ਆਣ । ਕਬੀਰ ਜੋਲਾਹਾ ਮੰਗੇ ਆਣ ਦਰ ਦਵਾਰੇ ਜਾਏ ਕੇ, ਤੇਰੇ ਪਗ ਕੀ ਪਾਹਨੀ ਮੇਰੇ ਤਨ ਕੋ ਚਾਮ । ਪੁਰਖ ਅਬਿਨਾਸ਼ੀ ਲੋਕਮਾਤ ਨਾ ਦਿਤੀ ਜ਼ਾਮਨੀ, ਕਲਾਮ ਨਾਲ ਨਾ ਕਰੀ ਕਲਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਪਕੜੇ ਦਾਮਨੀ । ਸਿਧਾ ਚਰਨ ਹਰਿ ਨਿਰੰਕਾਰਾ, ਲੋਕ ਪਰਲੋਕ ਆਪ ਰਖਾਇੰਦਾ । ਗੁਰਮੁਖ ਖਿਚੇ ਵਾਰੋ ਵਾਰਾ, ਲੜ ਨਾਲ ਲੜ ਆਪ ਬੰਧਾਇੰਦਾ । ਏਕਾ ਬਖ਼ਸ਼ੇ ਸਚ ਪਿਆਰਾ, ਚਰਨ ਕਵਲ ਪ੍ਰੀਤ ਸਿਖਾਇੰਦਾ । ਚੌਦਾਂ ਤਬਕਾਂ ਕਰੇ ਖ਼ੁਵਾਰਾ, ਚਰਨਾਂ ਹੇਠ ਦਬਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰਾਹ ਤੱਕਣ ਅਧ ਵਿਚਕਾਰਾ, ਨੇਤਰ ਨੈਣ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

ਚਰਨ ਅੱਗੇ ਰੱਖ, ਹਰਿਜਨ ਹਰਿਭਗਤ ਲੱਖ ਚੁਰਾਸੀ ਵਿਚੋਂ ਕਰੇ ਵੱਖ, ਸਾਚਾ ਪੱਖ ਆਪ ਰਖਾਇੰਦਾ । ਉਲਟਾ ਪੈਰ ਕਲਜੁਗ ਧਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਕਲਜੁਗ ਕਾਇਆ ਹੋਏ ਖ਼ੁਆਰ, ਪੰਜ ਤਤ ਗੜ ਰਹਿਣ ਨਾ ਪਾਈਆ । ਨਾਤਾ ਤੁੱਟੇ ਜਗਤ ਸੰਸਾਰ, ਸਗਲਾ ਸੰਗ ਨਾ ਕੋਇ ਰਖਾਈਆ । ਮਨਮੁਖਾਂ ਮੁਖ ਮਾਰੇ ਮਾਰ, ਨਿੰਦਿਆ ਨਿੰਦਕ ਮੁਖ ਮਸਤਕ ਵੇਖੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਹਿਲੀ ਮੱਘਰ ਖੇਲ ਰਚਾਇਆ, ਗੁਰਮੁਖਾਂ ਦਇਆ ਕਮਾਇੰਦਾ । ਮਨਮੁਖਾਂ ਦਰ ਤੋਂ ਦਏ ਦੁਰਕਾਇਆ, ਜੂਨੀ ਜੂਨ ਗੇੜ ਵਖਾਇੰਦਾ । ਗੁਰਮੁਖ ਸਾਚੇ ਲਏ ਮਿਲਾਇਆ, ਜੁਗ ਜੁਗ ਵਿਛੜੇ ਆਪ ਮਿਲਾਇੰਦਾ । ਮਨਮੁਖ ਲੇਖਾ ਰਹੇ ਨਾ ਰਾਇਆ, ਲੇਖਾ ਲੇਖੇ ਝੋਲੀ ਪਾਇੰਦਾ । ਗੁਰਮੁਖ ਸਾਚੇ ਲਏ ਤਰਾਇਆ, ਤਾਰਨਹਾਰਾ ਦਇਆ ਕਮਾਇੰਦਾ । ਮਨਮੁਖਾਂ ਬੇੜਾ ਦਏ ਡੁਬਾਇਆ, ਪਾਰ ਕਿਨਾਰ ਨਾ ਕੋਇ ਲਗਾਇੰਦਾ । ਦੋਹਾਂ ਵਿਚੋਲਾ ਬਣਕੇ ਆਇਆ, ਪੁਰਖ ਅਕਾਲ ਖੇਲ ਖਿਲਾਇੰਦਾ । ਬ੍ਰਹਮਾ ਲੇਖਾ ਦਏ ਮੁਕਾਇਆ, ਪੂਰਬ ਲਹਿਣਾ ਝੋਲੀ ਪਾਇੰਦਾ । ਸ਼ੰਕਰ ਤ੍ਰਿਸ਼ੂਲ ਹੱਥ ਦਏ ਸੁਟਾਇਆ, ਭੋਲਾ ਨਾਥ ਨੈਣ ਉਠਾਇੰਦਾ । ਸੁਰਪਤ ਰਾਜਾ ਇੰਦ ਤਖ਼ਤ ਛੱਡ ਛੱਡ ਨੇਤਰ ਨੈਣਾਂ ਨੀਰ ਵਹਾਇਆ, ਧੀਰਜ ਧੀਰ ਨਾ ਕੋਇ ਧਰਾਇੰਦਾ । ਕਲਜੁਗ ਅੰਤਮ ਕੂਕੇ ਦਏ ਦੁਹਾਇਆ, ਚਾਰੋਂ ਕੁੰਟ ਕੂਕ ਸੁਣਾਇੰਦਾ । ਸ਼ਾਹ ਸੁਲਤਾਨ ਸੀਸ ਤਾਜ ਨਾ ਕੋਇ ਟਿਕਾਇਆ, ਰਾਜ ਰਾਜਾਨ ਨਾ ਕੋਇ ਅਖਵਾਇੰਦਾ । ਚਾਰ ਵਰਨਾਂ ਵੇਖ ਵਖਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪਰਦਾ ਕੋਇ ਨਾ ਪਾਇੰਦਾ । ਅਠਾਰਾਂ ਬਰਨਾਂ ਫੋਲ ਫੁਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪ ਖਲਾਇੰਦਾ । ਦੋ ਜਹਾਨਾਂ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਦਰਗਹਿ ਸਾਚੀ ਧਾਮ ਨਿਆਰਾ, ਘਰ ਮੰਦਰ ਸੋਭਾ ਪਾਇੰਦਾ । ਸਚਖੰਡ ਖੋਲ੍ਹ ਕਿਵਾੜਾ, ਘਰ ਘਰ ਵਿਚ ਆਪ ਉਪਜਾਇੰਦਾ । ਥਿਰ ਘਰ ਵਸਿਆ ਆਪ ਨਿਰੰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਭਗਤਨ ਮੀਤਾ ਭਗਤਨ ਪਾਵੇ ਸਾਰਾ, ਜੁਗ ਜੁਗ ਮੇਲ ਮਿਲਾਇੰਦਾ । ਕਲਜੁਗ ਅੰਤਮ ਲੇਖਾ ਜਾਣੇ ਧੁਰ ਦਰਬਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਭੇਵ ਅਲੱਖ ਅਭੇਵ ਅਗੰਮ ਅਗੋਚਰ ਆਪਣੇ ਹੱਥ ਰਖਾਇੰਦਾ । ਲੋਕਮਾਤ ਮਾਰ ਝਾਤ, ਲੱਖ ਚੁਰਾਸੀ ਵੇਖ ਵਖਾਈਆ । ਮਨਮੁੱਖਾਂ ਨਾਤਾ ਜੁੜਿਆ ਜਗਤ ਸਾਕ, ਮਾਇਆ ਮੋਹ ਬੰਧਨ ਏਕਾ ਪਾਈਆ । ਜੂਠ ਝੂਠ ਮਿਲਿਆ ਰਾਕ, ਕਾਮ ਕ੍ਰੋਧ ਲੋਭ ਮੋਹ ਹੰਕਾਰ ਸ਼ਾਹ ਸੁਆਰਾ ਰਿਹਾ ਦੌੜਾਈਆ । ਕੋਇ ਨਾ ਦਿਸੇ ਪਾਕੀ ਪਾਕ, ਪਵਿਤ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਸਰਬ ਲੋਕਾਈਆ । ਵੇਖਣਹਾਰਾ ਸਰਬ ਘਟ ਅੰਤਰ, ਘਟ ਘਟ ਆਪ ਸਮਾਇਆ । ਕਲਜੁਗ ਲੱਗੀ ਜਗਤ ਬਸੰਤਰ, ਤ੍ਰੈਗੁਣ ਲੰਬੂ ਏਕਾ ਲਾਇਆ । ਸਤਿ ਨਾ ਦੀਸੇ ਕੋਇ ਮੰਤਰ, ਪੜ੍ਹ ਪੜ੍ਹ ਥੱਕੇ ਜੀਵ ਸਬਾਇਆ । ਨਾ ਕੋਇ ਬਣਾਏ ਸਾਚੀ ਬਣਤਰ, ਮਨ ਕਾ ਭਉ ਨਾ ਕੋਇ ਜਣਾਇਆ । ਪਾਰਬ੍ਰਹਮ ਪ੍ਰਭ ਸਰਬ ਜੀਆਂ ਬਿਧ ਜਾਣੇ ਅੰਤਰ, ਭੁੱਲ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਵੇਖ ਵਖਾਇਆ । ਦੋ ਜਹਾਨਾਂ ਵੇਖਣਹਾਰਾ, ਦੋਏ ਦੋਏ ਧਾਰ ਚਲਾਇੰਦਾ । ਪੁੱਠਾ ਸਿਧਾ ਕਰ ਵਿਹਾਰਾ, ਸੰਸਾਰ ਸਾਗਰ ਫੋਲ ਫੁਲਾਇੰਦਾ ।

੧੪੩੯ ੦੯

ਨੌ ਨਿਧਾਂ ਕਰੇ ਖ਼ੁਆਰਾ, ਅਠਾਰਾਂ ਸਿਧਾਂ ਮੂਲ ਚੁਕਾਇੰਦਾ । ਆਪਣੀ ਬਿਧ ਆਪੇ ਜਾਣੇ ਹਰਿ ਨਿਰੰਕਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਹਰਿਜਨ ਮੇਲੇ ਚਰਨ ਦੁਆਰਾ, ਮਨਮੁਖ ਦਰ ਦੁਰਕਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਾਲਸ ਬਣੇ ਅਗੰਮ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਸੋਭਾ ਪਾਇੰਦਾ । ਸਾਚਾ ਚਰਨ ਸਾਚੀ ਧਾਰ, ਅਗਲਾ ਮਾਰਗ ਸਤਿਜੁਗ ਰਾਹ ਚਲਾਈਆ । ਪਿਛਲਾ ਚਰਨ ਕਲਜੁਗ ਜੀਵਾਂ ਮਾਰੇ ਮਾਰਨ, ਮੜੀ ਗੌਰ ਦਏ ਦੁਹਾਈਆ । ਦੋਹਾਂ ਵਿਚੋਲਾ ਬਣ ਸੱਚੀ ਸਰਕਾਰਨ, ਲੇਖ ਲੇਖਾ ਵੇਖ ਵਖਾਈਆ । ਕਰਤਾ ਪੁਰਖ ਕਰੇ ਆਪਣਾ ਕਾਰਨ, ਕਰਨਹਾਰ ਵਡ ਵਡਿਆਈਆ । ਵੇਸ ਵਟਾਏ ਗੁਪਤ ਜ਼ਾਹਰਨ, ਅੰਦਰ ਬਾਹਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਫੇਰਾ ਪਾਈਆ । ਗੁਰਮੁਖ ਅੱਗੇ ਚਰਨ ਟਿਕਾਉਣਾ, ਪਿਛਲਾ ਪੰਧ ਰਹੇ ਨਾ ਰਾਈਆ । ਕੂੜਾ ਨਾਤਾ ਤੋੜ ਤੁੜਾਉਣਾ, ਕੂੜੀ ਕਿਰਿਆ ਨਾ ਵੇਖ ਵਖਾਈਆ । ਪੁਰਖ ਬਿਧਾਤਾ ਸੰਗ ਨਿਭਾਉਣਾ, ਸਗਲਾ ਸੰਗ ਇਕ ਦਰਸਾਈਆ । ਸਚ ਬਿਬਾਣੇ ਆਪ ਚੜ੍ਹਾਉਣਾ, ਕਿਸੇ ਰਾਜੇ ਰਾਣੇ ਹੱਥ ਨਾ ਆਈਆ । ਗ਼ਰੀਬ ਨਿਮਾਣੇ ਗਲੇ ਲਗਾਉਣਾ, ਜਿਸ ਬਖ਼ਸ਼ੇ ਸਚ ਸਰਨਾਈਆ । ਸਚਖੰਡ ਦੁਆਰੇ ਆਪ ਬਹਾਉਣਾ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਸਾਚਾ ਚਵਰ ਸੀਸ ਝੁਲਾਵਣਾ, ਉਨੰਜਾ ਪਵਣ ਮੁਖ ਸ਼ਰਮਾਈਆ । ਅੰਤਮ ਜੋਤੀ ਜੋਤ ਮਿਲਾਉਣਾ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਅੱਗੇ ਚਰਨ ਇਕ ਵਖਾਇੰਦਾ । ਅੱਗੇ ਚਰਨ ਸਤਿਗੁਰ ਧਾਰ, ਸਤਿ ਸਰੂਪ ਸਮਝਾਇੰਦਾ । ਦੋ ਜਹਾਨਾਂ ਬੇੜਾ ਕਰੇ ਪਾਰ, ਜਿਸ ਜਨ ਆਪਣੇ ਚਰਨ ਲਗਾਇੰਦਾ । ਇਥੇ ਉਥੇ ਹੋਏ ਸਹਾਰ, ਸਗਲਾ ਸੰਗ ਆਪ ਨਿਭਾਇੰਦਾ । ਗੁਰਮੁਖ ਆਏ ਨਾ ਦੂਜੀ ਵਾਰ, ਲੱਖ ਚੁਰਾਸੀ ਗੇੜਾ ਨਾ ਕੋਇ ਰਖਾਇੰਦਾ । ਆਪਣੇ ਸੰਗ ਰੱਖੇ ਕਰਤਾਰ, ਜਿਉਂ ਭਾਵੇ ਤਿਉਂ ਚਲਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਆਪਣਾ ਬੇੜਾ ਆਪ ਤਰਾਇੰਦਾ । ਸਾਚੇ ਭਗਤ ਕਰ ਤਿਆਰ, ਲੋਕਮਾਤ ਨਾਲ ਲਿਆਇੰਦਾ । ਮਾਨਸ ਜਨਮ ਮਾਨਸ ਜਨਮ ਮਾਨਸ ਜਨਮ ਦਏ ਅਧਾਰ, ਤਿੰਨਾਂ ਲੋਕਾਂ ਪਾਰ ਵਸਾਇੰਦਾ । ਚੌਥੇ ਘਰ ਸੱਚੇ ਦਰਬਾਰ, ਚੌਥੇ ਪਦ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਚਰਨ ਏਕਾ ਕਰ, ਗੁਰਮੁਖਾਂ ਚੁਕਾਏ ਜਗਤ ਡਰ, ਨਿਰਭੌ ਭੈ ਨਾ ਕੋਇ ਜਣਾਇੰਦਾ । ਪਿਛਲਾ ਚਰਨ ਕਲਜੁਗ ਵਾਟ, ਪਾਂਧੀ ਪੰਧ ਨਾ ਕੋਇ ਮੁਕਾਈਆ । ਮਨਮਤ ਵਿਕੇ ਕੂੜੇ ਹਾਟ, ਕਰਤਾ ਕੀਮਤ ਕੋਇ ਨਾ ਪਾਈਆ । ਨਾ ਕੋਈ ਦੀਸੇ ਖੇਵਟ ਖਾਟ, ਬੇੜਾ ਲੋਕਮਾਤ ਚਲਾਈਆ । ਕਲਜੁਗ ਖੇਲ ਨਟੂਆ ਨਾਟ, ਸਵਾਂਗੀ ਸਵਾਂਗ ਇਕ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੂਪ ਰੇਖ ਨਾ ਕੋਈ ਜਣਾਈਆ । ਪੁੱਠੀ ਪਾਹਨੀ ਚਰਨ ਟਿਕਾ, ਚੌਥਾ ਜੁਗ ਕੁਰਲਾਏ । ਕਲਜੁਗ ਜੀਵ ਸਾਚਾ ਘਰ ਕੋਇ ਨਾ ਪਾਏ । ਜਿਸ ਜਨ ਖਾਧਾ ਕੁੱਠਾ, ਹਰਿ ਸਾਚਾ ਦਏ ਸਜਾਏ । ਧਰਮ ਰਾਏ ਦਰ ਟੰਗੇ ਪੁੱਠਾ, ਵੇਲੇ ਅੰਤ ਨਾ ਕੋਇ ਛੁਡਾਏ । ਮਾਨਸ ਜਨਮ ਜਾਏ ਲੁੱਟਾ, ਪੰਜ ਚੋਰ ਨਕਬ ਰਹੇ ਲਗਾਏ । ਅੰਤਮ ਭਾਗ ਮਨਮੁਖਾਂ ਨਿਖੁੱਟਾ, ਦੇਵੇ ਦਰਸ ਨਾ ਹਰਿ ਰਘੁਰਾਏ । ਜਮਪੁਰ ਜਾਏ ਖਾਏ ਚੋਟਾ, ਅਗਨੀ ਅੱਗ ਤਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਖੇਲੇ ਖੇਲ ਬੇਪਰਵਾਹੇ । ਪੁੱਠਾ ਚਰਨ ਜਗਤ ਖ਼ਵਾਰੀ, ਚਾਰ ਕੁੰਟ ਜਣਾਈਆ । ਮਾਨਸ ਜਨਮ ਕਲਜੁਗ ਜੀਵ ਰਹੇ ਹਾਰੀ, ਅਮੋਲਕ ਹੀਰਾ ਹੱਥ ਨਾ ਆਈਆ । ਭਰਮੇ ਭੁੱਲਾ ਨਰ ਨਾਰੀ, ਨਰ ਹਰਿ ਨਰਾਇਣ ਨਾ ਦਰਸਨ ਪਾਈਆ । ਕੂੜਾ ਵੇਸ ਕਰ ਸ਼ੰਗਾਰੀ, ਨੇਤਰ ਨੈਣਾਂ ਕੱਜਲ ਰਹੇ ਮਟਕਾਈਆ । ਨਾਰੀ ਪੁਰਸ਼ ਕਰਨ ਪਿਆਰੀ, ਸਾਚੀ ਸੇਜ ਨਾ ਕੋਈ ਹੰਢਾਈਆ । ਸ੍ਰਿਸ਼ਟ ਸਬਾਈ ਹੋਏ ਵਿਭਚਾਰੀ, ਘਰ ਘਰ ਵੇਸਵਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਇਕ ਸਜ਼ਾਈਆ । ਗੁਰਸਿਖਾਂ ਕਰੇ ਪਿਆਰ, ਦਇਆ ਕਮਾਇੰਦਾ । ਮਨਮੁਖਾਂ ਮਾਰੇ ਮਾਰ, ਨਾ ਕੋਈ ਛੁਡਾਇੰਦਾ । ਗੁਰਮੁਖਾਂ ਪੈਜ ਸਵਾਰ, ਲੇਖੇ ਲਾਇੰਦਾ । ਮਨਮੁਖਾਂ ਕਰ ਖੁਵਾਰ, ਦਹਿ ਦਿਸ਼ਾ ਫੇਰਾ ਪਾਇੰਦਾ । ਗੁਰਮੁਖਾਂ ਨੂਰ ਉਜਿਆਰ, ਜੋਤ ਡਗਮਗਾਇੰਦਾ । ਮਨਮੁਖਾਂ ਅੰਧ ਅੰਧਿਆਰ, ਦਿਵਸ ਰੈਣ ਅੰਧੇਰਾ ਛਾਇੰਦਾ । ਗੁਰਮੁਖਾਂ ਬਖ਼ਸ਼ੇ ਨਾਮ ਅਧਾਰ, ਨਾਮ ਅਮੋਲਾ ਝੋਲੀ ਪਾਇੰਦਾ । ਮਨਮੁਖਾਂ ਕੂੜਾ ਵਣਜ ਵਾਪਾਰ, ਝੂਠਾ ਨਾਤਾ ਜੋੜ ਜੁੜਾਇੰਦਾ । ਕਰੇ ਖੇਲ ਅਗੰਮ ਅਪਾਰ, ਨਿਰਗੁਣ ਸਰਗੁਣ ਭੇਵ ਕੋਈ ਨਾ ਆਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰੋਵਣ ਦਰ ਕਰਨ ਪੁਕਾਰ, ਨਿਉਂ ਨਿਉਂ ਸਰਬ ਸੀਸ ਝੁਕਾਇੰਦਾ । ਕ੍ਰੋੜ ਤੇਤੀਸਾ ਬਣ ਭਿਖਾਰ, ਅੱਗੇ ਝੋਲੀ ਆਪਣੀ ਡਾਹਿੰਦਾ । ਕਲਜੁਗ ਰੋਵੇ ਜ਼ਾਰੋ ਜ਼ਾਰ, ਵੇਲਾ ਅੰਤ ਨਾ ਕੋਈ ਛੁਡਾਇੰਦਾ । ਮਨਮੁਖ ਸੁੱਤੇ ਪੈਰ ਪਸਾਰ, ਦੂਈ ਦਵੈਤੀ ਪਰਦਾ ਨਾ ਕੋਈ ਉਠਾਇੰਦਾ । ਗੁਰਮੁਖ ਗੁਰਮੁਖ ਰਾਹ ਤੱਕਣ ਮੀਤ ਮੁਰਾਰ, ਨੇਤਰ ਬੰਦ ਇਕ ਖੁਲਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਰੇ ਖੇਲ ਅਗੰਮ ਅਪਾਰ, ਕਰ ਕਿਰਪਾ ਮੇਲ ਮਿਲਾਇੰਦਾ । ਅੱਗੇ ਪਿਛੇ ਪਿਛੇ ਅੱਗੇ ਪਾਵੇ ਸਾਰ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਸਤਿਗੁਰ ਲੇਖਾ ਜਾਣੇ ਧੁਰ ਦਰਬਾਰ, ਆਪੇ ਗੁਰ ਗੁਰ ਰੂਪ ਪਰਗਟੇ ਵਿਚ ਸੰਸਾਰ, ਦੋ ਜਹਾਨਾਂ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਜਾਣੀ ਜਾਣ, ਜਾਨਣਹਾਰਾ ਦਿਸ ਨਾ ਆਇੰਦਾ ।

ਮਨ ਮਰੇ ਮਨ ਚੜ੍ਹੇ ਫਾਸ, ਮਨ ਲਹਿਣਾ ਦਏ ਚੁਕਾਈਆ । ਮਨ ਰੋਵੇ ਮਨ ਕਰੇ ਹਾਸ, ਮਨ ਵੇਖੇ ਵੱਜਦੀ ਵਧਾਈਆ । ਸਤਿਗੁਰ ਪੂਰਾ ਗੁਰਮੁਖਾਂ ਕਰੇ ਪੂਰੀ ਆਸ, ਆਸ ਨਿਰਾਸ ਨਾ ਕੋਈ ਜਣਾਈਆ । ਜੀਵਦਿਆਂ ਆਪਣੀ ਹੱਥੀਂ ਕੱਟੀ ਫਾਸ, ਮੋਇਆਂ ਗਲ ਨਾ ਕੋਈ ਪਾਈਆ । ਮੁਗਲ ਜਾਮਾ ਨਾ ਜਾਨਿਆ ਕਰ ਕਰ ਹਾਸ, ਗੁਰਮੁਖਾਂ ਹੱਥੋਂ ਦਿਤੀ ਆਪ ਸਜਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਘਨਕ ਪੁਰ ਵਾਸ, ਪਿਛਲਾ ਲਹਿਣਾ ਆਪਣੀ ਝੋਲੀ ਪਾਈਆ । ਘਰ ਵਿਚ ਘਰ ਜੋਤ ਹੋਈ ਪਰਕਾਸ਼, ਪੁਰਖ ਅਕਾਲ ਦੀਨ ਦਿਆਲ ਨਾਲ ਰਖਾਈਆ । ਗੋਬਿੰਦ ਲਾਲ, ਪੀਲਾ ਬਸਤਰ ਤਨ ਛੁਹਾਈਆ । ਲੇਖਾ ਚੁੱਕਿਆ ਸ਼ਾਹ ਕੰਗਾਲ, ਆਪੇ ਬਣਿਆ ਹਰਿ ਦਲਾਲ, ਸੰਗਤ ਰੱਖੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਚੀਤ ਅਤੀਤ ਆਪੇ ਭਾਲ, ਸਾਵਣ ਸੁਰਤ ਲਏ ਸੰਭਾਲ, ਅੰਤ ਨਾ ਖਾਏ ਕੋਈ ਜਮ ਕਾਲ, ਜਮ ਕਾਲ ਗਰਾਸ ਨਾ ਕੋਈ ਕਰਾਈਆ । ਗੁਰਮੁਖ ਤੇਰਾ ਵਿੰਗਾ ਹੋਏ ਨਾ ਵਾਲ, ਫਲ ਲੱਗੇ ਕਾਇਆ ਡਾਲ੍ਹ, ਪਤ ਡਾਲ੍ਹੀ ਆਪ ਮਹਿਕਾਈਆ । ਦਸਮੇਂ ਜਾਮੇ ਨਾਲ ਰਖਾਇਆ ਚੋਬਦਾਰ ਸਿੰਘ ਪਾਲ, ਜਿਸ ਸ਼ਸਤਰ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

❋ ੨ ਮੱਘਰ ੨੦੧੭ ਬਿਕ੍ਰਮੀ ਗੁਰਨਾਮ ਸਿੰਘ ਦੇ ਘਰ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਹਰਿ ਵੱਡਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਆਦਿ ਜੁਗਾਦਿ ਸਮਾਈਆ । ਹਰਿ ਪੁਰਖ ਨਿਰੰਜਣ ਇਕ ਮਲਾਹ, ਇਕ ਇਕੱਲਾ ਬੇੜਾ ਰਿਹਾ ਚਲਾਈਆ । ਏਕੰਕਾਰਾ ਵਸੇ ਸਾਚੇ ਥਾਂ, ਧਾਮ ਸੁਹੇਲੜਾ ਇਕ ਸੁਹਾਈਆ । ਆਦਿ ਨਿਰੰਜਣ ਜੋਤ ਜਗਾ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਦੇਵਣਹਾਰਾ ਸਚ ਸਲਾਹ, ਦਰਗਹਿ ਸਾਚੀ ਸਚ ਸੁਹਾਈਆ । ਸ੍ਰੀ ਭਗਵਾਨ ਕਰਨੇਹਾਰਾ ਸਚ ਨਿਆਂ, ਰੂਪ ਅਨੂਪ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਆਪਣਾ ਆਪ ਆਪ ਪਰਗਟਾ, ਵੇਖਣਹਾਰਾ ਆਪ ਹੋ ਜਾਈਆ । ਸਚਖੰਡ ਦਵਾਰਾ ਸਚ ਦਰਬਾਰਾ ਖੇਲ ਖਲਾ, ਖ਼ਾਲਕ ਆਪਣਾ ਨੂਰ ਕਰੇ ਰੁਸ਼ਨਾਈਆ । ਘਰ ਵਿਚ ਘਰ ਆਪ ਉਪਾ, ਥਿਰ ਘਰ ਸਾਚੇ ਦਏ ਵਡਿਆਈਆ । ਸਤਿ ਸਰੂਪੀ ਸਚ ਸਿੰਘਾਸਣ ਆਪ ਬਣਾ, ਨਿਰਗੁਣ ਸਚ ਮਹੱਲੇ ਆਪ ਰਖਾਈਆ । ਸ਼ਾਹੋ ਭੂਪ ਬਣ ਬੇਪਰਵਾਹ, ਨਿਰਗੁਣ ਨਿਰਵੈਰ ਆਪਣਾ ਬਲ ਆਪ ਧਰਾਈਆ । ਇਕ ਇਕੱਲਾ ਆਸਣ ਲਾ, ਸਤਿ ਮਹੱਲਾ ਦਏ ਵਸਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਰਾਜ ਰਾਜਾਨ ਆਪ ਅਖਵਾ, ਖੇਲ ਅਵੱਲੜਾ ਆਪ ਖਲਾਈਆ । ਅਲੱਖ ਅਗੋਚਰ ਅਗੰਮ ਅਥਾਹ, ਭੇਵ ਅਭੇਦਾ ਭੇਵ ਖੁਲ੍ਹਾਈਆ । ਆਪਣਾ ਨਾਉਂ ਆਪ ਧਰਾ, ਨਾਉਂ ਨਿਰੰਕਾਰਾ ਆਪ ਗਾਈਆ । ਦਰ ਦਰਬਾਨ ਸੇਵ ਕਮਾ, ਦਰ ਦਰਵੇਸ਼ ਨਰ ਨਰੇਸ਼ ਵੇਖ ਵਖਾਈਆ । ਹੁਕਮੀ ਹੁਕਮ ਹੁਕਮ ਵਰਤਾ, ਧੁਰ ਫ਼ਰਮਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣਾ ਵੇਖੇ ਆਪ ਤਮਾਸਾ, ਦੂਸਰ ਸੰਗ ਨਾ ਕੋਇ ਰਖਾਈਆ । ਨਾ ਕੋਈ ਸੰਗ ਨਾ ਕੋਈ ਸਾਥ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਚਲਾਏ ਆਪਣਾ ਰਾਥ, ਰਥ ਰਥਵਾਹੀ ਦਿਸ ਨਾ ਆਇੰਦਾ । ਏਕੰਕਾਰਾ ਆਪੇ ਜਾਣੇ ਆਪਣੀ ਗਾਥ, ਆਪਣਾ ਨਾਉਂ ਆਪ ਅਲਾਇੰਦਾ । ਆਦਿ ਨਿਰੰਜਣ ਆਪਣੀ ਜੋਤ ਆਪ ਪਰਗਟਾਏ ਆਪਣੇ ਹਾਟ, ਸਾਚੇ ਮੰਦਰ ਸੋਭਾ ਪਾਇੰਦਾ । ਸ੍ਰੀ ਭਗਵਾਨ ਸਚ ਸਿੰਘਾਸਣ ਆਪੇ ਸੁੱਤਾ ਆਪਣੇ ਖਾਟ, ਸਚਖੰਡ ਦਵਾਰਾ ਆਸਣ ਇਕ ਸੁਹਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣੀ ਵਾਟ, ਆਦਿ ਜੁਗਾਦੀ ਪੰਧ ਮੁਕਾਇੰਦਾ । ਪਾਰਬ੍ਰਹਮ ਪ੍ਰਭ ਖੇਲੇ ਖੇਲ ਨਟੂਆ ਨਾਟ, ਸਵਾਂਗੀ ਸਵਾਂਗ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਦਵਾਰ ਵੱਜੇ ਵਧਾਈਆ । ਵਸਣਹਾਰਾ ਏਕਾ ਕੰਤ, ਨਿਰਗੁਣ ਨਿਰਵੈਰ ਆਪਣਾ ਨਾਉਂ ਧਰਾਈਆ । ਪੁਰਖ ਅਕਾਲ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਜਣਾਈਆ । ਅਲੱਖ ਅਗੋਚਰ ਬੇਅੰਤ ਬੇਅੰਤ ਬੇਅੰਤ, ਭੇਵ ਅਭੇਦਾ ਭੇਵ ਛੁਪਾਈਆ । ਆਪੇ ਜਾਣੇ ਆਪਣਾ ਮੰਤ, ਨਾਮ ਨਿਧਾਨਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਕਰੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਰਾਈਆ । ਅਗੰਮੜੀ ਕਾਰ ਹਰਿ ਕਰਾਇੰਦਾ, ਸਚਖੰਡ ਦਵਾਰਾ ਖੋਲ੍ਹ । ਅਲੱਖ ਨਿਰੰਜਣ ਏਕਾ ਅਲੱਖ ਆਪ ਜਗਾਇੰਦਾ, ਸ਼ਬਦ ਅਨਾਦਿ ਅਗੰਮੀ ਬੋਲ । ਸਾਚਾ ਤਖ਼ਤ ਆਪੇ ਸੋਭਾ ਪਾਇੰਦਾ, ਆਦਿ ਜੁਗਾਦਿ ਰਹੇ ਅਡੋਲ । ਦਰ ਦਰਬਾਨ ਨਾ ਕੋਇ ਰਖਾਇੰਦਾ, ਇਕ ਇਕੱਲਾ ਵਸੇ ਕੋਲ । ਸਾਚਾ ਹੁਕਮ ਆਪ ਵਰਤਾਇੰਦਾ, ਆਪਣੀ

ਜੋਤੀ ਆਪੇ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਉਪਰ ਧੌਲ । ਸਾਚਾ ਖੇਲ ਖਲਾਵਣਹਾਰਾ, ਆਪਣੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਸਾਚਾ ਖੋਲ੍ਹ ਦਵਾਰਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਆਪਣਾ ਹੁਕਮ ਆਪ ਵਰਤਾਇੰਦਾ । ਆਪਣੀ ਬੰਨ੍ਹੇ ਆਪੇ ਧਾਰਾ, ਆਪਣਾ ਖੇਲ ਆਪ ਖਲਾਇੰਦਾ । ਆਪੇ ਬਣੇ ਕੰਤ ਨਾਰਾ, ਨਾਰੀ ਨਰ ਨਰਾਇਣ ਆਪ ਹੰਢਾਇੰਦਾ । ਆਪੇ ਹੋਏ ਸੁਤ ਦਾਰਾ, ਆਪੇ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰ ਸੁਹੰਜਣਾ, ਹਰਿ ਸਾਚਾ ਸਚ ਸੁਹਾਏ । ਜੋਤ ਜਗਾਏ ਆਦਿ ਨਿਰੰਜਣਾ, ਨੂਰ ਨੂਰਾਨਾ ਡਗਮਗਾਏ । ਇਕ ਇਕੱਲਾ ਸਾਚਾ ਸੱਜਣਾ, ਘਰ ਸਾਚੇ ਮੇਲ ਮਿਲਾਏ । ਨਾ ਘੜਿਆ ਨਾ ਭੱਜਣਾ, ਅਬਿਨਾਸ਼ੀ ਪੁਰਖ ਆਪਣਾ ਨਾਉਂ ਧਰਾਏ । ਆਦਿ ਜੁਗਾਦਿ ਆਪਣੀ ਰੱਖੇ ਆਪੇ ਲੱਜਣਾ, ਸਿਰ ਆਪਣਾ ਹੱਥ ਆਪ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿ ਮੰਦਰ ਡੇਰਾ ਲਾਏ । ਹਰਿ ਮੰਦਰ ਹਰਿ ਖੇਲ ਅਪਾਰਾ, ਸਚਖੰਡ ਵੱਜੇ ਵਧਾਈਆ । ਥਿਰ ਘਰ ਖੋਲ੍ਹੇ ਬੰਦ ਕਿਵਾੜਾ, ਆਪਣੀ ਸੇਵਾ ਆਪ ਕਮਾਈਆ । ਆਪੇ ਵਸੇ ਸਚ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਈਆ । ਆਪੇ ਪੁਰਖ ਆਪੇ ਨਾਰਾ, ਆਪੇ ਸੁਤ ਦੁਲਾਰਾ ਗੋਦ ਸੁਹਾਈਆ । ਆਪੇ ਸ਼ਬਦੀ ਸ਼ਬਦ ਬੋਲ ਜੈਕਾਰਾ, ਨਾਦ ਅਨਾਦੀ ਇਕ ਸੁਣਾਈਆ । ਆਪੇ ਸੇਵਾ ਲਾਏ ਸੇਵਾਦਾਰਾ, ਸਾਚੀ ਸੇਵ ਆਪ ਕਮਾਈਆ । ਆਪੇ ਦੇਵੇ ਸਤਿ ਭੰਡਾਰਾ, ਸਾਚੀ ਵਸਤ ਝੋਲੀ ਪਾਈਆ । ਆਪੇ ਬ੍ਰਹਮਾ ਵਿਸ਼ਨ ਕਰ ਤਿਆਰਾ, ਆਪੇ ਸ਼ੰਕਰ ਖੇਲ ਖਿਲਾਈਆ । ਆਪੇ ਰਵ ਸਸ ਕਰ ਉਜਿਆਰਾ, ਨੂਰ ਨੂਰ ਵਿਚ ਟਿਕਾਈਆ । ਆਪੇ ਮੰਡਲ ਮੰਡਪ ਦਏ ਸਹਾਰਾ, ਗਗਨ ਗਗਨੰਤਰ ਆਪੇ ਸੋਭਾ ਪਾਈਆ । ਆਪੇ ਤ੍ਰੈਗੁਣ ਤਤ ਕਰੇ ਵਿਚਾਰਾ, ਆਪੇ ਲੇਖਾ ਦਏ ਸਮਝਾਈਆ । ਆਪੇ ਨਿਰਗੁਣ ਨਿਰਗੁਣ ਬਣ ਵਰਤਾਰਾ, ਆਪਣੀ ਇਛਿਆ ਭਿਖਿਆ ਇਕ ਵਖਾਈਆ । ਆਪੇ ਵਿਸ਼ਨੂੰ ਸੱਦੇ ਚਰਨ ਦਵਾਰਾ, ਚਰਨ ਕਵਲ ਇਕ ਦਰਸਾਈਆ । ਆਪੇ ਬ੍ਰਹਮਾ ਨੇਤਰ ਖੋਲ੍ਹੇ ਵੇਖੇ ਵਾਰੋ ਵਾਰਾ, ਚਾਰੋਂ ਕੁੰਟ ਨੈਣ ਉਠਾਈਆ । ਆਪੇ ਸ਼ੰਕਰ ਲੇਖਾ ਜਾਣੇ ਧੂਆਂਧਾਰਾ, ਸੁੰਨ ਅਗੰਮ ਫੋਲ ਫੁਲਾਈਆ । ਆਪੇ ਤਿੰਨਾਂ ਵਸੇ ਬਾਹਰਾ, ਅਨਭਵ ਆਪਣੀ ਖੇਲ ਖਿਲਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਗ੍ਰਿਹ ਮੰਦਰ ਆਪ ਵਜਾਈਆ । ਦੇਵੇ ਵਰ ਸੱਚੀ ਸਰਕਾਰਾ, ਸ਼ਹਿਨਸ਼ਾਹ ਸੱਚੀ ਸ਼ਹਿਨਸ਼ਾਹੀਆ । ਪੁਰਖ ਅਕਾਲ ਸਹਿਜ ਸਿਕਦਾਰਾ, ਨਿਰਾਕਾਰਾ ਭੇਵ ਨਾ ਰਾਈਆ । ਏਕੰਕਾਰਾ ਵੇਖਣਹਾਰਾ, ਆਪ ਆਪਣਾ ਆਪਣੇ ਵਿਚ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਭਿਖਾਰਾ, ਏਕਾ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸਿਖ਼ਿਆ ਦਏ ਸਮਝਾਈਆ । ਸਚ ਸਿਖ਼ਿਆ ਹਰਿ ਸਮਝਾਇੰਦਾ, ਵਿਸ਼ਨੂੰ ਉਠ ਬਾਲ ਨਿਧਾਨ । ਪਾਰਬ੍ਰਹਮ ਪ੍ਰਭ ਖੇਲ ਖਿਲਾਇੰਦਾ, ਨਿਰਗੁਣ ਸਰਗੁਣ ਕਰ ਪਰਧਾਨ । ਆਪਣੀ ਜੋਤੀ ਜੋਤ ਜਗਾਇੰਦਾ, ਆਪੇ ਹੋਏ ਨਿਗਹਬਾਨ । ਆਪਣਾ ਤਤ ਆਪ ਪਰਗਟਾਇੰਦਾ, ਆਪੇ ਵੇਖੇ ਮਾਰ ਧਿਆਨ । ਆਪੇ ਰਤੀ ਰਤ ਸਮਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਦਾਨ । ਵਿਸ਼ਨ ਸੁਣਿਆ ਹਰਿ ਸੰਦੇਸ਼, ਨਿਉਂ ਨਿਉਂ ਚਰਨੀ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਸਦਾ ਆਦੇਸ, ਹਉਂ ਸੇਵਕ ਸੇਵ ਕਮਾਇਆ । ਤੇਰਾ ਦਰ ਮੰਗਦਾ ਰਹਾਂ

੧੪੪੩

ਹਮੇਸ਼, ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੂਸਰ ਦਰ ਨਾ ਮੰਗਣ ਜਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਵਸਤ ਅਮੋਲਕ ਝੋਲੀ ਪਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਵਾਈਆ । ਵਸਤ ਨਾਮ ਸਾਚੀ ਝੋਲੀ ਦੇਵੇ ਡਾਰ, ਅਤੋਟ ਅਤੁਟ ਆਪ ਰਖਾਈਆ । ਵਰਤੇ ਵਰਤਾਵੇ ਵਰਤਾਵਣਹਾਰ, ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਵਿਸ਼ਨੂੰ ਵਰ ਘਰ ਸਾਚਾ ਪਾਇਆ, ਭੁੱਲ ਰਹੇ ਨਾ ਰਾਈਆ । ਏਕਾ ਮੀਤ ਮੁਰਾਰਾ ਦਏ ਵਰਤਾਇਆ, ਅਤੋਟ ਅਤੁਟ ਰਖਾਈਆ । ਆਦਿ ਆਦਿ ਆਪਣਾ ਲਹਿਣਾ ਦਏ ਸਮਝਾਇਆ, ਸੀਸ ਜਗਦੀਸ ਚਰਨ ਛੁਹਾਈਆ । ਕਵਣ ਵੇਲਾ ਕਵਣ ਰੁਤ ਅੰਤ ਲੈ ਮਿਲਾਇਆ, ਜੋਤੀ ਜੋਤ ਜੋਤ ਮਿਲਾਈਆ । ਕਵਣ ਰੂਪ ਹਰਿ ਖੇਲ ਖਿਲਾਇਆ, ਕਵਣ ਨੂਰ ਕਰੇ ਰੁਸ਼ਨਾਈਆ । ਕਵਣ ਤਤ ਲਏ ਪਰਗਟਾਇਆ, ਕਵਣ ਨਾਦ ਵੱਜੇ ਵਧਾਈਆ । ਕਵਣ ਬ੍ਰਹਿਮਾਦਿ ਖੋਜ ਖੁਜਾਇਆ, ਕਵਣ ਬ੍ਰਹਮ ਲਏ ਉਠਾਈਆ । ਕਵਣ ਪੰਧ ਦਏ ਮੁਕਾਇਆ, ਬਣ ਪਾਂਧੀ ਸਾਚਾ ਰਾਹੀਆ । ਕਵਣ ਨਿਰਗੁਣ ਛੰਦ ਦਏ ਸੁਣਾਇਆ, ਸਾਚਾ ਢੋਲਾ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਪੁਰਖ ਤੇਰੀ ਸੱਚੀ ਸਰਨਾਈਆ । ਆਦਿ ਪੁਰਖ ਨਿਰਗੁਣ ਦਾਤਾ, ਜੋਤੀ ਜੋਤ ਡਗਮਗਾਇੰਦਾ । ਸ਼ਬਦੀ ਸ਼ਬਦ ਸੁਣਾਏ ਗਾਥਾ, ਵਿਸ਼ਨੂੰ ਆਪ ਸਮਝਾਇੰਦਾ । ਪਾਰਬ੍ਰਹਮ ਪ੍ਰਭ ਆਪਣਾ ਵੇਖੇ ਖੇਲ ਤਮਾਸ਼ਾ, ਸਾਚੀ ਰਚਨਾ ਆਪ ਰਚਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਾਏ ਮੰਡਲ ਰਾਸਾ, ਮੰਡਲ ਆਪਣਾ ਖੇਲ ਖਿਲਾਇੰਦਾ । ਅੰਤਮ ਤੇਰੀ ਪੂਰੀ ਕਰੇ ਆਸਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਆਪੇ ਬਣੇ ਦਾਸੀ ਦਾਸਾ, ਦਾਸੀ ਦਾਸਾ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਦੇਵੇ ਏਕਾ ਵਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰ ਪਰਵਾਨ, ਸੇਵਕ ਸੇਵਾ ਸਚ ਵਖਾਇੰਦਾ । ਅੰਤਮ ਮੇਲੇ ਵਾਲੀ ਦੋ ਜਹਾਨ, ਨਿਰਗੁਣ ਆਪਣਾ ਰੂਪ ਧਰਾਇੰਦਾ । ਨਿਹਕਲੰਕਾ ਬਲੀ ਬਲਵਾਨ, ਏਕੰਕਾਰਾ ਹਰਿ ਨਿਰੰਕਾਰਾ ਆਪਣਾ ਵੇਸ ਆਪ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰਾ, ਏਕਾ ਖੰਡਾ ਹੱਥ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੌ ਨੌ ਚਾਰ ਪੰਧ ਆਪ ਮੁਕਾਇੰਦਾ । ਨੌ ਨੌ ਚਾਰ ਪੰਧ ਮੁਕੌਣਾ, ਥਿਰ ਰਹਿਣ ਨਾ ਕੋਈ ਪਾਈਆ । ਪੁਰਖ ਅਬਿਨਾਸੀ ਵੇਸ ਵਟੌਣਾ, ਜੋਤੀ ਜੋਤ ਕਰ ਰੁਸ਼ਨਾਈਆ । ਲਹਿਣਾ ਦੇਣਾ ਆਪ ਚੁਕੌਣਾ, ਦੇਵਣਹਾਰ ਆਪ ਹੋ ਜਾਈਆ । ਵਿਸ਼ਨੂੰ ਭਗਵਨ ਮੇਲ ਮਿਲੌਣਾ, ਭੇਵ ਕੋਇ ਨਾ ਪਾਈਆ । ਸੋ ਪੁਰਖ ਨਿਰੰਜਣ ਆਪਣੀ ਧਾਰ ਆਪ ਚਲੌਣਾ, ਸੋ ਰੂਪ ਸੱਚਾ ਸ਼ਹਿਨਸ਼ਾਹੀਆ । ਹੰ ਰੂਪ ਵਿਸ਼ਨੂੰ ਵਿਚ ਸਮੌਣਾ, ਸੋਹੰ ਏਕਾ ਰੰਗ ਰੰਗਾਈਆ । ਆਦਿ ਆਦਿ ਆਪਣਾ ਲਹਿਣਾ ਤੇਰੀ ਝੋਲੀ ਪੌਣਾ, ਜੁਗਾਦਿ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖ਼ਿਆ ਇਕ ਸਮਝਾਈਆ । ਸਾਚੀ ਸਿਖ਼ਿਆ ਸੁਣ ਕਰ ਪਰਨਾਮ, ਦੋਏ ਚਰਨ ਸੀਸ ਝੁਕਾਇੰਦਾ । ਤੂੰ ਦਾਤਾ ਸਾਹਿਬ ਸ੍ਰੀ ਭਗਵਾਨ, ਹਉਂ ਬਾਲ ਅੰਵਾਣਾ ਭੇਵ ਨਾ ਆਇੰਦਾ । ਤੇਰਾ ਝੁਲਦਾ ਰਹੇ ਨਿਸ਼ਾਨ, ਸਚਖੰਡ ਦਵਾਰਾ ਇਕ ਸੁਹਾਇੰਦਾ । ਹਉਂ ਵੇਖਾਂ ਮਾਰ ਧਿਆਨ, ਤੂੰਹੀ ਤੂੰ

੧੪੪੪

ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਫੜਿਆ ਤੇਰਾ ਲੜ, ਛੁੱਟ ਕਦੇ ਨਾ ਜਾਇੰਦਾ । ਵਿਸ਼ਨ ਹਰਿ ਲੜ ਫੜਾਇਆ, ਬ੍ਰਹਮਾ ਵੇਤਾ ਲਏ ਜਗਾਈਆ । ਪਾਰਬ੍ਰਹਮ ਬ੍ਰਹਮ ਲਏ ਉਠਾਇਆ, ਅੰਸ ਬੰਸ ਵੇਖ ਵਖਾਈਆ । ਕਵਲ ਕਵਲਾ ਖੋਲ੍ਹ ਖੁਲ੍ਹਾਇਆ, ਨਾਭੀ ਆਪਣੀ ਧਾਰ ਬੰਧਾਈਆ । ਆਪਣਾ ਨੂਰ ਨੂਰ ਦਰਸਾਇਆ, ਜਲਵਾ ਜਲਵਾ ਸੱਚਾ ਸ਼ਹਿਨਸ਼ਾਹੀਆ । ਆਪਣਾ ਮਰਦੰਗ ਅੰਗ ਅੰਗ ਵਜਾਇਆ, ਨਾਮ ਨਿਧਾਨਾ ਇਕ ਸੁਣਾਈਆ । ਸਾਚੇ ਰੰਗ ਆਪ ਰੰਗਾਇਆ, ਉਤਰ ਕਦੇ ਨਾ ਜਾਈਆ । ਸੁਹਾਗੀ ਛੰਦ ਇਕ ਸੁਣਾਇਆ, ਬ੍ਰਹਮ ਪਾਰਬ੍ਰਹਮ ਵੱਜੀ ਵਧਾਈਆ । ਆਪਣਾ ਅਨੰਦ ਆਪ ਵਖਾਇਆ, ਰਸ ਰਸ ਵਿਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਖੇਲ ਆਪ ਖਲਾਈਆ । ਆਪੇ ਬ੍ਰਹਮਾ ਕਰ ਉਤਪਤ, ਪਤ ਡਾਲ੍ਹੀ ਆਪ ਮਹਿਕਾਈਆ । ਆਪ ਬਣਾਇਆ ਆਪਣਾ ਸੁਤ, ਪਾਰਬ੍ਰਹਮ ਵੱਡੀ ਵਡਿਆਈਆ । ਹਰਿ ਲੇਖਾ ਜਾਣੇ ਅਬਿਨਾਸ਼ੀ ਅਚੁਤ, ਦੂਸਰ ਭੇਵ ਕੋਇ ਨਾ ਰਾਈਆ । ਨਾ ਕੋਈ ਜਾਣੇ ਸਾਚੀ ਰੁੱਤ, ਥਿਤ ਵਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਏਕਾ ਵਰ, ਏਕਾ ਬ੍ਰਹਮ ਸਮਝਾਈਆ । ਏਕਾ ਬ੍ਰਹਮ ਹਰਿ ਸਮਝਾਇੰਦਾ, ਪਾਰਬ੍ਰਹਮ ਪ੍ਰਭ ਕਿਰਪਾ ਧਾਰ । ਮਾਤ ਪਿਤ ਆਪ ਅਖਵਾਇੰਦਾ, ਜਨਮ ਦਾਤਾ ਬਣ ਸੱਚੀ ਸਰਕਾਰ । ਦਾਈ ਦਾਇਆ ਵੇਖ ਵਖਾਇੰਦਾ, ਵੇਖਣਹਾਰ ਅਗੰਮ ਅਪਾਰ । ਸਾਚਾ ਲੇਖਾ ਆਪ ਲਿਖਾਇੰਦਾ, ਲਿਖਣਹਾਰ ਏਕੰਕਾਰ । ਕਾਗਦ ਕਲਮ ਨਾ ਹੱਥ ਰਖਾਇੰਦਾ, ਨਾ ਕੋਈ ਕਾਤਬ ਕਰੇ ਵਿਚਾਰ । ਆਪਣਾ ਭੇਵ ਆਪ ਜਣਾਇੰਦਾ, ਸ਼ਬਦ ਅਗੰਮੀ ਬੋਲ ਜੈਕਾਰ । ਬੋਧ ਅਗਾਧਾ ਆਪ ਸੁਣਾਇੰਦਾ, ਵੇਖੇ ਵਿਗਸੇ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਇਕ ਸਮਝਾਇੰਦਾ । ਬ੍ਰਹਮੇ ਲੇਖਾ ਹਰਿ ਸਮਝਾਇਆ, ਕਰ ਕਿਰਪਾ ਗੁਣ ਨਿਧਾਨ । ਏਕਾ ਨਿਸ਼ਅੱਖਰ ਦਏ ਪੜ੍ਹਾਇਆ, ਚਾਰੇ ਵੇਦਾਂ ਕਰ ਗਿਆਨ । ਏਕਾ ਹੁਕਮ ਦਏ ਸੁਣਾਇਆ, ਪੁਰਖ ਅਬਿਨਾਸ਼ੀ ਹੋ ਮਿਹਰਵਾਨ । ਲੱਖ ਚੁਰਾਸੀ ਤੇਰੀ ਝੋਲੀ ਪਾਇਆ, ਪੰਜ ਤਤ ਕਰ ਪਰਧਾਨ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇਆ, ਆਪੇ ਹੋਇਆ ਜਾਣੀ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਫ਼ਰਮਾਣ । ਧੁਰ ਫ਼ਰਮਾਣਾ ਹਰਿ ਜਣਾਇਆ, ਭੁੱਲ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਪੰਜ ਤਤ ਨਾਤਾ ਜੋੜ ਜੁੜਾਇਆ, ਮੇਲ ਮਿਲਾਵਾ ਸਹਿਜ ਸੁਭਾਈਆ । ਲੱਖ ਚੁਰਾਸੀ ਭਾਂਡਾ ਦਏ ਘੜਾਇਆ, ਤਨ ਮਾਟੀ ਖ਼ਾਕ ਵਖਾਈਆ । ਪਵਣ ਸਵਾਸ ਦਏ ਧਰਾਇਆ, ਆਪਣੀ ਆਸਾ ਆਪੇ ਪੂਰ ਕਰਾਈਆ । ਨੌਂ ਦਵਾਰੇ ਖੋਲ੍ਹ ਵਖਾਇਆ, ਵਡ ਦਾਤਾ ਬੇਪਰਵਾਹੀਆ । ਕਾਇਆ ਬੰਕ ਦਏ ਸੁਹਾਇਆ, ਨਿਰਗੁਣ ਸਰਗੁਣ ਰੂਪ ਧਰਾਈਆ । ਆਤਮ ਬ੍ਰਹਮ ਦਏ ਟਿਕਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਈਸ਼ ਜੀਵ ਰੂਪ ਧਰਾਇਆ, ਰੂਪ ਅਨੂਪ ਦਿਸ ਨਾ ਆਈਆ । ਹਰਿ ਜਗਦੀਸ ਖੇਲ ਖਿਲਾਇਆ, ਜਾਗਰਤ ਜੋਤ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਦਿਤਾ ਏਕਾ ਵਰ, ਪਾਰਬ੍ਰਹਮ ਹਰਿ ਦਇਆ ਕਮਾਈਆ । ਬ੍ਰਹਮੇ ਦਰ ਹਰਿ ਸਾਚਾ ਪਾਇਆ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਲੱਖ ਚੁਰਾਸੀ ਵੇਖ ਵਖਾਇਆ, ਘਟ ਘਟ ਜੋਤ ਜਗਾਇੰਦਾ । ਘਰ ਵਿਚ ਘਰ ਦਏ ਸੁਹਾਇਆ, ਨਿਰਗੁਣ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ

ਸਚ ਸਮਗਰੀ, ਨਾਲ ਰਖਾਏ ਜੋਤ ਅਕਗਰੀ, ਪੁਰਖ ਅਕਾਲ ਦਇਆ ਕਮਾਇੰਦਾ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਸਾਚਾ ਸਚ ਸਮਝਾਇੰਦਾ । ਨਿਰਗੁਣ ਹਰਿ ਹਰਿ ਅੰਦਰ ਵੜਨਾ, ਦਿਸ ਕਿਸੇ ਨਾ ਆਇੰਦਾ । ਸਤਿ ਸਰੂਪੀ ਨਿਰਗੁਣ ਆਪਣੇ ਪੌੜੇ ਚੜਨਾ, ਦਰ ਆਪਣਾ ਆਪ ਖਲਾਇੰਦਾ । ਆਪਣੀ ਵਿਦਿਆ ਆਪੇ ਪੜ੍ਹਨਾ, ਦੂਸਰ ਵਿਦਿਆ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਰਚਨਾ ਵੇਖ ਵਖਾਇੰਦਾ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਨਿਉਂ ਨਿਉਂ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਤੇਰੇ ਚਰਨ ਕਵਲ ਪਨਹਾਰ, ਹਉਂ ਸੇਵਕ ਸੇਵ ਕਮਾਇੰਦਾ । ਤ੍ਰੈਗੁਣ ਮਾਇਆ ਤਤ ਵਿਚਾਰ, ਪੰਚਮ ਨਾਤਾ ਜੋੜ ਜੁੜਾਇੰਦਾ । ਸਰਗੁਣ ਰੂਪ ਅਗੰਮ ਅਪਾਰ, ਨਿਰਗੁਣ ਤੇਰੀ ਵੰਡ ਤੇਰੇ ਹੱਥ ਰਖਾਇੰਦਾ । ਕਿਰਪਾ ਕਰ ਸੱਚੀ ਸਰਕਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਮਨ ਮਤ ਬੁਧ ਦਏ ਅਧਾਰ, ਗੜ੍ਹ ਮੰਦਰ ਆਪ ਵਸਾਇੰਦਾ । ਘਰ ਵਿਚ ਘਰ ਅਗੰਮ ਅਪਾਰ, ਡੂੰਘੀ ਭਵਰੀ ਵੇਖ ਵਖਾਇੰਦਾ । ਤ੍ਰਬੈਣੀ ਨੈਣੀ ਇਕ ਅਧਾਰ, ਟੇਢੀ ਬੰਕ ਆਪ ਸੁਹਾਇੰਦਾ । ਸਰ ਸਰੋਵਰ ਠੰਡਾ ਠਾਰ, ਨਾਭੀ ਕਵਲ ਜਲ ਭਰਾਇੰਦਾ । ਆਪੇ ਕਰੇ ਬੰਦ ਕਿਵਾੜ, ਤ੍ਰੈਗੁਣ ਪਰਦਾ ਆਪੇ ਪਾਇੰਦਾ । ਆਪੇ ਆਤਮ ਸੇਜਾ ਹੋ ਤਿਆਰ, ਜੋਤੀ ਜੋਤ ਡਗਮਗਾਇੰਦਾ । ਆਦਿ ਬ੍ਰਹਮ ਰੂਪ ਵੇਖੇ ਵੇਖਣਹਾਰ, ਪਾਰਬ੍ਰਹਮ ਆਪਣੀ ਸੇਵ ਆਪ ਕਮਾਇੰਦਾ । ਲੇਖਾ ਜਾਣੇ ਹੱਡ ਨਾੜੀ ਮਾਸ ਚੰਮ, ਤਤਵ ਤਤ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਏਕਾ ਵਰ, ਲੱਖ ਚੁਰਾਸੀ ਰਚਨ ਰਚਾਇੰਦਾ । ਲੱਖ ਚੁਰਾਸੀ ਰਚਨ ਰਚਾਇਆ, ਬ੍ਰਹਮ ਬ੍ਰਹਿਮਾਦ ਵੱਜੇ ਵਧਾਈਆ । ਤੇਰਾ ਭਾਣਾ ਮੋਹੇ ਇਕ ਸੁਹਾਇਆ, ਸੀਸ ਜਗਦੀਸ ਆਪ ਝੁਕਾਈਆ । ਕਵਣ ਵੇਲਾ ਕਵਣ ਵਕਤ ਹਰਿ ਜੂ ਹਰਿ ਹਰਿ ਹੋਏ ਸਹਾਇਆ, ਲੇਖਾ ਲੇਖੇ ਲਹਿਣੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਆਦਿ ਪੁਰਖ ਤੇਰੀ ਸੱਚੀ ਸਰਨਾਈਆ । ਆਦਿ ਪੁਰਖ ਹਰਿ ਸਮਝਾਇੰਦਾ, ਬ੍ਰਹਮੇ ਉਠ ਉਠ ਕਰ ਧਿਆਨ । ਨੌ ਨੌ ਚਾਰ ਤੇਰੀ ਸੇਵਾ ਲਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਨਿਰਗੁਣ ਨਿਰਗੁਣ ਵੇਖ ਵਖਾਇੰਦਾ, ਵੇਖਣਹਾਰਾ ਵਡ ਮਿਹਰਵਾਨ । ਜੁਗ ਜੁਗ ਤੇਰੀ ਵੰਡ ਵੰਡਾਇੰਦਾ, ਲੋਕਮਾਤ ਕਰ ਪਰਧਾਨ । ਨੌ ਸਤ ਖੇਲ ਖਿਲਾਇੰਦਾ, ਨਾਤਾ ਜੋੜ ਜ਼ਿਮੀ ਅਸਮਾਨ । ਗਗਨ ਗਗਨੰਤਰ ਫੇਰਾ ਪਾਇੰਦਾ, ਬ੍ਰਹਿਮੰਡਾਂ ਖੰਡਾਂ ਦੇਵੇ ਇਕ ਗਿਆਨ । ਸ਼ਬਦ ਡੰਕਾ ਇਕ ਵਜਾਇੰਦਾ, ਪਰਗਟ ਹੋ ਹੋ ਵਾਲੀ ਦੋ ਜਹਾਨ, ਆਦਿਨ ਅੰਤਾ ਆਪਣਾ ਗੁਣ ਆਪੇ ਵੇਖ ਵਖਾਇੰਦਾ, ਦੂਸਰ ਸਕੇ ਨਾ ਕੋਈ ਪਛਾਣ । ਤੇਰਾ ਲਹਿਣਾ ਤੇਰੀ ਝੋਲੀ ਅੰਤਮ ਪਾਇੰਦਾ । ਹਰਿ ਜੂ ਹਰਿ ਹਰਿ ਆਪੇ ਵੇਖੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਣ । ਧੁਰ ਫ਼ਰਮਾਣਾ ਸ਼ਬਦ ਜਣਾਇਆ, ਬ੍ਰਹਮੇ ਨੇਤਰ ਨੈਣ ਉਘਾੜਿਆ । ਪੁਰਖ ਅਬਿਨਾਸ਼ੀ ਨਜ਼ਰੀ ਆਇਆ, ਇਕ ਇਕੱਲਾ ਏਕੰਕਾਰਿਆ । ਚਰਨ ਕਵਲ ਕਵਲ ਚਰਨ ਢਹਿ ਪਿਆ ਸਰਨਾਇਆ, ਮਸਤਕ ਧੂੜ ਮੰਗੇ ਸਾਚੀ ਛਾਰਿਆ । ਸਮਰਥ ਪੁਰਖ ਸਿਰ ਹੱਥ ਟਿਕਾਇਆ, ਦੇਵੇ ਵਸਤ ਅਪਰ ਅਪਾਰਿਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਪੰਧ ਦਏ ਮੁਕਾਇਆ, ਨਿਰਗੁਣ ਨਿਰਗੁਣ ਲੈ ਅਵਤਾਰਿਆ । ਨਿਹਕਲੰਕਾ ਜਾਮਾ ਪਾਇਆ, ਆਪੇ ਵੇਖੇ ਵੇਖਣਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਲੱਖ ਚੁਰਾਸੀ ਭਾਂਡਾ ਘੜ, ਲੋਕਮਾਤ ਬਣ ਠਠਿਆਰਿਆ । ਸ਼ੰਕਰ

੧੪੪੫

ਹਰਿ ਪਰਗਟਾਇੰਦਾ, ਕਰ ਕਿਰਪਾ ਗੁਣ ਨਿਧਾਨ । ਸੁੰਨ ਅਗੰਮੀ ਵੇਖ ਵਖਾਇੰਦਾ, ਆਪੇ ਵੇਖੇ ਵੇਖਣਹਾਰ । ਆਪਣੀ ਜੋਤ ਆਪ ਜਗਾਇੰਦਾ, ਨਿਰਗੁਣ ਸਰਗੁਣ ਕਰ ਆਕਾਰ । ਆਪਣਾ ਖੰਡਾ ਹੱਥ ਫੜਾਇੰਦਾ, ਤ੍ਰੈਗੁਣ ਤ੍ਰਸੂਲ ਮਾਰੇ ਮਾਰ । ਜੋ ਘੜਿਆ ਭੰਨ ਵਖਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਦਰਸਾਇੰਦਾ । ਸ਼ੰਕਰ ਕਰ ਨਿਮਸਕਾਰੀ, ਨੇਤਰ ਨੈਣਾਂ ਨੀਰ ਵਹਾਇੰਦਾ । ਤੂੰ ਸਾਹਿਬ ਸੱਚਾ ਬੇਐਬ ਪਰਵਰਦਿਗਾਰੀ, ਹਉਂ ਭਿਖਾਰੀ ਯਾਚਕ ਮੰਗਣ ਦਰ ਤੇਰੇ ਆਇੰਦਾ । ਏਕਾ ਵਸਤ ਦੇ ਅਪਾਰੀ, ਅੱਗੇ ਆਪਣੀ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰੀ, ਕਰਤਾ ਪੁਰਖ ਆਪ ਖਲਾਇੰਦਾ । ਏਕਾ ਹੁਕਮ ਵਰਤੇ ਵਰਤਾਰੀ, ਜੋ ਘੜਿਆ ਭੰਨ ਵਖਾਇੰਦਾ । ਲੱਖ ਚੁਰਾਸੀ ਕਰਨੀ ਦਾਰੀ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਹੋਏ ਪਨਹਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸ਼ਬਦ ਸੰਦੇਸ਼ਾ ਇਕ ਸੁਣਾਇੰਦਾ । ਸ਼ਬਦ ਸੰਦੇਸ਼ਾ ਸੁਣਿਆ ਭੋਲੇ ਨਾਥ, ਬਾਸ਼ਕ ਤਸ਼ਕਾ ਗਲ ਲਟਕਾਈਆ । ਪੁਰਖ ਅਬਿਨਾਸ਼ੀ ਖੇਲੇ ਖੇਲ ਤਮਾਸ਼, ਆਦਿ ਜੁਗਾਦਿ ਵੱਡੀ ਵਡਿਆਈਆ । ਲੱਖ ਚੁਰਾਸੀ ਘਟ ਘਟ ਅੰਦਰ ਪਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਇਸ਼ਟ ਦਏ ਸਮਝਾਈਆ । ਏਕਾ ਇਸ਼ਟ ਹਰਿ ਸਮਝਾਇਆ, ਏਕਾ ਤਤ ਗਿਆਨ । ਏਕਾ ਖੰਡਾ ਹੱਥ ਫੜਾਇਆ, ਏਕਾ ਵੇਖੇ ਮਾਰ ਧਿਆਨ । ਇਕ ਪਰਚੰਡਾ ਦਏ ਚਮਕਾਇਆ, ਚੰਡ ਚੰਡਕਾ ਹੋਏ ਨਿਗਹਬਾਨ । ਅੰਤਮ ਲੇਖਾ ਦਏ ਸਮਝਾਇਆ, ਨੌਂ ਨੌਂ ਚਾਰ ਕਰੇ ਕਲਿਆਣ । ਨਿਰਗੁਣ ਜੋਤੀ ਜਾਮਾ ਵੇਸ ਵਟਾਇਆ, ਪਰਗਟ ਹੋਵੇ ਸ੍ਰੀ ਭਗਵਾਨ । ਨਿਹਕਲੰਕਾ ਨਾਉਂ ਧਰਾਇਆ, ਘਰ ਘਰ ਆਪੇ ਵੇਖੇ ਆਣ । ਤੇਰਾ ਲਹਿਣਾ ਦਏ ਚੁਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸੱਚਾ ਸੁਲਤਾਨ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇਆ, ਸਚਖੰਡ ਨਵਾਸੀ ਦਇਆ ਕਮਾਈਆ । ਲੱਖ ਚੁਰਾਸੀ ਘਾੜਨ ਲਿਆ ਘੜਾਇਆ, ਨਿਰਗੁਣ ਆਪਣੀ ਜੋਤ ਕਰ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਆਪ ਸਮਾਇਆ, ਧਰਨੀ ਧਰਤ ਧਵਲ ਦਏ ਸੁਹਾਈਆ । ਜਲ ਬਿੰਬ ਵੇਖ ਵਖਾਇਆ, ਪੁਰੀ ਆਕਾਸ਼ ਵੱਜੇ ਵਧਾਈਆ । ਸਾਚਾ ਮਾਰਗ ਆਪੇ ਲਾਇਆ, ਚਾਰੇ ਵੇਦਾਂ ਕਰੇ ਪੜ੍ਹਾਈਆ । ਚਾਰੇ ਜੁਗ ਵੰਡ ਵੰਡਾਇਆ, ਚਾਰੇ ਖਾਣੀ ਝੋਲੀ ਪਾਈਆ । ਚਾਰੇ ਬਾਣੀ ਸ਼ਬਦ ਸੁਣਾਇਆ, ਅਲੱਖ ਅਲੱਖਣਾ ਅਲੱਖ ਜਗਾਈਆ । ਚਾਰੋਂ ਕੁੰਟ ਵੇਖ ਵਖਾਇਆ, ਵੇਖਣਹਾਰਾ ਸੱਚਾ ਸ਼ਹਿਨਸ਼ਾਹੀਆ । ਚਾਰੇ ਵਰਨਾਂ ਰੰਗ ਚੜ੍ਹਾਇਆ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਪਰਗਟਾਈਆ । ਜੁਗਾ ਜੁਗੰਤਰ ਫੇਰਾ ਪਾਇਆ, ਨਿਰਗੁਣ ਨਿਰਗੁਣ ਸਰਗੁਣ ਵੇਖੇ ਥਾਉਂ ਥਾਈਆ । ਆਪਣਾ ਗੇੜਾ ਆਪਣੇ ਹੱਥ ਰਖਾਇਆ, ਆਪਣੀ ਲੱਠ ਆਪ ਗੜਾਈਆ । ਗੁਰ ਪੀਰ ਅਵਤਾਰ ਆਪੇ ਸੇਵਾ ਲਾਇਆ, ਸਾਚੀ ਸਿਖ਼ਿਆ ਇਕ ਸਮਝਾਈਆ । ਭਗਤ ਭਗਵੰਤ ਲਏ ਉਠਾਇਆ, ਮੇਲ ਮਿਲਾਵਾ ਸਹਿਜ ਸੁਭਾਈਆ । ਸਾਚੇ ਸੰਤ ਲਏ ਜਗਾਇਆ, ਬ੍ਰਹਮ ਗਿਆਨ ਇਕ ਦ੍ਰਿੜਾਈਆ । ਗੁਰਮੁਖ ਸਾਚੇ ਮਾਰਗ ਪਾਇਆ, ਅੰਧ ਅੰਧੇਰ ਰਹਿਣ ਨਾ ਪਾਈਆ । ਗੁਰਸਿਖ ਆਪਣੀ ਗੋਦ ਬਹਾਇਆ, ਜਿਉਂ ਬਾਲਕ ਮਾਤ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਵੱਡੀ ਵਡਿਆਈਆ ।

ਆਦਿ ਪੁਰਖ ਹਰਿ ਖੇਲ ਖਿਲਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ ਤ੍ਰੈਗੁਣ ਮਾਇਆ ਝੋਲੀ ਪਾਇੰਦਾ, ਪੰਜ ਤਤ ਤਤ ਆਕਾਰ । ਰਤੀ ਰਤ ਮੇਲ ਮਿਲਾਇੰਦਾ, ਲੇਖਾ ਜਾਣੇ ਵੇਖਣਹਾਰ । ਕਾਇਆ ਕਿਲਾ ਕੋਟ ਬਣਾਇੰਦਾ, ਸਾਚਾ ਮੰਦਰ ਕਰ ਤਿਆਰ । ਸ਼ਬਦ ਚੋਟ ਇਕ ਲਗਾਇੰਦਾ, ਸਚ ਦਵਾਰੇ ਆਪ ਨਿਰੰਕਾਰ । ਕੋਟਨ ਕੋਟੀ ਕੋਟ ਜੀਵ ਪਰਗਟਾਇੰਦਾ, ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ । ਜੂਨੀ ਜੂਨ ਆਪ ਫਿਰਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਲੱਖ ਚੁਰਾਸੀ ਕਰ ਪਸਾਰਾ, ਸਚਖੰਡ ਨਵਾਸੀ ਦਇਆ ਕਮਾਇੰਦਾ । ਆਪਣੀ ਇਛਿਆ ਭਰ ਭੰਡਾਰਾ, ਆਪਣੀ ਭਿਛਿਆ ਵੇਖ ਵਖਾਇੰਦਾ । ਆਪਣਾ ਰੂਪ ਕਰ ਉਜਿਆਰਾ, ਮਹਾਂਕਾਲ ਨਾਉਂ ਧਰਾਇੰਦਾ । ਕਰੇ ਖੇਲ ਸਿਰਜਣਹਾਰਾ, ਦਿਆਲ ਆਪਣੀ ਦਇਆ ਕਮਾਇੰਦਾ । ਆਪਣੇ ਅੰਦਰੋਂ ਆਏ ਬਾਹਰਾ, ਥਿਰ ਘਰ ਸਾਚੇ ਕੁੰਡਾ ਲਾਹਿੰਦਾ । ਥਿਰ ਘਰ ਸਾਚੇ ਪਾਰ ਕਿਨਾਰਾ, ਸੁੰਨ ਅਗੰਮ ਆਪ ਸਮਾਇੰਦਾ । ਆਪੇ ਵੇਖੇ ਧੂਆਂਧਾਰਾ, ਧੁਰ ਦੀ ਧਾਰ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਨਿਰਗੁਣ ਸਰਗੁਣ ਬ੍ਰਹਮਾ ਵਿਸ਼ਨ ਸ਼ਿਵ ਧਾਰ, ਸੰਸਾ ਰੋਗ ਰਹੇ ਨਾ ਰਾਈਆ । ਕਰਤਾ ਪੁਰਖ ਖੇਲ ਅਪਾਰ, ਪਾਰਬ੍ਰਹਮ ਪ੍ਰਭ ਆਪ ਖਲਾਈਆ । ਆਪਣਾ ਵੇਖੇ ਆਪ ਦਵਾਰ, ਦਰ ਦਰਵਾਜ਼ਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਂਕਾਲ ਏਕਾ ਦਰ, ਦੀਨ ਦਿਆਲ ਹੱਥ ਰੱਖੇ ਵਡਿਆਈਆ । ਮਹਾਂਕਾਲ ਹਰਿ ਕਾ ਨਾਉਂ, ਹਰਿ ਬਿਨ ਅਵਰ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਵਸੇ ਹਰ ਘਟ ਥਾਉਂ, ਥਾਨ ਥਨੰਤਰ ਸੋਭਾ ਪਾਇੰਦਾ । ਜੁਗਾ ਜੁਗੰਤਰ ਕਰੇ ਸਚ ਨਿਆਉਂ, ਸਚ ਸਿੰਘਾਸਣ ਆਸਣ ਲਾਇੰਦਾ । ਹਰਿ ਜੀ ਪਕੜੇ ਆਪੇ ਬਾਂਹੋਂ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਹੰਸ ਬਣਾਏ ਫੜ ਫੜ ਕਾਉਂ, ਅੰਮ੍ਰਿਤ ਸਰੋਵਰ ਆਪ ਨੁਹਾਇੰਦਾ । ਲੇਖਾ ਜਾਣੇ ਪਿਤਾ ਮਾਉਂ, ਗੁਰਮੁਖ ਗੁਰਸਿਖ ਬਾਲ ਅੰਞਾਣੇ ਗੋਦ ਬਹਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰ, ਹਰਿ ਸਾਚੇ ਖੇਲ ਖਿਲਾਇਆ । ਵਿਸ਼ਨੂੰ ਮੰਗੇ ਇਕ ਭੰਡਾਰ, ਸਚ ਭੰਡਾਰਾ ਹਰਿ ਵਰਤਾਇਆ । ਬ੍ਰਹਮੇ ਤੇਰਾ ਬ੍ਰਹਮ ਪਿਆਰ, ਲੱਖ ਚੁਰਾਸੀ ਵਿਚ ਸਮਾਇਆ । ਸ਼ੰਕਰ ਰੋਵੇ ਕਰੇ ਗਿਰਿਆਜ਼ਾਰ, ਪ੍ਰਭ ਅੱਗੇ ਸੀਸ ਝੁਕਾਇਆ । ਕਵਣ ਰੂਪ ਮਾਰਾਂ ਮਾਰ ਸਰਬ ਸੰਸਾਰ, ਜੋ ਘੜਿਆ ਭੰਨ ਵਖਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣੀ ਭਿਛਿਆ ਝੋਲੀ ਪਾਇਆ । ਸਚ ਭਿਛਿਆ ਝੋਲੀ ਪਾਇੰਦਾ, ਗੁਣਵੰਤਾ ਗੁਣ ਨਿਧਾਨ । ਕਾਲ ਆਪਣੇ ਵਿਚੋਂ ਆਪ ਪਰਗਟਾਇੰਦਾ, ਕਰ ਕਿਰਪਾ ਦੀਨ ਦਿਆਲ । ਧੂਆਂਧਾਰ ਖੇਲ ਖਿਲਾਇੰਦਾ, ਪਤ ਲਾਏ ਸਾਚੇ ਡਾਲ੍ਹ । ਤੇਰਾ ਸਗਲਾ ਸੰਗ ਨਿਭਾਇੰਦਾ, ਲੱਗੀ ਪ੍ਰੀਤੀ ਨਿਭੇ ਨਾਲ । ਜੋ ਉਪਜੇ ਸੋ ਆਪਣੇ ਪੇਟੇ ਪਾਇੰਦਾ, ਮੇਟੇ ਜਗਤ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਦਾਨ । ਮਹਾਂਕਾਲ ਕਾਲ ਹਰਿ ਖੇਲ ਖਿਲਾਇਆ, ਬ੍ਰਹਮਾ ਵਿਸ਼ਨ ਸ਼ਿਵ ਮੇਲ ਮਿਲਾਨਿਆ । ਦੋ ਜਹਾਨਾਂ ਵੇਖ ਵਖਾਇਆ, ਤ੍ਰੈ ਤ੍ਰੈ ਫਿਰੇ ਭੰਨਿਆ । ਚੌਦਾਂ ਚੌਦਾਂ ਖੋਜ ਖੁਜਾਇਆ, ਜੋਤੀ ਨੂਰ ਸ੍ਰੀ ਭਗਵੰਨਿਆ । ਰਵ ਸਸ ਲਏ ਜਗਾਇਆ, ਲੇਖਾ ਜਾਣੇ ਛੱਪਰ ਛੰਨਿਆ । ਸਚ


੧੪੪੭
੦੯

ਦਰਬਾਰਾ ਆਪ ਵਖਾਇਆ, ਦੇਵਣਹਾਰਾ ਧੁਰ ਫ਼ਰਮਾਨਿਆ । ਬ੍ਰਹਮਾ ਅੱਗੇ ਝੋਲੀ ਰਿਹਾ ਡਾਹਿਆ, ਮੰਗੇ ਮੰਗ ਬਣ ਨਿਮਾਣਿਆ । ਲੱਖ ਚੁਰਾਸੀ ਜੀਵ ਜੰਤ ਜੋ ਮਾਤ ਪਰਗਟਾਇਆ, ਕਵਣ ਲੇਖਾ ਲਿਖੇ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਕਰੇ ਖੇਲ ਗੁਣ ਨਿਧਾਨਿਆ । ਲੇਖਾ ਲਿਖਣ ਲਗਾਇੰਦਾ, ਦਇਆ ਨਿਧ ਦੀਨ ਦਿਆਲ । ਕਾਲ ਸੁਤ ਏਕਾ ਜਾਇੰਦਾ, ਚਿਤਰ ਗੁਪਤ ਕਰ ਪ੍ਰਿਤਪਾਲ । ਮਹਾਂਕਾਲ ਦਇਆ ਕਮਾਇੰਦਾ, ਆਪਣੀ ਗੋਦੀ ਲਏ ਸੰਭਾਲ । ਧਰਮ ਰਾਏ ਵਿਚ ਬਹਾਇੰਦਾ, ਆਦਿ ਜੁਗਾਦਿ ਕਰੇ ਪ੍ਰਿਤਪਾਲ । ਧਰਮ ਰਾਏ ਇਛਿਆ ਇਕ ਪਰਗਟਾਇੰਦਾ, ਵੇਖਣਹਾਰ ਜਗਤ ਜਹਾਨ । ਆਪਣੀ ਇਛਿਆ ਇਕ ਸਪੁਤਰੀ ਜਾਇੰਦਾ, ਲਾੜੀ ਮੌਤ ਕਰ ਪਰਧਾਨ । ਬ੍ਰਹਮਾ ਵਿਸ਼ਨ ਸ਼ਿਵ ਮੇਲ ਮਿਲਾਇੰਦਾ, ਕਾਲ ਮਹਾਂਕਾਲ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਖੇੜਾ ਆਪ ਸੁਹਾਇੰਦਾ । ਜਗਤ ਖੇੜਾ ਆਪ ਸੁਹਾਇਆ, ਲੱਖ ਚੁਰਾਸੀ ਬਣਤ ਬਣਾਈਆ । ਘਰ ਘਰ ਡੇਰਾ ਆਪੇ ਲਾਇਆ, ਨਿਰਗੁਣ ਸਰਗੁਣ ਸੇਜ ਹੰਢਾਈਆ । ਜੁਗ ਜੁਗ ਗੇੜਾ ਆਪ ਦੁਵਾਇਆ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਈਆ । ਜੁਗ ਜੁਗ ਆਪਣਾ ਰੂਪ ਧਰਾਇਆ, ਗੁਰ ਅਵਤਾਰ ਨਾਉਂ ਰਖਾਈਆ । ਲੋਆਂ ਪੁਰੀਆਂ ਖੋਜ ਖੁਜਾਇਆ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਗੇੜਾ ਆਪ ਦੁਆਇਆ, ਚਾਰੇ ਜੁਗ ਦੇਣ ਗਵਾਹੀਆ । ਸਤ ਸਤ ਝੇੜਾ ਦਏ ਮੁਕਾਇਆ, ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਕਲਜੁਗ ਵੇਲਾ ਅੰਤਮ ਆਇਆ, ਕਰੇ ਖੇਲ ਬੇਪਰਵਾਹੀਆ । ਤੇਈ ਅਵਤਾਰ ਦਸ ਗੁਰੂ ਪੂਰਬ ਲਹਿਣਾ ਫੋਲ ਫੁਲਾਇਆ, ਭਗਤ ਅਠਾਰਾਂ ਕਰ ਕੁੜਮਾਈਆ । ਨਿਰਗੁਣ ਸਰਗੁਣ ਖੇਲ ਕਰਾਇਆ, ਆਪਣਾ ਭੇਖ ਵਟਾਈਆ । ਬਾਵਨ ਰੂਪ ਬਣ ਕੇ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਬਾਵਣ ਅੱਖਰ ਪੜ੍ਹ ਕੇ ਆਇਆ, ਪੈਂਤੀ ਅੱਖਰ ਕਰੇ ਪੜ੍ਹਾਈਆ । ਸਤਾਰਾਂ ਨਿਸ਼ਅੱਖਰ ਆਪਣੇ ਵਿਚ ਬੰਦ ਰਖਾਇਆ, ਗੁਰ ਪੀਰ ਭੇਵ ਨਾ ਰਾਈਆ । ਪੀਰ ਦਸਤਗੀਰ ਸਗਲਾ ਸੰਗ ਨਿਭਾਇਆ, ਮੁਲਾਂ ਸ਼ੇਖ਼ ਮਸਾਇਕ ਆਪ ਅਖਵਾਈਆ । ਆਦਿ ਜੁਗਾਦੀ ਰੂਪ ਪਰਗਟਾਇਆ, ਜੁਗਾ ਜੁਗੰਤਰ ਬਲ ਵਖਾਈਆ । ਆਪਣਾ ਢੋਲਾ ਆਪੇ ਗਾਇਆ, ਪੁਰਾਨ ਅਠਾਰਾਂ ਆਪ ਸੁਣਾਈਆ । ਸ਼ਾਸਤਰ ਸਿਮਰਤ ਆਪ ਪੜ੍ਹਾਇਆ, ਆਪਣੀ ਵਿਦਿਆ ਆਪ ਸੁਣਾਈਆ । ਅਠ ਦਸ ਗਿਆਨ ਆਪ ਦ੍ਰਿੜਾਇਆ, ਭਗਤ ਭਗਵੰਤ ਦਏ ਵਡਿਆਈਆ । ਏਕਾ ਕਲਮਾ ਆਪ ਸੁਣਾਇਆ, ਕਾਇਨਾਤ ਕਰ ਰੁਸ਼ਨਾਈਆ । ਹੱਕ ਹਕੀਕਤ ਵੇਖ ਵਖਾਇਆ, ਲਾਸ਼ਰੀਕ ਸਚਾ ਸ਼ਹਿਨਸ਼ਾਹੀਆ । ਬੇਐਬ ਪਰਵਰਦਿਗਾਰ ਆਪਣਾ ਨਾਉਂ ਧਰਾਇਆ, ਮਹਿਬਾਨ ਬੀਦੋ ਵੱਡੀ ਵਡਿਆਈਆ । ਮੁਕਾਮੇ ਹੱਕ ਡੇਰਾ ਲਾਇਆ, ਹੱਕ ਹੱਕ ਹੱਕ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਜੁਗਾ ਜੁਗੰਤਰ ਵੇਖੇ ਖੇਲ ਤਮਾਸਾ, ਆਪਣੀ ਰਾਸ ਆਪ ਰਚਾਈਆ । ਆਪੇ ਲੈ ਅਵਤਾਰ, ਦਇਆ ਕਮਾਇੰਦਾ । ਆਪੇ ਨਿਰਗੁਣ ਧਾਰ, ਜੋਤ ਜਗਾਇੰਦਾ । ਏਕਾ ਸ਼ਬਦ ਡੰਕ ਅਪਾਰ, ਆਦਿ ਜੁਗਾਦਿ ਵਜਾਇੰਦਾ । ਆਪੇ ਸਖ਼ੀਆਂ ਮੰਗਲਚਾਰ, ਆਪੇ ਭਗਤਨ ਵੇਖ ਵਖਾਇੰਦਾ । ਆਪੇ ਵਸਿਆ ਮਹੱਲ ਅਟਾਰ, ਉਚੇ ਮੰਦਰ ਆਪੇ ਆਸਣ ਲਾਇੰਦਾ । ਆਪੇ ਰੰਗ ਰਲੀਆਂ ਮਾਣੇ ਕੰਤ ਭਤਾਰ, ਆਪੇ ਸਾਚੀ ਸੇਜ ਹੰਢਾਇੰਦਾ । ਆਪੇ ਨਰ ਨਰਾਇਣ ਸੁਤਾ ਪੈਰ ਪਸਾਰ, ਆਪੇ ਆਲਸ ਨਿੰਦਰਾ ਵਿਚ ਨਾ ਆਇੰਦਾ । ਆਪੇ ਤ੍ਰੇਤਾ ਸਤਿਜੁਗ

ਦਵਾਪਰ ਕਰਿਆ ਪਾਰ, ਸਤਿਜੁਗ ਤ੍ਰੇਤਾ ਦਵਾਪਰ ਆਪੇ ਖੇਲ ਖਿਲਾਇੰਦਾ । ਆਪੇ ਕਲਜੁਗ ਹੋ ਉਜਿਆਰ, ਈਸਾ ਮੂਸਾ ਕਾਲਾ ਸੂਸਾ ਤਨ ਛੁਹਾਇੰਦਾ । ਆਪੇ ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਮੁਖ ਘੁੰਗਟ ਆਪੇ ਲਾਹਿੰਦਾ । ਆਪੇ ਨਿਰਗੁਣ ਜੋਤੀ ਜਾਤਾ ਹੋ ਤਿਆਰ, ਕਮਲਾਪਾਤ ਆਪਣਾ ਨਾਉਂ ਧਰਾਇੰਦਾ । ਨਾਨਕ ਸਤਿਗੁਰ ਮਿਲਿਆ ਹਰਿ ਸੱਚੇ ਨਿਰੰਕਾਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਤਿ ਨਾਮ ਮੰਤਰ ਕਰ ਤਿਆਰ, ਸਤਿ ਨਾਮ ਸ੍ਰਿਸ਼ਟ ਸਬਾਈ ਆਪ ਪੜ੍ਹਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਇਕ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹਾਇੰਦਾ । ਆਪੇ ਸ਼ਬਦ ਨਾਦ ਧੁਨ ਜੈਕਾਰ, ਆਪ ਆਪਣਾ ਭੇਵ ਖੁਲਾਇੰਦਾ । ਆਪੇ ਗੁਰੂ ਗੁਰ ਗੁਰ ਕਰ ਤਿਆਰ, ਗੁਰੂ ਗ੍ਰੰਥ ਗੁਰ ਵਡਿਆਇੰਦਾ । ਆਪੇ ਦਸਵੇਂ ਜੋਤੀ ਹੋ ਉਜਿਆਰ, ਸੁਤ ਦੁਲਾਰਾ ਨਾਉਂ ਧਰਾਇੰਦਾ । ਆਪੇ ਉਚੀ ਕੂਕੇ ਕਰੇ ਪੁਕਾਰ, ਪੁਰਖ ਅਕਾਲ ਰਾਹ ਵਖਾਇੰਦਾ । ਆਦਿ ਜੁਗਾਦੀ ਏਕਾ ਧਾਰ, ਕਰੇ ਕਰਾਏ ਕਰਨੇਹਾਰ, ਨਿਰਗੁਣ ਸਰਗੁਣ ਲੈ ਅਵਤਾਰ, ਜੁਗਾ ਜੁਗੰਤਰ ਪਾਵੇ ਸਾਰ, ਵੇਦ ਕਤੇਬ ਭੇਵ ਨਾ ਆਇੰਦਾ । ਵੇਦ ਕਤੇਬ ਰਹੇ ਜਸ ਗਾ, ਹਰਿ ਕਾ ਭੇਵ ਕੋਇ ਨਾ ਪਾਈਆ । ਸਚਖੰਡ ਦਵਾਰੇ ਵਸੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੁਗ ਜੁਗ ਬਣੇ ਮਾਤ ਮਲਾਹ, ਸਾਚਾ ਬੇੜਾ ਲਏ ਚਲਾਈਆ । ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾਈਆ । ਹਰਿ ਜੂ ਵਖਾਏ ਹਰ ਘਟ ਥਾਂ, ਚਾਰੋਂ ਕੁੰਟ ਏਕਾ ਰੂਪ ਦਰਸਾਈਆ । ਚਾਰ ਵਰਨ ਬਣਾਏ ਭੈਣ ਭਰਾ, ਦੂਸਰ ਨਾਤਾ ਨਾ ਕੋਇ ਵਖਾਈਆ । ਬ੍ਰਹਿਮੰਡ ਏਕਾ ਖੇੜਾ ਦਏ ਵਸਾ, ਨੌ ਸਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਬ੍ਰਹਮ ਮਤ ਪਾਰਬ੍ਰਹਮ ਦਏ ਸਮਝਾਈਆ । ਬ੍ਰਹਮ ਮਤ ਸਾਚੀ ਧਾਰ, ਹਰਿ ਸਾਚਾ ਸਚ ਸਮਝਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਵੇਖ ਵਖਾਇੰਦਾ । ਕਲਜੁਗ ਅੰਤਮ ਖੇਲ ਨਿਆਰ, ਨਿਰਗੁਣ ਨਿਰਵੈਰ ਆਪਣੀ ਕਲ ਆਪ ਵਖਾਇੰਦਾ । ਪਰਗਟ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਡੰਕਾ ਅਪਰ ਅਪਾਰ, ਲੋਆਂ ਪੁਰੀਆਂ ਆਪ ਸੁਣਾਇੰਦਾ । ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਹੋਏ ਖ਼ੁਵਾਰ, ਜੋ ਘੜਿਆ ਭੰਨ ਵਖਾਇੰਦਾ । ਕਲਜੁਗ ਮੇਟੇ ਰੈਣ ਅੰਧਿਆਰ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਨਾਤਾ ਤੋੜੇ ਪੰਜ ਵਿਕਾਰ, ਮਨ ਮਤ ਵਿਭਚਾਰ ਨਾਰ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਇਕੱਲਾ ਏਕੰਕਾਰਾ, ਜੋਤੀ ਜੋਤ ਜੋਤ ਉਜਿਆਰਾ, ਜੂਨੀ ਰਹਿਤ ਦਿਸ ਨਾ ਆਇੰਦਾ । ਜੂਨੀ ਰਹਿਤ ਪੁਰਖ ਅਕਾਲਾ, ਅਕਲ ਕਲ ਵੱਡੀ ਵਡਿਆਈਆ । ਸਤਿਗੁਰ ਸੱਚਾ ਦੀਨ ਦਿਆਲਾ, ਸਾਖ਼ਯਾਤ ਰੂਪ ਪਰਗਟਾਈਆ । ਚਰਨਾਂ ਹੇਠ ਦਬਾਏ ਕਾਲ ਮਹਾਂਕਾਲਾ, ਆਪ ਆਪਣਾ ਬਲ ਵਖਾਈਆ । ਸ਼ਬਦ ਅਗੰਮੀ ਰੱਖੇ ਢਾਲਾ, ਨਾਮ ਖੰਡਾ ਇਕ ਚਮਕਾਈਆ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਤ੍ਰੈਗੁਣ ਬੰਧਨ ਰਹੇ ਨਾ ਰਾਈਆ । ਏਕਾ ਮਾਰਗ ਦੱਸੇ ਹਰਿ ਸੁਖ਼ਾਲਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਪੰਜ ਤਤ ਕਾਇਆ ਕੰਚਨ ਸਚ ਕੁਠਾਲੀ ਢਾਲਾ, ਨਾਮ ਸੁਹਾਗਾ ਉਪਰ ਲਾਈਆ । ਆਪੇ ਬਣੇ ਵਣਜ ਵਣਜਾਰਾ, ਸੱਚਾ ਪਾਰਖੂ ਹਰਿ ਰਘਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਇਕੱਲਾ ਫੇਰੀ ਪਾਈਆ । ਇਕ

੧੪੪੯ ੦੯

੧੪੫੦

ਇਕੱਲਾ ਸ੍ਰੀ ਭਗਵਾਨਾ, ਕਲਜੁਗ ਅੰਤਮ ਵੇਖ ਵਖਾਇੰਦਾ । ਸੱਤ ਰੰਗ ਝੁਲਾਏ ਇਕ ਨਿਸ਼ਾਨਾ, ਸੱਤਾਂ ਦੀਪਾਂ ਆਪ ਜਣਾਇੰਦਾ । ਸ਼ਬਦ ਅਗੰਮੀ ਫੜੇ ਤੀਰ ਕਮਾਨਾ, ਦੋ ਜਹਾਨਾਂ ਚਿਲਾ ਆਪ ਉਠਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾਂ, ਸਾਚਾ ਸਗਨ ਆਪ ਮਨਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਪੀਣਾ ਖਾਣਾ, ਅੰਮਿਉਂ ਰਸ ਆਪ ਚਖਾਇੰਦਾ । ਧੁਨ ਅਨਾਦਿ ਸੱਚਾ ਧੁਨ ਗਾਣਾ, ਅਨਹਦ ਸਾਚਾ ਤਾਲ ਵਜਾਇੰਦਾ । ਲੱਖ ਚੁਰਾਸੀ ਸਿਰ ਤੇ ਵਰਤੇ ਭਾਣਾ, ਕਾਲ ਕੂਕੇ ਕੂਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਵਟੰਦੜਾ, ਪਾਰਬ੍ਰਹਮ ਹਰਿ ਕਰਤਾਰ । ਨਿਹਕਲੰਕਾ ਨਾਉਂ ਰਖੰਦੜਾ, ਕਲ ਕਲਕੀ ਲੈ ਅਵਤਾਰ । ਸੀਸ ਤਾਜ ਇਕ ਰਖੰਦੜਾ, ਪੰਚਮ ਮੁਖ ਮੁਖ ਸ਼ੰਗਾਰ । ਸੰਮਤ ਸੰਮਤੀ ਵੇਖ ਵਖੰਦੜਾ, ਲੱਖ ਚੁਰਾਸੀ ਮਾਰੇ ਮਾਰ । ਨਾ ਕੋਈ ਵੇਖੇ ਆਤਮ ਅੰਧੜਾ, ਗੁਰਮੁਖ ਵਿਰਲਾ ਪਾਵੇ ਸਾਰ । ਜਿਸ ਜਨ ਹੋਏ ਆਪ ਬਖ਼ਸ਼ੰਦੜਾ, ਨੇਤਰ ਨੈਣ ਦਏ ਉਘਾੜ । ਸਤਿ ਸਰੂਪੀ ਰੂਪ ਵਖੰਦੜਾ, ਰੂਪ ਰੰਗ ਰੇਖ ਤੇ ਵਸਿਆ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਅਵਤਾਰ । ਹਰਿ ਅਵਤਾਰ ਅਵਗਤ ਮੀਤਾ, ਭੇਵ ਕਿਸੇ ਨਾ ਰਾਇਆ । ਆਦਿ ਜੁਗਾਦਿ ਜੁਗਾਂ ਜੁਗੰਤਰ ਭਗਤ ਭਗਵੰਤ ਬਣੇ ਮੀਤਾ, ਮਿਤਰ ਪਿਆਰਾ ਨਾਉਂ ਧਰਾਇਆ । ਸਾਚੇ ਮੰਦਰ ਬੈਠਾ ਰਹੇ ਇਕ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇਆ । ਸਾਂਤਕ ਸਤਿ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਜਲਾਇਆ । ਲੇਖਾ ਜਾਣੇ ਸੁਰਤ ਸਵਾਣੀ ਸੀਤਾ, ਸ਼ਬਦੀ ਰਾਮ ਆਪ ਮਿਲਾਇਆ । ਆਪੇ ਹੋਏ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਇਆ । ਏਕਾ ਧਾਮ ਵਖਾਏ ਹਰਿ ਅਨਡੀਠਾ, ਜਗਤ ਨੇਤਰ ਦਿਸ ਨਾ ਆਇਆ । ਨਾਮ ਨਿਧਾਨ ਗੁਰਮੁਖ ਵਿਰਲੇ ਪੀਤਾ, ਬ੍ਰਹਮਾ ਵਿਸ਼ਨ ਰਹੇ ਤਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਇਆ । ਨਿਰਗੁਣ ਦਾਤਾ ਨਿਰਾਕਾਰ, ਸਰਗੁਣ ਜੋਤ ਮਾਤ ਪਰਗਟਾਈਆ । ਕਰੇ ਖੇਲ ਅਗੰਮ ਅਪਾਰ, ਚੌਦਾਂ ਲੋਕ ਚੌਦਾਂ ਤਬਕ ਤ੍ਰੈਭਵਨ ਖੋਜ ਖੁਜਾਈਆ । ਸੁਣਾਵਣਹਾਰਾ ਸਚ ਸਲੋਕ, ਲੋਆਂ ਪੁਰੀਆਂ ਕਰੇ ਜਣਾਈਆ । ਕਲਜੁਗ ਅੰਤਮ ਹਰਿ ਕਾ ਭਾਣਾ ਕੋਇ ਨਾ ਸਕੇ ਰੋਕ, ਨਾਨਕ ਗੋਬਿੰਦ ਗਿਆ ਲਿਖਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਦਿਸੇ ਦੂਜੀ ਓਟ, ਸੀਸ ਹੱਥ ਨਾ ਕੋਇ ਟਿਕਾਈਆ । ਕਲਜੁਗ ਜੀਵ ਆਲ੍ਹਣਿਉਂ ਡਿਗੇ ਬੋਟ, ਸਾਚੀ ਗੋਦ ਨਾ ਕੋਇ ਬਹਾਈਆ । ਆਸਾ ਤ੍ਰਿਸਨਾ ਹਉਮੇ ਹੰਗਤਾ ਮਾਇਆ ਮਮਤਾ ਕਾਮ ਕਰੋਧ ਲੋਭ ਮੋਹ ਹੰਕਾਰ ਕੋਇ ਨਾ ਕੱਢੇ ਖੋਟ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਝੂਠਾ ਨਾਤਾ ਓਤ ਪੋਤ, ਪੀਆ ਪ੍ਰੀਤਮ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸ਼ਬਦ ਜਗਾਇਆ, ਕਰ ਕਿਰਪਾ ਸ੍ਰੀ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇਆ, ਏਕਾ ਦੀਆ ਧੁਰ ਫ਼ਰਮਾਣ । ਜੁਗ ਜੁਗ ਵਿਛੋੜਾ ਫੰਦ ਕਟਾਇਆ, ਕਲਜੁਗ ਅੰਤਮ ਹੋ ਮਿਹਰਵਾਨ । ਗ੍ਰਿਹ ਮੰਦਰ ਚੰਦ ਚੜ੍ਹਾਇਆ, ਜੋਤੀ ਜੋਤ ਜਗੇ ਮਹਾਨ । ਭਰਮਾਂ ਕੰਧ ਆਪੇ ਢਾਇਆ, ਇਕ ਵਖਾਏ ਸਚ ਨਿਸ਼ਾਨ । ਸ਼ਬਦ ਸੁਹਾਗੀ ਛੰਦ ਏਕਾ ਗਾਇਆ, ਸੋ ਕੰਤ ਸੋ ਏਕਾ ਰੂਪ


੦੯

ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਚਰਨ ਧਿਆਨ । ਚਰਨ ਕਵਲ ਹਰਿ ਸਚ ਧਿਆਨਾ, ਗੁਰਮੁਖਾਂ ਮੁਖ ਸਾਲਾਹਿੰਦਾ । ਏਕਾ ਦੇਵੇ ਨਾਮ ਨਿਧਾਨਾ, ਨਿਰਧਨ ਝੋਲੀ ਆਪ ਭਰਾਇੰਦਾ । ਸ਼ਬਦ ਅਗੰਮੀ ਇਕ ਬਬਾਣਾ, ਹਰਿਜਨ ਸਾਚੇ ਆਪ ਬਹਾਇੰਦਾ । ਸਚਖੰਡ ਦਵਾਰ ਵਖਾਏ ਇਕ ਮਕਾਨਾ, ਪੁਰਖ ਅਬਨਾਸ਼ੀ ਆਪ ਸੁਹਾਇੰਦਾ । ਕਰੇ ਖੇਲ ਮਰਦ ਮਰਦਾਨਾ, ਰੂਪ ਰੰਗ ਨਾ ਕੋਇ ਵਖਾਇੰਦਾ । ਸਰਬ ਜੀਆਂ ਦਾ ਏਕਾ ਕਾਹਨਾ, ਲੱਖ ਚੁਰਾਸੀ ਗੋਪੀ ਆਪ ਹੰਢਾਇੰਦਾ । ਗੁਰਮੁਖਾਂ ਦੇਵੇ ਏਕਾ ਮਾਣਾ, ਮਾਣ ਅਭਿਮਾਣ ਗਵਾਇੰਦਾ । ਸਰਬ ਜੀਆਂ ਪ੍ਰਭ ਜਾਣੀ ਜਾਣਾ, ਪਰਦਾ ਓਹਲਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੱਜਣ ਮੇਲ ਮਿਲਾਇੰਦਾ । ਹਰਿ ਸੱਜਣ ਹਰਿ ਮੇਲਿਆ, ਕਰ ਕਿਰਪਾ ਵਡ ਮਿਹਰਵਾਨ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ, ਗੁਰ ਚੇਲਾ ਕਰ ਪਰਵਾਨ । ਬਣਿਆ ਰਹੇ ਸੱਜਣ ਸੁਹੇਲਿਆ, ਹਰਿ ਸਦਾ ਸਦਾ ਮਿਹਰਵਾਨ । ਜੋਤ ਨਿਰੰਜਣ ਚਾੜ੍ਹੇ ਤੇਲਿਆ, ਪੁਰਖ ਅਬਿਨਾਸ਼ੀ ਵੇਖੇ ਆਣ । ਆਪੇ ਜਾਣੇ ਆਪਣਾ ਵਕਤ ਵੇਲਿਆ, ਆਪਣੀ ਥਿਤ ਵਾਰ ਆਪੇ ਲਏ ਵਖਾਨ । ਅਚਰਜ ਖੇਲ ਪਾਰਬ੍ਰਹਮ ਕਲਜੁਗ ਖੇਲਿਆ, ਨਿਰਗੁਣ ਰੂਪ ਬਲੀ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਵਿਚ ਜਹਾਨ । ਦੋ ਜਹਾਨਾਂ ਖੇਲ ਖਲੰਦੜਾ, ਇਕ ਇਕੱਲਾ ਏਕੰਕਾਰ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕੰਦੜਾ, ਜੁਗ ਚੌਕੜੀ ਕਰ ਖ਼ਵਾਰ । ਸਾਚਾ ਮਾਰਗ ਇਕ ਵਖੰਦੜਾ, ਸਤਿ ਸਤਿਵਾਦੀ ਸਾਚੀ ਧਾਰ । ਪੁਰਖ ਅਕਾਲ ਇਸ਼ਟ ਇਕ ਰਖੰਦੜਾ, ਨਿਰਗੁਣ ਸਰਗੁਣ ਦਏ ਅਧਾਰ । ਸ਼ਬਦ ਗੁਰ ਸਰਬ ਵਖੰਦੜਾ, ਪੰਜ ਤਤ ਨਾ ਕੋਇ ਪਿਆਰ । ਬ੍ਰਹਮ ਪਾਰਬ੍ਰਹਮ ਕਰੇ ਬੰਦਨਾ, ਜੀਵ ਈਸ਼ ਕਰੇ ਨਿਮਸਕਾਰ । ਨਿਰਗੁਣ ਬੰਨ੍ਹੇ ਸਾਚਾ ਤੰਦਨਾ, ਸਰਗੁਣ ਨਾਤਾ ਛੁੱਟ ਨਾ ਜਾਏ ਵਿਚ ਸੰਸਾਰ । ਜਿਸ ਜਨ ਹਰਿ ਹਰਿ ਗਾਇਆ ਬੱਤੀ ਦੰਦਨਾ, ਕਲਜੁਗ ਲੇਖਾ ਚੁੱਕੇ ਚਾਰ ਲੱਖ ਬੱਤੀ ਹਜ਼ਾਰ । ਦਿਵਸ ਰੈਣ ਆਠੇ ਪਹਿਰ ਪਰਮਾਨੰਦਨਾ, ਲੱਗੇ ਅੱਗ ਨਾ ਤਤੀ ਹਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸਾਚਾ ਵਰ, ਕਰੇ ਪਰਕਾਸ਼ ਬਹੱਤਰ ਨਾੜ । ਬਹੱਤਰ ਨਾੜੀ ਦੇਵੇ ਚਾਨਣ, ਚਿਤਵਤ ਠਗੌਰੀ ਕੋਇ ਨਾ ਪਾਈਆ । ਜਿਸ ਜਨ ਫੜਾਏ ਆਪਣਾ ਦਾਮਨ, ਦਾਮਨਗੀਰ ਹੋਏ ਸਹਾਈਆ । ਨੇੜ ਨਾ ਆਏ ਕਾਮਨੀ ਕਾਮਨ, ਧੀਰਜ ਜਤ ਸਤਿ ਇਕ ਵਖਾਈਆ । ਮੇਟੇ ਰੈਣ ਅੰਧੇਰੀ ਸ਼ਾਮਨ, ਸਾਚਾ ਨੂਰ ਕਰ ਰੁਸ਼ਨਾਈਆ । ਕਾਇਆ ਖੇੜਾ ਵਸਾਏ ਗਰਾਮਨ, ਘਰ ਘਰ ਵਿਚ ਮੇਲ ਮਿਲਾਈਆ । ਸਤਿਗੁਰ ਪੂਰਾ ਗੁਰਮੁਖਾਂ ਹੋਏ ਆਪੇ ਜ਼ਾਮਨ, ਵੇਲੇ ਅੰਤ ਲਏ ਛੁਡਾਈਆ । ਬੇੜਾ ਕੋਈ ਨਾ ਕਰੇ ਅੰਤਮ ਪਾਰ, ਮੁਲਾ ਸ਼ੇਖ਼ ਪੰਡਤ ਪਾਂਧੇ ਜਗਤ ਗ੍ਰੰਥੀ ਹੋਏ ਨਾ ਕੋਇ ਸਹਾਈਆ । ਸਰਬ ਜੀਆਂ ਦਾ ਏਕਾ ਰਾਮਨ, ਆਦਿ ਜੁਗਾਦਿ ਏਕਾ ਰਾਮ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਆਪੇ ਫੜ, ਆਪੇ ਲੇਖਾ ਦਏ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਇਕ ਭਗਵੰਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ ।

## ✻ ੩ ਮੱਘਰ ੨੦੧੭ ਬਿਕ੍ਰਮੀ ਪਸ਼ੌਰਾ ਸਿੰਘ ਦੇ ਘਰ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਣ ਸਦ ਮਿਹਰਵਾਨ, ਆਦਿ ਅੰਤ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਖੇਲ ਮਹਾਨ, ਨਿਰਗੁਣ ਨਿਰਵੈਰ ਆਪ ਕਰਾਈਆ । ਏਕੰਕਾਰਾ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਚਾ ਕਾਹਨ, ਇਕ ਇਕੱਲਾ ਨਾਉਂ ਪਰਗਟਾਈਆ । ਸ੍ਰੀ ਭਗਵਾਨ ਵਾਲੀ ਦੋ ਜਹਾਨ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਭੇਵ ਨਾ ਰਾਈਆ । ਪਾਰਬ੍ਰਹਮ ਆਪ ਆਪਣਾ ਲਏ ਉਪਾ, ਨਾਮ ਨਾਮਾ ਆਪ ਉਪਾਈਆ । ਸਚਖੰਡ ਦਵਾਰ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਈ ਛੁਹਾਈਆ । ਆਪਣੀ ਇਛਿਆ ਆਪਣੇ ਵਿਚ ਧਰਾ, ਲੇਖਾ ਜਾਣੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰਾ, ਆਪੇ ਬੰਨ੍ਹੇ ਆਪਣੀ ਧਾਰਾ, ਆਦਿ ਪੁਰਖ ਨਾਉਂ ਧਰਾਈਆ । ਆਦਿ ਪੁਰਖ ਸਚਖੰਡ, ਦਰ ਘਰ ਸਾਚਾ ਵੇਸ ਵਟਾਇੰਦਾ । ਆਪਣੇ ਅੰਦਰ ਆਪ ਆਪੇ ਕਰੇ ਬੰਦ, ਦੂਸਰ ਸੰਗ ਨਾ ਕੋਈ ਰਖਾਇੰਦਾ । ਕਰੇ ਖੇਲ ਗਹਿਰ ਗੰਭੀਰ ਗੁਣੀ ਗਹਿੰਦ, ਭੇਵ ਅਭੇਦਾ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਕਲ ਆਪ ਵਰਤਾਇੰਦਾ । ਕਲ ਵਰਤੇ ਅਕਲ ਕਲ ਧਾਰ, ਮਹਿਮਾ ਅਕਥ ਕਥੀ ਨਾ ਜਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਏਕੰਕਾਰਾ ਕਰੇ ਪਿਆਰ, ਆਦਿ ਨਿਰੰਜਣ ਮੇਲਾ ਸਹਿਜ ਸੁਭਾਈਆ । ਅਬਿਨਾਸੀ ਕਰਤਾ ਮੀਤ ਮੁਰਾਰ, ਸ੍ਰੀ ਭਗਵਾਨ ਦਏ ਮਿਲਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣੀ ਆਪ ਲਏ ਅੰਗੜਾਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਆਪਣਾ ਮੰਦਰ ਸੋਭਾ ਪਾਈਆ । ਕਰੇ ਕਰਾਏ ਸਾਚੀ ਕਾਰ, ਕਰਤਾ ਪੁਰਖ ਕਰਨੀ ਕਿਰਤ ਆਪ ਕਮਾਈਆ । ਘਾੜਤ ਘੜੇ ਅਗੰਮ ਅਪਾਰ, ਘੜਨ ਭੰਨਣਹਾਰ ਪੁਰਖ ਸਮਰਥ ਰੂਪ ਰੰਗ ਰੇਖ ਨਾ ਕੋਈ ਜਣਾਈਆ । ਆਪਣੀ ਪਰਗਟਾਏ ਆਪੇ ਵਥ, ਵੇਖਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਰਿ ਵੱਡਾ ਸਾਹਿਬ ਸੁਲਤਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਆਪੇ ਹੋਏ ਜਾਣੀ ਜਾਣ, ਜਾਨਣਹਾਰ ਦਿਸ ਨਾ ਆਇੰਦਾ । ਦਰਗਹਿ ਸਾਚੀ ਹੋ ਪਰਧਾਨ, ਦਰ ਦਵਾਰ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਘਾੜਨ ਆਪ ਘੜਾਇੰਦਾ । ਸਾਚਾ ਘਾੜਨ ਘੜਨਹਾਰਾ, ਏਕਾ ਰੰਗ ਸਮਾਇਆ । ਆਪਣੇ ਮੰਦਰ ਵੜਨਹਾਰਾ, ਰੂਪ ਅਨੂਪ ਬੇਪਰਵਾਹਿਆ । ਆਪਣੀ ਕਰਨੀ ਆਪੇ ਕਰਨਹਾਰਾ, ਘਰ ਘਰ ਵੇਖੇ ਹਰ ਘਟ ਥਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਸਾਚਾ ਘਰ, ਏਕਾ ਵਸੇ ਹਰਿ ਹਰਿ, ਦੂਸਰ ਰੂਪ ਨਾ ਕੋਇ ਦਰਸਾਇਆ । ਸਚਖੰਡ ਦੁਆਰਾ ਕਰ ਤਿਆਰ, ਅਨਭਵ ਆਪਣਾ ਰੂਪ ਪਰਗਟਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਖੇਲੇ ਖੇਲ ਸਹਿਜ ਸੁਖਦਾਈਆ । ਨਿਰਗੁਣ ਦਾਤਾ ਬੇਐਬ ਪਰਵਰਦਿਗਾਰ, ਜਲਵਾ ਨੂਰ ਨੂਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਆਪ ਸੁਹਾਈਆ । ਹਰਿ ਮੰਦਰ ਸੋਭਾਵੰਤ, ਸਚਖੰਡ

੧੪੫੩

ਦਵਾਰਾ ਆਪ ਸੁਹਾਇਆ । ਪੁਰਖ ਅਬਿਨਾਸ਼ੀ ਏਕਾ ਕੰਤ, ਨਿਰਗੁਣ ਬੈਠਾ ਆਸਣ ਲਾਇਆ । ਸਾਚੇ ਤਖ਼ਤ ਬਣਾਏ ਬਣਤ, ਸਾਚੇ ਤਖ਼ਤ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪੇ ਚੜ੍ਹ, ਆਪ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਆਪ ਵਰਤਾਇੰਦਾ, ਆਪ ਆਪਣੀ ਕਿਰਪਾ ਧਾਰ । ਆਪ ਆਪਣਾ ਨਾਉਂ ਸੁਣਾਇੰਦਾ, ਨਿਰਗੁਣ ਨਿਰਗੁਣ ਕਰ ਪੁਕਾਰ । ਦਰ ਘਰ ਸਾਚੇ ਖੇਲ ਖਿਲਾਇੰਦਾ, ਤਖ਼ਤ ਨਿਵਾਸੀ ਬਣ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਲੱਖ ਅਗੋਚਰ ਅਗੰਮ ਅਪਾਰ । ਅਲੱਖ ਅਗੋਚਰ ਖੇਲ ਖਿਲਾਇਆ, ਪਾਰਬ੍ਰਹਮ ਭੇਵ ਨਾ ਆਇੰਦਾ । ਆਪਣਾ ਹੁਕਮ ਆਪ ਜਣਾਇਆ, ਆਪਣਾ ਲੇਖਾ ਆਪਣੇ ਵਿਚ ਟਿਕਾਇੰਦਾ । ਆਪਣੇ ਤਖ਼ਤ ਆਪੇ ਆਸਣ ਲਾਇਆ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਆਪਣੀ ਸੇਵਾ ਆਪ ਕਮਾਇਆ, ਦਰ ਦਰਬਾਨ ਨਾ ਕੋਈ ਰਖਾਇੰਦਾ । ਸੀਸ ਜਗਦੀਸ ਆਪ ਨਾ ਕੋਈ ਝੁਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਨਾਉਂ ਆਪ ਧਰਾਇੰਦਾ । ਨਾਉਂ ਨਿਰੰਕਾਰਾ ਆਪੇ ਧਰ, ਆਪਣਾ ਖੇਲ ਆਪ ਖਲਾਈਆ । ਆਪ ਵਸੇ ਆਪਣੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਆਪੇ ਬਹੈ ਅੰਦਰ ਵੜ, ਸਚ ਸਿੰਘਾਸਣ ਸੋਭਾ ਪਾਈਆ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਆਪੇ ਵਰ, ਆਪਣੀ ਝੋਲੀ ਆਪੇ ਅੱਗੇ ਡਾਹੀਆ । ਆਪੇ ਬਣੇ ਖਿਲਾਰੀ, ਹਰਿ ਸੱਚੀ ਖੇਲ ਖਿਲਾਇੰਦਾ । ਆਪੇ ਬਣੇ ਭੰਡਾਰੀ, ਆਪਣੀ ਵਸਤ ਆਪੇ ਝੋਲੀ ਪਾਇੰਦਾ । ਆਪੇ ਨਿਰਗੁਣ ਜੋਤ ਜਗੇ ਨਿਰੰਕਾਰੀ, ਆਪੇ ਸੁੰਨ ਸਮਾਧ ਸਮਾਇੰਦਾ । ਆਪੇ ਵਸੇ ਧਾਮ ਨਿਆਰੀ, ਨੇਹਚਲ ਧਾਮ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਆਪੇ ਵਰ, ਆਪਣੀ ਭਿਛਿਆ ਆਪ ਵਰਤਾਇੰਦਾ । ਆਪਣੀ ਭਿਛਿਆ ਆਪੇ ਮੰਗ, ਹਰਿ ਸਾਚਾ ਖੇਲ ਖਿਲਾਇੰਦਾ । ਨਿਰਗੁਣ ਚਾੜ੍ਹੇ ਨਿਰਗੁਣ ਰੰਗ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਨਾਮ ਨਿਰਗੁਣ ਮਰਦੰਗ, ਨਿਰਗੁਣ ਤਾਲ ਵਜਾਇੰਦਾ । ਨਿਰਗੁਣ ਸਾਥੀ ਨਿਰਗੁਣ ਸੰਗ, ਨਿਰਗੁਣ ਸਗਲਾ ਸੰਗ ਨਿਭਾਇੰਦਾ । ਨਿਰਗੁਣ ਲਾਏ ਆਪਣੇ ਅੰਗ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਵੇਖੇ ਨਿਰਗੁਣ ਪੰਧ, ਦੂਸਰ ਭੇਵ ਨਾ ਕੋਈ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਏਕਾ ਵਰ, ਆਪਣਾ ਭੇਵ ਆਪ ਖੁਲਾਇੰਦਾ । ਆਪਣਾ ਭੇਵ ਖੁਲਾਵਣਹਾਰਾ, ਏਕਾ ਹੁਕਮ ਜਣਾਇੰਦਾ । ਨਿਰਗੁਣ ਖੇਲ ਕਰੇ ਅਗੰਮ ਅਪਾਰਾ, ਆਪ ਆਪਣੀ ਧਾਰ ਚਲਾਇੰਦਾ । ਆਪੇ ਬਣਿਆ ਰਹੇ ਨਿਹਕਲੰਕ ਆਦਿ ਅੰਤ ਨਾ ਪਾਰਾਵਾਰਾ, ਵਾਰ ਥਿਤ ਨਾ ਕੋਈ ਵਖਾਇੰਦਾ । ਦੂਸਰ ਦਿਸੇ ਨਾ ਕੋਈ ਦਵਾਰਾ, ਮੰਗਣ ਦਰ ਨਾ ਕਿਸੇ ਜਾਇੰਦਾ । ਆਪੇ ਵਣਜ ਆਪ ਵਣਜਾਰਾ, ਹੱਟ ਹਟਵਾਣਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਨਿਹਕਲੰਕ, ਸੋ ਪੁਰਖ ਨਿਰੰਜਣ ਨਾਉਂ ਧਰਾਈਆ । ਹਰਿ ਪੁਰਖ ਨਿਰੰਜਣ ਸੁਹਾਏ ਆਪਣਾ ਬੰਕ, ਏਕੰਕਾਰਾ ਵੇਖੇ ਥਾਉਂ ਥਾਈਆ । ਆਦਿ ਨਿਰੰਜਣ ਮਹਿਮਾ ਅਗਣਤ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਸਾਚਾ ਕੰਤ, ਕੰਤ ਕੰਤੂਹਲ ਆਪ ਅਖਵਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਬਣਤ, ਆਪਣਾ ਨਾਉਂ ਆਪ ਵਡਿਆਈਆ ।

ਪਾਰਬ੍ਰਹਮ ਦਰ ਦਰਵੇਸ਼ ਰਹੇ ਮੰਗਤ, ਸੀਸ ਜਗਦੀਸ਼ ਆਪਣੀ ਖੇਲ ਆਪ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਆਪਣਾ ਭੇਵ ਦਏ ਖੁਲ੍ਹਾਈਆ । ਹਰਿ ਕਾ ਰੂਪ ਨਿਹਕਲੰਕ, ਅਨਭਵ ਪਰਕਾਸ਼ਿਆ । ਸੋ ਪੁਰਖ ਨਿਰੰਜਣ ਨਿਹਕਲੰਕ, ਆਦਿ ਜੁਗਾਦਿ ਨਾ ਕਦੇ ਵਿਨਾਸਿਆ । ਹਰਿ ਪੁਰਖ ਨਿਰੰਜਣ ਨਿਹਕਲੰਕ, ਸਚਖੰਡ ਦਵਾਰੇ ਪਾਵੇ ਰਾਸਿਆ । ਏਕੰਕਾਰਾ ਨਿਹਕਲੰਕ, ਆਪਣਾ ਜਾਣੇ ਆਪ ਭਰਵਾਸਿਆ । ਆਦਿ ਨਿਰੰਜਣ ਨਿਹਕਲੰਕ, ਜੋਤੀ ਜੋਤ ਸਦਾ ਪਰਕਾਸਿਆ । ਸ੍ਰੀ ਭਗਵਾਨ ਨਿਹਕਲੰਕ, ਵੇਖਣਹਾਰ ਖੇਲ ਤਮਾਸ਼ਿਆ । ਅਬਿਨਾਸ਼ੀ ਕਰਤਾ ਨਿਹਕਲੰਕ, ਆਪਣੀ ਕਰੇ ਆਪੇ ਪੂਰੀ ਆਸਿਆ । ਪਾਰਬ੍ਰਹਮ ਪ੍ਰਭ ਨਿਹਕਲੰਕ, ਸੇਵਕ ਸੇਵਕ ਬਣਿਆ ਰਹੇ ਦਾਸੀ ਦਾਸੀਆ । ਸ਼ਬਦ ਅਨਾਦੀ ਨਿਹਕਲੰਕ, ਸਚਖੰਡ ਦਵਾਰੇ ਕਰੇ ਵਾਸਿਆ । ਬ੍ਰਹਮਾ ਵਿਸ਼ਨ ਸ਼ਿਵ ਧਾਰ ਨਿਹਕਲੰਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪੇ ਜਾਣੇ ਲੇਖਾ ਆਪਣੇ ਦਰ, ਆਪਣੇ ਘਰ ਆਪ ਕਰੇ ਨਿਵਾਸਿਆ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਧਾਰ, ਨਿਹਕਲੰਕ ਨਿਰਗੁਣ ਰੂਪ ਆਪ ਪਰਗਟਾਈਆ । ਆਪੇ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਮਹੱਲ ਲਏ ਉਸਾਰ, ਨਿਹਕਲੰਕ ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਰਵ ਸਸ ਲਏ ਉਭਾਰ, ਨਿਹਕਲੰਕ ਹਰਿ ਜੋਤੀ ਜੋਤ ਜਗਾਈਆ । ਆਪੇ ਸ਼ਬਦ ਨਾਦ ਧੁਨਕਾਰ, ਬੋਧ ਅਗਾਧ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਖੇਲ ਅਪਾਰਾ, ਹਰਿ ਸਾਚਾ ਆਪ ਕਰਾਇੰਦਾ । ਸੇਵਾ ਲਾਏ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਦੇਵਣਹਾਰਾ ਸਤਿ ਭੰਡਾਰਾ, ਸਚ ਵਸਤ ਝੋਲੀ ਪਾਇੰਦਾ । ਕਰੇ ਖੇਲ ਘੜਨ ਭੰਨਣਹਾਰਾ, ਸਾਚੀ ਘਾੜਤ ਆਪ ਘੜਾਇੰਦਾ । ਲੇਖਾ ਜਾਣੇ ਅੰਤਮ ਵਾਰਾ, ਸਤਿ ਸੰਗਾਰਾ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣਾ ਬਲ ਆਪ ਰਖਾਇੰਦਾ । ਨਿਹਕਲੰਕ ਸ੍ਰੀ ਭਗਵਾਨ, ਦੂਸਰ ਦਰ ਨਾ ਕੋਈ ਜਣਾਈਆ । ਸਚਖੰਡ ਦਵਾਰੇ ਵਸੇ ਵਡ ਮਿਹਰਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਦਰਗਹਿ ਸਾਚੀ ਝੁਲਾਏ ਇਕ ਨਿਸ਼ਾਨ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਦੇਵਣਹਾਰਾ ਧੁਰ ਫ਼ਰਮਾਣ, ਬੇਐਬ ਨਾਮ ਖ਼ੁਦਾਈਆ । ਸ਼ਬਦੀ ਸ਼ਬਦ ਕਰ ਬਲਵਾਨ, ਸੁਤ ਦੁਲਾਰਾ ਵੇਖ ਵਖਾਈਆ । ਵਿਸ਼ਨੂੰ ਦੇਵਣਹਾਰਾ ਦਾਨ, ਏਕਾ ਵਸਤ ਝੋਲੀ ਪਾਈਆ । ਬ੍ਰਹਮੇ ਬਖ਼ਸ਼ੇ ਇਕ ਗਿਆਨ, ਨਿਸ਼ਅੱਖਰ ਨਾਮ ਸੁਣਾਈਆ । ਸ਼ੰਕਰ ਕਰੇ ਆਪ ਕਲਿਆਨ, ਸਿਰ ਆਪਣਾ ਹੱਥ ਟਿਕਾਈਆ । ਬਣ ਵਿਚੋਲਾ ਨਿਗਹਬਾਨ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਪੁਰਖ ਅਕਾਲ, ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਦਰਗਹਿ ਸਾਚੀ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਏਕਾ ਹੁਕਮ ਆਪ ਵਰਤਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਅੰਦਰ ਹੋ ਉਜਿਆਰ, ਏਕਾ ਚੇਲਾ ਰੂਪ ਦਰਸਾਇੰਦਾ । ਏਕਾ ਨਾਦ ਸੱਚੀ ਧੁਨਕਾਰ, ਗ੍ਰਹਿ ਗ੍ਰਹਿ ਆਪਣਾ ਨਾਦ ਵਜਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਦਵਾਰਾ ਇਕ ਵਖਾਇੰਦਾ । ਰੂਪ ਅਨੂਪ ਸੱਚੀ ਸਰਕਾਰ, ਸਵਛ ਸਰੂਪੀ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਅਗੰਮ ਅਪਾਰ ਆਪਣੇ ਹੱਥ ਰਖਾਇੰਦਾ । ਸਾਚੀ

੧੪੫੪ ੦੯

ਧਾਰ ਆਦਿ ਨਿਰੰਜਣ, ਆਪਣੇ ਹੱਥ ਰਖਾਈਆ । ਆਪੇ ਹੋਏ ਦਰਦ ਦੁੱਖ ਭੈ ਭੰਜਣ, ਸਗਲਾ ਸੰਗ ਆਪ ਨਿਭਾਈਆ । ਆਪੇ ਬਖ਼ਸ਼ੇ ਚਰਨ ਧੂੜ ਨੇਤਰ ਅੰਜਣ, ਗਿਆਨ ਗਿਆਨ ਵਿਚ ਚਮਕਾਈਆ । ਆਪੇ ਬਖ਼ਸ਼ੇ ਸਾਚੇ ਮਜਨ, ਚਰਨ ਸਰੋਵਰ ਇਕ ਨੁਹਾਈਆ । ਆਪੇ ਬਣੇ ਸਾਚਾ ਸੱਜਣ, ਸਾਖ਼ਯਾਤ ਰੂਪ ਪਰਗਟਾਈਆ । ਆਪੇ ਹੋਏ ਪਰਦਾ ਕੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਬੇਪਰਵਾਹੀਆ । ਇਕ ਇਕੱਲਾ ਸਚ ਮਹੱਲਾ, ਸਤਿ ਪੁਰਖ ਨਿਰੰਜਣ ਆਪ ਸੁਹਾਇੰਦਾ । ਵਸਣਹਾਰਾ ਉਚ ਅਟੱਲਾ, ਨੇਹਚਲ ਆਪਣਾ ਗੜ੍ਹ ਬਣਾਇੰਦਾ । ਆਪਣੀ ਜੋਤੀ ਆਪੇ ਰਲਾ, ਜੋਤੀ ਜੋਤ ਆਪ ਸਮਾਇੰਦਾ । ਆਪਣਾ ਫੜੇ ਆਪੇ ਪੱਲਾ, ਦਾਮਨਗੀਰ ਆਪ ਹੋ ਜਾਇੰਦਾ । ਆਪਣਾ ਸ਼ਬਦ ਸੰਦੇਸ਼ ਆਪੇ ਘੱਲਾ, ਆਪਣਾ ਨਾਮ ਆਪ ਪਰਗਟਾਇੰਦਾ । ਆਪੇ ਕਰੇ ਵਲ ਛਲਾ, ਅਛਲ ਛਲਧਾਰੀ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਰਚਨਾ ਆਪੇ ਵੇਖ ਵਖਾਇੰਦਾ । ਆਪਣੀ ਰਚਨਾ ਵੇਖਣਹਾਰਾ, ਏਕੰਕਾਰਾ ਨਾਉਂ ਧਰਾਇੰਦਾ । ਨਿਰਗੁਣ ਨਿਰਗੁਣ ਪਾਵੇ ਸਾਰਾ, ਰੂਪ ਰੇਖ ਰੰਗ ਨਾ ਕੋਇ ਜਣਾਇੰਦਾ । ਕਰੇ ਕਰਾਏ ਸਾਚੀ ਕਾਰਾ, ਕਰਤਾ ਪੁਰਖ ਕਲ ਵਰਤਾਇੰਦਾ । ਤਿੰਨਾਂ ਮੀਤਾ ਇਕ ਦਵਾਰਾ, ਏਕਾ ਰੀਤਾ ਆਪ ਦਰਸਾਇੰਦਾ । ਠਾਂਡਾ ਸੀਤਾ ਧੁਰ ਦਰਬਾਰਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਵਡ ਦੇਵੀ ਦੇਵ ਆਪ ਜਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਹਰਿ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਸਾਚੀ ਸੇਵਾ ਇਕ ਵਖਾਇੰਦਾ, ਦੇਵੇ ਧੁਰ ਫ਼ਰਮਾਣ । ਤ੍ਰੈਗੁਣ ਵਸਤ ਝੋਲੀ ਪਾਇੰਦਾ, ਪੰਚਮ ਦੇਵਣਹਾਰਾ ਮਾਣ । ਨੌ ਨੌ ਚਾਰ ਖੇਲ ਖਿਲਾਇੰਦਾ, ਭੇਵ ਅਭੇਦਾ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਵਖਾਏ ਇਕ ਨਿਸ਼ਾਨ । ਵਿਸ਼ਨ ਜਣਾਇਆ ਹਰਿ ਨਿਰੰਕਾਰ, ਭੁੱਲ ਰਹੇ ਨਾ ਰਾਈਆ । ਨਿਹਕਲੰਕ ਮੇਰਾ ਨਾਉਂ ਅਪਾਰ, ਨਾ ਮਰੇ ਨਾ ਜਾਈਆ । ਬ੍ਰਹਮੇ ਨੇਤਰ ਇਕ ਉਘਾੜ, ਨੈਣ ਨੈਣਾਂ ਦਏ ਦਰਸਾਈਆ । ਆਦਿ ਜੁਗਾਦੀ ਸਾਚਾ ਯਾਰ, ਮੀਤ ਮੁਰਾਰਾ ਇਕ ਅਖਵਾਈਆ । ਵਸਣਹਾਰਾ ਸਚਖੰਡ ਸੱਚੇ ਦਰਬਾਰ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸੱਚਾ ਇਕ ਅਖਵਾਈਆ । ਸ਼ਿਵ ਜਣਾਇਆ ਸ਼ੰਕਰ ਧਾਰ, ਸੰਸਾ ਰੋਗ ਰਹੇ ਨਾ ਰਾਇਆ । ਨਿਹਕਲੰਕਾ ਇਕ ਅਵਤਾਰ, ਆਦਿ ਜੁਗਾਦਿ ਸਮਾਇਆ । ਸ਼ਬਦ ਡੰਕਾ ਅਗੰਮ ਅਪਾਰ, ਨਾਦ ਅਨਾਦੀ ਨਾਦ ਵਜਾਇਆ । ਸੁਹਾਏ ਬੰਕਾ ਇਕ ਦਵਾਰ, ਵਾਰ ਅਨਕਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਖ਼ਤ ਨਿਵਾਸੀ ਭੇਵ ਨਾ ਰਾਇਆ । ਨਿਹਕਲੰਕ ਵਡ ਦਾਤਾਰਾ, ਇਕ ਇਕੱਲਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਭੰਡਾਰਾ, ਤ੍ਰੈਗੁਣ ਵਸਤ ਝੋਲੀ ਪਾਇੰਦਾ । ਪੰਜ ਤਤ ਦਏ ਆਧਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ ਖੇਲ ਖਿਲਾਇੰਦਾ । ਲੱਖ ਚੁਰਾਸੀ ਘਾੜਨ ਘੜ ਬਣ ਠਠਿਆਰਾ, ਚਾਰੇ ਖਾਣੀ ਵੰਡ ਵੰਡਾਇੰਦਾ । ਅੰਡਜ ਜੇਰਜ ਦਏ ਸਹਾਰਾ, ਉਤਭੁਜ ਸੇਤਜ ਮੇਲ ਮਿਲਾਇੰਦਾ । ਨੌ ਦਰ ਵੇਖੇ ਜਗਤ ਦਵਾਰਾ, ਨੌ ਖੰਡ ਸਾਚਾ ਵੇਸ ਵਟਾਇੰਦਾ । ਚਾਰ ਜੁਗ ਪਾਵੇ ਸਾਰਾ, ਚਾਰ ਵੇਦ ਆਪ ਪੜ੍ਹਾਇੰਦਾ । ਚਾਰ ਬਾਣੀ ਕਰੇ ਪੁਕਾਰਾ, ਚਾਰੇ ਖਾਣੀ ਬਹਿ ਸਮਝਾਇੰਦਾ । ਚਾਰ

ਵਰਨਾਂ ਦਏ ਅਧਾਰਾ, ਚਾਰ ਯਾਰੀ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣਾ ਵੇਸ ਆਪ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਸਾਚੀ ਵਸਤ ਝੋਲੀ ਪਾਈਆ । ਨੌ ਨੌ ਚਾਰ ਵਰਤੇ ਤੇਰਾ ਵਰਤਾਰ, ਜੂਨ ਅਜੂਨੀ ਖੇਲ ਖਿਲਾਈਆ । ਲੱਖ ਚੁਰਾਸੀ ਕਰ ਸ਼ੰਗਾਰ, ਤਨ ਮਾਟੀ ਆਪ ਸੁਹਾਈਆ । ਖੇਵਟ ਖੇਟਾ ਬਣ ਨਿਰੰਕਾਰ, ਜੁਗ ਜੁਗ ਬੇੜਾ ਲਏ ਚਲਾਈਆ । ਸਾਚੀ ਹਾਟੀ ਕਰੇ ਵਣਜ ਵਪਾਰ, ਨਾਮ ਭੰਡਾਰਾ ਇਕ ਵਰਤਾਈਆ । ਚੌਦਾਂ ਲੋਕ ਦਏ ਸਹਾਰ, ਲੋਕ ਪਰਲੋਕ ਆਪਣੇ ਹੱਥ ਰੱਖੇ ਵਡਿਆਈਆ । ਜੁਗਾ ਜੁਗੰਤਰ ਪਾਵੇ ਸਾਰ, ਆਪਣਾ ਮੰਤਰ ਆਪ ਚਲਾਈਆ । ਕਾਗਦ ਕਲਮ ਨਾ ਲਿਖਣਹਾਰ, ਹਰਿ ਕਾ ਭੇਵ ਨਾ ਕੋਇ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਲੋਕਮਾਤ ਵਰਤੇ ਵਰਤਾਰ, ਤ੍ਰੈ ਤ੍ਰੈ ਵੇਸ ਅਨੇਕ ਕਰਾਈਆ । ਪੰਜ ਤਤ ਤਤ ਉਜਿਆਰ, ਬ੍ਰਹਮ ਮਤ ਕਰੇ ਪੜ੍ਹਾਈਆ । ਗੁਰ ਪੀਰ ਲੇਖਾ ਜਾਣੇ ਅਵਤਾਰ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹੀਆ । ਭਗਤਨ ਦੇਵੇ ਨਾਮ ਆਧਾਰ, ਸਾਚੇ ਸੰਤ ਲਏ ਜਗਾਈਆ । ਗੁਰਮੁਖਾਂ ਖੋਲ੍ਹ ਕਿਵਾੜ, ਅੰਧ ਅੰਧੇਰਾ ਦਏ ਮਿਟਾਈਆ । ਗੁਰਸਿਖਾਂ ਨਾਤਾ ਤੋੜ ਪੰਚਮ ਧਾੜ, ਪੰਚ ਵਿਕਾਰਾ ਦਏ ਖਪਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਘਟ ਘਟ ਅੰਦਰ ਹੋ ਉਜਿਆਰ, ਜੋਤ ਨਿਰੰਜਣ ਦਏ ਜਗਾਈਆ । ਘਰ ਘਰ ਵਿਚ ਸਤਿ ਭੰਡਾਰ, ਉਲਟਾ ਕਵਲ ਨਾਭੀ ਆਪ ਭਰਾਈਆ । ਘਰ ਘਰ ਸ਼ਬਦ ਨਾਦ ਧੁਨਕਾਰ, ਅਨਹਦ ਸਾਚਾ ਤਾਲ ਵਜਾਈਆ । ਘਰ ਘਰ ਸਖ਼ੀਆਂ ਮੰਗਲਚਾਰ, ਘਰ ਘਰ ਗੀਤ ਗੋਬਿੰਦ ਗਾਈਆ । ਘਰ ਘਰ ਆਤਮ ਸੇਜਾ ਕਰੇ ਪਿਆਰ, ਘਰ ਘਰ ਵਿਚ ਹੋਏ ਸਹਾਈਆ । ੧੪੫੬ ਘਰ ਮੇਲਾ ਨਾਰੀ ਕੰਤ ਭਤਾਰ, ਘਰ ਵੱਜਦੀ ਰਹੇ ਵਧਾਈਆ । ਘਰ ਮਿਲੇ ਪੀਆ ਪ੍ਰੀਤਮ ਮੁਰਾਰ, ਆਤਮ ਬ੍ਰਹਮ ਪਾਰਬ੍ਰਹਮ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮਾ ਵਿਸ਼ਨ ਸ਼ਿਵ ਤੇਰਾ ਲੱਖ ਚੁਰਾਸੀ ਘਾੜਨ ਘੜ, ਜੁਗ ਜੁਗ ਵੇਖੇ ਸੱਚਾ ਸ਼ਹਿਨਸ਼ਾਹੀਆ । ਜੁਗ ਜੁਗ ਖੇਲ ਖਲਾਵਣਾ, ਨਿਰਗੁਣ ਸਰਗੁਣ ਸਾਚੀ ਧਾਰ । ਲੱਖ ਚੁਰਾਸੀ ਵੇਖ ਵਖਾਵਣਾ, ਘਟ ਭਾਂਡੇ ਹੋ ਉਜਿਆਰ । ਜੋਤੀ ਨੂਰ ਡਗਮਗਾਵਣਾ, ਮਿਟ ਜਾਏ ਅੰਧ ਅੰਧਿਆਰ । ਸਾਚਾ ਸਾਕੀ ਬਣ ਬਣ ਜਾਮ ਪਿਆਵਣਾ, ਭਰ ਪਿਆਲਾ ਏਕਾ ਵਾਰ । ਸਾਚਾ ਰਾਕੀ ਇਕ ਦੌੜਾਵਣਾ, ਸ਼ਬਦ ਘੋੜੇ ਹੋ ਅਸਵਾਰ । ਦੋ ਜਹਾਨਾਂ ਪੰਧ ਮੁਕਾਵਣਾ, ਲੇਖਾ ਜਾਣੇ ਆਵਣ ਜਾਣ । ਜਨ ਭਗਤਾਂ ਫੰਦ ਕਟਾਵਣਾ, ਮੇਲ ਮਿਲਾਏ ਸ੍ਰੀ ਭਗਵਾਨ । ਆਪਣਾ ਮੰਤਰ ਆਪ ਦ੍ਰਿੜਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਆਪਣਾ ਕਾਮ । ਹਰਿ ਸਾਚੀ ਕਾਰ ਕਰਾਇੰਦਾ, ਜੁਗਾ ਜੁਗੰਤਰ ਖੇਲ ਅਵੱਲਾ । ਨਿਰਗੁਣ ਸਰਗੁਣ ਰੂਪ ਧਰਾਇੰਦਾ, ਪੰਜ ਤਤ ਵੇਖੇ ਕਾਇਆ ਜਗਤ ਮਹੱਲਾ । ਗੁਰ ਗੁਰ ਆਪਣਾ ਨਾਉਂ ਧਰਾਇੰਦਾ, ਆਪਣੀ ਜੋਤ ਆਪੇ ਰਲਾ । ਆਪਣਾ ਨਾਉਂ ਆਪ ਪੜ੍ਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਲੇਖਾ ਪਾਰ ਕਰ, ਚਾਰ ਚਾਰ ਵੇਖ ਵਖਾਇੰਦਾ । ਚਾਰ ਚਾਰ ਹਰਿ ਵੇਖਣ ਆਇਆ, ਕਲਜੁਗ ਤੇਰੀ ਅੰਤਮ ਵਾਰ । ਵਿਸ਼ਨੂੰ ਵੰਸੀ ਨਾਲ ਰਖਾਇਆ, ਏਕਾ ਦੇਵੇ ਸ਼ਬਦ ਹੁਲਾਰ । ਬ੍ਰਹਮਾ ਭੁੱਲ ਰਹੇ ਨਾ ਰਾਇਆ, ਅਭੁੱਲ ਬਣੇ ਆਪ ਨਿਰੰਕਾਰ । ਸ਼ੰਕਰ ਸਾਚਾ ਮਾਰਗ ਵਖਾਇਆ, ਲੇਖਾ ਜਾਣੇ ਧੁਰ ਦਰਬਾਰ । ਤਿੰਨਾਂ ਵਚੋਲਾ ਬਣ ਕੇ ਆਇਆ, ਨਿਹਕਲੰਕ ਲੈ ਅਵਤਾਰ । ਰਾਓ ਰੰਕਾਂ ਭੇਵ ਨਾ ਰਾਇਆ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਚਲਾਇਆ । ਸਾਚੀ ਧਾਰ ਚਲਾਵਣਹਾਰਾ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰੋਵਣ ਜ਼ਾਰੋ ਜ਼ਾਰਾ, ਨੇਤਰ ਨੀਰ ਸਰਬ ਵਹਾਇੰਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਗਣ ਗੰਧਰਬ ਹਾਹਾਕਾਰਾ, ਖੰਡ ਬ੍ਰਹਿਮੰਡ ਧੀਰਜ ਧੀਰ ਨਾ ਕੋਇ ਵਖਾਇੰਦਾ । ਲੋਕਮਾਤ ਖੇਲ ਨਿਆਰਾ, ਚਾਰ ਵਰਨ ਅਠਾਰਾਂ ਬਰਨ ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਨਾਤਾ ਤੁੱਟਾ ਪੁਰਖ ਨਾਰਾ, ਵਿਭਚਾਰਾ ਸਰਬ ਕਮਾਇੰਦਾ । ਪੰਜ ਤਤ ਬਣਿਆ ਗੜ੍ਹ ਹੰਕਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਚ ਨਚਾਇੰਦਾ । ਆਸਾ ਤ੍ਰਿਸ਼ਨਾ ਕਰ ਸ਼ੰਗਾਰਾ, ਮਾਇਆ ਮਮਤਾ ਮੇਲ ਮਿਲਾਇੰਦਾ । ਮਨ ਮਨੂਆ ਬਣਿਆ ਝੂਠ ਸਿਕਦਾਰਾ, ਸਾਚਾ ਵਣਜ ਨਾ ਕੋਇ ਵਖਾਇੰਦਾ । ਬੁਧ ਮਤ ਮਤ ਬੁਧ ਨਾ ਕਰੇ ਕੋਇ ਵਿਚਾਰਾ, ਸਚ ਬਬੇਕ ਨਾ ਕੋਇ ਜਣਾਇੰਦਾ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਰਸਨਾ ਜਿਹਵਾ ਸਰਬ ਹਲਾਇੰਦਾ । ਬੱਤੀ ਦੰਦ ਗੌਣ ਵਾਰੋ ਵਾਰਾ, ਕਮਲਾਪਾਤੀ ਮੇਲ ਨਾ ਕੋਇ ਮਿਲਾਇੰਦਾ । ਘਰ ਮੰਦਰ ਅੰਦਰ ਨਾ ਹੋਏ ਉਜਿਆਰਾ, ਜੋਤ ਨਿਰੰਜਣ ਦੀਪਕ ਬਾਤੀ ਨਾ ਕੋਇ ਜਗਾਇੰਦਾ । ਘਰ ਮਿਲੇ ਨਾ ਅੰਮ੍ਰਿਤ ਠੰਡਾ ਠਾਰਾ, ਤੀਰਥ ਤਾਲ ਸਰਬ ਜਗਤ ਨੁਹਾਇੰਦਾ । ਘਰ ਵੱਜੇ ਨਾ ਸ਼ਬਦ ਅਨਹਦ ਧੁਨਕਾਰਾ, ਤਾਲ ਤਲਵਾੜਾ ਸਭ ਵੇਖ ਵਖਾਇੰਦਾ । ਘਰ ਮਿਲੇ ਨਾ ਮੀਤ ਮੁਰਾਰਾ, ਉਚੀ ਕੂਕ ਕੂਕ ਜੀਵ ਜੰਤ ਕੁਰਲਾਇੰਦਾ । ਘਰ ਕਰੇ ਨਾ ਕੋਇ ਸਚ ਸ਼ੰਗਾਰਾ, ਕਲਜੁਗ ਕੱਪੜ ਸਰਬ ਹੰਢਾਇੰਦਾ । ਘਰ ਸੋਹੇ ਨਾ ਸੇਜ ਕੰਤ ਭਤਾਰਾ, ਜਗਤ ਸੂਲਾਂ ਸੇਜ ਸਰਬ ਹੰਢਾਇੰਦਾ । ਮਨ ਮਤ ਨਾਰ ਦੁਹਾਗਣ ਹੋਈ ਮਟਿਆਰਾ, ਚਾਰੋਂ ਕੁੰਟ ਨੌ ਖੰਡ ਸਤ ਦੀਪ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਰੂਪ ਧਰਾਇੰਦਾ । ਜੁਗ ਜੁਗ ਰੂਪ ਧਰਾਇੰਦਾ, ਨਿਰਗੁਣ ਸਰਗੁਣ ਜਾਮਾ ਧਾਰ । ਲੱਖ ਚੁਰਾਸੀ ਫੋਲ ਫੁਲਾਇੰਦਾ, ਉਤਭੁਜ ਸੇਤਜ ਜੇਰਜ ਅੰਡਜ ਪਾਵੇ ਸਾਰ । ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ, ਈਸ਼ ਜੀਵ ਦਏ ਆਧਾਰ । ਜਗਤ ਜਗਦੀਸ ਸੇਵ ਕਮਾਇੰਦਾ, ਨਰ ਨਰੇਸ਼ ਦਰ ਦਰਵੇਸ਼ ਬਣ ਦਰਬਾਨ । ਆਪਣਾ ਕੀਤਾ ਆਪੇ ਆਪ ਮਿਟਾਇੰਦਾ, ਸ਼ਬਦ ਸੁਣਾਏ ਧੁਰ ਫ਼ਰਮਾਣ । ਅਨਕ ਨਾਉਂ ਆਪਣੇ ਆਪ ਜਣਾਇੰਦਾ, ਸਹੰਸਰ ਮੁਖ ਨਾ ਸਕੇ ਕੋਇ ਪਛਾਣ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵਾ ਲਾਇੰਦਾ, ਤ੍ਰੈਗੁਣ ਅਤੀਤਾ ਦੇਵੇ ਧੁਰ ਫ਼ਰਮਾਣ । ਕਲਜੁਗ ਅੰਤਮ ਵੇਖ ਵਖਾਇੰਦਾ, ਪਰਗਟ ਹੋ ਹੋ ਵਾਲੀ ਦੋ ਜਹਾਨ । ਪੰਜ ਤਤ ਨਾ ਕੋਇ ਰਖਾਇੰਦਾ, ਮਨ ਮਤ ਬੁਧ ਨਾ ਕੋਇ ਧਿਆਨ । ਸਾਕ ਸੈਣ ਨਾ ਕੋਇ ਬਣਾਇੰਦਾ, ਮਾਤ ਪਿਤ ਨਾ ਕੋਇ ਜਹਾਨ । ਇਸ਼ਟ ਦੇਵ ਨਾ ਕੋਇ ਮਨਾਇੰਦਾ, ਇਕ ਇਕੱਲਾ ਸ੍ਰੀ ਭਗਵਾਨ । ਸਾਚੇ ਤਖ਼ਤ ਆਪ ਸੁਹਾਇੰਦਾ, ਸ਼ਾਹੋ ਭੂਪ ਰਾਜ ਰਾਜਾਨ । ਕਲਜੁਗ ਕੂੜੀ ਕਿਰਿਆ ਮੇਟ ਮਿਟਾਇੰਦਾ, ਏਕਾ ਮੰਤਰ ਦੇਵੇ ਨਾਮ ਗਿਆਨ । ਚਾਰੇ ਵਰਨਾਂ ਆਪ ਪੜ੍ਹਾਇੰਦਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮਾਰ ਵੇਖੇ ਇਕ ਧਿਆਨ । ਏਕਾ ਕਲਮਾ ਆਪ ਸੁਣਾਇੰਦਾ, ਨਬੀ ਰਸੂਲਾਂ ਪਾਵੇ ਆਣ । ਸ਼ਰਅ ਸ਼ਰੀਅਤ ਭੇਵ ਖੁਲਾਇੰਦਾ, ਲਾਸ਼ਰੀਕ ਵਡ ਮਿਹਰਵਾਨ । ਕਾਇਨਾਤ ਫੋਲ ਫੁਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਬਲੀ ਬਲਵਾਨ । ਨਿਹਕਲੰਕ ਸ੍ਰੀ ਭਗਵਾਨਾ, ਆਦਿ ਅੰਤ ਬੇਪਰਵਾਹੀਆ । ਜੁਗਾ ਜੁਗੰਤਰ ਖੇਲ ਮਹਾਨਾ, ਜਗਤ ਬਸੰਤਰ ਦਏ ਬੁਝਾਈਆ । ਆਪਣਾ ਨਾਉਂ ਮਾਰੇ ਤੀਰ ਨਿਸ਼ਾਨਾ,

ਤ੍ਰੈ ਤ੍ਰੈ ਲੋਕਾਂ ਪਾਰ ਕਰਾਈਆ । ਜਨ ਭਗਤਾਂ ਬੰਨ੍ਹੇ ਸਾਚਾ ਗਾਨਾਂ, ਸਤਿ ਸਰੂਪੀ ਸਾਚਾ ਸਗਨ ਮਨਾਈਆ । ਸੰਤਨ ਬਖ਼ਸ਼ੇ ਇਕ ਧਿਆਨਾ, ਚਰਨ ਕਵਲ ਸੱਚੀ ਸਰਨਾਈਆ । ਗੁਰਮੁਖਾਂ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਵੱਡੀ ਵਡਿਆਈਆ । ਗੁਰਸਿਖ ਸਾਚਾ ਚਤਰ ਸੁਘੜ ਸਿਆਣਾ, ਮੂਰਖ ਮੂੜੇ ਦਏ ਸਮਝਾਈਆ । ਏਕਾ ਰਾਗ ਸੁਣਾਏ ਤਰਾਨਾ, ਧੁਰ ਦੀ ਬਾਣੀ ਆਪ ਅਲਾਈਆ । ਪਰਾ ਪਸੰਤੀ ਆਪੇ ਗਾਏ ਗਾਣਾ, ਮਧਮ ਬੈਖਰੀ ਆਪ ਸੁਣਾਈਆ । ਘਟ ਘਟ ਅੰਦਰ ਕਰੇ ਪਛਾਣਾ, ਭੁੱਲ ਰਹੇ ਨਾ ਰਾਈਆ । ਮੇਟ ਮਿਟਾਏ ਜੀਵ ਨਿਧਾਨਾ, ਗੁਰ ਕਾ ਸ਼ਬਦ ਰਿਦੇ ਨਾ ਕੋਈ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਨਿਹਕਲੰਕਾ ਸੱਚਾ ਸ਼ਹਿਨਸ਼ਾਹ, ਸਤਿ ਸਤਿ ਆਪਣਾ ਨਾਉਂ ਧਰਾਇੰਦਾ । ਪਰਗਟ ਹੋਵੇ ਜਗਤ ਮਲਾਹ, ਭਗਤ ਭਗਵੰਤ ਵੇਖ ਵਖਾਇੰਦਾ । ਸੰਤਾਂ ਦੇਵੇ ਸਚ ਸਲਾਹ, ਸਿਫ਼ਤ ਸਲਾਹੀ ਆਪ ਅਖਵਾਇੰਦਾ । ਗੁਰਮੁਖਾਂ ਪਕੜਨਹਾਰਾ ਬਾਂਹ, ਡੁੱਬਦੇ ਪਾਥਰ ਆਪ ਤਰਾਇੰਦਾ । ਗੁਰਮੁਖਾਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਲੇਖਾ ਜਾਣੇ ਪਿਤਾ ਮਾਂ, ਬਾਲ ਅਵਾਣੇ ਗੋਦ ਬਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਸੋਹੰ ਸਾਚੀ ਚੋਗ ਚੁਗਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਬਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਏ ਜਗਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਭ ਦਾ ਲੇਖਾ ਦਏ ਸਮਝਾ, ਪੂਰਬ ਲਹਿਣਾ ਫੋਲ ਫੁਲਾਇੰਦਾ । ਵਿਸ਼ਨੂੰ ਵਿਸ਼ਨ ਨਾਲ ਰਲਾ, ਆਪ ਆਪਣਾ ਰੰਗ ਰੰਗਾਇੰਦਾ । ਬ੍ਰਹਮੇ ਚਾਰੇ ਵੇਦਾਂ ਦਏ ਜਣਾ, ਲੇਖਾ ਲੇਖ ਆਪ ਜਣਾਇੰਦਾ । ਸ਼ੰਕਰ ਤੇਰੀ ਤ੍ਰਸੂਲ ਦਏ ਸੁਟਾ, ਬਾਸ਼ਕ ਤਸ਼ਕਾ ਗਲੋਂ ਲਾਹਿੰਦਾ । ਨੌ ਨੌ ਲੇਖਾ ਆਪ ਚੁਕਾ, ਨੌ ਚਾਰ ਪੰਧ ਮੁਕਾਇੰਦਾ । ਕਲਜੁਗ ਜੇੜੀ ਦਏ ਕਟਾ, ਗਲ ਅਲਫੀ ਨਾ ਕੋਈ ਰਖਾਇੰਦਾ । ਲਾਲ ਭੂਸ਼ਨ ਤਨ ਨਾ ਸਕੇ ਕੋਈ ਛੁਹਾ, ਕੰਚਨ ਰੰਗ ਨਾ ਕੋਈ ਚੜ੍ਹਾਇੰਦਾ । ਸੂਹਾ ਵੇਸ ਨਾ ਸਕੇ ਕੋਈ ਵਟਾ, ਚਿੱਟੀ ਧਾਰੀ ਫੋਲ ਫੁਲਾਇੰਦਾ । ਪੰਚਮ ਵੇਖੇ ਥਾਉਂ ਥਾਂ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਕਲਜੁਗ ਕਾਲਾ ਸੂਸਾ ਲੇਖਾ ਜਾਣੇ ਈਸਾ ਮੂਸਾ, ਤਨ ਸ਼ੰਗਾਰ ਇਕ ਕਰਾਇੰਦਾ । ਤੀਸ ਬਤੀਸਾ ਜਾਣੇ ਹਦੀਸਾ, ਲਾਸ਼ਰੀਕ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਇਕ ਇਕੱਲਾ ਖੇਲ ਖਿਲਾਇੰਦਾ । ਨਿਹਕਲੰਕ ਨਰ ਨਰਾਇਣ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਸ਼ਬਦ ਅਨਾਦੀ ਏਕਾ ਕਹਿਣ, ਗੁਰ ਸ਼ਬਦ ਦਏ ਵਡਿਆਈਆ । ਭਗਤ ਭਗਵੰਤ ਬਣਾਏ ਸਾਕ ਸੱਜਣ ਸੈਣ, ਸਗਲਾ ਸੰਗ ਆਪ ਨਿਭਾਈਆ । ਸੰਤਾਂ ਚੁਕਾਏ ਲਹਿਣ ਦੇਣ, ਪੂਰਬ ਲੇਖਾ ਰਹੇ ਨਾ ਰਾਈਆ । ਗੁਰਸਿਖ ਗੁਰਮੁਖ ਹਰਿਜਨ ਸਦਾ ਰਸਨਾ ਕਹਿਣ, ਰਸਨਾ ਜਿਹਵਾ ਏਕਾ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬ੍ਰਹਮਾ ਵਿਸ਼ਨ ਸ਼ਿਵ ਬਖ਼ਸ਼ੇ ਇਕ ਸਰਨਾਈਆ । ਸ਼ੰਕਰ ਤੇਰਾ ਪੰਧ ਮੁਕਾਇਆ, ਥਿਰ ਕੋਇ ਰਹਿਣ ਨਾ ਪਾਈਆ । ਤੇਰਾ ਲੇਖਾ ਦਏ ਚੁਕਾਇਆ, ਭੋਲੇ ਨਾਥ ਸੇਵ ਲਗਾਈਆ । ਤਿੰਨ ਤਿੰਨਾਂ ਵੇਖਣਹਾਰਾ ਵੇਖਣ ਆਇਆ, ਭੁੱਲ ਰਹੇ ਨਾ ਰਾਈਆ । ਮੁਛ ਦਾੜ੍ਹੀ ਕੇਸ ਨਾ ਕੋਈ ਰਖਾਇਆ, ਨਾ ਕੋਈ ਮੂੰਡ ਮੁੰਡਾਈਆ । ਗੁਰ ਗੁਰ ਆਪਣਾ ਰੂਪ ਧਰਾਇਆ, ਗੋਬਿੰਦ ਰੂਪ ਅਨੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਾਦ ਅਨਾਦੀ ਖੇਲ ਖਿਲਾਈਆ । ਬ੍ਰਹਮਾ

ਬ੍ਰਹਮ ਵਖਾਇੰਦਾ, ਦੇਵੇ ਬ੍ਰਹਮ ਗਿਆਨ । ਤੇਰਾ ਵੇਲਾ ਅੰਤਮ ਆਇੰਦਾ, ਲੱਖ ਚੁਰਾਸੀ ਤੇਰਾ ਮਿਟੇ ਨਿਸ਼ਾਨ । ਜੋ ਘੜਿਆ ਭੰਨ ਵਖਾਇੰਦਾ, ਕਰੇ ਖੇਲ ਸ੍ਰੀ ਭਗਵਾਨ । ਤੇਰਾ ਪੰਧ ਆਪ ਮੁਕਾਇੰਦਾ, ਪਰਗਟ ਹੋਵੇ ਵਾਲੀ ਦੋ ਜਹਾਨ । ਤੇਰਾ ਭਾਰ ਆਪਣੇ ਕੰਧ ਉਠਾਇੰਦਾ, ਆਪੇ ਬਣੇ ਬਲੀ ਬਲਵਾਨ । ਜੋਧਾ ਸੂਰਬੀਰ ਆਪਣਾ ਨਾਉਂ ਧਰਾਇੰਦਾ, ਮਰਦ ਮਰਦਾਨਾ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਮਾਰੇ ਬਾਣ । ਵਿਸ਼ਨੂੰ ਤੇਰਾ ਖੇਲ ਜਣਾਇਆ, ਹਰਿ ਸਾਚਾ ਸਚ ਸਮਝਾਇੰਦਾ । ਸਾਂਗੋ ਪਾਂਗ ਸੇਜ ਹੰਢਾਇਆ, ਬਾਸ਼ਕ ਤਸ਼ਕਾ ਆਸਣ ਲਾਇੰਦਾ । ਚਰਨ ਦਵਾਰੇ ਇਕ ਬਹਾਇਆ, ਲਛਮੀ ਏਕਾ ਸੇਵ ਕਰਾਇੰਦਾ । ਦੇਵੀ ਦੇਵਾ ਅਲੱਖ ਅਭੇਵ ਪਾਰਬ੍ਰਹਮ ਅਬਿਨਾਸ਼ੀ ਵੇਖਣ ਆਇਆ, ਨਿਰਗੁਣ ਆਪਣਾ ਰੂਪ ਧਰਾਇੰਦਾ । ਏਕਾ ਗੁਣ ਤਿੰਨ ਚੇਲੇ ਲਏ ਸਮਝਾਇਆ, ਸਾਚਾ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਨਾਮ ਦਏ ਦ੍ਰਿੜਾਇਆ । ਵਿਸ਼ਨੂੰ ਦ੍ਰਿੜਾਏ ਹਰਿ ਹਰਿ ਮਿਹਰਵਾਨਾ, ਇਕ ਇਕੱਲਾ ਏਕੰਕਾਰਿਆ । ਬ੍ਰਹਮੇ ਦੇਵੇ ਇਕ ਗਿਆਨਾ, ਚਾਰੇ ਵੇਦਾਂ ਵੇਦ ਸਮਾ ਰਿਹਾ । ਸ਼ੰਕਰ ਬਖ਼ਸ਼ੇ ਏਕਾ ਮਾਣ, ਸਿਰ ਸਮਰਥ ਹੱਥ ਟਿਕਾ ਰਿਹਾ । ਅੰਤਮ ਲੇਖਾ ਚੁੱਕਾ ਕਾਨ, ਕਲਜੁਗ ਵੇਲਾ ਅੰਤਮ ਆ ਰਿਹਾ । ਧਰੇ ਜੋਤ ਸ੍ਰੀ ਭਗਵਾਨ, ਜੋਤੀ ਜਾਮਾ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਏਕਾ ਤਖ਼ਤ ਸੁਹਾ ਲਿਆ । ਹਰਿ ਮੰਦਰ ਤਖ਼ਤ ਸੁਹਾਇੰਦਾ, ਤਖ਼ਤ ਨਿਵਾਸੀ ਏਕੰਕਾਰ । ਪ੍ਰਭ ਪਾਰਬ੍ਰਹਮ ਆਸਣ ਲਾਇੰਦਾ, ਅਬਿਨਾਸ਼ੀ ਕਰਤਾ ਹੋ ਤਿਆਰ । ਸ੍ਰੀ ਭਗਵਾਨ ਸੋਭਾ ਪਾਇੰਦਾ, ਆਦਿ ਨਿਰੰਜਣ ਕਰੇ ਉਜਿਆਰ । ਏਕੰਕਾਰਾ ਖੇਲ ਖਿਲਾਇੰਦਾ, ਹਰਿ ਪੁਰਖ ਨਿਰੰਜਣ ਪਾਵੇ ਸਾਰ । ਸੋ ਪੁਰਖ ਨਿਰੰਜਣ ਡਗਮਗਾਇੰਦਾ, ਆਦਿ ਜੁਗਾਦੀ ਭੇਵ ਨਿਆਰ । ਸਚਖੰਡ ਦਵਾਰਾ ਇਕ ਵਡਿਆਇੰਦਾ, ਕਰੇ ਕਰਾਏ ਸਾਚੀ ਕਾਰ । ਸਾਚੀ ਘਾੜਤ ਆਪ ਘੜਾਇੰਦਾ, ਬਣਿਆ ਰਹੇ ਸੱਚਾ ਸੁਨਿਆਰ । ਸ਼ਬਦ ਠਗੌਰੀ ਆਪੇ ਪਾਇੰਦਾ, ਕਰੇ ਖੇਲ ਅਗੰਮ ਅਪਾਰ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਧਿਆਨ ਲਗਾਇੰਦਾ, ਤੇਰਾ ਅੰਤ ਨਾ ਪਾਰਾਵਾਰ । ਗੁਰ ਅਵਤਾਰ ਖੇਲ ਖਿਲਾਇੰਦਾ, ਲੋਕਮਾਤ ਸਾਚੀ ਕਾਰ । ਜੁਗ ਚੌਕੜੀ ਆਪ ਭਵਾਇੰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਨ੍ਹੇ ਧਾਰ । ਨੌ ਨੌ ਪੰਧ ਮੁਕਾਇੰਦਾ, ਵੇਖਣਹਾਰਾ ਚਾਰ ਚਾਰ । ਆਪਣਾ ਭਾਣਾ ਆਪਣੇ ਹੱਥ ਰਖਾਇੰਦਾ, ਵੇਦ ਪੁਰਾਨ ਸ਼ਾਸਤਰ ਸਿਮਰਤ ਪਾਏ ਨਾ ਕੋਈ ਸਾਰ । ਗੀਤਾ ਗਿਆਨ ਹਰਿ ਜਸ ਗਾਇੰਦਾ, ਅਠ ਦਸ ਕਰ ਵਿਚਾਰ । ਅੰਜੀਲ ਕੁਰਾਨਾਂ ਸਿਫਤ ਸਲਾਹਿੰਦਾ, ਸਿਫ਼ਤੀ ਸਿਫ਼ਤ ਭਰੇ ਭੰਡਾਰ । ਖਾਣੀ ਬਾਣੀ ਰੰਗ ਰੰਗਾਇੰਦਾ, ਰੰਗ ਰਤੜਾ ਆਪ ਨਿਰੰਕਾਰ । ਗੁਰ ਗੁਰ ਧਾਰਾ ਆਪ ਚਲਾਇੰਦਾ, ਆਦਿ ਜੁਗਾਦੀ ਸਾਚੀ ਕਾਰ । ਸ਼ਬਦ ਸ਼ਬਦੀ ਡੰਕ ਵਜਾਇੰਦਾ, ਲੋਕਮਾਤ ਸੁਣੇ ਸੁਣਾਏ ਸੁਣਨਹਾਰ । ਆਪਣੀ ਇਛਿਆ ਆਪੇ ਵੇਖ ਵਖਾਇੰਦਾ, ਕਰੇ ਖੇਲ ਅਪਰ ਅਪਾਰ । ਆਪਣੀ ਦੀਖਿਆ ਆਪਣੀ ਭੀਖਿਆ ਆਪੇ ਭਿਛਿਆ ਝੋਲੀ ਪਾਇੰਦਾ, ਆਪੇ ਹੋਏ ਦੇਵਣਹਾਰ । ਵੇਦ ਵਿਆਸਾ ਹਰਿ ਜਸ ਗਾਇੰਦਾ, ਪੁਰਾਨ ਅਠਾਰਾਂ ਲਏ ਉਚਾਰ । ਕਲਜੁਗ ਅੰਤਮ ਰਾਹ ਤਕਾਇੰਦਾ, ਨਿਹਕਲੰਕ ਲਏ ਅਵਤਾਰ । ਈਸਾ ਮੂਸਾ ਸਿਫ਼ਤ ਸਲਾਹਿੰਦਾ, ਮੁਖ ਕਲਮਾ ਨਬੀ ਉਚਾਰ । ਐਨਲਹਕ ਏਕਾ ਹਕ ਰਾਹ ਤਕਾਇੰਦਾ, ਨਾਮ ਹਕ ਪਰਵਰਦਿਗਾਰ । ਆਪਣੀ ਨਕਾਬ ਆਪੇ ਮੁਖ ਤੋਂ ਪਰਦਾ ਲਾਹਿੰਦਾ, ਨੂਰ ਨੁਰਾਨਾ ਜਲਵਾ ਕਰ ਉਜਿਆਰ ।



੧੪੫੯

ਏਕਾ ਅਲਫ਼ੀ ਗਲ ਹੰਢਾਇੰਦਾ, ਆਰਫ ਕੋਈ ਨਾ ਕਰੇ ਵਿਚਾਰ । ਆਪਣੀ ਧਾਰਾ ਆਪ ਚਲਾਇੰਦਾ, ਧਰਨੀ ਧਰਤ ਦਏ ਸਹਾਰ । ਚੌਦਾਂ ਤਬਕਾਂ ਏਕਾ ਨੂਰ ਦਰਸਾਇੰਦਾ, ਮੁਹੰਮਦ ਬੈਠਾ ਅਧਵਿਚਕਾਰ । ਆਪਣਾ ਰੰਗ ਆਪ ਰੰਗਾਇੰਦਾ, ਰੰਗ ਰੰਗੀਲਾ ਸੱਚਾ ਸ਼ਾਹਕਾਰ । ਨਿਰਾਕਾਰ ਸਾਕਾਰ ਰੂਪ ਧਰਾਇੰਦਾ, ਨਿਰਗੁਣ ਸਰਗੁਣ ਪਾਵੇ ਸਾਰ । ਏਕਾ ਜੋਤ ਡਗਮਗਾਇੰਦਾ, ਪੁਰਖ ਅਬਿਨਾਸ਼ੀ ਖੇਲ ਅਪਾਰ । ਪੰਜ ਤਤ ਚੋਲਾ ਜਗਤ ਹੰਢਾਇੰਦਾ, ਸਾਂਤਕ ਸਤਿ ਕਰੇ ਪਿਆਰ । ਸਤਿਨਾਮ ਮੰਤਰ ਦ੍ਰਿੜਾਇੰਦਾ, ਧੁਰ ਦੀ ਬਾਣੀ ਧੁਰ ਦੀ ਧਾਰ । ਚਾਰ ਵਰਨਾਂ ਏਕਾ ਥਾਂ ਬਹਾਇੰਦਾ, ਊਚ ਨੀਚ ਨਾ ਕੋਈ ਵਿਚਾਰ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਾਇਆ ਮਾਟੀ ਵੇਖ ਵਖਾਇੰਦਾ, ਸਾਚੀ ਹਾਟੀ ਵਣਜ ਵਾਪਾਰ । ਤੇਰਾ ਤੇਰੀ ਧਾਰ ਚਲਾਇੰਦਾ, ਕੂੜੀ ਕਿਰਿਆ ਲਏ ਵਿਚਾਰ । ਉਚੀ ਕੂਕ ਆਪ ਸੁਣਾਇੰਦਾ, ਬਿਨ ਹਰਿ ਹਰਿ ਕੋਈ ਨਾ ਉਤਰੇ ਪਾਰ । ਕਲਜੁਗ ਕੂੜ ਕੁੜਿਆਰਾ ਚਾਰੋਂ ਕੁੰਟ ਅੰਧੇਰਾ ਛਾਇੰਦਾ, ਸਾਚਾ ਚੰਨ ਨਾ ਕੋਈ ਉਜਿਆਰ । ਧੂਆਂਧਾਰ ਸਰਬ ਵਖਾਇੰਦਾ, ਜੋਤੀ ਨੂਰ ਨਾ ਕੋਈ ਉਜਿਆਰ । ਏਕਾ ਮੰਤਰ ਨਾਮ ਪੜ੍ਹਾਇੰਦਾ, ਫਿਰੇ ਮੰਤਰ ਵਿਚ ਸੰਸਾਰ । ਸਾਕਤ ਨਿੰਦਕ ਦੁਸ਼ਟ ਮੇਟ ਮਿਟਾਇੰਦਾ, ਗੁਰਮੁਖਾਂ ਦਏ ਅਧਾਰ । ਕਲਜੁਗ ਅੰਤਮ ਵੇਖ ਵਖਾਇੰਦਾ, ਵੇਖਣਹਾਰਾ ਗੁਰ ਕਰਤਾਰ । ਸੱਤ ਸਮੁੰਦਰ ਮਸ ਭੇਵ ਨਾ ਆਇੰਦਾ, ਬਨਾਸਪਤ ਲਿਖ ਲਿਖ ਜਾਏ ਹਾਰ । ਬਸੁਧਾ ਉਪਰ ਲੇਖ ਨਾ ਕੋਈ ਜਣਾਇੰਦਾ, ਪਾਰਬ੍ਰਹਮ ਸੱਚੀ ਸਰਕਾਰ । ਆਪਣਾ ਲੇਖਾ ਆਪਣੇ ਹੱਥ ਰਖਾਇੰਦਾ, ਲਿਖਣ ਪੜ੍ਹਨ ਤੋਂ ਵਸੇ ਬਾਹਰ । ਕਲਜੁਗ ਅੰਤਮ ਜੋਤ ਜਗਾਇੰਦਾ, ਜੋਤੀ ਜਾਤਾ ਹੋਏ ਉਜਿਆਰ । ਨਿਹਕਲੰਕ ਨਾਉਂ ਰਖਾਇੰਦਾ, ਉਤਰ ਆਏ ਆਪਣੀ ਧਾਰ । ਮਾਤ ਪਿਤ ਕੋਇ ਨਾ ਗੋਦ ਬਹਾਇੰਦਾ, ਜਨਨੀ ਕਰੇ ਨਾ ਕੋਇ ਪਿਆਰ । ਸ਼ਰਅ ਮਜ਼੍ਹਬ ਦੀਨ ਈਮਾਨ ਨਾ ਕੋਇ ਰਖਾਇੰਦਾ, ਸਰਬ ਜੀਆਂ ਦਾ ਸਾਂਝਾ ਯਾਰ । ਜੋ ਜਨ ਰਸਨਾ ਗਾਇੰਦਾ, ਘਰ ਘਰ ਮਿਲੇ ਆਣ । ਚਾਰ ਦੀਵਾਰ ਬੰਦ ਨਾ ਕੋਇ ਕਰਾਇੰਦਾ, ਨਿਰਗੁਣ ਰੂਪ ਸ੍ਰੀ ਭਗਵਾਨ । ਗੁਰ ਗੋਬਿੰਦ ਸਿੰਘ ਰਾਹ ਤਕਾਇੰਦਾ, ਸ਼ਹਿਨਸ਼ਾਹ ਸੱਚਾ ਸੁਲਤਾਨ । ਕਲ ਕਲਕੀ ਅਵਤਾਰ ਰੂਪ ਪਰਗਟਾਇੰਦਾ, ਬੇਅੰਤ ਬੇਅੰਤ ਬੇਅੰਤ ਮਹਿਮਾ ਮਹਾਨ । ਸਾਧ ਸੰਤ ਸਰਬ ਜਸ ਗਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪੇ ਹੋਏ ਜਾਣੀ ਜਾਣ । ਦਾਤਾ ਦਾਨੀ ਦੁਨੀ ਦਾਰ, ਲੱਖ ਚੁਰਾਸੀ ਬਣਤ ਬਣਾਈਆ । ਕਰੇ ਖੇਲ ਅਪਰ ਅਪਾਰ, ਔਦਾ ਜਾਂਦਾ ਦਿਸ ਨਾ ਆਈਆ । ਲੇਖਾ ਲਿਖੇ ਲਿਖਣਹਾਰ, ਅਭੁੱਲ ਭੁੱਲ ਕਦੇ ਨਾ ਜਾਈਆ । ਵਿਸ਼ਨੂੰ ਤੇਰਾ ਕਰਜ਼ਾ ਦਏ ਉਤਾਰ, ਤੇਰੀ ਸੇਵਾ ਆਪਣੇ ਲੇਖੇ ਪਾਈਆ । ਬ੍ਰਹਮਾ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਆਪਣੇ ਵਿਚ ਟਿਕਾਈਆ । ਸ਼ੰਕਰ ਤੇਰੀ ਤਿਖੀ ਧਾਰ, ਘਾੜਤ ਘੜੇ ਸੱਚਾ ਸ਼ਹਿਨਸ਼ਾਹੀਆ । ਤਿੰਨਾਂ ਵਿਚੋਲਾ ਹਰਿ ਨਿਰੰਕਾਰ, ਕਲਜੁਗ ਅੰਤਮ ਵੇਖ ਵਖਾਈਆ । ਏਕਾ ਢੋਲਾ ਸੁਣਾਏ ਧੁਰ ਜੈਕਾਰ, ਸੋਹੰ ਸੋ ਆਪਣਾ ਗੁਣ ਵਖਾਈਆ । ਬਣਿਆ ਤੋਲਾ ਸਿਰਜਣਹਾਰ, ਨਾਮ ਕੰਡਾ ਹੱਥ ਉਠਾਈਆ । ਤੋਲ ਨਾ ਤੁਲੇ ਅਠਾਰਾਂ ਭਾਰ, ਲੋਆਂ ਪੁਰੀਆਂ ਰਿਹਾ ਮੁਖ ਸ਼ਰਮਾਈਆ । ਗੁਰਮੁਖ ਵਿਰਲਾ ਉਚੀ ਕੂਕ ਕਰੇ ਪੁਕਾਰ, ਪ੍ਰਭ ਮਿਲਿਆ ਸੱਚਾ ਮਾਹੀਆ । ਵਿਛੜ ਨਾ ਜਾਣੇ ਵਿਚ ਸੰਸਾਰ, ਜਗਤ ਵਿਛੋੜਾ ਦਏ ਕਟਾਈਆ । ਸੁਰਤ ਸਵਾਣੀ ਮਿਲਿਆ ਸ਼ਬਦ ਮੀਤ ਮੁਰਾਰ, ਸਾਚਾ ਹਾਣੀ ਹਾਣੀ ਵੇਖ ਵਖਾਈਆ । ਸਚ ਸੁਹੰਜਣੀ ਆਤਮ ਠੰਡੀ ਠਾਰ, ਸੀਤਲ ਧਾਰਾ ਇਕ ਵਹਾਈਆ । ਘਰ ਸਖ਼ੀਆਂ ਮੰਗਲਚਾਰ, ਵਾਹ

ਵਾ ਵੱਜਦੀ ਰਹੇ ਵਧਾਈਆ । ਤਿੰਨਾਂ ਨਾਤਾ ਤੁੱਟਾ ਰਜੋ ਤਮੋ ਸਤੋ ਨਾ ਕੋਇ ਵਿਚਾਰ, ਏਕਾ ਗਿਆਤਾ ਗੁਰ ਸ਼ਬਦ ਸਾਚੀ ਬਾਣੀ ਆਪ ਜਣਾਈਆ । ਮਾਣਸ ਜਨਮ ਨਾ ਜਾਏ ਹਾਰ, ਲੱਖ ਚੁਰਾਸੀ ਰਹੇ ਨਾ ਫਾਹੀਆ । ਧਰਮ ਰਾਏ ਨਾ ਖੜੇ ਦਵਾਰ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਕਰੇ ਸ਼ੰਗਾਰ, ਗੁਰਸਿਖ ਦਵਾਰੇ ਨਾ ਫੇਰਾ ਪਾਈਆ । ਜਿਸ ਜਨ ਮਿਲਿਆ ਕਲ ਕਲਕੀ ਅਵਤਾਰ, ਕਲ ਕਲੇਸ਼ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਬਖ਼ਸ਼ੇ ਏਕਾ ਸਰਨ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਬਹਾਈਆ । ਸਾਚਾ ਧਾਮ ਸੁਹਾਇਆ, ਹਰਿ ਸਤਿਗੁਰ ਦੀਨ ਦਿਆਲ । ਗ਼ਰੀਬ ਨਿਮਾਣੇ ਗਲੇ ਲਗਾਇੰਦਾ, ਆਦਿ ਜੁਗਾਦਿ ਕਰੇ ਪ੍ਰਿਤਪਾਲ । ਝੂਠਾ ਨਾਤਾ ਤੋੜ ਤੁੜਾਇੰਦਾ, ਦਰਸ ਦਿਖਾਏ ਦੀਨ ਦਿਆਲ । ਜਮ ਕਾ ਫਾਸ ਆਪ ਕਟਾਇੰਦਾ, ਨੇੜ ਨਾ ਆਏ ਕਲਜੁਗ ਕਾਲ । ਮਹਾਂਕਾਲ ਵੇਖ ਵਖਾਇੰਦਾ, ਗੁਰਸਿਖਾਂ ਸੁਰਤ ਸੰਭਾਲ । ਜੁਗ ਜੁਗ ਆਪਣੇ ਨਾਲ ਚਲਾਇੰਦਾ, ਜਗਤ ਰੱਖੇ ਅਵੱਲੜੀ ਚਾਲ । ਮਨਮੁਖਾਂ ਦਰ ਦੁਰਕਾਇੰਦਾ, ਨੌਂ ਖੰਡ ਪ੍ਰਿਥਮੀ ਕਰੇ ਬੇਹਾਲ । ਸ਼ਬਦ ਖੰਡਾ ਇਕ ਚਮਕਾਇੰਦਾ, ਤਿਖੀ ਰੱਖੇ ਧਾਰ । ਦੋ ਜਹਾਨਾਂ ਫੇਰੀ ਪਾਇੰਦਾ, ਸ਼ਾਹੋ ਭੂਪ ਸੱਚਾ ਸ਼ਾਹਕਾਰ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਨਾਉਂ ਧਰਾਇੰਦਾ, ਜੂਨੀ ਰਹਿਤ ਜੂਨ ਅਜੂਨੀ ਵਸੇ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੂੜੀ ਕਿਰਿਆ

੧੪੬੧ ਕਲਜੁਗ ਦਏ ਨਵਾਰ । ਕਲਜੁਗ ਕੂੜਾ ਪੰਧ ਮੁਕੌਣਾ, ਸੰਮਤ ਸੰਮਤੀ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੇਰਾ ਪੌਣਾ, ਸ਼ਬਦ ਅਗੰਮੀ ਘੋੜਾ ਇਕ ਦੌੜਾਈਆ । ਸਚ ਸਿੰਘਾਸਣ ਆਸਣ ਲੌਣਾ, ਸੋਲਾਂ ਕਲੀਆਂ ਆਸਣ ਪਾਈਆ । ਬ੍ਰਹਿਮੰਡ ਖੰਡ ਤੇਜ਼ ਚੰਡ ਪਰਚੰਡ ਨਾਮ ਖੰਡਾ ਇਕ ਚਮਕੌਣਾ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਖੰਡ ਖੰਡ ਆਪ ਕਰੌਣਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਤੀਰ ਤੁਫੰਗ ਨਾ ਕੋਇ ਹੱਥ ਉਠੌਣਾ, ਹੁਕਮੀ ਹੁਕਮ ਇਕ ਵਰਤਾਈਆ । ਜੋ ਘੜਿਆ ਸੋ ਭੰਨ ਵਖੌਣਾ, ਸਵਾਂਗੀ ਆਪਣਾ ਸਾਂਗ ਰਚਾਈਆ । ਜਗਤ ਅਖਾੜਾ ਇਕ ਲਗੌਣਾ, ਪੰਜ ਤਤ ਨਾਚ ਕਰਾਈਆ । ਵਿਸ਼ਨ ਸ਼ਿਵ ਬ੍ਰਹਮਾ ਉਠ ਉਠ ਹਰਿ ਹਰਿ ਰਾਹ ਤਕੌਣਾ, ਕਵਣ ਕੂਟੇ ਰਿਹਾ ਜੋਤ ਜਗਾਈਆ । ਪੁਰਖ ਅਬਿਨਾਸ਼ੀ ਦਇਆ ਕਮੌਣਾ, ਦੀਨਾ ਨਾਥ ਦੀਨਨ ਹੋਏ ਸਹਾਈਆ । ਆਪਣਾ ਘਾਟ ਆਪਣਾ ਹਾਟ ਆਪ ਦਰਸੌਣਾ, ਸੰਬਲ ਨਗਰੀ ਦਏ ਵਡਿਆਈਆ । ਸਾਢੇ ਤਿੰਨ ਹੱਥ ਬਣਤ ਬਣੌਣਾ, ਪੁਰਖ ਅਕਾਲ ਸੇਵ ਕਮਾਈਆ । ਘਰ ਵਿਚ ਘਰ ਆਪ ਟਿਕੌਣਾ, ਘਰ ਜੋਤੀ ਜੋਤ ਰੁਸ਼ਨਾਈਆ । ਉਚੇ ਟਿੱਲੇ ਪਰਬਤ ਚੜ੍ਹ ਕੇ ਆਸਣ ਲੌਣਾ, ਪੂਤ ਸਪੂਤਾ ਬ੍ਰਹਿਮਣ ਗੌੜਾ ਦਿਸ ਕਿਸੇ ਨਾ ਆਈਆ । ਗੋਬਿੰਦ ਸੂਰਾ ਸਤਿਗੁਰ ਹਾਜ਼ਰ ਹਜ਼ੂਰਾ ਜੋਤੀ ਨੂਰਾ, ਏਕਾ ਸ਼ਬਦੀ ਡੰਕ ਵਜਾਈਆ । ਆਪਣਾ ਕੌਲ ਕਰੇ ਪੂਰਾ, ਕੀਤਾ ਕੌਲ ਭੁੱਲ ਨਾ ਜਾਈਆ । ਗੁਰ ਕਾ ਬਚਨ ਨਾ ਹੋਏ ਅਧੂਰਾ, ਭੁੱਲ ਜਾਏ ਸਰਬ ਲੋਕਾਈਆ । ਕਲਜੁਗ ਅੰਤਮ ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਕਿਸੇ ਨਾ ਵਸੇ ਕਿਲੇ ਕੋਟ, ਹੱਥ ਕਿਸੇ ਨਾ ਆਈਆ । ਧੁਰ ਸ਼ਬਦ ਨਗਾਰਾ ਵੱਜੇ ਚੋਟ, ਜਨ ਭਗਤਾਂ ਕੱਢੇ ਵਾਸਨਾ ਖੋਟ, ਕਾਇਆ ਦੁਰਮਤ ਮੈਲ ਧੁਵਾਈਆ । ਜਿਸ ਜਨ ਪੁਰਖ ਅਕਾਲ ਦੀਨ ਦਿਆਲ ਏਕਾ ਓਟ, ਦੂਸਰ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੱਚਾ ੧੪੬੧

ਸਰਬ ਸੁਖਦਾਈਆ । ਸਰਬ ਜੀਆਂ ਦਾ ਇਕੋ ਦਾਤਾ, ਆਦਿ ਜੁਗਾਦਿ ਸਮਾਏ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਜਨਮ ਮਰਨ ਵਿਚ ਨਾ ਆਏ । ਜਨ ਭਗਤਾਂ ਦੇਵੇ ਸਾਚੀ ਦਾਤਾ, ਨਾਮ ਨਿਧਾਨਾ ਝੋਲੀ ਪਾਏ । ਕਲਜੁਗ ਅੰਤ ਸਤਿਜੁਗ ਚਲਾਏ ਸਾਚੀ ਗਾਥਾ, ਸੋਹੰ ਮੰਤਰ ਨਾਮ ਚਲਾਏ । ਲੇਖਾ ਜਾਣੇ ਤ੍ਰੈਲੋਕੀ ਨਾਥਾ, ਰਾਮ ਕ੍ਰਿਸ਼ਨ ਵੇਖੇ ਥਾਉਂ ਥਾਏਂ । ਕਰੇ ਖੇਲ ਹਰ ਘਟ ਵਸਣਹਾਰਾ ਵੇਖੇ ਤੀਰਥ ਤਾਟਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅਠਸਠ ਫੇਰਾ ਪਾਏ । ਬਿਨ ਸਤਿਗੁਰ ਪੂਰੇ ਕੋਇ ਨਾ ਦੇਵੇ ਨਾਮ ਬਾਟਾ, ਅੰਮ੍ਰਿਤ ਅਮਿਉਂ ਰਸ ਅੰਮ੍ਰਿਤ ਧਾਰ ਨਿਝਰ ਝਿਰਨਾ ਨਾ ਕੋਇ ਝਿਰਾਏ । ਚਾਰ ਵਰਨ ਵਿਕੇ ਝੂਠੇ ਹਾਟਾ, ਕਾਇਆ ਕਚ ਕਚ ਰਹੀ ਹੰਡਾਏ । ਮਨ ਬੰਦਰ ਨੌਂ ਦਵਾਰੇ ਉਠ ਉਠ ਨਾਚਾ, ਸੁਰਤੀ ਸੁਰਤ ਨਾ ਕੋਇ ਭਵਾਏ । ਨਾਨਕ ਗੋਬਿੰਦ ਸ਼ਬਦ ਜਿਸ ਜਨ ਵਾਚਾ, ਪੁਰਖ ਅਕਾਲ ਲਏ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਇਣ ਨਰ, ਆਪ ਆਪਣਾ ਖੇਲ ਖਲਾਏ । ਹਰਿ ਸਾਚਾ ਖੇਲ ਖਿਲਾਇੰਦਾ, ਅਗੰਮ ਅਗੰਮੜਾ ਅਗੰਮੜੀ ਕਾਰ । ਨਿਰਗੁਣ ਆਪਣਾ ਨਾਉਂ ਪਰਗਟਾਇੰਦਾ, ਆਪ ਆਪਣੀ ਜੋਤ ਕਰ ਅਕਾਰ । ਸ਼ਬਦ ਸੁਤ ਨਾਲ ਰਲਾਇੰਦਾ, ਕਰੇ ਕਰਾਏ ਸਾਚੀ ਕਾਰ । ਬ੍ਰਹਮਾ ਵਿਸ਼ਨ ਸ਼ਿਵ ਏਕਾ ਹੁਕਮ ਆਪ ਸੁਣਾਇੰਦਾ, ਕਰੋੜ ਤੇਤੀਸਾ ਏਕਾ ਧੱਕਾ ਦੇਵੇ ਮਾਰ । ਸੁਰਪਤ ਰਾਜਾ ਇੰਦ ਅੰਤ ਕੁਰਲਾਇੰਦਾ, ਕੋਈ ਨਾ ਪਾਵੇ ਸਾਰ । ਤ੍ਰੈਗੁਣ ਮਾਇਆ ਡੇਰਾ ਢਾਹਿੰਦਾ, ਪੰਜ ਤਤ ਨਾ ਕੋਈ ਵਿਚਾਰ । ਲੱਖ ਚੁਰਾਸੀ ਖੇਲ ਖਿਲਾਇੰਦਾ, ਖ਼ਾਲਕ ਖ਼ਲਕ ਰੂਪ ਕਰਤਾਰ । ਆਪਣਾ ਖੇਲ ਆਪ ਖਲਾਇੰਦਾ, ਵੇਖਣਹਾਰ ਸਰਬ ਸੰਸਾਰ । ਘਟ ਘਟ ਵੇਖ ਵਖਾਇੰਦਾ, ਅੰਦਰ ਮੰਦਰ ਡੂੰਘੀ ਕੰਦਰ ਪਾਵੇ ਹਰਿ ਹਰਿ ਸਾਰ ।



ਜੂਠ ਝੂਠ ਜਗਤ ਤਤ ਝੂਠ ਰਤ ਵੇਖ ਵਖਾਇੰਦਾ, ਬ੍ਰਹਮ ਮਤ ਬੰਨ੍ਹੇ ਧਾਰ । ਸਤਿ ਸੰਤੋਖ ਧੀਰਜ ਜਤ ਸਤਿ ਨਾ ਕੋਇ ਰਖਾਇੰਦਾ, ਹਠ ਕਰੇ ਨਾ ਕੋਇ ਜੀਵ ਸੰਸਾਰ । ਤ੍ਰੈਗੁਣ ਮਾਇਆ ਮਠ ਤਪਾਇੰਦਾ, ਅੰਮ੍ਰਿਤ ਮਿਲੇ ਨਾ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਆਪ ਉਭਾਰਦਾ, ਹਰਿ ਸਤਿਗੁਰ ਸੱਜਣ ਮੀਤ । ਜੁਗ ਜੁਗ ਪੈਜ ਸੁਆਰ ਦਾ, ਲੇਖਾ ਜਾਣੇ ਹਸਤ ਕੀਟ । ਰਾਹ ਵਖਾਏ ਸਚ ਘਰ ਬਾਰ ਦਾ, ਧਾਮ ਵਖਾਏ ਇਕ ਅਨਡੀਠ । ਤੋੜੇ ਗੜ੍ਹ ਮੋਹ ਹੰਕਾਰ ਦਾ, ਆਪੇ ਵਸੇ ਹਰਿ ਜੂ ਚੀਤ । ਲੇਖਾ ਜਾਣੇ ਆਰ ਪਾਰ ਕਿਨਾਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਨਿਭਾਏ ਚਰਨ ਪ੍ਰੀਤ । ਚਰਨ ਪ੍ਰੀਤੀ ਨਾਤਾ ਜੋੜ, ਗੁਰਸਿਖਾਂ ਦਇਆ ਕਮਾਇੰਦਾ । ਸਤਿ ਚੜ੍ਹਾਏ ਸ਼ਬਦ ਘੋੜ, ਸਤਿ ਸਤਿਵਾਦੀ ਮੇਲ ਮਿਲਾਇੰਦਾ । ਲੱਖ ਚੁਰਾਸੀ ਵੇਖੇ ਫਲ ਰੀਠਾ ਕੌੜ, ਗੁਰਮੁਖ ਵਿਰਲੇ ਆਪ ਜਗਾਇੰਦਾ । ਪੰਚ ਵਿਕਾਰਾ ਦੇਵੇ ਦਰ ਤੋਂ ਹੋੜ, ਸੱਸੇ ਉਪਰ ਹੋੜਾ ਲਾਇੰਦਾ । ਹੰ ਬ੍ਰਹਮ ਪ੍ਰਭ ਪਏ ਬੌਹੜ, ਬਹੁ ਜਨਮ ਨਾ ਫੇਰ ਫਰਾਇੰਦਾ । ਜੁਗਾਂ ਜੁਗਾਂ ਦੀ ਲੱਗੀ ਪਿਆਸ ਬੁਝਾਏ ਔੜ, ਦੇ ਦਰਸ ਸਾਂਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਆਪਣੇ ਘਰ, ਮੜੀ ਗੌਰ ਨਾ ਕੋਇ ਦਬਾਇੰਦਾ । ਮੜੀ ਗੌਰ ਕਿਸੇ ਨਾ ਸੜਨਾ, ਖ਼ਾਕੀ ਖ਼ਾਕ ਨਾ ਕੋਇ ਮਿਲਾਈਆ । ਗਰਭ ਅਗਨੀ ਫੇਰ ਨਾ ਸੜਨਾ, ਤਤਵ ਤਤ ਨਾ ਕੋਇ ਜਣਾਈਆ । ਸਤਿਗੁਰ ਪੂਰੇ ਲੜ ਏਕਾ ਫੜਨਾ, ਫਿਰ ਛੁੱਟ ਕਦੇ ਨਾ ਜਾਈਆ । ਤੀਜੇ ਲੋਚਣ ਨੈਣ ਦਰਸਨ ਕਰਨਾ, ਲਿਵ ਅੰਤਰ ਦਏ ਬੁਝਾਈਆ । ਚੌਥੇ ਪਦ ਚੌਥੇ ਘਰ ਗੁਰਸਿਖ ਏਕਾ ਵੜਨਾ, ਅਧ

ਵਿਚਕਾਰ ਨਾ ਕੋਏ ਅਟਕਾਈਆ । ਬ੍ਰਹਮਾ ਵਿਸ਼ਨ ਸ਼ਿਵ ਗੁਰਸਿਖ ਤੇਰੀ ਮੰਗਣ ਸਰਨਾ, ਵਾਹ ਵਾ ਤੇਰੀ ਵਡ ਵਡਿਆਈਆ । ਤੇਰਾ ਚੁੱਕੇ ਮਰਨਾ ਡਰਨਾ, ਭੈ ਭਿਆਨਕ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਕੰਤ ਕੰਤੂਲ ਏਕਾ ਵਰਨਾ, ਦੂਸਰ ਸੇਜ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲੇ ਆਪਣੇ ਘਰ, ਘਰ ਸੁਹੰਜਣਾ ਇਕ ਸੁਹਾਈਆ । ਘਰ ਸੁਹੰਜਣਾ ਸੋਭਾਵੰਤ, ਹਰਿ ਪੁਰਖ ਨਿਰੰਜਣ ਸੁਹਾਇਆ । ਨਾਰੀ ਮਿਲਿਆ ਏਕਾ ਕੰਤ, ਘਰ ਸਾਚੇ ਮੰਗਲ ਗਾਇਆ । ਚੜ੍ਹਿਆ ਰੰਗ ਇਕ ਬਸੰਤ, ਉਤਰ ਕਦੇ ਨਾ ਜਾਇਆ । ਮਿਲਿਆ ਨਾਉਂ ਮਣੀਆ ਮੰਤ, ਰਸਨਾ ਜਿਹਵਾ ਨਾ ਕੋਇ ਹਲਾਇਆ । ਲੇਖਾ ਤੁਟਾ ਆਦਿ ਅੰਤ, ਮਧ ਭੀਤਰ ਗਿਆ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਹਰਿ ਹਰਿ ਏਕਾ ਧਾਰ, ਦੂਜਾ ਰੂਪ ਨਾ ਕੋਇ ਦਰਸਾਈਆ ਸ਼ਬਦੀ ਸ਼ਬਦ ਸ਼ਬਦ ਪਿਆਰ, ਸ਼ਬਦ ਸ਼ਬਦ ਵਿਚ ਟਿਕਾਈਆ । ਜੋਤੀ ਜੋਤ ਜੋਤ ਉਜਿਆਰ, ਜੋਤੀ ਜੋਤ ਵਿਚ ਸਮਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪਣੀ ਖੇਲ ਖਿਲਾਈਆ । ਗੁਰਸਿਖ ਸਤਿਗੁਰ ਮਿਲ ਏਕਾ ਰੂਪ ਦਰਸਾਏ ਨਾ ਪੁਰਖ ਨਾ ਕੋਇ ਨਾਰ, ਅਨਭਵ ਪਰਕਾਸ਼ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਵਰਨਹਾਰ ਬੇਪਰਵਾਹੀਆ । ਜੁਗ ਜੁਗ ਗੁਰਮੁਖ ਸਾਚੇ ਵਰਦਾ, ਭਗਤ ਭਗਵੰਤ ਕਰ ਪਿਆਰ । ਸਾਚੇ ਘੋੜੇ ਆਪੇ ਚੜ੍ਹਦਾ, ਸ਼ਾਹ ਸਵਾਰਾ ਹੋ ਅਸਵਾਰ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਬੇੜਾ ਪਾਰ ਆਪੇ ਕਰਦਾ, ਗੁਰਮੁਖ ਸੱਜਣ ਲਏ ਉਠਾਲ । ਸਾਚੀ ਡੋਲੀ ਆਪੇ ਆਪਣੇ ਕੰਧੇ ਧਰਦਾ, ਨਾਲ ਰਖਾਏ ਨਾ ਕੋਇ ਕਹਾਰ । ਗੁਰਸਿਖਾਂ ਬਨਿਆ ਰਹੇ ਬਰਦਾ, ਗੁਰ ਸਤਿਗੁਰ ਸੇਵਾਦਾਰ । ਚਾਈਂ ਚਾਈਂ ਸੇਵਾ ਕਰਦਾ, ਲੋਕਮਾਤ ਲੈ ਅਵਤਾਰ । ਨਿਰਭੌ ਹੋਏ ਕਦੇ ਨਾ ਡਰਦਾ, ਭੈ ਰੱਖੇ ਨਾ ਕੋਇ ਸੰਸਾਰ । ਆਪਣਾ ਕੀਤਾ ਕੌਲ ਕਦੇ ਨਾ ਹਰਦਾ, ਜੁਗ ਜੁਗ ਲੋਕਮਾਤ ਪਾਵੇ ਸਾਰ । ਨਿਰਗੁਣ ਆਪਣਾ ਖੇਲ ਆਪੇ ਕਰਦਾ, ਸਰਗੁਣ ਕਰੇ ਨਾ ਕੋਇ ਵਿਚਾਰ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਚਰਨਾਂ ਸੀਸ ਧਰਦਾ, ਦੋਏ ਦੋਏ ਜੋੜ ਕਰਨ ਨਿਮਸਕਾਰ । ਤੇਈ ਅਵਤਾਰ ਵਰ ਦੇਵੇ ਸੱਚਾ ਏਕਾ ਘਰ ਦਾ, ਸਾਚੇ ਤਖ਼ਤ ਬੈਠ ਸੱਚੀ ਸਰਕਾਰ । ਦਸ ਗੁਰ ਰੂਪ ਨਰ ਹਰ ਦਾ, ਪੰਜ ਤਤ ਦਏ ਆਧਾਰ । ਅਠਾਰਾਂ ਭਗਤਾਂ ਅੰਦਰ ਆਪੇ ਵੜਦਾ, ਕਿਰਪਾ ਕਰ ਆਪ ਕਰਤਾਰ । ਗੁਰ ਸ਼ਬਦ ਆਪਣਾ ਨਾਉਂ ਹਰਦਾ, ਹਾਰ ਮੰਨੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਨਿਹਕਲੰਕ ਨਰਾਇਣ ਨਰ ਅਵਤਾਰ । ਨਿਹਕਲੰਕਾ ਪੁਰਖ ਅਕਾਲ, ਕਾਲ ਮਹਾਂਕਾਲ ਚਰਨਾਂ ਹੇਠ ਦਬਾਵੰਦਾ । ਦੋ ਜਹਾਨਾਂ ਸੁਰਤ ਰਿਹਾ ਸੰਭਾਲ, ਕਰੇ ਖੇਲ ਸ਼ਾਹ ਕੰਗਾਲ ਦਾ । ਜੋਤੀ ਜਲਵਾ ਨੂਰ ਜਲਾਲ, ਘਟ ਘਟ ਦੀਪਕ ਆਪੇ ਬਾਲਦਾ । ਸ਼ਬਦ ਅਗੰਮੀ ਏਕਾ ਤਾਲ, ਲੱਖ ਚੁਰਾਸੀ ਸੋਈ ਆਪ ਉਠਾਲਦਾ । ਗੁਰਮੁਖ ਵਿਰਲਾ ਘਾਲੇ ਸਾਚੀ ਘਾਲ, ਮਨਮੁਖ ਗੂੜ੍ਹੀ ਨੀਂਦ ਸੁਆਲਦਾ । ਦਿਨ ਦਿਹਾੜੇ ਲੇਖਾ ਜਾਣੇ ਖ਼ਜ਼ਾਨਾ ਸੱਚੇ ਧਨ ਮਾਲ, ਰਾਜ ਰਾਜਾਨ ਕੋਇ ਨਾ ਕਿਸੇ ਪੈਜ ਸੁਆਰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਗੰਮ ਅਪਾਰ ਦਾ । ਅਗੰਮ ਅਪਾਰ ਅਥਾਹ ਬੇਅੰਤ, ਵੇਦ ਕਤੇਬ ਕਹਿਣ ਨਾ ਪਾਈਆ । ਆਦਿ ਪੁਰਖ ਅਬਿਨਾਸ਼ੀ ਕਰਤਾ ਪਾਰਬ੍ਰਹਮ ਮਹਿਮਾ ਅਗਣਤ, ਅਲੱਖ ਅਲੱਖਣਾ ਲਖਿਆ ਨਾ ਜਾਈਆ । ਆਪੇ

੧੪੬੩ ੦੯

ਜਾਣੇ ਆਪਣਾ ਆਦਿ ਅੰਤ, ਅੰਤ ਆਦਿ ਆਪਣਾ ਖੇਲ ਖਿਲਾਈਆ । ਕਲਜੁਗ ਅੰਤਮ ਮਾਇਆ ਪਾਏ ਬੇਅੰਤ, ਤ੍ਰੈਗੁਣ ਚਾਰੋਂ ਕੁੰਟ ਫੇਰਾ ਪਾਈਆ । ਭਰਮੇ ਭੁੱਲਾ ਜੀਵ ਜੰਤ, ਜਾਗਰਤ ਜੋਤ ਨਾ ਕੋਏ ਰੁਸ਼ਨਾਈਆ । ਮਾਇਆ ਮਮਤਾ ਹਉਮੇ ਹੰਗਤਾ ਕਲਜੁਗ ਸੰਤ, ਕੂੜੀ ਕਿਰਿਆ ਜੋਬਨ ਰਹੇ ਹੰਢਾਈਆ । ਰਸਨਾ ਬੋਲਣ ਹਰਿ ਕਾ ਨਾਉਂ ਮੰਤ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਗਾ ਗਾ ਥੱਕੇ ਰਾਗ ਰਾਗਨੀ ਛੰਤ, ਸਤਿਗੁਰ ਸਾਹਿਬ ਦਿਆਲ ਨਾ ਕੋਇ ਮਿਲਾਈਆ । ਏਥੇ ਉਥੇ ਦੋ ਜਹਾਨਾਂ ਕਿਸੇ ਨਾ ਮੁੱਕਿਆ ਪੰਧ, ਪਾਂਧੀ ਭੁੱਲੇ ਕਲਜੁਗ ਰਾਹੀਆ । ਚੌਥੇ ਜੁਗ ਚਾਰ ਲਾਵਾਂ ਲੈ ਲੈ ਹੰਢਾਇਆ ਝੂਠਾ ਕੰਤ, ਪੁਰਖ ਅਬਿਨਾਸ਼ੀ ਵਰ ਘਰ ਸਾਚਾ ਕੋਇ ਨਾ ਪਾਈਆ । ਕੋਟਨ ਕੋਟ ਪੜ੍ਹ ਪੜ੍ਹ ਥੱਕੇ ਅਨੰਦ, ਅਨੰਦ ਵਿਚ ਨਾ ਕੋਇ ਸਮਾਈਆ । ਜਿਸ ਸਤਿਗੁਰ ਪੂਰਾ ਮਿਲਿਆ ਬਖਸ਼ੰਦ, ਡੁੱਬਦਾ ਬੇੜਾ ਲਏ ਤਰਾਈਆ । ਆਦਿ ਜੁਗਾਦਿ ਕਦੇ ਨਾ ਦੇਵੇ ਕੰਡ, ਆਪਣੀ ਕਰਵਟ ਆਪੇ ਲਏ ਬਦਲਾਈਆ । ਕਲਜੁਗ ਔਧ ਗਈ ਹੰਢ, ਚਾਰ ਲੱਖ ਬੱਤੀ ਹਜ਼ਾਰ ਚੌਥੇ ਜੁਗ ਬੱਤੀ ਦੰਦ ਚਾਰ ਵਰਨ ਆਪਣੇ ਪੇਟੇ ਰਹੇ ਪਾਈਆ । ਅੰਤਮ ਟੁੱਟ ਜਾਏ ਬੱਧੀ ਗੰਢ, ਕੂੜੀ ਕਿਰਿਆ ਬੰਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਹਰਿ ਡੰਕਾ ਸ਼ਬਦ ਵਜਾਇੰਦਾ, ਲੋਆਂ ਪੁਰੀਆਂ ਬ੍ਰਹਿਮੰਡਾਂ ਕਰੇ ਖ਼ਬਰਦਾਰ । ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਇੰਦਾ, ਚਰਨ ਕਵਲ ਹੋਏ ਖ਼ਾਕ ਸ਼ਾਰ । ਕਲਜੁਗ ਮੂੰਹ ਵਿਚ ਪੱਲਾ ਪਾਇੰਦਾ, ਨੇਤਰ ਰੋਵੇ ਜ਼ਾਰੋ ਜ਼ਾਰ । ਕਲਜੁਗ ਮੀਤ ਨਾ ਕੋਇ ਦਸਾਇੰਦਾ, ਸਗਲਾ ਸੰਗ ਨਾ ਦਿਸੇ ਵਿਚ ਸੰਸਾਰ । ਜੀਵ ਜੰਤ ਸਰਬ ਕੁਰਲਾਇੰਦਾ, ਗ਼ਰੀਬ ਨਿਮਾਣੇ ਧਾਹਾਂ ਰਹੇ ਮਾਰ । ਸਾਚਾ ਘਰ ਨਾ ਕੋਇ ਵਖਾਇੰਦਾ, ਪੰਡਤ ਪਾਂਧੇ ਜਗਤ ਪੱਤਰੀ ਰਹੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਇਕੱਲਾ ਹੋਇਆ ਖ਼ਬਰਦਾਰ । ਇਕ ਇਕੱਲਾ ਉਠਿਆ, ਹਰਿ ਸਤਿਗੁਰ ਸੂਰਬੀਰ । ਆਦਿ ਜੁਗਾਦਿ ਨਾ ਜਾਏ ਲੁੱਟਿਆ, ਸਦ ਭੰਡਾਰਾ ਰੱਖੇ ਭਰਪੂਰ । ਜੁਗ ਜੁਗ ਜਨ ਭਗਤਾਂ ਉਪਰ ਤੁਠਿਆ, ਪੰਧ ਮੁਕਾਏ ਨੇੜਾ ਦੂਰ । ਆਪਣੀ ਗੋਦੀ ਆਪੇ ਚੁੱਕਿਆ, ਆਪੇ ਬੇੜਾ ਬੰਨ੍ਹੇ ਪੂਰ । ਸਤਿਗੁਰ ਪੂਰਾ ਲੋਕਮਾਤ ਨਾ ਰਹੇ ਲੁਕਿਆ, ਜ਼ਾਹਰ ਹੋਏ ਹਾਜ਼ਰ ਹਜ਼ੂਰ । ਮਨਮੁਖਾਂ ਜੋ ਮੁਖੋਂ ਥੁੱਕ ਸੁੱਟਿਆ, ਕਲਜੁਗ ਅੰਤਮ ਚੱਟਣਾ ਪਏ ਜ਼ਰੂਰ । ਸਿੰਘ ਸ਼ੇਰ ਦਲੇਰ ਨਰ ਨਿਰੰਕਾਰ ਵਿਚ ਸੰਸਾਰ ਹੋ ਕੇ ਬੁੱਕਿਆ, ਸ਼ਾਹ ਸੁਲਤਾਨਾਂ ਤੋੜੇ ਗ਼ਰੂਰ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਬੈਠਾ ਭੁੱਖਿਆ, ਆਸਾ ਮਨਸਾ ਆਪਣੀ ਕਰੇ ਪੂਰ । ਗੁਰਮੁਖ ਵਿਰਲੇ ਜੁਗ ਜੁਗ ਸੁੱਖਣਾ ਰਹੇ ਸੁਖਿਆ, ਗੁਰ ਦਾਤਾ ਮਿਲੇ ਇਕ ਜ਼ਰੂਰ । ਸਫ਼ਲ ਕਰਾਏ ਮਾਤ ਕੁੱਖਿਆ, ਲੇਖੇ ਲੱਗੇ ਮਾਤਾ ਪਿਤਾ ਨੂਰ । ਜੋ ਜਨ ਆ ਸਰਨਾਈ ਝੁਕਿਆ, ਕਲਜੁਗ ਨਾਤਾ ਤੋੜੇ ਕੂੜੋ ਕੂੜ । ਉਜਲ ਕਰੇ ਮਾਤ ਮੁਖਿਆ, ਜਿਸ ਜਨ ਬਖ਼ਸ਼ੇ ਚਰਨ ਧੂੜ । ਮਾਤ ਗਰਭ ਨਾ ਹੋਏ ਉਲਟਾ ਰੁੱਖਿਆ, ਦਸ ਦਸ ਤਪੇ ਨਾ ਅਗਨ ਤੰਦੂਰ । ਗੁਰਸਿਖ ਗੁਰਮੁਖ ਸੰਤ ਭਗਵੰਤ ਆਦਿ ਅੰਤ ਆਪਣੀ ਗੋਦੀ ਆਪੇ ਚੁੱਕਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਬਖ਼ਸ਼ੇ ਜੋਤੀ ਨੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਹਰਿ ਦੇਵੇ ਜੀਆ ਦਾਨ, ਆਦਿ ਅਨਾਦਿ ਬ੍ਰਹਮ ਬ੍ਰਹਿਮਾਦਿ, ਬ੍ਰਹਮ ਵੇਖੇ ਹਾਜ਼ਰ ਹਜ਼ੂਰ ।



੧੪੬੪
੦੯

## ✻ ੧੪ ਮੱਘਰ ੨੦੧੭ ਬਿਕ੍ਰਮੀ ਗੁਰਦੀਪ ਸਿੰਘ ਦੇ ਘਰ ਪਿੰਡ ਹਰਦੋ ਫਰਾਲਾ ਜ਼ਿਲਾ ਜਲੰਧਰ ✻

ਸੋ ਪੁਰਖ ਨਿਰੰਜਣ ਖੇਲ ਖਲੌਣਾ, ਹਰਿ ਪੁਰਖ ਨਿਰੰਜਣ ਵੱਡੀ ਵਡਿਆਈਆ । ਏਕੰਕਾਰਾ ਰੂਪ ਪਰਗਟੌਣਾ, ਆਦਿ ਨਿਰੰਜਣ ਨਾਉਂ ਰੁਸ਼ਨਾਈਆ । ਅਬਿਨਾਸ਼ੀ ਕਰਤਾ ਭੇਵ ਚੁਕੌਣਾ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਆਪਣਾ ਨਾਉਂ ਧਰੌਣਾ, ਨਿਰਗੁਣ ਨਿਰਵੈਰ ਆਪ ਅਖਵਾਈਆ । ਪੁਰਖ ਅਕਾਲ ਏਕਾ ਮੰਦਰ ਘਰ ਸੁਹੌਣਾ, ਸਚਖੰਡ ਦਵਾਰੇ ਸੋਭਾ ਪਾਈਆ । ਤਖ਼ਤ ਨਿਵਾਸੀ ਤਖ਼ਤ ਡੇਰਾ ਲੌਣਾ, ਰੂਪ ਰੰਗ ਨਾ ਕੋਈ ਵਖਾਈਆ । ਸ਼ਾਹ ਪਾਤਸ਼ਾਹ ਨਾਉਂ ਰਖੌਣਾ, ਰਾਜਨ ਰਾਜ ਦਇਆ ਕਮਾਈਆ । ਧੁਰ ਫ਼ਰਮਾਣਾ ਹੁਕਮ ਸੁਨੌਣਾ, ਅਭੁੱਲ ਭੁੱਲ ਨਾ ਜਾਈਆ । ਅਜੂਨੀ ਰਹਿਤ ਵੇਸ ਵਟੌਣਾ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਏਕ ਆਪ ਅਖਵਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਸਚ ਮਹੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਏਕੰਕਾਰਾ ਆਪਣੇ ਨੂਰ ਆਪੇ ਰਲਾ, ਨੂਰ ਨੁਰਾਨਾ ਨੂਰ ਸਮਾਇੰਦਾ । ਆਦਿ ਨਿਰੰਜਣ ਆਪਣੇ ਪਰਕਾਸ਼ ਆਪੇ ਬਲਾ, ਰੂਪ ਰੇਖ ਨਾ ਕੋਈ ਜਣਾਇੰਦਾ । ਸ੍ਰੀ ਭਗਵਾਨ ਅਛਲ ਅਛੱਲਾ, ਅਛਲ ਅਛੱਲ ਆਪਣਾ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਦਰ ਦਰਵਾਜ਼ਾ ਏਕਾ ਮੱਲਾ, ਥਿਰ ਘਰ ਸਾਚੇ ਡੇਰਾ ਲਾਇੰਦਾ । ਪਾਰਬ੍ਰਹਮ ਪ੍ਰਭ ਆਪ ਫੜਾਏ ਆਪਣਾ ਪੱਲਾ, ਸਗਲਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰ, ਆਦਿ ਪੁਰਖ ਖੇਲ ਅਪਾਰ, ਭੇਵ ਕੋਈ ਨਾ ਪਾਇੰਦਾ । ਆਦਿ ਪੁਰਖ ਹਰਿ ਖੇਲ ਅਪਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਨਿਰਗੁਣ ਨਿਰਵੈਰ ਕਰ ਪਸਾਰਾ, ਰੂਪ ਅਨੂਪ ਆਪ ਧਰਾਈਆ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰ ਧਾਰ ਚਲਾਈਆ । ਕਰੇ ਖੇਲ ਸਚਖੰਡ ਦਵਾਰਾ, ਦਰ ਘਰ ਸਾਚੇ ਵੱਜੇ ਵਧਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਹਿਨਸ਼ਾਹ ਕਰੇ ਸ਼ਹਿਨਸ਼ਾਹੀਆ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਈਆ । ਦਰ ਦਰਵੇਸ਼ ਬਣੇ ਦਰਬਾਨਾ, ਥਿਰ ਘਰ ਸਾਚੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਬੇਪਰਵਾਹ ਆਪੇ ਵੇਖ ਵਖਾਈਆ । ਆਪਣਾ ਖੇਲ ਵੇਖਣਹਾਰਾ, ਏਕੰਕਾਰਾ ਆਪਣੀ ਕਲ ਧਰਾਇੰਦਾ । ਆਪਣੇ ਮੰਦਰ ਹੋ ਉਜਿਆਰਾ, ਥਿਰ ਘਰ ਸਾਚੇ ਡਗਮਗਾਇੰਦਾ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਸਤਿ ਸਰੂਪੀ ਰੂਪ ਪਰਗਟਾਇੰਦਾ । ਅਗੰਮ ਅਗੰਮੜੀ ਕਰੇ ਕਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਆਪਣਾ ਨੂਰ ਕਰ ਉਜਿਆਰਾ, ਨੂਰੋ ਨੂਰ ਨਜ਼ਰ ਸਮਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹਿ ਸਾਚੀ ਆਪ ਵਡਿਆਇੰਦਾ । ਆਪੇ ਨਾਰੀ ਬਣ ਕੰਤ ਭਤਾਰਾ, ਸਾਚੀ ਸੇਜ ਆਪ ਹੰਢਾਇੰਦਾ । ਆਪੇ ਜਾਣੇ ਸੁਤ ਦੁਲਾਰਾ, ਸ਼ਬਦੀ ਸ਼ਬਦ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਸੁਤ ਦੁਲਾਰ ਸ਼ਬਦ ਹਰਿ ਧਾਰ, ਆਪਣੀ ਆਪ ਉਪਜਾਈਆ । ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਵਡ ਵਡਿਆਈਆ । ਲੇਖਾ ਜਾਣੇ ਸ਼ਾਹ ਸਿਕਦਾਰ, ਪੁਰਖ ਅਬਿਨਾਸ਼ੀ ਭੇਵ ਨਾ ਰਾਈਆ । ਆਪਣੀ ਭਿਖਿਆ ਆਪੇ ਬਣੇ ਭਿਖਾਰ, ਦੇਵਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਮੰਦਰ ਸੋਭਾ ਪਾਈਆ ।


੧੪੬੫

੧੪੯੯ ੦੯

ਹਰਿ ਮੰਦਰ ਹਰਿ ਧਾਮ ਨਿਆਰਾ, ਸਚਖੰਡ ਦਵਾਰਾ ਆਪ ਉਪਾਇੰਦਾ । ਇਕ ਇਕੱਲਾ ਕਰ ਪਸਾਰਾ, ਨਿਰਗੁਣ ਆਪਣਾ ਆਸਣ ਲਾਇੰਦਾ । ਸਾਚਾ ਸੁਤ ਕਰ ਨਿਆਰਾ, ਜਨ ਜਨਨੀ ਗੋਦ ਬਹਾਇੰਦਾ । ਪੁਰਖ ਅਕਾਲ ਦਏ ਹੁਲਾਰਾ, ਪਾਰਬ੍ਰਹਮ ਪ੍ਰਭ ਸੇਵ ਕਮਾਇੰਦਾ । ਦੂਸਰ ਕੋਈ ਨਾ ਕਰੇ ਵਿਚਾਰਾ, ਸਗਲਾ ਸੰਗ ਨਾ ਕੋਈ ਰਖਾਇੰਦਾ । ਸੋ ਪੁਰਖ ਨਿਰੰਜਣ ਖੇਲ ਨਿਆਰਾ, ਖੇਲਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਏਕੰਕਾਰਾ ਆਪਣਾ ਨਾਉਂ ਧਰਾਇੰਦਾ । ਸਚਖੰਡ ਦਵਾਰੇ ਵੇਖੇ ਖੇਲ ਤਮਾਸ਼ਾ, ਸਾਚੀ ਮੰਡਲ ਰਾਸ ਰਚਾਈਆ । ਆਪਣੇ ਅੰਦਰ ਆਪੇ ਕਰੇ ਵਾਸਾ, ਰੂਪ ਅਨੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਚਲਾਈਆ । ਸ਼ਬਦ ਧਾਰ ਹਰਿ ਚਲਾਇੰਦਾ, ਪੁਰਖ ਅਗੰਮ ਅਗੰਮੜੀ ਕਾਰ । ਅਲੱਖ ਅਲੱਖਣਾ ਅਲਖ ਜਗਾਇੰਦਾ, ਧੁਨੀ ਨਾਦ ਨਾਦ ਜੈਕਾਰ । ਏਕਾ ਆਪਣਾ ਨਾਉਂ ਪਰਗਟਾਇੰਦਾ, ਆਪੇ ਹੋਏ ਸੁਨਣੇਹਾਰ । ਆਪਣਾ ਮੰਦਰ ਆਪ ਸੁਹਾਇੰਦਾ, ਆਪੇ ਵੇਖੇ ਸਤਿ ਦਵਾਰ । ਆਪਣਾ ਸੁਤ ਆਪਣੀ ਗੋਦ ਬਹਾਇੰਦਾ । ਆਪੇ ਲੇਖਾ ਜਾਣੇ ਪਰਵਰਦਿਗਾਰ, ਆਪਣੀ ਮਹਿਮਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਇਕ ਏਕੰਕਾਰ । ਜੂਨੀ ਰਹਿਤ ਪੁਰਖ ਅਕਾਲਾ, ਏਕਾ ਰੰਗ ਸਮਾਇਆ । ਆਪਣੇ ਉਪਰ ਹੋ ਦਿਆਲਾ, ਆਪਣੀ ਦਇਆ ਕਮਾਇਆ । ਆਪੇ ਚਲੇ ਅਵੱਲੜੀ ਚਾਲਾ, ਭੇਵ ਕੋਈ ਨਾ ਪਾਇਆ । ਸਚਖੰਡ ਵਸੇ ਸੱਚੀ ਧਰਮਸਾਲਾ, ਥਿਰ ਘਰ ਸਾਚੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਨਭਵ ਪਰਕਾਸ਼ ਕਰਾਇਆ । ਅਨਭਵ ਪਰਕਾਸ਼ ਹਰਿ ਨਿਰੰਕਾਰਾ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਵਸਣਹਾਰਾ ਧਾਮ ਨਿਆਰਾ, ਛੱਪਰ ਛੰਨ ਨਾ ਕੋਈ ਛੁਹਾਈਆ । ਦੀਵਾ ਬਾਤੀ ਨਾ ਕੋਈ ਉਜਿਆਰਾ, ਜੋਤੀ ਨੂਰ ਡਗਮਗਾਈਆ । ਸੁਤ ਦੁਲਾਰਾ ਕਰੇ ਪੁਕਾਰਾ, ਉਚੀ ਕੂਕ ਸੁਣਾਈਆ । ਹਉਂ ਸੇਵਕ ਸੇਵਾਦਾਰ, ਤੂੰ ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਆਦਿ ਹਉਂ ਯਾਚਕ ਮੰਗੇ ਦਾਨ ਬਣ ਭਿਖਾਰਾ, ਤੂੰ ਦੇਵਣਹਾਰ ਸੱਚਾ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਬਣ ਵਰਤਾਰਾ, ਵਸਤ ਅਮੋਲਕ ਝੋਲੀ ਪਾਈਆ । ਹਰਿ ਪੁਰਖ ਨਿਰੰਜਣ ਦਏ ਸਹਾਰਾ, ਸਗਲਾ ਸੰਗ ਇਕ ਵਖਾਈਆ । ਏਕੰਕਾਰਾ ਕਰ ਪਿਆਰਾ, ਸੀਸ ਆਪਣਾ ਹੱਥ ਟਿਕਾਈਆ । ਆਦਿ ਨਿਰੰਜਣ ਇਕ ਉਜਿਆਰਾ, ਅੰਧ ਅੰਧਿਆਰ ਨਾ ਕੋਈ ਵਖਾਈਆ । ਸ੍ਰੀ ਭਗਵਾਨ ਸਾਂਝਾ ਯਾਰਾ, ਏਕਾ ਤਤ ਸਮਝਾਈਆ । ਅਬਿਨਾਸ਼ੀ ਕਰਤਾ ਦਏ ਹੁਲਾਰਾ, ਸਚਖੰਡ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਹਰਿ ਸ਼ਬਦੀ ਸ਼ਬਦ ਸਮਝਾਈਆ । ਇਕ ਵਸਤ ਦੇਵੇ ਥਾਰਾ, ਅਤੋਟ ਅਤੁਟ ਰਖਾਈਆ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਲੋਆਂ ਪੁਰੀਆਂ ਰਚਨ ਰਚਾਈਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਵਸਤ ਅਮੋਲਕ ਹੱਥ ਫੜਾਈਆ । ਪੰਜ ਤਤ ਬਣੇ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪੇ ਪਾਏ ਆਪਣੀ ਰਾਸਾ, ਜੋਤੀ ਨੂਰ ਨੂਰ ਰੁਸ਼ਨਾਈਆ । ਸਾਚੇ ਮੰਡਲ ਸਾਚੀ ਰਾਸ, ਸਤਿ ਪੁਰਖ ਨਿਰੰਜਣ ਆਪ ਰਚਾਇੰਦਾ । ਏਕਾ ਵਸਤ ਰੱਖੇ ਪਾਸ, ਆਦਿ ਜੁਗਾਦਿ ਵਰਤਾਇੰਦਾ । ਜੁਗਾਂ ਜੁਗੰਤਰ ਨਾ ਹੋਏ ਵਿਨਾਸ, ਭਸਮੜ ਹੋਏ ਨਾ ਰੂਪ

ਵਟਾਇੰਦਾ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਨਾ ਕੋਈ ਬਰਸ ਨਾ ਕੋਈ ਮਾਸ, ਘੜੀ ਪਲ ਨਾ ਖੇਲ ਖਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਵਸੇ ਪਾਸ, ਲੱਖ ਚੁਰਾਸੀ ਘਾੜਨ ਨਾ ਕੋਈ ਘੜਾਇੰਦਾ । ਤ੍ਰੈਗੁਣ ਮਾਇਆ ਨਾ ਦਾਸੀ ਦਾਸ, ਪੰਜ ਤਤ ਚੋਲਾ ਨਾ ਕੋਈ ਹੰਢਾਇੰਦਾ । ਜੀਵ ਜੰਤ ਨਾ ਬੁਝਾਏ ਕੋਈ ਪਿਆਸ, ਰਸਨ ਸਵਾਸ ਨਾ ਕੋਈ ਚਲਾਇੰਦਾ । ਏਕਾ ਜੋਤ ਜੋਤ ਪਰਕਾਸ਼, ਆਦਿ ਪੁਰਖ ਨਿਰਗੁਣ ਆਪਣਾ ਰੂਪ ਧਰਾਇੰਦਾ । ਸ਼ਬਦੀ ਸ਼ਬਦ ਕਰ ਵਾਸ, ਸਰਬ ਗੁਣਤਾਸ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪਣੇ ਹੱਥ ਰਖਾਇੰਦਾ । ਸ਼ਬਦ ਸੁਤ ਹਰਿ ਸੇਵਾਦਾਰ, ਏਕਾ ਹੁਕਮ ਸੁਣਾਇੰਦਾ । ਵਿਸ਼ਨ ਵਿਸ਼ਨੂੰ ਵਿਸ਼ਵ ਰੂਪ ਪਰਗਟਾ, ਵਾਸਤਕ ਆਪਣਾ ਨਾਉਂ ਰਖਾਇੰਦਾ । ਏਕਾ ਬੂੰਦ ਕਰ ਤਿਆਰ, ਕਵਲ ਕਵਲਾ ਆਪ ਖਿਲਾਇੰਦਾ । ਆਪਣੀ ਨਾਭੀ ਕਵਲ ਤਾਲ ਭਰਾ, ਤਾਲ ਸੁਹਾਵਾ ਆਪ ਸੁਹਾਇੰਦਾ । ਆਪਣਾ ਕਵਲ ਆਪ ਅਖਵਾ, ਫੁਲ ਫਲਵਾੜੀ ਆਪ ਮਹਿਕਾਇੰਦਾ । ਆਪੇ ਪੰਖੜੀਆਂ ਲਏ ਖੁਲ੍ਹਾ, ਰੁਤ ਬਸੰਤੀ ਆਪ ਸੁਹਾਇੰਦਾ । ਆਪੇ ਬ੍ਰਹਮਾ ਲਏ ਪਰਗਟਾ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਆਪੇ ਚਾਰੇ ਮੁਖ ਲਏ ਖੁਲਾ, ਚਾਰੇ ਕੂਟਾਂ ਵੇਖ ਵਖਾਇੰਦਾ । ਆਪੇ ਚਾਰੇ ਵੇਦਾਂ ਲਏ ਗਾ, ਸ਼ਬਦ ਅਨਾਦੀ ਨਾਦ ਅਲਾਇੰਦਾ । ਆਪੇ ਚਾਰੇ ਖਾਣੀ ਰਚਨ ਰਚਾ, ਅੰਡਜ ਜੇਰਜ ਉਤਭੁਜ ਸੇਤਜ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਆਪਣੇ ਅੱਗੇ ਧਰ, ਆਪਣਾ ਹੁਕਮ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਹਰਿ ਜੂ ਹਰਿ ਉਪਾਇਆ, ਤ੍ਰੈ ਤ੍ਰੈ ਖੇਲ ਖਿਲਾਇੰਦਾ । ਸ਼ਬਦ ਸੁਤ ਇਕ ਸਮਝਾਇਆ, ਅਬਿਨਾਸ਼ੀ ਅਚੁਤ ਵੇਖ ਵਖਾਇੰਦਾ । ਆਪਣੀ ਰੁਤ ਆਪ ਸੁਹਾਇਆ, ਦੂਸਰ ਸੰਗ ਨਾ ਕੋਈ ਵਖਾਇੰਦਾ । ਆਪਣੀ ਚੋਟੀ ਆਪਣਾ ਮਰਦੰਗ ਆਪ ਵਜਾਇਆ, ਨਾਮ ਸਤਿ ਰਾਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਏਕਾ ਹੁਕਮ ਸੁਣਾਇਆ । ਏਕਾ ਹੁਕਮ ਹਰਿ ਸੁਣਾਇੰਦਾ, ਵਿਸ਼ਨ ਬ੍ਰਹਮਾ ਕਰ ਪਰਵਾਨ । ਨੌਂ ਨੌਂ ਚਾਰ ਖੇਲ ਖਿਲਾਇੰਦਾ, ਲੇਖਾ ਜਾਣੇ ਦੋ ਜਹਾਨ । ਜੁਗ ਚੌਕੜੀ ਵੰਡ ਵੰਡਾਇੰਦਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰ ਪਰਵਾਨ । ਲੱਖ ਚੁਰਾਸੀ ਖੇਲ ਖਿਲਾਇੰਦਾ, ਪੰਜ ਤਤ ਗੁਣ ਨਿਧਾਨ । ਅਠ ਤਤ ਵੇਖ ਵਖਾਇੰਦਾ, ਮਨ ਮਤ ਬੁਧ ਕਰ ਪਰਧਾਨ । ਬਹੱਤਰ ਨਾੜੀ ਜੋੜ ਜੁੜਾਇੰਦਾ, ਤਿੰਨ ਸੌ ਸੱਠ ਕਰੇ ਕਲਿਆਣ । ਪੰਚਮ ਨਾਚ ਆਪ ਨਚਾਇੰਦਾ, ਕਾਮ ਕਰੋਧ ਲੋਭ ਮੋਹ ਹੰਕਾਰ ਬਲਵਾਨ । ਹਰਿ ਸ਼ਬਦ ਨਾਦ ਧੁਨ ਵਜਾਇੰਦਾ, ਘਰ ਮੰਦਰ ਇਕ ਨਿਸ਼ਾਨ । ਘਰ ਜੋਤੀ ਨੂਰ ਡਗਮਗਾਇੰਦਾ, ਘਰ ਵੇਖੇ ਸੁੰਞ ਮਸਾਣ । ਘਰ ਸਖ਼ੀਆਂ ਮੰਗਲ ਗਾਇੰਦਾ, ਘਰ ਪੰਚਮ ਹੋਏ ਪਰਧਾਨ । ਘਰ ਆਪਣਾ ਮੁਖ ਛੁਪਾਇੰਦਾ, ਦਿਸ ਨਾ ਆਏ ਸ੍ਰੀ ਭਗਵਾਨ । ਘਰ ਬ੍ਰਹਮ ਰੂਪ ਧਰਾਇੰਦਾ, ਘਰ ਆਤਮ ਸੇਜਾ ਕਰੇ ਪਰਵਾਨ । ਘਰ ਸ਼ਬਦੀ ਨਦ ਵਜਾਇੰਦਾ, ਅਨਹਦ ਰਾਗ ਸੱਚੀ ਧੁਨਕਾਨ । ਘਰ ਸੁਰਤੀ ਖੇਲ ਖਿਲਾਇੰਦਾ, ਅਕਾਲ ਮੂਰਤ ਵਡ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸੇਵਾ ਸਚ ਵਖਾਇੰਦਾ, ਭੁੱਲ ਨਾ ਜਾਣੇ ਬਣ ਨਾਦਾਨ । ਲੱਖ ਚੁਰਾਸੀ ਘਾੜਨ ਘੜਿਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਪੁਰਖ ਅਬਿਨਾਸ਼ੀ ਕਾਰਜ ਕਰਿਆ, ਕਰਤਾ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਭਗਤਾਂ ਅੰਦਰ ਆਪੇ ਵੜਿਆ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਾਚੇ

ਪੌੜੇ ਆਪੇ ਚੜ੍ਹਿਆ, ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣੀ ਰਚਨਾ ਆਪ ਰਚਾਈਆ । ਲੱਖ ਚੁਰਾਸੀ ਰਚਨ ਰਚਾਇਆ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਈਆ । ਨਿਰਗੁਣ ਸਰਗੁਣ ਵੇਸ ਵਟਾਇਆ, ਪੰਜ ਤਤ ਕਰੇ ਕੁੜਮਾਈਆ । ਤ੍ਰੈਗੁਣ ਨਾਤਾ ਜੋੜ ਜੁੜਾਇਆ, ਲੋਕਮਾਤ ਖੇਲ ਖਿਲਾਈਆ । ਬੋਧ ਅਗਾਧ ਸ਼ਬਦ ਜਣਾਇਆ, ਘਰ ਘਰ ਵਿਚ ਆਪ ਸੁਣਾਈਆ । ਬ੍ਰਹਮ ਨਦ ਹਰਿ ਨਾਦ ਵਜਾਇਆ, ਤੁਰੀਆ ਰਾਗ ਰਾਗ ਅਲਾਈਆ । ਸੰਤ ਸਾਧ ਲਏ ਉਠਾਇਆ, ਜੁਗਾ ਜੁਗੰਤਰ ਵੱਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਕਾਢ ਆਪ ਆਪਣਾ ਲਏ ਬੁਝਾਇਆ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇੰਦਾ, ਤ੍ਰੈਗੁਣ ਦਾਤਾ ਵਡ ਬਲਕਾਰ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸੇਵਾ ਸਾਚੀ ਲਾਇੰਦਾ, ਹੁਕਮੀ ਹੁਕਮ ਵਰਤੇ ਵਰਤਾਰ । ਚਾਰ ਜੁਗ ਇਕ ਚੌਕੜੀ ਬੰਧਨ ਪਾਇੰਦਾ, ਜੁਗ ਜੁਗ ਗੇੜਾ ਆਵੇ ਵਾਰੋ ਵਾਰ । ਲੱਖ ਚੁਰਾਸੀ ਖੇਲ ਖਿਲਾਇੰਦਾ, ਚਾਰੇ ਖਾਣੀ ਕਰੇ ਪਿਆਰ । ਚਾਰੇ ਬਾਣੀ ਸ਼ਬਦ ਅਲਾਇੰਦਾ, ਚਾਰੇ ਜੁਗ ਦਏ ਆਧਾਰ । ਚਾਰੇ ਵਰਨਾਂ ਵੇਖ ਵਖਾਇੰਦਾ, ਚਾਰੇ ਕੁੰਟ ਹੋਏ ਉਜਿਆਰ । ਅਵਤਾਰ ਗੁਰ ਆਪਣਾ ਨਾਉਂ ਧਰਾਇੰਦਾ, ਸਾਧ ਸੰਤ ਦਏ ਆਧਾਰ । ਪੀਰ ਦਸਤਗੀਰ ਆਪਣਾ ਖੇਲ ਖਿਲਾਇੰਦਾ, ਸ਼ਾਹ ਹਕੀਰ ਹੋਏ ਪਰਵਰਦਿਗਾਰ । ਜੁਗ ਕਰਤਾ ਆਪਣੀ ਕਾਰ ਕਮਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਆਪੇ ਕਰੇ ਕਰਾਏ ਖ਼ਬਰਦਾਰ । ਵਿਸ਼ਨ ਖ਼ਬਰਦਾਰ ਰਹਿਣਾ, ਹਰਿ ਸਾਚਾ ਸ਼ਬਦ ਜਣਾਇੰਦਾ । ਲੋਕਮਾਤ ਥਿਰ ਘਰ ਸਾਚੇ ਤਖ਼ਤ ਬੈਠ ਬੈਠ ਹੁਕਮ ਨਾਮ ਕਹਿਣਾ, ਹੁਕਮੀ ਹੁਕਮ ਸਰਬ ਭਵਾਇੰਦਾ । ਬ੍ਰਹਮੇ ਆਪਣਾ ਨੇਤਰ ਆਪ ਆਪਣਾ ਵੇਖ ਲੈਣਾ, ਸ੍ਵੈਮ ਤੇਰਾ ਰੂਪ ਦਰਸਾਇੰਦਾ । ਨੌਂ ਨੌਂ ਚਾਰ ਲੇਖਾ ਦੇਣਾ ਪੈਣਾ, ਵੇਲਾ ਵਕਤ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸ਼ੰਕਰ ਉਠ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਨੌਂ ਨੌਂ ਚਾਰ ਚੌਕੜੀ ਜੁਗ ਅੰਤ ਮਿਟੇ ਸਰਬ ਨਿਸ਼ਾਨ, ਪੁਰਖ ਅਬਿਨਾਸ਼ੀ ਆਪ ਮਿਟਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਆਪਣੀ ਕਲ ਆਪ ਵਰਤਾਇੰਦਾ । ਆਪਣਾ ਦੇਵੇ ਸ਼ਬਦ ਗਿਆਨ, ਆਪਣਾ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪ ਸਮਝਾਇੰਦਾ । ਜੁਗ ਜੁਗ ਲੇਖਾ ਹਰਿ ਸਮਝਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ । ਚਾਰੇ ਵੇਦ ਮੁਖ ਸਾਲਾਹਿੰਦਾ, ਬ੍ਰਹਮੇ ਦੇਵੇ ਏਕਾ ਧਾਰ । ਪੁਰਾਨ ਅਠਾਰਾਂ ਆਪ ਸੁਣਾਇੰਦਾ, ਆਪੇ ਕਰੇ ਸਾਚੀ ਕਾਰ । ਸ਼ਾਸਤਰ ਸਿਮਰਤ ਆਪ ਅਲਾਇੰਦਾ, ਲੇਖਾ ਜਾਣੇ ਵਾਰੋ ਵਾਰ । ਗੀਤਾ ਗਿਆਨ ਆਪ ਦ੍ਰਿੜਾਇੰਦਾ, ਆਪੇ ਬੋਲ ਜਗਤ ਜੈਕਾਰ । ਅੰਜੀਲ ਕੁਰਾਨਾ ਆਪ ਸੁਣਾਇੰਦਾ, ਤੀਸ ਬਤੀਸਾ ਵਿਚ ਸੰਸਾਰ । ਖਾਣੀ ਬਾਣੀ ਆਪੇ ਗਾਇੰਦਾ, ਨਿਰਗੁਣ ਸਰਗੁਣ ਹੋ ਤਿਆਰ । ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾਇੰਦਾ, ਕਲਜੁਗ ਖੇਲ ਕਰੇ ਕਰਤਾਰ । ਤੇਈ ਦਸ ਅਠਾਰਾਂ ਰੂਪ ਪਰਗਟਾਇੰਦਾ, ਪੰਜ ਇਕ ਦਏ ਆਧਾਰ । ਬਾਵਨ ਆਪਣਾ ਨਾਉਂ ਧਰਾਇੰਦਾ, ਲੇਖਾ ਲਿਖੇ ਨਾ ਕੋਇ ਵਿਚ ਸੰਸਾਰ । ਤਿੰਨ ਪੰਜ ਮੇਲ ਮਿਲਾਇੰਦਾ, ਨੌਂ ਨੌਂ ਖੋਲ੍ਹ ਕਿਵਾੜ । ਨੌਂ ਖੰਡ ਫੇਰਾ ਪਾਇੰਦਾ, ਚਾਰ ਚਾਰ ਹੋ ਉਜਿਆਰ । ਚਾਰੋਂ ਕੁੰਟ ਵੇਖ ਵਖਾਇੰਦਾ, ਸਤ ਸਤ ਦਏ ਪਸਾਰ । ਦਹਿ ਦਿਸ਼ਾ ਫੋਲ

ਫੁਲਾਇੰਦਾ, ਅਲੱਖ ਅਗੋਚਰ ਅਗੰਮ ਅਪਾਰ । ਨਿਰਭੌ ਆਪਣਾ ਨਾਉਂ ਧਰਾਇੰਦਾ, ਭੈ ਰੱਖੇ ਨਾ ਵਿਚ ਸੰਸਾਰ । ਜੂਨੀ ਰਹਿਤ ਦਿਸ ਕਿਸੇ ਨਾ ਆਇੰਦਾ, ਰੂਪ ਰੇਖ ਰੰਗ ਨਾ ਸਕੇ ਕੋਇ ਵਿਚਾਰ । ਅਨਭਵ ਆਪਣੀ ਧਾਰ ਬੰਧਾਇੰਦਾ, ਧਰਤ ਧਵਲ ਦਏ ਸਹਾਰ । ਜੋਤੀ ਨੂਰ ਡਗਮਗਾਇੰਦਾ, ਲੇਖਾ ਜਾਣੇ ਸੂਰਜ ਚੰਨ ਸਤਾਰ । ਅੰਤਮ ਅੰਤ ਕਲਜੁਗ ਆਪਣਾ ਵੇਸ ਧਰਾਇੰਦਾ, ਪਰਗਟ ਹੋਵੇ ਵਿਚ ਸੰਸਾਰ । ਨਿਹਕਲੰਕ ਭੇਵ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਸਾਰ । ਕਲਜੁਗ ਅੰਤਮ ਜਾਮਾ ਪਾ, ਨਿਹਕਲੰਕ ਹਰਿ ਨਾਉਂ ਰਖਾਈਆ । ਵਿਸ਼ਨੂੰ ਵੰਸੀ ਵੇਖੇ ਥਾਉਂ ਥਾਂ, ਥਾਨ ਥਨੰਤਰ ਫੋਲ ਫੁਲਾਈਆ । ਬ੍ਰਹਮਾ ਬ੍ਰਹਮ ਲੱਖ ਚੁਰਾਸੀ ਲਏ ਜਗਾ, ਆਤਮ ਬ੍ਰਹਮ ਖੋਜ ਖੁਜਾਈਆ । ਸ਼ੰਕਰ ਤੇਰੀ ਬਿਭੂਤੀ ਤੇਰੇ ਤਨ ਦਏ ਰਮਾ, ਜਗਤ ਖ਼ਾਕ ਆਪ ਉਡਾਈਆ । ਵਿਸ਼ਨੂੰ ਤੇਰਾ ਭੰਡਾਰਾ ਦਏ ਛੁਡਾ, ਸਚ ਭੰਡਾਰ ਨਾ ਕੋਇ ਵਰਤਾਈਆ । ਬ੍ਰਹਮਾ ਤੇਰਾ ਬ੍ਰਹਮ ਰੂਪ ਆਪਣੇ ਵਿਚ ਲਏ ਸਮਾ, ਲੱਖ ਚੁਰਾਸੀ ਨਾ ਕੋਇ ਭਵਾਈਆ । ਸ਼ੰਕਰ ਤੇਰਾ ਮਾਣ ਦਏ ਗਵਾ, ਹੱਥ ਤ੍ਰਸੂਲ ਨਾ ਕੋਇ ਵਖਾਈਆ । ਕਰੇ ਖੇਲ ਬੇਪਰਵਾਹ, ਜੋ ਘੜਿਆ ਭੰਨ ਵਖਾਈਆ । ਭਾਣੇ ਆਪਣੇ ਵਿਚ ਸਦਾ ਰਿਹਾ ਚਲਾ, ਹਰਿ ਭਾਣਾ ਵਡ ਵਡਿਆਈਆ । ਨੌਂ ਸੌ ਚੁਰਾਨਵੇ ਜੁਗ ਪੰਧ ਰਿਹਾ ਮੁਕਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦਵਾਰਾ ਲਿਆ ਖੁਲ੍ਹਾ, ਥਿਰ ਘਰ ਆਪਣੀ ਸੇਜ ਹੰਢਾਈਆ । ਸੁੰਨ ਅਗੰਮੀ ਪੰਧ ਮੁਕਾ, ਲੋਆਂ ਪੁਰੀਆਂ ਚਰਨਾਂ ਹੇਠ ਦਬਾਈਆ । ਲੋਕਮਾਤ ਨਿਰਗੁਣ ਜੋਤ ਕਰ ਰੁਸ਼ਨਾ, ਨੂਰ ਨੁਰਾਨਾ ਆਪਣਾ ਨੂਰ ਕਰੇ ਰੁਸ਼ਨਾਈਆ । ਸਾਚੇ ਮੰਦਰ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਈਆ । ਪੁਰਖ ਅਬਿਨਾਸ਼ੀ ਆਪਣਾ ਖੇਲ ਕਰੇ ਸਹਿਜ ਸੁਭਾ, ਵੇਦ ਕਤੇਬ ਭੇਵ ਨਾ ਰਾਈਆ । ੧੪੬੯
ਬੇਅੰਤ ਬੇਅੰਤ ਬੇਅੰਤ ਸਭ ਗਏ ਗਾ, ਜੋ ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਨਿਹਕਲੰਕ ਤੇਰਾ ਰਾਹ ਰਹੇ ਤਕਾ, ਗੁਰ ਗੋਬਿੰਦ ਦਏ ਸਲਾਹੀਆ । ਸੰਬਲ ਨਗਰੀ ਏਕਾ ਧਾਮ ਸੁਹਾ, ਸਚ ਸਿੰਘਾਸਣ ਸੋਭਾ ਪਾਈਆ । ਜੋਧਾ ਸੂਰਬੀਰ ਬਲੀ ਬਲਵਾਨ ਅੰਤਮ ਪਰਗਟ ਹੋਵੇ ਆ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾ, ਰਾਜ ਰਾਜਾਨ ਤਖ਼ਤ ਤਾਜ ਨਾ ਕੋਇ ਹੰਢਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਇਕ ਨਿਸ਼ਾਨਾ ਦਏ ਚੜ੍ਹਾ, ਪੁਰਖ ਅਕਾਲ ਵੱਡੀ ਵਡਿਆਈਆ । ਇਕ ਸਰਨਾ ਸਰਬ ਜਾਏ ਜਣਾ, ਸਰਨਗਤ ਇਕ ਅਖਵਾਈਆ । ਜਨ ਭਗਤਾਂ ਬਣੇ ਪਿਤਾ ਮਾਂ, ਬਾਲ ਅੰਞਾਣੇ ਗੋਦ ਉਠਾਈਆ । ਅਠਾਰਾਂ ਬਰਨਾਂ ਦਏ ਮਿਟਾ, ਚਾਰੋਂ ਕੁੰਟ ਵੇਖ ਵਖਾਈਆ । ਗੁਰਮੁਖਾਂ ਦੇਵੇ ਠੰਡੀ ਛਾਂ, ਸਮਰਥ ਪੁਰਖ ਇਕ ਅਖਵਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ੇ ਸਚ ਸਰਨਾ, ਜੜ ਹੰਕਾਰੀਆਂ ਦਏ ਪੁਟਾਈਆ । ਕਲਜੁਗ ਅੰਤਮ ਹਰਿ ਭਗਵੰਤ ਸਹਾਈ ਹੋਵੇ ਆ, ਜੋ ਜਨ ਰਸਨਾ ਜਿਹਵਾ ਰਹੇ ਹਰਿ ਗੁਣ ਗਾਈਆ । ਕਰਨਹਾਰਾ ਸਚ ਨਿਆਂ, ਸਚਖੰਡ ਬੈਠਾ ਸੱਚਾ ਪਾਤਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬ੍ਰਹਮਾ ਵਿਸ਼ਨ ਸ਼ਿਵ ਲੇਖਾ ਦਏ ਮੁਕਾਈਆ । ਵਿਸ਼ਨੂੰ ਤੇਰਾ ਲੇਖ ਮੁਕੌਣਾ, ਲੇਖਾ ਲੇਖੇ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਖੇਲ ਖਲੌਣਾ, ਲੋਕਮਾਤ ਵੱਡੀ ਵਡਿਆਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਾਂਤਕ ਸਤਿ ਸਤਿ ਸਮਝਾਈਆ । ਰਾਗ ਰਾਗਨੀ ਮੁਖ ਸ਼ਰਮੌਣਾ, ਛੱਤੀ ਰਾਗ ਭੇਵ ਨਾ ਪਾਈਆ । ਗੁਰਮੁਖ ਸਾਜਣ ਇਕ ਵਡਿਔਣਾ, ਜਿਸ ਆਤਮ ਅੰਤਰ ਕਰੇ ਨਾਮ ਪੜ੍ਹਾਈਆ । ਨਿਸ਼ਅੱਖਰ ਜਾਪ ਇਕ ਜਪੌਣਾ, ਅਜਪਾ ਜਾਪ ਮੂਲ ਚੁਕਾਈਆ । ਤੀਨੋਂ

ਤਾਪ ਮੇਟ ਮਿਟੌਣਾ, ਤ੍ਰੈਗੁਣ ਭਾਂਡਾ ਦਏ ਭੰਨਾਈਆ । ਸਾਚਾ ਮੰਦਰ ਇਕ ਵਖੌਣਾ, ਕਾਇਆ ਮੰਦਰ ਆਪ ਸੁਹਾਈਆ । ਜੋਤ ਨਿਰੰਜਣ ਦੀਪ ਜਗੌਣਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਅਨਹਦ ਤਾਲ ਵਜੌਣਾ, ਧੁਨੀ ਨਾਦ ਨਾਦ ਵਜਾਈਆ । ਬਜਰ ਕਪਾਟੀ ਪਰਦਾ ਲੌਹਣਾ, ਦੂਈ ਦਵੈਤੀ ਰਹੇ ਨਾ ਰਾਈਆ । ਅੰਮ੍ਰਿਤ ਜਾਮ ਨਿਝਰ ਝਿਰਨਾ ਆਪ ਝਿਰੌਣਾ, ਗੁਰਸਿਖ ਅਠਸਠ ਤੀਰਥ ਨਹਾਵਣ ਕੋਇ ਨਾ ਜਾਈਆ । ਆਤਮ ਸੇਜਾ ਆਤਮ ਬ੍ਰਹਮ ਪਾਰਬ੍ਰਹਮ ਮਿਲੌਣਾ, ਈਸ਼ ਜੀਵ ਕਰੇ ਕੁੜਮਾਈਆ । ਨਾਰੀ ਕੰਤ ਇਕ ਹੰਢੌਣਾ, ਸੇਜ ਸੁਹੰਜਣੀ ਇਕ ਸੁਹਾਈਆ । ਕੰਤ ਕੰਤੂਲ ਸੀਸ ਹੱਥ ਟਿਕੌਣਾ, ਜਗਦੀਸ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨ ਤੇਰਾ ਵਿਸ਼ਵ ਰੂਪ, ਵਾਸਤਕ ਏਕਾ ਏਕ ਦਰਸਾਈਆ । ਬ੍ਰਹਮੇ ਤੇਰਾ ਮੁਕਣਾ ਪੰਧ, ਪਾਰਬ੍ਰਹਮ ਪ੍ਰਭ ਆਪ ਮੁਕਾਇੰਦਾ । ਹੰ ਬ੍ਰਹਮ ਸੁਣਾਇਆ ਏਕਾ ਛੰਦ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਏਥੇ ਓਥੇ ਦੋ ਜਹਾਨ ਜਾਣੇ ਆਪਣਾ ਪਰਮਾਨੰਦ, ਅਨੰਦ ਅਨੰਦ ਆਪ ਉਪਜਾਇੰਦਾ । ਆਪੇ ਤੋੜੇ ਆਪੇ ਲਏ ਗੰਢ, ਘੜਨ ਭੰਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਹਰਿ ਜੂ ਵੇਖੇ ਵੇਖਣਹਾਰਾ, ਆਪਣਾ ਰੂਪ ਆਪ ਧਰਾਇੰਦਾ । ਬ੍ਰਹਮੇ ਬ੍ਰਹਮ ਹਰਿ ਵੇਖਣ ਆਇਆ, ਨਿਹਕਲੰਕੀ ਜਾਮਾ ਧਾਰ । ਨਿਰਗੁਣ ਸਰਗੁਣ ਵਿਚ ਸਮਾਇਆ, ਅੰਦਰ ਵੜ ਵੜ ਡੂੰਘੀ ਗਾਰ । ਡੂੰਘੀ ਭਵਰੀ ਆਪੇ ਡੇਰਾ ਲਾਇਆ, ਦਿਸ ਨਾ ਆਏ ਸਿਰਜਣਹਾਰ । ਲੱਖ ਚੁਰਾਸੀ ਸੋਈ ਨਾ ਕੋਇ ਜਗਾਇਆ, ਸ੍ਰਿਸ਼ਟ ਦੱਬੀ ਪਾਪਾਂ ਭਾਰ । ਤ੍ਰੈਗੁਣ ਅਗਨੀ ਅੱਗ ਨਾ ਕੋਇ ਬੁਝਾਇਆ, ਅੰਮ੍ਰਿਤ ਦੇਵੇ ਨਾ ਠੰਡੀ ਠਾਰ । ਬ੍ਰਹਮੇ ਤੇਰਾ ਬ੍ਰਹਮ ਕਵਲ, ਨਿਝਰ ਝਿਰਨਾ ਨਾ ਦਏ ਝਿਰਾਈਆ । ਸਤਿ ਸਰੂਪੀ ਬਖ਼ਸ਼ੇ ਨਾ ਕੋਇ ਫੁਹਾਰ, ਚਾਰ ਕੁੰਟ ਅੰਧੇਰਾ ਛਾਇਆ, ਜੀਵ ਜੰਤ ਸਾਧ ਸੰਤ ਰੋਵਣ ਜ਼ਾਰੋ ਜ਼ਾਰ । ਪੂਰਨ ਭਗਵੰਤ ਨਜ਼ਰ ਕਿਸੇ ਨਾ ਆਇਆ, ਮੰਦਰ ਮਸਜਿਦ ਹੋਏ ਖ਼ੁਵਾਰ । ਮਨ ਬੰਦਰ ਬੰਨ ਨਾ ਕਿਸੇ ਵਖਾਇਆ, ਦਹਿ ਦਿਸ਼ਾ ਮਾਰੇ ਉਡਾਰ । ਕਾਇਆ ਜੰਦਰ ਕਿਸੇ ਨਾ ਤੋੜ ਤੁੜਾਇਆ, ਨਾਤਾ ਤੁਟਾ ਨਾ ਕਾਮ ਕਰੋਧ ਲੋਭ ਮੋਹ ਹੰਕਾਰ । ਸਤਿਗੁਰ ਪੂਰਾ ਨਜ਼ਰ ਨਾ ਆਇਆ, ਨਿਰਗੁਣ ਜੋਤੀ ਜੋਤ ਕਰੇ ਉਜਿਆਰ । ਕਾਇਆ ਕਿਲਾ ਕੋਟ ਦਏ ਵਖਾਇਆ, ਘਰ ਮਿਲੇ ਮੀਤ ਮੁਰਾਰ । ਸੁਰਤੀ ਸ਼ਬਦ ਲਏ ਮਿਲਾਇਆ, ਸ਼ਬਦ ਸੁਰਤ ਕਰੇ ਪਿਆਰ । ਗੁਰਸਿਖ ਨਾਰੀ ਗੁਰ ਸ਼ਬਦ ਲਏ ਪਰਨਾਇਆ, ਸਾਚੇ ਘੋੜੇ ਹੋ ਅਸਵਾਰ । ਸ਼ਾਹ ਅਸਵਾਰਾ ਫੇਰਾ ਪਾਇਆ, ਧਾਰੋਂ ਪਾਰ ਨਾ ਕੋਇ ਦਰਸਾਇਆ, ਲਾਲ ਕੰਚਨ ਸੂਹਾ ਵੇਸ ਜਗਤ ਵਟਾਇਆ, ਸੰਤ ਭਗਤ ਨਾ ਕੋਇ ਪਿਆਰ । ਪੀਲਾ ਬਸਤਰ ਵੇਖ ਵਖਾਇਆ, ਨੀਲਾ ਉਚੀ ਕੂਕ ਕਰੇ ਪੁਕਾਰ । ਕਾਲਾ ਸੂਸਾ ਜਗਤ ਵਿਕਾਰ ਵਧਾਇਆ, ਆਤਮ ਜੋਤੀ ਜੋਤ ਨਾ ਕੋਇ ਜਗਾਇਆ, ਜੁਗਤੀ ਹੱਥ ਨਾ ਆਏ ਕਿਸੇ ਕਰਤਾਰ । ਕਲਜੁਗ ਕੂੜਾ ਧੰਦਾ ਇਕ ਵਖਾਇਆ, ਵਰਨ ਬਰਨ ਹੋਏ ਵਿਭਚਾਰ । ਦੂਈ ਦਵੈਤੀ ਪਰਦਾ ਵਿਚ ਟਿਕਾਇਆ, ਕੋਇ ਨਾ ਕਰੇ ਪਾਰ । ਦੀਨ ਮਜ਼੍ਹਬ ਵੰਡ ਵੰਡਾਇਆ, ਜ਼ਾਤ ਪਾਤ ਹੋਏ ਪਨਹਾਰ । ਬ੍ਰਹਮੇ ਤੇਰਾ ਬ੍ਰਹਮ ਰੂਪ ਦਿਸ ਕਿਸੇ ਨਾ ਆਇਆ, ਸ੍ਰਿਸ਼ਟ ਸਬਾਈ ਗਈ ਹਾਰ । ਕਲਜੁਗ ਅੰਤਮ ਪਾਰਬ੍ਰਹਮ ਪ੍ਰਭ ਵੇਖਣ ਆਇਆ, ਨਿਹਕਲੰਕੀ ਜਾਮਾ ਧਾਰ । ਤੇਰਾ ਲਹਿਣਾ ਦੇਣਾ ਦਏ ਚੁਕਾਇਆ, ਲੇਖਾ ਰਹੇ ਨਾ ਵਿਚ ਸੰਸਾਰ । ਨੇਤਰ ਨੈਣਾ ਦਏ ਵਖਾਇਆ, ਆਪ ਆਪਣੀ ਕਿਰਪਾ ਧਾਰ । ਭੈਣਾ

ਭੱਯਾ ਨਾਤਾ ਦਏ ਤੁੜਾਇਆ, ਮਾਤ ਪਿਤ ਨਾ ਕੋਇ ਆਧਾਰ । ਸਾਚੀ ਥਿਤ ਦਏ ਸਮਝਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਗੰਮ ਅਪਾਰ । ਬ੍ਰਹਮੇ ਤੇਰਾ ਬ੍ਰਹਮ ਰੂਪ ਛੁਪੌਣਾ, ਸ੍ਰਿਸ਼ਟ ਸਬਾਈ ਲੇਖਾ ਦਏ ਮੁਕਾਈਆ । ਸੱਤ ਸਮੁੰਦਰ ਨਜ਼ਰ ਕੋਇ ਨਾ ਔਣਾ, ਸੱਤ ਦੀਪ ਨਾ ਵੰਡ ਵੰਡਾਈਆ । ਨੌ ਖੰਡ ਡੇਰਾ ਕਿਸੇ ਨਾ ਲੌਣਾ, ਸੂਰਜ ਚੰਨ ਗਗਨ ਮੰਡਲ ਨਾ ਕੋਈ ਰੁਸ਼ਨਾਈਆ । ਤਾਰਕਾ ਮੰਡਲ ਨਾ ਡਗਮਗੌਣਾ, ਧਰੂ ਲੇਖਾ ਰਹੇ ਨਾ ਰਾਈਆ । ਵਿਸ਼ਨੂੰ ਤੇਰਾ ਵਿਸ਼ਵ ਰੂਪ ਆਪਣੇ ਵਿਚ ਮਿਲੌਣਾ, ਸ਼ੰਕਰ ਦੇਵੇ ਪੰਧ ਮੁਕਾਈਆ । ਬਾਸ਼ਕ ਤਸ਼ਕਾ ਗਲੋਂ ਲੌਹਣਾ, ਜਟਾ ਜੂਟ ਨਾ ਕੋਈ ਵਖਾਈਆ । ਤਾਰ ਸਤਾਰ ਨਾ ਕੋਈ ਵਖੌਣਾ, ਨਾਰਦ ਸੁਰਸਤੀ ਰਾਗ ਨਾ ਕੋਈ ਗਾਈਆ । ਗੁਰ ਪੀਰ ਅਵਤਾਰ ਨਜ਼ਰ ਕੋਈ ਨਾ ਔਣਾ, ਸਾਧ ਸੰਤ ਨਾ ਕੋਈ ਵਡਿਆਈਆ । ਜੋ ਘੜਿਆ ਸੋ ਭੰਨ ਵਖੌਣਾ, ਪਾਰਬ੍ਰਹਮ ਆਪਣਾ ਖੇਲ ਆਪ ਖਲਾਈਆ । ਚਾਰ ਜੁਗ ਚਾਰ ਵੇਦ ਪੰਧ ਮੁਕੌਣਾ, ਚਾਰੇ ਖਾਣੀ ਵੇਖਣਹਾਰਾ ਵੇਖੇ ਥਾਉਂ ਥਾਈਆ । ਚਾਰੇ ਬਾਣੀ ਰਾਗ ਨਾ ਕਿਸੇ ਅਲੌਣਾ, ਪਰਾ ਪਸੰਤੀ ਮਧਮ ਬੈਖਰੀ ਕੋਈ ਨਾ ਗਾਈਆ । ਆਪਣਾ ਵੇਸ ਆਪ ਧਰੌਣਾ, ਧਰਤ ਧਰਨੀ ਧਵਲ ਦਏ ਵਡਿਆਈਆ । ਕਰਨੀ ਕਰਤਾ ਕੁਦਰਤ ਕਾਦਰ ਵੇਖ ਵਖੌਣਾ, ਕਲਜੁਗ ਅੰਤਮ ਵੇਖ ਵਖਾਈਆ । ਸਾਚਾ ਕਲਮਾ ਇਕ ਪੜ੍ਹੌਣਾ, ਨਬੀ ਰਸੂਲ ਅਮਾਮ ਇਕ ਹੋ ਜਾਈਆ । ਕਾਇਨਾਤ ਏਕਾ ਰੰਗ ਰੰਗੌਣਾ, ਇਕ ਨਿਜਾਤ ਦਏ ਸਮਝਾਈਆ । ਵਾਹਿਦ ਖ਼ੁਦਾਏ ਨੂਰ ਇਕ ਦਰਸੌਣਾ, ਮੁਕਾਮੇ ਹੱਕ ਇਕ ਰੁਸ਼ਨਾਈਆ । ਪਰਮਆਤਮਾ ਆਤਮਾ ਇਕ ਉਪਜੌਣਾ, ਪਾਰਬ੍ਰਹਮ ਵੱਡੀ ਵਡਿਆਈਆ । ਵਾਹ ਵਾ ਨਾਦ ਗੁਰ ਇਕ ਸੁਣੌਣਾ, ਸ਼ਬਦ ਅਨਾਦੀ ਨਾਦ ਵਜਾਈਆ । ਇਸ਼ਟ ਦ੍ਰਿਸ਼ਟ ਇਕ ਜਣੌਣਾ, ਸ੍ਰਿਸ਼ਟ ਸਬਾਈ ਪਰਦਾ ਦਏ ਚੁਕਾਈਆ । ਪੁਰਖ ਅਕਾਲ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਇਕ ਮਨੌਣਾ, ਦੂਜਾ ਨਾਉਂ ਨਾ ਕੋਈ ਵਖਾਈਆ । ਏਕਾ ਦੂਆ ਦੂਆ ਏਕਾ ਘਰ ਘਰ ਮਿਟੌਣਾ, ਸੋ ਪੁਰਖ ਨਿਰੰਜਣ ਆਪਣਾ ਪਰਦਾ ਆਪੇ ਪਾਈਆ । ਹੰ ਆਪਣੇ ਵਿਚੋਂ ਆਪ ਪਰਗਟੌਂਦਾ, ਸਰਗੁਣ ਸਗਲਾ ਸੰਗ ਨਿਭਾਈਆ । ਸੋਹੰ ਰੂਪ ਸ੍ਰੀ ਭਗਵਾਨ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋ ਜਹਾਨ ਚਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕ ਵਖਾਈਆ । ਸਤਿਜੁਗ ਸਾਚਾ ਮਾਰਗ ਲਾਵਣਾ, ਕੂੜ ਕੁੜਿਆਰਾ ਕਰ ਖ਼ੁਆਰ । ਭਗਤ ਭਗਵੰਤ ਆਪ ਉਠਾਵਣਾ, ਤੀਜੇ ਲੋਚਣ ਨੈਣ ਦੇਵੇ ਦਰਸ ਦਿਦਾਰ । ਸ਼ਬਦ ਸ਼ਬਦੀ ਇਕ ਸੁਣਾਵਣਾ, ਨਾਦ ਅਨਾਦੀ ਇਕ ਧੁਨਕਾਰ । ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹਾਵਣਾ, ਆਦਿ ਜੁਗਾਦੀ ਸਾਚੀ ਕਾਰ । ਬੋਧ ਅਗਾਧੀ ਏਕਾ ਸ਼ਬਦ ਜਣਾਵਣਾ, ਲਿਖਣ ਪੜ੍ਹਨ ਤੋਂ ਰੱਖੇ ਬਾਹਰ । ਚੌਦਾਂ ਵਿਦਿਆ ਮੇਟ ਮਿਟਾਵਣਾ, ਲੇਖਾ ਚੁੱਕੇ ਸੋਲਾ ਸੰਗਾਰ । ਸੋਲਾਂ ਇਛਿਆ ਨਾ ਕੋਈ ਵਖਾਵਣਾ, ਆਸਾ ਤ੍ਰਿਸ਼ਨਾ ਦੇਵੇ ਮਾਰ । ਸਾਚੀ ਸਿਖ਼ਿਆ ਇਕ ਸਮਝਾਵਣਾ, ਚਾਰ ਵਰਨ ਕਰੇ ਪਿਆਰ । ਸੋ ਪੁਰਖ ਨਿਰੰਜਣ ਏਕਾ ਗਾਵਣਾ, ਮਰੇ ਨਾ ਜੰਮੇ ਵਿਚ ਸੰਸਾਰ । ਹੰ ਤੇਰਾ ਰੂਪ ਆਪਣੇ ਵਿਚ ਟਿਕਾਵਣਾ, ਹੰ ਬ੍ਰਹਮ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੀ ਬੰਨ੍ਹੇ ਧਾਰ । ਸਤਿਜੁਗ ਸਾਚਾ ਮਾਤ ਧਰਾਵਣਾ, ਕਲਜੁਗ ਕੂੜਾ ਦਏ ਉਠਾਲ । ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਵਣਾ, ਚਾਰ ਵਰਨਾ ਕਰੇ ਖ਼ੁਵਾਰ । ਨੌ ਖੰਡ ਪ੍ਰਿਥਮੀ ਮੰਦਰ ਇਕ

ਸੁਹਾਵਣਾ, ਕਾਇਆ ਖੋਲ੍ਹੇ ਬੰਦ ਕਿਵਾੜ । ਘਰ ਘਰ ਦੀਪ ਇਕ ਜਗਾਵਣਾ, ਜੋਤ ਆਪਣੀ ਕਰ ਉਜਿਆਰ । ਘਟ ਘਟ ਅੰਮ੍ਰਿਤ ਜਾਮ ਪਿਆਵਣਾ, ਝਿਰਨਾ ਝਿਰੇ ਅਗੰਮ ਅਪਾਰ । ਸਾਚਾ ਤੀਰਥ ਇਕ ਵਖਾਵਣਾ, ਸਰ ਸਰੋਵਰ ਭਰਿਆ ਤਾਲ । ਸੁੱਕ ਕਦੇ ਨਾ ਜਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਮਾਰਗ ਦਸੇ ਸੁਖ਼ਾਲ । ਸਤਿਜੁਗ ਮਾਰਗ ਦੱਸਣਾ, ਦਾਸੀ ਦਾਸ ਸੇਵ ਕਮਾ । ਗੁਰਮੁਖਾਂ ਹਿਰਦੇ ਹਰਿ ਜੂ ਵਸਣਾ, ਆਪਣਾ ਪਰਦਾ ਆਪੇ ਲਾਹ । ਜਗਤ ਵਿਕਾਰਾ ਦਰ ਤੋਂ ਨੱਸਣਾ, ਨੇੜ ਨਾ ਆਏ ਪੰਜ ਸ਼ੈਤਾਨ । ਸਤਿਗੁਰ ਪੂਰੇ ਗੁਰਮੁਖਾਂ ਨਾਲ ਕਾਇਆ ਮੰਦਰ ਆਤਮ ਸੇਜਾ ਬਹਿ ਬਹਿ ਹੱਸਣਾ, ਕਾਇਆ ਵਸੇ ਖੇੜਾ ਗਿਰਾਂ । ਏਕਾ ਤੀਰ ਨਿਰਾਲਾ ਕਸਣਾ, ਅਣਿਆਲਾ ਤੀਰ ਦਏ ਲਗਾ । ਮਿਟੇ ਰੈਣ ਅੰਧੇਰੀ ਮਸਣਾ, ਘਰ ਸਾਚਾ ਚੰਦ ਦਏ ਵਖਾ । ਮਾਨਸ ਜਨਮ ਨਾ ਹੋਏ ਭੱਠਨਾ, ਭੱਠ ਖੇੜਾ ਕਰੇ ਸੁਆਹ । ਕਾਇਆ ਅੰਦਰ ਮਨ ਮਨੂਆ ਤੇਰੀ ਉਲਟੀ ਗੇੜੇ ਲੱਠਣਾ, ਸ਼ਿਵਦਿਵਾਲਾ ਏਕਾ ਘਰ ਵਿਚ ਘਰ ਦਏ ਪਰਗਟਾ । ਅੰਮ੍ਰਿਤ ਵਖਾਏ ਸਾਚਾ ਰਸਨਾ, ਰਸ ਰਸੀਆ ਇਕ ਚੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਮਾਰਗ ਦਏ ਲਗਾ । ਸਤਿਜੁਗ ਸਾਚਾ ਮਾਰਗ ਜਾਏ ਲਗ, ਲੋਕਮਾਤ ਵੱਜੇ ਵਧਾਈਆ । ਕਰੇ ਖੇਲ ਸੂਰਾ ਸਰਬੱਗ, ਸਤਿ ਪੁਰਖ ਵੱਡੀ ਵਡਿਆਈਆ । ਤ੍ਰੈਗੁਣ ਮਾਇਆ ਲੱਗੀ ਬੁਝੇ ਅੱਗ, ਤਤਵ ਤਤ ਇਕ ਰਖਾਈਆ । ਗੁਰਸਿਖਾਂ ਸਤਿਗੁਰ ਪੂਰਾ ਪਰਦੇ ਲਏ ਕੱਜ, ਜਨਮ ਜਨਮ ਦੀ ਧੋਵੇ ਲੱਗੀ ਸ਼ਾਹੀਆ । ਘਰ ਵਿਚ ਘਰ ਵਖਾਏ ਮੱਕਾ ਕਾਅਬਾ ਸਾਚਾ ਹੱਜ, ਮੱਕਾ ਮਦੀਨਾ ਫੇਰੀ ਕੋਈ ਨਾ ਪਾਈਆ । ਗੁਰਮੁਖ ਗੁਰਸਿਖ ਹਰਿਭਗਤ ਭਗਵੰਤ ਏਕਾ ਧਾਮ ਬਹਿਣਾ ਸਜ, ਦੂਸਰ ਧਾਮ ਨਾ ਕੋਈ ਵਡਿਆਈਆ । ਏਕਾ ਨਾਦ ਏਕਾ ਸ਼ਬਦ, ਏਕਾ ਧੁਨ ਏਕਾ ਸਾਜ ਜਾਏ ਵੱਜ, ਸਾਰਿੰਗ ਸਾਰਿੰਗਾ ਨਾ ਕੋਈ ਵਖਾਈਆ । ਗੁਰਮੁਖ ਤੇਰੀ ਵਖਾਏ ਚੌਥਾ ਪਦ ਹੱਦ, ਬ੍ਰਹਮਾ ਵਿਸ਼ਨ ਸ਼ਿਵ ਤੇਰੇ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਦਏ ਵਖਾਈਆ । ਸਤਿਜੁਗ ਸਾਚਾ ਹਰਿ ਵਖਾਵਣਾ, ਜਨ ਭਗਤਾਂ ਦਇਆ ਕਮਾ । ਲੱਖ ਚੁਰਾਸੀ ਖ਼ਾਕ ਰਲਾਵਣਾ, ਵਸਦਾ ਖੇੜਾ ਦਏ ਢਾਹ । ਸੰਮਤ ਅਠਾਰਾਂ ਰਾਹ ਤਕਾਵਣਾ, ਬੀਸ ਬੀਸਾ ਦਏ ਸਲਾਹ । ਗੋਬਿੰਦ ਸੂਰਾ ਏਕਾ ਡੰਕ ਵਜਾਵਣਾ, ਲੋਆਂ ਪੁਰੀਆਂ ਦਏ ਹਿਲਾ । ਬ੍ਰਹਮਾ ਸ਼ਿਵ ਆਪ ਉਠਾਵਣਾ, ਉਚੀ ਰੋਵਣ ਮਾਰਨ ਧਾ । ਕ੍ਰੋੜ ਤੇਤੀਸਾ ਰਹਿਣ ਨਾ ਪਾਵਣਾ, ਸੁਰਪਤ ਰਾਜਾ ਇੰਦ ਲੱਭੇ ਨਾ ਕੋਈ ਰਾਹ । ਕਲਜੁਗ ਕੂੜਾ ਮੁਖ ਛੁਪਾਵਣਾ, ਝੂਠਾ ਭੁੱਲੇ ਅੰਤਮ ਨਾਂ । ਸਤਿਜੁਗ ਸਾਚਾ ਮਾਰਗ ਲਾਵਨਾ, ਸਾਚਾ ਖੇੜਾ ਦਏ ਸੁਹਾ । ਸਤ ਰੰਗ ਨਿਸ਼ਾਨਾ ਇਕ ਚੜ੍ਹਾਵਣਾ, ਸੱਤਾਂ ਦੀਪਾਂ ਦਏ ਵਡਿਆ । ਨੌ ਖੰਡ ਫੇਰਾ ਪਾਵਣਾ, ਨੌ ਦਵਾਰੇ ਪੰਧ ਮੁਕਾ । ਚੰਡ ਪਰਚੰਡ ਇਕ ਚਮਕਾਵਨਾ, ਬ੍ਰਹਿਮੰਡਾਂ ਖੰਡਾਂ ਵੰਡਣ ਆਪ ਵੰਡਾ । ਉਤਭੁਜ ਸੇਤਜ ਰਹਿਣ ਨਾ ਪਾਵਣਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਕਰੇ ਨਿਆ । ਸੱਤ ਸਮੁੰਦਰ ਜਲ ਸੁਕਾਵਣਾ, ਅਗਨੀ ਰੱਖੇ ਏਕਾ ਭਾਹ । ਪੁਰਖ ਅਬਿਨਾਸ਼ੀ ਖੇਲ ਖਲਾਵਣਾ, ਆਪਣਾ ਭਾਣਾ ਦਏ ਵਰਤਾ । ਹਰਿ ਕਾ ਭਾਣਾ ਨਾ ਕਿਸੇ ਮਿਟਾਵਣਾ, ਗੁਰ ਪੀਰ ਅਵਤਾਰ ਰਹੇ ਸੀਸ ਝੁਕਾ । ਨਿਹਕਲੰਕ ਨਾਉਂ ਹਰਿ ਅਬਿਨਾਸ਼ੀ ਆਪਣਾ ਆਪ ਧਰਾਵਣਾ, ਨਿਰਗੁਣ ਜੋਤ ਕਰ ਰੁਸ਼ਨਾ । ਸਤਿਜੁਗ ਸਾਚਾ ਸਤਿ ਵਰਤਾਵਣਾ,

੧੪੭੨

ਸਤਿ ਸਤਿਵਾਦੀ ਹੋਏ ਆਪ ਮਲਾਹ । ਆਦਿ ਜੁਗਾਦੀ ਆਪਣਾ ਬੇੜਾ ਆਪ ਚਲਾਵਣਾ, ਆਪੇ ਦੇਵਣਹਾਰ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਇਕ ਜਪਾਏ ਸਾਚਾ ਨਾਂ । ਏਕਾ ਨਾਉਂ ਚਾਰ ਵਰਨ, ਸਤਿਜੁਗ ਕਰੇ ਪੜ੍ਹਾਈਆ । ਏਕਾ ਬਖ਼ਸ਼ੇ ਸੱਚੀ ਸਰਨ, ਹਰਿ ਸੱਚਾ ਸਚ ਸਰਨਾਈਆ । ਏਕਾ ਖੋਲ੍ਹੇ ਹਰਨ ਫਰਨ, ਨੇਤਰ ਨੈਣ ਇਕ ਖੁਲ੍ਹਾਈਆ । ਏਕਾ ਕਰੇ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਏਕਾ ਲੇਖਾ ਜਾਣੇ ਧਰਨੀ ਧਰਨ, ਧਰਤ ਧਵਲ ਦਏ ਵਡਿਆਈਆ । ਭੌ ਚੁਕਾਏ ਮਰਨ ਡਰਨ, ਭੈ ਭਿਆਨਕ ਹੋਏ ਸਹਾਈਆ । ਏਕਾ ਹੋਏ ਤਰਨੀ ਤਰਨ, ਤਰਨਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਸੱਚਾ ਸ਼ਹਿਨਸ਼ਾਹ, ਸਤਿ ਪੁਰਖ ਨਿਰੰਜਣ ਇਕ ਅਖਵਾਇੰਦਾ । ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਸਚ ਸੰਦੇਸ਼ ਨਰ ਨਰੇਸ਼ ਦੇਵੇ ਥਾਉਂ ਥਾਂ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਗੁਰਮੁਖ ਹੰਸ ਬਣਾਏ ਫੜ ਫੜ ਕਾਂ, ਜਿਸ ਜਨ ਸੋਹੰ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਬਨਵਾਰੀ ਆਪਣਾ ਬੰਧਨ ਆਪੇ ਪਾਇੰਦਾ । ਗੁਰਸਿਖ ਬੰਧਨ ਪਾਇਆ, ਸ਼ਬਦ ਡੋਰੀ ਬੰਨਿਆ ਤੰਦ । ਲੋਕਮਾਤ ਨਾ ਕੋਈ ਤੁੜਾਇਆ, ਜਿਸ ਗਾਇਆ ਸੁਹਾਗੀ ਛੰਦ । ਬੱਤੀ ਦੰਦ ਲੇਖੇ ਲਾਇਆ, ਆਤਮ ਉਪਜਾਏ ਪਰਮਾਨੰਦ । ਰਸਨ ਵਿਕਾਰਾ ਗੰਦ ਤਜਾਇਆ, ਘਰ ਜੋਤ ਨਿਰੰਜਣ ਚੜ੍ਹਿਆ ਚੰਦ । ਸਤਿਗੁਰ ਪੂਰਾ ਦਰਸ ਦਖਾਇਆ,

੧੪੭੩ ਮਾਨਸ ਜਨਮ ਟੁੱਟੀ ਲਏ ਗੰਢ । ਲੱਖ ਚੁਰਾਸੀ ਫੰਦ ਦਏ ਕਟਾਇਆ, ਰਾਏ ਧਰਮ ਨਾ ਮੰਗੇ ਕੋਈ ਮੰਗ । ਚਿਤਰ ਗੁਪਤ ਨਾ ਹਿਸਾਬ ਵਖਾਇੰਦਾ, ੧੪੭੩

੦੯ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜਨ ਭਗਤਾਂ ਹੋਏ ਸਦਾ ਬਖ਼ਸ਼ੰਦ । ਬਖ਼ਸ਼ਣਹਾਰ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਗੁਰਮੁਖ ਵੇਖੇ ਸਾਚੇ ਲਾਲ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਨਿਰਗੁਣ ਸਰਗੁਣ ਬਣ ਦਲਾਲ, ਸਚ ਵਣਜਾਰਾ ਏਕਾ ਵਣਜ ਕਰਾਈਆ । ਆਪਣੇ ਸਾਂਚੇ ਆਪੇ ਢਾਲ, ਆਪਣੇ ਨਾਮ ਦਏ ਵਡਿਆਈਆ । ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹਰਿ ਰਘੁਰਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਮਿਲਾਈਆ । ਗੁਰਮੁਖ ਸੱਜਣ ਮੇਲਿਆ, ਕਰ ਕਿਰਪਾ ਗੁਣ ਨਿਧਾਨ । ਏਕਾ ਧਾਮ ਵਖਾਏ ਗੁਰੂ ਗੁਰ ਚੇਲਿਆ, ਸਤਿਗੁਰ ਪੂਰਾ ਹੋ ਮਿਹਰਵਾਨ । ਹਰਿ ਮਿਲਿਆ ਸੱਜਣ ਸਹੇਲਿਆ, ਸੁਣਾਇਆ ਧੁਰ ਫ਼ਰਮਾਣ । ਰਾਏ ਧਰਮ ਦੀ ਕੱਟੇ ਜੇਲਿਆ, ਸਚਖੰਡ ਦਵਾਰਾ ਦੱਸੇ ਇਕ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵੇਖੇ ਬਾਲ ਅਵਾਣ ।

## ✳ ੧੫ ਮੱਘਰ ੨੦੧੭ ਬਿਕ੍ਰਮੀ ਲਾਲ ਸਿੰਘ ਦੇ ਘਰ ਪਿੰਡ ਡੱਲੇ ਵਾਲ ਜ਼ਿਲਾ ਜਲੰਧਰ ✳

ਗੁਰਸਿਖ ਸਿਮਲ ਰਹੇ ਨਾ ਖ਼ਾਲੀ, ਸਤਿਗੁਰ ਪੂਰਾ ਦਇਆ ਕਮਾਇੰਦਾ । ਗੁਰ ਮਿਲਿਆ ਦੋ ਜਹਾਨਾ ਵਾਲੀ, ਲੋਕਮਾਤ ਵੇਖ ਵਖਾਇੰਦਾ ।

ਏਕੰਕਾਰਾ ਬਣਿਆ ਸਾਚਾ ਮਾਲੀ, ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਆਪ ਵੇਖੇ ਪਤ ਡਾਲ੍ਹੀ, ਫੁਲ ਫਲਵਾੜੀ ਵੇਖ ਵਖਾਇੰਦਾ । ਜਗਤ ਜੁਗ ਚਲੇ ਅਵੱਲੜੀ ਚਾਲੀ, ਚਾਲ ਨਿਰਾਲੀ ਇਕ ਰਖਾਇੰਦਾ । ਦੋ ਜਹਾਨ ਸ੍ਰੀ ਭਗਵਾਨ ਗੁਰਮੁਖਾਂ ਕਰੇ ਸਚ ਦਲਾਲੀ, ਵਣਜ ਵਣਜਾਰਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਗੁਰਸਿਖ ਸੁਰਤੀ ਲਏ ਹੁਲਾਰਾ, ਸਤਿਗੁਰ ਪੂਰਾ ਆਪ ਦਵਾਈਆ । ਦੋ ਜਹਾਨਾਂ ਕਰੇ ਪਾਰ ਕਿਨਾਰਾ, ਅਧਵਿਚਕਾਰ ਨਾ ਕੋਈ ਡੁਬਾਈਆ । ਇਕ ਵਖਾਏ ਸਚ ਦਰਬਾਰਾ, ਸਚਖੰਡ ਦਵਾਰਾ ਖੋਲ੍ਹ ਜਣਾਈਆ । ਜੋਤ ਜਗਾਏ ਦਇਆ ਕਮਾਏ ਉਚ ਮੁਨਾਰਾ, ਨੇਹਚਲ ਧਾਮ ਵੱਡੀ ਵਡਿਆਈਆ । ਗੁਰਸਿਖ ਗੁਰ ਗੁਰ ਕਰ ਪਿਆਰਾ, ਗੁਰ ਮੰਤਰ ਨਾਮ ਵਡਿਆਈਆ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰਾ, ਜੂਨ ਅਜੂਨੀ ਨਾ ਕੋਈ ਫਿਰਾਈਆ । ਕਾਗਦ ਕਲਮ ਨਾ ਲਿਖਣਹਾਰਾ, ਮਹਿਮਾ ਅਕਥ ਕਥੀ ਨਾ ਜਾਈਆ । ਜੁਗਾ ਜੁਗੰਤਰ ਖੇਲ ਅਪਾਰਾ, ਹਰਿ ਕਰਤਾਰਾ ਆਪ ਕਰਾਈਆ । ਭਗਤ ਭਗਵੰਤ ਬਣਿਆ ਰਹੇ ਸੇਵਾਦਾਰਾ, ਸੇਵਕ ਸਾਚੀ ਸੇਵ ਕਮਾਈਆ । ਸ਼ਬਦ ਅਗੰਮੀ ਨਾਦ ਅਨਾਦੀ ਬੋਲ ਜੈਕਾਰਾ, ਆਪਣਾ ਮੰਤਰ ਦਏ ਸਮਝਾਈਆ । ਸਿਮਲ ਰੁਖ ਗੁਰਮੁਖ ਗੁਰ ਗੁਰ ਪਾਏ ਸਾਰਾ, ਹਰਿ ਘਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਿਮਲ ਰੁਖ ਜਗਤ ਯਾਦ, ਲੱਖ ਚੁਰਾਸੀ ਦਏ ਵਡਿਆਈਆ । ਕਲਜੁਗ ਅੰਤਮ ਸਾਹਿਬ ਸਤਿਗੁਰ ਸੁਣੇ ਆਪ ਫ਼ਰਯਾਦ, ਖ਼ਾਲੀ ਕੋਇ ਰਹਿਣ ਨਾ ਪਾਈਆ । ਜਿਸ ਜਨ ਦੇਵੇ ਨਾਮ ਦਾਦ, ਵਸਤ ਅਮੋਲਕ ਆਪ ਵਰਤਾਈਆ । ਸ਼ਬਦ ਜਣਾਏ ਬੋਧ ਅਗਾਧ, ਗ੍ਰਿਹ ਮੰਦਰ ਵੱਜੇ ਵਧਾਈਆ । ਚਰਨ ਕਵਲ ਦਵਾਰ ਲਡਾਏ ਲਾਡ, ਜਨਨੀ ਜਨ ਆਪ ਅਖਵਾਈਆ । ਮੇਲ ਮਿਲਾਵਾ ਮੋਹਨ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਦਏ ਸਮਝਾਈਆ । ਗੁਰਮੁਖ ਲੇਖਾ ਹਰਿ ਦਵਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰ, ਵਿਛੜ ਕਦੇ ਨਾ ਜਾਇੰਦਾ । ਏਕੰਕਾਰਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਈ ਵਖਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸ੍ਰੀ ਭਗਵਾਨ ਹੋ ਤਿਆਰ, ਘਰ ਮੰਦਰ ਫੋਲ ਫੁਲਾਇੰਦਾ । ਅਬਿਨਾਸ਼ੀ ਕਰਤਾ ਆਪੇ ਵੇਖੇ ਵੇਖਣਹਾਰ, ਵੇਖਣਹਾਰਾ ਦਿਸ ਨਾ ਆਇੰਦਾ । ਪਾਰਬ੍ਰਹਮ ਬ੍ਰਹਮ ਬੂਟਾ ਕਰ ਤਿਆਰ, ਲੋਕਮਾਤ ਆਪ ਲਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪਾਵੇ ਸਾਰ, ਮਹਾਂ ਸਾਰਥੀ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਬੰਧਾਇੰਦਾ । ਆਪੇ ਜਾਣੇ ਸਿਮਲ ਰੁਖ, ਸਚ ਸਚ ਵੱਡੀ ਵਡਿਆਈਆ । ਆਪੇ ਮੇਟਣਹਾਰਾ ਦੁੱਖ, ਪੂਰਬ ਲੇਖਾ ਵੇਖ ਵਖਾਈਆ । ਆਪੇ ਸੁਫ਼ਲ ਕਰਾਏ ਕੁੱਖ, ਮਾਨਸ ਮਾਨੁਖ ਭੇਵ ਨਾ ਰਾਈਆ । ਆਪਣਾ ਫਲ ਆਪਣੇ ਕੋਲ ਰੱਖੇ ਗ੍ਰਿਹ ਮੰਦਰ ਬੈਠਾ ਲੁਕ, ਨੂਰ ਜ਼ਹੂਰ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲਾਈਆ । ਹਰਿ ਭੇਵ ਅਭੇਦ ਖੁਲਾਇੰਦਾ, ਕਰ ਕਿਰਪਾ ਗੁਣ ਨਿਧਾਨ । ਆਪਣੀ ਰਚਨਾ ਆਪ ਰਚਾਇੰਦਾ, ਆਦਿ ਜੁਗਾਦੀ ਖੇਲ ਮਹਾਨ । ਨਿਰਗੁਣ ਨਿਰਗੁਣ ਜੋਤ ਜਗਾਇੰਦਾ, ਜੋਤੀ ਜਾਤਾ ਵਡ ਮਿਹਰਵਾਨ । ਸਾਚੇ ਤਖ਼ਤ ਸੋਭਾ ਪਾਇੰਦਾ, ਤਖ਼ਤ ਨਿਵਾਸੀ ਸ਼ਾਹ ਸੁਲਤਾਨ । ਧੁਰ ਫ਼ਰਮਾਣਾ ਹੁਕਮ ਜਣਾਇੰਦਾ, ਧੁਰ ਦੀ ਬਾਣੀ ਏਕਾ ਬਾਣ । ਸ਼ਾਹੋ ਭੂਪ ਵਡ ਰਾਜਨ ਰਾਜ ਅਖਵਾਇੰਦਾ, ਕਰੇ ਖੇਲ ਦੋ ਜਹਾਨ । ਸ਼ਬਦ ਅਨਾਦੀ ਨਾਦ ਵਜਾਇੰਦਾ, ਆਪੇ

ਸੁਣੇ ਸੁਣਾਏ ਸੁਣਨੇਹਾਰ । ਦੂਸਰ ਸੰਗ ਨਾ ਕੋਈ ਰਖਾਇੰਦਾ, ਇਕ ਇਕੱਲਾ ਏਕੰਕਾਰ । ਸਚਖੰਡ ਦਵਾਰੇ ਸੋਭਾ ਪਾਇੰਦਾ, ਖਿਰ ਖੋਲ੍ਹੇ ਇਕ ਕਿਵਾੜ । ਹਰਿ ਮੰਦਰ ਵਡ ਵਡਿਆਇੰਦਾ, ਨਾ ਕੋਈ ਦੀਸੇ ਚਾਰ ਦਿਵਾਰ । ਸੂਰਜ ਚੰਦ ਨਾ ਕੋਈ ਚੜ੍ਹਾਇੰਦਾ, ਮੰਡਲ ਮੰਡਪ ਨਾ ਕੋਈ ਅਕਾਰ । ਗੁਰ ਪੀਰ ਅਵਤਾਰ ਨਾ ਕੋਈ ਅਖਵਾਇੰਦਾ, ਸਾਧ ਸੰਤ ਕਰੇ ਨਾ ਕੋਈ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਪਰਵਰਦਿਗਾਰ । ਇਕ ਇਕੱਲਾ ਪਰਵਰਦਿਗਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਕਰੇ ਖੇਲ ਅਗੰਮ ਅਗੰਮੜਾ ਅਗੰਮੜੀ ਕਾਰਾ, ਅਲੱਖ ਅਗੋਚਰ ਰੂਪ ਵਟਾਇੰਦਾ । ਉਚੇ ਮੰਦਰ ਹੋ ਉਜਿਆਰਾ, ਆਪਣਾ ਰੂਪ ਆਪ ਪਰਗਟਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਹੁਕਮੀ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਈਆ । ਏਕਾ ਵਸੇ ਨਰ ਹਰਿ ਨਰਾਇਣ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਆਪਣੀ ਮਹਿਮਾ ਜਾਣੇ ਬੇਅੰਤ, ਬੇਅੰਤ ਆਪਣਾ ਨਾਉਂ ਰਖਾਈਆ । ਲੇਖਾ ਜਾਣੇ ਜੁਗਾਂ ਜੁਗੰਤ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਵਡ ਦੇਵੀ ਦੇਵ ਆਪ ਜਣਾਈਆ । ਮਾਤ ਪਿਤ ਨਾ ਕੋਈ ਪਿਆਰ, ਜਨਨੀ ਗੋਦ ਨਾ ਕੋਈ ਸੁਹਾਇੰਦਾ । ਬਾਲ ਰੂਪ ਨਾ ਸ਼ੀਰ ਖਾਰ, ਸੀਸ ਹੱਥ ਨਾ ਕੋਇ ਟਿਕਾਇੰਦਾ । ਜਗਦੀਸ਼ ਦੇਵੇ ਨਾ ਕੋਈ ਸਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਆਪੇ ਲਏ ਉਭਾਰ । ਹਰਿ ਆਪਣਾ ਆਪ ਉਭਾਰਿਆ, ਕਰ ਕਿਰਪਾ ਗੁਣ ਨਿਧਾਨ । ਨਿਰਗੁਣ ਦੀਪ ਕਰ ਉਜਿਆਰਿਆ, ਵੇਖਣਹਾਰਾ ਆਪੇ ਹੋਏ ਨਿਗਹਬਾਨ । ਆਦਿ ਅੰਤ ਨਾ ਪਾਰਾਵਾਰਿਆ, ਹਰਿ ਸੱਚਾ ਸ਼ਾਹ ਸਿਕਦਾਰ ਵਡ ਵਡਾ ਮਿਹਰਬਾਨ । ਸਾਚਾ ਤਖ਼ਤ ਆਪ ਸੁਹਾ ਰਿਹਾ, ਭੂਪ ਬਣ ਰਾਜ ਰਾਜਾਨ । ਸੀਸ ਤਾਜ ਇਕ ਟਿਕਾ ਰਿਹਾ, ਪੰਚਮ ਰੂਪ ਗੁਣ ਨਿਧਾਨ । ਸਤਿ ਸਤਿਵਾਦੀ ਧਾਰ ਵਖਾ ਰਿਹਾ, ਨਾ ਕੋਈ ਜ਼ਿਮੀ ਨਾ ਅਸਮਾਨ । ਗਗਨ ਮੰਡਲ ਨਾ ਕੋਈ ਰਚਨ ਰਚਾ ਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਭਗਵਾਨ । ਆਪਣਾ ਲੇਖਾ ਹਰਿ ਭਗਵਾਨ ਲਿਖਾਈ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇਆ । ਤ੍ਰੈ ਤ੍ਰੈ ਲੇਖਾ ਇਕ ਸਮਝਾਈ, ਏਕਾ ਮਾਈ ਗੋਦ ਬਹਾਇਆ । ਜਨਨੀ ਜਨ ਵੇਖੇ ਚਾਈਂ ਚਾਈਂ, ਦਾਈ ਦਾਇਆ ਹਰਿ ਰਘੁਰਾਇਆ । ਆਦਿ ਪੁਰਖ ਸੇਵ ਕਮਾਈ, ਬ੍ਰਹਮ ਬ੍ਰਹਿਮਾਦਿ ਵੇਖ ਵਖਾਇਆ । ਵਡ ਵਡਾ ਸ਼ਹਿਨਸ਼ਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਸਿਖ਼ਿਆ ਇਕ ਸਿਖਾਇਆ । ਸਾਚੀ ਸਿਖ਼ਿਆ ਕਰਨੀ ਕਰਤਾਰ, ਹਰਿ ਸ਼ਬਦੀ ਮੰਗ ਮੰਗਾਇੰਦਾ । ਕਵਣ ਰੂਪ ਵਿਸ਼ਨ ਹੋਏ ਉਜਿਆਰ, ਵਾਸਤਕ ਤੇਰਾ ਰੂਪ ਦਰਸਾਇੰਦਾ । ਕਵਣ ਬ੍ਰਹਮਾ ਕਰੇ ਪਸਾਰ, ਪਾਰਬ੍ਰਹਮ ਵੰਡ ਵੰਡਾਇੰਦਾ । ਕਵਣ ਸ਼ੰਕਰ ਕਰੇ ਖੇਲ ਨਿਆਰ, ਸਾਖ਼ਯਾਤ ਰੂਪ ਧਰਾਇੰਦਾ । ਕਵਣ ਦੇਵੇ ਅੰਤ ਅਧਾਰ, ਕਵਣ ਜੋਤੀ ਜੋਤ ਮਿਲਾਇੰਦਾ । ਕਵਣ ਭਰੇ ਸਚ ਭੰਡਾਰ, ਸਤਿ ਭੰਡਾਰੀ ਕਵਣ ਅਖਵਾਇੰਦਾ । ਕਵਣ ਲੱਖ ਚੁਰਾਸੀ ਕਰੇ ਤਿਆਰ, ਰੂਪ ਅਨੂਪ ਕਵਣ ਵਟਾਇੰਦਾ । ਕਵਣ ਅੰਤਮ ਦਏ ਸੰਘਾਰ, ਲੇਖਾ ਕਵਣ ਹੱਥ ਰਖਾਇੰਦਾ । ਕਵਣ ਖੇਲ ਕਰੇ ਵਿਚ ਸੰਸਾਰ, ਸੁਤ ਦੁਲਾਰਾ ਦੋਏ ਜੋੜ ਮੰਗ ਮੰਗਾਇੰਦਾ । ਮੰਗੇ ਭਿਖ ਢਹਿ ਢਹਿ ਪੈ ਦਵਾਰ, ਚਰਨ ਚਰਨੋਦਕ ਮਸਤਕ ਲਾਇੰਦਾ । ਜੋਤੀ


੧੪੭੫
੦੯

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇੰਦਾ । ਸੋ ਪੁਰਖ ਨਿਰੰਜਣ ਤੁਠਿਆ, ਸੁਤ ਦੁਲਾਰਾ ਲਏ ਉਠਾ । ਆਪਣੇ ਵਿਚੋਂ ਆਪੇ ਫੁੱਟਿਆ, ਆਪਣਾ ਰੂਪ ਲਏ ਪਰਗਟਾ । ਵਿਸ਼ਨੂੰ ਰੂਪ ਨਾ ਜਾਏ ਲੁੱਟਿਆ, ਵਿਸ਼ਨੂੰ ਆਪਣਾ ਨਾਉਂ ਰਖਾ । ਵਿਸ਼ਨੂੰ ਪਿਆਏ ਅੰਮ੍ਰਿਤ ਘੁੱਟਿਆ, ਚਰਨ ਚਰਨੋਦਕ ਮੁਖ ਚੁਵਾ । ਕਵਲ ਨਾਭੀ ਆਪੇ ਫੁੱਟਿਆ, ਪਾਰਬ੍ਰਹਮ ਹੋ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾ । ਹਰਿ ਸਾਚਾ ਭੇਵ ਖੁਲਾਇੰਦਾ, ਸੁਣ ਬਾਲਕ ਬਾਲ ਨਿਧਾਨ । ਵਿਸ਼ਨੂੰ ਆਪਣਾ ਰੂਪ ਧਰਾਇੰਦਾ, ਆਦਿ ਜੁਗਾਦੀ ਇਕ ਭਗਵਾਨ । ਬ੍ਰਹਮ ਆਪਣੀ ਅੰਸ ਉਪਾਇੰਦਾ, ਪਾਰਬ੍ਰਹਮ ਹੋ ਹੋ ਮਿਹਰਵਾਨ । ਸ਼ੰਕਰ ਆਪਣਾ ਬਲ ਧਰਾਇੰਦਾ, ਆਪੇ ਵੇਖੇ ਨਿਗਹਬਾਨ । ਤਿੰਨਾਂ ਤੇਰੀ ਗੋਦ ਸੁਹਾਇੰਦਾ, ਦਾਤਾ ਦੇਵੇ ਸਾਚਾ ਦਾਨ । ਆਪਣਾ ਭੰਡਾਰਾ ਅਤੁਟ ਨਿਖੁਟ ਰਖਾਇੰਦਾ, ਨਿਖੁਟ ਨਾ ਜਾਏ ਦੋ ਜਹਾਨ । ਵਿਸ਼ਨੂੰ ਵਰਤਾਰਾ ਆਪੇ ਲਾਇੰਦਾ, ਦੇਵੇ ਧੁਰ ਫ਼ਰਮਾਣ । ਬ੍ਰਹਮਾ ਬ੍ਰਹਮ ਰੂਪ ਧਰਾਇੰਦਾ, ਲੋਕਮਾਤ ਕਰੇ ਪਰਧਾਨ । ਸ਼ੰਕਰ ਏਕਾ ਰੰਗ ਵਖਾਇੰਦਾ, ਅੰਤਮ ਮੇਟੇ ਸਰਬ ਨਿਸ਼ਾਨ । ਤਿੰਨਾਂ ਵਿਚੋਲਾ ਤੇਰਾ ਰੂਪ ਧਰਾਇੰਦਾ, ਸ਼ਬਦ ਸ਼ਬਦੀ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦੱਸੇ ਆਪ ਪਛਾਣ । ਹਰਿ ਆਪਣੀ ਪਛਾਣ ਜਣਾਇੰਦਾ, ਭੇਵ ਅਭੇਦਾ ਖੋਲ੍ਹ । ਤ੍ਰੈਗੁਣ ਮਾਇਆ ਤਤ ਪਰਗਟਾਇੰਦਾ, ਪੰਜ ਤਤ ਕਰ ਪਰਵਾਨ । ਰਜੋ ਤਮੋ ਸਤੋ ਰੰਗ ਰੰਗਾਇੰਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਕਲਿਆਣ । ਲੱਖ ਚੁਰਾਸੀ ਘਾੜਤ ਆਪ ਘੜਾਇੰਦਾ, ਆਪੇ ਹੋਏ ਨਿਗਹਬਾਨ । ਲੋਕਮਾਤ ਖੇਲ ਖਿਲਾਇੰਦਾ, ਮੰਡਲ ਮੰਡਪ ਵੇਖੇ ਮਾਰ ਧਿਆਨ । ਰਵ ਸਸ ਜੋਤ ਜਗਾਇੰਦਾ, ਕਿਰਨੀ ਕਿਰਨ ਦਏ ਨਿਧਾਨ । ਜਲ ਬਿੰਬ ਆਪ ਸਮਾਇੰਦਾ, ਧਰਤ ਧਵਲ ਰਖਾਏ ਆਣ । ਨੌ ਸਤਿ ਵੰਡ ਵੰਡਾਇੰਦਾ, ਏਕਾ ਤਤ ਕਰੇ ਧਿਆਨ । ਲੱਖ ਚੁਰਾਸੀ ਜੋਤ ਜਗਾਇੰਦਾ, ਰੂਪ ਅਨੂਪ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਦਾਨ । ਸਾਚਾ ਦਾਨ ਹਰਿ ਹਰਿ ਦੀਆ, ਦੇਵਣਹਾਰ ਨਿਰੰਕਾਰਾ । ਘਰ ਘਰ ਜੀਵਤ ਜੀਏ ਜੀਆ, ਜਾਗਰਤ ਨੂਰ ਜੋਤ ਉਜਿਆਰਾ । ਬ੍ਰਹਮ ਬੀਜ ਆਪੇ ਬੀਆ, ਆਪੇ ਵੇਖੇ ਫੁਲ ਫੁਲਵਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਅਗੰਮ ਅਪਾਰ ਖੇਲ ਖਿਲਾਇਆ, ਭੇਵ ਕੋਈ ਨਾ ਪਾਈਆ । ਆਪਣਾ ਅੱਖਰ ਇਕ ਪੜ੍ਹਾਇਆ, ਪਾਰਬ੍ਰਹਮ ਬ੍ਰਹਮ ਕਰੇ ਪੜ੍ਹਾਈਆ । ਚਾਰੇ ਵੇਦਾਂ ਆਪੇ ਗਾਇਆ, ਚਾਰੇ ਜੁਗ ਵੰਡ ਵੰਡਾਈਆ । ਚਾਰੇ ਖਾਣੀ ਰਚਨ ਰਚਾਇਆ, ਅੰਡਜ ਜੇਰਜ ਉਤਭੁਜ ਸੇਤਜ ਵੇਖੇ ਥਾਉਂ ਥਾਈਆ । ਚਾਰੇ ਬਾਣੀ ਬਾਣ ਲਗਾਇਆ, ਅਨਭਵ ਰੂਪ ਆਪਣਾ ਆਪ ਬੁਝਾਈਆ । ਚਾਰੇ ਕੁੰਟਾਂ ਫੋਲ ਫੁਲਾਇਆ, ਦੂਰ ਨੇੜਾ ਪੰਧ ਮੁਕਾਈਆ । ਆਪਣਾ ਪਰਦਾ ਘਟ ਘਟ ਅੰਦਰ ਆਪ ਛੁਪਾਇਆ, ਘਰ ਘਰ ਵਿਚ ਆਸਣ ਲਾਈਆ । ਕਾਇਆ ਮੰਦਰ ਇਕ ਵਡਿਆਇਆ, ਨੌਂ ਦੁਆਰੇ ਆਪ ਖੁਲ੍ਹਾਈਆ । ਜਗਤ ਵਸਤੂ ਵਿਚ ਰਖਾਇਆ, ਜਗਤ ਤ੍ਰਿਸ਼ਨਾ ਕਰ ਕੁੜਮਾਈਆ । ਪੰਜ ਤਤ ਪੰਚ ਵਿਕਾਰਾ ਬੰਧਨ ਪਾਇਆ, ਕਾਮ ਕਰੋਧ ਲੋਭ ਮੋਹ ਹੰਕਾਰ ਇਕ ਜਣਾਈਆ । ਆਪਣਾ ਖੇਲ ਆਪਣੇ ਹੱਥ ਰਖਾਇਆ, ਦੂਸਰ ਹੱਥ ਕਿਸੇ ਨਾ ਆਈਆ । ਘਰ ਘਰ ਵਿਚ ਨਾਦ ਵਜਾਇਆ, ਅਨਹਦ ਸ਼ਬਦ ਧੁਨ ਵਜਾਈਆ । ਘਰ ਘਰ ਵਿਚ ਦੀਪ ਜਗਾਇਆ, ਜੋਤ ਨਿਰੰਜਣ ਕਰ ਰੁਸ਼ਨਾਈਆ । ਘਰ ਘਰ ਵਿਚ ਕੁੰਡਾ ਲਾਹਿਆ, ਬਜਰ

੧੪੭੯ ੦੯

ਕਪਾਟੀ ਦਏ ਤੁੜਾਈਆ । ਘਰ ਘਰ ਵਿਚ ਅੰਮ੍ਰਿਤ ਤਾਲ ਭਰਾਇਆ, ਨਾਭੀ ਅੰਮ੍ਰਿਤ ਇਕ ਵਖਾਈਆ । ਘਰ ਘਰ ਵਿਚ ਸੇਜ ਸੁਹਾਇਆ,
ਆਤਮ ਸੇਜਾ ਡੇਰਾ ਲਾਈਆ । ਘਰ ਘਰ ਵਿਚ ਹਰਿ ਹਰਿ ਵੰਡ ਵੰਡਾਇਆ, ਪਾਰਬ੍ਰਹਮ ਵੇਖੇ ਚਾਈ ਚਾਈਆ । ਘਰ ਘਰ ਵਿਚ ਦਏ ਸਮਝਾਇਆ,
ਆਪ ਆਪਣਾ ਪਰਦਾ ਲਾਹੀਆ । ਸਾਚੇ ਸੁਤ ਤੇਰੀ ਵਡਿਆਇਆ, ਤੇਰੇ ਨਾਉਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਦੇਵੇ ਸਾਚਾ ਵਰ, ਰੂਪ ਅਨੂਪ ਇਕ ਦਰਸਾਈਆ । ਰੂਪ ਅਨੂਪ ਆਪ ਦਰਸਾਵਣਾ, ਹਰਿ ਸਾਚੀ ਸਚ ਪਛਾਣ । ਭਗਤ ਭਗਵੰਤ
ਆਪ ਉਠਾਵਣਾ, ਦੇਵੇ ਧੁਰ ਫ਼ਰਮਾਣ । ਸਾਚੇ ਸੰਤਾਂ ਸੰਗ ਨਿਭਾਵਣਾ, ਹੋਏ ਸਹਾਈ ਅੰਤਮ ਆਣ । ਗੁਰਮੁਖ ਗੁਰਮੁਖ ਮੇਲ ਮਿਲਾਵਣਾ, ਚੁੱਕੇ
ਜਮ ਕੀ ਕਾਨ । ਗੁਰਸਿਖ ਆਪਣੀ ਗੋਦ ਬਹਾਵਣਾ, ਦੋ ਜਹਾਨਾ ਦੇਵੇ ਮਾਣ । ਜਗ ਜੁਗ ਗੇੜਾ ਆਪ ਗਿੜਾਵਣਾ, ਲੋਕਮਾਤ ਨਾ ਰਹੇ ਨਿਸ਼ਾਨ ।
ਦੁਆਪਰ ਆਪਣਾ ਮੁਖ ਛੁਪਾਵਣਾ, ਸਖ਼ੀ ਮਿਲੇ ਨਾ ਸਾਚਾ ਕਾਹਨ । ਕਲਜੁਗ ਆਪਣਾ ਬਲ ਧਰਾਵਣਾ, ਚਾਰੋਂ ਕੁੰਟ ਕਰੇ ਵੈਰਾਨ । ਸ੍ਰਿਸ਼ਟ ਸਬਾਈ
ਸਿਮਲ ਰੁਖ ਨਜ਼ਰੀ ਆਵਣਾ, ਫਲ ਦਿਸੇ ਨਾ ਕਿਸੇ ਟਾਹਣ । ਫਲ ਫਿਕੇ ਫੁਲ ਬਕ ਬਕੇ ਕੰਮ ਕਿਸੇ ਨਾ ਆਵਣਾ, ਭਰਮੇ ਭੁੱਲੇ ਬਣ ਨਿਧਾਨ ।
ਗੁਰਮੁਖ ਵਿਰਲਾ ਗੁਰ ਸਤਿਗੁਰ ਆਪ ਜਗਾਵਣਾ, ਜਿਸ ਦੇਵੇ ਧੁਰ ਫ਼ਰਮਾਣ । ਆਤਮ ਅੰਤਰ ਬ੍ਰਹਮ ਗਿਆਨ ਇਕ ਦ੍ਰਿੜਾਵਣਾ, ਨੇੜ ਨਾ ਆਇਣ
ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਕਲਜੁਗ ਅੰਤਮ ਸਿਮਲ ਧਾਰ, ਚਾਰ ਕੁੰਟ
੧੪੭੭ ਰਹੀ ਕੁਰਲਾਈਆ । ਹਰਿ ਸਤਿਗੁਰ ਸਾਹਿਬ ਕਰੇ ਨਾ ਕਿਸੇ ਪਿਆਰ, ਜੀਵ ਜੰਤ ਰਹੇ ਕੁਰਲਾਈਆ । ਅੰਮ੍ਰਿਤ ਫਲ ਨਾ ਮਿਲੇ ਕਿਸੇ ਦਵਾਰ, ੧੪੭੭
ਆਤਮ ਤ੍ਰਿਸਨਾ ਨਾ ਕੋਈ ਗਵਾਈਆ । ਜੂਠ ਝੂਠ ਲਏ ਹੁਲਾਰ, ਕਲਜੁਗ ਝੱਖੜ ਰਿਹਾ ਝੁਲਾਈਆ । ਗੜ੍ਹ ਹੰਕਾਰੀ ਬਣਿਆ ਉਚ ਮਿਨਾਰ,
ਹਉਮੇ ਦੀਰਘ ਰੋਗ ਰਿਹਾ ਸਤਾਈਆ । ਮਾਨਸ ਜਨਮ ਰਹੇ ਹਾਰ, ਪਤ ਡਾਲ੍ਹੀ ਗਏ ਸੁਕਾਈਆ । ਲੋਕਮਾਤ ਖਿੜੀ ਨਾ ਦਿਸੇ ਕੋਈ ਗੁਲਜ਼ਾਰ,
ਰੁਤ ਬਸੰਤ ਨਾ ਕੋਈ ਸੁਹਾਈਆ । ਮਨਮੁਖ ਨਾਰੀ ਨਾ ਮਿਲਿਆ ਕੰਤ ਭਤਾਰ, ਸੁਹੰਜਣੀ ਸੇਜ ਨਾ ਕੋਈ ਹੰਢਾਈਆ । ਚਾਰੋਂ ਕੁੰਟ ਦਿਸੇ ਵਿਭਚਾਰ,
ਸਤਿ ਸਤਿ ਬੈਠਾ ਮੁਖ ਛੁਪਾਈਆ । ਕਲਜੁਗ ਮਨਮੁਖ ਜੀਵ ਸਿਮਲ ਰੋਵੇ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਜੜ ਉਖੜੇ ਅੰਤਮ ਵਾਰ,
ਜਗਤ ਨਿਸ਼ਾਨ ਰਹਿਣ ਨਾ ਪਾਈਆ । ਸੀਸ ਧੜ ਨਾ ਕੋਈ ਪਿਆਰ, ਪੰਜ ਤਤ ਖ਼ਾਕੀ ਮਾਟੀ ਖ਼ਾਕ ਮਿਲਾਈਆ । ਨਾਤਾ ਤੁੱਟੇ ਸਾਕ ਸੱਜਣ
ਸੈਣ ਯਾਰ, ਨਾ ਕੋਈ ਸਹਾਈ ਪਿਤਾ ਮਾਈਆ । ਨਾਰੀ ਕੰਤ ਨਾ ਕੋਈ ਪਿਆਰ, ਸਗਲਾ ਸੰਗ ਨਾ ਕੋਈ ਰਖਾਈਆ । ਉਠ ਜੀਵ ਕਲ ਹੋ
ਤਿਆਰ, ਵੇਲਾ ਅੰਤਮ ਅੰਤ ਸਮਝਾਈਆ । ਝੂਠਾ ਦਿਸੇ ਤਨ ਸ਼ੰਗਾਰ, ਜਗਤ ਵਿਕਾਰ ਰਹੇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਜਗਤ ਸੁਰਾਇਰਾ ਸਿਮਲ ਰੁਖ, ਮਾਇਆ ਮਮਤਾ ਤ੍ਰਿਸਨਾ ਨਾ ਲੱਥੀ ਭੁੱਖ, ਸੁਫ਼ਲ ਹੋਈ ਨਾ ਮਾਤ ਕੁੱਖ, ਮਾਨਸ ਜਨਮ
ਰਹੇ ਗਵਾਈਆ । ਗੁਰਮੁਖ ਬੂਟਾ ਸਿਮਲ ਜਾਏ ਫੁੱਲ, ਰੁਤ ਬਸੰਤ ਅੰਤਮ ਆਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣੀ ਜੋਤੀ ਜਾਏ ਮਵਲ,
ਪਤ ਟਹਿਣੀ ਆਪ ਮਹਿਕਾਈਆ । ਅੰਤਮ ਅੰਤ ਹਰਿ ਭਗਵੰਤ ਕਰਤਾ ਕੀਮਤ ਪਾਏ ਮੁਲ, ਲੱਖ ਕਰੋੜੀ ਨਾ ਕੋਇ ਚੁਕਾਈਆ । ਗੁਰਸਿਖ ਸਾਚੇ
ਕੰਡੇ ਜਾਏ ਤੁਲ, ਅਠਾਰਾਂ ਭਾਰ ਚਰਨਾਂ ਹੇਠ ਦਬਾਈਆ । ਦੇਵੇ ਨਾਮ ਨਾਮ ਅਨਮੁਲ, ਕਰਤਾ ਕੀਮਤ ਕੋਇ ਨਾ ਲਾਈਆ । ਜੋ ਜਨ ਦਵਾਰੇ

ਆਏ ਭੁੱਲ, ਸਿੰਮਲ ਰੂਪ ਨਾ ਕੋਇ ਵਖਾਈਆ । ਭਾਗ ਲਗਾਏ ਸਾਚੀ ਕੁੱਲ, ਕਾਲਖ ਟਿੱਕਾ ਮੇਟੇ ਸ਼ਾਹੀਆ । ਸਚ ਨਿਸ਼ਾਨਾ ਜਾਏ ਝੁੱਲ, ਸਤਿਗੁਰ ਪੂਰਾ ਆਪ ਝੁਲਾਈਆ । ਗੁਰਸਿਖ ਤ੍ਰੈਗੁਣ ਮਾਇਆ ਵਿਚ ਨਾ ਜਾਏ ਰੁਲ, ਜਗਤ ਜੰਜਾਲਾ ਆਪ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਫੜ, ਔਦਾਂ ਜਾਂਦਾ ਦਿਸ ਨਾ ਆਈਆ । ਨਿਰਗੁਣ ਸਰਗੁਣ ਆਪੇ ਫੜ, ਸਰਗੁਣ ਨਿਰਗੁਣ ਵਿਚ ਮਿਲਾਇੰਦਾ । ਆਪਣੇ ਪੌੜੇ ਆਪੇ ਚੜ੍ਹ, ਸਾਚਾ ਮੰਦਰ ਖੋਜ ਖੁਜਾਇੰਦਾ । ਕਰ ਪਰਕਾਸ਼ ਬਹੱਤਰ ਨੜ, ਅੰਧ ਅੰਧੇਰ ਗਵਾਇੰਦਾ । ਸ਼ਬਦ ਅਗੰਮੀ ਆਪੇ ਪੜ੍ਹ, ਤੁਰਯਾ ਰਾਗ ਸੁਣਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਜੋਤ ਡਗਮਗਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਆਪਣਾ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬਨ੍ਹਾਏ ਆਪਣੇ ਲੜ, ਬੰਦੀਖ਼ਾਨਾ ਆਪ ਤੁੜਾਇੰਦਾ । ਗੁਰਸਿਖ ਗੁਰ ਏਕਾ ਜਾਣਿਆ, ਗ੍ਰਿਹਿ ਮੰਦਰ ਕਰ ਵਿਚਾਰ । ਗੁਰ ਸਤਿਗੁਰ ਆਪ ਪਛਾਣਿਆ, ਏਕਾ ਬਖ਼ਸ਼ੇ ਚਰਨ ਪਿਆਰ । ਦੇਵੇ ਨਾਮ ਗੁਣ ਨਿਧਾਨਿਆ, ਅੰਮ੍ਰਿਤ ਬਰਖੇ ਠੰਡਾ ਠਾਰ । ਲੱਖ ਚੁਰਾਸੀ ਪੁਣ ਛਾਣਿਆ, ਕਲਜੁਗ ਤੇਰੀ ਅੰਤਮ ਵਾਰ । ਕੂੜੀ ਕਿਰਿਆ ਚੋਲਾ ਹੋਇਆ ਪੁਰਾਨਿਆ, ਅੰਤਮ ਚੀਥੜਾ ਦੇਵੇ ਹਾਰ । ਪੁੱਛੇ ਵਾਤ ਨਾ ਕੋਇ ਰਾਜੇ ਰਾਣਿਆ, ਰਾਏ ਧਰਮ ਕਰੇ ਖ਼ਵਾਰ । ਲਾੜੀ ਮੌਤ ਪਰਨਾਏ ਚਤਰ ਸੁਘੜ ਸਿਆਣਿਆ, ਆਲਮ ਉਲਮਾ ਮਾਰੇ ਮਾਰ । ਫੜ ਫੜ ਖਾਏ ਵਡ ਜਰਵਾਣਿਆ, ਤੋੜੇ ਗੜ੍ਹ ਹੰਕਾਰ । ਗੁਰਮੁਖ ਵਿਰਲਾ ਚਲੇ ਸਤਿਗੁਰ ਭਾਣਿਆ, ਜਿਸ ਸਿਰ ਹੱਥ ਧਰੇ ਕਰਤਾਰ । ਕਲਜੁਗ ਜੀਵ ਬਾਲ ਅਵਾਣਿਆ, ਸਿਮਲ ਰੁੱਖ ਲਏ ਹੁਲਾਰ । ਲਾੜੀ ਮੌਤ ਭੰਨੇ ਡਾਹਣਿਆ, ਅੰਤਮ ਕਰੇ ਛਾਰ ਛਾਰ । ਜਿਸ ਜਨ ਸਤਿਗੁਰ ਪੂਰਾ ਮਿਲਿਆ ਸ੍ਰੀ ਭਗਵਾਨਿਆ, ਨਾਤਾ ਤੋੜੇ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਾਏ ਪਾਰ । ਗੁਰਸਿਖ ਪਾਰ ਉਤਾਰਿਆ, ਕਰ ਕਿਰਪਾ ਹਰਿ ਕਰਤਾਰ । ਜਨਮ ਜਨਮ ਦਾ ਰੋਗ ਨਿਵਾਰਿਆ, ਲੱਖ ਚੁਰਾਸੀ ਗੇੜ ਨਿਵਾਰ । ਮਾਣਸ ਜਨਮ ਪੈਜ ਸੁਆਰਿਆ, ਮਾਤ ਗਰਭ ਨਾ ਆਏ ਦੂਜੀ ਵਾਰ । ਘਰ ਮੰਦਰ ਇਕ ਵਖਾ ਲਿਆ, ਸਚਖੰਡ ਦਵਾਰਾ ਖੋਲ੍ਹ ਕਿਵਾੜ । ਆਪਣੀ ਗੋਦੀ ਆਪ ਬਹਾ ਲਿਆ, ਜਿਉਂ ਮਾਤਾ ਬਾਲਕ ਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸਦਾ ਕਰੇ ਪ੍ਰਿਤਪਾਲ । ਗੁਰਸਿਖਾਂ ਪ੍ਰਿਤਪਾਲਦਾ, ਆਦਿ ਜੁਗਾਦਿ ਸਮਾਏ । ਗੁਰਮੁਖਾਂ ਆਪ ਉਠਾਲਦਾ, ਜੁਗਾ ਜੁਗੰਤਰ ਸੇਵ ਕਮਾਏ । ਸੰਤਨ ਘਾਲ ਆਪੇ ਘਾਲਦਾ, ਵੇਸ ਅਨੇਕਾ ਰੂਪ ਪਰਗਟਾਏ । ਭਗਤਨ ਭਗਵਨ ਰਾਹ ਵਖਾਲ ਦਾ, ਸਾਚੇ ਮਾਰਗ ਆਪੇ ਪਾਏ । ਲੇਖਾ ਜਾਣੇ ਦੋ ਜਹਾਨ ਦਾ, ਕਾਲ ਮਹਾਂਕਾਲ ਆਪਣੇ ਹੁਕਮ ਫਿਰਾਏ । ਗੁਰਮੁਖ ਸਾਚੇ ਸਦਾ ਸਦ ਸੁਰਤ ਸੰਭਾਲਦਾ, ਸ਼ਬਦੀ ਡੋਰੀ ਬੰਧਨ ਪਾਏ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਭੁੱਲ ਰਹੇ ਨਾ ਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਮਿਲਾਏ । ਹਰਿਜਨ ਮੇਲ ਮਲੰਨਿਆ, ਕਲ ਕੂੜਾ ਨਾਤਾ ਤੋੜ । ਦੇਵੇ ਨਾਮ ਸੱਚਾ ਧਨ ਧਨਿਆ, ਦੂਸਰ ਦਰ ਨਾ ਕੋਇ ਲੋੜ । ਦਿਸ ਨਾ ਆਏ ਨੇਤਰ ਅੰਨ੍ਹਿਆਂ, ਕਲਜੁਗ ਕਾਇਆ ਰੀਠਾ ਹੋਇਆ ਕੌੜ । ਗੁਰਮੁਖ ਵਿਰਲੇ ਹਰਿ ਹਰਿ ਮੰਨਿਆ, ਜਿਸ ਦਰਸ ਦਿਖਾਏ ਬੌਹੜ । ਲੱਖ ਚੁਰਾਸੀ ਦੇਵੇ ਡੰਨਿਆ, ਸ਼ਬਦ ਅਗੰਮੀ ਚੜ੍ਹਿਆ ਘੋੜ । ਗੁਰਮੁਖਾਂ ਬੇੜਾ ਬੰਨ੍ਹਿਆ, ਸਚਖੰਡ ਦਵਾਰੇ ਲਾਏ ਏਕਾ

ਪੌੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਬੁਝਾਏ ਲੱਗੀ ਔੜ । ਹਰਿਜਨ ਬੁਝੇ ਲੱਗੀ ਪਿਆਸ, ਸਤਿਗੁਰ ਪੂਰਾ ਆਪ ਬੁਝਾਈਆ । ਦਰਸ ਦਿਖਾਏ ਦਾਸੀ ਦਾਸ, ਦਿਵਸ ਰੈਣ ਸੇਵ ਕਮਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਗੁਰਸਿਖਾਂ ਅੰਦਰ ਕਰ ਕਰ ਵਾਸ, ਆਪਣਾ ਰੂਪ ਅਨੂਪ ਆਪ ਸਮਝਾਈਆ । ਸਤਿ ਸਰੂਪੀ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਕਰੇ ਕਰਾਏ ਬੰਦ ਖ਼ਲਾਸ, ਬੰਦੀ ਛੋੜ ਸੱਚਾ ਸ਼ਹਿਨਸ਼ਾਹੀਆ । ਅੰਤਮ ਕਲਜੁਗ ਪੂਰੀ ਕਰੇ ਆਸ, ਜੋ ਜਨ ਰਹੇ ਧਿਆਨ ਲਗਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਉਚੇ ਟਿੱਲੇ ਪਰਬਤ ਡੂੰਘੀ ਕੰਦਰ ਫੋਲ ਫੁਲਾਈਆ । ਸਤਿਗੁਰ ਪੂਰਾ ਆਦਿ ਜੁਗਾਦਿ ਨਾ ਹੋਏ ਵਿਨਾਸ, ਨਾ ਮਰੇ ਨਾ ਜਾਈਆ । ਗੁਰਮੁਖਾਂ ਸਦ ਵਸਿਆ ਪਾਸ, ਘਰ ਘਰ ਵਿਚ ਜੋਤ ਜਗਾਈਆ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਸਿੰਮਲ ਲੱਕੜੀ ਦਿਸੇ ਕਾਠ, ਕਲਜੁਗ ਅੰਤਮ ਦਏ ਜਲਾਈਆ । ਗੁਰਮੁਖ ਵਿਰਲਾ ਉਤਰੇ ਸਾਚੇ ਘਾਟ, ਜਿਸ ਸਤਿਗੁਰ ਮਿਲਿਆ ਇਕ ਮਲਾਹੀਆ । ਦੋ ਜਹਾਨਾਂ ਮੁੱਕੇ ਵਾਟ, ਪਾਂਧੀ ਆਪਣਾ ਪੰਧ ਮੁਕਾਈਆ । ਪੂਰਬ ਜਨਮਾਂ ਪੂਰਾ ਕਰੇ ਘਾਟ, ਜਿਸ ਸਿਰ ਆਪਣਾ ਹੱਥ ਰਖਾਈਆ । ਦੁਰਮਤ ਮੈਲ ਦੇਵੇ ਕਾਟ, ਨਿਰਮਲ ਨੀਰ ਇਕ ਦਰਸਾਈਆ । ਲੇਖਾ ਚੁਕਾਏ ਚੌਦਾਂ ਲੋਕ ਚੌਦਾਂ ਹਾਟ, ਚੌਦਸ ਰੂਪ ਨਾ ਕੋਇ ਵਟਾਈਆ । ਇਕ ਰਖਾਏ ਸਾਚੀ ਖਾਟ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲੇ ਆਪਣੇ ਦਰ, ਸਿੰਮਲ ਸਰਾਏਰਾ ਚੁੱਕੇ ਡਰ, ਘਰ ਰੁਤੜੀ ਘਰ ਬਹਾਰ, ਘਰ ਸਖ਼ੀਆਂ ਮੰਗਲਚਾਰ, ਘਰ ਮੇਲਾ ਕੰਤ ਭਤਾਰ, ਘਰ ਸੁਹੰਜਣੀ ਸੇਜ, ਘਰ ਵੱਜਦੀ ਰਹੇ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਹੋਇਆ ਆਪ ਮਿਹਰਵਾਨ, ਖ਼ਾਲੀ ਰੱਖੇ ਨਾ ਕੋਇ ਨਿਸ਼ਾਨ, ਸਤਿ ਨਿਸ਼ਾਨਾ ਆਪ ਝੁਲਾਈਆ ।



੧੪੭੯ ੦੯

### ✻ ੧੯ ਮੱਘਰ ੨੦੧੭ ਬਿਕ੍ਰਮੀ ਕੇਸਰ ਸਿੰਘ ਤੀਰਥ ਸਿੰਘ ਦੇ ਘਰ ਪਿੰਡ ਡੱਲੇਵਾਲ ਜ਼ਿਲਾ ਜਲੰਧਰ ✻

ਸਤਿਗੁਰ ਦਵਾਰਾ ਸਾਚਾ ਹੱਟ, ਜੁਗਾ ਜੁਗੰਤਰ ਆਪ ਵਖਾਈਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਸ੍ਰਿਸ਼ਟ ਸਬਾਈ ਨੇਤਰ ਰੋ ਰੋ ਨੀਰ ਵਹਾਈਆ । ਗੁਰ ਸਤਿਗੁਰ ਦੁਰਮਤ ਮੇਲ ਦੇਵੇ ਕੱਟ, ਨਿਰਮਲ ਨੀਰ ਸੀਰ ਇਕ ਪਿਲਾਈਆ । ਦੂਈ ਦਵੈਤੀ ਮੇਟੇ ਫੱਟ, ਸਾਚਾ ਮਾਰਗ ਇਕ ਦਰਸਾਈਆ । ਅਨਹਦ ਸ਼ਬਦ ਕਰ ਪਰਗਟ, ਗ੍ਰਿਹ ਮੰਦਰ ਦਏ ਵਡਿਆਈਆ । ਨਾਤਾ ਤੋੜ ਪੰਚ ਵਿਕਾਰਾ ਨਟੂਆ ਨਟ, ਆਸਾ ਤ੍ਰਿਸਨਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਤਮ ਖਾਟ, ਸੁਹੰਜਣੀ ਸੇਜ ਇਕ ਸੁਹਾਈਆ । ਸੇਜ ਸੁਹੰਜਣੀ ਆਤਮ ਅੰਤਰ, ਹਰਿਜੂ ਹਰਿ ਹਰਿ ਮੰਦਰ ਆਪ ਸੁਹਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਜੀਵ ਜੰਤ ਵੇਖ ਵਖਾਇੰਦਾ । ਗੁਰਮੁਖ ਜਣਾਏ ਆਪਣਾ ਮੰਤਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਅਗਨੀ ਅੱਗ ਬੁਝੇ ਬਸੰਤਰ, ਸੀਤਲ ਅੰਮ੍ਰਿਤ ਮੇਘ ਬਰਸਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਗਗਨ ਮੰਡਲ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਆਸਣ ਪੁਰਖ ਅਬਿਨਾਸਨ,

ਬ੍ਰਹਮ ਲੇਖਾ ਆਪਣੇ ਹੱਥ ਰਖਾਇੰਦਾ । ਬ੍ਰਹਮ ਨਿਵਾਸਾ ਪੁਰਖ ਅਬਿਨਾਸ਼ਾ, ਪਾਰਬ੍ਰਹਮ ਵੱਡੀ ਵਡਿਆਈਆ । ਗੁਰਸਿਖਾਂ ਪਾਏ ਸਾਚੀ ਰਾਸਾ, ਨਾਮ ਬੰਸਰੀ ਇਕ ਵਜਾਈਆ । ਜੁਗਤ ਜਗਤ ਜਗ ਭਗਤ ਦਏ ਦਿਲਾਸਾ, ਚਰਨ ਭਰਵਾਸਾ ਇਕ ਸਮਝਾਈਆ । ਜਨ ਹਰਿ ਹਰਿਜਨ ਮਾਤਲੋਕ ਨਾ ਹੋਏ ਨਿਰਾਸਾ, ਨਿਰਧਨ ਸਰਧਨ ਵੇਖੇ ਥਾਉਂ ਥਾਈਆ । ਜੋ ਜਨ ਦਰਸ ਦਰਸਨ ਰਹੇ ਪਿਆਸਾ, ਦੇ ਦਰਸ ਤ੍ਰਿਖਾ ਬੁਝਾਈਆ । ਕਾਇਆ ਮੰਦਰ ਕਰ ਕਰ ਵਾਸਾ, ਰਸਨ ਸਵਾਸਾ ਲੇਖੇ ਲਾਈਆ । ਕਦੇ ਨਾ ਆਏ ਹਾਰ ਪਾਸਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਕਰੇ ਬੰਦ ਖ਼ੁਲਾਸਾ, ਬੰਦੀ ਛੋੜ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਲਾਈਆ । ਹਰਿਜਨ ਹਰਿ ਹਰਿ ਜਾਨਿਆ, ਜਾਨਣਹਾਰ ਇਕ ਕਰਤਾਰ । ਆਦਿ ਜੁਗਾਦਿ ਚਲੇ ਆਪਣੇ ਭਾਨਿਆ, ਭਾਣਾ ਵਰਤੇ ਸਰਬ ਸੰਸਾਰ । ਗੁਰਮੁਖ ਵਿਰਲੇ ਹਰਿ ਰੰਗ ਮਾਨਿਆ, ਅੰਤਰ ਆਤਮ ਕਰ ਪਿਆਰ । ਗੁਰ ਸਤਿਗੁਰ ਬਖ਼ਸ਼ੇ ਚਰਨ ਧਿਆਨਿਆ, ਚਰਨ ਕਵਲ ਦਏ ਆਧਾਰ । ਕਿਸੇ ਹੱਥ ਨਾ ਆਏ ਚਤਰ ਸੁਘੜ ਸਿਆਨਿਆ, ਮੂਰਖ ਮੂੜ੍ਹੇ ਲਾਏ ਪਾਰ । ਜਿਸ ਜਨ ਆਪਣੇ ਦਰ ਕਰੇ ਪਰਵਾਨਿਆ, ਲੋਕ ਪਰਲੋਕ ਨਾ ਹੋਏ ਖ਼ਵਾਰ । ਨਾਮ ਫੜਾਏ ਸਤਿ ਨਿਸ਼ਾਨਿਆ, ਦੋ ਜਹਾਨਾਂ ਦਏ ਹੁਲਾਰ । ਵਖਾਏ ਇਕ ਪਦ ਨਿਰਬਾਨਿਆ, ਪਰਮ ਪੁਰਖ ਆਪ ਕਰਤਾਰ । ਜਿਸ ਜਨ ਗਾਇਆ ਸੋਹੰ ਗਾਨਿਆ, ਹੰ ਬ੍ਰਹਮ ਪਾਰਬ੍ਰਹਮ ਆਪ ਸੁਣਾਏ ਆਪਣੀ ਸਚ ਗੁਫ਼ਤਾਰ । ਦਰਗਹਿ ਸਾਚੀ ਸਚਖੰਡ ਦਰ ਦਰਵਾਰ ਦੇਵੇ ਮਾਨਿਆ, ਇਕ ਇਕੱਲਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਉਭਾਰ । ਗੁਰ ਕਰਤਾ ਗੁਰ ਕਰਨਹਾਰ, ਗੁਰ ਗੁਰ ਆਪਣਾ ਵੇਸ ਵਟਾਇੰਦਾ । ਗੁਰ ਘਾੜਤ ਘੜੇ ਬਣ ਸੁਨਿਆਰ, ਗੁਰ ਗੁਰ ਨਾਮ ਕੁਠਾਲੀ ਏਕਾ ਤਾਇੰਦਾ । ਗੁਰ ਗੁਰ ਰੂਪ ਬਣੇ ਠਠਿਆਰ, ਗੁਰ ਗੁਰ ਗੁਰਮੁਖ ਭਾਂਡੇ ਆਪ ਬਣਾਇੰਦਾ । ਗੁਰ ਕੰਚਨ ਰੂਪ ਅਗੰਮ ਅਪਾਰ, ਨਾਮ ਪਾਰਸ ਸੰਗ ਮਿਲਾਇੰਦਾ । ਗੁਰ ਗੁਰਸਿਖ ਮਸਤਕ ਛੁਹਾਏ ਚਰਨ ਕਵਲ ਚਰਨਾਰ, ਚੇਤਨ ਰੂਪ ਸਰਬ ਦਰਸਾਇੰਦਾ । ਨੇਤਨ ਨੇਤ ਕਰੇ ਪਿਆਰ, ਨਿਤ ਨਵਿਤ ਵੇਸ ਵਟਾਇੰਦਾ । ਸਾਚਾ ਹਿਤ ਸਿਰਜਣਹਾਰ, ਹਰਿਜਨ ਆਪਣਾ ਮੇਲ ਮਿਲਾਇੰਦਾ । ਪਤਿਤ ਪਵਿਤ ਕਰ ਜਾਏ ਤਾਰ, ਪਤਿਤ ਪਾਪੀ ਆਪਣੇ ਰੰਗ ਰੰਗਾਇੰਦਾ । ਵਾਰ ਥਿਤ ਨਾ ਜਾਣੇ ਕੋਇ ਜੀਵ ਸੰਸਾਰ, ਵੇਦ ਕਤੇਬ ਸ਼ਾਸਤਰ ਸਿਮਰਤ ਖਾਣੀ ਬਾਣੀ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਜਾਣੇ ਆਪਣੀ ਕਾਰ, ਬ੍ਰਹਮ ਬ੍ਰਹਿਮਾਦਿ ਖੋਜ ਖੁਜਾਇੰਦਾ । ਕਲਜੁਗ ਅੰਤਮ ਵੇਸ ਅਵੱਲੜਾ ਨਿਰਾਕਾਰ, ਸਾਕਾਰ ਨਾ ਰੂਪ ਵਟਾਇੰਦਾ । ਜੁਗ ਜੁਗ ਵੇਖੇ ਵਿਛੜੇ ਯਾਰ, ਕਰ ਕਿਰਪਾ ਮੇਲ ਮਿਲਾਇੰਦਾ । ਨਾਰੀ ਪੁਰਖ ਨਾ ਕੋਇ ਵਿਚਾਰ, ਸਰਬ ਜੀਆਂ ਦਾਤਾ ਇਕ ਅਖਵਾਇੰਦਾ । ਗੁਰਸਿਖ ਡੁੱਬਦੇ ਪਾਥਰ ਲਾਏ ਪਾਰ, ਪਾਹਨ ਆਪਣਾ ਚਰਨ ਛੁਹਾਇੰਦਾ । ਗ੍ਰਿਹ ਮੰਦਰ ਘਰ ਦੇਵੇ ਦਰਸ ਦੀਦਾਰ, ਗੁਰਸਿਖ ਦੀਦ ਆਪਣੀ ਈਦ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ ।

* * * * *


੧੪੮੦ ੦੯